# ਸ੍ਰੀ ਗੁਰੂ ਗਰੰਥ ਸਾਹਿਬ
# ਗੁਰਮੁਖੀ ਤੇ ਦੇਵਨਗਾਰੀ ਵਿੱਚ

Sri Guru Granth Sahib
in Gurmukhi and Devanagari
in a Sentense by Sentence format
with Page-Line numbers

All text arrangement, conversion to Unicode Gurmukhi/Devanagari fonts, Phonetic transliteration, and formatting etc by: Kulbir Singh Thind, MD. Any use of text for commercial or internet projects requires express written approval from: Kulbir S Thind, MD

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ (1-1)
ੴ सति नामु करता पुरखु निरभउ निरवैरु अकाल मूरति अजूनी सैभं गुर प्रसादि ॥

॥ ਜਪੁ ॥ (1-3)
॥ जपु ॥

ਆਦਿ ਸਚੁ ਜੁਗਾਦਿ ਸਚੁ ॥ (1-4)
आदि सचु जुगादि सचु ॥

ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥ (1-4)
है भी सचु नानक होसी भी सचु ॥१॥

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥ (1-5)
सोचै सोचि न होवई जे सोची लख वार ॥

ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ ॥ (1-5)
चुपै चुप न होवई जे लाइ रहा लिव तार ॥

ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥ (1-5)
भुखिआ भुख न उतरी जे बंना पुरीआ भार ॥

ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥ (1-6)
सहस सिआणपा लख होहि त इक न चलै नालि ॥

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥ (1-6)
किव सचिआरा होईऐ किव कूड़ै तुटै पालि ॥

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥ (1-7)
हुकमि रजाई चलणा नानक लिखिआ नालि ॥१॥

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥ (1-7)
हुकमी होवनि आकार हुकमु न कहिआ जाई ॥

ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥ (1-8)
हुकमी होवनि जीअ हुकमि मिलै वडिआई ॥

ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥ (1-8)
हुकमी उतमु नीचु हुकमि लिखि दुख सुख पाईअहि ॥

ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥ (1-9)
इकना हुकमी बखसीस इकि हुकमी सदा भवाईअहि ॥

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥ (1-9)
हुकमै अंदरि सभु को बाहरि हुकम न कोइ ॥

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥ (1-10)
नानक हुकमै जे बुझै त हउमै कहै न कोइ ॥२॥

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥ (1-10)
गावै को ताणु होवै किसै ताणु ॥

ਗਾਵੈ ਕੋ ਦਾਤਿ ਜਾਣੈ ਨੀਸਾਣੁ ॥ (1-11)
गावै को दाति जाणै नीसाणु ॥

ਗਾਵੈ ਕੋ ਗੁਣ ਵਡਿਆਈਆ ਚਾਰ ॥ (1-11)
गावै को गुण वडिआईआ चार ॥

ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥ (1-11)
गावै को विदिआ विखमु वीचारु ॥

ਗਾਵੈ ਕੋ ਸਾਜਿ ਕਰੇ ਤਨੁ ਖੇਹ ॥ (1-12)
गावै को साजि करे तनु खेह ॥

ਗਾਵੈ ਕੋ ਜੀਅ ਲੈ ਫਿਰਿ ਦੇਹ ॥ (1-12)
गावै को जीअ लै फिरि देह ॥

ਗਾਵੈ ਕੋ ਜਾਪੈ ਦਿਸੈ ਦੂਰਿ ॥ (1-12)
गावै को जापै दिसै दूरि ॥

ਗਾਵੈ ਕੋ ਵੇਖੈ ਹਾਦਰਾ ਹਦੂਰਿ ॥ (2-1)
गावै को वेखै हादरा हदूरि ॥

ਕਥਨਾ ਕਥੀ ਨ ਆਵੈ ਤੋਟਿ ॥ (2-1)
कथना कथी न आवै तोटि ॥

ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥ (2-1)
कथि कथि कथी कोटी कोटि कोटि ॥

ਦੇਦਾ ਦੇ ਲੈਦੇ ਥਕਿ ਪਾਹਿ ॥ (2-2)
देदा दे लैदे थकि पाहि ॥

ਜੁਗਾ ਜੁਗੰਤਰਿ ਖਾਹੀ ਖਾਹਿ ॥ (2-2)
जुगा जुगंतरि खाही खाहि ॥

ਹੁਕਮੀ ਹੁਕਮੁ ਚਲਾਏ ਰਾਹੁ ॥ (2-2)
हुकमी हुकमु चलाए राहु ॥

ਨਾਨਕ ਵਿਗਸੈ ਵੇਪਰਵਾਹੁ ॥੩॥ (2-3)
नानक विगसै वेपरवाहु ॥३॥

ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥ (2-3)
साचा साहिबु साचु नाइ भाखिआ भाउ अपारु ॥

ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥ (2-3)
आखहि मंगहि देहि देहि दाति करे दातारु ॥

ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥ (2-4)
फेरि कि अगै रखीऐ जितु दिसै दरबारु ॥

ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥ (2-4)
मुहौ कि बोलणु बोलीऐ जितु सुणि धरे पिआरु ॥

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥ (2-5)
अमृत वेला सचु नाउ वडिआई वीचारु ॥

ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥ (2-5)
करमी आवै कपड़ा नदरी मोखु दुआरु ॥

ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥੪॥ (2-6)
नानक एवै जाणीऐ सभु आपे सचिआरु ॥४॥

ਥਾਪਿਆ ਨ ਜਾਇ ਕੀਤਾ ਨ ਹੋਇ ॥ (2-6)
थापिआ न जाइ कीता न होइ ॥

ਆਪੇ ਆਪਿ ਨਿਰੰਜਨੁ ਸੋਇ ॥ (2-7)
आपे आपि निरंजनु सोइ ॥

ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥ (2-7)
जिनि सेविआ तिनि पाइआ मानु ॥

ਨਾਨਕ ਗਾਵੀਐ ਗੁਣੀ ਨਿਧਾਨੁ ॥ (2-7)
नानक गावीऐ गुणी निधानु ॥

ਗਾਵੀਐ ਸੁਣੀਐ ਮਨਿ ਰਖੀਐ ਭਾਉ ॥ (2-8)
गावीऐ सुणीऐ मनि रखीऐ भाउ ॥

ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥ (2-8)
दुखु परहरि सुखु घरि लै जाइ ॥

ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥ (2-8)
गुरमुखि नादं गुरमुखि वेदं गुरमुखि रहिआ समाई ॥

ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥ (2-9)
गुरु ईसरु गुरु गोरखु बरमा गुरु पारबती माई ॥

ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥ (2-9)
जे हउ जाणा आखा नाही कहणा कथनु न जाई ॥

ਗੁਰਾ ਇਕ ਦੇਹਿ ਬੁਝਾਈ ॥ (2-10)
गुरा इक देहि बुझाई ॥

ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੫॥ (2-10)
सभना जीआ का इकु दाता सो मै विसरि न जाई ॥५॥

ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ ॥ (2-11)
तीरथि नावा जे तिसु भावा विणु भाणे कि नाइ करी ॥

ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ ॥ (2-11)
जेती सिरठि उपाई वेखा विणु करमा कि मिलै लई ॥

ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥ (2-12)
मति विचि रतन जवाहर माणिक जे इक गुर की सिख सुणी ॥

ਗੁਰਾ ਇਕ ਦੇਹਿ ਬੁਝਾਈ ॥ (2-12)
गुरा इक देहि बुझाई ॥

ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੬॥ (2-13)
सभना जीआ का इकु दाता सो मै विसरि न जाई ॥६॥

ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥ (2-13)
जे जुग चारे आरजा होर दसूणी होइ ॥

ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥ (2-14)
नवा खंडा विचि जाणीऐ नालि चलै सभु कोइ ॥

ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ ॥ (2-14)
चंगा नाउ रखाइ कै जसु कीरति जगि लेइ ॥

ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥ (2-15)
जे तिसु नदरि न आवई त वात न पुछै के ॥

ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ॥ (2-15)
कीटा अंदरि कीटु करि दोसी दोसु धरे ॥

ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ ॥ (2-15)
नानक निरगुणि गुणु करे गुणवंतिआ गुणु दे ॥

ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ ॥੭॥ (2-16)
तेहा कोइ न सुझई जि तिसु गुणु कोइ करे ॥७॥

ਸੁਣਿਐ ਸਿਧ ਪੀਰ ਸੁਰਿ ਨਾਥ ॥ (2-16)
सुणिऐ सिध पीर सुरि नाथ ॥

ਸੁਣਿਐ ਧਰਤਿ ਧਵਲ ਆਕਾਸ ॥ (2-17)
सुणिऐ धरति धवल आकास ॥

ਸੁਣਿਐ ਦੀਪ ਲੋਅ ਪਾਤਾਲ ॥ (2-17)
सुणिऐ दीप लोअ पाताल ॥

ਸੁਣਿਐ ਪੋਹਿ ਨ ਸਕੈ ਕਾਲੁ ॥ (2-17)
सुणिऐ पोहि न सकै कालु ॥

ਨਾਨਕ ਭਗਤਾ ਸਦਾ ਵਿਗਾਸੁ ॥ (2-18)
नानक भगता सदा विगासु ॥

ਸੁਣਿਐ ਦੂਖ ਪਾਪ ਕਾ ਨਾਸੁ ॥੮॥ (2-18)
सुणिऐ दूख पाप का नासु ॥८॥

ਸੁਣਿਐ ਈਸਰੁ ਬਰਮਾ ਇੰਦੁ ॥ (2-18)
सुणिऐ ईसरु बरमा इंदु ॥

ਸੁਣਿਐ ਮੁਖਿ ਸਾਲਾਹਣ ਮੰਦੁ ॥ (2-19)
सुणिऐ मुखि सालाहण मंदु ॥

ਸੁਣਿਐ ਜੋਗ ਜੁਗਤਿ ਤਨਿ ਭੇਦ ॥ (2-19)
सुणिऐ जोग जुगति तनि भेद ॥

ਸੁਣਿਐ ਸਾਸਤ ਸਿਮ੍ਰਿਤਿ ਵੇਦ ॥ (2-19)
सुणिऐ सासत सिम्रिति वेद ॥

ਨਾਨਕ ਭਗਤਾ ਸਦਾ ਵਿਗਾਸੁ ॥ (2-19)
नानक भगता सदा विगासु ॥

ਸੁਣਿਐ ਦੂਖ ਪਾਪ ਕਾ ਨਾਸੁ ॥੯॥ (3-1)
सुणिऐ दूख पाप का नासु ॥९॥

ਸੁਣਿਐ ਸਤੁ ਸੰਤੋਖੁ ਗਿਆਨੁ ॥ (3-1)
सुणिऐ सतु संतोखु गिआनु ॥

ਸੁਣਿਐ ਅਠਸਠਿ ਕਾ ਇਸਨਾਨੁ ॥ (3-1)
सुणिऐ अठसठि का इसनानु ॥

ਸੁਣਿਐ ਪੜਿ ਪੜਿ ਪਾਵਹਿ ਮਾਨੁ ॥ (3-2)
सुणिऐ पड़ि पड़ि पावहि मानु ॥

ਸੁਣਿਐ ਲਾਗੈ ਸਹਜਿ ਧਿਆਨੁ ॥ (3-2)
सुणिऐ लागै सहजि धिआनु ॥

ਨਾਨਕ ਭਗਤਾ ਸਦਾ ਵਿਗਾਸੁ ॥ (3-2)
नानक भगता सदा विगासु ॥

ਸੁਣਿਐ ਦੂਖ ਪਾਪ ਕਾ ਨਾਸੁ ॥੧੦॥ (3-3)
सुणिऐ दूख पाप का नासु ॥१० ॥

ਸੁਣਿਐ ਸਰਾ ਗੁਣਾ ਕੇ ਗਾਹ ॥ (3-3)
सुणिऐ सरा गुणा के गाह ॥

ਸੁਣਿਐ ਸੇਖ ਪੀਰ ਪਾਤਿਸਾਹ ॥ (3-3)
सुणिऐ सेख पीर पातिसाह ॥

ਸੁਣਿਐ ਅੰਧੇ ਪਾਵਹਿ ਰਾਹੁ ॥ (3-3)
सुणिऐ अंधे पावहि राहु ॥

ਸੁਣਿਐ ਹਾਥ ਹੋਵੈ ਅਸਗਾਹੁ ॥ (3-4)
सुणिऐ हाथ होवै असगाहु ॥

ਨਾਨਕ ਭਗਤਾ ਸਦਾ ਵਿਗਾਸੁ ॥ (3-4)
नानक भगता सदा विगासु ॥

ਸੁਣਿਐ ਦੂਖ ਪਾਪ ਕਾ ਨਾਸੁ ॥੧੧॥ (3-4)
सुणिऐ दूख पाप का नासु ॥११॥

ਮੰਨੇ ਕੀ ਗਤਿ ਕਹੀ ਨ ਜਾਇ ॥ (3-5)
मंने की गति कही न जाइ ॥

ਜੇ ਕੋ ਕਹੈ ਪਿਛੈ ਪਛੁਤਾਇ ॥ (3-5)
जे को कहै पिछै पछुताइ ॥

ਕਾਗਦਿ ਕਲਮ ਨ ਲਿਖਣਹਾਰੁ ॥ (3-5)
कागदि कलम न लिखणहारु ॥

ਮੰਨੇ ਕਾ ਬਹਿ ਕਰਨਿ ਵੀਚਾਰੁ ॥ (3-5)
मंने का बहि करनि वीचारु ॥

ਐਸਾ ਨਾਮੁ ਨਿਰੰਜਨੁ ਹੋਇ ॥ (3-6)
ऐसा नामु निरंजनु होइ ॥

ਜੇ ਕੋ ਮੰਨਿ ਜਾਣੈ ਮਨਿ ਕੋਇ ॥੧੨॥ (3-6)
जे को मंनि जाणै मनि कोइ ॥१२॥

ਮੰਨੈ ਸੁਰਤਿ ਹੋਵੈ ਮਨਿ ਬੁਧਿ ॥ (3-6)
मंनै सुरति होवै मनि बुधि ॥

ਮੰਨੈ ਸਗਲ ਭਵਣ ਕੀ ਸੁਧਿ ॥ (3-7)
मंनै सगल भवण की सुधि ॥

ਮੰਨੈ ਮੁਹਿ ਚੋਟਾ ਨਾ ਖਾਇ ॥ (3-7)
मंनै मुहि चोटा ना खाइ ॥

ਮੰਨੈ ਜਮ ਕੈ ਸਾਥਿ ਨ ਜਾਇ ॥ (3-7)
मंनै जम कै साथि न जाइ ॥

ਐਸਾ ਨਾਮੁ ਨਿਰੰਜਨੁ ਹੋਇ ॥ (3-7)
ऐसा नामु निरंजनु होइ ॥

ਜੇ ਕੋ ਮੰਨਿ ਜਾਣੈ ਮਨਿ ਕੋਇ ॥੧੩॥ (3-8)
जे को मंनि जाणै मनि कोइ ॥१३॥

ਮੰਨੈ ਮਾਰਗਿ ਠਾਕ ਨ ਪਾਇ ॥ (3-8)
मंनै मारगि ठाक न पाइ ॥

ਮੰਨੈ ਪਤਿ ਸਿਉ ਪਰਗਟੁ ਜਾਇ ॥ (3-8)
मंनै पति सिउ परगटु जाइ ॥

ਮੰਨੈ ਮਗੁ ਨ ਚਲੈ ਪੰਥੁ ॥ (3-9)
मंनै मगु न चलै पंथु ॥

ਮੰਨੈ ਧਰਮ ਸੇਤੀ ਸਨਬੰਧੁ ॥ (3-9)
मंनै धरम सेती सनबंधु ॥

ਐਸਾ ਨਾਮੁ ਨਿਰੰਜਨੁ ਹੋਇ ॥ (3-9)
ऐसा नामु निरंजनु होइ ॥

ਜੇ ਕੋ ਮੰਨਿ ਜਾਣੈ ਮਨਿ ਕੋਇ ॥੧੪॥ (3-9)
जे को मंनि जाणै मनि कोइ ॥१४॥

ਮੰਨੈ ਪਾਵਹਿ ਮੋਖੁ ਦੁਆਰੁ ॥ (3-10)
मंनै पावहि मोखु दुआरु ॥

ਮੰਨੈ ਪਰਵਾਰੈ ਸਾਧਾਰੁ ॥ (3-10)
मंनै परवारै साधारु ॥

ਮੰਨੈ ਤਰੈ ਤਾਰੇ ਗੁਰੁ ਸਿਖ ॥ (3-10)
मंनै तरै तारे गुरु सिख ॥

ਮੰਨੈ ਨਾਨਕ ਭਵਹਿ ਨ ਭਿਖ ॥ (3-10)
मंनै नानक भवहि न भिख ॥

ਐਸਾ ਨਾਮੁ ਨਿਰੰਜਨੁ ਹੋਇ ॥ (3-11)
ऐसा नामु निरंजनु होइ ॥

ਜੇ ਕੋ ਮੰਨਿ ਜਾਣੈ ਮਨਿ ਕੋਇ ॥੧੫॥ (3-11)
जे को मंनि जाणै मनि कोइ ॥१५॥

ਪੰਚ ਪਰਵਾਣ ਪੰਚ ਪਰਧਾਨੁ ॥ (3-11)
पंच परवाण पंच परधानु ॥

ਪੰਚੇ ਪਾਵਹਿ ਦਰਗਹਿ ਮਾਨੁ ॥ (3-12)
पंचे पावहि दरगहि मानु ॥

ਪੰਚੇ ਸੋਹਹਿ ਦਰਿ ਰਾਜਾਨੁ ॥ (3-12)
पंचे सोहहि दरि राजानु ॥

ਪੰਚਾ ਕਾ ਗੁਰੁ ਏਕੁ ਧਿਆਨੁ ॥ (3-12)
पंचा का गुरु एकु धिआनु ॥

ਜੇ ਕੋ ਕਹੈ ਕਰੈ ਵੀਚਾਰੁ ॥ (3-12)
जे को कहै करै वीचारु ॥

ਕਰਤੇ ਕੈ ਕਰਣੈ ਨਾਹੀ ਸੁਮਾਰੁ ॥ (3-13)
करते कै करणै नाही सुमारु ॥

ਧੌਲੁ ਧਰਮੁ ਦਇਆ ਕਾ ਪੂਤੁ ॥ (3-13)
धौलु धरमु दइआ का पूतु ॥

ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥ (3-13)
संतोखु थापि रखिआ जिनि सूति ॥

ਜੇ ਕੋ ਬੁਝੈ ਹੋਵੈ ਸਚਿਆਰੁ ॥ (3-14)
जे को बुझै होवै सचिआरु ॥

ਧਵਲੈ ਉਪਰਿ ਕੇਤਾ ਭਾਰੁ ॥ (3-14)
धवलै उपरि केता भारु ॥

ਧਰਤੀ ਹੋਰੁ ਪਰੈ ਹੋਰੁ ਹੋਰੁ ॥ (3-14)
धरती होरु परै होरु होरु ॥

ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥ (3-14)
तिस ते भारु तलै कवणु जोरु ॥

ਜੀਅ ਜਾਤਿ ਰੰਗਾ ਕੇ ਨਾਵ ॥ (3-15)
जीअ जाति रंगा के नाव ॥

ਸਭਨਾ ਲਿਖਿਆ ਵੁੜੀ ਕਲਾਮ ॥ (3-15)
सभना लिखिआ वुड़ी कलाम ॥

ਏਹੁ ਲੇਖਾ ਲਿਖਿ ਜਾਣੈ ਕੋਇ ॥ (3-15)
एहु लेखा लिखि जाणै कोइ ॥

ਲੇਖਾ ਲਿਖਿਆ ਕੇਤਾ ਹੋਇ ॥ (3-15)
लेखा लिखिआ केता होइ ॥

ਕੇਤਾ ਤਾਣੁ ਸੁਆਲਿਹੁ ਰੂਪੁ ॥ (3-16)
केता ताणु सुआलिहु रूपु ॥

ਕੇਤੀ ਦਾਤਿ ਜਾਣੈ ਕੌਣੁ ਕੂਤੁ ॥ (3-16)
केती दाति जाणै कौणु कूतु ॥

ਕੀਤਾ ਪਸਾਉ ਏਕੋ ਕਵਾਉ ॥ (3-16)
कीता पसाउ एको कवाउ ॥

ਤਿਸ ਤੇ ਹੋਏ ਲਖ ਦਰੀਆਉ ॥ (3-17)
तिस ते होए लख दरीआउ ॥

ਕੁਦਰਤਿ ਕਵਣ ਕਹਾ ਵੀਚਾਰੁ ॥ (3-17)
कुदरति कवण कहा वीचारु ॥

ਵਾਰਿਆ ਨ ਜਾਵਾ ਏਕ ਵਾਰ ॥ (3-17)
वारिआ न जावा एक वार ॥

ਜੋ ਤੁਧੁ ਭਾਵੈ ਸਾਈ ਭਲੀ ਕਾਰ ॥ (3-18)
जो तुधु भावै साई भली कार ॥

ਤੂ ਸਦਾ ਸਲਾਮਤਿ ਨਿਰੰਕਾਰ ॥੧੬॥ (3-18)
तू सदा सलामति निरंकार ॥१६॥

ਅਸੰਖ ਜਪ ਅਸੰਖ ਭਾਉ ॥ (3-18)
असंख जप असंख भाउ ॥

ਅਸੰਖ ਪੂਜਾ ਅਸੰਖ ਤਪ ਤਾਉ ॥ (3-19)
असंख पूजा असंख तप ताउ ॥

ਅਸੰਖ ਗਰੰਥ ਮੁਖਿ ਵੇਦ ਪਾਠ ॥ (3-19)
असंख गरंथ मुखि वेद पाठ ॥

ਅਸੰਖ ਜੋਗ ਮਨਿ ਰਹਹਿ ਉਦਾਸ ॥ (3-19)
असंख जोग मनि रहहि उदास ॥

ਅਸੰਖ ਭਗਤ ਗੁਣ ਗਿਆਨ ਵੀਚਾਰ ॥ (4-1)
असंख भगत गुण गिआन वीचार ॥

ਅਸੰਖ ਸਤੀ ਅਸੰਖ ਦਾਤਾਰ ॥ (4-1)
असंख सती असंख दातार ॥

ਅਸੰਖ ਸੂਰ ਮੁਹ ਭਖ ਸਾਰ ॥ (4-1)
असंख सूर मुह भख सार ॥

ਅਸੰਖ ਮੋਨਿ ਲਿਵ ਲਾਇ ਤਾਰ ॥ (4-2)
असंख मोनि लिव लाइ तार ॥

ਕੁਦਰਤਿ ਕਵਣ ਕਹਾ ਵੀਚਾਰੁ ॥ (4-2)
कुदरति कवण कहा वीचारु ॥

ਵਾਰਿਆ ਨ ਜਾਵਾ ਏਕ ਵਾਰ ॥ (4-2)
वारिआ न जावा एक वार ॥

ਜੋ ਤੁਧੁ ਭਾਵੈ ਸਾਈ ਭਲੀ ਕਾਰ ॥ (4-2)
जो तुधु भावै साई भली कार ॥

ਤੂ ਸਦਾ ਸਲਾਮਤਿ ਨਿਰੰਕਾਰ ॥੧੭॥ (4-3)
तू सदा सलामति निरंकार ॥१७॥

ਅਸੰਖ ਮੂਰਖ ਅੰਧ ਘੋਰ ॥ (4-3)
असंख मूरख अंध घोर ॥

ਅਸੰਖ ਚੋਰ ਹਰਾਮਖੋਰ ॥ (4-3)
असंख चोर हरामखोर ॥

ਅਸੰਖ ਅਮਰ ਕਰਿ ਜਾਹਿ ਜੋਰ ॥ (4-4)
असंख अमर करि जाहि जोर ॥

ਅਸੰਖ ਗਲਵਢ ਹਤਿਆ ਕਮਾਹਿ ॥ (4-4)
असंख गलवढ हतिआ कमाहि ॥

ਅਸੰਖ ਪਾਪੀ ਪਾਪੁ ਕਰਿ ਜਾਹਿ ॥ (4-4)
असंख पापी पापु करि जाहि ॥

ਅਸੰਖ ਕੂੜਿਆਰ ਕੂੜੇ ਫਿਰਾਹਿ ॥ (4-4)
असंख कूड़िआर कूड़े फिराहि ॥

ਅਸੰਖ ਮਲੇਛ ਮਲੁ ਭਖਿ ਖਾਹਿ ॥ (4-5)
असंख मलेछ मलु भखि खाहि ॥

ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥ (4-5)
असंख निंदक सिरि करहि भारु ॥

ਨਾਨਕੁ ਨੀਚੁ ਕਹੈ ਵੀਚਾਰੁ ॥ (4-5)
नानकु नीचु कहै वीचारु ॥

ਵਾਰਿਆ ਨ ਜਾਵਾ ਏਕ ਵਾਰ ॥ (4-6)
वारिआ न जावा एक वार ॥

ਜੋ ਤੁਧੁ ਭਾਵੈ ਸਾਈ ਭਲੀ ਕਾਰ ॥ (4-6)
जो तुधु भावै साई भली कार ॥

ਤੂ ਸਦਾ ਸਲਾਮਤਿ ਨਿਰੰਕਾਰ ॥੧੮॥ (4-6)
तू सदा सलामति निरंकार ॥१८॥

ਅਸੰਖ ਨਾਵ ਅਸੰਖ ਥਾਵ ॥ (4-7)
असंख नाव असंख थाव ॥

ਅਗੰਮ ਅਗੰਮ ਅਸੰਖ ਲੋਅ ॥ (4-7)
अगंम अगंम असंख लोअ ॥

ਅਸੰਖ ਕਹਹਿ ਸਿਰਿ ਭਾਰੁ ਹੋਇ ॥ (4-7)
असंख कहहि सिरि भारु होइ ॥

ਅਖਰੀ ਨਾਮੁ ਅਖਰੀ ਸਾਲਾਹ ॥ (4-7)
अखरी नामु अखरी सालाह ॥

ਅਖਰੀ ਗਿਆਨੁ ਗੀਤ ਗੁਣ ਗਾਹ ॥ (4-8)
अखरी गिआनु गीत गुण गाह ॥

ਅਖਰੀ ਲਿਖਣੁ ਬੋਲਣੁ ਬਾਣਿ ॥ (4-8)
अखरी लिखणु बोलणु बाणि ॥

ਅਖਰਾ ਸਿਰਿ ਸੰਜੋਗੁ ਵਖਾਣਿ ॥ (4-8)
अखरा सिरि संजोगु वखाणि ॥

ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥ (4-9)
जिनि एहि लिखे तिसु सिरि नाहि ॥

ਜਿਵ ਫੁਰਮਾਏ ਤਿਵ ਤਿਵ ਪਾਹਿ ॥ (4-9)
जिव फुरमाए तिव तिव पाहि ॥

ਜੇਤਾ ਕੀਤਾ ਤੇਤਾ ਨਾਉ ॥ (4-9)
जेता कीता तेता नाउ ॥

ਵਿਣੁ ਨਾਵੈ ਨਾਹੀ ਕੋ ਥਾਉ ॥ (4-10)
विणु नावै नाही को थाउ ॥

ਕੁਦਰਤਿ ਕਵਣ ਕਹਾ ਵੀਚਾਰੁ ॥ (4-10)
कुदरति कवण कहा वीचारु ॥

ਵਾਰਿਆ ਨ ਜਾਵਾ ਏਕ ਵਾਰ ॥ (4-10)
वारिआ न जावा एक वार ॥

ਜੋ ਤੁਧੁ ਭਾਵੈ ਸਾਈ ਭਲੀ ਕਾਰ ॥ (4-10)
जो तुधु भावै साई भली कार ॥

ਤੂ ਸਦਾ ਸਲਾਮਤਿ ਨਿਰੰਕਾਰ ॥੧੯॥ (4-11)
तू सदा सलामति निरंकार ॥१९॥

ਭਰੀਐ ਹਥੁ ਪੈਰੁ ਤਨੁ ਦੇਹ ॥ (4-11)
भरीऐ हथु पैरु तनु देह ॥

ਪਾਣੀ ਧੋਤੈ ਉਤਰਸੁ ਖੇਹ ॥ (4-11)
पाणी धोतै उतरसु खेह ॥

ਮੂਤ ਪਲੀਤੀ ਕਪੜੁ ਹੋਇ ॥ (4-12)
मूत पलीती कपड़ु होइ ॥

ਦੇ ਸਾਬੂਣੁ ਲਈਐ ਓਹੁ ਧੋਇ ॥ (4-12)
दे साबूणु लईऐ ओहु धोइ ॥

ਭਰੀਐ ਮਤਿ ਪਾਪਾ ਕੈ ਸੰਗਿ ॥ (4-12)
भरीऐ मति पापा कै संगि ॥

ਓਹੁ ਧੋਪੈ ਨਾਵੈ ਕੈ ਰੰਗਿ ॥ (4-13)
ओहु धोपै नावै कै रंगि ॥

ਪੁੰਨੀ ਪਾਪੀ ਆਖਣੁ ਨਾਹਿ ॥ (4-13)
पुंनी पापी आखणु नाहि ॥

ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥ (4-13)
करि करि करणा लिखि लै जाहु ॥

ਆਪੇ ਬੀਜਿ ਆਪੇ ਹੀ ਖਾਹੁ ॥ (4-13)
आपे बीजि आपे ही खाहु ॥

ਨਾਨਕ ਹੁਕਮੀ ਆਵਹੁ ਜਾਹੁ ॥੨੦॥ (4-14)
नानक हुकमी आवहु जाहु ॥२०॥

ਤੀਰਥੁ ਤਪੁ ਦਇਆ ਦਤੁ ਦਾਨੁ ॥ (4-14)
तीरथु तपु दइआ दतु दानु ॥

ਜੇ ਕੋ ਪਾਵੈ ਤਿਲ ਕਾ ਮਾਨੁ ॥ (4-14)
जे को पावै तिल का मानु ॥

ਸੁਣਿਆ ਮੰਨਿਆ ਮਨਿ ਕੀਤਾ ਭਾਉ ॥ (4-15)
सुणिआ मंनिआ मनि कीता भाउ ॥

ਅੰਤਰਗਤਿ ਤੀਰਥਿ ਮਲਿ ਨਾਉ ॥ (4-15)
अंतरगति तीरथि मलि नाउ ॥

ਸਭਿ ਗੁਣ ਤੇਰੇ ਮੈ ਨਾਹੀ ਕੋਇ ॥ (4-15)
सभि गुण तेरे मै नाही कोइ ॥

ਵਿਣੁ ਗੁਣ ਕੀਤੇ ਭਗਤਿ ਨ ਹੋਇ ॥ (4-16)
विणु गुण कीते भगति न होइ ॥

ਸੁਅਸਤਿ ਆਥਿ ਬਾਣੀ ਬਰਮਾਉ ॥ (4-16)
सुअसति आथि बाणी बरमाउ ॥

ਸਤਿ ਸੁਹਾਣੁ ਸਦਾ ਮਨਿ ਚਾਉ ॥ (4-16)
सति सुहाणु सदा मनि चाउ ॥

ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ ॥ (4-16)
कवणु सु वेला वखतु कवणु कवण थिति कवणु वारु ॥

ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ ॥ (4-17)
कवणि सि रुती माहु कवणु जितु होआ आकारु ॥

ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥ (4-17)
वेल न पाईआ पंडती जि होवै लेखु पुराणु ॥

ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥ (4-18)
वखतु न पाइओ कादीआ जि लिखनि लेखु कुराणु ॥

ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥ (4-18)
थिति वारु ना जोगी जाणै रुति माहु ना कोई ॥

ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥ (4-19)
जा करता सिरठी कउ साजे आपे जाणै सोई ॥

ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ ॥ (4-19)
किव करि आखा किव सालाही किउ वरनी किव जाणा ॥

ਨਾਨਕ ਆਖਣਿ ਸਭੁ ਕੋ ਆਖੈ ਇਕ ਦੂ ਇਕੁ ਸਿਆਣਾ ॥ (5-1)
नानक आखणि सभु को आखै इक दू इकु सिआणा ॥

ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ ॥ (5-1)
वडा साहिबु वडी नाई कीता जा का होवै ॥

ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ ॥੨੧॥ (5-2)
नानक जे को आपौ जाणै अगै गइआ न सोहै ॥२१॥

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥ (5-2)
पाताला पाताल लख आगासा आगास ॥

ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥ (5-3)
ओड़क ओड़क भालि थके वेद कहनि इक वात ॥

ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥ (5-3)
सहस अठारह कहनि कतेबा असुलू इकु धातु ॥

ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥ (5-4)
लेखा होइ त लिखीऐ लेखै होइ विणासु ॥

ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥੨੨॥ (5-4)
नानक वडा आखीऐ आपे जाणै आपु ॥२२॥

ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ ॥ (5-5)
सालाही सालाहि एती सुरति न पाईआ ॥

ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ ॥ (5-5)
नदीआ अतै वाह पवहि समुंदि न जाणीअहि ॥

ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ ॥ (5-6)
समुंद साह सुलतान गिरहा सेती मालु धनु ॥

ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ ॥੨੩॥ (5-6)
कीड़ी तुलि न होवनी जे तिसु मनहु न वीसरहि ॥२३॥

ਅੰਤੁ ਨ ਸਿਫਤੀ ਕਹਣਿ ਨ ਅੰਤੁ ॥ (5-6)
अंतु न सिफती कहणि न अंतु ॥

ਅੰਤੁ ਨ ਕਰਣੈ ਦੇਣਿ ਨ ਅੰਤੁ ॥ (5-7)
अंतु न करणै देणि न अंतु ॥

ਅੰਤੁ ਨ ਵੇਖਣਿ ਸੁਣਣਿ ਨ ਅੰਤੁ ॥ (5-7)
अंतु न वेखणि सुणणि न अंतु ॥

ਅੰਤੁ ਨ ਜਾਪੈ ਕਿਆ ਮਨਿ ਮੰਤੁ ॥ (5-7)
अंतु न जापै किआ मनि मंतु ॥

ਅੰਤੁ ਨ ਜਾਪੈ ਕੀਤਾ ਆਕਾਰੁ ॥ (5-8)
अंतु न जापै कीता आकारु ॥

ਅੰਤੁ ਨ ਜਾਪੈ ਪਾਰਾਵਾਰੁ ॥ (5-8)
अंतु न जापै पारावारु ॥

ਅੰਤ ਕਾਰਣਿ ਕੇਤੇ ਬਿਲਲਾਹਿ ॥ (5-8)
अंत कारणि केते बिललाहि ॥

ਤਾ ਕੇ ਅੰਤ ਨ ਪਾਏ ਜਾਹਿ ॥ (5-9)
ता के अंत न पाए जाहि ॥

ਏਹੁ ਅੰਤੁ ਨ ਜਾਣੈ ਕੋਇ ॥ (5-9)
एहु अंतु न जाणै कोइ ॥

ਬਹੁਤਾ ਕਹੀਐ ਬਹੁਤਾ ਹੋਇ ॥ (5-9)
बहुता कहीऐ बहुता होइ ॥

ਵਡਾ ਸਾਹਿਬੁ ਊਚਾ ਥਾਉ ॥ (5-9)
वडा साहिबु ऊचा थाउ ॥

ਊਚੇ ਉਪਰਿ ਊਚਾ ਨਾਉ ॥ (5-10)
ऊचे उपरि ऊचा नाउ ॥

ਏਵਡੁ ਊਚਾ ਹੋਵੈ ਕੋਇ ॥ (5-10)
एवडु ऊचा होवै कोइ ॥

ਤਿਸੁ ਊਚੇ ਕਉ ਜਾਣੈ ਸੋਇ ॥ (5-10)
तिसु ऊचे कउ जाणै सोइ ॥

ਜੇਵਡੁ ਆਪਿ ਜਾਣੈ ਆਪਿ ਆਪਿ ॥ (5-10)
जेवडु आपि जाणै आपि आपि ॥

ਨਾਨਕ ਨਦਰੀ ਕਰਮੀ ਦਾਤਿ ॥੨੪॥ (5-11)

नानक नदरी करमी दाति ॥२४॥

ਬਹੁਤਾ ਕਰਮੁ ਲਿਖਿਆ ਨਾ ਜਾਇ ॥ (5-11)

बहुता करमु लिखिआ ना जाइ ॥

ਵਡਾ ਦਾਤਾ ਤਿਲੁ ਨ ਤਮਾਇ ॥ (5-11)

वडा दाता तिलु न तमाइ ॥

ਕੇਤੇ ਮੰਗਹਿ ਜੋਧ ਅਪਾਰ ॥ (5-12)

केते मंगहि जोध अपार ॥

ਕੇਤਿਆ ਗਣਤ ਨਹੀ ਵੀਚਾਰੁ ॥ (5-12)

केतिआ गणत नही वीचारु ॥

ਕੇਤੇ ਖਪਿ ਤੁਟਹਿ ਵੇਕਾਰ ॥ (5-12)

केते खपि तुटहि वेकार ॥

ਕੇਤੇ ਲੈ ਲੈ ਮੁਕਰੁ ਪਾਹਿ ॥ (5-12)

केते लै लै मुकरु पाहि ॥

ਕੇਤੇ ਮੂਰਖ ਖਾਹੀ ਖਾਹਿ ॥ (5-13)

केते मूरख खाही खाहि ॥

ਕੇਤਿਆ ਦੂਖ ਭੂਖ ਸਦ ਮਾਰ ॥ (5-13)

केतिआ दूख भूख सद मार ॥

ਏਹਿ ਭਿ ਦਾਤਿ ਤੇਰੀ ਦਾਤਾਰ ॥ (5-13)

एहि भि दाति तेरी दातार ॥

ਬੰਦਿ ਖਲਾਸੀ ਭਾਣੈ ਹੋਇ ॥ (5-13)

बंदि खलासी भाणै होइ ॥

ਹੋਰੁ ਆਖਿ ਨ ਸਕੈ ਕੋਇ ॥ (5-14)

होरु आखि न सकै कोइ ॥

ਜੇ ਕੋ ਖਾਇਕੁ ਆਖਣਿ ਪਾਇ ॥ (5-14)
जे को खाइकु आखणि पाइ ॥

ਓਹੁ ਜਾਣੈ ਜੇਤੀਆ ਮੁਹਿ ਖਾਇ ॥ (5-14)
ओहु जाणै जेतीआ मुहि खाइ ॥

ਆਪੇ ਜਾਣੈ ਆਪੇ ਦੇਇ ॥ (5-14)
आपे जाणै आपे देइ ॥

ਆਖਹਿ ਸਿ ਭਿ ਕੇਈ ਕੇਇ ॥ (5-15)
आखहि सि भि केई केइ ॥

ਜਿਸ ਨੋ ਬਖਸੇ ਸਿਫਤਿ ਸਾਲਾਹ ॥ (5-15)
जिस नो बखसे सिफति सालाह ॥

ਨਾਨਕ ਪਾਤਿਸਾਹੀ ਪਾਤਿਸਾਹੁ ॥੨੫॥ (5-15)
नानक पातिसाही पातिसाहु ॥२५॥

ਅਮੁਲ ਗੁਣ ਅਮੁਲ ਵਾਪਾਰ ॥ (5-16)
अमुल गुण अमुल वापार ॥

ਅਮੁਲ ਵਾਪਾਰੀਏ ਅਮੁਲ ਭੰਡਾਰ ॥ (5-16)
अमुल वापारीए अमुल भंडार ॥

ਅਮੁਲ ਆਵਹਿ ਅਮੁਲ ਲੈ ਜਾਹਿ ॥ (5-16)
अमुल आवहि अमुल लै जाहि ॥

ਅਮੁਲ ਭਾਇ ਅਮੁਲਾ ਸਮਾਹਿ ॥ (5-17)
अमुल भाइ अमुला समाहि ॥

ਅਮੁਲੁ ਧਰਮੁ ਅਮੁਲੁ ਦੀਬਾਣੁ ॥ (5-17)
अमुलु धरमु अमुलु दीबाणु ॥

ਅਮੁਲੁ ਤੁਲੁ ਅਮੁਲੁ ਪਰਵਾਣੁ ॥ (5-17)
अमुलु तुलु अमुलु परवाणु ॥

ਅਮੁਲੁ ਬਖਸੀਸ ਅਮੁਲੁ ਨੀਸਾਣੁ ॥ (5-17)
अमुलु बखसीस अमुलु नीसाणु ॥

ਅਮੁਲੁ ਕਰਮੁ ਅਮੁਲੁ ਫੁਰਮਾਣੁ ॥ (5-18)
अमुलु करमु अमुलु फुरमाणु ॥

ਅਮੁਲੋ ਅਮੁਲੁ ਆਖਿਆ ਨ ਜਾਇ ॥ (5-18)
अमुलो अमुलु आखिआ न जाइ ॥

ਆਖਿ ਆਖਿ ਰਹੇ ਲਿਵ ਲਾਇ ॥ (5-18)
आखि आखि रहे लिव लाइ ॥

ਆਖਹਿ ਵੇਦ ਪਾਠ ਪੁਰਾਣ ॥ (5-19)
आखहि वेद पाठ पुराण ॥

ਆਖਹਿ ਪੜੇ ਕਰਹਿ ਵਖਿਆਣ ॥ (5-19)
आखहि पड़े करहि वखिआण ॥

ਆਖਹਿ ਬਰਮੇ ਆਖਹਿ ਇੰਦ ॥ (5-19)
आखहि बरमे आखहि इंद ॥

ਆਖਹਿ ਗੋਪੀ ਤੈ ਗੋਵਿੰਦ ॥ (6-1)
आखहि गोपी तै गोविंद ॥

ਆਖਹਿ ਈਸਰ ਆਖਹਿ ਸਿਧ ॥ (6-1)
आखहि ईसर आखहि सिध ॥

ਆਖਹਿ ਕੇਤੇ ਕੀਤੇ ਬੁਧ ॥ (6-1)
आखहि केते कीते बुध ॥

ਆਖਹਿ ਦਾਨਵ ਆਖਹਿ ਦੇਵ ॥ (6-1)
आखहि दानव आखहि देव ॥

ਆਖਹਿ ਸੁਰਿ ਨਰ ਮੁਨਿ ਜਨ ਸੇਵ ॥ (6-2)
आखहि सुरि नर मुनि जन सेव ॥

ਕੇਤੇ ਆਖਹਿ ਆਖਣਿ ਪਾਹਿ ॥ (6-2)
केते आखहि आखणि पाहि ॥

ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥ (6-2)
केते कहि कहि उठि उठि जाहि ॥

ਏਤੇ ਕੀਤੇ ਹੋਰਿ ਕਰੇਹਿ ॥ (6-3)
एते कीते होरि करेहि ॥

ਤਾ ਆਖਿ ਨ ਸਕਹਿ ਕੇਈ ਕੇਇ ॥ (6-3)
ता आखि न सकहि केई केइ ॥

ਜੇਵਡੁ ਭਾਵੈ ਤੇਵਡੁ ਹੋਇ ॥ (6-3)
जेवडु भावै तेवडु होइ ॥

ਨਾਨਕ ਜਾਣੈ ਸਾਚਾ ਸੋਇ ॥ (6-3)
नानक जाणै साचा सोइ ॥

ਜੇ ਕੋ ਆਖੈ ਬੋਲੁਵਿਗਾੜੁ ॥ (6-4)
जे को आखै बोलुविगाड़ु ॥

ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥੨੬॥ (6-4)
ता लिखीऐ सिरि गावारा गावारु ॥२६॥

ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥ (6-4)
सो दरु केहा सो घरु केहा जितु बहि सरब समाले ॥

ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥ (6-5)
वाजे नाद अनेक असंखा केते वावणहारे ॥

ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ ॥ (6-5)
केते राग परी सिउ कहीअनि केते गावणहारे ॥

ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥ (6-6)
गावहि तुहनो पउणु पाणी बैसंतरु गावै राजा धरमु दुआरे ॥

ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ ॥ (6-6)
गावहि चितु गुपतु लिखि जाणहि लिखि लिखि धरमु वीचारे ॥

ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥ (6-7)
गावहि ईसरु बरमा देवी सोहनि सदा सवारे ॥

ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥ (6-7)
गावहि इंद इदासणि बैठे देवतिआ दरि नाले ॥

ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥ (6-8)
गावहि सिध समाधी अंदरि गावनि साध विचारे ॥

ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ ॥ (6-8)
गावनि जती सती संतोखी गावहि वीर करारे ॥

ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ ॥ (6-9)
गावनि पंडित पड़नि रखीसर जुगु जुगु वेदा नाले ॥

ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ ॥ (6-9)
गावहि मोहणीआ मनु मोहनि सुरगा मछ पइआले ॥

ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥ (6-10)
गावनि रतन उपाए तेरे अठसठि तीरथ नाले ॥

ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ ॥ (6-10)
गावहि जोध महाबल सूरा गावहि खाणी चारे ॥

ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ ॥ (6-11)
गावहि खंड मंडल वरभंडा करि करि रखे धारे ॥

ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥ (6-11)
सेई तुधुनो गावहि जो तुधु भावनि रते तेरे भगत रसाले ॥

ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ ॥ (6-12)
होरि केते गावनि से मै चिति न आवनि नानकु किआ वीचारे ॥

ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥ (6-13)
सोई सोई सदा सचु साहिबु साचा साची नाई ॥

ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥ (6-13)
है भी होसी जाइ न जासी रचना जिनि रचाई ॥

ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥ (6-14)
रंगी रंगी भाती करि करि जिनसी माइआ जिनि उपाई ॥

ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ ॥ (6-14)
करि करि वेखै कीता आपणा जिव तिस दी वडिआई ॥

ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ ॥ (6-15)
जो तिसु भावै सोई करसी हुकमु न करणा जाई ॥

ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ ॥੨੭॥ (6-15)
सो पातिसाहु साहा पातिसाहिबु नानक रहणु रजाई ॥२७॥

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥ (6-16)
मुंदा संतोखु सरमु पतु झोली धिआन की करहि बिभूति ॥

ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥ (6-16)
खिंथा कालु कुआरी काइआ जुगति डंडा परतीति ॥

ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥ (6-17)
आई पंथी सगल जमाती मनि जीतै जगु जीतु ॥

ਆਦੇਸੁ ਤਿਸੈ ਆਦੇਸੁ ॥ (6-17)
आदेसु तिसै आदेसु ॥

ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੮॥ (6-17)
आदि अनीलु अनादि अनाहति जुगु जुगु एको वेसु ॥२८॥

ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥ (6-18)
भुगति गिआनु दइआ भंडारणि घटि घटि वाजहि नाद ॥

ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ ॥ (6-19)
आपि नाथु नाथी सभ जा की रिधि सिधि अवरा साद ॥

ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥ (6-19)
संजोगु विजोगु दुइ कार चलावहि लेखे आवहि भाग ॥

ਆਦੇਸੁ ਤਿਸੈ ਆਦੇਸੁ ॥ (7-1)
आदेसु तिसै आदेसु ॥

ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੯॥ (7-1)
आदि अनीलु अनादि अनाहति जुगु जुगु एको वेसु ॥२९॥

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥ (7-2)
एका माई जुगति विआई तिनि चेले परवाणु ॥

ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥ (7-2)
इकु संसारी इकु भंडारी इकु लाए दीबाणु ॥

ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥ (7-2)
जिव तिसु भावै तिवै चलावै जिव होवै फुरमाणु ॥

ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥ (7-3)
ओहु वेखै ओना नदरि न आवै बहुता एहु विडाणु ॥

ਆਦੇਸੁ ਤਿਸੈ ਆਦੇਸੁ ॥ (7-3)
आदेसु तिसै आदेसु ॥

ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੦॥ (7-4)
आदि अनीलु अनादि अनाहति जुगु जुगु एको वेसु ॥३०॥

ਆਸਣੁ ਲੋਇ ਲੋਇ ਭੰਡਾਰ ॥ (7-4)
आसणु लोइ लोइ भंडार ॥

ਜੋ ਕਿਛੁ ਪਾਇਆ ਸੁ ਏਕਾ ਵਾਰ ॥ (7-5)
जो किछु पाइआ सु एका वार ॥

ਕਰਿ ਕਰਿ ਵੇਖੈ ਸਿਰਜਣਹਾਰੁ ॥ (7-5)
करि करि वेखै सिरजणहारु ॥

ਨਾਨਕ ਸਚੇ ਕੀ ਸਾਚੀ ਕਾਰ ॥ (7-5)
नानक सचे की साची कार ॥

ਆਦੇਸੁ ਤਿਸੈ ਆਦੇਸੁ ॥ (7-5)
आदेसु तिसै आदेसु ॥

ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੩੧॥ (7-6)
आदि अनीलु अनादि अनाहति जुगु जुगु एको वेसु ॥३१॥

ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥ (7-6)
इक दू जीभौ लख होहि लख होवहि लख वीस ॥

ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥ (7-7)
लखु लखु गेड़ा आखीअहि एकु नामु जगदीस ॥

ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥ (7-7)
एतु राहि पति पवड़ीआ चड़ीऐ होइ इकीस ॥

ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥ (7-8)
सुणि गला आकास की कीटा आई रीस ॥

ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥੩੨॥ (7-8)
नानक नदरी पाईऐ कूड़ी कूड़ै ठीस ॥३२॥

ਆਖਣਿ ਜੋਰੁ ਚੁਪੈ ਨਹ ਜੋਰੁ ॥ (7-9)
आखणि जोरु चुपै नह जोरु ॥

ਜੋਰੁ ਨ ਮੰਗਣਿ ਦੇਣਿ ਨ ਜੋਰੁ ॥ (7-9)
जोरु न मंगणि देणि न जोरु ॥

ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥ (7-9)
जोरु न जीवणि मरणि नह जोरु ॥

ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥ (7-9)
जोरु न राजि मालि मनि सोरु ॥

ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥ (7-10)
जोरु न सुरती गिआनि वीचारि ॥

ਜੋਰੁ ਨ ਜੁਗਤੀ ਛੁਟੈ ਸੰਸਾਰੁ ॥ (7-10)
जोरु न जुगती छुटै संसारु ॥

ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥ (7-10)
जिसु हथि जोरु करि वेखै सोइ ॥

ਨਾਨਕ ਉਤਮੁ ਨੀਚੁ ਨ ਕੋਇ ॥੩੩॥ (7-11)
नानक उतमु नीचु न कोइ ॥३३॥

ਰਾਤੀ ਰੁਤੀ ਥਿਤੀ ਵਾਰ ॥ (7-11)
राती रुती थिती वार ॥

ਪਵਣ ਪਾਣੀ ਅਗਨੀ ਪਾਤਾਲ ॥ (7-11)
पवण पाणी अगनी पाताल ॥

ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥ (7-12)
तिसु विचि धरती थापि रखी धरम साल ॥

ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥ (7-12)
तिसु विचि जीअ जुगति के रंग ॥

ਤਿਨ ਕੇ ਨਾਮ ਅਨੇਕ ਅਨੰਤ ॥ (7-12)
तिन के नाम अनेक अनंत ॥

ਕਰਮੀ ਕਰਮੀ ਹੋਇ ਵੀਚਾਰੁ ॥ (7-13)
करमी करमी होइ वीचारु ॥

ਸਚਾ ਆਪਿ ਸਚਾ ਦਰਬਾਰੁ ॥ (7-13)
सचा आपि सचा दरबारु ॥

ਤਿਥੈ ਸੋਹਨਿ ਪੰਚ ਪਰਵਾਣੁ ॥ (7-13)
तिथै सोहनि पंच परवाणु ॥

ਨਦਰੀ ਕਰਮਿ ਪਵੈ ਨੀਸਾਣੁ ॥ (7-13)
नदरी करमि पवै नीसाणु ॥

ਕਚ ਪਕਾਈ ਓਥੈ ਪਾਇ ॥ (7-14)
कच पकाई ओथै पाइ ॥

ਨਾਨਕ ਗਇਆ ਜਾਪੈ ਜਾਇ ॥੩੪॥ (7-14)
नानक गइआ जापै जाइ ॥३४॥

ਧਰਮ ਖੰਡ ਕਾ ਏਹੋ ਧਰਮੁ ॥ (7-14)
धरम खंड का एहो धरमु ॥

ਗਿਆਨ ਖੰਡ ਕਾ ਆਖਹੁ ਕਰਮੁ ॥ (7-15)
गिआन खंड का आखहु करमु ॥

ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ ॥ (7-15)
केते पवण पाणी वैसंतर केते कान महेस ॥

ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥ (7-15)
केते बरमे घाड़ति घड़ीअहि रूप रंग के वेस ॥

ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ ॥ (7-16)
केतीआ करम भूमी मेर केते केते धू उपदेस ॥

ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ॥ (7-16)
केते इंद चंद सूर केते केते मंडल देस ॥

ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ ॥ (7-17)
केते सिध बुध नाथ केते केते देवी वेस ॥

ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ ॥ (7-17)
केते देव दानव मुनि केते केते रतन समुंद ॥

ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ ॥ (7-18)
केतीआ खाणी केतीआ बाणी केते पात नरिंद ॥

ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ ॥੩੫॥ (7-18)
केतीआ सुरती सेवक केते नानक अंतु न अंतु ॥३५॥

ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥ (7-19)
गिआन खंड महि गिआनु परचंडु ॥

ਤਿਥੈ ਨਾਦ ਬਿਨੋਦ ਕੋਡ ਅਨੰਦੁ ॥ (7-19)
तिथै नाद बिनोद कोड अनंदु ॥

ਸਰਮ ਖੰਡ ਕੀ ਬਾਣੀ ਰੂਪੁ ॥ (8-1)
सरम खंड की बाणी रूपु ॥

ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥ (8-1)
तिथै घाड़ति घड़ीऐ बहुतु अनूपु ॥

ਤਾ ਕੀਆ ਗਲਾ ਕਥੀਆ ਨਾ ਜਾਹਿ ॥ (8-1)
ता कीआ गला कथीआ ना जाहि ॥

ਜੇ ਕੋ ਕਹੈ ਪਿਛੈ ਪਛੁਤਾਇ ॥ (8-1)
जे को कहै पिछै पछुताइ ॥

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥ (8-2)
तिथै घड़ीऐ सुरति मति मनि बुधि ॥

ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥੩੬॥ (8-2)
तिथै घड़ीऐ सुरा सिधा की सुधि ॥३६॥

ਕਰਮ ਖੰਡ ਕੀ ਬਾਣੀ ਜੋਰੁ ॥ (8-3)
करम खंड की बाणी जोरु ॥

ਤਿਥੈ ਹੋਰੁ ਨ ਕੋਈ ਹੋਰੁ ॥ (8-3)
तिथै होरु न कोई होरु ॥

ਤਿਥੈ ਜੋਧ ਮਹਾਬਲ ਸੂਰ ॥ (8-3)
तिथै जोध महाबल सूर ॥

ਤਿਨ ਮਹਿ ਰਾਮੁ ਰਹਿਆ ਭਰਪੂਰ ॥ (8-3)
तिन महि रामु रहिआ भरपूर ॥

ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥ (8-4)
तिथै सीतो सीता महिमा माहि ॥

ਤਾ ਕੇ ਰੂਪ ਨ ਕਥਨੇ ਜਾਹਿ ॥ (8-4)
ता के रूप न कथने जाहि ॥

ਨਾ ਓਹਿ ਮਰਹਿ ਨ ਠਾਗੇ ਜਾਹਿ ॥ (8-4)
ना ओहि मरहि न ठागे जाहि ॥

ਜਿਨ ਕੈ ਰਾਮੁ ਵਸੈ ਮਨ ਮਾਹਿ ॥ (8-4)
जिन कै रामु वसै मन माहि ॥

ਤਿਥੈ ਭਗਤ ਵਸਹਿ ਕੇ ਲੋਅ ॥ (8-5)
तिथै भगत वसहि के लोअ ॥

ਕਰਹਿ ਅਨੰਦੁ ਸਚਾ ਮਨਿ ਸੋਇ ॥ (8-5)
करहि अनंदु सचा मनि सोइ ॥

ਸਚ ਖੰਡਿ ਵਸੈ ਨਿਰੰਕਾਰੁ ॥ (8-5)
सच खंडि वसै निरंकारु ॥

ਕਰਿ ਕਰਿ ਵੇਖੈ ਨਦਰਿ ਨਿਹਾਲ ॥ (8-6)
करि करि वेखै नदरि निहाल ॥

ਤਿਥੈ ਖੰਡ ਮੰਡਲ ਵਰਭੰਡ ॥ (8-6)
तिथै खंड मंडल वरभंड ॥

ਜੇ ਕੋ ਕਥੈ ਤ ਅੰਤ ਨ ਅੰਤ ॥ (8-6)
जे को कथै त अंत न अंत ॥

ਤਿਥੈ ਲੋਅ ਲੋਅ ਆਕਾਰ ॥ (8-6)
तिथै लोअ लोअ आकार ॥

ਜਿਵ ਜਿਵ ਹੁਕਮੁ ਤਿਵੈ ਤਿਵ ਕਾਰ ॥ (8-7)
जिव जिव हुकमु तिवै तिव कार ॥

ਵੇਖੈ ਵਿਗਸੈ ਕਰਿ ਵੀਚਾਰੁ ॥ (8-7)
वेखै विगसै करि वीचारु ॥

ਨਾਨਕ ਕਥਨਾ ਕਰੜਾ ਸਾਰੁ ॥੩੭॥ (8-7)
नानक कथना करड़ा सारु ॥३७॥

ਜਤੁ ਪਾਹਾਰਾ ਧੀਰਜੁ ਸੁਨਿਆਰੁ ॥ (8-8)
जतु पाहारा धीरजु सुनिआरु ॥

ਅਹਰਣਿ ਮਤਿ ਵੇਦੁ ਹਥੀਆਰੁ ॥ (8-8)
अहरणि मति वेदु हथीआरु ॥

ਭਉ ਖਲਾ ਅਗਨਿ ਤਪ ਤਾਉ ॥ (8-8)
भउ खला अगनि तप ताउ ॥

ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥ (8-9)
भांडा भाउ अमृतु तितु ढालि ॥

ਘੜੀਐ ਸਬਦੁ ਸਚੀ ਟਕਸਾਲ ॥ (8-9)
घड़ीऐ सबदु सची टकसाल ॥

ਜਿਨ ਕਉ ਨਦਰਿ ਕਰਮੁ ਤਿਨ ਕਾਰ ॥ (8-9)
जिन कउ नदरि करमु तिन कार ॥

ਨਾਨਕ ਨਦਰੀ ਨਦਰਿ ਨਿਹਾਲ ॥੩੮॥ (8-10)
नानक नदरी नदरि निहाल ॥३८॥

ਸਲੋਕੁ ॥ (8-10)
सलोकु ॥

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ (8-10)
पवणु गुरू पाणी पिता माता धरति महतु ॥

ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥ (8-11)
दिवसु राति दुइ दाई दाइआ खेलै सगल जगतु ॥

ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥ (8-11)
चंगिआईआ बुरिआईआ वाचै धरमु हदूरि ॥

ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥ (8-12)
करमी आपो आपणी के नेड़ै के दूरि ॥

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥ (8-12)
जिनी नामु धिआइआ गए मसकति घालि ॥

ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥ (8-12)
नानक ते मुख उजले केती छुटी नालि ॥१॥

ਸੋ ਦਰੁ ਰਾਗੁ ਆਸਾ ਮਹਲਾ ੧ (8-14)
सो दरु रागु आसा महला १

ੴ ਸਤਿਗੁਰ ਪ੍ਰਸਾਦਿ ॥ (8-14)
ੴ सतिगुर प्रसादि ॥

ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥ (8-14)
सो दरु तेरा केहा सो घरु केहा जितु बहि सरब समाले ॥

ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ ॥ (8-15)
वाजे तेरे नाद अनेक असंखा केते तेरे वावणहारे ॥

ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ ॥ (8-15)
केते तेरे राग परी सिउ कहीअहि केते तेरे गावणहारे ॥

ਗਾਵਹਿ ਤੁਧਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ ॥ (8-16)
गावनि तुधनो पवणु पाणी बैसंतरु गावै राजा धरमु दुआरे ॥

ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਬੀਚਾਰੇ ॥ (8-17)
गावनि तुधनो चितु गुपतु लिखि जाणनि लिखि लिखि धरमु बीचारे ॥

ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ ॥ (8-17)
गावनि तुधनो ईसरु ब्रहमा देवी सोहनि तेरे सदा सवारे ॥

ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ ॥ (8-18)
गावनि तुधनो इंद्र इंद्रासणि बैठे देवतिआ दरि नाले ॥

ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ ਤੁਧਨੋ ਸਾਧ ਬੀਚਾਰੇ ॥ (8-19)
गावनि तुधनो सिध समाधी अंदरि गावनि तुधनो साध बीचारे ॥

ਗਾਵਨਿ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ ਤੁਧਨੋ ਵੀਰ ਕਰਾਰੇ ॥ (9-1)
गावनि तुधनो जती सती संतोखी गावनि तुधनो वीर करारे ॥

ਗਾਵਨਿ ਤੁਧਨੋ ਪੰਡਿਤ ਪੜਨਿ ਰਖੀਸੁਰ ਜੁਗੁ ਜੁਗੁ ਵੇਦਾ ਨਾਲੇ ॥ (9-1)
गावनि तुधनो पंडित पड़नि रखीसुर जुगु जुगु वेदा नाले ॥

ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ ॥ (9-2)
गावनि तुधनो मोहणीआ मनु मोहनि सुरगु मछु पइआले ॥

ਗਾਵਨਿ ਤੁਧਨੋ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥ (9-2)
गावनि तुधनो रतन उपाए तेरे अठसठि तीरथ नाले ॥

ਗਾਵਨਿ ਤੁਧਨੋ ਜੋਧ ਮਹਾਬਲ ਸੂਰਾ ਗਾਵਨਿ ਤੁਧਨੋ ਖਾਣੀ ਚਾਰੇ ॥ (9-3)
गावनि तुधनो जोध महाबल सूरा गावनि तुधनो खाणी चारे ॥

ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ ॥ (9-4)
गावनि तुधनो खंड मंडल ब्रहमंडा करि करि रखे तेरे धारे ॥

ਸੇਈ ਤੁਧਨੋ ਗਾਵਨਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥ (9-4)
सेई तुधनो गावनि जो तुधु भावनि रते तेरे भगत रसाले ॥

ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ ॥ (9-5)
होरि केते तुधनो गावनि से मै चिति न आवनि नानकु किआ बीचारे ॥

ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥ (9-5)
सोई सोई सदा सचु साहिबु साचा साची नाई ॥

ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥ (9-6)
है भी होसी जाइ न जासी रचना जिनि रचाई ॥

ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥ (9-6)
रंगी रंगी भाती करि करि जिनसी माइआ जिनि उपाई ॥

ਕਰਿ ਕਰਿ ਦੇਖੈ ਕੀਤਾ ਆਪਣਾ ਜਿਉ ਤਿਸ ਦੀ ਵਡਿਆਈ ॥ (9-7)
करि करि देखै कीता आपणा जिउ तिस दी वडिआई ॥

ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ ॥ (9-7)
जो तिसु भावै सोई करसी फिरि हुकमु न करणा जाई ॥

ਸੋ ਪਾਤਿਸਾਹੁ ਸਾਹਾ ਪਤਿਸਾਹਿਬੁ ਨਾਨਕ ਰਹਣੁ ਰਜਾਈ ॥੧॥ (9-8)
सो पातिसाहु साहा पतिसाहिबु नानक रहणु रजाई ॥१॥

ਆਸਾ ਮਹਲਾ ੧ ॥ (9-9)
आसा महला १ ॥

ਸੁਣਿ ਵਡਾ ਆਖੈ ਸਭੁ ਕੋਇ ॥ (9-9)
सुणि वडा आखै सभु कोइ ॥

ਕੇਵਡੁ ਵਡਾ ਡੀਠਾ ਹੋਇ ॥ (9-9)
केवडु वडा डीठा होइ ॥

ਕੀਮਤਿ ਪਾਇ ਨ ਕਹਿਆ ਜਾਇ ॥ (9-9)
कीमति पाइ न कहिआ जाइ ॥

ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥ (9-10)
कहणै वाले तेरे रहे समाइ ॥१॥

ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥ (9-10)
वडे मेरे साहिबा गहिर ग्मभीरा गुणी गहीरा ॥

ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥ (9-10)
कोइ न जाणै तेरा केता केवडु चीरा ॥१॥ रहाउ ॥

ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥ (9-11)
सभि सुरती मिलि सुरति कमाई ॥

ਸਭ ਕੀਮਤਿ ਮਿਲਿ ਕੀਮਤਿ ਪਾਈ ॥ (9-11)
सभ कीमति मिलि कीमति पाई ॥

ਗਿਆਨੀ ਧਿਆਨੀ ਗੁਰ ਗੁਰਹਾਈ ॥ (9-12)
गिआनी धिआनी गुर गुरहाई ॥

ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥ (9-12)
कहणु न जाई तेरी तिलु वडिआई ॥२॥

ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥ (9-12)
सभि सत सभि तप सभि चंगिआईआ ॥

ਸਿਧਾ ਪੁਰਖਾ ਕੀਆ ਵਡਿਆਈਆ ॥ (9-13)
सिधा पुरखा कीआ वडिआईआ ॥

ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥ (9-13)
तुधु विणु सिधी किनै न पाईआ ॥

ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥ (9-13)
करमि मिलै नाही ठाकि रहाईआ ॥३॥

ਆਖਣ ਵਾਲਾ ਕਿਆ ਵੇਚਾਰਾ ॥ (9-14)
आखण वाला किआ वेचारा ॥

ਸਿਫਤੀ ਭਰੇ ਤੇਰੇ ਭੰਡਾਰਾ ॥ (9-14)
सिफती भरे तेरे भंडारा ॥

ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ॥ (9-14)
जिसु तू देहि तिसै किआ चारा ॥

ਨਾਨਕ ਸਚੁ ਸਵਾਰਣਹਾਰਾ ॥੪॥੨॥ (9-15)
नानक सचु सवारणहारा ॥४॥२॥

ਆਸਾ ਮਹਲਾ ੧ ॥ (9-15)
आसा महला १ ॥

ਆਖਾ ਜੀਵਾ ਵਿਸਰੈ ਮਰਿ ਜਾਉ ॥ (9-15)
आखा जीवा विसरै मरि जाउ ॥

ਆਖਣਿ ਅਉਖਾ ਸਾਚਾ ਨਾਉ ॥ (9-15)
आखणि अउखा साचा नाउ ॥

ਸਾਚੇ ਨਾਮ ਕੀ ਲਾਗੈ ਭੂਖ ॥ (9-16)
साचे नाम की लागै भूख ॥

ਉਤੁ ਭੂਖੈ ਖਾਇ ਚਲੀਅਹਿ ਦੂਖ ॥੧॥ (9-16)
उतु भूखै खाइ चलीअहि दूख ॥१॥

ਸੋ ਕਿਉ ਵਿਸਰੈ ਮੇਰੀ ਮਾਇ ॥ (9-16)
सो किउ विसरै मेरी माइ ॥

ਸਾਚਾ ਸਾਹਿਬੁ ਸਾਚੈ ਨਾਇ ॥੧॥ ਰਹਾਉ ॥ (9-17)
साचा साहिबु साचै नाइ ॥१॥ रहाउ ॥

ਸਾਚੇ ਨਾਮ ਕੀ ਤਿਲੁ ਵਡਿਆਈ ॥ (9-17)
साचे नाम की तिलु वडिआई ॥

ਆਖਿ ਥਕੇ ਕੀਮਤਿ ਨਹੀ ਪਾਈ ॥ (9-17)
आखि थके कीमति नही पाई ॥

ਜੇ ਸਭਿ ਮਿਲਿ ਕੈ ਆਖਣ ਪਾਹਿ ॥ (9-18)
जे सभि मिलि कै आखण पाहि ॥

ਵਡਾ ਨ ਹੋਵੈ ਘਾਟਿ ਨ ਜਾਇ ॥੨॥ (9-18)
वडा न होवै घाटि न जाइ ॥२॥

ਨਾ ਓਹੁ ਮਰੈ ਨ ਹੋਵੈ ਸੋਗੁ ॥ (9-18)
ना ओहु मरै न होवै सोगु ॥

ਦੇਦਾ ਰਹੈ ਨ ਚੂਕੈ ਭੋਗੁ ॥ (9-18)
देदा रहै न चूकै भोगु ॥

ਗੁਣੁ ਏਹੋ ਹੋਰੁ ਨਾਹੀ ਕੋਇ ॥ (9-19)
गुणु एहो होरु नाही कोइ ॥

ਨਾ ਕੋ ਹੋਆ ਨਾ ਕੋ ਹੋਇ ॥੩॥ (9-19)
ना को होआ ना को होइ ॥३॥

ਜੇਵਡੁ ਆਪਿ ਤੇਵਡ ਤੇਰੀ ਦਾਤਿ ॥ (9-19)
जेवडु आपि तेवड तेरी दाति ॥

ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥ (10-1)
जिनि दिनु करि कै कीती राति ॥

ਖਸਮੁ ਵਿਸਾਰਹਿ ਤੇ ਕਮਜਾਤਿ ॥ (10-1)
खसमु विसारहि ते कमजाति ॥

ਨਾਨਕ ਨਾਵੈ ਬਾਝੁ ਸਨਾਤਿ ॥੪॥੩॥ (10-1)
नानक नावै बाझु सनाति ॥४॥३॥

ਰਾਗੁ ਗੂਜਰੀ ਮਹਲਾ ੪ ॥ (10-1)
रागु गूजरी महला ४ ॥

ਹਰਿ ਕੇ ਜਨ ਸਤਿਗੁਰ ਸਤਪੁਰਖਾ ਬਿਨਉ ਕਰਉ ਗੁਰ ਪਾਸਿ ॥ (10-2)
हरि के जन सतिगुर सतपुरखा बिनउ करउ गुर पासि ॥

ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ ॥੧॥ (10-2)
हम कीरे किरम सतिगुर सरणाई करि दइआ नामु परगासि ॥१॥

ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ ॥ (10-3)
मेरे मीत गुरदेव मो कउ राम नामु परगासि ॥

ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ ॥੧॥ ਰਹਾਉ ॥ (10-3)
गुरमति नामु मेरा प्रान सखाई हरि कीरति हमरी रहरासि ॥१॥ रहाउ ॥

ਹਰਿ ਜਨ ਕੇ ਵਡ ਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ ॥ (10-4)
हरि जन के वड भाग वडेरे जिन हरि हरि सरधा हरि पिआस ॥

ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ ॥੨॥ (10-5)
हरि हरि नामु मिलै त्रिपतासहि मिलि संगति गुण परगासि ॥२॥

ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ ॥ (10-6)
जिन हरि हरि हरि रसु नामु न पाइआ ते भागहीण जम पासि ॥

ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥੩॥ (10-6)
जो सतिगुर सरणि संगति नही आए ध्रिगु जीवे ध्रिगु जीवासि ॥३॥

ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ ॥ (10-7)
जिन हरि जन सतिगुर संगति पाई तिन धुरि मसतकि लिखिआ लिखासि ॥

ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ ਮਿਲਿ ਜਨ ਨਾਨਕ ਨਾਮੁ ਪਰਗਾਸਿ ॥੪॥੪॥ (10-8)
धनु धंनु सतसंगति जितु हरि रसु पाइआ मिलि जन नानक नामु परगासि ॥४॥४॥

ਰਾਗੁ ਗੂਜਰੀ ਮਹਲਾ ੫ ॥ (10-8)
रागु गूजरी महला ५ ॥

ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥ (10-9)
काहे रे मन चितवहि उदमु जा आहरि हरि जीउ परिआ ॥

ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥੧॥ (10-9)
सैल पथर महि जंत उपाए ता का रिजकु आगै करि धरिआ ॥१॥

ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥ (10-10)
मेरे माधउ जी सतसंगति मिले सु तरिआ ॥

ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ ॥੧॥ ਰਹਾਉ ॥ (10-10)
गुर परसादि परम पदु पाइआ सूके कासट हरिआ ॥१॥ रहाउ ॥

ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ ॥ (10-11)
जननि पिता लोक सुत बनिता कोइ न किस की धरिआ ॥

ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ ॥੨॥ (10-12)
सिरि सिरि रिजकु स्मबाहे ठाकुरु काहे मन भउ करिआ ॥२॥

ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥ (10-12)
ऊडे ऊडि आवै सै कोसा तिसु पाछै बचरे छरिआ ॥

ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ ॥੩॥ (10-13)
तिन कवणु खलावै कवणु चुगावै मन महि सिमरनु करिआ ॥३॥

ਸਭਿ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰ ਤਲ ਧਰਿਆ ॥ (10-13)
सभि निधान दस असट सिधान ठाकुर कर तल धरिआ ॥

ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ ਤੇਰਾ ਅੰਤੁ ਨ ਪਾਰਾਵਰਿਆ ॥੪॥੫॥ (10-14)
जन नानक बलि बलि सद बलि जाईऐ तेरा अंतु न पारावरिआ ॥४॥५॥

ਰਾਗੁ ਆਸਾ ਮਹਲਾ ੪ ਸੋ ਪੁਰਖੁ (10-16)
रागु आसा महला ४ सो पुरखु

ੴ ਸਤਿਗੁਰ ਪ੍ਰਸਾਦਿ ॥ (10-17)
ੴ सतिगुर प्रसादि ॥

ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ ਹਰਿ ਅਗਮਾ ਅਗਮ ਅਪਾਰਾ ॥ (10-17)
सो पुरखु निरंजनु हरि पुरखु निरंजनु हरि अगमा अगम अपारा ॥

ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ ਹਰਿ ਸਚੇ ਸਿਰਜਣਹਾਰਾ ॥ (10-18)
सभि धिआवहि सभि धिआवहि तुधु जी हरि सचे सिरजणहारा ॥

ਸਭਿ ਜੀਅ ਤੁਮਾਰੇ ਜੀ ਤੂੰ ਜੀਆ ਕਾ ਦਾਤਾਰਾ ॥ (10-18)
सभि जीअ तुमारे जी तूं जीआ का दातारा ॥

ਹਰਿ ਧਿਆਵਹੁ ਸੰਤਹੁ ਜੀ ਸਭਿ ਦੂਖ ਵਿਸਾਰਣਹਾਰਾ ॥ (10-19)
हरि धिआवहु संतहु जी सभि दूख विसारणहारा ॥

ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕੁ ਜੀ ਕਿਆ ਨਾਨਕ ਜੰਤ ਵਿਚਾਰਾ ॥੧॥ (10-19)
हरि आपे ठाकुरु हरि आपे सेवकु जी किआ नानक जंत विचारा ॥१॥

ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ ॥ (11-1)
तूं घट घट अंतरि सरब निरंतरि जी हरि एको पुरखु समाणा ॥

ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ ॥ (11-1)
इकि दाते इकि भेखारी जी सभि तेरे चोज विडाणा ॥

ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧੁ ਬਿਨੁ ਅਵਰੁ ਨ ਜਾਣਾ ॥ (11-2)
तूं आपे दाता आपे भुगता जी हउ तुधु बिनु अवरु न जाणा ॥

ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ ॥ (11-3)
तूं पारब्रहमु बेअंतु बेअंतु जी तेरे किआ गुण आखि वखाणा ॥

ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ ਤਿਨ ਕੁਰਬਾਣਾ ॥੨॥ (11-3)
जो सेवहि जो सेवहि तुधु जी जनु नानकु तिन कुरबाणा ॥२॥

ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ ਸੇ ਜਨ ਜੁਗ ਮਹਿ ਸੁਖਵਾਸੀ ॥ (11-4)
हरि धिआवहि हरि धिआवहि तुधु जी से जन जुग महि सुखवासी ॥

ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ ਤਿਨ ਤੂਟੀ ਜਮ ਕੀ ਫਾਸੀ ॥ (11-4)
से मुकतु से मुकतु भए जिन हरि धिआइआ जी तिन तूटी जम की फासी ॥

ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ ॥ (11-5)
जिन निरभउ जिन हरि निरभउ धिआइआ जी तिन का भउ सभु गवासी ॥

ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ ਤੇ ਹਰਿ ਹਰਿ ਰੂਪਿ ਸਮਾਸੀ ॥ (11-6)
जिन सेविआ जिन सेविआ मेरा हरि जी ते हरि हरि रूपि समासी ॥

ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀ ਜਨੁ ਨਾਨਕੁ ਤਿਨ ਬਲਿ ਜਾਸੀ ॥੩॥ (11-7)
से धंनु से धंनु जिन हरि धिआइआ जी जनु नानकु तिन बलि जासी ॥३॥

ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ ਭਰੇ ਬਿਅੰਤ ਬੇਅੰਤਾ ॥ (11-7)
तेरी भगति तेरी भगति भंडार जी भरे बिअंत बेअंता ॥

ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ ਹਰਿ ਅਨਿਕ ਅਨੇਕ ਅਨੰਤਾ ॥ (11-8)
तेरे भगत तेरे भगत सलाहनि तुधु जी हरि अनिक अनेक अनंता ॥

ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ ਤਪੁ ਤਾਪਹਿ ਜਪਹਿ ਬੇਅੰਤਾ ॥ (11-9)
तेरी अनिक तेरी अनिक करहि हरि पूजा जी तपु तापहि जपहि बेअंता ॥

ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿਮ੍ਰਿਤਿ ਸਾਸਤ ਜੀ ਕਰਿ ਕਿਰਿਆ ਖਟੁ ਕਰਮ ਕਰੰਤਾ ॥ (11-10)
तेरे अनेक तेरे अनेक पड़हि बहु सिम्रिति सासत जी करि किरिआ खटु करम करंता ॥

ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ ਜੋ ਭਾਵਹਿ ਮੇਰੇ ਹਰਿ ਭਗਵੰਤਾ ॥੪॥ (11-10)
से भगत से भगत भले जन नानक जी जो भावहि मेरे हरि भगवंता ॥४॥

ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ ॥ (11-11)
तूं आदि पुरखु अपर्मपरु करता जी तुधु जेवडु अवरु न कोई ॥

ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ ॥ (11-12)
तूं जुगु जुगु एको सदा सदा तूं एको जी तूं निहचलु करता सोई ॥

ਤੁਧੁ ਆਪੇ ਭਾਵੈ ਸੋਈ ਵਰਤੈ ਜੀ ਤੂੰ ਆਪੇ ਕਰਹਿ ਸੁ ਹੋਈ ॥ (11-12)
तुधु आपे भावै सोई वरतै जी तूं आपे करहि सु होई ॥

ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ ॥ (11-13)
तुधु आपे स्रिसटि सभ उपाई जी तुधु आपे सिरजि सभ गोई ॥

ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ ॥੫॥੧॥ (11-13)
जनु नानकु गुण गावै करते के जी जो सभसै का जाणोई ॥५॥१॥

ਆਸਾ ਮਹਲਾ ੪ ॥ (11-14)
आसा महला ४ ॥

ਤੂੰ ਕਰਤਾ ਸਚਿਆਰੁ ਮੈਡਾ ਸਾਂਈ ॥ (11-14)
तूं करता सचिआरु मैडा सांई ॥

ਜੋ ਤਉ ਭਾਵੈ ਸੋਈ ਥੀਸੀ ਜੋ ਤੂੰ ਦੇਹਿ ਸੋਈ ਹਉ ਪਾਈ ॥੧॥ ਰਹਾਉ ॥ (11-15)
जो तउ भावै सोई थीसी जो तूं देहि सोई हउ पाई ॥१॥ रहाउ ॥

ਸਭ ਤੇਰੀ ਤੂੰ ਸਭਨੀ ਧਿਆਇਆ ॥ (11-15)
सभ तेरी तूं सभनी धिआइआ ॥

ਜਿਸ ਨੋ ਕ੍ਰਿਪਾ ਕਰਹਿ ਤਿਨਿ ਨਾਮ ਰਤਨੁ ਪਾਇਆ ॥ (11-16)
जिस नो क्रिपा करहि तिनि नाम रतनु पाइआ ॥

ਗੁਰਮੁਖਿ ਲਾਧਾ ਮਨਮੁਖਿ ਗਵਾਇਆ ॥ (11-16)
गुरमुखि लाधा मनमुखि गवाइआ ॥

ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ ॥੧॥ (11-16)
तुधु आपि विछोड़िआ आपि मिलाइआ ॥१॥

ਤੂੰ ਦਰੀਆਉ ਸਭ ਤੁਝ ਹੀ ਮਾਹਿ ॥ (11-17)
तूं दरीआउ सभ तुझ ही माहि ॥

ਤੁਝ ਬਿਨੁ ਦੂਜਾ ਕੋਈ ਨਾਹਿ ॥ (11-17)
तुझ बिनु दूजा कोई नाहि ॥

ਜੀਅ ਜੰਤ ਸਭਿ ਤੇਰਾ ਖੇਲੁ ॥ (11-18)
जीअ जंत सभि तेरा खेलु ॥

ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ ॥੨॥ (11-18)
विजोगि मिलि विछुड़िआ संजोगी मेलु ॥२॥

ਜਿਸ ਨੋ ਤੂ ਜਾਣਾਇਹਿ ਸੋਈ ਜਨੁ ਜਾਣੈ ॥ (11-18)
जिस नो तू जाणाइहि सोई जनु जाणै ॥

ਹਰਿ ਗੁਣ ਸਦ ਹੀ ਆਖਿ ਵਖਾਣੈ ॥ (11-19)
हरि गुण सद ही आखि वखाणै ॥

ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ ॥ (11-19)
जिनि हरि सेविआ तिनि सुखु पाइआ ॥

ਸਹਜੇ ਹੀ ਹਰਿ ਨਾਮਿ ਸਮਾਇਆ ॥੩॥ (11-19)
सहजे ही हरि नामि समाइआ ॥३॥

ਤੂ ਆਪੇ ਕਰਤਾ ਤੇਰਾ ਕੀਆ ਸਭੁ ਹੋਇ ॥ (12-1)
तू आपे करता तेरा कीआ सभु होइ ॥

ਤੁਧੁ ਬਿਨੁ ਦੂਜਾ ਅਵਰੁ ਨ ਕੋਇ ॥ (12-1)
तुधु बिनु दूजा अवरु न कोइ ॥

ਤੂ ਕਰਿ ਕਰਿ ਵੇਖਹਿ ਜਾਣਹਿ ਸੋਇ ॥ (12-1)
तू करि करि वेखहि जाणहि सोइ ॥

ਜਨ ਨਾਨਕ ਗੁਰਮੁਖਿ ਪਰਗਟੁ ਹੋਇ ॥੪॥੨॥ (12-2)
जन नानक गुरमुखि परगटु होइ ॥४॥२॥

ਆਸਾ ਮਹਲਾ ੧ ॥ (12-2)
आसा महला १ ॥

ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ ॥ (12-2)
तितु सरवरड़ै भईले निवासा पाणी पावकु तिनहि कीआ ॥

ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ ॥੧॥ (12-3)
पंकजु मोह पगु नही चालै हम देखा तह डूबीअले ॥१॥

ਮਨ ਏਕੁ ਨ ਚੇਤਸਿ ਮੂੜ ਮਨਾ ॥ (12-4)
मन एकु न चेतसि मूड़ मना ॥

ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ ਰਹਾਉ ॥ (12-4)
हरि बिसरत तेरे गुण गलिआ ॥१॥ रहाउ ॥

ਨਾ ਹਉ ਜਤੀ ਸਤੀ ਨਹੀ ਪੜਿਆ ਮੂਰਖ ਮੁਗਧਾ ਜਨਮੁ ਭਇਆ ॥ (12-4)
ना हउ जती सती नही पड़िआ मूरख मुगधा जनमु भइआ ॥

ਪ੍ਰਣਵਤਿ ਨਾਨਕ ਤਿਨ ਕੀ ਸਰਣਾ ਜਿਨ ਤੂ ਨਾਹੀ ਵੀਸਰਿਆ ॥੨॥੩॥ (12-5)
प्रणवति नानक तिन की सरणा जिन तू नाही वीसरिआ ॥२॥३॥

ਆਸਾ ਮਹਲਾ ੫ ॥ (12-6)
आसा महला ५ ॥

ਭਈ ਪਰਾਪਤਿ ਮਾਨੁਖ ਦੇਹੁਰੀਆ ॥ (12-6)
भई परापति मानुख देहुरीआ ॥

ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ (12-6)
गोबिंद मिलण की इह तेरी बरीआ ॥

ਅਵਰਿ ਕਾਜ ਤੇਰੈ ਕਿਤੈ ਨ ਕਾਮ ॥ (12-6)
अवरि काज तेरै कितै न काम ॥

ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥ (12-7)
मिलु साधसंगति भजु केवल नाम ॥१॥

ਸਰੰਜਾਮਿ ਲਾਗੁ ਭਵਜਲ ਤਰਨ ਕੈ ॥ (12-7)
सरंजामि लागु भवजल तरन कै ॥

ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥੧॥ ਰਹਾਉ ॥ (12-8)
जनमु ब्रिथा जात रंगि माइआ कै ॥१॥ रहाउ ॥

ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥ (12-8)
जपु तपु संजमु धरमु न कमाइआ ॥

ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥ (12-8)
सेवा साध न जानिआ हरि राइआ ॥

ਕਹੁ ਨਾਨਕ ਹਮ ਨੀਚ ਕਰੰਮਾ ॥ (12-9)
कहु नानक हम नीच करंमा ॥

ਸਰਣਿ ਪਰੇ ਕੀ ਰਾਖਹੁ ਸਰਮਾ ॥੨॥੪॥ (12-9)
सरणि परे की राखहु सरमा ॥२॥४॥

ਸੋਹਿਲਾ ਰਾਗੁ ਗਉੜੀ ਦੀਪਕੀ ਮਹਲਾ ੧ (12-10)
सोहिला रागु गउड़ी दीपकी महला १

ੴ ਸਤਿਗੁਰ ਪ੍ਰਸਾਦਿ ॥ (12-10)
ੴ सतिगुर प्रसादि ॥

ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ ॥ (12-11)
जै घरि कीरति आखीऐ करते का होइ बीचारो ॥

ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ ॥੧॥ (12-11)
तितु घरि गावहु सोहिला सिवरिहु सिरजणहारो ॥१॥

ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ ॥ (12-12)
तुम गावहु मेरे निरभउ का सोहिला ॥

ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ ॥੧॥ ਰਹਾਉ ॥ (12-12)
हउ वारी जितु सोहिलै सदा सुखु होइ ॥१॥ रहाउ ॥

ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ ॥ (12-13)
नित नित जीअड़े समालीअनि देखैगा देवणहारु ॥

ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ ॥੨॥ (12-13)
तेरे दानै कीमति ना पवै तिसु दाते कवणु सुमारु ॥२॥

ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ ॥ (12-14)
स्मबति साहा लिखिआ मिलि करि पावहु तेलु ॥

ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥੩॥ (12-14)
देहु सजण असीसड़ीआ जिउ होवै साहिब सिउ मेलु ॥३॥

ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ ॥ (12-15)
घरि घरि एहो पाहुचा सदड़े नित पवंनि ॥

ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ ॥੪॥੧॥ (12-16)
सदणहारा सिमरीऐ नानक से दिह आवंनि ॥४॥१॥

ਰਾਗੁ ਆਸਾ ਮਹਲਾ ੧ ॥ (12-16)
रागु आसा महला १ ॥

ਛਿਅ ਘਰ ਛਿਅ ਗੁਰ ਛਿਅ ਉਪਦੇਸ ॥ (12-16)
छिअ घर छिअ गुर छिअ उपदेस ॥

ਗੁਰੁ ਗੁਰੁ ਏਕੋ ਵੇਸ ਅਨੇਕ ॥੧॥ (12-17)
गुरु गुरु एको वेस अनेक ॥१॥

ਬਾਬਾ ਜੈ ਘਰਿ ਕਰਤੇ ਕੀਰਤਿ ਹੋਇ ॥ (12-17)
बाबा जै घरि करते कीरति होइ ॥

ਸੋ ਘਰੁ ਰਾਖੁ ਵਡਾਈ ਤੋਇ ॥੧॥ ਰਹਾਉ ॥ (12-17)
सो घरु राखु वडाई तोइ ॥१॥ रहाउ ॥

ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ ॥ (12-18)
विसुए चसिआ घड़ीआ पहरा थिती वारी माहु होआ ॥

ਸੂਰਜੁ ਏਕੋ ਰੁਤਿ ਅਨੇਕ ॥ (12-18)
सूरजु एको रुति अनेक ॥

ਨਾਨਕ ਕਰਤੇ ਕੇ ਕੇਤੇ ਵੇਸ ॥੨॥੨॥ (13-1)
नानक करते के केते वेस ॥२॥२॥

ਰਾਗੁ ਧਨਾਸਰੀ ਮਹਲਾ ੧ ॥ (13-1)
रागु धनासरी महला १ ॥

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥ (13-1)
गगन मै थालु रवि चंदु दीपक बने तारिका मंडल जनक मोती ॥

ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥ (13-2)
धूपु मलआनलो पवणु चवरो करे सगल बनराइ फूलंत जोती ॥१॥

ਕੈਸੀ ਆਰਤੀ ਹੋਇ ॥ (13-3)
कैसी आरती होइ ॥

ਭਵ ਖੰਡਨਾ ਤੇਰੀ ਆਰਤੀ ॥ (13-3)
भव खंडना तेरी आरती ॥

ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ ॥ (13-3)
अनहता सबद वाजंत भेरी ॥१॥ रहाउ ॥

ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁੋਹੀ ॥ (13-3)
सहस तव नैन नन नैन हहि तोहि कउ सहस मूरति नना एक तुोही ॥

ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥੨॥ (13-4)
सहस पद बिमल नन एक पद गंध बिनु सहस तव गंध इव चलत मोही ॥२॥

ਸਭ ਮਹਿ ਜੋਤਿ ਜੋਤਿ ਹੈ ਸੋਇ ॥ (13-5)
सभ महि जोति जोति है सोइ ॥

ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥ (13-5)
तिस दै चानणि सभ महि चानणु होइ ॥

ਗੁਰ ਸਾਖੀ ਜੋਤਿ ਪਰਗਟੁ ਹੋਇ ॥ (13-6)
गुर साखी जोति परगटु होइ ॥

ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥ (13-6)
जो तिसु भावै सु आरती होइ ॥३॥

ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋੁ ਮੋਹਿ ਆਹੀ ਪਿਆਸਾ ॥ (13-6)
हरि चरण कवल मकरंद लोभित मनो अनदिनो मोहि आही पिआसा ॥

ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ ॥੪॥੩॥ (13-7)
क्रिपा जलु देहि नानक सारिंग कउ होइ जा ते तेरै नाइ वासा ॥४॥३॥

ਰਾਗੁ ਗਉੜੀ ਪੂਰਬੀ ਮਹਲਾ ੪ ॥ (13-8)
रागु गउड़ी पूरबी महला ४ ॥

ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ ॥ (13-8)
कामि करोधि नगरु बहु भरिआ मिलि साधू खंडल खंडा हे ॥

ਪੂਰਬਿ ਲਿਖਤ ਲਿਖੇ ਗੁਰੁ ਪਾਇਆ ਮਨਿ ਹਰਿ ਲਿਵ ਮੰਡਲ ਮੰਡਾ ਹੇ ॥੧॥ (13-9)
पूरबि लिखत लिखे गुरु पाइआ मनि हरि लिव मंडल मंडा हे ॥१॥

ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ ॥ (13-9)
करि साधू अंजुली पुनु वडा हे ॥

ਕਰਿ ਡੰਡਉਤ ਪੁਨੁ ਵਡਾ ਹੇ ॥੧॥ ਰਹਾਉ ॥ (13-10)
करि डंडउत पुनु वडा हे ॥१॥ रहाउ ॥

ਸਾਕਤ ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੇ ॥ (13-10)
साकत हरि रस सादु न जाणिआ तिन अंतरि हउमै कंडा हे ॥

ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ ਜਮਕਾਲੁ ਸਹਹਿ ਸਿਰਿ ਡੰਡਾ ਹੇ ॥੨॥ (13-11)
जिउ जिउ चलहि चुभै दुखु पावहि जमकालु सहहि सिरि डंडा हे ॥२॥

ਹਰਿ ਜਨ ਹਰਿ ਹਰਿ ਨਾਮਿ ਸਮਾਣੇ ਦੁਖੁ ਜਨਮ ਮਰਣ ਭਵ ਖੰਡਾ ਹੇ ॥ (13-11)
हरि जन हरि हरि नामि समाणे दुखु जनम मरण भव खंडा हे ॥

ਅਬਿਨਾਸੀ ਪੁਰਖੁ ਪਾਇਆ ਪਰਮੇਸਰੁ ਬਹੁ ਸੋਭ ਖੰਡ ਬ੍ਰਹਮੰਡਾ ਹੇ ॥੩॥ (13-12)
अबिनासी पुरखु पाइआ परमेसरु बहु सोभ खंड ब्रहमंडा हे ॥३॥

ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੇ ॥ (13-13)
हम गरीब मसकीन प्रभ तेरे हरि राखु राखु वड वडा हे ॥

ਜਨ ਨਾਨਕ ਨਾਮੁ ਅਧਾਰੁ ਟੇਕ ਹੈ ਹਰਿ ਨਾਮੇ ਹੀ ਸੁਖੁ ਮੰਡਾ ਹੇ ॥੪॥੪॥ (13-13)
जन नानक नामु अधारु टेक है हरि नामे ही सुखु मंडा हे ॥४॥४॥

ਰਾਗੁ ਗਉੜੀ ਪੂਰਬੀ ਮਹਲਾ ੫ ॥ (13-14)
रागु गउड़ी पूरबी महला ५ ॥

ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ ॥ (13-14)
करउ बेनंती सुणहु मेरे मीता संत टहल की बेला ॥

ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ ॥੧॥ (13-15)
ईहा खाटि चलहु हरि लाहा आगै बसनु सुहेला ॥१॥

ਅਉਧ ਘਟੈ ਦਿਨਸੁ ਰੈਣਾਰੇ ॥ (13-15)
अउध घटै दिनसु रैणारे ॥

ਮਨ ਗੁਰ ਮਿਲਿ ਕਾਜ ਸਵਾਰੇ ॥੧॥ ਰਹਾਉ ॥ (13-16)
मन गुर मिलि काज सवारे ॥१॥ रहाउ ॥

ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ ॥ (13-16)
इहु संसारु बिकारु संसे महि तरिओ ब्रहम गिआनी ॥

ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ ॥੨॥ (13-17)
जिसहि जगाइ पीआवै इहु रसु अकथ कथा तिनि जानी ॥२॥

ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ ॥ (13-17)
जा कउ आए सोई बिहाझहु हरि गुर ते मनहि बसेरा ॥

ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ ॥੩॥ (13-18)
निज घरि महलु पावहु सुख सहजे बहुरि न होइगो फेरा ॥३॥

ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥ (13-18)
अंतरजामी पुरख बिधाते सरधा मन की पूरे ॥

ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ ॥੪॥੫॥ (13-19)
नानक दासु इहै सुखु मागै मो कउ करि संतन की धूरे ॥४॥५॥

ੴ ਸਤਿਗੁਰ ਪ੍ਰਸਾਦਿ ॥ (14-1)
ੴ सतिगुर प्रसादि ॥

ਰਾਗੁ ਸਿਰੀਰਾਗੁ ਮਹਲਾ ਪਹਿਲਾ ੧ ਘਰੁ ੧ ॥ (14-2)
रागु सिरीरागु महला पहिला १ घरु १ ॥

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥ (14-3)
मोती त मंदर ऊसरहि रतनी त होहि जड़ाउ ॥

ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥ (14-3)
कसतूरि कुंगू अगरि चंदनि लीपि आवै चाउ ॥

ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੧॥ (14-3)
मतु देखि भूला वीसरै तेरा चिति न आवै नाउ ॥१॥

ਹਰਿ ਬਿਨੁ ਜੀਉ ਜਲਿ ਬਲਿ ਜਾਉ ॥ (14-4)
हरि बिनु जीउ जलि बलि जाउ ॥

ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥੧॥ ਰਹਾਉ ॥ (14-4)
मै आपणा गुरु पूछि देखिआ अवरु नाही थाउ ॥१॥ रहाउ ॥

ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥ (14-5)
धरती त हीरे लाल जड़ती पलघि लाल जड़ाउ ॥

ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥ (14-5)
मोहणी मुखि मणी सोहै करे रंगि पसाउ ॥

ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੨॥ (14-6)
मतु देखि भूला वीसरै तेरा चिति न आवै नाउ ॥२॥

ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥ (14-6)
सिधु होवा सिधि लाई रिधि आखा आउ ॥

ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥ (14-7)
गुपतु परगटु होइ बैसा लोकु राखै भाउ ॥

ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੩॥ (14-7)
मतु देखि भूला वीसरै तेरा चिति न आवै नाउ ॥३॥

ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥ (14-8)
सुलतानु होवा मेलि लसकर तखति राखा पाउ ॥

ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥ (14-8)
हुकमु हासलु करी बैठा नानका सभ वाउ ॥

ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੪॥੧॥ (14-9)
मतु देखि भूला वीसरै तेरा चिति न आवै नाउ ॥४॥१॥

ਸਿਰੀਰਾਗੁ ਮਹਲਾ ੧ ॥ (14-9)
सिरीरागु महला १ ॥

ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥ (14-10)
कोटि कोटी मेरी आरजा पवणु पीअणु अपिआउ ॥

ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ ॥ (14-10)
चंदु सूरजु दुइ गुफै न देखा सुपनै सउण न थाउ ॥

ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੧॥ (14-11)
भी तेरी कीमति ना पवै हउ केवडु आखा नाउ ॥१॥

ਸਾਚਾ ਨਿਰੰਕਾਰੁ ਨਿਜ ਥਾਇ ॥ (14-11)
साचा निरंकारु निज थाइ ॥

ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ ॥੧॥ ਰਹਾਉ ॥ (14-11)
सुणि सुणि आखणु आखणा जे भावै करे तमाइ ॥१॥ रहाउ ॥

ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ ॥ (14-12)
कुसा कटीआ वार वार पीसणि पीसा पाइ ॥

ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ ॥ (14-12)
अगी सेती जालीआ भसम सेती रलि जाउ ॥

ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੨॥ (14-13)
भी तेरी कीमति ना पवै हउ केवडु आखा नाउ ॥२॥

ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ ॥ (14-13)
पंखी होइ कै जे भवा सै असमानी जाउ ॥

ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ ॥ (14-14)
नदरी किसै न आवऊ ना किछु पीआ न खाउ ॥

ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੩॥ (14-14)
भी तेरी कीमति ना पवै हउ केवडु आखा नाउ ॥३॥

ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥ (15-1)
नानक कागद लख मणा पड़ि पड़ि कीचै भाउ ॥

ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ ॥ (15-1)
मसू तोटि न आवई लेखणि पउणु चलाउ ॥

ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥੪॥੨॥ (15-2)
भी तेरी कीमति ना पवै हउ केवडु आखा नाउ ॥४॥२॥

ਸਿਰੀਰਾਗੁ ਮਹਲਾ ੧ ॥ (15-2)
सिरीरागु महला १ ॥

ਲੇਖੈ ਬੋਲਣੁ ਬੋਲਣਾ ਲੇਖੈ ਖਾਣਾ ਖਾਉ ॥ (15-3)
लेखै बोलणु बोलणा लेखै खाणा खाउ ॥

ਲੇਖੈ ਵਾਟ ਚਲਾਈਆ ਲੇਖੈ ਸੁਣਿ ਵੇਖਾਉ ॥ (15-3)
लेखै वाट चलाईआ लेखै सुणि वेखाउ ॥

ਲੇਖੈ ਸਾਹ ਲਵਾਈਅਹਿ ਪੜੇ ਕਿ ਪੁਛਣ ਜਾਉ ॥੧॥ (15-3)
लेखै साह लवाईअहि पड़े कि पुछण जाउ ॥१॥

ਬਾਬਾ ਮਾਇਆ ਰਚਨਾ ਧੋਹੁ ॥ (15-4)
बाबा माइआ रचना धोहु ॥

ਅੰਧੈ ਨਾਮੁ ਵਿਸਾਰਿਆ ਨਾ ਤਿਸੁ ਏਹ ਨ ਓਹੁ ॥੧॥ ਰਹਾਉ ॥ (15-4)
अंधै नामु विसारिआ ना तिसु एह न ओहु ॥१॥ रहाउ ॥

ਜੀਵਣ ਮਰਣਾ ਜਾਇ ਕੈ ਏਥੈ ਖਾਜੈ ਕਾਲਿ ॥ (15-5)
जीवण मरणा जाइ कै एथै खाजै कालि ॥

ਜਿਥੈ ਬਹਿ ਸਮਝਾਈਐ ਤਿਥੈ ਕੋਇ ਨ ਚਲਿਓ ਨਾਲਿ ॥ (15-5)
जिथै बहि समझाईऐ तिथै कोइ न चलिओ नालि ॥

ਰੋਵਣ ਵਾਲੇ ਜੇਤੜੇ ਸਭਿ ਬੰਨਹਿ ਪੰਡ ਪਰਾਲਿ ॥੨॥ (15-6)
रोवण वाले जेतड़े सभि बंनहि पंड परालि ॥२॥

ਸਭੁ ਕੋ ਆਖੈ ਬਹੁਤੁ ਬਹੁਤੁ ਘਟਿ ਨ ਆਖੈ ਕੋਇ ॥ (15-6)
सभु को आखै बहुतु बहुतु घटि न आखै कोइ ॥

ਕੀਮਤਿ ਕਿਨੈ ਨ ਪਾਈਆ ਕਹਣਿ ਨ ਵਡਾ ਹੋਇ ॥ (15-7)
कीमति किनै न पाईआ कहणि न वडा होइ ॥

ਸਾਚਾ ਸਾਹਬੁ ਏਕੁ ਤੂ ਹੋਰਿ ਜੀਆ ਕੇਤੇ ਲੋਅ ॥੩॥ (15-7)
साचा साहबु एकु तू होरि जीआ केते लोअ ॥३॥

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ (15-8)
नीचा अंदरि नीच जाति नीची हू अति नीचु ॥

ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥ (15-8)
नानकु तिन कै संगि साथि वडिआ सिउ किआ रीस ॥

ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥੪॥੩॥ (15-9)
जिथै नीच समालीअनि तिथै नदरि तेरी बखसीस ॥४॥३॥

ਸਿਰੀਰਾਗੁ ਮਹਲਾ ੧ ॥ (15-9)
सिरीरागु महला १ ॥

ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥ (15-9)
लबु कुता कूड़ु चूहड़ा ठगि खाधा मुरदारु ॥

ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥ (15-10)
पर निंदा पर मलु मुख सुधी अगनि क्रोधु चंडालु ॥

ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ ॥੧॥ (15-10)
रस कस आपु सलाहणा ए करम मेरे करतार ॥१॥

ਬਾਬਾ ਬੋਲੀਐ ਪਤਿ ਹੋਇ ॥ (15-11)
बाबा बोलीऐ पति होइ ॥

ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥੧॥ ਰਹਾਉ ॥ (15-11)
ऊतम से दरि ऊतम कहीअहि नीच करम बहि रोइ ॥१॥ रहाउ ॥

ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥ (15-12)
रसु सुइना रसु रुपा कामणि रसु परमल की वासु ॥

ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥ (15-12)
रसु घोड़े रसु सेजा मंदर रसु मीठा रसु मासु ॥

ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥੨॥ (15-13)
एते रस सरीर के कै घटि नाम निवासु ॥२॥

ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥ (15-13)
जितु बोलिऐ पति पाईऐ सो बोलिआ परवाणु ॥

ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥ (15-14)
फिका बोलि विगुचणा सुणि मूरख मन अजाण ॥

ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ ॥੩॥ (15-14)
जो तिसु भावहि से भले होरि कि कहण वखाण ॥३॥

ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ ॥ (15-15)
तिन मति तिन पति तिन धनु पलै जिन हिरदै रहिआ समाइ ॥

ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਉ ਕਾਇ ॥ (15-16)
तिन का किआ सालाहणा अवर सुआलिउ काइ ॥

ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ ॥੪॥੪॥ (15-16)
नानक नदरी बाहरे राचहि दानि न नाइ ॥४॥४॥

ਸਿਰੀਰਾਗੁ ਮਹਲਾ ੧ ॥ (15-17)
सिरीरागु महला १ ॥

ਅਮਲੁ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ ॥ (15-17)
अमलु गलोला कूड़ का दिता देवणहारि ॥

ਮਤੀ ਮਰਣੁ ਵਿਸਾਰਿਆ ਖੁਸੀ ਕੀਤੀ ਦਿਨ ਚਾਰਿ ॥ (15-17)
मती मरणु विसारिआ खुसी कीती दिन चारि ॥

ਸਚੁ ਮਿਲਿਆ ਤਿਨ ਸੋਫੀਆ ਰਾਖਣ ਕਉ ਦਰਵਾਰੁ ॥੧॥ (15-18)
सचु मिलिआ तिन सोफीआ राखण कउ दरवारु ॥१॥

ਨਾਨਕ ਸਾਚੇ ਕਉ ਸਚੁ ਜਾਣੁ ॥ (15-18)
नानक साचे कउ सचु जाणु ॥

ਜਿਤੁ ਸੇਵਿਐ ਸੁਖੁ ਪਾਈਐ ਤੇਰੀ ਦਰਗਹ ਚਲੈ ਮਾਣੁ ॥੧॥ ਰਹਾਉ ॥ (15-19)
जितु सेविऐ सुखु पाईऐ तेरी दरगह चलै माणु ॥१॥ रहाउ ॥

ਸਚੁ ਸਰਾ ਗੁੜ ਬਾਹਰਾ ਜਿਸੁ ਵਿਚਿ ਸਚਾ ਨਾਉ ॥ (15-19)
सचु सरा गुड़ बाहरा जिसु विचि सचा नाउ ॥

ਸੁਣਹਿ ਵਖਾਣਹਿ ਜੇਤੜੇ ਹਉ ਤਿਨ ਬਲਿਹਾਰੈ ਜਾਉ ॥ (16-1)
सुणहि वखाणहि जेतड़े हउ तिन बलिहारै जाउ ॥

ਤਾ ਮਨੁ ਖੀਵਾ ਜਾਣੀਐ ਜਾ ਮਹਲੀ ਪਾਏ ਥਾਉ ॥੨॥ (16-1)
ता मनु खीवा जाणीऐ जा महली पाए थाउ ॥२॥

ਨਾਉ ਨੀਰੁ ਚੰਗਿਆਈਆ ਸਤੁ ਪਰਮਲੁ ਤਨਿ ਵਾਸੁ ॥ (16-2)
नाउ नीरु चंगिआईआ सतु परमलु तनि वासु ॥

ਤਾ ਮੁਖੁ ਹੋਵੈ ਉਜਲਾ ਲਖ ਦਾਤੀ ਇਕ ਦਾਤਿ ॥ (16-2)
ता मुखु होवै उजला लख दाती इक दाति ॥

ਦੂਖ ਤਿਸੈ ਪਹਿ ਆਖੀਅਹਿ ਸੂਖ ਜਿਸੈ ਹੀ ਪਾਸਿ ॥੩॥ (16-3)
दूख तिसै पहि आखीअहि सूख जिसै ही पासि ॥३॥

ਸੋ ਕਿਉ ਮਨਹੁ ਵਿਸਾਰੀਐ ਜਾ ਕੇ ਜੀਅ ਪਰਾਣ ॥ (16-3)
सो किउ मनहु विसारीऐ जा के जीअ पराण ॥

ਤਿਸੁ ਵਿਣੁ ਸਭੁ ਅਪਵਿਤ੍ਰੁ ਹੈ ਜੇਤਾ ਪੈਨਣੁ ਖਾਣੁ ॥ (16-4)
तिसु विणु सभु अपवित्रु है जेता पैनणु खाणु ॥

ਹੋਰਿ ਗਲਾਂ ਸਭਿ ਕੂੜੀਆ ਤੁਧੁ ਭਾਵੈ ਪਰਵਾਣੁ ॥੪॥੫॥ (16-4)
होरि गलां सभि कूड़ीआ तुधु भावै परवाणु ॥४॥५॥

ਸਿਰੀਰਾਗੁ ਮਹਲੁ ੧ ॥ (16-5)
सिरीरागु महलु १ ॥

ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ ॥ (16-5)
जालि मोहु घसि मसु करि मति कागदु करि सारु ॥

ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ ॥ (16-5)
भाउ कलम करि चितु लेखारी गुर पुछि लिखु बीचारु ॥

ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ ॥੧॥ (16-6)
लिखु नामु सालाह लिखु लिखु अंतु न पारावारु ॥१॥

ਬਾਬਾ ਏਹੁ ਲੇਖਾ ਲਿਖਿ ਜਾਣੁ ॥ (16-6)
बाबा एहु लेखा लिखि जाणु ॥

ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ ॥੧॥ ਰਹਾਉ ॥ (16-7)
जिथै लेखा मंगीऐ तिथै होइ सचा नीसाणु ॥१॥ रहाउ ॥

ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ ॥ (16-7)
जिथै मिलहि वडिआईआ सद खुसीआ सद चाउ ॥

ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ ॥ (16-8)
तिन मुखि टिके निकलहि जिन मनि सचा नाउ ॥

ਕਰਮਿ ਮਿਲੈ ਤਾ ਪਾਈਐ ਨਾਹੀ ਗਲੀ ਵਾਉ ਦੁਆਉ ॥੨॥ (16-8)
करमि मिलै ता पाईऐ नाही गली वाउ दुआउ ॥२॥

ਇਕਿ ਆਵਹਿ ਇਕਿ ਜਾਹਿ ਉਠਿ ਰਖੀਅਹਿ ਨਾਵ ਸਲਾਰ ॥ (16-9)
इकि आवहि इकि जाहि उठि रखीअहि नाव सलार ॥

ਇਕਿ ਉਪਾਏ ਮੰਗਤੇ ਇਕਨਾ ਵਡੇ ਦਰਵਾਰ ॥ (16-9)
इकि उपाए मंगते इकना वडे दरवार ॥

ਅਗੈ ਗਇਆ ਜਾਣੀਐ ਵਿਣੁ ਨਾਵੈ ਵੇਕਾਰ ॥੩॥ (16-10)
अगै गइआ जाणीऐ विणु नावै वेकार ॥३॥

ਭੈ ਤੇਰੈ ਡਰੁ ਅਗਲਾ ਖਪਿ ਖਪਿ ਛਿਜੈ ਦੇਹ ॥ (16-10)
भै तेरै डरु अगला खपि खपि छिजै देह ॥

ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ ॥ (16-11)
नाव जिना सुलतान खान होदे डिठे खेह ॥

ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ ॥੪॥੬॥ (16-11)
नानक उठी चलिआ सभि कूड़े तुटे नेह ॥४॥६॥

ਸਿਰੀਰਾਗੁ ਮਹਲਾ ੧ ॥ (16-12)
सिरीरागु महला १ ॥

ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ ॥ (16-12)
सभि रस मिठे मंनिऐ सुणिऐ सालोणे ॥

ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ ॥ (16-12)
खट तुरसी मुखि बोलणा मारण नाद कीए ॥

ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ ॥੧॥ (16-13)
छतीह अमृत भाउ एकु जा कउ नदरि करेइ ॥१॥

ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥ (16-13)
बाबा होरु खाणा खुसी खुआरु ॥

ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥ (16-14)
जितु खाधै तनु पीड़ीऐ मन महि चलहि विकार ॥१॥ रहाउ ॥

ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ ॥ (16-14)
रता पैनणु मनु रता सुपेदी सतु दानु ॥

ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ ॥ (16-15)
नीली सिआही कदा करणी पहिरणु पैर धिआनु ॥

ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ ॥੨॥ (16-15)
कमरबंदु संतोख का धनु जोबनु तेरा नामु ॥२॥

ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥ (16-16)
बाबा होरु पैनणु खुसी खुआरु ॥

ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥ (16-16)
जितु पैधै तनु पीड़ीऐ मन महि चलहि विकार ॥१॥ रहाउ ॥

ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ ॥ (16-17)
घोड़े पाखर सुइने साखति बूझणु तेरी वाट ॥

ਤਰਕਸ ਤੀਰ ਕਮਾਣ ਸਾਂਗ ਤੇਗਬੰਦ ਗੁਣ ਧਾਤੁ ॥ (16-17)
तरकस तीर कमाण सांग तेगबंद गुण धातु ॥

ਵਾਜਾ ਨੇਜਾ ਪਤਿ ਸਿਉ ਪਰਗਟੁ ਕਰਮੁ ਤੇਰਾ ਮੇਰੀ ਜਾਤਿ ॥੩॥ (16-17)
वाजा नेजा पति सिउ परगटु करमु तेरा मेरी जाति ॥३॥

ਬਾਬਾ ਹੋਰੁ ਚੜਣਾ ਖੁਸੀ ਖੁਆਰੁ ॥ (16-18)
बाबा होरु चड़णा खुसी खुआरु ॥

ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥ (16-18)
जितु चड़िऐ तनु पीड़ीऐ मन महि चलहि विकार ॥१॥ रहाउ ॥

ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰੁ ॥ (16-19)
घर मंदर खुसी नाम की नदरि तेरी परवारु ॥

ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ ॥ (17-1)
हुकमु सोई तुधु भावसी होरु आखणु बहुतु अपारु ॥

ਨਾਨਕ ਸਚਾ ਪਾਤਿਸਾਹੁ ਪੂਛਿ ਨ ਕਰੇ ਬੀਚਾਰੁ ॥੪॥ (17-1)
नानक सचा पातिसाहु पूछि न करे बीचारु ॥४॥

ਬਾਬਾ ਹੋਰੁ ਸਉਣਾ ਖੁਸੀ ਖੁਆਰੁ ॥ (17-2)
बाबा होरु सउणा खुसी खुआरु ॥

ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥੪॥੭॥ (17-2)
जितु सुतै तनु पीड़ीऐ मन महि चलहि विकार ॥१॥ रहाउ ॥४॥७॥

ਸਿਰੀਰਾਗੁ ਮਹਲਾ ੧ ॥ (17-3)
सिरीरागु महला १ ॥

ਕੁੰਗੂ ਕੀ ਕਾਂਇਆ ਰਤਨਾ ਕੀ ਲਲਿਤਾ ਅਗਰਿ ਵਾਸੁ ਤਨਿ ਸਾਸੁ ॥ (17-3)
कुंगू की कांइआ रतना की ललिता अगरि वासु तनि सासु ॥

ਅਠਸਠਿ ਤੀਰਥ ਕਾ ਮੁਖਿ ਟਿਕਾ ਤਿਤੁ ਘਟਿ ਮਤਿ ਵਿਗਾਸੁ ॥ (17-3)
अठसठि तीरथ का मुखि टिका तितु घटि मति विगासु ॥

ਓਤੁ ਮਤੀ ਸਾਲਾਹਣਾ ਸਚੁ ਨਾਮੁ ਗੁਣਤਾਸੁ ॥੧॥ (17-4)
ओतु मती सालाहणा सचु नामु गुणतासु ॥१॥

ਬਾਬਾ ਹੋਰ ਮਤਿ ਹੋਰ ਹੋਰ ॥ (17-4)
बाबा होर मति होर होर ॥

ਜੇ ਸਉ ਵੇਰ ਕਮਾਈਐ ਕੂੜੈ ਕੂੜਾ ਜੋਰੁ ॥੧॥ ਰਹਾਉ ॥ (17-5)
जे सउ वेर कमाईऐ कूड़ै कूड़ा जोरु ॥१॥ रहाउ ॥

ਪੂਜ ਲਗੈ ਪੀਰੁ ਆਖੀਐ ਸਭੁ ਮਿਲੈ ਸੰਸਾਰੁ ॥ (17-5)
पूज लगै पीरु आखीऐ सभु मिलै संसारु ॥

ਨਾਉ ਸਦਾਏ ਆਪਣਾ ਹੋਵੈ ਸਿਧੁ ਸੁਮਾਰੁ ॥ (17-6)
नाउ सदाए आपणा होवै सिधु सुमारु ॥

ਜਾ ਪਤਿ ਲੇਖੈ ਨਾ ਪਵੈ ਸਭਾ ਪੂਜ ਖੁਆਰੁ ॥੨॥ (17-6)
जा पति लेखै ना पवै सभा पूज खुआरु ॥२॥

ਜਿਨ ਕਉ ਸਤਿਗੁਰਿ ਥਾਪਿਆ ਤਿਨ ਮੇਟਿ ਨ ਸਕੈ ਕੋਇ ॥ (17-6)
जिन कउ सतिगुरि थापिआ तिन मेटि न सकै कोइ ॥

ਓਨਾ ਅੰਦਰਿ ਨਾਮੁ ਨਿਧਾਨੁ ਹੈ ਨਾਮੋ ਪਰਗਟੁ ਹੋਇ ॥ (17-7)
ओना अंदरि नामु निधानु है नामो परगटु होइ ॥

ਨਾਉ ਪੂਜੀਐ ਨਾਉ ਮੰਨੀਐ ਅਖੰਡੁ ਸਦਾ ਸਚੁ ਸੋਇ ॥੩॥ (17-7)
नाउ पूजीऐ नाउ मंनीऐ अखंडु सदा सचु सोइ ॥३॥

ਖੇਹੂ ਖੇਹ ਰਲਾਈਐ ਤਾ ਜੀਉ ਕੇਹਾ ਹੋਇ ॥ (17-8)
खेहू खेह रलाईऐ ता जीउ केहा होइ ॥

ਜਲੀਆ ਸਭਿ ਸਿਆਣਪਾ ਉਠੀ ਚਲਿਆ ਰੋਇ ॥ (17-8)
जलीआ सभि सिआणपा उठी चलिआ रोइ ॥

ਨਾਨਕ ਨਾਮਿ ਵਿਸਾਰਿਐ ਦਰਿ ਗਇਆ ਕਿਆ ਹੋਇ ॥੪॥੮॥ (17-9)
नानक नामि विसारिऐ दरि गइआ किआ होइ ॥४॥८॥

ਸਿਰੀਰਾਗੁ ਮਹਲਾ ੧ ॥ (17-9)
सिरीरागु महला १ ॥

ਗੁਣਵੰਤੀ ਗੁਣ ਵੀਥਰੈ ਅਉਗੁਣਵੰਤੀ ਝੂਰਿ ॥ (17-10)
गुणवंती गुण वीथरै अउगुणवंती झूरि ॥

ਜੇ ਲੋੜਹਿ ਵਰੁ ਕਾਮਣੀ ਨਹ ਮਿਲੀਐ ਪਿਰ ਕੂਰਿ ॥ (17-10)
जे लोड़हि वरु कामणी नह मिलीऐ पिर कूरि ॥

ਨਾ ਬੇੜੀ ਨਾ ਤੁਲਹੜਾ ਨਾ ਪਾਈਐ ਪਿਰੁ ਦੂਰਿ ॥੧॥ (17-10)
ना बेड़ी ना तुलहड़ा ना पाईऐ पिरु दूरि ॥१॥

ਮੇਰੇ ਠਾਕੁਰ ਪੂਰੈ ਤਖਤਿ ਅਡੋਲੁ ॥ (17-11)
मेरे ठाकुर पूरै तखति अडोलु ॥

ਗੁਰਮੁਖਿ ਪੂਰਾ ਜੇ ਕਰੇ ਪਾਈਐ ਸਾਚੁ ਅਤੋਲੁ ॥੧॥ ਰਹਾਉ ॥ (17-11)
गुरमुखि पूरा जे करे पाईऐ साचु अतोलु ॥१॥ रहाउ ॥

ਪ੍ਰਭੁ ਹਰਿਮੰਦਰੁ ਸੋਹਣਾ ਤਿਸੁ ਮਹਿ ਮਾਣਕ ਲਾਲ ॥ (17-12)
प्रभु हरिमंदरु सोहणा तिसु महि माणक लाल ॥

ਮੋਤੀ ਹੀਰਾ ਨਿਰਮਲਾ ਕੰਚਨ ਕੋਟ ਰੀਸਾਲ ॥ (17-12)
मोती हीरा निरमला कंचन कोट रीसाल ॥

ਬਿਨੁ ਪਉੜੀ ਗੜਿ ਕਿਉ ਚੜਉ ਗੁਰ ਹਰਿ ਧਿਆਨ ਨਿਹਾਲ ॥੨॥ (17-13)
बिनु पउड़ी गड़ि किउ चड़उ गुर हरि धिआन निहाल ॥२॥

ਗੁਰੁ ਪਉੜੀ ਬੇੜੀ ਗੁਰੂ ਗੁਰੁ ਤੁਲਹਾ ਹਰਿ ਨਾਉ ॥ (17-13)
गुरु पउड़ी बेड़ी गुरू गुरु तुलहा हरि नाउ ॥

ਗੁਰੁ ਸਰੁ ਸਾਗਰੁ ਬੋਹਿਥੋ ਗੁਰੁ ਤੀਰਥੁ ਦਰੀਆਉ ॥ (17-14)
गुरु सरु सागरु बोहिथो गुरु तीरथु दरीआउ ॥

ਜੇ ਤਿਸੁ ਭਾਵੈ ਊਜਲੀ ਸਤ ਸਰਿ ਨਾਵਣ ਜਾਉ ॥੩॥ (17-14)
जे तिसु भावै ऊजली सत सरि नावण जाउ ॥३॥

ਪੂਰੋ ਪੂਰੋ ਆਖੀਐ ਪੂਰੈ ਤਖਤਿ ਨਿਵਾਸ ॥ (17-15)
पूरो पूरो आखीऐ पूरै तखति निवास ॥

ਪੂਰੈ ਥਾਨਿ ਸੁਹਾਵਣੈ ਪੂਰੈ ਆਸ ਨਿਰਾਸ ॥ (17-15)
पूरै थानि सुहावणै पूरै आस निरास ॥

ਨਾਨਕ ਪੂਰਾ ਜੇ ਮਿਲੈ ਕਿਉ ਘਾਟੈ ਗੁਣ ਤਾਸ ॥੪॥੯॥ (17-16)
नानक पूरा जे मिलै किउ घाटै गुण तास ॥४॥९॥

ਸਿਰੀਰਾਗੁ ਮਹਲਾ ੧ ॥ (17-16)
सिरीरागु महला १ ॥

ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ ॥ (17-16)
आवहु भैणे गलि मिलह अंकि सहेलड़ीआह ॥

ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ ॥ (17-17)
मिलि कै करह कहाणीआ संम्रथ कंत कीआह ॥

ਸਾਚੇ ਸਾਹਿਬ ਸਭਿ ਗੁਣ ਅਉਗਣ ਸਭਿ ਅਸਾਹ ॥੧॥ (17-17)
साचे साहिब सभि गुण अउगण सभि असाह ॥१॥

ਕਰਤਾ ਸਭੁ ਕੋ ਤੇਰੈ ਜੋਰਿ ॥ (17-18)
करता सभु को तेरै जोरि ॥

ਏਕੁ ਸਬਦੁ ਬੀਚਾਰੀਐ ਜਾ ਤੂ ਤਾ ਕਿਆ ਹੋਰਿ ॥੧॥ ਰਹਾਉ ॥ (17-18)
एकु सबदु बीचारीऐ जा तू ता किआ होरि ॥१॥ रहाउ ॥

ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ ॥ (17-19)
जाइ पुछहु सोहागणी तुसी राविआ किनी गुणी ॥

ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ ॥ (17-19)
सहजि संतोखि सीगारीआ मिठा बोलणी ॥

ਪਿਰੁ ਰੀਸਾਲੂ ਤਾ ਮਿਲੈ ਜਾ ਗੁਰ ਕਾ ਸਬਦੁ ਸੁਣੀ ॥੨॥ (17-19)
पिरु रीसालू ता मिलै जा गुर का सबदु सुणी ॥२॥

ਕੇਤੀਆ ਤੇਰੀਆ ਕੁਦਰਤੀ ਕੇਵਡ ਤੇਰੀ ਦਾਤਿ ॥ (18-1)
केतीआ तेरीआ कुदरती केवड तेरी दाति ॥

ਕੇਤੇ ਤੇਰੇ ਜੀਅ ਜੰਤ ਸਿਫਤਿ ਕਰਹਿ ਦਿਨੁ ਰਾਤਿ ॥ (18-1)
केते तेरे जीअ जंत सिफति करहि दिनु राति ॥

ਕੇਤੇ ਤੇਰੇ ਰੂਪ ਰੰਗ ਕੇਤੇ ਜਾਤਿ ਅਜਾਤਿ ॥੩॥ (18-2)
केते तेरे रूप रंग केते जाति अजाति ॥३॥

ਸਚੁ ਮਿਲੈ ਸਚੁ ਊਪਜੈ ਸਚ ਮਹਿ ਸਾਚਿ ਸਮਾਇ ॥ (18-2)
सचु मिलै सचु ऊपजै सच महि साचि समाइ ॥

ਸੁਰਤਿ ਹੋਵੈ ਪਤਿ ਊਗਵੈ ਗੁਰਬਚਨੀ ਭਉ ਖਾਇ ॥ (18-3)
सुरति होवै पति ऊगवै गुरबचनी भउ खाइ ॥

ਨਾਨਕ ਸਚਾ ਪਾਤਿਸਾਹੁ ਆਪੇ ਲਏ ਮਿਲਾਇ ॥੪॥੧੦॥ (18-3)
नानक सचा पातिसाहु आपे लए मिलाइ ॥४॥१०॥

ਸਿਰੀਰਾਗੁ ਮਹਲਾ ੧ ॥ (18-4)
सिरीरागु महला १ ॥

ਭਲੀ ਸਰੀ ਜਿ ਉਬਰੀ ਹਉਮੈ ਮੁਈ ਘਰਾਹੁ ॥ (18-4)
भली सरी जि उबरी हउमै मुई घराहु ॥

ਦੂਤ ਲਗੇ ਫਿਰਿ ਚਾਕਰੀ ਸਤਿਗੁਰ ਕਾ ਵੇਸਾਹੁ ॥ (18-4)
दूत लगे फिरि चाकरी सतिगुर का वेसाहु ॥

ਕਲਪ ਤਿਆਗੀ ਬਾਦਿ ਹੈ ਸਚਾ ਵੇਪਰਵਾਹੁ ॥੧॥ (18-5)
कलप तिआगी बादि है सचा वेपरवाहु ॥१॥

ਮਨ ਰੇ ਸਚੁ ਮਿਲੈ ਭਉ ਜਾਇ ॥ (18-5)
मन रे सचु मिलै भउ जाइ ॥

ਭੈ ਬਿਨੁ ਨਿਰਭਉ ਕਿਉ ਥੀਐ ਗੁਰਮੁਖਿ ਸਬਦਿ ਸਮਾਇ ॥੧॥ ਰਹਾਉ ॥ (18-6)
भै बिनु निरभउ किउ थीऐ गुरमुखि सबदि समाइ ॥१॥ रहाउ ॥

ਕੇਤਾ ਆਖਣੁ ਆਖੀਐ ਆਖਣਿ ਤੋਟਿ ਨ ਹੋਇ ॥ (18-6)
केता आखणु आखीऐ आखणि तोटि न होइ ॥

ਮੰਗਣ ਵਾਲੇ ਕੇਤੜੇ ਦਾਤਾ ਏਕੋ ਸੋਇ ॥ (18-7)
मंगण वाले केतड़े दाता एको सोइ ॥

ਜਿਸ ਕੇ ਜੀਅ ਪਰਾਣ ਹੈ ਮਨਿ ਵਸਿਐ ਸੁਖੁ ਹੋਇ ॥੨॥ (18-7)
जिस के जीअ पराण है मनि वसिऐ सुखु होइ ॥२॥

ਜਗੁ ਸੁਪਨਾ ਬਾਜੀ ਬਨੀ ਖਿਨ ਮਹਿ ਖੇਲੁ ਖੇਲਾਇ ॥ (18-8)
जगु सुपना बाजी बनी खिन महि खेलु खेलाइ ॥

ਸੰਜੋਗੀ ਮਿਲਿ ਏਕਸੇ ਵਿਜੋਗੀ ਉਠਿ ਜਾਇ ॥ (18-8)
संजोगी मिलि एकसे विजोगी उठि जाइ ॥

ਜੋ ਤਿਸੁ ਭਾਣਾ ਸੋ ਥੀਐ ਅਵਰੁ ਨ ਕਰਣਾ ਜਾਇ ॥੩॥ (18-9)
जो तिसु भाणा सो थीऐ अवरु न करणा जाइ ॥३॥

ਗੁਰਮੁਖਿ ਵਸਤੁ ਵੇਸਾਹੀਐ ਸਚੁ ਵਖਰੁ ਸਚੁ ਰਾਸਿ ॥ (18-9)
गुरमुखि वसतु वेसाहीऐ सचु वखरु सचु रासि ॥

ਜਿਨੀ ਸਚੁ ਵਣੰਜਿਆ ਗੁਰ ਪੂਰੇ ਸਾਬਾਸਿ ॥ (18-10)
जिनी सचु वणंजिआ गुर पूरे साबासि ॥

ਨਾਨਕ ਵਸਤੁ ਪਛਾਣਸੀ ਸਚੁ ਸਉਦਾ ਜਿਸੁ ਪਾਸਿ ॥੪॥੧੧॥ (18-10)
नानक वसतु पछाणसी सचु सउदा जिसु पासि ॥४॥११॥

ਸਿਰੀਰਾਗੁ ਮਹਲੁ ੧ ॥ (18-11)
सिरीरागु महलु १ ॥

ਧਾਤੁ ਮਿਲੈ ਫੁਨਿ ਧਾਤੁ ਕਉ ਸਿਫਤੀ ਸਿਫਤਿ ਸਮਾਇ ॥ (18-11)
धातु मिलै फुनि धातु कउ सिफती सिफति समाइ ॥

ਲਾਲੁ ਗੁਲਾਲੁ ਗਹਬਰਾ ਸਚਾ ਰੰਗੁ ਚੜਾਉ ॥ (18-11)
लालु गुलालु गहबरा सचा रंगु चड़ाउ ॥

ਸਚੁ ਮਿਲੈ ਸੰਤੋਖੀਆ ਹਰਿ ਜਪਿ ਏਕੈ ਭਾਇ ॥੧॥ (18-12)
सचु मिलै संतोखीआ हरि जपि एकै भाइ ॥१॥

ਭਾਈ ਰੇ ਸੰਤ ਜਨਾ ਕੀ ਰੇਣੁ ॥ (18-12)
भाई रे संत जना की रेणु ॥

ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਣੁ ॥੧॥ ਰਹਾਉ ॥ (18-12)
संत सभा गुरु पाईऐ मुकति पदारथु धेणु ॥१॥ रहाउ ॥

ਊਚਉ ਥਾਨੁ ਸੁਹਾਵਣਾ ਊਪਰਿ ਮਹਲੁ ਮੁਰਾਰਿ ॥ (18-13)
ऊचउ थानु सुहावणा ऊपरि महलु मुरारि ॥

ਸਚੁ ਕਰਣੀ ਦੇ ਪਾਈਐ ਦਰੁ ਘਰੁ ਮਹਲੁ ਪਿਆਰਿ ॥ (18-14)
सचु करणी दे पाईऐ दरु घरु महलु पिआरि ॥

ਗੁਰਮੁਖਿ ਮਨੁ ਸਮਝਾਈਐ ਆਤਮ ਰਾਮੁ ਬੀਚਾਰਿ ॥੨॥ (18-14)
गुरमुखि मनु समझाईऐ आतम रामु बीचारि ॥२॥

ਤ੍ਰਿਬਿਧਿ ਕਰਮ ਕਮਾਈਅਹਿ ਆਸ ਅੰਦੇਸਾ ਹੋਇ ॥ (18-15)
त्रिबिधि करम कमाईअहि आस अंदेसा होइ ॥

ਕਿਉ ਗੁਰ ਬਿਨੁ ਤ੍ਰਿਕੁਟੀ ਛੁਟਸੀ ਸਹਜਿ ਮਿਲਿਐ ਸੁਖੁ ਹੋਇ ॥ (18-15)
किउ गुर बिनु त्रिकुटी छुटसी सहजि मिलिऐ सुखु होइ ॥

ਨਿਜ ਘਰਿ ਮਹਲੁ ਪਛਾਣੀਐ ਨਦਰਿ ਕਰੇ ਮਲੁ ਧੋਇ ॥੩॥ (18-16)
निज घरि महलु पछाणीऐ नदरि करे मलु धोइ ॥३॥

ਬਿਨੁ ਗੁਰ ਮੈਲੁ ਨ ਉਤਰੈ ਬਿਨੁ ਹਰਿ ਕਿਉ ਘਰ ਵਾਸੁ ॥ (18-16)
बिनु गुर मैलु न उतरै बिनु हरि किउ घर वासु ॥

ਏਕੋ ਸਬਦੁ ਵੀਚਾਰੀਐ ਅਵਰ ਤਿਆਗੈ ਆਸ ॥ (18-17)
एको सबदु वीचारीऐ अवर तिआगै आस ॥

ਨਾਨਕ ਦੇਖਿ ਦਿਖਾਈਐ ਹਉ ਸਦ ਬਲਿਹਾਰੈ ਜਾਸੁ ॥੪॥੧੨॥ (18-17)
नानक देखि दिखाईऐ हउ सद बलिहारै जासु ॥४॥१२॥

ਸਿਰੀਰਾਗੁ ਮਹਲਾ ੧ ॥ (18-18)
सिरीरागु महला १ ॥

ਧ੍ਰਿਗੁ ਜੀਵਣੁ ਦੋਹਾਗਣੀ ਮੁਠੀ ਦੂਜੈ ਭਾਇ ॥ (18-18)
ध्रिगु जीवणु दोहागणी मुठी दूजै भाइ ॥

ਕਲਰ ਕੇਰੀ ਕੰਧ ਜਿਉ ਅਹਿਨਿਸਿ ਕਿਰਿ ਢਹਿ ਪਾਇ ॥ (18-18)
कलर केरी कंध जिउ अहिनिसि किरि ढहि पाइ ॥

ਬਿਨੁ ਸਬਦੈ ਸੁਖੁ ਨਾ ਥੀਐ ਪਿਰ ਬਿਨੁ ਦੂਖੁ ਨ ਜਾਇ ॥੧॥ (18-19)
बिनु सबदै सुखु ना थीऐ पिर बिनु दूखु न जाइ ॥१॥

ਮੁੰਧੇ ਪਿਰ ਬਿਨੁ ਕਿਆ ਸੀਗਾਰੁ ॥ (18-19)
मुंधे पिर बिनु किआ सीगारु ॥

ਦਰਿ ਘਰਿ ਢੋਈ ਨ ਲਹੈ ਦਰਗਹ ਝੂਠੁ ਖੁਆਰੁ ॥੧॥ ਰਹਾਉ ॥ (19-1)
दरि घरि ढोई न लहै दरगह झूठु खुआरु ॥१॥ रहाउ ॥

ਆਪਿ ਸੁਜਾਣੁ ਨ ਭੁਲਈ ਸਚਾ ਵਡ ਕਿਰਸਾਣੁ ॥ (19-1)
आपि सुजाणु न भुलई सचा वड किरसाणु ॥

ਪਹਿਲਾ ਧਰਤੀ ਸਾਧਿ ਕੈ ਸਚੁ ਨਾਮੁ ਦੇ ਦਾਣੁ ॥ (19-2)
पहिला धरती साधि कै सचु नामु दे दाणु ॥

ਨਉ ਨਿਧਿ ਉਪਜੈ ਨਾਮੁ ਏਕੁ ਕਰਮਿ ਪਵੈ ਨੀਸਾਣੁ ॥੨॥ (19-2)
नउ निधि उपजै नामु एकु करमि पवै नीसाणु ॥२॥

ਗੁਰ ਕਉ ਜਾਣਿ ਨ ਜਾਣਈ ਕਿਆ ਤਿਸੁ ਚਜੁ ਅਚਾਰੁ ॥ (19-2)
गुर कउ जाणि न जाणई किआ तिसु चजु अचारु ॥

ਅੰਧੁਲੈ ਨਾਮੁ ਵਿਸਾਰਿਆ ਮਨਮੁਖਿ ਅੰਧ ਗੁਬਾਰੁ ॥ (19-3)
अंधुलै नामु विसारिआ मनमुखि अंध गुबारु ॥

ਆਵਣੁ ਜਾਣੁ ਨ ਚੁਕਈ ਮਰਿ ਜਨਮੈ ਹੋਇ ਖੁਆਰੁ ॥੩॥ (19-3)
आवणु जाणु न चुकई मरि जनमै होइ खुआरु ॥३॥

ਚੰਦਨੁ ਮੋਲਿ ਅਣਾਇਆ ਕੁੰਗੂ ਮਾਂਗ ਸੰਧੂਰੁ ॥ (19-4)
चंदनु मोलि अणाइआ कुंगू मांग संधूरु ॥

ਚੋਆ ਚੰਦਨੁ ਬਹੁ ਘਣਾ ਪਾਨਾ ਨਾਲਿ ਕਪੂਰੁ ॥ (19-4)
चोआ चंदनु बहु घणा पाना नालि कपूरु ॥

ਜੇ ਧਨ ਕੰਤਿ ਨ ਭਾਵਈ ਤ ਸਭਿ ਅਡੰਬਰ ਕੂੜੁ ॥੪॥ (19-5)
जे धन कंति न भावई त सभि अड्मबर कूड़ु ॥४॥

ਸਭਿ ਰਸ ਭੋਗਣ ਬਾਦਿ ਹਹਿ ਸਭਿ ਸੀਗਾਰ ਵਿਕਾਰ ॥ (19-5)
सभि रस भोगण बादि हहि सभि सीगार विकार ॥

ਜਬ ਲਗੁ ਸਬਦਿ ਨ ਭੇਦੀਐ ਕਿਉ ਸੋਹੈ ਗੁਰਦੁਆਰਿ ॥ (19-6)
जब लगु सबदि न भेदीऐ किउ सोहै गुरदुआरि ॥

ਨਾਨਕ ਧੰਨੁ ਸੁਹਾਗਣੀ ਜਿਨ ਸਹ ਨਾਲਿ ਪਿਆਰੁ ॥੫॥੧੩॥ (19-6)
नानक धंनु सुहागणी जिन सह नालि पिआरु ॥५॥१३॥

ਸਿਰੀਰਾਗੁ ਮਹਲਾ ੧ ॥ (19-7)
सिरीरागु महला १ ॥

ਸੁੰਞੀ ਦੇਹ ਡਰਾਵਣੀ ਜਾ ਜੀਉ ਵਿਚਹੁ ਜਾਇ ॥ (19-7)
सुंञी देह डरावणी जा जीउ विचहु जाइ ॥

ਭਾਹਿ ਬਲੰਦੀ ਵਿਝਵੀ ਧੂਉ ਨ ਨਿਕਸਿਓ ਕਾਇ ॥ (19-8)
भाहि बलंदी विझवी धूउ न निकसिओ काइ ॥

ਪੰਚੇ ਰੁੰਨੇ ਦੁਖਿ ਭਰੇ ਬਿਨਸੇ ਦੂਜੈ ਭਾਇ ॥੧॥ (19-8)
पंचे रुंने दुखि भरे बिनसे दूजै भाइ ॥१॥

ਮੂੜੇ ਰਾਮੁ ਜਪਹੁ ਗੁਣ ਸਾਰਿ ॥ (19-8)
मूड़े रामु जपहु गुण सारि ॥

ਹਉਮੈ ਮਮਤਾ ਮੋਹਣੀ ਸਭ ਮੁਠੀ ਅਹੰਕਾਰਿ ॥੧॥ ਰਹਾਉ ॥ (19-9)
हउमै ममता मोहणी सभ मुठी अहंकारि ॥१॥ रहाउ ॥

ਜਿਨੀ ਨਾਮੁ ਵਿਸਾਰਿਆ ਦੂਜੀ ਕਾਰੈ ਲਗਿ ॥ (19-9)
जिनी नामु विसारिआ दूजी कारै लगि ॥

ਦੁਬਿਧਾ ਲਾਗੇ ਪਚਿ ਮੁਏ ਅੰਤਰਿ ਤ੍ਰਿਸਨਾ ਅਗਿ ॥ (19-10)
दुबिधा लागे पचि मुए अंतरि त्रिसना अगि ॥

ਗੁਰਿ ਰਾਖੇ ਸੇ ਉਬਰੇ ਹੋਰਿ ਮੁਠੀ ਧੰਧੈ ਠਗਿ ॥੨॥ (19-10)
गुरि राखे से उबरे होरि मुठी धंधै ठगि ॥२॥

ਮੁਈ ਪਰੀਤਿ ਪਿਆਰੁ ਗਇਆ ਮੁਆ ਵੈਰੁ ਵਿਰੋਧੁ ॥ (19-11)
मुई परीति पिआरु गइआ मुआ वैरु विरोधु ॥

ਧੰਧਾ ਥਕਾ ਹਉ ਮੁਈ ਮਮਤਾ ਮਾਇਆ ਕ੍ਰੋਧੁ ॥ (19-11)
धंधा थका हउ मुई ममता माइआ क्रोधु ॥

ਕਰਮਿ ਮਿਲੈ ਸਚੁ ਪਾਈਐ ਗੁਰਮੁਖਿ ਸਦਾ ਨਿਰੋਧੁ ॥੩॥ (19-11)
करमि मिलै सचु पाईऐ गुरमुखि सदा निरोधु ॥३॥

ਸਚੀ ਕਾਰੈ ਸਚੁ ਮਿਲੈ ਗੁਰਮਤਿ ਪਲੈ ਪਾਇ ॥ (19-12)
सची कारै सचु मिलै गुरमति पलै पाइ ॥

ਸੋ ਨਰੁ ਜੰਮੈ ਨਾ ਮਰੈ ਨਾ ਆਵੈ ਨਾ ਜਾਇ ॥ (19-12)
सो नरु जंमै ना मरै ना आवै ना जाइ ॥

ਨਾਨਕ ਦਰਿ ਪਰਧਾਨੁ ਸੋ ਦਰਗਹਿ ਪੈਧਾ ਜਾਇ ॥੪॥੧੪॥ (19-13)
नानक दरि परधानु सो दरगहि पैधा जाइ ॥४॥१४॥

ਸਿਰੀਰਾਗੁ ਮਹਲ ੧ ॥ (19-13)
सिरीरागु महल १ ॥

ਤਨੁ ਜਲਿ ਬਲਿ ਮਾਟੀ ਭਇਆ ਮਨੁ ਮਾਇਆ ਮੋਹਿ ਮਨੂਰੁ ॥ (19-14)
तनु जलि बलि माटी भइआ मनु माइआ मोहि मनूरु ॥

ਅਉਗਣ ਫਿਰਿ ਲਾਗੂ ਭਏ ਕੂਰਿ ਵਜਾਵੈ ਤੂਰੁ ॥ (19-14)
अउगण फिरि लागू भए कूरि वजावै तूरु ॥

ਬਿਨੁ ਸਬਦੈ ਭਰਮਾਈਐ ਦੁਬਿਧਾ ਡੋਬੇ ਪੂਰੁ ॥੧॥ (19-15)
बिनु सबदै भरमाईऐ दुबिधा डोबे पूरु ॥१॥

ਮਨ ਰੇ ਸਬਦਿ ਤਰਹੁ ਚਿਤੁ ਲਾਇ ॥ (19-15)
मन रे सबदि तरहु चितु लाइ ॥

ਜਿਨਿ ਗੁਰਮੁਖਿ ਨਾਮੁ ਨ ਬੂਝਿਆ ਮਰਿ ਜਨਮੈ ਆਵੈ ਜਾਇ ॥੧॥ ਰਹਾਉ ॥ (19-15)
जिनि गुरमुखि नामु न बूझिआ मरि जनमै आवै जाइ ॥१॥ रहाउ ॥

ਤਨੁ ਸੂਚਾ ਸੋ ਆਖੀਐ ਜਿਸੁ ਮਹਿ ਸਾਚਾ ਨਾਉ ॥ (19-16)
तनु सूचा सो आखीऐ जिसु महि साचा नाउ ॥

ਭੈ ਸਚਿ ਰਾਤੀ ਦੇਹੁਰੀ ਜਿਹਵਾ ਸਚੁ ਸੁਆਉ ॥ (19-17)
भै सचि राती देहुरी जिहवा सचु सुआउ ॥

ਸਚੀ ਨਦਰਿ ਨਿਹਾਲੀਐ ਬਹੁੜਿ ਨ ਪਾਵੈ ਤਾਉ ॥੨॥ (19-17)
सची नदरि निहालीऐ बहुड़ि न पावै ताउ ॥२॥

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥ (19-18)
साचे ते पवना भइआ पवनै ते जलु होइ ॥

ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥ (19-18)
जल ते त्रिभवणु साजिआ घटि घटि जोति समोइ ॥

ਨਿਰਮਲੁ ਮੈਲਾ ਨਾ ਥੀਐ ਸਬਦਿ ਰਤੇ ਪਤਿ ਹੋਇ ॥੩॥ (19-19)
निरमलु मैला ना थीऐ सबदि रते पति होइ ॥३॥

ਇਹੁ ਮਨੁ ਸਾਚਿ ਸੰਤੋਖਿਆ ਨਦਰਿ ਕਰੇ ਤਿਸੁ ਮਾਹਿ ॥ (19-19)
इहु मनु साचि संतोखिआ नदरि करे तिसु माहि ॥

ਪੰਚ ਭੂਤ ਸਚਿ ਭੈ ਰਤੇ ਜੋਤਿ ਸਚੀ ਮਨ ਮਾਹਿ ॥ (20-1)
पंच भूत सचि भै रते जोति सची मन माहि ॥

ਨਾਨਕ ਅਉਗਣ ਵੀਸਰੇ ਗੁਰਿ ਰਾਖੇ ਪਤਿ ਤਾਹਿ ॥੪॥੧੫॥ (20-1)
नानक अउगण वीसरे गुरि राखे पति ताहि ॥४॥१५॥

ਸਿਰੀਰਾਗੁ ਮਹਲਾ ੧ ॥ (20-2)
सिरीरागु महला १ ॥

ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ ॥ (20-2)
नानक बेड़ी सच की तरीऐ गुर वीचारि ॥

ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ ॥ (20-2)
इकि आवहि इकि जावही पूरि भरे अहंकारि ॥

ਮਨਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ ॥੧॥ (20-3)
मनहठि मती बूडीऐ गुरमुखि सचु सु तारि ॥१॥

ਗੁਰ ਬਿਨੁ ਕਿਉ ਤਰੀਐ ਸੁਖੁ ਹੋਇ ॥ (20-3)
गुर बिनु किउ तरीऐ सुखु होइ ॥

ਜਿਉ ਭਾਵੈ ਤਿਉ ਰਾਖੁ ਤੂ ਮੈ ਅਵਰੁ ਨ ਦੂਜਾ ਕੋਇ ॥੧॥ ਰਹਾਉ ॥ (20-4)
जिउ भावै तिउ राखु तू मै अवरु न दूजा कोइ ॥१॥ रहाउ ॥

ਆਗੈ ਦੇਖਉ ਡਉ ਜਲੈ ਪਾਛੈ ਹਰਿਓ ਅੰਗੂਰੁ ॥ (20-4)
आगै देखउ डउ जलै पाछै हरिओ अंगूरु ॥

ਜਿਸ ਤੇ ਉਪਜੈ ਤਿਸ ਤੇ ਬਿਨਸੈ ਘਟਿ ਘਟਿ ਸਚੁ ਭਰਪੂਰਿ ॥ (20-5)
जिस ते उपजै तिस ते बिनसै घटि घटि सचु भरपूरि ॥

ਆਪੇ ਮੇਲਿ ਮਿਲਾਵਹੀ ਸਾਚੈ ਮਹਲਿ ਹਦੂਰਿ ॥੨॥ (20-5)
आपे मेलि मिलावही साचै महलि हदूरि ॥२॥

ਸਾਹਿ ਸਾਹਿ ਤੁਝੁ ਸੰਮਲਾ ਕਦੇ ਨ ਵਿਸਾਰੇਉ ॥ (20-6)
साहि साहि तुझु संमला कदे न विसारेउ ॥

ਜਿਉ ਜਿਉ ਸਾਹਬੁ ਮਨਿ ਵਸੈ ਗੁਰਮੁਖਿ ਅੰਮ੍ਰਿਤੁ ਪੇਉ ॥ (20-6)
जिउ जिउ साहबु मनि वसै गुरमुखि अमृतु पेउ ॥

ਮਨੁ ਤਨੁ ਤੇਰਾ ਤੂ ਧਣੀ ਗਰਬੁ ਨਿਵਾਰਿ ਸਮੇਉ ॥੩॥ (20-6)
मनु तनु तेरा तू धणी गरबु निवारि समेउ ॥३॥

ਜਿਨਿ ਏਹੁ ਜਗਤੁ ਉਪਾਇਆ ਤ੍ਰਿਭਵਣੁ ਕਰਿ ਆਕਾਰੁ ॥ (20-7)
जिनि एहु जगतु उपाइआ त्रिभवणु करि आकारु ॥

ਗੁਰਮੁਖਿ ਚਾਨਣੁ ਜਾਣੀਐ ਮਨਮੁਖਿ ਮੁਗਧੁ ਗੁਬਾਰੁ ॥ (20-8)
गुरमुखि चानणु जाणीऐ मनमुखि मुगधु गुबारु ॥

ਘਟਿ ਘਟਿ ਜੋਤਿ ਨਿਰੰਤਰੀ ਬੂਝੈ ਗੁਰਮਤਿ ਸਾਰੁ ॥੪॥ (20-8)
घटि घटि जोति निरंतरी बूझै गुरमति सारु ॥४॥

ਗੁਰਮੁਖਿ ਜਿਨੀ ਜਾਣਿਆ ਤਿਨ ਕੀਚੈ ਸਾਬਾਸਿ ॥ (20-9)
गुरमुखि जिनी जाणिआ तिन कीचै साबासि ॥

ਸਚੇ ਸੇਤੀ ਰਲਿ ਮਿਲੇ ਸਚੇ ਗੁਣ ਪਰਗਾਸਿ ॥ (20-9)
सचे सेती रलि मिले सचे गुण परगासि ॥

ਨਾਨਕ ਨਾਮਿ ਸੰਤੋਖੀਆ ਜੀਉ ਪਿੰਡੁ ਪ੍ਰਭ ਪਾਸਿ ॥੫॥੧੬॥ (20-9)
नानक नामि संतोखीआ जीउ पिंडु प्रभ पासि ॥५॥१६॥

ਸਿਰੀਰਾਗੁ ਮਹਲਾ ੧ ॥ (20-10)
सिरीरागु महला १ ॥

ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ ॥ (20-10)
सुणि मन मित्र पिआरिआ मिलु वेला है एह ॥

ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਇਹੁ ਤਨੁ ਦੇਹ ॥ (20-11)
जब लगु जोबनि सासु है तब लगु इहु तनु देह ॥

ਬਿਨੁ ਗੁਣ ਕਾਮਿ ਨ ਆਵਈ ਢਹਿ ਢੇਰੀ ਤਨੁ ਖੇਹ ॥੧॥ (20-11)
बिनु गुण कामि न आवई ढहि ढेरी तनु खेह ॥१॥

ਮੇਰੇ ਮਨ ਲੈ ਲਾਹਾ ਘਰਿ ਜਾਹਿ ॥ (20-12)
मेरे मन लै लाहा घरि जाहि ॥

ਗੁਰਮੁਖਿ ਨਾਮੁ ਸਲਾਹੀਐ ਹਉਮੈ ਨਿਵਰੀ ਭਾਹਿ ॥੧॥ ਰਹਾਉ ॥ (20-12)
गुरमुखि नामु सलाहीऐ हउमै निवरी भाहि ॥१॥ रहाउ ॥

ਸੁਣਿ ਸੁਣਿ ਗੰਢਣੁ ਗੰਢੀਐ ਲਿਖਿ ਪੜਿ ਬੁਝਹਿ ਭਾਰੁ ॥ (20-13)
सुणि सुणि गंढणु गंढीऐ लिखि पड़ि बुझहि भारु ॥

ਤ੍ਰਿਸਨਾ ਅਹਿਨਿਸਿ ਅਗਲੀ ਹਉਮੈ ਰੋਗੁ ਵਿਕਾਰੁ ॥ (20-13)
त्रिसना अहिनिसि अगली हउमै रोगु विकारु ॥

ਓਹੁ ਵੇਪਰਵਾਹੁ ਅਤੋਲਵਾ ਗੁਰਮਤਿ ਕੀਮਤਿ ਸਾਰੁ ॥੨॥ (20-14)
ओहु वेपरवाहु अतोलवा गुरमति कीमति सारु ॥२॥

ਲਖ ਸਿਆਣਪ ਜੇ ਕਰੀ ਲਖ ਸਿਉ ਪ੍ਰੀਤਿ ਮਿਲਾਪੁ ॥ (20-14)
लख सिआणप जे करी लख सिउ प्रीति मिलापु ॥

ਬਿਨੁ ਸੰਗਤਿ ਸਾਧ ਨ ਧ੍ਰਾਪੀਆ ਬਿਨੁ ਨਾਵੈ ਦੂਖ ਸੰਤਾਪੁ ॥ (20-15)
बिनु संगति साध न ध्रापीआ बिनु नावै दूख संतापु ॥

ਹਰਿ ਜਪਿ ਜੀਅਰੇ ਛੁਟੀਐ ਗੁਰਮੁਖਿ ਚੀਨੈ ਆਪੁ ॥੩॥ (20-15)
हरि जपि जीअरे छुटीऐ गुरमुखि चीनै आपु ॥३॥

ਤਨੁ ਮਨੁ ਗੁਰ ਪਹਿ ਵੇਚਿਆ ਮਨੁ ਦੀਆ ਸਿਰੁ ਨਾਲਿ ॥ (20-16)
तनु मनु गुर पहि वेचिआ मनु दीआ सिरु नालि ॥

ਤ੍ਰਿਭਵਣੁ ਖੋਜਿ ਢੰਢੋਲਿਆ ਗੁਰਮੁਖਿ ਖੋਜਿ ਨਿਹਾਲਿ ॥ (20-16)
त्रिभवणु खोजि ढंढोलिआ गुरमुखि खोजि निहालि ॥

ਸਤਗੁਰਿ ਮੇਲਿ ਮਿਲਾਇਆ ਨਾਨਕ ਸੋ ਪ੍ਰਭੁ ਨਾਲਿ ॥੪॥੧੭॥ (20-17)
सतगुरि मेलि मिलाइआ नानक सो प्रभु नालि ॥४॥१७॥

ਸਿਰੀਰਾਗੁ ਮਹਲਾ ੧ ॥ (20-17)
सिरीरागु महला १ ॥

ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ ॥ (20-18)
मरणै की चिंता नही जीवण की नही आस ॥

ਤੂ ਸਰਬ ਜੀਆ ਪ੍ਰਤਿਪਾਲਹੀ ਲੇਖੈ ਸਾਸ ਗਿਰਾਸ ॥ (20-18)
तू सरब जीआ प्रतिपालही लेखै सास गिरास ॥

ਅੰਤਰਿ ਗੁਰਮੁਖਿ ਤੂ ਵਸਹਿ ਜਿਉ ਭਾਵੈ ਤਿਉ ਨਿਰਜਾਸਿ ॥੧॥ (20-19)
अंतरि गुरमुखि तू वसहि जिउ भावै तिउ निरजासि ॥१॥

ਜੀਅਰੇ ਰਾਮ ਜਪਤ ਮਨੁ ਮਾਨੁ ॥ (20-19)
जीअरे राम जपत मनु मानु ॥

ਅੰਤਰਿ ਲਾਗੀ ਜਲਿ ਬੁਝੀ ਪਾਇਆ ਗੁਰਮੁਖਿ ਗਿਆਨੁ ॥੧॥ ਰਹਾਉ ॥ (20-19)
अंतरि लागी जलि बुझी पाइआ गुरमुखि गिआनु ॥१॥ रहाउ ॥

ਅੰਤਰ ਕੀ ਗਤਿ ਜਾਣੀਐ ਗੁਰ ਮਿਲੀਐ ਸੰਕ ਉਤਾਰਿ ॥ (21-1)
अंतर की गति जाणीऐ गुर मिलीऐ संक उतारि ॥

ਮੁਇਆ ਜਿਤੁ ਘਰਿ ਜਾਈਐ ਤਿਤੁ ਜੀਵਦਿਆ ਮਰੁ ਮਾਰਿ ॥ (21-2)
मुइआ जितु घरि जाईऐ तितु जीवदिआ मरु मारि ॥

ਅਨਹਦ ਸਬਦਿ ਸੁਹਾਵਣੇ ਪਾਈਐ ਗੁਰ ਵੀਚਾਰਿ ॥੨॥ (21-2)
अनहद सबदि सुहावणे पाईऐ गुर वीचारि ॥२॥

ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸੁ ॥ (21-3)
अनहद बाणी पाईऐ तह हउमै होइ बिनासु ॥

ਸਤਗੁਰੁ ਸੇਵੇ ਆਪਣਾ ਹਉ ਸਦ ਕੁਰਬਾਣੈ ਤਾਸੁ ॥ (21-3)
सतगुरु सेवे आपणा हउ सद कुरबाणै तासु ॥

ਖੜਿ ਦਰਗਹ ਪੈਨਾਈਐ ਮੁਖਿ ਹਰਿ ਨਾਮ ਨਿਵਾਸੁ ॥੩॥ (21-4)
खड़ि दरगह पैनाईऐ मुखि हरि नाम निवासु ॥३॥

ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਮੇਲੁ ॥ (21-4)
जह देखा तह रवि रहे सिव सकती का मेलु ॥

ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ ॥ (21-5)
त्रिहु गुण बंधी देहुरी जो आइआ जगि सो खेलु ॥

ਵਿਜੋਗੀ ਦੁਖਿ ਵਿਛੁੜੇ ਮਨਮੁਖਿ ਲਹਹਿ ਨ ਮੇਲੁ ॥੪॥ (21-5)
विजोगी दुखि विछुड़े मनमुखि लहहि न मेलु ॥४॥

ਮਨੁ ਬੈਰਾਗੀ ਘਰਿ ਵਸੈ ਸਚ ਭੈ ਰਾਤਾ ਹੋਇ ॥ (21-6)
मनु बैरागी घरि वसै सच भै राता होइ ॥

ਗਿਆਨ ਮਹਾਰਸੁ ਭੋਗਵੈ ਬਾਹੁੜਿ ਭੂਖ ਨ ਹੋਇ ॥ (21-6)
गिआन महारसु भोगवै बाहुड़ि भूख न होइ ॥

ਨਾਨਕ ਇਹੁ ਮਨੁ ਮਾਰਿ ਮਿਲੁ ਭੀ ਫਿਰਿ ਦੁਖੁ ਨ ਹੋਇ ॥੫॥੧੮॥ (21-7)
नानक इहु मनु मारि मिलु भी फिरि दुखु न होइ ॥५॥१८॥

ਸਿਰੀਰਾਗੁ ਮਹਲਾ ੧ ॥ (21-7)
सिरीरागु महला १ ॥

ਏਹੁ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੁੋਭਾਨੁ ॥ (21-7)
एहु मनो मूरखु लोभीआ लोभे लगा लुोभानु ॥

ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨੁ ਜਾਨੁ ॥ (21-8)
सबदि न भीजै साकता दुरमति आवनु जानु ॥

ਸਾਧੂ ਸਤਗੁਰੁ ਜੇ ਮਿਲੈ ਤਾ ਪਾਈਐ ਗੁਣੀ ਨਿਧਾਨੁ ॥੧॥ (21-8)
साधू सतगुरु जे मिलै ता पाईऐ गुणी निधानु ॥१॥

ਮਨ ਰੇ ਹਉਮੈ ਛੋਡਿ ਗੁਮਾਨੁ ॥ (21-9)
मन रे हउमै छोडि गुमानु ॥

ਹਰਿ ਗੁਰੁ ਸਰਵਰੁ ਸੇਵਿ ਤੂ ਪਾਵਹਿ ਦਰਗਹ ਮਾਨੁ ॥੧॥ ਰਹਾਉ ॥ (21-9)
हरि गुरु सरवरु सेवि तू पावहि दरगह मानु ॥१॥ रहाउ ॥

ਰਾਮ ਨਾਮੁ ਜਪਿ ਦਿਨਸੁ ਰਾਤਿ ਗੁਰਮੁਖਿ ਹਰਿ ਧਨੁ ਜਾਨੁ ॥ (21-10)
राम नामु जपि दिनसु राति गुरमुखि हरि धनु जानु ॥

ਸਭਿ ਸੁਖ ਹਰਿ ਰਸ ਭੋਗਣੇ ਸੰਤ ਸਭਾ ਮਿਲਿ ਗਿਆਨੁ ॥ (21-10)
सभि सुख हरि रस भोगणे संत सभा मिलि गिआनु ॥

ਨਿਤਿ ਅਹਿਨਿਸਿ ਹਰਿ ਪ੍ਰਭੁ ਸੇਵਿਆ ਸਤਗੁਰਿ ਦੀਆ ਨਾਮੁ ॥੨॥ (21-11)
निति अहिनिसि हरि प्रभु सेविआ सतगुरि दीआ नामु ॥२॥

ਕੂਕਰ ਕੂੜੁ ਕਮਾਈਐ ਗੁਰ ਨਿੰਦਾ ਪਚੈ ਪਚਾਨੁ ॥ (21-11)
कूकर कूड़ु कमाईऐ गुर निंदा पचै पचानु ॥

ਭਰਮੇ ਭੂਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲਹਾਨੁ ॥ (21-12)
भरमे भूला दुखु घणो जमु मारि करै खुलहानु ॥

ਮਨਮੁਖਿ ਸੁਖੁ ਨ ਪਾਈਐ ਗੁਰਮੁਖਿ ਸੁਖੁ ਸੁਭਾਨੁ ॥੩॥ (21-12)
मनमुखि सुखु न पाईऐ गुरमुखि सुखु सुभानु ॥३॥

ਐਥੈ ਧੰਧੁ ਪਿਟਾਈਐ ਸਚੁ ਲਿਖਤੁ ਪਰਵਾਨੁ ॥ (21-13)
ऐथै धंधु पिटाईऐ सचु लिखतु परवानु ॥

ਹਰਿ ਸਜਣੁ ਗੁਰੁ ਸੇਵਦਾ ਗੁਰ ਕਰਣੀ ਪਰਧਾਨੁ ॥ (21-13)
हरि सजणु गुरु सेवदा गुर करणी परधानु ॥

ਨਾਨਕ ਨਾਮੁ ਨ ਵੀਸਰੈ ਕਰਮਿ ਸਚੈ ਨੀਸਾਣੁ ॥੪॥੧੯॥ (21-14)
नानक नामु न वीसरै करमि सचै नीसाणु ॥४॥१९॥

ਸਿਰੀਰਾਗੁ ਮਹਲਾ ੧ ॥ (21-14)
सिरीरागु महला १ ॥

ਇਕੁ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ ॥ (21-14)
इकु तिलु पिआरा वीसरै रोगु वडा मन माहि ॥

ਕਿਉ ਦਰਗਹ ਪਤਿ ਪਾਈਐ ਜਾ ਹਰਿ ਨ ਵਸੈ ਮਨ ਮਾਹਿ ॥ (21-15)
किउ दरगह पति पाईऐ जा हरि न वसै मन माहि ॥

ਗੁਰਿ ਮਿਲਿਐ ਸੁਖੁ ਪਾਈਐ ਅਗਨਿ ਮਰੈ ਗੁਣ ਮਾਹਿ ॥੧॥ (21-15)
गुरि मिलिऐ सुखु पाईऐ अगनि मरै गुण माहि ॥१॥

ਮਨ ਰੇ ਅਹਿਨਿਸਿ ਹਰਿ ਗੁਣ ਸਾਰਿ ॥ (21-16)
मन रे अहिनिसि हरि गुण सारि ॥

ਜਿਨ ਖਿਨੁ ਪਲੁ ਨਾਮੁ ਨ ਵੀਸਰੈ ਤੇ ਜਨ ਵਿਰਲੇ ਸੰਸਾਰਿ ॥੧॥ ਰਹਾਉ ॥ (21-16)
जिन खिनु पलु नामु न वीसरै ते जन विरले संसारि ॥१॥ रहाउ ॥

ਜੋਤੀ ਜੋਤਿ ਮਿਲਾਈਐ ਸੁਰਤੀ ਸੁਰਤਿ ਸੰਜੋਗੁ ॥ (21-17)
जोती जोति मिलाईऐ सुरती सुरति संजोगु ॥

ਹਿੰਸਾ ਹਉਮੈ ਗਤੁ ਗਏ ਨਾਹੀ ਸਹਸਾ ਸੋਗੁ ॥ (21-17)
हिंसा हउमै गतु गए नाही सहसा सोगु ॥

ਗੁਰਮੁਖਿ ਜਿਸੁ ਹਰਿ ਮਨਿ ਵਸੈ ਤਿਸੁ ਮੇਲੇ ਗੁਰੁ ਸੰਜੋਗੁ ॥੨॥ (21-18)
गुरमुखि जिसु हरि मनि वसै तिसु मेले गुरु संजोगु ॥२॥

ਕਾਇਆ ਕਾਮਣਿ ਜੇ ਕਰੀ ਭੋਗੇ ਭੋਗਣਹਾਰੁ ॥ (21-18)
काइआ कामणि जे करी भोगे भोगणहारु ॥

ਤਿਸੁ ਸਿਉ ਨੇਹੁ ਨ ਕੀਜਈ ਜੋ ਦੀਸੈ ਚਲਣਹਾਰੁ ॥ (21-19)
तिसु सिउ नेहु न कीजई जो दीसै चलणहारु ॥

ਗੁਰਮੁਖਿ ਰਵਹਿ ਸੋਹਾਗਣੀ ਸੋ ਪ੍ਰਭੁ ਸੇਜ ਭਤਾਰੁ ॥੩॥ (21-19)
गुरमुखि रवहि सोहागणी सो प्रभु सेज भतारु ॥३॥

ਚਾਰੇ ਅਗਨਿ ਨਿਵਾਰਿ ਮਰੁ ਗੁਰਮੁਖਿ ਹਰਿ ਜਲੁ ਪਾਇ ॥ (22-1)
चारे अगनि निवारि मरु गुरमुखि हरि जलु पाइ ॥

ਅੰਤਰਿ ਕਮਲੁ ਪ੍ਰਗਾਸਿਆ ਅੰਮ੍ਰਿਤੁ ਭਰਿਆ ਅਘਾਇ ॥ (22-1)
अंतरि कमलु प्रगासिआ अमृतु भरिआ अघाइ ॥

ਨਾਨਕ ਸਤਗੁਰੁ ਮੀਤੁ ਕਰਿ ਸਚੁ ਪਾਵਹਿ ਦਰਗਹ ਜਾਇ ॥੪॥੨੦॥ (22-2)
नानक सतगुरु मीतु करि सचु पावहि दरगह जाइ ॥४॥२०॥

ਸਿਰੀਰਾਗੁ ਮਹਲਾ ੧ ॥ (22-3)
सिरीरागु महला १ ॥

ਹਰਿ ਹਰਿ ਜਪਹੁ ਪਿਆਰਿਆ ਗੁਰਮਤਿ ਲੇ ਹਰਿ ਬੋਲਿ ॥ (22-3)
हरि हरि जपहु पिआरिआ गुरमति ले हरि बोलि ॥

ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ ॥ (22-3)
मनु सच कसवटी लाईऐ तुलीऐ पूरै तोलि ॥

ਕੀਮਤਿ ਕਿਨੈ ਨ ਪਾਈਐ ਰਿਦ ਮਾਣਕ ਮੋਲਿ ਅਮੋਲਿ ॥੧॥ (22-4)
कीमति किनै न पाईऐ रिद माणक मोलि अमोलि ॥१॥

ਭਾਈ ਰੇ ਹਰਿ ਹੀਰਾ ਗੁਰ ਮਾਹਿ ॥ (22-4)
भाई रे हरि हीरा गुर माहि ॥

ਸਤਸੰਗਤਿ ਸਤਗੁਰੁ ਪਾਈਐ ਅਹਿਨਿਸਿ ਸਬਦਿ ਸਲਾਹਿ ॥੧॥ ਰਹਾਉ ॥ (22-5)
सतसंगति सतगुरु पाईऐ अहिनिसि सबदि सलाहि ॥१॥ रहाउ ॥

ਸਚੁ ਵਖਰੁ ਧਨੁ ਰਾਸਿ ਲੈ ਪਾਈਐ ਗੁਰ ਪਰਗਾਸਿ ॥ (22-5)
सचु वखरु धनु रासि लै पाईऐ गुर परगासि ॥

ਜਿਉ ਅਗਨਿ ਮਰੈ ਜਲਿ ਪਾਇਐ ਤਿਉ ਤ੍ਰਿਸਨਾ ਦਾਸਨਿ ਦਾਸਿ ॥ (22-6)
जिउ अगनि मरै जलि पाइऐ तिउ त्रिसना दासनि दासि ॥

ਜਮ ਜੰਦਾਰੁ ਨ ਲਗਈ ਇਉ ਭਉਜਲੁ ਤਰੈ ਤਰਾਸਿ ॥੨॥ (22-6)
जम जंदारु न लगई इउ भउजलु तरै तरासि ॥२॥

ਗੁਰਮੁਖਿ ਕੂੜੁ ਨ ਭਾਵਈ ਸਚਿ ਰਤੇ ਸਚ ਭਾਇ ॥ (22-7)
गुरमुखि कूड़ु न भावई सचि रते सच भाइ ॥

ਸਾਕਤ ਸਚੁ ਨ ਭਾਵਈ ਕੂੜੈ ਕੂੜੀ ਪਾਂਇ ॥ (22-7)
साकत सचु न भावई कूड़ै कूड़ी पांइ ॥

ਸਚਿ ਰਤੇ ਗੁਰਿ ਮੇਲਿਐ ਸਚੇ ਸਚਿ ਸਮਾਇ ॥੩॥ (22-8)
सचि रते गुरि मेलिऐ सचे सचि समाइ ॥३॥

ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ ॥ (22-8)
मन महि माणकु लालु नामु रतनु पदारथु हीरु ॥

ਸਚੁ ਵਖਰੁ ਧਨੁ ਨਾਮੁ ਹੈ ਘਟਿ ਘਟਿ ਗਹਿਰ ਗੰਭੀਰੁ ॥ (22-9)
सचु वखरु धनु नामु है घटि घटि गहिर ग्मभीरु ॥

ਨਾਨਕ ਗੁਰਮੁਖਿ ਪਾਈਐ ਦਇਆ ਕਰੇ ਹਰਿ ਹੀਰੁ ॥੪॥੨੧॥ (22-9)
नानक गुरमुखि पाईऐ दइआ करे हरि हीरु ॥४॥२१॥

ਸਿਰੀਰਾਗੁ ਮਹਲਾ ੧ ॥ (22-10)
सिरीरागु महला १ ॥

ਭਰਮੇ ਭਾਹਿ ਨ ਵਿਝਵੈ ਜੇ ਭਵੈ ਦਿਸੰਤਰ ਦੇਸੁ ॥ (22-10)
भरमे भाहि न विझवै जे भवै दिसंतर देसु ॥

ਅੰਤਰਿ ਮੈਲੁ ਨ ਉਤਰੈ ਧ੍ਰਿਗੁ ਜੀਵਣੁ ਧ੍ਰਿਗੁ ਵੇਸੁ ॥ (22-10)
अंतरि मैलु न उतरै ध्रिगु जीवणु ध्रिगु वेसु ॥

ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ ॥੧॥ (22-11)
होरु कितै भगति न होवई बिनु सतिगुर के उपदेस ॥१॥

ਮਨ ਰੇ ਗੁਰਮੁਖਿ ਅਗਨਿ ਨਿਵਾਰਿ ॥ (22-11)
मन रे गुरमुखि अगनि निवारि ॥

ਗੁਰ ਕਾ ਕਹਿਆ ਮਨਿ ਵਸੈ ਹਉਮੈ ਤ੍ਰਿਸਨਾ ਮਾਰਿ ॥੧॥ ਰਹਾਉ ॥ (22-12)
गुर का कहिआ मनि वसै हउमै त्रिसना मारि ॥१॥ रहाउ ॥

ਮਨੁ ਮਾਣਕੁ ਨਿਰਮੋਲੁ ਹੈ ਰਾਮ ਨਾਮਿ ਪਤਿ ਪਾਇ ॥ (22-12)
मनु माणकु निरमोलु है राम नामि पति पाइ ॥

ਮਿਲਿ ਸਤਸੰਗਤਿ ਹਰਿ ਪਾਈਐ ਗੁਰਮੁਖਿ ਹਰਿ ਲਿਵ ਲਾਇ ॥ (22-13)
मिलि सतसंगति हरि पाईऐ गुरमुखि हरि लिव लाइ ॥

ਆਪੁ ਗਇਆ ਸੁਖੁ ਪਾਇਆ ਮਿਲਿ ਸਲਲੈ ਸਲਲ ਸਮਾਇ ॥੨॥ (22-13)
आपु गइआ सुखु पाइआ मिलि सललै सलल समाइ ॥२॥

ਜਿਨਿ ਹਰਿ ਹਰਿ ਨਾਮੁ ਨ ਚੇਤਿਓ ਸੁ ਅਉਗੁਣਿ ਆਵੈ ਜਾਇ ॥ (22-14)
जिनि हरि हरि नामु न चेतिओ सु अउगुणि आवै जाइ ॥

ਜਿਸੁ ਸਤਗੁਰੁ ਪੁਰਖੁ ਨ ਭੇਟਿਓ ਸੁ ਭਉਜਲਿ ਪਚੈ ਪਚਾਇ ॥ (22-15)
जिसु सतगुरु पुरखु न भेटिओ सु भउजलि पचै पचाइ ॥

ਇਹੁ ਮਾਣਕੁ ਜੀਉ ਨਿਰਮੋਲੁ ਹੈ ਇਉ ਕਉਡੀ ਬਦਲੈ ਜਾਇ ॥੩॥ (22-15)
इहु माणकु जीउ निरमोलु है इउ कउडी बदलै जाइ ॥३॥

ਜਿੰਨਾ ਸਤਗੁਰੁ ਰਸਿ ਮਿਲੈ ਸੇ ਪੂਰੇ ਪੁਰਖ ਸੁਜਾਣ ॥ (22-16)
जिंना सतगुरु रसि मिलै से पूरे पुरख सुजाण ॥

ਗੁਰ ਮਿਲਿ ਭਉਜਲੁ ਲੰਘੀਐ ਦਰਗਹ ਪਤਿ ਪਰਵਾਣੁ ॥ (22-16)
गुर मिलि भउजलु लंघीऐ दरगह पति परवाणु ॥

ਨਾਨਕ ਤੇ ਮੁਖ ਉਜਲੇ ਧੁਨਿ ਉਪਜੈ ਸਬਦੁ ਨੀਸਾਣੁ ॥੪॥੨੨॥ (22-17)
नानक ते मुख उजले धुनि उपजै सबदु नीसाणु ॥४॥२२॥

ਸਿਰੀਰਾਗੁ ਮਹਲਾ ੧ ॥ (22-17)
सिरीरागु महला १ ॥

ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ ॥ (22-18)
वणजु करहु वणजारिहो वखरु लेहु समालि ॥

ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ ॥ (22-18)
तैसी वसतु विसाहीऐ जैसी निबहै नालि ॥

ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ ॥੧॥ (22-19)
अगै साहु सुजाणु है लैसी वसतु समालि ॥१॥

ਭਾਈ ਰੇ ਰਾਮੁ ਕਹਹੁ ਚਿਤੁ ਲਾਇ ॥ (22-19)
भाई रे रामु कहहु चितु लाइ ॥

ਹਰਿ ਜਸੁ ਵਖਰੁ ਲੈ ਚਲਹੁ ਸਹੁ ਦੇਖੈ ਪਤੀਆਇ ॥੧॥ ਰਹਾਉ ॥ (22-19)
हरि जसु वखरु लै चलहु सहु देखै पतीआइ ॥१॥ रहाउ ॥

ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖੁ ਹੋਇ ॥ (23-1)
जिना रासि न सचु है किउ तिना सुखु होइ ॥

ਖੋਟੈ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ ॥ (23-1)
खोटै वणजि वणंजिऐ मनु तनु खोटा होइ ॥

ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ ॥੨॥ (23-2)
फाही फाथे मिरग जिउ दूखु घणो नित रोइ ॥२॥

ਖੋਟੇ ਪੋਤੈ ਨਾ ਪਵਹਿ ਤਿਨ ਹਰਿ ਗੁਰ ਦਰਸੁ ਨ ਹੋਇ ॥ (23-2)
खोटे पोतै ना पवहि तिन हरि गुर दरसु न होइ ॥

ਖੋਟੇ ਜਾਤਿ ਨ ਪਤਿ ਹੈ ਖੋਟਿ ਨ ਸੀਝਸਿ ਕੋਇ ॥ (23-3)
खोटे जाति न पति है खोटि न सीझसि कोइ ॥

ਖੋਟੇ ਖੋਟੁ ਕਮਾਵਣਾ ਆਇ ਗਇਆ ਪਤਿ ਖੋਇ ॥੩॥ (23-3)
खोटे खोटु कमावणा आइ गइआ पति खोइ ॥३॥

ਨਾਨਕ ਮਨੁ ਸਮਝਾਈਐ ਗੁਰ ਕੈ ਸਬਦਿ ਸਾਲਾਹ ॥ (23-4)
नानक मनु समझाईऐ गुर कै सबदि सालाह ॥

ਰਾਮ ਨਾਮ ਰੰਗਿ ਰਤਿਆ ਭਾਰੁ ਨ ਭਰਮੁ ਤਿਨਾਹ ॥ (23-4)
राम नाम रंगि रतिआ भारु न भरमु तिनाह ॥

ਹਰਿ ਜਪਿ ਲਾਹਾ ਅਗਲਾ ਨਿਰਭਉ ਹਰਿ ਮਨ ਮਾਹ ॥੪॥੨੩॥ (23-5)
हरि जपि लाहा अगला निरभउ हरि मन माह ॥४॥२३॥

ਸਿਰੀਰਾਗੁ ਮਹਲਾ ੧ ਘਰੁ ੨ ॥ (23-5)
सिरीरागु महला १ घरु २ ॥

ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥ (23-5)
धनु जोबनु अरु फुलड़ा नाठीअड़े दिन चारि ॥

ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥੧॥ (23-6)
पबणि केरे पत जिउ ढलि ढुलि जुंमणहार ॥१॥

ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ ॥ (23-6)
रंगु माणि लै पिआरिआ जा जोबनु नउ हुला ॥

ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥੧॥ ਰਹਾਉ ॥ (23-7)
दिन थोड़ड़े थके भइआ पुराणा चोला ॥१॥ रहाउ ॥

ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥ (23-7)
सजण मेरे रंगुले जाइ सुते जीराणि ॥

ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥੨॥ (23-8)
हं भी वंञा डुमणी रोवा झीणी बाणि ॥२॥

ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ ॥ (23-8)
की न सुणेही गोरीए आपण कंनी सोइ ॥

ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ ॥੩॥ (23-9)
लगी आवहि साहुरै नित न पेईआ होइ ॥३॥

ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ ॥ (23-9)
नानक सुती पेईऐ जाणु विरती संनि ॥

ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ ॥੪॥੨੪॥ (23-10)
गुणा गवाई गंठड़ी अवगण चली बंनि ॥४॥२४॥

ਸਿਰੀਰਾਗੁ ਮਹਲਾ ੧ ਘਰੁ ਦੂਜਾ ੨ ॥ (23-10)
सिरीरागु महला १ घरु दूजा २ ॥

ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ ॥ (23-10)
आपे रसीआ आपि रसु आपे रावणहारु ॥

ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ ॥੧॥ (23-11)
आपे होवै चोलड़ा आपे सेज भतारु ॥१॥

ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ ॥੧॥ ਰਹਾਉ ॥ (23-11)
रंगि रता मेरा साहिबु रवि रहिआ भरपूरि ॥१॥ रहाउ ॥

ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ ॥ (23-12)
आपे माछी मछुली आपे पाणी जालु ॥

ਆਪੇ ਜਾਲ ਮਣਕੜਾ ਆਪੇ ਅੰਦਰਿ ਲਾਲੁ ॥੨॥ (23-12)
आपे जाल मणकड़ा आपे अंदरि लालु ॥२॥

ਆਪੇ ਬਹੁ ਬਿਧਿ ਰੰਗੁਲਾ ਸਖੀਏ ਮੇਰਾ ਲਾਲੁ ॥ (23-13)
आपे बहु बिधि रंगुला सखीए मेरा लालु ॥

ਨਿਤ ਰਵੈ ਸੋਹਾਗਣੀ ਦੇਖੁ ਹਮਾਰਾ ਹਾਲੁ ॥੩॥ (23-13)
नित रवै सोहागणी देखु हमारा हालु ॥३॥

ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰੁ ਤੂ ਹੰਸੁ ॥ (23-14)
प्रणवै नानकु बेनती तू सरवरु तू हंसु ॥

ਕਉਲੁ ਤੂ ਹੈ ਕਵੀਆ ਤੂ ਹੈ ਆਪੇ ਵੇਖਿ ਵਿਗਸੁ ॥੪॥੨੫॥ (23-14)
कउलु तू है कवीआ तू है आपे वेखि विगसु ॥४॥२५॥

ਸਿਰੀਰਾਗੁ ਮਹਲਾ ੧ ਘਰੁ ੩ ॥ (23-15)
सिरीरागु महला १ घरु ३ ॥

ਇਹੁ ਤਨੁ ਧਰਤੀ ਬੀਜੁ ਕਰਮਾ ਕਰੋ ਸਲਿਲ ਆਪਾਉ ਸਾਰਿੰਗਪਾਣੀ ॥ (23-15)
इहु तनु धरती बीजु करमा करो सलिल आपाउ सारिंगपाणी ॥

ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ ਇਉ ਪਾਵਸਿ ਪਦੁ ਨਿਰਬਾਣੀ ॥੧॥ (23-15)
मनु किरसाणु हरि रिदै जंमाइ लै इउ पावसि पदु निरबाणी ॥१॥

ਕਾਹੇ ਗਰਬਸਿ ਮੂੜੇ ਮਾਇਆ ॥ (23-16)
काहे गरबसि मूड़े माइआ ॥

ਪਿਤ ਸੁਤੋ ਸਗਲ ਕਾਲਤ੍ਰ ਮਾਤਾ ਤੇਰੇ ਹੋਹਿ ਨ ਅੰਤਿ ਸਖਾਇਆ ॥ ਰਹਾਉ ॥ (23-16)
पित सुतो सगल कालत्र माता तेरे होहि न अंति सखाइआ ॥ रहाउ ॥

ਬਿਖੈ ਬਿਕਾਰ ਦੁਸਟ ਕਿਰਖਾ ਕਰੇ ਇਨ ਤਜਿ ਆਤਮੈ ਹੋਇ ਧਿਆਈ ॥ (23-17)
बिखै बिकार दुसट किरखा करे इन तजि आतमै होइ धिआई ॥

ਜਪੁ ਤਪੁ ਸੰਜਮੁ ਹੋਹਿ ਜਬ ਰਾਖੇ ਕਮਲੁ ਬਿਗਸੈ ਮਧੁ ਆਸ੍ਰਮਾਈ ॥੨॥ (23-18)
जपु तपु संजमु होहि जब राखे कमलु बिगसै मधु आस्रमाई ॥२॥

ਬੀਸ ਸਪਤਾਹਰੋ ਬਾਸਰੋ ਸੰਗ੍ਰਹੈ ਤੀਨਿ ਖੋੜਾ ਨਿਤ ਕਾਲੁ ਸਾਰੈ ॥ (23-18)
बीस सपताहरो बासरो संग्रहै तीनि खोड़ा नित कालु सारै ॥

ਦਸ ਅਠਾਰ ਮੈ ਅਪਰੰਪਰੋ ਚੀਨੈ ਕਹੈ ਨਾਨਕੁ ਇਵ ਏਕੁ ਤਾਰੈ ॥੩॥੨੬॥ (23-19)
दस अठार मै अपर्मपरो चीनै कहै नानकु इव एकु तारै ॥३॥२६॥

ਸਿਰੀਰਾਗੁ ਮਹਲਾ ੧ ਘਰੁ ੩ ॥ (24-1)
सिरीरागु महला १ घरु ३ ॥

ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ ਸਚ ਕੀ ਆਬ ਨਿਤ ਦੇਹਿ ਪਾਣੀ ॥ (24-1)
अमलु करि धरती बीजु सबदो करि सच की आब नित देहि पाणी ॥

ਹੋਇ ਕਿਰਸਾਣੁ ਈਮਾਨੁ ਜੰਮਾਇ ਲੈ ਭਿਸਤੁ ਦੋਜਕੁ ਮੂੜੇ ਏਵ ਜਾਣੀ ॥੧॥ (24-2)
होइ किरसाणु ईमानु जंमाइ लै भिसतु दोजकु मूड़े एव जाणी ॥१॥

ਮਤੁ ਜਾਣ ਸਹਿ ਗਲੀ ਪਾਇਆ ॥ (24-2)
मतु जाण सहि गली पाइआ ॥

ਮਾਲ ਕੈ ਮਾਣੈ ਰੂਪ ਕੀ ਸੋਭਾ ਇਤੁ ਬਿਧੀ ਜਨਮੁ ਗਵਾਇਆ ॥੧॥ ਰਹਾਉ ॥ (24-3)
माल कै माणै रूप की सोभा इतु बिधी जनमु गवाइआ ॥१॥ रहाउ ॥

ਐਬ ਤਨਿ ਚਿਕੜੋ ਇਹੁ ਮਨੁ ਮੀਡਕੋ ਕਮਲ ਕੀ ਸਾਰ ਨਹੀ ਮੂਲਿ ਪਾਈ ॥ (24-3)
ऐब तनि चिकड़ो इहु मनु मीडको कमल की सार नही मूलि पाई ॥

ਭਉਰੁ ਉਸਤਾਦੁ ਨਿਤ ਭਾਖਿਆ ਬੋਲੇ ਕਿਉ ਬੂਝੈ ਜਾ ਨਹ ਬੁਝਾਈ ॥੨॥ (24-4)
भउरु उसतादु नित भाखिआ बोले किउ बूझै जा नह बुझाई ॥२॥

ਆਖਣੁ ਸੁਨਣਾ ਪਉਣ ਕੀ ਬਾਣੀ ਇਹੁ ਮਨੁ ਰਤਾ ਮਾਇਆ ॥ (24-5)
आखणु सुनणा पउण की बाणी इहु मनु रता माइआ ॥

ਖਸਮ ਕੀ ਨਦਰਿ ਦਿਲਹਿ ਪਸਿੰਦੇ ਜਿਨੀ ਕਰਿ ਏਕੁ ਧਿਆਇਆ ॥੩॥ (24-5)
खसम की नदरि दिलहि पसिंदे जिनी करि एकु धिआइआ ॥३॥

ਤੀਹ ਕਰਿ ਰਖੇ ਪੰਜ ਕਰਿ ਸਾਥੀ ਨਾਉ ਸੈਤਾਨੁ ਮਤੁ ਕਟਿ ਜਾਈ ॥ (24-6)
तीह करि रखे पंज करि साथी नाउ सैतानु मतु कटि जाई ॥

ਨਾਨਕੁ ਆਖੈ ਰਾਹਿ ਪੈ ਚਲਣਾ ਮਾਲੁ ਧਨੁ ਕਿਤ ਕੂ ਸੰਜਿਆਹੀ ॥੪॥੨੭॥ (24-6)
नानकु आखै राहि पै चलणा मालु धनु कित कू संजिआही ॥४॥२७॥

ਸਿਰੀਰਾਗੁ ਮਹਲਾ ੧ ਘਰੁ ੪ ॥ (24-7)
सिरीरागु महला १ घरु ४ ॥

ਸੋਈ ਮਉਲਾ ਜਿਨਿ ਜਗੁ ਮਉਲਿਆ ਹਰਿਆ ਕੀਆ ਸੰਸਾਰੋ ॥ (24-7)
सोई मउला जिनि जगु मउलिआ हरिआ कीआ संसारो ॥

ਆਬ ਖਾਕੁ ਜਿਨਿ ਬੰਧਿ ਰਹਾਈ ਧੰਨੁ ਸਿਰਜਣਹਾਰੋ ॥੧॥ (24-8)
आब खाकु जिनि बंधि रहाई धंनु सिरजणहारो ॥१॥

ਮਰਣਾ ਮੁਲਾ ਮਰਣਾ ॥ (24-8)
मरणा मुला मरणा ॥

ਭੀ ਕਰਤਾਰਹੁ ਡਰਣਾ ॥੧॥ ਰਹਾਉ ॥ (24-9)
भी करतारहु डरणा ॥१॥ रहाउ ॥

ਤਾ ਤੂ ਮੁਲਾ ਤਾ ਤੂ ਕਾਜੀ ਜਾਣਹਿ ਨਾਮੁ ਖੁਦਾਈ ॥ (24-9)
ता तू मुला ता तू काजी जाणहि नामु खुदाई ॥

ਜੇ ਬਹੁਤੇਰਾ ਪੜਿਆ ਹੋਵਹਿ ਕੋ ਰਹੈ ਨ ਭਰੀਐ ਪਾਈ ॥੨॥ (24-9)
जे बहुतेरा पड़िआ होवहि को रहै न भरीऐ पाई ॥२॥

ਸੋਈ ਕਾਜੀ ਜਿਨਿ ਆਪੁ ਤਜਿਆ ਇਕੁ ਨਾਮੁ ਕੀਆ ਆਧਾਰੋ ॥ (24-10)
सोई काजी जिनि आपु तजिआ इकु नामु कीआ आधारो ॥

ਹੈ ਭੀ ਹੋਸੀ ਜਾਇ ਨ ਜਾਸੀ ਸਚਾ ਸਿਰਜਣਹਾਰੋ ॥੩॥ (24-11)
है भी होसी जाइ न जासी सचा सिरजणहारो ॥३॥

ਪੰਜ ਵਖਤ ਨਿਵਾਜ ਗੁਜਾਰਹਿ ਪੜਹਿ ਕਤੇਬ ਕੁਰਾਣਾ ॥ (24-11)
पंज वखत निवाज गुजारहि पड़हि कतेब कुराणा ॥

ਨਾਨਕੁ ਆਖੈ ਗੋਰ ਸਦੇਈ ਰਹਿਓ ਪੀਣਾ ਖਾਣਾ ॥੪॥੨੮॥ (24-12)
नानकु आखै गोर सदेई रहिओ पीणा खाणा ॥४॥२८॥

ਸਿਰੀਰਾਗੁ ਮਹਲਾ ੧ ਘਰੁ ੪ ॥ (24-12)
सिरीरागु महला १ घरु ४ ॥

ਏਕੁ ਸੁਆਨੁ ਦੁਇ ਸੁਆਨੀ ਨਾਲਿ ॥ (24-13)
एकु सुआनु दुइ सुआनी नालि ॥

ਭਲਕੇ ਭਉਕਹਿ ਸਦਾ ਬਇਆਲਿ ॥ (24-13)
भलके भउकहि सदा बइआलि ॥

ਕੂੜੁ ਛੁਰਾ ਮੁਠਾ ਮੁਰਦਾਰੁ ॥ (24-13)
कूड़ु छुरा मुठा मुरदारु ॥

ਧਾਣਕ ਰੂਪਿ ਰਹਾ ਕਰਤਾਰ ॥੧॥ (24-13)
धाणक रूपि रहा करतार ॥१॥

ਮੈ ਪਤਿ ਕੀ ਪੰਦਿ ਨ ਕਰਣੀ ਕੀ ਕਾਰ ॥ (24-14)
मै पति की पंदि न करणी की कार ॥

ਹਉ ਬਿਗੜੈ ਰੂਪਿ ਰਹਾ ਬਿਕਰਾਲ ॥ (24-14)
हउ बिगड़ै रूपि रहा बिकराल ॥

ਤੇਰਾ ਏਕੁ ਨਾਮੁ ਤਾਰੇ ਸੰਸਾਰੁ ॥ (24-15)
तेरा एकु नामु तारे संसारु ॥

ਮੈ ਏਹਾ ਆਸ ਏਹੋ ਆਧਾਰੁ ॥੧॥ ਰਹਾਉ ॥ (24-15)
मै एहा आस एहो आधारु ॥१॥ रहाउ ॥

ਮੁਖਿ ਨਿੰਦਾ ਆਖਾ ਦਿਨੁ ਰਾਤਿ ॥ (24-15)
मुखि निंदा आखा दिनु राति ॥

ਪਰ ਘਰੁ ਜੋਹੀ ਨੀਚ ਸਨਾਤਿ ॥ (24-15)
पर घरु जोही नीच सनाति ॥

ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ ॥ (24-16)
कामु क्रोधु तनि वसहि चंडाल ॥

ਧਾਣਕ ਰੂਪਿ ਰਹਾ ਕਰਤਾਰ ॥੨॥ (24-16)
धाणक रूपि रहा करतार ॥२॥

ਫਾਹੀ ਸੁਰਤਿ ਮਲੂਕੀ ਵੇਸੁ ॥ (24-16)
फाही सुरति मलूकी वेसु ॥

ਹਉ ਠਗਵਾੜਾ ਠਗੀ ਦੇਸੁ ॥ (24-17)
हउ ठगवाड़ा ठगी देसु ॥

ਖਰਾ ਸਿਆਣਾ ਬਹੁਤਾ ਭਾਰੁ ॥ (24-17)
खरा सिआणा बहुता भारु ॥

ਧਾਣਕ ਰੂਪਿ ਰਹਾ ਕਰਤਾਰ ॥੩॥ (24-17)
धाणक रूपि रहा करतार ॥३॥

ਮੈ ਕੀਤਾ ਨ ਜਾਤਾ ਹਰਾਮਖੋਰੁ ॥ (24-17)
मै कीता न जाता हरामखोरु ॥

ਹਉ ਕਿਆ ਮੁਹੁ ਦੇਸਾ ਦੁਸਟੁ ਚੋਰੁ ॥ (24-18)
हउ किआ मुहु देसा दुसटु चोरु ॥

ਨਾਨਕੁ ਨੀਚੁ ਕਹੈ ਬੀਚਾਰੁ ॥ (24-18)
नानकु नीचु कहै बीचारु ॥

ਧਾਣਕ ਰੂਪਿ ਰਹਾ ਕਰਤਾਰ ॥੪॥੨੯॥ (24-18)
धाणक रूपि रहा करतार ॥४॥२९॥

ਸਿਰੀਰਾਗੁ ਮਹਲਾ ੧ ਘਰੁ ੪ ॥ (24-19)
सिरीरागु महला १ घरु ४ ॥

ਏਕਾ ਸੁਰਤਿ ਜੇਤੇ ਹੈ ਜੀਅ ॥ (24-19)
एका सुरति जेते है जीअ ॥

ਸੁਰਤਿ ਵਿਹੂਣਾ ਕੋਇ ਨ ਕੀਅ ॥ (24-19)
सुरति विहूणा कोइ न कीअ ॥

ਜੇਹੀ ਸੁਰਤਿ ਤੇਹਾ ਤਿਨ ਰਾਹੁ ॥ (25-1)
जेही सुरति तेहा तिन राहु ॥

ਲੇਖਾ ਇਕੋ ਆਵਹੁ ਜਾਹੁ ॥੧॥ (25-1)
लेखा इको आवहु जाहु ॥१॥

ਕਾਹੇ ਜੀਅ ਕਰਹਿ ਚਤੁਰਾਈ ॥ (25-1)
काहे जीअ करहि चतुराई ॥

ਲੇਵੈ ਦੇਵੈ ਢਿਲ ਨ ਪਾਈ ॥੧॥ ਰਹਾਉ ॥ (25-1)
लेवै देवै ढिल न पाई ॥१॥ रहाउ ॥

ਤੇਰੇ ਜੀਅ ਜੀਆ ਕਾ ਤੋਹਿ ॥ (25-2)
तेरे जीअ जीआ का तोहि ॥

ਕਿਤ ਕਉ ਸਾਹਿਬ ਆਵਹਿ ਰੋਹਿ ॥ (25-2)
कित कउ साहिब आवहि रोहि ॥

ਜੇ ਤੂ ਸਾਹਿਬ ਆਵਹਿ ਰੋਹਿ ॥ (25-2)
जे तू साहिब आवहि रोहि ॥

ਤੂ ਓਨਾ ਕਾ ਤੇਰੇ ਓਹਿ ॥੨॥ (25-3)
तू ओना का तेरे ओहि ॥२॥

ਅਸੀ ਬੋਲਵਿਗਾੜ ਵਿਗਾੜਹ ਬੋਲ ॥ (25-3)
असी बोलविगाड़ विगाड़ह बोल ॥

ਤੂ ਨਦਰੀ ਅੰਦਰਿ ਤੋਲਹਿ ਤੋਲ ॥ (25-3)
तू नदरी अंदरि तोलहि तोल ॥

ਜਹ ਕਰਣੀ ਤਹ ਪੂਰੀ ਮਤਿ ॥ (25-3)
जह करणी तह पूरी मति ॥

ਕਰਣੀ ਬਾਝਹੁ ਘਟੇ ਘਟਿ ॥੩॥ (25-4)
करणी बाझहु घटे घटि ॥३॥

ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ ॥ (25-4)
प्रणवति नानक गिआनी कैसा होइ ॥

ਆਪੁ ਪਛਾਣੈ ਬੂਝੈ ਸੋਇ ॥ (25-4)
आपु पछाणै बूझै सोइ ॥

ਗੁਰ ਪਰਸਾਦਿ ਕਰੇ ਬੀਚਾਰੁ ॥ (25-5)
गुर परसादि करे बीचारु ॥

ਸੋ ਗਿਆਨੀ ਦਰਗਹ ਪਰਵਾਣੁ ॥੪॥੩੦॥ (25-5)
सो गिआनी दरगह परवाणु ॥४॥३०॥

ਸਿਰੀਰਾਗੁ ਮਹਲਾ ੧ ਘਰੁ ੪ ॥ (25-5)
सिरीरागु महला १ घरु ४ ॥

ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ ॥ (25-6)
तू दरीआउ दाना बीना मै मछुली कैसे अंतु लहा ॥

ਜਹ ਜਹ ਦੇਖਾ ਤਹ ਤਹ ਤੂ ਹੈ ਤੁਝ ਤੇ ਨਿਕਸੀ ਫੂਟਿ ਮਰਾ ॥੧॥ (25-6)
जह जह देखा तह तह तू है तुझ ते निकसी फूटि मरा ॥१॥

ਨ ਜਾਣਾ ਮੇਉ ਨ ਜਾਣਾ ਜਾਲੀ ॥ (25-7)
न जाणा मेउ न जाणा जाली ॥

ਜਾ ਦੁਖੁ ਲਾਗੈ ਤਾ ਤੁਝੈ ਸਮਾਲੀ ॥੧॥ ਰਹਾਉ ॥ (25-7)
जा दुखु लागै ता तुझै समाली ॥१॥ रहाउ ॥

ਤੂ ਭਰਪੂਰਿ ਜਾਨਿਆ ਮੈ ਦੂਰਿ ॥ (25-8)
तू भरपूरि जानिआ मै दूरि ॥

ਜੋ ਕਛੁ ਕਰੀ ਸੁ ਤੇਰੈ ਹਦੂਰਿ ॥ (25-8)
जो कछु करी सु तेरै हदूरि ॥

ਤੂ ਦੇਖਹਿ ਹਉ ਮੁਕਰਿ ਪਾਉ ॥ (25-8)
तू देखहि हउ मुकरि पाउ ॥

ਤੇਰੈ ਕੰਮਿ ਨ ਤੇਰੈ ਨਾਇ ॥੨॥ (25-8)
तेरै कंमि न तेरै नाइ ॥२॥

ਜੇਤਾ ਦੇਹਿ ਤੇਤਾ ਹਉ ਖਾਉ ॥ (25-9)
जेता देहि तेता हउ खाउ ॥

ਬਿਆ ਦਰੁ ਨਾਹੀ ਕੈ ਦਰਿ ਜਾਉ ॥ (25-9)
बिआ दरु नाही कै दरि जाउ ॥

ਨਾਨਕੁ ਏਕ ਕਹੈ ਅਰਦਾਸਿ ॥ (25-9)
नानकु एक कहै अरदासि ॥

ਜੀਉ ਪਿੰਡੁ ਸਭੁ ਤੇਰੈ ਪਾਸਿ ॥੩॥ (25-10)
जीउ पिंडु सभु तेरै पासि ॥३॥

ਆਪੇ ਨੇੜੈ ਦੂਰਿ ਆਪੇ ਹੀ ਆਪੇ ਮੰਝਿ ਮਿਆਨੁੋ ॥ (25-10)
आपे नेड़ै दूरि आपे ही आपे मंझि मिआनुो ॥

ਆਪੇ ਵੇਖੈ ਸੁਣੇ ਆਪੇ ਹੀ ਕੁਦਰਤਿ ਕਰੇ ਜਹਾਨੁੋ ॥ (25-10)
आपे वेखै सुणे आपे ही कुदरति करे जहानुो ॥

ਜੋ ਤਿਸੁ ਭਾਵੈ ਨਾਨਕਾ ਹੁਕਮੁ ਸੋਈ ਪਰਵਾਨੁੋ ॥੪॥੩੧॥ (25-11)
जो तिसु भावै नानका हुकमु सोई परवानुो ॥४॥३१॥

ਸਿਰੀਰਾਗੁ ਮਹਲਾ ੧ ਘਰੁ ੪ ॥ (25-11)
सिरीरागु महला १ घरु ४ ॥

ਕੀਤਾ ਕਹਾ ਕਰੇ ਮਨਿ ਮਾਨੁ ॥ (25-12)
कीता कहा करे मनि मानु ॥

ਦੇਵਣਹਾਰੇ ਕੈ ਹਥਿ ਦਾਨੁ ॥ (25-12)
देवणहारे कै हथि दानु ॥

ਭਾਵੈ ਦੇਇ ਨ ਦੇਈ ਸੋਇ ॥ (25-12)
भावै देइ न देई सोइ ॥

ਕੀਤੇ ਕੈ ਕਹਿਐ ਕਿਆ ਹੋਇ ॥੧॥ (25-12)
कीते कै कहिऐ किआ होइ ॥१॥

ਆਪੇ ਸਚੁ ਭਾਵੈ ਤਿਸੁ ਸਚੁ ॥ (25-13)
आपे सचु भावै तिसु सचु ॥

ਅੰਧਾ ਕਚਾ ਕਚੁ ਨਿਕਚੁ ॥੧॥ ਰਹਾਉ ॥ (25-13)
अंधा कचा कचु निकचु ॥१॥ रहाउ ॥

ਜਾ ਕੇ ਰੁਖ ਬਿਰਖ ਆਰਾਉ ॥ (25-13)
जा के रुख बिरख आराउ ॥

ਜੇਹੀ ਧਾਤੁ ਤੇਹਾ ਤਿਨ ਨਾਉ ॥ (25-14)
जेही धातु तेहा तिन नाउ ॥

ਫੁਲੁ ਭਾਉ ਫਲੁ ਲਿਖਿਆ ਪਾਇ ॥ (25-14)
फुलु भाउ फलु लिखिआ पाइ ॥

ਆਪਿ ਬੀਜਿ ਆਪੇ ਹੀ ਖਾਇ ॥੨॥ (25-14)
आपि बीजि आपे ही खाइ ॥२॥

ਕਚੀ ਕੰਧ ਕਚਾ ਵਿਚਿ ਰਾਜੁ ॥ (25-14)
कची कंध कचा विचि राजु ॥

ਮਤਿ ਅਲੂਣੀ ਫਿਕਾ ਸਾਦੁ ॥ (25-15)
मति अलूणी फिका सादु ॥

ਨਾਨਕ ਆਣੇ ਆਵੈ ਰਾਸਿ ॥ (25-15)
नानक आणे आवै रासि ॥

ਵਿਣੁ ਨਾਵੈ ਨਾਹੀ ਸਾਬਾਸਿ ॥੩॥੩੨॥ (25-15)
विणु नावै नाही साबासि ॥३॥३२॥

ਸਿਰੀਰਾਗੁ ਮਹਲਾ ੧ ਘਰੁ ੫ ॥ (25-16)
सिरीरागु महला १ घरु ५ ॥

ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ ॥ (25-16)
अछल छलाई नह छलै नह घाउ कटारा करि सकै ॥

ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲ ਪਲੈ ॥੧॥ (25-16)
जिउ साहिबु राखै तिउ रहै इसु लोभी का जीउ टल पलै ॥१॥

ਬਿਨੁ ਤੇਲ ਦੀਵਾ ਕਿਉ ਜਲੈ ॥੧॥ ਰਹਾਉ ॥ (25-17)
बिनु तेल दीवा किउ जलै ॥१॥ रहाउ ॥

ਪੋਥੀ ਪੁਰਾਣ ਕਮਾਈਐ ॥ (25-18)
पोथी पुराण कमाईऐ ॥

ਭਉ ਵਟੀ ਇਤੁ ਤਨਿ ਪਾਈਐ ॥ (25-18)
भउ वटी इतु तनि पाईऐ ॥

ਸਚੁ ਬੂਝਣੁ ਆਣਿ ਜਲਾਈਐ ॥੨॥ (25-18)
सचु बूझणु आणि जलाईऐ ॥२॥

ਇਹੁ ਤੇਲੁ ਦੀਵਾ ਇਉ ਜਲੈ ॥ (25-18)
इहु तेलु दीवा इउ जलै ॥

ਕਰਿ ਚਾਨਣੁ ਸਾਹਿਬ ਤਉ ਮਿਲੈ ॥੧॥ ਰਹਾਉ ॥ (25-19)
करि चानणु साहिब तउ मिलै ॥१॥ रहाउ ॥

ਇਤੁ ਤਨਿ ਲਾਗੈ ਬਾਣੀਆ ॥ (25-19)
इतु तनि लागै बाणीआ ॥

ਸੁਖੁ ਹੋਵੈ ਸੇਵ ਕਮਾਣੀਆ ॥ (25-19)
सुखु होवै सेव कमाणीआ ॥

ਸਭ ਦੁਨੀਆ ਆਵਣ ਜਾਣੀਆ ॥੩॥ (26-1)
सभ दुनीआ आवण जाणीआ ॥३॥

ਵਿਚਿ ਦੁਨੀਆ ਸੇਵ ਕਮਾਈਐ ॥ (26-1)
विचि दुनीआ सेव कमाईऐ ॥

ਤਾ ਦਰਗਹ ਬੈਸਣੁ ਪਾਈਐ ॥ (26-1)
ता दरगह बैसणु पाईऐ ॥

ਕਹੁ ਨਾਨਕ ਬਾਹ ਲੁਡਾਈਐ ॥੪॥੩੩॥ (26-2)
कहु नानक बाह लुडाईऐ ॥४॥३३॥

ਸਿਰੀਰਾਗੁ ਮਹਲਾ ੩ ਘਰੁ ੧ (26-3)
सिरीरागु महला ३ घरु १

ੴ ਸਤਿਗੁਰ ਪ੍ਰਸਾਦਿ ॥ (26-3)
ੴ सतिगुर प्रसादि ॥

ਹਉ ਸਤਿਗੁਰੁ ਸੇਵੀ ਆਪਣਾ ਇਕ ਮਨਿ ਇਕ ਚਿਤਿ ਭਾਇ ॥ (26-4)
हउ सतिगुरु सेवी आपणा इक मनि इक चिति भाइ ॥

ਸਤਿਗੁਰੁ ਮਨ ਕਾਮਨਾ ਤੀਰਥੁ ਹੈ ਜਿਸ ਨੋ ਦੇਇ ਬੁਝਾਇ ॥ (26-4)
सतिगुरु मन कामना तीरथु है जिस नो देइ बुझाइ ॥

ਮਨ ਚਿੰਦਿਆ ਵਰੁ ਪਾਵਣਾ ਜੋ ਇਛੈ ਸੋ ਫਲੁ ਪਾਇ ॥ (26-5)
मन चिंदिआ वरु पावणा जो इछै सो फलु पाइ ॥

ਨਾਉ ਧਿਆਈਐ ਨਾਉ ਮੰਗੀਐ ਨਾਮੇ ਸਹਜਿ ਸਮਾਇ ॥੧॥ (26-5)
नाउ धिआईऐ नाउ मंगीऐ नामे सहजि समाइ ॥१॥

ਮਨ ਮੇਰੇ ਹਰਿ ਰਸੁ ਚਾਖੁ ਤਿਖ ਜਾਇ ॥ (26-6)
मन मेरे हरि रसु चाखु तिख जाइ ॥

ਜਿਨੀ ਗੁਰਮੁਖਿ ਚਾਖਿਆ ਸਹਜੇ ਰਹੇ ਸਮਾਇ ॥੧॥ ਰਹਾਉ ॥ (26-6)
जिनी गुरमुखि चाखिआ सहजे रहे समाइ ॥१॥ रहाउ ॥

ਜਿਨੀ ਸਤਿਗੁਰੁ ਸੇਵਿਆ ਤਿਨੀ ਪਾਇਆ ਨਾਮੁ ਨਿਧਾਨੁ ॥ (26-7)
जिनी सतिगुरु सेविआ तिनी पाइआ नामु निधानु ॥

ਅੰਤਰਿ ਹਰਿ ਰਸੁ ਰਵਿ ਰਹਿਆ ਚੂਕਾ ਮਨਿ ਅਭਿਮਾਨੁ ॥ (26-7)
अंतरि हरि रसु रवि रहिआ चूका मनि अभिमानु ॥

ਹਿਰਦੈ ਕਮਲੁ ਪ੍ਰਗਾਸਿਆ ਲਾਗਾ ਸਹਜਿ ਧਿਆਨੁ ॥ (26-8)
हिरदै कमलु प्रगासिआ लागा सहजि धिआनु ॥

ਮਨੁ ਨਿਰਮਲੁ ਹਰਿ ਰਵਿ ਰਹਿਆ ਪਾਇਆ ਦਰਗਹਿ ਮਾਨੁ ॥੨॥ (26-8)
मनु निरमलु हरि रवि रहिआ पाइआ दरगहि मानु ॥२॥

ਸਤਿਗੁਰੁ ਸੇਵਨਿ ਆਪਣਾ ਤੇ ਵਿਰਲੇ ਸੰਸਾਰਿ ॥ (26-9)
सतिगुरु सेवनि आपणा ते विरले संसारि ॥

ਹਉਮੈ ਮਮਤਾ ਮਾਰਿ ਕੈ ਹਰਿ ਰਾਖਿਆ ਉਰ ਧਾਰਿ ॥ (26-10)
हउमै ममता मारि कै हरि राखिआ उर धारि ॥

ਹਉ ਤਿਨ ਕੈ ਬਲਿਹਾਰਣੈ ਜਿਨਾ ਨਾਮੇ ਲਗਾ ਪਿਆਰੁ ॥ (26-10)
हउ तिन कै बलिहारणै जिना नामे लगा पिआरु ॥

ਸੇਈ ਸੁਖੀਏ ਚਹੁ ਜੁਗੀ ਜਿਨਾ ਨਾਮੁ ਅਖੁਟੁ ਅਪਾਰੁ ॥੩॥ (26-11)
सेई सुखीए चहु जुगी जिना नामु अखुटु अपारु ॥३॥

ਗੁਰ ਮਿਲਿਐ ਨਾਮੁ ਪਾਈਐ ਚੂਕੈ ਮੋਹ ਪਿਆਸ ॥ (26-11)
गुर मिलिऐ नामु पाईऐ चूकै मोह पिआस ॥

ਹਰਿ ਸੇਤੀ ਮਨੁ ਰਵਿ ਰਹਿਆ ਘਰ ਹੀ ਮਾਹਿ ਉਦਾਸੁ ॥ (26-11)
हरि सेती मनु रवि रहिआ घर ही माहि उदासु ॥

ਜਿਨਾ ਹਰਿ ਕਾ ਸਾਦੁ ਆਇਆ ਹਉ ਤਿਨ ਬਲਿਹਾਰੈ ਜਾਸੁ ॥ (26-12)
जिना हरि का सादु आइआ हउ तिन बलिहारै जासु ॥

ਨਾਨਕ ਨਦਰੀ ਪਾਈਐ ਸਚੁ ਨਾਮੁ ਗੁਣਤਾਸੁ ॥੪॥੧॥੩੪॥ (26-13)
नानक नदरी पाईऐ सचु नामु गुणतासु ॥४॥१॥३४॥

ਸਿਰੀਰਾਗੁ ਮਹਲਾ ੩ ॥ (26-13)
सिरीरागु महला ३ ॥

ਬਹੁ ਭੇਖ ਕਰਿ ਭਰਮਾਈਐ ਮਨਿ ਹਿਰਦੈ ਕਪਟੁ ਕਮਾਇ ॥ (26-13)
बहु भेख करि भरमाईऐ मनि हिरदै कपटु कमाइ ॥

ਹਰਿ ਕਾ ਮਹਲੁ ਨ ਪਾਵਈ ਮਰਿ ਵਿਸਟਾ ਮਾਹਿ ਸਮਾਇ ॥੧॥ (26-14)
हरि का महलु न पावई मरि विसटा माहि समाइ ॥१॥

ਮਨ ਰੇ ਗ੍ਰਿਹ ਹੀ ਮਾਹਿ ਉਦਾਸੁ ॥ (26-14)
मन रे ग्रिह ही माहि उदासु ॥

ਸਚੁ ਸੰਜਮੁ ਕਰਣੀ ਸੋ ਕਰੇ ਗੁਰਮੁਖਿ ਹੋਇ ਪਰਗਾਸੁ ॥੧॥ ਰਹਾਉ ॥ (26-15)
सचु संजमु करणी सो करे गुरमुखि होइ परगासु ॥१॥ रहाउ ॥

ਗੁਰ ਕੈ ਸਬਦਿ ਮਨੁ ਜੀਤਿਆ ਗਤਿ ਮੁਕਤਿ ਘਰੈ ਮਹਿ ਪਾਇ ॥ (26-15)
गुर कै सबदि मनु जीतिआ गति मुकति घरै महि पाइ ॥

ਹਰਿ ਕਾ ਨਾਮੁ ਧਿਆਈਐ ਸਤਸੰਗਤਿ ਮੇਲਿ ਮਿਲਾਇ ॥੨॥ (26-16)
हरि का नामु धिआईऐ सतसंगति मेलि मिलाइ ॥२॥

ਜੇ ਲਖ ਇਸਤਰੀਆ ਭੋਗ ਕਰਹਿ ਨਵ ਖੰਡ ਰਾਜੁ ਕਮਾਹਿ ॥ (26-16)
जे लख इसतरीआ भोग करहि नव खंड राजु कमाहि ॥

ਬਿਨੁ ਸਤਗੁਰ ਸੁਖੁ ਨ ਪਾਵਈ ਫਿਰਿ ਫਿਰਿ ਜੋਨੀ ਪਾਹਿ ॥੩॥ (26-17)
बिनु सतगुर सुखु न पावई फिरि फिरि जोनी पाहि ॥३॥

ਹਰਿ ਹਾਰੁ ਕੰਠਿ ਜਿਨੀ ਪਹਿਰਿਆ ਗੁਰ ਚਰਣੀ ਚਿਤੁ ਲਾਇ ॥ (26-18)
हरि हारु कंठि जिनी पहिरिआ गुर चरणी चितु लाइ ॥

ਤਿਨਾ ਪਿਛੈ ਰਿਧਿ ਸਿਧਿ ਫਿਰੈ ਓਨਾ ਤਿਲੁ ਨ ਤਮਾਇ ॥੪॥ (26-18)
तिना पिछै रिधि सिधि फिरै ओना तिलु न तमाइ ॥४॥

ਜੋ ਪ੍ਰਭ ਭਾਵੈ ਸੋ ਥੀਐ ਅਵਰੁ ਨ ਕਰਣਾ ਜਾਇ ॥ (26-19)
जो प्रभ भावै सो थीऐ अवरु न करणा जाइ ॥

ਜਨੁ ਨਾਨਕੁ ਜੀਵੈ ਨਾਮੁ ਲੈ ਹਰਿ ਦੇਵਹੁ ਸਹਜਿ ਸੁਭਾਇ ॥੫॥੨॥੩੫॥ (26-19)
जनु नानकु जीवै नामु लै हरि देवहु सहजि सुभाइ ॥५॥२॥३५॥

ਸਿਰੀਰਾਗੁ ਮਹਲਾ ੩ ਘਰੁ ੧ ॥ (27-1)
सिरीरागु महला ३ घरु १ ॥

ਜਿਸ ਹੀ ਕੀ ਸਿਰਕਾਰ ਹੈ ਤਿਸ ਹੀ ਕਾ ਸਭੁ ਕੋਇ ॥ (27-1)
जिस ही की सिरकार है तिस ही का सभु कोइ ॥

ਗੁਰਮੁਖਿ ਕਾਰ ਕਮਾਵਣੀ ਸਚੁ ਘਟਿ ਪਰਗਟੁ ਹੋਇ ॥ (27-2)
गुरमुखि कार कमावणी सचु घटि परगटु होइ ॥

ਅੰਤਰਿ ਜਿਸ ਕੈ ਸਚੁ ਵਸੈ ਸਚੇ ਸਚੀ ਸੋਇ ॥ (27-2)
अंतरि जिस कै सचु वसै सचे सची सोइ ॥

ਸਚਿ ਮਿਲੇ ਸੇ ਨ ਵਿਛੁੜਹਿ ਤਿਨ ਨਿਜ ਘਰਿ ਵਾਸਾ ਹੋਇ ॥੧॥ (27-2)
सचि मिले से न विछुड़हि तिन निज घरि वासा होइ ॥१॥

ਮੇਰੇ ਰਾਮ ਮੈ ਹਰਿ ਬਿਨੁ ਅਵਰੁ ਨ ਕੋਇ ॥ (27-3)
मेरे राम मै हरि बिनु अवरु न कोइ ॥

ਸਤਗੁਰੁ ਸਚੁ ਪ੍ਰਭੁ ਨਿਰਮਲਾ ਸਬਦਿ ਮਿਲਾਵਾ ਹੋਇ ॥੧॥ ਰਹਾਉ ॥ (27-3)
सतगुरु सचु प्रभु निरमला सबदि मिलावा होइ ॥१॥ रहाउ ॥

ਸਬਦਿ ਮਿਲੈ ਸੋ ਮਿਲਿ ਰਹੈ ਜਿਸ ਨਉ ਆਪੇ ਲਏ ਮਿਲਾਇ ॥ (27-4)
सबदि मिलै सो मिलि रहै जिस नउ आपे लए मिलाइ ॥

ਦੂਜੈ ਭਾਇ ਕੋ ਨਾ ਮਿਲੈ ਫਿਰਿ ਫਿਰਿ ਆਵੈ ਜਾਇ ॥ (27-5)
दूजै भाइ को ना मिलै फिरि फिरि आवै जाइ ॥

ਸਭ ਮਹਿ ਇਕੁ ਵਰਤਦਾ ਏਕੋ ਰਹਿਆ ਸਮਾਇ ॥ (27-5)
सभ महि इकु वरतदा एको रहिआ समाइ ॥

ਜਿਸ ਨਉ ਆਪਿ ਦਇਆਲੁ ਹੋਇ ਸੋ ਗੁਰਮੁਖਿ ਨਾਮਿ ਸਮਾਇ ॥੨॥ (27-6)
जिस नउ आपि दइआलु होइ सो गुरमुखि नामि समाइ ॥२॥

ਪੜਿ ਪੜਿ ਪੰਡਿਤ ਜੋਤਕੀ ਵਾਦ ਕਰਹਿ ਬੀਚਾਰੁ ॥ (27-6)
पड़ि पड़ि पंडित जोतकी वाद करहि बीचारु ॥

ਮਤਿ ਬੁਧਿ ਭਵੀ ਨ ਬੁਝਈ ਅੰਤਰਿ ਲੋਭ ਵਿਕਾਰੁ ॥ (27-7)
मति बुधि भवी न बुझई अंतरि लोभ विकारु ॥

ਲਖ ਚਉਰਾਸੀਹ ਭਰਮਦੇ ਭ੍ਰਮਿ ਭ੍ਰਮਿ ਹੋਇ ਖੁਆਰੁ ॥ (27-7)
लख चउरासीह भरमदे भ्रमि भ्रमि होइ खुआरु ॥

ਪੂਰਬਿ ਲਿਖਿਆ ਕਮਾਵਣਾ ਕੋਇ ਨ ਮੇਟਣਹਾਰੁ ॥੩॥ (27-8)
पूरबि लिखिआ कमावणा कोइ न मेटणहारु ॥३॥

ਸਤਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥ (27-8)
सतगुर की सेवा गाखड़ी सिरु दीजै आपु गवाइ ॥

ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭ ਥਾਇ ॥ (27-9)
सबदि मिलहि ता हरि मिलै सेवा पवै सभ थाइ ॥

ਪਾਰਸਿ ਪਰਸਿਐ ਪਾਰਸੁ ਹੋਇ ਜੋਤੀ ਜੋਤਿ ਸਮਾਇ ॥ (27-9)
पारसि परसिऐ पारसु होइ जोती जोति समाइ ॥

ਜਿਨ ਕਉ ਪੂਰਬਿ ਲਿਖਿਆ ਤਿਨ ਸਤਗੁਰੁ ਮਿਲਿਆ ਆਇ ॥੪॥ (27-10)
जिन कउ पूरबि लिखिआ तिन सतगुरु मिलिआ आइ ॥४॥

ਮਨ ਭੁਖਾ ਭੁਖਾ ਮਤ ਕਰਹਿ ਮਤ ਤੂ ਕਰਹਿ ਪੂਕਾਰ ॥ (27-10)
मन भुखा भुखा मत करहि मत तू करहि पूकार ॥

ਲਖ ਚਉਰਾਸੀਹ ਜਿਨਿ ਸਿਰੀ ਸਭਸੈ ਦੇਇ ਅਧਾਰੁ ॥ (27-11)
लख चउरासीह जिनि सिरी सभसै देइ अधारु ॥

ਨਿਰਭਉ ਸਦਾ ਦਇਆਲੁ ਹੈ ਸਭਨਾ ਕਰਦਾ ਸਾਰ ॥ (27-11)
निरभउ सदा दइआलु है सभना करदा सार ॥

ਨਾਨਕ ਗੁਰਮੁਖਿ ਬੁਝੀਐ ਪਾਈਐ ਮੋਖ ਦੁਆਰੁ ॥੫॥੩॥੩੬॥ (27-12)
नानक गुरमुखि बुझीऐ पाईऐ मोख दुआरु ॥५॥३॥३६॥

ਸਿਰੀਰਾਗੁ ਮਹਲਾ ੩ ॥ (27-12)
सिरीरागु महला ३ ॥

ਜਿਨੀ ਸੁਣਿ ਕੈ ਮੰਨਿਆ ਤਿਨਾ ਨਿਜ ਘਰਿ ਵਾਸੁ ॥ (27-12)
जिनी सुणि कै मंनिआ तिना निज घरि वासु ॥

ਗੁਰਮਤੀ ਸਾਲਾਹਿ ਸਚੁ ਹਰਿ ਪਾਇਆ ਗੁਣਤਾਸੁ ॥ (27-13)
गुरमती सालाहि सचु हरि पाइआ गुणतासु ॥

ਸਬਦਿ ਰਤੇ ਸੇ ਨਿਰਮਲੇ ਹਉ ਸਦ ਬਲਿਹਾਰੈ ਜਾਸੁ ॥ (27-13)
सबदि रते से निरमले हउ सद बलिहारै जासु ॥

ਹਿਰਦੈ ਜਿਨ ਕੈ ਹਰਿ ਵਸੈ ਤਿਤੁ ਘਟਿ ਹੈ ਪਰਗਾਸੁ ॥੧॥ (27-14)
हिरदै जिन कै हरि वसै तितु घटि है परगासु ॥१॥

ਮਨ ਮੇਰੇ ਹਰਿ ਹਰਿ ਨਿਰਮਲੁ ਧਿਆਇ ॥ (27-14)
मन मेरे हरि हरि निरमलु धिआइ ॥

ਧੁਰਿ ਮਸਤਕਿ ਜਿਨ ਕਉ ਲਿਖਿਆ ਸੇ ਗੁਰਮੁਖਿ ਰਹੇ ਲਿਵ ਲਾਇ ॥੧॥ ਰਹਾਉ ॥ (27-15)
धुरि मसतकि जिन कउ लिखिआ से गुरमुखि रहे लिव लाइ ॥१॥ रहाउ ॥

ਹਰਿ ਸੰਤਹੁ ਦੇਖਹੁ ਨਦਰਿ ਕਰਿ ਨਿਕਟਿ ਵਸੈ ਭਰਪੂਰਿ ॥ (27-16)
हरि संतहु देखहु नदरि करि निकटि वसै भरपूरि ॥

ਗੁਰਮਤਿ ਜਿਨੀ ਪਛਾਣਿਆ ਸੇ ਦੇਖਹਿ ਸਦਾ ਹਦੂਰਿ ॥ (27-16)
गुरमति जिनी पछाणिआ से देखहि सदा हदूरि ॥

ਜਿਨ ਗੁਣ ਤਿਨ ਸਦ ਮਨਿ ਵਸੈ ਅਉਗੁਣਵੰਤਿਆ ਦੂਰਿ ॥ (27-17)
जिन गुण तिन सद मनि वसै अउगुणवंतिआ दूरि ॥

ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰਦੇ ਝੂਰਿ ॥੨॥ (27-17)
मनमुख गुण तै बाहरे बिनु नावै मरदे झूरि ॥२॥

ਜਿਨ ਸਬਦਿ ਗੁਰੂ ਸੁਣਿ ਮੰਨਿਆ ਤਿਨ ਮਨਿ ਧਿਆਇਆ ਹਰਿ ਸੋਇ ॥ (27-18)
जिन सबदि गुरू सुणि मंनिआ तिन मनि धिआइआ हरि सोइ ॥

ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ ॥ (27-18)
अनदिनु भगती रतिआ मनु तनु निरमलु होइ ॥

ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ ॥ (27-19)
कूड़ा रंगु कसु्मभ का बिनसि जाइ दुखु रोइ ॥

ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ ॥੩॥ (27-19)
जिसु अंदरि नाम प्रगासु है ओहु सदा सदा थिरु होइ ॥३॥

ਇਹੁ ਜਨਮੁ ਪਦਾਰਥੁ ਪਾਇ ਕੈ ਹਰਿ ਨਾਮੁ ਨ ਚੇਤੈ ਲਿਵ ਲਾਇ ॥ (28-1)
इहु जनमु पदारथु पाइ कै हरि नामु न चेतै लिव लाइ ॥

ਪਗਿ ਖਿਸਿਐ ਰਹਣਾ ਨਹੀ ਆਗੈ ਠਉਰੁ ਨ ਪਾਇ ॥ (28-2)
पगि खिसिऐ रहणा नही आगै ठउरु न पाइ ॥

ਓਹ ਵੇਲਾ ਹਥਿ ਨ ਆਵਈ ਅੰਤਿ ਗਇਆ ਪਛੁਤਾਇ ॥ (28-2)
ओह वेला हथि न आवई अंति गइआ पछुताइ ॥

ਜਿਸੁ ਨਦਰਿ ਕਰੇ ਸੋ ਉਬਰੈ ਹਰਿ ਸੇਤੀ ਲਿਵ ਲਾਇ ॥੪॥ (28-3)
जिसु नदरि करे सो उबरै हरि सेती लिव लाइ ॥४॥

ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ ॥ (28-3)
देखा देखी सभ करे मनमुखि बूझ न पाइ ॥

ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ ॥ (28-3)
जिन गुरमुखि हिरदा सुधु है सेव पई तिन थाइ ॥

ਹਰਿ ਗੁਣ ਗਾਵਹਿ ਹਰਿ ਨਿਤ ਪੜਹਿ ਹਰਿ ਗੁਣ ਗਾਇ ਸਮਾਇ ॥ (28-4)
हरि गुण गावहि हरि नित पड़हि हरि गुण गाइ समाइ ॥

ਨਾਨਕ ਤਿਨ ਕੀ ਬਾਣੀ ਸਦਾ ਸਚੁ ਹੈ ਜਿ ਨਾਮਿ ਰਹੇ ਲਿਵ ਲਾਇ ॥੫॥੪॥੩੭॥ (28-5)
नानक तिन की बाणी सदा सचु है जि नामि रहे लिव लाइ ॥५॥४॥३७॥

ਸਿਰੀਰਾਗੁ ਮਹਲਾ ੩ ॥ (28-5)
सिरीरागु महला ३ ॥

ਜਿਨੀ ਇਕ ਮਨਿ ਨਾਮੁ ਧਿਆਇਆ ਗੁਰਮਤੀ ਵੀਚਾਰਿ ॥ (28-6)
जिनी इक मनि नामु धिआइआ गुरमती वीचारि ॥

ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ ॥ (28-6)
तिन के मुख सद उजले तितु सचै दरबारि ॥

ਓਇ ਅੰਮ੍ਰਿਤੁ ਪੀਵਹਿ ਸਦਾ ਸਦਾ ਸਚੈ ਨਾਮਿ ਪਿਆਰਿ ॥੧॥ (28-7)
ओइ अमृतु पीवहि सदा सदा सचै नामि पिआरि ॥१॥

ਭਾਈ ਰੇ ਗੁਰਮੁਖਿ ਸਦਾ ਪਤਿ ਹੋਇ ॥ (28-7)
भाई रे गुरमुखि सदा पति होइ ॥

ਹਰਿ ਹਰਿ ਸਦਾ ਧਿਆਈਐ ਮਲੁ ਹਉਮੈ ਕਢੈ ਧੋਇ ॥੧॥ ਰਹਾਉ ॥ (28-7)
हरि हरि सदा धिआईऐ मलु हउमै कढै धोइ ॥१॥ रहाउ ॥

ਮਨਮੁਖ ਨਾਮੁ ਨ ਜਾਣਨੀ ਵਿਣੁ ਨਾਵੈ ਪਤਿ ਜਾਇ ॥ (28-8)
मनमुख नामु न जाणनी विणु नावै पति जाइ ॥

ਸਬਦੈ ਸਾਦੁ ਨ ਆਇਓ ਲਾਗੇ ਦੂਜੈ ਭਾਇ ॥ (28-9)
सबदै सादु न आइओ लागे दूजै भाइ ॥

ਵਿਸਟਾ ਕੇ ਕੀੜੇ ਪਵਹਿ ਵਿਚਿ ਵਿਸਟਾ ਸੇ ਵਿਸਟਾ ਮਾਹਿ ਸਮਾਇ ॥੨॥ (28-9)
विसटा के कीड़े पवहि विचि विसटा से विसटा माहि समाइ ॥२॥

ਤਿਨ ਕਾ ਜਨਮੁ ਸਫਲੁ ਹੈ ਜੋ ਚਲਹਿ ਸਤਗੁਰ ਭਾਇ ॥ (28-10)
तिन का जनमु सफलु है जो चलहि सतगुर भाइ ॥

ਕੁਲੁ ਉਧਾਰਹਿ ਆਪਣਾ ਧੰਨੁ ਜਣੇਦੀ ਮਾਇ ॥ (28-10)
कुलु उधारहि आपणा धंनु जणेदी माइ ॥

ਹਰਿ ਹਰਿ ਨਾਮੁ ਧਿਆਈਐ ਜਿਸ ਨਉ ਕਿਰਪਾ ਕਰੇ ਰਜਾਇ ॥੩॥ (28-11)
हरि हरि नामु धिआईऐ जिस नउ किरपा करे रजाइ ॥३॥

ਜਿਨੀ ਗੁਰਮੁਖਿ ਨਾਮੁ ਧਿਆਇਆ ਵਿਚਹੁ ਆਪੁ ਗਵਾਇ ॥ (28-11)
जिनी गुरमुखि नामु धिआइआ विचहु आपु गवाइ ॥

ਓਇ ਅੰਦਰਹੁ ਬਾਹਰਹੁ ਨਿਰਮਲੇ ਸਚੇ ਸਚਿ ਸਮਾਇ ॥ (28-12)
ओइ अंदरहु बाहरहु निरमले सचे सचि समाइ ॥

ਨਾਨਕ ਆਏ ਸੇ ਪਰਵਾਣੁ ਹਹਿ ਜਿਨ ਗੁਰਮਤੀ ਹਰਿ ਧਿਆਇ ॥੪॥੫॥੩੮॥ (28-12)
नानक आए से परवाणु हहि जिन गुरमती हरि धिआइ ॥४॥५॥३८॥

ਸਿਰੀਰਾਗੁ ਮਹਲਾ ੩ ॥ (28-13)
सिरीरागु महला ३ ॥

ਹਰਿ ਭਗਤਾ ਹਰਿ ਧਨੁ ਰਾਸਿ ਹੈ ਗੁਰ ਪੂਛਿ ਕਰਹਿ ਵਾਪਾਰੁ ॥ (28-13)
हरि भगता हरि धनु रासि है गुर पूछि करहि वापारु ॥

ਹਰਿ ਨਾਮੁ ਸਲਾਹਨਿ ਸਦਾ ਸਦਾ ਵਖਰੁ ਹਰਿ ਨਾਮੁ ਅਧਾਰੁ ॥ (28-14)
हरि नामु सलाहनि सदा सदा वखरु हरि नामु अधारु ॥

ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ਹਰਿ ਭਗਤਾ ਅਤੁਟੁ ਭੰਡਾਰੁ ॥੧॥ (28-14)
गुरि पूरै हरि नामु द्रिड़ाइआ हरि भगता अतुटु भंडारु ॥१॥

ਭਾਈ ਰੇ ਇਸੁ ਮਨ ਕਉ ਸਮਝਾਇ ॥ (28-15)
भाई रे इसु मन कउ समझाइ ॥

ਏ ਮਨ ਆਲਸੁ ਕਿਆ ਕਰਹਿ ਗੁਰਮੁਖਿ ਨਾਮੁ ਧਿਆਇ ॥੧॥ ਰਹਾਉ ॥ (28-15)
ए मन आलसु किआ करहि गुरमुखि नामु धिआइ ॥१॥ रहाउ ॥

ਹਰਿ ਭਗਤਿ ਹਰਿ ਕਾ ਪਿਆਰੁ ਹੈ ਜੇ ਗੁਰਮੁਖਿ ਕਰੇ ਬੀਚਾਰੁ ॥ (28-16)
हरि भगति हरि का पिआरु है जे गुरमुखि करे बीचारु ॥

ਪਾਖੰਡਿ ਭਗਤਿ ਨ ਹੋਵਈ ਦੁਬਿਧਾ ਬੋਲੁ ਖੁਆਰੁ ॥ (28-17)
पाखंडि भगति न होवई दुबिधा बोलु खुआरु ॥

ਸੋ ਜਨੁ ਰਲਾਇਆ ਨਾ ਰਲੈ ਜਿਸੁ ਅੰਤਰਿ ਬਿਬੇਕ ਬੀਚਾਰੁ ॥੨॥ (28-17)
सो जनु रलाइआ ना रलै जिसु अंतरि बिबेक बीचारु ॥२॥

ਸੋ ਸੇਵਕੁ ਹਰਿ ਆਖੀਐ ਜੋ ਹਰਿ ਰਾਖੈ ਉਰਿ ਧਾਰਿ ॥ (28-18)
सो सेवकु हरि आखीऐ जो हरि राखै उरि धारि ॥

ਮਨੁ ਤਨੁ ਸਉਪੇ ਆਗੈ ਧਰੇ ਹਉਮੈ ਵਿਚਹੁ ਮਾਰਿ ॥ (28-18)
मनु तनु सउपे आगै धरे हउमै विचहु मारि ॥

ਧਨੁ ਗੁਰਮੁਖਿ ਸੋ ਪਰਵਾਣੁ ਹੈ ਜਿ ਕਦੇ ਨ ਆਵੈ ਹਾਰਿ ॥੩॥ (28-19)
धनु गुरमुखि सो परवाणु है जि कदे न आवै हारि ॥३॥

ਕਰਮਿ ਮਿਲੈ ਤਾ ਪਾਈਐ ਵਿਣੁ ਕਰਮੈ ਪਾਇਆ ਨ ਜਾਇ ॥ (28-19)
करमि मिलै ता पाईऐ विणु करमै पाइआ न जाइ ॥

ਲਖ ਚਉਰਾਸੀਹ ਤਰਸਦੇ ਜਿਸੁ ਮੇਲੇ ਸੋ ਮਿਲੈ ਹਰਿ ਆਇ ॥ (29-1)
लख चउरासीह तरसदे जिसु मेले सो मिलै हरि आइ ॥

ਨਾਨਕ ਗੁਰਮੁਖਿ ਹਰਿ ਪਾਇਆ ਸਦਾ ਹਰਿ ਨਾਮਿ ਸਮਾਇ ॥੪॥੬॥੩੯॥ (29-1)
नानक गुरमुखि हरि पाइआ सदा हरि नामि समाइ ॥४॥६॥३९॥

ਸਿਰੀਰਾਗੁ ਮਹਲਾ ੩ ॥ (29-2)
सिरीरागु महला ३ ॥

ਸੁਖ ਸਾਗਰੁ ਹਰਿ ਨਾਮੁ ਹੈ ਗੁਰਮੁਖਿ ਪਾਇਆ ਜਾਇ ॥ (29-2)
सुख सागरु हरि नामु है गुरमुखि पाइआ जाइ ॥

ਅਨਦਿਨੁ ਨਾਮੁ ਧਿਆਈਐ ਸਹਜੇ ਨਾਮਿ ਸਮਾਇ ॥ (29-3)
अनदिनु नामु धिआईऐ सहजे नामि समाइ ॥

ਅੰਦਰੁ ਰਚੈ ਹਰਿ ਸਚ ਸਿਉ ਰਸਨਾ ਹਰਿ ਗੁਣ ਗਾਇ ॥੧॥ (29-3)
अंदरु रचै हरि सच सिउ रसना हरि गुण गाइ ॥१॥

ਭਾਈ ਰੇ ਜਗੁ ਦੁਖੀਆ ਦੂਜੈ ਭਾਇ ॥ (29-4)
भाई रे जगु दुखीआ दूजै भाइ ॥

ਗੁਰ ਸਰਣਾਈ ਸੁਖੁ ਲਹਹਿ ਅਨਦਿਨੁ ਨਾਮੁ ਧਿਆਇ ॥੧॥ ਰਹਾਉ ॥ (29-4)
गुर सरणाई सुखु लहहि अनदिनु नामु धिआइ ॥१॥ रहाउ ॥

ਸਾਚੇ ਮੈਲੁ ਨ ਲਾਗਈ ਮਨੁ ਨਿਰਮਲੁ ਹਰਿ ਧਿਆਇ ॥ (29-5)
साचे मैलु न लागई मनु निरमलु हरि धिआइ ॥

ਗੁਰਮੁਖਿ ਸਬਦੁ ਪਛਾਣੀਐ ਹਰਿ ਅੰਮ੍ਰਿਤ ਨਾਮਿ ਸਮਾਇ ॥ (29-5)
गुरमुखि सबदु पछाणीऐ हरि अमृत नामि समाइ ॥

ਗੁਰ ਗਿਆਨੁ ਪ੍ਰਚੰਡੁ ਬਲਾਇਆ ਅਗਿਆਨੁ ਅੰਧੇਰਾ ਜਾਇ ॥੨॥ (29-6)
गुर गिआनु प्रचंडु बलाइआ अगिआनु अंधेरा जाइ ॥२॥

ਮਨਮੁਖ ਮੈਲੇ ਮਲੁ ਭਰੇ ਹਉਮੈ ਤ੍ਰਿਸਨਾ ਵਿਕਾਰੁ ॥ (29-7)
मनमुख मैले मलु भरे हउमै त्रिसना विकारु ॥

ਬਿਨੁ ਸਬਦੈ ਮੈਲੁ ਨ ਉਤਰੈ ਮਰਿ ਜੰਮਹਿ ਹੋਇ ਖੁਆਰੁ ॥ (29-7)
बिनु सबदै मैलु न उतरै मरि जंमहि होइ खुआरु ॥

ਧਾਤੁਰ ਬਾਜੀ ਪਲਚਿ ਰਹੇ ਨਾ ਉਰਵਾਰੁ ਨ ਪਾਰੁ ॥੩॥ (29-8)
धातुर बाजी पलचि रहे ना उरवारु न पारु ॥३॥

ਗੁਰਮੁਖਿ ਜਪ ਤਪ ਸੰਜਮੀ ਹਰਿ ਕੈ ਨਾਮਿ ਪਿਆਰੁ ॥ (29-8)
गुरमुखि जप तप संजमी हरि कै नामि पिआरु ॥

ਗੁਰਮੁਖਿ ਸਦਾ ਧਿਆਈਐ ਏਕੁ ਨਾਮੁ ਕਰਤਾਰੁ ॥ (29-9)
गुरमुखि सदा धिआईऐ एकु नामु करतारु ॥

ਨਾਨਕ ਨਾਮੁ ਧਿਆਈਐ ਸਭਨਾ ਜੀਆ ਕਾ ਆਧਾਰੁ ॥੪॥੭॥੪੦॥ (29-9)
नानक नामु धिआईऐ सभना जीआ का आधारु ॥४॥७॥४०॥

ਸ੍ਰੀਰਾਗੁ ਮਹਲਾ ੩ ॥ (29-10)
स्रीरागु महला ३ ॥

ਮਨਮੁਖੁ ਮੋਹਿ ਵਿਆਪਿਆ ਬੈਰਾਗੁ ਉਦਾਸੀ ਨ ਹੋਇ ॥ (29-10)
मनमुखु मोहि विआपिआ बैरागु उदासी न होइ ॥

ਸਬਦੁ ਨ ਚੀਨੈ ਸਦਾ ਦੁਖੁ ਹਰਿ ਦਰਗਹਿ ਪਤਿ ਖੋਇ ॥ (29-11)
सबदु न चीनै सदा दुखु हरि दरगहि पति खोइ ॥

ਹਉਮੈ ਗੁਰਮੁਖਿ ਖੋਈਐ ਨਾਮਿ ਰਤੇ ਸੁਖੁ ਹੋਇ ॥੧॥ (29-11)
हउमै गुरमुखि खोईऐ नामि रते सुखु होइ ॥१॥

ਮੇਰੇ ਮਨ ਅਹਿਨਿਸਿ ਪੂਰਿ ਰਹੀ ਨਿਤ ਆਸਾ ॥ (29-12)
मेरे मन अहिनिसि पूरि रही नित आसा ॥

ਸਤਗੁਰੁ ਸੇਵਿ ਮੋਹੁ ਪਰਜਲੈ ਘਰ ਹੀ ਮਾਹਿ ਉਦਾਸਾ ॥੧॥ ਰਹਾਉ ॥ (29-12)
सतगुरु सेवि मोहु परजलै घर ही माहि उदासा ॥१॥ रहाउ ॥

ਗੁਰਮੁਖਿ ਕਰਮ ਕਮਾਵੈ ਬਿਗਸੈ ਹਰਿ ਬੈਰਾਗੁ ਅਨੰਦੁ ॥ (29-13)
गुरमुखि करम कमावै बिगसै हरि बैरागु अनंदु ॥

ਅਹਿਨਿਸਿ ਭਗਤਿ ਕਰੇ ਦਿਨੁ ਰਾਤੀ ਹਉਮੈ ਮਾਰਿ ਨਿਚੰਦੁ ॥ (29-13)
अहिनिसि भगति करे दिनु राती हउमै मारि निचंदु ॥

ਵਡੈ ਭਾਗਿ ਸਤਸੰਗਤਿ ਪਾਈ ਹਰਿ ਪਾਇਆ ਸਹਜਿ ਅਨੰਦੁ ॥੨॥ (29-14)
वडै भागि सतसंगति पाई हरि पाइआ सहजि अनंदु ॥२॥

ਸੋ ਸਾਧੂ ਬੈਰਾਗੀ ਸੋਈ ਹਿਰਦੈ ਨਾਮੁ ਵਸਾਏ ॥ (29-14)
सो साधू बैरागी सोई हिरदै नामु वसाए ॥

ਅੰਤਰਿ ਲਾਗਿ ਨ ਤਾਮਸੁ ਮੂਲੇ ਵਿਚਹੁ ਆਪੁ ਗਵਾਏ ॥ (29-15)
अंतरि लागि न तामसु मूले विचहु आपु गवाए ॥

ਨਾਮੁ ਨਿਧਾਨੁ ਸਤਗੁਰੂ ਦਿਖਾਲਿਆ ਹਰਿ ਰਸੁ ਪੀਆ ਅਘਾਏ ॥੩॥ (29-15)
नामु निधानु सतगुरू दिखालिआ हरि रसु पीआ अघाए ॥३॥

ਜਿਨਿ ਕਿਨੈ ਪਾਇਆ ਸਾਧਸੰਗਤੀ ਪੂਰੈ ਭਾਗਿ ਬੈਰਾਗਿ ॥ (29-16)
जिनि किनै पाइआ साधसंगती पूरै भागि बैरागि ॥

ਮਨਮੁਖ ਫਿਰਹਿ ਨ ਜਾਣਹਿ ਸਤਗੁਰੁ ਹਉਮੈ ਅੰਦਰਿ ਲਾਗਿ ॥ (29-16)
मनमुख फिरहि न जाणहि सतगुरु हउमै अंदरि लागि ॥

ਨਾਨਕ ਸਬਦਿ ਰਤੇ ਹਰਿ ਨਾਮਿ ਰੰਗਾਏ ਬਿਨੁ ਭੈ ਕੇਹੀ ਲਾਗਿ ॥੪॥੮॥੪੧॥ (29-17)
नानक सबदि रते हरि नामि रंगाए बिनु भै केही लागि ॥४॥८॥४१॥

ਸਿਰੀਰਾਗੁ ਮਹਲਾ ੩ ॥ (29-18)
सिरीरागु महला ३ ॥

ਘਰ ਹੀ ਸਉਦਾ ਪਾਈਐ ਅੰਤਰਿ ਸਭ ਵਥੁ ਹੋਇ ॥ (29-18)
घर ही सउदा पाईऐ अंतरि सभ वथु होइ ॥

ਖਿਨੁ ਖਿਨੁ ਨਾਮੁ ਸਮਾਲੀਐ ਗੁਰਮੁਖਿ ਪਾਵੈ ਕੋਇ ॥ (29-18)
खिनु खिनु नामु समालीऐ गुरमुखि पावै कोइ ॥

ਨਾਮੁ ਨਿਧਾਨੁ ਅਖੁਟੁ ਹੈ ਵਡਭਾਗਿ ਪਰਾਪਤਿ ਹੋਇ ॥੧॥ (29-19)
नामु निधानु अखुटु है वडभागि परापति होइ ॥१॥

ਮੇਰੇ ਮਨ ਤਜਿ ਨਿੰਦਾ ਹਉਮੈ ਅਹੰਕਾਰੁ ॥ (29-19)
मेरे मन तजि निंदा हउमै अहंकारु ॥

ਹਰਿ ਜੀਉ ਸਦਾ ਧਿਆਇ ਤੂ ਗੁਰਮੁਖਿ ਏਕੰਕਾਰੁ ॥੧॥ ਰਹਾਉ ॥ (30-1)
हरि जीउ सदा धिआइ तू गुरमुखि एकंकारु ॥१॥ रहाउ ॥

ਗੁਰਮੁਖਾ ਕੇ ਮੁਖ ਉਜਲੇ ਗੁਰ ਸਬਦੀ ਬੀਚਾਰਿ ॥ (30-1)
गुरमुखा के मुख उजले गुर सबदी बीचारि ॥

ਹਲਤਿ ਪਲਤਿ ਸੁਖੁ ਪਾਇਦੇ ਜਪਿ ਜਪਿ ਰਿਦੈ ਮੁਰਾਰਿ ॥ (30-2)
हलति पलति सुखु पाइदे जपि जपि रिदै मुरारि ॥

ਘਰ ਹੀ ਵਿਚਿ ਮਹਲੁ ਪਾਇਆ ਗੁਰ ਸਬਦੀ ਵੀਚਾਰਿ ॥੨॥ (30-2)
घर ही विचि महलु पाइआ गुर सबदी वीचारि ॥२॥

ਸਤਗੁਰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ ॥ (30-3)
सतगुर ते जो मुह फेरहि मथे तिन काले ॥

ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮ ਜਾਲੇ ॥ (30-3)
अनदिनु दुख कमावदे नित जोहे जम जाले ॥

ਸੁਪਨੈ ਸੁਖੁ ਨ ਦੇਖਨੀ ਬਹੁ ਚਿੰਤਾ ਪਰਜਾਲੇ ॥੩॥ (30-4)
सुपनै सुखु न देखनी बहु चिंता परजाले ॥३॥

ਸਭਨਾ ਕਾ ਦਾਤਾ ਏਕੁ ਹੈ ਆਪੇ ਬਖਸ ਕਰੇਇ ॥ (30-4)
सभना का दाता एकु है आपे बखस करेइ ॥

ਕਹਣਾ ਕਿਛੂ ਨ ਜਾਵਈ ਜਿਸੁ ਭਾਵੈ ਤਿਸੁ ਦੇਇ ॥ (30-5)
कहणा किछू न जावई जिसु भावै तिसु देइ ॥

ਨਾਨਕ ਗੁਰਮੁਖਿ ਪਾਈਐ ਆਪੇ ਜਾਣੈ ਸੋਇ ॥੪॥੯॥੪੨॥ (30-5)
नानक गुरमुखि पाईऐ आपे जाणै सोइ ॥४॥९॥४२॥

ਸਿਰੀਰਾਗੁ ਮਹਲਾ ੩ ॥ (30-6)
सिरीरागु महला ३ ॥

ਸਚਾ ਸਾਹਿਬੁ ਸੇਵੀਐ ਸਚੁ ਵਡਿਆਈ ਦੇਇ ॥ (30-6)
सचा साहिबु सेवीऐ सचु वडिआई देइ ॥

ਗੁਰ ਪਰਸਾਦੀ ਮਨਿ ਵਸੈ ਹਉਮੈ ਦੂਰਿ ਕਰੇਇ ॥ (30-6)
गुर परसादी मनि वसै हउमै दूरि करेइ ॥

ਇਹੁ ਮਨੁ ਧਾਵਤੁ ਤਾ ਰਹੈ ਜਾ ਆਪੇ ਨਦਰਿ ਕਰੇਇ ॥੧॥ (30-7)
इहु मनु धावतु ता रहै जा आपे नदरि करेइ ॥१॥

ਭਾਈ ਰੇ ਗੁਰਮੁਖਿ ਹਰਿ ਨਾਮੁ ਧਿਆਇ ॥ (30-7)
भाई रे गुरमुखि हरि नामु धिआइ ॥

ਨਾਮੁ ਨਿਧਾਨੁ ਸਦ ਮਨਿ ਵਸੈ ਮਹਲੀ ਪਾਵੈ ਥਾਉ ॥੧॥ ਰਹਾਉ ॥ (30-8)
नामु निधानु सद मनि वसै महली पावै थाउ ॥१॥ रहाउ ॥

ਮਨਮੁਖ ਮਨੁ ਤਨੁ ਅੰਧੁ ਹੈ ਤਿਸ ਨਉ ਠਉਰ ਨ ਠਾਉ ॥ (30-8)
मनमुख मनु तनु अंधु है तिस नउ ठउर न ठाउ ॥

ਬਹੁ ਜੋਨੀ ਭਉਦਾ ਫਿਰੈ ਜਿਉ ਸੁੰਞੈਂ ਘਰਿ ਕਾਉ ॥ (30-9)
बहु जोनी भउदा फिरै जिउ सुंञैं घरि काउ ॥

ਗੁਰਮਤੀ ਘਟਿ ਚਾਨਣਾ ਸਬਦਿ ਮਿਲੈ ਹਰਿ ਨਾਉ ॥੨॥ (30-9)
गुरमती घटि चानणा सबदि मिलै हरि नाउ ॥२॥

ਤ੍ਰੈ ਗੁਣ ਬਿਖਿਆ ਅੰਧੁ ਹੈ ਮਾਇਆ ਮੋਹ ਗੁਬਾਰ ॥ (30-10)
त्रै गुण बिखिआ अंधु है माइआ मोह गुबार ॥

ਲੋਭੀ ਅਨ ਕਉ ਸੇਵਦੇ ਪੜਿ ਵੇਦਾ ਕਰੈ ਪੂਕਾਰ ॥ (30-10)
लोभी अन कउ सेवदे पड़ि वेदा करै पूकार ॥

ਬਿਖਿਆ ਅੰਦਰਿ ਪਚਿ ਮੁਏ ਨਾ ਉਰਵਾਰੁ ਨ ਪਾਰੁ ॥੩॥ (30-11)
बिखिआ अंदरि पचि मुए ना उरवारु न पारु ॥३॥

ਮਾਇਆ ਮੋਹਿ ਵਿਸਾਰਿਆ ਜਗਤ ਪਿਤਾ ਪ੍ਰਤਿਪਾਲਿ ॥ (30-11)
माइआ मोहि विसारिआ जगत पिता प्रतिपालि ॥

ਬਾਝਹੁ ਗੁਰੂ ਅਚੇਤੁ ਹੈ ਸਭ ਬਧੀ ਜਮਕਾਲਿ ॥ (30-12)
बाझहु गुरू अचेतु है सभ बधी जमकालि ॥

ਨਾਨਕ ਗੁਰਮਤਿ ਉਬਰੇ ਸਚਾ ਨਾਮੁ ਸਮਾਲਿ ॥੪॥੧੦॥੪੩॥ (30-12)
नानक गुरमति उबरे सचा नामु समालि ॥४॥१०॥४३॥

ਸਿਰੀਰਾਗੁ ਮਹਲਾ ੩ ॥ (30-13)
सिरीरागु महला ३ ॥

ਤ੍ਰੈ ਗੁਣ ਮਾਇਆ ਮੋਹੁ ਹੈ ਗੁਰਮੁਖਿ ਚਉਥਾ ਪਦੁ ਪਾਇ ॥ (30-13)
त्रै गुण माइआ मोहु है गुरमुखि चउथा पदु पाइ ॥

ਕਰਿ ਕਿਰਪਾ ਮੇਲਾਇਅਨੁ ਹਰਿ ਨਾਮੁ ਵਸਿਆ ਮਨਿ ਆਇ ॥ (30-13)
करि किरपा मेलाइअनु हरि नामु वसिआ मनि आइ ॥

ਪੋਤੈ ਜਿਨ ਕੈ ਪੁੰਨੁ ਹੈ ਤਿਨ ਸਤਸੰਗਤਿ ਮੇਲਾਇ ॥੧॥ (30-14)
पोतै जिन कै पुंनु है तिन सतसंगति मेलाइ ॥१॥

ਭਾਈ ਰੇ ਗੁਰਮਤਿ ਸਾਚਿ ਰਹਾਉ ॥ (30-14)
भाई रे गुरमति साचि रहाउ ॥

ਸਾਚੋ ਸਾਚੁ ਕਮਾਵਣਾ ਸਾਚੈ ਸਬਦਿ ਮਿਲਾਉ ॥੧॥ ਰਹਾਉ ॥ (30-15)
साचो साचु कमावणा साचै सबदि मिलाउ ॥१॥ रहाउ ॥

ਜਿਨੀ ਨਾਮੁ ਪਛਾਣਿਆ ਤਿਨ ਵਿਟਹੁ ਬਲਿ ਜਾਉ ॥ (30-15)
जिनी नामु पछाणिआ तिन विटहु बलि जाउ ॥

ਆਪੁ ਛੋਡਿ ਚਰਣੀ ਲਗਾ ਚਲਾ ਤਿਨ ਕੈ ਭਾਇ ॥ (30-16)
आपु छोडि चरणी लगा चला तिन कै भाइ ॥

ਲਾਹਾ ਹਰਿ ਹਰਿ ਨਾਮੁ ਮਿਲੈ ਸਹਜੇ ਨਾਮਿ ਸਮਾਇ ॥੨॥ (30-16)
लाहा हरि हरि नामु मिलै सहजे नामि समाइ ॥२॥

ਬਿਨੁ ਗੁਰ ਮਹਲੁ ਨ ਪਾਈਐ ਨਾਮੁ ਨ ਪਰਾਪਤਿ ਹੋਇ ॥ (30-17)
बिनु गुर महलु न पाईऐ नामु न परापति होइ ॥

ਐਸਾ ਸਤਗੁਰੁ ਲੋੜਿ ਲਹੁ ਜਿਦੂ ਪਾਈਐ ਸਚੁ ਸੋਇ ॥ (30-17)
ऐसा सतगुरु लोड़ि लहु जिदू पाईऐ सचु सोइ ॥

ਅਸੁਰ ਸੰਘਾਰੈ ਸੁਖਿ ਵਸੈ ਜੋ ਤਿਸੁ ਭਾਵੈ ਸੁ ਹੋਇ ॥੩॥ (30-18)
असुर संघारै सुखि वसै जो तिसु भावै सु होइ ॥३॥

ਜੇਹਾ ਸਤਗੁਰੁ ਕਰਿ ਜਾਣਿਆ ਤੇਹੋ ਜੇਹਾ ਸੁਖੁ ਹੋਇ ॥ (30-18)
जेहा सतगुरु करि जाणिआ तेहो जेहा सुखु होइ ॥

ਏਹੁ ਸਹਸਾ ਮੂਲੇ ਨਾਹੀ ਭਾਉ ਲਾਏ ਜਨੁ ਕੋਇ ॥ (30-19)
एहु सहसा मूले नाही भाउ लाए जनु कोइ ॥

ਨਾਨਕ ਏਕ ਜੋਤਿ ਦੁਇ ਮੂਰਤੀ ਸਬਦਿ ਮਿਲਾਵਾ ਹੋਇ ॥੪॥੧੧॥੪੪॥ (30-19)
नानक एक जोति दुइ मूरती सबदि मिलावा होइ ॥४॥११॥४४॥

ਸਿਰੀਰਾਗੁ ਮਹਲਾ ੩ ॥ (31-1)
सिरीरागु महला ३ ॥

ਅੰਮ੍ਰਿਤੁ ਛੋਡਿ ਬਿਖਿਆ ਲੋਭਾਣੇ ਸੇਵਾ ਕਰਹਿ ਵਿਡਾਣੀ ॥ (31-1)
अमृतु छोडि बिखिआ लोभाणे सेवा करहि विडाणी ॥

ਆਪਣਾ ਧਰਮੁ ਗਵਾਵਹਿ ਬੂਝਹਿ ਨਾਹੀ ਅਨਦਿਨੁ ਦੁਖਿ ਵਿਹਾਣੀ ॥ (31-2)
आपणा धरमु गवावहि बूझहि नाही अनदिनु दुखि विहाणी ॥

ਮਨਮੁਖ ਅੰਧ ਨ ਚੇਤਹੀ ਡੂਬਿ ਮੁਏ ਬਿਨੁ ਪਾਣੀ ॥੧॥ (31-2)
मनमुख अंध न चेतही डूबि मुए बिनु पाणी ॥१॥

ਮਨ ਰੇ ਸਦਾ ਭਜਹੁ ਹਰਿ ਸਰਣਾਈ ॥ (31-3)
मन रे सदा भजहु हरि सरणाई ॥

ਗੁਰ ਕਾ ਸਬਦੁ ਅੰਤਰਿ ਵਸੈ ਤਾ ਹਰਿ ਵਿਸਰਿ ਨ ਜਾਈ ॥੧॥ ਰਹਾਉ ॥ (31-3)
गुर का सबदु अंतरि वसै ता हरि विसरि न जाई ॥१॥ रहाउ ॥

ਇਹੁ ਸਰੀਰੁ ਮਾਇਆ ਕਾ ਪੁਤਲਾ ਵਿਚਿ ਹਉਮੈ ਦੁਸਟੀ ਪਾਈ ॥ (31-4)
इहु सरीरु माइआ का पुतला विचि हउमै दुसटी पाई ॥

ਆਵਣੁ ਜਾਣਾ ਜੰਮਣੁ ਮਰਣਾ ਮਨਮੁਖਿ ਪਤਿ ਗਵਾਈ ॥ (31-4)
आवणु जाणा जंमणु मरणा मनमुखि पति गवाई ॥

ਸਤਗੁਰੁ ਸੇਵਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਈ ॥੨॥ (31-5)
सतगुरु सेवि सदा सुखु पाइआ जोती जोति मिलाई ॥२॥

ਸਤਗੁਰ ਕੀ ਸੇਵਾ ਅਤਿ ਸੁਖਾਲੀ ਜੋ ਇਛੇ ਸੋ ਫਲੁ ਪਾਏ ॥ (31-5)
सतगुर की सेवा अति सुखाली जो इछे सो फलु पाए ॥

ਜਤੁ ਸਤੁ ਤਪੁ ਪਵਿਤੁ ਸਰੀਰਾ ਹਰਿ ਹਰਿ ਮੰਨਿ ਵਸਾਏ ॥ (31-6)
जतु सतु तपु पवितु सरीरा हरि हरि मंनि वसाए ॥

ਸਦਾ ਅਨੰਦਿ ਰਹੈ ਦਿਨੁ ਰਾਤੀ ਮਿਲਿ ਪ੍ਰੀਤਮ ਸੁਖੁ ਪਾਏ ॥੩॥ (31-6)
सदा अनंदि रहै दिनु राती मिलि प्रीतम सुखु पाए ॥३॥

ਜੋ ਸਤਗੁਰ ਕੀ ਸਰਣਾਗਤੀ ਹਉ ਤਿਨ ਕੈ ਬਲਿ ਜਾਉ ॥ (31-7)
जो सतगुर की सरणागती हउ तिन कै बलि जाउ ॥

ਦਰਿ ਸਚੈ ਸਚੀ ਵਡਿਆਈ ਸਹਜੇ ਸਚਿ ਸਮਾਉ ॥ (31-7)
दरि सचै सची वडिआई सहजे सचि समाउ ॥

ਨਾਨਕ ਨਦਰੀ ਪਾਈਐ ਗੁਰਮੁਖਿ ਮੇਲਿ ਮਿਲਾਉ ॥੪॥੧੨॥੪੫॥ (31-8)
नानक नदरी पाईऐ गुरमुखि मेलि मिलाउ ॥४॥१२॥४५॥

ਸਿਰੀਰਾਗੁ ਮਹਲਾ ੩ ॥ (31-8)
सिरीरागु महला ३ ॥

ਮਨਮੁਖ ਕਰਮ ਕਮਾਵਣੇ ਜਿਉ ਦੋਹਾਗਣਿ ਤਨਿ ਸੀਗਾਰੁ ॥ (31-9)
मनमुख करम कमावणे जिउ दोहागणि तनि सीगारु ॥

ਸੇਜੈ ਕੰਤੁ ਨ ਆਵਈ ਨਿਤ ਨਿਤ ਹੋਇ ਖੁਆਰੁ ॥ (31-9)
सेजै कंतु न आवई नित नित होइ खुआरु ॥

ਪਿਰ ਕਾ ਮਹਲੁ ਨ ਪਾਵਈ ਨਾ ਦੀਸੈ ਘਰੁ ਬਾਰੁ ॥੧॥ (31-10)
पिर का महलु न पावई ना दीसै घरु बारु ॥१॥

ਭਾਈ ਰੇ ਇਕ ਮਨਿ ਨਾਮੁ ਧਿਆਇ ॥ (31-10)
भाई रे इक मनि नामु धिआइ ॥

ਸੰਤਾ ਸੰਗਤਿ ਮਿਲਿ ਰਹੈ ਜਪਿ ਰਾਮ ਨਾਮੁ ਸੁਖੁ ਪਾਇ ॥੧॥ ਰਹਾਉ ॥ (31-10)
संता संगति मिलि रहै जपि राम नामु सुखु पाइ ॥१॥ रहाउ ॥

ਗੁਰਮੁਖਿ ਸਦਾ ਸੋਹਾਗਣੀ ਪਿਰੁ ਰਾਖਿਆ ਉਰ ਧਾਰਿ ॥ (31-11)
गुरमुखि सदा सोहागणी पिरु राखिआ उर धारि ॥

ਮਿਠਾ ਬੋਲਹਿ ਨਿਵਿ ਚਲਹਿ ਸੇਜੈ ਰਵੈ ਭਤਾਰੁ ॥ (31-12)
मिठा बोलहि निवि चलहि सेजै रवै भतारु ॥

ਸੋਭਾਵੰਤੀ ਸੋਹਾਗਣੀ ਜਿਨ ਗੁਰ ਕਾ ਹੇਤੁ ਅਪਾਰੁ ॥੨॥ (31-12)
सोभावंती सोहागणी जिन गुर का हेतु अपारु ॥२॥

ਪੂਰੈ ਭਾਗਿ ਸਤਗੁਰੁ ਮਿਲੈ ਜਾ ਭਾਗੈ ਕਾ ਉਦਉ ਹੋਇ ॥ (31-13)
पूरै भागि सतगुरु मिलै जा भागै का उदउ होइ ॥

ਅੰਤਰਹੁ ਦੁਖੁ ਭ੍ਰਮੁ ਕਟੀਐ ਸੁਖੁ ਪਰਾਪਤਿ ਹੋਇ ॥ (31-13)
अंतरहु दुखु भ्रमु कटीऐ सुखु परापति होइ ॥

ਗੁਰ ਕੈ ਭਾਣੈ ਜੋ ਚਲੈ ਦੁਖੁ ਨ ਪਾਵੈ ਕੋਇ ॥੩॥ (31-13)
गुर कै भाणै जो चलै दुखु न पावै कोइ ॥३॥

ਗੁਰ ਕੇ ਭਾਣੇ ਵਿਚਿ ਅੰਮ੍ਰਿਤੁ ਹੈ ਸਹਜੇ ਪਾਵੈ ਕੋਇ ॥ (31-14)
गुर के भाणे विचि अमृतु है सहजे पावै कोइ ॥

ਜਿਨਾ ਪਰਾਪਤਿ ਤਿਨ ਪੀਆ ਹਉਮੈ ਵਿਚਹੁ ਖੋਇ ॥ (31-14)
जिना परापति तिन पीआ हउमै विचहु खोइ ॥

ਨਾਨਕ ਗੁਰਮੁਖਿ ਨਾਮੁ ਧਿਆਈਐ ਸਚਿ ਮਿਲਾਵਾ ਹੋਇ ॥੪॥੧੩॥੪੬॥ (31-15)
नानक गुरमुखि नामु धिआईऐ सचि मिलावा होइ ॥४॥१३॥४६॥

ਸਿਰੀਰਾਗੁ ਮਹਲਾ ੩ ॥ (31-16)
सिरीरागु महला ३ ॥

ਜਾ ਪਿਰੁ ਜਾਣੈ ਆਪਣਾ ਤਨੁ ਮਨੁ ਅਗੈ ਧਰੇਇ ॥ (31-16)
जा पिरु जाणै आपणा तनु मनु अगै धरेइ ॥

ਸੋਹਾਗਣੀ ਕਰਮ ਕਮਾਵਦੀਆ ਸੇਈ ਕਰਮ ਕਰੇਇ ॥ (31-16)
सोहागणी करम कमावदीआ सेई करम करेइ ॥

ਸਹਜੇ ਸਾਚਿ ਮਿਲਾਵੜਾ ਸਾਚੁ ਵਡਾਈ ਦੇਇ ॥੧॥ (31-17)
सहजे साचि मिलावड़ा साचु वडाई देइ ॥१॥

ਭਾਈ ਰੇ ਗੁਰ ਬਿਨੁ ਭਗਤਿ ਨ ਹੋਇ ॥ (31-17)
भाई रे गुर बिनु भगति न होइ ॥

ਬਿਨੁ ਗੁਰ ਭਗਤਿ ਨ ਪਾਈਐ ਜੇ ਲੋਚੈ ਸਭੁ ਕੋਇ ॥੧॥ ਰਹਾਉ ॥ (31-17)
बिनु गुर भगति न पाईऐ जे लोचै सभु कोइ ॥१॥ रहाउ ॥

ਲਖ ਚਉਰਾਸੀਹ ਫੇਰੁ ਪਇਆ ਕਾਮਣਿ ਦੂਜੈ ਭਾਇ ॥ (31-18)
लख चउरासीह फेरु पइआ कामणि दूजै भाइ ॥

ਬਿਨੁ ਗੁਰ ਨੀਦ ਨ ਆਵਈ ਦੁਖੀ ਰੈਣਿ ਵਿਹਾਇ ॥ (31-19)
बिनु गुर नीद न आवई दुखी रैणि विहाइ ॥

ਬਿਨੁ ਸਬਦੈ ਪਿਰੁ ਨ ਪਾਈਐ ਬਿਰਥਾ ਜਨਮੁ ਗਵਾਇ ॥੨॥ (31-19)
बिनु सबदै पिरु न पाईऐ बिरथा जनमु गवाइ ॥२॥

ਹਉ ਹਉ ਕਰਤੀ ਜਗੁ ਫਿਰੀ ਨਾ ਧਨੁ ਸੰਪੈ ਨਾਲਿ ॥ (32-1)
हउ हउ करती जगु फिरी ना धनु स्मपै नालि ॥

ਅੰਧੀ ਨਾਮੁ ਨ ਚੇਤਈ ਸਭ ਬਾਧੀ ਜਮਕਾਲਿ ॥ (32-1)
अंधी नामु न चेतई सभ बाधी जमकालि ॥

ਸਤਗੁਰਿ ਮਿਲਿਐ ਧਨੁ ਪਾਇਆ ਹਰਿ ਨਾਮਾ ਰਿਦੈ ਸਮਾਲਿ ॥੩॥ (32-1)
सतगुरि मिलिऐ धनु पाइआ हरि नामा रिदै समालि ॥३ ॥

ਨਾਮਿ ਰਤੇ ਸੇ ਨਿਰਮਲੇ ਗੁਰ ਕੈ ਸਹਜਿ ਸੁਭਾਇ ॥ (32-2)
नामि रते से निरमले गुर कै सहजि सुभाइ ॥

ਮਨੁ ਤਨੁ ਰਾਤਾ ਰੰਗ ਸਿਉ ਰਸਨਾ ਰਸਨ ਰਸਾਇ ॥ (32-3)
मनु तनु राता रंग सिउ रसना रसन रसाइ ॥

ਨਾਨਕ ਰੰਗੁ ਨ ਉਤਰੈ ਜੋ ਹਰਿ ਧੁਰਿ ਛੋਡਿਆ ਲਾਇ ॥੪॥੧੪॥੪੭॥ (32-3)
नानक रंगु न उतरै जो हरि धुरि छोडिआ लाइ ॥४ ॥१४ ॥४७ ॥

ਸਿਰੀਰਾਗੁ ਮਹਲਾ ੩ ॥ (32-4)
सिरीरागु महला ३ ॥

ਗੁਰਮੁਖਿ ਕ੍ਰਿਪਾ ਕਰੇ ਭਗਤਿ ਕੀਜੈ ਬਿਨੁ ਗੁਰ ਭਗਤਿ ਨ ਹੋਈ ॥ (32-4)
गुरमुखि क्रिपा करे भगति कीजै बिनु गुर भगति न होई ॥

ਆਪੈ ਆਪੁ ਮਿਲਾਏ ਬੂਝੈ ਤਾ ਨਿਰਮਲੁ ਹੋਵੈ ਸੋਈ ॥ (32-5)
आपै आपु मिलाए बूझै ता निरमलु होवै सोई ॥

ਹਰਿ ਜੀਉ ਸਾਚਾ ਸਾਚੀ ਬਾਣੀ ਸਬਦਿ ਮਿਲਾਵਾ ਹੋਈ ॥੧॥ (32-5)
हरि जीउ साचा साची बाणी सबदि मिलावा होई ॥१ ॥

ਭਾਈ ਰੇ ਭਗਤਿਹੀਣੁ ਕਾਹੇ ਜਗਿ ਆਇਆ ॥ (32-6)
भाई रे भगतिहीणु काहे जगि आइआ ॥

ਪੂਰੇ ਗੁਰ ਕੀ ਸੇਵ ਨ ਕੀਨੀ ਬਿਰਥਾ ਜਨਮੁ ਗਵਾਇਆ ॥੧॥ ਰਹਾਉ ॥ (32-6)
पूरे गुर की सेव न कीनी बिरथा जनमु गवाइआ ॥१ ॥ रहाउ ॥

ਆਪੇ ਜਗਜੀਵਨੁ ਸੁਖਦਾਤਾ ਆਪੇ ਬਖਸਿ ਮਿਲਾਏ ॥ (32-7)
आपे जगजीवनु सुखदाता आपे बखसि मिलाए ॥

ਜੀਅ ਜੰਤ ਏ ਕਿਆ ਵੇਚਾਰੇ ਕਿਆ ਕੋ ਆਖਿ ਸੁਣਾਏ ॥ (32-7)
जीअ जंत ए किआ वेचारे किआ को आखि सुणाए ॥

ਗੁਰਮੁਖਿ ਆਪੇ ਦੇਇ ਵਡਾਈ ਆਪੇ ਸੇਵ ਕਰਾਏ ॥੨॥ (32-8)
गुरमुखि आपे देइ वडाई आपे सेव कराए ॥२॥

ਦੇਖਿ ਕੁਟੰਬੁ ਮੋਹਿ ਲੋਭਾਣਾ ਚਲਦਿਆ ਨਾਲਿ ਨ ਜਾਈ ॥ (32-8)
देखि कुटम्बु मोहि लोभाणा चलदिआ नालि न जाई ॥

ਸਤਗੁਰੁ ਸੇਵਿ ਗੁਣ ਨਿਧਾਨੁ ਪਾਇਆ ਤਿਸ ਦੀ ਕੀਮ ਨ ਪਾਈ ॥ (32-9)
सतगुरु सेवि गुण निधानु पाइआ तिस दी कीम न पाई ॥

ਹਰਿ ਪ੍ਰਭੁ ਸਖਾ ਮੀਤੁ ਪ੍ਰਭੁ ਮੇਰਾ ਅੰਤੇ ਹੋਇ ਸਖਾਈ ॥੩॥ (32-9)
हरि प्रभु सखा मीतु प्रभु मेरा अंते होइ सखाई ॥३॥

ਆਪਣੈ ਮਨਿ ਚਿਤਿ ਕਹੈ ਕਹਾਏ ਬਿਨੁ ਗੁਰ ਆਪੁ ਨ ਜਾਈ ॥ (32-10)
आपणै मनि चिति कहै कहाए बिनु गुर आपु न जाई ॥

ਹਰਿ ਜੀਉ ਦਾਤਾ ਭਗਤਿ ਵਛਲੁ ਹੈ ਕਰਿ ਕਿਰਪਾ ਮੰਨਿ ਵਸਾਈ ॥ (32-10)
हरि जीउ दाता भगति वछलु है करि किरपा मंनि वसाई ॥

ਨਾਨਕ ਸੋਭਾ ਸੁਰਤਿ ਦੇਇ ਪ੍ਰਭੁ ਆਪੇ ਗੁਰਮੁਖਿ ਦੇ ਵਡਿਆਈ ॥੪॥੧੫॥੪੮॥ (32-11)
नानक सोभा सुरति देइ प्रभु आपे गुरमुखि दे वडिआई ॥४॥१५॥४८॥

ਸਿਰੀਰਾਗੁ ਮਹਲਾ ੩ ॥ (32-12)
सिरीरागु महला ३ ॥

ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ ॥ (32-12)
धनु जननी जिनि जाइआ धंनु पिता परधानु ॥

ਸਤਗੁਰੁ ਸੇਵਿ ਸੁਖੁ ਪਾਇਆ ਵਿਚਹੁ ਗਇਆ ਗੁਮਾਨੁ ॥ (32-12)
सतगुरु सेवि सुखु पाइआ विचहु गइआ गुमानु ॥

ਦਰਿ ਸੇਵਨਿ ਸੰਤ ਜਨ ਖੜੇ ਪਾਇਨਿ ਗੁਣੀ ਨਿਧਾਨੁ ॥੧॥ (32-13)
दरि सेवनि संत जन खड़े पाइनि गुणी निधानु ॥१॥

ਮੇਰੇ ਮਨ ਗੁਰ ਮੁਖਿ ਧਿਆਇ ਹਰਿ ਸੋਇ ॥ (32-13)
मेरे मन गुर मुखि धिआइ हरि सोइ ॥

ਗੁਰ ਕਾ ਸਬਦੁ ਮਨਿ ਵਸੈ ਮਨੁ ਤਨੁ ਨਿਰਮਲੁ ਹੋਇ ॥੧॥ ਰਹਾਉ ॥ (32-14)
गुर का सबदु मनि वसै मनु तनु निरमलु होइ ॥१॥ रहाउ ॥

ਕਰਿ ਕਿਰਪਾ ਘਰਿ ਆਇਆ ਆਪੇ ਮਿਲਿਆ ਆਇ ॥ (32-14)
करि किरपा घरि आइआ आपे मिलिआ आइ ॥

ਗੁਰ ਸਬਦੀ ਸਾਲਾਹੀਐ ਰੰਗੇ ਸਹਜਿ ਸੁਭਾਇ ॥ (32-15)
गुर सबदी सालाहीऐ रंगे सहजि सुभाइ ॥

ਸਚੈ ਸਚਿ ਸਮਾਇਆ ਮਿਲਿ ਰਹੈ ਨ ਵਿਛੁੜਿ ਜਾਇ ॥੨॥ (32-15)
सचै सचि समाइआ मिलि रहै न विछुड़ि जाइ ॥२॥

ਜੋ ਕਿਛੁ ਕਰਣਾ ਸੁ ਕਰਿ ਰਹਿਆ ਅਵਰੁ ਨ ਕਰਣਾ ਜਾਇ ॥ (32-16)
जो किछु करणा सु करि रहिआ अवरु न करणा जाइ ॥

ਚਿਰੀ ਵਿਛੁੰਨੇ ਮੇਲਿਅਨੁ ਸਤਗੁਰ ਪੰਨੈ ਪਾਇ ॥ (32-16)
चिरी विछुंने मेलिअनु सतगुर पंनै पाइ ॥

ਆਪੇ ਕਾਰ ਕਰਾਇਸੀ ਅਵਰੁ ਨ ਕਰਣਾ ਜਾਇ ॥੩॥ (32-17)
आपे कार कराइसी अवरु न करणा जाइ ॥३॥

ਮਨੁ ਤਨੁ ਰਤਾ ਰੰਗ ਸਿਉ ਹਉਮੈ ਤਜਿ ਵਿਕਾਰ ॥ (32-17)
मनु तनु रता रंग सिउ हउमै तजि विकार ॥

ਅਹਿਨਿਸਿ ਹਿਰਦੈ ਰਵਿ ਰਹੈ ਨਿਰਭਉ ਨਾਮੁ ਨਿਰੰਕਾਰ ॥ (32-18)
अहिनिसि हिरदै रवि रहै निरभउ नामु निरंकार ॥

ਨਾਨਕ ਆਪਿ ਮਿਲਾਇਅਨੁ ਪੂਰੈ ਸਬਦਿ ਅਪਾਰ ॥੪॥੧੬॥੪੯॥ (32-18)
नानक आपि मिलाइअनु पूरै सबदि अपार ॥४॥१६॥४९॥

ਸਿਰੀਰਾਗੁ ਮਹਲਾ ੩ ॥ (32-19)
सिरीरागु महला ३ ॥

ਗੋਵਿਦੁ ਗੁਣੀ ਨਿਧਾਨੁ ਹੈ ਅੰਤੁ ਨ ਪਾਇਆ ਜਾਇ ॥ (32-19)
गोविदु गुणी निधानु है अंतु न पाइआ जाइ ॥

ਕਥਨੀ ਬਦਨੀ ਨ ਪਾਈਐ ਹਉਮੈ ਵਿਚਹੁ ਜਾਇ ॥ (32-19)
कथनी बदनी न पाईऐ हउमै विचहु जाइ ॥

ਸਤਗੁਰਿ ਮਿਲਿਐ ਸਦ ਭੈ ਰਚੈ ਆਪਿ ਵਸੈ ਮਨਿ ਆਇ ॥੧॥ (33-1)
सतगुरि मिलिऐ सद भै रचै आपि वसै मनि आइ ॥१॥

ਭਾਈ ਰੇ ਗੁਰਮੁਖਿ ਬੂਝੈ ਕੋਇ ॥ (33-1)
भाई रे गुरमुखि बूझै कोइ ॥

ਬਿਨੁ ਬੂਝੇ ਕਰਮ ਕਮਾਵਣੇ ਜਨਮੁ ਪਦਾਰਥੁ ਖੋਇ ॥੧॥ ਰਹਾਉ ॥ (33-2)
बिनु बूझे करम कमावणे जनमु पदारथु खोइ ॥१॥ रहाउ ॥

ਜਿਨੀ ਚਾਖਿਆ ਤਿਨੀ ਸਾਦੁ ਪਾਇਆ ਬਿਨੁ ਚਾਖੇ ਭਰਮਿ ਭੁਲਾਇ ॥ (33-2)
जिनी चाखिआ तिनी सादु पाइआ बिनु चाखे भरमि भुलाइ ॥

ਅੰਮ੍ਰਿਤੁ ਸਾਚਾ ਨਾਮੁ ਹੈ ਕਹਣਾ ਕਛੂ ਨ ਜਾਇ ॥ (33-3)
अमृतु साचा नामु है कहणा कछू न जाइ ॥

ਪੀਵਤ ਹੂ ਪਰਵਾਣੁ ਭਇਆ ਪੂਰੈ ਸਬਦਿ ਸਮਾਇ ॥੨॥ (33-3)
पीवत हू परवाणु भइआ पूरै सबदि समाइ ॥२॥

ਆਪੇ ਦੇਇ ਤ ਪਾਈਐ ਹੋਰੁ ਕਰਣਾ ਕਿਛੂ ਨ ਜਾਇ ॥ (33-4)
आपे देइ त पाईऐ होरु करणा किछू न जाइ ॥

ਦੇਵਣ ਵਾਲੇ ਕੈ ਹਥਿ ਦਾਤਿ ਹੈ ਗੁਰੂ ਦੁਆਰੈ ਪਾਇ ॥ (33-4)
देवण वाले कै हथि दाति है गुरू दुआरै पाइ ॥

ਜੇਹਾ ਕੀਤੋਨੁ ਤੇਹਾ ਹੋਆ ਜੇਹੇ ਕਰਮ ਕਮਾਇ ॥੩॥ (33-5)
जेहा कीतोनु तेहा होआ जेहे करम कमाइ ॥३॥

ਜਤੁ ਸਤੁ ਸੰਜਮੁ ਨਾਮੁ ਹੈ ਵਿਣੁ ਨਾਵੈ ਨਿਰਮਲੁ ਨ ਹੋਇ ॥ (33-5)
जतु सतु संजमु नामु है विणु नावै निरमलु न होइ ॥

ਪੂਰੈ ਭਾਗਿ ਨਾਮੁ ਮਨਿ ਵਸੈ ਸਬਦਿ ਮਿਲਾਵਾ ਹੋਇ ॥ (33-6)
पूरै भागि नामु मनि वसै सबदि मिलावा होइ ॥

ਨਾਨਕ ਸਹਜੇ ਹੀ ਰੰਗਿ ਵਰਤਦਾ ਹਰਿ ਗੁਣ ਪਾਵੈ ਸੋਇ ॥੪॥੧੭॥੫੦॥ (33-6)
नानक सहजे ही रंगि वरतदा हरि गुण पावै सोइ ॥४॥१७॥५०॥

ਸਿਰੀਰਾਗੁ ਮਹਲਾ ੩ ॥ (33-7)
सिरीरागु महला ३ ॥

ਕਾਂਇਆ ਸਾਧੈ ਉਰਧ ਤਪੁ ਕਰੈ ਵਿਚਹੁ ਹਉਮੈ ਨ ਜਾਇ ॥ (33-7)
कांइआ साधै उरध तपु करै विचहु हउमै न जाइ ॥

ਅਧਿਆਤਮ ਕਰਮ ਜੇ ਕਰੇ ਨਾਮੁ ਨ ਕਬ ਹੀ ਪਾਇ ॥ (33-8)
अधिआतम करम जे करे नामु न कब ही पाइ ॥

ਗੁਰ ਕੈ ਸਬਦਿ ਜੀਵਤੁ ਮਰੈ ਹਰਿ ਨਾਮੁ ਵਸੈ ਮਨਿ ਆਇ ॥੧॥ (33-8)
गुर कै सबदि जीवतु मरै हरि नामु वसै मनि आइ ॥१॥

ਸੁਣਿ ਮਨ ਮੇਰੇ ਭਜੁ ਸਤਗੁਰ ਸਰਣਾ ॥ (33-9)
सुणि मन मेरे भजु सतगुर सरणा ॥

ਗੁਰ ਪਰਸਾਦੀ ਛੁਟੀਐ ਬਿਖੁ ਭਵਜਲੁ ਸਬਦਿ ਗੁਰ ਤਰਣਾ ॥੧॥ ਰਹਾਉ ॥ (33-9)
गुर परसादी छुटीऐ बिखु भवजलु सबदि गुर तरणा ॥१॥ रहाउ ॥

ਤ੍ਰੈ ਗੁਣ ਸਭਾ ਧਾਤੁ ਹੈ ਦੂਜਾ ਭਾਉ ਵਿਕਾਰੁ ॥ (33-10)
त्रै गुण सभा धातु है दूजा भाउ विकारु ॥

ਪੰਡਿਤੁ ਪੜੈ ਬੰਧਨ ਮੋਹ ਬਾਧਾ ਨਹ ਬੂਝੈ ਬਿਖਿਆ ਪਿਆਰਿ ॥ (33-10)
पंडितु पड़ै बंधन मोह बाधा नह बूझै बिखिआ पिआरि ॥

ਸਤਗੁਰਿ ਮਿਲਿਐ ਤ੍ਰਿਕੁਟੀ ਛੂਟੈ ਚਉਥੈ ਪਦਿ ਮੁਕਤਿ ਦੁਆਰੁ ॥੨॥ (33-11)
सतगुरि मिलिऐ त्रिकुटी छूटै चउथै पदि मुकति दुआरु ॥२॥

ਗੁਰ ਤੇ ਮਾਰਗੁ ਪਾਈਐ ਚੂਕੈ ਮੋਹੁ ਗੁਬਾਰੁ ॥ (33-11)
गुर ते मारगु पाईऐ चूकै मोहु गुबारु ॥

ਸਬਦਿ ਮਰੈ ਤਾ ਉਧਰੈ ਪਾਏ ਮੋਖ ਦੁਆਰੁ ॥ (33-12)
सबदि मरै ता उधरै पाए मोख दुआरु ॥

ਗੁਰ ਪਰਸਾਦੀ ਮਿਲਿ ਰਹੈ ਸਚੁ ਨਾਮੁ ਕਰਤਾਰੁ ॥੩॥ (33-12)
गुर परसादी मिलि रहै सचु नामु करतारु ॥३ ॥

ਇਹੁ ਮਨੂਆ ਅਤਿ ਸਬਲ ਹੈ ਛਡੇ ਨ ਕਿਤੈ ਉਪਾਇ ॥ (33-13)
इहु मनूआ अति सबल है छडे न कितै उपाइ ॥

ਦੂਜੈ ਭਾਇ ਦੁਖੁ ਲਾਇਦਾ ਬਹੁਤੀ ਦੇਇ ਸਜਾਇ ॥ (33-13)
दूजै भाइ दुखु लाइदा बहुती देइ सजाइ ॥

ਨਾਨਕ ਨਾਮਿ ਲਗੇ ਸੇ ਉਬਰੇ ਹਉਮੈ ਸਬਦਿ ਗਵਾਇ ॥੪॥੧੮॥੫੧॥ (33-14)
नानक नामि लगे से उबरे हउमै सबदि गवाइ ॥४ ॥१८ ॥५१ ॥

ਸਿਰੀਰਾਗੁ ਮਹਲਾ ੩ ॥ (33-14)
सिरीरागु महला ३ ॥

ਕਿਰਪਾ ਕਰੇ ਗੁਰੁ ਪਾਈਐ ਹਰਿ ਨਾਮੋ ਦੇਇ ਦ੍ਰਿੜਾਇ ॥ (33-15)
किरपा करे गुरु पाईऐ हरि नामो देइ द्रिड़ाइ ॥

ਬਿਨੁ ਗੁਰ ਕਿਨੈ ਨ ਪਾਇਓ ਬਿਰਥਾ ਜਨਮੁ ਗਵਾਇ ॥ (33-15)
बिनु गुर किनै न पाइओ बिरथा जनमु गवाइ ॥

ਮਨਮੁਖ ਕਰਮ ਕਮਾਵਣੇ ਦਰਗਹ ਮਿਲੈ ਸਜਾਇ ॥੧॥ (33-16)
मनमुख करम कमावणे दरगह मिलै सजाइ ॥१ ॥

ਮਨ ਰੇ ਦੂਜਾ ਭਾਉ ਚੁਕਾਇ ॥ (33-16)
मन रे दूजा भाउ चुकाइ ॥

ਅੰਤਰਿ ਤੇਰੈ ਹਰਿ ਵਸੈ ਗੁਰ ਸੇਵਾ ਸੁਖੁ ਪਾਇ ॥ ਰਹਾਉ ॥ (33-16)
अंतरि तेरै हरि वसै गुर सेवा सुखु पाइ ॥ रहाउ ॥

ਸਚੁ ਬਾਣੀ ਸਚੁ ਸਬਦੁ ਹੈ ਜਾ ਸਚਿ ਧਰੇ ਪਿਆਰੁ ॥ (33-17)
सचु बाणी सचु सबदु है जा सचि धरे पिआरु ॥

ਹਰਿ ਕਾ ਨਾਮੁ ਮਨਿ ਵਸੈ ਹਉਮੈ ਕ੍ਰੋਧੁ ਨਿਵਾਰਿ ॥ (33-17)
हरि का नामु मनि वसै हउमै क्रोधु निवारि ॥

ਮਨਿ ਨਿਰਮਲ ਨਾਮੁ ਧਿਆਈਐ ਤਾ ਪਾਏ ਮੋਖ ਦੁਆਰੁ ॥੨॥ (33-18)
मनि निरमल नामु धिआईऐ ता पाए मोख दुआरु ॥२॥

ਹਉਮੈ ਵਿਚਿ ਜਗੁ ਬਿਨਸਦਾ ਮਰਿ ਜੰਮੈ ਆਵੈ ਜਾਇ ॥ (33-18)
हउमै विचि जगु बिनसदा मरि जंमै आवै जाइ ॥

ਮਨਮੁਖ ਸਬਦੁ ਨ ਜਾਣਨੀ ਜਾਸਨਿ ਪਤਿ ਗਵਾਇ ॥ (33-19)
मनमुख सबदु न जाणनी जासनि पति गवाइ ॥

ਗੁਰ ਸੇਵਾ ਨਾਉ ਪਾਈਐ ਸਚੇ ਰਹੈ ਸਮਾਇ ॥੩॥ (33-19)
गुर सेवा नाउ पाईऐ सचे रहै समाइ ॥३॥

ਸਬਦਿ ਮੰਨਿਐ ਗੁਰੁ ਪਾਈਐ ਵਿਚਹੁ ਆਪੁ ਗਵਾਇ ॥ (34-1)
सबदि मंनिऐ गुरु पाईऐ विचहु आपु गवाइ ॥

ਅਨਦਿਨੁ ਭਗਤਿ ਕਰੇ ਸਦਾ ਸਾਚੇ ਕੀ ਲਿਵ ਲਾਇ ॥ (34-1)
अनदिनु भगति करे सदा साचे की लिव लाइ ॥

ਨਾਮੁ ਪਦਾਰਥੁ ਮਨਿ ਵਸਿਆ ਨਾਨਕ ਸਹਜਿ ਸਮਾਇ ॥੪॥੧੯॥੫੨॥ (34-2)
नामु पदारथु मनि वसिआ नानक सहजि समाइ ॥४॥१९॥५२॥

ਸਿਰੀਰਾਗੁ ਮਹਲਾ ੩ ॥ (34-2)
सिरीरागु महला ३ ॥

ਜਿਨੀ ਪੁਰਖੀ ਸਤਗੁਰੁ ਨ ਸੇਵਿਓ ਸੇ ਦੁਖੀਏ ਜੁਗ ਚਾਰਿ ॥ (34-3)
जिनी पुरखी सतगुरु न सेविओ से दुखीए जुग चारि ॥

ਘਰਿ ਹੋਦਾ ਪੁਰਖੁ ਨ ਪਛਾਣਿਆ ਅਭਿਮਾਨਿ ਮੁਠੇ ਅਹੰਕਾਰਿ ॥ (34-3)
घरि होदा पुरखु न पछाणिआ अभिमानि मुठे अहंकारि ॥

ਸਤਗੁਰੂ ਕਿਆ ਫਿਟਕਿਆ ਮੰਗਿ ਥਕੇ ਸੰਸਾਰਿ ॥ (34-4)
सतगुरू किआ फिटकिआ मंगि थके संसारि ॥

ਸਚਾ ਸਬਦੁ ਨ ਸੇਵਿਓ ਸਭਿ ਕਾਜ ਸਵਾਰਣਹਾਰੁ ॥੧॥ (34-4)
सचा सबदु न सेविओ सभि काज सवारणहारु ॥१॥

ਮਨ ਮੇਰੇ ਸਦਾ ਹਰਿ ਵੇਖੁ ਹਦੂਰਿ ॥ (34-5)
मन मेरे सदा हरि वेखु हदूरि ॥

ਜਨਮ ਮਰਨ ਦੁਖੁ ਪਰਹਰੈ ਸਬਦਿ ਰਹਿਆ ਭਰਪੂਰਿ ॥੧॥ ਰਹਾਉ ॥ (34-5)
जनम मरन दुखु परहरै सबदि रहिआ भरपूरि ॥१॥ रहाउ ॥

ਸਚੁ ਸਲਾਹਨਿ ਸੇ ਸਚੇ ਸਚਾ ਨਾਮੁ ਅਧਾਰੁ ॥ (34-6)
सचु सलाहनि से सचे सचा नामु अधारु ॥

ਸਚੀ ਕਾਰ ਕਮਾਵਣੀ ਸਚੇ ਨਾਲਿ ਪਿਆਰੁ ॥ (34-6)
सची कार कमावणी सचे नालि पिआरु ॥

ਸਚਾ ਸਾਹੁ ਵਰਤਦਾ ਕੋਇ ਨ ਮੇਟਣਹਾਰੁ ॥ (34-6)
सचा साहु वरतदा कोइ न मेटणहारु ॥

ਮਨਮੁਖ ਮਹਲੁ ਨ ਪਾਇਨੀ ਕੂੜਿ ਮੁਠੇ ਕੂੜਿਆਰ ॥੨॥ (34-7)
मनमुख महलु न पाइनी कूड़ि मुठे कूड़िआर ॥२॥

ਹਉਮੈ ਕਰਤਾ ਜਗੁ ਮੁਆ ਗੁਰ ਬਿਨੁ ਘੋਰ ਅੰਧਾਰੁ ॥ (34-7)
हउमै करता जगु मुआ गुर बिनु घोर अंधारु ॥

ਮਾਇਆ ਮੋਹਿ ਵਿਸਾਰਿਆ ਸੁਖਦਾਤਾ ਦਾਤਾਰੁ ॥ (34-8)
माइआ मोहि विसारिआ सुखदाता दातारु ॥

ਸਤਗੁਰੁ ਸੇਵਹਿ ਤਾ ਉਬਰਹਿ ਸਚੁ ਰਖਹਿ ਉਰ ਧਾਰਿ ॥ (34-8)
सतगुरु सेवहि ता उबरहि सचु रखहि उर धारि ॥

ਕਿਰਪਾ ਤੇ ਹਰਿ ਪਾਈਐ ਸਚਿ ਸਬਦਿ ਵੀਚਾਰਿ ॥੩॥ (34-9)
किरपा ते हरि पाईऐ सचि सबदि वीचारि ॥३॥

ਸਤਗੁਰੁ ਸੇਵਿ ਮਨੁ ਨਿਰਮਲਾ ਹਉਮੈ ਤਜਿ ਵਿਕਾਰ ॥ (34-9)
सतगुरु सेवि मनु निरमला हउमै तजि विकार ॥

ਆਪੁ ਛੋਡਿ ਜੀਵਤ ਮਰੈ ਗੁਰ ਕੈ ਸਬਦਿ ਵੀਚਾਰ ॥ (34-10)
आपु छोडि जीवत मरै गुर कै सबदि वीचार ॥

ਧੰਧਾ ਧਾਵਤ ਰਹਿ ਗਏ ਲਾਗਾ ਸਾਚਿ ਪਿਆਰੁ ॥ (34-10)
धंधा धावत रहि गए लागा साचि पिआरु ॥

ਸਚਿ ਰਤੇ ਮੁਖ ਉਜਲੇ ਤਿਤੁ ਸਾਚੈ ਦਰਬਾਰਿ ॥੪॥ (34-11)
सचि रते मुख उजले तितु साचै दरबारि ॥४॥

ਸਤਗੁਰੁ ਪੁਰਖੁ ਨ ਮੰਨਿਓ ਸਬਦਿ ਨ ਲਗੋ ਪਿਆਰੁ ॥ (34-11)
सतगुरु पुरखु न मंनिओ सबदि न लगो पिआरु ॥

ਇਸਨਾਨੁ ਦਾਨੁ ਜੇਤਾ ਕਰਹਿ ਦੂਜੈ ਭਾਇ ਖੁਆਰੁ ॥ (34-12)
इसनानु दानु जेता करहि दूजै भाइ खुआरु ॥

ਹਰਿ ਜੀਉ ਆਪਣੀ ਕ੍ਰਿਪਾ ਕਰੇ ਤਾ ਲਾਗੈ ਨਾਮ ਪਿਆਰੁ ॥ (34-12)
हरि जीउ आपणी क्रिपा करे ता लागै नाम पिआरु ॥

ਨਾਨਕ ਨਾਮੁ ਸਮਾਲਿ ਤੂ ਗੁਰ ਕੈ ਹੇਤਿ ਅਪਾਰਿ ॥੫॥੨੦॥੫੩॥ (34-13)
नानक नामु समालि तू गुर कै हेति अपारि ॥५॥२०॥५३॥

ਸਿਰੀਰਾਗੁ ਮਹਲਾ ੩ ॥ (34-13)
सिरीरागु महला ३ ॥

ਕਿਸੁ ਹਉ ਸੇਵੀ ਕਿਆ ਜਪੁ ਕਰੀ ਸਤਗੁਰ ਪੂਛਉ ਜਾਇ ॥ (34-13)
किसु हउ सेवी किआ जपु करी सतगुर पूछउ जाइ ॥

ਸਤਗੁਰ ਕਾ ਭਾਣਾ ਮੰਨਿ ਲਈ ਵਿਚਹੁ ਆਪੁ ਗਵਾਇ ॥ (34-14)
सतगुर का भाणा मंनि लई विचहु आपु गवाइ ॥

ਏਹਾ ਸੇਵਾ ਚਾਕਰੀ ਨਾਮੁ ਵਸੈ ਮਨਿ ਆਇ ॥ (34-14)
एहा सेवा चाकरी नामु वसै मनि आइ ॥

ਨਾਮੈ ਹੀ ਤੇ ਸੁਖੁ ਪਾਈਐ ਸਚੈ ਸਬਦਿ ਸੁਹਾਇ ॥੧॥ (34-15)
नामै ही ते सुखु पाईऐ सचै सबदि सुहाइ ॥१॥

ਮਨ ਮੇਰੇ ਅਨਦਿਨੁ ਜਾਗੁ ਹਰਿ ਚੇਤਿ ॥ (34-15)
मन मेरे अनदिनु जागु हरि चेति ॥

ਆਪਣੀ ਖੇਤੀ ਰਖਿ ਲੈ ਕੂੰਜ ਪੜੈਗੀ ਖੇਤਿ ॥੧॥ ਰਹਾਉ ॥ (34-16)
आपणी खेती रखि लै कूंज पड़ैगी खेति ॥१॥ रहाउ ॥

ਮਨ ਕੀਆ ਇਛਾ ਪੂਰੀਆ ਸਬਦਿ ਰਹਿਆ ਭਰਪੂਰਿ ॥ (34-16)
मन कीआ इछा पूरीआ सबदि रहिआ भरपूरि ॥

ਭੈ ਭਾਇ ਭਗਤਿ ਕਰਹਿ ਦਿਨੁ ਰਾਤੀ ਹਰਿ ਜੀਉ ਵੇਖੈ ਸਦਾ ਹਦੂਰਿ ॥ (34-17)
भै भाइ भगति करहि दिनु राती हरि जीउ वेखै सदा हदूरि ॥

ਸਚੈ ਸਬਦਿ ਸਦਾ ਮਨੁ ਰਾਤਾ ਭ੍ਰਮੁ ਗਇਆ ਸਰੀਰਹੁ ਦੂਰਿ ॥ (34-17)
सचै सबदि सदा मनु राता भ्रमु गइआ सरीरहु दूरि ॥

ਨਿਰਮਲੁ ਸਾਹਿਬੁ ਪਾਇਆ ਸਾਚਾ ਗੁਣੀ ਗਹੀਰੁ ॥੨॥ (34-18)
निरमलु साहिबु पाइआ साचा गुणी गहीरु ॥२॥

ਜੋ ਜਾਗੇ ਸੇ ਉਬਰੇ ਸੂਤੇ ਗਏ ਮੁਹਾਇ ॥ (34-18)
जो जागे से उबरे सूते गए मुहाइ ॥

ਸਚਾ ਸਬਦੁ ਨ ਪਛਾਣਿਓ ਸੁਪਨਾ ਗਇਆ ਵਿਹਾਇ ॥ (34-19)
सचा सबदु न पछाणिओ सुपना गइआ विहाइ ॥

ਸੁੰਞੇ ਘਰ ਕਾ ਪਾਹੁਣਾ ਜਿਉ ਆਇਆ ਤਿਉ ਜਾਇ ॥ (34-19)
सुंञे घर का पाहुणा जिउ आइआ तिउ जाइ ॥

ਮਨਮੁਖ ਜਨਮੁ ਬਿਰਥਾ ਗਇਆ ਕਿਆ ਮੁਹੁ ਦੇਸੀ ਜਾਇ ॥੩॥ (35-1)
मनमुख जनमु बिरथा गइआ किआ मुहु देसी जाइ ॥३॥

ਸਭ ਕਿਛੁ ਆਪੇ ਆਪਿ ਹੈ ਹਉਮੈ ਵਿਚਿ ਕਹਨੁ ਨ ਜਾਇ ॥ (35-1)
सभ किछु आपे आपि है हउमै विचि कहनु न जाइ ॥

ਗੁਰ ਕੈ ਸਬਦਿ ਪਛਾਣੀਐ ਦੁਖੁ ਹਉਮੈ ਵਿਚਹੁ ਗਵਾਇ ॥ (35-2)
गुर कै सबदि पछाणीऐ दुखु हउमै विचहु गवाइ ॥

ਸਤਗੁਰੁ ਸੇਵਨਿ ਆਪਣਾ ਹਉ ਤਿਨ ਕੈ ਲਾਗਉ ਪਾਇ ॥ (35-2)
सतगुरु सेवनि आपणा हउ तिन कै लागउ पाइ ॥

ਨਾਨਕ ਦਰਿ ਸਚੈ ਸਚਿਆਰ ਹਹਿ ਹਉ ਤਿਨ ਬਲਿਹਾਰੈ ਜਾਉ ॥੪॥੨੧॥੫੪॥ (35-3)
नानक दरि सचै सचिआर हहि हउ तिन बलिहारै जाउ ॥४॥२१॥५४॥

ਸਿਰੀਰਾਗੁ ਮਹਲਾ ੩ ॥ (35-4)
सिरीरागु महला ३ ॥

ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ ॥ (35-4)
जे वेला वखतु वीचारीऐ ता कितु वेला भगति होइ ॥

ਅਨਦਿਨੁ ਨਾਮੇ ਰਤਿਆ ਸਚੇ ਸਚੀ ਸੋਇ ॥ (35-4)
अनदिनु नामे रतिआ सचे सची सोइ ॥

ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ ॥ (35-5)
इकु तिलु पिआरा विसरै भगति किनेही होइ ॥

ਮਨੁ ਤਨੁ ਸੀਤਲੁ ਸਾਚ ਸਿਉ ਸਾਸੁ ਨ ਬਿਰਥਾ ਕੋਇ ॥੧॥ (35-5)
मनु तनु सीतलु साच सिउ सासु न बिरथा कोइ ॥१॥

ਮੇਰੇ ਮਨ ਹਰਿ ਕਾ ਨਾਮੁ ਧਿਆਇ ॥ (35-6)
मेरे मन हरि का नामु धिआइ ॥

ਸਾਚੀ ਭਗਤਿ ਤਾ ਥੀਐ ਜਾ ਹਰਿ ਵਸੈ ਮਨਿ ਆਇ ॥੧॥ ਰਹਾਉ ॥ (35-6)
साची भगति ता थीऐ जा हरि वसै मनि आइ ॥१॥ रहाउ ॥

ਸਹਜੇ ਖੇਤੀ ਰਾਹੀਐ ਸਚੁ ਨਾਮੁ ਬੀਜੁ ਪਾਇ ॥ (35-7)
सहजे खेती राहीऐ सचु नामु बीजु पाइ ॥

ਖੇਤੀ ਜੰਮੀ ਅਗਲੀ ਮਨੂਆ ਰਜਾ ਸਹਜਿ ਸੁਭਾਇ ॥ (35-7)
खेती जंमी अगली मनूआ रजा सहजि सुभाइ ॥

ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ ਜਾਇ ॥ (35-8)
गुर का सबदु अमृतु है जितु पीतै तिख जाइ ॥

ਇਹੁ ਮਨੁ ਸਾਚਾ ਸਚਿ ਰਤਾ ਸਚੇ ਰਹਿਆ ਸਮਾਇ ॥੨॥ (35-8)
इहु मनु साचा सचि रता सचे रहिआ समाइ ॥२॥

ਆਖਣੁ ਵੇਖਣੁ ਬੋਲਣਾ ਸਬਦੇ ਰਹਿਆ ਸਮਾਇ ॥ (35-9)
आखणु वेखणु बोलणा सबदे रहिआ समाइ ॥

ਬਾਣੀ ਵਜੀ ਚਹੁ ਜੁਗੀ ਸਚੋ ਸਚੁ ਸੁਣਾਇ ॥ (35-9)
बाणी वजी चहु जुगी सचो सचु सुणाइ ॥

ਹਉਮੈ ਮੇਰਾ ਰਹਿ ਗਇਆ ਸਚੈ ਲਇਆ ਮਿਲਾਇ ॥ (35-9)
हउमै मेरा रहि गइआ सचै लइआ मिलाइ ॥

ਤਿਨ ਕਉ ਮਹਲੁ ਹਦੂਰਿ ਹੈ ਜੋ ਸਚਿ ਰਹੇ ਲਿਵ ਲਾਇ ॥੩॥ (35-10)
तिन कउ महलु हदूरि है जो सचि रहे लिव लाइ ॥३॥

ਨਦਰੀ ਨਾਮੁ ਧਿਆਈਐ ਵਿਣੁ ਕਰਮਾ ਪਾਇਆ ਨ ਜਾਇ ॥ (35-10)
नदरी नामु धिआईऐ विणु करमा पाइआ न जाइ ॥

ਪੂਰੈ ਭਾਗਿ ਸਤਸੰਗਤਿ ਲਹੈ ਸਤਗੁਰੁ ਭੇਟੈ ਜਿਸੁ ਆਇ ॥ (35-11)
पूरै भागि सतसंगति लहै सतगुरु भेटै जिसु आइ ॥

ਅਨਦਿਨੁ ਨਾਮੇ ਰਤਿਆ ਦੁਖੁ ਬਿਖਿਆ ਵਿਚਹੁ ਜਾਇ ॥ (35-12)
अनदिनु नामे रतिआ दुखु बिखिआ विचहु जाइ ॥

ਨਾਨਕ ਸਬਦਿ ਮਿਲਾਵੜਾ ਨਾਮੇ ਨਾਮਿ ਸਮਾਇ ॥੪॥੨੨॥੫੫॥ (35-12)
नानक सबदि मिलावड़ा नामे नामि समाइ ॥४॥२२॥५५॥

ਸਿਰੀਰਾਗੁ ਮਹਲਾ ੩ ॥ (35-13)
सिरीरागु महला ३ ॥

ਆਪਣਾ ਭਉ ਤਿਨ ਪਾਇਓਨੁ ਜਿਨ ਗੁਰ ਕਾ ਸਬਦੁ ਬੀਚਾਰਿ ॥ (35-13)
आपणा भउ तिन पाइओनु जिन गुर का सबदु बीचारि ॥

ਸਤਸੰਗਤੀ ਸਦਾ ਮਿਲਿ ਰਹੇ ਸਚੇ ਕੇ ਗੁਣ ਸਾਰਿ ॥ (35-13)
सतसंगती सदा मिलि रहे सचे के गुण सारि ॥

ਦੁਬਿਧਾ ਮੈਲੁ ਚੁਕਾਈਅਨੁ ਹਰਿ ਰਾਖਿਆ ਉਰ ਧਾਰਿ ॥ (35-14)
दुबिधा मैलु चुकाईअनु हरि राखिआ उर धारि ॥

ਸਚੀ ਬਾਣੀ ਸਚੁ ਮਨਿ ਸਚੇ ਨਾਲਿ ਪਿਆਰੁ ॥੧॥ (35-14)
सची बाणी सचु मनि सचे नालि पिआरु ॥१॥

ਮਨ ਮੇਰੇ ਹਉਮੈ ਮੈਲੁ ਭਰ ਨਾਲਿ ॥ (35-15)
मन मेरे हउमै मैलु भर नालि ॥

ਹਰਿ ਨਿਰਮਲੁ ਸਦਾ ਸੋਹਣਾ ਸਬਦਿ ਸਵਾਰਣਹਾਰੁ ॥੧॥ ਰਹਾਉ ॥ (35-15)
हरि निरमलु सदा सोहणा सबदि सवारणहारु ॥१॥ रहाउ ॥

ਸਚੈ ਸਬਦਿ ਮਨੁ ਮੋਹਿਆ ਪ੍ਰਭਿ ਆਪੇ ਲਏ ਮਿਲਾਇ ॥ (35-16)
सचै सबदि मनु मोहिआ प्रभि आपे लए मिलाइ ॥

ਅਨਦਿਨੁ ਨਾਮੇ ਰਤਿਆ ਜੋਤੀ ਜੋਤਿ ਸਮਾਇ ॥ (35-16)
अनदिनु नामे रतिआ जोती जोति समाइ ॥

ਜੋਤੀ ਹੂ ਪ੍ਰਭੁ ਜਾਪਦਾ ਬਿਨੁ ਸਤਗੁਰ ਬੂਝ ਨ ਪਾਇ ॥ (35-17)
जोती हू प्रभु जापदा बिनु सतगुर बूझ न पाइ ॥

ਜਿਨ ਕਉ ਪੂਰਬਿ ਲਿਖਿਆ ਸਤਗੁਰੁ ਭੇਟਿਆ ਤਿਨ ਆਇ ॥੨॥ (35-17)
जिन कउ पूरबि लिखिआ सतगुरु भेटिआ तिन आइ ॥२॥

ਵਿਣੁ ਨਾਵੈ ਸਭ ਡੁਮਣੀ ਦੂਜੈ ਭਾਇ ਖੁਆਇ ॥ (35-18)
विणु नावै सभ डुमणी दूजै भाइ खुआइ ॥

ਤਿਸੁ ਬਿਨੁ ਘੜੀ ਨ ਜੀਵਦੀ ਦੁਖੀ ਰੈਣਿ ਵਿਹਾਇ ॥ (35-18)
तिसु बिनु घड़ी न जीवदी दुखी रैणि विहाइ ॥

ਭਰਮਿ ਭੁਲਾਣਾ ਅੰਧੁਲਾ ਫਿਰਿ ਫਿਰਿ ਆਵੈ ਜਾਇ ॥ (35-19)
भरमि भुलाणा अंधुला फिरि फिरि आवै जाइ ॥

ਨਦਰਿ ਕਰੇ ਪ੍ਰਭੁ ਆਪਣੀ ਆਪੇ ਲਏ ਮਿਲਾਇ ॥੩॥ (35-19)
नदरि करे प्रभु आपणी आपे लए मिलाइ ॥३॥

ਸਭੁ ਕਿਛੁ ਸੁਣਦਾ ਵੇਖਦਾ ਕਿਉ ਮੁਕਰਿ ਪਇਆ ਜਾਇ ॥ (36-1)
सभु किछु सुणदा वेखदा किउ मुकरि पइआ जाइ ॥

ਪਾਪੋ ਪਾਪੁ ਕਮਾਵਦੇ ਪਾਪੇ ਪਚਹਿ ਪਚਾਇ ॥ (36-1)
पापो पापु कमावदे पापे पचहि पचाइ ॥

ਸੋ ਪ੍ਰਭੁ ਨਦਰਿ ਨ ਆਵਈ ਮਨਮੁਖਿ ਬੂਝ ਨ ਪਾਇ ॥ (36-2)
सो प्रभु नदरि न आवई मनमुखि बूझ न पाइ ॥

ਜਿਸੁ ਵੇਖਾਲੇ ਸੋਈ ਵੇਖੈ ਨਾਨਕ ਗੁਰਮੁਖਿ ਪਾਇ ॥੪॥੨੩॥੫੬॥ (36-2)
जिसु वेखाले सोई वेखै नानक गुरमुखि पाइ ॥४॥२३॥५६॥

ਸ੍ਰੀਰਾਗੁ ਮਹਲਾ ੩ ॥ (36-3)
स्रीरागु महला ३ ॥

ਬਿਨੁ ਗੁਰ ਰੋਗੁ ਨ ਤੁਟਈ ਹਉਮੈ ਪੀੜ ਨ ਜਾਇ ॥ (36-3)
बिनु गुर रोगु न तुटई हउमै पीड़ न जाइ ॥

ਗੁਰ ਪਰਸਾਦੀ ਮਨਿ ਵਸੈ ਨਾਮੇ ਰਹੈ ਸਮਾਇ ॥ (36-3)
गुर परसादी मनि वसै नामे रहै समाइ ॥

ਗੁਰ ਸਬਦੀ ਹਰਿ ਪਾਈਐ ਬਿਨੁ ਸਬਦੈ ਭਰਮਿ ਭੁਲਾਇ ॥੧॥ (36-4)
गुर सबदी हरि पाईऐ बिनु सबदै भरमि भुलाइ ॥१॥

ਮਨ ਰੇ ਨਿਜ ਘਰਿ ਵਾਸਾ ਹੋਇ ॥ (36-4)
मन रे निज घरि वासा होइ ॥

ਰਾਮ ਨਾਮੁ ਸਾਲਾਹਿ ਤੂ ਫਿਰਿ ਆਵਣ ਜਾਣੁ ਨ ਹੋਇ ॥੧॥ ਰਹਾਉ ॥ (36-5)
राम नामु सालाहि तू फिरि आवण जाणु न होइ ॥१॥ रहाउ ॥

ਹਰਿ ਇਕੋ ਦਾਤਾ ਵਰਤਦਾ ਦੂਜਾ ਅਵਰੁ ਨ ਕੋਇ ॥ (36-5)
हरि इको दाता वरतदा दूजा अवरु न कोइ ॥

ਸਬਦਿ ਸਾਲਾਹੀ ਮਨਿ ਵਸੈ ਸਹਜੇ ਹੀ ਸੁਖੁ ਹੋਇ ॥ (36-6)
सबदि सालाही मनि वसै सहजे ही सुखु होइ ॥

ਸਭ ਨਦਰੀ ਅੰਦਰਿ ਵੇਖਦਾ ਜੈ ਭਾਵੈ ਤੈ ਦੇਇ ॥੨॥ (36-6)
सभ नदरी अंदरि वेखदा जै भावै तै देइ ॥२॥

ਹਉਮੈ ਸਭਾ ਗਣਤ ਹੈ ਗਣਤੈ ਨਉ ਸੁਖੁ ਨਾਹਿ ॥ (36-7)
हउमै सभा गणत है गणतै नउ सुखु नाहि ॥

ਬਿਖੁ ਕੀ ਕਾਰ ਕਮਾਵਣੀ ਬਿਖੁ ਹੀ ਮਾਹਿ ਸਮਾਹਿ ॥ (36-7)
बिखु की कार कमावणी बिखु ही माहि समाहि ॥

ਬਿਨੁ ਨਾਵੈ ਠਉਰੁ ਨ ਪਾਇਨੀ ਜਮਪੁਰਿ ਦੂਖ ਸਹਾਹਿ ॥੩॥ (36-8)
बिनु नावै ठउरु न पाइनी जमपुरि दूख सहाहि ॥३॥

ਜੀਉ ਪਿੰਡੁ ਸਭੁ ਤਿਸ ਦਾ ਤਿਸੈ ਦਾ ਆਧਾਰੁ ॥ (36-8)
जीउ पिंडु सभु तिस दा तिसै दा आधारु ॥

ਗੁਰ ਪਰਸਾਦੀ ਬੁਝੀਐ ਤਾ ਪਾਏ ਮੋਖ ਦੁਆਰੁ ॥ (36-9)
गुर परसादी बुझीऐ ता पाए मोख दुआरु ॥

ਨਾਨਕ ਨਾਮੁ ਸਲਾਹਿ ਤੂੰ ਅੰਤੁ ਨ ਪਾਰਾਵਾਰੁ ॥੪॥੨੪॥੫੭॥ (36-9)
नानक नामु सलाहि तूं अंतु न पारावारु ॥४॥२४॥५७॥

ਸਿਰੀਰਾਗੁ ਮਹਲਾ ੩ ॥ (36-10)
सिरीरागु महला ३ ॥

ਤਿਨਾ ਅਨੰਦੁ ਸਦਾ ਸੁਖੁ ਹੈ ਜਿਨਾ ਸਚੁ ਨਾਮੁ ਆਧਾਰੁ ॥ (36-10)
तिना अनंदु सदा सुखु है जिना सचु नामु आधारु ॥

ਗੁਰ ਸਬਦੀ ਸਚੁ ਪਾਇਆ ਦੂਖ ਨਿਵਾਰਣਹਾਰੁ ॥ (36-10)
गुर सबदी सचु पाइआ दूख निवारणहारु ॥

ਸਦਾ ਸਦਾ ਸਾਚੇ ਗੁਣ ਗਾਵਹਿ ਸਾਚੈ ਨਾਇ ਪਿਆਰੁ ॥ (36-11)
सदा सदा साचे गुण गावहि साचै नाइ पिआरु ॥

ਕਿਰਪਾ ਕਰਿ ਕੈ ਆਪਣੀ ਦਿਤੋਨੁ ਭਗਤਿ ਭੰਡਾਰੁ ॥੧॥ (36-11)
किरपा करि कै आपणी दितोनु भगति भंडारु ॥१॥

ਮਨ ਰੇ ਸਦਾ ਅਨੰਦੁ ਗੁਣ ਗਾਇ ॥ (36-12)
मन रे सदा अनंदु गुण गाइ ॥

ਸਚੀ ਬਾਣੀ ਹਰਿ ਪਾਈਐ ਹਰਿ ਸਿਉ ਰਹੈ ਸਮਾਇ ॥੧॥ ਰਹਾਉ ॥ (36-12)
सची बाणी हरि पाईऐ हरि सिउ रहै समाइ ॥१॥ रहाउ ॥

ਸਚੀ ਭਗਤੀ ਮਨੁ ਲਾਲੁ ਥੀਆ ਰਤਾ ਸਹਜਿ ਸੁਭਾਇ ॥ (36-13)
सची भगती मनु लालु थीआ रता सहजि सुभाइ ॥

ਗੁਰ ਸਬਦੀ ਮਨੁ ਮੋਹਿਆ ਕਹਣਾ ਕਛੂ ਨ ਜਾਇ ॥ (36-13)
गुर सबदी मनु मोहिआ कहणा कछू न जाइ ॥

ਜਿਹਵਾ ਰਤੀ ਸਬਦਿ ਸਚੈ ਅੰਮ੍ਰਿਤੁ ਪੀਵੈ ਰਸਿ ਗੁਣ ਗਾਇ ॥ (36-14)
जिहवा रती सबदि सचै अमृतु पीवै रसि गुण गाइ ॥

ਗੁਰਮੁਖਿ ਏਹੁ ਰੰਗੁ ਪਾਈਐ ਜਿਸ ਨੋ ਕਿਰਪਾ ਕਰੇ ਰਜਾਇ ॥੨॥ (36-14)
गुरमुखि एहु रंगु पाईऐ जिस नो किरपा करे रजाइ ॥२॥

ਸੰਸਾ ਇਹੁ ਸੰਸਾਰੁ ਹੈ ਸੁਤਿਆ ਰੈਣਿ ਵਿਹਾਇ ॥ (36-15)
संसा इहु संसारु है सुतिआ रैणि विहाइ ॥

ਇਕਿ ਆਪਣੈ ਭਾਣੈ ਕਢਿ ਲਇਅਨੁ ਆਪੇ ਲਇਓਨੁ ਮਿਲਾਇ ॥ (36-15)
इकि आपणै भाणै कढि लइअनु आपे लइओनु मिलाइ ॥

ਆਪੇ ਹੀ ਆਪਿ ਮਨਿ ਵਸਿਆ ਮਾਇਆ ਮੋਹੁ ਚੁਕਾਇ ॥ (36-16)
आपे ही आपि मनि वसिआ माइआ मोहु चुकाइ ॥

ਆਪਿ ਵਡਾਈ ਦਿਤੀਅਨੁ ਗੁਰਮੁਖਿ ਦੇਇ ਬੁਝਾਇ ॥੩॥ (36-16)
आपि वडाई दितीअनु गुरमुखि देइ बुझाइ ॥३॥

ਸਭਨਾ ਕਾ ਦਾਤਾ ਏਕੁ ਹੈ ਭੁਲਿਆ ਲਏ ਸਮਝਾਇ ॥ (36-17)
सभना का दाता एकु है भुलिआ लए समझाइ ॥

ਇਕਿ ਆਪੇ ਆਪਿ ਖੁਆਇਅਨੁ ਦੂਜੈ ਛਡਿਅਨੁ ਲਾਇ ॥ (36-17)
इकि आपे आपि खुआइअनु दूजै छडिअनु लाइ ॥

ਗੁਰਮਤੀ ਹਰਿ ਪਾਈਐ ਜੋਤੀ ਜੋਤਿ ਮਿਲਾਇ ॥ (36-18)
गुरमती हरि पाईऐ जोती जोति मिलाइ ॥

ਅਨਦਿਨੁ ਨਾਮੇ ਰਤਿਆ ਨਾਨਕ ਨਾਮਿ ਸਮਾਇ ॥੪॥੨੫॥੫੮॥ (36-18)
अनदिनु नामे रतिआ नानक नामि समाइ ॥४॥२५॥५८॥

ਸਿਰੀਰਾਗੁ ਮਹਲਾ ੩ ॥ (36-19)
सिरीरागु महला ३ ॥

ਗੁਣਵੰਤੀ ਸਚੁ ਪਾਇਆ ਤ੍ਰਿਸਨਾ ਤਜਿ ਵਿਕਾਰ ॥ (36-19)
गुणवंती सचु पाइआ त्रिसना तजि विकार ॥

ਗੁਰ ਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ ॥ (36-19)
गुर सबदी मनु रंगिआ रसना प्रेम पिआरि ॥

ਬਿਨੁ ਸਤਿਗੁਰ ਕਿਨੈ ਨ ਪਾਇਓ ਕਰਿ ਵੇਖਹੁ ਮਨਿ ਵੀਚਾਰਿ ॥ (37-1)
बिनु सतिगुर किनै न पाइओ करि वेखहु मनि वीचारि ॥

ਮਨਮੁਖ ਮੈਲੁ ਨ ਉਤਰੈ ਜਿਚਰੁ ਗੁਰ ਸਬਦਿ ਨ ਕਰੇ ਪਿਆਰੁ ॥੧॥ (37-1)
मनमुख मैलु न उतरै जिचरु गुर सबदि न करे पिआरु ॥१॥

ਮਨ ਮੇਰੇ ਸਤਿਗੁਰ ਕੈ ਭਾਣੈ ਚਲੁ ॥ (37-2)
मन मेरे सतिगुर कै भाणै चलु ॥

ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ ਤਾ ਸੁਖ ਲਹਹਿ ਮਹਲੁ ॥੧॥ ਰਹਾਉ ॥ (37-2)
निज घरि वसहि अमृतु पीवहि ता सुख लहहि महलु ॥१॥ रहाउ ॥

ਅਉਗੁਣਵੰਤੀ ਗੁਣੁ ਕੋ ਨਹੀ ਬਹਣਿ ਨ ਮਿਲੈ ਹਦੂਰਿ ॥ (37-3)
अउगुणवंती गुणु को नही बहणि न मिलै हदूरि ॥

ਮਨਮੁਖਿ ਸਬਦੁ ਨ ਜਾਣਈ ਅਵਗਣਿ ਸੋ ਪ੍ਰਭੁ ਦੂਰਿ ॥ (37-3)
मनमुखि सबदु न जाणई अवगणि सो प्रभु दूरि ॥

ਜਿਨੀ ਸਚੁ ਪਛਾਣਿਆ ਸਚਿ ਰਤੇ ਭਰਪੂਰਿ ॥ (37-4)
जिनी सचु पछाणिआ सचि रते भरपूरि ॥

ਗੁਰ ਸਬਦੀ ਮਨੁ ਬੇਧਿਆ ਪ੍ਰਭੁ ਮਿਲਿਆ ਆਪਿ ਹਦੂਰਿ ॥੨॥ (37-4)
गुर सबदी मनु बेधिआ प्रभु मिलिआ आपि हदूरि ॥२॥

ਆਪੇ ਰੰਗਣਿ ਰੰਗਿਓਨੁ ਸਬਦੇ ਲਇਓਨੁ ਮਿਲਾਇ ॥ (37-5)
आपे रंगणि रंगिओनु सबदे लइओनु मिलाइ ॥

ਸਚਾ ਰੰਗੁ ਨ ਉਤਰੈ ਜੋ ਸਚਿ ਰਤੇ ਲਿਵ ਲਾਇ ॥ (37-5)
सचा रंगु न उतरै जो सचि रते लिव लाइ ॥

ਚਾਰੇ ਕੁੰਡਾ ਭਵਿ ਥਕੇ ਮਨਮੁਖ ਬੂਝ ਨ ਪਾਇ ॥ (37-6)
चारे कुंडा भवि थके मनमुख बूझ न पाइ ॥

ਜਿਸੁ ਸਤਿਗੁਰੁ ਮੇਲੇ ਸੋ ਮਿਲੈ ਸਚੈ ਸਬਦਿ ਸਮਾਇ ॥੩॥ (37-6)
जिसु सतिगुरु मेले सो मिलै सचै सबदि समाइ ॥३॥

ਮਿਤ੍ਰ ਘਣੇਰੇ ਕਰਿ ਥਕੀ ਮੇਰਾ ਦੁਖੁ ਕਾਟੈ ਕੋਇ ॥ (37-7)
मित्र घणेरे करि थकी मेरा दुखु काटै कोइ ॥

ਮਿਲਿ ਪ੍ਰੀਤਮ ਦੁਖੁ ਕਟਿਆ ਸਬਦਿ ਮਿਲਾਵਾ ਹੋਇ ॥ (37-7)
मिलि प्रीतम दुखु कटिआ सबदि मिलावा होइ ॥

ਸਚੁ ਖਟਣਾ ਸਚੁ ਰਾਸਿ ਹੈ ਸਚੇ ਸਚੀ ਸੋਇ ॥ (37-8)
सचु खटणा सचु रासि है सचे सची सोइ ॥

ਸਚਿ ਮਿਲੇ ਸੇ ਨ ਵਿਛੁੜਹਿ ਨਾਨਕ ਗੁਰਮੁਖਿ ਹੋਇ ॥੪॥੨੬॥੫੯॥ (37-8)
सचि मिले से न विछुड़हि नानक गुरमुखि होइ ॥४॥२६॥५९॥

ਸਿਰੀਰਾਗੁ ਮਹਲਾ ੩ ॥ (37-9)
सिरीरागु महला ३ ॥

ਆਪੇ ਕਾਰਣੁ ਕਰਤਾ ਕਰੇ ਸ੍ਰਿਸਟਿ ਦੇਖੈ ਆਪਿ ਉਪਾਇ ॥ (37-9)
आपे कारणु करता करे स्रिसटि देखै आपि उपाइ ॥

ਸਭ ਏਕੋ ਇਕੁ ਵਰਤਦਾ ਅਲਖੁ ਨ ਲਖਿਆ ਜਾਇ ॥ (37-9)
सभ एको इकु वरतदा अलखु न लखिआ जाइ ॥

ਆਪੇ ਪ੍ਰਭੂ ਦਇਆਲੁ ਹੈ ਆਪੇ ਦੇਇ ਬੁਝਾਇ ॥ (37-10)
आपे प्रभू दइआलु है आपे देइ बुझाइ ॥

ਗੁਰਮਤੀ ਸਦ ਮਨਿ ਵਸਿਆ ਸਚਿ ਰਹੇ ਲਿਵ ਲਾਇ ॥੧॥ (37-10)
गुरमती सद मनि वसिआ सचि रहे लिव लाइ ॥१॥

ਮਨ ਮੇਰੇ ਗੁਰ ਕੀ ਮੰਨਿ ਲੈ ਰਜਾਇ ॥ (37-11)
मन मेरे गुर की मंनि लै रजाइ ॥

ਮਨੁ ਤਨੁ ਸੀਤਲੁ ਸਭੁ ਥੀਐ ਨਾਮੁ ਵਸੈ ਮਨਿ ਆਇ ॥੧॥ ਰਹਾਉ ॥ (37-11)
मनु तनु सीतलु सभु थीऐ नामु वसै मनि आइ ॥१॥ रहाउ ॥

ਜਿਨਿ ਕਰਿ ਕਾਰਣੁ ਧਾਰਿਆ ਸੋਈ ਸਾਰ ਕਰੇਇ ॥ (37-12)
जिनि करि कारणु धारिआ सोई सार करेइ ॥

ਗੁਰ ਕੈ ਸਬਦਿ ਪਛਾਣੀਐ ਜਾ ਆਪੇ ਨਦਰਿ ਕਰੇਇ ॥ (37-12)
गुर कै सबदि पछाणीऐ जा आपे नदरि करेइ ॥

ਸੇ ਜਨ ਸਬਦੇ ਸੋਹਣੇ ਤਿਤੁ ਸਚੈ ਦਰਬਾਰਿ ॥ (37-13)
से जन सबदे सोहणे तितु सचै दरबारि ॥

ਗੁਰਮੁਖਿ ਸਚੈ ਸਬਦਿ ਰਤੇ ਆਪਿ ਮੇਲੇ ਕਰਤਾਰਿ ॥੨॥ (37-13)
गुरमुखि सचै सबदि रते आपि मेले करतारि ॥२॥

ਗੁਰਮਤੀ ਸਚੁ ਸਲਾਹਣਾ ਜਿਸ ਦਾ ਅੰਤੁ ਨ ਪਾਰਾਵਾਰੁ ॥ (37-14)
गुरमती सचु सलाहणा जिस दा अंतु न पारावारु ॥

ਘਟਿ ਘਟਿ ਆਪੇ ਹੁਕਮਿ ਵਸੈ ਹੁਕਮੇ ਕਰੇ ਬੀਚਾਰੁ ॥ (37-14)
घटि घटि आपे हुकमि वसै हुकमे करे बीचारु ॥

ਗੁਰ ਸਬਦੀ ਸਾਲਾਹੀਐ ਹਉਮੈ ਵਿਚਹੁ ਖੋਇ ॥ (37-15)
गुर सबदी सालाहीऐ हउमै विचहु खोइ ॥

ਸਾ ਧਨ ਨਾਵੈ ਬਾਹਰੀ ਅਵਗਣਵੰਤੀ ਰੋਇ ॥੩॥ (37-15)
सा धन नावै बाहरी अवगणवंती रोइ ॥३॥

ਸਚੁ ਸਲਾਹੀ ਸਚਿ ਲਗਾ ਸਚੈ ਨਾਇ ਤ੍ਰਿਪਤਿ ਹੋਇ ॥ (37-16)
सचु सलाही सचि लगा सचै नाइ त्रिपति होइ ॥

ਗੁਣ ਵੀਚਾਰੀ ਗੁਣ ਸੰਗ੍ਰਹਾ ਅਵਗੁਣ ਕਢਾ ਧੋਇ ॥ (37-16)
गुण वीचारी गुण संग्रहा अवगुण कढा धोइ ॥

ਆਪੇ ਮੇਲਿ ਮਿਲਾਇਦਾ ਫਿਰਿ ਵੇਛੋੜਾ ਨ ਹੋਇ ॥ (37-17)
आपे मेलि मिलाइदा फिरि वेछोड़ा न होइ ॥

ਨਾਨਕ ਗੁਰੁ ਸਾਲਾਹੀ ਆਪਣਾ ਜਿਦੂ ਪਾਈ ਪ੍ਰਭੁ ਸੋਇ ॥੪॥੨੭॥੬੦॥ (37-17)
नानक गुरु सालाही आपणा जिदू पाई प्रभु सोइ ॥४॥२७॥६०॥

ਸਿਰੀਰਾਗੁ ਮਹਲਾ ੩ ॥ (37-18)
सिरीरागु महला ३ ॥

ਸੁਣਿ ਸੁਣਿ ਕਾਮ ਗਹੇਲੀਏ ਕਿਆ ਚਲਹਿ ਬਾਹ ਲੁਡਾਇ ॥ (37-18)
सुणि सुणि काम गहेलीए किआ चलहि बाह लुडाइ ॥

ਆਪਣਾ ਪਿਰੁ ਨ ਪਛਾਣਹੀ ਕਿਆ ਮੁਹੁ ਦੇਸਹਿ ਜਾਇ ॥ (37-18)
आपणा पिरु न पछाणही किआ मुहु देसहि जाइ ॥

ਜਿਨੀ ਸਖੀ ਕੰਤੁ ਪਛਾਣਿਆ ਹਉ ਤਿਨ ਕੈ ਲਾਗਉ ਪਾਇ ॥ (37-19)
जिनी सखी� कंतु पछाणिआ हउ तिन कै लागउ पाइ ॥

ਤਿਨ ਹੀ ਜੈਸੀ ਥੀ ਰਹਾ ਸਤਸੰਗਤਿ ਮੇਲਿ ਮਿਲਾਇ ॥੧॥ (37-19)
तिन ही जैसी थी रहा सतसंगति मेलि मिलाइ ॥१॥

ਮੁੰਧੇ ਕੂੜਿ ਮੁਠੀ ਕੂੜਿਆਰਿ ॥ (38-1)
मुंधे कूड़ि मुठी कूड़िआरि ॥

ਪਿਰੁ ਪ੍ਰਭੁ ਸਾਚਾ ਸੋਹਣਾ ਪਾਈਐ ਗੁਰ ਬੀਚਾਰਿ ॥੧॥ ਰਹਾਉ ॥ (38-1)
पिरु प्रभु साचा सोहणा पाईऐ गुर बीचारि ॥१॥ रहाउ ॥

ਮਨਮੁਖਿ ਕੰਤੁ ਨ ਪਛਾਣਈ ਤਿਨ ਕਿਉ ਰੈਣਿ ਵਿਹਾਇ ॥ (38-2)
मनमुखि कंतु न पछाणई तिन किउ रैणि विहाइ ॥

ਗਰਬਿ ਅਟੀਆ ਤ੍ਰਿਸਨਾ ਜਲਹਿ ਦੁਖੁ ਪਾਵਹਿ ਦੂਜੈ ਭਾਇ ॥ (38-2)
गरबि अटीआ त्रिसना जलहि दुखु पावहि दूजै भाइ ॥

ਸਬਦਿ ਰਤੀਆ ਸੋਹਾਗਣੀ ਤਿਨ ਵਿਚਹੁ ਹਉਮੈ ਜਾਇ ॥ (38-3)
सबदि रतीआ सोहागणी तिन विचहु हउमै जाइ ॥

ਸਦਾ ਪਿਰੁ ਰਾਵਹਿ ਆਪਣਾ ਤਿਨਾ ਸੁਖੇ ਸੁਖਿ ਵਿਹਾਇ ॥੨॥ (38-3)
सदा पिरु रावहि आपणा तिना सुखे सुखि विहाइ ॥२॥

ਗਿਆਨ ਵਿਹੂਣੀ ਪਿਰ ਮੁਤੀਆ ਪਿਰਮੁ ਨ ਪਾਇਆ ਜਾਇ ॥ (38-4)
गिआन विहूणी पिर मुतीआ पिरमु न पाइआ जाइ ॥

ਅਗਿਆਨ ਮਤੀ ਅੰਧੇਰੁ ਹੈ ਬਿਨੁ ਪਿਰ ਦੇਖੇ ਭੁਖ ਨ ਜਾਇ ॥ (38-5)
अगिआन मती अंधेरु है बिनु पिर देखे भुख न जाइ ॥

ਆਵਹੁ ਮਿਲਹੁ ਸਹੇਲੀਹੋ ਮੈ ਪਿਰੁ ਦੇਹੁ ਮਿਲਾਇ ॥ (38-5)
आवहु मिलहु सहेलीहो मै पिरु देहु मिलाइ ॥

ਪੂਰੈ ਭਾਗਿ ਸਤਿਗੁਰੁ ਮਿਲੈ ਪਿਰੁ ਪਾਇਆ ਸਚਿ ਸਮਾਇ ॥੩॥ (38-6)
पूरै भागि सतिगुरु मिलै पिरु पाइआ सचि समाइ ॥३॥

ਸੇ ਸਹੀਆ ਸੋਹਾਗਣੀ ਜਿਨ ਕਉ ਨਦਰਿ ਕਰੇਇ ॥ (38-6)
से सहीआ सोहागणी जिन कउ नदरि करेइ ॥

ਖਸਮੁ ਪਛਾਣਹਿ ਆਪਣਾ ਤਨੁ ਮਨੁ ਆਗੈ ਦੇਇ ॥ (38-7)
खसमु पछाणहि आपणा तनु मनु आगै देइ ॥

ਘਰਿ ਵਰੁ ਪਾਇਆ ਆਪਣਾ ਹਉਮੈ ਦੂਰਿ ਕਰੇਇ ॥ (38-7)
घरि वरु पाइआ आपणा हउमै दूरि करेइ ॥

ਨਾਨਕ ਸੋਭਾਵੰਤੀਆ ਸੋਹਾਗਣੀ ਅਨਦਿਨੁ ਭਗਤਿ ਕਰੇਇ ॥੪॥੨੮॥੬੧॥ (38-8)
नानक सोभावंतीआ सोहागणी अनदिनु भगति करेइ ॥४॥२८॥६१॥

ਸਿਰੀਰਾਗੁ ਮਹਲਾ ੩ ॥ (38-8)
सिरीरागु महला ३ ॥

ਇਕਿ ਪਿਰੁ ਰਾਵਹਿ ਆਪਣਾ ਹਉ ਕੈ ਦਰਿ ਪੂਛਉ ਜਾਇ ॥ (38-8)
इकि पिरु रावहि आपणा हउ कै दरि पूछउ जाइ ॥

ਸਤਿਗੁਰੁ ਸੇਵੀ ਭਾਉ ਕਰਿ ਮੈ ਪਿਰੁ ਦੇਹੁ ਮਿਲਾਇ ॥ (38-9)
सतिगुरु सेवी भाउ करि मै पिरु देहु मिलाइ ॥

ਸਭੁ ਉਪਾਏ ਆਪੇ ਵੇਖੈ ਕਿਸੁ ਨੇੜੈ ਕਿਸੁ ਦੂਰਿ ॥ (38-9)
सभु उपाए आपे वेखै किसु नेड़ै किसु दूरि ॥

ਜਿਨਿ ਪਿਰੁ ਸੰਗੇ ਜਾਣਿਆ ਪਿਰੁ ਰਾਵੇ ਸਦਾ ਹਦੂਰਿ ॥੧॥ (38-10)
जिनि पिरु संगे जाणिआ पिरु रावे सदा हदूरि ॥१॥

ਮੁੰਧੇ ਤੂ ਚਲੁ ਗੁਰ ਕੈ ਭਾਇ ॥ (38-10)
मुंधे तू चलु गुर कै भाइ ॥

ਅਨਦਿਨੁ ਰਾਵਹਿ ਪਿਰੁ ਆਪਣਾ ਸਹਜੇ ਸਚਿ ਸਮਾਇ ॥੧॥ ਰਹਾਉ ॥ (38-11)
अनदिनु रावहि पिरु आपणा सहजे सचि समाइ ॥१॥ रहाउ ॥

ਸਬਦਿ ਰਤੀਆ ਸੋਹਾਗਣੀ ਸਚੈ ਸਬਦਿ ਸੀਗਾਰਿ ॥ (38-11)
सबदि रतीआ सोहागणी सचै सबदि सीगारि ॥

ਹਰਿ ਵਰੁ ਪਾਇਨਿ ਘਰਿ ਆਪਣੈ ਗੁਰ ਕੈ ਹੇਤਿ ਪਿਆਰਿ ॥ (38-12)
हरि वरु पाइनि घरि आपणै गुर कै हेति पिआरि ॥

ਸੇਜ ਸੁਹਾਵੀ ਹਰਿ ਰੰਗਿ ਰਵੈ ਭਗਤਿ ਭਰੇ ਭੰਡਾਰ ॥ (38-12)
सेज सुहावी हरि रंगि रवै भगति भरे भंडार ॥

ਸੋ ਪ੍ਰਭੁ ਪ੍ਰੀਤਮੁ ਮਨਿ ਵਸੈ ਜਿ ਸਭਸੈ ਦੇਇ ਅਧਾਰੁ ॥੨॥ (38-13)
सो प्रभु प्रीतमु मनि वसै जि सभसै देइ अधारु ॥२॥

ਪਿਰੁ ਸਾਲਾਹਨਿ ਆਪਣਾ ਤਿਨ ਕੈ ਹਉ ਸਦ ਬਲਿਹਾਰੈ ਜਾਉ ॥ (38-13)
पिरु सालाहनि आपणा तिन कै हउ सद बलिहारै जाउ ॥

ਮਨੁ ਤਨੁ ਅਰਪੀ ਸਿਰੁ ਦੇਈ ਤਿਨ ਕੈ ਲਾਗਾ ਪਾਇ ॥ (38-14)
मनु तनु अरपी सिरु देई तिन कै लागा पाइ ॥

ਜਿਨੀ ਇਕੁ ਪਛਾਣਿਆ ਦੂਜਾ ਭਾਉ ਚੁਕਾਇ ॥ (38-14)
जिनी इकु पछाणिआ दूजा भाउ चुकाइ ॥

ਗੁਰਮੁਖਿ ਨਾਮੁ ਪਛਾਣੀਐ ਨਾਨਕ ਸਚਿ ਸਮਾਇ ॥੩॥੨੯॥੬੨॥ (38-15)
गुरमुखि नामु पछाणीऐ नानक सचि समाइ ॥३॥२९॥६२॥

ਸਿਰੀਰਾਗੁ ਮਹਲਾ ੩ ॥ (38-16)
सिरीरागु महला ३ ॥

ਹਰਿ ਜੀ ਸਚਾ ਸਚੁ ਤੂ ਸਭੁ ਕਿਛੁ ਤੇਰੈ ਚੀਰੈ ॥ (38-16)
हरि जी सचा सचु तू सभु किछु तेरै चीरै ॥

ਲਖ ਚਉਰਾਸੀਹ ਤਰਸਦੇ ਫਿਰੇ ਬਿਨੁ ਗੁਰ ਭੇਟੇ ਪੀਰੈ ॥ (38-16)
लख चउरासीह तरसदे फिरे बिनु गुर भेटे पीरै ॥

ਹਰਿ ਜੀਉ ਬਖਸੇ ਬਖਸਿ ਲਏ ਸੂਖ ਸਦਾ ਸਰੀਰੈ ॥ (38-17)
हरि जीउ बखसे बखसि लए सूख सदा सरीरै ॥

ਗੁਰ ਪਰਸਾਦੀ ਸੇਵ ਕਰੀ ਸਚੁ ਗਹਿਰ ਗੰਭੀਰੈ ॥੧॥ (38-17)
गुर परसादी सेव करी सचु गहिर ग्मभीरै ॥१॥

ਮਨ ਮੇਰੇ ਨਾਮਿ ਰਤੇ ਸੁਖੁ ਹੋਇ ॥ (38-18)
मन मेरे नामि रते सुखु होइ ॥

ਗੁਰਮਤੀ ਨਾਮੁ ਸਲਾਹੀਐ ਦੂਜਾ ਅਵਰੁ ਨ ਕੋਇ ॥੧॥ ਰਹਾਉ ॥ (38-18)
गुरमती नामु सलाहीऐ दूजा अवरु न कोइ ॥१॥ रहाउ ॥

ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥ (38-18)
धरम राइ नो हुकमु है बहि सचा धरमु बीचारि ॥

ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥ (38-19)
दूजै भाइ दुसटु आतमा ओहु तेरी सरकार ॥

ਅਧਿਆਤਮੀ ਹਰਿ ਗੁਣ ਤਾਸੁ ਮਨਿ ਜਪਹਿ ਏਕੁ ਮੁਰਾਰਿ ॥ (38-19)
अधिआतमी हरि गुण तासु मनि जपहि एकु मुरारि ॥

ਤਿਨ ਕੀ ਸੇਵਾ ਧਰਮ ਰਾਇ ਕਰੈ ਧੰਨੁ ਸਵਾਰਣਹਾਰੁ ॥੨॥ (39-1)
तिन की सेवा धरम राइ करै धंनु सवारणहारु ॥२॥

ਮਨ ਕੇ ਬਿਕਾਰ ਮਨਹਿ ਤਜੈ ਮਨਿ ਚੂਕੈ ਮੋਹੁ ਅਭਿਮਾਨੁ ॥ (39-1)
मन के बिकार मनहि तजै मनि चूकै मोहु अभिमानु ॥

ਆਤਮ ਰਾਮੁ ਪਛਾਣਿਆ ਸਹਜੇ ਨਾਮਿ ਸਮਾਨੁ ॥ (39-2)
आतम रामु पछाणिआ सहजे नामि समानु ॥

ਬਿਨੁ ਸਤਿਗੁਰ ਮੁਕਤਿ ਨ ਪਾਈਐ ਮਨਮੁਖਿ ਫਿਰੈ ਦਿਵਾਨੁ ॥ (39-2)
बिनु सतिगुर मुकति न पाईऐ मनमुखि फिरै दिवानु ॥

ਸਬਦੁ ਨ ਚੀਨੈ ਕਥਨੀ ਬਦਨੀ ਕਰੇ ਬਿਖਿਆ ਮਾਹਿ ਸਮਾਨੁ ॥੩॥ (39-3)
सबदु न चीनै कथनी बदनी करे बिखिआ माहि समानु ॥३ ॥

ਸਭੁ ਕਿਛੁ ਆਪੇ ਆਪਿ ਹੈ ਦੂਜਾ ਅਵਰੁ ਨ ਕੋਇ ॥ (39-4)
सभु किछु आपे आपि है दूजा अवरु न कोइ ॥

ਜਿਉ ਬੋਲਾਏ ਤਿਉ ਬੋਲੀਐ ਜਾ ਆਪਿ ਬੁਲਾਏ ਸੋਇ ॥ (39-4)
जिउ बोलाए तिउ बोलीऐ जा आपि बुलाए सोइ ॥

ਗੁਰਮੁਖਿ ਬਾਣੀ ਬ੍ਰਹਮੁ ਹੈ ਸਬਦਿ ਮਿਲਾਵਾ ਹੋਇ ॥ (39-5)
गुरमुखि बाणी ब्रहमु है सबदि मिलावा होइ ॥

ਨਾਨਕ ਨਾਮੁ ਸਮਾਲਿ ਤੂ ਜਿਤੁ ਸੇਵਿਐ ਸੁਖੁ ਹੋਇ ॥੪॥੩੦॥੬੩॥ (39-5)
नानक नामु समालि तू जितु सेविऐ सुखु होइ ॥४ ॥३० ॥६३ ॥

ਸਿਰੀਰਾਗੁ ਮਹਲਾ ੩ ॥ (39-6)
सिरीरागु महला ३ ॥

ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥ (39-6)
जगि हउमै मैलु दुखु पाइआ मलु लागी दूजै भाइ ॥

ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ ॥ (39-6)
मलु हउमै धोती किवै न उतरै जे सउ तीरथ नाइ ॥

ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ ॥ (39-7)
बहु बिधि करम कमावदे दूणी मलु लागी आइ ॥

ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ ॥੧॥ (39-7)
पड़िऐ मैलु न उतरै पूछहु गिआनीआ जाइ ॥१॥

ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ ॥ (39-8)
मन मेरे गुर सरणि आवै ता निरमलु होइ ॥

ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ ॥੧॥ ਰਹਾਉ ॥ (39-8)
मनमुख हरि हरि करि थके मैलु न सकी धोइ ॥१॥ रहाउ ॥

ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ ॥ (39-9)
मनि मैलै भगति न होवई नामु न पाइआ जाइ ॥

ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ ॥ (39-9)
मनमुख मैले मैले मुए जासनि पति गवाइ ॥

ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ ॥ (39-10)
गुर परसादी मनि वसै मलु हउमै जाइ समाइ ॥

ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ ॥੨॥ (39-10)
जिउ अंधेरै दीपकु बालीऐ तिउ गुर गिआनि अगिआनु तजाइ ॥२॥

ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥ (39-11)
हम कीआ हम करहगे हम मूरख गावार ॥

ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥ (39-12)
करणै वाला विसरिआ दूजै भाइ पिआरु ॥

ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰੁ ॥ (39-12)
माइआ जेवडु दुखु नही सभि भवि थके संसारु ॥

ਗੁਰਮਤੀ ਸੁਖੁ ਪਾਈਐ ਸਚੁ ਨਾਮੁ ਉਰ ਧਾਰਿ ॥੩॥ (39-12)
गुरमती सुखु पाईऐ सचु नामु उर धारि ॥३॥

ਜਿਸ ਨੋ ਮੇਲੇ ਸੋ ਮਿਲੈ ਹਉ ਤਿਸੁ ਬਲਿਹਾਰੈ ਜਾਉ ॥ (39-13)
जिस नो मेले सो मिलै हउ तिसु बलिहारै जाउ ॥

ਏ ਮਨ ਭਗਤੀ ਰਤਿਆ ਸਚੁ ਬਾਣੀ ਨਿਜ ਥਾਉ ॥ (39-13)
ए मन भगती रतिआ सचु बाणी निज थाउ ॥

ਮਨਿ ਰਤੇ ਜਿਹਵਾ ਰਤੀ ਹਰਿ ਗੁਣ ਸਚੇ ਗਾਉ ॥ (39-14)
मनि रते जिहवा रती हरि गुण सचे गाउ ॥

ਨਾਨਕ ਨਾਮੁ ਨ ਵੀਸਰੈ ਸਚੇ ਮਾਹਿ ਸਮਾਉ ॥੪॥੩੧॥੬੪॥ (39-14)
नानक नामु न वीसरै सचे माहि समाउ ॥४॥३१॥६४॥

ਸਿਰੀਰਾਗੁ ਮਹਲਾ ੪ ਘਰੁ ੧ ॥ (39-15)
सिरीरागु महला ४ घरु १ ॥

ਮੈ ਮਨਿ ਤਨਿ ਬਿਰਹੁ ਅਤਿ ਅਗਲਾ ਕਿਉ ਪ੍ਰੀਤਮੁ ਮਿਲੈ ਘਰਿ ਆਇ ॥ (39-15)
मै मनि तनि बिरहु अति अगला किउ प्रीतमु मिलै घरि आइ ॥

ਜਾ ਦੇਖਾ ਪ੍ਰਭੁ ਆਪਣਾ ਪ੍ਰਭਿ ਦੇਖਿਐ ਦੁਖੁ ਜਾਇ ॥ (39-16)
जा देखा प्रभु आपणा प्रभि देखिऐ दुखु जाइ ॥

ਜਾਇ ਪੁਛਾ ਤਿਨ ਸਜਣਾ ਪ੍ਰਭੁ ਕਿਤੁ ਬਿਧਿ ਮਿਲੈ ਮਿਲਾਇ ॥੧॥ (39-16)
जाइ पुछा तिन सजणा प्रभु कितु बिधि मिलै मिलाइ ॥१॥

ਮੇਰੇ ਸਤਿਗੁਰਾ ਮੈ ਤੁਝ ਬਿਨੁ ਅਵਰੁ ਨ ਕੋਇ ॥ (39-17)
मेरे सतिगुरा मै तुझ बिनु अवरु न कोइ ॥

ਹਮ ਮੂਰਖ ਮੁਗਧ ਸਰਣਾਗਤੀ ਕਰਿ ਕਿਰਪਾ ਮੇਲੇ ਹਰਿ ਸੋਇ ॥੧॥ ਰਹਾਉ ॥ (39-17)
हम मूरख मुगध सरणागती करि किरपा मेले हरि सोइ ॥१॥ रहाउ ॥

ਸਤਿਗੁਰੁ ਦਾਤਾ ਹਰਿ ਨਾਮ ਕਾ ਪ੍ਰਭੁ ਆਪਿ ਮਿਲਾਵੈ ਸੋਇ ॥ (39-18)
सतिगुरु दाता हरि नाम का प्रभु आपि मिलावै सोइ ॥

ਸਤਿਗੁਰਿ ਹਰਿ ਪ੍ਰਭੁ ਬੁਝਿਆ ਗੁਰ ਜੇਵਡੁ ਅਵਰੁ ਨ ਕੋਇ ॥ (39-18)
सतिगुरि हरि प्रभु बुझिआ गुर जेवडु अवरु न कोइ ॥

ਹਉ ਗੁਰ ਸਰਣਾਈ ਢਹਿ ਪਵਾ ਕਰਿ ਦਇਆ ਮੇਲੇ ਪ੍ਰਭੁ ਸੋਇ ॥੨॥ (39-19)
हउ गुर सरणाई ढहि पवा करि दइआ मेले प्रभु सोइ ॥२॥

ਮਨਹਠਿ ਕਿਨੈ ਨ ਪਾਇਆ ਕਰਿ ਉਪਾਵ ਥਕੇ ਸਭੁ ਕੋਇ ॥ (39-19)
मनहठि किनै न पाइआ करि उपाव थके सभु कोइ ॥

ਸਹਸ ਸਿਆਣਪ ਕਰਿ ਰਹੇ ਮਨਿ ਕੋਰੈ ਰੰਗੁ ਨ ਹੋਇ ॥ (40-1)
सहस सिआणप करि रहे मनि कोरै रंगु न होइ ॥

ਕੂੜਿ ਕਪਟਿ ਕਿਨੈ ਨ ਪਾਇਓ ਜੋ ਬੀਜੈ ਖਾਵੈ ਸੋਇ ॥੩॥ (40-1)
कूड़ि कपटि किनै न पाइओ जो बीजै खावै सोइ ॥३॥

ਸਭਨਾ ਤੇਰੀ ਆਸ ਪ੍ਰਭੁ ਸਭ ਜੀਅ ਤੇਰੇ ਤੂੰ ਰਾਸਿ ॥ (40-2)
सभना तेरी आस प्रभु सभ जीअ तेरे तूं रासि ॥

ਪ੍ਰਭ ਤੁਧਹੁ ਖਾਲੀ ਕੋ ਨਹੀ ਦਰਿ ਗੁਰਮੁਖਾ ਨੋ ਸਾਬਾਸਿ ॥ (40-2)
प्रभ तुधहु खाली को नही दरि गुरमुखा नो साबासि ॥

ਬਿਖੁ ਭਉਜਲ ਡੁਬਦੇ ਕਢਿ ਲੈ ਜਨ ਨਾਨਕ ਕੀ ਅਰਦਾਸਿ ॥੪॥੧॥੬੫॥ (40-3)
बिखु भउजल डुबदे कढि लै जन नानक की अरदासि ॥४॥१॥६५॥

ਸਿਰੀਰਾਗੁ ਮਹਲਾ ੪ ॥ (40-4)
सिरीरागु महला ४ ॥

ਨਾਮੁ ਮਿਲੈ ਮਨੁ ਤ੍ਰਿਪਤੀਐ ਬਿਨੁ ਨਾਮੈ ਧ੍ਰਿਗੁ ਜੀਵਾਸੁ ॥ (40-4)
नामु मिलै मनु त्रिपतीऐ बिनु नामै ध्रिगु जीवासु ॥

ਕੋਈ ਗੁਰਮੁਖਿ ਸਜਣੁ ਜੇ ਮਿਲੈ ਮੈ ਦਸੇ ਪ੍ਰਭੁ ਗੁਣਤਾਸੁ ॥ (40-4)
कोई गुरमुखि सजणु जे मिलै मै दसे प्रभु गुणतासु ॥

ਹਉ ਤਿਸੁ ਵਿਟਹੁ ਚਉ ਖੰਨੀਐ ਮੈ ਨਾਮ ਕਰੇ ਪਰਗਾਸੁ ॥੧॥ (40-5)
हउ तिसु विटहु चउ खंनीऐ मै नाम करे परगासु ॥१॥

ਮੇਰੇ ਪ੍ਰੀਤਮਾ ਹਉ ਜੀਵਾ ਨਾਮੁ ਧਿਆਇ ॥ (40-5)
मेरे प्रीतमा हउ जीवा नामु धिआइ ॥

ਬਿਨੁ ਨਾਵੈ ਜੀਵਣੁ ਨਾ ਥੀਐ ਮੇਰੇ ਸਤਿਗੁਰ ਨਾਮੁ ਦ੍ਰਿੜਾਇ ॥੧॥ ਰਹਾਉ ॥ (40-6)
बिनु नावै जीवणु ना थीऐ मेरे सतिगुर नामु द्रिड़ाइ ॥१॥ रहाउ ॥

ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ ॥ (40-6)
नामु अमोलकु रतनु है पूरे सतिगुर पासि ॥

ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ ॥ (40-7)
सतिगुर सेवै लगिआ कढि रतनु देवै परगासि ॥

ਧੰਨੁ ਵਡਭਾਗੀ ਵਡ ਭਾਗੀਆ ਜੋ ਆਇ ਮਿਲੇ ਗੁਰ ਪਾਸਿ ॥੨॥ (40-7)
धंनु वडभागी वड भागीआ जो आइ मिले गुर पासि ॥२॥

ਜਿਨਾ ਸਤਿਗੁਰੁ ਪੁਰਖੁ ਨ ਭੇਟਿਓ ਸੇ ਭਾਗਹੀਣ ਵਸਿ ਕਾਲ ॥ (40-8)
जिना सतिगुरु पुरखु न भेटिओ से भागहीण वसि काल ॥

ਓਇ ਫਿਰਿ ਫਿਰਿ ਜੋਨਿ ਭਵਾਈਅਹਿ ਵਿਚਿ ਵਿਸਟਾ ਕਰਿ ਵਿਕਰਾਲ ॥ (40-8)
ओइ फिरि फिरि जोनि भवाईअहि विचि विसटा करि विकराल ॥

ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ ॥੩॥ (40-9)
ओना पासि दुआसि न भिटीऐ जिन अंतरि क्रोधु चंडाल ॥३॥

ਸਤਿਗੁਰੁ ਪੁਰਖੁ ਅੰਮ੍ਰਿਤ ਸਰੁ ਵਡਭਾਗੀ ਨਾਵਹਿ ਆਇ ॥ (40-10)
सतिगुरु पुरखु अमृत सरु वडभागी नावहि आइ ॥

ਉਨ ਜਨਮ ਜਨਮ ਕੀ ਮੈਲੁ ਉਤਰੈ ਨਿਰਮਲ ਨਾਮੁ ਦ੍ਰਿੜਾਇ ॥ (40-10)
उन जनम जनम की मैलु उतरै निरमल नामु द्रिड़ाइ ॥

ਜਨ ਨਾਨਕ ਉਤਮ ਪਦੁ ਪਾਇਆ ਸਤਿਗੁਰ ਕੀ ਲਿਵ ਲਾਇ ॥੪॥੨॥੬੬॥ (40-11)
जन नानक उतम पदु पाइआ सतिगुर की लिव लाइ ॥४॥२॥६६॥

ਸਿਰੀਰਾਗੁ ਮਹਲਾ ੪ ॥ (40-12)
सिरीरागु महला ४ ॥

ਗੁਣ ਗਾਵਾ ਗੁਣ ਵਿਥਰਾ ਗੁਣ ਬੋਲੀ ਮੇਰੀ ਮਾਇ ॥ (40-12)
गुण गावा गुण विथरा गुण बोली मेरी माइ ॥

ਗੁਰਮੁਖਿ ਸਜਣੁ ਗੁਣਕਾਰੀਆ ਮਿਲਿ ਸਜਣ ਹਰਿ ਗੁਣ ਗਾਇ ॥ (40-12)
गुरमुखि सजणु गुणकारीआ मिलि सजण हरि गुण गाइ ॥

ਹੀਰੈ ਹੀਰੁ ਮਿਲਿ ਬੇਧਿਆ ਰੰਗਿ ਚਲੂਲੈ ਨਾਇ ॥੧॥ (40-13)
हीरै हीरु मिलि बेधिआ रंगि चलूलै नाइ ॥१॥

ਮੇਰੇ ਗੋਵਿੰਦਾ ਗੁਣ ਗਾਵਾ ਤ੍ਰਿਪਤਿ ਮਨਿ ਹੋਇ ॥ (40-13)
मेरे गोविंदा गुण गावा त्रिपति मनि होइ ॥

ਅੰਤਰਿ ਪਿਆਸ ਹਰਿ ਨਾਮ ਕੀ ਗੁਰੁ ਤੁਸਿ ਮਿਲਾਵੈ ਸੋਇ ॥੧॥ ਰਹਾਉ ॥ (40-14)
अंतरि पिआस हरि नाम की गुरु तुसि मिलावै सोइ ॥१॥ रहाउ ॥

ਮਨੁ ਰੰਗਹੁ ਵਡਭਾਗੀਹੋ ਗੁਰੁ ਤੁਠਾ ਕਰੇ ਪਸਾਉ ॥ (40-14)
मनु रंगहु वडभागीहो गुरु तुठा करे पसाउ ॥

ਗੁਰੁ ਨਾਮੁ ਦ੍ਰਿੜਾਏ ਰੰਗ ਸਿਉ ਹਉ ਸਤਿਗੁਰ ਕੈ ਬਲਿ ਜਾਉ ॥ (40-15)
गुरु नामु द्रिड़ाए रंग सिउ हउ सतिगुर कै बलि जाउ ॥

ਬਿਨੁ ਸਤਿਗੁਰ ਹਰਿ ਨਾਮੁ ਨ ਲਭਈ ਲਖ ਕੋਟੀ ਕਰਮ ਕਮਾਉ ॥੨॥ (40-15)
बिनु सतिगुर हरि नामु न लभई लख कोटी करम कमाउ ॥२॥

ਬਿਨੁ ਭਾਗਾ ਸਤਿਗੁਰੁ ਨਾ ਮਿਲੈ ਘਰਿ ਬੈਠਿਆ ਨਿਕਟਿ ਨਿਤ ਪਾਸਿ ॥ (40-16)
बिनु भागा सतिगुरु ना मिलै घरि बैठिआ निकटि नित पासि ॥

ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ ॥ (40-17)
अंतरि अगिआन दुखु भरमु है विचि पड़दा दूरि पईआसि ॥

ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ ॥੩॥ (40-17)
बिनु सतिगुर भेटे कंचनु ना थीऐ मनमुखु लोहु बूडा बेड़ी पासि ॥३॥

ਸਤਿਗੁਰੁ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ ॥ (40-18)
सतिगुरु बोहिथु हरि नाव है कितु बिधि चड़िआ जाइ ॥

ਸਤਿਗੁਰ ਕੈ ਭਾਣੈ ਜੋ ਚਲੈ ਵਿਚਿ ਬੋਹਿਥ ਬੈਠਾ ਆਇ ॥ (40-18)
सतिगुर कै भाणै जो चलै विचि बोहिथ बैठा आइ ॥

ਧੰਨੁ ਧੰਨੁ ਵਡਭਾਗੀ ਨਾਨਕਾ ਜਿਨਾ ਸਤਿਗੁਰੁ ਲਏ ਮਿਲਾਇ ॥੪॥੩॥੬੭॥ (40-19)
धंनु धंनु वडभागी नानका जिना सतिगुरु लए मिलाइ ॥४॥३॥६७॥

ਸਿਰੀਰਾਗੁ ਮਹਲਾ ੪ ॥ (41-1)
सिरीरागु महला ४ ॥

ਹਉ ਪੰਥੁ ਦਸਾਈ ਨਿਤ ਖੜੀ ਕੋਈ ਪ੍ਰਭੁ ਦਸੇ ਤਿਨਿ ਜਾਉ ॥ (41-1)
हउ पंथु दसाई नित खड़ी कोई प्रभु दसे तिनि जाउ ॥

ਜਿਨੀ ਮੇਰਾ ਪਿਆਰਾ ਰਾਵਿਆ ਤਿਨ ਪੀਛੈ ਲਾਗਿ ਫਿਰਾਉ ॥ (41-1)
जिनी मेरा पिआरा राविआ तिन पीछै लागि फिराउ ॥

ਕਰਿ ਮਿੰਨਤਿ ਕਰਿ ਜੋਦੜੀ ਮੈ ਪ੍ਰਭੁ ਮਿਲਣੈ ਕਾ ਚਾਉ ॥੧॥ (41-2)
करि मिंनति करि जोदड़ी मै प्रभु मिलणै का चाउ ॥१॥

ਮੇਰੇ ਭਾਈ ਜਨਾ ਕੋਈ ਮੋ ਕਉ ਹਰਿ ਪ੍ਰਭੁ ਮੇਲਿ ਮਿਲਾਇ ॥ (41-2)
मेरे भाई जना कोई मो कउ हरि प्रभु मेलि मिलाइ ॥

ਹਉ ਸਤਿਗੁਰ ਵਿਟਹੁ ਵਾਰਿਆ ਜਿਨਿ ਹਰਿ ਪ੍ਰਭੁ ਦੀਆ ਦਿਖਾਇ ॥੧॥ ਰਹਾਉ ॥ (41-3)
हउ सतिगुर विटहु वारिआ जिनि हरि प्रभु दीआ दिखाइ ॥१॥ रहाउ ॥

ਹੋਇ ਨਿਮਾਣੀ ਢਹਿ ਪਵਾ ਪੂਰੇ ਸਤਿਗੁਰ ਪਾਸਿ ॥ (41-4)
होइ निमाणी ढहि पवा पूरे सतिगुर पासि ॥

ਨਿਮਾਣਿਆ ਗੁਰੁ ਮਾਣੁ ਹੈ ਗੁਰੁ ਸਤਿਗੁਰੁ ਕਰੇ ਸਾਬਾਸਿ ॥ (41-4)
निमाणिआ गुरु माणु है गुरु सतिगुरु करे साबासि ॥

ਹਉ ਗੁਰੁ ਸਾਲਾਹਿ ਨ ਰਜਊ ਮੈ ਮੇਲੇ ਹਰਿ ਪ੍ਰਭੁ ਪਾਸਿ ॥੨॥ (41-5)
हउ गुरु सालाहि न रजऊ मै मेले हरि प्रभु पासि ॥२॥

ਸਤਿਗੁਰ ਨੋ ਸਭ ਕੋ ਲੋਚਦਾ ਜੇਤਾ ਜਗਤੁ ਸਭੁ ਕੋਇ ॥ (41-5)
सतिगुर नो सभ को लोचदा जेता जगतु सभु कोइ ॥

ਬਿਨੁ ਭਾਗਾ ਦਰਸਨੁ ਨਾ ਥੀਐ ਭਾਗਹੀਣ ਬਹਿ ਰੋਇ ॥ (41-6)
बिनु भागा दरसनु ना थीऐ भागहीण बहि रोइ ॥

ਜੋ ਹਰਿ ਪ੍ਰਭ ਭਾਣਾ ਸੋ ਥੀਆ ਧੁਰਿ ਲਿਖਿਆ ਨ ਮੇਟੈ ਕੋਇ ॥੩॥ (41-6)
जो हरि प्रभ भाणा सो थीआ धुरि लिखिआ न मेटै कोइ ॥३॥

ਆਪੇ ਸਤਿਗੁਰੁ ਆਪਿ ਹਰਿ ਆਪੇ ਮੇਲਿ ਮਿਲਾਇ ॥ (41-7)
आपे सतिगुरु आपि हरि आपे मेलि मिलाइ ॥

ਆਪਿ ਦਇਆ ਕਰਿ ਮੇਲਸੀ ਗੁਰ ਸਤਿਗੁਰ ਪੀਛੈ ਪਾਇ ॥ (41-7)
आपि दइआ करि मेलसी गुर सतिगुर पीछै पाइ ॥

ਸਭੁ ਜਗਜੀਵਨੁ ਜਗਿ ਆਪਿ ਹੈ ਨਾਨਕ ਜਲੁ ਜਲਹਿ ਸਮਾਇ ॥੪॥੪॥੬੮॥ (41-8)
सभु जगजीवनु जगि आपि है नानक जलु जलहि समाइ ॥४॥४॥६८॥

ਸਿਰੀਰਾਗੁ ਮਹਲਾ ੪ ॥ (41-9)
सिरीरागु महला ४ ॥

ਰਸੁ ਅੰਮ੍ਰਿਤੁ ਨਾਮੁ ਰਸੁ ਅਤਿ ਭਲਾ ਕਿਤੁ ਬਿਧਿ ਮਿਲੈ ਰਸੁ ਖਾਇ ॥ (41-9)
रसु अमृतु नामु रसु अति भला कितु बिधि मिलै रसु खाइ ॥

ਜਾਇ ਪੁਛਹੁ ਸੋਹਾਗਣੀ ਤੁਸਾ ਕਿਉ ਕਰਿ ਮਿਲਿਆ ਪ੍ਰਭੁ ਆਇ ॥ (41-9)
जाइ पुछहु सोहागणी तुसा किउ करि मिलिआ प्रभु आइ ॥

ਓਇ ਵੇਪਰਵਾਹ ਨ ਬੋਲਨੀ ਹਉ ਮਲਿ ਮਲਿ ਧੋਵਾ ਤਿਨ ਪਾਇ ॥੧॥ (41-10)
ओइ वेपरवाह न बोलनी हउ मलि मलि धोवा तिन पाइ ॥१॥

ਭਾਈ ਰੇ ਮਿਲਿ ਸਜਣ ਹਰਿ ਗੁਣ ਸਾਰਿ ॥ (41-11)
भाई रे मिलि सजण हरि गुण सारि ॥

ਸਜਣੁ ਸਤਿਗੁਰੁ ਪੁਰਖੁ ਹੈ ਦੁਖੁ ਕਢੈ ਹਉਮੈ ਮਾਰਿ ॥੧॥ ਰਹਾਉ ॥ (41-11)
सजणु सतिगुरु पुरखु है दुखु कढै हउमै मारि ॥१॥ रहाउ ॥

ਗੁਰਮੁਖੀਆ ਸੋਹਾਗਣੀ ਤਿਨ ਦਇਆ ਪਈ ਮਨਿ ਆਇ ॥ (41-12)
गुरमुखीआ सोहागणी तिन दइआ पई मनि आइ ॥

ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ ॥ (41-12)
सतिगुर वचनु रतंनु है जो मंने सु हरि रसु खाइ ॥

ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ ॥੨॥ (41-13)
से वडभागी वड जाणीअहि जिन हरि रसु खाधा गुर भाइ ॥२॥

ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ ॥ (41-13)
इहु हरि रसु वणि तिणि सभतु है भागहीण नही खाइ ॥

ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ ॥ (41-14)
बिनु सतिगुर पलै ना पवै मनमुख रहे बिललाइ ॥

ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ ॥੩॥ (41-14)
ओइ सतिगुर आगै ना निवहि ओना अंतरि क्रोधु बलाइ ॥३॥

ਹਰਿ ਹਰਿ ਹਰਿ ਰਸੁ ਆਪਿ ਹੈ ਆਪੇ ਹਰਿ ਰਸੁ ਹੋਇ ॥ (41-15)
हरि हरि हरि रसु आपि है आपे हरि रसु होइ ॥

ਆਪਿ ਦਇਆ ਕਰਿ ਦੇਵਸੀ ਗੁਰਮੁਖਿ ਅੰਮ੍ਰਿਤੁ ਚੋਇ ॥ (41-16)
आपि दइआ करि देवसी गुरमुखि अमृतु चोइ ॥

ਸਭੁ ਤਨੁ ਮਨੁ ਹਰਿਆ ਹੋਇਆ ਨਾਨਕ ਹਰਿ ਵਸਿਆ ਮਨਿ ਸੋਇ ॥੪॥੫॥੬੯॥ (41-16)
सभु तनु मनु हरिआ होइआ नानक हरि वसिआ मनि सोइ ॥४॥५॥६९॥

ਸਿਰੀਰਾਗੁ ਮਹਲਾ ੪ ॥ (41-17)
सिरीरागु महला ४ ॥

ਦਿਨਸੁ ਚੜੈ ਫਿਰਿ ਆਥਵੈ ਰੈਣਿ ਸਬਾਈ ਜਾਇ ॥ (41-17)
दिनसु चड़ै फिरि आथवै रैणि सबाई जाइ ॥

ਆਵ ਘਟੈ ਨਰੁ ਨਾ ਬੁਝੈ ਨਿਤਿ ਮੂਸਾ ਲਾਜੁ ਟੁਕਾਇ ॥ (41-17)
आव घटै नरु ना बुझै निति मूसा लाजु टुकाइ ॥

ਗੁੜੁ ਮਿਠਾ ਮਾਇਆ ਪਸਰਿਆ ਮਨਮੁਖੁ ਲਗਿ ਮਾਖੀ ਪਚੈ ਪਚਾਇ ॥੧॥ (41-18)
गुड़ु मिठा माइआ पसरिआ मनमुखु लगि माखी पचै पचाइ ॥१॥

ਭਾਈ ਰੇ ਮੈ ਮੀਤੁ ਸਖਾ ਪ੍ਰਭੁ ਸੋਇ ॥ (41-19)
भाई रे मै मीतु सखा प्रभु सोइ ॥

ਪੁਤੁ ਕਲਤੁ ਮੋਹੁ ਬਿਖੁ ਹੈ ਅੰਤਿ ਬੇਲੀ ਕੋਇ ਨ ਹੋਇ ॥੧॥ ਰਹਾਉ ॥ (41-19)
पुतु कलतु मोहु बिखु है अंति बेली कोइ न होइ ॥१॥ रहाउ ॥

ਗੁਰਮਤਿ ਹਰਿ ਲਿਵ ਉਬਰੇ ਅਲਿਪਤੁ ਰਹੇ ਸਰਣਾਇ ॥ (41-19)
गुरमति हरि लिव उबरे अलिपतु रहे सरणाइ ॥

ਓਨੀ ਚਲਣੁ ਸਦਾ ਨਿਹਾਲਿਆ ਹਰਿ ਖਰਚੁ ਲੀਆ ਪਤਿ ਪਾਇ ॥ (42-1)
ओनी चलणु सदा निहालिआ हरि खरचु लीआ पति पाइ ॥

ਗੁਰਮੁਖਿ ਦਰਗਹ ਮੰਨੀਅਹਿ ਹਰਿ ਆਪਿ ਲਏ ਗਲਿ ਲਾਇ ॥੨॥ (42-2)
गुरमुखि दरगह मंनीअहि हरि आपि लए गलि लाइ ॥२॥

ਗੁਰਮੁਖਾ ਨੋ ਪੰਥੁ ਪਰਗਟਾ ਦਰਿ ਠਾਕ ਨ ਕੋਈ ਪਾਇ ॥ (42-2)
गुरमुखा नो पंथु परगटा दरि ठाक न कोई पाइ ॥

ਹਰਿ ਨਾਮੁ ਸਲਾਹਨਿ ਨਾਮੁ ਮਨਿ ਨਾਮਿ ਰਹਨਿ ਲਿਵ ਲਾਇ ॥ (42-3)
हरि नामु सलाहनि नामु मनि नामि रहनि लिव लाइ ॥

ਅਨਹਦ ਧੁਨੀ ਦਰਿ ਵਜਦੇ ਦਰਿ ਸਚੈ ਸੋਭਾ ਪਾਇ ॥੩॥ (42-3)
अनहद धुनी दरि वजदे दरि सचै सोभा पाइ ॥३॥

ਜਿਨੀ ਗੁਰਮੁਖਿ ਨਾਮੁ ਸਲਾਹਿਆ ਤਿਨਾ ਸਭ ਕੋ ਕਹੈ ਸਾਬਾਸਿ ॥ (42-4)
जिनी गुरमुखि नामु सलाहिआ तिना सभ को कहै साबासि ॥

ਤਿਨ ਕੀ ਸੰਗਤਿ ਦੇਹਿ ਪ੍ਰਭ ਮੈ ਜਾਚਿਕ ਕੀ ਅਰਦਾਸਿ ॥ (42-4)
तिन की संगति देहि प्रभ मै जाचिक की अरदासि ॥

ਨਾਨਕ ਭਾਗ ਵਡੇ ਤਿਨਾ ਗੁਰਮੁਖਾ ਜਿਨ ਅੰਤਰਿ ਨਾਮੁ ਪਰਗਾਸਿ ॥੪॥੩੩॥੩੧॥੬॥੭੦॥ (42-5)
नानक भाग वडे तिना गुरमुखा जिन अंतरि नामु परगासि ॥४॥३३॥३१॥६॥७०॥

ਸਿਰੀਰਾਗੁ ਮਹਲਾ ੫ ਘਰੁ ੧ ॥ (42-6)
सिरीरागु महला ५ घरु १ ॥

ਕਿਆ ਤੂ ਰਤਾ ਦੇਖਿ ਕੈ ਪੁਤ੍ਰ ਕਲਤ੍ਰ ਸੀਗਾਰ ॥ (42-6)
किआ तू रता देखि कै पुत्र कलत्र सीगार ॥

ਰਸ ਭੋਗਹਿ ਖੁਸੀਆ ਕਰਹਿ ਮਾਣਹਿ ਰੰਗ ਅਪਾਰ ॥ (42-6)
रस भोगहि खुसीआ करहि माणहि रंग अपार ॥

ਬਹੁਤੁ ਕਰਹਿ ਫੁਰਮਾਇਸੀ ਵਰਤਹਿ ਹੋਇ ਅਫਾਰ ॥ (42-7)
बहुतु करहि फुरमाइसी वरतहि होइ अफार ॥

ਕਰਤਾ ਚਿਤਿ ਨ ਆਵਈ ਮਨਮੁਖ ਅੰਧ ਗਵਾਰ ॥੧॥ (42-7)
करता चिति न आवई मनमुख अंध गवार ॥१॥

ਮੇਰੇ ਮਨ ਸੁਖਦਾਤਾ ਹਰਿ ਸੋਇ ॥ (42-8)
मेरे मन सुखदाता हरि सोइ ॥

ਗੁਰ ਪਰਸਾਦੀ ਪਾਈਐ ਕਰਮਿ ਪਰਾਪਤਿ ਹੋਇ ॥੧॥ ਰਹਾਉ ॥ (42-8)
गुर परसादी पाईऐ करमि परापति होइ ॥१॥ रहाउ ॥

ਕਪੜਿ ਭੋਗਿ ਲਪਟਾਇਆ ਸੁਇਨਾ ਰੁਪਾ ਖਾਕੁ ॥ (42-9)
कपड़ि भोगि लपटाइआ सुइना रुपा खाकु ॥

ਹੈਵਰ ਗੈਵਰ ਬਹੁ ਰੰਗੇ ਕੀਏ ਰਥ ਅਥਾਕ ॥ (42-9)
हैवर गैवर बहु रंगे कीए रथ अथाक ॥

ਕਿਸ ਹੀ ਚਿਤਿ ਨ ਪਾਵਹੀ ਬਿਸਰਿਆ ਸਭ ਸਾਕ ॥ (42-10)
किस ही चिति न पावही बिसरिआ सभ साक ॥

ਸਿਰਜਣਹਾਰਿ ਭੁਲਾਇਆ ਵਿਣੁ ਨਾਵੈ ਨਾਪਾਕ ॥੨॥ (42-10)
सिरजणहारि भुलाइआ विणु नावै नापाक ॥२॥

ਲੈਦਾ ਬਦ ਦੁਆਇ ਤੂੰ ਮਾਇਆ ਕਰਹਿ ਇਕਤ ॥ (42-10)
लैदा बद दुआइ तूं माइआ करहि इकत ॥

ਜਿਸ ਨੋ ਤੂੰ ਪਤੀਆਇਦਾ ਸੋ ਸਣੁ ਤੁਝੈ ਅਨਿਤ ॥ (42-11)
जिस नो तूं पतीआइदा सो सणु तुझै अनित ॥

ਅਹੰਕਾਰੁ ਕਰਹਿ ਅਹੰਕਾਰੀਆ ਵਿਆਪਿਆ ਮਨ ਕੀ ਮਤਿ ॥ (42-11)
अहंकारु करहि अहंकारीआ विआपिआ मन की मति ॥

ਤਿਨਿ ਪ੍ਰਭਿ ਆਪਿ ਭੁਲਾਇਆ ਨਾ ਤਿਸੁ ਜਾਤਿ ਨ ਪਤਿ ॥੩॥ (42-12)
तिनि प्रभि आपि भुलाइआ ना तिसु जाति न पति ॥३॥

ਸਤਿਗੁਰਿ ਪੁਰਖਿ ਮਿਲਾਇਆ ਇਕੋ ਸਜਣੁ ਸੋਇ ॥ (42-13)
सतिगुरि पुरखि मिलाइआ इको सजणु सोइ ॥

ਹਰਿ ਜਨ ਕਾ ਰਾਖਾ ਏਕੁ ਹੈ ਕਿਆ ਮਾਣਸ ਹਉਮੈ ਰੋਇ ॥ (42-13)
हरि जन का राखा एकु है किआ माणस हउमै रोइ ॥

ਜੋ ਹਰਿ ਜਨ ਭਾਵੈ ਸੋ ਕਰੇ ਦਰਿ ਫੇਰੁ ਨ ਪਾਵੈ ਕੋਇ ॥ (42-13)
जो हरि जन भावै सो करे दरि फेरु न पावै कोइ ॥

ਨਾਨਕ ਰਤਾ ਰੰਗਿ ਹਰਿ ਸਭ ਜਗ ਮਹਿ ਚਾਨਣੁ ਹੋਇ ॥੪॥੧॥੭੧॥ (42-14)
नानक रता रंगि हरि सभ जग महि चानणु होइ ॥४॥१॥७१॥

ਸਿਰੀਰਾਗੁ ਮਹਲਾ ੫ ॥ (42-15)
सिरीरागु महला ५ ॥

ਮਨਿ ਬਿਲਾਸੁ ਬਹੁ ਰੰਗੁ ਘਣਾ ਦ੍ਰਿਸਟਿ ਭੂਲਿ ਖੁਸੀਆ ॥ (42-15)
मनि बिलासु बहु रंगु घणा द्रिसटि भूलि खुसीआ ॥

ਛਤ੍ਰਧਾਰ ਬਾਦਿਸਾਹੀਆ ਵਿਚਿ ਸਹਸੇ ਪਰੀਆ ॥੧॥ (42-15)
छत्रधार बादिसाहीआ विचि सहसे परीआ ॥१॥

ਭਾਈ ਰੇ ਸੁਖੁ ਸਾਧਸੰਗਿ ਪਾਇਆ ॥ (42-16)
भाई रे सुखु साधसंगि पाइआ ॥

ਲਿਖਿਆ ਲੇਖੁ ਤਿਨਿ ਪੁਰਖਿ ਬਿਧਾਤੈ ਦੁਖੁ ਸਹਸਾ ਮਿਟਿ ਗਇਆ ॥੧॥ ਰਹਾਉ ॥ (42-16)
लिखिआ लेखु तिनि पुरखि बिधातै दुखु सहसा मिटि गइआ ॥१॥ रहाउ ॥

ਜੇਤੇ ਥਾਨ ਥਨੰਤਰਾ ਤੇਤੇ ਭਵਿ ਆਇਆ ॥ (42-17)
जेते थान थनंतरा तेते भवि आइआ ॥

ਧਨ ਪਾਤੀ ਵਡ ਭੂਮੀਆ ਮੇਰੀ ਮੇਰੀ ਕਰਿ ਪਰਿਆ ॥੨॥ (42-17)
धन पाती वड भूमीआ मेरी मेरी करि परिआ ॥२॥

ਹੁਕਮੁ ਚਲਾਏ ਨਿਸੰਗ ਹੋਇ ਵਰਤੈ ਅਫਰਿਆ ॥ (42-18)
हुकमु चलाए निसंग होइ वरतै अफरिआ ॥

ਸਭੁ ਕੋ ਵਸਗਤਿ ਕਰਿ ਲਇਓਨੁ ਬਿਨੁ ਨਾਵੈ ਖਾਕੁ ਰਲਿਆ ॥੩॥ (42-18)
सभु को वसगति करि लइओनु बिनु नावै खाकु रलिआ ॥३॥

ਕੋਟਿ ਤੇਤੀਸ ਸੇਵਕਾ ਸਿਧ ਸਾਧਿਕ ਦਰਿ ਖਰਿਆ ॥ (42-19)
कोटि तेतीस सेवका सिध साधिक दरि खरिआ ॥

ਗਿਰੰਬਾਰੀ ਵਡ ਸਾਹਬੀ ਸਭੁ ਨਾਨਕ ਸੁਪਨੁ ਥੀਆ ॥੪॥੨॥੭੨॥ (42-19)
गिर्मबारी वड साहबी सभु नानक सुपनु थीआ ॥४॥२॥७२॥

ਸਿਰੀਰਾਗੁ ਮਹਲਾ ੫ ॥ (43-1)
सिरीरागु महला ५ ॥

ਭਲਕੇ ਉਠਿ ਪਪੋਲੀਐ ਵਿਣੁ ਬੁਝੇ ਮੁਗਧ ਅਜਾਣਿ ॥ (43-1)
भलके उठि पपोलीऐ विणु बुझे मुगध अजाणि ॥

ਸੋ ਪ੍ਰਭੁ ਚਿਤਿ ਨ ਆਇਓ ਛੁਟੈਗੀ ਬੇਬਾਣਿ ॥ (43-2)
सो प्रभु चिति न आइओ छुटैगी बेबाणि ॥

ਸਤਿਗੁਰ ਸੇਤੀ ਚਿਤੁ ਲਾਇ ਸਦਾ ਸਦਾ ਰੰਗੁ ਮਾਣਿ ॥੧॥ (43-2)
सतिगुर सेती चितु लाइ सदा सदा रंगु माणि ॥१॥

ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥ (43-3)
प्राणी तूं आइआ लाहा लैणि ॥

ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ ॥੧॥ ਰਹਾਉ ॥ (43-3)
लगा कितु कुफकड़े सभ मुकदी चली रैणि ॥१॥ रहाउ ॥

ਕੁਦਮ ਕਰੇ ਪਸੁ ਪੰਖੀਆ ਦਿਸੈ ਨਾਹੀ ਕਾਲੁ ॥ (43-3)
कुदम करे पसु पंखीआ दिसै नाही कालु ॥

ਓਤੈ ਸਾਥਿ ਮਨੁਖੁ ਹੈ ਫਾਥਾ ਮਾਇਆ ਜਾਲਿ ॥ (43-4)
ओतै साथि मनुखु है फाथा माइआ जालि ॥

ਮੁਕਤੇ ਸੇਈ ਭਾਲੀਅਹਿ ਜਿ ਸਚਾ ਨਾਮੁ ਸਮਾਲਿ ॥੨॥ (43-4)
मुकते सेई भालीअहि जि सचा नामु समालि ॥२॥

ਜੋ ਘਰੁ ਛਡਿ ਗਵਾਵਣਾ ਸੋ ਲਗਾ ਮਨ ਮਾਹਿ ॥ (43-5)
जो घरु छडि गवावणा सो लगा मन माहि ॥

ਜਿਥੈ ਜਾਇ ਤੁਧੁ ਵਰਤਣਾ ਤਿਸ ਕੀ ਚਿੰਤਾ ਨਾਹਿ ॥ (43-5)
जिथै जाइ तुधु वरतणा तिस की चिंता नाहि ॥

ਫਾਥੇ ਸੇਈ ਨਿਕਲੇ ਜਿ ਗੁਰ ਕੀ ਪੈਰੀ ਪਾਹਿ ॥੩॥ (43-6)
फाथे सेई निकले जि गुर की पैरी पाहि ॥३॥

ਕੋਈ ਰਖਿ ਨ ਸਕਈ ਦੂਜਾ ਕੋ ਨ ਦਿਖਾਇ ॥ (43-6)
कोई रखि न सकई दूजा को न दिखाइ ॥

ਚਾਰੇ ਕੁੰਡਾ ਭਾਲਿ ਕੈ ਆਇ ਪਇਆ ਸਰਣਾਇ ॥ (43-7)
चारे कुंडा भालि कै आइ पइआ सरणाइ ॥

ਨਾਨਕ ਸਚੈ ਪਾਤਿਸਾਹਿ ਡੁਬਦਾ ਲਇਆ ਕਢਾਇ ॥੪॥੩॥੭੩॥ (43-7)
नानक सचै पातिसाहि डुबदा लइआ कढाइ ॥४॥३॥७३॥

ਸਿਰੀਰਾਗੁ ਮਹਲਾ ੫ ॥ (43-8)
सिरीरागु महला ५ ॥

ਘੜੀ ਮੁਹਤ ਕਾ ਪਾਹੁਣਾ ਕਾਜ ਸਵਾਰਣਹਾਰੁ ॥ (43-8)
घड़ी मुहत का पाहुणा काज सवारणहारु ॥

ਮਾਇਆ ਕਾਮਿ ਵਿਆਪਿਆ ਸਮਝੈ ਨਾਹੀ ਗਾਵਾਰੁ ॥ (43-8)
माइआ कामि विआपिआ समझै नाही गावारु ॥

ਉਠਿ ਚਲਿਆ ਪਛੁਤਾਇਆ ਪਰਿਆ ਵਸਿ ਜੰਦਾਰ ॥੧॥ (43-9)
उठि चलिआ पछुताइआ परिआ वसि जंदार ॥१॥

ਅੰਧੇ ਤੂੰ ਬੈਠਾ ਕੰਧੀ ਪਾਹਿ ॥ (43-9)
अंधे तूं बैठा कंधी पाहि ॥

ਜੇ ਹੋਵੀ ਪੂਰਬਿ ਲਿਖਿਆ ਤਾ ਗੁਰ ਕਾ ਬਚਨੁ ਕਮਾਹਿ ॥੧॥ ਰਹਾਉ ॥ (43-10)
जे होवी पूरबि लिखिआ ता गुर का बचनु कमाहि ॥१॥ रहाउ ॥

ਹਰੀ ਨਾਹੀ ਨਹ ਡਡੁਰੀ ਪਕੀ ਵਢਣਹਾਰ ॥ (43-10)
हरी नाही नह डडुरी पकी वढणहार ॥

ਲੈ ਲੈ ਦਾਤ ਪਹੁਤਿਆ ਲਾਵੇ ਕਰਿ ਤਈਆਰੁ ॥ (43-11)
लै लै दात पहुतिआ लावे करि तईआरु ॥

ਜਾ ਹੋਆ ਹੁਕਮੁ ਕਿਰਸਾਣ ਦਾ ਤਾ ਲੁਣਿ ਮਿਣਿਆ ਖੇਤਾਰੁ ॥੨॥ (43-11)
जा होआ हुकमु किरसाण दा ता लुणि मिणिआ खेतारु ॥२॥

ਪਹਿਲਾ ਪਹਰੁ ਧੰਧੈ ਗਇਆ ਦੂਜੈ ਭਰਿ ਸੋਇਆ ॥ (43-12)
पहिला पहरु धंधै गइआ दूजै भरि सोइआ ॥

ਤੀਜੈ ਝਾਖ ਝਖਾਇਆ ਚਉਥੈ ਭੋਰੁ ਭਇਆ ॥ (43-12)
तीजै झाख झखाइआ चउथै भोरु भइआ ॥

ਕਦ ਹੀ ਚਿਤਿ ਨ ਆਇਓ ਜਿਨਿ ਜੀਉ ਪਿੰਡੁ ਦੀਆ ॥੩॥ (43-12)
कद ही चिति न आइओ जिनि जीउ पिंडु दीआ ॥३॥

ਸਾਧਸੰਗਤਿ ਕਉ ਵਾਰਿਆ ਜੀਉ ਕੀਆ ਕੁਰਬਾਣੁ ॥ (43-13)
साधसंगति कउ वारिआ जीउ कीआ कुरबाणु ॥

ਜਿਸ ਤੇ ਸੋਝੀ ਮਨਿ ਪਈ ਮਿਲਿਆ ਪੁਰਖੁ ਸੁਜਾਣੁ ॥ (43-14)
जिस ते सोझी मनि पई मिलिआ पुरखु सुजाणु ॥

ਨਾਨਕ ਡਿਠਾ ਸਦਾ ਨਾਲਿ ਹਰਿ ਅੰਤਰਜਾਮੀ ਜਾਣੁ ॥੪॥੪॥੭੪॥ (43-14)
नानक डिठा सदा नालि हरि अंतरजामी जाणु ॥४॥४॥७४॥

ਸਿਰੀਰਾਗੁ ਮਹਲਾ ੫ ॥ (43-15)
सिरीरागु महला ५ ॥

ਸਭੇ ਗਲਾ ਵਿਸਰਨੁ ਇਕੋ ਵਿਸਰਿ ਨ ਜਾਉ ॥ (43-15)
सभे गला विसरनु इको विसरि न जाउ ॥

ਧੰਧਾ ਸਭੁ ਜਲਾਇ ਕੈ ਗੁਰਿ ਨਾਮੁ ਦੀਆ ਸਚੁ ਸੁਆਉ ॥ (43-15)
धंधा सभु जलाइ कै गुरि नामु दीआ सचु सुआउ ॥

ਆਸਾ ਸਭੇ ਲਾਹਿ ਕੈ ਇਕਾ ਆਸ ਕਮਾਉ ॥ (43-16)
आसा सभे लाहि कै इका आस कमाउ ॥

ਜਿਨੀ ਸਤਿਗੁਰੁ ਸੇਵਿਆ ਤਿਨ ਅਗੈ ਮਿਲਿਆ ਥਾਉ ॥੧॥ (43-16)
जिनी सतिगुरु सेविआ तिन अगै मिलिआ थाउ ॥१॥

ਮਨ ਮੇਰੇ ਕਰਤੇ ਨੋ ਸਾਲਾਹਿ ॥ (43-17)
मन मेरे करते नो सालाहि ॥

ਸਭੇ ਛਡਿ ਸਿਆਣਪਾ ਗੁਰ ਕੀ ਪੈਰੀ ਪਾਹਿ ॥੧॥ ਰਹਾਉ ॥ (43-17)
सभे छडि सिआणपा गुर की पैरी पाहि ॥१॥ रहाउ ॥

ਦੁਖ ਭੁਖ ਨਹ ਵਿਆਪਈ ਜੇ ਸੁਖਦਾਤਾ ਮਨਿ ਹੋਇ ॥ (43-18)
दुख भुख नह विआपई जे सुखदाता मनि होइ ॥

ਕਿਤ ਹੀ ਕੰਮਿ ਨ ਛਿਜੀਐ ਜਾ ਹਿਰਦੈ ਸਚਾ ਸੋਇ ॥ (43-18)
कित ही कंमि न छिजीऐ जा हिरदै सचा सोइ ॥

ਜਿਸੁ ਤੂੰ ਰਖਹਿ ਹਥ ਦੇ ਤਿਸੁ ਮਾਰਿ ਨ ਸਕੈ ਕੋਇ ॥ (43-18)
जिसु तूं रखहि हथ दे तिसु मारि न सकै कोइ ॥

ਸੁਖਦਾਤਾ ਗੁਰੁ ਸੇਵੀਐ ਸਭਿ ਅਵਗਣ ਕਢੈ ਧੋਇ ॥੨॥ (43-19)
सुखदाता गुरु सेवीऐ सभि अवगण कढै धोइ ॥२॥

ਸੇਵਾ ਮੰਗੈ ਸੇਵਕੋ ਲਾਈਆਂ ਅਪੁਨੀ ਸੇਵ ॥ (43-19)
सेवा मंगै सेवको लाईआं अपुनी सेव ॥

ਸਾਧੂ ਸੰਗੁ ਮਸਕਤੇ ਤੂਠੈ ਪਾਵਾ ਦੇਵ ॥ (44-1)
साधू संगु मसकते तूठै पावा देव ॥

ਸਭੁ ਕਿਛੁ ਵਸਗਤਿ ਸਾਹਿਬੈ ਆਪੇ ਕਰਣ ਕਰੇਵ ॥ (44-1)
सभु किछु वसगति साहिबै आपे करण करेव ॥

ਸਤਿਗੁਰ ਕੈ ਬਲਿਹਾਰਣੈ ਮਨਸਾ ਸਭ ਪੂਰੇਵ ॥੩॥ (44-2)
सतिगुर कै बलिहारणै मनसा सभ पूरेव ॥३॥

ਇਕੋ ਦਿਸੈ ਸਜਣੋ ਇਕੋ ਭਾਈ ਮੀਤੁ ॥ (44-2)
इको दिसै सजणो इको भाई मीतु ॥

ਇਕਸੈ ਦੀ ਸਾਮਗਰੀ ਇਕਸੈ ਦੀ ਹੈ ਰੀਤਿ ॥ (44-2)
इकसै दी सामगरी इकसै दी है रीति ॥

ਇਕਸ ਸਿਉ ਮਨੁ ਮਾਨਿਆ ਤਾ ਹੋਆ ਨਿਹਚਲੁ ਚੀਤੁ ॥ (44-3)
इकस सिउ मनु मानिआ ता होआ निहचलु चीतु ॥

ਸਚੁ ਖਾਣਾ ਸਚੁ ਪੈਨਣਾ ਟੇਕ ਨਾਨਕ ਸਚੁ ਕੀਤੁ ॥੪॥੫॥੭੫॥ (44-3)
सचु खाणा सचु पैनणा टेक नानक सचु कीतु ॥४॥५॥७५॥

ਸਿਰੀਰਾਗੁ ਮਹਲਾ ੫ ॥ (44-4)
सिरीरागु महला ५ ॥

ਸਭੇ ਥੋਕ ਪਰਾਪਤੇ ਜੇ ਆਵੈ ਇਕੁ ਹਥਿ ॥ (44-4)
सभे थोक परापते जे आवै इकु हथि ॥

ਜਨਮੁ ਪਦਾਰਥੁ ਸਫਲੁ ਹੈ ਜੇ ਸਚਾ ਸਬਦੁ ਕਥਿ ॥ (44-5)
जनमु पदारथु सफलु है जे सचा सबदु कथि ॥

ਗੁਰ ਤੇ ਮਹਲੁ ਪਰਾਪਤੇ ਜਿਸੁ ਲਿਖਿਆ ਹੋਵੈ ਮਥਿ ॥੧॥ (44-5)
गुर ते महलु परापते जिसु लिखिआ होवै मथि ॥१॥

ਮੇਰੇ ਮਨ ਏਕਸ ਸਿਉ ਚਿਤੁ ਲਾਇ ॥ (44-6)
मेरे मन एकस सिउ चितु लाइ ॥

ਏਕਸ ਬਿਨੁ ਸਭ ਧੰਧੁ ਹੈ ਸਭ ਮਿਥਿਆ ਮੋਹੁ ਮਾਇ ॥੧॥ ਰਹਾਉ ॥ (44-6)
एकस बिनु सभ धंधु है सभ मिथिआ मोहु माइ ॥१॥ रहाउ ॥

ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥ (44-7)
लख खुसीआ पातिसाहीआ जे सतिगुरु नदरि करेइ ॥

ਨਿਮਖ ਏਕ ਹਰਿ ਨਾਮੁ ਦੇਇ ਮੇਰਾ ਮਨੁ ਤਨੁ ਸੀਤਲੁ ਹੋਇ ॥ (44-7)
निमख एक हरि नामु देइ मेरा मनु तनु सीतलु होइ ॥

ਜਿਸ ਕਉ ਪੂਰਬਿ ਲਿਖਿਆ ਤਿਨਿ ਸਤਿਗੁਰ ਚਰਨ ਗਹੇ ॥੨॥ (44-8)
जिस कउ पूरबि लिखिआ तिनि सतिगुर चरन गहे ॥२॥

ਸਫਲ ਮੂਰਤੁ ਸਫਲਾ ਘੜੀ ਜਿਤੁ ਸਚੇ ਨਾਲਿ ਪਿਆਰੁ ॥ (44-8)
सफल मूरतु सफला घड़ी जितु सचे नालि पिआरु ॥

ਦੂਖੁ ਸੰਤਾਪੁ ਨ ਲਗਈ ਜਿਸੁ ਹਰਿ ਕਾ ਨਾਮੁ ਅਧਾਰੁ ॥ (44-9)
दूखु संतापु न लगई जिसु हरि का नामु अधारु ॥

ਬਾਹ ਪਕੜਿ ਗੁਰਿ ਕਾਢਿਆ ਸੋਈ ਉਤਰਿਆ ਪਾਰਿ ॥੩॥ (44-9)
बाह पकड़ि गुरि काढिआ सोई उतरिआ पारि ॥३॥

ਥਾਨੁ ਸੁਹਾਵਾ ਪਵਿਤੁ ਹੈ ਜਿਥੈ ਸੰਤ ਸਭਾ ॥ (44-10)
थानु सुहावा पवितु है जिथै संत सभा ॥

ਢੋਈ ਤਿਸ ਹੀ ਨੋ ਮਿਲੈ ਜਿਨਿ ਪੂਰਾ ਗੁਰੂ ਲਭਾ ॥ (44-10)
ढोई तिस ही नो मिलै जिनि पूरा गुरू लभा ॥

ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ ॥੪॥੬॥੭੬॥ (44-11)
नानक बधा घरु तहां जिथै मिरतु न जनमु जरा ॥४॥६॥७६॥

ਸ੍ਰੀਰਾਗੁ ਮਹਲਾ ੫ ॥ (44-11)
स्रीरागु महला ५ ॥

ਸੋਈ ਧਿਆਈਐ ਜੀਅੜੇ ਸਿਰਿ ਸਾਹਾਂ ਪਾਤਿਸਾਹੁ ॥ (44-11)
सोई धिआईऐ जीअड़े सिरि साहां पातिसाहु ॥

ਤਿਸ ਹੀ ਕੀ ਕਰਿ ਆਸ ਮਨ ਜਿਸ ਕਾ ਸਭਸੁ ਵੇਸਾਹੁ ॥ (44-12)
तिस ही की करि आस मन जिस का सभसु वेसाहु ॥

ਸਭਿ ਸਿਆਣਪਾ ਛਡਿ ਕੈ ਗੁਰ ਕੀ ਚਰਣੀ ਪਾਹੁ ॥੧॥ (44-12)
सभि सिआणपा छडि कै गुर की चरणी पाहु ॥१॥

ਮਨ ਮੇਰੇ ਸੁਖ ਸਹਜ ਸੇਤੀ ਜਪਿ ਨਾਉ ॥ (44-13)
मन मेरे सुख सहज सेती जपि नाउ ॥

ਆਠ ਪਹਰ ਪ੍ਰਭੁ ਧਿਆਇ ਤੂੰ ਗੁਣ ਗੋਇੰਦ ਨਿਤ ਗਾਉ ॥੧॥ ਰਹਾਉ ॥ (44-13)
आठ पहर प्रभु धिआइ तूं गुण गोइंद नित गाउ ॥१॥ रहाउ ॥

ਤਿਸ ਕੀ ਸਰਣੀ ਪਰੁ ਮਨਾ ਜਿਸੁ ਜੇਵਡੁ ਅਵਰੁ ਨ ਕੋਇ ॥ (44-14)
तिस की सरनी परु मना जिसु जेवडु अवरु न कोइ ॥

ਜਿਸੁ ਸਿਮਰਤ ਸੁਖੁ ਹੋਇ ਘਣਾ ਦੁਖੁ ਦਰਦੁ ਨ ਮੂਲੇ ਹੋਇ ॥ (44-14)
जिसु सिमरत सुखु होइ घणा दुखु दरदु न मूले होइ ॥

ਸਦਾ ਸਦਾ ਕਰਿ ਚਾਕਰੀ ਪ੍ਰਭੁ ਸਾਹਿਬੁ ਸਚਾ ਸੋਇ ॥੨॥ (44-15)
सदा सदा करि चाकरी प्रभु साहिबु सचा सोइ ॥२॥

ਸਾਧਸੰਗਤਿ ਹੋਇ ਨਿਰਮਲਾ ਕਟੀਐ ਜਮ ਕੀ ਫਾਸ ॥ (44-15)
साधसंगति होइ निरमला कटीऐ जम की फास ॥

ਸੁਖਦਾਤਾ ਭੈ ਭੰਜਨੋ ਤਿਸੁ ਆਗੈ ਕਰਿ ਅਰਦਾਸਿ ॥ (44-16)
सुखदाता भै भंजनो तिसु आगै करि अरदासि ॥

ਮਿਹਰ ਕਰੇ ਜਿਸੁ ਮਿਹਰਵਾਨੁ ਤਾਂ ਕਾਰਜੁ ਆਵੈ ਰਾਸਿ ॥੩॥ (44-16)
मिहर करे जिसु मिहरवानु तां कारजु आवै रासि ॥३॥

ਬਹੁਤੋ ਬਹੁਤੁ ਵਖਾਣੀਐ ਊਚੋ ਊਚਾ ਥਾਉ ॥ (44-17)
बहुतो बहुतु वखाणीऐ ऊचो ऊचा थाउ ॥

ਵਰਨਾ ਚਿਹਨਾ ਬਾਹਰਾ ਕੀਮਤਿ ਕਹਿ ਨ ਸਕਾਉ ॥ (44-17)
वरना चिहना बाहरा कीमति कहि न सकाउ ॥

ਨਾਨਕ ਕਉ ਪ੍ਰਭ ਮਇਆ ਕਰਿ ਸਚੁ ਦੇਵਹੁ ਅਪੁਣਾ ਨਾਉ ॥੪॥੭॥੭੭॥ (44-18)
नानक कउ प्रभ मइआ करि सचु देवहु अपुणा नाउ ॥४॥७॥७७॥

ਸ੍ਰੀਰਾਗੁ ਮਹਲਾ ੫ ॥ (44-18)
स्रीरागु महला ५ ॥

ਨਾਮੁ ਧਿਆਏ ਸੋ ਸੁਖੀ ਤਿਸੁ ਮੁਖੁ ਊਜਲੁ ਹੋਇ ॥ (44-18)
नामु धिआए सो सुखी तिसु मुखु ऊजलु होइ ॥

ਪੂਰੇ ਗੁਰ ਤੇ ਪਾਈਐ ਪਰਗਟੁ ਸਭਨੀ ਲੋਇ ॥ (44-19)
पूरे गुर ते पाईऐ परगटु सभनी लोइ ॥

ਸਾਧਸੰਗਤਿ ਕੈ ਘਰਿ ਵਸੈ ਏਕੋ ਸਚਾ ਸੋਇ ॥੧॥ (44-19)
साधसंगति कै घरि वसै एको सचा सोइ ॥१॥

ਮੇਰੇ ਮਨ ਹਰਿ ਹਰਿ ਨਾਮੁ ਧਿਆਇ ॥ (45-1)
मेरे मन हरि हरि नामु धिआइ ॥

ਨਾਮੁ ਸਹਾਈ ਸਦਾ ਸੰਗਿ ਆਗੈ ਲਏ ਛਡਾਇ ॥੧॥ ਰਹਾਉ ॥ (45-1)
नामु सहाई सदा संगि आगै लए छडाइ ॥१॥ रहाउ ॥

ਦੁਨੀਆ ਕੀਆ ਵਡਿਆਈਆ ਕਵਨੈ ਆਵਹਿ ਕਾਮਿ ॥ (45-2)
दुनीआ कीआ वडिआईआ कवनै आवहि कामि ॥

ਮਾਇਆ ਕਾ ਰੰਗੁ ਸਭੁ ਫਿਕਾ ਜਾਤੋ ਬਿਨਸਿ ਨਿਦਾਨਿ ॥ (45-2)
माइआ का रंगु सभु फिका जातो बिनसि निदानि ॥

ਜਾ ਕੈ ਹਿਰਦੈ ਹਰਿ ਵਸੈ ਸੋ ਪੂਰਾ ਪਰਧਾਨੁ ॥੨॥ (45-3)
जा कै हिरदै हरि वसै सो पूरा परधानु ॥२॥

ਸਾਧੂ ਕੀ ਹੋਹੁ ਰੇਣੁਕਾ ਅਪਣਾ ਆਪੁ ਤਿਆਗਿ ॥ (45-3)
साधू की होहु रेणुका अपणा आपु तिआगि ॥

ਉਪਾਵ ਸਿਆਣਪ ਸਗਲ ਛਡਿ ਗੁਰ ਕੀ ਚਰਣੀ ਲਾਗੁ ॥ (45-3)
उपाव सिआणप सगल छडि गुर की चरणी लागु ॥

ਤਿਸਹਿ ਪਰਾਪਤਿ ਰਤਨੁ ਹੋਇ ਜਿਸੁ ਮਸਤਕਿ ਹੋਵੈ ਭਾਗੁ ॥੩॥ (45-4)
तिसहि परापति रतनु होइ जिसु मसतकि होवै भागु ॥३॥

ਤਿਸੈ ਪਰਾਪਤਿ ਭਾਈਹੋ ਜਿਸੁ ਦੇਵੈ ਪ੍ਰਭੁ ਆਪਿ ॥ (45-5)
तिसै परापति भाईहो जिसु देवै प्रभु आपि ॥

ਸਤਿਗੁਰ ਕੀ ਸੇਵਾ ਸੋ ਕਰੇ ਜਿਸੁ ਬਿਨਸੈ ਹਉਮੈ ਤਾਪੁ ॥ (45-5)
सतिगुर की सेवा सो करे जिसु बिनसै हउमै तापु ॥

ਨਾਨਕ ਕਉ ਗੁਰੁ ਭੇਟਿਆ ਬਿਨਸੇ ਸਗਲ ਸੰਤਾਪ ॥੪॥੮॥੭੮॥ (45-5)
नानक कउ गुरु भेटिआ बिनसे सगल संताप ॥४॥८॥७८॥

ਸਿਰੀਰਾਗੁ ਮਹਲਾ ੫ ॥ (45-6)
सिरीरागु महला ५ ॥

ਇਕੁ ਪਛਾਣੂ ਜੀਅ ਕਾ ਇਕੋ ਰਖਣਹਾਰੁ ॥ (45-6)
इकु पछाणू जीअ का इको रखणहारु ॥

ਇਕਸ ਕਾ ਮਨਿ ਆਸਰਾ ਇਕੋ ਪ੍ਰਾਣ ਅਧਾਰੁ ॥ (45-7)
इकस का मनि आसरा इको प्राण अधारु ॥

ਤਿਸੁ ਸਰਣਾਈ ਸਦਾ ਸੁਖੁ ਪਾਰਬ੍ਰਹਮੁ ਕਰਤਾਰੁ ॥੧॥ (45-7)
तिसु सरणाई सदा सुखु पारब्रहमु करतारु ॥१॥

ਮਨ ਮੇਰੇ ਸਗਲ ਉਪਾਵ ਤਿਆਗੁ ॥ (45-8)
मन मेरे सगल उपाव तिआगु ॥

ਗੁਰੁ ਪੂਰਾ ਆਰਾਧਿ ਨਿਤ ਇਕਸੁ ਕੀ ਲਿਵ ਲਾਗੁ ॥੧॥ ਰਹਾਉ ॥ (45-8)
गुरु पूरा आराधि नित इकसु की लिव लागु ॥१॥ रहाउ ॥

ਇਕੋ ਭਾਈ ਮਿਤੁ ਇਕੁ ਇਕੋ ਮਾਤ ਪਿਤਾ ॥ (45-8)
इको भाई मितु इकु इको मात पिता ॥

ਇਕਸ ਕੀ ਮਨਿ ਟੇਕ ਹੈ ਜਿਨਿ ਜੀਉ ਪਿੰਡੁ ਦਿਤਾ ॥ (45-9)
इकस की मनि टेक है जिनि जीउ पिंडु दिता ॥

ਸੋ ਪ੍ਰਭੁ ਮਨਹੁ ਨ ਵਿਸਰੈ ਜਿਨਿ ਸਭੁ ਕਿਛੁ ਵਸਿ ਕੀਤਾ ॥੨॥ (45-9)
सो प्रभु मनहु न विसरै जिनि सभु किछु वसि कीता ॥२॥

ਘਰਿ ਇਕੋ ਬਾਹਰਿ ਇਕੋ ਥਾਨ ਥਨੰਤਰਿ ਆਪਿ ॥ (45-10)
घरि इको बाहरि इको थान थनंतरि आपि ॥

ਜੀਅ ਜੰਤ ਸਭਿ ਜਿਨਿ ਕੀਏ ਆਠ ਪਹਰ ਤਿਸੁ ਜਾਪਿ ॥ (45-10)
जीअ जंत सभि जिनि कीए आठ पहर तिसु जापि ॥

ਇਕਸੁ ਸੇਤੀ ਰਤਿਆ ਨ ਹੋਵੀ ਸੋਗ ਸੰਤਾਪੁ ॥੩॥ (45-11)
इकसु सेती रतिआ न होवी सोग संतापु ॥३॥

ਪਾਰਬ੍ਰਹਮੁ ਪ੍ਰਭੁ ਏਕੁ ਹੈ ਦੂਜਾ ਨਾਹੀ ਕੋਇ ॥ (45-11)
पारब्रहमु प्रभु एकु है दूजा नाही कोइ ॥

ਜੀਉ ਪਿੰਡੁ ਸਭੁ ਤਿਸ ਕਾ ਜੋ ਤਿਸੁ ਭਾਵੈ ਸੁ ਹੋਇ ॥ (45-12)
जीउ पिंडु सभु तिस का जो तिसु भावै सु होइ ॥

ਗੁਰਿ ਪੂਰੈ ਪੂਰਾ ਭਇਆ ਜਪਿ ਨਾਨਕ ਸਚਾ ਸੋਇ ॥੪॥੯॥੭੯॥ (45-12)
गुरि पूरै पूरा भइआ जपि नानक सचा सोइ ॥४॥९॥७९॥

ਸਿਰੀਰਾਗੁ ਮਹਲਾ ੫ ॥ (45-13)
सिरीरागु महला ५ ॥

ਜਿਨਾ ਸਤਿਗੁਰ ਸਿਉ ਚਿਤੁ ਲਾਇਆ ਸੇ ਪੂਰੇ ਪਰਧਾਨ ॥ (45-13)
जिना सतिगुर सिउ चितु लाइआ से पूरे परधान ॥

ਜਿਨ ਕਉ ਆਪਿ ਦਇਆਲੁ ਹੋਇ ਤਿਨ ਉਪਜੈ ਮਨਿ ਗਿਆਨੁ ॥ (45-13)
जिन कउ आपि दइआलु होइ तिन उपजै मनि गिआनु ॥

ਜਿਨ ਕਉ ਮਸਤਕਿ ਲਿਖਿਆ ਤਿਨ ਪਾਇਆ ਹਰਿ ਨਾਮੁ ॥੧॥ (45-14)
जिन कउ मसतकि लिखिआ तिन पाइआ हरि नामु ॥१॥

ਮਨ ਮੇਰੇ ਏਕੋ ਨਾਮੁ ਧਿਆਇ ॥ (45-15)
मन मेरे एको नामु धिआइ ॥

ਸਰਬ ਸੁਖਾ ਸੁਖ ਊਪਜਹਿ ਦਰਗਹ ਪੈਧਾ ਜਾਇ ॥੧॥ ਰਹਾਉ ॥ (45-15)
सरब सुखा सुख ऊपजहि दरगह पैधा जाइ ॥१॥ रहाउ ॥

ਜਨਮ ਮਰਣ ਕਾ ਭਉ ਗਇਆ ਭਾਉ ਭਗਤਿ ਗੋਪਾਲ ॥ (45-16)
जनम मरण का भउ गइआ भाउ भगति गोपाल ॥

ਸਾਧੂ ਸੰਗਤਿ ਨਿਰਮਲਾ ਆਪਿ ਕਰੇ ਪ੍ਰਤਿਪਾਲ ॥ (45-16)
साधू संगति निरमला आपि करे प्रतिपाल ॥

ਜਨਮ ਮਰਣ ਕੀ ਮਲੁ ਕਟੀਐ ਗੁਰ ਦਰਸਨੁ ਦੇਖਿ ਨਿਹਾਲ ॥੨॥ (45-16)
जनम मरण की मलु कटीऐ गुर दरसनु देखि निहाल ॥२॥

ਥਾਨ ਥਨੰਤਰਿ ਰਵਿ ਰਹਿਆ ਪਾਰਬ੍ਰਹਮੁ ਪ੍ਰਭੁ ਸੋਇ ॥ (45-17)
थान थनंतरि रवि रहिआ पारब्रहमु प्रभु सोइ ॥

ਸਭਨਾ ਦਾਤਾ ਏਕੁ ਹੈ ਦੂਜਾ ਨਾਹੀ ਕੋਇ ॥ (45-18)
सभना दाता एकु है दूजा नाही कोइ ॥

ਤਿਸੁ ਸਰਣਾਈ ਛੁਟੀਐ ਕੀਤਾ ਲੋੜੇ ਸੁ ਹੋਇ ॥੩॥ (45-18)
तिसु सरणाई छुटीऐ कीता लोड़े सु होइ ॥३॥

ਜਿਨ ਮਨਿ ਵਸਿਆ ਪਾਰਬ੍ਰਹਮੁ ਸੇ ਪੂਰੇ ਪਰਧਾਨ ॥ (45-18)
जिन मनि वसिआ पारब्रहमु से पूरे परधान ॥

ਤਿਨ ਕੀ ਸੋਭਾ ਨਿਰਮਲੀ ਪਰਗਟੁ ਭਈ ਜਹਾਨ ॥ (45-19)
तिन की सोभा निरमली परगटु भई जहान ॥

ਜਿਨੀ ਮੇਰਾ ਪ੍ਰਭੁ ਧਿਆਇਆ ਨਾਨਕ ਤਿਨ ਕੁਰਬਾਨ ॥੪॥੧੦॥੮੦॥ (45-19)
जिनी मेरा प्रभु धिआइआ नानक तिन कुरबान ॥४॥१०॥८०॥

ਸਿਰੀਰਾਗੁ ਮਹਲਾ ੫ ॥ (46-1)
सिरीरागु महला ५ ॥

ਮਿਲਿ ਸਤਿਗੁਰ ਸਭੁ ਦੁਖੁ ਗਇਆ ਹਰਿ ਸੁਖੁ ਵਸਿਆ ਮਨਿ ਆਇ ॥ (46-1)
मिलि सतिगुर सभु दुखु गइआ हरि सुखु वसिआ मनि आइ ॥

ਅੰਤਰਿ ਜੋਤਿ ਪ੍ਰਗਾਸੀਆ ਏਕਸੁ ਸਿਉ ਲਿਵ ਲਾਇ ॥ (46-2)
अंतरि जोति प्रगासीआ एकसु सिउ लिव लाइ ॥

ਮਿਲਿ ਸਾਧੂ ਮੁਖੁ ਊਜਲਾ ਪੂਰਬਿ ਲਿਖਿਆ ਪਾਇ ॥ (46-2)
मिलि साधू मुखु ऊजला पूरबि लिखिआ पाइ ॥

ਗੁਣ ਗੋਵਿੰਦ ਨਿਤ ਗਾਵਣੇ ਨਿਰਮਲ ਸਾਚੈ ਨਾਇ ॥੧॥ (46-3)
गुण गोविंद नित गावणे निरमल साचै नाइ ॥१॥

ਮੇਰੇ ਮਨ ਗੁਰ ਸਬਦੀ ਸੁਖੁ ਹੋਇ ॥ (46-3)
मेरे मन गुर सबदी सुखु होइ ॥

ਗੁਰ ਪੂਰੇ ਕੀ ਚਾਕਰੀ ਬਿਰਥਾ ਜਾਇ ਨ ਕੋਇ ॥੧॥ ਰਹਾਉ ॥ (46-4)
गुर पूरे की चाकरी बिरथा जाइ न कोइ ॥१॥ रहाउ ॥

ਮਨ ਕੀਆ ਇਛਾਂ ਪੂਰੀਆ ਪਾਇਆ ਨਾਮੁ ਨਿਧਾਨੁ ॥ (46-4)
मन कीआ इछां पूरीआ पाइआ नामु निधानु ॥

ਅੰਤਰਜਾਮੀ ਸਦਾ ਸੰਗਿ ਕਰਣੈਹਾਰੁ ਪਛਾਨੁ ॥ (46-5)
अंतरजामी सदा संगि करणैहारु पछानु ॥

ਗੁਰ ਪਰਸਾਦੀ ਮੁਖੁ ਊਜਲਾ ਜਪਿ ਨਾਮੁ ਦਾਨੁ ਇਸਨਾਨੁ ॥ (46-5)
गुर परसादी मुखु ऊजला जपि नामु दानु इसनानु ॥

ਕਾਮੁ ਕ੍ਰੋਧੁ ਲੋਭੁ ਬਿਨਸਿਆ ਤਜਿਆ ਸਭੁ ਅਭਿਮਾਨੁ ॥੨॥ (46-6)
कामु क्रोधु लोभु बिनसिआ तजिआ सभु अभिमानु ॥२॥

ਪਾਇਆ ਲਾਹਾ ਲਾਭੁ ਨਾਮੁ ਪੂਰਨ ਹੋਏ ਕਾਮ ॥ (46-6)
पाइआ लाहा लाभु नामु पूरन होए काम ॥

ਕਰਿ ਕਿਰਪਾ ਪ੍ਰਭਿ ਮੇਲਿਆ ਦੀਆ ਅਪਣਾ ਨਾਮੁ ॥ (46-7)
करि किरपा प्रभि मेलिआ दीआ अपणा नामु ॥

ਆਵਣ ਜਾਣਾ ਰਹਿ ਗਇਆ ਆਪਿ ਹੋਆ ਮਿਹਰਵਾਨੁ ॥ (46-7)
आवण जाणा रहि गइआ आपि होआ मिहरवानु ॥

ਸਚੁ ਮਹਲੁ ਘਰੁ ਪਾਇਆ ਗੁਰ ਕਾ ਸਬਦੁ ਪਛਾਨੁ ॥੩॥ (46-8)
सचु महलु घरु पाइआ गुर का सबदु पछानु ॥३॥

ਭਗਤ ਜਨਾ ਕਉ ਰਾਖਦਾ ਆਪਣੀ ਕਿਰਪਾ ਧਾਰਿ ॥ (46-8)
भगत जना कउ राखदा आपणी किरपा धारि ॥

ਹਲਤਿ ਪਲਤਿ ਮੁਖ ਊਜਲੇ ਸਾਚੇ ਕੇ ਗੁਣ ਸਾਰਿ ॥ (46-9)
हलति पलति मुख ऊजले साचे के गुण सारि ॥

ਆਠ ਪਹਰ ਗੁਣ ਸਾਰਦੇ ਰਤੇ ਰੰਗਿ ਅਪਾਰ ॥ (46-9)
आठ पहर गुण सारदे रते रंगि अपार ॥

ਪਾਰਬ੍ਰਹਮੁ ਸੁਖ ਸਾਗਰੋ ਨਾਨਕ ਸਦ ਬਲਿਹਾਰ ॥੪॥੧੧॥੮੧॥ (46-10)
पारब्रहमु सुख सागरो नानक सद बलिहार ॥४॥११॥८१॥

ਸਿਰੀਰਾਗੁ ਮਹਲਾ ੫ ॥ (46-10)
सिरीरागु महला ५ ॥

ਪੂਰਾ ਸਤਿਗੁਰੁ ਜੇ ਮਿਲੈ ਪਾਈਐ ਸਬਦੁ ਨਿਧਾਨੁ ॥ (46-10)
पूरा सतिगुरु जे मिलै पाईऐ सबदु निधानु ॥

ਕਰਿ ਕਿਰਪਾ ਪ੍ਰਭ ਆਪਣੀ ਜਪੀਐ ਅੰਮ੍ਰਿਤ ਨਾਮੁ ॥ (46-11)
करि किरपा प्रभ आपणी जपीऐ अमृत नामु ॥

ਜਨਮ ਮਰਣ ਦੁਖੁ ਕਾਟੀਐ ਲਾਗੈ ਸਹਜਿ ਧਿਆਨੁ ॥੧॥ (46-11)
जनम मरण दुखु काटीऐ लागै सहजि धिआनु ॥१॥

ਮੇਰੇ ਮਨ ਪ੍ਰਭ ਸਰਣਾਈ ਪਾਇ ॥ (46-12)
मेरे मन प्रभ सरणाई पाइ ॥

ਹਰਿ ਬਿਨੁ ਦੂਜਾ ਕੋ ਨਹੀ ਏਕੋ ਨਾਮੁ ਧਿਆਇ ॥੧॥ ਰਹਾਉ ॥ (46-12)
हरि बिनु दूजा को नही एको नामु धिआइ ॥१॥ रहाउ ॥

ਕੀਮਤਿ ਕਹਣੁ ਨ ਜਾਈਐ ਸਾਗਰੁ ਗੁਣੀ ਅਥਾਹੁ ॥ (46-13)
कीमति कहणु न जाईऐ सागरु गुणी अथाहु ॥

ਵਡਭਾਗੀ ਮਿਲੁ ਸੰਗਤੀ ਸਚਾ ਸਬਦੁ ਵਿਸਾਹੁ ॥ (46-13)
वडभागी मिलु संगती सचा सबदु विसाहु ॥

ਕਰਿ ਸੇਵਾ ਸੁਖ ਸਾਗਰੈ ਸਿਰਿ ਸਾਹਾ ਪਾਤਿਸਾਹੁ ॥੨॥ (46-14)
करि सेवा सुख सागरै सिरि साहा पातिसाहु ॥२॥

ਚਰਣ ਕਮਲ ਕਾ ਆਸਰਾ ਦੂਜਾ ਨਾਹੀ ਠਾਉ ॥ (46-14)
चरण कमल का आसरा दूजा नाही ठाउ ॥

ਮੈ ਧਰ ਤੇਰੀ ਪਾਰਬ੍ਰਹਮ ਤੇਰੈ ਤਾਣਿ ਰਹਾਉ ॥ (46-15)
मै धर तेरी पारब्रहम तेरै ताणि रहाउ ॥

ਨਿਮਾਣਿਆ ਪ੍ਰਭੁ ਮਾਣੁ ਤੂੰ ਤੇਰੈ ਸੰਗਿ ਸਮਾਉ ॥੩॥ (46-15)
निमाणिआ प्रभु माणु तूं तेरै संगि समाउ ॥३॥

ਹਰਿ ਜਪੀਐ ਆਰਾਧੀਐ ਆਠ ਪਹਰ ਗੋਵਿੰਦੁ ॥ (46-15)
हरि जपीऐ आराधीऐ आठ पहर गोविंदु ॥

ਜੀਅ ਪ੍ਰਾਣ ਤਨੁ ਧਨੁ ਰਖੇ ਕਰਿ ਕਿਰਪਾ ਰਾਖੀ ਜਿੰਦੁ ॥ (46-16)
जीअ प्राण तनु धनु रखे करि किरपा राखी जिंदु ॥

ਨਾਨਕ ਸਗਲੇ ਦੋਖ ਉਤਾਰਿਅਨੁ ਪ੍ਰਭੁ ਪਾਰਬ੍ਰਹਮ ਬਖਸਿੰਦੁ ॥੪॥੧੨॥੮੨॥ (46-16)
नानक सगले दोख उतारिअनु प्रभु पारब्रहम बखसिंदु ॥४॥१२॥८२॥

ਸਿਰੀਰਾਗੁ ਮਹਲਾ ੫ ॥ (46-17)
सिरीरागु महला ५ ॥

ਪ੍ਰੀਤਿ ਲਗੀ ਤਿਸੁ ਸਚ ਸਿਉ ਮਰੈ ਨ ਆਵੈ ਜਾਇ ॥ (46-17)
प्रीति लगी तिसु सच सिउ मरै न आवै जाइ ॥

ਨਾ ਵੇਛੋੜਿਆ ਵਿਛੁੜੈ ਸਭ ਮਹਿ ਰਹਿਆ ਸਮਾਇ ॥ (46-18)
ना वेछोड़िआ विछुड़ै सभ महि रहिआ समाइ ॥

ਦੀਨ ਦਰਦ ਦੁਖ ਭੰਜਨਾ ਸੇਵਕ ਕੈ ਸਤ ਭਾਇ ॥ (46-18)
दीन दरद दुख भंजना सेवक कै सत भाइ ॥

ਅਚਰਜ ਰੂਪੁ ਨਿਰੰਜਨੋ ਗੁਰਿ ਮੇਲਾਇਆ ਮਾਇ ॥੧॥ (46-19)
अचरज रूपु निरंजनो गुरि मेलाइआ माइ ॥१॥

ਭਾਈ ਰੇ ਮੀਤੁ ਕਰਹੁ ਪ੍ਰਭੁ ਸੋਇ ॥ (46-19)
भाई रे मीतु करहु प्रभु सोइ ॥

ਮਾਇਆ ਮੋਹ ਪਰੀਤਿ ਧ੍ਰਿਗੁ ਸੁਖੀ ਨ ਦੀਸੈ ਕੋਇ ॥੧॥ ਰਹਾਉ ॥ (47-1)
माइआ मोह परीति ध्रिगु सुखी न दीसै कोइ ॥१॥ रहाउ ॥

ਦਾਨਾ ਦਾਤਾ ਸੀਲਵੰਤੁ ਨਿਰਮਲੁ ਰੂਪੁ ਅਪਾਰੁ ॥ (47-1)
दाना दाता सीलवंतु निरमलु रूपु अपारु ॥

ਸਖਾ ਸਹਾਈ ਅਤਿ ਵਡਾ ਊਚਾ ਵਡਾ ਅਪਾਰੁ ॥ (47-2)
सखा सहाई अति वडा ऊचा वडा अपारु ॥

ਬਾਲਕੁ ਬਿਰਧਿ ਨ ਜਾਣੀਐ ਨਿਹਚਲੁ ਤਿਸੁ ਦਰਵਾਰੁ ॥ (47-2)
बालकु बिरधि न जाणीऐ निहचलु तिसु दरवारु ॥

ਜੋ ਮੰਗੀਐ ਸੋਈ ਪਾਈਐ ਨਿਧਾਰਾ ਆਧਾਰੁ ॥੨॥ (47-3)
जो मंगीऐ सोई पाईऐ निधारा आधारु ॥२॥

ਜਿਸੁ ਪੇਖਤ ਕਿਲਵਿਖ ਹਿਰਹਿ ਮਨਿ ਤਨਿ ਹੋਵੈ ਸਾਂਤਿ ॥ (47-3)
जिसु पेखत किलविख हिरहि मनि तनि होवै सांति ॥

ਇਕ ਮਨਿ ਏਕੁ ਧਿਆਈਐ ਮਨ ਕੀ ਲਾਹਿ ਭਰਾਂਤਿ ॥ (47-4)
इक मनि एकु धिआईऐ मन की लाहि भरांति ॥

ਗੁਣ ਨਿਧਾਨੁ ਨਵਤਨੁ ਸਦਾ ਪੂਰਨ ਜਾ ਕੀ ਦਾਤਿ ॥ (47-4)
गुण निधानु नवतनु सदा पूरन जा की दाति ॥

ਸਦਾ ਸਦਾ ਆਰਾਧੀਐ ਦਿਨੁ ਵਿਸਰਹੁ ਨਹੀ ਰਾਤਿ ॥੩॥ (47-5)
सदा सदा आराधीऐ दिनु विसरहु नही राति ॥३॥

ਜਿਨ ਕਉ ਪੂਰਬਿ ਲਿਖਿਆ ਤਿਨ ਕਾ ਸਖਾ ਗੋਵਿੰਦੁ ॥ (47-5)
जिन कउ पूरबि लिखिआ तिन का सखा गोविंदु ॥

ਤਨੁ ਮਨੁ ਧਨੁ ਅਰਪੀ ਸਭੋ ਸਗਲ ਵਾਰੀਐ ਇਹ ਜਿੰਦੁ ॥ (47-6)
तनु मनु धनु अरपी सभो सगल वारीऐ इह जिंदु ॥

ਦੇਖੈ ਸੁਣੈ ਹਦੂਰਿ ਸਦ ਘਟਿ ਘਟਿ ਬ੍ਰਹਮੁ ਰਵਿੰਦੁ ॥ (47-6)
देखै सुणै हदूरि सद घटि घटि ब्रहमु रविंदु ॥

ਅਕਿਰਤਘਣਾ ਨੋ ਪਾਲਦਾ ਪ੍ਰਭ ਨਾਨਕ ਸਦ ਬਖਸਿੰਦੁ ॥੪॥੧੩॥੮੩॥ (47-7)
अकिरतघणा नो पालदा प्रभ नानक सद बखसिंदु ॥४॥१३॥८३॥

ਸਿਰੀਰਾਗੁ ਮਹਲਾ ੫ ॥ (47-7)
सिरीरागु महला ५ ॥

ਮਨੁ ਤਨੁ ਧਨੁ ਜਿਨਿ ਪ੍ਰਭਿ ਦੀਆ ਰਖਿਆ ਸਹਜਿ ਸਵਾਰਿ ॥ (47-7)
मनु तनु धनु जिनि प्रभि दीआ रखिआ सहजि सवारि ॥

ਸਰਬ ਕਲਾ ਕਰਿ ਥਾਪਿਆ ਅੰਤਰਿ ਜੋਤਿ ਅਪਾਰ ॥ (47-8)
सरब कला करि थापिआ अंतरि जोति अपार ॥

ਸਦਾ ਸਦਾ ਪ੍ਰਭੁ ਸਿਮਰੀਐ ਅੰਤਰਿ ਰਖੁ ਉਰ ਧਾਰਿ ॥੧॥ (47-9)
सदा सदा प्रभु सिमरीऐ अंतरि रखु उर धारि ॥१॥

ਮੇਰੇ ਮਨ ਹਰਿ ਬਿਨੁ ਅਵਰੁ ਨ ਕੋਇ ॥ (47-9)
मेरे मन हरि बिनु अवरु न कोइ ॥

ਪ੍ਰਭ ਸਰਣਾਈ ਸਦਾ ਰਹੁ ਦੂਖੁ ਨ ਵਿਆਪੈ ਕੋਇ ॥੧॥ ਰਹਾਉ ॥ (47-9)
प्रभ सरणाई सदा रहु दूखु न विआपै कोइ ॥१॥ रहाउ ॥

ਰਤਨ ਪਦਾਰਥ ਮਾਣਕਾ ਸੁਇਨਾ ਰੁਪਾ ਖਾਕੁ ॥ (47-10)
रतन पदारथ माणका सुइना रुपा खाकु ॥

ਮਾਤ ਪਿਤਾ ਸੁਤ ਬੰਧਪਾ ਕੂੜੇ ਸਭੇ ਸਾਕ ॥ (47-10)
मात पिता सुत बंधपा कूड़े सभे साक ॥

ਜਿਨਿ ਕੀਤਾ ਤਿਸਹਿ ਨ ਜਾਣਈ ਮਨਮੁਖ ਪਸੁ ਨਾਪਾਕ ॥੨॥ (47-11)
जिनि कीता तिसहि न जाणई मनमुख पसु नापाक ॥२॥

ਅੰਤਰਿ ਬਾਹਰਿ ਰਵਿ ਰਹਿਆ ਤਿਸ ਨੋ ਜਾਣੈ ਦੂਰਿ ॥ (47-11)
अंतरि बाहरि रवि रहिआ तिस नो जाणै दूरि ॥

ਤ੍ਰਿਸਨਾ ਲਾਗੀ ਰਚਿ ਰਹਿਆ ਅੰਤਰਿ ਹਉਮੈ ਕੂਰਿ ॥ (47-12)
त्रिसना लागी रचि रहिआ अंतरि हउमै कूरि ॥

ਭਗਤੀ ਨਾਮ ਵਿਹੂਣਿਆ ਆਵਹਿ ਵੰਞਹਿ ਪੂਰ ॥੩॥ (47-12)
भगती नाम विहूणिआ आवहि वंञहि पूर ॥३॥

ਰਾਖਿ ਲੇਹੁ ਪ੍ਰਭੁ ਕਰਣਹਾਰ ਜੀਅ ਜੰਤ ਕਰਿ ਦਇਆ ॥ (47-13)
राखि लेहु प्रभु करणहार जीअ जंत करि दइआ ॥

ਬਿਨੁ ਪ੍ਰਭ ਕੋਇ ਨ ਰਖਨਹਾਰੁ ਮਹਾ ਬਿਕਟ ਜਮ ਭਇਆ ॥ (47-13)
बिनु प्रभ कोइ न रखनहारु महा बिकट जम भइआ ॥

ਨਾਨਕ ਨਾਮੁ ਨ ਵੀਸਰਉ ਕਰਿ ਅਪੁਨੀ ਹਰਿ ਮਇਆ ॥੪॥੧੪॥੮੪॥ (47-14)
नानक नामु न वीसरउ करि अपुनी हरि मइआ ॥४॥१४॥८४॥

ਸਿਰੀਰਾਗੁ ਮਹਲਾ ੫ ॥ (47-15)
सिरीरागु महला ५ ॥

ਮੇਰਾ ਤਨੁ ਅਰੁ ਧਨੁ ਮੇਰਾ ਰਾਜ ਰੂਪ ਮੈ ਦੇਸੁ ॥ (47-15)
मेरा तनु अरु धनु मेरा राज रूप मै देसु ॥

ਸੁਤ ਦਾਰਾ ਬਨਿਤਾ ਅਨੇਕ ਬਹੁਤੁ ਰੰਗ ਅਰੁ ਵੇਸ ॥ (47-15)
सुत दारा बनिता अनेक बहुतु रंग अरु वेस ॥

ਹਰਿ ਨਾਮੁ ਰਿਦੈ ਨ ਵਸਈ ਕਾਰਜਿ ਕਿਤੈ ਨ ਲੇਖਿ ॥੧॥ (47-16)
हरि नामु रिदै न वसई कारजि कितै न लेखि ॥१॥

ਮੇਰੇ ਮਨ ਹਰਿ ਹਰਿ ਨਾਮੁ ਧਿਆਇ ॥ (47-16)
मेरे मन हरि हरि नामु धिआइ ॥

ਕਰਿ ਸੰਗਤਿ ਨਿਤ ਸਾਧ ਕੀ ਗੁਰ ਚਰਣੀ ਚਿਤੁ ਲਾਇ ॥੧॥ ਰਹਾਉ ॥ (47-17)
करि संगति नित साध की गुर चरणी चितु लाइ ॥१॥ रहाउ ॥

ਨਾਮੁ ਨਿਧਾਨੁ ਧਿਆਈਐ ਮਸਤਕਿ ਹੋਵੈ ਭਾਗੁ ॥ (47-17)
नामु निधानु धिआईऐ मसतकि होवै भागु ॥

ਕਾਰਜ ਸਭਿ ਸਵਾਰੀਅਹਿ ਗੁਰ ਕੀ ਚਰਣੀ ਲਾਗੁ ॥ (47-18)
कारज सभि सवारीअहि गुर की चरणी लागु ॥

ਹਉਮੈ ਰੋਗੁ ਭ੍ਰਮੁ ਕਟੀਐ ਨਾ ਆਵੈ ਨਾ ਜਾਗੁ ॥੨॥ (47-18)
हउमै रोगु भ्रमु कटीऐ ना आवै ना जागु ॥२॥

ਕਰਿ ਸੰਗਤਿ ਤੂ ਸਾਧ ਕੀ ਅਠਸਠਿ ਤੀਰਥ ਨਾਉ ॥ (47-19)
करि संगति तू साध की अठसठि तीरथ नाउ ॥

ਜੀਉ ਪ੍ਰਾਣ ਮਨੁ ਤਨੁ ਹਰੇ ਸਾਚਾ ਏਹੁ ਸੁਆਉ ॥ (47-19)
जीउ प्राण मनु तनु हरे साचा एहु सुआउ ॥

ਐਥੈ ਮਿਲਹਿ ਵਡਾਈਆ ਦਰਗਹਿ ਪਾਵਹਿ ਥਾਉ ॥੩॥ (48-1)
ऐथै मिलहि वडाईआ दरगहि पावहि थाउ ॥३॥

ਕਰੇ ਕਰਾਏ ਆਪਿ ਪ੍ਰਭੁ ਸਭੁ ਕਿਛੁ ਤਿਸ ਹੀ ਹਾਥਿ ॥ (48-1)
करे कराए आपि प्रभु सभु किछु तिस ही हाथि ॥

ਮਾਰਿ ਆਪੇ ਜੀਵਾਲਦਾ ਅੰਤਰਿ ਬਾਹਰਿ ਸਾਥਿ ॥ (48-2)
मारि आपे जीवालदा अंतरि बाहरि साथि ॥

ਨਾਨਕ ਪ੍ਰਭ ਸਰਣਾਗਤੀ ਸਰਬ ਘਟਾ ਕੇ ਨਾਥ ॥੪॥੧੫॥੮੫॥ (48-2)
नानक प्रभ सरणागती सरब घटा के नाथ ॥४॥१५॥८५॥

ਸਿਰੀਰਾਗੁ ਮਹਲਾ ੫ ॥ (48-3)
सिरीरागु महला ५ ॥

ਸਰਣਿ ਪਏ ਪ੍ਰਭ ਆਪਣੇ ਗੁਰੁ ਹੋਆ ਕਿਰਪਾਲੁ ॥ (48-3)
सरणि पए प्रभ आपणे गुरु होआ किरपालु ॥

ਸਤਗੁਰ ਕੈ ਉਪਦੇਸਿਐ ਬਿਨਸੇ ਸਰਬ ਜੰਜਾਲ ॥ (48-3)
सतगुर कै उपदेसिऐ बिनसे सरब जंजाल ॥

ਅੰਦਰੁ ਲਗਾ ਰਾਮ ਨਾਮਿ ਅੰਮ੍ਰਿਤ ਨਦਰਿ ਨਿਹਾਲੁ ॥੧॥ (48-4)
अंदरु लगा राम नामि अमृत नदरि निहालु ॥१॥

ਮਨ ਮੇਰੇ ਸਤਿਗੁਰ ਸੇਵਾ ਸਾਰੁ ॥ (48-4)
मन मेरे सतिगुर सेवा सारु ॥

ਕਰੇ ਦਇਆ ਪ੍ਰਭੁ ਆਪਣੀ ਇਕ ਨਿਮਖ ਨ ਮਨਹੁ ਵਿਸਾਰੁ ॥ ਰਹਾਉ ॥ (48-5)
करे दइआ प्रभु आपणी इक निमख न मनहु विसारु ॥ रहाउ ॥

ਗੁਣ ਗੋਵਿੰਦ ਨਿਤ ਗਾਵੀਅਹਿ ਅਵਗੁਣ ਕਟਣਹਾਰ ॥ (48-5)
गुण गोविंद नित गावीअहि अवगुण कटणहार ॥

ਬਿਨੁ ਹਰਿ ਨਾਮ ਨ ਸੁਖੁ ਹੋਇ ਕਰਿ ਡਿਠੇ ਬਿਸਥਾਰ ॥ (48-6)
बिनु हरि नाम न सुखु होइ करि डिठे बिसथार ॥

ਸਹਜੇ ਸਿਫਤੀ ਰਤਿਆ ਭਵਜਲੁ ਉਤਰੇ ਪਾਰਿ ॥੨॥ (48-6)
सहजे सिफती रतिआ भवजलु उतरे पारि ॥२॥

ਤੀਰਥ ਵਰਤ ਲਖ ਸੰਜਮਾ ਪਾਈਐ ਸਾਧੂ ਧੂਰਿ ॥ (48-7)
तीरथ वरत लख संजमा पाईऐ साधू धूरि ॥

ਲੂਕਿ ਕਮਾਵੈ ਕਿਸ ਤੇ ਜਾ ਵੇਖੈ ਸਦਾ ਹਦੂਰਿ ॥ (48-7)
लूकि कमावै किस ते जा वेखै सदा हदूरि ॥

ਥਾਨ ਥਨੰਤਰਿ ਰਵਿ ਰਹਿਆ ਪ੍ਰਭੁ ਮੇਰਾ ਭਰਪੂਰਿ ॥੩॥ (48-8)
थान थनंतरि रवि रहिआ प्रभु मेरा भरपूरि ॥३॥

ਸਚੁ ਪਾਤਿਸਾਹੀ ਅਮਰੁ ਸਚੁ ਸਚੇ ਸਚਾ ਥਾਨੁ ॥ (48-8)
सचु पातिसाही अमरु सचु सचे सचा थानु ॥

ਸਚੀ ਕੁਦਰਤਿ ਧਾਰੀਅਨੁ ਸਚਿ ਸਿਰਜਿਓਨੁ ਜਹਾਨੁ ॥ (48-8)
सची कुदरति धारीअनु सचि सिरजिओनु जहानु ॥

ਨਾਨਕ ਜਪੀਐ ਸਚੁ ਨਾਮੁ ਹਉ ਸਦਾ ਸਦਾ ਕੁਰਬਾਨੁ ॥੪॥੧੬॥੮੬॥ (48-9)
नानक जपीऐ सचु नामु हउ सदा सदा कुरबानु ॥४॥१६॥८६॥

ਸਿਰੀਰਾਗੁ ਮਹਲਾ ੫ ॥ (48-10)
सिरीरागु महला ५ ॥

ਉਦਮੁ ਕਰਿ ਹਰਿ ਜਾਪਣਾ ਵਡਭਾਗੀ ਧਨੁ ਖਾਟਿ ॥ (48-10)
उदमु करि हरि जापणा वडभागी धनु खाटि ॥

ਸੰਤਸੰਗਿ ਹਰਿ ਸਿਮਰਣਾ ਮਲੁ ਜਨਮ ਜਨਮ ਕੀ ਕਾਟਿ ॥੧॥ (48-10)
संतसंगि हरि सिमरणा मलु जनम जनम की काटि ॥१॥

ਮਨ ਮੇਰੇ ਰਾਮ ਨਾਮੁ ਜਪਿ ਜਾਪੁ ॥ (48-11)
मन मेरे राम नामु जपि जापु ॥

ਮਨ ਇਛੇ ਫਲ ਭੁੰਚਿ ਤੂ ਸਭੁ ਚੂਕੈ ਸੋਗੁ ਸੰਤਾਪੁ ॥ ਰਹਾਉ ॥ (48-11)
मन इछे फल भुंचि तू सभु चूकै सोगु संतापु ॥ रहाउ ॥

ਜਿਸੁ ਕਾਰਣਿ ਤਨੁ ਧਾਰਿਆ ਸੋ ਪ੍ਰਭੁ ਡਿਠਾ ਨਾਲਿ ॥ (48-12)
जिसु कारणि तनु धारिआ सो प्रभु डिठा नालि ॥

ਜਲਿ ਥਲਿ ਮਹੀਅਲਿ ਪੂਰਿਆ ਪ੍ਰਭੁ ਆਪਣੀ ਨਦਰਿ ਨਿਹਾਲਿ ॥੨॥ (48-12)
जलि थलि महीअलि पूरिआ प्रभु आपणी नदरि निहालि ॥२॥

ਮਨੁ ਤਨੁ ਨਿਰਮਲੁ ਹੋਇਆ ਲਾਗੀ ਸਾਚੁ ਪਰੀਤਿ ॥ (48-13)
मनु तनु निरमलु होइआ लागी साचु परीति ॥

ਚਰਣ ਭਜੇ ਪਾਰਬ੍ਰਹਮ ਕੇ ਸਭਿ ਜਪ ਤਪ ਤਿਨ ਹੀ ਕੀਤਿ ॥੩॥ (48-13)
चरण भजे पारब्रहम के सभि जप तप तिन ही कीति ॥३॥

ਰਤਨ ਜਵੇਹਰ ਮਾਣਿਕਾ ਅੰਮ੍ਰਿਤੁ ਹਰਿ ਕਾ ਨਾਉ ॥ (48-14)
रतन जवेहर माणिका अमृतु हरि का नाउ ॥

ਸੂਖ ਸਹਜ ਆਨੰਦ ਰਸ ਜਨ ਨਾਨਕ ਹਰਿ ਗੁਣ ਗਾਉ ॥੪॥੧੭॥੮੭॥ (48-15)
सूख सहज आनंद रस जन नानक हरि गुण गाउ ॥४॥१७॥८७॥

ਸਿਰੀਰਾਗੁ ਮਹਲਾ ੫ ॥ (48-15)
सिरीरागु महला ५ ॥

ਸੋਈ ਸਾਸਤੁ ਸਉਣੁ ਸੋਇ ਜਿਤੁ ਜਪੀਐ ਹਰਿ ਨਾਉ ॥ (48-15)
सोई सासतु सउणु सोइ जितु जपीऐ हरि नाउ ॥

ਚਰਣ ਕਮਲ ਗੁਰਿ ਧਨੁ ਦੀਆ ਮਿਲਿਆ ਨਿਥਾਵੇ ਥਾਉ ॥ (48-16)
चरण कमल गुरि धनु दीआ मिलिआ निथावे थाउ ॥

ਸਾਚੀ ਪੂੰਜੀ ਸਚੁ ਸੰਜਮੋ ਆਠ ਪਹਰ ਗੁਣ ਗਾਉ ॥ (48-17)
साची पूंजी सचु संजमो आठ पहर गुण गाउ ॥

ਕਰਿ ਕਿਰਪਾ ਪ੍ਰਭੁ ਭੇਟਿਆ ਮਰਣੁ ਨ ਆਵਣੁ ਜਾਉ ॥੧॥ (48-17)
करि किरपा प्रभु भेटिआ मरणु न आवणु जाउ ॥१॥

ਮੇਰੇ ਮਨ ਹਰਿ ਭਜੁ ਸਦਾ ਇਕ ਰੰਗਿ ॥ (48-18)
मेरे मन हरि भजु सदा इक रंगि ॥

ਘਟ ਘਟ ਅੰਤਰਿ ਰਵਿ ਰਹਿਆ ਸਦਾ ਸਹਾਈ ਸੰਗਿ ॥੧॥ ਰਹਾਉ ॥ (48-18)
घट घट अंतरि रवि रहिआ सदा सहाई संगि ॥१॥ रहाउ ॥

ਸੁਖਾ ਕੀ ਮਿਤਿ ਕਿਆ ਗਣੀ ਜਾ ਸਿਮਰੀ ਗੋਵਿੰਦੁ ॥ (48-19)
सुखा की मिति किआ गणी जा सिमरी गोविंदु ॥

ਜਿਨ ਚਾਖਿਆ ਸੇ ਤ੍ਰਿਪਤਾਸਿਆ ਉਹ ਰਸੁ ਜਾਣੈ ਜਿੰਦੁ ॥ (48-19)
जिन चाखिआ से त्रिपतासिआ उह रसु जाणै जिंदु ॥

ਸੰਤਾ ਸੰਗਤਿ ਮਨਿ ਵਸੈ ਪ੍ਰਭੁ ਪ੍ਰੀਤਮੁ ਬਖਸਿੰਦੁ ॥ (49-1)
संता संगति मनि वसै प्रभु प्रीतमु बखसिंदु ॥

ਜਿਨਿ ਸੇਵਿਆ ਪ੍ਰਭੁ ਆਪਣਾ ਸੋਈ ਰਾਜ ਨਰਿੰਦੁ ॥੨॥ (49-1)
जिनि सेविआ प्रभु आपणा सोई राज नरिंदु ॥२॥

ਅਉਸਰਿ ਹਰਿ ਜਸੁ ਗੁਣ ਰਮਣ ਜਿਤੁ ਕੋਟਿ ਮਜਨ ਇਸਨਾਨੁ ॥ (49-2)
अउसरि हरि जसु गुण रमण जितु कोटि मजन इसनानु ॥

ਰਸਨਾ ਉਚਰੈ ਗੁਣਵਤੀ ਕੋਇ ਨ ਪੁਜੈ ਦਾਨੁ ॥ (49-2)
रसना उचरै गुणवती कोइ न पुजै दानु ॥

ਦ੍ਰਿਸਟਿ ਧਾਰਿ ਮਨਿ ਤਨਿ ਵਸੈ ਦਇਆਲ ਪੁਰਖੁ ਮਿਹਰਵਾਨੁ ॥ (49-3)
द्रिसटि धारि मनि तनि वसै दइआल पुरखु मिहरवानु ॥

ਜੀਉ ਪਿੰਡੁ ਧਨੁ ਤਿਸ ਦਾ ਹਉ ਸਦਾ ਸਦਾ ਕੁਰਬਾਨੁ ॥੩॥ (49-3)
जीउ पिंडु धनु तिस दा हउ सदा सदा कुरबानु ॥३॥

ਮਿਲਿਆ ਕਦੇ ਨ ਵਿਛੁੜੈ ਜੋ ਮੇਲਿਆ ਕਰਤਾਰਿ ॥ (49-4)
मिलिआ कदे न विछुड़ै जो मेलिआ करतारि ॥

ਦਾਸਾ ਕੇ ਬੰਧਨ ਕਟਿਆ ਸਾਚੈ ਸਿਰਜਣਹਾਰਿ ॥ (49-4)
दासा के बंधन कटिआ साचै सिरजणहारि ॥

ਭੂਲਾ ਮਾਰਗਿ ਪਾਇਓਨੁ ਗੁਣ ਅਵਗੁਣ ਨ ਬੀਚਾਰਿ ॥ (49-5)
भूला मारगि पाइओनु गुण अवगुण न बीचारि ॥

ਨਾਨਕ ਤਿਸੁ ਸਰਣਾਗਤੀ ਜਿ ਸਗਲ ਘਟਾ ਆਧਾਰੁ ॥੪॥੧੮॥੮੮॥ (49-5)
नानक तिसु सरणागती जि सगल घटा आधारु ॥४॥१८॥८८॥

ਸਿਰੀਰਾਗੁ ਮਹਲਾ ੫ ॥ (49-6)
सिरीरागु महला ५ ॥

ਰਸਨਾ ਸਚਾ ਸਿਮਰੀਐ ਮਨੁ ਤਨੁ ਨਿਰਮਲੁ ਹੋਇ ॥ (49-6)
रसना सचा सिमरीऐ मनु तनु निरमलु होइ ॥

ਮਾਤ ਪਿਤਾ ਸਾਕ ਅਗਲੇ ਤਿਸੁ ਬਿਨੁ ਅਵਰੁ ਨ ਕੋਇ ॥ (49-7)
मात पिता साक अगले तिसु बिनु अवरु न कोइ ॥

ਮਿਹਰ ਕਰੇ ਜੇ ਆਪਣੀ ਚਸਾ ਨ ਵਿਸਰੈ ਸੋਇ ॥੧॥ (49-7)
मिहर करे जे आपणी चसा न विसरै सोइ ॥१॥

ਮਨ ਮੇਰੇ ਸਾਚਾ ਸੇਵਿ ਜਿਚਰੁ ਸਾਸੁ ॥ (49-8)
मन मेरे साचा सेवि जिचरु सासु ॥

ਬਿਨੁ ਸਚੇ ਸਭ ਕੂੜੁ ਹੈ ਅੰਤੇ ਹੋਇ ਬਿਨਾਸੁ ॥੧॥ ਰਹਾਉ ॥ (49-8)
बिनु सचे सभ कूड़ु है अंते होइ बिनासु ॥१॥ रहाउ ॥

ਸਾਹਿਬੁ ਮੇਰਾ ਨਿਰਮਲਾ ਤਿਸੁ ਬਿਨੁ ਰਹਣੁ ਨ ਜਾਇ ॥ (49-8)
साहिबु मेरा निरमला तिसु बिनु रहणु न जाइ ॥

ਮੇਰੈ ਮਨਿ ਤਨਿ ਭੁਖ ਅਤਿ ਅਗਲੀ ਕੋਈ ਆਣਿ ਮਿਲਾਵੈ ਮਾਇ ॥ (49-9)
मेरै मनि तनि भुख अति अगली कोई आणि मिलावै माइ ॥

ਚਾਰੇ ਕੁੰਡਾ ਭਾਲੀਆ ਸਹ ਬਿਨੁ ਅਵਰੁ ਨ ਜਾਇ ॥੨॥ (49-10)
चारे कुंडा भालीआ सह बिनु अवरु न जाइ ॥२॥

ਤਿਸੁ ਆਗੈ ਅਰਦਾਸਿ ਕਰਿ ਜੋ ਮੇਲੇ ਕਰਤਾਰੁ ॥ (49-10)
तिसु आगै अरदासि करि जो मेले करतारु ॥

ਸਤਿਗੁਰੁ ਦਾਤਾ ਨਾਮ ਕਾ ਪੂਰਾ ਜਿਸੁ ਭੰਡਾਰੁ ॥ (49-10)
सतिगुरु दाता नाम का पूरा जिसु भंडारु ॥

ਸਦਾ ਸਦਾ ਸਾਲਾਹੀਐ ਅੰਤੁ ਨ ਪਾਰਾਵਾਰੁ ॥੩॥ (49-11)
सदा सदा सालाहीऐ अंतु न पारावारु ॥३॥

ਪਰਵਦਗਾਰੁ ਸਾਲਾਹੀਐ ਜਿਸ ਦੇ ਚਲਤ ਅਨੇਕ ॥ (49-11)
परवदगारु सालाहीऐ जिस दे चलत अनेक ॥

ਸਦਾ ਸਦਾ ਆਰਾਧੀਐ ਏਹਾ ਮਤਿ ਵਿਸੇਖ ॥ (49-12)
सदा सदा आराधीऐ एहा मति विसेख ॥

ਮਨਿ ਤਨਿ ਮਿਠਾ ਤਿਸੁ ਲਗੈ ਜਿਸੁ ਮਸਤਕਿ ਨਾਨਕ ਲੇਖ ॥੪॥੧੯॥੮੯॥ (49-12)
मनि तनि मिठा तिसु लगै जिसु मसतकि नानक लेख ॥४॥१९॥८९॥

ਸਿਰੀਰਾਗੁ ਮਹਲਾ ੫ ॥ (49-13)
सिरीरागु महला ५ ॥

ਸੰਤ ਜਨਹੁ ਮਿਲਿ ਭਾਈਹੋ ਸਚਾ ਨਾਮੁ ਸਮਾਲਿ ॥ (49-13)
संत जनहु मिलि भाईहो सचा नामु समालि ॥

ਤੋਸਾ ਬੰਧਹੁ ਜੀਅ ਕਾ ਐਥੈ ਓਥੈ ਨਾਲਿ ॥ (49-13)
तोसा बंधहु जीअ का ऐथै ओथै नालि ॥

ਗੁਰ ਪੂਰੇ ਤੇ ਪਾਈਐ ਅਪਣੀ ਨਦਰਿ ਨਿਹਾਲਿ ॥ (49-14)
गुर पूरे ते पाईऐ अपणी नदरि निहालि ॥

ਕਰਮਿ ਪਰਾਪਤਿ ਤਿਸੁ ਹੋਵੈ ਜਿਸ ਨੋ ਹੋਇ ਦਇਆਲੁ ॥੧॥ (49-14)
करमि परापति तिसु होवै जिस नो होइ दइआलु ॥१॥

ਮੇਰੇ ਮਨ ਗੁਰ ਜੇਵਡੁ ਅਵਰੁ ਨ ਕੋਇ ॥ (49-15)
मेरे मन गुर जेवडु अवरु न कोइ ॥

ਦੂਜਾ ਥਾਉ ਨ ਕੋ ਸੁਝੈ ਗੁਰ ਮੇਲੇ ਸਚੁ ਸੋਇ ॥੧॥ ਰਹਾਉ ॥ (49-15)
दूजा थाउ न को सुझै गुर मेले सचु सोइ ॥१॥ रहाउ ॥

ਸਗਲ ਪਦਾਰਥ ਤਿਸੁ ਮਿਲੇ ਜਿਨਿ ਗੁਰੁ ਡਿਠਾ ਜਾਇ ॥ (49-16)
सगल पदारथ तिसु मिले जिनि गुरु डिठा जाइ ॥

ਗੁਰ ਚਰਣੀ ਜਿਨ ਮਨੁ ਲਗਾ ਸੇ ਵਡਭਾਗੀ ਮਾਇ ॥ (49-16)
गुर चरणी जिन मनु लगा से वडभागी माइ ॥

ਗੁਰੁ ਦਾਤਾ ਸਮਰਥੁ ਗੁਰੁ ਗੁਰੁ ਸਭ ਮਹਿ ਰਹਿਆ ਸਮਾਇ ॥ (49-17)
गुरु दाता समरथु गुरु गुरु सभ महि रहिआ समाइ ॥

ਗੁਰੁ ਪਰਮੇਸਰੁ ਪਾਰਬ੍ਰਹਮੁ ਗੁਰੁ ਡੁਬਦਾ ਲਏ ਤਰਾਇ ॥੨॥ (49-17)
गुरु परमेसरु पारब्रहमु गुरु डुबदा लए तराइ ॥२॥

ਕਿਤੁ ਮੁਖਿ ਗੁਰੁ ਸਾਲਾਹੀਐ ਕਰਣ ਕਾਰਣ ਸਮਰਥੁ ॥ (49-18)
कितु मुखि गुरु सालाहीऐ करण कारण समरथु ॥

ਸੇ ਮਥੇ ਨਿਹਚਲ ਰਹੇ ਜਿਨ ਗੁਰਿ ਧਾਰਿਆ ਹਥੁ ॥ (49-18)
से मथे निहचल रहे जिन गुरि धारिआ हथु ॥

ਗੁਰਿ ਅੰਮ੍ਰਿਤ ਨਾਮੁ ਪੀਆਲਿਆ ਜਨਮ ਮਰਨ ਕਾ ਪਥੁ ॥ (49-19)
गुरि अमृत नामु पीआलिआ जनम मरन का पथु ॥

ਗੁਰੁ ਪਰਮੇਸਰੁ ਸੇਵਿਆ ਭੈ ਭੰਜਨੁ ਦੁਖ ਲਥੁ ॥੩॥ (49-19)
गुरु परमेसरु सेविआ भै भंजनु दुख लथु ॥३॥

ਸਤਿਗੁਰੁ ਗਹਿਰ ਗਭੀਰੁ ਹੈ ਸੁਖ ਸਾਗਰੁ ਅਘਖੰਡੁ ॥ (50-1)
सतिगुरु गहिर गभीरु है सुख सागरु अघखंडु ॥

ਜਿਨਿ ਗੁਰੁ ਸੇਵਿਆ ਆਪਣਾ ਜਮਦੂਤ ਨ ਲਾਗੈ ਡੰਡੁ ॥ (50-1)
जिनि गुरु सेविआ आपणा जमदूत न लागै डंडु ॥

ਗੁਰ ਨਾਲਿ ਤੁਲਿ ਨ ਲਗਈ ਖੋਜਿ ਡਿਠਾ ਬ੍ਰਹਮੰਡੁ ॥ (50-2)
गुर नालि तुलि न लगई खोजि डिठा ब्रहमंडु ॥

ਨਾਮੁ ਨਿਧਾਨੁ ਸਤਿਗੁਰਿ ਦੀਆ ਸੁਖੁ ਨਾਨਕ ਮਨ ਮਹਿ ਮੰਡੁ ॥੪॥੨੦॥੯੦॥ (50-2)
नामु निधानु सतिगुरि दीआ सुखु नानक मन महि मंडु ॥४॥२०॥९०॥

ਸਿਰੀਰਾਗੁ ਮਹਲਾ ੫ ॥ (50-3)
सिरीरागु महला ५ ॥

ਮਿਠਾ ਕਰਿ ਕੈ ਖਾਇਆ ਕਉੜਾ ਉਪਜਿਆ ਸਾਦੁ ॥ (50-3)
मिठा करि कै खाइआ कउड़ा उपजिआ सादु ॥

ਭਾਈ ਮੀਤ ਸੁਰਿਦ ਕੀਏ ਬਿਖਿਆ ਰਚਿਆ ਬਾਦੁ ॥ (50-4)
भाई मीत सुरिद कीए बिखिआ रचिआ बादु ॥

ਜਾਂਦੇ ਬਿਲਮ ਨ ਹੋਵਈ ਵਿਣੁ ਨਾਵੈ ਬਿਸਮਾਦੁ ॥੧॥ (50-4)
जांदे बिलम न होवई विणु नावै बिसमादु ॥१॥

ਮੇਰੇ ਮਨ ਸਤਗੁਰ ਕੀ ਸੇਵਾ ਲਾਗੁ ॥ (50-5)
मेरे मन सतगुर की सेवा लागु ॥

ਜੋ ਦੀਸੈ ਸੋ ਵਿਣਸਣਾ ਮਨ ਕੀ ਮਤਿ ਤਿਆਗੁ ॥੧॥ ਰਹਾਉ ॥ (50-5)
जो दीसै सो विणसणा मन की मति तिआगु ॥१॥ रहाउ ॥

ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ ॥ (50-6)
जिउ कूकरु हरकाइआ धावै दह दिस जाइ ॥

ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ ॥ (50-6)
लोभी जंतु न जाणई भखु अभखु सभ खाइ ॥

ਕਾਮ ਕ੍ਰੋਧ ਮਦਿ ਬਿਆਪਿਆ ਫਿਰਿ ਫਿਰਿ ਜੋਨੀ ਪਾਇ ॥੨॥ (50-7)
काम क्रोध मदि बिआपिआ फिरि फिरि जोनी पाइ ॥२॥

ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ ॥ (50-7)
माइआ जालु पसारिआ भीतरि चोग बणाइ ॥

ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ ॥ (50-8)
त्रिसना पंखी फासिआ निकसु न पाए माइ ॥

ਜਿਨਿ ਕੀਤਾ ਤਿਸਹਿ ਨ ਜਾਣਈ ਫਿਰਿ ਫਿਰਿ ਆਵੈ ਜਾਇ ॥੩॥ (50-8)
जिनि कीता तिसहि न जाणई फिरि फिरि आवै जाइ ॥३ ॥

ਅਨਿਕ ਪ੍ਰਕਾਰੀ ਮੋਹਿਆ ਬਹੁ ਬਿਧਿ ਇਹੁ ਸੰਸਾਰੁ ॥ (50-9)
अनिक प्रकारी मोहिआ बहु बिधि इहु संसारु ॥

ਜਿਸ ਨੋ ਰਖੈ ਸੋ ਰਹੈ ਸੰਮ੍ਰਿਥੁ ਪੁਰਖੁ ਅਪਾਰੁ ॥ (50-9)
जिस नो रखै सो रहै संम्रिथु पुरखु अपारु ॥

ਹਰਿ ਜਨ ਹਰਿ ਲਿਵ ਉਧਰੇ ਨਾਨਕ ਸਦ ਬਲਿਹਾਰੁ ॥੪॥੨੧॥੯੧॥ (50-9)
हरि जन हरि लिव उधरे नानक सद बलिहारु ॥४ ॥२१ ॥९१ ॥

ਸਿਰੀਰਾਗੁ ਮਹਲਾ ੫ ਘਰੁ ੨ ॥ (50-10)
सिरीरागु महला ५ घरु २ ॥

ਗੋਇਲਿ ਆਇਆ ਗੋਇਲੀ ਕਿਆ ਤਿਸੁ ਡੰਫੁ ਪਸਾਰੁ ॥ (50-10)
गोइलि आइआ गोइली किआ तिसु ड्मफु पसारु ॥

ਮੁਹਲਤਿ ਪੁੰਨੀ ਚਲਣਾ ਤੂੰ ਸੰਮਲੁ ਘਰ ਬਾਰੁ ॥੧॥ (50-11)
मुहलति पुंनी चलणा तूं संमलु घर बारु ॥१ ॥

ਹਰਿ ਗੁਣ ਗਾਉ ਮਨਾ ਸਤਿਗੁਰੁ ਸੇਵਿ ਪਿਆਰਿ ॥ (50-11)
हरि गुण गाउ मना सतिगुरु सेवि पिआरि ॥

ਕਿਆ ਥੋੜੜੀ ਬਾਤ ਗੁਮਾਨੁ ॥੧॥ ਰਹਾਉ ॥ (50-12)
किआ थोड़ड़ी बात गुमानु ॥१ ॥ रहाउ ॥

ਜੈਸੇ ਰੈਣਿ ਪਰਾਹੁਣੇ ਉਠਿ ਚਲਸਹਿ ਪਰਭਾਤਿ ॥ (50-12)
जैसे रैणि पराहुणे उठि चलसहि परभाति ॥

ਕਿਆ ਤੂੰ ਰਤਾ ਗਿਰਸਤ ਸਿਉ ਸਭ ਫੁਲਾ ਕੀ ਬਾਗਾਤਿ ॥੨॥ (50-13)
किआ तूं रता गिरसत सिउ सभ फुला की बागाति ॥२ ॥

ਮੇਰੀ ਮੇਰੀ ਕਿਆ ਕਰਹਿ ਜਿਨਿ ਦੀਆ ਸੋ ਪ੍ਰਭੁ ਲੋੜਿ ॥ (50-13)
मेरी मेरी किआ करहि जिनि दीआ सो प्रभु लोड़ि ॥

ਸਰਪਰ ਉਠੀ ਚਲਣਾ ਛਡਿ ਜਾਸੀ ਲਖ ਕਰੋੜਿ ॥੩॥ (50-14)

सरपर उठी चलणा छडि जासी लख करोड़ि ॥३॥

ਲਖ ਚਉਰਾਸੀਹ ਭ੍ਰਮਤਿਆ ਦੁਲਭ ਜਨਮੁ ਪਾਇਓਇ ॥ (50-14)

लख चउरासीह भ्रमतिआ दुलभ जनमु पाइओइ ॥

ਨਾਨਕ ਨਾਮੁ ਸਮਾਲਿ ਤੂੰ ਸੋ ਦਿਨੁ ਨੇੜਾ ਆਇਓਇ ॥੪॥੨੨॥੯੨॥ (50-15)

नानक नामु समालि तूं सो दिनु नेड़ा आइओइ ॥४॥२२॥९२॥

ਸਿਰੀਰਾਗੁ ਮਹਲਾ ੫ ॥ (50-16)

सिरीरागु महला ५ ॥

ਤਿਚਰੁ ਵਸਹਿ ਸੁਹੇਲੜੀ ਜਿਚਰੁ ਸਾਥੀ ਨਾਲਿ ॥ (50-16)

तिचरु वसहि सुहेलड़ी जिचरु साथी नालि ॥

ਜਾ ਸਾਥੀ ਉਠੀ ਚਲਿਆ ਤਾ ਧਨ ਖਾਕੂ ਰਾਲਿ ॥੧॥ (50-16)

जा साथी उठी चलिआ ता धन खाकू रालि ॥१॥

ਮਨਿ ਬੈਰਾਗੁ ਭਇਆ ਦਰਸਨੁ ਦੇਖਣੈ ਕਾ ਚਾਉ ॥ (50-17)

मनि बैरागु भइआ दरसनु देखणै का चाउ ॥

ਧੰਨੁ ਸੁ ਤੇਰਾ ਥਾਨੁ ॥੧॥ ਰਹਾਉ ॥ (50-17)

धंनु सु तेरा थानु ॥१॥ रहाउ ॥

ਜਿਚਰੁ ਵਸਿਆ ਕੰਤੁ ਘਰਿ ਜੀਉ ਜੀਉ ਸਭਿ ਕਹਾਤਿ ॥ (50-17)

जिचरु वसिआ कंतु घरि जीउ जीउ सभि कहाति ॥

ਜਾ ਉਠੀ ਚਲਸੀ ਕੰਤੜਾ ਤਾ ਕੋਇ ਨ ਪੁਛੈ ਤੇਰੀ ਬਾਤ ॥੨॥ (50-18)

जा उठी चलसी कंतड़ा ता कोइ न पुछै तेरी बात ॥२॥

ਪੇਈਅੜੈ ਸਹੁ ਸੇਵਿ ਤੂੰ ਸਾਹੁਰੜੈ ਸੁਖਿ ਵਸੁ ॥ (50-18)

पेईअड़ै सहु सेवि तूं साहुरड़ै सुखि वसु ॥

ਗੁਰ ਮਿਲਿ ਚਜੁ ਅਚਾਰੁ ਸਿਖੁ ਤੁਧੁ ਕਦੇ ਨ ਲਗੈ ਦੁਖੁ ॥੩॥ (50-19)

गुर मिलि चजु अचारु सिखु तुधु कदे न लगै दुखु ॥३॥

ਸਭਨਾ ਸਾਹੁਰੈ ਵੰਞਣਾ ਸਭਿ ਮੁਕਲਾਵਣਹਾਰ ॥ (50-19)
सभना साहुरै वंञणा सभि मुकलावणहार ॥

ਨਾਨਕ ਧੰਨੁ ਸੋਹਾਗਣੀ ਜਿਨ ਸਹ ਨਾਲਿ ਪਿਆਰੁ ॥੪॥੨੩॥੯੩॥ (51-1)
नानक धंनु सोहागणी जिन सह नालि पिआरु ॥४॥२३॥९३॥

ਸਿਰੀਰਾਗੁ ਮਹਲਾ ੫ ਘਰੁ ੬ ॥ (51-2)
सिरीरागु महला ५ घरु ६ ॥

ਕਰਣ ਕਾਰਣ ਏਕੁ ਓਹੀ ਜਿਨਿ ਕੀਆ ਆਕਾਰੁ ॥ (51-2)
करण कारण एकु ओही जिनि कीआ आकारु ॥

ਤਿਸਹਿ ਧਿਆਵਹੁ ਮਨ ਮੇਰੇ ਸਰਬ ਕੋ ਆਧਾਰੁ ॥੧॥ (51-2)
तिसहि धिआवहु मन मेरे सरब को आधारु ॥१॥

ਗੁਰ ਕੇ ਚਰਨ ਮਨ ਮਹਿ ਧਿਆਇ ॥ (51-3)
गुर के चरन मन महि धिआइ ॥

ਛੋਡਿ ਸਗਲ ਸਿਆਣਪਾ ਸਾਚਿ ਸਬਦਿ ਲਿਵ ਲਾਇ ॥੧॥ ਰਹਾਉ ॥ (51-3)
छोडि सगल सिआणपा साचि सबदि लिव लाइ ॥१॥ रहाउ ॥

ਦੁਖੁ ਕਲੇਸੁ ਨ ਭਉ ਬਿਆਪੈ ਗੁਰ ਮੰਤ੍ਰੁ ਹਿਰਦੈ ਹੋਇ ॥ (51-4)
दुखु कलेसु न भउ बिआपै गुर मंत्रु हिरदै होइ ॥

ਕੋਟਿ ਜਤਨਾ ਕਰਿ ਰਹੇ ਗੁਰ ਬਿਨੁ ਤਰਿਓ ਨ ਕੋਇ ॥੨॥ (51-4)
कोटि जतना करि रहे गुर बिनु तरिओ न कोइ ॥२॥

ਦੇਖਿ ਦਰਸਨੁ ਮਨੁ ਸਾਧਾਰੈ ਪਾਪ ਸਗਲੇ ਜਾਹਿ ॥ (51-5)
देखि दरसनु मनु साधारै पाप सगले जाहि ॥

ਹਉ ਤਿਨ ਕੈ ਬਲਿਹਾਰਣੈ ਜਿ ਗੁਰ ਕੀ ਪੈਰੀ ਪਾਹਿ ॥੩॥ (51-5)
हउ तिन कै बलिहारणै जि गुर की पैरी पाहि ॥३॥

ਸਾਧਸੰਗਤਿ ਮਨਿ ਵਸੈ ਸਾਚੁ ਹਰਿ ਕਾ ਨਾਉ ॥ (51-6)
साधसंगति मनि वसै साचु हरि का नाउ ॥

ਸੇ ਵਡਭਾਗੀ ਨਾਨਕਾ ਜਿਨਾ ਮਨਿ ਇਹੁ ਭਾਉ ॥੪॥੨੪॥੯੪॥ (51-6)
से वडभागी नानका जिना मनि इहु भाउ ॥४॥२४॥९४॥

ਸਿਰੀਰਾਗੁ ਮਹਲਾ ੫ ॥ (51-7)
सिरीरागु महला ५ ॥

ਸੰਚਿ ਹਰਿ ਧਨੁ ਪੂਜਿ ਸਤਿਗੁਰੁ ਛੋਡਿ ਸਗਲ ਵਿਕਾਰ ॥ (51-7)
संचि हरि धनु पूजि सतिगुरु छोडि सगल विकार ॥

ਜਿਨਿ ਤੂੰ ਸਾਜਿ ਸਵਾਰਿਆ ਹਰਿ ਸਿਮਰਿ ਹੋਇ ਉਧਾਰੁ ॥੧॥ (51-7)
जिनि तूं साजि सवारिआ हरि सिमरि होइ उधारु ॥१॥

ਜਪਿ ਮਨ ਨਾਮੁ ਏਕੁ ਅਪਾਰੁ ॥ (51-8)
जपि मन नामु एकु अपारु ॥

ਪ੍ਰਾਨ ਮਨੁ ਤਨੁ ਜਿਨਹਿ ਦੀਆ ਰਿਦੇ ਕਾ ਆਧਾਰੁ ॥੧॥ ਰਹਾਉ ॥ (51-8)
प्रान मनु तनु जिनहि दीआ रिदे का आधारु ॥१॥ रहाउ ॥

ਕਾਮਿ ਕ੍ਰੋਧਿ ਅਹੰਕਾਰਿ ਮਾਤੇ ਵਿਆਪਿਆ ਸੰਸਾਰੁ ॥ (51-9)
कामि क्रोधि अहंकारि माते विआपिआ संसारु ॥

ਪਉ ਸੰਤ ਸਰਣੀ ਲਾਗੁ ਚਰਣੀ ਮਿਟੈ ਦੂਖੁ ਅੰਧਾਰੁ ॥੨॥ (51-9)
पउ संत सरणी लागु चरणी मिटै दूखु अंधारु ॥२॥

ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ ॥ (51-10)
सतु संतोखु दइआ कमावै एह करणी सार ॥

ਆਪੁ ਛੋਡਿ ਸਭ ਹੋਇ ਰੇਣਾ ਜਿਸੁ ਦੇਇ ਪ੍ਰਭੁ ਨਿਰੰਕਾਰੁ ॥੩॥ (51-10)
आपु छोडि सभ होइ रेणा जिसु देइ प्रभु निरंकारु ॥३॥

ਜੋ ਦੀਸੈ ਸੋ ਸਗਲ ਤੂੰਹੈ ਪਸਰਿਆ ਪਾਸਾਰੁ ॥ (51-11)
जो दीसै सो सगल तूंहै पसरिआ पासारु ॥

ਕਹੁ ਨਾਨਕ ਗੁਰਿ ਭਰਮੁ ਕਾਟਿਆ ਸਗਲ ਬ੍ਰਹਮ ਬੀਚਾਰੁ ॥੪॥੨੫॥੯੫॥ (51-11)
कहु नानक गुरि भरमु काटिआ सगल ब्रहम बीचारु ॥४॥२५॥९५॥

ਸਿਰੀਰਾਗੁ ਮਹਲਾ ੫ ॥ (51-12)
सिरीरागु महला ५ ॥

ਦੁਕ੍ਰਿਤ ਸੁਕ੍ਰਿਤ ਮੰਧੇ ਸੰਸਾਰੁ ਸਗਲਾਣਾ ॥ (51-12)
दुक्रित सुक्रित मंधे संसारु सगलाणा ॥

ਦੁਹਹੂੰ ਤੇ ਰਹਤ ਭਗਤੁ ਹੈ ਕੋਈ ਵਿਰਲਾ ਜਾਣਾ ॥੧॥ (51-13)
दुहहूं ते रहत भगतु है कोई विरला जाणा ॥१॥

ਠਾਕੁਰੁ ਸਰਬੇ ਸਮਾਣਾ ॥ (51-13)
ठाकुरु सरबे समाणा ॥

ਕਿਆ ਕਹਉ ਸੁਣਉ ਸੁਆਮੀ ਤੂੰ ਵਡ ਪੁਰਖੁ ਸੁਜਾਣਾ ॥੧॥ ਰਹਾਉ ॥ (51-13)
किआ कहउ सुणउ सुआमी तूं वड पुरखु सुजाणा ॥१॥ रहाउ ॥

ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ ॥ (51-14)
मान अभिमान मंधे सो सेवकु नाही ॥

ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ ॥੨॥ (51-14)
तत समदरसी संतहु कोई कोटि मंधाही ॥२॥

ਕਹਨ ਕਹਾਵਨ ਇਹੁ ਕੀਰਤਿ ਕਰਲਾ ॥ (51-15)
कहन कहावन इहु कीरति करला ॥

ਕਥਨ ਕਹਨ ਤੇ ਮੁਕਤਾ ਗੁਰਮੁਖਿ ਕੋਈ ਵਿਰਲਾ ॥੩॥ (51-15)
कथन कहन ते मुकता गुरमुखि कोई विरला ॥३॥

ਗਤਿ ਅਵਿਗਤਿ ਕਛੁ ਨਦਰਿ ਨ ਆਇਆ ॥ (51-16)
गति अविगति कछु नदरि न आइआ ॥

ਸੰਤਨ ਕੀ ਰੇਣੁ ਨਾਨਕ ਦਾਨੁ ਪਾਇਆ ॥੪॥੨੬॥੯੬॥ (51-16)
संतन की रेणु नानक दानु पाइआ ॥४॥२६॥९६॥

ਸਿਰੀਰਾਗੁ ਮਹਲਾ ੫ ਘਰੁ ੭ ॥ (51-17)
सिरीरागु महला ५ घरु ७ ॥

ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ ॥ (51-17)
तेरै भरोसै पिआरे मै लाड लडाइआ ॥

ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ ॥੧॥ (51-17)
भूलहि चूकहि बारिक तूं हरि पिता माइआ ॥१॥

ਸੁਹੇਲਾ ਕਹਨੁ ਕਹਾਵਨੁ ॥ (51-17)
सुहेला कहनु कहावनु ॥

ਤੇਰਾ ਬਿਖਮੁ ਭਾਵਨੁ ॥੧॥ ਰਹਾਉ ॥ (51-17)
तेरा बिखमु भावनु ॥१॥ रहाउ ॥

ਹਉ ਮਾਣੁ ਤਾਣੁ ਕਰਉ ਤੇਰਾ ਹਉ ਜਾਨਉ ਆਪਾ ॥ (51-17)
हउ माणु ताणु करउ तेरा हउ जानउ आपा ॥

ਸਭ ਹੀ ਮਧਿ ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ ॥੨॥ (51-18)
सभ ही मधि सभहि ते बाहरि बेमुहताज बापा ॥२॥

ਪਿਤਾ ਹਉ ਜਾਨਉ ਨਾਹੀ ਤੇਰੀ ਕਵਨ ਜੁਗਤਾ ॥ (51-18)
पिता हउ जानउ नाही तेरी कवन जुगता ॥

ਬੰਧਨ ਮੁਕਤੁ ਸੰਤਹੁ ਮੇਰੀ ਰਾਖੈ ਮਮਤਾ ॥੩॥ (52-1)
बंधन मुकतु संतहु मेरी राखै ममता ॥३॥

ਭਏ ਕਿਰਪਾਲ ਠਾਕੁਰ ਰਹਿਓ ਆਵਣ ਜਾਣਾ ॥ (52-1)
भए किरपाल ठाकुर रहिओ आवण जाणा ॥

ਗੁਰ ਮਿਲਿ ਨਾਨਕ ਪਾਰਬ੍ਰਹਮੁ ਪਛਾਣਾ ॥੪॥੨੭॥੯੭॥ (52-1)
गुर मिलि नानक पारब्रहमु पछाणा ॥४॥२७॥९७॥

ਸਿਰੀਰਾਗੁ ਮਹਲਾ ੫ ਘਰੁ ੧ ॥ (52-2)
सिरीरागु महला ५ घरु १ ॥

ਸੰਤ ਜਨਾ ਮਿਲਿ ਭਾਈਆ ਕਟਿਅੜਾ ਜਮਕਾਲੁ ॥ (52-2)
संत जना मिलि भाईआ कटिअड़ा जमकालु ॥

ਸਚਾ ਸਾਹਿਬੁ ਮਨਿ ਵੁਠਾ ਹੋਆ ਖਸਮੁ ਦਇਆਲੁ ॥ (52-3)
सचा साहिबु मनि वुठा होआ खसमु दइआलु ॥

ਪੂਰਾ ਸਤਿਗੁਰੁ ਭੇਟਿਆ ਬਿਨਸਿਆ ਸਭੁ ਜੰਜਾਲੁ ॥੧॥ (52-3)
पूरा सतिगुरु भेटिआ बिनसिआ सभु जंजालु ॥१॥

ਮੇਰੇ ਸਤਿਗੁਰਾ ਹਉ ਤੁਧੁ ਵਿਟਹੁ ਕੁਰਬਾਣੁ ॥ (52-4)
मेरे सतिगुरा हउ तुधु विटहु कुरबाणु ॥

ਤੇਰੇ ਦਰਸਨ ਕਉ ਬਲਿਹਾਰਣੈ ਤੁਸਿ ਦਿਤਾ ਅੰਮ੍ਰਿਤ ਨਾਮੁ ॥੧॥ ਰਹਾਉ ॥ (52-4)
तेरे दरसन कउ बलिहारणै तुसि दिता अमृत नामु ॥१॥ रहाउ ॥

ਜਿਨ ਤੂੰ ਸੇਵਿਆ ਭਾਉ ਕਰਿ ਸੇਈ ਪੁਰਖ ਸੁਜਾਨ ॥ (52-5)
जिन तूं सेविआ भाउ करि सेई पुरख सुजान ॥

ਤਿਨਾ ਪਿਛੈ ਛੁਟੀਐ ਜਿਨ ਅੰਦਰਿ ਨਾਮੁ ਨਿਧਾਨੁ ॥ (52-5)
तिना पिछै छुटीऐ जिन अंदरि नामु निधानु ॥

ਗੁਰ ਜੇਵਡੁ ਦਾਤਾ ਕੋ ਨਹੀ ਜਿਨਿ ਦਿਤਾ ਆਤਮ ਦਾਨੁ ॥੨॥ (52-6)
गुर जेवडु दाता को नही जिनि दिता आतम दानु ॥२॥

ਆਏ ਸੇ ਪਰਵਾਣੁ ਹਹਿ ਜਿਨ ਗੁਰੁ ਮਿਲਿਆ ਸੁਭਾਇ ॥ (52-6)
आए से परवाणु हहि जिन गुरु मिलिआ सुभाइ ॥

ਸਚੇ ਸੇਤੀ ਰਤਿਆ ਦਰਗਹ ਬੈਸਣੁ ਜਾਇ ॥ (52-7)
सचे सेती रतिआ दरगह बैसणु जाइ ॥

ਕਰਤੇ ਹਥਿ ਵਡਿਆਈਆ ਪੂਰਬਿ ਲਿਖਿਆ ਪਾਇ ॥੩॥ (52-7)
करते हथि वडिआईआ पूरबि लिखिआ पाइ ॥३॥

ਸਚੁ ਕਰਤਾ ਸਚੁ ਕਰਣਹਾਰੁ ਸਚੁ ਸਾਹਿਬੁ ਸਚੁ ਟੇਕ ॥ (52-8)
सचु करता सचु करणहारु सचु साहिबु सचु टेक ॥

ਸਚੋ ਸਚੁ ਵਖਾਣੀਐ ਸਚੋ ਬੁਧਿ ਬਿਬੇਕ ॥ (52-8)
सचो सचु वखाणीऐ सचो बुधि बिबेक ॥

ਸਰਬ ਨਿਰੰਤਰਿ ਰਵਿ ਰਹਿਆ ਜਪਿ ਨਾਨਕ ਜੀਵੈ ਏਕ ॥੪॥੨੮॥੯੮॥ (52-9)
सरब निरंतरि रवि रहिआ जपि नानक जीवै एक ॥४॥२८॥९८॥

ਸਿਰੀਰਾਗੁ ਮਹਲਾ ੫ ॥ (52-9)
सिरीरागु महला ५ ॥

ਗੁਰੁ ਪਰਮੇਸੁਰੁ ਪੂਜੀਐ ਮਨਿ ਤਨਿ ਲਾਇ ਪਿਆਰੁ ॥ (52-9)
गुरु परमेसुरु पूजीऐ मनि तनि लाइ पिआरु ॥

ਸਤਿਗੁਰੁ ਦਾਤਾ ਜੀਅ ਕਾ ਸਭਸੈ ਦੇਇ ਅਧਾਰੁ ॥ (52-10)
सतिगुरु दाता जीअ का सभसै देइ अधारु ॥

ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ ॥ (52-10)
सतिगुर बचन कमावणे सचा एहु वीचारु ॥

ਬਿਨੁ ਸਾਧੂ ਸੰਗਤਿ ਰਤਿਆ ਮਾਇਆ ਮੋਹੁ ਸਭੁ ਛਾਰੁ ॥੧॥ (52-11)
बिनु साधू संगति रतिआ माइआ मोहु सभु छारु ॥१॥

ਮੇਰੇ ਸਾਜਨ ਹਰਿ ਹਰਿ ਨਾਮੁ ਸਮਾਲਿ ॥ (52-11)
मेरे साजन हरि हरि नामु समालि ॥

ਸਾਧੂ ਸੰਗਤਿ ਮਨਿ ਵਸੈ ਪੂਰਨ ਹੋਵੈ ਘਾਲ ॥੧॥ ਰਹਾਉ ॥ (52-12)
साधू संगति मनि वसै पूरन होवै घाल ॥१॥ रहाउ ॥

ਗੁਰੁ ਸਮਰਥੁ ਅਪਾਰੁ ਗੁਰੁ ਵਡਭਾਗੀ ਦਰਸਨੁ ਹੋਇ ॥ (52-12)
गुरु समरथु अपारु गुरु वडभागी दरसनु होइ ॥

ਗੁਰੁ ਅਗੋਚਰੁ ਨਿਰਮਲਾ ਗੁਰ ਜੇਵਡੁ ਅਵਰੁ ਨ ਕੋਇ ॥ (52-13)
गुरु अगोचरु निरमला गुर जेवडु अवरु न कोइ ॥

ਗੁਰੁ ਕਰਤਾ ਗੁਰੁ ਕਰਣਹਾਰੁ ਗੁਰਮੁਖਿ ਸਚੀ ਸੋਇ ॥ (52-13)
गुरु करता गुरु करणहारु गुरमुखि सची सोइ ॥

ਗੁਰ ਤੇ ਬਾਹਰਿ ਕਿਛੁ ਨਹੀ ਗੁਰੁ ਕੀਤਾ ਲੋੜੇ ਸੁ ਹੋਇ ॥੨॥ (52-14)
गुर ते बाहरि किछु नही गुरु कीता लोड़े सु होइ ॥२॥

ਗੁਰੁ ਤੀਰਥੁ ਗੁਰੁ ਪਾਰਜਾਤੁ ਗੁਰੁ ਮਨਸਾ ਪੂਰਣਹਾਰੁ ॥ (52-14)
गुरु तीरथु गुरु पारजातु गुरु मनसा पूरणहारु ॥

ਗੁਰੁ ਦਾਤਾ ਹਰਿ ਨਾਮੁ ਦੇਇ ਉਧਰੈ ਸਭੁ ਸੰਸਾਰੁ ॥ (52-15)
गुरु दाता हरि नामु देइ उधरै सभु संसारु ॥

ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ ਅਗਮ ਅਪਾਰੁ ॥ (52-15)
गुरु समरथु गुरु निरंकारु गुरु ऊचा अगम अपारु ॥

ਗੁਰ ਕੀ ਮਹਿਮਾ ਅਗਮ ਹੈ ਕਿਆ ਕਥੇ ਕਥਨਹਾਰੁ ॥੩॥ (52-16)
गुर की महिमा अगम है किआ कथे कथनहारु ॥३॥

ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ ॥ (52-16)
जितड़े फल मनि बाछीअहि तितड़े सतिगुर पासि ॥

ਪੂਰਬ ਲਿਖੇ ਪਾਵਣੇ ਸਾਚੁ ਨਾਮੁ ਦੇ ਰਾਸਿ ॥ (52-17)
पूरब लिखे पावणे साचु नामु दे रासि ॥

ਸਤਿਗੁਰ ਸਰਣੀ ਆਇਆਂ ਬਾਹੁੜਿ ਨਹੀ ਬਿਨਾਸੁ ॥ (52-17)
सतिगुर सरणी आइआं बाहुड़ि नही बिनासु ॥

ਹਰਿ ਨਾਨਕ ਕਦੇ ਨ ਵਿਸਰਉ ਏਹੁ ਜੀਉ ਪਿੰਡੁ ਤੇਰਾ ਸਾਸੁ ॥੪॥੨੯॥੯੯॥ (52-18)
हरि नानक कदे न विसरउ एहु जीउ पिंडु तेरा सासु ॥४॥२९॥९९॥

ਸਿਰੀਰਾਗੁ ਮਹਲਾ ੫ ॥ (52-18)
सिरीरागु महला ५ ॥

ਸੰਤ ਜਨਹੁ ਸੁਣਿ ਭਾਈਹੋ ਛੂਟਨੁ ਸਾਚੈ ਨਾਇ ॥ (52-18)
संत जनहु सुणि भाईहो छूटनु साचै नाइ ॥

ਗੁਰ ਕੇ ਚਰਣ ਸਰੇਵਣੇ ਤੀਰਥ ਹਰਿ ਕਾ ਨਾਉ ॥ (52-19)
गुर के चरण सरेवणे तीरथ हरि का नाउ ॥

ਆਗੈ ਦਰਗਹਿ ਮੰਨੀਅਹਿ ਮਿਲੈ ਨਿਥਾਵੇ ਥਾਉ ॥੧॥ (52-19)
आगै दरगहि मंनीअहि मिलै निथावे थाउ ॥१॥

ਭਾਈ ਰੇ ਸਾਚੀ ਸਤਿਗੁਰ ਸੇਵ ॥ (53-1)
भाई रे साची सतिगुर सेव ॥

ਸਤਿਗੁਰ ਤੁਠੈ ਪਾਈਐ ਪੂਰਨ ਅਲਖ ਅਭੇਵ ॥੧॥ ਰਹਾਉ ॥ (53-1)
सतिगुर तुठै पाईऐ पूरन अलख अभेव ॥१॥ रहाउ ॥

ਸਤਿਗੁਰ ਵਿਟਹੁ ਵਾਰਿਆ ਜਿਨਿ ਦਿਤਾ ਸਚੁ ਨਾਉ ॥ (53-2)
सतिगुर विटहु वारिआ जिनि दिता सचु नाउ ॥

ਅਨਦਿਨੁ ਸਚੁ ਸਲਾਹਣਾ ਸਚੇ ਕੇ ਗੁਣ ਗਾਉ ॥ (53-2)
अनदिनु सचु सलाहणा सचे के गुण गाउ ॥

ਸਚੁ ਖਾਣਾ ਸਚੁ ਪੈਨਣਾ ਸਚੇ ਸਚਾ ਨਾਉ ॥੨॥ (53-3)
सचु खाणा सचु पैनणा सचे सचा नाउ ॥२॥

ਸਾਸਿ ਗਿਰਾਸਿ ਨ ਵਿਸਰੈ ਸਫਲੁ ਮੂਰਤਿ ਗੁਰੁ ਆਪਿ ॥ (53-3)
सासि गिरासि न विसरै सफलु मूरति गुरु आपि ॥

ਗੁਰ ਜੇਵਡੁ ਅਵਰੁ ਨ ਦਿਸਈ ਆਠ ਪਹਰ ਤਿਸੁ ਜਾਪਿ ॥ (53-4)
गुर जेवडु अवरु न दिसई आठ पहर तिसु जापि ॥

ਨਦਰਿ ਕਰੇ ਤਾ ਪਾਈਐ ਸਚੁ ਨਾਮੁ ਗੁਣਤਾਸਿ ॥੩॥ (53-4)
नदरि करे ता पाईऐ सचु नामु गुणतासि ॥३॥

ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ ॥ (53-5)
गुरु परमेसरु एकु है सभ महि रहिआ समाइ ॥

ਜਿਨ ਕਉ ਪੂਰਬਿ ਲਿਖਿਆ ਸੇਈ ਨਾਮੁ ਧਿਆਇ ॥ (53-5)
जिन कउ पूरबि लिखिआ सेई नामु धिआइ ॥

ਨਾਨਕ ਗੁਰ ਸਰਣਾਗਤੀ ਮਰੈ ਨ ਆਵੈ ਜਾਇ ॥੪॥੩੦॥੧੦੦॥ (53-6)
नानक गुर सरणागती मरै न आवै जाइ ॥४॥३०॥१००॥

ੴ ਸਤਿਗੁਰ ਪ੍ਰਸਾਦਿ ॥ (53-7)
ੴ सतिगुर प्रसादि ॥

ਸਿਰੀਰਾਗੁ ਮਹਲਾ ੧ ਘਰੁ ੧ ਅਸਟਪਦੀਆ ॥ (53-8)
सिरीरागु महला १ घरु १ असटपदीआ ॥

ਆਖਿ ਆਖਿ ਮਨੁ ਵਾਵਣਾ ਜਿਉ ਜਿਉ ਜਾਪੈ ਵਾਇ ॥ (53-8)
आखि आखि मनु वावणा जिउ जिउ जापै वाइ ॥

ਜਿਸ ਨੋ ਵਾਇ ਸੁਣਾਈਐ ਸੋ ਕੇਵਡੁ ਕਿਤੁ ਥਾਇ ॥ (53-9)
जिस नो वाइ सुणाईऐ सो केवडु कितु थाइ ॥

ਆਖਣ ਵਾਲੇ ਜੇਤੜੇ ਸਭਿ ਆਖਿ ਰਹੇ ਲਿਵ ਲਾਇ ॥੧॥ (53-9)
आखण वाले जेतड़े सभि आखि रहे लिव लाइ ॥१॥

ਬਾਬਾ ਅਲਹੁ ਅਗਮ ਅਪਾਰੁ ॥ (53-10)
बाबा अलहु अगम अपारु ॥

ਪਾਕੀ ਨਾਈ ਪਾਕ ਥਾਇ ਸਚਾ ਪਰਵਦਿਗਾਰੁ ॥੧॥ ਰਹਾਉ ॥ (53-10)
पाकी नाई पाक थाइ सचा परवदिगारु ॥१॥ रहाउ ॥

ਤੇਰਾ ਹੁਕਮੁ ਨ ਜਾਪੀ ਕੇਤੜਾ ਲਿਖਿ ਨ ਜਾਣੈ ਕੋਇ ॥ (53-10)
तेरा हुकमु न जापी केतड़ा लिखि न जाणै कोइ ॥

ਜੇ ਸਉ ਸਾਇਰ ਮੇਲੀਅਹਿ ਤਿਲੁ ਨ ਪੁਜਾਵਹਿ ਰੋਇ ॥ (53-11)
जे सउ साइर मेलीअहि तिलु न पुजावहि रोइ ॥

ਕੀਮਤਿ ਕਿਨੈ ਨ ਪਾਈਆ ਸਭਿ ਸੁਣਿ ਸੁਣਿ ਆਖਹਿ ਸੋਇ ॥੨॥ (53-11)
कीमति किनै न पाईआ सभि सुणि सुणि आखहि सोइ ॥२॥

ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰੁ ਸਹੀਦ ॥ (53-12)
पीर पैकामर सालक सादक सुहदे अउरु सहीद ॥

ਸੇਖ ਮਸਾਇਕ ਕਾਜੀ ਮੁਲਾ ਦਰਿ ਦਰਵੇਸ ਰਸੀਦ ॥ (53-12)
सेख मसाइक काजी मुला दरि दरवेस रसीद ॥

ਬਰਕਤਿ ਤਿਨ ਕਉ ਅਗਲੀ ਪੜਦੇ ਰਹਨਿ ਦਰੂਦ ॥੩॥ (53-13)
बरकति तिन कउ अगली पड़दे रहनि दरूद ॥३॥

ਪੁਛਿ ਨ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ ਲੇਇ ॥ (53-13)
पुछि न साजे पुछि न ढाहे पुछि न देवै लेइ ॥

ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ ॥ (53-14)
आपणी कुदरति आपे जाणै आपे करणु करेइ ॥

ਸਭਨਾ ਵੇਖੈ ਨਦਰਿ ਕਰਿ ਜੈ ਭਾਵੈ ਤੈ ਦੇਇ ॥੪॥ (53-14)
सभना वेखै नदरि करि जै भावै तै देइ ॥४॥

ਥਾਵਾ ਨਾਵ ਨ ਜਾਣੀਅਹਿ ਨਾਵਾ ਕੇਵਡੁ ਨਾਉ ॥ (53-15)
थावा नाव न जाणीअहि नावा केवडु नाउ ॥

ਜਿਥੈ ਵਸੈ ਮੇਰਾ ਪਾਤਿਸਾਹੁ ਸੋ ਕੇਵਡੁ ਹੈ ਥਾਉ ॥ (53-15)
जिथै वसै मेरा पातिसाहु सो केवडु है थाउ ॥

ਅੰਬੜਿ ਕੋਇ ਨ ਸਕਈ ਹਉ ਕਿਸ ਨੋ ਪੁਛਣਿ ਜਾਉ ॥੫॥ (53-16)
अ्मबड़ि कोइ न सकई हउ किस नो पुछणि जाउ ॥५॥

ਵਰਨਾ ਵਰਨ ਨ ਭਾਵਨੀ ਜੇ ਕਿਸੈ ਵਡਾ ਕਰੇਇ ॥ (53-16)
वरना वरन न भावनी जे किसै वडा करेइ ॥

ਵਡੇ ਹਥਿ ਵਡਿਆਈਆ ਜੈ ਭਾਵੈ ਤੈ ਦੇਇ ॥ (53-17)
वडे हथि वडिआईआ जै भावै तै देइ ॥

ਹੁਕਮਿ ਸਵਾਰੇ ਆਪਣੈ ਚਸਾ ਨ ਢਿਲ ਕਰੇਇ ॥੬॥ (53-17)
हुकमि सवारे आपणै चसा न ढिल करेइ ॥६॥

ਸਭੁ ਕੋ ਆਖੈ ਬਹੁਤੁ ਬਹੁਤੁ ਲੈਣੈ ਕੈ ਵੀਚਾਰਿ ॥ (53-18)
सभु को आखै बहुतु बहुतु लैणै कै वीचारि ॥

ਕੇਵਡੁ ਦਾਤਾ ਆਖੀਐ ਦੇ ਕੈ ਰਹਿਆ ਸੁਮਾਰਿ ॥ (53-18)
केवडु दाता आखीऐ दे कै रहिआ सुमारि ॥

ਨਾਨਕ ਤੋਟਿ ਨ ਆਵਈ ਤੇਰੇ ਜੁਗਹ ਜੁਗਹ ਭੰਡਾਰ ॥੭॥੧॥ (53-19)
नानक तोटि न आवई तेरे जुगह जुगह भंडार ॥७॥१॥

ਮਹਲਾ ੧ ॥ (53-19)
महला १ ॥

ਸਭੇ ਕੰਤ ਮਹੇਲੀਆ ਸਗਲੀਆ ਕਰਹਿ ਸੀਗਾਰੁ ॥ (53-19)
सभे कंत महेलीआ सगलीआ करहि सीगारु ॥

ਗਣਤ ਗਣਾਵਣਿ ਆਈਆ ਸੂਹਾ ਵੇਸੁ ਵਿਕਾਰੁ ॥ (54-1)
गणत गणावणि आईआ सूहा वेसु विकारु ॥

ਪਾਖੰਡਿ ਪ੍ਰੇਮੁ ਨ ਪਾਈਐ ਖੋਟਾ ਪਾਜੁ ਖੁਆਰੁ ॥੧॥ (54-1)
पाखंडि प्रेमु न पाईऐ खोटा पाजु खुआरु ॥१॥

ਹਰਿ ਜੀਉ ਇਉ ਪਿਰੁ ਰਾਵੈ ਨਾਰਿ ॥ (54-2)
हरि जीउ इउ पिरु रावै नारि ॥

ਤੁਧੁ ਭਾਵਨਿ ਸੋਹਾਗਣੀ ਅਪਣੀ ਕਿਰਪਾ ਲੈਹਿ ਸਵਾਰਿ ॥੧॥ ਰਹਾਉ ॥ (54-2)
तुधु भावनि सोहागणी अपणी किरपा लैहि सवारि ॥१॥ रहाउ ॥

ਗੁਰ ਸਬਦੀ ਸੀਗਾਰੀਆ ਤਨੁ ਮਨੁ ਪਿਰ ਕੈ ਪਾਸਿ ॥ (54-3)
गुर सबदी सीगारीआ तनु मनु पिर कै पासि ॥

ਦੁਇ ਕਰ ਜੋੜਿ ਖੜੀ ਤਕੈ ਸਚੁ ਕਹੈ ਅਰਦਾਸਿ ॥ (54-3)
दुइ कर जोड़ि खड़ी तकै सचु कहै अरदासि ॥

ਲਾਲਿ ਰਤੀ ਸਚ ਭੈ ਵਸੀ ਭਾਇ ਰਤੀ ਰੰਗਿ ਰਾਸਿ ॥੨॥ (54-4)
लालि रती सच भै वसी भाइ रती रंगि रासि ॥२॥

ਪ੍ਰਿਅ ਕੀ ਚੇਰੀ ਕਾਂਢੀਐ ਲਾਲੀ ਮਾਨੈ ਨਾਉ ॥ (54-4)
प्रिअ की चेरी कांढीऐ लाली मानै नाउ ॥

ਸਾਚੀ ਪ੍ਰੀਤਿ ਨ ਤੁਟਈ ਸਾਚੇ ਮੇਲਿ ਮਿਲਾਉ ॥ (54-5)
साची प्रीति न तुटई साचे मेलि मिलाउ ॥

ਸਬਦਿ ਰਤੀ ਮਨੁ ਵੇਧਿਆ ਹਉ ਸਦ ਬਲਿਹਾਰੈ ਜਾਉ ॥੩॥ (54-5)
सबदि रती मनु वेधिआ हउ सद बलिहारै जाउ ॥३॥

ਸਾ ਧਨ ਰੰਡ ਨ ਬੈਸਈ ਜੇ ਸਤਿਗੁਰ ਮਾਹਿ ਸਮਾਇ ॥ (54-6)
सा धन रंड न बैसई जे सतिगुर माहि समाइ ॥

ਪਿਰੁ ਰੀਸਾਲੂ ਨਉਤਨੋ ਸਾਚਉ ਮਰੈ ਨ ਜਾਇ ॥ (54-6)
पिरु रीसालू नउतनो साचउ मरै न जाइ ॥

ਨਿਤ ਰਵੈ ਸੋਹਾਗਣੀ ਸਾਚੀ ਨਦਰਿ ਰਜਾਇ ॥੪॥ (54-7)
नित रवै सोहागणी साची नदरि रजाइ ॥४॥

ਸਾਚੁ ਧੜੀ ਧਨ ਮਾਡੀਐ ਕਾਪੜੁ ਪ੍ਰੇਮ ਸੀਗਾਰੁ ॥ (54-7)
साचु धड़ी धन माडीऐ कापड़ु प्रेम सीगारु ॥

ਚੰਦਨੁ ਚੀਤਿ ਵਸਾਇਆ ਮੰਦਰੁ ਦਸਵਾ ਦੁਆਰੁ ॥ (54-7)
चंदनु चीति वसाइआ मंदरु दसवा दुआरु ॥

ਦੀਪਕੁ ਸਬਦਿ ਵਿਗਾਸਿਆ ਰਾਮ ਨਾਮੁ ਉਰ ਹਾਰੁ ॥੫॥ (54-8)
दीपकु सबदि विगासिआ राम नामु उर हारु ॥५॥

ਨਾਰੀ ਅੰਦਰਿ ਸੋਹਣੀ ਮਸਤਕਿ ਮਣੀ ਪਿਆਰੁ ॥ (54-8)
नारी अंदरि सोहणी मसतकि मणी पिआरु ॥

ਸੋਭਾ ਸੁਰਤਿ ਸੁਹਾਵਣੀ ਸਾਚੈ ਪ੍ਰੇਮਿ ਅਪਾਰ ॥ (54-9)
सोभा सुरति सुहावणी साचै प्रेमि अपार ॥

ਬਿਨੁ ਪਿਰ ਪੁਰਖੁ ਨ ਜਾਣਈ ਸਾਚੇ ਗੁਰ ਕੈ ਹੇਤਿ ਪਿਆਰਿ ॥੬॥ (54-9)
बिनु पिर पुरखु न जाणई साचे गुर कै हेति पिआरि ॥६॥

ਨਿਸਿ ਅੰਧਿਆਰੀ ਸੁਤੀਏ ਕਿਉ ਪਿਰ ਬਿਨੁ ਰੈਣਿ ਵਿਹਾਇ ॥ (54-10)
निसि अंधिआरी सुतीए किउ पिर बिनु रैणि विहाइ ॥

ਅੰਕੁ ਜਲਉ ਤਨੁ ਜਾਲੀਅਉ ਮਨੁ ਧਨੁ ਜਲਿ ਬਲਿ ਜਾਇ ॥ (54-10)
अंकु जलउ तनु जालीअउ मनु धनु जलि बलि जाइ ॥

ਜਾ ਧਨ ਕੰਤਿ ਨ ਰਾਵੀਆ ਤਾ ਬਿਰਥਾ ਜੋਬਨੁ ਜਾਇ ॥੭॥ (54-11)
जा धन कंति न रावीआ ता बिरथा जोबनु जाइ ॥७॥

ਸੇਜੈ ਕੰਤ ਮਹੇਲੜੀ ਸੂਤੀ ਬੂਝ ਨ ਪਾਇ ॥ (54-12)
सेजै कंत महेलड़ी सूती बूझ न पाइ ॥

ਹਉ ਸੁਤੀ ਪਿਰੁ ਜਾਗਣਾ ਕਿਸ ਕਉ ਪੂਛਉ ਜਾਇ ॥ (54-12)
हउ सुती पिरु जागणा किस कउ पूछउ जाइ ॥

ਸਤਿਗੁਰਿ ਮੇਲੀ ਭੈ ਵਸੀ ਨਾਨਕ ਪ੍ਰੇਮੁ ਸਖਾਇ ॥੮॥੨॥ (54-12)
सतिगुरि मेली भै वसी नानक प्रेमु सखाइ ॥८॥२॥

ਸਿਰੀਰਾਗੁ ਮਹਲਾ ੧ ॥ (54-13)
सिरीरागु महला १ ॥

ਆਪੇ ਗੁਣ ਆਪੇ ਕਥੈ ਆਪੇ ਸੁਣਿ ਵੀਚਾਰੁ ॥ (54-13)
आपे गुण आपे कथै आपे सुणि वीचारु ॥

ਆਪੇ ਰਤਨੁ ਪਰਖਿ ਤੂੰ ਆਪੇ ਮੋਲੁ ਅਪਾਰੁ ॥ (54-14)
आपे रतनु परखि तूं आपे मोलु अपारु ॥

ਸਾਚਉ ਮਾਨੁ ਮਹਤੁ ਤੂੰ ਆਪੇ ਦੇਵਣਹਾਰੁ ॥੧॥ (54-14)
साचउ मानु महतु तूं आपे देवणहारु ॥१॥

ਹਰਿ ਜੀਉ ਤੂੰ ਕਰਤਾ ਕਰਤਾਰੁ ॥ (54-15)
हरि जीउ तूं करता करतारु ॥

ਜਿਉ ਭਾਵੈ ਤਿਉ ਰਾਖੁ ਤੂੰ ਹਰਿ ਨਾਮੁ ਮਿਲੈ ਆਚਾਰੁ ॥੧॥ ਰਹਾਉ ॥ (54-15)
जिउ भावै तिउ राखु तूं हरि नामु मिलै आचारु ॥१॥ रहाउ ॥

ਆਪੇ ਹੀਰਾ ਨਿਰਮਲਾ ਆਪੇ ਰੰਗੁ ਮਜੀਠ ॥ (54-15)
आपे हीरा निरमला आपे रंगु मजीठ ॥

ਆਪੇ ਮੋਤੀ ਊਜਲੋ ਆਪੇ ਭਗਤ ਬਸੀਠੁ ॥ (54-16)
आपे मोती ऊजलो आपे भगत बसीठु ॥

ਗੁਰ ਕੈ ਸਬਦਿ ਸਲਾਹਣਾ ਘਟਿ ਘਟਿ ਡੀਠੁ ਅਡੀਠੁ ॥੨॥ (54-16)
गुर कै सबदि सलाहणा घटि घटि डीठु अडीठु ॥२॥

ਆਪੇ ਸਾਗਰੁ ਬੋਹਿਥਾ ਆਪੇ ਪਾਰੁ ਅਪਾਰੁ ॥ (54-17)
आपे सागरु बोहिथा आपे पारु अपारु ॥

ਸਾਚੀ ਵਾਟ ਸੁਜਾਣੁ ਤੂੰ ਸਬਦਿ ਲਘਾਵਣਹਾਰੁ ॥ (54-17)
साची वाट सुजाणु तूं सबदि लघावणहारु ॥

ਨਿਡਰਿਆ ਡਰੁ ਜਾਣੀਐ ਬਾਝੁ ਗੁਰੂ ਗੁਬਾਰੁ ॥੩॥ (54-18)
निडरिआ डरु जाणीऐ बाझु गुरू गुबारु ॥३॥

ਅਸਥਿਰੁ ਕਰਤਾ ਦੇਖੀਐ ਹੋਰੁ ਕੇਤੀ ਆਵੈ ਜਾਇ ॥ (54-18)
असथिरु करता देखीऐ होरु केती आवै जाइ ॥

ਆਪੇ ਨਿਰਮਲੁ ਏਕੁ ਤੂੰ ਹੋਰ ਬੰਧੀ ਧੰਧੈ ਪਾਇ ॥ (54-19)
आपे निरमलु एकु तूं होर बंधी धंधै पाइ ॥

ਗੁਰਿ ਰਾਖੇ ਸੇ ਉਬਰੇ ਸਾਚੇ ਸਿਉ ਲਿਵ ਲਾਇ ॥੪॥ (54-19)
गुरि राखे से उबरे साचे सिउ लिव लाइ ॥४॥

ਹਰਿ ਜੀਉ ਸਬਦਿ ਪਛਾਣੀਐ ਸਾਚਿ ਰਤੇ ਗੁਰ ਵਾਕਿ ॥ (55-1)
हरि जीउ सबदि पछाणीऐ साचि रते गुर वाकि ॥

ਤਿਤੁ ਤਨਿ ਮੈਲੁ ਨ ਲਗਈ ਸਚ ਘਰਿ ਜਿਸੁ ਓਤਾਕੁ ॥ (55-1)
तितु तनि मैलु न लगई सच घरि जिसु ओताकु ॥

ਨਦਰਿ ਕਰੇ ਸਚੁ ਪਾਈਐ ਬਿਨੁ ਨਾਵੈ ਕਿਆ ਸਾਕੁ ॥੫॥ (55-2)
नदरि करे सचु पाईऐ बिनु नावै किआ साकु ॥५॥

ਜਿਨੀ ਸਚੁ ਪਛਾਣਿਆ ਸੇ ਸੁਖੀਏ ਜੁਗ ਚਾਰਿ ॥ (55-2)
जिनी सचु पछाणिआ से सुखीए जुग चारि ॥

ਹਉਮੈ ਤ੍ਰਿਸਨਾ ਮਾਰਿ ਕੈ ਸਚੁ ਰਖਿਆ ਉਰ ਧਾਰਿ ॥ (55-3)
हउमै त्रिसना मारि कै सचु रखिआ उर धारि ॥

ਜਗ ਮਹਿ ਲਾਹਾ ਏਕੁ ਨਾਮੁ ਪਾਈਐ ਗੁਰ ਵੀਚਾਰਿ ॥੬॥ (55-3)
जग महि लाहा एकु नामु पाईऐ गुर वीचारि ॥६॥

ਸਾਚਉ ਵਖਰੁ ਲਾਦੀਐ ਲਾਭੁ ਸਦਾ ਸਚੁ ਰਾਸਿ ॥ (55-4)
साचउ वखरु लादीऐ लाभु सदा सचु रासि ॥

ਸਾਚੀ ਦਰਗਹ ਬੈਸਈ ਭਗਤਿ ਸਚੀ ਅਰਦਾਸਿ ॥ (55-4)
साची दरगह बैसई भगति सची अरदासि ॥

ਪਤਿ ਸਿਉ ਲੇਖਾ ਨਿਬੜੈ ਰਾਮ ਨਾਮੁ ਪਰਗਾਸਿ ॥੭॥ (55-5)
पति सिउ लेखा निबड़ै राम नामु परगासि ॥७॥

ਊਚਾ ਊਚਉ ਆਖੀਐ ਕਹਉ ਨ ਦੇਖਿਆ ਜਾਇ ॥ (55-5)
ऊचा ऊचउ आखीऐ कहउ न देखिआ जाइ ॥

ਜਹ ਦੇਖਾ ਤਹ ਏਕੁ ਤੂੰ ਸਤਿਗੁਰਿ ਦੀਆ ਦਿਖਾਇ ॥ (55-6)
जह देखा तह एकु तूं सतिगुरि दीआ दिखाइ ॥

ਜੋਤਿ ਨਿਰੰਤਰਿ ਜਾਣੀਐ ਨਾਨਕ ਸਹਜਿ ਸੁਭਾਇ ॥੮॥੩॥ (55-6)
जोति निरंतरि जाणीऐ नानक सहजि सुभाइ ॥८॥३॥

ਸਿਰੀਰਾਗੁ ਮਹਲਾ ੧ ॥ (55-7)
सिरीरागु महला १ ॥

ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ ॥ (55-7)
मछुली जालु न जाणिआ सरु खारा असगाहु ॥

ਅਤਿ ਸਿਆਣੀ ਸੋਹਣੀ ਕਿਉ ਕੀਤੋ ਵੇਸਾਹੁ ॥ (55-7)
अति सिआणी सोहणी किउ कीतो वेसाहु ॥

ਕੀਤੇ ਕਾਰਣਿ ਪਾਕੜੀ ਕਾਲੁ ਨ ਟਲੈ ਸਿਰਾਹੁ ॥੧॥ (55-8)
कीते कारणि पाकड़ी कालु न टलै सिराहु ॥१॥

ਭਾਈ ਰੇ ਇਉ ਸਿਰਿ ਜਾਣਹੁ ਕਾਲੁ ॥ (55-8)
भाई रे इउ सिरि जाणहु कालु ॥

ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ ॥੧॥ ਰਹਾਉ ॥ (55-8)
जिउ मछी तिउ माणसा पवै अचिंता जालु ॥१॥ रहाउ ॥

ਸਭੁ ਜਗੁ ਬਾਧੋ ਕਾਲ ਕੋ ਬਿਨੁ ਗੁਰ ਕਾਲੁ ਅਫਾਰੁ ॥ (55-9)
सभु जगु बाधो काल को बिनु गुर कालु अफारु ॥

ਸਚਿ ਰਤੇ ਸੇ ਉਬਰੇ ਦੁਬਿਧਾ ਛੋਡਿ ਵਿਕਾਰ ॥ (55-9)
सचि रते से उबरे दुबिधा छोडि विकार ॥

ਹਉ ਤਿਨ ਕੈ ਬਲਿਹਾਰਣੈ ਦਰਿ ਸਚੈ ਸਚਿਆਰ ॥੨॥ (55-10)
हउ तिन कै बलिहारणै दरि सचै सचिआर ॥२॥

ਸੀਚਾਨੇ ਜਿਉ ਪੰਖੀਆ ਜਾਲੀ ਬਧਿਕ ਹਾਥਿ ॥ (55-10)
सीचाने जिउ पंखीआ जाली बधिक हाथि ॥

ਗੁਰਿ ਰਾਖੇ ਸੇ ਉਬਰੇ ਹੋਰਿ ਫਾਥੇ ਚੋਗੈ ਸਾਥਿ ॥ (55-11)
गुरि राखे से उबरे होरि फाथे चोगै साथि ॥

ਬਿਨੁ ਨਾਵੈ ਚੁਣਿ ਸੁਟੀਅਹਿ ਕੋਇ ਨ ਸੰਗੀ ਸਾਥਿ ॥੩॥ (55-11)
बिनु नावै चुणि सुटीअहि कोइ न संगी साथि ॥३॥

ਸਚੋ ਸਚਾ ਆਖੀਐ ਸਚੇ ਸਚਾ ਥਾਨੁ ॥ (55-12)
सचो सचा आखीऐ सचे सचा थानु ॥

ਜਿਨੀ ਸਚਾ ਮੰਨਿਆ ਤਿਨ ਮਨਿ ਸਚੁ ਧਿਆਨੁ ॥ (55-12)
जिनी सचा मंनिआ तिन मनि सचु धिआनु ॥

ਮਨਿ ਮੁਖਿ ਸੂਚੇ ਜਾਣੀਅਹਿ ਗੁਰਮੁਖਿ ਜਿਨਾ ਗਿਆਨੁ ॥੪॥ (55-12)
मनि मुखि सूचे जाणीअहि गुरमुखि जिना गिआनु ॥४॥

ਸਤਿਗੁਰ ਅਗੈ ਅਰਦਾਸਿ ਕਰਿ ਸਾਜਨੁ ਦੇਇ ਮਿਲਾਇ ॥ (55-13)
सतिगुर अगै अरदासि करि साजनु देइ मिलाइ ॥

ਸਾਜਨਿ ਮਿਲਿਐ ਸੁਖੁ ਪਾਇਆ ਜਮਦੂਤ ਮੁਏ ਬਿਖੁ ਖਾਇ ॥ (55-14)
साजनि मिलिऐ सुखु पाइआ जमदूत मुए बिखु खाइ ॥

ਨਾਵੈ ਅੰਦਰਿ ਹਉ ਵਸਾਂ ਨਾਉ ਵਸੈ ਮਨਿ ਆਇ ॥੫॥ (55-14)
नावै अंदरि हउ वसां नाउ वसै मनि आइ ॥५॥

ਬਾਝੁ ਗੁਰੂ ਗੁਬਾਰੁ ਹੈ ਬਿਨੁ ਸਬਦੈ ਬੂਝ ਨ ਪਾਇ ॥ (55-15)
बाझु गुरू गुबारु है बिनु सबदै बूझ न पाइ ॥

ਗੁਰਮਤੀ ਪਰਗਾਸੁ ਹੋਇ ਸਚਿ ਰਹੈ ਲਿਵ ਲਾਇ ॥ (55-15)
गुरमती परगासु होइ सचि रहै लिव लाइ ॥

ਤਿਥੈ ਕਾਲੁ ਨ ਸੰਚਰੈ ਜੋਤੀ ਜੋਤਿ ਸਮਾਇ ॥੬॥ (55-16)
तिथै कालु न संचरै जोती जोति समाइ ॥६॥

ਤੂੰਹੈ ਸਾਜਨੁ ਤੂੰ ਸੁਜਾਣੁ ਤੂੰ ਆਪੇ ਮੇਲਣਹਾਰੁ ॥ (55-16)
तूंहै साजनु तूं सुजाणु तूं आपे मेलणहारु ॥

ਗੁਰ ਸਬਦੀ ਸਾਲਾਹੀਐ ਅੰਤੁ ਨ ਪਾਰਾਵਾਰੁ ॥ (55-16)
गुर सबदी सालाहीऐ अंतु न पारावारु ॥

ਤਿਥੈ ਕਾਲੁ ਨ ਅਪੜੈ ਜਿਥੈ ਗੁਰ ਕਾ ਸਬਦੁ ਅਪਾਰੁ ॥੭॥ (55-17)
तिथै कालु न अपड़ै जिथै गुर का सबदु अपारु ॥७॥

ਹੁਕਮੀ ਸਭੇ ਊਪਜਹਿ ਹੁਕਮੀ ਕਾਰ ਕਮਾਹਿ ॥ (55-17)
हुकमी सभे ऊपजहि हुकमी कार कमाहि ॥

ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਹਿ ॥ (55-18)
हुकमी कालै वसि है हुकमी साचि समाहि ॥

ਨਾਨਕ ਜੋ ਤਿਸੁ ਭਾਵੈ ਸੋ ਥੀਐ ਇਨਾ ਜੰਤਾ ਵਸਿ ਕਿਛੁ ਨਾਹਿ ॥੮॥੪॥ (55-18)
नानक जो तिसु भावै सो थीऐ इना जंता वसि किछु नाहि ॥८॥४॥

ਸਿਰੀਰਾਗੁ ਮਹਲਾ ੧ ॥ (55-19)
सिरीरागु महला १ ॥

ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ ॥ (55-19)
मनि जूठै तनि जूठि है जिहवा जूठी होइ ॥

ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ ॥ (56-1)
मुखि झूठै झूठु बोलणा किउ करि सूचा होइ ॥

ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ ॥੧॥ (56-1)
बिनु अभ सबद न मांजीऐ साचे ते सचु होइ ॥१॥

ਮੁੰਧੇ ਗੁਣਹੀਣੀ ਸੁਖੁ ਕੇਹਿ ॥ (56-2)
मुंधे गुणहीणी सुखु केहि ॥

ਪਿਰੁ ਰਲੀਆ ਰਸਿ ਮਾਣਸੀ ਸਾਚਿ ਸਬਦਿ ਸੁਖੁ ਨੇਹਿ ॥੧॥ ਰਹਾਉ ॥ (56-2)
पिरु रलीआ रसि माणसी साचि सबदि सुखु नेहि ॥१॥ रहाउ ॥

ਪਿਰੁ ਪਰਦੇਸੀ ਜੇ ਥੀਐ ਧਨ ਵਾਂਢੀ ਝੂਰੇਇ ॥ (56-2)
पिरु परदेसी जे थीऐ धन वांढी झूरेइ ॥

ਜਿਉ ਜਲਿ ਥੋੜੈ ਮਛੁਲੀ ਕਰਣ ਪਲਾਵ ਕਰੇਇ ॥ (56-3)
जिउ जलि थोड़ै मछुली करण पलाव करेइ ॥

ਪਿਰ ਭਾਵੈ ਸੁਖੁ ਪਾਈਐ ਜਾ ਆਪੇ ਨਦਰਿ ਕਰੇਇ ॥੨॥ (56-3)
पिर भावै सुखु पाईऐ जा आपे नदरि करेइ ॥२॥

ਪਿਰੁ ਸਾਲਾਹੀ ਆਪਣਾ ਸਖੀ ਸਹੇਲੀ ਨਾਲਿ ॥ (56-4)
पिरु सालाही आपणा सखी सहेली नालि ॥

ਤਨਿ ਸੋਹੈ ਮਨੁ ਮੋਹਿਆ ਰਤੀ ਰੰਗਿ ਨਿਹਾਲਿ ॥ (56-4)
तनि सोहै मनु मोहिआ रती रंगि निहालि ॥

ਸਬਦਿ ਸਵਾਰੀ ਸੋਹਣੀ ਪਿਰੁ ਰਾਵੇ ਗੁਣ ਨਾਲਿ ॥੩॥ (56-5)
सबदि सवारी सोहणी पिरु रावे गुण नालि ॥३॥

ਕਾਮਣਿ ਕਾਮਿ ਨ ਆਵਈ ਖੋਟੀ ਅਵਗਣਿਆਰਿ ॥ (56-5)
कामणि कामि न आवई खोटी अवगणिआरि ॥

ਨਾ ਸੁਖੁ ਪੇਈਐ ਸਾਹੁਰੈ ਝੂਠਿ ਜਲੀ ਵੇਕਾਰਿ ॥ (56-6)
ना सुखु पेईऐ साहुरै झूठि जली वेकारि ॥

ਆਵਣੁ ਵੰਞਣੁ ਡਾਖੜੋ ਛੋਡੀ ਕੰਤਿ ਵਿਸਾਰਿ ॥੪॥ (56-6)
आवणु वंञणु डाखड़ो छोडी कंति विसारि ॥४॥

ਪਿਰ ਕੀ ਨਾਰਿ ਸੁਹਾਵਣੀ ਮੁਤੀ ਸੋ ਕਿਤੁ ਸਾਦਿ ॥ (56-7)
पिर की नारि सुहावणी मुती सो कितु सादि ॥

ਪਿਰ ਕੈ ਕਾਮਿ ਨ ਆਵਈ ਬੋਲੇ ਫਾਦਿਲੁ ਬਾਦਿ ॥ (56-7)
पिर कै कामि न आवई बोले फादिलु बादि ॥

ਦਰਿ ਘਰਿ ਢੋਈ ਨਾ ਲਹੈ ਛੂਟੀ ਦੂਜੈ ਸਾਦਿ ॥੫॥ (56-7)
दरि घरि ढोई ना लहै छूटी दूजै सादि ॥५॥

ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥ (56-8)
पंडित वाचहि पोथीआ ना बूझहि वीचारु ॥

ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥ (56-8)
अन कउ मती दे चलहि माइआ का वापारु ॥

ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥ (56-9)
कथनी झूठी जगु भवै रहणी सबदु सु सारु ॥६॥

ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ ॥ (56-9)
केते पंडित जोतकी बेदा करहि बीचारु ॥

ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ ॥ (56-10)
वादि विरोधि सलाहणे वादे आवणु जाणु ॥

ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ ॥੭॥ (56-10)
बिनु गुर करम न छुटसी कहि सुणि आखि वखाणु ॥७॥

ਸਭਿ ਗੁਣਵੰਤੀ ਆਖੀਅਹਿ ਮੈ ਗੁਣੁ ਨਾਹੀ ਕੋਇ ॥ (56-11)
सभि गुणवंती आखीअहि मै गुणु नाही कोइ ॥

ਹਰਿ ਵਰੁ ਨਾਰਿ ਸੁਹਾਵਣੀ ਮੈ ਭਾਵੈ ਪ੍ਰਭੁ ਸੋਇ ॥ (56-11)
हरि वरु नारि सुहावणी मै भावै प्रभु सोइ ॥

ਨਾਨਕ ਸਬਦਿ ਮਿਲਾਵੜਾ ਨਾ ਵੇਛੋੜਾ ਹੋਇ ॥੮॥੫॥ (56-12)
नानक सबदि मिलावड़ा ना वेछोड़ा होइ ॥८॥५॥

ਸਿਰੀਰਾਗੁ ਮਹਲਾ ੧ ॥ (56-12)
सिरीरागु महला १ ॥

ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥ (56-12)
जपु तपु संजमु साधीऐ तीरथि कीचै वासु ॥

ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥ (56-13)
पुंन दान चंगिआईआ बिनु साचे किआ तासु ॥

ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥੧॥ (56-13)
जेहा राधे तेहा लुणै बिनु गुण जनमु विणासु ॥१॥

ਮੁੰਧੇ ਗੁਣ ਦਾਸੀ ਸੁਖੁ ਹੋਇ ॥ (56-14)
मुंधे गुण दासी सुखु होइ ॥

ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥੧॥ ਰਹਾਉ ॥ (56-14)
अवगण तिआगि समाईऐ गुरमति पूरा सोइ ॥१॥ रहाउ ॥

ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ ॥ (56-15)
विणु रासी वापारीआ तके कुंडा चारि ॥

ਮੂਲੁ ਨ ਬੁਝੈ ਆਪਣਾ ਵਸਤੁ ਰਹੀ ਘਰ ਬਾਰਿ ॥ (56-15)
मूलु न बुझै आपणा वसतु रही घर बारि ॥

ਵਿਣੁ ਵਖਰ ਦੁਖੁ ਅਗਲਾ ਕੂੜਿ ਮੁਠੀ ਕੂੜਿਆਰਿ ॥੨॥ (56-15)
विणु वखर दुखु अगला कूड़ि मुठी कूड़िआरि ॥२॥

ਲਾਹਾ ਅਹਿਨਿਸਿ ਨਉਤਨਾ ਪਰਖੇ ਰਤਨੁ ਵੀਚਾਰਿ ॥ (56-16)
लाहा अहिनिसि नउतना परखे रतनु वीचारि ॥

ਵਸਤੁ ਲਹੈ ਘਰਿ ਆਪਣੈ ਚਲੈ ਕਾਰਜੁ ਸਾਰਿ ॥ (56-16)
वसतु लहै घरि आपणै चलै कारजु सारि ॥

ਵਣਜਾਰਿਆ ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮੁ ਬੀਚਾਰਿ ॥੩॥ (56-17)
वणजारिआ सिउ वणजु करि गुरमुखि ब्रहमु बीचारि ॥३॥

ਸੰਤਾਂ ਸੰਗਤਿ ਪਾਈਐ ਜੇ ਮੇਲੇ ਮੇਲਣਹਾਰੁ ॥ (56-17)
संतां संगति पाईऐ जे मेले मेलणहारु ॥

ਮਿਲਿਆ ਹੋਇ ਨ ਵਿਛੁੜੈ ਜਿਸੁ ਅੰਤਰਿ ਜੋਤਿ ਅਪਾਰ ॥ (56-18)
मिलिआ होइ न विछुड़ै जिसु अंतरि जोति अपार ॥

ਸਚੈ ਆਸਣਿ ਸਚਿ ਰਹੈ ਸਚੈ ਪ੍ਰੇਮ ਪਿਆਰ ॥੪॥ (56-18)
सचै आसणि सचि रहै सचै प्रेम पिआर ॥४॥

ਜਿਨੀ ਆਪੁ ਪਛਾਣਿਆ ਘਰ ਮਹਿ ਮਹਲੁ ਸੁਥਾਇ ॥ (56-19)
जिनी आपु पछाणिआ घर महि महलु सुथाइ ॥

ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥ (56-19)
सचे सेती रतिआ सचो पलै पाइ ॥

ਤ੍ਰਿਭਵਣਿ ਸੋ ਪ੍ਰਭੁ ਜਾਣੀਐ ਸਾਚੋ ਸਾਚੈ ਨਾਇ ॥੫॥ (57-1)
त्रिभवणि सो प्रभु जाणीऐ साचो साचै नाइ ॥५॥

ਸਾ ਧਨ ਖਰੀ ਸੁਹਾਵਣੀ ਜਿਨਿ ਪਿਰੁ ਜਾਤਾ ਸੰਗਿ ॥ (57-1)
सा धन खरी सुहावणी जिनि पिरु जाता संगि ॥

ਮਹਲੀ ਮਹਲਿ ਬੁਲਾਈਐ ਸੋ ਪਿਰੁ ਰਾਵੇ ਰੰਗਿ ॥ (57-2)
महली महलि बुलाईऐ सो पिरु रावे रंगि ॥

ਸਚਿ ਸੁਹਾਗਣਿ ਸਾ ਭਲੀ ਪਿਰਿ ਮੋਹੀ ਗੁਣ ਸੰਗਿ ॥੬॥ (57-2)
सचि सुहागणि सा भली पिरि मोही गुण संगि ॥६॥

ਭੂਲੀ ਭੂਲੀ ਥਲਿ ਚੜਾ ਥਲਿ ਚੜਿ ਡੂਗਰਿ ਜਾਉ ॥ (57-3)
भूली भूली थलि चड़ा थलि चड़ि डूगरि जाउ ॥

ਬਨ ਮਹਿ ਭੂਲੀ ਜੇ ਫਿਰਾ ਬਿਨੁ ਗੁਰ ਬੂਝ ਨ ਪਾਉ ॥ (57-3)
बन महि भूली जे फिरा बिनु गुर बूझ न पाउ ॥

ਨਾਵਹੁ ਭੂਲੀ ਜੇ ਫਿਰਾ ਫਿਰਿ ਫਿਰਿ ਆਵਉ ਜਾਉ ॥੭॥ (57-3)
नावहु भूली जे फिरा फिरि फिरि आवउ जाउ ॥७॥

ਪੁਛਹੁ ਜਾਇ ਪਧਾਊਆ ਚਲੇ ਚਾਕਰ ਹੋਇ ॥ (57-4)
पुछहु जाइ पधाऊआ चले चाकर होइ ॥

ਰਾਜਨੁ ਜਾਣਹਿ ਆਪਣਾ ਦਰਿ ਘਰਿ ਠਾਕ ਨ ਹੋਇ ॥ (57-4)
राजनु जाणहि आपणा दरि घरि ठाक न होइ ॥

ਨਾਨਕ ਏਕੋ ਰਵਿ ਰਹਿਆ ਦੂਜਾ ਅਵਰੁ ਨ ਕੋਇ ॥੮॥੬॥ (57-5)
नानक एको रवि रहिआ दूजा अवरु न कोइ ॥८॥६॥

ਸਿਰੀਰਾਗੁ ਮਹਲਾ ੧ ॥ (57-5)
सिरीरागु महला १ ॥

ਗੁਰ ਤੇ ਨਿਰਮਲੁ ਜਾਣੀਐ ਨਿਰਮਲ ਦੇਹ ਸਰੀਰੁ ॥ (57-6)
गुर ते निरमलु जाणीऐ निरमल देह सरीरु ॥

ਨਿਰਮਲੁ ਸਾਚੋ ਮਨਿ ਵਸੈ ਸੋ ਜਾਣੈ ਅਭ ਪੀਰ ॥ (57-6)
निरमलु साचो मनि वसै सो जाणै अभ पीर ॥

ਸਹਜੈ ਤੇ ਸੁਖੁ ਅਗਲੋ ਨਾ ਲਾਗੈ ਜਮ ਤੀਰੁ ॥੧॥ (57-7)
सहजै ते सुखु अगलो ना लागै जम तीरु ॥१॥

ਭਾਈ ਰੇ ਮੈਲੁ ਨਾਹੀ ਨਿਰਮਲ ਜਲਿ ਨਾਇ ॥ (57-7)
भाई रे मैलु नाही निरमल जलि नाइ ॥

ਨਿਰਮਲੁ ਸਾਚਾ ਏਕੁ ਤੂ ਹੋਰੁ ਮੈਲੁ ਭਰੀ ਸਭ ਜਾਇ ॥੧॥ ਰਹਾਉ ॥ (57-7)
निरमलु साचा एकु तू होरु मैलु भरी सभ जाइ ॥१॥ रहाउ ॥

ਹਰਿ ਕਾ ਮੰਦਰੁ ਸੋਹਣਾ ਕੀਆ ਕਰਣੈਹਾਰਿ ॥ (57-8)
हरि का मंदरु सोहणा कीआ करणैहारि ॥

ਰਵਿ ਸਸਿ ਦੀਪ ਅਨੂਪ ਜੋਤਿ ਤ੍ਰਿਭਵਣਿ ਜੋਤਿ ਅਪਾਰ ॥ (57-8)
रवि ससि दीप अनूप जोति त्रिभवणि जोति अपार ॥

ਹਾਟ ਪਟਣ ਗੜ ਕੋਠੜੀ ਸਚੁ ਸਉਦਾ ਵਾਪਾਰ ॥੨॥ (57-9)
हाट पटण गड़ कोठड़ी सचु सउदा वापार ॥२॥

ਗਿਆਨ ਅੰਜਨੁ ਭੈ ਭੰਜਨਾ ਦੇਖੁ ਨਿਰੰਜਨ ਭਾਇ ॥ (57-9)
गिआन अंजनु भै भंजना देखु निरंजन भाइ ॥

ਗੁਪਤੁ ਪ੍ਰਗਟੁ ਸਭ ਜਾਣੀਐ ਜੇ ਮਨੁ ਰਾਖੈ ਠਾਇ ॥ (57-10)
गुपतु प्रगटु सभ जाणीऐ जे मनु राखै ठाइ ॥

ਐਸਾ ਸਤਿਗੁਰੁ ਜੇ ਮਿਲੈ ਤਾ ਸਹਜੇ ਲਏ ਮਿਲਾਇ ॥੩॥ (57-10)
ऐसा सतिगुरु जे मिलै ता सहजे लए मिलाइ ॥३॥

ਕਸਿ ਕਸਵਟੀ ਲਾਈਐ ਪਰਖੇ ਹਿਤੁ ਚਿਤੁ ਲਾਇ ॥ (57-11)
कसि कसवटी लाईऐ परखे हितु चितु लाइ ॥

ਖੋਟੇ ਠਉਰ ਨ ਪਾਇਨੀ ਖਰੇ ਖਜਾਨੈ ਪਾਇ ॥ (57-11)
खोटे ठउर न पाइनी खरे खजानै पाइ ॥

ਆਸ ਅੰਦੇਸਾ ਦੂਰਿ ਕਰਿ ਇਉ ਮਲੁ ਜਾਇ ਸਮਾਇ ॥੪॥ (57-12)
आस अंदेसा दूरि करि इउ मलु जाइ समाइ ॥४॥

ਸੁਖ ਕਉ ਮਾਗੈ ਸਭੁ ਕੋ ਦੁਖੁ ਨ ਮਾਗੈ ਕੋਇ ॥ (57-12)
सुख कउ मागै सभु को दुखु न मागै कोइ ॥

ਸੁਖੈ ਕਉ ਦੁਖੁ ਅਗਲਾ ਮਨਮੁਖਿ ਬੂਝ ਨ ਹੋਇ ॥ (57-13)
सुखै कउ दुखु अगला मनमुखि बूझ न होइ ॥

ਸੁਖ ਦੁਖ ਸਮ ਕਰਿ ਜਾਣੀਅਹਿ ਸਬਦਿ ਭੇਦਿ ਸੁਖੁ ਹੋਇ ॥੫॥ (57-13)
सुख दुख सम करि जाणीअहि सबदि भेदि सुखु होइ ॥५॥

ਬੇਦੁ ਪੁਕਾਰੇ ਵਾਚੀਐ ਬਾਣੀ ਬ੍ਰਹਮ ਬਿਆਸੁ ॥ (57-14)
बेदु पुकारे वाचीऐ बाणी ब्रहम बिआसु ॥

ਮੁਨਿ ਜਨ ਸੇਵਕ ਸਾਧਿਕਾ ਨਾਮਿ ਰਤੇ ਗੁਣਤਾਸੁ ॥ (57-14)
मुनि जन सेवक साधिका नामि रते गुणतासु ॥

ਸਚਿ ਰਤੇ ਸੇ ਜਿਣਿ ਗਏ ਹਉ ਸਦ ਬਲਿਹਾਰੈ ਜਾਸੁ ॥੬॥ (57-15)
सचि रते से जिणि गए हउ सद बलिहारै जासु ॥६॥

ਚਹੁ ਜੁਗਿ ਮੈਲੇ ਮਲੁ ਭਰੇ ਜਿਨ ਮੁਖਿ ਨਾਮੁ ਨ ਹੋਇ ॥ (57-15)
चहु जुगि मैले मलु भरे जिन मुखि नामु न होइ ॥

ਭਗਤੀ ਭਾਇ ਵਿਹੂਣਿਆ ਮੁਹੁ ਕਾਲਾ ਪਤਿ ਖੋਇ ॥ (57-16)
भगती भाइ विहूणिआ मुहु काला पति खोइ ॥

ਜਿਨੀ ਨਾਮੁ ਵਿਸਾਰਿਆ ਅਵਗਣ ਮੁਠੀ ਰੋਇ ॥੭॥ (57-16)
जिनी नामु विसारिआ अवगण मुठी रोइ ॥७॥

ਖੋਜਤ ਖੋਜਤ ਪਾਇਆ ਡਰੁ ਕਰਿ ਮਿਲੈ ਮਿਲਾਇ ॥ (57-17)
खोजत खोजत पाइआ डरु करि मिलै मिलाइ ॥

ਆਪੁ ਪਛਾਣੈ ਘਰਿ ਵਸੈ ਹਉਮੈ ਤ੍ਰਿਸਨਾ ਜਾਇ ॥ (57-17)
आपु पछाणै घरि वसै हउमै त्रिसना जाइ ॥

ਨਾਨਕ ਨਿਰਮਲ ਊਜਲੇ ਜੋ ਰਾਤੇ ਹਰਿ ਨਾਇ ॥੮॥੭॥ (57-18)
नानक निरमल ऊजले जो राते हरि नाइ ॥८॥७॥

ਸਿਰੀਰਾਗੁ ਮਹਲਾ ੧ ॥ (57-18)
सिरीरागु महला १ ॥

ਸੁਣਿ ਮਨ ਭੂਲੇ ਬਾਵਰੇ ਗੁਰ ਕੀ ਚਰਣੀ ਲਾਗੁ ॥ (57-18)
सुणि मन भूले बावरे गुर की चरणी लागु ॥

ਹਰਿ ਜਪਿ ਨਾਮੁ ਧਿਆਇ ਤੂ ਜਮੁ ਡਰਪੈ ਦੁਖ ਭਾਗੁ ॥ (57-19)
हरि जपि नामु धिआइ तू जमु डरपै दुख भागु ॥

ਦੂਖੁ ਘਣੋ ਦੋਹਾਗਣੀ ਕਿਉ ਥਿਰੁ ਰਹੈ ਸੁਹਾਗੁ ॥੧॥ (57-19)
दूखु घणो दोहागणी किउ थिरु रहै सुहागु ॥१॥

ਭਾਈ ਰੇ ਅਵਰੁ ਨਾਹੀ ਮੈ ਥਾਉ ॥ (58-1)
भाई रे अवरु नाही मै थाउ ॥

ਮੈ ਧਨੁ ਨਾਮੁ ਨਿਧਾਨੁ ਹੈ ਗੁਰਿ ਦੀਆ ਬਲਿ ਜਾਉ ॥੧॥ ਰਹਾਉ ॥ (58-1)
मै धनु नामु निधानु है गुरि दीआ बलि जाउ ॥१॥ रहाउ ॥

ਗੁਰਮਤਿ ਪਤਿ ਸਾਬਾਸਿ ਤਿਸੁ ਤਿਸ ਕੈ ਸੰਗਿ ਮਿਲਾਉ ॥ (58-2)
गुरमति पति साबासि तिसु तिस कै संगि मिलाउ ॥

ਤਿਸੁ ਬਿਨੁ ਘੜੀ ਨ ਜੀਵਊ ਬਿਨੁ ਨਾਵੈ ਮਰਿ ਜਾਉ ॥ (58-2)
तिसु बिनु घड़ी न जीवऊ बिनु नावै मरि जाउ ॥

ਮੈ ਅੰਧੁਲੇ ਨਾਮੁ ਨ ਵੀਸਰੈ ਟੇਕ ਟਿਕੀ ਘਰਿ ਜਾਉ ॥੨॥ (58-3)
मै अंधुले नामु न वीसरै टेक टिकी घरि जाउ ॥२॥

ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ ॥ (58-3)
गुरू जिना का अंधुला चेले नाही ठाउ ॥

ਬਿਨੁ ਸਤਿਗੁਰ ਨਾਉ ਨ ਪਾਈਐ ਬਿਨੁ ਨਾਵੈ ਕਿਆ ਸੁਆਉ ॥ (58-3)
बिनु सतिगुर नाउ न पाईऐ बिनु नावै किआ सुआउ ॥

ਆਇ ਗਇਆ ਪਛੁਤਾਵਣਾ ਜਿਉ ਸੁੰਞੈ ਘਰਿ ਕਾਉ ॥੩॥ (58-4)
आइ गइआ पछुतावणा जिउ सुंञै घरि काउ ॥३॥

ਬਿਨੁ ਨਾਵੈ ਦੁਖੁ ਦੇਹੁਰੀ ਜਿਉ ਕਲਰ ਕੀ ਭੀਤਿ ॥ (58-5)
बिनु नावै दुखु देहुरी जिउ कलर की भीति ॥

ਤਬ ਲਗੁ ਮਹਲੁ ਨ ਪਾਈਐ ਜਬ ਲਗੁ ਸਾਚੁ ਨ ਚੀਤਿ ॥ (58-5)
तब लगु महलु न पाईऐ जब लगु साचु न चीति ॥

ਸਬਦਿ ਰਪੈ ਘਰੁ ਪਾਈਐ ਨਿਰਬਾਣੀ ਪਦੁ ਨੀਤਿ ॥੪॥ (58-5)
सबदि रपै घरु पाईऐ निरबाणी पदु नीति ॥४॥

ਹਉ ਗੁਰ ਪੂਛਉ ਆਪਣੇ ਗੁਰ ਪੁਛਿ ਕਾਰ ਕਮਾਉ ॥ (58-6)
हउ गुर पूछउ आपणे गुर पुछि कार कमाउ ॥

ਸਬਦਿ ਸਲਾਹੀ ਮਨਿ ਵਸੈ ਹਉਮੈ ਦੁਖੁ ਜਲਿ ਜਾਉ ॥ (58-6)
सबदि सलाही मनि वसै हउमै दुखु जलि जाउ ॥

ਸਹਜੇ ਹੋਇ ਮਿਲਾਵੜਾ ਸਾਚੇ ਸਾਚਿ ਮਿਲਾਉ ॥੫॥ (58-7)
सहजे होइ मिलावड़ा साचे साचि मिलाउ ॥५॥

ਸਬਦਿ ਰਤੇ ਸੇ ਨਿਰਮਲੇ ਤਜਿ ਕਾਮ ਕ੍ਰੋਧੁ ਅਹੰਕਾਰੁ ॥ (58-7)
सबदि रते से निरमले तजि काम क्रोधु अहंकारु ॥

ਨਾਮੁ ਸਲਾਹਨਿ ਸਦ ਸਦਾ ਹਰਿ ਰਾਖਹਿ ਉਰ ਧਾਰਿ ॥ (58-8)
नामु सलाहनि सद सदा हरि राखहि उर धारि ॥

ਸੋ ਕਿਉ ਮਨਹੁ ਵਿਸਾਰੀਐ ਸਭ ਜੀਆ ਕਾ ਆਧਾਰੁ ॥੬॥ (58-8)
सो किउ मनहु विसारीऐ सभ जीआ का आधारु ॥६॥

ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ ॥ (58-9)
सबदि मरै सो मरि रहै फिरि मरै न दूजी वार ॥

ਸਬਦੈ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ ॥ (58-9)
सबदै ही ते पाईऐ हरि नामे लगै पिआरु ॥

ਬਿਨੁ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ ॥੭॥ (58-10)
बिनु सबदै जगु भूला फिरै मरि जनमै वारो वार ॥७॥

ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ ॥ (58-10)
सभ सालाहै आप कउ वडहु वडेरी होइ ॥

ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ ॥ (58-11)
गुर बिनु आपु न चीनीऐ कहे सुणे किआ होइ ॥

ਨਾਨਕ ਸਬਦਿ ਪਛਾਣੀਐ ਹਉਮੈ ਕਰੈ ਨ ਕੋਇ ॥੮॥੮॥ (58-11)
नानक सबदि पछाणीऐ हउमै करै न कोइ ॥८॥८॥

ਸਿਰੀਰਾਗੁ ਮਹਲਾ ੧ ॥ (58-12)
सिरीरागु महला १ ॥

ਬਿਨੁ ਪਿਰ ਧਨ ਸੀਗਾਰੀਐ ਜੋਬਨੁ ਬਾਦਿ ਖੁਆਰੁ ॥ (58-12)
बिनु पिर धन सीगारीऐ जोबनु बादि खुआरु ॥

ਨਾ ਮਾਣੇ ਸੁਖਿ ਸੇਜੜੀ ਬਿਨੁ ਪਿਰ ਬਾਦਿ ਸੀਗਾਰੁ ॥ (58-13)
ना माणे सुखि सेजड़ी बिनु पिर बादि सीगारु ॥

ਦੂਖੁ ਘਣੋ ਦੋਹਾਗਣੀ ਨਾ ਘਰਿ ਸੇਜ ਭਤਾਰੁ ॥੧॥ (58-13)
दूखु घणो दोहागणी ना घरि सेज भतारु ॥१॥

ਮਨ ਰੇ ਰਾਮ ਜਪਹੁ ਸੁਖੁ ਹੋਇ ॥ (58-13)
मन रे राम जपहु सुखु होइ ॥

ਬਿਨੁ ਗੁਰ ਪ੍ਰੇਮੁ ਨ ਪਾਈਐ ਸਬਦਿ ਮਿਲੈ ਰੰਗੁ ਹੋਇ ॥੧॥ ਰਹਾਉ ॥ (58-14)
बिनु गुर प्रेमु न पाईऐ सबदि मिलै रंगु होइ ॥१॥ रहाउ ॥

ਗੁਰ ਸੇਵਾ ਸੁਖੁ ਪਾਈਐ ਹਰਿ ਵਰੁ ਸਹਜਿ ਸੀਗਾਰੁ ॥ (58-14)
गुर सेवा सुखु पाईऐ हरि वरु सहजि सीगारु ॥

ਸਚਿ ਮਾਣੇ ਪਿਰ ਸੇਜੜੀ ਗੂੜਾ ਹੇਤੁ ਪਿਆਰੁ ॥ (58-15)
सचि माणे पिर सेजड़ी गूड़ा हेतु पिआरु ॥

ਗੁਰਮੁਖਿ ਜਾਣਿ ਸਿਞਾਣੀਐ ਗੁਰਿ ਮੇਲੀ ਗੁਣ ਚਾਰੁ ॥੨॥ (58-15)
गुरमुखि जाणि सिञाणीऐ गुरि मेली गुण चारु ॥२॥

ਸਚਿ ਮਿਲਹੁ ਵਰ ਕਾਮਣੀ ਪਿਰਿ ਮੋਹੀ ਰੰਗੁ ਲਾਇ ॥ (58-16)
सचि मिलहु वर कामणी पिरि मोही रंगु लाइ ॥

ਮਨੁ ਤਨੁ ਸਾਚਿ ਵਿਗਸਿਆ ਕੀਮਤਿ ਕਹਣੁ ਨ ਜਾਇ ॥ (58-16)
मनु तनु साचि विगसिआ कीमति कहणु न जाइ ॥

ਹਰਿ ਵਰੁ ਘਰਿ ਸੋਹਾਗਣੀ ਨਿਰਮਲ ਸਾਚੈ ਨਾਇ ॥੩॥ (58-17)
हरि वरु घरि सोहागणी निरमल साचै नाइ ॥३॥

ਮਨ ਮਹਿ ਮਨੂਆ ਜੇ ਮਰੈ ਤਾ ਪਿਰੁ ਰਾਵੈ ਨਾਰਿ ॥ (58-17)
मन महि मनूआ जे मरै ता पिरु रावै नारि ॥

ਇਕਤੁ ਤਾਗੈ ਰਲਿ ਮਿਲੈ ਗਲਿ ਮੋਤੀਅਨ ਕਾ ਹਾਰੁ ॥ (58-18)
इकतु तागै रलि मिलै गलि मोतीअन का हारु ॥

ਸੰਤ ਸਭਾ ਸੁਖੁ ਊਪਜੈ ਗੁਰਮੁਖਿ ਨਾਮ ਅਧਾਰੁ ॥੪॥ (58-18)
संत सभा सुखु ऊपजै गुरमुखि नाम अधारु ॥४॥

ਖਿਨ ਮਹਿ ਉਪਜੈ ਖਿਨਿ ਖਪੈ ਖਿਨੁ ਆਵੈ ਖਿਨੁ ਜਾਇ ॥ (58-19)
खिन महि उपजै खिनि खपै खिनु आवै खिनु जाइ ॥

ਸਬਦੁ ਪਛਾਣੈ ਰਵਿ ਰਹੈ ਨਾ ਤਿਸੁ ਕਾਲੁ ਸੰਤਾਇ ॥ (58-19)
सबदु पछाणै रवि रहै ना तिसु कालु संताइ ॥

ਸਾਹਿਬੁ ਅਤੁਲੁ ਨ ਤੋਲੀਐ ਕਥਨਿ ਨ ਪਾਇਆ ਜਾਇ ॥੫॥ (59-1)
साहिबु अतुलु न तोलीऐ कथनि न पाइआ जाइ ॥५॥

ਵਾਪਾਰੀ ਵਣਜਾਰਿਆ ਆਏ ਵਜਹੁ ਲਿਖਾਇ ॥ (59-1)
वापारी वणजारिआ आए वजहु लिखाइ ॥

ਕਾਰ ਕਮਾਵਹਿ ਸਚ ਕੀ ਲਾਹਾ ਮਿਲੈ ਰਜਾਇ ॥ (59-2)
कार कमावहि सच की लाहा मिलै रजाइ ॥

ਪੂੰਜੀ ਸਾਚੀ ਗੁਰੁ ਮਿਲੈ ਨਾ ਤਿਸੁ ਤਿਲੁ ਨ ਤਮਾਇ ॥੬॥ (59-2)
पूंजी साची गुरु मिलै ना तिसु तिलु न तमाइ ॥६॥

ਗੁਰਮੁਖਿ ਤੋਲਿ ਤੁੋਲਾਇਸੀ ਸਚੁ ਤਰਾਜੀ ਤੋਲੁ ॥ (59-3)
गुरमुखि तोलि तुोलाइसी सचु तराजी तोलु ॥

ਆਸਾ ਮਨਸਾ ਮੋਹਣੀ ਗੁਰਿ ਠਾਕੀ ਸਚੁ ਬੋਲੁ ॥ (59-3)
आसा मनसा मोहणी गुरि ठाकी सचु बोलु ॥

ਆਪਿ ਤੁਲਾਏ ਤੋਲਸੀ ਪੂਰੇ ਪੂਰਾ ਤੋਲੁ ॥੭॥ (59-4)
आपि तुलाए तोलसी पूरे पूरा तोलु ॥७॥

ਕਥਨੈ ਕਹਣਿ ਨ ਛੁਟੀਐ ਨਾ ਪੜਿ ਪੁਸਤਕ ਭਾਰ ॥ (59-4)
कथनै कहणि न छुटीऐ ना पड़ि पुसतक भार ॥

ਕਾਇਆ ਸੋਚ ਨ ਪਾਈਐ ਬਿਨੁ ਹਰਿ ਭਗਤਿ ਪਿਆਰ ॥ (59-4)
काइआ सोच न पाईऐ बिनु हरि भगति पिआर ॥

ਨਾਨਕ ਨਾਮੁ ਨ ਵੀਸਰੈ ਮੇਲੇ ਗੁਰੁ ਕਰਤਾਰ ॥੮॥੯॥ (59-5)
नानक नामु न वीसरै मेले गुरु करतार ॥८॥९॥

ਸਿਰੀਰਾਗੁ ਮਹਲਾ ੧ ॥ (59-6)
सिरीरागु महला १ ॥

ਸਤਿਗੁਰੁ ਪੂਰਾ ਜੇ ਮਿਲੈ ਪਾਈਐ ਰਤਨੁ ਬੀਚਾਰੁ ॥ (59-6)
सतिगुरु पूरा जे मिलै पाईऐ रतनु बीचारु ॥

ਮਨੁ ਦੀਜੈ ਗੁਰ ਆਪਣੇ ਪਾਈਐ ਸਰਬ ਪਿਆਰੁ ॥ (59-6)
मनु दीजै गुर आपणे पाईऐ सरब पिआरु ॥

ਮੁਕਤਿ ਪਦਾਰਥੁ ਪਾਈਐ ਅਵਗਣ ਮੇਟਣਹਾਰੁ ॥੧॥ (59-7)
मुकति पदारथु पाईऐ अवगण मेटणहारु ॥१॥

ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥ (59-7)
भाई रे गुर बिनु गिआनु न होइ ॥

ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ ॥੧॥ ਰਹਾਉ ॥ (59-8)
पूछहु ब्रहमे नारदै बेद बिआसै कोइ ॥१॥ रहाउ ॥

ਗਿਆਨੁ ਧਿਆਨੁ ਧੁਨਿ ਜਾਣੀਐ ਅਕਥੁ ਕਹਾਵੈ ਸੋਇ ॥ (59-8)
गिआनु धिआनु धुनि जाणीऐ अकथु कहावै सोइ ॥

ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ ॥ (59-9)
सफलिओ बिरखु हरीआवला छाव घणेरी होइ ॥

ਲਾਲ ਜਵੇਹਰ ਮਾਣਕੀ ਗੁਰ ਭੰਡਾਰੈ ਸੋਇ ॥੨॥ (59-9)
लाल जवेहर माणकी गुर भंडारै सोइ ॥२॥

ਗੁਰ ਭੰਡਾਰੈ ਪਾਈਐ ਨਿਰਮਲ ਨਾਮ ਪਿਆਰੁ ॥ (59-10)
गुर भंडारै पाईऐ निरमल नाम पिआरु ॥

ਸਾਚੋ ਵਖਰੁ ਸੰਚੀਐ ਪੂਰੈ ਕਰਮਿ ਅਪਾਰੁ ॥ (59-10)
साचो वखरु संचीऐ पूरै करमि अपारु ॥

ਸੁਖਦਾਤਾ ਦੁਖ ਮੇਟਣੋ ਸਤਿਗੁਰੁ ਅਸੁਰ ਸੰਘਾਰੁ ॥੩॥ (59-10)
सुखदाता दुख मेटणो सतिगुरु असुर संघारु ॥३॥

ਭਵਜਲੁ ਬਿਖਮੁ ਡਰਾਵਣੋ ਨਾ ਕੰਧੀ ਨਾ ਪਾਰੁ ॥ (59-11)
भवजलु बिखमु डरावणो ना कंधी ना पारु ॥

ਨਾ ਬੇੜੀ ਨਾ ਤੁਲਹੜਾ ਨਾ ਤਿਸੁ ਵੰਝੁ ਮਲਾਰੁ ॥ (59-11)
ना बेड़ी ना तुलहड़ा ना तिसु वंझु मलारु ॥

ਸਤਿਗੁਰੁ ਭੈ ਕਾ ਬੋਹਿਥਾ ਨਦਰੀ ਪਾਰਿ ਉਤਾਰੁ ॥੪॥ (59-12)
सतिगुरु भै का बोहिथा नदरी पारि उतारु ॥४॥

ਇਕੁ ਤਿਲੁ ਪਿਆਰਾ ਵਿਸਰੈ ਦੁਖੁ ਲਾਗੈ ਸੁਖੁ ਜਾਇ ॥ (59-12)
इकु तिलु पिआरा विसरै दुखु लागै सुखु जाइ ॥

ਜਿਹਵਾ ਜਲਉ ਜਲਾਵਣੀ ਨਾਮੁ ਨ ਜਪੈ ਰਸਾਇ ॥ (59-13)
जिहवा जलउ जलावणी नामु न जपै रसाइ ॥

ਘਟੁ ਬਿਨਸੈ ਦੁਖੁ ਅਗਲੋ ਜਮੁ ਪਕੜੈ ਪਛੁਤਾਇ ॥੫॥ (59-13)
घटु बिनसै दुखु अगलो जमु पकड़ै पछुताइ ॥५॥

ਮੇਰੀ ਮੇਰੀ ਕਰਿ ਗਏ ਤਨੁ ਧਨੁ ਕਲਤੁ ਨ ਸਾਥਿ ॥ (59-14)
मेरी मेरी करि गए तनु धनु कलतु न साथि ॥

ਬਿਨੁ ਨਾਵੈ ਧਨੁ ਬਾਦਿ ਹੈ ਭੂਲੋ ਮਾਰਗਿ ਆਥਿ ॥ (59-14)
बिनु नावै धनु बादि है भूलो मारगि आथि ॥

ਸਾਚਉ ਸਾਹਿਬੁ ਸੇਵੀਐ ਗੁਰਮੁਖਿ ਅਕਥੋ ਕਾਥਿ ॥੬॥ (59-14)
साचउ साहिबु सेवीऐ गुरमुखि अकथो काथि ॥६॥

ਆਵੈ ਜਾਇ ਭਵਾਈਐ ਪਇਐ ਕਿਰਤਿ ਕਮਾਇ ॥ (59-15)
आवै जाइ भवाईऐ पइऐ किरति कमाइ ॥

ਪੂਰਬਿ ਲਿਖਿਆ ਕਿਉ ਮੇਟੀਐ ਲਿਖਿਆ ਲੇਖੁ ਰਜਾਇ ॥ (59-15)
पूरबि लिखिआ किउ मेटीऐ लिखिआ लेखु रजाइ ॥

ਬਿਨੁ ਹਰਿ ਨਾਮ ਨ ਛੁਟੀਐ ਗੁਰਮਤਿ ਮਿਲੈ ਮਿਲਾਇ ॥੭॥ (59-16)
बिनु हरि नाम न छुटीऐ गुरमति मिलै मिलाइ ॥७॥

ਤਿਸੁ ਬਿਨੁ ਮੇਰਾ ਕੋ ਨਹੀ ਜਿਸ ਕਾ ਜੀਉ ਪਰਾਨੁ ॥ (59-17)
तिसु बिनु मेरा को नही जिस का जीउ परानु ॥

ਹਉਮੈ ਮਮਤਾ ਜਲਿ ਬਲਉ ਲੋਭੁ ਜਲਉ ਅਭਿਮਾਨੁ ॥ (59-17)
हउमै ममता जलि बलउ लोभु जलउ अभिमानु ॥

ਨਾਨਕ ਸਬਦੁ ਵੀਚਾਰੀਐ ਪਾਈਐ ਗੁਣੀ ਨਿਧਾਨੁ ॥੮॥੧੦॥ (59-18)
नानक सबदु वीचारीऐ पाईऐ गुणी निधानु ॥८॥१०॥

ਸਿਰੀਰਾਗੁ ਮਹਲਾ ੧ ॥ (59-18)
सिरीरागु महला १ ॥

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਕਮਲੇਹਿ ॥ (59-18)
रे मन ऐसी हरि सिउ प्रीति करि जैसी जल कमलेहि ॥

ਲਹਰੀ ਨਾਲਿ ਪਛਾੜੀਐ ਭੀ ਵਿਗਸੈ ਅਸਨੇਹਿ ॥ (59-19)
लहरी नालि पछाड़ीऐ भी विगसै असनेहि ॥

ਜਲ ਮਹਿ ਜੀਅ ਉਪਾਇ ਕੈ ਬਿਨੁ ਜਲ ਮਰਣੁ ਤਿਨੇਹਿ ॥੧॥ (59-19)
जल महि जीअ उपाइ कै बिनु जल मरणु तिनेहि ॥१॥

ਮਨ ਰੇ ਕਿਉ ਛੂਟਹਿ ਬਿਨੁ ਪਿਆਰ ॥ (60-1)
मन रे किउ छूटहि बिनु पिआर ॥

ਗੁਰਮੁਖਿ ਅੰਤਰਿ ਰਵਿ ਰਹਿਆ ਬਖਸੇ ਭਗਤਿ ਭੰਡਾਰ ॥੧॥ ਰਹਾਉ ॥ (60-1)
गुरमुखि अंतरि रवि रहिआ बखसे भगति भंडार ॥१॥ रहाउ ॥

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਮਛੁਲੀ ਨੀਰ ॥ (60-2)
रे मन ऐसी हरि सिउ प्रीति करि जैसी मछुली नीर ॥

ਜਿਉ ਅਧਿਕਉ ਤਿਉ ਸੁਖੁ ਘਣੋ ਮਨਿ ਤਨਿ ਸਾਂਤਿ ਸਰੀਰ ॥ (60-2)
जिउ अधिकउ तिउ सुखु घणो मनि तनि सांति सरीर ॥

ਬਿਨੁ ਜਲ ਘੜੀ ਨ ਜੀਵਈ ਪ੍ਰਭੁ ਜਾਣੈ ਅਭ ਪੀਰ ॥੨॥ (60-3)
बिनु जल घड़ी न जीवई प्रभु जाणै अभ पीर ॥२॥

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਾਤ੍ਰਿਕ ਮੇਹ ॥ (60-4)
रे मन ऐसी हरि सिउ प्रीति करि जैसी चात्रिक मेह ॥

ਸਰ ਭਰਿ ਥਲ ਹਰੀਆਵਲੇ ਇਕ ਬੂੰਦ ਨ ਪਵਈ ਕੇਹ ॥ (60-4)
सर भरि थल हरीआवले इक बूंद न पवई केह ॥

ਕਰਮਿ ਮਿਲੈ ਸੋ ਪਾਈਐ ਕਿਰਤੁ ਪਇਆ ਸਿਰਿ ਦੇਹ ॥੩॥ (60-5)
करमि मिलै सो पाईऐ किरतु पइआ सिरि देह ॥३॥

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਦੁਧ ਹੋਇ ॥ (60-5)
रे मन ऐसी हरि सिउ प्रीति करि जैसी जल दुध होइ ॥

ਆਵਟਣੁ ਆਪੇ ਖਵੈ ਦੁਧ ਕਉ ਖਪਣਿ ਨ ਦੇਇ ॥ (60-6)
आवटणु आपे खवै दुध कउ खपणि न देइ ॥

ਆਪੇ ਮੇਲਿ ਵਿਛੁੰਨਿਆ ਸਚਿ ਵਡਿਆਈ ਦੇਇ ॥੪॥ (60-6)
आपे मेलि विछुंनिआ सचि वडिआई देइ ॥४॥

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਕਵੀ ਸੂਰ ॥ (60-7)
रे मन ऐसी हरि सिउ प्रीति करि जैसी चकवी सूर ॥

ਖਿਨੁ ਪਲੁ ਨੀਦ ਨ ਸੋਵਈ ਜਾਣੈ ਦੂਰਿ ਹਜੂਰਿ ॥ (60-7)
खिनु पलु नीद न सोवई जाणै दूरि हजूरि ॥

ਮਨਮੁਖਿ ਸੋਝੀ ਨਾ ਪਵੈ ਗੁਰਮੁਖਿ ਸਦਾ ਹਜੂਰਿ ॥੫॥ (60-8)
मनमुखि सोझी ना पवै गुरमुखि सदा हजूरि ॥५॥

ਮਨਮੁਖਿ ਗਣਤ ਗਣਾਵਣੀ ਕਰਤਾ ਕਰੇ ਸੁ ਹੋਇ ॥ (60-8)
मनमुखि गणत गणावणी करता करे सु होइ ॥

ਤਾ ਕੀ ਕੀਮਤਿ ਨਾ ਪਵੈ ਜੇ ਲੋਚੈ ਸਭੁ ਕੋਇ ॥ (60-9)
ता की कीमति ना पवै जे लोचै सभु कोइ ॥

ਗੁਰਮਤਿ ਹੋਇ ਤ ਪਾਈਐ ਸਚਿ ਮਿਲੈ ਸੁਖੁ ਹੋਇ ॥੬॥ (60-9)
गुरमति होइ त पाईऐ सचि मिलै सुखु होइ ॥६॥

ਸਚਾ ਨੇਹੁ ਨ ਤੁਟਈ ਜੇ ਸਤਿਗੁਰੁ ਭੇਟੈ ਸੋਇ ॥ (60-10)
सचा नेहु न तुटई जे सतिगुरु भेटै सोइ ॥

ਗਿਆਨ ਪਦਾਰਥੁ ਪਾਈਐ ਤ੍ਰਿਭਵਣ ਸੋਝੀ ਹੋਇ ॥ (60-10)
गिआन पदारथु पाईऐ त्रिभवण सोझी होइ ॥

ਨਿਰਮਲੁ ਨਾਮੁ ਨ ਵੀਸਰੈ ਜੇ ਗੁਣ ਕਾ ਗਾਹਕੁ ਹੋਇ ॥੭॥ (60-10)
निरमलु नामु न वीसरै जे गुण का गाहकु होइ ॥७॥

ਖੇਲਿ ਗਏ ਸੇ ਪੰਖਣੂੰ ਜੋ ਚੁਗਦੇ ਸਰ ਤਲਿ ॥ (60-11)
खेलि गए से पंखणू जो चुगदे सर तलि ॥

ਘੜੀ ਕਿ ਮੁਹਤਿ ਕਿ ਚਲਣਾ ਖੇਲਣੁ ਅਜੁ ਕਿ ਕਲਿ ॥ (60-11)
घड़ी कि मुहति कि चलणा खेलणु अजु कि कलि ॥

ਜਿਸੁ ਤੂੰ ਮੇਲਹਿ ਸੋ ਮਿਲੈ ਜਾਇ ਸਚਾ ਪਿੜੁ ਮਲਿ ॥੮॥ (60-12)
जिसु तूं मेलहि सो मिलै जाइ सचा पिड़ु मलि ॥८॥

ਬਿਨੁ ਗੁਰ ਪ੍ਰੀਤਿ ਨ ਊਪਜੈ ਹਉਮੈ ਮੈਲੁ ਨ ਜਾਇ ॥ (60-12)
बिनु गुर प्रीति न ऊपजै हउमै मैलु न जाइ ॥

ਸੋਹੰ ਆਪੁ ਪਛਾਣੀਐ ਸਬਦਿ ਭੇਦਿ ਪਤੀਆਇ ॥ (60-13)
सोहं आपु पछाणीऐ सबदि भेदि पतीआइ ॥

ਗੁਰਮੁਖਿ ਆਪੁ ਪਛਾਣੀਐ ਅਵਰ ਕਿ ਕਰੇ ਕਰਾਇ ॥੯॥ (60-13)
गुरमुखि आपु पछाणीऐ अवर कि करे कराइ ॥९॥

ਮਿਲਿਆ ਕਾ ਕਿਆ ਮੇਲੀਐ ਸਬਦਿ ਮਿਲੇ ਪਤੀਆਇ ॥ (60-14)
मिलिआ का किआ मेलीऐ सबदि मिले पतीआइ ॥

ਮਨਮੁਖਿ ਸੋਝੀ ਨਾ ਪਵੈ ਵੀਛੁੜਿ ਚੋਟਾ ਖਾਇ ॥ (60-14)
मनमुखि सोझी ना पवै वीछुड़ि चोटा खाइ ॥

ਨਾਨਕ ਦਰੁ ਘਰੁ ਏਕੁ ਹੈ ਅਵਰੁ ਨ ਦੂਜੀ ਜਾਇ ॥੧੦॥੧੧॥ (60-15)
नानक दरु घरु एकु है अवरु न दूजी जाइ ॥१०॥११॥

ਸਿਰੀਰਾਗੁ ਮਹਲਾ ੧ ॥ (60-15)
सिरीरागु महला १ ॥

ਮਨਮੁਖਿ ਭੁਲੈ ਭੁਲਾਈਐ ਭੂਲੀ ਠਉਰ ਨ ਕਾਇ ॥ (60-16)
मनमुखि भुलै भुलाईऐ भूली ठउर न काइ ॥

ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ ॥ (60-16)
गुर बिनु को न दिखावई अंधी आवै जाइ ॥

ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ ॥੧॥ (60-16)
गिआन पदारथु खोइआ ठगिआ मुठा जाइ ॥१॥

ਬਾਬਾ ਮਾਇਆ ਭਰਮਿ ਭੁਲਾਇ ॥ (60-17)
बाबा माइआ भरमि भुलाइ ॥

ਭਰਮਿ ਭੁਲੀ ਡੋਹਾਗਣੀ ਨਾ ਪਿਰ ਅੰਕਿ ਸਮਾਇ ॥੧॥ ਰਹਾਉ ॥ (60-17)
भरमि भुली डोहागणी ना पिर अंकि समाइ ॥१॥ रहाउ ॥

ਭੂਲੀ ਫਿਰੈ ਦਿਸੰਤਰੀ ਭੂਲੀ ਗ੍ਰਿਹੁ ਤਜਿ ਜਾਇ ॥ (60-18)
भूली फिरै दिसंतरी भूली ग्रिहु तजि जाइ ॥

ਭੂਲੀ ਡੂੰਗਰਿ ਥਲਿ ਚੜੈ ਭਰਮੈ ਮਨੁ ਡੋਲਾਇ ॥ (60-18)
भूली डूंगरि थलि चड़ै भरमै मनु डोलाइ ॥

ਧੁਰਹੁ ਵਿਛੁੰਨੀ ਕਿਉ ਮਿਲੈ ਗਰਬਿ ਮੁਠੀ ਬਿਲਲਾਇ ॥੨॥ (60-19)
धुरहु विछुंनी किउ मिलै गरबि मुठी बिललाइ ॥२॥

ਵਿਛੁੜਿਆ ਗੁਰੁ ਮੇਲਸੀ ਹਰਿ ਰਸਿ ਨਾਮ ਪਿਆਰਿ ॥ (60-19)
विछुड़िआ गुरु मेलसी हरि रसि नाम पिआरि ॥

ਸਾਚਿ ਸਹਜਿ ਸੋਭਾ ਘਣੀ ਹਰਿ ਗੁਣ ਨਾਮ ਅਧਾਰਿ ॥ (61-1)
साचि सहजि सोभा घणी हरि गुण नाम अधारि ॥

ਜਿਉ ਭਾਵੈ ਤਿਉ ਰਖੁ ਤੂੰ ਮੈ ਤੁਝ ਬਿਨੁ ਕਵਨੁ ਭਤਾਰੁ ॥੩॥ (61-1)
जिउ भावै तिउ रखु तूं मै तुझ बिनु कवनु भतारु ॥३॥

ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ ॥ (61-2)
अखर पड़ि पड़ि भुलीऐ भेखी बहुतु अभिमानु ॥

ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ ॥ (61-2)
तीरथ नाता किआ करे मन महि मैलु गुमानु ॥

ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ ॥੪॥ (61-3)
गुर बिनु किनि समझाईऐ मनु राजा सुलतानु ॥४॥

ਪ੍ਰੇਮ ਪਦਾਰਥੁ ਪਾਈਐ ਗੁਰਮੁਖਿ ਤਤੁ ਵੀਚਾਰੁ ॥ (61-3)
प्रेम पदारथु पाईऐ गुरमुखि ततु वीचारु ॥

ਸਾ ਧਨ ਆਪੁ ਗਵਾਇਆ ਗੁਰ ਕੈ ਸਬਦਿ ਸੀਗਾਰੁ ॥ (61-4)
सा धन आपु गवाइआ गुर कै सबदि सीगारु ॥

ਘਰ ਹੀ ਸੋ ਪਿਰੁ ਪਾਇਆ ਗੁਰ ਕੈ ਹੇਤਿ ਅਪਾਰੁ ॥੫॥ (61-4)
घर ही सो पिरु पाइआ गुर कै हेति अपारु ॥५॥

ਗੁਰ ਕੀ ਸੇਵਾ ਚਾਕਰੀ ਮਨੁ ਨਿਰਮਲੁ ਸੁਖੁ ਹੋਇ ॥ (61-5)
गुर की सेवा चाकरी मनु निरमलु सुखु होइ ॥

ਗੁਰ ਕਾ ਸਬਦੁ ਮਨਿ ਵਸਿਆ ਹਉਮੈ ਵਿਚਹੁ ਖੋਇ ॥ (61-5)
गुर का सबदु मनि वसिआ हउमै विचहु खोइ ॥

ਨਾਮੁ ਪਦਾਰਥੁ ਪਾਇਆ ਲਾਭੁ ਸਦਾ ਮਨਿ ਹੋਇ ॥੬॥ (61-6)
नामु पदारथु पाइआ लाभु सदा मनि होइ ॥६॥

ਕਰਮਿ ਮਿਲੈ ਤਾ ਪਾਈਐ ਆਪਿ ਨ ਲਇਆ ਜਾਇ ॥ (61-6)
करमि मिलै ता पाईऐ आपि न लइआ जाइ ॥

ਗੁਰ ਕੀ ਚਰਣੀ ਲਗਿ ਰਹੁ ਵਿਚਹੁ ਆਪੁ ਗਵਾਇ ॥ (61-7)
गुर की चरणी लगि रहु विचहु आपु गवाइ ॥

ਸਚੇ ਸੇਤੀ ਰਤਿਆ ਸਚੋ ਪਲੈ ਪਾਇ ॥੭॥ (61-7)
सचे सेती रतिआ सचो पलै पाइ ॥७॥

ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥ (61-7)
भुलण अंदरि सभु को अभुलु गुरू करतारु ॥

ਗੁਰਮਤਿ ਮਨੁ ਸਮਝਾਇਆ ਲਾਗਾ ਤਿਸੈ ਪਿਆਰੁ ॥ (61-8)
गुरमति मनु समझाइआ लागा तिसै पिआरु ॥

ਨਾਨਕ ਸਾਚੁ ਨ ਵੀਸਰੈ ਮੇਲੇ ਸਬਦੁ ਅਪਾਰੁ ॥੮॥੧੨॥ (61-8)
नानक साचु न वीसरै मेले सबदु अपारु ॥८॥१२॥

ਸਿਰੀਰਾਗੁ ਮਹਲਾ ੧ ॥ (61-9)
सिरीरागु महला १ ॥

ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰ ਨਾਰਿ ॥ (61-9)
त्रिसना माइआ मोहणी सुत बंधप घर नारि ॥

ਧਨਿ ਜੋਬਨਿ ਜਗੁ ਠਗਿਆ ਲਬਿ ਲੋਭਿ ਅਹੰਕਾਰਿ ॥ (61-10)
धनि जोबनि जगु ठगिआ लबि लोभि अहंकारि ॥

ਮੋਹ ਠਗਉਲੀ ਹਉ ਮੁਈ ਸਾ ਵਰਤੈ ਸੰਸਾਰਿ ॥੧॥ (61-10)
मोह ठगउली हउ मुई सा वरतै संसारि ॥१॥

ਮੇਰੇ ਪ੍ਰੀਤਮਾ ਮੈ ਤੁਝ ਬਿਨੁ ਅਵਰੁ ਨ ਕੋਇ ॥ (61-10)
मेरे प्रीतमा मै तुझ बिनु अवरु न कोइ ॥

ਮੈ ਤੁਝ ਬਿਨੁ ਅਵਰੁ ਨ ਭਾਵਈ ਤੂੰ ਭਾਵਹਿ ਸੁਖੁ ਹੋਇ ॥੧॥ ਰਹਾਉ ॥ (61-11)
मै तुझ बिनु अवरु न भावई तूं भावहि सुखु होइ ॥१॥ रहाउ ॥

ਨਾਮੁ ਸਾਲਾਹੀ ਰੰਗ ਸਿਉ ਗੁਰ ਕੈ ਸਬਦਿ ਸੰਤੋਖੁ ॥ (61-11)
नामु सालाही रंग सिउ गुर कै सबदि संतोखु ॥

ਜੋ ਦੀਸੈ ਸੋ ਚਲਸੀ ਕੂੜਾ ਮੋਹੁ ਨ ਵੇਖੁ ॥ (61-12)
जो दीसै सो चलसी कूड़ा मोहु न वेखु ॥

ਵਾਟ ਵਟਾਊ ਆਇਆ ਨਿਤ ਚਲਦਾ ਸਾਥੁ ਦੇਖੁ ॥੨॥ (61-12)
वाट वटाऊ आइआ नित चलदा साथु देखु ॥२॥

ਆਖਣਿ ਆਖਹਿ ਕੇਤੜੇ ਗੁਰ ਬਿਨੁ ਬੂਝ ਨ ਹੋਇ ॥ (61-13)
आखणि आखहि केतड़े गुर बिनु बूझ न होइ ॥

ਨਾਮੁ ਵਡਾਈ ਜੇ ਮਿਲੈ ਸਚਿ ਰਪੈ ਪਤਿ ਹੋਇ ॥ (61-13)
नामु वडाई जे मिलै सचि रपै पति होइ ॥

ਜੋ ਤੁਧੁ ਭਾਵਹਿ ਸੇ ਭਲੇ ਖੋਟਾ ਖਰਾ ਨ ਕੋਇ ॥੩॥ (61-14)
जो तुधु भावहि से भले खोटा खरा न कोइ ॥३॥

ਗੁਰ ਸਰਣਾਈ ਛੁਟੀਐ ਮਨਮੁਖ ਖੋਟੀ ਰਾਸਿ ॥ (61-14)
गुर सरणाई छुटीऐ मनमुख खोटी रासि ॥

ਅਸਟ ਧਾਤੁ ਪਾਤਿਸਾਹ ਕੀ ਘੜੀਐ ਸਬਦਿ ਵਿਗਾਸਿ ॥ (61-14)
असट धातु पातिसाह की घड़ीऐ सबदि विगासि ॥

ਆਪੇ ਪਰਖੇ ਪਾਰਖੂ ਪਵੈ ਖਜਾਨੈ ਰਾਸਿ ॥੪॥ (61-15)
आपे परखे पारखू पवै खजानै रासि ॥४॥

ਤੇਰੀ ਕੀਮਤਿ ਨਾ ਪਵੈ ਸਭ ਡਿਠੀ ਠੋਕਿ ਵਜਾਇ ॥ (61-15)
तेरी कीमति ना पवै सभ डिठी ठोकि वजाइ ॥

ਕਹਣੈ ਹਾਥ ਨ ਲਭਈ ਸਚਿ ਟਿਕੈ ਪਤਿ ਪਾਇ ॥ (61-16)
कहणै हाथ न लभई सचि टिकै पति पाइ ॥

ਗੁਰਮਤਿ ਤੂੰ ਸਾਲਾਹਣਾ ਹੋਰੁ ਕੀਮਤਿ ਕਹਣੁ ਨ ਜਾਇ ॥੫॥ (61-16)
गुरमति तूं सालाहणा होरु कीमति कहणु न जाइ ॥५॥

ਜਿਤੁ ਤਨਿ ਨਾਮੁ ਨ ਭਾਵਈ ਤਿਤੁ ਤਨਿ ਹਉਮੈ ਵਾਦੁ ॥ (61-17)
जितु तनि नामु न भावई तितु तनि हउमै वादु ॥

ਗੁਰ ਬਿਨੁ ਗਿਆਨੁ ਨ ਪਾਈਐ ਬਿਖਿਆ ਦੂਜਾ ਸਾਦੁ ॥ (61-17)
गुर बिनु गिआनु न पाईऐ बिखिआ दूजा सादु ॥

ਬਿਨੁ ਗੁਣ ਕਾਮਿ ਨ ਆਵਈ ਮਾਇਆ ਫੀਕਾ ਸਾਦੁ ॥੬॥ (61-18)
बिनु गुण कामि न आवई माइआ फीका सादु ॥६॥

ਆਸਾ ਅੰਦਰਿ ਜੰਮਿਆ ਆਸਾ ਰਸ ਕਸ ਖਾਇ ॥ (61-18)
आसा अंदरि जंमिआ आसा रस कस खाइ ॥

ਆਸਾ ਬੰਧਿ ਚਲਾਈਐ ਮੁਹੇ ਮੁਹਿ ਚੋਟਾ ਖਾਇ ॥ (61-19)
आसा बंधि चलाईऐ मुहे मुहि चोटा खाइ ॥

ਅਵਗਣਿ ਬਧਾ ਮਾਰੀਐ ਛੂਟੈ ਗੁਰਮਤਿ ਨਾਇ ॥੭॥ (61-19)
अवगणि बधा मारीऐ छूटै गुरमति नाइ ॥७॥

ਸਰਬੇ ਥਾਈ ਏਕੁ ਤੂੰ ਜਿਉ ਭਾਵੈ ਤਿਉ ਰਾਖੁ ॥ (62-1)
सरबे थाई एकु तूं जिउ भावै तिउ राखु ॥

ਗੁਰਮਤਿ ਸਾਚਾ ਮਨਿ ਵਸੈ ਨਾਮੁ ਭਲੋ ਪਤਿ ਸਾਖੁ ॥ (62-1)
गुरमति साचा मनि वसै नामु भलो पति साखु ॥

ਹਉਮੈ ਰੋਗੁ ਗਵਾਈਐ ਸਬਦਿ ਸਚੈ ਸਚੁ ਭਾਖੁ ॥੮॥ (62-1)
हउमै रोगु गवाईऐ सबदि सचै सचु भाखु ॥८॥

ਆਕਾਸੀ ਪਾਤਾਲਿ ਤੂੰ ਤ੍ਰਿਭਵਣਿ ਰਹਿਆ ਸਮਾਇ ॥ (62-2)
आकासी पातालि तूं त्रिभवणि रहिआ समाइ ॥

ਆਪੇ ਭਗਤੀ ਭਾਉ ਤੂੰ ਆਪੇ ਮਿਲਹਿ ਮਿਲਾਇ ॥ (62-2)
आपे भगती भाउ तूं आपे मिलहि मिलाइ ॥

ਨਾਨਕ ਨਾਮੁ ਨ ਵੀਸਰੈ ਜਿਉ ਭਾਵੈ ਤਿਵੈ ਰਜਾਇ ॥੯॥੧੩॥ (62-3)
नानक नामु न वीसरै जिउ भावै तिवै रजाइ ॥९॥१३॥

ਸਿਰੀਰਾਗੁ ਮਹਲਾ ੧ ॥ (62-3)
सिरीरागु महला १ ॥

ਰਾਮ ਨਾਮਿ ਮਨੁ ਬੇਧਿਆ ਅਵਰੁ ਕਿ ਕਰੀ ਵੀਚਾਰੁ ॥ (62-4)
राम नामि मनु बेधिआ अवरु कि करी वीचारु ॥

ਸਬਦ ਸੁਰਤਿ ਸੁਖੁ ਊਪਜੈ ਪ੍ਰਭ ਰਾਤਉ ਸੁਖ ਸਾਰੁ ॥ (62-4)
सबद सुरति सुखु ऊपजै प्रभ रातउ सुख सारु ॥

ਜਿਉ ਭਾਵੈ ਤਿਉ ਰਾਖੁ ਤੂੰ ਮੈ ਹਰਿ ਨਾਮੁ ਅਧਾਰੁ ॥੧॥ (62-4)
जिउ भावै तिउ राखु तूं मै हरि नामु अधारु ॥१॥

ਮਨ ਰੇ ਸਾਚੀ ਖਸਮ ਰਜਾਇ ॥ (62-5)
मन रे साची खसम रजाइ ॥

ਜਿਨਿ ਤਨੁ ਮਨੁ ਸਾਜਿ ਸੀਗਾਰਿਆ ਤਿਸੁ ਸੇਤੀ ਲਿਵ ਲਾਇ ॥੧॥ ਰਹਾਉ ॥ (62-5)
जिनि तनु मनु साजि सीगारिआ तिसु सेती लिव लाइ ॥१॥ रहाउ ॥

ਤਨੁ ਬੈਸੰਤਰਿ ਹੋਮੀਐ ਇਕ ਰਤੀ ਤੋਲਿ ਕਟਾਇ ॥ (62-6)
तनु बैसंतरि होमीऐ इक रती तोलि कटाइ ॥

ਤਨੁ ਮਨੁ ਸਮਧਾ ਜੇ ਕਰੀ ਅਨਦਿਨੁ ਅਗਨਿ ਜਲਾਇ ॥ (62-6)
तनु मनु समधा जे करी अनदिनु अगनि जलाइ ॥

ਹਰਿ ਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ ॥੨॥ (62-7)
हरि नामै तुलि न पुजई जे लख कोटी करम कमाइ ॥२॥

ਅਰਧ ਸਰੀਰੁ ਕਟਾਈਐ ਸਿਰਿ ਕਰਵਤੁ ਧਰਾਇ ॥ (62-7)
अरध सरीरु कटाईऐ सिरि करवतु धराइ ॥

ਤਨੁ ਹੈਮੰਚਲਿ ਗਾਲੀਐ ਭੀ ਮਨ ਤੇ ਰੋਗੁ ਨ ਜਾਇ ॥ (62-8)
तनु हैमंचलि गालीऐ भी मन ते रोगु न जाइ ॥

ਹਰਿ ਨਾਮੈ ਤੁਲਿ ਨ ਪੁਜਈ ਸਭ ਡਿਠੀ ਠੋਕਿ ਵਜਾਇ ॥੩॥ (62-8)
हरि नामै तुलि न पुजई सभ डिठी ठोकि वजाइ ॥३॥

ਕੰਚਨ ਕੇ ਕੋਟ ਦਤੁ ਕਰੀ ਬਹੁ ਹੈਵਰ ਗੈਵਰ ਦਾਨੁ ॥ (62-9)
कंचन के कोट दतु करी बहु हैवर गैवर दानु ॥

ਭੂਮਿ ਦਾਨੁ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ ॥ (62-9)
भूमि दानु गऊआ घणी भी अंतरि गरबु गुमानु ॥

ਰਾਮ ਨਾਮਿ ਮਨੁ ਬੇਧਿਆ ਗੁਰਿ ਦੀਆ ਸਚੁ ਦਾਨੁ ॥੪॥ (62-10)
राम नामि मनु बेधिआ गुरि दीआ सचु दानु ॥४॥

ਮਨਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ ॥ (62-10)
मनहठ बुधी केतीआ केते बेद बीचार ॥

ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ ॥ (62-11)
केते बंधन जीअ के गुरमुखि मोख दुआर ॥

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥੫॥ (62-11)
सचहु ओरै सभु को उपरि सचु आचारु ॥५॥

ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ ॥ (62-12)
सभु को ऊचा आखीऐ नीचु न दीसै कोइ ॥

ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ ॥ (62-12)
इकनै भांडे साजिऐ इकु चानणु तिहु लोइ ॥

ਕਰਮਿ ਮਿਲੈ ਸਚੁ ਪਾਈਐ ਧੁਰਿ ਬਖਸ ਨ ਮੇਟੈ ਕੋਇ ॥੬॥ (62-13)
करमि मिलै सचु पाईऐ धुरि बखस न मेटै कोइ ॥६॥

ਸਾਧੁ ਮਿਲੈ ਸਾਧੂ ਜਨੈ ਸੰਤੋਖੁ ਵਸੈ ਗੁਰ ਭਾਇ ॥ (62-13)
साधु मिलै साधू जनै संतोखु वसै गुर भाइ ॥

ਅਕਥ ਕਥਾ ਵੀਚਾਰੀਐ ਜੇ ਸਤਿਗੁਰ ਮਾਹਿ ਸਮਾਇ ॥ (62-14)
अकथ कथा वीचारीऐ जे सतिगुर माहि समाइ ॥

ਪੀ ਅੰਮ੍ਰਿਤੁ ਸੰਤੋਖਿਆ ਦਰਗਹਿ ਪੈਧਾ ਜਾਇ ॥੭॥ (62-14)
पी अमृतु संतोखिआ दरगहि पैधा जाइ ॥७॥

ਘਟਿ ਘਟਿ ਵਾਜੈ ਕਿੰਗੁਰੀ ਅਨਦਿਨੁ ਸਬਦਿ ਸੁਭਾਇ ॥ (62-14)
घटि घटि वाजै किंगुरी अनदिनु सबदि सुभाइ ॥

ਵਿਰਲੇ ਕਉ ਸੋਝੀ ਪਈ ਗੁਰਮੁਖਿ ਮਨੁ ਸਮਝਾਇ ॥ (62-15)
विरले कउ सोझी पई गुरमुखि मनु समझाइ ॥

ਨਾਨਕ ਨਾਮੁ ਨ ਵੀਸਰੈ ਛੂਟੈ ਸਬਦੁ ਕਮਾਇ ॥੮॥੧੪॥ (62-15)
नानक नामु न वीसरै छूटै सबदु कमाइ ॥८॥१४॥

ਸਿਰੀਰਾਗੁ ਮਹਲਾ ੧ ॥ (62-16)
सिरीरागु महला १ ॥

ਚਿਤੇ ਦਿਸਹਿ ਧਉਲਹਰ ਬਗੇ ਬੰਕ ਦੁਆਰ ॥ (62-16)
चिते दिसहि धउलहर बगे बंक दुआर ॥

ਕਰਿ ਮਨ ਖੁਸੀ ਉਸਾਰਿਆ ਦੂਜੈ ਹੇਤਿ ਪਿਆਰਿ ॥ (62-17)
करि मन खुसी उसारिआ दूजै हेति पिआरि ॥

ਅੰਦਰੁ ਖਾਲੀ ਪ੍ਰੇਮ ਬਿਨੁ ਢਹਿ ਢੇਰੀ ਤਨੁ ਛਾਰੁ ॥੧॥ (62-17)
अंदरु खाली प्रेम बिनु ढहि ढेरी तनु छारु ॥१॥

ਭਾਈ ਰੇ ਤਨੁ ਧਨੁ ਸਾਥਿ ਨ ਹੋਇ ॥ (62-18)
भाई रे तनु धनु साथि न होइ ॥

ਰਾਮ ਨਾਮੁ ਧਨੁ ਨਿਰਮਲੋ ਗੁਰੁ ਦਾਤਿ ਕਰੇ ਪ੍ਰਭੁ ਸੋਇ ॥੧॥ ਰਹਾਉ ॥ (62-18)
राम नामु धनु निरमलो गुरु दाति करे प्रभु सोइ ॥१॥ रहाउ ॥

ਰਾਮ ਨਾਮੁ ਧਨੁ ਨਿਰਮਲੋ ਜੇ ਦੇਵੈ ਦੇਵਣਹਾਰੁ ॥ (62-18)
राम नामु धनु निरमलो जे देवै देवणहारु ॥

ਆਗੈ ਪੂਛ ਨ ਹੋਵਈ ਜਿਸੁ ਬੇਲੀ ਗੁਰੁ ਕਰਤਾਰੁ ॥ (62-19)
आगै पूछ न होवई जिसु बेली गुरु करतारु ॥

ਆਪਿ ਛਡਾਏ ਛੁਟੀਐ ਆਪੇ ਬਖਸਣਹਾਰੁ ॥੨॥ (62-19)
आपि छडाए छुटीऐ आपे बखसणहारु ॥२॥

ਮਨਮੁਖੁ ਜਾਣੈ ਆਪਣੇ ਧੀਆ ਪੂਤ ਸੰਜੋਗੁ ॥ (63-1)
मनमुखु जाणै आपणे धीआ पूत संजोगु ॥

ਨਾਰੀ ਦੇਖਿ ਵਿਗਾਸੀਅਹਿ ਨਾਲੇ ਹਰਖੁ ਸੁ ਸੋਗੁ ॥ (63-1)
नारी देखि विगासीअहि नाले हरखु सु सोगु ॥

ਗੁਰਮੁਖਿ ਸਬਦਿ ਰੰਗਾਵਲੇ ਅਹਿਨਿਸਿ ਹਰਿ ਰਸੁ ਭੋਗੁ ॥੩॥ (63-2)
गुरमुखि सबदि रंगावले अहिनिसि हरि रसु भोगु ॥३॥

ਚਿਤੁ ਚਲੈ ਵਿਤੁ ਜਾਵਣੋ ਸਾਕਤ ਡੋਲਿ ਡੋਲਾਇ ॥ (63-2)
चितु चलै वितु जावणो साकत डोलि डोलाइ ॥

ਬਾਹਰਿ ਢੂੰਢਿ ਵਿਗੁਚੀਐ ਘਰ ਮਹਿ ਵਸਤੁ ਸੁਥਾਇ ॥ (63-3)
बाहरि ढूंढि विगुचीऐ घर महि वसतु सुथाइ ॥

ਮਨਮੁਖਿ ਹਉਮੈ ਕਰਿ ਮੁਸੀ ਗੁਰਮੁਖਿ ਪਲੈ ਪਾਇ ॥੪॥ (63-3)
मनमुखि हउमै करि मुसी गुरमुखि पलै पाइ ॥४॥

ਸਾਕਤ ਨਿਰਗੁਣਿਆਰਿਆ ਆਪਣਾ ਮੂਲੁ ਪਛਾਣੁ ॥ (63-4)
साकत निरगुणिआरिआ आपणा मूलु पछाणु ॥

ਰਕਤੁ ਬਿੰਦੁ ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ ॥ (63-4)
रकतु बिंदु का इहु तनो अगनी पासि पिराणु ॥

ਪਵਣੈ ਕੈ ਵਸਿ ਦੇਹੁਰੀ ਮਸਤਕਿ ਸਚੁ ਨੀਸਾਣੁ ॥੫॥ (63-5)
पवणै कै वसि देहुरी मसतकि सचु नीसाणु ॥५॥

ਬਹੁਤਾ ਜੀਵਣੁ ਮੰਗੀਐ ਮੁਆ ਨ ਲੋੜੈ ਕੋਇ ॥ (63-5)
बहुता जीवणु मंगीऐ मुआ न लोड़ै कोइ ॥

ਸੁਖ ਜੀਵਣੁ ਤਿਸੁ ਆਖੀਐ ਜਿਸੁ ਗੁਰਮੁਖਿ ਵਸਿਆ ਸੋਇ ॥ (63-6)
सुख जीवणु तिसु आखीऐ जिसु गुरमुखि वसिआ सोइ ॥

ਨਾਮ ਵਿਹੂਣੇ ਕਿਆ ਗਣੀ ਜਿਸੁ ਹਰਿ ਗੁਰ ਦਰਸੁ ਨ ਹੋਇ ॥੬॥ (63-6)
नाम विहूणे किआ गणी जिसु हरि गुर दरसु न होइ ॥६॥

ਜਿਉ ਸੁਪਨੈ ਨਿਸਿ ਭੁਲੀਐ ਜਬ ਲਗਿ ਨਿਦ੍ਰਾ ਹੋਇ ॥ (63-7)
जिउ सुपनै निसि भुलीऐ जब लगि निद्रा होइ ॥

ਇਉ ਸਰਪਨਿ ਕੈ ਵਸਿ ਜੀਅੜਾ ਅੰਤਰਿ ਹਉਮੈ ਦੋਇ ॥ (63-7)
इउ सरपनि कै वसि जीअड़ा अंतरि हउमै दोइ ॥

ਗੁਰਮਤਿ ਹੋਇ ਵੀਚਾਰੀਐ ਸੁਪਨਾ ਇਹੁ ਜਗੁ ਲੋਇ ॥੭॥ (63-8)
गुरमति होइ वीचारीऐ सुपना इहु जगु लोइ ॥७॥

ਅਗਨਿ ਮਰੈ ਜਲੁ ਪਾਈਐ ਜਿਉ ਬਾਰਿਕ ਦੂਧੈ ਮਾਇ ॥ (63-8)
अगनि मरै जलु पाईऐ जिउ बारिक दूधै माइ ॥

ਬਿਨੁ ਜਲ ਕਮਲ ਸੁ ਨਾ ਥੀਐ ਬਿਨੁ ਜਲ ਮੀਨੁ ਮਰਾਇ ॥ (63-9)
बिनु जल कमल सु ना थीऐ बिनु जल मीनु मराइ ॥

ਨਾਨਕ ਗੁਰਮੁਖਿ ਹਰਿ ਰਸਿ ਮਿਲੈ ਜੀਵਾ ਹਰਿ ਗੁਣ ਗਾਇ ॥੮॥੧੫॥ (63-9)
नानक गुरमुखि हरि रसि मिलै जीवा हरि गुण गाइ ॥८॥१५॥

ਸਿਰੀਰਾਗੁ ਮਹਲਾ ੧ ॥ (63-10)
सिरीरागु महला १ ॥

ਡੂੰਗਰੁ ਦੇਖਿ ਡਰਾਵਣੋ ਪੇਈਅੜੈ ਡਰੀਆਸੁ ॥ (63-10)
डूंगरु देखि डरावणो पेईअड़ै डरीआसु ॥

ਊਚਉ ਪਰਬਤੁ ਗਾਖੜੋ ਨਾ ਪਉੜੀ ਤਿਤੁ ਤਾਸੁ ॥ (63-11)
ऊचउ परबतु गाखड़ो ना पउड़ी तितु तासु ॥

ਗੁਰਮੁਖਿ ਅੰਤਰਿ ਜਾਣਿਆ ਗੁਰਿ ਮੇਲੀ ਤਰੀਆਸੁ ॥੧॥ (63-11)
गुरमुखि अंतरि जाणिआ गुरि मेली तरीआसु ॥१॥

ਭਾਈ ਰੇ ਭਵਜਲੁ ਬਿਖਮੁ ਡਰਾਂਉ ॥ (63-11)
भाई रे भवजलु बिखमु डरांउ ॥

ਪੂਰਾ ਸਤਿਗੁਰੁ ਰਸਿ ਮਿਲੈ ਗੁਰੁ ਤਾਰੇ ਹਰਿ ਨਾਉ ॥੧॥ ਰਹਾਉ ॥ (63-12)
पूरा सतिगुरु रसि मिलै गुरु तारे हरि नाउ ॥१॥ रहाउ ॥

ਚਲਾ ਚਲਾ ਜੇ ਕਰੀ ਜਾਣਾ ਚਲਣਹਾਰੁ ॥ (63-12)
चला चला जे करी जाणा चलणहारु ॥

ਜੋ ਆਇਆ ਸੋ ਚਲਸੀ ਅਮਰੁ ਸੁ ਗੁਰੁ ਕਰਤਾਰੁ ॥ (63-13)
जो आइआ सो चलसी अमरु सु गुरु करतारु ॥

ਭੀ ਸਚਾ ਸਾਲਾਹਣਾ ਸਚੈ ਥਾਨਿ ਪਿਆਰੁ ॥੨॥ (63-13)
भी सचा सालाहणा सचै थानि पिआरु ॥२॥

ਦਰ ਘਰ ਮਹਲਾ ਸੋਹਣੇ ਪਕੇ ਕੋਟ ਹਜਾਰ ॥ (63-14)
दर घर महला सोहणे पके कोट हजार ॥

ਹਸਤੀ ਘੋੜੇ ਪਾਖਰੇ ਲਸਕਰ ਲਖ ਅਪਾਰ ॥ (63-14)
हसती घोड़े पाखरे लसकर लख अपार ॥

ਕਿਸ ਹੀ ਨਾਲਿ ਨ ਚਲਿਆ ਖਪਿ ਖਪਿ ਮੁਏ ਅਸਾਰ ॥੩॥ (63-14)
किस ही नालि न चलिआ खपि खपि मुए असार ॥३॥

ਸੁਇਨਾ ਰੁਪਾ ਸੰਚੀਐ ਮਾਲੁ ਜਾਲੁ ਜੰਜਾਲੁ ॥ (63-15)
सुइना रुपा संचीऐ मालु जालु जंजालु ॥

ਸਭ ਜਗ ਮਹਿ ਦੋਹੀ ਫੇਰੀਐ ਬਿਨੁ ਨਾਵੈ ਸਿਰਿ ਕਾਲੁ ॥ (63-15)
सभ जग महि दोही फेरीऐ बिनु नावै सिरि कालु ॥

ਪਿੰਡੁ ਪੜੈ ਜੀਉ ਖੇਲਸੀ ਬਦਫੈਲੀ ਕਿਆ ਹਾਲੁ ॥੪॥ (63-16)
पिंडु पड़ै जीउ खेलसी बदफैली किआ हालु ॥४॥

ਪੁਤਾ ਦੇਖਿ ਵਿਗਸੀਐ ਨਾਰੀ ਸੇਜ ਭਤਾਰ ॥ (63-16)
पुता देखि विगसीऐ नारी सेज भतार ॥

ਚੋਆ ਚੰਦਨੁ ਲਾਈਐ ਕਾਪੜੁ ਰੂਪੁ ਸੀਗਾਰੁ ॥ (63-17)
चोआ चंदनु लाईऐ कापड़ु रूपु सीगारु ॥

ਖੇਹੂ ਖੇਹ ਰਲਾਈਐ ਛੋਡਿ ਚਲੈ ਘਰ ਬਾਰੁ ॥੫॥ (63-17)
खेहू खेह रलाईऐ छोडि चलै घर बारु ॥५॥

ਮਹਰ ਮਲੂਕ ਕਹਾਈਐ ਰਾਜਾ ਰਾਉ ਕਿ ਖਾਨੁ ॥ (63-18)
महर मलूक कहाईऐ राजा राउ कि खानु ॥

ਚਉਧਰੀ ਰਾਉ ਸਦਾਈਐ ਜਲਿ ਬਲੀਐ ਅਭਿਮਾਨ ॥ (63-18)
चउधरी राउ सदाईऐ जलि बलीऐ अभिमान ॥

ਮਨਮੁਖਿ ਨਾਮੁ ਵਿਸਾਰਿਆ ਜਿਉ ਡਵਿ ਦਧਾ ਕਾਨੁ ॥੬॥ (63-19)
मनमुखि नामु विसारिआ जिउ डवि दधा कानु ॥६॥

ਹਉਮੈ ਕਰਿ ਕਰਿ ਜਾਇਸੀ ਜੋ ਆਇਆ ਜਗ ਮਾਹਿ ॥ (63-19)
हउमै करि करि जाइसी जो आइआ जग माहि ॥

ਸਭੁ ਜਗੁ ਕਾਜਲ ਕੋਠੜੀ ਤਨੁ ਮਨੁ ਦੇਹ ਸੁਆਹਿ ॥ (64-1)
सभु जगु काजल कोठड़ी तनु मनु देह सुआहि ॥

ਗੁਰਿ ਰਾਖੇ ਸੇ ਨਿਰਮਲੇ ਸਬਦਿ ਨਿਵਾਰੀ ਭਾਹਿ ॥੭॥ (64-1)
गुरि राखे से निरमले सबदि निवारी भाहि ॥७॥

ਨਾਨਕ ਤਰੀਐ ਸਚਿ ਨਾਮਿ ਸਿਰਿ ਸਾਹਾ ਪਾਤਿਸਾਹੁ ॥ (64-2)
नानक तरीऐ सचि नामि सिरि साहा पातिसाहु ॥

ਮੈ ਹਰਿ ਨਾਮੁ ਨ ਵੀਸਰੈ ਹਰਿ ਨਾਮੁ ਰਤਨੁ ਵੇਸਾਹੁ ॥ (64-2)
मै हरि नामु न वीसरै हरि नामु रतनु वेसाहु ॥

ਮਨਮੁਖ ਭਉਜਲਿ ਪਚਿ ਮੁਏ ਗੁਰਮੁਖਿ ਤਰੇ ਅਥਾਹੁ ॥੮॥੧੬॥ (64-3)
मनमुख भउजलि पचि मुए गुरमुखि तरे अथाहु ॥८॥१६॥

ਸਿਰੀਰਾਗੁ ਮਹਲਾ ੧ ਘਰੁ ੨ ॥ (64-3)
सिरीरागु महला १ घरु २ ॥

ਮੁਕਾਮੁ ਕਰਿ ਘਰਿ ਬੈਸਣਾ ਨਿਤ ਚਲਣੈ ਕੀ ਧੋਖ ॥ (64-4)
मुकामु करि घरि बैसणा नित चलणै की धोख ॥

ਮੁਕਾਮੁ ਤਾ ਪਰੁ ਜਾਣੀਐ ਜਾ ਰਹੈ ਨਿਹਚਲੁ ਲੋਕ ॥੧॥ (64-4)
मुकामु ता परु जाणीऐ जा रहै निहचलु लोक ॥१॥

ਦੁਨੀਆ ਕੈਸਿ ਮੁਕਾਮੇ ॥ (64-5)
दुनीआ कैसि मुकामे ॥

ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ ॥੧॥ ਰਹਾਉ ॥ (64-5)
करि सिदकु करणी खरचु बाधहु लागि रहु नामे ॥१॥ रहाउ ॥

ਜੋਗੀ ਤ ਆਸਣੁ ਕਰਿ ਬਹੈ ਮੁਲਾ ਬਹੈ ਮੁਕਾਮਿ ॥ (64-5)
जोगी त आसणु करि बहै मुला बहै मुकामि ॥

ਪੰਡਿਤ ਵਖਾਣਹਿ ਪੋਥੀਆ ਸਿਧ ਬਹਹਿ ਦੇਵ ਸਥਾਨਿ ॥੨॥ (64-6)
पंडित वखाणहि पोथीआ सिध बहहि देव सथानि ॥२॥

ਸੁਰ ਸਿਧ ਗਣ ਗੰਧਰਬ ਮੁਨਿ ਜਨ ਸੇਖ ਪੀਰ ਸਲਾਰ ॥ (64-6)
सुर सिध गण गंधरब मुनि जन सेख पीर सलार ॥

ਦਰਿ ਕੂਚ ਕੂਚਾ ਕਰਿ ਗਏ ਅਵਰੇ ਭਿ ਚਲਣਹਾਰ ॥੩॥ (64-7)
दरि कूच कूचा करि गए अवरे भि चलणहार ॥३॥

ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚੁ ॥ (64-7)
सुलतान खान मलूक उमरे गए करि करि कूचु ॥

ਘੜੀ ਮੁਹਤਿ ਕਿ ਚਲਣਾ ਦਿਲ ਸਮਝੁ ਤੂੰ ਭਿ ਪਹੂਚੁ ॥੪॥ (64-8)
घड़ी मुहति कि चलणा दिल समझु तूं भि पहूचु ॥४॥

ਸਬਦਾਹ ਮਾਹਿ ਵਖਾਣੀਐ ਵਿਰਲਾ ਤ ਬੂਝੈ ਕੋਇ ॥ (64-8)
सबदाह माहि वखाणीऐ विरला त बूझै कोइ ॥

ਨਾਨਕੁ ਵਖਾਣੈ ਬੇਨਤੀ ਜਲਿ ਥਲਿ ਮਹੀਅਲਿ ਸੋਇ ॥੫॥ (64-9)
नानकु वखाणै बेनती जलि थलि महीअलि सोइ ॥५॥

ਅਲਾਹੁ ਅਲਖੁ ਅਗੰਮੁ ਕਾਦਰੁ ਕਰਣਹਾਰੁ ਕਰੀਮੁ ॥ (64-9)
अलाहु अलखु अगंमु कादरु करणहारु करीमु ॥

ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ ॥੬॥ (64-10)
सभ दुनी आवण जावणी मुकामु एकु रहीमु ॥६॥

ਮੁਕਾਮੁ ਤਿਸ ਨੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ ॥ (64-10)
मुकामु तिस नो आखीऐ जिसु सिसि न होवी लेखु ॥

ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ ॥੭॥ (64-11)
असमानु धरती चलसी मुकामु ओही एकु ॥७॥

ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ ॥ (64-11)
दिन रवि चलै निसि ससि चलै तारिका लख पलोइ ॥

ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ ॥੮॥੧੭॥ (64-12)
मुकामु ओही एकु है नानका सचु बुगोइ ॥८॥१७॥

ਮਹਲੇ ਪਹਿਲੇ ਸਤਾਰਹ ਅਸਟਪਦੀਆ ॥ (64-13)
महले पहिले सतारह असटपदीआ ॥

ਸਿਰੀਰਾਗੁ ਮਹਲਾ ੩ ਘਰੁ ੧ ਅਸਟਪਦੀਆ (64-14)
सिरीरागु महला ३ घरु १ असटपदीआ

ੴ ਸਤਿਗੁਰ ਪ੍ਰਸਾਦਿ ॥ (64-14)
ੴ सतिगुर प्रसादि ॥

ਗੁਰਮੁਖਿ ਕ੍ਰਿਪਾ ਕਰੇ ਭਗਤਿ ਕੀਜੈ ਬਿਨੁ ਗੁਰ ਭਗਤਿ ਨ ਹੋਇ ॥ (64-15)
गुरमुखि क्रिपा करे भगति कीजै बिनु गुर भगति न होइ ॥

ਆਪੈ ਆਪੁ ਮਿਲਾਏ ਬੂਝੈ ਤਾ ਨਿਰਮਲੁ ਹੋਵੈ ਕੋਇ ॥ (64-15)
आपै आपु मिलाए बूझै ता निरमलु होवै कोइ ॥

ਹਰਿ ਜੀਉ ਸਚਾ ਸਚੀ ਬਾਣੀ ਸਬਦਿ ਮਿਲਾਵਾ ਹੋਇ ॥੧॥ (64-16)
हरि जीउ सचा सची बाणी सबदि मिलावा होइ ॥१॥

ਭਾਈ ਰੇ ਭਗਤਿਹੀਣੁ ਕਾਹੇ ਜਗਿ ਆਇਆ ॥ (64-16)
भाई रे भगतिहीणु काहे जगि आइआ ॥

ਪੂਰੇ ਗੁਰ ਕੀ ਸੇਵ ਨ ਕੀਨੀ ਬਿਰਥਾ ਜਨਮੁ ਗਵਾਇਆ ॥੧॥ ਰਹਾਉ ॥ (64-17)
पूरे गुर की सेव न कीनी बिरथा जनमु गवाइआ ॥१॥ रहाउ ॥

ਆਪੇ ਹਰਿ ਜਗਜੀਵਨੁ ਦਾਤਾ ਆਪੇ ਬਖਸਿ ਮਿਲਾਏ ॥ (64-18)
आपे हरि जगजीवनु दाता आपे बखसि मिलाए ॥

ਜੀਅ ਜੰਤ ਏ ਕਿਆ ਵੇਚਾਰੇ ਕਿਆ ਕੋ ਆਖਿ ਸੁਣਾਏ ॥ (64-18)
जीअ जंत ए किआ वेचारे किआ को आखि सुणाए ॥

ਗੁਰਮੁਖਿ ਆਪੇ ਦੇ ਵਡਿਆਈ ਆਪੇ ਸੇਵ ਕਰਾਏ ॥੨॥ (64-19)
गुरमुखि आपे दे वडिआई आपे सेव कराए ॥२॥

ਦੇਖਿ ਕੁਟੰਬੁ ਮੋਹਿ ਲੋੁਭਾਣਾ ਚਲਦਿਆ ਨਾਲਿ ਨ ਜਾਈ ॥ (64-19)
देखि कुट्मबु मोहि लोभाणा चलदिआ नालि न जाई ॥

ਸਤਿਗੁਰੁ ਸੇਵਿ ਗੁਣ ਨਿਧਾਨੁ ਪਾਇਆ ਤਿਸ ਕੀ ਕੀਮ ਨ ਪਾਈ ॥ (65-1)
सतिगुरु सेवि गुण निधानु पाइआ तिस की कीम न पाई ॥

ਪ੍ਰਭੁ ਸਖਾ ਹਰਿ ਜੀਉ ਮੇਰਾ ਅੰਤੇ ਹੋਇ ਸਖਾਈ ॥੩॥ (65-1)
प्रभु सखा हरि जीउ मेरा अंते होइ सखाई ॥३॥

ਪੇਈਅੜੈ ਜਗਜੀਵਨੁ ਦਾਤਾ ਮਨਮੁਖਿ ਪਤਿ ਗਵਾਈ ॥ (65-2)
पेईअड़ै जगजीवनु दाता मनमुखि पति गवाई ॥

ਬਿਨੁ ਸਤਿਗੁਰ ਕੋ ਮਗੁ ਨ ਜਾਣੈ ਅੰਧੇ ਠਉਰ ਨ ਕਾਈ ॥ (65-2)
बिनु सतिगुर को मगु न जाणै अंधे ठउर न काई ॥

ਹਰਿ ਸੁਖਦਾਤਾ ਮਨਿ ਨਹੀ ਵਸਿਆ ਅੰਤਿ ਗਇਆ ਪਛੁਤਾਈ ॥੪॥ (65-3)
हरि सुखदाता मनि नही वसिआ अंति गइआ पछुताई ॥४॥

ਪੇਈਅੜੈ ਜਗਜੀਵਨੁ ਦਾਤਾ ਗੁਰਮਤਿ ਮੰਨਿ ਵਸਾਇਆ ॥ (65-3)
पेईअड़ै जगजीवनु दाता गुरमति मंनि वसाइआ ॥

ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਹਉਮੈ ਮੋਹੁ ਚੁਕਾਇਆ ॥ (65-4)
अनदिनु भगति करहि दिनु राती हउमै मोहु चुकाइआ ॥

ਜਿਸੁ ਸਿਉ ਰਾਤਾ ਤੈਸੋ ਹੋਵੈ ਸਚੇ ਸਚਿ ਸਮਾਇਆ ॥੫॥ (65-5)
जिसु सिउ राता तैसो होवै सचे सचि समाइआ ॥५॥

ਆਪੇ ਨਦਰਿ ਕਰੇ ਭਾਉ ਲਾਏ ਗੁਰ ਸਬਦੀ ਬੀਚਾਰਿ ॥ (65-5)
आपे नदरि करे भाउ लाए गुर सबदी बीचारि ॥

ਸਤਿਗੁਰੁ ਸੇਵਿਐ ਸਹਜੁ ਊਪਜੈ ਹਉਮੈ ਤ੍ਰਿਸਨਾ ਮਾਰਿ ॥ (65-6)
सतिगुरु सेविऐ सहजु ऊपजै हउमै त्रिसना मारि ॥

ਹਰਿ ਗੁਣਦਾਤਾ ਸਦ ਮਨਿ ਵਸੈ ਸਚੁ ਰਖਿਆ ਉਰ ਧਾਰਿ ॥੬॥ (65-6)
हरि गुणदाता सद मनि वसै सचु रखिआ उर धारि ॥६॥

ਪ੍ਰਭੁ ਮੇਰਾ ਸਦਾ ਨਿਰਮਲਾ ਮਨਿ ਨਿਰਮਲਿ ਪਾਇਆ ਜਾਇ ॥ (65-7)
प्रभु मेरा सदा निरमला मनि निरमलि पाइआ जाइ ॥

ਨਾਮੁ ਨਿਧਾਨੁ ਹਰਿ ਮਨਿ ਵਸੈ ਹਉਮੈ ਦੁਖੁ ਸਭੁ ਜਾਇ ॥ (65-7)
नामु निधानु हरि मनि वसै हउमै दुखु सभु जाइ ॥

ਸਤਿਗੁਰਿ ਸਬਦੁ ਸੁਣਾਇਆ ਹਉ ਸਦ ਬਲਿਹਾਰੈ ਜਾਉ ॥੭॥ (65-8)
सतिगुरि सबदु सुणाइआ हउ सद बलिहारै जाउ ॥७॥

ਆਪਣੈ ਮਨਿ ਚਿਤਿ ਕਹੈ ਕਹਾਏ ਬਿਨੁ ਗੁਰ ਆਪੁ ਨ ਜਾਈ ॥ (65-8)
आपणै मनि चिति कहै कहाए बिनु गुर आपु न जाई ॥

ਹਰਿ ਜੀਉ ਭਗਤਿ ਵਛਲੁ ਸੁਖਦਾਤਾ ਕਰਿ ਕਿਰਪਾ ਮੰਨਿ ਵਸਾਈ ॥ (65-9)
हरि जीउ भगति वछलु सुखदाता करि किरपा मंनि वसाई ॥

ਨਾਨਕ ਸੋਭਾ ਸੁਰਤਿ ਦੇਇ ਪ੍ਰਭੁ ਆਪੇ ਗੁਰਮੁਖਿ ਦੇ ਵਡਿਆਈ ॥੮॥੧॥੧੮॥ (65-9)
नानक सोभा सुरति देइ प्रभु आपे गुरमुखि दे वडिआई ॥८॥१॥१८॥

ਸਿਰੀਰਾਗੁ ਮਹਲਾ ੩ ॥ (65-10)
सिरीरागु महला ३ ॥

ਹਉਮੈ ਕਰਮ ਕਮਾਵਦੇ ਜਮਡੰਡੁ ਲਗੈ ਤਿਨ ਆਇ ॥ (65-10)
हउमै करम कमावदे जमडंडु लगै तिन आइ ॥

ਜਿ ਸਤਿਗੁਰੁ ਸੇਵਨਿ ਸੇ ਉਬਰੇ ਹਰਿ ਸੇਤੀ ਲਿਵ ਲਾਇ ॥੧॥ (65-11)
जि सतिगुरु सेवनि से उबरे हरि सेती लिव लाइ ॥१॥

ਮਨ ਰੇ ਗੁਰਮੁਖਿ ਨਾਮੁ ਧਿਆਇ ॥ (65-11)
मन रे गुरमुखि नामु धिआइ ॥

ਧੁਰਿ ਪੂਰਬਿ ਕਰਤੈ ਲਿਖਿਆ ਤਿਨਾ ਗੁਰਮਤਿ ਨਾਮਿ ਸਮਾਇ ॥੧॥ ਰਹਾਉ ॥ (65-12)
धुरि पूरबि करतै लिखिआ तिना गुरमति नामि समाइ ॥१॥ रहाउ ॥

ਵਿਣੁ ਸਤਿਗੁਰ ਪਰਤੀਤਿ ਨ ਆਵਈ ਨਾਮਿ ਨ ਲਾਗੋ ਭਾਉ ॥ (65-12)
विणु सतिगुर परतीति न आवई नामि न लागो भाउ ॥

ਸੁਪਨੈ ਸੁਖੁ ਨ ਪਾਵਈ ਦੁਖ ਮਹਿ ਸਵੈ ਸਮਾਇ ॥੨॥ (65-13)
सुपनै सुखु न पावई दुख महि सवै समाइ ॥२॥

ਜੇ ਹਰਿ ਹਰਿ ਕੀਚੈ ਬਹੁਤੁ ਲੋਚੀਐ ਕਿਰਤੁ ਨ ਮੇਟਿਆ ਜਾਇ ॥ (65-13)
जे हरि हरि कीचै बहुतु लोचीऐ किरतु न मेटिआ जाइ ॥

ਹਰਿ ਕਾ ਭਾਣਾ ਭਗਤੀ ਮੰਨਿਆ ਸੇ ਭਗਤ ਪਏ ਦਰਿ ਥਾਇ ॥੩॥ (65-14)
हरि का भाणा भगती मंनिआ से भगत पए दरि थाइ ॥३॥

ਗੁਰੁ ਸਬਦੁ ਦਿੜਾਵੈ ਰੰਗ ਸਿਉ ਬਿਨੁ ਕਿਰਪਾ ਲਇਆ ਨ ਜਾਇ ॥ (65-15)
गुरु सबदु दिड़ावै रंग सिउ बिनु किरपा लइआ न जाइ ॥

ਜੇ ਸਉ ਅੰਮ੍ਰਿਤੁ ਨੀਰੀਐ ਭੀ ਬਿਖੁ ਫਲੁ ਲਾਗੈ ਧਾਇ ॥੪॥ (65-15)
जे सउ अमृतु नीरीऐ भी बिखु फलु लागै धाइ ॥४॥

ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥ (65-16)
से जन सचे निरमले जिन सतिगुर नालि पिआरु ॥

ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥੫॥ (65-16)
सतिगुर का भाणा कमावदे बिखु हउमै तजि विकारु ॥५॥

ਮਨਹਠਿ ਕਿਤੈ ਉਪਾਇ ਨ ਛੂਟੀਐ ਸਿਮ੍ਰਿਤਿ ਸਾਸਤ੍ਰ ਸੋਧਹੁ ਜਾਇ ॥ (65-17)
मनहठि कितै उपाइ न छूटीऐ सिम्रिति सासत्र सोधहु जाइ ॥

ਮਿਲਿ ਸੰਗਤਿ ਸਾਧੂ ਉਬਰੇ ਗੁਰ ਕਾ ਸਬਦੁ ਕਮਾਇ ॥੬॥ (65-17)
मिलि संगति साधू उबरे गुर का सबदु कमाइ ॥६॥

ਹਰਿ ਕਾ ਨਾਮੁ ਨਿਧਾਨੁ ਹੈ ਜਿਸੁ ਅੰਤੁ ਨ ਪਾਰਾਵਾਰੁ ॥ (65-18)
हरि का नामु निधानु है जिसु अंतु न पारावारु ॥

ਗੁਰਮੁਖਿ ਸੇਈ ਸੋਹਦੇ ਜਿਨ ਕਿਰਪਾ ਕਰੇ ਕਰਤਾਰੁ ॥੭॥ (65-18)
गुरमुखि सेई सोहदे जिन किरपा करे करतारु ॥७॥

ਨਾਨਕ ਦਾਤਾ ਏਕੁ ਹੈ ਦੂਜਾ ਅਉਰੁ ਨ ਕੋਇ ॥ (65-19)
नानक दाता एकु है दूजा अउरु न कोइ ॥

ਗੁਰ ਪਰਸਾਦੀ ਪਾਈਐ ਕਰਮਿ ਪਰਾਪਤਿ ਹੋਇ ॥੮॥੨॥੧੯॥ (65-19)
गुर परसादी पाईऐ करमि परापति होइ ॥८॥२॥१९॥

ਸਿਰੀਰਾਗੁ ਮਹਲਾ ੩ ॥ (66-1)
सिरीरागु महला ३ ॥

ਪੰਖੀ ਬਿਰਖਿ ਸੁਹਾਵੜਾ ਸਚੁ ਚੁਗੈ ਗੁਰ ਭਾਇ ॥ (66-1)
पंखी बिरखि सुहावड़ा सचु चुगै गुर भाइ ॥

ਹਰਿ ਰਸੁ ਪੀਵੈ ਸਹਜਿ ਰਹੈ ਉਡੈ ਨ ਆਵੈ ਜਾਇ ॥ (66-2)
हरि रसु पीवै सहजि रहै उडै न आवै जाइ ॥

ਨਿਜ ਘਰਿ ਵਾਸਾ ਪਾਇਆ ਹਰਿ ਹਰਿ ਨਾਮਿ ਸਮਾਇ ॥੧॥ (66-2)
निज घरि वासा पाइआ हरि हरि नामि समाइ ॥१॥

ਮਨ ਰੇ ਗੁਰ ਕੀ ਕਾਰ ਕਮਾਇ ॥ (66-3)
मन रे गुर की कार कमाइ ॥

ਗੁਰ ਕੈ ਭਾਣੈ ਜੇ ਚਲਹਿ ਤਾ ਅਨਦਿਨੁ ਰਾਚਹਿ ਹਰਿ ਨਾਇ ॥੧॥ ਰਹਾਉ ॥ (66-3)
गुर कै भाणै जे चलहि ता अनदिनु राचहि हरि नाइ ॥१॥ रहाउ ॥

ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ ॥ (66-4)
पंखी बिरख सुहावड़े ऊडहि चहु दिसि जाहि ॥

ਜੇਤਾ ਊਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ ॥ (66-4)
जेता ऊडहि दुख घणे नित दाझहि तै बिललाहि ॥

ਬਿਨੁ ਗੁਰ ਮਹਲੁ ਨ ਜਾਪਈ ਨਾ ਅੰਮ੍ਰਿਤ ਫਲ ਪਾਹਿ ॥੨॥ (66-4)
बिनु गुर महलु न जापई ना अमृत फल पाहि ॥२॥

ਗੁਰਮੁਖਿ ਬ੍ਰਹਮੁ ਹਰੀਆਵਲਾ ਸਾਚੈ ਸਹਜਿ ਸੁਭਾਇ ॥ (66-5)
गुरमुखि ब्रहमु हरीआवला साचै सहजि सुभाइ ॥

ਸਾਖਾ ਤੀਨਿ ਨਿਵਾਰੀਆ ਏਕ ਸਬਦਿ ਲਿਵ ਲਾਇ ॥ (66-6)
साखा तीनि निवारीआ एक सबदि लिव लाइ ॥

ਅੰਮ੍ਰਿਤ ਫਲੁ ਹਰਿ ਏਕੁ ਹੈ ਆਪੇ ਦੇਇ ਖਵਾਇ ॥੩॥ (66-6)
अमृत फलु हरि एकु है आपे देइ खवाइ ॥३॥

ਮਨਮੁਖ ਊਭੇ ਸੁਕਿ ਗਏ ਨਾ ਫਲੁ ਤਿੰਨਾ ਛਾਉ ॥ (66-7)
मनमुख ऊभे सुकि गए ना फलु तिंना छाउ ॥

ਤਿੰਨਾ ਪਾਸਿ ਨ ਬੈਸੀਐ ਓਨਾ ਘਰੁ ਨ ਗਿਰਾਉ ॥ (66-7)
तिंना पासि न बैसीऐ ओना घरु न गिराउ ॥

ਕਟੀਅਹਿ ਤੈ ਨਿਤ ਜਾਲੀਅਹਿ ਓਨਾ ਸਬਦੁ ਨ ਨਾਉ ॥੪॥ (66-7)
कटीअहि तै नित जालीअहि ओना सबदु न नाउ ॥४॥

ਹੁਕਮੇ ਕਰਮ ਕਮਾਵਣੇ ਪਇਐ ਕਿਰਤਿ ਫਿਰਾਉ ॥ (66-8)
हुकमे करम कमावणे पइऐ किरति फिराउ ॥

ਹੁਕਮੇ ਦਰਸਨੁ ਦੇਖਣਾ ਜਹ ਭੇਜਹਿ ਤਹ ਜਾਉ ॥ (66-8)
हुकमे दरसनु देखणा जह भेजहि तह जाउ ॥

ਹੁਕਮੇ ਹਰਿ ਹਰਿ ਮਨਿ ਵਸੈ ਹੁਕਮੇ ਸਚਿ ਸਮਾਉ ॥੫॥ (66-9)
हुकमे हरि हरि मनि वसै हुकमे सचि समाउ ॥५॥

ਹੁਕਮੁ ਨ ਜਾਣਹਿ ਬਪੁੜੇ ਭੂਲੇ ਫਿਰਹਿ ਗਵਾਰ ॥ (66-9)
हुकमु न जाणहि बपुड़े भूले फिरहि गवार ॥

ਮਨਹਠਿ ਕਰਮ ਕਮਾਵਦੇ ਨਿਤ ਨਿਤ ਹੋਹਿ ਖੁਆਰੁ ॥ (66-10)
मनहठि करम कमावदे नित नित होहि खुआरु ॥

ਅੰਤਰਿ ਸਾਂਤਿ ਨ ਆਵਈ ਨਾ ਸਚਿ ਲਗੈ ਪਿਆਰੁ ॥੬॥ (66-10)
अंतरि सांति न आवई ना सचि लगै पिआरु ॥६॥

ਗੁਰਮੁਖੀਆ ਮੁਹ ਸੋਹਣੇ ਗੁਰ ਕੈ ਹੇਤਿ ਪਿਆਰਿ ॥ (66-11)
गुरमुखीआ मुह सोहणे गुर कै हेति पिआरि ॥

ਸਚੀ ਭਗਤੀ ਸਚਿ ਰਤੇ ਦਰਿ ਸਚੈ ਸਚਿਆਰ ॥ (66-11)
सची भगती सचि रते दरि सचै सचिआर ॥

ਆਏ ਸੇ ਪਰਵਾਣੁ ਹੈ ਸਭ ਕੁਲ ਕਾ ਕਰਹਿ ਉਧਾਰੁ ॥੭॥ (66-12)
आए से परवाणु है सभ कुल का करहि उधारु ॥७॥

ਸਭ ਨਦਰੀ ਕਰਮ ਕਮਾਵਦੇ ਨਦਰੀ ਬਾਹਰਿ ਨ ਕੋਇ ॥ (66-12)
सभ नदरी करम कमावदे नदरी बाहरि न कोइ ॥

ਜੈਸੀ ਨਦਰਿ ਕਰਿ ਦੇਖੈ ਸਚਾ ਤੈਸਾ ਹੀ ਕੋ ਹੋਇ ॥ (66-13)
जैसी नदरि करि देखै सचा तैसा ही को होइ ॥

ਨਾਨਕ ਨਾਮਿ ਵਡਾਈਆ ਕਰਮਿ ਪਰਾਪਤਿ ਹੋਇ ॥੮॥੩॥੨੦॥ (66-13)
नानक नामि वडाईआ करमि परापति होइ ॥८॥३॥२०॥

ਸਿਰੀਰਾਗੁ ਮਹਲਾ ੩ ॥ (66-14)
सिरीरागु महला ३ ॥

ਗੁਰਮੁਖਿ ਨਾਮੁ ਧਿਆਈਐ ਮਨਮੁਖਿ ਬੂਝ ਨ ਪਾਇ ॥ (66-14)
गुरमुखि नामु धिआईऐ मनमुखि बूझ न पाइ ॥

ਗੁਰਮੁਖਿ ਸਦਾ ਮੁਖ ਊਜਲੇ ਹਰਿ ਵਸਿਆ ਮਨਿ ਆਇ ॥ (66-15)
गुरमुखि सदा मुख ऊजले हरि वसिआ मनि आइ ॥

ਸਹਜੇ ਹੀ ਸੁਖੁ ਪਾਈਐ ਸਹਜੇ ਰਹੈ ਸਮਾਇ ॥੧॥ (66-15)
सहजे ही सुखु पाईऐ सहजे रहै समाइ ॥१॥

ਭਾਈ ਰੇ ਦਾਸਨਿ ਦਾਸਾ ਹੋਇ ॥ (66-15)
भाई रे दासनि दासा होइ ॥

ਗੁਰ ਕੀ ਸੇਵਾ ਗੁਰ ਭਗਤਿ ਹੈ ਵਿਰਲਾ ਪਾਏ ਕੋਇ ॥੧॥ ਰਹਾਉ ॥ (66-16)
गुर की सेवा गुर भगति है विरला पाए कोइ ॥१॥ रहाउ ॥

ਸਦਾ ਸੁਹਾਗੁ ਸੁਹਾਗਣੀ ਜੇ ਚਲਹਿ ਸਤਿਗੁਰ ਭਾਇ ॥ (66-16)
सदा सुहागु सुहागणी जे चलहि सतिगुर भाइ ॥

ਸਦਾ ਪਿਰੁ ਨਿਹਚਲੁ ਪਾਈਐ ਨਾ ਓਹੁ ਮਰੈ ਨ ਜਾਇ ॥ (66-17)
सदा पिरु निहचलु पाईऐ ना ओहु मरै न जाइ ॥

ਸਬਦਿ ਮਿਲੀ ਨਾ ਵੀਛੁੜੈ ਪਿਰ ਕੈ ਅੰਕਿ ਸਮਾਇ ॥੨॥ (66-17)
सबदि मिली ना वीछुड़ै पिर कै अंकि समाइ ॥२॥

ਹਰਿ ਨਿਰਮਲੁ ਅਤਿ ਊਜਲਾ ਬਿਨੁ ਗੁਰ ਪਾਇਆ ਨ ਜਾਇ ॥ (66-18)
हरि निरमलु अति ऊजला बिनु गुर पाइआ न जाइ ॥

ਪਾਠੁ ਪੜੈ ਨਾ ਬੂਝਈ ਭੇਖੀ ਭਰਮਿ ਭੁਲਾਇ ॥ (66-18)
पाठु पड़ै ना बूझई भेखी भरमि भुलाइ ॥

ਗੁਰਮਤੀ ਹਰਿ ਸਦਾ ਪਾਇਆ ਰਸਨਾ ਹਰਿ ਰਸੁ ਸਮਾਇ ॥੩॥ (66-19)
गुरमती हरि सदा पाइआ रसना हरि रसु समाइ ॥३॥

ਮਾਇਆ ਮੋਹੁ ਚੁਕਾਇਆ ਗੁਰਮਤੀ ਸਹਜਿ ਸੁਭਾਇ ॥ (66-19)
माइआ मोहु चुकाइआ गुरमती सहजि सुभाइ ॥

ਬਿਨੁ ਸਬਦੈ ਜਗੁ ਦੁਖੀਆ ਫਿਰੈ ਮਨਮੁਖਾ ਨੋ ਗਈ ਖਾਇ ॥ (67-1)
बिनु सबदै जगु दुखीआ फिरै मनमुखा नो गई खाइ ॥

ਸਬਦੇ ਨਾਮੁ ਧਿਆਈਐ ਸਬਦੇ ਸਚਿ ਸਮਾਇ ॥੪॥ (67-1)
सबदे नामु धिआईऐ सबदे सचि समाइ ॥४॥

ਮਾਇਆ ਭੂਲੇ ਸਿਧ ਫਿਰਹਿ ਸਮਾਧਿ ਨ ਲਗੈ ਸੁਭਾਇ ॥ (67-2)
माइआ भूले सिध फिरहि समाधि न लगै सुभाइ ॥

ਤੀਨੇ ਲੋਅ ਵਿਆਪਤ ਹੈ ਅਧਿਕ ਰਹੀ ਲਪਟਾਇ ॥ (67-2)
तीने लोअ विआपत है अधिक रही लपटाइ ॥

ਬਿਨੁ ਗੁਰ ਮੁਕਤਿ ਨ ਪਾਈਐ ਨਾ ਦੁਬਿਧਾ ਮਾਇਆ ਜਾਇ ॥੫॥ (67-3)
बिनु गुर मुकति न पाईऐ ना दुबिधा माइआ जाइ ॥५॥

ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ ॥ (67-3)
माइआ किस नो आखीऐ किआ माइआ करम कमाइ ॥

ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ ॥ (67-4)
दुखि सुखि एहु जीउ बधु है हउमै करम कमाइ ॥

ਬਿਨੁ ਸਬਦੈ ਭਰਮੁ ਨ ਚੂਕਈ ਨਾ ਵਿਚਹੁ ਹਉਮੈ ਜਾਇ ॥੬॥ (67-4)
बिनु सबदै भरमु न चूकई ना विचहु हउमै जाइ ॥६॥

ਬਿਨੁ ਪ੍ਰੀਤੀ ਭਗਤਿ ਨ ਹੋਵਈ ਬਿਨੁ ਸਬਦੈ ਥਾਇ ਨ ਪਾਇ ॥ (67-5)
बिनु प्रीती भगति न होवई बिनु सबदै थाइ न पाइ ॥

ਸਬਦੇ ਹਉਮੈ ਮਾਰੀਐ ਮਾਇਆ ਕਾ ਭ੍ਰਮੁ ਜਾਇ ॥ (67-6)
सबदे हउमै मारीऐ माइआ का भ्रमु जाइ ॥

ਨਾਮੁ ਪਦਾਰਥੁ ਪਾਈਐ ਗੁਰਮੁਖਿ ਸਹਜਿ ਸੁਭਾਇ ॥੭॥ (67-6)
नामु पदारथु पाईऐ गुरमुखि सहजि सुभाइ ॥७॥

ਬਿਨੁ ਗੁਰ ਗੁਣ ਨ ਜਾਪਨੀ ਬਿਨੁ ਗੁਣ ਭਗਤਿ ਨ ਹੋਇ ॥ (67-7)
बिनु गुर गुण न जापनी बिनु गुण भगति न होइ ॥

ਭਗਤਿ ਵਛਲੁ ਹਰਿ ਮਨਿ ਵਸਿਆ ਸਹਜਿ ਮਿਲਿਆ ਪ੍ਰਭੁ ਸੋਇ ॥ (67-7)
भगति वछलु हरि मनि वसिआ सहजि मिलिआ प्रभु सोइ ॥

ਨਾਨਕ ਸਬਦੇ ਹਰਿ ਸਾਲਾਹੀਐ ਕਰਮਿ ਪਰਾਪਤਿ ਹੋਇ ॥੮॥੪॥੨੧॥ (67-8)
नानक सबदे हरि सालाहीऐ करमि परापति होइ ॥८॥४॥२१॥

ਸਿਰੀਰਾਗੁ ਮਹਲਾ ੩ ॥ (67-8)
सिरीरागु महला ३ ॥

ਮਾਇਆ ਮੋਹੁ ਮੇਰੈ ਪ੍ਰਭਿ ਕੀਨਾ ਆਪੇ ਭਰਮਿ ਭੁਲਾਏ ॥ (67-9)
माइआ मोहु मेरै प्रभि कीना आपे भरमि भुलाए ॥

ਮਨਮੁਖਿ ਕਰਮ ਕਰਹਿ ਨਹੀ ਬੂਝਹਿ ਬਿਰਥਾ ਜਨਮੁ ਗਵਾਏ ॥ (67-9)
मनमुखि करम करहि नही बूझहि बिरथा जनमु गवाए ॥

ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ ॥੧॥ (67-10)
गुरबाणी इसु जग महि चानणु करमि वसै मनि आए ॥१॥

ਮਨ ਰੇ ਨਾਮੁ ਜਪਹੁ ਸੁਖੁ ਹੋਇ ॥ (67-10)
मन रे नामु जपहु सुखु होइ ॥

ਗੁਰੁ ਪੂਰਾ ਸਾਲਾਹੀਐ ਸਹਜਿ ਮਿਲੈ ਪ੍ਰਭੁ ਸੋਇ ॥੧॥ ਰਹਾਉ ॥ (67-11)
गुरु पूरा सालाहीऐ सहजि मिलै प्रभु सोइ ॥१॥ रहाउ ॥

ਭਰਮੁ ਗਇਆ ਭਉ ਭਾਗਿਆ ਹਰਿ ਚਰਣੀ ਚਿਤੁ ਲਾਇ ॥ (67-11)
भरमु गइआ भउ भागिआ हरि चरणी चितु लाइ ॥

ਗੁਰਮੁਖਿ ਸਬਦੁ ਕਮਾਈਐ ਹਰਿ ਵਸੈ ਮਨਿ ਆਇ ॥ (67-12)
गुरमुखि सबदु कमाईऐ हरि वसै मनि आइ ॥

ਘਰਿ ਮਹਲਿ ਸਚਿ ਸਮਾਈਐ ਜਮਕਾਲੁ ਨ ਸਕੈ ਖਾਇ ॥੨॥ (67-12)
घरि महलि सचि समाईऐ जमकालु न सकै खाइ ॥२॥

ਨਾਮਾ ਛੀਬਾ ਕਬੀਰੁ ਜੋੁਲਾਹਾ ਪੂਰੇ ਗੁਰ ਤੇ ਗਤਿ ਪਾਈ ॥ (67-13)
नामा छीबा कबीरु जुोलाहा पूरे गुर ते गति पाई ॥

ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ ॥ (67-13)
ब्रहम के बेते सबदु पछाणहि हउमै जाति गवाई ॥

ਸੁਰਿ ਨਰ ਤਿਨ ਕੀ ਬਾਣੀ ਗਾਵਹਿ ਕੋਇ ਨ ਮੇਟੈ ਭਾਈ ॥੩॥ (67-14)
सुरि नर तिन की बाणी गावहि कोइ न मेटै भाई ॥३॥

ਦੈਤ ਪੁਤੁ ਕਰਮ ਧਰਮ ਕਿਛੁ ਸੰਜਮ ਨ ਪੜੈ ਦੂਜਾ ਭਾਉ ਨ ਜਾਣੈ ॥ (67-14)
दैत पुतु करम धरम किछु संजम न पड़ै दूजा भाउ न जाणै ॥

ਸਤਿਗੁਰੁ ਭੇਟਿਐ ਨਿਰਮਲੁ ਹੋਆ ਅਨਦਿਨੁ ਨਾਮੁ ਵਖਾਣੈ ॥ (67-15)
सतिगुरु भेटिऐ निरमलु होआ अनदिनु नामु वखाणै ॥

ਏਕੋ ਪੜੈ ਏਕੋ ਨਾਉ ਬੂਝੈ ਦੂਜਾ ਅਵਰੁ ਨ ਜਾਣੈ ॥੪॥ (67-15)
एको पड़ै एको नाउ बूझै दूजा अवरु न जाणै ॥४॥

ਖਟੁ ਦਰਸਨ ਜੋਗੀ ਸੰਨਿਆਸੀ ਬਿਨੁ ਗੁਰ ਭਰਮਿ ਭੁਲਾਏ ॥ (67-16)
खटु दरसन जोगी संनिआसी बिनु गुर भरमि भुलाए ॥

ਸਤਿਗੁਰੁ ਸੇਵਹਿ ਤਾ ਗਤਿ ਮਿਤਿ ਪਾਵਹਿ ਹਰਿ ਜੀਉ ਮੰਨਿ ਵਸਾਏ ॥ (67-17)
सतिगुरु सेवहि ता गति मिति पावहि हरि जीउ मंनि वसाए ॥

ਸਚੀ ਬਾਣੀ ਸਿਉ ਚਿਤੁ ਲਾਗੈ ਆਵਣੁ ਜਾਣੁ ਰਹਾਏ ॥੫॥ (67-17)
सची बाणी सिउ चितु लागै आवणु जाणु रहाए ॥५॥

ਪੰਡਿਤ ਪੜਿ ਪੜਿ ਵਾਦੁ ਵਖਾਣਹਿ ਬਿਨੁ ਗੁਰ ਭਰਮਿ ਭੁਲਾਏ ॥ (67-18)
पंडित पड़ि पड़ि वादु वखाणहि बिनु गुर भरमि भुलाए ॥

ਲਖ ਚਉਰਾਸੀਹ ਫੇਰੁ ਪਇਆ ਬਿਨੁ ਸਬਦੈ ਮੁਕਤਿ ਨ ਪਾਏ ॥ (67-18)
लख चउरासीह फेरु पइआ बिनु सबदै मुकति न पाए ॥

ਜਾ ਨਾਉ ਚੇਤੈ ਤਾ ਗਤਿ ਪਾਏ ਜਾ ਸਤਿਗੁਰੁ ਮੇਲਿ ਮਿਲਾਏ ॥੬॥ (67-19)
जा नाउ चेतै ता गति पाए जा सतिगुरु मेलि मिलाए ॥६॥

ਸਤਸੰਗਤਿ ਮਹਿ ਨਾਮੁ ਹਰਿ ਉਪਜੈ ਜਾ ਸਤਿਗੁਰੁ ਮਿਲੈ ਸੁਭਾਏ ॥ (67-19)
सतसंगति महि नामु हरि उपजै जा सतिगुरु मिलै सुभाए ॥

ਮਨੁ ਤਨੁ ਅਰਪੀ ਆਪੁ ਗਵਾਈ ਚਲਾ ਸਤਿਗੁਰ ਭਾਏ ॥ (68-1)
मनु तनु अरपी आपु गवाई चला सतिगुर भाए ॥

ਸਦ ਬਲਿਹਾਰੀ ਗੁਰ ਅਪੁਨੇ ਵਿਟਹੁ ਜਿ ਹਰਿ ਸੇਤੀ ਚਿਤੁ ਲਾਏ ॥੭॥ (68-1)
सद बलिहारी गुर अपुने विटहु जि हरि सेती चितु लाए ॥७॥

ਸੋ ਬ੍ਰਾਹਮਣੁ ਬ੍ਰਹਮੁ ਜੋ ਬਿੰਦੇ ਹਰਿ ਸੇਤੀ ਰੰਗਿ ਰਾਤਾ ॥ (68-2)
सो ब्राहमणु ब्रहमु जो बिंदे हरि सेती रंगि राता ॥

ਪ੍ਰਭੁ ਨਿਕਟਿ ਵਸੈ ਸਭਨਾ ਘਟ ਅੰਤਰਿ ਗੁਰਮੁਖਿ ਵਿਰਲੈ ਜਾਤਾ ॥ (68-3)
प्रभु निकटि वसै सभना घट अंतरि गुरमुखि विरलै जाता ॥

ਨਾਨਕ ਨਾਮੁ ਮਿਲੈ ਵਡਿਆਈ ਗੁਰ ਕੈ ਸਬਦਿ ਪਛਾਤਾ ॥੮॥੫॥੨੨॥ (68-3)
नानक नामु मिलै वडिआई गुर कै सबदि पछाता ॥८॥५॥२२॥

ਸਿਰੀਰਾਗੁ ਮਹਲਾ ੩ ॥ (68-4)
सिरीरागु महला ३ ॥

ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨ ਜਾਇ ॥ (68-4)
सहजै नो सभ लोचदी बिनु गुर पाइआ न जाइ ॥

ਪੜਿ ਪੜਿ ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਇ ॥ (68-5)
पड़ि पड़ि पंडित जोतकी थके भेखी भरमि भुलाइ ॥

ਗੁਰ ਭੇਟੇ ਸਹਜੁ ਪਾਇਆ ਆਪਣੀ ਕਿਰਪਾ ਕਰੇ ਰਜਾਇ ॥੧॥ (68-5)
गुर भेटे सहजु पाइआ आपणी किरपा करे रजाइ ॥१॥

ਭਾਈ ਰੇ ਗੁਰ ਬਿਨੁ ਸਹਜੁ ਨ ਹੋਇ ॥ (68-6)
भाई रे गुर बिनु सहजु न होइ ॥

ਸਬਦੈ ਹੀ ਤੇ ਸਹਜੁ ਊਪਜੈ ਹਰਿ ਪਾਇਆ ਸਚੁ ਸੋਇ ॥੧॥ ਰਹਾਉ ॥ (68-6)
सबदै ही ते सहजु ऊपजै हरि पाइआ सचु सोइ ॥१॥ रहाउ ॥

ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ ॥ (68-7)
सहजे गाविआ थाइ पवै बिनु सहजै कथनी बादि ॥

ਸਹਜੇ ਹੀ ਭਗਤਿ ਊਪਜੈ ਸਹਜਿ ਪਿਆਰਿ ਬੈਰਾਗਿ ॥ (68-7)
सहजे ही भगति ऊपजै सहजि पिआरि बैरागि ॥

ਸਹਜੈ ਹੀ ਤੇ ਸੁਖ ਸਾਤਿ ਹੋਇ ਬਿਨੁ ਸਹਜੈ ਜੀਵਣੁ ਬਾਦਿ ॥੨॥ (68-8)
सहजै ही ते सुख साति होइ बिनु सहजै जीवणु बादि ॥२॥

ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ ॥ (68-8)
सहजि सालाही सदा सदा सहजि समाधि लगाइ ॥

ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵ ਲਾਇ ॥ (68-9)
सहजे ही गुण ऊचरै भगति करे लिव लाइ ॥

ਸਬਦੇ ਹੀ ਹਰਿ ਮਨਿ ਵਸੈ ਰਸਨਾ ਹਰਿ ਰਸੁ ਖਾਇ ॥੩॥ (68-9)
सबदे ही हरि मनि वसै रसना हरि रसु खाइ ॥३॥

ਸਹਜੇ ਕਾਲੁ ਵਿਡਾਰਿਆ ਸਚ ਸਰਣਾਈ ਪਾਇ ॥ (68-10)
सहजे कालु विडारिआ सच सरणाई पाइ ॥

ਸਹਜੇ ਹਰਿ ਨਾਮੁ ਮਨਿ ਵਸਿਆ ਸਚੀ ਕਾਰ ਕਮਾਇ ॥ (68-10)
सहजे हरि नामु मनि वसिआ सची कार कमाइ ॥

ਸੇ ਵਡਭਾਗੀ ਜਿਨੀ ਪਾਇਆ ਸਹਜੇ ਰਹੇ ਸਮਾਇ ॥੪॥ (68-11)
से वडभागी जिनी पाइआ सहजे रहे समाइ ॥४॥

ਮਾਇਆ ਵਿਚਿ ਸਹਜੁ ਨ ਊਪਜੈ ਮਾਇਆ ਦੂਜੈ ਭਾਇ ॥ (68-11)
माइआ विचि सहजु न ऊपजै माइआ दूजै भाइ ॥

ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ ॥ (68-12)
मनमुख करम कमावणे हउमै जलै जलाइ ॥

ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ ॥੫॥ (68-12)
जंमणु मरणु न चूकई फिरि फिरि आवै जाइ ॥५॥

ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ ॥ (68-13)
त्रिहु गुणा विचि सहजु न पाईऐ त्रै गुण भरमि भुलाइ ॥

ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ ॥ (68-13)
पड़ीऐ गुणीऐ किआ कथीऐ जा मुंढहु घुथा जाइ ॥

ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ ॥੬॥ (68-14)
चउथे पद महि सहजु है गुरमुखि पलै पाइ ॥६॥

ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ ॥ (68-14)
निरगुण नामु निधानु है सहजे सोझी होइ ॥

ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ ॥ (68-15)
गुणवंती सालाहिआ सचे सची सोइ ॥

ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ ॥੭॥ (68-15)
भुलिआ सहजि मिलाइसी सबदि मिलावा होइ ॥७॥

ਬਿਨੁ ਸਹਜੈ ਸਭੁ ਅੰਧੁ ਹੈ ਮਾਇਆ ਮੋਹੁ ਗੁਬਾਰੁ ॥ (68-15)
बिनु सहजै सभु अंधु है माइआ मोहु गुबारु ॥

ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ ॥ (68-16)
सहजे ही सोझी पई सचै सबदि अपारि ॥

ਆਪੇ ਬਖਸਿ ਮਿਲਾਇਅਨੁ ਪੂਰੇ ਗੁਰ ਕਰਤਾਰਿ ॥੮॥ (68-16)
आपे बखसि मिलाइअनु पूरे गुर करतारि ॥८॥

ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ ॥ (68-17)
सहजे अदिसटु पछाणीऐ निरभउ जोति निरंकारु ॥

ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ ॥ (68-17)
सभना जीआ का इकु दाता जोती जोति मिलावणहारु ॥

ਪੂਰੈ ਸਬਦਿ ਸਲਾਹੀਐ ਜਿਸ ਦਾ ਅੰਤੁ ਨ ਪਾਰਾਵਾਰੁ ॥੯॥ (68-18)
पूरै सबदि सलाहीऐ जिस दा अंतु न पारावारु ॥९॥

ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥ (68-18)
गिआनीआ का धनु नामु है सहजि करहि वापारु ॥

ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ ॥ (68-19)
अनदिनु लाहा हरि नामु लैनि अखुट भरे भंडार ॥

ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ ॥੧੦॥੬॥੨੩॥ (68-19)
नानक तोटि न आवई दीए देवणहारि ॥१०॥६॥२३॥

ਸਿਰੀਰਾਗੁ ਮਹਲਾ ੩ ॥ (69-1)
सिरीरागु महला ३ ॥

ਸਤਿਗੁਰਿ ਮਿਲਿਐ ਫੇਰੁ ਨ ਪਵੈ ਜਨਮ ਮਰਣ ਦੁਖੁ ਜਾਇ ॥ (69-1)
सतिगुरि मिलिऐ फेरु न पवै जनम मरण दुखु जाइ ॥

ਪੂਰੈ ਸਬਦਿ ਸਭ ਸੋਝੀ ਹੋਈ ਹਰਿ ਨਾਮੈ ਰਹੈ ਸਮਾਇ ॥੧॥ (69-2)
पूरै सबदि सभ सोझी होई हरि नामै रहै समाइ ॥१॥

ਮਨ ਮੇਰੇ ਸਤਿਗੁਰ ਸਿਉ ਚਿਤੁ ਲਾਇ ॥ (69-2)
मन मेरे सतिगुर सिउ चितु लाइ ॥

ਨਿਰਮਲੁ ਨਾਮੁ ਸਦ ਨਵਤਨੋ ਆਪਿ ਵਸੈ ਮਨਿ ਆਇ ॥੧॥ ਰਹਾਉ ॥ (69-3)
निरमलु नामु सद नवतनो आपि वसै मनि आइ ॥१॥ रहाउ ॥

ਹਰਿ ਜੀਉ ਰਾਖਹੁ ਅਪੁਨੀ ਸਰਣਾਈ ਜਿਉ ਰਾਖਹਿ ਤਿਉ ਰਹਣਾ ॥ (69-3)
हरि जीउ राखहु अपुनी सरणाई जिउ राखहि तिउ रहणा ॥

ਗੁਰ ਕੈ ਸਬਦਿ ਜੀਵਤੁ ਮਰੈ ਗੁਰਮੁਖਿ ਭਵਜਲੁ ਤਰਣਾ ॥੨॥ (69-4)
गुर कै सबदि जीवतु मरै गुरमुखि भवजलु तरणा ॥२॥

ਵਡੈ ਭਾਗਿ ਨਾਉ ਪਾਈਐ ਗੁਰਮਤਿ ਸਬਦਿ ਸੁਹਾਈ ॥ (69-4)
वडै भागि नाउ पाईऐ गुरमति सबदि सुहाई ॥

ਆਪੇ ਮਨਿ ਵਸਿਆ ਪ੍ਰਭੁ ਕਰਤਾ ਸਹਜੇ ਰਹਿਆ ਸਮਾਈ ॥੩॥ (69-5)
आपे मनि वसिआ प्रभु करता सहजे रहिआ समाई ॥३॥

ਇਕਨਾ ਮਨਮੁਖਿ ਸਬਦੁ ਨ ਭਾਵੈ ਬੰਧਨਿ ਬੰਧਿ ਭਵਾਇਆ ॥ (69-5)
इकना मनमुखि सबदु न भावै बंधनि बंधि भवाइआ ॥

ਲਖ ਚਉਰਾਸੀਹ ਫਿਰਿ ਫਿਰਿ ਆਵੈ ਬਿਰਥਾ ਜਨਮੁ ਗਵਾਇਆ ॥੪॥ (69-6)
लख चउरासीह फिरि फिरि आवै बिरथा जनमु गवाइआ ॥४॥

ਭਗਤਾ ਮਨਿ ਆਨੰਦੁ ਹੈ ਸਚੈ ਸਬਦਿ ਰੰਗਿ ਰਾਤੇ ॥ (69-7)
भगता मनि आनंदु है सचै सबदि रंगि राते ॥

ਅਨਦਿਨੁ ਗੁਣ ਗਾਵਹਿ ਸਦ ਨਿਰਮਲ ਸਹਜੇ ਨਾਮਿ ਸਮਾਤੇ ॥੫॥ (69-7)
अनदिनु गुण गावहि सद निरमल सहजे नामि समाते ॥५॥

ਗੁਰਮੁਖਿ ਅੰਮ੍ਰਿਤ ਬਾਣੀ ਬੋਲਹਿ ਸਭ ਆਤਮ ਰਾਮੁ ਪਛਾਣੀ ॥ (69-8)
गुरमुखि अमृत बाणी बोलहि सभ आतम रामु पछाणी ॥

ਏਕੋ ਸੇਵਨਿ ਏਕੁ ਅਰਾਧਹਿ ਗੁਰਮੁਖਿ ਅਕਥ ਕਹਾਣੀ ॥੬॥ (69-8)
एको सेवनि एकु अराधहि गुरमुखि अकथ कहाणी ॥६॥

ਸਚਾ ਸਾਹਿਬੁ ਸੇਵੀਐ ਗੁਰਮੁਖਿ ਵਸੈ ਮਨਿ ਆਇ ॥ (69-9)
सचा साहिबु सेवीऐ गुरमुखि वसै मनि आइ ॥

ਸਦਾ ਰੰਗਿ ਰਾਤੇ ਸਚ ਸਿਉ ਅਪੁਨੀ ਕਿਰਪਾ ਕਰੇ ਮਿਲਾਇ ॥੭॥ (69-9)
सदा रंगि राते सच सिउ अपुनी किरपा करे मिलाइ ॥७॥

ਆਪੇ ਕਰੇ ਕਰਾਏ ਆਪੇ ਇਕਨਾ ਸੁਤਿਆ ਦੇਇ ਜਗਾਇ ॥ (69-10)
आपे करे कराए आपे इकना सुतिआ देइ जगाइ ॥

ਆਪੇ ਮੇਲਿ ਮਿਲਾਇਦਾ ਨਾਨਕ ਸਬਦਿ ਸਮਾਇ ॥੮॥੭॥੨੪॥ (69-11)
आपे मेलि मिलाइदा नानक सबदि समाइ ॥८॥७॥२४॥

ਸਿਰੀਰਾਗੁ ਮਹਲਾ ੩ ॥ (69-11)
सिरीरागु महला ३ ॥

ਸਤਿਗੁਰਿ ਸੇਵਿਐ ਮਨੁ ਨਿਰਮਲਾ ਭਏ ਪਵਿਤੁ ਸਰੀਰ ॥ (69-11)
सतिगुरि सेविऐ मनु निरमला भए पवितु सरीर ॥

ਮਨਿ ਆਨੰਦੁ ਸਦਾ ਸੁਖੁ ਪਾਇਆ ਭੇਟਿਆ ਗਹਿਰ ਗੰਭੀਰੁ ॥ (69-12)
मनि आनंदु सदा सुखु पाइआ भेटिआ गहिर ग्मभीरु ॥

ਸਚੀ ਸੰਗਤਿ ਬੈਸਣਾ ਸਚਿ ਨਾਮਿ ਮਨੁ ਧੀਰ ॥੧॥ (69-12)
सची संगति बैसणा सचि नामि मनु धीर ॥१॥

ਮਨ ਰੇ ਸਤਿਗੁਰੁ ਸੇਵਿ ਨਿਸੰਗੁ ॥ (69-13)
मन रे सतिगुरु सेवि निसंगु ॥

ਸਤਿਗੁਰੁ ਸੇਵਿਐ ਹਰਿ ਮਨਿ ਵਸੈ ਲਗੈ ਨ ਮੈਲੁ ਪਤੰਗੁ ॥੧॥ ਰਹਾਉ ॥ (69-13)
सतिगुरु सेविऐ हरि मनि वसै लगै न मैलु पतंगु ॥१॥ रहाउ ॥

ਸਚੈ ਸਬਦਿ ਪਤਿ ਊਪਜੈ ਸਚੇ ਸਚਾ ਨਾਉ ॥ (69-14)
सचै सबदि पति ऊपजै सचे सचा नाउ ॥

ਜਿਨੀ ਹਉਮੈ ਮਾਰਿ ਪਛਾਣਿਆ ਹਉ ਤਿਨ ਬਲਿਹਾਰੈ ਜਾਉ ॥ (69-14)
जिनी हउमै मारि पछाणिआ हउ तिन बलिहारै जाउ ॥

ਮਨਮੁਖ ਸਚੁ ਨ ਜਾਣਨੀ ਤਿਨ ਠਉਰ ਨ ਕਤਹੂ ਥਾਉ ॥੨॥ (69-15)
मनमुख सचु न जाणनी तिन ठउर न कतहू थाउ ॥२॥

ਸਚੁ ਖਾਣਾ ਸਚੁ ਪੈਨਣਾ ਸਚੇ ਹੀ ਵਿਚਿ ਵਾਸੁ ॥ (69-15)
सचु खाणा सचु पैनणा सचे ही विचि वासु ॥

ਸਦਾ ਸਚਾ ਸਾਲਾਹਣਾ ਸਚੈ ਸਬਦਿ ਨਿਵਾਸੁ ॥ (69-16)
सदा सचा सालाहणा सचै सबदि निवासु ॥

ਸਭੁ ਆਤਮ ਰਾਮੁ ਪਛਾਣਿਆ ਗੁਰਮਤੀ ਨਿਜ ਘਰਿ ਵਾਸੁ ॥੩॥ (69-16)
सभु आतम रामु पछाणिआ गुरमती निज घरि वासु ॥३॥

ਸਚੁ ਵੇਖਣੁ ਸਚੁ ਬੋਲਣਾ ਤਨੁ ਮਨੁ ਸਚਾ ਹੋਇ ॥ (69-17)
सचु वेखणु सचु बोलणा तनु मनु सचा होइ ॥

ਸਚੀ ਸਾਖੀ ਉਪਦੇਸੁ ਸਚੁ ਸਚੇ ਸਚੀ ਸੋਇ ॥ (69-17)
सची साखी उपदेसु सचु सचे सची सोइ ॥

ਜਿੰਨੀ ਸਚੁ ਵਿਸਾਰਿਆ ਸੇ ਦੁਖੀਏ ਚਲੇ ਰੋਇ ॥੪॥ (69-18)
जिंनी सचु विसारिआ से दुखीए चले रोइ ॥४॥

ਸਤਿਗੁਰੁ ਜਿਨੀ ਨ ਸੇਵਿਓ ਸੇ ਕਿਤੁ ਆਏ ਸੰਸਾਰਿ ॥ (69-18)
सतिगुरु जिनी न सेविओ से कितु आए संसारि ॥

ਜਮ ਦਰਿ ਬਧੇ ਮਾਰੀਅਹਿ ਕੂਕ ਨ ਸੁਣੈ ਪੂਕਾਰ ॥ (69-19)
जम दरि बधे मारीअहि कूक न सुणै पूकार ॥

ਬਿਰਥਾ ਜਨਮੁ ਗਵਾਇਆ ਮਰਿ ਜੰਮਹਿ ਵਾਰੋ ਵਾਰ ॥੫॥ (69-19)
बिरथा जनमु गवाइआ मरि जंमहि वारो वार ॥५॥

ਏਹੁ ਜਗੁ ਜਲਤਾ ਦੇਖਿ ਕੈ ਭਜਿ ਪਏ ਸਤਿਗੁਰ ਸਰਣਾ ॥ (70-1)
एहु जगु जलता देखि कै भजि पए सतिगुर सरणा ॥

ਸਤਿਗੁਰਿ ਸਚੁ ਦਿੜਾਇਆ ਸਦਾ ਸਚਿ ਸੰਜਮਿ ਰਹਣਾ ॥ (70-1)
सतिगुरि सचु दिड़ाइआ सदा सचि संजमि रहणा ॥

ਸਤਿਗੁਰ ਸਚਾ ਹੈ ਬੋਹਿਥਾ ਸਬਦੇ ਭਵਜਲੁ ਤਰਣਾ ॥੬॥ (70-2)
सतिगुर सचा है बोहिथा सबदे भवजलु तरणा ॥६॥

ਲਖ ਚਉਰਾਸੀਹ ਫਿਰਦੇ ਰਹੇ ਬਿਨੁ ਸਤਿਗੁਰ ਮੁਕਤਿ ਨ ਹੋਈ ॥ (70-2)
लख चउरासीह फिरदे रहे बिनु सतिगुर मुकति न होई ॥

ਪੜਿ ਪੜਿ ਪੰਡਿਤ ਮੋਨੀ ਥਕੇ ਦੂਜੈ ਭਾਇ ਪਤਿ ਖੋਈ ॥ (70-3)
पड़ि पड़ि पंडित मोनी थके दूजै भाइ पति खोई ॥

ਸਤਿਗੁਰਿ ਸਬਦੁ ਸੁਣਾਇਆ ਬਿਨੁ ਸਚੇ ਅਵਰੁ ਨ ਕੋਈ ॥੭॥ (70-3)
सतिगुरि सबदु सुणाइआ बिनु सचे अवरु न कोई ॥७॥

ਜੋ ਸਚੈ ਲਾਏ ਸੇ ਸਚਿ ਲਗੇ ਨਿਤ ਸਚੀ ਕਾਰ ਕਰੰਨਿ ॥ (70-4)
जो सचै लाए से सचि लगे नित सची कार करंनि ॥

ਤਿਨਾ ਨਿਜ ਘਰਿ ਵਾਸਾ ਪਾਇਆ ਸਚੈ ਮਹਲਿ ਰਹੰਨਿ ॥ (70-5)
तिना निज घरि वासा पाइआ सचै महलि रहंनि ॥

ਨਾਨਕ ਭਗਤ ਸੁਖੀਏ ਸਦਾ ਸਚੈ ਨਾਮਿ ਰਚੰਨਿ ॥੮॥੧੭॥੮॥੨੫॥ (70-5)
नानक भगत सुखीए सदा सचै नामि रचंनि ॥८॥१७॥८॥२५॥

ਸਿਰੀਰਾਗੁ ਮਹਲਾ ੫ ॥ (70-6)
सिरीरागु महला ५ ॥

ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥ (70-6)
जा कउ मुसकलु अति बणै ढोई कोइ न देइ ॥

ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥ (70-6)
लागू होए दुसमना साक भि भजि खले ॥

ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥ (70-7)
सभो भजै आसरा चुकै सभु असराउ ॥

ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥੧॥ (70-7)
चिति आवै ओसु पारब्रहमु लगै न तती वाउ ॥१॥

ਸਾਹਿਬੁ ਨਿਤਾਣਿਆ ਕਾ ਤਾਣੁ ॥ (70-8)
साहिबु निताणिआ का ताणु ॥

ਆਇ ਨ ਜਾਈ ਥਿਰੁ ਸਦਾ ਗੁਰ ਸਬਦੀ ਸਚੁ ਜਾਣੁ ॥੧॥ ਰਹਾਉ ॥ (70-8)
आइ न जाई थिरु सदा गुर सबदी सचु जाणु ॥१॥ रहाउ ॥

ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ ॥ (70-9)
जे को होवै दुबला नंग भुख की पीर ॥

ਦਮੜਾ ਪਲੈ ਨਾ ਪਵੈ ਨਾ ਕੋ ਦੇਵੈ ਧੀਰ ॥ (70-9)
दमड़ा पलै ना पवै ना को देवै धीर ॥

ਸੁਆਰਥੁ ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜੁ ॥ (70-9)
सुआरथु सुआउ न को करे ना किछु होवै काजु ॥

ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਹਚਲੁ ਹੋਵੈ ਰਾਜੁ ॥੨॥ (70-10)
चिति आवै ओसु पारब्रहमु ता निहचलु होवै राजु ॥२॥

ਜਾ ਕਉ ਚਿੰਤਾ ਬਹੁਤੁ ਬਹੁਤੁ ਦੇਹੀ ਵਿਆਪੈ ਰੋਗੁ ॥ (70-10)
जा कउ चिंता बहुतु बहुतु देही विआपै रोगु ॥

ਗ੍ਰਿਸਤਿ ਕੁਟੰਬਿ ਪਲੇਟਿਆ ਕਦੇ ਹਰਖੁ ਕਦੇ ਸੋਗੁ ॥ (70-11)
ग्रिसति कुट्मबि पलेटिआ कदे हरखु कदे सोगु ॥

ਗਉਣੁ ਕਰੇ ਚਹੁ ਕੁੰਟ ਕਾ ਘੜੀ ਨ ਬੈਸਣੁ ਸੋਇ ॥ (70-11)
गउणु करे चहु कुंट का घड़ी न बैसणु सोइ ॥

ਚਿਤਿ ਆਵੈ ਓਸੁ ਪਾਰਬ੍ਰਹਮੁ ਤਨੁ ਮਨੁ ਸੀਤਲੁ ਹੋਇ ॥੩॥ (70-12)
चिति आवै ओसु पारब्रहमु तनु मनु सीतलु होइ ॥३॥

ਕਾਮਿ ਕਰੋਧਿ ਮੋਹਿ ਵਸਿ ਕੀਆ ਕਿਰਪਨ ਲੋਭਿ ਪਿਆਰੁ ॥ (70-12)
कामि करोधि मोहि वसि कीआ किरपन लोभि पिआरु ॥

ਚਾਰੇ ਕਿਲਵਿਖ ਉਨਿ ਅਘ ਕੀਏ ਹੋਆ ਅਸੁਰ ਸੰਘਾਰੁ ॥ (70-13)
चारे किलविख उनि अघ कीए होआ असुर संघारु ॥

ਪੋਥੀ ਗੀਤ ਕਵਿਤ ਕਿਛੁ ਕਦੇ ਨ ਕਰਨਿ ਧਰਿਆ ॥ (70-13)
पोथी गीत कवित किछु कदे न करनि धरिआ ॥

ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਮਖ ਸਿਮਰਤ ਤਰਿਆ ॥੪॥ (70-14)
चिति आवै ओसु पारब्रहमु ता निमख सिमरत तरिआ ॥४॥

ਸਾਸਤ ਸਿੰਮ੍ਰਿਤਿ ਬੇਦ ਚਾਰਿ ਮੁਖਾਗਰ ਬਿਚਰੇ ॥ (70-15)
सासत सिंम्रिति बेद चारि मुखागर बिचरे ॥

ਤਪੇ ਤਪੀਸਰ ਜੋਗੀਆ ਤੀਰਥਿ ਗਵਨੁ ਕਰੇ ॥ (70-15)
तपे तपीसर जोगीआ तीरथि गवनु करे ॥

ਖਟੁ ਕਰਮਾ ਤੇ ਦੁਗੁਣੇ ਪੂਜਾ ਕਰਤਾ ਨਾਇ ॥ (70-15)
खटु करमा ते दुगुणे पूजा करता नाइ ॥

ਰੰਗੁ ਨ ਲਗੀ ਪਾਰਬ੍ਰਹਮ ਤਾ ਸਰਪਰ ਨਰਕੇ ਜਾਇ ॥੫॥ (70-16)
रंगु न लगी पारब्रहम ता सरपर नरके जाइ ॥५॥

ਰਾਜ ਮਿਲਕ ਸਿਕਦਾਰੀਆ ਰਸ ਭੋਗਣ ਬਿਸਥਾਰ ॥ (70-16)
राज मिलक सिकदारीआ रस भोगण बिसथार ॥

ਬਾਗ ਸੁਹਾਵੇ ਸੋਹਣੇ ਚਲੈ ਹੁਕਮੁ ਅਫਾਰ ॥ (70-17)
बाग सुहावे सोहणे चलै हुकमु अफार ॥

ਰੰਗ ਤਮਾਸੇ ਬਹੁ ਬਿਧੀ ਚਾਇ ਲਗਿ ਰਹਿਆ ॥ (70-17)
रंग तमासे बहु बिधी चाइ लगि रहिआ ॥

ਚਿਤਿ ਨ ਆਇਓ ਪਾਰਬ੍ਰਹਮੁ ਤਾ ਸਰਪ ਕੀ ਜੂਨਿ ਗਇਆ ॥੬॥ (70-18)
चिति न आइओ पारब्रहमु ता सरप की जूनि गइआ ॥६॥

ਬਹੁਤੁ ਧਨਾਢਿ ਅਚਾਰਵੰਤੁ ਸੋਭਾ ਨਿਰਮਲ ਰੀਤਿ ॥ (70-18)
बहुतु धनाढि अचारवंतु सोभा निरमल रीति ॥

ਮਾਤ ਪਿਤਾ ਸੁਤ ਭਾਈਆ ਸਾਜਨ ਸੰਗਿ ਪਰੀਤਿ ॥ (70-19)
मात पिता सुत भाईआ साजन संगि परीति ॥

ਲਸਕਰ ਤਰਕਸਬੰਦ ਬੰਦ ਜੀਉ ਜੀਉ ਸਗਲੀ ਕੀਤ ॥ (70-19)
लसकर तरकसबंद बंद जीउ जीउ सगली कीत ॥

ਚਿਤਿ ਨ ਆਇਓ ਪਾਰਬ੍ਰਹਮੁ ਤਾ ਖੜਿ ਰਸਾਤਲਿ ਦੀਤ ॥੭॥ (71-1)
चिति न आइओ पारब्रहमु ता खड़ि रसातलि दीत ॥७॥

ਕਾਇਆ ਰੋਗੁ ਨ ਛਿਦ੍ਰੁ ਕਿਛੁ ਨਾ ਕਿਛੁ ਕਾੜਾ ਸੋਗੁ ॥ (71-1)
काइआ रोगु न छिद्रु किछु ना किछु काड़ा सोगु ॥

ਮਿਰਤੁ ਨ ਆਵੀ ਚਿਤਿ ਤਿਸੁ ਅਹਿਨਿਸਿ ਭੋਗੈ ਭੋਗੁ ॥ (71-2)
मिरतु न आवी चिति तिसु अहिनिसि भोगै भोगु ॥

ਸਭ ਕਿਛੁ ਕੀਤੋਨੁ ਆਪਣਾ ਜੀਇ ਨ ਸੰਕ ਧਰਿਆ ॥ (71-2)
सभ किछु कीतोनु आपणा जीइ न संक धरिआ ॥

ਚਿਤਿ ਨ ਆਇਓ ਪਾਰਬ੍ਰਹਮੁ ਜਮਕੰਕਰ ਵਸਿ ਪਰਿਆ ॥੮॥ (71-3)
चिति न आइओ पारब्रहमु जमकंकर वसि परिआ ॥८॥

ਕਿਰਪਾ ਕਰੇ ਜਿਸੁ ਪਾਰਬ੍ਰਹਮੁ ਹੋਵੈ ਸਾਧੂ ਸੰਗੁ ॥ (71-3)
किरपा करे जिसु पारब्रहमु होवै साधू संगु ॥

ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ ॥ (71-4)
जिउ जिउ ओहु वधाईऐ तिउ तिउ हरि सिउ रंगु ॥

ਦੁਹਾ ਸਿਰਿਆ ਕਾ ਖਸਮੁ ਆਪਿ ਅਵਰੁ ਨ ਦੂਜਾ ਥਾਉ ॥ (71-4)
दुहा सिरिआ का खसमु आपि अवरु न दूजा थाउ ॥

ਸਤਿਗੁਰ ਤੁਠੈ ਪਾਇਆ ਨਾਨਕ ਸਚਾ ਨਾਉ ॥੯॥੧॥੨੬॥ (71-5)
सतिगुर तुठै पाइआ नानक सचा नाउ ॥९॥१॥२६॥

ਸਿਰੀਰਾਗੁ ਮਹਲਾ ੫ ਘਰੁ ੫ ॥ (71-5)
सिरीरागु महला ५ घरु ५ ॥

ਜਾਨਉ ਨਹੀ ਭਾਵੈ ਕਵਨ ਬਾਤਾ ॥ (71-6)
जानउ नही भावै कवन बाता ॥

ਮਨ ਖੋਜਿ ਮਾਰਗੁ ॥੧॥ ਰਹਾਉ ॥ (71-6)
मन खोजि मारगु ॥१॥ रहाउ ॥

ਧਿਆਨੀ ਧਿਆਨੁ ਲਾਵਹਿ ॥ (71-6)
धिआनी धिआनु लावहि ॥

ਗਿਆਨੀ ਗਿਆਨੁ ਕਮਾਵਹਿ ॥ (71-7)
गिआनी गिआनु कमावहि ॥

ਪ੍ਰਭੁ ਕਿਨ ਹੀ ਜਾਤਾ ॥੧॥ (71-7)
प्रभु किन ही जाता ॥१॥

ਭਗਉਤੀ ਰਹਤ ਜੁਗਤਾ ॥ (71-7)
भगउती रहत जुगता ॥

ਜੋਗੀ ਕਹਤ ਮੁਕਤਾ ॥ (71-7)
जोगी कहत मुकता ॥

ਤਪਸੀ ਤਪਹਿ ਰਾਤਾ ॥੨॥ (71-8)
तपसी तपहि राता ॥२॥

ਮੋਨੀ ਮੋਨਿਧਾਰੀ ॥ (71-8)
मोनी मोनिधारी ॥

ਸਨਿਆਸੀ ਬ੍ਰਹਮਚਾਰੀ ॥ (71-8)
सनिआसी ब्रहमचारी ॥

ਉਦਾਸੀ ਉਦਾਸਿ ਰਾਤਾ ॥੩॥ (71-8)
उदासी उदासि राता ॥३॥

ਭਗਤਿ ਨਵੈ ਪਰਕਾਰਾ ॥ (71-9)
भगति नवै परकारा ॥

ਪੰਡਿਤੁ ਵੇਦੁ ਪੁਕਾਰਾ ॥ (71-9)
पंडितु वेदु पुकारा ॥

ਗਿਰਸਤੀ ਗਿਰਸਤਿ ਧਰਮਾਤਾ ॥੪॥ (71-9)
गिरसती गिरसति धरमाता ॥४॥

ਇਕ ਸਬਦੀ ਬਹੁ ਰੂਪਿ ਅਵਧੂਤਾ ॥ (71-9)
इक सबदी बहु रूपि अवधूता ॥

ਕਾਪੜੀ ਕਉਤੇ ਜਾਗੂਤਾ ॥ (71-10)
कापड़ी कउते जागूता ॥

ਇਕਿ ਤੀਰਥਿ ਨਾਤਾ ॥੫॥ (71-10)
इकि तीरथि नाता ॥५॥

ਨਿਰਹਾਰ ਵਰਤੀ ਆਪਰਸਾ ॥ (71-10)
निरहार वरती आपरसा ॥

ਇਕਿ ਲੂਕਿ ਨ ਦੇਵਹਿ ਦਰਸਾ ॥ (71-11)
इकि लूकि न देवहि दरसा ॥

ਇਕਿ ਮਨ ਹੀ ਗਿਆਤਾ ॥੬॥ (71-11)
इकि मन ही गिआता ॥६॥

ਘਾਟਿ ਨ ਕਿਨ ਹੀ ਕਹਾਇਆ ॥ (71-11)
घाटि न किन ही कहाइआ ॥

ਸਭ ਕਹਤੇ ਹੈ ਪਾਇਆ ॥ (71-11)
सभ कहते है पाइआ ॥

ਜਿਸੁ ਮੇਲੇ ਸੋ ਭਗਤਾ ॥੭॥ (71-12)
जिसु मेले सो भगता ॥७॥

ਸਗਲ ਉਕਤਿ ਉਪਾਵਾ ॥ (71-12)
सगल उकति उपावा ॥

ਤਿਆਗੀ ਸਰਨਿ ਪਾਵਾ ॥ (71-12)
तिआगी सरनि पावा ॥

ਨਾਨਕੁ ਗੁਰ ਚਰਣਿ ਪਰਾਤਾ ॥੮॥੨॥੨੭॥ (71-12)
नानकु गुर चरणि पराता ॥८॥२॥२७॥

ੴ ਸਤਿਗੁਰ ਪ੍ਰਸਾਦਿ ॥ (71-14)
१ॳ सतिगुर प्रसादि ॥

ਸਿਰੀਰਾਗੁ ਮਹਲਾ ੧ ਘਰੁ ੩ ॥ (71-15)
सिरीरागु महला १ घरु ३ ॥

ਜੋਗੀ ਅੰਦਰਿ ਜੋਗੀਆ ॥ (71-15)
जोगी अंदरि जोगीआ ॥

ਤੂੰ ਭੋਗੀ ਅੰਦਰਿ ਭੋਗੀਆ ॥ (71-15)
तूं भोगी अंदरि भोगीआ ॥

ਤੇਰਾ ਅੰਤੁ ਨ ਪਾਇਆ ਸੁਰਗਿ ਮਛਿ ਪਇਆਲਿ ਜੀਉ ॥੧॥ (71-15)
तेरा अंतु न पाइआ सुरगि मछि पइआलि जीउ ॥१॥

ਹਉ ਵਾਰੀ ਹਉ ਵਾਰਣੈ ਕੁਰਬਾਣੁ ਤੇਰੇ ਨਾਵ ਨੋ ॥੧॥ ਰਹਾਉ ॥ (71-16)
हउ वारी हउ वारणै कुरबाणु तेरे नाव नो ॥१॥ रहाउ ॥

ਤੁਧੁ ਸੰਸਾਰੁ ਉਪਾਇਆ ॥ (71-17)
तुधु संसारु उपाइआ ॥

ਸਿਰੇ ਸਿਰਿ ਧੰਧੇ ਲਾਇਆ ॥ (71-17)
सिरे सिरि धंधे लाइआ ॥

ਵੇਖਹਿ ਕੀਤਾ ਆਪਣਾ ਕਰਿ ਕੁਦਰਤਿ ਪਾਸਾ ਢਾਲਿ ਜੀਉ ॥੨॥ (71-17)
वेखहि कीता आपणा करि कुदरति पासा ढालि जीउ ॥२॥

ਪਰਗਟਿ ਪਾਹਾਰੈ ਜਾਪਦਾ ॥ (71-18)
परगटि पाहारै जापदा ॥

ਸਭੁ ਨਾਵੈ ਨੋ ਪਰਤਾਪਦਾ ॥ (71-18)
सभु नावै नो परतापदा ॥

ਸਤਿਗੁਰ ਬਾਝੁ ਨ ਪਾਇਓ ਸਭ ਮੋਹੀ ਮਾਇਆ ਜਾਲਿ ਜੀਉ ॥੩॥ (71-18)
सतिगुर बाझु न पाइओ सभ मोही माइआ जालि जीउ ॥३॥

ਸਤਿਗੁਰ ਕਉ ਬਲਿ ਜਾਈਐ ॥ (71-19)
सतिगुर कउ बलि जाईऐ ॥

ਜਿਤੁ ਮਿਲਿਐ ਪਰਮ ਗਤਿ ਪਾਈਐ ॥ (71-19)
जितु मिलिऐ परम गति पाईऐ ॥

ਸੁਰਿ ਨਰ ਮੁਨਿ ਜਨ ਲੋਚਦੇ ਸੋ ਸਤਿਗੁਰਿ ਦੀਆ ਬੁਝਾਇ ਜੀਉ ॥੪॥ (72-1)
सुरि नर मुनि जन लोचदे सो सतिगुरि दीआ बुझाइ जीउ ॥४॥

ਸਤਸੰਗਤਿ ਕੈਸੀ ਜਾਣੀਐ ॥ (72-1)
सतसंगति कैसी जाणीऐ ॥

ਜਿਥੈ ਏਕੋ ਨਾਮੁ ਵਖਾਣੀਐ ॥ (72-1)
जिथै एको नामु वखाणीऐ ॥

ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥ (72-2)
एको नामु हुकमु है नानक सतिगुरि दीआ बुझाइ जीउ ॥५॥

ਇਹੁ ਜਗਤੁ ਭਰਮਿ ਭੁਲਾਇਆ ॥ (72-2)
इहु जगतु भरमि भुलाइआ ॥

ਆਪਹੁ ਤੁਧੁ ਖੁਆਇਆ ॥ (72-3)
आपहु तुधु खुआइआ ॥

ਪਰਤਾਪੁ ਲਗਾ ਦੋਹਾਗਣੀ ਭਾਗ ਜਿਨਾ ਕੇ ਨਾਹਿ ਜੀਉ ॥੬॥ (72-3)
परतापु लगा दोहागणी भाग जिना के नाहि जीउ ॥६॥

ਦੋਹਾਗਣੀ ਕਿਆ ਨੀਸਾਣੀਆ ॥ (72-4)
दोहागणी किआ नीसाणीआ ॥

ਖਸਮਹੁ ਘੁਥੀਆ ਫਿਰਹਿ ਨਿਮਾਣੀਆ ॥ (72-4)
खसमहु घुथीआ फिरहि निमाणीआ ॥

ਮੈਲੇ ਵੇਸ ਤਿਨਾ ਕਾਮਣੀ ਦੁਖੀ ਰੈਣਿ ਵਿਹਾਇ ਜੀਉ ॥੭॥ (72-4)
मैले वेस तिना कामणी दुखी रैणि विहाइ जीउ ॥७॥

ਸੋਹਾਗਣੀ ਕਿਆ ਕਰਮੁ ਕਮਾਇਆ ॥ (72-5)
सोहागणी किआ करमु कमाइआ ॥

ਪੂਰਬਿ ਲਿਖਿਆ ਫਲੁ ਪਾਇਆ ॥ (72-5)
पूरबि लिखिआ फलु पाइआ ॥

ਨਦਰਿ ਕਰੇ ਕੈ ਆਪਣੀ ਆਪੇ ਲਏ ਮਿਲਾਇ ਜੀਉ ॥੮॥ (72-5)
नदरि करे कै आपणी आपे लए मिलाइ जीउ ॥८॥

ਹੁਕਮੁ ਜਿਨਾ ਨੋ ਮਨਾਇਆ ॥ (72-6)
हुकमु जिना नो मनाइआ ॥

ਤਿਨ ਅੰਤਰਿ ਸਬਦੁ ਵਸਾਇਆ ॥ (72-6)
तिन अंतरि सबदु वसाइआ ॥

ਸਹੀਆ ਸੇ ਸੋਹਾਗਣੀ ਜਿਨ ਸਹ ਨਾਲਿ ਪਿਆਰੁ ਜੀਉ ॥੯॥ (72-7)
सहीआ से सोहागणी जिन सह नालि पिआरु जीउ ॥९॥

ਜਿਨਾ ਭਾਣੇ ਕਾ ਰਸੁ ਆਇਆ ॥ (72-7)
जिना भाणे का रसु आइआ ॥

ਤਿਨ ਵਿਚਹੁ ਭਰਮੁ ਚੁਕਾਇਆ ॥ (72-7)
तिन विचहु भरमु चुकाइआ ॥

ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ ॥੧੦॥ (72-8)
नानक सतिगुरु ऐसा जाणीऐ जो सभसै लए मिलाइ जीउ ॥१०॥

ਸਤਿਗੁਰਿ ਮਿਲਿਐ ਫਲੁ ਪਾਇਆ ॥ (72-8)
सतिगुरि मिलिऐ फलु पाइआ ॥

ਜਿਨਿ ਵਿਚਹੁ ਅਹਕਰਣੁ ਚੁਕਾਇਆ ॥ (72-9)
जिनि विचहु अहकरणु चुकाइआ ॥

ਦੁਰਮਤਿ ਕਾ ਦੁਖੁ ਕਟਿਆ ਭਾਗੁ ਬੈਠਾ ਮਸਤਕਿ ਆਇ ਜੀਉ ॥੧੧॥ (72-9)
दुरमति का दुखु कटिआ भागु बैठा मसतकि आइ जीउ ॥११॥

ਅੰਮ੍ਰਿਤੁ ਤੇਰੀ ਬਾਣੀਆ ॥ (72-10)
अमृतु तेरी बाणीआ ॥

ਤੇਰਿਆ ਭਗਤਾ ਰਿਦੈ ਸਮਾਣੀਆ ॥ (72-10)
तेरिआ भगता रिदै समाणीआ ॥

ਸੁਖ ਸੇਵਾ ਅੰਦਰਿ ਰਖਿਐ ਆਪਣੀ ਨਦਰਿ ਕਰਹਿ ਨਿਸਤਾਰਿ ਜੀਉ ॥੧੨॥ (72-10)
सुख सेवा अंदरि रखिऐ आपणी नदरि करहि निसतारि जीउ ॥१२॥

ਸਤਿਗੁਰੁ ਮਿਲਿਆ ਜਾਣੀਐ ॥ (72-11)
सतिगुरु मिलिआ जाणीऐ ॥

ਜਿਤੁ ਮਿਲਿਐ ਨਾਮੁ ਵਖਾਣੀਐ ॥ (72-11)
जितु मिलिऐ नामु वखाणीऐ ॥

ਸਤਿਗੁਰ ਬਾਝੁ ਨ ਪਾਇਓ ਸਭ ਥਕੀ ਕਰਮ ਕਮਾਇ ਜੀਉ ॥੧੩॥ (72-12)
सतिगुर बाझु न पाइओ सभ थकी करम कमाइ जीउ ॥१३॥

ਹਉ ਸਤਿਗੁਰ ਵਿਟਹੁ ਘੁਮਾਇਆ ॥ (72-12)
हउ सतिगुर विटहु घुमाइआ ॥

ਜਿਨਿ ਭ੍ਰਮਿ ਭੁਲਾ ਮਾਰਗਿ ਪਾਇਆ ॥ (72-13)
जिनि भ्रमि भुला मारगि पाइआ ॥

ਨਦਰਿ ਕਰੇ ਜੇ ਆਪਣੀ ਆਪੇ ਲਏ ਰਲਾਇ ਜੀਉ ॥੧੪॥ (72-13)
नदरि करे जे आपणी आपे लए रलाइ जीउ ॥१४॥

ਤੂੰ ਸਭਨਾ ਮਾਹਿ ਸਮਾਇਆ ॥ (72-14)
तूं सभना माहि समाइआ ॥

ਤਿਨਿ ਕਰਤੈ ਆਪੁ ਲੁਕਾਇਆ ॥ (72-14)
तिनि करतै आपु लुकाइआ ॥

ਨਾਨਕ ਗੁਰਮੁਖਿ ਪਰਗਟੁ ਹੋਇਆ ਜਾ ਕਉ ਜੋਤਿ ਧਰੀ ਕਰਤਾਰਿ ਜੀਉ ॥੧੫॥ (72-14)
नानक गुरमुखि परगटु होइआ जा कउ जोति धरी करतारि जीउ ॥१५॥

ਆਪੇ ਖਸਮਿ ਨਿਵਾਜਿਆ ॥ (72-15)
आपे खसमि निवाजिआ ॥

ਜੀਉ ਪਿੰਡੁ ਦੇ ਸਾਜਿਆ ॥ (72-15)
जीउ पिंडु दे साजिआ ॥

ਆਪਣੇ ਸੇਵਕ ਕੀ ਪੈਜ ਰਖੀਆ ਦੁਇ ਕਰ ਮਸਤਕਿ ਧਾਰਿ ਜੀਉ ॥੧੬॥ (72-15)
आपणे सेवक की पैज रखीआ दुइ कर मसतकि धारि जीउ ॥१६॥

ਸਭਿ ਸੰਜਮ ਰਹੇ ਸਿਆਣਪਾ ॥ (72-16)
सभि संजम रहे सिआणपा ॥

ਮੇਰਾ ਪ੍ਰਭੁ ਸਭੁ ਕਿਛੁ ਜਾਣਦਾ ॥ (72-16)
मेरा प्रभु सभु किछु जाणदा ॥

ਪ੍ਰਗਟ ਪ੍ਰਤਾਪੁ ਵਰਤਾਇਓ ਸਭੁ ਲੋਕੁ ਕਰੈ ਜੈਕਾਰੁ ਜੀਉ ॥੧੭॥ (72-17)
प्रगट प्रतापु वरताइओ सभु लोकु करै जैकारु जीउ ॥१७॥

ਮੇਰੇ ਗੁਣ ਅਵਗਨ ਨ ਬੀਚਾਰਿਆ ॥ (72-17)
मेरे गुण अवगन न बीचारिआ ॥

ਪ੍ਰਭਿ ਅਪਣਾ ਬਿਰਦੁ ਸਮਾਰਿਆ ॥ (72-18)
प्रभि अपणा बिरदु समारिआ ॥

ਕੰਠਿ ਲਾਇ ਕੈ ਰਖਿਓਨੁ ਲਗੈ ਨ ਤਤੀ ਵਾਉ ਜੀਉ ॥੧੮॥ (72-18)
कंठि लाइ कै रखिओनु लगै न तती वाउ जीउ ॥१८॥

ਮੈ ਮਨਿ ਤਨਿ ਪ੍ਰਭੂ ਧਿਆਇਆ ॥ (72-18)
मै मनि तनि प्रभू धिआइआ ॥

ਜੀਇ ਇਛਿਅੜਾ ਫਲੁ ਪਾਇਆ ॥ (72-19)
जीइ इछिअड़ा फलु पाइआ ॥

ਸਾਹ ਪਾਤਿਸਾਹ ਸਿਰਿ ਖਸਮੁ ਤੂੰ ਜਪਿ ਨਾਨਕ ਜੀਵੈ ਨਾਉ ਜੀਉ ॥੧੯॥ (72-19)
साह पातिसाह सिरि खसमु तूं जपि नानक जीवै नाउ जीउ ॥१९॥

ਤੁਧੁ ਆਪੇ ਆਪੁ ਉਪਾਇਆ ॥ (73-1)
तुधु आपे आपु उपाइआ ॥

ਦੂਜਾ ਖੇਲੁ ਕਰਿ ਦਿਖਲਾਇਆ ॥ (73-1)
दूजा खेलु करि दिखलाइआ ॥

ਸਭੁ ਸਚੋ ਸਚੁ ਵਰਤਦਾ ਜਿਸੁ ਭਾਵੈ ਤਿਸੈ ਬੁਝਾਇ ਜੀਉ ॥੨੦॥ (73-1)
सभु सचो सचु वरतदा जिसु भावै तिसै बुझाइ जीउ ॥२०॥

ਗੁਰ ਪਰਸਾਦੀ ਪਾਇਆ ॥ (73-2)
गुर परसादी पाइआ ॥

ਤਿਥੈ ਮਾਇਆ ਮੋਹੁ ਚੁਕਾਇਆ ॥ (73-2)
तिथै माइआ मोहु चुकाइआ ॥

ਕਿਰਪਾ ਕਰਿ ਕੈ ਆਪਣੀ ਆਪੇ ਲਏ ਸਮਾਇ ਜੀਉ ॥੨੧॥ (73-3)
किरपा करि कै आपणी आपे लए समाइ जीउ ॥२१॥

ਗੋਪੀ ਨੈ ਗੋਆਲੀਆ ॥ (73-3)
गोपी नै गोआलीआ ॥

ਤੁਧੁ ਆਪੇ ਗੋਇ ਉਠਾਲੀਆ ॥ (73-3)
तुधु आपे गोइ उठालीआ ॥

ਹੁਕਮੀ ਭਾਂਡੇ ਸਾਜਿਆ ਤੂੰ ਆਪੇ ਭੰਨਿ ਸਵਾਰਿ ਜੀਉ ॥੨੨॥ (73-4)
हुकमी भांडे साजिआ तूं आपे भंनि सवारि जीउ ॥२२॥

ਜਿਨ ਸਤਿਗੁਰ ਸਿਉ ਚਿਤੁ ਲਾਇਆ ॥ (73-4)
जिन सतिगुर सिउ चितु लाइआ ॥

ਤਿਨੀ ਦੂਜਾ ਭਾਉ ਚੁਕਾਇਆ ॥ (73-4)
तिनी दूजा भाउ चुकाइआ ॥

ਨਿਰਮਲ ਜੋਤਿ ਤਿਨ ਪ੍ਰਾਣੀਆ ਓਇ ਚਲੇ ਜਨਮੁ ਸਵਾਰਿ ਜੀਉ ॥੨੩॥ (73-5)
निरमल जोति तिन प्राणीआ ओइ चले जनमु सवारि जीउ ॥२३॥

ਤੇਰੀਆ ਸਦਾ ਸਦਾ ਚੰਗਿਆਈਆ ॥ (73-5)
तेरीआ सदा सदा चंगिआईआ ॥

ਮੈ ਰਾਤਿ ਦਿਹੈ ਵਡਿਆਈਆਂ ॥ (73-6)
मै राति दिहै वडिआईआं ॥

ਅਣਮੰਗਿਆ ਦਾਨੁ ਦੇਵਣਾ ਕਹੁ ਨਾਨਕ ਸਚੁ ਸਮਾਲਿ ਜੀਉ ॥੨੪॥੧॥ (73-6)
अणमंगिआ दानु देवणा कहु नानक सचु समालि जीउ ॥२४॥१॥

ਸਿਰੀਰਾਗੁ ਮਹਲਾ ੫ ॥ (73-7)
सिरीरागु महला ५ ॥

ਪੈ ਪਾਇ ਮਨਾਈ ਸੋਇ ਜੀਉ ॥ (73-7)
पै पाइ मनाई सोइ जीउ ॥

ਸਤਿਗੁਰ ਪੁਰਖਿ ਮਿਲਾਇਆ ਤਿਸੁ ਜੇਵਡੁ ਅਵਰੁ ਨ ਕੋਇ ਜੀਉ ॥੧॥ ਰਹਾਉ ॥ (73-7)
सतिगुर पुरखि मिलाइआ तिसु जेवडु अवरु न कोइ जीउ ॥१॥ रहाउ ॥

ਗੋਸਾਈ ਮਿਹੰਡਾ ਇਠੜਾ ॥ (73-8)
गोसाई मिहंडा इठड़ा ॥

ਅੰਮ ਅਬੇ ਥਾਵਹੁ ਮਿਠੜਾ ॥ (73-8)
अंम अबे थावहु मिठड़ा ॥

ਭੈਣ ਭਾਈ ਸਭਿ ਸਜਣਾ ਤੁਧੁ ਜੇਹਾ ਨਾਹੀ ਕੋਇ ਜੀਉ ॥੧॥ (73-9)
भैण भाई सभि सजणा तुधु जेहा नाही कोइ जीउ ॥१॥

ਤੇਰੈ ਹੁਕਮੇ ਸਾਵਣੁ ਆਇਆ ॥ (73-9)
तेरै हुकमे सावणु आइआ ॥

ਮੈ ਸਤ ਕਾ ਹਲੁ ਜੋਆਇਆ ॥ (73-9)
मै सत का हलु जोआइआ ॥

ਨਾਉ ਬੀਜਣ ਲਗਾ ਆਸ ਕਰਿ ਹਰਿ ਬੋਹਲ ਬਖਸ ਜਮਾਇ ਜੀਉ ॥੨॥ (73-10)
नाउ बीजण लगा आस करि हरि बोहल बखस जमाइ जीउ ॥२॥

ਹਉ ਗੁਰ ਮਿਲਿ ਇਕੁ ਪਛਾਣਦਾ ॥ (73-10)
हउ गुर मिलि इकु पछाणदा ॥

ਦੁਯਾ ਕਾਗਲੁ ਚਿਤਿ ਨ ਜਾਣਦਾ ॥ (73-11)
दुया कागलु चिति न जाणदा ॥

ਹਰਿ ਇਕਤੈ ਕਾਰੈ ਲਾਇਓਨੁ ਜਿਉ ਭਾਵੈ ਤਿੰਵੈ ਨਿਬਾਹਿ ਜੀਉ ॥੩॥ (73-11)
हरि इकतै कारै लाइओनु जिउ भावै तिंवै निबाहि जीउ ॥३॥

ਤੁਸੀ ਭੋਗਿਹੁ ਭੁੰਚਹੁ ਭਾਈਹੋ ॥ (73-12)
तुसी भोगिहु भुंचहु भाईहो ॥

ਗੁਰਿ ਦੀਬਾਣਿ ਕਵਾਇ ਪੈਨਾਈਓ ॥ (73-12)
गुरि दीबाणि कवाइ पैनाईओ ॥

ਹਉ ਹੋਆ ਮਾਹਰੁ ਪਿੰਡ ਦਾ ਬੰਨਿ ਆਦੇ ਪੰਜਿ ਸਰੀਕ ਜੀਉ ॥੪॥ (73-12)
हउ होआ माहरु पिंड दा बंनि आदे पंजि सरीक जीउ ॥४॥

ਹਉ ਆਇਆ ਸਾਮ੍ਹੈ ਤਿਹੰਡੀਆ ॥ (73-13)
हउ आइआ साम्है तिहंडीआ ॥

ਪੰਜਿ ਕਿਰਸਾਣ ਮੁਜੇਰੇ ਮਿਹਡਿਆ ॥ (73-13)
पंजि किरसाण मुजेरे मिहडिआ ॥

ਕੰਨੁ ਕੋਈ ਕਢਿ ਨ ਹੰਘਈ ਨਾਨਕ ਵੁਠਾ ਘੁਘਿ ਗਿਰਾਉ ਜੀਉ ॥੫॥ (73-14)
कंनु कोई कढि न हंघई नानक वुठा घुघि गिराउ जीउ ॥५॥

ਹਉ ਵਾਰੀ ਘੁੰਮਾ ਜਾਵਦਾ ॥ (73-14)
हउ वारी घुंमा जावदा ॥

ਇਕ ਸਾਹਾ ਤੁਧੁ ਧਿਆਇਦਾ ॥ (73-14)
इक साहा तुधु धिआइदा ॥

ਉਜੜੁ ਥੇਹੁ ਵਸਾਇਓ ਹਉ ਤੁਧ ਵਿਟਹੁ ਕੁਰਬਾਣੁ ਜੀਉ ॥੬॥ (73-15)
उजड़ु थेहु वसाइओ हउ तुध विटहु कुरबाणु जीउ ॥६॥

ਹਰਿ ਇਠੈ ਨਿਤ ਧਿਆਇਦਾ ॥ (73-15)
हरि इठै नित धिआइदा ॥

ਮਨਿ ਚਿੰਦੀ ਸੋ ਫਲੁ ਪਾਇਦਾ ॥ (73-16)
मनि चिंदी सो फलु पाइदा ॥

ਸਭੇ ਕਾਜ ਸਵਾਰਿਅਨੁ ਲਾਹੀਅਨੁ ਮਨ ਕੀ ਭੁਖ ਜੀਉ ॥੭॥ (73-16)
सभे काज सवारिअनु लाहीअनु मन की भुख जीउ ॥७॥

ਮੈ ਛਡਿਆ ਸਭੋ ਧੰਧੜਾ ॥ (73-16)
मै छडिआ सभो धंधड़ा ॥

ਗੋਸਾਈ ਸੇਵੀ ਸਚੜਾ ॥ (73-17)
गोसाई सेवी सचड़ा ॥

ਨਉ ਨਿਧਿ ਨਾਮੁ ਨਿਧਾਨੁ ਹਰਿ ਮੈ ਪਲੈ ਬਧਾ ਛਿਕਿ ਜੀਉ ॥੮॥ (73-17)
नउ निधि नामु निधानु हरि मै पलै बधा छिकि जीउ ॥८॥

ਮੈ ਸੁਖੀ ਹੂੰ ਸੁਖੁ ਪਾਇਆ ॥ (73-17)
मै सुखी हूं सुखु पाइआ ॥

ਗੁਰਿ ਅੰਤਰਿ ਸਬਦੁ ਵਸਾਇਆ ॥ (73-18)
गुरि अंतरि सबदु वसाइआ ॥

ਸਤਿਗੁਰਿ ਪੁਰਖਿ ਵਿਖਾਲਿਆ ਮਸਤਕਿ ਧਰਿ ਕੈ ਹਥੁ ਜੀਉ ॥੯॥ (73-18)
सतिगुरि पुरखि विखालिआ मसतकि धरि कै हथु जीउ ॥९॥

ਮੈ ਬਧੀ ਸਚੁ ਧਰਮ ਸਾਲ ਹੈ ॥ (73-19)
मै बधी सचु धरम साल है ॥

ਗੁਰਸਿਖਾ ਲਹਦਾ ਭਾਲਿ ਕੈ ॥ (73-19)
गुरसिखा लहदा भालि कै ॥

ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ ॥੧੦॥ (73-19)
पैर धोवा पखा फेरदा तिसु निवि निवि लगा पाइ जीउ ॥१०॥

ਸੁਣਿ ਗਲਾ ਗੁਰ ਪਹਿ ਆਇਆ ॥ (74-1)
सुणि गला गुर पहि आइआ ॥

ਨਾਮੁ ਦਾਨੁ ਇਸਨਾਨੁ ਦਿੜਾਇਆ ॥ (74-1)
नामु दानु इसनानु दिड़ाइआ ॥

ਸਭੁ ਮੁਕਤੁ ਹੋਆ ਸੈਸਾਰੜਾ ਨਾਨਕ ਸਚੀ ਬੇੜੀ ਚਾੜਿ ਜੀਉ ॥੧੧॥ (74-1)
सभु मुकतु होआ सैसारड़ा नानक सची बेड़ी चाड़ि जीउ ॥११॥

ਸਭ ਸ੍ਰਿਸਟਿ ਸੇਵੇ ਦਿਨੁ ਰਾਤਿ ਜੀਉ ॥ (74-2)
सभ स्रिसटि सेवे दिनु राति जीउ ॥

ਦੇ ਕੰਨੁ ਸੁਣਹੁ ਅਰਦਾਸਿ ਜੀਉ ॥ (74-2)
दे कंनु सुणहु अरदासि जीउ ॥

ਠੋਕਿ ਵਜਾਇ ਸਭ ਡਿਠੀਆ ਤੁਸਿ ਆਪੇ ਲਇਅਨੁ ਛਡਾਇ ਜੀਉ ॥੧੨॥ (74-3)
ठोकि वजाइ सभ डिठीआ तुसि आपे लइअनु छडाइ जीउ ॥१२॥

ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥ (74-3)
हुणि हुकमु होआ मिहरवाण दा ॥

ਪੈ ਕੋਇ ਨ ਕਿਸੈ ਰਞਾਣਦਾ ॥ (74-4)
पै कोइ न किसै रञाणदा ॥

ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥੧੩॥ (74-4)
सभ सुखाली वुठीआ इहु होआ हलेमी राजु जीउ ॥१३॥

ਝਿੰਮਿ ਝਿੰਮਿ ਅੰਮ੍ਰਿਤੁ ਵਰਸਦਾ ॥ (74-5)
झिंमि झिंमि अमृतु वरसदा ॥

ਬੋਲਾਇਆ ਬੋਲੀ ਖਸਮ ਦਾ ॥ (74-5)
बोलाइआ बोली खसम दा ॥

ਬਹੁ ਮਾਣੁ ਕੀਆ ਤੁਧੁ ਉਪਰੇ ਤੂੰ ਆਪੇ ਪਾਇਹਿ ਥਾਇ ਜੀਉ ॥੧੪॥ (74-5)
बहु माणु कीआ तुधु उपरे तूं आपे पाइहि थाइ जीउ ॥१४॥

ਤੇਰਿਆ ਭਗਤਾ ਭੁਖ ਸਦ ਤੇਰੀਆ ॥ (74-6)
तेरिआ भगता भुख सद तेरीआ ॥

ਹਰਿ ਲੋਚਾ ਪੂਰਨ ਮੇਰੀਆ ॥ (74-6)
हरि लोचा पूरन मेरीआ ॥

ਦੇਹੁ ਦਰਸੁ ਸੁਖਦਾਤਿਆ ਮੈ ਗਲ ਵਿਚਿ ਲੈਹੁ ਮਿਲਾਇ ਜੀਉ ॥੧੫॥ (74-6)
देहु दरसु सुखदातिआ मै गल विचि लैहु मिलाइ जीउ ॥१५॥

ਤੁਧੁ ਜੇਵਡੁ ਅਵਰੁ ਨ ਭਾਲਿਆ ॥ (74-7)
तुधु जेवडु अवरु न भालिआ ॥

ਤੂੰ ਦੀਪ ਲੋਅ ਪਇਆਲਿਆ ॥ (74-7)
तूं दीप लोअ पइआलिआ ॥

ਤੂੰ ਥਾਨਿ ਥਨੰਤਰਿ ਰਵਿ ਰਹਿਆ ਨਾਨਕ ਭਗਤਾ ਸਚੁ ਅਧਾਰੁ ਜੀਉ ॥੧੬॥ (74-8)
तूं थानि थनंतरि रवि रहिआ नानक भगता सचु अधारु जीउ ॥१६॥

ਹਉ ਗੋਸਾਈ ਦਾ ਪਹਿਲਵਾਨੜਾ ॥ (74-8)
हउ गोसाई दा पहिलवानड़ा ॥

ਮੈ ਗੁਰ ਮਿਲਿ ਉਚ ਦੁਮਾਲੜਾ ॥ (74-9)
मै गुर मिलि उच दुमालड़ा ॥

ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ ॥੧੭॥ (74-9)
सभ होई छिंझ इकठीआ दयु बैठा वेखै आपि जीउ ॥१७॥

ਵਾਤ ਵਜਨਿ ਟੰਮਕ ਭੇਰੀਆ ॥ (74-10)
वात वजनि टंमक भेरीआ ॥

ਮਲ ਲਥੇ ਲੈਦੇ ਫੇਰੀਆ ॥ (74-10)
मल लथे लैदे फेरीआ ॥

ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ ॥੧੮॥ (74-10)
निहते पंजि जुआन मै गुर थापी दिती कंडि जीउ ॥१८॥

ਸਭ ਇਕਠੇ ਹੋਇ ਆਇਆ ॥ (74-11)
सभ इकठे होइ आइआ ॥

ਘਰਿ ਜਾਸਨਿ ਵਾਟ ਵਟਾਇਆ ॥ (74-11)
घरि जासनि वाट वटाइआ ॥

ਗੁਰਮੁਖਿ ਲਾਹਾ ਲੈ ਗਏ ਮਨਮੁਖ ਚਲੇ ਮੂਲੁ ਗਵਾਇ ਜੀਉ ॥੧੯॥ (74-11)
गुरमुखि लाहा लै गए मनमुख चले मूलु गवाइ जीउ ॥१९॥

ਤੂੰ ਵਰਨਾ ਚਿਹਨਾ ਬਾਹਰਾ ॥ (74-12)
तूं वरना चिहना बाहरा ॥

ਹਰਿ ਦਿਸਹਿ ਹਾਜਰੁ ਜਾਹਰਾ ॥ (74-12)
हरि दिसहि हाजरु जाहरा ॥

ਸੁਣਿ ਸੁਣਿ ਤੁਝੈ ਧਿਆਇਦੇ ਤੇਰੇ ਭਗਤ ਰਤੇ ਗੁਣਤਾਸੁ ਜੀਉ ॥੨੦॥ (74-12)
सुणि सुणि तुझै धिआइदे तेरे भगत रते गुणतासु जीउ ॥२०॥

ਮੈ ਜੁਗਿ ਜੁਗਿ ਦਯੈ ਸੇਵੜੀ ॥ (74-13)
मै जुगि जुगि दयै सेवड़ी ॥

ਗੁਰਿ ਕਟੀ ਮਿਹਡੀ ਜੇਵੜੀ ॥ (74-13)
गुरि कटी मिहडी जेवड़ी ॥

ਹਉ ਬਾਹੁੜਿ ਛਿੰਝ ਨ ਨਚਊ ਨਾਨਕ ਅਉਸਰੁ ਲਧਾ ਭਾਲਿ ਜੀਉ ॥੨੧॥੨॥੨੯॥ (74-14)
हउ बाहुड़ि छिंझ न नचऊ नानक अउसरु लधा भालि जीउ ॥२१॥२॥२९॥

ੴ ਸਤਿਗੁਰ ਪ੍ਰਸਾਦਿ ॥ (74-15)
ੴ सतिगुर प्रसादि ॥

ਸਿਰੀਰਾਗੁ ਮਹਲਾ ੧ ਪਹਰੇ ਘਰੁ ੧ ॥ (74-15)
सिरीरागु महला १ पहरे घरु १ ॥

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ ॥ (74-16)
पहिलै पहरै रैणि कै वणजारिआ मित्रा हुकमि पइआ गरभासि ॥

ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ ॥ (74-16)
उरध तपु अंतरि करे वणजारिआ मित्रा खसम सेती अरदासि ॥

ਖਸਮ ਸੇਤੀ ਅਰਦਾਸਿ ਵਖਾਣੈ ਉਰਧ ਧਿਆਨਿ ਲਿਵ ਲਾਗਾ ॥ (74-17)
खसम सेती अरदासि वखाणै उरध धिआनि लिव लागा ॥

ਨਾ ਮਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ ॥ (74-17)
ना मरजादु आइआ कलि भीतरि बाहुड़ि जासी नागा ॥

ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ ॥ (74-18)
जैसी कलम वुड़ी है मसतकि तैसी जीअड़े पासि ॥

ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹੁਕਮਿ ਪਇਆ ਗਰਭਾਸਿ ॥੧॥ (74-18)
कहु नानक प्राणी पहिलै पहरै हुकमि पइआ गरभासि ॥१॥

ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ ॥ (75-1)
दूजै पहरै रैणि कै वणजारिआ मित्रा विसरि गइआ धिआनु ॥

ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ ਜਿਉ ਜਸੁਦਾ ਘਰਿ ਕਾਨੁ ॥ (75-2)
हथो हथि नचाईऐ वणजारिआ मित्रा जिउ जसुदा घरि कानु ॥

ਹਥੋ ਹਥਿ ਨਚਾਈਐ ਪ੍ਰਾਣੀ ਮਾਤ ਕਹੈ ਸੁਤੁ ਮੇਰਾ ॥ (75-2)
हथो हथि नचाईऐ प्राणी मात कहै सुतु मेरा ॥

ਚੇਤਿ ਅਚੇਤ ਮੂੜ ਮਨ ਮੇਰੇ ਅੰਤਿ ਨਹੀ ਕਛੁ ਤੇਰਾ ॥ (75-3)
चेति अचेत मूड़ मन मेरे अंति नही कछु तेरा ॥

ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਮਨ ਭੀਤਰਿ ਧਰਿ ਗਿਆਨੁ ॥ (75-3)
जिनि रचि रचिआ तिसहि न जाणै मन भीतरि धरि गिआनु ॥

ਕਹੁ ਨਾਨਕ ਪ੍ਰਾਣੀ ਦੂਜੈ ਪਹਰੈ ਵਿਸਰਿ ਗਇਆ ਧਿਆਨੁ ॥੨॥ (75-4)
कहु नानक प्राणी दूजै पहरै विसरि गइआ धिआनु ॥२॥

ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਨ ਜੋਬਨ ਸਿਉ ਚਿਤੁ ॥ (75-4)
तीजै पहरै रैणि कै वणजारिआ मित्रा धन जोबन सिउ चितु ॥

ਹਰਿ ਕਾ ਨਾਮੁ ਨ ਚੇਤਹੀ ਵਣਜਾਰਿਆ ਮਿਤ੍ਰਾ ਬਧਾ ਛੁਟਹਿ ਜਿਤੁ ॥ (75-5)
हरि का नामु न चेतही वणजारिआ मित्रा बधा छुटहि जितु ॥

ਹਰਿ ਕਾ ਨਾਮੁ ਨ ਚੇਤੈ ਪ੍ਰਾਣੀ ਬਿਕਲੁ ਭਇਆ ਸੰਗਿ ਮਾਇਆ ॥ (75-6)
हरि का नामु न चेतै प्राणी बिकलु भइआ संगि माइआ ॥

ਧਨ ਸਿਉ ਰਤਾ ਜੋਬਨਿ ਮਤਾ ਅਹਿਲਾ ਜਨਮੁ ਗਵਾਇਆ ॥ (75-6)
धन सिउ रता जोबनि मता अहिला जनमु गवाइआ ॥

ਧਰਮ ਸੇਤੀ ਵਾਪਾਰੁ ਨ ਕੀਤੋ ਕਰਮੁ ਨ ਕੀਤੋ ਮਿਤੁ ॥ (75-7)
धरम सेती वापारु न कीतो करमु न कीतो मितु ॥

ਕਹੁ ਨਾਨਕ ਤੀਜੈ ਪਹਰੈ ਪ੍ਰਾਣੀ ਧਨ ਜੋਬਨ ਸਿਉ ਚਿਤੁ ॥੩॥ (75-7)
कहु नानक तीजै पहरै प्राणी धन जोबन सिउ चितु ॥३॥

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ ॥ (75-8)
चउथै पहरै रैणि कै वणजारिआ मित्रा लावी आइआ खेतु ॥

ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ ॥ (75-8)
जा जमि पकड़ि चलाइआ वणजारिआ मित्रा किसै न मिलिआ भेतु ॥

ਭੇਤੁ ਚੇਤੁ ਹਰਿ ਕਿਸੈ ਨ ਮਿਲਿਓ ਜਾ ਜਮਿ ਪਕੜਿ ਚਲਾਇਆ ॥ (75-9)
भेतु चेतु हरि किसै न मिलिओ जा जमि पकड़ि चलाइआ ॥

ਝੂਠਾ ਰੁਦਨੁ ਹੋਆ ਦੁੋਆਲੈ ਖਿਨ ਮਹਿ ਭਇਆ ਪਰਾਇਆ ॥ (75-10)
झूठा रुदनु होआ दुोआलै खिन महि भइआ पराइआ ॥

ਸਾਈ ਵਸਤੁ ਪਰਾਪਤਿ ਹੋਈ ਜਿਸੁ ਸਿਉ ਲਾਇਆ ਹੇਤੁ ॥ (75-10)
साई वसतु परापति होई जिसु सिउ लाइआ हेतु ॥

ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਲਾਵੀ ਲੁਣਿਆ ਖੇਤੁ ॥੪॥੧॥ (75-11)
कहु नानक प्राणी चउथै पहरै लावी लुणिआ खेतु ॥४॥१॥

ਸਿਰੀਰਾਗੁ ਮਹਲਾ ੧ ॥ (75-11)
सिरीरागु महला १ ॥

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਾਲਕ ਬੁਧਿ ਅਚੇਤੁ ॥ (75-12)
पहिलै पहरै रैणि कै वणजारिआ मित्रा बालक बुधि अचेतु ॥

ਖੀਰੁ ਪੀਐ ਖੇਲਾਈਐ ਵਣਜਾਰਿਆ ਮਿਤ੍ਰਾ ਮਾਤ ਪਿਤਾ ਸੁਤ ਹੇਤੁ ॥ (75-12)
खीरु पीऐ खेलाईऐ वणजारिआ मित्रा मात पिता सुत हेतु ॥

ਮਾਤ ਪਿਤਾ ਸੁਤ ਨੇਹੁ ਘਨੇਰਾ ਮਾਇਆ ਮੋਹੁ ਸਬਾਈ ॥ (75-13)
मात पिता सुत नेहु घनेरा माइआ मोहु सबाई ॥

ਸੰਜੋਗੀ ਆਇਆ ਕਿਰਤੁ ਕਮਾਇਆ ਕਰਣੀ ਕਾਰ ਕਰਾਈ ॥ (75-13)
संजोगी आइआ किरतु कमाइआ करणी कार कराई ॥

ਰਾਮ ਨਾਮ ਬਿਨੁ ਮੁਕਤਿ ਨ ਹੋਈ ਬੂਡੀ ਦੂਜੈ ਹੇਤਿ ॥ (75-14)
राम नाम बिनु मुकति न होई बूडी दूजै हेति ॥

ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਛੂਟਹਿਗਾ ਹਰਿ ਚੇਤਿ ॥੧॥ (75-14)
कहु नानक प्राणी पहिलै पहरै छूटहिगा हरि चेति ॥१॥

ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਭਰਿ ਜੋਬਨਿ ਮੈ ਮਤਿ ॥ (75-15)
दूजै पहरै रैणि कै वणजारिआ मित्रा भरि जोबनि मै मति ॥

ਅਹਿਨਿਸਿ ਕਾਮਿ ਵਿਆਪਿਆ ਵਣਜਾਰਿਆ ਮਿਤ੍ਰਾ ਅੰਧੁਲੇ ਨਾਮੁ ਨ ਚਿਤਿ ॥ (75-16)
अहिनिसि कामि विआपिआ वणजारिआ मित्रा अंधुले नामु न चिति ॥

ਰਾਮ ਨਾਮੁ ਘਟ ਅੰਤਰਿ ਨਾਹੀ ਹੋਰਿ ਜਾਣੈ ਰਸ ਕਸ ਮੀਠੇ ॥ (75-16)
राम नामु घट अंतरि नाही होरि जाणै रस कस मीठे ॥

ਗਿਆਨੁ ਧਿਆਨੁ ਗੁਣ ਸੰਜਮੁ ਨਾਹੀ ਜਨਮਿ ਮਰਹੁਗੇ ਝੂਠੇ ॥ (75-17)
गिआनु धिआनु गुण संजमु नाही जनमि मरहुगे झूठे ॥

ਤੀਰਥ ਵਰਤ ਸੁਚਿ ਸੰਜਮੁ ਨਾਹੀ ਕਰਮੁ ਧਰਮੁ ਨਹੀ ਪੂਜਾ ॥ (75-17)
तीरथ वरत सुचि संजमु नाही करमु धरमु नही पूजा ॥

ਨਾਨਕ ਭਾਇ ਭਗਤਿ ਨਿਸਤਾਰਾ ਦੁਬਿਧਾ ਵਿਆਪੈ ਦੂਜਾ ॥੨॥ (75-18)
नानक भाइ भगति निसतारा दुबिधा विआपै दूजा ॥२॥

ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਸਰਿ ਹੰਸ ਉਲਥੜੇ ਆਇ ॥ (75-19)
तीजै पहरै रैणि कै वणजारिआ मित्रा सरि हंस उलथड़े आइ ॥

ਜੋਬਨੁ ਘਟੈ ਜਰੂਆ ਜਿਣੈ ਵਣਜਾਰਿਆ ਮਿਤ੍ਰਾ ਆਵ ਘਟੈ ਦਿਨੁ ਜਾਇ ॥ (75-19)
जोबनु घटै जरूआ जिणै वणजारिआ मित्रा आव घटै दिनु जाइ ॥

ਅੰਤਿ ਕਾਲਿ ਪਛੁਤਾਸੀ ਅੰਧੁਲੇ ਜਾ ਜਮਿ ਪਕੜਿ ਚਲਾਇਆ ॥ (76-1)
अंति कालि पछुतासी अंधुले जा जमि पकड़ि चलाइआ ॥

ਸਭੁ ਕਿਛੁ ਅਪੁਨਾ ਕਰਿ ਕਰਿ ਰਾਖਿਆ ਖਿਨ ਮਹਿ ਭਇਆ ਪਰਾਇਆ ॥ (76-2)
सभु किछु अपुना करि करि राखिआ खिन महि भइआ पराइआ ॥

ਬੁਧਿ ਵਿਸਰਜੀ ਗਈ ਸਿਆਣਪ ਕਰਿ ਅਵਗਣ ਪਛੁਤਾਇ ॥ (76-2)
बुधि विसरजी गई सिआणप करि अवगण पछुताइ ॥

ਕਹੁ ਨਾਨਕ ਪ੍ਰਾਣੀ ਤੀਜੈ ਪਹਰੈ ਪ੍ਰਭੁ ਚੇਤਹੁ ਲਿਵ ਲਾਇ ॥੩॥ (76-3)
कहु नानक प्राणी तीजै पहरै प्रभु चेतहु लिव लाइ ॥३॥

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਿਰਧਿ ਭਇਆ ਤਨੁ ਖੀਣੁ ॥ (76-3)
चउथै पहरै रैणि कै वणजारिआ मित्रा बिरधि भइआ तनु खीणु ॥

ਅਖੀ ਅੰਧੁ ਨ ਦੀਸਈ ਵਣਜਾਰਿਆ ਮਿਤ੍ਰਾ ਕੰਨੀ ਸੁਣੈ ਨ ਵੈਣ ॥ (76-4)
अखी अंधु न दीसई वणजारिआ मित्रा कंनी सुणै न वैण ॥

ਅਖੀ ਅੰਧੁ ਜੀਭ ਰਸੁ ਨਾਹੀ ਰਹੇ ਪਰਾਕਉ ਤਾਣਾ ॥ (76-5)
अखी अंधु जीभ रसु नाही रहे पराकउ ताणा ॥

ਗੁਣ ਅੰਤਰਿ ਨਾਹੀ ਕਿਉ ਸੁਖੁ ਪਾਵੈ ਮਨਮੁਖ ਆਵਣ ਜਾਣਾ ॥ (76-5)
गुण अंतरि नाही किउ सुखु पावै मनमुख आवण जाणा ॥

ਖੜੁ ਪਕੀ ਕੁੜਿ ਭਜੈ ਬਿਨਸੈ ਆਇ ਚਲੈ ਕਿਆ ਮਾਣੁ ॥ (76-6)
खड़ु पकी कुड़ि भजै बिनसै आइ चलै किआ माणु ॥

ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਗੁਰਮੁਖਿ ਸਬਦੁ ਪਛਾਣੁ ॥੪॥ (76-6)
कहु नानक प्राणी चउथै पहरै गुरमुखि सबदु पछाणु ॥४॥

ਓੜਕੁ ਆਇਆ ਤਿਨ ਸਾਹਿਆ ਵਣਜਾਰਿਆ ਮਿਤ੍ਰਾ ਜਰੁ ਜਰਵਾਣਾ ਕੰਨਿ ॥ (76-7)
ओड़कु आइआ तिन साहिआ वणजारिआ मित्रा जरु जरवाणा कंनि ॥

ਇਕ ਰਤੀ ਗੁਣ ਨ ਸਮਾਣਿਆ ਵਣਜਾਰਿਆ ਮਿਤ੍ਰਾ ਅਵਗਣ ਖੜਸਨਿ ਬੰਨਿ ॥ (76-7)
इक रती गुण न समाणिआ वणजारिआ मित्रा अवगण खड़सनि बंनि ॥

ਗੁਣ ਸੰਜਮਿ ਜਾਵੈ ਚੋਟ ਨ ਖਾਵੈ ਨਾ ਤਿਸੁ ਜੰਮਣੁ ਮਰਣਾ ॥ (76-8)
गुण संजमि जावै चोट न खावै ना तिसु जंमणु मरणा ॥

ਕਾਲੁ ਜਾਲੁ ਜਮੁ ਜੋਹਿ ਨ ਸਾਕੈ ਭਾਇ ਭਗਤਿ ਭੈ ਤਰਣਾ ॥ (76-9)
कालु जालु जमु जोहि न साकै भाइ भगति भै तरणा ॥

ਪਤਿ ਸੇਤੀ ਜਾਵੈ ਸਹਜਿ ਸਮਾਵੈ ਸਗਲੇ ਦੂਖ ਮਿਟਾਵੈ ॥ (76-9)
पति सेती जावै सहजि समावै सगले दूख मिटावै ॥

ਕਹੁ ਨਾਨਕ ਪ੍ਰਾਣੀ ਗੁਰਮੁਖਿ ਛੂਟੈ ਸਾਚੇ ਤੇ ਪਤਿ ਪਾਵੈ ॥੫॥੨॥ (76-10)
कहु नानक प्राणी गुरमुखि छूटै साचे ते पति पावै ॥५॥२॥

ਸਿਰੀਰਾਗੁ ਮਹਲਾ ੪ ॥ (76-10)
सिरीरागु महला ४ ॥

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹਰਿ ਪਾਇਆ ਉਦਰ ਮੰਝਾਰਿ ॥ (76-11)
पहिलै पहरै रैणि कै वणजारिआ मित्रा हरि पाइआ उदर मंझारि ॥

ਹਰਿ ਧਿਆਵੈ ਹਰਿ ਉਚਰੈ ਵਣਜਾਰਿਆ ਮਿਤ੍ਰਾ ਹਰਿ ਹਰਿ ਨਾਮੁ ਸਮਾਰਿ ॥ (76-11)
हरि धिआवै हरि उचरै वणजारिआ मित्रा हरि हरि नामु समारि ॥

ਹਰਿ ਹਰਿ ਨਾਮੁ ਜਪੇ ਆਰਾਧੇ ਵਿਚਿ ਅਗਨੀ ਹਰਿ ਜਪਿ ਜੀਵਿਆ ॥ (76-12)
हरि हरि नामु जपे आराधे विचि अगनी हरि जपि जीविआ ॥

ਬਾਹਰਿ ਜਨਮੁ ਭਇਆ ਮੁਖਿ ਲਾਗਾ ਸਰਸੇ ਪਿਤਾ ਮਾਤ ਥੀਵਿਆ ॥ (76-13)
बाहरि जनमु भइआ मुखि लागा सरसे पिता मात थीविआ ॥

ਜਿਸ ਕੀ ਵਸਤੁ ਤਿਸੁ ਚੇਤਹੁ ਪ੍ਰਾਣੀ ਕਰਿ ਹਿਰਦੈ ਗੁਰਮੁਖਿ ਬੀਚਾਰਿ ॥ (76-13)
जिस की वसतु तिसु चेतहु प्राणी करि हिरदै गुरमुखि बीचारि ॥

ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹਰਿ ਜਪੀਐ ਕਿਰਪਾ ਧਾਰਿ ॥੧॥ (76-14)
कहु नानक प्राणी पहिलै पहरै हरि जपीऐ किरपा धारि ॥१॥

ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਮਨੁ ਲਾਗਾ ਦੂਜੈ ਭਾਇ ॥ (76-14)
दूजै पहरै रैणि कै वणजारिआ मित्रा मनु लागा दूजै भाइ ॥

ਮੇਰਾ ਮੇਰਾ ਕਰਿ ਪਾਲੀਐ ਵਣਜਾਰਿਆ ਮਿਤ੍ਰਾ ਲੇ ਮਾਤ ਪਿਤਾ ਗਲਿ ਲਾਇ ॥ (76-15)
मेरा मेरा करि पालीऐ वणजारिआ मित्रा ले मात पिता गलि लाइ ॥

ਲਾਵੈ ਮਾਤ ਪਿਤਾ ਸਦਾ ਗਲ ਸੇਤੀ ਮਨਿ ਜਾਣੈ ਖਟਿ ਖਵਾਏ ॥ (76-16)
लावै मात पिता सदा गल सेती मनि जाणै खटि खवाए ॥

ਜੋ ਦੇਵੈ ਤਿਸੈ ਨ ਜਾਣੈ ਮੂੜਾ ਦਿਤੇ ਨੋ ਲਪਟਾਏ ॥ (76-16)
जो देवै तिसै न जाणै मूड़ा दिते नो लपटाए ॥

ਕੋਈ ਗੁਰਮੁਖਿ ਹੋਵੈ ਸੁ ਕਰੈ ਵੀਚਾਰੁ ਹਰਿ ਧਿਆਵੈ ਮਨਿ ਲਿਵ ਲਾਇ ॥ (76-17)
कोई गुरमुखि होवै सु करै वीचारु हरि धिआवै मनि लिव लाइ ॥

ਕਹੁ ਨਾਨਕ ਦੂਜੈ ਪਹਰੈ ਪ੍ਰਾਣੀ ਤਿਸੁ ਕਾਲੁ ਨ ਕਬਹੂੰ ਖਾਇ ॥੨॥ (76-17)
कहु नानक दूजै पहरै प्राणी तिसु कालु न कबहूं खाइ ॥२॥

ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਮਨੁ ਲਗਾ ਆਲਿ ਜੰਜਾਲਿ ॥ (76-18)
तीजै पहरै रैणि कै वणजारिआ मित्रा मनु लगा आलि जंजालि ॥

ਧਨੁ ਚਿਤਵੈ ਧਨੁ ਸੰਚਵੈ ਵਣਜਾਰਿਆ ਮਿਤ੍ਰਾ ਹਰਿ ਨਾਮਾ ਹਰਿ ਨ ਸਮਾਲਿ ॥ (76-19)
धनु चितवै धनु संचवै वणजारिआ मित्रा हरि नामा हरि न समालि ॥

ਹਰਿ ਨਾਮਾ ਹਰਿ ਹਰਿ ਕਦੇ ਨ ਸਮਾਲੈ ਜਿ ਹੋਵੈ ਅੰਤਿ ਸਖਾਈ ॥ (76-19)
हरि नामा हरि हरि कदे न समालै जि होवै अंति सखाई ॥

ਇਹੁ ਧਨੁ ਸੰਪੈ ਮਾਇਆ ਝੂਠੀ ਅੰਤਿ ਛੋਡਿ ਚਲਿਆ ਪਛੁਤਾਈ ॥ (77-1)
इहु धनु स्मपै माइआ झूठी अंति छोडि चलिआ पछुताई ॥

ਜਿਸ ਨੋ ਕਿਰਪਾ ਕਰੇ ਗੁਰੁ ਮੇਲੇ ਸੋ ਹਰਿ ਹਰਿ ਨਾਮੁ ਸਮਾਲਿ ॥ (77-1)
जिस नो किरपा करे गुरु मेले सो हरि हरि नामु समालि ॥

ਕਹੁ ਨਾਨਕ ਤੀਜੈ ਪਹਰੈ ਪ੍ਰਾਣੀ ਸੇ ਜਾਇ ਮਿਲੇ ਹਰਿ ਨਾਲਿ ॥੩॥ (77-2)
कहु नानक तीजै पहरै प्राणी से जाइ मिले हरि नालि ॥३॥

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹਰਿ ਚਲਣ ਵੇਲਾ ਆਦੀ ॥ (77-3)
चउथै पहरै रैणि कै वणजारिआ मित्रा हरि चलण वेला आदी ॥

ਕਰਿ ਸੇਵਹੁ ਪੂਰਾ ਸਤਿਗੁਰੂ ਵਣਜਾਰਿਆ ਮਿਤ੍ਰਾ ਸਭ ਚਲੀ ਰੈਣਿ ਵਿਹਾਦੀ ॥ (77-3)
करि सेवहु पूरा सतिगुरू वणजारिआ मित्रा सभ चली रैणि विहादी ॥

ਹਰਿ ਸੇਵਹੁ ਖਿਨੁ ਖਿਨੁ ਢਿਲ ਮੂਲਿ ਨ ਕਰਿਹੁ ਜਿਤੁ ਅਸਥਿਰੁ ਜੁਗੁ ਜੁਗੁ ਹੋਵਹੁ ॥ (77-4)
हरि सेवहु खिनु खिनु ढिल मूलि न करिहु जितु असथिरु जुगु जुगु होवहु ॥

ਹਰਿ ਸੇਤੀ ਸਦ ਮਾਣਹੁ ਰਲੀਆ ਜਨਮ ਮਰਣ ਦੁਖ ਖੋਵਹੁ ॥ (77-5)
हरि सेती सद माणहु रलीआ जनम मरण दुख खोवहु ॥

ਗੁਰ ਸਤਿਗੁਰ ਸੁਆਮੀ ਭੇਦੁ ਨ ਜਾਣਹੁ ਜਿਤੁ ਮਿਲਿ ਹਰਿ ਭਗਤਿ ਸੁਖਾਂਦੀ ॥ (77-5)
गुर सतिगुर सुआमी भेदु न जाणहु जितु मिलि हरि भगति सुखांदी ॥

ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਸਫਲਿਓੁ ਰੈਣਿ ਭਗਤਾ ਦੀ ॥੪॥੧॥੩॥ (77-6)
कहु नानक प्राणी चउथै पहरै सफलिओु रैणि भगता दी ॥४॥१॥३॥

ਸਿਰੀਰਾਗੁ ਮਹਲਾ ੫ ॥ (77-7)
सिरीरागु महला ५ ॥

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਰਿ ਪਾਇਤਾ ਉਦਰੈ ਮਾਹਿ ॥ (77-7)
पहिलै पहरै रैणि कै वणजारिआ मित्रा धरि पाइता उदरै माहि ॥

ਦਸੀ ਮਾਸੀ ਮਾਨਸੁ ਕੀਆ ਵਣਜਾਰਿਆ ਮਿਤ੍ਰਾ ਕਰਿ ਮੁਹਲਤਿ ਕਰਮ ਕਮਾਹਿ ॥ (77-8)
दसी मासी मानसु कीआ वणजारिआ मित्रा करि मुहलति करम कमाहि ॥

ਮੁਹਲਤਿ ਕਰਿ ਦੀਨੀ ਕਰਮ ਕਮਾਣੇ ਜੈਸਾ ਲਿਖਤੁ ਧੁਰਿ ਪਾਇਆ ॥ (77-8)
मुहलति करि दीनी करम कमाणे जैसा लिखतु धुरि पाइआ ॥

ਮਾਤ ਪਿਤਾ ਭਾਈ ਸੁਤ ਬਨਿਤਾ ਤਿਨ ਭੀਤਰਿ ਪ੍ਰਭੂ ਸੰਜੋਇਆ ॥ (77-9)
मात पिता भाई सुत बनिता तिन भीतरि प्रभू संजोइआ ॥

ਕਰਮ ਸੁਕਰਮ ਕਰਾਏ ਆਪੇ ਇਸੁ ਜੰਤੈ ਵਸਿ ਕਿਛੁ ਨਾਹਿ ॥ (77-9)
करम सुकरम कराए आपे इसु जंतै वसि किछु नाहि ॥

ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਧਰਿ ਪਾਇਤਾ ਉਦਰੈ ਮਾਹਿ ॥੧॥ (77-10)
कहु नानक प्राणी पहिलै पहरै धरि पाइता उदरै माहि ॥१॥

ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਭਰਿ ਜੁਆਨੀ ਲਹਰੀ ਦੇਇ ॥ (77-11)
दूजै पहरै रैणि कै वणजारिआ मित्रा भरि जुआनी लहरी देइ ॥

ਬੁਰਾ ਭਲਾ ਨ ਪਛਾਣਈ ਵਣਜਾਰਿਆ ਮਿਤ੍ਰਾ ਮਨੁ ਮਤਾ ਅਹੰਮੇਇ ॥ (77-11)
बुरा भला न पछाणई वणजारिआ मित्रा मनु मता अहंमेइ ॥

ਬੁਰਾ ਭਲਾ ਨ ਪਛਾਣੈ ਪ੍ਰਾਣੀ ਆਗੈ ਪੰਥੁ ਕਰਾਰਾ ॥ (77-12)
बुरा भला न पछाणै प्राणी आगै पंथु करारा ॥

ਪੂਰਾ ਸਤਿਗੁਰੁ ਕਬਹੂੰ ਨ ਸੇਵਿਆ ਸਿਰਿ ਠਾਢੇ ਜਮ ਜੰਦਾਰਾ ॥ (77-12)
पूरा सतिगुरु कबहूं न सेविआ सिरि ठाढे जम जंदारा ॥

ਧਰਮ ਰਾਇ ਜਬ ਪਕਰਸਿ ਬਵਰੇ ਤਬ ਕਿਆ ਜਬਾਬੁ ਕਰੇਇ ॥ (77-13)
धरम राइ जब पकरसि बवरे तब किआ जबाबु करेइ ॥

ਕਹੁ ਨਾਨਕ ਦੂਜੈ ਪਹਰੈ ਪ੍ਰਾਣੀ ਭਰਿ ਜੋਬਨੁ ਲਹਰੀ ਦੇਇ ॥੨॥ (77-13)
कहु नानक दूजै पहरै प्राणी भरि जोबनु लहरी देइ ॥२॥

ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਿਖੁ ਸੰਚੈ ਅੰਧੁ ਅਗਿਆਨੁ ॥ (77-14)
तीजै पहरै रैणि कै वणजारिआ मित्रा बिखु संचै अंधु अगिआनु ॥

ਪੁਤ੍ਰਿ ਕਲਤ੍ਰਿ ਮੋਹਿ ਲਪਟਿਆ ਵਣਜਾਰਿਆ ਮਿਤ੍ਰਾ ਅੰਤਰਿ ਲਹਰਿ ਲੋਭਾਨੁ ॥ (77-15)
पुत्रि कलत्रि मोहि लपटिआ वणजारिआ मित्रा अंतरि लहरि लोभानु ॥

ਅੰਤਰਿ ਲਹਰਿ ਲੋਭਾਨੁ ਪਰਾਨੀ ਸੋ ਪ੍ਰਭੁ ਚਿਤਿ ਨ ਆਵੈ ॥ (77-15)
अंतरि लहरि लोभानु परानी सो प्रभु चिति न आवै ॥

ਸਾਧਸੰਗਤਿ ਸਿਉ ਸੰਗੁ ਨ ਕੀਆ ਬਹੁ ਜੋਨੀ ਦੁਖੁ ਪਾਵੈ ॥ (77-16)
साधसंगति सिउ संगु न कीआ बहु जोनी दुखु पावै ॥

ਸਿਰਜਨਹਾਰੁ ਵਿਸਾਰਿਆ ਸੁਆਮੀ ਇਕ ਨਿਮਖ ਨ ਲਗੋ ਧਿਆਨੁ ॥ (77-17)
सिरजनहारु विसारिआ सुआमी इक निमख न लगो धिआनु ॥

ਕਹੁ ਨਾਨਕ ਪ੍ਰਾਣੀ ਤੀਜੈ ਪਹਰੈ ਬਿਖੁ ਸੰਚੇ ਅੰਧੁ ਅਗਿਆਨੁ ॥੩॥ (77-17)
कहु नानक प्राणी तीजै पहरै बिखु संचे अंधु अगिआनु ॥३॥

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਦਿਨੁ ਨੇੜੈ ਆਇਆ ਸੋਇ ॥ (77-18)
चउथै पहरै रैणि कै वणजारिआ मित्रा दिनु नेड़ै आइआ सोइ ॥

ਗੁਰਮੁਖਿ ਨਾਮੁ ਸਮਾਲਿ ਤੂੰ ਵਣਜਾਰਿਆ ਮਿਤ੍ਰਾ ਤੇਰਾ ਦਰਗਹ ਬੇਲੀ ਹੋਇ ॥ (77-18)
गुरमुखि नामु समालि तूं वणजारिआ मित्रा तेरा दरगह बेली होइ ॥

ਗੁਰਮੁਖਿ ਨਾਮੁ ਸਮਾਲਿ ਪਰਾਣੀ ਅੰਤੇ ਹੋਇ ਸਖਾਈ ॥ (77-19)
गुरमुखि नामु समालि पराणी अंते होइ सखाई ॥

ਇਹੁ ਮੋਹੁ ਮਾਇਆ ਤੇਰੈ ਸੰਗਿ ਨ ਚਾਲੈ ਝੂਠੀ ਪ੍ਰੀਤਿ ਲਗਾਈ ॥ (78-1)
इहु मोहु माइआ तेरै संगि न चालै झूठी प्रीति लगाई ॥

ਸਗਲੀ ਰੈਣਿ ਗੁਦਰੀ ਅੰਧਿਆਰੀ ਸੇਵਿ ਸਤਿਗੁਰੁ ਚਾਨਣੁ ਹੋਇ ॥ (78-1)
सगली रैणि गुदरी अंधिआरी सेवि सतिगुरु चानणु होइ ॥

ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਦਿਨੁ ਨੇੜੈ ਆਇਆ ਸੋਇ ॥੪॥ (78-2)
कहु नानक प्राणी चउथै पहरै दिनु नेड़ै आइआ सोइ ॥४॥

ਲਿਖਿਆ ਆਇਆ ਗੋਵਿੰਦ ਕਾ ਵਣਜਾਰਿਆ ਮਿਤ੍ਰਾ ਉਠਿ ਚਲੇ ਕਮਾਣਾ ਸਾਥਿ ॥ (78-3)
लिखिआ आइआ गोविंद का वणजारिआ मित्रा उठि चले कमाणा साथि ॥

ਇਕ ਰਤੀ ਬਿਲਮ ਨ ਦੇਵਨੀ ਵਣਜਾਰਿਆ ਮਿਤ੍ਰਾ ਓਨੀ ਤਕੜੇ ਪਾਏ ਹਾਥ ॥ (78-3)
इक रती बिलम न देवनी वणजारिआ मित्रा ओनी तकड़े पाए हाथ ॥

ਲਿਖਿਆ ਆਇਆ ਪਕੜਿ ਚਲਾਇਆ ਮਨਮੁਖ ਸਦਾ ਦੁਹੇਲੇ ॥ (78-4)
लिखिआ आइआ पकड़ि चलाइआ मनमुख सदा दुहेले ॥

ਜਿਨੀ ਪੂਰਾ ਸਤਿਗੁਰੁ ਸੇਵਿਆ ਸੇ ਦਰਗਹ ਸਦਾ ਸੁਹੇਲੇ ॥ (78-5)
जिनी पूरा सतिगुरु सेविआ से दरगह सदा सुहेले ॥

ਕਰਮ ਧਰਤੀ ਸਰੀਰੁ ਜੁਗ ਅੰਤਰਿ ਜੋ ਬੋਵੈ ਸੋ ਖਾਤਿ ॥ (78-5)
करम धरती सरीरु जुग अंतरि जो बोवै सो खाति ॥

ਕਹੁ ਨਾਨਕ ਭਗਤ ਸੋਹਹਿ ਦਰਵਾਰੇ ਮਨਮੁਖ ਸਦਾ ਭਵਾਤਿ ॥੫॥੧॥੪॥ (78-6)
कहु नानक भगत सोहहि दरवारे मनमुख सदा भवाति ॥५॥१॥४॥

ਸਿਰੀਰਾਗੁ ਮਹਲਾ ੪ ਘਰੁ ੨ ਛੰਤ (78-7)
सिरीरागु महला ४ घरु २ छंत

ੴ ਸਤਿਗੁਰ ਪ੍ਰਸਾਦਿ ॥ (78-7)
ੴ सतिगुर प्रसादि ॥

ਮੁੰਧ ਇਆਣੀ ਪੇਈਅੜੈ ਕਿਉ ਕਰਿ ਹਰਿ ਦਰਸਨੁ ਪਿਖੈ ॥ (78-8)
मुंध इआणी पेईअड़ै किउ करि हरि दरसनु पिखै ॥

ਹਰਿ ਹਰਿ ਅਪਨੀ ਕਿਰਪਾ ਕਰੇ ਗੁਰਮੁਖਿ ਸਾਹੁਰੜੈ ਕੰਮ ਸਿਖੈ ॥ (78-8)
हरि हरि अपनी किरपा करे गुरमुखि साहुरड़ै कंम सिखै ॥

ਸਾਹੁਰੜੈ ਕੰਮ ਸਿਖੈ ਗੁਰਮੁਖਿ ਹਰਿ ਹਰਿ ਸਦਾ ਧਿਆਏ ॥ (78-9)
साहुरड़ै कंम सिखै गुरमुखि हरि हरि सदा धिआए ॥

ਸਹੀਆ ਵਿਚਿ ਫਿਰੈ ਸੁਹੇਲੀ ਹਰਿ ਦਰਗਹ ਬਾਹ ਲੁਡਾਏ ॥ (78-9)
सहीआ विचि फिरै सुहेली हरि दरगह बाह लुडाए ॥

ਲੇਖਾ ਧਰਮ ਰਾਇ ਕੀ ਬਾਕੀ ਜਪਿ ਹਰਿ ਹਰਿ ਨਾਮੁ ਕਿਰਖੈ ॥ (78-10)
लेखा धरम राइ की बाकी जपि हरि हरि नामु किरखै ॥

ਮੁੰਧ ਇਆਣੀ ਪੇਈਅੜੈ ਗੁਰਮੁਖਿ ਹਰਿ ਦਰਸਨੁ ਦਿਖੈ ॥੧॥ (78-10)
मुंध इआणी पेईअड़ै गुरमुखि हरि दरसनु दिखै ॥१॥

ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ ॥ (78-11)
वीआहु होआ मेरे बाबुला गुरमुखे हरि पाइआ ॥

ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਪ੍ਰਚੰਡੁ ਬਲਾਇਆ ॥ (78-11)
अगिआनु अंधेरा कटिआ गुर गिआनु प्रचंडु बलाइआ ॥

ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ ॥ (78-12)
बलिआ गुर गिआनु अंधेरा बिनसिआ हरि रतनु पदारथु लाधा ॥

ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ॥ (78-13)
हउमै रोगु गइआ दुखु लाथा आपु आपै गुरमति खाधा ॥

ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥ (78-13)
अकाल मूरति वरु पाइआ अबिनासी ना कदे मरै न जाइआ ॥

ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ ॥੨॥ (78-14)
वीआहु होआ मेरे बाबोला गुरमुखे हरि पाइआ ॥२॥

ਹਰਿ ਸਤਿ ਸਤੇ ਮੇਰੇ ਬਾਬੁਲਾ ਹਰਿ ਜਨ ਮਿਲਿ ਜੰਞ ਸੁਹੰਦੀ ॥ (78-15)
हरि सति सते मेरे बाबुला हरि जन मिलि जंञ सुहंदी ॥

ਪੇਵਕੜੈ ਹਰਿ ਜਪਿ ਸੁਹੇਲੀ ਵਿਚਿ ਸਾਹੁਰੜੈ ਖਰੀ ਸੋਹੰਦੀ ॥ (78-15)
पेवकड़ै हरि जपि सुहेली विचि साहुरड़ै खरी सोहंदी ॥

ਸਾਹੁਰੜੈ ਵਿਚਿ ਖਰੀ ਸੋਹੰਦੀ ਜਿਨਿ ਪੇਵਕੜੈ ਨਾਮੁ ਸਮਾਲਿਆ ॥ (78-16)
साहुरड़ै विचि खरी सोहंदी जिनि पेवकड़ै नामु समालिआ ॥

ਸਭੁ ਸਫਲਿਓ ਜਨਮੁ ਤਿਨਾ ਦਾ ਗੁਰਮੁਖਿ ਜਿਨਾ ਮਨੁ ਜਿਣਿ ਪਾਸਾ ਢਾਲਿਆ ॥ (78-16)
सभु सफलिओ जनमु तिना दा गुरमुखि जिना मनु जिणि पासा ढालिआ ॥

ਹਰਿ ਸੰਤ ਜਨਾ ਮਿਲਿ ਕਾਰਜੁ ਸੋਹਿਆ ਵਰੁ ਪਾਇਆ ਪੁਰਖੁ ਅਨੰਦੀ ॥ (78-17)
हरि संत जना मिलि कारजु सोहिआ वरु पाइआ पुरखु अनंदी ॥

ਹਰਿ ਸਤਿ ਸਤਿ ਮੇਰੇ ਬਾਬੋਲਾ ਹਰਿ ਜਨ ਮਿਲਿ ਜੰਞ ਸੋੁਹੰਦੀ ॥੩॥ (78-18)
हरि सति सति मेरे बाबोला हरि जन मिलि जंञ सोुहंदी ॥३॥

ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥ (78-18)
हरि प्रभु मेरे बाबुला हरि देवहु दानु मै दाजो ॥

ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ ॥ (79-1)
हरि कपड़ो हरि सोभा देवहु जितु सवरै मेरा काजो ॥

ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰਿ ਦਾਨੁ ਦਿਵਾਇਆ ॥ (79-1)
हरि हरि भगती काजु सुहेला गुरि सतिगुरि दानु दिवाइआ ॥

ਖੰਡਿ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ ॥ (79-2)
खंडि वरभंडि हरि सोभा होई इहु दानु न रलै रलाइआ ॥

ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ ॥ (79-2)
होरि मनमुख दाजु जि रखि दिखालहि सु कूड़ु अहंकारु कचु पाजो ॥

ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ ॥੪॥ (79-3)
हरि प्रभ मेरे बाबुला हरि देवहु दानु मै दाजो ॥४॥

ਹਰਿ ਰਾਮ ਰਾਮ ਮੇਰੇ ਬਾਬੋਲਾ ਪਿਰ ਮਿਲਿ ਧਨ ਵੇਲ ਵਧੰਦੀ ॥ (79-4)
हरि राम राम मेरे बाबोला पिर मिलि धन वेल वधंदी ॥

ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ ॥ (79-4)
हरि जुगह जुगो जुग जुगह जुगो सद पीड़ी गुरू चलंदी ॥

ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ ਜਿਨੀ ਗੁਰਮੁਖਿ ਨਾਮੁ ਧਿਆਇਆ ॥ (79-5)
जुगि जुगि पीड़ी चलै सतिगुर की जिनी गुरमुखि नामु धिआइआ ॥

ਹਰਿ ਪੁਰਖੁ ਨ ਕਬ ਹੀ ਬਿਨਸੈ ਜਾਵੈ ਨਿਤ ਦੇਵੈ ਚੜੈ ਸਵਾਇਆ ॥ (79-5)
हरि पुरखु न कब ही बिनसै जावै नित देवै चड़ै सवाइआ ॥

ਨਾਨਕ ਸੰਤ ਸੰਤ ਹਰਿ ਏਕੋ ਜਪਿ ਹਰਿ ਹਰਿ ਨਾਮੁ ਸੋਹੰਦੀ ॥ (79-6)
नानक संत संत हरि एको जपि हरि हरि नामु सोहंदी ॥

ਹਰਿ ਰਾਮ ਰਾਮ ਮੇਰੇ ਬਾਬੁਲਾ ਪਿਰ ਮਿਲਿ ਧਨ ਵੇਲ ਵਧੰਦੀ ॥੫॥੧॥ (79-7)
हरि राम राम मेरे बाबुला पिर मिलि धन वेल वधंदी ॥५॥१॥

ਸਿਰੀਰਾਗੁ ਮਹਲਾ ੫ ਛੰਤ (79-8)
सिरीरागु महला ५ छंत

ੴ ਸਤਿਗੁਰ ਪ੍ਰਸਾਦਿ ॥ (79-8)
ੴ सतिगुर प्रसादि ॥

ਮਨ ਪਿਆਰਿਆ ਜੀਉ ਮਿਤ੍ਰਾ ਗੋਬਿੰਦ ਨਾਮੁ ਸਮਾਲੇ ॥ (79-9)
मन पिआरिआ जीउ मित्रा गोबिंद नामु समाले ॥

ਮਨ ਪਿਆਰਿਆ ਜੀ ਮਿਤ੍ਰਾ ਹਰਿ ਨਿਬਹੈ ਤੇਰੈ ਨਾਲੇ ॥ (79-9)
मन पिआरिआ जी मित्रा हरि निबहै तेरै नाले ॥

ਸੰਗਿ ਸਹਾਈ ਹਰਿ ਨਾਮੁ ਧਿਆਈ ਬਿਰਥਾ ਕੋਇ ਨ ਜਾਏ ॥ (79-10)
संगि सहाई हरि नामु धिआई बिरथा कोइ न जाए ॥

ਮਨ ਚਿੰਦੇ ਸੇਈ ਫਲ ਪਾਵਹਿ ਚਰਣ ਕਮਲ ਚਿਤੁ ਲਾਏ ॥ (79-10)
मन चिंदे सेई फल पावहि चरण कमल चितु लाए ॥

ਜਲਿ ਥਲਿ ਪੂਰਿ ਰਹਿਆ ਬਨਵਾਰੀ ਘਟਿ ਘਟਿ ਨਦਰਿ ਨਿਹਾਲੇ ॥ (79-11)
जलि थलि पूरि रहिआ बनवारी घटि घटि नदरि निहाले ॥

ਨਾਨਕੁ ਸਿਖ ਦੇਇ ਮਨ ਪ੍ਰੀਤਮ ਸਾਧਸੰਗਿ ਭ੍ਰਮੁ ਜਾਲੇ ॥੧॥ (79-11)
नानकु सिख देइ मन प्रीतम साधसंगि भ्रमु जाले ॥१॥

ਮਨ ਪਿਆਰਿਆ ਜੀ ਮਿਤ੍ਰਾ ਹਰਿ ਬਿਨੁ ਝੂਠੁ ਪਸਾਰੇ ॥ (79-12)
मन पिआरिआ जी मित्रा हरि बिनु झूठु पसारे ॥

ਮਨ ਪਿਆਰਿਆ ਜੀਉ ਮਿਤ੍ਰਾ ਬਿਖੁ ਸਾਗਰੁ ਸੰਸਾਰੇ ॥ (79-12)
मन पिआरिआ जीउ मित्रा बिखु सागरु संसारे ॥

ਚਰਣ ਕਮਲ ਕਰਿ ਬੋਹਿਥੁ ਕਰਤੇ ਸਹਸਾ ਦੂਖੁ ਨ ਬਿਆਪੈ ॥ (79-13)
चरण कमल करि बोहिथु करते सहसा दूखु न बिआपै ॥

ਗੁਰੁ ਪੂਰਾ ਭੇਟੈ ਵਡਭਾਗੀ ਆਠ ਪਹਰ ਪ੍ਰਭੁ ਜਾਪੈ ॥ (79-13)
गुरु पूरा भेटै वडभागी आठ पहर प्रभु जापै ॥

ਆਦਿ ਜੁਗਾਦੀ ਸੇਵਕ ਸੁਆਮੀ ਭਗਤਾ ਨਾਮੁ ਅਧਾਰੇ ॥ (79-14)
आदि जुगादी सेवक सुआमी भगता नामु अधारे ॥

ਨਾਨਕੁ ਸਿਖ ਦੇਇ ਮਨ ਪ੍ਰੀਤਮ ਬਿਨੁ ਹਰਿ ਝੂਠ ਪਸਾਰੇ ॥੨॥ (79-14)
नानकु सिख देइ मन प्रीतम बिनु हरि झूठ पसारे ॥२॥

ਮਨ ਪਿਆਰਿਆ ਜੀਉ ਮਿਤ੍ਰਾ ਹਰਿ ਲਦੇ ਖੇਪ ਸਵਲੀ ॥ (79-15)
मन पिआरिआ जीउ मित्रा हरि लदे खेप सवली ॥

ਮਨ ਪਿਆਰਿਆ ਜੀਉ ਮਿਤ੍ਰਾ ਹਰਿ ਦਰੁ ਨਿਹਚਲੁ ਮਲੀ ॥ (79-15)
मन पिआरिआ जीउ मित्रा हरि दरु निहचलु मली ॥

ਹਰਿ ਦਰੁ ਸੇਵੇ ਅਲਖ ਅਭੇਵੇ ਨਿਹਚਲੁ ਆਸਣੁ ਪਾਇਆ ॥ (79-16)
हरि दरु सेवे अलख अभेवे निहचलु आसणु पाइआ ॥

ਤਹ ਜਨਮ ਨ ਮਰਣੁ ਨ ਆਵਣ ਜਾਣਾ ਸੰਸਾ ਦੂਖੁ ਮਿਟਾਇਆ ॥ (79-17)
तह जनम न मरणु न आवण जाणा संसा दूखु मिटाइआ ॥

ਚਿਤ੍ਰ ਗੁਪਤ ਕਾ ਕਾਗਦੁ ਫਾਰਿਆ ਜਮਦੂਤਾ ਕਛੂ ਨ ਚਲੀ ॥ (79-17)
चित्र गुपत का कागदु फारिआ जमदूता कछू न चली ॥

ਨਾਨਕੁ ਸਿਖ ਦੇਇ ਮਨ ਪ੍ਰੀਤਮ ਹਰਿ ਲਦੇ ਖੇਪ ਸਵਲੀ ॥੩॥ (79-18)
नानकु सिख देइ मन प्रीतम हरि लदे खेप सवली ॥३॥

ਮਨ ਪਿਆਰਿਆ ਜੀਉ ਮਿਤ੍ਰਾ ਕਰਿ ਸੰਤਾ ਸੰਗਿ ਨਿਵਾਸੋ ॥ (79-18)
मन पिआरिआ जीउ मित्रा करि संता संगि निवासो ॥

ਮਨ ਪਿਆਰਿਆ ਜੀਉ ਮਿਤ੍ਰਾ ਹਰਿ ਨਾਮੁ ਜਪਤ ਪਰਗਾਸੋ ॥ (79-19)
मन पिआरिआ जीउ मित्रा हरि नामु जपत परगासो ॥

ਸਿਮਰਿ ਸੁਆਮੀ ਸੁਖਹ ਗਾਮੀ ਇਛ ਸਗਲੀ ਪੁੰਨੀਆ ॥ (79-19)
सिमरि सुआमी सुखह गामी इछ सगली पुंनीआ ॥

ਪੁਰਬੇ ਕਮਾਏ ਸ੍ਰੀਰੰਗ ਪਾਏ ਹਰਿ ਮਿਲੇ ਚਿਰੀ ਵਿਛੁੰਨਿਆ ॥ (80-1)
पुरबे कमाए स्रीरंग पाए हरि मिले चिरी विछुंनिआ ॥

ਅੰਤਰਿ ਬਾਹਰਿ ਸਰਬਤਿ ਰਵਿਆ ਮਨਿ ਉਪਜਿਆ ਬਿਸੁਆਸੋ ॥ (80-1)
अंतरि बाहरि सरबति रविआ मनि उपजिआ बिसुआसो ॥

ਨਾਨਕੁ ਸਿਖ ਦੇਇ ਮਨ ਪ੍ਰੀਤਮ ਕਰਿ ਸੰਤਾ ਸੰਗਿ ਨਿਵਾਸੋ ॥੪॥ (80-2)
नानकु सिख देइ मन प्रीतम करि संता संगि निवासो ॥४॥

ਮਨ ਪਿਆਰਿਆ ਜੀਉ ਮਿਤ੍ਰਾ ਹਰਿ ਪ੍ਰੇਮ ਭਗਤਿ ਮਨੁ ਲੀਨਾ ॥ (80-3)
मन पिआरिआ जीउ मित्रा हरि प्रेम भगति मनु लीना ॥

ਮਨ ਪਿਆਰਿਆ ਜੀਉ ਮਿਤ੍ਰਾ ਹਰਿ ਜਲ ਮਿਲਿ ਜੀਵੇ ਮੀਨਾ ॥ (80-3)
मन पिआरिआ जीउ मित्रा हरि जल मिलि जीवे मीना ॥

ਹਰਿ ਪੀ ਆਘਾਨੇ ਅੰਮ੍ਰਿਤ ਬਾਨੇ ਸ੍ਰਬ ਸੁਖਾ ਮਨ ਵੁਠੇ ॥ (80-4)
हरि पी आघाने अमृत बाने स्रब सुखा मन वुठे ॥

ਸ੍ਰੀਧਰ ਪਾਏ ਮੰਗਲ ਗਾਏ ਇਛ ਪੁੰਨੀ ਸਤਿਗੁਰ ਤੁਠੇ ॥ (80-4)
स्रीधर पाए मंगल गाए इछ पुंनी सतिगुर तुठे ॥

ਲੜਿ ਲੀਨੇ ਲਾਏ ਨਉ ਨਿਧਿ ਪਾਏ ਨਾਉ ਸਰਬਸੁ ਠਾਕੁਰਿ ਦੀਨਾ ॥ (80-5)
लड़ि लीने लाए नउ निधि पाए नाउ सरबसु ठाकुरि दीना ॥

ਨਾਨਕ ਸਿਖ ਸੰਤ ਸਮਝਾਈ ਹਰਿ ਪ੍ਰੇਮ ਭਗਤਿ ਮਨੁ ਲੀਨਾ ॥੫॥੧॥੨॥ (80-5)
नानक सिख संत समझाई हरि प्रेम भगति मनु लीना ॥५॥१॥२॥

ਸਿਰੀਰਾਗ ਕੇ ਛੰਤ ਮਹਲਾ ੫ (80-7)
सिरीराग के छंत महला ५

ੴ ਸਤਿਗੁਰ ਪ੍ਰਸਾਦਿ ॥ (80-7)
ੴ सतिगुर प्रसादि ॥

ਡਖਣਾ ॥ (80-7)
डखणा ॥

ਹਠ ਮਝਾਹੂ ਮਾ ਪਿਰੀ ਪਸੇ ਕਿਉ ਦੀਦਾਰ ॥ (80-8)
हठ मझाहू मा पिरी पसे किउ दीदार ॥

ਸੰਤ ਸਰਣਾਈ ਲਭਣੇ ਨਾਨਕ ਪ੍ਰਾਣ ਅਧਾਰ ॥੧॥ (80-8)
संत सरणाई लभणे नानक प्राण अधार ॥१॥

ਛੰਤੁ ॥ (80-9)
छंतु ॥

ਚਰਨ ਕਮਲ ਸਿਉ ਪ੍ਰੀਤਿ ਰੀਤਿ ਸੰਤਨ ਮਨਿ ਆਵਏ ਜੀਉ ॥ (80-9)
चरन कमल सिउ प्रीति रीति संतन मनि आवए जीउ ॥

ਦੁਤੀਆ ਭਾਉ ਬਿਪਰੀਤਿ ਅਨੀਤਿ ਦਾਸਾ ਨਹ ਭਾਵਏ ਜੀਉ ॥ (80-10)
दुतीआ भाउ बिपरीति अनीति दासा नह भावए जीउ ॥

ਦਾਸਾ ਨਹ ਭਾਵਏ ਬਿਨੁ ਦਰਸਾਵਏ ਇਕ ਖਿਨੁ ਧੀਰਜੁ ਕਿਉ ਕਰੈ ॥ (80-10)
दासा नह भावए बिनु दरसावए इक खिनु धीरजु किउ करै ॥

ਨਾਮ ਬਿਹੂਨਾ ਤਨੁ ਮਨੁ ਹੀਨਾ ਜਲ ਬਿਨੁ ਮਛੁਲੀ ਜਿਉ ਮਰੈ ॥ (80-11)
नाम बिहूना तनु मनु हीना जल बिनु मछुली जिउ मरै ॥

ਮਿਲੁ ਮੇਰੇ ਪਿਆਰੇ ਪ੍ਰਾਨ ਅਧਾਰੇ ਗੁਣ ਸਾਧਸੰਗਿ ਮਿਲਿ ਗਾਵਏ ॥ (80-11)
मिलु मेरे पिआरे प्रान अधारे गुण साधसंगि मिलि गावए ॥

ਨਾਨਕ ਕੇ ਸੁਆਮੀ ਧਾਰਿ ਅਨੁਗ੍ਰਹੁ ਮਨਿ ਤਨਿ ਅੰਕਿ ਸਮਾਵਏ ॥੧॥ (80-12)
नानक के सुआमी धारि अनुग्रहु मनि तनि अंकि समावए ॥१॥

ਡਖਣਾ ॥ (80-13)
डखणा ॥

ਸੋਹੰਦੜੋ ਹਭ ਠਾਇ ਕੋਇ ਨ ਦਿਸੈ ਡੂਜੜੋ ॥ (80-13)
सोहंदड़ो हभ ठाइ कोइ न दिसै डूजड़ो ॥

ਖੁਲ੍ਹ੍ਹੜੇ ਕਪਾਟ ਨਾਨਕ ਸਤਿਗੁਰ ਭੇਟਤੇ ॥੧॥ (80-13)
खुल्हड़े कपाट नानक सतिगुर भेटते ॥१॥

ਛੰਤੁ ॥ (80-14)
छंतु ॥

ਤੇਰੇ ਬਚਨ ਅਨੂਪ ਅਪਾਰ ਸੰਤਨ ਆਧਾਰ ਬਾਣੀ ਬੀਚਾਰੀਐ ਜੀਉ ॥ (80-14)
तेरे बचन अनूप अपार संतन आधार बाणी बीचारीऐ जीउ ॥

ਸਿਮਰਤ ਸਾਸ ਗਿਰਾਸ ਪੂਰਨ ਬਿਸੁਆਸ ਕਿਉ ਮਨਹੁ ਬਿਸਾਰੀਐ ਜੀਉ ॥ (80-14)
सिमरत सास गिरास पूरन बिसुआस किउ मनहु बिसारीऐ जीउ ॥

ਕਿਉ ਮਨਹੁ ਬੇਸਾਰੀਐ ਨਿਮਖ ਨਹੀ ਟਾਰੀਐ ਗੁਣਵੰਤ ਪ੍ਰਾਨ ਹਮਾਰੇ ॥ (80-15)
किउ मनहु बेसारीऐ निमख नही टारीऐ गुणवंत प्रान हमारे ॥

ਮਨ ਬਾਂਛਤ ਫਲ ਦੇਤ ਹੈ ਸੁਆਮੀ ਜੀਅ ਕੀ ਬਿਰਥਾ ਸਾਰੇ ॥ (80-16)
मन बांछत फल देत है सुआमी जीअ की बिरथा सारे ॥

ਅਨਾਥ ਕੇ ਨਾਥੇ ਸ੍ਰਬ ਕੈ ਸਾਥੇ ਜਪਿ ਜੂਐ ਜਨਮੁ ਨ ਹਾਰੀਐ ॥ (80-16)
अनाथ के नाथे स्रब कै साथे जपि जूऐ जनमु न हारीऐ ॥

ਨਾਨਕ ਕੀ ਬੇਨੰਤੀ ਪ੍ਰਭ ਪਹਿ ਕ੍ਰਿਪਾ ਕਰਿ ਭਵਜਲੁ ਤਾਰੀਐ ॥੨॥ (80-17)
नानक की बेनंती प्रभ पहि क्रिपा करि भवजलु तारीऐ ॥२॥

ਡਖਣਾ ॥ (80-18)
डखणा ॥

ਧੂੜੀ ਮਜਨੁ ਸਾਧ ਖੇ ਸਾਈ ਥੀਏ ਕ੍ਰਿਪਾਲ ॥ (80-18)
धूड़ी मजनु साध खे साई थीए क्रिपाल ॥

ਲਧੇ ਹਭੇ ਥੋਕੜੇ ਨਾਨਕ ਹਰਿ ਧਨੁ ਮਾਲ ॥੧॥ (80-18)
लधे हभे थोकड़े नानक हरि धनु माल ॥१॥

ਛੰਤੁ ॥ (80-19)
छंतु ॥

ਸੁੰਦਰ ਸੁਆਮੀ ਧਾਮ ਭਗਤਹ ਬਿਸ੍ਰਾਮ ਆਸਾ ਲਗਿ ਜੀਵਤੇ ਜੀਉ ॥ (80-19)
सुंदर सुआमी धाम भगतह बिस्राम आसा लगि जीवते जीउ ॥

ਮਨਿ ਤਨੇ ਗਲਤਾਨ ਸਿਮਰਤ ਪ੍ਰਭ ਨਾਮ ਹਰਿ ਅੰਮ੍ਰਿਤੁ ਪੀਵਤੇ ਜੀਉ ॥ (80-19)
मनि तने गलतान सिमरत प्रभ नाम हरि अमृतु पीवते जीउ ॥

ਅੰਮ੍ਰਿਤੁ ਹਰਿ ਪੀਵਤੇ ਸਦਾ ਥਿਰੁ ਥੀਵਤੇ ਬਿਖੈ ਬਨੁ ਫੀਕਾ ਜਾਨਿਆ ॥ (81-1)
अमृतु हरि पीवते सदा थिरु थीवते बिखै बनु फीका जानिआ ॥

ਭਏ ਕਿਰਪਾਲ ਗੋਪਾਲ ਪ੍ਰਭ ਮੇਰੇ ਸਾਧਸੰਗਤਿ ਨਿਧਿ ਮਾਨਿਆ ॥ (81-2)
भए किरपाल गोपाल प्रभ मेरे साधसंगति निधि मानिआ ॥

ਸਰਬਸੋ ਸੂਖ ਆਨੰਦ ਘਨ ਪਿਆਰੇ ਹਰਿ ਰਤਨੁ ਮਨ ਅੰਤਰਿ ਸੀਵਤੇ ॥ (81-2)
सरबसो सूख आनंद घन पिआरे हरि रतनु मन अंतरि सीवते ॥

ਇਕੁ ਤਿਲੁ ਨਹੀ ਵਿਸਰੈ ਪ੍ਰਾਨ ਆਧਾਰਾ ਜਪਿ ਜਪਿ ਨਾਨਕ ਜੀਵਤੇ ॥੩॥ (81-3)
इकु तिलु नही विसरै प्रान आधारा जपि जपि नानक जीवते ॥३॥

ਡਖਣਾ ॥ (81-4)
डखणा ॥

ਜੋ ਤਉ ਕੀਨੇ ਆਪਣੇ ਤਿਨਾ ਕੂੰ ਮਿਲਿਓਹਿ ॥ (81-4)
जो तउ कीने आपणे तिना कूं मिलिओहि ॥

ਆਪੇ ਹੀ ਆਪਿ ਮੋਹਿਓਹੁ ਜਸੁ ਨਾਨਕ ਆਪਿ ਸੁਣਿਓਹਿ ॥੧॥ (81-4)
आपे ही आपि मोहिओहु जसु नानक आपि सुणिओहि ॥१॥

ਛੰਤੁ ॥ (81-5)
छंतु ॥

ਪ੍ਰੇਮ ਠਗਉਰੀ ਪਾਇ ਰੀਝਾਇ ਗੋਬਿੰਦ ਮਨੁ ਮੋਹਿਆ ਜੀਉ ॥ (81-5)
प्रेम ठगउरी पाइ रीझाइ गोबिंद मनु मोहिआ जीउ ॥

ਸੰਤਨ ਕੈ ਪਰਸਾਦਿ ਅਗਾਧਿ ਕੰਠੇ ਲਗਿ ਸੋਹਿਆ ਜੀਉ ॥ (81-5)
संतन कै परसादि अगाधि कंठे लगि सोहिआ जीउ ॥

ਹਰਿ ਕੰਠਿ ਲਗਿ ਸੋਹਿਆ ਦੋਖ ਸਭਿ ਜੋਹਿਆ ਭਗਤਿ ਲਖੵਣ ਕਰਿ ਵਸਿ ਭਏ ॥ (81-6)
हरि कंठि लगि सोहिआ दोख सभि जोहिआ भगति लख्यण करि वसि भए ॥

ਮਨਿ ਸਰਬ ਸੁਖ ਵੁਠੇ ਗੋਵਿਦ ਤੁਠੇ ਜਨਮ ਮਰਣਾ ਸਭਿ ਮਿਟਿ ਗਏ ॥ (81-7)
मनि सरब सुख वुठे गोविद तुठे जनम मरणा सभि मिटि गए ॥

ਸਖੀ ਮੰਗਲੋ ਗਾਇਆ ਇਛ ਪੁਜਾਇਆ ਬਹੁੜਿ ਨ ਮਾਇਆ ਹੋਹਿਆ ॥ (81-7)
सखी मंगलो गाइआ इछ पुजाइआ बहुड़ि न माइआ होहिआ ॥

ਕਰੁ ਗਹਿ ਲੀਨੇ ਨਾਨਕ ਪ੍ਰਭ ਪਿਆਰੇ ਸੰਸਾਰੁ ਸਾਗਰੁ ਨਹੀ ਪੋਹਿਆ ॥੪॥ (81-8)
करु गहि लीने नानक प्रभ पिआरे संसारु सागरु नही पोहिआ ॥४॥

ਡਖਣਾ ॥ (81-9)
डखणा ॥

ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥ (81-9)
साई नामु अमोलु कीम न कोई जाणदो ॥

ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥੧॥ (81-9)
जिना भाग मथाहि से नानक हरि रंगु माणदो ॥१॥

ਛੰਤੁ ॥ (81-10)
छंतु ॥

ਕਹਤੇ ਪਵਿਤ੍ਰ ਸੁਣਤੇ ਸਭਿ ਧੰਨੁ ਲਿਖਤੀ ਕੁਲੁ ਤਾਰਿਆ ਜੀਉ ॥ (81-10)
कहते पवित्र सुणते सभि धंनु लिखतीं कुलु तारिआ जीउ ॥

ਜਿਨ ਕਉ ਸਾਧੂ ਸੰਗੁ ਨਾਮ ਹਰਿ ਰੰਗੁ ਤਿਨੀ ਬ੍ਰਹਮੁ ਬੀਚਾਰਿਆ ਜੀਉ ॥ (81-10)
जिन कउ साधू संगु नाम हरि रंगु तिनी ब्रहमु बीचारिआ जीउ ॥

ਬ੍ਰਹਮੁ ਬੀਚਾਰਿਆ ਜਨਮੁ ਸਵਾਰਿਆ ਪੂਰਨ ਕਿਰਪਾ ਪ੍ਰਭਿ ਕਰੀ ॥ (81-11)
ब्रहमु बीचारिआ जनमु सवारिआ पूरन किरपा प्रभि करी ॥

ਕਰੁ ਗਹਿ ਲੀਨੇ ਹਰਿ ਜਸੋ ਦੀਨੇ ਜੋਨਿ ਨਾ ਧਾਵੈ ਨਹ ਮਰੀ ॥ (81-12)
करु गहि लीने हरि जसो दीने जोनि ना धावै नह मरी ॥

ਸਤਿਗੁਰ ਦਇਆਲ ਕਿਰਪਾਲ ਭੇਟਤ ਹਰੇ ਕਾਮੁ ਕ੍ਰੋਧੁ ਲੋਭੁ ਮਾਰਿਆ ॥ (81-12)
सतिगुर दइआल किरपाल भेटत हरे कामु क्रोधु लोभु मारिआ ॥

ਕਥਨੁ ਨ ਜਾਇ ਅਕਥੁ ਸੁਆਮੀ ਸਦਕੈ ਜਾਇ ਨਾਨਕੁ ਵਾਰਿਆ ॥੫॥੧॥੩॥ (81-13)
कथनु न जाइ अकथु सुआमी सदकै जाइ नानकु वारिआ ॥५॥१॥३॥

ਸਿਰੀਰਾਗੁ ਮਹਲਾ ੪ ਵਣਜਾਰਾ (81-15)
सिरीरागु महला ४ वणजारा

ੴ ਸਤਿ ਨਾਮੁ ਗੁਰ ਪ੍ਰਸਾਦਿ ॥ (81-15)
ੴ सति नामु गुर प्रसादि ॥

ਹਰਿ ਹਰਿ ਉਤਮੁ ਨਾਮੁ ਹੈ ਜਿਨਿ ਸਿਰਿਆ ਸਭੁ ਕੋਇ ਜੀਉ ॥ (81-16)
हरि हरि उतमु नामु है जिनि सिरिआ सभु कोइ जीउ ॥

ਹਰਿ ਜੀਅ ਸਭੇ ਪ੍ਰਤਿਪਾਲਦਾ ਘਟਿ ਘਟਿ ਰਮਈਆ ਸੋਇ ॥ (81-16)
हरि जीअ सभे प्रतिपालदा घटि घटि रमईआ सोइ ॥

ਸੋ ਹਰਿ ਸਦਾ ਧਿਆਈਐ ਤਿਸੁ ਬਿਨੁ ਅਵਰੁ ਨ ਕੋਇ ॥ (81-17)
सो हरि सदा धिआईऐ तिसु बिनु अवरु न कोइ ॥

ਜੋ ਮੋਹਿ ਮਾਇਆ ਚਿਤੁ ਲਾਇਦੇ ਸੇ ਛੋਡਿ ਚਲੇ ਦੁਖੁ ਰੋਇ ॥ (81-17)
जो मोहि माइआ चितु लाइदे से छोडि चले दुखु रोइ ॥

ਜਨ ਨਾਨਕ ਨਾਮੁ ਧਿਆਇਆ ਹਰਿ ਅੰਤਿ ਸਖਾਈ ਹੋਇ ॥੧॥ (81-18)
जन नानक नामु धिआइआ हरि अंति सखाई होइ ॥१॥

ਮੈ ਹਰਿ ਬਿਨੁ ਅਵਰੁ ਨ ਕੋਇ ॥ (81-18)
मै हरि बिनु अवरु न कोइ ॥

ਹਰਿ ਗੁਰ ਸਰਣਾਈ ਪਾਈਐ ਵਣਜਾਰਿਆ ਮਿਤ੍ਰਾ ਵਡਭਾਗਿ ਪਰਾਪਤਿ ਹੋਇ ॥੧॥ ਰਹਾਉ ॥ (81-19)
हरि गुर सरणाई पाईऐ वणजारिआ मित्रा वडभागि परापति होइ ॥१॥ रहाउ ॥

ਸੰਤ ਜਨਾ ਵਿਣੁ ਭਾਈਆ ਹਰਿ ਕਿਨੈ ਨ ਪਾਇਆ ਨਾਉ ॥ (82-1)
संत जना विणु भाईआ हरि किनै न पाइआ नाउ ॥

ਵਿਚਿ ਹਉਮੈ ਕਰਮ ਕਮਾਵਦੇ ਜਿਉ ਵੇਸੁਆ ਪੁਤੁ ਨਿਨਾਉ ॥ (82-1)
विचि हउमै करम कमावदे जिउ वेसुआ पुतु निनाउ ॥

ਪਿਤਾ ਜਾਤਿ ਤਾ ਹੋਈਐ ਗੁਰੁ ਤੁਠਾ ਕਰੇ ਪਸਾਉ ॥ (82-2)
पिता जाति ता होईऐ गुरु तुठा करे पसाउ ॥

ਵਡਭਾਗੀ ਗੁਰੁ ਪਾਇਆ ਹਰਿ ਅਹਿਨਿਸਿ ਲਗਾ ਭਾਉ ॥ (82-2)
वडभागी गुरु पाइआ हरि अहिनिसि लगा भाउ ॥

ਜਨ ਨਾਨਕਿ ਬ੍ਰਹਮੁ ਪਛਾਣਿਆ ਹਰਿ ਕੀਰਤਿ ਕਰਮ ਕਮਾਉ ॥੨॥ (82-3)
जन नानकि ब्रहमु पछाणिआ हरि कीरति करम कमाउ ॥२॥

ਮਨਿ ਹਰਿ ਹਰਿ ਲਗਾ ਚਾਉ ॥ (82-3)
मनि हरि हरि लगा चाउ ॥

ਗੁਰਿ ਪੂਰੈ ਨਾਮੁ ਦ੍ਰਿੜਾਇਆ ਹਰਿ ਮਿਲਿਆ ਹਰਿ ਪ੍ਰਭ ਨਾਉ ॥੧॥ ਰਹਾਉ ॥ (82-4)
गुरि पूरै नामु द्रिड़ाइआ हरि मिलिआ हरि प्रभ नाउ ॥१॥ रहाउ ॥

ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਨਾਮੁ ਧਿਆਇ ॥ (82-4)
जब लगु जोबनि सासु है तब लगु नामु धिआइ ॥

ਚਲਦਿਆ ਨਾਲਿ ਹਰਿ ਚਲਸੀ ਹਰਿ ਅੰਤੇ ਲਏ ਛਡਾਇ ॥ (82-5)
चलदिआ नालि हरि चलसी हरि अंते लए छडाइ ॥

ਹਉ ਬਲਿਹਾਰੀ ਤਿਨ ਕਉ ਜਿਨ ਹਰਿ ਮਨਿ ਵੁਠਾ ਆਇ ॥ (82-5)
हउ बलिहारी तिन कउ जिन हरि मनि वुठा आइ ॥

ਜਿਨੀ ਹਰਿ ਹਰਿ ਨਾਮੁ ਨ ਚੇਤਿਓ ਸੇ ਅੰਤਿ ਗਏ ਪਛੁਤਾਇ ॥ (82-6)
जिनी हरि हरि नामु न चेतिओ से अंति गए पछुताइ ॥

ਧੁਰਿ ਮਸਤਕਿ ਹਰਿ ਪ੍ਰਭਿ ਲਿਖਿਆ ਜਨ ਨਾਨਕ ਨਾਮੁ ਧਿਆਇ ॥੩॥ (82-6)
धुरि मसतकि हरि प्रभि लिखिआ जन नानक नामु धिआइ ॥३॥

ਮਨ ਹਰਿ ਹਰਿ ਪ੍ਰੀਤਿ ਲਗਾਇ ॥ (82-7)
मन हरि हरि प्रीति लगाइ ॥

ਵਡਭਾਗੀ ਗੁਰੁ ਪਾਇਆ ਗੁਰ ਸਬਦੀ ਪਾਰਿ ਲਘਾਇ ॥੧॥ ਰਹਾਉ ॥ (82-7)
वडभागी गुरु पाइआ गुर सबदी पारि लघाइ ॥१॥ रहाउ ॥

ਹਰਿ ਆਪੇ ਆਪੁ ਉਪਾਇਦਾ ਹਰਿ ਆਪੇ ਦੇਵੈ ਲੇਇ ॥ (82-8)
हरि आपे आपु उपाइदा हरि आपे देवै लेइ ॥

ਹਰਿ ਆਪੇ ਭਰਮਿ ਭੁਲਾਇਦਾ ਹਰਿ ਆਪੇ ਹੀ ਮਤਿ ਦੇਇ ॥ (82-9)
हरि आपे भरमि भुलाइदा हरि आपे ही मति देइ ॥

ਗੁਰਮੁਖਾ ਮਨਿ ਪਰਗਾਸੁ ਹੈ ਸੇ ਵਿਰਲੇ ਕੇਈ ਕੇਇ ॥ (82-9)
गुरमुखा मनि परगासु है से विरले केई केइ ॥

ਹਉ ਬਲਿਹਾਰੀ ਤਿਨ ਕਉ ਜਿਨ ਹਰਿ ਪਾਇਆ ਗੁਰਮਤੇ ॥ (82-10)
हउ बलिहारी तिन कउ जिन हरि पाइआ गुरमते ॥

ਜਨ ਨਾਨਕਿ ਕਮਲੁ ਪਰਗਾਸਿਆ ਮਨਿ ਹਰਿ ਹਰਿ ਵੁਠੜਾ ਹੇ ॥੪॥ (82-10)
जन नानकि कमलु परगासिआ मनि हरि हरि वुठड़ा हे ॥४॥

ਮਨਿ ਹਰਿ ਹਰਿ ਜਪਨੁ ਕਰੇ ॥ (82-11)
मनि हरि हरि जपनु करे ॥

ਹਰਿ ਗੁਰ ਸਰਣਾਈ ਭਜਿ ਪਉ ਜਿੰਦੂ ਸਭ ਕਿਲਵਿਖ ਦੁਖ ਪਰਹਰੇ ॥੧॥ ਰਹਾਉ ॥ (82-11)
हरि गुर सरणाई भजि पउ जिंदू सभ किलविख दुख परहरे ॥१॥ रहाउ ॥

ਘਟਿ ਘਟਿ ਰਮਈਆ ਮਨਿ ਵਸੈ ਕਿਉ ਪਾਈਐ ਕਿਤੁ ਭਤਿ ॥ (82-12)
घटि घटि रमईआ मनि वसै किउ पाईऐ कितु भति ॥

ਗੁਰੁ ਪੂਰਾ ਸਤਿਗੁਰੁ ਭੇਟੀਐ ਹਰਿ ਆਇ ਵਸੈ ਮਨਿ ਚਿਤਿ ॥ (82-12)
गुरु पूरा सतिगुरु भेटीऐ हरि आइ वसै मनि चिति ॥

ਮੈ ਧਰ ਨਾਮੁ ਅਧਾਰੁ ਹੈ ਹਰਿ ਨਾਮੈ ਤੇ ਗਤਿ ਮਤਿ ॥ (82-13)
मै धर नामु अधारु है हरि नामै ते गति मति ॥

ਮੈ ਹਰਿ ਹਰਿ ਨਾਮੁ ਵਿਸਾਹੁ ਹੈ ਹਰਿ ਨਾਮੇ ਹੀ ਜਤਿ ਪਤਿ ॥ (82-13)
मै हरि हरि नामु विसाहु है हरि नामे ही जति पति ॥

ਜਨ ਨਾਨਕ ਨਾਮੁ ਧਿਆਇਆ ਰੰਗਿ ਰਤੜਾ ਹਰਿ ਰੰਗਿ ਰਤਿ ॥੫॥ (82-14)
जन नानक नामु धिआइआ रंगि रतड़ा हरि रंगि रति ॥५॥

ਹਰਿ ਧਿਆਵਹੁ ਹਰਿ ਪ੍ਰਭੁ ਸਤਿ ॥ (82-15)
हरि धिआवहु हरि प्रभु सति ॥

ਗੁਰ ਬਚਨੀ ਹਰਿ ਪ੍ਰਭੁ ਜਾਣਿਆ ਸਭ ਹਰਿ ਪ੍ਰਭੁ ਤੇ ਉਤਪਤਿ ॥੧॥ ਰਹਾਉ ॥ (82-15)
गुर बचनी हरि प्रभु जाणिआ सभ हरि प्रभु ते उतपति ॥१॥ रहाउ ॥

ਜਿਨ ਕਉ ਪੂਰਬਿ ਲਿਖਿਆ ਸੇ ਆਇ ਮਿਲੇ ਗੁਰ ਪਾਸਿ ॥ (82-16)
जिन कउ पूरबि लिखिआ से आइ मिले गुर पासि ॥

ਸੇਵਕ ਭਾਇ ਵਣਜਾਰਿਆ ਮਿਤ੍ਰਾ ਗੁਰੁ ਹਰਿ ਹਰਿ ਨਾਮੁ ਪ੍ਰਗਾਸਿ ॥ (82-16)
सेवक भाइ वणजारिआ मित्रा गुरु हरि हरि नामु प्रगासि ॥

ਧਨੁ ਧਨੁ ਵਣਜੁ ਵਾਪਾਰੀਆ ਜਿਨ ਵਖਰੁ ਲਦਿਅੜਾ ਹਰਿ ਰਾਸਿ ॥ (82-17)
धनु धनु वणजु वापारीआ जिन वखरु लदिअड़ा हरि रासि ॥

ਗੁਰਮੁਖਾ ਦਰਿ ਮੁਖ ਉਜਲੇ ਸੇ ਆਇ ਮਿਲੇ ਹਰਿ ਪਾਸਿ ॥ (82-17)
गुरमुखा दरि मुख उजले से आइ मिले हरि पासि ॥

ਜਨ ਨਾਨਕ ਗੁਰੁ ਤਿਨ ਪਾਇਆ ਜਿਨਾ ਆਪਿ ਤੁਠਾ ਗੁਣਤਾਸਿ ॥੬॥ (82-18)
जन नानक गुरु तिन पाइआ जिना आपि तुठा गुणतासि ॥६॥

ਹਰਿ ਧਿਆਵਹੁ ਸਾਸਿ ਗਿਰਾਸਿ ॥ (82-18)
हरि धिआवहु सासि गिरासि ॥

ਮਨਿ ਪ੍ਰੀਤਿ ਲਗੀ ਤਿਨਾ ਗੁਰਮੁਖਾ ਹਰਿ ਨਾਮੁ ਜਿਨਾ ਰਹਰਾਸਿ ॥੧॥ ਰਹਾਉ ॥੧॥ (82-19)
मनि प्रीति लगी तिना गुरमुखा हरि नामु जिना रहरासि ॥१॥ रहाउ ॥१॥

ੴ ਸਤਿਗੁਰ ਪ੍ਰਸਾਦਿ ॥ (83-1)
ੴ सतिगुर प्रसादि ॥

ਸਿਰੀਰਾਗ ਕੀ ਵਾਰ ਮਹਲਾ ੪ ਸਲੋਕਾ ਨਾਲਿ ॥ (83-1)
सिरीराग की वार महला ४ सलोका नालि ॥

ਸਲੋਕ ਮਃ ੩ ॥ (83-2)
सलोक मः ३ ॥

ਰਾਗਾ ਵਿਚਿ ਸ੍ਰੀਰਾਗੁ ਹੈ ਜੇ ਸਚਿ ਧਰੇ ਪਿਆਰੁ ॥ (83-2)
रागा विचि स्रीरागु है जे सचि धरे पिआरु ॥

ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ ॥ (83-2)
सदा हरि सचु मनि वसै निहचल मति अपारु ॥

ਰਤਨੁ ਅਮੋਲਕੁ ਪਾਇਆ ਗੁਰ ਕਾ ਸਬਦੁ ਬੀਚਾਰੁ ॥ (83-3)
रतनु अमोलकु पाइआ गुर का सबदु बीचारु ॥

ਜਿਹਵਾ ਸਚੀ ਮਨੁ ਸਚਾ ਸਚਾ ਸਰੀਰ ਅਕਾਰੁ ॥ (83-3)
जिहवा सची मनु सचा सचा सरीर अकारु ॥

ਨਾਨਕ ਸਚੈ ਸਤਿਗੁਰਿ ਸੇਵਿਐ ਸਦਾ ਸਚੁ ਵਾਪਾਰੁ ॥੧॥ (83-4)
नानक सचै सतिगुरि सेविऐ सदा सचु वापारु ॥१॥

ਮਃ ੩ ॥ (83-4)
मः ३ ॥

ਹੋਰੁ ਬਿਰਹਾ ਸਭ ਧਾਤੁ ਹੈ ਜਬ ਲਗੁ ਸਾਹਿਬ ਪ੍ਰੀਤਿ ਨ ਹੋਇ ॥ (83-4)
होरु बिरहा सभ धातु है जब लगु साहिब प्रीति न होइ ॥

ਇਹੁ ਮਨੁ ਮਾਇਆ ਮੋਹਿਆ ਵੇਖਣੁ ਸੁਨਣੁ ਨ ਹੋਇ ॥ (83-5)
इहु मनु माइआ मोहिआ वेखणु सुनणु न होइ ॥

ਸਹ ਦੇਖੇ ਬਿਨੁ ਪ੍ਰੀਤਿ ਨ ਊਪਜੈ ਅੰਧਾ ਕਿਆ ਕਰੇਇ ॥ (83-5)
सह देखे बिनु प्रीति न ऊपजै अंधा किआ करेइ ॥

ਨਾਨਕ ਜਿਨਿ ਅਖੀ ਲੀਤੀਆ ਸੋਈ ਸਚਾ ਦੇਇ ॥੨॥ (83-6)
नानक जिनि अखी लीतीआ सोई सचा देइ ॥२॥

ਪਉੜੀ ॥ (83-6)
पउड़ी ॥

ਹਰਿ ਇਕੋ ਕਰਤਾ ਇਕੁ ਇਕੋ ਦੀਬਾਣੁ ਹਰਿ ॥ (83-6)
हरि इको करता इकु इको दीबाणु हरि ॥

ਹਰਿ ਇਕਸੈ ਦਾ ਹੈ ਅਮਰੁ ਇਕੋ ਹਰਿ ਚਿਤਿ ਧਰਿ ॥ (83-7)
हरि इकसै दा है अमरु इको हरि चिति धरि ॥

ਹਰਿ ਤਿਸੁ ਬਿਨੁ ਕੋਈ ਨਾਹਿ ਡਰੁ ਭ੍ਰਮੁ ਭਉ ਦੂਰਿ ਕਰਿ ॥ (83-7)
हरि तिसु बिनु कोई नाहि डरु भ्रमु भउ दूरि करि ॥

ਹਰਿ ਤਿਸੈ ਨੋ ਸਾਲਾਹਿ ਜਿ ਤੁਧੁ ਰਖੈ ਬਾਹਰਿ ਘਰਿ ॥ (83-8)
हरि तिसै नो सालाहि जि तुधु रखै बाहरि घरि ॥

ਹਰਿ ਜਿਸ ਨੋ ਹੋਇ ਦਇਆਲੁ ਸੋ ਹਰਿ ਜਪਿ ਭਉ ਬਿਖਮੁ ਤਰਿ ॥੧॥ (83-8)
हरि जिस नो होइ दइआलु सो हरि जपि भउ बिखमु तरि ॥१॥

ਸਲੋਕ ਮਃ ੧ ॥ (83-9)
सलोक मः १ ॥

ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ ॥ (83-9)
दाती साहिब संदीआ किआ चलै तिसु नालि ॥

ਇਕ ਜਾਗੰਦੇ ਨਾ ਲਹੰਨਿ ਇਕਨਾ ਸੁਤਿਆ ਦੇਇ ਉਠਾਲਿ ॥੧॥ (83-9)
इक जागंदे ना लहंनि इकना सुतिआ देइ उठालि ॥१॥

ਮਃ ੧ ॥ (83-10)
मः १ ॥

ਸਿਦਕੁ ਸਬੂਰੀ ਸਾਦਿਕਾ ਸਬਰੁ ਤੋਸਾ ਮਲਾਇਕਾਂ ॥ (83-10)
सिदकु सबूरी सादिका सबरु तोसा मलाइकां ॥

ਦੀਦਾਰੁ ਪੂਰੇ ਪਾਇਸਾ ਥਾਉ ਨਾਹੀ ਖਾਇਕਾ ॥੨॥ (83-10)
दीदारु पूरे पाइसा थाउ नाही खाइका ॥२॥

ਪਉੜੀ ॥ (83-11)
पउड़ी ॥

ਸਭ ਆਪੇ ਤੁਧੁ ਉਪਾਇ ਕੈ ਆਪਿ ਕਾਰੈ ਲਾਈ ॥ (83-11)
सभ आपे तुधु उपाइ कै आपि कारै लाई ॥

ਤੂੰ ਆਪੇ ਵੇਖਿ ਵਿਗਸਦਾ ਆਪਣੀ ਵਡਿਆਈ ॥ (83-11)
तूं आपे वेखि विगसदा आपणी वडिआई ॥

ਹਰਿ ਤੁਧਹੁ ਬਾਹਰਿ ਕਿਛੁ ਨਾਹੀ ਤੂੰ ਸਚਾ ਸਾਈ ॥ (83-12)
हरि तुधहु बाहरि किछु नाही तूं सचा साई ॥

ਤੂੰ ਆਪੇ ਆਪਿ ਵਰਤਦਾ ਸਭਨੀ ਹੀ ਥਾਈ ॥ (83-12)
तूं आपे आपि वरतदा सभनी ही थाई ॥

ਹਰਿ ਤਿਸੈ ਧਿਆਵਹੁ ਸੰਤ ਜਨਹੁ ਜੋ ਲਏ ਛਡਾਈ ॥੨॥ (83-13)
हरि तिसै धिआवहु संत जनहु जो लए छडाई ॥२॥

ਸਲੋਕ ਮਃ ੧ ॥ (83-13)
सलोक मः १ ॥

ਫਕੜ ਜਾਤੀ ਫਕੜੁ ਨਾਉ ॥ (83-13)
फकड़ जाती फकड़ु नाउ ॥

ਸਭਨਾ ਜੀਆ ਇਕਾ ਛਾਉ ॥ (83-14)
सभना जीआ इका छाउ ॥

ਆਪਹੁ ਜੇ ਕੋ ਭਲਾ ਕਹਾਏ ॥ (83-14)
आपहु जे को भला कहाए ॥

ਨਾਨਕ ਤਾ ਪਰੁ ਜਾਪੈ ਜਾ ਪਤਿ ਲੇਖੈ ਪਾਏ ॥੧॥ (83-14)
नानक ता परु जापै जा पति लेखै पाए ॥१॥

ਮਃ ੨ ॥ (83-15)
मः २ ॥

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥ (83-15)
जिसु पिआरे सिउ नेहु तिसु आगै मरि चलीऐ ॥

ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥੨॥ (83-15)
ध्रिगु जीवणु संसारि ता कै पाछै जीवणा ॥२॥

ਪਉੜੀ ॥ (83-16)
पउड़ी ॥

ਤੁਧੁ ਆਪੇ ਧਰਤੀ ਸਾਜੀਐ ਚੰਦੁ ਸੂਰਜੁ ਦੁਇ ਦੀਵੇ ॥ (83-16)
तुधु आपे धरती साजीऐ चंदु सूरजु दुइ दीवे ॥

ਦਸ ਚਾਰਿ ਹਟ ਤੁਧੁ ਸਾਜਿਆ ਵਾਪਾਰੁ ਕਰੀਵੇ ॥ (83-16)
दस चारि हट तुधु साजिआ वापारु करीवे ॥

ਇਕਨਾ ਨੋ ਹਰਿ ਲਾਭੁ ਦੇਇ ਜੋ ਗੁਰਮੁਖਿ ਥੀਵੇ ॥ (83-17)
इकना नो हरि लाभु देइ जो गुरमुखि थीवे ॥

ਤਿਨ ਜਮਕਾਲੁ ਨ ਵਿਆਪਈ ਜਿਨ ਸਚੁ ਅੰਮ੍ਰਿਤੁ ਪੀਵੇ ॥ (83-17)
तिन जमकालु न विआपई जिन सचु अमृतु पीवे ॥

ਓਇ ਆਪਿ ਛੁਟੇ ਪਰਵਾਰ ਸਿਉ ਤਿਨ ਪਿਛੈ ਸਭੁ ਜਗਤੁ ਛੁਟੀਵੇ ॥੩॥ (83-17)
ओइ आपि छुटे परवार सिउ तिन पिछै सभु जगतु छुटीवे ॥३॥

ਸਲੋਕ ਮਃ ੧ ॥ (83-18)
सलोक मः १ ॥

ਕੁਦਰਤਿ ਕਰਿ ਕੈ ਵਸਿਆ ਸੋਇ ॥ (83-18)
कुदरति करि कै वसिआ सोइ ॥

ਵਖਤੁ ਵੀਚਾਰੇ ਸੁ ਬੰਦਾ ਹੋਇ ॥ (84-1)
वखतु वीचारे सु बंदा होइ ॥

ਕੁਦਰਤਿ ਹੈ ਕੀਮਤਿ ਨਹੀ ਪਾਇ ॥ (84-1)
कुदरति है कीमति नही पाइ ॥

ਜਾ ਕੀਮਤਿ ਪਾਇ ਤ ਕਹੀ ਨ ਜਾਇ ॥ (84-1)
जा कीमति पाइ त कही न जाइ ॥

ਸਰੈ ਸਰੀਅਤਿ ਕਰਹਿ ਬੀਚਾਰੁ ॥ (84-1)
सरै सरीअति करहि बीचारु ॥

ਬਿਨੁ ਬੂਝੇ ਕੈਸੇ ਪਾਵਹਿ ਪਾਰੁ ॥ (84-2)
बिनु बूझे कैसे पावहि पारु ॥

ਸਿਦਕੁ ਕਰਿ ਸਿਜਦਾ ਮਨੁ ਕਰਿ ਮਖਸੂਦੁ ॥ (84-2)
सिदकु करि सिजदा मनु करि मखसूदु ॥

ਜਿਹ ਧਿਰਿ ਦੇਖਾ ਤਿਹ ਧਿਰਿ ਮਉਜੂਦੁ ॥੧॥ (84-2)
जिह धिरि देखा तिह धिरि मउजूदु ॥१॥

ਮਃ ੩ ॥ (84-3)
मः ३ ॥

ਗੁਰ ਸਭਾ ਏਵ ਨ ਪਾਈਐ ਨਾ ਨੇੜੈ ਨਾ ਦੂਰਿ ॥ (84-3)
गुर सभा एव न पाईऐ ना नेड़ै ना दूरि ॥

ਨਾਨਕ ਸਤਿਗੁਰੁ ਤਾਂ ਮਿਲੈ ਜਾ ਮਨੁ ਰਹੈ ਹਦੂਰਿ ॥੨॥ (84-3)
नानक सतिगुरु तां मिलै जा मनु रहै हदूरि ॥२॥

ਪਉੜੀ ॥ (84-4)
पउड़ी ॥

ਸਪਤ ਦੀਪ ਸਪਤ ਸਾਗਰਾ ਨਵ ਖੰਡ ਚਾਰਿ ਵੇਦ ਦਸ ਅਸਟ ਪੁਰਾਣਾ ॥ (84-4)
सपत दीप सपत सागरा नव खंड चारि वेद दस असट पुराणा ॥

ਹਰਿ ਸਭਨਾ ਵਿਚਿ ਤੂੰ ਵਰਤਦਾ ਹਰਿ ਸਭਨਾ ਭਾਣਾ ॥ (84-5)
हरि सभना विचि तूं वरतदा हरि सभना भाणा ॥

ਸਭਿ ਤੁਝੈ ਧਿਆਵਹਿ ਜੀਅ ਜੰਤ ਹਰਿ ਸਾਰਗ ਪਾਣਾ ॥ (84-5)
सभि तुझै धिआवहि जीअ जंत हरि सारग पाणा ॥

ਜੋ ਗੁਰਮੁਖਿ ਹਰਿ ਆਰਾਧਦੇ ਤਿਨ ਹਉ ਕੁਰਬਾਣਾ ॥ (84-6)
जो गुरमुखि हरि आराधदे तिन हउ कुरबाणा ॥

ਤੂੰ ਆਪੇ ਆਪਿ ਵਰਤਦਾ ਕਰਿ ਚੋਜ ਵਿਡਾਣਾ ॥੪॥ (84-6)
तूं आपे आपि वरतदा करि चोज विडाणा ॥४॥

ਸਲੋਕ ਮਃ ੩ ॥ (84-7)
सलोक मः ३ ॥

ਕਲਉ ਮਸਾਜਨੀ ਕਿਆ ਸਦਾਈਐ ਹਿਰਦੈ ਹੀ ਲਿਖਿ ਲੇਹੁ ॥ (84-7)
कलउ मसाजनी किआ सदाईऐ हिरदै ही लिखि लेहु ॥

ਸਦਾ ਸਾਹਿਬ ਕੈ ਰੰਗਿ ਰਹੈ ਕਬਹੂੰ ਨ ਤੂਟਸਿ ਨੇਹੁ ॥ (84-7)
सदा साहिब कै रंगि रहै कबहूं न तूटसि नेहु ॥

ਕਲਉ ਮਸਾਜਨੀ ਜਾਇਸੀ ਲਿਖਿਆ ਭੀ ਨਾਲੇ ਜਾਇ ॥ (84-8)
कलउ मसाजनी जाइसी लिखिआ भी नाले जाइ ॥

ਨਾਨਕ ਸਹ ਪ੍ਰੀਤਿ ਨ ਜਾਇਸੀ ਜੋ ਧੁਰਿ ਛੋਡੀ ਸਚੈ ਪਾਇ ॥੧॥ (84-8)
नानक सह प्रीति न जाइसी जो धुरि छोडी सचै पाइ ॥१॥

ਮਃ ੩ ॥ (84-9)
मः ३ ॥

ਨਦਰੀ ਆਵਦਾ ਨਾਲਿ ਨ ਚਲਈ ਵੇਖਹੁ ਕੋ ਵਿਉਪਾਇ ॥ (84-9)
नदरी आवदा नालि न चलई वेखहु को विउपाइ ॥

ਸਤਿਗੁਰਿ ਸਚੁ ਦ੍ਰਿੜਾਇਆ ਸਚਿ ਰਹਹੁ ਲਿਵ ਲਾਇ ॥ (84-10)
सतिगुरि सचु द्रिड़ाइआ सचि रहहु लिव लाइ ॥

ਨਾਨਕ ਸਬਦੀ ਸਚੁ ਹੈ ਕਰਮੀ ਪਲੈ ਪਾਇ ॥੨॥ (84-10)
नानक सबदी सचु है करमी पलै पाइ ॥२॥

ਪਉੜੀ ॥ (84-10)
पउड़ी ॥

ਹਰਿ ਅੰਦਰਿ ਬਾਹਰਿ ਇਕੁ ਤੂੰ ਤੂੰ ਜਾਣਹਿ ਭੇਤੁ ॥ (84-11)
हरि अंदरि बाहरि इकु तूं तूं जाणहि भेतु ॥

ਜੋ ਕੀਚੈ ਸੋ ਹਰਿ ਜਾਣਦਾ ਮੇਰੇ ਮਨ ਹਰਿ ਚੇਤੁ ॥ (84-11)
जो कीचै सो हरि जाणदा मेरे मन हरि चेतु ॥

ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ ॥ (84-11)
सो डरै जि पाप कमावदा धरमी विगसेतु ॥

ਤੂੰ ਸਚਾ ਆਪਿ ਨਿਆਉ ਸਚੁ ਤਾ ਡਰੀਐ ਕੇਤੁ ॥ (84-12)
तूं सचा आपि निआउ सचु ता डरीऐ केतु ॥

ਜਿਨਾ ਨਾਨਕ ਸਚੁ ਪਛਾਣਿਆ ਸੇ ਸਚਿ ਰਲੇਤੁ ॥੫॥ (84-12)
जिना नानक सचु पछाणिआ से सचि रलेतु ॥५॥

ਸਲੋਕ ਮਃ ੩ ॥ (84-13)
सलोक मः ३ ॥

ਕਲਮ ਜਲਉ ਸਣੁ ਮਸਵਾਣੀਐ ਕਾਗਦੁ ਭੀ ਜਲਿ ਜਾਉ ॥ (84-13)
कलम जलउ सणु मसवाणीऐ कागदु भी जलि जाउ ॥

ਲਿਖਣ ਵਾਲਾ ਜਲਿ ਬਲਉ ਜਿਨਿ ਲਿਖਿਆ ਦੂਜਾ ਭਾਉ ॥ (84-14)
लिखण वाला जलि बलउ जिनि लिखिआ दूजा भाउ ॥

ਨਾਨਕ ਪੂਰਬਿ ਲਿਖਿਆ ਕਮਾਵਣਾ ਅਵਰੁ ਨ ਕਰਣਾ ਜਾਇ ॥੧॥ (84-14)
नानक पूरबि लिखिआ कमावणा अवरु न करणा जाइ ॥१॥

ਮਃ ੩ ॥ (84-15)
मः ३ ॥

ਹੋਰੁ ਕੂੜੁ ਪੜਣਾ ਕੂੜੁ ਬੋਲਣਾ ਮਾਇਆ ਨਾਲਿ ਪਿਆਰੁ ॥ (84-15)
होरु कूड़ु पड़णा कूड़ु बोलणा माइआ नालि पिआरु ॥

ਨਾਨਕ ਵਿਣੁ ਨਾਵੈ ਕੋ ਥਿਰੁ ਨਹੀ ਪੜਿ ਪੜਿ ਹੋਇ ਖੁਆਰੁ ॥੨॥ (84-15)
नानक विणु नावै को थिरु नही पड़ि पड़ि होइ खुआरु ॥२॥

ਪਉੜੀ ॥ (84-16)
पउड़ी ॥

ਹਰਿ ਕੀ ਵਡਿਆਈ ਵਡੀ ਹੈ ਹਰਿ ਕੀਰਤਨੁ ਹਰਿ ਕਾ ॥ (84-16)
हरि की वडिआई वडी है हरि कीरतनु हरि का ॥

ਹਰਿ ਕੀ ਵਡਿਆਈ ਵਡੀ ਹੈ ਜਾ ਨਿਆਉ ਹੈ ਧਰਮ ਕਾ ॥ (84-16)
हरि की वडिआई वडी है जा निआउ है धरम का ॥

ਹਰਿ ਕੀ ਵਡਿਆਈ ਵਡੀ ਹੈ ਜਾ ਫਲੁ ਹੈ ਜੀਅ ਕਾ ॥ (84-17)
हरि की वडिआई वडी है जा फलु है जीअ का ॥

ਹਰਿ ਕੀ ਵਡਿਆਈ ਵਡੀ ਹੈ ਜਾ ਨ ਸੁਣਈ ਕਹਿਆ ਚੁਗਲ ਕਾ ॥ (84-17)
हरि की वडिआई वडी है जा न सुणई कहिआ चुगल का ॥

ਹਰਿ ਕੀ ਵਡਿਆਈ ਵਡੀ ਹੈ ਅਪੁਛਿਆ ਦਾਨੁ ਦੇਵਕਾ ॥੬॥ (84-18)
हरि की वडिआई वडी है अपुछिआ दानु देवका ॥६॥

ਸਲੋਕ ਮਃ ੩ ॥ (84-19)
सलोक मः ३ ॥

ਹਉ ਹਉ ਕਰਤੀ ਸਭ ਮੁਈ ਸੰਪਉ ਕਿਸੈ ਨ ਨਾਲਿ ॥ (84-19)
हउ हउ करती सभ मुई स्मपउ किसै न नालि ॥

ਦੂਜੈ ਭਾਇ ਦੁਖੁ ਪਾਇਆ ਸਭ ਜੋਹੀ ਜਮਕਾਲਿ ॥ (84-19)
दूजै भाइ दुखु पाइआ सभ जोही जमकालि ॥

ਨਾਨਕ ਗੁਰਮੁਖਿ ਉਬਰੇ ਸਾਚਾ ਨਾਮੁ ਸਮਾਲਿ ॥੧॥ (85-1)
नानक गुरमुखि उबरे साचा नामु समालि ॥१॥

ਮਃ ੧ ॥ (85-1)
मः १ ॥

ਗਲੀ ਅਸੀ ਚੰਗੀਆ ਆਚਾਰੀ ਬੁਰੀਆਹ ॥ (85-1)
गली� असी चंगीआ आचारी बुरीआह ॥

ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥ (85-2)
मनहु कुसुधा कालीआ बाहरि चिटवीआह ॥

ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ ॥ (85-2)
रीसा करिह तिनाड़ीआ जो सेवहि दरु खड़ीआह ॥

ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ ॥ (85-3)
नालि खसमै रतीआ माणहि सुखि रलीआह ॥

ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ ॥ (85-3)
होदै ताणि निताणीआ रहहि निमानणीआह ॥

ਨਾਨਕ ਜਨਮੁ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ ॥੨॥ (85-4)
नानक जनमु सकारथा जे तिन कै संगि मिलाह ॥२॥

ਪਉੜੀ ॥ (85-4)
पउड़ी ॥

ਤੂੰ ਆਪੇ ਜਲੁ ਮੀਨਾ ਹੈ ਆਪੇ ਆਪੇ ਹੀ ਆਪਿ ਜਾਲੁ ॥ (85-4)
तूं आपे जलु मीना है आपे आपे ही आपि जालु ॥

ਤੂੰ ਆਪੇ ਜਾਲੁ ਵਤਾਇਦਾ ਆਪੇ ਵਿਚਿ ਸੇਬਾਲੁ ॥ (85-5)
तूं आपे जालु वताइदा आपे विचि सेबालु ॥

ਤੂੰ ਆਪੇ ਕਮਲੁ ਅਲਿਪਤੁ ਹੈ ਸੈ ਹਥਾ ਵਿਚਿ ਗੁਲਾਲੁ ॥ (85-5)
तूं आपे कमलु अलिपतु है सै हथा विचि गुलालु ॥

ਤੂੰ ਆਪੇ ਮੁਕਤਿ ਕਰਾਇਦਾ ਇਕ ਨਿਮਖ ਘੜੀ ਕਰਿ ਖਿਆਲੁ ॥ (85-6)
तूं आपे मुकति कराइदा इक निमख घड़ी करि खिआलु ॥

ਹਰਿ ਤੁਧਹੁ ਬਾਹਰਿ ਕਿਛੁ ਨਹੀ ਗੁਰ ਸਬਦੀ ਵੇਖਿ ਨਿਹਾਲੁ ॥੭॥ (85-6)
हरि तुधहु बाहरि किछु नही गुर सबदी वेखि निहालु ॥७॥

ਸਲੋਕ ਮਃ ੩ ॥ (85-7)
सलोक मः ३ ॥

ਹੁਕਮੁ ਨ ਜਾਣੈ ਬਹੁਤਾ ਰੋਵੈ ॥ (85-7)
हुकमु न जाणै बहुता रोवै ॥

ਅੰਦਰਿ ਧੋਖਾ ਨੀਦ ਨ ਸੋਵੈ ॥ (85-7)
अंदरि धोखा नीद न सोवै ॥

ਜੇ ਧਨ ਖਸਮੈ ਚਲੈ ਰਜਾਈ ॥ (85-7)
जे धन खसमै चलै रजाई ॥

ਦਰਿ ਘਰਿ ਸੋਭਾ ਮਹਲਿ ਬੁਲਾਈ ॥ (85-8)
दरि घरि सोभा महलि बुलाई ॥

ਨਾਨਕ ਕਰਮੀ ਇਹ ਮਤਿ ਪਾਈ ॥ (85-8)
नानक करमी इह मति पाई ॥

ਗੁਰ ਪਰਸਾਦੀ ਸਚਿ ਸਮਾਈ ॥੧॥ (85-8)
गुर परसादी सचि समाई ॥१॥

ਮਃ ੩ ॥ (85-9)
मः ३ ॥

ਮਨਮੁਖ ਨਾਮ ਵਿਹੂਣਿਆ ਰੰਗੁ ਕਸੁੰਭਾ ਦੇਖਿ ਨ ਭੁਲੁ ॥ (85-9)
मनमुख नाम विहूणिआ रंगु कसुमभा देखि न भुलु ॥

ਇਸ ਕਾ ਰੰਗੁ ਦਿਨ ਥੋੜਿਆ ਛੋਛਾ ਇਸ ਦਾ ਮੁਲੁ ॥ (85-9)
इस का रंगु दिन थोड़िआ छोछा इस दा मुलु ॥

ਦੂਜੈ ਲਗੇ ਪਚਿ ਮੁਏ ਮੂਰਖ ਅੰਧ ਗਵਾਰ ॥ (85-10)
दूजै लगे पचि मुए मूरख अंध गवार ॥

ਬਿਸਟਾ ਅੰਦਰਿ ਕੀਟ ਸੇ ਪਇ ਪਚਹਿ ਵਾਰੋ ਵਾਰ ॥ (85-10)
बिसटा अंदरि कीट से पइ पचहि वारो वार ॥

ਨਾਨਕ ਨਾਮ ਰਤੇ ਸੇ ਰੰਗੁਲੇ ਗੁਰ ਕੈ ਸਹਜਿ ਸੁਭਾਇ ॥ (85-11)
नानक नाम रते से रंगुले गुर कै सहजि सुभाइ ॥

ਭਗਤੀ ਰੰਗੁ ਨ ਉਤਰੈ ਸਹਜੇ ਰਹੈ ਸਮਾਇ ॥੨॥ (85-11)
भगती रंगु न उतरै सहजे रहै समाइ ॥२॥

ਪਉੜੀ ॥ (85-12)
पउड़ी ॥

ਸਿਸਟਿ ਉਪਾਈ ਸਭ ਤੁਧੁ ਆਪੇ ਰਿਜਕੁ ਸੰਬਾਹਿਆ ॥ (85-12)
सिसटि उपाई सभ तुधु आपे रिजकु स्मबाहिआ ॥

ਇਕਿ ਵਲੁ ਛਲੁ ਕਰਿ ਕੈ ਖਾਵਦੇ ਮੁਹਹੁ ਕੂੜੁ ਕੁਸਤੁ ਤਿਨੀ ਢਾਹਿਆ ॥ (85-12)
इकि वलु छलु करि कै खावदे मुहहु कूड़ु कुसतु तिनी ढाहिआ ॥

ਤੁਧੁ ਆਪੇ ਭਾਵੈ ਸੋ ਕਰਹਿ ਤੁਧੁ ਓਤੈ ਕੰਮਿ ਓਇ ਲਾਇਆ ॥ (85-13)
तुधु आपे भावै सो करहि तुधु ओतै कंमि ओइ लाइआ ॥

ਇਕਨਾ ਸਚੁ ਬੁਝਾਇਓਨੁ ਤਿਨਾ ਅਤੁਟ ਭੰਡਾਰ ਦੇਵਾਇਆ ॥ (85-13)
इकना सचु बुझाइओनु तिना अतुट भंडार देवाइआ ॥

ਹਰਿ ਚੇਤਿ ਖਾਹਿ ਤਿਨਾ ਸਫਲੁ ਹੈ ਅਚੇਤਾ ਹਥ ਤਡਾਇਆ ॥੮॥ (85-14)
हरि चेति खाहि तिना सफलु है अचेता हथ तडाइआ ॥८॥

ਸਲੋਕ ਮਃ ੩ ॥ (85-15)
सलोक मः ३ ॥

ਪੜਿ ਪੜਿ ਪੰਡਿਤ ਬੇਦ ਵਖਾਣਹਿ ਮਾਇਆ ਮੋਹ ਸੁਆਇ ॥ (85-15)
पड़ि पड़ि पंडित बेद वखाणहि माइआ मोह सुआइ ॥

ਦੂਜੈ ਭਾਇ ਹਰਿ ਨਾਮੁ ਵਿਸਾਰਿਆ ਮਨ ਮੂਰਖ ਮਿਲੈ ਸਜਾਇ ॥ (85-15)
दूजै भाइ हरि नामु विसारिआ मन मूरख मिलै सजाइ ॥

ਜਿਨਿ ਜੀਉ ਪਿੰਡੁ ਦਿਤਾ ਤਿਸੁ ਕਬਹੂੰ ਨ ਚੇਤੈ ਜੋ ਦੇਂਦਾ ਰਿਜਕੁ ਸੰਬਾਹਿ ॥ (85-16)
जिनि जीउ पिंडु दिता तिसु कबहूं न चेतै जो देंदा रिजकु स्मबाहि ॥

ਜਮ ਕਾ ਫਾਹਾ ਗਲਹੁ ਨ ਕਟੀਐ ਫਿਰਿ ਫਿਰਿ ਆਵੈ ਜਾਇ ॥ (85-16)
जम का फाहा गलहु न कटीऐ फिरि फिरि आवै जाइ ॥

ਮਨਮੁਖਿ ਕਿਛੂ ਨ ਸੂਝੈ ਅੰਧੁਲੇ ਪੂਰਬਿ ਲਿਖਿਆ ਕਮਾਇ ॥ (85-17)
मनमुखि किछू न सूझै अंधुले पूरबि लिखिआ कमाइ ॥

ਪੂਰੈ ਭਾਗਿ ਸਤਿਗੁਰੁ ਮਿਲੈ ਸੁਖਦਾਤਾ ਨਾਮੁ ਵਸੈ ਮਨਿ ਆਇ ॥ (85-18)
पूरै भागि सतिगुरु मिलै सुखदाता नामु वसै मनि आइ ॥

ਸੁਖੁ ਮਾਣਹਿ ਸੁਖੁ ਪੈਨਣਾ ਸੁਖੇ ਸੁਖਿ ਵਿਹਾਇ ॥ (85-18)
सुखु माणहि सुखु पैनणा सुखे सुखि विहाइ ॥

ਨਾਨਕ ਸੋ ਨਾਉ ਮਨਹੁ ਨ ਵਿਸਾਰੀਐ ਜਿਤੁ ਦਰਿ ਸਚੈ ਸੋਭਾ ਪਾਇ ॥੧॥ (85-19)
नानक सो नाउ मनहु न विसारीऐ जितु दरि सचै सोभा पाइ ॥१॥

ਮਃ ੩ ॥ (85-19)
मः ३ ॥

ਸਤਿਗੁਰੁ ਸੇਵਿ ਸੁਖੁ ਪਾਇਆ ਸਚੁ ਨਾਮੁ ਗੁਣਤਾਸੁ ॥ (85-19)
सतिगुरु सेवि सुखु पाइआ सचु नामु गुणतासु ॥

ਗੁਰਮਤੀ ਆਪੁ ਪਛਾਣਿਆ ਰਾਮ ਨਾਮ ਪਰਗਾਸੁ ॥ (86-1)
गुरमती आपु पछाणिआ राम नाम परगासु ॥

ਸਚੋ ਸਚੁ ਕਮਾਵਣਾ ਵਡਿਆਈ ਵਡੇ ਪਾਸਿ ॥ (86-1)
सचो सचु कमावणा वडिआई वडे पासि ॥

ਜੀਉ ਪਿੰਡੁ ਸਭੁ ਤਿਸ ਕਾ ਸਿਫਤਿ ਕਰੇ ਅਰਦਾਸਿ ॥ (86-2)
जीउ पिंडु सभु तिस का सिफति करे अरदासि ॥

ਸਚੈ ਸਬਦਿ ਸਾਲਾਹਣਾ ਸੁਖੇ ਸੁਖਿ ਨਿਵਾਸੁ ॥ (86-2)
सचै सबदि सालाहणा सुखे सुखि निवासु ॥

ਜਪੁ ਤਪੁ ਸੰਜਮੁ ਮਨੈ ਮਾਹਿ ਬਿਨੁ ਨਾਵੈ ਧ੍ਰਿਗੁ ਜੀਵਾਸੁ ॥ (86-3)
जपु तपु संजमु मनै माहि बिनु नावै ध्रिगु जीवासु ॥

ਗੁਰਮਤੀ ਨਾਉ ਪਾਈਐ ਮਨਮੁਖ ਮੋਹਿ ਵਿਣਾਸੁ ॥ (86-3)
गुरमती नाउ पाईऐ मनमुख मोहि विणासु ॥

ਜਿਉ ਭਾਵੈ ਤਿਉ ਰਾਖੁ ਤੂੰ ਨਾਨਕੁ ਤੇਰਾ ਦਾਸੁ ॥੨॥ (86-4)
जिउ भावै तिउ राखु तूं नानकु तेरा दासु ॥२॥

ਪਉੜੀ ॥ (86-4)
पउड़ी ॥

ਸਭੁ ਕੋ ਤੇਰਾ ਤੂੰ ਸਭਸੁ ਦਾ ਤੂੰ ਸਭਨਾ ਰਾਸਿ ॥ (86-4)
सभु को तेरा तूं सभसु दा तूं सभना रासि ॥

ਸਭਿ ਤੁਧੈ ਪਾਸਹੁ ਮੰਗਦੇ ਨਿਤ ਕਰਿ ਅਰਦਾਸਿ ॥ (86-5)
सभि तुधै पासहु मंगदे नित करि अरदासि ॥

ਜਿਸੁ ਤੂੰ ਦੇਹਿ ਤਿਸੁ ਸਭੁ ਕਿਛੁ ਮਿਲੈ ਇਕਨਾ ਦੂਰਿ ਹੈ ਪਾਸਿ ॥ (86-5)
जिसु तूं देहि तिसु सभु किछु मिलै इकना दूरि है पासि ॥

ਤੁਧੁ ਬਾਝਹੁ ਥਾਉ ਕੋ ਨਾਹੀ ਜਿਸੁ ਪਾਸਹੁ ਮੰਗੀਐ ਮਨਿ ਵੇਖਹੁ ਕੋ ਨਿਰਜਾਸਿ ॥ (86-6)
तुधु बाझहु थाउ को नाही जिसु पासहु मंगीऐ मनि वेखहु को निरजासि ॥

ਸਭਿ ਤੁਧੈ ਨੋ ਸਾਲਾਹਦੇ ਦਰਿ ਗੁਰਮੁਖਾ ਨੋ ਪਰਗਾਸਿ ॥੯॥ (86-6)
सभि तुधै नो सालाहदे दरि गुरमुखा नो परगासि ॥९॥

ਸਲੋਕ ਮਃ ੩ ॥ (86-7)
सलोक मः ३ ॥

ਪੰਡਿਤੁ ਪੜਿ ਪੜਿ ਉਚਾ ਕੂਕਦਾ ਮਾਇਆ ਮੋਹਿ ਪਿਆਰੁ ॥ (86-7)
पंडितु पड़ि पड़ि उचा कूकदा माइआ मोहि पिआरु ॥

ਅੰਤਰਿ ਬ੍ਰਹਮੁ ਨ ਚੀਨਈ ਮਨਿ ਮੂਰਖੁ ਗਾਵਾਰੁ ॥ (86-8)
अंतरि ब्रहमु न चीनई मनि मूरखु गावारु ॥

ਦੂਜੈ ਭਾਇ ਜਗਤੁ ਪਰਬੋਧਦਾ ਨਾ ਬੂਝੈ ਬੀਚਾਰੁ ॥ (86-8)
दूजै भाइ जगतु परबोधदा ना बूझै बीचारु ॥

ਬਿਰਥਾ ਜਨਮੁ ਗਵਾਇਆ ਮਰਿ ਜੰਮੈ ਵਾਰੋ ਵਾਰ ॥੧॥ (86-9)
बिरथा जनमु गवाइआ मरि जंमै वारो वार ॥१॥

ਮਃ ੩ ॥ (86-9)
मः ३ ॥

ਜਿਨੀ ਸਤਿਗੁਰੁ ਸੇਵਿਆ ਤਿਨੀ ਨਾਉ ਪਾਇਆ ਬੂਝਹੁ ਕਰਿ ਬੀਚਾਰੁ ॥ (86-9)
जिनी सतिगुरु सेविआ तिनी नाउ पाइआ बूझहु करि बीचारु ॥

ਸਦਾ ਸਾਂਤਿ ਸੁਖੁ ਮਨਿ ਵਸੈ ਚੂਕੈ ਕੂਕ ਪੁਕਾਰ ॥ (86-10)
सदा सांति सुखु मनि वसै चूकै कूक पुकार ॥

ਆਪੈ ਨੋ ਆਪੁ ਖਾਇ ਮਨੁ ਨਿਰਮਲੁ ਹੋਵੈ ਗੁਰ ਸਬਦੀ ਵੀਚਾਰੁ ॥ (86-10)
आपै नो आपु खाइ मनु निरमलु होवै गुर सबदी वीचारु ॥

ਨਾਨਕ ਸਬਦਿ ਰਤੇ ਸੇ ਮੁਕਤੁ ਹੈ ਹਰਿ ਜੀਉ ਹੇਤਿ ਪਿਆਰੁ ॥੨॥ (86-11)
नानक सबदि रते से मुकतु है हरि जीउ हेति पिआरु ॥२॥

ਪਉੜੀ ॥ (86-11)
पउड़ी ॥

ਹਰਿ ਕੀ ਸੇਵਾ ਸਫਲ ਹੈ ਗੁਰਮੁਖਿ ਪਾਵੈ ਥਾਇ ॥ (86-12)
हरि की सेवा सफल है गुरमुखि पावै थाइ ॥

ਜਿਸੁ ਹਰਿ ਭਾਵੈ ਤਿਸੁ ਗੁਰੁ ਮਿਲੈ ਸੋ ਹਰਿ ਨਾਮੁ ਧਿਆਇ ॥ (86-12)
जिसु हरि भावै तिसु गुरु मिलै सो हरि नामु धिआइ ॥

ਗੁਰ ਸਬਦੀ ਹਰਿ ਪਾਈਐ ਹਰਿ ਪਾਰਿ ਲਘਾਇ ॥ (86-13)
गुर सबदी हरि पाईऐ हरि पारि लघाइ ॥

ਮਨਹਠਿ ਕਿਨੈ ਨ ਪਾਇਓ ਪੁਛਹੁ ਵੇਦਾ ਜਾਇ ॥ (86-13)
मनहठि किनै न पाइओ पुछहु वेदा जाइ ॥

ਨਾਨਕ ਹਰਿ ਕੀ ਸੇਵਾ ਸੋ ਕਰੇ ਜਿਸੁ ਲਏ ਹਰਿ ਲਾਇ ॥੧੦॥ (86-13)
नानक हरि की सेवा सो करे जिसु लए हरि लाइ ॥१० ॥

ਸਲੋਕ ਮਃ ੩ ॥ (86-14)
सलोक मः ३ ॥

ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ ॥ (86-14)
नानक सो सूरा वरीआमु जिनि विचहु दुसटु अहंकरणु मारिआ ॥

ਗੁਰਮੁਖਿ ਨਾਮੁ ਸਾਲਾਹਿ ਜਨਮੁ ਸਵਾਰਿਆ ॥ (86-15)
गुरमुखि नामु सालाहि जनमु सवारिआ ॥

ਆਪਿ ਹੋਆ ਸਦਾ ਮੁਕਤੁ ਸਭੁ ਕੁਲੁ ਨਿਸਤਾਰਿਆ ॥ (86-15)
आपि होआ सदा मुकतु सभु कुलु निसतारिआ ॥

ਸੋਹਨਿ ਸਚਿ ਦੁਆਰਿ ਨਾਮੁ ਪਿਆਰਿਆ ॥ (86-16)
सोहनि सचि दुआरि नामु पिआरिआ ॥

ਮਨਮੁਖ ਮਰਹਿ ਅਹੰਕਾਰਿ ਮਰਣੁ ਵਿਗਾੜਿਆ ॥ (86-16)
मनमुख मरहि अहंकारि मरणु विगाड़िआ ॥

ਸਭੋ ਵਰਤੈ ਹੁਕਮੁ ਕਿਆ ਕਰਹਿ ਵਿਚਾਰਿਆ ॥ (86-17)
सभो वरतै हुकमु किआ करहि विचारिआ ॥

ਆਪਹੁ ਦੂਜੈ ਲਗਿ ਖਸਮੁ ਵਿਸਾਰਿਆ ॥ (86-17)
आपहु दूजै लगि खसमु विसारिआ ॥

ਨਾਨਕ ਬਿਨੁ ਨਾਵੈ ਸਭੁ ਦੁਖੁ ਸੁਖੁ ਵਿਸਾਰਿਆ ॥੧॥ (86-17)
नानक बिनु नावै सभु दुखु सुखु विसारिआ ॥१॥

ਮਃ ੩ ॥ (86-18)
मः ३ ॥

ਗੁਰਿ ਪੂਰੈ ਹਰਿ ਨਾਮੁ ਦਿੜਾਇਆ ਤਿਨਿ ਵਿਚਹੁ ਭਰਮੁ ਚੁਕਾਇਆ ॥ (86-18)
गुरि पूरै हरि नामु दिड़ाइआ तिनि विचहु भरमु चुकाइआ ॥

ਰਾਮ ਨਾਮੁ ਹਰਿ ਕੀਰਤਿ ਗਾਈ ਕਰਿ ਚਾਨਣੁ ਮਗੁ ਦਿਖਾਇਆ ॥ (86-19)
राम नामु हरि कीरति गाई करि चानणु मगु दिखाइआ ॥

ਹਉਮੈ ਮਾਰਿ ਏਕ ਲਿਵ ਲਾਗੀ ਅੰਤਰਿ ਨਾਮੁ ਵਸਾਇਆ ॥ (86-19)
हउमै मारि एक लिव लागी अंतरि नामु वसाइआ ॥

ਗੁਰਮਤੀ ਜਮੁ ਜੋਹਿ ਨ ਸਾਕੈ ਸਾਚੈ ਨਾਮਿ ਸਮਾਇਆ ॥ (87-1)
गुरमती जमु जोहि न साकै साचै नामि समाइआ ॥

ਸਭੁ ਆਪੇ ਆਪਿ ਵਰਤੈ ਕਰਤਾ ਜੋ ਭਾਵੈ ਸੋ ਨਾਇ ਲਾਇਆ ॥ (87-1)
सभु आपे आपि वरतै करता जो भावै सो नाइ लाइआ ॥

ਜਨ ਨਾਨਕੁ ਨਾਮੁ ਲਏ ਤਾ ਜੀਵੈ ਬਿਨੁ ਨਾਵੈ ਖਿਨੁ ਮਰਿ ਜਾਇਆ ॥੨॥ (87-2)
जन नानकु नामु लए ता जीवै बिनु नावै खिनु मरि जाइआ ॥२॥

ਪਉੜੀ ॥ (87-2)
पउड़ी ॥

ਜੋ ਮਿਲਿਆ ਹਰਿ ਦੀਬਾਣ ਸਿਉ ਸੋ ਸਭਨੀ ਦੀਬਾਣੀ ਮਿਲਿਆ ॥ (87-3)
जो मिलिआ हरि दीबाण सिउ सो सभनी दीबाणी मिलिआ ॥

ਜਿਥੈ ਓਹੁ ਜਾਇ ਤਿਥੈ ਓਹੁ ਸੁਰਖਰੂ ਉਸ ਕੈ ਮੁਹਿ ਡਿਠੈ ਸਭ ਪਾਪੀ ਤਰਿਆ ॥ (87-3)
जिथै ओहु जाइ तिथै ओहु सुरखरू उस कै मुहि डिठै सभ पापी तरिआ ॥

ਓਸੁ ਅੰਤਰਿ ਨਾਮੁ ਨਿਧਾਨੁ ਹੈ ਨਾਮੋ ਪਰਵਰਿਆ ॥ (87-4)
ओसु अंतरि नामु निधानु है नामो परवरिआ ॥

ਨਾਉ ਪੂਜੀਐ ਨਾਉ ਮੰਨੀਐ ਨਾਇ ਕਿਲਵਿਖ ਸਭ ਹਿਰਿਆ ॥ (87-4)
नाउ पूजीऐ नाउ मंनीऐ नाइ किलविख सभ हिरिआ ॥

ਜਿਨੀ ਨਾਮੁ ਧਿਆਇਆ ਇਕ ਮਨਿ ਇਕ ਚਿਤਿ ਸੇ ਅਸਥਿਰੁ ਜਗਿ ਰਹਿਆ ॥੧੧॥ (87-5)
जिनी नामु धिआइआ इक मनि इक चिति से असथिरु जगि रहिआ ॥११॥

ਸਲੋਕ ਮਃ ੩ ॥ (87-6)
सलोक मः ३ ॥

ਆਤਮਾ ਦੇਉ ਪੂਜੀਐ ਗੁਰ ਕੈ ਸਹਜਿ ਸੁਭਾਇ ॥ (87-6)
आतमा देउ पूजीऐ गुर कै सहजि सुभाइ ॥

ਆਤਮੇ ਨੋ ਆਤਮੇ ਦੀ ਪ੍ਰਤੀਤਿ ਹੋਇ ਤਾ ਘਰ ਹੀ ਪਰਚਾ ਪਾਇ ॥ (87-6)
आतमे नो आतमे दी प्रतीति होइ ता घर ही परचा पाइ ॥

ਆਤਮਾ ਅਡੋਲੁ ਨ ਡੋਲਈ ਗੁਰ ਕੈ ਭਾਇ ਸੁਭਾਇ ॥ (87-7)
आतमा अडोलु न डोलई गुर कै भाइ सुभाइ ॥

ਗੁਰ ਵਿਣੁ ਸਹਜੁ ਨ ਆਵਈ ਲੋਭੁ ਮੈਲੁ ਨ ਵਿਚਹੁ ਜਾਇ ॥ (87-7)
गुर विणु सहजु न आवई लोभु मैलु न विचहु जाइ ॥

ਖਿਨੁ ਪਲੁ ਹਰਿ ਨਾਮੁ ਮਨਿ ਵਸੈ ਸਭ ਅਠਸਠਿ ਤੀਰਥ ਨਾਇ ॥ (87-8)
खिनु पलु हरि नामु मनि वसै सभ अठसठि तीरथ नाइ ॥

ਸਚੇ ਮੈਲੁ ਨ ਲਗਈ ਮਲੁ ਲਾਗੈ ਦੂਜੈ ਭਾਇ ॥ (87-8)
सचे मैलु न लगई मलु लागै दूजै भाइ ॥

ਧੋਤੀ ਮੂਲਿ ਨ ਉਤਰੈ ਜੇ ਅਠਸਠਿ ਤੀਰਥ ਨਾਇ ॥ (87-9)
धोती मूलि न उतरै जे अठसठि तीरथ नाइ ॥

ਮਨਮੁਖ ਕਰਮ ਕਰੇ ਅਹੰਕਾਰੀ ਸਭੁ ਦੁਖੋ ਦੁਖੁ ਕਮਾਇ ॥ (87-9)
मनमुख करम करे अहंकारी सभु दुखो दुखु कमाइ ॥

ਨਾਨਕ ਮੈਲਾ ਊਜਲੁ ਤਾ ਥੀਐ ਜਾ ਸਤਿਗੁਰ ਮਾਹਿ ਸਮਾਇ ॥੧॥ (87-10)
नानक मैला ऊजलु ता थीऐ जा सतिगुर माहि समाइ ॥१॥

ਮਃ ੩ ॥ (87-10)
मः ३ ॥

ਮਨਮੁਖੁ ਲੋਕੁ ਸਮਝਾਈਐ ਕਦਹੁ ਸਮਝਾਇਆ ਜਾਇ ॥ (87-11)
मनमुखु लोकु समझाईऐ कदहु समझाइआ जाइ ॥

ਮਨਮੁਖੁ ਰਲਾਇਆ ਨਾ ਰਲੈ ਪਇਐ ਕਿਰਤਿ ਫਿਰਾਇ ॥ (87-11)
मनमुखु रलाइआ ना रलै पइऐ किरति फिराइ ॥

ਲਿਵ ਧਾਤੁ ਦੁਇ ਰਾਹ ਹੈ ਹੁਕਮੀ ਕਾਰ ਕਮਾਇ ॥ (87-12)
लिव धातु दुइ राह है हुकमी कार कमाइ ॥

ਗੁਰਮੁਖਿ ਆਪਣਾ ਮਨੁ ਮਾਰਿਆ ਸਬਦਿ ਕਸਵਟੀ ਲਾਇ ॥ (87-12)
गुरमुखि आपणा मनु मारिआ सबदि कसवटी लाइ ॥

ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ ਮਨ ਹੀ ਮੰਝਿ ਸਮਾਇ ॥ (87-13)
मन ही नालि झगड़ा मन ही नालि सथ मन ही मंझि समाइ ॥

ਮਨੁ ਜੋ ਇਛੇ ਸੋ ਲਹੈ ਸਚੈ ਸਬਦਿ ਸੁਭਾਇ ॥ (87-13)
मनु जो इछे सो लहै सचै सबदि सुभाइ ॥

ਅੰਮ੍ਰਿਤ ਨਾਮੁ ਸਦ ਭੁੰਚੀਐ ਗੁਰਮੁਖਿ ਕਾਰ ਕਮਾਇ ॥ (87-14)
अमृत नामु सद भुंचीऐ गुरमुखि कार कमाइ ॥

ਵਿਣੁ ਮਨੈ ਜਿ ਹੋਰੀ ਨਾਲਿ ਲੁਝਣਾ ਜਾਸੀ ਜਨਮੁ ਗਵਾਇ ॥ (87-14)
विणु मनै जि होरी नालि लुझणा जासी जनमु गवाइ ॥

ਮਨਮੁਖੀ ਮਨਹਠਿ ਹਾਰਿਆ ਕੂੜੁ ਕੁਸਤੁ ਕਮਾਇ ॥ (87-15)
मनमुखी मनहठि हारिआ कूड़ु कुसतु कमाइ ॥

ਗੁਰ ਪਰਸਾਦੀ ਮਨੁ ਜਿਣੈ ਹਰਿ ਸੇਤੀ ਲਿਵ ਲਾਇ ॥ (87-15)
गुर परसादी मनु जिणै हरि सेती लिव लाइ ॥

ਨਾਨਕ ਗੁਰਮੁਖਿ ਸਚੁ ਕਮਾਵੈ ਮਨਮੁਖਿ ਆਵੈ ਜਾਇ ॥੨॥ (87-16)
नानक गुरमुखि सचु कमावै मनमुखि आवै जाइ ॥२॥

ਪਉੜੀ ॥ (87-16)
पउड़ी ॥

ਹਰਿ ਕੇ ਸੰਤ ਸੁਣਹੁ ਜਨ ਭਾਈ ਹਰਿ ਸਤਿਗੁਰ ਕੀ ਇਕ ਸਾਖੀ ॥ (87-16)
हरि के संत सुणहु जन भाई हरि सतिगुर की इक साखी ॥

ਜਿਸੁ ਧੁਰਿ ਭਾਗੁ ਹੋਵੈ ਮੁਖਿ ਮਸਤਕਿ ਤਿਨਿ ਜਨਿ ਲੈ ਹਿਰਦੈ ਰਾਖੀ ॥ (87-17)
जिसु धुरि भागु होवै मुखि मसतकि तिनि जनि लै हिरदै राखी ॥

ਹਰਿ ਅੰਮ੍ਰਿਤ ਕਥਾ ਸਰੇਸਟ ਊਤਮ ਗੁਰ ਬਚਨੀ ਸਹਜੇ ਚਾਖੀ ॥ (87-17)
हरि अमृत कथा सरेसट ऊतम गुर बचनी सहजे चाखी ॥

ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ ਜਿਉ ਸੂਰਜ ਰੈਣਿ ਕਿਰਾਖੀ ॥ (87-18)
तह भइआ प्रगासु मिटिआ अंधिआरा जिउ सूरज रैणि किराखी ॥

ਅਦਿਸਟੁ ਅਗੋਚਰੁ ਅਲਖੁ ਨਿਰੰਜਨੁ ਸੋ ਦੇਖਿਆ ਗੁਰਮੁਖਿ ਆਖੀ ॥੧੨॥ (87-19)
अदिसटु अगोचरु अलखु निरंजनु सो देखिआ गुरमुखि आखी ॥१२॥

ਸਲੋਕੁ ਮਃ ੩ ॥ (87-19)
सलोकु मः ३ ॥

ਸਤਿਗੁਰੁ ਸੇਵੇ ਆਪਣਾ ਸੋ ਸਿਰੁ ਲੇਖੈ ਲਾਇ ॥ (88-1)
सतिगुरु सेवे आपणा सो सिरु लेखै लाइ ॥

ਵਿਚਹੁ ਆਪੁ ਗਵਾਇ ਕੈ ਰਹਨਿ ਸਚਿ ਲਿਵ ਲਾਇ ॥ (88-1)
विचहु आपु गवाइ कै रहनि सचि लिव लाइ ॥

ਸਤਿਗੁਰੁ ਜਿਨੀ ਨ ਸੇਵਿਓ ਤਿਨਾ ਬਿਰਥਾ ਜਨਮੁ ਗਵਾਇ ॥ (88-1)
सतिगुरु जिनी न सेविओ तिना बिरथा जनमु गवाइ ॥

ਨਾਨਕ ਜੋ ਤਿਸੁ ਭਾਵੈ ਸੋ ਕਰੇ ਕਹਣਾ ਕਿਛੂ ਨ ਜਾਇ ॥੧॥ (88-2)
नानक जो तिसु भावै सो करे कहणा किछू न जाइ ॥१॥

ਮਃ ੩ ॥ (88-3)
मः ३ ॥

ਮਨੁ ਵੇਕਾਰੀ ਵੇੜਿਆ ਵੇਕਾਰਾ ਕਰਮ ਕਮਾਇ ॥ (88-3)
मनु वेकारी वेड़िआ वेकारा करम कमाइ ॥

ਦੂਜੈ ਭਾਇ ਅਗਿਆਨੀ ਪੂਜਦੇ ਦਰਗਹ ਮਿਲੈ ਸਜਾਇ ॥ (88-3)
दूजै भाइ अगिआनी पूजदे दरगह मिलै सजाइ ॥

ਆਤਮ ਦੇਉ ਪੂਜੀਐ ਬਿਨੁ ਸਤਿਗੁਰ ਬੂਝ ਨ ਪਾਇ ॥ (88-4)
आतम देउ पूजीऐ बिनु सतिगुर बूझ न पाइ ॥

ਜਪੁ ਤਪੁ ਸੰਜਮੁ ਭਾਣਾ ਸਤਿਗੁਰੂ ਕਾ ਕਰਮੀ ਪਲੈ ਪਾਇ ॥ (88-4)
जपु तपु संजमु भाणा सतिगुरू का करमी पलै पाइ ॥

ਨਾਨਕ ਸੇਵਾ ਸੁਰਤਿ ਕਮਾਵਣੀ ਜੋ ਹਰਿ ਭਾਵੈ ਸੋ ਥਾਇ ਪਾਇ ॥੨॥ (88-5)
नानक सेवा सुरति कमावणी जो हरि भावै सो थाइ पाइ ॥२॥

ਪਉੜੀ ॥ (88-5)
पउड़ी ॥

ਹਰਿ ਹਰਿ ਨਾਮੁ ਜਪਹੁ ਮਨ ਮੇਰੇ ਜਿਤੁ ਸਦਾ ਸੁਖੁ ਹੋਵੈ ਦਿਨੁ ਰਾਤੀ ॥ (88-5)
हरि हरि नामु जपहु मन मेरे जितु सदा सुखु होवै दिनु राती ॥

ਹਰਿ ਹਰਿ ਨਾਮੁ ਜਪਹੁ ਮਨ ਮੇਰੇ ਜਿਤੁ ਸਿਮਰਤ ਸਭਿ ਕਿਲਵਿਖ ਪਾਪ ਲਹਾਤੀ ॥ (88-6)
हरि हरि नामु जपहु मन मेरे जितु सिमरत सभि किलविख पाप लहाती ॥

ਹਰਿ ਹਰਿ ਨਾਮੁ ਜਪਹੁ ਮਨ ਮੇਰੇ ਜਿਤੁ ਦਾਲਦੁ ਦੁਖ ਭੁਖ ਸਭ ਲਹਿ ਜਾਤੀ ॥ (88-7)
हरि हरि नामु जपहु मन मेरे जितु दालदु दुख भुख सभ लहि जाती ॥

ਹਰਿ ਹਰਿ ਨਾਮੁ ਜਪਹੁ ਮਨ ਮੇਰੇ ਮੁਖਿ ਗੁਰਮੁਖਿ ਪ੍ਰੀਤਿ ਲਗਾਤੀ ॥ (88-7)
हरि हरि नामु जपहु मन मेरे मुखि गुरमुखि प्रीति लगाती ॥

ਜਿਤੁ ਮੁਖਿ ਭਾਗੁ ਲਿਖਿਆ ਧੁਰਿ ਸਾਚੈ ਹਰਿ ਤਿਤੁ ਮੁਖਿ ਨਾਮੁ ਜਪਾਤੀ ॥੧੩॥ (88-8)
जितु मुखि भागु लिखिआ धुरि साचै हरि तितु मुखि नामु जपाती ॥१३॥

ਸਲੋਕ ਮਃ ੩ ॥ (88-9)
सलोक मः ३ ॥

ਸਤਿਗੁਰੁ ਜਿਨੀ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥ (88-9)
सतिगुरु जिनी न सेविओ सबदि न कीतो वीचारु ॥

ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ ॥ (88-9)
अंतरि गिआनु न आइओ मिरतकु है संसारि ॥

ਲਖ ਚਉਰਾਸੀਹ ਫੇਰੁ ਪਇਆ ਮਰਿ ਜੰਮੈ ਹੋਇ ਖੁਆਰੁ ॥ (88-10)
लख चउरासीह फेरु पइआ मरि जंमै होइ खुआरु ॥

ਸਤਿਗੁਰ ਕੀ ਸੇਵਾ ਸੋ ਕਰੇ ਜਿਸ ਨੋ ਆਪਿ ਕਰਾਏ ਸੋਇ ॥ (88-11)
सतिगुर की सेवा सो करे जिस नो आपि कराए सोइ ॥

ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਕਰਮਿ ਪਰਾਪਤਿ ਹੋਇ ॥ (88-11)
सतिगुर विचि नामु निधानु है करमि परापति होइ ॥

ਸਚਿ ਰਤੇ ਗੁਰ ਸਬਦ ਸਿਉ ਤਿਨ ਸਚੀ ਸਦਾ ਲਿਵ ਹੋਇ ॥ (88-12)
सचि रते गुर सबद सिउ तिन सची सदा लिव होइ ॥

ਨਾਨਕ ਜਿਸ ਨੋ ਮੇਲੇ ਨ ਵਿਛੁੜੈ ਸਹਜਿ ਸਮਾਵੈ ਸੋਇ ॥੧॥ (88-12)
नानक जिस नो मेले न विछुड़ै सहजि समावै सोइ ॥१॥

ਮਃ ੩ ॥ (88-13)
मः ३ ॥

ਸੋ ਭਗਉਤੀ ਜੁੋ ਭਗਵੰਤੈ ਜਾਣੈ ॥ (88-13)
सो भगउती जुो भगवंतै जाणै ॥

ਗੁਰ ਪਰਸਾਦੀ ਆਪੁ ਪਛਾਣੈ ॥ (88-13)
गुर परसादी आपु पछाणै ॥

ਧਾਵਤੁ ਰਾਖੈ ਇਕਤੁ ਘਰਿ ਆਣੈ ॥ (88-13)
धावतु राखै इकतु घरि आणै ॥

ਜੀਵਤੁ ਮਰੈ ਹਰਿ ਨਾਮੁ ਵਖਾਣੈ ॥ (88-14)
जीवतु मरै हरि नामु वखाणै ॥

ਐਸਾ ਭਗਉਤੀ ਉਤਮੁ ਹੋਇ ॥ (88-14)
ऐसा भगउती उतमु होइ ॥

ਨਾਨਕ ਸਚਿ ਸਮਾਵੈ ਸੋਇ ॥੨॥ (88-14)
नानक सचि समावै सोइ ॥२॥

ਮਃ ੩ ॥ (88-15)
मः ३ ॥

ਅੰਤਰਿ ਕਪਟੁ ਭਗਉਤੀ ਕਹਾਏ ॥ (88-15)
अंतरि कपटु भगउती कहाए ॥

ਪਾਖੰਡਿ ਪਾਰਬ੍ਰਹਮੁ ਕਦੇ ਨ ਪਾਏ ॥ (88-15)
पाखंडि पारब्रहमु कदे न पाए ॥

ਪਰ ਨਿੰਦਾ ਕਰੇ ਅੰਤਰਿ ਮਲੁ ਲਾਏ ॥ (88-15)
पर निंदा करे अंतरि मलु लाए ॥

ਬਾਹਰਿ ਮਲੁ ਧੋਵੈ ਮਨ ਕੀ ਜੂਠਿ ਨ ਜਾਏ ॥ (88-16)
बाहरि मलु धोवै मन की जूठि न जाए ॥

ਸਤਸੰਗਤਿ ਸਿਉ ਬਾਦੁ ਰਚਾਏ ॥ (88-16)
सतसंगति सिउ बादु रचाए ॥

ਅਨਦਿਨੁ ਦੁਖੀਆ ਦੂਜੈ ਭਾਇ ਰਚਾਏ ॥ (88-17)
अनदिनु दुखीआ दूजै भाइ रचाए ॥

ਹਰਿ ਨਾਮੁ ਨ ਚੇਤੈ ਬਹੁ ਕਰਮ ਕਮਾਏ ॥ (88-17)
हरि नामु न चेतै बहु करम कमाए ॥

ਪੂਰਬਿ ਲਿਖਿਆ ਸੁ ਮੇਟਣਾ ਨ ਜਾਏ ॥ (88-17)
पूरब लिखिआ सु मेटणा न जाए ॥

ਨਾਨਕ ਬਿਨੁ ਸਤਿਗੁਰ ਸੇਵੇ ਮੋਖੁ ਨ ਪਾਏ ॥੩॥ (88-18)
नानक बिनु सतिगुर सेवे मोखु न पाए ॥३॥

ਪਉੜੀ ॥ (88-18)
पउड़ी ॥

ਸਤਿਗੁਰੁ ਜਿਨੀ ਧਿਆਇਆ ਸੇ ਕੜਿ ਨ ਸਵਾਹੀ ॥ (88-18)
सतिगुरु जिनी धिआइआ से कड़ि न सवाही ॥

ਸਤਿਗੁਰੁ ਜਿਨੀ ਧਿਆਇਆ ਸੇ ਤ੍ਰਿਪਤਿ ਅਘਾਹੀ ॥ (88-19)
सतिगुरु जिनी धिआइआ से त्रिपति अघाही ॥

ਸਤਿਗੁਰੁ ਜਿਨੀ ਧਿਆਇਆ ਤਿਨ ਜਮ ਡਰੁ ਨਾਹੀ ॥ (88-19)
सतिगुरु जिनी धिआइआ तिन जम डरु नाही ॥

ਜਿਨ ਕਉ ਹੋਆ ਕ੍ਰਿਪਾਲੁ ਹਰਿ ਸੇ ਸਤਿਗੁਰ ਪੈਰੀ ਪਾਹੀ ॥ (89-1)
जिन कउ होआ क्रिपालु हरि से सतिगुर पैरी पाही ॥

ਤਿਨ ਐਥੈ ਓਥੈ ਮੁਖ ਉਜਲੇ ਹਰਿ ਦਰਗਹ ਪੈਧੇ ਜਾਹੀ ॥੧੪॥ (89-1)
तिन ऐथै ओथै मुख उजले हरि दरगह पैधे जाही ॥१४॥

ਸਲੋਕ ਮਃ ੨ ॥ (89-2)
सलोक मः २ ॥

ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਦੀਜੈ ਡਾਰਿ ॥ (89-2)
जो सिरु सांई ना निवै सो सिरु दीजै डारि ॥

ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ ਸੋ ਪਿੰਜਰੁ ਲੈ ਜਾਰਿ ॥੧॥ (89-2)
नानक जिसु पिंजर महि बिरहा नही सो पिंजरु लै जारि ॥१॥

ਮਃ ੫ ॥ (89-3)
मः ५ ॥

ਮੁੰਢਹੁ ਭੁਲੀ ਨਾਨਕਾ ਫਿਰਿ ਫਿਰਿ ਜਨਮਿ ਮੁਈਆਸੁ ॥ (89-3)
मुंढहु भुली नानका फिरि फिरि जनमि मुईआसु ॥

ਕਸਤੂਰੀ ਕੈ ਭੋਲੜੈ ਗੰਦੇ ਡੁੰਮਿ ਪਈਆਸੁ ॥੨॥ (89-4)
कसतूरी कै भोलड़ै गंदे डुंमि पईआसु ॥२॥

ਪਉੜੀ ॥ (89-4)
पउड़ी ॥

ਸੋ ਐਸਾ ਹਰਿ ਨਾਮੁ ਧਿਆਈਐ ਮਨ ਮੇਰੇ ਜੋ ਸਭਨਾ ਉਪਰਿ ਹੁਕਮੁ ਚਲਾਏ ॥ (89-4)
सो ऐसा हरि नामु धिआईऐ मन मेरे जो सभना उपरि हुकमु चलाए ॥

ਸੋ ਐਸਾ ਹਰਿ ਨਾਮੁ ਜਪੀਐ ਮਨ ਮੇਰੇ ਜੋ ਅੰਤੀ ਅਉਸਰਿ ਲਏ ਛਡਾਏ ॥ (89-5)
सो ऐसा हरि नामु जपीऐ मन मेरे जो अंती अउसरि लए छडाए ॥

ਸੋ ਐਸਾ ਹਰਿ ਨਾਮੁ ਜਪੀਐ ਮਨ ਮੇਰੇ ਜੁ ਮਨ ਕੀ ਤ੍ਰਿਸਨਾ ਸਭ ਭੁਖ ਗਵਾਏ ॥ (89-6)
सो ऐसा हरि नामु जपीऐ मन मेरे जु मन की त्रिसना सभ भुख गवाए ॥

ਸੋ ਗੁਰਮੁਖਿ ਨਾਮੁ ਜਪਿਆ ਵਡਭਾਗੀ ਤਿਨ ਨਿੰਦਕ ਦੁਸਟ ਸਭਿ ਪੈਰੀ ਪਾਏ ॥ (89-6)
सो गुरमुखि नामु जपिआ वडभागी तिन निंदक दुसट सभि पैरी पाए ॥

ਨਾਨਕ ਨਾਮੁ ਅਰਾਧਿ ਸਭਨਾ ਤੇ ਵਡਾ ਸਭਿ ਨਾਵੈ ਅਗੈ ਆਣਿ ਨਿਵਾਏ ॥੧੫॥ (89-7)
नानक नामु अराधि सभना ते वडा सभि नावै अगै आणि निवाए ॥१५॥

ਸਲੋਕ ਮਃ ੩ ॥ (89-8)
सलोक मः ३ ॥

ਵੇਸ ਕਰੇ ਕੁਰੂਪਿ ਕੁਲਖਣੀ ਮਨਿ ਖੋਟੈ ਕੂੜਿਆਰਿ ॥ (89-8)
वेस करे कुरूपि कुलखणी मनि खोटै कूड़िआरि ॥

ਪਿਰ ਕੈ ਭਾਣੈ ਨਾ ਚਲੈ ਹੁਕਮੁ ਕਰੇ ਗਾਵਾਰਿ ॥ (89-9)
पिर कै भाणै ना चलै हुकमु करे गावारि ॥

ਗੁਰ ਕੈ ਭਾਣੈ ਜੋ ਚਲੈ ਸਭਿ ਦੁਖ ਨਿਵਾਰਣਹਾਰਿ ॥ (89-9)
गुर कै भाणै जो चलै सभि दुख निवारणहारि ॥

ਲਿਖਿਆ ਮੇਟਿ ਨ ਸਕੀਐ ਜੋ ਧੁਰਿ ਲਿਖਿਆ ਕਰਤਾਰਿ ॥ (89-9)
लिखिआ मेटि न सकीऐ जो धुरि लिखिआ करतारि ॥

ਮਨੁ ਤਨੁ ਸਉਪੇ ਕੰਤ ਕਉ ਸਬਦੇ ਧਰੇ ਪਿਆਰੁ ॥ (89-10)
मनु तनु सउपे कंत कउ सबदे धरे पिआरु ॥

ਬਿਨੁ ਨਾਵੈ ਕਿਨੈ ਨ ਪਾਇਆ ਦੇਖਹੁ ਰਿਦੈ ਬੀਚਾਰਿ ॥ (89-10)
बिनु नावै किनै न पाइआ देखहु रिदै बीचारि ॥

ਨਾਨਕ ਸਾ ਸੁਆਲਿਓ ਸੁਲਖਣੀ ਜਿ ਰਾਵੀ ਸਿਰਜਨਹਾਰਿ ॥੧॥ (89-11)
नानक सा सुआलिओ सुलखणी जि रावी सिरजनहारि ॥१॥

ਮਃ ੩ ॥ (89-12)
मः ३ ॥

ਮਾਇਆ ਮੋਹੁ ਗੁਬਾਰੁ ਹੈ ਤਿਸ ਦਾ ਨ ਦਿਸੈ ਉਰਵਾਰੁ ਨ ਪਾਰੁ ॥ (89-12)
माइआ मोहु गुबारु है तिस दा न दिसै उरवारु न पारु ॥

ਮਨਮੁਖ ਅਗਿਆਨੀ ਮਹਾ ਦੁਖੁ ਪਾਇਦੇ ਡੁਬੇ ਹਰਿ ਨਾਮੁ ਵਿਸਾਰਿ ॥ (89-12)
मनमुख अगिआनी महा दुखु पाइदे डुबे हरि नामु विसारि ॥

ਭਲਕੇ ਉਠਿ ਬਹੁ ਕਰਮ ਕਮਾਵਹਿ ਦੂਜੈ ਭਾਇ ਪਿਆਰੁ ॥ (89-13)
भलके उठि बहु करम कमावहि दूजै भाइ पिआरु ॥

ਸਤਿਗੁਰੁ ਸੇਵਹਿ ਆਪਣਾ ਭਉਜਲੁ ਉਤਰੇ ਪਾਰਿ ॥ (89-13)
सतिगुरु सेवहि आपणा भउजलु उतरे पारि ॥

ਨਾਨਕ ਗੁਰਮੁਖਿ ਸਚਿ ਸਮਾਵਹਿ ਸਚੁ ਨਾਮੁ ਉਰ ਧਾਰਿ ॥੨॥ (89-14)
नानक गुरमुखि सचि समावहि सचु नामु उर धारि ॥२॥

ਪਉੜੀ ॥ (89-14)
पउड़ी ॥

ਹਰਿ ਜਲਿ ਥਲਿ ਮਹੀਅਲਿ ਭਰਪੂਰਿ ਦੂਜਾ ਨਾਹਿ ਕੋਇ ॥ (89-15)
हरि जलि थलि महीअलि भरपूरि दूजा नाहि कोइ ॥

ਹਰਿ ਆਪਿ ਬਹਿ ਕਰੇ ਨਿਆਉ ਕੂੜਿਆਰ ਸਭ ਮਾਰਿ ਕਢੋਇ ॥ (89-15)
हरि आपि बहि करे निआउ कूड़िआर सभ मारि कढोइ ॥

ਸਚਿਆਰਾ ਦੇਇ ਵਡਿਆਈ ਹਰਿ ਧਰਮ ਨਿਆਉ ਕੀਓਇ ॥ (89-16)
सचिआरा देइ वडिआई हरि धरम निआउ कीओइ ॥

ਸਭ ਹਰਿ ਕੀ ਕਰਹੁ ਉਸਤਤਿ ਜਿਨਿ ਗਰੀਬ ਅਨਾਥ ਰਾਖਿ ਲੀਓਇ ॥ (89-16)
सभ हरि की करहु उसतति जिनि गरीब अनाथ राखि लीओइ ॥

ਜੈਕਾਰੁ ਕੀਓ ਧਰਮੀਆ ਕਾ ਪਾਪੀ ਕਉ ਡੰਡੁ ਦੀਓਇ ॥੧੬॥ (89-17)
जैकारु कीओ धरमीआ का पापी कउ डंडु दीओइ ॥१६॥

ਸਲੋਕ ਮਃ ੩ ॥ (89-18)
सलोक मः ३ ॥

ਮਨਮੁਖ ਮੈਲੀ ਕਾਮਣੀ ਕੁਲਖਣੀ ਕੁਨਾਰਿ ॥ (89-18)
मनमुख मैली कामणी कुलखणी कुनारि ॥

ਪਿਰੁ ਛੋਡਿਆ ਘਰਿ ਆਪਣਾ ਪਰ ਪੁਰਖੈ ਨਾਲਿ ਪਿਆਰੁ ॥ (89-18)
पिरु छोडिआ घरि आपणा पर पुरखै नालि पिआरु ॥

ਤ੍ਰਿਸਨਾ ਕਦੇ ਨ ਚੁਕਈ ਜਲਦੀ ਕਰੇ ਪੂਕਾਰ ॥ (89-19)
त्रिसना कदे न चुकई जलदी करे पूकार ॥

ਨਾਨਕ ਬਿਨੁ ਨਾਵੈ ਕੁਰੂਪਿ ਕੁਸੋਹਣੀ ਪਰਹਰਿ ਛੋਡੀ ਭਤਾਰਿ ॥੧॥ (89-19)
नानक बिनु नावै कुरूपि कुसोहणी परहरि छोडी भतारि ॥१॥

ਮਃ ੩ ॥ (90-1)
मः ३ ॥

ਸਬਦਿ ਰਤੀ ਸੋਹਾਗਣੀ ਸਤਿਗੁਰ ਕੈ ਭਾਇ ਪਿਆਰਿ ॥ (90-1)
सबदि रती सोहागणी सतिगुर कै भाइ पिआरि ॥

ਸਦਾ ਰਾਵੇ ਪਿਰੁ ਆਪਣਾ ਸਚੈ ਪ੍ਰੇਮਿ ਪਿਆਰਿ ॥ (90-1)
सदा रावे पिरु आपणा सचै प्रेमि पिआरि ॥

ਅਤਿ ਸੁਆਲਿਉ ਸੁੰਦਰੀ ਸੋਭਾਵੰਤੀ ਨਾਰਿ ॥ (90-2)
अति सुआलिउ सुंदरी सोभावंती नारि ॥

ਨਾਨਕ ਨਾਮਿ ਸੋਹਾਗਣੀ ਮੇਲੀ ਮੇਲਣਹਾਰਿ ॥੨॥ (90-2)
नानक नामि सोहागणी मेली मेलणहारि ॥२॥

ਪਉੜੀ ॥ (90-3)
पउड़ी ॥

ਹਰਿ ਤੇਰੀ ਸਭ ਕਰਹਿ ਉਸਤਤਿ ਜਿਨਿ ਫਾਥੇ ਕਾਢਿਆ ॥ (90-3)
हरि तेरी सभ करहि उसतति जिनि फाथे काढिआ ॥

ਹਰਿ ਤੁਧਨੋ ਕਰਹਿ ਸਭ ਨਮਸਕਾਰੁ ਜਿਨਿ ਪਾਪੈ ਤੇ ਰਾਖਿਆ ॥ (90-3)
हरि तुधनो करहि सभ नमसकारु जिनि पापै ते राखिआ ॥

ਹਰਿ ਨਿਮਾਣਿਆ ਤੂੰ ਮਾਣੁ ਹਰਿ ਡਾਢੀ ਹੂੰ ਤੂੰ ਡਾਢਿਆ ॥ (90-4)
हरि निमाणिआ तूं माणु हरि डाढी हूं तूं डाढिआ ॥

ਹਰਿ ਅਹੰਕਾਰੀਆ ਮਾਰਿ ਨਿਵਾਏ ਮਨਮੁਖ ਮੂੜ ਸਾਧਿਆ ॥ (90-4)
हरि अहंकारीआ मारि निवाए मनमुख मूड़ साधिआ ॥

ਹਰਿ ਭਗਤਾ ਦੇਇ ਵਡਿਆਈ ਗਰੀਬ ਅਨਾਥਿਆ ॥੧੭॥ (90-5)
हरि भगता देइ वडिआई गरीब अनाथिआ ॥१७॥

ਸਲੋਕ ਮਃ ੩ ॥ (90-6)
सलोक मः ३ ॥

ਸਤਿਗੁਰ ਕੈ ਭਾਣੈ ਜੋ ਚਲੈ ਤਿਸੁ ਵਡਿਆਈ ਵਡੀ ਹੋਇ ॥ (90-6)
सतिगुर कै भाणै जो चलै तिसु वडिआई वडी होइ ॥

ਹਰਿ ਕਾ ਨਾਮੁ ਉਤਮੁ ਮਨਿ ਵਸੈ ਮੇਟਿ ਨ ਸਕੈ ਕੋਇ ॥ (90-6)
हरि का नामु उतमु मनि वसै मेटि न सकै कोइ ॥

ਕਿਰਪਾ ਕਰੇ ਜਿਸੁ ਆਪਣੀ ਤਿਸੁ ਕਰਮਿ ਪਰਾਪਤਿ ਹੋਇ ॥ (90-7)
किरपा करे जिसु आपणी तिसु करमि परापति होइ ॥

ਨਾਨਕ ਕਾਰਣੁ ਕਰਤੇ ਵਸਿ ਹੈ ਗੁਰਮੁਖਿ ਬੂਝੈ ਕੋਇ ॥੧॥ (90-7)
नानक कारणु करते वसि है गुरमुखि बूझै कोइ ॥१॥

ਮਃ ੩ ॥ (90-8)
मः ३ ॥

ਨਾਨਕ ਹਰਿ ਨਾਮੁ ਜਿਨੀ ਆਰਾਧਿਆ ਅਨਦਿਨੁ ਹਰਿ ਲਿਵ ਤਾਰ ॥ (90-8)
नानक हरि नामु जिनी आराधिआ अनदिनु हरि लिव तार ॥

ਮਾਇਆ ਬੰਦੀ ਖਸਮ ਕੀ ਤਿਨ ਅਗੈ ਕਮਾਵੈ ਕਾਰ ॥ (90-9)
माइआ बंदी खसम की तिन अगै कमावै कार ॥

ਪੂਰੈ ਪੂਰਾ ਕਰਿ ਛੋਡਿਆ ਹੁਕਮਿ ਸਵਾਰਣਹਾਰ ॥ (90-9)
पूरै पूरा करि छोडिआ हुकमि सवारणहार ॥

ਗੁਰ ਪਰਸਾਦੀ ਜਿਨਿ ਬੁਝਿਆ ਤਿਨਿ ਪਾਇਆ ਮੋਖ ਦੁਆਰੁ ॥ (90-10)
गुर परसादी जिनि बुझिआ तिनि पाइआ मोख दुआरु ॥

ਮਨਮੁਖ ਹੁਕਮੁ ਨ ਜਾਣਨੀ ਤਿਨ ਮਾਰੇ ਜਮ ਜੰਦਾਰੁ ॥ (90-10)
मनमुख हुकमु न जाणनी तिन मारे जम जंदारु ॥

ਗੁਰਮੁਖਿ ਜਿਨੀ ਅਰਾਧਿਆ ਤਿਨੀ ਤਰਿਆ ਭਉਜਲੁ ਸੰਸਾਰੁ ॥ (90-11)
गुरमुखि जिनी अराधिआ तिनी तरिआ भउजलु संसारु ॥

ਸਭਿ ਅਉਗਣ ਗੁਣੀ ਮਿਟਾਇਆ ਗੁਰੁ ਆਪੇ ਬਖਸਣਹਾਰੁ ॥੨॥ (90-11)
सभि अउगण गुणी मिटाइआ गुरु आपे बखसणहारु ॥२॥

ਪਉੜੀ ॥ (90-12)
पउड़ी ॥

ਹਰਿ ਕੀ ਭਗਤਾ ਪਰਤੀਤਿ ਹਰਿ ਸਭ ਕਿਛੁ ਜਾਣਦਾ ॥ (90-12)
हरि की भगता परतीति हरि सभ किछु जाणदा ॥

ਹਰਿ ਜੇਵਡੁ ਨਾਹੀ ਕੋਈ ਜਾਣੁ ਹਰਿ ਧਰਮੁ ਬੀਚਾਰਦਾ ॥ (90-13)
हरि जेवडु नाही कोई जाणु हरि धरमु बीचारदा ॥

ਕਾੜਾ ਅੰਦੇਸਾ ਕਿਉ ਕੀਜੈ ਜਾ ਨਾਹੀ ਅਧਰਮਿ ਮਾਰਦਾ ॥ (90-13)
काड़ा अंदेसा किउ कीजै जा नाही अधरमि मारदा ॥

ਸਚਾ ਸਾਹਿਬੁ ਸਚੁ ਨਿਆਉ ਪਾਪੀ ਨਰੁ ਹਾਰਦਾ ॥ (90-14)
सचा साहिबु सचु निआउ पापी नरु हारदा ॥

ਸਾਲਾਹਿਹੁ ਭਗਤਹੁ ਕਰ ਜੋੜਿ ਹਰਿ ਭਗਤ ਜਨ ਤਾਰਦਾ ॥੧੮॥ (90-14)
सालाहिहु भगतहु कर जोड़ि हरि भगत जन तारदा ॥१८॥

ਸਲੋਕ ਮਃ ੩ ॥ (90-15)
सलोक मः ३ ॥

ਆਪਣੇ ਪ੍ਰੀਤਮ ਮਿਲਿ ਰਹਾ ਅੰਤਰਿ ਰਖਾ ਉਰਿ ਧਾਰਿ ॥ (90-15)
आपणे प्रीतम मिलि रहा अंतरि रखा उरि धारि ॥

ਸਾਲਾਹੀ ਸੋ ਪ੍ਰਭ ਸਦਾ ਸਦਾ ਗੁਰ ਕੈ ਹੇਤਿ ਪਿਆਰਿ ॥ (90-15)
सालाही सो प्रभ सदा सदा गुर कै हेति पिआरि ॥

ਨਾਨਕ ਜਿਸੁ ਨਦਰਿ ਕਰੇ ਤਿਸੁ ਮੇਲਿ ਲਏ ਸਾਈ ਸੁਹਾਗਣਿ ਨਾਰਿ ॥੧॥ (90-16)
नानक जिसु नदरि करे तिसु मेलि लए साई सुहागणि नारि ॥१॥

ਮਃ ੩ ॥ (90-17)
मः ३ ॥

ਗੁਰ ਸੇਵਾ ਤੇ ਹਰਿ ਪਾਈਐ ਜਾ ਕਉ ਨਦਰਿ ਕਰੇਇ ॥ (90-17)
गुर सेवा ते हरि पाईऐ जा कउ नदरि करेइ ॥

ਮਾਣਸ ਤੇ ਦੇਵਤੇ ਭਏ ਧਿਆਇਆ ਨਾਮੁ ਹਰੇ ॥ (90-17)
माणस ते देवते भए धिआइआ नामु हरे ॥

ਹਉਮੈ ਮਾਰਿ ਮਿਲਾਇਅਨੁ ਗੁਰ ਕੈ ਸਬਦਿ ਤਰੇ ॥ (90-18)
हउमै मारि मिलाइअनु गुर कै सबदि तरे ॥

ਨਾਨਕ ਸਹਜਿ ਸਮਾਇਅਨੁ ਹਰਿ ਆਪਣੀ ਕ੍ਰਿਪਾ ਕਰੇ ॥੨॥ (90-18)
नानक सहजि समाइअनु हरि आपणी क्रिपा करे ॥२॥

ਪਉੜੀ ॥ (90-19)
पउड़ी ॥

ਹਰਿ ਆਪਣੀ ਭਗਤਿ ਕਰਾਇ ਵਡਿਆਈ ਵੇਖਾਲੀਅਨੁ ॥ (90-19)
हरि आपणी भगति कराइ वडिआई वेखालीअनु ॥

ਆਪਣੀ ਆਪਿ ਕਰੇ ਪਰਤੀਤਿ ਆਪੇ ਸੇਵ ਘਾਲੀਅਨੁ ॥ (90-19)
आपणी आपि करे परतीति आपे सेव घालीअनु ॥

ਹਰਿ ਭਗਤਾ ਨੋ ਦੇਇ ਅਨੰਦੁ ਥਿਰੁ ਘਰੀ ਬਹਾਲਿਅਨੁ ॥ (91-1)
हरि भगता नो देइ अनंदु थिरु घरी बहालिअनु ॥

ਪਾਪੀਆ ਨੋ ਨ ਦੇਈ ਥਿਰੁ ਰਹਣਿ ਚੁਣਿ ਨਰਕ ਘੋਰਿ ਚਾਲਿਅਨੁ ॥ (91-1)
पापीआ नो न देई थिरु रहणि चुणि नरक घोरि चालिअनु ॥

ਹਰਿ ਭਗਤਾ ਨੋ ਦੇਇ ਪਿਆਰੁ ਕਰਿ ਅੰਗੁ ਨਿਸਤਾਰਿਅਨੁ ॥੧੯॥ (91-2)
हरि भगता नो देइ पिआरु करि अंगु निसतारिअनु ॥१९॥

ਸਲੋਕ ਮਃ ੧ ॥ (91-3)
सलोक मः १ ॥

ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ ॥ (91-3)
कुबुधि डूमणी कुदइआ कसाइणि पर निंदा घट चूहड़ी मुठी क्रोधि चंडालि ॥

ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ ॥ (91-4)
कारी कढी किआ थीऐ जां चारे बैठीआ नालि ॥

ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ ॥ (91-4)
सचु संजमु करणी कारां नावणु नाउ जपेही ॥

ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ ॥੧॥ (91-4)
नानक अगै ऊतम सेई जि पापां पंदि न देही ॥१॥

ਮਃ ੧ ॥ (91-5)
मः १ ॥

ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਕਰੇਇ ॥ (91-5)
किआ हंसु किआ बगुला जा कउ नदरि करेइ ॥

ਜੋ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇਇ ॥੨॥ (91-6)
जो तिसु भावै नानका कागहु हंसु करेइ ॥२॥

ਪਉੜੀ ॥ (91-6)
पउड़ी ॥

ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ॥ (91-6)
कीता लोड़ीऐ कंमु सु हरि पहि आखीऐ ॥

ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ ॥ (91-6)
कारजु देइ सवारि सतिगुर सचु साखीऐ ॥

ਸੰਤਾ ਸੰਗਿ ਨਿਧਾਨੁ ਅੰਮ੍ਰਿਤੁ ਚਾਖੀਐ ॥ (91-7)
संता संगि निधानु अमृतु चाखीऐ ॥

ਭੈ ਭੰਜਨ ਮਿਹਰਵਾਨ ਦਾਸ ਕੀ ਰਾਖੀਐ ॥ (91-7)
भै भंजन मिहरवान दास की राखीऐ ॥

ਨਾਨਕ ਹਰਿ ਗੁਣ ਗਾਇ ਅਲਖੁ ਪ੍ਰਭੁ ਲਾਖੀਐ ॥੨੦॥ (91-8)
नानक हरि गुण गाइ अलखु प्रभु लाखीऐ ॥२०॥

ਸਲੋਕ ਮਃ ੩ ॥ (91-8)
सलोक मः ३ ॥

ਜੀਉ ਪਿੰਡੁ ਸਭੁ ਤਿਸ ਕਾ ਸਭਸੈ ਦੇਇ ਅਧਾਰੁ ॥ (91-8)
जीउ पिंडु सभु तिस का सभसै देइ अधारु ॥

ਨਾਨਕ ਗੁਰਮੁਖਿ ਸੇਵੀਐ ਸਦਾ ਸਦਾ ਦਾਤਾਰੁ ॥ (91-9)
नानक गुरमुखि सेवीऐ सदा सदा दातारु ॥

ਹਉ ਬਲਿਹਾਰੀ ਤਿਨ ਕਉ ਜਿਨਿ ਧਿਆਇਆ ਹਰਿ ਨਿਰੰਕਾਰੁ ॥ (91-9)
हउ बलिहारी तिन कउ जिनि धिआइआ हरि निरंकारु ॥

ਓਨਾ ਕੇ ਮੁਖ ਸਦ ਉਜਲੇ ਓਨਾ ਨੋ ਸਭੁ ਜਗਤੁ ਕਰੇ ਨਮਸਕਾਰੁ ॥੧॥ (91-10)
ओना के मुख सद उजले ओना नो सभु जगतु करे नमसकारु ॥१॥

ਮਃ ੩ ॥ (91-10)
मः ३ ॥

ਸਤਿਗੁਰ ਮਿਲਿਐ ਉਲਟੀ ਭਈ ਨਵ ਨਿਧਿ ਖਰਚਿਉ ਖਾਉ ॥ (91-11)
सतिगुर मिलिऐ उलटी भई नव निधि खरचिउ खाउ ॥

ਅਠਾਰਹ ਸਿਧੀ ਪਿਛੈ ਲਗੀਆ ਫਿਰਨਿ ਨਿਜ ਘਰਿ ਵਸੈ ਨਿਜ ਥਾਇ ॥ (91-11)
अठारह सिधी पिछै लगीआ फिरनि निज घरि वसै निज थाइ ॥

ਅਨਹਦ ਧੁਨੀ ਸਦ ਵਜਦੇ ਉਨਮਨਿ ਹਰਿ ਲਿਵ ਲਾਇ ॥ (91-12)
अनहद धुनी सद वजदे उनमनि हरि लिव लाइ ॥

ਨਾਨਕ ਹਰਿ ਭਗਤਿ ਤਿਨਾ ਕੈ ਮਨਿ ਵਸੈ ਜਿਨ ਮਸਤਕਿ ਲਿਖਿਆ ਧੁਰਿ ਪਾਇ ॥੨॥ (91-12)
नानक हरि भगति तिना कै मनि वसै जिन मसतकि लिखिआ धुरि पाइ ॥२॥

ਪਉੜੀ ॥ (91-13)
पउड़ी ॥

ਹਉ ਢਾਢੀ ਹਰਿ ਪ੍ਰਭ ਖਸਮ ਕਾ ਹਰਿ ਕੈ ਦਰਿ ਆਇਆ ॥ (91-13)
हउ ढाढी हरि प्रभ खसम का हरि कै दरि आइआ ॥

ਹਰਿ ਅੰਦਰਿ ਸੁਣੀ ਪੂਕਾਰ ਢਾਢੀ ਮੁਖਿ ਲਾਇਆ ॥ (91-14)
हरि अंदरि सुणी पूकार ढाढी मुखि लाइआ ॥

ਹਰਿ ਪੁਛਿਆ ਢਾਢੀ ਸਦਿ ਕੈ ਕਿਤੁ ਅਰਥਿ ਤੂੰ ਆਇਆ ॥ (91-14)
हरि पुछिआ ढाढी सदि कै कितु अरथि तूं आइआ ॥

ਨਿਤ ਦੇਵਹੁ ਦਾਨੁ ਦਇਆਲ ਪ੍ਰਭ ਹਰਿ ਨਾਮੁ ਧਿਆਇਆ ॥ (91-15)
नित देवहु दानु दइआल प्रभ हरि नामु धिआइआ ॥

ਹਰਿ ਦਾਤੈ ਹਰਿ ਨਾਮੁ ਜਪਾਇਆ ਨਾਨਕੁ ਪੈਨਾਇਆ ॥੨੧॥੧॥ ਸੁਧੁ (91-15)
हरि दातै हरि नामु जपाइआ नानकु पैनाइआ ॥२१॥१॥ सुधु

ੴ ਸਤਿਗੁਰ ਪ੍ਰਸਾਦਿ ॥ (91-17)
ੴ सतिगुर प्रसादि ॥

ਸਿਰੀਰਾਗੁ ਕਬੀਰ ਜੀਉ ਕਾ ॥ ਏਕੁ ਸੁਆਨੁ ਕੈ ਘਰਿ ਗਾਵਣਾ (91-18)
सिरीरागु कबीर जीउ का ॥ एकु सुआनु कै घरि गावणा

ਜਨਨੀ ਜਾਨਤ ਸੁਤੁ ਬਡਾ ਹੋਤੁ ਹੈ ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ ॥ (91-19)
जननी जानत सुतु बडा होतु है इतना कु न जानै जि दिन दिन अवध घटतु है ॥

ਮੋਰ ਮੋਰ ਕਰਿ ਅਧਿਕ ਲਾਡੁ ਧਰਿ ਪੇਖਤ ਹੀ ਜਮਰਾਉ ਹਸੈ ॥੧॥ (91-19)
मोर मोर करि अधिक लाडु धरि पेखत ही जमराउ हसै ॥१॥

ਐਸਾ ਤੈਂ ਜਗੁ ਭਰਮਿ ਲਾਇਆ ॥ (92-1)
ऐसा तैं जगु भरमि लाइआ ॥

ਕੈਸੇ ਬੂਝੈ ਜਬ ਮੋਹਿਆ ਹੈ ਮਾਇਆ ॥੧॥ ਰਹਾਉ ॥ (92-1)
कैसे बूझै जब मोहिआ है माइआ ॥१॥ रहाउ ॥

ਕਹਤ ਕਬੀਰ ਛੋਡਿ ਬਿਖਿਆ ਰਸ ਇਤੁ ਸੰਗਤਿ ਨਿਹਚਉ ਮਰਣਾ ॥ (92-2)
कहत कबीर छोडि बिखिआ रस इतु संगति निहचउ मरणा ॥

ਰਮਈਆ ਜਪਹੁ ਪ੍ਰਾਣੀ ਅਨਤ ਜੀਵਣ ਬਾਣੀ ਇਨ ਬਿਧਿ ਭਵ ਸਾਗਰੁ ਤਰਣਾ ॥੨॥ (92-2)
रमईआ जपहु प्राणी अनत जीवण बाणी इन बिधि भव सागरु तरणा ॥२॥

ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥ (92-3)
जां तिसु भावै ता लागै भाउ ॥

ਭਰਮੁ ਭੁਲਾਵਾ ਵਿਚਹੁ ਜਾਇ ॥ (92-3)
भरमु भुलावा विचहु जाइ ॥

ਉਪਜੈ ਸਹਜੁ ਗਿਆਨ ਮਤਿ ਜਾਗੈ ॥ (92-4)
उपजै सहजु गिआन मति जागै ॥

ਗੁਰ ਪ੍ਰਸਾਦਿ ਅੰਤਰਿ ਲਿਵ ਲਾਗੈ ॥੩॥ (92-4)
गुर प्रसादि अंतरि लिव लागै ॥३॥

ਇਤੁ ਸੰਗਤਿ ਨਾਹੀ ਮਰਣਾ ॥ (92-4)
इतु संगति नाही मरणा ॥

ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥੧॥ ਰਹਾਉ ਦੂਜਾ ॥ (92-5)
हुकमु पछाणि ता खसमै मिलणा ॥१॥ रहाउ दूजा ॥

ਸਿਰੀਰਾਗੁ ਤ੍ਰਿਲੋਚਨ ਕਾ ॥ (92-5)
सिरीरागु त्रिलोचन का ॥

ਮਾਇਆ ਮੋਹੁ ਮਨਿ ਆਗਲੜਾ ਪ੍ਰਾਣੀ ਜਰਾ ਮਰਣੁ ਭਉ ਵਿਸਰਿ ਗਇਆ ॥ (92-5)
माइआ मोहु मनि आगलड़ा प्राणी जरा मरणु भउ विसरि गइआ ॥

ਕੁਟੰਬੁ ਦੇਖਿ ਬਿਗਸਹਿ ਕਮਲਾ ਜਿਉ ਪਰ ਘਰਿ ਜੋਹਹਿ ਕਪਟ ਨਰਾ ॥੧॥ (92-6)
कुट्मबु देखि बिगसहि कमला जिउ पर घरि जोहहि कपट नरा ॥१॥

ਦੂੜਾ ਆਇਓਹਿ ਜਮਹਿ ਤਣਾ ॥ (92-7)
दूड़ा आइओहि जमहि तणा ॥

ਤਿਨ ਆਗਲੜੈ ਮੈ ਰਹਣੁ ਨ ਜਾਇ ॥ (92-7)
तिन आगलड़ै मै रहणु न जाइ ॥

ਕੋਈ ਕੋਈ ਸਾਜਣੁ ਆਇ ਕਹੈ ॥ (92-7)
कोई कोई साजणु आइ कहै ॥

ਮਿਲੁ ਮੇਰੇ ਬੀਠੁਲਾ ਲੈ ਬਾਹੜੀ ਵਲਾਇ ॥ (92-8)
मिलु मेरे बीठुला लै बाहड़ी वलाइ ॥

ਮਿਲੁ ਮੇਰੇ ਰਮਈਆ ਮੈ ਲੇਹਿ ਛਡਾਇ ॥੧॥ ਰਹਾਉ ॥ (92-8)
मिलु मेरे रमईआ मै लेहि छडाइ ॥१॥ रहाउ ॥

ਅਨਿਕ ਅਨਿਕ ਭੋਗ ਰਾਜ ਬਿਸਰੇ ਪ੍ਰਾਣੀ ਸੰਸਾਰ ਸਾਗਰ ਪੈ ਅਮਰੁ ਭਇਆ ॥ (92-9)
अनिक अनिक भोग राज बिसरे प्राणी संसार सागर पै अमरु भइआ ॥

ਮਾਇਆ ਮੂਠਾ ਚੇਤਸਿ ਨਾਹੀ ਜਨਮੁ ਗਵਾਇਓ ਆਲਸੀਆ ॥੨॥ (92-9)
माइआ मूठा चेतसि नाही जनमु गवाइओ आलसीआ ॥२॥

ਬਿਖਮ ਘੋਰ ਪੰਥਿ ਚਾਲਣਾ ਪ੍ਰਾਣੀ ਰਵਿ ਸਸਿ ਤਹ ਨ ਪ੍ਰਵੇਸੰ ॥ (92-10)
बिखम घोर पंथि चालणा प्राणी रवि ससि तह न प्रवेसं ॥

ਮਾਇਆ ਮੋਹੁ ਤਬ ਬਿਸਰਿ ਗਇਆ ਜਾਂ ਤਜੀਅਲੇ ਸੰਸਾਰੰ ॥੩॥ (92-10)
माइआ मोहु तब बिसरि गइआ जां तजीअले संसारं ॥३॥

ਆਜੁ ਮੇਰੈ ਮਨਿ ਪ੍ਰਗਟੁ ਭਇਆ ਹੈ ਪੇਖੀਅਲੇ ਧਰਮਰਾਓ ॥ (92-11)
आजु मेरै मनि प्रगटु भइआ है पेखीअले धरमराओ ॥

ਤਹ ਕਰ ਦਲ ਕਰਨਿ ਮਹਾਬਲੀ ਤਿਨ ਆਗਲੜੈ ਮੈ ਰਹਣੁ ਨ ਜਾਇ ॥੪॥ (92-12)
तह कर दल करनि महाबली तिन आगलड़ै मै रहणु न जाइ ॥४॥

ਜੇ ਕੋ ਮੂੰ ਉਪਦੇਸੁ ਕਰਤੁ ਹੈ ਤਾ ਵਣਿ ਤ੍ਰਿਣਿ ਰਤੜਾ ਨਾਰਾਇਣਾ ॥ (92-12)
जे को मूं उपदेसु करतु है ता वणि त्रिणि रतड़ा नाराइणा ॥

ਐ ਜੀ ਤੂੰ ਆਪੇ ਸਭ ਕਿਛੁ ਜਾਣਦਾ ਬਦਤਿ ਤ੍ਰਿਲੋਚਨੁ ਰਾਮਈਆ ॥੫॥੨॥ (92-13)
ऐ जी तूं आपे सभ किछु जाणदा बदति त्रिलोचनु रामईआ ॥५॥२॥

ਸ੍ਰੀਰਾਗੁ ਭਗਤ ਕਬੀਰ ਜੀਉ ਕਾ ॥ (92-14)
स्रीरागु भगत कबीर जीउ का ॥

ਅਚਰਜ ਏਕੁ ਸੁਨਹੁ ਰੇ ਪੰਡੀਆ ਅਬ ਕਿਛੁ ਕਹਨੁ ਨ ਜਾਈ ॥ (92-14)
अचरज एकु सुनहु रे पंडीआ अब किछु कहनु न जाई ॥

ਸੁਰਿ ਨਰ ਗਣ ਗੰਧ੍ਰਬ ਜਿਨਿ ਮੋਹੇ ਤ੍ਰਿਭਵਣ ਮੇਖੁਲੀ ਲਾਈ ॥੧॥ (92-14)
सुरि नर गण गंध्रब जिनि मोहे त्रिभवण मेखुली लाई ॥१॥

ਰਾਜਾ ਰਾਮ ਅਨਹਦ ਕਿੰਗੁਰੀ ਬਾਜੈ ॥ (92-15)
राजा राम अनहद किंगुरी बाजै ॥

ਜਾ ਕੀ ਦਿਸਟਿ ਨਾਦ ਲਿਵ ਲਾਗੈ ॥੧॥ ਰਹਾਉ ॥ (92-15)
जा की दिसटि नाद लिव लागै ॥१॥ रहाउ ॥

ਭਾਠੀ ਗਗਨੁ ਸਿੰਙਿਆ ਅਰੁ ਚੁੰਙਿਆ ਕਨਕ ਕਲਸ ਇਕੁ ਪਾਇਆ ॥ (92-16)
भाठी गगनु सिंङिआ अरु चुंङिआ कनक कलस इकु पाइआ ॥

ਤਿਸੁ ਮਹਿ ਧਾਰ ਚੁਐ ਅਤਿ ਨਿਰਮਲ ਰਸ ਮਹਿ ਰਸਨ ਚੁਆਇਆ ॥੨॥ (92-16)
तिसु महि धार चुऐ अति निरमल रस महि रसन चुआइआ ॥२॥

ਏਕ ਜੁ ਬਾਤ ਅਨੂਪ ਬਨੀ ਹੈ ਪਵਨ ਪਿਆਲਾ ਸਾਜਿਆ ॥ (92-17)
एक जु बात अनूप बनी है पवन पिआला साजिआ ॥

ਤੀਨਿ ਭਵਨ ਮਹਿ ਏਕੋ ਜੋਗੀ ਕਹਹੁ ਕਵਨੁ ਹੈ ਰਾਜਾ ॥੩॥ (92-18)
तीनि भवन महि एको जोगी कहहु कवनु है राजा ॥३॥

ਐਸੇ ਗਿਆਨ ਪ੍ਰਗਟਿਆ ਪੁਰਖੋਤਮ ਕਹੁ ਕਬੀਰ ਰੰਗਿ ਰਾਤਾ ॥ (92-18)
ऐसे गिआन प्रगटिआ पुरखोतम कहु कबीर रंगि राता ॥

ਅਉਰ ਦੁਨੀ ਸਭ ਭਰਮਿ ਭੁਲਾਨੀ ਮਨੁ ਰਾਮ ਰਸਾਇਨ ਮਾਤਾ ॥੪॥੩॥ (92-19)
अउर दुनी सभ भरमि भुलानी मनु राम रसाइन माता ॥४॥३॥

ਸ੍ਰੀਰਾਗ ਬਾਣੀ ਭਗਤ ਬੇਣੀ ਜੀਉ ਕੀ ॥ ਪਹਰਿਆ ਕੈ ਘਰਿ ਗਾਵਣਾ ॥ (93-1)
स्रीराग बाणी भगत बेणी जीउ की ॥ पहरिआ कै घरि गावणा ॥

ੴ ਸਤਿਗੁਰ ਪ੍ਰਸਾਦਿ ॥ (93-1)
ੴ सतिगुर प्रसादि ॥

ਰੇ ਨਰ ਗਰਭ ਕੁੰਡਲ ਜਬ ਆਛਤ ਉਰਧ ਧਿਆਨ ਲਿਵ ਲਾਗਾ ॥ (93-2)
रे नर गरभ कुंडल जब आछत उरध धिआन लिव लागा ॥

ਮਿਰਤਕ ਪਿੰਡਿ ਪਦ ਮਦ ਨਾ ਅਹਿਨਿਸਿ ਏਕੁ ਅਗਿਆਨ ਸੁ ਨਾਗਾ ॥ (93-2)
मिरतक पिंडि पद मद ना अहिनिसि एकु अगिआन सु नागा ॥

ਤੇ ਦਿਨ ਸੰਮਲੁ ਕਸਟ ਮਹਾ ਦੁਖ ਅਬ ਚਿਤੁ ਅਧਿਕ ਪਸਾਰਿਆ ॥ (93-3)
ते दिन संमलु कसट महा दुख अब चितु अधिक पसारिआ ॥

ਗਰਭ ਛੋਡਿ ਮ੍ਰਿਤ ਮੰਡਲ ਆਇਆ ਤਉ ਨਰਹਰਿ ਮਨਹੁ ਬਿਸਾਰਿਆ ॥੧॥ (93-4)
गरभ छोडि म्रित मंडल आइआ तउ नरहरि मनहु बिसारिआ ॥१॥

ਫਿਰਿ ਪਛੁਤਾਵਹਿਗਾ ਮੂੜਿਆ ਤੂੰ ਕਵਨ ਕੁਮਤਿ ਭ੍ਰਮਿ ਲਾਗਾ ॥ (93-4)
फिरि पछुतावहिगा मूड़िआ तूं कवन कुमति भ्रमि लागा ॥

ਚੇਤਿ ਰਾਮੁ ਨਾਹੀ ਜਮ ਪੁਰਿ ਜਾਹਿਗਾ ਜਨੁ ਬਿਚਰੈ ਅਨਰਾਧਾ ॥੧॥ ਰਹਾਉ ॥ (93-5)
चेति रामु नाही जम पुरि जाहिगा जनु बिचरै अनराधा ॥१॥ रहाउ ॥

ਬਾਲ ਬਿਨੋਦ ਚਿੰਦ ਰਸ ਲਾਗਾ ਖਿਨੁ ਖਿਨੁ ਮੋਹਿ ਬਿਆਪੈ ॥ (93-6)
बाल बिनोद चिंद रस लागा खिनु खिनु मोहि बिआपै ॥

ਰਸੁ ਮਿਸੁ ਮੇਧੁ ਅੰਮ੍ਰਿਤੁ ਬਿਖੁ ਚਾਖੀ ਤਉ ਪੰਚ ਪ੍ਰਗਟ ਸੰਤਾਪੈ ॥ (93-6)
रसु मिसु मेधु अमृतु बिखु चाखी तउ पंच प्रगट संतापै ॥

ਜਪੁ ਤਪੁ ਸੰਜਮੁ ਛੋਡਿ ਸੁਕ੍ਰਿਤ ਮਤਿ ਰਾਮ ਨਾਮੁ ਨ ਅਰਾਧਿਆ ॥ (93-7)
जपु तपु संजमु छोडि सुक्रित मति राम नामु न अराधिआ ॥

ਉਛਲਿਆ ਕਾਮੁ ਕਾਲ ਮਤਿ ਲਾਗੀ ਤਉ ਆਨਿ ਸਕਤਿ ਗਲਿ ਬਾਂਧਿਆ ॥੨॥ (93-7)
उछलिआ कामु काल मति लागी तउ आनि सकति गलि बांधिआ ॥२॥

ਤਰੁਣ ਤੇਜੁ ਪਰ ਤ੍ਰਿਅ ਮੁਖੁ ਜੋਹਹਿ ਸਰੁ ਅਪਸਰੁ ਨ ਪਛਾਣਿਆ ॥ (93-8)
तरुण तेजु पर त्रिअ मुखु जोहहि सरु अपसरु न पछाणिआ ॥

ਉਨਮਤ ਕਾਮਿ ਮਹਾ ਬਿਖੁ ਭੂਲੈ ਪਾਪੁ ਪੁੰਨੁ ਨ ਪਛਾਨਿਆ ॥ (93-9)
उनमत कामि महा बिखु भूलै पापु पुंनु न पछानिआ ॥

ਸੁਤ ਸੰਪਤਿ ਦੇਖਿ ਇਹੁ ਮਨੁ ਗਰਬਿਆ ਰਾਮੁ ਰਿਦੈ ਤੇ ਖੋਇਆ ॥ (93-9)
सुत स्मपति देखि इहु मनु गरबिआ रामु रिदै ते खोइआ ॥

ਅਵਰ ਮਰਤ ਮਾਇਆ ਮਨੁ ਤੋਲੇ ਤਉ ਭਗ ਮੁਖਿ ਜਨਮੁ ਵਿਗੋਇਆ ॥੩॥ (93-10)
अवर मरत माइआ मनु तोले तउ भग मुखि जनमु विगोइआ ॥३॥

ਪੁੰਡਰ ਕੇਸ ਕੁਸਮ ਤੇ ਧਉਲੇ ਸਪਤ ਪਾਤਾਲ ਕੀ ਬਾਣੀ ॥ (93-11)
पुंडर केस कुसम ते धउले सपत पाताल की बाणी ॥

ਲੋਚਨ ਸ੍ਰਮਹਿ ਬੁਧਿ ਬਲ ਨਾਠੀ ਤਾ ਕਾਮੁ ਪਵਸਿ ਮਾਧਾਣੀ ॥ (93-11)
लोचन स्रमहि बुधि बल नाठी ता कामु पवसि माधाणी ॥

ਤਾ ਤੇ ਬਿਖੈ ਭਈ ਮਤਿ ਪਾਵਸਿ ਕਾਇਆ ਕਮਲੁ ਕੁਮਲਾਣਾ ॥ (93-12)
ता ते बिखै भई मति पावसि काइआ कमलु कुमलाणा ॥

ਅਵਗਤਿ ਬਾਣਿ ਛੋਡਿ ਮ੍ਰਿਤ ਮੰਡਲਿ ਤਉ ਪਾਛੈ ਪਛੁਤਾਣਾ ॥੪॥ (93-12)
अवगति बाणि छोडि म्रित मंडलि तउ पाछै पछुताणा ॥४॥

ਨਿਕੁਟੀ ਦੇਹ ਦੇਖਿ ਧੁਨਿ ਉਪਜੈ ਮਾਨ ਕਰਤ ਨਹੀ ਬੂਝੈ ॥ (93-13)
निकुटी देह देखि धुनि उपजै मान करत नही बूझै ॥

ਲਾਲਚੁ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ ॥ (93-13)
लालचु करै जीवन पद कारन लोचन कछू न सूझै ॥

ਥਾਕਾ ਤੇਜੁ ਉਡਿਆ ਮਨੁ ਪੰਖੀ ਘਰਿ ਆਂਗਨਿ ਨ ਸੁਖਾਈ ॥ (93-14)
थाका तेजु उडिआ मनु पंखी घरि आंगनि न सुखाई ॥

ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨਿ ਪਾਈ ॥੫॥ (93-14)
बेणी कहै सुनहु रे भगतहु मरन मुकति किनि पाई ॥५॥

ਸਿਰੀਰਾਗੁ ॥ (93-15)
सिरीरागु ॥

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥ (93-15)
तोही मोही मोही तोही अंतरु कैसा ॥

ਕਨਕ ਕਟਿਕ ਜਲ ਤਰੰਗ ਜੈਸਾ ॥੧॥ (93-16)
कनक कटिक जल तरंग जैसा ॥१॥

ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ॥ (93-16)
जउ पै हम न पाप करंता अहे अनंता ॥

ਪਤਿਤ ਪਾਵਨ ਨਾਮੁ ਕੈਸੇ ਹੁੰਤਾ ॥੧॥ ਰਹਾਉ ॥ (93-16)
पतित पावन नामु कैसे हुंता ॥१॥ रहाउ ॥

ਤੁਮ੍ਹ ਜੁ ਨਾਇਕ ਆਛਹੁ ਅੰਤਰਜਾਮੀ ॥ (93-17)
तुम्ह जु नाइक आछहु अंतरजामी ॥

ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ ॥੨॥ (93-17)
प्रभ ते जनु जानीजै जन ते सुआमी ॥२॥

ਸਰੀਰੁ ਆਰਾਧੈ ਮੋ ਕਉ ਬੀਚਾਰੁ ਦੇਹੂ ॥ (93-18)
सरीरु आराधै मो कउ बीचारु देहू ॥

ਰਵਿਦਾਸ ਸਮ ਦਲ ਸਮਝਾਵੈ ਕੋਊ ॥੩॥ (93-18)
रविदास सम दल समझावै कोऊ ॥३॥

ਰਾਗੁ ਮਾਝ ਚਉਪਦੇ ਘਰੁ ੧ ਮਹਲਾ ੪ (94-1)
रागु माझ चउपदे घरु १ महला ४

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ (94-2)
ੴ सतिनामु करता पुरखु निरभउ निरवैरु अकाल मूरति अजूनी सैभं गुर प्रसादि ॥

ਹਰਿ ਹਰਿ ਨਾਮੁ ਮੈ ਹਰਿ ਮਨਿ ਭਾਇਆ ॥ (94-4)
हरि हरि नामु मै हरि मनि भाइआ ॥

ਵਡਭਾਗੀ ਹਰਿ ਨਾਮੁ ਧਿਆਇਆ ॥ (94-4)
वडभागी हरि नामु धिआइआ ॥

ਗੁਰਿ ਪੂਰੈ ਹਰਿ ਨਾਮ ਸਿਧਿ ਪਾਈ ਕੋ ਵਿਰਲਾ ਗੁਰਮਤਿ ਚਲੈ ਜੀਉ ॥੧॥ (94-4)
गुरि पूरै हरि नाम सिधि पाई को विरला गुरमति चलै जीउ ॥१॥

ਮੈ ਹਰਿ ਹਰਿ ਖਰਚੁ ਲਇਆ ਬੰਨਿ ਪਲੈ ॥ (94-5)
मै हरि हरि खरचु लइआ बंनि पलै ॥

ਮੇਰਾ ਪ੍ਰਾਣ ਸਖਾਈ ਸਦਾ ਨਾਲਿ ਚਲੈ ॥ (94-5)
मेरा प्राण सखाई सदा नालि चलै ॥

ਗੁਰਿ ਪੂਰੈ ਹਰਿ ਨਾਮੁ ਦਿੜਾਇਆ ਹਰਿ ਨਿਹਚਲੁ ਹਰਿ ਧਨੁ ਪਲੈ ਜੀਉ ॥੨॥ (94-6)
गुरि पूरै हरि नामु दिड़ाइआ हरि निहचलु हरि धनु पलै जीउ ॥२॥

ਹਰਿ ਹਰਿ ਸਜਣੁ ਮੇਰਾ ਪ੍ਰੀਤਮੁ ਰਾਇਆ ॥ (94-6)
हरि हरि सजणु मेरा प्रीतमु राइआ ॥

ਕੋਈ ਆਣਿ ਮਿਲਾਵੈ ਮੇਰੇ ਪ੍ਰਾਣ ਜੀਵਾਇਆ ॥ (94-7)
कोई आणि मिलावै मेरे प्राण जीवाइआ ॥

ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ ॥੩॥ (94-7)
हउ रहि न सका बिनु देखे प्रीतमा मै नीरु वहे वहि चलै जीउ ॥३॥

ਸਤਿਗੁਰੁ ਮਿਤ੍ਰੁ ਮੇਰਾ ਬਾਲ ਸਖਾਈ ॥ (94-8)
सतिगुरु मित्रु मेरा बाल सखाई ॥

ਹਉ ਰਹਿ ਨ ਸਕਾ ਬਿਨੁ ਦੇਖੇ ਮੇਰੀ ਮਾਈ ॥ (94-8)
हउ रहि न सका बिनु देखे मेरी माई ॥

ਹਰਿ ਜੀਉ ਕ੍ਰਿਪਾ ਕਰਹੁ ਗੁਰੁ ਮੇਲਹੁ ਜਨ ਨਾਨਕ ਹਰਿ ਧਨੁ ਪਲੈ ਜੀਉ ॥੪॥੧॥ (94-9)
हरि जीउ क्रिपा करहु गुरु मेलहु जन नानक हरि धनु पलै जीउ ॥४॥१॥

ਮਾਝ ਮਹਲਾ ੪ ॥ (94-9)
माझ महला ४ ॥

ਮਧੁਸੂਦਨ ਮੇਰੇ ਮਨ ਤਨ ਪ੍ਰਾਨਾ ॥ (94-9)
मधुसूदन मेरे मन तन प्राना ॥

ਹਉ ਹਰਿ ਬਿਨੁ ਦੂਜਾ ਅਵਰੁ ਨ ਜਾਨਾ ॥ (94-10)
हउ हरि बिनु दूजा अवरु न जाना ॥

ਕੋਈ ਸਜਣੁ ਸੰਤੁ ਮਿਲੈ ਵਡਭਾਗੀ ਮੈ ਹਰਿ ਪ੍ਰਭੁ ਪਿਆਰਾ ਦਸੈ ਜੀਉ ॥੧॥ (94-10)
कोई सजणु संतु मिलै वडभागी मै हरि प्रभु पिआरा दसै जीउ ॥१॥

ਹਉ ਮਨੁ ਤਨੁ ਖੋਜੀ ਭਾਲਿ ਭਾਲਾਈ ॥ (94-11)
हउ मनु तनु खोजी भालि भालाई ॥

ਕਿਉ ਪਿਆਰਾ ਪ੍ਰੀਤਮੁ ਮਿਲੈ ਮੇਰੀ ਮਾਈ ॥ (94-11)
किउ पिआरा प्रीतमु मिलै मेरी माई ॥

ਮਿਲਿ ਸਤਸੰਗਤਿ ਖੋਜੁ ਦਸਾਈ ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥੨॥ (94-12)
मिलि सतसंगति खोजु दसाई विचि संगति हरि प्रभु वसै जीउ ॥२॥

ਮੇਰਾ ਪਿਆਰਾ ਪ੍ਰੀਤਮੁ ਸਤਿਗੁਰੁ ਰਖਵਾਲਾ ॥ (94-12)
मेरा पिआरा प्रीतमु सतिगुरु रखवाला ॥

ਹਮ ਬਾਰਿਕ ਦੀਨ ਕਰਹੁ ਪ੍ਰਤਿਪਾਲਾ ॥ (94-13)
हम बारिक दीन करहु प्रतिपाला ॥

ਮੇਰਾ ਮਾਤ ਪਿਤਾ ਗੁਰੁ ਸਤਿਗੁਰੁ ਪੂਰਾ ਗੁਰ ਜਲ ਮਿਲਿ ਕਮਲੁ ਵਿਗਸੈ ਜੀਉ ॥੩॥ (94-13)
मेरा मात पिता गुरु सतिगुरु पूरा गुर जल मिलि कमलु विगसै जीउ ॥३॥

ਮੈ ਬਿਨੁ ਗੁਰ ਦੇਖੇ ਨੀਦ ਨ ਆਵੈ ॥ (94-14)
मै बिनु गुर देखे नीद न आवै ॥

ਮੇਰੇ ਮਨ ਤਨਿ ਵੇਦਨ ਗੁਰ ਬਿਰਹੁ ਲਗਾਵੈ ॥ (94-14)
मेरे मन तनि वेदन गुर बिरहु लगावै ॥

ਹਰਿ ਹਰਿ ਦਇਆ ਕਰਹੁ ਗੁਰੁ ਮੇਲਹੁ ਜਨ ਨਾਨਕ ਗੁਰ ਮਿਲਿ ਰਹਸੈ ਜੀਉ ॥੪॥੨॥ (94-15)
हरि हरि दइआ करहु गुरु मेलहु जन नानक गुर मिलि रहसै जीउ ॥४॥२॥

ਮਾਝ ਮਹਲਾ ੪ ॥ (95-1)
माझ महला ४ ॥

ਹਰਿ ਗੁਣ ਪੜੀਐ ਹਰਿ ਗੁਣ ਗੁਣੀਐ ॥ (95-1)
हरि गुण पड़ीऐ हरि गुण गुणीऐ ॥

ਹਰਿ ਹਰਿ ਨਾਮ ਕਥਾ ਨਿਤ ਸੁਣੀਐ ॥ (95-1)
हरि हरि नाम कथा नित सुणीऐ ॥

ਮਿਲਿ ਸਤਸੰਗਤਿ ਹਰਿ ਗੁਣ ਗਾਏ ਜਗੁ ਭਉਜਲੁ ਦੁਤਰੁ ਤਰੀਐ ਜੀਉ ॥੧॥ (95-1)
मिलि सतसंगति हरि गुण गाए जगु भउजलु दुतरु तरीऐ जीउ ॥१॥

ਆਉ ਸਖੀ ਹਰਿ ਮੇਲੁ ਕਰੇਹਾ ॥ (95-2)
आउ सखी हरि मेलु करेहा ॥

ਮੇਰੇ ਪ੍ਰੀਤਮ ਕਾ ਮੈ ਦੇਇ ਸਨੇਹਾ ॥ (95-2)
मेरे प्रीतम का मै देइ सनेहा ॥

ਮੇਰਾ ਮਿਤ੍ਰੁ ਸਖਾ ਸੋ ਪ੍ਰੀਤਮੁ ਭਾਈ ਮੈ ਦਸੇ ਹਰਿ ਨਰਹਰੀਐ ਜੀਉ ॥੨॥ (95-3)
मेरा मित्रु सखा सो प्रीतमु भाई मै दसे हरि नरहरीऐ जीउ ॥२॥

ਮੇਰੀ ਬੇਦਨ ਹਰਿ ਗੁਰੁ ਪੂਰਾ ਜਾਣੈ ॥ (95-3)
मेरी बेदन हरि गुरु पूरा जाणै ॥

ਹਉ ਰਹਿ ਨ ਸਕਾ ਬਿਨੁ ਨਾਮ ਵਖਾਣੇ ॥ (95-4)
हउ रहि न सका बिनु नाम वखाणे ॥

ਮੈ ਅਉਖਧੁ ਮੰਤ੍ਰੁ ਦੀਜੈ ਗੁਰ ਪੂਰੇ ਮੈ ਹਰਿ ਹਰਿ ਨਾਮਿ ਉਧਰੀਐ ਜੀਉ ॥੩॥ (95-4)
मै अउखधु मंत्रु दीजै गुर पूरे मै हरि हरि नामि उधरीऐ जीउ ॥३॥

ਹਮ ਚਾਤ੍ਰਿਕ ਦੀਨ ਸਤਿਗੁਰ ਸਰਣਾਈ ॥ (95-5)
हम चात्रिक दीन सतिगुर सरणाई ॥

ਹਰਿ ਹਰਿ ਨਾਮੁ ਬੂੰਦ ਮੁਖਿ ਪਾਈ ॥ (95-5)
हरि हरि नामु बूंद मुखि पाई ॥

ਹਰਿ ਜਲਨਿਧਿ ਹਮ ਜਲ ਕੇ ਮੀਨੇ ਜਨ ਨਾਨਕ ਜਲ ਬਿਨੁ ਮਰੀਐ ਜੀਉ ॥੪॥੩॥ (95-5)
हरि जलनिधि हम जल के मीने जन नानक जल बिनु मरीऐ जीउ ॥४॥३॥

ਮਾਝ ਮਹਲਾ ੪ ॥ (95-6)
माझ महला ४ ॥

ਹਰਿ ਜਨ ਸੰਤ ਮਿਲਹੁ ਮੇਰੇ ਭਾਈ ॥ (95-6)
हरि जन संत मिलहु मेरे भाई ॥

ਮੇਰਾ ਹਰਿ ਪ੍ਰਭੁ ਦਸਹੁ ਮੈ ਭੁਖ ਲਗਾਈ ॥ (95-7)
मेरा हरि प्रभु दसहु मै भुख लगाई ॥

ਮੇਰੀ ਸਰਧਾ ਪੂਰਿ ਜਗਜੀਵਨ ਦਾਤੇ ਮਿਲਿ ਹਰਿ ਦਰਸਨਿ ਮਨੁ ਭੀਜੈ ਜੀਉ ॥੧॥ (95-7)
मेरी सरधा पूरि जगजीवन दाते मिलि हरि दरसनि मनु भीजै जीउ ॥१॥

ਮਿਲਿ ਸਤਸੰਗਿ ਬੋਲੀ ਹਰਿ ਬਾਣੀ ॥ (95-8)
मिलि सतसंगि बोली हरि बाणी ॥

ਹਰਿ ਹਰਿ ਕਥਾ ਮੇਰੈ ਮਨਿ ਭਾਣੀ ॥ (95-8)
हरि हरि कथा मेरै मनि भाणी ॥

ਹਰਿ ਹਰਿ ਅੰਮ੍ਰਿਤੁ ਹਰਿ ਮਨਿ ਭਾਵੈ ਮਿਲਿ ਸਤਿਗੁਰ ਅੰਮ੍ਰਿਤੁ ਪੀਜੈ ਜੀਉ ॥੨॥ (95-9)
हरि हरि अमृतु हरि मनि भावै मिलि सतिगुर अमृतु पीजै जीउ ॥२॥

ਵਡਭਾਗੀ ਹਰਿ ਸੰਗਤਿ ਪਾਵਹਿ ॥ (95-9)
वडभागी हरि संगति पावहि ॥

ਭਾਗਹੀਨ ਭ੍ਰਮਿ ਚੋਟਾ ਖਾਵਹਿ ॥ (95-10)
भागहीन भ्रमि चोटा खावहि ॥

ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥੩॥ (95-10)
बिनु भागा सतसंगु न लभै बिनु संगति मैलु भरीजै जीउ ॥३॥

ਮੈ ਆਇ ਮਿਲਹੁ ਜਗਜੀਵਨ ਪਿਆਰੇ ॥ (95-11)
मै आइ मिलहु जगजीवन पिआरे ॥

ਹਰਿ ਹਰਿ ਨਾਮੁ ਦਇਆ ਮਨਿ ਧਾਰੇ ॥ (95-11)
हरि हरि नामु दइआ मनि धारे ॥

ਗੁਰਮਤਿ ਨਾਮੁ ਮੀਠਾ ਮਨਿ ਭਾਇਆ ਜਨ ਨਾਨਕ ਨਾਮਿ ਮਨੁ ਭੀਜੈ ਜੀਉ ॥੪॥੪॥ (95-11)
गुरमति नामु मीठा मनि भाइआ जन नानक नामि मनु भीजै जीउ ॥४॥४॥

ਮਾਝ ਮਹਲਾ ੪ ॥ (95-12)
माझ महला ४ ॥

ਹਰਿ ਗੁਰ ਗਿਆਨੁ ਹਰਿ ਰਸੁ ਹਰਿ ਪਾਇਆ ॥ (95-12)
हरि गुर गिआनु हरि रसु हरि पाइआ ॥

ਮਨੁ ਹਰਿ ਰੰਗਿ ਰਾਤਾ ਹਰਿ ਰਸੁ ਪੀਆਇਆ ॥ (95-13)
मनु हरि रंगि राता हरि रसु पीआइआ ॥

ਹਰਿ ਹਰਿ ਨਾਮੁ ਮੁਖਿ ਹਰਿ ਹਰਿ ਬੋਲੀ ਮਨੁ ਹਰਿ ਰਸਿ ਟੁਲਿ ਟੁਲਿ ਪਉਦਾ ਜੀਉ ॥੧॥ (95-13)
हरि हरि नामु मुखि हरि हरि बोली मनु हरि रसि टुलि टुलि पउदा जीउ ॥१॥

ਆਵਹੁ ਸੰਤ ਮੈ ਗਲਿ ਮੇਲਾਈਐ ॥ (95-14)
आवहु संत मै गलि मेलाईऐ ॥

ਮੇਰੇ ਪ੍ਰੀਤਮ ਕੀ ਮੈ ਕਥਾ ਸੁਣਾਈਐ ॥ (95-14)
मेरे प्रीतम की मै कथा सुणाईऐ ॥

ਹਰਿ ਕੇ ਸੰਤ ਮਿਲਹੁ ਮਨੁ ਦੇਵਾ ਜੋ ਗੁਰਬਾਣੀ ਮੁਖਿ ਚਉਦਾ ਜੀਉ ॥੨॥ (95-15)
हरि के संत मिलहु मनु देवा जो गुरबाणी मुखि चउदा जीउ ॥२॥

ਵਡਭਾਗੀ ਹਰਿ ਸੰਤੁ ਮਿਲਾਇਆ ॥ (95-15)
वडभागी हरि संतु मिलाइआ ॥

ਗੁਰਿ ਪੂਰੈ ਹਰਿ ਰਸੁ ਮੁਖਿ ਪਾਇਆ ॥ (95-16)
गुरि पूरै हरि रसु मुखि पाइआ ॥

ਭਾਗਹੀਨ ਸਤਿਗੁਰੁ ਨਹੀ ਪਾਇਆ ਮਨਮੁਖੁ ਗਰਭ ਜੂਨੀ ਨਿਤਿ ਪਉਦਾ ਜੀਉ ॥੩॥ (95-16)
भागहीन सतिगुरु नही पाइआ मनमुखु गरभ जूनी निति पउदा जीउ ॥३॥

ਆਪਿ ਦਇਆਲਿ ਦਇਆ ਪ੍ਰਭਿ ਧਾਰੀ ॥ (95-17)
आपि दइआलि दइआ प्रभि धारी ॥

ਮਲੁ ਹਉਮੈ ਬਿਖਿਆ ਸਭ ਨਿਵਾਰੀ ॥ (95-17)
मलु हउमै बिखिआ सभ निवारी ॥

ਨਾਨਕ ਹਟ ਪਟਣ ਵਿਚਿ ਕਾਂਇਆ ਹਰਿ ਲੈਂਦੇ ਗੁਰਮੁਖਿ ਸਉਦਾ ਜੀਉ ॥੪॥੫॥ (95-18)
नानक हट पटण विचि कांइआ हरि लैंदे गुरमुखि सउदा जीउ ॥४॥५॥

ਮਾਝ ਮਹਲਾ ੪ ॥ (95-18)
माझ महला ४ ॥

ਹਉ ਗੁਣ ਗੋਵਿੰਦ ਹਰਿ ਨਾਮੁ ਧਿਆਈ ॥ (95-18)
हउ गुण गोविंद हरि नामु धिआई ॥

ਮਿਲਿ ਸੰਗਤਿ ਮਨਿ ਨਾਮੁ ਵਸਾਈ ॥ (95-19)
मिलि संगति मनि नामु वसाई ॥

ਹਰਿ ਪ੍ਰਭ ਅਗਮ ਅਗੋਚਰ ਸੁਆਮੀ ਮਿਲਿ ਸਤਿਗੁਰ ਹਰਿ ਰਸੁ ਕੀਚੈ ਜੀਉ ॥੧॥ (95-19)
हरि प्रभ अगम अगोचर सुआमी मिलि सतिगुर हरि रसु कीचै जीउ ॥१॥

ਧਨੁ ਧਨੁ ਹਰਿ ਜਨ ਜਿਨਿ ਹਰਿ ਪ੍ਰਭੁ ਜਾਤਾ ॥ (96-1)
धनु धनु हरि जन जिनि हरि प्रभु जाता ॥

ਜਾਇ ਪੁਛਾ ਜਨ ਹਰਿ ਕੀ ਬਾਤਾ ॥ (96-1)
जाइ पुछा जन हरि की बाता ॥

ਪਾਵ ਮਲੋਵਾ ਮਲਿ ਮਲਿ ਧੋਵਾ ਮਿਲਿ ਹਰਿ ਜਨ ਹਰਿ ਰਸੁ ਪੀਚੈ ਜੀਉ ॥੨॥ (96-2)
पाव मलोवा मलि मलि धोवा मिलि हरि जन हरि रसु पीचै जीउ ॥२॥

ਸਤਿਗੁਰ ਦਾਤੈ ਨਾਮੁ ਦਿੜਾਇਆ ॥ (96-2)
सतिगुर दातै नामु दिड़ाइआ ॥

ਵਡਭਾਗੀ ਗੁਰ ਦਰਸਨੁ ਪਾਇਆ ॥ (96-3)
वडभागी गुर दरसनु पाइआ ॥

ਅੰਮ੍ਰਿਤ ਰਸੁ ਸਚੁ ਅੰਮ੍ਰਿਤੁ ਬੋਲੀ ਗੁਰਿ ਪੂਰੈ ਅੰਮ੍ਰਿਤੁ ਲੀਚੈ ਜੀਉ ॥੩॥ (96-3)
अमृत रसु सचु अमृतु बोली गुरि पूरै अमृतु लीचै जीउ ॥३॥

ਹਰਿ ਸਤਸੰਗਤਿ ਸਤ ਪੁਰਖੁ ਮਿਲਾਈਐ ॥ (96-4)
हरि सतसंगति सत पुरखु मिलाईऐ ॥

ਮਿਲਿ ਸਤਸੰਗਤਿ ਹਰਿ ਨਾਮੁ ਧਿਆਈਐ ॥ (96-4)
मिलि सतसंगति हरि नामु धिआईऐ ॥

ਨਾਨਕ ਹਰਿ ਕਥਾ ਸੁਣੀ ਮੁਖਿ ਬੋਲੀ ਗੁਰਮਤਿ ਹਰਿ ਨਾਮਿ ਪਰੀਚੈ ਜੀਉ ॥੪॥੬॥ (96-5)
नानक हरि कथा सुणी मुखि बोली गुरमति हरि नामि परीचै जीउ ॥४॥६॥

ਮਾਝ ਮਹਲਾ ੪ ॥ (96-5)
माझ महला ४ ॥

ਆਵਹੁ ਭੈਣੇ ਤੁਸੀ ਮਿਲਹੁ ਪਿਆਰੀਆ ॥ (96-6)
आवहु भैणे तुसी मिलहु पिआरीआ ॥

ਜੋ ਮੇਰਾ ਪ੍ਰੀਤਮੁ ਦਸੇ ਤਿਸ ਕੈ ਹਉ ਵਾਰੀਆ ॥ (96-6)
जो मेरा प्रीतमु दसे तिस कै हउ वारीआ ॥

ਮਿਲਿ ਸਤਸੰਗਤਿ ਲਧਾ ਹਰਿ ਸਜਣੁ ਹਉ ਸਤਿਗੁਰ ਵਿਟਹੁ ਘੁਮਾਈਆ ਜੀਉ ॥੧॥ (96-6)
मिलि सतसंगति लधा हरि सजणु हउ सतिगुर विटहु घुमाईआ जीउ ॥१॥

ਜਹ ਜਹ ਦੇਖਾ ਤਹ ਤਹ ਸੁਆਮੀ ॥ (96-7)
जह जह देखा तह तह सुआमी ॥

ਤੂ ਘਟਿ ਘਟਿ ਰਵਿਆ ਅੰਤਰਜਾਮੀ ॥ (96-8)
तू घटि घटि रविआ अंतरजामी ॥

ਗੁਰਿ ਪੂਰੈ ਹਰਿ ਨਾਲਿ ਦਿਖਾਲਿਆ ਹਉ ਸਤਿਗੁਰ ਵਿਟਹੁ ਸਦ ਵਾਰਿਆ ਜੀਉ ॥੨॥ (96-8)
गुरि पूरै हरि नालि दिखालिआ हउ सतिगुर विटहु सद वारिआ जीउ ॥२॥

ਏਕੋ ਪਵਣੁ ਮਾਟੀ ਸਭ ਏਕਾ ਸਭ ਏਕਾ ਜੋਤਿ ਸਬਾਈਆ ॥ (96-9)
एको पवणु माटी सभ एका सभ एका जोति सबाईआ ॥

ਸਭ ਇਕਾ ਜੋਤਿ ਵਰਤੈ ਭਿਨਿ ਭਿਨਿ ਨ ਰਲਈ ਕਿਸੈ ਦੀ ਰਲਾਈਆ ॥ (96-9)
सभ इका जोति वरतै भिनि भिनि न रलई किसै दी रलाईआ ॥

ਗੁਰ ਪਰਸਾਦੀ ਇਕੁ ਨਦਰੀ ਆਇਆ ਹਉ ਸਤਿਗੁਰ ਵਿਟਹੁ ਵਤਾਇਆ ਜੀਉ ॥੩॥ (96-10)
गुर परसादी इकु नदरी आइआ हउ सतिगुर विटहु वताइआ जीउ ॥३॥

ਜਨੁ ਨਾਨਕੁ ਬੋਲੈ ਅੰਮ੍ਰਿਤ ਬਾਣੀ ॥ (96-11)
जनु नानकु बोलै अमृत बाणी ॥

ਗੁਰਸਿਖਾਂ ਕੈ ਮਨਿ ਪਿਆਰੀ ਭਾਣੀ ॥ (96-11)
गुरसिखां कै मनि पिआरी भाणी ॥

ਉਪਦੇਸੁ ਕਰੇ ਗੁਰੁ ਸਤਿਗੁਰੁ ਪੂਰਾ ਗੁਰੁ ਸਤਿਗੁਰੁ ਪਰਉਪਕਾਰੀਆ ਜੀਉ ॥੪॥੭॥ (96-12)
उपदेसु करे गुरु सतिगुरु पूरा गुरु सतिगुरु परउपकारीआ जीउ ॥४॥७॥

ਸਤ ਚਉਪਦੇ ਮਹਲੇ ਚਉਥੇ ਕੇ ॥ (96-12)
सत चउपदे महले चउथे के ॥

ਮਾਝ ਮਹਲਾ ੫ ਚਉਪਦੇ ਘਰੁ ੧ ॥ (96-14)
माझ महला ५ चउपदे घरु १ ॥

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥ (96-15)
मेरा मनु लोचै गुर दरसन ताई ॥

ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥ (96-15)
बिलप करे चात्रिक की निआई ॥

ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ ॥੧॥ (96-15)
त्रिखा न उतरै सांति न आवै बिनु दरसन संत पिआरे जीउ ॥१॥

ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ ॥੧॥ ਰਹਾਉ ॥ (96-16)
हउ घोली जीउ घोलि घुमाई गुर दरसन संत पिआरे जीउ ॥१॥ रहाउ ॥

ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ ॥ (96-17)
तेरा मुखु सुहावा जीउ सहज धुनि बाणी ॥

ਚਿਰੁ ਹੋਆ ਦੇਖੇ ਸਾਰਿੰਗਪਾਣੀ ॥ (96-17)
चिरु होआ देखे सारिंगपाणी ॥

ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ ॥੨॥ (96-18)
धंनु सु देसु जहा तूं वसिआ मेरे सजण मीत मुरारे जीउ ॥२॥

ਹਉ ਘੋਲੀ ਹਉ ਘੋਲਿ ਘੁਮਾਈ ਗੁਰ ਸਜਣ ਮੀਤ ਮੁਰਾਰੇ ਜੀਉ ॥੧॥ ਰਹਾਉ ॥ (96-18)
हउ घोली हउ घोलि घुमाई गुर सजण मीत मुरारे जीउ ॥१॥ रहाउ ॥

ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ ॥ (96-19)
इक घड़ी न मिलते ता कलिजुगु होता ॥

ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ ॥ (96-19)
हुणि कदि मिलीऐ प्रिअ तुधु भगवंता ॥

ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ ॥੩॥ (97-1)
मोहि रैणि न विहावै नीद न आवै बिनु देखे गुर दरबारे जीउ ॥३॥

ਹਉ ਘੋਲੀ ਜੀਉ ਘੋਲਿ ਘੁਮਾਈ ਤਿਸੁ ਸਚੇ ਗੁਰ ਦਰਬਾਰੇ ਜੀਉ ॥੧॥ ਰਹਾਉ ॥ (97-1)
हउ घोली जीउ घोलि घुमाई तिसु सचे गुर दरबारे जीउ ॥१॥ रहाउ ॥

ਭਾਗੁ ਹੋਆ ਗੁਰਿ ਸੰਤੁ ਮਿਲਾਇਆ ॥ (97-2)
भागु होआ गुरि संतु मिलाइआ ॥

ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥ (97-3)
प्रभु अबिनासी घर महि पाइआ ॥

ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ ॥੪॥ (97-3)
सेव करी पलु चसा न विछुड़ा जन नानक दास तुमारे जीउ ॥४॥

ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ ॥ ਰਹਾਉ ॥੧॥੮॥ (97-4)
हउ घोली जीउ घोलि घुमाई जन नानक दास तुमारे जीउ ॥ रहाउ ॥१॥८॥

ਰਾਗੁ ਮਾਝ ਮਹਲਾ ੫ ॥ (97-4)
रागु माझ महला ५ ॥

ਸਾ ਰੁਤਿ ਸੁਹਾਵੀ ਜਿਤੁ ਤੁਧੁ ਸਮਾਲੀ ॥ (97-4)
सा रुति सुहावी जितु तुधु समाली ॥

ਸੋ ਕੰਮੁ ਸੁਹੇਲਾ ਜੋ ਤੇਰੀ ਘਾਲੀ ॥ (97-5)
सो कंमु सुहेला जो तेरी घाली ॥

ਸੋ ਰਿਦਾ ਸੁਹੇਲਾ ਜਿਤੁ ਰਿਦੈ ਤੂੰ ਵੁਠਾ ਸਭਨਾ ਕੇ ਦਾਤਾਰਾ ਜੀਉ ॥੧॥ (97-5)
सो रिदा सुहेला जितु रिदै तूं वुठा सभना के दातारा जीउ ॥१॥

ਤੂੰ ਸਾਝਾ ਸਾਹਿਬੁ ਬਾਪੁ ਹਮਾਰਾ ॥ (97-6)
तूं साझा साहिबु बापु हमारा ॥

ਨਉ ਨਿਧਿ ਤੇਰੈ ਅਖੁਟ ਭੰਡਾਰਾ ॥ (97-6)
नउ निधि तेरै अखुट भंडारा ॥

ਜਿਸੁ ਤੂੰ ਦੇਹਿ ਸੁ ਤ੍ਰਿਪਤਿ ਅਘਾਵੈ ਸੋਈ ਭਗਤੁ ਤੁਮਾਰਾ ਜੀਉ ॥੨॥ (97-6)
जिसु तूं देहि सु त्रिपति अघावै सोई भगतु तुमारा जीउ ॥२॥

ਸਭੁ ਕੋ ਆਸੈ ਤੇਰੀ ਬੈਠਾ ॥ (97-7)
सभु को आसै तेरी बैठा ॥

ਘਟ ਘਟ ਅੰਤਰਿ ਤੂੰਹੈ ਵੁਠਾ ॥ (97-7)
घट घट अंतरि तूंहै वुठा ॥

ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥੩॥ (97-8)
सभे साझीवाल सदाइनि तूं किसै न दिसहि बाहरा जीउ ॥३॥

ਤੂੰ ਆਪੇ ਗੁਰਮੁਖਿ ਮੁਕਤਿ ਕਰਾਇਹਿ ॥ (97-8)
तूं आपे गुरमुखि मुकति कराइहि ॥

ਤੂੰ ਆਪੇ ਮਨਮੁਖਿ ਜਨਮਿ ਭਵਾਇਹਿ ॥ (97-9)
तूं आपे मनमुखि जनमि भवाइहि ॥

ਨਾਨਕ ਦਾਸ ਤੇਰੈ ਬਲਿਹਾਰੈ ਸਭੁ ਤੇਰਾ ਖੇਲੁ ਦਸਾਹਰਾ ਜੀਉ ॥੪॥੨॥੯॥ (97-9)
नानक दास तेरै बलिहारै सभु तेरा खेलु दसाहरा जीउ ॥४॥२॥९॥

ਮਾਝ ਮਹਲਾ ੫ ॥ (97-10)
माझ महला ५ ॥

ਅਨਹਦੁ ਵਾਜੈ ਸਹਜਿ ਸੁਹੇਲਾ ॥ (97-10)
अनहदु वाजै सहजि सुहेला ॥

ਸਬਦਿ ਅਨੰਦ ਕਰੇ ਸਦ ਕੇਲਾ ॥ (97-10)
सबदि अनंद करे सद केला ॥

ਸਹਜ ਗੁਫਾ ਮਹਿ ਤਾੜੀ ਲਾਈ ਆਸਣੁ ਊਚ ਸਵਾਰਿਆ ਜੀਉ ॥੧॥ (97-10)
सहज गुफा महि ताड़ी लाई आसणु ऊच सवारिआ जीउ ॥१॥

ਫਿਰਿ ਘਿਰਿ ਅਪੁਨੇ ਗ੍ਰਿਹ ਮਹਿ ਆਇਆ ॥ (97-11)
फिरि घिरि अपुने ग्रिह महि आइआ ॥

ਜੋ ਲੋੜੀਦਾ ਸੋਈ ਪਾਇਆ ॥ (97-11)
जो लोड़ीदा सोई पाइआ ॥

ਤ੍ਰਿਪਤਿ ਅਘਾਇ ਰਹਿਆ ਹੈ ਸੰਤਹੁ ਗੁਰਿ ਅਨਭਉ ਪੁਰਖੁ ਦਿਖਾਰਿਆ ਜੀਉ ॥੨॥ (97-12)
त्रिपति अघाइ रहिआ है संतहु गुरि अनभउ पुरखु दिखारिआ जीउ ॥२॥

ਆਪੇ ਰਾਜਨੁ ਆਪੇ ਲੋਗਾ ॥ (97-12)
आपे राजनु आपे लोगा ॥

ਆਪਿ ਨਿਰਬਾਣੀ ਆਪੇ ਭੋਗਾ ॥ (97-13)
आपि निरबाणी आपे भोगा ॥

ਆਪੇ ਤਖਤਿ ਬਹੈ ਸਚੁ ਨਿਆਈ ਸਭ ਚੂਕੀ ਕੂਕ ਪੁਕਾਰਿਆ ਜੀਉ ॥੩॥ (97-13)
आपे तखति बहै सचु निआई सभ चूकी कूक पुकारिआ जीउ ॥३॥

ਜੇਹਾ ਡਿਠਾ ਮੈ ਤੇਹੋ ਕਹਿਆ ॥ (97-14)
जेहा डिठा मै तेहो कहिआ ॥

ਤਿਸੁ ਰਸੁ ਆਇਆ ਜਿਨਿ ਭੇਦੁ ਲਹਿਆ ॥ (97-14)
तिसु रसु आइआ जिनि भेदु लहिआ ॥

ਜੋਤੀ ਜੋਤਿ ਮਿਲੀ ਸੁਖੁ ਪਾਇਆ ਜਨ ਨਾਨਕ ਇਕੁ ਪਸਾਰਿਆ ਜੀਉ ॥੪॥੩॥੧੦॥ (97-14)
जोती जोति मिली सुखु पाइआ जन नानक इकु पसारिआ जीउ ॥४॥३॥१०॥

ਮਾਝ ਮਹਲਾ ੫ ॥ (97-15)
माझ महला ५ ॥

ਜਿਤੁ ਘਰਿ ਪਿਰਿ ਸੋਹਾਗੁ ਬਣਾਇਆ ॥ (97-15)
जितु घरि पिरि सोहागु बणाइआ ॥

ਤਿਤੁ ਘਰਿ ਸਖੀਏ ਮੰਗਲੁ ਗਾਇਆ ॥ (97-16)
तितु घरि सखीए मंगलु गाइआ ॥

ਅਨਦ ਬਿਨੋਦ ਤਿਤੈ ਘਰਿ ਸੋਹਹਿ ਜੋ ਧਨ ਕੰਤਿ ਸਿਗਾਰੀ ਜੀਉ ॥੧॥ (97-16)
अनद बिनोद तितै घरि सोहहि जो धन कंति सिगारी जीउ ॥१॥

ਸਾ ਗੁਣਵੰਤੀ ਸਾ ਵਡਭਾਗਣਿ ॥ (97-17)
सा गुणवंती सा वडभागणि ॥

ਪੁਤ੍ਰਵੰਤੀ ਸੀਲਵੰਤਿ ਸੋਹਾਗਣਿ ॥ (97-17)
पुत्रवंती सीलवंति सोहागणि ॥

ਰੂਪਵੰਤਿ ਸਾ ਸੁਘੜਿ ਬਿਚਖਣਿ ਜੋ ਧਨ ਕੰਤ ਪਿਆਰੀ ਜੀਉ ॥੨॥ (97-17)
रूपवंति सा सुघड़ि बिचखणि जो धन कंत पिआरी जीउ ॥२॥

ਅਚਾਰਵੰਤਿ ਸਾਈ ਪਰਧਾਨੇ ॥ (97-18)
अचारवंति साई परधाने ॥

ਸਭ ਸਿੰਗਾਰ ਬਣੇ ਤਿਸੁ ਗਿਆਨੇ ॥ (97-18)
सभ सिंगार बणे तिसु गिआने ॥

ਸਾ ਕੁਲਵੰਤੀ ਸਾ ਸਭਰਾਈ ਜੋ ਪਿਰਿ ਕੈ ਰੰਗਿ ਸਵਾਰੀ ਜੀਉ ॥੩॥ (97-18)
सा कुलवंती सा सभराई जो पिरि कै रंगि सवारी जीउ ॥३॥

ਮਹਿਮਾ ਤਿਸ ਕੀ ਕਹਣੁ ਨ ਜਾਏ ॥ (97-19)
महिमा तिस की कहणु न जाए ॥

ਜੋ ਪਿਰਿ ਮੇਲਿ ਲਈ ਅੰਗਿ ਲਾਏ ॥ (97-19)
जो पिरि मेलि लई अंगि लाए ॥

ਥਿਰੁ ਸੁਹਾਗੁ ਵਰੁ ਅਗਮੁ ਅਗੋਚਰੁ ਜਨ ਨਾਨਕ ਪ੍ਰੇਮ ਸਾਧਾਰੀ ਜੀਉ ॥੪॥੪॥੧੧॥ (98-1)
थिरु सुहागु वरु अगमु अगोचरु जन नानक प्रेम साधारी जीउ ॥४॥४॥११॥

ਮਾਝ ਮਹਲਾ ੫ ॥ (98-1)
माझ महला ५ ॥

ਖੋਜਤ ਖੋਜਤ ਦਰਸਨ ਚਾਹੇ ॥ (98-2)
खोजत खोजत दरसन चाहे ॥

ਭਾਤਿ ਭਾਤਿ ਬਨ ਬਨ ਅਵਗਾਹੇ ॥ (98-2)
भाति भाति बन बन अवगाहे ॥

ਨਿਰਗੁਣੁ ਸਰਗੁਣੁ ਹਰਿ ਹਰਿ ਮੇਰਾ ਕੋਈ ਹੈ ਜੀਉ ਆਣਿ ਮਿਲਾਵੈ ਜੀਉ ॥੧॥ (98-2)
निरगुणु सरगुणु हरि हरि मेरा कोई है जीउ आणि मिलावै जीउ ॥१॥

ਖਟੁ ਸਾਸਤ ਬਿਚਰਤ ਮੁਖਿ ਗਿਆਨਾ ॥ (98-3)
खटु सासत बिचरत मुखि गिआना ॥

ਪੂਜਾ ਤਿਲਕੁ ਤੀਰਥ ਇਸਨਾਨਾ ॥ (98-3)
पूजा तिलकु तीरथ इसनाना ॥

ਨਿਵਲੀ ਕਰਮ ਆਸਨ ਚਉਰਾਸੀਹ ਇਨ ਮਹਿ ਸਾਂਤਿ ਨ ਆਵੈ ਜੀਉ ॥੨॥ (98-4)
निवली करम आसन चउरासीह इन महि सांति न आवै जीउ ॥२॥

ਅਨਿਕ ਬਰਖ ਕੀਏ ਜਪ ਤਾਪਾ ॥ (98-4)
अनिक बरख कीए जप तापा ॥

ਗਵਨੁ ਕੀਆ ਧਰਤੀ ਭਰਮਾਤਾ ॥ (98-5)
गवनु कीआ धरती भरमाता ॥

ਇਕੁ ਖਿਨੁ ਹਿਰਦੈ ਸਾਂਤਿ ਨ ਆਵੈ ਜੋਗੀ ਬਹੁੜਿ ਬਹੁੜਿ ਉਠਿ ਧਾਵੈ ਜੀਉ ॥੩॥ (98-5)
इकु खिनु हिरदै सांति न आवै जोगी बहुड़ि बहुड़ि उठि धावै जीउ ॥३॥

ਕਰਿ ਕਿਰਪਾ ਮੋਹਿ ਸਾਧੁ ਮਿਲਾਇਆ ॥ (98-6)
करि किरपा मोहि साधु मिलाइआ ॥

ਮਨੁ ਤਨੁ ਸੀਤਲੁ ਧੀਰਜੁ ਪਾਇਆ ॥ (98-6)
मनु तनु सीतलु धीरजु पाइआ ॥

ਪ੍ਰਭੁ ਅਬਿਨਾਸੀ ਬਸਿਆ ਘਟ ਭੀਤਰਿ ਹਰਿ ਮੰਗਲੁ ਨਾਨਕੁ ਗਾਵੈ ਜੀਉ ॥੪॥੫॥੧੨॥ (98-6)
प्रभु अबिनासी बसिआ घट भीतरि हरि मंगलु नानकु गावै जीउ ॥४॥५॥१२॥

ਮਾਝ ਮਹਲਾ ੫ ॥ (98-7)
माझ महला ५ ॥

ਪਾਰਬ੍ਰਹਮ ਅਪਰੰਪਰ ਦੇਵਾ ॥ (98-7)
पारब्रहम अपर्मपर देवा ॥

ਅਗਮ ਅਗੋਚਰ ਅਲਖ ਅਭੇਵਾ ॥ (98-8)
अगम अगोचर अलख अभेवा ॥

ਦੀਨ ਦਇਆਲ ਗੋਪਾਲ ਗੋਬਿੰਦਾ ਹਰਿ ਧਿਆਵਹੁ ਗੁਰਮੁਖਿ ਗਾਤੀ ਜੀਉ ॥੧॥ (98-8)
दीन दइआल गोपाल गोबिंदा हरि धिआवहु गुरमुखि गाती जीउ ॥१॥

ਗੁਰਮੁਖਿ ਮਧੁਸੂਦਨੁ ਨਿਸਤਾਰੇ ॥ (98-9)
गुरमुखि मधुसूदनु निसतारे ॥

ਗੁਰਮੁਖਿ ਸੰਗੀ ਕ੍ਰਿਸਨ ਮੁਰਾਰੇ ॥ (98-9)
गुरमुखि संगी क्रिसन मुरारे ॥

ਦਇਆਲ ਦਮੋਦਰੁ ਗੁਰਮੁਖਿ ਪਾਈਐ ਹੋਰਤੁ ਕਿਤੈ ਨ ਭਾਤੀ ਜੀਉ ॥੨॥ (98-9)
दइआल दमोदरु गुरमुखि पाईऐ होरतु कितै न भाती जीउ ॥२॥

ਨਿਰਹਾਰੀ ਕੇਸਵ ਨਿਰਵੈਰਾ ॥ (98-10)
निरहारी केसव निरवैरा ॥

ਕੋਟਿ ਜਨਾ ਜਾ ਕੇ ਪੂਜਹਿ ਪੈਰਾ ॥ (98-10)
कोटि जना जा के पूजहि पैरा ॥

ਗੁਰਮੁਖਿ ਹਿਰਦੈ ਜਾ ਕੈ ਹਰਿ ਹਰਿ ਸੋਈ ਭਗਤੁ ਇਕਾਤੀ ਜੀਉ ॥੩॥ (98-10)
गुरमुखि हिरदै जा कै हरि हरि सोई भगतु इकाती जीउ ॥३॥

ਅਮੋਘ ਦਰਸਨ ਬੇਅੰਤ ਅਪਾਰਾ ॥ (98-11)
अमोघ दरसन बेअंत अपारा ॥

ਵਡ ਸਮਰਥੁ ਸਦਾ ਦਾਤਾਰਾ ॥ (98-11)
वड समरथु सदा दातारा ॥

ਗੁਰਮੁਖਿ ਨਾਮੁ ਜਪੀਐ ਤਿਤੁ ਤਰੀਐ ਗਤਿ ਨਾਨਕ ਵਿਰਲੀ ਜਾਤੀ ਜੀਉ ॥੪॥੬॥੧੩॥ (98-12)
गुरमुखि नामु जपीऐ तितु तरीऐ गति नानक विरली जाती जीउ ॥४॥६॥१३॥

ਮਾਝ ਮਹਲਾ ੫ ॥ (98-13)
माझ महला ५ ॥

ਕਹਿਆ ਕਰਣਾ ਦਿਤਾ ਲੈਣਾ ॥ (98-13)
कहिआ करणा दिता लैणा ॥

ਗਰੀਬਾ ਅਨਾਥਾ ਤੇਰਾ ਮਾਣਾ ॥ (98-13)
गरीबा अनाथा तेरा माणा ॥

ਸਭ ਕਿਛੁ ਤੂੰਹੈ ਤੂੰਹੈ ਮੇਰੇ ਪਿਆਰੇ ਤੇਰੀ ਕੁਦਰਤਿ ਕਉ ਬਲਿ ਜਾਈ ਜੀਉ ॥੧॥ (98-13)
सभ किछु तूंहै तूंहै मेरे पिआरे तेरी कुदरति कउ बलि जाई जीउ ॥१॥

ਭਾਣੈ ਉਝੜ ਭਾਣੈ ਰਾਹਾ ॥ (98-14)
भाणै उझड़ भाणै राहा ॥

ਭਾਣੈ ਹਰਿ ਗੁਣ ਗੁਰਮੁਖਿ ਗਾਵਾਹਾ ॥ (98-14)
भाणै हरि गुण गुरमुखि गावाहा ॥

ਭਾਣੈ ਭਰਮਿ ਭਵੈ ਬਹੁ ਜੂਨੀ ਸਭ ਕਿਛੁ ਤਿਸੈ ਰਜਾਈ ਜੀਉ ॥੨॥ (98-15)
भाणै भरमि भवै बहु जूनी सभ किछु तिसै रजाई जीउ ॥२॥

ਨਾ ਕੋ ਮੂਰਖੁ ਨਾ ਕੋ ਸਿਆਣਾ ॥ (98-15)
ना को मूरखु ना को सिआणा ॥

ਵਰਤੈ ਸਭ ਕਿਛੁ ਤੇਰਾ ਭਾਣਾ ॥ (98-16)
वरतै सभ किछु तेरा भाणा ॥

ਅਗਮ ਅਗੋਚਰ ਬੇਅੰਤ ਅਥਾਹਾ ਤੇਰੀ ਕੀਮਤਿ ਕਹਣੁ ਨ ਜਾਈ ਜੀਉ ॥੩॥ (98-16)
अगम अगोचर बेअंत अथाहा तेरी कीमति कहणु न जाई जीउ ॥३॥

ਖਾਕੁ ਸੰਤਨ ਕੀ ਦੇਹੁ ਪਿਆਰੇ ॥ (98-17)
खाकु संतन की देहु पिआरे ॥

ਆਇ ਪਇਆ ਹਰਿ ਤੇਰੈ ਦੁਆਰੈ ॥ (98-17)
आइ पइआ हरि तेरै दुआरै ॥

ਦਰਸਨੁ ਪੇਖਤ ਮਨੁ ਆਘਾਵੈ ਨਾਨਕ ਮਿਲਣੁ ਸੁਭਾਈ ਜੀਉ ॥੪॥੭॥੧੪॥ (98-17)
दरसनु पेखत मनु आघावै नानक मिलणु सुभाई जीउ ॥४॥७॥१४॥

ਮਾਝ ਮਹਲਾ ੫ ॥ (98-18)
माझ महला ५ ॥

ਦੁਖੁ ਤਦੇ ਜਾ ਵਿਸਰਿ ਜਾਵੈ ॥ (98-18)
दुखु तदे जा विसरि जावै ॥

ਭੁਖ ਵਿਆਪੈ ਬਹੁ ਬਿਧਿ ਧਾਵੈ ॥ (98-18)
भुख विआपै बहु बिधि धावै ॥

ਸਿਮਰਤ ਨਾਮੁ ਸਦਾ ਸੁਹੇਲਾ ਜਿਸੁ ਦੇਵੈ ਦੀਨ ਦਇਆਲਾ ਜੀਉ ॥੧॥ (98-19)
सिमरत नामु सदा सुहेला जिसु देवै दीन दइआला जीउ ॥१॥

ਸਤਿਗੁਰੁ ਮੇਰਾ ਵਡ ਸਮਰਥਾ ॥ (98-19)
सतिगुरु मेरा वड समरथा ॥

ਜੀਇ ਸਮਾਲੀ ਤਾ ਸਭੁ ਦੁਖੁ ਲਥਾ ॥ (99-1)
जीइ समाली ता सभु दुखु लथा ॥

ਚਿੰਤਾ ਰੋਗੁ ਗਈ ਹਉ ਪੀੜਾ ਆਪਿ ਕਰੇ ਪ੍ਰਤਿਪਾਲਾ ਜੀਉ ॥੨॥ (99-1)
चिंता रोगु गई हउ पीड़ा आपि करे प्रतिपाला जीउ ॥२॥

ਬਾਰਿਕ ਵਾਂਗੀ ਹਉ ਸਭ ਕਿਛੁ ਮੰਗਾ ॥ (99-2)
बारिक वांगी हउ सभ किछु मंगा ॥

ਦੇਦੇ ਤੋਟਿ ਨਾਹੀ ਪ੍ਰਭ ਰੰਗਾ ॥ (99-2)
देदे तोटि नाही प्रभ रंगा ॥

ਪੈਰੀ ਪੈ ਪੈ ਬਹੁਤੁ ਮਨਾਈ ਦੀਨ ਦਇਆਲ ਗੋਪਾਲਾ ਜੀਉ ॥੩॥ (99-2)
पैरी पै पै बहुतु मनाई दीन दइआल गोपाला जीउ ॥३॥

ਹਉ ਬਲਿਹਾਰੀ ਸਤਿਗੁਰ ਪੂਰੇ ॥ (99-3)
हउ बलिहारी सतिगुर पूरे ॥

ਜਿਨਿ ਬੰਧਨ ਕਾਟੇ ਸਗਲੇ ਮੇਰੇ ॥ (99-3)
जिनि बंधन काटे सगले मेरे ॥

ਹਿਰਦੈ ਨਾਮੁ ਦੇ ਨਿਰਮਲ ਕੀਏ ਨਾਨਕ ਰੰਗਿ ਰਸਾਲਾ ਜੀਉ ॥੪॥੮॥੧੫॥ (99-4)
हिरदै नामु दे निरमल कीए नानक रंगि रसाला जीउ ॥४॥८॥१५॥

ਮਾਝ ਮਹਲਾ ੫ ॥ (99-4)
माझ महला ५ ॥

ਲਾਲ ਗੋਪਾਲ ਦਇਆਲ ਰੰਗੀਲੇ ॥ (99-4)
लाल गोपाल दइआल रंगीले ॥

ਗਹਿਰ ਗੰਭੀਰ ਬੇਅੰਤ ਗੋਵਿੰਦੇ ॥ (99-5)
गहिर ग्मभीर बेअंत गोविंदे ॥

ਊਚ ਅਥਾਹ ਬੇਅੰਤ ਸੁਆਮੀ ਸਿਮਰਿ ਸਿਮਰਿ ਹਉ ਜੀਵਾਂ ਜੀਉ ॥੧॥ (99-5)
ऊच अथाह बेअंत सुआमी सिमरि सिमरि हउ जीवां जीउ ॥१॥

ਦੁਖ ਭੰਜਨ ਨਿਧਾਨ ਅਮੋਲੇ ॥ (99-6)
दुख भंजन निधान अमोले ॥

ਨਿਰਭਉ ਨਿਰਵੈਰ ਅਥਾਹ ਅਤੋਲੇ ॥ (99-6)
निरभउ निरवैर अथाह अतोले ॥

ਅਕਾਲ ਮੂਰਤਿ ਅਜੂਨੀ ਸੰਭੌ ਮਨ ਸਿਮਰਤ ਠੰਢਾ ਥੀਵਾਂ ਜੀਉ ॥੨॥ (99-6)
अकाल मूरति अजूनी स्मभौ मन सिमरत ठंढा थीवां जीउ ॥२॥

ਸਦਾ ਸੰਗੀ ਹਰਿ ਰੰਗ ਗੋਪਾਲਾ ॥ (99-7)
सदा संगी हरि रंग गोपाला ॥

ਊਚ ਨੀਚ ਕਰੇ ਪ੍ਰਤਿਪਾਲਾ ॥ (99-7)
ऊच नीच करे प्रतिपाला ॥

ਨਾਮੁ ਰਸਾਇਣੁ ਮਨੁ ਤ੍ਰਿਪਤਾਇਣੁ ਗੁਰਮੁਖਿ ਅੰਮ੍ਰਿਤੁ ਪੀਵਾਂ ਜੀਉ ॥੩॥ (99-7)
नामु रसाइणु मनु त्रिपताइणु गुरमुखि अमृतु पीवां जीउ ॥३॥

ਦੁਖਿ ਸੁਖਿ ਪਿਆਰੇ ਤੁਧੁ ਧਿਆਈ ॥ (99-8)
दुखि सुखि पिआरे तुधु धिआई ॥

ਏਹ ਸੁਮਤਿ ਗੁਰੂ ਤੇ ਪਾਈ ॥ (99-8)
एह सुमति गुरू ते पाई ॥

ਨਾਨਕ ਕੀ ਧਰ ਤੂੰਹੈ ਠਾਕੁਰ ਹਰਿ ਰੰਗਿ ਪਾਰਿ ਪਰੀਵਾਂ ਜੀਉ ॥੪॥੯॥੧੬॥ (99-9)
नानक की धर तूंहै ठाकुर हरि रंगि पारि परीवां जीउ ॥४॥९॥१६॥

ਮਾਝ ਮਹਲਾ ੫ ॥ (99-10)
माझ महला ५ ॥

ਧੰਨੁ ਸੁ ਵੇਲਾ ਜਿਤੁ ਮੈ ਸਤਿਗੁਰੁ ਮਿਲਿਆ ॥ (99-10)
धंनु सु वेला जितु मै सतिगुरु मिलिआ ॥

ਸਫਲੁ ਦਰਸਨੁ ਨੇਤ੍ਰ ਪੇਖਤ ਤਰਿਆ ॥ (99-10)
सफलु दरसनु नेत्र पेखत तरिआ ॥

ਧੰਨੁ ਮੂਰਤ ਚਸੇ ਪਲ ਘੜੀਆ ਧੰਨਿ ਸੁ ਓਇ ਸੰਜੋਗਾ ਜੀਉ ॥੧॥ (99-10)
धंनु मूरत चसे पल घड़ीआ धंनि सु ओइ संजोगा जीउ ॥१॥

ਉਦਮੁ ਕਰਤ ਮਨੁ ਨਿਰਮਲੁ ਹੋਆ ॥ (99-11)
उदमु करत मनु निरमलु होआ ॥

ਹਰਿ ਮਾਰਗਿ ਚਲਤ ਭ੍ਰਮੁ ਸਗਲਾ ਖੋਇਆ ॥ (99-11)
हरि मारगि चलत भ्रमु सगला खोइआ ॥

ਨਾਮੁ ਨਿਧਾਨੁ ਸਤਿਗੁਰੂ ਸੁਣਾਇਆ ਮਿਟਿ ਗਏ ਸਗਲੇ ਰੋਗਾ ਜੀਉ ॥੨॥ (99-12)
नामु निधानु सतिगुरू सुणाइआ मिटि गए सगले रोगा जीउ ॥२॥

ਅੰਤਰਿ ਬਾਹਰਿ ਤੇਰੀ ਬਾਣੀ ॥ (99-13)
अंतरि बाहरि तेरी बाणी ॥

ਤੁਧੁ ਆਪਿ ਕਥੀ ਤੈ ਆਪਿ ਵਖਾਣੀ ॥ (99-13)
तुधु आपि कथी तै आपि वखाणी ॥

ਗੁਰਿ ਕਹਿਆ ਸਭੁ ਏਕੋ ਏਕੋ ਅਵਰੁ ਨ ਕੋਈ ਹੋਇਗਾ ਜੀਉ ॥੩॥ (99-13)
गुरि कहिआ सभु एको एको अवरु न कोई होइगा जीउ ॥३॥

ਅੰਮ੍ਰਿਤ ਰਸੁ ਹਰਿ ਗੁਰ ਤੇ ਪੀਆ ॥ (99-14)
अमृत रसु हरि गुर ते पीआ ॥

ਹਰਿ ਪੈਨਣੁ ਨਾਮੁ ਭੋਜਨੁ ਥੀਆ ॥ (99-14)
हरि पैनणु नामु भोजनु थीआ ॥

ਨਾਮਿ ਰੰਗ ਨਾਮਿ ਚੋਜ ਤਮਾਸੇ ਨਾਉ ਨਾਨਕ ਕੀਨੇ ਭੋਗਾ ਜੀਉ ॥੪॥੧੦॥੧੭॥ (99-14)
नामि रंग नामि चोज तमासे नाउ नानक कीने भोगा जीउ ॥४॥१०॥१७॥

ਮਾਝ ਮਹਲਾ ੫ ॥ (99-15)
माझ महला ५ ॥

ਸਗਲ ਸੰਤਨ ਪਹਿ ਵਸਤੁ ਇਕ ਮਾਂਗਉ ॥ (99-15)
सगल संतन पहि वसतु इक मांगउ ॥

ਕਰਉ ਬਿਨੰਤੀ ਮਾਨੁ ਤਿਆਗਉ ॥ (99-16)
करउ बिनंती मानु तिआगउ ॥

ਵਾਰਿ ਵਾਰਿ ਜਾਈ ਲਖ ਵਰੀਆ ਦੇਹੁ ਸੰਤਨ ਕੀ ਧੂਰਾ ਜੀਉ ॥੧॥ (99-16)
वारि वारि जाई लख वरीआ देहु संतन की धूरा जीउ ॥१॥

ਤੁਮ ਦਾਤੇ ਤੁਮ ਪੁਰਖ ਬਿਧਾਤੇ ॥ (99-17)
तुम दाते तुम पुरख बिधाते ॥

ਤੁਮ ਸਮਰਥ ਸਦਾ ਸੁਖਦਾਤੇ ॥ (99-17)
तुम समरथ सदा सुखदाते ॥

ਸਭ ਕੋ ਤੁਮ ਹੀ ਤੇ ਵਰਸਾਵੈ ਅਉਸਰੁ ਕਰਹੁ ਹਮਾਰਾ ਪੂਰਾ ਜੀਉ ॥੨॥ (99-17)
सभ को तुम ही ते वरसावै अउसरु करहु हमारा पूरा जीउ ॥२॥

ਦਰਸਨਿ ਤੇਰੈ ਭਵਨ ਪੁਨੀਤਾ ॥ (99-18)
दरसनि तेरै भवन पुनीता ॥

ਆਤਮ ਗੜੁ ਬਿਖਮੁ ਤਿਨਾ ਹੀ ਜੀਤਾ ॥ (99-18)
आतम गड़ु बिखमु तिना ही जीता ॥

ਤੁਮ ਦਾਤੇ ਤੁਮ ਪੁਰਖ ਬਿਧਾਤੇ ਤੁਧੁ ਜੇਵਡੁ ਅਵਰੁ ਨ ਸੂਰਾ ਜੀਉ ॥੩॥ (99-19)
तुम दाते तुम पुरख बिधाते तुधु जेवडु अवरु न सूरा जीउ ॥३॥

ਰੇਨੁ ਸੰਤਨ ਕੀ ਮੇਰੈ ਮੁਖਿ ਲਾਗੀ ॥ (100-1)
रेनु संतन की मेरै मुखि लागी ॥

ਦੁਰਮਤਿ ਬਿਨਸੀ ਕੁਬੁਧਿ ਅਭਾਗੀ ॥ (100-1)
दुरमति बिनसी कुबुधि अभागी ॥

ਸਚ ਘਰਿ ਬੈਸਿ ਰਹੇ ਗੁਣ ਗਾਏ ਨਾਨਕ ਬਿਨਸੇ ਕੂਰਾ ਜੀਉ ॥੪॥੧੧॥੧੮॥ (100-1)
सच घरि बैसि रहे गुण गाए नानक बिनसे कूरा जीउ ॥४॥११॥१८॥

ਮਾਝ ਮਹਲਾ ੫ ॥ (100-2)
माझ महला ५ ॥

ਵਿਸਰੁ ਨਾਹੀ ਏਵਡ ਦਾਤੇ ॥ (100-2)
विसरु नाही एवड दाते ॥

ਕਰਿ ਕਿਰਪਾ ਭਗਤਨ ਸੰਗਿ ਰਾਤੇ ॥ (100-2)
करि किरपा भगतन संगि राते ॥

ਦਿਨਸੁ ਰੈਣਿ ਜਿਉ ਤੁਧੁ ਧਿਆਈ ਏਹੁ ਦਾਨੁ ਮੋਹਿ ਕਰਣਾ ਜੀਉ ॥੧॥ (100-3)
दिनसु रैणि जिउ तुधु धिआई एहु दानु मोहि करणा जीउ ॥१॥

ਮਾਟੀ ਅੰਧੀ ਸੁਰਤਿ ਸਮਾਈ ॥ (100-3)
माटी अंधी सुरति समाई ॥

ਸਭ ਕਿਛੁ ਦੀਆ ਭਲੀਆ ਜਾਈ ॥ (100-4)
सभ किछु दीआ भलीआ जाई ॥

ਅਨਦ ਬਿਨੋਦ ਚੋਜ ਤਮਾਸੇ ਤੁਧੁ ਭਾਵੈ ਸੋ ਹੋਣਾ ਜੀਉ ॥੨॥ (100-4)
अनद बिनोद चोज तमासे तुधु भावै सो होणा जीउ ॥२॥

ਜਿਸ ਦਾ ਦਿਤਾ ਸਭੁ ਕਿਛੁ ਲੈਣਾ ॥ (100-5)
जिस दा दिता सभु किछु लैणा ॥

ਛਤੀਹ ਅੰਮ੍ਰਿਤ ਭੋਜਨੁ ਖਾਣਾ ॥ (100-5)
छतीह अमृत भोजनु खाणा ॥

ਸੇਜ ਸੁਖਾਲੀ ਸੀਤਲੁ ਪਵਣਾ ਸਹਜ ਕੇਲ ਰੰਗ ਕਰਣਾ ਜੀਉ ॥੩॥ (100-5)
सेज सुखाली सीतलु पवणा सहज केल रंग करणा जीउ ॥३॥

ਸਾ ਬੁਧਿ ਦੀਜੈ ਜਿਤੁ ਵਿਸਰਹਿ ਨਾਹੀ ॥ (100-6)
सा बुधि दीजै जितु विसरहि नाही ॥

ਸਾ ਮਤਿ ਦੀਜੈ ਜਿਤੁ ਤੁਧੁ ਧਿਆਈ ॥ (100-6)
सा मति दीजै जितु तुधु धिआई ॥

ਸਾਸ ਸਾਸ ਤੇਰੇ ਗੁਣ ਗਾਵਾ ਓਟ ਨਾਨਕ ਗੁਰ ਚਰਣਾ ਜੀਉ ॥੪॥੧੨॥੧੯॥ (100-6)
सास सास तेरे गुण गावा ओट नानक गुर चरणा जीउ ॥४॥१२॥१९॥

ਮਾਝ ਮਹਲਾ ੫ ॥ (100-7)
माझ महला ५ ॥

ਸਿਫਤਿ ਸਾਲਾਹਣੁ ਤੇਰਾ ਹੁਕਮੁ ਰਜਾਈ ॥ (100-7)
सिफति सालाहणु तेरा हुकमु रजाई ॥

ਸੋ ਗਿਆਨੁ ਧਿਆਨੁ ਜੋ ਤੁਧੁ ਭਾਈ ॥ (100-8)
सो गिआनु धिआनु जो तुधु भाई ॥

ਸੋਈ ਜਪੁ ਜੋ ਪ੍ਰਭ ਜੀਉ ਭਾਵੈ ਭਾਣੈ ਪੂਰ ਗਿਆਨਾ ਜੀਉ ॥੧॥ (100-8)
सोई जपु जो प्रभ जीउ भावै भाणै पूर गिआना जीउ ॥१॥

ਅੰਮ੍ਰਿਤੁ ਨਾਮੁ ਤੇਰਾ ਸੋਈ ਗਾਵੈ ॥ (100-9)
अमृतु नामु तेरा सोई गावै ॥

ਜੋ ਸਾਹਿਬ ਤੇਰੈ ਮਨਿ ਭਾਵੈ ॥ (100-9)
जो साहिब तेरै मनि भावै ॥

ਤੂੰ ਸੰਤਨ ਕਾ ਸੰਤ ਤੁਮਾਰੇ ਸੰਤ ਸਾਹਿਬ ਮਨੁ ਮਾਨਾ ਜੀਉ ॥੨॥ (100-9)
तूं संतन का संत तुमारे संत साहिब मनु माना जीउ ॥२॥

ਤੂੰ ਸੰਤਨ ਕੀ ਕਰਹਿ ਪ੍ਰਤਿਪਾਲਾ ॥ (100-10)
तूं संतन की करहि प्रतिपाला ॥

ਸੰਤ ਖੇਲਹਿ ਤੁਮ ਸੰਗਿ ਗੋਪਾਲਾ ॥ (100-10)
संत खेलहि तुम संगि गोपाला ॥

ਅਪੁਨੇ ਸੰਤ ਤੁਧੁ ਖਰੇ ਪਿਆਰੇ ਤੂ ਸੰਤਨ ਕੇ ਪ੍ਰਾਨਾ ਜੀਉ ॥੩॥ (100-10)
अपुने संत तुधु खरे पिआरे तू संतन के प्राना जीउ ॥३॥

ਉਨ ਸੰਤਨ ਕੈ ਮੇਰਾ ਮਨੁ ਕੁਰਬਾਨੇ ॥ (100-11)
उन संतन कै मेरा मनु कुरबाने ॥

ਜਿਨ ਤੂੰ ਜਾਤਾ ਜੋ ਤੁਧੁ ਮਨਿ ਭਾਨੇ ॥ (100-11)
जिन तूं जाता जो तुधु मनि भाने ॥

ਤਿਨ ਕੈ ਸੰਗਿ ਸਦਾ ਸੁਖੁ ਪਾਇਆ ਹਰਿ ਰਸ ਨਾਨਕ ਤ੍ਰਿਪਤਿ ਅਘਾਨਾ ਜੀਉ ॥੪॥੧੩॥੨੦॥ (100-12)
तिन कै संगि सदा सुखु पाइआ हरि रस नानक त्रिपति अघाना जीउ ॥४॥१३॥२०॥

ਮਾਝ ਮਹਲਾ ੫ ॥ (100-13)
माझ महला ५ ॥

ਤੂੰ ਜਲਨਿਧਿ ਹਮ ਮੀਨ ਤੁਮਾਰੇ ॥ (100-13)
तूं जलनिधि हम मीन तुमारे ॥

ਤੇਰਾ ਨਾਮੁ ਬੂੰਦ ਹਮ ਚਾਤ੍ਰਿਕ ਤਿਖਹਾਰੇ ॥ (100-13)
तेरा नामु बूंद हम चात्रिक तिखहारे ॥

ਤੁਮਰੀ ਆਸ ਪਿਆਸਾ ਤੁਮਰੀ ਤੁਮ ਹੀ ਸੰਗਿ ਮਨੁ ਲੀਨਾ ਜੀਉ ॥੧॥ (100-13)
तुमरी आस पिआसा तुमरी तुम ही संगि मनु लीना जीउ ॥१॥

ਜਿਉ ਬਾਰਿਕੁ ਪੀ ਖੀਰੁ ਅਘਾਵੈ ॥ (100-14)
जिउ बारिकु पी खीरु अघावै ॥

ਜਿਉ ਨਿਰਧਨੁ ਧਨੁ ਦੇਖਿ ਸੁਖੁ ਪਾਵੈ ॥ (100-14)
जिउ निरधनु धनु देखि सुखु पावै ॥

ਤ੍ਰਿਖਾਵੰਤ ਜਲੁ ਪੀਵਤ ਠੰਢਾ ਤਿਉ ਹਰਿ ਸੰਗਿ ਇਹੁ ਮਨੁ ਭੀਨਾ ਜੀਉ ॥੨॥ (100-15)
त्रिखावंत जलु पीवत ठंढा तिउ हरि संगि इहु मनु भीना जीउ ॥२॥

ਜਿਉ ਅੰਧਿਆਰੈ ਦੀਪਕੁ ਪਰਗਾਸਾ ॥ (100-15)
जिउ अंधिआरै दीपकु परगासा ॥

ਭਰਤਾ ਚਿਤਵਤ ਪੂਰਨ ਆਸਾ ॥ (100-16)
भरता चितवत पूरन आसा ॥

ਮਿਲਿ ਪ੍ਰੀਤਮ ਜਿਉ ਹੋਤ ਅਨੰਦਾ ਤਿਉ ਹਰਿ ਰੰਗਿ ਮਨੁ ਰੰਗੀਨਾ ਜੀਉ ॥੩॥ (100-16)
मिलि प्रीतम जिउ होत अनंदा तिउ हरि रंगि मनु रंगीना जीउ ॥३॥

ਸੰਤਨ ਮੋ ਕਉ ਹਰਿ ਮਾਰਗਿ ਪਾਇਆ ॥ (100-17)
संतन मो कउ हरि मारगि पाइआ ॥

ਸਾਧ ਕ੍ਰਿਪਾਲਿ ਹਰਿ ਸੰਗਿ ਗਿਝਾਇਆ ॥ (100-17)
साध क्रिपालि हरि संगि गिझाइआ ॥

ਹਰਿ ਹਮਰਾ ਹਮ ਹਰਿ ਕੇ ਦਾਸੇ ਨਾਨਕ ਸਬਦੁ ਗੁਰੂ ਸਚੁ ਦੀਨਾ ਜੀਉ ॥੪॥੧੪॥੨੧॥ (100-18)
हरि हमरा हम हरि के दासे नानक सबदु गुरू सचु दीना जीउ ॥४॥१४॥२१॥

ਮਾਝ ਮਹਲਾ ੫ ॥ (100-18)
माझ महला ५ ॥

ਅੰਮ੍ਰਿਤ ਨਾਮੁ ਸਦਾ ਨਿਰਮਲੀਆ ॥ (100-19)
अमृत नामु सदा निरमलीआ ॥

ਸੁਖਦਾਈ ਦੂਖ ਬਿਡਾਰਨ ਹਰੀਆ ॥ (100-19)
सुखदाई दूख बिडारन हरीआ ॥

ਅਵਰਿ ਸਾਦ ਚਖਿ ਸਗਲੇ ਦੇਖੇ ਮਨ ਹਰਿ ਰਸੁ ਸਭ ਤੇ ਮੀਠਾ ਜੀਉ ॥੧॥ (100-19)
अवरि साद चखि सगले देखे मन हरि रसु सभ ते मीठा जीउ ॥१॥

ਜੋ ਜੋ ਪੀਵੈ ਸੋ ਤ੍ਰਿਪਤਾਵੈ ॥ (101-1)
जो जो पीवै सो त्रिपतावै ॥

ਅਮਰੁ ਹੋਵੈ ਜੋ ਨਾਮ ਰਸੁ ਪਾਵੈ ॥ (101-1)

अमरु होवै जो नाम रसु पावै ॥

ਨਾਮ ਨਿਧਾਨ ਤਿਸਹਿ ਪਰਾਪਤਿ ਜਿਸੁ ਸਬਦੁ ਗੁਰੂ ਮਨਿ ਵੂਠਾ ਜੀਉ ॥੨॥ (101-1)

नाम निधान तिसहि परापति जिसु सबदु गुरू मनि वूठा जीउ ॥२॥

ਜਿਨਿ ਹਰਿ ਰਸੁ ਪਾਇਆ ਸੋ ਤ੍ਰਿਪਤਿ ਅਘਾਨਾ ॥ (101-2)

जिनि हरि रसु पाइआ सो त्रिपति अघाना ॥

ਜਿਨਿ ਹਰਿ ਸਾਦੁ ਪਾਇਆ ਸੋ ਨਾਹਿ ਡੁਲਾਨਾ ॥ (101-3)

जिनि हरि सादु पाइआ सो नाहि डुलाना ॥

ਤਿਸਹਿ ਪਰਾਪਤਿ ਹਰਿ ਹਰਿ ਨਾਮਾ ਜਿਸੁ ਮਸਤਕਿ ਭਾਗੀਠਾ ਜੀਉ ॥੩॥ (101-3)

तिसहि परापति हरि हरि नामा जिसु मसतकि भागीठा जीउ ॥३॥

ਹਰਿ ਇਕਸੁ ਹਥਿ ਆਇਆ ਵਰਸਾਣੇ ਬਹੁਤੇਰੇ ॥ (101-4)

हरि इकसु हथि आइआ वरसाणे बहुतेरे ॥

ਤਿਸੁ ਲਗਿ ਮੁਕਤੁ ਭਏ ਘਣੇਰੇ ॥ (101-4)

तिसु लगि मुकतु भए घणेरे ॥

ਨਾਮੁ ਨਿਧਾਨਾ ਗੁਰਮੁਖਿ ਪਾਈਐ ਕਹੁ ਨਾਨਕ ਵਿਰਲੀ ਡੀਠਾ ਜੀਉ ॥੪॥੧੫॥੨੨॥ (101-4)

नामु निधाना गुरमुखि पाईऐ कहु नानक विरली डीठा जीउ ॥४॥१५॥२२॥

ਮਾਝ ਮਹਲਾ ੫ ॥ (101-5)

माझ महला ५ ॥

ਨਿਧਿ ਸਿਧਿ ਰਿਧਿ ਹਰਿ ਹਰਿ ਹਰਿ ਮੇਰੈ ॥ (101-5)

निधि सिधि रिधि हरि हरि हरि मेरै ॥

ਜਨਮੁ ਪਦਾਰਥੁ ਗਹਿਰ ਗੰਭੀਰੈ ॥ (101-6)

जनमु पदारथु गहिर ग्मभीरै ॥

ਲਾਖ ਕੋਟ ਖੁਸੀਆ ਰੰਗ ਰਾਵੈ ਜੋ ਗੁਰ ਲਾਗਾ ਪਾਈ ਜੀਉ ॥੧॥ (101-6)

लाख कोट खुसीआ रंग रावै जो गुर लागा पाई जीउ ॥१॥

ਦਰਸਨੁ ਪੇਖਤ ਭਏ ਪੁਨੀਤਾ ॥ (101-7)
दरसनु पेखत भए पुनीता ॥

ਸਗਲ ਉਧਾਰੇ ਭਾਈ ਮੀਤਾ ॥ (101-7)
सगल उधारे भाई मीता ॥

ਅਗਮ ਅਗੋਚਰੁ ਸੁਆਮੀ ਅਪੁਨਾ ਗੁਰ ਕਿਰਪਾ ਤੇ ਸਚੁ ਧਿਆਈ ਜੀਉ ॥੨॥ (101-7)
अगम अगोचरु सुआमी अपुना गुर किरपा ते सचु धिआई जीउ ॥२॥

ਜਾ ਕਉ ਖੋਜਹਿ ਸਰਬ ਉਪਾਏ ॥ (101-8)
जा कउ खोजहि सरब उपाए ॥

ਵਡਭਾਗੀ ਦਰਸਨੁ ਕੋ ਵਿਰਲਾ ਪਾਏ ॥ (101-8)
वडभागी दरसनु को विरला पाए ॥

ਊਚ ਅਪਾਰ ਅਗੋਚਰ ਥਾਨਾ ਓਹੁ ਮਹਲੁ ਗੁਰੂ ਦੇਖਾਈ ਜੀਉ ॥੩॥ (101-9)
ऊच अपार अगोचर थाना ओहु महलु गुरू देखाई जीउ ॥३॥

ਗਹਿਰ ਗੰਭੀਰ ਅੰਮ੍ਰਿਤ ਨਾਮੁ ਤੇਰਾ ॥ (101-9)
गहिर ग्मभीर अमृत नामु तेरा ॥

ਮੁਕਤਿ ਭਇਆ ਜਿਸੁ ਰਿਦੈ ਵਸੇਰਾ ॥ (101-10)
मुकति भइआ जिसु रिदै वसेरा ॥

ਗੁਰਿ ਬੰਧਨ ਤਿਨ ਕੇ ਸਗਲੇ ਕਾਟੇ ਜਨ ਨਾਨਕ ਸਹਜਿ ਸਮਾਈ ਜੀਉ ॥੪॥੧੬॥੨੩॥ (101-10)
गुरि बंधन तिन के सगले काटे जन नानक सहजि समाई जीउ ॥४॥१६॥२३॥

ਮਾਝ ਮਹਲਾ ੫ ॥ (101-11)
माझ महला ५ ॥

ਪ੍ਰਭ ਕਿਰਪਾ ਤੇ ਹਰਿ ਹਰਿ ਧਿਆਵਉ ॥ (101-11)
प्रभ किरपा ते हरि हरि धिआवउ ॥

ਪ੍ਰਭੂ ਦਇਆ ਤੇ ਮੰਗਲੁ ਗਾਵਉ ॥ (101-11)
प्रभू दइआ ते मंगलु गावउ ॥

ਊਠਤ ਬੈਠਤ ਸੋਵਤ ਜਾਗਤ ਹਰਿ ਧਿਆਈਐ ਸਗਲ ਅਵਰਦਾ ਜੀਉ ॥੧॥ (101-12)
ऊठत बैठत सोवत जागत हरि धिआईऐ सगल अवरदा जीउ ॥१॥

ਨਾਮੁ ਅਉਖਧੁ ਮੋ ਕਉ ਸਾਧੂ ਦੀਆ ॥ (101-12)
नामु अउखधु मो कउ साधू दीआ ॥

ਕਿਲਬਿਖ ਕਾਟੇ ਨਿਰਮਲੁ ਥੀਆ ॥ (101-13)
किलबिख काटे निरमलु थीआ ॥

ਅਨਦੁ ਭਇਆ ਨਿਕਸੀ ਸਭ ਪੀਰਾ ਸਗਲ ਬਿਨਾਸੇ ਦਰਦਾ ਜੀਉ ॥੨॥ (101-13)
अनदु भइआ निकसी सभ पीरा सगल बिनासे दरदा जीउ ॥२॥

ਜਿਸ ਕਾ ਅੰਗੁ ਕਰੇ ਮੇਰਾ ਪਿਆਰਾ ॥ (101-14)
जिस का अंगु करे मेरा पिआरा ॥

ਸੋ ਮੁਕਤਾ ਸਾਗਰ ਸੰਸਾਰਾ ॥ (101-14)
सो मुकता सागर संसारा ॥

ਸਤਿ ਕਰੇ ਜਿਨਿ ਗੁਰੂ ਪਛਾਤਾ ਸੋ ਕਾਹੇ ਕਉ ਡਰਦਾ ਜੀਉ ॥੩॥ (101-14)
सति करे जिनि गुरू पछाता सो काहे कउ डरदा जीउ ॥३॥

ਜਬ ਤੇ ਸਾਧੂ ਸੰਗਤਿ ਪਾਏ ॥ (101-15)
जब ते साधू संगति पाए ॥

ਗੁਰ ਭੇਟਤ ਹਉ ਗਈ ਬਲਾਏ ॥ (101-15)
गुर भेटत हउ गई बलाए ॥

ਸਾਸਿ ਸਾਸਿ ਹਰਿ ਗਾਵੈ ਨਾਨਕੁ ਸਤਿਗੁਰ ਢਾਕਿ ਲੀਆ ਮੇਰਾ ਪੜਦਾ ਜੀਉ ॥੪॥੧੭॥੨੪॥ (101-15)
सासि सासि हरि गावै नानकु सतिगुर ढाकि लीआ मेरा पड़दा जीउ ॥४॥१७॥२४॥

ਮਾਝ ਮਹਲਾ ੫ ॥ (101-16)
माझ महला ५ ॥

ਓਤਿ ਪੋਤਿ ਸੇਵਕ ਸੰਗਿ ਰਾਤਾ ॥ (101-16)
ओति पोति सेवक संगि राता ॥

ਪ੍ਰਭ ਪ੍ਰਤਿਪਾਲੇ ਸੇਵਕ ਸੁਖਦਾਤਾ ॥ (101-17)
प्रभ प्रतिपाले सेवक सुखदाता ॥

ਪਾਣੀ ਪਖਾ ਪੀਸਉ ਸੇਵਕ ਕੈ ਠਾਕੁਰ ਹੀ ਕਾ ਆਹਰੁ ਜੀਉ ॥੧॥ (101-17)
पाणी पखा पीसउ सेवक कै ठाकुर ही का आहरु जीउ ॥१॥

ਕਾਟਿ ਸਿਲਕ ਪ੍ਰਭਿ ਸੇਵਾ ਲਾਇਆ ॥ (101-18)
काटि सिलक प्रभि सेवा लाइआ ॥

ਹੁਕਮੁ ਸਾਹਿਬ ਕਾ ਸੇਵਕ ਮਨਿ ਭਾਇਆ ॥ (101-18)
हुकमु साहिब का सेवक मनि भाइआ ॥

ਸੋਈ ਕਮਾਵੈ ਜੋ ਸਾਹਿਬ ਭਾਵੈ ਸੇਵਕੁ ਅੰਤਰਿ ਬਾਹਰਿ ਮਾਹਰੁ ਜੀਉ ॥੨॥ (101-18)
सोई कमावै जो साहिब भावै सेवकु अंतरि बाहरि माहरु जीउ ॥२॥

ਤੂੰ ਦਾਨਾ ਠਾਕੁਰੁ ਸਭ ਬਿਧਿ ਜਾਨਹਿ ॥ (101-19)
तूं दाना ठाकुरु सभ बिधि जानहि ॥

ਠਾਕੁਰ ਕੇ ਸੇਵਕ ਹਰਿ ਰੰਗ ਮਾਣਹਿ ॥ (102-1)
ठाकुर के सेवक हरि रंग माणहि ॥

ਜੋ ਕਿਛੁ ਠਾਕੁਰ ਕਾ ਸੋ ਸੇਵਕ ਕਾ ਸੇਵਕੁ ਠਾਕੁਰ ਹੀ ਸੰਗਿ ਜਾਹਰੁ ਜੀਉ ॥੩॥ (102-1)
जो किछु ठाकुर का सो सेवक का सेवकु ठाकुर ही संगि जाहरु जीउ ॥३॥

ਅਪੁਨੈ ਠਾਕੁਰਿ ਜੋ ਪਹਿਰਾਇਆ ॥ (102-2)
अपुनै ठाकुरि जो पहिराइआ ॥

ਬਹੁਰਿ ਨ ਲੇਖਾ ਪੁਛਿ ਬੁਲਾਇਆ ॥ (102-2)
बहुरि न लेखा पुछि बुलाइआ ॥

ਤਿਸੁ ਸੇਵਕ ਕੈ ਨਾਨਕ ਕੁਰਬਾਣੀ ਸੋ ਗਹਿਰ ਗਭੀਰਾ ਗਉਹਰੁ ਜੀਉ ॥੪॥੧੮॥੨੫॥ (102-2)
तिसु सेवक कै नानक कुरबाणी सो गहिर गभीरा गउहरु जीउ ॥४॥१८॥२५॥

ਮਾਝ ਮਹਲਾ ੫ ॥ (102-3)
माझ महला ५ ॥

ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥ (102-3)
सभ किछु घर महि बाहरि नाही ॥

ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥ (102-4)
बाहरि टोलै सो भरमि भुलाही ॥

ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥੧॥ (102-4)
गुर परसादी जिनी अंतरि पाइआ सो अंतरि बाहरि सुहेला जीउ ॥१॥

ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥ (102-5)
झिमि झिमि वरसै अमृत धारा ॥

ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥ (102-5)
मनु पीवै सुनि सबदु बीचारा ॥

ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥੨॥ (102-5)
अनद बिनोद करे दिन राती सदा सदा हरि केला जीउ ॥२॥

ਜਨਮ ਜਨਮ ਕਾ ਵਿਛੁੜਿਆ ਮਿਲਿਆ ॥ (102-6)
जनम जनम का विछुड़िआ मिलिआ ॥

ਸਾਧ ਕ੍ਰਿਪਾ ਤੇ ਸੂਕਾ ਹਰਿਆ ॥ (102-6)
साध क्रिपा ते सूका हरिआ ॥

ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ ॥੩॥ (102-7)
सुमति पाए नामु धिआए गुरमुखि होए मेला जीउ ॥३॥

ਜਲ ਤਰੰਗੁ ਜਿਉ ਜਲਹਿ ਸਮਾਇਆ ॥ (102-7)
जल तरंगु जिउ जलहि समाइआ ॥

ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥ (102-7)
तिउ जोती संगि जोति मिलाइआ ॥

ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ ॥੪॥੧੯॥੨੬॥ (102-8)
कहु नानक भ्रम कटे किवाड़ा बहुड़ि न होईऐ जउला जीउ ॥४॥१९॥२६॥

ਮਾਝ ਮਹਲਾ ੫ ॥ (102-9)
माझ महला ५ ॥

ਤਿਸੁ ਕੁਰਬਾਣੀ ਜਿਨਿ ਤੂੰ ਸੁਣਿਆ ॥ (102-9)
तिसु कुरबाणी जिनि तूं सुणिआ ॥

ਤਿਸੁ ਬਲਿਹਾਰੀ ਜਿਨਿ ਰਸਨਾ ਭਣਿਆ ॥ (102-9)
तिसु बलिहारी जिनि रसना भणिआ ॥

ਵਾਰਿ ਵਾਰਿ ਜਾਈ ਤਿਸੁ ਵਿਟਹੁ ਜੋ ਮਨਿ ਤਨਿ ਤੁਧੁ ਆਰਾਧੇ ਜੀਉ ॥੧॥ (102-9)
वारि वारि जाई तिसु विटहु जो मनि तनि तुधु आराधे जीउ ॥१॥

ਤਿਸੁ ਚਰਣ ਪਖਾਲੀ ਜੋ ਤੇਰੈ ਮਾਰਗਿ ਚਾਲੈ ॥ (102-10)
तिसु चरण पखाली जो तेरै मारगि चालै ॥

ਨੈਨ ਨਿਹਾਲੀ ਤਿਸੁ ਪੁਰਖ ਦਇਆਲੈ ॥ (102-10)
नैन निहाली तिसु पुरख दइआलै ॥

ਮਨੁ ਦੇਵਾ ਤਿਸੁ ਅਪੁਨੇ ਸਾਜਨ ਜਿਨਿ ਗੁਰ ਮਿਲਿ ਸੋ ਪ੍ਰਭੁ ਲਾਧੇ ਜੀਉ ॥੨॥ (102-11)
मनु देवा तिसु अपुने साजन जिनि गुर मिलि सो प्रभु लाधे जीउ ॥२॥

ਸੇ ਵਡਭਾਗੀ ਜਿਨਿ ਤੁਮ ਜਾਣੇ ॥ (102-12)
से वडभागी जिनि तुम जाणे ॥

ਸਭ ਕੈ ਮਧੇ ਅਲਿਪਤ ਨਿਰਬਾਣੇ ॥ (102-12)
सभ कै मधे अलिपत निरबाणे ॥

ਸਾਧ ਕੈ ਸੰਗਿ ਉਨਿ ਭਉਜਲੁ ਤਰਿਆ ਸਗਲ ਦੂਤ ਉਨਿ ਸਾਧੇ ਜੀਉ ॥੩॥ (102-12)
साध कै संगि उनि भउजलु तरिआ सगल दूत उनि साधे जीउ ॥३॥

ਤਿਨ ਕੀ ਸਰਣਿ ਪਰਿਆ ਮਨੁ ਮੇਰਾ ॥ (102-13)
तिन की सरणि परिआ मनु मेरा ॥

ਮਾਣੁ ਤਾਣੁ ਤਜਿ ਮੋਹੁ ਅੰਧੇਰਾ ॥ (102-13)
माणु ताणु तजि मोहु अंधेरा ॥

ਨਾਮੁ ਦਾਨੁ ਦੀਜੈ ਨਾਨਕ ਕਉ ਤਿਸੁ ਪ੍ਰਭ ਅਗਮ ਅਗਾਧੇ ਜੀਉ ॥੪॥੨੦॥੨੭॥ (102-14)
नामु दानु दीजै नानक कउ तिसु प्रभ अगम अगाधे जीउ ॥४॥२०॥२७॥

ਮਾਝ ਮਹਲਾ ੫ ॥ (102-14)
माझ महला ५ ॥

ਤੂੰ ਪੇਡੁ ਸਾਖ ਤੇਰੀ ਫੂਲੀ ॥ (102-15)
तूं पेडु साख तेरी फूली ॥

ਤੂੰ ਸੂਖਮੁ ਹੋਆ ਅਸਥੂਲੀ ॥ (102-15)
तूं सूखमु होआ असथूली ॥

ਤੂੰ ਜਲਨਿਧਿ ਤੂੰ ਫੇਨੁ ਬੁਦਬੁਦਾ ਤੁਧੁ ਬਿਨੁ ਅਵਰੁ ਨ ਭਾਲੀਐ ਜੀਉ ॥੧॥ (102-15)
तूं जलनिधि तूं फेनु बुदबुदा तुधु बिनु अवरु न भालीऐ जीउ ॥१॥

ਤੂੰ ਸੂਤੁ ਮਣੀਏ ਭੀ ਤੂੰਹੈ ॥ (102-16)
तूं सूतु मणीए भी तूंहै ॥

ਤੂੰ ਗੰਠੀ ਮੇਰੁ ਸਿਰਿ ਤੂੰਹੈ ॥ (102-16)
तूं गंठी मेरु सिरि तूंहै ॥

ਆਦਿ ਮਧਿ ਅੰਤਿ ਪ੍ਰਭੁ ਸੋਈ ਅਵਰੁ ਨ ਕੋਇ ਦਿਖਾਲੀਐ ਜੀਉ ॥੨॥ (102-16)
आदि मधि अंति प्रभु सोई अवरु न कोइ दिखालीऐ जीउ ॥२॥

ਤੂੰ ਨਿਰਗੁਣੁ ਸਰਗੁਣੁ ਸੁਖਦਾਤਾ ॥ (102-17)
तूं निरगुणु सरगुणु सुखदाता ॥

ਤੂੰ ਨਿਰਬਾਣੁ ਰਸੀਆ ਰੰਗਿ ਰਾਤਾ ॥ (102-17)
तूं निरबाणु रसीआ रंगि राता ॥

ਅਪਣੇ ਕਰਤਬ ਆਪੇ ਜਾਣਹਿ ਆਪੇ ਤੁਧੁ ਸਮਾਲੀਐ ਜੀਉ ॥੩॥ (102-18)
अपणे करतब आपे जाणहि आपे तुधु समालीऐ जीउ ॥३॥

ਤੂੰ ਠਾਕੁਰੁ ਸੇਵਕੁ ਫੁਨਿ ਆਪੇ ॥ (102-18)
तूं ठाकुरु सेवकु फुनि आपे ॥

ਤੂੰ ਗੁਪਤੁ ਪਰਗਟੁ ਪ੍ਰਭ ਆਪੇ ॥ (102-19)
तूं गुपतु परगटु प्रभ आपे ॥

ਨਾਨਕ ਦਾਸੁ ਸਦਾ ਗੁਣ ਗਾਵੈ ਇਕ ਭੋਰੀ ਨਦਰਿ ਨਿਹਾਲੀਐ ਜੀਉ ॥੪॥੨੧॥੨੮॥ (102-19)
नानक दासु सदा गुण गावै इक भोरी नदरि निहालीऐ जीउ ॥४॥२१॥२८॥

ਮਾਝ ਮਹਲਾ ੫ ॥ (103-1)
माझ महला ५ ॥

ਸਫਲ ਸੁ ਬਾਣੀ ਜਿਤੁ ਨਾਮੁ ਵਖਾਣੀ ॥ (103-1)
सफल सु बाणी जितु नामु वखाणी ॥

ਗੁਰ ਪਰਸਾਦਿ ਕਿਨੈ ਵਿਰਲੈ ਜਾਣੀ ॥ (103-1)
गुर परसादि किनै विरलै जाणी ॥

ਧੰਨੁ ਸੁ ਵੇਲਾ ਜਿਤੁ ਹਰਿ ਗਾਵਤ ਸੁਨਣਾ ਆਏ ਤੇ ਪਰਵਾਨਾ ਜੀਉ ॥੧॥ (103-2)
धंनु सु वेला जितु हरि गावत सुनणा आए ते परवाना जीउ ॥१॥

ਸੇ ਨੇਤ੍ਰ ਪਰਵਾਣੁ ਜਿਨੀ ਦਰਸਨੁ ਪੇਖਾ ॥ (103-2)
से नेत्र परवाणु जिनी दरसनु पेखा ॥

ਸੇ ਕਰ ਭਲੇ ਜਿਨੀ ਹਰਿ ਜਸੁ ਲੇਖਾ ॥ (103-3)
से कर भले जिनी हरि जसु लेखा ॥

ਸੇ ਚਰਣ ਸੁਹਾਵੇ ਜੋ ਹਰਿ ਮਾਰਗਿ ਚਲੇ ਹਉ ਬਲਿ ਤਿਨ ਸੰਗਿ ਪਛਾਣਾ ਜੀਉ ॥੨॥ (103-3)
से चरण सुहावे जो हरि मारगि चले हउ बलि तिन संगि पछाणा जीउ ॥२॥

ਸੁਣਿ ਸਾਜਨ ਮੇਰੇ ਮੀਤ ਪਿਆਰੇ ॥ (103-4)
सुणि साजन मेरे मीत पिआरे ॥

ਸਾਧਸੰਗਿ ਖਿਨ ਮਾਹਿ ਉਧਾਰੇ ॥ (103-4)
साधसंगि खिन माहि उधारे ॥

ਕਿਲਵਿਖ ਕਾਟਿ ਹੋਆ ਮਨੁ ਨਿਰਮਲੁ ਮਿਟਿ ਗਏ ਆਵਣ ਜਾਣਾ ਜੀਉ ॥੩॥ (103-4)

किलविख काटि होआ मनु निरमलु मिटि गए आवण जाणा जीउ ॥३॥

ਦੁਇ ਕਰ ਜੋੜਿ ਇਕੁ ਬਿਨਉ ਕਰੀਜੈ ॥ (103-5)

दुइ कर जोड़ि इकु बिनउ करीजै ॥

ਕਰਿ ਕਿਰਪਾ ਡੁਬਦਾ ਪਥਰੁ ਲੀਜੈ ॥ (103-6)

करि किरपा डुबदा पथरु लीजै ॥

ਨਾਨਕ ਕਉ ਪ੍ਰਭ ਭਏ ਕ੍ਰਿਪਾਲਾ ਪ੍ਰਭ ਨਾਨਕ ਮਨਿ ਭਾਣਾ ਜੀਉ ॥੪॥੨੨॥੨੯॥ (103-6)

नानक कउ प्रभ भए क्रिपाला प्रभ नानक मनि भाणा जीउ ॥४॥२२॥२९॥

ਮਾਝ ਮਹਲਾ ੫ ॥ (103-7)

माझ महला ५ ॥

ਅੰਮ੍ਰਿਤ ਬਾਣੀ ਹਰਿ ਹਰਿ ਤੇਰੀ ॥ (103-7)

अमृत बाणी हरि हरि तेरी ॥

ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ ॥ (103-7)

सुणि सुणि होवै परम गति मेरी ॥

ਜਲਨਿ ਬੁਝੀ ਸੀਤਲੁ ਹੋਇ ਮਨੂਆ ਸਤਿਗੁਰ ਕਾ ਦਰਸਨੁ ਪਾਏ ਜੀਉ ॥੧॥ (103-7)

जलनि बुझी सीतलु होइ मनूआ सतिगुर का दरसनु पाए जीउ ॥१॥

ਸੂਖੁ ਭਇਆ ਦੁਖੁ ਦੂਰਿ ਪਰਾਨਾ ॥ (103-8)

सूखु भइआ दुखु दूरि पराना ॥

ਸੰਤ ਰਸਨ ਹਰਿ ਨਾਮੁ ਵਖਾਨਾ ॥ (103-8)

संत रसन हरि नामु वखाना ॥

ਜਲ ਥਲ ਨੀਰਿ ਭਰੇ ਸਰ ਸੁਭਰ ਬਿਰਥਾ ਕੋਇ ਨ ਜਾਏ ਜੀਉ ॥੨॥ (103-9)

जल थल नीरि भरे सर सुभर बिरथा कोइ न जाए जीउ ॥२॥

ਦਇਆ ਧਾਰੀ ਤਿਨਿ ਸਿਰਜਨਹਾਰੇ ॥ (103-9)

दइआ धारी तिनि सिरजनहारे ॥

ਜੀਅ ਜੰਤ ਸਗਲੇ ਪ੍ਰਤਿਪਾਰੇ ॥ (103-10)
जीअ जंत सगले प्रतिपारे ॥

ਮਿਹਰਵਾਨ ਕਿਰਪਾਲ ਦਇਆਲਾ ਸਗਲੇ ਤ੍ਰਿਪਤਿ ਅਘਾਏ ਜੀਉ ॥੩॥ (103-10)
मिहरवान किरपाल दइआला सगले त्रिपति अघाए जीउ ॥३॥

ਵਣੁ ਤ੍ਰਿਣੁ ਤ੍ਰਿਭਵਣੁ ਕੀਤੋਨੁ ਹਰਿਆ ॥ (103-11)
वणु त्रिणु त्रिभवणु कीतोनु हरिआ ॥

ਕਰਣਹਾਰਿ ਖਿਨ ਭੀਤਰਿ ਕਰਿਆ ॥ (103-11)
करणहारि खिन भीतरि करिआ ॥

ਗੁਰਮੁਖਿ ਨਾਨਕ ਤਿਸੈ ਅਰਾਧੇ ਮਨ ਕੀ ਆਸ ਪੁਜਾਏ ਜੀਉ ॥੪॥੨੩॥੩੦॥ (103-11)
गुरमुखि नानक तिसै अराधे मन की आस पुजाए जीउ ॥४॥२३॥३०॥

ਮਾਝ ਮਹਲਾ ੫ ॥ (103-12)
माझ महला ५ ॥

ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ॥ (103-12)
तूं मेरा पिता तूंहै मेरा माता ॥

ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥ (103-13)
तूं मेरा बंधपु तूं मेरा भ्राता ॥

ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ ॥੧॥ (103-13)
तूं मेरा राखा सभनी थाई ता भउ केहा काड़ा जीउ ॥१॥

ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ ॥ (103-14)
तुमरी क्रिपा ते तुधु पछाणा ॥

ਤੂੰ ਮੇਰੀ ਓਟ ਤੂੰਹੈ ਮੇਰਾ ਮਾਣਾ ॥ (103-14)
तूं मेरी ओट तूंहै मेरा माणा ॥

ਤੁਝ ਬਿਨੁ ਦੂਜਾ ਅਵਰੁ ਨ ਕੋਈ ਸਭੁ ਤੇਰਾ ਖੇਲੁ ਅਖਾੜਾ ਜੀਉ ॥੨॥ (103-14)
तुझ बिनु दूजा अवरु न कोई सभु तेरा खेलु अखाड़ा जीउ ॥२॥

ਜੀਅ ਜੰਤ ਸਭਿ ਤੁਧੁ ਉਪਾਏ ॥ (103-15)
जीअ जंत सभि तुधु उपाए ॥

ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ ॥ (103-15)
जितु जितु भाणा तितु तितु लाए ॥

ਸਭ ਕਿਛੁ ਕੀਤਾ ਤੇਰਾ ਹੋਵੈ ਨਾਹੀ ਕਿਛੁ ਅਸਾੜਾ ਜੀਉ ॥੩॥ (103-15)
सभ किछु कीता तेरा होवै नाही किछु असाड़ा जीउ ॥३॥

ਨਾਮੁ ਧਿਆਇ ਮਹਾ ਸੁਖੁ ਪਾਇਆ ॥ (103-16)
नामु धिआइ महा सुखु पाइआ ॥

ਹਰਿ ਗੁਣ ਗਾਇ ਮੇਰਾ ਮਨੁ ਸੀਤਲਾਇਆ ॥ (103-16)
हरि गुण गाइ मेरा मनु सीतलाइआ ॥

ਗੁਰਿ ਪੂਰੈ ਵਜੀ ਵਾਧਾਈ ਨਾਨਕ ਜਿਤਾ ਬਿਖਾੜਾ ਜੀਉ ॥੪॥੨੪॥੩੧॥ (103-17)
गुरि पूरै वजी वाधाई नानक जिता बिखाड़ा जीउ ॥४॥२४॥३१॥

ਮਾਝ ਮਹਲਾ ੫ ॥ (103-18)
माझ महला ५ ॥

ਜੀਅ ਪ੍ਰਾਣ ਪ੍ਰਭ ਮਨਹਿ ਅਧਾਰਾ ॥ (103-18)
जीअ प्राण प्रभ मनहि अधारा ॥

ਭਗਤ ਜੀਵਹਿ ਗੁਣ ਗਾਇ ਅਪਾਰਾ ॥ (103-18)
भगत जीवहि गुण गाइ अपारा ॥

ਗੁਣ ਨਿਧਾਨ ਅੰਮ੍ਰਿਤੁ ਹਰਿ ਨਾਮਾ ਹਰਿ ਧਿਆਇ ਧਿਆਇ ਸੁਖੁ ਪਾਇਆ ਜੀਉ ॥੧॥ (103-18)
गुण निधान अमृतु हरि नामा हरि धिआइ धिआइ सुखु पाइआ जीउ ॥१॥

ਮਨਸਾ ਧਾਰਿ ਜੋ ਘਰ ਤੇ ਆਵੈ ॥ (103-19)
मनसा धारि जो घर ते आवै ॥

ਸਾਧਸੰਗਿ ਜਨਮੁ ਮਰਣੁ ਮਿਟਾਵੈ ॥ (104-1)
साधसंगि जनमु मरणु मिटावै ॥

ਆਸ ਮਨੋਰਥੁ ਪੂਰਨੁ ਹੋਵੈ ਭੇਟਤ ਗੁਰ ਦਰਸਾਇਆ ਜੀਉ ॥੨॥ (104-1)
आस मनोरथु पूरनु होवै भेटत गुर दरसाइआ जीउ ॥२॥

ਅਗਮ ਅਗੋਚਰ ਕਿਛੁ ਮਿਤਿ ਨਹੀ ਜਾਨੀ ॥ (104-1)
अगम अगोचर किछु मिति नही जानी ॥

ਸਾਧਿਕ ਸਿਧ ਧਿਆਵਹਿ ਗਿਆਨੀ ॥ (104-2)
साधिक सिध धिआवहि गिआनी ॥

ਖੁਦੀ ਮਿਟੀ ਚੂਕਾ ਭੋਲਾਵਾ ਗੁਰਿ ਮਨ ਹੀ ਮਹਿ ਪ੍ਰਗਟਾਇਆ ਜੀਉ ॥੩॥ (104-2)
खुदी मिटी चूका भोलावा गुरि मन ही महि प्रगटाइआ जीउ ॥३॥

ਅਨਦ ਮੰਗਲ ਕਲਿਆਣ ਨਿਧਾਨਾ ॥ (104-3)
अनद मंगल कलिआण निधाना ॥

ਸੂਖ ਸਹਜ ਹਰਿ ਨਾਮੁ ਵਖਾਨਾ ॥ (104-3)
सूख सहज हरि नामु वखाना ॥

ਹੋਇ ਕ੍ਰਿਪਾਲੁ ਸੁਆਮੀ ਅਪਨਾ ਨਾਉ ਨਾਨਕ ਘਰ ਮਹਿ ਆਇਆ ਜੀਉ ॥੪॥੨੫॥੩੨॥ (104-4)
होइ क्रिपालु सुआमी अपना नाउ नानक घर महि आइआ जीउ ॥४॥२५॥३२॥

ਮਾਝ ਮਹਲਾ ੫ ॥ (104-4)
माझ महला ५ ॥

ਸੁਣਿ ਸੁਣਿ ਜੀਵਾ ਸੋਇ ਤੁਮਾਰੀ ॥ (104-5)
सुणि सुणि जीवा सोइ तुमारी ॥

ਤੂੰ ਪ੍ਰੀਤਮੁ ਠਾਕੁਰੁ ਅਤਿ ਭਾਰੀ ॥ (104-5)
तूं प्रीतमु ठाकुरु अति भारी ॥

ਤੁਮਰੇ ਕਰਤਬ ਤੁਮ ਹੀ ਜਾਣਹੁ ਤੁਮਰੀ ਓਟ ਗੋੁਪਾਲਾ ਜੀਉ ॥੧॥ (104-5)
तुमरे करतब तुम ही जाणहु तुमरी ओट गोपाला जीउ ॥१॥

ਗੁਣ ਗਾਵਤ ਮਨੁ ਹਰਿਆ ਹੋਵੈ ॥ (104-6)
गुण गावत मनु हरिआ होवै ॥

ਕਥਾ ਸੁਣਤ ਮਲੁ ਸਗਲੀ ਖੋਵੈ ॥ (104-6)
कथा सुणत मलु सगली खोवै ॥

ਭੇਟਤ ਸੰਗਿ ਸਾਧ ਸੰਤਨ ਕੈ ਸਦਾ ਜਪਉ ਦਇਆਲਾ ਜੀਉ ॥੨॥ (104-6)
भेटत संगि साध संतन कै सदा जपउ दइआला जीउ ॥२॥

ਪ੍ਰਭੁ ਅਪੁਨਾ ਸਾਸਿ ਸਾਸਿ ਸਮਾਰਉ ॥ (104-7)
प्रभु अपुना सासि सासि समारउ ॥

ਇਹ ਮਤਿ ਗੁਰ ਪ੍ਰਸਾਦਿ ਮਨਿ ਧਾਰਉ ॥ (104-7)
इह मति गुर प्रसादि मनि धारउ ॥

ਤੁਮਰੀ ਕ੍ਰਿਪਾ ਤੇ ਹੋਇ ਪ੍ਰਗਾਸਾ ਸਰਬ ਮਇਆ ਪ੍ਰਤਿਪਾਲਾ ਜੀਉ ॥੩॥ (104-8)
तुमरी क्रिपा ते होइ प्रगासा सरब मइआ प्रतिपाला जीउ ॥३॥

ਸਤਿ ਸਤਿ ਸਤਿ ਪ੍ਰਭੁ ਸੋਈ ॥ (104-8)
सति सति सति प्रभु सोई ॥

ਸਦਾ ਸਦਾ ਸਦ ਆਪੇ ਹੋਈ ॥ (104-9)
सदा सदा सद आपे होई ॥

ਚਲਿਤ ਤੁਮਾਰੇ ਪ੍ਰਗਟ ਪਿਆਰੇ ਦੇਖਿ ਨਾਨਕ ਭਏ ਨਿਹਾਲਾ ਜੀਉ ॥੪॥੨੬॥੩੩॥ (104-9)
चलित तुमारे प्रगट पिआरे देखि नानक भए निहाला जीउ ॥४॥२६॥३३॥

ਮਾਝ ਮਹਲਾ ੫ ॥ (104-10)
माझ महला ५ ॥

ਹੁਕਮੀ ਵਰਸਣ ਲਾਗੇ ਮੇਹਾ ॥ (104-10)
हुकमी वरसण लागे मेहा ॥

ਸਾਜਨ ਸੰਤ ਮਿਲਿ ਨਾਮੁ ਜਪੇਹਾ ॥ (104-10)
साजन संत मिलि नामु जपेहा ॥

ਸੀਤਲ ਸਾਂਤਿ ਸਹਜ ਸੁਖੁ ਪਾਇਆ ਠਾਢਿ ਪਾਈ ਪ੍ਰਭਿ ਆਪੇ ਜੀਉ ॥੧॥ (104-10)
सीतल सांति सहज सुखु पाइआ ठाढि पाई प्रभि आपे जीउ ॥१॥

ਸਭੁ ਕਿਛੁ ਬਹੁਤੋ ਬਹੁਤੁ ਉਪਾਇਆ ॥ (104-11)
सभु किछु बहुतो बहुतु उपाइआ ॥

ਕਰਿ ਕਿਰਪਾ ਪ੍ਰਭਿ ਸਗਲ ਰਜਾਇਆ ॥ (104-11)
करि किरपा प्रभि सगल रजाइआ ॥

ਦਾਤਿ ਕਰਹੁ ਮੇਰੇ ਦਾਤਾਰਾ ਜੀਅ ਜੰਤ ਸਭਿ ਧ੍ਰਾਪੇ ਜੀਉ ॥੨॥ (104-12)
दाति करहु मेरे दातारा जीअ जंत सभि ध्रापे जीउ ॥२॥

ਸਚਾ ਸਾਹਿਬੁ ਸਚੀ ਨਾਈ ॥ (104-12)
सचा साहिबु सची नाई ॥

ਗੁਰ ਪਰਸਾਦਿ ਤਿਸੁ ਸਦਾ ਧਿਆਈ ॥ (104-13)
गुर परसादि तिसु सदा धिआई ॥

ਜਨਮ ਮਰਣ ਭੈ ਕਾਟੇ ਮੋਹਾ ਬਿਨਸੇ ਸੋਗ ਸੰਤਾਪੇ ਜੀਉ ॥੩॥ (104-13)
जनम मरण भै काटे मोहा बिनसे सोग संतापे जीउ ॥३॥

ਸਾਸਿ ਸਾਸਿ ਨਾਨਕੁ ਸਾਲਾਹੇ ॥ (104-13)
सासि सासि नानकु सालाहे ॥

ਸਿਮਰਤ ਨਾਮੁ ਕਾਟੇ ਸਭਿ ਫਾਹੇ ॥ (104-14)
सिमरत नामु काटे सभि फाहे ॥

ਪੂਰਨ ਆਸ ਕਰੀ ਖਿਨ ਭੀਤਰਿ ਹਰਿ ਹਰਿ ਹਰਿ ਗੁਣ ਜਾਪੇ ਜੀਉ ॥੪॥੨੭॥੩੪॥ (104-14)
पूरन आस करी खिन भीतरि हरि हरि हरि गुण जापे जीउ ॥४॥२७॥३४॥

ਮਾਝ ਮਹਲਾ ੫ ॥ (104-15)
माझ महला ५ ॥

ਆਉ ਸਾਜਨ ਸੰਤ ਮੀਤ ਪਿਆਰੇ ॥ (104-15)
आउ साजन संत मीत पिआरे ॥

ਮਿਲਿ ਗਾਵਹ ਗੁਣ ਅਗਮ ਅਪਾਰੇ ॥ (104-15)
मिलि गावह गुण अगम अपारे ॥

ਗਾਵਤ ਸੁਣਤ ਸਭੇ ਹੀ ਮੁਕਤੇ ਸੋ ਧਿਆਈਐ ਜਿਨਿ ਹਮ ਕੀਏ ਜੀਉ ॥੧॥ (104-16)
गावत सुणत सभे ही मुकते सो धिआईऐ जिनि हम कीए जीउ ॥१॥

ਜਨਮ ਜਨਮ ਕੇ ਕਿਲਬਿਖ ਜਾਵਹਿ ॥ (104-16)
जनम जनम के किलबिख जावहि ॥

ਮਨਿ ਚਿੰਦੇ ਸੇਈ ਫਲ ਪਾਵਹਿ ॥ (104-17)
मनि चिंदे सेई फल पावहि ॥

ਸਿਮਰਿ ਸਾਹਿਬੁ ਸੋ ਸਚੁ ਸੁਆਮੀ ਰਿਜਕੁ ਸਭਸੁ ਕਉ ਦੀਏ ਜੀਉ ॥੨॥ (104-17)
सिमरि साहिबु सो सचु सुआमी रिजकु सभसु कउ दीए जीउ ॥२॥

ਨਾਮੁ ਜਪਤ ਸਰਬ ਸੁਖੁ ਪਾਈਐ ॥ (104-18)
नामु जपत सरब सुखु पाईऐ ॥

ਸਭੁ ਭਉ ਬਿਨਸੈ ਹਰਿ ਹਰਿ ਧਿਆਈਐ ॥ (104-18)
सभु भउ बिनसै हरि हरि धिआईऐ ॥

ਜਿਨਿ ਸੇਵਿਆ ਸੋ ਪਾਰਗਿਰਾਮੀ ਕਾਰਜ ਸਗਲੇ ਥੀਏ ਜੀਉ ॥੩॥ (104-18)
जिनि सेविआ सो पारगिरामी कारज सगले थीए जीउ ॥३॥

ਆਇ ਪਇਆ ਤੇਰੀ ਸਰਣਾਈ ॥ (104-19)
आइ पइआ तेरी सरणाई ॥

ਜਿਉ ਭਾਵੈ ਤਿਉ ਲੈਹਿ ਮਿਲਾਈ ॥ (104-19)
जिउ भावै तिउ लैहि मिलाई ॥

ਕਰਿ ਕਿਰਪਾ ਪ੍ਰਭੁ ਭਗਤੀ ਲਾਵਹੁ ਸਚੁ ਨਾਨਕ ਅੰਮ੍ਰਿਤੁ ਪੀਏ ਜੀਉ ॥੪॥੨੮॥੩੫॥ (105-1)
करि किरपा प्रभु भगती लावहु सचु नानक अमृतु पीए जीउ ॥४॥२८॥३५॥

ਮਾਝ ਮਹਲਾ ੫ ॥ (105-1)
माझ महला ५ ॥

ਭਏ ਕ੍ਰਿਪਾਲ ਗੋਵਿੰਦ ਗੁਸਾਈ ॥ (105-2)
भए क्रिपाल गोविंद गुसाई ॥

ਮੇਘੁ ਵਰਸੈ ਸਭਨੀ ਥਾਈ ॥ (105-2)
मेघु वरसै सभनी थाई ॥

ਦੀਨ ਦਇਆਲ ਸਦਾ ਕਿਰਪਾਲਾ ਠਾਢਿ ਪਾਈ ਕਰਤਾਰੇ ਜੀਉ ॥੧॥ (105-2)
दीन दइआल सदा किरपाला ठाढि पाई करतारे जीउ ॥१॥

ਅਪੁਨੇ ਜੀਅ ਜੰਤ ਪ੍ਰਤਿਪਾਰੇ ॥ (105-3)
अपुने जीअ जंत प्रतिपारे ॥

ਜਿਉ ਬਾਰਿਕ ਮਾਤਾ ਸੰਮਾਰੇ ॥ (105-3)
जिउ बारिक माता संमारे ॥

ਦੁਖ ਭੰਜਨ ਸੁਖ ਸਾਗਰ ਸੁਆਮੀ ਦੇਤ ਸਗਲ ਆਹਾਰੇ ਜੀਉ ॥੨॥ (105-3)
दुख भंजन सुख सागर सुआमी देत सगल आहारे जीउ ॥२॥

ਜਲਿ ਥਲਿ ਪੂਰਿ ਰਹਿਆ ਮਿਹਰਵਾਨਾ ॥ (105-4)
जलि थलि पूरि रहिआ मिहरवाना ॥

ਸਦ ਬਲਿਹਾਰਿ ਜਾਈਐ ਕੁਰਬਾਨਾ ॥ (105-4)
सद बलिहारि जाईऐ कुरबाना ॥

ਰੈਣਿ ਦਿਨਸੁ ਤਿਸੁ ਸਦਾ ਧਿਆਈ ਜਿ ਖਿਨ ਮਹਿ ਸਗਲ ਉਧਾਰੇ ਜੀਉ ॥੩॥ (105-5)
रैणि दिनसु तिसु सदा धिआई जि खिन महि सगल उधारे जीउ ॥३॥

ਰਾਖਿ ਲੀਏ ਸਗਲੇ ਪ੍ਰਭਿ ਆਪੇ ॥ (105-5)
राखि लीए सगले प्रभि आपे ॥

ਉਤਰਿ ਗਏ ਸਭ ਸੋਗ ਸੰਤਾਪੇ ॥ (105-6)
उतरि गए सभ सोग संतापे ॥

ਨਾਮੁ ਜਪਤ ਮਨੁ ਤਨੁ ਹਰੀਆਵਲੁ ਪ੍ਰਭ ਨਾਨਕ ਨਦਰਿ ਨਿਹਾਰੇ ਜੀਉ ॥੪॥੨੯॥੩੬॥ (105-6)
नामु जपत मनु तनु हरीआवलु प्रभ नानक नदरि निहारे जीउ ॥४॥२९॥३६॥

ਮਾਝ ਮਹਲਾ ੫ ॥ (105-7)
माझ महला ५ ॥

ਜਿਥੈ ਨਾਮੁ ਜਪੀਐ ਪ੍ਰਭ ਪਿਆਰੇ ॥ (105-7)
जिथै नामु जपीऐ प्रभ पिआरे ॥

ਸੇ ਅਸਥਲ ਸੋਇਨ ਚਉਬਾਰੇ ॥ (105-7)
से असथल सोइन चउबारे ॥

ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ ਸੇਈ ਨਗਰ ਉਜਾੜੀ ਜੀਉ ॥੧॥ (105-7)
जिथै नामु न जपीऐ मेरे गोइदा सेई नगर उजाड़ी जीउ ॥१॥

ਹਰਿ ਰੁਖੀ ਰੋਟੀ ਖਾਇ ਸਮਾਲੇ ॥ (105-8)
हरि रुखी रोटी खाइ समाले ॥

ਹਰਿ ਅੰਤਰਿ ਬਾਹਰਿ ਨਦਰਿ ਨਿਹਾਲੇ ॥ (105-8)
हरि अंतरि बाहरि नदरि निहाले ॥

ਖਾਇ ਖਾਇ ਕਰੇ ਬਦਫੈਲੀ ਜਾਣੁ ਵਿਸੂ ਕੀ ਵਾੜੀ ਜੀਉ ॥੨॥ (105-9)
खाइ खाइ करे बदफैली जाणु विसू की वाड़ी जीउ ॥२॥

ਸੰਤਾ ਸੇਤੀ ਰੰਗੁ ਨ ਲਾਏ ॥ (105-9)
संता सेती रंगु न लाए ॥

ਸਾਕਤ ਸੰਗਿ ਵਿਕਰਮ ਕਮਾਏ ॥ (105-10)
साकत संगि विकरम कमाए ॥

ਦੁਲਭ ਦੇਹ ਖੋਈ ਅਗਿਆਨੀ ਜੜ ਅਪੁਣੀ ਆਪਿ ਉਪਾੜੀ ਜੀਉ ॥੩॥ (105-10)
दुलभ देह खोई अगिआनी जड़ अपुणी आपि उपाड़ी जीउ ॥३॥

ਤੇਰੀ ਸਰਣਿ ਮੇਰੇ ਦੀਨ ਦਇਆਲਾ ॥ (105-11)
तेरी सरणि मेरे दीन दइआला ॥

ਸੁਖ ਸਾਗਰ ਮੇਰੇ ਗੁਰ ਗੋਪਾਲਾ ॥ (105-11)
सुख सागर मेरे गुर गोपाला ॥

ਕਰਿ ਕਿਰਪਾ ਨਾਨਕੁ ਗੁਣ ਗਾਵੈ ਰਾਖਹੁ ਸਰਮ ਅਸਾੜੀ ਜੀਉ ॥੪॥੩੦॥੩੭॥ (105-11)
करि किरपा नानकु गुण गावै राखहु सरम असाड़ी जीउ ॥४॥३०॥३७॥

ਮਾਝ ਮਹਲਾ ੫ ॥ (105-12)
माझ महला ५ ॥

ਚਰਣ ਠਾਕੁਰ ਕੇ ਰਿਦੈ ਸਮਾਣੇ ॥ (105-12)
चरण ठाकुर के रिदै समाणे ॥

ਕਲਿ ਕਲੇਸ ਸਭ ਦੂਰਿ ਪਇਆਣੇ ॥ (105-12)
कलि कलेस सभ दूरि पइआणे ॥

ਸਾਂਤਿ ਸੂਖ ਸਹਜ ਧੁਨਿ ਉਪਜੀ ਸਾਧੂ ਸੰਗਿ ਨਿਵਾਸਾ ਜੀਉ ॥੧॥ (105-13)
सांति सूख सहज धुनि उपजी साधू संगि निवासा जीउ ॥१॥

ਲਾਗੀ ਪ੍ਰੀਤਿ ਨ ਤੂਟੈ ਮੂਲੇ ॥ (105-13)
लागी प्रीति न तूटै मूले ॥

ਹਰਿ ਅੰਤਰਿ ਬਾਹਰਿ ਰਹਿਆ ਭਰਪੂਰੇ ॥ (105-14)
हरि अंतरि बाहरि रहिआ भरपूरे ॥

ਸਿਮਰਿ ਸਿਮਰਿ ਸਿਮਰਿ ਗੁਣ ਗਾਵਾ ਕਾਟੀ ਜਮ ਕੀ ਫਾਸਾ ਜੀਉ ॥੨॥ (105-14)
सिमरि सिमरि सिमरि गुण गावा काटी जम की फासा जीउ ॥२॥

ਅੰਮ੍ਰਿਤੁ ਵਰਖੈ ਅਨਹਦ ਬਾਣੀ ॥ (105-15)
अमृतु वरखै अनहद बाणी ॥

ਮਨ ਤਨ ਅੰਤਰਿ ਸਾਂਤਿ ਸਮਾਣੀ ॥ (105-15)
मन तन अंतरि सांति समाणी ॥

ਤ੍ਰਿਪਤਿ ਅਘਾਇ ਰਹੇ ਜਨ ਤੇਰੇ ਸਤਿਗੁਰਿ ਕੀਆ ਦਿਲਾਸਾ ਜੀਉ ॥੩॥ (105-15)
त्रिपति अघाइ रहे जन तेरे सतिगुरि कीआ दिलासा जीउ ॥३॥

ਜਿਸ ਕਾ ਸਾ ਤਿਸ ਤੇ ਫਲੁ ਪਾਇਆ ॥ (105-16)
जिस का सा तिस ते फलु पाइआ ॥

ਕਰਿ ਕਿਰਪਾ ਪ੍ਰਭ ਸੰਗਿ ਮਿਲਾਇਆ ॥ (105-16)
करि किरपा प्रभ संगि मिलाइआ ॥

ਆਵਣ ਜਾਣ ਰਹੇ ਵਡਭਾਗੀ ਨਾਨਕ ਪੂਰਨ ਆਸਾ ਜੀਉ ॥੪॥੩੧॥੩੮॥ (105-17)
आवण जाण रहे वडभागी नानक पूरन आसा जीउ ॥४॥३१॥३८॥

ਮਾਝ ਮਹਲਾ ੫ ॥ (105-17)
माझ महला ५ ॥

ਮੀਹੁ ਪਇਆ ਪਰਮੇਸਰਿ ਪਾਇਆ ॥ (105-17)
मीहु पइआ परमेसरि पाइआ ॥

ਜੀਅ ਜੰਤ ਸਭਿ ਸੁਖੀ ਵਸਾਇਆ ॥ (105-18)
जीअ जंत सभि सुखी वसाइआ ॥

ਗਇਆ ਕਲੇਸੁ ਭਇਆ ਸੁਖੁ ਸਾਚਾ ਹਰਿ ਹਰਿ ਨਾਮੁ ਸਮਾਲੀ ਜੀਉ ॥੧॥ (105-18)
गइआ कलेसु भइआ सुखु साचा हरि हरि नामु समाली जीउ ॥१॥

ਜਿਸ ਕੇ ਸੇ ਤਿਨ ਹੀ ਪ੍ਰਤਿਪਾਰੇ ॥ (105-19)
जिस के से तिन ही प्रतिपारे ॥

ਪਾਰਬ੍ਰਹਮ ਪ੍ਰਭ ਭਏ ਰਖਵਾਰੇ ॥ (105-19)
पारब्रहम प्रभ भए रखवारे ॥

ਸੁਣੀ ਬੇਨੰਤੀ ਠਾਕੁਰਿ ਮੇਰੈ ਪੂਰਨ ਹੋਈ ਘਾਲੀ ਜੀਉ ॥੨॥ (105-19)
सुणी बेनंती ठाकुरि मेरै पूरन होई घाली जीउ ॥२॥

ਸਰਬ ਜੀਆ ਕਉ ਦੇਵਣਹਾਰਾ ॥ (106-1)
सरब जीआ कउ देवणहारा ॥

ਗੁਰ ਪਰਸਾਦੀ ਨਦਰਿ ਨਿਹਾਰਾ ॥ (106-1)
गुर परसादी नदरि निहारा ॥

ਜਲ ਥਲ ਮਹੀਅਲ ਸਭਿ ਤ੍ਰਿਪਤਾਣੇ ਸਾਧੂ ਚਰਨ ਪਖਾਲੀ ਜੀਉ ॥੩॥ (106-2)
जल थल महीअल सभि त्रिपताणे साधू चरन पखाली जीउ ॥३॥

ਮਨ ਕੀ ਇਛ ਪੁਜਾਵਣਹਾਰਾ ॥ (106-2)
मन की इछ पुजावणहारा ॥

ਸਦਾ ਸਦਾ ਜਾਈ ਬਲਿਹਾਰਾ ॥ (106-3)
सदा सदा जाई बलिहारा ॥

ਨਾਨਕ ਦਾਨੁ ਕੀਆ ਦੁਖ ਭੰਜਨਿ ਰਤੇ ਰੰਗਿ ਰਸਾਲੀ ਜੀਉ ॥੪॥੩੨॥੩੯॥ (106-3)
नानक दानु कीआ दुख भंजनि रते रंगि रसाली जीउ ॥४॥३२॥३९॥

ਮਾਝ ਮਹਲਾ ੫ ॥ (106-4)
माझ महला ५ ॥

ਮਨੁ ਤਨੁ ਤੇਰਾ ਧਨੁ ਭੀ ਤੇਰਾ ॥ (106-4)
मनु तनु तेरा धनु भी तेरा ॥

ਤੂੰ ਠਾਕੁਰੁ ਸੁਆਮੀ ਪ੍ਰਭੁ ਮੇਰਾ ॥ (106-4)
तूं ठाकुरु सुआमी प्रभु मेरा ॥

ਜੀਉ ਪਿੰਡੁ ਸਭੁ ਰਾਸਿ ਤੁਮਾਰੀ ਤੇਰਾ ਜੋਰੁ ਗੋਪਾਲਾ ਜੀਉ ॥੧॥ (106-4)
जीउ पिंडु सभु रासि तुमारी तेरा जोरु गोपाला जीउ ॥१॥

ਸਦਾ ਸਦਾ ਤੂੰਹੈ ਸੁਖਦਾਈ ॥ (106-5)
सदा सदा तूंहै सुखदाई ॥

ਨਿਵਿ ਨਿਵਿ ਲਾਗਾ ਤੇਰੀ ਪਾਈ ॥ (106-5)
निवि निवि लागा तेरी पाई ॥

ਕਾਰ ਕਮਾਵਾ ਜੇ ਤੁਧੁ ਭਾਵਾ ਜਾ ਤੂੰ ਦੇਹਿ ਦਇਆਲਾ ਜੀਉ ॥੨॥ (106-6)
कार कमावा जे तुधु भावा जा तूं देहि दइआला जीउ ॥२॥

ਪ੍ਰਭ ਤੁਮ ਤੇ ਲਹਣਾ ਤੂੰ ਮੇਰਾ ਗਹਣਾ ॥ (106-6)
प्रभ तुम ते लहणा तूं मेरा गहणा ॥

ਜੋ ਤੂੰ ਦੇਹਿ ਸੋਈ ਸੁਖੁ ਸਹਣਾ ॥ (106-7)
जो तूं देहि सोई सुखु सहणा ॥

ਜਿਥੈ ਰਖਹਿ ਬੈਕੁੰਠੁ ਤਿਥਾਈ ਤੂੰ ਸਭਨਾ ਕੇ ਪ੍ਰਤਿਪਾਲਾ ਜੀਉ ॥੩॥ (106-7)
जिथै रखहि बैकुंठु तिथाई तूं सभना के प्रतिपाला जीउ ॥३॥

ਸਿਮਰਿ ਸਿਮਰਿ ਨਾਨਕ ਸੁਖੁ ਪਾਇਆ ॥ (106-8)
सिमरि सिमरि नानक सुखु पाइआ ॥

ਆਠ ਪਹਰ ਤੇਰੇ ਗੁਣ ਗਾਇਆ ॥ (106-8)
आठ पहर तेरे गुण गाइआ ॥

ਸਗਲ ਮਨੋਰਥ ਪੂਰਨ ਹੋਏ ਕਦੇ ਨ ਹੋਇ ਦੁਖਾਲਾ ਜੀਉ ॥੪॥੩੩॥੪੦॥ (106-8)
सगल मनोरथ पूरन होए कदे न होइ दुखाला जीउ ॥४॥३३॥४०॥

ਮਾਝ ਮਹਲਾ ੫ ॥ (106-9)
माझ महला ५ ॥

ਪਾਰਬ੍ਰਹਮਿ ਪ੍ਰਭਿ ਮੇਘੁ ਪਠਾਇਆ ॥ (106-9)
पारब्रहमि प्रभि मेघु पठाइआ ॥

ਜਲਿ ਥਲਿ ਮਹੀਅਲਿ ਦਹ ਦਿਸਿ ਵਰਸਾਇਆ ॥ (106-9)
जलि थलि महीअलि दह दिसि वरसाइआ ॥

ਸਾਂਤਿ ਭਈ ਬੁਝੀ ਸਭ ਤ੍ਰਿਸਨਾ ਅਨਦੁ ਭਇਆ ਸਭ ਠਾਈ ਜੀਉ ॥੧॥ (106-10)
सांति भई बुझी सभ त्रिसना अनदु भइआ सभ ठाई जीउ ॥१॥

ਸੁਖਦਾਤਾ ਦੁਖ ਭੰਜਨਹਾਰਾ ॥ (106-11)
सुखदाता दुख भंजनहारा ॥

ਆਪੇ ਬਖਸਿ ਕਰੇ ਜੀਅ ਸਾਰਾ ॥ (106-11)
आपे बखसि करे जीअ सारा ॥

ਅਪਨੇ ਕੀਤੇ ਨੋ ਆਪਿ ਪ੍ਰਤਿਪਾਲੇ ਪਇ ਪੈਰੀ ਤਿਸਹਿ ਮਨਾਈ ਜੀਉ ॥੨॥ (106-11)
अपने कीते नो आपि प्रतिपाले पइ पैरी तिसहि मनाई जीउ ॥२॥

ਜਾ ਕੀ ਸਰਣਿ ਪਇਆ ਗਤਿ ਪਾਈਐ ॥ (106-12)
जा की सरणि पइआ गति पाईऐ ॥

ਸਾਸਿ ਸਾਸਿ ਹਰਿ ਨਾਮੁ ਧਿਆਈਐ ॥ (106-12)
सासि सासि हरि नामु धिआईऐ ॥

ਤਿਸੁ ਬਿਨੁ ਹੋਰੁ ਨ ਦੂਜਾ ਠਾਕੁਰੁ ਸਭ ਤਿਸੈ ਕੀਆ ਜਾਈ ਜੀਉ ॥੩॥ (106-13)
तिसु बिनु होरु न दूजा ठाकुरु सभ तिसै कीआ जाई जीउ ॥३॥

ਤੇਰਾ ਮਾਣੁ ਤਾਣੁ ਪ੍ਰਭ ਤੇਰਾ ॥ (106-13)
तेरा माणु ताणु प्रभ तेरा ॥

ਤੂੰ ਸਚਾ ਸਾਹਿਬੁ ਗੁਣੀ ਗਹੇਰਾ ॥ (106-13)
तूं सचा साहिबु गुणी गहेरा ॥

ਨਾਨਕੁ ਦਾਸੁ ਕਹੈ ਬੇਨੰਤੀ ਆਠ ਪਹਰ ਤੁਧੁ ਧਿਆਈ ਜੀਉ ॥੪॥੩੪॥੪੧॥ (106-14)
नानकु दासु कहै बेनंती आठ पहर तुधु धिआई जीउ ॥४॥३४॥४१॥

ਮਾਝ ਮਹਲਾ ੫ ॥ (106-15)
माझ महला ५ ॥

ਸਭੇ ਸੁਖ ਭਏ ਪ੍ਰਭ ਤੁਠੇ ॥ (106-15)
सभे सुख भए प्रभ तुठे ॥

ਗੁਰ ਪੂਰੇ ਕੇ ਚਰਣ ਮਨਿ ਵੁਠੇ ॥ (106-15)
गुर पूरे के चरण मनि वुठे ॥

ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ ॥੧॥ (106-15)
सहज समाधि लगी लिव अंतरि सो रसु सोई जाणै जीउ ॥१॥

ਅਗਮ ਅਗੋਚਰੁ ਸਾਹਿਬੁ ਮੇਰਾ ॥ (106-16)
अगम अगोचरु साहिबु मेरा ॥

ਘਟ ਘਟ ਅੰਤਰਿ ਵਰਤੈ ਨੇਰਾ ॥ (106-16)
घट घट अंतरि वरतै नेरा ॥

ਸਦਾ ਅਲਿਪਤੁ ਜੀਆ ਕਾ ਦਾਤਾ ਕੋ ਵਿਰਲਾ ਆਪੁ ਪਛਾਣੈ ਜੀਉ ॥੨॥ (106-16)
सदा अलिपतु जीआ का दाता को विरला आपु पछाणै जीउ ॥२॥

ਪ੍ਰਭ ਮਿਲਣੈ ਕੀ ਏਹ ਨੀਸਾਣੀ ॥ (106-17)
प्रभ मिलणै की एह नीसाणी ॥

ਮਨਿ ਇਕੋ ਸਚਾ ਹੁਕਮੁ ਪਛਾਣੀ ॥ (106-17)
मनि इको सचा हुकमु पछाणी ॥

ਸਹਜਿ ਸੰਤੋਖਿ ਸਦਾ ਤ੍ਰਿਪਤਾਸੇ ਅਨਦੁ ਖਸਮ ਕੈ ਭਾਣੈ ਜੀਉ ॥੩॥ (106-18)
सहजि संतोखि सदा त्रिपतासे अनदु खसम कै भाणै जीउ ॥३॥

ਹਥੀ ਦਿਤੀ ਪ੍ਰਭਿ ਦੇਵਣਹਾਰੈ ॥ (106-18)
हथी दिती प्रभि देवणहारै ॥

ਜਨਮ ਮਰਣ ਰੋਗ ਸਭਿ ਨਿਵਾਰੇ ॥ (106-19)
जनम मरण रोग सभि निवारे ॥

ਨਾਨਕ ਦਾਸ ਕੀਏ ਪ੍ਰਭਿ ਅਪੁਨੇ ਹਰਿ ਕੀਰਤਨਿ ਰੰਗ ਮਾਣੇ ਜੀਉ ॥੪॥੩੫॥੪੨॥ (106-19)
नानक दास कीए प्रभि अपुने हरि कीरतनि रंग माणे जीउ ॥४॥३५॥४२॥

ਮਾਝ ਮਹਲਾ ੫ ॥ (107-1)
माझ महला ५ ॥

ਕੀਨੀ ਦਇਆ ਗੋਪਾਲ ਗੁਸਾਈ ॥ (107-1)
कीनी दइआ गोपाल गुसाई ॥

ਗੁਰ ਕੇ ਚਰਣ ਵਸੇ ਮਨ ਮਾਹੀ ॥ (107-1)
गुर के चरण वसे मन माही ॥

ਅੰਗੀਕਾਰੁ ਕੀਆ ਤਿਨਿ ਕਰਤੈ ਦੁਖ ਕਾ ਡੇਰਾ ਢਾਹਿਆ ਜੀਉ ॥੧॥ (107-2)
अंगीकारु कीआ तिनि करतै दुख का डेरा ढाहिआ जीउ ॥१॥

ਮਨਿ ਤਨਿ ਵਸਿਆ ਸਚਾ ਸੋਈ ॥ (107-2)
मनि तनि वसिआ सचा सोई ॥

ਬਿਖੜਾ ਥਾਨੁ ਨ ਦਿਸੈ ਕੋਈ ॥ (107-2)
बिखड़ा थानु न दिसै कोई ॥

ਦੂਤ ਦੁਸਮਣ ਸਭਿ ਸਜਣ ਹੋਏ ਏਕੋ ਸੁਆਮੀ ਆਹਿਆ ਜੀਉ ॥੨॥ (107-3)
दूत दुसमण सभि सजण होए एको सुआमी आहिआ जीउ ॥२॥

ਜੋ ਕਿਛੁ ਕਰੇ ਸੁ ਆਪੇ ਆਪੈ ॥ (107-3)
जो किछु करे सु आपे आपै ॥

ਬੁਧਿ ਸਿਆਣਪ ਕਿਛੂ ਨ ਜਾਪੈ ॥ (107-4)
बुधि सिआणप किछू न जापै ॥

ਆਪਣਿਆ ਸੰਤਾ ਨੋ ਆਪਿ ਸਹਾਈ ਪ੍ਰਭਿ ਭਰਮ ਭੁਲਾਵਾ ਲਾਹਿਆ ਜੀਉ ॥੩॥ (107-4)
आपणिआ संता नो आपि सहाई प्रभि भरम भुलावा लाहिआ जीउ ॥३॥

ਚਰਣ ਕਮਲ ਜਨ ਕਾ ਆਧਾਰੋ ॥ (107-5)
चरण कमल जन का आधारो ॥

ਆਠ ਪਹਰ ਰਾਮ ਨਾਮੁ ਵਾਪਾਰੋ ॥ (107-5)
आठ पहर राम नामु वापारो ॥

ਸਹਜ ਅਨੰਦ ਗਾਵਹਿ ਗੁਣ ਗੋਵਿੰਦ ਪ੍ਰਭ ਨਾਨਕ ਸਰਬ ਸਮਾਹਿਆ ਜੀਉ ॥੪॥੩੬॥੪੩॥ (107-5)
सहज अनंद गावहि गुण गोविंद प्रभ नानक सरब समाहिआ जीउ ॥४॥३६॥४३॥

ਮਾਝ ਮਹਲਾ ੫ ॥ (107-6)
माझ महला ५ ॥

ਸੋ ਸਚੁ ਮੰਦਰੁ ਜਿਤੁ ਸਚੁ ਧਿਆਈਐ ॥ (107-6)
सो सचु मंदरु जितु सचु धिआईऐ ॥

ਸੋ ਰਿਦਾ ਸੁਹੇਲਾ ਜਿਤੁ ਹਰਿ ਗੁਣ ਗਾਈਐ ॥ (107-7)
सो रिदा सुहेला जितु हरि गुण गाईऐ ॥

ਸਾ ਧਰਤਿ ਸੁਹਾਵੀ ਜਿਤੁ ਵਸਹਿ ਹਰਿ ਜਨ ਸਚੇ ਨਾਮ ਵਿਟਹੁ ਕੁਰਬਾਣੋ ਜੀਉ ॥੧॥ (107-7)
सा धरति सुहावी जितु वसहि हरि जन सचे नाम विटहु कुरबाणो जीउ ॥१॥

ਸਚੁ ਵਡਾਈ ਕੀਮ ਨ ਪਾਈ ॥ (107-8)
सचु वडाई कीम न पाई ॥

ਕੁਦਰਤਿ ਕਰਮੁ ਨ ਕਹਣਾ ਜਾਈ ॥ (107-8)
कुदरति करमु न कहणा जाई ॥

ਧਿਆਇ ਧਿਆਇ ਜੀਵਹਿ ਜਨ ਤੇਰੇ ਸਚੁ ਸਬਦੁ ਮਨਿ ਮਾਣੋ ਜੀਉ ॥੨॥ (107-8)
धिआइ धिआइ जीवहि जन तेरे सचु सबदु मनि माणो जीउ ॥२॥

ਸਚੁ ਸਾਲਾਹਣੁ ਵਡਭਾਗੀ ਪਾਈਐ ॥ (107-9)
सचु सालाहणु वडभागी पाईऐ ॥

ਗੁਰ ਪਰਸਾਦੀ ਹਰਿ ਗੁਣ ਗਾਈਐ ॥ (107-10)
गुर परसादी हरि गुण गाईऐ ॥

ਰੰਗਿ ਰਤੇ ਤੇਰੈ ਤੁਧੁ ਭਾਵਹਿ ਸਚੁ ਨਾਮੁ ਨੀਸਾਣੋ ਜੀਉ ॥੩॥ (107-10)
रंगि रते तेरै तुधु भावहि सचु नामु नीसाणो जीउ ॥३॥

ਸਚੇ ਅੰਤੁ ਨ ਜਾਣੈ ਕੋਈ ॥ (107-10)
सचे अंतु न जाणै कोई ॥

ਥਾਨਿ ਥਨੰਤਰਿ ਸਚਾ ਸੋਈ ॥ (107-11)
थानि थनंतरि सचा सोई ॥

ਨਾਨਕ ਸਚੁ ਧਿਆਈਐ ਸਦ ਹੀ ਅੰਤਰਜਾਮੀ ਜਾਣੋ ਜੀਉ ॥੪॥੩੭॥੪੪॥ (107-11)
नानक सचु धिआईऐ सद ही अंतरजामी जाणो जीउ ॥४॥३७॥४४॥

ਮਾਝ ਮਹਲਾ ੫ ॥ (107-12)
माझ महला ५ ॥

ਰੈਣਿ ਸੁਹਾਵੜੀ ਦਿਨਸੁ ਸੁਹੇਲਾ ॥ (107-12)
रैणि सुहावड़ी दिनसु सुहेला ॥

ਜਪਿ ਅੰਮ੍ਰਿਤ ਨਾਮੁ ਸੰਤਸੰਗਿ ਮੇਲਾ ॥ (107-12)
जपि अमृत नामु संतसंगि मेला ॥

ਘੜੀ ਮੂਰਤ ਸਿਮਰਤ ਪਲ ਵੰਞਹਿ ਜੀਵਣੁ ਸਫਲੁ ਤਿਥਾਈ ਜੀਉ ॥੧॥ (107-12)
घड़ी मूरत सिमरत पल वंञहि जीवणु सफलु तिथाई जीउ ॥१॥

ਸਿਮਰਤ ਨਾਮੁ ਦੋਖ ਸਭਿ ਲਾਥੇ ॥ (107-13)
सिमरत नामु दोख सभि लाथे ॥

ਅੰਤਰਿ ਬਾਹਰਿ ਹਰਿ ਪ੍ਰਭੁ ਸਾਥੇ ॥ (107-13)
अंतरि बाहरि हरि प्रभु साथे ॥

ਭੈ ਭਉ ਭਰਮੁ ਖੋਇਆ ਗੁਰਿ ਪੂਰੈ ਦੇਖਾ ਸਭਨੀ ਜਾਈ ਜੀਉ ॥੨॥ (107-14)
भै भउ भरमु खोइआ गुरि पूरै देखा सभनी जाई जीउ ॥२॥

ਪ੍ਰਭੁ ਸਮਰਥੁ ਵਡ ਊਚ ਅਪਾਰਾ ॥ (107-14)
प्रभु समरथु वड ऊच अपारा ॥

ਨਉ ਨਿਧਿ ਨਾਮੁ ਭਰੇ ਭੰਡਾਰਾ ॥ (107-15)
नउ निधि नामु भरे भंडारा ॥

ਆਦਿ ਅੰਤਿ ਮਧਿ ਪ੍ਰਭੁ ਸੋਈ ਦੂਜਾ ਲਵੈ ਨ ਲਾਈ ਜੀਉ ॥੩॥ (107-15)
आदि अंति मधि प्रभु सोई दूजा लवै न लाई जीउ ॥३॥

ਕਰਿ ਕਿਰਪਾ ਮੇਰੇ ਦੀਨ ਦਇਆਲਾ ॥ (107-16)
करि किरपा मेरे दीन दइआला ॥

ਜਾਚਿਕੁ ਜਾਚੈ ਸਾਧ ਰਵਾਲਾ ॥ (107-16)
जाचिकु जाचै साध रवाला ॥

ਦੇਹਿ ਦਾਨੁ ਨਾਨਕੁ ਜਨੁ ਮਾਗੈ ਸਦਾ ਸਦਾ ਹਰਿ ਧਿਆਈ ਜੀਉ ॥੪॥੩੮॥੪੫॥ (107-16)
देहि दानु नानकु जनु मागै सदा सदा हरि धिआई जीउ ॥४॥३८॥४५॥

ਮਾਝ ਮਹਲਾ ੫ ॥ (107-17)
माझ महला ५ ॥

ਐਥੈ ਤੂੰਹੈ ਆਗੈ ਆਪੇ ॥ (107-17)
ऐथै तूंहै आगै आपे ॥

ਜੀਅ ਜੰਤ੍ਰ ਸਭਿ ਤੇਰੇ ਥਾਪੇ ॥ (107-17)
जीअ जंत्र सभि तेरे थापे ॥

ਤੁਧੁ ਬਿਨੁ ਅਵਰੁ ਨ ਕੋਈ ਕਰਤੇ ਮੈ ਧਰ ਓਟ ਤੁਮਾਰੀ ਜੀਉ ॥੧॥ (107-18)
तुधु बिनु अवरु न कोई करते मै धर ओट तुमारी जीउ ॥१॥

ਰਸਨਾ ਜਪਿ ਜਪਿ ਜੀਵੈ ਸੁਆਮੀ ॥ (107-18)
रसना जपि जपि जीवै सुआमी ॥

ਪਾਰਬ੍ਰਹਮ ਪ੍ਰਭ ਅੰਤਰਜਾਮੀ ॥ (107-18)
पारब्रहम प्रभ अंतरजामी ॥

ਜਿਨਿ ਸੇਵਿਆ ਤਿਨ ਹੀ ਸੁਖੁ ਪਾਇਆ ਸੋ ਜਨਮੁ ਨ ਜੂਐ ਹਾਰੀ ਜੀਉ ॥੨॥ (107-19)
जिनि सेविआ तिन ही सुखु पाइआ सो जनमु न जूऐ हारी जीउ ॥२॥

ਨਾਮੁ ਅਵਖਧੁ ਜਿਨਿ ਜਨ ਤੇਰੈ ਪਾਇਆ ॥ (107-19)
नामु अवखधु जिनि जन तेरै पाइआ ॥

ਜਨਮ ਜਨਮ ਕਾ ਰੋਗੁ ਗਵਾਇਆ ॥ (108-1)
जनम जनम का रोगु गवाइआ ॥

ਹਰਿ ਕੀਰਤਨੁ ਗਾਵਹੁ ਦਿਨੁ ਰਾਤੀ ਸਫਲ ਏਹਾ ਹੈ ਕਾਰੀ ਜੀਉ ॥੩॥ (108-1)
हरि कीरतनु गावहु दिनु राती सफल एहा है कारी जीउ ॥३॥

ਦ੍ਰਿਸਟਿ ਧਾਰਿ ਅਪਨਾ ਦਾਸੁ ਸਵਾਰਿਆ ॥ (108-2)
द्रिसटि धारि अपना दासु सवारिआ ॥

ਘਟ ਘਟ ਅੰਤਰਿ ਪਾਰਬ੍ਰਹਮੁ ਨਮਸਕਾਰਿਆ ॥ (108-2)
घट घट अंतरि पारब्रहमु नमसकारिआ ॥

ਇਕਸੁ ਵਿਣੁ ਹੋਰੁ ਦੂਜਾ ਨਾਹੀ ਬਾਬਾ ਨਾਨਕ ਇਹ ਮਤਿ ਸਾਰੀ ਜੀਉ ॥੪॥੩੯॥੪੬॥ (108-3)
इकसु विणु होरु दूजा नाही बाबा नानक इह मति सारी जीउ ॥४॥३९॥४६॥

ਮਾਝ ਮਹਲਾ ੫ ॥ (108-4)
माझ महला ५ ॥

ਮਨੁ ਤਨੁ ਰਤਾ ਰਾਮ ਪਿਆਰੇ ॥ (108-4)
मनु तनु रता राम पिआरे ॥

ਸਰਬਸੁ ਦੀਜੈ ਅਪਨਾ ਵਾਰੇ ॥ (108-4)
सरबसु दीजै अपना वारे ॥

ਆਠ ਪਹਰ ਗੋਵਿੰਦ ਗੁਣ ਗਾਈਐ ਬਿਸਰੁ ਨ ਕੋਈ ਸਾਸਾ ਜੀਉ ॥੧॥ (108-4)
आठ पहर गोविंद गुण गाईऐ बिसरु न कोई सासा जीउ ॥१॥

ਸੋਈ ਸਾਜਨ ਮੀਤੁ ਪਿਆਰਾ ॥ (108-5)
सोई साजन मीतु पिआरा ॥

ਰਾਮ ਨਾਮੁ ਸਾਧਸੰਗਿ ਬੀਚਾਰਾ ॥ (108-5)
राम नामु साधसंगि बीचारा ॥

ਸਾਧੂ ਸੰਗਿ ਤਰੀਜੈ ਸਾਗਰੁ ਕਟੀਐ ਜਮ ਕੀ ਫਾਸਾ ਜੀਉ ॥੨॥ (108-6)
साधू संगि तरीजै सागरु कटीऐ जम की फासा जीउ ॥२॥

ਚਾਰਿ ਪਦਾਰਥ ਹਰਿ ਕੀ ਸੇਵਾ ॥ (108-6)
चारि पदारथ हरि की सेवा ॥

ਪਾਰਜਾਤੁ ਜਪਿ ਅਲਖ ਅਭੇਵਾ ॥ (108-6)
पारजातु जपि अलख अभेवा ॥

ਕਾਮੁ ਕ੍ਰੋਧੁ ਕਿਲਬਿਖ ਗੁਰਿ ਕਾਟੇ ਪੂਰਨ ਹੋਈ ਆਸਾ ਜੀਉ ॥੩॥ (108-7)
कामु क्रोधु किलबिख गुरि काटे पूरन होई आसा जीउ ॥३॥

ਪੂਰਨ ਭਾਗ ਭਏ ਜਿਸੁ ਪ੍ਰਾਣੀ ॥ (108-7)
पूरन भाग भए जिसु प्राणी ॥

ਸਾਧਸੰਗਿ ਮਿਲੇ ਸਾਰੰਗਪਾਣੀ ॥ (108-8)
साधसंगि मिले सारंगपाणी ॥

ਨਾਨਕ ਨਾਮੁ ਵਸਿਆ ਜਿਸੁ ਅੰਤਰਿ ਪਰਵਾਣੁ ਗਿਰਸਤ ਉਦਾਸਾ ਜੀਉ ॥੪॥੪੦॥੪੭॥ (108-8)
नानक नामु वसिआ जिसु अंतरि परवाणु गिरसत उदासा जीउ ॥४॥४०॥४७॥

ਮਾਝ ਮਹਲਾ ੫ ॥ (108-9)
माझ महला ५ ॥

ਸਿਮਰਤ ਨਾਮੁ ਰਿਦੈ ਸੁਖੁ ਪਾਇਆ ॥ (108-9)
सिमरत नामु रिदै सुखु पाइआ ॥

ਕਰਿ ਕਿਰਪਾ ਭਗਤੀ ਪ੍ਰਗਟਾਇਆ ॥ (108-9)
करि किरपा भगती प्रगटाइआ ॥

ਸੰਤਸੰਗਿ ਮਿਲਿ ਹਰਿ ਹਰਿ ਜਪਿਆ ਬਿਨਸੇ ਆਲਸ ਰੋਗਾ ਜੀਉ ॥੧॥ (108-10)
संतसंगि मिलि हरि हरि जपिआ बिनसे आलस रोगा जीउ ॥१॥

ਜਾ ਕੈ ਗ੍ਰਿਹਿ ਨਵ ਨਿਧਿ ਹਰਿ ਭਾਈ ॥ (108-10)
जा कै ग्रिहि नव निधि हरि भाई ॥

ਤਿਸੁ ਮਿਲਿਆ ਜਿਸੁ ਪੁਰਬ ਕਮਾਈ ॥ (108-11)
तिसु मिलिआ जिसु पुरब कमाई ॥

ਗਿਆਨ ਧਿਆਨ ਪੂਰਨ ਪਰਮੇਸੁਰ ਪ੍ਰਭੁ ਸਭਨਾ ਗਲਾ ਜੋਗਾ ਜੀਉ ॥੨॥ (108-11)
गिआन धिआन पूरन परमेसुर प्रभु सभना गला जोगा जीउ ॥२॥

ਖਿਨ ਮਹਿ ਥਾਪਿ ਉਥਾਪਨਹਾਰਾ ॥ (108-12)
खिन महि थापि उथापनहारा ॥

ਆਪਿ ਇਕੰਤੀ ਆਪਿ ਪਸਾਰਾ ॥ (108-12)
आपि इकंती आपि पसारा ॥

ਲੇਪੁ ਨਹੀ ਜਗਜੀਵਨ ਦਾਤੇ ਦਰਸਨ ਡਿਠੇ ਲਹਨਿ ਵਿਜੋਗਾ ਜੀਉ ॥੩॥ (108-12)
लेपु नही जगजीवन दाते दरसन डिठे लहनि विजोगा जीउ ॥३॥

ਅੰਚਲਿ ਲਾਇ ਸਭ ਸਿਸਟਿ ਤਰਾਈ ॥ (108-13)
अंचलि लाइ सभ सिसटि तराई ॥

ਆਪਣਾ ਨਾਉ ਆਪਿ ਜਪਾਈ ॥ (108-13)
आपणा नाउ आपि जपाई ॥

ਗੁਰ ਬੋਹਿਥੁ ਪਾਇਆ ਕਿਰਪਾ ਤੇ ਨਾਨਕ ਧੁਰਿ ਸੰਜੋਗਾ ਜੀਉ ॥੪॥੪੧॥੪੮॥ (108-14)
गुर बोहिथु पाइआ किरपा ते नानक धुरि संजोगा जीउ ॥४॥४१॥४८॥

ਮਾਝ ਮਹਲਾ ੫ ॥ (108-14)
माझ महला ५ ॥

ਸੋਈ ਕਰਣਾ ਜਿ ਆਪਿ ਕਰਾਏ ॥ (108-15)
सोई करणा जि आपि कराए ॥

ਜਿਥੈ ਰਖੈ ਸਾ ਭਲੀ ਜਾਏ ॥ (108-15)
जिथै रखै सा भली जाए ॥

ਸੋਈ ਸਿਆਣਾ ਸੋ ਪਤਿਵੰਤਾ ਹੁਕਮੁ ਲਗੈ ਜਿਸੁ ਮੀਠਾ ਜੀਉ ॥੧॥ (108-15)
सोई सिआणा सो पतिवंता हुकमु लगै जिसु मीठा जीउ ॥१॥

ਸਭ ਪਰੋਈ ਇਕਤੁ ਧਾਗੈ ॥ (108-16)
सभ परोई इकतु धागै ॥

ਜਿਸੁ ਲਾਇ ਲਏ ਸੋ ਚਰਣੀ ਲਾਗੈ ॥ (108-16)
जिसु लाइ लए सो चरणी लागै ॥

ਊਂਧ ਕਵਲੁ ਜਿਸੁ ਹੋਇ ਪ੍ਰਗਾਸਾ ਤਿਨਿ ਸਰਬ ਨਿਰੰਜਨੁ ਡੀਠਾ ਜੀਉ ॥੨॥ (108-16)
ऊंध कवलु जिसु होइ प्रगासा तिनि सरब निरंजनु डीठा जीउ ॥२॥

ਤੇਰੀ ਮਹਿਮਾ ਤੂੰਹੈ ਜਾਣਹਿ ॥ (108-17)
तेरी महिमा तूंहै जाणहि ॥

ਅਪਣਾ ਆਪੁ ਤੂੰ ਆਪਿ ਪਛਾਣਹਿ ॥ (108-17)
अपणा आपु तूं आपि पछाणहि ॥

ਹਉ ਬਲਿਹਾਰੀ ਸੰਤਨ ਤੇਰੇ ਜਿਨਿ ਕਾਮੁ ਕ੍ਰੋਧੁ ਲੋਭੁ ਪੀਠਾ ਜੀਉ ॥੩॥ (108-18)
हउ बलिहारी संतन तेरे जिनि कामु क्रोधु लोभु पीठा जीउ ॥३॥

ਤੂੰ ਨਿਰਵੈਰੁ ਸੰਤ ਤੇਰੇ ਨਿਰਮਲ ॥ (108-18)
तूं निरवैरु संत तेरे निरमल ॥

ਜਿਨ ਦੇਖੇ ਸਭ ਉਤਰਹਿ ਕਲਮਲ ॥ (108-19)
जिन देखे सभ उतरहि कलमल ॥

ਨਾਨਕ ਨਾਮੁ ਧਿਆਇ ਧਿਆਇ ਜੀਵੈ ਬਿਨਸਿਆ ਭ੍ਰਮੁ ਭਉ ਧੀਠਾ ਜੀਉ ॥੪॥੪੨॥੪੯॥ (108-19)
नानक नामु धिआइ धिआइ जीवै बिनसिआ भ्रमु भउ धीठा जीउ ॥४॥४२॥४९॥

ਮਾਂਝ ਮਹਲਾ ੫ ॥ (109-1)
मांझ महला ५ ॥

ਝੂਠਾ ਮੰਗਣੁ ਜੇ ਕੋਈ ਮਾਗੈ ॥ (109-1)
झूठा मंगणु जे कोई मागै ॥

ਤਿਸ ਕਉ ਮਰਤੇ ਘੜੀ ਨ ਲਾਗੈ ॥ (109-1)
तिस कउ मरते घड़ी न लागै ॥

ਪਾਰਬ੍ਰਹਮੁ ਜੋ ਸਦ ਹੀ ਸੇਵੈ ਸੋ ਗੁਰ ਮਿਲਿ ਨਿਹਚਲੁ ਕਹਣਾ ॥੧॥ (109-2)
पारब्रहमु जो सद ही सेवै सो गुर मिलि निहचलु कहणा ॥१॥

ਪ੍ਰੇਮ ਭਗਤਿ ਜਿਸ ਕੈ ਮਨਿ ਲਾਗੀ ॥ (109-2)
प्रेम भगति जिस कै मनि लागी ॥

ਗੁਣ ਗਾਵੈ ਅਨਦਿਨੁ ਨਿਤਿ ਜਾਗੀ ॥ (109-3)
गुण गावै अनदिनु निति जागी ॥

ਬਾਹ ਪਕੜਿ ਤਿਸੁ ਸੁਆਮੀ ਮੇਲੈ ਜਿਸ ਕੈ ਮਸਤਕਿ ਲਹਣਾ ॥੨॥ (109-3)
बाह पकड़ि तिसु सुआमी मेलै जिस कै मसतकि लहणा ॥२॥

ਚਰਨ ਕਮਲ ਭਗਤਾਂ ਮਨਿ ਵੁਠੇ ॥ (109-4)
चरन कमल भगतां मनि वुठे ॥

ਵਿਣੁ ਪਰਮੇਸਰ ਸਗਲੇ ਮੁਠੇ ॥ (109-4)
विणु परमेसर सगले मुठे ॥

ਸੰਤ ਜਨਾਂ ਕੀ ਧੂੜਿ ਨਿਤ ਬਾਂਛਹਿ ਨਾਮੁ ਸਚੇ ਕਾ ਗਹਣਾ ॥੩॥ (109-4)
संत जनां की धूड़ि नित बांछहि नामु सचे का गहणा ॥३॥

ਊਠਤ ਬੈਠਤ ਹਰਿ ਹਰਿ ਗਾਈਐ ॥ (109-5)
ऊठत बैठत हरि हरि गाईऐ ॥

ਜਿਸੁ ਸਿਮਰਤ ਵਰੁ ਨਿਹਚਲੁ ਪਾਈਐ ॥ (109-5)
जिसु सिमरत वरु निहचलु पाईऐ ॥

ਨਾਨਕ ਕਉ ਪ੍ਰਭ ਹੋਇ ਦਇਆਲਾ ਤੇਰਾ ਕੀਤਾ ਸਹਣਾ ॥੪॥੪੩॥੫੦॥ (109-6)
नानक कउ प्रभ होइ दइआला तेरा कीता सहणा ॥४॥४३॥५०॥

ਰਾਗੁ ਮਾਝ ਅਸਟਪਦੀਆ ਮਹਲਾ ੧ ਘਰੁ ੧ (109-7)
रागु माझ असटपदीआ महला १ घरु १

ੴ ਸਤਿਗੁਰ ਪ੍ਰਸਾਦਿ ॥ (109-7)
ੴ सतिगुर प्रसादि ॥

ਸਬਦਿ ਰੰਗਾਏ ਹੁਕਮਿ ਸਬਾਏ ॥ (109-8)
सबदि रंगाए हुकमि सबाए ॥

ਸਚੀ ਦਰਗਹ ਮਹਲਿ ਬੁਲਾਏ ॥ (109-8)
सची दरगह महलि बुलाए ॥

ਸਚੇ ਦੀਨ ਦਇਆਲ ਮੇਰੇ ਸਾਹਿਬਾ ਸਚੇ ਮਨੁ ਪਤੀਆਵਣਿਆ ॥੧॥ (109-8)
सचे दीन दइआल मेरे साहिबा सचे मनु पतीआवणिआ ॥१॥

ਹਉ ਵਾਰੀ ਜੀਉ ਵਾਰੀ ਸਬਦਿ ਸੁਹਾਵਣਿਆ ॥ (109-9)
हउ वारी जीउ वारी सबदि सुहावणिआ ॥

ਅੰਮ੍ਰਿਤ ਨਾਮੁ ਸਦਾ ਸੁਖਦਾਤਾ ਗੁਰਮਤੀ ਮੰਨਿ ਵਸਾਵਣਿਆ ॥੧॥ ਰਹਾਉ ॥ (109-10)
अमृत नामु सदा सुखदाता गुरमती मंनि वसावणिआ ॥१॥ रहाउ ॥

ਨਾ ਕੋ ਮੇਰਾ ਹਉ ਕਿਸੁ ਕੇਰਾ ॥ (109-10)
ना को मेरा हउ किसु केरा ॥

ਸਾਚਾ ਠਾਕੁਰੁ ਤ੍ਰਿਭਵਣਿ ਮੇਰਾ ॥ (109-11)
साचा ठाकुरु त्रिभवणि मेरा ॥

ਹਉਮੈ ਕਰਿ ਕਰਿ ਜਾਇ ਘਣੇਰੀ ਕਰਿ ਅਵਗਣ ਪਛੋਤਾਵਣਿਆ ॥੨॥ (109-11)
हउमै करि करि जाइ घणेरी करि अवगण पछोतावणिआ ॥२॥

ਹੁਕਮੁ ਪਛਾਣੈ ਸੁ ਹਰਿ ਗੁਣ ਵਖਾਣੈ ॥ (109-12)
हुकमु पछाणै सु हरि गुण वखाणै ॥

ਗੁਰ ਕੈ ਸਬਦਿ ਨਾਮਿ ਨੀਸਾਣੈ ॥ (109-12)
गुर कै सबदि नामि नीसाणै ॥

ਸਭਨਾ ਕਾ ਦਰਿ ਲੇਖਾ ਸਚੈ ਛੂਟਸਿ ਨਾਮਿ ਸੁਹਾਵਣਿਆ ॥੩॥ (109-12)
सभना का दरि लेखा सचै छूटसि नामि सुहावणिआ ॥३॥

ਮਨਮੁਖ ਭੂਲਾ ਠਉਰੁ ਨ ਪਾਏ ॥ (109-13)
मनमुखु भूला ठउरु न पाए ॥

ਜਮ ਦਰਿ ਬਧਾ ਚੋਟਾ ਖਾਏ ॥ (109-13)
जम दरि बधा चोटा खाए ॥

ਬਿਨੁ ਨਾਵੈ ਕੋ ਸੰਗਿ ਨ ਸਾਥੀ ਮੁਕਤੇ ਨਾਮੁ ਧਿਆਵਣਿਆ ॥੪॥ (109-13)
बिनु नावै को संगि न साथी मुकते नामु धिआवणिआ ॥४॥

ਸਾਕਤ ਕੂੜੇ ਸਚੁ ਨ ਭਾਵੈ ॥ (109-14)
साकत कूड़े सचु न भावै ॥

ਦੁਬਿਧਾ ਬਾਧਾ ਆਵੈ ਜਾਵੈ ॥ (109-14)
दुबिधा बाधा आवै जावै ॥

ਲਿਖਿਆ ਲੇਖੁ ਨ ਮੇਟੈ ਕੋਈ ਗੁਰਮੁਖਿ ਮੁਕਤਿ ਕਰਾਵਣਿਆ ॥੫॥ (109-15)
लिखिआ लेखु न मेटै कोई गुरमुखि मुकति करावणिआ ॥५॥

ਪੇਈਅੜੈ ਪਿਰੁ ਜਾਤੋ ਨਾਹੀ ॥ (109-15)
पेईअड़ै पिरु जातो नाही ॥

ਝੂਠਿ ਵਿਛੁੰਨੀ ਰੋਵੈ ਧਾਹੀ ॥ (109-16)
झूठि विछुंनी रोवै धाही ॥

ਅਵਗਣਿ ਮੁਠੀ ਮਹਲੁ ਨ ਪਾਏ ਅਵਗਣ ਗੁਣਿ ਬਖਸਾਵਣਿਆ ॥੬॥ (109-16)
अवगणि मुठी महलु न पाए अवगण गुणि बखसावणिआ ॥६॥

ਪੇਈਅੜੈ ਜਿਨਿ ਜਾਤਾ ਪਿਆਰਾ ॥ (109-17)
पेईअड़ै जिनि जाता पिआरा ॥

ਗੁਰਮੁਖਿ ਬੂਝੈ ਤਤੁ ਬੀਚਾਰਾ ॥ (109-17)
गुरमुखि बूझै ततु बीचारा ॥

ਆਵਣੁ ਜਾਣਾ ਠਾਕਿ ਰਹਾਏ ਸਚੈ ਨਾਮਿ ਸਮਾਵਣਿਆ ॥੭॥ (109-17)
आवणु जाणा ठाकि रहाए सचै नामि समावणिआ ॥७॥

ਗੁਰਮੁਖਿ ਬੂਝੈ ਅਕਥੁ ਕਹਾਵੈ ॥ (109-18)
गुरमुखि बूझै अकथु कहावै ॥

ਸਚੇ ਠਾਕੁਰ ਸਾਚੋ ਭਾਵੈ ॥ (109-18)
सचे ठाकुर साचो भावै ॥

ਨਾਨਕ ਸਚੁ ਕਹੈ ਬੇਨੰਤੀ ਸਚੁ ਮਿਲੈ ਗੁਣ ਗਾਵਣਿਆ ॥੮॥੧॥ (109-19)
नानक सचु कहै बेनंती सचु मिलै गुण गावणिआ ॥८॥१॥

ਮਾਝ ਮਹਲਾ ੩ ਘਰੁ ੧ ॥ (109-19)
माझ महला ३ घरु १ ॥

ਕਰਮੁ ਹੋਵੈ ਸਤਿਗੁਰੂ ਮਿਲਾਏ ॥ (109-19)
करमु होवै सतिगुरू मिलाए ॥

ਸੇਵਾ ਸੁਰਤਿ ਸਬਦਿ ਚਿਤੁ ਲਾਏ ॥ (110-1)
सेवा सुरति सबदि चितु लाए ॥

ਹਉਮੈ ਮਾਰਿ ਸਦਾ ਸੁਖੁ ਪਾਇਆ ਮਾਇਆ ਮੋਹੁ ਚੁਕਾਵਣਿਆ ॥੧॥ (110-1)
हउमै मारि सदा सुखु पाइआ माइआ मोहु चुकावणिआ ॥१॥

ਹਉ ਵਾਰੀ ਜੀਉ ਵਾਰੀ ਸਤਿਗੁਰ ਕੈ ਬਲਿਹਾਰਣਿਆ ॥ (110-2)
हउ वारी जीउ वारी सतिगुर कै बलिहारणिआ ॥

ਗੁਰਮਤੀ ਪਰਗਾਸੁ ਹੋਆ ਜੀ ਅਨਦਿਨੁ ਹਰਿ ਗੁਣ ਗਾਵਣਿਆ ॥੧॥ ਰਹਾਉ ॥ (110-2)
गुरमती परगासु होआ जी अनदिनु हरि गुण गावणिआ ॥१॥ रहाउ ॥

ਤਨੁ ਮਨੁ ਖੋਜੇ ਤਾ ਨਾਉ ਪਾਏ ॥ (110-3)
तनु मनु खोजे ता नाउ पाए ॥

ਧਾਵਤੁ ਰਾਖੈ ਠਾਕਿ ਰਹਾਏ ॥ (110-3)
धावतु राखै ठाकि रहाए ॥

ਗੁਰ ਕੀ ਬਾਣੀ ਅਨਦਿਨੁ ਗਾਵੈ ਸਹਜੇ ਭਗਤਿ ਕਰਾਵਣਿਆ ॥੨॥ (110-4)
गुर की बाणी अनदिनु गावै सहजे भगति करावणिआ ॥२॥

ਇਸੁ ਕਾਇਆ ਅੰਦਰਿ ਵਸਤੁ ਅਸੰਖਾ ॥ (110-4)
इसु काइआ अंदरि वसतु असंखा ॥

ਗੁਰਮੁਖਿ ਸਾਚੁ ਮਿਲੈ ਤਾ ਵੇਖਾ ॥ (110-5)
गुरमुखि साचु मिलै ता वेखा ॥

ਨਉ ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ ॥੩॥ (110-5)
नउ दरवाजे दसवै मुकता अनहद सबदु वजावणिआ ॥३॥

ਸਚਾ ਸਾਹਿਬੁ ਸਚੀ ਨਾਈ ॥ (110-5)
सचा साहिबु सची नाई ॥

ਗੁਰ ਪਰਸਾਦੀ ਮੰਨਿ ਵਸਾਈ ॥ (110-6)
गुर परसादी मंनि वसाई ॥

ਅਨਦਿਨੁ ਸਦਾ ਰਹੈ ਰੰਗਿ ਰਾਤਾ ਦਰਿ ਸਚੈ ਸੋਝੀ ਪਾਵਣਿਆ ॥੪॥ (110-6)
अनदिनु सदा रहै रंगि राता दरि सचै सोझी पावणिआ ॥४॥

ਪਾਪ ਪੁੰਨ ਕੀ ਸਾਰ ਨ ਜਾਣੀ ॥ (110-7)
पाप पुंन की सार न जाणी ॥

ਦੂਜੈ ਲਾਗੀ ਭਰਮਿ ਭੁਲਾਣੀ ॥ (110-7)
दूजै लागी भरमि भुलाणी ॥

ਅਗਿਆਨੀ ਅੰਧਾ ਮਗੁ ਨ ਜਾਣੈ ਫਿਰਿ ਫਿਰਿ ਆਵਣ ਜਾਵਣਿਆ ॥੫॥ (110-7)
अगिआनी अंधा मगु न जाणै फिरि फिरि आवण जावणिआ ॥५॥

ਗੁਰ ਸੇਵਾ ਤੇ ਸਦਾ ਸੁਖੁ ਪਾਇਆ ॥ (110-8)
गुर सेवा ते सदा सुखु पाइआ ॥

ਹਉਮੈ ਮੇਰਾ ਠਾਕਿ ਰਹਾਇਆ ॥ (110-8)
हउमै मेरा ठाकि रहाइआ ॥

ਗੁਰ ਸਾਖੀ ਮਿਟਿਆ ਅੰਧਿਆਰਾ ਬਜਰ ਕਪਾਟ ਖੁਲਾਵਣਿਆ ॥੬॥ (110-9)
गुर साखी मिटिआ अंधिआरा बजर कपाट खुलावणिआ ॥६॥

ਹਉਮੈ ਮਾਰਿ ਮੰਨਿ ਵਸਾਇਆ ॥ (110-9)
हउमै मारि मंनि वसाइआ ॥

ਗੁਰ ਚਰਣੀ ਸਦਾ ਚਿਤੁ ਲਾਇਆ ॥ (110-10)
गुर चरणी सदा चितु लाइआ ॥

ਗੁਰ ਕਿਰਪਾ ਤੇ ਮਨੁ ਤਨੁ ਨਿਰਮਲੁ ਨਿਰਮਲ ਨਾਮੁ ਧਿਆਵਣਿਆ ॥੭॥ (110-10)
गुर किरपा ते मनु तनु निरमलु निरमल नामु धिआवणिआ ॥७॥

ਜੀਵਣੁ ਮਰਣਾ ਸਭੁ ਤੁਧੈ ਤਾਈ ॥ (110-11)
जीवणु मरणा सभु तुधै ताई ॥

ਜਿਸੁ ਬਖਸੇ ਤਿਸੁ ਦੇ ਵਡਿਆਈ ॥ (110-11)
जिसु बखसे तिसु दे वडिआई ॥

ਨਾਨਕ ਨਾਮੁ ਧਿਆਇ ਸਦਾ ਤੂੰ ਜੰਮਣੁ ਮਰਣੁ ਸਵਾਰਣਿਆ ॥੮॥੧॥੨॥ (110-11)
नानक नामु धिआइ सदा तूं जंमणु मरणु सवारणिआ ॥८॥१॥२॥

ਮਾਝ ਮਹਲਾ ੩ ॥ (110-12)
माझ महला ३ ॥

ਮੇਰਾ ਪ੍ਰਭੁ ਨਿਰਮਲੁ ਅਗਮ ਅਪਾਰਾ ॥ (110-12)
मेरा प्रभु निरमलु अगम अपारा ॥

ਬਿਨੁ ਤਕੜੀ ਤੋਲੈ ਸੰਸਾਰਾ ॥ (110-13)
बिनु तकड़ी तोलै संसारा ॥

ਗੁਰਮੁਖਿ ਹੋਵੈ ਸੋਈ ਬੂਝੈ ਗੁਣ ਕਹਿ ਗੁਣੀ ਸਮਾਵਣਿਆ ॥੧॥ (110-13)
गुरमुखि होवै सोई बूझै गुण कहि गुणी समावणिआ ॥१॥

ਹਉ ਵਾਰੀ ਜੀਉ ਵਾਰੀ ਹਰਿ ਕਾ ਨਾਮੁ ਮੰਨਿ ਵਸਾਵਣਿਆ ॥ (110-13)
हउ वारी जीउ वारी हरि का नामु मंनि वसावणिआ ॥

ਜੋ ਸਚਿ ਲਾਗੇ ਸੇ ਅਨਦਿਨੁ ਜਾਗੇ ਦਰਿ ਸਚੈ ਸੋਭਾ ਪਾਵਣਿਆ ॥੧॥ ਰਹਾਉ ॥ (110-14)
जो सचि लागे से अनदिनु जागे दरि सचै सोभा पावणिआ ॥१॥ रहाउ ॥

ਆਪਿ ਸੁਣੈ ਤੈ ਆਪੇ ਵੇਖੈ ॥ (110-15)
आपि सुणै तै आपे वेखै ॥

ਜਿਸ ਨੋ ਨਦਰਿ ਕਰੇ ਸੋਈ ਜਨੁ ਲੇਖੈ ॥ (110-15)
जिस नो नदरि करे सोई जनु लेखै ॥

ਆਪੇ ਲਾਇ ਲਏ ਸੋ ਲਾਗੈ ਗੁਰਮੁਖਿ ਸਚੁ ਕਮਾਵਣਿਆ ॥੨॥ (110-15)
आपे लाइ लए सो लागै गुरमुखि सचु कमावणिआ ॥२॥

ਜਿਸੁ ਆਪਿ ਭੁਲਾਏ ਸੁ ਕਿਥੈ ਹਥੁ ਪਾਏ ॥ (110-16)
जिसु आपि भुलाए सु किथै हथु पाए ॥

ਪੂਰਬਿ ਲਿਖਿਆ ਸੁ ਮੇਟਣਾ ਨ ਜਾਏ ॥ (110-16)
पूरबि लिखिआ सु मेटणा न जाए ॥

ਜਿਨ ਸਤਿਗੁਰੁ ਮਿਲਿਆ ਸੇ ਵਡਭਾਗੀ ਪੂਰੈ ਕਰਮਿ ਮਿਲਾਵਣਿਆ ॥੩॥ (110-17)
जिन सतिगुरु मिलिआ से वडभागी पूरै करमि मिलावणिआ ॥३॥

ਪੇਈਅੜੈ ਧਨ ਅਨਦਿਨੁ ਸੁਤੀ ॥ (110-17)
पेईअड़ै धन अनदिनु सुती ॥

ਕੰਤਿ ਵਿਸਾਰੀ ਅਵਗਣਿ ਮੁਤੀ ॥ (110-18)
कंति विसारी अवगणि मुती ॥

ਅਨਦਿਨੁ ਸਦਾ ਫਿਰੈ ਬਿਲਲਾਦੀ ਬਿਨੁ ਪਿਰ ਨੀਦ ਨ ਪਾਵਣਿਆ ॥੪॥ (110-18)
अनदिनु सदा फिरै बिललादी बिनु पिर नीद न पावणिआ ॥४॥

ਪੇਈਅੜੈ ਸੁਖਦਾਤਾ ਜਾਤਾ ॥ (110-19)
पेईअड़ै सुखदाता जाता ॥

ਹਉਮੈ ਮਾਰਿ ਗੁਰ ਸਬਦਿ ਪਛਾਤਾ ॥ (110-19)
हउमै मारि गुर सबदि पछाता ॥

ਸੇਜ ਸੁਹਾਵੀ ਸਦਾ ਪਿਰੁ ਰਾਵੇ ਸਚੁ ਸੀਗਾਰੁ ਬਣਾਵਣਿਆ ॥੫॥ (110-19)
सेज सुहावी सदा पिरु रावे सचु सीगारु बणावणिआ ॥५॥

ਲਖ ਚਉਰਾਸੀਹ ਜੀਅ ਉਪਾਏ ॥ (111-1)
लख चउरासीह जीअ उपाए ॥

ਜਿਸ ਨੋ ਨਦਰਿ ਕਰੇ ਤਿਸੁ ਗੁਰੂ ਮਿਲਾਏ ॥ (111-1)
जिस नो नदरि करे तिसु गुरू मिलाए ॥

ਕਿਲਬਿਖ ਕਾਟਿ ਸਦਾ ਜਨ ਨਿਰਮਲ ਦਰਿ ਸਚੈ ਨਾਮਿ ਸੁਹਾਵਣਿਆ ॥੬॥ (111-2)
किलबिख काटि सदा जन निरमल दरि सचै नामि सुहावणिआ ॥६॥

ਲੇਖਾ ਮਾਗੈ ਤਾ ਕਿਨਿ ਦੀਐ ॥ (111-2)
लेखा मागै ता किनि दीऐ ॥

ਸੁਖੁ ਨਾਹੀ ਫੁਨਿ ਦੂਐ ਤੀਐ ॥ (111-3)
सुखु नाही फुनि दूऐ तीऐ ॥

ਆਪੇ ਬਖਸਿ ਲਏ ਪ੍ਰਭੁ ਸਾਚਾ ਆਪੇ ਬਖਸਿ ਮਿਲਾਵਣਿਆ ॥੭॥ (111-3)
आपे बखसि लए प्रभु साचा आपे बखसि मिलावणिआ ॥७॥

ਆਪਿ ਕਰੇ ਤੈ ਆਪਿ ਕਰਾਏ ॥ (111-3)
आपि करे तै आपि कराए ॥

ਪੂਰੇ ਗੁਰ ਕੈ ਸਬਦਿ ਮਿਲਾਏ ॥ (111-4)
पूरे गुर कै सबदि मिलाए ॥

ਨਾਨਕ ਨਾਮੁ ਮਿਲੈ ਵਡਿਆਈ ਆਪੇ ਮੇਲਿ ਮਿਲਾਵਣਿਆ ॥੮॥੨॥੩॥ (111-4)
नानक नामु मिलै वडिआई आपे मेलि मिलावणिआ ॥८॥२॥३॥

ਮਾਝ ਮਹਲਾ ੩ ॥ (111-5)
माझ महला ३ ॥

ਇਕੋ ਆਪਿ ਫਿਰੈ ਪਰਛੰਨਾ ॥ (111-5)
इको आपि फिरै परछंना ॥

ਗੁਰਮੁਖਿ ਵੇਖਾ ਤਾ ਇਹੁ ਮਨੁ ਭਿੰਨਾ ॥ (111-5)
गुरमुखि वेखा ता इहु मनु भिंना ॥

ਤ੍ਰਿਸਨਾ ਤਜਿ ਸਹਜ ਸੁਖੁ ਪਾਇਆ ਏਕੋ ਮੰਨਿ ਵਸਾਵਣਿਆ ॥੧॥ (111-5)
त्रिसना तजि सहज सुखु पाइआ एको मंनि वसावणिआ ॥१॥

ਹਉ ਵਾਰੀ ਜੀਉ ਵਾਰੀ ਇਕਸੁ ਸਿਉ ਚਿਤੁ ਲਾਵਣਿਆ ॥ (111-6)
हउ वारी जीउ वारी इकसु सिउ चितु लावणिआ ॥

ਗੁਰਮਤੀ ਮਨੁ ਇਕਤੁ ਘਰਿ ਆਇਆ ਸਚੈ ਰੰਗਿ ਰੰਗਾਵਣਿਆ ॥੧॥ ਰਹਾਉ ॥ (111-7)
गुरमती मनु इकतु घरि आइआ सचै रंगि रंगावणिआ ॥१॥ रहाउ ॥

ਇਹੁ ਜਗੁ ਭੂਲਾ ਤੈਂ ਆਪਿ ਭੁਲਾਇਆ ॥ (111-7)
इहु जगु भूला तैं आपि भुलाइआ ॥

ਇਕੁ ਵਿਸਾਰਿ ਦੂਜੈ ਲੋਭਾਇਆ ॥ (111-8)
इकु विसारि दूजै लोभाइआ ॥

ਅਨਦਿਨੁ ਸਦਾ ਫਿਰੈ ਭ੍ਰਮਿ ਭੂਲਾ ਬਿਨੁ ਨਾਵੈ ਦੁਖੁ ਪਾਵਣਿਆ ॥੨॥ (111-8)
अनदिनु सदा फिरै भ्रमि भूला बिनु नावै दुखु पावणिआ ॥२॥

ਜੋ ਰੰਗਿ ਰਾਤੇ ਕਰਮ ਬਿਧਾਤੇ ॥ (111-9)
जो रंगि राते करम बिधाते ॥

ਗੁਰ ਸੇਵਾ ਤੇ ਜੁਗ ਚਾਰੇ ਜਾਤੇ ॥ (111-9)
गुर सेवा ते जुग चारे जाते ॥

ਜਿਸ ਨੋ ਆਪਿ ਦੇਇ ਵਡਿਆਈ ਹਰਿ ਕੈ ਨਾਮਿ ਸਮਾਵਣਿਆ ॥੩॥ (111-9)
जिस नो आपि देइ वडिआई हरि कै नामि समावणिआ ॥३॥

ਮਾਇਆ ਮੋਹਿ ਹਰਿ ਚੇਤੈ ਨਾਹੀ ॥ (111-10)
माइआ मोहि हरि चेतै नाही ॥

ਜਮਪੁਰਿ ਬਧਾ ਦੁਖ ਸਹਾਹੀ ॥ (111-10)
जमपुरि बधा दुख सहाही ॥

ਅੰਨਾ ਬੋਲਾ ਕਿਛੁ ਨਦਰਿ ਨ ਆਵੈ ਮਨਮੁਖ ਪਾਪਿ ਪਚਾਵਣਿਆ ॥੪॥ (111-10)
अंना बोला किछु नदरि न आवै मनमुख पापि पचावणिआ ॥४॥

ਇਕਿ ਰੰਗਿ ਰਾਤੇ ਜੋ ਤੁਧੁ ਆਪਿ ਲਿਵ ਲਾਏ ॥ (111-11)
इकि रंगि राते जो तुधु आपि लिव लाए ॥

ਭਾਇ ਭਗਤਿ ਤੇਰੈ ਮਨਿ ਭਾਏ ॥ (111-11)
भाइ भगति तेरै मनि भाए ॥

ਸਤਿਗੁਰੁ ਸੇਵਨਿ ਸਦਾ ਸੁਖਦਾਤਾ ਸਭ ਇਛਾ ਆਪਿ ਪੁਜਾਵਣਿਆ ॥੫॥ (111-12)
सतिगुरु सेवनि सदा सुखदाता सभ इछा आपि पुजावणिआ ॥५॥

ਹਰਿ ਜੀਉ ਤੇਰੀ ਸਦਾ ਸਰਣਾਈ ॥ (111-12)
हरि जीउ तेरी सदा सरणाई ॥

ਆਪੇ ਬਖਸਿਹਿ ਦੇ ਵਡਿਆਈ ॥ (111-13)
आपे बखसिहि दे वडिआई ॥

ਜਮਕਾਲੁ ਤਿਸੁ ਨੇੜਿ ਨ ਆਵੈ ਜੋ ਹਰਿ ਹਰਿ ਨਾਮੁ ਧਿਆਵਣਿਆ ॥੬॥ (111-13)
जमकालु तिसु नेड़ि न आवै जो हरि हरि नामु धिआवणिआ ॥६॥

ਅਨਦਿਨੁ ਰਾਤੇ ਜੋ ਹਰਿ ਭਾਏ ॥ (111-14)
अनदिनु राते जो हरि भाए ॥

ਮੇਰੈ ਪ੍ਰਭਿ ਮੇਲੇ ਮੇਲਿ ਮਿਲਾਏ ॥ (111-14)
मेरै प्रभि मेले मेलि मिलाए ॥

ਸਦਾ ਸਦਾ ਸਚੇ ਤੇਰੀ ਸਰਣਾਈ ਤੂੰ ਆਪੇ ਸਚੁ ਬੁਝਾਵਣਿਆ ॥੭॥ (111-14)
सदा सदा सचे तेरी सरणाई तूं आपे सचु बुझावणिआ ॥७॥

ਜਿਨ ਸਚੁ ਜਾਤਾ ਸੇ ਸਚਿ ਸਮਾਣੇ ॥ (111-15)
जिन सचु जाता से सचि समाणे ॥

ਹਰਿ ਗੁਣ ਗਾਵਹਿ ਸਚੁ ਵਖਾਣੇ ॥ (111-15)
हरि गुण गावहि सचु वखाणे ॥

ਨਾਨਕ ਨਾਮਿ ਰਤੇ ਬੈਰਾਗੀ ਨਿਜ ਘਰਿ ਤਾੜੀ ਲਾਵਣਿਆ ॥੮॥੩॥੪॥ (111-16)
नानक नामि रते बैरागी निज घरि ताड़ी लावणिआ ॥८॥३॥४॥

ਮਾਝ ਮਹਲਾ ੩ ॥ (111-16)
माझ महला ३ ॥

ਸਬਦਿ ਮਰੈ ਸੁ ਮੁਆ ਜਾਪੈ ॥ (111-16)
सबदि मरै सु मुआ जापै ॥

ਕਾਲੁ ਨ ਚਾਪੈ ਦੁਖੁ ਨ ਸੰਤਾਪੈ ॥ (111-17)
कालु न चापै दुखु न संतापै ॥

ਜੋਤੀ ਵਿਚਿ ਮਿਲਿ ਜੋਤਿ ਸਮਾਣੀ ਸੁਣਿ ਮਨ ਸਚਿ ਸਮਾਵਣਿਆ ॥੧॥ (111-17)
जोती विचि मिलि जोति समाणी सुणि मन सचि समावणिआ ॥१॥

ਹਉ ਵਾਰੀ ਜੀਉ ਵਾਰੀ ਹਰਿ ਕੈ ਨਾਇ ਸੋਭਾ ਪਾਵਣਿਆ ॥ (111-18)
हउ वारी जीउ वारी हरि कै नाइ सोभा पावणिआ ॥

ਸਤਿਗੁਰੁ ਸੇਵਿ ਸਚਿ ਚਿਤੁ ਲਾਇਆ ਗੁਰਮਤੀ ਸਹਜਿ ਸਮਾਵਣਿਆ ॥੧॥ ਰਹਾਉ ॥ (111-18)
सतिगुरु सेवि सचि चितु लाइआ गुरमती सहजि समावणिआ ॥१॥ रहाउ ॥

ਕਾਇਆ ਕਚੀ ਕਚਾ ਚੀਰੁ ਹੰਢਾਏ ॥ (111-19)
काइआ कची कचा चीरु हंढाए ॥

ਦੂਜੈ ਲਾਗੀ ਮਹਲੁ ਨ ਪਾਏ ॥ (111-19)
दूजै लागी महलु न पाए ॥

ਅਨਦਿਨੁ ਜਲਦੀ ਫਿਰੈ ਦਿਨੁ ਰਾਤੀ ਬਿਨੁ ਪਿਰ ਬਹੁ ਦੁਖੁ ਪਾਵਣਿਆ ॥੨॥ (112-1)
अनदिनु जलदी फिरै दिनु राती बिनु पिर बहु दुखु पावणिआ ॥२॥

ਦੇਹੀ ਜਾਤਿ ਨ ਆਗੈ ਜਾਏ ॥ (112-1)
देही जाति न आगै जाए ॥

ਜਿਥੈ ਲੇਖਾ ਮੰਗੀਐ ਤਿਥੈ ਛੁਟੈ ਸਚੁ ਕਮਾਏ ॥ (112-2)
जिथै लेखा मंगीऐ तिथै छुटै सचु कमाए ॥

ਸਤਿਗੁਰੁ ਸੇਵਨਿ ਸੇ ਧਨਵੰਤੇ ਐਥੈ ਓਥੈ ਨਾਮਿ ਸਮਾਵਣਿਆ ॥੩॥ (112-2)
सतिगुरु सेवनि से धनवंते ऐथै ओथै नामि समावणिआ ॥३॥

ਭੈ ਭਾਇ ਸੀਗਾਰੁ ਬਣਾਏ ॥ (112-3)
भै भाइ सीगारु बणाए ॥

ਗੁਰ ਪਰਸਾਦੀ ਮਹਲੁ ਘਰੁ ਪਾਏ ॥ (112-3)
गुर परसादी महलु घरु पाए ॥

ਅਨਦਿਨੁ ਸਦਾ ਰਵੈ ਦਿਨੁ ਰਾਤੀ ਮਜੀਠੈ ਰੰਗੁ ਬਣਾਵਣਿਆ ॥੪॥ (112-3)
अनदिनु सदा रवै दिनु राती मजीठै रंगु बणावणिआ ॥४॥

ਸਭਨਾ ਪਿਰੁ ਵਸੈ ਸਦਾ ਨਾਲੇ ॥ (112-4)
सभना पिरु वसै सदा नाले ॥

ਗੁਰ ਪਰਸਾਦੀ ਕੋ ਨਦਰਿ ਨਿਹਾਲੇ ॥ (112-4)
गुर परसादी को नदरि निहाले ॥

ਮੇਰਾ ਪ੍ਰਭੁ ਅਤਿ ਊਚੋ ਊਚਾ ਕਰਿ ਕਿਰਪਾ ਆਪਿ ਮਿਲਾਵਣਿਆ ॥੫॥ (112-4)
मेरा प्रभु अति ऊचो ऊचा करि किरपा आपि मिलावणिआ ॥५॥

ਮਾਇਆ ਮੋਹਿ ਇਹੁ ਜਗੁ ਸੁਤਾ ॥ (112-5)
माइआ मोहि इहु जगु सुता ॥

ਨਾਮੁ ਵਿਸਾਰਿ ਅੰਤਿ ਵਿਗੁਤਾ ॥ (112-5)
नामु विसारि अंति विगुता ॥

ਜਿਸ ਤੇ ਸੁਤਾ ਸੋ ਜਾਗਾਏ ਗੁਰਮਤਿ ਸੋਝੀ ਪਾਵਣਿਆ ॥੬॥ (112-6)
जिस ते सुता सो जागाए गुरमति सोझी पावणिआ ॥६॥

ਅਪਿਉ ਪੀਐ ਸੋ ਭਰਮੁ ਗਵਾਏ ॥ (112-6)
अपिउ पीऐ सो भरमु गवाए ॥

ਗੁਰ ਪਰਸਾਦਿ ਮੁਕਤਿ ਗਤਿ ਪਾਏ ॥ (112-6)
गुर परसादि मुकति गति पाए ॥

ਭਗਤੀ ਰਤਾ ਸਦਾ ਬੈਰਾਗੀ ਆਪੁ ਮਾਰਿ ਮਿਲਾਵਣਿਆ ॥੭॥ (112-7)
भगती रता सदा बैरागी आपु मारि मिलावणिआ ॥७॥

ਆਪਿ ਉਪਾਏ ਧੰਧੈ ਲਾਏ ॥ (112-7)
आपि उपाए धंधै लाए ॥

ਲਖ ਚਉਰਾਸੀ ਰਿਜਕੁ ਆਪਿ ਅਪੜਾਏ ॥ (112-8)
लख चउरासी रिजकु आपि अपड़ाए ॥

ਨਾਨਕ ਨਾਮੁ ਧਿਆਇ ਸਚਿ ਰਾਤੇ ਜੋ ਤਿਸੁ ਭਾਵੈ ਸੁ ਕਾਰ ਕਰਾਵਣਿਆ ॥੮॥੪॥੫॥ (112-8)
नानक नामु धिआइ सचि राते जो तिसु भावै सु कार करावणिआ ॥८॥४॥५॥

ਮਾਝ ਮਹਲਾ ੩ ॥ (112-9)
माझ महला ३ ॥

ਅੰਦਰਿ ਹੀਰਾ ਲਾਲੁ ਬਣਾਇਆ ॥ (112-9)
अंदरि हीरा लालु बणाइआ ॥

ਗੁਰ ਕੈ ਸਬਦਿ ਪਰਖਿ ਪਰਖਾਇਆ ॥ (112-9)
गुर कै सबदि परखि परखाइआ ॥

ਜਿਨ ਸਚੁ ਪਲੈ ਸਚੁ ਵਖਾਣਹਿ ਸਚੁ ਕਸਵਟੀ ਲਾਵਣਿਆ ॥੧॥ (112-10)
जिन सचु पलै सचु वखाणहि सचु कसवटी लावणिआ ॥१॥

ਹਉ ਵਾਰੀ ਜੀਉ ਵਾਰੀ ਗੁਰ ਕੀ ਬਾਣੀ ਮੰਨਿ ਵਸਾਵਣਿਆ ॥ (112-10)
हउ वारी जीउ वारी गुर की बाणी मंनि वसावणिआ ॥

ਅੰਜਨ ਮਾਹਿ ਨਿਰੰਜਨੁ ਪਾਇਆ ਜੋਤੀ ਜੋਤਿ ਮਿਲਾਵਣਿਆ ॥੧॥ ਰਹਾਉ ॥ (112-11)
अंजन माहि निरंजनु पाइआ जोती जोति मिलावणिआ ॥१॥ रहाउ ॥

ਇਸੁ ਕਾਇਆ ਅੰਦਰਿ ਬਹੁਤੁ ਪਸਾਰਾ ॥ (112-12)
इसु काइआ अंदरि बहुतु पसारा ॥

ਨਾਮੁ ਨਿਰੰਜਨੁ ਅਤਿ ਅਗਮ ਅਪਾਰਾ ॥ (112-12)
नामु निरंजनु अति अगम अपारा ॥

ਗੁਰਮੁਖਿ ਹੋਵੈ ਸੋਈ ਪਾਏ ਆਪੇ ਬਖਸਿ ਮਿਲਾਵਣਿਆ ॥੨॥ (112-12)
गुरमुखि होवै सोई पाए आपे बखसि मिलावणिआ ॥२॥

ਮੇਰਾ ਠਾਕੁਰੁ ਸਚੁ ਦ੍ਰਿੜਾਏ ॥ (112-13)
मेरा ठाकुरु सचु द्रिड़ाए ॥

ਗੁਰ ਪਰਸਾਦੀ ਸਚਿ ਚਿਤੁ ਲਾਏ ॥ (112-13)
गुर परसादी सचि चितु लाए ॥

ਸਚੋ ਸਚੁ ਵਰਤੈ ਸਭਨੀ ਥਾਈ ਸਚੇ ਸਚਿ ਸਮਾਵਣਿਆ ॥੩॥ (112-13)
सचो सचु वरतै सभनी थाई सचे सचि समावणिआ ॥३॥

ਵੇਪਰਵਾਹੁ ਸਚੁ ਮੇਰਾ ਪਿਆਰਾ ॥ (112-14)
वेपरवाहु सचु मेरा पिआरा ॥

ਕਿਲਵਿਖ ਅਵਗਣ ਕਾਟਣਹਾਰਾ ॥ (112-14)
किलविख अवगण काटणहारा ॥

ਪ੍ਰੇਮ ਪ੍ਰੀਤਿ ਸਦਾ ਧਿਆਈਐ ਭੈ ਭਾਇ ਭਗਤਿ ਦ੍ਰਿੜਾਵਣਿਆ ॥੪॥ (112-15)
प्रेम प्रीति सदा धिआईऐ भै भाइ भगति द्रिड़ावणिआ ॥४॥

ਤੇਰੀ ਭਗਤਿ ਸਚੀ ਜੇ ਸਚੇ ਭਾਵੈ ॥ (112-15)
तेरी भगति सची जे सचे भावै ॥

ਆਪੇ ਦੇਇ ਨ ਪਛੋਤਾਵੈ ॥ (112-16)
आपे देइ न पछोतावै ॥

ਸਭਨਾ ਜੀਆ ਕਾ ਏਕੋ ਦਾਤਾ ਸਬਦੇ ਮਾਰਿ ਜੀਵਾਵਣਿਆ ॥੫॥ (112-16)
सभना जीआ का एको दाता सबदे मारि जीवावणिआ ॥५॥

ਹਰਿ ਤੁਧੁ ਬਾਝਹੁ ਮੈ ਕੋਈ ਨਾਹੀ ॥ (112-16)
हरि तुधु बाझहु मै कोई नाही ॥

ਹਰਿ ਤੁਧੈ ਸੇਵੀ ਤੈ ਤੁਧੁ ਸਾਲਾਹੀ ॥ (112-17)
हरि तुधै सेवी तै तुधु सालाही ॥

ਆਪੇ ਮੇਲਿ ਲੈਹੁ ਪ੍ਰਭ ਸਾਚੇ ਪੂਰੈ ਕਰਮਿ ਤੂੰ ਪਾਵਣਿਆ ॥੬॥ (112-17)
आपे मेलि लैहु प्रभ साचे पूरै करमि तूं पावणिआ ॥६॥

ਮੈ ਹੋਰੁ ਨ ਕੋਈ ਤੁਧੈ ਜੇਹਾ ॥ (112-18)
मै होरु न कोई तुधै जेहा ॥

ਤੇਰੀ ਨਦਰੀ ਸੀਝਸਿ ਦੇਹਾ ॥ (112-18)
तेरी नदरी सीझसि देहा ॥

ਅਨਦਿਨੁ ਸਾਰਿ ਸਮਾਲਿ ਹਰਿ ਰਾਖਹਿ ਗੁਰਮੁਖਿ ਸਹਜਿ ਸਮਾਵਣਿਆ ॥੭॥ (112-18)
अनदिनु सारि समालि हरि राखहि गुरमुखि सहजि समावणिआ ॥७॥

ਤੁਧੁ ਜੇਵਡੁ ਮੈ ਹੋਰੁ ਨ ਕੋਈ ॥ (112-19)
तुधु जेवडु मै होरु न कोई ॥

ਤੁਧੁ ਆਪੇ ਸਿਰਜੀ ਆਪੇ ਗੋਈ ॥ (112-19)
तुधु आपे सिरजी आपे गोई ॥

ਤੂੰ ਆਪੇ ਹੀ ਘੜਿ ਭੰਨਿ ਸਵਾਰਹਿ ਨਾਨਕ ਨਾਮਿ ਸੁਹਾਵਣਿਆ ॥੮॥੫॥੬॥ (113-1)
तूं आपे ही घड़ि भंनि सवारहि नानक नामि सुहावणिआ ॥८॥५॥६॥

ਮਾਝ ਮਹਲਾ ੩ ॥ (113-1)
माझ महला ३ ॥

ਸਭ ਘਟ ਆਪੇ ਭੋਗਣਹਾਰਾ ॥ (113-1)
सभ घट आपे भोगणहारा ॥

ਅਲਖੁ ਵਰਤੈ ਅਗਮ ਅਪਾਰਾ ॥ (113-2)
अलखु वरतै अगम अपारा ॥

ਗੁਰ ਕੈ ਸਬਦਿ ਮੇਰਾ ਹਰਿ ਪ੍ਰਭੁ ਧਿਆਈਐ ਸਹਜੇ ਸਚਿ ਸਮਾਵਣਿਆ ॥੧॥ (113-2)
गुर कै सबदि मेरा हरि प्रभु धिआईऐ सहजे सचि समावणिआ ॥१॥

ਹਉ ਵਾਰੀ ਜੀਉ ਵਾਰੀ ਗੁਰ ਸਬਦੁ ਮੰਨਿ ਵਸਾਵਣਿਆ ॥ (113-3)
हउ वारी जीउ वारी गुर सबदु मंनि वसावणिआ ॥

ਸਬਦੁ ਸੂਝੈ ਤਾ ਮਨ ਸਿਉ ਲੂਝੈ ਮਨਸਾ ਮਾਰਿ ਸਮਾਵਣਿਆ ॥੧॥ ਰਹਾਉ ॥ (113-3)
सबदु सूझै ता मन सिउ लूझै मनसा मारि समावणिआ ॥१॥ रहाउ ॥

ਪੰਚ ਦੂਤ ਮੁਹਹਿ ਸੰਸਾਰਾ ॥ (113-4)
पंच दूत मुहहि संसारा ॥

ਮਨਮੁਖ ਅੰਧੇ ਸੁਧਿ ਨ ਸਾਰਾ ॥ (113-4)
मनमुख अंधे सुधि न सारा ॥

ਗੁਰਮੁਖਿ ਹੋਵੈ ਸੁ ਅਪਣਾ ਘਰੁ ਰਾਖੈ ਪੰਚ ਦੂਤ ਸਬਦਿ ਪਚਾਵਣਿਆ ॥੨॥ (113-5)
गुरमुखि होवै सु अपणा घरु राखै पंच दूत सबदि पचावणिआ ॥२॥

ਇਕਿ ਗੁਰਮੁਖਿ ਸਦਾ ਸਚੈ ਰੰਗਿ ਰਾਤੇ ॥ (113-5)
इकि गुरमुखि सदा सचै रंगि राते ॥

ਸਹਜੇ ਪ੍ਰਭੁ ਸੇਵਹਿ ਅਨਦਿਨੁ ਮਾਤੇ ॥ (113-6)
सहजे प्रभु सेवहि अनदिनु माते ॥

ਮਿਲਿ ਪ੍ਰੀਤਮ ਸਚੇ ਗੁਣ ਗਾਵਹਿ ਹਰਿ ਦਰਿ ਸੋਭਾ ਪਾਵਣਿਆ ॥੩॥ (113-6)
मिलि प्रीतम सचे गुण गावहि हरि दरि सोभा पावणिआ ॥३॥

ਏਕਮ ਏਕੈ ਆਪੁ ਉਪਾਇਆ ॥ (113-7)
एकम एकै आपु उपाइआ ॥

ਦੁਬਿਧਾ ਦੂਜਾ ਤ੍ਰਿਬਿਧਿ ਮਾਇਆ ॥ (113-7)
दुबिधा दूजा त्रिबिधि माइआ ॥

ਚਉਥੀ ਪਉੜੀ ਗੁਰਮੁਖਿ ਊਚੀ ਸਚੋ ਸਚੁ ਕਮਾਵਣਿਆ ॥੪॥ (113-7)
चउथी पउड़ी गुरमुखि ऊची सचो सचु कमावणिआ ॥४॥

ਸਭੁ ਹੈ ਸਚਾ ਜੇ ਸਚੇ ਭਾਵੈ ॥ (113-8)
सभु है सचा जे सचे भावै ॥

ਜਿਨਿ ਸਚੁ ਜਾਤਾ ਸੋ ਸਹਜਿ ਸਮਾਵੈ ॥ (113-8)
जिनि सचु जाता सो सहजि समावै ॥

ਗੁਰਮੁਖਿ ਕਰਣੀ ਸਚੇ ਸੇਵਹਿ ਸਾਚੇ ਜਾਇ ਸਮਾਵਣਿਆ ॥੫॥ (113-8)
गुरमुखि करणी सचे सेवहि साचे जाइ समावणिआ ॥५॥

ਸਚੇ ਬਾਝਹੁ ਕੋ ਅਵਰੁ ਨ ਦੂਆ ॥ (113-9)
सचे बाझहु को अवरु न दूआ ॥

ਦੂਜੈ ਲਾਗਿ ਜਗੁ ਖਪਿ ਖਪਿ ਮੂਆ ॥ (113-9)
दूजै लागि जगु खपि खपि मूआ ॥

ਗੁਰਮੁਖਿ ਹੋਵੈ ਸੁ ਏਕੋ ਜਾਣੈ ਏਕੋ ਸੇਵਿ ਸੁਖੁ ਪਾਵਣਿਆ ॥੬॥ (113-10)
गुरमुखि होवै सु एको जाणै एको सेवि सुखु पावणिआ ॥६॥

ਜੀਅ ਜੰਤ ਸਭਿ ਸਰਣਿ ਤੁਮਾਰੀ ॥ (113-10)
जीअ जंत सभि सरणि तुमारी ॥

ਆਪੇ ਧਰਿ ਦੇਖਹਿ ਕਚੀ ਪਕੀ ਸਾਰੀ ॥ (113-10)
आपे धरि देखहि कची पकी सारी ॥

ਅਨਦਿਨੁ ਆਪੇ ਕਾਰ ਕਰਾਏ ਆਪੇ ਮੇਲਿ ਮਿਲਾਵਣਿਆ ॥੭॥ (113-11)
अनदिनु आपे कार कराए आपे मेलि मिलावणिआ ॥७॥

ਤੂੰ ਆਪੇ ਮੇਲਹਿ ਵੇਖਹਿ ਹਦੂਰਿ ॥ (113-11)
तूं आपे मेलहि वेखहि हदूरि ॥

ਸਭ ਮਹਿ ਆਪਿ ਰਹਿਆ ਭਰਪੂਰਿ ॥ (113-12)
सभ महि आपि रहिआ भरपूरि ॥

ਨਾਨਕ ਆਪੇ ਆਪਿ ਵਰਤੈ ਗੁਰਮੁਖਿ ਸੋਝੀ ਪਾਵਣਿਆ ॥੮॥੬॥੭॥ (113-12)
नानक आपे आपि वरतै गुरमुखि सोझी पावणिआ ॥८॥६॥७॥

ਮਾਝ ਮਹਲਾ ੩ ॥ (113-13)
माझ महला ३ ॥

ਅੰਮ੍ਰਿਤ ਬਾਣੀ ਗੁਰ ਕੀ ਮੀਠੀ ॥ (113-13)
अमृत बाणी गुर की मीठी ॥

ਗੁਰਮੁਖਿ ਵਿਰਲੈ ਕਿਨੈ ਚਖਿ ਡੀਠੀ ॥ (113-13)
गुरमुखि विरलै किनै चखि डीठी ॥

ਅੰਤਰਿ ਪਰਗਾਸੁ ਮਹਾ ਰਸੁ ਪੀਵੈ ਦਰਿ ਸਚੈ ਸਬਦੁ ਵਜਾਵਣਿਆ ॥੧॥ (113-13)
अंतरि परगासु महा रसु पीवै दरि सचै सबदु वजावणिआ ॥१॥

ਹਉ ਵਾਰੀ ਜੀਉ ਵਾਰੀ ਗੁਰ ਚਰਣੀ ਚਿਤੁ ਲਾਵਣਿਆ ॥ (113-14)
हउ वारी जीउ वारी गुर चरणी चितु लावणिआ ॥

ਸਤਿਗੁਰੁ ਹੈ ਅੰਮ੍ਰਿਤ ਸਰੁ ਸਾਚਾ ਮਨੁ ਨਾਵੈ ਮੈਲੁ ਚੁਕਾਵਣਿਆ ॥੧॥ ਰਹਾਉ ॥ (113-15)
सतिगुरु है अमृत सरु साचा मनु नावै मैलु चुकावणिआ ॥१॥ रहाउ ॥

ਤੇਰਾ ਸਚੇ ਕਿਨੈ ਅੰਤੁ ਨ ਪਾਇਆ ॥ (113-15)
तेरा सचे किनै अंतु न पाइआ ॥

ਗੁਰ ਪਰਸਾਦਿ ਕਿਨੈ ਵਿਰਲੈ ਚਿਤੁ ਲਾਇਆ ॥ (113-16)
गुर परसादि किनै विरलै चितु लाइआ ॥

ਤੁਧੁ ਸਾਲਾਹਿ ਨ ਰਜਾ ਕਬਹੂੰ ਸਚੇ ਨਾਵੈ ਕੀ ਭੁਖ ਲਾਵਣਿਆ ॥੨॥ (113-16)
तुधु सालाहि न रजा कबहूं सचे नावै की भुख लावणिआ ॥२॥

ਏਕੋ ਵੇਖਾ ਅਵਰੁ ਨ ਬੀਆ ॥ (113-17)
एको वेखा अवरु न बीआ ॥

ਗੁਰ ਪਰਸਾਦੀ ਅੰਮ੍ਰਿਤੁ ਪੀਆ ॥ (113-17)
गुर परसादी अमृतु पीआ ॥

ਗੁਰ ਕੈ ਸਬਦਿ ਤਿਖਾ ਨਿਵਾਰੀ ਸਹਜੇ ਸੂਖਿ ਸਮਾਵਣਿਆ ॥੩॥ (113-17)
गुर कै सबदि तिखा निवारी सहजे सूखि समावणिआ ॥३॥

ਰਤਨੁ ਪਦਾਰਥੁ ਪਲਰਿ ਤਿਆਗੈ ॥ (113-18)
रतनु पदारथु पलरि तिआगै ॥

ਮਨਮੁਖ ਅੰਧਾ ਦੂਜੈ ਭਾਇ ਲਾਗੈ ॥ (113-18)
मनमुखु अंधा दूजै भाइ लागै ॥

ਜੋ ਬੀਜੈ ਸੋਈ ਫਲੁ ਪਾਏ ਸੁਪਨੈ ਸੁਖੁ ਨ ਪਾਵਣਿਆ ॥੪॥ (113-19)
जो बीजै सोई फलु पाए सुपनै सुखु न पावणिआ ॥४॥

ਅਪਨੀ ਕਿਰਪਾ ਕਰੇ ਸੋਈ ਜਨੁ ਪਾਏ ॥ (113-19)
अपनी किरपा करे सोई जनु पाए ॥

ਗੁਰ ਕਾ ਸਬਦੁ ਮੰਨਿ ਵਸਾਏ ॥ (113-19)
गुर का सबदु मंनि वसाए ॥

ਅਨਦਿਨੁ ਸਦਾ ਰਹੈ ਭੈ ਅੰਦਰਿ ਭੈ ਮਾਰਿ ਭਰਮੁ ਚੁਕਾਵਣਿਆ ॥੫॥ (114-1)
अनदिनु सदा रहै भै अंदरि भै मारि भरमु चुकावणिआ ॥५॥

ਭਰਮੁ ਚੁਕਾਇਆ ਸਦਾ ਸੁਖੁ ਪਾਇਆ ॥ (114-1)
भरमु चुकाइआ सदा सुखु पाइआ ॥

ਗੁਰ ਪਰਸਾਦਿ ਪਰਮ ਪਦੁ ਪਾਇਆ ॥ (114-2)
गुर परसादि परम पदु पाइआ ॥

ਅੰਤਰੁ ਨਿਰਮਲੁ ਨਿਰਮਲ ਬਾਣੀ ਹਰਿ ਗੁਣ ਸਹਜੇ ਗਾਵਣਿਆ ॥੬॥ (114-2)
अंतरु निरमलु निरमल बाणी हरि गुण सहजे गावणिआ ॥६॥

ਸਿਮ੍ਰਿਤਿ ਸਾਸਤ ਬੇਦ ਵਖਾਣੈ ॥ (114-3)
सिम्रिति सासत बेद वखाणै ॥

ਭਰਮੇ ਭੂਲਾ ਤਤੁ ਨ ਜਾਣੈ ॥ (114-3)
भरमे भूला ततु न जाणै ॥

ਬਿਨੁ ਸਤਿਗੁਰ ਸੇਵੇ ਸੁਖੁ ਨ ਪਾਏ ਦੁਖੋ ਦੁਖੁ ਕਮਾਵਣਿਆ ॥੭॥ (114-3)
बिनु सतिगुर सेवे सुखु न पाए दुखो दुखु कमावणिआ ॥७॥

ਆਪਿ ਕਰੇ ਕਿਸੁ ਆਖੈ ਕੋਈ ॥ (114-4)
आपि करे किसु आखै कोई ॥

ਆਖਣਿ ਜਾਈਐ ਜੇ ਭੂਲਾ ਹੋਈ ॥ (114-4)
आखणि जाईऐ जे भूला होई ॥

ਨਾਨਕ ਆਪੇ ਕਰੇ ਕਰਾਏ ਨਾਮੇ ਨਾਮਿ ਸਮਾਵਣਿਆ ॥੮॥੭॥੮॥ (114-4)
नानक आपे करे कराए नामे नामि समावणिआ ॥८॥७॥८॥

ਮਾਝ ਮਹਲਾ ੩ ॥ (114-5)
माझ महला ३ ॥

ਆਪੇ ਰੰਗੇ ਸਹਜਿ ਸੁਭਾਏ ॥ (114-5)
आपे रंगे सहजि सुभाए ॥

ਗੁਰ ਕੈ ਸਬਦਿ ਹਰਿ ਰੰਗੁ ਚੜਾਏ ॥ (114-5)
गुर कै सबदि हरि रंगु चड़ाए ॥

ਮਨੁ ਤਨੁ ਰਤਾ ਰਸਨਾ ਰੰਗਿ ਚਲੂਲੀ ਭੈ ਭਾਇ ਰੰਗੁ ਚੜਾਵਣਿਆ ॥੧॥ (114-6)
मनु तनु रता रसना रंगि चलूली भै भाइ रंगु चड़ावणिआ ॥१॥

ਹਉ ਵਾਰੀ ਜੀਉ ਵਾਰੀ ਨਿਰਭਉ ਮੰਨਿ ਵਸਾਵਣਿਆ ॥ (114-6)
हउ वारी जीउ वारी निरभउ मंनि वसावणिआ ॥

ਗੁਰ ਕਿਰਪਾ ਤੇ ਹਰਿ ਨਿਰਭਉ ਧਿਆਇਆ ਬਿਖੁ ਭਉਜਲੁ ਸਬਦਿ ਤਰਾਵਣਿਆ ॥੧॥ ਰਹਾਉ ॥ (114-7)
गुर किरपा ते हरि निरभउ धिआइआ बिखु भउजलु सबदि तरावणिआ ॥१॥ रहाउ ॥

ਮਨਮੁਖ ਮੁਗਧ ਕਰਹਿ ਚਤੁਰਾਈ ॥ (114-8)
मनमुख मुगध करहि चतुराई ॥

ਨਾਤਾ ਧੋਤਾ ਥਾਇ ਨ ਪਾਈ ॥ (114-8)
नाता धोता थाइ न पाई ॥

ਜੇਹਾ ਆਇਆ ਤੇਹਾ ਜਾਸੀ ਕਰਿ ਅਵਗਣ ਪਛੋਤਾਵਣਿਆ ॥੨॥ (114-8)
जेहा आइआ तेहा जासी करि अवगण पछोतावणिआ ॥२॥

ਮਨਮੁਖ ਅੰਧੇ ਕਿਛੂ ਨ ਸੂਝੈ ॥ (114-9)
मनमुख अंधे किछू न सूझै ॥

ਮਰਣੁ ਲਿਖਾਇ ਆਏ ਨਹੀ ਬੂਝੈ ॥ (114-9)
मरणु लिखाइ आए नही बूझै ॥

ਮਨਮੁਖ ਕਰਮ ਕਰੇ ਨਹੀ ਪਾਏ ਬਿਨੁ ਨਾਵੈ ਜਨਮੁ ਗਵਾਵਣਿਆ ॥੩॥ (114-10)
मनमुख करम करे नही पाए बिनु नावै जनमु गवावणिआ ॥३॥

ਸਚੁ ਕਰਣੀ ਸਬਦੁ ਹੈ ਸਾਰੁ ॥ (114-10)
सचु करणी सबदु है सारु ॥

ਪੂਰੈ ਗੁਰਿ ਪਾਈਐ ਮੋਖ ਦੁਆਰੁ ॥ (114-11)
पूरै गुरि पाईऐ मोख दुआरु ॥

ਅਨਦਿਨੁ ਬਾਣੀ ਸਬਦਿ ਸੁਣਾਏ ਸਚਿ ਰਾਤੇ ਰੰਗਿ ਰੰਗਾਵਣਿਆ ॥੪॥ (114-11)
अनदिनु बाणी सबदि सुणाए सचि राते रंगि रंगावणिआ ॥४॥

ਰਸਨਾ ਹਰਿ ਰਸਿ ਰਾਤੀ ਰੰਗੁ ਲਾਏ ॥ (114-12)
रसना हरि रसि राती रंगु लाए ॥

ਮਨੁ ਤਨੁ ਮੋਹਿਆ ਸਹਜਿ ਸੁਭਾਏ ॥ (114-12)
मनु तनु मोहिआ सहजि सुभाए ॥

ਸਹਜੇ ਪ੍ਰੀਤਮੁ ਪਿਆਰਾ ਪਾਇਆ ਸਹਜੇ ਸਹਜਿ ਮਿਲਾਵਣਿਆ ॥੫॥ (114-12)
सहजे प्रीतमु पिआरा पाइआ सहजे सहजि मिलावणिआ ॥५॥

ਜਿਸੁ ਅੰਦਰਿ ਰੰਗੁ ਸੋਈ ਗੁਣ ਗਾਵੈ ॥ (114-13)
जिसु अंदरि रंगु सोई गुण गावै ॥

ਗੁਰ ਕੈ ਸਬਦਿ ਸਹਜੇ ਸੁਖਿ ਸਮਾਵੈ ॥ (114-13)
गुर कै सबदि सहजे सुखि समावै ॥

ਹਉ ਬਲਿਹਾਰੀ ਸਦਾ ਤਿਨ ਵਿਟਹੁ ਗੁਰ ਸੇਵਾ ਚਿਤੁ ਲਾਵਣਿਆ ॥੬॥ (114-14)
हउ बलिहारी सदा तिन विटहु गुर सेवा चितु लावणिआ ॥६॥

ਸਚਾ ਸਚੋ ਸਚਿ ਪਤੀਜੈ ॥ (114-14)
सचा सचो सचि पतीजै ॥

ਗੁਰ ਪਰਸਾਦੀ ਅੰਦਰੁ ਭੀਜੈ ॥ (114-14)
गुर परसादी अंदरु भीजै ॥

ਬੈਸਿ ਸੁਥਾਨਿ ਹਰਿ ਗੁਣ ਗਾਵਹਿ ਆਪੇ ਕਰਿ ਸਤਿ ਮਨਾਵਣਿਆ ॥੭॥ (114-15)
बैसि सुथानि हरि गुण गावहि आपे करि सति मनावणिआ ॥७॥

ਜਿਸ ਨੋ ਨਦਰਿ ਕਰੇ ਸੋ ਪਾਏ ॥ (114-15)
जिस नो नदरि करे सो पाए ॥

ਗੁਰ ਪਰਸਾਦੀ ਹਉਮੈ ਜਾਏ ॥ (114-16)
गुर परसादी हउमै जाए ॥

ਨਾਨਕ ਨਾਮੁ ਵਸੈ ਮਨ ਅੰਤਰਿ ਦਰਿ ਸਚੈ ਸੋਭਾ ਪਾਵਣਿਆ ॥੮॥੮॥੯॥ (114-16)
नानक नामु वसै मन अंतरि दरि सचै सोभा पावणिआ ॥८॥८॥९॥

ਮਾਝ ਮਹਲਾ ੩ ॥ (114-17)
माझ महला ३ ॥

ਸਤਿਗੁਰੁ ਸੇਵਿਐ ਵਡੀ ਵਡਿਆਈ ॥ (114-17)
सतिगुरु सेविऐ वडी वडिआई ॥

ਹਰਿ ਜੀ ਅਚਿੰਤੁ ਵਸੈ ਮਨਿ ਆਈ ॥ (114-17)
हरि जी अचिंतु वसै मनि आई ॥

ਹਰਿ ਜੀਉ ਸਫਲਿਓ ਬਿਰਖੁ ਹੈ ਅੰਮ੍ਰਿਤੁ ਜਿਨਿ ਪੀਤਾ ਤਿਸੁ ਤਿਖਾ ਲਹਾਵਣਿਆ ॥੧॥ (114-17)
हरि जीउ सफलिओ बिरखु है अमृतु जिनि पीता तिसु तिखा लहावणिआ ॥१॥

ਹਉ ਵਾਰੀ ਜੀਉ ਵਾਰੀ ਸਚੁ ਸੰਗਤਿ ਮੇਲਿ ਮਿਲਾਵਣਿਆ ॥ (114-18)
हउ वारी जीउ वारी सचु संगति मेलि मिलावणिआ ॥

ਹਰਿ ਸਤਸੰਗਤਿ ਆਪੇ ਮੇਲੈ ਗੁਰ ਸਬਦੀ ਹਰਿ ਗੁਣ ਗਾਵਣਿਆ ॥੧॥ ਰਹਾਉ ॥ (114-19)
हरि सतसंगति आपे मेलै गुर सबदी हरि गुण गावणिआ ॥१॥ रहाउ ॥

ਸਤਿਗੁਰੁ ਸੇਵੀ ਸਬਦਿ ਸੁਹਾਇਆ ॥ (115-1)
सतिगुरु सेवी सबदि सुहाइआ ॥

ਜਿਨਿ ਹਰਿ ਕਾ ਨਾਮੁ ਮੰਨਿ ਵਸਾਇਆ ॥ (115-1)
जिनि हरि का नामु मंनि वसाइआ ॥

ਹਰਿ ਨਿਰਮਲੁ ਹਉਮੈ ਮੈਲੁ ਗਵਾਏ ਦਰਿ ਸਚੈ ਸੋਭਾ ਪਾਵਣਿਆ ॥੨॥ (115-1)
हरि निरमलु हउमै मैलु गवाए दरि सचै सोभा पावणिआ ॥२॥

ਬਿਨੁ ਗੁਰ ਨਾਮੁ ਨ ਪਾਇਆ ਜਾਇ ॥ (115-2)
बिनु गुर नामु न पाइआ जाइ ॥

ਸਿਧ ਸਾਧਿਕ ਰਹੇ ਬਿਲਲਾਇ ॥ (115-2)
सिध साधिक रहे बिललाइ ॥

ਬਿਨੁ ਗੁਰ ਸੇਵੇ ਸੁਖੁ ਨ ਹੋਵੀ ਪੂਰੈ ਭਾਗਿ ਗੁਰੁ ਪਾਵਣਿਆ ॥੩॥ (115-2)
बिनु गुर सेवे सुखु न होवी पूरै भागि गुरु पावणिआ ॥३॥

ਇਹੁ ਮਨੁ ਆਰਸੀ ਕੋਈ ਗੁਰਮੁਖਿ ਵੇਖੈ ॥ (115-3)
इहु मनु आरसी कोई गुरमुखि वेखै ॥

ਮੋਰਚਾ ਨ ਲਾਗੈ ਜਾ ਹਉਮੈ ਸੋਖੈ ॥ (115-3)
मोरचा न लागै जा हउमै सोखै ॥

ਅਨਹਤ ਬਾਣੀ ਨਿਰਮਲ ਸਬਦੁ ਵਜਾਏ ਗੁਰ ਸਬਦੀ ਸਚਿ ਸਮਾਵਣਿਆ ॥੪॥ (115-4)
अनहत बाणी निरमल सबदु वजाए गुर सबदी सचि समावणिआ ॥४॥

ਬਿਨੁ ਸਤਿਗੁਰ ਕਿਹੁ ਨ ਦੇਖਿਆ ਜਾਇ ॥ (115-4)
बिनु सतिगुर किहु न देखिआ जाइ ॥

ਗੁਰਿ ਕਿਰਪਾ ਕਰਿ ਆਪੁ ਦਿਤਾ ਦਿਖਾਇ ॥ (115-5)
गुरि किरपा करि आपु दिता दिखाइ ॥

ਆਪੇ ਆਪਿ ਆਪਿ ਮਿਲਿ ਰਹਿਆ ਸਹਜੇ ਸਹਜਿ ਸਮਾਵਣਿਆ ॥੫॥ (115-5)
आपे आपि आपि मिलि रहिआ सहजे सहजि समावणिआ ॥५॥

ਗੁਰਮੁਖਿ ਹੋਵੈ ਸੁ ਇਕਸੁ ਸਿਉ ਲਿਵ ਲਾਏ ॥ (115-6)
गुरमुखि होवै सु इकसु सिउ लिव लाए ॥

ਦੂਜਾ ਭਰਮੁ ਗੁਰ ਸਬਦਿ ਜਲਾਏ ॥ (115-6)
दूजा भरमु गुर सबदि जलाए ॥

ਕਾਇਆ ਅੰਦਰਿ ਵਣਜੁ ਕਰੇ ਵਾਪਾਰਾ ਨਾਮੁ ਨਿਧਾਨੁ ਸਚੁ ਪਾਵਣਿਆ ॥੬॥ (115-7)
काइआ अंदरि वणजु करे वापारा नामु निधानु सचु पावणिआ ॥६॥

ਗੁਰਮੁਖਿ ਕਰਣੀ ਹਰਿ ਕੀਰਤਿ ਸਾਰੁ ॥ (115-7)
गुरमुखि करणी हरि कीरति सारु ॥

ਗੁਰਮੁਖਿ ਪਾਏ ਮੋਖ ਦੁਆਰੁ ॥ (115-8)
गुरमुखि पाए मोख दुआरु ॥

ਅਨਦਿਨੁ ਰੰਗਿ ਰਤਾ ਗੁਣ ਗਾਵੈ ਅੰਦਰਿ ਮਹਲਿ ਬੁਲਾਵਣਿਆ ॥੭॥ (115-8)
अनदिनु रंगि रता गुण गावै अंदरि महलि बुलावणिआ ॥७॥

ਸਤਿਗੁਰੁ ਦਾਤਾ ਮਿਲੈ ਮਿਲਾਇਆ ॥ (115-9)
सतिगुरु दाता मिलै मिलाइआ ॥

ਪੂਰੈ ਭਾਗਿ ਮਨਿ ਸਬਦੁ ਵਸਾਇਆ ॥ (115-9)
पूरै भागि मनि सबदु वसाइआ ॥

ਨਾਨਕ ਨਾਮੁ ਮਿਲੈ ਵਡਿਆਈ ਹਰਿ ਸਚੇ ਕੇ ਗੁਣ ਗਾਵਣਿਆ ॥੮॥੯॥੧੦॥ (115-9)
नानक नामु मिलै वडिआई हरि सचे के गुण गावणिआ ॥८॥९॥१०॥

ਮਾਝ ਮਹਲਾ ੩ ॥ (115-10)
माझ महला ३ ॥

ਆਪੁ ਵੰਞਾਏ ਤਾ ਸਭ ਕਿਛੁ ਪਾਏ ॥ (115-10)
आपु वंञाए ता सभ किछु पाए ॥

ਗੁਰ ਸਬਦੀ ਸਚੀ ਲਿਵ ਲਾਏ ॥ (115-11)
गुर सबदी सची लिव लाए ॥

ਸਚੁ ਵਣੰਜਹਿ ਸਚੁ ਸੰਘਰਹਿ ਸਚੁ ਵਾਪਾਰੁ ਕਰਾਵਣਿਆ ॥੧॥ (115-11)
सचु वणंजहि सचु संघरहि सचु वापारु करावणिआ ॥१॥

ਹਉ ਵਾਰੀ ਜੀਉ ਵਾਰੀ ਹਰਿ ਗੁਣ ਅਨਦਿਨੁ ਗਾਵਣਿਆ ॥ (115-11)
हउ वारी जीउ वारी हरि गुण अनदिनु गावणिआ ॥

ਹਉ ਤੇਰਾ ਤੂੰ ਠਾਕੁਰੁ ਮੇਰਾ ਸਬਦਿ ਵਡਿਆਈ ਦੇਵਣਿਆ ॥੧॥ ਰਹਾਉ ॥ (115-12)
हउ तेरा तूं ठाकुरु मेरा सबदि वडिआई देवणिआ ॥१॥ रहाउ ॥

ਵੇਲਾ ਵਖਤ ਸਭਿ ਸੁਹਾਇਆ ॥ (115-13)
वेला वखत सभि सुहाइआ ॥

ਜਿਤੁ ਸਚਾ ਮੇਰੇ ਮਨਿ ਭਾਇਆ ॥ (115-13)
जितु सचा मेरे मनि भाइआ ॥

ਸਚੇ ਸੇਵਿਐ ਸਚੁ ਵਡਿਆਈ ਗੁਰ ਕਿਰਪਾ ਤੇ ਸਚੁ ਪਾਵਣਿਆ ॥੨॥ (115-13)
सचे सेविऐ सचु वडिआई गुर किरपा ते सचु पावणिआ ॥२॥

ਭਾਉ ਭੋਜਨੁ ਸਤਿਗੁਰਿ ਤੁਠੈ ਪਾਏ ॥ (115-14)
भाउ भोजनु सतिगुरि तुठै पाए ॥

ਅਨ ਰਸੁ ਚੂਕੈ ਹਰਿ ਰਸੁ ਮੰਨਿ ਵਸਾਏ ॥ (115-14)
अन रसु चूकै हरि रसु मंनि वसाए ॥

ਸਚੁ ਸੰਤੋਖੁ ਸਹਜ ਸੁਖੁ ਬਾਣੀ ਪੂਰੇ ਗੁਰ ਤੇ ਪਾਵਣਿਆ ॥੩॥ (115-15)
सचु संतोखु सहज सुखु बाणी पूरे गुर ते पावणिआ ॥३॥

ਸਤਿਗੁਰੁ ਨ ਸੇਵਹਿ ਮੂਰਖ ਅੰਧ ਗਵਾਰਾ ॥ (115-15)
सतिगुरु न सेवहि मूरख अंध गवारा ॥

ਫਿਰਿ ਓਇ ਕਿਥਹੁ ਪਾਇਨਿ ਮੋਖ ਦੁਆਰਾ ॥ (115-16)
फिरि ओइ किथहु पाइनि मोख दुआरा ॥

ਮਰਿ ਮਰਿ ਜੰਮਹਿ ਫਿਰਿ ਫਿਰਿ ਆਵਹਿ ਜਮ ਦਰਿ ਚੋਟਾ ਖਾਵਣਿਆ ॥੪॥ (115-16)
मरि मरि जंमहि फिरि फिरि आवहि जम दरि चोटा खावणिआ ॥४॥

ਸਬਦੈ ਸਾਦੁ ਜਾਣਹਿ ਤਾ ਆਪੁ ਪਛਾਣਹਿ ॥ (115-17)
सबदै सादु जाणहि ता आपु पछाणहि ॥

ਨਿਰਮਲ ਬਾਣੀ ਸਬਦਿ ਵਖਾਣਹਿ ॥ (115-17)
निरमल बाणी सबदि वखाणहि ॥

ਸਚੇ ਸੇਵਿ ਸਦਾ ਸੁਖੁ ਪਾਇਨਿ ਨਉ ਨਿਧਿ ਨਾਮੁ ਮੰਨਿ ਵਸਾਵਣਿਆ ॥੫॥ (115-17)
सचे सेवि सदा सुखु पाइनि नउ निधि नामु मंनि वसावणिआ ॥५॥

ਸੋ ਥਾਨੁ ਸੁਹਾਇਆ ਜੋ ਹਰਿ ਮਨਿ ਭਾਇਆ ॥ (115-18)
सो थानु सुहाइआ जो हरि मनि भाइआ ॥

ਸਤਸੰਗਤਿ ਬਹਿ ਹਰਿ ਗੁਣ ਗਾਇਆ ॥ (115-19)
सतसंगति बहि हरि गुण गाइआ ॥

ਅਨਦਿਨੁ ਹਰਿ ਸਾਲਾਹਹਿ ਸਾਚਾ ਨਿਰਮਲ ਨਾਦੁ ਵਜਾਵਣਿਆ ॥੬॥ (115-19)
अनदिनु हरि सालाहहि साचा निरमल नादु वजावणिआ ॥६॥

ਮਨਮੁਖ ਖੋਟੀ ਰਾਸਿ ਖੋਟਾ ਪਾਸਾਰਾ ॥ (116-1)
मनमुख खोटी रासि खोटा पासारा ॥

ਕੂੜੁ ਕਮਾਵਨਿ ਦੁਖੁ ਲਾਗੈ ਭਾਰਾ ॥ (116-1)
कूड़ु कमावनि दुखु लागै भारा ॥

ਭਰਮੇ ਭੂਲੇ ਫਿਰਨਿ ਦਿਨ ਰਾਤੀ ਮਰਿ ਜਨਮਹਿ ਜਨਮੁ ਗਵਾਵਣਿਆ ॥੭॥ (116-1)
भरमे भूले फिरनि दिन राती मरि जनमहि जनमु गवावणिआ ॥७॥

ਸਚਾ ਸਾਹਿਬੁ ਮੈ ਅਤਿ ਪਿਆਰਾ ॥ (116-2)
सचा साहिबु मै अति पिआरा ॥

ਪੂਰੇ ਗੁਰ ਕੈ ਸਬਦਿ ਅਧਾਰਾ ॥ (116-2)
पूरे गुर कै सबदि अधारा ॥

ਨਾਨਕ ਨਾਮਿ ਮਿਲੈ ਵਡਿਆਈ ਦੁਖੁ ਸੁਖੁ ਸਮ ਕਰਿ ਜਾਨਣਿਆ ॥੮॥੧੦॥੧੧॥ (116-3)
नानक नामि मिलै वडिआई दुखु सुखु सम करि जानणिआ ॥८॥१०॥११॥

ਮਾਝ ਮਹਲਾ ੩ ॥ (116-3)
माझ महला ३ ॥

ਤੇਰੀਆ ਖਾਣੀ ਤੇਰੀਆ ਬਾਣੀ ॥ (116-4)
तेरीआ खाणी तेरीआ बाणी ॥

ਬਿਨੁ ਨਾਵੈ ਸਭ ਭਰਮਿ ਭੁਲਾਣੀ ॥ (116-4)
बिनु नावै सभ भरमि भुलाणी ॥

ਗੁਰ ਸੇਵਾ ਤੇ ਹਰਿ ਨਾਮੁ ਪਾਇਆ ਬਿਨੁ ਸਤਿਗੁਰ ਕੋਇ ਨ ਪਾਵਣਿਆ ॥੧॥ (116-4)
गुर सेवा ते हरि नामु पाइआ बिनु सतिगुर कोइ न पावणिआ ॥१॥

ਹਉ ਵਾਰੀ ਜੀਉ ਵਾਰੀ ਹਰਿ ਸੇਤੀ ਚਿਤੁ ਲਾਵਣਿਆ ॥ (116-5)
हउ वारी जीउ वारी हरि सेती चितु लावणिआ ॥

ਹਰਿ ਸਚਾ ਗੁਰ ਭਗਤੀ ਪਾਈਐ ਸਹਜੇ ਮੰਨਿ ਵਸਾਵਣਿਆ ॥੧॥ ਰਹਾਉ ॥ (116-5)
हरि सचा गुर भगती पाईऐ सहजे मंनि वसावणिआ ॥१॥ रहाउ ॥

ਸਤਿਗੁਰੁ ਸੇਵੇ ਤਾ ਸਭ ਕਿਛੁ ਪਾਏ ॥ (116-6)
सतिगुरु सेवे ता सभ किछु पाए ॥

ਜੇਹੀ ਮਨਸਾ ਕਰਿ ਲਾਗੈ ਤੇਹਾ ਫਲੁ ਪਾਏ ॥ (116-6)
जेही मनसा करि लागै तेहा फलु पाए ॥

ਸਤਿਗੁਰੁ ਦਾਤਾ ਸਭਨਾ ਵਥੂ ਕਾ ਪੂਰੈ ਭਾਗਿ ਮਿਲਾਵਣਿਆ ॥੨॥ (116-7)
सतिगुरु दाता सभना वथू का पूरै भागि मिलावणिआ ॥२॥

ਇਹੁ ਮਨੁ ਮੈਲਾ ਇਕੁ ਨ ਧਿਆਏ ॥ (116-7)
इहु मनु मैला इकु न धिआए ॥

ਅੰਤਰਿ ਮੈਲੁ ਲਾਗੀ ਬਹੁ ਦੂਜੈ ਭਾਏ ॥ (116-8)
अंतरि मैलु लागी बहु दूजै भाए ॥

ਤਟਿ ਤੀਰਥਿ ਦਿਸੰਤਰਿ ਭਵੈ ਅਹੰਕਾਰੀ ਹੋਰੁ ਵਧੇਰੈ ਹਉਮੈ ਮਲੁ ਲਾਵਣਿਆ ॥੩॥ (116-8)
तटि तीरथि दिसंतरि भवै अहंकारी होरु वधेरै हउमै मलु लावणिआ ॥३॥

ਸਤਿਗੁਰੁ ਸੇਵੇ ਤਾ ਮਲੁ ਜਾਏ ॥ (116-9)
सतिगुरु सेवे ता मलु जाए ॥

ਜੀਵਤੁ ਮਰੈ ਹਰਿ ਸਿਉ ਚਿਤੁ ਲਾਏ ॥ (116-9)
जीवतु मरै हरि सिउ चितु लाए ॥

ਹਰਿ ਨਿਰਮਲੁ ਸਚੁ ਮੈਲੁ ਨ ਲਾਗੈ ਸਚਿ ਲਾਗੈ ਮੈਲੁ ਗਵਾਵਣਿਆ ॥੪॥ (116-9)
हरि निरमलु सचु मैलु न लागै सचि लागै मैलु गवावणिआ ॥४॥

ਬਾਝੁ ਗੁਰੂ ਹੈ ਅੰਧ ਗੁਬਾਰਾ ॥ (116-10)
बाझु गुरू है अंध गुबारा ॥

ਅਗਿਆਨੀ ਅੰਧਾ ਅੰਧੁ ਅੰਧਾਰਾ ॥ (116-10)
अगिआनी अंधा अंधु अंधारा ॥

ਬਿਸਟਾ ਕੇ ਕੀੜੇ ਬਿਸਟਾ ਕਮਾਵਹਿ ਫਿਰਿ ਬਿਸਟਾ ਮਾਹਿ ਪਚਾਵਣਿਆ ॥੫॥ (116-11)
बिसटा के कीड़े बिसटा कमावहि फिरि बिसटा माहि पचावणिआ ॥५॥

ਮੁਕਤੇ ਸੇਵੇ ਮੁਕਤਾ ਹੋਵੈ ॥ (116-11)
मुकते सेवे मुकता होवै ॥

ਹਉਮੈ ਮਮਤਾ ਸਬਦੇ ਖੋਵੈ ॥ (116-12)
हउमै ममता सबदे खोवै ॥

ਅਨਦਿਨੁ ਹਰਿ ਜੀਉ ਸਚਾ ਸੇਵੀ ਪੂਰੈ ਭਾਗਿ ਗੁਰੁ ਪਾਵਣਿਆ ॥੬॥ (116-12)
अनदिनु हरि जीउ सचा सेवी पूरै भागि गुरु पावणिआ ॥६॥

ਆਪੇ ਬਖਸੇ ਮੇਲਿ ਮਿਲਾਏ ॥ (116-13)
आपे बखसे मेलि मिलाए ॥

ਪੂਰੇ ਗੁਰ ਤੇ ਨਾਮੁ ਨਿਧਿ ਪਾਏ ॥ (116-13)
पूरे गुर ते नामु निधि पाए ॥

ਸਚੈ ਨਾਮਿ ਸਦਾ ਮਨੁ ਸਚਾ ਸਚੁ ਸੇਵੇ ਦੁਖੁ ਗਵਾਵਣਿਆ ॥੭॥ (116-13)
सचै नामि सदा मनु सचा सचु सेवे दुखु गवावणिआ ॥७॥

ਸਦਾ ਹਜੂਰਿ ਦੂਰਿ ਨ ਜਾਣਹੁ ॥ (116-14)
सदा हजूरि दूरि न जाणहु ॥

ਗੁਰ ਸਬਦੀ ਹਰਿ ਅੰਤਰਿ ਪਛਾਣਹੁ ॥ (116-14)
गुर सबदी हरि अंतरि पछाणहु ॥

ਨਾਨਕ ਨਾਮਿ ਮਿਲੈ ਵਡਿਆਈ ਪੂਰੇ ਗੁਰ ਤੇ ਪਾਵਣਿਆ ॥੮॥੧੧॥੧੨॥ (116-14)
नानक नामि मिलै वडिआई पूरे गुर ते पावणिआ ॥८॥११॥१२॥

ਮਾਝ ਮਹਲਾ ੩ ॥ (116-15)
माझ महला ३ ॥

ਐਥੈ ਸਾਚੇ ਸੁ ਆਗੈ ਸਾਚੇ ॥ (116-15)
ऐथै साचे सु आगै साचे ॥

ਮਨੁ ਸਚਾ ਸਚੈ ਸਬਦਿ ਰਾਚੇ ॥ (116-16)
मनु सचा सचै सबदि राचे ॥

ਸਚਾ ਸੇਵਹਿ ਸਚੁ ਕਮਾਵਹਿ ਸਚੋ ਸਚੁ ਕਮਾਵਣਿਆ ॥੧॥ (116-16)
सचा सेवहि सचु कमावहि सचो सचु कमावणिआ ॥१॥

ਹਉ ਵਾਰੀ ਜੀਉ ਵਾਰੀ ਸਚਾ ਨਾਮੁ ਮੰਨਿ ਵਸਾਵਣਿਆ ॥ (116-16)
हउ वारी जीउ वारी सचा नामु मंनि वसावणिआ ॥

ਸਚੇ ਸੇਵਹਿ ਸਚਿ ਸਮਾਵਹਿ ਸਚੇ ਕੇ ਗੁਣ ਗਾਵਣਿਆ ॥੧॥ ਰਹਾਉ ॥ (116-17)
सचे सेवहि सचि समावहि सचे के गुण गावणिआ ॥१॥ रहाउ ॥

ਪੰਡਿਤ ਪੜਹਿ ਸਾਦੁ ਨ ਪਾਵਹਿ ॥ (116-18)
पंडित पड़हि सादु न पावहि ॥

ਦੂਜੈ ਭਾਇ ਮਾਇਆ ਮਨੁ ਭਰਮਾਵਹਿ ॥ (116-18)
दूजै भाइ माइआ मनु भरमावहि ॥

ਮਾਇਆ ਮੋਹਿ ਸਭ ਸੁਧਿ ਗਵਾਈ ਕਰਿ ਅਵਗਣ ਪਛੋਤਾਵਣਿਆ ॥੨॥ (116-18)
माइआ मोहि सभ सुधि गवाई करि अवगण पछोतावणिआ ॥२॥

ਸਤਿਗੁਰ ਮਿਲੈ ਤਾ ਤਤੁ ਪਾਏ ॥ (116-19)
सतिगुरु मिलै ता ततु पाए ॥

ਹਰਿ ਕਾ ਨਾਮੁ ਮੰਨਿ ਵਸਾਏ ॥ (116-19)
हरि का नामु मंनि वसाए ॥

ਸਬਦਿ ਮਰੈ ਮਨੁ ਮਾਰੈ ਅਪੁਨਾ ਮੁਕਤੀ ਕਾ ਦਰੁ ਪਾਵਣਿਆ ॥੩॥ (117-1)
सबदि मरै मनु मारै अपुना मुकती का दरु पावणिआ ॥३॥

ਕਿਲਵਿਖ ਕਾਟੈ ਕ੍ਰੋਧੁ ਨਿਵਾਰੇ ॥ (117-1)
किलविख काटै क्रोधु निवारे ॥

ਗੁਰ ਕਾ ਸਬਦੁ ਰਖੈ ਉਰ ਧਾਰੇ ॥ (117-1)
गुर का सबदु रखै उर धारे ॥

ਸਚਿ ਰਤੇ ਸਦਾ ਬੈਰਾਗੀ ਹਉਮੈ ਮਾਰਿ ਮਿਲਾਵਣਿਆ ॥੪॥ (117-2)
सचि रते सदा बैरागी हउमै मारि मिलावणिआ ॥४॥

ਅੰਤਰਿ ਰਤਨੁ ਮਿਲੈ ਮਿਲਾਇਆ ॥ (117-2)
अंतरि रतनु मिलै मिलाइआ ॥

ਤ੍ਰਿਬਿਧਿ ਮਨਸਾ ਤ੍ਰਿਬਿਧਿ ਮਾਇਆ ॥ (117-3)
त्रिबिधि मनसा त्रिबिधि माइआ ॥

ਪੜਿ ਪੜਿ ਪੰਡਿਤ ਮੋਨੀ ਥਕੇ ਚਉਥੇ ਪਦ ਕੀ ਸਾਰ ਨ ਪਾਵਣਿਆ ॥੫॥ (117-3)
पड़ि पड़ि पंडित मोनी थके चउथे पद की सार न पावणिआ ॥५॥

ਆਪੇ ਰੰਗੇ ਰੰਗੁ ਚੜਾਏ ॥ (117-4)
आपे रंगे रंगु चड़ाए ॥

ਸੇ ਜਨ ਰਾਤੇ ਗੁਰ ਸਬਦਿ ਰੰਗਾਏ ॥ (117-4)
से जन राते गुर सबदि रंगाए ॥

ਹਰਿ ਰੰਗੁ ਚੜਿਆ ਅਤਿ ਅਪਾਰਾ ਹਰਿ ਰਸਿ ਰਸਿ ਗੁਣ ਗਾਵਣਿਆ ॥੬॥ (117-4)
हरि रंगु चड़िआ अति अपारा हरि रसि रसि गुण गावणिआ ॥६॥

ਗੁਰਮੁਖਿ ਰਿਧਿ ਸਿਧਿ ਸਚੁ ਸੰਜਮੁ ਸੋਈ ॥ (117-5)
गुरमुखि रिधि सिधि सचु संजमु सोई ॥

ਗੁਰਮੁਖਿ ਗਿਆਨੁ ਨਾਮਿ ਮੁਕਤਿ ਹੋਈ ॥ (117-5)
गुरमुखि गिआनु नामि मुकति होई ॥

ਗੁਰਮੁਖਿ ਕਾਰ ਸਚੁ ਕਮਾਵਹਿ ਸਚੇ ਸਚਿ ਸਮਾਵਣਿਆ ॥੭॥ (117-6)
गुरमुखि कार सचु कमावहि सचे सचि समावणिआ ॥७॥

ਗੁਰਮੁਖਿ ਥਾਪੇ ਥਾਪਿ ਉਥਾਪੇ ॥ (117-6)
गुरमुखि थापे थापि उथापे ॥

ਗੁਰਮੁਖਿ ਜਾਤਿ ਪਤਿ ਸਭੁ ਆਪੇ ॥ (117-7)
गुरमुखि जाति पति सभु आपे ॥

ਨਾਨਕ ਗੁਰਮੁਖਿ ਨਾਮੁ ਧਿਆਏ ਨਾਮੇ ਨਾਮਿ ਸਮਾਵਣਿਆ ॥੮॥੧੨॥੧੩॥ (117-7)
नानक गुरमुखि नामु धिआए नामे नामि समावणिआ ॥८॥१२॥१३॥

ਮਾਝ ਮਹਲਾ ੩ ॥ (117-8)
माझ महला ३ ॥

ਉਤਪਤਿ ਪਰਲਉ ਸਬਦੇ ਹੋਵੈ ॥ (117-8)
उतपति परलउ सबदे होवै ॥

ਸਬਦੇ ਹੀ ਫਿਰਿ ਓਪਤਿ ਹੋਵੈ ॥ (117-8)
सबदे ही फिरि ओपति होवै ॥

ਗੁਰਮੁਖਿ ਵਰਤੈ ਸਭੁ ਆਪੇ ਸਚਾ ਗੁਰਮੁਖਿ ਉਪਾਇ ਸਮਾਵਣਿਆ ॥੧॥ (117-8)
गुरमुखि वरतै सभु आपे सचा गुरमुखि उपाइ समावणिआ ॥१॥

ਹਉ ਵਾਰੀ ਜੀਉ ਵਾਰੀ ਗੁਰੁ ਪੂਰਾ ਮੰਨਿ ਵਸਾਵਣਿਆ ॥ (117-9)
हउ वारी जीउ वारी गुरु पूरा मंनि वसावणिआ ॥

ਗੁਰ ਤੇ ਸਾਤਿ ਭਗਤਿ ਕਰੇ ਦਿਨੁ ਰਾਤੀ ਗੁਣ ਕਹਿ ਗੁਣੀ ਸਮਾਵਣਿਆ ॥੧॥ ਰਹਾਉ ॥ (117-9)
गुर ते साति भगति करे दिनु राती गुण कहि गुणी समावणिआ ॥१॥ रहाउ ॥

ਗੁਰਮੁਖਿ ਧਰਤੀ ਗੁਰਮੁਖਿ ਪਾਣੀ ॥ (117-10)
गुरमुखि धरती गुरमुखि पाणी ॥

ਗੁਰਮੁਖਿ ਪਵਣੁ ਬੈਸੰਤਰੁ ਖੇਲੈ ਵਿਡਾਣੀ ॥ (117-11)
गुरमुखि पवणु बैसंतरु खेलै विडाणी ॥

ਸੋ ਨਿਗੁਰਾ ਜੋ ਮਰਿ ਮਰਿ ਜੰਮੈ ਨਿਗੁਰੇ ਆਵਣ ਜਾਵਣਿਆ ॥੨॥ (117-11)
सो निगुरा जो मरि मरि जंमै निगुरे आवण जावणिआ ॥२॥

ਤਿਨਿ ਕਰਤੈ ਇਕੁ ਖੇਲੁ ਰਚਾਇਆ ॥ (117-12)
तिनि करतै इकु खेलु रचाइआ ॥

ਕਾਇਆ ਸਰੀਰੈ ਵਿਚਿ ਸਭੁ ਕਿਛੁ ਪਾਇਆ ॥ (117-12)
काइआ सरीरै विचि सभु किछु पाइआ ॥

ਸਬਦਿ ਭੇਦਿ ਕੋਈ ਮਹਲੁ ਪਾਏ ਮਹਲੇ ਮਹਲਿ ਬੁਲਾਵਣਿਆ ॥੩॥ (117-12)
सबदि भेदि कोई महलु पाए महले महलि बुलावणिआ ॥३॥

ਸਚਾ ਸਾਹੁ ਸਚੇ ਵਣਜਾਰੇ ॥ (117-13)
सचा साहु सचे वणजारे ॥

ਸਚੁ ਵਣੰਜਹਿ ਗੁਰ ਹੇਤਿ ਅਪਾਰੇ ॥ (117-13)
सचु वणंजहि गुर हेति अपारे ॥

ਸਚੁ ਵਿਹਾਝਹਿ ਸਚੁ ਕਮਾਵਹਿ ਸਚੋ ਸਚੁ ਕਮਾਵਣਿਆ ॥੪॥ (117-14)
सचु विहाझहि सचु कमावहि सचो सचु कमावणिआ ॥४॥

ਬਿਨੁ ਰਾਸੀ ਕੋ ਵਥੁ ਕਿਉ ਪਾਏ ॥ (117-14)
बिनु रासी को वथु किउ पाए ॥

ਮਨਮੁਖ ਭੂਲੇ ਲੋਕ ਸਬਾਏ ॥ (117-14)
मनमुख भूले लोक सबाए ॥

ਬਿਨੁ ਰਾਸੀ ਸਭ ਖਾਲੀ ਚਲੇ ਖਾਲੀ ਜਾਇ ਦੁਖੁ ਪਾਵਣਿਆ ॥੫॥ (117-15)
बिनु रासी सभ खाली चले खाली जाइ दुखु पावणिआ ॥५॥

ਇਕਿ ਸਚੁ ਵਣੰਜਹਿ ਗੁਰ ਸਬਦਿ ਪਿਆਰੇ ॥ (117-15)
इकि सचु वणंजहि गुर सबदि पिआरे ॥

ਆਪਿ ਤਰਹਿ ਸਗਲੇ ਕੁਲ ਤਾਰੇ ॥ (117-16)
आपि तरहि सगले कुल तारे ॥

ਆਏ ਸੇ ਪਰਵਾਣੁ ਹੋਏ ਮਿਲਿ ਪ੍ਰੀਤਮ ਸੁਖੁ ਪਾਵਣਿਆ ॥੬॥ (117-16)
आए से परवाणु होए मिलि प्रीतम सुखु पावणिआ ॥६॥

ਅੰਤਰਿ ਵਸਤੁ ਮੂੜਾ ਬਾਹਰੁ ਭਾਲੇ ॥ (117-17)
अंतरि वसतु मूड़ा बाहरु भाले ॥

ਮਨਮੁਖ ਅੰਧੇ ਫਿਰਹਿ ਬੇਤਾਲੇ ॥ (117-17)
मनमुख अंधे फिरहि बेताले ॥

ਜਿਥੈ ਵਥੁ ਹੋਵੈ ਤਿਥਹੁ ਕੋਇ ਨ ਪਾਵੈ ਮਨਮੁਖ ਭਰਮਿ ਭੁਲਾਵਣਿਆ ॥੭॥ (117-17)
जिथै वथु होवै तिथहु कोइ न पावै मनमुख भरमि भुलावणिआ ॥७॥

ਆਪੇ ਦੇਵੈ ਸਬਦਿ ਬੁਲਾਏ ॥ (117-18)
आपे देवै सबदि बुलाए ॥

ਮਹਲੀ ਮਹਲਿ ਸਹਜ ਸੁਖੁ ਪਾਏ ॥ (117-18)
महली महलि सहज सुखु पाए ॥

ਨਾਨਕ ਨਾਮਿ ਮਿਲੈ ਵਡਿਆਈ ਆਪੇ ਸੁਣਿ ਸੁਣਿ ਧਿਆਵਣਿਆ ॥੮॥੧੩॥੧੪॥ (117-18)
नानक नामि मिलै वडिआई आपे सुणि सुणि धिआवणिआ ॥८॥१३॥१४॥

ਮਾਝ ਮਹਲਾ ੩ ॥ (117-19)
माझ महला ३ ॥

ਸਤਿਗੁਰ ਸਾਚੀ ਸਿਖ ਸੁਣਾਈ ॥ (117-19)
सतिगुर साची सिख सुणाई ॥

ਹਰਿ ਚੇਤਹੁ ਅੰਤਿ ਹੋਇ ਸਖਾਈ ॥ (118-1)
हरि चेतहु अंति होइ सखाई ॥

ਹਰਿ ਅਗਮੁ ਅਗੋਚਰੁ ਅਨਾਥੁ ਅਜੋਨੀ ਸਤਿਗੁਰ ਕੈ ਭਾਇ ਪਾਵਣਿਆ ॥੧॥ (118-1)
हरि अगमु अगोचरु अनाथु अजोनी सतिगुर कै भाइ पावणिआ ॥१॥

ਹਉ ਵਾਰੀ ਜੀਉ ਵਾਰੀ ਆਪੁ ਨਿਵਾਰਣਿਆ ॥ (118-2)
हउ वारी जीउ वारी आपु निवारणिआ ॥

ਆਪੁ ਗਵਾਏ ਤਾ ਹਰਿ ਪਾਏ ਹਰਿ ਸਿਉ ਸਹਜਿ ਸਮਾਵਣਿਆ ॥੧॥ ਰਹਾਉ ॥ (118-2)
आपु गवाए ता हरि पाए हरि सिउ सहजि समावणिआ ॥१॥ रहाउ ॥

ਪੂਰਬਿ ਲਿਖਿਆ ਸੁ ਕਰਮੁ ਕਮਾਇਆ ॥ (118-3)
पूरबि लिखिआ सु करमु कमाइआ ॥

ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ॥ (118-3)
सतिगुरु सेवि सदा सुखु पाइआ ॥

ਬਿਨੁ ਭਾਗਾ ਗੁਰੁ ਪਾਈਐ ਨਾਹੀ ਸਬਦੈ ਮੇਲਿ ਮਿਲਾਵਣਿਆ ॥੨॥ (118-4)
बिनु भागा गुरु पाईऐ नाही सबदै मेलि मिलावणिआ ॥२॥

ਗੁਰਮੁਖਿ ਅਲਿਪਤੁ ਰਹੈ ਸੰਸਾਰੇ ॥ (118-4)
गुरमुखि अलिपतु रहै संसारे ॥

ਗੁਰ ਕੈ ਤਕੀਐ ਨਾਮਿ ਅਧਾਰੇ ॥ (118-4)
गुर कै तकीऐ नामि अधारे ॥

ਗੁਰਮੁਖਿ ਜੋਰੁ ਕਰੇ ਕਿਆ ਤਿਸ ਨੋ ਆਪੇ ਖਪਿ ਦੁਖੁ ਪਾਵਣਿਆ ॥੩॥ (118-5)
गुरमुखि जोरु करे किआ तिस नो आपे खपि दुखु पावणिआ ॥३॥

ਮਨਮੁਖਿ ਅੰਧੇ ਸੁਧਿ ਨ ਕਾਈ ॥ (118-5)
मनमुखि अंधे सुधि न काई ॥

ਆਤਮ ਘਾਤੀ ਹੈ ਜਗਤ ਕਸਾਈ ॥ (118-6)
आतम घाती है जगत कसाई ॥

ਨਿੰਦਾ ਕਰਿ ਕਰਿ ਬਹੁ ਭਾਰੁ ਉਠਾਵੈ ਬਿਨੁ ਮਜੂਰੀ ਭਾਰੁ ਪਹੁਚਾਵਣਿਆ ॥੪॥ (118-6)
निंदा करि करि बहु भारु उठावै बिनु मजूरी भारु पहुचावणिआ ॥४॥

ਇਹੁ ਜਗੁ ਵਾੜੀ ਮੇਰਾ ਪ੍ਰਭੁ ਮਾਲੀ ॥ (118-7)
इहु जगु वाड़ी मेरा प्रभु माली ॥

ਸਦਾ ਸਮਾਲੇ ਕੋ ਨਾਹੀ ਖਾਲੀ ॥ (118-7)
सदा समाले को नाही खाली ॥

ਜੇਹੀ ਵਾਸਨਾ ਪਾਏ ਤੇਹੀ ਵਰਤੈ ਵਾਸੂ ਵਾਸੁ ਜਣਾਵਣਿਆ ॥੫॥ (118-7)
जेही वासना पाए तेही वरतै वासू वासु जणावणिआ ॥५॥

ਮਨਮੁਖੁ ਰੋਗੀ ਹੈ ਸੰਸਾਰਾ ॥ (118-8)
मनमुखु रोगी है संसारा ॥

ਸੁਖਦਾਤਾ ਵਿਸਰਿਆ ਅਗਮ ਅਪਾਰਾ ॥ (118-8)
सुखदाता विसरिआ अगम अपारा ॥

ਦੁਖੀਏ ਨਿਤਿ ਫਿਰਹਿ ਬਿਲਲਾਦੇ ਬਿਨੁ ਗੁਰ ਸਾਂਤਿ ਨ ਪਾਵਣਿਆ ॥੬॥ (118-9)
दुखीए निति फिरहि बिललादे बिनु गुर सांति न पावणिआ ॥६॥

ਜਿਨਿ ਕੀਤੇ ਸੋਈ ਬਿਧਿ ਜਾਣੈ ॥ (118-9)
जिनि कीते सोई बिधि जाणै ॥

ਆਪਿ ਕਰੇ ਤਾ ਹੁਕਮਿ ਪਛਾਣੈ ॥ (118-10)
आपि करे ता हुकमि पछाणै ॥

ਜੇਹਾ ਅੰਦਰਿ ਪਾਏ ਤੇਹਾ ਵਰਤੈ ਆਪੇ ਬਾਹਰਿ ਪਾਵਣਿਆ ॥੭॥ (118-10)
जेहा अंदरि पाए तेहा वरतै आपे बाहरि पावणिआ ॥७॥

ਤਿਸੁ ਬਾਝਹੁ ਸਚੇ ਮੈ ਹੋਰੁ ਨ ਕੋਈ ॥ (118-10)
तिसु बाझहु सचे मै होरु न कोई ॥

ਜਿਸੁ ਲਾਇ ਲਏ ਸੋ ਨਿਰਮਲੁ ਹੋਈ ॥ (118-11)
जिसु लाइ लए सो निरमलु होई ॥

ਨਾਨਕ ਨਾਮੁ ਵਸੈ ਘਟ ਅੰਤਰਿ ਜਿਸੁ ਦੇਵੈ ਸੋ ਪਾਵਣਿਆ ॥੮॥੧੪॥੧੫॥ (118-11)
नानक नामु वसै घट अंतरि जिसु देवै सो पावणिआ ॥८॥१४॥१५॥

ਮਾਝ ਮਹਲਾ ੩ ॥ (118-12)
माझ महला ३ ॥

ਅੰਮ੍ਰਿਤ ਨਾਮੁ ਮੰਨਿ ਵਸਾਏ ॥ (118-12)
अमृत नामु मंनि वसाए ॥

ਹਉਮੈ ਮੇਰਾ ਸਭੁ ਦੁਖੁ ਗਵਾਏ ॥ (118-12)
हउमै मेरा सभु दुखु गवाए ॥

ਅੰਮ੍ਰਿਤ ਬਾਣੀ ਸਦਾ ਸਲਾਹੇ ਅੰਮ੍ਰਿਤਿ ਅੰਮ੍ਰਿਤੁ ਪਾਵਣਿਆ ॥੧॥ (118-13)
अमृत बाणी सदा सलाहे अमृति अमृतु पावणिआ ॥१॥

ਹਉ ਵਾਰੀ ਜੀਉ ਵਾਰੀ ਅੰਮ੍ਰਿਤ ਬਾਣੀ ਮੰਨਿ ਵਸਾਵਣਿਆ ॥ (118-13)
हउ वारी जीउ वारी अमृत बाणी मंनि वसावणिआ ॥

ਅੰਮ੍ਰਿਤ ਬਾਣੀ ਮੰਨਿ ਵਸਾਏ ਅੰਮ੍ਰਿਤੁ ਨਾਮੁ ਧਿਆਵਣਿਆ ॥੧॥ ਰਹਾਉ ॥ (118-14)
अमृत बाणी मंनि वसाए अमृतु नामु धिआवणिआ ॥१॥ रहाउ ॥

ਅੰਮ੍ਰਿਤੁ ਬੋਲੈ ਸਦਾ ਮੁਖਿ ਵੈਣੀ ॥ (118-14)
अमृतु बोलै सदा मुखि वैणी ॥

ਅੰਮ੍ਰਿਤੁ ਵੇਖੈ ਪਰਖੈ ਸਦਾ ਨੈਣੀ ॥ (118-15)
अमृतु वेखै परखै सदा नैणी ॥

ਅੰਮ੍ਰਿਤ ਕਥਾ ਕਹੈ ਸਦਾ ਦਿਨੁ ਰਾਤੀ ਅਵਰਾ ਆਖਿ ਸੁਨਾਵਣਿਆ ॥੨॥ (118-15)
अमृत कथा कहै सदा दिनु राती अवरा आखि सुनावणिआ ॥२॥

ਅੰਮ੍ਰਿਤ ਰੰਗਿ ਰਤਾ ਲਿਵ ਲਾਏ ॥ (118-16)
अमृत रंगि रता लिव लाए ॥

ਅੰਮ੍ਰਿਤੁ ਗੁਰ ਪਰਸਾਦੀ ਪਾਏ ॥ (118-16)
अमृतु गुर परसादी पाए ॥

ਅੰਮ੍ਰਿਤੁ ਰਸਨਾ ਬੋਲੈ ਦਿਨੁ ਰਾਤੀ ਮਨਿ ਤਨਿ ਅੰਮ੍ਰਿਤੁ ਪੀਆਵਣਿਆ ॥੩॥ (118-16)
अमृतु रसना बोलै दिनु राती मनि तनि अमृतु पीआवणिआ ॥३॥

ਸੋ ਕਿਛੁ ਕਰੈ ਜੁ ਚਿਤਿ ਨ ਹੋਈ ॥ (118-17)
सो किछु करै जु चिति न होई ॥

ਤਿਸ ਦਾ ਹੁਕਮੁ ਮੇਟਿ ਨ ਸਕੈ ਕੋਈ ॥ (118-17)
तिस दा हुकमु मेटि न सकै कोई ॥

ਹੁਕਮੇ ਵਰਤੈ ਅੰਮ੍ਰਿਤ ਬਾਣੀ ਹੁਕਮੇ ਅੰਮ੍ਰਿਤੁ ਪੀਆਵਣਿਆ ॥੪॥ (118-18)
हुकमे वरतै अमृत बाणी हुकमे अमृतु पीआवणिआ ॥४॥

ਅਜਬ ਕੰਮ ਕਰਤੇ ਹਰਿ ਕੇਰੇ ॥ (118-18)
अजब कंम करते हरि केरे ॥

ਇਹੁ ਮਨੁ ਭੂਲਾ ਜਾਂਦਾ ਫੇਰੇ ॥ (118-19)
इहु मनु भूला जांदा फेरे ॥

ਅੰਮ੍ਰਿਤ ਬਾਣੀ ਸਿਉ ਚਿਤੁ ਲਾਏ ਅੰਮ੍ਰਿਤ ਸਬਦਿ ਵਜਾਵਣਿਆ ॥੫॥ (118-19)
अमृत बाणी सिउ चितु लाए अमृत सबदि वजावणिआ ॥५॥

ਖੋਟੇ ਖਰੇ ਤੁਧੁ ਆਪਿ ਉਪਾਏ ॥ (119-1)
खोटे खरे तुधु आपि उपाए ॥

ਤੁਧੁ ਆਪੇ ਪਰਖੇ ਲੋਕ ਸਬਾਏ ॥ (119-1)
तुधु आपे परखे लोक सबाए ॥

ਖਰੇ ਪਰਖਿ ਖਜਾਨੈ ਪਾਇਹਿ ਖੋਟੇ ਭਰਮਿ ਭੁਲਾਵਣਿਆ ॥੬॥ (119-1)
खरे परखि खजानै पाइहि खोटे भरमि भुलावणिआ ॥६॥

ਕਿਉ ਕਰਿ ਵੇਖਾ ਕਿਉ ਸਾਲਾਹੀ ॥ (119-2)
किउ करि वेखा किउ सालाही ॥

ਗੁਰ ਪਰਸਾਦੀ ਸਬਦਿ ਸਲਾਹੀ ॥ (119-2)
गुर परसादी सबदि सलाही ॥

ਤੇਰੇ ਭਾਣੇ ਵਿਚਿ ਅੰਮ੍ਰਿਤੁ ਵਸੈ ਤੂੰ ਭਾਣੈ ਅੰਮ੍ਰਿਤੁ ਪੀਆਵਣਿਆ ॥੭॥ (119-2)
तेरे भाणे विचि अमृतु वसै तूं भाणै अमृतु पीआवणिआ ॥७॥

ਅੰਮ੍ਰਿਤ ਸਬਦੁ ਅੰਮ੍ਰਿਤ ਹਰਿ ਬਾਣੀ ॥ (119-3)
अम्रित सबदु अम्रित हरि बाणी ॥

ਸਤਿਗੁਰਿ ਸੇਵਿਐ ਰਿਦੈ ਸਮਾਣੀ ॥ (119-3)
सतिगुरि सेविऐ रिदै समाणी ॥

ਨਾਨਕ ਅੰਮ੍ਰਿਤ ਨਾਮੁ ਸਦਾ ਸੁਖਦਾਤਾ ਪੀ ਅੰਮ੍ਰਿਤੁ ਸਭ ਭੁਖ ਲਹਿ ਜਾਵਣਿਆ ॥੮॥੧੫॥੧੬॥ (119-4)
नानक अम्रित नामु सदा सुखदाता पी अम्रितु सभ भुख लहि जावणिआ ॥८॥१५॥१६॥

ਮਾਝ ਮਹਲਾ ੩ ॥ (119-5)
माझ महला ३ ॥

ਅੰਮ੍ਰਿਤੁ ਵਰਸੈ ਸਹਜਿ ਸੁਭਾਏ ॥ (119-5)
अम्रितु वरसै सहजि सुभाए ॥

ਗੁਰਮੁਖਿ ਵਿਰਲਾ ਕੋਈ ਜਨੁ ਪਾਏ ॥ (119-5)
गुरमुखि विरला कोई जनु पाए ॥

ਅੰਮ੍ਰਿਤੁ ਪੀ ਸਦਾ ਤ੍ਰਿਪਤਾਸੇ ਕਰਿ ਕਿਰਪਾ ਤ੍ਰਿਸਨਾ ਬੁਝਾਵਣਿਆ ॥੧॥ (119-5)
अम्रितु पी सदा त्रिपतासे करि किरपा त्रिसना बुझावणिआ ॥१॥

ਹਉ ਵਾਰੀ ਜੀਉ ਵਾਰੀ ਗੁਰਮੁਖਿ ਅੰਮ੍ਰਿਤੁ ਪੀਆਵਣਿਆ ॥ (119-6)
हउ वारी जीउ वारी गुरमुखि अम्रितु पीआवणिआ ॥

ਰਸਨਾ ਰਸੁ ਚਾਖਿ ਸਦਾ ਰਹੈ ਰੰਗਿ ਰਾਤੀ ਸਹਜੇ ਹਰਿ ਗੁਣ ਗਾਵਣਿਆ ॥੧॥ ਰਹਾਉ ॥ (119-7)
रसना रसु चाखि सदा रहै रंगि राती सहजे हरि गुण गावणिआ ॥१॥ रहाउ ॥

ਗੁਰ ਪਰਸਾਦੀ ਸਹਜੁ ਕੋ ਪਾਏ ॥ (119-7)
गुर परसादी सहजु को पाए ॥

ਦੁਬਿਧਾ ਮਾਰੇ ਇਕਸੁ ਸਿਉ ਲਿਵ ਲਾਏ ॥ (119-8)
दुबिधा मारे इकसु सिउ लिव लाए ॥

ਨਦਰਿ ਕਰੇ ਤਾ ਹਰਿ ਗੁਣ ਗਾਵੈ ਨਦਰੀ ਸਚਿ ਸਮਾਵਣਿਆ ॥੨॥ (119-8)
नदरि करे ता हरि गुण गावै नदरी सचि समावणिआ ॥२॥

ਸਭਨਾ ਉਪਰਿ ਨਦਰਿ ਪ੍ਰਭ ਤੇਰੀ ॥ (119-9)
सभना उपरि नदरि प्रभ तेरी ॥

ਕਿਸੈ ਥੋੜੀ ਕਿਸੈ ਹੈ ਘਣੇਰੀ ॥ (119-9)
किसै थोड़ी किसै है घणेरी ॥

ਤੁਝ ਤੇ ਬਾਹਰਿ ਕਿਛੁ ਨ ਹੋਵੈ ਗੁਰਮੁਖਿ ਸੋਝੀ ਪਾਵਣਿਆ ॥੩॥ (119-9)
तुझ ते बाहरि किछु न होवै गुरमुखि सोझी पावणिआ ॥३॥

ਗੁਰਮੁਖਿ ਤਤੁ ਹੈ ਬੀਚਾਰਾ ॥ (119-10)
गुरमुखि ततु है बीचारा ॥

ਅੰਮ੍ਰਿਤਿ ਭਰੇ ਤੇਰੇ ਭੰਡਾਰਾ ॥ (119-10)
अमृति भरे तेरे भंडारा ॥

ਬਿਨੁ ਸਤਿਗੁਰ ਸੇਵੇ ਕੋਈ ਨ ਪਾਵੈ ਗੁਰ ਕਿਰਪਾ ਤੇ ਪਾਵਣਿਆ ॥੪॥ (119-10)
बिनु सतिगुर सेवे कोई न पावै गुर किरपा ते पावणिआ ॥४॥

ਸਤਿਗੁਰੁ ਸੇਵੈ ਸੋ ਜਨੁ ਸੋਹੈ ॥ (119-11)
सतिगुरु सेवै सो जनु सोहै ॥

ਅੰਮ੍ਰਿਤ ਨਾਮਿ ਅੰਤਰੁ ਮਨੁ ਮੋਹੈ ॥ (119-11)
अमृत नामि अंतरु मनु मोहै ॥

ਅੰਮ੍ਰਿਤਿ ਮਨੁ ਤਨੁ ਬਾਣੀ ਰਤਾ ਅੰਮ੍ਰਿਤੁ ਸਹਜਿ ਸੁਣਾਵਣਿਆ ॥੫॥ (119-12)
अमृति मनु तनु बाणी रता अमृतु सहजि सुणावणिआ ॥५॥

ਮਨਮੁਖੁ ਭੂਲਾ ਦੂਜੈ ਭਾਇ ਖੁਆਏ ॥ (119-12)
मनमुखु भूला दूजै भाइ खुआए ॥

ਨਾਮੁ ਨ ਲੇਵੈ ਮਰੈ ਬਿਖੁ ਖਾਏ ॥ (119-13)
नामु न लेवै मरै बिखु खाए ॥

ਅਨਦਿਨੁ ਸਦਾ ਵਿਸਟਾ ਮਹਿ ਵਾਸਾ ਬਿਨੁ ਸੇਵਾ ਜਨਮੁ ਗਵਾਵਣਿਆ ॥੬॥ (119-13)
अनदिनु सदा विसटा महि वासा बिनु सेवा जनमु गवावणिआ ॥६॥

ਅੰਮ੍ਰਿਤੁ ਪੀਵੈ ਜਿਸ ਨੋ ਆਪਿ ਪੀਆਏ ॥ (119-14)
अमृतु पीवै जिस नो आपि पीआए ॥

ਗੁਰ ਪਰਸਾਦੀ ਸਹਜਿ ਲਿਵ ਲਾਏ ॥ (119-14)
गुर परसादी सहजि लिव लाए ॥

ਪੂਰਨ ਪੂਰਿ ਰਹਿਆ ਸਭ ਆਪੇ ਗੁਰਮਤਿ ਨਦਰੀ ਆਵਣਿਆ ॥੭॥ (119-14)
पूरन पूरि रहिआ सभ आपे गुरमति नदरी आवणिआ ॥७॥

ਆਪੇ ਆਪਿ ਨਿਰੰਜਨੁ ਸੋਈ ॥ (119-15)
आपे आपि निरंजनु सोई ॥

ਜਿਨਿ ਸਿਰਜੀ ਤਿਨਿ ਆਪੇ ਗੋਈ ॥ (119-15)
जिनि सिरजी तिनि आपे गोई ॥

ਨਾਨਕ ਨਾਮੁ ਸਮਾਲਿ ਸਦਾ ਤੂੰ ਸਹਜੇ ਸਚਿ ਸਮਾਵਣਿਆ ॥੮॥੧੬॥੧੭॥ (119-15)
नानक नामु समालि सदा तूं सहजे सचि समावणिआ ॥८॥१६॥१७॥

ਮਾਝ ਮਹਲਾ ੩ ॥ (119-16)
माझ महला ३ ॥

ਸੇ ਸਚਿ ਲਾਗੇ ਜੋ ਤੁਧੁ ਭਾਏ ॥ (119-16)
से सचि लागे जो तुधु भाए ॥

ਸਦਾ ਸਚੁ ਸੇਵਹਿ ਸਹਜ ਸੁਭਾਏ ॥ (119-17)
सदा सचु सेवहि सहज सुभाए ॥

ਸਚੈ ਸਬਦਿ ਸਚਾ ਸਾਲਾਹੀ ਸਚੈ ਮੇਲਿ ਮਿਲਾਵਣਿਆ ॥੧॥ (119-17)
सचै सबदि सचा सालाही सचै मेलि मिलावणिआ ॥१॥

ਹਉ ਵਾਰੀ ਜੀਉ ਵਾਰੀ ਸਚੁ ਸਾਲਾਹਣਿਆ ॥ (119-17)
हउ वारी जीउ वारी सचु सालाहणिआ ॥

ਸਚੁ ਧਿਆਇਨਿ ਸੇ ਸਚਿ ਰਾਤੇ ਸਚੇ ਸਚਿ ਸਮਾਵਣਿਆ ॥੧॥ ਰਹਾਉ ॥ (119-18)
सचु धिआइनि से सचि राते सचे सचि समावणिआ ॥१॥ रहाउ ॥

ਜਹ ਦੇਖਾ ਸਚੁ ਸਭਨੀ ਥਾਈ ॥ (119-18)
जह देखा सचु सभनी थाई ॥

ਗੁਰ ਪਰਸਾਦੀ ਮੰਨਿ ਵਸਾਈ ॥ (119-19)
गुर परसादी मंनि वसाई ॥

ਤਨੁ ਸਚਾ ਰਸਨਾ ਸਚਿ ਰਾਤੀ ਸਚੁ ਸੁਣਿ ਆਖਿ ਵਖਾਨਣਿਆ ॥੨॥ (119-19)
तनु सचा रसना सचि राती सचु सुणि आखि वखानणिआ ॥२॥

ਮਨਸਾ ਮਾਰਿ ਸਚਿ ਸਮਾਣੀ ॥ (120-1)
मनसा मारि सचि समाणी ॥

ਇਨਿ ਮਨਿ ਡੀਠੀ ਸਭ ਆਵਣ ਜਾਣੀ ॥ (120-1)
इनि मनि डीठी सभ आवण जाणी ॥

ਸਤਿਗੁਰੁ ਸੇਵੇ ਸਦਾ ਮਨੁ ਨਿਹਚਲੁ ਨਿਜ ਘਰਿ ਵਾਸਾ ਪਾਵਣਿਆ ॥੩॥ (120-1)
सतिगुरु सेवे सदा मनु निहचलु निज घरि वासा पावणिआ ॥३॥

ਗੁਰ ਕੈ ਸਬਦਿ ਰਿਦੈ ਦਿਖਾਇਆ ॥ (120-2)
गुर कै सबदि रिदै दिखाइआ ॥

ਮਾਇਆ ਮੋਹੁ ਸਬਦਿ ਜਲਾਇਆ ॥ (120-2)
माइआ मोहु सबदि जलाइआ ॥

ਸਚੋ ਸਚਾ ਵੇਖਿ ਸਾਲਾਹੀ ਗੁਰ ਸਬਦੀ ਸਚੁ ਪਾਵਣਿਆ ॥੪॥ (120-3)
सचो सचा वेखि सालाही गुर सबदी सचु पावणिआ ॥४॥

ਜੋ ਸਚਿ ਰਾਤੇ ਤਿਨ ਸਚੀ ਲਿਵ ਲਾਗੀ ॥ (120-3)
जो सचि राते तिन सची लिव लागी ॥

ਹਰਿ ਨਾਮੁ ਸਮਾਲਹਿ ਸੇ ਵਡਭਾਗੀ ॥ (120-4)
हरि नामु समालहि से वडभागी ॥

ਸਚੈ ਸਬਦਿ ਆਪਿ ਮਿਲਾਏ ਸਤਸੰਗਤਿ ਸਚੁ ਗੁਣ ਗਾਵਣਿਆ ॥੫॥ (120-4)
सचै सबदि आपि मिलाए सतसंगति सचु गुण गावणिआ ॥५॥

ਲੇਖਾ ਪੜੀਐ ਜੇ ਲੇਖੇ ਵਿਚਿ ਹੋਵੈ ॥ (120-5)
लेखा पड़ीऐ जे लेखे विचि होवै ॥

ਓਹੁ ਅਗਮੁ ਅਗੋਚਰੁ ਸਬਦਿ ਸੁਧਿ ਹੋਵੈ ॥ (120-5)
ओहु अगमु अगोचरु सबदि सुधि होवै ॥

ਅਨਦਿਨੁ ਸਚ ਸਬਦਿ ਸਾਲਾਹੀ ਹੋਰੁ ਕੋਇ ਨ ਕੀਮਤਿ ਪਾਵਣਿਆ ॥੬॥ (120-5)
अनदिनु सच सबदि सालाही होरु कोइ न कीमति पावणिआ ॥६॥

ਪੜਿ ਪੜਿ ਥਾਕੇ ਸਾਂਤਿ ਨ ਆਈ ॥ (120-6)
पड़ि पड़ि थाके सांति न आई ॥

ਤ੍ਰਿਸਨਾ ਜਾਲੇ ਸੁਧਿ ਨ ਕਾਈ ॥ (120-6)
त्रिसना जाले सुधि न काई ॥

ਬਿਖੁ ਬਿਹਾਝਹਿ ਬਿਖੁ ਮੋਹ ਪਿਆਸੇ ਕੂੜੁ ਬੋਲਿ ਬਿਖੁ ਖਾਵਣਿਆ ॥੭॥ (120-7)
बिखु बिहाझहि बिखु मोह पिआसे कूड़ु बोलि बिखु खावणिआ ॥७॥

ਗੁਰ ਪਰਸਾਦੀ ਏਕੋ ਜਾਣਾ ॥ (120-7)
गुर परसादी एको जाणा ॥

ਦੂਜਾ ਮਾਰਿ ਮਨੁ ਸਚਿ ਸਮਾਣਾ ॥ (120-8)
दूजा मारि मनु सचि समाणा ॥

ਨਾਨਕ ਏਕੋ ਨਾਮੁ ਵਰਤੈ ਮਨ ਅੰਤਰਿ ਗੁਰ ਪਰਸਾਦੀ ਪਾਵਣਿਆ ॥੮॥੧੭॥੧੮॥ (120-8)
नानक एको नामु वरतै मन अंतरि गुर परसादी पावणिआ ॥८॥१७॥१८॥

ਮਾਝ ਮਹਲਾ ੩ ॥ (120-9)
माझ महला ३ ॥

ਵਰਨ ਰੂਪ ਵਰਤਹਿ ਸਭ ਤੇਰੇ ॥ (120-9)
वरन रूप वरतहि सभ तेरे ॥

ਮਰਿ ਮਰਿ ਜੰਮਹਿ ਫੇਰ ਪਵਹਿ ਘਣੇਰੇ ॥ (120-9)
मरि मरि जंमहि फेर पवहि घणेरे ॥

ਤੂੰ ਏਕੋ ਨਿਹਚਲੁ ਅਗਮ ਅਪਾਰਾ ਗੁਰਮਤੀ ਬੂਝ ਬੁਝਾਵਣਿਆ ॥੧॥ (120-9)
तूं एको निहचलु अगम अपारा गुरमती बूझ बुझावणिआ ॥१॥

ਹਉ ਵਾਰੀ ਜੀਉ ਵਾਰੀ ਰਾਮ ਨਾਮੁ ਮੰਨਿ ਵਸਾਵਣਿਆ ॥ (120-10)
हउ वारी जीउ वारी राम नामु मंनि वसावणिआ ॥

ਤਿਸੁ ਰੂਪੁ ਨ ਰੇਖਿਆ ਵਰਨੁ ਨ ਕੋਈ ਗੁਰਮਤੀ ਆਪਿ ਬੁਝਾਵਣਿਆ ॥੧॥ ਰਹਾਉ ॥ (120-11)
तिसु रूपु न रेखिआ वरनु न कोई गुरमती आपि बुझावणिआ ॥१॥ रहाउ ॥

ਸਭ ਏਕਾ ਜੋਤਿ ਜਾਣੈ ਜੇ ਕੋਈ ॥ (120-11)
सभ एका जोति जाणै जे कोई ॥

ਸਤਿਗੁਰੁ ਸੇਵਿਐ ਪਰਗਟੁ ਹੋਈ ॥ (120-12)
सतिगुरु सेविऐ परगटु होई ॥

ਗੁਪਤੁ ਪਰਗਟੁ ਵਰਤੈ ਸਭ ਥਾਈ ਜੋਤੀ ਜੋਤਿ ਮਿਲਾਵਣਿਆ ॥੨॥ (120-12)
गुपतु परगटु वरतै सभ थाई जोती जोति मिलावणिआ ॥२॥

ਤਿਸਨਾ ਅਗਨਿ ਜਲੈ ਸੰਸਾਰਾ ॥ (120-13)
तिसना अगनि जलै संसारा ॥

ਲੋਭੁ ਅਭਿਮਾਨੁ ਬਹੁਤੁ ਅਹੰਕਾਰਾ ॥ (120-13)
लोभु अभिमानु बहुतु अहंकारा ॥

ਮਰਿ ਮਰਿ ਜਨਮੈ ਪਤਿ ਗਵਾਏ ਅਪਣੀ ਬਿਰਥਾ ਜਨਮੁ ਗਵਾਵਣਿਆ ॥੩॥ (120-13)
मरि मरि जनमै पति गवाए अपणी बिरथा जनमु गवावणिआ ॥३॥

ਗੁਰ ਕਾ ਸਬਦੁ ਕੋ ਵਿਰਲਾ ਬੂਝੈ ॥ (120-14)
गुर का सबदु को विरला बूझै ॥

ਆਪੁ ਮਾਰੇ ਤਾ ਤ੍ਰਿਭਵਣੁ ਸੂਝੈ ॥ (120-14)
आपु मारे ता त्रिभवणु सूझै ॥

ਫਿਰਿ ਓਹੁ ਮਰੈ ਨ ਮਰਣਾ ਹੋਵੈ ਸਹਜੇ ਸਚਿ ਸਮਾਵਣਿਆ ॥੪॥ (120-15)
फिरि ओहु मरै न मरणा होवै सहजे सचि समावणिआ ॥४॥

ਮਾਇਆ ਮਹਿ ਫਿਰਿ ਚਿਤੁ ਨ ਲਾਏ ॥ (120-15)
माइआ महि फिरि चितु न लाए ॥

ਗੁਰ ਕੈ ਸਬਦਿ ਸਦ ਰਹੈ ਸਮਾਏ ॥ (120-16)
गुर कै सबदि सद रहै समाए ॥

ਸਚੁ ਸਲਾਹੇ ਸਭ ਘਟ ਅੰਤਰਿ ਸਚੋ ਸਚੁ ਸੁਹਾਵਣਿਆ ॥੫॥ (120-16)
सचु सलाहे सभ घट अंतरि सचो सचु सुहावणिआ ॥५॥

ਸਚੁ ਸਾਲਾਹੀ ਸਦਾ ਹਜੂਰੇ ॥ (120-16)
सचु सालाही सदा हजूरे ॥

ਗੁਰ ਕੈ ਸਬਦਿ ਰਹਿਆ ਭਰਪੂਰੇ ॥ (120-17)
गुर कै सबदि रहिआ भरपूरे ॥

ਗੁਰ ਪਰਸਾਦੀ ਸਚੁ ਨਦਰੀ ਆਵੈ ਸਚੇ ਹੀ ਸੁਖੁ ਪਾਵਣਿਆ ॥੬॥ (120-17)
गुर परसादी सचु नदरी आवै सचे ही सुखु पावणिआ ॥६॥

ਸਚੁ ਮਨ ਅੰਦਰਿ ਰਹਿਆ ਸਮਾਇ ॥ (120-18)
सचु मन अंदरि रहिआ समाइ ॥

ਸਦਾ ਸਚੁ ਨਿਹਚਲੁ ਆਵੈ ਨ ਜਾਇ ॥ (120-18)
सदा सचु निहचलु आवै न जाइ ॥

ਸਚੇ ਲਾਗੈ ਸੋ ਮਨੁ ਨਿਰਮਲੁ ਗੁਰਮਤੀ ਸਚਿ ਸਮਾਵਣਿਆ ॥੭॥ (120-18)
सचे लागै सो मनु निरमलु गुरमती सचि समावणिआ ॥७॥

ਸਚੁ ਸਾਲਾਹੀ ਅਵਰੁ ਨ ਕੋਈ ॥ (120-19)
सचु सालाही अवरु न कोई ॥

ਜਿਤੁ ਸੇਵਿਐ ਸਦਾ ਸੁਖੁ ਹੋਈ ॥ (120-19)
जितु सेविऐ सदा सुखु होई ॥

ਨਾਨਕ ਨਾਮਿ ਰਤੇ ਵੀਚਾਰੀ ਸਚੋ ਸਚੁ ਕਮਾਵਣਿਆ ॥੮॥੧੮॥੧੯॥ (121-1)
नानक नामि रते वीचारी सचो सचु कमावणिआ ॥८॥१८॥१९॥

ਮਾਝ ਮਹਲਾ ੩ ॥ (121-1)
माझ महला ३ ॥

ਨਿਰਮਲ ਸਬਦੁ ਨਿਰਮਲ ਹੈ ਬਾਣੀ ॥ (121-1)
निरमल सबदु निरमल है बाणी ॥

ਨਿਰਮਲ ਜੋਤਿ ਸਭ ਮਾਹਿ ਸਮਾਣੀ ॥ (121-2)
निरमल जोति सभ माहि समाणी ॥

ਨਿਰਮਲ ਬਾਣੀ ਹਰਿ ਸਾਲਾਹੀ ਜਪਿ ਹਰਿ ਨਿਰਮਲੁ ਮੈਲੁ ਗਵਾਵਣਿਆ ॥੧॥ (121-2)
निरमल बाणी हरि सालाही जपि हरि निरमलु मैलु गवावणिआ ॥१॥

ਹਉ ਵਾਰੀ ਜੀਉ ਵਾਰੀ ਸੁਖਦਾਤਾ ਮੰਨਿ ਵਸਾਵਣਿਆ ॥ (121-3)
हउ वारी जीउ वारी सुखदाता मंनि वसावणिआ ॥

ਹਰਿ ਨਿਰਮਲੁ ਗੁਰ ਸਬਦਿ ਸਲਾਹੀ ਸਬਦੋ ਸੁਣਿ ਤਿਸਾ ਮਿਟਾਵਣਿਆ ॥੧॥ ਰਹਾਉ ॥ (121-3)
हरि निरमलु गुर सबदि सलाही सबदो सुणि तिसा मिटावणिआ ॥१॥ रहाउ ॥

ਨਿਰਮਲ ਨਾਮੁ ਵਸਿਆ ਮਨਿ ਆਏ ॥ (121-4)
निरमल नामु वसिआ मनि आए ॥

ਮਨੁ ਤਨੁ ਨਿਰਮਲੁ ਮਾਇਆ ਮੋਹੁ ਗਵਾਏ ॥ (121-5)
मनु तनु निरमलु माइआ मोहु गवाए ॥

ਨਿਰਮਲ ਗੁਣ ਗਾਵੈ ਨਿਤ ਸਾਚੇ ਕੇ ਨਿਰਮਲ ਨਾਦੁ ਵਜਾਵਣਿਆ ॥੨॥ (121-5)
निरमल गुण गावै नित साचे के निरमल नादु वजावणिआ ॥२॥

ਨਿਰਮਲ ਅੰਮ੍ਰਿਤੁ ਗੁਰ ਤੇ ਪਾਇਆ ॥ (121-6)
निरमल अमृतु गुर ते पाइआ ॥

ਵਿਚਹੁ ਆਪੁ ਮੁਆ ਤਿਥੈ ਮੋਹੁ ਨ ਮਾਇਆ ॥ (121-6)
विचहु आपु मुआ तिथै मोहु न माइआ ॥

ਨਿਰਮਲ ਗਿਆਨੁ ਧਿਆਨੁ ਅਤਿ ਨਿਰਮਲੁ ਨਿਰਮਲ ਬਾਣੀ ਮੰਨਿ ਵਸਾਵਣਿਆ ॥੩॥ (121-6)
निरमल गिआनु धिआनु अति निरमलु निरमल बाणी मंनि वसावणिआ ॥३॥

ਜੋ ਨਿਰਮਲੁ ਸੇਵੇ ਸੁ ਨਿਰਮਲੁ ਹੋਵੈ ॥ (121-7)
जो निरमलु सेवे सु निरमलु होवै ॥

ਹਉਮੈ ਮੈਲੁ ਗੁਰ ਸਬਦੇ ਧੋਵੈ ॥ (121-8)
हउमै मैलु गुर सबदे धोवै ॥

ਨਿਰਮਲ ਵਾਜੈ ਅਨਹਦ ਧੁਨਿ ਬਾਣੀ ਦਰਿ ਸਚੈ ਸੋਭਾ ਪਾਵਣਿਆ ॥੪॥ (121-8)
निरमल वाजै अनहद धुनि बाणी दरि सचै सोभा पावणिआ ॥४॥

ਨਿਰਮਲ ਤੇ ਸਭ ਨਿਰਮਲ ਹੋਵੈ ॥ (121-9)
निरमल ते सभ निरमल होवै ॥

ਨਿਰਮਲੁ ਮਨੂਆ ਹਰਿ ਸਬਦਿ ਪਰੋਵੈ ॥ (121-9)
निरमलु मनूआ हरि सबदि परोवै ॥

ਨਿਰਮਲ ਨਾਮਿ ਲਗੇ ਬਡਭਾਗੀ ਨਿਰਮਲੁ ਨਾਮਿ ਸੁਹਾਵਣਿਆ ॥੫॥ (121-9)
निरमल नामि लगे बडभागी निरमलु नामि सुहावणिआ ॥५॥

ਸੋ ਨਿਰਮਲੁ ਜੋ ਸਬਦੇ ਸੋਹੈ ॥ (121-10)
सो निरमलु जो सबदे सोहै ॥

ਨਿਰਮਲ ਨਾਮਿ ਮਨੁ ਤਨੁ ਮੋਹੈ ॥ (121-10)
निरमल नामि मनु तनु मोहै ॥

ਸਚਿ ਨਾਮਿ ਮਲੁ ਕਦੇ ਨ ਲਾਗੈ ਮੁਖੁ ਊਜਲੁ ਸਚੁ ਕਰਾਵਣਿਆ ॥੬॥ (121-10)
सचि नामि मलु कदे न लागै मुखु ऊजलु सचु करावणिआ ॥६॥

ਮਨੁ ਮੈਲਾ ਹੈ ਦੂਜੈ ਭਾਇ ॥ (121-11)
मनु मैला है दूजै भाइ ॥

ਮੈਲਾ ਚਉਕਾ ਮੈਲੈ ਥਾਇ ॥ (121-11)
मैला चउका मैलै थाइ ॥

ਮੈਲਾ ਖਾਇ ਫਿਰਿ ਮੈਲੁ ਵਧਾਏ ਮਨਮੁਖ ਮੈਲੁ ਦੁਖੁ ਪਾਵਣਿਆ ॥੭॥ (121-12)
मैला खाइ फिरि मैलु वधाए मनमुख मैलु दुखु पावणिआ ॥७॥

ਮੈਲੇ ਨਿਰਮਲ ਸਭਿ ਹੁਕਮਿ ਸਬਾਏ ॥ (121-12)
मैले निरमल सभि हुकमि सबाए ॥

ਸੇ ਨਿਰਮਲ ਜੋ ਹਰਿ ਸਾਚੇ ਭਾਏ ॥ (121-13)
से निरमल जो हरि साचे भाए ॥

ਨਾਨਕ ਨਾਮੁ ਵਸੈ ਮਨ ਅੰਤਰਿ ਗੁਰਮੁਖਿ ਮੈਲੁ ਚੁਕਾਵਣਿਆ ॥੮॥੧੯॥੨੦॥ (121-13)
नानक नामु वसै मन अंतरि गुरमुखि मैलु चुकावणिआ ॥८॥१९॥२०॥

ਮਾਝ ਮਹਲਾ ੩ ॥ (121-14)
माझ महला ३ ॥

ਗੋਵਿੰਦੁ ਊਜਲੁ ਊਜਲ ਹੰਸਾ ॥ (121-14)
गोविंदु ऊजलु ऊजल हंसा ॥

ਮਨੁ ਬਾਣੀ ਨਿਰਮਲ ਮੇਰੀ ਮਨਸਾ ॥ (121-14)
मनु बाणी निरमल मेरी मनसा ॥

ਮਨਿ ਊਜਲ ਸਦਾ ਮੁਖ ਸੋਹਹਿ ਅਤਿ ਊਜਲ ਨਾਮੁ ਧਿਆਵਣਿਆ ॥੧॥ (121-14)
मनि ऊजल सदा मुख सोहहि अति ऊजल नामु धिआवणिआ ॥१॥

ਹਉ ਵਾਰੀ ਜੀਉ ਵਾਰੀ ਗੋਬਿੰਦ ਗੁਣ ਗਾਵਣਿਆ ॥ (121-15)
हउ वारी जीउ वारी गोबिंद गुण गावणिआ ॥

ਗੋਬਿਦੁ ਗੋਬਿਦੁ ਕਹੈ ਦਿਨ ਰਾਤੀ ਗੋਬਿਦ ਗੁਣ ਸਬਦਿ ਸੁਣਾਵਣਿਆ ॥੧॥ ਰਹਾਉ ॥ (121-15)
गोबिदु गोबिदु कहै दिन राती गोबिद गुण सबदि सुणावणिआ ॥१॥ रहाउ ॥

ਗੋਬਿਦੁ ਗਾਵਹਿ ਸਹਜਿ ਸੁਭਾਏ ॥ (121-16)
गोबिदु गावहि सहजि सुभाए ॥

ਗੁਰ ਕੈ ਭੈ ਊਜਲ ਹਉਮੈ ਮਲੁ ਜਾਏ ॥ (121-17)
गुर कै भै ऊजल हउमै मलु जाए ॥

ਸਦਾ ਅਨੰਦਿ ਰਹਹਿ ਭਗਤਿ ਕਰਹਿ ਦਿਨੁ ਰਾਤੀ ਸੁਣਿ ਗੋਬਿਦ ਗੁਣ ਗਾਵਣਿਆ ॥੨॥ (121-17)
सदा अनंदि रहहि भगति करहि दिनु राती सुणि गोबिद गुण गावणिआ ॥२॥

ਮਨੂਆ ਨਾਚੈ ਭਗਤਿ ਦ੍ਰਿੜਾਏ ॥ (121-18)
मनूआ नाचै भगति द्रिड़ाए ॥

ਗੁਰ ਕੈ ਸਬਦਿ ਮਨੈ ਮਨੁ ਮਿਲਾਏ ॥ (121-18)
गुर कै सबदि मनै मनु मिलाए ॥

ਸਚਾ ਤਾਲੁ ਪੂਰੇ ਮਾਇਆ ਮੋਹੁ ਚੁਕਾਏ ਸਬਦੇ ਨਿਰਤਿ ਕਰਾਵਣਿਆ ॥੩॥ (121-18)
सचा तालु पूरे माइआ मोहु चुकाए सबदे निरति करावणिआ ॥३॥

ਊਚਾ ਕੂਕੇ ਤਨਹਿ ਪਛਾੜੇ ॥ (121-19)
ऊचा कूके तनहि पछाड़े ॥

ਮਾਇਆ ਮੋਹਿ ਜੋਹਿਆ ਜਮਕਾਲੇ ॥ (121-19)
माइआ मोहि जोहिआ जमकाले ॥

ਮਾਇਆ ਮੋਹੁ ਇਸੁ ਮਨਹਿ ਨਚਾਏ ਅੰਤਰਿ ਕਪਟੁ ਦੁਖੁ ਪਾਵਣਿਆ ॥੪॥ (122-1)
माइआ मोहु इसु मनहि नचाए अंतरि कपटु दुखु पावणिआ ॥४॥

ਗੁਰਮੁਖਿ ਭਗਤਿ ਜਾ ਆਪਿ ਕਰਾਏ ॥ (122-1)
गुरमुखि भगति जा आपि कराए ॥

ਤਨੁ ਮਨੁ ਰਾਤਾ ਸਹਜਿ ਸੁਭਾਏ ॥ (122-2)
तनु मनु राता सहजि सुभाए ॥

ਬਾਣੀ ਵਜੈ ਸਬਦਿ ਵਜਾਏ ਗੁਰਮੁਖਿ ਭਗਤਿ ਥਾਇ ਪਾਵਣਿਆ ॥੫॥ (122-2)
बाणी वजै सबदि वजाए गुरमुखि भगति थाइ पावणिआ ॥५॥

ਬਹੁ ਤਾਲ ਪੂਰੇ ਵਾਜੇ ਵਜਾਏ ॥ (122-3)
बहु ताल पूरे वाजे वजाए ॥

ਨਾ ਕੋ ਸੁਣੇ ਨ ਮੰਨਿ ਵਸਾਏ ॥ (122-3)
ना को सुणे न मंनि वसाए ॥

ਮਾਇਆ ਕਾਰਣਿ ਪਿੜ ਬੰਧਿ ਨਾਚੈ ਦੂਜੈ ਭਾਇ ਦੁਖੁ ਪਾਵਣਿਆ ॥੬॥ (122-3)
माइआ कारणि पिड़ बंधि नाचै दूजै भाइ दुखु पावणिआ ॥६॥

ਜਿਸੁ ਅੰਤਰਿ ਪ੍ਰੀਤਿ ਲਗੈ ਸੋ ਮੁਕਤਾ ॥ (122-4)
जिसु अंतरि प्रीति लगै सो मुकता ॥

ਇੰਦ੍ਰੀ ਵਸਿ ਸਚ ਸੰਜਮਿ ਜੁਗਤਾ ॥ (122-4)
इंद्री वसि सच संजमि जुगता ॥

ਗੁਰ ਕੈ ਸਬਦਿ ਸਦਾ ਹਰਿ ਧਿਆਏ ਏਹਾ ਭਗਤਿ ਹਰਿ ਭਾਵਣਿਆ ॥੭॥ (122-5)
गुर कै सबदि सदा हरि धिआए एहा भगति हरि भावणिआ ॥७॥

ਗੁਰਮੁਖਿ ਭਗਤਿ ਜੁਗ ਚਾਰੇ ਹੋਈ ॥ (122-5)
गुरमुखि भगति जुग चारे होई ॥

ਹੋਰਤੁ ਭਗਤਿ ਨ ਪਾਏ ਕੋਈ ॥ (122-6)
होरतु भगति न पाए कोई ॥

ਨਾਨਕ ਨਾਮੁ ਗੁਰ ਭਗਤੀ ਪਾਈਐ ਗੁਰ ਚਰਣੀ ਚਿਤੁ ਲਾਵਣਿਆ ॥੮॥੨੦॥੨੧॥ (122-6)
नानक नामु गुर भगती पाईऐ गुर चरणी चितु लावणिआ ॥८॥२०॥२१॥

ਮਾਝ ਮਹਲਾ ੩ ॥ (122-7)
माझ महला ३ ॥

ਸਚਾ ਸੇਵੀ ਸਚੁ ਸਾਲਾਹੀ ॥ (122-7)
सचा सेवी सचु सालाही ॥

ਸਚੈ ਨਾਇ ਦੁਖੁ ਕਬ ਹੀ ਨਾਹੀ ॥ (122-7)
सचै नाइ दुखु कब ही नाही ॥

ਸੁਖਦਾਤਾ ਸੇਵਨਿ ਸੁਖੁ ਪਾਇਨਿ ਗੁਰਮਤਿ ਮੰਨਿ ਵਸਾਵਣਿਆ ॥੧॥ (122-7)
सुखदाता सेवनि सुखु पाइनि गुरमति मंनि वसावणिआ ॥१॥

ਹਉ ਵਾਰੀ ਜੀਉ ਵਾਰੀ ਸੁਖ ਸਹਜਿ ਸਮਾਧਿ ਲਗਾਵਣਿਆ ॥ (122-8)
हउ वारी जीउ वारी सुख सहजि समाधि लगावणिआ ॥

ਜੋ ਹਰਿ ਸੇਵਹਿ ਸੇ ਸਦਾ ਸੋਹਹਿ ਸੋਭਾ ਸੁਰਤਿ ਸੁਹਾਵਣਿਆ ॥੧॥ ਰਹਾਉ ॥ (122-9)
जो हरि सेवहि से सदा सोहहि सोभा सुरति सुहावणिआ ॥१॥ रहाउ ॥

ਸਭੁ ਕੋ ਤੇਰਾ ਭਗਤੁ ਕਹਾਏ ॥ (122-9)
सभु को तेरा भगतु कहाए ॥

ਸੇਈ ਭਗਤ ਤੇਰੈ ਮਨਿ ਭਾਏ ॥ (122-10)
सेई भगत तेरै मनि भाए ॥

ਸਚੁ ਬਾਣੀ ਤੁਧੈ ਸਾਲਾਹਨਿ ਰੰਗਿ ਰਾਤੇ ਭਗਤਿ ਕਰਾਵਣਿਆ ॥੨॥ (122-10)
सचु बाणी तुधै सालाहनि रंगि राते भगति करावणिआ ॥२॥

ਸਭੁ ਕੋ ਸਚੇ ਹਰਿ ਜੀਉ ਤੇਰਾ ॥ (122-10)
सभु को सचे हरि जीउ तेरा ॥

ਗੁਰਮੁਖਿ ਮਿਲੈ ਤਾ ਚੂਕੈ ਫੇਰਾ ॥ (122-11)
गुरमुखि मिलै ता चूकै फेरा ॥

ਜਾ ਤੁਧੁ ਭਾਵੈ ਤਾ ਨਾਇ ਰਚਾਵਹਿ ਤੂੰ ਆਪੇ ਨਾਉ ਜਪਾਵਣਿਆ ॥੩॥ (122-11)
जा तुधु भावै ता नाइ रचावहि तूं आपे नाउ जपावणिआ ॥३॥

ਗੁਰਮਤੀ ਹਰਿ ਮੰਨਿ ਵਸਾਇਆ ॥ (122-12)
गुरमती हरि मंनि वसाइआ ॥

ਹਰਖੁ ਸੋਗੁ ਸਭੁ ਮੋਹੁ ਗਵਾਇਆ ॥ (122-12)
हरखु सोगु सभु मोहु गवाइआ ॥

ਇਕਸੁ ਸਿਉ ਲਿਵ ਲਾਗੀ ਸਦ ਹੀ ਹਰਿ ਨਾਮੁ ਮੰਨਿ ਵਸਾਵਣਿਆ ॥੪॥ (122-12)
इकसु सिउ लिव लागी सद ही हरि नामु मंनि वसावणिआ ॥४॥

ਭਗਤ ਰੰਗਿ ਰਾਤੇ ਸਦਾ ਤੇਰੈ ਚਾਏ ॥ (122-13)
भगत रंगि राते सदा तेरै चाए ॥

ਨਉ ਨਿਧਿ ਨਾਮੁ ਵਸਿਆ ਮਨਿ ਆਏ ॥ (122-13)
नउ निधि नामु वसिआ मनि आए ॥

ਪੂਰੈ ਭਾਗਿ ਸਤਿਗੁਰੁ ਪਾਇਆ ਸਬਦੇ ਮੇਲਿ ਮਿਲਾਵਣਿਆ ॥੫॥ (122-14)
पूरै भागि सतिगुरु पाइआ सबदे मेलि मिलावणिआ ॥५॥

ਤੂੰ ਦਇਆਲੁ ਸਦਾ ਸੁਖਦਾਤਾ ॥ (122-14)
तूं दइआलु सदा सुखदाता ॥

ਤੂੰ ਆਪੇ ਮੇਲਿਹਿ ਗੁਰਮੁਖਿ ਜਾਤਾ ॥ (122-15)
तूं आपे मेलिहि गुरमुखि जाता ॥

ਤੂੰ ਆਪੇ ਦੇਵਹਿ ਨਾਮੁ ਵਡਾਈ ਨਾਮਿ ਰਤੇ ਸੁਖੁ ਪਾਵਣਿਆ ॥੬॥ (122-15)
तूं आपे देवहि नामु वडाई नामि रते सुखु पावणिआ ॥६॥

ਸਦਾ ਸਦਾ ਸਾਚੇ ਤੁਧੁ ਸਾਲਾਹੀ ॥ (122-16)
सदा सदा साचे तुधु सालाही ॥

ਗੁਰਮੁਖਿ ਜਾਤਾ ਦੂਜਾ ਕੋ ਨਾਹੀ ॥ (122-16)
गुरमुखि जाता दूजा को नाही ॥

ਏਕਸੁ ਸਿਉ ਮਨੁ ਰਹਿਆ ਸਮਾਏ ਮਨਿ ਮੰਨਿਐ ਮਨਹਿ ਮਿਲਾਵਣਿਆ ॥੭॥ (122-16)
एकसु सिउ मनु रहिआ समाए मनि मंनिऐ मनहि मिलावणिआ ॥७॥

ਗੁਰਮੁਖਿ ਹੋਵੈ ਸੋ ਸਾਲਾਹੇ ॥ (122-17)
गुरमुखि होवै सो सालाहे ॥

ਸਾਚੇ ਠਾਕੁਰ ਵੇਪਰਵਾਹੇ ॥ (122-17)
साचे ठाकुर वेपरवाहे ॥

ਨਾਨਕ ਨਾਮੁ ਵਸੈ ਮਨ ਅੰਤਰਿ ਗੁਰ ਸਬਦੀ ਹਰਿ ਮੇਲਾਵਣਿਆ ॥੮॥੨੧॥੨੨॥ (122-17)
नानक नामु वसै मन अंतरि गुर सबदी हरि मेलावणिआ ॥८॥२१॥२२॥

ਮਾਝ ਮਹਲਾ ੩ ॥ (122-18)
माझ महला ३ ॥

ਤੇਰੇ ਭਗਤ ਸੋਹਹਿ ਸਾਚੈ ਦਰਬਾਰੇ ॥ (122-18)
तेरे भगत सोहहि साचै दरबारे ॥

ਗੁਰ ਕੈ ਸਬਦਿ ਨਾਮਿ ਸਵਾਰੇ ॥ (122-19)
गुर कै सबदि नामि सवारे ॥

ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣ ਕਹਿ ਗੁਣੀ ਸਮਾਵਣਿਆ ॥੧॥ (122-19)
सदा अनंदि रहहि दिनु राती गुण कहि गुणी समावणिआ ॥१॥

ਹਉ ਵਾਰੀ ਜੀਉ ਵਾਰੀ ਨਾਮੁ ਸੁਣਿ ਮੰਨਿ ਵਸਾਵਣਿਆ ॥ (123-1)
हउ वारी जीउ वारी नामु सुणि मंनि वसावणिआ ॥

ਹਰਿ ਜੀਉ ਸਚਾ ਊਚੋ ਊਚਾ ਹਉਮੈ ਮਾਰਿ ਮਿਲਾਵਣਿਆ ॥੧॥ ਰਹਾਉ ॥ (123-1)
हरि जीउ सचा ऊचो ऊचा हउमै मारि मिलावणिआ ॥१॥ रहाउ ॥

ਹਰਿ ਜੀਉ ਸਾਚਾ ਸਾਚੀ ਨਾਈ ॥ (123-2)
हरि जीउ साचा साची नाई ॥

ਗੁਰ ਪਰਸਾਦੀ ਕਿਸੈ ਮਿਲਾਈ ॥ (123-2)
गुर परसादी किसै मिलाई ॥

ਗੁਰ ਸਬਦਿ ਮਿਲਹਿ ਸੇ ਵਿਛੁੜਹਿ ਨਾਹੀ ਸਹਜੇ ਸਚਿ ਸਮਾਵਣਿਆ ॥੨॥ (123-2)
गुर सबदि मिलहि से विछुड़हि नाही सहजे सचि समावणिआ ॥२॥

ਤੁਝ ਤੇ ਬਾਹਰਿ ਕਛੂ ਨ ਹੋਇ ॥ (123-3)
तुझ ते बाहरि कछू न होइ ॥

ਤੂੰ ਕਰਿ ਕਰਿ ਵੇਖਹਿ ਜਾਣਹਿ ਸੋਇ ॥ (123-3)
तूं करि करि वेखहि जाणहि सोइ ॥

ਆਪੇ ਕਰੇ ਕਰਾਏ ਕਰਤਾ ਗੁਰਮਤਿ ਆਪਿ ਮਿਲਾਵਣਿਆ ॥੩॥ (123-4)
आपे करे कराए करता गुरमति आपि मिलावणिआ ॥३॥

ਕਾਮਣਿ ਗੁਣਵੰਤੀ ਹਰਿ ਪਾਏ ॥ (123-4)
कामणि गुणवंती हरि पाए ॥

ਭੈ ਭਾਇ ਸੀਗਾਰੁ ਬਣਾਏ ॥ (123-5)
भै भाइ सीगारु बणाए ॥

ਸਤਿਗੁਰੁ ਸੇਵਿ ਸਦਾ ਸੋਹਾਗਣਿ ਸਚ ਉਪਦੇਸਿ ਸਮਾਵਣਿਆ ॥੪॥ (123-5)
सतिगुरु सेवि सदा सोहागणि सच उपदेसि समावणिआ ॥४॥

ਸਬਦੁ ਵਿਸਾਰਨਿ ਤਿਨਾ ਠਉਰੁ ਨ ਠਾਉ ॥ (123-6)
सबदु विसारनि तिना ठउरु न ठाउ ॥

ਭ੍ਰਮਿ ਭੂਲੇ ਜਿਉ ਸੁੰਞੈ ਘਰਿ ਕਾਉ ॥ (123-6)
भ्रमि भूले जिउ सुंञै घरि काउ ॥

ਹਲਤੁ ਪਲਤੁ ਤਿਨੀ ਦੋਵੈ ਗਵਾਏ ਦੁਖੇ ਦੁਖਿ ਵਿਹਾਵਣਿਆ ॥੫॥ (123-6)
हलतु पलतु तिनी दोवै गवाए दुखे दुखि विहावणिआ ॥५॥

ਲਿਖਦਿਆ ਲਿਖਦਿਆ ਕਾਗਦ ਮਸੁ ਖੋਈ ॥ (123-7)
लिखदिआ लिखदिआ कागद मसु खोई ॥

ਦੂਜੈ ਭਾਇ ਸੁਖੁ ਪਾਏ ਨ ਕੋਈ ॥ (123-7)
दूजै भाइ सुखु पाए न कोई ॥

ਕੂੜੁ ਲਿਖਹਿ ਤੈ ਕੂੜੁ ਕਮਾਵਹਿ ਜਲਿ ਜਾਵਹਿ ਕੂੜਿ ਚਿਤੁ ਲਾਵਣਿਆ ॥੬॥ (123-8)
कूड़ु लिखहि तै कूड़ु कमावहि जलि जावहि कूड़ि चितु लावणिआ ॥६॥

ਗੁਰਮੁਖਿ ਸਚੋ ਸਚੁ ਲਿਖਹਿ ਵੀਚਾਰੁ ॥ (123-8)
गुरमुखि सचो सचु लिखहि वीचारु ॥

ਸੇ ਜਨ ਸਚੇ ਪਾਵਹਿ ਮੋਖ ਦੁਆਰੁ ॥ (123-9)
से जन सचे पावहि मोख दुआरु ॥

ਸਚੁ ਕਾਗਦੁ ਕਲਮ ਮਸਵਾਣੀ ਸਚੁ ਲਿਖਿ ਸਚਿ ਸਮਾਵਣਿਆ ॥੭॥ (123-9)
सचु कागदु कलम मसवाणी सचु लिखि सचि समावणिआ ॥७॥

ਮੇਰਾ ਪ੍ਰਭੁ ਅੰਤਰਿ ਬੈਠਾ ਵੇਖੈ ॥ (123-10)
मेरा प्रभु अंतरि बैठा वेखै ॥

ਗੁਰ ਪਰਸਾਦੀ ਮਿਲੈ ਸੋਈ ਜਨੁ ਲੇਖੈ ॥ (123-10)
गुर परसादी मिलै सोई जनु लेखै ॥

ਨਾਨਕ ਨਾਮੁ ਮਿਲੈ ਵਡਿਆਈ ਪੂਰੇ ਗੁਰ ਤੇ ਪਾਵਣਿਆ ॥੮॥੨੨॥੨੩॥ (123-10)
नानक नामु मिलै वडिआई पूरे गुर ते पावणिआ ॥८॥२२॥२३॥

ਮਾਝ ਮਹਲਾ ੩ ॥ (123-11)
माझ महला ३ ॥

ਆਤਮ ਰਾਮ ਪਰਗਾਸੁ ਗੁਰ ਤੇ ਹੋਵੈ ॥ (123-11)
आतम राम परगासु गुर ते होवै ॥

ਹਉਮੈ ਮੈਲੁ ਲਾਗੀ ਗੁਰ ਸਬਦੀ ਖੋਵੈ ॥ (123-12)
हउमै मैलु लागी गुर सबदी खोवै ॥

ਮਨੁ ਨਿਰਮਲੁ ਅਨਦਿਨੁ ਭਗਤੀ ਰਾਤਾ ਭਗਤਿ ਕਰੇ ਹਰਿ ਪਾਵਣਿਆ ॥੧॥ (123-12)
मनु निरमलु अनदिनु भगती राता भगति करे हरि पावणिआ ॥१॥

ਹਉ ਵਾਰੀ ਜੀਉ ਵਾਰੀ ਆਪਿ ਭਗਤਿ ਕਰਨਿ ਅਵਰਾ ਭਗਤਿ ਕਰਾਵਣਿਆ ॥ (123-13)
हउ वारी जीउ वारी आपि भगति करनि अवरा भगति करावणिआ ॥

ਤਿਨਾ ਭਗਤ ਜਨਾ ਕਉ ਸਦ ਨਮਸਕਾਰੁ ਕੀਜੈ ਜੋ ਅਨਦਿਨੁ ਹਰਿ ਗੁਣ ਗਾਵਣਿਆ ॥੧॥ ਰਹਾਉ ॥
(123-14)
तिना भगत जना कउ सद नमसकारु कीजै जो अनदिनु हरि गुण गावणिआ ॥१॥ रहाउ ॥

ਆਪੇ ਕਰਤਾ ਕਾਰਣੁ ਕਰਾਏ ॥ (123-15)
आपे करता कारणु कराए ॥

ਜਿਤੁ ਭਾਵੈ ਤਿਤੁ ਕਾਰੈ ਲਾਏ ॥ (123-15)
जितु भावै तितु कारै लाए ॥

ਪੂਰੈ ਭਾਗਿ ਗੁਰ ਸੇਵਾ ਹੋਵੈ ਗੁਰ ਸੇਵਾ ਤੇ ਸੁਖੁ ਪਾਵਣਿਆ ॥੨॥ (123-15)
पूरै भागि गुर सेवा होवै गुर सेवा ते सुखु पावणिआ ॥२॥

ਮਰਿ ਮਰਿ ਜੀਵੈ ਤਾ ਕਿਛੁ ਪਾਏ ॥ (123-16)
मरि मरि जीवै ता किछु पाए ॥

ਗੁਰ ਪਰਸਾਦੀ ਹਰਿ ਮੰਨਿ ਵਸਾਏ ॥ (123-16)
गुर परसादी हरि मंनि वसाए ॥

ਸਦਾ ਮੁਕਤੁ ਹਰਿ ਮੰਨਿ ਵਸਾਏ ਸਹਜੇ ਸਹਜਿ ਸਮਾਵਣਿਆ ॥੩॥ (123-16)
सदा मुकतु हरि मंनि वसाए सहजे सहजि समावणिआ ॥३॥

ਬਹੁ ਕਰਮ ਕਮਾਵੈ ਮੁਕਤਿ ਨ ਪਾਏ ॥ (123-17)
बहु करम कमावै मुकति न पाए ॥

ਦੇਸੰਤਰੁ ਭਵੈ ਦੂਜੈ ਭਾਇ ਖੁਆਏ ॥ (123-17)
देसंतरु भवै दूजै भाइ खुआए ॥

ਬਿਰਥਾ ਜਨਮੁ ਗਵਾਇਆ ਕਪਟੀ ਬਿਨੁ ਸਬਦੈ ਦੁਖੁ ਪਾਵਣਿਆ ॥੪॥ (123-18)
बिरथा जनमु गवाइआ कपटी बिनु सबदै दुखु पावणिआ ॥४॥

ਧਾਵਤੁ ਰਾਖੈ ਠਾਕਿ ਰਹਾਏ ॥ (123-18)
धावतु राखै ठाकि रहाए ॥

ਗੁਰ ਪਰਸਾਦੀ ਪਰਮ ਪਦੁ ਪਾਏ ॥ (123-19)
गुर परसादी परम पदु पाए ॥

ਸਤਿਗੁਰ ਆਪੇ ਮੇਲਿ ਮਿਲਾਏ ਮਿਲਿ ਪ੍ਰੀਤਮ ਸੁਖੁ ਪਾਵਣਿਆ ॥੫॥ (123-19)
सतिगुरु आपे मेलि मिलाए मिलि प्रीतम सुखु पावणिआ ॥५॥

ਇਕਿ ਕੂੜਿ ਲਾਗੇ ਕੂੜੇ ਫਲ ਪਾਏ ॥ (124-1)
इकि कूड़ि लागे कूड़े फल पाए ॥

ਦੂਜੈ ਭਾਇ ਬਿਰਥਾ ਜਨਮੁ ਗਵਾਏ ॥ (124-1)
दूजै भाइ बिरथा जनमु गवाए ॥

ਆਪਿ ਡੁਬੇ ਸਗਲੇ ਕੁਲ ਡੋਬੇ ਕੂੜੁ ਬੋਲਿ ਬਿਖੁ ਖਾਵਣਿਆ ॥੬॥ (124-1)
आपि डुबे सगले कुल डोबे कूड़ु बोलि बिखु खावणिआ ॥६॥

ਇਸੁ ਤਨ ਮਹਿ ਮਨੁ ਕੋ ਗੁਰਮੁਖਿ ਦੇਖੈ ॥ (124-2)
इसु तन महि मनु को गुरमुखि देखै ॥

ਭਾਇ ਭਗਤਿ ਜਾ ਹਉਮੈ ਸੋਖੈ ॥ (124-2)
भाइ भगति जा हउमै सोखै ॥

ਸਿਧ ਸਾਧਿਕ ਮੋਨਿਧਾਰੀ ਰਹੇ ਲਿਵ ਲਾਇ ਤਿਨ ਭੀ ਤਨ ਮਹਿ ਮਨੁ ਨ ਦਿਖਾਵਣਿਆ ॥੭॥ (124-3)
सिध साधिक मोनिधारी रहे लिव लाइ तिन भी तन महि मनु न दिखावणिआ ॥७॥

ਆਪਿ ਕਰਾਏ ਕਰਤਾ ਸੋਈ ॥ (124-3)
आपि कराए करता सोई ॥

ਹੋਰੁ ਕਿ ਕਰੇ ਕੀਤੈ ਕਿਆ ਹੋਈ ॥ (124-4)
होरु कि करे कीतै किआ होई ॥

ਨਾਨਕ ਜਿਸੁ ਨਾਮੁ ਦੇਵੈ ਸੋ ਲੇਵੈ ਨਾਮੋ ਮੰਨਿ ਵਸਾਵਣਿਆ ॥੮॥੨੩॥੨੪॥ (124-4)
नानक जिसु नामु देवै सो लेवै नामो मंनि वसावणिआ ॥८॥२३॥२४॥

ਮਾਝ ਮਹਲਾ ੩ ॥ (124-5)
माझ महला ३ ॥

ਇਸੁ ਗੁਫਾ ਮਹਿ ਅਖੁਟ ਭੰਡਾਰਾ ॥ (124-5)
इसु गुफा महि अखुट भंडारा ॥

ਤਿਸੁ ਵਿਚਿ ਵਸੈ ਹਰਿ ਅਲਖ ਅਪਾਰਾ ॥ (124-5)
तिसु विचि वसै हरि अलख अपारा ॥

ਆਪੇ ਗੁਪਤੁ ਪਰਗਟੁ ਹੈ ਆਪੇ ਗੁਰ ਸਬਦੀ ਆਪੁ ਵੰਞਾਵਣਿਆ ॥੧॥ (124-6)
आपे गुपतु परगटु है आपे गुर सबदी आपु वंञावणिआ ॥१॥

ਹਉ ਵਾਰੀ ਜੀਉ ਵਾਰੀ ਅੰਮ੍ਰਿਤ ਨਾਮੁ ਮੰਨਿ ਵਸਾਵਣਿਆ ॥ (124-6)
हउ वारी जीउ वारी अमृत नामु मंनि वसावणिआ ॥

ਅੰਮ੍ਰਿਤ ਨਾਮੁ ਮਹਾ ਰਸੁ ਮੀਠਾ ਗੁਰਮਤੀ ਅੰਮ੍ਰਿਤੁ ਪੀਆਵਣਿਆ ॥੧॥ ਰਹਾਉ ॥ (124-7)
अमृत नामु महा रसु मीठा गुरमती अमृतु पीआवणिआ ॥१॥ रहाउ ॥

ਹਉਮੈ ਮਾਰਿ ਬਜਰ ਕਪਾਟ ਖੁਲਾਇਆ ॥ (124-8)
हउमै मारि बजर कपाट खुलाइआ ॥

ਨਾਮੁ ਅਮੋਲਕੁ ਗੁਰ ਪਰਸਾਦੀ ਪਾਇਆ ॥ (124-8)
नामु अमोलकु गुर परसादी पाइआ ॥

ਬਿਨੁ ਸਬਦੈ ਨਾਮੁ ਨ ਪਾਏ ਕੋਈ ਗੁਰ ਕਿਰਪਾ ਮੰਨਿ ਵਸਾਵਣਿਆ ॥੨॥ (124-8)
बिनु सबदै नामु न पाए कोई गुर किरपा मंनि वसावणिआ ॥२॥

ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ ॥ (124-9)
गुर गिआन अंजनु सचु नेत्री पाइआ ॥

ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥ (124-9)
अंतरि चानणु अगिआनु अंधेरु गवाइआ ॥

ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ ॥੩॥ (124-10)
जोती जोति मिली मनु मानिआ हरि दरि सोभा पावणिआ ॥३॥

ਸਰੀਰਹੁ ਭਾਲਣਿ ਕੋ ਬਾਹਰਿ ਜਾਏ ॥ (124-11)
सरीरहु भालणि को बाहरि जाए ॥

ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ ॥ (124-11)
नामु न लहै बहुतु वेगारि दुखु पाए ॥

ਮਨਮੁਖ ਅੰਧੇ ਸੂਝੈ ਨਾਹੀ ਫਿਰਿ ਘਿਰਿ ਆਇ ਗੁਰਮੁਖਿ ਵਥੁ ਪਾਵਣਿਆ ॥੪॥ (124-11)
मनमुख अंधे सूझै नाही फिरि घिरि आइ गुरमुखि वथु पावणिआ ॥४॥

ਗੁਰ ਪਰਸਾਦੀ ਸਚਾ ਹਰਿ ਪਾਏ ॥ (124-12)
गुर परसादी सचा हरि पाए ॥

ਮਨਿ ਤਨਿ ਵੇਖੈ ਹਉਮੈ ਮੈਲੁ ਜਾਏ ॥ (124-12)
मनि तनि वेखै हउमै मैलु जाए ॥

ਬੈਸਿ ਸੁਥਾਨਿ ਸਦ ਹਰਿ ਗੁਣ ਗਾਵੈ ਸਚੈ ਸਬਦਿ ਸਮਾਵਣਿਆ ॥੫॥ (124-13)
बैसि सुथानि सद हरि गुण गावै सचै सबदि समावणिआ ॥५॥

ਨਉ ਦਰ ਠਾਕੇ ਧਾਵਤੁ ਰਹਾਏ ॥ (124-13)
नउ दर ठाके धावतु रहाए ॥

ਦਸਵੈ ਨਿਜ ਘਰਿ ਵਾਸਾ ਪਾਏ ॥ (124-14)
दसवै निज घरि वासा पाए ॥

ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ ॥੬॥ (124-14)
ओथै अनहद सबद वजहि दिनु राती गुरमती सबदु सुणावणिआ ॥६॥

ਬਿਨੁ ਸਬਦੈ ਅੰਤਰਿ ਆਨੇਰਾ ॥ (124-15)
बिनु सबदै अंतरि आनेरा ॥

ਨ ਵਸਤੁ ਲਹੈ ਨ ਚੂਕੈ ਫੇਰਾ ॥ (124-15)
न वसतु लहै न चूकै फेरा ॥

ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ ॥੭॥ (124-15)
सतिगुर हथि कुंजी होरतु दरु खुलै नाही गुरु पूरै भागि मिलावणिआ ॥७॥

ਗੁਪਤੁ ਪਰਗਟੁ ਤੂੰ ਸਭਨੀ ਥਾਈ ॥ (124-16)
गुपतु परगटु तूं सभनी थाई ॥

ਗੁਰ ਪਰਸਾਦੀ ਮਿਲਿ ਸੋਝੀ ਪਾਈ ॥ (124-16)
गुर परसादी मिलि सोझी पाई ॥

ਨਾਨਕ ਨਾਮੁ ਸਲਾਹਿ ਸਦਾ ਤੂੰ ਗੁਰਮੁਖਿ ਮੰਨਿ ਵਸਾਵਣਿਆ ॥੮॥੨੪॥੨੫॥ (124-17)
नानक नामु सलाहि सदा तूं गुरमुखि मंनि वसावणिआ ॥८॥२४॥२५॥

ਮਾਝ ਮਹਲਾ ੩ ॥ (124-17)
माझ महला ३ ॥

ਗੁਰਮੁਖਿ ਮਿਲੈ ਮਿਲਾਏ ਆਪੇ ॥ (124-18)
गुरमुखि मिलै मिलाए आपे ॥

ਕਾਲੁ ਨ ਜੋਹੈ ਦੁਖੁ ਨ ਸੰਤਾਪੇ ॥ (124-18)
कालु न जोहै दुखु न संतापे ॥

ਹਉਮੈ ਮਾਰਿ ਬੰਧਨ ਸਭ ਤੋੜੈ ਗੁਰਮੁਖਿ ਸਬਦਿ ਸੁਹਾਵਣਿਆ ॥੧॥ (124-18)
हउमै मारि बंधन सभ तोड़ै गुरमुखि सबदि सुहावणिआ ॥१॥

ਹਉ ਵਾਰੀ ਜੀਉ ਵਾਰੀ ਹਰਿ ਹਰਿ ਨਾਮਿ ਸੁਹਾਵਣਿਆ ॥ (124-19)
हउ वारी जीउ वारी हरि हरि नामि सुहावणिआ ॥

ਗੁਰਮੁਖਿ ਗਾਵੈ ਗੁਰਮੁਖਿ ਨਾਚੈ ਹਰਿ ਸੇਤੀ ਚਿਤੁ ਲਾਵਣਿਆ ॥੧॥ ਰਹਾਉ ॥ (124-19)
गुरमुखि गावै गुरमुखि नाचै हरि सेती चितु लावणिआ ॥१॥ रहाउ ॥

ਗੁਰਮੁਖਿ ਜੀਵੈ ਮਰੈ ਪਰਵਾਣੁ ॥ (125-1)
गुरमुखि जीवै मरै परवाणु ॥

ਆਰਜਾ ਨ ਛੀਜੈ ਸਬਦੁ ਪਛਾਣੁ ॥ (125-1)
आरजा न छीजै सबदु पछाणु ॥

ਗੁਰਮੁਖਿ ਮਰੈ ਨ ਕਾਲੁ ਨ ਖਾਏ ਗੁਰਮੁਖਿ ਸਚਿ ਸਮਾਵਣਿਆ ॥੨॥ (125-2)
गुरमुखि मरै न कालु न खाए गुरमुखि सचि समावणिआ ॥२॥

ਗੁਰਮੁਖਿ ਹਰਿ ਦਰਿ ਸੋਭਾ ਪਾਏ ॥ (125-2)
गुरमुखि हरि दरि सोभा पाए ॥

ਗੁਰਮੁਖਿ ਵਿਚਹੁ ਆਪੁ ਗਵਾਏ ॥ (125-2)
गुरमुखि विचहु आपु गवाए ॥

ਆਪਿ ਤਰੈ ਕੁਲ ਸਗਲੇ ਤਾਰੇ ਗੁਰਮੁਖਿ ਜਨਮੁ ਸਵਾਰਣਿਆ ॥੩॥ (125-3)
आपि तरै कुल सगले तारे गुरमुखि जनमु सवारणिआ ॥३॥

ਗੁਰਮੁਖਿ ਦੁਖੁ ਕਦੇ ਨ ਲਗੈ ਸਰੀਰਿ ॥ (125-3)
गुरमुखि दुखु कदे न लगै सरीरि ॥

ਗੁਰਮੁਖਿ ਹਉਮੈ ਚੂਕੈ ਪੀਰ ॥ (125-4)
गुरमुखि हउमै चूकै पीर ॥

ਗੁਰਮੁਖਿ ਮਨੁ ਨਿਰਮਲੁ ਫਿਰਿ ਮੈਲੁ ਨ ਲਾਗੈ ਗੁਰਮੁਖਿ ਸਹਜਿ ਸਮਾਵਣਿਆ ॥੪॥ (125-4)
गुरमुखि मनु निरमलु फिरि मैलु न लागै गुरमुखि सहजि समावणिआ ॥४॥

ਗੁਰਮੁਖਿ ਨਾਮੁ ਮਿਲੈ ਵਡਿਆਈ ॥ (125-5)
गुरमुखि नामु मिलै वडिआई ॥

ਗੁਰਮੁਖਿ ਗੁਣ ਗਾਵੈ ਸੋਭਾ ਪਾਈ ॥ (125-5)
गुरमुखि गुण गावै सोभा पाई ॥

ਸਦਾ ਅਨੰਦਿ ਰਹੈ ਦਿਨੁ ਰਾਤੀ ਗੁਰਮੁਖਿ ਸਬਦੁ ਕਰਾਵਣਿਆ ॥੫॥ (125-5)
सदा अनंदि रहै दिनु राती गुरमुखि सबदु करावणिआ ॥५॥

ਗੁਰਮੁਖਿ ਅਨਦਿਨੁ ਸਬਦੇ ਰਾਤਾ ॥ (125-6)
गुरमुखि अनदिनु सबदे राता ॥

ਗੁਰਮੁਖਿ ਜੁਗ ਚਾਰੇ ਹੈ ਜਾਤਾ ॥ (125-6)
गुरमुखि जुग चारे है जाता ॥

ਗੁਰਮੁਖਿ ਗੁਣ ਗਾਵੈ ਸਦਾ ਨਿਰਮਲੁ ਸਬਦੇ ਭਗਤਿ ਕਰਾਵਣਿਆ ॥੬॥ (125-7)
गुरमुखि गुण गावै सदा निरमलु सबदे भगति करावणिआ ॥६॥

ਬਾਝੁ ਗੁਰੂ ਹੈ ਅੰਧ ਅੰਧਾਰਾ ॥ (125-7)
बाझु गुरू है अंध अंधारा ॥

ਜਮਕਾਲਿ ਗਰਠੇ ਕਰਹਿ ਪੁਕਾਰਾ ॥ (125-8)
जमकालि गरठे करहि पुकारा ॥

ਅਨਦਿਨੁ ਰੋਗੀ ਬਿਸਟਾ ਕੇ ਕੀੜੇ ਬਿਸਟਾ ਮਹਿ ਦੁਖੁ ਪਾਵਣਿਆ ॥੭॥ (125-8)
अनदिनु रोगी बिसटा के कीड़े बिसटा महि दुखु पावणिआ ॥७॥

ਗੁਰਮੁਖਿ ਆਪੇ ਕਰੇ ਕਰਾਏ ॥ (125-9)
गुरमुखि आपे करे कराए ॥

ਗੁਰਮੁਖਿ ਹਿਰਦੈ ਵੁਠਾ ਆਪਿ ਆਏ ॥ (125-9)
गुरमुखि हिरदै वुठा आपि आए ॥

ਨਾਨਕ ਨਾਮਿ ਮਿਲੈ ਵਡਿਆਈ ਪੂਰੇ ਗੁਰ ਤੇ ਪਾਵਣਿਆ ॥੮॥੨੫॥੨੬॥ (125-9)
नानक नामि मिलै वडिआई पूरे गुर ते पावणिआ ॥८॥२५॥२६॥

ਮਾਝ ਮਹਲਾ ੩ ॥ (125-10)
माझ महला ३ ॥

ਏਕਾ ਜੋਤਿ ਜੋਤਿ ਹੈ ਸਰੀਰਾ ॥ (125-10)
एका जोति जोति है सरीरा ॥

ਸਬਦਿ ਦਿਖਾਏ ਸਤਿਗੁਰੁ ਪੂਰਾ ॥ (125-10)
सबदि दिखाए सतिगुरु पूरा ॥

ਆਪੇ ਫਰਕੁ ਕੀਤੋਨੁ ਘਟ ਅੰਤਰਿ ਆਪੇ ਬਣਤ ਬਣਾਵਣਿਆ ॥੧॥ (125-11)
आपे फरकु कीतोनु घट अंतरि आपे बणत बणावणिआ ॥१॥

ਹਉ ਵਾਰੀ ਜੀਉ ਵਾਰੀ ਹਰਿ ਸਚੇ ਕੇ ਗੁਣ ਗਾਵਣਿਆ ॥ (125-11)
हउ वारी जीउ वारी हरि सचे के गुण गावणिआ ॥

ਬਾਝੁ ਗੁਰੂ ਕੋ ਸਹਜੁ ਨ ਪਾਏ ਗੁਰਮੁਖਿ ਸਹਜਿ ਸਮਾਵਣਿਆ ॥੧॥ ਰਹਾਉ ॥ (125-12)
बाझु गुरू को सहजु न पाए गुरमुखि सहजि समावणिआ ॥१॥ रहाउ ॥

ਤੂੰ ਆਪੇ ਸੋਹਹਿ ਆਪੇ ਜਗੁ ਮੋਹਹਿ ॥ (125-13)
तूं आपे सोहहि आपे जगु मोहहि ॥

ਤੂੰ ਆਪੇ ਨਦਰੀ ਜਗਤੁ ਪਰੋਵਹਿ ॥ (125-13)
तूं आपे नदरी जगतु परोवहि ॥

ਤੂੰ ਆਪੇ ਦੁਖੁ ਸੁਖੁ ਦੇਵਹਿ ਕਰਤੇ ਗੁਰਮੁਖਿ ਹਰਿ ਦੇਖਾਵਣਿਆ ॥੨॥ (125-13)
तूं आपे दुखु सुखु देवहि करते गुरमुखि हरि देखावणिआ ॥२॥

ਆਪੇ ਕਰਤਾ ਕਰੇ ਕਰਾਏ ॥ (125-14)
आपे करता करे कराए ॥

ਆਪੇ ਸਬਦੁ ਗੁਰ ਮੰਨਿ ਵਸਾਏ ॥ (125-14)
आपे सबदु गुर मंनि वसाए ॥

ਸਬਦੇ ਉਪਜੈ ਅੰਮ੍ਰਿਤ ਬਾਣੀ ਗੁਰਮੁਖਿ ਆਖਿ ਸੁਣਾਵਣਿਆ ॥੩॥ (125-14)
सबदे उपजै अमृत बाणी गुरमुखि आखि सुणावणिआ ॥३॥

ਆਪੇ ਕਰਤਾ ਆਪੇ ਭੁਗਤਾ ॥ (125-15)
आपे करता आपे भुगता ॥

ਬੰਧਨ ਤੋੜੇ ਸਦਾ ਹੈ ਮੁਕਤਾ ॥ (125-15)
बंधन तोड़े सदा है मुकता ॥

ਸਦਾ ਮੁਕਤੁ ਆਪੇ ਹੈ ਸਚਾ ਆਪੇ ਅਲਖੁ ਲਖਾਵਣਿਆ ॥੪॥ (125-16)
सदा मुकतु आपे है सचा आपे अलखु लखावणिआ ॥४॥

ਆਪੇ ਮਾਇਆ ਆਪੇ ਛਾਇਆ ॥ (125-16)
आपे माइआ आपे छाइआ ॥

ਆਪੇ ਮੋਹੁ ਸਭੁ ਜਗਤੁ ਉਪਾਇਆ ॥ (125-16)
आपे मोहु सभु जगतु उपाइआ ॥

ਆਪੇ ਗੁਣਦਾਤਾ ਗੁਣ ਗਾਵੈ ਆਪੇ ਆਖਿ ਸੁਣਾਵਣਿਆ ॥੫॥ (125-17)
आपे गुणदाता गुण गावै आपे आखि सुणावणिआ ॥५॥

ਆਪੇ ਕਰੇ ਕਰਾਏ ਆਪੇ ॥ (125-17)
आपे करे कराए आपे ॥

ਆਪੇ ਥਾਪਿ ਉਥਾਪੇ ਆਪੇ ॥ (125-18)
आपे थापि उथापे आपे ॥

ਤੁਝ ਤੇ ਬਾਹਰਿ ਕਛੂ ਨ ਹੋਵੈ ਤੂੰ ਆਪੇ ਕਾਰੈ ਲਾਵਣਿਆ ॥੬॥ (125-18)
तुझ ते बाहरि कछू न होवै तूं आपे कारै लावणिआ ॥६॥

ਆਪੇ ਮਾਰੇ ਆਪਿ ਜੀਵਾਏ ॥ (125-19)
आपे मारे आपि जीवाए ॥

ਆਪੇ ਮੇਲੇ ਮੇਲਿ ਮਿਲਾਏ ॥ (125-19)
आपे मेले मेलि मिलाए ॥

ਸੇਵਾ ਤੇ ਸਦਾ ਸੁਖੁ ਪਾਇਆ ਗੁਰਮੁਖਿ ਸਹਜਿ ਸਮਾਵਣਿਆ ॥੭॥ (125-19)
सेवा ते सदा सुखु पाइआ गुरमुखि सहजि समावणिआ ॥७॥

ਆਪੇ ਊਚਾ ਊਚੋ ਹੋਈ ॥ (126-1)
आपे ऊचा ऊचो होई ॥

ਜਿਸੁ ਆਪਿ ਵਿਖਾਲੇ ਸੁ ਵੇਖੈ ਕੋਈ ॥ (126-1)
जिसु आपि विखाले सु वेखै कोई ॥

ਨਾਨਕ ਨਾਮੁ ਵਸੈ ਘਟ ਅੰਤਰਿ ਆਪੇ ਵੇਖਿ ਵਿਖਾਲਣਿਆ ॥੮॥੨੬॥੨੭॥ (126-1)
नानक नामु वसै घट अंतरि आपे वेखि विखालणिआ ॥८॥२६॥२७॥

ਮਾਝ ਮਹਲਾ ੩ ॥ (126-2)
माझ महला ३ ॥

ਮੇਰਾ ਪ੍ਰਭੁ ਭਰਪੂਰਿ ਰਹਿਆ ਸਭ ਥਾਈ ॥ (126-2)
मेरा प्रभु भरपूरि रहिआ सभ थाई ॥

ਗੁਰ ਪਰਸਾਦੀ ਘਰ ਹੀ ਮਹਿ ਪਾਈ ॥ (126-3)
गुर परसादी घर ही महि पाई ॥

ਸਦਾ ਸਰੇਵੀ ਇਕ ਮਨਿ ਧਿਆਈ ਗੁਰਮੁਖਿ ਸਚਿ ਸਮਾਵਣਿਆ ॥੧॥ (126-3)
सदा सरेवी इक मनि धिआई गुरमुखि सचि समावणिआ ॥१॥

ਹਉ ਵਾਰੀ ਜੀਉ ਵਾਰੀ ਜਗਜੀਵਨੁ ਮੰਨਿ ਵਸਾਵਣਿਆ ॥ (126-4)
हउ वारी जीउ वारी जगजीवनु मंनि वसावणिआ ॥

ਹਰਿ ਜਗਜੀਵਨੁ ਨਿਰਭਉ ਦਾਤਾ ਗੁਰਮਤਿ ਸਹਜਿ ਸਮਾਵਣਿਆ ॥੧॥ ਰਹਾਉ ॥ (126-4)
हरि जगजीवनु निरभउ दाता गुरमति सहजि समावणिआ ॥१॥ रहाउ ॥

ਘਰ ਮਹਿ ਧਰਤੀ ਧਉਲੁ ਪਾਤਾਲਾ ॥ (126-5)
घर महि धरती धउलु पाताला ॥

ਘਰ ਹੀ ਮਹਿ ਪ੍ਰੀਤਮੁ ਸਦਾ ਹੈ ਬਾਲਾ ॥ (126-5)
घर ही महि प्रीतमु सदा है बाला ॥

ਸਦਾ ਅਨੰਦਿ ਰਹੈ ਸੁਖਦਾਤਾ ਗੁਰਮਤਿ ਸਹਜਿ ਸਮਾਵਣਿਆ ॥੨॥ (126-6)
सदा अनंदि रहै सुखदाता गुरमति सहजि समावणिआ ॥२॥

ਕਾਇਆ ਅੰਦਰਿ ਹਉਮੈ ਮੇਰਾ ॥ (126-6)
काइआ अंदरि हउमै मेरा ॥

ਜੰਮਣ ਮਰਣੁ ਨ ਚੂਕੈ ਫੇਰਾ ॥ (126-6)
जंमण मरणु न चूकै फेरा ॥

ਗੁਰਮੁਖਿ ਹੋਵੈ ਸੁ ਹਉਮੈ ਮਾਰੇ ਸਚੋ ਸਚੁ ਧਿਆਵਣਿਆ ॥੩॥ (126-7)
गुरमुखि होवै सु हउमै मारे सचो सचु धिआवणिआ ॥३॥

ਕਾਇਆ ਅੰਦਰਿ ਪਾਪੁ ਪੁੰਨੁ ਦੁਇ ਭਾਈ ॥ (126-7)
काइआ अंदरि पापु पुंनु दुइ भाई ॥

ਦੁਹੀ ਮਿਲਿ ਕੈ ਸ੍ਰਿਸਟਿ ਉਪਾਈ ॥ (126-8)
दुही मिलि कै स्रिसटि उपाई ॥

ਦੋਵੈ ਮਾਰਿ ਜਾਇ ਇਕਤੁ ਘਰਿ ਆਵੈ ਗੁਰਮਤਿ ਸਹਜਿ ਸਮਾਵਣਿਆ ॥੪॥ (126-8)
दोवै मारि जाइ इकतु घरि आवै गुरमति सहजि समावणिआ ॥४॥

ਘਰ ਹੀ ਮਾਹਿ ਦੂਜੈ ਭਾਇ ਅਨੇਰਾ ॥ (126-9)
घर ही माहि दूजै भाइ अनेरा ॥

ਚਾਨਣੁ ਹੋਵੈ ਛੋਡੈ ਹਉਮੈ ਮੇਰਾ ॥ (126-9)
चानणु होवै छोडै हउमै मेरा ॥

ਪਰਗਟੁ ਸਬਦੁ ਹੈ ਸੁਖਦਾਤਾ ਅਨਦਿਨੁ ਨਾਮੁ ਧਿਆਵਣਿਆ ॥੫॥ (126-9)
परगटु सबदु है सुखदाता अनदिनु नामु धिआवणिआ ॥५॥

ਅੰਤਰਿ ਜੋਤਿ ਪਰਗਟੁ ਪਾਸਾਰਾ ॥ (126-10)
अंतरि जोति परगटु पासारा ॥

ਗੁਰ ਸਾਖੀ ਮਿਟਿਆ ਅੰਧਿਆਰਾ ॥ (126-10)
गुर साखी मिटिआ अंधिआरा ॥

ਕਮਲੁ ਬਿਗਾਸਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਵਣਿਆ ॥੬॥ (126-11)
कमलु बिगासि सदा सुखु पाइआ जोती जोति मिलावणिआ ॥६॥

ਅੰਦਰਿ ਮਹਲ ਰਤਨੀ ਭਰੇ ਭੰਡਾਰਾ ॥ (126-11)
अंदरि महल रतनी भरे भंडारा ॥

ਗੁਰਮੁਖਿ ਪਾਏ ਨਾਮੁ ਅਪਾਰਾ ॥ (126-12)
गुरमुखि पाए नामु अपारा ॥

ਗੁਰਮੁਖਿ ਵਣਜੇ ਸਦਾ ਵਾਪਾਰੀ ਲਾਹਾ ਨਾਮੁ ਸਦ ਪਾਵਣਿਆ ॥੭॥ (126-12)
गुरमुखि वणजे सदा वापारी लाहा नामु सद पावणिआ ॥७॥

ਆਪੇ ਵਥੁ ਰਾਖੈ ਆਪੇ ਦੇਇ ॥ (126-13)
आपे वथु राखै आपे देइ ॥

ਗੁਰਮੁਖਿ ਵਣਜਹਿ ਕੇਈ ਕੇਇ ॥ (126-13)
गुरमुखि वणजहि केई केइ ॥

ਨਾਨਕ ਜਿਸੁ ਨਦਰਿ ਕਰੇ ਸੋ ਪਾਏ ਕਰਿ ਕਿਰਪਾ ਮੰਨਿ ਵਸਾਵਣਿਆ ॥੮॥੨੭॥੨੮॥ (126-13)
नानक जिसु नदरि करे सो पाए करि किरपा मंनि वसावणिआ ॥८॥२७॥२८॥

ਮਾਝ ਮਹਲਾ ੩ ॥ (126-14)
माझ महला ३ ॥

ਹਰਿ ਆਪੇ ਮੇਲੇ ਸੇਵ ਕਰਾਏ ॥ (126-14)
हरि आपे मेले सेव कराए ॥

ਗੁਰ ਕੈ ਸਬਦਿ ਭਾਉ ਦੂਜਾ ਜਾਏ ॥ (126-14)
गुर कै सबदि भाउ दूजा जाए ॥

ਹਰਿ ਨਿਰਮਲੁ ਸਦਾ ਗੁਣਦਾਤਾ ਹਰਿ ਗੁਣ ਮਹਿ ਆਪਿ ਸਮਾਵਣਿਆ ॥੧॥ (126-15)
हरि निरमलु सदा गुणदाता हरि गुण महि आपि समावणिआ ॥१॥

ਹਉ ਵਾਰੀ ਜੀਉ ਵਾਰੀ ਸਚੁ ਸਚਾ ਹਿਰਦੈ ਵਸਾਵਣਿਆ ॥ (126-16)
हउ वारी जीउ वारी सचु सचा हिरदै वसावणिआ ॥

ਸਚਾ ਨਾਮੁ ਸਦਾ ਹੈ ਨਿਰਮਲੁ ਗੁਰ ਸਬਦੀ ਮੰਨਿ ਵਸਾਵਣਿਆ ॥੧॥ ਰਹਾਉ ॥ (126-16)
सचा नामु सदा है निरमलु गुर सबदी मंनि वसावणिआ ॥१॥ रहाउ ॥

ਆਪੇ ਗੁਰੁ ਦਾਤਾ ਕਰਮਿ ਬਿਧਾਤਾ ॥ (126-17)
आपे गुरु दाता करमि बिधाता ॥

ਸੇਵਕ ਸੇਵਹਿ ਗੁਰਮੁਖਿ ਹਰਿ ਜਾਤਾ ॥ (126-17)
सेवक सेवहि गुरमुखि हरि जाता ॥

ਅੰਮ੍ਰਿਤ ਨਾਮਿ ਸਦਾ ਜਨ ਸੋਹਹਿ ਗੁਰਮਤਿ ਹਰਿ ਰਸੁ ਪਾਵਣਿਆ ॥੨॥ (126-17)
अमृत नामि सदा जन सोहहि गुरमति हरि रसु पावणिआ ॥२॥

ਇਸੁ ਗੁਫਾ ਮਹਿ ਇਕੁ ਥਾਨੁ ਸੁਹਾਇਆ ॥ (126-18)
इसु गुफा महि इकु थानु सुहाइआ ॥

ਪੂਰੈ ਗੁਰਿ ਹਉਮੈ ਭਰਮੁ ਚੁਕਾਇਆ ॥ (126-19)
पूरै गुरि हउमै भरमु चुकाइआ ॥

ਅਨਦਿਨੁ ਨਾਮੁ ਸਲਾਹਨਿ ਰੰਗਿ ਰਾਤੇ ਗੁਰ ਕਿਰਪਾ ਤੇ ਪਾਵਣਿਆ ॥੩॥ (126-19)
अनदिनु नामु सलाहनि रंगि राते गुर किरपा ते पावणिआ ॥३॥

ਗੁਰ ਕੈ ਸਬਦਿ ਇਹੁ ਗੁਫਾ ਵੀਚਾਰੇ ॥ (127-1)
गुर कै सबदि इहु गुफा वीचारे ॥

ਨਾਮੁ ਨਿਰੰਜਨੁ ਅੰਤਰਿ ਵਸੈ ਮੁਰਾਰੇ ॥ (127-1)
नामु निरंजनु अंतरि वसै मुरारे ॥

ਹਰਿ ਗੁਣ ਗਾਵੈ ਸਬਦਿ ਸੁਹਾਏ ਮਿਲਿ ਪ੍ਰੀਤਮ ਸੁਖੁ ਪਾਵਣਿਆ ॥੪॥ (127-1)
हरि गुण गावै सबदि सुहाए मिलि प्रीतम सुखु पावणिआ ॥४॥

ਜਮੁ ਜਾਗਾਤੀ ਦੂਜੈ ਭਾਇ ਕਰੁ ਲਾਏ ॥ (127-2)
जमु जागाती दूजै भाइ करु लाए ॥

ਨਾਵਹੁ ਭੂਲੇ ਦੇਇ ਸਜਾਏ ॥ (127-2)
नावहु भूले देइ सजाए ॥

ਘੜੀ ਮੁਹਤ ਕਾ ਲੇਖਾ ਲੇਵੈ ਰਤੀਅਹੁ ਮਾਸਾ ਤੋਲ ਕਢਾਵਣਿਆ ॥੫॥ (127-2)
घड़ी मुहत का लेखा लेवै रतीअहु मासा तोल कढावणिआ ॥५॥

ਪੇਈਅੜੈ ਪਿਰੁ ਚੇਤੇ ਨਾਹੀ ॥ (127-3)
पेईअड़ै पिरु चेते नाही ॥

ਦੂਜੈ ਮੁਠੀ ਰੋਵੈ ਧਾਹੀ ॥ (127-3)
दूजै मुठी रोवै धाही ॥

ਖਰੀ ਕੁਆਲਿਓ ਕੁਰੂਪਿ ਕੁਲਖਣੀ ਸੁਪਨੈ ਪਿਰੁ ਨਹੀ ਪਾਵਣਿਆ ॥੬॥ (127-4)
खरी कुआलिओ कुरूपि कुलखणी सुपनै पिरु नही पावणिआ ॥६॥

ਪੇਈਅੜੈ ਪਿਰੁ ਮੰਨਿ ਵਸਾਇਆ ॥ (127-4)
पेईअड़ै पिरु मंनि वसाइआ ॥

ਪੂਰੈ ਗੁਰਿ ਹਦੂਰਿ ਦਿਖਾਇਆ ॥ (127-5)
पूरै गुरि हदूरि दिखाइआ ॥

ਕਾਮਣਿ ਪਿਰੁ ਰਾਖਿਆ ਕੰਠਿ ਲਾਇ ਸਬਦੇ ਪਿਰੁ ਰਾਵੈ ਸੇਜ ਸੁਹਾਵਣਿਆ ॥੭॥ (127-5)
कामणि पिरु राखिआ कंठि लाइ सबदे पिरु रावै सेज सुहावणिआ ॥७॥

ਆਪੇ ਦੇਵੈ ਸਦਿ ਬੁਲਾਏ ॥ (127-6)
आपे देवै सदि बुलाए ॥

ਆਪਣਾ ਨਾਉ ਮੰਨਿ ਵਸਾਏ ॥ (127-6)
आपणा नाउ मंनि वसाए ॥

ਨਾਨਕ ਨਾਮੁ ਮਿਲੈ ਵਡਿਆਈ ਅਨਦਿਨੁ ਸਦਾ ਗੁਣ ਗਾਵਣਿਆ ॥੮॥੨੮॥੨੯॥ (127-6)
नानक नामु मिलै वडिआई अनदिनु सदा गुण गावणिआ ॥८॥२८॥२९॥

ਮਾਝ ਮਹਲਾ ੩ ॥ (127-7)
माझ महला ३ ॥

ਊਤਮ ਜਨਮੁ ਸੁਥਾਨਿ ਹੈ ਵਾਸਾ ॥ (127-7)
ऊतम जनमु सुथानि है वासा ॥

ਸਤਿਗੁਰੁ ਸੇਵਹਿ ਘਰ ਮਾਹਿ ਉਦਾਸਾ ॥ (127-7)
सतिगुरु सेवहि घर माहि उदासा ॥

ਹਰਿ ਰੰਗਿ ਰਹਹਿ ਸਦਾ ਰੰਗਿ ਰਾਤੇ ਹਰਿ ਰਸਿ ਮਨੁ ਤ੍ਰਿਪਤਾਵਣਿਆ ॥੧॥ (127-8)
हरि रंगि रहहि सदा रंगि राते हरि रसि मनु त्रिपतावणिआ ॥१॥

ਹਉ ਵਾਰੀ ਜੀਉ ਵਾਰੀ ਪੜਿ ਬੁਝਿ ਮੰਨਿ ਵਸਾਵਣਿਆ ॥ (127-8)
हउ वारी जीउ वारी पड़ि बुझि मंनि वसावणिआ ॥

ਗੁਰਮੁਖਿ ਪੜਹਿ ਹਰਿ ਨਾਮੁ ਸਲਾਹਹਿ ਦਰਿ ਸਚੈ ਸੋਭਾ ਪਾਵਣਿਆ ॥੧॥ ਰਹਾਉ ॥ (127-9)
गुरमुखि पड़हि हरि नामु सलाहहि दरि सचै सोभा पावणिआ ॥१॥ रहाउ ॥

ਅਲਖ ਅਭੇਉ ਹਰਿ ਰਹਿਆ ਸਮਾਏ ॥ (127-10)
अलख अभेउ हरि रहिआ समाए ॥

ਉਪਾਇ ਨ ਕਿਤੀ ਪਾਇਆ ਜਾਏ ॥ (127-10)
उपाइ न किती पाइआ जाए ॥

ਕਿਰਪਾ ਕਰੇ ਤਾ ਸਤਿਗੁਰੁ ਭੇਟੈ ਨਦਰੀ ਮੇਲਿ ਮਿਲਾਵਣਿਆ ॥੨॥ (127-10)
किरपा करे ता सतिगुरु भेटै नदरी मेलि मिलावणिआ ॥२॥

ਦੂਜੈ ਭਾਇ ਪੜੈ ਨਹੀ ਬੂਝੈ ॥ (127-11)
दूजै भाइ पड़ै नही बूझै ॥

ਤ੍ਰਿਬਿਧਿ ਮਾਇਆ ਕਾਰਣਿ ਲੂਝੈ ॥ (127-11)
त्रिबिधि माइआ कारणि लूझै ॥

ਤ੍ਰਿਬਿਧਿ ਬੰਧਨ ਤੂਟਹਿ ਗੁਰ ਸਬਦੀ ਗੁਰ ਸਬਦੀ ਮੁਕਤਿ ਕਰਾਵਣਿਆ ॥੩॥ (127-12)
त्रिबिधि बंधन तूटहि गुर सबदी गुर सबदी मुकति करावणिआ ॥३॥

ਇਹੁ ਮਨੁ ਚੰਚਲੁ ਵਸਿ ਨ ਆਵੈ ॥ (127-12)
इहु मनु चंचलु वसि न आवै ॥

ਦੁਬਿਧਾ ਲਾਗੈ ਦਹ ਦਿਸਿ ਧਾਵੈ ॥ (127-13)
दुबिधा लागै दह दिसि धावै ॥

ਬਿਖੁ ਕਾ ਕੀੜਾ ਬਿਖੁ ਮਹਿ ਰਾਤਾ ਬਿਖੁ ਹੀ ਮਾਹਿ ਪਚਾਵਣਿਆ ॥੪॥ (127-13)
बिखु का कीड़ा बिखु महि राता बिखु ही माहि पचावणिआ ॥४॥

ਹਉ ਹਉ ਕਰੇ ਤੈ ਆਪੁ ਜਣਾਏ ॥ (127-14)
हउ हउ करे तै आपु जणाए ॥

ਬਹੁ ਕਰਮ ਕਰੈ ਕਿਛੁ ਥਾਇ ਨ ਪਾਏ ॥ (127-14)
बहु करम करै किछु थाइ न पाए ॥

ਤੁਝ ਤੇ ਬਾਹਰਿ ਕਿਛੂ ਨ ਹੋਵੈ ਬਖਸੇ ਸਬਦਿ ਸੁਹਾਵਣਿਆ ॥੫॥ (127-14)
तुझ ते बाहरि किछू न होवै बखसे सबदि सुहावणिआ ॥५॥

ਉਪਜੈ ਪਚੈ ਹਰਿ ਬੂਝੈ ਨਾਹੀ ॥ (127-15)
उपजै पचै हरि बूझै नाही ॥

ਅਨਦਿਨੁ ਦੂਜੈ ਭਾਇ ਫਿਰਾਹੀ ॥ (127-15)
अनदिनु दूजै भाइ फिराही ॥

ਮਨਮੁਖ ਜਨਮੁ ਗਇਆ ਹੈ ਬਿਰਥਾ ਅੰਤਿ ਗਇਆ ਪਛੁਤਾਵਣਿਆ ॥੬॥ (127-15)
मनमुख जनमु गइआ है बिरथा अंति गइआ पछुतावणिआ ॥६॥

ਪਿਰੁ ਪਰਦੇਸਿ ਸਿਗਾਰੁ ਬਣਾਏ ॥ (127-16)
पिरु परदेसि सिगारु बणाए ॥

ਮਨਮੁਖ ਅੰਧੁ ਐਸੇ ਕਰਮ ਕਮਾਏ ॥ (127-16)
मनमुख अंधु ऐसे करम कमाए ॥

ਹਲਤਿ ਨ ਸੋਭਾ ਪਲਤਿ ਨ ਢੋਈ ਬਿਰਥਾ ਜਨਮੁ ਗਵਾਵਣਿਆ ॥੭॥ (127-17)
हलति न सोभा पलति न ढोई बिरथा जनमु गवावणिआ ॥७॥

ਹਰਿ ਕਾ ਨਾਮੁ ਕਿਨੈ ਵਿਰਲੈ ਜਾਤਾ ॥ (127-17)
हरि का नामु किनै विरलै जाता ॥

ਪੂਰੇ ਗੁਰ ਕੈ ਸਬਦਿ ਪਛਾਤਾ ॥ (127-18)
पूरे गुर कै सबदि पछाता ॥

ਅਨਦਿਨੁ ਭਗਤਿ ਕਰੇ ਦਿਨੁ ਰਾਤੀ ਸਹਜੇ ਹੀ ਸੁਖੁ ਪਾਵਣਿਆ ॥੮॥ (127-18)
अनदिनु भगति करे दिनु राती सहजे ही सुखु पावणिआ ॥८॥

ਸਭ ਮਹਿ ਵਰਤੈ ਏਕੋ ਸੋਈ ॥ (127-19)
सभ महि वरतै एको सोई ॥

ਗੁਰਮੁਖਿ ਵਿਰਲਾ ਬੂਝੈ ਕੋਈ ॥ (127-19)
गुरमुखि विरला बूझै कोई ॥

ਨਾਨਕ ਨਾਮਿ ਰਤੇ ਜਨ ਸੋਹਹਿ ਕਰਿ ਕਿਰਪਾ ਆਪਿ ਮਿਲਾਵਣਿਆ ॥੯॥੨੯॥੩੦॥ (127-19)
नानक नामि रते जन सोहहि करि किरपा आपि मिलावणिआ ॥९॥२९॥३०॥

ਮਾਝ ਮਹਲਾ ੩ ॥ (128-1)
माझ महला ३ ॥

ਮਨਮੁਖ ਪੜਹਿ ਪੰਡਿਤ ਕਹਾਵਹਿ ॥ (128-1)
मनमुख पड़हि पंडित कहावहि ॥

ਦੂਜੈ ਭਾਇ ਮਹਾ ਦੁਖੁ ਪਾਵਹਿ ॥ (128-1)
दूजै भाइ महा दुखु पावहि ॥

ਬਿਖਿਆ ਮਾਤੇ ਕਿਛੁ ਸੂਝੈ ਨਾਹੀ ਫਿਰਿ ਫਿਰਿ ਜੂਨੀ ਆਵਣਿਆ ॥੧॥ (128-2)
बिखिआ माते किछु सूझै नाही फिरि फिरि जूनी आवणिआ ॥१॥

ਹਉ ਵਾਰੀ ਜੀਉ ਵਾਰੀ ਹਉਮੈ ਮਾਰਿ ਮਿਲਾਵਣਿਆ ॥ (128-2)
हउ वारी जीउ वारी हउमै मारि मिलावणिआ ॥

ਗੁਰ ਸੇਵਾ ਤੇ ਹਰਿ ਮਨਿ ਵਸਿਆ ਹਰਿ ਰਸੁ ਸਹਜਿ ਪੀਆਵਣਿਆ ॥੧॥ ਰਹਾਉ ॥ (128-3)
गुर सेवा ते हरि मनि वसिआ हरि रसु सहजि पीआवणिआ ॥१॥ रहाउ ॥

ਵੇਦੁ ਪੜਹਿ ਹਰਿ ਰਸੁ ਨਹੀ ਆਇਆ ॥ (128-4)
वेदु पड़हि हरि रसु नही आइआ ॥

ਵਾਦੁ ਵਖਾਣਹਿ ਮੋਹੇ ਮਾਇਆ ॥ (128-4)
वादु वखाणहि मोहे माइआ ॥

ਅਗਿਆਨਮਤੀ ਸਦਾ ਅੰਧਿਆਰਾ ਗੁਰਮੁਖਿ ਬੂਝਿ ਹਰਿ ਗਾਵਣਿਆ ॥੨॥ (128-4)
अगिआनमती सदा अंधिआरा गुरमुखि बूझि हरि गावणिआ ॥२॥

ਅਕਥੋ ਕਥੀਐ ਸਬਦਿ ਸੁਹਾਵੈ ॥ (128-5)
अकथो कथीऐ सबदि सुहावै ॥

ਗੁਰਮਤੀ ਮਨਿ ਸਚੋ ਭਾਵੈ ॥ (128-5)
गुरमती मनि सचो भावै ॥

ਸਚੋ ਸਚੁ ਰਵਹਿ ਦਿਨੁ ਰਾਤੀ ਇਹੁ ਮਨੁ ਸਚਿ ਰੰਗਾਵਣਿਆ ॥੩॥ (128-6)
सचो सचु रवहि दिनु राती इहु मनु सचि रंगावणिआ ॥३॥

ਜੋ ਸਚਿ ਰਤੇ ਤਿਨ ਸਚੋ ਭਾਵੈ ॥ (128-6)
जो सचि रते तिन सचो भावै ॥

ਆਪੇ ਦੇਇ ਨ ਪਛੋਤਾਵੈ ॥ (128-6)
आपे देइ न पछोतावै ॥

ਗੁਰ ਕੈ ਸਬਦਿ ਸਦਾ ਸਚੁ ਜਾਤਾ ਮਿਲਿ ਸਚੇ ਸੁਖੁ ਪਾਵਣਿਆ ॥੪॥ (128-7)
गुर कै सबदि सदा सचु जाता मिलि सचे सुखु पावणिआ ॥४॥

ਕੂੜੁ ਕੁਸਤੁ ਤਿਨਾ ਮੈਲੁ ਨ ਲਾਗੈ ॥ (128-7)
कूड़ु कुसतु तिना मैलु न लागै ॥

ਗੁਰ ਪਰਸਾਦੀ ਅਨਦਿਨੁ ਜਾਗੈ ॥ (128-8)
गुर परसादी अनदिनु जागै ॥

ਨਿਰਮਲ ਨਾਮੁ ਵਸੈ ਘਟ ਭੀਤਰਿ ਜੋਤੀ ਜੋਤਿ ਮਿਲਾਵਣਿਆ ॥੫॥ (128-8)
निरमल नामु वसै घट भीतरि जोती जोति मिलावणिआ ॥५॥

ਤ੍ਰੈ ਗੁਣ ਪੜਹਿ ਹਰਿ ਤਤੁ ਨ ਜਾਣਹਿ ॥ (128-9)
त्रै गुण पड़हि हरि ततु न जाणहि ॥

ਮੂਲਹੁ ਭੁਲੇ ਗੁਰ ਸਬਦੁ ਨ ਪਛਾਣਹਿ ॥ (128-9)
मूलहु भुले गुर सबदु न पछाणहि ॥

ਮੋਹ ਬਿਆਪੇ ਕਿਛੁ ਸੂਝੈ ਨਾਹੀ ਗੁਰ ਸਬਦੀ ਹਰਿ ਪਾਵਣਿਆ ॥੬॥ (128-9)
मोह बिआपे किछु सूझै नाही गुर सबदी हरि पावणिआ ॥६॥

ਵੇਦੁ ਪੁਕਾਰੈ ਤ੍ਰਿਬਿਧਿ ਮਾਇਆ ॥ (128-10)
वेदु पुकारै त्रिबिधि माइआ ॥

ਮਨਮੁਖ ਨ ਬੂਝਹਿ ਦੂਜੈ ਭਾਇਆ ॥ (128-10)
मनमुख न बूझहि दूजै भाइआ ॥

ਤ੍ਰੈ ਗੁਣ ਪੜਹਿ ਹਰਿ ਏਕੁ ਨ ਜਾਣਹਿ ਬਿਨੁ ਬੂਝੇ ਦੁਖੁ ਪਾਵਣਿਆ ॥੭॥ (128-11)
त्रै गुण पड़हि हरि एकु न जाणहि बिनु बूझे दुखु पावणिआ ॥७॥

ਜਾ ਤਿਸੁ ਭਾਵੈ ਤਾ ਆਪਿ ਮਿਲਾਏ ॥ (128-11)
जा तिसु भावै ता आपि मिलाए ॥

ਗੁਰ ਸਬਦੀ ਸਹਸਾ ਦੂਖੁ ਚੁਕਾਏ ॥ (128-12)
गुर सबदी सहसा दूखु चुकाए ॥

ਨਾਨਕ ਨਾਵੈ ਕੀ ਸਚੀ ਵਡਿਆਈ ਨਾਮੋ ਮੰਨਿ ਸੁਖੁ ਪਾਵਣਿਆ ॥੮॥੩੦॥੩੧॥ (128-12)
नानक नावै की सची वडिआई नामो मंनि सुखु पावणिआ ॥८॥३०॥३१॥

ਮਾਝ ਮਹਲਾ ੩ ॥ (128-13)
माझ महला ३ ॥

ਨਿਰਗੁਣੁ ਸਰਗੁਣੁ ਆਪੇ ਸੋਈ ॥ (128-13)
निरगुणु सरगुणु आपे सोई ॥

ਤਤੁ ਪਛਾਣੈ ਸੋ ਪੰਡਿਤੁ ਹੋਈ ॥ (128-13)
ततु पछाणै सो पंडितु होई ॥

ਆਪਿ ਤਰੈ ਸਗਲੇ ਕੁਲ ਤਾਰੈ ਹਰਿ ਨਾਮੁ ਮੰਨਿ ਵਸਾਵਣਿਆ ॥੧॥ (128-13)
आपि तरै सगले कुल तारै हरि नामु मंनि वसावणिआ ॥१॥

ਹਉ ਵਾਰੀ ਜੀਉ ਵਾਰੀ ਹਰਿ ਰਸੁ ਚਖਿ ਸਾਦੁ ਪਾਵਣਿਆ ॥ (128-14)
हउ वारी जीउ वारी हरि रसु चखि सादु पावणिआ ॥

ਹਰਿ ਰਸੁ ਚਾਖਹਿ ਸੇ ਜਨ ਨਿਰਮਲ ਨਿਰਮਲ ਨਾਮੁ ਧਿਆਵਣਿਆ ॥੧॥ ਰਹਾਉ ॥ (128-14)
हरि रसु चाखहि से जन निरमल निरमल नामु धिआवणिआ ॥१॥ रहाउ ॥

ਸੋ ਨਿਹਕਰਮੀ ਜੋ ਸਬਦੁ ਬੀਚਾਰੇ ॥ (128-15)
सो निहकरमी जो सबदु बीचारे ॥

ਅੰਤਰਿ ਤਤੁ ਗਿਆਨਿ ਹਉਮੈ ਮਾਰੇ ॥ (128-16)
अंतरि ततु गिआनि हउमै मारे ॥

ਨਾਮੁ ਪਦਾਰਥੁ ਨਉ ਨਿਧਿ ਪਾਏ ਤ੍ਰੈ ਗੁਣ ਮੇਟਿ ਸਮਾਵਣਿਆ ॥੨॥ (128-16)
नामु पदारथु नउ निधि पाए त्रै गुण मेटि समावणिआ ॥२॥

ਹਉਮੈ ਕਰੈ ਨਿਹਕਰਮੀ ਨ ਹੋਵੈ ॥ (128-16)
हउमै करै निहकरमी न होवै ॥

ਗੁਰ ਪਰਸਾਦੀ ਹਉਮੈ ਖੋਵੈ ॥ (128-17)
गुर परसादी हउमै खोवै ॥

ਅੰਤਰਿ ਬਿਬੇਕੁ ਸਦਾ ਆਪੁ ਵੀਚਾਰੇ ਗੁਰ ਸਬਦੀ ਗੁਣ ਗਾਵਣਿਆ ॥੩॥ (128-17)
अंतरि बिबेकु सदा आपु वीचारे गुर सबदी गुण गावणिआ ॥३॥

ਹਰਿ ਸਰੁ ਸਾਗਰੁ ਨਿਰਮਲੁ ਸੋਈ ॥ (128-18)
हरि सरु सागरु निरमलु सोई ॥

ਸੰਤ ਚੁਗਹਿ ਨਿਤ ਗੁਰਮੁਖਿ ਹੋਈ ॥ (128-18)
संत चुगहि नित गुरमुखि होई ॥

ਇਸਨਾਨੁ ਕਰਹਿ ਸਦਾ ਦਿਨੁ ਰਾਤੀ ਹਉਮੈ ਮੈਲੁ ਚੁਕਾਵਣਿਆ ॥੪॥ (128-18)
इसनानु करहि सदा दिनु राती हउमै मैलु चुकावणिआ ॥४॥

ਨਿਰਮਲ ਹੰਸਾ ਪ੍ਰੇਮ ਪਿਆਰਿ ॥ (128-19)
निरमल हंसा प्रेम पिआरि ॥

ਹਰਿ ਸਰਿ ਵਸੈ ਹਉਮੈ ਮਾਰਿ ॥ (128-19)
हरि सरि वसै हउमै मारि ॥

ਅਹਿਨਿਸਿ ਪ੍ਰੀਤਿ ਸਬਦਿ ਸਾਚੈ ਹਰਿ ਸਰਿ ਵਾਸਾ ਪਾਵਣਿਆ ॥੫॥ (129-1)
अहिनिसि प्रीति सबदि साचै हरि सरि वासा पावणिआ ॥५॥

ਮਨਮੁਖੁ ਸਦਾ ਬਗੁ ਮੈਲਾ ਹਉਮੈ ਮਲੁ ਲਾਈ ॥ (129-1)
मनमुखु सदा बगु मैला हउमै मलु लाई ॥

ਇਸਨਾਨੁ ਕਰੈ ਪਰੁ ਮੈਲੁ ਨ ਜਾਈ ॥ (129-2)
इसनानु करै परु मैलु न जाई ॥

ਜੀਵਤੁ ਮਰੈ ਗੁਰ ਸਬਦੁ ਬੀਚਾਰੈ ਹਉਮੈ ਮੈਲੁ ਚੁਕਾਵਣਿਆ ॥੬॥ (129-2)
जीवतु मरै गुर सबदु बीचारै हउमै मैलु चुकावणिआ ॥६॥

ਰਤਨੁ ਪਦਾਰਥੁ ਘਰ ਤੇ ਪਾਇਆ ॥ (129-3)
रतनु पदारथु घर ते पाइआ ॥

ਪੂਰੈ ਸਤਿਗੁਰਿ ਸਬਦੁ ਸੁਣਾਇਆ ॥ (129-3)
पूरै सतिगुरि सबदु सुणाइआ ॥

ਗੁਰ ਪਰਸਾਦਿ ਮਿਟਿਆ ਅੰਧਿਆਰਾ ਘਟਿ ਚਾਨਣੁ ਆਪੁ ਪਛਾਨਣਿਆ ॥੭॥ (129-3)
गुर परसादि मिटिआ अंधिआरा घटि चानणु आपु पछानणिआ ॥७॥

ਆਪਿ ਉਪਾਏ ਤੈ ਆਪੇ ਵੇਖੈ ॥ (129-4)
आपि उपाए तै आपे वेखै ॥

ਸਤਿਗੁਰੁ ਸੇਵੈ ਸੋ ਜਨੁ ਲੇਖੈ ॥ (129-4)
सतिगुरु सेवै सो जनु लेखै ॥

ਨਾਨਕ ਨਾਮੁ ਵਸੈ ਘਟ ਅੰਤਰਿ ਗੁਰ ਕਿਰਪਾ ਤੇ ਪਾਵਣਿਆ ॥੮॥੩੧॥੩੨॥ (129-5)
नानक नामु वसै घट अंतरि गुर किरपा ते पावणिआ ॥८॥३१॥३२॥

ਮਾਝ ਮਹਲਾ ੩ ॥ (129-5)
माझ महला ३ ॥

ਮਾਇਆ ਮੋਹੁ ਜਗਤੁ ਸਬਾਇਆ ॥ (129-6)
माइआ मोहु जगतु सबाइआ ॥

ਤ੍ਰੈ ਗੁਣ ਦੀਸਹਿ ਮੋਹੇ ਮਾਇਆ ॥ (129-6)
त्रै गुण दीसहि मोहे माइआ ॥

ਗੁਰ ਪਰਸਾਦੀ ਕੋ ਵਿਰਲਾ ਬੂਝੈ ਚਉਥੈ ਪਦਿ ਲਿਵ ਲਾਵਣਿਆ ॥੧॥ (129-6)
गुर परसादी को विरला बूझै चउथै पदि लिव लावणिआ ॥१॥

ਹਉ ਵਾਰੀ ਜੀਉ ਵਾਰੀ ਮਾਇਆ ਮੋਹੁ ਸਬਦਿ ਜਲਾਵਣਿਆ ॥ (129-7)
हउ वारी जीउ वारी माइआ मोहु सबदि जलावणिआ ॥

ਮਾਇਆ ਮੋਹੁ ਜਲਾਏ ਸੋ ਹਰਿ ਸਿਉ ਚਿਤੁ ਲਾਏ ਹਰਿ ਦਰਿ ਮਹਲੀ ਸੋਭਾ ਪਾਵਣਿਆ ॥੧॥ ਰਹਾਉ ॥ (129-7)
माइआ मोहु जलाए सो हरि सिउ चितु लाए हरि दरि महली सोभा पावणिआ ॥१॥ रहाउ ॥

ਦੇਵੀ ਦੇਵਾ ਮੂਲੁ ਹੈ ਮਾਇਆ ॥ (129-8)
देवी देवा मूलु है माइआ ॥

ਸਿੰਮ੍ਰਿਤਿ ਸਾਸਤ ਜਿੰਨਿ ਉਪਾਇਆ ॥ (129-9)
सिंम्रिति सासत जिंनि उपाइआ ॥

ਕਾਮੁ ਕ੍ਰੋਧੁ ਪਸਰਿਆ ਸੰਸਾਰੇ ਆਇ ਜਾਇ ਦੁਖੁ ਪਾਵਣਿਆ ॥੨॥ (129-9)
कामु क्रोधु पसरिआ संसारे आइ जाइ दुखु पावणिआ ॥२॥

ਤਿਸੁ ਵਿਚਿ ਗਿਆਨ ਰਤਨੁ ਇਕੁ ਪਾਇਆ ॥ (129-9)
तिसु विचि गिआन रतनु इकु पाइआ ॥

ਗੁਰ ਪਰਸਾਦੀ ਮੰਨਿ ਵਸਾਇਆ ॥ (129-10)
गुर परसादी मंनि वसाइआ ॥

ਜਤੁ ਸਤੁ ਸੰਜਮੁ ਸਚੁ ਕਮਾਵੈ ਗੁਰਿ ਪੂਰੈ ਨਾਮੁ ਧਿਆਵਣਿਆ ॥੩॥ (129-10)
जतु सतु संजमु सचु कमावै गुरि पूरै नामु धिआवणिआ ॥३॥

ਪੇਈਅੜੈ ਧਨ ਭਰਮਿ ਭੁਲਾਣੀ ॥ (129-11)
पेईअड़ै धन भरमि भुलाणी ॥

ਦੂਜੈ ਲਾਗੀ ਫਿਰਿ ਪਛੋਤਾਣੀ ॥ (129-11)
दूजै लागी फिरि पछोताणी ॥

ਹਲਤੁ ਪਲਤੁ ਦੋਵੈ ਗਵਾਏ ਸੁਪਨੈ ਸੁਖੁ ਨ ਪਾਵਣਿਆ ॥੪॥ (129-11)
हलतु पलतु दोवै गवाए सुपनै सुखु न पावणिआ ॥४॥

ਪੇਈਅੜੈ ਧਨ ਕੰਤੁ ਸਮਾਲੇ ॥ (129-12)
पेईअड़ै धन कंतु समाले ॥

ਗੁਰ ਪਰਸਾਦੀ ਵੇਖੈ ਨਾਲੇ ॥ (129-12)
गुर परसादी वेखै नाले ॥

ਪਿਰ ਕੈ ਸਹਜਿ ਰਹੈ ਰੰਗਿ ਰਾਤੀ ਸਬਦਿ ਸਿੰਗਾਰੁ ਬਣਾਵਣਿਆ ॥੫॥ (129-13)
पिर कै सहजि रहै रंगि राती सबदि सिंगारु बणावणिआ ॥५॥

ਸਫਲੁ ਜਨਮੁ ਜਿਨਾ ਸਤਿਗੁਰੁ ਪਾਇਆ ॥ (129-13)
सफलु जनमु जिना सतिगुरु पाइआ ॥

ਦੂਜਾ ਭਾਉ ਗੁਰ ਸਬਦਿ ਜਲਾਇਆ ॥ (129-14)
दूजा भाउ गुर सबदि जलाइआ ॥

ਏਕੋ ਰਵਿ ਰਹਿਆ ਘਟ ਅੰਤਰਿ ਮਿਲਿ ਸਤਸੰਗਤਿ ਹਰਿ ਗੁਣ ਗਾਵਣਿਆ ॥੬॥ (129-14)
एको रवि रहिआ घट अंतरि मिलि सतसंगति हरि गुण गावणिआ ॥६॥

ਸਤਿਗੁਰੁ ਨ ਸੇਵੇ ਸੋ ਕਾਹੇ ਆਇਆ ॥ (129-15)
सतिगुरु न सेवे सो काहे आइआ ॥

ਧ੍ਰਿਗੁ ਜੀਵਣੁ ਬਿਰਥਾ ਜਨਮੁ ਗਵਾਇਆ ॥ (129-15)
ध्रिगु जीवणु बिरथा जनमु गवाइआ ॥

ਮਨਮੁਖਿ ਨਾਮੁ ਚਿਤਿ ਨ ਆਵੈ ਬਿਨੁ ਨਾਵੈ ਬਹੁ ਦੁਖੁ ਪਾਵਣਿਆ ॥੭॥ (129-15)
मनमुखि नामु चिति न आवै बिनु नावै बहु दुखु पावणिआ ॥७॥

ਜਿਨਿ ਸਿਸਟਿ ਸਾਜੀ ਸੋਈ ਜਾਣੈ ॥ (129-16)
जिनि सिसटि साजी सोई जाणै ॥

ਆਪੇ ਮੇਲੈ ਸਬਦਿ ਪਛਾਣੈ ॥ (129-16)
आपे मेलै सबदि पछाणै ॥

ਨਾਨਕ ਨਾਮੁ ਮਿਲਿਆ ਤਿਨ ਜਨ ਕਉ ਜਿਨ ਧੁਰਿ ਮਸਤਕਿ ਲੇਖੁ ਲਿਖਾਵਣਿਆ ॥੮॥੧॥੩੨॥੩੩॥ (129-17)
नानक नामु मिलिआ तिन जन कउ जिन धुरि मसतकि लेखु लिखावणिआ ॥८॥१॥३२॥३३॥

ਮਾਝ ਮਹਲਾ ੪ ॥ (129-18)
माझ महला ४ ॥

ਆਦਿ ਪੁਰਖੁ ਅਪਰੰਪਰੁ ਆਪੇ ॥ (129-18)
आदि पुरखु अपर्मपरु आपे ॥

ਆਪੇ ਥਾਪੇ ਥਾਪਿ ਉਥਾਪੇ ॥ (129-18)
आपे थापे थापि उथापे ॥

ਸਭ ਮਹਿ ਵਰਤੈ ਏਕੋ ਸੋਈ ਗੁਰਮੁਖਿ ਸੋਭਾ ਪਾਵਣਿਆ ॥੧॥ (129-18)
सभ महि वरतै एको सोई गुरमुखि सोभा पावणिआ ॥१॥

ਹਉ ਵਾਰੀ ਜੀਉ ਵਾਰੀ ਨਿਰੰਕਾਰੀ ਨਾਮੁ ਧਿਆਵਣਿਆ ॥ (129-19)
हउ वारी जीउ वारी निरंकारी नामु धिआवणिआ ॥

ਤਿਸੁ ਰੂਪੁ ਨ ਰੇਖਿਆ ਘਟਿ ਘਟਿ ਦੇਖਿਆ ਗੁਰਮੁਖਿ ਅਲਖੁ ਲਖਾਵਣਿਆ ॥੧॥ ਰਹਾਉ ॥ (130-1)
तिसु रूपु न रेखिआ घटि घटि देखिआ गुरमुखि अलखु लखावणिआ ॥१॥ रहाउ ॥

ਤੂ ਦਇਆਲੁ ਕਿਰਪਾਲੁ ਪ੍ਰਭੁ ਸੋਈ ॥ (130-1)
तू दइआलु किरपालु प्रभु सोई ॥

ਤੁਧੁ ਬਿਨੁ ਦੂਜਾ ਅਵਰੁ ਨ ਕੋਈ ॥ (130-2)
तुधु बिनु दूजा अवरु न कोई ॥

ਗੁਰੁ ਪਰਸਾਦੁ ਕਰੇ ਨਾਮੁ ਦੇਵੈ ਨਾਮੇ ਨਾਮਿ ਸਮਾਵਣਿਆ ॥੨॥ (130-2)
गुरु परसादु करे नामु देवै नामे नामि समावणिआ ॥२॥

ਤੂੰ ਆਪੇ ਸਚਾ ਸਿਰਜਣਹਾਰਾ ॥ (130-3)
तूं आपे सचा सिरजणहारा ॥

ਭਗਤੀ ਭਰੇ ਤੇਰੇ ਭੰਡਾਰਾ ॥ (130-3)
भगती भरे तेरे भंडारा ॥

ਗੁਰਮੁਖਿ ਨਾਮੁ ਮਿਲੈ ਮਨੁ ਭੀਜੈ ਸਹਜਿ ਸਮਾਧਿ ਲਗਾਵਣਿਆ ॥੩॥ (130-3)
गुरमुखि नामु मिलै मनु भीजै सहजि समाधि लगावणिआ ॥३॥

ਅਨਦਿਨੁ ਗੁਣ ਗਾਵਾ ਪ੍ਰਭ ਤੇਰੇ ॥ (130-4)
अनदिनु गुण गावा प्रभ तेरे ॥

ਤੁਧੁ ਸਾਲਾਹੀ ਪ੍ਰੀਤਮ ਮੇਰੇ ॥ (130-4)
तुधु सालाही प्रीतम मेरे ॥

ਤੁਧੁ ਬਿਨੁ ਅਵਰੁ ਨ ਕੋਈ ਜਾਚਾ ਗੁਰ ਪਰਸਾਦੀ ਤੂੰ ਪਾਵਣਿਆ ॥੪॥ (130-4)
तुधु बिनु अवरु न कोई जाचा गुर परसादी तूं पावणिआ ॥४॥

ਅਗਮੁ ਅਗੋਚਰੁ ਮਿਤਿ ਨਹੀ ਪਾਈ ॥ (130-5)
अगमु अगोचरु मिति नही पाई ॥

ਅਪਣੀ ਕ੍ਰਿਪਾ ਕਰਹਿ ਤੂੰ ਲੈਹਿ ਮਿਲਾਈ ॥ (130-5)
अपणी क्रिपा करहि तूं लैहि मिलाई ॥

ਪੂਰੇ ਗੁਰ ਕੈ ਸਬਦਿ ਧਿਆਈਐ ਸਬਦੁ ਸੇਵਿ ਸੁਖੁ ਪਾਵਣਿਆ ॥੫॥ (130-6)
पूरे गुर कै सबदि धिआईऐ सबदु सेवि सुखु पावणिआ ॥५॥

ਰਸਨਾ ਗੁਣਵੰਤੀ ਗੁਣ ਗਾਵੈ ॥ (130-6)
रसना गुणवंती गुण गावै ॥

ਨਾਮੁ ਸਲਾਹੇ ਸਚੇ ਭਾਵੈ ॥ (130-7)
नामु सलाहे सचे भावै ॥

ਗੁਰਮੁਖਿ ਸਦਾ ਰਹੈ ਰੰਗਿ ਰਾਤੀ ਮਿਲਿ ਸਚੇ ਸੋਭਾ ਪਾਵਣਿਆ ॥੬॥ (130-7)
गुरमुखि सदा रहै रंगि राती मिलि सचे सोभा पावणिआ ॥६॥

ਮਨਮੁਖੁ ਕਰਮ ਕਰੇ ਅਹੰਕਾਰੀ ॥ (130-8)
मनमुखु करम करे अहंकारी ॥

ਜੂਐ ਜਨਮੁ ਸਭ ਬਾਜੀ ਹਾਰੀ ॥ (130-8)
जूऐ जनमु सभ बाजी हारी ॥

ਅੰਤਰਿ ਲੋਭੁ ਮਹਾ ਗੁਬਾਰਾ ਫਿਰਿ ਫਿਰਿ ਆਵਣ ਜਾਵਣਿਆ ॥੭॥ (130-8)
अंतरि लोभु महा गुबारा फिरि फिरि आवण जावणिआ ॥७॥

ਆਪੇ ਕਰਤਾ ਦੇ ਵਡਿਆਈ ॥ (130-9)
आपे करता दे वडिआई ॥

ਜਿਨ ਕਉ ਆਪਿ ਲਿਖਤੁ ਧੁਰਿ ਪਾਈ ॥ (130-9)
जिन कउ आपि लिखतु धुरि पाई ॥

ਨਾਨਕ ਨਾਮੁ ਮਿਲੈ ਭਉ ਭੰਜਨੁ ਗੁਰ ਸਬਦੀ ਸੁਖੁ ਪਾਵਣਿਆ ॥੮॥੧॥੩੪॥ (130-9)
नानक नामु मिलै भउ भंजनु गुर सबदी सुखु पावणिआ ॥८॥१॥३४॥

ਮਾਝ ਮਹਲਾ ੫ ਘਰੁ ੧ ॥ (130-10)
माझ महला ५ घरु १ ॥

ਅੰਤਰਿ ਅਲਖੁ ਨ ਜਾਈ ਲਖਿਆ ॥ (130-10)
अंतरि अलखु न जाई लखिआ ॥

ਨਾਮੁ ਰਤਨੁ ਲੈ ਗੁਝਾ ਰਖਿਆ ॥ (130-11)
नामु रतनु लै गुझा रखिआ ॥

ਅਗਮੁ ਅਗੋਚਰੁ ਸਭ ਤੇ ਊਚਾ ਗੁਰ ਕੈ ਸਬਦਿ ਲਖਾਵਣਿਆ ॥੧॥ (130-11)
अगमु अगोचरु सभ ते ऊचा गुर कै सबदि लखावणिआ ॥१॥

ਹਉ ਵਾਰੀ ਜੀਉ ਵਾਰੀ ਕਲਿ ਮਹਿ ਨਾਮੁ ਸੁਣਾਵਣਿਆ ॥ (130-12)
हउ वारी जीउ वारी कलि महि नामु सुणावणिआ ॥

ਸੰਤ ਪਿਆਰੇ ਸਚੈ ਧਾਰੇ ਵਡਭਾਗੀ ਦਰਸਨੁ ਪਾਵਣਿਆ ॥੧॥ ਰਹਾਉ ॥ (130-12)
संत पिआरे सचै धारे वडभागी दरसनु पावणिआ ॥१॥ रहाउ ॥

ਸਾਧਿਕ ਸਿਧ ਜਿਸੈ ਕਉ ਫਿਰਦੇ ॥ (130-13)
साधिक सिध जिसै कउ फिरदे ॥

ਬ੍ਰਹਮੇ ਇੰਦ੍ਰ ਧਿਆਇਨਿ ਹਿਰਦੇ ॥ (130-13)
ब्रहमे इंद्र धिआइनि हिरदे ॥

ਕੋਟਿ ਤੇਤੀਸਾ ਖੋਜਹਿ ਤਾ ਕਉ ਗੁਰ ਮਿਲਿ ਹਿਰਦੈ ਗਾਵਣਿਆ ॥੨॥ (130-13)
कोटि तेतीसा खोजहि ता कउ गुर मिलि हिरदै गावणिआ ॥२॥

ਆਠ ਪਹਰ ਤੁਧੁ ਜਾਪੇ ਪਵਨਾ ॥ (130-14)
आठ पहर तुधु जापे पवना ॥

ਧਰਤੀ ਸੇਵਕ ਪਾਇਕ ਚਰਨਾ ॥ (130-14)
धरती सेवक पाइक चरना ॥

ਖਾਣੀ ਬਾਣੀ ਸਰਬ ਨਿਵਾਸੀ ਸਭਨਾ ਕੈ ਮਨਿ ਭਾਵਣਿਆ ॥੩॥ (130-15)
खाणी बाणी सरब निवासी सभना कै मनि भावणिआ ॥३॥

ਸਾਚਾ ਸਾਹਿਬੁ ਗੁਰਮੁਖਿ ਜਾਪੈ ॥ (130-15)
साचा साहिबु गुरमुखि जापै ॥

ਪੂਰੇ ਗੁਰ ਕੈ ਸਬਦਿ ਸਿਞਾਪੈ ॥ (130-16)
पूरे गुर कै सबदि सिञापै ॥

ਜਿਨ ਪੀਆ ਸੇਈ ਤ੍ਰਿਪਤਾਸੇ ਸਚੇ ਸਚਿ ਅਘਾਵਣਿਆ ॥੪॥ (130-16)
जिन पीआ सेई त्रिपतासे सचे सचि अघावणिआ ॥४॥

ਤਿਸੁ ਘਰਿ ਸਹਜਾ ਸੋਈ ਸੁਹੇਲਾ ॥ (130-16)
तिसु घरि सहजा सोई सुहेला ॥

ਅਨਦ ਬਿਨੋਦ ਕਰੇ ਸਦ ਕੇਲਾ ॥ (130-17)
अनद बिनोद करे सद केला ॥

ਸੋ ਧਨਵੰਤਾ ਸੋ ਵਡ ਸਾਹਾ ਜੋ ਗੁਰ ਚਰਣੀ ਮਨੁ ਲਾਵਣਿਆ ॥੫॥ (130-17)
सो धनवंता सो वड साहा जो गुर चरणी मनु लावणिआ ॥५॥

ਪਹਿਲੋ ਦੇ ਤੈਂ ਰਿਜਕੁ ਸਮਾਹਾ ॥ (130-18)
पहिलो दे तैं रिजकु समाहा ॥

ਪਿਛੋ ਦੇ ਤੈਂ ਜੰਤੁ ਉਪਾਹਾ ॥ (130-18)
पिछो दे तैं जंतु उपाहा ॥

ਤੁਧੁ ਜੇਵਡੁ ਦਾਤਾ ਅਵਰੁ ਨ ਸੁਆਮੀ ਲਵੈ ਨ ਕੋਈ ਲਾਵਣਿਆ ॥੬॥ (130-18)
तुधु जेवडु दाता अवरु न सुआमी लवै न कोई लावणिआ ॥६॥

ਜਿਸੁ ਤੂੰ ਤੁਠਾ ਸੋ ਤੁਧੁ ਧਿਆਏ ॥ (130-19)
जिसु तूं तुठा सो तुधु धिआए ॥

ਸਾਧ ਜਨਾ ਕਾ ਮੰਤ੍ਰੁ ਕਮਾਏ ॥ (130-19)
साध जना का मंत्रु कमाए ॥

ਆਪਿ ਤਰੈ ਸਗਲੇ ਕੁਲ ਤਾਰੇ ਤਿਸੁ ਦਰਗਹ ਠਾਕ ਨ ਪਾਵਣਿਆ ॥੭॥ (130-19)
आपि तरै सगले कुल तारे तिसु दरगह ठाक न पावणिआ ॥७॥

ਤੂੰ ਵਡਾ ਤੂੰ ਊਚੋ ਊਚਾ ॥ (131-1)
तूं वडा तूं ऊचो ऊचा ॥

ਤੂੰ ਬੇਅੰਤੁ ਅਤਿ ਮੂਚੋ ਮੂਚਾ ॥ (131-1)
तूं बेअंतु अति मूचो मूचा ॥

ਹਉ ਕੁਰਬਾਣੀ ਤੇਰੈ ਵੰਞਾ ਨਾਨਕ ਦਾਸ ਦਸਾਵਣਿਆ ॥੮॥੧॥੩੫॥ (131-1)
हउ कुरबाणी तेरै वंञा नानक दास दसावणिआ ॥८॥१॥३५॥

ਮਾਝ ਮਹਲਾ ੫ ॥ (131-2)
माझ महला ५ ॥

ਕਉਣੁ ਸੁ ਮੁਕਤਾ ਕਉਣੁ ਸੁ ਜੁਗਤਾ ॥ (131-2)
कउणु सु मुकता कउणु सु जुगता ॥

ਕਉਣੁ ਸੁ ਗਿਆਨੀ ਕਉਣੁ ਸੁ ਬਕਤਾ ॥ (131-3)
कउणु सु गिआनी कउणु सु बकता ॥

ਕਉਣੁ ਸੁ ਗਿਰਹੀ ਕਉਣੁ ਉਦਾਸੀ ਕਉਣੁ ਸੁ ਕੀਮਤਿ ਪਾਏ ਜੀਉ ॥੧॥ (131-3)
कउणु सु गिरही कउणु उदासी कउणु सु कीमति पाए जीउ ॥१॥

ਕਿਨਿ ਬਿਧਿ ਬਾਧਾ ਕਿਨਿ ਬਿਧਿ ਛੂਟਾ ॥ (131-4)
किनि बिधि बाधा किनि बिधि छूटा ॥

ਕਿਨਿ ਬਿਧਿ ਆਵਣੁ ਜਾਵਣੁ ਤੂਟਾ ॥ (131-4)
किनि बिधि आवणु जावणु तूटा ॥

ਕਉਣ ਕਰਮ ਕਉਣ ਨਿਹਕਰਮਾ ਕਉਣੁ ਸੁ ਕਹੈ ਕਹਾਏ ਜੀਉ ॥੨॥ (131-4)
कउण करम कउण निहकरमा कउणु सु कहै कहाए जीउ ॥२॥

ਕਉਣੁ ਸੁ ਸੁਖੀਆ ਕਉਣੁ ਸੁ ਦੁਖੀਆ ॥ (131-5)
कउणु सु सुखीआ कउणु सु दुखीआ ॥

ਕਉਣੁ ਸੁ ਸਨਮੁਖੁ ਕਉਣੁ ਵੇਮੁਖੀਆ ॥ (131-5)
कउणु सु सनमुखु कउणु वेमुखीआ ॥

ਕਿਨਿ ਬਿਧਿ ਮਿਲੀਐ ਕਿਨਿ ਬਿਧਿ ਬਿਛੁਰੈ ਇਹ ਬਿਧਿ ਕਉਣੁ ਪ੍ਰਗਟਾਏ ਜੀਉ ॥੩॥ (131-6)
किनि बिधि मिलीऐ किनि बिधि बिछुरै इह बिधि कउणु प्रगटाए जीउ ॥३॥

ਕਉਣੁ ਸੁ ਅਖਰੁ ਜਿਤੁ ਧਾਵਤੁ ਰਹਤਾ ॥ (131-6)
कउणु सु अखरु जितु धावतु रहता ॥

ਕਉਣੁ ਉਪਦੇਸੁ ਜਿਤੁ ਦੁਖੁ ਸੁਖੁ ਸਮ ਸਹਤਾ ॥ (131-7)
कउणु उपदेसु जितु दुखु सुखु सम सहता ॥

ਕਉਣੁ ਸੁ ਚਾਲ ਜਿਤੁ ਪਾਰਬ੍ਰਹਮੁ ਧਿਆਏ ਕਿਨਿ ਬਿਧਿ ਕੀਰਤਨੁ ਗਾਏ ਜੀਉ ॥੪॥ (131-7)
कउणु सु चाल जितु पारब्रहमु धिआए किनि बिधि कीरतनु गाए जीउ ॥४॥

ਗੁਰਮੁਖਿ ਮੁਕਤਾ ਗੁਰਮੁਖਿ ਜੁਗਤਾ ॥ (131-8)
गुरमुखि मुकता गुरमुखि जुगता ॥

ਗੁਰਮੁਖਿ ਗਿਆਨੀ ਗੁਰਮੁਖਿ ਬਕਤਾ ॥ (131-8)
गुरमुखि गिआनी गुरमुखि बकता ॥

ਧੰਨੁ ਗਿਰਹੀ ਉਦਾਸੀ ਗੁਰਮੁਖਿ ਗੁਰਮੁਖਿ ਕੀਮਤਿ ਪਾਏ ਜੀਉ ॥੫॥ (131-9)
धंनु गिरही उदासी गुरमुखि गुरमुखि कीमति पाए जीउ ॥५॥

ਹਉਮੈ ਬਾਧਾ ਗੁਰਮੁਖਿ ਛੂਟਾ ॥ (131-9)
हउमै बाधा गुरमुखि छूटा ॥

ਗੁਰਮੁਖਿ ਆਵਣੁ ਜਾਵਣੁ ਤੂਟਾ ॥ (131-9)
गुरमुखि आवणु जावणु तूटा ॥

ਗੁਰਮੁਖਿ ਕਰਮ ਗੁਰਮੁਖਿ ਨਿਹਕਰਮਾ ਗੁਰਮੁਖਿ ਕਰੇ ਸੁ ਸੁਭਾਏ ਜੀਉ ॥੬॥ (131-10)
गुरमुखि करम गुरमुखि निहकरमा गुरमुखि करे सु सुभाए जीउ ॥६॥

ਗੁਰਮੁਖਿ ਸੁਖੀਆ ਮਨਮੁਖਿ ਦੁਖੀਆ ॥ (131-10)
गुरमुखि सुखीआ मनमुखि दुखीआ ॥

ਗੁਰਮੁਖਿ ਸਨਮੁਖੁ ਮਨਮੁਖਿ ਵੇਮੁਖੀਆ ॥ (131-11)
गुरमुखि सनमुखु मनमुखि वेमुखीआ ॥

ਗੁਰਮੁਖਿ ਮਿਲੀਐ ਮਨਮੁਖਿ ਵਿਛੁੜੈ ਗੁਰਮੁਖਿ ਬਿਧਿ ਪ੍ਰਗਟਾਏ ਜੀਉ ॥੭॥ (131-11)
गुरमुखि मिलीऐ मनमुखि विछुड़ै गुरमुखि बिधि प्रगटाए जीउ ॥७॥

ਗੁਰਮੁਖਿ ਅਖਰੁ ਜਿਤੁ ਧਾਵਤੁ ਰਹਤਾ ॥ (131-12)
गुरमुखि अखरु जितु धावतु रहता ॥

ਗੁਰਮੁਖਿ ਉਪਦੇਸੁ ਦੁਖੁ ਸੁਖੁ ਸਮ ਸਹਤਾ ॥ (131-12)
गुरमुखि उपदेसु दुखु सुखु सम सहता ॥

ਗੁਰਮੁਖਿ ਚਾਲ ਜਿਤੁ ਪਾਰਬ੍ਰਹਮੁ ਧਿਆਏ ਗੁਰਮੁਖਿ ਕੀਰਤਨੁ ਗਾਏ ਜੀਉ ॥੮॥ (131-13)
गुरमुखि चाल जितु पारब्रहमु धिआए गुरमुखि कीरतनु गाए जीउ ॥८॥

ਸਗਲੀ ਬਣਤ ਬਣਾਈ ਆਪੇ ॥ (131-13)
सगली बणत बणाई आपे ॥

ਆਪੇ ਕਰੇ ਕਰਾਏ ਥਾਪੇ ॥ (131-14)
आपे करे कराए थापे ॥

ਇਕਸੁ ਤੇ ਹੋਇਓ ਅਨੰਤਾ ਨਾਨਕ ਏਕਸੁ ਮਾਹਿ ਸਮਾਏ ਜੀਉ ॥੯॥੨॥੩੬॥ (131-14)
इकसु ते होइओ अनंता नानक एकसु माहि समाए जीउ ॥९॥२॥३६॥

ਮਾਝ ਮਹਲਾ ੫ ॥ (131-15)
माझ महला ५ ॥

ਪ੍ਰਭੁ ਅਬਿਨਾਸੀ ਤਾ ਕਿਆ ਕਾੜਾ ॥ (131-15)
प्रभु अबिनासी ता किआ काड़ा ॥

ਹਰਿ ਭਗਵੰਤਾ ਤਾ ਜਨੁ ਖਰਾ ਸੁਖਾਲਾ ॥ (131-15)
हरि भगवंता ता जनु खरा सुखाला ॥

ਜੀਅ ਪ੍ਰਾਨ ਮਾਨ ਸੁਖਦਾਤਾ ਤੂੰ ਕਰਹਿ ਸੋਈ ਸੁਖੁ ਪਾਵਣਿਆ ॥੧॥ (131-16)
जीअ प्रान मान सुखदाता तूं करहि सोई सुखु पावणिआ ॥१॥

ਹਉ ਵਾਰੀ ਜੀਉ ਵਾਰੀ ਗੁਰਮੁਖਿ ਮਨਿ ਤਨਿ ਭਾਵਣਿਆ ॥ (131-16)
हउ वारी जीउ वारी गुरमुखि मनि तनि भावणिआ ॥

ਤੂੰ ਮੇਰਾ ਪਰਬਤੁ ਤੂੰ ਮੇਰਾ ਓਲਾ ਤੁਮ ਸੰਗਿ ਲਵੈ ਨ ਲਾਵਣਿਆ ॥੧॥ ਰਹਾਉ ॥ (131-17)
तूं मेरा परबतु तूं मेरा ओला तुम संगि लवै न लावणिआ ॥१॥ रहाउ ॥

ਤੇਰਾ ਕੀਤਾ ਜਿਸੁ ਲਾਗੈ ਮੀਠਾ ॥ (131-17)
तेरा कीता जिसु लागै मीठा ॥

ਘਟਿ ਘਟਿ ਪਾਰਬ੍ਰਹਮੁ ਤਿਨਿ ਜਨਿ ਡੀਠਾ ॥ (131-18)
घटि घटि पारब्रहमु तिनि जनि डीठा ॥

ਥਾਨਿ ਥਨੰਤਰਿ ਤੂੰਹੈ ਤੂੰਹੈ ਇਕੋ ਇਕੁ ਵਰਤਾਵਣਿਆ ॥੨॥ (131-18)
थानि थनंतरि तूंहै तूंहै इको इकु वरतावणिआ ॥२॥

ਸਗਲ ਮਨੋਰਥ ਤੂੰ ਦੇਵਣਹਾਰਾ ॥ (131-19)
सगल मनोरथ तूं देवणहारा ॥

ਭਗਤੀ ਭਾਇ ਭਰੇ ਭੰਡਾਰਾ ॥ (131-19)
भगती भाइ भरे भंडारा ॥

ਦਇਆ ਧਾਰਿ ਰਾਖੇ ਤੁਧੁ ਸੇਈ ਪੂਰੈ ਕਰਮਿ ਸਮਾਵਣਿਆ ॥੩॥ (131-19)
दइआ धारि राखे तुधु सेई पूरै करमि समावणिआ ॥३॥

ਅੰਧ ਕੂਪ ਤੇ ਕੰਢੈ ਚਾੜੇ ॥ (132-1)
अंध कूप ते कंढै चाड़े ॥

ਕਰਿ ਕਿਰਪਾ ਦਾਸ ਨਦਰਿ ਨਿਹਾਲੇ ॥ (132-1)
करि किरपा दास नदरि निहाले ॥

ਗੁਣ ਗਾਵਹਿ ਪੂਰਨ ਅਬਿਨਾਸੀ ਕਹਿ ਸੁਣਿ ਤੋਟਿ ਨ ਆਵਣਿਆ ॥੪॥ (132-2)
गुण गावहि पूरन अबिनासी कहि सुणि तोटि न आवणिआ ॥४॥

ਐਥੈ ਓਥੈ ਤੂੰਹੈ ਰਖਵਾਲਾ ॥ (132-2)
ऐथै ओथै तूंहै रखवाला ॥

ਮਾਤ ਗਰਭ ਮਹਿ ਤੁਮ ਹੀ ਪਾਲਾ ॥ (132-2)
मात गरभ महि तुम ही पाला ॥

ਮਾਇਆ ਅਗਨਿ ਨ ਪੋਹੈ ਤਿਨ ਕਉ ਰੰਗਿ ਰਤੇ ਗੁਣ ਗਾਵਣਿਆ ॥੫॥ (132-3)
माइआ अगनि न पोहै तिन कउ रंगि रते गुण गावणिआ ॥५॥

ਕਿਆ ਗੁਣ ਤੇਰੇ ਆਖਿ ਸਮਾਲੀ ॥ (132-3)
किआ गुण तेरे आखि समाली ॥

ਮਨ ਤਨ ਅੰਤਰਿ ਤੁਧੁ ਨਦਰਿ ਨਿਹਾਲੀ ॥ (132-4)
मन तन अंतरि तुधु नदरि निहाली ॥

ਤੂੰ ਮੇਰਾ ਮੀਤੁ ਸਾਜਨੁ ਮੇਰਾ ਸੁਆਮੀ ਤੁਧੁ ਬਿਨੁ ਅਵਰੁ ਨ ਜਾਨਣਿਆ ॥੬॥ (132-4)
तूं मेरा मीतु साजनु मेरा सुआमी तुधु बिनु अवरु न जानणिआ ॥६॥

ਜਿਸ ਕਉ ਤੂੰ ਪ੍ਰਭ ਭਇਆ ਸਹਾਈ ॥ (132-5)
जिस कउ तूं प्रभ भइआ सहाई ॥

ਤਿਸੁ ਤਤੀ ਵਾਉ ਨ ਲਗੈ ਕਾਈ ॥ (132-5)
तिसु तती वाउ न लगै काई ॥

ਤੂ ਸਾਹਿਬੁ ਸਰਣਿ ਸੁਖਦਾਤਾ ਸਤਸੰਗਤਿ ਜਪਿ ਪ੍ਰਗਟਾਵਣਿਆ ॥੭॥ (132-5)
तू साहिबु सरणि सुखदाता सतसंगति जपि प्रगटावणिआ ॥७॥

ਤੂੰ ਊਚ ਅਥਾਹੁ ਅਪਾਰੁ ਅਮੋਲਾ ॥ (132-6)
तूं ऊच अथाहु अपारु अमोला ॥

ਤੂੰ ਸਾਚਾ ਸਾਹਿਬੁ ਦਾਸੁ ਤੇਰਾ ਗੋਲਾ ॥ (132-6)
तूं साचा साहिबु दासु तेरा गोला ॥

ਤੂੰ ਮੀਰਾ ਸਾਚੀ ਠਕੁਰਾਈ ਨਾਨਕ ਬਲਿ ਬਲਿ ਜਾਵਣਿਆ ॥੮॥੩॥੩੭॥ (132-7)
तूं मीरा साची ठकुराई नानक बलि बलि जावणिआ ॥८॥३॥३७॥

ਮਾਝ ਮਹਲਾ ੫ ਘਰੁ ੨ ॥ (132-7)
माझ महला ५ घरु २ ॥

ਨਿਤ ਨਿਤ ਦਯੁ ਸਮਾਲੀਐ ॥ (132-8)
नित नित दयु समालीऐ ॥

ਮੂਲਿ ਨ ਮਨਹੁ ਵਿਸਾਰੀਐ ॥ ਰਹਾਉ ॥ (132-8)
मूलि न मनहु विसारीऐ ॥ रहाउ ॥

ਸੰਤਾ ਸੰਗਤਿ ਪਾਈਐ ॥ (132-8)
संता संगति पाईऐ ॥

ਜਿਤੁ ਜਮ ਕੈ ਪੰਥਿ ਨ ਜਾਈਐ ॥ (132-8)
जितु जम कै पंथि न जाईऐ ॥

ਤੋਸਾ ਹਰਿ ਕਾ ਨਾਮੁ ਲੈ ਤੇਰੇ ਕੁਲਹਿ ਨ ਲਾਗੈ ਗਾਲਿ ਜੀਉ ॥੧॥ (132-9)
तोसा हरि का नामु लै तेरे कुलहि न लागै गालि जीउ ॥१॥

ਜੋ ਸਿਮਰੰਦੇ ਸਾਂਈਐ ॥ (132-9)
जो सिमरंदे सांईऐ ॥

ਨਰਕਿ ਨ ਸੇਈ ਪਾਈਐ ॥ (132-10)
नरकि न सेई पाईऐ ॥

ਤਤੀ ਵਾਉ ਨ ਲਗਈ ਜਿਨ ਮਨਿ ਵੁਠਾ ਆਇ ਜੀਉ ॥੨॥ (132-10)
तती वाउ न लगई जिन मनि वुठा आइ जीउ ॥२॥

ਸੇਈ ਸੁੰਦਰ ਸੋਹਣੇ ॥ (132-10)
सेई सुंदर सोहणे ॥

ਸਾਧਸੰਗਿ ਜਿਨ ਬੈਹਣੇ ॥ (132-11)
साधसंगि जिन बैहणे ॥

ਹਰਿ ਧਨੁ ਜਿਨੀ ਸੰਜਿਆ ਸੇਈ ਗੰਭੀਰ ਅਪਾਰ ਜੀਉ ॥੩॥ (132-11)
हरि धनु जिनी संजिआ सेई ग्मभीर अपार जीउ ॥३॥

ਹਰਿ ਅਮਿਉ ਰਸਾਇਣੁ ਪੀਵੀਐ ॥ (132-11)
हरि अमिउ रसाइणु पीवीऐ ॥

ਮੁਹਿ ਡਿਠੈ ਜਨ ਕੈ ਜੀਵੀਐ ॥ (132-12)
मुहि डिठै जन कै जीवीऐ ॥

ਕਾਰਜ ਸਭਿ ਸਵਾਰਿ ਲੈ ਨਿਤ ਪੂਜਹੁ ਗੁਰ ਕੇ ਪਾਵ ਜੀਉ ॥੪॥ (132-12)
कारज सभि सवारि लै नित पूजहु गुर के पाव जीउ ॥४॥

ਜੋ ਹਰਿ ਕੀਤਾ ਆਪਣਾ ॥ (132-13)
जो हरि कीता आपणा ॥

ਤਿਨਹਿ ਗੁਸਾਈ ਜਾਪਣਾ ॥ (132-13)
तिनहि गुसाई जापणा ॥

ਸੋ ਸੂਰਾ ਪਰਧਾਨੁ ਸੋ ਮਸਤਕਿ ਜਿਸ ਦੈ ਭਾਗੁ ਜੀਉ ॥੫॥ (132-13)
सो सूरा परधानु सो मसतकि जिस दै भागु जीउ ॥५॥

ਮਨ ਮੰਧੇ ਪ੍ਰਭੁ ਅਵਗਾਹੀਆ ॥ (132-14)
मन मंधे प्रभु अवगाहीआ ॥

ਏਹਿ ਰਸ ਭੋਗਣ ਪਾਤਿਸਾਹੀਆ ॥ (132-14)
एहि रस भोगण पातिसाहीआ ॥

ਮੰਦਾ ਮੂਲਿ ਨ ਉਪਜਿਓ ਤਰੇ ਸਚੀ ਕਾਰੈ ਲਾਗਿ ਜੀਉ ॥੬॥ (132-14)
मंदा मूलि न उपजिओ तरे सची कारै लागि जीउ ॥६॥

ਕਰਤਾ ਮੰਨਿ ਵਸਾਇਆ ॥ (132-15)
करता मंनि वसाइआ ॥

ਜਨਮੈ ਕਾ ਫਲੁ ਪਾਇਆ ॥ (132-15)
जनमै का फलु पाइआ ॥

ਮਨਿ ਭਾਵੰਦਾ ਕੰਤੁ ਹਰਿ ਤੇਰਾ ਥਿਰੁ ਹੋਆ ਸੋਹਾਗੁ ਜੀਉ ॥੭॥ (132-15)
मनि भावंदा कंतु हरि तेरा थिरु होआ सोहागु जीउ ॥७॥

ਅਟਲ ਪਦਾਰਥੁ ਪਾਇਆ ॥ (132-16)
अटल पदारथु पाइआ ॥

ਭੈ ਭੰਜਨ ਕੀ ਸਰਣਾਇਆ ॥ (132-16)
भै भंजन की सरणाइआ ॥

ਲਾਇ ਅੰਚਲਿ ਨਾਨਕ ਤਾਰਿਅਨੁ ਜਿਤਾ ਜਨਮੁ ਅਪਾਰ ਜੀਉ ॥੮॥੪॥੩੮॥ (132-16)
लाइ अंचलि नानक तारिअनु जिता जनमु अपार जीउ ॥८॥४॥३८॥

ੴ ਸਤਿਗੁਰ ਪ੍ਰਸਾਦਿ ॥ (132-18)
ੴ सतिगुर प्रसादि ॥

ਮਾਝ ਮਹਲਾ ੫ ਘਰੁ ੩ ॥ (132-18)
माझ महला ५ घरु ३ ॥

ਹਰਿ ਜਪਿ ਜਪੇ ਮਨੁ ਧੀਰੇ ॥੧॥ ਰਹਾਉ ॥ (132-19)
हरि जपि जपे मनु धीरे ॥१॥ रहाउ ॥

ਸਿਮਰਿ ਸਿਮਰਿ ਗੁਰਦੇਉ ਮਿਟਿ ਗਏ ਭੈ ਦੂਰੇ ॥੧॥ (132-19)
सिमरि सिमरि गुरदेउ मिटि गए भै दूरे ॥१॥

ਸਰਨਿ ਆਵੈ ਪਾਰਬ੍ਰਹਮ ਕੀ ਤਾ ਫਿਰਿ ਕਾਹੇ ਝੂਰੇ ॥੨॥ (132-19)
सरनि आवै पारब्रहम की ता फिरि काहे झूरे ॥२॥

ਚਰਨ ਸੇਵ ਸੰਤ ਸਾਧ ਕੇ ਸਗਲ ਮਨੋਰਥ ਪੂਰੇ ॥੩॥ (133-1)
चरन सेव संत साध के सगल मनोरथ पूरे ॥३॥

ਘਟਿ ਘਟਿ ਏਕੁ ਵਰਤਦਾ ਜਲਿ ਥਲਿ ਮਹੀਅਲਿ ਪੂਰੇ ॥੪॥ (133-2)
घटि घटि एकु वरतदा जलि थलि महीअलि पूरे ॥४॥

ਪਾਪ ਬਿਨਾਸਨੁ ਸੇਵਿਆ ਪਵਿਤ੍ਰ ਸੰਤਨ ਕੀ ਧੂਰੇ ॥੫॥ (133-2)
पाप बिनासनु सेविआ पवित्र संतन की धूरे ॥५॥

ਸਭ ਛਡਾਈ ਖਸਮਿ ਆਪਿ ਹਰਿ ਜਪਿ ਭਈ ਠਰੂਰੇ ॥੬॥ (133-3)
सभ छडाई खसमि आपि हरि जपि भई ठरूरे ॥६॥

ਕਰਤੈ ਕੀਆ ਤਪਾਵਸੋ ਦੁਸਟ ਮੁਏ ਹੋਇ ਮੂਰੇ ॥੭॥ (133-3)
करतै कीआ तपावसो दुसट मुए होइ मूरे ॥७॥

ਨਾਨਕ ਰਤਾ ਸਚਿ ਨਾਇ ਹਰਿ ਵੇਖੈ ਸਦਾ ਹਜੂਰੇ ॥੮॥੫॥੩੯॥੧॥੩੨॥੧॥੫॥੩੯॥ (133-4)
नानक रता सचि नाइ हरि वेखै सदा हजूरे ॥८॥५॥३९॥१॥३२॥१॥५॥३९॥

ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪ (133-5)
बारह माहा मांझ महला ५ घरु ४

ੴ ਸਤਿਗੁਰ ਪ੍ਰਸਾਦਿ ॥ (133-5)
ੴ सतिगुर प्रसादि ॥

ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥ (133-6)
किरति करम के वीछुड़े करि किरपा मेलहु राम ॥

ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ ॥ (133-6)
चारि कुंट दह दिस भ्रमे थकि आए प्रभ की साम ॥

ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ ॥ (133-7)
धेनु दुधै ते बाहरी कितै न आवै काम ॥

ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ ॥ (133-7)
जल बिनु साख कुमलावती उपजहि नाही दाम ॥

ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ ॥ (133-7)
हरि नाह न मिलीऐ साजनै कत पाईऐ बिसराम ॥

ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ ॥ (133-8)
जितु घरि हरि कंतु न प्रगटई भठि नगर से ग्राम ॥

ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ ॥ (133-9)
स्रब सीगार त्मबोल रस सणु देही सभ खाम ॥

ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ ॥ (133-9)
प्रभ सुआमी कंत विहूणीआ मीत सजण सभि जाम ॥

ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ ॥ (133-10)
नानक की बेनंतीआ करि किरपा दीजै नामु ॥

ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸ ਕਾ ਨਿਹਚਲ ਧਾਮ ॥੧॥ (133-10)
हरि मेलहु सुआमी संगि प्रभ जिस का निहचल धाम ॥१॥

ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥ (133-11)
चेति गोविंदु अराधीऐ होवै अनंदु घणा ॥

ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥ (133-11)
संत जना मिलि पाईऐ रसना नामु भणा ॥

ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ ॥ (133-12)
जिनि पाइआ प्रभु आपणा आए तिसहि गणा ॥

ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥ (133-12)
इकु खिनु तिसु बिनु जीवणा बिरथा जनमु जणा ॥

ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ ॥ (133-13)
जलि थलि महीअलि पूरिआ रविआ विचि वणा ॥

ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ ॥ (133-13)
सो प्रभु चिति न आवई कितड़ा दुखु गणा ॥

ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ ॥ (133-14)
जिनी राविआ सो प्रभू तिंना भागु मणा ॥

ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ ॥ (133-14)
हरि दरसन कंउ मनु लोचदा नानक पिआस मना ॥

ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ ॥੨॥ (133-15)
चेति मिलाए सो प्रभू तिस कै पाइ लगा ॥२॥

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥ (133-15)
वैसाखि धीरनि किउ वाढीआ जिना प्रेम बिछोहु ॥

ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥ (133-16)
हरि साजनु पुरखु विसारि कै लगी माइआ धोहु ॥

ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥ (133-16)
पुत्र कलत्र न संगि धना हरि अविनासी ओहु ॥

ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ (133-17)
पलचि पलचि सगली मुई झूठै धंधै मोहु ॥

ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥ (133-17)
इकसु हरि के नाम बिनु अगै लईअहि खोहि ॥

ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥ (133-18)
दयु विसारि विगुचणा प्रभ बिनु अवरु न कोइ ॥

ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥ (133-18)
प्रीतम चरणी जो लगे तिन की निरमल सोइ ॥

ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥ (134-1)
नानक की प्रभ बेनती प्रभ मिलहु परापति होइ ॥

ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥੩॥ (134-1)
वैसाखु सुहावा तां लगै जा संतु भेटै हरि सोइ ॥३॥

ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥ (134-2)
हरि जेठि जुड़ंदा लोड़ीऐ जिसु अगै सभि निवंनि ॥

ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ ॥ (134-2)
हरि सजण दावणि लगिआ किसै न देई बंनि ॥

ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ ॥ (134-3)
माणक मोती नामु प्रभ उन लगै नाही संनि ॥

ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ ॥ (134-3)
रंग सभे नाराइणै जेते मनि भावंनि ॥

ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥ (134-3)
जो हरि लोड़े सो करे सोई जीअ करंनि ॥

ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ ॥ (134-4)
जो प्रभि कीते आपणे सेई कहीअहि धंनि ॥

ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ ॥ (134-4)
आपण लीआ जे मिलै विछुड़ि किउ रोवंनि ॥

ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ॥ (134-5)
साधू संगु परापते नानक रंग माणंनि ॥

ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ ॥੪॥ (134-5)
हरि जेठु रंगीला तिसु धणी जिस कै भागु मथंनि ॥४॥

ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥ (134-6)
आसाड़ु तपंदा तिसु लगै हरि नाहु न जिंना पासि ॥

ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥ (134-6)
जगजीवन पुरखु तिआगि कै माणस संदी आस ॥

ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥ (134-7)
दुयै भाइ विगुचीऐ गलि पईसु जम की फास ॥

ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥ (134-7)
जेहा बीजै सो लुणै मथै जो लिखिआसु ॥

ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ॥ (134-8)
रैणि विहाणी पछुताणी उठि चली गई निरास ॥

ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ ॥ (134-8)
जिन कौ साधू भेटीऐ सो दरगह होइ खलासु ॥

ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ ॥ (134-9)
करि किरपा प्रभ आपणी तेरे दरसन होइ पिआस ॥

ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ ॥ (134-9)
प्रभ तुधु बिनु दूजा को नही नानक की अरदासि ॥

ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥੫॥ (134-10)
आसाड़ु सुहंदा तिसु लगै जिसु मनि हरि चरण निवास ॥५॥

ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥ (134-10)
सावणि सरसी कामणी चरन कमल सिउ पिआरु ॥

ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥ (134-11)
मनु तनु रता सच रंगि इको नामु अधारु ॥

ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥ (134-11)
बिखिआ रंग कूड़ाविआ दिसनि सभे छारु ॥

ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥ (134-12)
हरि अमृत बूंद सुहावणी मिलि साधू पीवणहारु ॥

ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥ (134-12)
वणु तिणु प्रभ संगि मउलिआ संम्रथ पुरख अपारु ॥

ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥ (134-13)
हरि मिलणै नो मनु लोचदा करमि मिलावणहारु ॥

ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ ॥ (134-13)
जिनी सखीए प्रभु पाइआ हंउ तिन कै सद बलिहार ॥

ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥ (134-14)
नानक हरि जी मइआ करि सबदि सवारणहारु ॥

ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥੬॥ (134-14)
सावणु तिना सुहागणी जिन राम नामु उरि हारु ॥६॥

ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥ (134-15)
भादुइ भरमि भुलाणीआ दूजै लगा हेतु ॥

ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥ (134-15)
लख सीगार बणाइआ कारजि नाही केतु ॥

ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ॥ (134-16)
जितु दिनि देह बिनससी तितु वेलै कहसनि प्रेतु ॥

ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥ (134-16)
पकड़ि चलाइनि दूत जम किसै न देनी भेतु ॥

ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥ (134-17)
छडि खड़ोते खिनै माहि जिन सिउ लगा हेतु ॥

ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥ (134-17)
हथ मरोड़ै तनु कपे सिआहहु होआ सेतु ॥

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ (134-18)
जेहा बीजै सो लुणै करमा संदड़ा खेतु ॥

ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥ (134-18)
नानक प्रभ सरणागती चरण बोहिथ प्रभ देतु ॥

ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ ॥੭॥ (134-19)
से भादुइ नरकि न पाईअहि गुरु रखण वाला हेतु ॥७॥

ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ ॥ (134-19)
असुनि प्रेम उमाहड़ा किउ मिलीऐ हरि जाइ ॥

ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ ॥ (135-1)
मनि तनि पिआस दरसन घणी कोई आणि मिलावै माइ ॥

ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ ॥ (135-1)
संत सहाई प्रेम के हउ तिन कै लागा पाइ ॥

ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ ॥ (135-2)
विणु प्रभ किउ सुखु पाईऐ दूजी नाही जाइ ॥

ਜਿੰਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ ॥ (135-2)
जिंन्ही चाखिआ प्रेम रसु से त्रिपति रहे आघाइ ॥

ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ ॥ (135-3)
आपु तिआगि बिनती करहि लेहु प्रभू लड़ि लाइ ॥

ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ ॥ (135-3)
जो हरि कंति मिलाईआ सि विछुड़ि कतहि न जाइ ॥

ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ ॥ (135-4)
प्रभ विणु दूजा को नही नानक हरि सरणाइ ॥

ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ ॥੮॥ (135-4)
असू सुखी वसंदीआ जिना मइआ हरि राइ ॥८॥

ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥ (135-5)
कतिकि करम कमावणे दोसु न काहू जोगु ॥

ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥ (135-5)
परमेसर ते भुलिआं विआपनि सभे रोग ॥

ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥ (135-6)
वेमुख होए राम ते लगनि जनम विजोग ॥

ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥ (135-6)
खिन महि कउड़े होइ गए जितड़े माइआ भोग ॥

ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥ (135-7)
विचु न कोई करि सकै किस थै रोवहि रोज ॥

ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥ (135-7)
कीता किछू न होवई लिखिआ धुरि संजोग ॥

ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ ॥ (135-7)
वडभागी मेरा प्रभु मिलै तां उतरहि सभि बिओग ॥

ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ ॥ (135-8)
नानक कउ प्रभ राखि लेहि मेरे साहिब बंदी मोच ॥

ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ ॥੯॥ (135-8)
कतिक होवै साधसंगु बिनसहि सभे सोच ॥९॥

ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥ (135-9)
मंघिरि माहि सोहंदीआ हरि पिर संगि बैठड़ीआह ॥

ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ ॥ (135-9)
तिन की सोभा किआ गणी जि साहिबि मेलड़ीआह ॥

ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ ॥ (135-10)
तनु मनु मउलिआ राम सिउ संगि साध सहेलड़ीआह ॥

ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥ (135-10)
साध जना ते बाहरी से रहनि इकेलड़ीआह ॥

ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ ॥ (135-11)
तिन दुखु न कबहू उतरै से जम कै वसि पड़ीआह ॥

ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ ॥ (135-11)
जिनी राविआ प्रभु आपणा से दिसनि नित खड़ीआह ॥

ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥ (135-12)
रतन जवेहर लाल हरि कंठि तिना जड़ीआह ॥

ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥ (135-13)
नानक बांछै धूड़ि तिन प्रभ सरणी दरि पड़ीआह ॥

ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥੧੦॥ (135-13)
मंघिरि प्रभु आराधणा बहुड़ि न जनमड़ीआह ॥१०॥

ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥ (135-14)
पोखि तुखारु न विआपई कंठि मिलिआ हरि नाहु ॥

ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥ (135-14)
मनु बेधिआ चरनारबिंद दरसनि लगड़ा साहु ॥

ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ॥ (135-15)
ओट गोविंद गोपाल राइ सेवा सुआमी लाहु ॥

ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥ (135-15)
बिखिआ पोहि न सकई मिलि साधू गुण गाहु ॥

ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥ (135-16)
जह ते उपजी तह मिली सची प्रीति समाहु ॥

ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ ॥ (135-16)
करु गहि लीनी पारब्रहमि बहुड़ि न विछुड़ीआहु ॥

ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ ॥ (135-17)
बारि जाउ लख बेरीआ हरि सजणु अगम अगाहु ॥

ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥ (135-17)
सरम पई नाराइणै नानक दरि पईआहु ॥

ਪੋਖੁ ਸੁੋਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥੧੧॥ (135-18)
पोखु सुोहंदा सरब सुख जिसु बखसे वेपरवाहु ॥११॥

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥ (135-18)
माघि मजनु संगि साधूआ धूड़ी करि इसनानु ॥

ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥ (135-19)
हरि का नामु धिआइ सुणि सभना नो करि दानु ॥

ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥ (135-19)
जनम करम मलु उतरै मन ते जाइ गुमानु ॥

ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥ (136-1)
कामि करोधि न मोहीऐ बिनसै लोभु सुआनु ॥

ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥ (136-1)
सचै मारगि चलदिआ उसतति करे जहानु ॥

ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥ (136-2)
अठसठि तीरथ सगल पुंन जीअ दइआ परवानु ॥

ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥ (136-2)
जिस नो देवै दइआ करि सोई पुरखु सुजानु ॥

ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥ (136-3)
जिना मिलिआ प्रभु आपणा नानक तिन कुरबानु ॥

ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥੧੨॥ (136-3)
माघि सुचे से कांढीअहि जिन पूरा गुरु मिहरवानु ॥१२॥

ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ ॥ (136-4)
फलगुणि अनंद उपारजना हरि सजण प्रगटे आइ ॥

ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ ॥ (136-4)
संत सहाई राम के करि किरपा दीआ मिलाइ ॥

ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ ॥ (136-5)
सेज सुहावी सरब सुख हुणि दुखा नाही जाइ ॥

ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ ॥ (136-5)
इछ पुनी वडभागणी वरु पाइआ हरि राइ ॥

ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ ॥ (136-6)
मिलि सहीआ मंगलु गावही गीत गोविंद अलाइ ॥

ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ ॥ (136-6)
हरि जेहा अवरु न दिसई कोई दूजा लवै न लाइ ॥

ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ ॥ (136-7)
हलतु पलतु सवारिओनु निहचल दितीअनु जाइ ॥

ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ ॥ (136-7)
संसार सागर ते रखिअनु बहुड़ि न जनमै धाइ ॥

ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ ॥ (136-8)
जिहवा एक अनेक गुण तरे नानक चरणी पाइ ॥

ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ ॥੧੩॥ (136-8)
फलगुणि नित सलाहीऐ जिस नो तिलु न तमाइ ॥१३॥

ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ ॥ (136-9)
जिनि जिनि नामु धिआइआ तिन के काज सरे ॥

ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ ॥ (136-10)
हरि गुरु पूरा आराधिआ दरगह सचि खरे ॥

ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ ॥ (136-10)
सरब सुखा निधि चरण हरि भउजलु बिखमु तरे ॥

ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ ॥ (136-11)
प्रेम भगति तिन पाईआ बिखिआ नाहि जरे ॥

ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ ॥ (136-11)
कूड़ गए दुबिधा नसी पूरन सचि भरे ॥

ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ ॥ (136-11)
पारब्रहमु प्रभु सेवदे मन अंदरि एकु धरे ॥

ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥ (136-12)
माह दिवस मूरत भले जिस कउ नदरि करे ॥

ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ ॥੧੪॥੧॥ (136-12)
नानकु मंगै दरस दानु किरपा करहु हरे ॥१४॥१॥

ਮਾਝ ਮਹਲਾ ੫ ਦਿਨ ਰੈਣਿ (136-14)
माझ महला ५ दिन रैणि

ੴ ਸਤਿਗੁਰ ਪ੍ਰਸਾਦਿ ॥ (136-14)
ੴ सतिगुर प्रसादि ॥

ਸੇਵੀ ਸਤਿਗੁਰੁ ਆਪਣਾ ਹਰਿ ਸਿਮਰੀ ਦਿਨ ਸਭਿ ਰੈਣ ॥ (136-15)
सेवी सतिगुरु आपणा हरि सिमरी दिन सभि रैण ॥

ਆਪੁ ਤਿਆਗਿ ਸਰਣੀ ਪਵਾਂ ਮੁਖਿ ਬੋਲੀ ਮਿਠੜੇ ਵੈਣ ॥ (136-15)
आपु तिआगि सरणी पवां मुखि बोली मिठड़े वैण ॥

ਜਨਮ ਜਨਮ ਕਾ ਵਿਛੁੜਿਆ ਹਰਿ ਮੇਲਹੁ ਸਜਣੁ ਸੈਣ ॥ (136-16)
जनम जनम का विछुड़िआ हरि मेलहु सजणु सैण ॥

ਜੋ ਜੀਅ ਹਰਿ ਤੇ ਵਿਛੁੜੇ ਸੇ ਸੁਖਿ ਨ ਵਸਨਿ ਭੈਣ ॥ (136-16)
जो जीअ हरि ते विछुड़े से सुखि न वसनि भैण ॥

ਹਰਿ ਪਿਰ ਬਿਨੁ ਚੈਨੁ ਨ ਪਾਈਐ ਖੋਜਿ ਡਿਠੇ ਸਭਿ ਗੈਣ ॥ (136-16)
हरि पिर बिनु चैनु न पाईऐ खोजि डिठे सभि गैण ॥

ਆਪ ਕਮਾਣੈ ਵਿਛੁੜੀ ਦੋਸੁ ਨ ਕਾਹੂ ਦੇਣ ॥ (136-17)
आप कमाणै विछुड़ी दोसु न काहू देण ॥

ਕਰਿ ਕਿਰਪਾ ਪ੍ਰਭ ਰਾਖਿ ਲੇਹੁ ਹੋਰੁ ਨਾਹੀ ਕਰਣ ਕਰੇਣ ॥ (136-17)
करि किरपा प्रभ राखि लेहु होरु नाही करण करेण ॥

ਹਰਿ ਤੁਧੁ ਵਿਣੁ ਖਾਕੂ ਰੂਲਣਾ ਕਹੀਐ ਕਿਥੈ ਵੈਣ ॥ (136-18)
हरि तुधु विणु खाकू रूलणा कहीऐ किथै वैण ॥

ਨਾਨਕ ਕੀ ਬੇਨੰਤੀਆ ਹਰਿ ਸੁਰਜਨੁ ਦੇਖਾ ਨੈਣ ॥੧॥ (136-18)
नानक की बेनंतीआ हरि सुरजनु देखा नैण ॥१॥

ਜੀਅ ਕੀ ਬਿਰਥਾ ਸੋ ਸੁਣੇ ਹਰਿ ਸੰਮ੍ਰਿਥ ਪੁਰਖੁ ਅਪਾਰੁ ॥ (136-19)
जीअ की बिरथा सो सुणे हरि संम्रिथ पुरखु अपारु ॥

ਮਰਣਿ ਜੀਵਣਿ ਆਰਾਧਣਾ ਸਭਨਾ ਕਾ ਆਧਾਰੁ ॥ (136-19)
मरणि जीवणि आराधणा सभना का आधारु ॥

ਸਸੁਰੈ ਪੇਈਐ ਤਿਸੁ ਕੰਤ ਕੀ ਵਡਾ ਜਿਸੁ ਪਰਵਾਰੁ ॥ (137-1)
ससुरै पेईऐ तिसु कंत की वडा जिसु परवारु ॥

ਊਚਾ ਅਗਮ ਅਗਾਧਿ ਬੋਧ ਕਿਛੁ ਅੰਤੁ ਨ ਪਾਰਾਵਾਰੁ ॥ (137-1)
ऊचा अगम अगाधि बोध किछु अंतु न पारावारु ॥

ਸੇਵਾ ਸਾ ਤਿਸੁ ਭਾਵਸੀ ਸੰਤਾ ਕੀ ਹੋਇ ਛਾਰੁ ॥ (137-2)
सेवा सा तिसु भावसी संता की होइ छारु ॥

ਦੀਨਾ ਨਾਥ ਦੈਆਲ ਦੇਵ ਪਤਿਤ ਉਧਾਰਣਹਾਰੁ ॥ (137-2)
दीना नाथ दैआल देव पतित उधारणहारु ॥

ਆਦਿ ਜੁਗਾਦੀ ਰਖਦਾ ਸਚੁ ਨਾਮੁ ਕਰਤਾਰੁ ॥ (137-3)
आदि जुगादी रखदा सचु नामु करतारु ॥

ਕੀਮਤਿ ਕੋਇ ਨ ਜਾਣਈ ਕੋ ਨਾਹੀ ਤੋਲਣਹਾਰੁ ॥ (137-3)
कीमति कोइ न जाणई को नाही तोलणहारु ॥

ਮਨ ਤਨ ਅੰਤਰਿ ਵਸਿ ਰਹੇ ਨਾਨਕ ਨਹੀ ਸੁਮਾਰੁ ॥ (137-4)
मन तन अंतरि वसि रहे नानक नही सुमारु ॥

ਦਿਨੁ ਰੈਣਿ ਜਿ ਪ੍ਰਭ ਕੰਉ ਸੇਵਦੇ ਤਿਨ ਕੈ ਸਦ ਬਲਿਹਾਰ ॥੨॥ (137-4)
दिनु रैणि जि प्रभ कंउ सेवदे तिन कै सद बलिहार ॥२॥

ਸੰਤ ਅਰਾਧਨਿ ਸਦ ਸਦਾ ਸਭਨਾ ਕਾ ਬਖਸਿੰਦੁ ॥ (137-5)
संत अराधनि सद सदा सभना का बखसिंदु ॥

ਜੀਉ ਪਿੰਡੁ ਜਿਨਿ ਸਾਜਿਆ ਕਰਿ ਕਿਰਪਾ ਦਿਤੀਨੁ ਜਿੰਦੁ ॥ (137-5)
जीउ पिंडु जिनि साजिआ करि किरपा दितीनु जिंदु ॥

ਗੁਰ ਸਬਦੀ ਆਰਾਧੀਐ ਜਪੀਐ ਨਿਰਮਲ ਮੰਤੁ ॥ (137-6)
गुर सबदी आराधीऐ जपीऐ निरमल मंतु ॥

ਕੀਮਤਿ ਕਹਣੁ ਨ ਜਾਈਐ ਪਰਮੇਸੁਰੁ ਬੇਅੰਤੁ ॥ (137-6)
कीमति कहणु न जाईऐ परमेसुरु बेअंतु ॥

ਜਿਸੁ ਮਨਿ ਵਸੈ ਨਰਾਇਣੋ ਸੋ ਕਹੀਐ ਭਗਵੰਤੁ ॥ (137-6)
जिसु मनि वसै नराइणो सो कहीऐ भगवंतु ॥

ਜੀਅ ਕੀ ਲੋਚਾ ਪੂਰੀਐ ਮਿਲੈ ਸੁਆਮੀ ਕੰਤੁ ॥ (137-7)
जीअ की लोचा पूरीऐ मिलै सुआमी कंतु ॥

ਨਾਨਕੁ ਜੀਵੈ ਜਪਿ ਹਰੀ ਦੋਖ ਸਭੇ ਹੀ ਹੰਤੁ ॥ (137-7)
नानकु जीवै जपि हरी दोख सभे ही हंतु ॥

ਦਿਨੁ ਰੈਣਿ ਜਿਸੁ ਨ ਵਿਸਰੈ ਸੋ ਹਰਿਆ ਹੋਵੈ ਜੰਤੁ ॥੩॥ (137-8)
दिनु रैणि जिसु न विसरै सो हरिआ होवै जंतु ॥३॥

ਸਰਬ ਕਲਾ ਪ੍ਰਭ ਪੂਰਣੋ ਮੰਞੁ ਨਿਮਾਣੀ ਥਾਉ ॥ (137-8)
सरब कला प्रभ पूरणो मंञु निमाणी थाउ ॥

ਹਰਿ ਓਟ ਗਹੀ ਮਨ ਅੰਦਰੇ ਜਪਿ ਜਪਿ ਜੀਵਾਂ ਨਾਉ ॥ (137-9)
हरि ओट गही मन अंदरे जपि जपि जीवां नाउ ॥

ਕਰਿ ਕਿਰਪਾ ਪ੍ਰਭ ਆਪਣੀ ਜਨ ਧੂੜੀ ਸੰਗਿ ਸਮਾਉ ॥ (137-9)
करि किरपा प्रभ आपणी जन धूड़ी संगि समाउ ॥

ਜਿਉ ਤੂੰ ਰਾਖਹਿ ਤਿਉ ਰਹਾ ਤੇਰਾ ਦਿਤਾ ਪੈਨਾ ਖਾਉ ॥ (137-10)
जिउ तूं राखहि तिउ रहा तेरा दिता पैना खाउ ॥

ਉਦਮੁ ਸੋਈ ਕਰਾਇ ਪ੍ਰਭ ਮਿਲਿ ਸਾਧੂ ਗੁਣ ਗਾਉ ॥ (137-10)
उदमु सोई कराइ प्रभ मिलि साधू गुण गाउ ॥

ਦੂਜੀ ਜਾਇ ਨ ਸੁਝਈ ਕਿਥੈ ਕੂਕਣ ਜਾਉ ॥ (137-10)
दूजी जाइ न सुझई किथै कूकण जाउ ॥

ਅਗਿਆਨ ਬਿਨਾਸਨ ਤਮ ਹਰਣ ਊਚੇ ਅਗਮ ਅਮਾਉ ॥ (137-11)
अगिआन बिनासन तम हरण ऊचे अगम अमाउ ॥

ਮਨੁ ਵਿਛੁੜਿਆ ਹਰਿ ਮੇਲੀਐ ਨਾਨਕ ਏਹੁ ਸੁਆਉ ॥ (137-11)
मनु विछुड़िआ हरि मेलीऐ नानक एहु सुआउ ॥

ਸਰਬ ਕਲਿਆਣਾ ਤਿਤੁ ਦਿਨਿ ਹਰਿ ਪਰਸੀ ਗੁਰ ਕੇ ਪਾਉ ॥੪॥੧॥ (137-12)
सरब कलिआणा तितु दिनि हरि परसी गुर के पाउ ॥४॥१॥

ਵਾਰ ਮਾਝ ਕੀ ਤਥਾ ਸਲੋਕ ਮਹਲਾ ੧ ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆ ਕੀ ਧੁਨੀ ਗਾਵਣੀ ॥ (137-13)
वार माझ की तथा सलोक महला १ मलक मुरीद तथा चंद्रहड़ा सोहीआ की धुनी गावणी ॥

ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥ (137-14)
ੴ सति नामु करता पुरखु गुर प्रसादि ॥

ਸਲੋਕੁ ਮਃ ੧ ॥ (137-15)
सलोकु मः १ ॥

ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ ॥ (137-15)
गुरु दाता गुरु हिवै घरु गुरु दीपकु तिह लोइ ॥

ਅਮਰ ਪਦਾਰਥੁ ਨਾਨਕਾ ਮਨਿ ਮਾਨਿਐ ਸੁਖੁ ਹੋਇ ॥੧॥ (137-16)
अमर पदारथु नानका मनि मानिऐ सुखु होइ ॥१॥

ਮਃ ੧ ॥ (137-16)
मः १ ॥

ਪਹਿਲੈ ਪਿਆਰਿ ਲਗਾ ਥਣ ਦੁਧਿ ॥ (137-16)
पहिलै पिआरि लगा थण दुधि ॥

ਦੂਜੈ ਮਾਇ ਬਾਪ ਕੀ ਸੁਧਿ ॥ (137-16)
दूजै माइ बाप की सुधि ॥

ਤੀਜੈ ਭਯਾ ਭਾਭੀ ਬੇਬ ॥ (137-17)
तीजै भया भाभी बेब ॥

ਚਉਥੈ ਪਿਆਰਿ ਉਪੰਨੀ ਖੇਡ ॥ (137-17)
चउथै पिआरि उपंनी खेड ॥

ਪੰਜਵੈ ਖਾਣ ਪੀਅਣ ਕੀ ਧਾਤੁ ॥ (137-17)
पंजवै खाण पीअण की धातु ॥

ਛਿਵੈ ਕਾਮੁ ਨ ਪੁਛੈ ਜਾਤਿ ॥ (137-18)
छिवै कामु न पुछै जाति ॥

ਸਤਵੈ ਸੰਜਿ ਕੀਆ ਘਰ ਵਾਸੁ ॥ (137-18)
सतवै संजि कीआ घर वासु ॥

ਅਠਵੈ ਕ੍ਰੋਧੁ ਹੋਆ ਤਨ ਨਾਸੁ ॥ (137-18)
अठवै क्रोधु होआ तन नासु ॥

ਨਾਵੈ ਧਉਲੇ ਉਭੇ ਸਾਹ ॥ (137-18)
नावै धउले उभे साह ॥

ਦਸਵੈ ਦਧਾ ਹੋਆ ਸੁਆਹ ॥ (137-19)
दसवै दधा होआ सुआह ॥

ਗਏ ਸਿਗੀਤ ਪੁਕਾਰੀ ਧਾਹ ॥ (137-19)
गए सिगीत पुकारी धाह ॥

ਉਡਿਆ ਹੰਸੁ ਦਸਾਏ ਰਾਹ ॥ (137-19)
उडिआ हंसु दसाए राह ॥

ਆਇਆ ਗਇਆ ਮੁਇਆ ਨਾਉ ॥ (138-1)
आइआ गइआ मुइआ नाउ ॥

ਪਿਛੈ ਪਤਲਿ ਸਦਿਹੁ ਕਾਵ ॥ (138-1)
पिछै पतलि सदिहु काव ॥

ਨਾਨਕ ਮਨਮੁਖਿ ਅੰਧੁ ਪਿਆਰੁ ॥ (138-1)
नानक मनमुखि अंधु पिआरु ॥

ਬਾਝੁ ਗੁਰੂ ਡੁਬਾ ਸੰਸਾਰੁ ॥੨॥ (138-1)
बाझु गुरू डुबा संसारु ॥२॥

ਮਃ ੧ ॥ (138-2)
मः १ ॥

ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ ॥ (138-2)
दस बालतणि बीस रवणि तीसा का सुंदरु कहावै ॥

ਚਾਲੀਸੀ ਪੁਰੁ ਹੋਇ ਪਚਾਸੀ ਪਗੁ ਖਿਸੈ ਸਠੀ ਕੇ ਬੋੁਢੇਪਾ ਆਵੈ ॥ (138-2)
चालीसी पुरु होइ पचासी पगु खिसै सठी के बोढेपा आवै ॥

ਸਤਰਿ ਕਾ ਮਤਿਹੀਣੁ ਅਸੀਹਾਂ ਕਾ ਵਿਉਹਾਰੁ ਨ ਪਾਵੈ ॥ (138-3)
सतरि का मतिहीणु असीहां का विउहारु न पावै ॥

ਨਵੈ ਕਾ ਸਿਹਜਾਸਣੀ ਮੂਲਿ ਨ ਜਾਣੈ ਅਪ ਬਲੁ ॥ (138-3)
नवै का सिहजासणी मूलि न जाणै अप बलु ॥

ਢੰਢੋਲਿਮੁ ਢੂਢਿਮੁ ਡਿਠੁ ਮੈ ਨਾਨਕ ਜਗੁ ਧੂਏ ਕਾ ਧਵਲਹਰੁ ॥੩॥ (138-4)
ढंढोलिमु ढूढिमु डिठु मै नानक जगु धूए का धवलहरु ॥३॥

ਪਉੜੀ ॥ (138-5)
पउड़ी ॥

ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ ॥ (138-5)
तूं करता पुरखु अगंमु है आपि स्रिसटि उपाती ॥

ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ ॥ (138-5)
रंग परंग उपारजना बहु बहु बिधि भाती ॥

ਤੂੰ ਜਾਣਹਿ ਜਿਨਿ ਉਪਾਈਐ ਸਭੁ ਖੇਲੁ ਤੁਮਾਤੀ ॥ (138-6)
तूं जाणहि जिनि उपाईऐ सभु खेलु तुमाती ॥

ਇਕਿ ਆਵਹਿ ਇਕਿ ਜਾਹਿ ਉਠਿ ਬਿਨੁ ਨਾਵੈ ਮਰਿ ਜਾਤੀ ॥ (138-6)
इकि आवहि इकि जाहि उठि बिनु नावै मरि जाती ॥

ਗੁਰਮੁਖਿ ਰੰਗਿ ਚਲੂਲਿਆ ਰੰਗਿ ਹਰਿ ਰੰਗਿ ਰਾਤੀ ॥ (138-7)
गुरमुखि रंगि चलूलिआ रंगि हरि रंगि राती ॥

ਸੋ ਸੇਵਹੁ ਸਤਿ ਨਿਰੰਜਨੋ ਹਰਿ ਪੁਰਖੁ ਬਿਧਾਤੀ ॥ (138-7)
सो सेवहु सति निरंजनो हरि पुरखु बिधाती ॥

ਤੂੰ ਆਪੇ ਆਪਿ ਸੁਜਾਣੁ ਹੈ ਵਡ ਪੁਰਖੁ ਵਡਾਤੀ ॥ (138-7)
तूं आपे आपि सुजाणु है वड पुरखु वडाती ॥

ਜੋ ਮਨਿ ਚਿਤਿ ਤੁਧੁ ਧਿਆਇਦੇ ਮੇਰੇ ਸਚਿਆ ਬਲਿ ਬਲਿ ਹਉ ਤਿਨ ਜਾਤੀ ॥੧॥ (138-8)
जो मनि चिति तुधु धिआइदे मेरे सचिआ बलि बलि हउ तिन जाती ॥१॥

ਸਲੋਕ ਮਃ ੧ ॥ (138-9)
सलोक मः १ ॥

ਜੀਉ ਪਾਇ ਤਨੁ ਸਾਜਿਆ ਰਖਿਆ ਬਣਤ ਬਣਾਇ ॥ (138-9)
जीउ पाइ तनु साजिआ रखिआ बणत बणाइ ॥

ਅਖੀ ਦੇਖੈ ਜਿਹਵਾ ਬੋਲੈ ਕੰਨੀ ਸੁਰਤਿ ਸਮਾਇ ॥ (138-9)
अखी देखै जिहवा बोलै कंनी सुरति समाइ ॥

ਪੈਰੀ ਚਲੈ ਹਥੀ ਕਰਣਾ ਦਿਤਾ ਪੈਨੈ ਖਾਇ ॥ (138-10)
पैरी चलै हथी करणा दिता पैनै खाइ ॥

ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਅੰਧਾ ਅੰਧੁ ਕਮਾਇ ॥ (138-10)
जिनि रचि रचिआ तिसहि न जाणै अंधा अंधु कमाइ ॥

ਜਾ ਭਜੈ ਤਾ ਠੀਕਰੁ ਹੋਵੈ ਘਾੜਤ ਘੜੀ ਨ ਜਾਇ ॥ (138-11)
जा भजै ता ठीकरु होवै घाड़त घड़ी न जाइ ॥

ਨਾਨਕ ਗੁਰ ਬਿਨੁ ਨਾਹਿ ਪਤਿ ਪਤਿ ਵਿਣੁ ਪਾਰਿ ਨ ਪਾਇ ॥੧॥ (138-11)
नानक गुर बिनु नाहि पति पति विणु पारि न पाइ ॥१॥

ਮਃ ੨ ॥ (138-12)
मः २ ॥

ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ ॥ (138-12)
देंदे थावहु दिता चंगा मनमुखि ऐसा जाणीऐ ॥

ਸੁਰਤਿ ਮਤਿ ਚਤੁਰਾਈ ਤਾ ਕੀ ਕਿਆ ਕਰਿ ਆਖਿ ਵਖਾਣੀਐ ॥ (138-12)
सुरति मति चतुराई ता की किआ करि आखि वखाणीऐ ॥

ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ ॥ (138-13)
अंतरि बहि कै करम कमावै सो चहु कुंडी जाणीऐ ॥

ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ ॥ (138-13)
जो धरमु कमावै तिसु धरम नाउ होवै पापि कमाणै पापी जाणीऐ ॥

ਤੂੰ ਆਪੇ ਖੇਲ ਕਰਹਿ ਸਭਿ ਕਰਤੇ ਕਿਆ ਦੂਜਾ ਆਖਿ ਵਖਾਣੀਐ ॥ (138-14)
तूं आपे खेल करहि सभि करते किआ दूजा आखि वखाणीऐ ॥

ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ ਵਿਣੁ ਜੋਤੀ ਕੋਈ ਕਿਛੁ ਕਰਿਹੁ ਦਿਖਾ ਸਿਆਣੀਐ ॥ (138-15)
जिचरु तेरी जोति तिचरु जोती विचि तूं बोलहि विणु जोती कोई किछु करिहु दिखा सिआणीऐ ॥

ਨਾਨਕ ਗੁਰਮੁਖਿ ਨਦਰੀ ਆਇਆ ਹਰਿ ਇਕੋ ਸੁਘੜੁ ਸੁਜਾਣੀਐ ॥੨॥ (138-15)
नानक गुरमुखि नदरी आइआ हरि इको सुघड़ु सुजाणीऐ ॥२॥

ਪਉੜੀ ॥ (138-16)
पउड़ी ॥

ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ ॥ (138-16)
तुधु आपे जगतु उपाइ कै तुधु आपे धंधै लाइआ ॥

ਮੋਹ ਠਗਉਲੀ ਪਾਇ ਕੈ ਤੁਧੁ ਆਪਹੁ ਜਗਤੁ ਖੁਆਇਆ ॥ (138-17)
मोह ठगउली पाइ कै तुधु आपहु जगतु खुआइआ ॥

ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ ॥ (138-17)
तिसना अंदरि अगनि है नह तिपतै भुखा तिहाइआ ॥

ਸਹਸਾ ਇਹੁ ਸੰਸਾਰੁ ਹੈ ਮਰਿ ਜੰਮੈ ਆਇਆ ਜਾਇਆ ॥ (138-18)
सहसा इहु संसारु है मरि जंमै आइआ जाइआ ॥

ਬਿਨੁ ਸਤਿਗੁਰ ਮੋਹੁ ਨ ਤੁਟਈ ਸਭਿ ਥਕੇ ਕਰਮ ਕਮਾਇਆ ॥ (138-18)
बिनु सतिगुर मोहु न तुटई सभि थके करम कमाइआ ॥

ਗੁਰਮਤੀ ਨਾਮੁ ਧਿਆਈਐ ਸੁਖਿ ਰਜਾ ਜਾ ਤੁਧੁ ਭਾਇਆ ॥ (138-19)
गुरमती नामु धिआईऐ सुखि रजा जा तुधु भाइआ ॥

ਕੁਲੁ ਉਧਾਰੇ ਆਪਣਾ ਧੰਨੁ ਜਣੇਦੀ ਮਾਇਆ ॥ (138-19)
कुलु उधारे आपणा धंनु जणेदी माइआ ॥

ਸੋਭਾ ਸੁਰਤਿ ਸੁਹਾਵਣੀ ਜਿਨਿ ਹਰਿ ਸੇਤੀ ਚਿਤੁ ਲਾਇਆ ॥੨॥ (139-1)
सोभा सुरति सुहावणी जिनि हरि सेती चितु लाइआ ॥२॥

ਸਲੋਕੁ ਮਃ ੨ ॥ (139-2)
सलोकु मः २ ॥

ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ ॥ (139-2)
अखी बाझहु वेखणा विणु कंना सुनणा ॥

ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ ॥ (139-2)
पैरा बाझहु चलणा विणु हथा करणा ॥

ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ ॥ (139-2)
जीभै बाझहु बोलणा इउ जीवत मरणा ॥

ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ ॥੧॥ (139-3)
नानक हुकमु पछाणि कै तउ खसमै मिलणा ॥१॥

ਮਃ ੨ ॥ (139-3)
मः २ ॥

ਦਿਸੈ ਸੁਣੀਐ ਜਾਣੀਐ ਸਾਉ ਨ ਪਾਇਆ ਜਾਇ ॥ (139-3)
दिसै सुणीऐ जाणीऐ साउ न पाइआ जाइ ॥

ਰੁਹਲਾ ਟੁੰਡਾ ਅੰਧੁਲਾ ਕਿਉ ਗਲਿ ਲਗੈ ਧਾਇ ॥ (139-4)
रुहला टुंडा अंधुला किउ गलि लगै धाइ ॥

ਭੈ ਕੇ ਚਰਣ ਕਰ ਭਾਵ ਕੇ ਲੋਇਣ ਸੁਰਤਿ ਕਰੇਇ ॥ (139-4)
भै के चरण कर भाव के लोइण सुरति करेइ ॥

ਨਾਨਕੁ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ ॥੨॥ (139-5)
नानकु कहै सिआणीए इव कंत मिलावा होइ ॥२॥

ਪਉੜੀ ॥ (139-5)
पउड़ी ॥

ਸਦਾ ਸਦਾ ਤੂੰ ਏਕੁ ਹੈ ਤੁਧੁ ਦੂਜਾ ਖੇਲੁ ਰਚਾਇਆ ॥ (139-5)
सदा सदा तूं एकु है तुधु दूजा खेलु रचाइआ ॥

ਹਉਮੈ ਗਰਬੁ ਉਪਾਇ ਕੈ ਲੋਭੁ ਅੰਤਰਿ ਜੰਤਾ ਪਾਇਆ ॥ (139-6)
हउमै गरबु उपाइ कै लोभु अंतरि जंता पाइआ ॥

ਜਿਉ ਭਾਵੈ ਤਿਉ ਰਖੁ ਤੂ ਸਭ ਕਰੇ ਤੇਰਾ ਕਰਾਇਆ ॥ (139-6)
जिउ भावै तिउ रखु तू सभ करे तेरा कराइआ ॥

ਇਕਨਾ ਬਖਸਹਿ ਮੇਲਿ ਲੈਹਿ ਗੁਰਮਤੀ ਤੁਧੈ ਲਾਇਆ ॥ (139-7)
इकना बखसहि मेलि लैहि गुरमती तुधै लाइआ ॥

ਇਕਿ ਖੜੇ ਕਰਹਿ ਤੇਰੀ ਚਾਕਰੀ ਵਿਣੁ ਨਾਵੈ ਹੋਰੁ ਨ ਭਾਇਆ ॥ (139-7)
इकि खड़े करहि तेरी चाकरी विणु नावै होरु न भाइआ ॥

ਹੋਰੁ ਕਾਰ ਵੇਕਾਰ ਹੈ ਇਕਿ ਸਚੀ ਕਾਰੈ ਲਾਇਆ ॥ (139-8)
होरु कार वेकार है इकि सची कारै लाइआ ॥

ਪੁਤੁ ਕਲਤੁ ਕੁਟੰਬੁ ਹੈ ਇਕਿ ਅਲਿਪਤੁ ਰਹੇ ਜੋ ਤੁਧੁ ਭਾਇਆ ॥ (139-8)
पुतु कलतु कुट्मबु है इकि अलिपतु रहे जो तुधु भाइआ ॥

ਓਹਿ ਅੰਦਰਹੁ ਬਾਹਰਹੁ ਨਿਰਮਲੇ ਸਚੈ ਨਾਇ ਸਮਾਇਆ ॥੩॥ (139-9)
ओहि अंदरहु बाहरहु निरमले सचै नाइ समाइआ ॥३॥

ਸਲੋਕੁ ਮਃ ੧ ॥ (139-10)
सलोकु मः १ ॥

ਸੁਇਨੇ ਕੈ ਪਰਬਤਿ ਗੁਫਾ ਕਰੀ ਕੈ ਪਾਣੀ ਪਇਆਲਿ ॥ (139-10)
सुइने कै परबति गुफा करी कै पाणी पइआलि ॥

ਕੈ ਵਿਚਿ ਧਰਤੀ ਕੈ ਆਕਾਸੀ ਉਰਧਿ ਰਹਾ ਸਿਰਿ ਭਾਰਿ ॥ (139-10)
कै विचि धरती कै आकासी उरधि रहा सिरि भारि ॥

ਪੁਰੁ ਕਰਿ ਕਾਇਆ ਕਪੜੁ ਪਹਿਰਾ ਧੋਵਾ ਸਦਾ ਕਾਰਿ ॥ (139-11)
पुरु करि काइआ कपड़ु पहिरा धोवा सदा कारि ॥

ਬਗਾ ਰਤਾ ਪੀਅਲਾ ਕਾਲਾ ਬੇਦਾ ਕਰੀ ਪੁਕਾਰ ॥ (139-11)
बगा रता पीअला काला बेदा करी पुकार ॥

ਹੋਇ ਕੁਚੀਲੁ ਰਹਾ ਮਲੁ ਧਾਰੀ ਦੁਰਮਤਿ ਮਤਿ ਵਿਕਾਰ ॥ (139-12)
होइ कुचीलु रहा मलु धारी दुरमति मति विकार ॥

ਨਾ ਹਉ ਨਾ ਮੈ ਨਾ ਹਉ ਹੋਵਾ ਨਾਨਕ ਸਬਦੁ ਵੀਚਾਰਿ ॥੧॥ (139-12)
ना हउ ना मै ना हउ होवा नानक सबदु वीचारि ॥१॥

ਮਃ ੧ ॥ (139-13)
मः १ ॥

ਵਸਤ੍ਰ ਪਖਾਲਿ ਪਖਾਲੇ ਕਾਇਆ ਆਪੇ ਸੰਜਮਿ ਹੋਵੈ ॥ (139-13)
वसत्र पखालि पखाले काइआ आपे संजमि होवै ॥

ਅੰਤਰਿ ਮੈਲੁ ਲਗੀ ਨਹੀ ਜਾਣੈ ਬਾਹਰਹੁ ਮਲਿ ਮਲਿ ਧੋਵੈ ॥ (139-13)
अंतरि मैलु लगी नही जाणै बाहरहु मलि मलि धोवै ॥

ਅੰਧਾ ਭੂਲਿ ਪਇਆ ਜਮ ਜਾਲੇ ॥ (139-14)
अंधा भूलि पइआ जम जाले ॥

ਵਸਤੁ ਪਰਾਈ ਅਪੁਨੀ ਕਰਿ ਜਾਨੈ ਹਉਮੈ ਵਿਚਿ ਦੁਖੁ ਘਾਲੇ ॥ (139-14)
वसतु पराई अपुनी करि जानै हउमै विचि दुखु घाले ॥

ਨਾਨਕ ਗੁਰਮੁਖਿ ਹਉਮੈ ਤੁਟੈ ਤਾ ਹਰਿ ਹਰਿ ਨਾਮੁ ਧਿਆਵੈ ॥ (139-15)
नानक गुरमुखि हउमै तुटै ता हरि हरि नामु धिआवै ॥

ਨਾਮੁ ਜਪੇ ਨਾਮੋ ਆਰਾਧੇ ਨਾਮੇ ਸੁਖਿ ਸਮਾਵੈ ॥੨॥ (139-15)
नामु जपे नामो आराधे नामे सुखि समावै ॥२॥

ਪਵੜੀ ॥ (139-16)
पवड़ी ॥

ਕਾਇਆ ਹੰਸਿ ਸੰਜੋਗੁ ਮੇਲਿ ਮਿਲਾਇਆ ॥ (139-16)
काइआ हंसि संजोगु मेलि मिलाइआ ॥

ਤਿਨ ਹੀ ਕੀਆ ਵਿਜੋਗੁ ਜਿਨਿ ਉਪਾਇਆ ॥ (139-16)
तिन ही कीआ विजोगु जिनि उपाइआ ॥

ਮੂਰਖੁ ਭੋਗੇ ਭੋਗੁ ਦੁਖ ਸਬਾਇਆ ॥ (139-17)
मूरखु भोगे भोगु दुख सबाइआ ॥

ਸੁਖਹੁ ਉਠੇ ਰੋਗ ਪਾਪ ਕਮਾਇਆ ॥ (139-17)
सुखहु उठे रोग पाप कमाइआ ॥

ਹਰਖਹੁ ਸੋਗੁ ਵਿਜੋਗੁ ਉਪਾਇ ਖਪਾਇਆ ॥ (139-17)
हरखहु सोगु विजोगु उपाइ खपाइआ ॥

ਮੂਰਖ ਗਣਤ ਗਣਾਇ ਝਗੜਾ ਪਾਇਆ ॥ (139-18)
मूरख गणत गणाइ झगड़ा पाइआ ॥

ਸਤਿਗੁਰ ਹਥਿ ਨਿਬੇੜੁ ਝਗੜੁ ਚੁਕਾਇਆ ॥ (139-18)
सतिगुर हथि निबेड़ु झगड़ु चुकाइआ ॥

ਕਰਤਾ ਕਰੇ ਸੁ ਹੋਗੁ ਨ ਚਲੈ ਚਲਾਇਆ ॥੪॥ (139-19)
करता करे सु होगु न चलै चलाइआ ॥४॥

ਸਲੋਕੁ ਮਃ ੧ ॥ (139-19)
सलोकु मः १ ॥

ਕੂੜੁ ਬੋਲਿ ਮੁਰਦਾਰੁ ਖਾਇ ॥ (139-19)
कूड़ु बोलि मुरदारु खाइ ॥

ਅਵਰੀ ਨੋ ਸਮਝਾਵਣਿ ਜਾਇ ॥ (140-1)
अवरी नो समझावणि जाइ ॥

ਮੁਠਾ ਆਪਿ ਮੁਹਾਏ ਸਾਥੈ ॥ (140-1)
मुठा आपि मुहाए साथै ॥

ਨਾਨਕ ਐਸਾ ਆਗੂ ਜਾਪੈ ॥੧॥ (140-1)
नानक ऐसा आगू जापै ॥१॥

ਮਹਲਾ ੪ ॥ (140-1)
महला ४ ॥

ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ ॥ (140-2)
जिस दै अंदरि सचु है सो सचा नामु मुखि सचु अलाए ॥

ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ ॥ (140-2)
ओहु हरि मारगि आपि चलदा होरना नो हरि मारगि पाए ॥

ਜੇ ਅਗੈ ਤੀਰਥੁ ਹੋਇ ਤਾ ਮਲੁ ਲਹੈ ਛਪੜਿ ਨਾਤੈ ਸਗਵੀ ਮਲੁ ਲਾਏ ॥ (140-3)
जे अगै तीरथु होइ ता मलु लहै छपड़ि नातै सगवी मलु लाए ॥

ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਏ ॥ (140-3)
तीरथु पूरा सतिगुरू जो अनदिनु हरि हरि नामु धिआए ॥

ਓਹੁ ਆਪਿ ਛੁਟਾ ਕੁਟੰਬ ਸਿਉ ਦੇ ਹਰਿ ਹਰਿ ਨਾਮੁ ਸਭ ਸ੍ਰਿਸਟਿ ਛਡਾਏ ॥ (140-4)
ओहु आपि छुटा कुट्मब सिउ दे हरि हरि नामु सभ स्रिसटि छडाए ॥

ਜਨ ਨਾਨਕ ਤਿਸੁ ਬਲਿਹਾਰਣੈ ਜੋ ਆਪਿ ਜਪੈ ਅਵਰਾ ਨਾਮੁ ਜਪਾਏ ॥੨॥ (140-5)
जन नानक तिसु बलिहारणै जो आपि जपै अवरा नामु जपाए ॥२॥

ਪਉੜੀ ॥ (140-5)
पउड़ी ॥

ਇਕਿ ਕੰਦ ਮੂਲੁ ਚੁਣਿ ਖਾਹਿ ਵਣ ਖੰਡਿ ਵਾਸਾ ॥ (140-5)
इकि कंद मूलु चुणि खाहि वण खंडि वासा ॥

ਇਕਿ ਭਗਵਾ ਵੇਸੁ ਕਰਿ ਫਿਰਹਿ ਜੋਗੀ ਸੰਨਿਆਸਾ ॥ (140-6)
इकि भगवा वेसु करि फिरहि जोगी संनिआसा ॥

ਅੰਦਰਿ ਤ੍ਰਿਸਨਾ ਬਹੁਤੁ ਛਾਦਨ ਭੋਜਨ ਕੀ ਆਸਾ ॥ (140-6)
अंदरि त्रिसना बहुतु छादन भोजन की आसा ॥

ਬਿਰਥਾ ਜਨਮੁ ਗਵਾਇ ਨ ਗਿਰਹੀ ਨ ਉਦਾਸਾ ॥ (140-7)
बिरथा जनमु गवाइ न गिरही न उदासा ॥

ਜਮਕਾਲੁ ਸਿਰਹੁ ਨ ਉਤਰੈ ਤ੍ਰਿਬਿਧਿ ਮਨਸਾ ॥ (140-7)
जमकालु सिरहु न उतरै त्रिबिधि मनसा ॥

ਗੁਰਮਤੀ ਕਾਲੁ ਨ ਆਵੈ ਨੇੜੈ ਜਾ ਹੋਵੈ ਦਾਸਨਿ ਦਾਸਾ ॥ (140-8)
गुरमती कालु न आवै नेड़ै जा होवै दासनि दासा ॥

ਸਚਾ ਸਬਦੁ ਸਚੁ ਮਨਿ ਘਰ ਹੀ ਮਾਹਿ ਉਦਾਸਾ ॥ (140-8)
सचा सबदु सचु मनि घर ही माहि उदासा ॥

ਨਾਨਕ ਸਤਿਗੁਰੁ ਸੇਵਨਿ ਆਪਣਾ ਸੇ ਆਸਾ ਤੇ ਨਿਰਾਸਾ ॥੫॥ (140-8)
नानक सतिगुरु सेवनि आपणा से आसा ते निरासा ॥५॥

ਸਲੋਕੁ ਮਃ ੧ ॥ (140-9)
सलोकु मः १ ॥

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥ (140-9)
जे रतु लगै कपड़ै जामा होइ पलीतु ॥

ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥ (140-10)
जो रतु पीवहि माणसा तिन किउ निरमलु चीतु ॥

ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ ॥ (140-10)
नानक नाउ खुदाइ का दिलि हछै मुखि लेहु ॥

ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ ॥੧॥ (140-11)
अवरि दिवाजे दुनी के झूठे अमल करेहु ॥१॥

ਮਃ ੧ ॥ (140-11)
मः १ ॥

ਜਾ ਹਉ ਨਾਹੀ ਤਾ ਕਿਆ ਆਖਾ ਕਿਹੁ ਨਾਹੀ ਕਿਆ ਹੋਵਾ ॥ (140-11)
जा हउ नाही ता किआ आखा किहु नाही किआ होवा ॥

ਕੀਤਾ ਕਰਣਾ ਕਹਿਆ ਕਥਨਾ ਭਰਿਆ ਭਰਿ ਭਰਿ ਧੋਵਾਂ ॥ (140-12)
कीता करणा कहिआ कथना भरिआ भरि भरि धोवां ॥

ਆਪਿ ਨ ਬੁਝਾ ਲੋਕ ਬੁਝਾਈ ਐਸਾ ਆਗੂ ਹੋਵਾਂ ॥ (140-12)
आपि न बुझा लोक बुझाई ऐसा आगू होवां ॥

ਨਾਨਕ ਅੰਧਾ ਹੋਇ ਕੈ ਦਸੇ ਰਾਹੈ ਸਭਸੁ ਮੁਹਾਏ ਸਾਥੈ ॥ (140-13)
नानक अंधा होइ कै दसे राहै सभसु मुहाए साथै ॥

ਅਗੈ ਗਇਆ ਮੁਹੇ ਮੁਹਿ ਪਾਹਿ ਸੁ ਐਸਾ ਆਗੂ ਜਾਪੈ ॥੨॥ (140-13)
अगै गइआ मुहे मुहि पाहि सु ऐसा आगू जापै ॥२॥

ਪਉੜੀ ॥ (140-14)
पउड़ी ॥

ਮਾਹਾ ਰੁਤੀ ਸਭ ਤੂੰ ਘੜੀ ਮੂਰਤ ਵੀਚਾਰਾ ॥ (140-14)
माहा रुती सभ तूं घड़ी मूरत वीचारा ॥

ਤੂੰ ਗਣਤੈ ਕਿਨੈ ਨ ਪਾਇਓ ਸਚੇ ਅਲਖ ਅਪਾਰਾ ॥ (140-14)
तूं गणतै किनै न पाइओ सचे अलख अपारा ॥

ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥ (140-15)
पड़िआ मूरखु आखीऐ जिसु लबु लोभु अहंकारा ॥

ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ ॥ (140-15)
नाउ पड़ीऐ नाउ बुझीऐ गुरमती वीचारा ॥

ਗੁਰਮਤੀ ਨਾਮੁ ਧਨੁ ਖਟਿਆ ਭਗਤੀ ਭਰੇ ਭੰਡਾਰਾ ॥ (140-16)
गुरमती नामु धनु खटिआ भगती भरे भंडारा ॥

ਨਿਰਮਲੁ ਨਾਮੁ ਮੰਨਿਆ ਦਰਿ ਸਚੈ ਸਚਿਆਰਾ ॥ (140-16)
निरमलु नामु मंनिआ दरि सचै सचिआरा ॥

ਜਿਸ ਦਾ ਜੀਉ ਪਰਾਣੁ ਹੈ ਅੰਤਰਿ ਜੋਤਿ ਅਪਾਰਾ ॥ (140-17)
जिस दा जीउ पराणु है अंतरि जोति अपारा ॥

ਸਚਾ ਸਾਹੁ ਇਕੁ ਤੂੰ ਹੋਰੁ ਜਗਤੁ ਵਣਜਾਰਾ ॥੬॥ (140-17)
सचा साहु इकु तूं होरु जगतु वणजारा ॥६॥

ਸਲੋਕੁ ਮਃ ੧ ॥ (140-18)
सलोकु मः १ ॥

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥ (140-18)
मिहर मसीति सिदकु मुसला हकु हलालु कुराणु ॥

ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ ॥ (140-18)
सरम सुंनति सीलु रोजा होहु मुसलमाणु ॥

ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ ॥ (140-19)
करणी काबा सचु पीरु कलमा करम निवाज ॥

ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ ॥੧॥ (140-19)
तसबी सा तिसु भावसी नानक रखै लाज ॥१॥

ਮਃ ੧ ॥ (141-1)
मः १ ॥

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥ (141-1)
हकु पराइआ नानका उसु सूअर उसु गाइ ॥

ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥ (141-1)
गुरु पीरु हामा ता भरे जा मुरदारु न खाइ ॥

ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ॥ (141-2)
गली भिसति न जाईऐ छुटै सचु कमाइ ॥

ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥ (141-2)
मारण पाहि हराम महि होइ हलालु न जाइ ॥

ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ ॥੨॥ (141-3)
नानक गली कूड़ीई कूड़ो पलै पाइ ॥२॥

ਮਃ ੧ ॥ (141-3)
मः १ ॥

ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥ (141-3)
पंजि निवाजा वखत पंजि पंजा पंजे नाउ ॥

ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥ (141-4)
पहिला सचु हलाल दुइ तीजा खैर खुदाइ ॥

ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥ (141-4)
चउथी नीअति रासि मनु पंजवी सिफति सनाइ ॥

ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥ (141-5)
करणी कलमा आखि कै ता मुसलमाणु सदाइ ॥

ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥੩॥ (141-5)
नानक जेते कूड़िआर कूड़ै कूड़ी पाइ ॥३॥

ਪਉੜੀ ॥ (141-6)
पउड़ी ॥

ਇਕਿ ਰਤਨ ਪਦਾਰਥ ਵਣਜਦੇ ਇਕਿ ਕਚੈ ਦੇ ਵਾਪਾਰਾ ॥ (141-6)
इकि रतन पदारथ वणजदे इकि कचै दे वापारा ॥

ਸਤਿਗੁਰਿ ਤੁਠੈ ਪਾਈਅਨਿ ਅੰਦਰਿ ਰਤਨ ਭੰਡਾਰਾ ॥ (141-6)
सतिगुरि तुठै पाईअनि अंदरि रतन भंडारा ॥

ਵਿਣੁ ਗੁਰ ਕਿਨੈ ਨ ਲਧਿਆ ਅੰਧੇ ਭਉਕਿ ਮੁਏ ਕੂੜਿਆਰਾ ॥ (141-7)
विणु गुर किनै न लधिआ अंधे भउकि मुए कूड़िआरा ॥

ਮਨਮੁਖ ਦੂਜੈ ਪਚਿ ਮੁਏ ਨਾ ਬੂਝਹਿ ਵੀਚਾਰਾ ॥ (141-7)
मनमुख दूजै पचि मुए ना बूझहि वीचारा ॥

ਇਕਸੁ ਬਾਝਹੁ ਦੂਜਾ ਕੋ ਨਹੀ ਕਿਸੁ ਅਗੈ ਕਰਹਿ ਪੁਕਾਰਾ ॥ (141-8)
इकसु बाझहु दूजा को नही किसु अगै करहि पुकारा ॥

ਇਕਿ ਨਿਰਧਨ ਸਦਾ ਭਉਕਦੇ ਇਕਨਾ ਭਰੇ ਤੁਜਾਰਾ ॥ (141-8)
इकि निरधन सदा भउकदे इकना भरे तुजारा ॥

ਵਿਣੁ ਨਾਵੈ ਹੋਰੁ ਧਨੁ ਨਾਹੀ ਹੋਰੁ ਬਿਖਿਆ ਸਭੁ ਛਾਰਾ ॥ (141-9)
विणु नावै होरु धनु नाही होरु बिखिआ सभु छारा ॥

ਨਾਨਕ ਆਪਿ ਕਰਾਏ ਕਰੇ ਆਪਿ ਹੁਕਮਿ ਸਵਾਰਣਹਾਰਾ ॥੭॥ (141-9)
नानक आपि कराए करे आपि हुकमि सवारणहारा ॥७॥

ਸਲੋਕੁ ਮਃ ੧ ॥ (141-10)
सलोकु मः १ ॥

ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ ॥ (141-10)
मुसलमाणु कहावणु मुसकलु जा होइ ता मुसलमाणु कहावै ॥

ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ ॥ (141-11)
अवलि अउलि दीनु करि मिठा मसकल माना मालु मुसावै ॥

ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ ॥ (141-11)
होइ मुसलिमु दीन मुहाणै मरण जीवण का भरमु चुकावै ॥

ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ ॥ (141-12)
रब की रजाइ मंने सिर उपरि करता मंने आपु गवावै ॥

ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ ॥੧॥ (141-12)
तउ नानक सरब जीआ मिहरंमति होइ त मुसलमाणु कहावै ॥१॥

ਮਹਲਾ ੪ ॥ (141-13)
महला ४ ॥

ਪਰਹਰਿ ਕਾਮ ਕ੍ਰੋਧੁ ਝੂਠੁ ਨਿੰਦਾ ਤਜਿ ਮਾਇਆ ਅਹੰਕਾਰੁ ਚੁਕਾਵੈ ॥ (141-13)
परहरि काम क्रोधु झूठु निंदा तजि माइआ अहंकारु चुकावै ॥

ਤਜਿ ਕਾਮੁ ਕਾਮਿਨੀ ਮੋਹੁ ਤਜੈ ਤਾ ਅੰਜਨ ਮਾਹਿ ਨਿਰੰਜਨੁ ਪਾਵੈ ॥ (141-14)
तजि कामु कामिनी मोहु तजै ता अंजन माहि निरंजनु पावै ॥

ਤਜਿ ਮਾਨੁ ਅਭਿਮਾਨੁ ਪ੍ਰੀਤਿ ਸੁਤ ਦਾਰਾ ਤਜਿ ਪਿਆਸ ਆਸ ਰਾਮ ਲਿਵ ਲਾਵੈ ॥ (141-14)
तजि मानु अभिमानु प्रीति सुत दारा तजि पिआस आस राम लिव लावै ॥

ਨਾਨਕ ਸਾਚਾ ਮਨਿ ਵਸੈ ਸਾਚ ਸਬਦਿ ਹਰਿ ਨਾਮਿ ਸਮਾਵੈ ॥੨॥ (141-15)
नानक साचा मनि वसै साच सबदि हरि नामि समावै ॥२॥

ਪਉੜੀ ॥ (141-16)
पउड़ी ॥

ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ ॥ (141-16)
राजे रयति सिकदार कोइ न रहसीओ ॥

ਹਟ ਪਟਣ ਬਾਜਾਰ ਹੁਕਮੀ ਢਹਸੀਓ ॥ (141-16)
हट पटण बाजार हुकमी ढहसीओ ॥

ਪਕੇ ਬੰਕ ਦੁਆਰ ਮੂਰਖੁ ਜਾਣੈ ਆਪਣੇ ॥ (141-17)
पके बंक दुआर मूरखु जाणै आपणे ॥

ਦਰਬਿ ਭਰੇ ਭੰਡਾਰ ਰੀਤੇ ਇਕਿ ਖਣੇ ॥ (141-17)
दरबि भरे भंडार रीते इकि खणे ॥

ਤਾਜੀ ਰਥ ਤੁਖਾਰ ਹਾਥੀ ਪਾਖਰੇ ॥ (141-17)
ताजी रथ तुखार हाथी पाखरे ॥

ਬਾਗ ਮਿਲਖ ਘਰ ਬਾਰ ਕਿਥੈ ਸਿ ਆਪਣੇ ॥ (141-18)
बाग मिलख घर बार किथै सि आपणे ॥

ਤੰਬੂ ਪਲੰਘ ਨਿਵਾਰ ਸਰਾਇਚੇ ਲਾਲਤੀ ॥ (141-18)
तम्बू पलंघ निवार सराइचे लालती ॥

ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ ॥੮॥ (141-18)
नानक सच दातारु सिनाखतु कुदरती ॥८॥

ਸਲੋਕੁ ਮਃ ੧ ॥ (141-19)
सलोकु मः १ ॥

ਨਦੀਆ ਹੋਵਹਿ ਧੇਣਵਾ ਸੁੰਮ ਹੋਵਹਿ ਦੁਧੁ ਘੀਉ ॥ (141-19)
नदीआ होवहि धेणवा सुंम होवहि दुधु घीउ ॥

ਸਗਲੀ ਧਰਤੀ ਸਕਰ ਹੋਵੈ ਖੁਸੀ ਕਰੇ ਨਿਤ ਜੀਉ ॥ (141-19)
सगली धरती सकर होवै खुसी करे नित जीउ ॥

ਪਰਬਤੁ ਸੁਇਨਾ ਰੁਪਾ ਹੋਵੈ ਹੀਰੇ ਲਾਲ ਜੜਾਉ ॥ (142-1)
परबतु सुइना रुपा होवै हीरे लाल जड़ाउ ॥

ਭੀ ਤੂੰਹੈ ਸਾਲਾਹਣਾ ਆਖਣ ਲਹੈ ਨ ਚਾਉ ॥੧॥ (142-1)
भी तूंहै सालाहणा आखण लहै न चाउ ॥१॥

ਮਃ ੧ ॥ (142-2)
मः १ ॥

ਭਾਰ ਅਠਾਰਹ ਮੇਵਾ ਹੋਵੈ ਗਰੁੜਾ ਹੋਇ ਸੁਆਉ ॥ (142-2)
भार अठारह मेवा होवै गरुड़ा होइ सुआउ ॥

ਚੰਦੁ ਸੂਰਜੁ ਦੁਇ ਫਿਰਦੇ ਰਖੀਅਹਿ ਨਿਹਚਲੁ ਹੋਵੈ ਥਾਉ ॥ (142-2)
चंदु सूरजु दुइ फिरदे रखीअहि निहचलु होवै थाउ ॥

ਭੀ ਤੂੰਹੈ ਸਾਲਾਹਣਾ ਆਖਣ ਲਹੈ ਨ ਚਾਉ ॥੨॥ (142-3)
भी तूंहै सालाहणा आखण लहै न चाउ ॥२॥

ਮਃ ੧ ॥ (142-3)
मः १ ॥

ਜੇ ਦੇਹੈ ਦੁਖੁ ਲਾਈਐ ਪਾਪ ਗਰਹ ਦੁਇ ਰਾਹੁ ॥ (142-3)
जे देहै दुखु लाईऐ पाप गरह दुइ राहु ॥

ਰਤੁ ਪੀਣੇ ਰਾਜੇ ਸਿਰੈ ਉਪਰਿ ਰਖੀਅਹਿ ਏਵੈ ਜਾਪੈ ਭਾਉ ॥ (142-4)
रतु पीणे राजे सिरै उपरि रखीअहि एवै जापै भाउ ॥

ਭੀ ਤੂੰਹੈ ਸਾਲਾਹਣਾ ਆਖਣ ਲਹੈ ਨ ਚਾਉ ॥੩॥ (142-4)
भी तूंहै सालाहणा आखण लहै न चाउ ॥३॥

ਮਃ ੧ ॥ (142-5)
मः १ ॥

ਅਗੀ ਪਾਲਾ ਕਪੜੁ ਹੋਵੈ ਖਾਣਾ ਹੋਵੈ ਵਾਉ ॥ (142-5)
अगी पाला कपड़ु होवै खाणा होवै वाउ ॥

ਸੁਰਗੈ ਦੀਆ ਮੋਹਣੀਆ ਇਸਤਰੀਆ ਹੋਵਨਿ ਨਾਨਕ ਸਭੋ ਜਾਉ ॥ (142-5)
सुरगै दीआ मोहणीआ इसतरीआ होवनि नानक सभो जाउ ॥

ਭੀ ਤੂਹੈ ਸਾਲਾਹਣਾ ਆਖਣ ਲਹੈ ਨ ਚਾਉ ॥੪॥ (142-6)
भी तूहै सालाहणा आखण लहै न चाउ ॥४॥

ਪਵੜੀ ॥ (142-6)
पवड़ी ॥

ਬਦਫੈਲੀ ਗੈਬਾਨਾ ਖਸਮੁ ਨ ਜਾਣਈ ॥ (142-6)
बदफैली गैबाना खसमु न जाणई ॥

ਸੋ ਕਹੀਐ ਦੇਵਾਨਾ ਆਪੁ ਨ ਪਛਾਣਈ ॥ (142-7)
सो कहीऐ देवाना आपु न पछाणई ॥

ਕਲਹਿ ਬੁਰੀ ਸੰਸਾਰਿ ਵਾਦੇ ਖਪੀਐ ॥ (142-7)
कलहि बुरी संसारि वादे खपीऐ ॥

ਵਿਣੁ ਨਾਵੈ ਵੇਕਾਰਿ ਭਰਮੇ ਪਚੀਐ ॥ (142-8)
विणु नावै वेकारि भरमे पचीऐ ॥

ਰਾਹ ਦੋਵੈ ਇਕੁ ਜਾਣੈ ਸੋਈ ਸਿਝਸੀ ॥ (142-8)
राह दोवै इकु जाणै सोई सिझसी ॥

ਕੁਫਰ ਗੋਅ ਕੁਫਰਾਣੈ ਪਇਆ ਦਝਸੀ ॥ (142-8)
कुफर गोअ कुफराणै पइआ दझसी ॥

ਸਭ ਦੁਨੀਆ ਸੁਬਹਾਨੁ ਸਚਿ ਸਮਾਈਐ ॥ (142-9)
सभ दुनीआ सुबहानु सचि समाईऐ ॥

ਸਿਝੈ ਦਰਿ ਦੀਵਾਨਿ ਆਪੁ ਗਵਾਈਐ ॥੯॥ (142-9)
सिझै दरि दीवानि आपु गवाईऐ ॥९॥

ਮਃ ੧ ਸਲੋਕੁ ॥ (142-9)
मः १ सलोकु ॥

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥ (142-10)
सो जीविआ जिसु मनि वसिआ सोइ ॥

ਨਾਨਕ ਅਵਰੁ ਨ ਜੀਵੈ ਕੋਇ ॥ (142-10)
नानक अवरु न जीवै कोइ ॥

ਜੇ ਜੀਵੈ ਪਤਿ ਲਥੀ ਜਾਇ ॥ (142-10)
जे जीवै पति लथी जाइ ॥

ਸਭੁ ਹਰਾਮੁ ਜੇਤਾ ਕਿਛੁ ਖਾਇ ॥ (142-10)
सभु हरामु जेता किछु खाइ ॥

ਰਾਜਿ ਰੰਗੁ ਮਾਲਿ ਰੰਗੁ ॥ (142-11)
राजि रंगु मालि रंगु ॥

ਰੰਗਿ ਰਤਾ ਨਚੈ ਨੰਗੁ ॥ (142-11)
रंगि रता नचै नंगु ॥

ਨਾਨਕ ਠਗਿਆ ਮੁਠਾ ਜਾਇ ॥ (142-11)
नानक ठगिआ मुठा जाइ ॥

ਵਿਣੁ ਨਾਵੈ ਪਤਿ ਗਇਆ ਗਵਾਇ ॥੧॥ (142-11)
विणु नावै पति गइआ गवाइ ॥१॥

ਮਃ ੧ ॥ (142-12)
मः १ ॥

ਕਿਆ ਖਾਧੈ ਕਿਆ ਪੈਧੈ ਹੋਇ ॥ (142-12)
किआ खाधै किआ पैधै होइ ॥

ਜਾ ਮਨਿ ਨਾਹੀ ਸਚਾ ਸੋਇ ॥ (142-12)
जा मनि नाही सचा सोइ ॥

ਕਿਆ ਮੇਵਾ ਕਿਆ ਘਿਉ ਗੁੜੁ ਮਿਠਾ ਕਿਆ ਮੈਦਾ ਕਿਆ ਮਾਸੁ ॥ (142-12)
किआ मेवा किआ घिउ गुड़ु मिठा किआ मैदा किआ मासु ॥

ਕਿਆ ਕਪੜੁ ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸ ॥ (142-13)
किआ कपड़ु किआ सेज सुखाली कीजहि भोग बिलास ॥

ਕਿਆ ਲਸਕਰ ਕਿਆ ਨੇਬ ਖਵਾਸੀ ਆਵੈ ਮਹਲੀ ਵਾਸੁ ॥ (142-14)
किआ लसकर किआ नेब खवासी आवै महली वासु ॥

ਨਾਨਕ ਸਚੇ ਨਾਮ ਵਿਣੁ ਸਭੇ ਟੋਲ ਵਿਣਾਸੁ ॥੨॥ (142-14)
नानक सचे नाम विणु सभे टोल विणासु ॥२॥

ਪਵੜੀ ॥ (142-15)
पवड़ी ॥

ਜਾਤੀ ਦੈ ਕਿਆ ਹਥਿ ਸਚੁ ਪਰਖੀਐ ॥ (142-15)
जाती दै किआ हथि सचु परखीऐ ॥

ਮਹੁਰਾ ਹੋਵੈ ਹਥਿ ਮਰੀਐ ਚਖੀਐ ॥ (142-15)
महुरा होवै हथि मरीऐ चखीऐ ॥

ਸਚੇ ਕੀ ਸਿਰਕਾਰ ਜੁਗੁ ਜੁਗੁ ਜਾਣੀਐ ॥ (142-15)
सचे की सिरकार जुगु जुगु जाणीऐ ॥

ਹੁਕਮੁ ਮੰਨੇ ਸਿਰਦਾਰੁ ਦਰਿ ਦੀਬਾਣੀਐ ॥ (142-16)
हुकमु मंने सिरदारु दरि दीबाणीऐ ॥

ਫੁਰਮਾਨੀ ਹੈ ਕਾਰ ਖਸਮਿ ਪਠਾਇਆ ॥ (142-16)
फुरमानी है कार खसमि पठाइआ ॥

ਤਬਲਬਾਜ ਬੀਚਾਰ ਸਬਦਿ ਸੁਣਾਇਆ ॥ (142-16)
तबलबाज बीचार सबदि सुणाइआ ॥

ਇਕਿ ਹੋਏ ਅਸਵਾਰ ਇਕਨਾ ਸਾਖਤੀ ॥ (142-17)
इकि होए असवार इकना साखती ॥

ਇਕਨੀ ਬਧੇ ਭਾਰ ਇਕਨਾ ਤਾਖਤੀ ॥੧੦॥ (142-17)
इकनी बधे भार इकना ताखती ॥१०॥

ਸਲੋਕੁ ਮਃ ੧ ॥ (142-17)
सलोकु मः १ ॥

ਜਾ ਪਕਾ ਤਾ ਕਟਿਆ ਰਹੀ ਸੁ ਪਲਰਿ ਵਾੜਿ ॥ (142-18)
जा पका ता कटिआ रही सु पलरि वाड़ि ॥

ਸਣੁ ਕੀਸਾਰਾ ਚਿਥਿਆ ਕਣੁ ਲਇਆ ਤਨੁ ਝਾੜਿ ॥ (142-18)
सणु कीसारा चिथिआ कणु लइआ तनु झाड़ि ॥

ਦੁਇ ਪੁੜ ਚਕੀ ਜੋੜਿ ਕੈ ਪੀਸਣ ਆਇ ਬਹਿਠੁ ॥ (142-18)
दुइ पुड़ चकी जोड़ि कै पीसण आइ बहिठु ॥

ਜੋ ਦਰਿ ਰਹੇ ਸੁ ਉਬਰੇ ਨਾਨਕ ਅਜਬੁ ਡਿਠੁ ॥੧॥ (142-19)
जो दरि रहे सु उबरे नानक अजबु डिठु ॥१॥

ਮਃ ੧ ॥ (142-19)
मः १ ॥

ਵੇਖੁ ਜਿ ਮਿਠਾ ਕਟਿਆ ਕਟਿ ਕੁਟਿ ਬਧਾ ਪਾਇ ॥ (142-19)
वेखु जि मिठा कटिआ कटि कुटि बधा पाइ ॥

ਖੁੰਢਾ ਅੰਦਰਿ ਰਖਿ ਕੈ ਦੇਨਿ ਸੁ ਮਲ ਸਜਾਇ ॥ (143-1)
खुंढा अंदरि रखि कै देनि सु मल सजाइ ॥

ਰਸੁ ਕਸੁ ਟਟਰਿ ਪਾਈਐ ਤਪੈ ਤੈ ਵਿਲਲਾਇ ॥ (143-1)
रसु कसु टटरि पाईऐ तपै तै विललाइ ॥

ਭੀ ਸੋ ਫੋਗੁ ਸਮਾਲੀਐ ਦਿਚੈ ਅਗਿ ਜਾਲਾਇ ॥ (143-2)
भी सो फोगु समालीऐ दिचै अगि जालाइ ॥

ਨਾਨਕ ਮਿਠੈ ਪਤਰੀਐ ਵੇਖਹੁ ਲੋਕਾ ਆਇ ॥੨॥ (143-2)
नानक मिठै पतरीऐ वेखहु लोका आइ ॥२॥

ਪਵੜੀ ॥ (143-3)
पवड़ी ॥

ਇਕਨਾ ਮਰਣੁ ਨ ਚਿਤਿ ਆਸ ਘਣੇਰਿਆ ॥ (143-3)
इकना मरणु न चिति आस घणेरिआ ॥

ਮਰਿ ਮਰਿ ਜੰਮਹਿ ਨਿਤ ਕਿਸੈ ਨ ਕੇਰਿਆ ॥ (143-3)
मरि मरि जंमहि नित किसै न केरिआ ॥

ਆਪਨੜੈ ਮਨਿ ਚਿਤਿ ਕਹਨਿ ਚੰਗੇਰਿਆ ॥ (143-4)
आपनड़ै मनि चिति कहनि चंगेरिआ ॥

ਜਮਰਾਜੈ ਨਿਤ ਨਿਤ ਮਨਮੁਖ ਹੇਰਿਆ ॥ (143-4)
जमराजै नित नित मनमुख हेरिआ ॥

ਮਨਮੁਖ ਲੂਣ ਹਾਰਾਮ ਕਿਆ ਨ ਜਾਣਿਆ ॥ (143-4)
मनमुख लूण हाराम किआ न जाणिआ ॥

ਬਧੇ ਕਰਨਿ ਸਲਾਮ ਖਸਮ ਨ ਭਾਣਿਆ ॥ (143-5)
बधे करनि सलाम खसम न भाणिआ ॥

ਸਚੁ ਮਿਲੈ ਮੁਖਿ ਨਾਮੁ ਸਾਹਿਬ ਭਾਵਸੀ ॥ (143-5)
सचु मिलै मुखि नामु साहिब भावसी ॥

ਕਰਸਨਿ ਤਖਤਿ ਸਲਾਮੁ ਲਿਖਿਆ ਪਾਵਸੀ ॥੧੧॥ (143-5)
करसनि तखति सलामु लिखिआ पावसी ॥११॥

ਮਃ ੧ ਸਲੋਕੁ ॥ (143-6)
मः १ सलोकु ॥

ਮਛੀ ਤਾਰੂ ਕਿਆ ਕਰੇ ਪੰਖੀ ਕਿਆ ਆਕਾਸੁ ॥ (143-6)
मछी तारू किआ करे पंखी किआ आकासु ॥

ਪਥਰ ਪਾਲਾ ਕਿਆ ਕਰੇ ਖੁਸਰੇ ਕਿਆ ਘਰ ਵਾਸੁ ॥ (143-6)
पथर पाला किआ करे खुसरे किआ घर वासु ॥

ਕੁਤੇ ਚੰਦਨੁ ਲਾਈਐ ਭੀ ਸੋ ਕੁਤੀ ਧਾਤੁ ॥ (143-7)
कुते चंदनु लाईऐ भी सो कुती धातु ॥

ਬੋਲਾ ਜੇ ਸਮਝਾਈਐ ਪੜੀਅਹਿ ਸਿੰਮ੍ਰਿਤਿ ਪਾਠ ॥ (143-7)
बोला जे समझाईऐ पड़ीअहि सिंम्रिति पाठ ॥

ਅੰਧਾ ਚਾਨਣਿ ਰਖੀਐ ਦੀਵੇ ਬਲਹਿ ਪਚਾਸ ॥ (143-8)
अंधा चानणि रखीऐ दीवे बलहि पचास ॥

ਚਉਣੇ ਸੁਇਨਾ ਪਾਈਐ ਚੁਣਿ ਚੁਣਿ ਖਾਵੈ ਘਾਸੁ ॥ (143-8)
चउणे सुइना पाईऐ चुणि चुणि खावै घासु ॥

ਲੋਹਾ ਮਾਰਣਿ ਪਾਈਐ ਢਹੈ ਨ ਹੋਇ ਕਪਾਸ ॥ (143-9)
लोहा मारणि पाईऐ ढहै न होइ कपास ॥

ਨਾਨਕ ਮੂਰਖ ਏਹਿ ਗੁਣ ਬੋਲੇ ਸਦਾ ਵਿਣਾਸੁ ॥੧॥ (143-9)
नानक मूरख एहि गुण बोले सदा विणासु ॥१॥

ਮਃ ੧ ॥ (143-10)
मः १ ॥

ਕੈਹਾ ਕੰਚਨੁ ਤੁਟੈ ਸਾਰੁ ॥ (143-10)
कैहा कंचनु तुटै सारु ॥

ਅਗਨੀ ਗੰਢੁ ਪਾਏ ਲੋਹਾਰੁ ॥ (143-10)
अगनी गंढु पाए लोहारु ॥

ਗੋਰੀ ਸੇਤੀ ਤੁਟੈ ਭਤਾਰੁ ॥ (143-10)
गोरी सेती तुटै भतारु ॥

ਪੁਤੀ ਗੰਢੁ ਪਵੈ ਸੰਸਾਰਿ ॥ (143-10)
पुती� गंढु पवै संसारि ॥

ਰਾਜਾ ਮੰਗੈ ਦਿਤੈ ਗੰਢੁ ਪਾਇ ॥ (143-11)
राजा मंगै दितै गंढु पाइ ॥

ਭੁਖਿਆ ਗੰਢੁ ਪਵੈ ਜਾ ਖਾਇ ॥ (143-11)
भुखिआ गंढु पवै जा खाइ ॥

ਕਾਲਾ ਗੰਢੁ ਨਦੀਆ ਮੀਹ ਝੋਲ ॥ (143-11)
काला गंढु नदीआ मीह झोल ॥

ਗੰਢੁ ਪਰੀਤੀ ਮਿਠੇ ਬੋਲ ॥ (143-11)
गंढु परीती मिठे बोल ॥

ਬੇਦਾ ਗੰਢੁ ਬੋਲੇ ਸਚੁ ਕੋਇ ॥ (143-12)
बेदा गंढु बोले सचु कोइ ॥

ਮੁਇਆ ਗੰਢੁ ਨੇਕੀ ਸਤੁ ਹੋਇ ॥ (143-12)
मुइआ गंढु नेकी सतु होइ ॥

ਏਤੁ ਗੰਢਿ ਵਰਤੈ ਸੰਸਾਰੁ ॥ (143-12)
एतु गंढि वरतै संसारु ॥

ਮੂਰਖੁ ਗੰਢੁ ਪਵੈ ਮੁਹਿ ਮਾਰ ॥ (143-12)
मूरख गंढु पवै मुहि मार ॥

ਨਾਨਕੁ ਆਖੈ ਏਹੁ ਬੀਚਾਰੁ ॥ (143-13)
नानकु आखै एहु बीचारु ॥

ਸਿਫਤੀ ਗੰਢੁ ਪਵੈ ਦਰਬਾਰਿ ॥੨॥ (143-13)
सिफती गंढु पवै दरबारि ॥२॥

ਪਉੜੀ ॥ (143-13)
पउड़ी ॥

ਆਪੇ ਕੁਦਰਤਿ ਸਾਜਿ ਕੈ ਆਪੇ ਕਰੇ ਬੀਚਾਰੁ ॥ (143-13)
आपे कुदरति साजि कै आपे करे बीचारु ॥

ਇਕਿ ਖੋਟੇ ਇਕਿ ਖਰੇ ਆਪੇ ਪਰਖਣਹਾਰੁ ॥ (143-14)
इकि खोटे इकि खरे आपे परखणहारु ॥

ਖਰੇ ਖਜਾਨੈ ਪਾਈਅਹਿ ਖੋਟੇ ਸਟੀਅਹਿ ਬਾਹਰ ਵਾਰਿ ॥ (143-14)
खरे खजानै पाईअहि खोटे सटीअहि बाहर वारि ॥

ਖੋਟੇ ਸਚੀ ਦਰਗਹ ਸੁਟੀਅਹਿ ਕਿਸੁ ਆਗੈ ਕਰਹਿ ਪੁਕਾਰ ॥ (143-15)
खोटे सची दरगह सुटीअहि किसु आगै करहि पुकार ॥

ਸਤਿਗੁਰ ਪਿਛੈ ਭਜਿ ਪਵਹਿ ਏਹਾ ਕਰਣੀ ਸਾਰੁ ॥ (143-15)
सतिगुर पिछै भजि पवहि एहा करणी सारु ॥

ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ ॥ (143-16)
सतिगुरु खोटिअहु खरे करे सबदि सवारणहारु ॥

ਸਚੀ ਦਰਗਹ ਮੰਨੀਅਨਿ ਗੁਰ ਕੈ ਪ੍ਰੇਮ ਪਿਆਰਿ ॥ (143-16)
सची दरगह मंनीअनि गुर कै प्रेम पिआरि ॥

ਗਣਤ ਤਿਨਾ ਦੀ ਕੋ ਕਿਆ ਕਰੇ ਜੋ ਆਪਿ ਬਖਸੇ ਕਰਤਾਰਿ ॥੧੨॥ (143-17)
गणत तिना दी को किआ करे जो आपि बखसे करतारि ॥१२॥

ਸਲੋਕੁ ਮਃ ੧ ॥ (143-18)
सलोकु मः १ ॥

ਹਮ ਜੇਰ ਜਿਮੀ ਦੁਨੀਆ ਪੀਰਾ ਮਸਾਇਕਾ ਰਾਇਆ ॥ (143-18)
हम जेर जिमी दुनीआ पीरा मसाइका राइआ ॥

ਮੇ ਰਵਦਿ ਬਾਦਿਸਾਹਾ ਅਫਜੂ ਖੁਦਾਇ ॥ (143-18)
मे रवदि बादिसाहा अफजू खुदाइ ॥

ਏਕ ਤੂਹੀ ਏਕ ਤੁਹੀ ॥੧॥ (143-19)
एक तूही एक तुही ॥१॥

ਮਃ ੧ ॥ (143-19)
मः १ ॥

ਨ ਦੇਵ ਦਾਨਵਾ ਨਰਾ ॥ (143-19)
न देव दानवा नरा ॥

ਨ ਸਿਧ ਸਾਧਿਕਾ ਧਰਾ ॥ (143-19)
न सिध साधिका धरा ॥

ਅਸਤਿ ਏਕ ਦਿਗਰਿ ਕੁਈ ॥ (143-19)
असति एक दिगरि कुई ॥

ਏਕ ਤੁਈ ਏਕ ਤੁਈ ॥੨॥ (144-1)
एक तुई एक तुई ॥२॥

ਮਃ ੧ ॥ (144-1)
मः १ ॥

ਨ ਦਾਦੇ ਦਿਹੰਦ ਆਦਮੀ ॥ (144-1)
न दादे दिहंद आदमी ॥

ਨ ਸਪਤ ਜੇਰ ਜਿਮੀ ॥ (144-1)
न सपत जेर जिमी ॥

ਅਸਤਿ ਏਕ ਦਿਗਰਿ ਕੁਈ ॥ (144-2)
असति एक दिगरि कुई ॥

ਏਕ ਤੁਈ ਏਕ ਤੁਈ ॥੩॥ (144-2)
एक तुई एक तुई ॥३॥

ਮਃ ੧ ॥ (144-2)
मः १ ॥

ਨ ਸੂਰ ਸਸਿ ਮੰਡਲੋ ॥ (144-2)
न सूर ससि मंडलो ॥

ਨ ਸਪਤ ਦੀਪ ਨਹ ਜਲੋ ॥ (144-2)
न सपत दीप नह जलो ॥

ਅੰਨ ਪਉਣ ਥਿਰੁ ਨ ਕੁਈ ॥ (144-3)
अंन पउण थिरु न कुई ॥

ਏਕੁ ਤੁਈ ਏਕੁ ਤੁਈ ॥੪॥ (144-3)
एकु तुई एकु तुई ॥४॥

ਮਃ ੧ ॥ (144-3)
मः १ ॥

ਨ ਰਿਜਕੁ ਦਸਤ ਆ ਕਸੇ ॥ (144-3)
न रिजकु दसत आ कसे ॥

ਹਮਾ ਰਾ ਏਕੁ ਆਸ ਵਸੇ ॥ (144-3)
हमा रा एकु आस वसे ॥

ਅਸਤਿ ਏਕੁ ਦਿਗਰ ਕੁਈ ॥ (144-4)
असति एकु दिगर कुई ॥

ਏਕ ਤੁਈ ਏਕੁ ਤੁਈ ॥੫॥ (144-4)
एक तुई एकु तुई ॥५॥

ਮਃ ੧ ॥ (144-4)
मः १ ॥

ਪਰੰਦਏ ਨ ਗਿਰਾਹ ਜਰ ॥ (144-4)
परंदए न गिराह जर ॥

ਦਰਖਤ ਆਬ ਆਸ ਕਰ ॥ (144-5)
दरखत आब आस कर ॥

ਦਿਹੰਦ ਸੁਈ ॥ (144-5)
दिहंद सुई ॥

ਏਕ ਤੁਈ ਏਕ ਤੁਈ ॥੬॥ (144-5)
एक तुई एक तुई ॥६॥

ਮਃ ੧ ॥ (144-5)
मः १ ॥

ਨਾਨਕ ਲਿਲਾਰਿ ਲਿਖਿਆ ਸੋਇ ॥ (144-5)
नानक लिलारि लिखिआ सोइ ॥

ਮੇਟਿ ਨ ਸਾਕੈ ਕੋਇ ॥ (144-6)
मेटि न साकै कोइ ॥

ਕਲਾ ਧਰੈ ਹਿਰੈ ਸੁਈ ॥ (144-6)
कला धरै हिरै सुई ॥

ਏਕੁ ਤੁਈ ਏਕੁ ਤੁਈ ॥੭॥ (144-6)
एकु तुई एकु तुई ॥७॥

ਪਉੜੀ ॥ (144-6)
पउड़ी ॥

ਸਚਾ ਤੇਰਾ ਹੁਕਮੁ ਗੁਰਮੁਖਿ ਜਾਣਿਆ ॥ (144-6)
सचा तेरा हुकमु गुरमुखि जाणिआ ॥

ਗੁਰਮਤੀ ਆਪੁ ਗਵਾਇ ਸਚੁ ਪਛਾਣਿਆ ॥ (144-7)
गुरमती आपु गवाइ सचु पछाणिआ ॥

ਸਚੁ ਤੇਰਾ ਦਰਬਾਰੁ ਸਬਦੁ ਨੀਸਾਣਿਆ ॥ (144-7)
सचु तेरा दरबारु सबदु नीसाणिआ ॥

ਸਚਾ ਸਬਦੁ ਵੀਚਾਰਿ ਸਚਿ ਸਮਾਣਿਆ ॥ (144-8)
सचा सबदु वीचारि सचि समाणिआ ॥

ਮਨਮੁਖ ਸਦਾ ਕੂੜਿਆਰ ਭਰਮਿ ਭੁਲਾਣਿਆ ॥ (144-8)
मनमुख सदा कूड़िआर भरमि भुलाणिआ ॥

ਵਿਸਟਾ ਅੰਦਰਿ ਵਾਸੁ ਸਾਦੁ ਨ ਜਾਣਿਆ ॥ (144-8)
विसटा अंदरि वासु सादु न जाणिआ ॥

ਵਿਣੁ ਨਾਵੈ ਦੁਖੁ ਪਾਇ ਆਵਣ ਜਾਣਿਆ ॥ (144-9)
विणु नावै दुखु पाइ आवण जाणिआ ॥

ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ ॥੧੩॥ (144-9)
नानक पारखु आपि जिनि खोटा खरा पछाणिआ ॥१३॥

ਸਲੋਕੁ ਮਃ ੧ ॥ (144-10)
सलोकु मः १ ॥

ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ ॥ (144-10)
सीहा बाजा चरगा कुहीआ एना खवाले घाह ॥

ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ ॥ (144-10)
घाहु खानि तिना मासु खवाले एहि चलाए राह ॥

ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ ॥ (144-11)
नदीआ विचि टिबे देखाले थली करे असगाह ॥

ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ ॥ (144-11)
कीड़ा थापि देइ पातिसाही लसकर करे सुआह ॥

ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿ ਅਸਾਹ ॥ (144-12)
जेते जीअ जीवहि लै साहा जीवाले ता कि असाह ॥

ਨਾਨਕ ਜਿਉ ਜਿਉ ਸਚੇ ਭਾਵੈ ਤਿਉ ਤਿਉ ਦੇਇ ਗਿਰਾਹ ॥੧॥ (144-12)
नानक जिउ जिउ सचे भावै तिउ तिउ देइ गिराह ॥१॥

ਮਃ ੧ ॥ (144-13)
मः १ ॥

ਇਕਿ ਮਾਸਹਾਰੀ ਇਕਿ ਤ੍ਰਿਣੁ ਖਾਹਿ ॥ (144-13)
इकि मासहारी इकि त्रिणु खाहि ॥

ਇਕਨਾ ਛਤੀਹ ਅੰਮ੍ਰਿਤ ਪਾਹਿ ॥ (144-13)
इकना छतीह अमृत पाहि ॥

ਇਕਿ ਮਿਟੀਆ ਮਹਿ ਮਿਟੀਆ ਖਾਹਿ ॥ (144-14)
इकि मिटीआ महि मिटीआ खाहि ॥

ਇਕਿ ਪਉਣ ਸੁਮਾਰੀ ਪਉਣ ਸੁਮਾਰਿ ॥ (144-14)
इकि पउण सुमारी पउण सुमारि ॥

ਇਕਿ ਨਿਰੰਕਾਰੀ ਨਾਮ ਆਧਾਰਿ ॥ (144-14)
इकि निरंकारी नाम आधारि ॥

ਜੀਵੈ ਦਾਤਾ ਮਰੈ ਨ ਕੋਇ ॥ (144-15)
जीवै दाता मरै न कोइ ॥

ਨਾਨਕ ਮੁਠੇ ਜਾਹਿ ਨਾਹੀ ਮਨਿ ਸੋਇ ॥੨॥ (144-15)
नानक मुठे जाहि नाही मनि सोइ ॥२॥

ਪਉੜੀ ॥ (144-15)
पउड़ी ॥

ਪੂਰੇ ਗੁਰ ਕੀ ਕਾਰ ਕਰਮਿ ਕਮਾਈਐ ॥ (144-16)
पूरे गुर की कार करमि कमाईऐ ॥

ਗੁਰਮਤੀ ਆਪੁ ਗਵਾਇ ਨਾਮੁ ਧਿਆਈਐ ॥ (144-16)
गुरमती आपु गवाइ नामु धिआईऐ ॥

ਦੂਜੀ ਕਾਰੈ ਲਗਿ ਜਨਮੁ ਗਵਾਈਐ ॥ (144-16)
दूजी कारै लगि जनमु गवाईऐ ॥

ਵਿਣੁ ਨਾਵੈ ਸਭ ਵਿਸੁ ਪੈਝੈ ਖਾਈਐ ॥ (144-17)
विणु नावै सभ विसु पैझै खाईऐ ॥

ਸਚਾ ਸਬਦੁ ਸਾਲਾਹਿ ਸਚਿ ਸਮਾਈਐ ॥ (144-17)
सचा सबदु सालाहि सचि समाईऐ ॥

ਵਿਣੁ ਸਤਿਗੁਰੁ ਸੇਵੇ ਨਾਹੀ ਸੁਖਿ ਨਿਵਾਸੁ ਫਿਰਿ ਫਿਰਿ ਆਈਐ ॥ (144-17)
विणु सतिगुरु सेवे नाही सुखि निवासु फिरि फिरि आईऐ ॥

ਦੁਨੀਆ ਖੋਟੀ ਰਾਸਿ ਕੂੜੁ ਕਮਾਈਐ ॥ (144-18)
दुनीआ खोटी रासि कूड़ु कमाईऐ ॥

ਨਾਨਕ ਸਚੁ ਖਰਾ ਸਾਲਾਹਿ ਪਤਿ ਸਿਉ ਜਾਈਐ ॥੧੪॥ (144-18)
नानक सचु खरा सालाहि पति सिउ जाईऐ ॥१४॥

ਸਲੋਕੁ ਮਃ ੧ ॥ (144-19)
सलोकु मः १ ॥

ਤੁਧੁ ਭਾਵੈ ਤਾ ਵਾਵਹਿ ਗਾਵਹਿ ਤੁਧੁ ਭਾਵੈ ਜਲਿ ਨਾਵਹਿ ॥ (144-19)
तुधु भावै ता वावहि गावहि तुधु भावै जलि नावहि ॥

ਜਾ ਤੁਧੁ ਭਾਵਹਿ ਤਾ ਕਰਹਿ ਬਿਭੂਤਾ ਸਿੰਙੀ ਨਾਦੁ ਵਜਾਵਹਿ ॥ (145-1)
जा तुधु भावहि ता करहि बिभूता सिंङी नादु वजावहि ॥

ਜਾ ਤੁਧੁ ਭਾਵੈ ਤਾ ਪੜਹਿ ਕਤੇਬਾ ਮੁਲਾ ਸੇਖ ਕਹਾਵਹਿ ॥ (145-1)
जा तुधु भावै ता पड़हि कतेबा मुला सेख कहावहि ॥

ਜਾ ਤੁਧੁ ਭਾਵੈ ਤਾ ਹੋਵਹਿ ਰਾਜੇ ਰਸ ਕਸ ਬਹੁਤੁ ਕਮਾਵਹਿ ॥ (145-2)
जा तुधु भावै ता होवहि राजे रस कस बहुतु कमावहि ॥

ਜਾ ਤੁਧੁ ਭਾਵੈ ਤੇਗ ਵਗਾਵਹਿ ਸਿਰ ਮੁੰਡੀ ਕਟਿ ਜਾਵਹਿ ॥ (145-2)
जा तुधु भावै तेग वगावहि सिर मुंडी कटि जावहि ॥

ਜਾ ਤੁਧੁ ਭਾਵੈ ਜਾਹਿ ਦਿਸੰਤਰਿ ਸੁਣਿ ਗਲਾ ਘਰਿ ਆਵਹਿ ॥ (145-3)
जा तुधु भावै जाहि दिसंतरि सुणि गला घरि आवहि ॥

ਜਾ ਤੁਧੁ ਭਾਵੈ ਨਾਇ ਰਚਾਵਹਿ ਤੁਧੁ ਭਾਣੇ ਤੂੰ ਭਾਵਹਿ ॥ (145-3)
जा तुधु भावै नाइ रचावहि तुधु भाणे तूं भावहि ॥

ਨਾਨਕੁ ਏਕ ਕਹੈ ਬੇਨੰਤੀ ਹੋਰਿ ਸਗਲੇ ਕੂੜੁ ਕਮਾਵਹਿ ॥੧॥ (145-4)
नानकु एक कहै बेनंती होरि सगले कूड़ु कमावहि ॥१॥

ਮਃ ੧ ॥ (145-4)
मः १ ॥

ਜਾ ਤੂੰ ਵਡਾ ਸਭਿ ਵਡਿਆਂਈਆ ਚੰਗੈ ਚੰਗਾ ਹੋਈ ॥ (145-4)
जा तूं वडा सभि वडिआंईआ चंगै चंगा होई ॥

ਜਾ ਤੂੰ ਸਚਾ ਤਾ ਸਭੁ ਕੋ ਸਚਾ ਕੂੜਾ ਕੋਇ ਨ ਕੋਈ ॥ (145-5)
जा तूं सचा ता सभु को सचा कूड़ा कोइ न कोई ॥

ਆਖਣੁ ਵੇਖਣੁ ਬੋਲਣੁ ਚਲਣੁ ਜੀਵਣੁ ਮਰਣਾ ਧਾਤੁ ॥ (145-5)
आखणु वेखणु बोलणु चलणु जीवणु मरणा धातु ॥

ਹੁਕਮੁ ਸਾਜਿ ਹੁਕਮੈ ਵਿਚਿ ਰਖੈ ਨਾਨਕ ਸਚਾ ਆਪਿ ॥੨॥ (145-6)
हुकमु साजि हुकमै विचि रखै नानक सचा आपि ॥२॥

ਪਉੜੀ ॥ (145-6)
पउड़ी ॥

ਸਤਿਗੁਰ ਸੇਵਿ ਨਿਸੰਗੁ ਭਰਮੁ ਚੁਕਾਈਐ ॥ (145-6)
सतिगुरु सेवि निसंगु भरमु चुकाईऐ ॥

ਸਤਿਗੁਰ ਆਖੈ ਕਾਰ ਸੁ ਕਾਰ ਕਮਾਈਐ ॥ (145-7)
सतिगुरु आखै कार सु कार कमाईऐ ॥

ਸਤਿਗੁਰੁ ਹੋਇ ਦਇਆਲੁ ਤ ਨਾਮੁ ਧਿਆਈਐ ॥ (145-7)
सतिगुरु होइ दइआलु त नामु धिआईऐ ॥

ਲਾਹਾ ਭਗਤਿ ਸੁ ਸਾਰੁ ਗੁਰਮੁਖਿ ਪਾਈਐ ॥ (145-8)
लाहा भगति सु सारु गुरमुखि पाईऐ ॥

ਮਨਮੁਖਿ ਕੂੜੁ ਗੁਬਾਰੁ ਕੂੜੁ ਕਮਾਈਐ ॥ (145-8)
मनमुखि कूड़ु गुबारु कूड़ु कमाईऐ ॥

ਸਚੇ ਦੈ ਦਰਿ ਜਾਇ ਸਚੁ ਚਵਾਂਈਐ ॥ (145-8)
सचे दै दरि जाइ सचु चवांईऐ ॥

ਸਚੈ ਅੰਦਰਿ ਮਹਲਿ ਸਚਿ ਬੁਲਾਈਐ ॥ (145-9)
सचै अंदरि महलि सचि बुलाईऐ ॥

ਨਾਨਕ ਸਚੁ ਸਦਾ ਸਚਿਆਰੁ ਸਚਿ ਸਮਾਈਐ ॥੧੫॥ (145-9)
नानक सचु सदा सचिआरु सचि समाईऐ ॥१५॥

ਸਲੋਕੁ ਮਃ ੧ ॥ (145-10)
सलोकु मः १ ॥

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥ (145-10)
कलि काती राजे कासाई धरमु पंख करि उडरिआ ॥

ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥ (145-10)
कूड़ु अमावस सचु चंद्रमा दीसै नाही कह चड़िआ ॥

ਹਉ ਭਾਲਿ ਵਿਕੁੰਨੀ ਹੋਈ ॥ (145-11)
हउ भालि विकुंनी होई ॥

ਆਧੇਰੈ ਰਾਹੁ ਨ ਕੋਈ ॥ (145-11)
आधेरै राहु न कोई ॥

ਵਿਚਿ ਹਉਮੈ ਕਰਿ ਦੁਖੁ ਰੋਈ ॥ (145-11)
विचि हउमै करि दुखु रोई ॥

ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥੧॥ (145-12)
कहु नानक किनि बिधि गति होई ॥१॥

ਮਃ ੩ ॥ (145-12)
मः ३ ॥

ਕਲਿ ਕੀਰਤਿ ਪਰਗਟੁ ਚਾਨਣੁ ਸੰਸਾਰਿ ॥ (145-12)
कलि कीरति परगटु चानणु संसारि ॥

ਗੁਰਮੁਖਿ ਕੋਈ ਉਤਰੈ ਪਾਰਿ ॥ (145-13)
गुरमुखि कोई उतरै पारि ॥

ਜਿਸ ਨੋ ਨਦਰਿ ਕਰੇ ਤਿਸੁ ਦੇਵੈ ॥ (145-13)
जिस नो नदरि करे तिसु देवै ॥

ਨਾਨਕ ਗੁਰਮੁਖਿ ਰਤਨੁ ਸੋ ਲੇਵੈ ॥੨॥ (145-13)
नानक गुरमुखि रतनु सो लेवै ॥२॥

ਪਉੜੀ ॥ (145-13)
पउड़ी ॥

ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥ (145-14)
भगता तै सैसारीआ जोड़ु कदे न आइआ ॥

ਕਰਤਾ ਆਪਿ ਅਭੁਲੁ ਹੈ ਨ ਭੁਲੈ ਕਿਸੈ ਦਾ ਭੁਲਾਇਆ ॥ (145-14)
करता आपि अभुलु है न भुलै किसै दा भुलाइआ ॥

ਭਗਤ ਆਪੇ ਮੇਲਿਅਨੁ ਜਿਨੀ ਸਚੋ ਸਚੁ ਕਮਾਇਆ ॥ (145-14)
भगत आपे मेलिअनु जिनी सचो सचु कमाइआ ॥

ਸੈਸਾਰੀ ਆਪਿ ਖੁਆਇਅਨੁ ਜਿਨੀ ਕੂੜੁ ਬੋਲਿ ਬੋਲਿ ਬਿਖੁ ਖਾਇਆ ॥ (145-15)
सैसारी आपि खुआइअनु जिनी कूड़ु बोलि बोलि बिखु खाइआ ॥

ਚਲਣ ਸਾਰ ਨ ਜਾਣਨੀ ਕਾਮੁ ਕਰੋਧੁ ਵਿਸੁ ਵਧਾਇਆ ॥ (145-16)
चलण सार न जाणनी कामु करोधु विसु वधाइआ ॥

ਭਗਤ ਕਰਨਿ ਹਰਿ ਚਾਕਰੀ ਜਿਨੀ ਅਨਦਿਨੁ ਨਾਮੁ ਧਿਆਇਆ ॥ (145-16)
भगत करनि हरि चाकरी जिनी अनदिनु नामु धिआइआ ॥

ਦਾਸਨਿ ਦਾਸ ਹੋਇ ਕੈ ਜਿਨੀ ਵਿਚਹੁ ਆਪੁ ਗਵਾਇਆ ॥ (145-17)
दासनि दास होइ कै जिनी विचहु आपु गवाइआ ॥

ਓਨਾ ਖਸਮੈ ਕੈ ਦਰਿ ਮੁਖ ਉਜਲੇ ਸਚੈ ਸਬਦਿ ਸੁਹਾਇਆ ॥੧੬॥ (145-17)
ओना खसमै कै दरि मुख उजले सचै सबदि सुहाइआ ॥१६॥

ਸਲੋਕੁ ਮਃ ੧ ॥ (145-18)
सलोकु मः १ ॥

ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ ॥ (145-18)
सबाही सालाह जिनी धिआइआ इक मनि ॥

ਸੇਈ ਪੂਰੇ ਸਾਹ ਵਖਤੈ ਉਪਰਿ ਲੜਿ ਮੁਏ ॥ (145-19)
सेई पूरे साह वखतै उपरि लड़ि मुए ॥

ਦੂਜੈ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ ॥ (145-19)
दूजै बहुते राह मन कीआ मती खिंडीआ ॥

ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ ॥ (145-19)
बहुतु पए असगाह गोते खाहि न निकलहि ॥

ਤੀਜੈ ਮੁਹੀ ਗਿਰਾਹ ਭੁਖ ਤਿਖਾ ਦੁਇ ਭਉਕੀਆ ॥ (146-1)
तीजै मुही गिराह भुख तिखा दुइ भउकीआ ॥

ਖਾਧਾ ਹੋਇ ਸੁਆਹ ਭੀ ਖਾਣੇ ਸਿਉ ਦੋਸਤੀ ॥ (146-1)
खाधा होइ सुआह भी खाणे सिउ दोसती ॥

ਚਉਥੈ ਆਈ ਊਂਘ ਅਖੀ ਮੀਟਿ ਪਵਾਰਿ ਗਇਆ ॥ (146-2)
चउथै आई ऊंघ अखी मीटि पवारि गइआ ॥

ਭੀ ਉਠਿ ਰਚਿਓਨੁ ਵਾਦੁ ਸੈ ਵਰ੍ਹਿਆ ਕੀ ਪਿੜ ਬਧੀ ॥ (146-2)
भी उठि रचिओनु वादु सै वर्हिआ की पिड़ बधी ॥

ਸਭੇ ਵੇਲਾ ਵਖਤ ਸਭਿ ਜੇ ਅਠੀ ਭਉ ਹੋਇ ॥ (146-3)
सभे वेला वखत सभि जे अठी भउ होइ ॥

ਨਾਨਕ ਸਾਹਿਬੁ ਮਨਿ ਵਸੈ ਸਚਾ ਨਾਵਣੁ ਹੋਇ ॥੧॥ (146-3)
नानक साहिबु मनि वसै सचा नावणु होइ ॥१॥

ਮਃ ੨ ॥ (146-3)
मः २ ॥

ਸੇਈ ਪੂਰੇ ਸਾਹ ਜਿਨੀ ਪੂਰਾ ਪਾਇਆ ॥ (146-4)
सेई पूरे साह जिनी पूरा पाइआ ॥

ਅਠੀ ਵੇਪਰਵਾਹ ਰਹਨਿ ਇਕਤੈ ਰੰਗਿ ॥ (146-4)
अठी वेपरवाह रहनि इकतै रंगि ॥

ਦਰਸਨਿ ਰੂਪਿ ਅਥਾਹ ਵਿਰਲੇ ਪਾਈਅਹਿ ॥ (146-4)
दरसनि रूपि अथाह विरले पाईअहि ॥

ਕਰਮਿ ਪੂਰੈ ਪੂਰਾ ਗੁਰੂ ਪੂਰਾ ਜਾ ਕਾ ਬੋਲੁ ॥ (146-5)
करमि पूरै पूरा गुरू पूरा जा का बोलु ॥

ਨਾਨਕ ਪੂਰਾ ਜੇ ਕਰੇ ਘਟੈ ਨਾਹੀ ਤੋਲੁ ॥੨॥ (146-5)
नानक पूरा जे करे घटै नाही तोलु ॥२॥

ਪਉੜੀ ॥ (146-5)
पउड़ी ॥

ਜਾ ਤੂੰ ਤਾ ਕਿਆ ਹੋਰਿ ਮੈ ਸਚੁ ਸੁਣਾਈਐ ॥ (146-5)
जा तूं ता किआ होरि मै सचु सुणाईऐ ॥

ਮੁਠੀ ਧੰਧੈ ਚੋਰਿ ਮਹਲੁ ਨ ਪਾਈਐ ॥ (146-6)
मुठी धंधै चोरि महलु न पाईऐ ॥

ਏਨੈ ਚਿਤਿ ਕਠੋਰਿ ਸੇਵ ਗਵਾਈਐ ॥ (146-6)
एनै चिति कठोरि सेव गवाईऐ ॥

ਜਿਤੁ ਘਟਿ ਸਚੁ ਨ ਪਾਇ ਸੁ ਭੰਨਿ ਘੜਾਈਐ ॥ (146-7)
जितु घटि सचु न पाइ सु भंनि घड़ाईऐ ॥

ਕਿਉ ਕਰਿ ਪੂਰੈ ਵਟਿ ਤੋਲਿ ਤੁਲਾਈਐ ॥ (146-7)
किउ करि पूरै वटि तोलि तुलाईऐ ॥

ਕੋਇ ਨ ਆਖੈ ਘਟਿ ਹਉਮੈ ਜਾਈਐ ॥ (146-7)
कोइ न आखै घटि हउमै जाईऐ ॥

ਲਈਅਨਿ ਖਰੇ ਪਰਖਿ ਦਰਿ ਬੀਨਾਈਐ ॥ (146-8)
लईअनि खरे परखि दरि बीनाईऐ ॥

ਸਉਦਾ ਇਕਤੁ ਹਟਿ ਪੂਰੈ ਗੁਰਿ ਪਾਈਐ ॥੧੭॥ (146-8)
सउदा इकतु हटि पूरै गुरि पाईऐ ॥१७॥

ਸਲੋਕ ਮਃ ੨ ॥ (146-9)
सलोक मः २ ॥

ਅਠੀ ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ ॥ (146-9)
अठी पहरी अठ खंड नावा खंडु सरीरु ॥

ਤਿਸੁ ਵਿਚਿ ਨਉ ਨਿਧਿ ਨਾਮੁ ਏਕੁ ਭਾਲਹਿ ਗੁਣੀ ਗਹੀਰੁ ॥ (146-9)
तिसु विचि नउ निधि नामु एकु भालहि गुणी गहीरु ॥

ਕਰਮਵੰਤੀ ਸਾਲਾਹਿਆ ਨਾਨਕ ਕਰਿ ਗੁਰੁ ਪੀਰੁ ॥ (146-10)
करमवंती सालाहिआ नानक करि गुरु पीरु ॥

ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥ (146-10)
चउथै पहरि सबाह कै सुरतिआ उपजै चाउ ॥

ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ ॥ (146-11)
तिना दरीआवा सिउ दोसती मनि मुखि सचा नाउ ॥

ਓਥੈ ਅੰਮ੍ਰਿਤੁ ਵੰਡੀਐ ਕਰਮੀ ਹੋਇ ਪਸਾਉ ॥ (146-11)
ओथै अमृतु वंडीऐ करमी होइ पसाउ ॥

ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ ॥ (146-11)
कंचन काइआ कसीऐ वंनी चड़ै चड़ाउ ॥

ਜੇ ਹੋਵੈ ਨਦਰਿ ਸਰਾਫ ਕੀ ਬਹੁੜਿ ਨ ਪਾਈ ਤਾਉ ॥ (146-12)
जे होवै नदरि सराफ की बहुड़ि न पाई ताउ ॥

ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ ॥ (146-12)
सती पहरी सतु भला बहीऐ पड़िआ पासि ॥

ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ ॥ (146-13)
ओथै पापु पुंनु बीचारीऐ कूड़ै घटै रासि ॥

ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ ॥ (146-13)
ओथै खोटे सटीअहि खरे कीचहि साबासि ॥

ਬੋਲਣੁ ਫਾਦਲੁ ਨਾਨਕਾ ਦੁਖੁ ਸੁਖੁ ਖਸਮੈ ਪਾਸਿ ॥੧॥ (146-14)
बोलणु फादलु नानका दुखु सुखु खसमै पासि ॥१॥

ਮਃ ੨ ॥ (146-14)
मः २ ॥

ਪਉਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ (146-14)
पउणु गुरू पाणी पिता माता धरति महतु ॥

ਦਿਨਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥ (146-15)
दिनसु राति दुइ दाई दाइआ खेलै सगल जगतु ॥

ਚੰਗਿਆਈਆ ਬੁਰਿਆਈਆ ਵਾਚੇ ਧਰਮੁ ਹਦੂਰਿ ॥ (146-15)
चंगिआईआ बुरिआईआ वाचे धरमु हदूरि ॥

ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥ (146-16)
करमी आपो आपणी के नेड़ै के दूरि ॥

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥ (146-16)
जिनी नामु धिआइआ गए मसकति घालि ॥

ਨਾਨਕ ਤੇ ਮੁਖ ਉਜਲੇ ਹੋਰ ਕੇਤੀ ਛੁਟੀ ਨਾਲਿ ॥੨॥ (146-17)
नानक ते मुख उजले होर केती छुटी नालि ॥२॥

ਪਉੜੀ ॥ (146-17)
पउड़ी ॥

ਸਚਾ ਭੋਜਨੁ ਭਾਉ ਸਤਿਗੁਰਿ ਦਸਿਆ ॥ (146-17)
सचा भोजनु भाउ सतिगुरि दसिआ ॥

ਸਚੇ ਹੀ ਪਤੀਆਇ ਸਚਿ ਵਿਗਸਿਆ ॥ (146-18)
सचे ही पतीआइ सचि विगसिआ ॥

ਸਚੈ ਕੋਟਿ ਗਿਰਾਂਇ ਨਿਜ ਘਰਿ ਵਸਿਆ ॥ (146-18)
सचै कोटि गिरांइ निज घरि वसिआ ॥

ਸਤਿਗੁਰਿ ਤੁਠੈ ਨਾਉ ਪ੍ਰੇਮਿ ਰਹਸਿਆ ॥ (146-18)
सतिगुरि तुठै नाउ प्रेमि रहसिआ ॥

ਸਚੈ ਦੈ ਦੀਬਾਣਿ ਕੂੜਿ ਨ ਜਾਈਐ ॥ (146-19)
सचै दै दीबाणि कूड़ि न जाईऐ ॥

ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ ॥ (146-19)
झूठो झूठु वखाणि सु महलु खुआईऐ ॥

ਸਚੈ ਸਬਦਿ ਨੀਸਾਣਿ ਠਾਕ ਨ ਪਾਈਐ ॥ (147-1)
सचै सबदि नीसाणि ठाक न पाईऐ ॥

ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ ॥੧੮॥ (147-1)
सचु सुणि बुझि वखाणि महलि बुलाईऐ ॥१८॥

ਸਲੋਕੁ ਮਃ ੧ ॥ (147-1)
सलोकु मः १ ॥

ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨੁ ਸਾਰੁ ਕਰਾਈ ॥ (147-2)
पहिरा अगनि हिवै घरु बाधा भोजनु सारु कराई ॥

ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ ਹਾਕ ਚਲਾਈ ॥ (147-2)
सगले दूख पाणी करि पीवा धरती हाक चलाई ॥

ਧਰਿ ਤਾਰਾਜੀ ਅੰਬਰੁ ਤੋਲੀ ਪਿਛੈ ਟੰਕੁ ਚੜਾਈ ॥ (147-3)
धरि ताराजी अ्मबरु तोली पिछै टंकु चड़ाई ॥

ਏਵਡੁ ਵਧਾ ਮਾਵਾ ਨਾਹੀ ਸਭਸੈ ਨਥਿ ਚਲਾਈ ॥ (147-3)
एवडु वधा मावा नाही सभसै नथि चलाई ॥

ਏਤਾ ਤਾਣੁ ਹੋਵੈ ਮਨ ਅੰਦਰਿ ਕਰੀ ਭਿ ਆਖਿ ਕਰਾਈ ॥ (147-3)
एता ताणु होवै मन अंदरि करी भि आखि कराई ॥

ਜੇਵਡੁ ਸਾਹਿਬੁ ਤੇਵਡ ਦਾਤੀ ਦੇ ਦੇ ਕਰੇ ਰਜਾਈ ॥ (147-4)
जेवडु साहिबु तेवड दाती दे दे करे रजाई ॥

ਨਾਨਕ ਨਦਰਿ ਕਰੇ ਜਿਸੁ ਉਪਰਿ ਸਚਿ ਨਾਮਿ ਵਡਿਆਈ ॥੧॥ (147-4)
नानक नदरि करे जिसु उपरि सचि नामि वडिआई ॥१॥

ਮਃ ੨ ॥ (147-5)
मः २ ॥

ਆਖਣੁ ਆਖਿ ਨ ਰਜਿਆ ਸੁਨਣਿ ਨ ਰਜੇ ਕੰਨ ॥ (147-5)
आखणु आखि न रजिआ सुनणि न रजे कंन ॥

ਅਖੀ ਦੇਖਿ ਨ ਰਜੀਆ ਗੁਣ ਗਾਹਕ ਇਕ ਵੰਨ ॥ (147-5)
अखी देखि न रजीआ गुण गाहक इक वंन ॥

ਭੁਖਿਆ ਭੁਖ ਨ ਉਤਰੈ ਗਲੀ ਭੁਖ ਨ ਜਾਇ ॥ (147-6)
भुखिआ भुख न उतरै गली भुख न जाइ ॥

ਨਾਨਕ ਭੁਖਾ ਤਾ ਰਜੈ ਜਾ ਗੁਣ ਕਹਿ ਗੁਣੀ ਸਮਾਇ ॥੨॥ (147-6)
नानक भुखा ता रजै जा गुण कहि गुणी समाइ ॥२॥

ਪਉੜੀ ॥ (147-7)
पउड़ी ॥

ਵਿਣੁ ਸਚੇ ਸਭ ਕੂੜੁ ਕੂੜੁ ਕਮਾਈਐ ॥ (147-7)
विणु सचे सभु कूड़ु कूड़ु कमाईऐ ॥

ਵਿਣੁ ਸਚੇ ਕੂੜਿਆਰੁ ਬੰਨਿ ਚਲਾਈਐ ॥ (147-7)
विणु सचे कूड़िआरु बंनि चलाईऐ ॥

ਵਿਣੁ ਸਚੇ ਤਨੁ ਛਾਰੁ ਛਾਰੁ ਰਲਾਈਐ ॥ (147-8)
विणु सचे तनु छारु छारु रलाईऐ ॥

ਵਿਣੁ ਸਚੇ ਸਭ ਭੁਖ ਜਿ ਪੈਝੈ ਖਾਈਐ ॥ (147-8)
विणु सचे सभ भुख जि पैझै खाईऐ ॥

ਵਿਣੁ ਸਚੇ ਦਰਬਾਰੁ ਕੂੜਿ ਨ ਪਾਈਐ ॥ (147-8)
विणु सचे दरबारु कूड़ि न पाईऐ ॥

ਕੂੜੈ ਲਾਲਚਿ ਲਗਿ ਮਹਲੁ ਖੁਆਈਐ ॥ (147-9)
कूड़ै लालचि लगि महलु खुआईऐ ॥

ਸਭੁ ਜਗੁ ਠਗਿਓ ਠਗਿ ਆਈਐ ਜਾਈਐ ॥ (147-9)
सभु जगु ठगिओ ठगि आईऐ जाईऐ ॥

ਤਨ ਮਹਿ ਤ੍ਰਿਸਨਾ ਅਗਿ ਸਬਦਿ ਬੁਝਾਈਐ ॥੧੯॥ (147-9)
तन महि त्रिसना अगि सबदि बुझाईऐ ॥१९॥

ਸਲੋਕ ਮਃ ੧ ॥ (147-10)
सलोक मः १ ॥

ਨਾਨਕ ਗੁਰੁ ਸੰਤੋਖੁ ਰੁਖੁ ਧਰਮੁ ਫੁਲੁ ਫਲ ਗਿਆਨੁ ॥ (147-10)
नानक गुरु संतोखु रुखु धरमु फुलु फल गिआनु ॥

ਰਸਿ ਰਸਿਆ ਹਰਿਆ ਸਦਾ ਪਕੈ ਕਰਮਿ ਧਿਆਨਿ ॥ (147-11)
रसि रसिआ हरिआ सदा पकै करमि धिआनि ॥

ਪਤਿ ਕੇ ਸਾਦ ਖਾਦਾ ਲਹੈ ਦਾਨਾ ਕੈ ਸਿਰਿ ਦਾਨੁ ॥੧॥ (147-11)
पति के साद खादा लहै दाना कै सिरि दानु ॥१॥

ਮਃ ੧ ॥ (147-12)
म: १ ॥

ਸੁਇਨੇ ਕਾ ਬਿਰਖੁ ਪਤ ਪਰਵਾਲਾ ਫੁਲ ਜਵੇਹਰ ਲਾਲ ॥ (147-12)
सुइने का बिरखु पत परवाला फुल जवेहर लाल ॥

ਤਿਤੁ ਫਲ ਰਤਨ ਲਗਹਿ ਮੁਖਿ ਭਾਖਿਤ ਹਿਰਦੈ ਰਿਦੈ ਨਿਹਾਲੁ ॥ (147-12)
तितु फल रतन लगहि मुखि भाखित हिरदै रिदै निहालु ॥

ਨਾਨਕ ਕਰਮੁ ਹੋਵੈ ਮੁਖਿ ਮਸਤਕਿ ਲਿਖਿਆ ਹੋਵੈ ਲੇਖੁ ॥ (147-13)
नानक करमु होवै मुखि मसतकि लिखिआ होवै लेखु ॥

ਅਠਿਸਠਿ ਤੀਰਥ ਗੁਰ ਕੀ ਚਰਣੀ ਪੂਜੈ ਸਦਾ ਵਿਸੇਖੁ ॥ (147-13)
अठिसठि तीरथ गुर की चरणी पूजै सदा विसेखु ॥

ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ ॥ (147-14)
हंसु हेतु लोभु कोपु चारे नदीआ अगि ॥

ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ ॥੨॥ (147-14)
पवहि दझहि नानका तरीऐ करमी लगि ॥२॥

ਪਉੜੀ ॥ (147-15)
पउड़ी ॥

ਜੀਵਦਿਆ ਮਰੁ ਮਾਰਿ ਨ ਪਛੋਤਾਈਐ ॥ (147-15)
जीवदिआ मरु मारि न पछोताईऐ ॥

ਝੂਠਾ ਇਹੁ ਸੰਸਾਰੁ ਕਿਨਿ ਸਮਝਾਈਐ ॥ (147-15)
झूठा इहु संसारु किनि समझाईऐ ॥

ਸਚਿ ਨ ਧਰੇ ਪਿਆਰੁ ਧੰਧੈ ਧਾਈਐ ॥ (147-15)
सचि न धरे पिआरु धंधै धाईऐ ॥

ਕਾਲੁ ਬੁਰਾ ਖੈ ਕਾਲੁ ਸਿਰਿ ਦੁਨੀਆਈਐ ॥ (147-16)
कालु बुरा खै कालु सिरि दुनीआईऐ ॥

ਹੁਕਮੀ ਸਿਰਿ ਜੰਦਾਰੁ ਮਾਰੇ ਦਾਈਐ ॥ (147-16)
हुकमी सिरि जंदारु मारे दाईऐ ॥

ਆਪੇ ਦੇਇ ਪਿਆਰੁ ਮੰਨਿ ਵਸਾਈਐ ॥ (147-17)
आपे देइ पिआरु मंनि वसाईऐ ॥

ਮੁਹਤੁ ਨ ਚਸਾ ਵਿਲੰਮੁ ਭਰੀਐ ਪਾਈਐ ॥ (147-17)
मुहतु न चसा विलंमु भरीऐ पाईऐ ॥

ਗੁਰ ਪਰਸਾਦੀ ਬੁਝਿ ਸਚਿ ਸਮਾਈਐ ॥੨੦॥ (147-17)
गुर परसादी बुझि सचि समाईऐ ॥२०॥

ਸਲੋਕੁ ਮਃ ੧ ॥ (147-18)
सलोकु मः १ ॥

ਤੁਮੀ ਤੁਮਾ ਵਿਸੁ ਅਕੁ ਧਤੂਰਾ ਨਿਮੁ ਫਲੁ ॥ (147-18)
तुमी तुमा विसु अकु धतूरा निमु फलु ॥

ਮਨਿ ਮੁਖਿ ਵਸਹਿ ਤਿਸੁ ਜਿਸੁ ਤੂੰ ਚਿਤਿ ਨ ਆਵਹੀ ॥ (147-18)
मनि मुखि वसहि तिसु जिसु तूं चिति न आवही ॥

ਨਾਨਕ ਕਹੀਐ ਕਿਸੁ ਹੰਢਨਿ ਕਰਮਾ ਬਾਹਰੇ ॥੧॥ (147-19)
नानक कहीऐ किसु हंढनि करमा बाहरे ॥१॥

ਮਃ ੧ ॥ (147-19)
मः १ ॥

ਮਤਿ ਪੰਖੇਰੂ ਕਿਰਤੁ ਸਾਥਿ ਕਬ ਉਤਮ ਕਬ ਨੀਚ ॥ (147-19)
मति पंखेरू किरतु साथि कब उतम कब नीच ॥

ਕਬ ਚੰਦਨਿ ਕਬ ਅਕਿ ਡਾਲਿ ਕਬ ਉਚੀ ਪਰੀਤਿ ॥ (148-1)
कब चंदनि कब अकि डालि कब उची परीति ॥

ਨਾਨਕ ਹੁਕਮਿ ਚਲਾਈਐ ਸਾਹਿਬ ਲਗੀ ਰੀਤਿ ॥੨॥ (148-1)
नानक हुकमि चलाईऐ साहिब लगी रीति ॥२॥

ਪਉੜੀ ॥ (148-2)
पउड़ी ॥

ਕੇਤੇ ਕਹਹਿ ਵਖਾਣ ਕਹਿ ਕਹਿ ਜਾਵਣਾ ॥ (148-2)
केते कहहि वखाण कहि कहि जावणा ॥

ਵੇਦ ਕਹਹਿ ਵਖਿਆਣ ਅੰਤੁ ਨ ਪਾਵਣਾ ॥ (148-2)
वेद कहहि वखिआण अंतु न पावणा ॥

ਪੜਿਐ ਨਾਹੀ ਭੇਦੁ ਬੁਝਿਐ ਪਾਵਣਾ ॥ (148-3)
पड़िऐ नाही भेदु बुझिऐ पावणा ॥

ਖਟੁ ਦਰਸਨ ਕੈ ਭੇਖਿ ਕਿਸੈ ਸਚਿ ਸਮਾਵਣਾ ॥ (148-3)
खटु दरसन कै भेखि किसै सचि समावणा ॥

ਸਚਾ ਪੁਰਖੁ ਅਲਖੁ ਸਬਦਿ ਸੁਹਾਵਣਾ ॥ (148-3)
सचा पुरखु अलखु सबदि सुहावणा ॥

ਮੰਨੇ ਨਾਉ ਬਿਸੰਖ ਦਰਗਹ ਪਾਵਣਾ ॥ (148-4)
मंने नाउ बिसंख दरगह पावणा ॥

ਖਾਲਕ ਕਉ ਆਦੇਸੁ ਢਾਢੀ ਗਾਵਣਾ ॥ (148-4)
खालक कउ आदेसु ढाढी गावणा ॥

ਨਾਨਕ ਜੁਗੁ ਜੁਗੁ ਏਕੁ ਮੰਨਿ ਵਸਾਵਣਾ ॥੨੧॥ (148-4)
नानक जुगु जुगु एकु मंनि वसावणा ॥२१॥

ਸਲੋਕੁ ਮਹਲਾ ੨ ॥ (148-5)
सलोकु महला २ ॥

ਮੰਤ੍ਰੀ ਹੋਇ ਅਠੂਹਿਆ ਨਾਗੀ ਲਗੈ ਜਾਇ ॥ (148-5)
मंत्री होइ अठूहिआ नागी लगै जाइ ॥

ਆਪਣ ਹਥੀ ਆਪਣੈ ਦੇ ਕੂਚਾ ਆਪੇ ਲਾਇ ॥ (148-5)
आपण हथी आपणै दे कूचा आपे लाइ ॥

ਹੁਕਮੁ ਪਇਆ ਧੁਰਿ ਖਸਮ ਕਾ ਅਤੀ ਹੂ ਧਕਾ ਖਾਇ ॥ (148-6)
हुकमु पइआ धुरि खसम का अती हू धका खाइ ॥

ਗੁਰਮੁਖ ਸਿਉ ਮਨਮੁਖੁ ਅੜੈ ਡੁਬੈ ਹਕਿ ਨਿਆਇ ॥ (148-6)
गुरमुख सिउ मनमुखु अड़ै डुबै हकि निआइ ॥

ਦੁਹਾ ਸਿਰਿਆ ਆਪੇ ਖਸਮੁ ਵੇਖੈ ਕਰਿ ਵਿਉਪਾਇ ॥ (148-7)
दुहा सिरिआ आपे खसमु वेखै करि विउपाइ ॥

ਨਾਨਕ ਏਵੈ ਜਾਣੀਐ ਸਭ ਕਿਛੁ ਤਿਸਹਿ ਰਜਾਇ ॥੧॥ (148-7)
नानक एवै जाणीऐ सभ किछु तिसहि रजाइ ॥१॥

ਮਹਲਾ ੨ ॥ (148-8)
महला २ ॥

ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ ॥ (148-8)
नानक परखे आप कउ ता पारखु जाणु ॥

ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ ॥ (148-8)
रोगु दारू दोवै बुझै ता वैदु सुजाणु ॥

ਵਾਟ ਨ ਕਰਈ ਮਾਮਲਾ ਜਾਣੈ ਮਿਹਮਾਣੁ ॥ (148-9)
वाट न करई मामला जाणै मिहमाणु ॥

ਮੂਲੁ ਜਾਣਿ ਗਲਾ ਕਰੇ ਹਾਣਿ ਲਾਏ ਹਾਣੁ ॥ (148-9)
मूलु जाणि गला करे हाणि लाए हाणु ॥

ਲਬਿ ਨ ਚਲਈ ਸਚਿ ਰਹੈ ਸੋ ਵਿਸਟੁ ਪਰਵਾਣੁ ॥ (148-10)
लबि न चलई सचि रहै सो विसटु परवाणु ॥

ਸਰੁ ਸੰਧੇ ਆਗਾਸ ਕਉ ਕਿਉ ਪਹੁਚੈ ਬਾਣੁ ॥ (148-10)
सरु संधे आगास कउ किउ पहुचै बाणु ॥

ਅਗੈ ਓਹੁ ਅਗੰਮੁ ਹੈ ਵਾਹੇਦੜੁ ਜਾਣੁ ॥੨॥ (148-10)
अगै ओहु अगंमु है वाहेदड़ु जाणु ॥२॥

ਪਉੜੀ ॥ (148-11)
पउड़ी ॥

ਨਾਰੀ ਪੁਰਖ ਪਿਆਰੁ ਪ੍ਰੇਮਿ ਸੀਗਾਰੀਆ ॥ (148-11)
नारी पुरख पिआरु प्रेमि सीगारीआ ॥

ਕਰਨਿ ਭਗਤਿ ਦਿਨੁ ਰਾਤਿ ਨ ਰਹਨੀ ਵਾਰੀਆ ॥ (148-11)
करनि भगति दिनु राति न रहनी वारीआ ॥

ਮਹਲਾ ਮੰਝਿ ਨਿਵਾਸੁ ਸਬਦਿ ਸਵਾਰੀਆ ॥ (148-12)
महला मंझि निवासु सबदि सवारीआ ॥

ਸਚੁ ਕਹਨਿ ਅਰਦਾਸਿ ਸੇ ਵੇਚਾਰੀਆ ॥ (148-12)
सचु कहनि अरदासि से वेचारीआ ॥

ਸੋਹਨਿ ਖਸਮੈ ਪਾਸਿ ਹੁਕਮਿ ਸਿਧਾਰੀਆ ॥ (148-13)
सोहनि खसमै पासि हुकमि सिधारीआ ॥

ਸਖੀ ਕਹਨਿ ਅਰਦਾਸਿ ਮਨਹੁ ਪਿਆਰੀਆ ॥ (148-13)
सखी कहनि अरदासि मनहु पिआरीआ ॥

ਬਿਨੁ ਨਾਵੈ ਧ੍ਰਿਗੁ ਵਾਸੁ ਫਿਟੁ ਸੁ ਜੀਵਿਆ ॥ (148-13)
बिनु नावै ध्रिगु वासु फिटु सु जीविआ ॥

ਸਬਦਿ ਸਵਾਰੀਆਸੁ ਅੰਮ੍ਰਿਤੁ ਪੀਵਿਆ ॥੨੨॥ (148-14)
सबदि सवारीआसु अमृतु पीविआ ॥२२॥

ਸਲੋਕੁ ਮਃ ੧ ॥ (148-14)
सलोकु मः १ ॥

ਮਾਰੂ ਮੀਹਿ ਨ ਤ੍ਰਿਪਤਿਆ ਅਗੀ ਲਹੈ ਨ ਭੁਖ ॥ (148-14)
मारू मीहि न त्रिपतिआ अगी लहै न भुख ॥

ਰਾਜਾ ਰਾਜਿ ਨ ਤ੍ਰਿਪਤਿਆ ਸਾਇਰ ਭਰੇ ਕਿਸੁਕ ॥ (148-15)
राजा राजि न त्रिपतिआ साइर भरे किसुक ॥

ਨਾਨਕ ਸਚੇ ਨਾਮ ਕੀ ਕੇਤੀ ਪੁਛਾ ਪੁਛ ॥੧॥ (148-15)
नानक सचे नाम की केती पुछा पुछ ॥१॥

ਮਹਲਾ ੨ ॥ (148-16)
महला २ ॥

ਨਿਹਫਲੰ ਤਸਿ ਜਨਮਸਿ ਜਾਵਤੁ ਬ੍ਰਹਮ ਨ ਬਿੰਦਤੇ ॥ (148-16)
निहफलं तसि जनमसि जावतु ब्रहम न बिंदते ॥

ਸਾਗਰੰ ਸੰਸਾਰਸਿ ਗੁਰ ਪਰਸਾਦੀ ਤਰਹਿ ਕੇ ॥ (148-16)
सागरं संसारसि गुर परसादी तरहि के ॥

ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ ॥ (148-17)
करण कारण समरथु है कहु नानक बीचारि ॥

ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ ॥੨॥ (148-17)
कारणु करते वसि है जिनि कल रखी धारि ॥२॥

ਪਉੜੀ ॥ (148-18)
पउड़ी ॥

ਖਸਮੈ ਕੈ ਦਰਬਾਰਿ ਢਾਢੀ ਵਸਿਆ ॥ (148-18)
खसमै कै दरबारि ढाढी वसिआ ॥

ਸਚਾ ਖਸਮੁ ਕਲਾਣਿ ਕਮਲੁ ਵਿਗਸਿਆ ॥ (148-18)
सचा खसमु कलाणि कमलु विगसिआ ॥

ਖਸਮਹੁ ਪੂਰਾ ਪਾਇ ਮਨਹੁ ਰਹਸਿਆ ॥ (148-19)
खसमहु पूरा पाइ मनहु रहसिआ ॥

ਦੁਸਮਨ ਕਢੇ ਮਾਰਿ ਸਜਣ ਸਰਸਿਆ ॥ (148-19)
दुसमन कढे मारि सजण सरसिआ ॥

ਸਚਾ ਸਤਿਗੁਰੁ ਸੇਵਨਿ ਸਚਾ ਮਾਰਗੁ ਦਸਿਆ ॥ (148-19)
सचा सतिगुरु सेवनि सचा मारगु दसिआ ॥

ਸਚਾ ਸਬਦੁ ਬੀਚਾਰਿ ਕਾਲੁ ਵਿਧਉਸਿਆ ॥ (149-1)
सचा सबदु बीचारि कालु विधउसिआ ॥

ਢਾਢੀ ਕਥੇ ਅਕਥੁ ਸਬਦਿ ਸਵਾਰਿਆ ॥ (149-1)
ढाढी कथे अकथु सबदि सवारिआ ॥

ਨਾਨਕ ਗੁਣ ਗਹਿ ਰਾਸਿ ਹਰਿ ਜੀਉ ਮਿਲੇ ਪਿਆਰਿਆ ॥੨੩॥ (149-1)
नानक गुण गहि रासि हरि जीउ मिले पिआरिआ ॥२३॥

ਸਲੋਕੁ ਮਃ ੧ ॥ (149-2)
सलोकु मः १ ॥

ਖਤਿਅਹੁ ਜੰਮੇ ਖਤੇ ਕਰਨਿ ਤ ਖਤਿਆ ਵਿਚਿ ਪਾਹਿ ॥ (149-2)
खतिअहु जंमे खते करनि त खतिआ विचि पाहि ॥

ਧੋਤੇ ਮੂਲਿ ਨ ਉਤਰਹਿ ਜੇ ਸਉ ਧੋਵਣ ਪਾਹਿ ॥ (149-3)
धोते मूलि न उतरहि जे सउ धोवण पाहि ॥

ਨਾਨਕ ਬਖਸੇ ਬਖਸੀਅਹਿ ਨਾਹਿ ਤ ਪਾਹੀ ਪਾਹਿ ॥੧॥ (149-3)
नानक बखसे बखसीअहि नाहि त पाही पाहि ॥१॥

ਮਃ ੧ ॥ (149-4)
मः १ ॥

ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ ॥ (149-4)
नानक बोलणु झखणा दुख छडि मंगीअहि सुख ॥

ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ॥ (149-4)
सुखु दुखु दुइ दरि कपड़े पहिरहि जाइ मनुख ॥

ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ ॥੨॥ (149-5)
जिथै बोलणि हारीऐ तिथै चंगी चुप ॥२॥

ਪਉੜੀ ॥ (149-5)
पउड़ी ॥

ਚਾਰੇ ਕੁੰਡਾ ਦੇਖਿ ਅੰਦਰੁ ਭਾਲਿਆ ॥ (149-5)
चारे कुंडा देखि अंदरु भालिआ ॥

ਸਚੈ ਪੁਰਖਿ ਅਲਖਿ ਸਿਰਜਿ ਨਿਹਾਲਿਆ ॥ (149-6)
सचै पुरखि अलखि सिरजि निहालिआ ॥

ਉਝੜਿ ਭੁਲੇ ਰਾਹ ਗੁਰਿ ਵੇਖਾਲਿਆ ॥ (149-6)
उझड़ि भुले राह गुरि वेखालिआ ॥

ਸਤਿਗੁਰ ਸਚੇ ਵਾਹੁ ਸਚੁ ਸਮਾਲਿਆ ॥ (149-6)
सतिगुर सचे वाहु सचु समालिआ ॥

ਪਾਇਆ ਰਤਨੁ ਘਰਾਹੁ ਦੀਵਾ ਬਾਲਿਆ ॥ (149-7)
पाइआ रतनु घराहु दीवा बालिआ ॥

ਸਚੈ ਸਬਦਿ ਸਲਾਹਿ ਸੁਖੀਏ ਸਚ ਵਾਲਿਆ ॥ (149-7)
सचै सबदि सलाहि सुखीए सच वालिआ ॥

ਨਿਡਰਿਆ ਡਰੁ ਲਗਿ ਗਰਬਿ ਸਿ ਗਾਲਿਆ ॥ (149-8)
निडरिआ डरु लगि गरबि सि गालिआ ॥

ਨਾਵਹੁ ਭੁਲਾ ਜਗੁ ਫਿਰੈ ਬੇਤਾਲਿਆ ॥੨੪॥ (149-8)
नावहु भुला जगु फिरै बेतालिआ ॥२४॥

ਸਲੋਕੁ ਮਃ ੩ ॥ (149-8)
सलोकु मः ३ ॥

ਭੈ ਵਿਚਿ ਜੰਮੈ ਭੈ ਮਰੈ ਭੀ ਭਉ ਮਨ ਮਹਿ ਹੋਇ ॥ (149-9)
भै विचि जंमै भै मरै भी भउ मन महि होइ ॥

ਨਾਨਕ ਭੈ ਵਿਚਿ ਜੇ ਮਰੈ ਸਹਿਲਾ ਆਇਆ ਸੋਇ ॥੧॥ (149-9)
नानक भै विचि जे मरै सहिला आइआ सोइ ॥१॥

ਮਃ ੩ ॥ (149-9)
मः ३ ॥

ਭੈ ਵਿਣੁ ਜੀਵੈ ਬਹੁਤੁ ਬਹੁਤੁ ਖੁਸੀਆ ਖੁਸੀ ਕਮਾਇ ॥ (149-10)
भै विणु जीवै बहुतु बहुतु खुसीआ खुसी कमाइ ॥

ਨਾਨਕ ਭੈ ਵਿਣੁ ਜੇ ਮਰੈ ਮੁਹਿ ਕਾਲੈ ਉਠਿ ਜਾਇ ॥੨॥ (149-10)
नानक भै विणु जे मरै मुहि कालै उठि जाइ ॥२॥

ਪਉੜੀ ॥ (149-11)
पउड़ी ॥

ਸਤਿਗੁਰੁ ਹੋਇ ਦਇਆਲੁ ਤ ਸਰਧਾ ਪੂਰੀਐ ॥ (149-11)
सतिगुरु होइ दइआलु त सरधा पूरीऐ ॥

ਸਤਿਗੁਰੁ ਹੋਇ ਦਇਆਲੁ ਨ ਕਬਹੂੰ ਝੂਰੀਐ ॥ (149-11)
सतिगुरु होइ दइआलु न कबहूं झूरीऐ ॥

ਸਤਿਗੁਰੁ ਹੋਇ ਦਇਆਲੁ ਤਾ ਦੁਖੁ ਨ ਜਾਣੀਐ ॥ (149-11)
सतिगुरु होइ दइआलु ता दुखु न जाणीऐ ॥

ਸਤਿਗੁਰੁ ਹੋਇ ਦਇਆਲੁ ਤਾ ਹਰਿ ਰੰਗੁ ਮਾਣੀਐ ॥ (149-12)
सतिगुरु होइ दइआलु ता हरि रंगु माणीऐ ॥

ਸਤਿਗੁਰੁ ਹੋਇ ਦਇਆਲੁ ਤਾ ਜਮ ਕਾ ਡਰੁ ਕੇਹਾ ॥ (149-12)
सतिगुरु होइ दइआलु ता जम का डरु केहा ॥

ਸਤਿਗੁਰੁ ਹੋਇ ਦਇਆਲੁ ਤਾ ਸਦ ਹੀ ਸੁਖੁ ਦੇਹਾ ॥ (149-13)
सतिगुरु होइ दइआलु ता सद ही सुखु देहा ॥

ਸਤਿਗੁਰੁ ਹੋਇ ਦਇਆਲੁ ਤਾ ਨਵ ਨਿਧਿ ਪਾਈਐ ॥ (149-13)
सतिगुरु होइ दइआलु ता नव निधि पाईऐ ॥

ਸਤਿਗੁਰੁ ਹੋਇ ਦਇਆਲੁ ਤ ਸਚਿ ਸਮਾਈਐ ॥੨੫॥ (149-14)
सतिगुरु होइ दइआलु त सचि समाईऐ ॥२५॥

ਸਲੋਕੁ ਮਃ ੧ ॥ (149-14)
सलोकु मः १ ॥

ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ ॥ (149-15)
सिरु खोहाइ पीअहि मलवाणी जूठा मंगि मंगि खाही ॥

ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ ॥ (149-15)
फोलि फदीहति मुहि लैनि भड़ासा पाणी देखि सगाही ॥

ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ ॥ (149-16)
भेडा वागी सिरु खोहाइनि भरीअनि हथ सुआही ॥

ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ ॥ (149-16)
माऊ पीऊ किरतु गवाइनि टबर रोवनि धाही ॥

ਓਨਾ ਪਿੰਡੁ ਨ ਪਤਲਿ ਕਿਰਿਆ ਨ ਦੀਵਾ ਮੁਏ ਕਿਥਾਊ ਪਾਹੀ ॥ (149-17)
ओना पिंडु न पतलि किरिआ न दीवा मुए किथाऊ पाही ॥

ਅਠਸਠਿ ਤੀਰਥ ਦੇਨਿ ਨ ਢੋਈ ਬ੍ਰਹਮਣ ਅੰਨੁ ਨ ਖਾਹੀ ॥ (149-17)
अठसठि तीरथ देनि न ढोई ब्रहमण अंनु न खाही ॥

ਸਦਾ ਕੁਚੀਲ ਰਹਹਿ ਦਿਨੁ ਰਾਤੀ ਮਥੈ ਟਿਕੇ ਨਾਹੀ ॥ (149-18)
सदा कुचील रहहि दिनु राती मथै टिके नाही ॥

ਝੁੰਡੀ ਪਾਇ ਬਹਨਿ ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ ॥ (149-18)
झुंडी पाइ बहनि निति मरणै दड़ि दीबाणि न जाही ॥

ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ ॥ (149-19)
लकी कासे हथी फुंमण अगो पिछी जाही ॥

ਨਾ ਓਇ ਜੋਗੀ ਨਾ ਓਇ ਜੰਗਮ ਨਾ ਓਇ ਕਾਜੀ ਮੁੰਲਾ ॥ (149-19)
ना ओइ जोगी ना ओइ जंगम ना ओइ काजी मुंला ॥

ਦਯਿ ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ ਗਲਾ ॥ (150-1)
दयि विगोए फिरहि विगुते फिटा वतै गला ॥

ਜੀਆ ਮਾਰਿ ਜੀਵਾਲੇ ਸੋਈ ਅਵਰੁ ਨ ਕੋਈ ਰਖੈ ॥ (150-1)
जीआ मारि जीवाले सोई अवरु न कोई रखै ॥

ਦਾਨਹੁ ਤੈ ਇਸਨਾਨਹੁ ਵੰਜੇ ਭਸੁ ਪਈ ਸਿਰਿ ਖੁਥੈ ॥ (150-2)
दानहु तै इसनानहु वंजे भसु पई सिरि खुथै ॥

ਪਾਣੀ ਵਿਚਹੁ ਰਤਨ ਉਪੰਨੇ ਮੇਰੁ ਕੀਆ ਮਾਧਾਣੀ ॥ (150-2)
पाणी विचहु रतन उपंने मेरु कीआ माधाणी ॥

ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੈ ਬਾਣੀ ॥ (150-3)
अठसठि तीरथ देवी थापे पुरबी लगै बाणी ॥

ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ ॥ (150-3)
नाइ निवाजा नातै पूजा नावनि सदा सुजाणी ॥

ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ ॥ (150-4)
मुइआ जीवदिआ गति होवै जां सिरि पाईऐ पाणी ॥

ਨਾਨਕ ਸਿਰਖੁਥੇ ਸੈਤਾਨੀ ਏਨਾ ਗਲ ਨ ਭਾਣੀ ॥ (150-4)
नानक सिरखुथे सैतानी एना गल न भाणी ॥

ਵੁਠੈ ਹੋਇਐ ਹੋਇ ਬਿਲਾਵਲੁ ਜੀਆ ਜੁਗਤਿ ਸਮਾਣੀ ॥ (150-5)
वुठै होइऐ होइ बिलावलु जीआ जुगति समाणी ॥

ਵੁਠੈ ਅੰਨੁ ਕਮਾਦੁ ਕਪਾਹਾ ਸਭਸੈ ਪੜਦਾ ਹੋਵੈ ॥ (150-5)
वुठै अंनु कमादु कपाहा सभसै पड़दा होवै ॥

ਵੁਠੈ ਘਾਹੁ ਚਰਹਿ ਨਿਤਿ ਸੁਰਹੀ ਸਾ ਧਨ ਦਹੀ ਵਿਲੋਵੈ ॥ (150-5)
वुठै घाहु चरहि निति सुरही सा धन दही विलोवै ॥

ਤਿਤੁ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ ॥ (150-6)
तितु घिइ होम जग सद पूजा पइऐ कारजु सोहै ॥

ਗੁਰੂ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ ॥ (150-6)
गुरू समुंदु नदी सभि सिखी नातै जितु वडिआई ॥

ਨਾਨਕ ਜੇ ਸਿਰਖੁਥੇ ਨਾਵਨਿ ਨਾਹੀ ਤਾ ਸਤ ਚਟੇ ਸਿਰਿ ਛਾਈ ॥੧॥ (150-7)
नानक जे सिरखुथे नावनि नाही ता सत चटे सिरि छाई ॥१॥

ਮਃ ੨ ॥ (150-8)
मः २ ॥

ਅਗੀ ਪਾਲਾ ਕਿ ਕਰੇ ਸੂਰਜ ਕੇਹੀ ਰਾਤਿ ॥ (150-8)
अगी पाला कि करे सूरज केही राति ॥

ਚੰਦ ਅਨੇਰਾ ਕਿ ਕਰੇ ਪਉਣ ਪਾਣੀ ਕਿਆ ਜਾਤਿ ॥ (150-8)
चंद अनेरा कि करे पउण पाणी किआ जाति ॥

ਧਰਤੀ ਚੀਜੀ ਕਿ ਕਰੇ ਜਿਸੁ ਵਿਚਿ ਸਭੁ ਕਿਛੁ ਹੋਇ ॥ (150-9)
धरती चीजी कि करे जिसु विचि सभु किछु होइ ॥

ਨਾਨਕ ਤਾ ਪਤਿ ਜਾਣੀਐ ਜਾ ਪਤਿ ਰਖੈ ਸੋਇ ॥੨॥ (150-9)
नानक ता पति जाणीऐ जा पति रखै सोइ ॥२॥

ਪਉੜੀ ॥ (150-9)
पउड़ी ॥

ਤੁਧੁ ਸਚੇ ਸੁਬਹਾਨੁ ਸਦਾ ਕਲਾਣਿਆ ॥ (150-10)
तुधु सचे सुबहानु सदा कलाणिआ ॥

ਤੂੰ ਸਚਾ ਦੀਬਾਣੁ ਹੋਰਿ ਆਵਣ ਜਾਣਿਆ ॥ (150-10)
तूं सचा दीबाणु होरि आवण जाणिआ ॥

ਸਚੁ ਜਿ ਮੰਗਹਿ ਦਾਨੁ ਸਿ ਤੁਧੈ ਜੇਹਿਆ ॥ (150-10)
सचु जि मंगहि दानु सि तुधै जेहिआ ॥

ਸਚੁ ਤੇਰਾ ਫੁਰਮਾਨੁ ਸਬਦੇ ਸੋਹਿਆ ॥ (150-11)
सचु तेरा फुरमानु सबदे सोहिआ ॥

ਮੰਨਿਐ ਗਿਆਨੁ ਧਿਆਨੁ ਤੁਧੈ ਤੇ ਪਾਇਆ ॥ (150-11)
मंनिऐ गिआनु धिआनु तुधै ते पाइआ ॥

ਕਰਮਿ ਪਵੈ ਨੀਸਾਨੁ ਨ ਚਲੈ ਚਲਾਇਆ ॥ (150-11)
करमि पवै नीसानु न चलै चलाइआ ॥

ਤੂੰ ਸਚਾ ਦਾਤਾਰੁ ਨਿਤ ਦੇਵਹਿ ਚੜਹਿ ਸਵਾਇਆ ॥ (150-12)
तूं सचा दातारु नित देवहि चड़हि सवाइआ ॥

ਨਾਨਕੁ ਮੰਗੈ ਦਾਨੁ ਜੋ ਤੁਧੁ ਭਾਇਆ ॥੨੬॥ (150-12)
नानकु मंगै दानु जो तुधु भाइआ ॥२६॥

ਸਲੋਕੁ ਮਃ ੨ ॥ (150-13)
सलोकु मः २ ॥

ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ ॥ (150-13)
दीखिआ आखि बुझाइआ सिफती सचि समेउ ॥

ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ ॥੧॥ (150-13)
तिन कउ किआ उपदेसीऐ जिन गुरु नानक देउ ॥१॥

ਮਃ ੧ ॥ (150-14)
मः १ ॥

ਆਪਿ ਬੁਝਾਏ ਸੋਈ ਬੂਝੈ ॥ (150-14)
आपि बुझाए सोई बूझै ॥

ਜਿਸੁ ਆਪਿ ਸੁਝਾਏ ਤਿਸੁ ਸਭੁ ਕਿਛੁ ਸੂਝੈ ॥ (150-14)
जिसु आपि सुझाए तिसु सभु किछु सूझै ॥

ਕਹਿ ਕਹਿ ਕਥਨਾ ਮਾਇਆ ਲੂਝੈ ॥ (150-15)
कहि कहि कथना माइआ लूझै ॥

ਹੁਕਮੀ ਸਗਲ ਕਰੇ ਆਕਾਰ ॥ (150-15)
हुकमी सगल करे आकार ॥

ਆਪੇ ਜਾਣੈ ਸਰਬ ਵੀਚਾਰ ॥ (150-15)
आपे जाणै सरब वीचार ॥

ਅਖਰ ਨਾਨਕ ਅਖਿਓ ਆਪਿ ॥ (150-16)
अखर नानक अखिओ आपि ॥

ਲਹੈ ਭਰਾਤਿ ਹੋਵੈ ਜਿਸੁ ਦਾਤਿ ॥੨॥ (150-16)
लहै भराति होवै जिसु दाति ॥२॥

ਪਉੜੀ ॥ (150-16)
पउड़ी ॥

ਹਉ ਢਾਢੀ ਵੇਕਾਰੁ ਕਾਰੈ ਲਾਇਆ ॥ (150-16)
हउ ढाढी वेकारु कारै लाइआ ॥

ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ ॥ (150-17)
राति दिहै कै वार धुरहु फुरमाइआ ॥

ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ (150-17)
ढाढी सचै महलि खसमि बुलाइआ ॥

ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥ (150-17)
सची सिफति सालाह कपड़ा पाइआ ॥

ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ (150-18)
सचा अमृत नामु भोजनु आइआ ॥

ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥ (150-18)
गुरमती खाधा रजि तिनि सुखु पाइआ ॥

ਢਾਢੀ ਕਰੇ ਪਸਾਉ ਸਬਦੁ ਵਜਾਇਆ ॥ (150-19)
ढाढी करे पसाउ सबदु वजाइआ ॥

ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥੨੭॥ ਸੁਧੁ (150-19)
नानक सचु सालाहि पूरा पाइआ ॥२७॥ सुधु

ਰਾਗੁ ਗਉੜੀ ਗੁਆਰੇਰੀ ਮਹਲਾ ੧ ਚਉਪਦੇ ਦੁਪਦੇ (151-1)
रागु गउड़ी गुआरेरी महला १ चउपदे दुपदे

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥
(151-2)
ੴ सति नामु करता पुरखु निरभउ निरवैरु अकाल मूरति अजूनी सैभं गुर प्रसादि ॥

ਭਉ ਮੁਚੁ ਭਾਰਾ ਵਡਾ ਤੋਲੁ ॥ (151-3)
भउ मुचु भारा वडा तोलु ॥

ਮਨ ਮਤਿ ਹਉਲੀ ਬੋਲੇ ਬੋਲੁ ॥ (151-3)
मन मति हउली बोले बोलु ॥

ਸਿਰਿ ਧਰਿ ਚਲੀਐ ਸਹੀਐ ਭਾਰੁ ॥ (151-3)
सिरि धरि चलीऐ सहीऐ भारु ॥

ਨਦਰੀ ਕਰਮੀ ਗੁਰ ਬੀਚਾਰੁ ॥੧॥ (151-3)
नदरी करमी गुर बीचारु ॥१॥

ਭੈ ਬਿਨੁ ਕੋਇ ਨ ਲੰਘਸਿ ਪਾਰਿ ॥ (151-4)
भै बिनु कोइ न लंघसि पारि ॥

ਭੈ ਭਉ ਰਾਖਿਆ ਭਾਇ ਸਵਾਰਿ ॥੧॥ ਰਹਾਉ ॥ (151-4)
भै भउ राखिआ भाइ सवारि ॥१॥ रहाउ ॥

ਭੈ ਤਨਿ ਅਗਨਿ ਭਖੈ ਭੈ ਨਾਲਿ ॥ (151-4)
भै तनि अगनि भखै भै नालि ॥

ਭੈ ਭਉ ਘੜੀਐ ਸਬਦਿ ਸਵਾਰਿ ॥ (151-5)
भै भउ घड़ीऐ सबदि सवारि ॥

ਭੈ ਬਿਨੁ ਘਾੜਤ ਕਚੁ ਨਿਕਚ ॥ (151-5)
भै बिनु घाड़त कचु निकच ॥

ਅੰਧਾ ਸਚਾ ਅੰਧੀ ਸਟ ॥੨॥ (151-5)
अंधा सचा अंधी सट ॥२॥

ਬੁਧੀ ਬਾਜੀ ਉਪਜੈ ਚਾਉ ॥ (151-6)
बुधी बाजी उपजै चाउ ॥

ਸਹਸ ਸਿਆਣਪ ਪਵੈ ਨ ਤਾਉ ॥ (151-6)
सहस सिआणप पवै न ताउ ॥

ਨਾਨਕ ਮਨਮੁਖਿ ਬੋਲਣੁ ਵਾਉ ॥ (151-6)
नानक मनमुखि बोलणु वाउ ॥

ਅੰਧਾ ਅਖਰੁ ਵਾਉ ਦੁਆਉ ॥੩॥੧॥ (151-7)
अंधा अखरु वाउ दुआउ ॥३॥१॥

ਗਉੜੀ ਮਹਲਾ ੧ ॥ (151-7)
गउड़ी महला १ ॥

ਡਰਿ ਘਰੁ ਘਰਿ ਡਰੁ ਡਰਿ ਡਰੁ ਜਾਇ ॥ (151-7)
डरि घरु घरि डरु डरि डरु जाइ ॥

ਸੋ ਡਰੁ ਕੇਹਾ ਜਿਤੁ ਡਰਿ ਡਰੁ ਪਾਇ ॥ (151-7)
सो डरु केहा जितु डरि डरु पाइ ॥

ਤੁਧੁ ਬਿਨੁ ਦੂਜੀ ਨਾਹੀ ਜਾਇ ॥ (151-8)
तुधु बिनु दूजी नाही जाइ ॥

ਜੋ ਕਿਛੁ ਵਰਤੈ ਸਭ ਤੇਰੀ ਰਜਾਇ ॥੧॥ (151-8)
जो किछु वरतै सभ तेरी रजाइ ॥१॥

ਡਰੀਐ ਜੇ ਡਰੁ ਹੋਵੈ ਹੋਰੁ ॥ (151-9)
डरीऐ जे डरु होवै होरु ॥

ਡਰਿ ਡਰਿ ਡਰਣਾ ਮਨ ਕਾ ਸੋਰੁ ॥੧॥ ਰਹਾਉ ॥ (151-9)
डरि डरि डरणा मन का सोरु ॥१॥ रहाउ ॥

ਨਾ ਜੀਉ ਮਰੈ ਨ ਡੂਬੈ ਤਰੈ ॥ (151-9)
ना जीउ मरै न डूबै तरै ॥

ਜਿਨਿ ਕਿਛੁ ਕੀਆ ਸੋ ਕਿਛੁ ਕਰੈ ॥ (151-10)
जिनि किछु कीआ सो किछु करै ॥

ਹੁਕਮੇ ਆਵੈ ਹੁਕਮੇ ਜਾਇ ॥ (151-10)
हुकमे आवै हुकमे जाइ ॥

ਆਗੈ ਪਾਛੈ ਹੁਕਮਿ ਸਮਾਇ ॥੨॥ (151-10)
आगै पाछै हुकमि समाइ ॥२॥

ਹੰਸੁ ਹੇਤੁ ਆਸਾ ਅਸਮਾਨੁ ॥ (151-10)
हंसु हेतु आसा असमानु ॥

ਤਿਸੁ ਵਿਚਿ ਭੂਖ ਬਹੁਤੁ ਨੈ ਸਾਨੁ ॥ (151-11)
तिसु विचि भूख बहुतु नै सानु ॥

ਭਉ ਖਾਣਾ ਪੀਣਾ ਆਧਾਰੁ ॥ (151-11)
भउ खाणा पीणा आधारु ॥

ਵਿਣੁ ਖਾਧੇ ਮਰਿ ਹੋਹਿ ਗਵਾਰ ॥੩॥ (151-11)
विणु खाधे मरि होहि गवार ॥३॥

ਜਿਸ ਕਾ ਕੋਇ ਕੋਈ ਕੋਇ ਕੋਇ ॥ (151-12)
जिस का कोइ कोई कोइ कोइ ॥

ਸਭੁ ਕੋ ਤੇਰਾ ਤੂੰ ਸਭਨਾ ਕਾ ਸੋਇ ॥ (151-12)
सभु को तेरा तूं सभना का सोइ ॥

ਜਾ ਕੇ ਜੀਅ ਜੰਤ ਧਨੁ ਮਾਲੁ ॥ (151-12)
जा के जीअ जंत धनु मालु ॥

ਨਾਨਕ ਆਖਣੁ ਬਿਖਮੁ ਬੀਚਾਰੁ ॥੪॥੨॥ (151-13)
नानक आखणु बिखमु बीचारु ॥४॥२॥

ਗਉੜੀ ਮਹਲਾ ੧ ॥ (151-13)
गउड़ी महला १ ॥

ਮਾਤਾ ਮਤਿ ਪਿਤਾ ਸੰਤੋਖੁ ॥ (151-13)
माता मति पिता संतोखु ॥

ਸਤੁ ਭਾਈ ਕਰਿ ਏਹੁ ਵਿਸੇਖੁ ॥੧॥ (151-14)
सतु भाई करि एहु विसेखु ॥१॥

ਕਹਣਾ ਹੈ ਕਿਛੁ ਕਹਣੁ ਨ ਜਾਇ ॥ (151-14)
कहणा है किछु कहणु न जाइ ॥

ਤਉ ਕੁਦਰਤਿ ਕੀਮਤਿ ਨਹੀ ਪਾਇ ॥੧॥ ਰਹਾਉ ॥ (151-14)
तउ कुदरति कीमति नही पाइ ॥१॥ रहाउ ॥

ਸਰਮ ਸੁਰਤਿ ਦੁਇ ਸਸੁਰ ਭਏ ॥ (152-1)
सरम सुरति दुइ ससुर भए ॥

ਕਰਣੀ ਕਾਮਣਿ ਕਰਿ ਮਨ ਲਏ ॥੨॥ (152-1)
करणी कामणि करि मन लए ॥२॥

ਸਾਹਾ ਸੰਜੋਗੁ ਵੀਆਹੁ ਵਿਜੋਗੁ ॥ (152-1)
साहा संजोगु वीआहु विजोगु ॥

ਸਚੁ ਸੰਤਤਿ ਕਹੁ ਨਾਨਕ ਜੋਗੁ ॥੩॥੩॥ (152-2)
सचु संतति कहु नानक जोगु ॥३॥३॥

ਗਉੜੀ ਮਹਲਾ ੧ ॥ (152-2)
गउड़ी महला १ ॥

ਪਉਣੈ ਪਾਣੀ ਅਗਨੀ ਕਾ ਮੇਲੁ ॥ (152-2)
पउणै पाणी अगनी का मेलु ॥

ਚੰਚਲ ਚਪਲ ਬੁਧਿ ਕਾ ਖੇਲੁ ॥ (152-3)
चंचल चपल बुधि का खेलु ॥

ਨਉ ਦਰਵਾਜੇ ਦਸਵਾ ਦੁਆਰੁ ॥ (152-3)
नउ दरवाजे दसवा दुआरु ॥

ਬੂਝੁ ਰੇ ਗਿਆਨੀ ਏਹੁ ਬੀਚਾਰੁ ॥੧॥ (152-3)
बूझु रे गिआनी एहु बीचारु ॥१॥

ਕਥਤਾ ਬਕਤਾ ਸੁਨਤਾ ਸੋਈ ॥ (152-4)
कथता बकता सुनता सोई ॥

ਆਪੁ ਬੀਚਾਰੇ ਸੁ ਗਿਆਨੀ ਹੋਈ ॥੧॥ ਰਹਾਉ ॥ (152-4)
आपु बीचारे सु गिआनी होई ॥१॥ रहाउ ॥

ਦੇਹੀ ਮਾਟੀ ਬੋਲੈ ਪਉਣੁ ॥ (152-4)
देही माटी बोलै पउणु ॥

ਬੁਝੁ ਰੇ ਗਿਆਨੀ ਮੂਆ ਹੈ ਕਉਣੁ ॥ (152-5)
बुझु रे गिआनी मूआ है कउणु ॥

ਮੂਈ ਸੁਰਤਿ ਬਾਦੁ ਅਹੰਕਾਰੁ ॥ (152-5)
मूई सुरति बादु अहंकारु ॥

ਓਹੁ ਨ ਮੂਆ ਜੋ ਦੇਖਣਹਾਰੁ ॥੨॥ (152-5)
ओहु न मूआ जो देखणहारु ॥२॥

ਜੈ ਕਾਰਣਿ ਤਟਿ ਤੀਰਥ ਜਾਹੀ ॥ (152-5)
जै कारणि तटि तीरथ जाही ॥

ਰਤਨ ਪਦਾਰਥ ਘਟ ਹੀ ਮਾਹੀ ॥ (152-6)
रतन पदारथ घट ही माही ॥

ਪੜਿ ਪੜਿ ਪੰਡਿਤੁ ਬਾਦੁ ਵਖਾਣੈ ॥ (152-6)
पड़ि पड़ि पंडितु बादु वखाणै ॥

ਭੀਤਰਿ ਹੋਦੀ ਵਸਤੁ ਨ ਜਾਣੈ ॥੩॥ (152-6)
भीतरि होदी वसतु न जाणै ॥३॥

ਹਉ ਨ ਮੂਆ ਮੇਰੀ ਮੁਈ ਬਲਾਇ ॥ (152-7)
हउ न मूआ मेरी मुई बलाइ ॥

ਓਹੁ ਨ ਮੂਆ ਜੋ ਰਹਿਆ ਸਮਾਇ ॥ (152-7)
ओहु न मूआ जो रहिआ समाइ ॥

ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ ॥ (152-7)
कहु नानक गुरि ब्रहमु दिखाइआ ॥

ਮਰਤਾ ਜਾਤਾ ਨਦਰਿ ਨ ਆਇਆ ॥੪॥੪॥ (152-8)
मरता जाता नदरि न आइआ ॥४॥४॥

ਗਉੜੀ ਮਹਲਾ ੧ ਦਖਣੀ ॥ (152-8)
गउड़ी महला १ दखणी ॥

ਸੁਣਿ ਸੁਣਿ ਬੂਝੈ ਮਾਨੈ ਨਾਉ ॥ (152-9)
सुणि सुणि बूझै मानै नाउ ॥

ਤਾ ਕੈ ਸਦ ਬਲਿਹਾਰੈ ਜਾਉ ॥ (152-9)
ता कै सद बलिहारै जाउ ॥

ਆਪਿ ਭੁਲਾਏ ਠਉਰ ਨ ਠਾਉ ॥ (152-9)
आपि भुलाए ठउर न ठाउ ॥

ਤੂੰ ਸਮਝਾਵਹਿ ਮੇਲਿ ਮਿਲਾਉ ॥੧॥ (152-9)
तूं समझावहि मेलि मिलाउ ॥१॥

ਨਾਮੁ ਮਿਲੈ ਚਲੈ ਮੈ ਨਾਲਿ ॥ (152-10)
नामु मिलै चलै मै नालि ॥

ਬਿਨੁ ਨਾਵੈ ਬਾਧੀ ਸਭ ਕਾਲਿ ॥੧॥ ਰਹਾਉ ॥ (152-10)
बिनु नावै बाधी सभ कालि ॥१॥ रहाउ ॥

ਖੇਤੀ ਵਣਜੁ ਨਾਵੈ ਕੀ ਓਟ ॥ (152-11)
खेती वणजु नावै की ओट ॥

ਪਾਪੁ ਪੁੰਨੁ ਬੀਜ ਕੀ ਪੋਟ ॥ (152-11)
पापु पुंनु बीज की पोट ॥

ਕਾਮੁ ਕ੍ਰੋਧੁ ਜੀਅ ਮਹਿ ਚੋਟ ॥ (152-11)
कामु क्रोधु जीअ महि चोट ॥

ਨਾਮੁ ਵਿਸਾਰਿ ਚਲੇ ਮਨਿ ਖੋਟ ॥੨॥ (152-11)
नामु विसारि चले मनि खोट ॥२॥

ਸਾਚੇ ਗੁਰ ਕੀ ਸਾਚੀ ਸੀਖ ॥ (152-12)
साचे गुर की साची सीख ॥

ਤਨੁ ਮਨੁ ਸੀਤਲੁ ਸਾਚੁ ਪਰੀਖ ॥ (152-12)
तनु मनु सीतलु साचु परीख ॥

ਜਲ ਪੁਰਾਇਨਿ ਰਸ ਕਮਲ ਪਰੀਖ ॥ (152-12)
जल पुराइनि रस कमल परीख ॥

ਸਬਦਿ ਰਤੇ ਮੀਠੇ ਰਸ ਈਖ ॥੩॥ (152-13)
सबदि रते मीठे रस ईख ॥३॥

ਹੁਕਮਿ ਸੰਜੋਗੀ ਗੜਿ ਦਸ ਦੁਆਰ ॥ (152-13)
हुकमि संजोगी गड़ि दस दुआर ॥

ਪੰਚ ਵਸਹਿ ਮਿਲਿ ਜੋਤਿ ਅਪਾਰ ॥ (152-13)
पंच वसहि मिलि जोति अपार ॥

ਆਪਿ ਤੁਲੈ ਆਪੇ ਵਣਜਾਰ ॥ (152-14)
आपि तुलै आपे वणजार ॥

ਨਾਨਕ ਨਾਮਿ ਸਵਾਰਣਹਾਰ ॥੪॥੫॥ (152-14)
नानक नामि सवारणहार ॥४॥५॥

ਗਉੜੀ ਮਹਲਾ ੧ ॥ (152-15)
गउड़ी महला १ ॥

ਜਾਤੋ ਜਾਇ ਕਹਾ ਤੇ ਆਵੈ ॥ (152-15)
जातो जाइ कहा ते आवै ॥

ਕਹ ਉਪਜੈ ਕਹ ਜਾਇ ਸਮਾਵੈ ॥ (152-15)
कह उपजै कह जाइ समावै ॥

ਕਿਉ ਬਾਧਿਓ ਕਿਉ ਮੁਕਤੀ ਪਾਵੈ ॥ (152-15)
किउ बाधिओ किउ मुकती पावै ॥

ਕਿਉ ਅਬਿਨਾਸੀ ਸਹਜਿ ਸਮਾਵੈ ॥੧॥ (152-16)
किउ अबिनासी सहजि समावै ॥१॥

ਨਾਮੁ ਰਿਦੈ ਅੰਮ੍ਰਿਤੁ ਮੁਖਿ ਨਾਮੁ ॥ (152-16)
नामु रिदै अमृतु मुखि नामु ॥

ਨਰਹਰ ਨਾਮੁ ਨਰਹਰ ਨਿਹਕਾਮੁ ॥੧॥ ਰਹਾਉ ॥ (152-16)
नरहर नामु नरहर निहकामु ॥१॥ रहाउ ॥

ਸਹਜੇ ਆਵੈ ਸਹਜੇ ਜਾਇ ॥ (152-17)
सहजे आवै सहजे जाइ ॥

ਮਨ ਤੇ ਉਪਜੈ ਮਨ ਮਾਹਿ ਸਮਾਇ ॥ (152-17)
मन ते उपजै मन माहि समाइ ॥

ਗੁਰਮੁਖਿ ਮੁਕਤੋ ਬੰਧੁ ਨ ਪਾਇ ॥ (152-18)
गुरमुखि मुकतो बंधु न पाइ ॥

ਸਬਦੁ ਬੀਚਾਰਿ ਛੁਟੈ ਹਰਿ ਨਾਇ ॥੨॥ (152-18)
सबदु बीचारि छुटै हरि नाइ ॥२॥

ਤਰਵਰ ਪੰਖੀ ਬਹੁ ਨਿਸਿ ਬਾਸੁ ॥ (152-18)
तरवर पंखी बहु निसि बासु ॥

ਸੁਖ ਦੁਖੀਆ ਮਨਿ ਮੋਹ ਵਿਣਾਸੁ ॥ (152-19)
सुख दुखीआ मनि मोह विणासु ॥

ਸਾਝ ਬਿਹਾਗ ਤਕਹਿ ਆਗਾਸੁ ॥ (152-19)
साझ बिहाग तकहि आगासु ॥

ਦਹ ਦਿਸਿ ਧਾਵਹਿ ਕਰਮਿ ਲਿਖਿਆਸੁ ॥੩॥ (152-19)
दह दिसि धावहि करमि लिखिआसु ॥३॥

ਨਾਮ ਸੰਜੋਗੀ ਗੋਇਲਿ ਥਾਟੁ ॥ (153-1)
नाम संजोगी गोइलि थाटु ॥

ਕਾਮ ਕ੍ਰੋਧ ਫੂਟੈ ਬਿਖੁ ਮਾਟੁ ॥ (153-1)
काम क्रोध फूटै बिखु माटु ॥

ਬਿਨੁ ਵਖਰ ਸੂਨੋ ਘਰੁ ਹਾਟੁ ॥ (153-1)
बिनु वखर सूनो घरु हाटु ॥

ਗੁਰ ਮਿਲਿ ਖੋਲੇ ਬਜਰ ਕਪਾਟ ॥੪॥ (153-2)
गुर मिलि खोले बजर कपाट ॥४॥

ਸਾਧੁ ਮਿਲੈ ਪੂਰਬ ਸੰਜੋਗ ॥ (153-2)
साधु मिलै पूरब संजोग ॥

ਸਚਿ ਰਹਸੇ ਪੂਰੇ ਹਰਿ ਲੋਗ ॥ (153-2)
सचि रहसे पूरे हरि लोग ॥

ਮਨੁ ਤਨੁ ਦੇ ਲੈ ਸਹਜਿ ਸੁਭਾਇ ॥ (153-2)
मनु तनु दे लै सहजि सुभाइ ॥

ਨਾਨਕ ਤਿਨ ਕੈ ਲਾਗਉ ਪਾਇ ॥੫॥੬॥ (153-3)
नानक तिन कै लागउ पाइ ॥५॥६॥

ਗਉੜੀ ਮਹਲਾ ੧ ॥ (153-3)
गउड़ी महला १ ॥

ਕਾਮੁ ਕ੍ਰੋਧੁ ਮਾਇਆ ਮਹਿ ਚੀਤੁ ॥ (153-3)
कामु क्रोधु माइआ महि चीतु ॥

ਝੂਠ ਵਿਕਾਰਿ ਜਾਗੈ ਹਿਤ ਚੀਤੁ ॥ (153-4)
झूठ विकारि जागै हित चीतु ॥

ਪੂੰਜੀ ਪਾਪ ਲੋਭ ਕੀ ਕੀਤੁ ॥ (153-4)
पूंजी पाप लोभ की कीतु ॥

ਤਰੁ ਤਾਰੀ ਮਨਿ ਨਾਮੁ ਸੁਚੀਤੁ ॥੧॥ (153-4)
तरु तारी मनि नामु सुचीतु ॥१॥

ਵਾਹੁ ਵਾਹੁ ਸਾਚੇ ਮੈ ਤੇਰੀ ਟੇਕ ॥ (153-4)
वाहु वाहु साचे मै तेरी टेक ॥

ਹਉ ਪਾਪੀ ਤੂੰ ਨਿਰਮਲੁ ਏਕ ॥੧॥ ਰਹਾਉ ॥ (153-5)
हउ पापी तूं निरमलु एक ॥१॥ रहाउ ॥

ਅਗਨਿ ਪਾਣੀ ਬੋਲੈ ਭੜਵਾਉ ॥ (153-5)
अगनि पाणी बोलै भड़वाउ ॥

ਜਿਹਵਾ ਇੰਦ੍ਰੀ ਏਕੁ ਸੁਆਉ ॥ (153-5)
जिहवा इंद्री एकु सुआउ ॥

ਦਿਸਟਿ ਵਿਕਾਰੀ ਨਾਹੀ ਭਉ ਭਾਉ ॥ (153-6)
दिसटि विकारी नाही भउ भाउ ॥

ਆਪੁ ਮਾਰੇ ਤਾ ਪਾਏ ਨਾਉ ॥੨॥ (153-6)
आपु मारे ता पाए नाउ ॥२॥

ਸਬਦਿ ਮਰੈ ਫਿਰਿ ਮਰਣੁ ਨ ਹੋਇ ॥ (153-6)
सबदि मरै फिरि मरणु न होइ ॥

ਬਿਨੁ ਮੂਏ ਕਿਉ ਪੂਰਾ ਹੋਇ ॥ (153-7)
बिनु मूए किउ पूरा होइ ॥

ਪਰਪੰਚਿ ਵਿਆਪਿ ਰਹਿਆ ਮਨੁ ਦੋਇ ॥ (153-7)
परपंचि विआपि रहिआ मनु दोइ ॥

ਥਿਰੁ ਨਾਰਾਇਣੁ ਕਰੇ ਸੁ ਹੋਇ ॥੩॥ (153-7)
थिरु नाराइणु करे सु होइ ॥३॥

ਬੋਹਿਥਿ ਚੜਉ ਜਾ ਆਵੈ ਵਾਰੁ ॥ (153-8)
बोहिथि चड़उ जा आवै वारु ॥

ਠਾਕੇ ਬੋਹਿਥ ਦਰਗਹ ਮਾਰ ॥ (153-8)
ठाके बोहिथ दरगह मार ॥

ਸਚੁ ਸਾਲਾਹੀ ਧੰਨੁ ਗੁਰਦੁਆਰੁ ॥ (153-8)
सचु सालाही धंनु गुरदुआरु ॥

ਨਾਨਕ ਦਰਿ ਘਰਿ ਏਕੰਕਾਰੁ ॥੪॥੭॥ (153-9)
नानक दरि घरि एकंकारु ॥४॥७॥

ਗਉੜੀ ਮਹਲਾ ੧ ॥ (153-9)
गउड़ी महला १ ॥

ਉਲਟਿਓ ਕਮਲੁ ਬ੍ਰਹਮੁ ਬੀਚਾਰਿ ॥ (153-9)
उलटिओ कमलु ब्रहमु बीचारि ॥

ਅੰਮ੍ਰਿਤ ਧਾਰ ਗਗਨਿ ਦਸ ਦੁਆਰਿ ॥ (153-9)
अमृत धार गगनि दस दुआरि ॥

ਤ੍ਰਿਭਵਣੁ ਬੇਧਿਆ ਆਪਿ ਮੁਰਾਰਿ ॥੧॥ (153-10)
त्रिभवणु बेधिआ आपि मुरारि ॥१॥

ਰੇ ਮਨ ਮੇਰੇ ਭਰਮੁ ਨ ਕੀਜੈ ॥ (153-10)
रे मन मेरे भरमु न कीजै ॥

ਮਨਿ ਮਾਨਿਐ ਅੰਮ੍ਰਿਤ ਰਸੁ ਪੀਜੈ ॥੧॥ ਰਹਾਉ ॥ (153-10)
मनि मानिऐ अमृत रसु पीजै ॥१॥ रहाउ ॥

ਜਨਮੁ ਜੀਤਿ ਮਰਣਿ ਮਨੁ ਮਾਨਿਆ ॥ (153-11)
जनमु जीति मरणि मनु मानिआ ॥

ਆਪਿ ਮੂਆ ਮਨੁ ਮਨ ਤੇ ਜਾਨਿਆ ॥ (153-11)
आपि मूआ मनु मन ते जानिआ ॥

ਨਜਰਿ ਭਈ ਘਰੁ ਘਰ ਤੇ ਜਾਨਿਆ ॥੨॥ (153-12)
नजरि भई घरु घर ते जानिआ ॥२॥

ਜਤੁ ਸਤੁ ਤੀਰਥੁ ਮਜਨੁ ਨਾਮਿ ॥ (153-12)
जतु सतु तीरथु मजनु नामि ॥

ਅਧਿਕ ਬਿਥਾਰੁ ਕਰਉ ਕਿਸੁ ਕਾਮਿ ॥ (153-12)
अधिक बिथारु करउ किसु कामि ॥

ਨਰ ਨਾਰਾਇਣ ਅੰਤਰਜਾਮਿ ॥੩॥ (153-13)
नर नाराइण अंतरजामि ॥३॥

ਆਨ ਮਨਉ ਤਉ ਪਰ ਘਰ ਜਾਉ ॥ (153-13)
आन मनउ तउ पर घर जाउ ॥

ਕਿਸੁ ਜਾਚਉ ਨਾਹੀ ਕੋ ਥਾਉ ॥ (153-13)
किसु जाचउ नाही को थाउ ॥

ਨਾਨਕ ਗੁਰਮਤਿ ਸਹਜਿ ਸਮਾਉ ॥੪॥੮॥ (153-14)
नानक गुरमति सहजि समाउ ॥४॥८॥

ਗਉੜੀ ਮਹਲਾ ੧ ॥ (153-14)
गउड़ी महला १ ॥

ਸਤਿਗੁਰੁ ਮਿਲੈ ਸੁ ਮਰਣੁ ਦਿਖਾਏ ॥ (153-14)
सतिगुरु मिलै सु मरणु दिखाए ॥

ਮਰਣ ਰਹਣ ਰਸੁ ਅੰਤਰਿ ਭਾਏ ॥ (153-15)
मरण रहण रसु अंतरि भाए ॥

ਗਰਬੁ ਨਿਵਾਰਿ ਗਗਨ ਪੁਰੁ ਪਾਏ ॥੧॥ (153-15)
गरबु निवारि गगन पुरु पाए ॥१॥

ਮਰਣੁ ਲਿਖਾਇ ਆਏ ਨਹੀ ਰਹਣਾ ॥ (153-15)
मरणु लिखाइ आए नही रहणा ॥

ਹਰਿ ਜਪਿ ਜਾਪਿ ਰਹਣੁ ਹਰਿ ਸਰਣਾ ॥੧॥ ਰਹਾਉ ॥ (153-16)
हरि जपि जापि रहणु हरि सरणा ॥१॥ रहाउ ॥

ਸਤਿਗੁਰੁ ਮਿਲੈ ਤ ਦੁਬਿਧਾ ਭਾਗੈ ॥ (153-16)
सतिगुरु मिलै त दुबिधा भागै ॥

ਕਮਲੁ ਬਿਗਾਸਿ ਮਨੁ ਹਰਿ ਪ੍ਰਭ ਲਾਗੈ ॥ (153-16)
कमलु बिगासि मनु हरि प्रभ लागै ॥

ਜੀਵਤੁ ਮਰੈ ਮਹਾ ਰਸੁ ਆਗੈ ॥੨॥ (153-17)
जीवतु मरै महा रसु आगै ॥२॥

ਸਤਿਗੁਰਿ ਮਿਲਿਐ ਸਚ ਸੰਜਮਿ ਸੂਚਾ ॥ (153-17)
सतिगुरि मिलिऐ सच संजमि सूचा ॥

ਗੁਰ ਕੀ ਪਉੜੀ ਊਚੋ ਊਚਾ ॥ (153-18)
गुर की पउड़ी ऊचो ऊचा ॥

ਕਰਮਿ ਮਿਲੈ ਜਮ ਕਾ ਭਉ ਮੂਚਾ ॥੩॥ (153-18)
करमि मिलै जम का भउ मूचा ॥३॥

ਗੁਰਿ ਮਿਲਿਐ ਮਿਲਿ ਅੰਕਿ ਸਮਾਇਆ ॥ (153-18)
गुरि मिलिऐ मिलि अंकि समाइआ ॥

ਕਰਿ ਕਿਰਪਾ ਘਰੁ ਮਹਲੁ ਦਿਖਾਇਆ ॥ (153-19)
करि किरपा घरु महलु दिखाइआ ॥

ਨਾਨਕ ਹਉਮੈ ਮਾਰਿ ਮਿਲਾਇਆ ॥੪॥੯॥ (153-19)
नानक हउमै मारि मिलाइआ ॥४॥९॥

ਗਉੜੀ ਮਹਲਾ ੧ ॥ (154-1)
गउड़ी महला १ ॥

ਕਿਰਤੁ ਪਇਆ ਨਹ ਮੇਟੈ ਕੋਇ ॥ (154-1)
किरतु पइआ नह मेटै कोइ ॥

ਕਿਆ ਜਾਣਾ ਕਿਆ ਆਗੈ ਹੋਇ ॥ (154-1)
किआ जाणा किआ आगै होइ ॥

ਜੋ ਤਿਸੁ ਭਾਣਾ ਸੋਈ ਹੂਆ ॥ (154-1)
जो तिसु भाणा सोई हूआ ॥

ਅਵਰੁ ਨ ਕਰਣੈ ਵਾਲਾ ਦੂਆ ॥੧॥ (154-2)
अवरु न करणै वाला दूआ ॥१॥

ਨਾ ਜਾਣਾ ਕਰਮ ਕੇਵਡ ਤੇਰੀ ਦਾਤਿ ॥ (154-2)
ना जाणा करम केवड तेरी दाति ॥

ਕਰਮੁ ਧਰਮੁ ਤੇਰੇ ਨਾਮ ਕੀ ਜਾਤਿ ॥੧॥ ਰਹਾਉ ॥ (154-2)
करमु धरमु तेरे नाम की जाति ॥१॥ रहाउ ॥

ਤੂ ਏਵਡੁ ਦਾਤਾ ਦੇਵਣਹਾਰੁ ॥ (154-3)
तू एवडु दाता देवणहारु ॥

ਤੋਟਿ ਨਾਹੀ ਤੁਧੁ ਭਗਤਿ ਭੰਡਾਰ ॥ (154-3)
तोटि नाही तुधु भगति भंडार ॥

ਕੀਆ ਗਰਬੁ ਨ ਆਵੈ ਰਾਸਿ ॥ (154-3)
कीआ गरबु न आवै रासि ॥

ਜੀਉ ਪਿੰਡੁ ਸਭੁ ਤੇਰੈ ਪਾਸਿ ॥੨॥ (154-4)
जीउ पिंडु सभु तेरै पासि ॥२॥

ਤੂ ਮਾਰਿ ਜੀਵਾਲਹਿ ਬਖਸਿ ਮਿਲਾਇ ॥ (154-4)
तू मारि जीवालहि बखसि मिलाइ ॥

ਜਿਉ ਭਾਵੀ ਤਿਉ ਨਾਮੁ ਜਪਾਇ ॥ (154-4)
जिउ भावी तिउ नामु जपाइ ॥

ਤੂੰ ਦਾਨਾ ਬੀਨਾ ਸਾਚਾ ਸਿਰਿ ਮੇਰੈ ॥ (154-5)
तूं दाना बीना साचा सिरि मेरै ॥

ਗੁਰਮਤਿ ਦੇਇ ਭਰੋਸੈ ਤੇਰੈ ॥੩॥ (154-5)
गुरमति देइ भरोसै तेरै ॥३॥

ਤਨ ਮਹਿ ਮੈਲੁ ਨਾਹੀ ਮਨੁ ਰਾਤਾ ॥ (154-5)
तन महि मैलु नाही मनु राता ॥

ਗੁਰ ਬਚਨੀ ਸਚੁ ਸਬਦਿ ਪਛਾਤਾ ॥ (154-6)
गुर बचनी सचु सबदि पछाता ॥

ਤੇਰਾ ਤਾਣੁ ਨਾਮ ਕੀ ਵਡਿਆਈ ॥ (154-6)
तेरा ताणु नाम की वडिआई ॥

ਨਾਨਕ ਰਹਣਾ ਭਗਤਿ ਸਰਣਾਈ ॥੪॥੧੦॥ (154-6)
नानक रहणा भगति सरणाई ॥४॥१०॥

ਗਉੜੀ ਮਹਲਾ ੧ ॥ (154-7)
गउड़ी महला १ ॥

ਜਿਨਿ ਅਕਥੁ ਕਹਾਇਆ ਅਪਿਓ ਪੀਆਇਆ ॥ (154-7)
जिनि अकथु कहाइआ अपिओ पीआइआ ॥

ਅਨ ਭੈ ਵਿਸਰੇ ਨਾਮਿ ਸਮਾਇਆ ॥੧॥ (154-7)
अन भै विसरे नामि समाइआ ॥१॥

ਕਿਆ ਡਰੀਐ ਡਰੁ ਡਰਹਿ ਸਮਾਨਾ ॥ (154-8)
किआ डरीऐ डरु डरहि समाना ॥

ਪੂਰੇ ਗੁਰ ਕੈ ਸਬਦਿ ਪਛਾਨਾ ॥੧॥ ਰਹਾਉ ॥ (154-8)
पूरे गुर कै सबदि पछाना ॥१॥ रहाउ ॥

ਜਿਸੁ ਨਰ ਰਾਮੁ ਰਿਦੈ ਹਰਿ ਰਾਸਿ ॥ (154-9)
जिसु नर रामु रिदै हरि रासि ॥

ਸਹਜਿ ਸੁਭਾਇ ਮਿਲੇ ਸਾਬਾਸਿ ॥੨॥ (154-9)
सहजि सुभाइ मिले साबासि ॥२॥

ਜਾਹਿ ਸਵਾਰੈ ਸਾਝ ਬਿਆਲ ॥ (154-9)
जाहि सवारै साझ बिआल ॥

ਇਤ ਉਤ ਮਨਮੁਖ ਬਾਧੇ ਕਾਲ ॥੩॥ (154-9)
इत उत मनमुख बाधे काल ॥३॥

ਅਹਿਨਿਸਿ ਰਾਮੁ ਰਿਦੈ ਸੇ ਪੂਰੇ ॥ (154-10)
अहिनिसि रामु रिदै से पूरे ॥

ਨਾਨਕ ਰਾਮ ਮਿਲੇ ਭ੍ਰਮ ਦੂਰੇ ॥੪॥੧੧॥ (154-10)
नानक राम मिले भ्रम दूरे ॥४॥११॥

ਗਉੜੀ ਮਹਲਾ ੧ ॥ (154-10)
गउड़ी महला १ ॥

ਜਨਮਿ ਮਰੈ ਤ੍ਰੈ ਗੁਣ ਹਿਤਕਾਰੁ ॥ (154-11)
जनमि मरै त्रै गुण हितकारु ॥

ਚਾਰੇ ਬੇਦ ਕਥਹਿ ਆਕਾਰੁ ॥ (154-11)
चारे बेद कथहि आकारु ॥

ਤੀਨਿ ਅਵਸਥਾ ਕਹਹਿ ਵਖਿਆਨੁ ॥ (154-11)
तीनि अवसथा कहहि वखिआनु ॥

ਤੁਰੀਆਵਸਥਾ ਸਤਿਗੁਰ ਤੇ ਹਰਿ ਜਾਨੁ ॥੧॥ (154-12)
तुरीआवसथा सतिगुर ते हरि जानु ॥१॥

ਰਾਮ ਭਗਤਿ ਗੁਰ ਸੇਵਾ ਤਰਣਾ ॥ (154-12)
राम भगति गुर सेवा तरणा ॥

ਬਾਹੁੜਿ ਜਨਮੁ ਨ ਹੋਇ ਹੈ ਮਰਣਾ ॥੧॥ ਰਹਾਉ ॥ (154-12)
बाहुड़ि जनमु न होइ है मरणा ॥१॥ रहाउ ॥

ਚਾਰਿ ਪਦਾਰਥ ਕਹੈ ਸਭੁ ਕੋਈ ॥ (154-13)
चारि पदारथ कहै सभु कोई ॥

ਸਿੰਮ੍ਰਿਤਿ ਸਾਸਤ ਪੰਡਿਤ ਮੁਖਿ ਸੋਈ ॥ (154-13)
सिंम्रिति सासत पंडित मुखि सोई ॥

ਬਿਨੁ ਗੁਰ ਅਰਥੁ ਬੀਚਾਰੁ ਨ ਪਾਇਆ ॥ (154-13)
बिनु गुर अरथु बीचारु न पाइआ ॥

ਮੁਕਤਿ ਪਦਾਰਥੁ ਭਗਤਿ ਹਰਿ ਪਾਇਆ ॥੨॥ (154-14)
मुकति पदारथु भगति हरि पाइआ ॥२॥

ਜਾ ਕੈ ਹਿਰਦੈ ਵਸਿਆ ਹਰਿ ਸੋਈ ॥ (154-14)
जा कै हिरदै वसिआ हरि सोई ॥

ਗੁਰਮੁਖਿ ਭਗਤਿ ਪਰਾਪਤਿ ਹੋਈ ॥ (154-15)
गुरमुखि भगति परापति होई ॥

ਹਰਿ ਕੀ ਭਗਤਿ ਮੁਕਤਿ ਆਨੰਦੁ ॥ (154-15)
हरि की भगति मुकति आनंदु ॥

ਗੁਰਮਤਿ ਪਾਏ ਪਰਮਾਨੰਦੁ ॥੩॥ (154-15)
गुरमति पाए परमानंदु ॥३॥

ਜਿਨਿ ਪਾਇਆ ਗੁਰਿ ਦੇਖਿ ਦਿਖਾਇਆ ॥ (154-16)
जिनि पाइआ गुरि देखि दिखाइआ ॥

ਆਸਾ ਮਾਹਿ ਨਿਰਾਸੁ ਬੁਝਾਇਆ ॥ (154-16)
आसा माहि निरासु बुझाइआ ॥

ਦੀਨਾ ਨਾਥੁ ਸਰਬ ਸੁਖਦਾਤਾ ॥ (154-16)
दीना नाथु सरब सुखदाता ॥

ਨਾਨਕ ਹਰਿ ਚਰਣੀ ਮਨੁ ਰਾਤਾ ॥੪॥੧੨॥ (154-17)
नानक हरि चरणी मनु राता ॥४॥१२॥

ਗਉੜੀ ਚੇਤੀ ਮਹਲਾ ੧ ॥ (154-17)
गउड़ी चेती महला १ ॥

ਅੰਮ੍ਰਿਤ ਕਾਇਆ ਰਹੈ ਸੁਖਾਲੀ ਬਾਜੀ ਇਹੁ ਸੰਸਾਰੋ ॥ (154-17)
अमृत काइआ रहै सुखाली बाजी इहु संसारो ॥

ਲਬੁ ਲੋਭੁ ਮੁਚੁ ਕੂੜੁ ਕਮਾਵਹਿ ਬਹੁਤੁ ਉਠਾਵਹਿ ਭਾਰੋ ॥ (154-18)
लबु लोभु मुचु कूड़ु कमावहि बहुतु उठावहि भारो ॥

ਤੂੰ ਕਾਇਆ ਮੈ ਰੁਲਦੀ ਦੇਖੀ ਜਿਉ ਧਰ ਉਪਰਿ ਛਾਰੋ ॥੧॥ (154-18)
तूं काइआ मै रुलदी देखी जिउ धर उपरि छारो ॥१॥

ਸੁਣਿ ਸੁਣਿ ਸਿਖ ਹਮਾਰੀ ॥ (154-19)
सुणि सुणि सिख हमारी ॥

ਸੁਕ੍ਰਿਤੁ ਕੀਤਾ ਰਹਸੀ ਮੇਰੇ ਜੀਅੜੇ ਬਹੁੜਿ ਨ ਆਵੈ ਵਾਰੀ ॥੧॥ ਰਹਾਉ ॥ (154-19)
सुक्रितु कीता रहसी मेरे जीअड़े बहुड़ि न आवै वारी ॥१॥ रहाउ ॥

ਹਉ ਤੁਧੁ ਆਖਾ ਮੇਰੀ ਕਾਇਆ ਤੂੰ ਸੁਣਿ ਸਿਖ ਹਮਾਰੀ ॥ (155-1)
हउ तुधु आखा मेरी काइआ तूं सुणि सिख हमारी ॥

ਨਿੰਦਾ ਚਿੰਦਾ ਕਰਹਿ ਪਰਾਈ ਝੂਠੀ ਲਾਇਤਬਾਰੀ ॥ (155-1)
निंदा चिंदा करहि पराई झूठी लाइतबारी ॥

ਵੇਲਿ ਪਰਾਈ ਜੋਹਹਿ ਜੀਅੜੇ ਕਰਹਿ ਚੋਰੀ ਬੁਰਿਆਰੀ ॥ (155-2)
वेलि पराई जोहहि जीअड़े करहि चोरी बुरिआरी ॥

ਹੰਸੁ ਚਲਿਆ ਤੂੰ ਪਿਛੈ ਰਹੀਏਹਿ ਛੁਟੜਿ ਹੋਈਅਹਿ ਨਾਰੀ ॥੨॥ (155-2)
हंसु चलिआ तूं पिछै रहीएहि छुटड़ि होईअहि नारी ॥२॥

ਤੂੰ ਕਾਇਆ ਰਹੀਅਹਿ ਸੁਪਨੰਤਰਿ ਤੁਧੁ ਕਿਆ ਕਰਮ ਕਮਾਇਆ ॥ (155-3)
तूं काइआ रहीअहि सुपनंतरि तुधु किआ करम कमाइआ ॥

ਕਰਿ ਚੋਰੀ ਮੈ ਜਾ ਕਿਛੁ ਲੀਆ ਤਾ ਮਨਿ ਭਲਾ ਭਾਇਆ ॥ (155-4)
करि चोरी मै जा किछु लीआ ता मनि भला भाइआ ॥

ਹਲਤਿ ਨ ਸੋਭਾ ਪਲਤਿ ਨ ਢੋਈ ਅਹਿਲਾ ਜਨਮੁ ਗਵਾਇਆ ॥੩॥ (155-4)
हलति न सोभा पलति न ढोई अहिला जनमु गवाइआ ॥३॥

ਹਉ ਖਰੀ ਦੁਹੇਲੀ ਹੋਈ ਬਾਬਾ ਨਾਨਕ ਮੇਰੀ ਬਾਤ ਨ ਪੁਛੈ ਕੋਈ ॥੧॥ ਰਹਾਉ ॥ (155-5)
हउ खरी दुहेली होई बाबा नानक मेरी बात न पुछै कोई ॥१॥ रहाउ ॥

ਤਾਜੀ ਤੁਰਕੀ ਸੁਇਨਾ ਰੁਪਾ ਕਪੜ ਕੇਰੇ ਭਾਰਾ ॥ (155-5)
ताजी तुरकी सुइना रुपा कपड़ केरे भारा ॥

ਕਿਸ ਹੀ ਨਾਲਿ ਨ ਚਲੇ ਨਾਨਕ ਝੜਿ ਝੜਿ ਪਏ ਗਵਾਰਾ ॥ (155-6)
किस ही नालि न चले नानक झड़ि झड़ि पए गवारा ॥

ਕੂਜਾ ਮੇਵਾ ਮੈ ਸਭ ਕਿਛੁ ਚਾਖਿਆ ਇਕੁ ਅੰਮ੍ਰਿਤੁ ਨਾਮੁ ਤੁਮਾਰਾ ॥੪॥ (155-6)
कूजा मेवा मै सभ किछु चाखिआ इकु अमृतु नामु तुमारा ॥४॥

ਦੇ ਦੇ ਨੀਵ ਦਿਵਾਲ ਉਸਾਰੀ ਭਸਮੰਦਰ ਕੀ ਢੇਰੀ ॥ (155-7)
दे दे नीव दिवाल उसारी भसमंदर की ढेरी ॥

ਸੰਚੇ ਸੰਚਿ ਨ ਦੇਈ ਕਿਸ ਹੀ ਅੰਧੁ ਜਾਣੈ ਸਭ ਮੇਰੀ ॥ (155-7)
संचे संचि न देई किस ही अंधु जाणै सभ मेरी ॥

ਸੋਇਨ ਲੰਕਾ ਸੋਇਨ ਮਾੜੀ ਸੰਪੈ ਕਿਸੈ ਨ ਕੇਰੀ ॥੫॥ (155-8)
सोइन लंका सोइन माड़ी स्मपै किसै न केरी ॥५॥

ਸੁਣਿ ਮੂਰਖ ਮੰਨ ਅਜਾਣਾ ॥ (155-8)
सुणि मूरख मंन अजाणा ॥

ਹੋਗੁ ਤਿਸੈ ਕਾ ਭਾਣਾ ॥੧॥ ਰਹਾਉ ॥ (155-9)
होगु तिसै का भाणा ॥१॥ रहाउ ॥

ਸਾਹੁ ਹਮਾਰਾ ਠਾਕੁਰੁ ਭਾਰਾ ਹਮ ਤਿਸ ਕੇ ਵਣਜਾਰੇ ॥ (155-9)
साहु हमारा ठाकुरु भारा हम तिस के वणजारे ॥

ਜੀਉ ਪਿੰਡੁ ਸਭ ਰਾਸਿ ਤਿਸੈ ਕੀ ਮਾਰਿ ਆਪੇ ਜੀਵਾਲੇ ॥੬॥੧॥੧੩॥ (155-9)
जीउ पिंडु सभ रासि तिसै की मारि आपे जीवाले ॥६॥१॥१३॥

ਗਉੜੀ ਚੇਤੀ ਮਹਲਾ ੧ ॥ (155-10)
गउड़ी चेती महला १ ॥

ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ ॥ (155-10)
अवरि पंच हम एक जना किउ राखउ घर बारु मना ॥

ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ ॥੧॥ (155-11)
मारहि लूटहि नीत नीत किसु आगै करी पुकार जना ॥१॥

ਸ੍ਰੀ ਰਾਮ ਨਾਮਾ ਉਚਰੁ ਮਨਾ ॥ (155-11)
स्री राम नामा उचरु मना ॥

ਆਗੈ ਜਮ ਦਲੁ ਬਿਖਮੁ ਘਨਾ ॥੧॥ ਰਹਾਉ ॥ (155-12)
आगै जम दलु बिखमु घना ॥१॥ रहाउ ॥

ਉਸਾਰਿ ਮੜੋਲੀ ਰਾਖੈ ਦੁਆਰਾ ਭੀਤਰਿ ਬੈਠੀ ਸਾ ਧਨਾ ॥ (155-12)
उसारि मड़ोली राखै दुआरा भीतरि बैठी सा धना ॥

ਅੰਮ੍ਰਿਤ ਕੇਲ ਕਰੇ ਨਿਤ ਕਾਮਣਿ ਅਵਰਿ ਲੁਟੇਨਿ ਸੁ ਪੰਚ ਜਨਾ ॥੨॥ (155-13)
अमृत केल करे नित कामणि अवरि लुटेनि सु पंच जना ॥२॥

ਢਾਹਿ ਮੜੋਲੀ ਲੂਟਿਆ ਦੇਹੁਰਾ ਸਾ ਧਨ ਪਕੜੀ ਏਕ ਜਨਾ ॥ (155-13)
ढाहि मड़ोली लूटिआ देहुरा सा धन पकड़ी एक जना ॥

ਜਮ ਡੰਡਾ ਗਲਿ ਸੰਗਲੁ ਪੜਿਆ ਭਾਗਿ ਗਏ ਸੇ ਪੰਚ ਜਨਾ ॥੩॥ (155-14)
जम डंडा गलि संगलु पड़िआ भागि गए से पंच जना ॥३॥

ਕਾਮਣਿ ਲੋੜੈ ਸੁਇਨਾ ਰੁਪਾ ਮਿਤ੍ਰ ਲੁੜੇਨਿ ਸੁ ਖਾਧਾਤਾ ॥ (155-14)
कामणि लोड़ै सुइना रुपा मित्र लुड़ेनि सु खाधाता ॥

ਨਾਨਕ ਪਾਪ ਕਰੇ ਤਿਨ ਕਾਰਣਿ ਜਾਸੀ ਜਮਪੁਰਿ ਬਾਧਾਤਾ ॥੪॥੨॥੧੪॥ (155-15)
नानक पाप करे तिन कारणि जासी जमपुरि बाधाता ॥४॥२॥१४॥

ਗਉੜੀ ਚੇਤੀ ਮਹਲਾ ੧ ॥ (155-16)
गउड़ी चेती महला १ ॥

ਮੁੰਦ੍ਰਾ ਤੇ ਘਟ ਭੀਤਰਿ ਮੁੰਦ੍ਰਾ ਕਾਂਇਆ ਕੀਜੈ ਖਿੰਥਾਤਾ ॥ (155-16)
मुंद्रा ते घट भीतरि मुंद्रा कांइआ कीजै खिंथाता ॥

ਪੰਚ ਚੇਲੇ ਵਸਿ ਕੀਜਹਿ ਰਾਵਲ ਇਹੁ ਮਨੁ ਕੀਜੈ ਡੰਡਾਤਾ ॥੧॥ (155-16)
पंच चेले वसि कीजहि रावल इहु मनु कीजै डंडाता ॥१॥

ਜੋਗ ਜੁਗਤਿ ਇਵ ਪਾਵਸਿਤਾ ॥ (155-17)
जोग जुगति इव पावसिता ॥

ਏਕੁ ਸਬਦੁ ਦੂਜਾ ਹੋਰੁ ਨਾਸਤਿ ਕੰਦ ਮੂਲਿ ਮਨੁ ਲਾਵਸਿਤਾ ॥੧॥ ਰਹਾਉ ॥ (155-17)
एकु सबदु दूजा होरु नासति कंद मूलि मनु लावसिता ॥१॥ रहाउ ॥

ਮੂੰਡਿ ਮੁੰਡਾਇਐ ਜੇ ਗੁਰੁ ਪਾਈਐ ਹਮ ਗੁਰੁ ਕੀਨੀ ਗੰਗਾਤਾ ॥ (155-18)
मूंडि मुंडाइऐ जे गुरु पाईऐ हम गुरु कीनी गंगाता ॥

ਤ੍ਰਿਭਵਣ ਤਾਰਣਹਾਰੁ ਸੁਆਮੀ ਏਕੁ ਨ ਚੇਤਸਿ ਅੰਧਾਤਾ ॥੨॥ (155-19)
त्रिभवण तारणहारु सुआमी एकु न चेतसि अंधाता ॥२॥

ਕਰਿ ਪਟੰਬੁ ਗਲੀ ਮਨੁ ਲਾਵਸਿ ਸੰਸਾ ਮੂਲਿ ਨ ਜਾਵਸਿਤਾ ॥ (155-19)
करि पटंबु गली मनु लावसि संसा मूलि न जावसिता ॥

ਏਕਸੁ ਚਰਣੀ ਜੇ ਚਿਤੁ ਲਾਵਹਿ ਲਬਿ ਲੋਭਿ ਕੀ ਧਾਵਸਿਤਾ ॥੩॥ (156-1)
एकसु चरणी जे चितु लावहि लबि लोभि की धावसिता ॥३॥

ਜਪਸਿ ਨਿਰੰਜਨੁ ਰਚਸਿ ਮਨਾ ॥ (156-1)
जपसि निरंजनु रचसि मना ॥

ਕਾਹੇ ਬੋਲਹਿ ਜੋਗੀ ਕਪਟੁ ਘਨਾ ॥੧॥ ਰਹਾਉ ॥ (156-2)
काहे बोलहि जोगी कपटु घना ॥१॥ रहाउ ॥

ਕਾਇਆ ਕਮਲੀ ਹੰਸੁ ਇਆਣਾ ਮੇਰੀ ਮੇਰੀ ਕਰਤ ਬਿਹਾਣੀਤਾ ॥ (156-2)
काइआ कमली हंसु इआणा मेरी मेरी करत बिहाणीता ॥

ਪ੍ਰਣਵਤਿ ਨਾਨਕੁ ਨਾਗੀ ਦਾਝੈ ਫਿਰਿ ਪਾਛੈ ਪਛੁਤਾਣੀਤਾ ॥੪॥੩॥੧੫॥ (156-3)
प्रणवति नानकु नागी दाझै फिरि पाछै पछुताणीता ॥४॥३॥१५॥

ਗਉੜੀ ਚੇਤੀ ਮਹਲਾ ੧ ॥ (156-3)
गउड़ी चेती महला १ ॥

ਅਉਖਧ ਮੰਤ੍ਰ ਮੂਲੁ ਮਨ ਏਕੈ ਜੇ ਕਰਿ ਦ੍ਰਿੜੁ ਚਿਤੁ ਕੀਜੈ ਰੇ ॥ (156-3)
अउखध मंत्र मूलु मन एकै जे करि द्रिड़ु चितु कीजै रे ॥

ਜਨਮ ਜਨਮ ਕੇ ਪਾਪ ਕਰਮ ਕੇ ਕਾਟਨਹਾਰਾ ਲੀਜੈ ਰੇ ॥੧॥ (156-4)
जनम जनम के पाप करम के काटनहारा लीजै रे ॥१॥

ਮਨ ਏਕੋ ਸਾਹਿਬੁ ਭਾਈ ਰੇ ॥ (156-5)
मन एको साहिबु भाई रे ॥

ਤੇਰੇ ਤੀਨਿ ਗੁਣਾ ਸੰਸਾਰਿ ਸਮਾਵਹਿ ਅਲਖੁ ਨ ਲਖਣਾ ਜਾਈ ਰੇ ॥੧॥ ਰਹਾਉ ॥ (156-5)
तेरे तीनि गुणा संसारि समावहि अलखु न लखणा जाई रे ॥१॥ रहाउ ॥

ਸਕਰ ਖੰਡੁ ਮਾਇਆ ਤਨਿ ਮੀਠੀ ਹਮ ਤਉ ਪੰਡ ਉਚਾਈ ਰੇ ॥ (156-6)
सकर खंडु माइआ तनि मीठी हम तउ पंड उचाई रे ॥

ਰਾਤਿ ਅਨੇਰੀ ਸੂਝਸਿ ਨਾਹੀ ਲਜੁ ਟੂਕਸਿ ਮੂਸਾ ਭਾਈ ਰੇ ॥੨॥ (156-6)
राति अनेरी सूझसि नाही लजु टूकसि मूसा भाई रे ॥२॥

ਮਨਮੁਖਿ ਕਰਹਿ ਤੇਤਾ ਦੁਖੁ ਲਾਗੈ ਗੁਰਮੁਖਿ ਮਿਲੈ ਵਡਾਈ ਰੇ ॥ (156-7)
मनमुखि करहि तेता दुखु लागै गुरमुखि मिलै वडाई रे ॥

ਜੋ ਤਿਨਿ ਕੀਆ ਸੋਈ ਹੋਆ ਕਿਰਤੁ ਨ ਮੇਟਿਆ ਜਾਈ ਰੇ ॥੩॥ (156-7)
जो तिनि कीआ सोई होआ किरतु न मेटिआ जाई रे ॥३॥

ਸੁਭਰ ਭਰੇ ਨ ਹੋਵਹਿ ਊਣੇ ਜੋ ਰਾਤੇ ਰੰਗੁ ਲਾਈ ਰੇ ॥ (156-8)
सुभर भरे न होवहि ऊणे जो राते रंगु लाई रे ॥

ਤਿਨ ਕੀ ਪੰਕ ਹੋਵੈ ਜੇ ਨਾਨਕੁ ਤਉ ਮੂੜਾ ਕਿਛੁ ਪਾਈ ਰੇ ॥੪॥੪॥੧੬॥ (156-8)
तिन की पंक होवै जे नानकु तउ मूड़ा किछु पाई रे ॥४॥४॥१६॥

ਗਉੜੀ ਚੇਤੀ ਮਹਲਾ ੧ ॥ (156-9)
गउड़ी चेती महला १ ॥

ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ ॥ (156-9)
कत की माई बापु कत केरा किदू थावहु हम आए ॥

ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ ॥੧॥ (156-10)
अगनि बि्मब जल भीतरि निपजे काहे कंमि उपाए ॥१॥

ਮੇਰੇ ਸਾਹਿਬਾ ਕਉਣੁ ਜਾਣੈ ਗੁਣ ਤੇਰੇ ॥ (156-10)
मेरे साहिबा कउणु जाणै गुण तेरे ॥

ਕਹੇ ਨ ਜਾਨੀ ਅਉਗਣ ਮੇਰੇ ॥੧॥ ਰਹਾਉ ॥ (156-11)
कहे न जानी अउगण मेरे ॥१॥ रहाउ ॥

ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥ (156-11)
केते रुख बिरख हम चीने केते पसू उपाए ॥

ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥੨॥ (156-11)
केते नाग कुली महि आए केते पंख उडाए ॥२॥

ਹਟ ਪਟਣ ਬਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ ॥ (156-12)
हट पटण बिज मंदर भंनै करि चोरी घरि आवै ॥

ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ ॥੩॥ (156-12)
अगहु देखै पिछहु देखै तुझ ते कहा छपावै ॥३॥

ਤਟ ਤੀਰਥ ਹਮ ਨਵ ਖੰਡ ਦੇਖੇ ਹਟ ਪਟਣ ਬਾਜਾਰਾ ॥ (156-13)
तट तीरथ हम नव खंड देखे हट पटण बाजारा ॥

ਲੈ ਕੈ ਤਕੜੀ ਤੋਲਣਿ ਲਾਗਾ ਘਟ ਹੀ ਮਹਿ ਵਣਜਾਰਾ ॥੪॥ (156-13)
लै कै तकड़ी तोलणि लागा घट ही महि वणजारा ॥४॥

ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ ॥ (156-14)
जेता समुंदु सागरु नीरि भरिआ तेते अउगण हमारे ॥

ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ ॥੫॥ (156-15)
दइआ करहु किछु मिहर उपावहु डुबदे पथर तारे ॥५॥

ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ ॥ (156-15)
जीअड़ा अगनि बराबरि तपै भीतरि वगै काती ॥

ਪ੍ਰਣਵਤਿ ਨਾਨਕੁ ਹੁਕਮੁ ਪਛਾਣੈ ਸੁਖੁ ਹੋਵੈ ਦਿਨੁ ਰਾਤੀ ॥੬॥੫॥੧੭॥ (156-16)
प्रणवति नानकु हुकमु पछाणै सुखु होवै दिनु राती ॥६॥५॥१७॥

ਗਉੜੀ ਬੈਰਾਗਣਿ ਮਹਲਾ ੧ ॥ (156-16)
गउड़ी बैरागणि महला १ ॥

ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥ (156-17)
रैणि गवाई सोइ कै दिवसु गवाइआ खाइ ॥

ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥੧॥ (156-17)
हीरे जैसा जनमु है कउडी बदले जाइ ॥१॥

ਨਾਮੁ ਨ ਜਾਨਿਆ ਰਾਮ ਕਾ ॥ (156-17)
नामु न जानिआ राम का ॥

ਮੂੜੇ ਫਿਰਿ ਪਾਛੈ ਪਛੁਤਾਹਿ ਰੇ ॥੧॥ ਰਹਾਉ ॥ (156-18)
मूड़े फिरि पाछै पछुताहि रे ॥१॥ रहाउ ॥

ਅਨਤਾ ਧਨੁ ਧਰਣੀ ਧਰੇ ਅਨਤ ਨ ਚਾਹਿਆ ਜਾਇ ॥ (156-18)
अनता धनु धरणी धरे अनत न चाहिआ जाइ ॥

ਅਨਤ ਕਉ ਚਾਹਨ ਜੋ ਗਏ ਸੇ ਆਏ ਅਨਤ ਗਵਾਇ ॥੨॥ (156-19)
अनत कउ चाहन जो गए से आए अनत गवाइ ॥२॥

ਆਪਣ ਲੀਆ ਜੇ ਮਿਲੈ ਤਾ ਸਭੁ ਕੋ ਭਾਗਠੁ ਹੋਇ ॥ (156-19)
आपण लीआ जे मिलै ता सभु को भागठु होइ ॥

ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ ॥੩॥ (157-1)
करमा उपरि निबड़ै जे लोचै सभु कोइ ॥३॥

ਨਾਨਕ ਕਰਣਾ ਜਿਨਿ ਕੀਆ ਸੋਈ ਸਾਰ ਕਰੇਇ ॥ (157-1)
नानक करणा जिनि कीआ सोई सार करेइ ॥

ਹੁਕਮੁ ਨ ਜਾਪੀ ਖਸਮ ਕਾ ਕਿਸੈ ਵਡਾਈ ਦੇਇ ॥੪॥੧॥੧੮॥ (157-2)
हुकमु न जापी खसम का किसै वडाई देइ ॥४॥१॥१८॥

ਗਉੜੀ ਬੈਰਾਗਣਿ ਮਹਲਾ ੧ ॥ (157-2)
गउड़ी बैरागणि महला १ ॥

ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ ॥ (157-2)
हरणी होवा बनि बसा कंद मूल चुणि खाउ ॥

ਗੁਰ ਪਰਸਾਦੀ ਮੇਰਾ ਸਹੁ ਮਿਲੈ ਵਾਰਿ ਵਾਰਿ ਹਉ ਜਾਉ ਜੀਉ ॥੧॥ (157-3)
गुर परसादी मेरा सहु मिलै वारि वारि हउ जाउ जीउ ॥१॥

ਮੈ ਬਨਜਾਰਨਿ ਰਾਮ ਕੀ ॥ (157-3)
मै बनजारनि राम की ॥

ਤੇਰਾ ਨਾਮੁ ਵਖਰੁ ਵਾਪਾਰੁ ਜੀ ॥੧॥ ਰਹਾਉ ॥ (157-4)
तेरा नामु वखरु वापारु जी ॥१॥ रहाउ ॥

ਕੋਕਿਲ ਹੋਵਾ ਅੰਬਿ ਬਸਾ ਸਹਜਿ ਸਬਦ ਬੀਚਾਰੁ ॥ (157-4)
कोकिल होवा अम्बि बसा सहजि सबद बीचारु ॥

ਸਹਜਿ ਸੁਭਾਇ ਮੇਰਾ ਸਹੁ ਮਿਲੈ ਦਰਸਨਿ ਰੂਪਿ ਅਪਾਰੁ ॥੨॥ (157-5)
सहजि सुभाइ मेरा सहु मिलै दरसनि रूपि अपारु ॥२॥

ਮਛੁਲੀ ਹੋਵਾ ਜਲਿ ਬਸਾ ਜੀਅ ਜੰਤ ਸਭਿ ਸਾਰਿ ॥ (157-5)
मछुली होवा जलि बसा जीअ जंत सभि सारि ॥

ਉਰਵਾਰਿ ਪਾਰਿ ਮੇਰਾ ਸਹੁ ਵਸੈ ਹਉ ਮਿਲਉਗੀ ਬਾਹ ਪਸਾਰਿ ॥੩॥ (157-6)
उरवारि पारि मेरा सहु वसै हउ मिलउगी बाह पसारि ॥३॥

ਨਾਗਨਿ ਹੋਵਾ ਧਰ ਵਸਾ ਸਬਦੁ ਵਸੈ ਭਉ ਜਾਇ ॥ (157-6)
नागनि होवा धर वसा सबदु वसै भउ जाइ ॥

ਨਾਨਕ ਸਦਾ ਸੋਹਾਗਣੀ ਜਿਨ ਜੋਤੀ ਜੋਤਿ ਸਮਾਇ ॥੪॥੨॥੧੯॥ (157-7)
नानक सदा सोहागणी जिन जोती जोति समाइ ॥४॥२॥१९॥

ਗਉੜੀ ਪੂਰਬੀ ਦੀਪਕੀ ਮਹਲਾ ੧ (157-8)
गउड़ी पूरबी दीपकी महला १

ੴ ਸਤਿਗੁਰ ਪ੍ਰਸਾਦਿ ॥ (157-8)
१ੴ सतिगुर प्रसादि ॥

ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ ॥ (157-9)
जै घरि कीरति आखीऐ करते का होइ बीचारो ॥

ਤਿਤੁ ਘਰਿ ਗਾਵਹੁ ਸੋਹਿਲਾ ਸਿਵਰਹੁ ਸਿਰਜਣਹਾਰੋ ॥੧॥ (157-9)
तितु घरि गावहु सोहिला सिवरहु सिरजणहारो ॥१॥

ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ ॥ (157-10)
तुम गावहु मेरे निरभउ का सोहिला ॥

ਹਉ ਵਾਰੀ ਜਾਉ ਜਿਤੁ ਸੋਹਿਲੈ ਸਦਾ ਸੁਖੁ ਹੋਇ ॥੧॥ ਰਹਾਉ ॥ (157-10)
हउ वारी जाउ जितु सोहिलै सदा सुखु होइ ॥१॥ रहाउ ॥

ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ ॥ (157-11)
नित नित जीअड़े समालीअनि देखैगा देवणहारु ॥

ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ ॥੨॥ (157-11)
तेरे दानै कीमति ना पवै तिसु दाते कवणु सुमारु ॥२॥

ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ ॥ (157-12)
स्मबति साहा लिखिआ मिलि करि पावहु तेलु ॥

ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ ॥੩॥ (157-12)
देहु सजण आसीसड़ीआ जिउ होवै साहिब सिउ मेलु ॥३॥

ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ ॥ (157-13)
घरि घरि एहो पाहुचा सदड़े नित पवंनि ॥

ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ ॥੪॥੧॥੨੦॥ (157-13)
सदणहारा सिमरीऐ नानक से दिह आवंनि ॥४॥१॥२०॥

ਰਾਗੁ ਗਉੜੀ ਗੁਆਰੇਰੀ ॥ (157-15)
रागु गउड़ी गुआरेरी ॥

ਮਹਲਾ ੩ ਚਉਪਦੇ ॥ (157-15)
महला ३ चउपदे ॥

ੴ ਸਤਿਗੁਰ ਪ੍ਰਸਾਦਿ ॥ (157-15)
ੴ सतिगुर प्रसादि ॥

ਗੁਰਿ ਮਿਲਿਐ ਹਰਿ ਮੇਲਾ ਹੋਈ ॥ (157-16)
गुरि मिलिऐ हरि मेला होई ॥

ਆਪੇ ਮੇਲਿ ਮਿਲਾਵੈ ਸੋਈ ॥ (157-16)
आपे मेलि मिलावै सोई ॥

ਮੇਰਾ ਪ੍ਰਭੁ ਸਭ ਬਿਧਿ ਆਪੇ ਜਾਣੈ ॥ (157-16)
मेरा प्रभु सभ बिधि आपे जाणै ॥

ਹੁਕਮੇ ਮੇਲੇ ਸਬਦਿ ਪਛਾਣੈ ॥੧॥ (157-17)
हुकमे मेले सबदि पछाणै ॥१॥

ਸਤਿਗੁਰ ਕੈ ਭਇ ਭ੍ਰਮੁ ਭਉ ਜਾਇ ॥ (157-17)
सतिगुर कै भइ भ्रमु भउ जाइ ॥

ਭੈ ਰਾਚੈ ਸਚ ਰੰਗਿ ਸਮਾਇ ॥੧॥ ਰਹਾਉ ॥ (157-17)
भै राचै सच रंगि समाइ ॥१॥ रहाउ ॥

ਗੁਰਿ ਮਿਲਿਐ ਹਰਿ ਮਨਿ ਵਸੈ ਸੁਭਾਇ ॥ (157-18)
गुरि मिलिऐ हरि मनि वसै सुभाइ ॥

ਮੇਰਾ ਪ੍ਰਭੁ ਭਾਰਾ ਕੀਮਤਿ ਨਹੀ ਪਾਇ ॥ (157-18)
मेरा प्रभु भारा कीमति नही पाइ ॥

ਸਬਦਿ ਸਾਲਾਹੈ ਅੰਤੁ ਨ ਪਾਰਾਵਾਰੁ ॥ (157-19)
सबदि सालाहै अंतु न पारावारु ॥

ਮੇਰਾ ਪ੍ਰਭੁ ਬਖਸੇ ਬਖਸਣਹਾਰੁ ॥੨॥ (157-19)
मेरा प्रभु बखसे बखसणहारु ॥२॥

ਗੁਰਿ ਮਿਲਿਐ ਸਭ ਮਤਿ ਬੁਧਿ ਹੋਇ ॥ (157-19)
गुरि मिलिऐ सभ मति बुधि होइ ॥

ਮਨਿ ਨਿਰਮਲਿ ਵਸੈ ਸਚੁ ਸੋਇ ॥ (158-1)
मनि निरमलि वसै सचु सोइ ॥

ਸਾਚਿ ਵਸਿਐ ਸਾਚੀ ਸਭ ਕਾਰ ॥ (158-1)
साचि वसिऐ साची सभ कार ॥

ਊਤਮ ਕਰਣੀ ਸਬਦ ਬੀਚਾਰ ॥੩॥ (158-1)
ऊतम करणी सबद बीचार ॥३॥

ਗੁਰ ਤੇ ਸਾਚੀ ਸੇਵਾ ਹੋਇ ॥ (158-2)
गुर ते साची सेवा होइ ॥

ਗੁਰਮੁਖਿ ਨਾਮੁ ਪਛਾਣੈ ਕੋਇ ॥ (158-2)
गुरमुखि नामु पछाणै कोइ ॥

ਜੀਵੈ ਦਾਤਾ ਦੇਵਣਹਾਰੁ ॥ (158-2)
जीवै दाता देवणहारु ॥

ਨਾਨਕ ਹਰਿ ਨਾਮੇ ਲਗੈ ਪਿਆਰੁ ॥੪॥੧॥੨੧॥ (158-3)
नानक हरि नामे लगै पिआरु ॥४॥१॥२१॥

ਗਉੜੀ ਗੁਆਰੇਰੀ ਮਹਲਾ ੩ ॥ (158-3)
गउड़ी गुआरेरी महला ३ ॥

ਗੁਰ ਤੇ ਗਿਆਨੁ ਪਾਏ ਜਨੁ ਕੋਇ ॥ (158-3)
गुर ते गिआनु पाए जनु कोइ ॥

ਗੁਰ ਤੇ ਬੂਝੈ ਸੀਝੈ ਸੋਇ ॥ (158-4)
गुर ते बूझै सीझै सोइ ॥

ਗੁਰ ਤੇ ਸਹਜੁ ਸਾਚੁ ਬੀਚਾਰੁ ॥ (158-4)
गुर ते सहजु साचु बीचारु ॥

ਗੁਰ ਤੇ ਪਾਏ ਮੁਕਤਿ ਦੁਆਰੁ ॥੧॥ (158-4)
गुर ते पाए मुकति दुआरु ॥१॥

ਪੂਰੈ ਭਾਗਿ ਮਿਲੈ ਗੁਰੁ ਆਇ ॥ (158-4)
पूरै भागि मिलै गुरु आइ ॥

ਸਾਚੈ ਸਹਜਿ ਸਾਚਿ ਸਮਾਇ ॥੧॥ ਰਹਾਉ ॥ (158-5)
साचै सहजि साचि समाइ ॥१॥ रहाउ ॥

ਗੁਰਿ ਮਿਲਿਐ ਤ੍ਰਿਸਨਾ ਅਗਨਿ ਬੁਝਾਏ ॥ (158-5)
गुरि मिलिऐ त्रिसना अगनि बुझाए ॥

ਗੁਰ ਤੇ ਸਾਂਤਿ ਵਸੈ ਮਨਿ ਆਏ ॥ (158-5)
गुर ते सांति वसै मनि आए ॥

ਗੁਰ ਤੇ ਪਵਿਤ ਪਾਵਨ ਸੁਚਿ ਹੋਇ ॥ (158-6)
गुर ते पवित पावन सुचि होइ ॥

ਗੁਰ ਤੇ ਸਬਦਿ ਮਿਲਾਵਾ ਹੋਇ ॥੨॥ (158-6)
गुर ते सबदि मिलावा होइ ॥२॥

ਬਾਝੁ ਗੁਰੂ ਸਭ ਭਰਮਿ ਭੁਲਾਈ ॥ (158-6)
बाझु गुरू सभ भरमि भुलाई ॥

ਬਿਨੁ ਨਾਵੈ ਬਹੁਤਾ ਦੁਖੁ ਪਾਈ ॥ (158-7)
बिनु नावै बहुता दुखु पाई ॥

ਗੁਰਮੁਖਿ ਹੋਵੈ ਸੁ ਨਾਮੁ ਧਿਆਈ ॥ (158-7)
गुरमुखि होवै सु नामु धिआई ॥

ਦਰਸਨਿ ਸਚੈ ਸਚੀ ਪਤਿ ਹੋਈ ॥੩॥ (158-7)
दरसनि सचै सची पति होई ॥३॥

ਕਿਸ ਨੋ ਕਹੀਐ ਦਾਤਾ ਇਕੁ ਸੋਈ ॥ (158-8)
किस नो कहीऐ दाता इकु सोई ॥

ਕਿਰਪਾ ਕਰੇ ਸਬਦਿ ਮਿਲਾਵਾ ਹੋਈ ॥ (158-8)
किरपा करे सबदि मिलावा होई ॥

ਮਿਲਿ ਪ੍ਰੀਤਮ ਸਾਚੇ ਗੁਣ ਗਾਵਾ ॥ (158-8)
मिलि प्रीतम साचे गुण गावा ॥

ਨਾਨਕ ਸਾਚੇ ਸਾਚਿ ਸਮਾਵਾ ॥੪॥੨॥੨੨॥ (158-9)
नानक साचे साचि समावा ॥४॥२॥२२॥

ਗਉੜੀ ਗੁਆਰੇਰੀ ਮਹਲਾ ੩ ॥ (158-9)
गउड़ी गुआरेरी महला ३ ॥

ਸੁ ਥਾਉ ਸਚੁ ਮਨੁ ਨਿਰਮਲੁ ਹੋਇ ॥ (158-9)
सु थाउ सचु मनु निरमलु होइ ॥

ਸਚਿ ਨਿਵਾਸੁ ਕਰੇ ਸਚੁ ਸੋਇ ॥ (158-10)
सचि निवासु करे सचु सोइ ॥

ਸਚੀ ਬਾਣੀ ਜੁਗ ਚਾਰੇ ਜਾਪੈ ॥ (158-10)
सची बाणी जुग चारे जापै ॥

ਸਭੁ ਕਿਛੁ ਸਾਚਾ ਆਪੇ ਆਪੈ ॥੧॥ (158-10)
सभु किछु साचा आपे आपै ॥१॥

ਕਰਮੁ ਹੋਵੈ ਸਤਸੰਗਿ ਮਿਲਾਏ ॥ (158-11)
करमु होवै सतसंगि मिलाए ॥

ਹਰਿ ਗੁਣ ਗਾਵੈ ਬੈਸਿ ਸੁ ਥਾਏ ॥੧॥ ਰਹਾਉ ॥ (158-11)
हरि गुण गावै बैसि सु थाए ॥१॥ रहाउ ॥

ਜਲਉ ਇਹ ਜਿਹਵਾ ਦੂਜੈ ਭਾਇ ॥ (158-11)
जलउ इह जिहवा दूजै भाइ ॥

ਹਰਿ ਰਸੁ ਨ ਚਾਖੈ ਫੀਕਾ ਆਲਾਇ ॥ (158-12)
हरि रसु न चाखै फीका आलाइ ॥

ਬਿਨੁ ਬੂਝੇ ਤਨੁ ਮਨੁ ਫੀਕਾ ਹੋਇ ॥ (158-12)

बिनु बूझे तनु मनु फीका होइ ॥

ਬਿਨੁ ਨਾਵੈ ਦੁਖੀਆ ਚਲਿਆ ਰੋਇ ॥੨॥ (158-12)

बिनु नावै दुखीआ चलिआ रोइ ॥२॥

ਰਸਨਾ ਹਰਿ ਰਸੁ ਚਾਖਿਆ ਸਹਜਿ ਸੁਭਾਇ ॥ (158-13)

रसना हरि रसु चाखिआ सहजि सुभाइ ॥

ਗੁਰ ਕਿਰਪਾ ਤੇ ਸਚਿ ਸਮਾਇ ॥ (158-13)

गुर किरपा ते सचि समाइ ॥

ਸਾਚੇ ਰਾਤੀ ਗੁਰ ਸਬਦੁ ਵੀਚਾਰ ॥ (158-14)

साचे राती गुर सबदु वीचार ॥

ਅੰਮ੍ਰਿਤੁ ਪੀਵੈ ਨਿਰਮਲ ਧਾਰ ॥੩॥ (158-14)

अमृतु पीवै निरमल धार ॥३॥

ਨਾਮਿ ਸਮਾਵੈ ਜੋ ਭਾਡਾ ਹੋਇ ॥ (158-14)

नामि समावै जो भाडा होइ ॥

ਊਂਧੈ ਭਾਂਡੈ ਟਿਕੈ ਨ ਕੋਇ ॥ (158-14)

ऊंधै भांडै टिकै न कोइ ॥

ਗੁਰ ਸਬਦੀ ਮਨਿ ਨਾਮਿ ਨਿਵਾਸੁ ॥ (158-15)

गुर सबदी मनि नामि निवासु ॥

ਨਾਨਕ ਸਚੁ ਭਾਂਡਾ ਜਿਸੁ ਸਬਦ ਪਿਆਸ ॥੪॥੩॥੨੩॥ (158-15)

नानक सचु भांडा जिसु सबद पिआस ॥४॥३॥२३॥

ਗਉੜੀ ਗੁਆਰੇਰੀ ਮਹਲਾ ੩ ॥ (158-16)

गउड़ी गुआरेरी महला ३ ॥

ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ ॥ (158-16)

इकि गावत रहे मनि सादु न पाइ ॥

ਹਉਮੈ ਵਿਚਿ ਗਾਵਹਿ ਬਿਰਥਾ ਜਾਇ ॥ (158-16)
हउमै विचि गावहि बिरथा जाइ ॥

ਗਾਵਣਿ ਗਾਵਹਿ ਜਿਨ ਨਾਮ ਪਿਆਰੁ ॥ (158-17)
गावणि गावहि जिन नाम पिआरु ॥

ਸਾਚੀ ਬਾਣੀ ਸਬਦ ਬੀਚਾਰੁ ॥੧॥ (158-17)
साची बाणी सबद बीचारु ॥१॥

ਗਾਵਤ ਰਹੈ ਜੇ ਸਤਿਗੁਰ ਭਾਵੈ ॥ (158-18)
गावत रहै जे सतिगुर भावै ॥

ਮਨੁ ਤਨੁ ਰਾਤਾ ਨਾਮਿ ਸੁਹਾਵੈ ॥੧॥ ਰਹਾਉ ॥ (158-18)
मनु तनु राता नामि सुहावै ॥१॥ रहाउ ॥

ਇਕਿ ਗਾਵਹਿ ਇਕਿ ਭਗਤਿ ਕਰੇਹਿ ॥ (158-18)
इकि गावहि इकि भगति करेहि ॥

ਨਾਮੁ ਨ ਪਾਵਹਿ ਬਿਨੁ ਅਸਨੇਹ ॥ (158-19)
नामु न पावहि बिनु असनेह ॥

ਸਚੀ ਭਗਤਿ ਗੁਰ ਸਬਦ ਪਿਆਰਿ ॥ (158-19)
सची भगति गुर सबद पिआरि ॥

ਅਪਨਾ ਪਿਰੁ ਰਾਖਿਆ ਸਦਾ ਉਰਿ ਧਾਰਿ ॥੨॥ (158-19)
अपना पिरु राखिआ सदा उरि धारि ॥२॥

ਭਗਤਿ ਕਰਹਿ ਮੂਰਖ ਆਪੁ ਜਣਾਵਹਿ ॥ (159-1)
भगति करहि मूरख आपु जणावहि ॥

ਨਚਿ ਨਚਿ ਟਪਹਿ ਬਹੁਤੁ ਦੁਖੁ ਪਾਵਹਿ ॥ (159-1)
नचि नचि टपहि बहुतु दुखु पावहि ॥

ਨਚਿਐ ਟਪਿਐ ਭਗਤਿ ਨ ਹੋਇ ॥ (159-2)
नचिऐ टपिऐ भगति न होइ ॥

ਸਬਦਿ ਮਰੈ ਭਗਤਿ ਪਾਏ ਜਨੁ ਸੋਇ ॥੩॥ (159-2)
सबदि मरै भगति पाए जनु सोइ ॥३॥

ਭਗਤਿ ਵਛਲੁ ਭਗਤਿ ਕਰਾਏ ਸੋਇ ॥ (159-2)
भगति वछलु भगति कराए सोइ ॥

ਸਚੀ ਭਗਤਿ ਵਿਚਹੁ ਆਪੁ ਖੋਇ ॥ (159-3)
सची भगति विचहु आपु खोइ ॥

ਮੇਰਾ ਪ੍ਰਭੁ ਸਾਚਾ ਸਭ ਬਿਧਿ ਜਾਣੈ ॥ (159-3)
मेरा प्रभु साचा सभ बिधि जाणै ॥

ਨਾਨਕ ਬਖਸੇ ਨਾਮੁ ਪਛਾਣੈ ॥੪॥੪॥੨੪॥ (159-3)
नानक बखसे नामु पछाणै ॥४॥४॥२४॥

ਗਉੜੀ ਗੁਆਰੇਰੀ ਮਹਲਾ ੩ ॥ (159-4)
गउड़ी गुआरेरी महला ३ ॥

ਮਨੁ ਮਾਰੇ ਧਾਤੁ ਮਰਿ ਜਾਇ ॥ (159-4)
मनु मारे धातु मरि जाइ ॥

ਬਿਨੁ ਮੂਏ ਕੈਸੇ ਹਰਿ ਪਾਇ ॥ (159-4)
बिनु मूए कैसे हरि पाइ ॥

ਮਨੁ ਮਰੈ ਦਾਰੂ ਜਾਣੈ ਕੋਇ ॥ (159-5)
मनु मरै दारू जाणै कोइ ॥

ਮਨੁ ਸਬਦਿ ਮਰੈ ਬੂਝੈ ਜਨੁ ਸੋਇ ॥੧॥ (159-5)
मनु सबदि मरै बूझै जनु सोइ ॥१॥

ਜਿਸ ਨੋ ਬਖਸੇ ਦੇ ਵਡਿਆਈ ॥ (159-5)
जिस नो बखसे दे वडिआई ॥

ਗੁਰ ਪਰਸਾਦਿ ਹਰਿ ਵਸੈ ਮਨਿ ਆਈ ॥੧॥ ਰਹਾਉ ॥ (159-6)
गुर परसादि हरि वसै मनि आई ॥१॥ रहाउ ॥

ਗੁਰਮੁਖਿ ਕਰਣੀ ਕਾਰ ਕਮਾਵੈ ॥ (159-6)
गुरमुखि करणी कार कमावै ॥

ਤਾ ਇਸੁ ਮਨ ਕੀ ਸੋਝੀ ਪਾਵੈ ॥ (159-6)
ता इसु मन की सोझी पावै ॥

ਮਨੁ ਮੈ ਮਤੁ ਮੈਗਲ ਮਿਕਦਾਰਾ ॥ (159-7)
मनु मै मतु मैगल मिकदारा ॥

ਗੁਰੁ ਅੰਕਸੁ ਮਾਰਿ ਜੀਵਾਲਣਹਾਰਾ ॥੨॥ (159-7)
गुरु अंकसु मारि जीवालणहारा ॥२॥

ਮਨੁ ਅਸਾਧੁ ਸਾਧੈ ਜਨੁ ਕੋਇ ॥ (159-7)
मनु असाधु साधै जनु कोइ ॥

ਅਚਰੁ ਚਰੈ ਤਾ ਨਿਰਮਲੁ ਹੋਇ ॥ (159-8)
अचरु चरै ता निरमलु होइ ॥

ਗੁਰਮੁਖਿ ਇਹੁ ਮਨੁ ਲਇਆ ਸਵਾਰਿ ॥ (159-8)
गुरमुखि इहु मनु लइआ सवारि ॥

ਹਉਮੈ ਵਿਚਹੁ ਤਜੇ ਵਿਕਾਰ ॥੩॥ (159-8)
हउमै विचहु तजे विकार ॥३॥

ਜੋ ਧੁਰਿ ਰਾਖਿਅਨੁ ਮੇਲਿ ਮਿਲਾਇ ॥ (159-9)
जो धुरि राखिअनु मेलि मिलाइ ॥

ਕਦੇ ਨ ਵਿਛੁੜਹਿ ਸਬਦਿ ਸਮਾਇ ॥ (159-9)
कदे न विछुड़हि सबदि समाइ ॥

ਆਪਣੀ ਕਲਾ ਆਪੇ ਹੀ ਜਾਣੈ ॥ (159-9)
आपणी कला आपे ही जाणै ॥

ਨਾਨਕ ਗੁਰਮੁਖਿ ਨਾਮੁ ਪਛਾਣੈ ॥੪॥੫॥੨੫॥ (159-10)
नानक गुरमुखि नामु पछाणै ॥४॥५॥२५॥

ਗਉੜੀ ਗੁਆਰੇਰੀ ਮਹਲਾ ੩ ॥ (159-10)
गउड़ी गुआरेरी महला ३ ॥

ਹਉਮੈ ਵਿਚਿ ਸਭੁ ਜਗੁ ਬਉਰਾਨਾ ॥ (159-10)
हउमै विचि सभु जगु बउराना ॥

ਦੂਜੈ ਭਾਇ ਭਰਮਿ ਭੁਲਾਨਾ ॥ (159-11)
दूजै भाइ भरमि भुलाना ॥

ਬਹੁ ਚਿੰਤਾ ਚਿਤਵੈ ਆਪੁ ਨ ਪਛਾਨਾ ॥ (159-11)
बहु चिंता चितवै आपु न पछाना ॥

ਧੰਧਾ ਕਰਤਿਆ ਅਨਦਿਨੁ ਵਿਹਾਨਾ ॥੧॥ (159-11)
धंधा करतिआ अनदिनु विहाना ॥१॥

ਹਿਰਦੈ ਰਾਮੁ ਰਮਹੁ ਮੇਰੇ ਭਾਈ ॥ (159-12)
हिरदै रामु रमहु मेरे भाई ॥

ਗੁਰਮੁਖਿ ਰਸਨਾ ਹਰਿ ਰਸਨ ਰਸਾਈ ॥੧॥ ਰਹਾਉ ॥ (159-12)
गुरमुखि रसना हरि रसन रसाई ॥१॥ रहाउ ॥

ਗੁਰਮੁਖਿ ਹਿਰਦੈ ਜਿਨਿ ਰਾਮੁ ਪਛਾਤਾ ॥ (159-13)
गुरमुखि हिरदै जिनि रामु पछाता ॥

ਜਗਜੀਵਨੁ ਸੇਵਿ ਜੁਗ ਚਾਰੇ ਜਾਤਾ ॥ (159-13)
जगजीवनु सेवि जुग चारे जाता ॥

ਹਉਮੈ ਮਾਰਿ ਗੁਰ ਸਬਦਿ ਪਛਾਤਾ ॥ (159-13)
हउमै मारि गुर सबदि पछाता ॥

ਕ੍ਰਿਪਾ ਕਰੇ ਪ੍ਰਭ ਕਰਮ ਬਿਧਾਤਾ ॥੨॥ (159-14)
क्रिपा करे प्रभ करम बिधाता ॥२॥

ਸੇ ਜਨ ਸਚੇ ਜੋ ਗੁਰ ਸਬਦਿ ਮਿਲਾਏ ॥ (159-14)
से जन सचे जो गुर सबदि मिलाए ॥

ਧਾਵਤ ਵਰਜੇ ਠਾਕਿ ਰਹਾਏ ॥ (159-14)

धावत वरजे ठाकि रहाए ॥

ਨਾਮੁ ਨਵ ਨਿਧਿ ਗੁਰ ਤੇ ਪਾਏ ॥ (159-15)

नामु नव निधि गुर ते पाए ॥

ਹਰਿ ਕਿਰਪਾ ਤੇ ਹਰਿ ਵਸੈ ਮਨਿ ਆਏ ॥੩॥ (159-15)

हरि किरपा ते हरि वसै मनि आए ॥३॥

ਰਾਮ ਰਾਮ ਕਰਤਿਆ ਸੁਖੁ ਸਾਂਤਿ ਸਰੀਰ ॥ (159-15)

राम राम करतिआ सुखु सांति सरीर ॥

ਅੰਤਰਿ ਵਸੈ ਨ ਲਾਗੈ ਜਮ ਪੀਰ ॥ (159-16)

अंतरि वसै न लागै जम पीर ॥

ਆਪੇ ਸਾਹਿਬੁ ਆਪਿ ਵਜੀਰ ॥ (159-16)

आपे साहिबु आपि वजीर ॥

ਨਾਨਕ ਸੇਵਿ ਸਦਾ ਹਰਿ ਗੁਣੀ ਗਹੀਰ ॥੪॥੬॥੨੬॥ (159-16)

नानक सेवि सदा हरि गुणी गहीर ॥४॥६॥२६॥

ਗਉੜੀ ਗੁਆਰੇਰੀ ਮਹਲਾ ੩ ॥ (159-17)

गउड़ी गुआरेरी महला ३ ॥

ਸੋ ਕਿਉ ਵਿਸਰੈ ਜਿਸ ਕੇ ਜੀਅ ਪਰਾਨਾ ॥ (159-17)

सो किउ विसरै जिस के जीअ पराना ॥

ਸੋ ਕਿਉ ਵਿਸਰੈ ਸਭ ਮਾਹਿ ਸਮਾਨਾ ॥ (159-18)

सो किउ विसरै सभ माहि समाना ॥

ਜਿਤੁ ਸੇਵਿਐ ਦਰਗਹ ਪਤਿ ਪਰਵਾਨਾ ॥੧॥ (159-18)

जितु सेविऐ दरगह पति परवाना ॥१॥

ਹਰਿ ਕੇ ਨਾਮ ਵਿਟਹੁ ਬਲਿ ਜਾਉ ॥ (159-18)

हरि के नाम विटहु बलि जाउ ॥

ਤੂੰ ਵਿਸਰਹਿ ਤਦਿ ਹੀ ਮਰਿ ਜਾਉ ॥੧॥ ਰਹਾਉ ॥ (159-19)
तूं विसरहि तदि ही मरि जाउ ॥१॥ रहाउ ॥

ਤਿਨ ਤੂੰ ਵਿਸਰਹਿ ਜਿ ਤੁਧੁ ਆਪਿ ਭੁਲਾਏ ॥ (159-19)
तिन तूं विसरहि जि तुधु आपि भुलाए ॥

ਤਿਨ ਤੂੰ ਵਿਸਰਹਿ ਜਿ ਦੂਜੈ ਭਾਏ ॥ (160-1)
तिन तूं विसरहि जि दूजै भाए ॥

ਮਨਮੁਖ ਅਗਿਆਨੀ ਜੋਨੀ ਪਾਏ ॥੨॥ (160-1)
मनमुख अगिआनी जोनी पाए ॥२॥

ਜਿਨ ਇਕ ਮਨਿ ਤੁਠਾ ਸੇ ਸਤਿਗੁਰ ਸੇਵਾ ਲਾਏ ॥ (160-1)
जिन इक मनि तुठा से सतिगुर सेवा लाए ॥

ਜਿਨ ਇਕ ਮਨਿ ਤੁਠਾ ਤਿਨ ਹਰਿ ਮੰਨਿ ਵਸਾਏ ॥ (160-2)
जिन इक मनि तुठा तिन हरि मंनि वसाए ॥

ਗੁਰਮਤੀ ਹਰਿ ਨਾਮਿ ਸਮਾਏ ॥੩॥ (160-2)
गुरमती हरि नामि समाए ॥३॥

ਜਿਨਾ ਪੋਤੈ ਪੁੰਨੁ ਸੇ ਗਿਆਨ ਬੀਚਾਰੀ ॥ (160-3)
जिना पोतै पुंनु से गिआन बीचारी ॥

ਜਿਨਾ ਪੋਤੈ ਪੁੰਨੁ ਤਿਨ ਹਉਮੈ ਮਾਰੀ ॥ (160-3)
जिना पोतै पुंनु तिन हउमै मारी ॥

ਨਾਨਕ ਜੋ ਨਾਮਿ ਰਤੇ ਤਿਨ ਕਉ ਬਲਿਹਾਰੀ ॥੪॥੭॥੨੭॥ (160-3)
नानक जो नामि रते तिन कउ बलिहारी ॥४॥७॥२७॥

ਗਉੜੀ ਗੁਆਰੇਰੀ ਮਹਲਾ ੩ ॥ (160-4)
गउड़ी गुआरेरी महला ३ ॥

ਤੂੰ ਅਕਥੁ ਕਿਉ ਕਥਿਆ ਜਾਹਿ ॥ (160-4)
तूं अकथु किउ कथिआ जाहि ॥

ਗੁਰ ਸਬਦੁ ਮਾਰਣੁ ਮਨ ਮਾਹਿ ਸਮਾਹਿ ॥ (160-5)
गुर सबदु मारणु मन माहि समाहि ॥

ਤੇਰੇ ਗੁਣ ਅਨੇਕ ਕੀਮਤਿ ਨਹ ਪਾਹਿ ॥੧॥ (160-5)
तेरे गुण अनेक कीमति नह पाहि ॥१॥

ਜਿਸ ਕੀ ਬਾਣੀ ਤਿਸੁ ਮਾਹਿ ਸਮਾਣੀ ॥ (160-5)
जिस की बाणी तिसु माहि समाणी ॥

ਤੇਰੀ ਅਕਥ ਕਥਾ ਗੁਰ ਸਬਦਿ ਵਖਾਣੀ ॥੧॥ ਰਹਾਉ ॥ (160-6)
तेरी अकथ कथा गुर सबदि वखाणी ॥१॥ रहाउ ॥

ਜਹ ਸਤਿਗੁਰੁ ਤਹ ਸਤਸੰਗਤਿ ਬਣਾਈ ॥ (160-6)
जह सतिगुरु तह सतसंगति बणाई ॥

ਜਹ ਸਤਿਗੁਰੁ ਸਹਜੇ ਹਰਿ ਗੁਣ ਗਾਈ ॥ (160-7)
जह सतिगुरु सहजे हरि गुण गाई ॥

ਜਹ ਸਤਿਗੁਰੁ ਤਹਾ ਹਉਮੈ ਸਬਦਿ ਜਲਾਈ ॥੨॥ (160-7)
जह सतिगुरु तहा हउमै सबदि जलाई ॥२॥

ਗੁਰਮੁਖਿ ਸੇਵਾ ਮਹਲੀ ਥਾਉ ਪਾਏ ॥ (160-7)
गुरमुखि सेवा महली थाउ पाए ॥

ਗੁਰਮੁਖਿ ਅੰਤਰਿ ਹਰਿ ਨਾਮੁ ਵਸਾਏ ॥ (160-8)
गुरमुखि अंतरि हरि नामु वसाए ॥

ਗੁਰਮੁਖਿ ਭਗਤਿ ਹਰਿ ਨਾਮਿ ਸਮਾਏ ॥੩॥ (160-8)
गुरमुखि भगति हरि नामि समाए ॥३॥

ਆਪੇ ਦਾਤਿ ਕਰੇ ਦਾਤਾਰੁ ॥ (160-9)
आपे दाति करे दातारु ॥

ਪੂਰੇ ਸਤਿਗੁਰ ਸਿਉ ਲਗੈ ਪਿਆਰੁ ॥ (160-9)
पूरे सतिगुर सिउ लगै पिआरु ॥

ਨਾਨਕ ਨਾਮਿ ਰਤੇ ਤਿਨ ਕਉ ਜੈਕਾਰੁ ॥੪॥੮॥੨੮॥ (160-9)
नानक नामि रते तिन कउ जैकारु ॥४॥८॥२८॥

ਗਉੜੀ ਗੁਆਰੇਰੀ ਮਹਲਾ ੩ ॥ (160-10)
गउड़ी गुआरेरी महला ३ ॥

ਏਕਸੁ ਤੇ ਸਭਿ ਰੂਪ ਹਹਿ ਰੰਗਾ ॥ (160-10)
एकसु ते सभि रूप हहि रंगा ॥

ਪਉਣੁ ਪਾਣੀ ਬੈਸੰਤਰੁ ਸਭਿ ਸਹਲੰਗਾ ॥ (160-10)
पउणु पाणी बैसंतरु सभि सहलंगा ॥

ਭਿੰਨ ਭਿੰਨ ਵੇਖੈ ਹਰਿ ਪ੍ਰਭੁ ਰੰਗਾ ॥੧॥ (160-11)
भिंन भिंन वेखै हरि प्रभु रंगा ॥१॥

ਏਕੁ ਅਚਰਜੁ ਏਕੋ ਹੈ ਸੋਈ ॥ (160-11)
एकु अचरजु एको है सोई ॥

ਗੁਰਮੁਖਿ ਵੀਚਾਰੇ ਵਿਰਲਾ ਕੋਈ ॥੧॥ ਰਹਾਉ ॥ (160-11)
गुरमुखि वीचारे विरला कोई ॥१॥ रहाउ ॥

ਸਹਜਿ ਭਵੈ ਪ੍ਰਭੁ ਸਭਨੀ ਥਾਈ ॥ (160-12)
सहजि भवै प्रभु सभनी थाई ॥

ਕਹਾ ਗੁਪਤੁ ਪ੍ਰਗਟੁ ਪ੍ਰਭਿ ਬਣਤ ਬਣਾਈ ॥ (160-12)
कहा गुपतु प्रगटु प्रभि बणत बणाई ॥

ਆਪੇ ਸੁਤਿਆ ਦੇਇ ਜਗਾਈ ॥੨॥ (160-12)
आपे सुतिआ देइ जगाई ॥२॥

ਤਿਸ ਕੀ ਕੀਮਤਿ ਕਿਨੈ ਨ ਹੋਈ ॥ (160-13)
तिस की कीमति किनै न होई ॥

ਕਹਿ ਕਹਿ ਕਥਨੁ ਕਹੈ ਸਭੁ ਕੋਈ ॥ (160-13)
कहि कहि कथनु कहै सभु कोई ॥

ਗੁਰ ਸਬਦਿ ਸਮਾਵੈ ਬੂਝੈ ਹਰਿ ਸੋਈ ॥੩॥ (160-13)
गुर सबदि समावै बूझै हरि सोई ॥३॥

ਸੁਣਿ ਸੁਣਿ ਵੇਖੈ ਸਬਦਿ ਮਿਲਾਏ ॥ (160-14)
सुणि सुणि वेखै सबदि मिलाए ॥

ਵਡੀ ਵਡਿਆਈ ਗੁਰ ਸੇਵਾ ਤੇ ਪਾਏ ॥ (160-14)
वडी वडिआई गुर सेवा ते पाए ॥

ਨਾਨਕ ਨਾਮਿ ਰਤੇ ਹਰਿ ਨਾਮਿ ਸਮਾਏ ॥੪॥੯॥੨੯॥ (160-15)
नानक नामि रते हरि नामि समाए ॥४॥९॥२९॥

ਗਉੜੀ ਗੁਆਰੇਰੀ ਮਹਲਾ ੩ ॥ (160-15)
गउड़ी गुआरेरी महला ३ ॥

ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ ॥ (160-15)
मनमुखि सूता माइआ मोहि पिआरि ॥

ਗੁਰਮੁਖਿ ਜਾਗੇ ਗੁਣ ਗਿਆਨ ਬੀਚਾਰਿ ॥ (160-16)
गुरमुखि जागे गुण गिआन बीचारि ॥

ਸੇ ਜਨ ਜਾਗੇ ਜਿਨ ਨਾਮ ਪਿਆਰਿ ॥੧॥ (160-16)
से जन जागे जिन नाम पिआरि ॥१॥

ਸਹਜੇ ਜਾਗੈ ਸਵੈ ਨ ਕੋਇ ॥ (160-17)
सहजे जागै सवै न कोइ ॥

ਪੂਰੇ ਗੁਰ ਤੇ ਬੂਝੈ ਜਨੁ ਕੋਇ ॥੧॥ ਰਹਾਉ ॥ (160-17)
पूरे गुर ते बूझै जनु कोइ ॥१॥ रहाउ ॥

ਅਸੰਤੁ ਅਨਾੜੀ ਕਦੇ ਨ ਬੂਝੈ ॥ (160-17)
असंतु अनाड़ी कदे न बूझै ॥

ਕਥਨੀ ਕਰੇ ਤੈ ਮਾਇਆ ਨਾਲਿ ਲੂਝੈ ॥ (160-18)
कथनी करे तै माइआ नालि लूझै ॥

ਅੰਧੁ ਅਗਿਆਨੀ ਕਦੇ ਨ ਸੀਝੈ ॥੨॥ (160-18)
अंधु अगिआनी कदे न सीझै ॥२॥

ਇਸੁ ਜੁਗ ਮਹਿ ਰਾਮ ਨਾਮਿ ਨਿਸਤਾਰਾ ॥ (160-18)
इसु जुग महि राम नामि निसतारा ॥

ਵਿਰਲਾ ਕੋ ਪਾਏ ਗੁਰ ਸਬਦਿ ਵੀਚਾਰਾ ॥ (160-19)
विरला को पाए गुर सबदि वीचारा ॥

ਆਪਿ ਤਰੈ ਸਗਲੇ ਕੁਲ ਉਧਾਰਾ ॥੩॥ (160-19)
आपि तरै सगले कुल उधारा ॥३॥

ਇਸੁ ਕਲਿਜੁਗ ਮਹਿ ਕਰਮ ਧਰਮੁ ਨ ਕੋਈ ॥ (161-1)
इसु कलिजुग महि करम धरमु न कोई ॥

ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ ॥ (161-1)
कली का जनमु चंडाल कै घरि होई ॥

ਨਾਨਕ ਨਾਮ ਬਿਨਾ ਕੋ ਮੁਕਤਿ ਨ ਹੋਈ ॥੪॥੧੦॥੩੦॥ (161-1)
नानक नाम बिना को मुकति न होई ॥४॥१०॥३०॥

ਗਉੜੀ ਮਹਲਾ ੩ ਗੁਆਰੇਰੀ ॥ (161-2)
गउड़ी महला ३ गुआरेरी ॥

ਸਚਾ ਅਮਰੁ ਸਚਾ ਪਾਤਿਸਾਹੁ ॥ (161-2)
सचा अमरु सचा पातिसाहु ॥

ਮਨਿ ਸਾਚੈ ਰਾਤੇ ਹਰਿ ਵੇਪਰਵਾਹੁ ॥ (161-2)
मनि साचै राते हरि वेपरवाहु ॥

ਸਚੈ ਮਹਲਿ ਸਚਿ ਨਾਮਿ ਸਮਾਹੁ ॥੧॥ (161-3)
सचै महलि सचि नामि समाहु ॥१॥

ਸੁਣਿ ਮਨ ਮੇਰੇ ਸਬਦੁ ਵੀਚਾਰਿ ॥ (161-3)
सुणि मन मेरे सबदु वीचारि ॥

ਰਾਮ ਜਪਹੁ ਭਵਜਲੁ ਉਤਰਹੁ ਪਾਰਿ ॥੧॥ ਰਹਾਉ ॥ (161-3)
राम जपहु भवजलु उतरहु पारि ॥१॥ रहाउ ॥

ਭਰਮੇ ਆਵੈ ਭਰਮੇ ਜਾਇ ॥ (161-4)
भरमे आवै भरमे जाइ ॥

ਇਹੁ ਜਗੁ ਜਨਮਿਆ ਦੂਜੈ ਭਾਇ ॥ (161-4)
इहु जगु जनमिआ दूजै भाइ ॥

ਮਨਮੁਖਿ ਨ ਚੇਤੈ ਆਵੈ ਜਾਇ ॥੨॥ (161-4)
मनमुखि न चेतै आवै जाइ ॥२॥

ਆਪਿ ਭੁਲਾ ਕਿ ਪ੍ਰਭਿ ਆਪਿ ਭੁਲਾਇਆ ॥ (161-5)
आपि भुला कि प्रभि आपि भुलाइआ ॥

ਇਹੁ ਜੀਉ ਵਿਡਾਣੀ ਚਾਕਰੀ ਲਾਇਆ ॥ (161-5)
इहु जीउ विडाणी चाकरी लाइआ ॥

ਮਹਾ ਦੁਖੁ ਖਟੇ ਬਿਰਥਾ ਜਨਮੁ ਗਵਾਇਆ ॥੩॥ (161-5)
महा दुखु खटे बिरथा जनमु गवाइआ ॥३॥

ਕਿਰਪਾ ਕਰਿ ਸਤਿਗੁਰੂ ਮਿਲਾਏ ॥ (161-6)
किरपा करि सतिगुरू मिलाए ॥

ਏਕੋ ਨਾਮੁ ਚੇਤੇ ਵਿਚਹੁ ਭਰਮੁ ਚੁਕਾਏ ॥ (161-6)
एको नामु चेते विचहु भरमु चुकाए ॥

ਨਾਨਕ ਨਾਮੁ ਜਪੇ ਨਾਉ ਨਉ ਨਿਧਿ ਪਾਏ ॥੪॥੧੧॥੩੧॥ (161-7)
नानक नामु जपे नाउ नउ निधि पाए ॥४॥११॥३१॥

ਗਉੜੀ ਗੁਆਰੇਰੀ ਮਹਲਾ ੩ ॥ (161-7)
गउड़ी गुआरेरी महला ३ ॥

ਜਿਨਾ ਗੁਰਮੁਖਿ ਧਿਆਇਆ ਤਿਨ ਪੂਛਉ ਜਾਇ ॥ (161-7)
जिना गुरमुखि धिआइआ तिन पूछउ जाइ ॥

ਗੁਰ ਸੇਵਾ ਤੇ ਮਨੁ ਪਤੀਆਇ ॥ (161-8)
गुर सेवा ते मनु पतीआइ ॥

ਸੇ ਧਨਵੰਤ ਹਰਿ ਨਾਮੁ ਕਮਾਇ ॥ (161-8)
से धनवंत हरि नामु कमाइ ॥

ਪੂਰੇ ਗੁਰ ਤੇ ਸੋਝੀ ਪਾਇ ॥੧॥ (161-9)
पूरे गुर ते सोझी पाइ ॥१॥

ਹਰਿ ਹਰਿ ਨਾਮੁ ਜਪਹੁ ਮੇਰੇ ਭਾਈ ॥ (161-9)
हरि हरि नामु जपहु मेरे भाई ॥

ਗੁਰਮੁਖਿ ਸੇਵਾ ਹਰਿ ਘਾਲ ਥਾਇ ਪਾਈ ॥੧॥ ਰਹਾਉ ॥ (161-9)
गुरमुखि सेवा हरि घाल थाइ पाई ॥१॥ रहाउ ॥

ਆਪੁ ਪਛਾਣੈ ਮਨੁ ਨਿਰਮਲੁ ਹੋਇ ॥ (161-10)
आपु पछाणै मनु निरमलु होइ ॥

ਜੀਵਨ ਮੁਕਤਿ ਹਰਿ ਪਾਵੈ ਸੋਇ ॥ (161-10)
जीवन मुकति हरि पावै सोइ ॥

ਹਰਿ ਗੁਣ ਗਾਵੈ ਮਤਿ ਊਤਮ ਹੋਇ ॥ (161-10)
हरि गुण गावै मति ऊतम होइ ॥

ਸਹਜੇ ਸਹਜਿ ਸਮਾਵੈ ਸੋਇ ॥੨॥ (161-11)
सहजे सहजि समावै सोइ ॥२॥

ਦੂਜੈ ਭਾਇ ਨ ਸੇਵਿਆ ਜਾਇ ॥ (161-11)
दूजै भाइ न सेविआ जाइ ॥

ਹਉਮੈ ਮਾਇਆ ਮਹਾ ਬਿਖੁ ਖਾਇ ॥ (161-11)
हउमै माइआ महा बिखु खाइ ॥

ਪੁਤਿ ਕੁਟੰਬਿ ਗ੍ਰਿਹਿ ਮੋਹਿਆ ਮਾਇ ॥ (161-12)
पुति कुट्मबि ग्रिहि मोहिआ माइ ॥

ਮਨਮੁਖਿ ਅੰਧਾ ਆਵੈ ਜਾਇ ॥੩॥ (161-12)
मनमुखि अंधा आवै जाइ ॥३ ॥

ਹਰਿ ਹਰਿ ਨਾਮੁ ਦੇਵੈ ਜਨੁ ਸੋਇ ॥ (161-12)
हरि हरि नामु देवै जनु सोइ ॥

ਅਨਦਿਨੁ ਭਗਤਿ ਗੁਰ ਸਬਦੀ ਹੋਇ ॥ (161-13)
अनदिनु भगति गुर सबदी होइ ॥

ਗੁਰਮਤਿ ਵਿਰਲਾ ਬੂਝੈ ਕੋਇ ॥ (161-13)
गुरमति विरला बूझै कोइ ॥

ਨਾਨਕ ਨਾਮਿ ਸਮਾਵੈ ਸੋਇ ॥੪॥੧੨॥੩੨॥ (161-13)
नानक नामि समावै सोइ ॥४ ॥१२ ॥३२ ॥

ਗਉੜੀ ਗੁਆਰੇਰੀ ਮਹਲਾ ੩ ॥ (161-14)
गउड़ी गुआरेरी महला ३ ॥

ਗੁਰ ਸੇਵਾ ਜੁਗ ਚਾਰੇ ਹੋਈ ॥ (161-14)
गुर सेवा जुग चारे होई ॥

ਪੂਰਾ ਜਨੁ ਕਾਰ ਕਮਾਵੈ ਕੋਈ ॥ (161-14)
पूरा जनु कार कमावै कोई ॥

ਅਖੁਟੁ ਨਾਮ ਧਨੁ ਹਰਿ ਤੋਟਿ ਨ ਹੋਈ ॥ (161-14)
अखुटु नाम धनु हरि तोटि न होई ॥

ਐਥੈ ਸਦਾ ਸੁਖੁ ਦਰਿ ਸੋਭਾ ਹੋਈ ॥੧॥ (161-15)
ऐथै सदा सुखु दरि सोभा होई ॥१ ॥

ਏ ਮਨ ਮੇਰੇ ਭਰਮੁ ਨ ਕੀਜੈ ॥ (161-15)
ए मन मेरे भरमु न कीजै ॥

ਗੁਰਮੁਖਿ ਸੇਵਾ ਅੰਮ੍ਰਿਤ ਰਸੁ ਪੀਜੈ ॥੧॥ ਰਹਾਉ ॥ (161-15)
गुरमुखि सेवा अमृत रसु पीजै ॥१ ॥ रहाउ ॥

ਸਤਿਗੁਰੁ ਸੇਵਹਿ ਸੇ ਮਹਾਪੁਰਖ ਸੰਸਾਰੇ ॥ (161-16)
सतिगुरु सेवहि से महापुरख संसारे ॥

ਆਪਿ ਉਧਰੇ ਕੁਲ ਸਗਲ ਨਿਸਤਾਰੇ ॥ (161-16)
आपि उधरे कुल सगल निसतारे ॥

ਹਰਿ ਕਾ ਨਾਮੁ ਰਖਹਿ ਉਰ ਧਾਰੇ ॥ (161-17)
हरि का नामु रखहि उर धारे ॥

ਨਾਮਿ ਰਤੇ ਭਉਜਲ ਉਤਰਹਿ ਪਾਰੇ ॥੨॥ (161-17)
नामि रते भउजल उतरहि पारे ॥२॥

ਸਤਿਗੁਰੁ ਸੇਵਹਿ ਸਦਾ ਮਨਿ ਦਾਸਾ ॥ (161-17)
सतिगुरु सेवहि सदा मनि दासा ॥

ਹਉਮੈ ਮਾਰਿ ਕਮਲੁ ਪਰਗਾਸਾ ॥ (161-18)
हउमै मारि कमलु परगासा ॥

ਅਨਹਦੁ ਵਾਜੈ ਨਿਜ ਘਰਿ ਵਾਸਾ ॥ (161-18)
अनहदु वाजै निज घरि वासा ॥

ਨਾਮਿ ਰਤੇ ਘਰ ਮਾਹਿ ਉਦਾਸਾ ॥੩॥ (161-18)
नामि रते घर माहि उदासा ॥३॥

ਸਤਿਗੁਰੁ ਸੇਵਹਿ ਤਿਨ ਕੀ ਸਚੀ ਬਾਣੀ ॥ (161-19)
सतिगुरु सेवहि तिन की सची बाणी ॥

ਜੁਗੁ ਜੁਗੁ ਭਗਤੀ ਆਖਿ ਵਖਾਣੀ ॥ (161-19)
जुगु जुगु भगती आखि वखाणी ॥

ਅਨਦਿਨੁ ਜਪਹਿ ਹਰਿ ਸਾਰੰਗਪਾਣੀ ॥ (161-19)
अनदिनु जपहि हरि सारंगपाणी ॥

ਨਾਨਕ ਨਾਮਿ ਰਤੇ ਨਿਹਕੇਵਲ ਨਿਰਬਾਣੀ ॥੪॥੧੩॥੩੩॥ (162-1)
नानक नामि रते निहकेवल निरबाणी ॥४॥१३॥३३॥

ਗਉੜੀ ਗੁਆਰੇਰੀ ਮਹਲਾ ੩ ॥ (162-1)
गउड़ी गुआरेरी महला ३ ॥

ਸਤਿਗੁਰ ਮਿਲੈ ਵਡਭਾਗਿ ਸੰਜੋਗ ॥ (162-2)
सतिगुरु मिलै वडभागि संजोग ॥

ਹਿਰਦੈ ਨਾਮੁ ਨਿਤ ਹਰਿ ਰਸ ਭੋਗ ॥੧॥ (162-2)
हिरदै नामु नित हरि रस भोग ॥१॥

ਗੁਰਮੁਖਿ ਪ੍ਰਾਣੀ ਨਾਮੁ ਹਰਿ ਧਿਆਇ ॥ (162-2)
गुरमुखि प्राणी नामु हरि धिआइ ॥

ਜਨਮੁ ਜੀਤਿ ਲਾਹਾ ਨਾਮੁ ਪਾਇ ॥੧॥ ਰਹਾਉ ॥ (162-3)
जनमु जीति लाहा नामु पाइ ॥१॥ रहाउ ॥

ਗਿਆਨੁ ਧਿਆਨੁ ਗੁਰ ਸਬਦੁ ਹੈ ਮੀਠਾ ॥ (162-3)
गिआनु धिआनु गुर सबदु है मीठा ॥

ਗੁਰ ਕਿਰਪਾ ਤੇ ਕਿਨੈ ਵਿਰਲੈ ਚਖਿ ਡੀਠਾ ॥੨॥ (162-4)
गुर किरपा ते किनै विरलै चखि डीठा ॥२॥

ਕਰਮ ਕਾਂਡ ਬਹੁ ਕਰਹਿ ਅਚਾਰ ॥ (162-4)
करम कांड बहु करहि अचार ॥

ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ ॥੩॥ (162-4)
बिनु नावै ध्रिगु ध्रिगु अहंकार ॥३॥

ਬੰਧਨਿ ਬਾਧਿਓ ਮਾਇਆ ਫਾਸ ॥ (162-5)
बंधनि बाधिओ माइआ फास ॥

ਜਨ ਨਾਨਕ ਛੂਟੈ ਗੁਰ ਪਰਗਾਸ ॥੪॥੧੪॥੩੪॥ (162-5)
जन नानक छूटै गुर परगास ॥४॥१४॥३४॥

ਮਹਲਾ ੩ ਗਉੜੀ ਬੈਰਾਗਣਿ ॥ (162-6)
महला ३ गउड़ी बैरागणि ॥

ਜੈਸੀ ਧਰਤੀ ਊਪਰਿਮੇਘੁਲਾ ਬਰਸਤੁ ਹੈ ਕਿਆ ਧਰਤੀ ਮਧੇ ਪਾਣੀ ਨਾਹੀ ॥ (162-6)
जैसी धरती ऊपरिमेघुला बरसतु है किआ धरती मधे पाणी नाही ॥

ਜੈਸੇ ਧਰਤੀ ਮਧੇ ਪਾਣੀ ਪਰਗਾਸਿਆ ਬਿਨੁ ਪਗਾ ਵਰਸਤ ਫਿਰਾਹੀ ॥੧॥ (162-6)
जैसे धरती मधे पाणी परगासिआ बिनु पगा वरसत फिराही ॥१॥

ਬਾਬਾ ਤੂੰ ਐਸੇ ਭਰਮੁ ਚੁਕਾਹੀ ॥ (162-7)
बाबा तूं ऐसे भरमु चुकाही ॥

ਜੋ ਕਿਛੁ ਕਰਤੁ ਹੈ ਸੋਈ ਕੋਈ ਹੈ ਰੇ ਤੈਸੇ ਜਾਇ ਸਮਾਹੀ ॥੧॥ ਰਹਾਉ ॥ (162-7)
जो किछु करतु है सोई कोई है रे तैसे जाइ समाही ॥१॥ रहाउ ॥

ਇਸਤਰੀ ਪੁਰਖ ਹੋਇ ਕੈ ਕਿਆ ਓਇ ਕਰਮ ਕਮਾਹੀ ॥ (162-8)
इसतरी पुरख होइ कै किआ ओइ करम कमाही ॥

ਨਾਨਾ ਰੂਪ ਸਦਾ ਹਹਿ ਤੇਰੇ ਤੁਝ ਹੀ ਮਾਹਿ ਸਮਾਹੀ ॥੨॥ (162-9)
नाना रूप सदा हहि तेरे तुझ ही माहि समाही ॥२॥

ਇਤਨੇ ਜਨਮ ਭੂਲਿ ਪਰੇ ਸੇ ਜਾ ਪਾਇਆ ਤਾ ਭੂਲੇ ਨਾਹੀ ॥ (162-9)
इतने जनम भूलि परे से जा पाइआ ता भूले नाही ॥

ਜਾ ਕਾ ਕਾਰਜੁ ਸੋਈ ਪਰੁ ਜਾਣੈ ਜੇ ਗੁਰ ਕੈ ਸਬਦਿ ਸਮਾਹੀ ॥੩॥ (162-10)
जा का कारजु सोई परु जाणै जे गुर कै सबदि समाही ॥३॥

ਤੇਰਾ ਸਬਦੁ ਤੂੰਹੈ ਹਹਿ ਆਪੇ ਭਰਮੁ ਕਹਾਹੀ ॥ (162-10)
तेरा सबदु तूंहै हहि आपे भरमु कहाही ॥

ਨਾਨਕ ਤਤੁ ਤਤ ਸਿਉ ਮਿਲਿਆ ਪੁਨਰਪਿ ਜਨਮਿ ਨ ਆਹੀ ॥੪॥੧॥੧੫॥੩੫॥ (162-11)
नानक ततु तत सिउ मिलिआ पुनरपि जनमि न आही ॥४॥१॥१५॥३५॥

ਗਉੜੀ ਬੈਰਾਗਣਿ ਮਹਲਾ ੩ ॥ (162-11)
गउड़ी बैरागणि महला ३ ॥

ਸਭੁ ਜਗੁ ਕਾਲੈ ਵਸਿ ਹੈ ਬਾਧਾ ਦੂਜੈ ਭਾਇ ॥ (162-12)
सभु जगु कालै वसि है बाधा दूजै भाइ ॥

ਹਉਮੈ ਕਰਮ ਕਮਾਵਦੇ ਮਨਮੁਖਿ ਮਿਲੈ ਸਜਾਇ ॥੧॥ (162-12)
हउमै करम कमावदे मनमुखि मिलै सजाइ ॥१॥

ਮੇਰੇ ਮਨ ਗੁਰ ਚਰਣੀ ਚਿਤੁ ਲਾਇ ॥ (162-13)
मेरे मन गुर चरणी चितु लाइ ॥

ਗੁਰਮੁਖਿ ਨਾਮੁ ਨਿਧਾਨੁ ਲੈ ਦਰਗਹ ਲਏ ਛਡਾਇ ॥੧॥ ਰਹਾਉ ॥ (162-13)
गुरमुखि नामु निधानु लै दरगह लए छडाइ ॥१॥ रहाउ ॥

ਲਖ ਚਉਰਾਸੀਹ ਭਰਮਦੇ ਮਨਹਠਿ ਆਵੈ ਜਾਇ ॥ (162-13)
लख चउरासीह भरमदे मनहठि आवै जाइ ॥

ਗੁਰ ਕਾ ਸਬਦੁ ਨ ਚੀਨਿਓ ਫਿਰਿ ਫਿਰਿ ਜੋਨੀ ਪਾਇ ॥੨॥ (162-14)
गुर का सबदु न चीनिओ फिरि फिरि जोनी पाइ ॥२॥

ਗੁਰਮੁਖਿ ਆਪੁ ਪਛਾਣਿਆ ਹਰਿ ਨਾਮੁ ਵਸਿਆ ਮਨਿ ਆਇ ॥ (162-14)
गुरमुखि आपु पछाणिआ हरि नामु वसिआ मनि आइ ॥

ਅਨਦਿਨੁ ਭਗਤੀ ਰਤਿਆ ਹਰਿ ਨਾਮੇ ਸੁਖਿ ਸਮਾਇ ॥੩॥ (162-15)
अनदिनु भगती रतिआ हरि नामे सुखि समाइ ॥३॥

ਮਨੁ ਸਬਦਿ ਮਰੈ ਪਰਤੀਤਿ ਹੋਇ ਹਉਮੈ ਤਜੇ ਵਿਕਾਰ ॥ (162-16)
मनु सबदि मरै परतीति होइ हउमै तजे विकार ॥

ਜਨ ਨਾਨਕ ਕਰਮੀ ਪਾਈਅਨਿ ਹਰਿ ਨਾਮਾ ਭਗਤਿ ਭੰਡਾਰ ॥੪॥੨॥੧੬॥੩੬॥ (162-16)
जन नानक करमी पाईअनि हरि नामा भगति भंडार ॥४॥२॥१६॥३६॥

ਗਉੜੀ ਬੈਰਾਗਣਿ ਮਹਲਾ ੩ ॥ (162-17)
गउड़ी बैरागणि महला ३ ॥

ਪੇਈਅੜੈ ਦਿਨ ਚਾਰਿ ਹੈ ਹਰਿ ਹਰਿ ਲਿਖਿ ਪਾਇਆ ॥ (162-17)
पेईअड़ै दिन चारि है हरि हरि लिखि पाइआ ॥

ਸੋਭਾਵੰਤੀ ਨਾਰਿ ਹੈ ਗੁਰਮੁਖਿ ਗੁਣ ਗਾਇਆ ॥ (162-18)
सोभावंती नारि है गुरमुखि गुण गाइआ ॥

ਪੇਵਕੜੈ ਗੁਣ ਸੰਮਲੈ ਸਾਹੁਰੈ ਵਾਸੁ ਪਾਇਆ ॥ (162-18)
पेवकड़ै गुण संमलै साहुरै वासु पाइआ ॥

ਗੁਰਮੁਖਿ ਸਹਜਿ ਸਮਾਣੀਆ ਹਰਿ ਹਰਿ ਮਨਿ ਭਾਇਆ ॥੧॥ (162-18)
गुरमुखि सहजि समाणीआ हरि हरि मनि भाइआ ॥१॥

ਸਸੁਰੈ ਪੇਈਐ ਪਿਰੁ ਵਸੈ ਕਹੁ ਕਿਤੁ ਬਿਧਿ ਪਾਈਐ ॥ (162-19)
ससुरै पेईऐ पिरु वसै कहु कितु बिधि पाईऐ ॥

ਆਪਿ ਨਿਰੰਜਨੁ ਅਲਖੁ ਹੈ ਆਪੇ ਮੇਲਾਈਐ ॥੧॥ ਰਹਾਉ ॥ (162-19)
आपि निरंजनु अलखु है आपे मेलाईऐ ॥१॥ रहाउ ॥

ਆਪੇ ਹੀ ਪ੍ਰਭੁ ਦੇਹਿ ਮਤਿ ਹਰਿ ਨਾਮੁ ਧਿਆਈਐ ॥ (163-1)
आपे ही प्रभु देहि मति हरि नामु धिआईऐ ॥

ਵਡਭਾਗੀ ਸਤਿਗੁਰੁ ਮਿਲੈ ਮੁਖਿ ਅੰਮ੍ਰਿਤੁ ਪਾਈਐ ॥ (163-1)
वडभागी सतिगुरु मिलै मुखि अमृतु पाईऐ ॥

ਹਉਮੈ ਦੁਬਿਧਾ ਬਿਨਸਿ ਜਾਇ ਸਹਜੇ ਸੁਖਿ ਸਮਾਈਐ ॥ (163-2)
हउमै दुबिधा बिनसि जाइ सहजे सुखि समाईऐ ॥

ਸਭੁ ਆਪੇ ਆਪਿ ਵਰਤਦਾ ਆਪੇ ਨਾਇ ਲਾਈਐ ॥੨॥ (163-2)
सभु आपे आपि वरतदा आपे नाइ लाईऐ ॥२॥

ਮਨਮੁਖਿ ਗਰਬਿ ਨ ਪਾਇਓ ਅਗਿਆਨ ਇਆਣੇ ॥ (163-3)
मनमुखि गरबि न पाइओ अगिआन इआणे ॥

ਸਤਿਗੁਰ ਸੇਵਾ ਨਾ ਕਰਹਿ ਫਿਰਿ ਫਿਰਿ ਪਛੁਤਾਣੇ ॥ (163-3)
सतिगुर सेवा ना करहि फिरि फिरि पछुताणे ॥

ਗਰਭ ਜੋਨੀ ਵਾਸੁ ਪਾਇਦੇ ਗਰਭੇ ਗਲਿ ਜਾਣੇ ॥ (163-4)
गरभ जोनी वासु पाइदे गरभे गलि जाणे ॥

ਮੇਰੇ ਕਰਤੇ ਏਵੈ ਭਾਵਦਾ ਮਨਮੁਖ ਭਰਮਾਣੇ ॥੩॥ (163-4)
मेरे करते एवै भावदा मनमुख भरमाणे ॥३॥

ਮੇਰੈ ਹਰਿ ਪ੍ਰਭਿ ਲੇਖੁ ਲਿਖਾਇਆ ਧੁਰਿ ਮਸਤਕਿ ਪੂਰਾ ॥ (163-5)
मेरै हरि प्रभि लेखु लिखाइआ धुरि मसतकि पूरा ॥

ਹਰਿ ਹਰਿ ਨਾਮੁ ਧਿਆਇਆ ਭੇਟਿਆ ਗੁਰੁ ਸੂਰਾ ॥ (163-5)
हरि हरि नामु धिआइआ भेटिआ गुरु सूरा ॥

ਮੇਰਾ ਪਿਤਾ ਮਾਤਾ ਹਰਿ ਨਾਮੁ ਹੈ ਹਰਿ ਬੰਧਪੁ ਬੀਰਾ ॥ (163-6)
मेरा पिता माता हरि नामु है हरि बंधपु बीरा ॥

ਹਰਿ ਹਰਿ ਬਖਸਿ ਮਿਲਾਇ ਪ੍ਰਭ ਜਨੁ ਨਾਨਕੁ ਕੀਰਾ ॥੪॥੩॥੧੭॥੩੭॥ (163-6)
हरि हरि बखसि मिलाइ प्रभ जनु नानकु कीरा ॥४॥३॥१७॥३७॥

ਗਉੜੀ ਬੈਰਾਗਣਿ ਮਹਲਾ ੩ ॥ (163-7)
गउड़ी बैरागणि महला ३ ॥

ਸਤਿਗੁਰ ਤੇ ਗਿਆਨੁ ਪਾਇਆ ਹਰਿ ਤਤੁ ਬੀਚਾਰਾ ॥ (163-7)
सतिगुर ते गिआनु पाइआ हरि ततु बीचारा ॥

ਮਤਿ ਮਲੀਣ ਪਰਗਟੁ ਭਈ ਜਪਿ ਨਾਮੁ ਮੁਰਾਰਾ ॥ (163-8)
मति मलीण परगटु भई जपि नामु मुरारा ॥

ਸਿਵਿ ਸਕਤਿ ਮਿਟਾਈਆ ਚੂਕਾ ਅੰਧਿਆਰਾ ॥ (163-8)
सिवि सकति मिटाईआ चूका अंधिआरा ॥

ਧੁਰਿ ਮਸਤਕਿ ਜਿਨ ਕਉ ਲਿਖਿਆ ਤਿਨ ਹਰਿ ਨਾਮੁ ਪਿਆਰਾ ॥੧॥ (163-8)
धुरि मसतकि जिन कउ लिखिआ तिन हरि नामु पिआरा ॥१॥

ਹਰਿ ਕਿਤੁ ਬਿਧਿ ਪਾਈਐ ਸੰਤ ਜਨਹੁ ਜਿਸੁ ਦੇਖਿ ਹਉ ਜੀਵਾ ॥ (163-9)
हरि कितु बिधि पाईऐ संत जनहु जिसु देखि हउ जीवा ॥

ਹਰਿ ਬਿਨੁ ਚਸਾ ਨ ਜੀਵਤੀ ਗੁਰ ਮੇਲਿਹੁ ਹਰਿ ਰਸੁ ਪੀਵਾ ॥੧॥ ਰਹਾਉ ॥ (163-10)
हरि बिनु चसा न जीवती गुर मेलिहु हरि रसु पीवा ॥१॥ रहाउ ॥

ਹਉ ਹਰਿ ਗੁਣ ਗਾਵਾ ਨਿਤ ਹਰਿ ਸੁਣੀ ਹਰਿ ਹਰਿ ਗਤਿ ਕੀਨੀ ॥ (163-10)
हउ हरि गुण गावा नित हरि सुणी हरि हरि गति कीनी ॥

ਹਰਿ ਰਸੁ ਗੁਰ ਤੇ ਪਾਇਆ ਮੇਰਾ ਮਨੁ ਤਨੁ ਲੀਨੀ ॥ (163-11)
हरि रसु गुर ते पाइआ मेरा मनु तनु लीनी ॥

ਧਨੁ ਧਨੁ ਗੁਰੁ ਸਤ ਪੁਰਖੁ ਹੈ ਜਿਨਿ ਭਗਤਿ ਹਰਿ ਦੀਨੀ ॥ (163-11)
धनु धनु गुरु सत पुरखु है जिनि भगति हरि दीनी ॥

ਜਿਸੁ ਗੁਰ ਤੇ ਹਰਿ ਪਾਇਆ ਸੋ ਗੁਰੁ ਹਮ ਕੀਨੀ ॥੨॥ (163-12)
जिसु गुर ते हरि पाइआ सो गुरु हम कीनी ॥२॥

ਗੁਣਦਾਤਾ ਹਰਿ ਰਾਇ ਹੈ ਹਮ ਅਵਗਣਿਆਰੇ ॥ (163-12)
गुणदाता हरि राइ है हम अवगणिआरे ॥

ਪਾਪੀ ਪਾਥਰ ਡੂਬਦੇ ਗੁਰਮਤਿ ਹਰਿ ਤਾਰੇ ॥ (163-13)
पापी पाथर डूबदे गुरमति हरि तारे ॥

ਤੂੰ ਗੁਣਦਾਤਾ ਨਿਰਮਲਾ ਹਮ ਅਵਗਣਿਆਰੇ ॥ (163-13)
तूं गुणदाता निरमला हम अवगणिआरे ॥

ਹਰਿ ਸਰਣਾਗਤਿ ਰਾਖਿ ਲੇਹੁ ਮੂੜ ਮੁਗਧ ਨਿਸਤਾਰੇ ॥੩॥ (163-13)
हरि सरणागति राखि लेहु मूड़ मुगध निसतारे ॥३॥

ਸਹਜੁ ਅਨੰਦੁ ਸਦਾ ਗੁਰਮਤੀ ਹਰਿ ਹਰਿ ਮਨਿ ਧਿਆਇਆ ॥ (163-14)
सहजु अनंदु सदा गुरमती हरि हरि मनि धिआइआ ॥

ਸਜਣੁ ਹਰਿ ਪ੍ਰਭੁ ਪਾਇਆ ਘਰਿ ਸੋਹਿਲਾ ਗਾਇਆ ॥ (163-15)
सजणु हरि प्रभु पाइआ घरि सोहिला गाइआ ॥

ਹਰਿ ਦਇਆ ਧਾਰਿ ਪ੍ਰਭ ਬੇਨਤੀ ਹਰਿ ਹਰਿ ਚੇਤਾਇਆ ॥ (163-15)
हरि दइआ धारि प्रभ बेनती हरि हरि चेताइआ ॥

ਜਨ ਨਾਨਕੁ ਮੰਗੈ ਧੂੜਿ ਤਿਨ ਜਿਨ ਸਤਿਗੁਰੁ ਪਾਇਆ ॥੪॥੪॥੧੮॥੩੮॥ (163-16)
जन नानकु मंगै धूड़ि तिन जिन सतिगुरु पाइआ ॥४॥४॥१८॥३८॥

ਗਉੜੀ ਗੁਆਰੇਰੀ ਮਹਲਾ ੪ ਚਉਥਾ ਚਉਪਦੇ (163-17)
गउड़ी गुआरेरी महला ४ चउथा चउपदे

ੴ ਸਤਿਗੁਰ ਪ੍ਰਸਾਦਿ ॥ (163-17)
ੴ सतिगुर प्रसादि ॥

ਪੰਡਿਤੁ ਸਾਸਤ ਸਿਮ੍ਰਿਤਿ ਪੜਿਆ ॥ (163-18)
पंडितु सासत सिम्रिति पड़िआ ॥

ਜੋਗੀ ਗੋਰਖੁ ਗੋਰਖੁ ਕਰਿਆ ॥ (163-18)
जोगी गोरखु गोरखु करिआ ॥

ਮੈ ਮੂਰਖ ਹਰਿ ਹਰਿ ਜਪੁ ਪੜਿਆ ॥੧॥ (163-18)
मै मूरख हरि हरि जपु पड़िआ ॥१॥

ਨਾ ਜਾਨਾ ਕਿਆ ਗਤਿ ਰਾਮ ਹਮਾਰੀ ॥ (163-19)
ना जाना किआ गति राम हमारी ॥

ਹਰਿ ਭਜੁ ਮਨ ਮੇਰੇ ਤਰੁ ਭਉਜਲੁ ਤੂ ਤਾਰੀ ॥੧॥ ਰਹਾਉ ॥ (163-19)
हरि भजु मन मेरे तरु भउजलु तू तारी ॥१॥ रहाउ ॥

ਸੰਨਿਆਸੀ ਬਿਭੂਤ ਲਾਇ ਦੇਹ ਸਵਾਰੀ ॥ (164-1)
संनिआसी बिभूत लाइ देह सवारी ॥

ਪਰ ਤ੍ਰਿਅ ਤਿਆਗੁ ਕਰੀ ਬ੍ਰਹਮਚਾਰੀ ॥ (164-1)
पर त्रिअ तिआगु करी ब्रहमचारी ॥

ਮੈ ਮੂਰਖ ਹਰਿ ਆਸ ਤੁਮਾਰੀ ॥੨॥ (164-1)
मै मूरख हरि आस तुमारी ॥२॥

ਖਤ੍ਰੀ ਕਰਮ ਕਰੇ ਸੂਰਤਣੁ ਪਾਵੈ ॥ (164-2)
खत्री करम करे सूरतणु पावै ॥

ਸੂਦੁ ਵੈਸੁ ਪਰ ਕਿਰਤਿ ਕਮਾਵੈ ॥ (164-2)
सूदु वैसु पर किरति कमावै ॥

ਮੈ ਮੂਰਖ ਹਰਿ ਨਾਮੁ ਛਡਾਵੈ ॥੩॥ (164-2)
मै मूरख हरि नामु छडावै ॥३॥

ਸਭ ਤੇਰੀ ਸ੍ਰਿਸਟਿ ਤੂੰ ਆਪਿ ਰਹਿਆ ਸਮਾਈ ॥ (164-3)
सभ तेरी स्रिसटि तूं आपि रहिआ समाई ॥

ਗੁਰਮੁਖਿ ਨਾਨਕ ਦੇ ਵਡਿਆਈ ॥ (164-3)
गुरमुखि नानक दे वडिआई ॥

ਮੈ ਅੰਧੁਲੇ ਹਰਿ ਟੇਕ ਟਿਕਾਈ ॥੪॥੧॥੩੯॥ (164-3)
मै अंधुले हरि टेक टिकाई ॥४॥१॥३९॥

ਗਉੜੀ ਗੁਆਰੇਰੀ ਮਹਲਾ ੪ ॥ (164-4)
गउड़ी गुआरेरी महला ४ ॥

ਨਿਰਗੁਣ ਕਥਾ ਕਥਾ ਹੈ ਹਰਿ ਕੀ ॥ (164-4)
निरगुण कथा कथा है हरि की ॥

ਭਜੁ ਮਿਲਿ ਸਾਧੂ ਸੰਗਤਿ ਜਨ ਕੀ ॥ (164-4)
भजु मिलि साधू संगति जन की ॥

ਤਰੁ ਭਉਜਲੁ ਅਕਥ ਕਥਾ ਸੁਨਿ ਹਰਿ ਕੀ ॥੧॥ (164-5)
तरु भउजलु अकथ कथा सुनि हरि की ॥१॥

ਗੋਬਿੰਦ ਸਤਸੰਗਤਿ ਮੇਲਾਇ ॥ (164-5)
गोबिंद सतसंगति मेलाइ ॥

ਹਰਿ ਰਸੁ ਰਸਨਾ ਰਾਮ ਗੁਨ ਗਾਇ ॥੧॥ ਰਹਾਉ ॥ (164-6)
नामु बिसारि लगै अन सुआइ ॥

ਤਾ ਕੀ ਆਸ ਨ ਪੂਜੈ ਕਾਇ ॥੩॥ (192-19)
ता की आस न पूजै काइ ॥३॥

ਕਰਿ ਕਿਰਪਾ ਪ੍ਰਭ ਅਪਨੀ ਦਾਤਿ ॥ (192-19)
करि किरपा प्रभ अपनी दाति ॥

ਨਾਨਕ ਨਾਮੁ ਜਪੈ ਦਿਨ ਰਾਤਿ ॥੪॥੬੫॥੧੩੪॥ (192-19)
नानक नामु जपै दिन राति ॥४॥६५॥१३४॥

ਗਉੜੀ ਮਹਲਾ ੫ ॥ (193-1)
गउड़ी महला ५ ॥

ਤੂੰ ਸਮਰਥੁ ਤੂੰਹੈ ਮੇਰਾ ਸੁਆਮੀ ॥ (193-1)
तूं समरथु तूंहै मेरा सुआमी ॥

ਸਭੁ ਕਿਛੁ ਤੁਮ ਤੇ ਤੂੰ ਅੰਤਰਜਾਮੀ ॥੧॥ (193-1)
सभु किछु तुम ते तूं अंतरजामी ॥१॥

ਪਾਰਬ੍ਰਹਮ ਪੂਰਨ ਜਨ ਓਟ ॥ (193-2)
पारब्रहम पूरन जन ओट ॥

ਤੇਰੀ ਸਰਣਿ ਉਧਰਹਿ ਜਨ ਕੋਟਿ ॥੧॥ ਰਹਾਉ ॥ (193-2)
तेरी सरणि उधरहि जन कोटि ॥१॥ रहाउ ॥

ਜੇਤੇ ਜੀਅ ਤੇਤੇ ਸਭਿ ਤੇਰੇ ॥ (193-2)
जेते जीअ तेते सभि तेरे ॥

ਤੁਮਰੀ ਕ੍ਰਿਪਾ ਤੇ ਸੂਖ ਘਨੇਰੇ ॥੨॥ (193-3)
तुमरी क्रिपा ते सूख घनेरे ॥२॥

ਜੋ ਕਿਛੁ ਵਰਤੈ ਸਭ ਤੇਰਾ ਭਾਣਾ ॥ (193-3)
जो किछु वरतै सभ तेरा भाणा ॥

ਹੁਕਮੁ ਬੂਝੈ ਸੋ ਸਚਿ ਸਮਾਣਾ ॥੩॥ (193-3)
हुकमु बूझै सो सचि समाणा ॥३॥

ਕਰਿ ਕਿਰਪਾ ਦੀਜੈ ਪ੍ਰਭ ਦਾਨੁ ॥ (193-4)
करि किरपा दीजै प्रभ दानु ॥

ਨਾਨਕ ਸਿਮਰੈ ਨਾਮੁ ਨਿਧਾਨੁ ॥੪॥੬੬॥੧੩੫॥ (193-4)
नानक सिमरै नामु निधानु ॥४॥६६॥१३५॥

ਗਉੜੀ ਮਹਲਾ ੫ ॥ (193-4)
गउड़ी महला ५ ॥

ਤਾ ਕਾ ਦਰਸੁ ਪਾਈਐ ਵਡਭਾਗੀ ॥ (193-5)
ता का दरसु पाईऐ वडभागी ॥

ਜਾ ਕੀ ਰਾਮ ਨਾਮਿ ਲਿਵ ਲਾਗੀ ॥੧॥ (193-5)
जा की राम नामि लिव लागी ॥१॥

ਜਾ ਕੈ ਹਰਿ ਵਸਿਆ ਮਨ ਮਾਹੀ ॥ (193-5)
जा कै हरि वसिआ मन माही ॥

ਤਾ ਕਉ ਦੁਖੁ ਸੁਪਨੈ ਭੀ ਨਾਹੀ ॥੧॥ ਰਹਾਉ ॥ (193-6)
ता कउ दुखु सुपनै भी नाही ॥१॥ रहाउ ॥

ਸਰਬ ਨਿਧਾਨ ਰਾਖੇ ਜਨ ਮਾਹਿ ॥ (193-6)
सरब निधान राखे जन माहि ॥

ਤਾ ਕੈ ਸੰਗਿ ਕਿਲਵਿਖ ਦੁਖ ਜਾਹਿ ॥੨॥ (193-6)
ता कै संगि किलविख दुख जाहि ॥२॥

ਜਨ ਕੀ ਮਹਿਮਾ ਕਥੀ ਨ ਜਾਇ ॥ (193-7)
जन की महिमा कथी न जाइ ॥

ਪਾਰਬ੍ਰਹਮੁ ਜਨੁ ਰਹਿਆ ਸਮਾਇ ॥੩॥ (193-7)
पारब्रहमु जनु रहिआ समाइ ॥३॥

ਕਰਿ ਕਿਰਪਾ ਪ੍ਰਭ ਬਿਨਉ ਸੁਨੀਜੈ ॥ (193-7)
करि किरपा प्रभ बिनउ सुनीजै ॥

ਦਾਸ ਕੀ ਧੂਰਿ ਨਾਨਕ ਕਉ ਦੀਜੈ ॥੪॥੬੭॥੧੩੬॥ (193-8)
दास की धूरि नानक कउ दीजै ॥४॥६७॥१३६॥

ਗਉੜੀ ਮਹਲਾ ੫ ॥ (193-8)
गउड़ी महला ५ ॥

ਹਰਿ ਸਿਮਰਤ ਤੇਰੀ ਜਾਇ ਬਲਾਇ ॥ (193-9)
हरि सिमरत तेरी जाइ बलाइ ॥

ਸਰਬ ਕਲਿਆਣ ਵਸੈ ਮਨਿ ਆਇ ॥੧॥ (193-9)
सरब कलिआण वसै मनि आइ ॥१॥

ਭਜੁ ਮਨ ਮੇਰੇ ਏਕੋ ਨਾਮ ॥ (193-9)
भजु मन मेरे एको नाम ॥

ਜੀਅ ਤੇਰੇ ਕੈ ਆਵੈ ਕਾਮ ॥੧॥ ਰਹਾਉ ॥ (193-10)
जीअ तेरे कै आवै काम ॥१॥ रहाउ ॥

ਰੈਣਿ ਦਿਨਸੁ ਗੁਣ ਗਾਉ ਅਨੰਤਾ ॥ (193-10)
रैणि दिनसु गुण गाउ अनंता ॥

ਗੁਰ ਪੂਰੇ ਕਾ ਨਿਰਮਲ ਮੰਤਾ ॥੨॥ (193-10)
गुर पूरे का निरमल मंता ॥२॥

ਛੋਡਿ ਉਪਾਵ ਏਕ ਟੇਕ ਰਾਖੁ ॥ (193-11)
छोडि उपाव एक टेक राखु ॥

ਮਹਾ ਪਦਾਰਥੁ ਅੰਮ੍ਰਿਤ ਰਸੁ ਚਾਖੁ ॥੩॥ (193-11)
महा पदारथु अमृत रसु चाखु ॥३॥

ਬਿਖਮ ਸਾਗਰੁ ਤੇਈ ਜਨ ਤਰੇ ॥ (193-11)
बिखम सागरु तेई जन तरे ॥

ਨਾਨਕ ਜਾ ਕਉ ਨਦਰਿ ਕਰੇ ॥੪॥੬੮॥੧੩੭॥ (193-12)
नानक जा कउ नदरि करे ॥४॥६८॥१३७॥

ਗਉੜੀ ਮਹਲਾ ੫ ॥ (193-12)
गउड़ी महला ५ ॥

ਹਿਰਦੈ ਚਰਨ ਕਮਲ ਪ੍ਰਭ ਧਾਰੇ ॥ (193-12)
हिरदै चरन कमल प्रभ धारे ॥

ਪੂਰੇ ਸਤਿਗੁਰ ਮਿਲਿ ਨਿਸਤਾਰੇ ॥੧॥ (193-13)
पूरे सतिगुर मिलि निसतारे ॥१॥

ਗੋਵਿੰਦ ਗੁਣ ਗਾਵਹੁ ਮੇਰੇ ਭਾਈ ॥ (193-13)
गोविंद गुण गावहु मेरे भाई ॥

ਮਿਲਿ ਸਾਧੂ ਹਰਿ ਨਾਮੁ ਧਿਆਈ ॥੧॥ ਰਹਾਉ ॥ (193-13)
मिलि साधू हरि नामु धिआई ॥१॥ रहाउ ॥

ਦੁਲਭ ਦੇਹ ਹੋਈ ਪਰਵਾਨੁ ॥ (193-14)
दुलभ देह होई परवानु ॥

ਸਤਿਗੁਰ ਤੇ ਪਾਇਆ ਨਾਮ ਨੀਸਾਨੁ ॥੨॥ (193-14)
सतिगुर ते पाइआ नाम नीसानु ॥२॥

ਹਰਿ ਸਿਮਰਤ ਪੂਰਨ ਪਦੁ ਪਾਇਆ ॥ (193-14)
हरि सिमरत पूरन पदु पाइआ ॥

ਸਾਧਸੰਗਿ ਭੈ ਭਰਮ ਮਿਟਾਇਆ ॥੩॥ (193-15)
साधसंगि भै भरम मिटाइआ ॥३॥

ਜਤ ਕਤ ਦੇਖਉ ਤਤ ਰਹਿਆ ਸਮਾਇ ॥ (193-15)
जत कत देखउ तत रहिआ समाइ ॥

ਨਾਨਕ ਦਾਸ ਹਰਿ ਕੀ ਸਰਣਾਇ ॥੪॥੬੯॥੧੩੮॥ (193-16)
नानक दास हरि की सरणाइ ॥४॥६९॥१३८॥

ਗਉੜੀ ਮਹਲਾ ੫ ॥ (193-16)
गउड़ी महला ५ ॥

ਗੁਰ ਜੀ ਕੇ ਦਰਸਨ ਕਉ ਬਲਿ ਜਾਉ ॥ (193-16)
गुर जी के दरसन कउ बलि जाउ ॥

ਜਪਿ ਜਪਿ ਜੀਵਾ ਸਤਿਗੁਰ ਨਾਉ ॥੧॥ (193-17)
जपि जपि जीवा सतिगुर नाउ ॥१॥

ਪਾਰਬ੍ਰਹਮ ਪੂਰਨ ਗੁਰਦੇਵ ॥ (193-17)
पारब्रहम पूरन गुरदेव ॥

ਕਰਿ ਕਿਰਪਾ ਲਾਗਉ ਤੇਰੀ ਸੇਵ ॥੧॥ ਰਹਾਉ ॥ (193-17)
करि किरपा लागउ तेरी सेव ॥१॥ रहाउ ॥

ਚਰਨ ਕਮਲ ਹਿਰਦੈ ਉਰ ਧਾਰੀ ॥ (193-18)
चरन कमल हिरदै उर धारी ॥

ਮਨ ਤਨ ਧਨ ਗੁਰ ਪ੍ਰਾਨ ਅਧਾਰੀ ॥੨॥ (193-18)
मन तन धन गुर प्रान अधारी ॥२॥

ਸਫਲ ਜਨਮੁ ਹੋਵੈ ਪਰਵਾਣੁ ॥ (193-18)
सफल जनमु होवै परवाणु ॥

ਗੁਰੁ ਪਾਰਬ੍ਰਹਮੁ ਨਿਕਟਿ ਕਰਿ ਜਾਣੁ ॥੩॥ (193-19)
गुरु पारब्रहमु निकटि करि जाणु ॥३॥

ਸੰਤ ਧੂਰਿ ਪਾਈਐ ਵਡਭਾਗੀ ॥ (193-19)
संत धूरि पाईऐ वडभागी ॥

ਨਾਨਕ ਗੁਰ ਭੇਟਤ ਹਰਿ ਸਿਉ ਲਿਵ ਲਾਗੀ ॥੪॥੭੦॥੧੩੯॥ (193-19)
नानक गुर भेटत हरि सिउ लिव लागी ॥४॥७०॥१३९॥

ਗਉੜੀ ਮਹਲਾ ੫ ॥ (194-1)
गउड़ी महला ५ ॥

ਕਰੈ ਦੁਹਕਰਮ ਦਿਖਾਵੈ ਹੋਰੁ ॥ (194-1)
करै दुहकरम दिखावै होरु ॥

ਰਾਮ ਕੀ ਦਰਗਹ ਬਾਧਾ ਚੋਰੁ ॥੧॥ (194-2)
राम की दरगह बाधा चोरु ॥१॥

ਰਾਮੁ ਰਮੈ ਸੋਈ ਰਾਮਾਣਾ ॥ (194-2)
रामु रमै सोई रामाणा ॥

ਜਲਿ ਥਲਿ ਮਹੀਅਲਿ ਏਕੁ ਸਮਾਣਾ ॥੧॥ ਰਹਾਉ ॥ (194-2)
जलि थलि महीअलि एकु समाणा ॥१॥ रहाउ ॥

ਅੰਤਰਿ ਬਿਖੁ ਮੁਖਿ ਅੰਮ੍ਰਿਤੁ ਸੁਣਾਵੈ ॥ (194-3)
अंतरि बिखु मुखि अमृतु सुणावै ॥

ਜਮ ਪੁਰਿ ਬਾਧਾ ਚੋਟਾ ਖਾਵੈ ॥੨॥ (194-3)
जम पुरि बाधा चोटा खावै ॥२॥

ਅਨਿਕ ਪੜਦੇ ਮਹਿ ਕਮਾਵੈ ਵਿਕਾਰ ॥ (194-3)
अनिक पड़दे महि कमावै विकार ॥

ਖਿਨ ਮਹਿ ਪ੍ਰਗਟ ਹੋਹਿ ਸੰਸਾਰ ॥੩॥ (194-4)
खिन महि प्रगट होहि संसार ॥३॥

ਅੰਤਰਿ ਸਾਚਿ ਨਾਮਿ ਰਸਿ ਰਾਤਾ ॥ (194-4)
अंतरि साचि नामि रसि राता ॥

ਨਾਨਕ ਤਿਸੁ ਕਿਰਪਾਲੁ ਬਿਧਾਤਾ ॥੪॥੭੧॥੧੪੦॥ (194-4)
नानक तिसु किरपालु बिधाता ॥४॥७१॥१४०॥

ਗਉੜੀ ਮਹਲਾ ੫ ॥ (194-5)
गउड़ी महला ५ ॥

ਰਾਮ ਰੰਗੁ ਕਦੇ ਉਤਰਿ ਨ ਜਾਇ ॥ (194-5)
राम रंगु कदे उतरि न जाइ ॥

ਗੁਰੁ ਪੂਰਾ ਜਿਸੁ ਦੇਇ ਬੁਝਾਇ ॥੧॥ (194-5)
गुरु पूरा जिसु देइ बुझाइ ॥१॥

ਹਰਿ ਰੰਗਿ ਰਾਤਾ ਸੋ ਮਨੁ ਸਾਚਾ ॥ (194-6)
हरि रंगि राता सो मनु साचा ॥

ਲਾਲ ਰੰਗ ਪੂਰਨ ਪੁਰਖੁ ਬਿਧਾਤਾ ॥੧॥ ਰਹਾਉ ॥ (194-6)
लाल रंग पूरन पुरखु बिधाता ॥१॥ रहाउ ॥

ਸੰਤਹ ਸੰਗਿ ਬੈਸਿ ਗੁਨ ਗਾਇ ॥ (194-7)
संतह संगि बैसि गुन गाइ ॥

ਤਾ ਕਾ ਰੰਗੁ ਨ ਉਤਰੈ ਜਾਇ ॥੨॥ (194-7)
ता का रंगु न उतरै जाइ ॥२॥

ਬਿਨੁ ਹਰਿ ਸਿਮਰਨ ਸੁਖੁ ਨਹੀ ਪਾਇਆ ॥ (194-7)
बिनु हरि सिमरन सुखु नही पाइआ ॥

ਆਨ ਰੰਗ ਫੀਕੇ ਸਭ ਮਾਇਆ ॥੩॥ (194-8)
आन रंग फीके सभ माइआ ॥३॥

ਗੁਰਿ ਰੰਗੇ ਸੇ ਭਏ ਨਿਹਾਲ ॥ (194-8)
गुरि रंगे से भए निहाल ॥

ਕਹੁ ਨਾਨਕ ਗੁਰ ਭਏ ਹੈ ਦਇਆਲ ॥੪॥੭੨॥੧੪੧॥ (194-8)
कहु नानक गुर भए है दइआल ॥४॥७२॥१४१॥

ਗਉੜੀ ਮਹਲਾ ੫ ॥ (194-9)
गउड़ी महला ५ ॥

ਸਿਮਰਤ ਸੁਆਮੀ ਕਿਲਵਿਖ ਨਾਸੇ ॥ (194-9)
सिमरत सुआमी किलविख नासे ॥

ਸੂਖ ਸਹਜ ਆਨੰਦ ਨਿਵਾਸੇ ॥੧॥ (194-9)
सूख सहज आनंद निवासे ॥१॥

ਰਾਮ ਜਨਾ ਕਉ ਰਾਮ ਭਰੋਸਾ ॥ (194-10)
राम जना कउ राम भरोसा ॥

ਨਾਮੁ ਜਪਤ ਸਭੁ ਮਿਟਿਓ ਅੰਦੇਸਾ ॥੧॥ ਰਹਾਉ ॥ (194-10)
नामु जपत सभु मिटिओ अंदेसा ॥१॥ रहाउ ॥

ਸਾਧਸੰਗਿ ਕਛੁ ਭਉ ਨ ਭਰਾਤੀ ॥ (194-10)
साधसंगि कछु भउ न भराती ॥

ਗੁਣ ਗੋਪਾਲ ਗਾਈਅਹਿ ਦਿਨੁ ਰਾਤੀ ॥੨॥ (194-11)
गुण गोपाल गाईअहि दिनु राती ॥२॥

ਕਰਿ ਕਿਰਪਾ ਪ੍ਰਭ ਬੰਧਨ ਛੋਟ ॥ (194-11)
करि किरपा प्रभ बंधन छोट ॥

ਚਰਣ ਕਮਲ ਕੀ ਦੀਨੀ ਓਟ ॥੩॥ (194-11)
चरण कमल की दीनी ओट ॥३॥

ਕਹੁ ਨਾਨਕ ਮਨਿ ਭਈ ਪਰਤੀਤਿ ॥ (194-12)
कहु नानक मनि भई परतीति ॥

ਨਿਰਮਲ ਜਸੁ ਪੀਵਹਿ ਜਨ ਨੀਤਿ ॥੪॥੭੩॥੧੪੨॥ (194-12)
निरमल जसु पीवहि जन नीति ॥४॥७३॥१४२॥

ਗਉੜੀ ਮਹਲਾ ੫ ॥ (194-13)
गउड़ी महला ५ ॥

ਹਰਿ ਚਰਣੀ ਜਾ ਕਾ ਮਨੁ ਲਾਗਾ ॥ (194-13)
हरि चरणी जा का मनु लागा ॥

ਦੂਖੁ ਦਰਦੁ ਭ੍ਰਮੁ ਤਾ ਕਾ ਭਾਗਾ ॥੧॥ (194-13)
दूखु दरदु भ्रमु ता का भागा ॥१॥

ਹਰਿ ਧਨ ਕੋ ਵਾਪਾਰੀ ਪੂਰਾ ॥ (194-13)
हरि धन को वापारी पूरा ॥

ਜਿਸਹਿ ਨਿਵਾਜੇ ਸੋ ਜਨੁ ਸੂਰਾ ॥੧॥ ਰਹਾਉ ॥ (194-14)
जिसहि निवाजे सो जनु सूरा ॥१॥ रहाउ ॥

ਜਾ ਕਉ ਭਏ ਕ੍ਰਿਪਾਲ ਗੁਸਾਈ ॥ (194-14)
जा कउ भए क्रिपाल गुसाई ॥

ਸੇ ਜਨ ਲਾਗੇ ਗੁਰ ਕੀ ਪਾਈ ॥੨॥ (194-14)
से जन लागे गुर की पाई ॥२॥

ਸੂਖ ਸਹਜ ਸਾਂਤਿ ਆਨੰਦਾ ॥ (194-15)
सूख सहज सांति आनंदा ॥

ਜਪਿ ਜਪਿ ਜੀਵੇ ਪਰਮਾਨੰਦਾ ॥੩॥ (194-15)
जपि जपि जीवे परमानंदा ॥३॥

ਨਾਮ ਰਾਸਿ ਸਾਧ ਸੰਗਿ ਖਾਟੀ ॥ (194-15)
नाम रासि साध संगि खाटी ॥

ਕਹੁ ਨਾਨਕ ਪ੍ਰਭਿ ਅਪਦਾ ਕਾਟੀ ॥੪॥੭੪॥੧੪੩॥ (194-16)
कहु नानक प्रभि अपदा काटी ॥४॥७४॥१४३॥

ਗਉੜੀ ਮਹਲਾ ੫ ॥ (194-16)
गउड़ी महला ५ ॥

ਹਰਿ ਸਿਮਰਤ ਸਭਿ ਮਿਟਹਿ ਕਲੇਸ ॥ (194-16)
हरि सिमरत सभि मिटहि कलेस ॥

ਚਰਣ ਕਮਲ ਮਨ ਮਹਿ ਪਰਵੇਸ ॥੧॥ (194-17)
चरण कमल मन महि परवेस ॥१॥

ਉਚਰਹੁ ਰਾਮ ਨਾਮੁ ਲਖ ਬਾਰੀ ॥ (194-17)
उचरहु राम नामु लख बारी ॥

ਅੰਮ੍ਰਿਤ ਰਸੁ ਪੀਵਹੁ ਪ੍ਰਭ ਪਿਆਰੀ ॥੧॥ ਰਹਾਉ ॥ (194-17)
अमृत रसु पीवहु प्रभ पिआरी ॥१॥ रहाउ ॥

ਸੂਖ ਸਹਜ ਰਸ ਮਹਾ ਅਨੰਦਾ ॥ (194-18)
सूख सहज रस महा अनंदा ॥

ਜਪਿ ਜਪਿ ਜੀਵੇ ਪਰਮਾਨੰਦਾ ॥੨॥ (194-18)
जपि जपि जीवे परमानंदा ॥२॥

ਕਾਮ ਕ੍ਰੋਧ ਲੋਭ ਮਦ ਖੋਏ ॥ (194-18)
काम क्रोध लोभ मद खोए ॥

ਸਾਧ ਕੈ ਸੰਗਿ ਕਿਲਬਿਖ ਸਭ ਧੋਏ ॥੩॥ (194-19)
साध कै संगि किलबिख सभ धोए ॥३॥

ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥ (194-19)
करि किरपा प्रभ दीन दइआला ॥

ਨਾਨਕ ਦੀਜੈ ਸਾਧ ਰਵਾਲਾ ॥੪॥੭੫॥੧੪੪॥ (194-19)
नानक दीजै साध रवाला ॥४॥७५॥१४४॥

ਗਉੜੀ ਮਹਲਾ ੫ ॥ (195-1)
गउड़ी महला ५ ॥

ਜਿਸ ਕਾ ਦੀਆ ਪੈਨੈ ਖਾਇ ॥ (195-1)
जिस का दीआ पैनै खाइ ॥

ਤਿਸੁ ਸਿਉ ਆਲਸੁ ਕਿਉ ਬਨੈ ਮਾਇ ॥੧॥ (195-1)
तिसु सिउ आलसु किउ बनै माइ ॥१॥

ਖਸਮੁ ਬਿਸਾਰਿ ਆਨ ਕੰਮਿ ਲਾਗਹਿ ॥ (195-2)
खसमु बिसारि आन कंमि लागहि ॥

ਕਉਡੀ ਬਦਲੇ ਰਤਨੁ ਤਿਆਗਹਿ ॥੧॥ ਰਹਾਉ ॥ (195-2)
कउडी बदले रतनु तिआगहि ॥१॥ रहाउ ॥

ਪ੍ਰਭੂ ਤਿਆਗਿ ਲਾਗਤ ਅਨ ਲੋਭਾ ॥ (195-3)
प्रभू तिआगि लागत अन लोभा ॥

ਦਾਸਿ ਸਲਾਮੁ ਕਰਤ ਕਤ ਸੋਭਾ ॥੨॥ (195-3)
दासि सलामु करत कत सोभा ॥२॥

ਅੰਮ੍ਰਿਤ ਰਸੁ ਖਾਵਹਿ ਖਾਨ ਪਾਨ ॥ (195-3)
अमृत रसु खावहि खान पान ॥

ਜਿਨਿ ਦੀਏ ਤਿਸਹਿ ਨ ਜਾਨਹਿ ਸੁਆਨ ॥੩॥ (195-4)
जिनि दीए तिसहि न जानहि सुआन ॥३॥

ਕਹੁ ਨਾਨਕ ਹਮ ਲੂਣ ਹਰਾਮੀ ॥ (195-4)
कहु नानक हम लूण हरामी ॥

ਬਖਸਿ ਲੇਹੁ ਪ੍ਰਭ ਅੰਤਰਜਾਮੀ ॥੪॥੭੬॥੧੪੫॥ (195-4)
बखसि लेहु प्रभ अंतरजामी ॥४॥७६॥१४५॥

ਗਉੜੀ ਮਹਲਾ ੫ ॥ (195-5)
गउड़ी महला ५ ॥

ਪ੍ਰਭ ਕੇ ਚਰਨ ਮਨ ਮਾਹਿ ਧਿਆਨੁ ॥ (195-5)
प्रभ के चरन मन माहि धिआनु ॥

ਸਗਲ ਤੀਰਥ ਮਜਨ ਇਸਨਾਨੁ ॥੧॥ (195-5)
सगल तीरथ मजन इसनानु ॥१॥

ਹਰਿ ਦਿਨੁ ਹਰਿ ਸਿਮਰਨੁ ਮੇਰੇ ਭਾਈ ॥ (195-6)
हरि दिनु हरि सिमरनु मेरे भाई ॥

ਕੋਟਿ ਜਨਮ ਕੀ ਮਲੁ ਲਹਿ ਜਾਈ ॥੧॥ ਰਹਾਉ ॥ (195-6)
कोटि जनम की मलु लहि जाई ॥१॥ रहाउ ॥

ਹਰਿ ਕੀ ਕਥਾ ਰਿਦ ਮਾਹਿ ਬਸਾਈ ॥ (195-7)
हरि की कथा रिद माहि बसाई ॥

ਮਨ ਬਾਂਛਤ ਸਗਲੇ ਫਲ ਪਾਈ ॥੨॥ (195-7)
मन बांछत सगले फल पाई ॥२॥

ਜੀਵਨ ਮਰਣੁ ਜਨਮੁ ਪਰਵਾਨੁ ॥ (195-7)
जीवन मरणु जनमु परवानु ॥

ਜਾ ਕੈ ਰਿਦੈ ਵਸੈ ਭਗਵਾਨੁ ॥੩॥ (195-8)
जा कै रिदै वसै भगवानु ॥३॥

ਕਹੁ ਨਾਨਕ ਸੇਈ ਜਨ ਪੂਰੇ ॥ (195-8)
कहु नानक सेई जन पूरे ॥

ਜਿਨਾ ਪਰਾਪਤਿ ਸਾਧੂ ਧੂਰੇ ॥੪॥੭੭॥੧੪੬॥ (195-8)
जिना परापति साधू धूरे ॥४॥७७॥१४६॥

ਗਉੜੀ ਮਹਲਾ ੫ ॥ (195-9)
गउड़ी महला ५ ॥

ਖਾਦਾ ਪੈਨਦਾ ਮੂਕਰਿ ਪਾਇ ॥ (195-9)
खादा पैनदा मूकरि पाइ ॥

ਤਿਸ ਨੋ ਜੋਹਹਿ ਦੂਤ ਧਰਮਰਾਇ ॥੧॥ (195-9)
तिस नो जोहहि दूत धरमराइ ॥१॥

ਤਿਸੁ ਸਿਉ ਬੇਮੁਖੁ ਜਿਨਿ ਜੀਉ ਪਿੰਡੁ ਦੀਨਾ ॥ (195-9)
तिसु सिउ बेमुखु जिनि जीउ पिंडु दीना ॥

ਕੋਟਿ ਜਨਮ ਭਰਮਹਿ ਬਹੁ ਜੂਨਾ ॥੧॥ ਰਹਾਉ ॥ (195-10)
कोटि जनम भरमहि बहु जूना ॥१॥ रहाउ ॥

ਸਾਕਤ ਕੀ ਐਸੀ ਹੈ ਰੀਤਿ ॥ (195-10)
साकत की ऐसी है रीति ॥

ਜੋ ਕਿਛੁ ਕਰੈ ਸਗਲ ਬਿਪਰੀਤਿ ॥੨॥ (195-10)
जो किछु करै सगल बिपरीति ॥२॥

ਜੀਉ ਪ੍ਰਾਣ ਜਿਨਿ ਮਨੁ ਤਨੁ ਧਾਰਿਆ ॥ (195-11)
जीउ प्राण जिनि मनु तनु धारिआ ॥

ਸੋਈ ਠਾਕੁਰੁ ਮਨਹੁ ਬਿਸਾਰਿਆ ॥੩॥ (195-11)
सोई ठाकुरु मनहु बिसारिआ ॥३॥

ਬਧੇ ਬਿਕਾਰ ਲਿਖੇ ਬਹੁ ਕਾਗਰ ॥ (195-12)
बधे बिकार लिखे बहु कागर ॥

ਨਾਨਕ ਉਧਰੁ ਕ੍ਰਿਪਾ ਸੁਖ ਸਾਗਰ ॥੪॥ (195-12)
नानक उधरु क्रिपा सुख सागर ॥४॥

ਪਾਰਬ੍ਰਹਮ ਤੇਰੀ ਸਰਣਾਇ ॥ (195-12)
पारब्रहम तेरी सरणाइ ॥

ਬੰਧਨ ਕਾਟਿ ਤਰੈ ਹਰਿ ਨਾਇ ॥੧॥ ਰਹਾਉ ਦੂਜਾ ॥੭੮॥੧੪੭॥ (195-13)
बंधन काटि तरै हरि नाइ ॥१॥ रहाउ दूजा ॥७८॥१४७॥

ਗਉੜੀ ਮਹਲਾ ੫ ॥ (195-13)
गउड़ी महला ५ ॥

ਅਪਨੇ ਲੋਭ ਕਉ ਕੀਨੋ ਮੀਤੁ ॥ (195-13)
अपने लोभ कउ कीनो मीतु ॥

ਸਗਲ ਮਨੋਰਥ ਮੁਕਤਿ ਪਦੁ ਦੀਤੁ ॥੧॥ (195-14)
सगल मनोरथ मुकति पदु दीतु ॥१॥

ਐਸਾ ਮੀਤੁ ਕਰਹੁ ਸਭੁ ਕੋਇ ॥ (195-14)
ऐसा मीतु करहु सभु कोइ ॥

ਜਾ ਤੇ ਬਿਰਥਾ ਕੋਇ ਨ ਹੋਇ ॥੧॥ ਰਹਾਉ ॥ (195-14)
जा ते बिरथा कोइ न होइ ॥१॥ रहाउ ॥

ਅਪੁਨੈ ਸੁਆਇ ਰਿਦੈ ਲੈ ਧਾਰਿਆ ॥ (195-15)
अपुनै सुआइ रिदै लै धारिआ ॥

ਦੂਖ ਦਰਦ ਰੋਗ ਸਗਲ ਬਿਦਾਰਿਆ ॥੨॥ (195-15)
दूख दरद रोग सगल बिदारिआ ॥२॥

ਰਸਨਾ ਗੀਧੀ ਬੋਲਤ ਰਾਮ ॥ (195-16)
रसना गीधी बोलत राम ॥

ਪੂਰਨ ਹੋਏ ਸਗਲੇ ਕਾਮ ॥੩॥ (195-16)
पूरन होए सगले काम ॥३॥

ਅਨਿਕ ਬਾਰ ਨਾਨਕ ਬਲਿਹਾਰਾ ॥ (195-16)
अनिक बार नानक बलिहारा ॥

ਸਫਲ ਦਰਸਨੁ ਗੋਬਿੰਦੁ ਹਮਾਰਾ ॥੪॥੭੯॥੧੪੮॥ (195-16)
सफल दरसनु गोबिंदु हमारा ॥४॥७९॥१४८॥

ਗਉੜੀ ਮਹਲਾ ੫ ॥ (195-17)
गउड़ी महला ५ ॥

ਕੋਟਿ ਬਿਘਨ ਹਿਰੇ ਖਿਨ ਮਾਹਿ ॥ (195-17)
कोटि बिघन हिरे खिन माहि ॥

ਹਰਿ ਹਰਿ ਕਥਾ ਸਾਧਸੰਗਿ ਸੁਨਾਹਿ ॥੧॥ (195-18)
हरि हरि कथा साधसंगि सुनाहि ॥१॥

ਪੀਵਤ ਰਾਮ ਰਸੁ ਅੰਮ੍ਰਿਤ ਗੁਣ ਜਾਸੁ ॥ (195-18)
पीवत राम रसु अमृत गुण जासु ॥

ਜਪਿ ਹਰਿ ਚਰਣ ਮਿਟੀ ਖੁਧਿ ਤਾਸੁ ॥੧॥ ਰਹਾਉ ॥ (195-18)
जपि हरि चरण मिटी खुधि तासु ॥१॥ रहाउ ॥

ਸਰਬ ਕਲਿਆਣ ਸੁਖ ਸਹਜ ਨਿਧਾਨ ॥ (195-19)
सरब कलिआण सुख सहज निधान ॥

ਜਾ ਕੈ ਰਿਦੈ ਵਸਹਿ ਭਗਵਾਨ ॥੨॥ (195-19)
जा कै रिदै वसहि भगवान ॥२॥

ਅਉਖਧ ਮੰਤ੍ਰ ਤੰਤ ਸਭਿ ਛਾਰੁ ॥ (196-1)
अउखध मंत्र तंत सभि छारु ॥

ਕਰਣੈਹਾਰੁ ਰਿਦੇ ਮਹਿ ਧਾਰੁ ॥੩॥ (196-1)
करणैहारु रिदे महि धारु ॥३॥

ਤਜਿ ਸਭਿ ਭਰਮ ਭਜਿਓ ਪਾਰਬ੍ਰਹਮੁ ॥ (196-1)
तजि सभि भरम भजिओ पारब्रहमु ॥

ਕਹੁ ਨਾਨਕ ਅਟਲ ਇਹੁ ਧਰਮੁ ॥੪॥੮੦॥੧੪੯॥ (196-2)
कहु नानक अटल इहु धरमु ॥४॥८०॥१४९॥

ਗਉੜੀ ਮਹਲਾ ੫ ॥ (196-2)
गउड़ी महला ५ ॥

ਕਰਿ ਕਿਰਪਾ ਭੇਟੇ ਗੁਰ ਸੋਈ ॥ (196-2)
करि किरपा भेटे गुर सोई ॥

ਤਿਤੁ ਬਲਿ ਰੋਗੁ ਨ ਬਿਆਪੈ ਕੋਈ ॥੧॥ (196-3)
तितु बलि रोगु न बिआपै कोई ॥१॥

ਰਾਮ ਰਮਣ ਤਰਣ ਭੈ ਸਾਗਰ ॥ (196-3)
राम रमण तरण भै सागर ॥

ਸਰਣਿ ਸੂਰ ਫਾਰੇ ਜਮ ਕਾਗਰ ॥੧॥ ਰਹਾਉ ॥ (196-3)
सरणि सूर फारे जम कागर ॥१॥ रहाउ ॥

ਸਤਿਗੁਰਿ ਮੰਤ੍ਰੁ ਦੀਓ ਹਰਿ ਨਾਮ ॥ (196-4)
सतिगुरि मंत्रु दीओ हरि नाम ॥

ਇਹ ਆਸਰ ਪੂਰਨ ਭਏ ਕਾਮ ॥੨॥ (196-4)
इह आसर पूरन भए काम ॥२॥

ਜਪ ਤਪ ਸੰਜਮ ਪੂਰੀ ਵਡਿਆਈ ॥ (196-4)
जप तप संजम पूरी वडिआई ॥

ਗੁਰ ਕਿਰਪਾਲ ਹਰਿ ਭਏ ਸਹਾਈ ॥੩॥ (196-5)
गुर किरपाल हरि भए सहाई ॥३॥

ਮਾਨ ਮੋਹ ਖੋਏ ਗੁਰਿ ਭਰਮ ॥ (196-5)
मान मोह खोए गुरि भरम ॥

ਪੇਖੁ ਨਾਨਕ ਪਸਰੇ ਪਾਰਬ੍ਰਹਮ ॥੪॥੮੧॥੧੫੦॥ (196-5)
पेखु नानक पसरे पारब्रहम ॥४॥८१॥१५०॥

ਗਉੜੀ ਮਹਲਾ ੫ ॥ (196-6)
गउड़ी महला ५ ॥

ਬਿਖੈ ਰਾਜ ਤੇ ਅੰਧੁਲਾ ਭਾਰੀ ॥ (196-6)
बिखै राज ते अंधुला भारी ॥

ਦੁਖਿ ਲਾਗੈ ਰਾਮ ਨਾਮੁ ਚਿਤਾਰੀ ॥੧॥ (196-6)
दुखि लागै राम नामु चितारी ॥१॥

ਤੇਰੇ ਦਾਸ ਕਉ ਤੁਹੀ ਵਡਿਆਈ ॥ (196-7)
तेरे दास कउ तुही वडिआई ॥

ਮਾਇਆ ਮਗਨੁ ਨਰਕਿ ਲੈ ਜਾਈ ॥੧॥ ਰਹਾਉ ॥ (196-7)
माइआ मगनु नरकि लै जाई ॥१॥ रहाउ ॥

ਰੋਗ ਗਿਰਸਤ ਚਿਤਾਰੇ ਨਾਉ ॥ (196-8)
रोग गिरसत चितारे नाउ ॥

ਬਿਖੁ ਮਾਤੇ ਕਾ ਠਉਰ ਨ ਠਾਉ ॥੨॥ (196-8)
बिखु माते का ठउर न ठाउ ॥२॥

ਚਰਨ ਕਮਲ ਸਿਉ ਲਾਗੀ ਪ੍ਰੀਤਿ ॥ (196-8)
चरन कमल सिउ लागी प्रीति ॥

ਆਨ ਸੁਖਾ ਨਹੀ ਆਵਹਿ ਚੀਤਿ ॥੩॥ (196-9)
आन सुखा नही आवहि चीति ॥३॥

ਸਦਾ ਸਦਾ ਸਿਮਰਉ ਪ੍ਰਭ ਸੁਆਮੀ ॥ (196-9)
सदा सदा सिमरउ प्रभ सुआमी ॥

ਮਿਲੁ ਨਾਨਕ ਹਰਿ ਅੰਤਰਜਾਮੀ ॥੪॥੮੨॥੧੫੧॥ (196-9)
मिलु नानक हरि अंतरजामी ॥४॥८२॥१५१॥

ਗਉੜੀ ਮਹਲਾ ੫ ॥ (196-10)
गउड़ी महला ५ ॥

ਆਠ ਪਹਰ ਸੰਗੀ ਬਟਵਾਰੇ ॥ (196-10)
आठ पहर संगी बटवारे ॥

ਕਰਿ ਕਿਰਪਾ ਪ੍ਰਭਿ ਲਏ ਨਿਵਾਰੇ ॥੧॥ (196-10)
करि किरपा प्रभि लए निवारे ॥१॥

ਐਸਾ ਹਰਿ ਰਸੁ ਰਮਹੁ ਸਭੁ ਕੋਇ ॥ (196-11)
ऐसा हरि रसु रमहु सभु कोइ ॥

ਸਰਬ ਕਲਾ ਪੂਰਨ ਪ੍ਰਭੁ ਸੋਇ ॥੧॥ ਰਹਾਉ ॥ (196-11)
सरब कला पूरन प्रभु सोइ ॥१॥ रहाउ ॥

ਮਹਾ ਤਪਤਿ ਸਾਗਰ ਸੰਸਾਰ ॥ (196-11)
महा तपति सागर संसार ॥

ਪ੍ਰਭ ਖਿਨ ਮਹਿ ਪਾਰਿ ਉਤਾਰਣਹਾਰ ॥੨॥ (196-12)
प्रभ खिन महि पारि उतारणहार ॥२॥

ਅਨਿਕ ਬੰਧਨ ਤੋਰੇ ਨਹੀ ਜਾਹਿ ॥ (196-12)
अनिक बंधन तोरे नही जाहि ॥

ਸਿਮਰਤ ਨਾਮ ਮੁਕਤਿ ਫਲ ਪਾਹਿ ॥੩॥ (196-12)
सिमरत नाम मुकति फल पाहि ॥३॥

ਉਕਤਿ ਸਿਆਨਪ ਇਸ ਤੇ ਕਛੁ ਨਾਹਿ ॥ (196-13)
उकति सिआनप इस ते कछु नाहि ॥

ਕਰਿ ਕਿਰਪਾ ਨਾਨਕ ਗੁਣ ਗਾਹਿ ॥੪॥੮੩॥੧੫੨॥ (196-13)
करि किरपा नानक गुण गाहि ॥४॥८३॥१५२॥

ਗਉੜੀ ਮਹਲਾ ੫ ॥ (196-14)
गउड़ी महला ५ ॥

ਥਾਤੀ ਪਾਈ ਹਰਿ ਕੋ ਨਾਮ ॥ (196-14)
थाती पाई हरि को नाम ॥

ਬਿਚਰੁ ਸੰਸਾਰ ਪੂਰਨ ਸਭਿ ਕਾਮ ॥੧॥ (196-14)
बिचरु संसार पूरन सभि काम ॥१॥

ਵਡਭਾਗੀ ਹਰਿ ਕੀਰਤਨੁ ਗਾਈਐ ॥ (196-15)
वडभागी हरि कीरतनु गाईऐ ॥

ਪਾਰਬ੍ਰਹਮ ਤੂੰ ਦੇਹਿ ਤ ਪਾਈਐ ॥੧॥ ਰਹਾਉ ॥ (196-15)
पारब्रहम तूं देहि त पाईऐ ॥१॥ रहाउ ॥

ਹਰਿ ਕੇ ਚਰਣ ਹਿਰਦੈ ਉਰਿ ਧਾਰਿ ॥ (196-15)
हरि के चरण हिरदै उरि धारि ॥

ਭਵ ਸਾਗਰੁ ਚੜਿ ਉਤਰਹਿ ਪਾਰਿ ॥੨॥ (196-16)
भव सागरु चड़ि उतरहि पारि ॥२॥

ਸਾਧੂ ਸੰਗੁ ਕਰਹੁ ਸਭੁ ਕੋਇ ॥ (196-16)
साधू संगु करहु सभु कोइ ॥

ਸਦਾ ਕਲਿਆਣ ਫਿਰਿ ਦੂਖੁ ਨ ਹੋਇ ॥੩॥ (196-16)
सदा कलिआण फिरि दूखु न होइ ॥३॥

ਪ੍ਰੇਮ ਭਗਤਿ ਭਜੁ ਗੁਣੀ ਨਿਧਾਨੁ ॥ (196-17)
प्रेम भगति भजु गुणी निधानु ॥

ਨਾਨਕ ਦਰਗਹ ਪਾਈਐ ਮਾਨੁ ॥੪॥੮੪॥੧੫੩॥ (196-17)
नानक दरगह पाईऐ मानु ॥४॥८४॥१५३॥

ਗਉੜੀ ਮਹਲਾ ੫ ॥ (196-18)
गउड़ी महला ५ ॥

ਜਲਿ ਥਲਿ ਮਹੀਅਲਿ ਪੂਰਨ ਹਰਿ ਮੀਤ ॥ (196-18)
जलि थलि महीअलि पूरन हरि मीत ॥

ਭ੍ਰਮ ਬਿਨਸੇ ਗਾਏ ਗੁਣ ਨੀਤ ॥੧॥ (196-18)
भ्रम बिनसे गाए गुण नीत ॥१॥

ਊਠਤ ਸੋਵਤ ਹਰਿ ਸੰਗਿ ਪਹਰੂਆ ॥ (196-19)
ऊठत सोवत हरि संगि पहरूआ ॥

ਜਾ ਕੈ ਸਿਮਰਣਿ ਜਮ ਨਹੀ ਡਰੂਆ ॥੧॥ ਰਹਾਉ ॥ (196-19)
जा कै सिमरणि जम नही डरूआ ॥१॥ रहाउ ॥

ਚਰਣ ਕਮਲ ਪ੍ਰਭ ਰਿਦੈ ਨਿਵਾਸੁ ॥ (196-19)
चरण कमल प्रभ रिदै निवासु ॥

ਸਗਲ ਦੂਖ ਕਾ ਹੋਇਆ ਨਾਸੁ ॥੨॥ (197-1)
सगल दूख का होइआ नासु ॥२॥

ਆਸਾ ਮਾਣੁ ਤਾਣੁ ਧਨੁ ਏਕ ॥ (197-1)
आसा माणु ताणु धनु एक ॥

ਸਾਚੇ ਸਾਹ ਕੀ ਮਨ ਮਹਿ ਟੇਕ ॥੩॥ (197-1)
साचे साह की मन महि टेक ॥३॥

ਮਹਾ ਗਰੀਬ ਜਨ ਸਾਧ ਅਨਾਥ ॥ (197-2)
महा गरीब जन साध अनाथ ॥

ਨਾਨਕ ਪ੍ਰਭਿ ਰਾਖੇ ਦੇ ਹਾਥ ॥੪॥੮੫॥੧੫੪॥ (197-2)
नानक प्रभि राखे दे हाथ ॥४॥८५॥१५४॥

ਗਉੜੀ ਮਹਲਾ ੫ ॥ (197-3)
गउड़ी महला ५ ॥

ਹਰਿ ਹਰਿ ਨਾਮਿ ਮਜਨੁ ਕਰਿ ਸੂਚੇ ॥ (197-3)
हरि हरि नामि मजनु करि सूचे ॥

ਕੋਟਿ ਗ੍ਰਹਣ ਪੁੰਨ ਫਲ ਮੂਚੇ ॥੧॥ ਰਹਾਉ ॥ (197-3)
कोटि ग्रहण पुंन फल मूचे ॥१॥ रहाउ ॥

ਹਰਿ ਕੇ ਚਰਣ ਰਿਦੇ ਮਹਿ ਬਸੇ ॥ (197-3)
हरि के चरण रिदे महि बसे ॥

ਜਨਮ ਜਨਮ ਕੇ ਕਿਲਵਿਖ ਨਸੇ ॥੧॥ (197-4)
जनम जनम के किलविख नसे ॥१॥

ਸਾਧਸੰਗਿ ਕੀਰਤਨ ਫਲੁ ਪਾਇਆ ॥ (197-4)
साधसंगि कीरतन फलु पाइआ ॥

ਜਮ ਕਾ ਮਾਰਗੁ ਦ੍ਰਿਸਟਿ ਨ ਆਇਆ ॥੨॥ (197-5)
जम का मारगु द्रिसटि न आइआ ॥२॥

ਮਨ ਬਚ ਕ੍ਰਮ ਗੋਵਿੰਦ ਅਧਾਰੁ ॥ (197-5)
मन बच क्रम गोविंद अधारु ॥

ਤਾ ਤੇ ਛੁਟਿਓ ਬਿਖੁ ਸੰਸਾਰੁ ॥੩॥ (197-5)
ता ते छुटिओ बिखु संसारु ॥३॥

ਕਰਿ ਕਿਰਪਾ ਪ੍ਰਭਿ ਕੀਨੋ ਅਪਨਾ ॥ (197-6)
करि किरपा प्रभि कीनो अपना ॥

ਨਾਨਕ ਜਾਪੁ ਜਪੇ ਹਰਿ ਜਪਨਾ ॥੪॥੮੬॥੧੫੫॥ (197-6)
नानक जापु जपे हरि जपना ॥४॥८६॥१५५॥

ਗਉੜੀ ਮਹਲਾ ੫ ॥ (197-6)
गउड़ी महला ५ ॥

ਪਉ ਸਰਣਾਈ ਜਿਨਿ ਹਰਿ ਜਾਤੇ ॥ (197-7)
पउ सरणाई जिनि हरि जाते ॥

ਮਨੁ ਤਨੁ ਸੀਤਲੁ ਚਰਣ ਹਰਿ ਰਾਤੇ ॥੧॥ (197-7)
मनु तनु सीतलु चरण हरि राते ॥१॥

ਭੈ ਭੰਜਨ ਪ੍ਰਭ ਮਨਿ ਨ ਬਸਾਹੀ ॥ (197-7)
भै भंजन प्रभ मनि न बसाही ॥

ਡਰਪਤ ਡਰਪਤ ਜਨਮ ਬਹੁਤੁ ਜਾਹੀ ॥੧॥ ਰਹਾਉ ॥ (197-8)
डरपत डरपत जनम बहुतु जाही ॥१॥ रहाउ ॥

ਜਾ ਕੈ ਰਿਦੈ ਬਸਿਓ ਹਰਿ ਨਾਮ ॥ (197-8)
जा कै रिदै बसिओ हरि नाम ॥

ਸਗਲ ਮਨੋਰਥ ਤਾ ਕੇ ਪੂਰਨ ਕਾਮ ॥੨॥ (197-8)
सगल मनोरथ ता के पूरन काम ॥२॥

ਜਨਮੁ ਜਰਾ ਮਿਰਤੁ ਜਿਸੁ ਵਾਸਿ ॥ (197-9)
जनमु जरा मिरतु जिसु वासि ॥

ਸੋ ਸਮਰਥੁ ਸਿਮਰਿ ਸਾਸਿ ਗਿਰਾਸਿ ॥੩॥ (197-9)
सो समरथु सिमरि सासि गिरासि ॥३॥

ਮੀਤੁ ਸਾਜਨੁ ਸਖਾ ਪ੍ਰਭੁ ਏਕ ॥ (197-9)
मीतु साजनु सखा प्रभु एक ॥

ਨਾਮੁ ਸੁਆਮੀ ਕਾ ਨਾਨਕ ਟੇਕ ॥੪॥੮੭॥੧੫੬॥ (197-10)
नामु सुआमी का नानक टेक ॥४॥८७॥१५६॥

ਗਉੜੀ ਮਹਲਾ ੫ ॥ (197-10)
गउड़ी महला ५ ॥

ਬਾਹਰਿ ਰਾਖਿਓ ਰਿਦੈ ਸਮਾਲਿ ॥ (197-10)
बाहरि राखिओ रिदै समालि ॥

ਘਰਿ ਆਏ ਗੋਵਿੰਦੁ ਲੈ ਨਾਲਿ ॥੧॥ (197-11)
घरि आए गोविंदु लै नालि ॥१॥

ਹਰਿ ਹਰਿ ਨਾਮੁ ਸੰਤਨ ਕੈ ਸੰਗਿ ॥ (197-11)
हरि हरि नामु संतन कै संगि ॥

ਮਨੁ ਤਨੁ ਰਾਤਾ ਰਾਮ ਕੈ ਰੰਗਿ ॥੧॥ ਰਹਾਉ ॥ (197-11)
मनु तनु राता राम कै रंगि ॥१॥ रहाउ ॥

ਗੁਰ ਪਰਸਾਦੀ ਸਾਗਰੁ ਤਰਿਆ ॥ (197-12)
गुर परसादी सागरु तरिआ ॥

ਜਨਮ ਜਨਮ ਕੇ ਕਿਲਵਿਖ ਸਭਿ ਹਿਰਿਆ ॥੨॥ (197-12)
जनम जनम के किलविख सभि हिरिआ ॥२॥

ਸੋਭਾ ਸੁਰਤਿ ਨਾਮਿ ਭਗਵੰਤੁ ॥ (197-13)
सोभा सुरति नामि भगवंतु ॥

ਪੂਰੇ ਗੁਰ ਕਾ ਨਿਰਮਲ ਮੰਤੁ ॥੩॥ (197-13)
पूरे गुर का निरमल मंतु ॥३॥

ਚਰਣ ਕਮਲ ਹਿਰਦੇ ਮਹਿ ਜਾਪੁ ॥ (197-13)
चरण कमल हिरदे महि जापु ॥

ਨਾਨਕੁ ਪੇਖਿ ਜੀਵੈ ਪਰਤਾਪੁ ॥੪॥੮੮॥੧੫੭॥ (197-14)
नानकु पेखि जीवै परतापु ॥४॥८८॥१५७॥

ਗਉੜੀ ਮਹਲਾ ੫ ॥ (197-14)
गउड़ी महला ५ ॥

ਧੰਨੁ ਇਹੁ ਥਾਨੁ ਗੋਵਿੰਦ ਗੁਣ ਗਾਏ ॥ (197-14)
धंनु इहु थानु गोविंद गुण गाए ॥

ਕੁਸਲ ਖੇਮ ਪ੍ਰਭਿ ਆਪਿ ਬਸਾਏ ॥੧॥ ਰਹਾਉ ॥ (197-15)
कुसल खेम प्रभि आपि बसाए ॥१॥ रहाउ ॥

ਬਿਪਤਿ ਤਹਾ ਜਹਾ ਹਰਿ ਸਿਮਰਨੁ ਨਾਹੀ ॥ (197-15)
बिपति तहा जहा हरि सिमरनु नाही ॥

ਕੋਟਿ ਅਨੰਦ ਜਹ ਹਰਿ ਗੁਨ ਗਾਹੀ ॥੧॥ (197-15)
कोटि अनंद जह हरि गुन गाही ॥१॥

ਹਰਿ ਬਿਸਰਿਐ ਦੁਖ ਰੋਗ ਘਨੇਰੇ ॥ (197-16)
हरि बिसरिऐ दुख रोग घनेरे ॥

ਪ੍ਰਭ ਸੇਵਾ ਜਮੁ ਲਗੈ ਨ ਨੇਰੇ ॥੨॥ (197-16)
प्रभ सेवा जमु लगै न नेरे ॥२॥

ਸੋ ਵਡਭਾਗੀ ਨਿਹਚਲ ਥਾਨੁ ॥ (197-16)
सो वडभागी निहचल थानु ॥

ਜਹ ਜਪੀਐ ਪ੍ਰਭ ਕੇਵਲ ਨਾਮੁ ॥੩॥ (197-17)
जह जपीऐ प्रभ केवल नामु ॥३॥

ਜਹ ਜਾਈਐ ਤਹ ਨਾਲਿ ਮੇਰਾ ਸੁਆਮੀ ॥ (197-17)
जह जाईऐ तह नालि मेरा सुआमी ॥

ਨਾਨਕ ਕਉ ਮਿਲਿਆ ਅੰਤਰਜਾਮੀ ॥੪॥੮੯॥੧੫੮॥ (197-17)
नानक कउ मिलिआ अंतरजामी ॥४॥८९॥१५८॥

ਗਉੜੀ ਮਹਲਾ ੫ ॥ (197-18)
गउड़ी महला ५ ॥

ਜੋ ਪ੍ਰਾਣੀ ਗੋਵਿੰਦੁ ਧਿਆਵੈ ॥ (197-18)
जो प्राणी गोविंदु धिआवै ॥

ਪੜਿਆ ਅਣਪੜਿਆ ਪਰਮ ਗਤਿ ਪਾਵੈ ॥੧॥ (197-18)
पड़िआ अणपड़िआ परम गति पावै ॥१॥

ਸਾਧੂ ਸੰਗਿ ਸਿਮਰਿ ਗੋਪਾਲ ॥ (197-19)
साधू संगि सिमरि गोपाल ॥

ਬਿਨੁ ਨਾਵੈ ਝੂਠਾ ਧਨੁ ਮਾਲੁ ॥੧॥ ਰਹਾਉ ॥ (197-19)
बिनु नावै झूठा धनु मालु ॥१॥ रहाउ ॥

ਰੂਪਵੰਤੁ ਸੋ ਚਤੁਰੁ ਸਿਆਣਾ ॥ (198-1)
रूपवंतु सो चतुरु सिआणा ॥

ਜਿਨਿ ਜਨਿ ਮਾਨਿਆ ਪ੍ਰਭ ਕਾ ਭਾਣਾ ॥੨॥ (198-1)
जिनि जनि मानिआ प्रभ का भाणा ॥२॥

ਜਗ ਮਹਿ ਆਇਆ ਸੋ ਪਰਵਾਣੁ ॥ (198-1)
जग महि आइआ सो परवाणु ॥

ਘਟਿ ਘਟਿ ਅਪਣਾ ਸੁਆਮੀ ਜਾਣੁ ॥੩॥ (198-2)
घटि घटि अपणा सुआमी जाणु ॥३॥

ਕਹੁ ਨਾਨਕ ਜਾ ਕੇ ਪੂਰਨ ਭਾਗ ॥ (198-2)
कहु नानक जा के पूरन भाग ॥

ਹਰਿ ਚਰਣੀ ਤਾ ਕਾ ਮਨੁ ਲਾਗ ॥੪॥੯੦॥੧੫੯॥ (198-2)
हरि चरणी ता का मनु लाग ॥४॥९०॥१५९॥

ਗਉੜੀ ਮਹਲਾ ੫ ॥ (198-3)
गउड़ी महला ५ ॥

ਹਰਿ ਕੇ ਦਾਸ ਸਿਉ ਸਾਕਤ ਨਹੀ ਸੰਗੁ ॥ (198-3)
हरि के दास सिउ साकत नही संगु ॥

ਓਹੁ ਬਿਖਈ ਓਸੁ ਰਾਮ ਕੋ ਰੰਗੁ ॥੧॥ ਰਹਾਉ ॥ (198-3)
ओहु बिखई ओसु राम को रंगु ॥१॥ रहाउ ॥

ਮਨ ਅਸਵਾਰ ਜੈਸੇ ਤੁਰੀ ਸੀਗਾਰੀ ॥ (198-4)
मन असवार जैसे तुरी सीगारी ॥

ਜਿਉ ਕਾਪੁਰਖੁ ਪੁਚਾਰੈ ਨਾਰੀ ॥੧॥ (198-4)
जिउ कापुरखु पुचारै नारी ॥१॥

ਬੈਲ ਕਉ ਨੇਤ੍ਰਾ ਪਾਇ ਦੁਹਾਵੈ ॥ (198-4)
बैल कउ नेत्रा पाइ दुहावै ॥

ਗਊ ਚਰਿ ਸਿੰਘ ਪਾਛੈ ਪਾਵੈ ॥੨॥ (198-5)
गऊ चरि सिंघ पाछै पावै ॥२॥

ਗਾਡਰ ਲੇ ਕਾਮਧੇਨੁ ਕਰਿ ਪੂਜੀ ॥ (198-5)
गाडर ले कामधेनु करि पूजी ॥

ਸਉਦੇ ਕਉ ਧਾਵੈ ਬਿਨੁ ਪੂੰਜੀ ॥੩॥ (198-5)
सउदे कउ धावै बिनु पूंजी ॥३॥

ਨਾਨਕ ਰਾਮ ਨਾਮੁ ਜਪਿ ਚੀਤ ॥ (198-6)
नानक राम नामु जपि चीत ॥

ਸਿਮਰਿ ਸੁਆਮੀ ਹਰਿ ਸਾ ਮੀਤ ॥੪॥੯੧॥੧੬੦॥ (198-6)
सिमरि सुआमी हरि सा मीत ॥४॥९१॥१६०॥

ਗਉੜੀ ਮਹਲਾ ੫ ॥ (198-6)
गउड़ी महला ५ ॥

ਸਾ ਮਤਿ ਨਿਰਮਲ ਕਹੀਅਤ ਧੀਰ ॥ (198-7)
सा मति निरमल कहीअत धीर ॥

ਰਾਮ ਰਸਾਇਣੁ ਪੀਵਤ ਬੀਰ ॥੧॥ (198-7)
राम रसाइणु पीवत बीर ॥१॥

ਹਰਿ ਕੇ ਚਰਣ ਹਿਰਦੈ ਕਰਿ ਓਟ ॥ (198-7)
हरि के चरण हिरदै करि ओट ॥

ਜਨਮ ਮਰਣ ਤੇ ਹੋਵਤ ਛੋਟ ॥੧॥ ਰਹਾਉ ॥ (198-8)
जनम मरण ते होवत छोट ॥१॥ रहाउ ॥

ਸੋ ਤਨੁ ਨਿਰਮਲੁ ਜਿਤੁ ਉਪਜੈ ਨ ਪਾਪੁ ॥ (198-8)
सो तनु निरमलु जितु उपजै न पापु ॥

ਰਾਮ ਰੰਗਿ ਨਿਰਮਲ ਪਰਤਾਪੁ ॥੨॥ (198-8)
राम रंगि निरमल परतापु ॥२॥

ਸਾਧਸੰਗਿ ਮਿਟਿ ਜਾਤ ਬਿਕਾਰ ॥ (198-9)
साधसंगि मिटि जात बिकार ॥

ਸਭ ਤੇ ਊਚ ਏਹੋ ਉਪਕਾਰ ॥੩॥ (198-9)
सभ ते ऊच एहो उपकार ॥३॥

ਪ੍ਰੇਮ ਭਗਤਿ ਰਾਤੇ ਗੋਪਾਲ ॥ (198-9)
प्रेम भगति राते गोपाल ॥

ਨਾਨਕ ਜਾਚੈ ਸਾਧ ਰਵਾਲ ॥੪॥੯੨॥੧੬੧॥ (198-10)
नानक जाचै साध रवाल ॥४॥९२॥१६१॥

ਗਉੜੀ ਮਹਲਾ ੫ ॥ (198-10)
गउड़ी महला ५ ॥

ਐਸੀ ਪ੍ਰੀਤਿ ਗੋਵਿੰਦ ਸਿਉ ਲਾਗੀ ॥ (198-10)
ऐसी प्रीति गोविंद सिउ लागी ॥

ਮੇਲਿ ਲਏ ਪੂਰਨ ਵਡਭਾਗੀ ॥੧॥ ਰਹਾਉ ॥ (198-11)
मेलि लए पूरन वडभागी ॥१॥ रहाउ ॥

ਭਰਤਾ ਪੇਖਿ ਬਿਗਸੈ ਜਿਉ ਨਾਰੀ ॥ (198-11)
भरता पेखि बिगसै जिउ नारी ॥

ਤਿਉ ਹਰਿ ਜਨੁ ਜੀਵੈ ਨਾਮੁ ਚਿਤਾਰੀ ॥੧॥ (198-11)
तिउ हरि जनु जीवै नामु चितारी ॥१॥

ਪੂਤ ਪੇਖਿ ਜਿਉ ਜੀਵਤ ਮਾਤਾ ॥ (198-12)
पूत पेखि जिउ जीवत माता ॥

ਓਤਿ ਪੋਤਿ ਜਨੁ ਹਰਿ ਸਿਉ ਰਾਤਾ ॥੨॥ (198-12)
ओति पोति जनु हरि सिउ राता ॥२॥

ਲੋਭੀ ਅਨਦੁ ਕਰੈ ਪੇਖਿ ਧਨਾ ॥ (198-12)
लोभी अनदु करै पेखि धना ॥

ਜਨ ਚਰਨ ਕਮਲ ਸਿਉ ਲਾਗੋ ਮਨਾ ॥੩॥ (198-13)
जन चरन कमल सिउ लागो मना ॥३॥

ਬਿਸਰੁ ਨਹੀ ਇਕੁ ਤਿਲੁ ਦਾਤਾਰ ॥ (198-13)
बिसरु नही इकु तिलु दातार ॥

ਨਾਨਕ ਕੇ ਪ੍ਰਭ ਪ੍ਰਾਨ ਅਧਾਰ ॥੪॥੯੩॥੧੬੨॥ (198-14)
नानक के प्रभ प्रान अधार ॥४॥९३॥१६२॥

ਗਉੜੀ ਮਹਲਾ ੫ ॥ (198-14)
गउड़ी महला ५ ॥

ਰਾਮ ਰਸਾਇਣਿ ਜੋ ਜਨ ਗੀਧੇ ॥ (198-14)
राम रसाइणि जो जन गीधे ॥

ਚਰਨ ਕਮਲ ਪ੍ਰੇਮ ਭਗਤੀ ਬੀਧੇ ॥੧॥ ਰਹਾਉ ॥ (198-14)
चरन कमल प्रेम भगती बीधे ॥१॥ रहाउ ॥

ਆਨ ਰਸਾ ਦੀਸਹਿ ਸਭਿ ਛਾਰੁ ॥ (198-15)
आन रसा दीसहि सभि छारु ॥

ਨਾਮ ਬਿਨਾ ਨਿਹਫਲ ਸੰਸਾਰ ॥੧॥ (198-15)
नाम बिना निहफल संसार ॥१॥

ਅੰਧ ਕੂਪ ਤੇ ਕਾਢੇ ਆਪਿ ॥ (198-16)
अंध कूप ते काढे आपि ॥

ਗੁਣ ਗੋਵਿੰਦ ਅਚਰਜ ਪਰਤਾਪ ॥੨॥ (198-16)
गुण गोविंद अचरज परताप ॥२॥

ਵਣਿ ਤ੍ਰਿਣਿ ਤ੍ਰਿਭਵਣਿ ਪੂਰਨ ਗੋਪਾਲ ॥ (198-16)
वणि त्रिणि त्रिभवणि पूरन गोपाल ॥

ਬ੍ਰਹਮ ਪਸਾਰੁ ਜੀਅ ਸੰਗਿ ਦਇਆਲ ॥੩॥ (198-17)
ब्रहम पसारु जीअ संगि दइआल ॥३॥

ਕਹੁ ਨਾਨਕ ਸਾ ਕਥਨੀ ਸਾਰੁ ॥ (198-17)
कहु नानक सा कथनी सारु ॥

ਮਾਨਿ ਲੇਤੁ ਜਿਸੁ ਸਿਰਜਨਹਾਰੁ ॥੪॥੯੪॥੧੬੩॥ (198-17)
मानि लेतु जिसु सिरजनहारु ॥४॥९४॥१६३॥

ਗਉੜੀ ਮਹਲਾ ੫ ॥ (198-18)
गउड़ी महला ५ ॥

ਨਿਤਪ੍ਰਤਿ ਨਾਵਣੁ ਰਾਮ ਸਰਿ ਕੀਜੈ ॥ (198-18)
नितप्रति नावणु राम सरि कीजै ॥

ਝੋਲਿ ਮਹਾ ਰਸੁ ਹਰਿ ਅੰਮ੍ਰਿਤੁ ਪੀਜੈ ॥੧॥ ਰਹਾਉ ॥ (198-18)
झोलि महा रसु हरि अमृतु पीजै ॥१॥ रहाउ ॥

ਨਿਰਮਲ ਉਦਕੁ ਗੋਵਿੰਦ ਕਾ ਨਾਮ ॥ (198-19)
निरमल उदकु गोविंद का नाम ॥

ਮਜਨੁ ਕਰਤ ਪੂਰਨ ਸਭਿ ਕਾਮ ॥੧॥ (198-19)
मजनु करत पूरन सभि काम ॥१॥

ਸੰਤਸੰਗਿ ਤਹ ਗੋਸਟਿ ਹੋਇ ॥ (199-1)
संतसंगि तह गोसटि होइ ॥

ਕੋਟਿ ਜਨਮ ਕੇ ਕਿਲਵਿਖ ਖੋਇ ॥੨॥ (199-1)
कोटि जनम के किलविख खोइ ॥२॥

ਸਿਮਰਹਿ ਸਾਧ ਕਰਹਿ ਆਨੰਦੁ ॥ (199-1)
सिमरहि साध करहि आनंदु ॥

ਮਨਿ ਤਨਿ ਰਵਿਆ ਪਰਮਾਨੰਦੁ ॥੩॥ (199-2)
मनि तनि रविआ परमानंदु ॥३॥

ਜਿਸਹਿ ਪਰਾਪਤਿ ਹਰਿ ਚਰਣ ਨਿਧਾਨ ॥ (199-2)
जिसहि परापति हरि चरण निधान ॥

ਨਾਨਕ ਦਾਸ ਤਿਸਹਿ ਕੁਰਬਾਨ ॥੪॥੯੫॥੧੬੪॥ (199-2)
नानक दास तिसहि कुरबान ॥४॥९५॥१६४॥

ਗਉੜੀ ਮਹਲਾ ੫ ॥ (199-3)
गउड़ी महला ५ ॥

ਸੋ ਕਿਛੁ ਕਰਿ ਜਿਤੁ ਮੈਲੁ ਨ ਲਾਗੈ ॥ (199-3)
सो किछु करि जितु मैलु न लागै ॥

ਹਰਿ ਕੀਰਤਨ ਮਹਿ ਏਹੁ ਮਨੁ ਜਾਗੈ ॥੧॥ ਰਹਾਉ ॥ (199-3)
हरि कीरतन महि एहु मनु जागै ॥१॥ रहाउ ॥

ਏਕੋ ਸਿਮਰਿ ਨ ਦੂਜਾ ਭਾਉ ॥ (199-4)
एको सिमरि न दूजा भाउ ॥

ਸੰਤਸੰਗਿ ਜਪਿ ਕੇਵਲ ਨਾਉ ॥੧॥ (199-4)
संतसंगि जपि केवल नाउ ॥१॥

ਕਰਮ ਧਰਮ ਨੇਮ ਬ੍ਰਤ ਪੂਜਾ ॥ (199-5)
करम धरम नेम ब्रत पूजा ॥

ਪਾਰਬ੍ਰਹਮ ਬਿਨੁ ਜਾਨੁ ਨ ਦੂਜਾ ॥੨॥ (199-5)
पारब्रहम बिनु जानु न दूजा ॥२॥

ਤਾ ਕੀ ਪੂਰਨ ਹੋਈ ਘਾਲ ॥ (199-5)
ता की पूरन होई घाल ॥

ਜਾ ਕੀ ਪ੍ਰੀਤਿ ਅਪੁਨੇ ਪ੍ਰਭ ਨਾਲਿ ॥੩॥ (199-5)
जा की प्रीति अपुने प्रभ नालि ॥३॥

ਸੋ ਬੈਸਨੋ ਹੈ ਅਪਰ ਅਪਾਰੁ ॥ (199-6)
सो बैसनो है अपर अपारु ॥

ਕਹੁ ਨਾਨਕ ਜਿਨਿ ਤਜੇ ਬਿਕਾਰ ॥੪॥੯੬॥੧੬੫॥ (199-6)
कहु नानक जिनि तजे बिकार ॥४॥९६॥१६५॥

ਗਉੜੀ ਮਹਲਾ ੫ ॥ (199-7)
गउड़ी महला ५ ॥

ਜੀਵਤ ਛਾਡਿ ਜਾਹਿ ਦੇਵਾਨੇ ॥ (199-7)
जीवत छाडि जाहि देवाने ॥

ਮੁਇਆ ਉਨ ਤੇ ਕੋ ਵਰਸਾਂਨੇ ॥੧॥ (199-7)
मुइआ उन ते को वरसांने ॥१॥

ਸਿਮਰਿ ਗੋਵਿੰਦੁ ਮਨਿ ਤਨਿ ਧੁਰਿ ਲਿਖਿਆ ॥ (199-7)
सिमरि गोविंदु मनि तनि धुरि लिखिआ ॥

ਕਾਹੂ ਕਾਜ ਨ ਆਵਤ ਬਿਖਿਆ ॥੧॥ ਰਹਾਉ ॥ (199-8)
काहू काज न आवत बिखिआ ॥१॥ रहाउ ॥

ਬਿਖੈ ਠਗਉਰੀ ਜਿਨਿ ਜਿਨਿ ਖਾਈ ॥ (199-8)
बिखै ठगउरी जिनि जिनि खाई ॥

ਤਾ ਕੀ ਤ੍ਰਿਸਨਾ ਕਬਹੂੰ ਨ ਜਾਈ ॥੨॥ (199-9)
ता की त्रिसना कबहूं न जाई ॥२॥

ਦਾਰਨ ਦੁਖ ਦੁਤਰ ਸੰਸਾਰੁ ॥ (199-9)
दारन दुख दुतर संसारु ॥

ਰਾਮ ਨਾਮ ਬਿਨੁ ਕੈਸੇ ਉਤਰਸਿ ਪਾਰਿ ॥੩॥ (199-9)
राम नाम बिनु कैसे उतरसि पारि ॥३॥

ਸਾਧਸੰਗਿ ਮਿਲਿ ਦੁਇ ਕੁਲ ਸਾਧਿ ॥ (199-10)
साधसंगि मिलि दुइ कुल साधि ॥

ਰਾਮ ਨਾਮ ਨਾਨਕ ਆਰਾਧਿ ॥੪॥੯੭॥੧੬੬॥ (199-10)
राम नाम नानक आराधि ॥४॥९७॥१६६॥

ਗਉੜੀ ਮਹਲਾ ੫ ॥ (199-10)
गउड़ी महला ५ ॥

ਗਰੀਬਾ ਉਪਰਿ ਜਿ ਖਿੰਜੈ ਦਾੜੀ ॥ (199-11)
गरीबा उपरि जि खिंजै दाड़ी ॥

ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ ॥੧॥ (199-11)
पारब्रहमि सा अगनि महि साड़ी ॥१॥

ਪੂਰਾ ਨਿਆਉ ਕਰੇ ਕਰਤਾਰੁ ॥ (199-11)
पूरा निआउ करे करतारु ॥

ਅਪੁਨੇ ਦਾਸ ਕਉ ਰਾਖਨਹਾਰੁ ॥੧॥ ਰਹਾਉ ॥ (199-12)
अपुने दास कउ राखनहारु ॥१॥ रहाउ ॥

ਆਦਿ ਜੁਗਾਦਿ ਪ੍ਰਗਟਿ ਪਰਤਾਪੁ ॥ (199-12)
आदि जुगादि प्रगटि परतापु ॥

ਨਿੰਦਕੁ ਮੁਆ ਉਪਜਿ ਵਡ ਤਾਪੁ ॥੨॥ (199-12)
निंदकु मुआ उपजि वड तापु ॥२॥

ਤਿਨਿ ਮਾਰਿਆ ਜਿ ਰਖੈ ਨ ਕੋਇ ॥ (199-13)
तिनि मारिआ जि रखै न कोइ ॥

ਆਗੈ ਪਾਛੈ ਮੰਦੀ ਸੋਇ ॥੩॥ (199-13)
आगै पाछै मंदी सोइ ॥३॥

ਅਪੁਨੇ ਦਾਸ ਰਾਖੈ ਕੰਠਿ ਲਾਇ ॥ (199-13)
अपुने दास राखै कंठि लाइ ॥

ਸਰਣਿ ਨਾਨਕ ਹਰਿ ਨਾਮੁ ਧਿਆਇ ॥੪॥੯੮॥੧੬੭॥ (199-14)
सरणि नानक हरि नामु धिआइ ॥४॥९८॥१६७॥

ਗਉੜੀ ਮਹਲਾ ੫ ॥ (199-14)
गउड़ी महला ५ ॥

ਮਹਜਰੁ ਝੂਠਾ ਕੀਤੋਨੁ ਆਪਿ ॥ (199-14)
महजरु झूठा कीतोनु आपि ॥

ਪਾਪੀ ਕਉ ਲਾਗਾ ਸੰਤਾਪੁ ॥੧॥ (199-15)
पापी कउ लागा संतापु ॥१॥

ਜਿਸਹਿ ਸਹਾਈ ਗੋਬਿਦੁ ਮੇਰਾ ॥ (199-15)
जिसहि सहाई गोबिदु मेरा ॥

ਤਿਸੁ ਕਉ ਜਮੁ ਨਹੀ ਆਵੈ ਨੇਰਾ ॥੧॥ ਰਹਾਉ ॥ (199-15)
तिसु कउ जमु नही आवै नेरा ॥१॥ रहाउ ॥

ਸਾਚੀ ਦਰਗਹ ਬੋਲੈ ਕੂੜੁ ॥ (199-16)
साची दरगह बोलै कूड़ु ॥

ਸਿਰੁ ਹਾਥ ਪਛੋੜੈ ਅੰਧਾ ਮੂੜੁ ॥੨॥ (199-16)
सिरु हाथ पछोड़ै अंधा मूड़ु ॥२॥

ਰੋਗ ਬਿਆਪੇ ਕਰਦੇ ਪਾਪ ॥ (199-16)
रोग बिआपे करदे पाप ॥

ਅਦਲੀ ਹੋਇ ਬੈਠਾ ਪ੍ਰਭੁ ਆਪਿ ॥੩॥ (199-17)
अदली होइ बैठा प्रभु आपि ॥३॥

ਅਪਨ ਕਮਾਇਐ ਆਪੇ ਬਾਧੇ ॥ (199-17)
अपन कमाइऐ आपे बाधे ॥

ਦਰਬੁ ਗਇਆ ਸਭੁ ਜੀਅ ਕੈ ਸਾਥੈ ॥੪॥ (199-17)
दरबु गइआ सभु जीअ कै साथै ॥४॥

ਨਾਨਕ ਸਰਨਿ ਪਰੇ ਦਰਬਾਰਿ ॥ (199-18)
नानक सरनि परे दरबारि ॥

ਰਾਖੀ ਪੈਜ ਮੇਰੈ ਕਰਤਾਰਿ ॥੫॥੯੯॥੧੬੮॥ (199-18)
राखी पैज मेरै करतारि ॥५॥९९॥१६८॥

ਗਉੜੀ ਮਹਲਾ ੫ ॥ (199-18)
गउड़ी महला ५ ॥

ਜਨ ਕੀ ਧੂਰਿ ਮਨ ਮੀਠ ਖਟਾਨੀ ॥ (199-19)
जन की धूरि मन मीठ खटानी ॥

ਪੂਰਬਿ ਕਰਮਿ ਲਿਖਿਆ ਧੁਰਿ ਪ੍ਰਾਨੀ ॥੧॥ ਰਹਾਉ ॥ (199-19)
पूरबि करमि लिखिआ धुरि प्रानी ॥१॥ रहाउ ॥

ਅਹੰਬੁਧਿ ਮਨ ਪੂਰਿ ਥਿਧਾਈ ॥ (200-1)
अह्मबुधि मन पूरि थिधाई ॥

ਸਾਧ ਧੂਰਿ ਕਰਿ ਸੁਧ ਮੰਜਾਈ ॥੧॥ (200-1)
साध धूरि करि सुध मंजाई ॥१॥

ਅਨਿਕ ਜਲਾ ਜੇ ਧੋਵੈ ਦੇਹੀ ॥ (200-1)
अनिक जला जे धोवै देही ॥

ਮੈਲੁ ਨ ਉਤਰੈ ਸੁਧੁ ਨ ਤੇਹੀ ॥੨॥ (200-1)
मैलु न उतरै सुधु न तेही ॥२॥

ਸਤਿਗੁਰੁ ਭੇਟਿਓ ਸਦਾ ਕ੍ਰਿਪਾਲ ॥ (200-2)
सतिगुरु भेटिओ सदा क्रिपाल ॥

ਹਰਿ ਸਿਮਰਿ ਸਿਮਰਿ ਕਾਟਿਆ ਭਉ ਕਾਲ ॥੩॥ (200-2)
हरि सिमरि सिमरि काटिआ भउ काल ॥३॥

ਮੁਕਤਿ ਭੁਗਤਿ ਜੁਗਤਿ ਹਰਿ ਨਾਉ ॥ (200-3)
मुकति भुगति जुगति हरि नाउ ॥

ਪ੍ਰੇਮ ਭਗਤਿ ਨਾਨਕ ਗੁਣ ਗਾਉ ॥੪॥੧੦੦॥੧੬੯॥ (200-3)
प्रेम भगति नानक गुण गाउ ॥४॥१००॥१६९॥

ਗਉੜੀ ਮਹਲਾ ੫ ॥ (200-3)
गउड़ी महला ५ ॥

ਜੀਵਨ ਪਦਵੀ ਹਰਿ ਕੇ ਦਾਸ ॥ (200-4)
जीवन पदवी हरि के दास ॥

ਜਿਨ ਮਿਲਿਆ ਆਤਮ ਪਰਗਾਸੁ ॥੧॥ (200-4)
जिन मिलिआ आतम परगासु ॥१॥

ਹਰਿ ਕਾ ਸਿਮਰਨੁ ਸੁਨਿ ਮਨ ਕਾਨੀ ॥ (200-4)
हरि का सिमरनु सुनि मन कानी ॥

ਸੁਖੁ ਪਾਵਹਿ ਹਰਿ ਦੁਆਰ ਪਰਾਨੀ ॥੧॥ ਰਹਾਉ ॥ (200-5)
सुखु पावहि हरि दुआर परानी ॥१॥ रहाउ ॥

ਆਠ ਪਹਰ ਧਿਆਈਐ ਗੋਪਾਲੁ ॥ (200-5)
आठ पहर धिआईऐ गोपालु ॥

ਨਾਨਕ ਦਰਸਨੁ ਦੇਖਿ ਨਿਹਾਲੁ ॥੨॥੧੦੧॥੧੭੦॥ (200-5)
नानक दरसनु देखि निहालु ॥२॥१०१॥१७०॥

ਗਉੜੀ ਮਹਲਾ ੫ ॥ (200-6)
गउड़ी महला ५ ॥

ਸਾਂਤਿ ਭਈ ਗੁਰ ਗੋਬਿਦਿ ਪਾਈ ॥ (200-6)
सांति भई गुर गोबिदि पाई ॥

ਤਾਪ ਪਾਪ ਬਿਨਸੇ ਮੇਰੇ ਭਾਈ ॥੧॥ ਰਹਾਉ ॥ (200-6)
ताप पाप बिनसे मेरे भाई ॥१॥ रहाउ ॥

ਰਾਮ ਨਾਮੁ ਨਿਤ ਰਸਨ ਬਖਾਨ ॥ (200-7)
राम नामु नित रसन बखान ॥

ਬਿਨਸੇ ਰੋਗ ਭਏ ਕਲਿਆਨ ॥੧॥ (200-7)
बिनसे रोग भए कलिआन ॥१॥

ਪਾਰਬ੍ਰਹਮ ਗੁਣ ਅਗਮ ਬੀਚਾਰ ॥ (200-7)
पारब्रहम गुण अगम बीचार ॥

ਸਾਧੂ ਸੰਗਮਿ ਹੈ ਨਿਸਤਾਰ ॥੨॥ (200-8)
साधू संगमि है निसतार ॥२॥

ਨਿਰਮਲ ਗੁਣ ਗਾਵਹੁ ਨਿਤ ਨੀਤ ॥ (200-8)
निरमल गुण गावहु नित नीत ॥

ਗਈ ਬਿਆਧਿ ਉਬਰੇ ਜਨ ਮੀਤ ॥੩॥ (200-8)
गई बिआधि उबरे जन मीत ॥३॥

ਮਨ ਬਚ ਕ੍ਰਮ ਪ੍ਰਭੁ ਅਪਨਾ ਧਿਆਈ ॥ (200-9)
मन बच क्रम प्रभु अपना धिआई ॥

ਨਾਨਕ ਦਾਸ ਤੇਰੀ ਸਰਣਾਈ ॥੪॥੧੦੨॥੧੭੧॥ (200-9)
नानक दास तेरी सरणाई ॥४॥१०२॥१७१॥

ਗਉੜੀ ਮਹਲਾ ੫ ॥ (200-10)
गउड़ी महला ५ ॥

ਨੇਤ੍ਰ ਪ੍ਰਗਾਸੁ ਕੀਆ ਗੁਰਦੇਵ ॥ (200-10)
नेत्र प्रगासु कीआ गुरदेव ॥

ਭਰਮ ਗਏ ਪੂਰਨ ਭਈ ਸੇਵ ॥੧॥ ਰਹਾਉ ॥ (200-10)
भरम गए पूरन भई सेव ॥१॥ रहाउ ॥

ਸੀਤਲਾ ਤੇ ਰਖਿਆ ਬਿਹਾਰੀ ॥ (200-11)
सीतला ते रखिआ बिहारी ॥

ਪਾਰਬ੍ਰਹਮ ਪ੍ਰਭ ਕਿਰਪਾ ਧਾਰੀ ॥੧॥ (200-11)
पारब्रहम प्रभ किरपा धारी ॥१॥

ਨਾਨਕ ਨਾਮੁ ਜਪੈ ਸੋ ਜੀਵੈ ॥ (200-11)
नानक नामु जपै सो जीवै ॥

ਸਾਧਸੰਗਿ ਹਰਿ ਅੰਮ੍ਰਿਤੁ ਪੀਵੈ ॥੨॥੧੦੩॥੧੭੨॥ (200-11)
साधसंगि हरि अमृतु पीवै ॥२॥१०३॥१७२॥

ਗਉੜੀ ਮਹਲਾ ੫ ॥ (200-12)
गउड़ी महला ५ ॥

ਧਨੁ ਓਹੁ ਮਸਤਕੁ ਧਨੁ ਤੇਰੇ ਨੇਤ ॥ (200-12)
धनु ओहु मसतकु धनु तेरे नेत ॥

ਧਨੁ ਓਇ ਭਗਤ ਜਿਨ ਤੁਮ ਸੰਗਿ ਹੇਤ ॥੧॥ (200-12)
धनु ओइ भगत जिन तुम संगि हेत ॥१॥

ਨਾਮ ਬਿਨਾ ਕੈਸੇ ਸੁਖੁ ਲਹੀਐ ॥ (200-13)
नाम बिना कैसे सुखु लहीऐ ॥

ਰਸਨਾ ਰਾਮ ਨਾਮ ਜਸੁ ਕਹੀਐ ॥੧॥ ਰਹਾਉ ॥ (200-13)
रसना राम नाम जसु कहीऐ ॥१॥ रहाउ ॥

ਤਿਨ ਊਪਰਿ ਜਾਈਐ ਕੁਰਬਾਣੁ ॥ (200-14)
तिन ऊपरि जाईऐ कुरबाणु ॥

ਨਾਨਕ ਜਿਨਿ ਜਪਿਆ ਨਿਰਬਾਣੁ ॥੨॥੧੦੪॥੧੭੩॥ (200-14)
नानक जिनि जपिआ निरबाणु ॥२॥१०४॥१७३॥

ਗਉੜੀ ਮਹਲਾ ੫ ॥ (200-15)
गउड़ी महला ५ ॥

ਤੂੰਹੈ ਮਸਲਤਿ ਤੂੰਹੈ ਨਾਲਿ ॥ (200-15)
तूंहै मसलति तूंहै नालि ॥

ਤੂਹੈ ਰਾਖਹਿ ਸਾਰਿ ਸਮਾਲਿ ॥੧॥ (200-15)
तूहै राखहि सारि समालि ॥१॥

ਐਸਾ ਰਾਮੁ ਦੀਨ ਦੁਨੀ ਸਹਾਈ ॥ (200-15)
ऐसा रामु दीन दुनी सहाई ॥

ਦਾਸ ਕੀ ਪੈਜ ਰਖੈ ਮੇਰੇ ਭਾਈ ॥੧॥ ਰਹਾਉ ॥ (200-16)
दास की पैज रखै मेरे भाई ॥१॥ रहाउ ॥

ਆਗੈ ਆਪਿ ਇਹੁ ਥਾਨੁ ਵਸਿ ਜਾ ਕੈ ॥ (200-16)
आगै आपि इहु थानु वसि जा कै ॥

ਆਠ ਪਹਰ ਮਨੁ ਹਰਿ ਕਉ ਜਾਪੈ ॥੨॥ (200-17)
आठ पहर मनु हरि कउ जापै ॥२॥

ਪਤਿ ਪਰਵਾਣੁ ਸਚੁ ਨੀਸਾਣੁ ॥ (200-17)
पति परवाणु सचु नीसाणु ॥

ਜਾ ਕਉ ਆਪਿ ਕਰਹਿ ਫੁਰਮਾਨੁ ॥੩॥ (200-17)
जा कउ आपि करहि फुरमानु ॥३॥

ਆਪੇ ਦਾਤਾ ਆਪਿ ਪ੍ਰਤਿਪਾਲਿ ॥ (200-18)
आपे दाता आपि प्रतिपालि ॥

ਨਿਤ ਨਿਤ ਨਾਨਕ ਰਾਮ ਨਾਮੁ ਸਮਾਲਿ ॥੪॥੧੦੫॥੧੭੪॥ (200-18)
नित नित नानक राम नामु समालि ॥४॥१०५॥१७४॥

ਗਉੜੀ ਮਹਲਾ ੫ ॥ (200-19)
गउड़ी महला ५ ॥

ਸਤਿਗੁਰੁ ਪੂਰਾ ਭਇਆ ਕ੍ਰਿਪਾਲੁ ॥ (200-19)
सतिगुरु पूरा भइआ क्रिपालु ॥

ਹਿਰਦੈ ਵਸਿਆ ਸਦਾ ਗੁਪਾਲੁ ॥੧॥ (200-19)
हिरदै वसिआ सदा गुपालु ॥१॥

ਰਾਮੁ ਰਵਤ ਸਦ ਹੀ ਸੁਖੁ ਪਾਇਆ ॥ (200-19)
रामु रवत सद ही सुखु पाइआ ॥

ਮਇਆ ਕਰੀ ਪੂਰਨ ਹਰਿ ਰਾਇਆ ॥੧॥ ਰਹਾਉ ॥ (201-1)
मइआ करी पूरन हरि राइआ ॥१॥ रहाउ ॥

ਕਹੁ ਨਾਨਕ ਜਾ ਕੇ ਪੂਰੇ ਭਾਗ ॥ (201-1)
कहु नानक जा के पूरे भाग ॥

ਹਰਿ ਹਰਿ ਨਾਮੁ ਅਸਥਿਰੁ ਸੋਹਾਗੁ ॥੨॥੧੦੬॥ (201-2)
हरि हरि नामु असथिरु सोहागु ॥२॥१०६॥

ਗਉੜੀ ਮਹਲਾ ੫ ॥ (201-2)
गउड़ी महला ५ ॥

ਧੋਤੀ ਖੋਲਿ ਵਿਛਾਏ ਹੇਠਿ ॥ (201-2)
धोती खोलि विछाए हेठि ॥

ਗਰਧਪ ਵਾਂਗੂ ਲਾਹੇ ਪੇਟਿ ॥੧॥ (201-3)
गरधप वांगू लाहे पेटि ॥१॥

ਬਿਨੁ ਕਰਤੂਤੀ ਮੁਕਤਿ ਨ ਪਾਈਐ ॥ (201-3)
बिनु करतूती मुकति न पाईऐ ॥

ਮੁਕਤਿ ਪਦਾਰਥੁ ਨਾਮੁ ਧਿਆਈਐ ॥੧॥ ਰਹਾਉ ॥ (201-3)
मुकति पदारथु नामु धिआईऐ ॥१॥ रहाउ ॥

ਪੂਜਾ ਤਿਲਕ ਕਰਤ ਇਸਨਾਨਾਂ ॥ (201-4)
पूजा तिलक करत इसनानां ॥

ਛੁਰੀ ਕਾਢਿ ਲੇਵੈ ਹਥਿ ਦਾਨਾ ॥੨॥ (201-4)
छुरी काढि लेवै हथि दाना ॥२॥

ਬੇਦੁ ਪੜੈ ਮੁਖਿ ਮੀਠੀ ਬਾਣੀ ॥ (201-4)
बेदु पड़ै मुखि मीठी बाणी ॥

ਜੀਆਂ ਕੁਹਤ ਨ ਸੰਗੈ ਪਰਾਣੀ ॥੩॥ (201-5)
जीआं कुहत न संगै पराणी ॥३॥

ਕਹੁ ਨਾਨਕ ਜਿਸੁ ਕਿਰਪਾ ਧਾਰੈ ॥ (201-5)
कहु नानक जिसु किरपा धारै ॥

ਹਿਰਦਾ ਸੁਧੁ ਬ੍ਰਹਮੁ ਬੀਚਾਰੈ ॥੪॥੧੦੭॥ (201-5)
हिरदा सुधु ब्रहमु बीचारै ॥४॥१०७॥

ਗਉੜੀ ਮਹਲਾ ੫ ॥ (201-6)
गउड़ी महला ५ ॥

ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥ (201-6)
थिरु घरि बैसहु हरि जन पिआरे ॥

ਸਤਿਗੁਰਿ ਤੁਮਰੇ ਕਾਜ ਸਵਾਰੇ ॥੧॥ ਰਹਾਉ ॥ (201-6)
सतिगुरि तुमरे काज सवारे ॥१॥ रहाउ ॥

ਦੁਸਟ ਦੂਤ ਪਰਮੇਸਰਿ ਮਾਰੇ ॥ (201-7)
दुसट दूत परमेसरि मारे ॥

ਜਨ ਕੀ ਪੈਜ ਰਖੀ ਕਰਤਾਰੇ ॥੧॥ (201-7)
जन की पैज रखी करतारे ॥१॥

ਬਾਦਿਸਾਹ ਸਾਹ ਸਭ ਵਸਿ ਕਰਿ ਦੀਨੇ ॥ (201-7)
बादिसाह साह सभ वसि करि दीने ॥

ਅੰਮ੍ਰਿਤ ਨਾਮ ਮਹਾ ਰਸ ਪੀਨੇ ॥੨॥ (201-8)
अमृत नाम महा रस पीने ॥२॥

ਨਿਰਭਉ ਹੋਇ ਭਜਹੁ ਭਗਵਾਨ ॥ (201-8)
निरभउ होइ भजहु भगवान ॥

ਸਾਧਸੰਗਤਿ ਮਿਲਿ ਕੀਨੋ ਦਾਨੁ ॥੩॥ (201-8)
साधसंगति मिलि कीनो दानु ॥३॥

ਸਰਣਿ ਪਰੇ ਪ੍ਰਭ ਅੰਤਰਜਾਮੀ ॥ (201-9)
सरणि परे प्रभ अंतरजामी ॥

ਨਾਨਕ ਓਟ ਪਕਰੀ ਪ੍ਰਭ ਸੁਆਮੀ ॥੪॥੧੦੮॥ (201-9)
नानक ओट पकरी प्रभ सुआमी ॥४॥१०८॥

ਗਉੜੀ ਮਹਲਾ ੫ ॥ (201-10)
गउड़ी महला ५ ॥

ਹਰਿ ਸੰਗਿ ਰਾਤੇ ਭਾਹਿ ਨ ਜਲੈ ॥ (201-10)
हरि संगि राते भाहि न जलै ॥

ਹਰਿ ਸੰਗਿ ਰਾਤੇ ਮਾਇਆ ਨਹੀ ਛਲੈ ॥ (201-10)
हरि संगि राते माइआ नही छलै ॥

ਹਰਿ ਸੰਗਿ ਰਾਤੇ ਨਹੀ ਡੂਬੈ ਜਲਾ ॥ (201-10)
हरि संगि राते नही डूबै जला ॥

ਹਰਿ ਸੰਗਿ ਰਾਤੇ ਸੁਫਲ ਫਲਾ ॥੧॥ (201-11)
हरि संगि राते सुफल फला ॥१॥

ਸਭ ਭੈ ਮਿਟਹਿ ਤੁਮਾਰੈ ਨਾਇ ॥ (201-11)
सभ भै मिटहि तुमारै नाइ ॥

ਭੇਟਤ ਸੰਗਿ ਹਰਿ ਹਰਿ ਗੁਨ ਗਾਇ ॥ ਰਹਾਉ ॥ (201-11)
भेटत संगि हरि हरि गुन गाइ ॥ रहाउ ॥

ਹਰਿ ਸੰਗਿ ਰਾਤੇ ਮਿਟੈ ਸਭ ਚਿੰਤਾ ॥ (201-12)
हरि संगि राते मिटै सभ चिंता ॥

ਹਰਿ ਸਿਉ ਸੋ ਰਚੈ ਜਿਸੁ ਸਾਧ ਕਾ ਮੰਤਾ ॥ (201-12)
हरि सिउ सो रचै जिसु साध का मंता ॥

ਹਰਿ ਸੰਗਿ ਰਾਤੇ ਜਮ ਕੀ ਨਹੀ ਤ੍ਰਾਸ ॥ (201-13)
हरि संगि राते जम की नही त्रास ॥

ਹਰਿ ਸੰਗਿ ਰਾਤੇ ਪੂਰਨ ਆਸ ॥੨॥ (201-13)
हरि संगि राते पूरन आस ॥२॥

ਹਰਿ ਸੰਗਿ ਰਾਤੇ ਦੂਖੁ ਨ ਲਾਗੈ ॥ (201-13)
हरि संगि राते दूखु न लागै ॥

ਹਰਿ ਸੰਗਿ ਰਾਤਾ ਅਨਦਿਨੁ ਜਾਗੈ ॥ (201-14)
हरि संगि राता अनदिनु जागै ॥

ਹਰਿ ਸੰਗਿ ਰਾਤਾ ਸਹਜ ਘਰਿ ਵਸੈ ॥ (201-14)
हरि संगि राता सहज घरि वसै ॥

ਹਰਿ ਸੰਗਿ ਰਾਤੇ ਭ੍ਰਮੁ ਭਉ ਨਸੈ ॥੩॥ (201-14)
हरि संगि राते भ्रमु भउ नसै ॥३॥

ਹਰਿ ਸੰਗਿ ਰਾਤੇ ਮਤਿ ਊਤਮ ਹੋਇ ॥ (201-15)
हरि संगि राते मति ऊतम होइ ॥

ਹਰਿ ਸੰਗਿ ਰਾਤੇ ਨਿਰਮਲ ਸੋਇ ॥ (201-15)
हरि संगि राते निरमल सोइ ॥

ਕਹੁ ਨਾਨਕ ਤਿਨ ਕਉ ਬਲਿ ਜਾਈ ॥ (201-15)
कहु नानक तिन कउ बलि जाई ॥

ਜਿਨ ਕਉ ਪ੍ਰਭੁ ਮੇਰਾ ਬਿਸਰਤ ਨਾਹੀ ॥੪॥੧੦੯॥ (201-16)
जिन कउ प्रभु मेरा बिसरत नाही ॥४॥१०९॥

ਗਉੜੀ ਮਹਲਾ ੫ ॥ (201-16)
गउड़ी महला ५ ॥

ਉਦਮੁ ਕਰਤ ਸੀਤਲ ਮਨ ਭਏ ॥ (201-16)
उदमु करत सीतल मन भए ॥

ਮਾਰਗਿ ਚਲਤ ਸਗਲ ਦੁਖ ਗਏ ॥ (201-17)
मारगि चलत सगल दुख गए ॥

ਨਾਮੁ ਜਪਤ ਮਨਿ ਭਏ ਅਨੰਦ ॥ (201-17)
नामु जपत मनि भए अनंद ॥

ਰਸਿ ਗਾਏ ਗੁਨ ਪਰਮਾਨੰਦ ॥੧॥ (201-17)
रसि गाए गुन परमानंद ॥१॥

ਖੇਮ ਭਇਆ ਕੁਸਲ ਘਰਿ ਆਏ ॥ (201-18)
खेम भइआ कुसल घरि आए ॥

ਭੇਟਤ ਸਾਧਸੰਗਿ ਗਈ ਬਲਾਏ ॥ ਰਹਾਉ ॥ (201-18)
भेटत साधसंगि गई बलाए ॥ रहाउ ॥

ਨੇਤ੍ਰ ਪੁਨੀਤ ਪੇਖਤ ਹੀ ਦਰਸ ॥ (201-19)
नेत्र पुनीत पेखत ही दरस ॥

ਧਨਿ ਮਸਤਕ ਚਰਨ ਕਮਲ ਹੀ ਪਰਸ ॥ (201-19)
धनि मसतक चरन कमल ही परस ॥

ਗੋਬਿੰਦ ਕੀ ਟਹਲ ਸਫਲ ਇਹ ਕਾਂਇਆ ॥ (201-19)
गोबिंद की टहल सफल इह कांइआ ॥

ਸੰਤ ਪ੍ਰਸਾਦਿ ਪਰਮ ਪਦੁ ਪਾਇਆ ॥੨॥ (202-1)
संत प्रसादि परम पदु पाइआ ॥२॥

ਜਨ ਕੀ ਕੀਨੀ ਆਪਿ ਸਹਾਇ ॥ (202-1)
जन की कीनी आपि सहाइ ॥

ਸੁਖੁ ਪਾਇਆ ਲਗਿ ਦਾਸਹ ਪਾਇ ॥ (202-1)
सुखु पाइआ लगि दासह पाइ ॥

ਆਪੁ ਗਇਆ ਤਾ ਆਪਹਿ ਭਏ ॥ (202-2)
आपु गइआ ता आपहि भए ॥

ਕ੍ਰਿਪਾ ਨਿਧਾਨ ਕੀ ਸਰਨੀ ਪਏ ॥੩॥ (202-2)
क्रिपा निधान की सरनी पए ॥३॥

ਜੋ ਚਾਹਤ ਸੋਈ ਜਬ ਪਾਇਆ ॥ (202-2)
जो चाहत सोई जब पाइआ ॥

ਤਬ ਢੂੰਢਨ ਕਹਾ ਕੋ ਜਾਇਆ ॥ (202-3)
तब ढूंढन कहा को जाइआ ॥

ਅਸਥਿਰ ਭਏ ਬਸੇ ਸੁਖ ਆਸਨ ॥ (202-3)
असथिर भए बसे सुख आसन ॥

ਗੁਰ ਪ੍ਰਸਾਦਿ ਨਾਨਕ ਸੁਖ ਬਾਸਨ ॥੪॥੧੧੦॥ (202-3)
गुर प्रसादि नानक सुख बासन ॥४॥११०॥

ਗਉੜੀ ਮਹਲਾ ੫ ॥ (202-4)
गउड़ी महला ५ ॥

ਕੋਟਿ ਮਜਨ ਕੀਨੋ ਇਸਨਾਨ ॥ (202-4)
कोटि मजन कीनो इसनान ॥

ਲਾਖ ਅਰਬ ਖਰਬ ਦੀਨੋ ਦਾਨੁ ॥ (202-4)
लाख अरब खरब दीनो दानु ॥

ਜਾ ਮਨਿ ਵਸਿਓ ਹਰਿ ਕੋ ਨਾਮੁ ॥੧॥ (202-5)
जा मनि वसिओ हरि को नामु ॥१॥

ਸਗਲ ਪਵਿਤ ਗੁਨ ਗਾਇ ਗੁਪਾਲ ॥ (202-5)
सगल पवित गुन गाइ गुपाल ॥

ਪਾਪ ਮਿਟਹਿ ਸਾਧੂ ਸਰਨਿ ਦਇਆਲ ॥ ਰਹਾਉ ॥ (202-5)
पाप मिटहि साधू सरनि दइआल ॥ रहाउ ॥

ਬਹੁਤੁ ਉਰਧ ਤਪ ਸਾਧਨ ਸਾਧੇ ॥ (202-6)
बहुतु उरध तप साधन साधे ॥

ਅਨਿਕ ਲਾਭ ਮਨੋਰਥ ਲਾਧੇ ॥ (202-6)
अनिक लाभ मनोरथ लाधे ॥

ਹਰਿ ਹਰਿ ਨਾਮ ਰਸਨ ਆਰਾਧੇ ॥੨॥ (202-6)
हरि हरि नाम रसन आराधे ॥२॥

ਸਿੰਮ੍ਰਿਤਿ ਸਾਸਤ ਬੇਦ ਬਖਾਨੇ ॥ (202-7)
सिंम्रिति सासत बेद बखाने ॥

ਜੋਗ ਗਿਆਨ ਸਿਧ ਸੁਖ ਜਾਨੇ ॥ (202-7)
जोग गिआन सिध सुख जाने ॥

ਨਾਮੁ ਜਪਤ ਪ੍ਰਭ ਸਿਉ ਮਨ ਮਾਨੇ ॥੩॥ (202-7)
नामु जपत प्रभ सिउ मन माने ॥३॥

ਅਗਾਧਿ ਬੋਧਿ ਹਰਿ ਅਗਮ ਅਪਾਰੇ ॥ (202-8)
अगाधि बोधि हरि अगम अपारे ॥

ਨਾਮੁ ਜਪਤ ਨਾਮੁ ਰਿਦੇ ਬੀਚਾਰੇ ॥ (202-8)
नामु जपत नामु रिदे बीचारे ॥

ਨਾਨਕ ਕਉ ਪ੍ਰਭ ਕਿਰਪਾ ਧਾਰੇ ॥੪॥੧੧੧॥ (202-8)
नानक कउ प्रभ किरपा धारे ॥४॥१११॥

ਗਉੜੀ ਮਃ ੫ ॥ (202-9)
गउड़ी मः ५ ॥

ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ ॥ (202-9)
सिमरि सिमरि सिमरि सुखु पाइआ ॥

ਚਰਨ ਕਮਲ ਗੁਰ ਰਿਦੈ ਬਸਾਇਆ ॥੧॥ (202-9)
चरन कमल गुर रिदै बसाइआ ॥१॥

ਗੁਰ ਗੋਬਿੰਦੁ ਪਾਰਬ੍ਰਹਮੁ ਪੂਰਾ ॥ (202-10)
गुर गोबिंदु पारब्रहमु पूरा ॥

ਤਿਸਹਿ ਅਰਾਧਿ ਮੇਰਾ ਮਨੁ ਧੀਰਾ ॥ ਰਹਾਉ ॥ (202-10)
तिसहि अराधि मेरा मनु धीरा ॥ रहाउ ॥

ਅਨਦਿਨੁ ਜਪਉ ਗੁਰੂ ਗੁਰ ਨਾਮ ॥ (202-10)
अनदिनु जपउ गुरू गुर नाम ॥

ਤਾ ਤੇ ਸਿਧਿ ਭਏ ਸਗਲ ਕਾਂਮ ॥੨॥ (202-11)
ता ते सिधि भए सगल कांम ॥२॥

ਦਰਸਨ ਦੇਖਿ ਸੀਤਲ ਮਨ ਭਏ ॥ (202-11)
दरसन देखि सीतल मन भए ॥

ਜਨਮ ਜਨਮ ਕੇ ਕਿਲਬਿਖ ਗਏ ॥੩॥ (202-11)
जनम जनम के किलबिख गए ॥३॥

ਕਹੁ ਨਾਨਕ ਕਹਾ ਭੈ ਭਾਈ ॥ (202-12)
कहु नानक कहा भै भाई ॥

ਅਪਨੇ ਸੇਵਕ ਕੀ ਆਪਿ ਪੈਜ ਰਖਾਈ ॥੪॥੧੧੨॥ (202-12)
अपने सेवक की आपि पैज रखाई ॥४॥११२॥

ਗਉੜੀ ਮਹਲਾ ੫ ॥ (202-13)
गउड़ी महला ५ ॥

ਅਪਨੇ ਸੇਵਕ ਕਉ ਆਪਿ ਸਹਾਈ ॥ (202-13)
अपने सेवक कउ आपि सहाई ॥

ਨਿਤ ਪ੍ਰਤਿਪਾਰੈ ਬਾਪ ਜੈਸੇ ਮਾਈ ॥੧॥ (202-13)
नित प्रतिपारै बाप जैसे माई ॥१॥

ਪ੍ਰਭ ਕੀ ਸਰਨਿ ਉਬਰੈ ਸਭ ਕੋਇ ॥ (202-13)
प्रभ की सरनि उबरै सभ कोइ ॥

ਕਰਨ ਕਰਾਵਨ ਪੂਰਨ ਸਚੁ ਸੋਇ ॥ ਰਹਾਉ ॥ (202-14)
करन करावन पूरन सचु सोइ ॥ रहाउ ॥

ਅਬ ਮਨਿ ਬਸਿਆ ਕਰਨੈਹਾਰਾ ॥ (202-14)
अब मनि बसिआ करनैहारा ॥

ਭੈ ਬਿਨਸੇ ਆਤਮ ਸੁਖ ਸਾਰਾ ॥੨॥ (202-14)
भै बिनसे आतम सुख सारा ॥२॥

ਕਰਿ ਕਿਰਪਾ ਅਪਨੇ ਜਨ ਰਾਖੇ ॥ (202-15)
करि किरपा अपने जन राखे ॥

ਜਨਮ ਜਨਮ ਕੇ ਕਿਲਬਿਖ ਲਾਥੇ ॥੩॥ (202-15)
जनम जनम के किलबिख लाथे ॥३॥

ਕਹਨੁ ਨ ਜਾਇ ਪ੍ਰਭ ਕੀ ਵਡਿਆਈ ॥ (202-16)
कहनु न जाइ प्रभ की वडिआई ॥

ਨਾਨਕ ਦਾਸ ਸਦਾ ਸਰਨਾਈ ॥੪॥੧੧੩॥ (202-16)
नानक दास सदा सरनाई ॥४॥११३॥

ਰਾਗੁ ਗਉੜੀ ਚੇਤੀ ਮਹਲਾ ੫ ਦੁਪਦੇ (202-17)
रागु गउड़ी चेती महला ५ दुपदे

ੴ ਸਤਿਗੁਰ ਪ੍ਰਸਾਦਿ ॥ (202-17)
ੴ सतिगुर प्रसादि ॥

ਰਾਮ ਕੋ ਬਲੁ ਪੂਰਨ ਭਾਈ ॥ (202-18)
राम को बलु पूरन भाई ॥

ਤਾ ਤੇ ਬ੍ਰਿਥਾ ਨ ਬਿਆਪੈ ਕਾਈ ॥੧॥ ਰਹਾਉ ॥ (202-18)
ता ते ब्रिथा न बिआपै काई ॥१॥ रहाउ ॥

ਜੋ ਜੋ ਚਿਤਵੈ ਦਾਸੁ ਹਰਿ ਮਾਈ ॥ (202-18)
जो जो चितवै दासु हरि माई ॥

ਸੋ ਸੋ ਕਰਤਾ ਆਪਿ ਕਰਾਈ ॥੧॥ (202-19)
सो सो करता आपि कराई ॥१॥

ਨਿੰਦਕ ਕੀ ਪ੍ਰਭਿ ਪਤਿ ਗਵਾਈ ॥ (202-19)
निंदक की प्रभि पति गवाई ॥

ਨਾਨਕ ਹਰਿ ਗੁਣ ਨਿਰਭਉ ਗਾਈ ॥੨॥੧੧੪॥ (202-19)
नानक हरि गुण निरभउ गाई ॥२॥११४॥

ਗਉੜੀ ਮਹਲਾ ੫ ॥ (203-1)
गउड़ी महला ५ ॥

ਭੁਜ ਬਲ ਬੀਰ ਬ੍ਰਹਮ ਸੁਖ ਸਾਗਰ ਗਰਤ ਪਰਤ ਗਹਿ ਲੇਹੁ ਅੰਗੁਰੀਆ ॥੧॥ ਰਹਾਉ ॥ (203-1)
भुज बल बीर ब्रहम सुख सागर गरत परत गहि लेहु अंगुरीआ ॥१॥ रहाउ ॥

ਸ੍ਰਵਨਿ ਨ ਸੁਰਤਿ ਨੈਨ ਸੁੰਦਰ ਨਹੀ ਆਰਤ ਦੁਆਰਿ ਰਟਤ ਪਿੰਗੁਰੀਆ ॥੧॥ (203-2)
स्रवनि न सुरति नैन सुंदर नही आरत दुआरि रटत पिंगुरीआ ॥१॥

ਦੀਨਾ ਨਾਥ ਅਨਾਥ ਕਰੁਣਾ ਮੈ ਸਾਜਨ ਮੀਤ ਪਿਤਾ ਮਹਤਰੀਆ ॥ (203-3)
दीना नाथ अनाथ करुणा मै साजन मीत पिता महतरीआ ॥

ਚਰਨ ਕਵਲ ਹਿਰਦੈ ਗਹਿ ਨਾਨਕ ਭੈ ਸਾਗਰ ਸੰਤ ਪਾਰਿ ਉਤਰੀਆ ॥੨॥੨॥੧੧੫॥ (203-3)
चरन कवल हिरदै गहि नानक भै सागर संत पारि उतरीआ ॥२॥२॥११५॥

ਰਾਗੁ ਗਉੜੀ ਬੈਰਾਗਣਿ ਮਹਲਾ ੫ (203-5)
रागु गउड़ी बैरागणि महला ५

ੴ ਸਤਿਗੁਰ ਪ੍ਰਸਾਦਿ ॥ (203-5)
ੴ सतिगुर प्रसादि ॥

ਦਯ ਗੁਸਾਈ ਮੀਤੁਲਾ ਤੂੰ ਸੰਗਿ ਹਮਾਰੈ ਬਾਸੁ ਜੀਉ ॥੧॥ ਰਹਾਉ ॥ (203-6)
दय गुसाई मीतुला तूं संगि हमारै बासु जीउ ॥१॥ रहाउ ॥

ਤੁਝ ਬਿਨੁ ਘਰੀ ਨ ਜੀਵਨਾ ਧ੍ਰਿਗੁ ਰਹਣਾ ਸੰਸਾਰਿ ॥ (203-6)
तुझ बिनु घरी न जीवना ध्रिगु रहणा संसारि ॥

ਜੀਅ ਪ੍ਰਾਣ ਸੁਖਦਾਤਿਆ ਨਿਮਖ ਨਿਮਖ ਬਲਿਹਾਰਿ ਜੀ ॥੧॥ (203-7)
जीअ प्राण सुखदातिआ निमख निमख बलिहारि जी ॥१॥

ਹਸਤ ਅਲੰਬਨੁ ਦੇਹੁ ਪ੍ਰਭ ਗਰਤਹੁ ਉਧਰੁ ਗੋਪਾਲ ॥ (203-7)
हसत अल्मबनु देहु प्रभ गरतहु उधरु गोपाल ॥

ਮੋਹਿ ਨਿਰਗੁਨ ਮਤਿ ਥੋਰੀਆ ਤੂੰ ਸਦ ਹੀ ਦੀਨ ਦਇਆਲ ॥੨॥ (203-8)
मोहि निरगुन मति थोरीआ तूं सद ही दीन दइआल ॥२॥

ਕਿਆ ਸੁਖ ਤੇਰੇ ਸੰਮਲਾ ਕਵਨ ਬਿਧੀ ਬੀਚਾਰ ॥ (203-8)
किआ सुख तेरे संमला कवन बिधी बीचार ॥

ਸਰਣਿ ਸਮਾਈ ਦਾਸ ਹਿਤ ਊਚੇ ਅਗਮ ਅਪਾਰ ॥੩॥ (203-9)
सरणि समाई दास हित ऊचे अगम अपार ॥३॥

ਸਗਲ ਪਦਾਰਥ ਅਸਟ ਸਿਧਿ ਨਾਮ ਮਹਾ ਰਸ ਮਾਹਿ ॥ (203-9)
सगल पदारथ असट सिधि नाम महा रस माहि ॥

ਸੁਪ੍ਰਸੰਨ ਭਏ ਕੇਸਵਾ ਸੇ ਜਨ ਹਰਿ ਗੁਣ ਗਾਹਿ ॥੪॥ (203-10)
सुप्रसंन भए केसवा से जन हरि गुण गाहि ॥४॥

ਮਾਤ ਪਿਤਾ ਸੁਤ ਬੰਧਪੋ ਤੂੰ ਮੇਰੇ ਪ੍ਰਾਣ ਅਧਾਰ ॥ (203-10)
मात पिता सुत बंधपो तूं मेरे प्राण अधार ॥

ਸਾਧਸੰਗਿ ਨਾਨਕੁ ਭਜੈ ਬਿਖੁ ਤਰਿਆ ਸੰਸਾਰੁ ॥੫॥੧॥੧੧੬॥ (203-11)
साधसंगि नानकु भजै बिखु तरिआ संसारु ॥५॥१॥११६॥

ਗਉੜੀ ਬੈਰਾਗਣਿ ਰਹੋਏ ਕੇ ਛੰਤ ਕੇ ਘਰਿ ਮਃ ੫ (203-12)
गउड़ी बैरागणि रहोए के छंत के घरि मः ५

ੴ ਸਤਿਗੁਰ ਪ੍ਰਸਾਦਿ ॥ (203-12)
ੴ सतिगुर प्रसादि ॥

ਹੈ ਕੋਈ ਰਾਮ ਪਿਆਰੋ ਗਾਵੈ ॥ (203-13)
है कोई राम पिआरो गावै ॥

ਸਰਬ ਕਲਿਆਣ ਸੂਖ ਸਚੁ ਪਾਵੈ ॥ ਰਹਾਉ ॥ (203-13)
सरब कलिआण सूख सचु पावै ॥ रहाउ ॥

ਬਨੁ ਬਨੁ ਖੋਜਤ ਫਿਰਤ ਬੈਰਾਗੀ ॥ (203-13)
बनु बनु खोजत फिरत बैरागी ॥

ਬਿਰਲੇ ਕਾਹੂ ਏਕ ਲਿਵ ਲਾਗੀ ॥ (203-14)
बिरले काहू एक लिव लागी ॥

ਜਿਨਿ ਹਰਿ ਪਾਇਆ ਸੇ ਵਡਭਾਗੀ ॥੧॥ (203-14)
जिनि हरि पाइआ से वडभागी ॥१॥

ਬ੍ਰਹਮਾਦਿਕ ਸਨਕਾਦਿਕ ਚਾਹੈ ॥ (203-14)
ब्रहमादिक सनकादिक चाहै ॥

ਜੋਗੀ ਜਤੀ ਸਿਧ ਹਰਿ ਆਹੈ ॥ (203-15)
जोगी जती सिध हरि आहै ॥

ਜਿਸਹਿ ਪਰਾਪਤਿ ਸੋ ਹਰਿ ਗੁਣ ਗਾਹੈ ॥੨॥ (203-15)
जिसहि परापति सो हरि गुण गाहै ॥२॥

ਤਾ ਕੀ ਸਰਣਿ ਜਿਨ ਬਿਸਰਤ ਨਾਹੀ ॥ (203-15)
ता की सरणि जिन बिसरत नाही ॥

ਵਡਭਾਗੀ ਹਰਿ ਸੰਤ ਮਿਲਾਹੀ ॥ (203-16)
वडभागी हरि संत मिलाही ॥

ਜਨਮ ਮਰਣ ਤਿਹ ਮੂਲੇ ਨਾਹੀ ॥੩॥ (203-16)
जनम मरण तिह मूले नाही ॥३॥

ਕਰਿ ਕਿਰਪਾ ਮਿਲੁ ਪ੍ਰੀਤਮ ਪਿਆਰੇ ॥ (203-16)
करि किरपा मिलु प्रीतम पिआरे ॥

ਬਿਨਉ ਸੁਨਹੁ ਪ੍ਰਭ ਊਚ ਅਪਾਰੇ ॥ (203-17)
बिनउ सुनहु प्रभ ऊच अपारे ॥

ਨਾਨਕੁ ਮਾਂਗਤੁ ਨਾਮੁ ਅਧਾਰੇ ॥੪॥੧॥੧੧੭॥ (203-17)
नानकु मांगतु नामु अधारे ॥४॥१॥११७॥

ਰਾਗੁ ਗਉੜੀ ਪੂਰਬੀ ਮਹਲਾ ੫ (204-1)
रागु गउड़ी पूरबी महला ५

ੴ ਸਤਿਗੁਰ ਪ੍ਰਸਾਦਿ ॥ (204-1)
ੴ सतिगुर प्रसादि ॥

ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ ॥੧॥ ਰਹਾਉ ॥ (204-2)
कवन गुन प्रानपति मिलउ मेरी माई ॥१॥ रहाउ ॥

ਰੂਪ ਹੀਨ ਬੁਧਿ ਬਲ ਹੀਨੀ ਮੋਹਿ ਪਰਦੇਸਨਿ ਦੂਰ ਤੇ ਆਈ ॥੧॥ (204-2)
रूप हीन बुधि बल हीनी मोहि परदेसनि दूर ते आई ॥१॥

ਨਾਹਿਨ ਦਰਬੁ ਨ ਜੋਬਨ ਮਾਤੀ ਮੋਹਿ ਅਨਾਥ ਕੀ ਕਰਹੁ ਸਮਾਈ ॥੨॥ (204-3)
नाहिन दरबु न जोबन माती मोहि अनाथ की करहु समाई ॥२॥

ਖੋਜਤ ਖੋਜਤ ਭਈ ਬੈਰਾਗਨਿ ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ ॥੩॥ (204-3)
खोजत खोजत भई बैरागनि प्रभ दरसन कउ हउ फिरत तिसाई ॥३॥

ਦੀਨ ਦਇਆਲ ਕ੍ਰਿਪਾਲ ਪ੍ਰਭ ਨਾਨਕ ਸਾਧਸੰਗਿ ਮੇਰੀ ਜਲਨਿ ਬੁਝਾਈ ॥੪॥੧॥੧੧੮॥ (204-4)
दीन दइआल क्रिपाल प्रभ नानक साधसंगि मेरी जलनि बुझाई ॥४॥१॥११८॥

ਗਉੜੀ ਮਹਲਾ ੫ ॥ (204-5)
गउड़ी महला ५ ॥

ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ ॥ (204-5)
प्रभ मिलबे कउ प्रीति मनि लागी ॥

ਪਾਇ ਲਗਉ ਮੋਹਿ ਕਰਉ ਬੇਨਤੀ ਕੋਊ ਸੰਤੁ ਮਿਲੈ ਬਡਭਾਗੀ ॥੧॥ ਰਹਾਉ ॥ (204-5)
पाइ लगउ मोहि करउ बेनती कोऊ संतु मिलै बडभागी ॥१॥ रहाउ ॥

ਮਨੁ ਅਰਪਉ ਧਨੁ ਰਾਖਉ ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ ॥ (204-6)
मनु अरपउ धनु राखउ आगै मन की मति मोहि सगल तिआगी ॥

ਜੋ ਪ੍ਰਭ ਕੀ ਹਰਿ ਕਥਾ ਸੁਨਾਵੈ ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ ॥੧॥ (204-7)
जो प्रभ की हरि कथा सुनावै अनदिनु फिरउ तिसु पिछै विरागी ॥१॥

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥ (204-7)
पूरब करम अंकुर जब प्रगटे भेटिओ पुरखु रसिक बैरागी ॥

ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥੨॥੨॥੧੧੯॥ (204-8)
मिटिओ अंधेरु मिलत हरि नानक जनम जनम की सोई जागी ॥२॥२॥११९॥

ਗਉੜੀ ਮਹਲਾ ੫ ॥ (204-9)
गउड़ी महला ५ ॥

ਨਿਕਸੁ ਰੇ ਪੰਖੀ ਸਿਮਰਿ ਹਰਿ ਪਾਂਖ ॥ (204-9)
निकसु रे पंखी सिमरि हरि पांख ॥

ਮਿਲਿ ਸਾਧੂ ਸਰਣਿ ਗਹੁ ਪੂਰਨ ਰਾਮ ਰਤਨੁ ਹੀਅਰੇ ਸੰਗਿ ਰਾਖੁ ॥੧॥ ਰਹਾਉ ॥ (204-9)
मिलि साधू सरणि गहु पूरन राम रतनु हीअरे संगि राखु ॥१॥ रहाउ ॥

ਭ੍ਰਮ ਕੀ ਕੂਈ ਤ੍ਰਿਸਨਾ ਰਸ ਪੰਕਜ ਅਤਿ ਤੀਖ੍ਯ੍ਣ ਮੋਹ ਕੀ ਫਾਸ ॥ (204-10)
भ्रम की कूई त्रिसना रस पंकज अति तीख्यण मोह की फास ॥

ਕਾਟਨਹਾਰ ਜਗਤ ਗੁਰ ਗੋਬਿਦ ਚਰਨ ਕਮਲ ਤਾ ਕੇ ਕਰਹੁ ਨਿਵਾਸ ॥੧॥ (204-10)
काटनहार जगत गुर गोबिद चरन कमल ता के करहु निवास ॥१॥

ਕਰਿ ਕਿਰਪਾ ਗੋਬਿੰਦ ਪ੍ਰਭ ਪ੍ਰੀਤਮ ਦੀਨਾ ਨਾਥ ਸੁਨਹੁ ਅਰਦਾਸਿ ॥ (204-11)
करि किरपा गोबिंद प्रभ प्रीतम दीना नाथ सुनहु अरदासि ॥

ਕਰੁ ਗਹਿ ਲੇਹੁ ਨਾਨਕ ਕੇ ਸੁਆਮੀ ਜੀਉ ਪਿੰਡੁ ਸਭੁ ਤੁਮਰੀ ਰਾਸਿ ॥੨॥੩॥੧੨੦॥ (204-12)
करु गहि लेहु नानक के सुआमी जीउ पिंडु सभु तुमरी रासि ॥२॥३॥१२०॥

ਗਉੜੀ ਮਹਲਾ ੫ ॥ (204-12)
गउड़ी महला ५ ॥

ਹਰਿ ਪੇਖਨ ਕਉ ਸਿਮਰਤ ਮਨੁ ਮੇਰਾ ॥ (204-13)
हरि पेखन कउ सिमरत मनु मेरा ॥

ਆਸ ਪਿਆਸੀ ਚਿਤਵਉ ਦਿਨੁ ਰੈਨੀ ਹੈ ਕੋਈ ਸੰਤੁ ਮਿਲਾਵੈ ਨੇਰਾ ॥੧॥ ਰਹਾਉ ॥ (204-13)
आस पिआसी चितवउ दिनु रैनी है कोई संतु मिलावै नेरा ॥१॥ रहाउ ॥

ਸੇਵਾ ਕਰਉ ਦਾਸ ਦਾਸਨ ਕੀ ਅਨਿਕ ਭਾਂਤਿ ਤਿਸੁ ਕਰਉ ਨਿਹੋਰਾ ॥ (204-14)
सेवा करउ दास दासन की अनिक भांति तिसु करउ निहोरा ॥

ਤੁਲਾ ਧਾਰਿ ਤੋਲੇ ਸੁਖ ਸਗਲੇ ਬਿਨੁ ਹਰਿ ਦਰਸ ਸਭੋ ਹੀ ਥੋਰਾ ॥੧॥ (204-14)
तुला धारि तोले सुख सगले बिनु हरि दरस सभो ही थोरा ॥१॥

ਸੰਤ ਪ੍ਰਸਾਦਿ ਗਾਏ ਗੁਨ ਸਾਗਰ ਜਨਮ ਜਨਮ ਕੋ ਜਾਤ ਬਹੋਰਾ ॥ (204-15)
संत प्रसादि गाए गुन सागर जनम जनम को जात बहोरा ॥

ਆਨਦ ਸੂਖ ਭੇਟਤ ਹਰਿ ਨਾਨਕ ਜਨਮੁ ਕ੍ਰਿਤਾਰਥੁ ਸਫਲੁ ਸਵੇਰਾ ॥੨॥੪॥੧੨੧॥ (204-16)
आनद सूख भेटत हरि नानक जनमु क्रितारथु सफलु सवेरा ॥२॥४॥१२१॥

ਰਾਗੁ ਗਉੜੀ ਪੂਰਬੀ ਮਹਲਾ ੫ (204-17)
रागु गउड़ी पूरबी महला ५

ੴ ਸਤਿਗੁਰ ਪ੍ਰਸਾਦਿ ॥ (204-17)
ੴ सतिगुर प्रसादि ॥

ਕਿਨ ਬਿਧਿ ਮਿਲੈ ਗੁਸਾਈ ਮੇਰੇ ਰਾਮ ਰਾਇ ॥ (204-18)
किन बिधि मिलै गुसाई मेरे राम राइ ॥

ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ ॥੧॥ ਰਹਾਉ ॥ (204-18)
कोई ऐसा संतु सहज सुखदाता मोहि मारगु देइ बताई ॥१॥ रहाउ ॥

ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥ (205-1)
अंतरि अलखु न जाई लखिआ विचि पड़दा हउमै पाई ॥

ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ ॥੧॥ (205-1)
माइआ मोहि सभो जगु सोइआ इहु भरमु कहहु किउ जाई ॥१॥

ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥ (205-2)
एका संगति इकतु ग्रिहि बसते मिलि बात न करते भाई ॥

ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥੨॥ (205-2)
एक बसतु बिनु पंच दुहेले ओह बसतु अगोचर ठाई ॥२॥

ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥ (205-3)
जिस का ग्रिहु तिनि दीआ ताला कुंजी गुर सउपाई ॥

ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥੩॥ (205-4)
अनिक उपाव करे नही पावै बिनु सतिगुर सरणाई ॥३॥

ਜਿਨ ਕੇ ਬੰਧਨ ਕਾਟੇ ਸਤਿਗੁਰ ਤਿਨ ਸਾਧਸੰਗਤਿ ਲਿਵ ਲਾਈ ॥ (205-4)
जिन के बंधन काटे सतिगुर तिन साधसंगति लिव लाई ॥

ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ ॥੪॥ (205-5)
पंच जना मिलि मंगलु गाइआ हरि नानक भेदु न भाई ॥४॥

ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ ॥ (205-5)
मेरे राम राइ इन बिधि मिलै गुसाई ॥

ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ ॥੧॥ ਰਹਾਉ ਦੂਜਾ ॥੧॥੧੨੨॥ (205-6)
सहजु भइआ भ्रमु खिन महि नाठा मिलि जोती जोति समाई ॥१॥ रहाउ दूजा ॥१॥१२२॥

ਗਉੜੀ ਮਹਲਾ ੫ ॥ (205-7)
गउड़ी महला ५ ॥

ਐਸੋ ਪਰਚਉ ਪਾਇਓ ॥ (205-7)
ऐसो परचउ पाइओ ॥

ਕਰੀ ਕ੍ਰਿਪਾ ਦਇਆਲ ਬੀਠੁਲੈ ਸਤਿਗੁਰ ਮੁਝਹਿ ਬਤਾਇਓ ॥੧॥ ਰਹਾਉ ॥ (205-7)
करी क्रिपा दइआल बीठुलै सतिगुर मुझहि बताइओ ॥१॥ रहाउ ॥

ਜਤ ਕਤ ਦੇਖਉ ਤਤ ਤਤ ਤੁਮ ਹੀ ਮੋਹਿ ਇਹੁ ਬਿਸੁਆਸੁ ਹੋਇ ਆਇਓ ॥ (205-8)
जत कत देखउ तत तत तुम ही मोहि इहु बिसुआसु होइ आइओ ॥

ਕੈ ਪਹਿ ਕਰਉ ਅਰਦਾਸਿ ਬੇਨਤੀ ਜਉ ਸੁਨਤੋ ਹੈ ਰਘੁਰਾਇਓ ॥੧॥ (205-8)
कै पहि करउ अरदासि बेनती जउ सुनतो है रघुराइओ ॥१॥

ਲਹਿਓ ਸਹਸਾ ਬੰਧਨ ਗੁਰਿ ਤੋਰੇ ਤਾਂ ਸਦਾ ਸਹਜ ਸੁਖੁ ਪਾਇਓ ॥ (205-9)
लहिओ सहसा बंधन गुरि तोरे तां सदा सहज सुखु पाइओ ॥

ਹੋਣਾ ਸਾ ਸੋਈ ਫੁਨਿ ਹੋਸੀ ਸੁਖੁ ਦੁਖੁ ਕਹਾ ਦਿਖਾਇਓ ॥੨॥ (205-10)
होणा सा सोई फुनि होसी सुखु दुखु कहा दिखाइओ ॥२॥

ਖੰਡ ਬ੍ਰਹਮੰਡ ਕਾ ਏਕੋ ਠਾਣਾ ਗੁਰਿ ਪਰਦਾ ਖੋਲਿ ਦਿਖਾਇਓ ॥ (205-10)
खंड ब्रहमंड का एको ठाणा गुरि परदा खोलि दिखाइओ ॥

ਨਉ ਨਿਧਿ ਨਾਮੁ ਨਿਧਾਨੁ ਇਕ ਠਾਈ ਤਉ ਬਾਹਰਿ ਕੈਠੈ ਜਾਇਓ ॥੩॥ (205-11)
नउ निधि नामु निधानु इक ठाई तउ बाहरि कैठै जाइओ ॥३॥

ਏਕੈ ਕਨਿਕ ਅਨਿਕ ਭਾਤਿ ਸਾਜੀ ਬਹੁ ਪਰਕਾਰ ਰਚਾਇਓ ॥ (205-11)
एकै कनिक अनिक भाति साजी बहु परकार रचाइओ ॥

ਕਹੁ ਨਾਨਕ ਭਰਮੁ ਗੁਰਿ ਖੋਈ ਹੈ ਇਵ ਤਤੈ ਤਤੁ ਮਿਲਾਇਓ ॥੪॥੨॥੧੨੩॥ (205-12)
कहु नानक भरमु गुरि खोई है इव ततै ततु मिलाइओ ॥४॥२॥१२३॥

ਗਉੜੀ ਮਹਲਾ ੫ ॥ (205-13)
गउड़ी महला ५ ॥

ਅਉਧ ਘਟੈ ਦਿਨਸੁ ਰੈਨਾਰੇ ॥ (205-13)
अउध घटै दिनसु रैनारे ॥

ਮਨ ਗੁਰ ਮਿਲਿ ਕਾਜ ਸਵਾਰੇ ॥੧॥ ਰਹਾਉ ॥ (205-13)
मन गुर मिलि काज सवारे ॥१॥ रहाउ ॥

ਕਰਉ ਬੇਨੰਤੀ ਸੁਨਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ ॥ (205-14)
करउ बेनंती सुनहु मेरे मीता संत टहल की बेला ॥

ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ ॥੧॥ (205-14)
ईहा खाटि चलहु हरि लाहा आगै बसनु सुहेला ॥१॥

ਇਹੁ ਸੰਸਾਰੁ ਬਿਕਾਰੁ ਸਹਸੇ ਮਹਿ ਤਰਿਓ ਬ੍ਰਹਮ ਗਿਆਨੀ ॥ (205-15)
इहु संसारु बिकारु सहसे महि तरिओ ब्रहम गिआनी ॥

ਜਿਸਹਿ ਜਗਾਇ ਪੀਆਏ ਹਰਿ ਰਸੁ ਅਕਥ ਕਥਾ ਤਿਨਿ ਜਾਨੀ ॥੨॥ (205-15)
जिसहि जगाइ पीआए हरि रसु अकथ कथा तिनि जानी ॥२॥

ਜਾ ਕਉ ਆਏ ਸੋਈ ਵਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ ॥ (205-16)
जा कउ आए सोई विहाझहु हरि गुर ते मनहि बसेरा ॥

ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ ॥੩॥ (205-16)
निज घरि महलु पावहु सुख सहजे बहुरि न होइगो फेरा ॥३॥

ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥ (205-17)
अंतरजामी पुरख बिधाते सरधा मन की पूरे ॥

ਨਾਨਕ ਦਾਸੁ ਇਹੀ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ ॥੪॥੩॥੧੨੪॥ (205-18)
नानकु दासु इही सुखु मागै मो कउ करि संतन की धूरे ॥४॥३॥१२४॥

ਗਉੜੀ ਮਹਲਾ ੫ ॥ (205-18)
गउड़ी महला ५ ॥

ਰਾਖੁ ਪਿਤਾ ਪ੍ਰਭ ਮੇਰੇ ॥ (205-18)
राखु पिता प्रभ मेरे ॥

ਮੋਹਿ ਨਿਰਗੁਨੁ ਸਭ ਗੁਨ ਤੇਰੇ ॥੧॥ ਰਹਾਉ ॥ (205-19)
मोहि निरगुनु सभ गुन तेरे ॥१॥ रहाउ ॥

ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ ॥ (205-19)
पंच बिखादी एकु गरीबा राखहु राखनहारे ॥

ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ ਆਇਓ ਸਰਨਿ ਤੁਹਾਰੇ ॥੧॥ (205-19)
खेदु करहि अरु बहुतु संतावहि आइओ सरनि तुहारे ॥१॥

ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ ਛੋਡਹਿ ਕਤਹੂੰ ਨਾਹੀ ॥ (206-1)
करि करि हारिओ अनिक बहु भाती छोडहि कतहूं नाही ॥

ਏਕ ਬਾਤ ਸੁਨਿ ਤਾਕੀ ਓਟਾ ਸਾਧਸੰਗਿ ਮਿਟਿ ਜਾਹੀ ॥੨॥ (206-2)
एक बात सुनि ताकी ओटा साधसंगि मिटि जाही ॥२॥

ਕਰਿ ਕਿਰਪਾ ਸੰਤ ਮਿਲੇ ਮੋਹਿ ਤਿਨ ਤੇ ਧੀਰਜੁ ਪਾਇਆ ॥ (206-2)
करि किरपा संत मिले मोहि तिन ते धीरजु पाइआ ॥

ਸੰਤੀ ਮੰਤੁ ਦੀਓ ਮੋਹਿ ਨਿਰਭਉ ਗੁਰ ਕਾ ਸਬਦੁ ਕਮਾਇਆ ॥੩॥ (206-3)
संती मंतु दीओ मोहि निरभउ गुर का सबदु कमाइआ ॥३॥

ਜੀਤਿ ਲਏ ਓਇ ਮਹਾ ਬਿਖਾਦੀ ਸਹਜ ਸੁਹੇਲੀ ਬਾਣੀ ॥ (206-3)
जीति लए ओइ महा बिखादी सहज सुहेली बाणी ॥

ਕਹੁ ਨਾਨਕ ਮਨਿ ਭਇਆ ਪਰਗਾਸਾ ਪਾਇਆ ਪਦੁ ਨਿਰਬਾਣੀ ॥੪॥੪॥੧੨੫॥ (206-4)
कहु नानक मनि भइआ परगासा पाइआ पदु निरबाणी ॥४॥४॥१२५॥

ਗਉੜੀ ਮਹਲਾ ੫ ॥ (206-5)
गउड़ी महला ५ ॥

ਓਹੁ ਅਬਿਨਾਸੀ ਰਾਇਆ ॥ (206-5)
ओहु अबिनासी राइआ ॥

ਨਿਰਭਉ ਸੰਗਿ ਤੁਮਾਰੈ ਬਸਤੇ ਇਹੁ ਡਰਨੁ ਕਹਾ ਤੇ ਆਇਆ ॥੧॥ ਰਹਾਉ ॥ (206-5)
निरभउ संगि तुमारै बसते इहु डरनु कहा ते आइआ ॥१॥ रहाउ ॥

ਏਕ ਮਹਲਿ ਤੂੰ ਹੋਹਿ ਅਫਾਰੋ ਏਕ ਮਹਲਿ ਨਿਮਾਨੋ ॥ (206-6)
एक महलि तूं होहि अफारो एक महलि निमानो ॥

ਏਕ ਮਹਲਿ ਤੂੰ ਆਪੇ ਆਪੇ ਏਕ ਮਹਲਿ ਗਰੀਬਾਨੋ ॥੧॥ (206-6)
एक महलि तूं आपे आपे एक महलि गरीबानो ॥१॥

ਏਕ ਮਹਲਿ ਤੂੰ ਪੰਡਿਤੁ ਬਕਤਾ ਏਕ ਮਹਲਿ ਖਲੁ ਹੋਤਾ ॥ (206-7)
एक महलि तूं पंडितु बकता एक महलि खलु होता ॥

ਏਕ ਮਹਲਿ ਤੂੰ ਸਭੁ ਕਿਛੁ ਗ੍ਰਾਹਜੁ ਏਕ ਮਹਲਿ ਕਛੂ ਨ ਲੇਤਾ ॥੨॥ (206-7)
एक महलि तूं सभु किछु ग्राहजु एक महलि कछू न लेता ॥२॥

ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ ॥ (206-8)
काठ की पुतरी कहा करै बपुरी खिलावनहारो जानै ॥

ਜੈਸਾ ਭੇਖੁ ਕਰਾਵੈ ਬਾਜੀਗਰੁ ਓਹੁ ਤੈਸੋ ਹੀ ਸਾਜੁ ਆਨੈ ॥੩॥ (206-8)
जैसा भेखु करावै बाजीगरु ओहु तैसो ही साजु आनै ॥३॥

ਅਨਿਕ ਕੋਠਰੀ ਬਹੁਤੁ ਭਾਤਿ ਕਰੀਆ ਆਪਿ ਹੋਆ ਰਖਵਾਰਾ ॥ (206-9)
अनिक कोठरी बहुतु भाति करीआ आपि होआ रखवारा ॥

ਜੈਸੇ ਮਹਲਿ ਰਾਖੈ ਤੈਸੈ ਰਹਨਾ ਕਿਆ ਇਹੁ ਕਰੈ ਬਿਚਾਰਾ ॥੪॥ (206-10)
जैसे महलि राखै तैसै रहना किआ इहु करै बिचारा ॥४॥

ਜਿਨਿ ਕਿਛੁ ਕੀਆ ਸੋਈ ਜਾਨੈ ਜਿਨਿ ਇਹ ਸਭ ਬਿਧਿ ਸਾਜੀ ॥ (206-10)
जिनि किछु कीआ सोई जानै जिनि इह सभ बिधि साजी ॥

ਕਹੁ ਨਾਨਕ ਅਪਰੰਪਰ ਸੁਆਮੀ ਕੀਮਤਿ ਅਪੁਨੇ ਕਾਜੀ ॥੫॥੫॥੧੨੬॥ (206-11)
कहु नानक अपर्मपर सुआमी कीमति अपुने काजी ॥५॥५॥१२६॥

ਗਉੜੀ ਮਹਲਾ ੫ ॥ (206-11)
गउड़ी महला ५ ॥

ਛੋਡਿ ਛੋਡਿ ਰੇ ਬਿਖਿਆ ਕੇ ਰਸੂਆ ॥ (206-12)
छोडि छोडि रे बिखिआ के रसूआ ॥

ਉਰਝਿ ਰਹਿਓ ਰੇ ਬਾਵਰ ਗਾਵਰ ਜਿਉ ਕਿਰਖੈ ਹਰਿਆਇਓ ਪਸੂਆ ॥੧॥ ਰਹਾਉ ॥ (206-12)
उरझि रहिओ रे बावर गावर जिउ किरखै हरिआइओ पसूआ ॥१॥ रहाउ ॥

ਜੋ ਜਾਨਹਿ ਤੂੰ ਅਪੁਨੇ ਕਾਜੈ ਸੋ ਸੰਗਿ ਨ ਚਾਲੈ ਤੇਰੈ ਤਸੂਆ ॥ (206-13)
जो जानहि तूं अपुने काजै सो संगि न चालै तेरै तसूआ ॥

ਨਾਗੋ ਆਇਓ ਨਾਗ ਸਿਧਾਸੀ ਫੇਰਿ ਫਿਰਿਓ ਅਰੁ ਕਾਲਿ ਗਰਸੂਆ ॥੧॥ (206-13)
नागो आइओ नाग सिधासी फेरि फिरिओ अरु कालि गरसूआ ॥१॥

ਪੇਖਿ ਪੇਖਿ ਰੇ ਕਸੁੰਭ ਕੀ ਲੀਲਾ ਰਾਚਿ ਮਾਚਿ ਤਿਨਹੂੰ ਲਉ ਹਸੂਆ ॥ (206-14)
पेखि पेखि रे कसुमभ की लीला राचि माचि तिनहूं लउ हसूआ ॥

ਛੀਜਤ ਡੋਰਿ ਦਿਨਸੁ ਅਰੁ ਰੈਨੀ ਜੀਅ ਕੋ ਕਾਜੁ ਨ ਕੀਨੋ ਕਛੂਆ ॥੨॥ (206-15)
छीजत डोरि दिनसु अरु रैनी जीअ को काजु न कीनो कछूआ ॥२॥

ਕਰਤ ਕਰਤ ਇਵ ਹੀ ਬਿਰਧਾਨੋ ਹਾਰਿਓ ਉਕਤੇ ਤਨੁ ਖੀਨਸੂਆ ॥ (206-15)
करत करत इव ही बिरधानो हारिओ उकते तनु खीनसूआ ॥

ਜਿਉ ਮੋਹਿਓ ਉਨਿ ਮੋਹਨੀ ਬਾਲਾ ਉਸ ਤੇ ਘਟੈ ਨਾਹੀ ਰੁਚ ਚਸੂਆ ॥੩॥ (206-16)
जिउ मोहिओ उनि मोहनी बाला उस ते घटै नाही रुच चसूआ ॥३॥

ਜਗੁ ਐਸਾ ਮੋਹਿ ਗੁਰਹਿ ਦਿਖਾਇਓ ਤਉ ਸਰਣਿ ਪਰਿਓ ਤਜਿ ਗਰਬਸੂਆ ॥ (206-16)
जगु ऐसा मोहि गुरहि दिखाइओ तउ सरणि परिओ तजि गरबसूआ ॥

ਮਾਰਗੁ ਪ੍ਰਭ ਕੋ ਸੰਤਿ ਬਤਾਇਓ ਦ੍ਰਿੜੀ ਨਾਨਕ ਦਾਸ ਭਗਤਿ ਹਰਿ ਜਸੂਆ ॥੪॥੬॥੧੨੭॥ (206-17)
मारगु प्रभ को संति बताइओ द्रिड़ी नानक दास भगति हरि जसूआ ॥४॥६॥१२७॥

ਗਉੜੀ ਮਹਲਾ ੫ ॥ (206-18)
गउड़ी महला ५ ॥

ਤੁਝ ਬਿਨੁ ਕਵਨੁ ਹਮਾਰਾ ॥ (206-18)
तुझ बिनु कवनु हमारा ॥

ਮੇਰੇ ਪ੍ਰੀਤਮ ਪ੍ਰਾਨ ਅਧਾਰਾ ॥੧॥ ਰਹਾਉ ॥ (206-18)
मेरे प्रीतम प्रान अधारा ॥१॥ रहाउ ॥

ਅੰਤਰ ਕੀ ਬਿਧਿ ਤੁਮ ਹੀ ਜਾਨੀ ਤੁਮ ਹੀ ਸਜਨ ਸੁਹੇਲੇ ॥ (206-19)
अंतर की बिधि तुम ही जानी तुम ही सजन सुहेले ॥

ਸਰਬ ਸੁਖਾ ਮੈ ਤੁਝ ਤੇ ਪਾਏ ਮੇਰੇ ਠਾਕੁਰ ਅਗਹ ਅਤੋਲੇ ॥੧॥ (206-19)
सरब सुखा मै तुझ ते पाए मेरे ठाकुर अगह अतोले ॥१॥

ਬਰਨਿ ਨ ਸਾਕਉ ਤੁਮਰੇ ਰੰਗਾ ਗੁਣ ਨਿਧਾਨ ਸੁਖਦਾਤੇ ॥ (207-1)
बरनि न साकउ तुमरे रंगा गुण निधान सुखदाते ॥

ਅਗਮ ਅਗੋਚਰ ਪ੍ਰਭ ਅਬਿਨਾਸੀ ਪੂਰੇ ਗੁਰ ਤੇ ਜਾਤੇ ॥੨॥ (207-1)
अगम अगोचर प्रभ अबिनासी पूरे गुर ते जाते ॥२॥

ਭ੍ਰਮੁ ਭਉ ਕਾਟਿ ਕੀਏ ਨਿਹਕੇਵਲ ਜਬ ਤੇ ਹਉਮੈ ਮਾਰੀ ॥ (207-2)
भ्रमु भउ काटि कीए निहकेवल जब ते हउमै मारी ॥

ਜਨਮ ਮਰਣ ਕੋ ਚੂਕੋ ਸਹਸਾ ਸਾਧਸੰਗਤਿ ਦਰਸਾਰੀ ॥੩॥ (207-2)
जनम मरण को चूको सहसा साधसंगति दरसारी ॥३॥

ਚਰਣ ਪਖਾਰਿ ਕਰਉ ਗੁਰ ਸੇਵਾ ਬਾਰਿ ਜਾਉ ਲਖ ਬਰੀਆ ॥ (207-3)
चरण पखारि करउ गुर सेवा बारि जाउ लख बरीआ ॥

ਜਿਹ ਪ੍ਰਸਾਦਿ ਇਹੁ ਭਉਜਲੁ ਤਰਿਆ ਜਨ ਨਾਨਕ ਪ੍ਰਿਅ ਸੰਗਿ ਮਿਰੀਆ ॥੪॥੭॥੧੨੮॥ (207-3)
जिह प्रसादि इहु भउजलु तरिआ जन नानक प्रिअ संगि मिरीआ ॥४॥७॥१२८॥

ਗਉੜੀ ਮਹਲਾ ੫ ॥ (207-4)
गउड़ी महला ५ ॥

ਤੁਝ ਬਿਨੁ ਕਵਨੁ ਰੀਝਾਵੈ ਤੋਹੀ ॥ (207-5)
तुझ बिनु कवनु रीझावै तोही ॥

ਤੇਰੋ ਰੂਪੁ ਸਗਲ ਦੇਖਿ ਮੋਹੀ ॥੧॥ ਰਹਾਉ ॥ (207-5)
तेरो रूपु सगल देखि मोही ॥१॥ रहाउ ॥

ਸੁਰਗ ਪਇਆਲ ਮਿਰਤ ਭੂਅ ਮੰਡਲ ਸਰਬ ਸਮਾਨੋ ਏਕੈ ਓਹੀ ॥ (207-5)
सुरग पइआल मिरत भूअ मंडल सरब समानो एकै ओही ॥

ਸਿਵ ਸਿਵ ਕਰਤ ਸਗਲ ਕਰ ਜੋਰਹਿ ਸਰਬ ਮਇਆ ਠਾਕੁਰ ਤੇਰੀ ਦੋਹੀ ॥੧॥ (207-6)
सिव सिव करत सगल कर जोरहि सरब मइआ ठाकुर तेरी दोही ॥१॥

ਪਤਿਤ ਪਾਵਨ ਠਾਕੁਰ ਨਾਮੁ ਤੁਮਰਾ ਸੁਖਦਾਈ ਨਿਰਮਲ ਸੀਤਲੋਹੀ ॥ (207-7)
पतित पावन ठाकुर नामु तुमरा सुखदाई निरमल सीतलोही ॥

ਗਿਆਨ ਧਿਆਨ ਨਾਨਕ ਵਡਿਆਈ ਸੰਤ ਤੇਰੇ ਸਿਉ ਗਾਲ ਗਲੋਹੀ ॥੨॥੮॥੧੨੯॥ (207-7)
गिआन धिआन नानक वडिआई संत तेरे सिउ गाल गलोही ॥२॥८॥१२९॥

ਗਉੜੀ ਮਹਲਾ ੫ ॥ (207-8)
गउड़ी महला ५ ॥

ਮਿਲਹੁ ਪਿਆਰੇ ਜੀਆ ॥ (207-8)
मिलहु पिआरे जीआ ॥

ਪ੍ਰਭ ਕੀਆ ਤੁਮਾਰਾ ਥੀਆ ॥੧॥ ਰਹਾਉ ॥ (207-9)
प्रभ कीआ तुमारा थीआ ॥१॥ रहाउ ॥

ਅਨਿਕ ਜਨਮ ਬਹੁ ਜੋਨੀ ਭ੍ਰਮਿਆ ਬਹੁਰਿ ਬਹੁਰਿ ਦੁਖੁ ਪਾਇਆ ॥ (207-9)
अनिक जनम बहु जोनी भ्रमिआ बहुरि बहुरि दुखु पाइआ ॥

ਤੁਮਰੀ ਕ੍ਰਿਪਾ ਤੇ ਮਾਨੁਖ ਦੇਹ ਪਾਈ ਹੈ ਦੇਹੁ ਦਰਸੁ ਹਰਿ ਰਾਇਆ ॥੧॥ (207-10)
तुमरी क्रिपा ते मानुख देह पाई है देहु दरसु हरि राइआ ॥१॥

ਸੋਈ ਹੋਆ ਜੋ ਤਿਸੁ ਭਾਣਾ ਅਵਰੁ ਨ ਕਿਨ ਹੀ ਕੀਤਾ ॥ (207-10)
सोई होआ जो तिसु भाणा अवरु न किन ही कीता ॥

ਤੁਮਰੈ ਭਾਣੈ ਭਰਮਿ ਮੋਹਿ ਮੋਹਿਆ ਜਾਗਤੁ ਨਾਹੀ ਸੂਤਾ ॥੨॥ (207-11)
तुमरै भाणै भरमि मोहि मोहिआ जागतु नाही सूता ॥२॥

ਬਿਨਉ ਸੁਨਹੁ ਤੁਮ ਪ੍ਰਾਨਪਤਿ ਪਿਆਰੇ ਕਿਰਪਾ ਨਿਧਿ ਦਇਆਲਾ ॥ (207-11)
बिनउ सुनहु तुम प्रानपति पिआरे किरपा निधि दइआला ॥

ਰਾਖਿ ਲੇਹੁ ਪਿਤਾ ਪ੍ਰਭ ਮੇਰੇ ਅਨਾਥਹ ਕਰਿ ਪ੍ਰਤਿਪਾਲਾ ॥੩॥ (207-12)
राखि लेहु पिता प्रभ मेरे अनाथह करि प्रतिपाला ॥३॥

ਜਿਸ ਨੋ ਤੁਮਹਿ ਦਿਖਾਇਓ ਦਰਸਨੁ ਸਾਧਸੰਗਤਿ ਕੈ ਪਾਛੈ ॥ (207-12)
जिस नो तुमहि दिखाइओ दरसनु साधसंगति कै पाछै ॥

ਕਰਿ ਕਿਰਪਾ ਧੂਰਿ ਦੇਹੁ ਸੰਤਨ ਕੀ ਸੁਖੁ ਨਾਨਕੁ ਇਹੁ ਬਾਛੈ ॥੪॥੯॥੧੩੦॥ (207-13)
करि किरपा धूरि देहु संतन की सुखु नानकु इहु बाछै ॥४॥९॥१३०॥

ਗਉੜੀ ਮਹਲਾ ੫ ॥ (207-14)
गउड़ी महला ५ ॥

ਹਉ ਤਾ ਕੈ ਬਲਿਹਾਰੀ ॥ (207-14)
हउ ता कै बलिहारी ॥

ਜਾ ਕੈ ਕੇਵਲ ਨਾਮੁ ਅਧਾਰੀ ॥੧॥ ਰਹਾਉ ॥ (207-14)
जा कै केवल नामु अधारी ॥१॥ रहाउ ॥

ਮਹਿਮਾ ਤਾ ਕੀ ਕੇਤਕ ਗਨੀਐ ਜਨ ਪਾਰਬ੍ਰਹਮ ਰੰਗਿ ਰਾਤੇ ॥ (207-15)
महिमा ता की केतक गनीऐ जन पारब्रहम रंगि राते ॥

ਸੂਖ ਸਹਜ ਆਨੰਦ ਤਿਨਾ ਸੰਗਿ ਉਨ ਸਮਸਰਿ ਅਵਰ ਨ ਦਾਤੇ ॥੧॥ (207-15)
सूख सहज आनंद तिना संगि उन समसरि अवर न दाते ॥१॥

ਜਗਤ ਉਧਾਰਣ ਸੇਈ ਆਏ ਜੋ ਜਨ ਦਰਸ ਪਿਆਸਾ ॥ (207-16)
जगत उधारण सेई आए जो जन दरस पिआसा ॥

ਉਨ ਕੀ ਸਰਣਿ ਪਰੈ ਸੋ ਤਰਿਆ ਸੰਤਸੰਗਿ ਪੂਰਨ ਆਸਾ ॥੨॥ (207-16)
उन की सरणि परै सो तरिआ संतसंगि पूरन आसा ॥२॥

ਤਾ ਕੈ ਚਰਣਿ ਪਰਉ ਤਾ ਜੀਵਾ ਜਨ ਕੈ ਸੰਗਿ ਨਿਹਾਲਾ ॥ (207-17)
ता कै चरणि परउ ता जीवा जन कै संगि निहाला ॥

ਭਗਤਨ ਕੀ ਰੇਣੁ ਹੋਇ ਮਨੁ ਮੇਰਾ ਹੋਹੁ ਪ੍ਰਭੂ ਕਿਰਪਾਲਾ ॥੩॥ (207-18)
भगतन की रेणु होइ मनु मेरा होहु प्रभू किरपाला ॥३॥

ਰਾਜੁ ਜੋਬਨੁ ਅਵਧ ਜੋ ਦੀਸੈ ਸਭੁ ਕਿਛੁ ਜੁਗ ਮਹਿ ਘਾਟਿਆ ॥ (207-18)
राजु जोबनु अवध जो दीसै सभु किछु जुग महि घाटिआ ॥

ਨਾਮੁ ਨਿਧਾਨੁ ਸਦ ਨਵਤਨੁ ਨਿਰਮਲੁ ਇਹੁ ਨਾਨਕ ਹਰਿ ਧਨੁ ਖਾਟਿਆ ॥੪॥੧੦॥੧੩੧॥ (207-19)
नामु निधानु सद नवतनु निरमलु इहु नानक हरि धनु खाटिआ ॥४॥१०॥१३१॥

ਗਉੜੀ ਮਹਲਾ ੫ ॥ (208-1)
गउड़ी महला ५ ॥

ਜੋਗ ਜੁਗਤਿ ਸੁਨਿ ਆਇਓ ਗੁਰ ਤੇ ॥ (208-1)
जोग जुगति सुनि आइओ गुर ते ॥

ਮੋ ਕਉ ਸਤਿਗੁਰ ਸਬਦਿ ਬੁਝਾਇਓ ॥੧॥ ਰਹਾਉ ॥ (208-1)
मो कउ सतिगुर सबदि बुझाइओ ॥१॥ रहाउ ॥

ਨਉ ਖੰਡ ਪ੍ਰਿਥਮੀ ਇਸੁ ਤਨ ਮਹਿ ਰਵਿਆ ਨਿਮਖ ਨਿਮਖ ਨਮਸਕਾਰਾ ॥ (208-2)
नउ खंड प्रिथमी इसु तन महि रविआ निमख निमख नमसकारा ॥

ਦੀਖਿਆ ਗੁਰ ਕੀ ਮੁੰਦ੍ਰਾ ਕਾਨੀ ਦ੍ਰਿੜਿਓ ਏਕੁ ਨਿਰੰਕਾਰਾ ॥੧॥ (208-2)
दीखिआ गुर की मुंद्रा कानी द्रिड़िओ एकु निरंकारा ॥१॥

ਪੰਚ ਚੇਲੇ ਮਿਲਿ ਭਏ ਇਕਤ੍ਰਾ ਏਕਸੁ ਕੈ ਵਸਿ ਕੀਏ ॥ (208-3)
पंच चेले मिलि भए इकत्रा एकसु कै वसि कीए ॥

ਦਸ ਬੈਰਾਗਨਿ ਆਗਿਆਕਾਰੀ ਤਬ ਨਿਰਮਲ ਜੋਗੀ ਥੀਏ ॥੨॥ (208-3)
दस बैरागनि आगिआकारी तब निरमल जोगी थीए ॥२॥

ਭਰਮੁ ਜਰਾਇ ਚਰਾਈ ਬਿਭੂਤਾ ਪੰਥੁ ਏਕੁ ਕਰਿ ਪੇਖਿਆ ॥ (208-4)
भरमु जराइ चराई बिभूता पंथु एकु करि पेखिआ ॥

ਸਹਜ ਸੂਖ ਸੋ ਕੀਨੀ ਭੁਗਤਾ ਜੋ ਠਾਕੁਰਿ ਮਸਤਕਿ ਲੇਖਿਆ ॥੩॥ (208-5)
सहज सूख सो कीनी भुगता जो ठाकुरि मसतकि लेखिआ ॥३॥

ਜਹ ਭਉ ਨਾਹੀ ਤਹਾ ਆਸਨੁ ਬਾਧਿਓ ਸਿੰਗੀ ਅਨਹਤ ਬਾਨੀ ॥ (208-5)
जह भउ नाही तहा आसनु बाधिओ सिंगी अनहत बानी ॥

ਤਤੁ ਬੀਚਾਰੁ ਡੰਡਾ ਕਰਿ ਰਾਖਿਓ ਜੁਗਤਿ ਨਾਮੁ ਮਨਿ ਭਾਨੀ ॥੪॥ (208-6)
ततु बीचारु डंडा करि राखिओ जुगति नामु मनि भानी ॥४॥

ਐਸਾ ਜੋਗੀ ਵਡਭਾਗੀ ਭੇਟੈ ਮਾਇਆ ਕੇ ਬੰਧਨ ਕਾਟੈ ॥ (208-6)
ऐसा जोगी वडभागी भेटै माइआ के बंधन काटै ॥

ਸੇਵਾ ਪੂਜ ਕਰਉ ਤਿਸੁ ਮੂਰਤਿ ਕੀ ਨਾਨਕੁ ਤਿਸੁ ਪਗ ਚਾਟੈ ॥੫॥੧੧॥੧੩੨॥ (208-7)
सेवा पूज करउ तिसु मूरति की नानकु तिसु पग चाटै ॥५॥११॥१३२॥

ਗਉੜੀ ਮਹਲਾ ੫ ॥ (208-8)
गउड़ी महला ५ ॥

ਅਨੂਪ ਪਦਾਰਥੁ ਨਾਮੁ ਸੁਨਹੁ ਸਗਲ ਧਿਆਇਲੇ ਮੀਤਾ ॥ (208-8)
अनूप पदारथु नामु सुनहु सगल धिआइले मीता ॥

ਹਰਿ ਅਉਖਧੁ ਜਾ ਕਉ ਗੁਰਿ ਦੀਆ ਤਾ ਕੇ ਨਿਰਮਲ ਚੀਤਾ ॥੧॥ ਰਹਾਉ ॥ (208-8)
हरि अउखधु जा कउ गुरि दीआ ता के निरमल चीता ॥१॥ रहाउ ॥

ਅੰਧਕਾਰੁ ਮਿਟਿਓ ਤਿਹ ਤਨ ਤੇ ਗੁਰਿ ਸਬਦਿ ਦੀਪਕੁ ਪਰਗਾਸਾ ॥ (208-9)
अंधकारु मिटिओ तिह तन ते गुरि सबदि दीपकु परगासा ॥

ਭ੍ਰਮ ਕੀ ਜਾਲੀ ਤਾ ਕੀ ਕਾਟੀ ਜਾ ਕਉ ਸਾਧਸੰਗਤਿ ਬਿਸ੍ਵਾਸਾ ॥੧॥ (208-10)
भ्रम की जाली ता की काटी जा कउ साधसंगति बिस्वासा ॥१॥

ਤਾਰੀਲੇ ਭਵਜਲੁ ਤਾਰੂ ਬਿਖੜਾ ਬੋਹਿਥ ਸਾਧੂ ਸੰਗਾ ॥ (208-10)
तारीले भवजलु तारू बिखड़ा बोहिथ साधू संगा ॥

ਪੂਰਨ ਹੋਈ ਮਨ ਕੀ ਆਸਾ ਗੁਰੁ ਭੇਟਿਓ ਹਰਿ ਰੰਗਾ ॥੨॥ (208-11)
पूरन होई मन की आसा गुरु भेटिओ हरि रंगा ॥२॥

ਨਾਮ ਖਜਾਨਾ ਭਗਤੀ ਪਾਇਆ ਮਨ ਤਨ ਤ੍ਰਿਪਤਿ ਅਘਾਏ ॥ (208-11)
नाम खजाना भगती पाइआ मन तन त्रिपति अघाए ॥

ਨਾਨਕ ਹਰਿ ਜੀਉ ਤਾ ਕਉ ਦੇਵੈ ਜਾ ਕਉ ਹੁਕਮੁ ਮਨਾਏ ॥੩॥੧੨॥੧੩੩॥ (208-12)
नानक हरि जीउ ता कउ देवै जा कउ हुकमु मनाए ॥३॥१२॥१३३॥

ਗਉੜੀ ਮਹਲਾ ੫ ॥ (208-13)
गउड़ी महला ५ ॥

ਦਇਆ ਮਇਆ ਕਰਿ ਪ੍ਰਾਨਪਤਿ ਮੋਰੇ ਮੋਹਿ ਅਨਾਥ ਸਰਣਿ ਪ੍ਰਭ ਤੋਰੀ ॥ (208-13)
दइआ मइआ करि प्रानपति मोरे मोहि अनाथ सरणि प्रभ तोरी ॥

ਅੰਧ ਕੂਪ ਮਹਿ ਹਾਥ ਦੇ ਰਾਖਹੁ ਕਛੂ ਸਿਆਨਪ ਉਕਤਿ ਨ ਮੋਰੀ ॥੧॥ ਰਹਾਉ ॥ (208-14)
अंध कूप महि हाथ दे राखहु कछू सिआनप उकति न मोरी ॥१॥ रहाउ ॥

ਕਰਨ ਕਰਾਵਨ ਸਭ ਕਿਛੁ ਤੁਮ ਹੀ ਤੁਮ ਸਮਰਥ ਨਾਹੀ ਅਨ ਹੋਰੀ ॥ (208-14)
करन करावन सभ किछु तुम ही तुम समरथ नाही अन होरी ॥

ਤੁਮਰੀ ਗਤਿ ਮਿਤਿ ਤੁਮ ਹੀ ਜਾਨੀ ਸੇ ਸੇਵਕ ਜਿਨ ਭਾਗ ਮਥੋਰੀ ॥੧॥ (208-15)
तुमरी गति मिति तुम ही जानी से सेवक जिन भाग मथोरी ॥१॥

ਅਪੁਨੇ ਸੇਵਕ ਸੰਗਿ ਤੁਮ ਪ੍ਰਭ ਰਾਤੇ ਓਤਿ ਪੋਤਿ ਭਗਤਨ ਸੰਗਿ ਜੋਰੀ ॥ (208-16)
अपुने सेवक संगि तुम प्रभ राते ओति पोति भगतन संगि जोरी ॥

ਪ੍ਰਿਉ ਪ੍ਰਿਉ ਨਾਮੁ ਤੇਰਾ ਦਰਸਨੁ ਚਾਹੈ ਜੈਸੇ ਦ੍ਰਿਸਟਿ ਓਹ ਚੰਦ ਚਕੋਰੀ ॥੨॥ (208-16)
प्रिउ प्रिउ नामु तेरा दरसनु चाहै जैसे द्रिसटि ओह चंद चकोरी ॥२॥

ਰਾਮ ਸੰਤ ਮਹਿ ਭੇਦੁ ਕਿਛੁ ਨਾਹੀ ਏਕੁ ਜਨੁ ਕਈ ਮਹਿ ਲਾਖ ਕਰੋਰੀ ॥ (208-17)
राम संत महि भेदु किछु नाही एकु जनु कई महि लाख करोरी ॥

ਜਾ ਕੈ ਹੀਐ ਪ੍ਰਗਟੁ ਪ੍ਰਭੁ ਹੋਆ ਅਨਦਿਨੁ ਕੀਰਤਨੁ ਰਸਨ ਰਮੋਰੀ ॥੩॥ (208-18)
जा कै हीऐ प्रगटु प्रभु होआ अनदिनु कीरतनु रसन रमोरी ॥३॥

ਤੁਮ ਸਮਰਥ ਅਪਾਰ ਅਤਿ ਊਚੇ ਸੁਖਦਾਤੇ ਪ੍ਰਭ ਪ੍ਰਾਨ ਅਧੋਰੀ ॥ (208-19)
तुम समरथ अपार अति ऊचे सुखदाते प्रभ प्रान अधोरी ॥

ਨਾਨਕ ਕਉ ਪ੍ਰਭ ਕੀਜੈ ਕਿਰਪਾ ਉਨ ਸੰਤਨ ਕੈ ਸੰਗਿ ਸੰਗੋਰੀ ॥੪॥੧੩॥੧੩੪॥ (208-19)
नानक कउ प्रभ कीजै किरपा उन संतन कै संगि संगोरी ॥४॥१३॥१३४॥

ਗਉੜੀ ਮਹਲਾ ੫ ॥ (209-1)
गउड़ी महला ५ ॥

ਤੁਮ ਹਰਿ ਸੇਤੀ ਰਾਤੇ ਸੰਤਹੁ ॥ (209-1)
तुम हरि सेती राते संतहु ॥

ਨਿਬਾਹਿ ਲੇਹੁ ਮੋ ਕਉ ਪੁਰਖ ਬਿਧਾਤੇ ਓੜਿ ਪਹੁਚਾਵਹੁ ਦਾਤੇ ॥੧॥ ਰਹਾਉ ॥ (209-2)
निबाहि लेहु मो कउ पुरख बिधाते ओड़ि पहुचावहु दाते ॥१॥ रहाउ ॥

ਤੁਮਰਾ ਮਰਮੁ ਤੁਮਾ ਹੀ ਜਾਨਿਆ ਤੁਮ ਪੂਰਨ ਪੁਰਖ ਬਿਧਾਤੇ ॥ (209-2)
तुमरा मरमु तुमा ही जानिआ तुम पूरन पुरख बिधाते ॥

ਰਾਖਹੁ ਸਰਣਿ ਅਨਾਥ ਦੀਨ ਕਉ ਕਰਹੁ ਹਮਾਰੀ ਗਾਤੇ ॥੧॥ (209-3)
राखहु सरणि अनाथ दीन कउ करहु हमारी गाते ॥१॥

ਤਰਣ ਸਾਗਰ ਬੋਹਿਥ ਚਰਣ ਤੁਮਾਰੇ ਤੁਮ ਜਾਨਹੁ ਅਪੁਨੀ ਭਾਤੇ ॥ (209-3)
तरण सागर बोहिथ चरण तुमारे तुम जानहु अपुनी भाते ॥

ਕਰਿ ਕਿਰਪਾ ਜਿਸੁ ਰਾਖਹੁ ਸੰਗੇ ਤੇ ਤੇ ਪਾਰਿ ਪਰਾਤੇ ॥੨॥ (209-4)
करि किरपा जिसु राखहु संगे ते ते पारि पराते ॥२॥

ਈਤ ਊਤ ਪ੍ਰਭ ਤੁਮ ਸਮਰਥਾ ਸਭੁ ਕਿਛੁ ਤੁਮਰੈ ਹਾਥੇ ॥ (209-5)
ईत ऊत प्रभ तुम समरथा सभु किछु तुमरै हाथे ॥

ਐਸਾ ਨਿਧਾਨੁ ਦੇਹੁ ਮੋ ਕਉ ਹਰਿ ਜਨ ਚਲੈ ਹਮਾਰੈ ਸਾਥੇ ॥੩॥ (209-5)
ऐसा निधानु देहु मो कउ हरि जन चलै हमारै साथे ॥३॥

ਨਿਰਗੁਨੀਆਰੇ ਕਉ ਗੁਨੁ ਕੀਜੈ ਹਰਿ ਨਾਮੁ ਮੇਰਾ ਮਨੁ ਜਾਪੇ ॥ (209-6)
निरगुनीआरे कउ गुनु कीजै हरि नामु मेरा मनु जापे ॥

ਸੰਤ ਪ੍ਰਸਾਦਿ ਨਾਨਕ ਹਰਿ ਭੇਟੇ ਮਨ ਤਨ ਸੀਤਲ ਧ੍ਰਾਪੇ ॥੪॥੧੪॥੧੩੫॥ (209-6)
संत प्रसादि नानक हरि भेटे मन तन सीतल ध्रापे ॥४॥१४॥१३५॥

ਗਉੜੀ ਮਹਲਾ ੫ ॥ (209-7)
गउड़ी महला ५ ॥

ਸਹਜਿ ਸਮਾਇਓ ਦੇਵ ॥ (209-7)
सहजि समाइओ देव ॥

ਮੋ ਕਉ ਸਤਿਗੁਰ ਭਏ ਦਇਆਲ ਦੇਵ ॥੧॥ ਰਹਾਉ ॥ (209-7)
मो कउ सतिगुर भए दइआल देव ॥१॥ रहाउ ॥

ਕਾਟਿ ਜੇਵਰੀ ਕੀਓ ਦਾਸਰੋ ਸੰਤਨ ਟਹਲਾਇਓ ॥ (209-8)
काटि जेवरी कीओ दासरो संतन टहलाइओ ॥

ਏਕ ਨਾਮ ਕੋ ਥੀਓ ਪੂਜਾਰੀ ਮੋ ਕਉ ਅਚਰਜੁ ਗੁਰਹਿ ਦਿਖਾਇਓ ॥੧॥ (209-8)
एक नाम को थीओ पूजारी मो कउ अचरजु गुरहि दिखाइओ ॥१॥

ਭਇਓ ਪ੍ਰਗਾਸੁ ਸਰਬ ਉਜੀਆਰਾ ਗੁਰ ਗਿਆਨੁ ਮਨਹਿ ਪ੍ਰਗਟਾਇਓ ॥ (209-9)
भइओ प्रगासु सरब उजीआरा गुर गिआनु मनहि प्रगटाइओ ॥

ਅੰम੍ਰਿਤੁ ਨਾਮੁ ਪੀਓ ਮਨੁ ਤ੍ਰਿਪਤਿਆ ਅਨਭੈ ਠਹਰਾਇਓ ॥੨॥ (209-10)
अमृतु नामु पीओ मनु त्रिपतिआ अनभै ठहराइओ ॥२॥

ਮਾਨਿ ਆਗਿਆ ਸਰਬ ਸੁਖ ਪਾਏ ਦੂਖਹ ਠਾਉ ਗਵਾਇਓ ॥ (209-10)
मानि आगिआ सरब सुख पाए दूखह ठाउ गवाइओ ॥

ਜਉ ਸੁਪ੍ਰਸੰਨ ਭਏ ਪ੍ਰਭ ਠਾਕੁਰ ਸਭੁ ਆਨਦ ਰੂਪੁ ਦਿਖਾਇਓ ॥੩॥ (209-11)
जउ सुप्रसंन भए प्रभ ठाकुर सभु आनद रूपु दिखाइओ ॥३॥

ਨਾ ਕਿਛੁ ਆਵਤ ਨਾ ਕਿਛੁ ਜਾਵਤ ਸਭੁ ਖੇਲੁ ਕੀਓ ਹਰਿ ਰਾਇਓ ॥ (209-11)
ना किछु आवत ना किछु जावत सभु खेलु कीओ हरि राइओ ॥

ਕਹੁ ਨਾਨਕ ਅਗਮ ਅਗਮ ਹੈ ਠਾਕੁਰ ਭਗਤ ਟੇਕ ਹਰਿ ਨਾਇਓ ॥੪॥੧੫॥੧੩੬॥ (209-12)
कहु नानक अगम अगम है ठाकुर भगत टेक हरि नाइओ ॥४॥१५॥१३६॥

ਗਉੜੀ ਮਹਲਾ ੫ ॥ (209-13)
गउड़ी महला ५ ॥

ਪਾਰਬ੍ਰਹਮ ਪੂਰਨ ਪਰਮੇਸੁਰ ਮਨ ਤਾ ਕੀ ਓਟ ਗਹੀਜੈ ਰੇ ॥ (209-13)
पारब्रहम पूरन परमेसुर मन ता की ओट गहीजै रे ॥

ਜਿਨਿ ਧਾਰੇ ਬ੍ਰਹਮੰਡ ਖੰਡ ਹਰਿ ਤਾ ਕੋ ਨਾਮੁ ਜਪੀਜੈ ਰੇ ॥੧॥ ਰਹਾਉ ॥ (209-14)
जिनि धारे ब्रहमंड खंड हरि ता को नामु जपीजै रे ॥१॥ रहाउ ॥

ਮਨ ਕੀ ਮਤਿ ਤਿਆਗਹੁ ਹਰਿ ਜਨ ਹੁਕਮੁ ਬੂਝਿ ਸੁਖੁ ਪਾਈਐ ਰੇ ॥ (209-14)
मन की मति तिआगहु हरि जन हुकमु बूझि सुखु पाईऐ रे ॥

ਜੋ ਪ੍ਰਭੁ ਕਰੈ ਸੋਈ ਭਲ ਮਾਨਹੁ ਸੁਖਿ ਦੁਖਿ ਓਹੀ ਧਿਆਈਐ ਰੇ ॥੧॥ (209-15)
जो प्रभु करै सोई भल मानहु सुखि दुखि ओही धिआईऐ रे ॥१॥

ਕੋਟਿ ਪਤਿਤ ਉਧਾਰੇ ਖਿਨ ਮਹਿ ਕਰਤੇ ਬਾਰ ਨ ਲਾਗੈ ਰੇ ॥ (209-15)
कोटि पतित उधारे खिन महि करते बार न लागै रे ॥

ਦੀਨ ਦਰਦ ਦੁਖ ਭੰਜਨ ਸੁਆਮੀ ਜਿਸੁ ਭਾਵੈ ਤਿਸਹਿ ਨਿਵਾਜੈ ਰੇ ॥੨॥ (209-16)
दीन दरद दुख भंजन सुआमी जिसु भावै तिसहि निवाजै रे ॥२॥

ਸਭ ਕੋ ਮਾਤ ਪਿਤਾ ਪ੍ਰਤਿਪਾਲਕ ਜੀਅ ਪ੍ਰਾਨ ਸੁਖ ਸਾਗਰੁ ਰੇ ॥ (209-17)
सभ को मात पिता प्रतिपालक जीअ प्रान सुख सागरु रे ॥

ਦੇਂਦੇ ਤੋਟਿ ਨਾਹੀ ਤਿਸੁ ਕਰਤੇ ਪੂਰਿ ਰਹਿਓ ਰਤਨਾਗਰੁ ਰੇ ॥੩॥ (209-17)
देंदे तोटि नाही तिसु करते पूरि रहिओ रतनागरु रे ॥३ ॥

ਜਾਚਿਕੁ ਜਾਚੈ ਨਾਮੁ ਤੇਰਾ ਸੁਆਮੀ ਘਟ ਘਟ ਅੰਤਰਿ ਸੋਈ ਰੇ ॥ (209-18)
जाचिकु जाचै नामु तेरा सुआमी घट घट अंतरि सोई रे ॥

ਨਾਨਕੁ ਦਾਸੁ ਤਾ ਕੀ ਸਰਣਾਈ ਜਾ ਤੇ ਬ੍ਰਿਥਾ ਨ ਕੋਈ ਰੇ ॥੪॥੧੬॥੧੩੭॥ (209-18)
नानकु दासु ता की सरणाई जा ते ब्रिथा न कोई रे ॥४ ॥१६ ॥१३७ ॥

ਰਾਗੁ ਗਉੜੀ ਪੂਰਬੀ ਮਹਲਾ ੫ (210-1)
रागु गउड़ी पूरबी महला ५

ੴ ਸਤਿਗੁਰ ਪ੍ਰਸਾਦਿ ॥ (210-1)
ੴ सतिगुर प्रसादि ॥

ਹਰਿ ਹਰਿ ਕਬਹੂ ਨ ਮਨਹੁ ਬਿਸਾਰੇ ॥ (210-2)
हरि हरि कबहू न मनहु बिसारे ॥

ਈਹਾ ਊਹਾ ਸਰਬ ਸੁਖਦਾਤਾ ਸਗਲ ਘਟਾ ਪ੍ਰਤਿਪਾਰੇ ॥੧॥ ਰਹਾਉ ॥ (210-2)
ईहा ऊहा सरब सुखदाता सगल घटा प्रतिपारे ॥१ ॥ रहाउ ॥

ਮਹਾ ਕਸਟ ਕਾਟੈ ਖਿਨ ਭੀਤਰਿ ਰਸਨਾ ਨਾਮੁ ਚਿਤਾਰੇ ॥ (210-3)
महा कसट काटै खिन भीतरि रसना नामु चितारे ॥

ਸੀਤਲ ਸਾਂਤਿ ਸੂਖ ਹਰਿ ਸਰਣੀ ਜਲਤੀ ਅਗਨਿ ਨਿਵਾਰੇ ॥੧॥ (210-3)
सीतल सांति सूख हरि सरणी जलती अगनि निवारे ॥१ ॥

ਗਰਭ ਕੁੰਡ ਨਰਕ ਤੇ ਰਾਖੈ ਭਵਜਲੁ ਪਾਰਿ ਉਤਾਰੇ ॥ (210-4)
गरभ कुंड नरक ते राखै भवजलु पारि उतारे ॥

ਚਰਨ ਕਮਲ ਆਰਾਧਤ ਮਨ ਮਹਿ ਜਮ ਕੀ ਤ੍ਰਾਸ ਬਿਦਾਰੇ ॥੨॥ (210-4)
चरन कमल आराधत मन महि जम की त्रास बिदारे ॥२ ॥

ਪੂਰਨ ਪਾਰਬ੍ਰਹਮ ਪਰਮੇਸੁਰ ਊਚਾ ਅਗਮ ਅਪਾਰੇ ॥ (210-5)

पूरन पारब्रहम परमेसुर ऊचा अगम अपारे ॥

ਗੁਣ ਗਾਵਤ ਧਿਆਵਤ ਸੁਖ ਸਾਗਰ ਜੂਏ ਜਨਮੁ ਨ ਹਾਰੇ ॥੩॥ (210-5)

गुण गावत धिआवत सुख सागर जूए जनमु न हारे ॥३॥

ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨੋ ਨਿਰਗੁਣ ਕੇ ਦਾਤਾਰੇ ॥ (210-6)

कामि क्रोधि लोभि मोहि मनु लीनो निरगुण के दातारे ॥

ਕਰਿ ਕਿਰਪਾ ਅਪੁਨੋ ਨਾਮੁ ਦੀਜੈ ਨਾਨਕ ਸਦ ਬਲਿਹਾਰੇ ॥੪॥੧॥੧੩੮॥ (210-6)

करि किरपा अपुनो नामु दीजै नानक सद बलिहारे ॥४॥१॥१३८॥

ਰਾਗੁ ਗਉੜੀ ਚੇਤੀ ਮਹਲਾ ੫ (210-8)

रागु गउड़ी चेती महला ५

ੴ ਸਤਿਗੁਰ ਪ੍ਰਸਾਦਿ ॥ (210-8)

ੴ सतिगुर प्रसादि ॥

ਸੁਖੁ ਨਾਹੀ ਰੇ ਹਰਿ ਭਗਤਿ ਬਿਨਾ ॥ (210-9)

सुखु नाही रे हरि भगति बिना ॥

ਜੀਤਿ ਜਨਮੁ ਇਹੁ ਰਤਨੁ ਅਮੋਲਕੁ ਸਾਧਸੰਗਤਿ ਜਪਿ ਇਕ ਖਿਨਾ ॥੧॥ ਰਹਾਉ ॥ (210-9)

जीति जनमु इहु रतनु अमोलकु साधसंगति जपि इक खिना ॥१॥ रहाउ ॥

ਸੁਤ ਸੰਪਤਿ ਬਨਿਤਾ ਬਿਨੋਦ ॥ (210-10)

सुत स्मपति बनिता बिनोद ॥

ਛੋਡਿ ਗਏ ਬਹੁ ਲੋਗ ਭੋਗ ॥੧॥ (210-10)

छोडि गए बहु लोग भोग ॥१॥

ਹੈਵਰ ਗੈਵਰ ਰਾਜ ਰੰਗ ॥ (210-10)

हैवर गैवर राज रंग ॥

ਤਿਆਗਿ ਚਲਿਓ ਹੈ ਮੂੜ ਨੰਗ ॥੨॥ (210-10)

तिआगि चलिओ है मूड़ नंग ॥२॥

ਚੋਆ ਚੰਦਨ ਦੇਹ ਫੂਲਿਆ ॥ (210-11)
चोआ चंदन देह फूलिआ ॥

ਸੋ ਤਨੁ ਧਰ ਸੰਗਿ ਰੂਲਿਆ ॥੩॥ (210-11)
सो तनु धर संगि रूलिआ ॥३॥

ਮੋਹਿ ਮੋਹਿਆ ਜਾਨੈ ਦੂਰਿ ਹੈ ॥ (210-11)
मोहि मोहिआ जानै दूरि है ॥

ਕਹੁ ਨਾਨਕ ਸਦਾ ਹਦੂਰਿ ਹੈ ॥੪॥੧॥੧੩੯॥ (210-12)
कहु नानक सदा हदूरि है ॥४॥१॥१३९॥

ਗਉੜੀ ਮਹਲਾ ੫ ॥ (210-12)
गउड़ी महला ५ ॥

ਮਨ ਧਰ ਤਰਬੇ ਹਰਿ ਨਾਮ ਨੋ ॥ (210-12)
मन धर तरबे हरि नाम नो ॥

ਸਾਗਰ ਲਹਰਿ ਸੰਸਾ ਸੰਸਾਰੁ ਗੁਰੁ ਬੋਹਿਥੁ ਪਾਰ ਗਰਾਮਨੋ ॥੧॥ ਰਹਾਉ ॥ (210-13)
सागर लहरि संसा संसारु गुरु बोहिथु पार गरामनो ॥१॥ रहाउ ॥

ਕਲਿ ਕਾਲਖ ਅੰਧਿਆਰੀਆ ॥ (210-13)
कलि कालख अंधिआरीआ ॥

ਗੁਰ ਗਿਆਨ ਦੀਪਕ ਉਜਿਆਰੀਆ ॥੧॥ (210-13)
गुर गिआन दीपक उजिआरीआ ॥१॥

ਬਿਖੁ ਬਿਖਿਆ ਪਸਰੀ ਅਤਿ ਘਨੀ ॥ (210-14)
बिखु बिखिआ पसरी अति घनी ॥

ਉਬਰੇ ਜਪਿ ਜਪਿ ਹਰਿ ਗੁਨੀ ॥੨॥ (210-14)
उबरे जपि जपि हरि गुनी ॥२॥

ਮਤਵਾਰੋ ਮਾਇਆ ਸੋਇਆ ॥ (210-15)
मतवारो माइआ सोइआ ॥

ਗੁਰ ਭੇਟਤ ਭ੍ਰਮੁ ਭਉ ਖੋਇਆ ॥੩॥ (210-15)
गुर भेटत भ्रमु भउ खोइआ ॥३॥

ਕਹੁ ਨਾਨਕ ਏਕੁ ਧਿਆਇਆ ॥ (210-15)
कहु नानक एकु धिआइआ ॥

ਘਟਿ ਘਟਿ ਨਦਰੀ ਆਇਆ ॥੪॥੨॥੧੪੦॥ (210-15)
घटि घटि नदरी आइआ ॥४॥२॥१४०॥

ਗਉੜੀ ਮਹਲਾ ੫ ॥ (210-16)
गउड़ी महला ५ ॥

ਦੀਬਾਨੁ ਹਮਾਰੋ ਤੁਹੀ ਏਕ ॥ (210-16)
दीबानु हमारो तुही एक ॥

ਸੇਵਾ ਥਾਰੀ ਗੁਰਹਿ ਟੇਕ ॥੧॥ ਰਹਾਉ ॥ (210-16)
सेवा थारी गुरहि टेक ॥१॥ रहाउ ॥

ਅਨਿਕ ਜੁਗਤਿ ਨਹੀ ਪਾਇਆ ॥ (210-17)
अनिक जुगति नही पाइआ ॥

ਗੁਰਿ ਚਾਕਰ ਲੈ ਲਾਇਆ ॥੧॥ (210-17)
गुरि चाकर लै लाइआ ॥१॥

ਮਾਰੇ ਪੰਚ ਬਿਖਾਦੀਆ ॥ (210-17)
मारे पंच बिखादीआ ॥

ਗੁਰ ਕਿਰਪਾ ਤੇ ਦਲੁ ਸਾਧਿਆ ॥੨॥ (210-18)
गुर किरपा ते दलु साधिआ ॥२॥

ਬਖਸੀਸ ਵਜਹੁ ਮਿਲਿ ਏਕੁ ਨਾਮ ॥ (210-18)
बखसीस वजहु मिलि एकु नाम ॥

ਸੂਖ ਸਹਜ ਆਨੰਦ ਬਿਸ੍ਰਾਮ ॥੩॥ (210-18)
सूख सहज आनंद बिस्राम ॥३॥

ਪ੍ਰਭ ਕੇ ਚਾਕਰ ਸੇ ਭਲੇ ॥ (211-1)
प्रभ के चाकर से भले ॥

ਨਾਨਕ ਤਿਨ ਮੁਖ ਊਜਲੇ ॥੪॥੩॥੧੪੧॥ (211-1)
नानक तिन मुख ऊजले ॥४॥३॥१४१॥

ਗਉੜੀ ਮਹਲਾ ੫ ॥ (211-1)
गउड़ी महला ५ ॥

ਜੀਅਰੇ ਓਲ੍ਹਾ ਨਾਮ ਕਾ ॥ (211-1)
जीअरे ओल्हा नाम का ॥

ਅਵਰੁ ਜਿ ਕਰਨ ਕਰਾਵਨੋ ਤਿਨ ਮਹਿ ਭਉ ਹੈ ਜਾਮ ਕਾ ॥੧॥ ਰਹਾਉ ॥ (211-2)
अवरु जि करन करावनो तिन महि भउ है जाम का ॥१॥ रहाउ ॥

ਅਵਰ ਜਤਨਿ ਨਹੀ ਪਾਈਐ ॥ (211-2)
अवर जतनि नही पाईऐ ॥

ਵਡੈ ਭਾਗਿ ਹਰਿ ਧਿਆਈਐ ॥੧॥ (211-3)
वडै भागि हरि धिआईऐ ॥१॥

ਲਾਖ ਹਿਕਮਤੀ ਜਾਨੀਐ ॥ (211-3)
लाख हिकमती जानीऐ ॥

ਆਗੈ ਤਿਲੁ ਨਹੀ ਮਾਨੀਐ ॥੨॥ (211-3)
आगै तिलु नही मानीऐ ॥२॥

ਅਹੰਬੁਧਿ ਕਰਮ ਕਮਾਵਨੇ ॥ (211-3)
अहम्बुधि करम कमावने ॥

ਗ੍ਰਿਹ ਬਾਲੂ ਨੀਰਿ ਬਹਾਵਨੇ ॥੩॥ (211-4)
ग्रिह बालू नीरि बहावने ॥३॥

ਪ੍ਰਭੁ ਕ੍ਰਿਪਾਲੁ ਕਿਰਪਾ ਕਰੈ ॥ (211-4)
प्रभु क्रिपालु किरपा करै ॥

ਨਾਮੁ ਨਾਨਕ ਸਾਧੂ ਸੰਗਿ ਮਿਲੈ ॥੪॥੪॥੧੪੨॥ (211-4)
नामु नानक साधू संगि मिलै ॥४॥४॥१४२॥

ਗਉੜੀ ਮਹਲਾ ੫ ॥ (211-5)
गउड़ी महला ५ ॥

ਬਾਰਨੈ ਬਲਿਹਾਰਨੈ ਲਖ ਬਰੀਆ ॥ (211-5)
बारनै बलिहारनै लख बरीआ ॥

ਨਾਮੋ ਹੋ ਨਾਮੁ ਸਾਹਿਬ ਕੋ ਪ੍ਰਾਨ ਅਧਰੀਆ ॥੧॥ ਰਹਾਉ ॥ (211-5)
नामो हो नामु साहिब को प्रान अधरीआ ॥१॥ रहाउ ॥

ਕਰਨ ਕਰਾਵਨ ਤੁਹੀ ਏਕ ॥ (211-6)
करन करावन तुही एक ॥

ਜੀਅ ਜੰਤ ਕੀ ਤੁਹੀ ਟੇਕ ॥੧॥ (211-6)
जीअ जंत की तुही टेक ॥१॥

ਰਾਜ ਜੋਬਨ ਪ੍ਰਭ ਤੂੰ ਧਨੀ ॥ (211-6)
राज जोबन प्रभ तूं धनी ॥

ਤੂੰ ਨਿਰਗੁਨ ਤੂੰ ਸਰਗੁਨੀ ॥੨॥ (211-7)
तूं निरगुन तूं सरगुनी ॥२॥

ਈਹਾ ਊਹਾ ਤੁਮ ਰਖੇ ॥ (211-7)
ईहा ऊहा तुम रखे ॥

ਗੁਰ ਕਿਰਪਾ ਤੇ ਕੋ ਲਖੇ ॥੩॥ (211-7)
गुर किरपा ते को लखे ॥३॥

ਅੰਤਰਜਾਮੀ ਪ੍ਰਭ ਸੁਜਾਨੁ ॥ (211-7)
अंतरजामी प्रभ सुजानु ॥

ਨਾਨਕ ਤਕੀਆ ਤੁਹੀ ਤਾਣੁ ॥੪॥੫॥੧੪੩॥ (211-8)
नानक तकीआ तुही ताणु ॥४॥५॥१४३॥

ਗਉੜੀ ਮਹਲਾ ੫ ॥ (211-8)
गउड़ी महला ५ ॥

ਹਰਿ ਹਰਿ ਹਰਿ ਆਰਾਧੀਐ ॥ (211-8)
हरि हरि हरि आराधीऐ ॥

ਸੰਤਸੰਗਿ ਹਰਿ ਮਨਿ ਵਸੈ ਭਰਮੁ ਮੋਹੁ ਭਉ ਸਾਧੀਐ ॥੧॥ ਰਹਾਉ ॥ (211-9)
संतसंगि हरि मनि वसै भरमु मोहु भउ साधीऐ ॥१॥ रहाउ ॥

ਬੇਦ ਪੁਰਾਣ ਸਿਮ੍ਰਿਤਿ ਭਨੇ ॥ (211-9)
बेद पुराण सिम्रिति भने ॥

ਸਭ ਊਚ ਬਿਰਾਜਿਤ ਜਨ ਸੁਨੇ ॥੧॥ (211-9)
सभ ऊच बिराजित जन सुने ॥१॥

ਸਗਲ ਅਸਥਾਨ ਭੈ ਭੀਤ ਚੀਨ ॥ (211-10)
सगल असथान भै भीत चीन ॥

ਰਾਮ ਸੇਵਕ ਭੈ ਰਹਤ ਕੀਨ ॥੨॥ (211-10)
राम सेवक भै रहत कीन ॥२॥

ਲਖ ਚਉਰਾਸੀਹ ਜੋਨਿ ਫਿਰਹਿ ॥ (211-10)
लख चउरासीह जोनि फिरहि ॥

ਗੋਬਿੰਦ ਲੋਕ ਨਹੀ ਜਨਮਿ ਮਰਹਿ ॥੩॥ (211-11)
गोबिंद लोक नही जनमि मरहि ॥३॥

ਬਲ ਬੁਧਿ ਸਿਆਨਪ ਹਉਮੈ ਰਹੀ ॥ (211-11)
बल बुधि सिआनप हउमै रही ॥

ਹਰਿ ਸਾਧ ਸਰਣਿ ਨਾਨਕ ਗਹੀ ॥੪॥੬॥੧੪੪॥ (211-11)
हरि साध सरणि नानक गही ॥४॥६॥१४४॥

ਗਉੜੀ ਮਹਲਾ ੫ ॥ (211-12)
गउड़ी महला ५ ॥

ਮਨ ਰਾਮ ਨਾਮ ਗੁਨ ਗਾਈਐ ॥ (211-12)
मन राम नाम गुन गाईऐ ॥

ਨੀਤ ਨੀਤ ਹਰਿ ਸੇਵੀਐ ਸਾਸਿ ਸਾਸਿ ਹਰਿ ਧਿਆਈਐ ॥੧॥ ਰਹਾਉ ॥ (211-12)
नीत नीत हरि सेवीऐ सासि सासि हरि धिआईऐ ॥१॥ रहाउ ॥

ਸੰਤਸੰਗਿ ਹਰਿ ਮਨਿ ਵਸੈ ॥ (211-13)
संतसंगि हरि मनि वसै ॥

ਦੁਖੁ ਦਰਦੁ ਅਨੇਰਾ ਭ੍ਰਮੁ ਨਸੈ ॥੧॥ (211-13)
दुखु दरदु अनेरा भ्रमु नसै ॥१॥

ਸੰਤ ਪ੍ਰਸਾਦਿ ਹਰਿ ਜਾਪੀਐ ॥ (211-14)
संत प्रसादि हरि जापीऐ ॥

ਸੋ ਜਨੁ ਦੂਖਿ ਨ ਵਿਆਪੀਐ ॥੨॥ (211-14)
सो जनु दूखि न विआपीऐ ॥२॥

ਜਾ ਕਉ ਗੁਰੁ ਹਰਿ ਮੰਤ੍ਰੁ ਦੇ ॥ (211-14)
जा कउ गुरु हरि मंत्रु दे ॥

ਸੋ ਉਬਰਿਆ ਮਾਇਆ ਅਗਨਿ ਤੇ ॥੩॥ (211-14)
सो उबरिआ माइआ अगनि ते ॥३॥

ਨਾਨਕ ਕਉ ਪ੍ਰਭ ਮਇਆ ਕਰਿ ॥ (211-15)
नानक कउ प्रभ मइआ करि ॥

ਮੇਰੈ ਮਨਿ ਤਨਿ ਵਾਸੈ ਨਾਮੁ ਹਰਿ ॥੪॥੭॥੧੪੫॥ (211-15)
मेरै मनि तनि वासै नामु हरि ॥४॥७॥१४५॥

ਗਉੜੀ ਮਹਲਾ ੫ ॥ (211-16)
गउड़ी महला ५ ॥

ਰਸਨਾ ਜਪੀਐ ਏਕੁ ਨਾਮ ॥ (211-16)
रसना जपीऐ एकु नाम ॥

ਈਹਾ ਸੁਖੁ ਆਨੰਦੁ ਘਨਾ ਆਗੈ ਜੀਅ ਕੈ ਸੰਗਿ ਕਾਮ ॥੧॥ ਰਹਾਉ ॥ (211-16)
ईहा सुखु आनंदु घना आगै जीअ कै संगि काम ॥१॥ रहाउ ॥

ਕਟੀਐ ਤੇਰਾ ਅਹੰ ਰੋਗੁ ॥ (211-17)
कटीऐ तेरा अहं रोगु ॥

ਤੂੰ ਗੁਰ ਪ੍ਰਸਾਦਿ ਕਰਿ ਰਾਜ ਜੋਗੁ ॥੧॥ (211-17)
तूं गुर प्रसादि करि राज जोगु ॥१॥

ਹਰਿ ਰਸੁ ਜਿਨਿ ਜਨਿ ਚਾਖਿਆ ॥ (211-17)
हरि रसु जिनि जनि चाखिआ ॥

ਤਾ ਕੀ ਤ੍ਰਿਸਨਾ ਲਾਥੀਆ ॥੨॥ (211-18)
ता की त्रिसना लाथीआ ॥२॥

ਹਰਿ ਬਿਸ੍ਰਾਮ ਨਿਧਿ ਪਾਇਆ ॥ (211-18)
हरि बिस्राम निधि पाइआ ॥

ਸੋ ਬਹੁਰਿ ਨ ਕਤ ਹੀ ਧਾਇਆ ॥੩॥ (211-18)
सो बहुरि न कत ही धाइआ ॥३॥

ਹਰਿ ਹਰਿ ਨਾਮੁ ਜਾ ਕਉ ਗੁਰਿ ਦੀਆ ॥ (211-19)
हरि हरि नामु जा कउ गुरि दीआ ॥

ਨਾਨਕ ਤਾ ਕਾ ਭਉ ਗਇਆ ॥੪॥੮॥੧੪੬॥ (211-19)
नानक ता का भउ गइआ ॥४॥८॥१४६॥

ਗਉੜੀ਼ ਮਹਲਾ ੫ ॥ (212-1)
गउड़ी़ महला ५ ॥

ਜਾ ਕਉ ਬਿਸਰੈ ਰਾਮ ਨਾਮ ਤਾਹੂ ਕਉ ਪੀਰ ॥ (212-1)
जा कउ बिसरै राम नाम ताहू कउ पीर ॥

ਸਾਧਸੰਗਤਿ ਮਿਲਿ ਹਰਿ ਰਵਹਿ ਸੇ ਗੁਣੀ ਗਹੀਰ ॥੧॥ ਰਹਾਉ ॥ (212-1)
साधसंगति मिलि हरि रवहि से गुणी गहीर ॥१॥ रहाउ ॥

ਜਾ ਕਉ ਗੁਰਮੁਖਿ ਰਿਦੈ ਬੁਧਿ ॥ (212-2)
जा कउ गुरमुखि रिदै बुधि ॥

ਤਾ ਕੈ ਕਰ ਤਲ ਨਵ ਨਿਧਿ ਸਿਧਿ ॥੧॥ (212-2)
ता कै कर तल नव निधि सिधि ॥१॥

ਜੋ ਜਾਨਹਿ ਹਰਿ ਪ੍ਰਭ ਧਨੀ ॥ (212-2)
जो जानहि हरि प्रभ धनी ॥

ਕਿਛੁ ਨਾਹੀ ਤਾ ਕੈ ਕਮੀ ॥੨॥ (212-3)
किछु नाही ता कै कमी ॥२॥

ਕਰਣੈਹਾਰੁ ਪਛਾਨਿਆ ॥ (212-3)
करणैहारु पछानिआ ॥

ਸਰਬ ਸੂਖ ਰੰਗ ਮਾਣਿਆ ॥੩॥ (212-3)
सरब सूख रंग माणिआ ॥३॥

ਹਰਿ ਧਨੁ ਜਾ ਕੈ ਗ੍ਰਿਹਿ ਵਸੈ ॥ (212-3)
हरि धनु जा कै ग्रिहि वसै ॥

ਕਹੁ ਨਾਨਕ ਤਿਨ ਸੰਗਿ ਦੁਖੁ ਨਸੈ ॥੪॥੯॥੧੪੭॥ (212-4)
कहु नानक तिन संगि दुखु नसै ॥४॥९॥१४७॥

ਗਉੜੀ ਮਹਲਾ ੫ ॥ (212-4)
गउड़ी महला ५ ॥

ਗਰਬੁ ਬਡੋ ਮੂਲੁ ਇਤਨੋ ॥ (212-4)
गरबु बडो मूलु इतनो ॥

ਰਹਨੁ ਨਹੀ ਗਹੁ ਕਿਤਨੋ ॥੧॥ ਰਹਾਉ ॥ (212-5)
रहनु नही गहु कितनो ॥१॥ रहाउ ॥

ਬੇਬਰਜਤ ਬੇਦ ਸੰਤਨਾ ਉਆਹੂ ਸਿਉ ਰੇ ਹਿਤਨੋ ॥ (212-5)
बेबरजत बेद संतना उआहू सिउ रे हितनो ॥

ਹਾਰ ਜੂਆਰ ਜੂਆ ਬਿਧੇ ਇੰਦ੍ਰੀ ਵਸਿ ਲੈ ਜਿਤਨੋ ॥੧॥ (212-5)
हार जूआर जूआ बिधे इंद्री वसि लै जितनो ॥१॥

ਹਰਨ ਭਰਨ ਸੰਪੂਰਨਾ ਚਰਨ ਕਮਲ ਰੰਗਿ ਰਿਤਨੋ ॥ (212-6)
हरन भरन सपूरना चरन कमल रंगि रितनो ॥

ਨਾਨਕ ਉਧਰੇ ਸਾਧਸੰਗਿ ਕਿਰਪਾ ਨਿਧਿ ਮੈ ਦਿਤਨੋ ॥੨॥੧੦॥੧੪੮॥ (212-6)
नानक उधरे साधसंगि किरपा निधि मै दितनो ॥२॥१०॥१४८॥

ਗਉੜੀ਼ ਮਹਲਾ ੫ ॥ (212-7)
गउड़ी़ महला ५ ॥

ਮੋਹਿ ਦਾਸਰੋ ਠਾਕੁਰ ਕੋ ॥ (212-7)
मोहि दासरो ठाकुर को ॥

ਧਾਨੁ ਪ੍ਰਭ ਕਾ ਖਾਨਾ ॥੧॥ ਰਹਾਉ ॥ (212-8)
धानु प्रभ का खाना ॥१॥ रहाउ ॥

ਐਸੋ ਹੈ ਰੇ ਖਸਮੁ ਹਮਾਰਾ ॥ (212-8)
ऐसो है रे खसमु हमारा ॥

ਖਿਨ ਮਹਿ ਸਾਜਿ ਸਵਾਰਣਹਾਰਾ ॥੧॥ (212-8)
खिन महि साजि सवारणहारा ॥१॥

ਕਾਮੁ ਕਰੀ ਜੇ ਠਾਕੁਰ ਭਾਵਾ ॥ (212-8)
कामु करी जे ठाकुर भावा ॥

ਗੀਤ ਚਰਿਤ ਪ੍ਰਭ ਕੇ ਗੁਨ ਗਾਵਾ ॥੨॥ (212-9)
गीत चरित प्रभ के गुन गावा ॥२॥

ਸਰਣਿ ਪਰਿਓ ਠਾਕੁਰ ਵਜੀਰਾ ॥ (212-9)
सरणि परिओ ठाकुर वजीरा ॥

ਤਿਨਾ ਦੇਖਿ ਮੇਰਾ ਮਨੁ ਧੀਰਾ ॥੩॥ (212-9)
तिना देखि मेरा मनु धीरा ॥३॥

ਏਕ ਟੇਕ ਏਕੋ ਆਧਾਰਾ ॥ (212-10)
एक टेक एको आधारा ॥

ਜਨ ਨਾਨਕ ਹਰਿ ਕੀ ਲਾਗਾ ਕਾਰਾ ॥੪॥੧੧॥੧੪੯॥ (212-10)
जन नानक हरि की लागा कारा ॥४॥११॥१४९॥

ਗਉੜੀ ਮਹਲਾ ੫ ॥ (212-11)
गउड़ी महला ५ ॥

ਹੈ ਕੋਈ ਐਸਾ ਹਉਮੈ ਤੋਰੈ ॥ (212-11)
है कोई ऐसा हउमै तोरै ॥

ਇਸੁ ਮੀਠੀ ਤੇ ਇਹੁ ਮਨੁ ਹੋਰੈ ॥੧॥ ਰਹਾਉ ॥ (212-11)
इसु मीठी ते इहु मनु होरै ॥१॥ रहाउ ॥

ਅਗਿਆਨੀ ਮਾਨੁਖੁ ਭਇਆ ਜੋ ਨਾਹੀ ਸੋ ਲੋਰੈ ॥ (212-11)
अगिआनी मानुखु भइआ जो नाही सो लोरै ॥

ਰੈਣਿ ਅੰਧਾਰੀ ਕਾਰੀਆ ਕਵਨ ਜੁਗਤਿ ਜਿਤੁ ਭੋਰੈ ॥੧॥ (212-12)
रैणि अंधारी कारीआ कवन जुगति जितु भोरै ॥१॥

ਭ੍ਰਮਤੋ ਭ੍ਰਮਤੋ ਹਾਰਿਆ ਅਨਿਕ ਬਿਧੀ ਕਰਿ ਟੋਰੈ ॥ (212-12)
भ्रमतो भ्रमतो हारिआ अनिक बिधी करि टोरै ॥

ਕਹੁ ਨਾਨਕ ਕਿਰਪਾ ਭਈ ਸਾਧਸੰਗਤਿ ਨਿਧਿ ਮੋਰੈ ॥੨॥੧੨॥੧੫੦॥ (212-13)
कहु नानक किरपा भई साधसंगति निधि मोरै ॥२॥१२॥१५०॥

ਗਉੜੀ ਮਹਲਾ ੫ ॥ (212-14)
गउड़ी महला ५ ॥

ਚਿੰਤਾਮਣਿ ਕਰੁਣਾ ਮਏ ॥੧॥ ਰਹਾਉ ॥ (212-14)
चिंतामणि करुणा मए ॥१॥ रहाउ ॥

ਦੀਨ ਦਇਆਲਾ ਪਾਰਬ੍ਰਹਮ ॥ (212-14)
दीन दइआला पारब्रहम ॥

ਜਾ ਕੈ ਸਿਮਰਣਿ ਸੁਖ ਭਏ ॥੧॥ (212-14)
जा कै सिमरणि सुख भए ॥१॥

ਅਕਾਲ ਪੁਰਖ ਅਗਾਧਿ ਬੋਧ ॥ (212-15)
अकाल पुरख अगाधि बोध ॥

ਸੁਨਤ ਜਸੋ ਕੋਟਿ ਅਘ ਖਏ ॥੨॥ (212-15)
सुनत जसो कोटि अघ खए ॥२॥

ਕਿਰਪਾ ਨਿਧਿ ਪ੍ਰਭ ਮਇਆ ਧਾਰਿ ॥ (212-15)
किरपा निधि प्रभ मइआ धारि ॥

ਨਾਨਕ ਹਰਿ ਹਰਿ ਨਾਮ ਲਏ ॥੩॥੧੩॥੧੫੧॥ (212-16)
नानक हरि हरि नाम लए ॥३॥१३॥१५१॥

ਗਉੜੀ ਪੂਰਬੀ� ਮਹਲਾ ੫ ॥ (212-16)
गउड़ी पूरबी� महला ५ ॥

ਮੇਰੇ ਮਨ ਸਰਣਿ ਪ੍ਰਭੂ ਸੁਖ ਪਾਏ ॥ (212-17)
मेरे मन सरणि प्रभू सुख पाए ॥

ਜਾ ਦਿਨਿ ਬਿਸਰੈ ਪ੍ਰਾਨ ਸੁਖਦਾਤਾ ਸੋ ਦਿਨੁ ਜਾਤ ਅਜਾਏ ॥੧॥ ਰਹਾਉ ॥ (212-17)
जा दिनि बिसरै प्रान सुखदाता सो दिनु जात अजाए ॥१॥ रहाउ ॥

ਏਕ ਰੈਣ ਕੇ ਪਾਹੁਨ ਤੁਮ ਆਏ ਬਹੁ ਜੁਗ ਆਸ ਬਧਾਏ ॥ (212-18)
एक रैण के पाहुन तुम आए बहु जुग आस बधाए ॥

ਗ੍ਰਿਹ ਮੰਦਰ ਸੰਪੈ ਜੋ ਦੀਸੈ ਜਿਉ ਤਰਵਰ ਕੀ ਛਾਏ ॥੧॥ (212-18)
ग्रिह मंदर स्मपै जो दीसै जिउ तरवर की छाए ॥१॥

ਤਨੁ ਮੇਰਾ ਸੰਪੈ ਸਭ ਮੇਰੀ ਬਾਗ ਮਿਲਖ ਸਭ ਜਾਏ ॥ (212-19)
तनु मेरा स्मपै सभ मेरी बाग मिलख सभ जाए ॥

ਦੇਵਨਹਾਰਾ ਬਿਸਰਿਓ ਠਾਕੁਰੁ ਖਿਨ ਮਹਿ ਹੋਤ ਪਰਾਏ ॥੨॥ (212-19)
देवनहारा बिसरिओ ठाकुरु खिन महि होत पराए ॥२॥

ਪਹਿਰੈ ਬਾਗਾ ਕਰਿ ਇਸਨਾਨਾ ਚੋਆ ਚੰਦਨ ਲਾਏ ॥ (213-1)
पहिरै बागा करि इसनाना चोआ चंदन लाए ॥

ਨਿਰਭਉ ਨਿਰੰਕਾਰ ਨਹੀ ਚੀਨਿਆ ਜਿਉ ਹਸਤੀ ਨਾਵਾਏ ॥੩॥ (213-1)
निरभउ निरंकार नही चीनिआ जिउ हसती नावाए ॥३॥

ਜਉ ਹੋਇ ਕ੍ਰਿਪਾਲ ਤ ਸਤਿਗੁਰੁ ਮੇਲੈ ਸਭਿ ਸੁਖ ਹਰਿ ਕੇ ਨਾਏ ॥ (213-2)
जउ होइ क्रिपाल त सतिगुरु मेलै सभि सुख हरि के नाए ॥

ਮੁਕਤੁ ਭਇਆ ਬੰਧਨ ਗੁਰਿ ਖੋਲੇ ਜਨ ਨਾਨਕ ਹਰਿ ਗੁਣ ਗਾਏ ॥੪॥੧੪॥੧੫੨॥ (213-2)
मुकतु भइआ बंधन गुरि खोले जन नानक हरि गुण गाए ॥४॥१४॥१५२॥

ਗਉੜੀ ਪੂਰਬੀ ਮਹਲਾ ੫ ॥ (213-3)
गउड़ी पूरबी महला ५ ॥

ਮੇਰੇ ਮਨ ਗੁਰੁ ਗੁਰੁ ਗੁਰੁ ਸਦ ਕਰੀਐ ॥ (213-3)
मेरे मन गुरु गुरु गुरु सद करीऐ ॥

ਰਤਨ ਜਨਮੁ ਸਫਲੁ ਗੁਰਿ ਕੀਆ ਦਰਸਨ ਕਉ ਬਲਿਹਰੀਐ ॥੧॥ ਰਹਾਉ ॥ (213-4)
रतन जनमु सफलु गुरि कीआ दरसन कउ बलिहरीऐ ॥१॥ रहाउ ॥

ਜੇਤੇ ਸਾਸ ਗ੍ਰਾਸ ਮਨੁ ਲੇਤਾ ਤੇਤੇ ਹੀ ਗੁਨ ਗਾਈਐ ॥ (213-4)
जेते सास ग्रास मनु लेता तेते ही गुन गाईऐ ॥

ਜਉ ਹੋਇ ਦੈਆਲੁ ਸਤਿਗੁਰੁ ਅਪੁਨਾ ਤਾ ਇਹ ਮਤਿ ਬੁਧਿ ਪਾਈਐ ॥੧॥ (213-5)
जउ होइ दैआलु सतिगुरु अपुना ता इह मति बुधि पाईऐ ॥१॥

ਮੇਰੇ ਮਨ ਨਾਮਿ ਲਏ ਜਮ ਬੰਧ ਤੇ ਛੂਟਹਿ ਸਰਬ ਸੁਖਾ ਸੁਖ ਪਾਈਐ ॥ (213-6)
मेरे मन नामि लए जम बंध ते छूटहि सरब सुखा सुख पाईऐ ॥

ਸੇਵਿ ਸੁਆਮੀ ਸਤਿਗੁਰੁ ਦਾਤਾ ਮਨ ਬੰਛਤ ਫਲ ਆਈਐ ॥੨॥ (213-6)
सेवि सुआमी सतिगुरु दाता मन बंछत फल आईऐ ॥२॥

ਨਾਮੁ ਇਸਟੁ ਮੀਤ ਸੁਤ ਕਰਤਾ ਮਨ ਸੰਗਿ ਤੁਹਾਰੈ ਚਾਲੈ ॥ (213-7)
नामु इसटु मीत सुत करता मन संगि तुहारै चालै ॥

ਕਰਿ ਸੇਵਾ ਸਤਿਗੁਰ ਅਪੁਨੇ ਕੀ ਗੁਰ ਤੇ ਪਾਈਐ ਪਾਲੈ ॥੩॥ (213-7)
करि सेवा सतिगुर अपुने की गुर ते पाईऐ पालै ॥३॥

ਗੁਰਿ ਕਿਰਪਾਲਿ ਕ੍ਰਿਪਾ ਪ੍ਰਭਿ ਧਾਰੀ ਬਿਨਸੇ ਸਰਬ ਅੰਦੇਸਾ ॥ (213-8)
गुरि किरपालि क्रिपा प्रभि धारी बिनसे सरब अंदेसा ॥

ਨਾਨਕ ਸੁਖੁ ਪਾਇਆ ਹਰਿ ਕੀਰਤਨਿ ਮਿਟਿਓ ਸਗਲ ਕਲੇਸਾ ॥੪॥੧੫॥੧੫੩॥ (213-8)
नानक सुखु पाइआ हरि कीरतनि मिटिओ सगल कलेसा ॥४॥१५॥१५३॥

ਰਾਗੁ ਗਉੜੀ ਮਹਲਾ ੫ (213-10)
रागु गउड़ी महला ५

ੴ ਸਤਿਗੁਰ ਪ੍ਰਸਾਦਿ ॥ (213-10)
ੴ सतिगुर प्रसादि ॥

ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥੧॥ ਰਹਾਉ ॥ (213-11)
त्रिसना बिरले ही की बुझी हे ॥१॥ रहाउ ॥

ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥ (213-11)
कोटि जोरे लाख क्रोरे मनु न होरे ॥

ਪਰੈ ਪਰੈ ਹੀ ਕਉ ਲੁਝੀ ਹੇ ॥੧॥ (213-11)
परै परै ही कउ लुझी हे ॥१॥

ਸੁੰਦਰ ਨਾਰੀ ਅਨਿਕ ਪਰਕਾਰੀ ਪਰ ਗ੍ਰਿਹ ਬਿਕਾਰੀ ॥ (213-12)
सुंदर नारी अनिक परकारी पर ग्रिह बिकारी ॥

ਬੁਰਾ ਭਲਾ ਨਹੀ ਸੁਝੀ ਹੇ ॥੨॥ (213-12)
बुरा भला नही सुझी हे ॥२॥

ਅਨਿਕ ਬੰਧਨ ਮਾਇਆ ਭਰਮਤੁ ਭਰਮਾਇਆ ਗੁਣ ਨਿਧਿ ਨਹੀ ਗਾਇਆ ॥ (213-12)
अनिक बंधन माइआ भरमतु भरमाइआ गुण निधि नही गाइआ ॥

ਮਨ ਬਿਖੈ ਹੀ ਮਹਿ ਲੁਝੀ ਹੇ ॥੩॥ (213-13)
मन बिखै ही महि लुझी हे ॥३॥

ਜਾ ਕਉ ਰੇ ਕਿਰਪਾ ਕਰੈ ਜੀਵਤ ਸੋਈ ਮਰੈ ਸਾਧਸੰਗਿ ਮਾਇਆ ਤਰੈ ॥ (213-13)
जा कउ रे किरपा करै जीवत सोई मरै साधसंगि माइआ तरै ॥

ਨਾਨਕ ਸੋ ਜਨੁ ਦਰਿ ਹਰਿ ਸਿਝੀ ਹੇ ॥੪॥੧॥੧੫੪॥ (213-14)
नानक सो जनु दरि हरि सिझी हे ॥४॥१॥१५४॥

ਗਉੜੀ ਮਹਲਾ ੫ ॥ (213-15)
गउड़ी महला ५ ॥

ਸਭਹੂ ਕੋ ਰਸੁ ਹਰਿ ਹੋ ॥੧॥ ਰਹਾਉ ॥ (213-15)
सभहू को रसु हरि हो ॥१॥ रहाउ ॥

ਕਾਹੂ ਜੋਗ ਕਾਹੂ ਭੋਗ ਕਾਹੂ ਗਿਆਨ ਕਾਹੂ ਧਿਆਨ ॥ (213-15)
काहू जोग काहू भोग काहू गिआन काहू धिआन ॥

ਕਾਹੂ ਹੋ ਡੰਡ ਧਰਿ ਹੋ ॥੧॥ (213-16)
काहू हो डंड धरि हो ॥१॥

ਕਾਹੂ ਜਾਪ ਕਾਹੂ ਤਾਪ ਕਾਹੂ ਪੂਜਾ ਹੋਮ ਨੇਮ ॥ (213-16)
काहू जाप काहू ताप काहू पूजा होम नेम ॥

ਕਾਹੂ ਹੋ ਗਉਨੁ ਕਰਿ ਹੋ ॥੨॥ (213-16)
काहू हो गउनु करि हो ॥२॥

ਕਾਹੂ ਤੀਰ ਕਾਹੂ ਨੀਰ ਕਾਹੂ ਬੇਦ ਬੀਚਾਰ ॥ (213-17)
काहू तीर काहू नीर काहू बेद बीचार ॥

ਨਾਨਕਾ ਭਗਤਿ ਪ੍ਰਿਅ ਹੋ ॥੩॥੨॥੧੫੫॥ (213-17)
नानका भगति प्रिअ हो ॥३॥२॥१५५॥

ਗਉੜੀ ਮਹਲਾ ੫ ॥ (213-17)
गउड़ी महला ५ ॥

ਗੁਨ ਕੀਰਤਿ ਨਿਧਿ ਮੋਰੀ ॥੧॥ ਰਹਾਉ ॥ (213-18)
गुन कीरति निधि मोरी ॥१॥ रहाउ ॥

ਤੁੰਹੀ ਰਸ ਤੁੰਹੀ ਜਸ ਤੁੰਹੀ ਰੂਪ ਤੁਹੀ ਰੰਗ ॥ (213-18)
तूंही रस तूंही जस तूंही रूप तूही रंग ॥

ਆਸ ਓਟ ਪ੍ਰਭ ਤੋਰੀ ॥੧॥ (213-18)
आस ओट प्रभ तोरी ॥१॥

ਤੂਹੀ ਮਾਨ ਤੂੰਹੀ ਧਾਨ ਤੂਹੀ ਪਤਿ ਤੂਹੀ ਪ੍ਰਾਨ ॥ (213-19)
तूही मान तूंही धान तूही पति तूही प्रान ॥

ਗੁਰਿ ਤੂਟੀ ਲੈ ਜੋਰੀ ॥੨॥ (213-19)
गुरि तूटी लै जोरी ॥२॥

ਤੂਹੀ ਗ੍ਰਿਹਿ ਤੂਹੀ ਬਨਿ ਤੂਹੀ ਗਾਉ ਤੂਹੀ ਸੁਨਿ ॥ (213-19)
तूही ग्रिहि तूही बनि तूही गाउ तूही सुनि ॥

ਹੈ ਨਾਨਕ ਨੇਰ ਨੇਰੀ ॥੩॥੩॥੧੫੬॥ (214-1)
है नानक नेर नेरी ॥३॥३॥१५६॥

ਗਉੜੀ ਮਹਲਾ ੫ ॥ (214-1)
गउड़ी महला ५ ॥

ਮਾਤੋ ਹਰਿ ਰੰਗਿ ਮਾਤੋ ॥੧॥ ਰਹਾਉ ॥ (214-1)
मातो हरि रंगि मातो ॥१॥ रहाउ ॥

ਓੁਹੀ ਪੀਓ ਓੁਹੀ ਖੀਓ ਗੁਰਹਿ ਦੀਓ ਦਾਨੁ ਕੀਓ ॥ (214-2)
ओुही पीओ ओुही खीओ गुरहि दीओ दानु कीओ ॥

ਉਆਹੂ ਸਿਉ ਮਨੁ ਰਾਤੋ ॥੧॥ (214-2)
उआहू सिउ मनु रातो ॥१॥

ਓੁਹੀ ਭਾਠੀ ਓੁਹੀ ਪੋਚਾ ਉਹੀ ਪਿਆਰੋ ਉਹੀ ਰੂਚਾ ॥ (214-2)
ओुही भाठी ओुही पोचा उही पिआरो उही रूचा ॥

ਮਨਿ ਓਹੋ ਸੁਖੁ ਜਾਤੋ ॥੨॥ (214-3)
मनि ओहो सुखु जातो ॥२॥

ਸਹਜ ਕੇਲ ਅਨਦ ਖੇਲ ਰਹੇ ਫੇਰ ਭਏ ਮੇਲ ॥ (214-3)
सहज केल अनद खेल रहे फेर भए मेल ॥

ਨਾਨਕ ਗੁਰ ਸਬਦਿ ਪਰਾਤੋ ॥੩॥੪॥੧੫੭॥ (214-4)
नानक गुर सबदि परातो ॥३॥४॥१५७॥

ਰਾਗੁ ਗੌੜੀ ਮਾਲਵਾ ਮਹਲਾ ੫ (214-5)
रागु गौड़ी मालवा महला ५

ੴ ਸਤਿਗੁਰ ਪ੍ਰਸਾਦਿ ॥ (214-5)
ੴ सतिगुर प्रसादि ॥

ਹਰਿ ਨਾਮੁ ਲੇਹੁ ਮੀਤਾ ਲੇਹੁ ਆਗੈ ਬਿਖਮ ਪੰਥੁ ਭੈਆਨ ॥੧॥ ਰਹਾਉ ॥ (214-6)
हरि नामु लेहु मीता लेहु आगै बिखम पंथु भैआन ॥१॥ रहाउ ॥

ਸੇਵਤ ਸੇਵਤ ਸਦਾ ਸੇਵਿ ਤੇਰੈ ਸੰਗਿ ਬਸਤੁ ਹੈ ਕਾਲੁ ॥ (214-7)
सेवत सेवत सदा सेवि तेरै संगि बसतु है कालु ॥

ਕਰਿ ਸੇਵਾ ਤੂੰ ਸਾਧ ਕੀ ਹੋ ਕਾਟੀਐ ਜਮ ਜਾਲੁ ॥੧॥ (214-7)
करि सेवा तूं साध की हो काटीऐ जम जालु ॥१॥

ਹੋਮ ਜਗ ਤੀਰਥ ਕੀਏ ਬਿਚਿ ਹਉਮੈ ਬਧੇ ਬਿਕਾਰ ॥ (214-8)
होम जग तीरथ कीए बिचि हउमै बधे बिकार ॥

ਨਰਕੁ ਸੁਰਗੁ ਦੁਇ ਭੁੰਚਨਾ ਹੋਇ ਬਹੁਰਿ ਬਹੁਰਿ ਅਵਤਾਰ ॥੨॥ (214-8)
नरकु सुरगु दुइ भुंचना होइ बहुरि बहुरि अवतार ॥२॥

ਸਿਵ ਪੁਰੀ ਬ੍ਰਹਮ ਇੰਦ੍ਰ ਪੁਰੀ ਨਿਹਚਲੁ ਕੋ ਥਾਉ ਨਾਹਿ ॥ (214-9)
सिव पुरी ब्रहम इंद्र पुरी निहचलु को थाउ नाहि ॥

ਬਿਨੁ ਹਰਿ ਸੇਵਾ ਸੁਖੁ ਨਹੀ ਹੋ ਸਾਕਤ ਆਵਹਿ ਜਾਹਿ ॥੩॥ (214-9)
बिनु हरि सेवा सुखु नही हो साकत आवहि जाहि ॥३॥

ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ ॥ (214-10)
जैसो गुरि उपदेसिआ मै तैसो कहिआ पुकारि ॥

ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ ॥੪॥੧॥੧੫੮॥ (214-10)
नानकु कहै सुनि रे मना करि कीरतनु होइ उधारु ॥४॥१॥१५८॥

ਰਾਗੁ ਗਉੜੀ ਮਾਲਾ੍ ਮਹਲਾ ੫ (214-12)
रागु गउड़ी माला॒ महला ५

ੴ ਸਤਿਗੁਰ ਪ੍ਰਸਾਦਿ ॥ (214-12)
ੴ सतिगुर प्रसादि ॥

ਪਾਇਓ ਬਾਲ ਬੁਧਿ ਸੁਖੁ ਰੇ ॥ (214-13)
पाइओ बाल बुधि सुखु रे ॥

ਹਰਖ ਸੋਗ ਹਾਨਿ ਮਿਰਤੁ ਦੂਖ ਸੁਖ ਚਿਤਿ ਸਮਸਰਿ ਗੁਰ ਮਿਲੇ ॥੧॥ ਰਹਾਉ ॥ (214-13)
हरख सोग हानि मिरतु दूख सुख चिति समसरि गुर मिले ॥१॥ रहाउ ॥

ਜਉ ਲਉ ਹਉ ਕਿਛੁ ਸੋਚਉ ਚਿਤਵਉ ਤਉ ਲਉ ਦੁਖਨੁ ਭਰੇ ॥ (214-14)
जउ लउ हउ किछु सोचउ चितवउ तउ लउ दुखनु भरे ॥

ਜਉ ਕ੍ਰਿਪਾਲੁ ਗੁਰੁ ਪੂਰਾ ਭੇਟਿਆ ਤਉ ਆਨਦ ਸਹਜੇ ॥੧॥ (214-14)
जउ क्रिपालु गुरु पूरा भेटिआ तउ आनद सहजे ॥१॥

ਜੇਤੀ ਸਿਆਨਪ ਕਰਮ ਹਉ ਕੀਏ ਤੇਤੇ ਬੰਧ ਪਰੇ ॥ (214-15)
जेती सिआनप करम हउ कीए तेते बंध परे ॥

ਜਉ ਸਾਧੂ ਕਰੁ ਮਸਤਕਿ ਧਰਿਓ ਤਬ ਹਮ ਮੁਕਤ ਭਏ ॥੨॥ (214-15)
जउ साधू करु मसतकि धरिओ तब हम मुकत भए ॥२॥

ਜਉ ਲਉ ਮੇਰੋ ਮੇਰੋ ਕਰਤੋ ਤਉ ਲਉ ਬਿਖੁ ਘੇਰੇ ॥ (214-16)
जउ लउ मेरो मेरो करतो तउ लउ बिखु घेरे ॥

ਮਨੁ ਤਨੁ ਬੁਧਿ ਅਰਪੀ ਠਾਕੁਰ ਕਉ ਤਬ ਹਮ ਸਹਜਿ ਸੋਏ ॥੩॥ (214-16)
मनु तनु बुधि अरपी ठाकुर कउ तब हम सहजि सोए ॥३॥

ਜਉ ਲਉ ਪੋਟ ਉਠਾਈ ਚਲਿਅਉ ਤਉ ਲਉ ਡਾਨ ਭਰੇ ॥ (214-17)
जउ लउ पोट उठाई चलिअउ तउ लउ डान भरे ॥

ਪੋਟ ਡਾਰਿ ਗੁਰੁ ਪੂਰਾ ਮਿਲਿਆ ਤਉ ਨਾਨਕ ਨਿਰਭਏ ॥੪॥੧॥੧੫੯॥ (214-17)
पोट डारि गुरु पूरा मिलिआ तउ नानक निरभए ॥४॥१॥१५९॥

ਗਉੜੀ ਮਾਲਾ ਮਹਲਾ ੫ ॥ (214-18)
गउड़ी माला महला ५ ॥

ਭਾਵਨੁ ਤਿਆਗਿਓ ਰੀ ਤਿਆਗਿਓ ॥ (214-18)
भावनु तिआगिओ री तिआगिओ ॥

ਤਿਆਗਿਓ ਮੈ ਗੁਰ ਮਿਲਿ ਤਿਆਗਿਓ ॥ (214-19)
तिआगिओ मै गुर मिलि तिआगिओ ॥

ਸਰਬ ਸੁਖ ਆਨੰਦ ਮੰਗਲ ਰਸ ਮਾਨਿ ਗੋਬਿੰਦੈ ਆਗਿਓ ॥੧॥ ਰਹਾਉ ॥ (214-19)
सरब सुख आनंद मंगल रस मानि गोबिंदै आगिओ ॥१॥ रहाउ ॥

ਮਾਨੁ ਅਭਿਮਾਨੁ ਦੋਊ ਸਮਾਨੇ ਮਸਤਕੁ ਡਾਰਿ ਗੁਰ ਪਾਗਿਓ ॥ (215-1)
मानु अभिमानु दोऊ समाने मसतकु डारि गुर पागिओ ॥

ਸੰਪਤ ਹਰਖੁ ਨ ਆਪਤ ਦੂਖਾ ਰੰਗੁ ਠਾਕੁਰੈ ਲਾਗਿਓ ॥੧॥ (215-1)
स्मपत हरखु न आपत दूखा रंगु ठाकुरै लागिओ ॥१॥

ਬਾਸ ਬਾਸਰੀ ਏਕੈ ਸੁਆਮੀ ਉਦਿਆਨ ਦ੍ਰਿਸਟਾਗਿਓ ॥ (215-2)
बास बासरी एकै सुआमी उदिआन द्रिसटागिओ ॥

ਨਿਰਭਉ ਭਏ ਸੰਤ ਭ੍ਰਮੁ ਡਾਰਿਓ ਪੂਰਨ ਸਰਬਾਗਿਓ ॥੨॥ (215-2)
निरभउ भए संत भ्रमु डारिओ पूरन सरबागिओ ॥२॥

ਜੋ ਕਿਛੁ ਕਰਤੈ ਕਾਰਣੁ ਕੀਨੋ ਮਨਿ ਬੁਰੋ ਨ ਲਾਗਿਓ ॥ (215-3)
जो किछु करतै कारणु कीनो मनि बुरो न लागिओ ॥

ਸਾਧਸੰਗਤਿ ਪਰਸਾਦਿ ਸੰਤਨ ਕੈ ਸੋਇਓ ਮਨੁ ਜਾਗਿਓ ॥੩॥ (215-3)
साधसंगति परसादि संतन कै सोइओ मनु जागिओ ॥३॥

ਜਨ ਨਾਨਕ ਓੜਿ ਤੁਹਾਰੀ ਪਰਿਓ ਆਇਓ ਸਰਣਾਗਿਓ ॥ (215-4)
जन नानक ओड़ि तुहारी परिओ आइओ सरणागिओ ॥

ਨਾਮ ਰੰਗ ਸਹਜ ਰਸ ਮਾਣੇ ਫਿਰਿ ਦੂਖੁ ਨ ਲਾਗਿਓ ॥੪॥੨॥੧੬੦॥ (215-5)
नाम रंग सहज रस माणे फिरि दूखु न लागिओ ॥४॥२॥१६०॥

ਗਉੜੀ ਮਾਲਾ ਮਹਲਾ ੫ ॥ (215-5)
गउड़ी मा?ला महला ५ ॥

ਪਾਇਆ ਲਾਲੁ ਰਤਨੁ ਮਨਿ ਪਾਇਆ ॥ (215-5)
पाइआ लालु रतनु मनि पाइआ ॥

ਤਨੁ ਸੀਤਲੁ ਮਨੁ ਸੀਤਲੁ ਥੀਆ ਸਤਗੁਰ ਸਬਦਿ ਸਮਾਇਆ ॥੧॥ ਰਹਾਉ ॥ (215-6)
तनु सीतलु मनु सीतलु थीआ सतगुर सबदि समाइआ ॥१॥ रहाउ ॥

ਲਾਥੀ ਭੂਖ ਤ੍ਰਿਸਨ ਸਭ ਲਾਥੀ ਚਿੰਤਾ ਸਗਲ ਬਿਸਾਰੀ ॥ (215-7)
लाथी भूख त्रिसन सभ लाथी चिंता सगल बिसारी ॥

ਕਰੁ ਮਸਤਕਿ ਗੁਰਿ ਪੂਰੈ ਧਰਿਓ ਮਨੁ ਜੀਤੋ ਜਗੁ ਸਾਰੀ ॥੧॥ (215-7)
करु मसतकि गुरि पूरै धरिओ मनु जीतो जगु सारी ॥१॥

ਤ੍ਰਿਪਤਿ ਅਘਾਇ ਰਹੇ ਰਿਦ ਅੰਤਰਿ ਡੋਲਨ ਤੇ ਅਬ ਚੂਕੇ ॥ (215-8)
त्रिपति अघाइ रहे रिद अंतरि डोलन ते अब चूके ॥

ਅਖੁਟੁ ਖਜਾਨਾ ਸਤਿਗੁਰਿ ਦੀਆ ਤੋਟਿ ਨਹੀ ਰੇ ਮੂਕੇ ॥੨॥ (215-8)
अखुटु खजाना सतिगुरि दीआ तोटि नही रे मूके ॥२॥

ਅਚਰਜੁ ਏਕੁ ਸੁਨਹੁ ਰੇ ਭਾਈ ਗੁਰਿ ਐਸੀ ਬੂਝ ਬੁਝਾਈ ॥ (215-9)
अचरजु एकु सुनहु रे भाई गुरि ऐसी बूझ बुझाई ॥

ਲਾਹਿ ਪਰਦਾ ਠਾਕੁਰੁ ਜਉ ਭੇਟਿਓ ਤਉ ਬਿਸਰੀ ਤਾਤਿ ਪਰਾਈ ॥੩॥ (215-9)
लाहि परदा ठाकुरु जउ भेटिओ तउ बिसरी ताति पराई ॥३॥

ਕਹਿਓ ਨ ਜਾਈ ਏਹੁ ਅਚੰਭਉ ਸੋ ਜਾਨੈ ਜਿਨਿ ਚਾਖਿਆ ॥ (215-10)
कहिओ न जाई एहु अच्मभउ सो जानै जिनि चाखिआ ॥

ਕਹੁ ਨਾਨਕ ਸਚ ਭਏ ਬਿਗਾਸਾ ਗੁਰਿ ਨਿਧਾਨੁ ਰਿਦੈ ਲੈ ਰਾਖਿਆ ॥੪॥੩॥੧੬੧॥ (215-10)
कहु नानक सच भए बिगासा गुरि निधानु रिदै लै राखिआ ॥४॥३॥१६१॥

ਗਉੜੀ ਮਾਲਾ ਮਹਲਾ ੫ ॥ (215-11)
गउड़ी माला महला ५ ॥

ਉਬਰਤ ਰਾਜਾ ਰਾਮ ਕੀ ਸਰਣੀ ॥ (215-11)
उबरत राजा राम की सरणी ॥

ਸਰਬ ਲੋਕ ਮਾਇਆ ਕੇ ਮੰਡਲ ਗਿਰਿ ਗਿਰਿ ਪਰਤੇ ਧਰਣੀ ॥੧॥ ਰਹਾਉ ॥ (215-12)
सरब लोक माइआ के मंडल गिरि गिरि परते धरणी ॥१॥ रहाउ ॥

ਸਾਸਤ ਸਿੰਮ੍ਰਿਤਿ ਬੇਦ ਬੀਚਾਰੇ ਮਹਾ ਪੁਰਖਨ ਇਉ ਕਹਿਆ ॥ (215-12)
सासत सिंम्रिति बेद बीचारे महा पुरखन इउ कहिआ ॥

ਬਿਨੁ ਹਰਿ ਭਜਨ ਨਾਹੀ ਨਿਸਤਾਰਾ ਸੂਖੁ ਨ ਕਿਨਹੂੰ ਲਹਿਆ ॥੧॥ (215-13)
बिनु हरि भजन नाही निसतारा सूखु न किनहूं लहिआ ॥१॥

ਤੀਨਿ ਭਵਨ ਕੀ ਲਖਮੀ ਜੋਰੀ ਬੂਝਤ ਨਾਹੀ ਲਹਰੇ ॥ (215-14)
तीनि भवन की लखमी जोरी बूझत नाही लहरे ॥

ਬਿਨੁ ਹਰਿ ਭਗਤਿ ਕਹਾ ਥਿਤਿ ਪਾਵੈ ਫਿਰਤੋ ਪਹਰੇ ਪਹਰੇ ॥੨॥ (215-14)
बिनु हरि भगति कहा थिति पावै फिरतो पहरे पहरे ॥२॥

ਅਨਿਕ ਬਿਲਾਸ ਕਰਤ ਮਨ ਮੋਹਨ ਪੂਰਨ ਹੋਤ ਨ ਕਾਮਾ ॥ (215-15)
अनिक बिलास करत मन मोहन पूरन होत न कामा ॥

ਜਲਤੋ ਜਲਤੋ ਕਬਹੂ ਨ ਬੂਝਤ ਸਗਲ ਬ੍ਰਿਥੇ ਬਿਨੁ ਨਾਮਾ ॥੩॥ (215-15)
जलतो जलतो कबहू न बूझत सगल ब्रिथे बिनु नामा ॥३॥

ਹਰਿ ਕਾ ਨਾਮੁ ਜਪਹੁ ਮੇਰੇ ਮੀਤਾ ਇਹੈ ਸਾਰ ਸੁਖੁ ਪੂਰਾ ॥ (215-16)
हरि का नामु जपहु मेरे मीता इहै सार सुखु पूरा ॥

ਸਾਧਸੰਗਤਿ ਜਨਮ ਮਰਣੁ ਨਿਵਾਰੈ ਨਾਨਕ ਜਨ ਕੀ ਧੂਰਾ ॥੪॥੪॥੧੬੨॥ (215-16)
साधसंगति जनम मरणु निवारै नानक जन की धूरा ॥४॥४॥१६२॥

ਗਉੜੀ ਮਾਲਾ ਮਹਲਾ ੫ ॥ (215-17)
गउड़ी माला महला ५ ॥

ਮੋ ਕਉ ਇਹ ਬਿਧਿ ਕੋ ਸਮਝਾਵੈ ॥ (215-17)
मो कउ इह बिधि को समझावै ॥

ਕਰਤਾ ਹੋਇ ਜਨਾਵੈ ॥੧॥ ਰਹਾਉ ॥ (215-18)
करता होइ जनावै ॥१॥ रहाउ ॥

ਅਨਜਾਨਤ ਕਿਛੁ ਇਨਹਿ ਕਮਾਨੋ ਜਪ ਤਪ ਕਛੂ ਨ ਸਾਧਾ ॥ (215-18)
अनजानत किछु इनहि कमानो जप तप कछू न साधा ॥

ਦਹ ਦਿਸਿ ਲੈ ਇਹੁ ਮਨੁ ਦਉਰਾਇਓ ਕਵਨ ਕਰਮ ਕਰਿ ਬਾਧਾ ॥੧॥ (215-18)
दह दिसि लै इहु मनु दउराइओ कवन करम करि बाधा ॥१॥

ਮਨ ਤਨ ਧਨ ਭੂਮਿ ਕਾ ਠਾਕੁਰੁ ਹਉ ਇਸ ਕਾ ਇਹੁ ਮੇਰਾ ॥ (215-19)
मन तन धन भूमि का ठाकुरु हउ इस का इहु मेरा ॥

ਭਰਮ ਮੋਹ ਕਛੁ ਸੂਝਸਿ ਨਾਹੀ ਇਹ ਪੈਖਰ ਪਏ ਪੈਰਾ ॥੨॥ (216-1)
भरम मोह कछु सूझसि नाही इह पैखर पए पैरा ॥२॥

ਤਬ ਇਹੁ ਕਹਾ ਕਮਾਵਨ ਪਰਿਆ ਜਬ ਇਹੁ ਕਛੂ ਨ ਹੋਤਾ ॥ (216-1)
तब इहु कहा कमावन परिआ जब इहु कछू न होता ॥

ਜਬ ਏਕ ਨਿਰੰਜਨ ਨਿਰੰਕਾਰ ਪ੍ਰਭ ਸਭੁ ਕਿਛੁ ਆਪਹਿ ਕਰਤਾ ॥੩॥ (216-2)
जब एक निरंजन निरंकार प्रभ सभु किछु आपहि करता ॥३॥

ਅਪਨੇ ਕਰਤਬ ਆਪੇ ਜਾਨੈ ਜਿਨਿ ਇਹੁ ਰਚਨੁ ਰਚਾਇਆ ॥ (216-2)
अपने करतब आपे जानै जिनि इहु रचनु रचाइआ ॥

ਕਹੁ ਨਾਨਕ ਕਰਣਹਾਰੁ ਹੈ ਆਪੇ ਸਤਿਗੁਰਿ ਭਰਮੁ ਚੁਕਾਇਆ ॥੪॥੫॥੧੬੩॥ (216-3)
कहु नानक करणहारु है आपे सतिगुरि भरमु चुकाइआ ॥४॥५॥१६३॥

ਗਉੜੀ ਮਾਲਾ ਮਹਲਾ ੫ ॥ (216-4)
गउड़ी माला महला ५ ॥

ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥ (216-4)
हरि बिनु अवर क्रिआ बिरथे ॥

ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ ॥੧॥ ਰਹਾਉ ॥ (216-4)
जप तप संजम करम कमाणे इहि ओरै मूसे ॥१॥ रहाउ ॥

ਬਰਤ ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁ ਨ ਪਾਇਆ ॥ (216-5)
बरत नेम संजम महि रहता तिन का आढु न पाइआ ॥

ਆਗੈ ਚਲਣੁ ਅਉਰੁ ਹੈ ਭਾਈ ਊਂਹਾ ਕਾਮਿ ਨ ਆਇਆ ॥੧॥ (216-5)
आगै चलणु अउरु है भाई ऊंहा कामि न आइआ ॥१॥

ਤੀਰਥਿ ਨਾਇ ਅਰੁ ਧਰਨੀ ਭ੍ਰਮਤਾ ਆਗੈ ਠਉਰ ਨ ਪਾਵੈ ॥ (216-6)
तीरथि नाइ अरु धरनी भ्रमता आगै ठउर न पावै ॥

ਊਹਾ ਕਾਮਿ ਨ ਆਵੈ ਇਹ ਬਿਧਿ ਓਹੁ ਲੋਗਨ ਹੀ ਪਤੀਆਵੈ ॥੨॥ (216-7)
ऊहा कामि न आवै इह बिधि ओहु लोगन ही पतीआवै ॥२॥

ਚਤੁਰ ਬੇਦ ਮੁਖ ਬਚਨੀ ਉਚਰੈ ਆਗੈ ਮਹਲੁ ਨ ਪਾਈਐ ॥ (216-7)
चतुर बेद मुख बचनी उचरै आगै महलु न पाईऐ ॥

ਬੂਝੈ ਨਾਹੀ ਏਕੁ ਸੁਧਾਖਰੁ ਓਹੁ ਸਗਲੀ ਝਾਖ ਝਖਾਈਐ ॥੩॥ (216-8)
बूझै नाही एकु सुधाखरु ओहु सगली झाख झखाईऐ ॥३॥

ਨਾਨਕੁ ਕਹਤੋ ਇਹੁ ਬੀਚਾਰਾ ਜਿ ਕਮਾਵੈ ਸੁ ਪਾਰ ਗਰਾਮੀ ॥ (216-8)
नानकु कहतो इहु बीचारा जि कमावै सु पार गरामी ॥

ਗੁਰੁ ਸੇਵਹੁ ਅਰੁ ਨਾਮੁ ਧਿਆਵਹੁ ਤਿਆਗਹੁ ਮਨਹੁ ਗੁਮਾਨੀ ॥੪॥੬॥੧੬੪॥ (216-9)
गुरु सेवहु अरु नामु धिआवहु तिआगहु मनहु गुमानी ॥४॥६॥१६४॥

ਗਉੜੀ ਮਾਲਾ ੫ ॥ (216-10)
गउड़ी माला ५ ॥

ਮਾਧਉ ਹਰਿ ਹਰਿ ਹਰਿ ਮੁਖਿ ਕਹੀਐ ॥ (216-10)
माधउ हरि हरि हरि मुखि कहीऐ ॥

ਹਮ ਤੇ ਕਛੂ ਨ ਹੋਵੈ ਸੁਆਮੀ ਜਿਉ ਰਾਖਹੁ ਤਿਉ ਰਹੀਐ ॥੧॥ ਰਹਾਉ ॥ (216-10)
हम ते कछू न होवै सुआमी जिउ राखहु तिउ रहीऐ ॥१॥ रहाउ ॥

ਕਿਆ ਕਿਛੁ ਕਰੈ ਕਿ ਕਰਣੈਹਾਰਾ ਕਿਆ ਇਸੁ ਹਾਥਿ ਬਿਚਾਰੇ ॥ (216-11)
किआ किछु करै कि करणैहारा किआ इसु हाथि बिचारे ॥

ਜਿਤੁ ਤੁਮ ਲਾਵਹੁ ਤਿਤ ਹੀ ਲਾਗਾ ਪੂਰਨ ਖਸਮ ਹਮਾਰੇ ॥੧॥ (216-11)
जितु तुम लावहु तित ही लागा पूरन खसम हमारे ॥१॥

ਕਰਹੁ ਕ੍ਰਿਪਾ ਸਰਬ ਕੇ ਦਾਤੇ ਏਕ ਰੂਪ ਲਿਵ ਲਾਵਹੁ ॥ (216-12)
करहु क्रिपा सरब के दाते एक रूप लिव लावहु ॥

ਨਾਨਕ ਕੀ ਬੇਨੰਤੀ ਹਰਿ ਪਹਿ ਅਪੁਨਾ ਨਾਮੁ ਜਪਾਵਹੁ ॥੨॥੭॥੧੬੫॥ (216-13)
नानक की बेनंती हरि पहि अपुना नामु जपावहु ॥२॥७॥१६५॥

ਰਾਗੁ ਗਉੜੀ ਮਾ�ਝ ਮਹਲਾ ੫ (216-14)
रागु गउड़ी मा�झ महला ५

ੴ ਸਤਿਗੁਰ ਪ੍ਰਸਾਦਿ ॥ (216-14)
ੴ सतिगुर प्रसादि ॥

ਦੀਨ ਦਇਆਲ ਦਮੋਦਰ ਰਾਇਆ ਜੀਉ ॥ (216-15)
दीन दइआल दमोदर राइआ जीउ ॥

ਕੋਟਿ ਜਨਾ ਕਰਿ ਸੇਵ ਲਗਾਇਆ ਜੀਉ ॥ (216-15)
कोटि जना करि सेव लगाइआ जीउ ॥

ਭਗਤ ਵਛਲੁ ਤੇਰਾ ਬਿਰਦੁ ਰਖਾਇਆ ਜੀਉ ॥ (216-15)
भगत वछलु तेरा बिरदु रखाइआ जीउ ॥

ਪੂਰਨ ਸਭਨੀ ਜਾਈ ਜੀਉ ॥੧॥ (216-16)
पूरन सभनी जाई जीउ ॥१॥

ਕਿਉ ਪੇਖਾ ਪ੍ਰੀਤਮੁ ਕਵਣ ਸੁਕਰਣੀ ਜੀਉ ॥ (216-16)
किउ पेखा प्रीतमु कवण सुकरणी जीउ ॥

ਸੰਤਾ ਦਾਸੀ ਸੇਵਾ ਚਰਣੀ ਜੀਉ ॥ (216-16)
संता दासी सेवा चरणी जीउ ॥

ਇਹੁ ਜੀਉ ਵਤਾਈ ਬਲਿ ਬਲਿ ਜਾਈ ਜੀਉ ॥ (216-17)
इहु जीउ वताई बलि बलि जाई जीउ ॥

ਤਿਸੁ ਨਿਵਿ ਨਿਵਿ ਲਾਗਉ ਪਾਈ ਜੀਉ ॥੨॥ (216-17)
तिसु निवि निवि लागउ पाई जीउ ॥२॥

ਪੋਥੀ ਪੰਡਿਤ ਬੇਦ ਖੋਜੰਤਾ ਜੀਉ ॥ (216-18)
पोथी पंडित बेद खोजंता जीउ ॥

ਹੋਇ ਬੈਰਾਗੀ ਤੀਰਥਿ ਨਾਵੰਤਾ ਜੀਉ ॥ (216-18)
होइ बैरागी तीरथि नावंता जीउ ॥

ਗੀਤ ਨਾਦ ਕੀਰਤਨੁ ਗਾਵੰਤਾ ਜੀਉ ॥ (216-18)
गीत नाद कीरतनु गावंता जीउ ॥

ਹਰਿ ਨਿਰਭਉ ਨਾਮੁ ਧਿਆਈ ਜੀਉ ॥੩॥ (216-19)
हरि निरभउ नामु धिआई जीउ ॥३॥

ਭਏ ਕ੍ਰਿਪਾਲ ਸੁਆਮੀ ਮੇਰੇ ਜੀਉ ॥ (216-19)
भए क्रिपाल सुआमी मेरे जीउ ॥

ਪਤਿਤ ਪਵਿਤ ਲਗਿ ਗੁਰ ਕੇ ਪੈਰੇ ਜੀਉ ॥ (216-19)
पतित पवित लगि गुर के पैरे जीउ ॥

ਭ੍ਰਮੁ ਭਉ ਕਾਟਿ ਕੀਏ ਨਿਰਵੈਰੇ ਜੀਉ ॥ (217-1)
भ्रमु भउ काटि कीए निरवैरे जीउ ॥

ਗੁਰ ਮਨ ਕੀ ਆਸ ਪੂਰਾਈ ਜੀਉ ॥੪॥ (217-1)
गुर मन की आस पूराई जीउ ॥४॥

ਜਿਨਿ ਨਾਉ ਪਾਇਆ ਸੋ ਧਨਵੰਤਾ ਜੀਉ ॥ (217-1)
जिनि नाउ पाइआ सो धनवंता जीउ ॥

ਜਿਨਿ ਪ੍ਰਭੁ ਧਿਆਇਆ ਸੁ ਸੋਭਾਵੰਤਾ ਜੀਉ ॥ (217-2)
जिनि प्रभु धिआइआ सु सोभावंता जीउ ॥

ਜਿਸੁ ਸਾਧੂ ਸੰਗਤਿ ਤਿਸੁ ਸਭ ਸੁਕਰਣੀ ਜੀਉ ॥ (217-2)
जिसु साधू संगति तिसु सभ सुकरणी जीउ ॥

ਜਨ ਨਾਨਕ ਸਹਜਿ ਸਮਾਈ ਜੀਉ ॥੫॥੧॥੧੬੬॥ (217-3)
जन नानक सहजि समाई जीउ ॥५॥१॥१६६॥

ਗਉੜੀ ਮਹਲਾ ੫ ਮਾਝ ॥ (217-3)
गउड़ी महला ५ माझ ॥

ਆਉ ਹਮਾਰੈ ਰਾਮ ਪਿਆਰੇ ਜੀਉ ॥ (217-3)
आउ हमारै राम पिआरे जीउ ॥

ਰੈਣਿ ਦਿਨਸੁ ਸਾਸਿ ਸਾਸਿ ਚਿਤਾਰੇ ਜੀਉ ॥ (217-4)
रैणि दिनसु सासि सासि चितारे जीउ ॥

ਸੰਤ ਦੇਉ ਸੰਦੇਸਾ ਪੈ ਚਰਣਾਰੇ ਜੀਉ ॥ (217-4)
संत देउ संदेसा पै चरणारे जीउ ॥

ਤੁਧੁ ਬਿਨੁ ਕਿਤੁ ਬਿਧਿ ਤਰੀਐ ਜੀਉ ॥੧॥ (217-4)
तुधु बिनु कितु बिधि तरीऐ जीउ ॥१॥

ਸੰਗਿ ਤੁਮਾਰੈ ਮੈ ਕਰੇ ਅਨੰਦਾ ਜੀਉ ॥ (217-5)
संगि तुमारै मै करे अनंदा जीउ ॥

ਵਣਿ ਤਿਣਿ ਤ੍ਰਿਭਵਣਿ ਸੁਖ ਪਰਮਾਨੰਦਾ ਜੀਉ ॥ (217-5)
वणि तिणि त्रिभवणि सुख परमानंदा जीउ ॥

ਸੇਜ ਸੁਹਾਵੀ ਇਹੁ ਮਨੁ ਬਿਗਸੰਦਾ ਜੀਉ ॥ (217-6)
सेज सुहावी इहु मनु बिगसंदा जीउ ॥

ਪੇਖਿ ਦਰਸਨੁ ਇਹੁ ਸੁਖੁ ਲਹੀਐ ਜੀਉ ॥੨॥ (217-6)
पेखि दरसनु इहु सुखु लहीऐ जीउ ॥२॥

ਚਰਣ ਪਖਾਰਿ ਕਰੀ ਨਿਤ ਸੇਵਾ ਜੀਉ ॥ (217-7)
चरण पखारि करी नित सेवा जीउ ॥

ਪੂਜਾ ਅਰਚਾ ਬੰਦਨ ਦੇਵਾ ਜੀਉ ॥ (217-7)
पूजा अरचा बंदन देवा जीउ ॥

ਦਾਸਨਿ ਦਾਸੁ ਨਾਮੁ ਜਪਿ ਲੇਵਾ ਜੀਉ ॥ (217-7)
दासनि दासु नामु जपि लेवा जीउ ॥

ਬਿਨਉ ਠਾਕੁਰ ਪਹਿ ਕਹੀਐ ਜੀਉ ॥੩॥ (217-8)
बिनउ ठाकुर पहि कहीऐ जीउ ॥३॥

ਇਛ ਪੁੰਨੀ ਮੇਰੀ ਮਨੁ ਤਨੁ ਹਰਿਆ ਜੀਉ ॥ (217-8)
इछ पुंनी मेरी मनु तनु हरिआ जीउ ॥

ਦਰਸਨ ਪੇਖਤ ਸਭ ਦੁਖ ਪਰਹਰਿਆ ਜੀਉ ॥ (217-8)
दरसन पेखत सभ दुख परहरिआ जीउ ॥

ਹਰਿ ਹਰਿ ਨਾਮੁ ਜਪੇ ਜਪਿ ਤਰਿਆ ਜੀਉ ॥ (217-9)
हरि हरि नामु जपे जपि तरिआ जीउ ॥

ਇਹੁ ਅਜਰੁ ਨਾਨਕ ਸੁਖੁ ਸਹੀਐ ਜੀਉ ॥੪॥੨॥੧੬੭॥ (217-9)
इहु अजरु नानक सुखु सहीऐ जीउ ॥४॥२॥१६७॥

ਗਉੜੀ ਮਾਝ ਮਹਲਾ ੫ ॥ (217-10)
गउड़ी माझ महला ५ ॥

ਸੁਣਿ ਸੁਣਿ ਸਾਜਨ ਮਨ ਮਿਤ ਪਿਆਰੇ ਜੀਉ ॥ (217-10)
सुणि सुणि साजन मन मित पिआरे जीउ ॥

ਮਨੁ ਤਨੁ ਤੇਰਾ ਇਹੁ ਜੀਉ ਭਿ ਵਾਰੇ ਜੀਉ ॥ (217-10)
मनु तनु तेरा इहु जीउ भि वारे जीउ ॥

ਵਿਸਰੁ ਨਾਹੀ ਪ੍ਰਭ ਪ੍ਰਾਣ ਅਧਾਰੇ ਜੀਉ ॥ (217-11)
विसरु नाही प्रभ प्राण अधारे जीउ ॥

ਸਦਾ ਤੇਰੀ ਸਰਣਾਈ ਜੀਉ ॥੧॥ (217-11)
सदा तेरी सरणाई जीउ ॥१॥

ਜਿਸੁ ਮਿਲਿਐ ਮਨੁ ਜੀਵੈ ਭਾਈ ਜੀਉ ॥ (217-11)
जिसु मिलिऐ मनु जीवै भाई जीउ ॥

ਗੁਰ ਪਰਸਾਦੀ ਸੋ ਹਰਿ ਹਰਿ ਪਾਈ ਜੀਉ ॥ (217-12)
गुर परसादी सो हरि हरि पाई जीउ ॥

ਸਭ ਕਿਛੁ ਪ੍ਰਭ ਕਾ ਪ੍ਰਭ ਕੀਆ ਜਾਈ ਜੀਉ ॥ (217-12)
सभ किछु प्रभ का प्रभ कीआ जाई जीउ ॥

ਪ੍ਰਭ ਕਉ ਸਦ ਬਲਿ ਜਾਈ ਜੀਉ ॥੨॥ (217-13)
प्रभ कउ सद बलि जाई जीउ ॥२॥

ਏਹੁ ਨਿਧਾਨੁ ਜਪੈ ਵਡਭਾਗੀ ਜੀਉ ॥ (217-13)
एहु निधानु जपै वडभागी जीउ ॥

ਨਾਮ ਨਿਰੰਜਨ ਏਕ ਲਿਵ ਲਾਗੀ ਜੀਉ ॥ (217-13)
नाम निरंजन एक लिव लागी जीउ ॥

ਗੁਰੁ ਪੂਰਾ ਪਾਇਆ ਸਭੁ ਦੁਖੁ ਮਿਟਾਇਆ ਜੀਉ ॥ (217-14)
गुरु पूरा पाइआ सभु दुखु मिटाइआ जीउ ॥

ਆਠ ਪਹਰ ਗੁਣ ਗਾਇਆ ਜੀਉ ॥੩॥ (217-14)
आठ पहर गुण गाइआ जीउ ॥३॥

ਰਤਨ ਪਦਾਰਥ ਹਰਿ ਨਾਮੁ ਤੁਮਾਰਾ ਜੀਉ ॥ (217-15)
रतन पदारथ हरि नामु तुमारा जीउ ॥

ਤੂੰ ਸਚਾ ਸਾਹੁ ਭਗਤੁ ਵਣਜਾਰਾ ਜੀਉ ॥ (217-15)
तूं सचा साहु भगतु वणजारा जीउ ॥

ਹਰਿ ਧਨੁ ਰਾਸਿ ਸਚੁ ਵਾਪਾਰਾ ਜੀਉ ॥ (217-15)
हरि धनु रासि सचु वापारा जीउ ॥

ਜਨ ਨਾਨਕ ਸਦ ਬਲਿਹਾਰਾ ਜੀਉ ॥੪॥੩॥੧੬੮॥ (217-16)
जन नानक सद बलिहारा जीउ ॥४॥३॥१६८॥

ਰਾਗੁ ਗਉੜੀ ਮਾਝ੝ ਮਹਲਾ ੫ (217-17)
रागु गउड़ी माझ? महला ५

ੴ ਸਤਿਗੁਰ ਪ੍ਰਸਾਦਿ ॥ (217-17)
ੴ सतिगुर प्रसादि ॥

ਤੂੰ ਮੇਰਾ ਬਹੁ ਮਾਣੁ ਕਰਤੇ ਤੂੰ ਮੇਰਾ ਬਹੁ ਮਾਣੁ ॥ (217-18)
तूं मेरा बहु माणु करते तूं मेरा बहु माणु ॥

ਜੋਰਿ ਤੁਮਾਰੈ ਸੁਖਿ ਵਸਾ ਸਚੁ ਸਬਦੁ ਨੀਸਾਣੁ ॥੧॥ ਰਹਾਉ ॥ (217-18)
जोरि तुमारै सुखि वसा सचु सबदु नीसाणु ॥१॥ रहाउ ॥

ਸਭੇ ਗਲਾ ਜਾਤੀਆ ਸੁਣਿ ਕੈ ਚੁਪ ਕੀਆ ॥ (217-19)
सभे गला जातीआ सुणि कै चुप कीआ ॥

ਕਦ ਹੀ ਸੁਰਤਿ ਨ ਲਧੀਆ ਮਾਇਆ ਮੋਹੜਿਆ ॥੧॥ (217-19)
कद ही सुरति न लधीआ माइआ मोहड़िआ ॥१॥

ਦੇਇ ਬੁਝਾਰਤ ਸਾਰਤਾ ਸੇ ਅਖੀ ਡਿਠੜਿਆ ॥ (217-19)
देइ बुझारत सारता से अखी डिठड़िआ ॥

ਕੋਈ ਜਿ ਮੂਰਖੁ ਲੋਭੀਆ ਮੂਲਿ ਨ ਸੁਣੀ ਕਹਿਆ ॥੨॥ (218-1)
कोई जि मूरखु लोभीआ मूलि न सुणी कहिआ ॥२॥

ਇਕਸੁ ਦੁਹੁ ਚਹੁ ਕਿਆ ਗਣੀ ਸਭ ਇਕਤੁ ਸਾਦਿ ਮੁਠੀ ॥ (218-1)
इकसु दुहु चहु किआ गणी सभ इकतु सादि मुठी ॥

ਇਕੁ ਅਧੁ ਨਾਇ ਰਸੀਅੜਾ ਕਾ ਵਿਰਲੀ ਜਾਇ ਵੁਠੀ ॥੩॥ (218-2)
इकु अधु नाइ रसीअड़ा का विरली जाइ वुठी ॥३॥

ਭਗਤ ਸਚੇ ਦਰਿ ਸੋਹਦੇ ਅਨਦ ਕਰਹਿ ਦਿਨ ਰਾਤਿ ॥ (218-2)
भगत सचे दरि सोहदे अनद करहि दिन राति ॥

ਰੰਗਿ ਰਤੇ ਪਰਮੇਸਰੈ ਜਨ ਨਾਨਕ ਤਿਨ ਬਲਿ ਜਾਤ ॥੪॥੧॥੧੬੯॥ (218-3)
रंगि रते परमेसरै जन नानक तिन बलि जात ॥४॥१॥१६९॥

ਗਉੜੀ ਮਹਲਾ ੫ ਮਾਂਝ ॥ (218-4)
गउड़ी महला ५ मांझ ॥

ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ ॥ (218-4)
दुख भंजनु तेरा नामु जी दुख भंजनु तेरा नामु ॥

ਆਠ ਪਹਰ ਆਰਾਧੀਐ ਪੂਰਨ ਸਤਿਗੁਰ ਗਿਆਨੁ ॥੧॥ ਰਹਾਉ ॥ (218-4)
आठ पहर आराधीऐ पूरन सतिगुर गिआनु ॥१॥ रहाउ ॥

ਜਿਤੁ ਘਟਿ ਵਸੈ ਪਾਰਬ੍ਰਹਮੁ ਸੋਈ ਸੁਹਾਵਾ ਥਾਉ ॥ (218-5)
जितु घटि वसै पारब्रहमु सोई सुहावा थाउ ॥

ਜਮ ਕੰਕਰੁ ਨੇੜਿ ਨ ਆਵਈ ਰਸਨਾ ਹਰਿ ਗੁਣ ਗਾਉ ॥੧॥ (218-5)
जम कंकरु नेड़ि न आवई रसना हरि गुण गाउ ॥१॥

ਸੇਵਾ ਸੁਰਤਿ ਨ ਜਾਣੀਆ ਨਾ ਜਾਪੈ ਆਰਾਧਿ ॥ (218-6)
सेवा सुरति न जाणीआ ना जापै आराधि ॥

ਓਟ ਤੇਰੀ ਜਗਜੀਵਨਾ ਮੇਰੇ ਠਾਕੁਰ ਅਗਮ ਅਗਾਧਿ ॥੨॥ (218-6)
ओट तेरी जगजीवना मेरे ठाकुर अगम अगाधि ॥२॥

ਭਏ ਕ੍ਰਿਪਾਲ ਗੁਸਾਈਆ ਨਠੇ ਸੋਗ ਸੰਤਾਪ ॥ (218-7)
भए क्रिपाल गुसाईआ नठे सोग संताप ॥

ਤਤੀ ਵਾਉ ਨ ਲਗਈ ਸਤਿਗੁਰਿ ਰਖੇ ਆਪਿ ॥੩॥ (218-7)
तती वाउ न लगई सतिगुरि रखे आपि ॥३॥

ਗੁਰੁ ਨਾਰਾਇਣੁ ਦਯੁ ਗੁਰੁ ਗੁਰੁ ਸਚਾ ਸਿਰਜਣਹਾਰੁ ॥ (218-8)
गुरु नाराइणु दयु गुरु गुरु सचा सिरजणहारु ॥

ਗੁਰਿ ਤੁਠੈ ਸਭ ਕਿਛੁ ਪਾਇਆ ਜਨ ਨਾਨਕ ਸਦ ਬਲਿਹਾਰ ॥੪॥੨॥੧੭੦॥ (218-8)
गुरि तुठै सभ किछु पाइआ जन नानक सद बलिहार ॥४॥२॥१७०॥

ਗਉੜੀ ਮਾਝ ਮਹਲਾ ੫ ॥ (218-9)
गउड़ी माझ महला ५ ॥

ਹਰਿ ਰਾਮ ਰਾਮ ਰਾਮ ਰਾਮਾ ॥ (218-9)
हरि राम राम राम रामा ॥

ਜਪਿ ਪੂਰਨ ਹੋਏ ਕਾਮਾ ॥੧॥ ਰਹਾਉ ॥ (218-10)
जपि पूरन होए कामा ॥१॥ रहाउ ॥

ਰਾਮ ਗੋਬਿੰਦ ਜਪੇਦਿਆ ਹੋਆ ਮੁਖੁ ਪਵਿਤ੍ਰੁ ॥ (218-10)
राम गोबिंद जपेदिआ होआ मुखु पवित्रु ॥

ਹਰਿ ਜਸੁ ਸੁਣੀਐ ਜਿਸ ਤੇ ਸੋਈ ਭਾਈ ਮਿਤ੍ਰੁ ॥੧॥ (218-10)
हरि जसु सुणीऐ जिस ते सोई भाई मित्रु ॥१॥

ਸਭਿ ਪਦਾਰਥ ਸਭਿ ਫਲਾ ਸਰਬ ਗੁਣਾ ਜਿਸੁ ਮਾਹਿ ॥ (218-11)
सभि पदारथ सभि फला सरब गुणा जिसु माहि ॥

ਕਿਉ ਗੋਬਿੰਦੁ ਮਨਹੁ ਵਿਸਾਰੀਐ ਜਿਸੁ ਸਿਮਰਤ ਦੁਖ ਜਾਹਿ ॥੨॥ (218-11)
किउ गोबिंदु मनहु विसारीऐ जिसु सिमरत दुख जाहि ॥२॥

ਜਿਸੁ ਲੜਿ ਲਗਿਐ ਜੀਵੀਐ ਭਵਜਲੁ ਪਈਐ ਪਾਰਿ ॥ (218-12)
जिसु लड़ि लगिऐ जीवीऐ भवजलु पईऐ पारि ॥

ਮਿਲਿ ਸਾਧੂ ਸੰਗਿ ਉਧਾਰੁ ਹੋਇ ਮੁਖ ਊਜਲ ਦਰਬਾਰਿ ॥੩॥ (218-12)
मिलि साधू संगि उधारु होइ मुख ऊजल दरबारि ॥३॥

ਜੀਵਨ ਰੂਪ ਗੋਪਾਲ ਜਸੁ ਸੰਤ ਜਨਾ ਕੀ ਰਾਸਿ ॥ (218-13)
जीवन रूप गोपाल जसु संत जना की रासि ॥

ਨਾਨਕ ਉਬਰੇ ਨਾਮੁ ਜਪਿ ਦਰਿ ਸਚੈ ਸਾਬਾਸਿ ॥੪॥੩॥੧੭੧॥ (218-13)
नानक उबरे नामु जपि दरि सचै साबासि ॥४॥३॥१७१॥

ਗਉੜੀ ਮਾਝ ਮਹਲਾ ੫ ॥ (218-14)
गउड़ी माझ महला ५ ॥

ਮੀਠੇ ਹਰਿ ਗੁਣ ਗਾਉ ਜਿੰਦੂ ਤੂੰ ਮੀਠੇ ਹਰਿ ਗੁਣ ਗਾਉ ॥ (218-14)
मीठे हरि गुण गाउ जिंदू तूं मीठे हरि गुण गाउ ॥

ਸਚੇ ਸੇਤੀ ਰਤਿਆ ਮਿਲਿਆ ਨਿਥਾਵੇ ਥਾਉ ॥੧॥ ਰਹਾਉ ॥ (218-15)
सचे सेती रतिआ मिलिआ निथावे थाउ ॥१॥ रहाउ ॥

ਹੋਰਿ ਸਾਦ ਸਭਿ ਫਿਕਿਆ ਤਨੁ ਮਨੁ ਫਿਕਾ ਹੋਇ ॥ (218-15)
होरि साद सभि फिकिआ तनु मनु फिका होइ ॥

ਵਿਣੁ ਪਰਮੇਸਰ ਜੋ ਕਰੇ ਫਿਟੁ ਸੁ ਜੀਵਣੁ ਸੋਇ ॥੧॥ (218-16)
विणु परमेसर जो करे फिटु सु जीवणु सोइ ॥१॥

ਅੰਚਲੁ ਗਹਿ ਕੈ ਸਾਧ ਕਾ ਤਰਣਾ ਇਹੁ ਸੰਸਾਰੁ ॥ (218-16)
अंचलु गहि कै साध का तरणा इहु संसारु ॥

ਪਾਰਬ੍ਰਹਮੁ ਆਰਾਧੀਐ ਉਧਰੈ ਸਭ ਪਰਵਾਰੁ ॥੨॥ (218-17)
पारब्रहमु आराधीऐ उधरै सभ परवारु ॥२॥

ਸਾਜਨੁ ਬੰਧੁ ਸੁਮਿਤ੍ਰੁ ਸੋ ਹਰਿ ਨਾਮੁ ਹਿਰਦੈ ਦੇਇ ॥ (218-17)
साजनु बंधु सुमित्रु सो हरि नामु हिरदै देइ ॥

ਅਉਗਣ ਸਭਿ ਮਿਟਾਇ ਕੈ ਪਰਉਪਕਾਰੁ ਕਰੇਇ ॥੩॥ (218-18)
अउगण सभि मिटाइ कै परउपकारु करेइ ॥३॥

ਮਾਲੁ ਖਜਾਨਾ ਥੇਹੁ ਘਰੁ ਹਰਿ ਕੇ ਚਰਣ ਨਿਧਾਨ ॥ (218-18)
मालु खजाना थेहु घरु हरि के चरण निधान ॥

ਨਾਨਕੁ ਜਾਚਕੁ ਦਰਿ ਤੇਰੈ ਪ੍ਰਭ ਤੁਧਨੋ ਮੰਗੈ ਦਾਨੁ ॥੪॥੪॥੧੭੨॥ (218-19)
नानकु जाचकु दरि तेरै प्रभ तुधनो मंगै दानु ॥४॥४॥१७२॥

ੴ ਸਤਿਗੁਰ ਪ੍ਰਸਾਦਿ ॥ (219-1)
ੴ सतिगुर प्रसादि ॥

ਰਾਗੁ ਗਉੜੀ ਮਹਲਾ ੯ ॥ (219-1)
रागु गउड़ी महला ९ ॥

ਸਾਧੋ ਮਨ ਕਾ ਮਾਨੁ ਤਿਆਗਉ ॥ (219-1)
साधो मन का मानु तिआगउ ॥

ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥੧॥ ਰਹਾਉ ॥ (219-1)
कामु क्रोधु संगति दुरजन की ता ते अहिनिसि भागउ ॥१॥ रहाउ ॥

ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥ (219-2)
सुखु दुखु दोनो सम करि जानै अउरु मानु अपमाना ॥

ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥੧॥ (219-3)
हरख सोग ते रहै अतीता तिनि जगि ततु पछाना ॥१॥

ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥ (219-3)
उसतति निंदा दोऊ तिआगै खोजै पदु निरबाना ॥

ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥੨॥੧॥ (219-4)
जन नानक इहु खेलु कठनु है किनहूं गुरमुखि जाना ॥२॥१॥

ਗਉੜੀ ਮਹਲਾ ੯ ॥ (219-4)
गउड़ी महला ९ ॥

ਸਾਧੋ ਰਚਨਾ ਰਾਮ ਬਨਾਈ ॥ (219-4)
साधो रचना राम बनाई ॥

ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ ॥੧॥ ਰਹਾਉ ॥ (219-5)
इकि बिनसै इक असथिरु मानै अचरजु लखिओ न जाई ॥१॥ रहाउ ॥

ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ ॥ (219-5)
काम क्रोध मोह बसि प्रानी हरि मूरति बिसराई ॥

ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ ॥੧॥ (219-6)
झूठा तनु साचा करि मानिओ जिउ सुपना रैनाई ॥१॥

ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ ॥ (219-6)
जो दीसै सो सगल बिनासै जिउ बादर की छाई ॥

ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ ॥੨॥੨॥ (219-7)
जन नानक जगु जानिओ मिथिआ रहिओ राम सरनाई ॥२॥२॥

ਗਉੜੀ ਮਹਲਾ ੯ ॥ (219-8)
गउड़ी महला ९ ॥

ਪ੍ਰਾਨੀ ਕਉ ਹਰਿ ਜਸੁ ਮਨਿ ਨਹੀ ਆਵੈ ॥ (219-8)
प्रानी कउ हरि जसु मनि नही आवै ॥

ਅਹਿਨਿਸਿ ਮਗਨੁ ਰਹੈ ਮਾਇਆ ਮੈ ਕਹੁ ਕੈਸੇ ਗੁਨ ਗਾਵੈ ॥੧॥ ਰਹਾਉ ॥ (219-8)
अहिनिसि मगनु रहै माइआ मै कहु कैसे गुन गावै ॥१॥ रहाउ ॥

ਪੂਤ ਮੀਤ ਮਾਇਆ ਮਮਤਾ ਸਿਉ ਇਹ ਬਿਧਿ ਆਪੁ ਬੰਧਾਵੈ ॥ (219-9)
पूत मीत माइआ ममता सिउ इह बिधि आपु बंधावै ॥

ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗ ਦੇਖਿ ਤਾਸਿ ਉਠਿ ਧਾਵੈ ॥੧॥ (219-9)
म्रिग त्रिसना जिउ झूठो इहु जग देखि तासि उठि धावै ॥१॥

ਭੁਗਤਿ ਮੁਕਤਿ ਕਾ ਕਾਰਨੁ ਸੁਆਮੀ ਮੂੜ ਤਾਹਿ ਬਿਸਰਾਵੈ ॥ (219-10)
भुगति मुकति का कारनु सुआमी मूड़ ताहि बिसरावै ॥

ਜਨ ਨਾਨਕ ਕੋਟਨ ਮੈ ਕੋਊ ਭਜਨੁ ਰਾਮ ਕੋ ਪਾਵੈ ॥੨॥੩॥ (219-11)
जन नानक कोटन मै कोऊ भजनु राम को पावै ॥२॥३॥

ਗਉੜੀ ਮਹਲਾ ੯ ॥ (219-11)
गउड़ी महला ९ ॥

ਸਾਧੋ ਇਹੁ ਮਨੁ ਗਹਿਓ ਨ ਜਾਈ ॥ (219-11)
साधो इहु मनु गहिओ न जाई ॥

ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ ॥੧॥ ਰਹਾਉ ॥ (219-12)
चंचल त्रिसना संगि बसतु है या ते थिरु न रहाई ॥१॥ रहाउ ॥

ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ ॥ (219-12)
कठन करोध घट ही के भीतरि जिह सुधि सभ बिसराई ॥

ਰਤਨੁ ਗਿਆਨੁ ਸਭ ਕੋ ਹਿਰਿ ਲੀਨਾ ਤਾ ਸਿਉ ਕਛੁ ਨ ਬਸਾਈ ॥੧॥ (219-13)
रतनु गिआनु सभ को हिरि लीना ता सिउ कछु न बसाई ॥१॥

ਜੋਗੀ ਜਤਨ ਕਰਤ ਸਭਿ ਹਾਰੇ ਗੁਨੀ ਰਹੇ ਗੁਨ ਗਾਈ ॥ (219-14)
जोगी जतन करत सभि हारे गुनी रहे गुन गाई ॥

ਜਨ ਨਾਨਕ ਹਰਿ ਭਏ ਦਇਆਲਾ ਤਉ ਸਭ ਬਿਧਿ ਬਨਿ ਆਈ ॥੨॥੪॥ (219-14)
जन नानक हरि भए दइआला तउ सभ बिधि बनि आई ॥२॥४॥

ਗਉੜੀ ਮਹਲਾ ੯ ॥ (219-15)
गउड़ी महला ९ ॥

ਸਾਧੋ ਗੋਬਿੰਦ ਕੇ ਗੁਨ ਗਾਵਉ ॥ (219-15)
साधो गोबिंद के गुन गावउ ॥

ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ ॥੧॥ ਰਹਾਉ ॥ (219-15)
मानस जनमु अमोलकु पाइओ बिरथा काहि गवावउ ॥१॥ रहाउ ॥

ਪਤਿਤ ਪੁਨੀਤ ਦੀਨ ਬੰਧ ਹਰਿ ਸਰਨਿ ਤਾਹਿ ਤੁਮ ਆਵਉ ॥ (219-16)
पतित पुनीत दीन बंध हरि सरनि ताहि तुम आवउ ॥

ਗਜ ਕੋ ਤ੍ਰਾਸੁ ਮਿਟਿਓ ਜਿਹ ਸਿਮਰਤ ਤੁਮ ਕਾਹੇ ਬਿਸਰਾਵਉ ॥੧॥ (219-17)
गज को त्रासु मिटिओ जिह सिमरत तुम काहे बिसरावउ ॥१॥

ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ ॥ (219-18)
तजि अभिमान मोह माइआ फुनि भजन राम चितु लावउ ॥

ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ ॥੨॥੫॥ (219-19)
नानक कहत मुकति पंथ इहु गुरमुखि होइ तुम पावउ ॥२॥५॥

ਗਉੜੀ ਮਹਲਾ ੯ ॥ (219-19)
गउड़ी महला ९ ॥

ਕੋਊ ਮਾਈ ਭੂਲਿਓ ਮਨੁ ਸਮਝਾਵੈ ॥ (219-19)
कोऊ माई भूलिओ मनु समझावै ॥

ਬੇਦ ਪੁਰਾਨ ਸਾਧ ਮਗ ਸੁਨਿ ਕਰਿ ਨਿਮਖ ਨ ਹਰਿ ਗੁਨ ਗਾਵੈ ॥੧॥ ਰਹਾਉ ॥ (220-1)
बेद पुरान साध मग सुनि करि निमख न हरि गुन गावै ॥१॥ रहाउ ॥

ਦੁਰਲਭ ਦੇਹ ਪਾਇ ਮਾਨਸ ਕੀ ਬਿਰਥਾ ਜਨਮੁ ਸਿਰਾਵੈ ॥ (220-1)
दुरलभ देह पाइ मानस की बिरथा जनमु सिरावै ॥

ਮਾਇਆ ਮੋਹ ਮਹਾ ਸੰਕਟ ਬਨ ਤਾ ਸਿਉ ਰੁਚ ਉਪਜਾਵੈ ॥੧॥ (220-2)
माइआ मोह महा संकट बन ता सिउ रुच उपजावै ॥१॥

ਅੰਤਰਿ ਬਾਹਰਿ ਸਦਾ ਸੰਗਿ ਪ੍ਰਭੁ ਤਾ ਸਿਉ ਨੇਹੁ ਨ ਲਾਵੈ ॥ (220-3)
अंतरि बाहरि सदा संगि प्रभु ता सिउ नेहु न लावै ॥

ਨਾਨਕ ਮੁਕਤਿ ਤਾਹਿ ਤੁਮ ਮਾਨਹੁ ਜਿਹ ਘਟਿ ਰਾਮੁ ਸਮਾਵੈ ॥੨॥੬॥ (220-3)
नानक मुकति ताहि तुम मानहु जिह घटि रामु समावै ॥२॥६॥

ਗਉੜੀ ਮਹਲਾ ੯ ॥ (220-4)
गउड़ी महला ९ ॥

ਸਾਧੋ ਰਾਮ ਸਰਨਿ ਬਿਸਰਾਮਾ ॥ (220-4)
साधो राम सरनि बिसरामा ॥

ਬੇਦ ਪੁਰਾਨ ਪੜੇ ਕੋ ਇਹ ਗੁਨ ਸਿਮਰੇ ਹਰਿ ਕੋ ਨਾਮਾ ॥੧॥ ਰਹਾਉ ॥ (220-4)
बेद पुरान पड़े को इह गुन सिमरे हरि को नामा ॥१॥ रहाउ ॥

ਲੋਭ ਮੋਹ ਮਾਇਆ ਮਮਤਾ ਫੁਨਿ ਅਉ ਬਿਖਿਅਨ ਕੀ ਸੇਵਾ ॥ (220-5)
लोभ मोह माइआ ममता फुनि अउ बिखिअन की सेवा ॥

ਹਰਖ ਸੋਗ ਪਰਸੈ ਜਿਹ ਨਾਹਨਿ ਸੋ ਮੂਰਤਿ ਹੈ ਦੇਵਾ ॥੧॥ (220-5)
हरख सोग परसै जिह नाहनि सो मूरति है देवा ॥१॥

ਸੁਰਗ ਨਰਕ ਅੰਮ੍ਰਿਤ ਬਿਖੁ ਏ ਸਭ ਤਿਉ ਕੰਚਨ ਅਰੁ ਪੈਸਾ ॥ (220-6)
सुरग नरक अमृत बिखु ए सभ तिउ कंचन अरु पैसा ॥

ਉਸਤਤਿ ਨਿੰਦਾ ਏ ਸਮ ਜਾ ਕੈ ਲੋਭੁ ਮੋਹੁ ਫੁਨਿ ਤੈਸਾ ॥੨॥ (220-6)
उसतति निंदा ए सम जा कै लोभु मोहु फुनि तैसा ॥२॥

ਦੁਖੁ ਸੁਖੁ ਏ ਬਾਧੇ ਜਿਹ ਨਾਹਨਿ ਤਿਹ ਤੁਮ ਜਾਨਉ ਗਿਆਨੀ ॥ (220-7)
दुखु सुखु ए बाधे जिह नाहनि तिह तुम जानउ गिआनी ॥

ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹ ਬਿਧਿ ਕੋ ਜੋ ਪ੍ਰਾਨੀ ॥੩॥੭॥ (220-8)
नानक मुकति ताहि तुम मानउ इह बिधि को जो प्रानी ॥३॥७॥

ਗਉੜੀ ਮਹਲਾ ੯ ॥ (220-8)
गउड़ी महला ९ ॥

ਮਨ ਰੇ ਕਹਾ ਭਇਓ ਤੈ ਬਉਰਾ ॥ (220-8)
मन रे कहा भइओ तै बउरा ॥

ਅਹਿਨਿਸਿ ਅਉਧ ਘਟੈ ਨਹੀ ਜਾਨੈ ਭਇਓ ਲੋਭ ਸੰਗਿ ਹਉਰਾ ॥੧॥ ਰਹਾਉ ॥ (220-9)
अहिनिसि अउध घटै नही जानै भइओ लोभ संगि हउरा ॥१॥ रहाउ ॥

ਜੋ ਤਨੁ ਤੈ ਅਪਨੋ ਕਰਿ ਮਾਨਿਓ ਅਰੁ ਸੁੰਦਰ ਗ੍ਰਿਹ ਨਾਰੀ ॥ (220-9)
जो तनु तै अपनो करि मानिओ अरु सुंदर ग्रिह नारी ॥

ਇਨ ਮੈਂ ਕਛੁ ਤੇਰੋ ਰੇ ਨਾਹਨਿ ਦੇਖੋ ਸੋਚ ਬਿਚਾਰੀ ॥੧॥ (220-10)
इन मैं कछु तेरो रे नाहनि देखो सोच बिचारी ॥१॥

ਰਤਨ ਜਨਮੁ ਅਪਨੋ ਤੈ ਹਾਰਿਓ ਗੋਬਿੰਦ ਗਤਿ ਨਹੀ ਜਾਨੀ ॥ (220-11)
रतन जनमु अपनो तै हारिओ गोबिंद गति नही जानी ॥

ਨਿਮਖ ਨ ਲੀਨ ਭਇਓ ਚਰਨਨ ਸਿਂਉ ਬਿਰਥਾ ਅਉਧ ਸਿਰਾਨੀ ॥੨॥ (220-11)
निमख न लीन भइओ चरनन सिंउ बिरथा अउध सिरानी ॥२॥

ਕਹੁ ਨਾਨਕ ਸੋਈ ਨਰੁ ਸੁਖੀਆ ਰਾਮ ਨਾਮ ਗੁਨ ਗਾਵੈ ॥ (220-12)
कहु नानक सोई नरु सुखीआ राम नाम गुन गावै ॥

ਅਉਰ ਸਗਲ ਜਗੁ ਮਾਇਆ ਮੋਹਿਆ ਨਿਰਭੈ ਪਦੁ ਨਹੀ ਪਾਵੈ ॥੩॥੮॥ (220-12)
अउर सगल जगु माइआ मोहिआ निरभै पदु नही पावै ॥३॥८॥

ਗਉੜੀ ਮਹਲਾ ੯ ॥ (220-13)
गउड़ी महला ९ ॥

ਨਰ ਅਚੇਤ ਪਾਪ ਤੇ ਡਰੁ ਰੇ ॥ (220-13)
नर अचेत पाप ते डरु रे ॥

ਦੀਨ ਦਇਆਲ ਸਗਲ ਭੈ ਭੰਜਨ ਸਰਨਿ ਤਾਹਿ ਤੁਮ ਪਰੁ ਰੇ ॥੧॥ ਰਹਾਉ ॥ (220-13)
दीन दइआल सगल भै भंजन सरनि ताहि तुम परु रे ॥१॥ रहाउ ॥

ਬੇਦ ਪੁਰਾਨ ਜਾਸ ਗੁਨ ਗਾਵਤ ਤਾ ਕੋ ਨਾਮੁ ਹੀਐ ਮੋ ਧਰੁ ਰੇ ॥ (220-14)
बेद पुरान जास गुन गावत ता को नामु हीऐ मो धरु रे ॥

ਪਾਵਨ ਨਾਮੁ ਜਗਤਿ ਮੈ ਹਰਿ ਕੋ ਸਿਮਰਿ ਸਿਮਰਿ ਕਸਮਲ ਸਭ ਹਰੁ ਰੇ ॥੧॥ (220-15)
पावन नामु जगति मै हरि को सिमरि सिमरि कसमल सभ हरु रे ॥१॥

ਮਾਨਸ ਦੇਹ ਬਹੁਰਿ ਨਹ ਪਾਵੈ ਕਛੂ ਉਪਾਉ ਮੁਕਤਿ ਕਾ ਕਰੁ ਰੇ ॥ (220-15)
मानस देह बहुरि नह पावै कछू उपाउ मुकति का करु रे ॥

ਨਾਨਕ ਕਹਤ ਗਾਇ ਕਰੁਨਾ ਮੈ ਭਵ ਸਾਗਰ ਕੈ ਪਾਰਿ ਉਤਰੁ ਰੇ ॥੨॥੯॥੨੫੧॥ (220-16)
नानक कहत गाइ करुना मै भव सागर कै पारि उतरु रे ॥२॥९॥२५१॥

ਰਾਗੁ ਗਉੜੀ ਅਸਟਪਦੀਆ ਮਹਲਾ ੧ ਗਉੜੀ ਗੁਆਰੇਰੀ (220-18)
रागु गउड़ी असटपदीआ महला १ गउड़ी गुआरेरी

ੴ ਸਤਿਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥ (220-18)
ੴ सतिनामु करता पुरखु गुर प्रसादि ॥

ਨਿਧਿ ਸਿਧਿ ਨਿਰਮਲ ਨਾਮੁ ਬੀਚਾਰੁ ॥ (220-19)
निधि सिधि निरमल नामु बीचारु ॥

ਪੂਰਨ ਪੂਰਿ ਰਹਿਆ ਬਿਖੁ ਮਾਰਿ ॥ (220-19)
पूरन पूरि रहिआ बिखु मारि ॥

ਤ੍ਰਿਕੁਟੀ ਛੂਟੀ ਬਿਮਲ ਮਝਾਰਿ ॥ (220-19)
त्रिकुटी छूटी बिमल मझारि ॥

ਗੁਰ ਕੀ ਮਤਿ ਜੀਇ ਆਈ ਕਾਰਿ ॥੧॥ (221-1)
गुर की मति जीइ आई कारि ॥१॥

ਇਨ ਬਿਧਿ ਰਾਮ ਰਮਤ ਮਨੁ ਮਾਨਿਆ ॥ (221-1)
इन बिधि राम रमत मनु मानिआ ॥

ਗਿਆਨ ਅੰਜਨੁ ਗੁਰ ਸਬਦਿ ਪਛਾਨਿਆ ॥੧॥ ਰਹਾਉ ॥ (221-1)
गिआन अंजनु गुर सबदि पछानिआ ॥१॥ रहाउ ॥

ਇਕੁ ਸੁਖੁ ਮਾਨਿਆ ਸਹਜਿ ਮਿਲਾਇਆ ॥ (221-2)
इकु सुखु मानिआ सहजि मिलाइआ ॥

ਨਿਰਮਲ ਬਾਣੀ ਭਰਮੁ ਚੁਕਾਇਆ ॥ (221-2)
निरमल बाणी भरमु चुकाइआ ॥

ਲਾਲ ਭਏ ਸੂਹਾ ਰੰਗੁ ਮਾਇਆ ॥ (221-3)
लाल भए सूहा रंगु माइआ ॥

ਨਦਰਿ ਭਈ ਬਿਖੁ ਠਾਕਿ ਰਹਾਇਆ ॥੨॥ (221-3)
नदरि भई बिखु ठाकि रहाइआ ॥२॥

ਉਲਟ ਭਈ ਜੀਵਤ ਮਰਿ ਜਾਗਿਆ ॥ (221-3)
उलट भई जीवत मरि जागिआ ॥

ਸਬਦਿ ਰਵੇ ਮਨੁ ਹਰਿ ਸਿਉ ਲਾਗਿਆ ॥ (221-4)
सबदि रवे मनु हरि सिउ लागिआ ॥

ਰਸੁ ਸੰਗ੍ਰਹਿ ਬਿਖੁ ਪਰਹਰਿ ਤਿਆਗਿਆ ॥ (221-4)
रसु संग्रहि बिखु परहरि तिआगिआ ॥

ਭਾਇ ਬਸੇ ਜਮ ਕਾ ਭਉ ਭਾਗਿਆ ॥੩॥ (221-4)
भाइ बसे जम का भउ भागिआ ॥३॥

ਸਾਦ ਰਹੇ ਬਾਦੰ ਅਹੰਕਾਰਾ ॥ (221-5)
साद रहे बादं अहंकारा ॥

ਚਿਤੁ ਹਰਿ ਸਿਉ ਰਾਤਾ ਹੁਕਮਿ ਅਪਾਰਾ ॥ (221-5)
चितु हरि सिउ राता हुकमि अपारा ॥

ਜਾਤਿ ਰਹੇ ਪਤਿ ਕੇ ਆਚਾਰਾ ॥ (221-5)
जाति रहे पति के आचारा ॥

ਦ੍ਰਿਸਟਿ ਭਈ ਸੁਖੁ ਆਤਮ ਧਾਰਾ ॥੪॥ (221-6)
द्रिसटि भई सुखु आतम धारा ॥४॥

ਤੁਝ ਬਿਨੁ ਕੋਇ ਨ ਦੇਖਉ ਮੀਤੁ ॥ (221-6)
तुझ बिनु कोइ न देखउ मीतु ॥

ਕਿਸੁ ਸੇਵਉ ਕਿਸੁ ਦੇਵਉ ਚੀਤੁ ॥ (221-6)
किसु सेवउ किसु देवउ चीतु ॥

ਕਿਸੁ ਪੂਛਉ ਕਿਸੁ ਲਾਗਉ ਪਾਇ ॥ (221-7)
किसु पूछउ किसु लागउ पाइ ॥

ਕਿਸੁ ਉਪਦੇਸਿ ਰਹਾ ਲਿਵ ਲਾਇ ॥੫॥ (221-7)
किसु उपदेसि रहा लिव लाइ ॥५॥

ਗੁਰ ਸੇਵੀ ਗੁਰ ਲਾਗਉ ਪਾਇ ॥ (221-7)
गुर सेवी गुर लागउ पाइ ॥

ਭਗਤਿ ਕਰੀ ਰਾਚਉ ਹਰਿ ਨਾਇ ॥ (221-8)
भगति करी राचउ हरि नाइ ॥

ਸਿਖਿਆ ਦੀਖਿਆ ਭੋਜਨ ਭਾਉ ॥ (221-8)
सिखिआ दीखिआ भोजन भाउ ॥

ਹੁਕਮਿ ਸੰਜੋਗੀ ਨਿਜ ਘਰਿ ਜਾਉ ॥੬॥ (221-8)
हुकमि संजोगी निज घरि जाउ ॥६॥

ਗਰਬ ਗਤੰ ਸੁਖ ਆਤਮ ਧਿਆਨਾ ॥ (221-9)
गरब गतं सुख आतम धिआना ॥

ਜੋਤਿ ਭਈ ਜੋਤੀ ਮਾਹਿ ਸਮਾਨਾ ॥ (221-9)
जोति भई जोती माहि समाना ॥

ਲਿਖਤੁ ਮਿਟੈ ਨਹੀ ਸਬਦੁ ਨੀਸਾਨਾ ॥ (221-9)
लिखतु मिटै नही सबदु नीसाना ॥

ਕਰਤਾ ਕਰਣਾ ਕਰਤਾ ਜਾਨਾ ॥੭॥ (221-10)
करता करणा करता जाना ॥७॥

ਨਹ ਪੰਡਿਤੁ ਨਹ ਚਤੁਰੁ ਸਿਆਨਾ ॥ (221-10)
नह पंडितु नह चतुरु सिआना ॥

ਨਹ ਭੂਲੋ ਨਹ ਭਰਮਿ ਭੁਲਾਨਾ ॥ (221-10)
नह भूलो नह भरमि भुलाना ॥

ਕਥਉ ਨ ਕਥਨੀ ਹੁਕਮੁ ਪਛਾਨਾ ॥ (221-10)
कथउ न कथनी हुकमु पछाना ॥

ਨਾਨਕ ਗੁਰਮਤਿ ਸਹਜਿ ਸਮਾਨਾ ॥੮॥੧॥ (221-11)
नानक गुरमति सहजि समाना ॥८॥१॥

ਗਉੜੀ ਗੁਆਰੇਰੀ ਮਹਲਾ ੧ ॥ (221-11)
गउड़ी गुआरेरी महला १ ॥

ਮਨੁ ਕੁੰਚਰੁ ਕਾਇਆ ਉਦਿਆਨੈ ॥ (221-11)
मनु कुंचरु काइआ उदिआनै ॥

ਗੁਰੁ ਅੰਕਸੁ ਸਚੁ ਸਬਦੁ ਨੀਸਾਨੈ ॥ (221-12)
गुरु अंकसु सचु सबदु नीसानै ॥

ਰਾਜ ਦੁਆਰੈ ਸੋਭ ਸੁ ਮਾਨੈ ॥੧॥ (221-12)
राज दुआरै सोभ सु मानै ॥१॥

ਚਤੁਰਾਈ ਨਹ ਚੀਨਿਆ ਜਾਇ ॥ (221-12)
चतुराई नह चीनिआ जाइ ॥

ਬਿਨੁ ਮਾਰੇ ਕਿਉ ਕੀਮਤਿ ਪਾਇ ॥੧॥ ਰਹਾਉ ॥ (221-13)
बिनु मारे किउ कीमति पाइ ॥१॥ रहाउ ॥

ਘਰ ਮਹਿ ਅੰਮ੍ਰਿਤੁ ਤਸਕਰੁ ਲੇਈ ॥ (221-13)
घर महि अमृतु तसकरु लेई ॥

ਨੰਨਾਕਾਰੁ ਨ ਕੋਇ ਕਰੇਈ ॥ (221-14)
नंनाकारु न कोइ करेई ॥

ਰਾਖੈ ਆਪਿ ਵਡਿਆਈ ਦੇਈ ॥੨॥ (221-14)
राखै आपि वडिआई देई ॥२॥

ਨੀਲ ਅਨੀਲ ਅਗਨਿ ਇਕ ਠਾਈ ॥ (221-14)
नील अनील अगनि इक ठाई ॥

ਜਲਿ ਨਿਵਰੀ ਗੁਰਿ ਬੂਝ ਬੁਝਾਈ ॥ (221-14)
जलि निवरी गुरि बूझ बुझाई ॥

ਮਨੁ ਦੇ ਲੀਆ ਰਹਸਿ ਗੁਣ ਗਾਈ ॥੩॥ (221-15)
मनु दे लीआ रहसि गुण गाई ॥३॥

ਜੈਸਾ ਘਰਿ ਬਾਹਰਿ ਸੋ ਤੈਸਾ ॥ (221-15)
जैसा घरि बाहरि सो तैसा ॥

ਬੈਸਿ ਗੁਫਾ ਮਹਿ ਆਖਉ ਕੈਸਾ ॥ (221-15)
बैसि गुफा महि आखउ कैसा ॥

ਸਾਗਰਿ ਡੂਗਰਿ ਨਿਰਭਉ ਐਸਾ ॥੪॥ (221-16)
सागरि डूगरि निरभउ ऐसा ॥४॥

ਮੂਏ ਕਉ ਕਹੁ ਮਾਰੇ ਕਉਨੁ ॥ (221-16)
मूए कउ कहु मारे कउनु ॥

ਨਿਡਰੇ ਕਉ ਕੈਸਾ ਡਰੁ ਕਵਨੁ ॥ (221-16)
निडरे कउ कैसा डरु कवनु ॥

ਸਬਦਿ ਪਛਾਨੈ ਤੀਨੇ ਭਉਨ ॥੫॥ (221-17)
सबदि पछानै तीने भउन ॥५॥

ਜਿਨਿ ਕਹਿਆ ਤਿਨਿ ਕਹਨੁ ਵਖਾਨਿਆ ॥ (221-17)
जिनि कहिआ तिनि कहनु वखानिआ ॥

ਜਿਨਿ ਬੂਝਿਆ ਤਿਨਿ ਸਹਜਿ ਪਛਾਨਿਆ ॥ (221-17)
जिनि बूझिआ तिनि सहजि पछानिआ ॥

ਦੇਖਿ ਬੀਚਾਰਿ ਮੇਰਾ ਮਨੁ ਮਾਨਿਆ ॥੬॥ (221-18)
देखि बीचारि मेरा मनु मानिआ ॥६॥

ਕੀਰਤਿ ਸੂਰਤਿ ਮੁਕਤਿ ਇਕ ਨਾਈ ॥ (221-18)
कीरति सूरति मुकति इक नाई ॥

ਤਹੀ ਨਿਰੰਜਨੁ ਰਹਿਆ ਸਮਾਈ ॥ (221-18)
तही निरंजनु रहिआ समाई ॥

ਨਿਜ ਘਰਿ ਬਿਆਪਿ ਰਹਿਆ ਨਿਜ ਠਾਈ ॥੭॥ (221-19)
निज घरि बिआपि रहिआ निज ठाई ॥७॥

ਉਸਤਤਿ ਕਰਹਿ ਕੇਤੇ ਮੁਨਿ ਪ੍ਰੀਤਿ ॥ (221-19)
उसतति करहि केते मुनि प्रीति ॥

ਤਨਿ ਮਨਿ ਸੂਚੈ ਸਾਚੁ ਸੁ ਚੀਤਿ ॥ (222-1)
तनि मनि सूचै साचु सु चीति ॥

ਨਾਨਕ ਹਰਿ ਭਜੁ ਨੀਤਾ ਨੀਤਿ ॥੮॥੨॥ (222-1)
नानक हरि भजु नीता नीति ॥८॥२॥

ਗਉੜੀ ਗੁਆਰੇਰੀ ਮਹਲਾ ੧ ॥ (222-1)
गउड़ी गुआरेरी महला १ ॥

ਨਾ ਮਨੁ ਮਰੈ ਨ ਕਾਰਜੁ ਹੋਇ ॥ (222-2)
ना मनु मरै न कारजु होइ ॥

ਮਨੁ ਵਸਿ ਦੂਤਾ ਦੁਰਮਤਿ ਦੋਇ ॥ (222-2)
मनु वसि दूता दुरमति दोइ ॥

ਮਨੁ ਮਾਨੈ ਗੁਰ ਤੇ ਇਕੁ ਹੋਇ ॥੧॥ (222-2)
मनु मानै गुर ते इकु होइ ॥१॥

ਨਿਰਗੁਣ ਰਾਮੁ ਗੁਣਹ ਵਸਿ ਹੋਇ ॥ (222-2)
निरगुण रामु गुणह वसि होइ ॥

ਆਪੁ ਨਿਵਾਰਿ ਬੀਚਾਰੇ ਸੋਇ ॥੧॥ ਰਹਾਉ ॥ (222-3)
आपु निवारि बीचारे सोइ ॥१॥ रहाउ ॥

ਮਨੁ ਭੂਲੋ ਬਹੁ ਚਿਤੈ ਵਿਕਾਰੁ ॥ (222-3)
मनु भूलो बहु चितै विकारु ॥

ਮਨੁ ਭੂਲੋ ਸਿਰਿ ਆਵੈ ਭਾਰੁ ॥ (222-3)
मनु भूलो सिरि आवै भारु ॥

ਮਨੁ ਮਾਨੈ ਹਰਿ ਏਕੰਕਾਰੁ ॥੨॥ (222-4)
मनु मानै हरि एकंकारु ॥२॥

ਮਨੁ ਭੂਲੋ ਮਾਇਆ ਘਰਿ ਜਾਇ ॥ (222-4)
मनु भूलो माइआ घरि जाइ ॥

ਕਾਮਿ ਬਿਰੂਧਉ ਰਹੈ ਨ ਠਾਇ ॥ (222-4)
कामि बिरूधउ रहै न ठाइ ॥

ਹਰਿ ਭਜੁ ਪ੍ਰਾਣੀ ਰਸਨ ਰਸਾਇ ॥੩॥ (222-5)
हरि भजु प्राणी रसन रसाइ ॥३॥

ਗੈਵਰ ਹੈਵਰ ਕੰਚਨ ਸੁਤ ਨਾਰੀ ॥ (222-5)
गैवर हैवर कंचन सुत नारी ॥

ਬਹੁ ਚਿੰਤਾ ਪਿੜ ਚਾਲੈ ਹਾਰੀ ॥ (222-5)
बहु चिंता पिड़ चालै हारी ॥

ਜੂਐ ਖੇਲਣੁ ਕਾਚੀ ਸਾਰੀ ॥੪॥ (222-6)
जूऐ खेलणु काची सारी ॥४॥

ਸੰਪਉ ਸੰਚੀ ਭਏ ਵਿਕਾਰ ॥ (222-6)
स्मपउ संची भए विकार ॥

ਹਰਖ ਸੋਕ ਉਭੇ ਦਰਵਾਰਿ ॥ (222-6)
हरख सोक उभे दरवारि ॥

ਸੁਖੁ ਸਹਜੇ ਜਪਿ ਰਿਦੈ ਮੁਰਾਰਿ ॥੫॥ (222-6)
सुखु सहजे जपि रिदै मुरारि ॥५॥

ਨਦਰਿ ਕਰੇ ਤਾ ਮੇਲਿ ਮਿਲਾਏ ॥ (222-7)
नदरि करे ता मेलि मिलाए ॥

ਗੁਣ ਸੰਗ੍ਰਹਿ ਅਉਗਣ ਸਬਦਿ ਜਲਾਏ ॥ (222-7)
गुण संग्रहि अउगण सबदि जलाए ॥

ਗੁਰਮੁਖਿ ਨਾਮੁ ਪਦਾਰਥੁ ਪਾਏ ॥੬॥ (222-7)
गुरमुखि नामु पदारथु पाए ॥६॥

ਬਿਨੁ ਨਾਵੈ ਸਭ ਦੂਖ ਨਿਵਾਸੁ ॥ (222-8)
बिनु नावै सभ दूख निवासु ॥

ਮਨਮੁਖ ਮੂੜ ਮਾਇਆ ਚਿਤ ਵਾਸੁ ॥ (222-8)
मनमुख मूड़ माइआ चित वासु ॥

ਗੁਰਮੁਖਿ ਗਿਆਨੁ ਧੁਰਿ ਕਰਮਿ ਲਿਖਿਆਸੁ ॥੭॥ (222-8)
गुरमुखि गिआनु धुरि करमि लिखिआसु ॥७॥

ਮਨੁ ਚੰਚਲੁ ਧਾਵਤੁ ਫੁਨਿ ਧਾਵੈ ॥ (222-9)
मनु चंचलु धावतु फुनि धावै ॥

ਸਾਚੇ ਸੂਚੇ ਮੈਲੁ ਨ ਭਾਵੈ ॥ (222-9)
साचे सूचे मैलु न भावै ॥

ਨਾਨਕ ਗੁਰਮੁਖਿ ਹਰਿ ਗੁਣ ਗਾਵੈ ॥੮॥੩॥ (222-9)
नानक गुरमुखि हरि गुण गावै ॥८॥३॥

ਗਉੜੀ ਗੁਆਰੇਰੀ ਮਹਲਾ ੧ ॥ (222-10)
गउड़ी गुआरेरी महला १ ॥

ਹਉਮੈ ਕਰਤਿਆ ਨਹ ਸੁਖੁ ਹੋਇ ॥ (222-10)
हउमै करतिआ नह सुखु होइ ॥

ਮਨਮਤਿ ਝੂਠੀ ਸਚਾ ਸੋਇ ॥ (222-10)
मनमति झूठी सचा सोइ ॥

ਸਗਲ ਬਿਗੂਤੇ ਭਾਵੈ ਦੋਇ ॥ (222-11)
सगल बिगूते भावै दोइ ॥

ਸੋ ਕਮਾਵੈ ਧੁਰਿ ਲਿਖਿਆ ਹੋਇ ॥੧॥ (222-11)
सो कमावै धुरि लिखिआ होइ ॥१॥

ਐਸਾ ਜਗੁ ਦੇਖਿਆ ਜੂਆਰੀ ॥ (222-11)
ऐसा जगु देखिआ जूआरी ॥

ਸਭਿ ਸੁਖ ਮਾਗੈ ਨਾਮੁ ਬਿਸਾਰੀ ॥੧॥ ਰਹਾਉ ॥ (222-12)
सभि सुख मागै नामु बिसारी ॥१॥ रहाउ ॥

ਅਦਿਸਟੁ ਦਿਸੈ ਤਾ ਕਹਿਆ ਜਾਇ ॥ (222-12)
अदिसटु दिसै ता कहिआ जाइ ॥

ਬਿਨੁ ਦੇਖੇ ਕਹਣਾ ਬਿਰਥਾ ਜਾਇ ॥ (222-12)
बिनु देखे कहणा बिरथा जाइ ॥

ਗੁਰਮੁਖਿ ਦੀਸੈ ਸਹਜਿ ਸੁਭਾਇ ॥ (222-13)
गुरमुखि दीसै सहजि सुभाइ ॥

ਸੇਵਾ ਸੁਰਤਿ ਏਕ ਲਿਵ ਲਾਇ ॥੨॥ (222-13)
सेवा सुरति एक लिव लाइ ॥२॥

ਸੁਖੁ ਮਾਂਗਤ ਦੁਖੁ ਆਗਲ ਹੋਇ ॥ (222-13)
सुखु मांगत दुखु आगल होइ ॥

ਸਗਲ ਵਿਕਾਰੀ ਹਾਰੁ ਪਰੋਇ ॥ (222-14)
सगल विकारी हारु परोइ ॥

ਏਕ ਬਿਨਾ ਝੂਠੇ ਮੁਕਤਿ ਨ ਹੋਇ ॥ (222-14)
एक बिना झूठे मुकति न होइ ॥

ਕਰਿ ਕਰਿ ਕਰਤਾ ਦੇਖੈ ਸੋਇ ॥੩॥ (222-14)
करि करि करता देखै सोइ ॥३॥

ਤ੍ਰਿਸਨਾ ਅਗਨਿ ਸਬਦਿ ਬੁਝਾਏ ॥ (222-14)
त्रिसना अगनि सबदि बुझाए ॥

ਦੂਜਾ ਭਰਮੁ ਸਹਜਿ ਸੁਭਾਏ ॥ (222-15)
दूजा भरमु सहजि सुभाए ॥

ਗੁਰਮਤੀ ਨਾਮੁ ਰਿਦੈ ਵਸਾਏ ॥ (222-15)
गुरमती नामु रिदै वसाए ॥

ਸਾਚੀ ਬਾਣੀ ਹਰਿ ਗੁਣ ਗਾਏ ॥੪॥ (222-15)
साची बाणी हरि गुण गाए ॥४॥

ਤਨ ਮਹਿ ਸਾਚੋ ਗੁਰਮੁਖਿ ਭਾਉ ॥ (222-16)
तन महि साचो गुरमुखि भाउ ॥

ਨਾਮ ਬਿਨਾ ਨਾਹੀ ਨਿਜ ਠਾਉ ॥ (222-16)
नाम बिना नाही निज ठाउ ॥

ਪ੍ਰੇਮ ਪਰਾਇਣ ਪ੍ਰੀਤਮ ਰਾਉ ॥ (222-16)
प्रेम पराइण प्रीतम राउ ॥

ਨਦਰਿ ਕਰੇ ਤਾ ਬੂਝੈ ਨਾਉ ॥੫॥ (222-17)
नदरि करे ता बूझै नाउ ॥५॥

ਮਾਇਆ ਮੋਹੁ ਸਰਬ ਜੰਜਾਲਾ ॥ (222-17)
माइआ मोहु सरब जंजाला ॥

ਮਨਮੁਖ ਕੁਚੀਲ ਕੁਛਿਤ ਬਿਕਰਾਲਾ ॥ (222-17)
मनमुख कुचील कुछित बिकराला ॥

ਸਤਿਗੁਰੁ ਸੇਵੇ ਚੂਕੈ ਜੰਜਾਲਾ ॥ (222-18)
सतिगुरु सेवे चूकै जंजाला ॥

ਅੰਮ੍ਰਿਤ ਨਾਮੁ ਸਦਾ ਸੁਖੁ ਨਾਲਾ ॥੬॥ (222-18)
अमृत नामु सदा सुखु नाला ॥६॥

ਗੁਰਮੁਖਿ ਬੂਝੈ ਏਕ ਲਿਵ ਲਾਏ ॥ (222-18)
गुरमुखि बूझै एक लिव लाए ॥

ਨਿਜ ਘਰਿ ਵਾਸੈ ਸਾਚਿ ਸਮਾਏ ॥ (222-18)
निज घरि वासै साचि समाए ॥

ਜੰਮਣੁ ਮਰਣਾ ਠਾਕਿ ਰਹਾਏ ॥ (222-19)
जंमणु मरणा ठाकि रहाए ॥

ਪੂਰੇ ਗੁਰ ਤੇ ਇਹ ਮਤਿ ਪਾਏ ॥੭॥ (222-19)
पूरे गुर ते इह मति पाए ॥७॥

ਕਥਨੀ ਕਥਉ ਨ ਆਵੈ ਓਰੁ ॥ (222-19)
कथनी कथउ न आवै ओरु ॥

ਗੁਰੁ ਪੁਛਿ ਦੇਖਿਆ ਨਾਹੀ ਦਰੁ ਹੋਰੁ ॥ (223-1)
गुरु पुछि देखिआ नाही दरु होरु ॥

ਦੁਖੁ ਸੁਖੁ ਭਾਣੈ ਤਿਸੈ ਰਜਾਇ ॥ (223-1)
दुखु सुखु भाणै तिसै रजाइ ॥

ਨਾਨਕੁ ਨੀਚੁ ਕਹੈ ਲਿਵ ਲਾਇ ॥੮॥੪॥ (223-1)
नानकु नीचु कहै लिव लाइ ॥८॥४॥

ਗਉੜੀ ਮਹਲਾ ੧ ॥ (223-2)
गउड़ी महला १ ॥

ਦੂਜੀ ਮਾਇਆ ਜਗਤ ਚਿਤ ਵਾਸੁ ॥ (223-2)
दूजी माइआ जगत चित वासु ॥

ਕਾਮ ਕ੍ਰੋਧ ਅਹੰਕਾਰ ਬਿਨਾਸੁ ॥੧॥ (223-2)
काम क्रोध अहंकार बिनासु ॥१॥

ਦੂਜਾ ਕਉਣੁ ਕਹਾ ਨਹੀ ਕੋਈ ॥ (223-3)
दूजा कउणु कहा नही कोई ॥

ਸਭ ਮਹਿ ਏਕੁ ਨਿਰੰਜਨੁ ਸੋਈ ॥੧॥ ਰਹਾਉ ॥ (223-3)
सभ महि एकु निरंजनु सोई ॥१॥ रहाउ ॥

ਦੂਜੀ ਦੁਰਮਤਿ ਆਖੈ ਦੋਇ ॥ (223-3)
दूजी दुरमति आखै दोइ ॥

ਆਵੈ ਜਾਇ ਮਰਿ ਦੂਜਾ ਹੋਇ ॥੨॥ (223-4)
आवै जाइ मरि दूजा होइ ॥२॥

ਧਰਣਿ ਗਗਨ ਨਹ ਦੇਖਉ ਦੋਇ ॥ (223-4)
धरणि गगन नह देखउ दोइ ॥

ਨਾਰੀ ਪੁਰਖ ਸਬਾਈ ਲੋਇ ॥੩॥ (223-4)
नारी पुरख सबाई लोइ ॥३॥

ਰਵਿ ਸਸਿ ਦੇਖਉ ਦੀਪਕ ਉਜਿਆਲਾ ॥ (223-5)
रवि ससि देखउ दीपक उजिआला ॥

ਸਰਬ ਨਿਰੰਤਰਿ ਪ੍ਰੀਤਮੁ ਬਾਲਾ ॥੪॥ (223-5)
सरब निरंतरि प्रीतमु बाला ॥४॥

ਕਰਿ ਕਿਰਪਾ ਮੇਰਾ ਚਿਤੁ ਲਾਇਆ ॥ (223-5)
करि किरपा मेरा चितु लाइआ ॥

ਸਤਿਗੁਰਿ ਮੋ ਕਉ ਏਕੁ ਬੁਝਾਇਆ ॥੫॥ (223-6)
सतिगुरि मो कउ एकु बुझाइआ ॥५॥

ਏਕੁ ਨਿਰੰਜਨੁ ਗੁਰਮੁਖਿ ਜਾਤਾ ॥ (223-6)
एकु निरंजनु गुरमुखि जाता ॥

ਦੂਜਾ ਮਾਰਿ ਸਬਦਿ ਪਛਾਤਾ ॥੬॥ (223-6)
दूजा मारि सबदि पछाता ॥६॥

ਏਕੋ ਹੁਕਮੁ ਵਰਤੈ ਸਭ ਲੋਈ ॥ (223-7)
एको हुकमु वरतै सभ लोई ॥

ਏਕਸੁ ਤੇ ਸਭ ਓਪਤਿ ਹੋਈ ॥੭॥ (223-7)
एकसु ते सभ ओपति होई ॥७॥

ਰਾਹ ਦੋਵੈ ਖਸਮੁ ਏਕੋ ਜਾਣੁ ॥ (223-7)
राह दोवै खसमु एको जाणु ॥

ਗੁਰ ਕੈ ਸਬਦਿ ਹੁਕਮੁ ਪਛਾਣੁ ॥੮॥ (223-8)
गुर कै सबदि हुकमु पछाणु ॥८॥

ਸਗਲ ਰੂਪ ਵਰਨ ਮਨ ਮਾਹੀ ॥ (223-8)
सगल रूप वरन मन माही ॥

ਕਹੁ ਨਾਨਕ ਏਕੋ ਸਾਲਾਹੀ ॥੯॥੫॥ (223-8)
कहु नानक एको सालाही ॥९॥५॥

ਗਉੜੀ ਮਹਲਾ ੧ ॥ (223-9)
गउड़ी महला १ ॥

ਅਧਿਆਤਮ ਕਰਮ ਕਰੇ ਤਾ ਸਾਚਾ ॥ (223-9)
अधिआतम करम करे ता साचा ॥

ਮੁਕਤਿ ਭੇਦੁ ਕਿਆ ਜਾਣੈ ਕਾਚਾ ॥੧॥ (223-9)
मुकति भेदु किआ जाणै काचा ॥१॥

ਐਸਾ ਜੋਗੀ ਜੁਗਤਿ ਬੀਚਾਰੈ ॥ (223-9)
ऐसा जोगी जुगति बीचारै ॥

ਪੰਚ ਮਾਰਿ ਸਾਚੁ ਉਰਿ ਧਾਰੈ ॥੧॥ ਰਹਾਉ ॥ (223-10)
पंच मारि साचु उरि धारै ॥१॥ रहाउ ॥

ਜਿਸ ਕੈ ਅੰਤਰਿ ਸਾਚੁ ਵਸਾਵੈ ॥ (223-10)
जिस कै अंतरि साचु वसावै ॥

ਜੋਗ ਜੁਗਤਿ ਕੀ ਕੀਮਤਿ ਪਾਵੈ ॥੨॥ (223-10)
जोग जुगति की कीमति पावै ॥२॥

ਰਵਿ ਸਸਿ ਏਕੋ ਗ੍ਰਿਹ ਉਦਿਆਨੈ ॥ (223-11)
रवि ससि एको ग्रिह उदिआनै ॥

ਕਰਣੀ ਕੀਰਤਿ ਕਰਮ ਸਮਾਨੈ ॥੩॥ (223-11)
करणी कीरति करम समानै ॥३॥

ਏਕ ਸਬਦ ਇਕ ਭਿਖਿਆ ਮਾਗੈ ॥ (223-11)
एक सबद इक भिखिआ मागै ॥

ਗਿਆਨੁ ਧਿਆਨੁ ਜੁਗਤਿ ਸਚੁ ਜਾਗੈ ॥੪॥ (223-12)
गिआनु धिआनु जुगति सचु जागै ॥४॥

ਭੈ ਰਚਿ ਰਹੈ ਨ ਬਾਹਰਿ ਜਾਇ ॥ (223-12)
भै रचि रहै न बाहरि जाइ ॥

ਕੀਮਤਿ ਕਉਣ ਰਹੈ ਲਿਵ ਲਾਇ ॥੫॥ (223-13)
कीमति कउण रहै लिव लाइ ॥५॥

ਆਪੇ ਮੇਲੇ ਭਰਮੁ ਚੁਕਾਏ ॥ (223-13)
आपे मेले भरमु चुकाए ॥

ਗੁਰ ਪਰਸਾਦਿ ਪਰਮ ਪਦੁ ਪਾਏ ॥੬॥ (223-13)
गुर परसादि परम पदु पाए ॥६॥

ਗੁਰ ਕੀ ਸੇਵਾ ਸਬਦੁ ਵੀਚਾਰੁ ॥ (223-14)
गुर की सेवा सबदु वीचारु ॥

ਹਉਮੈ ਮਾਰੇ ਕਰਣੀ ਸਾਰੁ ॥੭॥ (223-14)
हउमै मारे करणी सारु ॥७॥

ਜਪ ਤਪ ਸੰਜਮ ਪਾਠ ਪੁਰਾਣੁ ॥ (223-14)
जप तप संजम पाठ पुराणु ॥

ਕਹੁ ਨਾਨਕ ਅਪਰੰਪਰ ਮਾਨੁ ॥੮॥੬॥ (223-14)
कहु नानक अपर्मपर मानु ॥८॥६॥

ਗਉੜੀ ਮਹਲਾ ੧ ॥ (223-15)
गउड़ी महला १ ॥

ਖਿਮਾ ਗਹੀ ਬ੍ਰਤੁ ਸੀਲ ਸੰਤੋਖੰ ॥ (223-15)
खिमा गही ब्रतु सील संतोखं ॥

ਰੋਗੁ ਨ ਬਿਆਪੈ ਨਾ ਜਮ ਦੋਖੰ ॥ (223-15)
रोगु न बिआपै ना जम दोखं ॥

ਮੁਕਤ ਭਏ ਪ੍ਰਭ ਰੂਪ ਨ ਰੇਖੰ ॥੧॥ (223-16)
मुकत भए प्रभ रूप न रेखं ॥१॥

ਜੋਗੀ ਕਉ ਕੈਸਾ ਡਰੁ ਹੋਇ ॥ (223-16)
जोगी कउ कैसा डरु होइ ॥

ਰੂਖਿ ਬਿਰਖਿ ਗ੍ਰਿਹਿ ਬਾਹਰਿ ਸੋਇ ॥੧॥ ਰਹਾਉ ॥ (223-16)
रूखि बिरखि ग्रिहि बाहरि सोइ ॥१॥ रहाउ ॥

ਨਿਰਭਉ ਜੋਗੀ ਨਿਰੰਜਨੁ ਧਿਆਵੈ ॥ (223-17)
निरभउ जोगी निरंजनु धिआवै ॥

ਅਨਦਿਨੁ ਜਾਗੈ ਸਚਿ ਲਿਵ ਲਾਵੈ ॥ (223-17)
अनदिनु जागै सचि लिव लावै ॥

ਸੋ ਜੋਗੀ ਮੇਰੈ ਮਨਿ ਭਾਵੈ ॥੨॥ (223-17)
सो जोगी मेरै मनि भावै ॥२॥

ਕਾਲੁ ਜਾਲੁ ਬ੍ਰਹਮ ਅਗਨੀ ਜਾਰੇ ॥ (223-18)
कालु जालु ब्रहम अगनी जारे ॥

ਜਰਾ ਮਰਣ ਗਤੁ ਗਰਬੁ ਨਿਵਾਰੇ ॥ (223-18)
जरा मरण गतु गरबु निवारे ॥

ਆਪਿ ਤਰੈ ਪਿਤਰੀ ਨਿਸਤਾਰੇ ॥੩॥ (223-18)
आपि तरै पितरी निसतारे ॥३॥

ਸਤਿਗੁਰੁ ਸੇਵੇ ਸੋ ਜੋਗੀ ਹੋਇ ॥ (223-19)
सतिगुरु सेवे सो जोगी होइ ॥

ਭੈ ਰਚਿ ਰਹੈ ਸੁ ਨਿਰਭਉ ਹੋਇ ॥ (223-19)
भै रचि रहै सु निरभउ होइ ॥

ਜੈਸਾ ਸੇਵੈ ਤੈਸੋ ਹੋਇ ॥੪॥ (223-19)
जैसा सेवै तैसो होइ ॥४॥

ਨਰ ਨਿਹਕੇਵਲ ਨਿਰਭਉ ਨਾਉ ॥ (224-1)
नर निहकेवल निरभउ नाउ ॥

ਅਨਾਥਹ ਨਾਥ ਕਰੇ ਬਲਿ ਜਾਉ ॥ (224-1)
अनाथह नाथ करे बलि जाउ ॥

ਪੁਨਰਪਿ ਜਨਮੁ ਨਾਹੀ ਗੁਣ ਗਾਉ ॥੫॥ (224-1)
पुनरपि जनमु नाही गुण गाउ ॥५॥

ਅੰਤਰਿ ਬਾਹਰਿ ਏਕੋ ਜਾਣੈ ॥ (224-2)
अंतरि बाहरि एको जाणै ॥

ਗੁਰ ਕੈ ਸਬਦੇ ਆਪੁ ਪਛਾਣੈ ॥ (224-2)
गुर कै सबदे आपु पछाणै ॥

ਸਾਚੈ ਸਬਦਿ ਦਰਿ ਨੀਸਾਣੈ ॥੬॥ (224-2)
साचै सबदि दरि नीसाणै ॥६॥

ਸਬਦਿ ਮਰੈ ਤਿਸੁ ਨਿਜ ਘਰਿ ਵਾਸਾ ॥ (224-2)
सबदि मरै तिसु निज घरि वासा ॥

ਆਵੈ ਨ ਜਾਵੈ ਚੂਕੈ ਆਸਾ ॥ (224-3)
आवै न जावै चूकै आसा ॥

ਗੁਰ ਕੈ ਸਬਦਿ ਕਮਲੁ ਪਰਗਾਸਾ ॥੭॥ (224-3)
गुर कै सबदि कमलु परगासा ॥७॥

ਜੋ ਦੀਸੈ ਸੋ ਆਸ ਨਿਰਾਸਾ ॥ (224-3)
जो दीसै सो आस निरासा ॥

ਕਾਮ ਕ੍ਰੋਧ ਬਿਖੁ ਭੂਖ ਪਿਆਸਾ ॥ (224-4)
काम क्रोध बिखु भूख पिआसा ॥

ਨਾਨਕ ਬਿਰਲੇ ਮਿਲਹਿ ਉਦਾਸਾ ॥੮॥੭॥ (224-4)
नानक बिरले मिलहि उदासा ॥८॥७॥

ਗਉੜੀ ਮਹਲਾ ੧ ॥ (224-4)
गउड़ी महला १ ॥

ਐਸੋ ਦਾਸੁ ਮਿਲੈ ਸੁਖੁ ਹੋਈ ॥ (224-5)
ऐसो दासु मिलै सुखु होई ॥

ਦੁਖੁ ਵਿਸਰੈ ਪਾਵੈ ਸਚੁ ਸੋਈ ॥੧॥ (224-5)
दुखु विसरै पावै सचु सोई ॥१॥

ਦਰਸਨੁ ਦੇਖਿ ਭਈ ਮਤਿ ਪੂਰੀ ॥ (224-5)
दरसनु देखि भई मति पूरी ॥

ਅਠਸਠਿ ਮਜਨੁ ਚਰਨਹ ਧੂਰੀ ॥੧॥ ਰਹਾਉ ॥ (224-5)
अठसठि मजनु चरनह धूरी ॥१॥ रहाउ ॥

ਨੇਤ੍ਰ ਸੰਤੋਖੇ ਏਕ ਲਿਵ ਤਾਰਾ ॥ (224-6)
नेत्र संतोखे एक लिव तारा ॥

ਜਿਹਵਾ ਸੂਚੀ ਹਰਿ ਰਸ ਸਾਰਾ ॥੨॥ (224-6)
जिहवा सूची हरि रस सारा ॥२॥

ਸਚੁ ਕਰਣੀ ਅਭ ਅੰਤਰਿ ਸੇਵਾ ॥ (224-7)
सचु करणी अभ अंतरि सेवा ॥

ਮਨੁ ਤ੍ਰਿਪਤਾਸਿਆ ਅਲਖ ਅਭੇਵਾ ॥੩॥ (224-7)
मनु त्रिपतासिआ अलख अभेवा ॥३॥

ਜਹ ਜਹ ਦੇਖਉ ਤਹ ਤਹ ਸਾਚਾ ॥ (224-7)
जह जह देखउ तह तह साचा ॥

ਬਿਨੁ ਬੂਝੇ ਝਗਰਤ ਜਗੁ ਕਾਚਾ ॥੪॥ (224-8)
बिनु बूझे झगरत जगु काचा ॥४॥

ਗੁਰੁ ਸਮਝਾਵੈ ਸੋਝੀ ਹੋਈ ॥ (224-8)
गुरु समझावै सोझी होई ॥

ਗੁਰਮੁਖਿ ਵਿਰਲਾ ਬੂਝੈ ਕੋਈ ॥੫॥ (224-8)
गुरमुखि विरला बूझै कोई ॥५॥

ਕਰਿ ਕਿਰਪਾ ਰਾਖਹੁ ਰਖਵਾਲੇ ॥ (224-8)
करि किरपा राखहु रखवाले ॥

ਬਿਨੁ ਬੂਝੇ ਪਸੂ ਭਏ ਬੇਤਾਲੇ ॥੬॥ (224-9)
बिनु बूझे पसू भए बेताले ॥६॥

ਗੁਰਿ ਕਹਿਆ ਅਵਰੁ ਨਹੀ ਦੂਜਾ ॥ (224-9)
गुरि कहिआ अवरु नही दूजा ॥

ਕਿਸੁ ਕਹੁ ਦੇਖਿ ਕਰਉ ਅਨ ਪੂਜਾ ॥੭॥ (224-9)
किसु कहु देखि करउ अन पूजा ॥७॥

ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ ॥ (224-10)
संत हेति प्रभि त्रिभवण धारे ॥

ਆਤਮੁ ਚੀਨੈ ਸੁ ਤਤੁ ਬੀਚਾਰੇ ॥੮॥ (224-10)
आतमु चीनै सु ततु बीचारे ॥८॥

ਸਾਚੁ ਰਿਦੈ ਸਚੁ ਪ੍ਰੇਮ ਨਿਵਾਸ ॥ (224-11)
साचु रिदै सचु प्रेम निवास ॥

ਪ੍ਰਣਵਤਿ ਨਾਨਕ ਹਮ ਤਾ ਕੇ ਦਾਸ ॥੯॥੮॥ (224-11)
प्रणवति नानक हम ता के दास ॥९॥८॥

ਗਉੜੀ ਮਹਲਾ ੧ ॥ (224-11)
गउड़ी महला १ ॥

ਬ੍ਰਹਮੈ ਗਰਬੁ ਕੀਆ ਨਹੀ ਜਾਨਿਆ ॥ (224-11)
ब्रहमै गरबु कीआ नही जानिआ ॥

ਬੇਦ ਕੀ ਬਿਪਤਿ ਪੜੀ ਪਛੁਤਾਨਿਆ ॥ (224-12)
बेद की बिपति पड़ी पछुतानिआ ॥

ਜਹ ਪ੍ਰਭ ਸਿਮਰੇ ਤਹੀ ਮਨੁ ਮਾਨਿਆ ॥੧॥ (224-12)
जह प्रभ सिमरे तही मनु मानिआ ॥१॥

ਐਸਾ ਗਰਬੁ ਬੁਰਾ ਸੰਸਾਰੈ ॥ (224-13)
ऐसा गरबु बुरा संसारै ॥

ਜਿਸੁ ਗੁਰੁ ਮਿਲੈ ਤਿਸੁ ਗਰਬੁ ਨਿਵਾਰੈ ॥੧॥ ਰਹਾਉ ॥ (224-13)
जिसु गुरु मिलै तिसु गरबु निवारै ॥१॥ रहाउ ॥

ਬਲਿ ਰਾਜਾ ਮਾਇਆ ਅਹੰਕਾਰੀ ॥ (224-13)
बलि राजा माइआ अहंकारी ॥

ਜਗਨ ਕਰੈ ਬਹੁ ਭਾਰ ਅਫਾਰੀ ॥ (224-14)
जगन करै बहु भार अफारी ॥

ਬਿਨੁ ਗੁਰ ਪੂਛੇ ਜਾਇ ਪਇਆਰੀ ॥੨॥ (224-14)
बिनु गुर पूछे जाइ पइआरी ॥२॥

ਹਰੀਚੰਦੁ ਦਾਨੁ ਕਰੈ ਜਸੁ ਲੇਵੈ ॥ (224-14)
हरीचंदु दानु करै जसु लेवै ॥

ਬਿਨੁ ਗੁਰ ਅੰਤੁ ਨ ਪਾਇ ਅਭੇਵੈ ॥ (224-15)
बिनु गुर अंतु न पाइ अभेवै ॥

ਆਪਿ ਭੁਲਾਇ ਆਪੇ ਮਤਿ ਦੇਵੈ ॥੩॥ (224-15)
आपि भुलाइ आपे मति देवै ॥३॥

ਦੁਰਮਤਿ ਹਰਣਾਖਸੁ ਦੁਰਾਚਾਰੀ ॥ (224-15)
दुरमति हरणाखसु दुराचारी ॥

ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ ॥ (224-16)
प्रभु नाराइणु गरब प्रहारी ॥

ਪ੍ਰਹਲਾਦ ਉਧਾਰੇ ਕਿਰਪਾ ਧਾਰੀ ॥੪॥ (224-16)
प्रहलाद उधारे किरपा धारी ॥४॥

ਭੂਲੋ ਰਾਵਣੁ ਮੁਗਧੁ ਅਚੇਤਿ ॥ (224-16)
भूलो रावणु मुगधु अचेति ॥

ਲੂਟੀ ਲੰਕਾ ਸੀਸ ਸਮੇਤਿ ॥ (224-17)
लूटी लंका सीस समेति ॥

ਗਰਬਿ ਗਇਆ ਬਿਨੁ ਸਤਿਗੁਰ ਹੇਤਿ ॥੫॥ (224-17)
गरबि गइआ बिनु सतिगुर हेति ॥५॥

ਸਹਸਬਾਹੁ ਮਧੁ ਕੀਟ ਮਹਿਖਾਸਾ ॥ (224-17)
सहसबाहु मधु कीट महिखासा ॥

ਹਰਣਾਖਸੁ ਲੇ ਨਖਹੁ ਬਿਧਾਸਾ ॥ (224-18)
हरणाखसु ले नखहु बिधासा ॥

ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ ॥੬॥ (224-18)
दैत संघारे बिनु भगति अभिआसा ॥६॥

ਜਰਾਸੰਧਿ ਕਾਲਜਮੁਨ ਸੰਘਾਰੇ ॥ (224-19)
जरासंधि कालजमुन संघारे ॥

ਰਕਤਬੀਜੁ ਕਾਲੁਨੇਮੁ ਬਿਦਾਰੇ ॥ (224-19)
रकतबीजु कालुनेमु बिदारे ॥

ਦੈਤ ਸੰਘਾਰਿ ਸੰਤ ਨਿਸਤਾਰੇ ॥੭॥ (224-19)
दैत संघारि संत निसतारे ॥७॥

ਆਪੇ ਸਤਿਗੁਰੁ ਸਬਦੁ ਬੀਚਾਰੇ ॥ (224-19)
आपे सतिगुरु सबदु बीचारे ॥

ਦੂਜੈ ਭਾਇ ਦੈਤ ਸੰਘਾਰੇ ॥ (225-1)
दूजै भाइ दैत संघारे ॥

ਗੁਰਮੁਖਿ ਸਾਚਿ ਭਗਤਿ ਨਿਸਤਾਰੇ ॥੮॥ (225-1)
गुरमुखि साचि भगति निसतारे ॥८॥

ਬੂਡਾ ਦੁਰਜੋਧਨੁ ਪਤਿ ਖੋਈ ॥ (225-1)
बूडा दुरजोधनु पति खोई ॥

ਰਾਮੁ ਨ ਜਾਨਿਆ ਕਰਤਾ ਸੋਈ ॥ (225-2)
रामु न जानिआ करता सोई ॥

ਜਨ ਕਉ ਦੂਖਿ ਪਚੈ ਦੁਖੁ ਹੋਈ ॥੯॥ (225-2)
जन कउ दूखि पचै दुखु होई ॥९॥

ਜਨਮੇਜੈ ਗੁਰ ਸਬਦੁ ਨ ਜਾਨਿਆ ॥ (225-2)
जनमेजै गुर सबदु न जानिआ ॥

ਕਿਉ ਸੁਖੁ ਪਾਵੈ ਭਰਮਿ ਭੁਲਾਨਿਆ ॥ (225-3)
किउ सुखु पावै भरमि भुलानिआ ॥

ਇਕੁ ਤਿਲੁ ਭੂਲੇ ਬਹੁਰਿ ਪਛੁਤਾਨਿਆ ॥੧੦॥ (225-3)
इकु तिलु भूले बहुरि पछुतानिआ ॥१०॥

ਕੰਸੁ ਕੇਸੁ ਚਾਂਡੂਰੁ ਨ ਕੋਈ ॥ (225-3)
कंसु केसु चांडूरु न कोई ॥

ਰਾਮੁ ਨ ਚੀਨਿਆ ਅਪਨੀ ਪਤਿ ਖੋਈ ॥ (225-4)
रामु न चीनिआ अपनी पति खोई ॥

ਬਿਨੁ ਜਗਦੀਸ ਨ ਰਾਖੈ ਕੋਈ ॥੧੧॥ (225-4)
बिनु जगदीस न राखै कोई ॥११॥

ਬਿਨੁ ਗੁਰ ਗਰਬੁ ਨ ਮੇਟਿਆ ਜਾਇ ॥ (225-4)
बिनु गुर गरबु न मेटिआ जाइ ॥

ਗੁਰਮਤਿ ਧਰਮੁ ਧੀਰਜੁ ਹਰਿ ਨਾਇ ॥ (225-5)
गुरमति धरमु धीरजु हरि नाइ ॥

ਨਾਨਕ ਨਾਮੁ ਮਿਲੈ ਗੁਣ ਗਾਇ ॥੧੨॥੯॥ (225-5)
नानक नामु मिलै गुण गाइ ॥१२॥९॥

ਗਉੜੀ ਮਹਲਾ ੧ ॥ (225-6)
गउड़ी महला १ ॥

ਚੋਆ ਚੰਦਨੁ ਅੰਕਿ ਚੜਾਵਉ ॥ (225-6)
चोआ चंदनु अंकि चड़ावउ ॥

ਪਾਟ ਪਟੰਬਰ ਪਹਿਰਿ ਹਢਾਵਉ ॥ (225-6)
पाट पट्मबर पहिरि हढावउ ॥

ਬਿਨੁ ਹਰਿ ਨਾਮ ਕਹਾ ਸੁਖੁ ਪਾਵਉ ॥੧॥ (225-6)
बिनु हरि नाम कहा सुखु पावउ ॥१॥

ਕਿਆ ਪਹਿਰਉ ਕਿਆ ਓਢਿ ਦਿਖਾਵਉ ॥ (225-7)
किआ पहिरउ किआ ओढि दिखावउ ॥

ਬਿਨੁ ਜਗਦੀਸ ਕਹਾ ਸੁਖੁ ਪਾਵਉ ॥੧॥ ਰਹਾਉ ॥ (225-7)
बिनु जगदीस कहा सुखु पावउ ॥१॥ रहाउ ॥

ਕਾਨੀ ਕੁੰਡਲ ਗਲਿ ਮੋਤੀਅਨ ਕੀ ਮਾਲਾ ॥ (225-8)
कानी कुंडल गलि मोतीअन की माला ॥

ਲਾਲ ਨਿਹਾਲੀ ਫੂਲ ਗੁਲਾਲਾ ॥ (225-8)
लाल निहाली फूल गुलाला ॥

ਬਿਨੁ ਜਗਦੀਸ ਕਹਾ ਸੁਖੁ ਭਾਲਾ ॥੨॥ (225-8)
बिनु जगदीस कहा सुखु भाला ॥२॥

ਨੈਨ ਸਲੋਨੀ ਸੁੰਦਰ ਨਾਰੀ ॥ (225-9)
नैन सलोनी सुंदर नारी ॥

ਖੋੜ ਸੀਗਾਰ ਕਰੈ ਅਤਿ ਪਿਆਰੀ ॥ (225-9)
खोड़ सीगार करै अति पिआरी ॥

ਬਿਨੁ ਜਗਦੀਸ ਭਜੇ ਨਿਤ ਖੁਆਰੀ ॥੩॥ (225-9)
बिनु जगदीस भजे नित खुआरी ॥३॥

ਦਰ ਘਰ ਮਹਲਾ ਸੇਜ ਸੁਖਾਲੀ ॥ (225-10)
दर घर महला सेज सुखाली ॥

ਅਹਿਨਿਸਿ ਫੂਲ ਬਿਛਾਵੈ ਮਾਲੀ ॥ (225-10)
अहिनिसि फूल बिछावै माली ॥

ਬਿਨੁ ਹਰਿ ਨਾਮ ਸੁ ਦੇਹ ਦੁਖਾਲੀ ॥੪॥ (225-10)
बिनु हरि नाम सु देह दुखाली ॥४॥

ਹੈਵਰ ਗੈਵਰ ਨੇਜੇ ਵਾਜੇ ॥ (225-11)
हैवर गैवर नेजे वाजे ॥

ਲਸਕਰ ਨੇਬ ਖਵਾਸੀ ਪਾਜੇ ॥ (225-11)
लसकर नेब खवासी पाजे ॥

ਬਿਨੁ ਜਗਦੀਸ ਝੂਠੇ ਦਿਵਾਜੇ ॥੫॥ (225-11)
बिनु जगदीस झूठे दिवाजे ॥५॥

ਸਿਧੁ ਕਹਾਵਉ ਰਿਧਿ ਸਿਧਿ ਬੁਲਾਵਉ ॥ (225-12)
सिधु कहावउ रिधि सिधि बुलावउ ॥

ਤਾਜ ਕੁਲਹ ਸਿਰਿ ਛਤ੍ਰੁ ਬਨਾਵਉ ॥ (225-12)
ताज कुलह सिरि छत्रु बनावउ ॥

ਬਿਨੁ ਜਗਦੀਸ ਕਹਾ ਸਚੁ ਪਾਵਉ ॥੬॥ (225-12)
बिनु जगदीस कहा सचु पावउ ॥६॥

ਖਾਨੁ ਮਲੂਕੁ ਕਹਾਵਉ ਰਾਜਾ ॥ (225-13)
खानु मलूकु कहावउ राजा ॥

ਅਬੇ ਤਬੇ ਕੂੜੇ ਹੈ ਪਾਜਾ ॥ (225-13)
अबे तबे कूड़े है पाजा ॥

ਬਿਨੁ ਗੁਰ ਸਬਦ ਨ ਸਵਰਸਿ ਕਾਜਾ ॥੭॥ (225-13)
बिनु गुर सबद न सवरसि काजा ॥७॥

ਹਉਮੈ ਮਮਤਾ ਗੁਰ ਸਬਦਿ ਵਿਸਾਰੀ ॥ (225-14)
हउमै ममता गुर सबदि विसारी ॥

ਗੁਰਮਤਿ ਜਾਨਿਆ ਰਿਦੈ ਮੁਰਾਰੀ ॥ (225-14)
गुरमति जानिआ रिदै मुरारी ॥

ਪ੍ਰਣਵਤਿ ਨਾਨਕ ਸਰਣਿ ਤੁਮਾਰੀ ॥੮॥੧੦॥ (225-14)
प्रणवति नानक सरणि तुमारी ॥८॥१०॥

ਗਉੜੀ ਮਹਲਾ ੧ ॥ (225-15)
गउड़ी महला १ ॥

ਸੇਵਾ ਏਕ ਨ ਜਾਨਸਿ ਅਵਰੇ ॥ (225-15)
सेवा एक न जानसि अवरे ॥

ਪਰਪੰਚ ਬਿਆਧਿ ਤਿਆਗੈ ਕਵਰੇ ॥ (225-15)
परपंच बिआधि तिआगै कवरे ॥

ਭਾਇ ਮਿਲੈ ਸਚੁ ਸਾਚੈ ਸਚੁ ਰੇ ॥੧॥ (225-16)
भाइ मिलै सचु साचै सचु रे ॥१॥

ਐਸਾ ਰਾਮ ਭਗਤੁ ਜਨੁ ਹੋਈ ॥ (225-16)
ऐसा राम भगतु जनु होई ॥

ਹਰਿ ਗੁਣ ਗਾਇ ਮਿਲੈ ਮਲੁ ਧੋਈ ॥੧॥ ਰਹਾਉ ॥ (225-16)
हरि गुण गाइ मिलै मलु धोई ॥१॥ रहाउ ॥

ਊਂਧੋ ਕਵਲੁ ਸਗਲ ਸੰਸਾਰੈ ॥ (225-17)
ऊंधो कवलु सगल संसारै ॥

ਦੁਰਮਤਿ ਅਗਨਿ ਜਗਤ ਪਰਜਾਰੈ ॥ (225-17)
दुरमति अगनि जगत परजारै ॥

ਸੋ ਉਬਰੈ ਗੁਰ ਸਬਦੁ ਬੀਚਾਰੈ ॥੨॥ (225-17)
सो उबरै गुर सबदु बीचारै ॥२॥

ਭ੍ਰਿੰਗ ਪਤੰਗੁ ਕੁੰਚਰੁ ਅਰੁ ਮੀਨਾ ॥ (225-18)
भ्रिंग पतंगु कुंचरु अरु मीना ॥

ਮਿਰਗੁ ਮਰੈ ਸਹਿ ਅਪੁਨਾ ਕੀਨਾ ॥ (225-18)
मिरगु मरै सहि अपुना कीना ॥

ਤ੍ਰਿਸਨਾ ਰਾਚਿ ਤਤੁ ਨਹੀ ਬੀਨਾ ॥੩॥ (225-18)
त्रिसना राचि ततु नही बीना ॥३॥

ਕਾਮੁ ਚਿਤੈ ਕਾਮਣਿ ਹਿਤਕਾਰੀ ॥ (225-19)
कामु चितै कामणि हितकारी ॥

ਕ੍ਰੋਧੁ ਬਿਨਾਸੈ ਸਗਲ ਵਿਕਾਰੀ ॥ (225-19)
क्रोधु बिनासै सगल विकारी ॥

ਪਤਿ ਮਤਿ ਖੋਵਹਿ ਨਾਮੁ ਵਿਸਾਰੀ ॥੪॥ (225-19)
पति मति खोवहि नामु विसारी ॥४॥

ਪਰ ਘਰਿ ਚੀਤੁ ਮਨਮੁਖਿ ਡੋਲਾਇ ॥ (226-1)
पर घरि चीतु मनमुखि डोलाइ ॥

ਗਲਿ ਜੇਵਰੀ ਧੰਧੈ ਲਪਟਾਇ ॥ (226-1)
गलि जेवरी धंधै लपटाइ ॥

ਗੁਰਮੁਖਿ ਛੂਟਸਿ ਹਰਿ ਗੁਣ ਗਾਇ ॥੫॥ (226-1)
गुरमुखि छूटसि हरि गुण गाइ ॥५॥

ਜਿਉ ਤਨੁ ਬਿਧਵਾ ਪਰ ਕਉ ਦੇਈ ॥ (226-2)
जिउ तनु बिधवा पर कउ देई ॥

ਕਾਮਿ ਦਾਮਿ ਚਿਤੁ ਪਰ ਵਸਿ ਸੇਈ ॥ (226-2)
कामि दामि चितु पर वसि सेई ॥

ਬਿਨੁ ਪਿਰ ਤ੍ਰਿਪਤਿ ਨ ਕਬਹੂੰ ਹੋਈ ॥੬॥ (226-2)
बिनु पिर त्रिपति न कबहूं होई ॥६॥

ਪੜਿ ਪੜਿ ਪੋਥੀ ਸਿੰਮ੍ਰਿਤਿ ਪਾਠਾ ॥ (226-3)
पड़ि पड़ि पोथी सिंम्रिति पाठा ॥

ਬੇਦ ਪੁਰਾਣ ਪੜੈ ਸੁਣਿ ਥਾਟਾ ॥ (226-3)
बेद पुराण पड़ै सुणि थाटा ॥

ਬਿਨੁ ਰਸ ਰਾਤੇ ਮਨੁ ਬਹੁ ਨਾਟਾ ॥੭॥ (226-3)
बिनु रस राते मनु बहु नाटा ॥७॥

ਜਿਉ ਚਾਤ੍ਰਿਕ ਜਲ ਪ੍ਰੇਮ ਪਿਆਸਾ ॥ (226-4)
जिउ चात्रिक जल प्रेम पिआसा ॥

ਜਿਉ ਮੀਨਾ ਜਲ ਮਾਹਿ ਉਲਾਸਾ ॥ (226-4)
जिउ मीना जल माहि उलासा ॥

ਨਾਨਕ ਹਰਿ ਰਸੁ ਪੀ ਤ੍ਰਿਪਤਾਸਾ ॥੮॥੧੧॥ (226-4)
नानक हरि रसु पी त्रिपतासा ॥८॥११॥

ਗਉੜੀ ਮਹਲਾ ੧ ॥ (226-5)
गउड़ी महला १ ॥

ਹਠੁ ਕਰਿ ਮਰੈ ਨ ਲੇਖੈ ਪਾਵੈ ॥ (226-5)
हठु करि मरै न लेखै पावै ॥

ਵੇਸ ਕਰੈ ਬਹੁ ਭਸਮ ਲਗਾਵੈ ॥ (226-5)
वेस करै बहु भसम लगावै ॥

ਨਾਮੁ ਬਿਸਾਰਿ ਬਹੁਰਿ ਪਛੁਤਾਵੈ ॥੧॥ (226-5)
नामु बिसारि बहुरि पछुतावै ॥१॥

ਤੂੰ ਮਨਿ ਹਰਿ ਜੀਉ ਤੂੰ ਮਨਿ ਸੂਖ ॥ (226-6)
तूं मनि हरि जीउ तूं मनि सूख ॥

ਨਾਮੁ ਬਿਸਾਰਿ ਸਹਹਿ ਜਮ ਦੂਖ ॥੧॥ ਰਹਾਉ ॥ (226-6)
नामु बिसारि सहहि जम दूख ॥१॥ रहाउ ॥

ਚੋਆ ਚੰਦਨ ਅਗਰ ਕਪੂਰਿ ॥ (226-7)
चोआ चंदन अगर कपूरि ॥

ਮਾਇਆ ਮਗਨੁ ਪਰਮ ਪਦੁ ਦੂਰਿ ॥ (226-7)
माइआ मगनु परम पदु दूरि ॥

ਨਾਮਿ ਬਿਸਾਰਿਐ ਸਭੁ ਕੂੜੋ ਕੂਰਿ ॥੨॥ (226-7)
नामि बिसारिऐ सभु कूड़ो कूरि ॥२॥

ਨੇਜੇ ਵਾਜੇ ਤਖਤਿ ਸਲਾਮੁ ॥ (226-7)
नेजे वाजे तखति सलामु ॥

ਅਧਕੀ ਤ੍ਰਿਸਨਾ ਵਿਆਪੈ ਕਾਮੁ ॥ (226-8)
अधकी त्रिसना विआपै कामु ॥

ਬਿਨੁ ਹਰਿ ਜਾਚੇ ਭਗਤਿ ਨ ਨਾਮੁ ॥੩॥ (226-8)
बिनु हरि जाचे भगति न नामु ॥३॥

ਵਾਦਿ ਅਹੰਕਾਰਿ ਨਾਹੀ ਪ੍ਰਭ ਮੇਲਾ ॥ (226-8)
वादि अहंकारि नाही प्रभ मेला ॥

ਮਨੁ ਦੇ ਪਾਵਹਿ ਨਾਮੁ ਸੁਹੇਲਾ ॥ (226-9)
मनु दे पावहि नामु सुहेला ॥

ਦੂਜੈ ਭਾਇ ਅਗਿਆਨੁ ਦੁਹੇਲਾ ॥੪॥ (226-9)
दूजै भाइ अगिआनु दुहेला ॥४॥

ਬਿਨੁ ਦਮ ਕੇ ਸਉਦਾ ਨਹੀ ਹਾਟ ॥ (226-9)
बिनु दम के सउदा नही हाट ॥

ਬਿਨੁ ਬੋਹਿਥ ਸਾਗਰ ਨਹੀ ਵਾਟ ॥ (226-10)
बिनु बोहिथ सागर नही वाट ॥

ਬਿਨੁ ਗੁਰ ਸੇਵੇ ਘਾਟੇ ਘਾਟਿ ॥੫॥ (226-10)
बिनु गुर सेवे घाटे घाटि ॥५॥

ਤਿਸੁ ਕਉ ਵਾਹੁ ਵਾਹੁ ਜਿ ਵਾਟ ਦਿਖਾਵੈ ॥ (226-10)
तिस कउ वाहु वाहु जि वाट दिखावै ॥

ਤਿਸੁ ਕਉ ਵਾਹੁ ਵਾਹੁ ਜਿ ਸਬਦੁ ਸੁਣਾਵੈ ॥ (226-11)
तिस कउ वाहु वाहु जि सबदु सुणावै ॥

ਤਿਸੁ ਕਉ ਵਾਹੁ ਵਾਹੁ ਜਿ ਮੇਲਿ ਮਿਲਾਵੈ ॥੬॥ (226-11)
तिस कउ वाहु वाहु जि मेलि मिलावै ॥६॥

ਵਾਹੁ ਵਾਹੁ ਤਿਸੁ ਕਉ ਜਿਸ ਕਾ ਇਹੁ ਜੀਉ ॥ (226-11)
वाहु वाहु तिस कउ जिस का इहु जीउ ॥

ਗੁਰ ਸਬਦੀ ਮਥਿ ਅੰਮ੍ਰਿਤੁ ਪੀਉ ॥ (226-12)
गुर सबदी मथि अमृतु पीउ ॥

ਨਾਮ ਵਡਾਈ ਤੁਧੁ ਭਾਣੈ ਦੀਉ ॥੭॥ (226-12)
नाम वडाई तुधु भाणै दीउ ॥७॥

ਨਾਮ ਬਿਨਾ ਕਿਉ ਜੀਵਾ ਮਾਇ ॥ (226-13)
नाम बिना किउ जीवा माइ ॥

ਅਨਦਿਨੁ ਜਪਤੁ ਰਹਉ ਤੇਰੀ ਸਰਣਾਇ ॥ (226-13)
अनदिनु जपतु रहउ तेरी सरणाइ ॥

ਨਾਨਕ ਨਾਮਿ ਰਤੇ ਪਤਿ ਪਾਇ ॥੮॥੧੨॥ (226-13)
नानक नामि रते पति पाइ ॥८॥१२॥

ਗਉੜੀ ਮਹਲਾ ੧ ॥ (226-14)
गउड़ी महला १ ॥

ਹਉਮੈ ਕਰਤ ਭੇਖੀ ਨਹੀ ਜਾਨਿਆ ॥ (226-14)
हउमै करत भेखी नही जानिआ ॥

ਗੁਰਮੁਖਿ ਭਗਤਿ ਵਿਰਲੇ ਮਨੁ ਮਾਨਿਆ ॥੧॥ (226-14)
गुरमुखि भगति विरले मनु मानिआ ॥१॥

ਹਉ ਹਉ ਕਰਤ ਨਹੀ ਸਚੁ ਪਾਈਐ ॥ (226-15)
हउ हउ करत नही सचु पाईऐ ॥

ਹਉਮੈ ਜਾਇ ਪਰਮ ਪਦੁ ਪਾਈਐ ॥੧॥ ਰਹਾਉ ॥ (226-15)
हउमै जाइ परम पदु पाईऐ ॥१॥ रहाउ ॥

ਹਉਮੈ ਕਰਿ ਰਾਜੇ ਬਹੁ ਧਾਵਹਿ ॥ (226-15)
हउमै करि राजे बहु धावहि ॥

ਹਉਮੈ ਖਪਹਿ ਜਨਮਿ ਮਰਿ ਆਵਹਿ ॥੨॥ (226-16)
हउमै खपहि जनमि मरि आवहि ॥२॥

ਹਉਮੈ ਨਿਵਰੈ ਗੁਰ ਸਬਦੁ ਵੀਚਾਰੈ ॥ (226-16)
हउमै निवरै गुर सबदु वीचारै ॥

ਚੰਚਲ ਮਤਿ ਤਿਆਗੈ ਪੰਚ ਸੰਘਾਰੈ ॥੩॥ (226-16)
चंचल मति तिआगै पंच संघारै ॥३॥

ਅੰਤਰਿ ਸਾਚੁ ਸਹਜ ਘਰਿ ਆਵਹਿ ॥ (226-17)
अंतरि साचु सहज घरि आवहि ॥

ਰਾਜਨੁ ਜਾਣਿ ਪਰਮ ਗਤਿ ਪਾਵਹਿ ॥੪॥ (226-17)
राजनु जाणि परम गति पावहि ॥४॥

ਸਚੁ ਕਰਣੀ ਗੁਰੁ ਭਰਮੁ ਚੁਕਾਵੈ ॥ (226-18)
सचु करणी गुरु भरमु चुकावै ॥

ਨਿਰਭਉ ਕੈ ਘਰਿ ਤਾੜੀ ਲਾਵੈ ॥੫॥ (226-18)
निरभउ कै घरि ताड़ी लावै ॥५॥

ਹਉ ਹਉ ਕਰਿ ਮਰਣਾ ਕਿਆ ਪਾਵੈ ॥ (226-18)
हउ हउ करि मरणा किआ पावै ॥

ਪੂਰਾ ਗੁਰੁ ਭੇਟੇ ਸੋ ਝਗਰੁ ਚੁਕਾਵੈ ॥੬॥ (226-19)
पूरा गुरु भेटे सो झगरु चुकावै ॥६॥

ਜੇਤੀ ਹੈ ਤੇਤੀ ਕਿਹੁ ਨਾਹੀ ॥ (226-19)
जेती है तेती किहु नाही ॥

ਗੁਰਮੁਖਿ ਗਿਆਨ ਭੇਟਿ ਗੁਣ ਗਾਹੀ ॥੭॥ (226-19)
गुरमुखि गिआन भेटि गुण गाही ॥७॥

ਹਉਮੈ ਬੰਧਨ ਬੰਧਿ ਭਵਾਵੈ ॥ (227-1)
हउमै बंधन बंधि भवावै ॥

ਨਾਨਕ ਰਾਮ ਭਗਤਿ ਸੁਖੁ ਪਾਵੈ ॥੮॥੧੩॥ (227-1)
नानक राम भगति सुखु पावै ॥८॥१३॥

ਗਉੜੀ ਮਹਲਾ ੧ ॥ (227-1)
गउड़ी महला १ ॥

ਪ੍ਰਥਮੇ ਬ੍ਰਹਮਾ ਕਾਲੈ ਘਰਿ ਆਇਆ ॥ (227-2)
प्रथमे ब्रहमा कालै घरि आइआ ॥

ਬ੍ਰਹਮ ਕਮਲੁ ਪਇਆਲਿ ਨ ਪਾਇਆ ॥ (227-2)
ब्रहम कमलु पइआलि न पाइआ ॥

ਆਗਿਆ ਨਹੀ ਲੀਨੀ ਭਰਮਿ ਭੁਲਾਇਆ ॥੧॥ (227-2)
आगिआ नही लीनी भरमि भुलाइआ ॥१॥

ਜੋ ਉਪਜੈ ਸੋ ਕਾਲਿ ਸੰਘਾਰਿਆ ॥ (227-3)
जो उपजै सो कालि संघारिआ ॥

ਹਮ ਹਰਿ ਰਾਖੇ ਗੁਰ ਸਬਦੁ ਬੀਚਾਰਿਆ ॥੧॥ ਰਹਾਉ ॥ (227-3)
हम हरि राखे गुर सबदु बीचारिआ ॥१॥ रहाउ ॥

ਮਾਇਆ ਮੋਹੇ ਦੇਵੀ ਸਭਿ ਦੇਵਾ ॥ (227-4)
माइआ मोहे देवी सभि देवा ॥

ਕਾਲੁ ਨ ਛੋਡੈ ਬਿਨੁ ਗੁਰ ਕੀ ਸੇਵਾ ॥ (227-4)
कालु न छोडै बिनु गुर की सेवा ॥

ਓਹੁ ਅਬਿਨਾਸੀ ਅਲਖ ਅਭੇਵਾ ॥੨॥ (227-4)
ओहु अबिनासी अलख अभेवा ॥२॥

ਸੁਲਤਾਨ ਖਾਨ ਬਾਦਿਸਾਹ ਨਹੀ ਰਹਨਾ ॥ (227-5)
सुलतान खान बादिसाह नही रहना ॥

ਨਾਮਹੁ ਭੂਲੈ ਜਮ ਕਾ ਦੁਖੁ ਸਹਨਾ ॥ (227-5)
नामहु भूलै जम का दुखु सहना ॥

ਮੈ ਧਰ ਨਾਮੁ ਜਿਉ ਰਾਖਹੁ ਰਹਨਾ ॥੩॥ (227-5)
मै धर नामु जिउ राखहु रहना ॥३॥

ਚਉਧਰੀ ਰਾਜੇ ਨਹੀ ਕਿਸੈ ਮੁਕਾਮੁ ॥ (227-6)
चउधरी राजे नही किसै मुकामु ॥

ਸਾਹ ਮਰਹਿ ਸੰਚਹਿ ਮਾਇਆ ਦਾਮ ॥ (227-6)
साह मरहि संचहि माइआ दाम ॥

ਮੈ ਧਨੁ ਦੀਜੈ ਹਰਿ ਅੰਮ੍ਰਿਤ ਨਾਮੁ ॥੪॥ (227-6)
मै धनु दीजै हरि अमृत नामु ॥४॥

ਰਯਤਿ ਮਹਰ ਮੁਕਦਮ ਸਿਕਦਾਰੈ ॥ (227-7)
रयति महर मुकदम सिकदारै ॥

ਨਿਹਚਲੁ ਕੋਇ ਨ ਦਿਸੈ ਸੰਸਾਰੈ ॥ (227-7)
निहचलु कोइ न दिसै संसारै ॥

ਅਫਰਿਉ ਕਾਲੁ ਕੂੜੁ ਸਿਰਿ ਮਾਰੈ ॥੫॥ (227-7)
अफरिउ कालु कूड़ु सिरि मारै ॥५॥

ਨਿਹਚਲੁ ਏਕੁ ਸਚਾ ਸਚੁ ਸੋਈ ॥ (227-8)
निहचलु एकु सचा सचु सोई ॥

ਜਿਨਿ ਕਰਿ ਸਾਜੀ ਤਿਨਹਿ ਸਭ ਗੋਈ ॥ (227-8)
जिनि करि साजी तिनहि सभ गोई ॥

ਓਹੁ ਗੁਰਮੁਖਿ ਜਾਪੈ ਤਾਂ ਪਤਿ ਹੋਈ ॥੬॥ (227-8)
ओहु गुरमुखि जापै तां पति होई ॥६॥

ਕਾਜੀ ਸੇਖ ਭੇਖ ਫਕੀਰਾ ॥ (227-9)
काजी सेख भेख फकीरा ॥

ਵਡੇ ਕਹਾਵਹਿ ਹਉਮੈ ਤਨਿ ਪੀਰਾ ॥ (227-9)
वडे कहावहि हउमै तनि पीरा ॥

ਕਾਲੁ ਨ ਛੋਡੈ ਬਿਨੁ ਸਤਿਗੁਰ ਕੀ ਧੀਰਾ ॥੭॥ (227-9)
कालु न छोडै बिनु सतिगुर की धीरा ॥७॥

ਕਾਲੁ ਜਾਲੁ ਜਿਹਵਾ ਅਰੁ ਨੈਣੀ ॥ (227-10)
कालु जालु जिहवा अरु नैणी ॥

ਕਾਨੀ ਕਾਲੁ ਸੁਣੈ ਬਿਖੁ ਬੈਣੀ ॥ (227-10)
कानी कालु सुणै बिखु बैणी ॥

ਬਿਨੁ ਸਬਦੈ ਮੂਠੇ ਦਿਨੁ ਰੈਣੀ ॥੮॥ (227-10)
बिनु सबदै मूठे दिनु रैणी ॥८॥

ਹਿਰਦੈ ਸਾਚੁ ਵਸੈ ਹਰਿ ਨਾਇ ॥ (227-11)
हिरदै साचु वसै हरि नाइ ॥

ਕਾਲੁ ਨ ਜੋਹਿ ਸਕੈ ਗੁਣ ਗਾਇ ॥ (227-11)
कालु न जोहि सकै गुण गाइ ॥

ਨਾਨਕ ਗੁਰਮੁਖਿ ਸਬਦਿ ਸਮਾਇ ॥੯॥੧੪॥ (227-11)
नानक गुरमुखि सबदि समाइ ॥९॥१४॥

ਗਉੜੀ ਮਹਲਾ ੧ ॥ (227-12)
गउड़ी महला १ ॥

ਬੋਲਹਿ ਸਾਚੁ ਮਿਥਿਆ ਨਹੀ ਰਾਈ ॥ (227-12)
बोलहि साचु मिथिआ नही राई ॥

ਚਾਲਹਿ ਗੁਰਮੁਖਿ ਹੁਕਮਿ ਰਜਾਈ ॥ (227-12)
चालहि गुरमुखि हुकमि रजाई ॥

ਰਹਹਿ ਅਤੀਤ ਸਚੇ ਸਰਣਾਈ ॥੧॥ (227-12)
रहहि अतीत सचे सरणाई ॥१॥

ਸਚ ਘਰਿ ਬੈਸੈ ਕਾਲੁ ਨ ਜੋਹੈ ॥ (227-13)
सच घरि बैसै कालु न जोहै ॥

ਮਨਮੁਖ ਕਉ ਆਵਤ ਜਾਵਤ ਦੁਖੁ ਮੋਹੈ ॥੧॥ ਰਹਾਉ ॥ (227-13)
मनमुख कउ आवत जावत दुखु मोहै ॥१॥ रहाउ ॥

ਅਪਿਉ ਪੀਅਉ ਅਕਥੁ ਕਥਿ ਰਹੀਐ ॥ (227-14)
अपिउ पीअउ अकथु कथि रहीऐ ॥

ਨਿਜ ਘਰਿ ਬੈਸਿ ਸਹਜ ਘਰੁ ਲਹੀਐ ॥ (227-14)
निज घरि बैसि सहज घरु लहीऐ ॥

ਹਰਿ ਰਸਿ ਮਾਤੇ ਇਹੁ ਸੁਖੁ ਕਹੀਐ ॥੨॥ (227-14)
हरि रसि माते इहु सुखु कहीऐ ॥२॥

ਗੁਰਮਤਿ ਚਾਲ ਨਿਹਚਲ ਨਹੀ ਡੋਲੈ ॥ (227-15)
गुरमति चाल निहचल नही डोलै ॥

ਗੁਰਮਤਿ ਸਾਚਿ ਸਹਜਿ ਹਰਿ ਬੋਲੈ ॥ (227-15)
गुरमति साचि सहजि हरि बोलै ॥

ਪੀਵੈ ਅੰਮ੍ਰਿਤੁ ਤਤੁ ਵਿਰੋਲੈ ॥੩॥ (227-15)
पीवै अमृतु ततु विरोलै ॥३॥

ਸਤਿਗੁਰੁ ਦੇਖਿਆ ਦੀਖਿਆ ਲੀਨੀ ॥ (227-16)
सतिगुरु देखिआ दीखिआ लीनी ॥

ਮਨੁ ਤਨੁ ਅਰਪਿਓ ਅੰਤਰ ਗਤਿ ਕੀਨੀ ॥ (227-16)
मनु तनु अरपिओ अंतर गति कीनी ॥

ਗਤਿ ਮਿਤਿ ਪਾਈ ਆਤਮੁ ਚੀਨੀ ॥੪॥ (227-16)
गति मिति पाई आतमु चीनी ॥४॥

ਭੋਜਨੁ ਨਾਮੁ ਨਿਰੰਜਨ ਸਾਰੁ ॥ (227-17)
भोजनु नामु निरंजन सारु ॥

ਪਰਮ ਹੰਸੁ ਸਚੁ ਜੋਤਿ ਅਪਾਰ ॥ (227-17)
परम हंसु सचु जोति अपार ॥

ਜਹ ਦੇਖਉ ਤਹ ਏਕੰਕਾਰੁ ॥੫॥ (227-17)
जह देखउ तह एकंकारु ॥५॥

ਰਹੈ ਨਿਰਾਲਮੁ ਏਕਾ ਸਚੁ ਕਰਣੀ ॥ (227-18)
रहै निरालमु एका सचु करणी ॥

ਪਰਮ ਪਦੁ ਪਾਇਆ ਸੇਵਾ ਗੁਰ ਚਰਣੀ ॥ (227-18)
परम पदु पाइआ सेवा गुर चरणी ॥

ਮਨ ਤੇ ਮਨੁ ਮਾਨਿਆ ਚੂਕੀ ਅਹੰ ਭ੍ਰਮਣੀ ॥੬॥ (227-18)
मन ते मनु मानिआ चूकी अहं भ्रमणी ॥६॥

ਇਨ ਬਿਧਿ ਕਉਣੁ ਕਉਣੁ ਨਹੀ ਤਾਰਿਆ ॥ (227-19)
इन बिधि कउणु कउणु नही तारिआ ॥

ਹਰਿ ਜਸਿ ਸੰਤ ਭਗਤ ਨਿਸਤਾਰਿਆ ॥ (227-19)
हरि जसि संत भगत निसतारिआ ॥

ਪ੍ਰਭ ਪਾਏ ਹਮ ਅਵਰੁ ਨ ਭਾਰਿਆ ॥੭॥ (228-1)
प्रभ पाए हम अवरु न भारिआ ॥७॥

ਸਾਚ ਮਹਲਿ ਗੁਰਿ ਅਲਖੁ ਲਖਾਇਆ ॥ (228-1)
साच महलि गुरि अलखु लखाइआ ॥

ਨਿਹਚਲ ਮਹਲੁ ਨਹੀ ਛਾਇਆ ਮਾਇਆ ॥ (228-1)
निहचल महलु नही छाइआ माइआ ॥

ਸਾਚਿ ਸੰਤੋਖੇ ਭਰਮੁ ਚੁਕਾਇਆ ॥੮॥ (228-2)
साचि संतोखे भरमु चुकाइआ ॥८॥

ਜਿਨ ਕੈ ਮਨਿ ਵਸਿਆ ਸਚੁ ਸੋਈ ॥ (228-2)
जिन कै मनि वसिआ सचु सोई ॥

ਤਿਨ ਕੀ ਸੰਗਤਿ ਗੁਰਮੁਖਿ ਹੋਈ ॥ (228-3)
तिन की संगति गुरमुखि होई ॥

ਨਾਨਕ ਸਾਚਿ ਨਾਮਿ ਮਲੁ ਖੋਈ ॥੯॥੧੫॥ (228-3)
नानक साचि नामि मलु खोई ॥९॥१५॥

ਗਉੜੀ ਮਹਲਾ ੧ ॥ (228-3)
गउड़ी महला १ ॥

ਰਾਮਿ ਨਾਮਿ ਚਿਤੁ ਰਾਪੈ ਜਾ ਕਾ ॥ (228-3)
रामि नामि चितु रापै जा का ॥

ਉਪਜੰਪਿ ਦਰਸਨੁ ਕੀਜੈ ਤਾ ਕਾ ॥੧॥ (228-4)
उपज्मपि दरसनु कीजै ता का ॥१॥

ਰਾਮ ਨ ਜਪਹੁ ਅਭਾਗੁ ਤੁਮਾਰਾ ॥ (228-4)
राम न जपहु अभागु तुमारा ॥

ਜੁਗਿ ਜੁਗਿ ਦਾਤਾ ਪ੍ਰਭੁ ਰਾਮੁ ਹਮਾਰਾ ॥੧॥ ਰਹਾਉ ॥ (228-4)
जुगि जुगि दाता प्रभु रामु हमारा ॥१॥ रहाउ ॥

ਗੁਰਮਤਿ ਰਾਮੁ ਜਪੈ ਜਨੁ ਪੂਰਾ ॥ (228-5)
गुरमति रामु जपै जनु पूरा ॥

ਤਿਤੁ ਘਟ ਅਨਹਤ ਬਾਜੇ ਤੂਰਾ ॥੨॥ (228-5)
तितु घट अनहत बाजे तूरा ॥२॥

ਜੋ ਜਨ ਰਾਮ ਭਗਤਿ ਹਰਿ ਪਿਆਰਿ ॥ (228-5)
जो जन राम भगति हरि पिआरि ॥

ਸੇ ਪ੍ਰਭਿ ਰਾਖੇ ਕਿਰਪਾ ਧਾਰਿ ॥੩॥ (228-6)
से प्रभि राखे किरपा धारि ॥३॥

ਜਿਨ ਕੈ ਹਿਰਦੈ ਹਰਿ ਹਰਿ ਸੋਈ ॥ (228-6)
जिन कै हिरदै हरि हरि सोई ॥

ਤਿਨ ਕਾ ਦਰਸੁ ਪਰਸਿ ਸੁਖੁ ਹੋਈ ॥੪॥ (228-6)
तिन का दरसु परसि सुखु होई ॥४॥

ਸਰਬ ਜੀਆ ਮਹਿ ਏਕੋ ਰਵੈ ॥ (228-7)
सरब जीआ महि एको रवै ॥

ਮਨਮੁਖਿ ਅਹੰਕਾਰੀ ਫਿਰਿ ਜੂਨੀ ਭਵੈ ॥੫॥ (228-7)
मनमुखि अहंकारी फिरि जूनी भवै ॥५॥

ਸੋ ਬੂਝੈ ਜੋ ਸਤਿਗੁਰੁ ਪਾਏ ॥ (228-7)
सो बूझै जो सतिगुरु पाए ॥

ਹਉਮੈ ਮਾਰੇ ਗੁਰ ਸਬਦੇ ਪਾਏ ॥੬॥ (228-8)
हउमै मारे गुर सबदे पाए ॥६॥

ਅਰਧ ਉਰਧ ਕੀ ਸੰਧਿ ਕਿਉ ਜਾਨੈ ॥ (228-8)
अरध उरध की संधि किउ जानै ॥

ਗੁਰਮੁਖਿ ਸੰਧਿ ਮਿਲੈ ਮਨੁ ਮਾਨੈ ॥੭॥ (228-8)
गुरमुखि संधि मिलै मनु मानै ॥७॥

ਹਮ ਪਾਪੀ ਨਿਰਗੁਣ ਕਉ ਗੁਣੁ ਕਰੀਐ ॥ (228-9)
हम पापी निरगुण कउ गुणु करीऐ ॥

ਪ੍ਰਭ ਹੋਇ ਦਇਆਲੁ ਨਾਨਕ ਜਨ ਤਰੀਐ ॥੮॥੧੬॥ (228-9)
प्रभ होइ दइआलु नानक जन तरीऐ ॥८॥१६॥

ਸੋਲਹ ਅਸਟਪਦੀਆ ਗੁਆਰੇਰੀ ਗਉੜੀ ਕੀਆ ॥ (228-10)
सोलह असटपदीआ गुआरेरी गउड़ी कीआ ॥

ਗਉੜੀ ਬੈਰਾਗਣਿ ਮਹਲਾ ੧ (228-11)
गउड़ी बैरागणि महला १

ੴ ਸਤਿਗੁਰ ਪ੍ਰਸਾਦਿ ॥ (228-11)
ੴ सतिगुर प्रसादि ॥

ਜਿਉ ਗਾਈ ਕਉ ਗੋਇਲੀ ਰਾਖਹਿ ਕਰਿ ਸਾਰਾ ॥ (228-12)
जिउ गाई कउ गोइली राखहि करि सारा ॥

ਅਹਿਨਿਸਿ ਪਾਲਹਿ ਰਾਖਿ ਲੇਹਿ ਆਤਮ ਸੁਖੁ ਧਾਰਾ ॥੧॥ (228-12)
अहिनिसि पालहि राखि लेहि आतम सुखु धारा ॥१॥

ਇਤ ਉਤ ਰਾਖਹੁ ਦੀਨ ਦਇਆਲਾ ॥ (228-13)
इत उत राखहु दीन दइआला ॥

ਤਉ ਸਰਣਾਗਤਿ ਨਦਰਿ ਨਿਹਾਲਾ ॥੧॥ ਰਹਾਉ ॥ (228-13)
तउ सरणागति नदरि निहाला ॥१॥ रहाउ ॥

ਜਹ ਦੇਖਉ ਤਹ ਰਵਿ ਰਹੇ ਰਖੁ ਰਾਖਨਹਾਰਾ ॥ (228-13)
जह देखउ तह रवि रहे रखु राखनहारा ॥

ਤੂੰ ਦਾਤਾ ਭੁਗਤਾ ਤੂੰਹੈ ਤੂੰ ਪ੍ਰਾਣ ਅਧਾਰਾ ॥੨॥ (228-14)
तूं दाता भुगता तूंहै तूं प्राण अधारा ॥२॥

ਕਿਰਤੁ ਪਇਆ ਅਧ ਊਰਧੀ ਬਿਨੁ ਗਿਆਨ ਬੀਚਾਰਾ ॥ (228-14)
किरतु पइआ अध ऊरधी बिनु गिआन बीचारा ॥

ਬਿਨੁ ਉਪਮਾ ਜਗਦੀਸ ਕੀ ਬਿਨਸੈ ਨ ਅੰਧਿਆਰਾ ॥੩॥ (228-15)
बिनु उपमा जगदीस की बिनसै न अंधिआरा ॥३॥

ਜਗੁ ਬਿਨਸਤ ਹਮ ਦੇਖਿਆ ਲੋਭੇ ਅਹੰਕਾਰਾ ॥ (228-15)
जगु बिनसत हम देखिआ लोभे अहंकारा ॥

ਗੁਰ ਸੇਵਾ ਪ੍ਰਭੁ ਪਾਇਆ ਸਚੁ ਮੁਕਤਿ ਦੁਆਰਾ ॥੪॥ (228-16)
गुर सेवा प्रभु पाइआ सचु मुकति दुआरा ॥४॥

ਨਿਜ ਘਰਿ ਮਹਲੁ ਅਪਾਰ ਕੋ ਅਪਰੰਪਰੁ ਸੋਈ ॥ (228-16)
निज घरि महलु अपार को अपर्मपरु सोई ॥

ਬਿਨੁ ਸਬਦੈ ਥਿਰੁ ਕੋ ਨਹੀ ਬੂਝੈ ਸੁਖੁ ਹੋਈ ॥੫॥ (228-17)
बिनु सबदै थिरु को नही बूझै सुखु होई ॥५॥

ਕਿਆ ਲੈ ਆਇਆ ਲੇ ਜਾਇ ਕਿਆ ਫਾਸਹਿ ਜਮ ਜਾਲਾ ॥ (228-17)
किआ लै आइआ ले जाइ किआ फासहि जम जाला ॥

ਡੋਲੁ ਬਧਾ ਕਸਿ ਜੇਵਰੀ ਆਕਾਸਿ ਪਤਾਲਾ ॥੬॥ (228-18)
डोलु बधा कसि जेवरी आकासि पताला ॥६॥

ਗੁਰਮਤਿ ਨਾਮੁ ਨ ਵੀਸਰੈ ਸਹਜੇ ਪਤਿ ਪਾਈਐ ॥ (228-18)
गुरमति नामु न वीसरै सहजे पति पाईऐ ॥

ਅੰਤਰਿ ਸਬਦੁ ਨਿਧਾਨੁ ਹੈ ਮਿਲਿ ਆਪੁ ਗਵਾਈਐ ॥੭॥ (228-18)
अंतरि सबदु निधानु है मिलि आपु गवाईऐ ॥७॥

ਨਦਰਿ ਕਰੇ ਪ੍ਰਭੁ ਆਪਣੀ ਗੁਣ ਅੰਕਿ ਸਮਾਵੈ ॥ (228-19)
नदरि करे प्रभु आपणी गुण अंकि समावै ॥

ਨਾਨਕ ਮੇਲੁ ਨ ਚੂਕਈ ਲਾਹਾ ਸਚੁ ਪਾਵੈ ॥੮॥੧॥੧੭॥ (228-19)
नानक मेलु न चूकई लाहा सचु पावै ॥८॥१॥१७॥

ਗਉੜੀ ਮਹਲਾ ੧ ॥ (229-1)
गउड़ी महला १ ॥

ਗੁਰ ਪਰਸਾਦੀ ਬੂਝਿ ਲੇ ਤਉ ਹੋਇ ਨਿਬੇਰਾ ॥ (229-1)
गुर परसादी बूझि ले तउ होइ निबेरा ॥

ਘਰਿ ਘਰਿ ਨਾਮੁ ਨਿਰੰਜਨਾ ਸੋ ਠਾਕੁਰੁ ਮੇਰਾ ॥੧॥ (229-2)
घरि घरि नामु निरंजना सो ठाकुरु मेरा ॥१॥

ਬਿਨੁ ਗੁਰ ਸਬਦ ਨ ਛੂਟੀਐ ਦੇਖਹੁ ਵੀਚਾਰਾ ॥ (229-2)
बिनु गुर सबद न छूटीऐ देखहु वीचारा ॥

ਜੇ ਲਖ ਕਰਮ ਕਮਾਵਹੀ ਬਿਨੁ ਗੁਰ ਅੰਧਿਆਰਾ ॥੧॥ ਰਹਾਉ ॥ (229-2)
जे लख करम कमावही बिनु गुर अंधिआरा ॥१॥ रहाउ ॥

ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ ॥ (229-3)
अंधे अकली बाहरे किआ तिन सिउ कहीऐ ॥

ਬਿਨੁ ਗੁਰ ਪੰਥੁ ਨ ਸੂਝਈ ਕਿਤੁ ਬਿਧਿ ਨਿਰਬਹੀਐ ॥੨॥ (229-3)
बिनु गुर पंथु न सूझई कितु बिधि निरबहीऐ ॥२॥

ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ ॥ (229-4)
खोटे कउ खरा कहै खरे सार न जाणै ॥

ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੈ ॥੩॥ (229-4)
अंधे का नाउ पारखू कली काल विडाणै ॥३॥

ਸੂਤੇ ਕਉ ਜਾਗਤੁ ਕਹੈ ਜਾਗਤ ਕਉ ਸੂਤਾ ॥ (229-5)
सूते कउ जागतु कहै जागत कउ सूता ॥

ਜੀਵਤ ਕਉ ਮੂਆ ਕਹੈ ਮੂਏ ਨਹੀ ਰੋਤਾ ॥੪॥ (229-5)
जीवत कउ मूआ कहै मूए नही रोता ॥४॥

ਆਵਤ ਕਉ ਜਾਤਾ ਕਹੈ ਜਾਤੇ ਕਉ ਆਇਆ ॥ (229-6)
आवत कउ जाता कहै जाते कउ आइआ ॥

ਪਰ ਕੀ ਕਉ ਅਪੁਨੀ ਕਹੈ ਅਪੁਨੋ ਨਹੀ ਭਾਇਆ ॥੫॥ (229-6)
पर की कउ अपुनी कहै अपुनो नही भाइआ ॥५॥

ਮੀਠੇ ਕਉ ਕਉੜਾ ਕਹੈ ਕੜੂਏ ਕਉ ਮੀਠਾ ॥ (229-7)
मीठे कउ कउड़ा कहै कड़ूए कउ मीठा ॥

ਰਾਤੇ ਕੀ ਨਿੰਦਾ ਕਰਹਿ ਐਸਾ ਕਲਿ ਮਹਿ ਡੀਠਾ ॥੬॥ (229-7)
राते की निंदा करहि ऐसा कलि महि डीठा ॥६॥

ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ ॥ (229-7)
चेरी की सेवा करहि ठाकुरु नही दीसै ॥

ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀ ਰੀਸੈ ॥੭॥ (229-8)
पोखरु नीरु विरोलीऐ माखनु नही रीसै ॥७॥

ਇਸੁ ਪਦ ਜੋ ਅਰਥਾਇ ਲੇਇ ਸੋ ਗੁਰੂ ਹਮਾਰਾ ॥ (229-8)
इसु पद जो अरथाइ लेइ सो गुरू हमारा ॥

ਨਾਨਕ ਚੀਨੈ ਆਪ ਕਉ ਸੋ ਅਪਰ ਅਪਾਰਾ ॥੮॥ (229-9)
नानक चीनै आप कउ सो अपर अपारा ॥८॥

ਸਭੁ ਆਪੇ ਆਪਿ ਵਰਤਦਾ ਆਪੇ ਭਰਮਾਇਆ ॥ (229-9)
सभु आपे आपि वरतदा आपे भरमाइआ ॥

ਗੁਰ ਕਿਰਪਾ ਤੇ ਬੂਝੀਐ ਸਭੁ ਬ੍ਰਹਮੁ ਸਮਾਇਆ ॥੯॥੨॥੧੮॥ (229-10)
गुर किरपा ते बूझीऐ सभु ब्रहमु समाइआ ॥९॥२॥१८॥

ਰਾਗੁ ਗਉੜੀ ਗੁਆਰੇਰੀ ਮਹਲਾ ੩ ਅਸਟਪਦੀਆ (229-11)
रागु गउड़ी गुआरेरी महला ३ असटपदीआ

ੴ ਸਤਿਗੁਰ ਪ੍ਰਸਾਦਿ ॥ (229-11)
ੴ सतिगुर प्रसादि ॥

ਮਨ ਕਾ ਸੂਤਕੁ ਦੂਜਾ ਭਾਉ ॥ (229-12)
मन का सूतकु दूजा भाउ ॥

ਭਰਮੇ ਭੂਲੇ ਆਵਉ ਜਾਉ ॥੧॥ (229-12)
भरमे भूले आवउ जाउ ॥१॥

ਮਨਮੁਖਿ ਸੂਤਕੁ ਕਬਹਿ ਨ ਜਾਇ ॥ (229-12)
मनमुखि सूतकु कबहि न जाइ ॥

ਜਿਚਰੁ ਸਬਦਿ ਨ ਭੀਜੈ ਹਰਿ ਕੈ ਨਾਇ ॥੧॥ ਰਹਾਉ ॥ (229-12)
जिचरु सबदि न भीजै हरि कै नाइ ॥१॥ रहाउ ॥

ਸਭੋ ਸੂਤਕੁ ਜੇਤਾ ਮੋਹੁ ਆਕਾਰੁ ॥ (229-13)
सभो सूतकु जेता मोहु आकारु ॥

ਮਰਿ ਮਰਿ ਜੰਮੈ ਵਾਰੋ ਵਾਰ ॥੨॥ (229-13)
मरि मरि जंमै वारो वार ॥२॥

ਸੂਤਕੁ ਅਗਨਿ ਪਉਣੈ ਪਾਣੀ ਮਾਹਿ ॥ (229-14)
सूतकु अगनि पउणै पाणी माहि ॥

ਸੂਤਕੁ ਭੋਜਨੁ ਜੇਤਾ ਕਿਛੁ ਖਾਹਿ ॥੩॥ (229-14)
सूतकु भोजनु जेता किछु खाहि ॥३॥

ਸੂਤਕਿ ਕਰਮ ਨ ਪੂਜਾ ਹੋਇ ॥ (229-14)
सूतकि करम न पूजा होइ ॥

ਨਾਮਿ ਰਤੇ ਮਨੁ ਨਿਰਮਲੁ ਹੋਇ ॥੪॥ (229-14)
नामि रते मनु निरमलु होइ ॥४॥

ਸਤਿਗੁਰੁ ਸੇਵਿਐ ਸੂਤਕੁ ਜਾਇ ॥ (229-15)
सतिगुरु सेविऐ सूतकु जाइ ॥

ਮਰੈ ਨ ਜਨਮੈ ਕਾਲੁ ਨ ਖਾਇ ॥੫॥ (229-15)
मरै न जनमै कालु न खाइ ॥५॥

ਸਾਸਤ ਸਿੰਮ੍ਰਿਤਿ ਸੋਧਿ ਦੇਖਹੁ ਕੋਇ ॥ (229-15)
सासत सिंम्रिति सोधि देखहु कोइ ॥

ਵਿਣੁ ਨਾਵੈ ਕੋ ਮੁਕਤਿ ਨ ਹੋਇ ॥੬॥ (229-16)
विणु नावै को मुकति न होइ ॥६॥

ਜੁਗ ਚਾਰੇ ਨਾਮੁ ਉਤਮੁ ਸਬਦੁ ਬੀਚਾਰਿ ॥ (229-16)
जुग चारे नामु उतमु सबदु बीचारि ॥

ਕਲਿ ਮਹਿ ਗੁਰਮੁਖਿ ਉਤਰਸਿ ਪਾਰਿ ॥੭॥ (229-17)
कलि महि गुरमुखि उतरसि पारि ॥७॥

ਸਾਚਾ ਮਰੈ ਨ ਆਵੈ ਜਾਇ ॥ (229-17)
साचा मरै न आवै जाइ ॥

ਨਾਨਕ ਗੁਰਮੁਖਿ ਰਹੈ ਸਮਾਇ ॥੮॥੧॥ (229-17)
नानक गुरमुखि रहै समाइ ॥८॥१॥

ਗਉੜੀ ਮਹਲਾ ੩ ॥ (229-18)
गउड़ी महला ३ ॥

ਗੁਰਮੁਖਿ ਸੇਵਾ ਪ੍ਰਾਨ ਅਧਾਰਾ ॥ (229-18)
गुरमुखि सेवा प्रान अधारा ॥

ਹਰਿ ਜੀਉ ਰਾਖਹੁ ਹਿਰਦੈ ਉਰ ਧਾਰਾ ॥ (229-18)
हरि जीउ राखहु हिरदै उर धारा ॥

ਗੁਰਮੁਖਿ ਸੋਭਾ ਸਾਚ ਦੁਆਰਾ ॥੧॥ (229-19)
गुरमुखि सोभा साच दुआरा ॥१॥

ਪੰਡਿਤ ਹਰਿ ਪੜੁ ਤਜਹੁ ਵਿਕਾਰਾ ॥ (229-19)
पंडित हरि पड़ु तजहु विकारा ॥

ਗੁਰਮੁਖਿ ਭਉਜਲੁ ਉਤਰਹੁ ਪਾਰਾ ॥੧॥ ਰਹਾਉ ॥ (229-19)
गुरमुखि भउजलु उतरहु पारा ॥१॥ रहाउ ॥

ਗੁਰਮੁਖਿ ਵਿਚਹੁ ਹਉਮੈ ਜਾਇ ॥ (230-1)
गुरमुखि विचहु हउमै जाइ ॥

ਗੁਰਮੁਖਿ ਮੈਲੁ ਨ ਲਾਗੈ ਆਇ ॥ (230-1)
गुरमुखि मैलु न लागै आइ ॥

ਗੁਰਮੁਖਿ ਨਾਮੁ ਵਸੈ ਮਨਿ ਆਇ ॥੨॥ (230-1)
गुरमुखि नामु वसै मनि आइ ॥२॥

ਗੁਰਮੁਖਿ ਕਰਮ ਧਰਮ ਸਚਿ ਹੋਈ ॥ (230-2)
गुरमुखि करम धरम सचि होई ॥

ਗੁਰਮੁਖਿ ਅਹੰਕਾਰੁ ਜਲਾਏ ਦੋਈ ॥ (230-2)
गुरमुखि अहंकारु जलाए दोई ॥

ਗੁਰਮੁਖਿ ਨਾਮਿ ਰਤੇ ਸੁਖੁ ਹੋਈ ॥੩॥ (230-2)
गुरमुखि नामि रते सुखु होई ॥३॥

ਆਪਣਾ ਮਨੁ ਪਰਬੋਧਹੁ ਬੂਝਹੁ ਸੋਈ ॥ (230-3)
आपणा मनु परबोधहु बूझहु सोई ॥

ਲੋਕ ਸਮਝਾਵਹੁ ਸੁਣੇ ਨ ਕੋਈ ॥ (230-3)
लोक समझावहु सुणे न कोई ॥

ਗੁਰਮੁਖਿ ਸਮਝਹੁ ਸਦਾ ਸੁਖੁ ਹੋਈ ॥੪॥ (230-3)
गुरमुखि समझहु सदा सुखु होई ॥४॥

ਮਨਮੁਖਿ ਡੰਫੁ ਬਹੁਤੁ ਚਤੁਰਾਈ ॥ (230-4)
मनमुखि ड्मफु बहुतु चतुराई ॥

ਜੋ ਕਿਛੁ ਕਮਾਵੈ ਸੁ ਥਾਇ ਨ ਪਾਈ ॥ (230-4)
जो किछु कमावै सु थाइ न पाई ॥

ਆਵੈ ਜਾਵੈ ਠਉਰ ਨ ਕਾਈ ॥੫॥ (230-4)
आवै जावै ठउर न काई ॥५॥

ਮਨਮੁਖ ਕਰਮ ਕਰੇ ਬਹੁਤੁ ਅਭਿਮਾਨਾ ॥ (230-5)
मनमुख करम करे बहुतु अभिमाना ॥

ਬਗ ਜਿਉ ਲਾਇ ਬਹੈ ਨਿਤ ਧਿਆਨਾ ॥ (230-5)
बग जिउ लाइ बहै नित धिआना ॥

ਜਮਿ ਪਕੜਿਆ ਤਬ ਹੀ ਪਛੁਤਾਨਾ ॥੬॥ (230-5)
जमि पकड़िआ तब ही पछुताना ॥६॥

ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ ॥ (230-6)
बिनु सतिगुर सेवे मुकति न होई ॥

ਗੁਰ ਪਰਸਾਦੀ ਮਿਲੈ ਹਰਿ ਸੋਈ ॥ (230-6)
गुर परसादी मिलै हरि सोई ॥

ਗੁਰੁ ਦਾਤਾ ਜੁਗ ਚਾਰੇ ਹੋਈ ॥੭॥ (230-6)
गुरु दाता जुग चारे होई ॥७॥

ਗੁਰਮੁਖਿ ਜਾਤਿ ਪਤਿ ਨਾਮੇ ਵਡਿਆਈ ॥ (230-7)
गुरमुखि जाति पति नामे वडिआई ॥

ਸਾਇਰ ਕੀ ਪੁਤ੍ਰੀ ਬਿਦਾਰਿ ਗਵਾਈ ॥ (230-7)
साइर की पुत्री बिदारि गवाई ॥

ਨਾਨਕ ਬਿਨੁ ਨਾਵੈ ਝੂਠੀ ਚਤੁਰਾਈ ॥੮॥੨॥ (230-7)
नानक बिनु नावै झूठी चतुराई ॥८॥२॥

ਗਉੜੀ ਮਃ ੩ ॥ (230-8)
गउड़ी मः ३ ॥

ਇਸੁ ਜੁਗ ਕਾ ਧਰਮੁ ਪੜਹੁ ਤੁਮ ਭਾਈ ॥ (230-8)
इसु जुग का धरमु पड़हु तुम भाई ॥

ਪੂਰੈ ਗੁਰਿ ਸਭ ਸੋਝੀ ਪਾਈ ॥ (230-8)
पूरै गुरि सभ सोझी पाई ॥

ਐਥੈ ਅਗੈ ਹਰਿ ਨਾਮੁ ਸਖਾਈ ॥੧॥ (230-9)
ऐथै अगै हरि नामु सखाई ॥१॥

ਰਾਮੁ ਪੜਹੁ ਮਨਿ ਕਰਹੁ ਬੀਚਾਰੁ ॥ (230-9)
राम पड़हु मनि करहु बीचारु ॥

ਗੁਰ ਪਰਸਾਦੀ ਮੈਲੁ ਉਤਾਰੁ ॥੧॥ ਰਹਾਉ ॥ (230-9)
गुर परसादी मैलु उतारु ॥१॥ रहाउ ॥

ਵਾਦਿ ਵਿਰੋਧਿ ਨ ਪਾਇਆ ਜਾਇ ॥ (230-10)
वादि विरोधि न पाइआ जाइ ॥

ਮਨੁ ਤਨੁ ਫੀਕਾ ਦੂਜੈ ਭਾਇ ॥ (230-10)
मनु तनु फीका दूजै भाइ ॥

ਗੁਰ ਕੈ ਸਬਦਿ ਸਚਿ ਲਿਵ ਲਾਇ ॥੨॥ (230-10)
गुर कै सबदि सचि लिव लाइ ॥२॥

ਹਉਮੈ ਮੈਲਾ ਇਹੁ ਸੰਸਾਰਾ ॥ (230-11)
हउमै मैला इहु संसारा ॥

ਨਿਤ ਤੀਰਥਿ ਨਾਵੈ ਨ ਜਾਇ ਅਹੰਕਾਰਾ ॥ (230-11)
नित तीरथि नावै न जाइ अहंकारा ॥

ਬਿਨੁ ਗੁਰ ਭੇਟੇ ਜਮੁ ਕਰੇ ਖੁਆਰਾ ॥੩॥ (230-11)
बिनु गुर भेटे जमु करे खुआरा ॥३॥

ਸੋ ਜਨੁ ਸਾਚਾ ਜਿ ਹਉਮੈ ਮਾਰੈ ॥ (230-12)
सो जनु साचा जि हउमै मारै ॥

ਗੁਰ ਕੈ ਸਬਦਿ ਪੰਚ ਸੰਘਾਰੈ ॥ (230-12)
गुर कै सबदि पंच संघारै ॥

ਆਪਿ ਤਰੈ ਸਗਲੇ ਕੁਲ ਤਾਰੈ ॥੪॥ (230-12)
आपि तरै सगले कुल तारै ॥४॥

ਮਾਇਆ ਮੋਹਿ ਨਟਿ ਬਾਜੀ ਪਾਈ ॥ (230-13)
माइआ मोहि नटि बाजी पाई ॥

ਮਨਮੁਖ ਅੰਧ ਰਹੇ ਲਪਟਾਈ ॥ (230-13)
मनमुख अंध रहे लपटाई ॥

ਗੁਰਮੁਖਿ ਅਲਿਪਤ ਰਹੇ ਲਿਵ ਲਾਈ ॥੫॥ (230-13)
गुरमुखि अलिपत रहे लिव लाई ॥५॥

ਬਹੁਤੇ ਭੇਖ ਕਰੈ ਭੇਖਧਾਰੀ ॥ (230-14)
बहुते भेख करै भेखधारी ॥

ਅੰਤਰਿ ਤਿਸਨਾ ਫਿਰੈ ਅਹੰਕਾਰੀ ॥ (230-14)
अंतरि तिसना फिरै अहंकारी ॥

ਆਪੁ ਨ ਚੀਨੈ ਬਾਜੀ ਹਾਰੀ ॥੬॥ (230-14)
आपु न चीनै बाजी हारी ॥६॥

ਕਾਪੜ ਪਹਿਰਿ ਕਰੇ ਚਤੁਰਾਈ ॥ (230-15)
कापड़ पहिरि करे चतुराई ॥

ਮਾਇਆ ਮੋਹਿ ਅਤਿ ਭਰਮਿ ਭੁਲਾਈ ॥ (230-15)
माइआ मोहि अति भरमि भुलाई ॥

ਬਿਨੁ ਗੁਰ ਸੇਵੇ ਬਹੁਤੁ ਦੁਖੁ ਪਾਈ ॥੭॥ (230-15)
बिनु गुर सेवे बहुतु दुखु पाई ॥७॥

ਨਾਮਿ ਰਤੇ ਸਦਾ ਬੈਰਾਗੀ ॥ (230-16)
नामि रते सदा बैरागी ॥

ਗ੍ਰਿਹੀ ਅੰਤਰਿ ਸਾਚਿ ਲਿਵ ਲਾਗੀ ॥ (230-16)
ग्रिही अंतरि साचि लिव लागी ॥

ਨਾਨਕ ਸਤਿਗੁਰੁ ਸੇਵਹਿ ਸੇ ਵਡਭਾਗੀ ॥੮॥੩॥ (230-16)
नानक सतिगुरु सेवहि से वडभागी ॥८॥३॥

ਗਉੜੀ ਮਹਲਾ ੩ ॥ (230-17)
गउड़ी महला ३ ॥

ਬ੍ਰਹਮਾ ਮੂਲੁ ਵੇਦ ਅਭਿਆਸਾ ॥ (230-17)
ब्रहमा मूलु वेद अभिआसा ॥

ਤਿਸ ਤੇ ਉਪਜੇ ਦੇਵ ਮੋਹ ਪਿਆਸਾ ॥ (230-17)
तिस ते उपजे देव मोह पिआसा ॥

ਤ੍ਰੈ ਗੁਣ ਭਰਮੇ ਨਾਹੀ ਨਿਜ ਘਰਿ ਵਾਸਾ ॥੧॥ (230-18)
त्रै गुण भरमे नाही निज घरि वासा ॥१॥

ਹਮ ਹਰਿ ਰਾਖੇ ਸਤਿਗੁਰੂ ਮਿਲਾਇਆ ॥ (230-18)
हम हरि राखे सतिगुरू मिलाइआ ॥

ਅਨਦਿਨੁ ਭਗਤਿ ਹਰਿ ਨਾਮੁ ਦ੍ਰਿੜਾਇਆ ॥੧॥ ਰਹਾਉ ॥ (230-19)
अनदिनु भगति हरि नामु द्रिड़ाइआ ॥१॥ रहाउ ॥

ਤ੍ਰੈ ਗੁਣ ਬਾਣੀ ਬ੍ਰਹਮ ਜੰਜਾਲਾ ॥ (230-19)
त्रै गुण बाणी ब्रहम जंजाला ॥

ਪੜਿ ਵਾਦੁ ਵਖਾਣਹਿ ਸਿਰਿ ਮਾਰੇ ਜਮਕਾਲਾ ॥ (230-19)
पड़ि वादु वखाणहि सिरि मारे जमकाला ॥

ਤਤੁ ਨ ਚੀਨਹਿ ਬੰਨਹਿ ਪੰਡ ਪਰਾਲਾ ॥੨॥ (231-1)
ततु न चीनहि बंनहि पंड पराला ॥२॥

ਮਨਮੁਖ ਅਗਿਆਨਿ ਕੁਮਾਰਗਿ ਪਾਏ ॥ (231-1)
मनमुख अगिआनि कुमारगि पाए ॥

ਹਰਿ ਨਾਮੁ ਬਿਸਾਰਿਆ ਬਹੁ ਕਰਮ ਦ੍ਰਿੜਾਏ ॥ (231-2)
हरि नामु बिसारिआ बहु करम द्रिड़ाए ॥

ਭਵਜਲਿ ਡੂਬੇ ਦੂਜੈ ਭਾਏ ॥੩॥ (231-2)
भवजलि डूबे दूजै भाए ॥३॥

ਮਾਇਆ ਕਾ ਮੁਹਤਾਜੁ ਪੰਡਿਤੁ ਕਹਾਵੈ ॥ (231-2)
माइआ का मुहताजु पंडितु कहावै ॥

ਬਿਖਿਆ ਰਾਤਾ ਬਹੁਤੁ ਦੁਖੁ ਪਾਵੈ ॥ (231-3)
बिखिआ राता बहुतु दुखु पावै ॥

ਜਮ ਕਾ ਗਲਿ ਜੇਵੜਾ ਨਿਤ ਕਾਲੁ ਸੰਤਾਵੈ ॥੪॥ (231-3)
जम का गलि जेवड़ा नित कालु संतावै ॥४॥

ਗੁਰਮੁਖਿ ਜਮਕਾਲੁ ਨੇੜਿ ਨ ਆਵੈ ॥ (231-3)
गुरमुखि जमकालु नेड़ि न आवै ॥

ਹਉਮੈ ਦੂਜਾ ਸਬਦਿ ਜਲਾਵੈ ॥ (231-4)
हउमै दूजा सबदि जलावै ॥

ਨਾਮੇ ਰਾਤੇ ਹਰਿ ਗੁਣ ਗਾਵੈ ॥੫॥ (231-4)
नामे राते हरि गुण गावै ॥५॥

ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ ॥ (231-4)
माइआ दासी भगता की कार कमावै ॥

ਚਰਣੀ ਲਾਗੈ ਤਾ ਮਹਲੁ ਪਾਵੈ ॥ (231-5)
चरणी लागै ता महलु पावै ॥

ਸਦ ਹੀ ਨਿਰਮਲੁ ਸਹਜਿ ਸਮਾਵੈ ॥੬॥ (231-5)
सद ही निरमलु सहजि समावै ॥६॥

ਹਰਿ ਕਥਾ ਸੁਣਹਿ ਸੇ ਧਨਵੰਤ ਦਿਸਹਿ ਜੁਗ ਮਾਹੀ ॥ (231-5)
हरि कथा सुणहि से धनवंत दिसहि जुग माही ॥

ਤਿਨ ਕਉ ਸਭਿ ਨਿਵਹਿ ਅਨਦਿਨੁ ਪੂਜ ਕਰਾਹੀ ॥ (231-6)
तिन कउ सभि निवहि अनदिनु पूज कराही ॥

ਸਹਜੇ ਗੁਣ ਰਵਹਿ ਸਾਚੇ ਮਨ ਮਾਹੀ ॥੭॥ (231-6)
सहजे गुण रवहि साचे मन माही ॥७॥

ਪੂਰੈ ਸਤਿਗੁਰਿ ਸਬਦੁ ਸੁਣਾਇਆ ॥ (231-7)
पूरै सतिगुरि सबदु सुणाइआ ॥

ਤ੍ਰੈ ਗੁਣ ਮੇਟੇ ਚਉਥੈ ਚਿਤੁ ਲਾਇਆ ॥ (231-7)
त्रै गुण मेटे चउथै चितु लाइआ ॥

ਨਾਨਕ ਹਉਮੈ ਮਾਰਿ ਬ੍ਰਹਮ ਮਿਲਾਇਆ ॥੮॥੪॥ (231-7)
नानक हउमै मारि ब्रहम मिलाइआ ॥८॥४॥

ਗਉੜੀ ਮਹਲਾ ੩ ॥ (231-8)
गउड़ी महला ३ ॥

ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ ॥ (231-8)
ब्रहमा वेदु पड़ै वादु वखाणै ॥

ਅੰਤਰਿ ਤਾਮਸੁ ਆਪੁ ਨ ਪਛਾਣੈ ॥ (231-8)
अंतरि तामसु आपु न पछाणै ॥

ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ ॥੧॥ (231-9)
ता प्रभु पाए गुर सबदु वखाणै ॥१॥

ਗੁਰ ਸੇਵਾ ਕਰਉ ਫਿਰਿ ਕਾਲੁ ਨ ਖਾਇ ॥ (231-9)
गुर सेवा करउ फिरि कालु न खाइ ॥

ਮਨਮੁਖ ਖਾਧੇ ਦੂਜੈ ਭਾਇ ॥੧॥ ਰਹਾਉ ॥ (231-9)
मनमुख खाधे दूजै भाइ ॥१॥ रहाउ ॥

ਗੁਰਮੁਖਿ ਪ੍ਰਾਣੀ ਅਪਰਾਧੀ ਸੀਧੇ ॥ (231-10)
गुरमुखि प्राणी अपराधी सीधे ॥

ਗੁਰ ਕੈ ਸਬਦਿ ਅੰਤਰਿ ਸਹਜਿ ਰੀਧੇ ॥ (231-10)
गुर कै सबदि अंतरि सहजि रीधे ॥

ਮੇਰਾ ਪ੍ਰਭੁ ਪਾਇਆ ਗੁਰ ਕੈ ਸਬਦਿ ਸੀਧੇ ॥੨॥ (231-10)
मेरा प्रभु पाइआ गुर कै सबदि सीधे ॥२॥

ਸਤਿਗੁਰਿ ਮੇਲੇ ਪ੍ਰਭਿ ਆਪਿ ਮਿਲਾਏ ॥ (231-11)
सतिगुरि मेले प्रभि आपि मिलाए ॥

ਮੇਰੇ ਪ੍ਰਭ ਸਾਚੇ ਕੈ ਮਨਿ ਭਾਏ ॥ (231-11)
मेरे प्रभ साचे कै मनि भाए ॥

ਹਰਿ ਗੁਣ ਗਾਵਹਿ ਸਹਜਿ ਸੁਭਾਏ ॥੩॥ (231-12)
हरि गुण गावहि सहजि सुभाए ॥३॥

ਬਿਨੁ ਗੁਰ ਸਾਚੇ ਭਰਮਿ ਭੁਲਾਏ ॥ (231-12)
बिनु गुर साचे भरमि भुलाए ॥

ਮਨਮੁਖ ਅੰਧੇ ਸਦਾ ਬਿਖੁ ਖਾਏ ॥ (231-12)
मनमुख अंधे सदा बिखु खाए ॥

ਜਮ ਡੰਡੁ ਸਹਹਿ ਸਦਾ ਦੁਖੁ ਪਾਏ ॥੪॥ (231-13)
जम डंडु सहहि सदा दुखु पाए ॥४॥

ਜਮੂਆ ਨ ਜੋਹੈ ਹਰਿ ਕੀ ਸਰਣਾਈ ॥ (231-13)
जमूआ न जोहै हरि की सरणाई ॥

ਹਉਮੈ ਮਾਰਿ ਸਚਿ ਲਿਵ ਲਾਈ ॥ (231-13)
हउमै मारि सचि लिव लाई ॥

ਸਦਾ ਰਹੈ ਹਰਿ ਨਾਮਿ ਲਿਵ ਲਾਈ ॥੫॥ (231-14)
सदा रहै हरि नामि लिव लाई ॥५॥

ਸਤਿਗੁਰੁ ਸੇਵਹਿ ਸੇ ਜਨ ਨਿਰਮਲ ਪਵਿਤਾ ॥ (231-14)
सतिगुरु सेवहि से जन निरमल पविता ॥

ਮਨ ਸਿਉ ਮਨੁ ਮਿਲਾਇ ਸਭੁ ਜਗੁ ਜੀਤਾ ॥ (231-14)
मन सिउ मनु मिलाइ सभु जगु जीता ॥

ਇਨ ਬਿਧਿ ਕੁਸਲੁ ਤੇਰੈ ਮੇਰੇ ਮੀਤਾ ॥੬॥ (231-15)
इन बिधि कुसलु तेरै मेरे मीता ॥६॥

ਸਤਿਗੁਰੂ ਸੇਵੇ ਸੋ ਫਲੁ ਪਾਏ ॥ (231-15)
सतिगुरू सेवे सो फलु पाए ॥

ਹਿਰਦੈ ਨਾਮੁ ਵਿਚਹੁ ਆਪੁ ਗਵਾਏ ॥ (231-15)
हिरदै नामु विचहु आपु गवाए ॥

ਅਨਹਦ ਬਾਣੀ ਸਬਦੁ ਵਜਾਏ ॥੭॥ (231-16)
अनहद बाणी सबदु वजाए ॥७॥

ਸਤਿਗੁਰ ਤੇ ਕਵਨੁ ਕਵਨੁ ਨ ਸੀਧੋ ਮੇਰੇ ਭਾਈ ॥ (231-16)
सतिगुर ते कवनु कवनु न सीधो मेरे भाई ॥

ਭਗਤੀ ਸੀਧੇ ਦਰਿ ਸੋਭਾ ਪਾਈ ॥ (231-17)
भगती सीधे दरि सोभा पाई ॥

ਨਾਨਕ ਰਾਮ ਨਾਮਿ ਵਡਿਆਈ ॥੮॥੫॥ (231-17)
नानक राम नामि वडिआई ॥८॥५॥

ਗਉੜੀ ਮਹਲਾ ੩ ॥ (231-17)
गउड़ी महला ३ ॥

ਤ੍ਰੈ ਗੁਣ ਵਖਾਣੈ ਭਰਮੁ ਨ ਜਾਇ ॥ (231-17)
त्रै गुण वखाणै भरमु न जाइ ॥

ਬੰਧਨ ਨ ਤੂਟਹਿ ਮੁਕਤਿ ਨ ਪਾਇ ॥ (231-18)
बंधन न तूटहि मुकति न पाइ ॥

ਮੁਕਤਿ ਦਾਤਾ ਸਤਿਗੁਰੁ ਜੁਗ ਮਾਹਿ ॥੧॥ (231-18)
मुकति दाता सतिगुरु जुग माहि ॥१॥

ਗੁਰਮੁਖਿ ਪ੍ਰਾਣੀ ਭਰਮੁ ਗਵਾਇ ॥ (231-19)
गुरमुखि प्राणी भरमु गवाइ ॥

ਸਹਜ ਧੁਨਿ ਉਪਜੈ ਹਰਿ ਲਿਵ ਲਾਇ ॥੧॥ ਰਹਾਉ ॥ (231-19)
सहज धुनि उपजै हरि लिव लाइ ॥१॥ रहाउ ॥

ਤ੍ਰੈ ਗੁਣ ਕਾਲੈ ਕੀ ਸਿਰਿ ਕਾਰਾ ॥ (231-19)
त्रै गुण कालै की सिरि कारा ॥

ਨਾਮੁ ਨ ਚੇਤਹਿ ਉਪਾਵਣਹਾਰਾ ॥ (232-1)
नामु न चेतहि उपावणहारा ॥

ਮਰਿ ਜੰਮਹਿ ਫਿਰਿ ਵਾਰੋ ਵਾਰਾ ॥੨॥ (232-1)
मरि जंमहि फिरि वारो वारा ॥२॥

ਅੰਧੇ ਗੁਰੂ ਤੇ ਭਰਮੁ ਨ ਜਾਈ ॥ (232-1)
अंधे गुरू ते भरमु न जाई ॥

ਮੂਲੁ ਛੋਡਿ ਲਾਗੇ ਦੂਜੈ ਭਾਈ ॥ (232-2)
मूलु छोडि लागे दूजै भाई ॥

ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ ॥੩॥ (232-2)
बिखु का माता बिखु माहि समाई ॥३॥

ਮਾਇਆ ਕਰਿ ਮੂਲੁ ਜੰਤ੍ਰ ਭਰਮਾਏ ॥ (232-2)
माइआ करि मूलु जंत्र भरमाए ॥

ਹਰਿ ਜੀਉ ਵਿਸਰਿਆ ਦੂਜੈ ਭਾਏ ॥ (232-3)
हरि जीउ विसरिआ दूजै भाए ॥

ਜਿਸੁ ਨਦਰਿ ਕਰੇ ਸੋ ਪਰਮ ਗਤਿ ਪਾਏ ॥੪॥ (232-3)
जिसु नदरि करे सो परम गति पाए ॥४॥

ਅੰਤਰਿ ਸਾਚੁ ਬਾਹਰਿ ਸਾਚੁ ਵਰਤਾਏ ॥ (232-3)
अंतरि साचु बाहरि साचु वरताए ॥

ਸਾਚੁ ਨ ਛਪੈ ਜੇ ਕੋ ਰਖੈ ਛਪਾਏ ॥ (232-4)
साचु न छपै जे को रखै छपाए ॥

ਗਿਆਨੀ ਬੂਝਹਿ ਸਹਜਿ ਸੁਭਾਏ ॥੫॥ (232-4)
गिआनी बूझहि सहजि सुभाए ॥५॥

ਗੁਰਮੁਖਿ ਸਾਚਿ ਰਹਿਆ ਲਿਵ ਲਾਏ ॥ (232-4)
गुरमुखि साचि रहिआ लिव लाए ॥

ਹਉਮੈ ਮਾਇਆ ਸਬਦਿ ਜਲਾਏ ॥ (232-5)
हउमै माइआ सबदि जलाए ॥

ਮੇਰਾ ਪ੍ਰਭੁ ਸਾਚਾ ਮੇਲਿ ਮਿਲਾਏ ॥੬॥ (232-5)
मेरा प्रभु साचा मेलि मिलाए ॥६॥

ਸਤਿਗੁਰੁ ਦਾਤਾ ਸਬਦੁ ਸੁਣਾਏ ॥ (232-5)
सतिगुरु दाता सबदु सुणाए ॥

ਧਾਵਤੁ ਰਾਖੈ ਠਾਕਿ ਰਹਾਏ ॥ (232-6)
धावतु राखै ठाकि रहाए ॥

ਪੂਰੇ ਗੁਰ ਤੇ ਸੋਝੀ ਪਾਏ ॥੭॥ (232-6)
पूरे गुर ते सोझी पाए ॥७॥

ਆਪੇ ਕਰਤਾ ਸ੍ਰਿਸਟਿ ਸਿਰਜਿ ਜਿਨਿ ਗੋਈ ॥ (232-6)
आपे करता स्रिसटि सिरजि जिनि गोई ॥

ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥ (232-7)
तिसु बिनु दूजा अवरु न कोई ॥

ਨਾਨਕ ਗੁਰਮੁਖਿ ਬੂਝੈ ਕੋਈ ॥੮॥੬॥ (232-7)
नानक गुरमुखि बूझै कोई ॥८॥६॥

ਗਉੜੀ ਮਹਲਾ ੩ ॥ (232-7)
गउड़ी महला ३ ॥

ਨਾਮੁ ਅਮੋਲਕੁ ਗੁਰਮੁਖਿ ਪਾਵੈ ॥ (232-8)
नामु अमोलकु गुरमुखि पावै ॥

ਨਾਮੋ ਸੇਵੇ ਨਾਮਿ ਸਹਜਿ ਸਮਾਵੈ ॥ (232-8)
नामो सेवे नामि सहजि समावै ॥

ਅੰਮ੍ਰਿਤੁ ਨਾਮੁ ਰਸਨਾ ਨਿਤ ਗਾਵੈ ॥ (232-8)
अमृतु नामु रसना नित गावै ॥

ਜਿਸ ਨੋ ਕ੍ਰਿਪਾ ਕਰੇ ਸੋ ਹਰਿ ਰਸੁ ਪਾਵੈ ॥੧॥ (232-8)
जिस नो क्रिपा करे सो हरि रसु पावै ॥१॥

ਅਨਦਿਨੁ ਹਿਰਦੈ ਜਪਉ ਜਗਦੀਸਾ ॥ (232-9)
अनदिनु हिरदै जपउ जगदीसा ॥

ਗੁਰਮੁਖਿ ਪਾਵਉ ਪਰਮ ਪਦੁ ਸੂਖਾ ॥੧॥ ਰਹਾਉ ॥ (232-9)
गुरमुखि पावउ परम पदु सूखा ॥१॥ रहाउ ॥

ਹਿਰਦੈ ਸੂਖੁ ਭਇਆ ਪਰਗਾਸੁ ॥ (232-10)
हिरदै सूखु भइआ परगासु ॥

ਗੁਰਮੁਖਿ ਗਾਵਹਿ ਸਚੁ ਗੁਣਤਾਸੁ ॥ (232-10)
गुरमुखि गावहि सचु गुणतासु ॥

ਦਾਸਨਿ ਦਾਸ ਨਿਤ ਹੋਵਹਿ ਦਾਸੁ ॥ (232-10)
दासनि दास नित होवहि दासु ॥

ਗ੍ਰਿਹ ਕੁਟੰਬ ਮਹਿ ਸਦਾ ਉਦਾਸੁ ॥੨॥ (232-11)
ग्रिह कुट्मब महि सदा उदासु ॥२॥

ਜੀਵਨ ਮੁਕਤੁ ਗੁਰਮੁਖਿ ਕੋ ਹੋਈ ॥ (232-11)
जीवन मुकतु गुरमुखि को होई ॥

ਪਰਮ ਪਦਾਰਥੁ ਪਾਵੈ ਸੋਈ ॥ (232-11)
परम पदारथु पावै सोई ॥

ਤ੍ਰੈ ਗੁਣ ਮੇਟੇ ਨਿਰਮਲੁ ਹੋਈ ॥ (232-12)
त्रै गुण मेटे निरमलु होई ॥

ਸਹਜੇ ਸਾਚਿ ਮਿਲੈ ਪ੍ਰਭੁ ਸੋਈ ॥੩॥ (232-12)
सहजे साचि मिलै प्रभु सोई ॥३॥

ਮੋਹ ਕੁਟੰਬ ਸਿਉ ਪ੍ਰੀਤਿ ਨ ਹੋਇ ॥ (232-12)
मोह कुट्मब सिउ प्रीति न होइ ॥

ਜਾ ਹਿਰਦੈ ਵਸਿਆ ਸਚੁ ਸੋਇ ॥ (232-13)
जा हिरदै वसिआ सचु सोइ ॥

ਗੁਰਮੁਖਿ ਮਨੁ ਬੇਧਿਆ ਅਸਥਿਰੁ ਹੋਇ ॥ (232-13)
गुरमुखि मनु बेधिआ असथिरु होइ ॥

ਹੁਕਮੁ ਪਛਾਣੈ ਬੂਝੈ ਸਚੁ ਸੋਇ ॥੪॥ (232-13)
हुकमु पछाणै बूझै सचु सोइ ॥४॥

ਤੂੰ ਕਰਤਾ ਮੈ ਅਵਰੁ ਨ ਕੋਇ ॥ (232-14)
तूं करता मै अवरु न कोइ ॥

ਤੁਝੁ ਸੇਵੀ ਤੁਝ ਤੇ ਪਤਿ ਹੋਇ ॥ (232-14)
तुझु सेवी तुझ ते पति होइ ॥

ਕਿਰਪਾ ਕਰਹਿ ਗਾਵਾ ਪ੍ਰਭੁ ਸੋਇ ॥ (232-14)
किरपा करहि गावा प्रभु सोइ ॥

ਨਾਮ ਰਤਨੁ ਸਭ ਜਗ ਮਹਿ ਲੋਇ ॥੫॥ (232-15)
नाम रतनु सभ जग महि लोइ ॥५॥

ਗੁਰਮੁਖਿ ਬਾਣੀ ਮੀਠੀ ਲਾਗੀ ॥ (232-15)
गुरमुखि बाणी मीठी लागी ॥

ਅੰਤਰੁ ਬਿਗਸੈ ਅਨਦਿਨੁ ਲਿਵ ਲਾਗੀ ॥ (232-15)
अंतरु बिगसै अनदिनु लिव लागी ॥

ਸਹਜੇ ਸਚੁ ਮਿਲਿਆ ਪਰਸਾਦੀ ॥ (232-16)
सहजे सचु मिलिआ परसादी ॥

ਸਤਿਗੁਰੁ ਪਾਇਆ ਪੂਰੈ ਵਡਭਾਗੀ ॥੬॥ (232-16)
सतिगुरु पाइआ पूरै वडभागी ॥६॥

ਹਉਮੈ ਮਮਤਾ ਦੁਰਮਤਿ ਦੁਖ ਨਾਸੁ ॥ (232-16)
हउमै ममता दुरमति दुख नासु ॥

ਜਬ ਹਿਰਦੈ ਰਾਮ ਨਾਮ ਗੁਣਤਾਸੁ ॥ (232-17)
जब हिरदै राम नाम गुणतासु ॥

ਗੁਰਮੁਖਿ ਬੁਧਿ ਪ੍ਰਗਟੀ ਪ੍ਰਭ ਜਾਸੁ ॥ (232-17)
गुरमुखि बुधि प्रगटी प्रभ जासु ॥

ਜਬ ਹਿਰਦੈ ਰਵਿਆ ਚਰਣ ਨਿਵਾਸੁ ॥੭॥ (232-17)
जब हिरदै रविआ चरण निवासु ॥७॥

ਜਿਸੁ ਨਾਮੁ ਦੇਇ ਸੋਈ ਜਨੁ ਪਾਏ ॥ (232-18)
जिसु नामु देइ सोई जनु पाए ॥

ਗੁਰਮੁਖਿ ਮੇਲੇ ਆਪੁ ਗਵਾਏ ॥ (232-18)
गुरमुखि मेले आपु गवाए ॥

ਹਿਰਦੈ ਸਾਚਾ ਨਾਮੁ ਵਸਾਏ ॥ (232-18)
हिरदै साचा नामु वसाए ॥

ਨਾਨਕ ਸਹਜੇ ਸਾਚਿ ਸਮਾਏ ॥੮॥੭॥ (232-19)
नानक सहजे साचि समाए ॥८॥७॥

ਗਉੜੀ ਮਹਲਾ ੩ ॥ (232-19)
गउड़ी महला ३ ॥

ਮਨ ਹੀ ਮਨੁ ਸਵਾਰਿਆ ਭੈ ਸਹਜਿ ਸੁਭਾਇ ॥ (232-19)
मन ही मनु सवारिआ भै सहजि सुभाइ ॥

ਸਬਦਿ ਮਨੁ ਰੰਗਿਆ ਲਿਵ ਲਾਇ ॥ (233-1)
सबदि मनु रंगिआ लिव लाइ ॥

ਨਿਜ ਘਰਿ ਵਸਿਆ ਪ੍ਰਭ ਕੀ ਰਜਾਇ ॥੧॥ (233-1)
निज घरि वसिआ प्रभ की रजाइ ॥१॥

ਸਤਿਗੁਰੁ ਸੇਵਿਐ ਜਾਇ ਅਭਿਮਾਨੁ ॥ (233-1)
सतिगुरु सेविऐ जाइ अभिमानु ॥

ਗੋਵਿਦੁ ਪਾਈਐ ਗੁਣੀ ਨਿਧਾਨੁ ॥੧॥ ਰਹਾਉ ॥ (233-2)
गोविदु पाईऐ गुणी निधानु ॥१॥ रहाउ ॥

ਮਨੁ ਬੈਰਾਗੀ ਜਾ ਸਬਦਿ ਭਉ ਖਾਇ ॥ (233-2)
मनु बैरागी जा सबदि भउ खाइ ॥

ਮੇਰਾ ਪ੍ਰਭੁ ਨਿਰਮਲਾ ਸਭ ਤੈ ਰਹਿਆ ਸਮਾਇ ॥ (233-2)
मेरा प्रभु निरमला सभ तै रहिआ समाइ ॥

ਗੁਰ ਕਿਰਪਾ ਤੇ ਮਿਲੈ ਮਿਲਾਇ ॥੨॥ (233-3)
गुर किरपा ते मिलै मिलाइ ॥२॥

ਹਰਿ ਦਾਸਨ ਕੋ ਦਾਸੁ ਸੁਖੁ ਪਾਏ ॥ (233-3)
हरि दासन को दासु सुखु पाए ॥

ਮੇਰਾ ਹਰਿ ਪ੍ਰਭੁ ਇਨ ਬਿਧਿ ਪਾਇਆ ਜਾਏ ॥ (233-4)
मेरा हरि प्रभु इन बिधि पाइआ जाए ॥

ਹਰਿ ਕਿਰਪਾ ਤੇ ਰਾਮ ਗੁਣ ਗਾਏ ॥੩॥ (233-4)
हरि किरपा ते राम गुण गाए ॥३॥

ਧ੍ਰਿਗੁ ਬਹੁ ਜੀਵਣੁ ਜਿਤੁ ਹਰਿ ਨਾਮਿ ਨ ਲਗੈ ਪਿਆਰੁ ॥ (233-4)
ध्रिगु बहु जीवणु जितु हरि नामि न लगै पिआरु ॥

ਧ੍ਰਿਗੁ ਸੇਜ ਸੁਖਾਲੀ ਕਾਮਣਿ ਮੋਹ ਗੁਬਾਰੁ ॥ (233-5)
ध्रिगु सेज सुखाली कामणि मोह गुबारु ॥

ਤਿਨ ਸਫਲੁ ਜਨਮੁ ਜਿਨ ਨਾਮੁ ਅਧਾਰੁ ॥੪॥ (233-5)
तिन सफलु जनमु जिन नामु अधारु ॥४॥

ਧ੍ਰਿਗੁ ਧ੍ਰਿਗੁ ਗ੍ਰਿਹੁ ਕੁਟੰਬੁ ਜਿਤੁ ਹਰਿ ਪ੍ਰੀਤਿ ਨ ਹੋਇ ॥ (233-6)
ध्रिगु ध्रिगु ग्रिहु कुट्मबु जितु हरि प्रीति न होइ ॥

ਸੋਈ ਹਮਾਰਾ ਮੀਤੁ ਜੋ ਹਰਿ ਗੁਣ ਗਾਵੈ ਸੋਇ ॥ (233-6)
सोई हमारा मीतु जो हरि गुण गावै सोइ ॥

ਹਰਿ ਨਾਮ ਬਿਨਾ ਮੈ ਅਵਰੁ ਨ ਕੋਇ ॥੫॥ (233-7)
हरि नाम बिना मै अवरु न कोइ ॥५॥

ਸਤਿਗੁਰ ਤੇ ਹਮ ਗਤਿ ਪਤਿ ਪਾਈ ॥ (233-7)
सतिगुर ते हम गति पति पाई ॥

ਹਰਿ ਨਾਮੁ ਧਿਆਇਆ ਦੂਖੁ ਸਗਲ ਮਿਟਾਈ ॥ (233-7)
हरि नामु धिआइआ दूखु सगल मिटाई ॥

ਸਦਾ ਅਨੰਦੁ ਹਰਿ ਨਾਮਿ ਲਿਵ ਲਾਈ ॥੬॥ (233-8)
सदा अनंदु हरि नामि लिव लाई ॥६॥

ਗੁਰਿ ਮਿਲਿਐ ਹਮ ਕਉ ਸਰੀਰ ਸੁਧਿ ਭਈ ॥ (233-8)
गुरि मिलिऐ हम कउ सरीर सुधि भई ॥

ਹਉਮੈ ਤ੍ਰਿਸਨਾ ਸਭ ਅਗਨਿ ਬੁਝਈ ॥ (233-9)
हउमै त्रिसना सभ अगनि बुझई ॥

ਬਿਨਸੇ ਕ੍ਰੋਧ ਖਿਮਾ ਗਹਿ ਲਈ ॥੭॥ (233-9)
बिनसे क्रोध खिमा गहि लई ॥७॥

ਹਰਿ ਆਪੇ ਕ੍ਰਿਪਾ ਕਰੇ ਨਾਮੁ ਦੇਵੈ ॥ (233-9)
हरि आपे क्रिपा करे नामु देवै ॥

ਗੁਰਮੁਖਿ ਰਤਨੁ ਕੋ ਵਿਰਲਾ ਲੇਵੈ ॥ (233-10)
गुरमुखि रतनु को विरला लेवै ॥

ਨਾਨਕੁ ਗੁਣ ਗਾਵੈ ਹਰਿ ਅਲਖ ਅਭੇਵੈ ॥੮॥੮॥ (233-10)
नानकु गुण गावै हरि अलख अभेवै ॥८॥८॥

ੴ ਸਤਿਗੁਰ ਪ੍ਰਸਾਦਿ ॥ (233-11)
ੴ सतिगुर प्रसादि ॥

ਰਾਗੁ ਗਉੜੀ ਬੈਰਾਗਣਿ ਮਹਲਾ ੩ ॥ (233-11)
रागु गउड़ी बैरागणि महला ३ ॥

ਸਤਿਗੁਰ ਤੇ ਜੋ ਮੁਹ ਫੇਰੇ ਤੇ ਵੇਮੁਖ ਬੁਰੇ ਦਿਸੰਨਿ ॥ (233-11)
सतिगुर ते जो मुह फेरे ते वेमुख बुरे दिसंनि ॥

ਅਨਦਿਨੁ ਬਧੇ ਮਾਰੀਅਨਿ ਫਿਰਿ ਵੇਲਾ ਨਾ ਲਹੰਨਿ ॥੧॥ (233-12)
अनदिनु बधे मारीअनि फिरि वेला ना लहंनि ॥१॥

ਹਰਿ ਹਰਿ ਰਾਖਹੁ ਕ੍ਰਿਪਾ ਧਾਰਿ ॥ (233-12)
हरि हरि राखहु क्रिपा धारि ॥

ਸਤਸੰਗਤਿ ਮੇਲਾਇ ਪ੍ਰਭ ਹਰਿ ਹਿਰਦੈ ਹਰਿ ਗੁਣ ਸਾਰਿ ॥੧॥ ਰਹਾਉ ॥ (233-12)
सतसंगति मेलाइ प्रभ हरि हिरदै हरि गुण सारि ॥१॥ रहाउ ॥

ਸੇ ਭਗਤ ਹਰਿ ਭਾਵਦੇ ਜੋ ਗੁਰਮੁਖਿ ਭਾਇ ਚਲੰਨਿ ॥ (233-13)
से भगत हरि भावदे जो गुरमुखि भाइ चलंनि ॥

ਆਪੁ ਛੋਡਿ ਸੇਵਾ ਕਰਨਿ ਜੀਵਤ ਮੁਏ ਰਹੰਨਿ ॥੨॥ (233-13)
आपु छोडि सेवा करनि जीवत मुए रहंनि ॥२॥

ਜਿਸ ਦਾ ਪਿੰਡੁ ਪਰਾਣ ਹੈ ਤਿਸ ਕੀ ਸਿਰਿ ਕਾਰ ॥ (233-14)
जिस दा पिंडु पराण है तिस की सिरि कार ॥

ਓਹੁ ਕਿਉ ਮਨਹੁ ਵਿਸਾਰੀਐ ਹਰਿ ਰਖੀਐ ਹਿਰਦੈ ਧਾਰਿ ॥੩॥ (233-14)
ओहु किउ मनहु विसारीऐ हरि रखीऐ हिरदै धारि ॥३॥

ਨਾਮਿ ਮਿਲਿਐ ਪਤਿ ਪਾਈਐ ਨਾਮਿ ਮੰਨਿਐ ਸੁਖੁ ਹੋਇ ॥ (233-15)
नामि मिलिऐ पति पाईऐ नामि मंनिऐ सुखु होइ ॥

ਸਤਿਗੁਰ ਤੇ ਨਾਮੁ ਪਾਈਐ ਕਰਮਿ ਮਿਲੈ ਪ੍ਰਭੁ ਸੋਇ ॥੪॥ (233-16)
सतिगुर ते नामु पाईऐ करमि मिलै प्रभु सोइ ॥४॥

ਸਤਿਗੁਰ ਤੇ ਜੋ ਮੁਹੁ ਫੇਰੇ ਓਇ ਭ੍ਰਮਦੇ ਨਾ ਟਿਕੰਨਿ ॥ (233-16)
सतिगुर ते जो मुहु फेरे ओइ भ्रमदे ना टिकंनि ॥

ਧਰਤਿ ਅਸਮਾਨੁ ਨ ਝਲਈ ਵਿਚਿ ਵਿਸਟਾ ਪਏ ਪਚੰਨਿ ॥੫॥ (233-17)
धरति असमानु न झलई विचि विसटा पए पचंनि ॥५॥

ਇਹੁ ਜਗੁ ਭਰਮਿ ਭੁਲਾਇਆ ਮੋਹ ਠਗਉਲੀ ਪਾਇ ॥ (233-17)
इहु जगु भरमि भुलाइआ मोह ठगउली पाइ ॥

ਜਿਨਾ ਸਤਿਗੁਰੁ ਭੇਟਿਆ ਤਿਨ ਨੇੜਿ ਨ ਭਿਟੈ ਮਾਇ ॥੬॥ (233-18)
जिना सतिगुरु भेटिआ तिन नेड़ि न भिटै माइ ॥६॥

ਸਤਿਗੁਰੁ ਸੇਵਨਿ ਸੋ ਸੋਹਣੇ ਹਉਮੈ ਮੈਲੁ ਗਵਾਇ ॥ (233-18)
सतिगुरु सेवनि सो सोहणे हउमै मैलु गवाइ ॥

ਸਬਦਿ ਰਤੇ ਸੇ ਨਿਰਮਲੇ ਚਲਹਿ ਸਤਿਗੁਰ ਭਾਇ ॥੭॥ (234-1)
सबदि रते से निरमले चलहि सतिगुर भाइ ॥७॥

ਹਰਿ ਪ੍ਰਭ ਦਾਤਾ ਏਕੁ ਤੂੰ ਤੂੰ ਆਪੇ ਬਖਸਿ ਮਿਲਾਇ ॥ (234-1)
हरि प्रभ दाता एकु तूं तूं आपे बखसि मिलाइ ॥

ਜਨੁ ਨਾਨਕੁ ਸਰਣਾਗਤੀ ਜਿਉ ਭਾਵੈ ਤਿਵੈ ਛਡਾਇ ॥੮॥੧॥੯॥ (234-2)
जनु नानकु सरणागती जिउ भावै तिवै छडाइ ॥८॥१॥९॥

ਰਾਗੁ ਗਉੜੀ ਪੂਰਬੀ ਮਹਲਾ ੪ ਕਰਹਲੇ (234-3)
रागु गउड़ी पूरबी महला ४ करहले

ੴ ਸਤਿਗੁਰ ਪ੍ਰਸਾਦਿ ॥ (234-3)
ੴ सतिगुर प्रसादि ॥

ਕਰਹਲੇ ਮਨ ਪਰਦੇਸੀਆ ਕਿਉ ਮਿਲੀਐ ਹਰਿ ਮਾਇ ॥ (234-4)
करहले मन परदेसीआ किउ मिलीऐ हरि माइ ॥

ਗੁਰੁ ਭਾਗਿ ਪੂਰੈ ਪਾਇਆ ਗਲਿ ਮਿਲਿਆ ਪਿਆਰਾ ਆਇ ॥੧॥ (234-4)
गुरु भागि पूरै पाइआ गलि मिलिआ पिआरा आइ ॥१॥

ਮਨ ਕਰਹਲਾ ਸਤਿਗੁਰੁ ਪੁਰਖੁ ਧਿਆਇ ॥੧॥ ਰਹਾਉ ॥ (234-5)
मन करहला सतिगुरु पुरखु धिआइ ॥१॥ रहाउ ॥

ਮਨ ਕਰਹਲਾ ਵੀਚਾਰੀਆ ਹਰਿ ਰਾਮ ਨਾਮ ਧਿਆਇ ॥ (234-5)
मन करहला वीचारीआ हरि राम नाम धिआइ ॥

ਜਿਥੈ ਲੇਖਾ ਮੰਗੀਐ ਹਰਿ ਆਪੇ ਲਏ ਛਡਾਇ ॥੨॥ (234-6)
जिथै लेखा मंगीऐ हरि आपे लए छडाइ ॥२॥

ਮਨ ਕਰਹਲਾ ਅਤਿ ਨਿਰਮਲਾ ਮਲੁ ਲਾਗੀ ਹਉਮੈ ਆਇ ॥ (234-6)
मन करहला अति निरमला मलु लागी हउमै आइ ॥

ਪਰਤਖਿ ਪਿਰੁ ਘਰਿ ਨਾਲਿ ਪਿਆਰਾ ਵਿਛੁੜਿ ਚੋਟਾ ਖਾਇ ॥੩॥ (234-7)
परतखि पिरु घरि नालि पिआरा विछुड़ि चोटा खाइ ॥३॥

ਮਨ ਕਰਹਲਾ ਮੇਰੇ ਪ੍ਰੀਤਮਾ ਹਰਿ ਰਿਦੈ ਭਾਲਿ ਭਾਲਾਇ ॥ (234-7)
मन करहला मेरे प्रीतमा हरि रिदै भालि भालाइ ॥

ਉਪਾਇ ਕਿਤੈ ਨ ਲਭਈ ਗੁਰੁ ਹਿਰਦੈ ਹਰਿ ਦੇਖਾਇ ॥੪॥ (234-8)
उपाइ कितै न लभई गुरु हिरदै हरि देखाइ ॥४॥

ਮਨ ਕਰਹਲਾ ਮੇਰੇ ਪ੍ਰੀਤਮਾ ਦਿਨੁ ਰੈਣਿ ਹਰਿ ਲਿਵ ਲਾਇ ॥ (234-8)
मन करहला मेरे प्रीतमा दिनु रैणि हरि लिव लाइ ॥

ਘਰੁ ਜਾਇ ਪਾਵਹਿ ਰੰਗ ਮਹਲੀ ਗੁਰੁ ਮੇਲੇ ਹਰਿ ਮੇਲਾਇ ॥੫॥ (234-9)
घरु जाइ पावहि रंग महली गुरु मेले हरि मेलाइ ॥५॥

ਮਨ ਕਰਹਲਾ ਤੂੰ ਮੀਤੁ ਮੇਰਾ ਪਾਖੰਡੁ ਲੋਭੁ ਤਜਾਇ ॥ (234-10)
मन करहला तूं मीतु मेरा पाखंडु लोभु तजाइ ॥

ਪਾਖੰਡਿ ਲੋਭੀ ਮਾਰੀਐ ਜਮ ਡੰਡੁ ਦੇਇ ਸਜਾਇ ॥੬॥ (234-10)
पाखंडि लोभी मारीऐ जम डंडु देइ सजाइ ॥६॥

ਮਨ ਕਰਹਲਾ ਮੇਰੇ ਪ੍ਰਾਨ ਤੂੰ ਮੈਲੁ ਪਾਖੰਡੁ ਭਰਮੁ ਗਵਾਇ ॥ (234-10)
मन करहला मेरे प्रान तूं मैलु पाखंडु भरमु गवाइ ॥

ਹਰਿ ਅੰਮ੍ਰਿਤ ਸਰੁ ਗੁਰਿ ਪੂਰਿਆ ਮਿਲਿ ਸੰਗਤੀ ਮਲੁ ਲਹਿ ਜਾਇ ॥੭॥ (234-11)
हरि अमृत सरु गुरि पूरिआ मिलि संगती मलु लहि जाइ ॥७॥

ਮਨ ਕਰਹਲਾ ਮੇਰੇ ਪਿਆਰਿਆ ਇਕ ਗੁਰ ਕੀ ਸਿਖ ਸੁਣਾਇ ॥ (234-12)
मन करहला मेरे पिआरिआ इक गुर की सिख सुणाइ ॥

ਇਹੁ ਮੋਹੁ ਮਾਇਆ ਪਸਰਿਆ ਅੰਤਿ ਸਾਥਿ ਨ ਕੋਈ ਜਾਇ ॥੮॥ (234-12)
इहु मोहु माइआ पसरिआ अंति साथि न कोई जाइ ॥८॥

ਮਨ ਕਰਹਲਾ ਮੇਰੇ ਸਾਜਨਾ ਹਰਿ ਖਰਚੁ ਲੀਆ ਪਤਿ ਪਾਇ ॥ (234-13)
मन करहला मेरे साजना हरि खरचु लीआ पति पाइ ॥

ਹਰਿ ਦਰਗਹ ਪੈਨਾਇਆ ਹਰਿ ਆਪਿ ਲਇਆ ਗਲਿ ਲਾਇ ॥੯॥ (234-13)
हरि दरगह पैनाइआ हरि आपि लइआ गलि लाइ ॥९॥

ਮਨ ਕਰਹਲਾ ਗੁਰਿ ਮੰਨਿਆ ਗੁਰਮੁਖਿ ਕਾਰ ਕਮਾਇ ॥ (234-14)
मन करहला गुरि मंनिआ गुरमुखि कार कमाइ ॥

ਗੁਰ ਆਗੈ ਕਰਿ ਜੋਦੜੀ ਜਨ ਨਾਨਕ ਹਰਿ ਮੇਲਾਇ ॥੧੦॥੧॥ (234-15)
गुर आगै करि जोदड़ी जन नानक हरि मेलाइ ॥१०॥१॥

ਗਉੜੀ ਮਹਲਾ ੪ ॥ (234-15)
गउड़ी महला ४ ॥

ਮਨ ਕਰਹਲਾ ਵੀਚਾਰੀਆ ਵੀਚਾਰਿ ਦੇਖੁ ਸਮਾਲਿ ॥ (234-15)
मन करहला वीचारीआ वीचारि देखु समालि ॥

ਬਨ ਫਿਰਿ ਥਕੇ ਬਨ ਵਾਸੀਆ ਪਿਰੁ ਗੁਰਮਤਿ ਰਿਦੈ ਨਿਹਾਲਿ ॥੧॥ (234-16)
बन फिरि थके बन वासीआ पिरु गुरमति रिदै निहालि ॥१॥

ਮਨ ਕਰਹਲਾ ਗੁਰ ਗੋਵਿੰਦੁ ਸਮਾਲਿ ॥੧॥ ਰਹਾਉ ॥ (234-16)
मन करहला गुर गोविंदु समालि ॥१॥ रहाउ ॥

ਮਨ ਕਰਹਲਾ ਵੀਚਾਰੀਆ ਮਨਮੁਖ ਫਾਥਿਆ ਮਹਾ ਜਾਲਿ ॥ (234-17)
मन करहला वीचारीआ मनमुख फाथिआ महा जालि ॥

ਗੁਰਮੁਖਿ ਪ੍ਰਾਣੀ ਮੁਕਤੁ ਹੈ ਹਰਿ ਹਰਿ ਨਾਮੁ ਸਮਾਲਿ ॥੨॥ (234-18)
गुरमुखि प्राणी मुकतु है हरि हरि नामु समालि ॥२॥

ਮਨ ਕਰਹਲਾ ਮੇਰੇ ਪਿਆਰਿਆ ਸਤਸੰਗਤਿ ਸਤਿਗੁਰੁ ਭਾਲਿ ॥ (234-18)
मन करहला मेरे पिआरिआ सतसंगति सतिगुरु भालि ॥

ਸਤਸੰਗਤਿ ਲਗਿ ਹਰਿ ਧਿਆਈਐ ਹਰਿ ਹਰਿ ਚਲੈ ਤੇਰੈ ਨਾਲਿ ॥੩॥ (234-19)
सतसंगति लगि हरि धिआईऐ हरि हरि चलै तेरै नालि ॥३॥

ਮਨ ਕਰਹਲਾ ਵਡਭਾਗੀਆ ਹਰਿ ਏਕ ਨਦਰਿ ਨਿਹਾਲਿ ॥ (234-19)
मन करहला वडभागीआ हरि एक नदरि निहालि ॥

ਆਪਿ ਛਡਾਏ ਛੁਟੀਐ ਸਤਿਗੁਰ ਚਰਣ ਸਮਾਲਿ ॥੪॥ (235-1)
आपि छडाए छुटीऐ सतिगुर चरण समालि ॥४॥

ਮਨ ਕਰਹਲਾ ਮੇਰੇ ਪਿਆਰਿਆ ਵਿਚਿ ਦੇਹੀ ਜੋਤਿ ਸਮਾਲਿ ॥ (235-1)
मन करहला मेरे पिआरिआ विचि देही जोति समालि ॥

ਗੁਰਿ ਨਉ ਨਿਧਿ ਨਾਮੁ ਵਿਖਾਲਿਆ ਹਰਿ ਦਾਤਿ ਕਰੀ ਦਇਆਲਿ ॥੫॥ (235-2)
गुरि नउ निधि नामु विखालिआ हरि दाति करी दइआलि ॥५॥

ਮਨ ਕਰਹਲਾ ਤੂੰ ਚੰਚਲਾ ਚਤੁਰਾਈ ਛਡਿ ਵਿਕਰਾਲਿ ॥ (235-3)
मन करहला तूं चंचला चतुराई छडि विकरालि ॥

ਹਰਿ ਹਰਿ ਨਾਮੁ ਸਮਾਲਿ ਤੂੰ ਹਰਿ ਮੁਕਤਿ ਕਰੇ ਅੰਤ ਕਾਲਿ ॥੬॥ (235-3)
हरि हरि नामु समालि तूं हरि मुकति करे अंत कालि ॥६॥

ਮਨ ਕਰਹਲਾ ਵਡਭਾਗੀਆ ਤੂੰ ਗਿਆਨੁ ਰਤਨੁ ਸਮਾਲਿ ॥ (235-4)
मन करहला वडभागीआ तूं गिआनु रतनु समालि ॥

ਗੁਰ ਗਿਆਨੁ ਖੜਗੁ ਹਥਿ ਧਾਰਿਆ ਜਮੁ ਮਾਰਿਅੜਾ ਜਮਕਾਲਿ ॥੭॥ (235-4)
गुर गिआनु खड़गु हथि धारिआ जमु मारिअड़ा जमकालि ॥७॥

ਅੰਤਰਿ ਨਿਧਾਨੁ ਮਨ ਕਰਹਲੇ ਭ੍ਰਮਿ ਭਵਹਿ ਬਾਹਰਿ ਭਾਲਿ ॥ (235-5)
अंतरि निधानु मन करहले भ्रमि भवहि बाहरि भालि ॥

ਗੁਰੁ ਪੁਰਖੁ ਪੂਰਾ ਭੇਟਿਆ ਹਰਿ ਸਜਣੁ ਲਧੜਾ ਨਾਲਿ ॥੮॥ (235-5)
गुरु पुरखु पूरा भेटिआ हरि सजणु लधड़ा नालि ॥८॥

ਰੰਗਿ ਰਤੜੇ ਮਨ ਕਰਹਲੇ ਹਰਿ ਰੰਗੁ ਸਦਾ ਸਮਾਲਿ ॥ (235-6)
रंगि रतड़े मन करहले हरि रंगु सदा समालि ॥

ਹਰਿ ਰੰਗੁ ਕਦੇ ਨ ਉਤਰੈ ਗੁਰ ਸੇਵਾ ਸਬਦੁ ਸਮਾਲਿ ॥੯॥ (235-6)
हरि रंगु कदे न उतरै गुर सेवा सबदु समालि ॥९॥

ਹਮ ਪੰਖੀ ਮਨ ਕਰਹਲੇ ਹਰਿ ਤਰਵਰੁ ਪੁਰਖੁ ਅਕਾਲਿ ॥ (235-7)
हम पंखी मन करहले हरि तरवरु पुरखु अकालि ॥

ਵਡਭਾਗੀ ਗੁਰਮੁਖਿ ਪਾਇਆ ਜਨ ਨਾਨਕ ਨਾਮੁ ਸਮਾਲਿ ॥੧੦॥੨॥ (235-7)
वडभागी गुरमुखि पाइआ जन नानक नामु समालि ॥१०॥२॥

ਰਾਗੁ ਗਉੜੀ ਗੁਆਰੇਰੀ ਮਹਲਾ ੫ ਅਸਟਪਦੀਆ (235-9)
रागु गउड़ी गुआरेरी महला ५ असटपदीआ

ੴ ਸਤਿਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥ (235-9)
ੴ सतिनामु करता पुरखु गुर प्रसादि ॥

ਜਬ ਇਹੁ ਮਨ ਮਹਿ ਕਰਤ ਗੁਮਾਨਾ ॥ (235-10)
जब इहु मन महि करत गुमाना ॥

ਤਬ ਇਹੁ ਬਾਵਰੁ ਫਿਰਤ ਬਿਗਾਨਾ ॥ (235-10)
तब इहु बावरु फिरत बिगाना ॥

ਜਬ ਇਹੁ ਹੂਆ ਸਗਲ ਕੀ ਰੀਨਾ ॥ (235-10)
जब इहु हूआ सगल की रीना ॥

ਤਾ ਤੇ ਰਮਈਆ ਘਟਿ ਘਟਿ ਚੀਨਾ ॥੧॥ (235-11)
ता ते रमईआ घटि घटि चीना ॥१॥

ਸਹਜ ਸੁਹੇਲਾ ਫਲੁ ਮਸਕੀਨੀ ॥ (235-11)
सहज सुहेला फलु मसकीनी ॥

ਸਤਿਗੁਰ ਅਪੁਨੈ ਮੋਹਿ ਦਾਨੁ ਦੀਨੀ ॥੧॥ ਰਹਾਉ ॥ (235-11)
सतिगुर अपुनै मोहि दानु दीनी ॥१॥ रहाउ ॥

ਜਬ ਕਿਸ ਕਉ ਇਹੁ ਜਾਨਸਿ ਮੰਦਾ ॥ (235-12)
जब किस कउ इहु जानसि मंदा ॥

ਤਬ ਸਗਲੇ ਇਸੁ ਮੇਲਹਿ ਫੰਦਾ ॥ (235-12)
तब सगले इसु मेलहि फंदा ॥

ਮੇਰ ਤੇਰ ਜਬ ਇਨਹਿ ਚੁਕਾਈ ॥ (235-12)
मेर तेर जब इनहि चुकाई ॥

ਤਾ ਤੇ ਇਸੁ ਸੰਗਿ ਨਹੀ ਬੈਰਾਈ ॥੨॥ (235-13)
ता ते इसु संगि नही बैराई ॥२॥

ਜਬ ਇਨਿ ਅਪੁਨੀ ਅਪਨੀ ਧਾਰੀ ॥ (235-13)
जब इनि अपुनी अपनी धारी ॥

ਤਬ ਇਸ ਕਉ ਹੈ ਮੁਸਕਲੁ ਭਾਰੀ ॥ (235-13)
तब इस कउ है मुसकलु भारी ॥

ਜਬ ਇਨਿ ਕਰਣੈਹਾਰੁ ਪਛਾਤਾ ॥ (235-14)
जब इनि करणैहारु पछाता ॥

ਤਬ ਇਸ ਨੋ ਨਾਹੀ ਕਿਛੁ ਤਾਤਾ ॥੩॥ (235-14)
तब इस नो नाही किछु ताता ॥३॥

ਜਬ ਇਨਿ ਅਪੁਨੋ ਬਾਧਿਓ ਮੋਹਾ ॥ (235-14)
जब इनि अपुनो बाधिओ मोहा ॥

ਆਵੈ ਜਾਇ ਸਦਾ ਜਮਿ ਜੋਹਾ ॥ (235-15)
आवै जाइ सदा जमि जोहा ॥

ਜਬ ਇਸ ਤੇ ਸਭ ਬਿਨਸੇ ਭਰਮਾ ॥ (235-15)
जब इस ते सभ बिनसे भरमा ॥

ਭੇਦੁ ਨਾਹੀ ਹੈ ਪਾਰਬ੍ਰਹਮਾ ॥੪॥ (235-15)
भेदु नाही है पारब्रहमा ॥४॥

ਜਬ ਇਨਿ ਕਿਛੁ ਕਰਿ ਮਾਨੇ ਭੇਦਾ ॥ (235-16)
जब इनि किछु करि माने भेदा ॥

ਤਬ ਤੇ ਦੂਖ ਡੰਡ ਅਰੁ ਖੇਦਾ ॥ (235-16)
तब ते दूख डंड अरु खेदा ॥

ਜਬ ਇਨਿ ਏਕੋ ਏਕੀ ਬੂਝਿਆ ॥ (235-16)
जब इनि एको एकी बूझिआ ॥

ਤਬ ਤੇ ਇਸ ਨੋ ਸਭੁ ਕਿਛੁ ਸੂਝਿਆ ॥੫॥ (235-17)
तब ते इस नो सभु किछु सूझिआ ॥५॥

ਜਬ ਇਹੁ ਧਾਵੈ ਮਾਇਆ ਅਰਥੀ ॥ (235-17)
जब इहु धावै माइआ अरथी ॥

ਨਹ ਤ੍ਰਿਪਤਾਵੈ ਨਹ ਤਿਸ ਲਾਥੀ ॥ (235-17)
नह त्रिपतावै नह तिस लाथी ॥

ਜਬ ਇਸ ਤੇ ਇਹੁ ਹੋਇਓ ਜਉਲਾ ॥ (235-18)
जब इस ते इहु होइओ जउला ॥

ਪੀਛੈ ਲਾਗਿ ਚਲੀ ਉਠਿ ਕਉਲਾ ॥੬॥ (235-18)
पीछै लागि चली उठि कउला ॥६॥

ਕਰਿ ਕਿਰਪਾ ਜਉ ਸਤਿਗੁਰੁ ਮਿਲਿਓ ॥ (235-18)
करि किरपा जउ सतिगुरु मिलिओ ॥

ਮਨ ਮੰਦਰ ਮਹਿ ਦੀਪਕੁ ਜਲਿਓ ॥ (235-19)
मन मंदर महि दीपकु जलिओ ॥

ਜੀਤ ਹਾਰ ਕੀ ਸੋਝੀ ਕਰੀ ॥ (235-19)
जीत हार की सोझी करी ॥

ਤਉ ਇਸੁ ਘਰ ਕੀ ਕੀਮਤਿ ਪਰੀ ॥੭॥ (235-19)
तउ इसु घर की कीमति परी ॥७॥

ਕਰਨ ਕਰਾਵਨ ਸਭੁ ਕਿਛੁ ਏਕੈ ॥ (236-1)
करन करावन सभु किछु एकै ॥

ਆਪੇ ਬੁਧਿ ਬੀਚਾਰਿ ਬਿਬੇਕੈ ॥ (236-1)
आपे बुधि बीचारि बिबेकै ॥

ਦੂਰਿ ਨ ਨੇਰੈ ਸਭ ਕੈ ਸੰਗਾ ॥ (236-1)
दूरि न नेरै सभ कै संगा ॥

ਸਚੁ ਸਾਲਾਹਣੁ ਨਾਨਕ ਹਰਿ ਰੰਗਾ ॥੮॥੧॥ (236-2)
सचु सालाहणु नानक हरि रंगा ॥८॥१॥

ਗਉੜੀ ਮਹਲਾ ੫ ॥ (236-2)
गउड़ी महला ५ ॥

ਗੁਰ ਸੇਵਾ ਤੇ ਨਾਮੇ ਲਾਗਾ ॥ (236-2)
गुर सेवा ते नामे लागा ॥

ਤਿਸ ਕਉ ਮਿਲਿਆ ਜਿਸੁ ਮਸਤਕਿ ਭਾਗਾ ॥ (236-2)
तिस कउ मिलिआ जिसु मसतकि भागा ॥

ਤਿਸ ਕੈ ਹਿਰਦੈ ਰਵਿਆ ਸੋਇ ॥ (236-3)
तिस कै हिरदै रविआ सोइ ॥

ਮਨੁ ਤਨੁ ਸੀਤਲੁ ਨਿਹਚਲੁ ਹੋਇ ॥੧॥ (236-3)
मनु तनु सीतलु निहचलु होइ ॥१॥

ਐਸਾ ਕੀਰਤਨੁ ਕਰਿ ਮਨ ਮੇਰੇ ॥ (236-4)
ऐसा कीरतनु करि मन मेरे ॥

ਈਹਾ ਊਹਾ ਜੋ ਕਾਮਿ ਤੇਰੈ ॥੧॥ ਰਹਾਉ ॥ (236-4)
ईहा ऊहा जो कामि तेरै ॥१॥ रहाउ ॥

ਜਾਸੁ ਜਪਤ ਭਉ ਅਪਦਾ ਜਾਇ ॥ (236-4)
जासु जपत भउ अपदा जाइ ॥

ਧਾਵਤ ਮਨੂਆ ਆਵੈ ਠਾਇ ॥ (236-5)
धावत मनूआ आवै ठाइ ॥

ਜਾਸੁ ਜਪਤ ਫਿਰਿ ਦੂਖੁ ਨ ਲਾਗੈ ॥ (236-5)
जासु जपत फिरि दूखु न लागै ॥

ਜਾਸੁ ਜਪਤ ਇਹ ਹਉਮੈ ਭਾਗੈ ॥੨॥ (236-5)
जासु जपत इह हउमै भागै ॥२॥

ਜਾਸੁ ਜਪਤ ਵਸਿ ਆਵਹਿ ਪੰਚਾ ॥ (236-5)
जासु जपत वसि आवहि पंचा ॥

ਜਾਸੁ ਜਪਤ ਰਿਦੈ ਅੰਮ੍ਰਿਤੁ ਸੰਚਾ ॥ (236-6)
जासु जपत रिदै अमृतु संचा ॥

ਜਾਸੁ ਜਪਤ ਇਹ ਤ੍ਰਿਸਨਾ ਬੁਝੈ ॥ (236-6)
जासु जपत इह त्रिसना बुझै ॥

ਜਾਸੁ ਜਪਤ ਹਰਿ ਦਰਗਹ ਸਿਝੈ ॥੩॥ (236-6)
जासु जपत हरि दरगह सिझै ॥३॥

ਜਾਸੁ ਜਪਤ ਕੋਟਿ ਮਿਟਹਿ ਅਪਰਾਧ ॥ (236-7)
जासु जपत कोटि मिटहि अपराध ॥

ਜਾਸੁ ਜਪਤ ਹਰਿ ਹੋਵਹਿ ਸਾਧ ॥ (236-7)
जासु जपत हरि होवहि साध ॥

ਜਾਸੁ ਜਪਤ ਮਨੁ ਸੀਤਲੁ ਹੋਵੈ ॥ (236-7)
जासु जपत मनु सीतलु होवै ॥

ਜਾਸੁ ਜਪਤ ਮਲੁ ਸਗਲੀ ਖੋਵੈ ॥੪॥ (236-8)
जासु जपत मलु सगली खोवै ॥४॥

ਜਾਸੁ ਜਪਤ ਰਤਨੁ ਹਰਿ ਮਿਲੈ ॥ (236-8)
जासु जपत रतनु हरि मिलै ॥

ਬਹੁਰਿ ਨ ਛੋਡੈ ਹਰਿ ਸੰਗਿ ਹਿਲੈ ॥ (236-8)
बहुरि न छोडै हरि संगि हिलै ॥

ਜਾਸੁ ਜਪਤ ਕਈ ਬੈਕੁੰਠ ਵਾਸੁ ॥ (236-9)
जासु जपत कई बैकुंठ वासु ॥

ਜਾਸੁ ਜਪਤ ਸੁਖ ਸਹਜਿ ਨਿਵਾਸੁ ॥੫॥ (236-9)
जासु जपत सुख सहजि निवासु ॥५॥

ਜਾਸੁ ਜਪਤ ਇਹ ਅਗਨਿ ਨ ਪੋਹਤ ॥ (236-9)
जासु जपत इह अगनि न पोहत ॥

ਜਾਸੁ ਜਪਤ ਇਹੁ ਕਾਲੁ ਨ ਜੋਹਤ ॥ (236-10)
जासु जपत इहु कालु न जोहत ॥

ਜਾਸੁ ਜਪਤ ਤੇਰਾ ਨਿਰਮਲ ਮਾਥਾ ॥ (236-10)
जासु जपत तेरा निरमल माथा ॥

ਜਾਸੁ ਜਪਤ ਸਗਲਾ ਦੁਖੁ ਲਾਥਾ ॥੬॥ (236-10)
जासु जपत सगला दुखु लाथा ॥६॥

ਜਾਸੁ ਜਪਤ ਮੁਸਕਲੁ ਕਛੂ ਨ ਬਨੈ ॥ (236-11)
जासु जपत मुसकलु कछू न बनै ॥

ਜਾਸੁ ਜਪਤ ਸੁਣਿ ਅਨਹਤ ਧੁਨੈ ॥ (236-11)
जासु जपत सुणि अनहत धुनै ॥

ਜਾਸੁ ਜਪਤ ਇਹ ਨਿਰਮਲ ਸੋਇ ॥ (236-11)
जासु जपत इह निरमल सोइ ॥

ਜਾਸੁ ਜਪਤ ਕਮਲੁ ਸੀਧਾ ਹੋਇ ॥੭॥ (236-12)
जासु जपत कमलु सीधा होइ ॥७॥

ਗੁਰਿ ਸੁਭ ਦ੍ਰਿਸਟਿ ਸਭ ਊਪਰਿ ਕਰੀ ॥ (236-12)
गुरि सुभ द्रिसटि सभ ऊपरि करी ॥

ਜਿਸ ਕੈ ਹਿਰਦੈ ਮੰਤ੍ਰੁ ਦੇ ਹਰੀ ॥ (236-12)
जिस कै हिरदै मंत्रु दे हरी ॥

ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ ॥ (236-13)
अखंड कीरतनु तिनि भोजनु चूरा ॥

ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ॥੮॥੨॥ (236-13)
कहु नानक जिसु सतिगुरु पूरा ॥८॥२॥

ਗਉੜੀ ਮਹਲਾ ੫ ॥ (236-14)
गउड़ी महला ५ ॥

ਗੁਰ ਕਾ ਸਬਦੁ ਰਿਦ ਅੰਤਰਿ ਧਾਰੈ ॥ (236-14)
गुर का सबदु रिद अंतरि धारै ॥

ਪੰਚ ਜਨਾ ਸਿਉ ਸੰਗੁ ਨਿਵਾਰੈ ॥ (236-14)
पंच जना सिउ संगु निवारै ॥

ਦਸ ਇੰਦ੍ਰੀ ਕਰਿ ਰਾਖੈ ਵਾਸਿ ॥ (236-14)
दस इंद्री करि राखै वासि ॥

ਤਾ ਕੈ ਆਤਮੈ ਹੋਇ ਪਰਗਾਸੁ ॥੧॥ (236-15)
ता कै आतमै होइ परगासु ॥१॥

ਐਸੀ ਦ੍ਰਿੜਤਾ ਤਾ ਕੈ ਹੋਇ ॥ (236-15)
ऐसी द्रिड़ता ता कै होइ ॥

ਜਾ ਕਉ ਦਇਆ ਮਇਆ ਪ੍ਰਭ ਸੋਇ ॥੧॥ ਰਹਾਉ ॥ (236-15)
जा कउ दइआ मइआ प्रभ सोइ ॥१॥ रहाउ ॥

ਸਾਜਨੁ ਦੁਸਟੁ ਜਾ ਕੈ ਏਕ ਸਮਾਨੈ ॥ (236-16)
साजनु दुसटु जा कै एक समानै ॥

ਜੇਤਾ ਬੋਲਣੁ ਤੇਤਾ ਗਿਆਨੈ ॥ (236-16)
जेता बोलणु तेता गिआनै ॥

ਜੇਤਾ ਸੁਨਣਾ ਤੇਤਾ ਨਾਮੁ ॥ (236-16)
जेता सुनणा तेता नामु ॥

ਜੇਤਾ ਪੇਖਨੁ ਤੇਤਾ ਧਿਆਨੁ ॥੨॥ (236-17)
जेता पेखनु तेता धिआनु ॥२॥

ਸਹਜੇ ਜਾਗਣੁ ਸਹਜੇ ਸੋਇ ॥ (236-17)
सहजे जागणु सहजे सोइ ॥

ਸਹਜੇ ਹੋਤਾ ਜਾਇ ਸੁ ਹੋਇ ॥ (236-17)
सहजे होता जाइ सु होइ ॥

ਸਹਜਿ ਬੈਰਾਗੁ ਸਹਜੇ ਹੀ ਹਸਨਾ ॥ (236-18)
सहजि बैरागु सहजे ही हसना ॥

ਸਹਜੇ ਚੂਪ ਸਹਜੇ ਹੀ ਜਪਨਾ ॥੩॥ (236-18)
सहजे चूप सहजे ही जपना ॥३॥

ਸਹਜੇ ਭੋਜਨੁ ਸਹਜੇ ਭਾਉ ॥ (236-18)
सहजे भोजनु सहजे भाउ ॥

ਸਹਜੇ ਮਿਟਿਓ ਸਗਲ ਦੁਰਾਉ ॥ (236-18)
सहजे मिटिओ सगल दुराउ ॥

ਸਹਜੇ ਹੋਆ ਸਾਧੂ ਸੰਗੁ ॥ (236-19)
सहजे होआ साधू संगु ॥

ਸਹਜਿ ਮਿਲਿਓ ਪਾਰਬ੍ਰਹਮੁ ਨਿਸੰਗੁ ॥੪॥ (236-19)
सहजि मिलिओ पारब्रहमु निसंगु ॥४॥

ਸਹਜੇ ਗ੍ਰਿਹ ਮਹਿ ਸਹਜਿ ਉਦਾਸੀ ॥ (236-19)
सहजे ग्रिह महि सहजि उदासी ॥

ਸਹਜੇ ਦੁਬਿਧਾ ਤਨ ਕੀ ਨਾਸੀ ॥ (237-1)
सहजे दुबिधा तन की नासी ॥

ਜਾ ਕੈ ਸਹਜਿ ਮਨਿ ਭਇਆ ਅਨੰਦੁ ॥ (237-1)
जा कै सहजि मनि भइआ अनंदु ॥

ਤਾ ਕਉ ਭੇਟਿਆ ਪਰਮਾਨੰਦੁ ॥੫॥ (237-1)
ता कउ भेटिआ परमानंदु ॥५॥

ਸਹਜੇ ਅੰਮ੍ਰਿਤੁ ਪੀਓ ਨਾਮੁ ॥ (237-2)
सहजे अमृतु पीओ नामु ॥

ਸਹਜੇ ਕੀਨੋ ਜੀਅ ਕੋ ਦਾਨੁ ॥ (237-2)
सहजे कीनो जीअ को दानु ॥

ਸਹਜ ਕਥਾ ਮਹਿ ਆਤਮੁ ਰਸਿਆ ॥ (237-2)
सहज कथा महि आतमु रसिआ ॥

ਤਾ ਕੈ ਸੰਗਿ ਅਬਿਨਾਸੀ ਵਸਿਆ ॥੬॥ (237-3)
ता कै संगि अबिनासी वसिआ ॥६॥

ਸਹਜੇ ਆਸਣੁ ਅਸਥਿਰੁ ਭਾਇਆ ॥ (237-3)
सहजे आसणु असथिरु भाइआ ॥

ਸਹਜੇ ਅਨਹਤ ਸਬਦੁ ਵਜਾਇਆ ॥ (237-3)
सहजे अनहत सबदु वजाइआ ॥

ਸਹਜੇ ਰੁਣ ਝੁਣਕਾਰੁ ਸੁਹਾਇਆ ॥ (237-4)
सहजे रुण झुणकारु सुहाइआ ॥

ਤਾ ਕੈ ਘਰਿ ਪਾਰਬ੍ਰਹਮੁ ਸਮਾਇਆ ॥੭॥ (237-4)
ता कै घरि पारब्रहमु समाइआ ॥७॥

ਸਹਜੇ ਜਾ ਕਉ ਪਰਿਓ ਕਰਮਾ ॥ (237-4)
सहजे जा कउ परिओ करमा ॥

ਸਹਜੇ ਗੁਰੁ ਭੇਟਿਓ ਸਚੁ ਧਰਮਾ ॥ (237-5)
सहजे गुरु भेटिओ सचु धरमा ॥

ਜਾ ਕੈ ਸਹਜੁ ਭਇਆ ਸੋ ਜਾਣੈ ॥ (237-5)
जा कै सहजु भइआ सो जाणै ॥

ਨਾਨਕ ਦਾਸ ਤਾ ਕੈ ਕੁਰਬਾਣੈ ॥੮॥੩॥ (237-5)
नानक दास ता कै कुरबाणै ॥८॥३॥

ਗਉੜੀ ਮਹਲਾ ੫ ॥ (237-6)
गउड़ी महला ५ ॥

ਪ੍ਰਥਮੇ ਗਰਭ ਵਾਸ ਤੇ ਟਰਿਆ ॥ (237-6)
प्रथमे गरभ वास ते टरिआ ॥

ਪੁਤ੍ਰ ਕਲਤ੍ਰ ਕੁਟੰਬ ਸੰਗਿ ਜੁਰਿਆ ॥ (237-6)
पुत्र कलत्र कुट्मब संगि जुरिआ ॥

ਭੋਜਨੁ ਅਨਿਕ ਪ੍ਰਕਾਰ ਬਹੁ ਕਪਰੇ ॥ (237-6)
भोजनु अनिक प्रकार बहु कपरे ॥

ਸਰਪਰ ਗਵਨੁ ਕਰਹਿਗੇ ਬਪੁਰੇ ॥੧॥ (237-7)
सरपर गवनु करहिगे बपुरे ॥१॥

ਕਵਨੁ ਅਸਥਾਨੁ ਜੋ ਕਬਹੁ ਨ ਟਰੈ ॥ (237-7)
कवनु असथानु जो कबहु न टरै ॥

ਕਵਨੁ ਸਬਦੁ ਜਿਤੁ ਦੁਰਮਤਿ ਹਰੈ ॥੧॥ ਰਹਾਉ ॥ (237-7)
कवनु सबदु जितु दुरमति हरै ॥१॥ रहाउ ॥

ਇੰਦ੍ਰ ਪੁਰੀ ਮਹਿ ਸਰਪਰ ਮਰਣਾ ॥ (237-8)
इंद्र पुरी महि सरपर मरणा ॥

ਬ੍ਰਹਮ ਪੁਰੀ ਨਿਹਚਲੁ ਨਹੀ ਰਹਣਾ ॥ (237-8)
ब्रहम पुरी निहचलु नही रहणा ॥

ਸਿਵ ਪੁਰੀ ਕਾ ਹੋਇਗਾ ਕਾਲਾ ॥ (237-9)
सिव पुरी का होइगा काला ॥

ਤ੍ਰੈ ਗੁਣ ਮਾਇਆ ਬਿਨਸਿ ਬਿਤਾਲਾ ॥੨॥ (237-9)
त्रै गुण माइआ बिनसि बिताला ॥२॥

ਗਿਰਿ ਤਰ ਧਰਣਿ ਗਗਨ ਅਰੁ ਤਾਰੇ ॥ (237-9)
गिरि तर धरणि गगन अरु तारे ॥

ਰਵਿ ਸਸਿ ਪਵਣੁ ਪਾਵਕੁ ਨੀਰਾਰੇ ॥ (237-10)
रवि ससि पवणु पावकु नीरारे ॥

ਦਿਨਸੁ ਰੈਣਿ ਬਰਤ ਅਰੁ ਭੇਦਾ ॥ (237-10)
दिनसु रैणि बरत अरु भेदा ॥

ਸਾਸਤ ਸਿੰਮ੍ਰਿਤਿ ਬਿਨਸਹਿਗੇ ਬੇਦਾ ॥੩॥ (237-10)
सासत सिंम्रिति बिनसहिगे बेदा ॥३॥

ਤੀਰਥ ਦੇਵ ਦੇਹੁਰਾ ਪੋਥੀ ॥ (237-11)
तीरथ देव देहुरा पोथी ॥

ਮਾਲਾ ਤਿਲਕੁ ਸੋਚ ਪਾਕ ਹੋਤੀ ॥ (237-11)
माला तिलकु सोच पाक होती ॥

ਧੋਤੀ ਡੰਡਉਤਿ ਪਰਸਾਦਨ ਭੋਗਾ ॥ (237-11)
धोती डंडउति परसादन भोगा ॥

ਗਵਨੁ ਕਰੈਗੋ ਸਗਲੋ ਲੋਗਾ ॥੪॥ (237-12)
गवनु करैगो सगलो लोगा ॥४॥

ਜਾਤਿ ਵਰਨ ਤੁਰਕ ਅਰੁ ਹਿੰਦੂ ॥ (237-12)
जाति वरन तुरक अरु हिंदू ॥

ਪਸੁ ਪੰਖੀ ਅਨਿਕ ਜੋਨਿ ਜਿੰਦੂ ॥ (237-12)
पसु पंखी अनिक जोनि जिंदू ॥

ਸਗਲ ਪਾਸਾਰੁ ਦੀਸੈ ਪਾਸਾਰਾ ॥ (237-12)
सगल पासारु दीसै पासारा ॥

ਬਿਨਸਿ ਜਾਇਗੋ ਸਗਲ ਆਕਾਰਾ ॥੫॥ (237-13)
बिनसि जाइगो सगल आकारा ॥५॥

ਸਹਜ ਸਿਫਤਿ ਭਗਤਿ ਤਤੁ ਗਿਆਨਾ ॥ (237-13)
सहज सिफति भगति ततु गिआना ॥

ਸਦਾ ਅਨੰਦੁ ਨਿਹਚਲੁ ਸਚੁ ਥਾਨਾ ॥ (237-14)
सदा अनंदु निहचलु सचु थाना ॥

ਤਹਾ ਸੰਗਤਿ ਸਾਧ ਗੁਣ ਰਸੈ ॥ (237-14)
तहा संगति साध गुण रसै ॥

ਅਨਭਉ ਨਗਰੁ ਤਹਾ ਸਦ ਵਸੈ ॥੬॥ (237-14)
अनभउ नगरु तहा सद वसै ॥६॥

ਤਹ ਭਉ ਭਰਮਾ ਸੋਗੁ ਨ ਚਿੰਤਾ ॥ (237-15)
तह भउ भरमा सोगु न चिंता ॥

ਆਵਣੁ ਜਾਵਣੁ ਮਿਰਤੁ ਨ ਹੋਤਾ ॥ (237-15)
आवणु जावणु मिरतु न होता ॥

ਤਹ ਸਦਾ ਅਨੰਦ ਅਨਹਤ ਆਖਾਰੇ ॥ (237-15)
तह सदा अनंद अनहत आखारे ॥

ਭਗਤ ਵਸਹਿ ਕੀਰਤਨ ਆਧਾਰੇ ॥੭॥ (237-16)
भगत वसहि कीरतन आधारे ॥७॥

ਪਾਰਬ੍ਰਹਮ ਕਾ ਅੰਤੁ ਨ ਪਾਰੁ ॥ (237-16)
पारब्रहम का अंतु न पारु ॥

ਕਉਣੁ ਕਰੈ ਤਾ ਕਾ ਬੀਚਾਰੁ ॥ (237-16)
कउणु करै ता का बीचारु ॥

ਕਹੁ ਨਾਨਕ ਜਿਸੁ ਕਿਰਪਾ ਕਰੈ ॥ (237-16)
कहु नानक जिसु किरपा करै ॥

ਨਿਹਚਲ ਥਾਨੁ ਸਾਧਸੰਗਿ ਤਰੈ ॥੮॥੪॥ (237-17)
निहचल थानु साधसंगि तरै ॥८॥४॥

ਗਉੜੀ ਮਹਲਾ ੫ ॥ (237-17)
गउड़ी महला ५ ॥

ਜੋ ਇਸੁ ਮਾਰੇ ਸੋਈ ਸੂਰਾ ॥ (237-17)
जो इसु मारे सोई सूरा ॥

ਜੋ ਇਸੁ ਮਾਰੇ ਸੋਈ ਪੂਰਾ ॥ (237-18)
जो इसु मारे सोई पूरा ॥

ਜੋ ਇਸੁ ਮਾਰੇ ਤਿਸਹਿ ਵਡਿਆਈ ॥ (237-18)
जो इसु मारे तिसहि वडिआई ॥

ਜੋ ਇਸੁ ਮਾਰੇ ਤਿਸ ਕਾ ਦੁਖੁ ਜਾਈ ॥੧॥ (237-18)
जो इसु मारे तिस का दुखु जाई ॥१॥

ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ ॥ (237-19)
ऐसा कोइ जि दुबिधा मारि गवावै ॥

ਇਸਹਿ ਮਾਰਿ ਰਾਜ ਜੋਗੁ ਕਮਾਵੈ ॥੧॥ ਰਹਾਉ ॥ (237-19)
इसहि मारि राज जोगु कमावै ॥१॥ रहाउ ॥

ਜੋ ਇਸੁ ਮਾਰੇ ਤਿਸ ਕਉ ਭਉ ਨਾਹਿ ॥ (238-1)
जो इसु मारे तिस कउ भउ नाहि ॥

ਜੋ ਇਸੁ ਮਾਰੇ ਸੁ ਨਾਮਿ ਸਮਾਹਿ ॥ (238-1)
जो इसु मारे सु नामि समाहि ॥

ਜੋ ਇਸੁ ਮਾਰੇ ਤਿਸ ਕੀ ਤ੍ਰਿਸਨਾ ਬੁਝੈ ॥ (238-1)
जो इसु मारे तिस की त्रिसना बुझै ॥

ਜੋ ਇਸੁ ਮਾਰੇ ਸੁ ਦਰਗਹ ਸਿਝੈ ॥੨॥ (238-2)
जो इसु मारे सु दरगह सिझै ॥२॥

ਜੋ ਇਸੁ ਮਾਰੇ ਸੋ ਧਨਵੰਤਾ ॥ (238-2)
जो इसु मारे सो धनवंता ॥

ਜੋ ਇਸੁ ਮਾਰੇ ਸੋ ਪਤਿਵੰਤਾ ॥ (238-2)
जो इसु मारे सो पतिवंता ॥

ਜੋ ਇਸੁ ਮਾਰੇ ਸੋਈ ਜਤੀ ॥ (238-2)
जो इसु मारे सोई जती ॥

ਜੋ ਇਸੁ ਮਾਰੇ ਤਿਸੁ ਹੋਵੈ ਗਤੀ ॥੩॥ (238-3)
जो इसु मारे तिसु होवै गती ॥३॥

ਜੋ ਇਸੁ ਮਾਰੇ ਤਿਸ ਕਾ ਆਇਆ ਗਨੀ ॥ (238-3)
जो इसु मारे तिस का आइआ गनी ॥

ਜੋ ਇਸੁ ਮਾਰੇ ਸੁ ਨਿਹਚਲੁ ਧਨੀ ॥ (238-3)
जो इसु मारे सु निहचलु धनी ॥

ਜੋ ਇਸੁ ਮਾਰੇ ਸੋ ਵਡਭਾਗਾ ॥ (238-4)
जो इसु मारे सो वडभागा ॥

ਜੋ ਇਸੁ ਮਾਰੇ ਸੁ ਅਨਦਿਨੁ ਜਾਗਾ ॥੪॥ (238-4)
जो इसु मारे सु अनदिनु जागा ॥४॥

ਜੋ ਇਸੁ ਮਾਰੇ ਸੁ ਜੀਵਨ ਮੁਕਤਾ ॥ (238-4)
जो इसु मारे सु जीवन मुकता ॥

ਜੋ ਇਸੁ ਮਾਰੇ ਤਿਸ ਕੀ ਨਿਰਮਲ ਜੁਗਤਾ ॥ (238-5)
जो इसु मारे तिस की निरमल जुगता ॥

ਜੋ ਇਸੁ ਮਾਰੇ ਸੋਈ ਸੁਗਿਆਨੀ ॥ (238-5)
जो इसु मारे सोई सुगिआनी ॥

ਜੋ ਇਸੁ ਮਾਰੇ ਸੁ ਸਹਜ ਧਿਆਨੀ ॥੫॥ (238-5)
जो इसु मारे सु सहज धिआनी ॥५॥

ਇਸੁ ਮਾਰੀ ਬਿਨੁ ਥਾਇ ਨ ਪਰੈ ॥ (238-6)
इसु मारी बिनु थाइ न परै ॥

ਕੋਟਿ ਕਰਮ ਜਾਪ ਤਪ ਕਰੈ ॥ (238-6)
कोटि करम जाप तप करै ॥

ਇਸੁ ਮਾਰੀ ਬਿਨੁ ਜਨਮੁ ਨ ਮਿਟੈ ॥ (238-6)
इसु मारी बिनु जनमु न मिटै ॥

ਇਸੁ ਮਾਰੀ ਬਿਨੁ ਜਮ ਤੇ ਨਹੀ ਛੁਟੈ ॥੬॥ (238-7)
इसु मारी बिनु जम ते नही छुटै ॥६॥

ਇਸੁ ਮਾਰੀ ਬਿਨੁ ਗਿਆਨੁ ਨ ਹੋਈ ॥ (238-7)
इसु मारी बिनु गिआनु न होई ॥

ਇਸੁ ਮਾਰੀ ਬਿਨੁ ਜੂਠਿ ਨ ਧੋਈ ॥ (238-7)
इसु मारी बिनु जूठि न धोई ॥

ਇਸੁ ਮਾਰੀ ਬਿਨੁ ਸਭੁ ਕਿਛੁ ਮੈਲਾ ॥ (238-8)
इसु मारी बिनु सभु किछु मैला ॥

ਇਸੁ ਮਾਰੀ ਬਿਨੁ ਸਭੁ ਕਿਛੁ ਜਉਲਾ ॥੭॥ (238-8)
इसु मारी बिनु सभु किछु जउला ॥७॥

ਜਾ ਕਉ ਭਏ ਕ੍ਰਿਪਾਲ ਕ੍ਰਿਪਾ ਨਿਧਿ ॥ (238-8)
जा कउ भए क्रिपाल क्रिपा निधि ॥

ਤਿਸੁ ਭਈ ਖਲਾਸੀ ਹੋਈ ਸਗਲ ਸਿਧਿ ॥ (238-9)
तिसु भई खलासी होई सगल सिधि ॥

ਗੁਰਿ ਦੁਬਿਧਾ ਜਾ ਕੀ ਹੈ ਮਾਰੀ ॥ (238-9)
गुरि दुबिधा जा की है मारी ॥

ਕਹੁ ਨਾਨਕ ਸੋ ਬ੍ਰਹਮ ਬੀਚਾਰੀ ॥੮॥੫॥ (238-9)
कहु नानक सो ब्रहम बीचारी ॥८॥५॥

ਗਉੜੀ ਮਹਲਾ ੫ ॥ (238-10)
गउड़ी महला ५ ॥

ਹਰਿ ਸਿਉ ਜੁਰੈ ਤ ਸਭੁ ਕੋ ਮੀਤੁ ॥ (238-10)
हरि सिउ जुरै त सभु को मीतु ॥

ਹਰਿ ਸਿਉ ਜੁਰੈ ਤ ਨਿਹਚਲੁ ਚੀਤੁ ॥ (238-10)
हरि सिउ जुरै त निहचलु चीतु ॥

ਹਰਿ ਸਿਉ ਜੁਰੈ ਨ ਵਿਆਪੈ ਕਾੜ੍ਹਾ ॥ (238-11)
हरि सिउ जुरै न विआपै काड़्हा ॥

ਹਰਿ ਸਿਉ ਜੁਰੈ ਤ ਹੋਇ ਨਿਸਤਾਰਾ ॥੧॥ (238-11)
हरि सिउ जुरै त होइ निसतारा ॥१॥

ਰੇ ਮਨ ਮੇਰੇ ਤੂੰ ਹਰਿ ਸਿਉ ਜੋਰੁ ॥ (238-11)
रे मन मेरे तूं हरि सिउ जोरु ॥

ਕਾਜਿ ਤੁਹਾਰੈ ਨਾਹੀ ਹੋਰੁ ॥੧॥ ਰਹਾਉ ॥ (238-12)
काजि तुहारै नाही होरु ॥१॥ रहाउ ॥

ਵਡੇ ਵਡੇ ਜੋ ਦੁਨੀਆਦਾਰ ॥ (238-12)
वडे वडे जो दुनीआदार ॥

ਕਾਹੂ ਕਾਜਿ ਨਾਹੀ ਗਾਵਾਰ ॥ (238-12)
काहू काजि नाही गावार ॥

ਹਰਿ ਕਾ ਦਾਸੁ ਨੀਚ ਕੁਲੁ ਸੁਣਹਿ ॥ (238-12)
हरि का दासु नीच कुलु सुणहि ॥

ਤਿਸ ਕੈ ਸੰਗਿ ਖਿਨ ਮਹਿ ਉਧਰਹਿ ॥੨॥ (238-13)
तिस कै संगि खिन महि उधरहि ॥२॥

ਕੋਟਿ ਮਜਨ ਜਾ ਕੈ ਸੁਣਿ ਨਾਮ ॥ (238-13)
कोटि मजन जा कै सुणि नाम ॥

ਕੋਟਿ ਪੂਜਾ ਜਾ ਕੈ ਹੈ ਧਿਆਨ ॥ (238-13)
कोटि पूजा जा कै है धिआन ॥

ਕੋਟਿ ਪੁੰਨ ਸੁਣਿ ਹਰਿ ਕੀ ਬਾਣੀ ॥ (238-14)
कोटि पुंन सुणि हरि की बाणी ॥

ਕੋਟਿ ਫਲਾ ਗੁਰ ਤੇ ਬਿਧਿ ਜਾਣੀ ॥੩॥ (238-14)
कोटि फला गुर ते बिधि जाणी ॥३॥

ਮਨ ਅਪੁਨੇ ਮਹਿ ਫਿਰਿ ਫਿਰਿ ਚੇਤ ॥ (238-14)
मन अपुने महि फिरि फिरि चेत ॥

ਬਿਨਸਿ ਜਾਹਿ ਮਾਇਆ ਕੇ ਹੇਤ ॥ (238-15)
बिनसि जाहि माइआ के हेत ॥

ਹਰਿ ਅਬਿਨਾਸੀ ਤੁਮਰੈ ਸੰਗਿ ॥ (238-15)
हरि अबिनासी तुमरै संगि ॥

ਮਨ ਮੇਰੇ ਰਚੁ ਰਾਮ ਕੈ ਰੰਗਿ ॥੪॥ (238-15)
मन मेरे रचु राम कै रंगि ॥४॥

ਜਾ ਕੈ ਕਾਮਿ ਉਤਰੈ ਸਭ ਭੂਖ ॥ (238-16)
जा कै कामि उतरै सभ भूख ॥

ਜਾ ਕੈ ਕਾਮਿ ਨ ਜੋਹਹਿ ਦੂਤ ॥ (238-16)
जा कै कामि न जोहहि दूत ॥

ਜਾ ਕੈ ਕਾਮਿ ਤੇਰਾ ਵਡ ਗਮਰੁ ॥ (238-16)
जा कै कामि तेरा वड गमरु ॥

ਜਾ ਕੈ ਕਾਮਿ ਹੋਵਹਿ ਤੂੰ ਅਮਰੁ ॥੫॥ (238-16)
जा कै कामि होवहि तूं अमरु ॥५॥

ਜਾ ਕੇ ਚਾਕਰ ਕਉ ਨਹੀ ਡਾਨ ॥ (238-17)
जा के चाकर कउ नही डान ॥

ਜਾ ਕੇ ਚਾਕਰ ਕਉ ਨਹੀ ਬਾਨ ॥ (238-17)
जा के चाकर कउ नही बान ॥

ਜਾ ਕੈ ਦਫਤਰਿ ਪੁਛੈ ਨ ਲੇਖਾ ॥ (238-17)
जा कै दफतरि पुछै न लेखा ॥

ਤਾ ਕੀ ਚਾਕਰੀ ਕਰਹੁ ਬਿਸੇਖਾ ॥੬॥ (238-18)
ता की चाकरी करहु बिसेखा ॥६॥

ਜਾ ਕੈ ਊਨ ਨਾਹੀ ਕਾਹੂ ਬਾਤ ॥ (238-18)
जा कै ऊन नाही काहू बात ॥

ਏਕਹਿ ਆਪਿ ਅਨੇਕਹਿ ਭਾਤਿ ॥ (238-18)
एकहि आपि अनेकहि भाति ॥

ਜਾ ਕੀ ਦ੍ਰਿਸਟਿ ਹੋਇ ਸਦਾ ਨਿਹਾਲ ॥ (238-19)
जा की द्रिसटि होइ सदा निहाल ॥

ਮਨ ਮੇਰੇ ਕਰਿ ਤਾ ਕੀ ਘਾਲ ॥੭॥ (238-19)
मन मेरे करि ता की घाल ॥७॥

ਨਾ ਕੋ ਚਤੁਰੁ ਨਾਹੀ ਕੋ ਮੂੜਾ ॥ (238-19)
ना को चतुरु नाही को मूड़ा ॥

ਨਾ ਕੋ ਹੀਣੁ ਨਾਹੀ ਕੋ ਸੂਰਾ ॥ (238-19)
ना को हीणु नाही को सूरा ॥

ਜਿਤੁ ਕੋ ਲਾਇਆ ਤਿਤ ਹੀ ਲਾਗਾ ॥ (239-1)
जितु को लाइआ तित ही लागा ॥

ਸੋ ਸੇਵਕੁ ਨਾਨਕ ਜਿਸੁ ਭਾਗਾ ॥੮॥੬॥ (239-1)
सो सेवकु नानक जिसु भागा ॥८॥६॥

ਗਉੜੀ ਮਹਲਾ ੫ ॥ (239-1)
गउड़ी महला ५ ॥

ਬਿਨੁ ਸਿਮਰਨ ਜੈਸੇ ਸਰਪ ਆਰਜਾਰੀ ॥ (239-2)
बिनु सिमरन जैसे सरप आरजारी ॥

ਤਿਉ ਜੀਵਹਿ ਸਾਕਤ ਨਾਮੁ ਬਿਸਾਰੀ ॥੧॥ (239-2)
तिउ जीवहि साकत नामु बिसारी ॥१॥

ਏਕ ਨਿਮਖ ਜੋ ਸਿਮਰਨ ਮਹਿ ਜੀਆ ॥ (239-2)
एक निमख जो सिमरन महि जीआ ॥

ਕੋਟਿ ਦਿਨਸ ਲਾਖ ਸਦਾ ਥਿਰੁ ਥੀਆ ॥੧॥ ਰਹਾਉ ॥ (239-3)
कोटि दिनस लाख सदा थिरु थीआ ॥१॥ रहाउ ॥

ਬਿਨੁ ਸਿਮਰਨ ਧ੍ਰਿਗੁ ਕਰਮ ਕਰਾਸ ॥ (239-3)
बिनु सिमरन ध्रिगु करम करास ॥

ਕਾਗ ਬਤਨ ਬਿਸਟਾ ਮਹਿ ਵਾਸ ॥੨॥ (239-4)
काग बतन बिसटा महि वास ॥२॥

ਬਿਨੁ ਸਿਮਰਨ ਭਏ ਕੂਕਰ ਕਾਮ ॥ (239-4)
बिनु सिमरन भए कूकर काम ॥

ਸਾਕਤ ਬੇਸੁਆ ਪੂਤ ਨਿਨਾਮ ॥੩॥ (239-4)
साकत बेसुआ पूत निनाम ॥३॥

ਬਿਨੁ ਸਿਮਰਨ ਜੈਸੇ ਸੀਙ ਛਤਾਰਾ ॥ (239-5)
बिनु सिमरन जैसे सीङ छतारा ॥

ਬੋਲਹਿ ਕੂਰੁ ਸਾਕਤ ਮੁਖੁ ਕਾਰਾ ॥੪॥ (239-5)
बोलहि कूरु साकत मुखु कारा ॥४॥

ਬਿਨੁ ਸਿਮਰਨ ਗਰਧਭ ਕੀ ਨਿਆਈ ॥ (239-5)
बिनु सिमरन गरधभ की निआई ॥

ਸਾਕਤ ਥਾਨ ਭਰਿਸਟ ਫਿਰਾਹੀ ॥੫॥ (239-6)
साकत थान भरिसट फिराही ॥५॥

ਬਿਨੁ ਸਿਮਰਨ ਕੂਕਰ ਹਰਕਾਇਆ ॥ (239-6)
बिनु सिमरन कूकर हरकाइआ ॥

ਸਾਕਤ ਲੋਭੀ ਬੰਧੁ ਨ ਪਾਇਆ ॥੬॥ (239-6)
साकत लोभी बंधु न पाइआ ॥६ ॥

ਬਿਨੁ ਸਿਮਰਨ ਹੈ ਆਤਮ ਘਾਤੀ ॥ (239-7)
बिनु सिमरन है आतम घाती ॥

ਸਾਕਤ ਨੀਚ ਤਿਸੁ ਕੁਲੁ ਨਹੀ ਜਾਤੀ ॥੭॥ (239-7)
साकत नीच तिसु कुलु नही जाती ॥७ ॥

ਜਿਸੁ ਭਇਆ ਕ੍ਰਿਪਾਲੁ ਤਿਸੁ ਸਤਸੰਗਿ ਮਿਲਾਇਆ ॥ (239-7)
जिसु भइआ क्रिपालु तिसु सतसंगि मिलाइआ ॥

ਕਹੁ ਨਾਨਕ ਗੁਰਿ ਜਗਤੁ ਤਰਾਇਆ ॥੮॥੭॥ (239-8)
कहु नानक गुरि जगतु तराइआ ॥८ ॥७ ॥

ਗਉੜੀ ਮਹਲਾ ੫ ॥ (239-8)
गउड़ी महला ५ ॥

ਗੁਰ ਕੈ ਬਚਨਿ ਮੋਹਿ ਪਰਮ ਗਤਿ ਪਾਈ ॥ (239-8)
गुर कै बचनि मोहि परम गति पाई ॥

ਗੁਰਿ ਪੂਰੈ ਮੇਰੀ ਪੈਜ ਰਖਾਈ ॥੧॥ (239-9)
गुरि पूरै मेरी पैज रखाई ॥१ ॥

ਗੁਰ ਕੈ ਬਚਨਿ ਧਿਆਇਓ ਮੋਹਿ ਨਾਉ ॥ (239-9)
गुर कै बचनि धिआइओ मोहि नाउ ॥

ਗੁਰ ਪਰਸਾਦਿ ਮੋਹਿ ਮਿਲਿਆ ਥਾਉ ॥੧॥ ਰਹਾਉ ॥ (239-10)
गुर परसादि मोहि मिलिआ थाउ ॥१ ॥ रहाउ ॥

ਗੁਰ ਕੈ ਬਚਨਿ ਸੁਣਿ ਰਸਨ ਵਖਾਣੀ ॥ (239-10)
गुर कै बचनि सुणि रसन वखाणी ॥

ਗੁਰ ਕਿਰਪਾ ਤੇ ਅੰਮ੍ਰਿਤ ਮੇਰੀ ਬਾਣੀ ॥੨॥ (239-10)
गुर किरपा ते अमृत मेरी बाणी ॥२॥

ਗੁਰ ਕੈ ਬਚਨਿ ਮਿਟਿਆ ਮੇਰਾ ਆਪੁ ॥ (239-11)
गुर कै बचनि मिटिआ मेरा आपु ॥

ਗੁਰ ਕੀ ਦਇਆ ਤੇ ਮੇਰਾ ਵਡ ਪਰਤਾਪੁ ॥੩॥ (239-11)
गुर की दइआ ते मेरा वड परतापु ॥३॥

ਗੁਰ ਕੈ ਬਚਨਿ ਮਿਟਿਆ ਮੇਰਾ ਭਰਮੁ ॥ (239-12)
गुर कै बचनि मिटिआ मेरा भरमु ॥

ਗੁਰ ਕੈ ਬਚਨਿ ਪੇਖਿਓ ਸਭੁ ਬ੍ਰਹਮੁ ॥੪॥ (239-12)
गुर कै बचनि पेखिओ सभु ब्रहमु ॥४॥

ਗੁਰ ਕੈ ਬਚਨਿ ਕੀਨੋ ਰਾਜੁ ਜੋਗੁ ॥ (239-12)
गुर कै बचनि कीनो राजु जोगु ॥

ਗੁਰ ਕੈ ਸੰਗਿ ਤਰਿਆ ਸਭੁ ਲੋਗੁ ॥੫॥ (239-13)
गुर कै संगि तरिआ सभु लोगु ॥५॥

ਗੁਰ ਕੈ ਬਚਨਿ ਮੇਰੇ ਕਾਰਜ ਸਿਧਿ ॥ (239-13)
गुर कै बचनि मेरे कारज सिधि ॥

ਗੁਰ ਕੈ ਬਚਨਿ ਪਾਇਆ ਨਾਉ ਨਿਧਿ ॥੬॥ (239-13)
गुर कै बचनि पाइआ नाउ निधि ॥६॥

ਜਿਨਿ ਜਿਨਿ ਕੀਨੀ ਮੇਰੇ ਗੁਰ ਕੀ ਆਸਾ ॥ (239-14)
जिनि जिनि कीनी मेरे गुर की आसा ॥

ਤਿਸ ਕੀ ਕਟੀਐ ਜਮ ਕੀ ਫਾਸਾ ॥੭॥ (239-14)
तिस की कटीऐ जम की फासा ॥७॥

ਗੁਰ ਕੈ ਬਚਨਿ ਜਾਗਿਆ ਮੇਰਾ ਕਰਮੁ ॥ (239-14)
गुर कै बचनि जागिआ मेरा करमु ॥

ਨਾਨਕ ਗੁਰੁ ਭੇਟਿਆ ਪਾਰਬ੍ਰਹਮੁ ॥੮॥੮॥ (239-15)
नानक गुरु भेटिआ पारब्रहमु ॥८॥८॥

ਗਉੜੀ ਮਹਲਾ ੫ ॥ (239-15)
गउड़ी महला ५ ॥

ਤਿਸੁ ਗੁਰ ਕਉ ਸਿਮਰਉ ਸਾਸਿ ਸਾਸਿ ॥ (239-15)
तिसु गुर कउ सिमरउ सासि सासि ॥

ਗੁਰੁ ਮੇਰੇ ਪ੍ਰਾਣ ਸਤਿਗੁਰੁ ਮੇਰੀ ਰਾਸਿ ॥੧॥ ਰਹਾਉ ॥ (239-16)
गुरु मेरे प्राण सतिगुरु मेरी रासि ॥१॥ रहाउ ॥

ਗੁਰ ਕਾ ਦਰਸਨੁ ਦੇਖਿ ਦੇਖਿ ਜੀਵਾ ॥ (239-16)
गुर का दरसनु देखि देखि जीवा ॥

ਗੁਰ ਕੇ ਚਰਣ ਧੋਇ ਧੋਇ ਪੀਵਾ ॥੧॥ (239-17)
गुर के चरण धोइ धोइ पीवा ॥१॥

ਗੁਰ ਕੀ ਰੇਣੁ ਨਿਤ ਮਜਨੁ ਕਰਉ ॥ (239-17)
गुर की रेणु नित मजनु करउ ॥

ਜਨਮ ਜਨਮ ਕੀ ਹਉਮੈ ਮਲੁ ਹਰਉ ॥੨॥ (239-17)
जनम जनम की हउमै मलु हरउ ॥२॥

ਤਿਸੁ ਗੁਰ ਕਉ ਝੂਲਾਵਉ ਪਾਖਾ ॥ (239-18)
तिसु गुर कउ झूलावउ पाखा ॥

ਮਹਾ ਅਗਨਿ ਤੇ ਹਾਥੁ ਦੇ ਰਾਖਾ ॥੩॥ (239-18)
महा अगनि ते हाथु दे राखा ॥३॥

ਤਿਸੁ ਗੁਰ ਕੈ ਗ੍ਰਿਹਿ ਢੋਵਉ ਪਾਣੀ ॥ (239-18)
तिसु गुर कै ग्रिहि ढोवउ पाणी ॥

ਜਿਸੁ ਗੁਰ ਤੇ ਅਕਲ ਗਤਿ ਜਾਣੀ ॥੪॥ (239-19)
जिसु गुर ते अकल गति जाणी ॥४॥

ਤਿਸੁ ਗੁਰ ਕੈ ਗ੍ਰਿਹਿ ਪੀਸਉ ਨੀਤ ॥ (239-19)
तिसु गुर कै ग्रिहि पीसउ नीत ॥

ਜਿਸੁ ਪਰਸਾਦਿ ਵੈਰੀ ਸਭ ਮੀਤ ॥੫॥ (239-19)
जिसु परसादि वैरी सभ मीत ॥५॥

ਜਿਨਿ ਗੁਰਿ ਮੋ ਕਉ ਦੀਨਾ ਜੀਉ ॥ (240-1)
जिनि गुरि मो कउ दीना जीउ ॥

ਆਪੁਨਾ ਦਾਸਰਾ ਆਪੇ ਮੁਲਿ ਲੀਉ ॥੬॥ (240-1)
आपुना दासरा आपे मुलि लीउ ॥६॥

ਆਪੇ ਲਾਇਓ ਅਪਨਾ ਪਿਆਰੁ ॥ (240-2)
आपे लाइओ अपना पिआरु ॥

ਸਦਾ ਸਦਾ ਤਿਸੁ ਗੁਰ ਕਉ ਕਰੀ ਨਮਸਕਾਰੁ ॥੭॥ (240-2)
सदा सदा तिसु गुर कउ करी नमसकारु ॥७॥

ਕਲਿ ਕਲੇਸ ਭੈ ਭ੍ਰਮ ਦੁਖ ਲਾਥਾ ॥ (240-2)
कलि कलेस भै भ्रम दुख लाथा ॥

ਕਹੁ ਨਾਨਕ ਮੇਰਾ ਗੁਰੁ ਸਮਰਾਥਾ ॥੮॥੯॥ (240-3)
कहु नानक मेरा गुरु समराथा ॥८॥९॥

ਗਉੜੀ ਮਹਲਾ ੫ ॥ (240-3)
गउड़ी महला ५ ॥

ਮਿਲੁ ਮੇਰੇ ਗੋਬਿੰਦ ਅਪਨਾ ਨਾਮੁ ਦੇਹੁ ॥ (240-3)
मिलु मेरे गोबिंद अपना नामु देहु ॥

ਨਾਮ ਬਿਨਾ ਧ੍ਰਿਗੁ ਧ੍ਰਿਗੁ ਅਸਨੇਹੁ ॥੧॥ ਰਹਾਉ ॥ (240-4)
नाम बिना ध्रिगु ध्रिगु असनेहु ॥१॥ रहाउ ॥

ਨਾਮ ਬਿਨਾ ਜੋ ਪਹਿਰੈ ਖਾਇ ॥ (240-4)
नाम बिना जो पहिरै खाइ ॥

ਜਿਉ ਕੂਕਰੁ ਜੂਠਨ ਮਹਿ ਪਾਇ ॥੧॥ (240-4)
जिउ कूकरु जूठन महि पाइ ॥१॥

ਨਾਮ ਬਿਨਾ ਜੇਤਾ ਬਿਉਹਾਰੁ ॥ (240-5)
नाम बिना जेता बिउहारु ॥

ਜਿਉ ਮਿਰਤਕ ਮਿਥਿਆ ਸੀਗਾਰੁ ॥੨॥ (240-5)
जिउ मिरतक मिथिआ सीगारु ॥२॥

ਨਾਮੁ ਬਿਸਾਰਿ ਕਰੇ ਰਸ ਭੋਗ ॥ (240-5)
नामु बिसारि करे रस भोग ॥

ਸੁਖੁ ਸੁਪਨੈ ਨਹੀ ਤਨ ਮਹਿ ਰੋਗ ॥੩॥ (240-6)
सुखु सुपनै नही तन महि रोग ॥३॥

ਨਾਮੁ ਤਿਆਗਿ ਕਰੇ ਅਨ ਕਾਜ ॥ (240-6)
नामु तिआगि करे अन काज ॥

ਬਿਨਸਿ ਜਾਇ ਝੂਠੇ ਸਭਿ ਪਾਜ ॥੪॥ (240-6)
बिनसि जाइ झूठे सभि पाज ॥४॥

ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ ॥ (240-7)
नाम संगि मनि प्रीति न लावै ॥

ਕੋਟਿ ਕਰਮ ਕਰਤੋ ਨਰਕਿ ਜਾਵੈ ॥੫॥ (240-7)
कोटि करम करतो नरकि जावै ॥५॥

ਹਰਿ ਕਾ ਨਾਮੁ ਜਿਨਿ ਮਨਿ ਨ ਆਰਾਧਾ ॥ (240-7)
हरि का नामु जिनि मनि न आराधा ॥

ਚੋਰ ਕੀ ਨਿਆਈ ਜਮ ਪੁਰਿ ਬਾਧਾ ॥੬॥ (240-8)
चोर की निआई जम पुरि बाधा ॥६॥

ਲਾਖ ਅਡੰਬਰ ਬਹੁਤੁ ਬਿਸਥਾਰਾ ॥ (240-8)
लाख अड्मबर बहुतु बिसथारा ॥

ਨਾਮ ਬਿਨਾ ਝੂਠੇ ਪਾਸਾਰਾ ॥੭॥ (240-8)
नाम बिना झूठे पासारा ॥७॥

ਹਰਿ ਕਾ ਨਾਮੁ ਸੋਈ ਜਨੁ ਲੇਇ ॥ (240-9)
हरि का नामु सोई जनु लेइ ॥

ਕਰਿ ਕਿਰਪਾ ਨਾਨਕ ਜਿਸੁ ਦੇਇ ॥੮॥੧੦॥ (240-9)
करि किरपा नानक जिसु देइ ॥८॥१०॥

ਗਉੜੀ ਮਹਲਾ ੫ ॥ (240-9)
गउड़ी महला ५ ॥

ਆਦਿ ਮਧਿ ਜੋ ਅੰਤਿ ਨਿਬਾਹੈ ॥ (240-10)
आदि मधि जो अंति निबाहै ॥

ਸੋ ਸਾਜਨੁ ਮੇਰਾ ਮਨੁ ਚਾਹੈ ॥੧॥ (240-10)
सो साजनु मेरा मनु चाहै ॥१॥

ਹਰਿ ਕੀ ਪ੍ਰੀਤਿ ਸਦਾ ਸੰਗਿ ਚਾਲੈ ॥ (240-10)
हरि की प्रीति सदा संगि चालै ॥

ਦਇਆਲ ਪੁਰਖ ਪੂਰਨ ਪ੍ਰਤਿਪਾਲੈ ॥੧॥ ਰਹਾਉ ॥ (240-11)
दइआल पुरख पूरन प्रतिपालै ॥१॥ रहाउ ॥

ਬਿਨਸਤ ਨਾਹੀ ਛੋਡਿ ਨ ਜਾਇ ॥ (240-11)
बिनसत नाही छोडि न जाइ ॥

ਜਹ ਪੇਖਾ ਤਹ ਰਹਿਆ ਸਮਾਇ ॥੨॥ (240-11)
जह पेखा तह रहिआ समाइ ॥२॥

ਸੁੰਦਰੁ ਸੁਘੜੁ ਚਤੁਰੁ ਜੀਅ ਦਾਤਾ ॥ (240-12)
सुंदरु सुघड़ु चतुरु जीअ दाता ॥

ਭਾਈ ਪੂਤੁ ਪਿਤਾ ਪ੍ਰਭੁ ਮਾਤਾ ॥੩॥ (240-12)
भाई पूतु पिता प्रभु माता ॥३॥

ਜੀਵਨ ਪ੍ਰਾਨ ਅਧਾਰ ਮੇਰੀ ਰਾਸਿ ॥ (240-12)
जीवन प्रान अधार मेरी रासि ॥

ਪ੍ਰੀਤਿ ਲਾਈ ਕਰਿ ਰਿਦੈ ਨਿਵਾਸਿ ॥੪॥ (240-13)
प्रीति लाई करि रिदै निवासि ॥४॥

ਮਾਇਆ ਸਿਲਕ ਕਾਟੀ ਗੋਪਾਲਿ ॥ (240-13)
माइआ सिलक काटी गोपालि ॥

ਕਰਿ ਅਪੁਨਾ ਲੀਨੋ ਨਦਰਿ ਨਿਹਾਲਿ ॥੫॥ (240-13)
करि अपुना लीनो नदरि निहालि ॥५॥

ਸਿਮਰਿ ਸਿਮਰਿ ਕਾਟੇ ਸਭਿ ਰੋਗ ॥ (240-14)
सिमरि सिमरि काटे सभि रोग ॥

ਚਰਣ ਧਿਆਨ ਸਰਬ ਸੁਖ ਭੋਗ ॥੬॥ (240-14)
चरण धिआन सरब सुख भोग ॥६॥

ਪੂਰਨ ਪੁਰਖੁ ਨਵਤਨੁ ਨਿਤ ਬਾਲਾ ॥ (240-14)
पूरन पुरखु नवतनु नित बाला ॥

ਹਰਿ ਅੰਤਰਿ ਬਾਹਰਿ ਸੰਗਿ ਰਖਵਾਲਾ ॥੭॥ (240-15)
हरि अंतरि बाहरि संगि रखवाला ॥७॥

ਕਹੁ ਨਾਨਕ ਹਰਿ ਹਰਿ ਪਦੁ ਚੀਨ ॥ (240-15)
कहु नानक हरि हरि पदु चीन ॥

ਸਰਬਸੁ ਨਾਮੁ ਭਗਤ ਕਉ ਦੀਨ ॥੮॥੧੧॥ (240-16)
सरबसु नामु भगत कउ दीन ॥८॥११॥

ਰਾਗੁ ਗਉੜੀ ਮਾਝ ਮਹਲਾ ੫ (240-17)
रागु गउड़ी माझ महला ५

ੴ ਸਤਿਗੁਰ ਪ੍ਰਸਾਦਿ ॥ (240-17)
ੴ सतिगुर प्रसादि ॥

ਖੋਜਤ ਫਿਰੇ ਅਸੰਖ ਅੰਤੁ ਨ ਪਾਰੀਆ ॥ (240-18)
खोजत फिरे असंख अंतु न पारीआ ॥

ਸੇਈ ਹੋਏ ਭਗਤ ਜਿਨਾ ਕਿਰਪਾਰੀਆ ॥੧॥ (240-18)
सेई होए भगत जिना किरपारीआ ॥१॥

ਹਉ ਵਾਰੀਆ ਹਰਿ ਵਾਰੀਆ ॥੧॥ ਰਹਾਉ ॥ (240-18)
हउ वारीआ हरि वारीआ ॥१॥ रहाउ ॥

ਸੁਣਿ ਸੁਣਿ ਪੰਥੁ ਡਰਾਉ ਬਹੁਤੁ ਭੈਹਾਰੀਆ ॥ (240-19)
सुणि सुणि पंथु डराउ बहुतु भैहारीआ ॥

ਮੈ ਤਕੀ ਓਟ ਸੰਤਾਹ ਲੇਹੁ ਉਬਾਰੀਆ ॥੨॥ (240-19)
मै तकी ओट संताह लेहु उबारीआ ॥२॥

ਮੋਹਨ ਲਾਲ ਅਨੂਪ ਸਰਬ ਸਾਧਾਰੀਆ ॥ (241-1)
मोहन लाल अनूप सरब साधारीआ ॥

ਗੁਰ ਨਿਵਿ ਨਿਵਿ ਲਾਗਉ ਪਾਇ ਦੇਹੁ ਦਿਖਾਰੀਆ ॥੩॥ (241-1)
गुर निवि निवि लागउ पाइ देहु दिखारीआ ॥३॥

ਮੈ ਕੀਏ ਮਿਤ੍ਰ ਅਨੇਕ ਇਕਸੁ ਬਲਿਹਾਰੀਆ ॥ (241-1)
मै कीए मित्र अनेक इकसु बलिहारीआ ॥

ਸਭ ਗੁਣ ਕਿਸ ਹੀ ਨਾਹਿ ਹਰਿ ਪੂਰ ਭੰਡਾਰੀਆ ॥੪॥ (241-2)
सभ गुण किस ही नाहि हरि पूर भंडारीआ ॥४॥

ਚਹੁ ਦਿਸਿ ਜਪੀਐ ਨਾਉ ਸੂਖਿ ਸਵਾਰੀਆ ॥ (241-2)
चहु दिसि जपीऐ नाउ सूखि सवारीआ ॥

ਮੈ ਆਹੀ ਓੜਿ ਤੁਹਾਰਿ ਨਾਨਕ ਬਲਿਹਾਰੀਆ ॥੫॥ (241-3)
मै आही ओड़ि तुहारि नानक बलिहारीआ ॥५॥

ਗੁਰਿ ਕਾਢਿਓ ਭੁਜਾ ਪਸਾਰਿ ਮੋਹ ਕੂਪਾਰੀਆ ॥ (241-3)
गुरि काढिओ भुजा पसारि मोह कूपारीआ ॥

ਮੈ ਜੀਤਿਓ ਜਨਮੁ ਅਪਾਰੁ ਬਹੁਰਿ ਨ ਹਾਰੀਆ ॥੬॥ (241-4)
मै जीतिओ जनमु अपारु बहुरि न हारीआ ॥६॥

ਮੈ ਪਾਇਓ ਸਰਬ ਨਿਧਾਨੁ ਅਕਥੁ ਕਥਾਰੀਆ ॥ (241-4)
मै पाइओ सरब निधानु अकथु कथारीआ ॥

ਹਰਿ ਦਰਗਹ ਸੋਭਾਵੰਤ ਬਾਹ ਲੁਡਾਰੀਆ ॥੭॥ (241-5)
हरि दरगह सोभावंत बाह लुडारीआ ॥७॥

ਜਨ ਨਾਨਕ ਲਧਾ ਰਤਨੁ ਅਮੋਲੁ ਅਪਾਰੀਆ ॥ (241-5)
जन नानक लधा रतनु अमोलु अपारीआ ॥

ਗੁਰ ਸੇਵਾ ਭਉਜਲੁ ਤਰੀਐ ਕਹਉ ਪੁਕਾਰੀਆ ॥੮॥੧੨॥ (241-6)
गुर सेवा भउजलु तरीऐ कहउ पुकारीआ ॥८॥१२॥

ਗਉੜੀ ਮਹਲਾ ੫ (241-7)
गउड़ी महला ५

ੴ ਸਤਿਗੁਰ ਪ੍ਰਸਾਦਿ ॥ (241-7)
ੴ सतिगुर प्रसादि ॥

ਨਾਰਾਇਣ ਹਰਿ ਰੰਗ ਰੰਗੋ ॥ (241-8)
नाराइण हरि रंग रंगो ॥

ਜਪਿ ਜਿਹਵਾ ਹਰਿ ਏਕ ਮੰਗੋ ॥੧॥ ਰਹਾਉ ॥ (241-8)
जपि जिहवा हरि एक मंगो ॥१॥ रहाउ ॥

ਤਜਿ ਹਉਮੈ ਗੁਰ ਗਿਆਨ ਭਜੋ ॥ (241-8)
तजि हउमै गुर गिआन भजो ॥

ਮਿਲਿ ਸੰਗਤਿ ਧੁਰਿ ਕਰਮ ਲਿਖਿਓ ॥੧॥ (241-9)
मिलि संगति धुरि करम लिखिओ ॥१॥

ਜੋ ਦੀਸੈ ਸੋ ਸੰਗਿ ਨ ਗਇਓ ॥ (241-9)
जो दीसै सो संगि न गइओ ॥

ਸਾਕਤੁ ਮੂੜੁ ਲਗੇ ਪਚਿ ਮੁਇਓ ॥੨॥ (241-9)
साकतु मूड़ु लगे पचि मुइओ ॥२॥

ਮੋਹਨ ਨਾਮੁ ਸਦਾ ਰਵਿ ਰਹਿਓ ॥ (241-10)
मोहन नामु सदा रवि रहिओ ॥

ਕੋਟਿ ਮਧੇ ਕਿਨੈ ਗੁਰਮੁਖਿ ਲਹਿਓ ॥੩॥ (241-10)
कोटि मधे किनै गुरमुखि लहिओ ॥३॥

ਹਰਿ ਸੰਤਨ ਕਰਿ ਨਮੋ ਨਮੋ ॥ (241-10)
हरि संतन करि नमो नमो ॥

ਨਉ ਨਿਧਿ ਪਾਵਹਿ ਅਤੁਲੁ ਸੁਖੋ ॥੪॥ (241-11)
नउ निधि पावहि अतुलु सुखो ॥४॥

ਨੈਨ ਅਲੋਵਉ ਸਾਧ ਜਨੋ ॥ (241-11)
नैन अलोवउ साध जनो ॥

ਹਿਰਦੈ ਗਾਵਹੁ ਨਾਮ ਨਿਧੋ ॥੫॥ (241-11)
हिरदै गावहु नाम निधो ॥५॥

ਕਾਮ ਕ੍ਰੋਧ ਲੋਭੁ ਮੋਹੁ ਤਜੋ ॥ (241-11)
काम क्रोध लोभु मोहु तजो ॥

ਜਨਮ ਮਰਨ ਦੁਹੁ ਤੇ ਰਹਿਓ ॥੬॥ (241-12)
जनम मरन दुहु ते रहिओ ॥६॥

ਦੂਖੁ ਅੰਧੇਰਾ ਘਰ ਤੇ ਮਿਟਿਓ ॥ (241-12)
दूखु अंधेरा घर ते मिटिओ ॥

ਗੁਰਿ ਗਿਆਨੁ ਦ੍ਰਿੜਾਇਓ ਦੀਪ ਬਲਿਓ ॥੭॥ (241-12)
गुरि गिआनु द्रिड़ाइओ दीप बलिओ ॥७॥

ਜਿਨਿ ਸੇਵਿਆ ਸੋ ਪਾਰਿ ਪਰਿਓ ॥ (241-13)
जिनि सेविआ सो पारि परिओ ॥

ਜਨ ਨਾਨਕ ਗੁਰਮੁਖਿ ਜਗਤੁ ਤਰਿਓ ॥੮॥੧॥੧੩॥ (241-13)
जन नानक गुरमुखि जगतु तरिओ ॥८॥१॥१३॥

ਮਹਲਾ ੫ ਗਉੜੀ ॥ (241-14)
महला ५ गउड़ी ॥

ਹਰਿ ਹਰਿ ਗੁਰੁ ਗੁਰੁ ਕਰਤ ਭਰਮ ਗਏ ॥ (241-14)
हरि हरि गुरु गुरु करत भरम गए ॥

ਮੇਰੈ ਮਨਿ ਸਭਿ ਸੁਖ ਪਾਇਓ ॥੧॥ ਰਹਾਉ ॥ (241-14)
मेरै मनि सभि सुख पाइओ ॥१॥ रहाउ ॥

ਬਲਤੋ ਜਲਤੋ ਤਉਕਿਆ ਗੁਰ ਚੰਦਨੁ ਸੀਤਲਾਇਓ ॥੧॥ (241-15)
बलतो जलतो तउकिआ गुर चंदनु सीतलाइओ ॥१॥

ਅਗਿਆਨ ਅੰਧੇਰਾ ਮਿਟਿ ਗਇਆ ਗੁਰ ਗਿਆਨੁ ਦੀਪਾਇਓ ॥੨॥ (241-15)
अगिआन अंधेरा मिटि गइआ गुर गिआनु दीपाइओ ॥२॥

ਪਾਵਕੁ ਸਾਗਰੁ ਗਹਰੋ ਚਰਿ ਸੰਤਨ ਨਾਵ ਤਰਾਇਓ ॥੩॥ (241-16)
पावकु सागरु गहरो चरि संतन नाव तराइओ ॥३॥

ਨਾ ਹਮ ਕਰਮ ਨ ਧਰਮ ਸੁਚ ਪ੍ਰਭਿ ਗਹਿ ਭੁਜਾ ਆਪਾਇਓ ॥੪॥ (241-17)
ना हम करम न धरम सुच प्रभि गहि भुजा आपाइओ ॥४॥

ਭਉ ਖੰਡਨੁ ਦੁਖ ਭੰਜਨੋ ਭਗਤਿ ਵਛਲ ਹਰਿ ਨਾਇਓ ॥੫॥ (241-17)
भउ खंडनु दुख भंजनो भगति वछल हरि नाइओ ॥५॥

ਅਨਾਥਹ ਨਾਥ ਕ੍ਰਿਪਾਲ ਦੀਨ ਸੰਮ੍ਰਿਥ ਸੰਤ ਓਟਾਇਓ ॥੬॥ (241-18)
अनाथह नाथ क्रिपाल दीन संम्रिथ संत ओटाइओ ॥६॥

ਨਿਰਗੁਨੀਆਰੇ ਕੀ ਬੇਨਤੀ ਦੇਹੁ ਦਰਸੁ ਹਰਿ ਰਾਇਓ ॥੭॥ (241-18)
निरगुनीआरे की बेनती देहु दरसु हरि राइओ ॥७॥

ਨਾਨਕ ਸਰਨਿ ਤੁਹਾਰੀ ਠਾਕੁਰ ਸੇਵਕੁ ਦੁਆਰੈ ਆਇਓ ॥੮॥੨॥੧੪॥ (241-19)
नानक सरनि तुहारी ठाकुर सेवकु दुआरै आइओ ॥८॥२॥१४॥

ਗਉੜੀ ਮਹਲਾ ੫ ॥ (242-1)
गउड़ी महला ५ ॥

ਰੰਗ ਸੰਗਿ ਬਿਖਿਆ ਕੇ ਭੋਗਾ ਇਨ ਸੰਗਿ ਅੰਧ ਨ ਜਾਨੀ ॥੧॥ (242-1)
रंग संगि बिखिआ के भोगा इन संगि अंध न जानी ॥१॥

ਹਉ ਸੰਚਉ ਹਉ ਖਾਟਤਾ ਸਗਲੀ ਅਵਧ ਬਿਹਾਨੀ ॥ ਰਹਾਉ ॥ (242-1)
हउ संचउ हउ खाटता सगली अवध बिहानी ॥ रहाउ ॥

ਹਉ ਸੂਰਾ ਪਰਧਾਨੁ ਹਉ ਕੋ ਨਾਹੀ ਮੁਝਹਿ ਸਮਾਨੀ ॥੨॥ (242-2)
हउ सूरा परधानु हउ को नाही मुझहि समानी ॥२॥

ਜੋਬਨਵੰਤ ਅਚਾਰ ਕੁਲੀਨਾ ਮਨ ਮਹਿ ਹੋਇ ਗੁਮਾਨੀ ॥੩॥ (242-2)
जोबनवंत अचार कुलीना मन महि होइ गुमानी ॥३॥

ਜਿਉ ਉਲਝਾਇਓ ਬਾਧ ਬੁਧਿ ਕਾ ਮਰਤਿਆ ਨਹੀ ਬਿਸਰਾਨੀ ॥੪॥ (242-3)
जिउ उलझाइओ बाध बुधि का मरतिआ नही बिसरानी ॥४॥

ਭਾਈ ਮੀਤ ਬੰਧਪ ਸਖੇ ਪਾਛੇ ਤਿਨਹੂ ਕਉ ਸੰਪਾਨੀ ॥੫॥ (242-4)
भाई मीत बंधप सखे पाछे तिनहू कउ स्मपानी ॥५॥

ਜਿਤੁ ਲਾਗੋ ਮਨੁ ਬਾਸਨਾ ਅੰਤਿ ਸਾਈ ਪ੍ਰਗਟਾਨੀ ॥੬॥ (242-4)
जितु लागो मनु बासना अंति साई प्रगटानी ॥६॥

ਅਹੰਬੁਧਿ ਸੁਚਿ ਕਰਮ ਕਰਿ ਇਹ ਬੰਧਨ ਬੰਧਾਨੀ ॥੭॥ (242-5)
अह्मबुधि सुचि करम करि इह बंधन बंधानी ॥७॥

ਦਇਆਲ ਪੁਰਖ ਕਿਰਪਾ ਕਰਹੁ ਨਾਨਕ ਦਾਸ ਦਸਾਨੀ ॥੮॥੩॥੧੫॥੪੪॥ ਜੁਮਲਾ (242-5)
दइआल पुरख किरपा करहु नानक दास दसानी ॥८॥३॥१५॥४४॥ जुमला

ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥ (242-7)
ੴ सतिनामु करता पुरखु गुरप्रसादि ॥

ਰਾਗੁ ਗਉੜੀ ਪੂਰਬੀ ਛੰਤ ਮਹਲਾ ੧ ॥ (242-7)
रागु गउड़ी पूरबी छंत महला १ ॥

ਮੁੰਧ ਰੈਣਿ ਦੁਹੇਲੜੀਆ ਜੀਉ ਨੀਦ ਨ ਆਵੈ ॥ (242-7)
मुंध रैणि दुहेलड़ीआ जीउ नीद न आवै ॥

ਸਾ ਧਨ ਦੁਬਲੀਆ ਜੀਉ ਪਿਰ ਕੈ ਹਾਵੈ ॥ (242-8)
सा धन दुबलीआ जीउ पिर कै हावै ॥

ਧਨ ਥੀਈ ਦੁਬਲਿ ਕੰਤ ਹਾਵੈ ਕੇਵ ਨੈਣੀ ਦੇਖਏ ॥ (242-8)
धन थीई दुबलि कंत हावै केव नैणी देखए ॥

ਸੀਗਾਰ ਮਿਠ ਰਸ ਭੋਗ ਭੋਜਨ ਸਭੁ ਝੂਠੁ ਕਿਤੈ ਨ ਲੇਖਏ ॥ (242-9)
सीगार मिठ रस भोग भोजन सभु झूठु कितै न लेखए ॥

ਮੈ ਮਤ ਜੋਬਨਿ ਗਰਬਿ ਗਾਲੀ ਦੁਧਾ ਥਣੀ ਨ ਆਵਏ ॥ (242-9)
मै मत जोबनि गरबि गाली दुधा थणी न आवए ॥

ਨਾਨਕ ਸਾ ਧਨ ਮਿਲੈ ਮਿਲਾਈ ਬਿਨੁ ਪਿਰ ਨੀਦ ਨ ਆਵਏ ॥੧॥ (242-10)
नानक सा धन मिलै मिलाई बिनु पिर नीद न आवए ॥१॥

ਮੁੰਧ ਨਿਮਾਨੜੀਆ ਜੀਉ ਬਿਨੁ ਧਨੀ ਪਿਆਰੇ ॥ (242-10)
मुंध निमानड़ीआ जीउ बिनु धनी पिआरे ॥

ਕਿਉ ਸੁਖੁ ਪਾਵੈਗੀ ਬਿਨੁ ਉਰ ਧਾਰੇ ॥ (242-11)
किउ सुखु पावैगी बिनु उर धारे ॥

ਨਾਹ ਬਿਨੁ ਘਰ ਵਾਸੁ ਨਾਹੀ ਪੁਛਹੁ ਸਖੀ ਸਹੇਲੀਆ ॥ (242-11)
नाह बिनु घर वासु नाही पुछहु सखी सहेलीआ ॥

ਬਿਨੁ ਨਾਮ ਪ੍ਰੀਤਿ ਪਿਆਰੁ ਨਾਹੀ ਵਸਹਿ ਸਾਚਿ ਸੁਹੇਲੀਆ ॥ (242-11)
बिनु नाम प्रीति पिआरु नाही वसहि साचि सुहेलीआ ॥

ਸਚੁ ਮਨਿ ਸਜਨ ਸੰਤੋਖਿ ਮੇਲਾ ਗੁਰਮਤੀ ਸਹੁ ਜਾਣਿਆ ॥ (242-12)
सचु मनि सजन संतोखि मेला गुरमती सहु जाणिआ ॥

ਨਾਨਕ ਨਾਮੁ ਨ ਛੋਡੈ ਸਾ ਧਨ ਨਾਮਿ ਸਹਜਿ ਸਮਾਣੀਆ ॥੨॥ (242-12)
नानक नामु न छोडै सा धन नामि सहजि समाणीआ ॥२॥

ਮਿਲੁ ਸਖੀ ਸਹੇਲੜੀਹੋ ਹਮ ਪਿਰੁ ਰਾਵੇਹਾ ॥ (242-13)
मिलु सखी सहेलड़ीहो हम पिरु रावेहा ॥

ਗੁਰ ਪੁਛਿ ਲਿਖਉਗੀ ਜੀਉ ਸਬਦਿ ਸਨੇਹਾ ॥ (242-13)
गुर पुछि लिखउगी जीउ सबदि सनेहा ॥

ਸਬਦੁ ਸਾਚਾ ਗੁਰਿ ਦਿਖਾਇਆ ਮਨਮੁਖੀ ਪਛੁਤਾਣੀਆ ॥ (242-14)
सबदु साचा गुरि दिखाइआ मनमुखी पछुताणीआ ॥

ਨਿਕਸਿ ਜਾਤਉ ਰਹੈ ਅਸਥਿਰੁ ਜਾਮਿ ਸਚੁ ਪਛਾਣਿਆ ॥ (242-14)
निकसि जातउ रहै असथिरु जामि सचु पछाणिआ ॥

ਸਾਚ ਕੀ ਮਤਿ ਸਦਾ ਨਉਤਨ ਸਬਦਿ ਨੇਹੁ ਨਵੇਲਓ ॥ (242-15)
साच की मति सदा नउतन सबदि नेहु नवेलओ ॥

ਨਾਨਕ ਨਦਰੀ ਸਹਜਿ ਸਾਚਾ ਮਿਲਹੁ ਸਖੀ ਸਹੇਲੀਹੋ ॥੩॥ (242-15)
नानक नदरी सहजि साचा मिलहु सखी सहेलीहो ॥३॥

ਮੇਰੀ ਇਛ ਪੁਨੀ ਜੀਉ ਹਮ ਘਰਿ ਸਾਜਨੁ ਆਇਆ ॥ (242-16)
मेरी इछ पुनी जीउ हम घरि साजनु आइआ ॥

ਮਿਲਿ ਵਰੁ ਨਾਰੀ ਮੰਗਲੁ ਗਾਇਆ ॥ (242-16)
मिलि वरु नारी मंगलु गाइआ ॥

ਗੁਣ ਗਾਇ ਮੰਗਲੁ ਪ੍ਰੇਮਿ ਰਹਸੀ ਮੁੰਧ ਮਨਿ ਓਮਾਹਓ ॥ (242-17)
गुण गाइ मंगलु प्रेमि रहसी मुंध मनि ओमाहओ ॥

ਸਾਜਨ ਰਹੰਸੇ ਦੁਸਟ ਵਿਆਪੇ ਸਾਚੁ ਜਪਿ ਸਚੁ ਲਾਹਓ ॥ (242-17)
साजन रहंसे दुसट विआपे साचु जपि सचु लाहओ ॥

ਕਰ ਜੋੜਿ ਸਾ ਧਨ ਕਰੈ ਬਿਨਤੀ ਰੈਣਿ ਦਿਨੁ ਰਸਿ ਭਿੰਨੀਆ ॥ (242-18)
कर जोड़ि सा धन करै बिनती रैणि दिनु रसि भिंनीआ ॥

ਨਾਨਕ ਪਿਰੁ ਧਨ ਕਰਹਿ ਰਲੀਆ ਇਛ ਮੇਰੀ ਪੁੰਨੀਆ ॥੪॥੧॥ (242-18)
नानक पिरु धन करहि रलीआ इछ मेरी पुंनीआ ॥४॥१॥

ਗਉੜੀ ਛੰਤ ਮਹਲਾ ੧ ॥ (243-1)
गउड़ी छंत महला १ ॥

ਸੁਣਿ ਨਾਹ ਪ੍ਰਭੂ ਜੀਉ ਏਕਲੜੀ ਬਨ ਮਾਹੇ ॥ (243-1)
सुणि नाह प्रभू जीउ एकलड़ी बन माहे ॥

ਕਿਉ ਧੀਰੈਗੀ ਨਾਹ ਬਿਨਾ ਪ੍ਰਭ ਵੇਪਰਵਾਹੇ ॥ (243-1)
किउ धीरैगी नाह बिना प्रभ वेपरवाहे ॥

ਧਨ ਨਾਹ ਬਾਝਹੁ ਰਹਿ ਨ ਸਾਕੈ ਬਿਖਮ ਰੈਣਿ ਘਣੇਰੀਆ ॥ (243-2)
धन नाह बाझहु रहि न साकै बिखम रैणि घणेरीआ ॥

ਨਹ ਨੀਦ ਆਵੈ ਪ੍ਰੇਮੁ ਭਾਵੈ ਸੁਣਿ ਬੇਨੰਤੀ ਮੇਰੀਆ ॥ (243-2)
नह नीद आवै प्रेमु भावै सुणि बेनंती मेरीआ ॥

ਬਾਝਹੁ ਪਿਆਰੇ ਕੋਇ ਨ ਸਾਰੇ ਏਕਲੜੀ ਕੁਰਲਾਏ ॥ (243-3)
बाझहु पिआरे कोइ न सारे एकलड़ी कुरलाए ॥

ਨਾਨਕ ਸਾ ਧਨ ਮਿਲੈ ਮਿਲਾਈ ਬਿਨੁ ਪ੍ਰੀਤਮ ਦੁਖੁ ਪਾਏ ॥੧॥ (243-3)
नानक सा धन मिलै मिलाई बिनु प्रीतम दुखु पाए ॥१॥

ਪਿਰਿ ਛੋਡਿਅੜੀ ਜੀਉ ਕਵਣੁ ਮਿਲਾਵੈ ॥ (243-4)
पिरि छोडिअड़ी जीउ कवणु मिलावै ॥

ਰਸਿ ਪ੍ਰੇਮਿ ਮਿਲੀ ਜੀਉ ਸਬਦਿ ਸੁਹਾਵੈ ॥ (243-4)
रसि प्रेमि मिली जीउ सबदि सुहावै ॥

ਸਬਦੇ ਸੁਹਾਵੈ ਤਾ ਪਤਿ ਪਾਵੈ ਦੀਪਕ ਦੇਹ ਉਜਾਰੈ ॥ (243-5)
सबदे सुहावै ता पति पावै दीपक देह उजारै ॥

ਸੁਣਿ ਸਖੀ ਸਹੇਲੀ ਸਾਚਿ ਸੁਹੇਲੀ ਸਾਚੇ ਕੇ ਗੁਣ ਸਾਰੈ ॥ (243-5)
सुणि सखी सहेली साचि सुहेली साचे के गुण सारै ॥

ਸਤਿਗੁਰਿ ਮੇਲੀ ਤਾ ਪਿਰਿ ਰਾਵੀ ਬਿਗਸੀ ਅੰਮ੍ਰਿਤ ਬਾਣੀ ॥ (243-6)
सतिगुरि मेली ता पिरि रावी बिगसी अमृत बाणी ॥

ਨਾਨਕ ਸਾ ਧਨ ਤਾ ਪਿਰੁ ਰਾਵੇ ਜਾ ਤਿਸ ਕੈ ਮਨਿ ਭਾਣੀ ॥੨॥ (243-6)
नानक सा धन ता पिरु रावे जा तिस कै मनि भाणी ॥२॥

ਮਾਇਆ ਮੋਹਣੀ ਨੀਘਰੀਆ ਜੀਉ ਕੂੜਿ ਮੁਠੀ ਕੂੜਿਆਰੇ ॥ (243-7)
माइआ मोहणी नीघरीआ जीउ कूड़ि मुठी कूड़िआरे ॥

ਕਿਉ ਖੂਲੈ ਗਲ ਜੇਵੜੀਆ ਜੀਉ ਬਿਨੁ ਗੁਰ ਅਤਿ ਪਿਆਰੇ ॥ (243-7)
किउ खूलै गल जेवड़ीआ जीउ बिनु गुर अति पिआरे ॥

ਹਰਿ ਪ੍ਰੀਤਿ ਪਿਆਰੇ ਸਬਦਿ ਵੀਚਾਰੇ ਤਿਸ ਹੀ ਕਾ ਸੋ ਹੋਵੈ ॥ (243-8)
हरि प्रीति पिआरे सबदि वीचारे तिस ही का सो होवै ॥

ਪੁੰਨ ਦਾਨ ਅਨੇਕ ਨਾਵਣ ਕਿਉ ਅੰਤਰ ਮਲੁ ਧੋਵੈ ॥ (243-8)
पुंन दान अनेक नावण किउ अंतर मलु धोवै ॥

ਨਾਮ ਬਿਨਾ ਗਤਿ ਕੋਇ ਨ ਪਾਵੈ ਹਠਿ ਨਿਗ੍ਰਹਿ ਬੇਬਾਣੈ ॥ (243-9)
नाम बिना गति कोइ न पावै हठि निग्रहि बेबाणै ॥

ਨਾਨਕ ਸਚ ਘਰੁ ਸਬਦਿ ਸਿਞਾਪੈ ਦੁਬਿਧਾ ਮਹਲੁ ਕਿ ਜਾਣੈ ॥੩॥ (243-9)
नानक सच घरु सबदि सिञापै दुबिधा महलु कि जाणै ॥३॥

ਤੇਰਾ ਨਾਮੁ ਸਚਾ ਜੀਉ ਸਬਦੁ ਸਚਾ ਵੀਚਾਰੋ ॥ (243-10)
तेरा नामु सचा जीउ सबदु सचा वीचारो ॥

ਤੇਰਾ ਮਹਲੁ ਸਚਾ ਜੀਉ ਨਾਮੁ ਸਚਾ ਵਾਪਾਰੋ ॥ (243-10)
तेरा महलु सचा जीउ नामु सचा वापारो ॥

ਨਾਮ ਕਾ ਵਾਪਾਰੁ ਮੀਠਾ ਭਗਤਿ ਲਾਹਾ ਅਨਦਿਨੋ ॥ (243-11)
नाम का वापारु मीठा भगति लाहा अनदिनो ॥

ਤਿਸੁ ਬਾਝੁ ਵਖਰੁ ਕੋਇ ਨ ਸੂਝੈ ਨਾਮੁ ਲੇਵਹੁ ਖਿਨੁ ਖਿਨੋ ॥ (243-11)
तिसु बाझु वखरु कोइ न सूझै नामु लेवहु खिनु खिनो ॥

ਪਰਖਿ ਲੇਖਾ ਨਦਰਿ ਸਾਚੀ ਕਰਮਿ ਪੂਰੈ ਪਾਇਆ ॥ (243-12)
परखि लेखा नदरि साची करमि पूरै पाइआ ॥

ਨਾਨਕ ਨਾਮੁ ਮਹਾ ਰਸੁ ਮੀਠਾ ਗੁਰਿ ਪੂਰੈ ਸਚੁ ਪਾਇਆ ॥੪॥੨॥ (243-12)
नानक नामु महा रसु मीठा गुरि पूरै सचु पाइआ ॥४॥२॥

ਰਾਗੁ ਗਉੜੀ ਪੂਰਬੀ ਛੰਤ ਮਹਲਾ ੩ (243-14)
रागु गउड़ी पूरबी छंत महला ३

ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥ (243-14)
ੴ सतिनामु करता पुरखु गुरप्रसादि ॥

ਸਾ ਧਨ ਬਿਨਉ ਕਰੇ ਜੀਉ ਹਰਿ ਕੇ ਗੁਣ ਸਾਰੇ ॥ (243-15)
सा धन बिनउ करे जीउ हरि के गुण सारे ॥

ਖਿਨੁ ਪਲੁ ਰਹਿ ਨ ਸਕੈ ਜੀਉ ਬਿਨੁ ਹਰਿ ਪਿਆਰੇ ॥ (243-15)
खिनु पलु रहि न सकै जीउ बिनु हरि पिआरे ॥

ਬਿਨੁ ਹਰਿ ਪਿਆਰੇ ਰਹਿ ਨ ਸਾਕੈ ਗੁਰ ਬਿਨੁ ਮਹਲੁ ਨ ਪਾਈਐ ॥ (243-15)
बिनु हरि पिआरे रहि न साकै गुर बिनु महलु न पाईऐ ॥

ਜੋ ਗੁਰੁ ਕਹੈ ਸੋਈ ਪਰੁ ਕੀਜੈ ਤਿਸਨਾ ਅਗਨਿ ਬੁਝਾਈਐ ॥ (243-16)
जो गुरु कहै सोई परु कीजै तिसना अगनि बुझाईऐ ॥

ਹਰਿ ਸਾਚਾ ਸੋਈ ਤਿਸੁ ਬਿਨੁ ਅਵਰੁ ਨ ਕੋਈ ਬਿਨੁ ਸੇਵਿਐ ਸੁਖੁ ਨ ਪਾਏ ॥ (243-17)
हरि साचा सोई तिसु बिनु अवरु न कोई बिनु सेविऐ सुखु न पाए ॥

ਨਾਨਕ ਸਾ ਧਨ ਮਿਲੈ ਮਿਲਾਈ ਜਿਸ ਨੋ ਆਪਿ ਮਿਲਾਏ ॥੧॥ (243-17)
नानक सा धन मिलै मिलाई जिस नो आपि मिलाए ॥१॥

ਧਨ ਰੈਣਿ ਸੁਹੇਲੜੀਏ ਜੀਉ ਹਰਿ ਸਿਉ ਚਿਤੁ ਲਾਏ ॥ (243-18)
धन रैणि सुहेलड़ीए जीउ हरि सिउ चितु लाए ॥

ਸਤਿਗੁਰੁ ਸੇਵੇ ਭਾਉ ਕਰੇ ਜੀਉ ਵਿਚਹੁ ਆਪੁ ਗਵਾਏ ॥ (243-18)
सतिगुरु सेवे भाउ करे जीउ विचहु आपु गवाए ॥

ਵਿਚਹੁ ਆਪੁ ਗਵਾਏ ਹਰਿ ਗੁਣ ਗਾਏ ਅਨਦਿਨੁ ਲਾਗਾ ਭਾਓ ॥ (243-19)
विचहु आपु गवाए हरि गुण गाए अनदिनु लागा भाओ ॥

ਸੁਣਿ ਸਖੀ ਸਹੇਲੀ ਜੀਅ ਕੀ ਮੇਲੀ ਗੁਰ ਕੈ ਸਬਦਿ ਸਮਾਓ ॥ (243-19)
सुणि सखी सहेली जीअ की मेली गुर कै सबदि समाओ ॥

ਹਰਿ ਗੁਣ ਸਾਰੀ ਤਾ ਕੰਤ ਪਿਆਰੀ ਨਾਮੇ ਧਰੀ ਪਿਆਰੋ ॥ (244-1)
हरि गुण सारी ता कंत पिआरी नामे धरी पिआरो ॥

ਨਾਨਕ ਕਾਮਣਿ ਨਾਹ ਪਿਆਰੀ ਰਾਮ ਨਾਮੁ ਗਲਿ ਹਾਰੋ ॥੨॥ (244-1)
नानक कामणि नाह पिआरी राम नामु गलि हारो ॥२॥

ਧਨ ਏਕਲੜੀ ਜੀਉ ਬਿਨੁ ਨਾਹ ਪਿਆਰੇ ॥ (244-2)
धन एकलड़ी जीउ बिनु नाह पिआरे ॥

ਦੂਜੈ ਭਾਇ ਮੁਠੀ ਜੀਉ ਬਿਨੁ ਗੁਰ ਸਬਦ ਕਰਾਰੇ ॥ (244-2)
दूजै भाइ मुठी जीउ बिनु गुर सबद करारे ॥

ਬਿਨੁ ਸਬਦ ਪਿਆਰੇ ਕਉਣੁ ਦੁਤਰੁ ਤਾਰੇ ਮਾਇਆ ਮੋਹਿ ਖੁਆਈ ॥ (244-3)
बिनु सबद पिआरे कउणु दुतरु तारे माइआ मोहि खुआई ॥

ਕੂੜਿ ਵਿਗੁਤੀ ਤਾ ਪਿਰਿ ਮੁਤੀ ਸਾ ਧਨ ਮਹਲੁ ਨ ਪਾਈ ॥ (244-3)
कूड़ि विगुती ता पिरि मुती सा धन महलु न पाई ॥

ਗੁਰ ਸਬਦੇ ਰਾਤੀ ਸਹਜੇ ਮਾਤੀ ਅਨਦਿਨੁ ਰਹੈ ਸਮਾਏ ॥ (244-4)
गुर सबदे राती सहजे माती अनदिनु रहै समाए ॥

ਨਾਨਕ ਕਾਮਣਿ ਸਦਾ ਰੰਗਿ ਰਾਤੀ ਹਰਿ ਜੀਉ ਆਪਿ ਮਿਲਾਏ ॥੩॥ (244-4)
नानक कामणि सदा रंगि राती हरि जीउ आपि मिलाए ॥३॥

ਤਾ ਮਿਲੀਐ ਹਰਿ ਮੇਲੇ ਜੀਉ ਹਰਿ ਬਿਨੁ ਕਵਣੁ ਮਿਲਾਏ ॥ (244-5)
ता मिलीऐ हरि मेले जीउ हरि बिनु कवणु मिलाए ॥

ਬਿਨੁ ਗੁਰ ਪ੍ਰੀਤਮ ਆਪਣੇ ਜੀਉ ਕਉਣੁ ਭਰਮੁ ਚੁਕਾਏ ॥ (244-6)
बिनु गुर प्रीतम आपणे जीउ कउणु भरमु चुकाए ॥

ਗੁਰੁ ਭਰਮੁ ਚੁਕਾਏ ਇਉ ਮਿਲੀਐ ਮਾਏ ਤਾ ਸਾ ਧਨ ਸੁਖੁ ਪਾਏ ॥ (244-6)
गुरु भरमु चुकाए इउ मिलीऐ माए ता सा धन सुखु पाए ॥

ਗੁਰ ਸੇਵਾ ਬਿਨੁ ਘੋਰ ਅੰਧਾਰੁ ਬਿਨੁ ਗੁਰ ਮਗੁ ਨ ਪਾਏ ॥ (244-7)
गुर सेवा बिनु घोर अंधारु बिनु गुर मगु न पाए ॥

ਕਾਮਣਿ ਰੰਗਿ ਰਾਤੀ ਸਹਜੇ ਮਾਤੀ ਗੁਰ ਕੈ ਸਬਦਿ ਵੀਚਾਰੇ ॥ (244-7)
कामणि रंगि राती सहजे माती गुर कै सबदि वीचारे ॥

ਨਾਨਕ ਕਾਮਣਿ ਹਰਿ ਵਰੁ ਪਾਇਆ ਗੁਰ ਕੈ ਭਾਇ ਪਿਆਰੇ ॥੪॥੧॥ (244-8)
नानक कामणि हरि वरु पाइआ गुर कै भाइ पिआरे ॥४॥१॥

ਗਉੜੀ ਮਹਲਾ ੩ ॥ (244-8)
गउड़ी महला ३ ॥

ਪਿਰ ਬਿਨੁ ਖਰੀ ਨਿਮਾਣੀ ਜੀਉ ਬਿਨੁ ਪਿਰ ਕਿਉ ਜੀਵਾ ਮੇਰੀ ਮਾਈ ॥ (244-8)
पिर बिनु खरी निमाणी जीउ बिनु पिर किउ जीवा मेरी माई ॥

ਪਿਰ ਬਿਨੁ ਨੀਦ ਨ ਆਵੈ ਜੀਉ ਕਾਪੜੁ ਤਨਿ ਨ ਸੁਹਾਈ ॥ (244-9)
पिर बिनु नीद न आवै जीउ कापड़ु तनि न सुहाई ॥

ਕਾਪਰੁ ਤਨਿ ਸੁਹਾਵੈ ਜਾ ਪਿਰ ਭਾਵੈ ਗੁਰਮਤੀ ਚਿਤੁ ਲਾਈਐ ॥ (244-10)
कापरु तनि सुहावै जा पिर भावै गुरमती चितु लाईऐ ॥

ਸਦਾ ਸੁਹਾਗਣਿ ਜਾ ਸਤਿਗੁਰੁ ਸੇਵੇ ਗੁਰ ਕੈ ਅੰਕਿ ਸਮਾਈਐ ॥ (244-10)
सदा सुहागणि जा सतिगुरु सेवे गुर कै अंकि समाईऐ ॥

ਗੁਰ ਸਬਦੈ ਮੇਲਾ ਤਾ ਪਿਰੁ ਰਾਵੀ ਲਾਹਾ ਨਾਮੁ ਸੰਸਾਰੇ ॥ (244-11)
गुर सबदै मेला ता पिरु रावी लाहा नामु संसारे ॥

ਨਾਨਕ ਕਾਮਣਿ ਨਾਹ ਪਿਆਰੀ ਜਾ ਹਰਿ ਕੇ ਗੁਣ ਸਾਰੇ ॥੧॥ (244-11)
नानक कामणि नाह पिआरी जा हरि के गुण सारे ॥१॥

ਸਾ ਧਨ ਰੰਗੁ ਮਾਣੇ ਜੀਉ ਆਪਣੇ ਨਾਲਿ ਪਿਆਰੇ ॥ (244-12)
सा धन रंगु माणे जीउ आपणे नालि पिआरे ॥

ਅਹਿਨਿਸਿ ਰੰਗਿ ਰਾਤੀ ਜੀਉ ਗੁਰ ਸਬਦੁ ਵੀਚਾਰੇ ॥ (244-12)
अहिनिसि रंगि राती जीउ गुर सबदु वीचारे ॥

ਗੁਰ ਸਬਦੁ ਵੀਚਾਰੇ ਹਉਮੈ ਮਾਰੇ ਇਨ ਬਿਧਿ ਮਿਲਹੁ ਪਿਆਰੇ ॥ (244-13)
गुर सबदु वीचारे हउमै मारे इन बिधि मिलहु पिआरे ॥

ਸਾ ਧਨ ਸੋਹਾਗਣਿ ਸਦਾ ਰੰਗਿ ਰਾਤੀ ਸਾਚੈ ਨਾਮਿ ਪਿਆਰੇ ॥ (244-13)
सा धन सोहागणि सदा रंगि राती साचै नामि पिआरे ॥

ਅਪੁਨੇ ਗੁਰ ਮਿਲਿ ਰਹੀਐ ਅੰਮ੍ਰਿਤੁ ਗਹੀਐ ਦੁਬਿਧਾ ਮਾਰਿ ਨਿਵਾਰੇ ॥ (244-14)
अपुने गुर मिलि रहीऐ अमृतु गहीऐ दुबिधा मारि निवारे ॥

ਨਾਨਕ ਕਾਮਣਿ ਹਰਿ ਵਰੁ ਪਾਇਆ ਸਗਲੇ ਦੂਖ ਵਿਸਾਰੇ ॥੨॥ (244-15)
नानक कामणि हरि वरु पाइआ सगले दूख विसारे ॥२॥

ਕਾਮਣਿ ਪਿਰਹੁ ਭੁਲੀ ਜੀਉ ਮਾਇਆ ਮੋਹਿ ਪਿਆਰੇ ॥ (244-15)
कामणि पिरहु भुली जीउ माइआ मोहि पिआरे ॥

ਝੂਠੀ ਝੂਠਿ ਲਗੀ ਜੀਉ ਕੂੜਿ ਮੁਠੀ ਕੂੜਿਆਰੇ ॥ (244-16)
झूठी झूठि लगी जीउ कूड़ि मुठी कूड़िआरे ॥

ਕੂੜੁ ਨਿਵਾਰੇ ਗੁਰਮਤਿ ਸਾਰੇ ਜੂਐ ਜਨਮੁ ਨ ਹਾਰੇ ॥ (244-16)
कूड़ु निवारे गुरमति सारे जूऐ जनमु न हारे ॥

ਗੁਰ ਸਬਦੁ ਸੇਵੇ ਸਚਿ ਸਮਾਵੈ ਵਿਚਹੁ ਹਉਮੈ ਮਾਰੇ ॥ (244-17)
गुर सबदु सेवे सचि समावै विचहु हउमै मारे ॥

ਹਰਿ ਕਾ ਨਾਮੁ ਰਿਦੈ ਵਸਾਏ ਐਸਾ ਕਰੇ ਸੀਗਾਰੋ ॥ (244-17)
हरि का नामु रिदै वसाए ऐसा करे सीगारो ॥

ਨਾਨਕ ਕਾਮਣਿ ਸਹਜਿ ਸਮਾਣੀ ਜਿਸੁ ਸਾਚਾ ਨਾਮੁ ਅਧਾਰੋ ॥੩॥ (244-17)
नानक कामणि सहजि समाणी जिसु साचा नामु अधारो ॥३॥

ਮਿਲੁ ਮੇਰੇ ਪ੍ਰੀਤਮਾ ਜੀਉ ਤੁਧੁ ਬਿਨੁ ਖਰੀ ਨਿਮਾਣੀ ॥ (244-18)
मिलु मेरे प्रीतमा जीउ तुधु बिनु खरी निमाणी ॥

ਮੈ ਨੈਣੀ ਨੀਦ ਨ ਆਵੈ ਜੀਉ ਭਾਵੈ ਅੰਨੁ ਨ ਪਾਣੀ ॥ (244-19)
मै नैणी नीद न आवै जीउ भावै अंनु न पाणी ॥

ਪਾਣੀ ਅੰਨੁ ਨ ਭਾਵੈ ਮਰੀਐ ਹਾਵੈ ਬਿਨੁ ਪਿਰ ਕਿਉ ਸੁਖੁ ਪਾਈਐ ॥ (244-19)
पाणी अंनु न भावै मरीऐ हावै बिनु पिर किउ सुखु पाईऐ ॥

ਗੁਰ ਆਗੈ ਕਰਉ ਬਿਨੰਤੀ ਜੇ ਗੁਰ ਭਾਵੈ ਜਿਉ ਮਿਲੈ ਤਿਵੈ ਮਿਲਾਈਐ ॥ (245-1)
गुर आगै करउ बिनंती जे गुर भावै जिउ मिलै तिवै मिलाईऐ ॥

ਆਪੇ ਮੇਲਿ ਲਏ ਸੁਖਦਾਤਾ ਆਪਿ ਮਿਲਿਆ ਘਰਿ ਆਏ ॥ (245-1)
आपे मेलि लए सुखदाता आपि मिलिआ घरि आए ॥

ਨਾਨਕ ਕਾਮਣਿ ਸਦਾ ਸੁਹਾਗਣਿ ਨਾ ਪਿਰੁ ਮਰੈ ਨ ਜਾਏ ॥੪॥੨॥ (245-2)
नानक कामणि सदा सुहागणि ना पिरु मरै न जाए ॥४॥२॥

ਗਉੜੀ ਮਹਲਾ ੩ ॥ (245-2)
गउड़ी महला ३ ॥

ਕਾਮਣਿ ਹਰਿ ਰਸਿ ਬੇਧੀ ਜੀਉ ਹਰਿ ਕੈ ਸਹਜਿ ਸੁਭਾਏ ॥ (245-3)
कामणि हरि रसि बेधी जीउ हरि कै सहजि सुभाए ॥

ਮਨੁ ਮੋਹਨਿ ਮੋਹਿ ਲੀਆ ਜੀਉ ਦੁਬਿਧਾ ਸਹਜਿ ਸਮਾਏ ॥ (245-3)
मनु मोहनि मोहि लीआ जीउ दुबिधा सहजि समाए ॥

ਦੁਬਿਧਾ ਸਹਜਿ ਸਮਾਏ ਕਾਮਣਿ ਵਰੁ ਪਾਏ ਗੁਰਮਤੀ ਰੰਗੁ ਲਾਏ ॥ (245-4)
दुबिधा सहजि समाए कामणि वरु पाए गुरमती रंगु लाए ॥

ਇਹੁ ਸਰੀਰੁ ਕੂੜਿ ਕੁਸਤਿ ਭਰਿਆ ਗਲ ਤਾਈ ਪਾਪ ਕਮਾਏ ॥ (245-4)
इहु सरीरु कूड़ि कुसति भरिआ गल ताई पाप कमाए ॥

ਗੁਰਮੁਖਿ ਭਗਤਿ ਜਿਤੁ ਸਹਜ ਧੁਨਿ ਉਪਜੈ ਬਿਨੁ ਭਗਤੀ ਮੈਲੁ ਨ ਜਾਏ ॥ (245-5)
गुरमुखि भगति जितु सहज धुनि उपजै बिनु भगती मैलु न जाए ॥

ਨਾਨਕ ਕਾਮਣਿ ਪਿਰਹਿ ਪਿਆਰੀ ਵਿਚਹੁ ਆਪੁ ਗਵਾਏ ॥੧॥ (245-6)
नानक कामणि पिरहि पिआरी विचहु आपु गवाए ॥१॥

ਕਾਮਣਿ ਪਿਰੁ ਪਾਇਆ ਜੀਉ ਗੁਰ ਕੈ ਭਾਇ ਪਿਆਰੇ ॥ (245-6)
कामणि पिरु पाइआ जीउ गुर कै भाइ पिआरे ॥

ਰੈਣਿ ਸੁਖਿ ਸੁਤੀ ਜੀਉ ਅੰਤਰਿ ਉਰਿ ਧਾਰੇ ॥ (245-7)
रैणि सुखि सुती जीउ अंतरि उरि धारे ॥

ਅੰਤਰਿ ਉਰਿ ਧਾਰੇ ਮਿਲੀਐ ਪਿਆਰੇ ਅਨਦਿਨੁ ਦੁਖੁ ਨਿਵਾਰੇ ॥ (245-7)
अंतरि उरि धारे मिलीऐ पिआरे अनदिनु दुखु निवारे ॥

ਅੰਤਰਿ ਮਹਲੁ ਪਿਰੁ ਰਾਵੇ ਕਾਮਣਿ ਗੁਰਮਤੀ ਵੀਚਾਰੇ ॥ (245-8)
अंतरि महलु पिरु रावे कामणि गुरमती वीचारे ॥

ਅੰਮ੍ਰਿਤੁ ਨਾਮੁ ਪੀਆ ਦਿਨ ਰਾਤੀ ਦੁਬਿਧਾ ਮਾਰਿ ਨਿਵਾਰੇ ॥ (245-8)
अमृतु नामु पीआ दिन राती दुबिधा मारि निवारे ॥

ਨਾਨਕ ਸਚਿ ਮਿਲੀ ਸੋਹਾਗਣਿ ਗੁਰ ਕੈ ਹੇਤਿ ਅਪਾਰੇ ॥੨॥ (245-9)
नानक सचि मिली सोहागणि गुर कै हेति अपारे ॥२॥

ਆਵਹੁ ਦਇਆ ਕਰੇ ਜੀਉ ਪ੍ਰੀਤਮ ਅਤਿ ਪਿਆਰੇ ॥ (245-9)
आवहु दइआ करे जीउ प्रीतम अति पिआरे ॥

ਕਾਮਣਿ ਬਿਨਉ ਕਰੇ ਜੀਉ ਸਚਿ ਸਬਦਿ ਸੀਗਾਰੇ ॥ (245-10)
कामणि बिनउ करे जीउ सचि सबदि सीगारे ॥

ਸਚਿ ਸਬਦਿ ਸੀਗਾਰੇ ਹਉਮੈ ਮਾਰੇ ਗੁਰਮੁਖਿ ਕਾਰਜ ਸਵਾਰੇ ॥ (245-10)
सचि सबदि सीगारे हउमै मारे गुरमुखि कारज सवारे ॥

ਜੁਗਿ ਜੁਗਿ ਏਕੋ ਸਚਾ ਸੋਈ ਬੂਝੈ ਗੁਰ ਬੀਚਾਰੇ ॥ (245-11)
जुगि जुगि एको सचा सोई बूझै गुर बीचारे ॥

ਮਨਮੁਖਿ ਕਾਮਿ ਵਿਆਪੀ ਮੋਹਿ ਸੰਤਾਪੀ ਕਿਸੁ ਆਗੈ ਜਾਇ ਪੁਕਾਰੇ ॥ (245-11)
मनमुखि कामि विआपी मोहि संतापी किसु आगै जाइ पुकारे ॥

ਨਾਨਕ ਮਨਮੁਖਿ ਥਾਉ ਨ ਪਾਏ ਬਿਨੁ ਗੁਰ ਅਤਿ ਪਿਆਰੇ ॥੩॥ (245-12)
नानक मनमुखि थाउ न पाए बिनु गुर अति पिआरे ॥३॥

ਮੁੰਧ ਇਆਣੀ ਭੋਲੀ ਨਿਗੁਣੀਆ ਜੀਉ ਪਿਰੁ ਅਗਮ ਅਪਾਰਾ ॥ (245-12)
मुंध इआणी भोली निगुणीआ जीउ पिरु अगम अपारा ॥

ਆਪੇ ਮੇਲਿ ਮਿਲੀਐ ਜੀਉ ਆਪੇ ਬਖਸਣਹਾਰਾ ॥ (245-13)
आपे मेलि मिलीऐ जीउ आपे बखसणहारा ॥

ਅਵਗਣ ਬਖਸਣਹਾਰਾ ਕਾਮਣਿ ਕੰਤੁ ਪਿਆਰਾ ਘਟਿ ਘਟਿ ਰਹਿਆ ਸਮਾਈ ॥ (245-13)
अवगण बखसणहारा कामणि कंतु पिआरा घटि घटि रहिआ समाई ॥

ਪ੍ਰੇਮ ਪ੍ਰੀਤਿ ਭਾਇ ਭਗਤੀ ਪਾਈਐ ਸਤਿਗੁਰਿ ਬੂਝ ਬੁਝਾਈ ॥ (245-14)
प्रेम प्रीति भाइ भगती पाईऐ सतिगुरि बूझ बुझाई ॥

ਸਦਾ ਅਨੰਦਿ ਰਹੈ ਦਿਨ ਰਾਤੀ ਅਨਦਿਨੁ ਰਹੈ ਲਿਵ ਲਾਈ ॥ (245-15)
सदा अनंदि रहै दिन राती अनदिनु रहै लिव लाई ॥

ਨਾਨਕ ਸਹਜੇ ਹਰਿ ਵਰੁ ਪਾਇਆ ਸਾ ਧਨ ਨਉ ਨਿਧਿ ਪਾਈ ॥੪॥੩॥ (245-15)
नानक सहजे हरि वरु पाइआ सा धन नउ निधि पाई ॥४॥३॥

ਗਉੜੀ ਮਹਲਾ ੩ ॥ (245-16)
गउड़ी महला ३ ॥

ਮਾਇਆ ਸਰੁ ਸਬਲੁ ਵਰਤੈ ਜੀਉ ਕਿਉ ਕਰਿ ਦੁਤਰੁ ਤਰਿਆ ਜਾਇ ॥ (245-16)
माइआ सरु सबलु वरतै जीउ किउ करि दुतरु तरिआ जाइ ॥

ਰਾਮ ਨਾਮੁ ਕਰਿ ਬੋਹਿਥਾ ਜੀਉ ਸਬਦੁ ਖੇਵਟੁ ਵਿਚਿ ਪਾਇ ॥ (245-17)
राम नामु करि बोहिथा जीउ सबदु खेवटु विचि पाइ ॥

ਸਬਦੁ ਖੇਵਟੁ ਵਿਚਿ ਪਾਏ ਹਰਿ ਆਪਿ ਲਘਾਏ ਇਨ ਬਿਧਿ ਦੁਤਰੁ ਤਰੀਐ ॥ (245-17)
सबदु खेवटु विचि पाए हरि आपि लघाए इन बिधि दुतरु तरीऐ ॥

ਗੁਰਮੁਖਿ ਭਗਤਿ ਪਰਾਪਤਿ ਹੋਵੈ ਜੀਵਤਿਆ ਇਉ ਮਰੀਐ ॥ (245-18)
गुरमुखि भगति परापति होवै जीवतिआ इउ मरीऐ ॥

ਖਿਨ ਮਹਿ ਰਾਮ ਨਾਮਿ ਕਿਲਵਿਖ ਕਾਟੇ ਭਏ ਪਵਿਤੁ ਸਰੀਰਾ ॥ (245-18)
खिन महि राम नामि किलविख काटे भए पवितु सरीरा ॥

ਨਾਨਕ ਰਾਮ ਨਾਮਿ ਨਿਸਤਾਰਾ ਕੰਚਨ ਭਏ ਮਨੂਰਾ ॥੧॥ (245-19)
नानक राम नामि निसतारा कंचन भए मनूरा ॥१॥

ਇਸਤਰੀ ਪੁਰਖ ਕਾਮਿ ਵਿਆਪੇ ਜੀਉ ਰਾਮ ਨਾਮ ਕੀ ਬਿਧਿ ਨਹੀ ਜਾਣੀ ॥ (246-1)
इसतरी पुरख कामि विआपे जीउ राम नाम की बिधि नही जाणी ॥

ਮਾਤ ਪਿਤਾ ਸੁਤ ਭਾਈ ਖਰੇ ਪਿਆਰੇ ਜੀਉ ਡੂਬਿ ਮੁਏ ਬਿਨੁ ਪਾਣੀ ॥ (246-1)
मात पिता सुत भाई खरे पिआरे जीउ डूबि मुए बिनु पाणी ॥

ਡੂਬਿ ਮੁਏ ਬਿਨੁ ਪਾਣੀ ਗਤਿ ਨਹੀ ਜਾਣੀ ਹਉਮੈ ਧਾਤੁ ਸੰਸਾਰੇ ॥ (246-2)
डूबि मुए बिनु पाणी गति नही जाणी हउमै धातु संसारे ॥

ਜੋ ਆਇਆ ਸੋ ਸਭੁ ਕੋ ਜਾਸੀ ਉਬਰੇ ਗੁਰ ਵੀਚਾਰੇ ॥ (246-2)
जो आइआ सो सभु को जासी उबरे गुर वीचारे ॥

ਗੁਰਮੁਖਿ ਹੋਵੈ ਰਾਮ ਨਾਮੁ ਵਖਾਣੈ ਆਪਿ ਤਰੈ ਕੁਲ ਤਾਰੇ ॥ (246-3)
गुरमुखि होवै राम नामु वखाणै आपि तरै कुल तारे ॥

ਨਾਨਕ ਨਾਮੁ ਵਸੈ ਘਟ ਅੰਤਰਿ ਗੁਰਮਤਿ ਮਿਲੇ ਪਿਆਰੇ ॥੨॥ (246-4)
नानक नामु वसै घट अंतरि गुरमति मिले पिआरे ॥२॥

ਰਾਮ ਨਾਮ ਬਿਨੁ ਕੋ ਥਿਰੁ ਨਾਹੀ ਜੀਉ ਬਾਜੀ ਹੈ ਸੰਸਾਰਾ ॥ (246-4)
राम नाम बिनु को थिरु नाही जीउ बाजी है संसारा ॥

ਦ੍ਰਿੜੁ ਭਗਤਿ ਸਚੀ ਜੀਉ ਰਾਮ ਨਾਮੁ ਵਾਪਾਰਾ ॥ (246-5)
द्रिड़ु भगति सची जीउ राम नामु वापारा ॥

ਰਾਮ ਨਾਮੁ ਵਾਪਾਰਾ ਅਗਮ ਅਪਾਰਾ ਗੁਰਮਤੀ ਧਨੁ ਪਾਈਐ ॥ (246-5)
राम नामु वापारा अगम अपारा गुरमती धनु पाईऐ ॥

ਸੇਵਾ ਸੁਰਤਿ ਭਗਤਿ ਇਹ ਸਾਚੀ ਵਿਚਹੁ ਆਪੁ ਗਵਾਈਐ ॥ (246-6)
सेवा सुरति भगति इह साची विचहु आपु गवाईऐ ॥

ਹਮ ਮਤਿ ਹੀਣ ਮੂਰਖ ਮੁਗਧ ਅੰਧੇ ਸਤਿਗੁਰਿ ਮਾਰਗਿ ਪਾਏ ॥ (246-6)
हम मति हीण मूरख मुगध अंधे सतिगुरि मारगि पाए ॥

ਨਾਨਕ ਗੁਰਮੁਖਿ ਸਬਦਿ ਸੁਹਾਵੇ ਅਨਦਿਨੁ ਹਰਿ ਗੁਣ ਗਾਏ ॥੩॥ (246-7)
नानक गुरमुखि सबदि सुहावे अनदिनु हरि गुण गाए ॥३॥

ਆਪਿ ਕਰਾਏ ਕਰੇ ਆਪਿ ਜੀਉ ਆਪੇ ਸਬਦਿ ਸਵਾਰੇ ॥ (246-7)
आपि कराए करे आपि जीउ आपे सबदि सवारे ॥

ਆਪੇ ਸਤਿਗੁਰੁ ਆਪਿ ਸਬਦੁ ਜੀਉ ਜੁਗੁ ਜੁਗੁ ਭਗਤ ਪਿਆਰੇ ॥ (246-8)
आपे सतिगुरु आपि सबदु जीउ जुगु जुगु भगत पिआरे ॥

ਜੁਗੁ ਜੁਗੁ ਭਗਤ ਪਿਆਰੇ ਹਰਿ ਆਪਿ ਸਵਾਰੇ ਆਪੇ ਭਗਤੀ ਲਾਏ ॥ (246-9)
जुगु जुगु भगत पिआरे हरि आपि सवारे आपे भगती लाए ॥

ਆਪੇ ਦਾਨਾ ਆਪੇ ਬੀਨਾ ਆਪੇ ਸੇਵ ਕਰਾਏ ॥ (246-9)
आपे दाना आपे बीना आपे सेव कराए ॥

ਆਪੇ ਗੁਣਦਾਤਾ ਅਵਗੁਣ ਕਾਟੇ ਹਿਰਦੈ ਨਾਮੁ ਵਸਾਏ ॥ (246-10)
आपे गुणदाता अवगुण काटे हिरदै नामु वसाए ॥

ਨਾਨਕ ਸਦ ਬਲਿਹਾਰੀ ਸਚੇ ਵਿਟਹੁ ਆਪੇ ਕਰੇ ਕਰਾਏ ॥੪॥੪॥ (246-10)
नानक सद बलिहारी सचे विटहु आपे करे कराए ॥४॥४॥

ਗਉੜੀ ਮਹਲਾ ੩ ॥ (246-11)
गउड़ी महला ३ ॥

ਗੁਰ ਕੀ ਸੇਵਾ ਕਰਿ ਪਿਰਾ ਜੀਉ ਹਰਿ ਨਾਮੁ ਧਿਆਏ ॥ (246-11)
गुर की सेवा करि पिरा जीउ हरि नामु धिआए ॥

ਮੰਞਹੁ ਦੂਰਿ ਨ ਜਾਹਿ ਪਿਰਾ ਜੀਉ ਘਰਿ ਬੈਠਿਆ ਹਰਿ ਪਾਏ ॥ (246-11)
मंञहु दूरि न जाहि पिरा जीउ घरि बैठिआ हरि पाए ॥

ਘਰਿ ਬੈਠਿਆ ਹਰਿ ਪਾਏ ਸਦਾ ਚਿਤੁ ਲਾਏ ਸਹਜੇ ਸਤਿ ਸੁਭਾਏ ॥ (246-12)
घरि बैठिआ हरि पाए सदा चितु लाए सहजे सति सुभाए ॥

ਗੁਰ ਕੀ ਸੇਵਾ ਖਰੀ ਸੁਖਾਲੀ ਜਿਸ ਨੋ ਆਪਿ ਕਰਾਏ ॥ (246-13)
गुर की सेवा खरी सुखाली जिस नो आपि कराए ॥

ਨਾਮੋ ਬੀਜੇ ਨਾਮੋ ਜੰਮੈ ਨਾਮੋ ਮੰਨਿ ਵਸਾਏ ॥ (246-13)
नामो बीजे नामो जंमै नामो मंनि वसाए ॥

ਨਾਨਕ ਸਚਿ ਨਾਮਿ ਵਡਿਆਈ ਪੂਰਬਿ ਲਿਖਿਆ ਪਾਏ ॥੧॥ (246-14)
नानक सचि नामि वडिआई पूरबि लिखिआ पाए ॥१॥

ਹਰਿ ਕਾ ਨਾਮੁ ਮੀਠਾ ਪਿਰਾ ਜੀਉ ਜਾ ਚਾਖਹਿ ਚਿਤੁ ਲਾਏ ॥ (246-14)
हरि का नामु मीठा पिरा जीउ जा चाखहि चितु लाए ॥

ਰਸਨਾ ਹਰਿ ਰਸੁ ਚਾਖੁ ਮੁਯੇ ਜੀਉ ਅਨ ਰਸ ਸਾਦ ਗਵਾਏ ॥ (246-15)
रसना हरि रसु चाखु मुये जीउ अन रस साद गवाए ॥

ਸਦਾ ਹਰਿ ਰਸੁ ਪਾਏ ਜਾ ਹਰਿ ਭਾਏ ਰਸਨਾ ਸਬਦਿ ਸੁਹਾਏ ॥ (246-15)
सदा हरि रसु पाए जा हरि भाए रसना सबदि सुहाए ॥

ਨਾਮੁ ਧਿਆਏ ਸਦਾ ਸੁਖੁ ਪਾਏ ਨਾਮਿ ਰਹੈ ਲਿਵ ਲਾਏ ॥ (246-16)
नामु धिआए सदा सुखु पाए नामि रहै लिव लाए ॥

ਨਾਮੇ ਉਪਜੈ ਨਾਮੇ ਬਿਨਸੈ ਨਾਮੇ ਸਚਿ ਸਮਾਏ ॥ (246-16)
नामे उपजै नामे बिनसै नामे सचि समाए ॥

ਨਾਨਕ ਨਾਮੁ ਗੁਰਮਤੀ ਪਾਈਐ ਆਪੇ ਲਏ ਲਵਾਏ ॥੨॥ (246-17)
नानक नामु गुरमती पाईऐ आपे लए लवाए ॥२॥

ਏਹ ਵਿਡਾਣੀ ਚਾਕਰੀ ਪਿਰਾ ਜੀਉ ਧਨ ਛੋਡਿ ਪਰਦੇਸਿ ਸਿਧਾਏ ॥ (246-17)
एह विडाणी चाकरी पिरा जीउ धन छोडि परदेसि सिधाए ॥

ਦੂਜੈ ਕਿਨੈ ਸੁਖੁ ਨ ਪਾਇਓ ਪਿਰਾ ਜੀਉ ਬਿਖਿਆ ਲੋਭਿ ਲੁਭਾਏ ॥ (246-18)
दूजै किनै सुखु न पाइओ पिरा जीउ बिखिआ लोभि लुभाए ॥

ਬਿਖਿਆ ਲੋਭਿ ਲੁਭਾਏ ਭਰਮਿ ਭੁਲਾਏ ਓਹੁ ਕਿਉ ਕਰਿ ਸੁਖੁ ਪਾਏ ॥ (246-18)
बिखिआ लोभि लुभाए भरमि भुलाए ओहु किउ करि सुखु पाए ॥

ਚਾਕਰੀ ਵਿਡਾਣੀ ਖਰੀ ਦੁਖਾਲੀ ਆਪੁ ਵੇਚਿ ਧਰਮੁ ਗਵਾਏ ॥ (246-19)
चाकरी विडाणी खरी दुखाली आपु वेचि धरमु गवाए ॥

ਮਾਇਆ ਬੰਧਨ ਟਿਕੈ ਨਾਹੀ ਖਿਨੁ ਖਿਨੁ ਦੁਖੁ ਸੰਤਾਏ ॥ (247-1)
माइआ बंधन टिकै नाही खिनु खिनु दुखु संताए ॥

ਨਾਨਕ ਮਾਇਆ ਕਾ ਦੁਖੁ ਤਦੇ ਚੂਕੈ ਜਾ ਗੁਰ ਸਬਦੀ ਚਿਤੁ ਲਾਏ ॥੩॥ (247-1)
नानक माइआ का दुखु तदे चूकै जा गुर सबदी चितु लाए ॥३॥

ਮਨਮੁਖ ਮੁਗਧ ਗਾਵਾਰੁ ਪਿਰਾ ਜੀਉ ਸਬਦੁ ਮਨਿ ਨ ਵਸਾਏ ॥ (247-2)
मनमुख मुगध गावारु पिरा जीउ सबदु मनि न वसाए ॥

ਮਾਇਆ ਕਾ ਭ੍ਰਮੁ ਅੰਧੁ ਪਿਰਾ ਜੀਉ ਹਰਿ ਮਾਰਗੁ ਕਿਉ ਪਾਏ ॥ (247-2)
माइआ का भ्रमु अंधु पिरा जीउ हरि मारगु किउ पाए ॥

ਕਿਉ ਮਾਰਗੁ ਪਾਏ ਬਿਨੁ ਸਤਿਗੁਰ ਭਾਏ ਮਨਮੁਖਿ ਆਪੁ ਗਣਾਏ ॥ (247-3)
किउ मारगु पाए बिनु सतिगुर भाए मनमुखि आपु गणाए ॥

ਹਰਿ ਕੇ ਚਾਕਰ ਸਦਾ ਸੁਹੇਲੇ ਗੁਰ ਚਰਣੀ ਚਿਤੁ ਲਾਏ ॥ (247-4)
हरि के चाकर सदा सुहेले गुर चरणी चितु लाए ॥

ਜਿਸ ਨੋ ਹਰਿ ਜੀਉ ਕਰੇ ਕਿਰਪਾ ਸਦਾ ਹਰਿ ਕੇ ਗੁਣ ਗਾਏ ॥ (247-4)
जिस नो हरि जीउ करे किरपा सदा हरि के गुण गाए ॥

ਨਾਨਕ ਨਾਮੁ ਰਤਨੁ ਜਗਿ ਲਾਹਾ ਗੁਰਮੁਖਿ ਆਪਿ ਬੁਝਾਏ ॥੪॥੫॥੭॥ (247-5)
नानक नामु रतनु जगि लाहा गुरमुखि आपि बुझाए ॥४॥५॥७॥

ਰਾਗੁ ਗਉੜੀ ਛੰਤ ਮਹਲਾ ੫ (247-6)
रागु गउड़ी छंत महला ५

ੴ ਸਤਿਗੁਰ ਪ੍ਰਸਾਦਿ ॥ (247-6)
ੴ सतिगुर प्रसादि ॥

ਮੇਰੈ ਮਨਿ ਬੈਰਾਗੁ ਭਇਆ ਜੀਉ ਕਿਉ ਦੇਖਾ ਪ੍ਰਭ ਦਾਤੇ ॥ (247-7)
मेरै मनि बैरागु भइआ जीउ किउ देखा प्रभ दाते ॥

ਮੇਰੇ ਮੀਤ ਸਖਾ ਹਰਿ ਜੀਉ ਗੁਰ ਪੁਰਖ ਬਿਧਾਤੇ ॥ (247-7)
मेरे मीत सखा हरि जीउ गुर पुरख बिधाते ॥

ਪੁਰਖੋ ਬਿਧਾਤਾ ਏਕੁ ਸ੍ਰੀਧਰੁ ਕਿਉ ਮਿਲਹ ਤੁਝੈ ਉਡੀਣੀਆ ॥ (247-8)
पुरखो बिधाता एकु स्रीधरु किउ मिलह तुझै उडीणीआ ॥

ਕਰ ਕਰਹਿ ਸੇਵਾ ਸੀਸੁ ਚਰਣੀ ਮਨਿ ਆਸ ਦਰਸ ਨਿਮਾਣੀਆ ॥ (247-8)
कर करहि सेवा सीसु चरणी मनि आस दरस निमाणीआ ॥

ਸਾਸਿ ਸਾਸਿ ਨ ਘੜੀ ਵਿਸਰੈ ਪਲੁ ਮੂਰਤੁ ਦਿਨੁ ਰਾਤੇ ॥ (247-9)
सासि सासि न घड़ी विसरै पलु मूरतु दिनु राते ॥

ਨਾਨਕ ਸਾਰਿੰਗ ਜਿਉ ਪਿਆਸੇ ਕਿਉ ਮਿਲੀਐ ਪ੍ਰਭ ਦਾਤੇ ॥੧॥ (247-9)
नानक सारिंग जिउ पिआसे किउ मिलीऐ प्रभ दाते ॥१॥

ਇਕ ਬਿਨਉ ਕਰਉ ਜੀਉ ਸੁਣਿ ਕੰਤ ਪਿਆਰੇ ॥ (247-10)
इक बिनउ करउ जीउ सुणि कंत पिआरे ॥

ਮੇਰਾ ਮਨੁ ਤਨੁ ਮੋਹਿ ਲੀਆ ਜੀਉ ਦੇਖਿ ਚਲਤ ਤੁਮਾਰੇ ॥ (247-10)
मेरा मनु तनु मोहि लीआ जीउ देखि चलत तुमारे ॥

ਚਲਤਾ ਤੁਮਾਰੇ ਦੇਖਿ ਮੋਹੀ ਉਦਾਸ ਧਨ ਕਿਉ ਧੀਰਏ ॥ (247-11)
चलता तुमारे देखि मोही उदास धन किउ धीरए ॥

ਗੁਣਵੰਤ ਨਾਹ ਦਇਆਲੁ ਬਾਲਾ ਸਰਬ ਗੁਣ ਭਰਪੂਰਏ ॥ (247-12)
गुणवंत नाह दइआलु बाला सरब गुण भरपूरए ॥

ਪਿਰ ਦੋਸੁ ਨਾਹੀ ਸੁਖਹ ਦਾਤੇ ਹਉ ਵਿਛੁੜੀ ਬੁਰਿਆਰੇ ॥ (247-12)
पिर दोसु नाही सुखह दाते हउ विछुड़ी बुरिआरे ॥

ਬਿਨਵੰਤਿ ਨਾਨਕ ਦਇਆ ਧਾਰਹੁ ਘਰਿ ਆਵਹੁ ਨਾਹ ਪਿਆਰੇ ॥੨॥ (247-13)
बिनवंति नानक दइआ धारहु घरि आवहु नाह पिआरे ॥२॥

ਹਉ ਮਨੁ ਅਰਪੀ ਸਭੁ ਤਨੁ ਅਰਪੀ ਅਰਪੀ ਸਭਿ ਦੇਸਾ ॥ (247-13)
हउ मनु अरपी सभु तनु अरपी अरपी सभि देसा ॥

ਹਉ ਸਿਰੁ ਅਰਪੀ ਤਿਸੁ ਮੀਤ ਪਿਆਰੇ ਜੋ ਪ੍ਰਭ ਦੇਇ ਸਦੇਸਾ ॥ (247-14)
हउ सिरु अरपी तिसु मीत पिआरे जो प्रभ देइ सदेसा ॥

ਅਰਪਿਆ ਤ ਸੀਸੁ ਸੁਥਾਨਿ ਗੁਰ ਪਹਿ ਸੰਗਿ ਪ੍ਰਭੂ ਦਿਖਾਇਆ ॥ (247-14)
अरपिआ त सीसु सुथानि गुर पहि संगि प्रभू दिखाइआ ॥

ਖਿਨ ਮਾਹਿ ਸਗਲਾ ਦੂਖੁ ਮਿਟਿਆ ਮਨਹੁ ਚਿੰਦਿਆ ਪਾਇਆ ॥ (247-15)
खिन माहि सगला दूखु मिटिआ मनहु चिंदिआ पाइआ ॥

ਦਿਨੁ ਰੈਣਿ ਰਲੀਆ ਕਰੈ ਕਾਮਣਿ ਮਿਟੇ ਸਗਲ ਅੰਦੇਸਾ ॥ (247-15)
दिनु रैणि रलीआ करै कामणि मिटे सगल अंदेसा ॥

ਬਿਨਵੰਤਿ ਨਾਨਕੁ ਕੰਤੁ ਮਿਲਿਆ ਲੋੜਤੇ ਹਮ ਜੈਸਾ ॥੩॥ (247-16)
बिनवंति नानकु कंतु मिलिआ लोड़ते हम जैसा ॥३॥

ਮੇਰੈ ਮਨਿ ਅਨਦੁ ਭਇਆ ਜੀਉ ਵਜੀ ਵਾਧਾਈ ॥ (247-16)
मेरै मनि अनदु भइआ जीउ वजी वाधाई ॥

ਘਰਿ ਲਾਲੁ ਆਇਆ ਪਿਆਰਾ ਸਭ ਤਿਖਾ ਬੁਝਾਈ ॥ (247-17)
घरि लालु आइआ पिआरा सभ तिखा बुझाई ॥

ਮਿਲਿਆ ਤ ਲਾਲੁ ਗੁਪਾਲੁ ਠਾਕੁਰੁ ਸਖੀ ਮੰਗਲੁ ਗਾਇਆ ॥ (247-17)
मिलिआ त लालु गुपालु ठाकुरु सखी मंगलु गाइआ ॥

ਸਭ ਮੀਤ ਬੰਧਪ ਹਰਖੁ ਉਪਜਿਆ ਦੂਤ ਥਾਉ ਗਵਾਇਆ ॥ (247-18)
सभ मीत बंधप हरखु उपजिआ दूत थाउ गवाइआ ॥

ਅਨਹਤ ਵਾਜੇ ਵਜਹਿ ਘਰ ਮਹਿ ਪਿਰ ਸੰਗਿ ਸੇਜ ਵਿਛਾਈ ॥ (247-19)
अनहत वाजे वजहि घर महि पिर संगि सेज विछाई ॥

ਬਿਨਵੰਤਿ ਨਾਨਕੁ ਸਹਜਿ ਰਹੈ ਹਰਿ ਮਿਲਿਆ ਕੰਤੁ ਸੁਖਦਾਈ ॥੪॥੧॥ (247-19)
बिनवंति नानकु सहजि रहै हरि मिलिआ कंतु सुखदाई ॥४॥१॥

ਗਉੜੀ□ ਮਹਲਾ ੫ ॥ (248-1)
गउड़ी□ महला ५ ॥

ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ ॥ (248-1)
मोहन तेरे ऊचे मंदर महल अपारा ॥

ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮ ਸਾਲਾ ॥ (248-1)
मोहन तेरे सोहनि दुआर जीउ संत धरम साला ॥

ਧਰਮ ਸਾਲ ਅਪਾਰ ਦੈਆਰ ਠਾਕੁਰ ਸਦਾ ਕੀਰਤਨੁ ਗਾਵਹੇ ॥ (248-2)
धरम साल अपार दैआर ठाकुर सदा कीरतनु गावहे ॥

ਜਹ ਸਾਧ ਸੰਤ ਇਕਤ੍ਰ ਹੋਵਹਿ ਤਹਾ ਤੁਝਹਿ ਧਿਆਵਹੇ ॥ (248-2)
जह साध संत इकत्र होवहि तहा तुझहि धिआवहे ॥

ਕਰਿ ਦਇਆ ਮਇਆ ਦਇਆਲ ਸੁਆਮੀ ਹੋਹੁ ਦੀਨ ਕ੍ਰਿਪਾਰਾ ॥ (248-3)
करि दइआ मइआ दइआल सुआमी होहु दीन क्रिपारा ॥

ਬਿਨਵੰਤਿ ਨਾਨਕ ਦਰਸ ਪਿਆਸੇ ਮਿਲਿ ਦਰਸਨ ਸੁਖੁ ਸਾਰਾ ॥੧॥ (248-4)
बिनवंति नानक दरस पिआसे मिलि दरसन सुखु सारा ॥१॥

ਮੋਹਨ ਤੇਰੇ ਬਚਨ ਅਨੂਪ ਚਾਲ ਨਿਰਾਲੀ ॥ (248-4)
मोहन तेरे बचन अनूप चाल निराली ॥

ਮੋਹਨ ਤੂੰ ਮਾਨਹਿ ਏਕੁ ਜੀ ਅਵਰ ਸਭ ਰਾਲੀ ॥ (248-5)
मोहन तूं मानहि एकु जी अवर सभ राली ॥

ਮਾਨਹਿ ਤ ਏਕੁ ਅਲੇਖੁ ਠਾਕੁਰੁ ਜਿਨਹਿ ਸਭ ਕਲ ਧਾਰੀਆ ॥ (248-5)
मानहि त एकु अलेखु ठाकुरु जिनहि सभ कल धारीआ ॥

ਤੁਧੁ ਬਚਨਿ ਗੁਰ ਕੈ ਵਸਿ ਕੀਆ ਆਦਿ ਪੁਰਖੁ ਬਨਵਾਰੀਆ ॥ (248-6)
तुधु बचनि गुर कै वसि कीआ आदि पुरखु बनवारीआ ॥

ਤੂੰ ਆਪਿ ਚਲਿਆ ਆਪਿ ਰਹਿਆ ਆਪਿ ਸਭ ਕਲ ਧਾਰੀਆ ॥ (248-6)
तूं आपि चलिआ आपि रहिआ आपि सभ कल धारीआ ॥

ਬਿਨਵੰਤਿ ਨਾਨਕ ਪੈਜ ਰਾਖਹੁ ਸਭ ਸੇਵਕ ਸਰਨਿ ਤੁਮਾਰੀਆ ॥੨॥ (248-7)
बिनवंति नानक पैज राखहु सभ सेवक सरनि तुमारीआ ॥२॥

ਮੋਹਨ ਤੁਧੁ ਸਤਸੰਗਤਿ ਧਿਆਵੈ ਦਰਸ ਧਿਆਨਾ ॥ (248-7)
मोहन तुधु सतसंगति धिआवै दरस धिआना ॥

ਮੋਹਨ ਜਮੁ ਨੇੜਿ ਨ ਆਵੈ ਤੁਧੁ ਜਪਹਿ ਨਿਦਾਨਾ ॥ (248-8)
मोहन जमु नेड़ि न आवै तुधु जपहि निदाना ॥

ਜਮਕਾਲੁ ਤਿਨ ਕਉ ਲਗੈ ਨਾਹੀ ਜੋ ਇਕ ਮਨਿ ਧਿਆਵਹੇ ॥ (248-8)
जमकालु तिन कउ लगै नाही जो इक मनि धिआवहे ॥

ਮਨਿ ਬਚਨਿ ਕਰਮਿ ਜਿ ਤੁਧੁ ਅਰਾਧਹਿ ਸੇ ਸਭੇ ਫਲ ਪਾਵਹੇ ॥ (248-9)
मनि बचनि करमि जि तुधु अराधहि से सभे फल पावहे ॥

ਮਲ ਮੂਤ ਮੂੜ ਜਿ ਮੁਗਧ ਹੋਤੇ ਸਿ ਦੇਖਿ ਦਰਸੁ ਸੁਗਿਆਨਾ ॥ (248-9)
मल मूत मूड़ जि मुगध होते सि देखि दरसु सुगिआना ॥

ਬਿਨਵੰਤਿ ਨਾਨਕ ਰਾਜੁ ਨਿਹਚਲੁ ਪੂਰਨ ਪੁਰਖ ਭਗਵਾਨਾ ॥੩॥ (248-10)
बिनवंति नानक राजु निहचलु पूरन पुरख भगवाना ॥३॥

ਮੋਹਨ ਤੂੰ ਸੁਫਲੁ ਫਲਿਆ ਸਣੁ ਪਰਵਾਰੇ ॥ (248-11)
मोहन तूं सुफलु फलिआ सणु परवारे ॥

ਮੋਹਨ ਪੁਤ੍ਰ ਮੀਤ ਭਾਈ ਕੁਟੰਬ ਸਭਿ ਤਾਰੇ ॥ (248-11)
मोहन पुत्र मीत भाई कुटम्ब सभि तारे ॥

ਤਾਰਿਆ ਜਹਾਨੁ ਲਹਿਆ ਅਭਿਮਾਨੁ ਜਿਨੀ ਦਰਸਨੁ ਪਾਇਆ ॥ (248-11)
तारिआ जहानु लहिआ अभिमानु जिनी दरसनु पाइआ ॥

ਜਿਨੀ ਤੁਧਨੋ ਧੰਨੁ ਕਹਿਆ ਤਿਨ ਜਮੁ ਨੇੜਿ ਨ ਆਇਆ ॥ (248-12)
जिनी तुधनो धंनु कहिआ तिन जमु नेड़ि न आइआ ॥

ਬੇਅੰਤ ਗੁਣ ਤੇਰੇ ਕਥੇ ਨ ਜਾਹੀ ਸਤਿਗੁਰ ਪੁਰਖ ਮੁਰਾਰੇ ॥ (248-12)
बेअंत गुण तेरे कथे न जाही सतिगुर पुरख मुरारे ॥

ਬਿਨਵੰਤਿ ਨਾਨਕ ਟੇਕ ਰਾਖੀ ਜਿਤੁ ਲਗਿ ਤਰਿਆ ਸੰਸਾਰੇ ॥੪॥੨॥ (248-13)
बिनवंति नानक टेक राखी जितु लगि तरिआ संसारे ॥४॥२॥

ਗਉੜੀ ਮਹਲਾ ੫ ॥ (248-14)
गउड़ी महला ५ ॥

ਸਲੋਕੁ ॥ (248-14)
सलोकु ॥

ਪਤਿਤ ਅਸੰਖ ਪੁਨੀਤ ਕਰਿ ਪੁਨਹ ਪੁਨਹ ਬਲਿਹਾਰ ॥ (248-14)
पतित असंख पुनीत करि पुनह पुनह बलिहार ॥

ਨਾਨਕ ਰਾਮ ਨਾਮੁ ਜਪਿ ਪਾਵਕੋ ਤਿਨ ਕਿਲਬਿਖ ਦਾਹਨਹਾਰ ॥੧॥ (248-14)
नानक राम नामु जपि पावको तिन किलबिख दाहनहार ॥१॥

ਛੰਤ ॥ (248-15)
छंत ॥

ਜਪਿ ਮਨਾ ਤੂੰ ਰਾਮ ਨਰਾਇਣੁ ਗੋਵਿੰਦਾ ਹਰਿ ਮਾਧੋ ॥ (248-15)
जपि मना तूं राम नराइणु गोविंदा हरि माधो ॥

ਧਿਆਇ ਮਨਾ ਮੁਰਾਰਿ ਮੁਕੰਦੇ ਕਟੀਐ ਕਾਲ ਦੁਖ ਫਾਧੋ ॥ (248-16)
धिआइ मना मुरारि मुकंदे कटीऐ काल दुख फाधो ॥

ਦੁਖਹਰਣ ਦੀਨ ਸਰਣ ਸ੍ਰੀਧਰ ਚਰਨ ਕਮਲ ਅਰਾਧੀਐ ॥ (248-16)
दुखहरण दीन सरण स्रीधर चरन कमल अराधीऐ ॥

ਜਮ ਪੰਥੁ ਬਿਖੜਾ ਅਗਨਿ ਸਾਗਰੁ ਨਿਮਖ ਸਿਮਰਤ ਸਾਧੀਐ ॥ (248-17)
जम पंथु बिखड़ा अगनि सागरु निमख सिमरत साधीऐ ॥

ਕਲਿਮਲਹ ਦਹਤਾ ਸੁਧੁ ਕਰਤਾ ਦਿਨਸੁ ਰੈਣਿ ਅਰਾਧੋ ॥ (248-17)
कलिमलह दहता सुधु करता दिनसु रैणि अराधो ॥

ਬਿਨਵੰਤਿ ਨਾਨਕ ਕਰਹੁ ਕਿਰਪਾ ਗੋਪਾਲ ਗੋਬਿੰਦ ਮਾਧੋ ॥੧॥ (248-18)
बिनवंति नानक करहु किरपा गोपाल गोबिंद माधो ॥१॥

ਸਿਮਰਿ ਮਨਾ ਦਾਮੋਦਰੁ ਦੁਖਹਰੁ ਭੈ ਭੰਜਨੁ ਹਰਿ ਰਾਇਆ ॥ (248-18)
सिमरि मना दामोदरु दुखहरु भै भंजनु हरि राइआ ॥

ਸ੍ਰੀਰੰਗੋ ਦਇਆਲ ਮਨੋਹਰੁ ਭਗਤਿ ਵਛਲੁ ਬਿਰਦਾਇਆ ॥ (248-19)
स्रीरंगो दइआल मनोहरु भगति वछलु बिरदाइआ ॥

ਭਗਤਿ ਵਛਲ ਪੁਰਖ ਪੂਰਨ ਮਨਹਿ ਚਿੰਦਿਆ ਪਾਈਐ ॥ (249-1)
भगति वछल पुरख पूरन मनहि चिंदिआ पाईऐ ॥

ਤਮ ਅੰਧ ਕੂਪ ਤੇ ਉਧਾਰੈ ਨਾਮੁ ਮੰਨਿ ਵਸਾਈਐ ॥ (249-1)
तम अंध कूप ते उधारै नामु मंनि वसाईऐ ॥

ਸੁਰ ਸਿਧ ਗਣ ਗੰਧਰਬ ਮੁਨਿ ਜਨ ਗੁਣ ਅਨਿਕ ਭਗਤੀ ਗਾਇਆ ॥ (249-2)
सुर सिध गण गंधरब मुनि जन गुण अनिक भगती गाइआ ॥

ਬਿਨਵੰਤਿ ਨਾਨਕ ਕਰਹੁ ਕਿਰਪਾ ਪਾਰਬ੍ਰਹਮ ਹਰਿ ਰਾਇਆ ॥੨॥ (249-2)
बिनवंति नानक करहु किरपा पारब्रहम हरि राइआ ॥२॥

ਚੇਤਿ ਮਨਾ ਪਾਰਬ੍ਰਹਮੁ ਪਰਮੇਸਰੁ ਸਰਬ ਕਲਾ ਜਿਨਿ ਧਾਰੀ ॥ (249-3)
चेति मना पारब्रहमु परमेसरु सरब कला जिनि धारी ॥

ਕਰੁਣਾ ਮੈ ਸਮਰਥੁ ਸੁਆਮੀ ਘਟ ਘਟ ਪ੍ਰਾਣ ਅਧਾਰੀ ॥ (249-3)
करुणा मै समरथु सुआमी घट घट प्राण अधारी ॥

ਪ੍ਰਾਣ ਮਨ ਤਨ ਜੀਅ ਦਾਤਾ ਬੇਅੰਤ ਅਗਮ ਅਪਾਰੋ ॥ (249-4)
प्राण मन तन जीअ दाता बेअंत अगम अपारो ॥

ਸਰਣਿ ਜੋਗੁ ਸਮਰਥੁ ਮੋਹਨੁ ਸਰਬ ਦੋਖ ਬਿਦਾਰੋ ॥ (249-4)
सरणि जोगु समरथु मोहनु सरब दोख बिदारो ॥

ਰੋਗ ਸੋਗ ਸਭਿ ਦੋਖ ਬਿਨਸਹਿ ਜਪਤ ਨਾਮੁ ਮੁਰਾਰੀ ॥ (249-5)
रोग सोग सभि दोख बिनसहि जपत नामु मुरारी ॥

ਬਿਨਵੰਤਿ ਨਾਨਕ ਕਰਹੁ ਕਿਰਪਾ ਸਮਰਥ ਸਭ ਕਲ ਧਾਰੀ ॥੩॥ (249-5)
बिनवंति नानक करहु किरपा समरथ सभ कल धारी ॥३॥

ਗੁਣ ਗਾਉ ਮਨਾ ਅਚੁਤ ਅਬਿਨਾਸੀ ਸਭ ਤੇ ਊਚ ਦਇਆਲਾ ॥ (249-6)
गुण गाउ मना अचुत अबिनासी सभ ते ऊच दइआला ॥

ਬਿਸੰਭਰੁ ਦੇਵਨ ਕਉ ਏਕੈ ਸਰਬ ਕਰੈ ਪ੍ਰਤਿਪਾਲਾ ॥ (249-7)
बिस्मभरु देवन कउ एकै सरब करै प्रतिपाला ॥

ਪ੍ਰਤਿਪਾਲ ਮਹਾ ਦਇਆਲ ਦਾਨਾ ਦਇਆ ਧਾਰੇ ਸਭ ਕਿਸੈ ॥ (249-7)
प्रतिपाल महा दइआल दाना दइआ धारे सभ किसै ॥

ਕਾਲੁ ਕੰਟਕੁ ਲੋਭੁ ਮੋਹੁ ਨਾਸੈ ਜੀਅ ਜਾ ਕੈ ਪ੍ਰਭੁ ਬਸੈ ॥ (249-8)
कालु कंटकु लोभु मोहु नासै जीअ जा कै प्रभु बसै ॥

ਸੁਪ੍ਰਸੰਨ ਦੇਵਾ ਸਫਲ ਸੇਵਾ ਭਈ ਪੂਰਨ ਘਾਲਾ ॥ (249-8)
सुप्रसंन देवा सफल सेवा भई पूरन घाला ॥

ਬਿਨਵੰਤ ਨਾਨਕ ਇਛ ਪੁਨੀ ਜਪਤ ਦੀਨ ਦੈਆਲਾ ॥੪॥੩॥ (249-9)
बिनवंत नानक इछ पुनी जपत दीन दैआला ॥४॥३॥

ਗਉੜੀ ਮਹਲਾ ੫ ॥ (249-9)
गउड़ी महला ५ ॥

ਸੁਣਿ ਸਖੀਏ ਮਿਲਿ ਉਦਮੁ ਕਰੇਹਾ ਮਨਾਇ ਲੈਹਿ ਹਰਿ ਕੰਤੈ ॥ (249-9)
सुणि सखीए मिलि उदमु करेहा मनाइ लैहि हरि कंतै ॥

ਮਾਨੁ ਤਿਆਗਿ ਕਰਿ ਭਗਤਿ ਠਗਉਰੀ ਮੋਹਹ ਸਾਧੂ ਮੰਤੈ ॥ (249-10)
मानु तिआगि करि भगति ठगउरी मोहह साधू मंतै ॥

ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ ਇਹ ਰੀਤਿ ਭਲੀ ਭਗਵੰਤੈ ॥ (249-10)
सखी वसि आइआ फिरि छोडि न जाई इह रीति भली भगवंतै ॥

ਨਾਨਕ ਜਰਾ ਮਰਣ ਭੈ ਨਰਕ ਨਿਵਾਰੈ ਪੁਨੀਤ ਕਰੈ ਤਿਸੁ ਜੰਤੈ ॥੧॥ (249-11)
नानक जरा मरण भै नरक निवारै पुनीत करै तिसु जंतै ॥१॥

ਸੁਣਿ ਸਖੀਏ ਇਹ ਭਲੀ ਬਿਨੰਤੀ ਏਹੁ ਮਤਾਂਤੁ ਪਕਾਈਐ ॥ (249-12)
सुणि सखीए इह भली बिनंती एहु मतांतु पकाईऐ ॥

ਸਹਜਿ ਸੁਭਾਇ ਉਪਾਧਿ ਰਹਤ ਹੋਇ ਗੀਤ ਗੋਵਿੰਦਹਿ ਗਾਈਐ ॥ (249-12)
सहजि सुभाइ उपाधि रहत होइ गीत गोविंदहि गाईऐ ॥

ਕਲਿ ਕਲੇਸ ਮਿਟਹਿ ਭ੍ਰਮ ਨਾਸਹਿ ਮਨਿ ਚਿੰਦਿਆ ਫਲੁ ਪਾਈਐ ॥ (249-13)
कलि कलेस मिटहि भ्रम नासहि मनि चिंदिआ फलु पाईऐ ॥

ਪਾਰਬ੍ਰਹਮ ਪੂਰਨ ਪਰਮੇਸਰ ਨਾਨਕ ਨਾਮੁ ਧਿਆਈਐ ॥੨॥ (249-13)
पारब्रहम पूरन परमेसर नानक नामु धिआईऐ ॥२॥

ਸਖੀ ਇਛ ਕਰੀ ਨਿਤ ਸੁਖ ਮਨਾਈ ਪ੍ਰਭ ਮੇਰੀ ਆਸ ਪੁਜਾਏ ॥ (249-14)
सखी इछ करी नित सुख मनाई प्रभ मेरी आस पुजाए ॥

ਚਰਨ ਪਿਆਸੀ ਦਰਸ ਬੈਰਾਗਨਿ ਪੇਖਉ ਥਾਨ ਸਬਾਏ ॥ (249-15)
चरन पिआसी दरस बैरागनि पेखउ थान सबाए ॥

ਖੋਜਿ ਲਹਉ ਹਰਿ ਸੰਤ ਜਨਾ ਸੰਗੁ ਸੰਮ੍ਰਿਥ ਪੁਰਖ ਮਿਲਾਏ ॥ (249-15)
खोजि लहउ हरि संत जना संगु सम्रिथ पुरख मिलाए ॥

ਨਾਨਕ ਤਿਨ ਮਿਲਿਆ ਸੁਰਿਜਨੁ ਸੁਖਦਾਤਾ ਸੇ ਵਡਭਾਗੀ ਮਾਏ ॥੩॥ (249-16)
नानक तिन मिलिआ सुरिजनु सुखदाता से वडभागी माए ॥३॥

ਸਖੀ ਨਾਲਿ ਵਸਾ ਅਪੁਨੇ ਨਾਹ ਪਿਆਰੇ ਮੇਰਾ ਮਨੁ ਤਨੁ ਹਰਿ ਸੰਗਿ ਹਿਲਿਆ ॥ (249-16)
सखी नालि वसा अपुने नाह पिआरे मेरा मनु तनु हरि संगि हिलिआ ॥

ਸੁਣਿ ਸਖੀਏ ਮੇਰੀ ਨੀਦ ਭਲੀ ਮੈ ਆਪਨੜਾ ਪਿਰੁ ਮਿਲਿਆ ॥ (249-17)
सुणि सखीए मेरी नीद भली मै आपनड़ा पिरु मिलिआ ॥

ਭ੍ਰਮੁ ਖੋਇਓ ਸਾਂਤਿ ਸਹਜਿ ਸੁਆਮੀ ਪਰਗਾਸੁ ਭਇਆ ਕਉਲੁ ਖਿਲਿਆ ॥ (249-18)
भ्रमु खोइओ सांति सहजि सुआमी परगासु भइआ कउलु खिलिआ ॥

ਵਰੁ ਪਾਇਆ ਪ੍ਰਭੁ ਅੰਤਰਜਾਮੀ ਨਾਨਕ ਸੋਹਾਗੁ ਨ ਟਲਿਆ ॥੪॥੪॥੨॥੫॥੧੧॥ (249-18)
वरु पाइआ प्रभु अंतरजामी नानक सोहागु न टलिआ ॥४॥४॥२॥५॥११॥

ੴ ਸਤਿਗੁਰ ਪ੍ਰਸਾਦਿ ॥ (250-1)
ੴ सतिगुर प्रसादि ॥

ਗਉੜੀ ਬਾਵਨ ਅਖਰੀ ਮਹਲਾ ੫ ॥ (250-1)
गउड़ी बावन अखरी महला ५ ॥

ਸਲੋਕੁ ॥ (250-1)
सलोकु ॥

ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ ॥ (250-1)
गुरदेव माता गुरदेव पिता गुरदेव सुआमी परमेसुरा ॥

ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ ॥ (250-2)
गुरदेव सखा अगिआन भंजनु गुरदेव बंधिप सहोदरा ॥

ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ ॥ (250-2)
गुरदेव दाता हरि नामु उपदेसै गुरदेव मंतु निरोधरा ॥

ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ ॥ (250-3)
गुरदेव सांति सति बुधि मूरति गुरदेव पारस परस परा ॥

ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ ॥ (250-3)
गुरदेव तीरथु अमृत सरोवरु गुर गिआन मजनु अपर्मपरा ॥

ਗੁਰਦੇਵ ਕਰਤਾ ਸਭਿ ਪਾਪ ਹਰਤਾ ਗੁਰਦੇਵ ਪਤਿਤ ਪਵਿਤ ਕਰਾ ॥ (250-4)
गुरदेव करता सभि पाप हरता गुरदेव पतित पवित करा ॥

ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ਗੁਰਦੇਵ ਮੰਤੁ ਹਰਿ ਜਪਿ ਉਧਰਾ ॥ (250-5)
गुरदेव आदि जुगादि जुगु जुगु गुरदेव मंतु हरि जपि उधरा ॥

ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ ॥ (250-5)
गुरदेव संगति प्रभ मेलि करि किरपा हम मूड़ पापी जितु लगि तरा ॥

ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ ॥੧॥ (250-6)
गुरदेव सतिगुरु पारब्रहमु परमेसरु गुरदेव नानक हरि नमसकरा ॥१॥

ਸਲੋਕੁ ॥ (250-7)
सलोकु ॥

ਆਪਹਿ ਕੀਆ ਕਰਾਇਆ ਆਪਹਿ ਕਰਨੈ ਜੋਗੁ ॥ (250-7)
आपहि कीआ कराइआ आपहि करनै जोगु ॥

ਨਾਨਕ ਏਕੋ ਰਵਿ ਰਹਿਆ ਦੂਸਰ ਹੋਆ ਨ ਹੋਗੁ ॥੧॥ (250-7)
नानक एको रवि रहिआ दूसर होआ न होगु ॥१॥

ਪਉੜੀ ॥ (250-8)
पउड़ी ॥

ਓਅੰ ਸਾਧ ਸਤਿਗੁਰ ਨਮਸਕਾਰੰ ॥ (250-8)
ओअं साध सतिगुर नमसकारं ॥

ਆਦਿ ਮਧਿ ਅੰਤਿ ਨਿਰੰਕਾਰੰ ॥ (250-8)
आदि मधि अंति निरंकारं ॥

ਆਪਹਿ ਸੁੰਨ ਆਪਹਿ ਸੁਖ ਆਸਨ ॥ (250-8)
आपहि सुंन आपहि सुख आसन ॥

ਆਪਹਿ ਸੁਨਤ ਆਪ ਹੀ ਜਾਸਨ ॥ (250-9)
आपहि सुनत आप ही जासन ॥

ਆਪਨ ਆਪੁ ਆਪਹਿ ਉਪਾਇਓ ॥ (250-9)
आपन आपु आपहि उपाइओ ॥

ਆਪਹਿ ਬਾਪ ਆਪ ਹੀ ਮਾਇਓ ॥ (250-9)
आपहि बाप आप ही माइओ ॥

ਆਪਹਿ ਸੂਖਮ ਆਪਹਿ ਅਸਥੂਲਾ ॥ (250-10)
आपहि सूखम आपहि असथूला ॥

ਲਖੀ ਨ ਜਾਈ ਨਾਨਕ ਲੀਲਾ ॥੧॥ (250-10)
लखी न जाई नानक लीला ॥१॥

ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥ (250-10)
करि किरपा प्रभ दीन दइआला ॥

ਤੇਰੇ ਸੰਤਨ ਕੀ ਮਨੁ ਹੋਇ ਰਵਾਲਾ ॥ ਰਹਾਉ ॥ (250-11)
तेरे संतन की मनु होइ रवाला ॥ रहाउ ॥

ਸਲੋਕੁ ॥ (250-11)
सलोकु ॥

ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ ॥ (250-11)
निरंकार आकार आपि निरगुन सरगुन एक ॥

ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ ॥੧॥ (250-12)
एकहि एक बखाननो नानक एक अनेक ॥१॥

ਪਉੜੀ ॥ (250-12)
पउड़ी ॥

ਓਅੰ ਗੁਰਮੁਖਿ ਕੀਓ ਅਕਾਰਾ ॥ (250-12)
ओअं गुरमुखि कीओ अकारा ॥

ਏਕਹਿ ਸੂਤਿ ਪਰੋਵਨਹਾਰਾ ॥ (250-12)
एकहि सूति परोवनहारा ॥

ਭਿੰਨ ਭਿੰਨ ਤ੍ਰੈ ਗੁਣ ਬਿਸਥਾਰੰ ॥ (250-13)
भिंन भिंन त्रै गुण बिसथारं ॥

ਨਿਰਗੁਨ ਤੇ ਸਰਗੁਨ ਦ੍ਰਿਸਟਾਰੰ ॥ (250-13)
निरगुन ते सरगुन द्रिसटारं ॥

ਸਗਲ ਭਾਤਿ ਕਰਿ ਕਰਹਿ ਉਪਾਇਓ ॥ (250-13)
सगल भाति करि करहि उपाइओ ॥

ਜਨਮ ਮਰਨ ਮਨ ਮੋਹੁ ਬਢਾਇਓ ॥ (250-14)
जनम मरन मन मोहु बढाइओ ॥

ਦੁਹੂ ਭਾਤਿ ਤੇ ਆਪਿ ਨਿਰਾਰਾ ॥ (250-14)
दुहू भाति ते आपि निरारा ॥

ਨਾਨਕ ਅੰਤੁ ਨ ਪਾਰਾਵਾਰਾ ॥੨॥ (250-14)
नानक अंतु न पारावारा ॥२॥

ਸਲੋਕੁ ॥ (250-15)
सलोकु ॥

ਸੇਈ ਸਾਹ ਭਗਵੰਤ ਸੇ ਸਚੁ ਸੰਪੈ ਹਰਿ ਰਾਸਿ ॥ (250-15)
सेई साह भगवंत से सचु स्मपै हरि रासि ॥

ਨਾਨਕ ਸਚੁ ਸੁਚਿ ਪਾਈਐ ਤਿਹ ਸੰਤਨ ਕੈ ਪਾਸਿ ॥੧॥ (250-15)
नानक सचु सुचि पाईऐ तिह संतन कै पासि ॥१॥

ਪਵੜੀ ॥ (250-16)
पवड़ी ॥

ਸਸਾ ਸਤਿ ਸਤਿ ਸਤਿ ਸੋਊ ॥ (250-16)
ससा सति सति सति सोऊ ॥

ਸਤਿ ਪੁਰਖ ਤੇ ਭਿੰਨ ਨ ਕੋਊ ॥ (250-16)
सति पुरख ते भिंन न कोऊ ॥

ਸੋਊ ਸਰਨਿ ਪਰੈ ਜਿਹ ਪਾਯੰ ॥ (250-16)
सोऊ सरनि परै जिह पायं ॥

ਸਿਮਰਿ ਸਿਮਰਿ ਗੁਨ ਗਾਇ ਸੁਨਾਯੰ ॥ (250-17)
सिमरि सिमरि गुन गाइ सुनायं ॥

ਸੰਸੈ ਭਰਮੁ ਨਹੀ ਕਛੁ ਬਿਆਪਤ ॥ (250-17)
संसै भरमु नही कछु बिआपत ॥

ਪ੍ਰਗਟ ਪ੍ਰਤਾਪੁ ਤਾਹੂ ਕੋ ਜਾਪਤ ॥ (250-17)
प्रगट प्रतापु ताहू को जापत ॥

ਸੋ ਸਾਧੂ ਇਹ ਪਹੁਚਨਹਾਰਾ ॥ (250-17)
सो साधू इह पहुचनहारा ॥

ਨਾਨਕ ਤਾ ਕੈ ਸਦ ਬਲਿਹਾਰਾ ॥੩॥ (250-18)
नानक ता कै सद बलिहारा ॥३॥

ਸਲੋਕੁ ॥ (250-18)
सलोकु ॥

ਧਨੁ ਧਨੁ ਕਹਾ ਪੁਕਾਰਤੇ ਮਾਇਆ ਮੋਹ ਸਭ ਕੂਰ ॥ (250-18)
धनु धनु कहा पुकारते माइआ मोह सभ कूर ॥

ਨਾਮ ਬਿਹੂਨੇ ਨਾਨਕਾ ਹੋਤ ਜਾਤ ਸਭੁ ਧੂਰ ॥੧॥ (251-1)
नाम बिहूने नानका होत जात सभु धूर ॥१॥

ਪਵੜੀ ॥ (251-1)
पवड़ी ॥

ਧਧਾ ਧੂਰਿ ਪੁਨੀਤ ਤੇਰੇ ਜਨੂਆ ॥ (251-1)
धधा धूरि पुनीत तेरे जनूआ ॥

ਧਨਿ ਤੇਊ ਜਿਹ ਰੁਚ ਇਆ ਮਨੂਆ ॥ (251-1)
धनि तेऊ जिह रुच इआ मनूआ ॥

ਧਨੁ ਨਹੀ ਬਾਛਹਿ ਸੁਰਗ ਨ ਆਛਹਿ ॥ (251-2)
धनु नही बाछहि सुरग न आछहि ॥

ਅਤਿ ਪ੍ਰਿਅ ਪ੍ਰੀਤਿ ਸਾਧ ਰਜ ਰਾਚਹਿ ॥ (251-2)
अति प्रिअ प्रीति साध रज राचहि ॥

ਧੰਧੇ ਕਹਾ ਬਿਆਪਹਿ ਤਾਹੂ ॥ (251-2)
धंधे कहा बिआपहि ताहू ॥

ਜੋ ਏਕ ਛਾਡਿ ਅਨ ਕਤਹਿ ਨ ਜਾਹੂ ॥ (251-2)
जो एक छाडि अन कतहि न जाहू ॥

ਜਾ ਕੈ ਹੀਐ ਦੀਓ ਪ੍ਰਭ ਨਾਮ ॥ (251-3)
जा कै हीऐ दीओ प्रभ नाम ॥

ਨਾਨਕ ਸਾਧ ਪੂਰਨ ਭਗਵਾਨ ॥੪॥ (251-3)
नानक साध पूरन भगवान ॥४॥

ਸਲੋਕ ॥ (251-4)
सलोक ॥

ਅਨਿਕ ਭੇਖ ਅਰੁ ਙਿਆਨ ਧਿਆਨ ਮਨਹਠਿ ਮਿਲਿਅਉ ਨ ਕੋਇ ॥ (251-4)
अनिक भेख अरु ङिआन धिआन मनहठि मिलिअउ न कोइ ॥

ਕਹੁ ਨਾਨਕ ਕਿਰਪਾ ਭਈ ਭਗਤੁ ਙਿਆਨੀ ਸੋਇ ॥੧॥ (251-4)
कहु नानक किरपा भई भगतु ङिआनी सोइ ॥१॥

ਪਉੜੀ ॥ (251-5)
पउड़ी ॥

ਙੰਙਾ ਙਿਆਨੁ ਨਹੀ ਮੁਖ ਬਾਤਉ ॥ (251-5)
ङंङा ङिआनु नही मुख बातउ ॥

ਅਨਿਕ ਜੁਗਤਿ ਸਾਸਤ੍ਰ ਕਰਿ ਭਾਤਉ ॥ (251-5)
अनिक जुगति सासत्र करि भातउ ॥

ਙਿਆਨੀ ਸੋਇ ਜਾ ਕੈ ਦ੍ਰਿੜ ਸੋਊ ॥ (251-6)
ङिआनी सोइ जा कै द्रिड़ सोऊ ॥

ਕਹਤ ਸੁਨਤ ਕਛੁ ਜੋਗੁ ਨ ਹੋਊ ॥ (251-6)
कहत सुनत कछु जोगु न होऊ ॥

ਙਿਆਨੀ ਰਹਤ ਆਗਿਆ ਦ੍ਰਿੜੁ ਜਾ ਕੈ ॥ (251-6)
ङिआनी रहत आगिआ द्रिड़ु जा कै ॥

ਉਸਨ ਸੀਤ ਸਮਸਰਿ ਸਭ ਤਾ ਕੈ ॥ (251-7)
उसन सीत समसरि सभ ता कै ॥

ਙਿਆਨੀ ਤਤੁ ਗੁਰਮੁਖਿ ਬੀਚਾਰੀ ॥ (251-7)
ङिआनी ततु गुरमुखि बीचारी ॥

ਨਾਨਕ ਜਾ ਕਉ ਕਿਰਪਾ ਧਾਰੀ ॥੫॥ (251-7)
नानक जा कउ किरपा धारी ॥५॥

ਸਲੋਕੁ ॥ (251-8)
सलोकु ॥

ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥ (251-8)
आवन आए स्रिसटि महि बिनु बूझे पसु ढोर ॥

ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥੧॥ (251-8)
नानक गुरमुखि सो बुझै जा कै भाग मथोर ॥१॥

ਪਉੜੀ ॥ (251-9)
पउड़ी ॥

ਯਾ ਜੁਗ ਮਹਿ ਏਕਹਿ ਕਉ ਆਇਆ ॥ (251-9)
या जुग महि एकहि कउ आइआ ॥

ਜਨਮਤ ਮੋਹਿਓ ਮੋਹਨੀ ਮਾਇਆ ॥ (251-9)
जनमत मोहिओ मोहनी माइआ ॥

ਗਰਭ ਕੁੰਟ ਮਹਿ ਉਰਧ ਤਪ ਕਰਤੇ ॥ (251-9)
गरभ कुंट महि उरध तप करते ॥

ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥ (251-10)
सासि सासि सिमरत प्रभु रहते ॥

ਉਰਝਿ ਪਰੇ ਜੋ ਛੋਡਿ ਛਡਾਨਾ ॥ (251-10)
उरझि परे जो छोडि छडाना ॥

ਦੇਵਨਹਾਰੁ ਮਨਹਿ ਬਿਸਰਾਨਾ ॥ (251-10)
देवनहारु मनहि बिसराना ॥

ਧਾਰਹੁ ਕਿਰਪਾ ਜਿਸਹਿ ਗੁਸਾਈ ॥ (251-11)
धारहु किरपा जिसहि गुसाई ॥

ਇਤ ਉਤ ਨਾਨਕ ਤਿਸੁ ਬਿਸਰਹੁ ਨਾਹੀ ॥੬॥ (251-11)
इत उत नानक तिसु बिसरहु नाही ॥६॥

ਸਲੋਕੁ ॥ (251-11)
सलोकु ॥

ਆਵਤ ਹੁਕਮਿ ਬਿਨਾਸ ਹੁਕਮਿ ਆਗਿਆ ਭਿੰਨ ਨ ਕੋਇ ॥ (251-11)
आवत हुकमि बिनास हुकमि आगिआ भिंन न कोइ ॥

ਆਵਨ ਜਾਨਾ ਤਿਹ ਮਿਟੈ ਨਾਨਕ ਜਿਹ ਮਨਿ ਸੋਇ ॥੧॥ (251-12)
आवन जाना तिह मिटै नानक जिह मनि सोइ ॥१॥

ਪਉੜੀ ॥ (251-13)
पउड़ी ॥

ਏਊ ਜੀਅ ਬਹੁਤੁ ਗ੍ਰਭ ਵਾਸੇ ॥ (251-13)
एऊ जीअ बहुतु ग्रभ वासे ॥

ਮੋਹ ਮਗਨ ਮੀਠ ਜੋਨਿ ਫਾਸੇ ॥ (251-13)
मोह मगन मीठ जोनि फासे ॥

ਇਨਿ ਮਾਇਆ ਤ੍ਰੈ ਗੁਣ ਬਸਿ ਕੀਨੇ ॥ (251-13)
इनि माइआ त्रै गुण बसि कीने ॥

ਆਪਨ ਮੋਹ ਘਟੇ ਘਟਿ ਦੀਨੇ ॥ (251-14)
आपन मोह घटे घटि दीने ॥

ਏ ਸਾਜਨ ਕਛੁ ਕਹਹੁ ਉਪਾਇਆ ॥ (251-14)
ए साजन कछु कहहु उपाइआ ॥

ਜਾ ਤੇ ਤਰਉ ਬਿਖਮ ਇਹ ਮਾਇਆ ॥ (251-14)
जा ते तरउ बिखम इह माइआ ॥

ਕਰਿ ਕਿਰਪਾ ਸਤਸੰਗਿ ਮਿਲਾਏ ॥ (251-14)
करि किरपा सतसंगि मिलाए ॥

ਨਾਨਕ ਤਾ ਕੈ ਨਿਕਟਿ ਨ ਮਾਏ ॥੭॥ (251-15)
नानक ता कै निकटि न माए ॥७॥

ਸਲੋਕੁ ॥ (251-15)
सलोकु ॥

ਕਿਰਤ ਕਮਾਵਨ ਸੁਭ ਅਸੁਭ ਕੀਨੇ ਤਿਨਿ ਪ੍ਰਭਿ ਆਪਿ ॥ (251-15)
किरत कमावन सुभ असुभ कीने तिनि प्रभि आपि ॥

ਪਸੁ ਆਪਨ ਹਉ ਹਉ ਕਰੈ ਨਾਨਕ ਬਿਨੁ ਹਰਿ ਕਹਾ ਕਮਾਤਿ ॥੧॥ (251-16)
पसु आपन हउ हउ करै नानक बिनु हरि कहा कमाति ॥१॥

ਪਉੜੀ ॥ (251-16)
पउड़ी ॥

ਏਕਹਿ ਆਪਿ ਕਰਾਵਨਹਾਰਾ ॥ (251-16)
एकहि आपि करावनहारा ॥

ਆਪਹਿ ਪਾਪ ਪੁੰਨ ਬਿਸਥਾਰਾ ॥ (251-17)
आपहि पाप पुंन बिसथारा ॥

ਇਆ ਜੁਗ ਜਿਤੁ ਜਿਤੁ ਆਪਹਿ ਲਾਇਓ ॥ (251-17)
इआ जुग जितु जितु आपहि लाइओ ॥

ਸੋ ਸੋ ਪਾਇਓ ਜੁ ਆਪਿ ਦਿਵਾਇਓ ॥ (251-17)
सो सो पाइओ जु आपि दिवाइओ ॥

ਉਆ ਕਾ ਅੰਤੁ ਨ ਜਾਨੈ ਕੋਊ ॥ (251-18)
उआ का अंतु न जानै कोऊ ॥

ਜੋ ਜੋ ਕਰੈ ਸੋਊ ਫੁਨਿ ਹੋਊ ॥ (251-18)
जो जो करै सोऊ फुनि होऊ ॥

ਏਕਹਿ ਤੇ ਸਗਲਾ ਬਿਸਥਾਰਾ ॥ (251-18)
एकहि ते सगला बिसथारा ॥

ਨਾਨਕ ਆਪਿ ਸਵਾਰਨਹਾਰਾ ॥੮॥ (251-19)
नानक आपि सवारनहारा ॥८॥

ਸਲੋਕੁ ॥ (251-19)
सलोकु ॥

ਰਾਚਿ ਰਹੇ ਬਨਿਤਾ ਬਿਨੋਦ ਕੁਸਮ ਰੰਗ ਬਿਖ ਸੋਰ ॥ (251-19)
राचि रहे बनिता बिनोद कुसम रंग बिख सोर ॥

ਨਾਨਕ ਤਿਹ ਸਰਨੀ ਪਰਉ ਬਿਨਸਿ ਜਾਇ ਮੈ ਮੋਰ ॥੧॥ (251-19)
नानक तिह सरनी परउ बिनसि जाइ मै मोर ॥१॥

ਪਉੜੀ ॥ (252-1)
पउड़ी ॥

ਰੇ ਮਨ ਬਿਨੁ ਹਰਿ ਜਹ ਰਚਹੁ ਤਹ ਤਹ ਬੰਧਨ ਪਾਹਿ ॥ (252-1)
रे मन बिनु हरि जह रचहु तह तह बंधन पाहि ॥

ਜਿਹ ਬਿਧਿ ਕਤਹੂ ਨ ਛੂਟੀਐ ਸਾਕਤ ਤੇਊ ਕਮਾਹਿ ॥ (252-1)
जिह बिधि कतहू न छूटीऐ साकत तेऊ कमाहि ॥

ਹਉ ਹਉ ਕਰਤੇ ਕਰਮ ਰਤ ਤਾ ਕੋ ਭਾਰੁ ਅਫਾਰ ॥ (252-2)
हउ हउ करते करम रत ता को भारु अफार ॥

ਪ੍ਰੀਤਿ ਨਹੀ ਜਉ ਨਾਮ ਸਿਉ ਤਉ ਏਊ ਕਰਮ ਬਿਕਾਰ ॥ (252-2)
प्रीति नही जउ नाम सिउ तउ एऊ करम बिकार ॥

ਬਾਧੇ ਜਮ ਕੀ ਜੇਵਰੀ ਮੀਠੀ ਮਾਇਆ ਰੰਗ ॥ (252-3)
बाधे जम की जेवरी मीठी माइआ रंग ॥

ਭ੍ਰਮ ਕੇ ਮੋਹੇ ਨਹ ਬੁਝਹਿ ਸੋ ਪ੍ਰਭੁ ਸਦਹੂ ਸੰਗ ॥ (252-3)
भ्रम के मोहे नह बुझहि सो प्रभु सदहू संग ॥

ਲੇਖੈ ਗਣਤ ਨ ਛੂਟੀਐ ਕਾਚੀ ਭੀਤਿ ਨ ਸੁਧਿ ॥ (252-4)
लेखै गणत न छूटीऐ काची भीति न सुधि ॥

ਜਿਸਹਿ ਬੁਝਾਏ ਨਾਨਕਾ ਤਿਹ ਗੁਰਮੁਖਿ ਨਿਰਮਲ ਬੁਧਿ ॥੯॥ (252-4)
जिसहि बुझाए नानका तिह गुरमुखि निरमल बुधि ॥९॥

ਸਲੋਕੁ ॥ (252-5)
सलोकु ॥

ਟੂਟੇ ਬੰਧਨ ਜਾਸੁ ਕੇ ਹੋਆ ਸਾਧੂ ਸੰਗੁ ॥ (252-5)
टूटे बंधन जासु के होआ साधू संगु ॥

ਜੋ ਰਾਤੇ ਰੰਗ ਏਕ ਕੈ ਨਾਨਕ ਗੂੜਾ ਰੰਗੁ ॥੧॥ (252-5)
जो राते रंग एक कै नानक गूड़ा रंगु ॥१॥

ਪਉੜੀ ॥ (252-5)
पउड़ी ॥

ਰਾਰਾ ਰੰਗਹੁ ਇਆ ਮਨੁ ਅਪਨਾ ॥ (252-6)
रारा रंगहु इआ मनु अपना ॥

ਹਰਿ ਹਰਿ ਨਾਮੁ ਜਪਹੁ ਜਪੁ ਰਸਨਾ ॥ (252-6)
हरि हरि नामु जपहु जपु रसना ॥

ਰੇ ਰੇ ਦਰਗਹ ਕਹੈ ਨ ਕੋਊ ॥ (252-6)
रे रे दरगह कहै न कोऊ ॥

ਆਉ ਬੈਠੁ ਆਦਰੁ ਸੁਭ ਦੇਊ ॥ (252-6)
आउ बैठु आदरु सुभ देऊ ॥

ਉਆ ਮਹਲੀ ਪਾਵਹਿ ਤੂ ਬਾਸਾ ॥ (252-7)
उआ महली पावहि तू बासा ॥

ਜਨਮ ਮਰਨ ਨਹ ਹੋਇ ਬਿਨਾਸਾ ॥ (252-7)
जनम मरन नह होइ बिनासा ॥

ਮਸਤਕਿ ਕਰਮੁ ਲਿਖਿਓ ਧੁਰਿ ਜਾ ਕੈ ॥ (252-7)
मसतकि करमु लिखिओ धुरि जा कै ॥

ਹਰਿ ਸੰਪੈ ਨਾਨਕ ਘਰਿ ਤਾ ਕੈ ॥੧੦॥ (252-8)
हरि स्मपै नानक घरि ता कै ॥१०॥

ਸਲੋਕੁ ॥ (252-8)
सलोकु ॥

ਲਾਲਚ ਝੂਠ ਬਿਕਾਰ ਮੋਹ ਬਿਆਪਤ ਮੂੜੇ ਅੰਧ ॥ (252-8)
लालच झूठ बिकार मोह बिआपत मूड़े अंध ॥

ਲਾਗਿ ਪਰੇ ਦੁਰਗੰਧ ਸਿਉ ਨਾਨਕ ਮਾਇਆ ਬੰਧ ॥੧॥ (252-9)
लागि परे दुरगंध सिउ नानक माइआ बंध ॥१॥

ਪਉੜੀ ॥ (252-9)
पउड़ी ॥

ਲਲਾ ਲਪਟਿ ਬਿਖੈ ਰਸ ਰਾਤੇ ॥ (252-9)
लला लपटि बिखै रस राते ॥

ਅਹੰਬੁਧਿ ਮਾਇਆ ਮਦ ਮਾਤੇ ॥ (252-9)
अह्मबुधि माइआ मद माते ॥

ਇਆ ਮਾਇਆ ਮਹਿ ਜਨਮਹਿ ਮਰਨਾ ॥ (252-10)
इआ माइआ महि जनमहि मरना ॥

ਜਿਉ ਜਿਉ ਹੁਕਮੁ ਤਿਵੈ ਤਿਉ ਕਰਨਾ ॥ (252-10)
जिउ जिउ हुकमु तिवै तिउ करना ॥

ਕੋਊ ਊਨ ਨ ਕੋਊ ਪੂਰਾ ॥ (252-10)
कोऊ ऊन न कोऊ पूरा ॥

ਕੋਊ ਸੁਘਰੁ ਨ ਕੋਊ ਮੂਰਾ ॥ (252-11)
कोऊ सुघरु न कोऊ मूरा ॥

ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਨਾ ॥ (252-11)
जितु जितु लावहु तितु तितु लगना ॥

ਨਾਨਕ ਠਾਕੁਰ ਸਦਾ ਅਲਿਪਨਾ ॥੧੧॥ (252-11)
नानक ठाकुर सदा अलिपना ॥११॥

ਸਲੋਕੁ ॥ (252-12)
सलोकु ॥

ਲਾਲ ਗੁਪਾਲ ਗੋਬਿੰਦ ਪ੍ਰਭ ਗਹਿਰ ਗੰਭੀਰ ਅਥਾਹ ॥ (252-12)
लाल गुपाल गोबिंद प्रभ गहिर ग्मभीर अथाह ॥

ਦੂਸਰ ਨਾਹੀ ਅਵਰ ਕੋ ਨਾਨਕ ਬੇਪਰਵਾਹ ॥੧॥ (252-12)
दूसर नाही अवर को नानक बेपरवाह ॥१॥

ਪਉੜੀ ॥ (252-13)
पउड़ी ॥

ਲਲਾ ਤਾ ਕੈ ਲਵੈ ਨ ਕੋਊ ॥ (252-13)
लला ता कै लवै न कोऊ ॥

ਏਕਹਿ ਆਪਿ ਅਵਰ ਨਹ ਹੋਊ ॥ (252-13)
एकहि आपि अवर नह होऊ ॥

ਹੋਵਨਹਾਰੁ ਹੋਤ ਸਦ ਆਇਆ ॥ (252-13)
होवनहारु होत सद आइआ ॥

ਉਆ ਕਾ ਅੰਤੁ ਨ ਕਾਹੂ ਪਾਇਆ ॥ (252-14)
उआ का अंतु न काहू पाइआ ॥

ਕੀਟ ਹਸਤਿ ਮਹਿ ਪੂਰ ਸਮਾਨੇ ॥ (252-14)
कीट हसति महि पूर समाने ॥

ਪ੍ਰਗਟ ਪੁਰਖ ਸਭ ਠਾਊ ਜਾਨੇ ॥ (252-14)
प्रगट पुरख सभ ठाऊ जाने ॥

ਜਾ ਕਉ ਦੀਨੋ ਹਰਿ ਰਸੁ ਅਪਨਾ ॥ (252-14)
जा कउ दीनो हरि रसु अपना ॥

ਨਾਨਕ ਗੁਰਮੁਖਿ ਹਰਿ ਹਰਿ ਤਿਹ ਜਪਨਾ ॥੧੨॥ (252-15)
नानक गुरमुखि हरि हरि तिह जपना ॥१२॥

ਸਲੋਕੁ ॥ (252-15)
सलोकु ॥

ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਣੁ ॥ (252-15)
आतम रसु जिह जानिआ हरि रंग सहजे माणु ॥

ਨਾਨਕ ਧਨਿ ਧਨਿ ਧੰਨਿ ਜਨ ਆਏ ਤੇ ਪਰਵਾਣੁ ॥੧॥ (252-16)
नानक धनि धनि धंनि जन आए ते परवाणु ॥१॥

ਪਉੜੀ ॥ (252-16)
पउड़ी ॥

ਆਇਆ ਸਫਲ ਤਾਹੂ ਕੋ ਗਨੀਐ ॥ (252-16)
आइआ सफल ताहू को गनीऐ ॥

ਜਾਸੁ ਰਸਨ ਹਰਿ ਹਰਿ ਜਸੁ ਭਨੀਐ ॥ (252-17)
जासु रसन हरि हरि जसु भनीऐ ॥

ਆਇ ਬਸਹਿ ਸਾਧੂ ਕੈ ਸੰਗੇ ॥ (252-17)
आइ बसहि साधू कै संगे ॥

ਅਨਦਿਨੁ ਨਾਮੁ ਧਿਆਵਹਿ ਰੰਗੇ ॥ (252-17)
अनदिनु नामु धिआवहि रंगे ॥

ਆਵਤ ਸੋ ਜਨੁ ਨਾਮਹਿ ਰਾਤਾ ॥ (252-18)
आवत सो जनु नामहि राता ॥

ਜਾ ਕਉ ਦਇਆ ਮਇਆ ਬਿਧਾਤਾ ॥ (252-18)
जा कउ दइआ मइआ बिधाता ॥

ਏਕਹਿ ਆਵਨ ਫਿਰਿ ਜੋਨਿ ਨ ਆਇਆ ॥ (252-18)
एकहि आवन फिरि जोनि न आइआ ॥

ਨਾਨਕ ਹਰਿ ਕੈ ਦਰਸਿ ਸਮਾਇਆ ॥੧੩॥ (252-19)
नानक हरि कै दरसि समाइआ ॥१३॥

ਸਲੋਕੁ ॥ (252-19)
सलोकु ॥

ਯਾਸੁ ਜਪਤ ਮਨਿ ਹੋਇ ਅਨੰਦੁ ਬਿਨਸੈ ਦੂਜਾ ਭਾਉ ॥ (252-19)
यासु जपत मनि होइ अनंदु बिनसै दूजा भाउ ॥

ਦੂਖ ਦਰਦ ਤ੍ਰਿਸਨਾ ਬੁਝੈ ਨਾਨਕ ਨਾਮਿ ਸਮਾਉ ॥੧॥ (252-19)
दूख दरद त्रिसना बुझै नानक नामि समाउ ॥१॥

ਪਉੜੀ ॥ (253-1)
पउड़ी ॥

ਯਯਾ ਜਾਰਉ ਦੁਰਮਤਿ ਦੋਊ ॥ (253-1)
यया जारउ दुरमति दोऊ ॥

ਤਿਸਹਿ ਤਿਆਗਿ ਸੁਖ ਸਹਜੇ ਸੋਊ ॥ (253-1)
तिसहि तिआगि सुख सहजे सोऊ ॥

ਯਯਾ ਜਾਇ ਪਰਹੁ ਸੰਤ ਸਰਨਾ ॥ (253-2)
यया जाइ परहु संत सरना ॥

ਜਿਹ ਆਸਰ ਇਆ ਭਵਜਲੁ ਤਰਨਾ ॥ (253-2)
जिह आसर इआ भवजलु तरना ॥

ਯਯਾ ਜਨਮਿ ਨ ਆਵੈ ਸੋਊ ॥ (253-2)
यया जनमि न आवै सोऊ ॥

ਏਕ ਨਾਮ ਲੇ ਮਨਹਿ ਪਰੋਊ ॥ (253-3)
एक नाम ले मनहि परोऊ ॥

ਯਯਾ ਜਨਮੁ ਨ ਹਾਰੀਐ ਗੁਰ ਪੂਰੇ ਕੀ ਟੇਕ ॥ (253-3)
यया जनमु न हारीऐ गुर पूरे की टेक ॥

ਨਾਨਕ ਤਿਹ ਸੁਖੁ ਪਾਇਆ ਜਾ ਕੈ ਹੀਅਰੈ ਏਕ ॥੧੪॥ (253-3)
नानक तिह सुखु पाइआ जा कै हीअरै एक ॥१४॥

ਸਲੋਕੁ ॥ (253-4)
सलोकु ॥

ਅੰਤਰਿ ਮਨ ਤਨ ਬਸਿ ਰਹੇ ਈਤ ਊਤ ਕੇ ਮੀਤ ॥ (253-4)
अंतरि मन तन बसि रहे ईत ऊत के मीत ॥

ਗੁਰਿ ਪੂਰੈ ਉਪਦੇਸਿਆ ਨਾਨਕ ਜਪੀਐ ਨੀਤ ॥੧॥ (253-4)
गुरि पूरै उपदेसिआ नानक जपीऐ नीत ॥१॥

ਪਉੜੀ ॥ (253-5)
पउड़ी ॥

ਅਨਦਿਨੁ ਸਿਮਰਹੁ ਤਾਸੁ ਕਉ ਜੋ ਅੰਤਿ ਸਹਾਈ ਹੋਇ ॥ (253-5)
अनदिनु सिमरहु तासु कउ जो अंति सहाई होइ ॥

ਇਹ ਬਿਖਿਆ ਦਿਨ ਚਾਰਿ ਛਿਅ ਛਾਡਿ ਚਲਿਓ ਸਭੁ ਕੋਇ ॥ (253-5)
इह बिखिआ दिन चारि छिअ छाडि चलिओ सभु कोइ ॥

ਕਾ ਕੋ ਮਾਤ ਪਿਤਾ ਸੁਤ ਧੀਆ ॥ (253-6)
का को मात पिता सुत धीआ ॥

ਗ੍ਰਿਹ ਬਨਿਤਾ ਕਛੁ ਸੰਗਿ ਨ ਲੀਆ ॥ (253-6)
ग्रिह बनिता कछु संगि न लीआ ॥

ਐਸੀ ਸੰਚਿ ਜੁ ਬਿਨਸਤ ਨਾਹੀ ॥ (253-6)
ऐसी संचि जु बिनसत नाही ॥

ਪਤਿ ਸੇਤੀ ਅਪੁਨੈ ਘਰਿ ਜਾਹੀ ॥ (253-7)
पति सेती अपुनै घरि जाही ॥

ਸਾਧਸੰਗਿ ਕਲਿ ਕੀਰਤਨੁ ਗਾਇਆ ॥ (253-7)
साधसंगि कलि कीरतनु गाइआ ॥

ਨਾਨਕ ਤੇ ਤੇ ਬਹੁਰਿ ਨ ਆਇਆ ॥੧੫॥ (253-7)
नानक ते ते बहुरि न आइआ ॥१५॥

ਸਲੋਕੁ ॥ (253-8)
सलोकु ॥

ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥ (253-8)
अति सुंदर कुलीन चतुर मुखि ङिआनी धनवंत ॥

ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥੧॥ (253-8)
मिरतक कहीअहि नानका जिह प्रीति नही भगवंत ॥१॥

ਪਉੜੀ ॥ (253-9)
पउड़ी ॥

ਙੰਙਾ ਖਟੁ ਸਾਸਤ੍ਰ ਹੋਇ ਙਿਆਤਾ ॥ (253-9)
ङंङा खटु सासत्र होइ ङिआता ॥

ਪੂਰਕੁ ਕੁੰਭਕ ਰੇਚਕ ਕਰਮਾਤਾ ॥ (253-9)
पूरकु कुमभक रेचक करमाता ॥

ਙਿਆਨ ਧਿਆਨ ਤੀਰਥ ਇਸਨਾਨੀ ॥ (253-10)
ङिआन धिआन तीरथ इसनानी ॥

ਸੋਮਪਾਕ ਅਪਰਸ ਉਦਿਆਨੀ ॥ (253-10)
सोमपाक अपरस उदिआनी ॥

ਰਾਮ ਨਾਮ ਸੰਗਿ ਮਨਿ ਨਹੀ ਹੇਤਾ ॥ (253-10)
राम नाम संगि मनि नही हेता ॥

ਜੋ ਕਛੁ ਕੀਨੋ ਸੋਊ ਅਨੇਤਾ ॥ (253-11)
जो कछु कीनो सोऊ अनेता ॥

ਉਆ ਤੇ ਊਤਮੁ ਗਨਉ ਚੰਡਾਲਾ ॥ (253-11)
उआ ते ऊतमु गनउ चंडाला ॥

ਨਾਨਕ ਜਿਹ ਮਨਿ ਬਸਹਿ ਗੁਪਾਲਾ ॥੧੬॥ (253-11)
नानक जिह मनि बसहि गुपाला ॥१६॥

ਸਲੋਕੁ ॥ (253-12)
सलोकु ॥

ਕੁੰਟ ਚਾਰਿ ਦਹ ਦਿਸਿ ਭ੍ਰਮੇ ਕਰਮ ਕਿਰਤਿ ਕੀ ਰੇਖ ॥ (253-12)
कुंट चारि दह दिसि भ्रमे करम किरति की रेख ॥

ਸੂਖ ਦੂਖ ਮੁਕਤਿ ਜੋਨਿ ਨਾਨਕ ਲਿਖਿਓ ਲੇਖ ॥੧॥ (253-12)
सूख दूख मुकति जोनि नानक लिखिओ लेख ॥१॥

ਪਵੜੀ ॥ (253-13)
पवड़ी ॥

ਕਕਾ ਕਾਰਨ ਕਰਤਾ ਸੋਊ ॥ (253-13)
कका कारन करता सोऊ ॥

ਲਿਖਿਓ ਲੇਖੁ ਨ ਮੇਟਤ ਕੋਊ ॥ (253-13)
लिखिओ लेखु न मेटत कोऊ ॥

ਨਹੀ ਹੋਤ ਕਛੁ ਦੋਊ ਬਾਰਾ ॥ (253-13)
नही होत कछु दोऊ बारा ॥

ਕਰਨੈਹਾਰੁ ਨ ਭੂਲਨਹਾਰਾ ॥ (253-13)
करनैहारु न भूलनहारा ॥

ਕਾਹੂ ਪੰਥੁ ਦਿਖਾਰੈ ਆਪੈ ॥ (253-14)
काहू पंथु दिखारै आपै ॥

ਕਾਹੂ ਉਦਿਆਨ ਭ੍ਰਮਤ ਪਛੁਤਾਪੈ ॥ (253-14)
काहू उदिआन भ्रमत पछुतापै ॥

ਆਪਨ ਖੇਲੁ ਆਪ ਹੀ ਕੀਨੋ ॥ (253-14)
आपन खेलु आप ही कीनो ॥

ਜੋ ਜੋ ਦੀਨੋ ਸੁ ਨਾਨਕ ਲੀਨੋ ॥੧੭॥ (253-15)
जो जो दीनो सु नानक लीनो ॥१७॥

ਸਲੋਕੁ ॥ (253-15)
सलोकु ॥

ਖਾਤ ਖਰਚਤ ਬਿਲਛਤ ਰਹੇ ਟੂਟਿ ਨ ਜਾਹਿ ਭੰਡਾਰ ॥ (253-15)
खात खरचत बिलछत रहे टूटि न जाहि भंडार ॥

ਹਰਿ ਹਰਿ ਜਪਤ ਅਨੇਕ ਜਨ ਨਾਨਕ ਨਾਹਿ ਸੁਮਾਰ ॥੧॥ (253-15)
हरि हरि जपत अनेक जन नानक नाहि सुमार ॥१॥

ਪਉੜੀ ॥ (253-16)
पउड़ी ॥

ਖਖਾ ਖੂਨਾ ਕਛੁ ਨਹੀ ਤਿਸੁ ਸੰਮ੍ਰਥ ਕੈ ਪਾਹਿ ॥ (253-16)
खखा खूना कछु नही तिसु संम्रथ कै पाहि ॥

ਜੋ ਦੇਨਾ ਸੋ ਦੇ ਰਹਿਓ ਭਾਵੈ ਤਹ ਤਹ ਜਾਹਿ ॥ (253-16)
जो देना सो दे रहिओ भावै तह तह जाहि ॥

ਖਰਚੁ ਖਜਾਨਾ ਨਾਮ ਧਨੁ ਇਆ ਭਗਤਨ ਕੀ ਰਾਸਿ ॥ (253-17)
खरचु खजाना नाम धनु इआ भगतन की रासि ॥

ਖਿਮਾ ਗਰੀਬੀ ਅਨਦ ਸਹਜ ਜਪਤ ਰਹਹਿ ਗੁਣਤਾਸ ॥ (253-17)
खिमा गरीबी अनद सहज जपत रहहि गुणतास ॥

ਖੇਲਹਿ ਬਿਗਸਹਿ ਅਨਦ ਸਿਉ ਜਾ ਕਉ ਹੋਤ ਕ੍ਰਿਪਾਲ ॥ (253-18)
खेलहि बिगसहि अनद सिउ जा कउ होत क्रिपाल ॥

ਸਦੀਵ ਗਨੀਵ ਸੁਹਾਵਨੇ ਰਾਮ ਨਾਮ ਗ੍ਰਿਹਿ ਮਾਲ ॥ (253-18)
सदीव गनीव सुहावने राम नाम ग्रिहि माल ॥

ਖੇਦੁ ਨ ਦੂਖੁ ਨ ਡਾਨੁ ਤਿਹ ਜਾ ਕਉ ਨਦਰਿ ਕਰੀ ॥ (253-19)
खेदु न दूखु न डानु तिह जा कउ नदरि करी ॥

ਨਾਨਕ ਜੋ ਪ੍ਰਭ ਭਾਣਿਆ ਪੂਰੀ ਤਿਨਾ ਪਰੀ ॥੧੮॥ (253-19)
नानक जो प्रभ भाणिआ पूरी तिना परी ॥१८॥

ਸਲੋਕੁ ॥ (254-1)
सलोकु ॥

ਗਨਿ ਮਿਨਿ ਦੇਖਹੁ ਮਨੈ ਮਾਹਿ ਸਰਪਰ ਚਲਨੋ ਲੋਗ ॥ (254-1)
गनि मिनि देखहु मनै माहि सरपर चलनो लोग ॥

ਆਸ ਅਨਿਤ ਗੁਰਮੁਖਿ ਮਿਟੈ ਨਾਨਕ ਨਾਮ ਅਰੋਗ ॥੧॥ (254-1)
आस अनित गुरमुखि मिटै नानक नाम अरोग ॥१॥

ਪਉੜੀ ॥ (254-2)
पउड़ी ॥

ਗਗਾ ਗੋਬਿਦ ਗੁਣ ਰਵਹੁ ਸਾਸਿ ਸਾਸਿ ਜਪਿ ਨੀਤ ॥ (254-2)
गगा गोबिद गुण रवहु सासि सासि जपि नीत ॥

ਕਹਾ ਬਿਸਾਸਾ ਦੇਹ ਕਾ ਬਿਲਮ ਨ ਕਰਿਹੋ ਮੀਤ ॥ (254-2)
कहा बिसासा देह का बिलम न करिहो मीत ॥

ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥ (254-3)
नह बारिक नह जोबनै नह बिरधी कछु बंधु ॥

ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥ (254-3)
ओह बेरा नह बूझीऐ जउ आइ परै जम फंधु ॥

ਗਿਆਨੀ ਧਿਆਨੀ ਚਤੁਰ ਪੇਖਿ ਰਹਨੁ ਨਹੀ ਇਹ ਠਾਇ ॥ (254-4)
गिआनी धिआनी चतुर पेखि रहनु नही इह ठाइ ॥

ਛਾਡਿ ਛਾਡਿ ਸਗਲੀ ਗਈ ਮੂੜ ਤਹਾ ਲਪਟਾਹਿ ॥ (254-4)
छाडि छाडि सगली गई मूड़ तहा लपटाहि ॥

ਗੁਰ ਪ੍ਰਸਾਦਿ ਸਿਮਰਤ ਰਹੈ ਜਾਹੂ ਮਸਤਕਿ ਭਾਗ ॥ (254-5)
गुर प्रसादि सिमरत रहै जाहू मसतकि भाग ॥

ਨਾਨਕ ਆਏ ਸਫਲ ਤੇ ਜਾ ਕਉ ਪ੍ਰਿਅਹਿ ਸੁਹਾਗ ॥੧੯॥ (254-5)
नानक आए सफल ते जा कउ प्रिअहि सुहाग ॥१९॥

ਸਲੋਕੁ ॥ (254-6)
सलोकु ॥

ਘੋਖੇ ਸਾਸਤ੍ਰ ਬੇਦ ਸਭ ਆਨ ਨ ਕਥਤਉ ਕੋਇ ॥ (254-6)
घोखे सासत्र बेद सभ आन न कथतउ कोइ ॥

ਆਦਿ ਜੁਗਾਦੀ ਹੁਣਿ ਹੋਵਤ ਨਾਨਕ ਏਕੈ ਸੋਇ ॥੧॥ (254-6)
आदि जुगादी हुणि होवत नानक एकै सोइ ॥१॥

ਪਉੜੀ ॥ (254-7)
पउड़ी ॥

ਘਘਾ ਘਾਲਹੁ ਮਨਹਿ ਏਹ ਬਿਨੁ ਹਰਿ ਦੂਸਰ ਨਾਹਿ ॥ (254-7)
घघा घालहु मनहि एह बिनु हरि दूसर नाहि ॥

ਨਹ ਹੋਆ ਨਹ ਹੋਵਨਾ ਜਤ ਕਤ ਓਹੀ ਸਮਾਹਿ ॥ (254-7)
नह होआ नह होवना जत कत ओही समाहि ॥

ਘੂਲਹਿ ਤਉ ਮਨ ਜਉ ਆਵਹਿ ਸਰਨਾ ॥ (254-8)
घूलहि तउ मन जउ आवहि सरना ॥

ਨਾਮ ਤਤੁ ਕਲਿ ਮਹਿ ਪੁਨਹਚਰਨਾ ॥ (254-8)
नाम ततु कलि महि पुनहचरना ॥

ਘਾਲਿ ਘਾਲਿ ਅਨਿਕ ਪਛੁਤਾਵਹਿ ॥ (254-8)
घालि घालि अनिक पछुतावहि ॥

ਬਿਨੁ ਹਰਿ ਭਗਤਿ ਕਹਾ ਥਿਤਿ ਪਾਵਹਿ ॥ (254-9)
बिनु हरि भगति कहा थिति पावहि ॥

ਘੋਲਿ ਮਹਾ ਰਸੁ ਅੰਮ੍ਰਿਤੁ ਤਿਹ ਪੀਆ ॥ (254-9)
घोलि महा रसु अमृतु तिह पीआ ॥

ਨਾਨਕ ਹਰਿ ਗੁਰਿ ਜਾ ਕਉ ਦੀਆ ॥੨੦॥ (254-10)
नानक हरि गुरि जा कउ दीआ ॥२०॥

ਸਲੋਕੁ ॥ (254-10)
सलोकु ॥

ਙਣਿ ਘਾਲੇ ਸਭ ਦਿਵਸ ਸਾਸ ਨਹ ਬਢਨ ਘਟਨ ਤਿਲੁ ਸਾਰ ॥ (254-10)
ङणि घाले सभ दिवस सास नह बढन घटन तिलु सार ॥

ਜੀਵਨ ਲੋਰਹਿ ਭਰਮ ਮੋਹ ਨਾਨਕ ਤੇਊ ਗਵਾਰ ॥੧॥ (254-11)
जीवन लोरहि भरम मोह नानक तेऊ गवार ॥१॥

ਪਉੜੀ ॥ (254-11)
पउड़ी ॥

ਙੰਙਾ ਙ੍ਰਾਸੈ ਕਾਲੁ ਤਿਹ ਜੋ ਸਾਕਤ ਪ੍ਰਭਿ ਕੀਨ ॥ (254-11)
ङंङा ङ्रासै कालु तिह जो साकत प्रभि कीन ॥

ਅਨਿਕ ਜੋਨਿ ਜਨਮਹਿ ਮਰਹਿ ਆਤਮ ਰਾਮੁ ਨ ਚੀਨ ॥ (254-12)
अनिक जोनि जनमहि मरहि आतम रामु न चीन ॥

ਙਿਆਨ ਧਿਆਨ ਤਾਹੂ ਕਉ ਆਏ ॥ (254-12)
ङिआन धिआन ताहू कउ आए ॥

ਕਰਿ ਕਿਰਪਾ ਜਿਹ ਆਪਿ ਦਿਵਾਏ ॥ (254-12)
करि किरपा जिह आपि दिवाए ॥

ਙਣਤੀ ਙਣੀ ਨਹੀ ਕੋਊ ਛੂਟੈ ॥ (254-13)
ङणती ङणी नही कोऊ छूटै ॥

ਕਾਚੀ ਗਾਗਰਿ ਸਰਪਰ ਫੂਟੈ ॥ (254-13)
काची गागरि सरपर फूटै ॥

ਸੋ ਜੀਵਤ ਜਿਹ ਜੀਵਤ ਜਪਿਆ ॥ (254-13)
सो जीवत जिह जीवत जपिआ ॥

ਪ੍ਰਗਟ ਭਏ ਨਾਨਕ ਨਹ ਛਪਿਆ ॥੨੧॥ (254-14)
प्रगट भए नानक नह छपिआ ॥२१॥

ਸਲੋਕੁ ॥ (254-14)
सलोकु ॥

ਚਿਤਿ ਚਿਤਵਉ ਚਰਣਾਰਬਿੰਦ ਊਧ ਕਵਲ ਬਿਗਸਾਂਤ ॥ (254-14)
चिति चितवउ चरणारबिंद ऊध कवल बिगसांत ॥

ਪ੍ਰਗਟ ਭਏ ਆਪਹਿ ਗੁੋਬਿੰਦ ਨਾਨਕ ਸੰਤ ਮਤਾਂਤ ॥੧॥ (254-15)
प्रगट भए आपहि गुोबिंद नानक संत मतांत ॥१॥

ਪਉੜੀ ॥ (254-15)
पउड़ी ॥

ਚਚਾ ਚਰਨ ਕਮਲ ਗੁਰ ਲਾਗਾ ॥ (254-15)
चचा चरन कमल गुर लागा ॥

ਧਨਿ ਧਨਿ ਉਆ ਦਿਨ ਸੰਜੋਗ ਸਭਾਗਾ ॥ (254-15)
धनि धनि उआ दिन संजोग सभागा ॥

ਚਾਰਿ ਕੁੰਟ ਦਹ ਦਿਸਿ ਭ੍ਰਮਿ ਆਇਓ ॥ (254-16)
चारि कुंट दह दिसि भ्रमि आइओ ॥

ਭਈ ਕ੍ਰਿਪਾ ਤਬ ਦਰਸਨੁ ਪਾਇਓ ॥ (254-16)
भई क्रिपा तब दरसनु पाइओ ॥

ਚਾਰ ਬਿਚਾਰ ਬਿਨਸਿਓ ਸਭ ਦੂਆ ॥ (254-16)
चार बिचार बिनसिओ सभ दूआ ॥

ਸਾਧਸੰਗਿ ਮਨੁ ਨਿਰਮਲ ਹੂਆ ॥ (254-17)
साधसंगि मनु निरमल हूआ ॥

ਚਿੰਤ ਬਿਸਾਰੀ ਏਕ ਦ੍ਰਿਸਟੇਤਾ ॥ (254-17)
चिंत बिसारी एक द्रिसटेता ॥

ਨਾਨਕ ਗਿਆਨ ਅੰਜਨੁ ਜਿਹ ਨੇਤ੍ਰਾ ॥੨੨॥ (254-17)
नानक गिआन अंजनु जिह नेत्रा ॥२२॥

ਸਲੋਕੁ ॥ (254-18)
सलोकु ॥

ਛਾਤੀ ਸੀਤਲ ਮਨੁ ਸੁਖੀ ਛੰਤ ਗੋਬਿਦ ਗੁਨ ਗਾਇ ॥ (254-18)
छाती सीतल मनु सुखी छंत गोबिद गुन गाइ ॥

ਐਸੀ ਕਿਰਪਾ ਕਰਹੁ ਪ੍ਰਭ ਨਾਨਕ ਦਾਸ ਦਸਾਇ ॥੧॥ (254-18)
ऐसी किरपा करहु प्रभ नानक दास दसाइ ॥१॥

ਪਉੜੀ ॥ (254-19)
पउड़ी ॥

ਛਛਾ ਛੋਹਰੇ ਦਾਸ ਤੁਮਾਰੇ ॥ (254-19)
छछा छोहरे दास तुमारे ॥

ਦਾਸ ਦਾਸਨ ਕੇ ਪਾਨੀਹਾਰੇ ॥ (254-19)
दास दासन के पानीहारे ॥

ਛਛਾ ਛਾਰੁ ਹੋਤ ਤੇਰੇ ਸੰਤਾ ॥ (254-19)
छछा छारु होत तेरे संता ॥

ਅਪਨੀ ਕ੍ਰਿਪਾ ਕਰਹੁ ਭਗਵੰਤਾ ॥ (255-1)
अपनी क्रिपा करहु भगवंता ॥

ਛਾਡਿ ਸਿਆਨਪ ਬਹੁ ਚਤੁਰਾਈ ॥ (255-1)
छाडि सिआनप बहु चतुराई ॥

ਸੰਤਨ ਕੀ ਮਨ ਟੇਕ ਟਿਕਾਈ ॥ (255-1)
संतन की मन टेक टिकाई ॥

ਛਾਰੁ ਕੀ ਪੁਤਰੀ ਪਰਮ ਗਤਿ ਪਾਈ ॥ (255-2)
छारु की पुतरी परम गति पाई ॥

ਨਾਨਕ ਜਾ ਕਉ ਸੰਤ ਸਹਾਈ ॥੨੩॥ (255-2)
नानक जा कउ संत सहाई ॥२३॥

ਸਲੋਕੁ ॥ (255-2)
सलोकु ॥

ਜੋਰ ਜੁਲਮ ਫੂਲਹਿ ਘਨੋ ਕਾਚੀ ਦੇਹ ਬਿਕਾਰ ॥ (255-2)
जोर जुलम फूलहि घनो काची देह बिकार ॥

ਅਹੰਬੁਧਿ ਬੰਧਨ ਪਰੇ ਨਾਨਕ ਨਾਮ ਛੁਟਾਰ ॥੧॥ (255-3)
अह्मबुधि बंधन परे नानक नाम छुटार ॥१॥

ਪਉੜੀ ॥ (255-3)
पउड़ी ॥

ਜਜਾ ਜਾਨੈ ਹਉ ਕਛੁ ਹੂਆ ॥ (255-3)
जजा जानै हउ कछु हूआ ॥

ਬਾਧਿਓ ਜਿਉ ਨਲਿਨੀ ਭ੍ਰਮਿ ਸੂਆ ॥ (255-4)
बाधिओ जिउ नलिनी भ्रमि सूआ ॥

ਜਉ ਜਾਨੈ ਹਉ ਭਗਤੁ ਗਿਆਨੀ ॥ (255-4)
जउ जानै हउ भगतु गिआनी ॥

ਆਗੈ ਠਾਕੁਰਿ ਤਿਲੁ ਨਹੀ ਮਾਨੀ ॥ (255-4)
आगै ठाकुरि तिलु नही मानी ॥

ਜਉ ਜਾਨੈ ਮੈ ਕਥਨੀ ਕਰਤਾ ॥ (255-5)
जउ जानै मै कथनी करता ॥

ਬਿਆਪਾਰੀ ਬਸੁਧਾ ਜਿਉ ਫਿਰਤਾ ॥ (255-5)
बिआपारी बसुधा जिउ फिरता ॥

ਸਾਧਸੰਗਿ ਜਿਹ ਹਉਮੈ ਮਾਰੀ ॥ (255-5)
साधसंगि जिह हउमै मारी ॥

ਨਾਨਕ ਤਾ ਕਉ ਮਿਲੇ ਮੁਰਾਰੀ ॥੨੪॥ (255-5)
नानक ता कउ मिले मुरारी ॥२४॥

ਸਲੋਕੁ ॥ (255-6)
सलोकु ॥

ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ ॥ (255-6)
झालाघे उठि नामु जपि निसि बासुर आराधि ॥

ਕਾਹ੍ਹਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ ॥੧॥ (255-6)
काह्ना तुझै न बिआपई नानक मिटै उपाधि ॥१॥

ਪਉੜੀ ॥ (255-7)
पउड़ी ॥

ਝਝਾ ਝੂਰਨੁ ਮਿਟੈ ਤੁਮਾਰੋ ॥ (255-7)
झझा झूरनु मिटै तुमारो ॥

ਰਾਮ ਨਾਮ ਸਿਉ ਕਰਿ ਬਿਉਹਾਰੋ ॥ (255-7)
राम नाम सिउ करि बिउहारो ॥

ਝੂਰਤ ਝੂਰਤ ਸਾਕਤ ਮੂਆ ॥ (255-8)
झूरत झूरत साकत मूआ ॥

ਜਾ ਕੈ ਰਿਦੈ ਹੋਤ ਭਾਉ ਬੀਆ ॥ (255-8)
जा कै रिदै होत भाउ बीआ ॥

ਝਰਹਿ ਕਸੰਮਲ ਪਾਪ ਤੇਰੇ ਮਨੂਆ ॥ (255-8)
झरहि कसंमल पाप तेरे मनूआ ॥

ਅੰਮ੍ਰਿਤ ਕਥਾ ਸੰਤਸੰਗਿ ਸੁਨੂਆ ॥ (255-8)
अमृत कथा संतसंगि सुनूआ ॥

ਝਰਹਿ ਕਾਮ ਕ੍ਰੋਧ ਦ੍ਰੁਸਟਾਈ ॥ (255-9)
झरहि काम क्रोध द्रुसटाई ॥

ਨਾਨਕ ਜਾ ਕਉ ਕ੍ਰਿਪਾ ਗੁਸਾਈ ॥੨੫॥ (255-9)
नानक जा कउ क्रिपा गुसाई ॥२५॥

ਸਲੋਕੁ ॥ (255-9)
सलोकु ॥

ਞਤਨ ਕਰਹੁ ਤੁਮ ਅਨਿਕ ਬਿਧਿ ਰਹਨੁ ਨ ਪਾਵਹੁ ਮੀਤ ॥ (255-9)
ञतन करहु तुम अनिक बिधि रहनु न पावहु मीत ॥

ਜੀਵਤ ਰਹਹੁ ਹਰਿ ਹਰਿ ਭਜਹੁ ਨਾਨਕ ਨਾਮ ਪਰੀਤਿ ॥੧॥ (255-10)
जीवत रहहु हरि हरि भजहु नानक नाम परीति ॥१॥

ਪਵੜੀ ॥ (255-10)
पवड़ी ॥

ਞੰਞਾ ਞਾਣਹੁ ਦ੍ਰਿੜੁ ਸਹੀ ਬਿਨਸਿ ਜਾਤ ਏਹ ਹੇਤ ॥ (255-11)
ञंञा ञाणहु द्रिड़ु सही बिनसि जात एह हेत ॥

ਗਣਤੀ ਗਣਉ ਨ ਗਣਿ ਸਕਉ ਊਠਿ ਸਿਧਾਰੇ ਕੇਤ ॥ (255-11)
गणती गणउ न गणि सकउ ऊठि सिधारे केत ॥

ਞੋ ਪੇਖਉ ਸੋ ਬਿਨਸਤਉ ਕਾ ਸਿਉ ਕਰੀਐ ਸੰਗੁ ॥ (255-11)
ञो पेखउ सो बिनसतउ का सिउ करीऐ संगु ॥

ਞਾਣਹੁ ਇਆ ਬਿਧਿ ਸਹੀ ਚਿਤ ਝੂਠਉ ਮਾਇਆ ਰੰਗੁ ॥ (255-12)
ञाणहु इआ बिधि सही चित झूठउ माइआ रंगु ॥

ਞਾਣਤ ਸੋਈ ਸੰਤੁ ਸੁਇ ਭ੍ਰਮ ਤੇ ਕੀਚਿਤ ਭਿੰਨ ॥ (255-12)
ञाणत सोई संतु सुइ भ्रम ते कीचित भिंन ॥

ਅੰਧ ਕੂਪ ਤੇ ਤਿਹ ਕਢਹੁ ਜਿਹ ਹੋਵਹੁ ਸੁਪ੍ਰਸੰਨ ॥ (255-13)
अंध कूप ते तिह कढहु जिह होवहु सुप्रसंन ॥

ਞਾ ਕੈ ਹਾਥਿ ਸਮਰਥ ਤੇ ਕਾਰਨ ਕਰਨੈ ਜੋਗ ॥ (255-13)
ञा कै हाथि समरथ ते कारन करनै जोग ॥

ਨਾਨਕ ਤਿਹ ਉਸਤਤਿ ਕਰਉ ਞਾਹੂ ਕੀਓ ਸੰਜੋਗ ॥੨੬॥ (255-14)
नानक तिह उसतति करउ ञाहू कीओ संजोग ॥२६॥

ਸਲੋਕੁ ॥ (255-14)
सलोकु ॥

ਟੂਟੇ ਬੰਧਨ ਜਨਮ ਮਰਨ ਸਾਧ ਸੇਵ ਸੁਖੁ ਪਾਇ ॥ (255-14)
टूटे बंधन जनम मरन साध सेव सुखु पाइ ॥

ਨਾਨਕ ਮਨਹੁ ਨ ਬੀਸਰੈ ਗੁਣ ਨਿਧਿ ਗੋਬਿਦ ਰਾਇ ॥੧॥ (255-15)
नानक मनहु न बीसरै गुण निधि गोबिद राइ ॥१॥

ਪਉੜੀ ॥ (255-15)
पउड़ी ॥

ਟਹਲ ਕਰਹੁ ਤਉ ਏਕ ਕੀ ਜਾ ਤੇ ਬ੍ਰਿਥਾ ਨ ਕੋਇ ॥ (255-15)
टहल करहु तउ एक की जा ते ब्रिथा न कोइ ॥

ਮਨਿ ਤਨਿ ਮੁਖਿ ਹੀਐ ਬਸੈ ਜੋ ਚਾਹਹੁ ਸੋ ਹੋਇ ॥ (255-16)
मनि तनि मुखि हीऐ बसै जो चाहहु सो होइ ॥

ਟਹਲ ਮਹਲ ਤਾ ਕਉ ਮਿਲੈ ਜਾ ਕਉ ਸਾਧ ਕ੍ਰਿਪਾਲ ॥ (255-16)
टहल महल ता कउ मिलै जा कउ साध क्रिपाल ॥

ਸਾਧੂ ਸੰਗਤਿ ਤਉ ਬਸੈ ਜਉ ਆਪਨ ਹੋਹਿ ਦਇਆਲ ॥ (255-17)
साधू संगति तउ बसै जउ आपन होहि दइआल ॥

ਟੋਹੇ ਟਾਹੇ ਬਹੁ ਭਵਨ ਬਿਨੁ ਨਾਵੈ ਸੁਖੁ ਨਾਹਿ ॥ (255-17)
टोहे टाहे बहु भवन बिनु नावै सुखु नाहि ॥

ਟਲਹਿ ਜਾਮ ਕੇ ਦੂਤ ਤਿਹ ਜੁ ਸਾਧੂ ਸੰਗਿ ਸਮਾਹਿ ॥ (255-18)
टलहि जाम के दूत तिह जु साधू संगि समाहि ॥

ਬਾਰਿ ਬਾਰਿ ਜਾਉ ਸੰਤ ਸਦਕੇ ॥ (255-18)
बारि बारि जाउ संत सदके ॥

ਨਾਨਕ ਪਾਪ ਬਿਨਾਸੇ ਕਦਿ ਕੇ ॥੨੭॥ (255-19)
नानक पाप बिनासे कदि के ॥२७॥

ਸਲੋਕੁ ॥ (255-19)
सलोकु ॥

ਠਾਕ ਨ ਹੋਤੀ ਤਿਨਹੁ ਦਰਿ ਜਿਹ ਹੋਵਹੁ ਸੁਪ੍ਰਸੰਨ ॥ (255-19)
ठाक न होती तिनहु दरि जिह होवहु सुप्रसंन ॥

ਜੋ ਜਨ ਪ੍ਰਭਿ ਅਪੁਨੇ ਕਰੇ ਨਾਨਕ ਤੇ ਧਨਿ ਧੰਨਿ ॥੧॥ (255-19)
जो जन प्रभि अपुने करे नानक ते धनि धंनि ॥१॥

ਪਉੜੀ ॥ (256-1)
पउड़ी ॥

ਠਠਾ ਮਨੂਆ ਠਾਹਹਿ ਨਾਹੀ ॥ (256-1)
ठठा मनूआ ठाहहि नाही ॥

ਜੋ ਸਗਲ ਤਿਆਗਿ ਏਕਹਿ ਲਪਟਾਹੀ ॥ (256-1)
जो सगल तिआगि एकहि लपटाही ॥

ਠਹਕਿ ਠਹਕਿ ਮਾਇਆ ਸੰਗਿ ਮੂਏ ॥ (256-2)
ठहकि ठहकि माइआ संगि मूए ॥

ਉਆ ਕੈ ਕੁਸਲ ਨ ਕਤਹੂ ਹੂਏ ॥ (256-2)
उआ कै कुसल न कतहू हूए ॥

ਠਾਂਢਿ ਪਰੀ ਸੰਤਹ ਸੰਗਿ ਬਸਿਆ ॥ (256-2)
ठांढि परी संतह संगि बसिआ ॥

ਅੰਮ੍ਰਿਤ ਨਾਮੁ ਤਹਾ ਜੀਅ ਰਸਿਆ ॥ (256-3)
अमृत नामु तहा जीअ रसिआ ॥

ਠਾਕੁਰ ਅਪੁਨੇ ਜੋ ਜਨੁ ਭਾਇਆ ॥ (256-3)
ठाकुर अपुने जो जनु भाइआ ॥

ਨਾਨਕ ਉਆ ਕਾ ਮਨੁ ਸੀਤਲਾਇਆ ॥੨੮॥ (256-3)
नानक उआ का मनु सीतलाइआ ॥२८॥

ਸਲੋਕੁ ॥ (256-4)
सलोकु ॥

ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ ॥ (256-4)
डंडउति बंदन अनिक बार सरब कला समरथ ॥

ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥੧॥ (256-4)
डोलन ते राखहु प्रभू नानक दे करि हथ ॥१॥

ਪਉੜੀ ॥ (256-5)
पउड़ी ॥

ਡਡਾ ਡੇਰਾ ਇਹੁ ਨਹੀ ਜਹ ਡੇਰਾ ਤਹ ਜਾਨੁ ॥ (256-5)
डडा डेरा इहु नही जह डेरा तह जानु ॥

ਉਆ ਡੇਰਾ ਕਾ ਸੰਜਮੋ ਗੁਰ ਕੈ ਸਬਦਿ ਪਛਾਨੁ ॥ (256-5)
उआ डेरा का संजमो गुर कै सबदि पछानु ॥

ਇਆ ਡੇਰਾ ਕਉ ਸ੍ਰਮੁ ਕਰਿ ਘਾਲੈ ॥ (256-6)
इआ डेरा कउ स्रमु करि घालै ॥

ਜਾ ਕਾ ਤਸੂ ਨਹੀ ਸੰਗਿ ਚਾਲੈ ॥ (256-6)
जा का तसू नही संगि चालै ॥

ਉਆ ਡੇਰਾ ਕੀ ਸੋ ਮਿਤਿ ਜਾਨੈ ॥ (256-6)
उआ डेरा की सो मिति जानै ॥

ਜਾ ਕਉ ਦ੍ਰਿਸਟਿ ਪੂਰਨ ਭਗਵਾਨੈ ॥ (256-7)
जा कउ द्रिसटि पूरन भगवानै ॥

ਡੇਰਾ ਨਿਹਚਲੁ ਸਚੁ ਸਾਧਸੰਗ ਪਾਇਆ ॥ (256-7)
डेरा निहचलु सचु साधसंग पाइआ ॥

ਨਾਨਕ ਤੇ ਜਨ ਨਹ ਡੋਲਾਇਆ ॥੨੯॥ (256-7)
नानक ते जन नह डोलाइआ ॥२९॥

ਸਲੋਕੁ ॥ (256-8)
सलोकु ॥

ਢਾਹਨ ਲਾਗੇ ਧਰਮ ਰਾਇ ਕਿਨਹਿ ਨ ਘਾਲਿਓ ਬੰਧ ॥ (256-8)
ढाहन लागे धरम राइ किनहि न घालिओ बंध ॥

ਨਾਨਕ ਉਬਰੇ ਜਪਿ ਹਰੀ ਸਾਧਸੰਗਿ ਸਨਬੰਧ ॥੧॥ (256-8)
नानक उबरे जपि हरी साधसंगि सनबंध ॥१॥

ਪਉੜੀ ॥ (256-9)
पउड़ी ॥

ਢਢਾ ਢੂਢਤ ਕਹ ਫਿਰਹੁ ਢੂਢਨੁ ਇਆ ਮਨ ਮਾਹਿ ॥ (256-9)
ढढा ढूढत कह फिरहु ढूढनु इआ मन माहि ॥

ਸੰਗਿ ਤੁਹਾਰੈ ਪ੍ਰਭੁ ਬਸੈ ਬਨੁ ਬਨੁ ਕਹਾ ਫਿਰਾਹਿ ॥ (256-9)
संगि तुहारै प्रभु बसै बनु बनु कहा फिराहि ॥

ਢੇਰੀ ਢਾਹਹੁ ਸਾਧਸੰਗਿ ਅਹੰਬੁਧਿ ਬਿਕਰਾਲ ॥ (256-10)
ढेरी ढाहहु साधसंगि अह्मबुधि बिकराल ॥

ਸੁਖੁ ਪਾਵਹੁ ਸਹਜੇ ਬਸਹੁ ਦਰਸਨੁ ਦੇਖਿ ਨਿਹਾਲ ॥ (256-10)
सुखु पावहु सहजे बसहु दरसनु देखि निहाल ॥

ਢੇਰੀ ਜਾਮੈ ਜਮਿ ਮਰੈ ਗਰਭ ਜੋਨਿ ਦੁਖ ਪਾਇ ॥ (256-11)
ढेरी जामै जमि मरै गरभ जोनि दुख पाइ ॥

ਮੋਹ ਮਗਨ ਲਪਟਤ ਰਹੈ ਹਉ ਹਉ ਆਵੈ ਜਾਇ ॥ (256-11)
मोह मगन लपटत रहै हउ हउ आवै जाइ ॥

ਢਹਤ ਢਹਤ ਅਬ ਢਹਿ ਪਰੇ ਸਾਧ ਜਨਾ ਸਰਨਾਇ ॥ (256-12)
ढहत ढहत अब ढहि परे साध जना सरनाइ ॥

ਦੁਖ ਕੇ ਫਾਹੇ ਕਾਟਿਆ ਨਾਨਕ ਲੀਏ ਸਮਾਇ ॥੩੦॥ (256-12)
दुख के फाहे काटिआ नानक लीए समाइ ॥३०॥

ਸਲੋਕੁ ॥ (256-13)
सलोकु ॥

ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ ॥ (256-13)
जह साधू गोबिद भजनु कीरतनु नानक नीत ॥

ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥੧॥ (256-13)
णा हउ णा तूं णह छुटहि निकटि न जाईअहु दूत ॥१॥

ਪਉੜੀ ॥ (256-14)
पउड़ी ॥

ਣਾਣਾ ਰਣ ਤੇ ਸੀਝੀਐ ਆਤਮ ਜੀਤੈ ਕੋਇ ॥ (256-14)
णाणा रण ते सीझीऐ आतम जीतै कोइ ॥

ਹਉਮੈ ਅਨ ਸਿਉ ਲਰਿ ਮਰੈ ਸੋ ਸੋਭਾ ਦੂ ਹੋਇ ॥ (256-14)
हउमै अन सिउ लरि मरै सो सोभा दू होइ ॥

ਮਣੀ ਮਿਟਾਇ ਜੀਵਤ ਮਰੈ ਗੁਰ ਪੂਰੇ ਉਪਦੇਸ ॥ (256-15)
मणी मिटाइ जीवत मरै गुर पूरे उपदेस ॥

ਮਨੂਆ ਜੀਤੈ ਹਰਿ ਮਿਲੈ ਤਿਹ ਸੂਰਤਣ ਵੇਸ ॥ (256-15)
मनूआ जीतै हरि मिलै तिह सूरतण वेस ॥

ਣਾ ਕੋ ਜਾਣੈ ਆਪਣੋ ਏਕਹਿ ਟੇਕ ਅਧਾਰ ॥ (256-16)
णा को जाणै आपणो एकहि टेक अधार ॥

ਰੈਣਿ ਦਿਣਸੁ ਸਿਮਰਤ ਰਹੈ ਸੋ ਪ੍ਰਭੁ ਪੁਰਖੁ ਅਪਾਰ ॥ (256-16)
रैणि दिणसु सिमरत रहै सो प्रभु पुरखु अपार ॥

ਰੇਣ ਸਗਲ ਇਆ ਮਨੁ ਕਰੈ ਏਊ ਕਰਮ ਕਮਾਇ ॥ (256-16)
रेण सगल इआ मनु करै एऊ करम कमाइ ॥

ਹੁਕਮੈ ਬੂਝੈ ਸਦਾ ਸੁਖੁ ਨਾਨਕ ਲਿਖਿਆ ਪਾਇ ॥੩੧॥ (256-17)
हुकमै बूझै सदा सुखु नानक लिखिआ पाइ ॥३१॥

ਸਲੋਕੁ ॥ (256-18)
सलोकु ॥

ਤਨੁ ਮਨੁ ਧਨੁ ਅਰਪਉ ਤਿਸੈ ਪ੍ਰਭੂ ਮਿਲਾਵੈ ਮੋਹਿ ॥ (256-18)
तनु मनु धनु अरपउ तिसै प्रभू मिलावै मोहि ॥

ਨਾਨਕ ਭ੍ਰਮ ਭਉ ਕਾਟੀਐ ਚੂਕੈ ਜਮ ਕੀ ਜੋਹ ॥੧॥ (256-18)
नानक भ्रम भउ काटीऐ चूकै जम की जोह ॥१॥

ਪਉੜੀ ॥ (256-19)
पउड़ी ॥

ਤਤਾ ਤਾ ਸਿਉ ਪ੍ਰੀਤਿ ਕਰਿ ਗੁਣ ਨਿਧਿ ਗੋਬਿਦ ਰਾਇ ॥ (256-19)
तता ता सिउ प्रीति करि गुण निधि गोबिद राइ ॥

ਫਲ ਪਾਵਹਿ ਮਨ ਬਾਛਤੇ ਤਪਤਿ ਤੁਹਾਰੀ ਜਾਇ ॥ (256-19)
फल पावहि मन बाछते तपति तुहारी जाइ ॥

ਤ੍ਰਾਸ ਮਿਟੈ ਜਮ ਪੰਥ ਕੀ ਜਾਸੁ ਬਸੈ ਮਨਿ ਨਾਉ ॥ (257-1)
त्रास मिटै जम पंथ की जासु बसै मनि नाउ ॥

ਗਤਿ ਪਾਵਹਿ ਮਤਿ ਹੋਇ ਪ੍ਰਗਾਸ ਮਹਲੀ ਪਾਵਹਿ ਠਾਉ ॥ (257-1)
गति पावहि मति होइ प्रगास महली पावहि ठाउ ॥

ਤਾਹੂ ਸੰਗਿ ਨ ਧਨੁ ਚਲੈ ਗ੍ਰਿਹ ਜੋਬਨ ਨਹ ਰਾਜ ॥ (257-2)
ताहू संगि न धनु चलै ग्रिह जोबन नह राज ॥

ਸੰਤਸੰਗਿ ਸਿਮਰਤ ਰਹਹੁ ਇਹੈ ਤੁਹਾਰੈ ਕਾਜ ॥ (257-2)
संतसंगि सिमरत रहहु इहै तुहारै काज ॥

ਤਾਤਾ ਕਛੂ ਨ ਹੋਈ ਹੈ ਜਉ ਤਾਪ ਨਿਵਾਰੈ ਆਪ ॥ (257-3)
ताता कछू न होई है जउ ताप निवारै आप ॥

ਪ੍ਰਤਿਪਾਲੈ ਨਾਨਕ ਹਮਹਿ ਆਪਹਿ ਮਾਈ ਬਾਪ ॥੩੨॥ (257-3)
प्रतिपालै नानक हमहि आपहि माई बाप ॥३२॥

ਸਲੋਕੁ ॥ (257-4)
सलोकु ॥

ਥਾਕੇ ਬਹੁ ਬਿਧਿ ਘਾਲਤੇ ਤ੍ਰਿਪਤਿ ਨ ਤ੍ਰਿਸਨਾ ਲਾਥ ॥ (257-4)
थाके बहु बिधि घालते त्रिपति न त्रिसना लाथ ॥

ਸੰਚਿ ਸੰਚਿ ਸਾਕਤ ਮੂਏ ਨਾਨਕ ਮਾਇਆ ਨ ਸਾਥ ॥੧॥ (257-4)
संचि संचि साकत मूए नानक माइआ न साथ ॥१॥

ਪਉੜੀ ॥ (257-5)
पउड़ी ॥

ਥਥਾ ਥਿਰੁ ਕੋਊ ਨਹੀ ਕਾਇ ਪਸਾਰਹੁ ਪਾਵ ॥ (257-5)
थथा थिरु कोऊ नही काइ पसारहु पाव ॥

ਅਨਿਕ ਬੰਚ ਬਲ ਛਲ ਕਰਹੁ ਮਾਇਆ ਏਕ ਉਪਾਵ ॥ (257-5)
अनिक बंच बल छल करहु माइआ एक उपाव ॥

ਥੈਲੀ ਸੰਚਹੁ ਸ੍ਰਮੁ ਕਰਹੁ ਥਾਕਿ ਪਰਹੁ ਗਾਵਾਰ ॥ (257-6)
थैली संचहु स्रमु करहु थाकि परहु गावार ॥

ਮਨ ਕੈ ਕਾਮਿ ਨ ਆਵਈ ਅੰਤੇ ਅਉਸਰ ਬਾਰ ॥ (257-6)
मन कै कामि न आवई अंते अउसर बार ॥

ਥਿਤਿ ਪਾਵਹੁ ਗੋਬਿਦ ਭਜਹੁ ਸੰਤਹ ਕੀ ਸਿਖ ਲੇਹੁ ॥ (257-7)
थिति पावहु गोबिद भजहु संतह की सिख लेहु ॥

ਪ੍ਰੀਤਿ ਕਰਹੁ ਸਦ ਏਕ ਸਿਉ ਇਆ ਸਾਚਾ ਅਸਨੇਹੁ ॥ (257-7)
प्रीति करहु सद एक सिउ इआ साचा असनेहु ॥

ਕਾਰਨ ਕਰਨ ਕਰਾਵਨੋ ਸਭ ਬਿਧਿ ਏਕੈ ਹਾਥ ॥ (257-8)
कारन करन करावनो सभ बिधि एकै हाथ ॥

ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਹਿ ਨਾਨਕ ਜੰਤ ਅਨਾਥ ॥੩੩॥ (257-8)
जितु जितु लावहु तितु तितु लगहि नानक जंत अनाथ ॥३३॥

ਸਲੋਕੁ ॥ (257-9)
सलोकु ॥

ਦਾਸਹ ਏਕੁ ਨਿਹਾਰਿਆ ਸਭੁ ਕਛੁ ਦੇਵਨਹਾਰ ॥ (257-9)
दासह एकु निहारिआ सभु कछु देवनहार ॥

ਸਾਸਿ ਸਾਸਿ ਸਿਮਰਤ ਰਹਹਿ ਨਾਨਕ ਦਰਸ ਅਧਾਰ ॥੧॥ (257-9)
सासि सासि सिमरत रहहि नानक दरस अधार ॥१॥

ਪਉੜੀ ॥ (257-10)
पउड़ी ॥

ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ ॥ (257-10)
ददा दाता एकु है सभ कउ देवनहार ॥

ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ ॥ (257-10)
देंदे तोटि न आवई अगनत भरे भंडार ॥

ਦੈਨਹਾਰੁ ਸਦ ਜੀਵਨਹਾਰਾ ॥ (257-11)
दैनहारु सद जीवनहारा ॥

ਮਨ ਮੂਰਖ ਕਿਉ ਤਾਹਿ ਬਿਸਾਰਾ ॥ (257-11)
मन मूरख किउ ताहि बिसारा ॥

ਦੋਸੁ ਨਹੀ ਕਾਹੂ ਕਉ ਮੀਤਾ ॥ (257-11)
दोसु नही काहू कउ मीता ॥

ਮਾਇਆ ਮੋਹ ਬੰਧੁ ਪ੍ਰਭਿ ਕੀਤਾ ॥ (257-12)
माइआ मोह बंधु प्रभि कीता ॥

ਦਰਦ ਨਿਵਾਰਹਿ ਜਾ ਕੇ ਆਪੇ ॥ (257-12)
दरद निवारहि जा के आपे ॥

ਨਾਨਕ ਤੇ ਤੇ ਗੁਰਮੁਖਿ ਧ੍ਰਾਪੇ ॥੩੪॥ (257-12)
नानक ते ते गुरमुखि ध्रापे ॥३४॥

ਸਲੋਕੁ ॥ (257-12)
सलोकु ॥

ਧਰ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ ॥ (257-13)
धर जीअरे इक टेक तू लाहि बिडानी आस ॥

ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ ॥੧॥ (257-13)
नानक नामु धिआईऐ कारजु आवै रासि ॥१॥

ਪਉੜੀ ॥ (257-13)
पउड़ी ॥

ਧਧਾ ਧਾਵਤ ਤਉ ਮਿਟੈ ਸੰਤਸੰਗਿ ਹੋਇ ਬਾਸੁ ॥ (257-14)
धधा धावत तउ मिटै संतसंगि होइ बासु ॥

ਧੁਰ ਤੇ ਕਿਰਪਾ ਕਰਹੁ ਆਪਿ ਤਉ ਹੋਇ ਮਨਹਿ ਪਰਗਾਸੁ ॥ (257-14)
धुर ते किरपा करहु आपि तउ होइ मनहि परगासु ॥

ਧਨੁ ਸਾਚਾ ਤੇਊ ਸਚ ਸਾਹਾ ॥ (257-14)
धनु साचा तेऊ सच साहा ॥

ਹਰਿ ਹਰਿ ਪੂੰਜੀ ਨਾਮ ਬਿਸਾਹਾ ॥ (257-15)
हरि हरि पूंजी नाम बिसाहा ॥

ਧੀਰਜੁ ਜਸੁ ਸੋਭਾ ਤਿਹ ਬਨਿਆ ॥ (257-15)
धीरजु जसु सोभा तिह बनिआ ॥

ਹਰਿ ਹਰਿ ਨਾਮੁ ਸ੍ਰਵਨ ਜਿਹ ਸੁਨਿਆ ॥ (257-15)
हरि हरि नामु स्रवन जिह सुनिआ ॥

ਗੁਰਮੁਖਿ ਜਿਹ ਘਟਿ ਰਹੇ ਸਮਾਈ ॥ (257-16)
गुरमुखि जिह घटि रहे समाई ॥

ਨਾਨਕ ਤਿਹ ਜਨ ਮਿਲੀ ਵਡਾਈ ॥੩੫॥ (257-16)
नानक तिह जन मिली वडाई ॥३५॥

ਸਲੋਕੁ ॥ (257-17)
सलोकु ॥

ਨਾਨਕ ਨਾਮੁ ਨਾਮੁ ਜਪੁ ਜਪਿਆ ਅੰਤਰਿ ਬਾਹਰਿ ਰੰਗਿ ॥ (257-17)
नानक नामु नामु जपु जपिआ अंतरि बाहरि रंगि ॥

ਗੁਰਿ ਪੂਰੈ ਉਪਦੇਸਿਆ ਨਰਕੁ ਨਾਹਿ ਸਾਧਸੰਗਿ ॥੧॥ (257-17)
गुरि पूरै उपदेसिआ नरकु नाहि साधसंगि ॥१॥

ਪਉੜੀ ॥ (257-18)
पउड़ी ॥

ਨੰਨਾ ਨਰਕਿ ਪਰਹਿ ਤੇ ਨਾਹੀ ॥ (257-18)
नंना नरकि परहि ते नाही ॥

ਜਾ ਕੈ ਮਨਿ ਤਨਿ ਨਾਮੁ ਬਸਾਹੀ ॥ (257-18)
जा कै मनि तनि नामु बसाही ॥

ਨਾਮੁ ਨਿਧਾਨੁ ਗੁਰਮੁਖਿ ਜੋ ਜਪਤੇ ॥ (257-18)
नामु निधानु गुरमुखि जो जपते ॥

ਬਿਖੁ ਮਾਇਆ ਮਹਿ ਨਾ ਓਇ ਖਪਤੇ ॥ (257-19)
बिखु माइआ महि ना ओइ खपते ॥

ਨੰਨਾਕਾਰੁ ਨ ਹੋਤਾ ਤਾ ਕਹੁ ॥ (257-19)
नंनाकारु न होता ता कहु ॥

ਨਾਮੁ ਮੰਤ੍ਰੁ ਗੁਰਿ ਦੀਨੋ ਜਾ ਕਹੁ ॥ (257-19)
नामु मंत्रु गुरि दीनो जा कहु ॥

ਨਿਧਿ ਨਿਧਾਨ ਹਰਿ ਅੰਮ੍ਰਿਤ ਪੂਰੇ ॥ (258-1)
निधि निधान हरि अमृत पूरे ॥

ਤਹ ਬਾਜੇ ਨਾਨਕ ਅਨਹਦ ਤੂਰੇ ॥੩੬॥ (258-1)
तह बाजे नानक अनहद तूरे ॥३६॥

ਸਲੋਕੁ ॥ (258-1)
सलोकु ॥

ਪਤਿ ਰਾਖੀ ਗੁਰਿ ਪਾਰਬ੍ਰਹਮ ਤਜਿ ਪਰਪੰਚ ਮੋਹ ਬਿਕਾਰ ॥ (258-1)
पति राखी गुरि पारब्रहम तजि परपंच मोह बिकार ॥

ਨਾਨਕ ਸੋਊ ਆਰਾਧੀਐ ਅੰਤੁ ਨ ਪਾਰਾਵਾਰੁ ॥੧॥ (258-2)
नानक सोऊ आराधीऐ अंतु न पारावारु ॥१॥

ਪਉੜੀ ॥ (258-2)
पउड़ी ॥

ਪਪਾ ਪਰਮਿਤਿ ਪਾਰੁ ਨ ਪਾਇਆ ॥ (258-2)
पपा परमिति पारु न पाइआ ॥

ਪਤਿਤ ਪਾਵਨ ਅਗਮ ਹਰਿ ਰਾਇਆ ॥ (258-3)
पतित पावन अगम हरि राइआ ॥

ਹੋਤ ਪੁਨੀਤ ਕੋਟ ਅਪਰਾਧੂ ॥ (258-3)
होत पुनीत कोट अपराधू ॥

ਅੰਮ੍ਰਿਤ ਨਾਮੁ ਜਪਹਿ ਮਿਲਿ ਸਾਧੂ ॥ (258-3)
अमृत नामु जपहि मिलि साधू ॥

ਪਰਪਚ ਧ੍ਰੋਹ ਮੋਹ ਮਿਟਨਾਈ ॥ (258-4)
परपच ध्रोह मोह मिटनाई ॥

ਜਾ ਕਉ ਰਾਖਹੁ ਆਪਿ ਗੁਸਾਈ ॥ (258-4)
जा कउ राखहु आपि गुसाई ॥

ਪਾਤਿਸਾਹੁ ਛਤ੍ਰ ਸਿਰ ਸੋਊ ॥ (258-4)
पातिसाहु छत्र सिर सोऊ ॥

ਨਾਨਕ ਦੂਸਰ ਅਵਰੁ ਨ ਕੋਊ ॥੩੭॥ (258-5)
नानक दूसर अवरु न कोऊ ॥३७॥

ਸਲੋਕੁ ॥ (258-5)
सलोकु ॥

ਫਾਹੇ ਕਾਟੇ ਮਿਟੇ ਗਵਨ ਫਤਿਹ ਭਈ ਮਨਿ ਜੀਤ ॥ (258-5)
फाहे काटे मिटे गवन फतिह भई मनि जीत ॥

ਨਾਨਕ ਗੁਰ ਤੇ ਥਿਤ ਪਾਈ ਫਿਰਨ ਮਿਟੇ ਨਿਤ ਨੀਤ ॥੧॥ (258-5)
नानक गुर ते थित पाई फिरन मिटे नित नीत ॥१॥

ਪਉੜੀ ॥ (258-6)
पउड़ी ॥

ਫਫਾ ਫਿਰਤ ਫਿਰਤ ਤੂ ਆਇਆ ॥ (258-6)
फफा फिरत फिरत तू आइआ ॥

ਦ੍ਰੁਲਭ ਦੇਹ ਕਲਿਜੁਗ ਮਹਿ ਪਾਇਆ ॥ (258-6)
द्रुलभ देह कलिजुग महि पाइआ ॥

ਫਿਰਿ ਇਆ ਅਉਸਰੁ ਚਰੈ ਨ ਹਾਥਾ ॥ (258-7)
फिरि इआ अउसरु चरै न हाथा ॥

ਨਾਮੁ ਜਪਹੁ ਤਉ ਕਟੀਅਹਿ ਫਾਸਾ ॥ (258-7)
नामु जपहु तउ कटीअहि फासा ॥

ਫਿਰਿ ਫਿਰਿ ਆਵਨ ਜਾਨੁ ਨ ਹੋਈ ॥ (258-7)
फिरि फिरि आवन जानु न होई ॥

ਏਕਹਿ ਏਕ ਜਪਹੁ ਜਪੁ ਸੋਈ ॥ (258-8)
एकहि एक जपहु जपु सोई ॥

ਕਰਹੁ ਕ੍ਰਿਪਾ ਪ੍ਰਭ ਕਰਨੈਹਾਰੇ ॥ (258-8)
करहु क्रिपा प्रभ करनैहारे ॥

ਮੇਲਿ ਲੇਹੁ ਨਾਨਕ ਬੇਚਾਰੇ ॥੩੮॥ (258-8)
मेलि लेहु नानक बेचारे ॥३८॥

ਸਲੋਕੁ ॥ (258-9)
सलोकु ॥

ਬਿਨਉ ਸੁਨਹੁ ਤੁਮ ਪਾਰਬ੍ਰਹਮ ਦੀਨ ਦਇਆਲ ਗੁਪਾਲ ॥ (258-9)
बिनउ सुनहु तुम पारब्रहम दीन दइआल गुपाल ॥

ਸੁਖ ਸੰਪੈ ਬਹੁ ਭੋਗ ਰਸ ਨਾਨਕ ਸਾਧ ਰਵਾਲ ॥੧॥ (258-9)
सुख स्मपै बहु भोग रस नानक साध रवाल ॥१॥

ਪਉੜੀ ॥ (258-10)
पउड़ी ॥

ਬਬਾ ਬ੍ਰਹਮੁ ਜਾਨਤ ਤੇ ਬ੍ਰਹਮਾ ॥ (258-10)
बबा ब्रहमु जानत ते ब्रहमा ॥

ਬੈਸਨੋ ਤੇ ਗੁਰਮੁਖਿ ਸੁਚ ਧਰਮਾ ॥ (258-10)
बैसनो ते गुरमुखि सुच धरमा ॥

ਬੀਰਾ ਆਪਨ ਬੁਰਾ ਮਿਟਾਵੈ ॥ (258-10)
बीरा आपन बुरा मिटावै ॥

ਤਾਹੂ ਬੁਰਾ ਨਿਕਟਿ ਨਹੀ ਆਵੈ ॥ (258-11)
ताहू बुरा निकटि नही आवै ॥

ਬਾਧਿਓ ਆਪਨ ਹਉ ਹਉ ਬੰਧਾ ॥ (258-11)
बाधिओ आपन हउ हउ बंधा ॥

ਦੋਸੁ ਦੇਤ ਆਗਹ ਕਉ ਅੰਧਾ ॥ (258-11)
दोसु देत आगह कउ अंधा ॥

ਬਾਤ ਚੀਤ ਸਭ ਰਹੀ ਸਿਆਨਪ ॥ (258-12)
बात चीत सभ रही सिआनप ॥

ਜਿਸਹਿ ਜਨਾਵਹੁ ਸੋ ਜਾਨੈ ਨਾਨਕ ॥੩੯॥ (258-12)
जिसहि जनावहु सो जानै नानक ॥३९॥

ਸਲੋਕੁ ॥ (258-12)
सलोकु ॥

ਭੈ ਭੰਜਨ ਅਘ ਦੂਖ ਨਾਸ ਮਨਹਿ ਅਰਾਧਿ ਹਰੇ ॥ (258-12)
भै भंजन अघ दूख नास मनहि अराधि हरे ॥

ਸੰਤਸੰਗਿ ਜਿਹ ਰਿਦ ਬਸਿਓ ਨਾਨਕ ਤੇ ਨ ਭ੍ਰਮੇ ॥੧॥ (258-13)
संतसंग जिह रिद बसिओ नानक ते न भ्रमे ॥१॥

ਪਉੜੀ ॥ (258-13)
पउड़ी ॥

ਭਭਾ ਭਰਮੁ ਮਿਟਾਵਹੁ ਅਪਨਾ ॥ (258-13)
भभा भरमु मिटावहु अपना ॥

ਇਆ ਸੰਸਾਰੁ ਸਗਲ ਹੈ ਸੁਪਨਾ ॥ (258-14)
इआ संसारु सगल है सुपना ॥

ਭਰਮੇ ਸੁਰਿ ਨਰ ਦੇਵੀ ਦੇਵਾ ॥ (258-14)
भरमे सुरि नर देवी देवा ॥

ਭਰਮੇ ਸਿਧ ਸਾਧਿਕ ਬ੍ਰਹਮੇਵਾ ॥ (258-14)
भरमे सिध साधिक ब्रहमेवा ॥

ਭਰਮਿ ਭਰਮਿ ਮਾਨੁਖ ਡਹਕਾਏ ॥ (258-15)
भरमि भरमि मानुख डहकाए ॥

ਦੁਤਰ ਮਹਾ ਬਿਖਮ ਇਹ ਮਾਏ ॥ (258-15)
दुतर महा बिखम इह माए ॥

ਗੁਰਮੁਖਿ ਭ੍ਰਮ ਭੈ ਮੋਹ ਮਿਟਾਇਆ ॥ (258-15)
गुरमुखि भ्रम भै मोह मिटाइआ ॥

ਨਾਨਕ ਤੇਹ ਪਰਮ ਸੁਖ ਪਾਇਆ ॥੪੦॥ (258-16)
नानक तेह परम सुख पाइआ ॥४०॥

ਸਲੋਕੁ ॥ (258-16)
सलोकु ॥

ਮਾਇਆ ਡੋਲੈ ਬਹੁ ਬਿਧੀ ਮਨੁ ਲਪਟਿਓ ਤਿਹ ਸੰਗ ॥ (258-16)
माइआ डोलै बहु बिधी मनु लपटिओ तिह संग ॥

ਮਾਗਨ ਤੇ ਜਿਹ ਤੁਮ ਰਖਹੁ ਸੁ ਨਾਨਕ ਨਾਮਹਿ ਰੰਗ ॥੧॥ (258-17)
मागन ते जिह तुम रखहु सु नानक नामहि रंग ॥१॥

ਪਉੜੀ ॥ (258-17)
पउड़ी ॥

ਮਮਾ ਮਾਗਨਹਾਰ ਇਆਨਾ ॥ (258-17)
ममा मागनहार इआना ॥

ਦੇਨਹਾਰ ਦੇ ਰਹਿਓ ਸੁਜਾਨਾ ॥ (258-18)
देनहार दे रहिओ सुजाना ॥

ਜੋ ਦੀਨੋ ਸੋ ਏਕਹਿ ਬਾਰ ॥ (258-18)
जो दीनो सो एकहि बार ॥

ਮਨ ਮੂਰਖ ਕਹ ਕਰਹਿ ਪੁਕਾਰ ॥ (258-18)
मन मूरख कह करहि पुकार ॥

ਜਉ ਮਾਗਹਿ ਤਉ ਮਾਗਹਿ ਬੀਆ ॥ (258-18)
जउ मागहि तउ मागहि बीआ ॥

ਜਾ ਤੇ ਕੁਸਲ ਨ ਕਾਹੂ ਥੀਆ ॥ (258-19)
जा ते कुसल न काहू थीआ ॥

ਮਾਗਨਿ ਮਾਗ ਤ ਏਕਹਿ ਮਾਗ ॥ (258-19)
मागनि माग त एकहि माग ॥

ਨਾਨਕ ਜਾ ਤੇ ਪਰਹਿ ਪਰਾਗ ॥੪੧॥ (258-19)
नानक जा ते परहि पराग ॥४१॥

ਸਲੋਕ ॥ (259-1)
सलोक ॥

ਮਤਿ ਪੂਰੀ ਪਰਧਾਨ ਤੇ ਗੁਰ ਪੂਰੇ ਮਨ ਮੰਤ ॥ (259-1)
मति पूरी परधान ते गुर पूरे मन मंत ॥

ਜਿਹ ਜਾਨਿਓ ਪ੍ਰਭੁ ਆਪੁਨਾ ਨਾਨਕ ਤੇ ਭਗਵੰਤ ॥੧॥ (259-1)
जिह जानिओ प्रभु आपुना नानक ते भगवंत ॥१॥

ਪਉੜੀ ॥ (259-2)
पउड़ी ॥

ਮਮਾ ਜਾਹੂ ਮਰਮੁ ਪਛਾਨਾ ॥ (259-2)
ममा जाहू मरमु पछाना ॥

ਭੇਟਤ ਸਾਧਸੰਗ ਪਤੀਆਨਾ ॥ (259-2)
भेटत साधसंग पतीआना ॥

ਦੁਖ ਸੁਖ ਉਆ ਕੈ ਸਮਤ ਬੀਚਾਰਾ ॥ (259-2)
दुख सुख उआ कै समत बीचारा ॥

ਨਰਕ ਸੁਰਗ ਰਹਤ ਅਉਤਾਰਾ ॥ (259-3)
नरक सुरग रहत अउतारा ॥

ਤਾਹੂ ਸੰਗ ਤਾਹੂ ਨਿਰਲੇਪਾ ॥ (259-3)
ताहू संग ताहू निरलेपा ॥

ਪੂਰਨ ਘਟ ਘਟ ਪੁਰਖ ਬਿਸੇਖਾ ॥ (259-3)
पूरन घट घट पुरख बिसेखा ॥

ਉਆ ਰਸ ਮਹਿ ਉਆਹੂ ਸੁਖੁ ਪਾਇਆ ॥ (259-4)
उआ रस महि उआहू सुखु पाइआ ॥

ਨਾਨਕ ਲਿਪਤ ਨਹੀ ਤਿਹ ਮਾਇਆ ॥੪੨॥ (259-4)
नानक लिपत नही तिह माइआ ॥४२॥

ਸਲੋਕੁ ॥ (259-4)
सलोकु ॥

ਯਾਰ ਮੀਤ ਸੁਨਿ ਸਾਜਨਹੁ ਬਿਨੁ ਹਰਿ ਛੂਟਨੁ ਨਾਹਿ ॥ (259-4)
यार मीत सुनि साजनहु बिनु हरि छूटनु नाहि ॥

ਨਾਨਕ ਤਿਹ ਬੰਧਨ ਕਟੇ ਗੁਰ ਕੀ ਚਰਨੀ ਪਾਹਿ ॥੧॥ (259-5)
नानक तिह बंधन कटे गुर की चरनी पाहि ॥१॥

ਪਵੜੀ ॥ (259-5)
पवड़ी ॥

ਯਯਾ ਜਤਨ ਕਰਤ ਬਹੁ ਬਿਧੀਆ ॥ (259-6)
यया जतन करत बहु बिधीआ ॥

ਏਕ ਨਾਮ ਬਿਨੁ ਕਹ ਲਉ ਸਿਧੀਆ ॥ (259-6)
एक नाम बिनु कह लउ सिधीआ ॥

ਯਾਹੂ ਜਤਨ ਕਰਿ ਹੋਤ ਛੁਟਾਰਾ ॥ (259-6)
याहू जतन करि होत छुटारा ॥

ਉਆਹੂ ਜਤਨ ਸਾਧ ਸੰਗਾਰਾ ॥ (259-7)
उआहू जतन साध संगारा ॥

ਯਾ ਉਬਰਨ ਧਾਰੈ ਸਭੁ ਕੋਊ ॥ (259-7)
या उबरन धारै सभु कोऊ ॥

ਉਆਹਿ ਜਪੇ ਬਿਨੁ ਉਬਰ ਨ ਹੋਊ ॥ (259-7)
उआहि जपे बिनु उबर न होऊ ॥

ਯਾਹੂ ਤਰਨ ਤਾਰਨ ਸਮਰਾਥਾ ॥ (259-7)
याहू तरन तारन समराथा ॥

ਰਾਖਿ ਲੇਹੁ ਨਿਰਗੁਨ ਨਰਨਾਥਾ ॥ (259-8)
राखि लेहु निरगुन नरनाथा ॥

ਮਨ ਬਚ ਕ੍ਰਮ ਜਿਹ ਆਪਿ ਜਨਾਈ ॥ (259-8)
मन बच क्रम जिह आपि जनाई ॥

ਨਾਨਕ ਤਿਹ ਮਤਿ ਪ੍ਰਗਟੀ ਆਈ ॥੪੩॥ (259-8)
नानक तिह मति प्रगटी आई ॥४३॥

ਸਲੋਕੁ ॥ (259-9)
सलोकु ॥

ਰੋਸੁ ਨ ਕਾਹੂ ਸੰਗ ਕਰਹੁ ਆਪਨ ਆਪੁ ਬੀਚਾਰਿ ॥ (259-9)
रोसु न काहू संग करहु आपन आपु बीचारि ॥

ਹੋਇ ਨਿਮਾਨਾ ਜਗਿ ਰਹਹੁ ਨਾਨਕ ਨਦਰੀ ਪਾਰਿ ॥੧॥ (259-9)
होइ निमाना जगि रहहु नानक नदरी पारि ॥१॥

ਪਉੜੀ ॥ (259-10)
पउड़ी ॥

ਰਾਰਾ ਰੇਨ ਹੋਤ ਸਭ ਜਾ ਕੀ ॥ (259-10)
रारा रेन होत सभ जा की ॥

ਤਜਿ ਅਭਿਮਾਨੁ ਛੁਟੈ ਤੇਰੀ ਬਾਕੀ ॥ (259-10)
तजि अभिमानु छुटै तेरी बाकी ॥

ਰਣਿ ਦਰਗਹਿ ਤਉ ਸੀਝਹਿ ਭਾਈ ॥ (259-11)
रणि दरगहि तउ सीझहि भाई ॥

ਜਉ ਗੁਰਮੁਖਿ ਰਾਮ ਨਾਮ ਲਿਵ ਲਾਈ ॥ (259-11)
जउ गुरमुखि राम नाम लिव लाई ॥

ਰਹਤ ਰਹਤ ਰਹਿ ਜਾਹਿ ਬਿਕਾਰਾ ॥ (259-11)
रहत रहत रहि जाहि बिकारा ॥

ਗੁਰ ਪੂਰੇ ਕੈ ਸਬਦਿ ਅਪਾਰਾ ॥ (259-12)
गुर पूरे कै सबदि अपारा ॥

ਰਾਤੇ ਰੰਗ ਨਾਮ ਰਸ ਮਾਤੇ ॥ (259-12)
राते रंग नाम रस माते ॥

ਨਾਨਕ ਹਰਿ ਗੁਰ ਕੀਨੀ ਦਾਤੇ ॥੪੪॥ (259-12)
नानक हरि गुर कीनी दाते ॥४४॥

ਸਲੋਕੁ ॥ (259-12)
सलोकु ॥

ਲਾਲਚ ਝੂਠ ਬਿਖੈ ਬਿਆਧਿ ਇਆ ਦੇਹੀ ਮਹਿ ਬਾਸ ॥ (259-13)
लालच झूठ बिखै बिआधि इआ देही महि बास ॥

ਹਰਿ ਹਰਿ ਅੰਮ੍ਰਿਤੁ ਗੁਰਮੁਖਿ ਪੀਆ ਨਾਨਕ ਸੂਖਿ ਨਿਵਾਸ ॥੧॥ (259-13)
हरि हरि अमृतु गुरमुखि पीआ नानक सूखि निवास ॥१॥

ਪਉੜੀ ॥ (259-14)
पउड़ी ॥

ਲਲਾ ਲਾਵਉ ਅਉਖਧ ਜਾਹੂ ॥ (259-14)
लला लावउ अउखध जाहू ॥

ਦੂਖ ਦਰਦ ਤਿਹ ਮਿਟਹਿ ਖਿਨਾਹੂ ॥ (259-14)
दूख दरद तिह मिटहि खिनाहू ॥

ਨਾਮ ਅਉਖਧੁ ਜਿਹ ਰਿਦੈ ਹਿਤਾਵੈ ॥ (259-14)
नाम अउखधु जिह रिदै हितावै ॥

ਤਾਹਿ ਰੋਗੁ ਸੁਪਨੈ ਨਹੀ ਆਵੈ ॥ (259-15)
ताहि रोगु सुपनै नही आवै ॥

ਹਰਿ ਅਉਖਧੁ ਸਭ ਘਟ ਹੈ ਭਾਈ ॥ (259-15)
हरि अउखधु सभ घट है भाई ॥

ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥ (259-15)
गुर पूरे बिनु बिधि न बनाई ॥

ਗੁਰਿ ਪੂਰੈ ਸੰਜਮੁ ਕਰਿ ਦੀਆ ॥ (259-16)
गुरि पूरै संजमु करि दीआ ॥

ਨਾਨਕ ਤਉ ਫਿਰਿ ਦੂਖ ਨ ਥੀਆ ॥੪੫॥ (259-16)
नानक तउ फिरि दूख न थीआ ॥४५॥

ਸਲੋਕੁ ॥ (259-16)
सलोकु ॥

ਵਾਸੁਦੇਵ ਸਰਬਤ੍ਰ ਮੈ ਊਨ ਨ ਕਤਹੂ ਠਾਇ ॥ (259-16)
वासुदेव सरबत्र मै ऊन न कतहू ठाइ ॥

ਅੰਤਰਿ ਬਾਹਰਿ ਸੰਗਿ ਹੈ ਨਾਨਕ ਕਾਇ ਦੁਰਾਇ ॥੧॥ (259-17)
अंतरि बाहरि संगि है नानक काइ दुराइ ॥१॥

ਪਉੜੀ ॥ (259-17)
पउड़ी ॥

ਵਵਾ ਵੈਰੁ ਨ ਕਰੀਐ ਕਾਹੂ ॥ (259-17)
ववा वैरु न करीऐ काहू ॥

ਘਟ ਘਟ ਅੰਤਰਿ ਬ੍ਰਹਮ ਸਮਾਹੂ ॥ (259-18)
घट घट अंतरि ब्रहम समाहू ॥

ਵਾਸੁਦੇਵ ਜਲ ਥਲ ਮਹਿ ਰਵਿਆ ॥ (259-18)
वासुदेव जल थल महि रविआ ॥

ਗੁਰ ਪ੍ਰਸਾਦਿ ਵਿਰਲੈ ਹੀ ਗਵਿਆ ॥ (259-18)
गुर प्रसादि विरलै ही गविआ ॥

ਵੈਰ ਵਿਰੋਧ ਮਿਟੇ ਤਿਹ ਮਨ ਤੇ ॥ (259-19)
वैर विरोध मिटे तिह मन ते ॥

ਹਰਿ ਕੀਰਤਨੁ ਗੁਰਮੁਖਿ ਜੋ ਸੁਨਤੇ ॥ (259-19)
हरि कीरतनु गुरमुखि जो सुनते ॥

ਵਰਨ ਚਿਹਨ ਸਗਲਹ ਤੇ ਰਹਤਾ ॥ (259-19)
वरन चिहन सगलह ते रहता ॥

ਨਾਨਕ ਹਰਿ ਹਰਿ ਗੁਰਮੁਖਿ ਜੋ ਕਹਤਾ ॥੪੬॥ (260-1)
नानक हरि हरि गुरमुखि जो कहता ॥४६॥

ਸਲੋਕੁ ॥ (260-1)
सलोकु ॥

ਹਉ ਹਉ ਕਰਤ ਬਿਹਾਨੀਆ ਸਾਕਤ ਮੁਗਧ ਅਜਾਨ ॥ (260-1)
हउ हउ करत बिहानीआ साकत मुगध अजान ॥

ੜੜਕਿ ਮੁਏ ਜਿਉ ਤ੍ਰਿਖਾਵੰਤ ਨਾਨਕ ਕਿਰਤਿ ਕਮਾਨ ॥੧॥ (260-2)
ड़ड़कि मुए जिउ त्रिखावंत नानक किरति कमान ॥१॥

ਪਉੜੀ ॥ (260-2)
पउड़ी ॥

ੜਾੜਾ ੜਾੜਿ ਮਿਟੈ ਸੰਗਿ ਸਾਧੂ ॥ (260-2)
ड़ाड़ा ड़ाड़ि मिटै संगि साधू ॥

ਕਰਮ ਧਰਮ ਤਤੁ ਨਾਮ ਅਰਾਧੂ ॥ (260-3)
करम धरम ततु नाम अराधू ॥

ਰੂੜੋ ਜਿਹ ਬਸਿਓ ਰਿਦ ਮਾਹੀ ॥ (260-3)
रूड़ो जिह बसिओ रिद माही ॥

ਉਆ ਕੀ ੜਾੜਿ ਮਿਟਤ ਬਿਨਸਾਹੀ ॥ (260-3)
उआ की ड़ाड़ि मिटत बिनसाही ॥

ੜਾੜਿ ਕਰਤ ਸਾਕਤ ਗਾਵਾਰਾ ॥ (260-4)
ड़ाड़ि करत साकत गावारा ॥

ਜੇਹ ਹੀਐ ਅਹੰਬੁਧਿ ਬਿਕਾਰਾ ॥ (260-4)
जेह हीऐ अहम्बुधि बिकारा ॥

ੜਾੜਾ ਗੁਰਮੁਖਿ ੜਾੜਿ ਮਿਟਾਈ ॥ (260-4)
ड़ाड़ा गुरमुखि ड़ाड़ि मिटाई ॥

ਨਿਮਖ ਮਾਹਿ ਨਾਨਕ ਸਮਝਾਈ ॥੪੭॥ (260-5)
निमख माहि नानक समझाई ॥४७॥

ਸਲੋਕੁ ॥ (260-5)
सलोकु ॥

ਸਾਧੂ ਕੀ ਮਨ ਓਟ ਗਹੁ ਉਕਤਿ ਸਿਆਨਪ ਤਿਆਗੁ ॥ (260-5)
साधू की मन ओट गहु उकति सिआनप तिआगु ॥

ਗੁਰ ਦੀਖਿਆ ਜਿਹ ਮਨਿ ਬਸੈ ਨਾਨਕ ਮਸਤਕਿ ਭਾਗੁ ॥੧॥ (260-5)
गुर दीखिआ जिह मनि बसै नानक मसतकि भागु ॥१॥

ਪਉੜੀ ॥ (260-6)
पउड़ी ॥

ਸਸਾ ਸਰਨਿ ਪਰੇ ਅਬ ਹਾਰੇ ॥ (260-6)
ससा सरनि परे अब हारे ॥

ਸਾਸਤ੍ਰ ਸਿਮ੍ਰਿਤਿ ਬੇਦ ਪੂਕਾਰੇ ॥ (260-6)
सासत्र सिम्रिति बेद पूकारे ॥

ਸੋਧਤ ਸੋਧਤ ਸੋਧਿ ਬੀਚਾਰਾ ॥ (260-7)
सोधत सोधत सोधि बीचारा ॥

ਬਿਨੁ ਹਰਿ ਭਜਨ ਨਹੀ ਛੁਟਕਾਰਾ ॥ (260-7)
बिनु हरि भजन नही छुटकारा ॥

ਸਾਸਿ ਸਾਸਿ ਹਮ ਭੂਲਨਹਾਰੇ ॥ (260-7)
सासि सासि हम भूलनहारे ॥

ਤੁਮ ਸਮਰਥ ਅਗਨਤ ਅਪਾਰੇ ॥ (260-8)
तुम समरथ अगनत अपारे ॥

ਸਰਨਿ ਪਰੇ ਕੀ ਰਾਖੁ ਦਇਆਲਾ ॥ (260-8)
सरनि परे की राखु दइआला ॥

ਨਾਨਕ ਤੁਮਰੇ ਬਾਲ ਗੁਪਾਲਾ ॥੪੮॥ (260-8)
नानक तुमरे बाल गुपाला ॥४८॥

ਸਲੋਕੁ ॥ (260-9)
सलोकु ॥

ਖੁਦੀ ਮਿਟੀ ਤਬ ਸੁਖ ਭਏ ਮਨ ਤਨ ਭਏ ਅਰੋਗ ॥ (260-9)
खुदी मिटी तब सुख भए मन तन भए अरोग ॥

ਨਾਨਕ ਦ੍ਰਿਸਟੀ ਆਇਆ ਉਸਤਤਿ ਕਰਨੈ ਜੋਗੁ ॥੧॥ (260-9)
नानक द्रिसटी आइआ उसतति करनै जोगु ॥१॥

ਪਉੜੀ ॥ (260-10)
पउड़ी ॥

ਖਖਾ ਖਰਾ ਸਰਾਹਉ ਤਾਹੂ ॥ (260-10)
खखा खरा सराहउ ताहू ॥

ਜੋ ਖਿਨ ਮਹਿ ਊਨੇ ਸੁਭਰ ਭਰਾਹੂ ॥ (260-10)
जो खिन महि ऊने सुभर भराहू ॥

ਖਰਾ ਨਿਮਾਨਾ ਹੋਤ ਪਰਾਨੀ ॥ (260-10)
खरा निमाना होत परानी ॥

ਅਨਦਿਨੁ ਜਾਪੈ ਪ੍ਰਭ ਨਿਰਬਾਨੀ ॥ (260-11)
अनदिनु जापै प्रभ निरबानी ॥

ਭਾਵੈ ਖਸਮ ਤ ਉਆ ਸੁਖੁ ਦੇਤਾ ॥ (260-11)
भावै खसम त उआ सुखु देता ॥

ਪਾਰਬ੍ਰਹਮੁ ਐਸੋ ਆਗਨਤਾ ॥ (260-11)
पारब्रहमु ऐसो आगनता ॥

ਅਸੰਖ ਖਤੇ ਖਿਨ ਬਖਸਨਹਾਰਾ ॥ (260-11)
असंख खते खिन बखसनहारा ॥

ਨਾਨਕ ਸਾਹਿਬ ਸਦਾ ਦਇਆਰਾ ॥੪੯॥ (260-12)
नानक साहिब सदा दइआरा ॥४९॥

ਸਲੋਕੁ ॥ (260-12)
सलोकु ॥

ਸਤਿ ਕਹਉ ਸੁਨਿ ਮਨ ਮੇਰੇ ਸਰਨਿ ਪਰਹੁ ਹਰਿ ਰਾਇ ॥ (260-12)
सति कहउ सुनि मन मेरे सरनि परहु हरि राइ ॥

ਉਕਤਿ ਸਿਆਨਪ ਸਗਲ ਤਿਆਗਿ ਨਾਨਕ ਲਏ ਸਮਾਇ ॥੧॥ (260-13)
उकति सिआनप सगल तिआगि नानक लए समाइ ॥१॥

ਪਉੜੀ ॥ (260-13)
पउड़ी ॥

ਸਸਾ ਸਿਆਨਪ ਛਾਡੁ ਇਆਨਾ ॥ (260-13)
ससा सिआनप छाडु इआना ॥

ਹਿਕਮਤਿ ਹੁਕਮਿ ਨ ਪ੍ਰਭੁ ਪਤੀਆਨਾ ॥ (260-14)
हिकमति हुकमि न प्रभु पतीआना ॥

ਸਹਸ ਭਾਤਿ ਕਰਹਿ ਚਤੁਰਾਈ ॥ (260-14)
सहस भाति करहि चतुराई ॥

ਸੰਗਿ ਤੁਹਾਰੈ ਏਕ ਨ ਜਾਈ ॥ (260-14)
संगि तुहारै एक न जाई ॥

ਸੋਊ ਸੋਊ ਜਪਿ ਦਿਨ ਰਾਤੀ ॥ (260-15)
सोऊ सोऊ जपि दिन राती ॥

ਰੇ ਜੀਅ ਚਲੈ ਤੁਹਾਰੈ ਸਾਥੀ ॥ (260-15)
रे जीअ चलै तुहारै साथी ॥

ਸਾਧ ਸੇਵਾ ਲਾਵੈ ਜਿਹ ਆਪੈ ॥ (260-15)
साध सेवा लावै जिह आपै ॥

ਨਾਨਕ ਤਾ ਕਉ ਦੂਖੁ ਨ ਬਿਆਪੈ ॥੫੦॥ (260-15)
नानक ता कउ दूखु न बिआपै ॥५०॥

ਸਲੋਕੁ ॥ (260-16)
सलोकु ॥

ਹਰਿ ਹਰਿ ਮੁਖ ਤੇ ਬੋਲਨਾ ਮਨਿ ਵੂਠੈ ਸੁਖੁ ਹੋਇ ॥ (260-16)
हरि हरि मुख ते बोलना मनि वूठै सुखु होइ ॥

ਨਾਨਕ ਸਭ ਮਹਿ ਰਵਿ ਰਹਿਆ ਥਾਨ ਥਨੰਤਰਿ ਸੋਇ ॥੧॥ (260-16)
नानक सभ महि रवि रहिआ थान थनंतरि सोइ ॥१॥

ਪਉੜੀ ॥ (260-17)
पउड़ी ॥

ਹੇਰਉ ਘਟਿ ਘਟਿ ਸਗਲ ਕੈ ਪੂਰਿ ਰਹੇ ਭਗਵਾਨ ॥ (260-17)
हेरउ घटि घटि सगल कै पूरि रहे भगवान ॥

ਹੋਵਤ ਆਏ ਸਦ ਸਦੀਵ ਦੁਖ ਭੰਜਨ ਗੁਰ ਗਿਆਨ ॥ (260-18)
होवत आए सद सदीव दुख भंजन गुर गिआन ॥

ਹਉ ਛੁਟਕੈ ਹੋਇ ਅਨੰਦੁ ਤਿਹ ਹਉ ਨਾਹੀ ਤਹ ਆਪਿ ॥ (260-18)
हउ छुटकै होइ अनंदु तिह हउ नाही तह आपि ॥

ਹਤੇ ਦੂਖ ਜਨਮਹ ਮਰਨ ਸੰਤਸੰਗ ਪਰਤਾਪ ॥ (260-19)
हते दूख जनमह मरन संतसंग परताप ॥

ਹਿਤ ਕਰਿ ਨਾਮ ਦ੍ਰਿੜੈ ਦਇਆਲਾ ॥ (260-19)
हित करि नाम द्रिड़ै दइआला ॥

ਸੰਤਹ ਸੰਗਿ ਹੋਤ ਕਿਰਪਾਲਾ ॥ (260-19)
संतह संगि होत किरपाला ॥

ਓਰੈ ਕਛੂ ਨ ਕਿਨਹੂ ਕੀਆ ॥ (261-1)
ओरै कछू न किनहू कीआ ॥

ਨਾਨਕ ਸਭੁ ਕਛੁ ਪ੍ਰਭ ਤੇ ਹੂਆ ॥੫੧॥ (261-1)
नानक सभु कछु प्रभ ते हूआ ॥५१॥

ਸਲੋਕੁ ॥ (261-1)
सलोकु ॥

ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ ॥ (261-1)
लेखै कतहि न छूटीऐ खिनु खिनु भूलनहार ॥

ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ ॥੧॥ (261-2)
बखसनहार बखसि लै नानक पारि उतार ॥१॥

ਪਉੜੀ ॥ (261-2)
पउड़ी ॥

ਲੂਣ ਹਰਾਮੀ ਗੁਨਹਗਾਰ ਬੇਗਾਨਾ ਅਲਪ ਮਤਿ ॥ (261-2)
लूण हरामी गुनहगार बेगाना अलप मति ॥

ਜੀਉ ਪਿੰਡੁ ਜਿਨਿ ਸੁਖ ਦੀਏ ਤਾਹਿ ਨ ਜਾਨਤ ਤਤ ॥ (261-3)
जीउ पिंडु जिनि सुख दीए ताहि न जानत तत ॥

ਲਾਹਾ ਮਾਇਆ ਕਾਰਨੇ ਦਹ ਦਿਸਿ ਢੂਢਨ ਜਾਇ ॥ (261-3)
लाहा माइआ कारने दह दिसि ढूढन जाइ ॥

ਦੇਵਨਹਾਰ ਦਾਤਾਰ ਪ੍ਰਭ ਨਿਮਖ ਨ ਮਨਹਿ ਬਸਾਇ ॥ (261-4)
देवनहार दातार प्रभ निमख न मनहि बसाइ ॥

ਲਾਲਚ ਝੂਠ ਬਿਕਾਰ ਮੋਹ ਇਆ ਸੰਪੈ ਮਨ ਮਾਹਿ ॥ (261-4)
लालच झूठ बिकार मोह इआ स्मपै मन माहि ॥

ਲੰਪਟ ਚੋਰ ਨਿੰਦਕ ਮਹਾ ਤਿਨਹੂ ਸੰਗਿ ਬਿਹਾਇ ॥ (261-5)
ल्मपट चोर निंदक महा तिनहू संगि बिहाइ ॥

ਤੁਧੁ ਭਾਵੈ ਤਾ ਬਖਸਿ ਲੈਹਿ ਖੋਟੇ ਸੰਗਿ ਖਰੇ ॥ (261-5)
तुधु भावै ता बखसि लैहि खोटे संगि खरे ॥

ਨਾਨਕ ਭਾਵੈ ਪਾਰਬ੍ਰਹਮ ਪਾਹਨ ਨੀਰਿ ਤਰੇ ॥੫੨॥ (261-6)
नानक भावै पारब्रहम पाहन नीरि तरे ॥५२॥

ਸਲੋਕੁ ॥ (261-6)
सलोकु ॥

ਖਾਤ ਪੀਤ ਖੇਲਤ ਹਸਤ ਭਰਮੇ ਜਨਮ ਅਨੇਕ ॥ (261-6)
खात पीत खेलत हसत भरमे जनम अनेक ॥

ਭਵਜਲ ਤੇ ਕਾਢਹੁ ਪ੍ਰਭੂ ਨਾਨਕ ਤੇਰੀ ਟੇਕ ॥੧॥ (261-7)
भवजल ते काढहु प्रभू नानक तेरी टेक ॥१॥

ਪਉੜੀ ॥ (261-7)
पउड़ी ॥

ਖੇਲਤ ਖੇਲਤ ਆਇਓ ਅਨਿਕ ਜੋਨਿ ਦੁਖ ਪਾਇ ॥ (261-7)
खेलत खेलत आइओ अनिक जोनि दुख पाइ ॥

ਖੇਦ ਮਿਟੇ ਸਾਧੂ ਮਿਲਤ ਸਤਿਗੁਰ ਬਚਨ ਸਮਾਇ ॥ (261-7)
खेद मिटे साधू मिलत सतिगुर बचन समाइ ॥

ਖਿਮਾ ਗਹੀ ਸਚੁ ਸੰਚਿਓ ਖਾਇਓ ਅੰਮ੍ਰਿਤੁ ਨਾਮ ॥ (261-8)
खिमा गही सचु संचिओ खाइओ अमृतु नाम ॥

ਖਰੀ ਕ੍ਰਿਪਾ ਠਾਕੁਰ ਭਈ ਅਨਦ ਸੂਖ ਬਿਸ੍ਰਾਮ ॥ (261-8)
खरी क्रिपा ठाकुर भई अनद सूख बिस्राम ॥

ਖੇਪ ਨਿਬਾਹੀ ਬਹੁਤੁ ਲਾਭ ਘਰਿ ਆਏ ਪਤਿਵੰਤ ॥ (261-9)
खेप निबाही बहुतु लाभ घरि आए पतिवंत ॥

ਖਰਾ ਦਿਲਾਸਾ ਗੁਰਿ ਦੀਆ ਆਇ ਮਿਲੇ ਭਗਵੰਤ ॥ (261-9)
खरा दिलासा गुरि दीआ आइ मिले भगवंत ॥

ਆਪਨ ਕੀਆ ਕਰਹਿ ਆਪਿ ਆਗੈ ਪਾਛੈ ਆਪਿ ॥ (261-10)
आपन कीआ करहि आपि आगै पाछै आपि ॥

ਨਾਨਕ ਸੋਊ ਸਰਾਹੀਐ ਜਿ ਘਟਿ ਘਟਿ ਰਹਿਆ ਬਿਆਪਿ ॥੫੩॥ (261-10)
नानक सोऊ सराहीऐ जि घटि घटि रहिआ बिआपि ॥५३॥

ਸਲੋਕੁ ॥ (261-11)
सलोकु ॥

ਆਏ ਪ੍ਰਭ ਸਰਨਾਗਤੀ ਕਿਰਪਾ ਨਿਧਿ ਦਇਆਲ ॥ (261-11)
आए प्रभ सरनागती किरपा निधि दइआल ॥

ਏਕ ਅਖਰੁ ਹਰਿ ਮਨਿ ਬਸਤ ਨਾਨਕ ਹੋਤ ਨਿਹਾਲ ॥੧॥ (261-11)
एक अखरु हरि मनि बसत नानक होत निहाल ॥१॥

ਪਉੜੀ ॥ (261-12)
पउड़ी ॥

ਅਖਰ ਮਹਿ ਤ੍ਰਿਭਵਨ ਪ੍ਰਭਿ ਧਾਰੇ ॥ (261-12)
अखर महि त्रिभवन प्रभि धारे ॥

ਅਖਰ ਕਰਿ ਕਰਿ ਬੇਦ ਬੀਚਾਰੇ ॥ (261-12)
अखर करि करि बेद बीचारे ॥

ਅਖਰ ਸਾਸਤ੍ਰ ਸਿੰਮ੍ਰਿਤਿ ਪੁਰਾਨਾ ॥ (261-13)
अखर सासत्र सिंम्रिति पुराना ॥

ਅਖਰ ਨਾਦ ਕਥਨ ਵਖੵਾਨਾ ॥ (261-13)
अखर नाद कथन वख्याना ॥

ਅਖਰ ਮੁਕਤਿ ਜੁਗਤਿ ਭੈ ਭਰਮਾ ॥ (261-13)
अखर मुकति जुगति भै भरमा ॥

ਅਖਰ ਕਰਮ ਕਿਰਤਿ ਸੁਚ ਧਰਮਾ ॥ (261-14)
अखर करम किरति सुच धरमा ॥

ਦ੍ਰਿਸਟਿਮਾਨ ਅਖਰ ਹੈ ਜੇਤਾ ॥ (261-14)
द्रिसटिमान अखर है जेता ॥

ਨਾਨਕ ਪਾਰਬ੍ਰਹਮ ਨਿਰਲੇਪਾ ॥੫੪॥ (261-14)
नानक पारब्रहम निरलेपा ॥५४॥

ਸਲੋਕੁ ॥ (261-15)
सलोकु ॥

ਹਥਿ ਕਲੰਮ ਅਗੰਮ ਮਸਤਕਿ ਲਿਖਾਵਤੀ ॥ (261-15)
हथि कलंम अगंम मसतकि लिखावती ॥

ਉਰਝਿ ਰਹਿਓ ਸਭ ਸੰਗਿ ਅਨੂਪ ਰੂਪਾਵਤੀ ॥ (261-15)
उरझि रहिओ सभ संगि अनूप रूपावती ॥

ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ ॥ (261-15)
उसतति कहनु न जाइ मुखहु तुहारीआ ॥

ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ ॥੧॥ (261-16)
मोही देखि दरसु नानक बलिहारीआ ॥१॥

ਪਉੜੀ ॥ (261-16)
पउड़ी ॥

ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘਨਾਸ ॥ (261-16)
हे अचुत हे पारब्रहम अबिनासी अघनास ॥

ਹੇ ਪੂਰਨ ਹੇ ਸਰਬ ਮੈ ਦੁਖ ਭੰਜਨ ਗੁਣਤਾਸ ॥ (261-17)
हे पूरन हे सरब मै दुख भंजन गुणतास ॥

ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ ਸਭ ਟੇਕ ॥ (261-17)
हे संगी हे निरंकार हे निरगुण सभ टेक ॥

ਹੇ ਗੋਬਿਦ ਹੇ ਗੁਣ ਨਿਧਾਨ ਜਾ ਕੈ ਸਦਾ ਬਿਬੇਕ ॥ (261-18)
हे गोबिद हे गुण निधान जा कै सदा बिबेक ॥

ਹੇ ਅਪਰੰਪਰ ਹਰਿ ਹਰੇ ਹਹਿ ਭੀ ਹੋਵਨਹਾਰ ॥ (261-18)
हे अपर्मपर हरि हरे हहि भी होवनहार ॥

ਹੇ ਸੰਤਹ ਕੈ ਸਦਾ ਸੰਗਿ ਨਿਧਾਰਾ ਆਧਾਰ ॥ (261-19)
हे संतह कै सदा संगि निधारा आधार ॥

ਹੇ ਠਾਕੁਰ ਹਉ ਦਾਸਰੋ ਮੈ ਨਿਰਗੁਨ ਗੁਨੁ ਨਹੀ ਕੋਇ ॥ (261-19)
हे ठाकुर हउ दासरो मै निरगुन गुनु नही कोइ ॥

ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ ॥੫੫॥ (262-1)
नानक दीजै नाम दानु राखउ हीऐ परोइ ॥५५॥

ਸਲੋਕੁ ॥ (262-1)
सलोकु ॥

ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ ॥ (262-1)
गुरदेव माता गुरदेव पिता गुरदेव सुआमी परमेसुरा ॥

ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ ॥ (262-2)
गुरदेव सखा अगिआन भंजनु गुरदेव बंधिप सहोदरा ॥

ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ ॥ (262-2)
गुरदेव दाता हरि नामु उपदेसै गुरदेव मंतु निरोधरा ॥

ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ ॥ (262-3)
गुरदेव सांति सति बुधि मूरति गुरदेव पारस परस परा ॥

ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ ॥ (262-3)
गुरदेव तीरथु अमृत सरोवरु गुर गिआन मजनु अपर्मपरा ॥

ਗੁਰਦੇਵ ਕਰਤਾ ਸਭਿ ਪਾਪ ਹਰਤਾ ਗੁਰਦੇਵ ਪਤਿਤ ਪਵਿਤ ਕਰਾ ॥ (262-4)
गुरदेव करता सभि पाप हरता गुरदेव पतित पवित करा ॥

ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ਗੁਰਦੇਵ ਮੰਤੁ ਹਰਿ ਜਪਿ ਉਧਰਾ ॥ (262-5)
गुरदेव आदि जुगादि जुगु जुगु गुरदेव मंतु हरि जपि उधरा ॥

ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ ॥ (262-5)
गुरदेव संगति प्रभ मेलि करि किरपा हम मूड़ पापी जितु लगि तरा ॥

ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ ॥੧॥ (262-6)
गुरदेव सतिगुरु पारब्रहमु परमेसरु गुरदेव नानक हरि नमसकरा ॥१॥

ਏਹੁ ਸਲੋਕੁ ਆਦਿ ਅੰਤਿ ਪੜਣਾ ॥ (262-7)
एहु सलोकु आदि अंति पड़णा ॥

ਗਉੜੀ ਸੁਖਮਨੀ ਮਃ ੫ ॥ (262-8)
गउड़ी सुखमनी मः ५ ॥

ਸਲੋਕੁ ॥ (262-8)
सलोकु ॥

ੴ ਸਤਿਗੁਰ ਪ੍ਰਸਾਦਿ ॥ (262-8)
ੴ सतिगुर प्रसादि ॥

ਆਦਿ ਗੁਰਏ ਨਮਹ ॥ (262-9)
आदि गुरए नमह ॥

ਜੁਗਾਦਿ ਗੁਰਏ ਨਮਹ ॥ (262-9)
जुगादि गुरए नमह ॥

ਸਤਿਗੁਰਏ ਨਮਹ ॥ (262-9)
सतिगुरए नमह ॥

ਸ੍ਰੀ ਗੁਰਦੇਵਏ ਨਮਹ ॥੧॥ (262-9)
स्री गुरदेवए नमह ॥१॥

ਅਸਟਪਦੀ ॥ (262-9)
असटपदी ॥

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥ (262-10)
सिमरउ सिमरि सिमरि सुखु पावउ ॥

ਕਲਿ ਕਲੇਸ ਤਨ ਮਾਹਿ ਮਿਟਾਵਉ ॥ (262-10)
कलि कलेस तन माहि मिटावउ ॥

ਸਿਮਰਉ ਜਾਸੁ ਬਿਸੁੰਭਰ ਏਕੈ ॥ (262-10)
सिमरउ जासु बिसुमभर एकै ॥

ਨਾਮੁ ਜਪਤ ਅਗਨਤ ਅਨੇਕੈ ॥ (262-11)
नामु जपत अगनत अनेकै ॥

ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਯਰ ॥ (262-11)
बेद पुरान सिंम्रिति सुधाख्यर ॥

ਕੀਨੇ ਰਾਮ ਨਾਮ ਇਕ ਆਖ੍ਯਰ ॥ (262-11)
कीने राम नाम इक आख्यर ॥

ਕਿਨਕਾ ਏਕ ਜਿਸੁ ਜੀਅ ਬਸਾਵੈ ॥ (262-12)
किनका एक जिसु जीअ बसावै ॥

ਤਾ ਕੀ ਮਹਿਮਾ ਗਨੀ ਨ ਆਵੈ ॥ (262-12)
ता की महिमा गनी न आवै ॥

ਕਾਂਖੀ ਏਕੈ ਦਰਸ ਤੁਹਾਰੋ ॥ (262-12)
कांखी एकै दरस तुहारो ॥

ਨਾਨਕ ਉਨ ਸੰਗਿ ਮੋਹਿ ਉਧਾਰੋ ॥੧॥ (262-12)
नानक उन संगि मोहि उधारो ॥१॥

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥ (262-13)
सुखमनी सुख अमृत प्रभ नामु ॥

ਭਗਤ ਜਨਾ ਕੈ ਮਨਿ ਬਿਸ੍ਰਾਮ ॥ ਰਹਾਉ ॥ (262-13)
भगत जना कै मनि बिस्राम ॥ रहाउ ॥

ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥ (262-13)
प्रभ कै सिमरनि गरभि न बसै ॥

ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥ (262-14)
प्रभ कै सिमरनि दूखु जमु नसै ॥

ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥ (262-14)
प्रभ कै सिमरनि कालु परहरै ॥

ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ॥ (262-14)
प्रभ कै सिमरनि दुसमनु टरै ॥

ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥ (262-15)
प्रभ सिमरत कछु बिघनु न लागै ॥

ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ ॥ (262-15)
प्रभ कै सिमरनि अनदिनु जागै ॥

ਪ੍ਰਭ ਕੈ ਸਿਮਰਨਿ ਭਉ ਨ ਬਿਆਪੈ ॥ (262-15)
प्रभ कै सिमरनि भउ न बिआपै ॥

ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ ॥ (262-16)
प्रभ कै सिमरनि दुखु न संतापै ॥

ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ ॥ (262-16)
प्रभ का सिमरनु साध कै संगि ॥

ਸਰਬ ਨਿਧਾਨ ਨਾਨਕ ਹਰਿ ਰੰਗਿ ॥੨॥ (262-16)
सरब निधान नानक हरि रंगि ॥२॥

ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥ (262-17)
प्रभ कै सिमरनि रिधि सिधि नउ निधि ॥

ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ ॥ (262-17)
प्रभ कै सिमरनि गिआनु धिआनु ततु बुधि ॥

ਪ੍ਰਭ ਕੈ ਸਿਮਰਨਿ ਜਪ ਤਪ ਪੂਜਾ ॥ (262-18)
प्रभ कै सिमरनि जप तप पूजा ॥

ਪ੍ਰਭ ਕੈ ਸਿਮਰਨਿ ਬਿਨਸੈ ਦੂਜਾ ॥ (262-18)
प्रभ कै सिमरनि बिनसै दूजा ॥

ਪ੍ਰਭ ਕੈ ਸਿਮਰਨਿ ਤੀਰਥ ਇਸਨਾਨੀ ॥ (262-18)
प्रभ कै सिमरनि तीरथ इसनानी ॥

ਪ੍ਰਭ ਕੈ ਸਿਮਰਨਿ ਦਰਗਹ ਮਾਨੀ ॥ (262-19)
प्रभ कै सिमरनि दरगह मानी ॥

ਪ੍ਰਭ ਕੈ ਸਿਮਰਨਿ ਹੋਇ ਸੁ ਭਲਾ ॥ (262-19)
प्रभ कै सिमरनि होइ सु भला ॥

ਪ੍ਰਭ ਕੈ ਸਿਮਰਨਿ ਸੁਫਲ ਫਲਾ ॥ (262-19)
प्रभ कै सिमरनि सुफल फला ॥

ਸੇ ਸਿਮਰਹਿ ਜਿਨ ਆਪਿ ਸਿਮਰਾਏ ॥ (262-19)
से सिमरहि जिन आपि सिमराए ॥

ਨਾਨਕ ਤਾ ਕੈ ਲਾਗਉ ਪਾਏ ॥੩॥ (263-1)
नानक ता कै लागउ पाए ॥३ ॥

ਪ੍ਰਭ ਕਾ ਸਿਮਰਨੁ ਸਭ ਤੇ ਊਚਾ ॥ (263-1)
प्रभ का सिमरनु सभ ते ऊचा ॥

ਪ੍ਰਭ ਕੈ ਸਿਮਰਨਿ ਉਧਰੇ ਮੂਚਾ ॥ (263-1)
प्रभ कै सिमरनि उधरे मूचा ॥

ਪ੍ਰਭ ਕੈ ਸਿਮਰਨਿ ਤ੍ਰਿਸਨਾ ਬੁਝੈ ॥ (263-2)
प्रभ कै सिमरनि त्रिसना बुझै ॥

ਪ੍ਰਭ ਕੈ ਸਿਮਰਨਿ ਸਭੁ ਕਿਛੁ ਸੁਝੈ ॥ (263-2)
प्रभ कै सिमरनि सभु किछु सुझै ॥

ਪ੍ਰਭ ਕੈ ਸਿਮਰਨਿ ਨਾਹੀ ਜਮ ਤ੍ਰਾਸਾ ॥ (263-2)
प्रभ कै सिमरनि नाही जम त्रासा ॥

ਪ੍ਰਭ ਕੈ ਸਿਮਰਨਿ ਪੂਰਨ ਆਸਾ ॥ (263-3)
प्रभ कै सिमरनि पूरन आसा ॥

ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ ॥ (263-3)
प्रभ कै सिमरनि मन की मलु जाइ ॥

ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ ॥ (263-3)
अमृत नामु रिद माहि समाइ ॥

ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥ (263-4)
प्रभ जी बसहि साध की रसना ॥

ਨਾਨਕ ਜਨ ਕਾ ਦਾਸਨਿ ਦਸਨਾ ॥੪॥ (263-4)
नानक जन का दासनि दसना ॥४॥

ਪ੍ਰਭ ਕਉ ਸਿਮਰਹਿ ਸੇ ਧਨਵੰਤੇ ॥ (263-4)
प्रभ कउ सिमरहि से धनवंते ॥

ਪ੍ਰਭ ਕਉ ਸਿਮਰਹਿ ਸੇ ਪਤਿਵੰਤੇ ॥ (263-5)
प्रभ कउ सिमरहि से पतिवंते ॥

ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ ॥ (263-5)
प्रभ कउ सिमरहि से जन परवान ॥

ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ ॥ (263-5)
प्रभ कउ सिमरहि से पुरख प्रधान ॥

ਪ੍ਰਭ ਕਉ ਸਿਮਰਹਿ ਸਿ ਬੇਮੁਹਤਾਜੇ ॥ (263-6)
प्रभ कउ सिमरहि सि बेमुहताजे ॥

ਪ੍ਰਭ ਕਉ ਸਿਮਰਹਿ ਸਿ ਸਰਬ ਕੇ ਰਾਜੇ ॥ (263-6)
प्रभ कउ सिमरहि सि सरब के राजे ॥

ਪ੍ਰਭ ਕਉ ਸਿਮਰਹਿ ਸੇ ਸੁਖਵਾਸੀ ॥ (263-6)
प्रभ कउ सिमरहि से सुखवासी ॥

ਪ੍ਰਭ ਕਉ ਸਿਮਰਹਿ ਸਦਾ ਅਬਿਨਾਸੀ ॥ (263-7)
प्रभ कउ सिमरहि सदा अबिनासी ॥

ਸਿਮਰਨ ਤੇ ਲਾਗੇ ਜਿਨ ਆਪਿ ਦਇਆਲਾ ॥ (263-7)
सिमरन ते लागे जिन आपि दइआला ॥

ਨਾਨਕ ਜਨ ਕੀ ਮੰਗੈ ਰਵਾਲਾ ॥੫॥ (263-8)
नानक जन की मंगै रवाला ॥५॥

ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ ॥ (263-8)
प्रभ कउ सिमरहि से परउपकारी ॥

ਪ੍ਰਭ ਕਉ ਸਿਮਰਹਿ ਤਿਨ ਸਦ ਬਲਿਹਾਰੀ ॥ (263-8)
प्रभ कउ सिमरहि तिन सद बलिहारी ॥

ਪ੍ਰਭ ਕਉ ਸਿਮਰਹਿ ਸੇ ਮੁਖ ਸੁਹਾਵੇ ॥ (263-9)
प्रभ कउ सिमरहि से मुख सुहावे ॥

ਪ੍ਰਭ ਕਉ ਸਿਮਰਹਿ ਤਿਨ ਸੂਖਿ ਬਿਹਾਵੈ ॥ (263-9)
प्रभ कउ सिमरहि तिन सूखि बिहावै ॥

ਪ੍ਰਭ ਕਉ ਸਿਮਰਹਿ ਤਿਨ ਆਤਮੁ ਜੀਤਾ ॥ (263-9)
प्रभ कउ सिमरहि तिन आतमु जीता ॥

ਪ੍ਰਭ ਕਉ ਸਿਮਰਹਿ ਤਿਨ ਨਿਰਮਲ ਰੀਤਾ ॥ (263-10)
प्रभ कउ सिमरहि तिन निरमल रीता ॥

ਪ੍ਰਭ ਕਉ ਸਿਮਰਹਿ ਤਿਨ ਅਨਦ ਘਨੇਰੇ ॥ (263-10)
प्रभ कउ सिमरहि तिन अनद घनेरे ॥

ਪ੍ਰਭ ਕਉ ਸਿਮਰਹਿ ਬਸਹਿ ਹਰਿ ਨੇਰੇ ॥ (263-11)
प्रभ कउ सिमरहि बसहि हरि नेरे ॥

ਸੰਤ ਕ੍ਰਿਪਾ ਤੇ ਅਨਦਿਨੁ ਜਾਗਿ ॥ (263-11)
संत क्रिपा ते अनदिनु जागि ॥

ਨਾਨਕ ਸਿਮਰਨੁ ਪੂਰੈ ਭਾਗਿ ॥੬॥ (263-11)
नानक सिमरनु पूरै भागि ॥६॥

ਪ੍ਰਭ ਕੈ ਸਿਮਰਨਿ ਕਾਰਜ ਪੂਰੇ ॥ (263-12)
प्रभ कै सिमरनि कारज पूरे ॥

ਪ੍ਰਭ ਕੈ ਸਿਮਰਨਿ ਕਬਹੁ ਨ ਝੂਰੇ ॥ (263-12)
प्रभ कै सिमरनि कबहु न झूरे ॥

ਪ੍ਰਭ ਕੈ ਸਿਮਰਨਿ ਹਰਿ ਗੁਨ ਬਾਨੀ ॥ (263-12)
प्रभ कै सिमरनि हरि गुन बानी ॥

ਪ੍ਰਭ ਕੈ ਸਿਮਰਨਿ ਸਹਜਿ ਸਮਾਨੀ ॥ (263-13)
प्रभ कै सिमरनि सहजि समानी ॥

ਪ੍ਰਭ ਕੈ ਸਿਮਰਨਿ ਨਿਹਚਲ ਆਸਨੁ ॥ (263-13)
प्रभ कै सिमरनि निहचल आसनु ॥

ਪ੍ਰਭ ਕੈ ਸਿਮਰਨਿ ਕਮਲ ਬਿਗਾਸਨੁ ॥ (263-13)
प्रभ कै सिमरनि कमल बिगासनु ॥

ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ ॥ (263-14)
प्रभ कै सिमरनि अनहद झुनकार ॥

ਸੁਖੁ ਪ੍ਰਭ ਸਿਮਰਨ ਕਾ ਅੰਤੁ ਨ ਪਾਰ ॥ (263-14)
सुखु प्रभ सिमरन का अंतु न पार ॥

ਸਿਮਰਹਿ ਸੇ ਜਨ ਜਿਨ ਕਉ ਪ੍ਰਭ ਮਇਆ ॥ (263-14)
सिमरहि से जन जिन कउ प्रभ मइआ ॥

ਨਾਨਕ ਤਿਨ ਜਨ ਸਰਨੀ ਪਇਆ ॥੭॥ (263-15)
नानक तिन जन सरनी पइआ ॥७॥

ਹਰਿ ਸਿਮਰਨੁ ਕਰਿ ਭਗਤ ਪ੍ਰਗਟਾਏ ॥ (263-15)
हरि सिमरनु करि भगत प्रगटाए ॥

ਹਰਿ ਸਿਮਰਨਿ ਲਗਿ ਬੇਦ ਉਪਾਏ ॥ (263-16)
हरि सिमरनि लगि बेद उपाए ॥

ਹਰਿ ਸਿਮਰਨਿ ਭਏ ਸਿਧ ਜਤੀ ਦਾਤੇ ॥ (263-16)
हरि सिमरनि भए सिध जती दाते ॥

ਹਰਿ ਸਿਮਰਨਿ ਨੀਚ ਚਹੁ ਕੁੰਟ ਜਾਤੇ ॥ (263-16)
हरि सिमरनि नीच चहु कुंट जाते ॥

ਹਰਿ ਸਿਮਰਨਿ ਧਾਰੀ ਸਭ ਧਰਨਾ ॥ (263-17)
हरि सिमरनि धारी सभ धरना ॥

ਸਿਮਰਿ ਸਿਮਰਿ ਹਰਿ ਕਾਰਨ ਕਰਨਾ ॥ (263-17)
सिमरि सिमरि हरि कारन करना ॥

ਹਰਿ ਸਿਮਰਨਿ ਕੀਓ ਸਗਲ ਅਕਾਰਾ ॥ (263-17)
हरि सिमरनि कीओ सगल अकारा ॥

ਹਰਿ ਸਿਮਰਨ ਮਹਿ ਆਪਿ ਨਿਰੰਕਾਰਾ ॥ (263-18)
हरि सिमरन महि आपि निरंकारा ॥

ਕਰਿ ਕਿਰਪਾ ਜਿਸੁ ਆਪਿ ਬੁਝਾਇਆ ॥ (263-18)
करि किरपा जिसु आपि बुझाइआ ॥

ਨਾਨਕ ਗੁਰਮੁਖਿ ਹਰਿ ਸਿਮਰਨੁ ਤਿਨਿ ਪਾਇਆ ॥੮॥੧॥ (263-18)
नानक गुरमुखि हरि सिमरनु तिनि पाइआ ॥८॥१॥

ਸਲੋਕੁ ॥ (263-19)
सलोकु ॥

ਦੀਨ ਦਰਦ ਦੁਖ ਭੰਜਨਾ ਘਟਿ ਘਟਿ ਨਾਥ ਅਨਾਥ ॥ (263-19)
दीन दरद दुख भंजना घटि घटि नाथ अनाथ ॥

ਸਰਣਿ ਤੁਮ੍ਹਾਰੀ ਆਇਓ ਨਾਨਕ ਕੇ ਪ੍ਰਭ ਸਾਥ ॥੧॥ (263-19)
सरणि तुम्हारी आइओ नानक के प्रभ साथ ॥१॥

ਅਸਟਪਦੀ ॥ (264-1)
असटपदी ॥

ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥ (264-1)
जह मात पिता सुत मीत न भाई ॥

ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥ (264-1)
मन ऊहा नामु तेरै संगि सहाई ॥

ਜਹ ਮਹਾ ਭਇਆਨ ਦੂਤ ਜਮ ਦਲੈ ॥ (264-2)
जह महा भइआन दूत जम दलै ॥

ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥ (264-2)
तह केवल नामु संगि तेरै चलै ॥

ਜਹ ਮੁਸਕਲ ਹੋਵੈ ਅਤਿ ਭਾਰੀ ॥ (264-2)
जह मुसकल होवै अति भारी ॥

ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥ (264-3)
हरि को नामु खिन माहि उधारी ॥

ਅਨਿਕ ਪੁਨਹਚਰਨ ਕਰਤ ਨਹੀ ਤਰੈ ॥ (264-3)
अनिक पुनहचरन करत नही तरै ॥

ਹਰਿ ਕੋ ਨਾਮੁ ਕੋਟਿ ਪਾਪ ਪਰਹਰੈ ॥ (264-3)
हरि को नामु कोटि पाप परहरै ॥

ਗੁਰਮੁਖਿ ਨਾਮੁ ਜਪਹੁ ਮਨ ਮੇਰੇ ॥ (264-4)
गुरमुखि नामु जपहु मन मेरे ॥

ਨਾਨਕ ਪਾਵਹੁ ਸੂਖ ਘਨੇਰੇ ॥੧॥ (264-4)
नानक पावहु सूख घनेरे ॥१॥

ਸਗਲ ਸ੍ਰਿਸਟਿ ਕੋ ਰਾਜਾ ਦੁਖੀਆ ॥ (264-4)
सगल स्रिसटि को राजा दुखीआ ॥

ਹਰਿ ਕਾ ਨਾਮੁ ਜਪਤ ਹੋਇ ਸੁਖੀਆ ॥ (264-5)
हरि का नामु जपत होइ सुखीआ ॥

ਲਾਖ ਕਰੋਰੀ ਬੰਧੁ ਨ ਪਰੈ ॥ (264-5)
लाख करोरी बंधु न परै ॥

ਹਰਿ ਕਾ ਨਾਮੁ ਜਪਤ ਨਿਸਤਰੈ ॥ (264-5)
हरि का नामु जपत निसतरै ॥

ਅਨਿਕ ਮਾਇਆ ਰੰਗ ਤਿਖ ਨ ਬੁਝਾਵੈ ॥ (264-6)
अनिक माइआ रंग तिख न बुझावै ॥

ਹਰਿ ਕਾ ਨਾਮੁ ਜਪਤ ਆਘਾਵੈ ॥ (264-6)
हरि का नामु जपत आघावै ॥

ਜਿਹ ਮਾਰਗਿ ਇਹੁ ਜਾਤ ਇਕੇਲਾ ॥ (264-6)
जिह मारगि इहु जात इकेला ॥

ਤਹ ਹਰਿ ਨਾਮੁ ਸੰਗਿ ਹੋਤ ਸੁਹੇਲਾ ॥ (264-7)
तह हरि नामु संगि होत सुहेला ॥

ਐਸਾ ਨਾਮੁ ਮਨ ਸਦਾ ਧਿਆਈਐ ॥ (264-7)
ऐसा नामु मन सदा धिआईऐ ॥

ਨਾਨਕ ਗੁਰਮੁਖਿ ਪਰਮ ਗਤਿ ਪਾਈਐ ॥੨॥ (264-7)
नानक गुरमुखि परम गति पाईऐ ॥२॥

ਛੂਟਤ ਨਹੀ ਕੋਟਿ ਲਖ ਬਾਹੀ ॥ (264-8)
छूटत नही कोटि लख बाही ॥

ਨਾਮੁ ਜਪਤ ਤਹ ਪਾਰਿ ਪਰਾਹੀ ॥ (264-8)
नामु जपत तह पारि पराही ॥

ਅਨਿਕ ਬਿਘਨ ਜਹ ਆਇ ਸੰਘਾਰੈ ॥ (264-8)
अनिक बिघन जह आइ संघारै ॥

ਹਰਿ ਕਾ ਨਾਮੁ ਤਤਕਾਲ ਉਧਾਰੈ ॥ (264-9)
हरि का नामु ततकाल उधारै ॥

ਅਨਿਕ ਜੋਨਿ ਜਨਮੈ ਮਰਿ ਜਾਮ ॥ (264-9)
अनिक जोनि जनमै मरि जाम ॥

ਨਾਮੁ ਜਪਤ ਪਾਵੈ ਬਿਸ੍ਰਾਮ ॥ (264-9)
नामु जपत पावै बिस्राम ॥

ਹਉ ਮੈਲਾ ਮਲੁ ਕਬਹੁ ਨ ਧੋਵੈ ॥ (264-10)
हउ मैला मलु कबहु न धोवै ॥

ਹਰਿ ਕਾ ਨਾਮੁ ਕੋਟਿ ਪਾਪ ਖੋਵੈ ॥ (264-10)
हरि का नामु कोटि पाप खोवै ॥

ਐਸਾ ਨਾਮੁ ਜਪਹੁ ਮਨ ਰੰਗਿ ॥ (264-10)
ऐसा नामु जपहु मन रंगि ॥

ਨਾਨਕ ਪਾਈਐ ਸਾਧ ਕੈ ਸੰਗਿ ॥੩॥ (264-10)
नानक पाईऐ साध कै संगि ॥३॥

ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥ (264-11)
जिह मारग के गने जाहि न कोसा ॥

ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥ (264-11)
हरि का नामु ऊहा संगि तोसा ॥

ਜਿਹ ਪੈਡੈ ਮਹਾ ਅੰਧ ਗੁਬਾਰਾ ॥ (264-11)
जिह पैडै महा अंध गुबारा ॥

ਹਰਿ ਕਾ ਨਾਮੁ ਸੰਗਿ ਉਜੀਆਰਾ ॥ (264-12)
हरि का नामु संगि उजीआरा ॥

ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥ (264-12)
जहा पंथि तेरा को न सिञानू ॥

ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥ (264-12)
हरि का नामु तह नालि पछानू ॥

ਜਹ ਮਹਾ ਭਇਆਨ ਤਪਤਿ ਬਹੁ ਘਾਮ ॥ (264-13)
जह महा भइआन तपति बहु घाम ॥

ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥ (264-13)
तह हरि के नाम की तुम ऊपरि छाम ॥

ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥ (264-14)
जहा त्रिखा मन तुझु आकरखै ॥

ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥੪॥ (264-14)
तह नानक हरि हरि अमृतु बरखै ॥४॥

ਭਗਤ ਜਨਾ ਕੀ ਬਰਤਨਿ ਨਾਮੁ ॥ (264-14)
भगत जना की बरतनि नामु ॥

ਸੰਤ ਜਨਾ ਕੈ ਮਨਿ ਬਿਸ੍ਰਾਮੁ ॥ (264-15)
संत जना कै मनि बिस्रामु ॥

ਹਰਿ ਕਾ ਨਾਮੁ ਦਾਸ ਕੀ ਓਟ ॥ (264-15)
हरि का नामु दास की ओट ॥

ਹਰਿ ਕੈ ਨਾਮਿ ਉਧਰੇ ਜਨ ਕੋਟਿ ॥ (264-15)
हरि कै नामि उधरे जन कोटि ॥

ਹਰਿ ਜਸੁ ਕਰਤ ਸੰਤ ਦਿਨੁ ਰਾਤਿ ॥ (264-15)
हरि जसु करत संत दिनु राति ॥

ਹਰਿ ਹਰਿ ਅਉਖਧੁ ਸਾਧ ਕਮਾਤਿ ॥ (264-16)
हरि हरि अउखधु साध कमाति ॥

ਹਰਿ ਜਨ ਕੈ ਹਰਿ ਨਾਮੁ ਨਿਧਾਨੁ ॥ (264-16)
हरि जन कै हरि नामु निधानु ॥

ਪਾਰਬ੍ਰਹਮਿ ਜਨ ਕੀਨੋ ਦਾਨ ॥ (264-17)
पारब्रहमि जन कीनो दान ॥

ਮਨ ਤਨ ਰੰਗਿ ਰਤੇ ਰੰਗ ਏਕੈ ॥ (264-17)
मन तन रंगि रते रंग एकै ॥

ਨਾਨਕ ਜਨ ਕੈ ਬਿਰਤਿ ਬਿਬੇਕੈ ॥੫॥ (264-17)
नानक जन कै बिरति बिबेकै ॥५॥

ਹਰਿ ਕਾ ਨਾਮੁ ਜਨ ਕਉ ਮੁਕਤਿ ਜੁਗਤਿ ॥ (264-17)
हरि का नामु जन कउ मुकति जुगति ॥

ਹਰਿ ਕੈ ਨਾਮਿ ਜਨ ਕਉ ਤ੍ਰਿਪਤਿ ਭੁਗਤਿ ॥ (264-18)
हरि कै नामि जन कउ त्रिपति भुगति ॥

ਹਰਿ ਕਾ ਨਾਮੁ ਜਨ ਕਾ ਰੂਪ ਰੰਗੁ ॥ (264-18)
हरि का नामु जन का रूप रंगु ॥

ਹਰਿ ਨਾਮੁ ਜਪਤ ਕਬ ਪਰੈ ਨ ਭੰਗੁ ॥ (264-19)
हरि नामु जपत कब परै न भंगु ॥

ਹਰਿ ਕਾ ਨਾਮੁ ਜਨ ਕੀ ਵਡਿਆਈ ॥ (264-19)
हरि का नामु जन की वडिआई ॥

ਹਰਿ ਕੈ ਨਾਮਿ ਜਨ ਸੋਭਾ ਪਾਈ ॥ (264-19)
हरि कै नामि जन सोभा पाई ॥

ਹਰਿ ਕਾ ਨਾਮੁ ਜਨ ਕਉ ਭੋਗ ਜੋਗ ॥ (265-1)
हरि का नामु जन कउ भोग जोग ॥

ਹਰਿ ਨਾਮੁ ਜਪਤ ਕਛੁ ਨਾਹਿ ਬਿਓਗੁ ॥ (265-1)
हरि नामु जपत कछु नाहि बिओगु ॥

ਜਨੁ ਰਾਤਾ ਹਰਿ ਨਾਮ ਕੀ ਸੇਵਾ ॥ (265-1)
जनु राता हरि नाम की सेवा ॥

ਨਾਨਕ ਪੂਜੈ ਹਰਿ ਹਰਿ ਦੇਵਾ ॥੬॥ (265-2)
नानक पूजै हरि हरि देवा ॥६॥

ਹਰਿ ਹਰਿ ਜਨ ਕੈ ਮਾਲੁ ਖਜੀਨਾ ॥ (265-2)
हरि हरि जन कै मालु खजीना ॥

ਹਰਿ ਧਨੁ ਜਨ ਕਉ ਆਪਿ ਪ੍ਰਭਿ ਦੀਨਾ ॥ (265-2)
हरि धनु जन कउ आपि प्रभि दीना ॥

ਹਰਿ ਹਰਿ ਜਨ ਕੈ ਓਟ ਸਤਾਣੀ ॥ (265-3)
हरि हरि जन कै ओट सताणी ॥

ਹਰਿ ਪ੍ਰਤਾਪਿ ਜਨ ਅਵਰ ਨ ਜਾਣੀ ॥ (265-3)
हरि प्रतापि जन अवर न जाणी ॥

ਓਤਿ ਪੋਤਿ ਜਨ ਹਰਿ ਰਸਿ ਰਾਤੇ ॥ (265-3)
ओति पोति जन हरि रसि राते ॥

ਸੁੰਨ ਸਮਾਧਿ ਨਾਮ ਰਸ ਮਾਤੇ ॥ (265-4)
सुंन समाधि नाम रस माते ॥

ਆਠ ਪਹਰ ਜਨੁ ਹਰਿ ਹਰਿ ਜਪੈ ॥ (265-4)
आठ पहर जनु हरि हरि जपै ॥

ਹਰਿ ਕਾ ਭਗਤੁ ਪ੍ਰਗਟ ਨਹੀ ਛਪੈ ॥ (265-4)
हरि का भगतु प्रगट नही छपै ॥

ਹਰਿ ਕੀ ਭਗਤਿ ਮੁਕਤਿ ਬਹੁ ਕਰੇ ॥ (265-4)
हरि की भगति मुकति बहु करे ॥

ਨਾਨਕ ਜਨ ਸੰਗਿ ਕੇਤੇ ਤਰੇ ॥੭॥ (265-5)
नानक जन संगि केते तरे ॥७॥

ਪਾਰਜਾਤੁ ਇਹੁ ਹਰਿ ਕੋ ਨਾਮ ॥ (265-5)
पारजातु इहु हरि को नाम ॥

ਕਾਮਧੇਨ ਹਰਿ ਹਰਿ ਗੁਣ ਗਾਮ ॥ (265-5)
कामधेन हरि हरि गुण गाम ॥

ਸਭ ਤੇ ਊਤਮ ਹਰਿ ਕੀ ਕਥਾ ॥ (265-6)
सभ ते ऊतम हरि की कथा ॥

ਨਾਮੁ ਸੁਨਤ ਦਰਦ ਦੁਖ ਲਥਾ ॥ (265-6)
नामु सुनत दरद दुख लथा ॥

ਨਾਮ ਕੀ ਮਹਿਮਾ ਸੰਤ ਰਿਦ ਵਸੈ ॥ (265-6)
नाम की महिमा संत रिद वसै ॥

ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥ (265-7)
संत प्रतापि दुरतु सभु नसै ॥

ਸੰਤ ਕਾ ਸੰਗੁ ਵਡਭਾਗੀ ਪਾਈਐ ॥ (265-7)
संत का संगु वडभागी पाईऐ ॥

ਸੰਤ ਕੀ ਸੇਵਾ ਨਾਮੁ ਧਿਆਈਐ ॥ (265-7)
संत की सेवा नामु धिआईऐ ॥

ਨਾਮ ਤੁਲਿ ਕਛੁ ਅਵਰੁ ਨ ਹੋਇ ॥ (265-8)
नाम तुलि कछु अवरु न होइ ॥

ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ ॥੮॥੨॥ (265-8)
नानक गुरमुखि नामु पावै जनु कोइ ॥८॥२॥

ਸਲੋਕੁ ॥ (265-8)
सलोकु ॥

ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ ॥ (265-8)
बहु सासत्र बहु सिम्रिती पेखे सरब ढढोलि ॥

ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ ॥੧॥ (265-9)
पूजसि नाही हरि हरे नानक नाम अमोल ॥१॥

ਅਸਟਪਦੀ ॥ (265-9)
असटपदी ॥

ਜਾਪ ਤਾਪ ਗਿਆਨ ਸਭਿ ਧਿਆਨ ॥ (265-9)
जाप ताप गिआन सभि धिआन ॥

ਖਟ ਸਾਸਤ੍ਰ ਸਿੰਮ੍ਰਿਤਿ ਵਖਿਆਨ ॥ (265-10)
खट सासत्र सिम्रिति वखिआन ॥

ਜੋਗ ਅਭਿਆਸ ਕਰਮ ਧ੍ਰਮ ਕਿਰਿਆ ॥ (265-10)
जोग अभिआस करम ध्रम किरिआ ॥

ਸਗਲ ਤਿਆਗਿ ਬਨ ਮਧੇ ਫਿਰਿਆ ॥ (265-10)
सगल तिआगि बन मधे फिरिआ ॥

ਅਨਿਕ ਪ੍ਰਕਾਰ ਕੀਏ ਬਹੁ ਜਤਨਾ ॥ (265-11)
अनिक प्रकार कीए बहु जतना ॥

ਪੁੰਨ ਦਾਨ ਹੋਮੇ ਬਹੁ ਰਤਨਾ ॥ (265-11)
पुंन दान होमे बहु रतना ॥

ਸਰੀਰੁ ਕਟਾਇ ਹੋਮੈ ਕਰਿ ਰਾਤੀ ॥ (265-11)
सरीरु कटाइ होमै करि राती ॥

ਵਰਤ ਨੇਮ ਕਰੈ ਬਹੁ ਭਾਤੀ ॥ (265-12)
वरत नेम करै बहु भाती ॥

ਨਹੀ ਤੁਲਿ ਰਾਮ ਨਾਮ ਬੀਚਾਰ ॥ (265-12)
नही तुलि राम नाम बीचार ॥

ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ ॥੧॥ (265-12)
नानक गुरमुखि नामु जपीऐ इक बार ॥१॥

ਨਉ ਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ ॥ (265-13)
नउ खंड प्रिथमी फिरै चिरु जीवै ॥

ਮਹਾ ਉਦਾਸੁ ਤਪੀਸਰੁ ਥੀਵੈ ॥ (265-13)
महा उदासु तपीसरु थीवै ॥

ਨਾਨਕ ਦਾਸ ਸਦਾ ਬਲਿਹਾਰ ॥੨॥ (292-13)
नानक दास सदा बलिहार ॥२॥

ਪੂਰਨ ਪੂਰਿ ਰਹੇ ਦਇਆਲ ॥ (292-14)
पूरन पूरि रहे दइआल ॥

ਸਭ ਊਪਰਿ ਹੋਵਤ ਕਿਰਪਾਲ ॥ (292-14)
सभ ऊपरि होवत किरपाल ॥

ਅਪਨੇ ਕਰਤਬ ਜਾਨੈ ਆਪਿ ॥ (292-14)
अपने करतब जानै आपि ॥

ਅੰਤਰਜਾਮੀ ਰਹਿਓ ਬਿਆਪਿ ॥ (292-14)
अंतरजामी रहिओ बिआपि ॥

ਪ੍ਰਤਿਪਾਲੈ ਜੀਅਨ ਬਹੁ ਭਾਤਿ ॥ (292-15)
प्रतिपालै जीअन बहु भाति ॥

ਜੋ ਜੋ ਰਚਿਓ ਸੁ ਤਿਸਹਿ ਧਿਆਤਿ ॥ (292-15)
जो जो रचिओ सु तिसहि धिआति ॥

ਜਿਸੁ ਭਾਵੈ ਤਿਸੁ ਲਏ ਮਿਲਾਇ ॥ (292-15)
जिसु भावै तिसु लए मिलाइ ॥

ਭਗਤਿ ਕਰਹਿ ਹਰਿ ਕੇ ਗੁਣ ਗਾਇ ॥ (292-16)
भगति करहि हरि के गुण गाइ ॥

ਮਨ ਅੰਤਰਿ ਬਿਸ੍ਵਾਸੁ ਕਰਿ ਮਾਨਿਆ ॥ (292-16)
मन अंतरि बिस्वासु करि मानिआ ॥

ਕਰਨਹਾਰੁ ਨਾਨਕ ਇਕੁ ਜਾਨਿਆ ॥੩॥ (292-16)
करनहारु नानक इकु जानिआ ॥३ ॥

ਜਨੁ ਲਾਗਾ ਹਰਿ ਏਕੈ ਨਾਇ ॥ (292-17)
जनु लागा हरि एकै नाइ ॥

ਤਿਸ ਕੀ ਆਸ ਨ ਬਿਰਥੀ ਜਾਇ ॥ (292-17)
तिस की आस न बिरथी जाइ ॥

ਸੇਵਕ ਕਉ ਸੇਵਾ ਬਨਿ ਆਈ ॥ (292-17)
सेवक कउ सेवा बनि आई ॥

ਹੁਕਮੁ ਬੂਝਿ ਪਰਮ ਪਦੁ ਪਾਈ ॥ (292-18)
हुकमु बूझि परम पदु पाई ॥

ਇਸ ਤੇ ਊਪਰਿ ਨਹੀ ਬੀਚਾਰੁ ॥ (292-18)
इस ते ऊपरि नही बीचारु ॥

ਜਾ ਕੈ ਮਨਿ ਬਸਿਆ ਨਿਰੰਕਾਰੁ ॥ (292-18)
जा कै मनि बसिआ निरंकारु ॥

ਬੰਧਨ ਤੋਰਿ ਭਏ ਨਿਰਵੈਰ ॥ (292-19)
बंधन तोरि भए निरवैर ॥

ਅਨਦਿਨੁ ਪੂਜਹਿ ਗੁਰ ਕੇ ਪੈਰ ॥ (292-19)
अनदिनु पूजहि गुर के पैर ॥

ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥ (292-19)
इह लोक सुखीए परलोक सुहेले ॥

ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥੪॥ (293-1)
नानक हरि प्रभि आपहि मेले ॥४॥

ਸਾਧਸੰਗਿ ਮਿਲਿ ਕਰਹੁ ਅਨੰਦ ॥ (293-1)
साधसंगि मिलि करहु अनंद ॥

ਗੁਨ ਗਾਵਹੁ ਪ੍ਰਭ ਪਰਮਾਨੰਦ ॥ (293-1)
गुन गावहु प्रभ परमानंद ॥

ਰਾਮ ਨਾਮ ਤਤੁ ਕਰਹੁ ਬੀਚਾਰੁ ॥ (293-2)
राम नाम ततु करहु बीचारु ॥

ਦ੍ਰੁਲਭ ਦੇਹ ਕਾ ਕਰਹੁ ਉਧਾਰੁ ॥ (293-2)
द्रुलभ देह का करहु उधारु ॥

ਅੰਮ੍ਰਿਤ ਬਚਨ ਹਰਿ ਕੇ ਗੁਨ ਗਾਉ ॥ (293-2)
अमृत बचन हरि के गुन गाउ ॥

ਪ੍ਰਾਨ ਤਰਨ ਕਾ ਇਹੈ ਸੁਆਉ ॥ (293-3)
प्रान तरन का इहै सुआउ ॥

ਆਠ ਪਹਰ ਪ੍ਰਭ ਪੇਖਹੁ ਨੇਰਾ ॥ (293-3)
आठ पहर प्रभ पेखहु नेरा ॥

ਮਿਟੈ ਅਗਿਆਨੁ ਬਿਨਸੈ ਅੰਧੇਰਾ ॥ (293-3)
मिटै अगिआनु बिनसै अंधेरा ॥

ਸੁਨਿ ਉਪਦੇਸੁ ਹਿਰਦੈ ਬਸਾਵਹੁ ॥ (293-4)
सुनि उपदेसु हिरदै बसावहु ॥

ਮਨ ਇਛੇ ਨਾਨਕ ਫਲ ਪਾਵਹੁ ॥੫॥ (293-4)
मन इछे नानक फल पावहु ॥५॥

ਹਲਤੁ ਪਲਤੁ ਦੁਇ ਲੇਹੁ ਸਵਾਰਿ ॥ (293-4)
हलतु पलतु दुइ लेहु सवारि ॥

ਰਾਮ ਨਾਮੁ ਅੰਤਰਿ ਉਰਿ ਧਾਰਿ ॥ (293-5)
राम नामु अंतरि उरि धारि ॥

ਪੂਰੇ ਗੁਰ ਕੀ ਪੂਰੀ ਦੀਖਿਆ ॥ (293-5)
पूरे गुर की पूरी दीखिआ ॥

ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ ॥ (293-5)
जिसु मनि बसै तिसु साचु परीखिआ ॥

ਮਨਿ ਤਨਿ ਨਾਮੁ ਜਪਹੁ ਲਿਵ ਲਾਇ ॥ (293-5)
मनि तनि नामु जपहु लिव लाइ ॥

ਦੂਖੁ ਦਰਦੁ ਮਨ ਤੇ ਭਉ ਜਾਇ ॥ (293-6)
दूखु दरदु मन ते भउ जाइ ॥

ਸਚੁ ਵਾਪਾਰੁ ਕਰਹੁ ਵਾਪਾਰੀ ॥ (293-6)
सचु वापारु करहु वापारी ॥

ਦਰਗਹ ਨਿਬਹੈ ਖੇਪ ਤੁਮਾਰੀ ॥ (293-6)
दरगह निबहै खेप तुमारी ॥

ਏਕਾ ਟੇਕ ਰਖਹੁ ਮਨ ਮਾਹਿ ॥ (293-7)
एका टेक रखहु मन माहि ॥

ਨਾਨਕ ਬਹੁਰਿ ਨ ਆਵਹਿ ਜਾਹਿ ॥੬॥ (293-7)
नानक बहुरि न आवहि जाहि ॥६॥

ਤਿਸ ਤੇ ਦੂਰਿ ਕਹਾ ਕੋ ਜਾਇ ॥ (293-7)
तिस ते दूरि कहा को जाइ ॥

ਉਬਰੈ ਰਾਖਨਹਾਰੁ ਧਿਆਇ ॥ (293-8)
उबरै राखनहारु धिआइ ॥

ਨਿਰਭਉ ਜਪੈ ਸਗਲ ਭਉ ਮਿਟੈ ॥ (293-8)
निरभउ जपै सगल भउ मिटै ॥

ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ ॥ (293-8)
प्रभ किरपा ते प्राणी छुटै ॥

ਜਿਸੁ ਪ੍ਰਭੁ ਰਾਖੈ ਤਿਸੁ ਨਾਹੀ ਦੂਖ ॥ (293-9)
जिसु प्रभु राखै तिसु नाही दूख ॥

ਨਾਮੁ ਜਪਤ ਮਨਿ ਹੋਵਤ ਸੂਖ ॥ (293-9)
नामु जपत मनि होवत सूख ॥

ਚਿੰਤਾ ਜਾਇ ਮਿਟੈ ਅਹੰਕਾਰੁ ॥ (293-9)
चिंता जाइ मिटै अहंकारु ॥

ਤਿਸੁ ਜਨ ਕਉ ਕੋਇ ਨ ਪਹੁਚਨਹਾਰੁ ॥ (293-10)
तिसु जन कउ कोइ न पहुचनहारु ॥

ਸਿਰ ਊਪਰਿ ਠਾਢਾ ਗੁਰੁ ਸੂਰਾ ॥ (293-10)
सिर ऊपरि ठाढा गुरु सूरा ॥

ਨਾਨਕ ਤਾ ਕੇ ਕਾਰਜ ਪੂਰਾ ॥੭॥ (293-10)
नानक ता के कारज पूरा ॥७॥

ਮਤਿ ਪੂਰੀ ਅੰਮ੍ਰਿਤੁ ਜਾ ਕੀ ਦ੍ਰਿਸਟਿ ॥ (293-11)
मति पूरी अमृतु जा की द्रिसटि ॥

ਦਰਸਨੁ ਪੇਖਤ ਉਧਰਤ ਸ੍ਰਿਸਟਿ ॥ (293-11)
दरसनु पेखत उधरत स्रिसटि ॥

ਚਰਨ ਕਮਲ ਜਾ ਕੇ ਅਨੂਪ ॥ (293-11)
चरन कमल जा के अनूप ॥

ਸਫਲ ਦਰਸਨੁ ਸੁੰਦਰ ਹਰਿ ਰੂਪ ॥ (293-11)
सफल दरसनु सुंदर हरि रूप ॥

ਧੰਨੁ ਸੇਵਾ ਸੇਵਕੁ ਪਰਵਾਨੁ ॥ (293-12)
धंनु सेवा सेवकु परवानु ॥

ਅੰਤਰਜਾਮੀ ਪੁਰਖੁ ਪ੍ਰਧਾਨੁ ॥ (293-12)
अंतरजामी पुरखु प्रधानु ॥

ਜਿਸੁ ਮਨਿ ਬਸੈ ਸੁ ਹੋਤ ਨਿਹਾਲੁ ॥ (293-12)
जिसु मनि बसै सु होत निहालु ॥

ਤਾ ਕੈ ਨਿਕਟਿ ਨ ਆਵਤ ਕਾਲੁ ॥ (293-13)
ता कै निकटि न आवत कालु ॥

ਅਮਰ ਭਏ ਅਮਰਾ ਪਦੁ ਪਾਇਆ ॥ (293-13)
अमर भए अमरा पदु पाइआ ॥

ਸਾਧਸੰਗਿ ਨਾਨਕ ਹਰਿ ਧਿਆਇਆ ॥੮॥੨੨॥ (293-13)
साधसंगि नानक हरि धिआइआ ॥८॥२२॥

ਸਲੋਕੁ ॥ (293-14)
सलोकु ॥

ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥ (293-14)
गिआन अंजनु गुरि दीआ अगिआन अंधेर बिनासु ॥

ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥੧॥ (293-14)
हरि किरपा ते संत भेटिआ नानक मनि परगासु ॥१॥

ਅਸਟਪਦੀ ॥ (293-15)
असटपदी ॥

ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥ (293-15)
संतसंगि अंतरि प्रभु डीठा ॥

ਨਾਮੁ ਪ੍ਰਭੂ ਕਾ ਲਾਗਾ ਮੀਠਾ ॥ (293-15)
नामु प्रभू का लागा मीठा ॥

ਸਗਲ ਸਮਿਗ੍ਰੀ ਏਕਸੁ ਘਟ ਮਾਹਿ ॥ (293-16)
सगल समिग्री एकसु घट माहि ॥

ਅਨਿਕ ਰੰਗ ਨਾਨਾ ਦ੍ਰਿਸਟਾਹਿ ॥ (293-16)
अनिक रंग नाना द्रिसटाहि ॥

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥ (293-16)
नउ निधि अमृतु प्रभ का नामु ॥

ਦੇਹੀ ਮਹਿ ਇਸ ਕਾ ਬਿਸ੍ਰਾਮੁ ॥ (293-17)
देही महि इस का बिस्रामु ॥

ਸੁੰਨ ਸਮਾਧਿ ਅਨਹਤ ਤਹ ਨਾਦ ॥ (293-17)
सुंन समाधि अनहत तह नाद ॥

ਕਹਨੁ ਨ ਜਾਈ ਅਚਰਜ ਬਿਸਮਾਦ ॥ (293-17)
कहनु न जाई अचरज बिसमाद ॥

ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥ (293-18)
तिनि देखिआ जिसु आपि दिखाए ॥

ਨਾਨਕ ਤਿਸੁ ਜਨ ਸੋਝੀ ਪਾਏ ॥੧॥ (293-18)
नानक तिसु जन सोझी पाए ॥१॥

ਸੋ ਅੰਤਰਿ ਸੋ ਬਾਹਰਿ ਅਨੰਤ ॥ (293-18)
सो अंतरि सो बाहरि अनंत ॥

ਘਟਿ ਘਟਿ ਬਿਆਪਿ ਰਹਿਆ ਭਗਵੰਤ ॥ (293-19)
घटि घटि बिआपि रहिआ भगवंत ॥

ਧਰਨਿ ਮਾਹਿ ਆਕਾਸ ਪਇਆਲ ॥ (293-19)
धरनि माहि आकास पइआल ॥

ਸਰਬ ਲੋਕ ਪੂਰਨ ਪ੍ਰਤਿਪਾਲ ॥ (293-19)
सरब लोक पूरन प्रतिपाल ॥

ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥ (294-1)
बनि तिनि परबति है पारब्रहमु ॥

ਜੈਸੀ ਆਗਿਆ ਤੈਸਾ ਕਰਮੁ ॥ (294-1)
जैसी आगिआ तैसा करमु ॥

ਪਉਣ ਪਾਣੀ ਬੈਸੰਤਰ ਮਾਹਿ ॥ (294-1)
पउण पाणी बैसंतर माहि ॥

ਚਾਰਿ ਕੁੰਟ ਦਹ ਦਿਸੇ ਸਮਾਹਿ ॥ (294-2)
चारि कुंट दह दिसे समाहि ॥

ਤਿਸ ਤੇ ਭਿੰਨ ਨਹੀ ਕੋ ਠਾਉ ॥ (294-2)
तिस ते भिंन नही को ठाउ ॥

ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥੨॥ (294-2)
गुर प्रसादि नानक सुखु पाउ ॥२॥

ਬੇਦ ਪੁਰਾਨ ਸਿੰਮ੍ਰਿਤਿ ਮਹਿ ਦੇਖੁ ॥ (294-2)
बेद पुरान सिंम्रिति महि देखु ॥

ਸਸੀਅਰ ਸੂਰ ਨਖ੍ਯ੍ਯਤ੍ਰ ਮਹਿ ਏਕੁ ॥ (294-3)
ससीअर सूर नख्यत्र महि एकु ॥

ਬਾਣੀ ਪ੍ਰਭ ਕੀ ਸਭੁ ਕੋ ਬੋਲੈ ॥ (294-3)
बाणी प्रभ की सभु को बोलै ॥

ਆਪਿ ਅਡੋਲੁ ਨ ਕਬਹੂ ਡੋਲੈ ॥ (294-3)
आपि अडोलु न कबहू डोलै ॥

ਸਰਬ ਕਲਾ ਕਰਿ ਖੇਲੈ ਖੇਲ ॥ (294-4)
सरब कला करि खेलै खेल ॥

ਮੋਲਿ ਨ ਪਾਈਐ ਗੁਣਹ ਅਮੋਲ ॥ (294-4)
मोलि न पाईऐ गुणह अमोल ॥

ਸਰਬ ਜੋਤਿ ਮਹਿ ਜਾ ਕੀ ਜੋਤਿ ॥ (294-4)
सरब जोति महि जा की जोति ॥

ਧਾਰਿ ਰਹਿਓ ਸੁਆਮੀ ਓਤਿ ਪੋਤਿ ॥ (294-5)
धारि रहिओ सुआमी ओति पोति ॥

ਗੁਰ ਪਰਸਾਦਿ ਭਰਮ ਕਾ ਨਾਸੁ ॥ (294-5)
गुर परसादि भरम का नासु ॥

ਨਾਨਕ ਤਿਨ ਮਹਿ ਏਹੁ ਬਿਸਾਸੁ ॥੩॥ (294-5)
नानक तिन महि एहु बिसासु ॥३॥

ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮ ॥ (294-6)
संत जना का पेखनु सभु ब्रहम ॥

ਸੰਤ ਜਨਾ ਕੈ ਹਿਰਦੈ ਸਭਿ ਧਰਮ ॥ (294-6)
संत जना कै हिरदै सभि धरम ॥

ਸੰਤ ਜਨਾ ਸੁਨਹਿ ਸੁਭ ਬਚਨ ॥ (294-6)
संत जना सुनहि सुभ बचन ॥

ਸਰਬ ਬਿਆਪੀ ਰਾਮ ਸੰਗਿ ਰਚਨ ॥ (294-7)
सरब बिआपी राम संगि रचन ॥

ਜਿਨਿ ਜਾਤਾ ਤਿਸ ਕੀ ਇਹ ਰਹਤ ॥ (294-7)
जिनि जाता तिस की इह रहत ॥

ਸਤਿ ਬਚਨ ਸਾਧੂ ਸਭਿ ਕਹਤ ॥ (294-7)
सति बचन साधू सभि कहत ॥

ਜੋ ਜੋ ਹੋਇ ਸੋਈ ਸੁਖੁ ਮਾਨੈ ॥ (294-7)
जो जो होइ सोई सुखु मानै ॥

ਕਰਨ ਕਰਾਵਨਹਾਰੁ ਪ੍ਰਭੁ ਜਾਨੈ ॥ (294-8)
करन करावनहारु प्रभु जानै ॥

ਅੰਤਰਿ ਬਸੇ ਬਾਹਰਿ ਭੀ ਓਹੀ ॥ (294-8)
अंतरि बसे बाहरि भी ओही ॥

ਨਾਨਕ ਦਰਸਨੁ ਦੇਖਿ ਸਭ ਮੋਹੀ ॥੪॥ (294-8)
नानक दरसनु देखि सभ मोही ॥४॥

ਆਪਿ ਸਤਿ ਕੀਆ ਸਭੁ ਸਤਿ ॥ (294-9)
आपि सति कीआ सभु सति ॥

ਤਿਸੁ ਪ੍ਰਭ ਤੇ ਸਗਲੀ ਉਤਪਤਿ ॥ (294-9)
तिसु प्रभ ते सगली उतपति ॥

ਤਿਸੁ ਭਾਵੈ ਤਾ ਕਰੇ ਬਿਸਥਾਰੁ ॥ (294-9)
तिसु भावै ता करे बिसथारु ॥

ਤਿਸੁ ਭਾਵੈ ਤਾ ਏਕੰਕਾਰੁ ॥ (294-10)
तिसु भावै ता एकंकारु ॥

ਅਨਿਕ ਕਲਾ ਲਖੀ ਨਹ ਜਾਇ ॥ (294-10)
अनिक कला लखी नह जाइ ॥

ਜਿਸੁ ਭਾਵੈ ਤਿਸੁ ਲਏ ਮਿਲਾਇ ॥ (294-10)
जिसु भावै तिसु लए मिलाइ ॥

ਕਵਨ ਨਿਕਟਿ ਕਵਨ ਕਹੀਐ ਦੂਰਿ ॥ (294-11)
कवन निकटि कवन कहीऐ दूरि ॥

ਆਪੇ ਆਪਿ ਆਪ ਭਰਪੂਰਿ ॥ (294-11)
आपे आपि आप भरपूरि ॥

ਅੰਤਰਗਤਿ ਜਿਸੁ ਆਪਿ ਜਨਾਏ ॥ (294-11)
अंतरगति जिसु आपि जनाए ॥

ਨਾਨਕ ਤਿਸੁ ਜਨ ਆਪਿ ਬੁਝਾਏ ॥੫॥ (294-12)
नानक तिसु जन आपि बुझाए ॥५॥

ਸਰਬ ਭੂਤ ਆਪਿ ਵਰਤਾਰਾ ॥ (294-12)
सरब भूत आपि वरतारा ॥

ਸਰਬ ਨੈਨ ਆਪਿ ਪੇਖਨਹਾਰਾ ॥ (294-12)
सरब नैन आपि पेखनहारा ॥

ਸਗਲ ਸਮਗ੍ਰੀ ਜਾ ਕਾ ਤਨਾ ॥ (294-12)
सगल समग्री जा का तना ॥

ਆਪਨ ਜਸੁ ਆਪ ਹੀ ਸੁਨਾ ॥ (294-13)
आपन जसु आप ही सुना ॥

ਆਵਨ ਜਾਨੁ ਇਕੁ ਖੇਲੁ ਬਨਾਇਆ ॥ (294-13)
आवन जानु इकु खेलु बनाइआ ॥

ਆਗਿਆਕਾਰੀ ਕੀਨੀ ਮਾਇਆ ॥ (294-13)
आगिआकारी कीनी माइआ ॥

ਸਭ ਕੈ ਮਧਿ ਅਲਿਪਤੋ ਰਹੈ ॥ (294-14)
सभ कै मधि अलिपतो रहै ॥

ਜੋ ਕਿਛੁ ਕਹਣਾ ਸੁ ਆਪੇ ਕਹੈ ॥ (294-14)
जो किछु कहणा सु आपे कहै ॥

ਆਗਿਆ ਆਵੈ ਆਗਿਆ ਜਾਇ ॥ (294-14)
आगिआ आवै आगिआ जाइ ॥

ਨਾਨਕ ਜਾ ਭਾਵੈ ਤਾ ਲਏ ਸਮਾਇ ॥੬॥ (294-15)
नानक जा भावै ता लए समाइ ॥६॥

ਇਸ ਤੇ ਹੋਇ ਸੁ ਨਾਹੀ ਬੁਰਾ ॥ (294-15)
इस ते होइ सु नाही बुरा ॥

ਓਰੈ ਕਹਹੁ ਕਿਨੈ ਕਛੁ ਕਰਾ ॥ (294-15)
ओरै कहहु किनै कछु करा ॥

ਆਪਿ ਭਲਾ ਕਰਤੂਤਿ ਅਤਿ ਨੀਕੀ ॥ (294-16)
आपि भला करतूति अति नीकी ॥

ਆਪੇ ਜਾਨੈ ਅਪਨੇ ਜੀ ਕੀ ॥ (294-16)
आपे जानै अपने जी की ॥

ਆਪਿ ਸਾਚੁ ਧਾਰੀ ਸਭ ਸਾਚੁ ॥ (294-16)
आपि साचु धारी सभ साचु ॥

ਓਤਿ ਪੋਤਿ ਆਪਨ ਸੰਗਿ ਰਾਚੁ ॥ (294-16)
ओति पोति आपन संगि राचु ॥

ਤਾ ਕੀ ਗਤਿ ਮਿਤਿ ਕਹੀ ਨ ਜਾਇ ॥ (294-17)
ता की गति मिति कही न जाइ ॥

ਦੂਸਰ ਹੋਇ ਤ ਸੋਝੀ ਪਾਇ ॥ (294-17)
दूसर होइ त सोझी पाइ ॥

ਤਿਸ ਕਾ ਕੀਆ ਸਭੁ ਪਰਵਾਨੁ ॥ (294-17)
तिस का कीआ सभु परवानु ॥

ਗੁਰ ਪ੍ਰਸਾਦਿ ਨਾਨਕ ਇਹੁ ਜਾਨੁ ॥੭॥ (294-18)
गुर प्रसादि नानक इहु जानु ॥७॥

ਜੋ ਜਾਨੈ ਤਿਸੁ ਸਦਾ ਸੁਖੁ ਹੋਇ ॥ (294-18)
जो जानै तिसु सदा सुखु होइ ॥

ਆਪਿ ਮਿਲਾਇ ਲਏ ਪ੍ਰਭੁ ਸੋਇ ॥ (294-18)
आपि मिलाइ लए प्रभु सोइ ॥

ਓਹੁ ਧਨਵੰਤੁ ਕੁਲਵੰਤੁ ਪਤਿਵੰਤੁ ॥ (294-19)
ओहु धनवंतु कुलवंतु पतिवंतु ॥

ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ ॥ (294-19)
जीवन मुकति जिसु रिदै भगवंतु ॥

ਧੰਨੁ ਧੰਨੁ ਧੰਨੁ ਜਨੁ ਆਇਆ ॥ (294-19)
धंनु धंनु धंनु जनु आइआ ॥

ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥ (295-1)
जिसु प्रसादि सभु जगतु तराइआ ॥

ਜਨ ਆਵਨ ਕਾ ਇਹੈ ਸੁਆਉ ॥ (295-1)
जन आवन का इहै सुआउ ॥

ਜਨ ਕੈ ਸੰਗਿ ਚਿਤਿ ਆਵੈ ਨਾਉ ॥ (295-1)
जन कै संगि चिति आवै नाउ ॥

ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ (295-2)
आपि मुकतु मुकतु करै संसारु ॥

ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥੮॥੨੩॥ (295-2)
नानक तिसु जन कउ सदा नमसकारु ॥८॥२३॥

ਸਲੋਕੁ ॥ (295-2)
सलोकु ॥

ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ ॥ (295-2)
पूरा प्रभु आराधिआ पूरा जा का नाउ ॥

ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ ॥੧॥ (295-3)
नानक पूरा पाइआ पूरे के गुन गाउ ॥१॥

ਅਸਟਪਦੀ ॥ (295-3)
असटपदी ॥

ਪੂਰੇ ਗੁਰ ਕਾ ਸੁਨਿ ਉਪਦੇਸੁ ॥ (295-3)
पूरे गुर का सुनि उपदेसु ॥

ਪਾਰਬ੍ਰਹਮੁ ਨਿਕਟਿ ਕਰਿ ਪੇਖੁ ॥ (295-4)
पारब्रहमु निकटि करि पेखु ॥

ਸਾਸਿ ਸਾਸਿ ਸਿਮਰਹੁ ਗੋਬਿੰਦ ॥ (295-4)
सासि सासि सिमरहु गोबिंद ॥

ਮਨ ਅੰਤਰ ਕੀ ਉਤਰੈ ਚਿੰਦ ॥ (295-4)
मन अंतर की उतरै चिंद ॥

ਆਸ ਅਨਿਤ ਤਿਆਗਹੁ ਤਰੰਗ ॥ (295-5)
आस अनित तिआगहु तरंग ॥

ਸੰਤ ਜਨਾ ਕੀ ਧੂਰਿ ਮਨ ਮੰਗ ॥ (295-5)
संत जना की धूरि मन मंग ॥

ਆਪੁ ਛੋਡਿ ਬੇਨਤੀ ਕਰਹੁ ॥ (295-5)
आपु छोडि बेनती करहु ॥

ਸਾਧਸੰਗਿ ਅਗਨਿ ਸਾਗਰੁ ਤਰਹੁ ॥ (295-5)
साधसंगि अगनि सागरु तरहु ॥

ਹਰਿ ਧਨ ਕੇ ਭਰਿ ਲੇਹੁ ਭੰਡਾਰ ॥ (295-6)
हरि धन के भरि लेहु भंडार ॥

ਨਾਨਕ ਗੁਰ ਪੂਰੇ ਨਮਸਕਾਰ ॥੧॥ (295-6)
नानक गुर पूरे नमसकार ॥१॥

ਖੇਮ ਕੁਸਲ ਸਹਜ ਆਨੰਦ ॥ (295-6)
खेम कुसल सहज आनंद ॥

ਸਾਧਸੰਗਿ ਭਜੁ ਪਰਮਾਨੰਦ ॥ (295-7)
साधसंगि भजु परमानंद ॥

ਨਰਕ ਨਿਵਾਰਿ ਉਧਾਰਹੁ ਜੀਉ ॥ (295-7)
नरक निवारि उधारहु जीउ ॥

ਗੁਨ ਗੋਬਿੰਦ ਅੰਮ੍ਰਿਤ ਰਸੁ ਪੀਉ ॥ (295-7)
गुन गोबिंद अमृत रसु पीउ ॥

ਚਿਤਿ ਚਿਤਵਹੁ ਨਾਰਾਇਣ ਏਕ ॥ (295-8)
चिति चितवहु नाराइण एक ॥

ਏਕ ਰੂਪ ਜਾ ਕੇ ਰੰਗ ਅਨੇਕ ॥ (295-8)
एक रूप जा के रंग अनेक ॥

ਗੋਪਾਲ ਦਾਮੋਦਰ ਦੀਨ ਦਇਆਲ ॥ (295-8)
गोपाल दामोदर दीन दइआल ॥

ਦੁਖ ਭੰਜਨ ਪੂਰਨ ਕਿਰਪਾਲ ॥ (295-8)
दुख भंजन पूरन किरपाल ॥

ਸਿਮਰਿ ਸਿਮਰਿ ਨਾਮੁ ਬਾਰੰ ਬਾਰ ॥ (295-9)
सिमरि सिमरि नामु बारं बार ॥

ਨਾਨਕ ਜੀਅ ਕਾ ਇਹੈ ਅਧਾਰ ॥੨॥ (295-9)
नानक जीअ का इहै अधार ॥२॥

ਉਤਮ ਸਲੋਕ ਸਾਧ ਕੇ ਬਚਨ ॥ (295-9)
उतम सलोक साध के बचन ॥

ਅਮੁਲੀਕ ਲਾਲ ਏਹਿ ਰਤਨ ॥ (295-10)
अमुलीक लाल एहि रतन ॥

ਸੁਨਤ ਕਮਾਵਤ ਹੋਤ ਉਧਾਰ ॥ (295-10)
सुनत कमावत होत उधार ॥

ਆਪਿ ਤਰੈ ਲੋਕਹ ਨਿਸਤਾਰ ॥ (295-10)
आपि तरै लोकह निसतार ॥

ਸਫਲ ਜੀਵਨੁ ਸਫਲੁ ਤਾ ਕਾ ਸੰਗੁ ॥ (295-10)
सफल जीवनु सफलु ता का संगु ॥

ਜਾ ਕੈ ਮਨਿ ਲਾਗਾ ਹਰਿ ਰੰਗੁ ॥ (295-11)
जा कै मनि लागा हरि रंगु ॥

ਜੈ ਜੈ ਸਬਦੁ ਅਨਾਹਦੁ ਵਾਜੈ ॥ (295-11)
जै जै सबदु अनाहदु वाजै ॥

ਸੁਨਿ ਸੁਨਿ ਅਨਦ ਕਰੇ ਪ੍ਰਭੁ ਗਾਜੈ ॥ (295-11)
सुनि सुनि अनद करे प्रभु गाजै ॥

ਪ੍ਰਗਟੇ ਗੁਪਾਲ ਮਹਾਂਤ ਕੈ ਮਾਥੇ ॥ (295-12)
प्रगटे गुपाल महांत कै माथे ॥

ਨਾਨਕ ਉਧਰੇ ਤਿਨ ਕੈ ਸਾਥੇ ॥੩॥ (295-12)
नानक उधरे तिन कै साथे ॥३॥

ਸਰਨਿ ਜੋਗੁ ਸੁਨਿ ਸਰਨੀ ਆਏ ॥ (295-12)
सरनि जोगु सुनि सरनी आए ॥

ਕਰਿ ਕਿਰਪਾ ਪ੍ਰਭ ਆਪ ਮਿਲਾਏ ॥ (295-13)
करि किरपा प्रभ आप मिलाए ॥

ਮਿਟਿ ਗਏ ਬੈਰ ਭਏ ਸਭ ਰੇਨ ॥ (295-13)
मिटि गए बैर भए सभ रेन ॥

ਅੰਮ੍ਰਿਤ ਨਾਮੁ ਸਾਧਸੰਗਿ ਲੈਨ ॥ (295-13)
अमृत नामु साधसंगि लैन ॥

ਸੁਪ੍ਰਸੰਨ ਭਏ ਗੁਰਦੇਵ ॥ (295-14)
सुप्रसंन भए गुरदेव ॥

ਪੂਰਨ ਹੋਈ ਸੇਵਕ ਕੀ ਸੇਵ ॥ (295-14)
पूरन होई सेवक की सेव ॥

ਆਲ ਜੰਜਾਲ ਬਿਕਾਰ ਤੇ ਰਹਤੇ ॥ (295-14)
आल जंजाल बिकार ते रहते ॥

ਰਾਮ ਨਾਮ ਸੁਨਿ ਰਸਨਾ ਕਹਤੇ ॥ (295-14)
राम नाम सुनि रसना कहते ॥

ਕਰਿ ਪ੍ਰਸਾਦੁ ਦਇਆ ਪ੍ਰਭਿ ਧਾਰੀ ॥ (295-15)
करि प्रसादु दइआ प्रभि धारी ॥

ਨਾਨਕ ਨਿਬਹੀ ਖੇਪ ਹਮਾਰੀ ॥੪॥ (295-15)
नानक निबही खेप हमारी ॥४॥

ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥ (295-15)
प्रभ की उसतति करहु संत मीत ॥

ਸਾਵਧਾਨ ਏਕਾਗਰ ਚੀਤ ॥ (295-16)
सावधान एकागर चीत ॥

ਸੁਖਮਨੀ ਸਹਜ ਗੋਬਿੰਦ ਗੁਨ ਨਾਮ ॥ (295-16)
सुखमनी सहज गोबिंद गुन नाम ॥

ਜਿਸੁ ਮਨਿ ਬਸੈ ਸੁ ਹੋਤ ਨਿਧਾਨ ॥ (295-16)
जिसु मनि बसै सु होत निधान ॥

ਸਰਬ ਇਛਾ ਤਾ ਕੀ ਪੂਰਨ ਹੋਇ ॥ (295-17)
सरब इछा ता की पूरन होइ ॥

ਪ੍ਰਧਾਨ ਪੁਰਖੁ ਪ੍ਰਗਟੁ ਸਭ ਲੋਇ ॥ (295-17)
प्रधान पुरखु प्रगटु सभ लोइ ॥

ਸਭ ਤੇ ਊਚ ਪਾਏ ਅਸਥਾਨੁ ॥ (295-17)
सभ ते ऊच पाए असथानु ॥

ਬਹੁਰਿ ਨ ਹੋਵੈ ਆਵਨ ਜਾਨੁ ॥ (295-18)
बहुरि न होवै आवन जानु ॥

ਹਰਿ ਧਨੁ ਖਾਟਿ ਚਲੈ ਜਨੁ ਸੋਇ ॥ (295-18)
हरि धनु खाटि चलै जनु सोइ ॥

ਨਾਨਕ ਜਿਸਹਿ ਪਰਾਪਤਿ ਹੋਇ ॥੫॥ (295-18)
नानक जिसहि परापति होइ ॥५॥

ਖੇਮ ਸਾਂਤਿ ਰਿਧਿ ਨਵ ਨਿਧਿ ॥ (295-19)
खेम सांति रिधि नव निधि ॥

ਬੁਧਿ ਗਿਆਨੁ ਸਰਬ ਤਹ ਸਿਧਿ ॥ (295-19)
बुधि गिआनु सरब तह सिधि ॥

ਬਿਦਿਆ ਤਪੁ ਜੋਗੁ ਪ੍ਰਭ ਧਿਆਨੁ ॥ (295-19)
बिदिआ तपु जोगु प्रभ धिआनु ॥

ਗਿਆਨੁ ਸ੍ਰੇਸਟ ਊਤਮ ਇਸਨਾਨੁ ॥ (296-1)
गिआनु स्रेसट ऊतम इसनानु ॥

ਚਾਰਿ ਪਦਾਰਥ ਕਮਲ ਪ੍ਰਗਾਸ ॥ (296-1)
चारि पदारथ कमल प्रगास ॥

ਸਭ ਕੈ ਮਧਿ ਸਗਲ ਤੇ ਉਦਾਸ ॥ (296-1)
सभ कै मधि सगल ते उदास ॥

ਸੁੰਦਰੁ ਚਤੁਰੁ ਤਤ ਕਾ ਬੇਤਾ ॥ (296-1)
सुंदरु चतुरु तत का बेता ॥

ਸਮਦਰਸੀ ਏਕ ਦ੍ਰਿਸਟੇਤਾ ॥ (296-2)
समदरसी एक द्रिसटेता ॥

ਇਹ ਫਲ ਤਿਸੁ ਜਨ ਕੈ ਮੁਖਿ ਭਨੇ ॥ (296-2)
इह फल तिसु जन कै मुखि भने ॥

ਗੁਰ ਨਾਨਕ ਨਾਮ ਬਚਨ ਮਨਿ ਸੁਨੇ ॥੬॥ (296-2)
गुर नानक नाम बचन मनि सुने ॥६॥

ਇਹੁ ਨਿਧਾਨੁ ਜਪੈ ਮਨਿ ਕੋਇ ॥ (296-3)
इहु निधानु जपै मनि कोइ ॥

ਸਭ ਜੁਗ ਮਹਿ ਤਾ ਕੀ ਗਤਿ ਹੋਇ ॥ (296-3)
सभ जुग महि ता की गति होइ ॥

ਗੁਣ ਗੋਬਿੰਦ ਨਾਮ ਧੁਨਿ ਬਾਣੀ ॥ (296-3)
गुण गोबिंद नाम धुनि बाणी ॥

ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ ॥ (296-4)
सिम्रिति सासत्र बेद बखाणी ॥

ਸਗਲ ਮਤਾਂਤ ਕੇਵਲ ਹਰਿ ਨਾਮ ॥ (296-4)
सगल मतांत केवल हरि नाम ॥

ਗੋਬਿੰਦ ਭਗਤ ਕੈ ਮਨਿ ਬਿਸ੍ਰਾਮ ॥ (296-4)
गोबिंद भगत कै मनि बिस्राम ॥

ਕੋਟਿ ਅਪ੍ਰਾਧ ਸਾਧਸੰਗਿ ਮਿਟੈ ॥ (296-5)
कोटि अप्राध साधसंगि मिटै ॥

ਸੰਤ ਕ੍ਰਿਪਾ ਤੇ ਜਮ ਤੇ ਛੁਟੈ ॥ (296-5)
संत क्रिपा ते जम ते छुटै ॥

ਜਾ ਕੈ ਮਸਤਕਿ ਕਰਮ ਪ੍ਰਭਿ ਪਾਏ ॥ (296-5)
जा कै मसतकि करम प्रभि पाए ॥

ਸਾਧ ਸਰਣਿ ਨਾਨਕ ਤੇ ਆਏ ॥੭॥ (296-6)
साध सरणि नानक ते आए ॥७॥

ਜਿਸੁ ਮਨਿ ਬਸੈ ਸੁਨੈ ਲਾਇ ਪ੍ਰੀਤਿ ॥ (296-6)
जिसु मनि बसै सुनै लाइ प्रीति ॥

ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥ (296-6)
तिसु जन आवै हरि प्रभु चीति ॥

ਜਨਮ ਮਰਨ ਤਾ ਕਾ ਦੂਖੁ ਨਿਵਾਰੈ ॥ (296-7)
जनम मरन ता का दूखु निवारै ॥

ਦੁਲਭ ਦੇਹ ਤਤਕਾਲ ਉਧਾਰੈ ॥ (296-7)
दुलभ देह ततकाल उधारै ॥

ਨਿਰਮਲ ਸੋਭਾ ਅੰਮ੍ਰਿਤ ਤਾ ਕੀ ਬਾਨੀ ॥ (296-7)
निरमल सोभा अमृत ता की बानी ॥

ਏਕੁ ਨਾਮੁ ਮਨ ਮਾਹਿ ਸਮਾਨੀ ॥ (296-7)
एकु नामु मन माहि समानी ॥

ਦੂਖ ਰੋਗ ਬਿਨਸੇ ਭੈ ਭਰਮ ॥ (296-8)
दूख रोग बिनसे भै भरम ॥

ਸਾਧ ਨਾਮ ਨਿਰਮਲ ਤਾ ਕੇ ਕਰਮ ॥ (296-8)
साध नाम निरमल ता के करम ॥

ਸਭ ਤੇ ਊਚ ਤਾ ਕੀ ਸੋਭਾ ਬਨੀ ॥ (296-8)
सभ ते ऊच ता की सोभा बनी ॥

ਨਾਨਕ ਇਹ ਗੁਣਿ ਨਾਮੁ ਸੁਖਮਨੀ ॥੮॥੨੪॥ (296-9)
नानक इह गुणि नामु सुखमनी ॥८॥२४॥

ਥਿਤੀ ਗਉੜੀ ਮਹਲਾ ੫ ॥ (296-10)
थिती गउड़ी महला ५ ॥

ਸਲੋਕੁ ॥ (296-10)
सलोकु ॥

ੴ ਸਤਿਗੁਰ ਪ੍ਰਸਾਦਿ ॥ (296-10)
ੴ सतिगुर प्रसादि ॥

ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ ॥ (296-11)
जलि थलि महीअलि पूरिआ सुआमी सिरजनहारु ॥

ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ ॥੧॥ (296-11)
अनिक भांति होइ पसरिआ नानक एकंकारु ॥१॥

ਪਉੜੀ ॥ (296-12)
पउड़ी ॥

ਏਕਮ ਏਕੰਕਾਰੁ ਪ੍ਰਭੁ ਕਰਉ ਬੰਦਨਾ ਧਿਆਇ ॥ (296-12)
एकम एकंकारु प्रभु करउ बंदना धिआइ ॥

ਗੁਣ ਗੋਬਿੰਦ ਗੁਪਾਲ ਪ੍ਰਭ ਸਰਨਿ ਪਰਉ ਹਰਿ ਰਾਇ ॥ (296-12)
गुण गोबिंद गुपाल प्रभ सरनि परउ हरि राइ ॥

ਤਾ ਕੀ ਆਸ ਕਲਿਆਣ ਸੁਖ ਜਾ ਤੇ ਸਭੁ ਕਛੁ ਹੋਇ ॥ (296-13)
ता की आस कलिआण सुख जा ते सभु कछु होइ ॥

ਚਾਰਿ ਕੁੰਟ ਦਹ ਦਿਸਿ ਭ੍ਰਮਿਓ ਤਿਸੁ ਬਿਨੁ ਅਵਰੁ ਨ ਕੋਇ ॥ (296-13)
चारि कुंट दह दिसि भ्रमिओ तिसु बिनु अवरु न कोइ ॥

ਬੇਦ ਪੁਰਾਨ ਸਿਮ੍ਰਿਤਿ ਸੁਨੇ ਬਹੁ ਬਿਧਿ ਕਰਉ ਬੀਚਾਰੁ ॥ (296-14)
बेद पुरान सिम्रिति सुने बहु बिधि करउ बीचारु ॥

ਪਤਿਤ ਉਧਾਰਨ ਭੈ ਹਰਨ ਸੁਖ ਸਾਗਰ ਨਿਰੰਕਾਰ ॥ (296-14)
पतित उधारन भै हरन सुख सागर निरंकार ॥

ਦਾਤਾ ਭੁਗਤਾ ਦੇਨਹਾਰੁ ਤਿਸੁ ਬਿਨੁ ਅਵਰੁ ਨ ਜਾਇ ॥ (296-15)
दाता भुगता देनहारु तिसु बिनु अवरु न जाइ ॥

ਜੋ ਚਾਹਹਿ ਸੋਈ ਮਿਲੈ ਨਾਨਕ ਹਰਿ ਗੁਨ ਗਾਇ ॥੧॥ (296-15)
जो चाहहि सोई मिलै नानक हरि गुन गाइ ॥१॥

ਗੋਬਿੰਦ ਜਸੁ ਗਾਈਐ ਹਰਿ ਨੀਤ ॥ (296-16)
गोबिंद जसु गाईऐ हरि नीत ॥

ਮਿਲਿ ਭਜੀਐ ਸਾਧਸੰਗਿ ਮੇਰੇ ਮੀਤ ॥੧॥ ਰਹਾਉ ॥ (296-16)
मिलि भजीऐ साधसंगि मेरे मीत ॥१॥ रहाउ ॥

ਸਲੋਕੁ ॥ (296-16)
सलोकु ॥

ਕਰਉ ਬੰਦਨਾ ਅਨਿਕ ਵਾਰ ਸਰਨਿ ਪਰਉ ਹਰਿ ਰਾਇ ॥ (296-17)
करउ बंदना अनिक वार सरनि परउ हरि राइ ॥

ਭ੍ਰਮੁ ਕਟੀਐ ਨਾਨਕ ਸਾਧਸੰਗਿ ਦੁਤੀਆ ਭਾਉ ਮਿਟਾਇ ॥੨॥ (296-17)
भ्रमु कटीऐ नानक साधसंगि दुतीआ भाउ मिटाइ ॥२॥

ਪਉੜੀ ॥ (296-18)
पउड़ी ॥

ਦੁਤੀਆ ਦੁਰਮਤਿ ਦੂਰਿ ਕਰਿ ਗੁਰ ਸੇਵਾ ਕਰਿ ਨੀਤ ॥ (296-18)
दुतीआ दुरमति दूरि करि गुर सेवा करि नीत ॥

ਰਾਮ ਰਤਨੁ ਮਨਿ ਤਨਿ ਬਸੈ ਤਜਿ ਕਾਮੁ ਕ੍ਰੋਧੁ ਲੋਭੁ ਮੀਤ ॥ (296-18)
राम रतनु मनि तनि बसै तजि कामु क्रोधु लोभु मीत ॥

ਮਰਣੁ ਮਿਟੈ ਜੀਵਨੁ ਮਿਲੈ ਬਿਨਸਹਿ ਸਗਲ ਕਲੇਸ ॥ (296-19)
मरणु मिटै जीवनु मिलै बिनसहि सगल कलेस ॥

ਆਪੁ ਤਜਹੁ ਗੋਬਿੰਦ ਭਜਹੁ ਭਾਉ ਭਗਤਿ ਪਰਵੇਸ ॥ (296-19)
आपु तजहु गोबिंद भजहु भाउ भगति परवेस ॥

ਲਾਭੁ ਮਿਲੈ ਤੋਟਾ ਹਿਰੈ ਹਰਿ ਦਰਗਹ ਪਤਿਵੰਤ ॥ (297-1)
लाभु मिलै तोटा हिरै हरि दरगह पतिवंत ॥

ਰਾਮ ਨਾਮ ਧਨੁ ਸੰਚਵੈ ਸਾਚ ਸਾਹ ਭਗਵੰਤ ॥ (297-1)
राम नाम धनु संचवै साच साह भगवंत ॥

ਊਠਤ ਬੈਠਤ ਹਰਿ ਭਜਹੁ ਸਾਧੂ ਸੰਗਿ ਪਰੀਤਿ ॥ (297-2)
ऊठत बैठत हरि भजहु साधू संगि परीति ॥

ਨਾਨਕ ਦੁਰਮਤਿ ਛੁਟਿ ਗਈ ਪਾਰਬ੍ਰਹਮ ਬਸੇ ਚੀਤਿ ॥੨॥ (297-2)
नानक दुरमति छुटि गई पारब्रहम बसे चीति ॥२॥

ਸਲੋਕੁ ॥ (297-3)
सलोकु ॥

ਤੀਨਿ ਬਿਆਪਹਿ ਜਗਤ ਕਉ ਤੁਰੀਆ ਪਾਵੈ ਕੋਇ ॥ (297-3)
तीनि बिआपहि जगत कउ तुरीआ पावै कोइ ॥

ਨਾਨਕ ਸੰਤ ਨਿਰਮਲ ਭਏ ਜਿਨ ਮਨਿ ਵਸਿਆ ਸੋਇ ॥੩॥ (297-3)
नानक संत निरमल भए जिन मनि वसिआ सोइ ॥३॥

ਪਉੜੀ ॥ (297-4)
पउड़ी ॥

ਤ੍ਰਿਤੀਆ ਤ੍ਰੈ ਗੁਣ ਬਿਖੈ ਫਲ ਕਬ ਉਤਮ ਕਬ ਨੀਚੁ ॥ (297-4)
त्रितीआ त्रै गुण बिखै फल कब उतम कब नीचु ॥

ਨਰਕ ਸੁਰਗ ਭ੍ਰਮਤਉ ਘਣੋ ਸਦਾ ਸੰਘਾਰੈ ਮੀਚੁ ॥ (297-4)
नरक सुरग भ्रमतउ घणो सदा संघारै मीचु ॥

ਹਰਖ ਸੋਗ ਸਹਸਾ ਸੰਸਾਰੁ ਹਉ ਹਉ ਕਰਤ ਬਿਹਾਇ ॥ (297-5)
हरख सोग सहसा संसारु हउ हउ करत बिहाइ ॥

ਜਿਨਿ ਕੀਏ ਤਿਸਹਿ ਨ ਜਾਣਨੀ ਚਿਤਵਹਿ ਅਨਿਕ ਉਪਾਇ ॥ (297-5)
जिनि कीए तिसहि न जाणनी चितवहि अनिक उपाइ ॥

ਆਧਿ ਬਿਆਧਿ ਉਪਾਧਿ ਰਸ ਕਬਹੁ ਨ ਤੂਟੈ ਤਾਪ ॥ (297-6)
आधि बिआधि उपाधि रस कबहु न तूटै ताप ॥

ਪਾਰਬ੍ਰਹਮ ਪੂਰਨ ਧਨੀ ਨਹ ਬੂਝੈ ਪਰਤਾਪ ॥ (297-6)
पारब्रहम पूरन धनी नह बूझै परताप ॥

ਮੋਹ ਭਰਮ ਬੂਡਤ ਘਣੋ ਮਹਾ ਨਰਕ ਮਹਿ ਵਾਸ ॥ (297-7)
मोह भरम बूडत घणो महा नरक महि वास ॥

ਕਰਿ ਕਿਰਪਾ ਪ੍ਰਭ ਰਾਖਿ ਲੇਹੁ ਨਾਨਕ ਤੇਰੀ ਆਸ ॥੩॥ (297-7)
करि किरपा प्रभ राखि लेहु नानक तेरी आस ॥३॥

ਸਲੋਕੁ ॥ (297-8)
सलोकु ॥

ਚਤੁਰ ਸਿਆਣਾ ਸੁਘੜੁ ਸੋਇ ਜਿਨਿ ਤਜਿਆ ਅਭਿਮਾਨੁ ॥ (297-8)
चतुर सिआणा सुघड़ु सोइ जिनि तजिआ अभिमानु ॥

ਚਾਰਿ ਪਦਾਰਥ ਅਸਟ ਸਿਧਿ ਭਜੁ ਨਾਨਕ ਹਰਿ ਨਾਮੁ ॥੪॥ (297-8)
चारि पदारथ असट सिधि भजु नानक हरि नामु ॥४॥

ਪਉੜੀ ॥ (297-9)
पउड़ी ॥

ਚਤੁਰਥਿ ਚਾਰੇ ਬੇਦ ਸੁਣਿ ਸੋਧਿਓ ਤਤੁ ਬੀਚਾਰੁ ॥ (297-9)
चतुरथि चारे बेद सुणि सोधिओ ततु बीचारु ॥

ਸਰਬ ਖੇਮ ਕਲਿਆਣ ਨਿਧਿ ਰਾਮ ਨਾਮੁ ਜਪਿ ਸਾਰੁ ॥ (297-9)
सरब खेम कलिआण निधि राम नामु जपि सारु ॥

ਨਰਕ ਨਿਵਾਰੈ ਦੁਖ ਹਰੈ ਤੂਟਹਿ ਅਨਿਕ ਕਲੇਸ ॥ (297-10)
नरक निवारै दुख हरै तूटहि अनिक कलेस ॥

ਮੀਚੁ ਹੁਟੈ ਜਮ ਤੇ ਛੁਟੈ ਹਰਿ ਕੀਰਤਨ ਪਰਵੇਸ ॥ (297-10)
मीचु हुटै जम ते छुटै हरि कीरतन परवेस ॥

ਭਉ ਬਿਨਸੈ ਅੰਮ੍ਰਿਤੁ ਰਸੈ ਰੰਗਿ ਰਤੇ ਨਿਰੰਕਾਰ ॥ (297-11)
भउ बिनसै अमृतु रसै रंगि रते निरंकार ॥

ਦੁਖ ਦਾਰਿਦ ਅਪਵਿਤ੍ਰਤਾ ਨਾਸਹਿ ਨਾਮ ਅਧਾਰ ॥ (297-11)
दुख दारिद अपवित्रता नासहि नाम अधार ॥

ਸੁਰਿ ਨਰ ਮੁਨਿ ਜਨ ਖੋਜਤੇ ਸੁਖ ਸਾਗਰ ਗੋਪਾਲ ॥ (297-12)
सुरि नर मुनि जन खोजते सुख सागर गोपाल ॥

ਮਨੁ ਨਿਰਮਲੁ ਮੁਖੁ ਊਜਲਾ ਹੋਇ ਨਾਨਕ ਸਾਧ ਰਵਾਲ ॥੪॥ (297-12)
मनु निरमलु मुखु ऊजला होइ नानक साध रवाल ॥४॥

ਸਲੋਕੁ ॥ (297-13)
सलोकु ॥

ਪੰਚ ਬਿਕਾਰ ਮਨ ਮਹਿ ਬਸੇ ਰਾਚੇ ਮਾਇਆ ਸੰਗਿ ॥ (297-13)
पंच बिकार मन महि बसे राचे माइआ संगि ॥

ਸਾਧਸੰਗਿ ਹੋਇ ਨਿਰਮਲਾ ਨਾਨਕ ਪ੍ਰਭ ਕੈ ਰੰਗਿ ॥੫॥ (297-13)
साधसंगि होइ निरमला नानक प्रभ कै रंगि ॥५॥

ਪਉੜੀ ॥ (297-14)
पउड़ी ॥

ਪੰਚਮਿ ਪੰਚ ਪ੍ਰਧਾਨ ਤੇ ਜਿਹ ਜਾਨਿਓ ਪਰਪੰਚੁ ॥ (297-14)
पंचमि पंच प्रधान ते जिह जानिओ परपंचु ॥

ਕੁਸਮ ਬਾਸ ਬਹੁ ਰੰਗੁ ਘਣੋ ਸਭ ਮਿਥਿਆ ਬਲਬੰਚੁ ॥ (297-14)
कुसम बास बहु रंगु घणो सभ मिथिआ बलबंचु ॥

ਨਹ ਜਾਪੈ ਨਹ ਬੂਝੀਐ ਨਹ ਕਛੁ ਕਰਤ ਬੀਚਾਰੁ ॥ (297-15)
नह जापै नह बूझीऐ नह कछु करत बीचारु ॥

ਸੁਆਦ ਮੋਹ ਰਸ ਬੇਧਿਓ ਅਗਿਆਨਿ ਰਚਿਓ ਸੰਸਾਰੁ ॥ (297-15)
सुआद मोह रस बेधिओ अगिआनि रचिओ संसारु ॥

ਜਨਮ ਮਰਣ ਬਹੁ ਜੋਨਿ ਭ੍ਰਮਣ ਕੀਨੇ ਕਰਮ ਅਨੇਕ ॥ (297-16)
जनम मरण बहु जोनि भ्रमण कीने करम अनेक ॥

ਰਚਨਹਾਰੁ ਨਹ ਸਿਮਰਿਓ ਮਨਿ ਨ ਬੀਚਾਰਿ ਬਿਬੇਕ ॥ (297-16)
रचनहारु नह सिमरिओ मनि न बीचारि बिबेक ॥

ਭਾਉ ਭਗਤਿ ਭਗਵਾਨ ਸੰਗਿ ਮਾਇਆ ਲਿਪਤ ਨ ਰੰਚ ॥ (297-17)
भाउ भगति भगवान संगि माइआ लिपत न रंच ॥

ਨਾਨਕ ਬਿਰਲੇ ਪਾਈਅਹਿ ਜੋ ਨ ਰਚਹਿ ਪਰਪੰਚ ॥੫॥ (297-17)
नानक बिरले पाईअहि जो न रचहि परपंच ॥५॥

ਸਲੋਕੁ ॥ (297-18)
सलोकु ॥

ਖਟ ਸਾਸਤ੍ਰ ਊਚੌ ਕਹਹਿ ਅੰਤੁ ਨ ਪਾਰਾਵਾਰ ॥ (297-18)
खट सासत्र ऊचौ कहहि अंतु न पारावार ॥

ਭਗਤ ਸੋਹਹਿ ਗੁਣ ਗਾਵਤੇ ਨਾਨਕ ਪ੍ਰਭ ਕੈ ਦੁਆਰ ॥੬॥ (297-18)
भगत सोहहि गुण गावते नानक प्रभ कै दुआर ॥६॥

ਪਉੜੀ ॥ (297-19)
पउड़ी ॥

ਖਸਟਮਿ ਖਟ ਸਾਸਤ੍ਰ ਕਹਹਿ ਸਿੰਮ੍ਰਿਤਿ ਕਥਹਿ ਅਨੇਕ ॥ (297-19)
खसटमि खट सासत्र कहहि सिंम्रिति कथहि अनेक ॥

ਊਤਮੁ ਊਚੌ ਪਾਰਬ੍ਰਹਮੁ ਗੁਣ ਅੰਤੁ ਨ ਜਾਣਹਿ ਸੇਖ ॥ (298-1)
ऊतमु ऊचौ पारब्रहमु गुण अंतु न जाणहि सेख ॥

ਨਾਰਦ ਮੁਨਿ ਜਨ ਸੁਕ ਬਿਆਸ ਜਸੁ ਗਾਵਤ ਗੋਬਿੰਦ ॥ (298-1)
नारद मुनि जन सुक बिआस जसु गावत गोबिंद ॥

ਰਸ ਗੀਧੇ ਹਰਿ ਸਿਉ ਬੀਧੇ ਭਗਤ ਰਚੇ ਭਗਵੰਤ ॥ (298-2)
रस गीधे हरि सिउ बीधे भगत रचे भगवंत ॥

ਮੋਹ ਮਾਨ ਭ੍ਰਮੁ ਬਿਨਸਿਓ ਪਾਈ ਸਰਨਿ ਦਇਆਲ ॥ (298-2)
मोह मान भ्रमु बिनसिओ पाई सरनि दइआल ॥

ਚਰਨ ਕਮਲ ਮਨਿ ਤਨਿ ਬਸੇ ਦਰਸਨੁ ਦੇਖਿ ਨਿਹਾਲ ॥ (298-3)
चरन कमल मनि तनि बसे दरसनु देखि निहाल ॥

ਲਾਭੁ ਮਿਲੈ ਤੋਟਾ ਹਿਰੈ ਸਾਧਸੰਗਿ ਲਿਵ ਲਾਇ ॥ (298-3)
लाभु मिलै तोटा हिरै साधसंगि लिव लाइ ॥

ਖਾਟਿ ਖਜਾਨਾ ਗੁਣ ਨਿਧਿ ਹਰੇ ਨਾਨਕ ਨਾਮੁ ਧਿਆਇ ॥੬॥ (298-3)
खाटि खजाना गुण निधि हरे नानक नामु धिआइ ॥६॥

ਸਲੋਕੁ ॥ (298-4)
सलोकु ॥

ਸੰਤ ਮੰਡਲ ਹਰਿ ਜਸੁ ਕਥਹਿ ਬੋਲਹਿ ਸਤਿ ਸੁਭਾਇ ॥ (298-4)
संत मंडल हरि जसु कथहि बोलहि सति सुभाइ ॥

ਨਾਨਕ ਮਨੁ ਸੰਤੋਖੀਐ ਏਕਸੁ ਸਿਉ ਲਿਵ ਲਾਇ ॥੭॥ (298-5)
नानक मनु संतोखीऐ एकसु सिउ लिव लाइ ॥७॥

ਪਉੜੀ ॥ (298-5)
पउड़ी ॥

ਸਪਤਮਿ ਸੰਚਹੁ ਨਾਮ ਧਨੁ ਟੂਟਿ ਨ ਜਾਹਿ ਭੰਡਾਰ ॥ (298-5)
सपतमि संचहु नाम धनु टूटि न जाहि भंडार ॥

ਸੰਤਸੰਗਤਿ ਮਹਿ ਪਾਈਐ ਅੰਤੁ ਨ ਪਾਰਾਵਾਰ ॥ (298-6)
संतसंगति महि पाईऐ अंतु न पारावार ॥

ਆਪੁ ਤਜਹੁ ਗੋਬਿੰਦ ਭਜਹੁ ਸਰਨਿ ਪਰਹੁ ਹਰਿ ਰਾਇ ॥ (298-6)
आपु तजहु गोबिंद भजहु सरनि परहु हरि राइ ॥

ਦੂਖ ਹਰੈ ਭਵਜਲੁ ਤਰੈ ਮਨ ਚਿੰਦਿਆ ਫਲੁ ਪਾਇ ॥ (298-7)
दूख हरै भवजलु तरै मन चिंदिआ फलु पाइ ॥

ਆਠ ਪਹਰ ਮਨਿ ਹਰਿ ਜਪੈ ਸਫਲੁ ਜਨਮੁ ਪਰਵਾਣੁ ॥ (298-7)
आठ पहर मनि हरि जपै सफलु जनमु परवाणु ॥

ਅੰਤਰਿ ਬਾਹਰਿ ਸਦਾ ਸੰਗਿ ਕਰਨੈਹਾਰੁ ਪਛਾਣੁ ॥ (298-8)
अंतरि बाहरि सदा संगि करनैहारु पछाणु ॥

ਸੋ ਸਾਜਨੁ ਸੋ ਸਖਾ ਮੀਤੁ ਜੋ ਹਰਿ ਕੀ ਮਤਿ ਦੇਇ ॥ (298-8)
सो साजनु सो सखा मीतु जो हरि की मति देइ ॥

ਨਾਨਕ ਤਿਸੁ ਬਲਿਹਾਰਣੈ ਹਰਿ ਹਰਿ ਨਾਮੁ ਜਪੇਇ ॥੭॥ (298-8)
नानक तिसु बलिहारणै हरि हरि नामु जपेइ ॥७॥

ਸਲੋਕੁ ॥ (298-9)
सलोकु ॥

ਆਠ ਪਹਰ ਗੁਨ ਗਾਈਅਹਿ ਤਜੀਅਹਿ ਅਵਰਿ ਜੰਜਾਲ ॥ (298-9)
आठ पहर गुन गाईअहि तजीअहि अवरि जंजाल ॥

ਜਮਕੰਕਰੁ ਜੋਹਿ ਨ ਸਕਈ ਨਾਨਕ ਪ੍ਰਭੂ ਦਇਆਲ ॥੮॥ (298-10)
जमकंकरु जोहि न सकई नानक प्रभू दइआल ॥८॥

ਪਉੜੀ ॥ (298-10)
पउड़ी ॥

ਅਸਟਮੀ ਅਸਟ ਸਿਧਿ ਨਵ ਨਿਧਿ ॥ (298-10)
असटमी असट सिधि नव निधि ॥

ਸਗਲ ਪਦਾਰਥ ਪੂਰਨ ਬੁਧਿ ॥ (298-11)
सगल पदारथ पूरन बुधि ॥

ਕਵਲ ਪ੍ਰਗਾਸ ਸਦਾ ਆਨੰਦ ॥ (298-11)
कवल प्रगास सदा आनंद ॥

ਨਿਰਮਲ ਰੀਤਿ ਨਿਰੋਧਰ ਮੰਤ ॥ (298-11)
निरमल रीति निरोधर मंत ॥

ਸਗਲ ਧਰਮ ਪਵਿਤ੍ਰ ਇਸਨਾਨੁ ॥ (298-11)
सगल धरम पवित्र इसनानु ॥

ਸਭ ਮਹਿ ਊਚ ਬਿਸੇਖ ਗਿਆਨੁ ॥ (298-12)
सभ महि ऊच बिसेख गिआनु ॥

ਹਰਿ ਹਰਿ ਭਜਨੁ ਪੂਰੇ ਗੁਰ ਸੰਗਿ ॥ (298-12)
हरि हरि भजनु पूरे गुर संगि ॥

ਜਪਿ ਤਰੀਐ ਨਾਨਕ ਨਾਮ ਹਰਿ ਰੰਗਿ ॥੮॥ (298-12)
जपि तरीऐ नानक नाम हरि रंगि ॥८॥

ਸਲੋਕੁ ॥ (298-13)
सलोकु ॥

ਨਾਰਾਇਣੁ ਨਹ ਸਿਮਰਿਓ ਮੋਹਿਓ ਸੁਆਦ ਬਿਕਾਰ ॥ (298-13)
नाराइणु नह सिमरिओ मोहिओ सुआद बिकार ॥

ਨਾਨਕ ਨਾਮਿ ਬਿਸਾਰਿਐ ਨਰਕ ਸੁਰਗ ਅਵਤਾਰ ॥੯॥ (298-13)
नानक नामि बिसारिऐ नरक सुरग अवतार ॥९॥

ਪਉੜੀ ॥ (298-14)
पउड़ी ॥

ਨਉਮੀ ਨਵੇ ਛਿਦ੍ਰ ਅਪਵੀਤ ॥ (298-14)
नउमी नवे छिद्र अपवीत ॥

ਹਰਿ ਨਾਮੁ ਨ ਜਪਹਿ ਕਰਤ ਬਿਪਰੀਤਿ ॥ (298-14)
हरि नामु न जपहि करत बिपरीति ॥

ਪਰ ਤ੍ਰਿਅ ਰਮਹਿ ਬਕਹਿ ਸਾਧ ਨਿੰਦ ॥ (298-15)
पर त्रिअ रमहि बकहि साध निंद ॥

ਕਰਨ ਨ ਸੁਨਹੀ ਹਰਿ ਜਸੁ ਬਿੰਦ ॥ (298-15)
करन न सुनही हरि जसु बिंद ॥

ਹਿਰਹਿ ਪਰ ਦਰਬੁ ਉਦਰ ਕੈ ਤਾਈ ॥ (298-15)
हिरहि पर दरबु उदर कै ताई ॥

ਅਗਨਿ ਨ ਨਿਵਰੈ ਤ੍ਰਿਸਨਾ ਨ ਬੁਝਾਈ ॥ (298-16)
अगनि न निवरै त्रिसना न बुझाई ॥

ਹਰਿ ਸੇਵਾ ਬਿਨੁ ਏਹ ਫਲ ਲਾਗੇ ॥ (298-16)
हरि सेवा बिनु एह फल लागे ॥

ਨਾਨਕ ਪ੍ਰਭ ਬਿਸਰਤ ਮਰਿ ਜਮਹਿ ਅਭਾਗੇ ॥੯॥ (298-16)
नानक प्रभ बिसरत मरि जमहि अभागे ॥९॥

ਸਲੋਕੁ ॥ (298-17)
सलोकु ॥

ਦਸ ਦਿਸ ਖੋਜਤ ਮੈ ਫਿਰਿਓ ਜਤ ਦੇਖਉ ਤਤ ਸੋਇ ॥ (298-17)
दस दिस खोजत मै फिरिओ जत देखउ तत सोइ ॥

ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ ॥੧੦॥ (298-17)
मनु बसि आवै नानका जे पूरन किरपा होइ ॥१०॥

ਪਉੜੀ ॥ (298-18)
पउड़ी ॥

ਦਸਮੀ ਦਸ ਦੁਆਰ ਬਸਿ ਕੀਨੇ ॥ (298-18)
दसमी दस दुआर बसि कीने ॥

ਮਨਿ ਸੰਤੋਖੁ ਨਾਮ ਜਪਿ ਲੀਨੇ ॥ (298-18)
मनि संतोखु नाम जपि लीने ॥

ਕਰਨੀ ਸੁਨੀਐ ਜਸੁ ਗੋਪਾਲ ॥ (298-19)
करनी सुनीऐ जसु गोपाल ॥

ਨੈਨੀ ਪੇਖਤ ਸਾਧ ਦਇਆਲ ॥ (298-19)
नैनी पेखत साध दइआल ॥

ਰਸਨਾ ਗੁਨ ਗਾਵੈ ਬੇਅੰਤ ॥ (298-19)
रसना गुन गावै बेअंत ॥

ਮਨ ਮਹਿ ਚਿਤਵੈ ਪੂਰਨ ਭਗਵੰਤ ॥ (298-19)
मन महि चितवै पूरन भगवंत ॥

ਹਸਤ ਚਰਨ ਸੰਤ ਟਹਲ ਕਮਾਈਐ ॥ (299-1)
हसत चरन संत टहल कमाईऐ ॥

ਨਾਨਕ ਇਹੁ ਸੰਜਮੁ ਪ੍ਰਭ ਕਿਰਪਾ ਪਾਈਐ ॥੧੦॥ (299-1)
नानक इहु संजमु प्रभ किरपा पाईऐ ॥१० ॥

ਸਲੋਕੁ ॥ (299-2)
सलोकु ॥

ਏਕੋ ਏਕੁ ਬਖਾਨੀਐ ਬਿਰਲਾ ਜਾਣੈ ਸ੍ਵਾਦੁ ॥ (299-2)
एको एकु बखानीऐ बिरला जाणै स्वादु ॥

ਗੁਣ ਗੋਬਿੰਦ ਨ ਜਾਣੀਐ ਨਾਨਕ ਸਭੁ ਬਿਸਮਾਦੁ ॥੧੧॥ (299-2)
गुण गोबिंद न जाणीऐ नानक सभु बिसमादु ॥११ ॥

ਪਉੜੀ ॥ (299-3)
पउड़ी ॥

ਏਕਾਦਸੀ ਨਿਕਟਿ ਪੇਖਹੁ ਹਰਿ ਰਾਮੁ ॥ (299-3)
एकादसी निकटि पेखहु हरि रामु ॥

ਇੰਦ੍ਰੀ ਬਸਿ ਕਰਿ ਸੁਣਹੁ ਹਰਿ ਨਾਮੁ ॥ (299-3)
इंद्री बसि करि सुणहु हरि नामु ॥

ਮਨਿ ਸੰਤੋਖੁ ਸਰਬ ਜੀਅ ਦਇਆ ॥ (299-3)
मनि संतोखु सरब जीअ दइआ ॥

ਇਨ ਬਿਧਿ ਬਰਤੁ ਸੰਪੂਰਨ ਭਇਆ ॥ (299-4)
इन बिधि बरतु स्मपूरन भइआ ॥

ਧਾਵਤ ਮਨੁ ਰਾਖੈ ਇਕ ਠਾਇ ॥ (299-4)
धावत मनु राखै इक ठाइ ॥

ਮਨੁ ਤਨੁ ਸੁਧੁ ਜਪਤ ਹਰਿ ਨਾਇ ॥ (299-4)
मनु तनु सुधु जपत हरि नाइ ॥

ਸਭ ਮਹਿ ਪੂਰਿ ਰਹੇ ਪਾਰਬ੍ਰਹਮ ॥ (299-5)
सभ महि पूरि रहे पारब्रहम ॥

ਨਾਨਕ ਹਰਿ ਕੀਰਤਨੁ ਕਰਿ ਅਟਲ ਏਹੁ ਧਰਮ ॥੧੧॥ (299-5)
नानक हरि कीरतनु करि अटल एहु धरम ॥११॥

ਸਲੋਕੁ ॥ (299-6)
सलोकु ॥

ਦੁਰਮਤਿ ਹਰੀ ਸੇਵਾ ਕਰੀ ਭੇਟੇ ਸਾਧ ਕ੍ਰਿਪਾਲ ॥ (299-6)
दुरमति हरी सेवा करी भेटे साध क्रिपाल ॥

ਨਾਨਕ ਪ੍ਰਭ ਸਿਉ ਮਿਲਿ ਰਹੇ ਬਿਨਸੇ ਸਗਲ ਜੰਜਾਲ ॥੧੨॥ (299-6)
नानक प्रभ सिउ मिलि रहे बिनसे सगल जंजाल ॥१२॥

ਪਉੜੀ ॥ (299-7)
पउड़ी ॥

ਦੁਆਦਸੀ ਦਾਨੁ ਨਾਮੁ ਇਸਨਾਨੁ ॥ (299-7)
दुआदसी दानु नामु इसनानु ॥

ਹਰਿ ਕੀ ਭਗਤਿ ਕਰਹੁ ਤਜਿ ਮਾਨੁ ॥ (299-7)
हरि की भगति करहु तजि मानु ॥

ਹਰਿ ਅੰਮ੍ਰਿਤ ਪਾਨ ਕਰਹੁ ਸਾਧਸੰਗਿ ॥ (299-7)
हरि अमृत पान करहु साधसंगि ॥

ਮਨ ਤ੍ਰਿਪਤਾਸੈ ਕੀਰਤਨ ਪ੍ਰਭ ਰੰਗਿ ॥ (299-8)
मन त्रिपतासै कीरतन प्रभ रंगि ॥

ਕੋਮਲ ਬਾਣੀ ਸਭ ਕਉ ਸੰਤੋਖੈ ॥ (299-8)
कोमल बाणी सभ कउ संतोखै ॥

ਪੰਚ ਭੂ ਆਤਮਾ ਹਰਿ ਨਾਮ ਰਸਿ ਪੋਖੈ ॥ (299-8)
पंच भू आतमा हरि नाम रसि पोखै ॥

ਗੁਰ ਪੂਰੇ ਤੇ ਏਹ ਨਿਹਚਉ ਪਾਈਐ ॥ (299-9)
गुर पूरे ते एह निहचउ पाईऐ ॥

ਨਾਨਕ ਰਾਮ ਰਮਤ ਫਿਰਿ ਜੋਨਿ ਨ ਆਈਐ ॥੧੨॥ (299-9)
नानक राम रमत फिरि जोनि न आईऐ ॥१२॥

ਸਲੋਕੁ ॥ (299-10)
सलोकु ॥

ਤੀਨਿ ਗੁਣਾ ਮਹਿ ਬਿਆਪਿਆ ਪੂਰਨ ਹੋਤ ਨ ਕਾਮ ॥ (299-10)
तीनि गुणा महि बिआपिआ पूरन होत न काम ॥

ਪਤਿਤ ਉਧਾਰਣੁ ਮਨਿ ਬਸੈ ਨਾਨਕ ਛੂਟੈ ਨਾਮ ॥੧੩॥ (299-10)
पतित उधारणु मनि बसै नानक छूटै नाम ॥१३॥

ਪਉੜੀ ॥ (299-11)
पउड़ी ॥

ਤ੍ਰਉਦਸੀ ਤੀਨਿ ਤਾਪ ਸੰਸਾਰ ॥ (299-11)
त्रउदसी तीनि ताप संसार ॥

ਆਵਤ ਜਾਤ ਨਰਕ ਅਵਤਾਰ ॥ (299-11)
आवत जात नरक अवतार ॥

ਹਰਿ ਹਰਿ ਭਜਨੁ ਨ ਮਨ ਮਹਿ ਆਇਓ ॥ (299-11)
हरि हरि भजनु न मन महि आइओ ॥

ਸੁਖ ਸਾਗਰ ਪ੍ਰਭੁ ਨਿਮਖ ਨ ਗਾਇਓ ॥ (299-12)
सुख सागर प्रभु निमख न गाइओ ॥

ਹਰਖ ਸੋਗ ਕਾ ਦੇਹ ਕਰਿ ਬਾਧਿਓ ॥ (299-12)
हरख सोग का देह करि बाधिओ ॥

ਦੀਰਘ ਰੋਗੁ ਮਾਇਆ ਆਸਾਧਿਓ ॥ (299-12)
दीरघ रोगु माइआ आसाधिओ ॥

ਦਿਨਹਿ ਬਿਕਾਰ ਕਰਤ ਸ੍ਰਮੁ ਪਾਇਓ ॥ (299-13)
दिनहि बिकार करत स्रमु पाइओ ॥

ਨੈਨੀ ਨੀਦ ਸੁਪਨ ਬਰੜਾਇਓ ॥ (299-13)
नैनी नीद सुपन बरड़ाइओ ॥

ਹਰਿ ਬਿਸਰਤ ਹੋਵਤ ਏਹ ਹਾਲ ॥ (299-13)
हरि बिसरत होवत एह हाल ॥

ਸਰਨਿ ਨਾਨਕ ਪ੍ਰਭ ਪੁਰਖ ਦਇਆਲ ॥੧੩॥ (299-14)
सरनि नानक प्रभ पुरख दइआल ॥१३॥

ਸਲੋਕੁ ॥ (299-14)
सलोकु ॥

ਚਾਰਿ ਕੁੰਟ ਚਉਦਹ ਭਵਨ ਸਗਲ ਬਿਆਪਤ ਰਾਮ ॥ (299-14)
चारि कुंट चउदह भवन सगल बिआपत राम ॥

ਨਾਨਕ ਊਨ ਨ ਦੇਖੀਐ ਪੂਰਨ ਤਾ ਕੇ ਕਾਮ ॥੧੪॥ (299-15)
नानक ऊन न देखीऐ पूरन ता के काम ॥१४॥

ਪਉੜੀ ॥ (299-15)
पउड़ी ॥

ਚਉਦਹਿ ਚਾਰਿ ਕੁੰਟ ਪ੍ਰਭ ਆਪ ॥ (299-15)
चउदहि चारि कुंट प्रभ आप ॥

ਸਗਲ ਭਵਨ ਪੂਰਨ ਪਰਤਾਪ ॥ (299-16)
सगल भवन पूरन परताप ॥

ਦਸੇ ਦਿਸਾ ਰਵਿਆ ਪ੍ਰਭੁ ਏਕੁ ॥ (299-16)
दसे दिसा रविआ प्रभु एकु ॥

ਧਰਨਿ ਅਕਾਸ ਸਭ ਮਹਿ ਪ੍ਰਭ ਪੇਖੁ ॥ (299-16)
धरनि अकास सभ महि प्रभ पेखु ॥

ਜਲ ਥਲ ਬਨ ਪਰਬਤ ਪਾਤਾਲ ॥ (299-17)
जल थल बन परबत पाताल ॥

ਪਰਮੇਸ੍ਵਰ ਤਹ ਬਸਹਿ ਦਇਆਲ ॥ (299-17)
परमेस्वर तह बसहि दइआल ॥

ਸੂਖਮ ਅਸਥੂਲ ਸਗਲ ਭਗਵਾਨ ॥ (299-17)
सूखम असथूल सगल भगवान ॥

ਨਾਨਕ ਗੁਰਮੁਖਿ ਬ੍ਰਹਮੁ ਪਛਾਨ ॥੧੪॥ (299-18)
नानक गुरमुखि ब्रहमु पछान ॥१४॥

ਸਲੋਕੁ ॥ (299-18)
सलोकु ॥

ਆਤਮੁ ਜੀਤਾ ਗੁਰਮਤੀ ਗੁਣ ਗਾਏ ਗੋਬਿੰਦ ॥ (299-18)
आतमु जीता गुरमती गुण गाए गोबिंद ॥

ਸੰਤ ਪ੍ਰਸਾਦੀ ਭੈ ਮਿਟੇ ਨਾਨਕ ਬਿਨਸੀ ਚਿੰਦ ॥੧੫॥ (299-18)
संत प्रसादी भै मिटे नानक बिनसी चिंद ॥१५॥

ਪਉੜੀ ॥ (299-19)
पउड़ी ॥

ਅਮਾਵਸ ਆਤਮ ਸੁਖੀ ਭਏ ਸੰਤੋਖੁ ਦੀਆ ਗੁਰਦੇਵ ॥ (299-19)
अमावस आतम सुखी भए संतोखु दीआ गुरदेव ॥

ਮਨੁ ਤਨੁ ਸੀਤਲੁ ਸਾਂਤਿ ਸਹਜ ਲਾਗਾ ਪ੍ਰਭ ਕੀ ਸੇਵ ॥ (300-1)
मनु तनु सीतलु सांति सहज लागा प्रभ की सेव ॥

ਟੂਟੇ ਬੰਧਨ ਬਹੁ ਬਿਕਾਰ ਸਫਲ ਪੂਰਨ ਤਾ ਕੇ ਕਾਮ ॥ (300-1)
टूटे बंधन बहु बिकार सफल पूरन ता के काम ॥

ਦੁਰਮਤਿ ਮਿਟੀ ਹਉਮੈ ਛੁਟੀ ਸਿਮਰਤ ਹਰਿ ਕੋ ਨਾਮ ॥ (300-2)
दुरमति मिटी हउमै छुटी सिमरत हरि को नाम ॥

ਸਰਨਿ ਗਹੀ ਪਾਰਬ੍ਰਹਮ ਕੀ ਮਿਟਿਆ ਆਵਾ ਗਵਨ ॥ (300-2)
सरनि गही पारब्रहम की मिटिआ आवा गवन ॥

ਆਪਿ ਤਰਿਆ ਕੁਟੰਬ ਸਿਉ ਗੁਣ ਗੁਬਿੰਦ ਪ੍ਰਭ ਰਵਨ ॥ (300-3)
आपि तरिआ कुट्मब सिउ गुण गुबिंद प्रभ रवन ॥

ਹਰਿ ਕੀ ਟਹਲ ਕਮਾਵਣੀ ਜਪੀਐ ਪ੍ਰਭ ਕਾ ਨਾਮੁ ॥ (300-3)
हरि की टहल कमावणी जपीऐ प्रभ का नामु ॥

ਗੁਰ ਪੂਰੇ ਤੇ ਪਾਇਆ ਨਾਨਕ ਸੁਖ ਬਿਸ੍ਰਾਮੁ ॥੧੫॥ (300-3)
गुर पूरे ते पाइआ नानक सुख बिस्रामु ॥१५॥

ਸਲੋਕੁ ॥ (300-4)
सलोकु ॥

ਪੂਰਨੁ ਕਬਹੁ ਨ ਡੋਲਤਾ ਪੂਰਾ ਕੀਆ ਪ੍ਰਭ ਆਪਿ ॥ (300-4)
पूरनु कबहु न डोलता पूरा कीआ प्रभ आपि ॥

ਦਿਨੁ ਦਿਨੁ ਚੜੈ ਸਵਾਇਆ ਨਾਨਕ ਹੋਤ ਨ ਘਾਟਿ ॥੧੬॥ (300-5)
दिनु दिनु चड़ै सवाइआ नानक होत न घाटि ॥१६॥

ਪਉੜੀ ॥ (300-5)
पउड़ी ॥

ਪੂਰਨਮਾ ਪੂਰਨ ਪ੍ਰਭ ਏਕੁ ਕਰਣ ਕਾਰਣ ਸਮਰਥੁ ॥ (300-5)
पूरनमा पूरन प्रभ एकु करण कारण समरथु ॥

ਜੀਅ ਜੰਤ ਦਇਆਲ ਪੁਰਖੁ ਸਭ ਊਪਰਿ ਜਾ ਕਾ ਹਥੁ ॥ (300-6)
जीअ जंत दइआल पुरखु सभ ऊपरि जा का हथु ॥

ਗੁਣ ਨਿਧਾਨ ਗੋਬਿੰਦ ਗੁਰ ਕੀਆ ਜਾ ਕਾ ਹੋਇ ॥ (300-6)
गुण निधान गोबिंद गुर कीआ जा का होइ ॥

ਅੰਤਰਜਾਮੀ ਪ੍ਰਭੁ ਸੁਜਾਨੁ ਅਲਖ ਨਿਰੰਜਨ ਸੋਇ ॥ (300-7)
अंतरजामी प्रभु सुजानु अलख निरंजन सोइ ॥

ਪਾਰਬ੍ਰਹਮੁ ਪਰਮੇਸਰੋ ਸਭ ਬਿਧਿ ਜਾਨਣਹਾਰ ॥ (300-7)
पारब्रहमु परमेसरो सभ बिधि जानणहार ॥

ਸੰਤ ਸਹਾਈ ਸਰਨਿ ਜੋਗੁ ਆਠ ਪਹਰ ਨਮਸਕਾਰ ॥ (300-7)
संत सहाई सरनि जोगु आठ पहर नमसकार ॥

ਅਕਥ ਕਥਾ ਨਹ ਬੂਝੀਐ ਸਿਮਰਹੁ ਹਰਿ ਕੇ ਚਰਨ ॥ (300-8)
अकथ कथा नह बूझीऐ सिमरहु हरि के चरन ॥

ਪਤਿਤ ਉਧਾਰਨ ਅਨਾਥ ਨਾਥ ਨਾਨਕ ਪ੍ਰਭ ਕੀ ਸਰਨ ॥੧੬॥ (300-8)
पतित उधारन अनाथ नाथ नानक प्रभ की सरन ॥१६॥

ਸਲੋਕੁ ॥ (300-9)
सलोकु ॥

ਦੁਖ ਬਿਨਸੇ ਸਹਸਾ ਗਇਓ ਸਰਨਿ ਗਹੀ ਹਰਿ ਰਾਇ ॥ (300-9)
दुख बिनसे सहसा गइओ सरनि गही हरि राइ ॥

ਮਨਿ ਚਿੰਦੇ ਫਲ ਪਾਇਆ ਨਾਨਕ ਹਰਿ ਗੁਨ ਗਾਇ ॥੧੭॥ (300-10)
मनि चिंदे फल पाइआ नानक हरि गुन गाइ ॥१७॥

ਪਉੜੀ ॥ (300-10)
पउड़ी ॥

ਕੋਈ ਗਾਵੈ ਕੋ ਸੁਣੈ ਕੋਈ ਕਰੈ ਬੀਚਾਰੁ ॥ (300-10)
कोई गावै को सुणै कोई करै बीचारु ॥

ਕੋ ਉਪਦੇਸੈ ਕੋ ਦ੍ਰਿੜੈ ਤਿਸ ਕਾ ਹੋਇ ਉਧਾਰੁ ॥ (300-11)
को उपदेसै को द्रिड़ै तिस का होइ उधारु ॥

ਕਿਲਬਿਖ ਕਾਟੈ ਹੋਇ ਨਿਰਮਲਾ ਜਨਮ ਜਨਮ ਮਲੁ ਜਾਇ ॥ (300-11)
किलबिख काटै होइ निरमला जनम जनम मलु जाइ ॥

ਹਲਤਿ ਪਲਤਿ ਮੁਖੁ ਊਜਲਾ ਨਹ ਪੋਹੈ ਤਿਸੁ ਮਾਇ ॥ (300-12)
हलति पलति मुखु ऊजला नह पोहै तिसु माइ ॥

ਸੋ ਸੁਰਤਾ ਸੋ ਬੈਸਨੋ ਸੋ ਗਿਆਨੀ ਧਨਵੰਤੁ ॥ (300-12)
सो सुरता सो बैसनो सो गिआनी धनवंतु ॥

ਸੋ ਸੂਰਾ ਕੁਲਵੰਤੁ ਸੋਇ ਜਿਨਿ ਭਜਿਆ ਭਗਵੰਤੁ ॥ (300-12)
सो सूरा कुलवंतु सोइ जिनि भजिआ भगवंतु ॥

ਖਤ੍ਰੀ ਬ੍ਰਾਹਮਣੁ ਸੂਦੁ ਬੈਸੁ ਉਧਰੈ ਸਿਮਰਿ ਚੰਡਾਲ ॥ (300-13)
खत्री ब्राहमणु सूदु बैसु उधरै सिमरि चंडाल ॥

ਜਿਨਿ ਜਾਨਿਓ ਪ੍ਰਭੁ ਆਪਨਾ ਨਾਨਕ ਤਿਸਹਿ ਰਵਾਲ ॥੧੭॥ (300-13)
जिनि जानिओ प्रभु आपना नानक तिसहि रवाल ॥१७॥

ਗਉੜੀ ਕੀ ਵਾਰ ਮਹਲਾ ੪ ॥ (300-15)
गउड़ी की वार महला ४ ॥

ੴ ਸਤਿਗੁਰ ਪ੍ਰਸਾਦਿ ॥ (300-15)
ੴ सतिगुर प्रसादि ॥

ਸਲੋਕ ਮਃ ੪ ॥ (300-16)
सलोक मः ४ ॥

ਸਤਿਗੁਰੁ ਪੁਰਖੁ ਦਇਆਲੁ ਹੈ ਜਿਸ ਨੋ ਸਮਤੁ ਸਭੁ ਕੋਇ ॥ (300-16)
सतिगुरु पुरखु दइआलु है जिस नो समतु सभु कोइ ॥

ਏਕ ਦ੍ਰਿਸਟਿ ਕਰਿ ਦੇਖਦਾ ਮਨ ਭਾਵਨੀ ਤੇ ਸਿਧਿ ਹੋਇ ॥ (300-16)
एक द्रिसटि करि देखदा मन भावनी ते सिधि होइ ॥

ਸਤਿਗੁਰ ਵਿਚਿ ਅੰਮ੍ਰਿਤੁ ਹੈ ਹਰਿ ਉਤਮੁ ਹਰਿ ਪਦੁ ਸੋਇ ॥ (300-17)
सतिगुर विचि अमृतु है हरि उतमु हरि पदु सोइ ॥

ਨਾਨਕ ਕਿਰਪਾ ਤੇ ਹਰਿ ਧਿਆਈਐ ਗੁਰਮੁਖਿ ਪਾਵੈ ਕੋਇ ॥੧॥ (300-17)
नानक किरपा ते हरि धिआईऐ गुरमुखि पावै कोइ ॥१॥

ਮਃ ੪ ॥ (300-18)
मः ४ ॥

ਹਉਮੈ ਮਾਇਆ ਸਭ ਬਿਖੁ ਹੈ ਨਿਤ ਜਗਿ ਤੋਟਾ ਸੰਸਾਰਿ ॥ (300-18)
हउमै माइआ सभ बिखु है नित जगि तोटा संसारि ॥

ਲਾਹਾ ਹਰਿ ਧਨੁ ਖਟਿਆ ਗੁਰਮੁਖਿ ਸਬਦੁ ਵੀਚਾਰਿ ॥ (300-18)
लाहा हरि धनु खटिआ गुरमुखि सबदु वीचारि ॥

ਹਉਮੈ ਮੈਲੁ ਬਿਖੁ ਉਤਰੈ ਹਰਿ ਅੰਮ੍ਰਿਤੁ ਹਰਿ ਉਰ ਧਾਰਿ ॥ (300-19)
हउमै मैलु बिखु उतरै हरि अमृतु हरि उर धारि ॥

ਸਭਿ ਕਾਰਜ ਤਿਨ ਕੇ ਸਿਧਿ ਹਹਿ ਜਿਨ ਗੁਰਮੁਖਿ ਕਿਰਪਾ ਧਾਰਿ ॥ (301-1)
सभि कारज तिन के सिधि हहि जिन गुरमुखि किरपा धारि ॥

ਨਾਨਕ ਜੋ ਧੁਰਿ ਮਿਲੇ ਸੇ ਮਿਲਿ ਰਹੇ ਹਰਿ ਮੇਲੇ ਸਿਰਜਣਹਾਰਿ ॥੨॥ (301-1)
नानक जो धुरि मिले से मिलि रहे हरि मेले सिरजणहारि ॥२॥

ਪਉੜੀ ॥ (301-2)
पउड़ी ॥

ਤੂ ਸਚਾ ਸਾਹਿਬੁ ਸਚੁ ਹੈ ਸਚੁ ਸਚਾ ਗੋਸਾਈ ॥ (301-2)
तू सचा साहिबु सचु है सचु सचा गोसाई ॥

ਤੁਧੁਨੋ ਸਭ ਧਿਆਇਦੀ ਸਭ ਲਗੈ ਤੇਰੀ ਪਾਈ ॥ (301-2)
तुधुनो सभ धिआइदी सभ लगै तेरी पाई ॥

ਤੇਰੀ ਸਿਫਤਿ ਸੁਆਲਿਉ ਸਰੂਪ ਹੈ ਜਿਨਿ ਕੀਤੀ ਤਿਸੁ ਪਾਰਿ ਲਘਾਈ ॥ (301-3)
तेरी सिफति सुआलिउ सरूप है जिनि कीती तिसु पारि लघाई ॥

ਗੁਰਮੁਖਾ ਨੋ ਫਲੁ ਪਾਇਦਾ ਸਚਿ ਨਾਮਿ ਸਮਾਈ ॥ (301-3)
गुरमुखा नो फलु पाइदा सचि नामि समाई ॥

ਵਡੇ ਮੇਰੇ ਸਾਹਿਬਾ ਵਡੀ ਤੇਰੀ ਵਡਿਆਈ ॥੧॥ (301-4)
वडे मेरे साहिबा वडी तेरी वडिआई ॥१॥

ਸਲੋਕ ਮਃ ੪ ॥ (301-4)
सलोक मः ४ ॥

ਵਿਣੁ ਨਾਵੈ ਹੋਰੁ ਸਲਾਹਣਾ ਸਭੁ ਬੋਲਣੁ ਫਿਕਾ ਸਾਦੁ ॥ (301-4)
विणु नावै होरु सलाहणा सभु बोलणु फिका सादु ॥

ਮਨਮੁਖ ਅਹੰਕਾਰੁ ਸਲਾਹਦੇ ਹਉਮੈ ਮਮਤਾ ਵਾਦੁ ॥ (301-5)
मनमुख अहंकारु सलाहदे हउमै ममता वादु ॥

ਜਿਨ ਸਾਲਾਹਨਿ ਸੇ ਮਰਹਿ ਖਪਿ ਜਾਵੈ ਸਭੁ ਅਪਵਾਦੁ ॥ (301-5)
जिन सालाहनि से मरहि खपि जावै सभु अपवादु ॥

ਜਨ ਨਾਨਕ ਗੁਰਮੁਖਿ ਉਬਰੇ ਜਪਿ ਹਰਿ ਹਰਿ ਪਰਮਾਨਾਦੁ ॥੧॥ (301-6)
जन नानक गुरमुखि उबरे जपि हरि हरि परमानादु ॥१॥

ਮਃ ੪ ॥ (301-7)
मः ४ ॥

ਸਤਿਗੁਰ ਹਰਿ ਪ੍ਰਭੁ ਦਸਿ ਨਾਮੁ ਧਿਆਈ ਮਨਿ ਹਰੀ ॥ (301-7)
सतिगुर हरि प्रभु दसि नामु धिआई मनि हरी ॥

ਨਾਨਕ ਨਾਮੁ ਪਵਿਤੁ ਹਰਿ ਮੁਖਿ ਬੋਲੀ ਸਭਿ ਦੁਖ ਪਰਹਰੀ ॥੨॥ (301-7)
नानक नामु पवितु हरि मुखि बोली सभि दुख परहरी ॥२॥

ਪਉੜੀ ॥ (301-8)
पउड़ी ॥

ਤੂ ਆਪੇ ਆਪਿ ਨਿਰੰਕਾਰੁ ਹੈ ਨਿਰੰਜਨ ਹਰਿ ਰਾਇਆ ॥ (301-8)
तू आपे आपि निरंकारु है निरंजन हरि राइआ ॥

ਜਿਨੀ ਤੂ ਇਕ ਮਨਿ ਸਚੁ ਧਿਆਇਆ ਤਿਨ ਕਾ ਸਭੁ ਦੁਖੁ ਗਵਾਇਆ ॥ (301-8)
जिनी तू इक मनि सचु धिआइआ तिन का सभु दुखु गवाइआ ॥

ਤੇਰਾ ਸਰੀਕੁ ਕੋ ਨਾਹੀ ਜਿਸ ਨੋ ਲਵੈ ਲਾਇ ਸੁਣਾਇਆ ॥ (301-9)
तेरा सरीकु को नाही जिस नो लवै लाइ सुणाइआ ॥

ਤੁਧੁ ਜੇਵਡੁ ਦਾਤਾ ਤੂਹੈ ਨਿਰੰਜਨਾ ਤੂਹੈ ਸਚੁ ਮੇਰੈ ਮਨਿ ਭਾਇਆ ॥ (301-10)
तुधु जेवडु दाता तूहै निरंजना तूहै सचु मेरै मनि भाइआ ॥

ਸਚੇ ਮੇਰੇ ਸਾਹਿਬਾ ਸਚੇ ਸਚੁ ਨਾਇਆ ॥੨॥ (301-10)
सचे मेरे साहिबा सचे सचु नाइआ ॥२॥

ਸਲੋਕ ਮਃ ੪ ॥ (301-11)
सलोक मः ४ ॥

ਮਨ ਅੰਤਰਿ ਹਉਮੈ ਰੋਗੁ ਹੈ ਭ੍ਰਮਿ ਭੂਲੇ ਮਨਮੁਖ ਦੁਰਜਨਾ ॥ (301-11)
मन अंतरि हउमै रोगु है भ्रमि भूले मनमुख दुरजना ॥

ਨਾਨਕ ਰੋਗੁ ਗਵਾਇ ਮਿਲਿ ਸਤਿਗੁਰ ਸਾਧੂ ਸਜਨਾ ॥੧॥ (301-11)
नानक रोगु गवाइ मिलि सतिगुर साधू सजना ॥१॥

ਮਃ ੪ ॥ (301-12)
मः ४ ॥

ਮਨੁ ਤਨੁ ਰਤਾ ਰੰਗ ਸਿਉ ਗੁਰਮੁਖਿ ਹਰਿ ਗੁਣਤਾਸੁ ॥ (301-12)
मनु तनु रता रंग सिउ गुरमुखि हरि गुणतासु ॥

ਜਨ ਨਾਨਕ ਹਰਿ ਸਰਣਾਗਤੀ ਹਰਿ ਮੇਲੇ ਗੁਰ ਸਾਬਾਸਿ ॥੨॥ (301-12)
जन नानक हरि सरणागती हरि मेले गुर साबासि ॥२॥

ਪਉੜੀ ॥ (301-13)
पउड़ी ॥

ਤੂ ਕਰਤਾ ਪੁਰਖੁ ਅਗੰਮੁ ਹੈ ਕਿਸੁ ਨਾਲਿ ਤੂ ਵੜੀਐ ॥ (301-13)
तू करता पुरखु अगंमु है किसु नालि तू वड़ीऐ ॥

ਤੁਧੁ ਜੇਵਡੁ ਹੋਇ ਸੁ ਆਖੀਐ ਤੁਧੁ ਜੇਹਾ ਤੂਹੈ ਪੜੀਐ ॥ (301-14)
तुधु जेवडु होइ सु आखीऐ तुधु जेहा तूहै पड़ीऐ ॥

ਤੂ ਘਟਿ ਘਟਿ ਇਕੁ ਵਰਤਦਾ ਗੁਰਮੁਖਿ ਪਰਗੜੀਐ ॥ (301-14)
तू घटि घटि इकु वरतदा गुरमुखि परगड़ीऐ ॥

ਤੂ ਸਚਾ ਸਭਸ ਦਾ ਖਸਮੁ ਹੈ ਸਭ ਦੂ ਤੂ ਚੜੀਐ ॥ (301-15)
तू सचा सभस दा खसमु है सभ दू तू चड़ीऐ ॥

ਤੂ ਕਰਹਿ ਸੁ ਸਚੇ ਹੋਇਸੀ ਤਾ ਕਾਇਤੁ ਕੜੀਐ ॥੩॥ (301-15)
तू करहि सु सचे होइसी ता काइतु कड़ीऐ ॥३॥

ਸਲੋਕ ਮਃ ੪ ॥ (301-15)
सलोक मः ४ ॥

ਮੈ ਮਨਿ ਤਨਿ ਪ੍ਰੇਮੁ ਪਿਰੰਮ ਕਾ ਅਠੇ ਪਹਰ ਲਗੰਨਿ ॥ (301-16)
मै मनि तनि प्रेमु पिरंम का अठे पहर लगंनि ॥

ਜਨ ਨਾਨਕ ਕਿਰਪਾ ਧਾਰਿ ਪ੍ਰਭ ਸਤਿਗੁਰ ਸੁਖਿ ਵਸੰਨਿ ॥੧॥ (301-16)
जन नानक किरपा धारि प्रभ सतिगुर सुखि वसंनि ॥१॥

ਮਃ ੪ ॥ (301-17)
मः ४ ॥

ਜਿਨ ਅੰਦਰਿ ਪ੍ਰੀਤਿ ਪਿਰੰਮ ਕੀ ਜਿਉ ਬੋਲਨਿ ਤਿਵੈ ਸੋਹੰਨਿ ॥ (301-17)
जिन अंदरि प्रीति पिरंम की जिउ बोलनि तिवै सोहंनि ॥

ਨਾਨਕ ਹਰਿ ਆਪੇ ਜਾਣਦਾ ਜਿਨਿ ਲਾਈ ਪ੍ਰੀਤਿ ਪਿਰੰਨਿ ॥੨॥ (301-17)
नानक हरि आपे जाणदा जिनि लाई प्रीति पिरंनि ॥२॥

ਪਉੜੀ ॥ (301-18)
पउड़ी ॥

ਤੂ ਕਰਤਾ ਆਪਿ ਅਭੁਲੁ ਹੈ ਭੁਲਣ ਵਿਚਿ ਨਾਹੀ ॥ (301-18)
तू करता आपि अभुलु है भुलण विचि नाही ॥

ਤੂ ਕਰਹਿ ਸੁ ਸਚੇ ਭਲਾ ਹੈ ਗੁਰ ਸਬਦਿ ਬੁਝਾਹੀ ॥ (301-18)
तू करहि सु सचे भला है गुर सबदि बुझाही ॥

ਤੂ ਕਰਣ ਕਾਰਣ ਸਮਰਥੁ ਹੈ ਦੂਜਾ ਕੋ ਨਾਹੀ ॥ (301-19)
तू करण कारण समरथु है दूजा को नाही ॥

ਤੂ ਸਾਹਿਬੁ ਅਗਮੁ ਦਇਆਲੁ ਹੈ ਸਭਿ ਤੁਧੁ ਧਿਆਹੀ ॥ (301-19)
तू साहिबु अगमु दइआलु है सभि तुधु धिआही ॥

ਸਭਿ ਜੀਅ ਤੇਰੇ ਤੂ ਸਭਸ ਦਾ ਤੂ ਸਭ ਛਡਾਹੀ ॥੪॥ (302-1)
सभि जीअ तेरे तू सभस दा तू सभ छडाही ॥४॥

ਸਲੋਕ ਮਃ ੪ ॥ (302-1)
सलोक मः ४ ॥

ਸੁਣਿ ਸਾਜਨ ਪ੍ਰੇਮ ਸੰਦੇਸਰਾ ਅਖੀ ਤਾਰ ਲਗੰਨਿ ॥ (302-1)
सुणि साजन प्रेम संदेसरा अखी तार लगंनि ॥

ਗੁਰਿ ਤੁਠੈ ਸਜਣੁ ਮੇਲਿਆ ਜਨ ਨਾਨਕ ਸੁਖਿ ਸਵੰਨਿ ॥੧॥ (302-2)
गुरि तुठै सजणु मेलिआ जन नानक सुखि सवंनि ॥१॥

ਮਃ ੪ ॥ (302-2)
मः ४ ॥

ਸਤਿਗੁਰੁ ਦਾਤਾ ਦਇਆਲੁ ਹੈ ਜਿਸ ਨੋ ਦਇਆ ਸਦਾ ਹੋਇ ॥ (302-3)
सतिगुरु दाता दइआलु है जिस नो दइआ सदा होइ ॥

ਸਤਿਗੁਰੁ ਅੰਦਰਹੁ ਨਿਰਵੈਰੁ ਹੈ ਸਭੁ ਦੇਖੈ ਬ੍ਰਹਮੁ ਇਕੁ ਸੋਇ ॥ (302-3)
सतिगुरु अंदरहु निरवैरु है सभु देखै ब्रहमु इकु सोइ ॥

ਨਿਰਵੈਰਾ ਨਾਲਿ ਜਿ ਵੈਰੁ ਚਲਾਇਦੇ ਤਿਨ ਵਿਚਹੁ ਤਿਸਟਿਆ ਨ ਕੋਇ ॥ (302-4)
निरवैरा नालि जि वैरु चलाइदे तिन विचहु तिसटिआ न कोइ ॥

ਸਤਿਗੁਰੁ ਸਭਨਾ ਦਾ ਭਲਾ ਮਨਾਇਦਾ ਤਿਸ ਦਾ ਬੁਰਾ ਕਿਉ ਹੋਇ ॥ (302-4)
सतिगुरु सभना दा भला मनाइदा तिस दा बुरा किउ होइ ॥

ਸਤਿਗੁਰ ਨੋ ਜੇਹਾ ਕੋ ਇਛਦਾ ਤੇਹਾ ਫਲੁ ਪਾਏ ਕੋਇ ॥ (302-5)
सतिगुर नो जेहा को इछदा तेहा फलु पाए कोइ ॥

ਨਾਨਕ ਕਰਤਾ ਸਭੁ ਕਿਛੁ ਜਾਣਦਾ ਜਿਦੂ ਕਿਛੁ ਗੁਝਾ ਨ ਹੋਇ ॥੨॥ (302-5)
नानक करता सभु किछु जाणदा जिदू किछु गुझा न होइ ॥२॥

ਪਉੜੀ ॥ (302-6)
पउड़ी ॥

ਜਿਸ ਨੋ ਸਾਹਿਬੁ ਵਡਾ ਕਰੇ ਸੋਈ ਵਡ ਜਾਣੀ ॥ (302-6)
जिस नो साहिबु वडा करे सोई वड जाणी ॥

ਜਿਸੁ ਸਾਹਿਬ ਭਾਵੈ ਤਿਸੁ ਬਖਸਿ ਲਏ ਸੋ ਸਾਹਿਬ ਮਨਿ ਭਾਣੀ ॥ (302-7)
जिसु साहिब भावै तिसु बखसि लए सो साहिब मनि भाणी ॥

ਜੇ ਕੋ ਓਸ ਦੀ ਰੀਸ ਕਰੇ ਸੋ ਮੂੜ ਅਜਾਣੀ ॥ (302-7)
जे को ओस दी रीस करे सो मूड़ अजाणी ॥

ਜਿਸ ਨੋ ਸਤਿਗੁਰ ਮੇਲੇ ਸੁ ਗੁਣ ਰਵੈ ਗੁਣ ਆਖਿ ਵਖਾਣੀ ॥ (302-8)
जिस नो सतिगुरु मेले सु गुण रवै गुण आखि वखाणी ॥

ਨਾਨਕ ਸਚਾ ਸਚੁ ਹੈ ਬੁਝਿ ਸਚਿ ਸਮਾਣੀ ॥੫॥ (302-8)
नानक सचा सचु है बुझि सचि समाणी ॥५॥

ਸਲੋਕ ਮਃ ੪ ॥ (302-9)
सलोक मः ४ ॥

ਹਰਿ ਸਤਿ ਨਿਰੰਜਨ ਅਮਰੁ ਹੈ ਨਿਰਭਉ ਨਿਰਵੈਰੁ ਨਿਰੰਕਾਰੁ ॥ (302-9)
हरि सति निरंजन अमरु है निरभउ निरवैरु निरंकारु ॥

ਜਿਨ ਜਪਿਆ ਇਕ ਮਨਿ ਇਕ ਚਿਤਿ ਤਿਨ ਲਥਾ ਹਉਮੈ ਭਾਰੁ ॥ (302-9)
जिन जपिआ इक मनि इक चिति तिन लथा हउमै भारु ॥

ਜਿਨ ਗੁਰਮੁਖਿ ਹਰਿ ਆਰਾਧਿਆ ਤਿਨ ਸੰਤ ਜਨਾ ਜੈਕਾਰੁ ॥ (302-10)
जिन गुरमुखि हरि आराधिआ तिन संत जना जैकारु ॥

ਕੋਈ ਨਿੰਦਾ ਕਰੇ ਪੂਰੇ ਸਤਿਗੁਰੂ ਕੀ ਤਿਸ ਨੋ ਫਿਟੁ ਫਿਟੁ ਕਹੈ ਸਭੁ ਸੰਸਾਰੁ ॥ (302-10)
कोई निंदा करे पूरे सतिगुरू की तिस नो फिटु फिटु कहै सभु संसारु ॥

ਸਤਿਗੁਰ ਵਿਚਿ ਆਪਿ ਵਰਤਦਾ ਹਰਿ ਆਪੇ ਰਖਣਹਾਰੁ ॥ (302-11)
सतिगुर विचि आपि वरतदा हरि आपे रखणहारु ॥

ਧਨੁ ਧੰਨੁ ਗੁਰੂ ਗੁਣ ਗਾਵਦਾ ਤਿਸ ਨੋ ਸਦਾ ਸਦਾ ਨਮਸਕਾਰੁ ॥ (302-12)
धनु धंनु गुरू गुण गावदा तिस नो सदा सदा नमसकारु ॥

ਜਨ ਨਾਨਕ ਤਿਨ ਕਉ ਵਾਰਿਆ ਜਿਨ ਜਪਿਆ ਸਿਰਜਣਹਾਰੁ ॥੧॥ (302-12)
जन नानक तिन कउ वारिआ जिन जपिआ सिरजणहारु ॥१॥

ਮਃ ੪ ॥ (302-13)
मः ४ ॥

ਆਪੇ ਧਰਤੀ ਸਾਜੀਅਨੁ ਆਪੇ ਆਕਾਸੁ ॥ (302-13)
आपे धरती साजीअनु आपे आकासु ॥

ਵਿਚਿ ਆਪੇ ਜੰਤ ਉਪਾਇਅਨੁ ਮੁਖਿ ਆਪੇ ਦੇਇ ਗਿਰਾਸੁ ॥ (302-13)
विचि आपे जंत उपाइअनु मुखि आपे देइ गिरासु ॥

ਸਭੁ ਆਪੇ ਆਪਿ ਵਰਤਦਾ ਆਪੇ ਹੀ ਗੁਣਤਾਸੁ ॥ (302-14)
सभु आपे आपि वरतदा आपे ही गुणतासु ॥

ਜਨ ਨਾਨਕ ਨਾਮੁ ਧਿਆਇ ਤੂ ਸਭਿ ਕਿਲਵਿਖ ਕਟੇ ਤਾਸੁ ॥੨॥ (302-14)
जन नानक नामु धिआइ तू सभि किलविख कटे तासु ॥२॥

ਪਉੜੀ ॥ (302-15)
पउड़ी ॥

ਤੂ ਸਚਾ ਸਾਹਿਬੁ ਸਚੁ ਹੈ ਸਚੁ ਸਚੇ ਭਾਵੈ ॥ (302-15)
तू सचा साहिबु सचु है सचु सचे भावै ॥

ਜੋ ਤੁਧੁ ਸਚੁ ਸਲਾਹਦੇ ਤਿਨ ਜਮ ਕੰਕਰੁ ਨੇੜਿ ਨ ਆਵੈ ॥ (302-15)
जो तुधु सचु सलाहदे तिन जम कंकरु नेड़ि न आवै ॥

ਤਿਨ ਕੇ ਮੁਖ ਦਰਿ ਉਜਲੇ ਜਿਨ ਹਰਿ ਹਿਰਦੈ ਸਚਾ ਭਾਵੈ ॥ (302-16)
तिन के मुख दरि उजले जिन हरि हिरदै सचा भावै ॥

ਕੂੜਿਆਰ ਪਿਛਾਹਾ ਸਟੀਅਨਿ ਕੂੜੁ ਹਿਰਦੈ ਕਪਟੁ ਮਹਾ ਦੁਖੁ ਪਾਵੈ ॥ (302-16)
कूड़िआर पिछाहा सटीअनि कूड़ु हिरदै कपटु महा दुखु पावै ॥

ਮੁਹ ਕਾਲੇ ਕੂੜਿਆਰੀਆ ਕੂੜਿਆਰ ਕੂੜੋ ਹੋਇ ਜਾਵੈ ॥੬॥ (302-17)
मुह काले कूड़िआरीआ कूड़िआर कूड़ो होइ जावै ॥६॥

ਸਲੋਕ ਮਃ ੪ ॥ (302-17)
सलोक मः ४ ॥

ਸਤਿਗੁਰੁ ਧਰਤੀ ਧਰਮ ਹੈ ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਏ ॥ (302-18)
सतिगुरु धरती धरम है तिसु विचि जेहा को बीजे तेहा फलु पाए ॥

ਗੁਰਸਿਖੀ ਅੰਮ੍ਰਿਤੁ ਬੀਜਿਆ ਤਿਨ ਅੰਮ੍ਰਿਤ ਫਲੁ ਹਰਿ ਪਾਏ ॥ (302-18)
गुरसिखी अमृतु बीजिआ तिन अमृत फलु हरि पाए ॥

ਓਨਾ ਹਲਤਿ ਪਲਤਿ ਮੁਖ ਉਜਲੇ ਓਇ ਹਰਿ ਦਰਗਹ ਸਚੀ ਪੈਨਾਏ ॥ (302-19)
ओना हलति पलति मुख उजले ओइ हरि दरगह सची पैनाए ॥

ਇਕਨ੍ਹ੍ਹਾ ਅੰਦਰਿ ਖੋਟੁ ਨਿਤ ਖੋਟੁ ਕਮਾਵਹਿ ਓਹੁ ਜੇਹਾ ਬੀਜੇ ਤੇਹਾ ਫਲੁ ਖਾਏ ॥ (302-19)
इकन्हा अंदरि खोटु नित खोटु कमावहि ओहु जेहा बीजे तेहा फलु खाए ॥

ਜਾ ਸਤਿਗੁਰੁ ਸਰਾਫੁ ਨਦਰਿ ਕਰਿ ਦੇਖੈ ਸੁਆਵਗੀਰ ਸਭਿ ਉਘੜਿ ਆਏ ॥ (303-1)
जा सतिगुरु सराफु नदरि करि देखै सुआवगीर सभि उघड़ि आए ॥

ਓਇ ਜੇਹਾ ਚਿਤਵਹਿ ਨਿਤ ਤੇਹਾ ਪਾਇਨਿ ਓਇ ਤੇਹੋ ਜੇਹੇ ਦਯਿ ਵਜਾਏ ॥ (303-2)
ओइ जेहा चितवहि नित तेहा पाइनि ओइ तेहो जेहे दयि वजाए ॥

ਨਾਨਕ ਦੁਹੀ ਸਿਰੀ ਖਸਮੁ ਆਪੇ ਵਰਤੈ ਨਿਤ ਕਰਿ ਕਰਿ ਦੇਖੈ ਚਲਤ ਸਬਾਏ ॥੧॥ (303-3)
नानक दुही सिरी खसमु आपे वरतै नित करि करि देखै चलत सबाए ॥१॥

ਮਃ ੪ ॥ (303-3)
मः ४ ॥

ਇਕੁ ਮਨੁ ਇਕੁ ਵਰਤਦਾ ਜਿਤੁ ਲਗੈ ਸੋ ਥਾਇ ਪਾਇ ॥ (303-3)
इकु मनु इकु वरतदा जितु लगै सो थाइ पाइ ॥

ਕੋਈ ਗਲਾ ਕਰੇ ਘਨੇਰੀਆ ਜਿ ਘਰਿ ਵਥੁ ਹੋਵੈ ਸਾਈ ਖਾਇ ॥ (303-4)
कोई गला करे घनेरीआ जि घरि वथु होवै साई खाइ ॥

ਬਿਨੁ ਸਤਿਗੁਰ ਸੋਝੀ ਨਾ ਪਵੈ ਅਹੰਕਾਰੁ ਨ ਵਿਚਹੁ ਜਾਇ ॥ (303-4)
बिनु सतिगुर सोझी ना पवै अहंकारु न विचहु जाइ ॥

ਅਹੰਕਾਰੀਆ ਨੋ ਦੁਖ ਭੁਖ ਹੈ ਹਥੁ ਤਡਹਿ ਘਰਿ ਘਰਿ ਮੰਗਾਇ ॥ (303-5)
अहंकारीआ नो दुख भुख है हथु तडहि घरि घरि मंगाइ ॥

ਕੂੜੁ ਠਗੀ ਗੁਝੀ ਨਾ ਰਹੈ ਮੁਲੰਮਾ ਪਾਜੁ ਲਹਿ ਜਾਇ ॥ (303-6)
कूड़ु ठगी गुझी ना रहै मुलंमा पाजु लहि जाइ ॥

ਜਿਸੁ ਹੋਵੈ ਪੂਰਬਿ ਲਿਖਿਆ ਤਿਸੁ ਸਤਿਗੁਰ ਮਿਲੈ ਪ੍ਰਭੁ ਆਇ ॥ (303-6)
जिसु होवै पूरबि लिखिआ तिसु सतिगुरु मिलै प्रभु आइ ॥

ਜਿਉ ਲੋਹਾ ਪਾਰਸਿ ਭੇਟੀਐ ਮਿਲਿ ਸੰਗਤਿ ਸੁਵਰਨੁ ਹੋਇ ਜਾਇ ॥ (303-7)
जिउ लोहा पारसि भेटीऐ मिलि संगति सुवरनु होइ जाइ ॥

ਜਨ ਨਾਨਕ ਕੇ ਪ੍ਰਭ ਤੂ ਧਣੀ ਜਿਉ ਭਾਵੈ ਤਿਵੈ ਚਲਾਇ ॥੨॥ (303-7)
जन नानक के प्रभ तू धणी जिउ भावै तिवै चलाइ ॥२॥

ਪਉੜੀ ॥ (303-8)
पउड़ी ॥

ਜਿਨ ਹਰਿ ਹਿਰਦੈ ਸੇਵਿਆ ਤਿਨ ਹਰਿ ਆਪਿ ਮਿਲਾਏ ॥ (303-8)
जिन हरि हिरदै सेविआ तिन हरि आपि मिलाए ॥

ਗੁਣ ਕੀ ਸਾਝਿ ਤਿਨ ਸਿਉ ਕਰੀ ਸਭਿ ਅਵਗਣ ਸਬਦਿ ਜਲਾਏ ॥ (303-8)
गुण की साझि तिन सिउ करी सभि अवगण सबदि जलाए ॥

ਅਉਗਣ ਵਿਕਣਿ ਪਲਰੀ ਜਿਸੁ ਦੇਹਿ ਸੁ ਸਚੇ ਪਾਏ ॥ (303-9)
अउगण विकणि पलरी जिसु देहि सु सचे पाए ॥

ਬਲਿਹਾਰੀ ਗੁਰ ਆਪਣੇ ਜਿਨਿ ਅਉਗਣ ਮੇਟਿ ਗੁਣ ਪਰਗਟੀਆਏ ॥ (303-9)
बलिहारी गुर आपणे जिनि अउगण मेटि गुण परगटीआए ॥

ਵਡੀ ਵਡਿਆਈ ਵਡੇ ਕੀ ਗੁਰਮੁਖਿ ਆਲਾਏ ॥੭॥ (303-10)
वडी वडिआई वडे की गुरमुखि आलाए ॥७॥

ਸਲੋਕ ਮਃ ੪ ॥ (303-11)
सलोक मः ४ ॥

ਸਤਿਗੁਰ ਵਿਚਿ ਵਡੀ ਵਡਿਆਈ ਜੋ ਅਨਦਿਨੁ ਹਰਿ ਹਰਿ ਨਾਮੁ ਧਿਆਵੈ ॥ (303-11)
सतिगुर विचि वडी वडिआई जो अनदिनु हरि हरि नामु धिआवै ॥

ਹਰਿ ਹਰਿ ਨਾਮੁ ਰਮਤ ਸੁਚ ਸੰਜਮੁ ਹਰਿ ਨਾਮੇ ਹੀ ਤ੍ਰਿਪਤਾਵੈ ॥ (303-11)
हरि हरि नामु रमत सुच संजमु हरि नामे ही त्रिपतावै ॥

ਹਰਿ ਨਾਮੁ ਤਾਣੁ ਹਰਿ ਨਾਮੁ ਦੀਬਾਣੁ ਹਰਿ ਨਾਮੋ ਰਖ ਕਰਾਵੈ ॥ (303-12)
हरि नामु ताणु हरि नामु दीबाणु हरि नामो रख करावै ॥

ਜੋ ਚਿਤੁ ਲਾਇ ਪੂਜੇ ਗੁਰ ਮੂਰਤਿ ਸੋ ਮਨ ਇਛੇ ਫਲ ਪਾਵੈ ॥ (303-12)
जो चितु लाइ पूजे गुर मूरति सो मन इछे फल पावै ॥

ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਤਿਸੁ ਕਰਤਾ ਮਾਰ ਦਿਵਾਵੈ ॥ (303-13)
जो निंदा करे सतिगुर पूरे की तिसु करता मार दिवावै ॥

ਫੇਰਿ ਓਹ ਵੇਲਾ ਓਸੁ ਹਥਿ ਨ ਆਵੈ ਓਹੁ ਆਪਣਾ ਬੀਜਿਆ ਆਪੇ ਖਾਵੈ ॥ (303-13)
फेरि ओह वेला ओसु हथि न आवै ओहु आपणा बीजिआ आपे खावै ॥

ਨਰਕਿ ਘੋਰਿ ਮੁਹਿ ਕਾਲੈ ਖੜਿਆ ਜਿਉ ਤਸਕਰੁ ਪਾਇ ਗਲਾਵੈ ॥ (303-14)
नरकि घोरि मुहि कालै खड़िआ जिउ तसकरु पाइ गलावै ॥

ਫਿਰਿ ਸਤਿਗੁਰ ਕੀ ਸਰਣੀ ਪਵੈ ਤਾ ਉਬਰੈ ਜਾ ਹਰਿ ਹਰਿ ਨਾਮੁ ਧਿਆਵੈ ॥ (303-15)
फिरि सतिगुर की सरणी पवै ता उबरै जा हरि हरि नामु धिआवै ॥

ਹਰਿ ਬਾਤਾ ਆਖਿ ਸੁਣਾਏ ਨਾਨਕੁ ਹਰਿ ਕਰਤੇ ਏਵੈ ਭਾਵੈ ॥੧॥ (303-15)
हरि बाता आखि सुणाए नानकु हरि करते एवै भावै ॥१॥

ਮਃ ੪ ॥ (303-16)
मः ४ ॥

ਪੂਰੇ ਗੁਰ ਕਾ ਹੁਕਮੁ ਨ ਮੰਨੈ ਓਹੁ ਮਨਮੁਖੁ ਅਗਿਆਨੁ ਮੁਠਾ ਬਿਖੁ ਮਾਇਆ ॥ (303-16)
पूरे गुर का हुकमु न मंनै ओहु मनमुखु अगिआनु मुठा बिखु माइआ ॥

ਓਸੁ ਅੰਦਰਿ ਕੂੜੁ ਕੂੜੋ ਕਰਿ ਬੁਝੈ ਅਣਹੋਦੇ ਝਗੜੇ ਦਯਿ ਓਸ ਦੈ ਗਲਿ ਪਾਇਆ ॥ (303-17)
ओसु अंदरि कूड़ु कूड़ो करि बुझै अणहोदे झगड़े दयि ओस दै गलि पाइआ ॥

ਓਹੁ ਗਲ ਫਰੋਸੀ ਕਰੇ ਬਹੁਤੇਰੀ ਓਸ ਦਾ ਬੋਲਿਆ ਕਿਸੈ ਨ ਭਾਇਆ ॥ (303-17)
ओहु गल फरोसी करे बहुतेरी ओस दा बोलिआ किसै न भाइआ ॥

ਓਹੁ ਘਰਿ ਘਰਿ ਹੰਢੈ ਜਿਉ ਰੰਨ ਦੋੁਹਾਗਣਿ ਓਸੁ ਨਾਲਿ ਮੁਹੁ ਜੋੜੇ ਓਸੁ ਭੀ ਲਛਣੁ ਲਾਇਆ ॥ (303-18)
ओहु घरि घरि हंढै जिउ रंन दोहागणि ओसु नालि मुहु जोड़े ओसु भी लछणु लाइआ ॥

ਗੁਰਮੁਖਿ ਹੋਇ ਸੁ ਅਲਿਪਤੋ ਵਰਤੈ ਓਸ ਦਾ ਪਾਸੁ ਛਡਿ ਗੁਰ ਪਾਸਿ ਬਹਿ ਜਾਇਆ ॥ (303-19)
गुरमुखि होइ सु अलिपतो वरतै ओस दा पासु छडि गुर पासि बहि जाइआ ॥

ਜੋ ਗੁਰੁ ਗੋਪੇ ਆਪਣਾ ਸੁ ਭਲਾ ਨਾਹੀ ਪੰਚਹੁ ਓਨਿ ਲਾਹਾ ਮੂਲੁ ਸਭੁ ਗਵਾਇਆ ॥ (304-1)
जो गुरु गोपे आपणा सु भला नाही पंचहु ओनि लाहा मूलु सभु गवाइआ ॥

ਪਹਿਲਾ ਆਗਮੁ ਨਿਗਮੁ ਨਾਨਕੁ ਆਖਿ ਸੁਣਾਏ ਪੂਰੇ ਗੁਰ ਕਾ ਬਚਨੁ ਉਪਰਿ ਆਇਆ ॥ (304-1)
पहिला आगमु निगमु नानकु आखि सुणाए पूरे गुर का बचनु उपरि आइआ ॥

ਗੁਰਸਿਖਾ ਵਡਿਆਈ ਭਾਵੈ ਗੁਰ ਪੂਰੇ ਕੀ ਮਨਮੁਖਾ ਓਹ ਵੇਲਾ ਹਥਿ ਨ ਆਇਆ ॥੨॥ (304-2)
गुरसिखा वडिआई भावै गुर पूरे की मनमुखा ओह वेला हथि न आइआ ॥२॥

ਪਉੜੀ ॥ (304-3)
पउड़ी ॥

ਸਚੁ ਸਚਾ ਸਭ ਦੂ ਵਡਾ ਹੈ ਸੋ ਲਏ ਜਿਸੁ ਸਤਿਗੁਰੁ ਟਿਕੇ ॥ (304-3)
सचु सचा सभ दू वडा है सो लए जिसु सतिगुरु टिके ॥

ਸੋ ਸਤਿਗੁਰੁ ਜਿ ਸਚੁ ਧਿਆਇਦਾ ਸਚੁ ਸਚਾ ਸਤਿਗੁਰੁ ਇਕੇ ॥ (304-4)
सो सतिगुरु जि सचु धिआइदा सचु सचा सतिगुरु इके ॥

ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ ॥ (304-4)
सोई सतिगुरु पुरखु है जिनि पंजे दूत कीते वसि छिके ॥

ਜਿ ਬਿਨੁ ਸਤਿਗੁਰ ਸੇਵੇ ਆਪੁ ਗਣਾਇਦੇ ਤਿਨ ਅੰਦਰਿ ਕੂੜੁ ਫਿਟੁ ਫਿਟੁ ਮੁਹ ਫਿਕੇ ॥ (304-5)
जि बिनु सतिगुर सेवे आपु गणाइदे तिन अंदरि कूड़ु फिटु फिटु मुह फिके ॥

ਓਇ ਬੋਲੇ ਕਿਸੈ ਨ ਭਾਵਨੀ ਮੁਹ ਕਾਲੇ ਸਤਿਗੁਰ ਤੇ ਚੁਕੇ ॥੮॥ (304-6)
ओइ बोले किसै न भावनी मुह काले सतिगुर ते चुके ॥८॥

ਸਲੋਕ ਮਃ ੪ ॥ (304-6)
सलोक मः ४ ॥

ਹਰਿ ਪ੍ਰਭ ਕਾ ਸਭੁ ਖੇਤੁ ਹੈ ਹਰਿ ਆਪਿ ਕਿਰਸਾਣੀ ਲਾਇਆ ॥ (304-6)
हरि प्रभ का सभु खेतु है हरि आपि किरसाणी लाइआ ॥

ਗੁਰਮੁਖਿ ਬਖਸਿ ਜਮਾਈਅਨੁ ਮਨਮੁਖੀ ਮੂਲੁ ਗਵਾਇਆ ॥ (304-7)
गुरमुखि बखसि जमाईअनु मनमुखी मूलु गवाइआ ॥

ਸਭੁ ਕੋ ਬੀਜੇ ਆਪਣੇ ਭਲੇ ਨੋ ਹਰਿ ਭਾਵੈ ਸੋ ਖੇਤੁ ਜਮਾਇਆ ॥ (304-7)
सभु को बीजे आपणे भले नो हरि भावै सो खेतु जमाइआ ॥

ਗੁਰਸਿਖੀ ਹਰਿ ਅੰਮ੍ਰਿਤੁ ਬੀਜਿਆ ਹਰਿ ਅੰਮ੍ਰਿਤ ਨਾਮੁ ਫਲੁ ਅੰਮ੍ਰਿਤੁ ਪਾਇਆ ॥ (304-8)
गुरसिखी हरि अमृतु बीजिआ हरि अमृत नामु फलु अमृतु पाइआ ॥

ਜਮੁ ਚੂਹਾ ਕਿਰਸ ਨਿਤ ਕੁਰਕਦਾ ਹਰਿ ਕਰਤੈ ਮਾਰਿ ਕਢਾਇਆ ॥ (304-9)
जमु चूहा किरस नित कुरकदा हरि करतै मारि कढाइआ ॥

ਕਿਰਸਾਣੀ ਜੰਮੀ ਭਾਉ ਕਰਿ ਹਰਿ ਬੋਹਲ ਬਖਸ ਜਮਾਇਆ ॥ (304-9)
किरसाणी जंमी भाउ करि हरि बोहल बखस जमाइआ ॥

ਤਿਨ ਕਾ ਕਾੜਾ ਅੰਦੇਸਾ ਸਭੁ ਲਾਹਿਓਨੁ ਜਿਨੀ ਸਤਿਗੁਰੁ ਪੁਰਖੁ ਧਿਆਇਆ ॥ (304-10)
तिन का काड़ा अंदेसा सभु लाहिओनु जिनी सतिगुरु पुरखु धिआइआ ॥

ਜਨ ਨਾਨਕ ਨਾਮੁ ਅਰਾਧਿਆ ਆਪਿ ਤਰਿਆ ਸਭੁ ਜਗਤੁ ਤਰਾਇਆ ॥੧॥ (304-11)
जन नानक नामु अराधिआ आपि तरिआ सभु जगतु तराइआ ॥१॥

ਮਃ ੪ ॥ (304-11)
म: ४ ॥

ਸਾਰਾ ਦਿਨੁ ਲਾਲਚਿ ਅਟਿਆ ਮਨਮੁਖਿ ਹੋਰੇ ਗਲਾ ॥ (304-11)
सारा दिनु लालचि अटिआ मनमुखि होरे गला ॥

ਰਾਤੀ ਊਘੈ ਦਬਿਆ ਨਵੇ ਸੋਤ ਸਭਿ ਢਿਲਾ ॥ (304-12)
राती ऊघै दबिआ नवे सोत सभि ढिला ॥

ਮਨਮੁਖਾ ਦੈ ਸਿਰਿ ਜੋਰਾ ਅਮਰੁ ਹੈ ਨਿਤ ਦੇਵਹਿ ਭਲਾ ॥ (304-12)
मनमुखा दै सिरि जोरा अमरु है नित देवहि भला ॥

ਜੋਰਾ ਦਾ ਆਖਿਆ ਪੁਰਖ ਕਮਾਵਦੇ ਸੇ ਅਪਵਿਤ ਅਮੇਧ ਖਲਾ ॥ (304-13)
जोरा दा आखिआ पुरख कमावदे से अपवित अमेध खला ॥

ਕਾਮਿ ਵਿਆਪੇ ਕੁਸੁਧ ਨਰ ਸੇ ਜੋਰਾ ਪੁਛਿ ਚਲਾ ॥ (304-13)
कामि विआपे कुसुध नर से जोरा पुछि चला ॥

ਸਤਿਗੁਰ ਕੈ ਆਖਿਐ ਜੋ ਚਲੈ ਸੋ ਸਤਿ ਪੁਰਖੁ ਭਲ ਭਲਾ ॥ (304-14)
सतिगुर कै आखिऐ जो चलै सो सति पुरखु भल भला ॥

ਜੋਰਾ ਪੁਰਖ ਸਭਿ ਆਪਿ ਉਪਾਇਅਨੁ ਹਰਿ ਖੇਲ ਸਭਿ ਖਿਲਾ ॥ (304-14)
जोरा पुरख सभि आपि उपाइअनु हरि खेल सभि खिला ॥

ਸਭ ਤੇਰੀ ਬਣਤ ਬਣਾਵਣੀ ਨਾਨਕ ਭਲ ਭਲਾ ॥੨॥ (304-15)
सभ तेरी बणत बणावणी नानक भल भला ॥२॥

ਪਉੜੀ ॥ (304-15)
पउड़ी ॥

ਤੂ ਵੇਪਰਵਾਹੁ ਅਥਾਹੁ ਹੈ ਅਤੁਲੁ ਕਿਉ ਤੁਲੀਐ ॥ (304-15)
तू वेपरवाहु अथाहु है अतुलु किउ तुलीऐ ॥

ਸੇ ਵਡਭਾਗੀ ਜਿ ਤੁਧੁ ਧਿਆਇਦੇ ਜਿਨ ਸਤਿਗੁਰੁ ਮਿਲੀਐ ॥ (304-16)
से वडभागी जि तुधु धिआइदे जिन सतिगुरु मिलीऐ ॥

ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥ (304-16)
सतिगुर की बाणी सति सरूपु है गुरबाणी बणीऐ ॥

ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ ॥ (304-17)
सतिगुर की रीसै होरि कचु पिचु बोलदे से कूड़िआर कूड़े झड़ि पड़ीऐ ॥

ਓਨ੍ਹਾ ਅੰਦਰਿ ਹੋਰੁ ਮੁਖਿ ਹੋਰੁ ਹੈ ਬਿਖੁ ਮਾਇਆ ਨੋ ਝਖਿ ਮਰਦੇ ਕੜੀਐ ॥੯॥ (304-18)
ओन्हा अंदरि होरु मुखि होरु है बिखु माइआ नो झखि मरदे कड़ीऐ ॥९॥

ਸਲੋਕ ਮਃ ੪ ॥ (304-18)
सलोक मः ४ ॥

ਸਤਿਗੁਰ ਕੀ ਸੇਵਾ ਨਿਰਮਲੀ ਨਿਰਮਲ ਜਨੁ ਹੋਇ ਸੁ ਸੇਵਾ ਘਾਲੇ ॥ (304-18)
सतिगुर की सेवा निरमली निरमल जनु होइ सु सेवा घाले ॥

ਜਿਨ ਅੰਦਰਿ ਕਪਟੁ ਵਿਕਾਰੁ ਝੂਠੁ ਓਇ ਆਪੇ ਸਚੈ ਵਖਿ ਕਢੇ ਜਜਮਾਲੇ ॥ (304-19)
जिन अंदरि कपटु विकारु झूठु ओइ आपे सचै वखि कढे जजमाले ॥

ਸਚਿਆਰ ਸਿਖ ਬਹਿ ਸਤਿਗੁਰ ਪਾਸਿ ਘਾਲਨਿ ਕੂੜਿਆਰ ਨ ਲਭਨੀ ਕਿਤੈ ਥਾਇ ਭਾਲੇ ॥ (305-1)
सचिआर सिख बहि सतिगुर पासि घालनि कूड़िआर न लभनी कितै थाइ भाले ॥

ਜਿਨਾ ਸਤਿਗੁਰ ਕਾ ਆਖਿਆ ਸੁਖਾਵੈ ਨਾਹੀ ਤਿਨਾ ਮੁਹ ਭਲੇਰੇ ਫਿਰਹਿ ਦਯਿ ਗਾਲੇ ॥ (305-1)
जिना सतिगुर का आखिआ सुखावै नाही तिना मुह भलेरे फिरहि दयि गाले ॥

ਜਿਨ ਅੰਦਰਿ ਪ੍ਰੀਤਿ ਨਹੀ ਹਰਿ ਕੇਰੀ ਸੇ ਕਿਚਰਕੁ ਵੇਰਾਈਅਨਿ ਮਨਮੁਖ ਬੇਤਾਲੇ ॥ (305-2)
जिन अंदरि प्रीति नही हरि केरी से किचरकु वेराईअनि मनमुख बेताले ॥

ਸਤਿਗੁਰ ਨੋ ਮਿਲੈ ਸੁ ਆਪਣਾ ਮਨੁ ਥਾਇ ਰਖੈ ਓਹੁ ਆਪਿ ਵਰਤੈ ਆਪਣੀ ਵਥੁ ਨਾਲੇ ॥ (305-3)
सतिगुर नो मिलै सु आपणा मनु थाइ रखै ओहु आपि वरतै आपणी वथु नाले ॥

ਜਨ ਨਾਨਕ ਇਕਨਾ ਗੁਰੁ ਮੇਲਿ ਸੁਖੁ ਦੇਵੈ ਇਕਿ ਆਪੇ ਵਖਿ ਕਢੈ ਠਗਵਾਲੇ ॥੧॥ (305-4)
जन नानक इकना गुरु मेलि सुखु देवै इकि आपे वखि कढै ठगवाले ॥१॥

ਮਃ ੪ ॥ (305-4)
मः ४ ॥

ਜਿਨਾ ਅੰਦਰਿ ਨਾਮੁ ਨਿਧਾਨੁ ਹਰਿ ਤਿਨ ਕੇ ਕਾਜ ਦਯਿ ਆਦੇ ਰਾਸਿ ॥ (305-4)
जिना अंदरि नामु निधानु हरि तिन के काज दयि आदे रासि ॥

ਤਿਨ ਚੂਕੀ ਮੁਹਤਾਜੀ ਲੋਕਨ ਕੀ ਹਰਿ ਪ੍ਰਭੁ ਅੰਗੁ ਕਰਿ ਬੈਠਾ ਪਾਸਿ ॥ (305-5)
तिन चूकी मुहताजी लोकन की हरि प्रभु अंगु करि बैठा पासि ॥

ਜਾਂ ਕਰਤਾ ਵਲਿ ਤਾ ਸਭੁ ਕੋ ਵਲਿ ਸਭਿ ਦਰਸਨੁ ਦੇਖਿ ਕਰਹਿ ਸਾਬਾਸਿ ॥ (305-6)
जां करता वलि ता सभु को वलि सभि दरसनु देखि करहि साबासि ॥

ਸਾਹੁ ਪਾਤਿਸਾਹੁ ਸਭੁ ਹਰਿ ਕਾ ਕੀਆ ਸਭਿ ਜਨ ਕਉ ਆਇ ਕਰਹਿ ਰਹਰਾਸਿ ॥ (305-6)
साहु पातिसाहु सभु हरि का कीआ सभि जन कउ आइ करहि रहरासि ॥

ਗੁਰ ਪੂਰੇ ਕੀ ਵਡੀ ਵਡਿਆਈ ਹਰਿ ਵਡਾ ਸੇਵਿ ਅਤੁਲੁ ਸੁਖੁ ਪਾਇਆ ॥ (305-7)
गुर पूरे की वडी वडिआई हरि वडा सेवि अतुलु सुखु पाइआ ॥

ਗੁਰਿ ਪੂਰੈ ਦਾਨੁ ਦੀਆ ਹਰਿ ਨਿਹਚਲੁ ਨਿਤ ਬਖਸੇ ਚੜੈ ਸਵਾਇਆ ॥ (305-8)
गुरि पूरै दानु दीआ हरि निहचलु नित बखसे चड़ै सवाइआ ॥

ਕੋਈ ਨਿੰਦਕੁ ਵਡਿਆਈ ਦੇਖਿ ਨ ਸਕੈ ਸੋ ਕਰਤੈ ਆਪਿ ਪਚਾਇਆ ॥ (305-8)
कोई निंदकु वडिआई देखि न सकै सो करतै आपि पचाइआ ॥

ਜਨੁ ਨਾਨਕੁ ਗੁਣ ਬੋਲੈ ਕਰਤੇ ਕੇ ਭਗਤਾ ਨੋ ਸਦਾ ਰਖਦਾ ਆਇਆ ॥੨॥ (305-9)
जनु नानकु गुण बोलै करते के भगता नो सदा रखदा आइआ ॥२॥

ਪਉੜੀ ॥ (305-10)
पउड़ी ॥

ਤੂ ਸਾਹਿਬੁ ਅਗਮ ਦਇਆਲੁ ਹੈ ਵਡ ਦਾਤਾ ਦਾਣਾ ॥ (305-10)
तू साहिबु अगम दइआलु है वड दाता दाणा ॥

ਤੁਧੁ ਜੇਵਡੁ ਮੈ ਹੋਰੁ ਕੋ ਦਿਸਿ ਨ ਆਵਈ ਤੂਹੈਂ ਸੁਘੜੁ ਮੇਰੈ ਮਨਿ ਭਾਣਾ ॥ (305-10)
तुधु जेवडु मै होरु को दिसि न आवई तूहैं सुघड़ु मेरै मनि भाणा ॥

ਮੋਹੁ ਕੁਟੰਬੁ ਦਿਸਿ ਆਵਦਾ ਸਭੁ ਚਲਣਹਾਰਾ ਆਵਣ ਜਾਣਾ ॥ (305-11)
मोहु कुट्मबु दिसि आवदा सभु चलणहारा आवण जाणा ॥

ਜੋ ਬਿਨੁ ਸਚੇ ਹੋਰਤੁ ਚਿਤੁ ਲਾਇਦੇ ਸੇ ਕੂੜਿਆਰ ਕੂੜਾ ਤਿਨ ਮਾਣਾ ॥ (305-11)
जो बिनु सचे होरतु चितु लाइदे से कूड़िआर कूड़ा तिन माणा ॥

ਨਾਨਕ ਸਚੁ ਧਿਆਇ ਤੂ ਬਿਨੁ ਸਚੇ ਪਚਿ ਪਚਿ ਮੁਏ ਅਜਾਣਾ ॥੧੦॥ (305-12)
नानक सचु धिआइ तू बिनु सचे पचि पचि मुए अजाणा ॥१०॥

ਸਲੋਕ ਮਃ ੪ ॥ (305-13)
सलोक मः ४ ॥

ਅਗੋ ਦੇ ਸਤ ਭਾਉ ਨ ਦਿਚੈ ਪਿਛੋ ਦੇ ਆਖਿਆ ਕੰਮਿ ਨ ਆਵੈ ॥ (305-13)
अगो दे सत भाउ न दिचै पिछो दे आखिआ कंमि न आवै ॥

ਅਧ ਵਿਚਿ ਫਿਰੈ ਮਨਮੁਖੁ ਵੇਚਾਰਾ ਗਲੀ ਕਿਉ ਸੁਖੁ ਪਾਵੈ ॥ (305-13)
अध विचि फिरै मनमुखु वेचारा गली किउ सुखु पावै ॥

ਜਿਸੁ ਅੰਦਰਿ ਪ੍ਰੀਤਿ ਨਹੀ ਸਤਿਗੁਰ ਕੀ ਸੁ ਕੂੜੀ ਆਵੈ ਕੂੜੀ ਜਾਵੈ ॥ (305-14)
जिसु अंदरि प्रीति नही सतिगुर की सु कूड़ी आवै कूड़ी जावै ॥

ਜੇ ਕ੍ਰਿਪਾ ਕਰੇ ਮੇਰਾ ਹਰਿ ਪ੍ਰਭੁ ਕਰਤਾ ਤਾਂ ਸਤਿਗੁਰੁ ਪਾਰਬ੍ਰਹਮੁ ਨਦਰੀ ਆਵੈ ॥ (305-14)
जे क्रिपा करे मेरा हरि प्रभु करता तां सतिगुरु पारब्रहमु नदरी आवै ॥

ਤਾ ਅਪਿਉ ਪੀਵੈ ਸਬਦੁ ਗੁਰ ਕੇਰਾ ਸਭੁ ਕਾੜਾ ਅੰਦੇਸਾ ਭਰਮੁ ਚੁਕਾਵੈ ॥ (305-15)
ता अपिउ पीवै सबदु गुर केरा सभु काड़ा अंदेसा भरमु चुकावै ॥

ਸਦਾ ਅਨੰਦਿ ਰਹੈ ਦਿਨੁ ਰਾਤੀ ਜਨ ਨਾਨਕ ਅਨਦਿਨੁ ਹਰਿ ਗੁਣ ਗਾਵੈ ॥੧॥ (305-16)
सदा अनंदि रहै दिनु राती जन नानक अनदिनु हरि गुण गावै ॥१॥

ਮਃ ੪ ॥ (305-16)
मः ४ ॥

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥ (305-16)
गुर सतिगुर का जो सिखु अखाए सु भलके उठि हरि नामु धिआवै ॥

ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ (305-17)
उदमु करे भलके परभाती इसनानु करे अमृत सरि नावै ॥

ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥ (305-18)
उपदेसि गुरू हरि हरि जपु जापै सभि किलविख पाप दोख लहि जावै ॥

ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥ (305-18)
फिरि चड़ै दिवसु गुरबाणी गावै बहदिआ उठदिआ हरि नामु धिआवै ॥

ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥ (305-19)
जो सासि गिरासि धिआए मेरा हरि हरि सो गुरसिखु गुरू मनि भावै ॥

ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ (306-1)
जिस नो दइआलु होवै मेरा सुआमी तिसु गुरसिख गुरू उपदेसु सुणावै ॥

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥ (306-2)
जनु नानकु धूड़ि मंगै तिसु गुरसिख की जो आपि जपै अवरह नामु जपावै ॥२॥

ਪਉੜੀ ॥ (306-2)
पउड़ी ॥

ਜੋ ਤੁਧੁ ਸਚੁ ਧਿਆਇਦੇ ਸੇ ਵਿਰਲੇ ਥੋੜੇ ॥ (306-2)
जो तुधु सचु धिआइदे से विरले थोड़े ॥

ਜੋ ਮਨਿ ਚਿਤਿ ਇਕੁ ਅਰਾਧਦੇ ਤਿਨ ਕੀ ਬਰਕਤਿ ਖਾਹਿ ਅਸੰਖ ਕਰੋੜੇ ॥ (306-3)
जो मनि चिति इकु अराधदे तिन की बरकति खाहि असंख करोड़े ॥

ਤੁਧੁਨੋ ਸਭ ਧਿਆਇਦੀ ਸੇ ਥਾਇ ਪਏ ਜੋ ਸਾਹਿਬ ਲੋੜੇ ॥ (306-3)
तुधुनो सभ धिआइदी से थाइ पए जो साहिब लोड़े ॥

ਜੋ ਬਿਨੁ ਸਤਿਗੁਰ ਸੇਵੇ ਖਾਦੇ ਪੈਨਦੇ ਸੇ ਮੁਏ ਮਰਿ ਜੰਮੇ ਕੋੜ੍ਹੇ ॥ (306-4)
जो बिनु सतिगुर सेवे खादे पैनदे से मुए मरि जंमे कोड़्हे ॥

ਓਇ ਹਾਜਰੁ ਮਿਠਾ ਬੋਲਦੇ ਬਾਹਰਿ ਵਿਸੁ ਕਢਹਿ ਮੁਖਿ ਘੋਲੇ ॥ (306-4)
ओइ हाजरु मिठा बोलदे बाहरि विसु कढहि मुखि घोले ॥

ਮਨਿ ਖੋਟੇ ਦਯਿ ਵਿਛੋੜੇ ॥੧੧॥ (306-5)
मनि खोटे दयि विछोड़े ॥११॥

ਸਲੋਕ ਮਃ ੪ ॥ (306-5)
सलोक मः ४ ॥

ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ ਤਿਨਿ ਵੇਮੁਖਿ ਵੇਮੁਖੈ ਨੋ ਪਾਇਆ ॥ (306-5)
मलु जूई भरिआ नीला काला खिधोलड़ा तिनि वेमुखि वेमुखै नो पाइआ ॥

ਪਾਸਿ ਨ ਦੇਈ ਕੋਈ ਬਹਣਿ ਜਗਤ ਮਹਿ ਗੂਹ ਪੜਿ ਸਗਵੀ ਮਲੁ ਲਾਇ ਮਨਮੁਖੁ ਆਇਆ ॥ (306-6)
पासि न देई कोई बहणि जगत महि गूह पड़ि सगवी मलु लाइ मनमुखु आइआ ॥

ਪਰਾਈ ਜੋ ਨਿੰਦਾ ਚੁਗਲੀ ਨੋ ਵੇਮੁਖੁ ਕਰਿ ਕੈ ਭੇਜਿਆ ਓਥੈ ਭੀ ਮੁਹੁ ਕਾਲਾ ਦੁਹਾ ਵੇਮੁਖਾ ਦਾ ਕਰਾਇਆ ॥ (306-7)
पराई जो निंदा चुगली नो वेमुखु करि कै भेजिआ ओथै भी मुहु काला दुहा वेमुखा दा कराइआ ॥

ਤੜ ਸੁਣਿਆ ਸਭਤੁ ਜਗਤ ਵਿਚਿ ਭਾਈ ਵੇਮੁਖੁ ਸਣੈ ਨਫਰੈ ਪਉਲੀ ਪਉਦੀ ਫਾਵਾ ਹੋਇ ਕੈ ਉਠਿ ਘਰਿ ਆਇਆ ॥ (306-8)
तड़ सुणिआ सभतु जगत विचि भाई वेमुखु सणै नफरै पउली पउदी फावा होइ कै उठि घरि आइआ ॥

ਅਗੈ ਸੰਗਤੀ ਕੁੜਮੀ ਵੇਮੁਖੁ ਰਲਣਾ ਨ ਮਿਲੈ ਤਾ ਵਹੁਟੀ ਭਤੀਜੀ ਫਿਰਿ ਆਣਿ ਘਰਿ ਪਾਇਆ ॥ (306-9)
अगै संगती कुड़मी वेमुखु रलणा न मिलै ता वहुटी भतीजी� फिरि आणि घरि पाइआ ॥

ਹਲਤੁ ਪਲਤੁ ਦੋਵੈ ਗਏ ਨਿਤ ਭੁਖਾ ਕੂਕੇ ਤਿਹਾਇਆ ॥ (306-10)
हलतु पलतु दोवै गए नित भुखा कूके तिहाइआ ॥

ਧਨੁ ਧਨੁ ਸੁਆਮੀ ਕਰਤਾ ਪੁਰਖੁ ਹੈ ਜਿਨਿ ਨਿਆਉ ਸਚੁ ਬਹਿ ਆਪਿ ਕਰਾਇਆ ॥ (306-10)
धनु धनु सुआमी करता पुरखु है जिनि निआउ सचु बहि आपि कराइआ ॥

ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੋ ਸਾਚੈ ਮਾਰਿ ਪਚਾਇਆ ॥ (306-11)
जो निंदा करे सतिगुर पूरे की सो साचै मारि पचाइआ ॥

ਏਹੁ ਅਖਰੁ ਤਿਨਿ ਆਖਿਆ ਜਿਨਿ ਜਗਤੁ ਸਭੁ ਉਪਾਇਆ ॥੧॥ (306-12)
एहु अखरु तिनि आखिआ जिनि जगतु सभु उपाइआ ॥१॥

ਮਃ ੪ ॥ (306-12)
म: ४ ॥

ਸਾਹਿਬੁ ਜਿਸ ਕਾ ਨੰਗਾ ਭੁਖਾ ਹੋਵੈ ਤਿਸ ਦਾ ਨਫਰੁ ਕਿਥਹੁ ਰਜਿ ਖਾਏ ॥ (306-12)
साहिबु जिस का नंगा भुखा होवै तिस दा नफरु किथहु रजि खाए ॥

ਜਿ ਸਾਹਿਬ ਕੈ ਘਰਿ ਵਥੁ ਹੋਵੈ ਸੁ ਨਫਰੈ ਹਥਿ ਆਵੈ ਅਣਹੋਦੀ ਕਿਥਹੁ ਪਾਏ ॥ (306-13)
जि साहिब कै घरि वथु होवै सु नफरै हथि आवै अणहोदी किथहु पाए ॥

ਜਿਸ ਦੀ ਸੇਵਾ ਕੀਤੀ ਫਿਰਿ ਲੇਖਾ ਮੰਗੀਐ ਸਾ ਸੇਵਾ ਅਉਖੀ ਹੋਈ ॥ (306-14)
जिस दी सेवा कीती फिरि लेखा मंगीऐ सा सेवा अउखी होई ॥

ਨਾਨਕ ਸੇਵਾ ਕਰਹੁ ਹਰਿ ਗੁਰ ਸਫਲ ਦਰਸਨ ਕੀ ਫਿਰਿ ਲੇਖਾ ਮੰਗੈ ਨ ਕੋਈ ॥੨॥ (306-14)
नानक सेवा करहु हरि गुर सफल दरसन की फिरि लेखा मंगै न कोई ॥२॥

ਪਉੜੀ ॥ (306-15)
पउड़ी ॥

ਨਾਨਕ ਵੀਚਾਰਹਿ ਸੰਤ ਜਨ ਚਾਰਿ ਵੇਦ ਕਹੰਦੇ ॥ (306-15)
नानक वीचारहि संत जन चारि वेद कहंदे ॥

ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ ॥ (306-16)
भगत मुखै ते बोलदे से वचन होवंदे ॥

ਪ੍ਰਗਟ ਪਹਾਰਾ ਜਾਪਦਾ ਸਭਿ ਲੋਕ ਸੁਣੰਦੇ ॥ (306-16)
प्रगट पहारा जापदा सभि लोक सुणंदे ॥

ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥ (306-16)
सुखु न पाइनि मुगध नर संत नालि खहंदे ॥

ਓਇ ਲੋਚਨਿ ਓਨਾ ਗੁਣੈ ਨੋ ਓਇ ਅਹੰਕਾਰਿ ਸੜੰਦੇ ॥ (306-17)
ओइ लोचनि ओना गुणै नो ओइ अहंकारि सड़ंदे ॥

ਓਇ ਵਿਚਾਰੇ ਕਿਆ ਕਰਹਿ ਜਾ ਭਾਗ ਧੁਰਿ ਮੰਦੇ ॥ (306-17)
ओइ विचारे किआ करहि जा भाग धुरि मंदे ॥

ਜੋ ਮਾਰੇ ਤਿਨਿ ਪਾਰਬ੍ਰਹਮਿ ਸੇ ਕਿਸੈ ਨ ਸੰਦੇ ॥ (306-18)
जो मारे तिनि पारब्रहमि से किसै न संदे ॥

ਵੈਰੁ ਕਰਹਿ ਨਿਰਵੈਰ ਨਾਲਿ ਧਰਮ ਨਿਆਇ ਪਚੰਦੇ ॥ (306-18)
वैरु करहि निरवैर नालि धरम निआइ पचंदे ॥

ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ ॥ (306-19)
जो जो संति सरापिआ से फिरहि भवंदे ॥

ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ ॥੧੨॥ (306-19)
पेडु मुंढाहूं कटिआ तिसु डाल सुकंदे ॥१२॥

ਸਲੋਕ ਮਃ ੪ ॥ (306-19)
सलोक मः ४ ॥

ਅੰਤਰਿ ਹਰਿ ਗੁਰੂ ਧਿਆਇਦਾ ਵਡੀ ਵਡਿਆਈ ॥ (307-1)
अंतरि हरि गुरू धिआइदा वडी वडिआई ॥

ਤੁਸਿ ਦਿਤੀ ਪੂਰੈ ਸਤਿਗੁਰੂ ਘਟੈ ਨਾਹੀ ਇਕੁ ਤਿਲੁ ਕਿਸੈ ਦੀ ਘਟਾਈ ॥ (307-1)
तुसि दिती पूरै सतिगुरू घटै नाही इकु तिलु किसै दी घटाई ॥

ਸਚੁ ਸਾਹਿਬੁ ਸਤਿਗੁਰੂ ਕੈ ਵਲਿ ਹੈ ਤਾਂ ਝਖਿ ਝਖਿ ਮਰੈ ਸਭ ਲੋੁਕਾਈ ॥ (307-2)
सचु साहिबु सतिगुरू कै वलि है तां झखि झखि मरै सभ लोुकाई ॥

ਨਿੰਦਕਾ ਕੇ ਮੁਹ ਕਾਲੇ ਕਰੇ ਹਰਿ ਕਰਤੈ ਆਪਿ ਵਧਾਈ ॥ (307-2)
निंदका के मुह काले करे हरि करतै आपि वधाई ॥

ਜਿਉ ਜਿਉ ਨਿੰਦਕ ਨਿੰਦ ਕਰਹਿ ਤਿਉ ਤਿਉ ਨਿਤ ਨਿਤ ਚੜੈ ਸਵਾਈ ॥ (307-3)
जिउ जिउ निंदक निंद करहि तिउ तिउ नित नित चड़ै सवाई ॥

ਜਨ ਨਾਨਕ ਹਰਿ ਆਰਾਧਿਆ ਤਿਨਿ ਪੈਰੀ ਆਣਿ ਸਭ ਪਾਈ ॥੧॥ (307-3)
जन नानक हरि आराधिआ तिनि पैरी आणि सभ पाई ॥१॥

ਮਃ ੪ ॥ (307-4)
मः ४ ॥

ਸਤਿਗੁਰ ਸੇਤੀ ਗਣਤ ਜਿ ਰਖੈ ਹਲਤੁ ਪਲਤੁ ਸਭੁ ਤਿਸ ਕਾ ਗਇਆ ॥ (307-4)
सतिगुर सेती गणत जि रखै हलतु पलतु सभु तिस का गइआ ॥

ਨਿਤ ਝਹੀਆ ਪਾਏ ਝਗੂ ਸੁਟੇ ਝਖਦਾ ਝਖਦਾ ਝੜਿ ਪਇਆ ॥ (307-5)
नित झहीआ पाए झगू सुटे झखदा झखदा झड़ि पइआ ॥

ਨਿਤ ਉਪਾਵ ਕਰੈ ਮਾਇਆ ਧਨ ਕਾਰਣਿ ਅਗਲਾ ਧਨੁ ਭੀ ਉਡਿ ਗਇਆ ॥ (307-5)
नित उपाव करै माइआ धन कारणि अगला धनु भी उडि गइआ ॥

ਕਿਆ ਓਹੁ ਖਟੇ ਕਿਆ ਓਹੁ ਖਾਵੈ ਜਿਸੁ ਅੰਦਰਿ ਸਹਸਾ ਦੁਖੁ ਪਇਆ ॥ (307-6)
किआ ओहु खटे किआ ओहु खावै जिसु अंदरि सहसा दुखु पइआ ॥

ਨਿਰਵੈਰੈ ਨਾਲਿ ਜਿ ਵੈਰੁ ਰਚਾਏ ਸਭੁ ਪਾਪੁ ਜਗਤੈ ਕਾ ਤਿਨਿ ਸਿਰਿ ਲਇਆ ॥ (307-7)
निरवैरै नालि जि वैरु रचाए सभु पापु जगतै का तिनि सिरि लइआ ॥

ਓਸੁ ਅਗੈ ਪਿਛੈ ਢੋਈ ਨਾਹੀ ਜਿਸੁ ਅੰਦਰਿ ਨਿੰਦਾ ਮੁਹਿ ਅੰਬੁ ਪਇਆ ॥ (307-7)
ओसु अगै पिछै ढोई नाही जिसु अंदरि निंदा मुहि अ्मबु पइआ ॥

ਜੇ ਸੁਇਨੇ ਨੋ ਓਹੁ ਹਥੁ ਪਾਏ ਤਾ ਖੇਹੂ ਸੇਤੀ ਰਲਿ ਗਇਆ ॥ (307-8)
जे सुइने नो ओहु हथु पाए ता खेहू सेती रलि गइआ ॥

ਜੇ ਗੁਰ ਕੀ ਸਰਣੀ ਫਿਰਿ ਓਹੁ ਆਵੈ ਤਾ ਪਿਛਲੇ ਅਉਗਣ ਬਖਸਿ ਲਇਆ ॥ (307-9)
जे गुर की सरणी फिरि ओहु आवै ता पिछले अउगण बखसि लइआ ॥

ਜਨ ਨਾਨਕ ਅਨਦਿਨੁ ਨਾਮੁ ਧਿਆਇਆ ਹਰਿ ਸਿਮਰਤ ਕਿਲਵਿਖ ਪਾਪ ਗਇਆ ॥੨॥ (307-9)
जन नानक अनदिनु नामु धिआइआ हरि सिमरत किलविख पाप गइआ ॥२॥

ਪਉੜੀ ॥ (307-10)
पउड़ी ॥

ਤੂਹੈ ਸਚਾ ਸਚੁ ਤੂ ਸਭ ਦੂ ਉਪਰਿ ਤੂ ਦੀਬਾਣੁ ॥ (307-10)
तूहै सचा सचु तू सभ दू उपरि तू दीबाणु ॥

ਜੋ ਤੁਧੁ ਸਚੁ ਧਿਆਇਦੇ ਸਚੁ ਸੇਵਨਿ ਸਚੇ ਤੇਰਾ ਮਾਣੁ ॥ (307-11)
जो तुधु सचु धिआइदे सचु सेवनि सचे तेरा माणु ॥

ਓਨਾ ਅੰਦਰਿ ਸਚੁ ਮੁਖ ਉਜਲੇ ਸਚੁ ਬੋਲਨਿ ਸਚੇ ਤੇਰਾ ਤਾਣੁ ॥ (307-11)
ओना अंदरि सचु मुख उजले सचु बोलनि सचे तेरा ताणु ॥

ਸੇ ਭਗਤ ਜਿਨੀ ਗੁਰਮੁਖਿ ਸਾਲਾਹਿਆ ਸਚੁ ਸਬਦੁ ਨੀਸਾਣੁ ॥ (307-12)
से भगत जिनी गुरमुखि सालाहिआ सचु सबदु नीसाणु ॥

ਸਚੁ ਜਿ ਸਚੇ ਸੇਵਦੇ ਤਿਨ ਵਾਰੀ ਸਦ ਕੁਰਬਾਣੁ ॥੧੩॥ (307-12)
सचु जि सचे सेवदे तिन वारी सद कुरबाणु ॥१३॥

ਸਲੋਕ ਮਃ ੪ ॥ (307-13)
सलोक मः ४ ॥

ਧੁਰਿ ਮਾਰੇ ਪੂਰੈ ਸਤਿਗੁਰੂ ਸੇਈ ਹੁਣਿ ਸਤਿਗੁਰਿ ਮਾਰੇ ॥ (307-13)
धुरि मारे पूरै सतिगुरू सेई हुणि सतिगुरि मारे ॥

ਜੇ ਮੇਲਣ ਨੋ ਬਹੁਤੇਰਾ ਲੋਚੀਐ ਨ ਦੇਈ ਮਿਲਣ ਕਰਤਾਰੇ ॥ (307-13)
जे मेलण नो बहुतेरा लोचीऐ न देई मिलण करतारे ॥

ਸਤਸੰਗਤਿ ਢੋਈ ਨਾ ਲਹਨਿ ਵਿਚਿ ਸੰਗਤਿ ਗੁਰਿ ਵੀਚਾਰੇ ॥ (307-14)
सतसंगति ढोई ना लहनि विचि संगति गुरि वीचारे ॥

ਕੋਈ ਜਾਇ ਮਿਲੈ ਹੁਣਿ ਓਨਾ ਨੋ ਤਿਸੁ ਮਾਰੇ ਜਮੁ ਜੰਦਾਰੇ ॥ (307-14)
कोई जाइ मिलै हुणि ओना नो तिसु मारे जमु जंदारे ॥

ਗੁਰਿ ਬਾਬੈ ਫਿਟਕੇ ਸੇ ਫਿਟੇ ਗੁਰਿ ਅੰਗਦਿ ਕੀਤੇ ਕੂੜਿਆਰੇ ॥ (307-15)
गुरि बाबै फिटके से फिटे गुरि अंगदि कीते कूड़िआरे ॥

ਗੁਰਿ ਤੀਜੀ ਪੀੜੀ ਵੀਚਾਰਿਆ ਕਿਆ ਹਥਿ ਏਨਾ ਵੇਚਾਰੇ ॥ (307-16)
गुरि तीजी पीड़ी वीचारिआ किआ हथि एना वेचारे ॥

ਗੁਰੁ ਚਉਥੀ ਪੀੜੀ ਟਿਕਿਆ ਤਿਨਿ ਨਿੰਦਕ ਦੁਸਟ ਸਭਿ ਤਾਰੇ ॥ (307-16)
गुरु चउथी पीड़ी टिकिआ तिनि निंदक दुसट सभि तारे ॥

ਕੋਈ ਪੁਤੁ ਸਿਖੁ ਸੇਵਾ ਕਰੇ ਸਤਿਗੁਰੂ ਕੀ ਤਿਸੁ ਕਾਰਜ ਸਭਿ ਸਵਾਰੇ ॥ (307-17)
कोई पुतु सिखु सेवा करे सतिगुरू की तिसु कारज सभि सवारे ॥

ਜੋ ਇਛੈ ਸੋ ਫਲੁ ਪਾਇਸੀ ਪੁਤੁ ਧਨੁ ਲਖਮੀ ਖੜਿ ਮੇਲੇ ਹਰਿ ਨਿਸਤਾਰੇ ॥ (307-17)
जो इछै सो फलु पाइसी पुतु धनु लखमी खड़ि मेले हरि निसतारे ॥

ਸਭਿ ਨਿਧਾਨ ਸਤਿਗੁਰੂ ਵਿਚਿ ਜਿਸੁ ਅੰਦਰਿ ਹਰਿ ਉਰ ਧਾਰੇ ॥ (307-18)
सभि निधान सतिगुरू विचि जिसु अंदरि हरि उर धारे ॥

ਸੋ ਪਾਏ ਪੂਰਾ ਸਤਿਗੁਰੂ ਜਿਸੁ ਲਿਖਿਆ ਲਿਖਤੁ ਲਿਲਾਰੇ ॥ (307-19)
सो पाए पूरा सतिगुरू जिसु लिखिआ लिखतु लिलारे ॥

ਜਨੁ ਨਾਨਕੁ ਮਾਗੈ ਧੂੜਿ ਤਿਨ ਜੋ ਗੁਰਸਿਖ ਮਿਤ ਪਿਆਰੇ ॥੧॥ (307-19)
जनु नानकु मागै धूड़ि तिन जो गुरसिख मित पिआरे ॥१॥

ਮਃ ੪ ॥ (308-1)
मः ४ ॥

ਜਿਨ ਕਉ ਆਪਿ ਦੇਇ ਵਡਿਆਈ ਜਗਤੁ ਭੀ ਆਪੇ ਆਣਿ ਤਿਨ ਕਉ ਪੈਰੀ ਪਾਏ ॥ (308-1)
जिन कउ आपि देइ वडिआई जगतु भी आपे आणि तिन कउ पैरी पाए ॥

ਡਰੀਐ ਤਾਂ ਜੇ ਕਿਛੁ ਆਪ ਦੂ ਕੀਚੈ ਸਭੁ ਕਰਤਾ ਆਪਣੀ ਕਲਾ ਵਧਾਏ ॥ (308-2)
डरीऐ तां जे किछु आप दू कीचै सभु करता आपणी कला वधाए ॥

ਦੇਖਹੁ ਭਾਈ ਏਹੁ ਅਖਾੜਾ ਹਰਿ ਪ੍ਰੀਤਮ ਸਚੇ ਕਾ ਜਿਨਿ ਆਪਣੈ ਜੋਰਿ ਸਭਿ ਆਣਿ ਨਿਵਾਏ ॥ (308-2)
देखहु भाई एहु अखाड़ा हरि प्रीतम सचे का जिनि आपणै जोरि सभि आणि निवाए ॥

ਆਪਣਿਆ ਭਗਤਾ ਕੀ ਰਖ ਕਰੇ ਹਰਿ ਸੁਆਮੀ ਨਿੰਦਕਾ ਦੁਸਟਾ ਕੇ ਮੁਹ ਕਾਲੇ ਕਰਾਏ ॥ (308-3)
आपणिआ भगता की रख करे हरि सुआमी निंदका दुसटा के मुह काले कराए ॥

ਸਤਿਗੁਰ ਕੀ ਵਡਿਆਈ ਨਿਤ ਚੜੈ ਸਵਾਈ ਹਰਿ ਕੀਰਤਿ ਭਗਤਿ ਨਿਤ ਆਪਿ ਕਰਾਏ ॥ (308-4)
सतिगुर की वडिआई नित चड़ै सवाई हरि कीरति भगति नित आपि कराए ॥

ਅਨਦਿਨੁ ਨਾਮੁ ਜਪਹੁ ਗੁਰਸਿਖਹੁ ਹਰਿ ਕਰਤਾ ਸਤਿਗੁਰੁ ਘਰੀ ਵਸਾਏ ॥ (308-5)
अनदिनु नामु जपहु गुरसिखहु हरि करता सतिगुरु घरी वसाए ॥

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ ॥ (308-

5)
सतिगुर की बाणी सति सति करि जाणहु गुरसिखहु हरि करता आपि मुहहु कढाए ॥

ਗੁਰਸਿਖਾ ਕੇ ਮੁਹ ਉਜਲੇ ਕਰੇ ਹਰਿ ਪਿਆਰਾ ਗੁਰ ਕਾ ਜੈਕਾਰੁ ਸੰਸਾਰਿ ਸਭਤੁ ਕਰਾਏ ॥ (308-6)
गुरसिखा के मुह उजले करे हरि पिआरा गुर का जैकारु संसारि सभतु कराए ॥

ਜਨੁ ਨਾਨਕੁ ਹਰਿ ਕਾ ਦਾਸੁ ਹੈ ਹਰਿ ਦਾਸਨ ਕੀ ਹਰਿ ਪੈਜ ਰਖਾਏ ॥੨॥ (308-7)
जनु नानकु हरि का दासु है हरि दासन की हरि पैज रखाए ॥२॥

ਪਉੜੀ ॥ (308-8)
पउड़ी ॥

ਤੂ ਸਚਾ ਸਾਹਿਬੁ ਆਪਿ ਹੈ ਸਚੁ ਸਾਹ ਹਮਾਰੇ ॥ (308-8)
तू सचा साहिबु आपि है सचु साह हमारे ॥

ਸਚੁ ਪੂਜੀ ਨਾਮੁ ਦ੍ਰਿੜਾਇ ਪ੍ਰਭ ਵਣਜਾਰੇ ਥਾਰੇ ॥ (308-8)
सचु पूजी नामु द्रिड़ाइ प्रभ वणजारे थारे ॥

ਸਚੁ ਸੇਵਹਿ ਸਚੁ ਵਣੰਜਿ ਲੈਹਿ ਗੁਣ ਕਥਹ ਨਿਰਾਰੇ ॥ (308-8)
सचु सेवहि सचु वणंजि लैहि गुण कथह निरारे ॥

ਸੇਵਕ ਭਾਇ ਸੇ ਜਨ ਮਿਲੇ ਗੁਰ ਸਬਦਿ ਸਵਾਰੇ ॥ (308-9)
सेवक भाइ से जन मिले गुर सबदि सवारे ॥

ਤੂ ਸਚਾ ਸਾਹਿਬੁ ਅਲਖੁ ਹੈ ਗੁਰ ਸਬਦਿ ਲਖਾਰੇ ॥੧੪॥ (308-9)
तू सचा साहिबु अलखु है गुर सबदि लखारे ॥१४॥

ਸਲੋਕ ਮਃ ੪ ॥ (308-10)
सलोक मः ४ ॥

ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਦਾ ਕਦੇ ਨ ਹੋਵੀ ਭਲਾ ॥ (308-10)
जिसु अंदरि ताति पराई होवै तिस दा कदे न होवी भला ॥

ਓਸ ਦੈ ਆਖਿਐ ਕੋਈ ਨ ਲਗੈ ਨਿਤ ਓਜਾੜੀ ਪੂਕਾਰੇ ਖਲਾ ॥ (308-11)
ओस दै आखिऐ कोई न लगै नित ओजाड़ी पूकारे खला ॥

ਜਿਸੁ ਅੰਦਰਿ ਚੁਗਲੀ ਚੁਗਲੋ ਵਜੈ ਕੀਤਾ ਕਰਤਿਆ ਓਸ ਦਾ ਸਭੁ ਗਇਆ ॥ (308-11)
जिसु अंदरि चुगली चुगलो वजै कीता करतिआ ओस दा सभु गइआ ॥

ਨਿਤ ਚੁਗਲੀ ਕਰੇ ਅਣਹੋਦੀ ਪਰਾਈ ਮੁਹੁ ਕਢਿ ਨ ਸਕੈ ਓਸ ਦਾ ਕਾਲਾ ਭਇਆ ॥ (308-12)
नित चुगली करे अणहोदी पराई मुहु कढि न सकै ओस दा काला भइआ ॥

ਕਰਮ ਧਰਤੀ ਸਰੀਰੁ ਕਲਿਜੁਗ ਵਿਚਿ ਜੇਹਾ ਕੋ ਬੀਜੇ ਤੇਹਾ ਕੋ ਖਾਏ ॥ (308-13)
करम धरती सरीरु कलिजुग विचि जेहा को बीजे तेहा को खाए ॥

ਗਲਾ ਉਪਰਿ ਤਪਾਵਸੁ ਨ ਹੋਈ ਵਿਸੁ ਖਾਧੀ ਤਤਕਾਲ ਮਰਿ ਜਾਏ ॥ (308-13)
गला उपरि तपावसु न होई विसु खाधी ततकाल मरि जाए ॥

ਭਾਈ ਵੇਖਹੁ ਨਿਆਉ ਸਚੁ ਕਰਤੇ ਕਾ ਜੇਹਾ ਕੋਈ ਕਰੇ ਤੇਹਾ ਕੋਈ ਪਾਏ ॥ (308-14)
भाई वेखहु निआउ सचु करते का जेहा कोई करे तेहा कोई पाए ॥

ਜਨ ਨਾਨਕ ਕਉ ਸਭ ਸੋਝੀ ਪਾਈ ਹਰਿ ਦਰ ਕੀਆ ਬਾਤਾ ਆਖਿ ਸੁਣਾਏ ॥੧॥ (308-14)
जन नानक कउ सभ सोझी पाई हरि दर कीआ बाता आखि सुणाए ॥१॥

ਮਃ ੪ ॥ (308-15)
मः ४ ॥

ਹੋਦੈ ਪਰਤਖਿ ਗੁਰੂ ਜੋ ਵਿਛੁੜੇ ਤਿਨ ਕਉ ਦਰਿ ਢੋਈ ਨਾਹੀ ॥ (308-15)
होदै परतखि गुरू जो विछुड़े तिन कउ दरि ढोई नाही ॥

ਕੋਈ ਜਾਇ ਮਿਲੈ ਤਿਨ ਨਿੰਦਕਾ ਮੁਹ ਫਿਕੇ ਥੁਕ ਥੁਕ ਮੁਹਿ ਪਾਹੀ ॥ (308-16)
कोई जाइ मिलै तिन निंदका मुह फिके थुक थुक मुहि पाही ॥

ਜੋ ਸਤਿਗੁਰਿ ਫਿਟਕੇ ਸੇ ਸਭ ਜਗਤਿ ਫਿਟਕੇ ਨਿਤ ਭੰਭਲ ਭੂਸੇ ਖਾਹੀ ॥ (308-16)
जो सतिगुरि फिटके से सभ जगति फिटके नित भ्मभल भूसे खाही ॥

ਜਿਨ ਗੁਰੁ ਗੋਪਿਆ ਆਪਣਾ ਸੇ ਲੈਦੇ ਢਹਾ ਫਿਰਾਹੀ ॥ (308-17)
जिन गुरु गोपिआ आपणा से लैदे ढहा फिराही ॥

ਤਿਨ ਕੀ ਭੁਖ ਕਦੇ ਨ ਉਤਰੈ ਨਿਤ ਭੁਖਾ ਭੁਖ ਕੂਕਾਹੀ ॥ (308-18)
तिन की भुख कदे न उतरै नित भुखा भुख कूकाही ॥

ਓਨਾ ਦਾ ਆਖਿਆ ਕੋ ਨਾ ਸੁਣੈ ਨਿਤ ਹਉਲੇ ਹਉਲਿ ਮਰਾਹੀ ॥ (308-18)
ओना दा आखिआ को ना सुणै नित हउले हउलि मराही ॥

ਸਤਿਗੁਰ ਕੀ ਵਡਿਆਈ ਵੇਖਿ ਨ ਸਕਨੀ ਓਨਾ ਅਗੈ ਪਿਛੈ ਥਾਉ ਨਾਹੀ ॥ (308-19)
सतिगुर की वडिआई वेखि न सकनी ओना अगै पिछै थाउ नाही ॥

ਜੋ ਸਤਿਗੁਰਿ ਮਾਰੇ ਤਿਨ ਜਾਇ ਮਿਲਹਿ ਰਹਦੀ ਖੁਹਦੀ ਸਭ ਪਤਿ ਗਵਾਹੀ ॥ (308-19)
जो सतिगुरि मारे तिन जाइ मिलहि रहदी खुहदी सभ पति गवाही ॥

ਓਇ ਅਗੈ ਕੁਸਟੀ ਗੁਰ ਕੇ ਫਿਟਕੇ ਜਿ ਓਸੁ ਮਿਲੈ ਤਿਸੁ ਕੁਸਟੁ ਉਠਾਹੀ ॥ (309-1)
ओइ अगै कुसटी गुर के फिटके जि ओसु मिलै तिसु कुसटु उठाही ॥

ਹਰਿ ਤਿਨ ਕਾ ਦਰਸਨੁ ਨਾ ਕਰਹੁ ਜੋ ਦੂਜੈ ਭਾਇ ਚਿਤੁ ਲਾਹੀ ॥ (309-2)
हरि तिन का दरसनु ना करहु जो दूजै भाइ चितु लाही ॥

ਧੁਰਿ ਕਰਤੈ ਆਪਿ ਲਿਖਿ ਪਾਇਆ ਤਿਸੁ ਨਾਲਿ ਕਿਹੁ ਚਾਰਾ ਨਾਹੀ ॥ (309-2)
धुरि करतै आपि लिखि पाइआ तिसु नालि किहु चारा नाही ॥

ਜਨ ਨਾਨਕ ਨਾਮੁ ਅਰਾਧਿ ਤੂ ਤਿਸੁ ਅਪੜਿ ਕੋ ਨ ਸਕਾਹੀ ॥ (309-3)
जन नानक नामु अराधि तू तिसु अपड़ि को न सकाही ॥

ਨਾਵੈ ਕੀ ਵਡਿਆਈ ਵਡੀ ਹੈ ਨਿਤ ਸਵਾਈ ਚੜੈ ਚੜਾਹੀ ॥੨॥ (309-3)
नावै की वडिआई वडी है नित सवाई चड़ै चड़ाही ॥२॥

ਮਃ ੪ ॥ (309-4)
मः ४ ॥

ਜਿ ਹੋਂਦੈ ਗੁਰੂ ਬਹਿ ਟਿਕਿਆ ਤਿਸੁ ਜਨ ਕੀ ਵਡਿਆਈ ਵਡੀ ਹੋਈ ॥ (309-4)
जि होंदै गुरू बहि टिकिआ तिसु जन की वडिआई वडी होई ॥

ਤਿਸੁ ਕਉ ਜਗਤੁ ਨਿਵਿਆ ਸਭੁ ਪੈਰੀ ਪਇਆ ਜਸੁ ਵਰਤਿਆ ਲੋਈ ॥ (309-5)
तिसु कउ जगतु निविआ सभु पैरी पइआ जसु वरतिआ लोई ॥

ਤਿਸ ਕਉ ਖੰਡ ਬ੍ਰਹਮੰਡ ਨਮਸਕਾਰੁ ਕਰਹਿ ਜਿਸ ਕੈ ਮਸਤਕਿ ਹਥੁ ਧਰਿਆ ਗੁਰਿ ਪੂਰੈ ਸੋ ਪੂਰਾ ਹੋਈ ॥ (309-5)
तिस कउ खंड ब्रहमंड नमसकारु करहि जिस कै मसतकि हथु धरिआ गुरि पूरै सो पूरा होई ॥

ਗੁਰ ਕੀ ਵਡਿਆਈ ਨਿਤ ਚੜੈ ਸਵਾਈ ਅਪੜਿ ਕੋ ਨ ਸਕੋਈ ॥ (309-6)
गुर की वडिआई नित चड़ै सवाई अपड़ि को न सकोई ॥

ਜਨੁ ਨਾਨਕੁ ਹਰਿ ਕਰਤੈ ਆਪਿ ਬਹਿ ਟਿਕਿਆ ਆਪੇ ਪੈਜ ਰਖੈ ਪ੍ਰਭੁ ਸੋਈ ॥੩॥ (309-7)
जनु नानकु हरि करतै आपि बहि टिकिआ आपे पैज रखै प्रभु सोई ॥३॥

ਪਉੜੀ ॥ (309-8)
पउड़ी ॥

ਕਾਇਆ ਕੋਟੁ ਅਪਾਰੁ ਹੈ ਅੰਦਰਿ ਹਟਨਾਲੇ ॥ (309-8)
काइआ कोटु अपारु है अंदरि हटनाले ॥

ਗੁਰਮੁਖਿ ਸਉਦਾ ਜੋ ਕਰੇ ਹਰਿ ਵਸਤੁ ਸਮਾਲੇ ॥ (309-8)
गुरमुखि सउदा जो करे हरि वसतु समाले ॥

ਨਾਮੁ ਨਿਧਾਨੁ ਹਰਿ ਵਣਜੀਐ ਹੀਰੇ ਪਰਵਾਲੇ ॥ (309-8)
नामु निधानु हरि वणजीऐ हीरे परवाले ॥

ਵਿਣੁ ਕਾਇਆ ਜਿ ਹੋਰ ਥੈ ਧਨੁ ਖੋਜਦੇ ਸੇ ਮੂੜ ਬੇਤਾਲੇ ॥ (309-9)
विणु काइआ जि होर थै धनु खोजदे से मूड़ बेताले ॥

ਸੇ ਉਝੜਿ ਭਰਮਿ ਭਵਾਈਅਹਿ ਜਿਉ ਝਾੜ ਮਿਰਗੁ ਭਾਲੇ ॥੧੫॥ (309-9)
से उझड़ि भरमि भवाईअहि जिउ झाड़ मिरगु भाले ॥१५॥

ਸਲੋਕ ਮਃ ੪ ॥ (309-10)
सलोक मः ४ ॥

ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੁ ਅਉਖਾ ਜਗ ਮਹਿ ਹੋਇਆ ॥ (309-10)
जो निंदा करे सतिगुर पूरे की सु अउखा जग महि होइआ ॥

ਨਰਕ ਘੋਰੁ ਦੁਖ ਖੂਹੁ ਹੈ ਓਥੈ ਪਕੜਿ ਓਹੁ ਢੋਇਆ ॥ (309-11)
नरक घोरु दुख खूहु है ओथै पकड़ि ओहु ढोइआ ॥

ਕੂਕ ਪੁਕਾਰ ਕੋ ਨ ਸੁਣੇ ਓਹੁ ਅਉਖਾ ਹੋਇ ਹੋਇ ਰੋਇਆ ॥ (309-11)
कूक पुकार को न सुणे ओहु अउखा होइ होइ रोइआ ॥

ਓਨਿ ਹਲਤੁ ਪਲਤੁ ਸਭੁ ਗਵਾਇਆ ਲਾਹਾ ਮੂਲੁ ਸਭੁ ਖੋਇਆ ॥ (309-12)
ओनि हलतु पलतु सभु गवाइआ लाहा मूलु सभु खोइआ ॥

ਓਹੁ ਤੇਲੀ ਸੰਦਾ ਬਲਦੁ ਕਰਿ ਨਿਤ ਭਲਕੇ ਉਠਿ ਪ੍ਰਭਿ ਜੋਇਆ ॥ (309-12)
ओहु तेली संदा बलदु करि नित भलके उठि प्रभि जोइआ ॥

ਹਰਿ ਵੇਖੈ ਸੁਣੈ ਨਿਤ ਸਭੁ ਕਿਛੁ ਤਿਦੂ ਕਿਛੁ ਗੁਝਾ ਨ ਹੋਇਆ ॥ (309-13)
हरि वेखै सुणै नित सभु किछु तिदू किछु गुझा न होइआ ॥

ਜੈਸਾ ਬੀਜੇ ਸੋ ਲੁਣੈ ਜੇਹਾ ਪੁਰਬਿ ਕਿਨੈ ਬੋਇਆ ॥ (309-14)
जैसा बीजे सो लुणै जेहा पुरबि किनै बोइआ ॥

ਜਿਸੁ ਕ੍ਰਿਪਾ ਕਰੇ ਪ੍ਰਭੁ ਆਪਣੀ ਤਿਸੁ ਸਤਿਗੁਰ ਕੇ ਚਰਣ ਧੋਇਆ ॥ (309-14)
जिसु क्रिपा करे प्रभु आपणी तिसु सतिगुर के चरण धोइआ ॥

ਗੁਰ ਸਤਿਗੁਰ ਪਿਛੈ ਤਰਿ ਗਇਆ ਜਿਉ ਲੋਹਾ ਕਾਠ ਸੰਗੋਇਆ ॥ (309-15)
गुर सतिगुर पिछै तरि गइआ जिउ लोहा काठ संगोइआ ॥

ਜਨ ਨਾਨਕ ਨਾਮੁ ਧਿਆਇ ਤੂ ਜਪਿ ਹਰਿ ਹਰਿ ਨਾਮਿ ਸੁਖੁ ਹੋਇਆ ॥੧॥ (309-15)
जन नानक नामु धिआइ तू जपि हरि हरि नामि सुखु होइआ ॥१॥

ਮਃ ੪ ॥ (309-16)
मः ४ ॥

ਵਡਭਾਗੀਆ ਸੋਹਾਗਣੀ ਜਿਨਾ ਗੁਰਮੁਖਿ ਮਿਲਿਆ ਹਰਿ ਰਾਇ ॥ (309-16)
वडभागीआ सोहागणी जिना गुरमुखि मिलिआ हरि राइ ॥

ਅੰਤਰ ਜੋਤਿ ਪ੍ਰਗਾਸੀਆ ਨਾਨਕ ਨਾਮਿ ਸਮਾਇ ॥੨॥ (309-17)
अंतर जोति प्रगासीआ नानक नामि समाइ ॥२॥

ਪਉੜੀ ॥ (309-17)
पउड़ी ॥

ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥ (309-17)
इहु सरीरु सभु धरमु है जिसु अंदरि सचे की विचि जोति ॥

ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥ (309-18)
गुहज रतन विचि लुकि रहे कोई गुरमुखि सेवकु कढै खोति ॥

ਸਭੁ ਆਤਮ ਰਾਮੁ ਪਛਾਣਿਆ ਤਾਂ ਇਕੁ ਰਵਿਆ ਇਕੋ ਓਤਿ ਪੋਤਿ ॥ (309-18)
सभु आतम रामु पछाणिआ तां इकु रविआ इको ओति पोति ॥

ਇਕੁ ਦੇਖਿਆ ਇਕੁ ਮੰਨਿਆ ਇਕੋ ਸੁਣਿਆ ਸ੍ਰਵਣ ਸਰੋਤਿ ॥ (309-19)
इकु देखिआ इकु मंनिआ इको सुणिआ स्रवण सरोति ॥

ਜਨ ਨਾਨਕ ਨਾਮੁ ਸਲਾਹਿ ਤੂ ਸਚੁ ਸਚੇ ਸੇਵਾ ਤੇਰੀ ਹੋਤਿ ॥੧੬॥ (310-1)
जन नानक नामु सलाहि तू सचु सचे सेवा तेरी होति ॥१६॥

ਸਲੋਕ ਮਃ ੪ ॥ (310-1)
सलोक मः ४ ॥

ਸਭਿ ਰਸ ਤਿਨ ਕੈ ਰਿਦੈ ਹਹਿ ਜਿਨ ਹਰਿ ਵਸਿਆ ਮਨ ਮਾਹਿ ॥ (310-1)
सभि रस तिन कै रिदै हहि जिन हरि वसिआ मन माहि ॥

ਹਰਿ ਦਰਗਹਿ ਤੇ ਮੁਖ ਉਜਲੇ ਤਿਨ ਕਉ ਸਭਿ ਦੇਖਣ ਜਾਹਿ ॥ (310-2)
हरि दरगहि ते मुख उजले तिन कउ सभि देखण जाहि ॥

ਜਿਨ ਨਿਰਭਉ ਨਾਮੁ ਧਿਆਇਆ ਤਿਨ ਕਉ ਭਉ ਕੋਈ ਨਾਹਿ ॥ (310-2)
जिन निरभउ नामु धिआइआ तिन कउ भउ कोई नाहि ॥

ਹਰਿ ਉਤਮੁ ਤਿਨੀ ਸਰੇਵਿਆ ਜਿਨ ਕਉ ਧੁਰਿ ਲਿਖਿਆ ਆਹਿ ॥ (310-3)
हरि उतमु तिनी सरेविआ जिन कउ धुरि लिखिआ आहि ॥

ਤੇ ਹਰਿ ਦਰਗਹਿ ਪੈਨਾਈਅਹਿ ਜਿਨ ਹਰਿ ਵੁਠਾ ਮਨ ਮਾਹਿ ॥ (310-4)
ते हरि दरगहि पैनाईअहि जिन हरि वुठा मन माहि ॥

ਓਇ ਆਪਿ ਤਰੇ ਸਭ ਕੁਟੰਬ ਸਿਉ ਤਿਨ ਪਿਛੈ ਸਭੁ ਜਗਤੁ ਛਡਾਹਿ ॥ (310-4)
ओइ आपि तरे सभ कुट्मब सिउ तिन पिछै सभु जगतु छडाहि ॥

ਜਨ ਨਾਨਕ ਕਉ ਹਰਿ ਮੇਲਿ ਜਨ ਤਿਨ ਵੇਖਿ ਵੇਖਿ ਹਮ ਜੀਵਾਹਿ ॥੧॥ (310-5)
जन नानक कउ हरि मेलि जन तिन वेखि वेखि हम जीवाहि ॥१॥

ਮਃ ੪ ॥ (310-5)
म: ४ ॥

ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ ॥ (310-5)
सा धरती भई हरीआवली जिथै मेरा सतिगुरु बैठा आइ ॥

ਸੇ ਜੰਤ ਭਏ ਹਰੀਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ ॥ (310-6)
से जंत भए हरीआवले जिनी मेरा सतिगुरु देखिआ जाइ ॥

ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ ॥ (310-7)
धनु धंनु पिता धनु धंनु कुलु धनु धनु सु जननी जिनि गुरू जणिआ माइ ॥

ਧਨੁ ਧੰਨੁ ਗੁਰੂ ਜਿਨਿ ਨਾਮੁ ਅਰਾਧਿਆ ਆਪਿ ਤਰਿਆ ਜਿਨੀ ਡਿਠਾ ਤਿਨਾ ਲਏ ਛਡਾਇ ॥ (310-7)
धनु धंनु गुरू जिनि नामु अराधिआ आपि तरिआ जिनी डिठा तिना लए छडाइ ॥

ਹਰਿ ਸਤਿਗੁਰੁ ਮੇਲਹੁ ਦਇਆ ਕਰਿ ਜਨੁ ਨਾਨਕੁ ਧੋਵੈ ਪਾਇ ॥੨॥ (310-8)
हरि सतिगुरु मेलहु दइआ करि जनु नानकु धोवै पाइ ॥२॥

ਪਉੜੀ ॥ (310-9)
पउड़ी ॥

ਸਚੁ ਸਚਾ ਸਤਿਗੁਰੁ ਅਮਰੁ ਹੈ ਜਿਸੁ ਅੰਦਰਿ ਹਰਿ ਉਰਿ ਧਾਰਿਆ ॥ (310-9)
सचु सचा सतिगुरु अमरु है जिसु अंदरि हरि उरि धारिआ ॥

ਸਚੁ ਸਚਾ ਸਤਿਗੁਰੁ ਪੁਰਖੁ ਹੈ ਜਿਨਿ ਕਾਮੁ ਕ੍ਰੋਧੁ ਬਿਖੁ ਮਾਰਿਆ ॥ (310-9)
सचु सचा सतिगुरु पुरखु है जिनि कामु क्रोधु बिखु मारिआ ॥

ਜਾ ਡਿਠਾ ਪੂਰਾ ਸਤਿਗੁਰੂ ਤਾਂ ਅੰਦਰਹੁ ਮਨੁ ਸਾਧਾਰਿਆ ॥ (310-10)
जा डिठा पूरा सतिगुरू तां अंदरहु मनु साधारिआ ॥

ਬਲਿਹਾਰੀ ਗੁਰ ਆਪਣੇ ਸਦਾ ਸਦਾ ਘੁਮਿ ਵਾਰਿਆ ॥ (310-11)
बलिहारी गुर आपणे सदा सदा घुमि वारिआ ॥

ਗੁਰਮੁਖਿ ਜਿਤਾ ਮਨਮੁਖਿ ਹਾਰਿਆ ॥੧੭॥ (310-11)
गुरमुखि जिता मनमुखि हारिआ ॥१७॥

ਸਲੋਕ ਮਃ ੪ ॥ (310-11)
सलोक मः ४ ॥

ਕਰਿ ਕਿਰਪਾ ਸਤਿਗੁਰੁ ਮੇਲਿਓਨੁ ਮੁਖਿ ਗੁਰਮੁਖਿ ਨਾਮੁ ਧਿਆਇਸੀ ॥ (310-12)
करि किरपा सतिगुरु मेलिओनु मुखि गुरमुखि नामु धिआइसी ॥

ਸੋ ਕਰੇ ਜਿ ਸਤਿਗੁਰ ਭਾਵਸੀ ਗੁਰੁ ਪੂਰਾ ਘਰੀ ਵਸਾਇਸੀ ॥ (310-12)
सो करे जि सतिगुर भावसी गुरु पूरा घरी वसाइसी ॥

ਜਿਨ ਅੰਦਰਿ ਨਾਮੁ ਨਿਧਾਨੁ ਹੈ ਤਿਨ ਕਾ ਭਉ ਸਭੁ ਗਵਾਇਸੀ ॥ (310-13)
जिन अंदरि नामु निधानु है तिन का भउ सभु गवाइसी ॥

ਜਿਨ ਰਖਣ ਕਉ ਹਰਿ ਆਪਿ ਹੋਇ ਹੋਰ ਕੇਤੀ ਝਖਿ ਝਖਿ ਜਾਇਸੀ ॥ (310-13)
जिन रखण कउ हरि आपि होइ होर केती झखि झखि जाइसी ॥

ਜਨ ਨਾਨਕ ਨਾਮੁ ਧਿਆਇ ਤੂ ਹਰਿ ਹਲਤਿ ਪਲਤਿ ਛੋਡਾਇਸੀ ॥੧॥ (310-14)
जन नानक नामु धिआइ तू हरि हलति पलति छोडाइसी ॥१॥

ਮਃ ੪ ॥ (310-15)
मः ४ ॥

ਗੁਰਸਿਖਾ ਕੈ ਮਨਿ ਭਾਵਦੀ ਗੁਰ ਸਤਿਗੁਰ ਕੀ ਵਡਿਆਈ ॥ (310-15)
गुरसिखा कै मनि भावदी गुर सतिगुर की वडिआई ॥

ਹਰਿ ਰਾਖਹੁ ਪੈਜ ਸਤਿਗੁਰੂ ਕੀ ਨਿਤ ਚੜੈ ਸਵਾਈ ॥ (310-15)
हरि राखहु पैज सतिगुरू की नित चड़ै सवाई ॥

ਗੁਰ ਸਤਿਗੁਰ ਕੈ ਮਨਿ ਪਾਰਬ੍ਰਹਮੁ ਹੈ ਪਾਰਬ੍ਰਹਮੁ ਛਡਾਈ ॥ (310-16)
गुर सतिगुर कै मनि पारब्रहमु है पारब्रहमु छडाई ॥

ਗੁਰ ਸਤਿਗੁਰ ਤਾਣੁ ਦੀਬਾਣੁ ਹਰਿ ਤਿਨਿ ਸਭ ਆਣਿ ਨਿਵਾਈ ॥ (310-16)
गुर सतिगुर ताणु दीबाणु हरि तिनि सभ आणि निवाई ॥

ਜਿਨੀ ਡਿਠਾ ਮੇਰਾ ਸਤਿਗੁਰੁ ਭਾਉ ਕਰਿ ਤਿਨ ਕੇ ਸਭਿ ਪਾਪ ਗਵਾਈ ॥ (310-17)
जिनी डिठा मेरा सतिगुरु भाउ करि तिन के सभि पाप गवाई ॥

ਹਰਿ ਦਰਗਹ ਤੇ ਮੁਖ ਉਜਲੇ ਬਹੁ ਸੋਭਾ ਪਾਈ ॥ (310-17)
हरि दरगह ते मुख उजले बहु सोभा पाई ॥

ਜਨੁ ਨਾਨਕੁ ਮੰਗੈ ਧੂੜਿ ਤਿਨ ਜੋ ਗੁਰ ਕੇ ਸਿਖ ਮੇਰੇ ਭਾਈ ॥੨॥ (310-18)
जनु नानकु मंगै धूड़ि तिन जो गुर के सिख मेरे भाई ॥२॥

ਪਉੜੀ ॥ (310-19)
पउड़ी ॥

ਹਉ ਆਖਿ ਸਲਾਹੀ ਸਿਫਤਿ ਸਚੁ ਸਚੁ ਸਚੇ ਕੀ ਵਡਿਆਈ ॥ (310-19)
हउ आखि सलाही सिफति सचु सचु सचे की वडिआई ॥

ਸਾਲਾਹੀ ਸਚੁ ਸਲਾਹ ਸਚੁ ਸਚੁ ਕੀਮਤਿ ਕਿਨੈ ਨ ਪਾਈ ॥ (310-19)
सालाही सचु सलाह सचु सचु कीमति किनै न पाई ॥

ਸਚੁ ਸਚਾ ਰਸੁ ਜਿਨੀ ਚਖਿਆ ਸੇ ਤ੍ਰਿਪਤਿ ਰਹੇ ਆਘਾਈ ॥ (311-1)
सचु सचा रसु जिनी चखिआ से त्रिपति रहे आघाई ॥

ਇਹੁ ਹਰਿ ਰਸੁ ਸੇਈ ਜਾਣਦੇ ਜਿਉ ਗੂੰਗੈ ਮਿਠਿਆਈ ਖਾਈ ॥ (311-1)
इहु हरि रसु सेई जाणदे जिउ गूंगै मिठिआई खाई ॥

ਗੁਰਿ ਪੂਰੈ ਹਰਿ ਪ੍ਰਭੁ ਸੇਵਿਆ ਮਨਿ ਵਜੀ ਵਾਧਾਈ ॥੧੮॥ (311-2)
गुरि पूरै हरि प्रभु सेविआ मनि वजी वाधाई ॥१८॥

ਸਲੋਕ ਮਃ ੪ ॥ (311-2)
सलोक मः ४ ॥

ਜਿਨਾ ਅੰਦਰਿ ਉਮਰਥਲ ਸੇਈ ਜਾਣਨਿ ਸੂਲੀਆ ॥ (311-2)
जिना अंदरि उमरथल सेई जाणनि सूलीआ ॥

ਹਰਿ ਜਾਣਹਿ ਸੇਈ ਬਿਰਹੁ ਹਉ ਤਿਨ ਵਿਟਹੁ ਸਦ ਘੁਮਿ ਘੋਲੀਆ ॥ (311-3)
हरि जाणहि सेई बिरहु हउ तिन विटहु सद घुमि घोलीआ ॥

ਹਰਿ ਮੇਲਹੁ ਸਜਣੁ ਪੁਰਖੁ ਮੇਰਾ ਸਿਰੁ ਤਿਨ ਵਿਟਹੁ ਤਲ ਰੋਲੀਆ ॥ (311-4)
हरि मेलहु सजणु पुरखु मेरा सिरु तिन विटहु तल रोलीआ ॥

ਜੋ ਸਿਖ ਗੁਰ ਕਾਰ ਕਮਾਵਹਿ ਹਉ ਗੁਲਮੁ ਤਿਨਾ ਕਾ ਗੋਲੀਆ ॥ (311-4)
जो सिख गुर कार कमावहि हउ गुलमु तिना का गोलीआ ॥

ਹਰਿ ਰੰਗਿ ਚਲੂਲੈ ਜੋ ਰਤੇ ਤਿਨ ਭਿਨੀ ਹਰਿ ਰੰਗਿ ਚੋਲੀਆ ॥ (311-5)
हरि रंगि चलूलै जो रते तिन भिनी हरि रंगि चोलीआ ॥

ਕਰਿ ਕਿਰਪਾ ਨਾਨਕ ਮੇਲਿ ਗੁਰ ਪਹਿ ਸਿਰੁ ਵੇਚਿਆ ਮੋਲੀਆ ॥੧॥ (311-5)
करि किरपा नानक मेलि गुर पहि सिरु वेचिआ मोलीआ ॥१॥

ਮਃ ੪ ॥ (311-6)
मः ४ ॥

ਅਉਗਣੀ ਭਰਿਆ ਸਰੀਰੁ ਹੈ ਕਿਉ ਸੰਤਹੁ ਨਿਰਮਲੁ ਹੋਇ ॥ (311-6)
अउगणी भरिआ सरीरु है किउ संतहु निरमलु होइ ॥

ਗੁਰਮੁਖਿ ਗੁਣ ਵੇਹਾਝੀਅਹਿ ਮਲੁ ਹਉਮੈ ਕਢੈ ਧੋਇ ॥ (311-7)
गुरमुखि गुण वेहाझीअहि मलु हउमै कढै धोइ ॥

ਸਚੁ ਵਣੰਜਹਿ ਰੰਗ ਸਿਉ ਸਚੁ ਸਉਦਾ ਹੋਇ ॥ (311-7)
सचु वणंजहि रंग सिउ सचु सउदा होइ ॥

ਤੋਟਾ ਮੂਲਿ ਨ ਆਵਈ ਲਾਹਾ ਹਰਿ ਭਾਵੈ ਸੋਇ ॥ (311-8)
तोटा मूलि न आवई लाहा हरि भावै सोइ ॥

ਨਾਨਕ ਤਿਨ ਸਚੁ ਵਣੰਜਿਆ ਜਿਨਾ ਧੁਰਿ ਲਿਖਿਆ ਪਰਾਪਤਿ ਹੋਇ ॥੨॥ (311-8)
नानक तिन सचु वणंजिआ जिना धुरि लिखिआ परापति होइ ॥२॥

ਪਉੜੀ ॥ (311-9)
पउड़ी ॥

ਸਾਲਾਹੀ ਸਚੁ ਸਾਲਾਹਣਾ ਸਚੁ ਸਚਾ ਪੁਰਖੁ ਨਿਰਾਲੇ ॥ (311-9)
सालाही सचु सालाहणा सचु सचा पुरखु निराले ॥

ਸਚੁ ਸੇਵੀ ਸਚੁ ਮਨਿ ਵਸੈ ਸਚੁ ਸਚਾ ਹਰਿ ਰਖਵਾਲੇ ॥ (311-9)
सचु सेवी सचु मनि वसै सचु सचा हरि रखवाले ॥

ਸਚੁ ਸਚਾ ਜਿਨੀ ਅਰਾਧਿਆ ਸੇ ਜਾਇ ਰਲੇ ਸਚ ਨਾਲੇ ॥ (311-10)
सचु सचा जिनी अराधिआ से जाइ रले सच नाले ॥

ਸਚੁ ਸਚਾ ਜਿਨੀ ਨ ਸੇਵਿਆ ਸੇ ਮਨਮੁਖ ਮੂੜ ਬੇਤਾਲੇ ॥ (311-10)
सचु सचा जिनी न सेविआ से मनमुख मूड़ बेताले ॥

ਓਹ ਆਲੁ ਪਤਾਲੁ ਮੁਹਹੁ ਬੋਲਦੇ ਜਿਉ ਪੀਤੈ ਮਦਿ ਮਤਵਾਲੇ ॥੧੯॥ (311-11)
ओह आलु पतालु मुहहु बोलदे जिउ पीतै मदि मतवाले ॥१९॥

ਸਲੋਕ ਮਹਲਾ ੩ ॥ (311-11)
सलोक महला ३ ॥

ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ ॥ (311-12)
गउड़ी रागि सुलखणी जे खसमै चिति करेइ ॥

ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ ॥ (311-12)
भाणै चलै सतिगुरू कै ऐसा सीगारु करेइ ॥

ਸਚਾ ਸਬਦੁ ਭਤਾਰੁ ਹੈ ਸਦਾ ਸਦਾ ਰਾਵੇਇ ॥ (311-12)
सचा सबदु भतारु है सदा सदा रावेइ ॥

ਜਿਉ ਉਬਲੀ ਮਜੀਠੈ ਰੰਗੁ ਗਹਗਹਾ ਤਿਉ ਸਚੇ ਨੋ ਜੀਉ ਦੇਇ ॥ (311-13)
जिउ उबली मजीठै रंगु गहगहा तिउ सचे नो जीउ देइ ॥

ਰੰਗਿ ਚਲੂਲੈ ਅਤਿ ਰਤੀ ਸਚੇ ਸਿਉ ਲਗਾ ਨੇਹੁ ॥ (311-13)
रंगि चलूलै अति रती सचे सिउ लगा नेहु ॥

ਕੂੜੁ ਠਗੀ ਗੁਝੀ ਨਾ ਰਹੈ ਕੂੜੁ ਮੁਲੰਮਾ ਪਲੇਟਿ ਧਰੇਹੁ ॥ (311-14)
कूड़ु ठगी गुझी ना रहै कूड़ु मुलंमा पलेटि धरेहु ॥

ਕੂੜੀ ਕਰਨਿ ਵਡਾਈਆ ਕੂੜੇ ਸਿਉ ਲਗਾ ਨੇਹੁ ॥ (311-14)
कूड़ी करनि वडाईआ कूड़े सिउ लगा नेहु ॥

ਨਾਨਕ ਸਚਾ ਆਪਿ ਹੈ ਆਪੇ ਨਦਰਿ ਕਰੇਇ ॥੧॥ (311-15)
नानक सचा आपि है आपे नदरि करेइ ॥१॥

ਮਃ ੪ ॥ (311-15)
म: ४ ॥

ਸਤਸੰਗਤਿ ਮਹਿ ਹਰਿ ਉਸਤਤਿ ਹੈ ਸੰਗਿ ਸਾਧੂ ਮਿਲੇ ਪਿਆਰਿਆ ॥ (311-15)
सतसंगति महि हरि उसतति है संगि साधू मिले पिआरिआ ॥

ਓਇ ਪੁਰਖ ਪ੍ਰਾਣੀ ਧੰਨਿ ਜਨ ਹਹਿ ਉਪਦੇਸੁ ਕਰਹਿ ਪਰਉਪਕਾਰਿਆ ॥ (311-16)
ओइ पुरख प्राणी धंनि जन हहि उपदेसु करहि परउपकारिआ ॥

ਹਰਿ ਨਾਮੁ ਦ੍ਰਿੜਾਵਹਿ ਹਰਿ ਨਾਮੁ ਸੁਣਾਵਹਿ ਹਰਿ ਨਾਮੇ ਜਗੁ ਨਿਸਤਾਰਿਆ ॥ (311-17)
हरि नामु द्रिड़ावहि हरि नामु सुणावहि हरि नामे जगु निसतारिआ ॥

ਗੁਰ ਵੇਖਣ ਕਉ ਸਭੁ ਕੋਈ ਲੋਚੈ ਨਵ ਖੰਡ ਜਗਤਿ ਨਮਸਕਾਰਿਆ ॥ (311-17)
गुर वेखण कउ सभु कोई लोचै नव खंड जगति नमसकारिआ ॥

ਤੁਧੁ ਆਪੇ ਆਪੁ ਰਖਿਆ ਸਤਿਗੁਰ ਵਿਚਿ ਗੁਰੁ ਆਪੇ ਤੁਧੁ ਸਵਾਰਿਆ ॥ (311-18)
तुधु आपे आपु रखिआ सतिगुर विचि गुरु आपे तुधु सवारिआ ॥

ਤੂ ਆਪੇ ਪੂਜਹਿ ਪੂਜ ਕਰਾਵਹਿ ਸਤਿਗੁਰ ਕਉ ਸਿਰਜਣਹਾਰਿਆ ॥ (311-19)
तू आपे पूजहि पूज करावहि सतिगुर कउ सिरजणहारिआ ॥

ਕੋਈ ਵਿਛੁੜਿ ਜਾਇ ਸਤਿਗੁਰੂ ਪਾਸਹੁ ਤਿਸੁ ਕਾਲਾ ਮੁਹੁ ਜਮਿ ਮਾਰਿਆ ॥ (311-19)
कोई विछुड़ि जाइ सतिगुरू पासहु तिसु काला मुहु जमि मारिआ ॥

ਤਿਸੁ ਅਗੈ ਪਿਛੈ ਢੋਈ ਨਾਹੀ ਗੁਰਸਿਖੀ ਮਨਿ ਵੀਚਾਰਿਆ ॥ (312-1)
तिसु अगै पिछै ढोई नाही गुरसिखी मनि वीचारिआ ॥

ਸਤਿਗੁਰੂ ਨੋ ਮਿਲੇ ਸੇਈ ਜਨ ਉਬਰੇ ਜਿਨ ਹਿਰਦੈ ਨਾਮੁ ਸਮਾਰਿਆ ॥ (312-2)
सतिगुरू नो मिले सेई जन उबरे जिन हिरदै नामु समारिआ ॥

ਜਨ ਨਾਨਕ ਕੇ ਗੁਰਸਿਖ ਪੁਤਹਹੁ ਹਰਿ ਜਪਿਅਹੁ ਹਰਿ ਨਿਸਤਾਰਿਆ ॥੨॥ (312-2)
जन नानक के गुरसिख पुतहहु हरि जपिअहु हरि निसतारिआ ॥२॥

ਮਹਲਾ ੩ ॥ (312-3)
महला ३ ॥

ਹਉਮੈ ਜਗਤੁ ਭੁਲਾਇਆ ਦੁਰਮਤਿ ਬਿਖਿਆ ਬਿਕਾਰ ॥ (312-3)
हउमै जगतु भुलाइआ दुरमति बिखिआ बिकार ॥

ਸਤਿਗੁਰੁ ਮਿਲੈ ਤ ਨਦਰਿ ਹੋਇ ਮਨਮੁਖ ਅੰਧ ਅੰਧਿਆਰ ॥ (312-3)
सतिगुरु मिलै त नदरि होइ मनमुख अंध अंधिआर ॥

ਨਾਨਕ ਆਪੇ ਮੇਲਿ ਲਏ ਜਿਸ ਨੋ ਸਬਦਿ ਲਾਏ ਪਿਆਰੁ ॥੩॥ (312-4)
नानक आपे मेलि लए जिस नो सबदि लाए पिआरु ॥३॥

ਪਉੜੀ ॥ (312-5)
पउड़ी ॥

ਸਚੁ ਸਚੇ ਕੀ ਸਿਫਤਿ ਸਲਾਹ ਹੈ ਸੋ ਕਰੇ ਜਿਸੁ ਅੰਦਰੁ ਭਿਜੈ ॥ (312-5)
सचु सचे की सिफति सलाह है सो करे जिसु अंदरु भिजै ॥

ਜਿਨੀ ਇਕ ਮਨਿ ਇਕੁ ਅਰਾਧਿਆ ਤਿਨ ਕਾ ਕੰਧੁ ਨ ਕਬਹੂ ਛਿਜੈ ॥ (312-5)
जिनी इक मनि इकु अराधिआ तिन का कंधु न कबहू छिजै ॥

ਧਨੁ ਧਨੁ ਪੁਰਖ ਸਾਬਾਸਿ ਹੈ ਜਿਨ ਸਚੁ ਰਸਨਾ ਅੰਮ੍ਰਿਤੁ ਪਿਜੈ ॥ (312-6)
धनु धनु पुरख साबासि है जिन सचु रसना अमृतु पिजै ॥

ਸਚੁ ਸਚਾ ਜਿਨ ਮਨਿ ਭਾਵਦਾ ਸੇ ਮਨਿ ਸਚੀ ਦਰਗਹ ਲਿਜੈ ॥ (312-6)
सचु सचा जिन मनि भावदा से मनि सची दरगह लिजै ॥

ਧਨੁ ਧੰਨੁ ਜਨਮੁ ਸਚਿਆਰੀਆ ਮੁਖ ਉਜਲ ਸਚੁ ਕਰਿਜੈ ॥੨੦॥ (312-7)
धनु धंनु जनमु सचिआरीआ मुख उजल सचु करिजै ॥२०॥

ਸਲੋਕ ਮਃ ੪ ॥ (312-8)
सलोक मः ४ ॥

ਸਾਕਤ ਜਾਇ ਨਿਵਹਿ ਗੁਰ ਆਗੈ ਮਨਿ ਖੋਟੇ ਕੂੜਿ ਕੂੜਿਆਰੇ ॥ (312-8)
साकत जाइ निवहि गुर आगै मनि खोटे कूड़ि कूड़िआरे ॥

ਜਾ ਗੁਰੁ ਕਹੈ ਉਠਹੁ ਮੇਰੇ ਭਾਈ ਬਹਿ ਜਾਹਿ ਘੁਸਰਿ ਬਗੁਲਾਰੇ ॥ (312-8)
जा गुरु कहै उठहु मेरे भाई बहि जाहि घुसरि बगुलारे ॥

ਗੁਰਸਿਖਾ ਅੰਦਰਿ ਸਤਿਗੁਰੁ ਵਰਤੈ ਚੁਣਿ ਕਢੇ ਲਧੋਵਾਰੇ ॥ (312-9)
गुरसिखा अंदरि सतिगुरु वरतै चुणि कढे लधोवारे ॥

ਓਇ ਅਗੈ ਪਿਛੈ ਬਹਿ ਮੁਹੁ ਛਪਾਇਨਿ ਨ ਰਲਨੀ ਖੋਟੇਆਰੇ ॥ (312-9)
ओइ अगै पिछै बहि मुहु छपाइनि न रलनी खोटेआरे ॥

ਓਨਾ ਦਾ ਭਖੁ ਸੁ ਓਥੈ ਨਾਹੀ ਜਾਇ ਕੂੜੁ ਲਹਨਿ ਭੇਡਾਰੇ ॥ (312-10)
ओना दा भखु सु ओथै नाही जाइ कूड़ु लहनि भेडारे ॥

ਜੇ ਸਾਕਤੁ ਨਰੁ ਖਾਵਾਈਐ ਲੋਚੀਐ ਬਿਖੁ ਕਢੈ ਮੁਖਿ ਉਗਲਾਰੇ ॥ (312-10)
जे साकतु नरु खावाईऐ लोचीऐ बिखु कढै मुखि उगलारे ॥

ਹਰਿ ਸਾਕਤ ਸੇਤੀ ਸੰਗੁ ਨ ਕਰੀਅਹੁ ਓਇ ਮਾਰੇ ਸਿਰਜਣਹਾਰੇ ॥ (312-11)
हरि साकत सेती संगु न करीअहु ओइ मारे सिरजणहारे ॥

ਜਿਸ ਕਾ ਇਹੁ ਖੇਲੁ ਸੋਈ ਕਰਿ ਵੇਖੈ ਜਨ ਨਾਨਕ ਨਾਮੁ ਸਮਾਰੇ ॥੧॥ (312-12)
जिस का इहु खेलु सोई करि वेखै जन नानक नामु समारे ॥१॥

ਮਃ ੪ ॥ (312-12)
मः ४ ॥

ਸਤਿਗੁਰੁ ਪੁਰਖੁ ਅਗੰਮੁ ਹੈ ਜਿਸੁ ਅੰਦਰਿ ਹਰਿ ਉਰਿ ਧਾਰਿਆ ॥ (312-12)
सतिगुरु पुरखु अगंमु है जिसु अंदरि हरि उरि धारिआ ॥

ਸਤਿਗੁਰੂ ਨੋ ਅਪੜਿ ਕੋਇ ਨ ਸਕਈ ਜਿਸੁ ਵਲਿ ਸਿਰਜਣਹਾਰਿਆ ॥ (312-13)
सतिगुरू नो अपड़ि कोइ न सकई जिसु वलि सिरजणहारिआ ॥

ਸਤਿਗੁਰੂ ਕਾ ਖੜਗੁ ਸੰਜੋਉ ਹਰਿ ਭਗਤਿ ਹੈ ਜਿਤੁ ਕਾਲੁ ਕੰਟਕੁ ਮਾਰਿ ਵਿਡਾਰਿਆ ॥ (312-13)
सतिगुरू का खड़गु संजोउ हरि भगति है जितु कालु कंटकु मारि विडारिआ ॥

ਸਤਿਗੁਰੂ ਕਾ ਰਖਣਹਾਰਾ ਹਰਿ ਆਪਿ ਹੈ ਸਤਿਗੁਰੂ ਕੈ ਪਿਛੈ ਹਰਿ ਸਭਿ ਉਬਾਰਿਆ ॥ (312-14)
सतिगुरू का रखणहारा हरि आपि है सतिगुरू कै पिछै हरि सभि उबारिआ ॥

ਜੋ ਮੰਦਾ ਚਿਤਵੈ ਪੂਰੇ ਸਤਿਗੁਰੂ ਕਾ ਸੋ ਆਪਿ ਉਪਾਵਣਹਾਰੈ ਮਾਰਿਆ ॥ (312-15)
जो मंदा चितवै पूरे सतिगुरू का सो आपि उपावणहारै मारिआ ॥

ਏਹ ਗਲ ਹੋਵੈ ਹਰਿ ਦਰਗਹ ਸਚੇ ਕੀ ਜਨ ਨਾਨਕ ਅਗਮੁ ਵੀਚਾਰਿਆ ॥੨॥ (312-16)
एह गल होवै हरि दरगह सचे की जन नानक अगमु वीचारिआ ॥२॥

ਪਉੜੀ ॥ (312-16)
पउड़ी ॥

ਸਚੁ ਸੁਤਿਆ ਜਿਨੀ ਅਰਾਧਿਆ ਜਾ ਉਠੇ ਤਾ ਸਚੁ ਚਵੇ ॥ (312-16)
सचु सुतिआ जिनी अराधिआ जा उठे ता सचु चवे ॥

ਸੇ ਵਿਰਲੇ ਜੁਗ ਮਹਿ ਜਾਣੀਅਹਿ ਜੋ ਗੁਰਮੁਖਿ ਸਚੁ ਰਵੇ ॥ (312-17)
से विरले जुग महि जाणीअहि जो गुरमुखि सचु रवे ॥

ਹਉ ਬਲਿਹਾਰੀ ਤਿਨ ਕਉ ਜਿ ਅਨਦਿਨੁ ਸਚੁ ਲਵੇ ॥ (312-17)
हउ बलिहारी तिन कउ जि अनदिनु सचु लवे ॥

ਜਿਨ ਮਨਿ ਤਨਿ ਸਚਾ ਭਾਵਦਾ ਸੇ ਸਚੀ ਦਰਗਹ ਗਵੇ ॥ (312-18)
जिन मनि तनि सचा भावदा से सची दरगह गवे ॥

ਜਨੁ ਨਾਨਕੁ ਬੋਲੈ ਸਚੁ ਨਾਮੁ ਸਚੁ ਸਚਾ ਸਦਾ ਨਵੇ ॥੨੧॥ (312-18)
जनु नानकु बोलै सचु नामु सचु सचा सदा नवे ॥२१॥

ਸਲੋਕੁ ਮਃ ੪ ॥ (312-19)
सलोकु मः ४ ॥

ਕਿਆ ਸਵਣਾ ਕਿਆ ਜਾਗਣਾ ਗੁਰਮੁਖਿ ਤੇ ਪਰਵਾਣੁ ॥ (312-19)
किआ सवणा किआ जागणा गुरमुखि ते परवाणु ॥

ਜਿਨਾ ਸਾਸਿ ਗਿਰਾਸਿ ਨ ਵਿਸਰੈ ਸੇ ਪੂਰੇ ਪੁਰਖ ਪਰਧਾਨ ॥ (313-1)
जिना सासि गिरासि न विसरै से पूरे पुरख परधान ॥

ਕਰਮੀ ਸਤਿਗੁਰੁ ਪਾਈਐ ਅਨਦਿਨੁ ਲਗੈ ਧਿਆਨੁ ॥ (313-1)
करमी सतिगुरु पाईऐ अनदिनु लगै धिआनु ॥

ਤਿਨ ਕੀ ਸੰਗਤਿ ਮਿਲਿ ਰਹਾ ਦਰਗਹ ਪਾਈ ਮਾਨੁ ॥ (313-2)
तिन की संगति मिलि रहा दरगह पाई मानु ॥

ਸਉਦੇ ਵਾਹੁ ਵਾਹੁ ਉਚਰਹਿ ਉਠਦੇ ਭੀ ਵਾਹੁ ਕਰੇਨਿ ॥ (313-2)
सउदे वाहु वाहु उचरहि उठदे भी वाहु करेनि ॥

ਨਾਨਕ ਤੇ ਮੁਖ ਉਜਲੇ ਜਿ ਨਿਤ ਉਠਿ ਸੰਮਾਲੇਨਿ ॥੧॥ (313-3)
नानक ते मुख उजले जि नित उठि संमालेनि ॥१॥

ਮਃ ੪ ॥ (313-3)
मः ४ ॥

ਸਤਿਗੁਰੁ ਸੇਵੀਐ ਆਪਣਾ ਪਾਈਐ ਨਾਮੁ ਅਪਾਰੁ ॥ (313-3)
सतिगुरु सेवीऐ आपणा पाईऐ नामु अपारु ॥

ਭਉਜਲਿ ਡੁਬਦਿਆ ਕਢਿ ਲਏ ਹਰਿ ਦਾਤਿ ਕਰੇ ਦਾਤਾਰੁ ॥ (313-4)
भउजलि डुबदिआ कढि लए हरि दाति करे दातारु ॥

ਧੰਨੁ ਧੰਨੁ ਸੇ ਸਾਹ ਹੈ ਜਿ ਨਾਮਿ ਕਰਹਿ ਵਾਪਾਰੁ ॥ (313-4)
धंनु धंनु से साह है जि नामि करहि वापारु ॥

ਵਣਜਾਰੇ ਸਿਖ ਆਵਦੇ ਸਬਦਿ ਲਘਾਵਣਹਾਰੁ ॥ (313-5)
वणजारे सिख आवदे सबदि लघावणहारु ॥

ਜਨ ਨਾਨਕ ਜਿਨ ਕਉ ਕ੍ਰਿਪਾ ਭਈ ਤਿਨ ਸੇਵਿਆ ਸਿਰਜਣਹਾਰੁ ॥੨॥ (313-5)
जन नानक जिन कउ क्रिपा भई तिन सेविआ सिरजणहारु ॥२॥

ਪਉੜੀ ॥ (313-6)
पउड़ी ॥

ਸਚੁ ਸਚੇ ਕੇ ਜਨ ਭਗਤ ਹਹਿ ਸਚੁ ਸਚਾ ਜਿਨੀ ਅਰਾਧਿਆ ॥ (313-6)
सचु सचे के जन भगत हहि सचु सचा जिनी अराधिआ ॥

ਜਿਨ ਗੁਰਮੁਖਿ ਖੋਜਿ ਢੰਢੋਲਿਆ ਤਿਨ ਅੰਦਰਹੁ ਹੀ ਸਚੁ ਲਾਧਿਆ ॥ (313-6)
जिन गुरमुखि खोजि ढंढोलिआ तिन अंदरहु ही सचु लाधिआ ॥

ਸਚੁ ਸਾਹਿਬੁ ਸਚੁ ਜਿਨੀ ਸੇਵਿਆ ਕਾਲੁ ਕੰਟਕੁ ਮਾਰਿ ਤਿਨੀ ਸਾਧਿਆ ॥ (313-7)
सचु साहिबु सचु जिनी सेविआ कालु कंटकु मारि तिनी साधिआ ॥

ਸਚੁ ਸਚਾ ਸਭ ਦੂ ਵਡਾ ਹੈ ਸਚੁ ਸੇਵਨਿ ਸੇ ਸਚਿ ਰਲਾਧਿਆ ॥ (313-8)
सचु सचा सभ दू वडा है सचु सेवनि से सचि रलाधिआ ॥

ਸਚੁ ਸਚੇ ਨੋ ਸਾਬਾਸਿ ਹੈ ਸਚੁ ਸਚਾ ਸੇਵਿ ਫਲਾਧਿਆ ॥੨੨॥ (313-8)
सचु सचे नो साबासि है सचु सचा सेवि फलाधिआ ॥२२॥

ਸਲੋਕ ਮਃ ੪ ॥ (313-9)
सलोक मः ४ ॥

ਮਨਮੁਖੁ ਪ੍ਰਾਣੀ ਮੁਗਧੁ ਹੈ ਨਾਮਹੀਣ ਭਰਮਾਇ ॥ (313-9)
मनमुखु प्राणी मुगधु है नामहीण भरमाइ ॥

ਬਿਨੁ ਗੁਰ ਮਨੂਆ ਨਾ ਟਿਕੈ ਫਿਰਿ ਫਿਰਿ ਜੂਨੀ ਪਾਇ ॥ (313-9)
बिनु गुर मनूआ ना टिकै फिरि फिरि जूनी पाइ ॥

ਹਰਿ ਪ੍ਰਭੁ ਆਪਿ ਦਇਆਲ ਹੋਹਿ ਤਾਂ ਸਤਿਗੁਰੁ ਮਿਲਿਆ ਆਇ ॥ (313-10)
हरि प्रभु आपि दइआल होहि तां सतिगुरु मिलिआ आइ ॥

ਜਨ ਨਾਨਕ ਨਾਮੁ ਸਲਾਹਿ ਤੂ ਜਨਮ ਮਰਣ ਦੁਖੁ ਜਾਇ ॥੧॥ (313-11)
जन नानक नामु सलाहि तू जनम मरण दुखु जाइ ॥१॥

ਮਃ ੪ ॥ (313-11)
मः ४ ॥

ਗੁਰੁ ਸਾਲਾਹੀ ਆਪਣਾ ਬਹੁ ਬਿਧਿ ਰੰਗਿ ਸੁਭਾਇ ॥ (313-11)
गुरु सालाही आपणा बहु बिधि रंगि सुभाइ ॥

ਸਤਿਗੁਰ ਸੇਤੀ ਮਨੁ ਰਤਾ ਰਖਿਆ ਬਣਤ ਬਣਾਇ ॥ (313-12)
सतिगुर सेती मनु रता रखिआ बणत बणाइ ॥

ਜਿਹਵਾ ਸਾਲਾਹਿ ਨ ਰਜਈ ਹਰਿ ਪ੍ਰੀਤਮ ਚਿਤੁ ਲਾਇ ॥ (313-12)
जिहवा सालाहि न रजई हरि प्रीतम चितु लाइ ॥

ਨਾਨਕ ਨਾਵੈ ਕੀ ਮਨਿ ਭੁਖ ਹੈ ਮਨੁ ਤ੍ਰਿਪਤੈ ਹਰਿ ਰਸੁ ਖਾਇ ॥੨॥ (313-13)
नानक नावै की मनि भुख है मनु त्रिपतै हरि रसु खाइ ॥२॥

ਪਉੜੀ ॥ (313-13)
पउड़ी ॥

ਸਚੁ ਸਚਾ ਕੁਦਰਤਿ ਜਾਣੀਐ ਦਿਨੁ ਰਾਤੀ ਜਿਨਿ ਬਣਾਈਆ ॥ (313-13)
सचु सचा कुदरति जाणीऐ दिनु राती जिनि बणाईआ ॥

ਸੋ ਸਚੁ ਸਲਾਹੀ ਸਦਾ ਸਦਾ ਸਚੁ ਸਚੇ ਕੀਆ ਵਡਿਆਈਆ ॥ (313-14)
सो सचु सलाही सदा सदा सचु सचे कीआ वडिआईआ ॥

ਸਾਲਾਹੀ ਸਚੁ ਸਲਾਹ ਸਚੁ ਸਚੁ ਕੀਮਤਿ ਕਿਨੈ ਨ ਪਾਈਆ ॥ (313-14)
सालाही सचु सलाह सचु सचु कीमति किनै न पाईआ ॥

ਜਾ ਮਿਲਿਆ ਪੂਰਾ ਸਤਿਗੁਰੂ ਤਾ ਹਾਜਰੁ ਨਦਰੀ ਆਈਆ ॥ (313-15)
जा मिलिआ पूरा सतिगुरू ता हाजरु नदरी आईआ ॥

ਸਚੁ ਗੁਰਮੁਖਿ ਜਿਨੀ ਸਲਾਹਿਆ ਤਿਨਾ ਭੁਖਾ ਸਭਿ ਗਵਾਈਆ ॥੨੩॥ (313-15)
सचु गुरमुखि जिनी सलाहिआ तिना भुखा सभि गवाईआ ॥२३॥

ਸਲੋਕ ਮਃ ੪ ॥ (313-16)
सलोक मः ४ ॥

ਮੈ ਮਨੁ ਤਨੁ ਖੋਜਿ ਖੋਜੇਦਿਆ ਸੋ ਪ੍ਰਭੁ ਲਧਾ ਲੋੜਿ ॥ (313-16)
मै मनु तनु खोजि खोजेदिआ सो प्रभु लधा लोड़ि ॥

ਵਿਸਟੁ ਗੁਰੂ ਮੈ ਪਾਇਆ ਜਿਨਿ ਹਰਿ ਪ੍ਰਭੁ ਦਿਤਾ ਜੋੜਿ ॥੧॥ (313-17)
विसटु गुरू मै पाइआ जिनि हरि प्रभु दिता जोड़ि ॥१॥

ਮਃ ੩ ॥ (313-17)
मः ३ ॥

ਮਾਇਆਧਾਰੀ ਅਤਿ ਅੰਨਾ ਬੋਲਾ ॥ (313-17)
माइआधारी अति अंना बोला ॥

ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥ (313-18)
सबदु न सुणई बहु रोल घचोला ॥

ਗੁਰਮੁਖਿ ਜਾਪੈ ਸਬਦਿ ਲਿਵ ਲਾਇ ॥ (313-18)
गुरमुखि जापै सबदि लिव लाइ ॥

ਹਰਿ ਨਾਮੁ ਸੁਣਿ ਮੰਨੇ ਹਰਿ ਨਾਮਿ ਸਮਾਇ ॥ (313-18)
हरि नामु सुणि मंने हरि नामि समाइ ॥

ਜੋ ਤਿਸੁ ਭਾਵੈ ਸੁ ਕਰੇ ਕਰਾਇਆ ॥ (313-19)
जो तिसु भावै सु करे कराइआ ॥

ਨਾਨਕ ਵਜਦਾ ਜੰਤੁ ਵਜਾਇਆ ॥੨॥ (313-19)
नानक वजदा जंतु वजाइआ ॥२॥

ਪਉੜੀ ॥ (314-1)
पउड़ी ॥

ਤੂ ਕਰਤਾ ਸਭੁ ਕਿਛੁ ਜਾਣਦਾ ਜੋ ਜੀਆ ਅੰਦਰਿ ਵਰਤੈ ॥ (314-1)
तू करता सभु किछु जाणदा जो जीआ अंदरि वरतै ॥

ਤੂ ਕਰਤਾ ਆਪਿ ਅਗਣਤੁ ਹੈ ਸਭੁ ਜਗੁ ਵਿਚਿ ਗਣਤੈ ॥ (314-1)
तू करता आपि अगणतु है सभु जगु विचि गणतै ॥

ਸਭੁ ਕੀਤਾ ਤੇਰਾ ਵਰਤਦਾ ਸਭ ਤੇਰੀ ਬਣਤੈ ॥ (314-2)
सभु कीता तेरा वरतदा सभ तेरी बणतै ॥

ਤੂ ਘਟਿ ਘਟਿ ਇਕੁ ਵਰਤਦਾ ਸਚੁ ਸਾਹਿਬ ਚਲਤੈ ॥ (314-2)
तू घटि घटि इकु वरतदा सचु साहिब चलतै ॥

ਸਤਿਗੁਰ ਨੋ ਮਿਲੇ ਸੁ ਹਰਿ ਮਿਲੇ ਨਾਹੀ ਕਿਸੈ ਪਰਤੈ ॥੨੪॥ (314-3)
सतिगुर नो मिले सु हरि मिले नाही किसै परतै ॥२४॥

ਸਲੋਕੁ ਮਃ ੪ ॥ (314-3)
सलोकु मः ४ ॥

ਇਹੁ ਮਨੂਆ ਦ੍ਰਿੜੁ ਕਰਿ ਰਖੀਐ ਗੁਰਮੁਖਿ ਲਾਈਐ ਚਿਤੁ ॥ (314-3)
इहु मनूआ द्रिड़ु करि रखीऐ गुरमुखि लाईऐ चितु ॥

ਕਿਉ ਸਾਸਿ ਗਿਰਾਸਿ ਵਿਸਾਰੀਐ ਬਹਦਿਆ ਉਠਦਿਆ ਨਿਤ ॥ (314-4)
किउ सासि गिरासि विसारीऐ बहदिआ उठदिआ नित ॥

ਮਰਣ ਜੀਵਣ ਕੀ ਚਿੰਤਾ ਗਈ ਇਹੁ ਜੀਅੜਾ ਹਰਿ ਪ੍ਰਭ ਵਸਿ ॥ (314-4)
मरण जीवण की चिंता गई इहु जीअड़ा हरि प्रभ वसि ॥

ਜਿਉ ਭਾਵੈ ਤਿਉ ਰਖੁ ਤੂ ਜਨ ਨਾਨਕ ਨਾਮੁ ਬਖਸਿ ॥੧॥ (314-5)
जिउ भावै तिउ रखु तू जन नानक नामु बखसि ॥१॥

ਮਃ ੩ ॥ (314-5)
मः ३ ॥

ਮਨਮੁਖੁ ਅਹੰਕਾਰੀ ਮਹਲੁ ਨ ਜਾਣੈ ਖਿਨੁ ਆਗੈ ਖਿਨੁ ਪੀਛੈ ॥ (314-6)
मनमुखु अहंकारी महलु न जाणै खिनु आगै खिनु पीछै ॥

ਸਦਾ ਬੁਲਾਈਐ ਮਹਲਿ ਨ ਆਵੈ ਕਿਉ ਕਰਿ ਦਰਗਹ ਸੀਝੈ ॥ (314-6)
सदा बुलाईऐ महलि न आवै किउ करि दरगह सीझै ॥

ਸਤਿਗੁਰ ਕਾ ਮਹਲੁ ਵਿਰਲਾ ਜਾਣੈ ਸਦਾ ਰਹੈ ਕਰ ਜੋੜਿ ॥ (314-7)
सतिगुर का महलु विरला जाणै सदा रहै कर जोड़ि ॥

ਆਪਣੀ ਕ੍ਰਿਪਾ ਕਰੇ ਹਰਿ ਮੇਰਾ ਨਾਨਕ ਲਏ ਬਹੋੜਿ ॥੨॥ (314-7)
आपणी क्रिपा करे हरि मेरा नानक लए बहोड़ि ॥२॥

ਪਉੜੀ ॥ (314-8)
पउड़ी ॥

ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥ (314-8)
सा सेवा कीती सफल है जितु सतिगुर का मनु मंने ॥

ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ ॥ (314-8)
जा सतिगुर का मनु मंनिआ ता पाप कसंमल भंने ॥

ਉਪਦੇਸੁ ਜਿ ਦਿਤਾ ਸਤਿਗੁਰੂ ਸੋ ਸੁਣਿਆ ਸਿਖੀ ਕੰਨੇ ॥ (314-9)
उपदेसु जि दिता सतिगुरू सो सुणिआ सिखी कंने ॥

ਜਿਨ ਸਤਿਗੁਰ ਕਾ ਭਾਣਾ ਮੰਨਿਆ ਤਿਨ ਚੜੀ ਚਵਗਣਿ ਵੰਨੇ ॥ (314-9)
जिन सतिगुर का भाणा मंनिआ तिन चड़ी चवगणि वंने ॥

ਇਹ ਚਾਲ ਨਿਰਾਲੀ ਗੁਰਮੁਖੀ ਗੁਰ ਦੀਖਿਆ ਸੁਣਿ ਮਨੁ ਭਿੰਨੇ ॥੨੫॥ (314-10)
इह चाल निराली गुरमुखी गुर दीखिआ सुणि मनु भिंने ॥२५॥

ਸਲੋਕੁ ਮਃ ੩ ॥ (314-11)
सलोकु मः ३ ॥

ਜਿਨਿ ਗੁਰੁ ਗੋਪਿਆ ਆਪਣਾ ਤਿਸੁ ਠਉਰ ਨ ਠਾਉ ॥ (314-11)
जिनि गुरु गोपिआ आपणा तिसु ठउर न ठाउ ॥

ਹਲਤੁ ਪਲਤੁ ਦੋਵੈ ਗਏ ਦਰਗਹ ਨਾਹੀ ਥਾਉ ॥ (314-11)
हलतु पलतु दोवै गए दरगह नाही थाउ ॥

ਓਹ ਵੇਲਾ ਹਥਿ ਨ ਆਵਈ ਫਿਰਿ ਸਤਿਗੁਰ ਲਗਹਿ ਪਾਇ ॥ (314-12)
ओह वेला हथि न आवई फिरि सतिगुर लगहि पाइ ॥

ਸਤਿਗੁਰ ਕੀ ਗਣਤੈ ਘੁਸੀਐ ਦੁਖੇ ਦੁਖਿ ਵਿਹਾਇ ॥ (314-12)
सतिगुर की गणतै घुसीऐ दुखे दुखि विहाइ ॥

ਸਤਿਗੁਰੁ ਪੁਰਖੁ ਨਿਰਵੈਰੁ ਹੈ ਆਪੇ ਲਏ ਜਿਸੁ ਲਾਇ ॥ (314-13)
सतिगुरु पुरखु निरवैरु है आपे लए जिसु लाइ ॥

ਨਾਨਕ ਦਰਸਨੁ ਜਿਨਾ ਵੇਖਾਲਿਓਨੁ ਤਿਨਾ ਦਰਗਹ ਲਏ ਛਡਾਇ ॥੧॥ (314-13)
नानक दरसनु जिना वेखालिओनु तिना दरगह लए छडाइ ॥१॥

ਮਃ ੩ ॥ (314-14)
मः ३ ॥

ਮਨਮੁਖੁ ਅਗਿਆਨੁ ਦੁਰਮਤਿ ਅਹੰਕਾਰੀ ॥ (314-14)
मनमुखु अगिआनु दुरमति अहंकारी ॥

ਅੰਤਰਿ ਕ੍ਰੋਧੁ ਜੂਐ ਮਤਿ ਹਾਰੀ ॥ (314-14)
अंतरि क्रोधु जूऐ मति हारी ॥

ਕੂੜੁ ਕੁਸਤੁ ਓਹੁ ਪਾਪ ਕਮਾਵੈ ॥ (314-15)
कूड़ु कुसतु ओहु पाप कमावै ॥

ਕਿਆ ਓਹੁ ਸੁਣੈ ਕਿਆ ਆਖਿ ਸੁਣਾਵੈ ॥ (314-15)
किआ ओहु सुणै किआ आखि सुणावै ॥

ਅੰਨਾ ਬੋਲਾ ਖੁਇ ਉਝੜਿ ਪਾਇ ॥ (314-15)
अंना बोला खुइ उझड़ि पाइ ॥

ਮਨਮੁਖੁ ਅੰਧਾ ਆਵੈ ਜਾਇ ॥ (314-16)
मनमुखु अंधा आवै जाइ ॥

ਬਿਨੁ ਸਤਿਗੁਰ ਭੇਟੇ ਥਾਇ ਨ ਪਾਇ ॥ (314-16)
बिनु सतिगुर भेटे थाइ न पाइ ॥

ਨਾਨਕ ਪੂਰਬਿ ਲਿਖਿਆ ਕਮਾਇ ॥੨॥ (314-16)
नानक पूरबि लिखिआ कमाइ ॥२॥

ਪਉੜੀ ॥ (314-17)
पउड़ी ॥

ਜਿਨ ਕੇ ਚਿਤ ਕਠੋਰ ਹਹਿ ਸੇ ਬਹਹਿ ਨ ਸਤਿਗੁਰ ਪਾਸਿ ॥ (314-17)
जिन के चित कठोर हहि से बहहि न सतिगुर पासि ॥

ਓਥੈ ਸਚੁ ਵਰਤਦਾ ਕੂੜਿਆਰਾ ਚਿਤ ਉਦਾਸਿ ॥ (314-17)
ओथै सचु वरतदा कूड़िआरा चित उदासि ॥

ਓਇ ਵਲੁ ਛਲੁ ਕਰਿ ਝਤਿ ਕਢਦੇ ਫਿਰਿ ਜਾਇ ਬਹਹਿ ਕੂੜਿਆਰਾ ਪਾਸਿ ॥ (314-18)
ओइ वलु छलु करि झति कढदे फिरि जाइ बहहि कूड़िआरा पासि ॥

ਵਿਚਿ ਸਚੇ ਕੂੜੁ ਨ ਗਡਈ ਮਨਿ ਵੇਖਹੁ ਕੋ ਨਿਰਜਾਸਿ ॥ (314-18)
विचि सचे कूड़ु न गडई मनि वेखहु को निरजासि ॥

ਕੂੜਿਆਰ ਕੂੜਿਆਰੀ ਜਾਇ ਰਲੇ ਸਚਿਆਰ ਸਿਖ ਬੈਠੇ ਸਤਿਗੁਰ ਪਾਸਿ ॥੨੬॥ (314-19)
कूड़िआर कूड़िआरी जाइ रले सचिआर सिख बैठे सतिगुर पासि ॥२६॥

ਸਲੋਕ ਮਃ ੫ ॥ (315-1)
सलोक मः ५ ॥

ਰਹਦੇ ਖੁਹਦੇ ਨਿੰਦਕ ਮਾਰਿਅਨੁ ਕਰਿ ਆਪੇ ਆਹਰੁ ॥ (315-1)
रहदे खुहदे निंदक मारिअनु करि आपे आहरु ॥

ਸੰਤ ਸਹਾਈ ਨਾਨਕਾ ਵਰਤੈ ਸਭ ਜਾਹਰੁ ॥੧॥ (315-1)
संत सहाई नानका वरतै सभ जाहरु ॥१॥

ਮਃ ੫ ॥ (315-2)
मः ५ ॥

ਮੁੰਢਹੁ ਭੁਲੇ ਮੁੰਢ ਤੇ ਕਿਥੈ ਪਾਇਨਿ ਹਥੁ ॥ (315-2)
मुंढहु भुले मुंढ ते किथै पाइनि हथु ॥

ਤਿੰਨੈ ਮਾਰੇ ਨਾਨਕਾ ਜਿ ਕਰਣ ਕਾਰਣ ਸਮਰਥੁ ॥੨॥ (315-2)
तिंनै मारे नानका जि करण कारण समरथु ॥२॥

ਪਉੜੀ ੫ ॥ (315-3)
पउड़ी ५ ॥

ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥ (315-3)
लै फाहे राती तुरहि प्रभु जाणै प्राणी ॥

ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥ (315-3)
तकहि नारि पराईआ लुकि अंदरि ठाणी ॥

ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥ (315-4)
संन्ही देन्हि विखंम थाइ मिठा मदु माणी ॥

ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥ (315-4)
करमी आपो आपणी आपे पछुताणी ॥

ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥੨੭॥ (315-4)
अजराईलु फरेसता तिल पीड़े घाणी ॥२७॥

ਸਲੋਕ ਮਃ ੫ ॥ (315-5)
सलोक मः ५ ॥

ਸੇਵਕ ਸਚੇ ਸਾਹ ਕੇ ਸੇਈ ਪਰਵਾਣੁ ॥ (315-5)
सेवक सचे साह के सेई परवाणु ॥

ਦੂਜਾ ਸੇਵਨਿ ਨਾਨਕਾ ਸੇ ਪਚਿ ਪਚਿ ਮੁਏ ਅਜਾਣ ॥੧॥ (315-5)
दूजा सेवनि नानका से पचि पचि मुए अजाण ॥१॥

ਮਃ ੫ ॥ (315-6)
मः ५ ॥

ਜੋ ਧੁਰਿ ਲਿਖਿਆ ਲੇਖੁ ਪ੍ਰਭ ਮੇਟਣਾ ਨ ਜਾਇ ॥ (315-6)
जो धुरि लिखिआ लेखु प्रभ मेटणा न जाइ ॥

ਰਾਮ ਨਾਮੁ ਧਨੁ ਵਖਰੋ ਨਾਨਕ ਸਦਾ ਧਿਆਇ ॥੨॥ (315-6)
राम नामु धनु वखरो नानक सदा धिआइ ॥२॥

ਪਉੜੀ ੫ ॥ (315-7)
पउड़ी ५ ॥

ਨਾਰਾਇਣਿ ਲਇਆ ਨਾਠੂੰਗੜਾ ਪੈਰ ਕਿਥੈ ਰਖੈ ॥ (315-7)
नाराइणि लइआ नाठूंगड़ा पैर किथै रखै ॥

ਕਰਦਾ ਪਾਪ ਅਮਿਤਿਆ ਨਿਤ ਵਿਸੋ ਚਖੈ ॥ (315-7)
करदा पाप अमितिआ नित विसो चखै ॥

ਨਿੰਦਾ ਕਰਦਾ ਪਚਿ ਮੁਆ ਵਿਚਿ ਦੇਹੀ ਭਖੈ ॥ (315-8)
निंदा करदा पचि मुआ विचि देही भखै ॥

ਸਚੈ ਸਾਹਿਬਿ ਮਾਰਿਆ ਕਉਣੁ ਤਿਸ ਨੋ ਰਖੈ ॥ (315-8)
सचै साहिबि मारिआ कउणु तिस नो रखै ॥

ਨਾਨਕ ਤਿਸੁ ਸਰਣਾਗਤੀ ਜੋ ਪੁਰਖੁ ਅਲਖੈ ॥੨੮॥ (315-9)
नानक तिसु सरणागती जो पुरखु अलखै ॥२८॥

ਸਲੋਕ ਮਃ ੫ ॥ (315-9)
सलोक मः ५ ॥

ਨਰਕ ਘੋਰ ਬਹੁ ਦੁਖ ਘਣੇ ਅਕਿਰਤਘਣਾ ਕਾ ਥਾਨੁ ॥ (315-9)
नरक घोर बहु दुख घणे अकिरतघणा का थानु ॥

ਤਿਨਿ ਪ੍ਰਭਿ ਮਾਰੇ ਨਾਨਕਾ ਹੋਇ ਹੋਇ ਮੁਏ ਹਰਾਮੁ ॥੧॥ (315-10)
तिनि प्रभि मारे नानका होइ होइ मुए हरामु ॥१॥

ਮਃ ੫ ॥ (315-10)
मः ५ ॥

ਅਵਖਧ ਸਭੇ ਕੀਤਿਅਨੁ ਨਿੰਦਕ ਕਾ ਦਾਰੂ ਨਾਹਿ ॥ (315-10)
अवखध सभे कीतिअनु निंदक का दारू नाहि ॥

ਆਪਿ ਭੁਲਾਏ ਨਾਨਕਾ ਪਚਿ ਪਚਿ ਜੋਨੀ ਪਾਹਿ ॥੨॥ (315-11)
आपि भुलाए नानका पचि पचि जोनी पाहि ॥२॥

ਪਉੜੀ ੫ ॥ (315-11)
पउड़ी ५ ॥

ਤੁਸਿ ਦਿਤਾ ਪੂਰੈ ਸਤਿਗੁਰੂ ਹਰਿ ਧਨੁ ਸਚੁ ਅਖੁਟੁ ॥ (315-11)
तुसि दिता पूरै सतिगुरू हरि धनु सचु अखुटु ॥

ਸਭਿ ਅੰਦੇਸੇ ਮਿਟਿ ਗਏ ਜਮ ਕਾ ਭਉ ਛੁਟੁ ॥ (315-12)
सभि अंदेसे मिटि गए जम का भउ छुटु ॥

ਕਾਮ ਕ੍ਰੋਧ ਬੁਰਿਆਈਆਂ ਸੰਗਿ ਸਾਧੂ ਤੁਟੁ ॥ (315-12)
काम क्रोध बुरिआईआं संगि साधू तुटु ॥

ਵਿਣੁ ਸਚੇ ਦੂਜਾ ਸੇਵਦੇ ਹੁਇ ਮਰਸਨਿ ਬੁਟੁ ॥ (315-13)
विणु सचे दूजा सेवदे हुइ मरसनि बुटु ॥

ਨਾਨਕ ਕਉ ਗੁਰਿ ਬਖਸਿਆ ਨਾਮੈ ਸੰਗਿ ਜੁਟੁ ॥੨੯॥ (315-13)
नानक कउ गुरि बखसिआ नामै संगि जुटु ॥२९॥

ਸਲੋਕ ਮਃ ੪ ॥ (315-14)
सलोक मः ४ ॥

ਤਪਾ ਨ ਹੋਵੈ ਅੰਦ੍ਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ ॥ (315-14)
तपा न होवै अंद्रहु लोभी नित माइआ नो फिरै जजमालिआ ॥

ਅਗੋ ਦੇ ਸਦਿਆ ਸਤੈ ਦੀ ਭਿਖਿਆ ਲਏ ਨਾਹੀ ਪਿਛੋ ਦੇ ਪਛੁਤਾਇ ਕੈ ਆਣਿ ਤਪੈ ਪੁਤੁ ਵਿਚਿ ਬਹਾਲਿਆ ॥ (315-14)
अगो दे सदिआ सतै दी भिखिआ लए नाही पिछो दे पछुताइ कै आणि तपै पुतु विचि बहालिआ ॥

ਪੰਚ ਲੋਗ ਸਭਿ ਹਸਣ ਲਗੇ ਤਪਾ ਲੋਭਿ ਲਹਰਿ ਹੈ ਗਾਲਿਆ ॥ (315-15)
पंच लोग सभि हसण लगे तपा लोभि लहरि है गालिआ ॥

ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ ॥ (315-16)
जिथै थोड़ा धनु वेखै तिथै तपा भिटै नाही धनि बहुतै डिठै तपै धरमु हारिआ ॥

ਭਾਈ ਏਹੁ ਤਪਾ ਨ ਹੋਵੀ ਬਗੁਲਾ ਹੈ ਬਹਿ ਸਾਧ ਜਨਾ ਵੀਚਾਰਿਆ ॥ (315-17)
भाई एहु तपा न होवी बगुला है बहि साध जना वीचारिआ ॥

ਸਤ ਪੁਰਖ ਕੀ ਤਪਾ ਨਿੰਦਾ ਕਰੈ ਸੰਸਾਰੈ ਕੀ ਉਸਤਤੀ ਵਿਚਿ ਹੋਵੈ ਏਤੁ ਦੋਖੈ ਤਪਾ ਦਯਿ ਮਾਰਿਆ ॥ (315-17)
सत पुरख की तपा निंदा करै संसारै की उसतती विचि होवै एतु दोखै तपा दयि मारिआ ॥

ਮਹਾ ਪੁਰਖਾਂ ਕੀ ਨਿੰਦਾ ਕਾ ਵੇਖੁ ਜਿ ਤਪੇ ਨੋ ਫਲੁ ਲਗਾ ਸਭੁ ਗਇਆ ਤਪੇ ਕਾ ਘਾਲਿਆ ॥ (315-18)
महा पुरखां की निंदा का वेखु जि तपे नो फलु लगा सभु गइआ तपे का घालिआ ॥

ਬਾਹਰਿ ਬਹੈ ਪੰਚਾ ਵਿਚਿ ਤਪਾ ਸਦਾਏ ॥ (315-19)
बाहरि बहै पंचा विचि तपा सदाए ॥

ਅੰਦਰਿ ਬਹੈ ਤਪਾ ਪਾਪ ਕਮਾਏ ॥ (315-19)
अंदरि बहै तपा पाप कमाए ॥

ਹਰਿ ਅੰਦਰਲਾ ਪਾਪੁ ਪੰਚਾ ਨੋ ਉਘਾ ਕਰਿ ਵੇਖਾਲਿਆ ॥ (316-1)
हरि अंदरला पापु पंचा नो उघा करि वेखालिआ ॥

ਧਰਮ ਰਾਇ ਜਮਕੰਕਰਾ ਨੋ ਆਖਿ ਛਡਿਆ ਏਸੁ ਤਪੇ ਨੋ ਤਿਥੈ ਖੜਿ ਪਾਇਹੁ ਜਿਥੈ ਮਹਾ ਮਹਾਂ ਹਤਿਆਰਿਆ ॥ (316-1)
धरम राइ जमकंकरा नो आखि छडिआ एसु तपे नो तिथै खड़ि पाइहु जिथै महा महां हतिआरिआ ॥

ਫਿਰਿ ਏਸੁ ਤਪੇ ਦੈ ਮੁਹਿ ਕੋਈ ਲਗਹੁ ਨਾਹੀ ਏਹੁ ਸਤਿਗੁਰਿ ਹੈ ਫਿਟਕਾਰਿਆ ॥ (316-2)
फिरि एसु तपे दै मुहि कोई लगहु नाही एहु सतिगुरि है फिटकारिआ ॥

ਹਰਿ ਕੈ ਦਰਿ ਵਰਤਿਆ ਸੁ ਨਾਨਕਿ ਆਖਿ ਸੁਣਾਇਆ ॥ (316-3)
हरि कै दरि वरतिआ सु नानकि आखि सुणाइआ ॥

ਸੋ ਬੂਝੈ ਜੁ ਦਯਿ ਸਵਾਰਿਆ ॥੧॥ (316-3)
सो बूझै जु दयि सवारिआ ॥१॥

ਮਃ ੪ ॥ (316-4)
मः ४ ॥

ਹਰਿ ਭਗਤਾਂ ਹਰਿ ਆਰਾਧਿਆ ਹਰਿ ਕੀ ਵਡਿਆਈ ॥ (316-4)
हरि भगतां हरि आराधिआ हरि की वडिआई ॥

ਹਰਿ ਕੀਰਤਨੁ ਭਗਤ ਨਿਤ ਗਾਂਵਦੇ ਹਰਿ ਨਾਮੁ ਸੁਖਦਾਈ ॥ (316-4)
हरि कीरतनु भगत नित गांवदे हरि नामु सुखदाई ॥

ਹਰਿ ਭਗਤਾਂ ਨੋ ਨਿਤ ਨਾਵੈ ਦੀ ਵਡਿਆਈ ਬਖਸੀਅਨੁ ਨਿਤ ਚੜੈ ਸਵਾਈ ॥ (316-5)
हरि भगतां नो नित नावै दी वडिआई बखसीअनु नित चड़ै सवाई ॥

ਹਰਿ ਭਗਤਾਂ ਨੋ ਥਿਰੁ ਘਰੀ ਬਹਾਲਿਅਨੁ ਅਪਣੀ ਪੈਜ ਰਖਾਈ ॥ (316-6)
हरि भगतां नो थिरु घरी बहालिअनु अपणी पैज रखाई ॥

ਨਿੰਦਕਾਂ ਪਾਸਹੁ ਹਰਿ ਲੇਖਾ ਮੰਗਸੀ ਬਹੁ ਦੇਇ ਸਜਾਈ ॥ (316-6)
निंदकां पासहु हरि लेखा मंगसी बहु देइ सजाई ॥

ਜੇਹਾ ਨਿੰਦਕ ਅਪਣੈ ਜੀਇ ਕਮਾਵਦੇ ਤੇਹੋ ਫਲੁ ਪਾਈ ॥ (316-7)
जेहा निंदक अपणै जीइ कमावदे तेहो फलु पाई ॥

ਅੰਦਰਿ ਕਮਾਣਾ ਸਰਪਰ ਉਘੜੈ ਭਾਵੈ ਕੋਈ ਬਹਿ ਧਰਤੀ ਵਿਚਿ ਕਮਾਈ ॥ (316-7)
अंदरि कमाणा सरपर उघड़ै भावै कोई बहि धरती विचि कमाई ॥

ਜਨ ਨਾਨਕੁ ਦੇਖਿ ਵਿਗਸਿਆ ਹਰਿ ਕੀ ਵਡਿਆਈ ॥੨॥ (316-8)
जन नानकु देखि विगसिआ हरि की वडिआई ॥२॥

ਪਉੜੀ ਮਃ ੫ ॥ (316-8)
पउड़ी मः ५ ॥

ਭਗਤ ਜਨਾਂ ਕਾ ਰਾਖਾ ਹਰਿ ਆਪਿ ਹੈ ਕਿਆ ਪਾਪੀ ਕਰੀਐ ॥ (316-9)
भगत जनां का राखा हरि आपि है किआ पापी करीऐ ॥

ਗੁਮਾਨੁ ਕਰਹਿ ਮੂੜ ਗੁਮਾਨੀਆ ਵਿਸੁ ਖਾਧੀ ਮਰੀਐ ॥ (316-9)
गुमानु करहि मूड़ गुमानीआ विसु खाधी मरीऐ ॥

ਆਇ ਲਗੇ ਨੀ ਦਿਹ ਥੋੜੜੇ ਜਿਉ ਪਕਾ ਖੇਤੁ ਲੁਣੀਐ ॥ (316-10)
आइ लगे नी दिह थोड़ड़े जिउ पका खेतु लुणीऐ ॥

ਜੇਹੇ ਕਰਮ ਕਮਾਵਦੇ ਤੇਵੇਹੋ ਭਣੀਐ ॥ (316-10)
जेहे करम कमावदे तेवेहो भणीऐ ॥

ਜਨ ਨਾਨਕ ਕਾ ਖਸਮੁ ਵਡਾ ਹੈ ਸਭਨਾ ਦਾ ਧਣੀਐ ॥੩੦॥ (316-10)
जन नानक का खसमु वडा है सभना दा धणीऐ ॥३०॥

ਸਲੋਕ ਮਃ ੪ ॥ (316-11)
सलोक मः ४ ॥

ਮਨਮੁਖ ਮੂਲਹੁ ਭੁਲਿਆ ਵਿਚਿ ਲਬੁ ਲੋਭੁ ਅਹੰਕਾਰੁ ॥ (316-11)
मनमुख मूलहु भुलिआ विचि लबु लोभु अहंकारु ॥

ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰਹਿ ਵੀਚਾਰੁ ॥ (316-12)
झगड़ा करदिआ अनदिनु गुदरै सबदि न करहि वीचारु ॥

ਸੁਧਿ ਮਤਿ ਕਰਤੈ ਸਭ ਹਿਰਿ ਲਈ ਬੋਲਨਿ ਸਭੁ ਵਿਕਾਰੁ ॥ (316-12)
सुधि मति करतै सभ हिरि लई बोलनि सभु विकारु ॥

ਦਿਤੈ ਕਿਤੈ ਨ ਸੰਤੋਖੀਅਹਿ ਅੰਤਰਿ ਤਿਸਨਾ ਬਹੁ ਅਗਿਆਨੁ ਅੰਧ੍ਯਾਰੁ ॥ (316-13)
दितै कितै न संतोखीअहि अंतरि तिसना बहु अगिआनु अंध्यारु ॥

ਨਾਨਕ ਮਨਮੁਖਾ ਨਾਲੋ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ ॥੧॥ (316-13)
नानक मनमुखा नालो तुटी भली जिन माइआ मोह पिआरु ॥१॥

ਮਃ ੪ ॥ (316-14)
मः ४ ॥

ਜਿਨਾ ਅੰਦਰਿ ਦੂਜਾ ਭਾਉ ਹੈ ਤਿਨ੍ਹਾ ਗੁਰਮੁਖਿ ਪ੍ਰੀਤਿ ਨ ਹੋਇ ॥ (316-14)
जिना अंदरि दूजा भाउ है तिन्हा गुरमुखि प्रीति न होइ ॥

ਓਹੁ ਆਵੈ ਜਾਇ ਭਵਾਈਐ ਸੁਪਨੈ ਸੁਖੁ ਨ ਕੋਇ ॥ (316-15)
ओहु आवै जाइ भवाईऐ सुपनै सुखु न कोइ ॥

ਕੂੜੁ ਕਮਾਵੈ ਕੂੜੁ ਉਚਰੈ ਕੂੜਿ ਲਗਿਆ ਕੂੜੁ ਹੋਇ ॥ (316-15)
कूड़ु कमावै कूड़ु उचरै कूड़ि लगिआ कूड़ु होइ ॥

ਮਾਇਆ ਮੋਹੁ ਸਭੁ ਦੁਖੁ ਹੈ ਦੁਖਿ ਬਿਨਸੈ ਦੁਖੁ ਰੋਇ ॥ (316-16)
माइआ मोहु सभु दुखु है दुखि बिनसै दुखु रोइ ॥

ਨਾਨਕ ਧਾਤੁ ਲਿਵੈ ਜੋੜੁ ਨ ਆਵਈ ਜੇ ਲੋਚੈ ਸਭੁ ਕੋਇ ॥ (316-16)
नानक धातु लिवै जोड़ु न आवई जे लोचै सभु कोइ ॥

ਜਿਨ ਕਉ ਪੋਤੈ ਪੁੰਨੁ ਪਇਆ ਤਿਨਾ ਗੁਰ ਸਬਦੀ ਸੁਖੁ ਹੋਇ ॥੨॥ (316-17)
जिन कउ पोतै पुंनु पइआ तिना गुर सबदी सुखु होइ ॥२॥

ਪਉੜੀ ਮਃ ੫ ॥ (316-17)
पउड़ी मः ५ ॥

ਨਾਨਕ ਵੀਚਾਰਹਿ ਸੰਤ ਮੁਨਿ ਜਨਾਂ ਚਾਰਿ ਵੇਦ ਕਹੰਦੇ ॥ (316-17)
नानक वीचारहि संत मुनि जनां चारि वेद कहंदे ॥

ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ ॥ (316-18)
भगत मुखै ते बोलदे से वचन होवंदे ॥

ਪਰਗਟ ਪਾਹਾਰੈ ਜਾਪਦੇ ਸਭਿ ਲੋਕ ਸੁਣੰਦੇ ॥ (316-18)
परगट पाहारै जापदे सभि लोक सुणंदे ॥

ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥ (316-19)
सुखु न पाइनि मुगध नर संत नालि खहंदे ॥

ਓਇ ਲੋਚਨਿ ਓਨਾ ਗੁਣਾ ਨੋ ਓਇ ਅਹੰਕਾਰਿ ਸੜੰਦੇ ॥ (316-19)
ओइ लोचनि ओना गुणा नो ओइ अहंकारि सड़ंदे ॥

ਓਇ ਵੇਚਾਰੇ ਕਿਆ ਕਰਹਿ ਜਾਂ ਭਾਗ ਧੁਰਿ ਮੰਦੇ ॥ (316-19)
ओइ वेचारे किआ करहि जां भाग धुरि मंदे ॥

ਜੋ ਮਾਰੇ ਤਿਨਿ ਪਾਰਬ੍ਰਹਮਿ ਸੇ ਕਿਸੈ ਨ ਸੰਦੇ ॥ (317-1)
जो मारे तिनि पारब्रहमि से किसै न संदे ॥

ਵੈਰੁ ਕਰਨਿ ਨਿਰਵੈਰ ਨਾਲਿ ਧਰਮਿ ਨਿਆਇ ਪਚੰਦੇ ॥ (317-1)
वैरु करनि निरवैर नालि धरमि निआइ पचंदे ॥

ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ ॥ (317-2)
जो जो संति सरापिआ से फिरहि भवंदे ॥

ਪੇਡੁ ਮੁੰਢਾਹੂ ਕਟਿਆ ਤਿਸੁ ਡਾਲ ਸੁਕੰਦੇ ॥੩੧॥ (317-2)
पेडु मुंढाहू कटिआ तिसु डाल सुकंदे ॥३१॥

ਸਲੋਕ ਮਃ ੫ ॥ (317-3)
सलोक मः ५ ॥

ਗੁਰ ਨਾਨਕ ਹਰਿ ਨਾਮੁ ਦ੍ਰਿੜਾਇਆ ਭੰਨਣ ਘੜਣ ਸਮਰਥੁ ॥ (317-3)
गुर नानक हरि नामु द्रिड़ाइआ भंनण घड़ण समरथु ॥

ਪ੍ਰਭੁ ਸਦਾ ਸਮਾਲਹਿ ਮਿਤ੍ਰ ਤੂ ਦੁਖੁ ਸਬਾਇਆ ਲਥੁ ॥੧॥ (317-3)
प्रभु सदा समालहि मित्र तू दुखु सबाइआ लथु ॥१॥

ਮਃ ੫ ॥ (317-4)
मः ५ ॥

ਖੁਧਿਆਵੰਤੁ ਨ ਜਾਣਈ ਲਾਜ ਕੁਲਾਜ ਕੁਬੋਲੁ ॥ (317-4)
खुधिआवंतु न जाणई लाज कुलाज कुबोलु ॥

ਨਾਨਕੁ ਮਾਂਗੈ ਨਾਮੁ ਹਰਿ ਕਰਿ ਕਿਰਪਾ ਸੰਜੋਗੁ ॥੨॥ (317-4)
नानकु मांगै नामु हरि करि किरपा संजोगु ॥२॥

ਪਉੜੀ ॥ (317-5)
पउड़ी ॥

ਜੇਵੇਹੇ ਕਰਮ ਕਮਾਵਦਾ ਤੇਵੇਹੇ ਫਲਤੇ ॥ (317-5)
जेवेहे करम कमावदा तेवेहे फलते ॥

ਚਬੇ ਤਤਾ ਲੋਹ ਸਾਰੁ ਵਿਚਿ ਸੰਘੈ ਪਲਤੇ ॥ (317-5)
चबे तता लोह सारु विचि संघै पलते ॥

ਘਤਿ ਗਲਾਵਾਂ ਚਾਲਿਆ ਤਿਨਿ ਦੂਤਿ ਅਮਲ ਤੇ ॥ (317-6)
घति गलावां चालिआ तिनि दूति अमल ते ॥

ਕਾਈ ਆਸ ਨ ਪੁੰਨੀਆ ਨਿਤ ਪਰ ਮਲੁ ਹਿਰਤੇ ॥ (317-6)
काई आस न पुंनीआ नित पर मलु हिरते ॥

ਕੀਆ ਨ ਜਾਣੈ ਅਕਿਰਤਘਣ ਵਿਚਿ ਜੋਨੀ ਫਿਰਤੇ ॥ (317-7)
कीआ न जाणै अकिरतघण विचि जोनी फिरते ॥

ਸਭੇ ਧਿਰਾਂ ਨਿਖੁਟੀਅਸੁ ਹਿਰਿ ਲਈਅਸੁ ਧਰ ਤੇ ॥ (317-7)
सभे धिरां निखुटीअसु हिरि लईअसु धर ते ॥

ਵਿਝਣ ਕਲਹ ਨ ਦੇਵਦਾ ਤਾਂ ਲਇਆ ਕਰਤੇ ॥ (317-8)
विझण कलह न देवदा तां लइआ करते ॥

ਜੋ ਜੋ ਕਰਤੇ ਅਹੰਮੇਉ ਝੜਿ ਧਰਤੀ ਪੜਤੇ ॥੩੨॥ (317-8)
जो जो करते अहंमेउ झड़ि धरती पड़ते ॥३२॥

ਸਲੋਕ ਮਃ ੩ ॥ (317-8)
सलोक मः ३ ॥

ਗੁਰਮੁਖਿ ਗਿਆਨੁ ਬਿਬੇਕ ਬੁਧਿ ਹੋਇ ॥ (317-9)
गुरमुखि गिआनु बिबेक बुधि होइ ॥

ਹਰਿ ਗੁਣ ਗਾਵੈ ਹਿਰਦੈ ਹਾਰੁ ਪਰੋਇ ॥ (317-9)
हरि गुण गावै हिरदै हारु परोइ ॥

ਪਵਿਤੁ ਪਾਵਨੁ ਪਰਮ ਬੀਚਾਰੀ ॥ (317-9)
पवितु पावनु परम बीचारी ॥

ਜਿ ਓਸੁ ਮਿਲੈ ਤਿਸੁ ਪਾਰਿ ਉਤਾਰੀ ॥ (317-10)
जि ओसु मिलै तिसु पारि उतारी ॥

ਅੰਤਰਿ ਹਰਿ ਨਾਮੁ ਬਾਸਨਾ ਸਮਾਣੀ ॥ (317-10)
अंतरि हरि नामु बासना समाणी ॥

ਹਰਿ ਦਰਿ ਸੋਭਾ ਮਹਾ ਉਤਮ ਬਾਣੀ ॥ (317-10)
हरि दरि सोभा महा उतम बाणी ॥

ਜਿ ਪੁਰਖੁ ਸੁਣੈ ਸੁ ਹੋਇ ਨਿਹਾਲੁ ॥ (317-11)
जि पुरखु सुणै सु होइ निहालु ॥

ਨਾਨਕ ਸਤਿਗੁਰ ਮਿਲਿਐ ਪਾਇਆ ਨਾਮੁ ਧਨੁ ਮਾਲੁ ॥੧॥ (317-11)
नानक सतिगुर मिलिऐ पाइआ नामु धनु मालु ॥१॥

ਮਃ ੪ ॥ (317-12)
मः ४ ॥

ਸਤਿਗੁਰ ਕੇ ਜੀਅ ਕੀ ਸਾਰ ਨ ਜਾਪੈ ਕਿ ਪੂਰੈ ਸਤਿਗੁਰ ਭਾਵੈ ॥ (317-12)
सतिगुर के जीअ की सार न जापै कि पूरै सतिगुर भावै ॥

ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ ॥ (317-12)
गुरसिखां अंदरि सतिगुरू वरतै जो सिखां नो लोचै सो गुर खुसी आवै ॥

ਸਤਿਗੁਰੁ ਆਖੈ ਸੁ ਕਾਰ ਕਮਾਵਨਿ ਸੁ ਜਪੁ ਕਮਾਵਹਿ ਗੁਰਸਿਖਾਂ ਕੀ ਘਾਲ ਸਚਾ ਥਾਇ ਪਾਵੈ ॥ (317-13)
सतिगुरु आखै सु कार कमावनि सु जपु कमावहि गुरसिखां की घाल सचा थाइ पावै ॥

ਵਿਣੁ ਸਤਿਗੁਰ ਕੇ ਹੁਕਮੈ ਜਿ ਗੁਰਸਿਖਾਂ ਪਾਸਹੁ ਕੰਮੁ ਕਰਾਇਆ ਲੋੜੇ ਤਿਸੁ ਗੁਰਸਿਖੁ ਫਿਰਿ ਨੇੜਿ ਨ ਆਵੈ ॥ (317-14)
विणु सतिगुर के हुकमै जि गुरसिखां पासहु कंमु कराइआ लोड़े तिसु गुरसिखु फिरि नेड़ि न आवै ॥

ਗੁਰ ਸਤਿਗੁਰ ਅਗੈ ਕੋ ਜੀਉ ਲਾਇ ਘਾਲੈ ਤਿਸੁ ਅਗੈ ਗੁਰਸਿਖੁ ਕਾਰ ਕਮਾਵੈ ॥ (317-15)
गुर सतिगुर अगै को जीउ लाइ घालै तिसु अगै गुरसिखु कार कमावै ॥

ਜਿ ਠਗੀ ਆਵੈ ਠਗੀ ਉਠਿ ਜਾਇ ਤਿਸੁ ਨੇੜੈ ਗੁਰਸਿਖੁ ਮੂਲਿ ਨ ਆਵੈ ॥ (317-15)
जि ठगी आवै ठगी उठि जाइ तिसु नेड़ै गुरसिखु मूलि न आवै ॥

ਬ੍ਰਹਮੁ ਬੀਚਾਰੁ ਨਾਨਕੁ ਆਖਿ ਸੁਣਾਵੈ ॥ (317-16)
ब्रहमु बीचारु नानकु आखि सुणावै ॥

ਜਿ ਵਿਣੁ ਸਤਿਗੁਰ ਕੇ ਮਨੁ ਮੰਨੇ ਕੰਮੁ ਕਰਾਏ ਸੋ ਜੰਤੁ ਮਹਾ ਦੁਖੁ ਪਾਵੈ ॥੨॥ (317-16)
जि विणु सतिगुर के मनु मंने कंमु कराए सो जंतु महा दुखु पावै ॥२॥

ਪਉੜੀ ॥ (317-17)
पउड़ी ॥

ਤੂੰ ਸਚਾ ਸਾਹਿਬੁ ਅਤਿ ਵਡਾ ਤੁਹਿ ਜੇਵਡੁ ਤੂੰ ਵਡ ਵਡੇ ॥ (317-17)
तूं सचा साहिबु अति वडा तुहि जेवडु तूं वड वडे ॥

ਜਿਸੁ ਤੂੰ ਮੇਲਹਿ ਸੋ ਤੁਧੁ ਮਿਲੈ ਤੂੰ ਆਪੇ ਬਖਸਿ ਲੈਹਿ ਲੇਖਾ ਛਡੇ ॥ (317-18)
जिसु तूं मेलहि सो तुधु मिलै तूं आपे बखसि लैहि लेखा छडे ॥

ਜਿਸ ਨੋ ਤੂੰ ਆਪਿ ਮਿਲਾਇਦਾ ਸੋ ਸਤਿਗੁਰੁ ਸੇਵੇ ਮਨੁ ਗਡ ਗਡੇ ॥ (317-18)
जिस नो तूं आपि मिलाइदा सो सतिगुरु सेवे मनु गड गडे ॥

ਤੂੰ ਸਚਾ ਸਾਹਿਬੁ ਸਚੁ ਤੂ ਸਭੁ ਜੀਉ ਪਿੰਡੁ ਚੰਮੁ ਤੇਰਾ ਹਡੇ ॥ (317-19)
तूं सचा साहिबु सचु तू सभु जीउ पिंडु चंमु तेरा हडे ॥

ਜਿਉ ਭਾਵੈ ਤਿਉ ਰਖੁ ਤੂੰ ਸਚਿਆ ਨਾਨਕ ਮਨਿ ਆਸ ਤੇਰੀ ਵਡ ਵਡੇ ॥੩੩॥੧॥ ਸੁਧੁ ॥ (317-19)
जिउ भावै तिउ रखु तूं सचिआ नानक मनि आस तेरी वड वडे ॥३३॥१॥ सुधु ॥

ਗਉੜੀ ਕੀ ਵਾਰ ਮਹਲਾ ੫ ਰਾਇ ਕਮਾਲਦੀ ਮੋਜਦੀ ਕੀ ਵਾਰ ਕੀ ਧੁਨਿ ਉਪਰਿ ਗਾਵਣੀ (318-2)
गउड़ी की वार महला ५ राइ कमालदी मोजदी की वार की धुनि उपरि गावणी

ੴ ਸਤਿਗੁਰ ਪ੍ਰਸਾਦਿ ॥ (318-2)
ੴ सतिगुर प्रसादि ॥

ਸਲੋਕ ਮਃ ੫ ॥ (318-3)
सलोक मः ५ ॥

ਹਰਿ ਹਰਿ ਨਾਮੁ ਜੋ ਜਨੁ ਜਪੈ ਸੋ ਆਇਆ ਪਰਵਾਣੁ ॥ (318-3)
हरि हरि नामु जो जनु जपै सो आइआ परवाणु ॥

ਤਿਸੁ ਜਨ ਕੈ ਬਲਿਹਾਰਣੈ ਜਿਨਿ ਭਜਿਆ ਪ੍ਰਭੁ ਨਿਰਬਾਣੁ ॥ (318-3)
तिसु जन कै बलिहारणै जिनि भजिआ प्रभु निरबाणु ॥

ਜਨਮ ਮਰਨ ਦੁਖੁ ਕਟਿਆ ਹਰਿ ਭੇਟਿਆ ਪੁਰਖੁ ਸੁਜਾਣੁ ॥ (318-3)
जनम मरन दुखु कटिआ हरि भेटिआ पुरखु सुजाणु ॥

ਸੰਤ ਸੰਗਿ ਸਾਗਰੁ ਤਰੇ ਜਨ ਨਾਨਕ ਸਚਾ ਤਾਣੁ ॥੧॥ (318-4)
संत संगि सागरु तरे जन नानक सचा ताणु ॥१॥

ਮਃ ੫ ॥ (318-4)
मः ५ ॥

ਭਲਕੇ ਉਠਿ ਪਰਾਹੁਣਾ ਮੇਰੈ ਘਰਿ ਆਵਉ ॥ (318-5)
भलके उठि पराहुणा मेरै घरि आवउ ॥

ਪਾਉ ਪਖਾਲਾ ਤਿਸ ਕੇ ਮਨਿ ਤਨਿ ਨਿਤ ਭਾਵਉ ॥ (318-5)
पाउ पखाला तिस के मनि तनि नित भावउ ॥

ਨਾਮੁ ਸੁਣੇ ਨਾਮੁ ਸੰਗ੍ਰਹੈ ਨਾਮੇ ਲਿਵ ਲਾਵਉ ॥ (318-5)
नामु सुणे नामु संग्रहै नामे लिव लावउ ॥

ਗ੍ਰਿਹੁ ਧਨੁ ਸਭੁ ਪਵਿਤ੍ਰੁ ਹੋਇ ਹਰਿ ਕੇ ਗੁਣ ਗਾਵਉ ॥ (318-6)
ग्रिहु धनु सभु पवित्रु होइ हरि के गुण गावउ ॥

ਹਰਿ ਨਾਮ ਵਾਪਾਰੀ ਨਾਨਕਾ ਵਡਭਾਗੀ ਪਾਵਉ ॥੨॥ (318-6)
हरि नाम वापारी नानका वडभागी पावउ ॥२॥

ਪਉੜੀ ॥ (318-7)
पउड़ी ॥

ਜੋ ਤੁਧੁ ਭਾਵੈ ਸੋ ਭਲਾ ਸਚੁ ਤੇਰਾ ਭਾਣਾ ॥ (318-7)
जो तुधु भावै सो भला सचु तेरा भाणा ॥

ਤੂ ਸਭ ਮਹਿ ਏਕੁ ਵਰਤਦਾ ਸਭ ਮਾਹਿ ਸਮਾਣਾ ॥ (318-7)
तू सभ महि एकु वरतदा सभ माहि समाणा ॥

ਥਾਨ ਥਨੰਤਰਿ ਰਵਿ ਰਹਿਆ ਜੀਅ ਅੰਦਰਿ ਜਾਣਾ ॥ (318-8)
थान थनंतरि रवि रहिआ जीअ अंदरि जाणा ॥

ਸਾਧਸੰਗਿ ਮਿਲਿ ਪਾਈਐ ਮਨਿ ਸਚੇ ਭਾਣਾ ॥ (318-8)
साधसंगि मिलि पाईऐ मनि सचे भाणा ॥

ਨਾਨਕ ਪ੍ਰਭ ਸਰਣਾਗਤੀ ਸਦ ਸਦ ਕੁਰਬਾਣਾ ॥੧॥ (318-9)
नानक प्रभ सरणागती सद सद कुरबाणा ॥१॥

ਸਲੋਕ ਮਃ ੫ ॥ (318-9)
सलोक मः ५ ॥

ਚੇਤਾ ਈ ਤਾਂ ਚੇਤਿ ਸਾਹਿਬੁ ਸਚਾ ਸੋ ਧਣੀ ॥ (318-10)
चेता ई तां चेति साहिबु सचा सो धणी ॥

ਨਾਨਕ ਸਤਿਗੁਰੁ ਸੇਵਿ ਚੜਿ ਬੋਹਿਥਿ ਭਉਜਲੁ ਪਾਰਿ ਪਉ ॥੧॥ (318-10)
नानक सतिगुरु सेवि चड़ि बोहिथि भउजलु पारि पउ ॥१॥

ਮਃ ੫ ॥ (318-10)
मः ५ ॥

ਵਾਊ ਸੰਦੇ ਕਪੜੇ ਪਹਿਰਹਿ ਗਰਬਿ ਗਵਾਰ ॥ (318-11)
वाऊ संदे कपड़े पहिरहि गरबि गवार ॥

ਨਾਨਕ ਨਾਲਿ ਨ ਚਲਨੀ ਜਲਿ ਬਲਿ ਹੋਏ ਛਾਰੁ ॥੨॥ (318-11)
नानक नालि न चलनी जलि बलि होए छारु ॥२॥

ਪਉੜੀ ॥ (318-11)
पउड़ी ॥

ਸੇਈ ਉਬਰੇ ਜਗੈ ਵਿਚਿ ਜੋ ਸਚੈ ਰਖੇ ॥ (318-12)
सेई उबरे जगै विचि जो सचै रखे ॥

ਮੁਹਿ ਡਿਠੈ ਤਿਨ ਕੈ ਜੀਵੀਐ ਹਰਿ ਅੰਮ੍ਰਿਤੁ ਚਖੇ ॥ (318-12)
मुहि डिठै तिन कै जीवीऐ हरि अमृतु चखे ॥

ਕਾਮੁ ਕ੍ਰੋਧੁ ਲੋਭੁ ਮੋਹੁ ਸੰਗਿ ਸਾਧਾ ਭਖੇ ॥ (318-12)
कामु क्रोधु लोभु मोहु संगि साधा भखे ॥

ਕਰਿ ਕਿਰਪਾ ਪ੍ਰਭਿ ਆਪਣੀ ਹਰਿ ਆਪਿ ਪਰਖੇ ॥ (318-13)
करि किरपा प्रभि आपणी हरि आपि परखे ॥

ਨਾਨਕ ਚਲਤ ਨ ਜਾਪਨੀ ਕੋ ਸਕੈ ਨ ਲਖੇ ॥੨॥ (318-13)
नानक चलत न जापनी को सकै न लखे ॥२॥

ਸਲੋਕ ਮਃ ੫ ॥ (318-13)
सलोक मः ५ ॥

ਨਾਨਕ ਸੋਈ ਦਿਨਸੁ ਸੁਹਾਵੜਾ ਜਿਤੁ ਪ੍ਰਭੁ ਆਵੈ ਚਿਤਿ ॥ (318-14)
नानक सोई दिनसु सुहावड़ा जितु प्रभु आवै चिति ॥

ਜਿਤੁ ਦਿਨਿ ਵਿਸਰੈ ਪਾਰਬ੍ਰਹਮੁ ਫਿਟੁ ਭਲੇਰੀ ਰੁਤਿ ॥੧॥ (318-14)
जितु दिनि विसरै पारब्रहमु फिटु भलेरी रुति ॥१॥

ਮਃ ੫ ॥ (318-15)
मः ५ ॥

ਨਾਨਕ ਮਿਤ੍ਰਾਈ ਤਿਸੁ ਸਿਉ ਸਭ ਕਿਛੁ ਜਿਸ ਕੈ ਹਾਥਿ ॥ (318-15)
नानक मित्राई तिसु सिउ सभ किछु जिस कै हाथि ॥

ਕੁਮਿਤ੍ਰਾ ਸੇਈ ਕਾਂਢੀਅਹਿ ਇਕ ਵਿਖ ਨ ਚਲਹਿ ਸਾਥਿ ॥੨॥ (318-15)
कुमित्रा सेई कांढीअहि इक विख न चलहि साथि ॥२॥

ਪਉੜੀ ॥ (318-16)
पउड़ी ॥

ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ ॥ (318-16)
अमृतु नामु निधानु है मिलि पीवहु भाई ॥

ਜਿਸੁ ਸਿਮਰਤ ਸੁਖੁ ਪਾਈਐ ਸਭ ਤਿਖਾ ਬੁਝਾਈ ॥ (318-16)
जिसु सिमरत सुखु पाईऐ सभ तिखा बुझाई ॥

ਕਰਿ ਸੇਵਾ ਪਾਰਬ੍ਰਹਮ ਗੁਰ ਭੁਖ ਰਹੈ ਨ ਕਾਈ ॥ (318-17)
करि सेवा पारब्रहम गुर भुख रहै न काई ॥

ਸਗਲ ਮਨੋਰਥ ਪੁੰਨਿਆ ਅਮਰਾ ਪਦੁ ਪਾਈ ॥ (318-17)
सगल मनोरथ पुंनिआ अमरा पदु पाई ॥

ਤੁਧੁ ਜੇਵਡੁ ਤੂਹੈ ਪਾਰਬ੍ਰਹਮ ਨਾਨਕ ਸਰਣਾਈ ॥੩॥ (318-18)
तुधु जेवडु तूहै पारब्रहम नानक सरणाई ॥३॥

ਸਲੋਕ ਮਃ ੫ ॥ (318-18)
सलोक मः ५ ॥

ਡਿਠੜੋ ਹਭ ਠਾਇ ਊਣ ਨ ਕਾਈ ਜਾਇ ॥ (318-19)
डिठड़ो हभ ठाइ ऊण न काई जाइ ॥

ਨਾਨਕ ਲਧਾ ਤਿਨ ਸੁਆਉ ਜਿਨਾ ਸਤਿਗੁਰੁ ਭੇਟਿਆ ॥੧॥ (318-19)
नानक लधा तिन सुआउ जिना सतिगुरु भेटिआ ॥१॥

ਮਃ ੫ ॥ (318-19)
मः ५ ॥

ਦਾਮਨੀ ਚਮਤਕਾਰ ਤਿਉ ਵਰਤਾਰਾ ਜਗ ਖੇ ॥ (319-1)
दामनी चमतकार तिउ वरतारा जग खे ॥

ਵਥੁ ਸੁਹਾਵੀ ਸਾਇ ਨਾਨਕ ਨਾਉ ਜਪੰਦੋ ਤਿਸੁ ਧਣੀ ॥੨॥ (319-1)
वथु सुहावी साइ नानक नाउ जपंदो तिसु धणी ॥२॥

ਪਉੜੀ ॥ (319-1)
पउड़ी ॥

ਸਿਮ੍ਰਿਤਿ ਸਾਸਤ੍ਰ ਸੋਧਿ ਸਭਿ ਕਿਨੈ ਕੀਮ ਨ ਜਾਣੀ ॥ (319-2)
सिम्रिति सासत्र सोधि सभि किनै कीम न जाणी ॥

ਜੋ ਜਨੁ ਭੇਟੈ ਸਾਧਸੰਗਿ ਸੋ ਹਰਿ ਰੰਗੁ ਮਾਣੀ ॥ (319-2)
जो जनु भेटै साधसंगि सो हरि रंगु माणी ॥

ਸਚੁ ਨਾਮੁ ਕਰਤਾ ਪੁਰਖੁ ਏਹ ਰਤਨਾ ਖਾਣੀ ॥ (319-2)
सचु नामु करता पुरखु एह रतना खाणी ॥

ਮਸਤਕਿ ਹੋਵੈ ਲਿਖਿਆ ਹਰਿ ਸਿਮਰਿ ਪਰਾਣੀ ॥ (319-3)
मसतकि होवै लिखिआ हरि सिमरि पराणी ॥

ਤੋਸਾ ਦਿਚੈ ਸਚੁ ਨਾਮੁ ਨਾਨਕ ਮਿਹਮਾਣੀ ॥੪॥ (319-3)
तोसा दिचै सचु नामु नानक मिहमाणी ॥४॥

ਸਲੋਕ ਮਃ ੫ ॥ (319-4)
सलोक मः ५ ॥

ਅੰਤਰਿ ਚਿੰਤਾ ਨੈਣੀ ਸੁਖੀ ਮੂਲਿ ਨ ਉਤਰੈ ਭੁਖ ॥ (319-4)
अंतरि चिंता नैणी सुखी मूलि न उतरै भुख ॥

ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੋ ਦੁਖੁ ॥੧॥ (319-4)
नानक सचे नाम बिनु किसै न लथो दुखु ॥१॥

ਮਃ ੫ ॥ (319-5)
म: ५ ॥

ਮੁਠੜੇ ਸੇਈ ਸਾਥ ਜਿਨੀ ਸਚੁ ਨ ਲਦਿਆ ॥ (319-5)
मुठड़े सेई साथ जिनी सचु न लदिआ ॥

ਨਾਨਕ ਸੇ ਸਾਬਾਸਿ ਜਿਨੀ ਗੁਰ ਮਿਲਿ ਇਕੁ ਪਛਾਣਿਆ ॥੨॥ (319-5)
नानक से साबासि जिनी गुर मिलि इकु पछाणिआ ॥२॥

ਪਉੜੀ ॥ (319-6)
पउड़ी ॥

ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ ॥ (319-6)
जिथै बैसनि साध जन सो थानु सुहंदा ॥

ਓਇ ਸੇਵਨਿ ਸੰਮ੍ਰਿਥੁ ਆਪਣਾ ਬਿਨਸੈ ਸਭੁ ਮੰਦਾ ॥ (319-6)
ओइ सेवनि सम्रिथु आपणा बिनसै सभु मंदा ॥

ਪਤਿਤ ਉਧਾਰਣ ਪਾਰਬ੍ਰਹਮ ਸੰਤ ਬੇਦੁ ਕਹੰਦਾ ॥ (319-7)
पतित उधारण पारब्रहम संत बेदु कहंदा ॥

ਭਗਤਿ ਵਛਲੁ ਤੇਰਾ ਬਿਰਦੁ ਹੈ ਜੁਗਿ ਜੁਗਿ ਵਰਤੰਦਾ ॥ (319-7)
भगति वछलु तेरा बिरदु है जुगि जुगि वरतंदा ॥

ਨਾਨਕੁ ਜਾਚੈ ਏਕੁ ਨਾਮੁ ਮਨਿ ਤਨਿ ਭਾਵੰਦਾ ॥੫॥ (319-8)
नानकु जाचै एकु नामु मनि तनि भावंदा ॥५॥

ਸਲੋਕ ਮਃ ੫ ॥ (319-8)
सलोक म: ५ ॥

ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ ॥ (319-9)
चिड़ी चुहकी पहु फुटी वगनि बहुतु तरंग ॥

ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ ॥੧॥ (319-9)
अचरज रूप संतन रचे नानक नामहि रंग ॥१॥

ਮਃ ੫ ॥ (319-9)
मः ५ ॥

ਘਰ ਮੰਦਰ ਖੁਸੀਆ ਤਹੀ ਜਹ ਤੂ ਆਵਹਿ ਚਿਤਿ ॥ (319-10)
घर मंदर खुसीआ तही जह तू आवहि चिति ॥

ਦੁਨੀਆ ਕੀਆ ਵਡਿਆਈਆ ਨਾਨਕ ਸਭਿ ਕੁਮਿਤ ॥੨॥ (319-10)
दुनीआ कीआ वडिआईआ नानक सभि कुमित ॥२॥

ਪਉੜੀ ॥ (319-10)
पउड़ी ॥

ਹਰਿ ਧਨੁ ਸਚੀ ਰਾਸਿ ਹੈ ਕਿਨੈ ਵਿਰਲੈ ਜਾਤਾ ॥ (319-11)
हरि धनु सची रासि है किनै विरलै जाता ॥

ਤਿਸੈ ਪਰਾਪਤਿ ਭਾਇਰਹੁ ਜਿਸੁ ਦੇਇ ਬਿਧਾਤਾ ॥ (319-11)
तिसै परापति भाइरहु जिसु देइ बिधाता ॥

ਮਨ ਤਨ ਭੀਤਰਿ ਮਉਲਿਆ ਹਰਿ ਰੰਗਿ ਜਨੁ ਰਾਤਾ ॥ (319-11)
मन तन भीतरि मउलिआ हरि रंगि जनु राता ॥

ਸਾਧਸੰਗਿ ਗੁਣ ਗਾਇਆ ਸਭਿ ਦੋਖਹ ਖਾਤਾ ॥ (319-12)
साधसंगि गुण गाइआ सभि दोखह खाता ॥

ਨਾਨਕ ਸੋਈ ਜੀਵਿਆ ਜਿਨਿ ਇਕੁ ਪਛਾਤਾ ॥੬॥ (319-12)
नानक सोई जीविआ जिनि इकु पछाता ॥६॥

ਸਲੋਕ ਮਃ ੫ ॥ (319-13)
सलोक मः ५ ॥

ਖਖੜੀਆ ਸੁਹਾਵੀਆ ਲਗੜੀਆ ਅਕ ਕੰਠਿ ॥ (319-13)
खखड़ीआ सुहावीआ लगड़ीआ अक कंठि ॥

ਬਿਰਹ ਵਿਛੋੜਾ ਧਣੀ ਸਿਉ ਨਾਨਕ ਸਹਸੈ ਗੰਠਿ ॥੧॥ (319-13)
बिरह विछोड़ा धणी सिउ नानक सहसै गंठि ॥१॥

ਮਃ ੫ ॥ (319-14)
मः ५ ॥

ਵਿਸਾਰੇਦੇ ਮਰਿ ਗਏ ਮਰਿ ਭਿ ਨ ਸਕਹਿ ਮੂਲਿ ॥ (319-14)
विसारेदे मरि गए मरि भि न सकहि मूलि ॥

ਵੇਮੁਖ ਹੋਏ ਰਾਮ ਤੇ ਜਿਉ ਤਸਕਰ ਉਪਰਿ ਸੂਲਿ ॥੨॥ (319-14)
वेमुख होए राम ते जिउ तसकर उपरि सूलि ॥२॥

ਪਉੜੀ ॥ (319-15)
पउड़ी ॥

ਸੁਖ ਨਿਧਾਨੁ ਪ੍ਰਭੁ ਏਕੁ ਹੈ ਅਬਿਨਾਸੀ ਸੁਣਿਆ ॥ (319-15)
सुख निधानु प्रभु एकु है अबिनासी सुणिआ ॥

ਜਲਿ ਥਲਿ ਮਹੀਅਲਿ ਪੂਰਿਆ ਘਟਿ ਘਟਿ ਹਰਿ ਭਣਿਆ ॥ (319-15)
जलि थलि महीअलि पूरिआ घटि घटि हरि भणिआ ॥

ਊਚ ਨੀਚ ਸਭ ਇਕ ਸਮਾਨਿ ਕੀਟ ਹਸਤੀ ਬਣਿਆ ॥ (319-16)
ऊच नीच सभ इक समानि कीट हसती बणिआ ॥

ਮੀਤ ਸਖਾ ਸੁਤ ਬੰਧਿਪੋ ਸਭਿ ਤਿਸ ਦੇ ਜਣਿਆ ॥ (319-16)
मीत सखा सुत बंधिपो सभि तिस दे जणिआ ॥

ਤੁਸਿ ਨਾਨਕੁ ਦੇਵੈ ਜਿਸੁ ਨਾਮੁ ਤਿਨਿ ਹਰਿ ਰੰਗੁ ਮਣਿਆ ॥੭॥ (319-17)
तुसि नानकु देवै जिसु नामु तिनि हरि रंगु मणिआ ॥७॥

ਸਲੋਕ ਮਃ ੫ ॥ (319-17)
सलोक मः ५ ॥

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥ (319-18)
जिना सासि गिरासि न विसरै हरि नामां मनि मंतु ॥

ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥੧॥ (319-18)
धंनु सि सेई नानका पूरनु सोई संतु ॥१॥

ਮਃ ੫ ॥ (319-18)
मः ५ ॥

ਅਠੇ ਪਹਰ ਭਉਦਾ ਫਿਰੈ ਖਾਵਣ ਸੰਦੜੈ ਸੂਲਿ ॥ (319-19)
अठे पहर भउदा फिरै खावण संदड़ै सूलि ॥

ਦੋਜਕਿ ਪਉਦਾ ਕਿਉ ਰਹੈ ਜਾ ਚਿਤਿ ਨ ਹੋਇ ਰਸੂਲਿ ॥੨॥ (319-19)
दोजकि पउदा किउ रहै जा चिति न होइ रसूलि ॥२॥

ਪਉੜੀ ॥ (319-19)
पउड़ी ॥

ਤਿਸੈ ਸਰੇਵਹੁ ਪ੍ਰਾਣੀਹੋ ਜਿਸ ਦੈ ਨਾਉ ਪਲੈ ॥ (320-1)
तिसै सरेवहु प्राणीहो जिस दै नाउ पलै ॥

ਐਥੈ ਰਹਹੁ ਸੁਹੇਲਿਆ ਅਗੈ ਨਾਲਿ ਚਲੈ ॥ (320-1)
ऐथै रहहु सुहेलिआ अगै नालि चलै ॥

ਘਰੁ ਬੰਧਹੁ ਸਚ ਧਰਮ ਕਾ ਗਡਿ ਥੰਮੁ ਅਹਲੈ ॥ (320-1)
घरु बंधहु सच धरम का गडि थंमु अहलै ॥

ਓਟ ਲੈਹੁ ਨਾਰਾਇਣੈ ਦੀਨ ਦੁਨੀਆ ਝਲੈ ॥ (320-2)
ओट लैहु नाराइणै दीन दुनीआ झलै ॥

ਨਾਨਕ ਪਕੜੇ ਚਰਣ ਹਰਿ ਤਿਸੁ ਦਰਗਹ ਮਲੈ ॥੮॥ (320-2)
नानक पकड़े चरण हरि तिसु दरगह मलै ॥८॥

ਸਲੋਕ ਮਃ ੫ ॥ (320-3)
सलोक मः ५ ॥

ਜਾਚਕੁ ਮੰਗੈ ਦਾਨੁ ਦੇਹਿ ਪਿਆਰਿਆ ॥ (320-3)
जाचकु मंगै दानु देहि पिआरिआ ॥

ਦੇਵਣਹਾਰੁ ਦਾਤਾਰੁ ਮੈ ਨਿਤ ਚਿਤਾਰਿਆ ॥ (320-3)
देवणहारु दातारु मै नित चितारिआ ॥

ਨਿਖੁਟਿ ਨ ਜਾਈ ਮੂਲਿ ਅਤੁਲ ਭੰਡਾਰਿਆ ॥ (320-4)
निखुटि न जाई मूलि अतुल भंडारिआ ॥

ਨਾਨਕ ਸਬਦੁ ਅਪਾਰੁ ਤਿਨਿ ਸਭੁ ਕਿਛੁ ਸਾਰਿਆ ॥੧॥ (320-4)
नानक सबदु अपारु तिनि सभु किछु सारिआ ॥१॥

ਮਃ ੫ ॥ (320-4)
मः ५ ॥

ਸਿਖਹੁ ਸਬਦੁ ਪਿਆਰਿਹੋ ਜਨਮ ਮਰਨ ਕੀ ਟੇਕ ॥ (320-5)
सिखहु सबदु पिआरिहो जनम मरन की टेक ॥

ਮੁਖ ਊਜਲ ਸਦਾ ਸੁਖੀ ਨਾਨਕ ਸਿਮਰਤ ਏਕ ॥੨॥ (320-5)
मुख ऊजल सदा सुखी नानक सिमरत एक ॥२॥

ਪਉੜੀ ॥ (320-5)
पउड़ी ॥

ਓਥੈ ਅੰਮ੍ਰਿਤੁ ਵੰਡੀਐ ਸੁਖੀਆ ਹਰਿ ਕਰਣੇ ॥ (320-6)
ओथै अमृतु वंडीऐ सुखीआ हरि करणे ॥

ਜਮ ਕੈ ਪੰਥਿ ਨ ਪਾਈਅਹਿ ਫਿਰਿ ਨਾਹੀ ਮਰਣੇ ॥ (320-6)
जम कै पंथि न पाईअहि फिरि नाही मरणे ॥

ਜਿਸ ਨੋ ਆਇਆ ਪ੍ਰੇਮ ਰਸੁ ਤਿਸੈ ਹੀ ਜਰਣੇ ॥ (320-6)
जिस नो आइआ प्रेम रसु तिसै ही जरणे ॥

ਬਾਣੀ ਉਚਰਹਿ ਸਾਧ ਜਨ ਅਮਿਉ ਚਲਹਿ ਝਰਣੇ ॥ (320-7)
बाणी उचरहि साध जन अमिउ चलहि झरणे ॥

ਪੇਖਿ ਦਰਸਨੁ ਨਾਨਕੁ ਜੀਵਿਆ ਮਨ ਅੰਦਰਿ ਧਰਣੇ ॥੯॥ (320-7)
पेखि दरसनु नानकु जीविआ मन अंदरि धरणे ॥९॥

ਸਲੋਕ ਮਃ ੫ ॥ (320-8)
सलोक मः ५ ॥

ਸਤਿਗੁਰਿ ਪੂਰੈ ਸੇਵਿਐ ਦੂਖਾ ਕਾ ਹੋਇ ਨਾਸੁ ॥ (320-8)
सतिगुरि पूरै सेविऐ दूखा का होइ नासु ॥

ਨਾਨਕ ਨਾਮਿ ਅਰਾਧਿਐ ਕਾਰਜੁ ਆਵੈ ਰਾਸਿ ॥੧॥ (320-9)
नानक नामि अराधिऐ कारजु आवै रासि ॥१॥

ਮਃ ੫ ॥ (320-9)
मः ५ ॥

ਜਿਸੁ ਸਿਮਰਤ ਸੰਕਟ ਛੁਟਹਿ ਅਨਦ ਮੰਗਲ ਬਿਸ੍ਰਾਮ ॥ (320-9)
जिसु सिमरत संकट छुटहि अनद मंगल बिस्राम ॥

ਨਾਨਕ ਜਪੀਐ ਸਦਾ ਹਰਿ ਨਿਮਖ ਨ ਬਿਸਰਉ ਨਾਮੁ ॥੨॥ (320-10)
नानक जपीऐ सदा हरि निमख न बिसरउ नामु ॥२॥

ਪਉੜੀ ॥ (320-10)
पउड़ी ॥

ਤਿਨ ਕੀ ਸੋਭਾ ਕਿਆ ਗਣੀ ਜਿਨੀ ਹਰਿ ਹਰਿ ਲਧਾ ॥ (320-11)
तिन की सोभा किआ गणी जिनी हरि हरि लधा ॥

ਸਾਧਾ ਸਰਣੀ ਜੋ ਪਵੈ ਸੋ ਛੁਟੈ ਬਧਾ ॥ (320-11)
साधा सरणी जो पवै सो छुटै बधा ॥

ਗੁਣ ਗਾਵੈ ਅਬਿਨਾਸੀਐ ਜੋਨਿ ਗਰਭਿ ਨ ਦਧਾ ॥ (320-11)
गुण गावै अबिनासीऐ जोनि गरभि न दधा ॥

ਗੁਰੁ ਭੇਟਿਆ ਪਾਰਬ੍ਰਹਮੁ ਹਰਿ ਪੜਿ ਬੁਝਿ ਸਮਧਾ ॥ (320-12)
गुरु भेटिआ पारब्रहमु हरि पड़ि बुझि समधा ॥

ਨਾਨਕ ਪਾਇਆ ਸੋ ਧਣੀ ਹਰਿ ਅਗਮ ਅਗਧਾ ॥੧੦॥ (320-12)
नानक पाइआ सो धणी हरि अगम अगधा ॥१०॥

ਸਲੋਕ ਮਃ ੫ ॥ (320-12)
सलोक मः ५ ॥

ਕਾਮੁ ਨ ਕਰਹੀ ਆਪਣਾ ਫਿਰਹਿ ਅਵਤਾ ਲੋਇ ॥ (320-13)
कामु न करही आपणा फिरहि अवता लोइ ॥

ਨਾਨਕ ਨਾਇ ਵਿਸਾਰਿਐ ਸੁਖੁ ਕਿਨੇਹਾ ਹੋਇ ॥੧॥ (320-13)
नानक नाइ विसारिऐ सुखु किनेहा होइ ॥१॥

ਮਃ ੫ ॥ (320-14)
मः ५ ॥

ਬਿਖੈ ਕਉੜਤਣਿ ਸਗਲ ਮਾਹਿ ਜਗਤਿ ਰਹੀ ਲਪਟਾਇ ॥ (320-14)
बिखै कउड़तणि सगल माहि जगति रही लपटाइ ॥

ਨਾਨਕ ਜਨਿ ਵੀਚਾਰਿਆ ਮੀਠਾ ਹਰਿ ਕਾ ਨਾਉ ॥੨॥ (320-14)
नानक जनि वीचारिआ मीठा हरि का नाउ ॥२॥

ਪਉੜੀ ॥ (320-15)
पउड़ी ॥

ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ ॥ (320-15)
इह नीसाणी साध की जिसु भेटत तरीऐ ॥

ਜਮਕੰਕਰੁ ਨੇੜਿ ਨ ਆਵਈ ਫਿਰਿ ਬਹੁੜਿ ਨ ਮਰੀਐ ॥ (320-15)
जमकंकरु नेड़ि न आवई फिरि बहुड़ि न मरीऐ ॥

ਭਵ ਸਾਗਰੁ ਸੰਸਾਰੁ ਬਿਖੁ ਸੋ ਪਾਰਿ ਉਤਰੀਐ ॥ (320-16)
भव सागरु संसारु बिखु सो पारि उतरीऐ ॥

ਹਰਿ ਗੁਣ ਗੁੰਫਹੁ ਮਨਿ ਮਾਲ ਹਰਿ ਸਭ ਮਲੁ ਪਰਹਰੀਐ ॥ (320-16)
हरि गुण गुमफहु मनि माल हरि सभ मलु परहरीऐ ॥

ਨਾਨਕ ਪ੍ਰੀਤਮ ਮਿਲਿ ਰਹੇ ਪਾਰਬ੍ਰਹਮ ਨਰਹਰੀਐ ॥੧੧॥ (320-17)
नानक प्रीतम मिलि रहे पारब्रहम नरहरीऐ ॥११॥

ਸਲੋਕ ਮਃ ੫ ॥ (320-17)
सलोक मः ५ ॥

ਨਾਨਕ ਆਏ ਸੇ ਪਰਵਾਣੁ ਹੈ ਜਿਨ ਹਰਿ ਵੁਠਾ ਚਿਤਿ ॥ (320-18)
नानक आए से परवाणु है जिन हरि वुठा चिति ॥

ਗਾਲ੍ਹ੍ਹੀ ਅਲ ਪਲਾਲੀਆ ਕੰਮਿ ਨ ਆਵਹਿ ਮਿਤ ॥੧॥ (320-18)
गाल्ही अल पलालीआ कंमि न आवहि मित ॥१॥

ਮਃ ੫ ॥ (320-18)
मः ५ ॥

ਪਾਰਬ੍ਰਹਮੁ ਪ੍ਰਭੁ ਦ੍ਰਿਸਟੀ ਆਇਆ ਪੂਰਨ ਅਗਮ ਬਿਸਮਾਦ ॥ (320-19)
पारब्रहमु प्रभु द्रिसटी आइआ पूरन अगम बिसमाद ॥

ਨਾਨਕ ਰਾਮ ਨਾਮੁ ਧਨੁ ਕੀਤਾ ਪੂਰੇ ਗੁਰ ਪਰਸਾਦਿ ॥੨॥ (320-19)
नानक राम नामु धनु कीता पूरे गुर परसादि ॥२॥

ਪਉੜੀ ॥ (321-1)
पउड़ी ॥

ਧੋਹੁ ਨ ਚਲੀ ਖਸਮ ਨਾਲਿ ਲਬਿ ਮੋਹਿ ਵਿਗੁਤੇ ॥ (321-1)
धोहु न चली खसम नालि लबि मोहि विगुते ॥

ਜੇਤੇ ਜਤਨ ਕਰਤ ਤੇ ਡੂਬੇ ਭਵ ਸਾਗਰੁ ਨਹੀ ਤਾਰਿਓ ਰੇ ॥ (335-12)
जेते जतन करत ते डूबे भव सागरु नही तारिओ रे ॥

ਕਰਮ ਧਰਮ ਕਰਤੇ ਬਹੁ ਸੰਜਮ ਅਹੰਬੁਧਿ ਮਨੁ ਜਾਰਿਓ ਰੇ ॥੧॥ (335-12)
करम धरम करते बहु संजम अह्मबुधि मनु जारिओ रे ॥१॥

ਸਾਸ ਗ੍ਰਾਸ ਕੋ ਦਾਤੋ ਠਾਕੁਰੁ ਸੋ ਕਿਉ ਮਨਹੁ ਬਿਸਾਰਿਓ ਰੇ ॥ (335-13)
सास ग्रास को दातो ठाकुरु सो किउ मनहु बिसारिओ रे ॥

ਹੀਰਾ ਲਾਲੁ ਅਮੋਲੁ ਜਨਮੁ ਹੈ ਕਉਡੀ ਬਦਲੈ ਹਾਰਿਓ ਰੇ ॥੧॥ ਰਹਾਉ ॥ (335-13)
हीरा लालु अमोलु जनमु है कउडी बदलै हारिओ रे ॥१॥ रहाउ ॥

ਤ੍ਰਿਸਨਾ ਤ੍ਰਿਖਾ ਭੂਖ ਭ੍ਰਮਿ ਲਾਗੀ ਹਿਰਦੈ ਨਾਹਿ ਬੀਚਾਰਿਓ ਰੇ ॥ (335-14)
त्रिसना त्रिखा भूख भ्रमि लागी हिरदै नाहि बीचारिओ रे ॥

ਉਨਮਤ ਮਾਨ ਹਿਰਿਓ ਮਨ ਮਾਹੀ ਗੁਰ ਕਾ ਸਬਦੁ ਨ ਧਾਰਿਓ ਰੇ ॥੨॥ (335-15)
उनमत मान हिरिओ मन माही गुर का सबदु न धारिओ रे ॥२॥

ਸੁਆਦ ਲੁਭਤ ਇੰਦ੍ਰੀ ਰਸ ਪ੍ਰੇਰਿਓ ਮਦ ਰਸ ਲੈਤ ਬਿਕਾਰਿਓ ਰੇ ॥ (335-15)
सुआद लुभत इंद्री रस प्रेरिओ मद रस लैत बिकारिओ रे ॥

ਕਰਮ ਭਾਗ ਸੰਤਨ ਸੰਗਾਨੇ ਕਾਸਟ ਲੋਹ ਉਧਾਰਿਓ ਰੇ ॥੩॥ (335-16)
करम भाग संतन संगाने कासट लोह उधारिओ रे ॥३॥

ਧਾਵਤ ਜੋਨਿ ਜਨਮ ਭ੍ਰਮਿ ਥਾਕੇ ਅਬ ਦੁਖ ਕਰਿ ਹਮ ਹਾਰਿਓ ਰੇ ॥ (335-17)
धावत जोनि जनम भ्रमि थाके अब दुख करि हम हारिओ रे ॥

ਕਹਿ ਕਬੀਰ ਗੁਰ ਮਿਲਤ ਮਹਾ ਰਸੁ ਪ੍ਰੇਮ ਭਗਤਿ ਨਿਸਤਾਰਿਓ ਰੇ ॥੪॥੧॥੫॥੫੬॥ (335-17)
कहि कबीर गुर मिलत महा रसु प्रेम भगति निसतारिओ रे ॥४॥१॥५॥५६॥

ਗਉੜੀ ॥ (335-18)
गउड़ी ॥

ਕਾਲਬੂਤ ਕੀ ਹਸਤਨੀ ਮਨ ਬਉਰਾ ਰੇ ਚਲਤੁ ਰਚਿਓ ਜਗਦੀਸ ॥ (335-19)
कालबूत की हसतनी मन बउरा रे चलतु रचिओ जगदीस ॥

ਕਾਮ ਸੁਆਇ ਗਜ ਬਸਿ ਪਰੇ ਮਨ ਬਉਰਾ ਰੇ ਅੰਕਸੁ ਸਹਿਓ ਸੀਸ ॥੧॥ (335-19)
काम सुआइ गज बसि परे मन बउरा रे अंकसु सहिओ सीस ॥१॥

ਬਿਖੈ ਬਾਚੁ ਹਰਿ ਰਾਚੁ ਸਮਝੁ ਮਨ ਬਉਰਾ ਰੇ ॥ (335-19)
बिखै बाचु हरि राचु समझु मन बउरा रे ॥

ਨਿਰਭੈ ਹੋਇ ਨ ਹਰਿ ਭਜੇ ਮਨ ਬਉਰਾ ਰੇ ਗਹਿਓ ਨ ਰਾਮ ਜਹਾਜੁ ॥੧॥ ਰਹਾਉ ॥ (336-1)
निरभै होइ न हरि भजे मन बउरा रे गहिओ न राम जहाजु ॥१॥ रहाउ ॥

ਮਰਕਟ ਮੁਸਟੀ ਅਨਾਜ ਕੀ ਮਨ ਬਉਰਾ ਰੇ ਲੀਨੀ ਹਾਥੁ ਪਸਾਰਿ ॥ (336-1)
मरकट मुसटी अनाज की मन बउरा रे लीनी हाथु पसारि ॥

ਛੂਟਨ ਕੋ ਸਹਸਾ ਪਰਿਆ ਮਨ ਬਉਰਾ ਰੇ ਨਾਚਿਓ ਘਰ ਘਰ ਬਾਰਿ ॥੨॥ (336-2)
छूटन को सहसा परिआ मन बउरा रे नाचिओ घर घर बारि ॥२॥

ਜਿਉ ਨਲਨੀ ਸੂਅਟਾ ਗਹਿਓ ਮਨ ਬਉਰਾ ਰੇ ਮਾਯਾ ਇਹੁ ਬਿਉਹਾਰੁ ॥ (336-3)
जिउ नलनी सूअटा गहिओ मन बउरा रे माया इहु बिउहारु ॥

ਜੈਸਾ ਰੰਗੁ ਕਸੁੰਭ ਕਾ ਮਨ ਬਉਰਾ ਰੇ ਤਿਉ ਪਸਰਿਓ ਪਾਸਾਰੁ ॥੩॥ (336-3)
जैसा रंगु कसुमभ का मन बउरा रे तिउ पसरिओ पासारु ॥३॥

ਨਾਵਨ ਕਉ ਤੀਰਥ ਘਨੇ ਮਨ ਬਉਰਾ ਰੇ ਪੂਜਨ ਕਉ ਬਹੁ ਦੇਵ ॥ (336-4)
नावन कउ तीरथ घने मन बउरा रे पूजन कउ बहु देव ॥

ਕਹੁ ਕਬੀਰ ਛੂਟਨੁ ਨਹੀ ਮਨ ਬਉਰਾ ਰੇ ਛੂਟਨੁ ਹਰਿ ਕੀ ਸੇਵ ॥੪॥੧॥੬॥੫੭॥ (336-5)
कहु कबीर छूटनु नही मन बउरा रे छूटनु हरि की सेव ॥४॥१॥६॥५७॥

ਗਉੜੀ ॥ (336-5)
गउड़ी ॥

ਅਗਨਿ ਨ ਦਹੈ ਪਵਨੁ ਨਹੀ ਮਗਨੈ ਤਸਕਰੁ ਨੇਰਿ ਨ ਆਵੈ ॥ (336-6)
अगनि न दहै पवनु नही मगनै तसकरु नेरि न आवै ॥

ਰਾਮ ਨਾਮ ਧਨੁ ਕਰਿ ਸੰਚਉਨੀ ਸੋ ਧਨੁ ਕਤ ਹੀ ਨ ਜਾਵੈ ॥੧॥ (336-6)
राम नाम धनु करि संचउनी सो धनु कत ही न जावै ॥१॥

ਹਮਰਾ ਧਨੁ ਮਾਧਉ ਗੋਬਿੰਦੁ ਧਰਣੀਧਰੁ ਇਹੈ ਸਾਰ ਧਨੁ ਕਹੀਐ ॥ (336-7)
हमरा धनु माधउ गोबिंदु धरणीधरु इहै सार धनु कहीऐ ॥

ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ ਸੋ ਸੁਖੁ ਰਾਜਿ ਨ ਲਹੀਐ ॥੧॥ ਰਹਾਉ ॥ (336-7)
जो सुखु प्रभ गोबिंद की सेवा सो सुखु राजि न लहीऐ ॥१॥ रहाउ ॥

ਇਸੁ ਧਨ ਕਾਰਣਿ ਸਿਵ ਸਨਕਾਦਿਕ ਖੋਜਤ ਭਏ ਉਦਾਸੀ ॥ (336-8)
इसु धन कारणि सिव सनकादिक खोजत भए उदासी ॥

ਮਨਿ ਮੁਕੰਦੁ ਜਿਹਬਾ ਨਾਰਾਇਨੁ ਪਰੈ ਨ ਜਮ ਕੀ ਫਾਸੀ ॥੨॥ (336-8)
मनि मुकंदु जिहबा नाराइनु परै न जम की फासी ॥२॥

ਨਿਜ ਧਨੁ ਗਿਆਨੁ ਭਗਤਿ ਗੁਰਿ ਦੀਨੀ ਤਾਸੁ ਸੁਮਤਿ ਮਨੁ ਲਾਗਾ ॥ (336-9)
निज धनु गिआनु भगति गुरि दीनी तासु सुमति मनु लागा ॥

ਜਲਤ ਅੰਭ ਥੰਭਿ ਮਨੁ ਧਾਵਤ ਭਰਮ ਬੰਧਨ ਭਉ ਭਾਗਾ ॥੩॥ (336-10)
जलत अम्भ थम्भि मनु धावत भरम बंधन भउ भागा ॥३॥

ਕਹੈ ਕਬੀਰੁ ਮਦਨ ਕੇ ਮਾਤੇ ਹਿਰਦੈ ਦੇਖੁ ਬੀਚਾਰੀ ॥ (336-10)
कहै कबीरु मदन के माते हिरदै देखु बीचारी ॥

ਤੁਮ ਘਰਿ ਲਾਖ ਕੋਟਿ ਅਸ੍ਵ ਹਸਤੀ ਹਮ ਘਰਿ ਏਕੁ ਮੁਰਾਰੀ ॥੪॥੧॥੭॥੫੮॥ (336-11)
तुम घरि लाख कोटि अस्व हसती हम घरि एकु मुरारी ॥४॥१॥७॥५८॥

ਗਉੜੀ ॥ (336-11)
गउड़ी ॥

ਜਿਉ ਕਪਿ ਕੇ ਕਰ ਮੁਸਟਿ ਚਨਨ ਕੀ ਲੁਬਧਿ ਨ ਤਿਆਗੁ ਦਇਓ ॥ (336-12)
जिउ कपि के कर मुसटि चनन की लुबधि न तिआगु दइओ ॥

ਜੋ ਜੋ ਕਰਮ ਕੀਏ ਲਾਲਚ ਸਿਉ ਤੇ ਫਿਰਿ ਗਰਹਿ ਪਰਿਓ ॥੧॥ (336-12)
जो जो करम कीए लालच सिउ ते फिरि गरहि परिओ ॥१॥

ਭਗਤਿ ਬਿਨੁ ਬਿਰਥੇ ਜਨਮੁ ਗਇਓ ॥ (336-13)
भगति बिनु बिरथे जनमु गइओ ॥

ਸਾਧਸੰਗਤਿ ਭਗਵਾਨ ਭਜਨ ਬਿਨੁ ਕਹੀ ਨ ਸਚੁ ਰਹਿਓ ॥੧॥ ਰਹਾਉ ॥ (336-13)
साधसंगति भगवान भजन बिनु कही न सचु रहिओ ॥१॥ रहाउ ॥

ਜਿਉ ਉਦਿਆਨ ਕੁਸਮ ਪਰਫੁਲਿਤ ਕਿਨਹਿ ਨ ਘ੍ਰਾਉ ਲਇਓ ॥ (336-14)
जिउ उदिआन कुसम परफुलित किनहि न घ्राउ लइओ ॥

ਤੈਸੇ ਭ੍ਰਮਤ ਅਨੇਕ ਜੋਨਿ ਮਹਿ ਫਿਰਿ ਫਿਰਿ ਕਾਲ ਹਇਓ ॥੨॥ (336-14)
तैसे भ्रमत अनेक जोनि महि फिरि फिरि काल हइओ ॥२॥

ਇਆ ਧਨ ਜੋਬਨ ਅਰੁ ਸੁਤ ਦਾਰਾ ਪੇਖਨ ਕਉ ਜੁ ਦਇਓ ॥ (336-15)
इआ धन जोबन अरु सुत दारा पेखन कउ जु दइओ ॥

ਤਿਨ ਹੀ ਮਾਹਿ ਅਟਕਿ ਜੋ ਉਰਝੇ ਇੰਦ੍ਰੀ ਪ੍ਰੇਰਿ ਲਇਓ ॥੩॥ (336-16)
तिन ही माहि अटकि जो उरझे इंद्री प्रेरि लइओ ॥३॥

ਅਉਧ ਅਨਲ ਤਨੁ ਤਿਨ ਕੋ ਮੰਦਰੁ ਚਹੁ ਦਿਸ ਠਾਟੁ ਠਇਓ ॥ (336-16)
अउध अनल तनु तिन को मंदरु चहु दिस ठाटु ठइओ ॥

ਕਹਿ ਕਬੀਰ ਭੈ ਸਾਗਰ ਤਰਨ ਕਉ ਮੈ ਸਤਿਗੁਰ ਓਟ ਲਇਓ ॥੪॥੧॥੮॥੫੯॥ (336-17)
कहि कबीर भै सागर तरन कउ मै सतिगुर ओट लइओ ॥४॥१॥८॥५९॥

ਗਉੜੀ ॥ (336-17)
गउड़ी ॥

ਪਾਨੀ ਮੈਲਾ ਮਾਟੀ ਗੋਰੀ ॥ (336-18)
पानी मैला माटी गोरी ॥

ਇਸ ਮਾਟੀ ਕੀ ਪੁਤਰੀ ਜੋਰੀ ॥੧॥ (336-18)
इस माटी की पुतरी जोरी ॥१॥

ਮੈ ਨਾਹੀ ਕਛੁ ਆਹਿ ਨ ਮੋਰਾ ॥ (336-18)
मै नाही कछु आहि न मोरा ॥

ਤਨੁ ਧਨੁ ਸਭੁ ਰਸੁ ਗੋਬਿੰਦ ਤੋਰਾ ॥੧॥ ਰਹਾਉ ॥ (336-19)
तनु धनु सभु रसु गोबिंद तोरा ॥१॥ रहाउ ॥

ਇਸ ਮਾਟੀ ਮਹਿ ਪਵਨੁ ਸਮਾਇਆ ॥ (336-19)
इस माटी महि पवनु समाइआ ॥

ਝੂਠਾ ਪਰਪੰਚੁ ਜੋਰਿ ਚਲਾਇਆ ॥੨॥ (336-19)
झूठा परपंचु जोरि चलाइआ ॥२॥

ਕਿਨਹੂ ਲਾਖ ਪਾਂਚ ਕੀ ਜੋਰੀ ॥ (337-1)
किनहू लाख पांच की जोरी ॥

ਅੰਤ ਕੀ ਬਾਰ ਗਗਰੀਆ ਫੋਰੀ ॥੩॥ (337-1)
अंत की बार गगरीआ फोरी ॥३॥

ਕਹਿ ਕਬੀਰ ਇਕ ਨੀਵ ਉਸਾਰੀ ॥ (337-1)
कहि कबीर इक नीव उसारी ॥

ਖਿਨ ਮਹਿ ਬਿਨਸਿ ਜਾਇ ਅਹੰਕਾਰੀ ॥੪॥੧॥੯॥੬੦॥ (337-2)
खिन महि बिनसि जाइ अहंकारी ॥४॥१॥९॥६०॥

ਗਉੜੀ ॥ (337-2)
गउड़ी ॥

ਰਾਮ ਜਪਉ ਜੀਅ ਐਸੇ ਐਸੇ ॥ (337-3)
राम जपउ जीअ ऐसे ऐसे ॥

ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥੧॥ (337-3)
ध्रू प्रहिलाद जपिओ हरि जैसे ॥१॥

ਦੀਨ ਦਇਆਲ ਭਰੋਸੇ ਤੇਰੇ ॥ (337-3)
दीन दइआल भरोसे तेरे ॥

ਸਭੁ ਪਰਵਾਰੁ ਚੜਾਇਆ ਬੇੜੇ ॥੧॥ ਰਹਾਉ ॥ (337-3)
सभु परवारु चड़ाइआ बेड़े ॥१॥ रहाउ ॥

ਜਾ ਤਿਸੁ ਭਾਵੈ ਤਾ ਹੁਕਮੁ ਮਨਾਵੈ ॥ (337-4)
जा तिसु भावै ता हुकमु मनावै ॥

ਇਸ ਬੇੜੇ ਕਉ ਪਾਰਿ ਲਘਾਵੈ ॥੨॥ (337-4)
इस बेड़े कउ पारि लघावै ॥२॥

ਗੁਰ ਪਰਸਾਦਿ ਐਸੀ ਬੁਧਿ ਸਮਾਨੀ ॥ (337-4)
गुर परसादि ऐसी बुधि समानी ॥

ਚੂਕਿ ਗਈ ਫਿਰਿ ਆਵਨ ਜਾਨੀ ॥੩॥ (337-5)
चूकि गई फिरि आवन जानी ॥३॥

ਕਹੁ ਕਬੀਰ ਭਜੁ ਸਾਰਿਗਪਾਨੀ ॥ (337-5)
कहु कबीर भजु सारिगपानी ॥

ਉਰਵਾਰਿ ਪਾਰਿ ਸਭ ਏਕੋ ਦਾਨੀ ॥੪॥੨॥੧੦॥੬੧॥ (337-5)
उरवारि पारि सभ एको दानी ॥४॥२॥१०॥६१॥

ਗਉੜੀ ੯ ॥ (337-6)
गउड़ी ९ ॥

ਜੋਨਿ ਛਾਡਿ ਜਉ ਜਗ ਮਹਿ ਆਇਓ ॥ (337-6)
जोनि छाडि जउ जग महि आइओ ॥

ਲਾਗਤ ਪਵਨ ਖਸਮੁ ਬਿਸਰਾਇਓ ॥੧॥ (337-6)
लागत पवन खसमु बिसराइओ ॥१॥

ਜੀਅਰਾ ਹਰਿ ਕੇ ਗੁਨਾ ਗਾਉ ॥੧॥ ਰਹਾਉ ॥ (337-7)
जीअरा हरि के गुना गाउ ॥१॥ रहाउ ॥

ਗਰਭ ਜੋਨਿ ਮਹਿ ਉਰਧ ਤਪੁ ਕਰਤਾ ॥ (337-7)
गरभ जोनि महि उरध तपु करता ॥

ਤਉ ਜਠਰ ਅਗਨਿ ਮਹਿ ਰਹਤਾ ॥੨॥ (337-8)
तउ जठर अगनि महि रहता ॥२॥

ਲਖ ਚਉਰਾਸੀਹ ਜੋਨਿ ਭ੍ਰਮਿ ਆਇਓ ॥ (337-8)
लख चउरासीह जोनि भ्रमि आइओ ॥

ਅਬ ਕੇ ਛੁਟਕੇ ਠਉਰ ਨ ਠਾਇਓ ॥੩॥ (337-8)
अब के छुटके ठउर न ठाइओ ॥३॥

ਕਹੁ ਕਬੀਰ ਭਜੁ ਸਾਰਿਗਪਾਨੀ ॥ (337-9)
कहु कबीर भजु सारिगपानी ॥

ਆਵਤ ਦੀਸੈ ਜਾਤ ਨ ਜਾਨੀ ॥੪॥੧॥੧੧॥੬੨॥ (337-9)
आवत दीसै जात न जानी ॥४॥१॥११॥६२॥

ਗਉੜੀ ਪੂਰਬੀ ॥ (337-9)
गउड़ी पूरबी ॥

ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ ॥ (337-10)
सुरग बासु न बाछीऐ डरीऐ न नरकि निवासु ॥

ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ ॥੧॥ (337-10)
होना है सो होई है मनहि न कीजै आस ॥१॥

ਰਮਈਆ ਗੁਨ ਗਾਈਐ ॥ (337-10)
रमईआ गुन गाईऐ ॥

ਜਾ ਤੇ ਪਾਈਐ ਪਰਮ ਨਿਧਾਨੁ ॥੧॥ ਰਹਾਉ ॥ (337-11)
जा ते पाईऐ परम निधानु ॥१॥ रहाउ ॥

ਕਿਆ ਜਪੁ ਕਿਆ ਤਪੁ ਸੰਜਮੋ ਕਿਆ ਬਰਤੁ ਕਿਆ ਇਸਨਾਨੁ ॥ (337-11)
किआ जपु किआ तपु संजमो किआ बरतु किआ इसनानु ॥

ਜਬ ਲਗੁ ਜੁਗਤਿ ਨ ਜਾਨੀਐ ਭਾਉ ਭਗਤਿ ਭਗਵਾਨ ॥੨॥ (337-12)
जब लगु जुगति न जानीऐ भाउ भगति भगवान ॥२॥

ਸੰਪੈ ਦੇਖਿ ਨ ਹਰਖੀਐ ਬਿਪਤਿ ਦੇਖਿ ਨ ਰੋਇ ॥ (337-12)
स्मपै देखि न हरखीऐ बिपति देखि न रोइ ॥

ਜਿਉ ਸੰਪੈ ਤਿਉ ਬਿਪਤਿ ਹੈ ਬਿਧ ਨੇ ਰਚਿਆ ਸੋ ਹੋਇ ॥੩॥ (337-13)
जिउ स्मपै तिउ बिपति है बिध ने रचिआ सो होइ ॥३॥

ਕਹਿ ਕਬੀਰ ਅਬ ਜਾਨਿਆ ਸੰਤਨ ਰਿਦੈ ਮਝਾਰਿ ॥ (337-13)
कहि कबीर अब जानिआ संतन रिदै मझारि ॥

ਸੇਵਕ ਸੋ ਸੇਵਾ ਭਲੇ ਜਿਹ ਘਟ ਬਸੈ ਮੁਰਾਰਿ ॥੪॥੧॥੧੨॥੬੩॥ (337-14)
सेवक सो सेवा भले जिह घट बसै मुरारि ॥४॥१॥१२॥६३॥

ਗਉੜੀ ॥ (337-14)
गउड़ी ॥

ਰੇ ਮਨ ਤੇਰੋ ਕੋਇ ਨਹੀ ਖਿੰਚਿ ਲੇਇ ਜਿਨਿ ਭਾਰੁ ॥ (337-15)
रे मन तेरो कोइ नही खिंचि लेइ जिनि भारु ॥

ਬਿਰਖ ਬਸੇਰੋ ਪੰਖਿ ਕੋ ਤੈਸੋ ਇਹੁ ਸੰਸਾਰੁ ॥੧॥ (337-15)
बिरख बसेरो पंखि को तैसो इहु संसारु ॥१॥

ਰਾਮ ਰਸੁ ਪੀਆ ਰੇ ॥ (337-16)
राम रसु पीआ रे ॥

ਜਿਹ ਰਸ ਬਿਸਰਿ ਗਏ ਰਸ ਅਉਰ ॥੧॥ ਰਹਾਉ ॥ (337-16)
जिह रस बिसरि गए रस अउर ॥१॥ रहाउ ॥

ਅਉਰ ਮੁਏ ਕਿਆ ਰੋਈਐ ਜਉ ਆਪਾ ਥਿਰੁ ਨ ਰਹਾਇ ॥ (337-16)
अउर मुए किआ रोईऐ जउ आपा थिरु न रहाइ ॥

ਜੋ ਉਪਜੈ ਸੋ ਬਿਨਸਿ ਹੈ ਦੁਖੁ ਕਰਿ ਰੋਵੈ ਬਲਾਇ ॥੨॥ (337-17)
जो उपजै सो बिनसि है दुखु करि रोवै बलाइ ॥२॥

ਜਹ ਕੀ ਉਪਜੀ ਤਹ ਰਚੀ ਪੀਵਤ ਮਰਦਨ ਲਾਗ ॥ (337-17)
जह की उपजी तह रची पीवत मरदन लाग ॥

ਕਹਿ ਕਬੀਰ ਚਿਤਿ ਚੇਤਿਆ ਰਾਮ ਸਿਮਰਿ ਬੈਰਾਗ ॥੩॥੨॥੧੩॥੬੪॥ (337-18)
कहि कबीर चिति चेतिआ राम सिमरि बैराग ॥३॥२॥१३॥६४॥

ਰਾਗੁ ਗਉੜੀ ॥ (337-18)
रागु गउड़ी ॥

ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ ॥ (337-19)
पंथु निहारै कामनी लोचन भरी ले उसासा ॥

ਉਰ ਨ ਭੀਜੈ ਪਗੁ ਨਾ ਖਿਸੈ ਹਰਿ ਦਰਸਨ ਕੀ ਆਸਾ ॥੧॥ (337-19)
उर न भीजै पगु ना खिसै हरि दरसन की आसा ॥१॥

ਉਡਹੁ ਨ ਕਾਗਾ ਕਾਰੇ ॥ (338-1)
उडहु न कागा कारे ॥

ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ ॥੧॥ ਰਹਾਉ ॥ (338-1)
बेगि मिलीजै अपुने राम पिआरे ॥१॥ रहाउ ॥

ਕਹਿ ਕਬੀਰ ਜੀਵਨ ਪਦ ਕਾਰਨਿ ਹਰਿ ਕੀ ਭਗਤਿ ਕਰੀਜੈ ॥ (338-2)
कहि कबीर जीवन पद कारनि हरि की भगति करीजै ॥

ਏਕੁ ਆਧਾਰੁ ਨਾਮੁ ਨਾਰਾਇਨ ਰਸਨਾ ਰਾਮੁ ਰਵੀਜੈ ॥੨॥੧॥੧੪॥੬੫॥ (338-2)
एकु आधारु नामु नाराइन रसना रामु रवीजै ॥२॥१॥१४॥६५॥

ਰਾਗੁ ਗਉੜੀ ੧੧ ॥ (338-3)
रागु गउड़ी ११ ॥

ਆਸ ਪਾਸ ਘਨ ਤੁਰਸੀ ਕਾ ਬਿਰਵਾ ਮਾਝ ਬਨਾ ਰਸਿ ਗਾਊਂ ਰੇ ॥ (338-3)
आस पास घन तुरसी का बिरवा माझ बना रसि गाऊं रे ॥

ਉਆ ਕਾ ਸਰੂਪੁ ਦੇਖਿ ਮੋਹੀ ਗੁਆਰਨਿ ਮੋ ਕਉ ਛੋਡਿ ਨ ਆਉ ਨ ਜਾਹੂ ਰੇ ॥੧॥ (338-3)
उआ का सरूपु देखि मोही गुआरनि मो कउ छोडि न आउ न जाहू रे ॥१॥

ਤੋਹਿ ਚਰਨ ਮਨੁ ਲਾਗੋ ਸਾਰਿੰਗਧਰ ॥ (338-4)
तोहि चरन मनु लागो सारिंगधर ॥

ਸੋ ਮਿਲੈ ਜੋ ਬਡਭਾਗੋ ॥੧॥ ਰਹਾਉ ॥ (338-5)
सो मिलै जो बडभागो ॥१॥ रहाउ ॥

ਬਿੰਦ੍ਰਾਬਨ ਮਨ ਹਰਨ ਮਨੋਹਰ ਕ੍ਰਿਸਨ ਚਰਾਵਤ ਗਾਊ ਰੇ ॥ (338-5)
बिंद्राबन मन हरन मनोहर क्रिसन चरावत गाऊ रे ॥

ਜਾ ਕਾ ਠਾਕੁਰੁ ਤੁਹੀ ਸਾਰਿੰਗਧਰ ਮੋਹਿ ਕਬੀਰਾ ਨਾਊ ਰੇ ॥੨॥੨॥੧੫॥੬੬॥ (338-6)
जा का ठाकुरु तुही सारिंगधर मोहि कबीरा नाऊ रे ॥२॥२॥१५॥६६॥

ਗਉੜੀ ਪੂਰਬੀ ੧੨ ॥ (338-6)
गउड़ी पूरबी १२ ॥

ਬਿਪਲ ਬਸਤ੍ਰ ਕੇਤੇ ਹੈ ਪਹਿਰੇ ਕਿਆ ਬਨ ਮਧੇ ਬਾਸਾ ॥ (338-7)
बिपल बसत्र केते है पहिरे किआ बन मधे बासा ॥

ਕਹਾ ਭਇਆ ਨਰ ਦੇਵਾ ਧੋਖੇ ਕਿਆ ਜਲਿ ਬੋਰਿਓ ਗਿਆਤਾ ॥੧॥ (338-7)
कहा भइआ नर देवा धोखे किआ जलि बोरिओ गिआता ॥१॥

ਜੀਅਰੇ ਜਾਹਿਗਾ ਮੈ ਜਾਨਾਂ ॥ (338-7)
जीअरे जाहिगा मै जानां ॥

ਅਬਿਗਤ ਸਮਝੁ ਇਆਨਾ ॥ (338-8)
अबिगत समझु इआना ॥

ਜਤ ਜਤ ਦੇਖਉ ਬਹੁਰਿ ਨ ਪੇਖਉ ਸੰਗਿ ਮਾਇਆ ਲਪਟਾਨਾ ॥੧॥ ਰਹਾਉ ॥ (338-8)
जत जत देखउ बहुरि न पेखउ संगि माइआ लपटाना ॥१॥ रहाउ ॥

ਗਿਆਨੀ ਧਿਆਨੀ ਬਹੁ ਉਪਦੇਸੀ ਇਹੁ ਜਗੁ ਸਗਲੋ ਧੰਧਾ ॥ (338-9)
गिआनी धिआनी बहु उपदेसी इहु जगु सगलो धंधा ॥

ਕਹਿ ਕਬੀਰ ਇਕ ਰਾਮ ਨਾਮ ਬਿਨੁ ਇਆ ਜਗੁ ਮਾਇਆ ਅੰਧਾ ॥੨॥੧॥੧੬॥੬੭॥ (338-9)
कहि कबीर इक राम नाम बिनु इआ जगु माइआ अंधा ॥२॥१॥१६॥६७॥

ਗਉੜੀ ੧੨ ॥ (338-10)
गउड़ी १२ ॥

ਮਨ ਰੇ ਛਾਡਹੁ ਭਰਮੁ ਪ੍ਰਗਟ ਹੋਇ ਨਾਚਹੁ ਇਆ ਮਾਇਆ ਕੇ ਡਾਂਡੇ ॥ (338-11)
मन रे छाडहु भरमु प्रगट होइ नाचहु इआ माइआ के डांडे ॥

ਸੂਰੁ ਕਿ ਸਨਮੁਖ ਰਨ ਤੇ ਡਰਪੈ ਸਤੀ ਕਿ ਸਾਂਚੈ ਭਾਂਡੇ ॥੧॥ (338-11)
सूरु कि सनमुख रन ते डरपै सती कि सांचै भांडे ॥१॥

ਡਗਮਗ ਛਾਡਿ ਰੇ ਮਨ ਬਉਰਾ ॥ (338-11)
डगमग छाडि रे मन बउरा ॥

ਅਬ ਤਉ ਜਰੇ ਮਰੇ ਸਿਧਿ ਪਾਈਐ ਲੀਨੋ ਹਾਥਿ ਸੰਧਉਰਾ ॥੧॥ ਰਹਾਉ ॥ (338-12)
अब तउ जरे मरे सिधि पाईऐ लीनो हाथि संधउरा ॥१॥ रहाउ ॥

ਕਾਮ ਕ੍ਰੋਧ ਮਾਇਆ ਕੇ ਲੀਨੇ ਇਆ ਬਿਧਿ ਜਗਤੁ ਬਿਗੂਤਾ ॥ (338-12)
काम क्रोध माइआ के लीने इआ बिधि जगतु बिगूता ॥

ਕਹਿ ਕਬੀਰ ਰਾਜਾ ਰਾਮ ਨ ਛੋਡਉ ਸਗਲ ਊਚ ਤੇ ਊਚਾ ॥੨॥੨॥੧੭॥੬੮॥ (338-13)
कहि कबीर राजा राम न छोडउ सगल ऊच ते ऊचा ॥२॥२॥१७॥६८॥

ਗਉੜੀ ੧੩ ॥ (338-14)
गउड़ी १३ ॥

ਫੁਰਮਾਨੁ ਤੇਰਾ ਸਿਰੈ ਊਪਰਿ ਫਿਰਿ ਨ ਕਰਤ ਬੀਚਾਰ ॥ (338-14)
फुरमानु तेरा सिरै ऊपरि फिरि न करत बीचार ॥

ਤੁਹੀ ਦਰੀਆ ਤੁਹੀ ਕਰੀਆ ਤੁਝੈ ਤੇ ਨਿਸਤਾਰ ॥੧॥ (338-14)
तुही दरीआ तुही करीआ तुझै ते निसतार ॥१॥

ਬੰਦੇ ਬੰਦਗੀ ਇਕਤੀਆਰ ॥ (338-15)
बंदे बंदगी इकतीआर ॥

ਸਾਹਿਬੁ ਰੋਸੁ ਧਰਉ ਕਿ ਪਿਆਰੁ ॥੧॥ ਰਹਾਉ ॥ (338-15)
साहिबु रोसु धरउ कि पिआरु ॥१॥ रहाउ ॥

ਨਾਮੁ ਤੇਰਾ ਆਧਾਰੁ ਮੇਰਾ ਜਿਉ ਫੂਲੁ ਜਈ ਹੈ ਨਾਰਿ ॥ (338-16)
नामु तेरा आधारु मेरा जिउ फूलु जई है नारि ॥

ਕਹਿ ਕਬੀਰ ਗੁਲਾਮੁ ਘਰ ਕਾ ਜੀਆਇ ਭਾਵੈ ਮਾਰਿ ॥੨॥੧੮॥੬੯॥ (338-16)
कहि कबीर गुलामु घर का जीआइ भावै मारि ॥२॥१८॥६९॥

ਗਉੜੀ ॥ (338-16)
गउड़ी ॥

ਲਖ ਚਉਰਾਸੀਹ ਜੀਅ ਜੋਨਿ ਮਹਿ ਭ੍ਰਮਤ ਨੰਦੁ ਬਹੁ ਥਾਕੋ ਰੇ ॥ (338-17)
लख चउरासीह जीअ जोनि महि भ्रमत नंदु बहु थाको रे ॥

ਭਗਤਿ ਹੇਤਿ ਅਵਤਾਰੁ ਲੀਓ ਹੈ ਭਾਗੁ ਬਡੋ ਬਪੁਰਾ ਕੋ ਰੇ ॥੧॥ (338-17)
भगति हेति अवतारु लीओ है भागु बडो बपुरा को रे ॥१॥

ਤੁਮ੍ਹ ਜੁ ਕਹਤ ਹਉ ਨੰਦ ਕੋ ਨੰਦਨੁ ਨੰਦ ਸੁ ਨੰਦਨੁ ਕਾ ਕੋ ਰੇ ॥ (338-18)
तुम्ह जु कहत हउ नंद को नंदनु नंद सु नंदनु का को रे ॥

ਧਰਨਿ ਅਕਾਸੁ ਦਸੋ ਦਿਸ ਨਾਹੀ ਤਬ ਇਹੁ ਨੰਦੁ ਕਹਾ ਥੋ ਰੇ ॥੧॥ ਰਹਾਉ ॥ (338-18)
धरनि अकासु दसो दिस नाही तब इहु नंदु कहा थो रे ॥१॥ रहाउ ॥

ਸੰਕਟਿ ਨਹੀ ਪਰੈ ਜੋਨਿ ਨਹੀ ਆਵੈ ਨਾਮੁ ਨਿਰੰਜਨ ਜਾ ਕੋ ਰੇ ॥ (338-19)
संकटि नही परै जोनि नही आवै नामु निरंजन जा को रे ॥

ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੈ ਮਾਈ ਨ ਬਾਪੋ ਰੇ ॥੨॥੧੯॥੭੦॥ (339-1)
कबीर को सुआमी ऐसो ठाकुरु जा कै माई न बापो रे ॥२॥१९॥७०॥

ਗਉੜੀ ॥ (339-1)
गउड़ी ॥

ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ ॥ (339-2)
निंदउ निंदउ मो कउ लोगु निंदउ ॥

ਨਿੰਦਾ ਜਨ ਕਉ ਖਰੀ ਪਿਆਰੀ ॥ (339-2)
निंदा जन कउ खरी पिआरी ॥

ਨਿੰਦਾ ਬਾਪੁ ਨਿੰਦਾ ਮਹਤਾਰੀ ॥੧॥ ਰਹਾਉ ॥ (339-2)
निंदा बापु निंदा महतारी ॥१॥ रहाउ ॥

ਨਿੰਦਾ ਹੋਇ ਤ ਬੈਕੁੰਠਿ ਜਾਈਐ ॥ (339-3)
निंदा होइ त बैकुंठि जाईऐ ॥

ਨਾਮੁ ਪਦਾਰਥੁ ਮਨਹਿ ਬਸਾਈਐ ॥ (339-3)
नामु पदारथु मनहि बसाईऐ ॥

ਰਿਦੈ ਸੁਧ ਜਉ ਨਿੰਦਾ ਹੋਇ ॥ (339-3)
रिदै सुध जउ निंदा होइ ॥

ਹਮਰੇ ਕਪਰੇ ਨਿੰਦਕੁ ਧੋਇ ॥੧॥ (339-4)
हमरे कपरे निंदकु धोइ ॥१॥

ਨਿੰਦਾ ਕਰੈ ਸੁ ਹਮਰਾ ਮੀਤੁ ॥ (339-4)
निंदा करै सु हमरा मीतु ॥

ਨਿੰਦਕ ਮਾਹਿ ਹਮਾਰਾ ਚੀਤੁ ॥ (339-4)
निंदक माहि हमारा चीतु ॥

ਨਿੰਦਕੁ ਸੋ ਜੋ ਨਿੰਦਾ ਹੋਰੈ ॥ (339-5)
निंदकु सो जो निंदा होरै ॥

ਹਮਰਾ ਜੀਵਨੁ ਨਿੰਦਕੁ ਲੋਰੈ ॥੨॥ (339-5)
हमरा जीवनु निंदकु लोरै ॥२॥

ਨਿੰਦਾ ਹਮਰੀ ਪ੍ਰੇਮ ਪਿਆਰੁ ॥ (339-5)
निंदा हमरी प्रेम पिआरु ॥

ਨਿੰਦਾ ਹਮਰਾ ਕਰੈ ਉਧਾਰੁ ॥ (339-5)
निंदा हमरा करै उधारु ॥

ਜਨ ਕਬੀਰ ਕਉ ਨਿੰਦਾ ਸਾਰੁ ॥ (339-6)
जन कबीर कउ निंदा सारु ॥

ਨਿੰਦਕੁ ਡੂਬਾ ਹਮ ਉਤਰੇ ਪਾਰਿ ॥੩॥੨੦॥੭੧॥ (339-6)
निंदकु डूबा हम उतरे पारि ॥३॥२०॥७१॥

ਰਾਜਾ ਰਾਮ ਤੂੰ ਐਸਾ ਨਿਰਭਉ ਤਰਨ ਤਾਰਨ ਰਾਮ ਰਾਇਆ ॥੧॥ ਰਹਾਉ ॥ (339-6)
राजा राम तूं ऐसा निरभउ तरन तारन राम राइआ ॥१॥ रहाउ ॥

ਜਬ ਹਮ ਹੋਤੇ ਤਬ ਤੁਮ ਨਾਹੀ ਅਬ ਤੁਮ ਹਹੁ ਹਮ ਨਾਹੀ ॥ (339-7)
जब हम होते तब तुम नाही अब तुम हहु हम नाही ॥

ਅਬ ਹਮ ਤੁਮ ਏਕ ਭਏ ਹਹਿ ਏਕੈ ਦੇਖਤ ਮਨੁ ਪਤੀਆਹੀ ॥੧॥ (339-7)
अब हम तुम एक भए हहि एकै देखत मनु पतीआही ॥१॥

ਜਬ ਬੁਧਿ ਹੋਤੀ ਤਬ ਬਲੁ ਕੈਸਾ ਅਬ ਬੁਧਿ ਬਲੁ ਨ ਖਟਾਈ ॥ (339-8)
जब बुधि होती तब बलु कैसा अब बुधि बलु न खटाई ॥

ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ ਬਦਲੀ ਸਿਧਿ ਪਾਈ ॥੨॥੨੧॥੭੨॥ (339-9)
कहि कबीर बुधि हरि लई मेरी बुधि बदली सिधि पाई ॥२॥२१॥७२॥

ਗਉੜੀ ॥ (339-9)
गउड़ी ॥

ਖਟ ਨੇਮ ਕਰਿ ਕੋਠੜੀ ਬਾਂਧੀ ਬਸਤੁ ਅਨੂਪੁ ਬੀਚ ਪਾਈ ॥ (339-10)
खट नेम करि कोठड़ी बांधी बसतु अनूपु बीच पाई ॥

ਕੁੰਜੀ ਕੁਲਫੁ ਪ੍ਰਾਨ ਕਰਿ ਰਾਖੇ ਕਰਤੇ ਬਾਰ ਨ ਲਾਈ ॥੧॥ (339-10)
कुंजी कुलफु प्रान करि राखे करते बार न लाई ॥१॥

ਅਬ ਮਨ ਜਾਗਤ ਰਹੁ ਰੇ ਭਾਈ ॥ (339-11)
अब मन जागत रहु रे भाई ॥

ਗਾਫਲੁ ਹੋਇ ਕੈ ਜਨਮੁ ਗਵਾਇਓ ਚੋਰੁ ਮੁਸੈ ਘਰੁ ਜਾਈ ॥੧॥ ਰਹਾਉ ॥ (339-11)
गाफलु होइ कै जनमु गवाइओ चोरु मुसै घरु जाई ॥१॥ रहाउ ॥

ਪੰਚ ਪਹਰੂਆ ਦਰ ਮਹਿ ਰਹਤੇ ਤਿਨ ਕਾ ਨਹੀ ਪਤੀਆਰਾ ॥ (339-11)
पंच पहरूआ दर महि रहते तिन का नही पतीआरा ॥

ਚੇਤਿ ਸੁਚੇਤ ਚਿਤ ਹੋਇ ਰਹੁ ਤਉ ਲੈ ਪਰਗਾਸੁ ਉਜਾਰਾ ॥੨॥ (339-12)
चेति सुचेत चित होइ रहु तउ लै परगासु उजारा ॥२॥

ਨਉ ਘਰ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ ॥ (339-13)
नउ घर देखि जु कामनि भूली बसतु अनूप न पाई ॥

ਕਹਤੁ ਕਬੀਰ ਨਵੈ ਘਰ ਮੂਸੇ ਦਸਵੈਂ ਤਤੁ ਸਮਾਈ ॥੩॥੨੨॥੭੩॥ (339-13)
कहतु कबीर नवै घर मूसे दसवैं ततु समाई ॥३॥२२॥७३॥

ਗਉੜੀ ॥ (339-14)
गउड़ी ॥

ਮਾਈ ਮੋਹਿ ਅਵਰੁ ਨ ਜਾਨਿਓ ਆਨਾਨਾਂ ॥ (339-14)
माई मोहि अवरु न जानिओ आनानां ॥

ਸਿਵ ਸਨਕਾਦਿ ਜਾਸੁ ਗੁਨ ਗਾਵਹਿ ਤਾਸੁ ਬਸਹਿ ਮੋਰੇ ਪ੍ਰਾਨਾਨਾਂ ॥ ਰਹਾਉ ॥ (339-14)
सिव सनकादि जासु गुन गावहि तासु बसहि मोरे प्रानानां ॥ रहाउ ॥

ਹਿਰਦੇ ਪ੍ਰਗਾਸੁ ਗਿਆਨ ਗੁਰ ਗੰਮਿਤ ਗਗਨ ਮੰਡਲ ਮਹਿ ਧਿਆਨਾਨਾਂ ॥ (339-15)
हिरदे प्रगासु गिआन गुर गंमित गगन मंडल महि धिआनानां ॥

ਬਿਖੈ ਰੋਗ ਭੈ ਬੰਧਨ ਭਾਗੇ ਮਨ ਨਿਜ ਘਰਿ ਸੁਖੁ ਜਾਨਾਨਾ ॥੧॥ (339-16)
बिखै रोग भै बंधन भागे मन निज घरि सुखु जानाना ॥१॥

ਏਕ ਸੁਮਤਿ ਰਤਿ ਜਾਨਿ ਮਾਨਿ ਪ੍ਰਭ ਦੂਸਰ ਮਨਹਿ ਨ ਆਨਾਨਾ ॥ (339-16)
एक सुमति रति जानि मानि प्रभ दूसर मनहि न आनाना ॥

ਚੰਦਨ ਬਾਸੁ ਭਏ ਮਨ ਬਾਸਨ ਤਿਆਗਿ ਘਟਿਓ ਅਭਿਮਾਨਾਨਾ ॥੨॥ (339-17)
चंदन बासु भए मन बासन तिआगि घटिओ अभिमानाना ॥२॥

ਜੋ ਜਨ ਗਾਇ ਧਿਆਇ ਜਸੁ ਠਾਕੁਰ ਤਾਸੁ ਪ੍ਰਭੂ ਹੈ ਥਾਨਾਨਾਂ ॥ (339-17)
जो जन गाइ धिआइ जसु ठाकुर तासु प्रभू है थानानां ॥

ਤਿਹ ਬਡ ਭਾਗ ਬਸਿਓ ਮਨਿ ਜਾ ਕੈ ਕਰਮ ਪ੍ਰਧਾਨ ਮਥਾਨਾਨਾ ॥੩॥ (339-18)
तिह बड भाग बसिओ मनि जा कै करम प्रधान मथानाना ॥३॥

ਕਾਟਿ ਸਕਤਿ ਸਿਵ ਸਹਜੁ ਪ੍ਰਗਾਸਿਓ ਏਕੈ ਏਕ ਸਮਾਨਾਨਾ ॥ (339-19)
काटि सकति सिव सहजु प्रगासिओ एकै एक समानाना ॥

ਕਹਿ ਕਬੀਰ ਗੁਰ ਭੇਟਿ ਮਹਾ ਸੁਖ ਭ੍ਰਮਤ ਰਹੇ ਮਨੁ ਮਾਨਾਨਾਂ ॥੪॥੨੩॥੭੪॥ (339-19)
कहि कबीर गुर भेटि महा सुख भ्रमत रहे मनु मानानां ॥४॥२३॥७४॥

ਰਾਗੁ ਗਉੜੀ ਪੂਰਬੀ ਬਾਵਨ ਅਖਰੀ ਕਬੀਰ ਜੀਉ ਕੀ (340-1)
रागु गउड़ी पूरबी बावन अखरी कबीर जीउ की

ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥ (340-2)
ੴ सतिनामु करता पुरखु गुरप्रसादि ॥

ਬਾਵਨ ਅਛਰ ਲੋਕ ਤ੍ਰੈ ਸਭੁ ਕਛੁ ਇਨ ਹੀ ਮਾਹਿ ॥ (340-2)
बावन अछर लोक त्रै सभु कछु इन ही माहि ॥

ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ ॥੧॥ (340-3)
ए अखर खिरि जाहिगे ओइ अखर इन महि नाहि ॥१॥

ਜਹਾ ਬੋਲ ਤਹ ਅਛਰ ਆਵਾ ॥ (340-3)
जहा बोल तह अछर आवा ॥

ਜਹ ਅਬੋਲ ਤਹ ਮਨੁ ਨ ਰਹਾਵਾ ॥ (340-4)
जह अबोल तह मनु न रहावा ॥

ਬੋਲ ਅਬੋਲ ਮਧਿ ਹੈ ਸੋਈ ॥ (340-4)
बोल अबोल मधि है सोई ॥

ਜਸ ਓਹੁ ਹੈ ਤਸ ਲਖੈ ਨ ਕੋਈ ॥੨॥ (340-4)
जस ओहु है तस लखै न कोई ॥२॥

ਅਲਹ ਲਹਉ ਤਉ ਕਿਆ ਕਹਉ ਕਹਉ ਤ ਕੋ ਉਪਕਾਰ ॥ (340-4)
अलह लहउ तउ किआ कहउ कहउ त को उपकार ॥

ਬਟਕ ਬੀਜ ਮਹਿ ਰਵਿ ਰਹਿਓ ਜਾ ਕੋ ਤੀਨਿ ਲੋਕ ਬਿਸਥਾਰ ॥੩॥ (340-5)
बटक बीज महि रवि रहिओ जा को तीनि लोक बिसथार ॥३॥

ਅਲਹ ਲਹੰਤਾ ਭੇਦ ਛੈ ਕਛੁ ਕਛੁ ਪਾਇਓ ਭੇਦ ॥ (340-5)
अलह लहंता भेद छै कछु कछु पाइओ भेद ॥

ਉਲਟਿ ਭੇਦ ਮਨੁ ਬੇਧਿਓ ਪਾਇਓ ਅਭੰਗ ਅਛੇਦ ॥੪॥ (340-6)
उलटि भेद मनु बेधिओ पाइओ अभंग अछेद ॥४॥

ਤੁਰਕ ਤਰੀਕਤਿ ਜਾਨੀਐ ਹਿੰਦੂ ਬੇਦ ਪੁਰਾਨ ॥ (340-6)
तुरक तरीकति जानीऐ हिंदू बेद पुरान ॥

ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ ॥੫॥ (340-7)
मन समझावन कारने कछूअक पड़ीऐ गिआन ॥५॥

ਓਅੰਕਾਰ ਆਦਿ ਮੈ ਜਾਨਾ ॥ (340-7)
ओअंकार आदि मै जाना ॥

ਲਿਖਿ ਅਰੁ ਮੇਟੈ ਤਾਹਿ ਨ ਮਾਨਾ ॥ (340-8)
लिखि अरु मेटै ताहि न माना ॥

ਓਅੰਕਾਰ ਲਖੈ ਜਉ ਕੋਈ ॥ (340-8)
ओअंकार लखै जउ कोई ॥

ਸੋਈ ਲਖਿ ਮੇਟਣਾ ਨ ਹੋਈ ॥੬॥ (340-8)
सोई लखि मेटणा न होई ॥६॥

ਕਕਾ ਕਿਰਣਿ ਕਮਲ ਮਹਿ ਪਾਵਾ ॥ (340-9)
कका किरणि कमल महि पावा ॥

ਸਸਿ ਬਿਗਾਸ ਸੰਪਟ ਨਹੀ ਆਵਾ ॥ (340-9)

ससि बिगास स्मपट नही आवा ॥

ਅਰੁ ਜੇ ਤਹਾ ਕੁਸਮ ਰਸੁ ਪਾਵਾ ॥ (340-9)

अरु जे तहा कुसम रसु पावा ॥

ਅਕਹ ਕਹਾ ਕਹਿ ਕਾ ਸਮਝਾਵਾ ॥੭॥ (340-10)

अकह कहा कहि का समझावा ॥७॥

ਖਖਾ ਇਹੈ ਖੋੜਿ ਮਨ ਆਵਾ ॥ (340-10)

खखा इहै खोड़ि मन आवा ॥

ਖੋੜੇ ਛਾਡਿ ਨ ਦਹ ਦਿਸ ਧਾਵਾ ॥ (340-10)

खोड़े छाडि न दह दिस धावा ॥

ਖਸਮਹਿ ਜਾਣਿ ਖਿਮਾ ਕਰਿ ਰਹੈ ॥ (340-10)

खसमहि जाणि खिमा करि रहै ॥

ਤਉ ਹੋਇ ਨਿਖਿਅਉ ਅਖੈ ਪਦੁ ਲਹੈ ॥੮॥ (340-11)

तउ होइ निखिअउ अखै पदु लहै ॥८॥

ਗਗਾ ਗੁਰ ਕੇ ਬਚਨ ਪਛਾਨਾ ॥ (340-11)

गगा गुर के बचन पछाना ॥

ਦੂਜੀ ਬਾਤ ਨ ਧਰਈ ਕਾਨਾ ॥ (340-11)

दूजी बात न धरई काना ॥

ਰਹੈ ਬਿਹੰਗਮ ਕਤਹਿ ਨ ਜਾਈ ॥ (340-12)

रहै बिहंगम कतहि न जाई ॥

ਅਗਹ ਗਹੈ ਗਹਿ ਗਗਨ ਰਹਾਈ ॥੯॥ (340-12)

अगह गहै गहि गगन रहाई ॥९॥

ਘਘਾ ਘਟਿ ਘਟਿ ਨਿਮਸੈ ਸੋਈ ॥ (340-12)

घघा घटि घटि निमसै सोई ॥

ਘਟ ਫੂਟੇ ਘਟਿ ਕਬਹਿ ਨ ਹੋਈ ॥ (340-13)
घट फूटे घटि कबहि न होई ॥

ਤਾ ਘਟ ਮਾਹਿ ਘਾਟ ਜਉ ਪਾਵਾ ॥ (340-13)
ता घट माहि घाट जउ पावा ॥

ਸੋ ਘਟੁ ਛਾਡਿ ਅਵਘਟ ਕਤ ਧਾਵਾ ॥੧੦॥ (340-13)
सो घटु छाडि अवघट कत धावा ॥१०॥

ਙੰਙਾ ਨਿਗ੍ਰਹਿ ਸਨੇਹੁ ਕਰਿ ਨਿਰਵਾਰੋ ਸੰਦੇਹ ॥ (340-14)
ङंङा निग्रहि सनेहु करि निरवारो संदेह ॥

ਨਾਹੀ ਦੇਖਿ ਨ ਭਾਜੀਐ ਪਰਮ ਸਿਆਨਪ ਏਹ ॥੧੧॥ (340-14)
नाही देखि न भाजीऐ परम सिआनप एह ॥११॥

ਚਚਾ ਰਚਿਤ ਚਿਤ੍ਰ ਹੈ ਭਾਰੀ ॥ (340-14)
चचा रचित चित्र है भारी ॥

ਤਜਿ ਚਿਤ੍ਰੈ ਚੇਤਹੁ ਚਿਤਕਾਰੀ ॥ (340-15)
तजि चित्रै चेतहु चितकारी ॥

ਚਿਤ੍ਰ ਬਚਿਤ੍ਰ ਇਹੈ ਅਵਝੇਰਾ ॥ (340-15)
चित्र बचित्र इहै अवझेरा ॥

ਤਜਿ ਚਿਤ੍ਰੈ ਚਿਤੁ ਰਾਖਿ ਚਿਤੇਰਾ ॥੧੨॥ (340-16)
तजि चित्रै चितु राखि चितेरा ॥१२॥

ਛਛਾ ਇਹੈ ਛਤ੍ਰਪਤਿ ਪਾਸਾ ॥ (340-16)
छछा इहै छत्रपति पासा ॥

ਛਕਿ ਕਿ ਨ ਰਹਹੁ ਛਾਡਿ ਕਿ ਨ ਆਸਾ ॥ (340-16)
छकि कि न रहहु छाडि कि न आसा ॥

ਰੇ ਮਨ ਮੈ ਤਉ ਛਿਨ ਛਿਨ ਸਮਝਾਵਾ ॥ (340-16)
रे मन मै तउ छिन छिन समझावा ॥

ਤਾਹਿ ਛਾਡਿ ਕਤ ਆਪੁ ਬਧਾਵਾ ॥੧੩॥ (340-17)
ताहि छाडि कत आपु बधावा ॥१३॥

ਜਜਾ ਜਉ ਤਨ ਜੀਵਤ ਜਰਾਵੈ ॥ (340-17)
जजा जउ तन जीवत जरावै ॥

ਜੋਬਨ ਜਾਰਿ ਜੁਗਤਿ ਸੋ ਪਾਵੈ ॥ (340-17)
जोबन जारि जुगति सो पावै ॥

ਅਸ ਜਰਿ ਪਰ ਜਰਿ ਜਰਿ ਜਬ ਰਹੈ ॥ (340-18)
अस जरि पर जरि जरि जब रहै ॥

ਤਬ ਜਾਇ ਜੋਤਿ ਉਜਾਰਉ ਲਹੈ ॥੧੪॥ (340-18)
तब जाइ जोति उजारउ लहै ॥१४॥

ਝਝਾ ਉਰਝਿ ਸੁਰਝਿ ਨਹੀ ਜਾਨਾ ॥ (340-18)
झझा उरझि सुरझि नही जाना ॥

ਰਹਿਓ ਝਝਕਿ ਨਾਹੀ ਪਰਵਾਨਾ ॥ (341-1)
रहिओ झझकि नाही परवाना ॥

ਕਤ ਝਖਿ ਝਖਿ ਅਉਰਨ ਸਮਝਾਵਾ ॥ (341-1)
कत झखि झखि अउरन समझावा ॥

ਝਗਰੁ ਕੀਏ ਝਗਰਉ ਹੀ ਪਾਵਾ ॥੧੫॥ (341-1)
झगरु कीए झगरउ ही पावा ॥१५॥

ਞੰਞਾ ਨਿਕਟਿ ਜੁ ਘਟ ਰਹਿਓ ਦੂਰਿ ਕਹਾ ਤਜਿ ਜਾਇ ॥ (341-2)
ञंञा निकटि जु घट रहिओ दूरि कहा तजि जाइ ॥

ਜਾ ਕਾਰਣਿ ਜਗੁ ਢੂਢਿਅਉ ਨੇਰਉ ਪਾਇਅਉ ਤਾਹਿ ॥੧੬॥ (341-2)
जा कारणि जगु ढूढिअउ नेरउ पाइअउ ताहि ॥१६॥

ਟਟਾ ਬਿਕਟ ਘਾਟ ਘਟ ਮਾਹੀ ॥ (341-3)
टटा बिकट घाट घट माही ॥

ਖੋਲਿ ਕਪਾਟ ਮਹਲਿ ਕਿ ਨ ਜਾਹੀ ॥ (341-3)
खोलि कपाट महलि कि न जाही ॥

ਦੇਖਿ ਅਟਲ ਟਲਿ ਕਤਹਿ ਨ ਜਾਵਾ ॥ (341-3)
देखि अटल टलि कतहि न जावा ॥

ਰਹੈ ਲਪਟਿ ਘਟ ਪਰਚਉ ਪਾਵਾ ॥੧੭॥ (341-4)
रहै लपटि घट परचउ पावा ॥१७॥

ਠਠਾ ਇਹੈ ਦੂਰਿ ਠਗ ਨੀਰਾ ॥ (341-4)
ठठा इहै दूरि ठग नीरा ॥

ਨੀਠਿ ਨੀਠਿ ਮਨੁ ਕੀਆ ਧੀਰਾ ॥ (341-5)
नीठि नीठि मनु कीआ धीरा ॥

ਜਿਨਿ ਠਗਿ ਠਗਿਆ ਸਗਲ ਜਗੁ ਖਾਵਾ ॥ (341-5)
जिनि ठगि ठगिआ सगल जगु खावा ॥

ਸੋ ਠਗੁ ਠਗਿਆ ਠਉਰ ਮਨੁ ਆਵਾ ॥੧੮॥ (341-5)
सो ठगु ठगिआ ठउर मनु आवा ॥१८॥

ਡਡਾ ਡਰ ਉਪਜੇ ਡਰੁ ਜਾਈ ॥ (341-5)
डडा डर उपजे डरु जाई ॥

ਤਾ ਡਰ ਮਹਿ ਡਰੁ ਰਹਿਆ ਸਮਾਈ ॥ (341-6)
ता डर महि डरु रहिआ समाई ॥

ਜਉ ਡਰ ਡਰੈ ਤ ਫਿਰਿ ਡਰੁ ਲਾਗੈ ॥ (341-6)
जउ डर डरै त फिरि डरु लागै ॥

ਨਿਡਰ ਹੂਆ ਡਰੁ ਉਰ ਹੋਇ ਭਾਗੈ ॥੧੯॥ (341-7)
निडर हूआ डरु उर होइ भागै ॥१९॥

ਢਢਾ ਢਿਗ ਢੂਢਹਿ ਕਤ ਆਨਾ ॥ (341-7)
ढढा ढिग ढूढहि कत आना ॥

ਢੂਢਤ ਹੀ ਢਹਿ ਗਏ ਪਰਾਨਾ ॥ (341-7)
ढूढत ही ढहि गए पराना ॥

ਚੜਿ ਸੁਮੇਰਿ ਢੂਢਿ ਜਬ ਆਵਾ ॥ (341-8)
चड़ि सुमेरि ढूढि जब आवा ॥

ਜਿਹ ਗੜੁ ਗੜਿਓ ਸੁ ਗੜ ਮਹਿ ਪਾਵਾ ॥੨੦॥ (341-8)
जिह गड़ु गड़िओ सु गड़ महि पावा ॥२०॥

ਣਾਣਾ ਰਣਿ ਰੂਤਉ ਨਰ ਨੇਹੀ ਕਰੈ ॥ (341-8)
णाणा रणि रूतउ नर नेही करै ॥

ਨਾ ਨਿਵੈ ਨਾ ਫੁਨਿ ਸੰਚਰੈ ॥ (341-9)
ना निवै ना फुनि संचरै ॥

ਧੰਨਿ ਜਨਮੁ ਤਾਹੀ ਕੋ ਗਣੈ ॥ (341-9)
धंनि जनमु ताही को गणै ॥

ਮਾਰੈ ਏਕਹਿ ਤਜਿ ਜਾਇ ਘਣੈ ॥੨੧॥ (341-9)
मारै एकहि तजि जाइ घणै ॥२१॥

ਤਤਾ ਅਤਰ ਤਰਿਓ ਨਹ ਜਾਈ ॥ (341-9)
तता अतर तरिओ नह जाई ॥

ਤਨ ਤ੍ਰਿਭਵਣ ਮਹਿ ਰਹਿਓ ਸਮਾਈ ॥ (341-10)
तन त्रिभवण महि रहिओ समाई ॥

ਜਉ ਤ੍ਰਿਭਵਣ ਤਨ ਮਾਹਿ ਸਮਾਵਾ ॥ (341-10)
जउ त्रिभवण तन माहि समावा ॥

ਤਉ ਤਤਹਿ ਤਤ ਮਿਲਿਆ ਸਚੁ ਪਾਵਾ ॥੨੨॥ (341-10)
तउ ततहि तत मिलिआ सचु पावा ॥२२॥

ਥਥਾ ਅਥਾਹ ਥਾਹ ਨਹੀ ਪਾਵਾ ॥ (341-11)
थथा अथाह थाह नही पावा ॥

ਓਹੁ ਅਥਾਹ ਇਹੁ ਥਿਰੁ ਨ ਰਹਾਵਾ ॥ (341-11)
ओहु अथाह इहु थिरु न रहावा ॥

ਥੋੜੈ ਥਲਿ ਥਾਨਕ ਆਰੰਭੈ ॥ (341-11)
थोड़ै थलि थानक आर्मभै ॥

ਬਿਨੁ ਹੀ ਥਾਭਹ ਮੰਦਿਰੁ ਥੰਭੈ ॥੨੩॥ (341-12)
बिनु ही थाभह मंदिरु थ्मभै ॥२३॥

ਦਦਾ ਦੇਖਿ ਜੁ ਬਿਨਸਨਹਾਰਾ ॥ (341-12)
ददा देखि जु बिनसनहारा ॥

ਜਸ ਅਦੇਖਿ ਤਸ ਰਾਖਿ ਬਿਚਾਰਾ ॥ (341-12)
जस अदेखि तस राखि बिचारा ॥

ਦਸਵੈ ਦੁਆਰਿ ਕੁੰਚੀ ਜਬ ਦੀਜੈ ॥ (341-13)
दसवै दुआरि कुंची जब दीजै ॥

ਤਉ ਦਇਆਲ ਕੋ ਦਰਸਨੁ ਕੀਜੈ ॥੨੪॥ (341-13)
तउ दइआल को दरसनु कीजै ॥२४॥

ਧਧਾ ਅਰਧਹਿ ਉਰਧ ਨਿਬੇਰਾ ॥ (341-13)
धधा अरधहि उरध निबेरा ॥

ਅਰਧਹਿ ਉਰਧਹ ਮੰਝਿ ਬਸੇਰਾ ॥ (341-14)
अरधहि उरधह मंझि बसेरा ॥

ਅਰਧਹ ਛਾਡਿ ਉਰਧ ਜਉ ਆਵਾ ॥ (341-14)
अरधह छाडि उरध जउ आवा ॥

ਤਉ ਅਰਧਹਿ ਉਰਧ ਮਿਲਿਆ ਸੁਖ ਪਾਵਾ ॥੨੫॥ (341-14)
तउ अरधहि उरध मिलिआ सुख पावा ॥२५॥

ਨੰਨਾ ਨਿਸਿ ਦਿਨੁ ਨਿਰਖਤ ਜਾਈ ॥ (341-15)
नंना निसि दिनु निरखत जाई ॥

ਨਿਰਖਤ ਨੈਨ ਰਹੇ ਰਤਵਾਈ ॥ (341-15)
निरखत नैन रहे रतवाई ॥

ਨਿਰਖਤ ਨਿਰਖਤ ਜਬ ਜਾਇ ਪਾਵਾ ॥ (341-15)
निरखत निरखत जब जाइ पावा ॥

ਤਬ ਲੇ ਨਿਰਖਹਿ ਨਿਰਖ ਮਿਲਾਵਾ ॥੨੬॥ (341-16)
तब ले निरखहि निरख मिलावा ॥२६॥

ਪਪਾ ਅਪਰ ਪਾਰੁ ਨਹੀ ਪਾਵਾ ॥ (341-16)
पपा अपर पारु नही पावा ॥

ਪਰਮ ਜੋਤਿ ਸਿਉ ਪਰਚਉ ਲਾਵਾ ॥ (341-16)
परम जोति सिउ परचउ लावा ॥

ਪਾਂਚਉ ਇੰਦ੍ਰੀ ਨਿਗ੍ਰਹ ਕਰਈ ॥ (341-17)
पांचउ इंद्री निग्रह करई ॥

ਪਾਪੁ ਪੁੰਨੁ ਦੋਊ ਨਿਰਵਰਈ ॥੨੭॥ (341-17)
पापु पुंनु दोऊ निरवरई ॥२७॥

ਫਫਾ ਬਿਨੁ ਫੂਲਹ ਫਲੁ ਹੋਈ ॥ (341-17)
फफा बिनु फूलह फलु होई ॥

ਤਾ ਫਲ ਫੰਕ ਲਖੈ ਜਉ ਕੋਈ ॥ (341-18)
ता फल फंक लखै जउ कोई ॥

ਦੂਣਿ ਨ ਪਰਈ ਫੰਕ ਬਿਚਾਰੈ ॥ (341-18)
दूणि न परई फंक बिचारै ॥

ਤਾ ਫਲ ਫੰਕ ਸਭੈ ਤਨ ਫਾਰੈ ॥੨੮॥ (341-18)
ता फल फंक सभै तन फारै ॥२८॥

ਬਬਾ ਬਿੰਦਹਿ ਬਿੰਦ ਮਿਲਾਵਾ ॥ (341-18)
बबा बिंदहि बिंद मिलावा ॥

ਬਿੰਦਹਿ ਬਿੰਦਿ ਨ ਬਿਛੁਰਨ ਪਾਵਾ ॥ (341-19)
बिंदहि बिंदि न बिछुरन पावा ॥

ਬੰਦਉ ਹੋਇ ਬੰਦਗੀ ਗਹੈ ॥ (341-19)
बंदउ होइ बंदगी गहै ॥

ਬੰਦਕ ਹੋਇ ਬੰਧ ਸੁਧਿ ਲਹੈ ॥੨੯॥ (341-19)
बंदक होइ बंध सुधि लहै ॥२९॥

ਭਭਾ ਭੇਦਹਿ ਭੇਦ ਮਿਲਾਵਾ ॥ (342-1)
भभा भेदहि भेद मिलावा ॥

ਅਬ ਭਉ ਭਾਨਿ ਭਰੋਸਉ ਆਵਾ ॥ (342-1)
अब भउ भानि भरोसउ आवा ॥

ਜੋ ਬਾਹਰਿ ਸੋ ਭੀਤਰਿ ਜਾਨਿਆ ॥ (342-1)
जो बाहरि सो भीतरि जानिआ ॥

ਭਇਆ ਭੇਦੁ ਭੂਪਤਿ ਪਹਿਚਾਨਿਆ ॥੩੦॥ (342-2)
भइआ भेदु भूपति पहिचानिआ ॥३०॥

ਮਮਾ ਮੂਲ ਗਹਿਆ ਮਨੁ ਮਾਨੈ ॥ (342-2)
ममा मूल गहिआ मनु मानै ॥

ਮਰਮੀ ਹੋਇ ਸੁ ਮਨ ਕਉ ਜਾਨੈ ॥ (342-2)
मरमी होइ सु मन कउ जानै ॥

ਮਤ ਕੋਈ ਮਨ ਮਿਲਤਾ ਬਿਲਮਾਵੈ ॥ (342-3)
मत कोई मन मिलता बिलमावै ॥

ਮਗਨ ਭਇਆ ਤੇ ਸੋ ਸਚੁ ਪਾਵੈ ॥੩੧॥ (342-3)
मगन भइआ ते सो सचु पावै ॥३१॥

ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥ (342-3)
ममा मन सिउ काजु है मन साधे सिधि होइ ॥

ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ ॥੩੨॥ (342-4)
मन ही मन सिउ कहै कबीरा मन सा मिलिआ न कोइ ॥३२॥

ਇਹੁ ਮਨੁ ਸਕਤੀ ਇਹੁ ਮਨੁ ਸੀਉ ॥ (342-4)
इहु मनु सकती इहु मनु सीउ ॥

ਇਹੁ ਮਨੁ ਪੰਚ ਤਤ ਕੋ ਜੀਉ ॥ (342-5)
इहु मनु पंच तत को जीउ ॥

ਇਹੁ ਮਨੁ ਲੇ ਜਉ ਉਨਮਨਿ ਰਹੈ ॥ (342-5)
इहु मनु ले जउ उनमनि रहै ॥

ਤਉ ਤੀਨਿ ਲੋਕ ਕੀ ਬਾਤੈ ਕਹੈ ॥੩੩॥ (342-5)
तउ तीनि लोक की बातै कहै ॥३३॥

ਯਯਾ ਜਉ ਜਾਨਹਿ ਤਉ ਦੁਰਮਤਿ ਹਨਿ ਕਰਿ ਬਸਿ ਕਾਇਆ ਗਾਉ ॥ (342-6)
यया जउ जानहि तउ दुरमति हनि करि बसि काइआ गाउ ॥

ਰਣਿ ਰੂਤਉ ਭਾਜੈ ਨਹੀ ਸੂਰਉ ਥਾਰਉ ਨਾਉ ॥੩੪॥ (342-6)
रणि रूतउ भाजै नही सूरउ थारउ नाउ ॥३४॥

ਰਾਰਾ ਰਸੁ ਨਿਰਸ ਕਰਿ ਜਾਨਿਆ ॥ (342-7)
रारा रसु निरस करि जानिआ ॥

ਹੋਇ ਨਿਰਸ ਸੁ ਰਸੁ ਪਹਿਚਾਨਿਆ ॥ (342-7)
होइ निरस सु रसु पहिचानिआ ॥

ਇਹ ਰਸ ਛਾਡੇ ਉਹ ਰਸੁ ਆਵਾ ॥ (342-7)
इह रस छाडे उह रसु आवा ॥

ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥੩੫॥ (342-8)
उह रसु पीआ इह रसु नही भावा ॥३५॥

ਲਲਾ ਐਸੇ ਲਿਵ ਮਨੁ ਲਾਵੈ ॥ (342-8)
लला ऐसे लिव मनु लावै ॥

ਅਨਤ ਨ ਜਾਇ ਪਰਮ ਸਚੁ ਪਾਵੈ ॥ (342-9)
अनत न जाइ परम सचु पावै ॥

ਅਰੁ ਜਉ ਤਹਾ ਪ੍ਰੇਮ ਲਿਵ ਲਾਵੈ ॥ (342-9)
अरु जउ तहा प्रेम लिव लावै ॥

ਤਉ ਅਲਹ ਲਹੈ ਲਹਿ ਚਰਨ ਸਮਾਵੈ ॥੩੬॥ (342-9)
तउ अलह लहै लहि चरन समावै ॥३६॥

ਵਵਾ ਬਾਰ ਬਾਰ ਬਿਸਨ ਸਮ੍ਹਾਰਿ ॥ (342-9)
ववा बार बार बिसन सम्हारि ॥

ਬਿਸਨ ਸੰਮ੍ਹਾਰਿ ਨ ਆਵੈ ਹਾਰਿ ॥ (342-10)
बिसन संम्हारि न आवै हारि ॥

ਬਲਿ ਬਲਿ ਜੇ ਬਿਸਨਤਨਾ ਜਸੁ ਗਾਵੈ ॥ (342-10)
बलि बलि जे बिसनतना जसु गावै ॥

ਵਿਸਨ ਮਿਲੇ ਸਭ ਹੀ ਸਚੁ ਪਾਵੈ ॥੩੭॥ (342-10)
विसन मिले सभ ही सचु पावै ॥३७॥

ਵਾਵਾ ਵਾਹੀ ਜਾਨੀਐ ਵਾ ਜਾਨੇ ਇਹੁ ਹੋਇ ॥ (342-11)
वावा वाही जानीऐ वा जाने इहु होइ ॥

ਇਹੁ ਅਰੁ ਓਹੁ ਜਬ ਮਿਲੈ ਤਬ ਮਿਲਤ ਨ ਜਾਨੈ ਕੋਇ ॥੩੮॥ (342-11)
इहु अरु ओहु जब मिलै तब मिलत न जानै कोइ ॥३८॥

ਸਸਾ ਸੋ ਨੀਕਾ ਕਰਿ ਸੋਧਹੁ ॥ (342-12)
ससा सो नीका करि सोधहु ॥

ਘਟ ਪਰਚਾ ਕੀ ਬਾਤ ਨਿਰੋਧਹੁ ॥ (342-12)
घट परचा की बात निरोधहु ॥

ਘਟ ਪਰਚੈ ਜਉ ਉਪਜੈ ਭਾਉ ॥ (342-12)
घट परचै जउ उपजै भाउ ॥

ਪੂਰਿ ਰਹਿਆ ਤਹ ਤ੍ਰਿਭਵਣ ਰਾਉ ॥੩੯॥ (342-13)
पूरि रहिआ तह त्रिभवण राउ ॥३९॥

ਖਖਾ ਖੋਜਿ ਪਰੈ ਜਉ ਕੋਈ ॥ (342-13)
खखा खोजि परै जउ कोई ॥

ਜੋ ਖੋਜੈ ਸੋ ਬਹੁਰਿ ਨ ਹੋਈ ॥ (342-13)
जो खोजै सो बहुरि न होई ॥

ਖੋਜ ਬੂਝਿ ਜਉ ਕਰੈ ਬੀਚਾਰਾ ॥ (342-14)
खोज बूझि जउ करै बीचारा ॥

ਤਉ ਭਵਜਲ ਤਰਤ ਨ ਲਾਵੈ ਬਾਰਾ ॥੪੦॥ (342-14)
तउ भवजल तरत न लावै बारा ॥४०॥

ਸਸਾ ਸੋ ਸਹ ਸੇਜ ਸਵਾਰੈ ॥ (342-14)
ससा सो सह सेज सवारै ॥

ਸੋਈ ਸਹੀ ਸੰਦੇਹ ਨਿਵਾਰੈ ॥ (342-15)
सोई सही संदेह निवारै ॥

ਅਲਪ ਸੁਖ ਛਾਡਿ ਪਰਮ ਸੁਖ ਪਾਵਾ ॥ (342-15)
अलप सुख छाडि परम सुख पावा ॥

ਤਬ ਇਹ ਤ੍ਰੀਅ ਓੁਹੁ ਕੰਤੁ ਕਹਾਵਾ ॥੪੧॥ (342-15)
तब इह त्रीअ ओुहु कंतु कहावा ॥४१॥

ਹਾਹਾ ਹੋਤ ਹੋਇ ਨਹੀ ਜਾਨਾ ॥ (342-16)
हाहा होत होइ नही जाना ॥

ਜਬ ਹੀ ਹੋਇ ਤਬਹਿ ਮਨੁ ਮਾਨਾ ॥ (342-16)
जब ही होइ तबहि मनु माना ॥

ਹੈ ਤਉ ਸਹੀ ਲਖੈ ਜਉ ਕੋਈ ॥ (342-16)
है तउ सही लखै जउ कोई ॥

ਤਬ ਓਹੀ ਉਹੁ ਏਹੁ ਨ ਹੋਈ ॥੪੨॥ (342-17)
तब ओही उहु एहु न होई ॥४२॥

ਲਿੰਉ ਲਿੰਉ ਕਰਤ ਫਿਰੈ ਸਭੁ ਲੋਗੁ ॥ (342-17)
लिंउ लिंउ करत फिरै सभु लोगु ॥

ਤਾ ਕਾਰਣਿ ਬਿਆਪੈ ਬਹੁ ਸੋਗੁ ॥ (342-17)
ता कारणि बिआपै बहु सोगु ॥

ਲਖਿਮੀ ਬਰ ਸਿਉ ਜਉ ਲਿਉ ਲਾਵੈ ॥ (342-18)
लखिमी बर सिउ जउ लिउ लावै ॥

ਸੋਗੁ ਮਿਟੈ ਸਭ ਹੀ ਸੁਖ ਪਾਵੈ ॥੪੩॥ (342-18)
सोगु मिटै सभ ही सुख पावै ॥४३॥

ਖਖਾ ਖਿਰਤ ਖਪਤ ਗਏ ਕੇਤੇ ॥ (342-18)
खखा खिरत खपत गए केते ॥

ਖਿਰਤ ਖਪਤ ਅਜਹੂੰ ਨਹ ਚੇਤੇ ॥ (342-19)
खिरत खपत अजहूं नह चेते ॥

ਅਬ ਜਗੁ ਜਾਨਿ ਜਉ ਮਨਾ ਰਹੈ ॥ (342-19)
अब जगु जानि जउ मना रहै ॥

ਜਹ ਕਾ ਬਿਛੁਰਾ ਤਹ ਥਿਰੁ ਲਹੈ ॥੪੪॥ (342-19)
जह का बिछुरा तह थिरु लहै ॥४४॥

ਬਾਵਨ ਅਖਰ ਜੋਰੇ ਆਨਿ ॥ (342-19)
बावन अखर जोरे आनि ॥

ਸਕਿਆ ਨ ਅਖਰੁ ਏਕੁ ਪਛਾਨਿ ॥ (343-1)
सकिआ न अखरु एकु पछानि ॥

ਸਤ ਕਾ ਸਬਦੁ ਕਬੀਰਾ ਕਹੈ ॥ (343-1)
सत का सबदु कबीरा कहै ॥

ਪੰਡਿਤ ਹੋਇ ਸੁ ਅਨਭੈ ਰਹੈ ॥ (343-1)
पंडित होइ सु अनभै रहै ॥

ਪੰਡਿਤ ਲੋਗਹ ਕਉ ਬਿਉਹਾਰ ॥ (343-2)
पंडित लोगह कउ बिउहार ॥

ਗਿਆਨਵੰਤ ਕਉ ਤਤੁ ਬੀਚਾਰ ॥ (343-2)
गिआनवंत कउ ततु बीचार ॥

ਜਾ ਕੈ ਜੀਅ ਜੈਸੀ ਬੁਧਿ ਹੋਈ ॥ (343-2)
जा कै जीअ जैसी बुधि होई ॥

ਕਹਿ ਕਬੀਰ ਜਾਨੈਗਾ ਸੋਈ ॥੪੫॥ (343-3)
कहि कबीर जानैगा सोई ॥४५॥

ੴ ਸਤਿਗੁਰ ਪ੍ਰਸਾਦਿ ॥ (343-3)
ੴ सतिगुर प्रसादि ॥

ਰਾਗੁ ਗਉੜੀ ਥਿਤੀ ਕਬੀਰ ਜੀ ਕੀ ॥ (343-4)
रागु गउड़ी थिती� कबीर जी की� ॥

ਸਲੋਕੁ ॥ (343-4)
सलोकु ॥

ਪੰਦ੍ਰਹ ਥਿਤੀ ਸਾਤ ਵਾਰ ॥ (343-4)
पंद्रह थिती� सात वार ॥

ਕਹਿ ਕਬੀਰ ਉਰਵਾਰ ਨ ਪਾਰ ॥ (343-4)
कहि कबीर उरवार न पार ॥

ਸਾਧਿਕ ਸਿਧ ਲਖੈ ਜਉ ਭੇਉ ॥ (343-4)
साधिक सिध लखै जउ भेउ ॥

ਆਪੇ ਕਰਤਾ ਆਪੇ ਦੇਉ ॥੧॥ (343-5)
आपे करता आपे देउ ॥१॥

ਥਿਤੀ ॥ (343-5)
थिती ॥

ਅੰਮਾਵਸ ਮਹਿ ਆਸ ਨਿਵਾਰਹੁ ॥ (343-5)
अंमावस महि आस निवारहु ॥

ਅੰਤਰਜਾਮੀ ਰਾਮੁ ਸਮਾਰਹੁ ॥ (343-5)
अंतरजामी रामु समारहु ॥

ਜੀਵਤ ਪਾਵਹੁ ਮੋਖ ਦੁਆਰ ॥ (343-6)
जीवत पावहु मोख दुआर ॥

ਅਨਭਉ ਸਬਦੁ ਤਤੁ ਨਿਜੁ ਸਾਰ ॥੧॥ (343-6)
अनभउ सबदु ततु निजु सार ॥१॥

ਚਰਨ ਕਮਲ ਗੋਬਿੰਦ ਰੰਗੁ ਲਾਗਾ ॥ (343-6)
चरन कमल गोबिंद रंगु लागा ॥

ਸੰਤ ਪ੍ਰਸਾਦਿ ਭਏ ਮਨ ਨਿਰਮਲ ਹਰਿ ਕੀਰਤਨ ਮਹਿ ਅਨਦਿਨੁ ਜਾਗਾ ॥੧॥ ਰਹਾਉ ॥ (343-7)
संत प्रसादि भए मन निरमल हरि कीरतन महि अनदिनु जागा ॥१॥ रहाउ ॥

ਪਰਿਵਾ ਪ੍ਰੀਤਮ ਕਰਹੁ ਬੀਚਾਰ ॥ (343-7)
परिवा प्रीतम करहु बीचार ॥

ਘਟ ਮਹਿ ਖੇਲੈ ਅਘਟ ਅਪਾਰ ॥ (343-8)
घट महि खेलै अघट अपार ॥

ਕਾਲ ਕਲਪਨਾ ਕਦੇ ਨ ਖਾਇ ॥ (343-8)
काल कलपना कदे न खाइ ॥

ਆਦਿ ਪੁਰਖ ਮਹਿ ਰਹੈ ਸਮਾਇ ॥੨॥ (343-8)
आदि पुरख महि रहै समाइ ॥२॥

ਦੁਤੀਆ ਦੁਹ ਕਰਿ ਜਾਨੈ ਅੰਗ ॥ (343-9)
दुतीआ दुह करि जानै अंग ॥

ਮਾਇਆ ਬ੍ਰਹਮ ਰਮੈ ਸਭ ਸੰਗ ॥ (343-9)
माइआ ब्रहम रमै सभ संग ॥

ਨਾ ਓਹੁ ਬਢੈ ਨ ਘਟਤਾ ਜਾਇ ॥ (343-9)
ना ओहु बढै न घटता जाइ ॥

ਅਕੁਲ ਨਿਰੰਜਨ ਏਕੈ ਭਾਇ ॥੩॥ (343-10)
अकुल निरंजन एकै भाइ ॥३॥

ਤ੍ਰਿਤੀਆ ਤੀਨੇ ਸਮ ਕਰਿ ਲਿਆਵੈ ॥ (343-10)
त्रितीआ तीने सम करि लिआवै ॥

ਆਨਦ ਮੂਲ ਪਰਮ ਪਦੁ ਪਾਵੈ ॥ (343-10)
आनद मूल परम पदु पावै ॥

ਸਾਧਸੰਗਤਿ ਉਪਜੈ ਬਿਸ੍ਵਾਸ ॥ (343-10)
साधसंगति उपजै बिस्वास ॥

ਬਾਹਰਿ ਭੀਤਰਿ ਸਦਾ ਪ੍ਰਗਾਸ ॥੪॥ (343-11)
बाहरि भीतरि सदा प्रगास ॥४॥

ਚਉਥਹਿ ਚੰਚਲ ਮਨ ਕਉ ਗਹਹੁ ॥ (343-11)
चउथहि चंचल मन कउ गहहु ॥

ਕਾਮ ਕ੍ਰੋਧ ਸੰਗਿ ਕਬਹੁ ਨ ਬਹਹੁ ॥ (343-11)
काम क्रोध संगि कबहु न बहहु ॥

ਜਲ ਥਲ ਮਾਹੇ ਆਪਹਿ ਆਪ ॥ (343-12)
जल थल माहे आपहि आप ॥

ਆਪੈ ਜਪਹੁ ਆਪਨਾ ਜਾਪ ॥੫॥ (343-12)
आपै जपहु आपना जाप ॥५॥

ਪਾਂਚੈ ਪੰਚ ਤਤ ਬਿਸਥਾਰ ॥ (343-12)
पांचै पंच तत बिसथार ॥

ਕਨਿਕ ਕਾਮਿਨੀ ਜੁਗ ਬਿਉਹਾਰ ॥ (343-13)
कनिक कामिनी जुग बिउहार ॥

ਪ੍ਰੇਮ ਸੁਧਾ ਰਸੁ ਪੀਵੈ ਕੋਇ ॥ (343-13)
प्रेम सुधा रसु पीवै कोइ ॥

ਜਰਾ ਮਰਣ ਦੁਖੁ ਫੇਰਿ ਨ ਹੋਇ ॥੬॥ (343-13)
जरा मरण दुखु फेरि न होइ ॥६॥

ਛਠਿ ਖਟੁ ਚਕ੍ਰ ਛਹੂੰ ਦਿਸ ਧਾਇ ॥ (343-13)
छठि खटु चक्र छहूं दिस धाइ ॥

ਬਿਨੁ ਪਰਚੈ ਨਹੀ ਥਿਰਾ ਰਹਾਇ ॥ (343-14)
बिनु परचै नही थिरा रहाइ ॥

ਦੁਬਿਧਾ ਮੇਟਿ ਖਿਮਾ ਗਹਿ ਰਹਹੁ ॥ (343-14)
दुबिधा मेटि खिमा गहि रहहु ॥

ਕਰਮ ਧਰਮ ਕੀ ਸੂਲ ਨ ਸਹਹੁ ॥੭॥ (343-14)
करम धरम की सूल न सहहु ॥७॥

ਸਾਤੈਂ ਸਤਿ ਕਰਿ ਬਾਚਾ ਜਾਣਿ ॥ (343-15)
सातैं सति करि बाचा जाणि ॥

ਆਤਮ ਰਾਮੁ ਲੇਹੁ ਪਰਵਾਣਿ ॥ (343-15)
आतम रामु लेहु परवाणि ॥

ਛੂਟੈ ਸੰਸਾ ਮਿਟਿ ਜਾਹਿ ਦੁਖ ॥ (343-15)
छूटै संसा मिटि जाहि दुख ॥

ਸੁੰਨ ਸਰੋਵਰਿ ਪਾਵਹੁ ਸੁਖ ॥੮॥ (343-16)
सुंन सरोवरि पावहु सुख ॥८॥

ਅਸਟਮੀ ਅਸਟ ਧਾਤੁ ਕੀ ਕਾਇਆ ॥ (343-16)
असटमी असट धातु की काइआ ॥

ਤਾ ਮਹਿ ਅਕੁਲ ਮਹਾ ਨਿਧਿ ਰਾਇਆ ॥ (343-16)
ता महि अकुल महा निधि राइआ ॥

ਗੁਰ ਗਮ ਗਿਆਨ ਬਤਾਵੈ ਭੇਦ ॥ (343-17)
गुर गम गिआन बतावै भेद ॥

ਉਲਟਾ ਰਹੈ ਅਭੰਗ ਅਛੇਦ ॥੯॥ (343-17)
उलटा रहै अभंग अछेद ॥९॥

ਨਉਮੀ ਨਵੈ ਦੁਆਰ ਕਉ ਸਾਧਿ ॥ (343-17)
नउमी नवै दुआर कउ साधि ॥

ਬਹਤੀ ਮਨਸਾ ਰਾਖਹੁ ਬਾਂਧਿ ॥ (343-18)
बहती मनसा राखहु बांधि ॥

ਲੋਭ ਮੋਹ ਸਭ ਬੀਸਰਿ ਜਾਹੁ ॥ (343-18)
लोभ मोह सभ बीसरि जाहु ॥

ਜੁਗੁ ਜੁਗੁ ਜੀਵਹੁ ਅਮਰ ਫਲ ਖਾਹੁ ॥੧੦॥ (343-18)
जुगु जुगु जीवहु अमर फल खाहु ॥१०॥

ਦਸਮੀ ਦਹ ਦਿਸ ਹੋਇ ਅਨੰਦ ॥ (344-1)
दसमी दह दिस होइ अनंद ॥

ਛੂਟੈ ਭਰਮੁ ਮਿਲੈ ਗੋਬਿੰਦ ॥ (344-1)
छूटै भरमु मिलै गोबिंद ॥

ਜੋਤਿ ਸਰੂਪੀ ਤਤ ਅਨੂਪ ॥ (344-1)
जोति सरूपी तत अनूप ॥

ਅਮਲ ਨ ਮਲ ਨ ਛਾਹ ਨਹੀ ਧੂਪ ॥੧੧॥ (344-1)
अमल न मल न छाह नही धूप ॥११॥

ਏਕਾਦਸੀ ਏਕ ਦਿਸ ਧਾਵੈ ॥ (344-2)
एकादसी एक दिस धावै ॥

ਤਉ ਜੋਨੀ ਸੰਕਟ ਬਹੁਰਿ ਨ ਆਵੈ ॥ (344-2)
तउ जोनी संकट बहुरि न आवै ॥

ਸੀਤਲ ਨਿਰਮਲ ਭਇਆ ਸਰੀਰਾ ॥ (344-2)
सीतल निरमल भइआ सरीरा ॥

ਦੂਰਿ ਬਤਾਵਤ ਪਾਇਆ ਨੀਰਾ ॥੧੨॥ (344-3)
दूरि बतावत पाइआ नीरा ॥१२॥

ਬਾਰਸਿ ਬਾਰਹ ਉਗਵੈ ਸੂਰ ॥ (344-3)
बारसि बारह उगवै सूर ॥

ਅਹਿਨਿਸਿ ਬਾਜੇ ਅਨਹਦ ਤੂਰ ॥ (344-3)
अहिनिसि बाजे अनहद तूर ॥

ਦੇਖਿਆ ਤਿਹੂੰ ਲੋਕ ਕਾ ਪੀਉ ॥ (344-4)
देखिआ तिहूं लोक का पीउ ॥

ਅਚਰਜੁ ਭਇਆ ਜੀਵ ਤੇ ਸੀਉ ॥੧੩॥ (344-4)
अचरजु भइआ जीव ते सीउ ॥१३॥

ਤੇਰਸਿ ਤੇਰਹ ਅਗਮ ਬਖਾਣਿ ॥ (344-4)
तेरसि तेरह अगम बखाणि ॥

ਅਰਧ ਉਰਧ ਬਿਚਿ ਸਮ ਪਹਿਚਾਣਿ ॥ (344-5)
अरध उरध बिचि सम पहिचाणि ॥

ਨੀਚ ਊਚ ਨਹੀ ਮਾਨ ਅਮਾਨ ॥ (344-5)
नीच ऊच नही मान अमान ॥

ਬਿਆਪਿਕ ਰਾਮ ਸਗਲ ਸਾਮਾਨ ॥੧੪॥ (344-5)
बिआपिक राम सगल सामान ॥१४॥

ਚਉਦਸਿ ਚਉਦਹ ਲੋਕ ਮਝਾਰਿ ॥ (344-6)
चउदसि चउदह लोक मझारि ॥

ਰੋਮ ਰੋਮ ਮਹਿ ਬਸਹਿ ਮੁਰਾਰਿ ॥ (344-6)
रोम रोम महि बसहि मुरारि ॥

ਸਤ ਸੰਤੋਖ ਕਾ ਧਰਹੁ ਧਿਆਨ ॥ (344-6)
सत संतोख का धरहु धिआन ॥

ਕਥਨੀ ਕਥੀਐ ਬ੍ਰਹਮ ਗਿਆਨ ॥੧੫॥ (344-7)
कथनी कथीऐ ब्रहम गिआन ॥१५॥

ਪੂਨਿਉ ਪੂਰਾ ਚੰਦ ਅਕਾਸ ॥ (344-7)
पूनिउ पूरा चंद अकास ॥

ਪਸਰਹਿ ਕਲਾ ਸਹਜ ਪਰਗਾਸ ॥ (344-7)
पसरहि कला सहज परगास ॥

ਆਦਿ ਅੰਤਿ ਮਧਿ ਹੋਇ ਰਹਿਆ ਥੀਰ ॥ (344-7)
आदि अंति मधि होइ रहिआ थीर ॥

ਸੁਖ ਸਾਗਰ ਮਹਿ ਰਮਹਿ ਕਬੀਰ ॥੧੬॥ (344-8)
सुख सागर महि रमहि कबीर ॥१६॥

ੴ ਸਤਿਗੁਰ ਪ੍ਰਸਾਦਿ ॥ (344-8)
ੴ सतिगुर प्रसादि ॥

ਰਾਗੁ ਗਉੜੀ ਵਾਰ ਕਬੀਰ ਜੀਉ ਕੇ ੭ ॥ (344-9)
रागु गउड़ी वार कबीर जीउ के ७ ॥

ਬਾਰ ਬਾਰ ਹਰਿ ਕੇ ਗੁਨ ਗਾਵਉ ॥ (344-9)
बार बार हरि के गुन गावउ ॥

ਗੁਰ ਗਮਿ ਭੇਦੁ ਸੁ ਹਰਿ ਕਾ ਪਾਵਉ ॥੧॥ ਰਹਾਉ ॥ (344-9)
गुर गमि भेदु सु हरि का पावउ ॥१॥ रहाउ ॥

ਆਦਿਤ ਕਰੈ ਭਗਤਿ ਆਰੰਭ ॥ (344-9)
आदित करै भगति आर्मभ ॥

ਕਾਇਆ ਮੰਦਰ ਮਨਸਾ ਥੰਭ ॥ (344-10)
काइआ मंदर मनसा थ्मभ ॥

ਅਹਿਨਿਸਿ ਅਖੰਡ ਸੁਰਹੀ ਜਾਇ ॥ (344-10)
अहिनिसि अखंड सुरही जाइ ॥

ਤਉ ਅਨਹਦ ਬੇਣੁ ਸਹਜ ਮਹਿ ਬਾਇ ॥੧॥ (344-11)
तउ अनहद बेणु सहज महि बाइ ॥१॥

ਸੋਮਵਾਰਿ ਸਸਿ ਅੰਮ੍ਰਿਤੁ ਝਰੈ ॥ (344-11)
सोमवारि ससि अमृतु झरै ॥

ਚਾਖਤ ਬੇਗਿ ਸਗਲ ਬਿਖ ਹਰੈ ॥ (344-11)
चाखत बेगि सगल बिख हरै ॥

ਬਾਣੀ ਰੋਕਿਆ ਰਹੈ ਦੁਆਰ ॥ (344-12)
बाणी रोकिआ रहै दुआर ॥

ਤਉ ਮਨੁ ਮਤਵਾਰੋ ਪੀਵਨਹਾਰ ॥੨॥ (344-12)
तउ मनु मतवारो पीवनहार ॥२॥

ਮੰਗਲਵਾਰੇ ਲੇ ਮਾਹੀਤਿ ॥ (344-12)
मंगलवारे ले माहीति ॥

ਪੰਚ ਚੋਰ ਕੀ ਜਾਣੈ ਰੀਤਿ ॥ (344-13)
पंच चोर की जाणै रीति ॥

ਘਰ ਛੋਡੇਂ ਬਾਹਰਿ ਜਿਨਿ ਜਾਇ ॥ (344-13)
घर छोडें बाहरि जिनि जाइ ॥

ਨਾਤਰੁ ਖਰਾ ਰਿਸੈ ਹੈ ਰਾਇ ॥੩॥ (344-13)
नातरु खरा रिसै है राइ ॥३॥

ਬੁਧਵਾਰਿ ਬੁਧਿ ਕਰੈ ਪ੍ਰਗਾਸ ॥ (344-13)
बुधवारि बुधि करै प्रगास ॥

ਹਿਰਦੈ ਕਮਲ ਮਹਿ ਹਰਿ ਕਾ ਬਾਸ ॥ (344-14)
हिरदै कमल महि हरि का बास ॥

ਗੁਰ ਮਿਲਿ ਦੋਊ ਏਕ ਸਮ ਧਰੈ ॥ (344-14)
गुर मिलि दोऊ एक सम धरै ॥

ਉਰਧ ਪੰਕ ਲੈ ਸੂਧਾ ਕਰੈ ॥੪॥ (344-14)
उरध पंक लै सूधा करै ॥४॥

ਬ੍ਰਿਹਸਪਤਿ ਬਿਖਿਆ ਦੇਇ ਬਹਾਇ ॥ (344-15)
ब्रिहसपति बिखिआ देइ बहाइ ॥

ਤੀਨਿ ਦੇਵ ਏਕ ਸੰਗਿ ਲਾਇ ॥ (344-15)
तीनि देव एक संगि लाइ ॥

ਤੀਨਿ ਨਦੀ ਤਹ ਤ੍ਰਿਕੁਟੀ ਮਾਹਿ ॥ (344-15)
तीनि नदी तह त्रिकुटी माहि ॥

ਅਹਿਨਿਸਿ ਕਸਮਲ ਧੋਵਹਿ ਨਾਹਿ ॥੫॥ (344-15)
अहिनिसि कसमल धोवहि नाहि ॥५॥

ਸੁਕ੍ਰਿਤੁ ਸਹਾਰੈ ਸੁ ਇਹ ਬ੍ਰਤਿ ਚੜੈ ॥ (344-16)
सुक्रितु सहारै सु इह ब्रति चड़ै ॥

ਅਨਦਿਨ ਆਪਿ ਆਪ ਸਿਉ ਲੜੈ ॥ (344-16)
अनदिन आपि आप सिउ लड़ै ॥

ਸੁਰਖੀ ਪਾਂਚਉ ਰਾਖੈ ਸਬੈ ॥ (344-17)
सुरखी पांचउ राखै सबै ॥

ਤਉ ਦੂਜੀ ਦ੍ਰਿਸਟਿ ਨ ਪੈਸੈ ਕਬੈ ॥੬॥ (344-17)
तउ दूजी द्रिसटि न पैसै कबै ॥६॥

ਥਾਵਰ ਥਿਰੁ ਕਰਿ ਰਾਖੈ ਸੋਇ ॥ (344-17)
थावर थिरु करि राखै सोइ ॥

ਜੋਤਿ ਦੀ ਵਟੀ ਘਟ ਮਹਿ ਜੋਇ ॥ (344-17)
जोति दी वटी घट महि जोइ ॥

ਬਾਹਰਿ ਭੀਤਰਿ ਭਇਆ ਪ੍ਰਗਾਸੁ ॥ (344-18)
बाहरि भीतरि भइआ प्रगासु ॥

ਤਬ ਹੂਆ ਸਗਲ ਕਰਮ ਕਾ ਨਾਸੁ ॥੭॥ (344-18)
तब हूआ सगल करम का नासु ॥७॥

ਜਬ ਲਗੁ ਘਟ ਮਹਿ ਦੂਜੀ ਆਨ ॥ (344-18)
जब लगु घट महि दूजी आन ॥

ਤਉ ਲਉ ਮਹਲਿ ਨ ਲਾਭੈ ਜਾਨ ॥ (345-1)
तउ लउ महलि न लाभै जान ॥

ਰਮਤ ਰਾਮ ਸਿਉ ਲਾਗੋ ਰੰਗੁ ॥ (345-1)
रमत राम सिउ लागो रंगु ॥

ਕਹਿ ਕਬੀਰ ਤਬ ਨਿਰਮਲ ਅੰਗ ॥੮॥੧॥ (345-1)
कहि कबीर तब निरमल अंग ॥८॥१॥

ਰਾਗੁ ਗਉੜੀ ਚੇਤੀ ਬਾਣੀ ਨਾਮਦੇਉ ਜੀਉ ਕੀ (345-2)
रागु गउड़ी चेती बाणी नामदेउ जीउ की

ੴ ਸਤਿਗੁਰ ਪ੍ਰਸਾਦਿ ॥ (345-3)
ੴ सतिगुर प्रसादि ॥

ਦੇਵਾ ਪਾਹਨ ਤਾਰੀਅਲੇ ॥ (345-3)
देवा पाहन तारीअले ॥

ਰਾਮ ਕਹਤ ਜਨ ਕਸ ਨ ਤਰੇ ॥੧॥ ਰਹਾਉ ॥ (345-4)
राम कहत जन कस न तरे ॥१॥ रहाउ ॥

ਤਾਰੀਲੇ ਗਨਿਕਾ ਬਿਨੁ ਰੂਪ ਕੁਬਿਜਾ ਬਿਆਧਿ ਅਜਾਮਲੁ ਤਾਰੀਅਲੇ ॥ (345-4)
तारीले गनिका बिनु रूप कुबिजा बिआधि अजामलु तारीअले ॥

ਚਰਨ ਬਧਿਕ ਜਨ ਤੇਊ ਮੁਕਤਿ ਭਏ ॥ (345-4)
चरन बधिक जन तेऊ मुकति भए ॥

ਹਉ ਬਲਿ ਬਲਿ ਜਿਨ ਰਾਮ ਕਹੇ ॥੧॥ (345-5)
हउ बलि बलि जिन राम कहे ॥१॥

ਦਾਸੀ ਸੁਤ ਜਨੁ ਬਿਦਰੁ ਸੁਦਾਮਾ ਉਗ੍ਰਸੈਨ ਕਉ ਰਾਜ ਦੀਏ ॥ (345-5)
दासी सुत जनु बिदरु सुदामा उग्रसैन कउ राज दीए ॥

ਜਪ ਹੀਨ ਤਪ ਹੀਨ ਕੁਲ ਹੀਨ ਕ੍ਰਮ ਹੀਨ ਨਾਮੇ ਕੇ ਸੁਆਮੀ ਤੇਊ ਤਰੇ ॥੨॥੧॥ (345-6)
जप हीन तप हीन कुल हीन क्रम हीन नामे के सुआमी तेऊ तरे ॥२॥१॥

ਰਾਗੁ ਗਉੜੀ ਰਵਿਦਾਸ ਜੀ ਕੇ ਪਦੇ ਗਉੜੀ ਗੁਆਰੇਰੀ (345-6)
रागु गउड़ी रविदास जी के पदे गउड़ी गुआरेरी

ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥ (345-8)
ੴ सतिनामु करता पुरखु गुरप्रसादि ॥

ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ ॥ (345-9)
मेरी संगति पोच सोच दिनु राती ॥

ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ ॥੧॥ (345-9)
मेरा करमु कुटिलता जनमु कुभांती ॥१॥

ਰਾਮ ਗੁਸਈਆ ਜੀਅ ਕੇ ਜੀਵਨਾ ॥ (345-9)
राम गुसईआ जीअ के जीवना ॥

ਮੋਹਿ ਨ ਬਿਸਾਰਹੁ ਮੈ ਜਨੁ ਤੇਰਾ ॥੧॥ ਰਹਾਉ ॥ (345-10)
मोहि न बिसारहु मै जनु तेरा ॥१॥ रहाउ ॥

ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ ॥ (345-10)
मेरी हरहु बिपति जन करहु सुभाई ॥

ਚਰਣ ਨ ਛਾਡਉ ਸਰੀਰ ਕਲ ਜਾਈ ॥੨॥ (345-11)
चरण न छाडउ सरीर कल जाई ॥२॥

ਕਹੁ ਰਵਿਦਾਸ ਪਰਉ ਤੇਰੀ ਸਾਭਾ ॥ (345-11)
कहु रविदास परउ तेरी साभा ॥

ਬੇਗਿ ਮਿਲਹੁ ਜਨ ਕਰਿ ਨ ਬਿਲਾਂਬਾ ॥੩॥੧॥ (345-11)
बेगि मिलहु जन करि न बिलांबा ॥३॥१॥

ਬੇਗਮ ਪੁਰਾ ਸਹਰ ਕੋ ਨਾਉ ॥ (345-12)
बेगम पुरा सहर को नाउ ॥

ਦੂਖੁ ਅੰਦੋਹੁ ਨਹੀ ਤਿਹਿ ਠਾਉ ॥ (345-12)
दूखु अंदोहु नही तिहि ठाउ ॥

ਨਾਂ ਤਸਵੀਸ ਖਿਰਾਜੁ ਨ ਮਾਲੁ ॥ (345-12)
नां तसवीस खिराजु न मालु ॥

ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥ (345-13)
खउफु न खता न तरसु जवालु ॥१॥

ਅਬ ਮੋਹਿ ਖੂਬ ਵਤਨ ਗਹ ਪਾਈ ॥ (345-13)
अब मोहि खूब वतन गह पाई ॥

ਊਹਾਂ ਖੈਰਿ ਸਦਾ ਮੇਰੇ ਭਾਈ ॥੧॥ ਰਹਾਉ ॥ (345-13)
ऊहां खैरि सदा मेरे भाई ॥१॥ रहाउ ॥

ਕਾਇਮੁ ਦਾਇਮੁ ਸਦਾ ਪਾਤਿਸਾਹੀ ॥ (345-14)
काइमु दाइमु सदा पातिसाही ॥

ਦੋਮ ਨ ਸੇਮ ਏਕ ਸੋ ਆਹੀ ॥ (345-14)
दोम न सेम एक सो आही ॥

ਆਬਾਦਾਨੁ ਸਦਾ ਮਸਹੂਰ ॥ (345-14)
आबादानु सदा मसहूर ॥

ਊਹਾਂ ਗਨੀ ਬਸਹਿ ਮਾਮੂਰ ॥੨॥ (345-15)
ऊहां गनी बसहि मामूर ॥२॥

ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ (345-15)
तिउ तिउ सैल करहि जिउ भावै ॥

ਮਹਰਮ ਮਹਲ ਨ ਕੋ ਅਟਕਾਵੈ ॥ (345-15)
महरम महल न को अटकावै ॥

ਕਹਿ ਰਵਿਦਾਸ ਖਲਾਸ ਚਮਾਰਾ ॥ (345-16)
कहि रविदास खलास चमारा ॥

ਜੋ ਹਮ ਸਹਰੀ ਸੁ ਮੀਤੁ ਹਮਾਰਾ ॥੩॥੨॥ (345-16)
जो हम सहरी सु मीतु हमारा ॥३॥२॥

ੴ ਸਤਿਗੁਰ ਪ੍ਰਸਾਦਿ ॥ (345-16)
ੴ सतिगुर प्रसादि ॥

ਗਉੜੀ ਬੈਰਾਗਣਿ ਰਵਿਦਾਸ ਜੀਉ ॥ (345-17)
गउड़ी बैरागणि रविदास जीउ ॥

ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ ॥ (345-17)
घट अवघट डूगर घणा इकु निरगुणु बैलु हमार ॥

ਰਮਈਏ ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ ॥੧॥ (345-17)
रमईए सिउ इक बेनती मेरी पूंजी राखु मुरारि ॥१॥

ਕੋ ਬਨਜਾਰੋ ਰਾਮ ਕੋ ਮੇਰਾ ਟਾਂਡਾ ਲਾਦਿਆ ਜਾਇ ਰੇ ॥੧॥ ਰਹਾਉ ॥ (345-18)
को बनजारो राम को मेरा टांडा लादिआ जाइ रे ॥१॥ रहाउ ॥

ਹਉ ਬਨਜਾਰੋ ਰਾਮ ਕੋ ਸਹਜ ਕਰਉ ਬ੍ਯ੍ਯਾਪਾਰੁ ॥ (345-18)
हउ बनजारो राम को सहज करउ ब्यापारु ॥

ਮੈ ਰਾਮ ਨਾਮ ਧਨੁ ਲਾਦਿਆ ਬਿਖੁ ਲਾਦੀ ਸੰਸਾਰਿ ॥੨॥ (346-1)
मै राम नाम धनु लादिआ बिखु लादी संसारि ॥२॥

ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਲ ਪਤਾਲੁ ॥ (346-1)
उरवार पार के दानीआ लिखि लेहु आल पतालु ॥

ਮੋਹਿ ਜਮ ਡੰਡੁ ਨ ਲਾਗਈ ਤਜੀਲੇ ਸਰਬ ਜੰਜਾਲ ॥੩॥ (346-2)
मोहि जम डंडु न लागई तजीले सरब जंजाल ॥३॥

ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ ॥ (346-2)
जैसा रंगु कसुमभ का तैसा इहु संसारु ॥

ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ ॥੪॥੧॥ (346-3)
मेरे रमईए रंगु मजीठ का कहु रविदास चमार ॥४॥१॥

ਗਉੜੀ ਪੂਰਬੀ ਰਵਿਦਾਸ ਜੀਉ (346-3)
गउड़ी पूरबी रविदास जीउ

ੴ ਸਤਿਗੁਰ ਪ੍ਰਸਾਦਿ ॥ (346-5)
ੴ सतिगुर प्रसादि ॥

ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ ॥ (346-5)
कूपु भरिओ जैसे दादिरा कछु देसु बिदेसु न बूझ ॥

ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨ ਸੂਝ ॥੧॥ (346-6)
ऐसे मेरा मनु बिखिआ बिमोहिआ कछु आरा पारु न सूझ ॥१॥

ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ ॥੧॥ ਰਹਾਉ ॥ (346-6)
सगल भवन के नाइका इकु छिनु दरसु दिखाइ जी ॥१॥ रहाउ ॥

ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ ॥ (346-7)
मलिन भई मति माधवा तेरी गति लखी न जाइ ॥

ਕਰਹੁ ਕ੍ਰਿਪਾ ਭ੍ਰਮੁ ਚੂਕਈ ਮੈ ਸੁਮਤਿ ਦੇਹੁ ਸਮਝਾਇ ॥੨॥ (346-7)
करहु क्रिपा भ्रमु चूकई मै सुमति देहु समझाइ ॥२॥

ਜੋਗੀਸਰ ਪਾਵਹਿ ਨਹੀ ਤੁਅ ਗੁਣ ਕਥਨੁ ਅਪਾਰ ॥ (346-8)
जोगीसर पावहि नही तुअ गुण कथनु अपार ॥

ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ ॥੩॥੧॥ (346-8)
प्रेम भगति कै कारणै कहु रविदास चमार ॥३॥१॥

ਗਉੜੀ ਬੈਰਾਗਣਿ (346-9)
गउड़ी बैरागणि

ੴ ਸਤਿਗੁਰ ਪ੍ਰਸਾਦਿ ॥ (346-10)
ੴ सतिगुर प्रसादि ॥

ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥ (346-10)
सतजुगि सतु तेता जगी दुआपरि पूजाचार ॥

ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥੧॥ (346-11)
तीनौ जुग तीनौ दिड़े कलि केवल नाम अधार ॥१॥

ਪਾਰੁ ਕੈਸੇ ਪਾਇਬੋ ਰੇ ॥ (346-11)
पारु कैसे पाइबो रे ॥

ਮੋ ਸਉ ਕੋਊ ਨ ਕਹੈ ਸਮਝਾਇ ॥ (346-11)
मो सउ कोऊ न कहै समझाइ ॥

ਜਾ ਤੇ ਆਵਾ ਗਵਨੁ ਬਿਲਾਇ ॥੧॥ ਰਹਾਉ ॥ (346-12)
जा ते आवा गवनु बिलाइ ॥१॥ रहाउ ॥

ਬਹੁ ਬਿਧਿ ਧਰਮ ਨਿਰੂਪੀਐ ਕਰਤਾ ਦੀਸੈ ਸਭ ਲੋਇ ॥ (346-12)
बहु बिधि धरम निरूपीऐ करता दीसै सभ लोइ ॥

ਕਵਨ ਕਰਮ ਤੇ ਛੂਟੀਐ ਜਿਹ ਸਾਧੇ ਸਭ ਸਿਧਿ ਹੋਇ ॥੨॥ (346-12)
कवन करम ते छूटीऐ जिह साधे सभ सिधि होइ ॥२॥

ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ ॥ (346-13)
करम अकरम बीचारीऐ संका सुनि बेद पुरान ॥

ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨੁ ॥੩॥ (346-13)
संसा सद हिरदै बसै कउनु हिरै अभिमानु ॥३॥

ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧਿ ਬਿਕਾਰ ॥ (346-14)
बाहरु उदकि पखारीऐ घट भीतरि बिबिधि बिकार ॥

ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ ॥੪॥ (346-14)
सुध कवन पर होइबो सुच कुंचर बिधि बिउहार ॥४॥

ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ ॥ (346-15)
रवि प्रगास रजनी जथा गति जानत सभ संसार ॥

ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ ॥੫॥ (346-15)
पारस मानो ताबो छुए कनक होत नही बार ॥५॥

ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ ॥ (346-16)
परम परस गुरु भेटीऐ पूरब लिखत लिलाट ॥

ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ ॥੬॥ (346-16)
उनमन मन मन ही मिले छुटकत बजर कपाट ॥६॥

ਭਗਤਿ ਜੁਗਤਿ ਮਤਿ ਸਤਿ ਕਰੀ ਭ੍ਰਮ ਬੰਧਨ ਕਾਟਿ ਬਿਕਾਰ ॥ (346-17)
भगति जुगति मति सति करी भ्रम बंधन काटि बिकार ॥

ਸੋਈ ਬਸਿ ਰਸਿ ਮਨ ਮਿਲੇ ਗੁਨ ਨਿਰਗੁਨ ਏਕ ਬਿਚਾਰ ॥੭॥ (346-17)
सोई बसि रसि मन मिले गुन निरगुन एक बिचार ॥७॥

ਅਨਿਕ ਜਤਨ ਨਿਗ੍ਰਹ ਕੀਏ ਟਾਰੀ ਨ ਟਰੈ ਭ੍ਰਮ ਫਾਸ ॥ (346-18)
अनिक जतन निग्रह कीए टारी न टरै भ्रम फास ॥

ਪ੍ਰੇਮ ਭਗਤਿ ਨਹੀ ਊਪਜੈ ਤਾ ਤੇ ਰਵਿਦਾਸ ਉਦਾਸ ॥੮॥੧॥ (346-19)
प्रेम भगति नही ऊपजै ता ते रविदास उदास ॥८॥१॥

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ (346-19)
ੴ सति नामु करता पुरखु निरभउ निरवैरु अकाल मूरति अजूनी सैभं गुर प्रसादि ॥

ਰਾਗੁ ਆਸਾ ਮਹਲਾ ੧ ਘਰੁ ੧ ਸੋ ਦਰੁ ॥ (347-1)
रागु आसा महला १ घरु १ सो दरु ॥

ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮ੍ਾਲੇ ॥ (347-3)
सो दरु तेरा केहा सो घरु केहा जितु बहि सरब सम्हाले ॥

ਵਾਜੇ ਤੇਰੇ ਨਾਦ ਅਨੇਕ ਅਸੰਖਾ ਕੇਤੇ ਤੇਰੇ ਵਾਵਣਹਾਰੇ ॥ (347-4)
वाजे तेरे नाद अनेक असंखा केते तेरे वावणहारे ॥

ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ ॥ (347-4)
केते तेरे राग परी सिउ कहीअहि केते तेरे गावणहारे ॥

ਗਾਵਨ੍ਹਿ ਤੁਧਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮ ਦੁਆਰੇ ॥ (347-5)
गावन्हि तुधनो पउणु पाणी बैसंतरु गावै राजा धरम दुआरे ॥

ਗਾਵਨ੍ਹਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਵੀਚਾਰੇ ॥ (347-5)
गावन्हि तुधनो चितु गुपतु लिखि जाणनि लिखि लिखि धरमु वीचारे ॥

ਗਾਵਨ੍ਹਿ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ ॥ (347-6)
गावन्हि तुधनो ईसरु ब्रहमा देवी सोहनि तेरे सदा सवारे ॥

ਗਾਵਨ੍ਹਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ ॥ (347-7)
गावन्हि तुधनो इंद्र इंद्रासणि बैठे देवतिआ दरि नाले ॥

ਗਾਵਨ੍ਹਿ ਤੁਧਨੋ ਸਿਧ ਸਮਾਧੀ ਅੰਦਰਿ ਗਾਵਨ੍ਹਿ ਤੁਧਨੋ ਸਾਧ ਬੀਚਾਰੇ ॥ (347-7)
गावन्हि तुधनो सिध समाधी अंदरि गावन्हि तुधनो साध बीचारे ॥

ਗਾਵਨ੍ਹਿ ਤੁਧਨੋ ਜਤੀ ਸਤੀ ਸੰਤੋਖੀ ਗਾਵਨਿ ਤੁਧਨੋ ਵੀਰ ਕਰਾਰੇ ॥ (347-8)
गावन्हि तुधनो जती सती संतोखी गावनि तुधनो वीर करारे ॥

ਗਾਵਨਿ ਤੁਧਨੋ ਪੰਡਿਤ ਪੜੇ ਰਖੀਸੁਰ ਜੁਗੁ ਜੁਗੁ ਬੇਦਾ ਨਾਲੇ ॥ (347-8)
गावनि तुधनो पंडित पड़े रखीसुर जुगु जुगु बेदा नाले ॥

ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ ॥ (347-9)
गावनि तुधनो मोहणीआ मनु मोहनि सुरगु मछु पइआले ॥

ਗਾਵਨ੍ਹਿ ਤੁਧਨੋ ਰਤਨ ਉਪਾਏ ਤੇਰੇ ਜੇਤੇ ਅਠਸਠਿ ਤੀਰਥ ਨਾਲੇ ॥ (347-10)
गावन्हि तुधनो रतन उपाए तेरे जेते अठसठि तीरथ नाले ॥

ਗਾਵਨਿ ਤੁਧਨੋ ਜੋਧ ਮਹਾਬਲ ਸੂਰਾ ਗਾਵਨਿ ਤੁਧਨੋ ਖਾਣੀ ਚਾਰੇ ॥ (347-10)
गावन्हि तुधनो जोध महाबल सूरा गावन्हि तुधनो खाणी चारे ॥

ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ ॥ (347-11)
गावन्हि तुधनो खंड मंडल ब्रहमंडा करि करि रखे तेरे धारे ॥

ਸੇਈ ਤੁਧਨੋ ਗਾਵਨਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ ॥ (347-11)
सेई तुधनो गावन्हि जो तुधु भावन्हि रते तेरे भगत रसाले ॥

ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਬੀਚਾਰੇ ॥ (347-12)
होरि केते तुधनो गावनि से मै चिति न आवनि नानकु किआ बीचारे ॥

ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥ (347-13)
सोई सोई सदा सचु साहिबु साचा साची नाई ॥

ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥ (347-13)
है भी होसी जाइ न जासी रचना जिनि रचाई ॥

ਰੰਗੀ ਰੰਗੀ ਭਾਤੀ ਜਿਨਸੀ ਮਾਇਆ ਜਿਨਿ ਉਪਾਈ ॥ (347-14)
रंगी रंगी भाती जिनसी माइआ जिनि उपाई ॥

ਕਰਿ ਕਰਿ ਦੇਖੈ ਕੀਤਾ ਅਪਣਾ ਜਿਉ ਤਿਸ ਦੀ ਵਡਿਆਈ ॥ (347-14)
करि करि देखै कीता अपणा जिउ तिस दी वडिआई ॥

ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ ॥ (347-15)
जो तिसु भावै सोई करसी फिरि हुकमु न करणा जाई ॥

ਸੋ ਪਾਤਿਸਾਹੁ ਸਾਹਾ ਪਤਿ ਸਾਹਿਬੁ ਨਾਨਕ ਰਹਣੁ ਰਜਾਈ ॥੧॥੧॥ (347-15)
सो पातिसाहु साहा पति साहिबु नानक रहणु रजाई ॥१॥१॥

ਆਸਾ ਮਹਲਾ ੪ ॥ (348-1)
आसा महला ४ ॥

ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ ਹਰਿ ਅਗਮਾ ਅਗਮ ਅਪਾਰਾ ॥ (348-1)
सो पुरखु निरंजनु हरि पुरखु निरंजनु हरि अगमा अगम अपारा ॥

ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ ਹਰਿ ਸਚੇ ਸਿਰਜਣਹਾਰਾ ॥ (348-2)
सभि धिआवहि सभि धिआवहि तुधु जी हरि सचे सिरजणहारा ॥

ਸਭਿ ਜੀਅ ਤੁਮਾਰੇ ਜੀ ਤੂੰ ਜੀਆ ਕਾ ਦਾਤਾਰਾ ॥ (348-2)
सभि जीअ तुमारे जी तूं जीआ का दातारा ॥

ਹਰਿ ਧਿਆਵਹੁ ਸੰਤਹੁ ਜੀ ਸਭਿ ਦੂਖ ਵਿਸਾਰਣਹਾਰਾ ॥ (348-3)
हरि धिआवहु संतहु जी सभि दूख विसारणहारा ॥

ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕੁ ਜੀ ਕਿਆ ਨਾਨਕ ਜੰਤ ਵਿਚਾਰਾ ॥੧॥ (348-3)
हरि आपे ठाकुरु हरि आपे सेवकु जी किआ नानक जंत विचारा ॥१॥

ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ ॥ (348-4)
तूं घट घट अंतरि सरब निरंतरि जी हरि एको पुरखु समाणा ॥

ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ ॥ (348-4)
इकि दाते इकि भेखारी जी सभि तेरे चोज विडाणा ॥

ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧੁ ਬਿਨੁ ਅਵਰੁ ਨ ਜਾਣਾ ॥ (348-5)
तूं आपे दाता आपे भुगता जी हउ तुधु बिनु अवरु न जाणा ॥

ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ ॥ (348-6)
तूं पारब्रहमु बेअंतु बेअंतु जी तेरे किआ गुण आखि वखाणा ॥

ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ ਤਿਨ੍ਹ ਕੁਰਬਾਣਾ ॥੨॥ (348-6)
जो सेवहि जो सेवहि तुधु जी जनु नानकु तिन्ह कुरबाणा ॥२॥

ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ ਸੇ ਜਨ ਜੁਗ ਮਹਿ ਸੁਖ ਵਾਸੀ ॥ (348-7)
हरि धिआवहि हरि धिआवहि तुधु जी से जन जुग महि सुख वासी ॥

ਸੇ ਮੁਕਤੁ ਸੇ ਮੁਕਤੁ ਭਏ ਜਿਨ੍ਹ ਹਰਿ ਧਿਆਇਆ ਜੀਉ ਤਿਨ ਟੂਟੀ ਜਮ ਕੀ ਫਾਸੀ ॥ (348-7)
से मुकतु से मुकतु भए जिन्ह हरि धिआइआ जीउ तिन टूटी जम की फासी ॥

ਜਿਨ ਨਿਰਭਉ ਜਿਨ੍ਹ ਹਰਿ ਨਿਰਭਉ ਧਿਆਇਆ ਜੀਉ ਤਿਨ ਕਾ ਭਉ ਸਭੁ ਗਵਾਸੀ ॥ (348-8)
जिन निरभउ जिन्ह हरि निरभउ धिआइआ जीउ तिन का भउ सभु गवासी ॥

ਜਿਨ੍ਹ ਸੇਵਿਆ ਜਿਨ੍ਹ ਸੇਵਿਆ ਮੇਰਾ ਹਰਿ ਜੀਉ ਤੇ ਹਰਿ ਹਰਿ ਰੂਪਿ ਸਮਾਸੀ ॥ (348-9)
जिन्ह सेविआ जिन्ह सेविआ मेरा हरि जीउ ते हरि हरि रूपि समासी ॥

ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀਉ ਜਨੁ ਨਾਨਕੁ ਤਿਨ ਬਲਿ ਜਾਸੀ ॥੩॥ (348-9)
से धंनु से धंनु जिन हरि धिआइआ जीउ जनु नानकु तिन बलि जासी ॥३॥

ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ ਭਰੇ ਬੇਅੰਤ ਬੇਅੰਤਾ ॥ (348-10)
तेरी भगति तेरी भगति भंडार जी भरे बेअंत बेअंता ॥

ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ ਹਰਿ ਅਨਿਕ ਅਨੇਕ ਅਨੰਤਾ ॥ (348-11)
तेरे भगत तेरे भगत सलाहनि तुधु जी हरि अनिक अनेक अनंता ॥

ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ ਤਪੁ ਤਾਪਹਿ ਜਪਹਿ ਬੇਅੰਤਾ ॥ (348-11)
तेरी अनिक तेरी अनिक करहि हरि पूजा जी तपु तापहि जपहि बेअंता ॥

ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿੰਮ੍ਰਿਤਿ ਸਾਸਤ ਜੀ ਕਰਿ ਕਿਰਿਆ ਖਟੁ ਕਰਮ ਕਰੰਤਾ ॥ (348-12)
तेरे अनेक तेरे अनेक पड़हि बहु सिंम्रिति सासत जी करि किरिआ खटु करम करंता ॥

ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ ਜੋ ਭਾਵਹਿ ਮੇਰੇ ਹਰਿ ਭਗਵੰਤਾ ॥੪॥ (348-13)
से भगत से भगत भले जन नानक जी जो भावहि मेरे हरि भगवंता ॥४॥

ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ ॥ (348-14)
तूं आदि पुरखु अपरमपरु करता जी तुधु जेवडु अवरु न कोई ॥

ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ ॥ (348-14)
तूं जुगु जुगु एको सदा सदा तूं एको जी तूं निहचलु करता सोई ॥

ਤੁਧੁ ਆਪੇ ਭਾਵੈ ਸੋਈ ਵਰਤੈ ਜੀ ਤੂੰ ਆਪੇ ਕਰਹਿ ਸੁ ਹੋਈ ॥ (348-15)
तुधु आपे भावै सोई वरतै जी तूं आपे करहि सु होई ॥

ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ ॥ (348-16)
तुधु आपे स्रिसटि सभ उपाई जी तुधु आपे सिरजि सभ गोई ॥

ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ ॥੫॥੨॥ (348-16)
जनु नानकु गुण गावै करते के जी जो सभसै का जाणोई ॥५॥२॥

ੴ ਸਤਿਗੁਰ ਪ੍ਰਸਾਦਿ ॥ (348-17)
ੴ सतिगुर प्रसादि ॥

ਰਾਗੁ ਆਸਾ ਮਹਲਾ ੧ ਚਉਪਦੇ ਘਰੁ ੨ ॥ (348-18)
रागु आसा महला १ चउपदे घरु २ ॥

ਸੁਣਿ ਵਡਾ ਆਖੈ ਸਭ ਕੋਈ ॥ (348-19)
सुणि वडा आखै सभ कोई ॥

ਕੇਵਡੁ ਵਡਾ ਡੀਠਾ ਹੋਈ ॥ (348-19)
केवडु वडा डीठा होई ॥

ਕੀਮਤਿ ਪਾਇ ਨ ਕਹਿਆ ਜਾਇ ॥ (348-19)
कीमति पाइ न कहिआ जाइ ॥

ਕਹਣੈ ਵਾਲੇ ਤੇਰੇ ਰਹੇ ਸਮਾਇ ॥੧॥ (349-1)
कहणै वाले तेरे रहे समाइ ॥१॥

ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ॥ (349-1)
वडे मेरे साहिबा गहिर ग्मभीरा गुणी गहीरा ॥

ਕੋਈ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥੧॥ ਰਹਾਉ ॥ (349-1)
कोई न जाणै तेरा केता केवडु चीरा ॥१॥ रहाउ ॥

ਸਭਿ ਸੁਰਤੀ ਮਿਲਿ ਸੁਰਤਿ ਕਮਾਈ ॥ (349-2)
सभि सुरती मिलि सुरति कमाई ॥

ਸਭ ਕੀਮਤਿ ਮਿਲਿ ਕੀਮਤਿ ਪਾਈ ॥ (349-2)
सभ कीमति मिलि कीमति पाई ॥

ਗਿਆਨੀ ਧਿਆਨੀ ਗੁਰ ਗੁਰ ਹਾਈ ॥ (349-3)
गिआनी धिआनी गुर गुर हाई ॥

ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥੨॥ (349-3)
कहणु न जाई तेरी तिलु वडिआई ॥२॥

ਸਭਿ ਸਤ ਸਭਿ ਤਪ ਸਭਿ ਚੰਗਿਆਈਆ ॥ (349-3)
सभि सत सभि तप सभि चंगिआईआ ॥

ਸਿਧਾ ਪੁਰਖਾ ਕੀਆ ਵਡਿਆਈਆਂ ॥ (349-4)
सिधा पुरखा कीआ वडिआईआं ॥

ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥ (349-4)
तुधु विणु सिधी किनै न पाईआ ॥

ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥੩॥ (349-4)
करमि मिलै नाही ठाकि रहाईआ ॥३॥

ਆਖਣ ਵਾਲਾ ਕਿਆ ਬੇਚਾਰਾ ॥ (349-5)
आखण वाला किआ बेचारा ॥

ਸਿਫਤੀ ਭਰੇ ਤੇਰੇ ਭੰਡਾਰਾ ॥ (349-5)
सिफती भरे तेरे भंडारा ॥

ਜਿਸੁ ਤੂੰ ਦੇਹਿ ਤਿਸੈ ਕਿਆ ਚਾਰਾ ॥ (349-5)
जिसु तूं देहि तिसै किआ चारा ॥

ਨਾਨਕ ਸਚੁ ਸਵਾਰਣਹਾਰਾ ॥੪॥੧॥ (349-6)
नानक सचु सवारणहारा ॥४॥१॥

ਆਸਾ ਮਹਲਾ ੧ ॥ (349-6)
आसा महला १ ॥

ਆਖਾ ਜੀਵਾ ਵਿਸਰੈ ਮਰਿ ਜਾਉ ॥ (349-6)
आखा जीवा विसरै मरि जाउ ॥

ਆਖਣਿ ਅਉਖਾ ਸਾਚਾ ਨਾਉ ॥ (349-7)
आखणि अउखा साचा नाउ ॥

ਸਾਚੇ ਨਾਮ ਕੀ ਲਾਗੈ ਭੂਖ ॥ (349-7)
साचे नाम की लागै भूख ॥

ਤਿਤੁ ਭੂਖੈ ਖਾਇ ਚਲੀਅਹਿ ਦੂਖ ॥੧॥ (349-7)
तितु भूखै खाइ चलीअहि दूख ॥१॥

ਸੋ ਕਿਉ ਵਿਸਰੈ ਮੇਰੀ ਮਾਇ ॥ (349-7)
सो किउ विसरै मेरी माइ ॥

ਸਾਚਾ ਸਾਹਿਬੁ ਸਾਚੈ ਨਾਇ ॥੧॥ ਰਹਾਉ ॥ (349-8)
साचा साहिबु साचै नाइ ॥१॥ रहाउ ॥

ਸਾਚੇ ਨਾਮ ਕੀ ਤਿਲੁ ਵਡਿਆਈ ॥ (349-8)
साचे नाम की तिलु वडिआई ॥

ਆਖਿ ਥਕੇ ਕੀਮਤਿ ਨਹੀ ਪਾਈ ॥ (349-8)
आखि थके कीमति नही पाई ॥

ਜੇ ਸਭਿ ਮਿਲਿ ਕੈ ਆਖਣ ਪਾਹਿ ॥ (349-9)
जे सभि मिलि कै आखण पाहि ॥

ਵਡਾ ਨ ਹੋਵੈ ਘਾਟਿ ਨ ਜਾਇ ॥੨॥ (349-9)
वडा न होवै घाटि न जाइ ॥२॥

ਨਾ ਓਹੁ ਮਰੈ ਨ ਹੋਵੈ ਸੋਗੁ ॥ (349-9)
ना ओहु मरै न होवै सोगु ॥

ਦੇਂਦਾ ਰਹੈ ਨ ਚੂਕੈ ਭੋਗੁ ॥ (349-10)
देंदा रहै न चूकै भोगु ॥

ਗੁਣੁ ਏਹੋ ਹੋਰੁ ਨਾਹੀ ਕੋਇ ॥ (349-10)
गुणु एहो होरु नाही कोइ ॥

ਨਾ ਕੋ ਹੋਆ ਨਾ ਕੋ ਹੋਇ ॥੩॥ (349-10)
ना को होआ ना को होइ ॥३॥

ਜੇਵਡੁ ਆਪਿ ਤੇਵਡ ਤੇਰੀ ਦਾਤਿ ॥ (349-10)
जेवडु आपि तेवड तेरी दाति ॥

ਜਿਨਿ ਦਿਨੁ ਕਰਿ ਕੈ ਕੀਤੀ ਰਾਤਿ ॥ (349-11)
जिनि दिनु करि कै कीती राति ॥

ਖਸਮੁ ਵਿਸਾਰਹਿ ਤੇ ਕਮਜਾਤਿ ॥ (349-11)
खसमु विसारहि ते कमजाति ॥

ਨਾਨਕ ਨਾਵੈ ਬਾਝੁ ਸਨਾਤਿ ॥੪॥੨॥ (349-11)
नानक नावै बाझु सनाति ॥४॥२॥

ਆਸਾ ਮਹਲਾ ੧ ॥ (349-12)
आसा महला १ ॥

ਜੇ ਦਰਿ ਮਾਂਗਤੁ ਕੂਕ ਕਰੇ ਮਹਲੀ ਖਸਮੁ ਸੁਣੇ ॥ (349-12)
जे दरि मांगतु कूक करे महली खसमु सुणे ॥

ਭਾਵੈ ਧੀਰਕ ਭਾਵੈ ਧਕੇ ਏਕ ਵਡਾਈ ਦੇਇ ॥੧॥ (349-12)
भावै धीरक भावै धके एक वडाई देइ ॥१॥

ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ ॥੧॥ ਰਹਾਉ ॥ (349-13)
जाणहु जोति न पूछहु जाती आगै जाति न हे ॥१॥ रहाउ ॥

ਆਪਿ ਕਰਾਏ ਆਪਿ ਕਰੇਇ ॥ (349-13)
आपि कराए आपि करेइ ॥

ਆਪਿ ਉਲਾਮ੍ਹੇ ਚਿਤਿ ਧਰੇਇ ॥ (349-14)
आपि उलाम्हे चिति धरेइ ॥

ਜਾ ਤੂੰ ਕਰਣਹਾਰੁ ਕਰਤਾਰੁ ॥ (349-14)
जा तूं करणहारु करतारु ॥

ਕਿਆ ਮੁਹਤਾਜੀ ਕਿਆ ਸੰਸਾਰੁ ॥੨॥ (349-14)
किआ मुहताजी किआ संसारु ॥२॥

ਆਪਿ ਉਪਾਏ ਆਪੇ ਦੇਇ ॥ (349-14)
आपि उपाए आपे देइ ॥

ਆਪੇ ਦੁਰਮਤਿ ਮਨਹਿ ਕਰੇਇ ॥ (349-15)
आपे दुरमति मनहि करेइ ॥

ਗੁਰ ਪਰਸਾਦਿ ਵਸੈ ਮਨਿ ਆਇ ॥ (349-15)
गुर परसादि वसै मनि आइ ॥

ਦੁਖੁ ਅਨ੍ਹੇਰਾ ਵਿਚਹੁ ਜਾਇ ॥੩॥ (349-15)
दुखु अन्हेरा विचहु जाइ ॥३॥

ਸਾਚੁ ਪਿਆਰਾ ਆਪਿ ਕਰੇਇ ॥ (349-16)
साचु पिआरा आपि करेइ ॥

ਅਵਰੀ ਕਉ ਸਾਚੁ ਨ ਦੇਇ ॥ (349-16)
अवरी कउ साचु न देइ ॥

ਜੇ ਕਿਸੈ ਦੇਇ ਵਖਾਣੈ ਨਾਨਕੁ ਆਗੈ ਪੂਛ ਨ ਲੇਇ ॥੪॥੩॥ (349-16)
जे किसै देइ वखाणै नानकु आगै पूछ न लेइ ॥४॥३॥

ਆਸਾ ਮਹਲਾ ੧ ॥ (349-16)
आसा महला १ ॥

ਤਾਲ ਮਦੀਰੇ ਘਟ ਕੇ ਘਾਟ ॥ (349-17)
ताल मदीरे घट के घाट ॥

ਦੋਲਕ ਦੁਨੀਆ ਵਾਜਹਿ ਵਾਜ ॥ (349-17)
दोलक दुनीआ वाजहि वाज ॥

ਨਾਰਦੁ ਨਾਚੈ ਕਲਿ ਕਾ ਭਾਉ ॥ (349-17)
नारदु नाचै कलि का भाउ ॥

ਜਤੀ ਸਤੀ ਕਹ ਰਾਖਹਿ ਪਾਉ ॥੧॥ (349-18)
जती सती कह राखहि पाउ ॥१॥

ਨਾਨਕ ਨਾਮ ਵਿਟਹੁ ਕੁਰਬਾਣੁ ॥ (349-18)
नानक नाम विटहु कुरबाणु ॥

ਅੰਧੀ ਦੁਨੀਆ ਸਾਹਿਬੁ ਜਾਣੁ ॥੧॥ ਰਹਾਉ ॥ (349-18)
अंधी दुनीआ साहिबु जाणु ॥१॥ रहाउ ॥

ਗੁਰੂ ਪਾਸਹੁ ਫਿਰਿ ਚੇਲਾ ਖਾਇ ॥ (349-19)
गुरू पासहु फिरि चेला खाइ ॥

ਤਾਮਿ ਪਰੀਤਿ ਵਸੈ ਘਰਿ ਆਇ ॥ (349-19)
तामि परीति वसै घरि आइ ॥

ਜੇ ਸਉ ਵਰ੍ਹਿਆ ਜੀਵਣ ਖਾਣੁ ॥ (349-19)
जे सउ वर्हिआ जीवण खाणु ॥

ਖਸਮ ਪਛਾਣੈ ਸੋ ਦਿਨੁ ਪਰਵਾਣੁ ॥੨॥ (350-1)
खसम पछाणै सो दिनु परवाणु ॥२॥

ਦਰਸਨਿ ਦੇਖਿਐ ਦਇਆ ਨ ਹੋਇ ॥ (350-1)
दरसनि देखिऐ दइआ न होइ ॥

ਲਏ ਦਿਤੇ ਵਿਣੁ ਰਹੈ ਨ ਕੋਇ ॥ (350-1)
लए दिते विणु रहै न कोइ ॥

ਰਾਜਾ ਨਿਆਉ ਕਰੇ ਹਥਿ ਹੋਇ ॥ (350-2)
राजा निआउ करे हथि होइ ॥

ਕਹੈ ਖੁਦਾਇ ਨ ਮਾਨੈ ਕੋਇ ॥੩॥ (350-2)
कहै खुदाइ न मानै कोइ ॥३॥

ਮਾਣਸ ਮੂਰਤਿ ਨਾਨਕੁ ਨਾਮੁ ॥ (350-2)
माणस मूरति नानकु नामु ॥

ਕਰਣੀ ਕੁਤਾ ਦਰਿ ਫੁਰਮਾਨੁ ॥ (350-3)
करणी कुता दरि फुरमानु ॥

ਗੁਰ ਪਰਸਾਦਿ ਜਾਣੈ ਮਿਹਮਾਨੁ ॥ (350-3)
गुर परसादि जाणै मिहमानु ॥

ਤਾ ਕਿਛੁ ਦਰਗਹ ਪਾਵੈ ਮਾਨੁ ॥੪॥੪॥ (350-3)
ता किछु दरगह पावै मानु ॥४॥४॥

ਆਸਾ ਮਹਲਾ ੧ ॥ (350-3)
आसा महला १ ॥

ਜੇਤਾ ਸਬਦੁ ਸੁਰਤਿ ਧੁਨਿ ਤੇਤੀ ਜੇਤਾ ਰੂਪੁ ਕਾਇਆ ਤੇਰੀ ॥ (350-4)
जेता सबदु सुरति धुनि तेती जेता रूपु काइआ तेरी ॥

ਤੂੰ ਆਪੇ ਰਸਨਾ ਆਪੇ ਬਸਨਾ ਅਵਰੁ ਨ ਦੂਜਾ ਕਹਉ ਮਾਈ ॥੧॥ (350-4)
तूं आपे रसना आपे बसना अवरु न दूजा कहउ माई ॥१॥

ਸਾਹਿਬੁ ਮੇਰਾ ਏਕੋ ਹੈ ॥ (350-4)
साहिबु मेरा एको है ॥

ਏਕੋ ਹੈ ਭਾਈ ਏਕੋ ਹੈ ॥੧॥ ਰਹਾਉ ॥ (350-5)
एको है भाई एको है ॥१॥ रहाउ ॥

ਆਪੇ ਮਾਰੇ ਆਪੇ ਛੋਡੈ ਆਪੇ ਲੇਵੈ ਦੇਇ ॥ (350-5)
आपे मारे आपे छोडै आपे लेवै देइ ॥

ਆਪੇ ਵੇਖੈ ਆਪੇ ਵਿਗਸੈ ਆਪੇ ਨਦਰਿ ਕਰੇਇ ॥੨॥ (350-6)
आपे वेखै आपे विगसै आपे नदरि करेइ ॥२॥

ਜੋ ਕਿਛੁ ਕਰਣਾ ਸੋ ਕਰਿ ਰਹਿਆ ਅਵਰੁ ਨ ਕਰਣਾ ਜਾਈ ॥ (350-6)
जो किछु करणा सो करि रहिआ अवरु न करणा जाई ॥

ਜੈਸਾ ਵਰਤੈ ਤੈਸੋ ਕਹੀਐ ਸਭ ਤੇਰੀ ਵਡਿਆਈ ॥੩॥ (350-6)
जैसा वरतै तैसो कहीऐ सभ तेरी वडिआई ॥३॥

ਕਲਿ ਕਲਵਾਲੀ ਮਾਇਆ ਮਦੁ ਮੀਠਾ ਮਨੁ ਮਤਵਾਲਾ ਪੀਵਤੁ ਰਹੈ ॥ (350-7)
कलि कलवाली माइआ मदु मीठा मनु मतवाला पीवतु रहै ॥

ਆਪੇ ਰੂਪ ਕਰੇ ਬਹੁ ਭਾਂਤੀਂ ਨਾਨਕੁ ਬਪੁੜਾ ਏਵ ਕਹੈ ॥੪॥੫॥ (350-7)
आपे रूप करे बहु भांतीं नानकु बपुड़ा एव कहै ॥४॥५॥

ਆਸਾ ਮਹਲਾ ੧ ॥ (350-8)
आसा महला १ ॥

ਵਾਜਾ ਮਤਿ ਪਖਾਵਜੁ ਭਾਉ ॥ (350-9)
वाजा मति पखावजु भाउ ॥

ਹੋਇ ਅਨੰਦੁ ਸਦਾ ਮਨਿ ਚਾਉ ॥ (350-9)
होइ अनंदु सदा मनि चाउ ॥

ਏਹਾ ਭਗਤਿ ਏਹੋ ਤਪ ਤਾਉ ॥ (350-9)
एहा भगति एहो तप ताउ ॥

ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੧॥ (350-9)
इतु रंगि नाचहु रखि रखि पाउ ॥१॥

ਪੂਰੇ ਤਾਲ ਜਾਣੈ ਸਾਲਾਹ ॥ (350-10)
पूरे ताल जाणै सालाह ॥

ਹੋਰੁ ਨਚਣਾ ਖੁਸੀਆ ਮਨ ਮਾਹ ॥੧॥ ਰਹਾਉ ॥ (350-10)
होरु नचणा खुसीआ मन माह ॥१॥ रहाउ ॥

ਸਤੁ ਸੰਤੋਖੁ ਵਜਹਿ ਦੁਇ ਤਾਲ ॥ (350-10)
सतु संतोखु वजहि दुइ ताल ॥

ਪੈਰੀ ਵਾਜਾ ਸਦਾ ਨਿਹਾਲ ॥ (350-11)
पैरी वाजा सदा निहाल ॥

ਰਾਗੁ ਨਾਦੁ ਨਹੀ ਦੂਜਾ ਭਾਉ ॥ (350-11)
रागु नादु नही दूजा भाउ ॥

ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੨॥ (350-11)
इतु रंगि नाचहु रखि रखि पाउ ॥२॥

ਭਉ ਫੇਰੀ ਹੋਵੈ ਮਨ ਚੀਤਿ ॥ (350-12)
भउ फेरी होवै मन चीति ॥

ਬਹਦਿਆ ਉਠਦਿਆ ਨੀਤਾ ਨੀਤਿ ॥ (350-12)
बहदिआ उठदिआ नीता नीति ॥

ਲੇਟਣਿ ਲੇਟਿ ਜਾਣੈ ਤਨੁ ਸੁਆਹੁ ॥ (350-12)
लेटणि लेटि जाणै तनु सुआहु ॥

ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੩॥ (350-13)
इतु रंगि नाचहु रखि रखि पाउ ॥३॥

ਸਿਖ ਸਭਾ ਦੀਖਿਆ ਕਾ ਭਾਉ ॥ (350-13)
सिख सभा दीखिआ का भाउ ॥

ਗੁਰਮੁਖਿ ਸੁਣਣਾ ਸਾਚਾ ਨਾਉ ॥ (350-13)
गुरमुखि सुणणा साचा नाउ ॥

ਨਾਨਕ ਆਖਣੁ ਵੇਰਾ ਵੇਰ ॥ (350-14)
नानक आखणु वेरा वेर ॥

ਇਤੁ ਰੰਗਿ ਨਾਚਹੁ ਰਖਿ ਰਖਿ ਪੈਰ ॥੪॥੬॥ (350-14)
इतु रंगि नाचहु रखि रखि पैर ॥४॥६॥

ਆਸਾ ਮਹਲਾ ੧ ॥ (350-14)
आसा महला १ ॥

ਪਉਣੁ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ ਬੰਧੁ ਕੀਆ ॥ (350-15)
पउणु उपाइ धरी सभ धरती जल अगनी का बंधु कीआ ॥

ਅੰਧੁਲੈ ਦਹਸਿਰਿ ਮੂੰਡੁ ਕਟਾਇਆ ਰਾਵਣੁ ਮਾਰਿ ਕਿਆ ਵਡਾ ਭਇਆ ॥੧॥ (350-15)
अंधुलै दहसिरि मूंडु कटाइआ रावणु मारि किआ वडा भइआ ॥१॥

ਕਿਆ ਉਪਮਾ ਤੇਰੀ ਆਖੀ ਜਾਇ ॥ (350-15)
किआ उपमा तेरी आखी जाइ ॥

ਤੂੰ ਸਰਬੇ ਪੂਰਿ ਰਹਿਆ ਲਿਵ ਲਾਇ ॥੧॥ ਰਹਾਉ ॥ (350-16)
तूं सरबे पूरि रहिआ लिव लाइ ॥१॥ रहाउ ॥

ਜੀਅ ਉਪਾਇ ਜੁਗਤਿ ਹਥਿ ਕੀਨੀ ਕਾਲੀ ਨਥਿ ਕਿਆ ਵਡਾ ਭਇਆ ॥ (350-16)
जीअ उपाइ जुगति हथि कीनी काली नथि किआ वडा भइआ ॥

ਕਿਸੁ ਤੂੰ ਪੁਰਖੁ ਜੋਰੂ ਕਉਣ ਕਹੀਐ ਸਰਬ ਨਿਰੰਤਰਿ ਰਵਿ ਰਹਿਆ ॥੨॥ (350-17)
किसु तूं पुरखु जोरू कउण कहीऐ सरब निरंतरि रवि रहिआ ॥२॥

ਨਾਲਿ ਕੁਟੰਬੁ ਸਾਥਿ ਵਰਦਾਤਾ ਬ੍ਰਹਮਾ ਭਾਲਣ ਸ੍ਰਿਸਟਿ ਗਇਆ ॥ (350-17)
नालि कुट्मबु साथि वरदाता ब्रहमा भालण स्रिसटि गइआ ॥

ਆਗੈ ਅੰਤੁ ਨ ਪਾਇਓ ਤਾ ਕਾ ਕੰਸੁ ਛੇਦਿ ਕਿਆ ਵਡਾ ਭਇਆ ॥੩॥ (350-18)
आगै अंतु न पाइओ ता का कंसु छेदि किआ वडा भइआ ॥३॥

ਰਤਨ ਉਪਾਇ ਧਰੇ ਖੀਰੁ ਮਥਿਆ ਹੋਰਿ ਭਖਲਾਏ ਜਿ ਅਸੀ ਕੀਆ ॥ (350-19)
रतन उपाइ धरे खीरु मथिआ होरि भखलाए जि असी कीआ ॥

ਕਹੈ ਨਾਨਕੁ ਛਪੈ ਕਿਉ ਛਪਿਆ ਏਕੀ ਏਕੀ ਵੰਡਿ ਦੀਆ ॥੪॥੭॥ (350-19)
कहै नानकु छपै किउ छपिआ एकी एकी वंडि दीआ ॥४॥७॥

ਆਸਾ ਮਹਲਾ ੧ ॥ (351-1)
आसा महला १ ॥

ਕਰਮ ਕਰਤੂਤਿ ਬੇਲਿ ਬਿਸਥਾਰੀ ਰਾਮ ਨਾਮੁ ਫਲੁ ਹੂਆ ॥ (351-2)
करम करतूति बेलि बिसथारी राम नामु फलु हूआ ॥

ਤਿਸੁ ਰੂਪੁ ਨ ਰੇਖ ਅਨਾਹਦੁ ਵਾਜੈ ਸਬਦੁ ਨਿਰੰਜਨਿ ਕੀਆ ॥੧॥ (351-2)
तिसु रूपु न रेख अनाहदु वाजै सबदु निरंजनि कीआ ॥१॥

ਕਰੇ ਵਖਿਆਣੁ ਜਾਣੈ ਜੇ ਕੋਈ ॥ (351-2)
करे वखिआणु जाणै जे कोई ॥

ਅੰਮ੍ਰਿਤੁ ਪੀਵੈ ਸੋਈ ॥੧॥ ਰਹਾਉ ॥ (351-3)
अमृतु पीवै सोई ॥१॥ रहाउ ॥

ਜਿਨ੍ਹ ਪੀਆ ਸੇ ਮਸਤ ਭਏ ਹੈ ਤੂਟੇ ਬੰਧਨ ਫਾਹੇ ॥ (351-3)
जिन्ह पीआ से मसत भए है तूटे बंधन फाहे ॥

ਜੋਤੀ ਜੋਤਿ ਸਮਾਣੀ ਭੀਤਰਿ ਤਾ ਛੋਡੇ ਮਾਇਆ ਕੇ ਲਾਹੇ ॥੨॥ (351-4)
जोती जोति समाणी भीतरि ता छोडे माइआ के लाहे ॥२॥

ਸਰਬ ਜੋਤਿ ਰੂਪੁ ਤੇਰਾ ਦੇਖਿਆ ਸਗਲ ਭਵਨ ਤੇਰੀ ਮਾਇਆ ॥ (351-4)
सरब जोति रूपु तेरा देखिआ सगल भवन तेरी माइआ ॥

ਰਾਰੈ ਰੂਪਿ ਨਿਰਾਲਮੁ ਬੈਠਾ ਨਦਰਿ ਕਰੇ ਵਿਚਿ ਛਾਇਆ ॥੩॥ (351-5)
रारै रूपि निरालमु बैठा नदरि करे विचि छाइआ ॥३॥

ਬੀਣਾ ਸਬਦੁ ਵਜਾਵੈ ਜੋਗੀ ਦਰਸਨਿ ਰੂਪਿ ਅਪਾਰਾ ॥ (351-5)
बीणा सबदु वजावै जोगी दरसनि रूपि अपारा ॥

ਸਬਦਿ ਅਨਾਹਦਿ ਸੋ ਸਹੁ ਰਾਤਾ ਨਾਨਕੁ ਕਹੈ ਵਿਚਾਰਾ ॥੪॥੮॥ (351-6)
सबदि अनाहदि सो सहु राता नानकु कहै विचारा ॥४॥८॥

ਆਸਾ ਮਹਲਾ ੧ ॥ (351-6)
आसा महला १ ॥

ਮੈ ਗੁਣ ਗਲਾ ਕੇ ਸਿਰਿ ਭਾਰ ॥ (351-7)
मै गुण गला के सिरि भार ॥

ਗਲੀ ਗਲਾ ਸਿਰਜਣਹਾਰ ॥ (351-7)
गली गला सिरजणहार ॥

ਖਾਣਾ ਪੀਣਾ ਹਸਣਾ ਬਾਦਿ ॥ (351-7)
खाणा पीणा हसणा बादि ॥

ਜਬ ਲਗੁ ਰਿਦੈ ਨ ਆਵਹਿ ਯਾਦਿ ॥੧॥ (351-8)
जब लगु रिदै न आवहि यादि ॥१॥

ਤਉ ਪਰਵਾਹ ਕੇਹੀ ਕਿਆ ਕੀਜੈ ॥ (351-8)
तउ परवाह केही किआ कीजै ॥

ਜਨਮਿ ਜਨਮਿ ਕਿਛੁ ਲੀਜੀ ਲੀਜੈ ॥੧॥ ਰਹਾਉ ॥ (351-8)
जनमि जनमि किछु लीजी लीजै ॥१॥ रहाउ ॥

ਮਨ ਕੀ ਮਤਿ ਮਤਾਗਲੁ ਮਤਾ ॥ (351-8)
मन की मति मतागलु मता ॥

ਜੋ ਕਿਛੁ ਬੋਲੀਐ ਸਭੁ ਖਤੋ ਖਤਾ ॥ (351-9)
जो किछु बोलीऐ सभु खतो खता ॥

ਕਿਆ ਮੁਹੁ ਲੈ ਕੀਚੈ ਅਰਦਾਸਿ ॥ (351-9)
किआ मुहु लै कीचै अरदासि ॥

ਪਾਪੁ ਪੁੰਨੁ ਦੁਇ ਸਾਖੀ ਪਾਸਿ ॥੨॥ (351-10)
पापु पुंनु दुइ साखी पासि ॥२॥

ਜੈਸਾ ਤੂੰ ਕਰਹਿ ਤੈਸਾ ਕੋ ਹੋਇ ॥ (351-10)
जैसा तूं करहि तैसा को होइ ॥

ਤੁਝ ਬਿਨੁ ਦੂਜਾ ਨਾਹੀ ਕੋਇ ॥ (351-10)
तुझ बिनु दूजा नाही कोइ ॥

ਜੇਹੀ ਤੂੰ ਮਤਿ ਦੇਹਿ ਤੇਹੀ ਕੋ ਪਾਵੈ ॥ (351-10)
जेही तूं मति देहि तेही को पावै ॥

ਤੁਧੁ ਆਪੇ ਭਾਵੈ ਤਿਵੈ ਚਲਾਵੈ ॥੩॥ (351-11)
तुधु आपे भावै तिवै चलावै ॥३॥

ਰਾਗ ਰਤਨ ਪਰੀਆ ਪਰਵਾਰ ॥ (351-11)
राग रतन परीआ परवार ॥

ਤਿਸੁ ਵਿਚਿ ਉਪਜੈ ਅੰਮ੍ਰਿਤੁ ਸਾਰ ॥ (351-11)
तिसु विचि उपजै अमृतु सार ॥

ਨਾਨਕ ਕਰਤੇ ਕਾ ਇਹੁ ਧਨੁ ਮਾਲੁ ॥ (351-12)
नानक करते का इहु धनु मालु ॥

ਜੇ ਕੋ ਬੂਝੈ ਏਹੁ ਬੀਚਾਰੁ ॥੪॥੯॥ (351-12)
जे को बूझै एहु बीचारु ॥४॥९॥

ਆਸਾ ਮਹਲਾ ੧ ॥ (351-12)
आसा महला १ ॥

ਕਰਿ ਕਿਰਪਾ ਅਪਨੈ ਘਰਿ ਆਇਆ ਤਾ ਮਿਲਿ ਸਖੀਆ ਕਾਜੁ ਰਚਾਇਆ ॥ (351-13)
करि किरपा अपनै घरि आइआ ता मिलि सखीआ काजु रचाइआ ॥

ਖੇਲੁ ਦੇਖਿ ਮਨਿ ਅਨਦੁ ਭਇਆ ਸਹੁ ਵੀਆਹਣ ਆਇਆ ॥੧॥ (351-13)
खेलु देखि मनि अनदु भइआ सहु वीआहण आइआ ॥१॥

ਗਾਵਹੁ ਗਾਵਹੁ ਕਾਮਣੀ ਬਿਬੇਕ ਬੀਚਾਰੁ ॥ (351-14)
गावहु गावहु कामणी बिबेक बीचारु ॥

ਹਮਰੈ ਘਰਿ ਆਇਆ ਜਗਜੀਵਨੁ ਭਤਾਰੁ ॥੧॥ ਰਹਾਉ ॥ (351-14)
हमरै घरि आइआ जगजीवनु भतारु ॥१॥ रहाउ ॥

ਗੁਰੂ ਦੁਆਰੈ ਹਮਰਾ ਵੀਆਹੁ ਜਿ ਹੋਆ ਜਾਂ ਸਹੁ ਮਿਲਿਆ ਤਾਂ ਜਾਨਿਆ ॥ (351-15)
गुरू दुआरै हमरा वीआहु जि होआ जां सहु मिलिआ तां जानिआ ॥

ਤਿਹੁ ਲੋਕਾ ਮਹਿ ਸਬਦੁ ਰਵਿਆ ਹੈ ਆਪੁ ਗਇਆ ਮਨੁ ਮਾਨਿਆ ॥੨॥ (351-15)
तिहु लोका महि सबदु रविआ है आपु गइआ मनु मानिआ ॥२॥

ਆਪਣਾ ਕਾਰਜੁ ਆਪਿ ਸਵਾਰੇ ਹੋਰਨਿ ਕਾਰਜੁ ਨ ਹੋਈ ॥ (351-16)
आपणा कारजु आपि सवारे होरनि कारजु न होई ॥

ਜਿਤੁ ਕਾਰਜਿ ਸਤੁ ਸੰਤੋਖੁ ਦਇਆ ਧਰਮੁ ਹੈ ਗੁਰਮੁਖਿ ਬੂਝੈ ਕੋਈ ॥੩॥ (351-16)
जितु कारजि सतु संतोखु दइआ धरमु है गुरमुखि बूझै कोई ॥३॥

ਭਨਤਿ ਨਾਨਕੁ ਸਭਨਾ ਕਾ ਪਿਰੁ ਏਕੋ ਸੋਇ ॥ (351-17)
भनति नानकु सभना का पिरु एको सोइ ॥

ਜਿਸ ਨੋ ਨਦਰਿ ਕਰੇ ਸਾ ਸੋਹਾਗਣਿ ਹੋਇ ॥੪॥੧੦॥ (351-18)
जिस नो नदरि करे सा सोहागणि होइ ॥४॥१०॥

ਆਸਾ ਮਹਲਾ ੧ ॥ (351-18)
आसा महला १ ॥

ਗ੍ਰਿਹੁ ਬਨੁ ਸਮਸਰਿ ਸਹਜਿ ਸੁਭਾਇ ॥ (351-18)
ग्रिहु बनु समसरि सहजि सुभाइ ॥

ਦੁਰਮਤਿ ਗਤੁ ਭਈ ਕੀਰਤਿ ਠਾਇ ॥ (351-19)
दुरमति गतु भई कीरति ठाइ ॥

ਸਚ ਪਉੜੀ ਸਾਚਉ ਮੁਖਿ ਨਾਂਉ ॥ (351-19)
सच पउड़ी साचउ मुखि नांउ ॥

ਸਤਿਗੁਰੁ ਸੇਵਿ ਪਾਏ ਨਿਜ ਥਾਉ ॥੧॥ (351-19)
सतिगुरु सेवि पाए निज थाउ ॥१॥

ਮਨ ਚੂਰੇ ਖਟੁ ਦਰਸਨ ਜਾਣੁ ॥ (352-1)
मन चूरे खटु दरसन जाणु ॥

ਸਰਬ ਜੋਤਿ ਪੂਰਨ ਭਗਵਾਨੁ ॥੧॥ ਰਹਾਉ ॥ (352-1)
सरब जोति पूरन भगवानु ॥१॥ रहाउ ॥

ਅਧਿਕ ਤਿਆਸ ਭੇਖ ਬਹੁ ਕਰੈ ॥ (352-1)
अधिक तिआस भेख बहु करै ॥

ਦੁਖੁ ਬਿਖਿਆ ਸੁਖੁ ਤਨਿ ਪਰਹਰੈ ॥ (352-2)
दुखु बिखिआ सुखु तनि परहरै ॥

ਕਾਮੁ ਕ੍ਰੋਧੁ ਅੰਤਰਿ ਧਨੁ ਹਿਰੈ ॥ (352-2)
कामु क्रोधु अंतरि धनु हिरै ॥

ਦੁਬਿਧਾ ਛੋਡਿ ਨਾਮਿ ਨਿਸਤਰੈ ॥੨॥ (352-2)
दुबिधा छोडि नामि निसतरै ॥२॥

ਸਿਫਤਿ ਸਲਾਹਣੁ ਸਹਜ ਅਨੰਦ ॥ (352-3)
सिफति सलाहणु सहज अनंद ॥

ਸਖਾ ਸੈਨੁ ਪ੍ਰੇਮੁ ਗੋਬਿੰਦ ॥ (352-3)
सखा सैनु प्रेमु गोबिंद ॥

ਆਪੇ ਕਰੇ ਆਪੇ ਬਖਸਿੰਦੁ ॥ (352-3)
आपे करे आपे बखसिंदु ॥

ਤਨੁ ਮਨੁ ਹਰਿ ਪਹਿ ਆਗੈ ਜਿੰਦੁ ॥੩॥ (352-3)
तनु मनु हरि पहि आगै जिंदु ॥३॥

ਝੂਠ ਵਿਕਾਰ ਮਹਾ ਦੁਖੁ ਦੇਹ ॥ (352-4)
झूठ विकार महा दुखु देह ॥

ਭੇਖ ਵਰਨ ਦੀਸਹਿ ਸਭਿ ਖੇਹ ॥ (352-4)
भेख वरन दीसहि सभि खेह ॥

ਜੋ ਉਪਜੈ ਸੋ ਆਵੈ ਜਾਇ ॥ (352-4)
जो उपजै सो आवै जाइ ॥

ਨਾਨਕ ਅਸਥਿਰੁ ਨਾਮੁ ਰਜਾਇ ॥੪॥੧੧॥ (352-5)
नानक असथिरु नामु रजाइ ॥४॥११॥

ਆਸਾ ਮਹਲਾ ੧ ॥ (352-5)
आसा महला १ ॥

ਏਕੋ ਸਰਵਰੁ ਕਮਲ ਅਨੂਪ ॥ (352-5)
एको सरवरु कमल अनूप ॥

ਸਦਾ ਬਿਗਾਸੈ ਪਰਮਲ ਰੂਪ ॥ (352-5)
सदा बिगासै परमल रूप ॥

ਊਜਲ ਮੋਤੀ ਚੂਗਹਿ ਹੰਸ ॥ (352-6)
ऊजल मोती चूगहि हंस ॥

ਸਰਬ ਕਲਾ ਜਗਦੀਸੈ ਅੰਸ ॥੧॥ (352-6)
सरब कला जगदीसै अंस ॥१॥

ਜੋ ਦੀਸੈ ਸੋ ਉਪਜੈ ਬਿਨਸੈ ॥ (352-6)
जो दीसै सो उपजै बिनसै ॥

ਬਿਨੁ ਜਲ ਸਰਵਰਿ ਕਮਲੁ ਨ ਦੀਸੈ ॥੧॥ ਰਹਾਉ ॥ (352-7)
बिनु जल सरवरि कमलु न दीसै ॥१॥ रहाउ ॥

ਬਿਰਲਾ ਬੂਝੈ ਪਾਵੈ ਭੇਦੁ ॥ (352-7)
बिरला बूझै पावै भेदु ॥

ਸਾਖਾ ਤੀਨਿ ਕਹੈ ਨਿਤ ਬੇਦੁ ॥ (352-7)
साखा तीनि कहै नित बेदु ॥

ਨਾਦ ਬਿੰਦ ਕੀ ਸੁਰਤਿ ਸਮਾਇ ॥ (352-8)
नाद बिंद की सुरति समाइ ॥

ਸਤਿਗੁਰੁ ਸੇਵਿ ਪਰਮ ਪਦੁ ਪਾਇ ॥੨॥ (352-8)
सतिगुरु सेवि परम पदु पाइ ॥२॥

ਮੁਕਤੋ ਰਾਤਉ ਰੰਗਿ ਰਵਾਂਤਉ ॥ (352-8)
मुकतो रातउ रंगि रवांतउ ॥

ਰਾਜਨ ਰਾਜਿ ਸਦਾ ਬਿਗਸਾਂਤਉ ॥ (352-9)
राजन राजि सदा बिगसांतउ ॥

ਜਿਸੁ ਤੂੰ ਰਾਖਹਿ ਕਿਰਪਾ ਧਾਰਿ ॥ (352-9)
जिसु तूं राखहि किरपा धारि ॥

ਬੂਡਤ ਪਾਹਨ ਤਾਰਹਿ ਤਾਰਿ ॥੩॥ (352-9)
बूडत पाहन तारहि तारि ॥३॥

ਤ੍ਰਿਭਵਣ ਮਹਿ ਜੋਤਿ ਤ੍ਰਿਭਵਣ ਮਹਿ ਜਾਣਿਆ ॥ (352-9)
त्रिभवण महि जोति त्रिभवण महि जाणिआ ॥

ਉਲਟ ਭਈ ਘਰੁ ਘਰ ਮਹਿ ਆਣਿਆ ॥ (352-10)
उलट भई घरु घर महि आणिआ ॥

ਅਹਿਨਿਸਿ ਭਗਤਿ ਕਰੇ ਲਿਵ ਲਾਇ ॥ (352-10)
अहिनिसि भगति करे लिव लाइ ॥

ਨਾਨਕੁ ਤਿਨ ਕੈ ਲਾਗੈ ਪਾਇ ॥੪॥੧੨॥ (352-11)
नानकु तिन कै लागै पाइ ॥४॥१२॥

ਆਸਾ ਮਹਲਾ ੧ ॥ (352-11)
आसा महला १ ॥

ਗੁਰਮਤਿ ਸਾਚੀ ਹੁਜਤਿ ਦੂਰਿ ॥ (352-11)
गुरमति साची हुजति दूरि ॥

ਬਹੁਤੁ ਸਿਆਣਪ ਲਾਗੈ ਧੂਰਿ ॥ (352-12)
बहुतु सिआणप लागै धूरि ॥

ਲਾਗੀ ਮੈਲੁ ਮਿਟੈ ਸਚ ਨਾਇ ॥ (352-12)
लागी मैलु मिटै सच नाइ ॥

ਗੁਰ ਪਰਸਾਦਿ ਰਹੈ ਲਿਵ ਲਾਇ ॥੧॥ (352-12)
गुर परसादि रहै लिव लाइ ॥१॥

ਹੈ ਹਜੂਰਿ ਹਾਜਰੁ ਅਰਦਾਸਿ ॥ (352-12)
है हजूरि हाजरु अरदासि ॥

ਦੁਖੁ ਸੁਖੁ ਸਾਚੁ ਕਰਤੇ ਪ੍ਰਭ ਪਾਸਿ ॥੧॥ ਰਹਾਉ ॥ (352-13)
दुखु सुखु साचु करते प्रभ पासि ॥१॥ रहाउ ॥

ਕੂੜੁ ਕਮਾਵੈ ਆਵੈ ਜਾਵੈ ॥ (352-13)
कूड़ु कमावै आवै जावै ॥

ਕਹਣਿ ਕਥਨਿ ਵਾਰਾ ਨਹੀ ਆਵੈ ॥ (352-13)
कहणि कथनि वारा नही आवै ॥

ਕਿਆ ਦੇਖਾ ਸੂਝ ਬੂਝ ਨ ਪਾਵੈ ॥ (352-14)
किआ देखा सूझ बूझ न पावै ॥

ਬਿਨੁ ਨਾਵੈ ਮਨਿ ਤ੍ਰਿਪਤਿ ਨ ਆਵੈ ॥੨॥ (352-14)
बिनु नावै मनि त्रिपति न आवै ॥२॥

ਜੋ ਜਨਮੇ ਸੇ ਰੋਗਿ ਵਿਆਪੇ ॥ (352-14)
जो जनमे से रोगि विआपे ॥

ਹਉਮੈ ਮਾਇਆ ਦੂਖਿ ਸੰਤਾਪੇ ॥ (352-15)
हउमै माइआ दूखि संतापे ॥

ਸੇ ਜਨ ਬਾਚੇ ਜੋ ਪ੍ਰਭਿ ਰਾਖੇ ॥ (352-15)
से जन बाचे जो प्रभि राखे ॥

ਸਤਿਗੁਰੁ ਸੇਵਿ ਅੰਮ੍ਰਿਤ ਰਸੁ ਚਾਖੇ ॥੩॥ (352-15)
सतिगुरु सेवि अमृत रसु चाखे ॥३॥

ਚਲਤਉ ਮਨੁ ਰਾਖੈ ਅੰਮ੍ਰਿਤੁ ਚਾਖੈ ॥ (352-16)
चलतउ मनु राखै अमृतु चाखै ॥

ਸਤਿਗੁਰ ਸੇਵਿ ਅੰਮ੍ਰਿਤ ਸਬਦੁ ਭਾਖੈ ॥ (352-16)
सतिगुर सेवि अमृत सबदु भाखै ॥

ਸਾਚੈ ਸਬਦਿ ਮੁਕਤਿ ਗਤਿ ਪਾਏ ॥ (352-16)
साचै सबदि मुकति गति पाए ॥

ਨਾਨਕ ਵਿਚਹੁ ਆਪੁ ਗਵਾਏ ॥੪॥੧੩॥ (352-17)
नानक विचहु आपु गवाए ॥४॥१३॥

ਆਸਾ ਮਹਲਾ ੧ ॥ (352-17)
आसा महला १ ॥

ਜੋ ਤਿਨਿ ਕੀਆ ਸੋ ਸਚੁ ਥੀਆ ॥ (352-18)
जो तिनि कीआ सो सचु थीआ ॥

ਅੰਮ੍ਰਿਤ ਨਾਮੁ ਸਤਿਗੁਰਿ ਦੀਆ ॥ (352-18)
अमृत नामु सतिगुरि दीआ ॥

ਹਿਰਦੈ ਨਾਮੁ ਨਾਹੀ ਮਨਿ ਭੰਗੁ ॥ (352-18)
हिरदै नामु नाही मनि भंगु ॥

ਅਨਦਿਨੁ ਨਾਲਿ ਪਿਆਰੇ ਸੰਗੁ ॥੧॥ (352-18)
अनदिनु नालि पिआरे संगु ॥१॥

ਹਰਿ ਜੀਉ ਰਾਖਹੁ ਅਪਨੀ ਸਰਣਾਈ ॥ (352-19)
हरि जीउ राखहु अपनी सरणाई ॥

ਗੁਰ ਪਰਸਾਦੀ ਹਰਿ ਰਸੁ ਪਾਇਆ ਨਾਮੁ ਪਦਾਰਥੁ ਨਉ ਨਿਧਿ ਪਾਈ ॥੧॥ ਰਹਾਉ ॥ (352-19)
गुर परसादी हरि रसु पाइआ नामु पदारथु नउ निधि पाई ॥१॥ रहाउ ॥

ਕਰਮ ਧਰਮ ਸਚੁ ਸਾਚਾ ਨਾਉ ॥ (353-1)
करम धरम सचु साचा नाउ ॥

ਤਾ ਕੈ ਸਦ ਬਲਿਹਾਰੈ ਜਾਉ ॥ (353-1)
ता कै सद बलिहारै जाउ ॥

ਜੋ ਹਰਿ ਰਾਤੇ ਸੇ ਜਨ ਪਰਵਾਣੁ ॥ (353-2)
जो हरि राते से जन परवाणु ॥

ਤਿਨ ਕੀ ਸੰਗਤਿ ਪਰਮ ਨਿਧਾਨੁ ॥੨॥ (353-2)
तिन की संगति परम निधानु ॥२॥

ਹਰਿ ਵਰੁ ਜਿਨਿ ਪਾਇਆ ਧਨ ਨਾਰੀ ॥ (353-2)
हरि वरु जिनि पाइआ धन नारी ॥

ਹਰਿ ਸਿਉ ਰਾਤੀ ਸਬਦੁ ਵੀਚਾਰੀ ॥ (353-3)
हरि सिउ राती सबदु वीचारी ॥

ਆਪਿ ਤਰੈ ਸੰਗਤਿ ਕੁਲ ਤਾਰੈ ॥ (353-3)
आपि तरै संगति कुल तारै ॥

ਸਤਿਗੁਰੁ ਸੇਵਿ ਤਤੁ ਵੀਚਾਰੈ ॥੩॥ (353-3)
सतिगुरु सेवि ततु वीचारै ॥३॥

ਹਮਰੀ ਜਾਤਿ ਪਤਿ ਸਚੁ ਨਾਉ ॥ (353-4)
हमरी जाति पति सचु नाउ ॥

ਕਰਮ ਧਰਮ ਸੰਜਮੁ ਸਤ ਭਾਉ ॥ (353-4)
करम धरम संजमु सत भाउ ॥

ਨਾਨਕ ਬਖਸੇ ਪੂਛ ਨ ਹੋਇ ॥ (353-4)
नानक बखसे पूछ न होइ ॥

ਦੂਜਾ ਮੇਟੇ ਏਕੋ ਸੋਇ ॥੪॥੧੪॥ (353-5)
दूजा मेटे एको सोइ ॥४॥१४॥

ਆਸਾ ਮਹਲਾ ੧ ॥ (353-5)
आसा महला १ ॥

ਇਕਿ ਆਵਹਿ ਇਕਿ ਜਾਵਹਿ ਆਈ ॥ (353-5)
इकि आवहि इकि जावहि आई ॥

ਇਕਿ ਹਰਿ ਰਾਤੇ ਰਹਹਿ ਸਮਾਈ ॥ (353-5)
इकि हरि राते रहहि समाई ॥

ਇਕਿ ਧਰਨਿ ਗਗਨ ਮਹਿ ਠਉਰ ਨ ਪਾਵਹਿ ॥ (353-6)
इकि धरनि गगन महि ठउर न पावहि ॥

ਸੇ ਕਰਮਹੀਣ ਹਰਿ ਨਾਮੁ ਨ ਧਿਆਵਹਿ ॥੧॥ (353-6)
से करमहीण हरि नामु न धिआवहि ॥१॥

ਗੁਰ ਪੂਰੇ ਤੇ ਗਤਿ ਮਿਤਿ ਪਾਈ ॥ (353-6)
गुर पूरे ते गति मिति पाई ॥

ਇਹੁ ਸੰਸਾਰੁ ਬਿਖੁ ਵਤ ਅਤਿ ਭਉਜਲੁ ਗੁਰ ਸਬਦੀ ਹਰਿ ਪਾਰਿ ਲੰਘਾਈ ॥੧॥ ਰਹਾਉ ॥ (353-7)
इहु संसारु बिखु वत अति भउजलु गुर सबदी हरि पारि लंघाई ॥१॥ रहाउ ॥

ਜਿਨ੍ਹ ਕਉ ਆਪਿ ਲਏ ਪ੍ਰਭੁ ਮੇਲਿ ॥ (353-7)
जिन्ह कउ आपि लए प्रभु मेलि ॥

ਤਿਨ ਕਉ ਕਾਲੁ ਨ ਸਾਕੈ ਪੇਲਿ ॥ (353-8)
तिन कउ कालु न साकै पेलि ॥

ਗੁਰਮੁਖਿ ਨਿਰਮਲ ਰਹਹਿ ਪਿਆਰੇ ॥ (353-8)
गुरमुखि निरमल रहहि पिआरे ॥

ਜਿਉ ਜਲ ਅੰਭ ਊਪਰਿ ਕਮਲ ਨਿਰਾਰੇ ॥੨॥ (353-9)
जिउ जल अ्मभ ऊपरि कमल निरारे ॥२॥

ਬੁਰਾ ਭਲਾ ਕਹੁ ਕਿਸ ਨੋ ਕਹੀਐ ॥ (353-9)
बुरा भला कहु किस नो कहीऐ ॥

ਦੀਸੈ ਬ੍ਰਹਮੁ ਗੁਰਮੁਖਿ ਸਚੁ ਲਹੀਐ ॥ (353-10)
दीसै ब्रहमु गुरमुखि सचु लहीऐ ॥

ਅਕਥੁ ਕਥਉ ਗੁਰਮਤਿ ਵੀਚਾਰੁ ॥ (353-10)
अकथु कथउ गुरमति वीचारु ॥

ਮਿਲਿ ਗੁਰ ਸੰਗਤਿ ਪਾਵਉ ਪਾਰੁ ॥੩॥ (353-10)
मिलि गुर संगति पावउ पारु ॥३॥

ਸਾਸਤ ਬੇਦ ਸਿੰਮ੍ਰਿਤਿ ਬਹੁ ਭੇਦ ॥ (353-11)
सासत बेद सिंम्रिति बहु भेद ॥

ਅਠਸਠਿ ਮਜਨੁ ਹਰਿ ਰਸੁ ਰੇਦ ॥ (353-11)
अठसठि मजनु हरि रसु रेद ॥

ਗੁਰਮੁਖਿ ਨਿਰਮਲੁ ਮੈਲੁ ਨ ਲਾਗੈ ॥ (353-11)
गुरमुखि निरमलु मैलु न लागै ॥

ਨਾਨਕ ਹਿਰਦੈ ਨਾਮੁ ਵਡੇ ਧੁਰਿ ਭਾਗੈ ॥੪॥੧੫॥ (353-12)
नानक हिरदै नामु वडे धुरि भागै ॥४॥१५॥

ਆਸਾ ਮਹਲਾ ੧ ॥ (353-12)
आसा महला १ ॥

ਨਿਵਿ ਨਿਵਿ ਪਾਇ ਲਗਉ ਗੁਰ ਅਪੁਨੇ ਆਤਮ ਰਾਮੁ ਨਿਹਾਰਿਆ ॥ (353-12)
निवि निवि पाइ लगउ गुर अपुने आतम रामु निहारिआ ॥

ਕਰਤ ਬੀਚਾਰੁ ਹਿਰਦੈ ਹਰਿ ਰਵਿਆ ਹਿਰਦੈ ਦੇਖਿ ਬੀਚਾਰਿਆ ॥੧॥ (353-13)
करत बीचारु हिरदै हरि रविआ हिरदै देखि बीचारिआ ॥१॥

ਬੋਲਹੁ ਰਾਮੁ ਕਰੇ ਨਿਸਤਾਰਾ ॥ (353-13)
बोलहु रामु करे निसतारा ॥

ਗੁਰ ਪਰਸਾਦਿ ਰਤਨੁ ਹਰਿ ਲਾਭੈ ਮਿਟੈ ਅਗਿਆਨੁ ਹੋਇ ਉਜੀਆਰਾ ॥੧॥ ਰਹਾਉ ॥ (353-14)
गुर परसादि रतनु हरि लाभै मिटै अगिआनु होइ उजीआरा ॥१॥ रहाउ ॥

ਰਵਨੀ ਰਵੈ ਬੰਧਨ ਨਹੀ ਤੂਟਹਿ ਵਿਚਿ ਹਉਮੈ ਭਰਮੁ ਨ ਜਾਈ ॥ (353-14)
रवनी रवै बंधन नही तूटहि विचि हउमै भरमु न जाई ॥

ਸਤਿਗੁਰੁ ਮਿਲੈ ਤ ਹਉਮੈ ਤੂਟੈ ਤਾ ਕੋ ਲੇਖੈ ਪਾਈ ॥੨॥ (353-15)
सतिगुरु मिलै त हउमै तूटै ता को लेखै पाई ॥२॥

ਹਰਿ ਹਰਿ ਨਾਮੁ ਭਗਤਿ ਪ੍ਰਿਅ ਪ੍ਰੀਤਮੁ ਸੁਖ ਸਾਗਰੁ ਉਰ ਧਾਰੇ ॥ (353-15)
हरि हरि नामु भगति प्रिअ प्रीतमु सुख सागरु उर धारे ॥

ਭਗਤਿ ਵਛਲੁ ਜਗਜੀਵਨੁ ਦਾਤਾ ਮਤਿ ਗੁਰਮਤਿ ਹਰਿ ਨਿਸਤਾਰੇ ॥੩॥ (353-16)
भगति वछलु जगजीवनु दाता मति गुरमति हरि निसतारे ॥३॥

ਮਨ ਸਿਉ ਜੂਝਿ ਮਰੈ ਪ੍ਰਭੁ ਪਾਏ ਮਨਸਾ ਮਨਹਿ ਸਮਾਏ ॥ (353-16)
मन सिउ जूझि मरै प्रभु पाए मनसा मनहि समाए ॥

ਨਾਨਕ ਕ੍ਰਿਪਾ ਕਰੇ ਜਗਜੀਵਨੁ ਸਹਜ ਭਾਇ ਲਿਵ ਲਾਏ ॥੪॥੧੬॥ (353-17)
नानक क्रिपा करे जगजीवनु सहज भाइ लिव लाए ॥४॥१६॥

ਆਸਾ ਮਹਲਾ ੧ ॥ (353-18)
आसा महला १ ॥

ਕਿਸ ਕਉ ਕਹਹਿ ਸੁਣਾਵਹਿ ਕਿਸ ਕਉ ਕਿਸੁ ਸਮਝਾਵਹਿ ਸਮਝਿ ਰਹੇ ॥ (353-18)
किस कउ कहहि सुणावहि किस कउ किसु समझावहि समझि रहे ॥

ਕਿਸੈ ਪੜ੍ਹਾਵਹਿ ਪੜਿ ਗੁਣਿ ਬੂਝੇ ਸਤਿਗੁਰ ਸਬਦਿ ਸੰਤੋਖਿ ਰਹੇ ॥੧॥ (353-18)
किसै पड़ावहि पड़ि गुणि बूझे सतिगुर सबदि संतोखि रहे ॥१॥

ਐਸਾ ਗੁਰਮਤਿ ਰਮਤੁ ਸਰੀਰਾ ॥ (353-19)
ऐसा गुरमति रमतु सरीरा ॥

ਹਰਿ ਭਜੁ ਮੇਰੇ ਮਨ ਗਹਿਰ ਗੰਭੀਰਾ ॥੧॥ ਰਹਾਉ ॥ (354-1)
हरि भजु मेरे मन गहिर ग्मभीरा ॥१॥ रहाउ ॥

ਅਨਤ ਤਰੰਗ ਭਗਤਿ ਹਰਿ ਰੰਗਾ ॥ (354-1)
अनत तरंग भगति हरि रंगा ॥

ਅਨਦਿਨੁ ਸੂਚੇ ਹਰਿ ਗੁਣ ਸੰਗਾ ॥ (354-2)
अनदिनु सूचे हरि गुण संगा ॥

ਮਿਥਿਆ ਜਨਮੁ ਸਾਕਤ ਸੰਸਾਰਾ ॥ (354-2)
मिथिआ जनमु साकत संसारा ॥

ਰਾਮ ਭਗਤਿ ਜਨੁ ਰਹੈ ਨਿਰਾਰਾ ॥੨॥ (354-2)
राम भगति जनु रहै निरारा ॥२॥

ਸੂਚੀ ਕਾਇਆ ਹਰਿ ਗੁਣ ਗਾਇਆ ॥ (354-2)
सूची काइआ हरि गुण गाइआ ॥

ਆਤਮੁ ਚੀਨਿ ਰਹੈ ਲਿਵ ਲਾਇਆ ॥ (354-3)
आतमु चीनि रहै लिव लाइआ ॥

ਆਦਿ ਅਪਾਰੁ ਅਪਰੰਪਰੁ ਹੀਰਾ ॥ (354-3)
आदि अपारु अपर्मपरु हीरा ॥

ਲਾਲਿ ਰਤਾ ਮੇਰਾ ਮਨੁ ਧੀਰਾ ॥੩॥ (354-4)
लालि रता मेरा मनु धीरा ॥३॥

ਕਥਨੀ ਕਹਹਿ ਕਹਹਿ ਸੇ ਮੂਏ ॥ (354-4)
कथनी कहहि कहहि से मूए ॥

ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰ ਹੈ ॥ (354-4)
सो प्रभु दूरि नाही प्रभु तूं है ॥

ਸਭੁ ਜਗੁ ਦੇਖਿਆ ਮਾਇਆ ਛਾਇਆ ॥ (354-5)
सभु जगु देखिआ माइआ छाइआ ॥

ਨਾਨਕ ਗੁਰਮਤਿ ਨਾਮੁ ਧਿਆਇਆ ॥੪॥੧੭॥ (354-5)
नानक गुरमति नामु धिआइआ ॥४॥१७॥

ਆਸਾ ਮਹਲਾ ੧ ਤਿਤੁਕਾ ॥ (354-5)
आसा महला १ तितुका ॥

ਕੋਈ ਭੀਖਕੁ ਭੀਖਿਆ ਖਾਇ ॥ (354-6)
कोई भीखकु भीखिआ खाइ ॥

ਕੋਈ ਰਾਜਾ ਰਹਿਆ ਸਮਾਇ ॥ (354-6)
कोई राजा रहिआ समाइ ॥

ਕਿਸ ਹੀ ਮਾਨੁ ਕਿਸੈ ਅਪਮਾਨੁ ॥ (354-6)
किस ही मानु किसै अपमानु ॥

ਢਾਹਿ ਉਸਾਰੇ ਧਰੇ ਧਿਆਨੁ ॥ (354-7)
ढाहि उसारे धरे धिआनु ॥

ਤੁਝ ਤੇ ਵਡਾ ਨਾਹੀ ਕੋਇ ॥ (354-7)
तुझ ते वडा नाही कोइ ॥

ਕਿਸੁ ਵੇਖਾਲੀ ਚੰਗਾ ਹੋਇ ॥੧॥ (354-7)
किसु वेखाली चंगा होइ ॥१॥

ਮੈ ਤਾਂ ਨਾਮੁ ਤੇਰਾ ਆਧਾਰੁ ॥ (354-7)
मै तां नामु तेरा आधारु ॥

ਤੂੰ ਦਾਤਾ ਕਰਣਹਾਰੁ ਕਰਤਾਰੁ ॥੧॥ ਰਹਾਉ ॥ (354-8)
तूं दाता करणहारु करतारु ॥१॥ रहाउ ॥

ਵਾਟ ਨ ਪਾਵਉ ਵੀਗਾ ਜਾਉ ॥ (354-8)
वाट न पावउ वीगा जाउ ॥

ਦਰਗਹ ਬੈਸਣ ਨਾਹੀ ਥਾਉ ॥ (354-8)
दरगह बैसण नाही थाउ ॥

ਮਨ ਕਾ ਅੰਧੁਲਾ ਮਾਇਆ ਕਾ ਬੰਧੁ ॥ (354-9)
मन का अंधुला माइआ का बंधु ॥

ਖੀਨ ਖਰਾਬੁ ਹੋਵੈ ਨਿਤ ਕੰਧੁ ॥ (354-9)
खीन खराबु होवै नित कंधु ॥

ਖਾਣ ਜੀਵਣ ਕੀ ਬਹੁਤੀ ਆਸ ॥ (354-9)
खाण जीवण की बहुती आस ॥

ਲੇਖੈ ਤੇਰੈ ਸਾਸ ਗਿਰਾਸ ॥੨॥ (354-10)
लेखै तेरै सास गिरास ॥२॥

ਅਹਿਨਿਸਿ ਅੰਧੁਲੇ ਦੀਪਕੁ ਦੇਇ ॥ (354-10)
अहिनिसि अंधुले दीपकु देइ ॥

ਭਉਜਲ ਡੂਬਤ ਚਿੰਤ ਕਰੇਇ ॥ (354-10)
भउजल डूबत चिंत करेइ ॥

ਕਹਹਿ ਸੁਣਹਿ ਜੋ ਮਾਨਹਿ ਨਾਉ ॥ (354-10)
कहहि सुणहि जो मानहि नाउ ॥

ਹਉ ਬਲਿਹਾਰੈ ਤਾ ਕੈ ਜਾਉ ॥ (354-11)
हउ बलिहारै ता कै जाउ ॥

ਨਾਨਕੁ ਏਕ ਕਹੈ ਅਰਦਾਸਿ ॥ (354-11)
नानकु एक कहै अरदासि ॥

ਜੀਉ ਪਿੰਡੁ ਸਭੁ ਤੇਰੈ ਪਾਸਿ ॥੩॥ (354-11)
जीउ पिंडु सभु तेरै पासि ॥३॥

ਜਾਂ ਤੂੰ ਦੇਹਿ ਜਪੀ ਤੇਰਾ ਨਾਉ ॥ (354-12)
जां तूं देहि जपी तेरा नाउ ॥

ਦਰਗਹ ਬੈਸਣ ਹੋਵੈ ਥਾਉ ॥ (354-12)
दरगह बैसण होवै थाउ ॥

ਜਾਂ ਤੁਧੁ ਭਾਵੈ ਤਾ ਦੁਰਮਤਿ ਜਾਇ ॥ (354-12)
जां तुधु भावै ता दुरमति जाइ ॥

ਗਿਆਨ ਰਤਨੁ ਮਨਿ ਵਸੈ ਆਇ ॥ (354-12)
गिआन रतनु मनि वसै आइ ॥

ਨਦਰਿ ਕਰੇ ਤਾ ਸਤਿਗੁਰੁ ਮਿਲੈ ॥ (354-13)
नदरि करे ता सतिगुरु मिलै ॥

ਪ੍ਰਣਵਤਿ ਨਾਨਕੁ ਭਵਜਲੁ ਤਰੈ ॥੪॥੧੮॥ (354-13)
प्रणवति नानकु भवजलु तरै ॥४॥१८॥

ਆਸਾ ਮਹਲਾ ੧ ਪੰਚਪਦੇ ॥ (354-13)
आसा महला १ पंचपदे ॥

ਦੁਧ ਬਿਨੁ ਧੇਨੁ ਪੰਖ ਬਿਨੁ ਪੰਖੀ ਜਲ ਬਿਨੁ ਉਤਭੁਜ ਕਾਮਿ ਨਾਹੀ ॥ (354-14)
दुध बिनु धेनु पंख बिनु पंखी जल बिनु उतभुज कामि नाही ॥

ਕਿਆ ਸੁਲਤਾਨੁ ਸਲਾਮ ਵਿਹੂਣਾ ਅੰਧੀ ਕੋਠੀ ਤੇਰਾ ਨਾਮੁ ਨਾਹੀ ॥੧॥ (354-14)
किआ सुलतानु सलाम विहूणा अंधी कोठी तेरा नामु नाही ॥१॥

ਕੀ ਵਿਸਰਹਿ ਦੁਖੁ ਬਹੁਤਾ ਲਾਗੈ ॥ (354-15)
की विसरहि दुखु बहुता लागै ॥

ਦੁਖੁ ਲਾਗੈ ਤੂੰ ਵਿਸਰੁ ਨਾਹੀ ॥੧॥ ਰਹਾਉ ॥ (354-15)
दुखु लागै तूं विसरु नाही ॥१॥ रहाउ ॥

ਅਖੀ ਅੰਧੁ ਜੀਭ ਰਸੁ ਨਾਹੀ ਕੰਨੀ ਪਵਣੁ ਨ ਵਾਜੈ ॥ (354-16)
अखी अंधु जीभ रसु नाही कंनी पवणु न वाजै ॥

ਚਰਣੀ ਚਲੈ ਪਜੂਤਾ ਆਗੈ ਵਿਣੁ ਸੇਵਾ ਫਲ ਲਾਗੇ ॥੨॥ (354-16)
चरणी चलै पजूता आगै विणु सेवा फल लागे ॥२॥

ਅਖਰ ਬਿਰਖ ਬਾਗ ਭੁਇ ਚੋਖੀ ਸਿੰਚਿਤ ਭਾਉ ਕਰੇਹੀ ॥ (354-17)
अखर बिरख बाग भुइ चोखी सिंचित भाउ करेही ॥

ਸਭਨਾ ਫਲੁ ਲਾਗੈ ਨਾਮੁ ਏਕੋ ਬਿਨੁ ਕਰਮਾ ਕੈਸੇ ਲੇਹੀ ॥੩॥ (354-17)
सभना फलु लागै नामु एको बिनु करमा कैसे लेही ॥३॥

ਜੇਤੇ ਜੀਅ ਤੇਤੇ ਸਭਿ ਤੇਰੇ ਵਿਣੁ ਸੇਵਾ ਫਲੁ ਕਿਸੈ ਨਾਹੀ ॥ (354-18)
जेते जीअ तेते सभि तेरे विणु सेवा फलु किसै नाही ॥

ਦੁਖੁ ਸੁਖੁ ਭਾਣਾ ਤੇਰਾ ਹੋਵੈ ਵਿਣੁ ਨਾਵੈ ਜੀਉ ਰਹੈ ਨਾਹੀ ॥੪॥ (354-18)
दुखु सुखु भाणा तेरा होवै विणु नावै जीउ रहै नाही ॥४॥

ਮਤਿ ਵਿਚਿ ਮਰਣੁ ਜੀਵਣੁ ਹੋਰੁ ਕੈਸਾ ਜਾ ਜੀਵਾ ਤਾਂ ਜੁਗਤਿ ਨਾਹੀ ॥ (354-19)
मति विचि मरणु जीवणु होरु कैसा जा जीवा तां जुगति नाही ॥

ਕਹੈ ਨਾਨਕੁ ਜੀਵਾਲੇ ਜੀਆ ਜਹ ਭਾਵੈ ਤਹ ਰਾਖੁ ਤੁਹੀ ॥੫॥੧੯॥ (354-19)
कहै नानकु जीवाले जीआ जह भावै तह राखु तुही ॥५॥१९॥

ਆਸਾ ਮਹਲਾ ੧ ॥ (355-1)
आसा महला १ ॥

ਕਾਇਆ ਬ੍ਰਹਮਾ ਮਨੁ ਹੈ ਧੋਤੀ ॥ (355-2)
काइआ ब्रहमा मनु है धोती ॥

ਗਿਆਨੁ ਜਨੇਊ ਧਿਆਨੁ ਕੁਸਪਾਤੀ ॥ (355-2)
गिआनु जनेऊ धिआनु कुसपाती ॥

ਹਰਿ ਨਾਮਾ ਜਸੁ ਜਾਚਉ ਨਾਉ ॥ (355-2)
हरि नामा जसु जाचउ नाउ ॥

ਗੁਰ ਪਰਸਾਦੀ ਬ੍ਰਹਮਿ ਸਮਾਉ ॥੧॥ (355-2)
गुर परसादी ब्रहमि समाउ ॥१॥

ਪਾਂਡੇ ਐਸਾ ਬ੍ਰਹਮ ਬੀਚਾਰੁ ॥ (355-3)
पांडे ऐसा ब्रहम बीचारु ॥

ਨਾਮੇ ਸੁਚਿ ਨਾਮੋ ਪੜਉ ਨਾਮੇ ਚਜੁ ਆਚਾਰੁ ॥੧॥ ਰਹਾਉ ॥ (355-3)
नामे सुचि नामो पड़उ नामे चजु आचारु ॥१॥ रहाउ ॥

ਬਾਹਰਿ ਜਨੇਊ ਜਿਚਰੁ ਜੋਤਿ ਹੈ ਨਾਲਿ ॥ (355-3)
बाहरि जनेऊ जिचरु जोति है नालि ॥

ਧੋਤੀ ਟਿਕਾ ਨਾਮੁ ਸਮਾਲਿ ॥ (355-4)
धोती टिका नामु समालि ॥

ਐਥੈ ਓਥੈ ਨਿਬਹੀ ਨਾਲਿ ॥ (355-4)
ऐथै ओथै निबही नालि ॥

ਵਿਣੁ ਨਾਵੈ ਹੋਰਿ ਕਰਮ ਨ ਭਾਲਿ ॥੨॥ (355-4)
विणु नावै होरि करम न भालि ॥२॥

ਪੂਜਾ ਪ੍ਰੇਮ ਮਾਇਆ ਪਰਜਾਲਿ ॥ (355-5)
पूजा प्रेम माइआ परजालि ॥

ਏਕੋ ਵੇਖਹੁ ਅਵਰੁ ਨ ਭਾਲਿ ॥ (355-5)
एको वेखहु अवरु न भालि ॥

ਚੀਨ੍ਹੈ ਤਤੁ ਗਗਨ ਦਸ ਦੁਆਰ ॥ (355-5)
चीन्है ततु गगन दस दुआर ॥

ਹਰਿ ਮੁਖਿ ਪਾਠ ਪੜੈ ਬੀਚਾਰ ॥੩॥ (355-6)
हरि मुखि पाठ पड़ै बीचार ॥३॥

ਭੋਜਨੁ ਭਾਉ ਭਰਮੁ ਭਉ ਭਾਗੈ ॥ (355-6)
भोजनु भाउ भरमु भउ भागै ॥

ਪਾਹਰੂਅਰਾ ਛਬਿ ਚੋਰੁ ਨ ਲਾਗੈ ॥ (355-6)
पाहरूअरा छबि चोरु न लागै ॥

ਤਿਲਕੁ ਲਿਲਾਟਿ ਜਾਣੈ ਪ੍ਰਭੁ ਏਕੁ ॥ (355-7)
तिलकु लिलाटि जाणै प्रभु एकु ॥

ਬੂਝੈ ਬ੍ਰਹਮੁ ਅੰਤਰਿ ਬਿਬੇਕੁ ॥੪॥ (355-7)
बूझै ब्रहमु अंतरि बिबेकु ॥४॥

ਆਚਾਰੀ ਨਹੀ ਜੀਤਿਆ ਜਾਇ ॥ (355-7)
आचारी नही जीतिआ जाइ ॥

ਪਾਠ ਪੜੈ ਨਹੀ ਕੀਮਤਿ ਪਾਇ ॥ (355-8)
पाठ पड़ै नही कीमति पाइ ॥

ਅਸਟ ਦਸੀ ਚਹੁ ਭੇਦੁ ਨ ਪਾਇਆ ॥ (355-8)
असट दसी चहु भेदु न पाइआ ॥

ਨਾਨਕ ਸਤਿਗੁਰਿ ਬ੍ਰਹਮੁ ਦਿਖਾਇਆ ॥੫॥੨੦॥ (355-8)
नानक सतिगुरि ब्रहमु दिखाइआ ॥५॥२०॥

ਆਸਾ ਮਹਲਾ ੧ ॥ (355-9)
आसा महला १ ॥

ਸੇਵਕੁ ਦਾਸੁ ਭਗਤੁ ਜਨੁ ਸੋਈ ॥ (355-9)
सेवकु दासु भगतु जनु सोई ॥

ਠਾਕੁਰ ਕਾ ਦਾਸੁ ਗੁਰਮੁਖਿ ਹੋਈ ॥ (355-9)
ठाकुर का दासु गुरमुखि होई ॥

ਜਿਨਿ ਸਿਰਿ ਸਾਜੀ ਤਿਨਿ ਫੁਨਿ ਗੋਈ ॥ (355-9)
जिनि सिरि साजी तिनि फुनि गोई ॥

ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥੧॥ (355-10)
तिसु बिनु दूजा अवरु न कोई ॥१॥

ਸਾਚੁ ਨਾਮੁ ਗੁਰ ਸਬਦਿ ਵੀਚਾਰਿ ॥ (355-10)
साचु नामु गुर सबदि वीचारि ॥

ਗੁਰਮੁਖਿ ਸਾਚੇ ਸਾਚੈ ਦਰਬਾਰਿ ॥੧॥ ਰਹਾਉ ॥ (355-11)
गुरमुखि साचे साचै दरबारि ॥१॥ रहाउ ॥

ਸਚਾ ਅਰਜੁ ਸਚੀ ਅਰਦਾਸਿ ॥ (355-11)
सचा अरजु सची अरदासि ॥

ਮਹਲੀ ਖਸਮੁ ਸੁਣੇ ਸਾਬਾਸਿ ॥ (355-11)
महली खसमु सुणे साबासि ॥

ਸਚੈ ਤਖਤਿ ਬੁਲਾਵੈ ਸੋਇ ॥ (355-12)
सचै तखति बुलावै सोइ ॥

ਦੇ ਵਡਿਆਈ ਕਰੇ ਸੁ ਹੋਇ ॥੨॥ (355-12)
दे वडिआई करे सु होइ ॥२॥

ਤੇਰਾ ਤਾਣੁ ਤੂਹੈ ਦੀਬਾਣੁ ॥ (355-12)
तेरा ताणु तूहै दीबाणु ॥

ਗੁਰ ਕਾ ਸਬਦੁ ਸਚੁ ਨੀਸਾਣੁ ॥ (355-12)
गुर का सबदु सचु नीसाणु ॥

ਮੰਨੇ ਹੁਕਮੁ ਸੁ ਪਰਗਟੁ ਜਾਇ ॥ (355-13)
मंने हुकमु सु परगटु जाइ ॥

ਸਚੁ ਨੀਸਾਣੈ ਠਾਕ ਨ ਪਾਇ ॥੩॥ (355-13)
सचु नीसाणै ठाक न पाइ ॥३॥

ਪੰਡਿਤ ਪੜ੍ਹਹਿ ਵਖਾਣਹਿ ਵੇਦੁ ॥ (355-13)
पंडित पड़हि वखाणहि वेदु ॥

ਅੰਤਰਿ ਵਸਤੁ ਨ ਜਾਣਹਿ ਭੇਦੁ ॥ (355-14)
अंतरि वसतु न जाणहि भेदु ॥

ਗੁਰ ਬਿਨੁ ਸੋਝੀ ਬੂਝ ਨ ਹੋਇ ॥ (355-14)
गुर बिनु सोझी बूझ न होइ ॥

ਸਾਚਾ ਰਵਿ ਰਹਿਆ ਪ੍ਰਭੁ ਸੋਇ ॥੪॥ (355-14)
साचा रवि रहिआ प्रभु सोइ ॥४॥

ਕਿਆ ਹਉ ਆਖਾ ਆਖਿ ਵਖਾਣੀ ॥ (355-14)
किआ हउ आखा आखि वखाणी ॥

ਤੂੰ ਆਪੇ ਜਾਣਹਿ ਸਰਬ ਵਿਡਾਣੀ ॥ (355-15)
तूं आपे जाणहि सरब विडाणी ॥

ਨਾਨਕ ਏਕੋ ਦਰੁ ਦੀਬਾਣੁ ॥ (355-15)
नानक एको दरु दीबाणु ॥

ਗੁਰਮੁਖਿ ਸਾਚੁ ਤਹਾ ਗੁਦਰਾਣੁ ॥੫॥੨੧॥ (355-15)
गुरमुखि साचु तहा गुदराणु ॥५॥२१॥

ਆਸਾ ਮਹਲਾ ੧ ॥ (355-16)
आसा महला १ ॥

ਕਾਚੀ ਗਾਗਰਿ ਦੇਹ ਦੁਹੇਲੀ ਉਪਜੈ ਬਿਨਸੈ ਦੁਖੁ ਪਾਈ ॥ (355-16)
काची गागरि देह दुहेली उपजै बिनसै दुखु पाई ॥

ਇਹੁ ਜਗੁ ਸਾਗਰੁ ਦੁਤਰੁ ਕਿਉ ਤਰੀਐ ਬਿਨੁ ਹਰਿ ਗੁਰ ਪਾਰਿ ਨ ਪਾਈ ॥੧॥ (355-16)
इहु जगु सागरु दुतरु किउ तरीऐ बिनु हरि गुर पारि न पाई ॥१॥

ਤੁਝ ਬਿਨੁ ਅਵਰੁ ਨ ਕੋਈ ਮੇਰੇ ਪਿਆਰੇ ਤੁਝ ਬਿਨੁ ਅਵਰੁ ਨ ਕੋਇ ਹਰੇ ॥ (355-17)
तुझ बिनु अवरु न कोई मेरे पिआरे तुझ बिनु अवरु न कोइ हरे ॥

ਸਰਬੀ ਰੰਗੀ ਰੂਪੀ ਤੂੰਹੈ ਤਿਸੁ ਬਖਸੇ ਜਿਸੁ ਨਦਰਿ ਕਰੇ ॥੧॥ ਰਹਾਉ ॥ (355-17)
सरबी रंगी रूपी तूंहै तिसु बखसे जिसु नदरि करे ॥१॥ रहाउ ॥

ਸਾਸੁ ਬੁਰੀ ਘਰਿ ਵਾਸੁ ਨ ਦੇਵੈ ਪਿਰ ਸਿਉ ਮਿਲਣ ਨ ਦੇਇ ਬੁਰੀ ॥ (355-18)
सासु बुरी घरि वासु न देवै पिर सिउ मिलण न देइ बुरी ॥

ਸਖੀ ਸਾਜਨੀ ਕੇ ਹਉ ਚਰਨ ਸਰੇਵਉ ਹਰਿ ਗੁਰ ਕਿਰਪਾ ਤੇ ਨਦਰਿ ਧਰੀ ॥੨॥ (355-19)
सखी साजनी के हउ चरन सरेवउ हरि गुर किरपा ते नदरि धरी ॥२॥

ਆਪੁ ਬੀਚਾਰਿ ਮਾਰਿ ਮਨੁ ਦੇਖਿਆ ਤੁਮ ਸਾ ਮੀਤੁ ਨ ਅਵਰੁ ਕੋਈ ॥ (355-19)
आपु बीचारि मारि मनु देखिआ तुम सा मीतु न अवरु कोई ॥

ਜਿਉ ਤੂੰ ਰਾਖਹਿ ਤਿਵ ਹੀ ਰਹਣਾ ਦੁਖੁ ਸੁਖੁ ਦੇਵਹਿ ਕਰਹਿ ਸੋਈ ॥੩॥ (356-1)
जिउ तूं राखहि तिव ही रहणा दुखु सुखु देवहि करहि सोई ॥३॥

ਆਸਾ ਮਨਸਾ ਦੋਊ ਬਿਨਾਸਤ ਤ੍ਰਿਹੁ ਗੁਣ ਆਸ ਨਿਰਾਸ ਭਈ ॥ (356-2)
आसा मनसा दोऊ बिनासत त्रिहु गुण आस निरास भई ॥

ਤੁਰੀਆਵਸਥਾ ਗੁਰਮੁਖਿ ਪਾਈਐ ਸੰਤ ਸਭਾ ਕੀ ਓਟ ਲਹੀ ॥੪॥ (356-2)
तुरीआवसथा गुरमुखि पाईऐ संत सभा की ओट लही ॥४॥

ਗਿਆਨ ਧਿਆਨ ਸਗਲੇ ਸਭਿ ਜਪ ਤਪ ਜਿਸੁ ਹਰਿ ਹਿਰਦੈ ਅਲਖ ਅਭੇਵਾ ॥ (356-3)
गिआन धिआन सगले सभि जप तप जिसु हरि हिरदै अलख अभेवा ॥

ਨਾਨਕ ਰਾਮ ਨਾਮਿ ਮਨੁ ਰਾਤਾ ਗੁਰਮਤਿ ਪਾਏ ਸਹਜ ਸੇਵਾ ॥੫॥੨੨॥ (356-4)
नानक राम नामि मनु राता गुरमति पाए सहज सेवा ॥५॥२२॥

ਆਸਾ ਮਹਲਾ ੧ ਪੰਚਪਦੇ ॥ (356-4)
आसा महला १ पंचपदे ॥

ਮੋਹੁ ਕੁਟੰਬੁ ਮੋਹੁ ਸਭ ਕਾਰ ॥ (356-5)
मोहु कुट्मबु मोहु सभ कार ॥

ਮੋਹੁ ਤੁਮ ਤਜਹੁ ਸਗਲ ਵੇਕਾਰ ॥੧॥ (356-5)
मोहु तुम तजहु सगल वेकार ॥१॥

ਮੋਹੁ ਅਰੁ ਭਰਮੁ ਤਜਹੁ ਤੁਮ੍ਹ ਬੀਰ ॥ (356-5)
मोहु अरु भरमु तजहु तुम्ह बीर ॥

ਸਾਚੁ ਨਾਮੁ ਰਿਦੇ ਰਵੈ ਸਰੀਰ ॥੧॥ ਰਹਾਉ ॥ (356-6)
साचु नामु रिदे रवै सरीर ॥१॥ रहाउ ॥

ਸਚੁ ਨਾਮੁ ਜਾ ਨਵ ਨਿਧਿ ਪਾਈ ॥ (356-6)
सचु नामु जा नव निधि पाई ॥

ਰੋਵੈ ਪੂਤੁ ਨ ਕਲਪੈ ਮਾਈ ॥੨॥ (356-7)
रोवै पूतु न कलपै माई ॥२॥

ਏਤੁ ਮੋਹਿ ਡੂਬਾ ਸੰਸਾਰੁ ॥ (356-7)
एतु मोहि डूबा संसारु ॥

ਗੁਰਮੁਖਿ ਕੋਈ ਉਤਰੈ ਪਾਰਿ ॥੩॥ (356-7)
गुरमुखि कोई उतरै पारि ॥३॥

ਏਤੁ ਮੋਹਿ ਫਿਰਿ ਜੂਨੀ ਪਾਹਿ ॥ (356-7)
एतु मोहि फिरि जूनी पाहि ॥

ਮੋਹੇ ਲਾਗਾ ਜਮ ਪੁਰਿ ਜਾਹਿ ॥੪॥ (356-8)
मोहे लागा जम पुरि जाहि ॥४॥

ਗੁਰ ਦੀਖਿਆ ਲੇ ਜਪੁ ਤਪੁ ਕਮਾਹਿ ॥ (356-8)
गुर दीखिआ ले जपु तपु कमाहि ॥

ਨਾ ਮੋਹੁ ਤੂਟੈ ਨਾ ਥਾਇ ਪਾਹਿ ॥੫॥ (356-8)
ना मोहु तूटै ना थाइ पाहि ॥५॥

ਨਦਰਿ ਕਰੇ ਤਾ ਏਹੁ ਮੋਹੁ ਜਾਇ ॥ (356-9)
नदरि करे ता एहु मोहु जाइ ॥

ਨਾਨਕ ਹਰਿ ਸਿਉ ਰਹੈ ਸਮਾਇ ॥੬॥੨੩॥ (356-9)
नानक हरि सिउ रहै समाइ ॥६॥२३॥

ਆਸਾ ਮਹਲਾ ੧ ॥ (356-9)
आसा महला १ ॥

ਆਪਿ ਕਰੇ ਸਚੁ ਅਲਖ ਅਪਾਰੁ ॥ (356-10)
आपि करे सचु अलख अपारु ॥

ਹਉ ਪਾਪੀ ਤੂੰ ਬਖਸਣਹਾਰੁ ॥੧॥ (356-10)
हउ पापी तूं बखसणहारु ॥१॥

ਤੇਰਾ ਭਾਣਾ ਸਭੁ ਕਿਛੁ ਹੋਵੈ ॥ (356-10)

तेरा भाणा सभु किछु होवै ॥

ਮਨਹਠਿ ਕੀਚੈ ਅੰਤਿ ਵਿਗੋਵੈ ॥੧॥ ਰਹਾਉ ॥ (356-11)

मनहठि कीचै अंति विगोवै ॥१॥ रहाउ ॥

ਮਨਮੁਖ ਕੀ ਮਤਿ ਕੂੜਿ ਵਿਆਪੀ ॥ (356-11)

मनमुख की मति कूड़ि विआपी ॥

ਬਿਨੁ ਹਰਿ ਸਿਮਰਣ ਪਾਪਿ ਸੰਤਾਪੀ ॥੨॥ (356-11)

बिनु हरि सिमरण पापि संतापी ॥२॥

ਦੁਰਮਤਿ ਤਿਆਗਿ ਲਾਹਾ ਕਿਛੁ ਲੇਵਹੁ ॥ (356-12)

दुरमति तिआगि लाहा किछु लेवहु ॥

ਜੋ ਉਪਜੈ ਸੋ ਅਲਖ ਅਭੇਵਹੁ ॥੩॥ (356-12)

जो उपजै सो अलख अभेवहु ॥३॥

ਐਸਾ ਹਮਰਾ ਸਖਾ ਸਹਾਈ ॥ (356-12)

ऐसा हमरा सखा सहाई ॥

ਗੁਰ ਹਰਿ ਮਿਲਿਆ ਭਗਤਿ ਦ੍ਰਿੜਾਈ ॥੪॥ (356-13)

गुर हरि मिलिआ भगति द्रिड़ाई ॥४॥

ਸਗਲੀ ਸਉਦੀ ਤੋਟਾ ਆਵੈ ॥ (356-13)

सगली� सउदी� तोटा आवै ॥

ਨਾਨਕ ਰਾਮ ਨਾਮੁ ਮਨਿ ਭਾਵੈ ॥੫॥੨੪॥ (356-13)

नानक राम नामु मनि भावै ॥५॥२४॥

ਆਸਾ ਮਹਲਾ ੧ ਚਉਪਦੇ� ॥ (356-14)

आसा महला १ चउपदे� ॥

ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥ (356-14)

विदिआ वीचारी तां परउपकारी ॥

ਜਾਂ ਪੰਚ ਰਾਸੀ ਤਾਂ ਤੀਰਥ ਵਾਸੀ ॥੧॥ (356-14)
जां पंच रासी तां तीरथ वासी ॥१॥

ਘੁੰਘਰੂ ਵਾਜੈ ਜੇ ਮਨੁ ਲਾਗੈ ॥ (356-15)
घुंघरू वाजै जे मनु लागै ॥

ਤਉ ਜਮੁ ਕਹਾ ਕਰੇ ਮੋ ਸਿਉ ਆਗੈ ॥੧॥ ਰਹਾਉ ॥ (356-15)
तउ जमु कहा करे मो सिउ आगै ॥१॥ रहाउ ॥

ਆਸ ਨਿਰਾਸੀ ਤਉ ਸੰਨਿਆਸੀ ॥ (356-15)
आस निरासी तउ संनिआसी ॥

ਜਾਂ ਜਤੁ ਜੋਗੀ ਤਾਂ ਕਾਇਆ ਭੋਗੀ ॥੨॥ (356-16)
जां जतु जोगी तां काइआ भोगी ॥२॥

ਦਇਆ ਦਿਗੰਬਰੁ ਦੇਹ ਬੀਚਾਰੀ ॥ (356-16)
दइआ दिग्मबरु देह बीचारी ॥

ਆਪਿ ਮਰੈ ਅਵਰਾ ਨਹ ਮਾਰੀ ॥੩॥ (356-16)
आपि मरै अवरा नह मारी ॥३॥

ਏਕੁ ਤੂ ਹੋਰਿ ਵੇਸ ਬਹੁਤੇਰੇ ॥ (356-17)
एकु तू होरि वेस बहुतेरे ॥

ਨਾਨਕੁ ਜਾਣੈ ਚੋਜ ਨ ਤੇਰੇ ॥੪॥੨੫॥ (356-17)
नानकु जाणै चोज न तेरे ॥४॥२५॥

ਆਸਾ ਮਹਲਾ ੧ ॥ (356-17)
आसा महला १ ॥

ਏਕ ਨ ਭਰੀਆ ਗੁਣ ਕਰਿ ਧੋਵਾ ॥ (356-18)
एक न भरीआ गुण करि धोवा ॥

ਮੇਰਾ ਸਹੁ ਜਾਗੈ ਹਉ ਨਿਸਿ ਭਰਿ ਸੋਵਾ ॥੧॥ (356-18)
मेरा सहु जागै हउ निसि भरि सोवा ॥१॥

ਇਉ ਕਿਉ ਕੰਤ ਪਿਆਰੀ ਹੋਵਾ ॥ (356-18)
इउ किउ कंत पिआरी होवा ॥

ਸਹੁ ਜਾਗੈ ਹਉ ਨਿਸ ਭਰਿ ਸੋਵਾ ॥੧॥ ਰਹਾਉ ॥ (356-19)
सहु जागै हउ निस भरि सोवा ॥१॥ रहाउ ॥

ਆਸ ਪਿਆਸੀ ਸੇਜੈ ਆਵਾ ॥ (356-19)
आस पिआसी सेजै आवा ॥

ਆਗੈ ਸਹ ਭਾਵਾ ਕਿ ਨ ਭਾਵਾ ॥੨॥ (357-1)
आगै सह भावा कि न भावा ॥२॥

ਕਿਆ ਜਾਨਾ ਕਿਆ ਹੋਇਗਾ ਰੀ ਮਾਈ ॥ (357-1)
किआ जाना किआ होइगा री माई ॥

ਹਰਿ ਦਰਸਨ ਬਿਨੁ ਰਹਨੁ ਨ ਜਾਈ ॥੧॥ ਰਹਾਉ ॥ (357-1)
हरि दरसन बिनु रहनु न जाई ॥१॥ रहाउ ॥

ਪ੍ਰੇਮੁ ਨ ਚਾਖਿਆ ਮੇਰੀ ਤਿਸ ਨ ਬੁਝਾਨੀ ॥ (357-1)
प्रेमु न चाखिआ मेरी तिस न बुझानी ॥

ਗਇਆ ਸੁ ਜੋਬਨੁ ਧਨ ਪਛੁਤਾਨੀ ॥੩॥ (357-2)
गइआ सु जोबनु धन पछुतानी ॥३॥

ਅਜੈ ਸੁ ਜਾਗਉ ਆਸ ਪਿਆਸੀ ॥ (357-2)
अजै सु जागउ आस पिआसी ॥

ਭਈਲੇ ਉਦਾਸੀ ਰਹਉ ਨਿਰਾਸੀ ॥੧॥ ਰਹਾਉ ॥ (357-3)
भईले उदासी रहउ निरासी ॥१॥ रहाउ ॥

ਹਉਮੈ ਖੋਇ ਕਰੇ ਸੀਗਾਰੁ ॥ (357-3)
हउमै खोइ करे सीगारु ॥

ਤਉ ਕਾਮਣਿ ਸੇਜੈ ਰਵੈ ਭਤਾਰੁ ॥੪॥ (357-4)
तउ कामणि सेजै रवै भतारु ॥४॥

ਤਉ ਨਾਨਕ ਕੰਤੈ ਮਨਿ ਭਾਵੈ ॥ (357-4)
तउ नानक कंतै मनि भावै ॥

ਛੋਡਿ ਵਡਾਈ ਅਪਣੇ ਖਸਮ ਸਮਾਵੈ ॥੧॥ ਰਹਾਉ ॥੨੬॥ (357-4)
छोडि वडाई अपणे खसम समावै ॥१॥ रहाउ ॥२६॥

ਆਸਾ ਮਹਲਾ ੧ ॥ (357-4)
आसा महला १ ॥

ਪੇਵਕੜੈ ਧਨ ਖਰੀ ਇਆਣੀ ॥ (357-5)
पेवकड़ै धन खरी इआणी ॥

ਤਿਸੁ ਸਹ ਕੀ ਮੈ ਸਾਰ ਨ ਜਾਣੀ ॥੧॥ (357-5)
तिसु सह की मै सार न जाणी ॥१॥

ਸਹੁ ਮੇਰਾ ਏਕੁ ਦੂਜਾ ਨਹੀ ਕੋਈ ॥ (357-6)
सहु मेरा एकु दूजा नही कोई ॥

ਨਦਰਿ ਕਰੇ ਮੇਲਾਵਾ ਹੋਈ ॥੧॥ ਰਹਾਉ ॥ (357-6)
नदरि करे मेलावा होई ॥१॥ रहाउ ॥

ਸਾਹੁਰੜੈ ਧਨ ਸਾਚੁ ਪਛਾਣਿਆ ॥ (357-6)
साहुरड़ै धन साचु पछाणिआ ॥

ਸਹਜਿ ਸੁਭਾਇ ਅਪਣਾ ਪਿਰੁ ਜਾਣਿਆ ॥੨॥ (357-7)
सहजि सुभाइ अपणा पिरु जाणिआ ॥२॥

ਗੁਰ ਪਰਸਾਦੀ ਐਸੀ ਮਤਿ ਆਵੈ ॥ (357-7)
गुर परसादी ऐसी मति आवै ॥

ਤਾਂ ਕਾਮਣਿ ਕੰਤੈ ਮਨਿ ਭਾਵੈ ॥੩॥ (357-8)
तां कामणि कंतै मनि भावै ॥३॥

ਕਹਤੁ ਨਾਨਕੁ ਭੈ ਭਾਵ ਕਾ ਕਰੇ ਸੀਗਾਰੁ ॥ (357-8)
कहतु नानकु भै भाव का करे सीगारु ॥

ਸਦ ਹੀ ਸੇਜੈ ਰਵੈ ਭਤਾਰੁ ॥੪॥੨੭॥ (357-8)
सद ही सेजै रवै भतारु ॥४॥२७॥

ਆਸਾ ਮਹਲਾ ੧ ॥ (357-9)
आसा महला १ ॥

ਨ ਕਿਸ ਕਾ ਪੂਤੁ ਨ ਕਿਸ ਕੀ ਮਾਈ ॥ (357-9)
न किस का पूतु न किस की माई ॥

ਝੂਠੈ ਮੋਹਿ ਭਰਮਿ ਭੁਲਾਈ ॥੧॥ (357-9)
झूठै मोहि भरमि भुलाई ॥१॥

ਮੇਰੇ ਸਾਹਿਬ ਹਉ ਕੀਤਾ ਤੇਰਾ ॥ (357-9)
मेरे साहिब हउ कीता तेरा ॥

ਜਾਂ ਤੂੰ ਦੇਹਿ ਜਪੀ ਨਾਉ ਤੇਰਾ ॥੧॥ ਰਹਾਉ ॥ (357-10)
जां तूं देहि जपी नाउ तेरा ॥१॥ रहाउ ॥

ਬਹੁਤੇ ਅਉਗਣ ਕੂਕੈ ਕੋਈ ॥ (357-10)
बहुते अउगण कूकै कोई ॥

ਜਾ ਤਿਸੁ ਭਾਵੈ ਬਖਸੇ ਸੋਈ ॥੨॥ (357-10)
जा तिसु भावै बखसे सोई ॥२॥

ਗੁਰ ਪਰਸਾਦੀ ਦੁਰਮਤਿ ਖੋਈ ॥ (357-11)
गुर परसादी दुरमति खोई ॥

ਜਹ ਦੇਖਾ ਤਹ ਏਕੋ ਸੋਈ ॥੩॥ (357-11)
जह देखा तह एको सोई ॥३॥

ਕਹਤ ਨਾਨਕ ਐਸੀ ਮਤਿ ਆਵੈ ॥ (357-11)
कहत नानक ऐसी मति आवै ॥

ਤਾਂ ਕੋ ਸਚੇ ਸਚਿ ਸਮਾਵੈ ॥੪॥੨੮॥ (357-12)
तां को सचे सचि समावै ॥४॥२८॥

ਆਸਾ ਮਹਲਾ ੧ ਦੁਪਦੇ ॥ (357-12)
आसा महला १ दुपदे ॥

ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ ॥ (357-12)
तितु सरवरड़ै भईले निवासा पाणी पावकु तिनहि कीआ ॥

ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ ॥੧॥ (357-13)
पंकजु मोह पगु नही चालै हम देखा तह डूबीअले ॥१॥

ਮਨ ਏਕੁ ਨ ਚੇਤਸਿ ਮੂੜ ਮਨਾ ॥ (357-13)
मन एकु न चेतसि मूड़ मना ॥

ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ ਰਹਾਉ ॥ (357-14)
हरि बिसरत तेरे गुण गलिआ ॥१॥ रहाउ ॥

ਨਾ ਹਉ ਜਤੀ ਸਤੀ ਨਹੀ ਪੜਿਆ ਮੂਰਖ ਮੁਗਧਾ ਜਨਮੁ ਭਇਆ ॥ (357-14)
ना हउ जती सती नही पड़िआ मूरख मुगधा जनमु भइआ ॥

ਪ੍ਰਣਵਤਿ ਨਾਨਕ ਤਿਨ੍ਹ ਕੀ ਸਰਣਾ ਜਿਨ੍ਹ ਤੂੰ ਨਾਹੀ ਵੀਸਰਿਆ ॥੨॥੨੯॥ (357-15)
प्रणवति नानक तिन्ह की सरणा जिन्ह तूं नाही वीसरिआ ॥२॥२९॥

ਆਸਾ ਮਹਲਾ ੧ ॥ (357-15)
आसा महला १ ॥

ਛਿਅ ਘਰ ਛਿਅ ਗੁਰ ਛਿਅ ਉਪਦੇਸ ॥ (357-16)
छिअ घर छिअ गुर छिअ उपदेस ॥

ਗੁਰ ਗੁਰੁ ਏਕੋ ਵੇਸ ਅਨੇਕ ॥੧॥ (357-16)
गुर गुरु एको वेस अनेक ॥१॥

ਜੈ ਘਰਿ ਕਰਤੇ ਕੀਰਤਿ ਹੋਇ ॥ (357-16)
जै घरि करते कीरति होइ ॥

ਸੋ ਘਰੁ ਰਾਖੁ ਵਡਾਈ ਤੋਹਿ ॥੧॥ ਰਹਾਉ ॥ (357-17)
सो घरु राखु वडाई तोहि ॥१॥ रहाउ ॥

ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਭਇਆ ॥ (357-17)
विसुए चसिआ घड़ीआ पहरा थिती वारी माहु भइआ ॥

ਸੂਰਜੁ ਏਕੋ ਰੁਤਿ ਅਨੇਕ ॥ (357-17)
सूरजु एको रुति अनेक ॥

ਨਾਨਕ ਕਰਤੇ ਕੇ ਕੇਤੇ ਵੇਸ ॥੨॥੩੦॥ (357-18)
नानक करते के केते वेस ॥२॥३०॥

ੴ ਸਤਿਗੁਰ ਪ੍ਰਸਾਦਿ ॥ (357-18)
ੴ सतिगुर प्रसादि ॥

ਆਸਾ ਘਰੁ ੩ ਮਹਲਾ ੧ ॥ (358-1)
आसा घरु ३ महला १ ॥

ਲਖ ਲਸਕਰ ਲਖ ਵਾਜੇ ਨੇਜੇ ਲਖ ਉਠਿ ਕਰਹਿ ਸਲਾਮੁ ॥ (358-1)
लख लसकर लख वाजे नेजे लख उठि करहि सलामु ॥

ਲਖਾ ਉਪਰਿ ਫੁਰਮਾਇਸਿ ਤੇਰੀ ਲਖ ਉਠਿ ਰਾਖਹਿ ਮਾਨੁ ॥ (358-1)
लखा उपरि फुरमाइसि तेरी लख उठि राखहि मानु ॥

ਜਾਂ ਪਤਿ ਲੇਖੈ ਨਾ ਪਵੈ ਤਾਂ ਸਭਿ ਨਿਰਾਫਲ ਕਾਮ ॥੧॥ (358-2)
जां पति लेखै ना पवै तां सभि निराफल काम ॥१॥

ਹਰਿ ਕੇ ਨਾਮ ਬਿਨਾ ਜਗੁ ਧੰਧਾ ॥ (358-2)
हरि के नाम बिना जगु धंधा ॥

ਜੇ ਬਹੁਤਾ ਸਮਝਾਈਐ ਭੋਲਾ ਭੀ ਸੋ ਅੰਧੋ ਅੰਧਾ ॥੧॥ ਰਹਾਉ ॥ (358-3)
जे बहुता समझाईऐ भोला भी सो अंधो अंधा ॥१॥ रहाउ ॥

ਲਖ ਖਟੀਅਹਿ ਲਖ ਸੰਜੀਅਹਿ ਖਾਜਹਿ ਲਖ ਆਵਹਿ ਲਖ ਜਾਹਿ ॥ (358-3)
लख खटीअहि लख संजीअहि खाजहि लख आवहि लख जाहि ॥

ਜਾਂ ਪਤਿ ਲੇਖੈ ਨਾ ਪਵੈ ਤਾਂ ਜੀਅ ਕਿਥੈ ਫਿਰਿ ਪਾਹਿ ॥੨॥ (358-3)
जां पति लेखै ना पवै तां जीअ किथै फिरि पाहि ॥२॥

ਲਖ ਸਾਸਤ ਸਮਝਾਵਣੀ ਲਖ ਪੰਡਿਤ ਪੜਹਿ ਪੁਰਾਣ ॥ (358-4)
लख सासत समझावणी लख पंडित पड़हि पुराण ॥

ਜਾਂ ਪਤਿ ਲੇਖੈ ਨਾ ਪਵੈ ਤਾਂ ਸਭੇ ਕੁਪਰਵਾਣ ॥੩॥ (358-5)
जां पति लेखै ना पवै तां सभे कुपरवाण ॥३॥

ਸਚ ਨਾਮਿ ਪਤਿ ਊਪਜੈ ਕਰਮਿ ਨਾਮੁ ਕਰਤਾਰੁ ॥ (358-5)
सच नामि पति ऊपजै करमि नामु करतारु ॥

ਅਹਿਨਿਸਿ ਹਿਰਦੈ ਜੇ ਵਸੈ ਨਾਨਕ ਨਦਰੀ ਪਾਰੁ ॥੪॥੧॥੩੧॥ (358-6)
अहिनिसि हिरदै जे वसै नानक नदरी पारु ॥४॥१॥३१॥

ਆਸਾ ਮਹਲਾ ੧ ॥ (358-6)
आसा महला १ ॥

ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ ॥ (358-7)
दीवा मेरा एकु नामु दुखु विचि पाइआ तेलु ॥

ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ ॥੧॥ (358-7)
उनि चानणि ओहु सोखिआ चूका जम सिउ मेलु ॥१॥

ਲੋਕਾ ਮਤ ਕੋ ਫਕੜਿ ਪਾਇ ॥ (358-7)
लोका मत को फकड़ि पाइ ॥

ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ ॥੧॥ ਰਹਾਉ ॥ (358-8)
लख मड़िआ करि एकठे एक रती ले भाहि ॥१॥ रहाउ ॥

ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ ॥ (358-8)
पिंडु पतलि मेरी केसउ किरिआ सचु नामु करतारु ॥

ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ ॥੨॥ (358-9)
ऐथै ओथै आगै पाछै एहु मेरा आधारु ॥२॥

ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ ॥ (358-9)
गंग बनारसि सिफति तुमारी नावै आतम राउ ॥

ਸਚਾ ਨਾਵਣੁ ਤਾਂ ਥੀਐ ਜਾਂ ਅਹਿਨਿਸਿ ਲਾਗੈ ਭਾਉ ॥੩॥ (358-9)
सचा नावणु तां थीऐ जां अहिनिसि लागै भाउ ॥३॥

ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ ॥ (358-10)
इक लोकी होरु छमिछरी ब्राहमणु वटि पिंडु खाइ ॥

ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ ॥੪॥੨॥੩੨॥ (358-10)
नानक पिंडु बखसीस का कबहूं निखूटसि नाहि ॥४॥२॥३२॥

ਆਸਾ ਘਰੁ ੪ ਮਹਲਾ ੧ (358-11)
आसा घरु ४ महला १

ੴ ਸਤਿਗੁਰ ਪ੍ਰਸਾਦਿ ॥ (358-12)
ੴ सतिगुर प्रसादि ॥

ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ ॥ (358-13)
देवतिआ दरसन कै ताई दूख भूख तीरथ कीए ॥

ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ ॥੧॥ (358-13)
जोगी जती जुगति महि रहते करि करि भगवे भेख भए ॥१॥

ਤਉ ਕਾਰਣਿ ਸਾਹਿਬਾ ਰੰਗਿ ਰਤੇ ॥ (358-13)
तउ कारणि साहिबा रंगि रते ॥

ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ ॥੧॥ ਰਹਾਉ ॥ (358-14)
तेरे नाम अनेका रूप अनंता कहणु न जाही तेरे गुण केते ॥१॥ रहाउ ॥

ਦਰ ਘਰ ਮਹਲਾ ਹਸਤੀ ਘੋੜੇ ਛੋਡਿ ਵਿਲਾਇਤਿ ਦੇਸ ਗਏ ॥ (358-14)
दर घर महला हसती घोड़े छोडि विलाइति देस गए ॥

ਪੀਰ ਪੇਕਾਂਬਰ ਸਾਲਿਕ ਸਾਦਿਕ ਛੋਡੀ ਦੁਨੀਆ ਥਾਇ ਪਏ ॥੨॥ (358-15)
पीर पेकांबर सालिक सादिक छोडी दुनीआ थाइ पए ॥२॥

ਸਾਦ ਸਹਜ ਸੁਖ ਰਸ ਕਸ ਤਜੀਅਲੇ ਕਾਪੜ ਛੋਡੇ ਚਮੜ ਲੀਏ ॥ (358-15)
साद सहज सुख रस कस तजीअले कापड़ छोडे चमड़ लीए ॥

ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ ॥੩॥ (358-16)
दुखीए दरदवंद दरि तेरै नामि रते दरवेस भए ॥३॥

ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨ੍ਹ੍ਹੀ ॥ (358-17)
खलड़ी खपरी लकड़ी चमड़ी सिखा सूतु धोती कीन्ही ॥

ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ ॥੪॥੧॥੩੩॥ (358-17)
तूं साहिबु हउ सांगी तेरा प्रणवै नानकु जाति कैसी ॥४॥१॥३३॥

ਆਸਾ ਘਰੁ ੫ ਮਹਲਾ ੧ (358-18)
आसा घरु ५ महला १

ੴ ਸਤਿਗੁਰ ਪ੍ਰਸਾਦਿ ॥ (359-1)
ੴ सतिगुर प्रसादि ॥

ਭੀਤਰਿ ਪੰਚ ਗੁਪਤ ਮਨਿ ਵਾਸੇ ॥ (359-2)
भीतरि पंच गुपत मनि वासे ॥

ਥਿਰੁ ਨ ਰਹਹਿ ਜੈਸੇ ਭਵਹਿ ਉਦਾਸੇ ॥੧॥ (359-2)
थिरु न रहहि जैसे भवहि उदासे ॥१॥

ਮਨੁ ਮੇਰਾ ਦਇਆਲ ਸੇਤੀ ਥਿਰੁ ਨ ਰਹੈ ॥ (359-2)
मनु मेरा दइआल सेती थिरु न रहै ॥

ਲੋਭੀ ਕਪਟੀ ਪਾਪੀ ਪਾਖੰਡੀ ਮਾਇਆ ਅਧਿਕ ਲਗੈ ॥੧॥ ਰਹਾਉ ॥ (359-2)
लोभी कपटी पापी पाखंडी माइआ अधिक लगै ॥१॥ रहाउ ॥

ਫੂਲ ਮਾਲਾ ਗਲਿ ਪਹਿਰਉਗੀ ਹਾਰੋ ॥ (359-3)
फूल माला गलि पहिरउगी हारो ॥

ਮਿਲੈਗਾ ਪ੍ਰੀਤਮੁ ਤਬ ਕਰਉਗੀ ਸੀਗਾਰੋ ॥੨॥ (359-4)
मिलैगा प्रीतमु तब करउगी सीगारो ॥२॥

ਪੰਚ ਸਖੀ ਹਮ ਏਕੁ ਭਤਾਰੋ ॥ (359-4)
पंच सखी हम एकु भतारो ॥

ਪੇਡਿ ਲਗੀ ਹੈ ਜੀਅੜਾ ਚਾਲਣਹਾਰੋ ॥੩॥ (359-4)
पेडि लगी है जीअड़ा चालणहारो ॥३॥

ਪੰਚ ਸਖੀ ਮਿਲਿ ਰੁਦਨੁ ਕਰੇਹਾ ॥ (359-5)
पंच सखी मिलि रुदनु करेहा ॥

ਸਾਹੁ ਪਜੂਤਾ ਪ੍ਰਣਵਤਿ ਨਾਨਕ ਲੇਖਾ ਦੇਹਾ ॥੪॥੧॥੩੪॥ (359-5)
साहु पजूता प्रणवति नानक लेखा देहा ॥४॥१॥३४॥

ੴ ਸਤਿਗੁਰ ਪ੍ਰਸਾਦਿ ॥ (359-5)
ੴ सतिगुर प्रसादि ॥

ਆਸਾ ਘਰੁ ੬ ਮਹਲਾ ੧ ॥ (359-7)
आसा घरु ६ महला १ ॥

ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ ॥ (359-8)
मनु मोती जे गहणा होवै पउणु होवै सूत धारी ॥

ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ ॥੧॥ (359-8)
खिमा सीगारु कामणि तनि पहिरै रावै लाल पिआरी ॥१॥

ਲਾਲ ਬਹੁ ਗੁਣਿ ਕਾਮਣਿ ਮੋਹੀ ॥ (359-8)
लाल बहु गुणि कामणि मोही ॥

ਤੇਰੇ ਗੁਣ ਹੋਹਿ ਨ ਅਵਰੀ ॥੧॥ ਰਹਾਉ ॥ (359-9)
तेरे गुण होहि न अवरी ॥१॥ रहाउ ॥

ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ ॥ (359-9)
हरि हरि हारु कंठि ले पहिरै दामोदरु दंतु लेई ॥

ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ ॥੨॥ (359-10)
कर करि करता कंगन पहिरै इन बिधि चितु धरेई ॥२॥

ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ ॥ (359-10)
मधुसूदनु कर मुंदरी पहिरै परमेसरु पटु लेई ॥

ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀਰੰਗੁ ਸੁਰਮਾ ਦੇਈ ॥੩॥ (359-11)
धीरजु धड़ी बंधावै कामणि स्रीरंगु सुरमा देई ॥३॥

ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ ॥ (359-11)
मन मंदरि जे दीपकु जाले काइआ सेज करेई ॥

ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ ॥੪॥੧॥੩੫॥ (359-12)
गिआन राउ जब सेजै आवै त नानक भोगु करेई ॥४॥१॥३५॥

ਆਸਾ ਮਹਲਾ ੧ ॥ (359-12)
आसा महला १ ॥

ਕੀਤਾ ਹੋਵੈ ਕਰੇ ਕਰਾਇਆ ਤਿਸੁ ਕਿਆ ਕਹੀਐ ਭਾਈ ॥ (359-13)
कीता होवै करे कराइआ तिसु किआ कहीऐ भाई ॥

ਜੋ ਕਿਛੁ ਕਰਣਾ ਸੋ ਕਰਿ ਰਹਿਆ ਕੀਤੇ ਕਿਆ ਚਤੁਰਾਈ ॥੧॥ (359-13)
जो किछु करणा सो करि रहिआ कीते किआ चतुराई ॥१॥

ਤੇਰਾ ਹੁਕਮੁ ਭਲਾ ਤੁਧੁ ਭਾਵੈ ॥ (359-14)
तेरा हुकमु भला तुधु भावै ॥

ਨਾਨਕ ਤਾ ਕਉ ਮਿਲੈ ਵਡਾਈ ਸਾਚੇ ਨਾਮਿ ਸਮਾਵੈ ॥੧॥ ਰਹਾਉ ॥ (359-14)
नानक ता कउ मिलै वडाई साचे नामि समावै ॥१॥ रहाउ ॥

ਕਿਰਤੁ ਪਇਆ ਪਰਵਾਣਾ ਲਿਖਿਆ ਬਾਹੁੜਿ ਹੁਕਮੁ ਨ ਹੋਈ ॥ (359-14)
किरतु पइआ परवाणा लिखिआ बाहुड़ि हुकमु न होई ॥

ਜੈਸਾ ਲਿਖਿਆ ਤੈਸਾ ਪੜਿਆ ਮੇਟਿ ਨ ਸਕੈ ਕੋਈ ॥੨॥ (359-15)
जैसा लिखिआ तैसा पड़िआ मेटि न सकै कोई ॥२॥

ਜੇ ਕੋ ਦਰਗਹ ਬਹੁਤਾ ਬੋਲੈ ਨਾਉ ਪਵੈ ਬਾਜਾਰੀ ॥ (359-16)
जे को दरगह बहुता बोलै नाउ पवै बाजारी ॥

ਸਤਰੰਜ ਬਾਜੀ ਪਕੈ ਨਾਹੀ ਕਚੀ ਆਵੈ ਸਾਰੀ ॥੩॥ (359-16)
सतरंज बाजी पकै नाही कची आवै सारी ॥३॥

ਨਾ ਕੋ ਪੜਿਆ ਪੰਡਿਤੁ ਬੀਨਾ ਨਾ ਕੋ ਮੂਰਖੁ ਮੰਦਾ ॥ (359-17)
ना को पड़िआ पंडितु बीना ना को मूरखु मंदा ॥

ਬੰਦੀ ਅੰਦਰਿ ਸਿਫਤਿ ਕਰਾਏ ਤਾ ਕਉ ਕਹੀਐ ਬੰਦਾ ॥੪॥੨॥੩੬॥ (359-17)
बंदी अंदरि सिफति कराए ता कउ कहीऐ बंदा ॥४॥२॥३६॥

ਆਸਾ ਮਹਲਾ ੧ ॥ (359-18)
आसा महला १ ॥

ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ ॥ (359-18)
गुर का सबदु मनै महि मुंद्रा खिंथा खिमा हढावउ ॥

ਜੋ ਕਿਛੁ ਕਰੈ ਭਲਾ ਕਰਿ ਮਾਨਉ ਸਹਜ ਜੋਗ ਨਿਧਿ ਪਾਵਉ ॥੧॥ (359-18)
जो किछु करै भला करि मानउ सहज जोग निधि पावउ ॥१॥

ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੰ ॥ (359-19)
बाबा जुगता जीउ जुगह जुग जोगी परम तंत महि जोगं ॥

ਅੰਮ੍ਰਿਤੁ ਨਾਮੁ ਨਿਰੰਜਨ ਪਾਇਆ ਗਿਆਨ ਕਾਇਆ ਰਸ ਭੋਗੰ ॥੧॥ ਰਹਾਉ ॥ (360-1)
अमृतु नामु निरंजन पाइआ गिआन काइआ रस भोगं ॥१॥ रहाउ ॥

ਸਿਵ ਨਗਰੀ ਮਹਿ ਆਸਣਿ ਬੈਸਉ ਕਲਪ ਤਿਆਗੀ ਬਾਦੰ ॥ (360-1)
सिव नगरी महि आसणि बैसउ कलप तिआगी बादं ॥

ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸਿ ਪੂਰੈ ਨਾਦੰ ॥੨॥ (360-2)
सिंङी सबदु सदा धुनि सोहै अहिनिसि पूरै नादं ॥२॥

ਪਤੁ ਵੀਚਾਰੁ ਗਿਆਨ ਮਤਿ ਡੰਡਾ ਵਰਤਮਾਨ ਬਿਭੂਤੰ ॥ (360-2)
पतु वीचारु गिआन मति डंडा वरतमान बिभूतं ॥

ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖਿ ਪੰਥੁ ਅਤੀਤੰ ॥੩॥ (360-3)
हरि कीरति रहरासि हमारी गुरमुखि पंथु अतीतं ॥३॥

ਸਗਲੀ ਜੋਤਿ ਹਮਾਰੀ ਸੰਮਿਆ ਨਾਨਾ ਵਰਨ ਅਨੇਕੰ ॥ (360-3)
सगली जोति हमारी संमिआ नाना वरन अनेकं ॥

ਕਹੁ ਨਾਨਕ ਸੁਣਿ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕੰ ॥੪॥੩॥੩੭॥ (360-4)
कहु नानक सुणि भरथरि जोगी पारब्रहम लिव एकं ॥४॥३॥३७॥

ਆਸਾ ਮਹਲਾ ੧ ॥ (360-5)
आसा महला १ ॥

ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ ॥ (360-5)
गुड़ु करि गिआनु धिआनु करि धावै करि करणी कसु पाईऐ ॥

ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ ॥੧॥ (360-5)
भाठी भवनु प्रेम का पोचा इतु रसि अमिउ चुआईऐ ॥१॥

ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ ॥ (360-6)
बाबा मनु मतवारो नाम रसु पीवै सहज रंग रचि रहिआ ॥

ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ ॥੧॥ ਰਹਾਉ ॥ (360-7)
अहिनिसि बनी प्रेम लिव लागी सबदु अनाहद गहिआ ॥१॥ रहाउ ॥

ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾ ਕਉ ਨਦਰਿ ਕਰੇ ॥ (360-7)
पूरा साचु पिआला सहजे तिसहि पीआए जा कउ नदरि करे ॥

ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ ॥੨॥ (360-8)
अमृत का वापारी होवै किआ मदि छूछै भाउ धरे ॥२॥

ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ ॥ (360-9)
गुर की साखी अमृत बाणी पीवत ही परवाणु भइआ ॥

ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ ॥੩॥ (360-9)
दर दरसन का प्रीतमु होवै मुकति बैकुंठै करै किआ ॥३॥

ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮੁ ਨ ਹਾਰੈ ॥ (360-10)
सिफती रता सद बैरागी जूऐ जनमु न हारै ॥

ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ ਅੰਮ੍ਰਿਤ ਧਾਰੈ ॥੪॥੪॥੩੮॥ (360-10)
कहु नानक सुणि भरथरि जोगी खीवा अमृत धारै ॥४॥४॥३८॥

**ਆਸਾ ਮਹਲਾ ੧ ॥** (360-11)
आसा महला १ ॥

**ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥** (360-12)
खुरासान खसमाना कीआ हिंदुसतानु डराइआ ॥

**ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥** (360-12)
आपै दोसु न देई करता जमु करि मुगलु चड़ाइआ ॥

**ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥੧॥** (360-12)
एती मार पई करलाणे तैं की दरदु न आइआ ॥१॥

**ਕਰਤਾ ਤੂੰ ਸਭਨਾ ਕਾ ਸੋਈ ॥** (360-13)
करता तूं सभना का सोई ॥

**ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥੧॥ ਰਹਾਉ ॥** (360-13)
जे सकता सकते कउ मारे ता मनि रोसु न होई ॥१॥ रहाउ ॥

**ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥** (360-14)
सकता सीहु मारे पै वगै खसमै सा पुरसाई ॥

**ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ ॥** (360-14)
रतन विगाड़ि विगोए कुती� मुइआ सार न काई ॥

**ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ ॥੨॥** (360-15)
आपे जोड़ि विछोड़े आपे वेखु तेरी वडिआई ॥२॥

**ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ ॥** (360-15)
जे को नाउ धराए वडा साद करे मनि भाणे ॥

**ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ ॥** (360-16)
खसमै नदरी कीड़ा आवै जेते चुगै दाणे ॥

**ਮਰਿ ਮਰਿ ਜੀਵੈ ਤਾ ਕਿਛੁ ਪਾਏ ਨਾਨਕ ਨਾਮੁ ਵਖਾਣੇ ॥੩॥੫॥੩੯॥** (360-16)
मरि मरि जीवै ता किछु पाए नानक नामु वखाणे ॥३॥५॥३९॥

ਰਾਗੁ ਆਸਾ ਘਰੁ ੨ ਮਹਲਾ ੩ (360-17)
रागु आसा घरु २ महला ३

ੴ ਸਤਿਗੁਰ ਪ੍ਰਸਾਦਿ ॥ (360-18)
ੴ सतिगुर प्रसादि ॥

ਹਰਿ ਦਰਸਨੁ ਪਾਵੈ ਵਡਭਾਗਿ ॥ (360-18)
हरि दरसनु पावै वडभागि ॥

ਗੁਰ ਕੈ ਸਬਦਿ ਸਚੈ ਬੈਰਾਗਿ ॥ (360-19)
गुर कै सबदि सचै बैरागि ॥

ਖਟੁ ਦਰਸਨੁ ਵਰਤੈ ਵਰਤਾਰਾ ॥ (360-19)
खटु दरसनु वरतै वरतारा ॥

ਗੁਰ ਕਾ ਦਰਸਨੁ ਅਗਮ ਅਪਾਰਾ ॥੧॥ (360-19)
गुर का दरसनु अगम अपारा ॥१॥

ਗੁਰ ਕੈ ਦਰਸਨਿ ਮੁਕਤਿ ਗਤਿ ਹੋਇ ॥ (361-1)
गुर कै दरसनि मुकति गति होइ ॥

ਸਾਚਾ ਆਪਿ ਵਸੈ ਮਨਿ ਸੋਇ ॥੧॥ ਰਹਾਉ ॥ (361-1)
साचा आपि वसै मनि सोइ ॥१॥ रहाउ ॥

ਗੁਰ ਦਰਸਨਿ ਉਧਰੈ ਸੰਸਾਰਾ ॥ (361-1)
गुर दरसनि उधरै संसारा ॥

ਜੇ ਕੋ ਲਾਏ ਭਾਉ ਪਿਆਰਾ ॥ (361-2)
जे को लाए भाउ पिआरा ॥

ਭਾਉ ਪਿਆਰਾ ਲਾਏ ਵਿਰਲਾ ਕੋਇ ॥ (361-2)
भाउ पिआरा लाए विरला कोइ ॥

ਗੁਰ ਕੈ ਦਰਸਨਿ ਸਦਾ ਸੁਖੁ ਹੋਇ ॥੨॥ (361-2)
गुर कै दरसनि सदा सुखु होइ ॥२॥

ਗੁਰ ਕੈ ਦਰਸਨਿ ਮੋਖ ਦੁਆਰੁ ॥ (361-3)
गुर कै दरसनि मोख दुआरु ॥

ਸਤਿਗੁਰੁ ਸੇਵੈ ਪਰਵਾਰ ਸਾਧਾਰੁ ॥ (361-3)
सतिगुरु सेवै परवार साधारु ॥

ਨਿਗੁਰੇ ਕਉ ਗਤਿ ਕਾਈ ਨਾਹੀ ॥ (361-3)
निगुरे कउ गति काई नाही ॥

ਅਵਗਣਿ ਮੁਠੇ ਚੋਟਾ ਖਾਹੀ ॥੩॥ (361-4)
अवगणि मुठे चोटा खाही ॥३ ॥

ਗੁਰ ਕੈ ਸਬਦਿ ਸੁਖੁ ਸਾਂਤਿ ਸਰੀਰ ॥ (361-4)
गुर कै सबदि सुखु सांति सरीर ॥

ਗੁਰਮੁਖਿ ਤਾ ਕਉ ਲਗੈ ਨ ਪੀਰ ॥ (361-4)
गुरमुखि ता कउ लगै न पीर ॥

ਜਮਕਾਲੁ ਤਿਸੁ ਨੇੜਿ ਨ ਆਵੈ ॥ (361-5)
जमकालु तिसु नेड़ि न आवै ॥

ਨਾਨਕ ਗੁਰਮੁਖਿ ਸਾਚਿ ਸਮਾਵੈ ॥੪॥੧॥੪੦॥ (361-5)
नानक गुरमुखि साचि समावै ॥४ ॥१ ॥४० ॥

ਆਸਾ ਮਹਲਾ ੩ ॥ (361-5)
आसा महला ३ ॥

ਸਬਦਿ ਮੁਆ ਵਿਚਹੁ ਆਪੁ ਗਵਾਇ ॥ (361-6)
सबदि मुआ विचहु आपु गवाइ ॥

ਸਤਿਗੁਰੁ ਸੇਵੇ ਤਿਲੁ ਨ ਤਮਾਇ ॥ (361-6)
सतिगुरु सेवे तिलु न तमाइ ॥

ਨਿਰਭਉ ਦਾਤਾ ਸਦਾ ਮਨਿ ਹੋਇ ॥ (361-6)
निरभउ दाता सदा मनि होइ ॥

ਸਚੀ ਬਾਣੀ ਪਾਏ ਭਾਗਿ ਕੋਇ ॥੧॥ (361-7)
सची बाणी पाए भागि कोइ ॥१॥

ਗੁਣ ਸੰਗ੍ਰਹੁ ਵਿਚਹੁ ਅਉਗੁਣ ਜਾਹਿ ॥ (361-7)
गुण संग्रहु विचहु अउगुण जाहि ॥

ਪੂਰੇ ਗੁਰ ਕੈ ਸਬਦਿ ਸਮਾਹਿ ॥੧॥ ਰਹਾਉ ॥ (361-7)
पूरे गुर कै सबदि समाहि ॥१॥ रहाउ ॥

ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ ॥ (361-8)
गुणा का गाहकु होवै सो गुण जाणै ॥

ਅੰਮ੍ਰਿਤ ਸਬਦਿ ਨਾਮੁ ਵਖਾਣੈ ॥ (361-8)
अमृत सबदि नामु वखाणै ॥

ਸਾਚੀ ਬਾਣੀ ਸੂਚਾ ਹੋਇ ॥ (361-8)
साची बाणी सूचा होइ ॥

ਗੁਣ ਤੇ ਨਾਮੁ ਪਰਾਪਤਿ ਹੋਇ ॥੨॥ (361-9)
गुण ते नामु परापति होइ ॥२॥

ਗੁਣ ਅਮੋਲਕ ਪਾਏ ਨ ਜਾਹਿ ॥ (361-9)
गुण अमोलक पाए न जाहि ॥

ਮਨਿ ਨਿਰਮਲ ਸਾਚੈ ਸਬਦਿ ਸਮਾਹਿ ॥ (361-9)
मनि निरमल साचै सबदि समाहि ॥

ਸੇ ਵਡਭਾਗੀ ਜਿਨ੍ਹ ਨਾਮੁ ਧਿਆਇਆ ॥ (361-9)
से वडभागी जिन्ह नामु धिआइआ ॥

ਸਦਾ ਗੁਣਦਾਤਾ ਮੰਨਿ ਵਸਾਇਆ ॥੩॥ (361-10)
सदा गुणदाता मंनि वसाइआ ॥३॥

ਜੋ ਗੁਣ ਸੰਗ੍ਰਹੈ ਤਿਨ੍ਹ ਬਲਿਹਾਰੈ ਜਾਉ ॥ (361-10)
जो गुण संग्रहै तिन्ह बलिहारै जाउ ॥

ਦਰਿ ਸਾਚੈ ਸਾਚੇ ਗੁਣ ਗਾਉ ॥ (361-11)
दरि साचै साचे गुण गाउ ॥

ਆਪੇ ਦੇਵੈ ਸਹਜਿ ਸੁਭਾਇ ॥ (361-11)
आपे देवै सहजि सुभाइ ॥

ਨਾਨਕ ਕੀਮਤਿ ਕਹਣੁ ਨ ਜਾਇ ॥੪॥੨॥੪੧॥ (361-11)
नानक कीमति कहणु न जाइ ॥४॥२॥४१॥

ਆਸਾ ਮਹਲਾ ੩ ॥ (361-12)
आसा महला ३ ॥

ਸਤਿਗੁਰ ਵਿਚਿ ਵਡੀ ਵਡਿਆਈ ॥ (361-12)
सतिगुर विचि वडी वडिआई ॥

ਚਿਰੀ ਵਿਛੁੰਨੇ ਮੇਲਿ ਮਿਲਾਈ ॥ (361-12)
चिरी विछुंने मेलि मिलाई ॥

ਆਪੇ ਮੇਲੇ ਮੇਲਿ ਮਿਲਾਏ ॥ (361-12)
आपे मेले मेलि मिलाए ॥

ਆਪਣੀ ਕੀਮਤਿ ਆਪੇ ਪਾਏ ॥੧॥ (361-13)
आपणी कीमति आपे पाए ॥१॥

ਹਰਿ ਕੀ ਕੀਮਤਿ ਕਿਨ ਬਿਧਿ ਹੋਇ ॥ (361-13)
हरि की कीमति किन बिधि होइ ॥

ਹਰਿ ਅਪਰੰਪਰੁ ਅਗਮ ਅਗੋਚਰੁ ਗੁਰ ਕੈ ਸਬਦਿ ਮਿਲੈ ਜਨੁ ਕੋਇ ॥੧॥ ਰਹਾਉ ॥ (361-13)
हरि अपर्मपरु अगम अगोचरु गुर कै सबदि मिलै जनु कोइ ॥१॥ रहाउ ॥

ਗੁਰਮੁਖਿ ਕੀਮਤਿ ਜਾਣੈ ਕੋਇ ॥ (361-14)
गुरमुखि कीमति जाणै कोइ ॥

ਵਿਰਲੇ ਕਰਮਿ ਪਰਾਪਤਿ ਹੋਇ ॥ (361-15)
विरले करमि परापति होइ ॥

ਊਚੀ ਬਾਣੀ ਊਚਾ ਹੋਇ ॥ (361-15)
ऊची बाणी ऊचा होइ ॥

ਗੁਰਮੁਖਿ ਸਬਦਿ ਵਖਾਣੈ ਕੋਇ ॥੨॥ (361-15)
गुरमुखि सबदि वखाणै कोइ ॥२॥

ਵਿਣੁ ਨਾਵੈ ਦੁਖੁ ਦਰਦੁ ਸਰੀਰਿ ॥ (361-15)
विणु नावै दुखु दरदु सरीरि ॥

ਸਤਿਗੁਰੁ ਭੇਟੇ ਤਾ ਉਤਰੈ ਪੀਰ ॥ (361-16)
सतिगुरु भेटे ता उतरै पीर ॥

ਬਿਨੁ ਗੁਰ ਭੇਟੇ ਦੁਖੁ ਕਮਾਇ ॥ (361-16)
बिनु गुर भेटे दुखु कमाइ ॥

ਮਨਮੁਖਿ ਬਹੁਤੀ ਮਿਲੈ ਸਜਾਇ ॥੩॥ (361-16)
मनमुखि बहुती मिलै सजाइ ॥३॥

ਹਰਿ ਕਾ ਨਾਮੁ ਮੀਠਾ ਅਤਿ ਰਸੁ ਹੋਇ ॥ (361-17)
हरि का नामु मीठा अति रसु होइ ॥

ਪੀਵਤ ਰਹੈ ਪੀਆਏ ਸੋਇ ॥ (361-17)
पीवत रहै पीआए सोइ ॥

ਗੁਰ ਕਿਰਪਾ ਤੇ ਹਰਿ ਰਸੁ ਪਾਏ ॥ (361-17)
गुर किरपा ते हरि रसु पाए ॥

ਨਾਨਕ ਨਾਮਿ ਰਤੇ ਗਤਿ ਪਾਏ ॥੪॥੩॥੪੨॥ (361-18)
नानक नामि रते गति पाए ॥४॥३॥४२॥

ਆਸਾ ਮਹਲਾ ੩ ॥ (361-18)
आसा महला ३ ॥

ਮੇਰਾ ਪ੍ਰਭੁ ਸਾਚਾ ਗਹਿਰ ਗੰਭੀਰ ॥ (361-18)
मेरा प्रभु साचा गहिर ग्मभीर ॥

ਸੇਵਤ ਹੀ ਸੁਖੁ ਸਾਂਤਿ ਸਰੀਰ ॥ (361-19)
सेवत ही सुखु सांति सरीर ॥

ਸਬਦਿ ਤਰੇ ਜਨ ਸਹਜਿ ਸੁਭਾਇ ॥ (361-19)
सबदि तरे जन सहजि सुभाइ ॥

ਤਿਨ ਕੈ ਹਮ ਸਦ ਲਾਗਹ ਪਾਇ ॥੧॥ (361-19)
तिन कै हम सद लागह पाइ ॥१॥

ਜੋ ਮਨਿ ਰਾਤੇ ਹਰਿ ਰੰਗੁ ਲਾਇ ॥ (361-19)
जो मनि राते हरि रंगु लाइ ॥

ਤਿਨ ਕਾ ਜਨਮ ਮਰਣ ਦੁਖੁ ਲਾਥਾ ਤੇ ਹਰਿ ਦਰਗਹ ਮਿਲੇ ਸੁਭਾਇ ॥੧॥ ਰਹਾਉ ॥ (362-1)
तिन का जनम मरण दुखु लाथा ते हरि दरगह मिले सुभाइ ॥१॥ रहाउ ॥

ਸਬਦੁ ਚਾਖੈ ਸਾਚਾ ਸਾਦੁ ਪਾਏ ॥ (362-1)
सबदु चाखै साचा सादु पाए ॥

ਹਰਿ ਕਾ ਨਾਮੁ ਮੰਨਿ ਵਸਾਏ ॥ (362-2)
हरि का नामु मंनि वसाए ॥

ਹਰਿ ਪ੍ਰਭੁ ਸਦਾ ਰਹਿਆ ਭਰਪੂਰਿ ॥ (362-2)
हरि प्रभु सदा रहिआ भरपूरि ॥

ਆਪੇ ਨੇੜੈ ਆਪੇ ਦੂਰਿ ॥੨॥ (362-2)
आपे नेड़ै आपे दूरि ॥२॥

ਆਖਣਿ ਆਖੈ ਬਕੈ ਸਭੁ ਕੋਇ ॥ (362-3)
आखणि आखै बकै सभु कोइ ॥

ਆਪੇ ਬਖਸਿ ਮਿਲਾਏ ਸੋਇ ॥ (362-3)
आपे बखसि मिलाए सोइ ॥

ਕਹਣੈ ਕਥਨਿ ਨ ਪਾਇਆ ਜਾਇ ॥ (362-3)
कहणै कथनि न पाइआ जाइ ॥

ਗੁਰ ਪਰਸਾਦਿ ਵਸੈ ਮਨਿ ਆਇ ॥੩॥ (362-4)
गुर परसादि वसै मनि आइ ॥३॥

ਗੁਰਮੁਖਿ ਵਿਚਹੁ ਆਪੁ ਗਵਾਇ ॥ (362-4)
गुरमुखि विचहु आपु गवाइ ॥

ਹਰਿ ਰੰਗਿ ਰਾਤੇ ਮੋਹੁ ਚੁਕਾਇ ॥ (362-4)
हरि रंगि राते मोहु चुकाइ ॥

ਅਤਿ ਨਿਰਮਲੁ ਗੁਰ ਸਬਦ ਵੀਚਾਰ ॥ (362-5)
अति निरमलु गुर सबद वीचार ॥

ਨਾਨਕ ਨਾਮਿ ਸਵਾਰਣਹਾਰ ॥੪॥੪॥੪੩॥ (362-5)
नानक नामि सवारणहार ॥४॥४॥४३॥

ਆਸਾ ਮਹਲਾ ੩ ॥ (362-5)
आसा महला ३ ॥

ਦੂਜੈ ਭਾਇ ਲਗੇ ਦੁਖੁ ਪਾਇਆ ॥ (362-6)
दूजै भाइ लगे दुखु पाइआ ॥

ਬਿਨੁ ਸਬਦੈ ਬਿਰਥਾ ਜਨਮੁ ਗਵਾਇਆ ॥ (362-6)
बिनु सबदै बिरथा जनमु गवाइआ ॥

ਸਤਿਗੁਰੁ ਸੇਵੈ ਸੋਝੀ ਹੋਇ ॥ (362-6)
सतिगुरु सेवै सोझी होइ ॥

ਦੂਜੈ ਭਾਇ ਨ ਲਾਗੈ ਕੋਇ ॥੧॥ (362-7)
दूजै भाइ न लागै कोइ ॥१॥

ਮੂਲਿ ਲਾਗੇ ਸੇ ਜਨ ਪਰਵਾਣੁ ॥ (362-7)
मूलि लागे से जन परवाणु ॥

ਅਨਦਿਨੁ ਰਾਮ ਨਾਮੁ ਜਪਿ ਹਿਰਦੈ ਗੁਰ ਸਬਦੀ ਹਰਿ ਏਕੋ ਜਾਣੁ ॥੧॥ ਰਹਾਉ ॥ (362-7)
अनदिनु राम नामु जपि हिरदै गुर सबदी हरि एको जाणु ॥१॥ रहाउ ॥

ਡਾਲੀ ਲਾਗੈ ਨਿਹਫਲੁ ਜਾਇ ॥ (362-7)

डाली लागै निहफलु जाइ ॥

ਅੰਧੀ ਕੰਮੀ ਅੰਧ ਸਜਾਇ ॥ (362-8)

अंधी? कंमी अंध सजाइ ॥

ਮਨਮੁਖੁ ਅੰਧਾ ਠਉਰ ਨ ਪਾਇ ॥ (362-8)

मनमुखु अंधा ठउर न पाइ ॥

ਬਿਸਟਾ ਕਾ ਕੀੜਾ ਬਿਸਟਾ ਮਾਹਿ ਪਚਾਇ ॥੨॥ (362-9)

बिसटा का कीड़ा बिसटा माहि पचाइ ॥२॥

ਗੁਰ ਕੀ ਸੇਵਾ ਸਦਾ ਸੁਖੁ ਪਾਏ ॥ (362-9)

गुर की सेवा सदा सुखु पाए ॥

ਸੰਤਸੰਗਤਿ ਮਿਲਿ ਹਰਿ ਗੁਣ ਗਾਏ ॥ (362-9)

संतसंगति मिलि हरि गुण गाए ॥

ਨਾਮੇ ਨਾਮਿ ਕਰੇ ਵੀਚਾਰੁ ॥ (362-10)

नामे नामि करे वीचारु ॥

ਆਪਿ ਤਰੈ ਕੁਲ ਉਧਰਣਹਾਰੁ ॥੩॥ (362-10)

आपि तरै कुल उधरणहारु ॥३॥

ਗੁਰ ਕੀ ਬਾਣੀ ਨਾਮਿ ਵਜਾਏ ॥ (362-10)

गुर की बाणी नामि वजाए ॥

ਨਾਨਕ ਮਹਲੁ ਸਬਦਿ ਘਰੁ ਪਾਏ ॥ (362-11)

नानक महलु सबदि घरु पाए ॥

ਗੁਰਮਤਿ ਸਤ ਸਰਿ ਹਰਿ ਜਲਿ ਨਾਇਆ ॥ (362-11)

गुरमति सत सरि हरि जलि नाइआ ॥

ਦੁਰਮਤਿ ਮੈਲੁ ਸਭੁ ਦੁਰਤੁ ਗਵਾਇਆ ॥੪॥੫॥੪੪॥ (362-11)

दुरमति मैलु सभु दुरतु गवाइआ ॥४॥५॥४४॥

ਆਸਾ ਮਹਲਾ ੩ ॥ (362-12)
आसा महला ३ ॥

ਮਨਮੁਖ ਮਰਹਿ ਮਰਿ ਮਰਣੁ ਵਿਗਾੜਹਿ ॥ (362-12)
मनमुख मरहि मरि मरणु विगाड़हि ॥

ਦੂਜੈ ਭਾਇ ਆਤਮ ਸੰਘਾਰਹਿ ॥ (362-13)
दूजै भाइ आतम संघारहि ॥

ਮੇਰਾ ਮੇਰਾ ਕਰਿ ਕਰਿ ਵਿਗੂਤਾ ॥ (362-13)
मेरा मेरा करि करि विगूता ॥

ਆਤਮੁ ਨ ਚੀਨ੍ਹੈ ਭਰਮੈ ਵਿਚਿ ਸੂਤਾ ॥੧॥ (362-13)
आतमु न चीन्है भरमै विचि सूता ॥१॥

ਮਰੁ ਮੁਇਆ ਸਬਦੇ ਮਰਿ ਜਾਇ ॥ (362-14)
मरु मुइआ सबदे मरि जाइ ॥

ਉਸਤਤਿ ਨਿੰਦਾ ਗੁਰਿ ਸਮ ਜਾਣਾਈ ਇਸੁ ਜੁਗ ਮਹਿ ਲਾਹਾ ਹਰਿ ਜਪਿ ਲੈ ਜਾਇ ॥੧॥ ਰਹਾਉ ॥ (362-14)
उसतति निंदा गुरि सम जाणाई इसु जुग महि लाहा हरि जपि लै जाइ ॥१॥ रहाउ ॥

ਨਾਮ ਵਿਹੂਣ ਗਰਭ ਗਲਿ ਜਾਇ ॥ (362-14)
नाम विहूण गरभ गलि जाइ ॥

ਬਿਰਥਾ ਜਨਮੁ ਦੂਜੈ ਲੋਭਾਇ ॥ (362-15)
बिरथा जनमु दूजै लोभाइ ॥

ਨਾਮ ਬਿਹੂਣੀ ਦੁਖਿ ਜਲੈ ਸਬਾਈ ॥ (362-15)
नाम बिहूणी दुखि जलै सबाई ॥

ਸਤਿਗੁਰਿ ਪੂਰੈ ਬੂਝ ਬੁਝਾਈ ॥੨॥ (362-16)
सतिगुरि पूरै बूझ बुझाई ॥२॥

ਮਨੁ ਚੰਚਲੁ ਬਹੁ ਚੋਟਾ ਖਾਇ ॥ (362-16)
मनु चंचलु बहु चोटा खाइ ॥

ਏਥਹੁ ਛੁੜਕਿਆ ਠਉਰ ਨ ਪਾਇ ॥ (362-16)
एथहु छुड़किआ ठउर न पाइ ॥

ਗਰਭ ਜੋਨਿ ਵਿਸਟਾ ਕਾ ਵਾਸੁ ॥ (362-17)
गरभ जोनि विसटा का वासु ॥

ਤਿਤੁ ਘਰਿ ਮਨਮੁਖੁ ਕਰੇ ਨਿਵਾਸੁ ॥੩॥ (362-17)
तितु घरि मनमुखु करे निवासु ॥३॥

ਅਪੁਨੇ ਸਤਿਗੁਰ ਕਉ ਸਦਾ ਬਲਿ ਜਾਈ ॥ (362-17)
अपुने सतिगुर कउ सदा बलि जाई ॥

ਗੁਰਮੁਖਿ ਜੋਤੀ ਜੋਤਿ ਮਿਲਾਈ ॥ (362-18)
गुरमुखि जोती जोति मिलाई ॥

ਨਿਰਮਲ ਬਾਣੀ ਨਿਜ ਘਰਿ ਵਾਸਾ ॥ (362-18)
निरमल बाणी निज घरि वासा ॥

ਨਾਨਕ ਹਉਮੈ ਮਾਰੇ ਸਦਾ ਉਦਾਸਾ ॥੪॥੬॥੪੫॥ (362-18)
नानक हउमै मारे सदा उदासा ॥४॥६॥४५॥

ਆਸਾ ਮਹਲਾ ੩ ॥ (362-19)
आसा महला ३ ॥

ਲਾਲੈ ਆਪਣੀ ਜਾਤਿ ਗਵਾਈ ॥ (362-19)
लालै आपणी जाति गवाई ॥

ਤਨੁ ਮਨੁ ਅਰਪੇ ਸਤਿਗੁਰ ਸਰਣਾਈ ॥ (362-19)
तनु मनु अरपे सतिगुर सरणाई ॥

ਹਿਰਦੈ ਨਾਮੁ ਵਡੀ ਵਡਿਆਈ ॥ (363-1)
हिरदै नामु वडी वडिआई ॥

ਸਦਾ ਪ੍ਰੀਤਮੁ ਪ੍ਰਭੁ ਹੋਇ ਸਖਾਈ ॥੧॥ (363-1)
सदा प्रीतमु प्रभु होइ सखाई ॥१॥

ਸੋ ਲਾਲਾ ਜੀਵਤੁ ਮਰੈ ॥ (363-1)
सो लाला जीवतु मरै ॥

ਸੋਗੁ ਹਰਖੁ ਦੁਇ ਸਮ ਕਰਿ ਜਾਣੈ ਗੁਰ ਪਰਸਾਦੀ ਸਬਦਿ ਉਧਰੈ ॥੧॥ ਰਹਾਉ ॥ (363-2)
सोगु हरखु दुइ सम करि जाणै गुर परसादी सबदि उधरै ॥१॥ रहाउ ॥

ਕਰਣੀ ਕਾਰ ਧੁਰਹੁ ਫੁਰਮਾਈ ॥ (363-2)
करणी कार धुरहु फुरमाई ॥

ਬਿਨੁ ਸਬਦੈ ਕੋ ਥਾਇ ਨ ਪਾਈ ॥ (363-3)
बिनु सबदै को थाइ न पाई ॥

ਕਰਣੀ ਕੀਰਤਿ ਨਾਮੁ ਵਸਾਈ ॥ (363-3)
करणी कीरति नामु वसाई ॥

ਆਪੇ ਦੇਵੈ ਢਿਲ ਨ ਪਾਈ ॥੨॥ (363-3)
आपे देवै ढिल न पाई ॥२॥

ਮਨਮੁਖਿ ਭਰਮਿ ਭੁਲੈ ਸੰਸਾਰੁ ॥ (363-4)
मनमुखि भरमि भुलै संसारु ॥

ਬਿਨੁ ਰਾਸੀ ਕੂੜਾ ਕਰੇ ਵਾਪਾਰੁ ॥ (363-4)
बिनु रासी कूड़ा करे वापारु ॥

ਵਿਣੁ ਰਾਸੀ ਵਖਰੁ ਪਲੈ ਨ ਪਾਇ ॥ (363-4)
विणु रासी वखरु पलै न पाइ ॥

ਮਨਮੁਖਿ ਭੁਲਾ ਜਨਮੁ ਗਵਾਇ ॥੩॥ (363-4)
मनमुखि भुला जनमु गवाइ ॥३॥

ਸਤਿਗੁਰੁ ਸੇਵੇ ਸੁ ਲਾਲਾ ਹੋਇ ॥ (363-5)
सतिगुरु सेवे सु लाला होइ ॥

ਊਤਮ ਜਾਤੀ ਊਤਮੁ ਸੋਇ ॥ (363-5)
ऊतम जाती ऊतमु सोइ ॥

ਗੁਰ ਪਉੜੀ ਸਭ ਦੂ ਊਚਾ ਹੋਇ ॥ (363-5)
गुर पउड़ी सभ दू ऊचा होइ ॥

ਨਾਨਕ ਨਾਮਿ ਵਡਾਈ ਹੋਇ ॥੪॥੭॥੪੬॥ (363-6)
नानक नामि वडाई होइ ॥४॥७॥४६॥

ਆਸਾ ਮਹਲਾ ੩ ॥ (363-6)
आसा महला ३ ॥

ਮਨਮੁਖਿ ਝੂਠੋ ਝੂਠੁ ਕਮਾਵੈ ॥ (363-6)
मनमुखि झूठो झूठु कमावै ॥

ਖਸਮੈ ਕਾ ਮਹਲੁ ਕਦੇ ਨ ਪਾਵੈ ॥ (363-7)
खसमै का महलु कदे न पावै ॥

ਦੂਜੈ ਲਗੀ ਭਰਮਿ ਭੁਲਾਵੈ ॥ (363-7)
दूजै लगी भरमि भुलावै ॥

ਮਮਤਾ ਬਾਧਾ ਆਵੈ ਜਾਵੈ ॥੧॥ (363-7)
ममता बाधा आवै जावै ॥१॥

ਦੋਹਾਗਣੀ ਕਾ ਮਨ ਦੇਖੁ ਸੀਗਾਰੁ ॥ (363-7)
दोहागणी का मन देखु सीगारु ॥

ਪੁਤ੍ਰ ਕਲਤਿ ਧਨਿ ਮਾਇਆ ਚਿਤੁ ਲਾਏ ਝੂਠੁ ਮੋਹੁ ਪਾਖੰਡ ਵਿਕਾਰੁ ॥੧॥ ਰਹਾਉ ॥ (363-8)
पुत्र कलति धनि माइआ चितु लाए झूठु मोहु पाखंड विकारु ॥१॥ रहाउ ॥

ਸਦਾ ਸੋਹਾਗਣਿ ਜੋ ਪ੍ਰਭ ਭਾਵੈ ॥ (363-8)
सदा सोहागणि जो प्रभ भावै ॥

ਗੁਰ ਸਬਦੀ ਸੀਗਾਰੁ ਬਣਾਵੈ ॥ (363-9)
गुर सबदी सीगारु बणावै ॥

ਸੇਜ ਸੁਖਾਲੀ ਅਨਦਿਨੁ ਹਰਿ ਰਾਵੈ ॥ (363-9)
सेज सुखाली अनदिनु हरि रावै ॥

ਮਿਲਿ ਪ੍ਰੀਤਮ ਸਦਾ ਸੁਖੁ ਪਾਵੈ ॥੨॥ (363-9)
मिलि प्रीतम सदा सुखु पावै ॥२॥

ਸਾ ਸੋਹਾਗਣਿ ਸਾਚੀ ਜਿਸੁ ਸਾਚਿ ਪਿਆਰੁ ॥ (363-10)
सा सोहागणि साची जिसु साचि पिआरु ॥

ਅਪਣਾ ਪਿਰੁ ਰਾਖੈ ਸਦਾ ਉਰ ਧਾਰਿ ॥ (363-10)
अपणा पिरु राखै सदा उर धारि ॥

ਨੇੜੈ ਵੇਖੈ ਸਦਾ ਹਦੂਰਿ ॥ (363-11)
नेड़ै वेखै सदा हदूरि ॥

ਮੇਰਾ ਪ੍ਰਭੁ ਸਰਬ ਰਹਿਆ ਭਰਪੂਰਿ ॥੩॥ (363-11)
मेरा प्रभु सरब रहिआ भरपूरि ॥३॥

ਆਗੈ ਜਾਤਿ ਰੂਪੁ ਨ ਜਾਇ ॥ (363-11)
आगै जाति रूपु न जाइ ॥

ਤੇਹਾ ਹੋਵੈ ਜੇਹੇ ਕਰਮ ਕਮਾਇ ॥ (363-11)
तेहा होवै जेहे करम कमाइ ॥

ਸਬਦੇ ਊਚੋ ਊਚਾ ਹੋਇ ॥ (363-12)
सबदे ऊचो ऊचा होइ ॥

ਨਾਨਕ ਸਾਚਿ ਸਮਾਵੈ ਸੋਇ ॥੪॥੮॥੪੭॥ (363-12)
नानक साचि समावै सोइ ॥४॥८॥४७॥

ਆਸਾ ਮਹਲਾ ੩ ॥ (363-12)
आसा महला ३ ॥

ਭਗਤਿ ਰਤਾ ਜਨੁ ਸਹਜਿ ਸੁਭਾਇ ॥ (363-13)
भगति रता जनु सहजि सुभाइ ॥

ਗੁਰ ਕੈ ਭੈ ਸਾਚੈ ਸਾਚਿ ਸਮਾਇ ॥ (363-13)
गुर कै भै साचै साचि समाइ ॥

ਬਿਨੁ ਗੁਰ ਪੂਰੇ ਭਗਤਿ ਨ ਹੋਇ ॥ (363-13)
बिनु गुर पूरे भगति न होइ ॥

ਮਨਮੁਖ ਰੁੰਨੇ ਅਪਨੀ ਪਤਿ ਖੋਇ ॥੧॥ (363-13)
मनमुख रुंने अपनी पति खोइ ॥१॥

ਮੇਰੇ ਮਨ ਹਰਿ ਜਪਿ ਸਦਾ ਧਿਆਇ ॥ (363-14)
मेरे मन हरि जपि सदा धिआइ ॥

ਸਦਾ ਅਨੰਦੁ ਹੋਵੈ ਦਿਨੁ ਰਾਤੀ ਜੋ ਇਛੈ ਸੋਈ ਫਲੁ ਪਾਇ ॥੧॥ ਰਹਾਉ ॥ (363-14)
सदा अनंदु होवै दिनु राती जो इछै सोई फलु पाइ ॥१॥ रहाउ ॥

ਗੁਰ ਪੂਰੇ ਤੇ ਪੂਰਾ ਪਾਏ ॥ (363-14)
गुर पूरे ते पूरा पाए ॥

ਹਿਰਦੈ ਸਬਦੁ ਸਚੁ ਨਾਮੁ ਵਸਾਏ ॥ (363-15)
हिरदै सबदु सचु नामु वसाए ॥

ਅੰਤਰੁ ਨਿਰਮਲੁ ਅੰਮ੍ਰਿਤ ਸਰਿ ਨਾਏ ॥ (363-15)
अंतरु निरमलु अमृत सरि नाए ॥

ਸਦਾ ਸੂਚੇ ਸਾਚਿ ਸਮਾਏ ॥੨॥ (363-16)
सदा सूचे साचि समाए ॥२॥

ਹਰਿ ਪ੍ਰਭੁ ਵੇਖੈ ਸਦਾ ਹਜੂਰਿ ॥ (363-16)
हरि प्रभु वेखै सदा हजूरि ॥

ਗੁਰ ਪਰਸਾਦਿ ਰਹਿਆ ਭਰਪੂਰਿ ॥ (363-16)
गुर परसादि रहिआ भरपूरि ॥

ਜਹਾ ਜਾਉ ਤਹ ਵੇਖਾ ਸੋਇ ॥ (363-17)
जहा जाउ तह वेखा सोइ ॥

ਗੁਰ ਬਿਨੁ ਦਾਤਾ ਅਵਰੁ ਨ ਕੋਇ ॥੩॥ (363-17)
गुर बिनु दाता अवरु न कोइ ॥३॥

ਗੁਰੁ ਸਾਗਰੁ ਪੂਰਾ ਭੰਡਾਰ ॥ (363-17)
गुरु सागरु पूरा भंडार ॥

ਊਤਮ ਰਤਨ ਜਵਾਹਰ ਅਪਾਰ ॥ (363-18)
ऊतम रतन जवाहर अपार ॥

ਗੁਰ ਪਰਸਾਦੀ ਦੇਵਣਹਾਰੁ ॥ (363-18)
गुर परसादी देवणहारु ॥

ਨਾਨਕ ਬਖਸੇ ਬਖਸਣਹਾਰੁ ॥੪॥੯॥੪੮॥ (363-18)
नानक बखसे बखसणहारु ॥४॥९॥४८॥

ਆਸਾ ਮਹਲਾ ੩ ॥ (363-18)
आसा महला ३ ॥

ਗੁਰੁ ਸਾਇਰੁ ਸਤਿਗੁਰੁ ਸਚੁ ਸੋਇ ॥ (363-19)
गुरु साइरु सतिगुरु सचु सोइ ॥

ਪੂਰੈ ਭਾਗਿ ਗੁਰ ਸੇਵਾ ਹੋਇ ॥ (363-19)
पूरै भागि गुर सेवा होइ ॥

ਸੋ ਬੂਝੈ ਜਿਸੁ ਆਪਿ ਬੁਝਾਏ ॥ (363-19)
सो बूझै जिसु आपि बुझाए ॥

ਗੁਰ ਪਰਸਾਦੀ ਸੇਵ ਕਰਾਏ ॥੧॥ (364-1)
गुर परसादी सेव कराए ॥१॥

ਗਿਆਨ ਰਤਨਿ ਸਭ ਸੋਝੀ ਹੋਇ ॥ (364-1)
गिआन रतनि सभ सोझी होइ ॥

ਗੁਰ ਪਰਸਾਦਿ ਅਗਿਆਨੁ ਬਿਨਾਸੈ ਅਨਦਿਨੁ ਜਾਗੈ ਵੇਖੈ ਸਚੁ ਸੋਇ ॥੧॥ ਰਹਾਉ ॥ (364-1)
गुर परसादि अगिआनु बिनासै अनदिनु जागै वेखै सचु सोइ ॥१॥ रहाउ ॥

ਮੋਹੁ ਗੁਮਾਨੁ ਗੁਰ ਸਬਦਿ ਜਲਾਏ ॥ (364-2)
मोहु गुमानु गुर सबदि जलाए ॥

ਪੂਰੇ ਗੁਰ ਤੇ ਸੋਝੀ ਪਾਏ ॥ (364-2)
पूरे गुर ते सोझी पाए ॥

ਅੰਤਰਿ ਮਹਲੁ ਗੁਰ ਸਬਦਿ ਪਛਾਣੈ ॥ (364-3)
अंतरि महलु गुर सबदि पछाणै ॥

ਆਵਣ ਜਾਣੁ ਰਹੈ ਥਿਰੁ ਨਾਮਿ ਸਮਾਣੇ ॥੨॥ (364-3)
आवण जाणु रहै थिरु नामि समाणे ॥२॥

ਜੰਮਣੁ ਮਰਣਾ ਹੈ ਸੰਸਾਰੁ ॥ (364-3)
जंमणु मरणा है संसारु ॥

ਮਨਮੁਖੁ ਅਚੇਤੁ ਮਾਇਆ ਮੋਹੁ ਗੁਬਾਰੁ ॥ (364-4)
मनमुखु अचेतु माइआ मोहु गुबारु ॥

ਪਰ ਨਿੰਦਾ ਬਹੁ ਕੂੜੁ ਕਮਾਵੈ ॥ (364-4)
पर निंदा बहु कूड़ु कमावै ॥

ਵਿਸਟਾ ਕਾ ਕੀੜਾ ਵਿਸਟਾ ਮਾਹਿ ਸਮਾਵੈ ॥੩॥ (364-4)
विसटा का कीड़ा विसटा माहि समावै ॥३॥

ਸਤਸੰਗਤਿ ਮਿਲਿ ਸਭ ਸੋਝੀ ਪਾਏ ॥ (364-5)
सतसंगति मिलि सभ सोझी पाए ॥

ਗੁਰ ਕਾ ਸਬਦੁ ਹਰਿ ਭਗਤਿ ਦ੍ਰਿੜਾਏ ॥ (364-5)
गुर का सबदु हरि भगति द्रिड़ाए ॥

ਭਾਣਾ ਮੰਨੇ ਸਦਾ ਸੁਖੁ ਹੋਇ ॥ (364-5)
भाणा मंने सदा सुखु होइ ॥

ਨਾਨਕ ਸਚਿ ਸਮਾਵੈ ਸੋਇ ॥੪॥੧੦॥੪੯॥ (364-6)
नानक सचि समावै सोइ ॥४॥१०॥४९॥

ਆਸਾ ਮਹਲਾ ੩ ਪੰਚਪਦੇ॥ (364-6)
आसा महला ३ पंचपदे ॥

ਸਬਦਿ ਮਰੈ ਤਿਸੁ ਸਦਾ ਅਨੰਦ ॥ (364-6)
सबदि मरै तिसु सदा अनंद ॥

ਸਤਿਗੁਰ ਭੇਟੇ ਗੁਰ ਗੋਬਿੰਦ ॥ (364-7)
सतिगुर भेटे गुर गोबिंद ॥

ਨਾ ਫਿਰਿ ਮਰੈ ਨ ਆਵੈ ਜਾਇ ॥ (364-7)
ना फिरि मरै न आवै जाइ ॥

ਪੂਰੇ ਗੁਰ ਤੇ ਸਾਚਿ ਸਮਾਇ ॥੧॥ (364-7)
पूरे गुर ते साचि समाइ ॥१॥

ਜਿਨ੍ ਕਉ ਨਾਮੁ ਲਿਖਿਆ ਧੁਰਿ ਲੇਖੁ ॥ (364-7)
जिन्ह कउ नामु लिखिआ धुरि लेखु ॥

ਤੇ ਅਨਦਿਨੁ ਨਾਮੁ ਸਦਾ ਧਿਆਵਹਿ ਗੁਰ ਪੂਰੇ ਤੇ ਭਗਤਿ ਵਿਸੇਖੁ ॥੧॥ ਰਹਾਉ ॥ (364-8)
ते अनदिनु नामु सदा धिआवहि गुर पूरे ते भगति विसेखु ॥१॥ रहाउ ॥

ਜਿਨ੍ ਕਉ ਹਰਿ ਪ੍ਰਭੁ ਲਏ ਮਿਲਾਇ ॥ (364-8)
जिन्ह कउ हरि प्रभु लए मिलाइ ॥

ਤਿਨ੍ ਕੀ ਗਹਣ ਗਤਿ ਕਹੀ ਨ ਜਾਇ ॥ (364-9)
तिन्ह की गहण गति कही न जाइ ॥

ਪੂਰੈ ਸਤਿਗੁਰ ਦਿਤੀ ਵਡਿਆਈ ॥ (364-9)
पूरै सतिगुर दिती वडिआई ॥

ਊਤਮ ਪਦਵੀ ਹਰਿ ਨਾਮਿ ਸਮਾਈ ॥੨॥ (364-10)
ऊतम पदवी हरि नामि समाई ॥२॥

ਜੋ ਕਿਛੁ ਕਰੇ ਸੁ ਆਪੇ ਆਪਿ ॥ (364-10)
जो किछु करे सु आपे आपि ॥

ਏਕ ਘੜੀ ਮਹਿ ਥਾਪਿ ਉਥਾਪਿ ॥ (364-10)

एक घड़ी महि थापि उथापि ॥

ਕਹਿ ਕਹਿ ਕਹਣਾ ਆਖਿ ਸੁਣਾਏ ॥ (364-11)

कहि कहि कहणा आखि सुणाए ॥

ਜੇ ਸਉ ਘਾਲੇ ਥਾਇ ਨ ਪਾਏ ॥੩॥ (364-11)

जे सउ घाले थाइ न पाए ॥३॥

ਜਿਨ੍ਹ ਕੈ ਪੋਤੈ ਪੁੰਨੁ ਤਿਨ੍ਹਾ ਗੁਰੂ ਮਿਲਾਏ ॥ (364-11)

जिन्ह कै पोतै पुंनु तिन्हा गुरू मिलाए ॥

ਸਚੁ ਬਾਣੀ ਗੁਰੁ ਸਬਦੁ ਸੁਣਾਏ ॥ (364-12)

सचु बाणी गुरु सबदु सुणाए ॥

ਜਹਾਂ ਸਬਦੁ ਵਸੈ ਤਹਾਂ ਦੁਖੁ ਜਾਏ ॥ (364-12)

जहां सबदु वसै तहां दुखु जाए ॥

ਗਿਆਨਿ ਰਤਨਿ ਸਾਚੈ ਸਹਜਿ ਸਮਾਏ ॥੪॥ (364-12)

गिआनि रतनि साचै सहजि समाए ॥४॥

ਨਾਵੈ ਜੇਵਡੁ ਹੋਰੁ ਧਨੁ ਨਾਹੀ ਕੋਇ ॥ (364-13)

नावै जेवडु होरु धनु नाही कोइ ॥

ਜਿਸ ਨੋ ਬਖਸੇ ਸਾਚਾ ਸੋਇ ॥ (364-13)

जिस नो बखसे साचा सोइ ॥

ਪੂਰੈ ਸਬਦਿ ਮੰਨਿ ਵਸਾਏ ॥ (364-13)

पूरै सबदि मंनि वसाए ॥

ਨਾਨਕ ਨਾਮਿ ਰਤੇ ਸੁਖੁ ਪਾਏ ॥੫॥੧੧॥੫੦॥ (364-14)

नानक नामि रते सुखु पाए ॥५॥११॥५०॥

ਆਸਾ ਮਹਲਾ ੩ ॥ (364-14)

आसा महला ३ ॥

ਨਿਰਤਿ ਕਰੇ ਬਹੁ ਵਾਜੇ ਵਜਾਏ ॥ (364-14)
निरति करे बहु वाजे वजाए ॥

ਇਹੁ ਮਨੁ ਅੰਧਾ ਬੋਲਾ ਹੈ ਕਿਸੁ ਆਖਿ ਸੁਣਾਏ ॥ (364-15)
इहु मनु अंधा बोला है किसु आखि सुणाए ॥

ਅੰਤਰਿ ਲੋਭੁ ਭਰਮੁ ਅਨਲ ਵਾਉ ॥ (364-15)
अंतरि लोभु भरमु अनल वाउ ॥

ਦੀਵਾ ਬਲੈ ਨ ਸੋਝੀ ਪਾਇ ॥੧॥ (364-15)
दीवा बलै न सोझी पाइ ॥१॥

ਗੁਰਮੁਖਿ ਭਗਤਿ ਘਟਿ ਚਾਨਣੁ ਹੋਇ ॥ (364-16)
गुरमुखि भगति घटि चानणु होइ ॥

ਆਪੁ ਪਛਾਣਿ ਮਿਲੈ ਪ੍ਰਭੁ ਸੋਇ ॥੧॥ ਰਹਾਉ ॥ (364-16)
आपु पछाणि मिलै प्रभु सोइ ॥१॥ रहाउ ॥

ਗੁਰਮੁਖਿ ਨਿਰਤਿ ਹਰਿ ਲਾਗੈ ਭਾਉ ॥ (364-16)
गुरमुखि निरति हरि लागै भाउ ॥

ਪੂਰੇ ਤਾਲ ਵਿਚਹੁ ਆਪੁ ਗਵਾਇ ॥ (364-17)
पूरे ताल विचहु आपु गवाइ ॥

ਮੇਰਾ ਪ੍ਰਭੁ ਸਾਚਾ ਆਪੇ ਜਾਣੁ ॥ (364-17)
मेरा प्रभु साचा आपे जाणु ॥

ਗੁਰ ਕੈ ਸਬਦਿ ਅੰਤਰਿ ਬ੍ਰਹਮੁ ਪਛਾਣੁ ॥੨॥ (364-17)
गुर कै सबदि अंतरि ब्रहमु पछाणु ॥२॥

ਗੁਰਮੁਖਿ ਭਗਤਿ ਅੰਤਰਿ ਪ੍ਰੀਤਿ ਪਿਆਰੁ ॥ (364-18)
गुरमुखि भगति अंतरि प्रीति पिआरु ॥

ਗੁਰ ਕਾ ਸਬਦੁ ਸਹਜਿ ਵੀਚਾਰੁ ॥ (364-18)
गुर का सबदु सहजि वीचारु ॥

ਗੁਰਮੁਖਿ ਭਗਤਿ ਜੁਗਤਿ ਸਚੁ ਸੋਇ ॥ (364-19)
गुरमुखि भगति जुगति सचु सोइ ॥

ਪਾਖੰਡਿ ਭਗਤਿ ਨਿਰਤਿ ਦੁਖੁ ਹੋਇ ॥੩॥ (364-19)
पाखंडि भगति निरति दुखु होइ ॥३॥

ਏਹਾ ਭਗਤਿ ਜਨੁ ਜੀਵਤ ਮਰੈ ॥ (364-19)
एहा भगति जनु जीवत मरै ॥

ਗੁਰ ਪਰਸਾਦੀ ਭਵਜਲੁ ਤਰੈ ॥ (365-1)
गुर परसादी भवजलु तरै ॥

ਗੁਰ ਕੈ ਬਚਨਿ ਭਗਤਿ ਥਾਇ ਪਾਇ ॥ (365-1)
गुर कै बचनि भगति थाइ पाइ ॥

ਹਰਿ ਜੀਉ ਆਪਿ ਵਸੈ ਮਨਿ ਆਇ ॥੪॥ (365-1)
हरि जीउ आपि वसै मनि आइ ॥४॥

आगै दरगहि कामि न आवै छोडि चलै अभिमानी ॥१॥

ਕਾਹੇ ਏਕ ਬਿਨਾ ਚਿਤੁ ਲਾਈਐ ॥ (379-18)
काहे एक बिना चितु लाईऐ ॥

ਊਠਤ ਬੈਠਤ ਸੋਵਤ ਜਾਗਤ ਸਦਾ ਸਦਾ ਹਰਿ ਧਿਆਈਐ ॥੧॥ ਰਹਾਉ ॥ (379-18)
ऊठत बैठत सोवत जागत सदा सदा हरि धिआईऐ ॥१॥ रहाउ ॥

ਮਹਾ ਬਚਿਤ੍ਰ ਸੁੰਦਰ ਆਖਾੜੇ ਰਣ ਮਹਿ ਜਿਤੇ ਪਵਾੜੇ ॥ (379-19)
महा बचित्र सुंदर आखाड़े रण महि जिते पवाड़े ॥

ਹਉ ਮਾਰਉ ਹਉ ਬੰਧਉ ਛੋਡਉ ਮੁਖ ਤੇ ਏਵ ਬਬਾੜੇ ॥ (380-1)
हउ मारउ हउ बंधउ छोडउ मुख ते एव बबाड़े ॥

ਆਇਆ ਹੁਕਮੁ ਪਾਰਬ੍ਰਹਮ ਕਾ ਛੋਡਿ ਚਲਿਆ ਏਕ ਦਿਹਾੜੇ ॥੨॥ (380-1)
आइआ हुकमु पारब्रहम का छोडि चलिआ एक दिहाड़े ॥२॥

ਕਰਮ ਧਰਮ ਜੁਗਤਿ ਬਹੁ ਕਰਤਾ ਕਰਣੈਹਾਰੁ ਨ ਜਾਨੈ ॥ (380-2)
करम धरम जुगति बहु करता करणैहारु न जानै ॥

ਉਪਦੇਸੁ ਕਰੈ ਆਪਿ ਨ ਕਮਾਵੈ ਤਤੁ ਸਬਦੁ ਨ ਪਛਾਨੈ ॥ (380-2)
उपदेसु करै आपि न कमावै ततु सबदु न पछानै ॥

ਨਾਂਗਾ ਆਇਆ ਨਾਂਗੋ ਜਾਸੀ ਜਿਉ ਹਸਤੀ ਖਾਕੁ ਛਾਨੈ ॥੩॥ (380-3)
नांगा आइआ नांगो जासी जिउ हसती खाकु छानै ॥३॥

ਸੰਤ ਸਜਨ ਸੁਨਹੁ ਸਭਿ ਮੀਤਾ ਝੂਠਾ ਏਹੁ ਪਸਾਰਾ ॥ (380-3)
संत सजन सुनहु सभि मीता झूठा एहु पसारा ॥

ਮੇਰੀ ਮੇਰੀ ਕਰਿ ਕਰਿ ਡੂਬੇ ਖਪਿ ਖਪਿ ਮੁਏ ਗਵਾਰਾ ॥ (380-4)
मेरी मेरी करि करि डूबे खपि खपि मुए गवारा ॥

ਗੁਰ ਮਿਲਿ ਨਾਨਕ ਨਾਮੁ ਧਿਆਇਆ ਸਾਚਿ ਨਾਮਿ ਨਿਸਤਾਰਾ ॥੪॥੧॥੩੮॥ (380-4)
गुर मिलि नानक नामु धिआइआ साचि नामि निसतारा ॥४॥१॥३८॥

ਰਾਗੁ ਆਸਾ ਘਰੁ ੫ ਮਹਲਾ ੫ (380-6)
रागु आसा घरु ५ महला ५

ੴ ਸਤਿਗੁਰ ਪ੍ਰਸਾਦਿ ॥ (380-6)
ੴ सतिगुर प्रसादि ॥

ਭ੍ਰਮ ਮਹਿ ਸੋਈ ਸਗਲ ਜਗਤ ਧੰਧ ਅੰਧ ॥ (380-7)
भ्रम महि सोई सगल जगत धंध अंध ॥

ਕੋਊ ਜਾਗੈ ਹਰਿ ਜਨੁ ॥੧॥ (380-7)
कोऊ जागै हरि जनु ॥१॥

ਮਹਾ ਮੋਹਨੀ ਮਗਨ ਪ੍ਰਿਅ ਪ੍ਰੀਤਿ ਪ੍ਰਾਨ ॥ (380-7)
महा मोहनी मगन प्रिअ प्रीति प्रान ॥

ਕੋਊ ਤਿਆਗੈ ਵਿਰਲਾ ॥੨॥ (380-8)
कोऊ तिआगै विरला ॥२॥

ਚਰਨ ਕਮਲ ਆਨੂਪ ਹਰਿ ਸੰਤ ਮੰਤ ॥ (380-8)
चरन कमल आनूप हरि संत मंत ॥

ਕੋਊ ਲਾਗੈ ਸਾਧੂ ॥੩॥ (380-8)
कोऊ लागै साधू ॥३॥

ਨਾਨਕ ਸਾਧੂ ਸੰਗਿ ਜਾਗੇ ਗਿਆਨ ਰੰਗਿ ॥ (380-8)
नानक साधू संगि जागे गिआन रंगि ॥

ਵਡਭਾਗੇ ਕਿਰਪਾ ॥੪॥੧॥੩੯॥ (380-9)
वडभागे किरपा ॥४॥१॥३९॥

ੴ ਸਤਿਗੁਰ ਪ੍ਰਸਾਦਿ ॥ (380-10)
ੴ सतिगुर प्रसादि ॥

ਰਾਗੁ ਆਸਾ ਘਰੁ ੬ ਮਹਲਾ ੫ ॥ (380-11)
रागु आसा घरु ६ महला ५ ॥

ਜੋ ਤੁਧੁ ਭਾਵੈ ਸੋ ਪਰਵਾਨਾ ਸੂਖੁ ਸਹਜੁ ਮਨਿ ਸੋਈ ॥ (380-11)
जो तुधु भावै सो परवाना सूखु सहजु मनि सोई ॥

ਕਰਣ ਕਾਰਣ ਸਮਰਥ ਅਪਾਰਾ ਅਵਰੁ ਨਾਹੀ ਰੇ ਕੋਈ ॥੧॥ (380-11)
करण कारण समरथ अपारा अवरु नाही रे कोई ॥१॥

ਤੇਰੇ ਜਨ ਰਸਕਿ ਰਸਕਿ ਗੁਣ ਗਾਵਹਿ ॥ (380-12)
तेरे जन रसकि रसकि गुण गावहि ॥

ਮਸਲਤਿ ਮਤਾ ਸਿਆਣਪ ਜਨ ਕੀ ਜੋ ਤੂੰ ਕਰਹਿ ਕਰਾਵਹਿ ॥੧॥ ਰਹਾਉ ॥ (380-12)
मसलति मता सिआणप जन की जो तूं करहि करावहि ॥१॥ रहाउ ॥

ਅੰਮ੍ਰਿਤੁ ਨਾਮੁ ਤੁਮਾਰਾ ਪਿਆਰੇ ਸਾਧਸੰਗਿ ਰਸੁ ਪਾਇਆ ॥ (380-13)
अमृतु नामु तुमारा पिआरे साधसंगि रसु पाइआ ॥

ਤ੍ਰਿਪਤਿ ਅਘਾਇ ਸੇਈ ਜਨ ਪੂਰੇ ਸੁਖ ਨਿਧਾਨੁ ਹਰਿ ਗਾਇਆ ॥੨॥ (380-14)
त्रिपति अघाइ सेई जन पूरे सुख निधानु हरि गाइआ ॥२॥

ਜਾ ਕਉ ਟੇਕ ਤੁਮ੍ਾਰੀ ਸੁਆਮੀ ਤਾ ਕਉ ਨਾਹੀ ਚਿੰਤਾ ॥ (380-14)
जा कउ टेक तुम्हारी सुआमी ता कउ नाही चिंता ॥

ਜਾ ਕਉ ਦਇਆ ਤੁਮਾਰੀ ਹੋਈ ਸੇ ਸਾਹ ਭਲੇ ਭਗਵੰਤਾ ॥੩॥ (380-15)
जा कउ दइआ तुमारी होई से साह भले भगवंता ॥३॥

ਭਰਮ ਮੋਹ ਧ੍ਰੋਹ ਸਭਿ ਨਿਕਸੇ ਜਬ ਕਾ ਦਰਸਨੁ ਪਾਇਆ ॥ (380-15)
भरम मोह ध्रोह सभि निकसे जब का दरसनु पाइआ ॥

ਵਰਤਣਿ ਨਾਮੁ ਨਾਨਕ ਸਚੁ ਕੀਨਾ ਹਰਿ ਨਾਮੇ ਰੰਗਿ ਸਮਾਇਆ ॥੪॥੧॥੪੦॥ (380-16)
वरतणि नामु नानक सचु कीना हरि नामे रंगि समाइआ ॥४॥१॥४०॥

ਆਸਾ ਮਹਲਾ ੫ ॥ (380-17)
आसा महला ५ ॥

ਜਨਮ ਜਨਮ ਕੀ ਮਲੁ ਧੋਵੈ ਪਰਾਈ ਆਪਣਾ ਕੀਤਾ ਪਾਵੈ ॥ (380-17)
जनम जनम की मलु धोवै पराई आपणा कीता पावै ॥

ਈਹਾ ਸੁਖੁ ਨਹੀ ਦਰਗਹ ਢੋਈ ਜਮ ਪੁਰਿ ਜਾਇ ਪਚਾਵੈ ॥੧॥ (380-17)
ईहा सुखु नही दरगह ढोई जम पुरि जाइ पचावै ॥१॥

ਨਿੰਦਕਿ ਅਹਿਲਾ ਜਨਮੁ ਗਵਾਇਆ ॥ (380-18)
निंदकि अहिला जनमु गवाइआ ॥

ਪਹੁਚਿ ਨ ਸਾਕੈ ਕਾਹੂ ਬਾਤੈ ਆਗੈ ਠਉਰ ਨ ਪਾਇਆ ॥੧॥ ਰਹਾਉ ॥ (380-18)
पहुचि न साकै काहू बातै आगै ठउर न पाइआ ॥१॥ रहाउ ॥

ਕਿਰਤੁ ਪਇਆ ਨਿੰਦਕ ਬਪੁਰੇ ਕਾ ਕਿਆ ਓਹੁ ਕਰੈ ਬਿਚਾਰਾ ॥ (380-19)
किरतु पइआ निंदक बपुरे का किआ ओहु करै बिचारा ॥

ਤਹਾ ਬਿਗੂਤਾ ਜਹ ਕੋਇ ਨ ਰਾਖੈ ਓਹੁ ਕਿਸੁ ਪਹਿ ਕਰੇ ਪੁਕਾਰਾ ॥੨॥ (380-19)
तहा बिगूता जह कोइ न राखै ओहु किसु पहि करे पुकारा ॥२॥

ਨਿੰਦਕ ਕੀ ਗਤਿ ਕਤਹੂੰ ਨਾਹੀ ਖਸਮੈ ਏਵੈ ਭਾਣਾ ॥ (381-1)
निंदक की गति कतहूं नाही खसमै एवै भाणा ॥

ਜੋ ਜੋ ਨਿੰਦ ਕਰੇ ਸੰਤਨ ਕੀ ਤਿਉ ਸੰਤਨ ਸੁਖੁ ਮਾਨਾ ॥੩॥ (381-2)
जो जो निंद करे संतन की तिउ संतन सुखु माना ॥३॥

ਸੰਤਾ ਟੇਕ ਤੁਮਾਰੀ ਸੁਆਮੀ ਤੂੰ ਸੰਤਨ ਕਾ ਸਹਾਈ ॥ (381-2)
संता टेक तुमारी सुआमी तूं संतन का सहाई ॥

ਕਹੁ ਨਾਨਕ ਸੰਤ ਹਰਿ ਰਾਖੇ ਨਿੰਦਕ ਦੀਏ ਰੁੜਾਈ ॥੪॥੨॥੪੧॥ (381-3)
कहु नानक संत हरि राखे निंदक दीए रुड़ाई ॥४॥२॥४१॥

ਆਸਾ ਮਹਲਾ ੫ ॥ (381-3)
आसा महला ५ ॥

ਬਾਹਰੁ ਧੋਇ ਅੰਤਰੁ ਮਨੁ ਮੈਲਾ ਦੁਇ ਠਉਰ ਅਪੁਨੇ ਖੋਏ ॥ (381-3)
बाहरु धोइ अंतरु मनु मैला दुइ ठउर अपुने खोए ॥

ਈਹਾ ਕਾਮਿ ਕ੍ਰੋਧਿ ਮੋਹਿ ਵਿਆਪਿਆ ਆਗੈ ਮੁਸਿ ਮੁਸਿ ਰੋਏ ॥੧॥ (381-4)
ईहा कामि क्रोधि मोहि विआपिआ आगै मुसि मुसि रोए ॥१॥

ਗੋਵਿੰਦ ਭਜਨ ਕੀ ਮਤਿ ਹੈ ਹੋਰਾ ॥ (381-5)
गोविंद भजन की मति है होरा ॥

ਵਰਮੀ ਮਾਰੀ ਸਾਪੁ ਨ ਮਰਈ ਨਾਮੁ ਨ ਸੁਨਈ ਡੋਰਾ ॥੧॥ ਰਹਾਉ ॥ (381-5)
वरमी मारी सापु न मरई नामु न सुनई डोरा ॥१॥ रहाउ ॥

ਮਾਇਆ ਕੀ ਕਿਰਤਿ ਛੋਡਿ ਗਵਾਈ ਭਗਤੀ ਸਾਰ ਨ ਜਾਨੈ ॥ (381-5)
माइआ की किरति छोडि गवाई भगती सार न जानै ॥

ਬੇਦ ਸਾਸਤ੍ਰ ਕਉ ਤਰਕਨਿ ਲਾਗਾ ਤਤੁ ਜੋਗੁ ਨ ਪਛਾਨੈ ॥੨॥ (381-6)
बेद सासत्र कउ तरकनि लागा ततु जोगु न पछानै ॥२॥

ਉਘਰਿ ਗਇਆ ਜੈਸਾ ਖੋਟਾ ਢਬੂਆ ਨਦਰਿ ਸਰਾਫਾ ਆਇਆ ॥ (381-7)
उघरि गइआ जैसा खोटा ढबूआ नदरि सराफा आइआ ॥

ਅੰਤਰਜਾਮੀ ਸਭੁ ਕਿਛੁ ਜਾਨੈ ਉਸ ਤੇ ਕਹਾ ਛਪਾਇਆ ॥੩॥ (381-7)
अंतरजामी सभु किछु जानै उस ते कहा छपाइआ ॥३॥

ਕੂੜਿ ਕਪਟਿ ਬੰਚਿ ਨਿੰਮੁਨੀਆਦਾ ਬਿਨਸਿ ਗਇਆ ਤਤਕਾਲੇ ॥ (381-8)
कूड़ि कपटि बंचि निंमुनीआदा बिनसि गइआ ततकाले ॥

ਸਤਿ ਸਤਿ ਸਤਿ ਨਾਨਕਿ ਕਹਿਆ ਅਪਨੈ ਹਿਰਦੈ ਦੇਖੁ ਸਮਾਲੇ ॥੪॥੩॥੪੨॥ (381-8)
सति सति सति नानकि कहिआ अपनै हिरदै देखु समाले ॥४॥३॥४२॥

ਆਸਾ ਮਹਲਾ ੫ ॥ (381-9)
आसा महला ५ ॥

ਉਦਮੁ ਕਰਤ ਹੋਵੈ ਮਨੁ ਨਿਰਮਲੁ ਨਾਚੈ ਆਪੁ ਨਿਵਾਰੇ ॥ (381-9)
उदमु करत होवै मनु निरमलु नाचै आपु निवारे ॥

ਪੰਚ ਜਨਾ ਲੇ ਵਸਗਤਿ ਰਾਖੈ ਮਨ ਮਹਿ ਏਕੰਕਾਰੇ ॥੧॥ (381-10)
पंच जना ले वसगति राखै मन महि एकंकारे ॥१॥

ਤੇਰਾ ਜਨੁ ਨਿਰਤਿ ਕਰੇ ਗੁਨ ਗਾਵੈ ॥ (381-10)
तेरा जनु निरति करे गुन गावै ॥

ਰਬਾਬੁ ਪਖਾਵਜ ਤਾਲ ਘੁੰਘਰੂ ਅਨਹਦ ਸਬਦੁ ਵਜਾਵੈ ॥੧॥ ਰਹਾਉ ॥ (381-11)
रबाबु पखावज ताल घुंघरू अनहद सबदु वजावै ॥१॥ रहाउ ॥

ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥ (381-11)
प्रथमे मनु परबोधै अपना पाछै अवर रीझावै ॥

ਰਾਮ ਨਾਮ ਜਪੁ ਹਿਰਦੈ ਜਾਪੈ ਮੁਖ ਤੇ ਸਗਲ ਸੁਨਾਵੈ ॥੨॥ (381-12)
राम नाम जपु हिरदै जापै मुख ते सगल सुनावै ॥२॥

ਕਰ ਸੰਗਿ ਸਾਧੂ ਚਰਨ ਪਖਾਰੈ ਸੰਤ ਧੂਰਿ ਤਨਿ ਲਾਵੈ ॥ (381-12)
कर संगि साधू चरन पखारै संत धूरि तनि लावै ॥

ਮਨੁ ਤਨੁ ਅਰਪਿ ਧਰੇ ਗੁਰ ਆਗੈ ਸਤਿ ਪਦਾਰਥੁ ਪਾਵੈ ॥੩॥ (381-13)
मनु तनु अरपि धरे गुर आगै सति पदारथु पावै ॥३॥

ਜੋ ਜੋ ਸੁਨੈ ਪੇਖੈ ਲਾਇ ਸਰਧਾ ਤਾ ਕਾ ਜਨਮ ਮਰਨ ਦੁਖੁ ਭਾਗੈ ॥ (381-13)
जो जो सुनै पेखै लाइ सरधा ता का जनम मरन दुखु भागै ॥

ਐਸੀ ਨਿਰਤਿ ਨਰਕ ਨਿਵਾਰੈ ਨਾਨਕ ਗੁਰਮੁਖਿ ਜਾਗੈ ॥੪॥੪॥੪੩॥ (381-14)
ऐसी निरति नरक निवारै नानक गुरमुखि जागै ॥४॥४॥४३॥

ਆਸਾ ਮਹਲਾ ੫ ॥ (381-15)
आसा महला ५ ॥

ਅਧਮ ਚੰਡਾਲੀ ਭਈ ਬ੍ਰਹਮਣੀ ਸੂਦੀ ਤੇ ਸ੍ਰੇਸਟਾਈ ਰੇ ॥ (381-15)
अधम चंडाली भई ब्रहमणी सूदी ते स्रेसटाई रे ॥

ਪਾਤਾਲੀ ਆਕਾਸੀ ਸਖਨੀ ਲਹਬਰ ਬੂਝੀ ਖਾਈ ਰੇ ॥੧॥ (381-15)
पाताली आकासी सखनी लहबर बूझी खाई रे ॥१॥

ਘਰ ਕੀ ਬਿਲਾਈ ਅਵਰ ਸਿਖਾਈ ਮੂਸਾ ਦੇਖਿ ਡਰਾਈ ਰੇ ॥ (381-16)
घर की बिलाई अवर सिखाई मूसा देखि डराई रे ॥

ਅਜ ਕੈ ਵਸਿ ਗੁਰਿ ਕੀਨੋ ਕੇਹਰਿ ਕੂਕਰ ਤਿਨਹਿ ਲਗਾਈ ਰੇ ॥੧॥ ਰਹਾਉ ॥ (381-17)
अज कै वसि गुरि कीनो केहरि कूकर तिनहि लगाई रे ॥१॥ रहाउ ॥

ਬਾਝੁ ਥੂਨੀਆ ਛਪਰਾ ਥਾਮ੍ਹ੍ਹਿਆ ਨੀਘਰਿਆ ਘਰੁ ਪਾਇਆ ਰੇ ॥ (381-17)
बाझु थूनीआ छपरा थाम्हिआ नीघरिआ घरु पाइआ रे ॥

ਬਿਨੁ ਜੜੀਏ ਲੈ ਜੜਿਓ ਜੜਾਵਾ ਥੇਵਾ ਅਚਰਜੁ ਲਾਇਆ ਰੇ ॥੨॥ (381-18)
बिनु जड़ीए लै जड़िओ जड़ावा थेवा अचरजु लाइआ रे ॥२॥

ਦਾਦੀ ਦਾਦਿ ਨ ਪਹੁਚਨਹਾਰਾ ਚੂਪੀ ਨਿਰਨਉ ਪਾਇਆ ਰੇ ॥ (381-18)
दादी दादि न पहुचनहारा चूपी निरनउ पाइआ रे ॥

ਮਾਲਿ ਦੁਲੀਚੈ ਬੈਠੀ ਲੇ ਮਿਰਤਕੁ ਨੈਨ ਦਿਖਾਲਨੁ ਧਾਇਆ ਰੇ ॥੩॥ (381-19)
मालि दुलीचै बैठी ले मिरतकु नैन दिखालनु धाइआ रे ॥३॥

ਸੋਈ ਅਜਾਣੁ ਕਹੈ ਮੈ ਜਾਨਾ ਜਾਨਣਹਾਰੁ ਨ ਛਾਨਾ ਰੇ ॥ (382-1)
सोई अजाणु कहै मै जाना जानणहारु न छाना रे ॥

ਕਹੁ ਨਾਨਕ ਗੁਰਿ ਅਮਿਉ ਪੀਆਇਆ ਰਸਕਿ ਰਸਕਿ ਬਿਗਸਾਨਾ ਰੇ ॥੪॥੫॥੪੪॥ (382-1)
कहु नानक गुरि अमिउ पीआइआ रसकि रसकि बिगसाना रे ॥४॥५॥४४॥

ਆਸਾ ਮਹਲਾ ੫ ॥ (382-2)
आसा महला ५ ॥

ਬੰਧਨ ਕਾਟਿ ਬਿਸਾਰੇ ਅਉਗਨ ਅਪਨਾ ਬਿਰਦੁ ਸਮ੍ਹ੍ਹਾਰਿਆ ॥ (382-2)
बंधन काटि बिसारे अउगन अपना बिरदु सम्हारिआ ॥

ਹੋਏ ਕ੍ਰਿਪਾਲ ਮਾਤ ਪਿਤ ਨਿਆਈ ਬਾਰਿਕ ਜਿਉ ਪ੍ਰਤਿਪਾਰਿਆ ॥੧॥ (382-3)
होए क्रिपाल मात पित निआई बारिक जिउ प्रतिपारिआ ॥१॥

ਗੁਰਸਿਖ ਰਾਖੇ ਗੁਰ ਗੋਪਾਲਿ ॥ (382-3)
गुरसिख राखे गुर गोपालि ॥

ਕਾਢਿ ਲੀਏ ਮਹਾ ਭਵਜਲ ਤੇ ਅਪਨੀ ਨਦਰਿ ਨਿਹਾਲਿ ॥੧॥ ਰਹਾਉ ॥ (382-4)
काढि लीए महा भवजल ते अपनी नदरि निहालि ॥१॥ रहाउ ॥

ਜਾ ਕੈ ਸਿਮਰਣਿ ਜਮ ਤੇ ਛੁਟੀਐ ਹਲਤਿ ਪਲਤਿ ਸੁਖੁ ਪਾਈਐ ॥ (382-4)
जा कै सिमरणि जम ते छुटीऐ हलति पलति सुखु पाईऐ ॥

ਸਾਸਿ ਗਿਰਾਸਿ ਜਪਹੁ ਜਪੁ ਰਸਨਾ ਨੀਤ ਨੀਤ ਗੁਣ ਗਾਈਐ ॥੨॥ (382-5)
सासि गिरासि जपहु जपु रसना नीत नीत गुण गाईऐ ॥२॥

ਭਗਤਿ ਪ੍ਰੇਮ ਪਰਮ ਪਦੁ ਪਾਇਆ ਸਾਧਸੰਗਿ ਦੁਖ ਨਾਠੇ ॥ (382-6)
भगति प्रेम परम पदु पाइआ साधसंगि दुख नाठे ॥

ਛਿਜੈ ਨ ਜਾਇ ਕਿਛੁ ਭਉ ਨ ਬਿਆਪੇ ਹਰਿ ਧਨੁ ਨਿਰਮਲੁ ਗਾਠੇ ॥੩॥ (382-6)
छिजै न जाइ किछु भउ न बिआपे हरि धनु निरमलु गाठे ॥३॥

ਅੰਤਿ ਕਾਲ ਪ੍ਰਭ ਭਏ ਸਹਾਈ ਇਤ ਉਤ ਰਾਖਨਹਾਰੇ ॥ (382-7)
अंति काल प्रभ भए सहाई इत उत राखनहारे ॥

ਪ੍ਰਾਨ ਮੀਤ ਹੀਤ ਧਨੁ ਮੇਰੈ ਨਾਨਕ ਸਦ ਬਲਿਹਾਰੇ ॥੪॥੬॥੪੫॥ (382-7)
प्रान मीत हीत धनु मेरै नानक सद बलिहारे ॥४॥६॥४५॥

ਆਸਾ ਮਹਲਾ ੫ ॥ (382-8)
आसा महला ५ ॥

ਜਾ ਤੂੰ ਸਾਹਿਬੁ ਤਾ ਭਉ ਕੇਹਾ ਹਉ ਤੁਧੁ ਬਿਨੁ ਕਿਸੁ ਸਾਲਾਹੀ ॥ (382-8)
जा तूं साहिबु ता भउ केहा हउ तुधु बिनु किसु सालाही ॥

ਏਕੁ ਤੂੰ ਤਾ ਸਭੁ ਕਿਛੁ ਹੈ ਮੈ ਤੁਧੁ ਬਿਨੁ ਦੂਜਾ ਨਾਹੀ ॥੧॥ (382-9)
एकु तूं ता सभु किछु है मै तुधु बिनु दूजा नाही ॥१॥

ਬਾਬਾ ਬਿਖੁ ਦੇਖਿਆ ਸੰਸਾਰੁ ॥ (382-9)
बाबा बिखु देखिआ संसारु ॥

ਰਖਿਆ ਕਰਹੁ ਗੁਸਾਈ ਮੇਰੇ ਮੈ ਨਾਮੁ ਤੇਰਾ ਆਧਾਰੁ ॥੧॥ ਰਹਾਉ ॥ (382-9)
रखिआ करहु गुसाई मेरे मै नामु तेरा आधारु ॥१॥ रहाउ ॥

ਜਾਣਹਿ ਬਿਰਥਾ ਸਭਾ ਮਨ ਕੀ ਹੋਰੁ ਕਿਸੁ ਪਹਿ ਆਖਿ ਸੁਣਾਈਐ ॥ (382-10)
जाणहि बिरथा सभा मन की होरु किसु पहि आखि सुणाईऐ ॥

ਵਿਣੁ ਨਾਵੈ ਸਭੁ ਜਗੁ ਬਉਰਾਇਆ ਨਾਮੁ ਮਿਲੈ ਸੁਖੁ ਪਾਈਐ ॥੨॥ (382-11)
विणु नावै सभु जगु बउराइआ नामु मिलै सुखु पाईऐ ॥२॥

ਕਿਆ ਕਹੀਐ ਕਿਸੁ ਆਖਿ ਸੁਣਾਈਐ ਜਿ ਕਹਣਾ ਸੁ ਪ੍ਰਭ ਜੀ ਪਾਸਿ ॥ (382-11)
किआ कहीऐ किसु आखि सुणाईऐ जि कहणा सु प्रभ जी पासि ॥

ਸਭੁ ਕਿਛੁ ਕੀਤਾ ਤੇਰਾ ਵਰਤੈ ਸਦਾ ਸਦਾ ਤੇਰੀ ਆਸ ॥੩॥ (382-12)
सभु किछु कीता तेरा वरतै सदा सदा तेरी आस ॥३॥

ਜੇ ਦੇਹਿ ਵਡਿਆਈ ਤਾ ਤੇਰੀ ਵਡਿਆਈ ਇਤ ਉਤ ਤੁਝਹਿ ਧਿਆਉ ॥ (382-12)
जे देहि वडिआई ता तेरी वडिआई इत उत तुझहि धिआउ ॥

ਨਾਨਕ ਕੇ ਪ੍ਰਭ ਸਦਾ ਸੁਖਦਾਤੇ ਮੈ ਤਾਣੁ ਤੇਰਾ ਇਕੁ ਨਾਉ ॥੪॥੭॥੪੬॥ (382-13)
नानक के प्रभ सदा सुखदाते मै ताणु तेरा इकु नाउ ॥४॥७॥४६॥

ਆਸਾ ਮਹਲਾ ੫ ॥ (382-14)
आसा महला ५ ॥

ਅੰਮ੍ਰਿਤੁ ਨਾਮੁ ਤੁਮ੍ਹ੍ਹਾਰਾ ਠਾਕੁਰ ਏਹੁ ਮਹਾ ਰਸੁ ਜਨਹਿ ਪੀਓ ॥ (382-14)
अमृतु नामु तुम्हारा ठाकुर एहु महा रसु जनहि पीओ ॥

ਜਨਮ ਜਨਮ ਚੂਕੇ ਭੈ ਭਾਰੇ ਦੁਰਤੁ ਬਿਨਾਸਿਓ ਭਰਮੁ ਬੀਓ ॥੧॥ (382-15)
जनम जनम चूके भै भारे दुरतु बिनासिओ भरमु बीओ ॥१॥

ਦਰਸਨੁ ਪੇਖਤ ਮੈ ਜੀਓ ॥ (382-15)
दरसनु पेखत मै जीओ ॥

ਸੁਨਿ ਕਰਿ ਬਚਨ ਤੁਮ੍ਹ੍ਹਾਰੇ ਸਤਿਗੁਰ ਮਨੁ ਤਨੁ ਮੇਰਾ ਠਾਰੁ ਥੀਓ ॥੧॥ ਰਹਾਉ ॥ (382-15)
सुनि करि बचन तुम्हारे सतिगुर मनु तनु मेरा ठारु थीओ ॥१॥ रहाउ ॥

ਤੁਮ੍ਹ੍ਹਰੀ ਕ੍ਰਿਪਾ ਤੇ ਭਇਓ ਸਾਧਸੰਗੁ ਏਹੁ ਕਾਜੁ ਤੁਮ੍ਹ੍ਹ ਆਪਿ ਕੀਓ ॥ (382-16)
तुम्हरी क्रिपा ते भइओ साधसंगु एहु काजु तुम्ह आपि कीओ ॥

ਦਿੜੁ ਕਰਿ ਚਰਣ ਗਹੇ ਪ੍ਰਭ ਤੁਮ੍ਹ੍ਹਰੇ ਸਹਜੇ ਬਿਖਿਆ ਭਈ ਖੀਓ ॥੨॥ (382-17)
दिड़ु करि चरण गहे प्रभ तुम्हरे सहजे बिखिआ भई खीओ ॥२॥

ਸੁਖ ਨਿਧਾਨ ਨਾਮੁ ਪ੍ਰਭ ਤੁਮਰਾ ਏਹੁ ਅਬਿਨਾਸੀ ਮੰਤ੍ਰੁ ਲੀਓ ॥ (382-17)
सुख निधान नामु प्रभ तुमरा एहु अबिनासी मंत्रु लीओ ॥

ਕਰਿ ਕਿਰਪਾ ਮੋਹਿ ਸਤਿਗੁਰਿ ਦੀਨਾ ਤਾਪੁ ਸੰਤਾਪੁ ਮੇਰਾ ਬੈਰੁ ਗੀਓ ॥੩॥ (382-18)
करि किरपा मोहि सतिगुरि दीना तापु संतापु मेरा बैरु गीओ ॥३॥

ਧੰਨੁ ਸੁ ਮਾਣਸ ਦੇਹੀ ਪਾਈ ਜਿਤੁ ਪ੍ਰਭਿ ਅਪਨੈ ਮੇਲਿ ਲੀਓ ॥ (382-19)
धंनु सु माणस देही पाई जितु प्रभि अपनै मेलि लीओ ॥

ਧੰਨੁ ਸੁ ਕਲਿਜੁਗੁ ਸਾਧਸੰਗਿ ਕੀਰਤਨੁ ਗਾਈਐ ਨਾਨਕ ਨਾਮੁ ਅਧਾਰੁ ਹੀਓ ॥੪॥੮॥੪੭॥ (382-19)
धंनु सु कलिजुगु साधसंगि कीरतनु गाईऐ नानक नामु अधारु हीओ ॥४॥८॥४७॥

ਆਸਾ ਮਹਲਾ ੫ ॥ (383-1)
आसा महला ५ ॥

ਆਗੈ ਹੀ ਤੇ ਸਭੁ ਕਿਛੁ ਹੂਆ ਅਵਰੁ ਕਿ ਜਾਣੈ ਗਿਆਨਾ ॥ (383-1)
आगै ही ते सभु किछु हूआ अवरु कि जाणै गिआना ॥

ਭੂਲ ਚੂਕ ਅਪਨਾ ਬਾਰਿਕੁ ਬਖਸਿਆ ਪਾਰਬ੍ਰਹਮ ਭਗਵਾਨਾ ॥੧॥ (383-2)
भूल चूक अपना बारिकु बखसिआ पारब्रहम भगवाना ॥१॥

ਸਤਿਗੁਰੁ ਮੇਰਾ ਸਦਾ ਦਇਆਲਾ ਮੋਹਿ ਦੀਨ ਕਉ ਰਾਖਿ ਲੀਆ ॥ (383-2)
सतिगुरु मेरा सदा दइआला मोहि दीन कउ राखि लीआ ॥

ਕਾਟਿਆ ਰੋਗੁ ਮਹਾ ਸੁਖੁ ਪਾਇਆ ਹਰਿ ਅੰਮ੍ਰਿਤੁ ਮੁਖਿ ਨਾਮੁ ਦੀਆ ॥੧॥ ਰਹਾਉ ॥ (383-3)
काटिआ रोगु महा सुखु पाइआ हरि अमृतु मुखि नामु दीआ ॥१॥ रहाउ ॥

ਅਨਿਕ ਪਾਪ ਮੇਰੇ ਪਰਹਰਿਆ ਬੰਧਨ ਕਾਟੇ ਮੁਕਤ ਭਏ ॥ (383-4)
अनिक पाप मेरे परहरिआ बंधन काटे मुकत भए ॥

ਅੰਧ ਕੂਪ ਮਹਾ ਘੋਰ ਤੇ ਬਾਹ ਪਕਰਿ ਗੁਰਿ ਕਾਢਿ ਲੀਏ ॥੨॥ (383-4)
अंध कूप महा घोर ते बाह पकरि गुरि काढि लीए ॥२॥

ਨਿਰਭਉ ਭਏ ਸਗਲ ਭਉ ਮਿਟਿਆ ਰਾਖੇ ਰਾਖਨਹਾਰੇ ॥ (383-5)
निरभउ भए सगल भउ मिटिआ राखे राखनहारे ॥

ਐਸੀ ਦਾਤਿ ਤੇਰੀ ਪ੍ਰਭ ਮੇਰੇ ਕਾਰਜ ਸਗਲ ਸਵਾਰੇ ॥੩॥ (383-5)
ऐसी दाति तेरी प्रभ मेरे कारज सगल सवारे ॥३॥

ਗੁਣ ਨਿਧਾਨ ਸਾਹਿਬ ਮਨਿ ਮੇਲਾ ॥ (383-6)
गुण निधान साहिब मनि मेला ॥

ਸਰਣਿ ਪਇਆ ਨਾਨਕ ਸੋੁਹੇਲਾ ॥੪॥੯॥੪੮॥ (383-6)
सरणि पइआ नानक सोहेला ॥४॥९॥४८॥

ਆਸਾ ਮਹਲਾ ੫ ॥ (383-7)
आसा महला ५ ॥

ਤੂੰ ਵਿਸਰਹਿ ਤਾਂ ਸਭੁ ਕੋ ਲਾਗੂ ਚੀਤਿ ਆਵਹਿ ਤਾਂ ਸੇਵਾ ॥ (383-7)
तूं विसरहि तां सभु को लागू चीति आवहि तां सेवा ॥

ਅਵਰੁ ਨ ਕੋਊ ਦੂਜਾ ਸੂਝੈ ਸਾਚੇ ਅਲਖ ਅਭੇਵਾ ॥੧॥ (383-7)
अवरु न कोऊ दूजा सूझै साचे अलख अभेवा ॥१॥

ਚੀਤਿ ਆਵੈ ਤਾਂ ਸਦਾ ਦਇਆਲਾ ਲੋਗਨ ਕਿਆ ਵੇਚਾਰੇ ॥ (383-8)
चीति आवै तां सदा दइआला लोगन किआ वेचारे ॥

ਬੁਰਾ ਭਲਾ ਕਹੁ ਕਿਸ ਨੋ ਕਹੀਐ ਸਗਲੇ ਜੀਅ ਤੁਮ੍ਹ੍ਹਾਰੇ ॥੧॥ ਰਹਾਉ ॥ (383-8)
बुरा भला कहु किस नो कहीऐ सगले जीअ तुम्हारे ॥१॥ रहाउ ॥

ਤੇਰੀ ਟੇਕ ਤੇਰਾ ਆਧਾਰਾ ਹਾਥ ਦੇਇ ਤੂੰ ਰਾਖਹਿ ॥ (383-9)
तेरी टेक तेरा आधारा हाथ देइ तूं राखहि ॥

ਜਿਸੁ ਜਨ ਊਪਰਿ ਤੇਰੀ ਕਿਰਪਾ ਤਿਸ ਕਉ ਬਿਪੁ ਨ ਕੋਊ ਭਾਖੈ ॥੨॥ (383-9)
जिसु जन ऊपरि तेरी किरपा तिस कउ बिपु न कोऊ भाखै ॥२॥

ਓਹੋ ਸੁਖੁ ਓਹਾ ਵਡਿਆਈ ਜੋ ਪ੍ਰਭ ਜੀ ਮਨਿ ਭਾਣੀ ॥ (383-10)
ओहो सुखु ओहा वडिआई जो प्रभ जी मनि भाणी ॥

ਤੂੰ ਦਾਨਾ ਤੂੰ ਸਦ ਮਿਹਰਵਾਨਾ ਨਾਮੁ ਮਿਲੈ ਰੰਗੁ ਮਾਣੀ ॥੩॥ (383-11)
तूं दाना तूं सद मिहरवाना नामु मिलै रंगु माणी ॥३॥

ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ ॥ (383-11)
तुधु आगै अरदासि हमारी जीउ पिंडु सभु तेरा ॥

ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ ॥੪॥੧੦॥੪੯॥ (383-12)
कहु नानक सभ तेरी वडिआई कोई नाउ न जाणै मेरा ॥४॥१०॥४९॥

ਆਸਾ ਮਹਲਾ ੫ ॥ (383-12)
आसा महला ५ ॥

ਕਰਿ ਕਿਰਪਾ ਪ੍ਰਭ ਅੰਤਰਜਾਮੀ ਸਾਧਸੰਗਿ ਹਰਿ ਪਾਈਐ ॥ (383-12)
करि किरपा प्रभ अंतरजामी साधसंगि हरि पाईऐ ॥

ਖੋਲਿ ਕਿਵਾਰ ਦਿਖਾਲੇ ਦਰਸਨੁ ਪੁਨਰਪਿ ਜਨਮਿ ਨ ਆਈਐ ॥੧॥ (383-13)
खोलि किवार दिखाले दरसनु पुनरपि जनमि न आईऐ ॥१॥

ਮਿਲਉ ਪਰੀਤਮ ਸੁਆਮੀ ਅਪੁਨੇ ਸਗਲੇ ਦੂਖ ਹਰਉ ਰੇ ॥ (383-14)
मिलउ परीतम सुआमी अपुने सगले दूख हरउ रे ॥

ਪਾਰਬ੍ਰਹਮੁ ਜਿਨ੍ਹਿ ਰਿਦੈ ਅਰਾਧਿਆ ਤਾ ਕੈ ਸੰਗਿ ਤਰਉ ਰੇ ॥੧॥ ਰਹਾਉ ॥ (383-14)
पारब्रहमु जिन्हि रिदै अराधिआ ता कै संगि तरउ रे ॥१॥ रहाउ ॥

ਮਹਾ ਉਦਿਆਨ ਪਾਵਕ ਸਾਗਰ ਭਏ ਹਰਖ ਸੋਗ ਮਹਿ ਬਸਨਾ ॥ (383-15)
महा उदिआन पावक सागर भए हरख सोग महि बसना ॥

ਸਤਿਗੁਰੁ ਭੇਟਿ ਭਇਆ ਮਨੁ ਨਿਰਮਲੁ ਜਪਿ ਅੰਮ੍ਰਿਤੁ ਹਰਿ ਰਸਨਾ ॥੨॥ (383-16)
सतिगुरु भेटि भइआ मनु निरमलु जपि अमृतु हरि रसना ॥२॥

ਤਨੁ ਧਨੁ ਥਾਪਿ ਕੀਓ ਸਭੁ ਅਪਨਾ ਕੋਮਲ ਬੰਧਨ ਬਾਂਧਿਆ ॥ (383-16)
तनु धनु थापि कीओ सभु अपना कोमल बंधन बांधिआ ॥

ਗੁਰ ਪਰਸਾਦਿ ਭਏ ਜਨ ਮੁਕਤੇ ਹਰਿ ਹਰਿ ਨਾਮੁ ਅਰਾਧਿਆ ॥੩॥ (383-17)
गुर परसादि भए जन मुकते हरि हरि नामु अराधिआ ॥३॥

ਰਾਖਿ ਲੀਏ ਪ੍ਰਭਿ ਰਾਖਨਹਾਰੈ ਜੋ ਪ੍ਰਭ ਅਪੁਨੇ ਭਾਣੇ ॥ (383-17)
राखि लीए प्रभि राखनहारै जो प्रभ अपुने भाणे ॥

ਜੀਉ ਪਿੰਡੁ ਸਭੁ ਤੁਮ੍ਹਰਾ ਦਾਤੇ ਨਾਨਕ ਸਦ ਕੁਰਬਾਣੇ ॥੪॥੧੧॥੫੦॥ (383-18)
जीउ पिंडु सभु तुम्हरा दाते नानक सद कुरबाणे ॥४॥११॥५०॥

ਆਸਾ ਮਹਲਾ ੫ ॥ (383-19)
आसा महला ५ ॥

ਮੋਹ ਮਲਨ ਨੀਦ ਤੇ ਛੁਟਕੀ ਕਉਨੁ ਅਨੁਗ੍ਰਹੁ ਭਇਓ ਰੀ ॥ (383-19)
मोह मलन नीद ते छुटकी कउनु अनुग्रहु भइओ री ॥

ਮਹਾ ਮੋਹਨੀ ਤੁਧੁ ਨ ਵਿਆਪੈ ਤੇਰਾ ਆਲਸੁ ਕਹਾ ਗਇਓ ਰੀ ॥੧॥ ਰਹਾਉ ॥ (383-19)
महा मोहनी तुधु न विआपै तेरा आलसु कहा गइओ री ॥१॥ रहाउ ॥

ਕਾਮੁ ਕ੍ਰੋਧੁ ਅਹੰਕਾਰੁ ਗਾਖਰੋ ਸੰਜਮਿ ਕਉਨ ਛੁਟਿਓ ਰੀ ॥ (384-1)
कामु क्रोधु अहंकारु गाखरो संजमि कउन छुटिओ री ॥

ਸੁਰਿ ਨਰ ਦੇਵ ਅਸੁਰ ਤ੍ਰੈ ਗੁਨੀਆ ਸਗਲੋ ਭਵਨੁ ਲੁਟਿਓ ਰੀ ॥੧॥ (384-2)
सुरि नर देव असुर त्रै गुनीआ सगलो भवनु लुटिओ री ॥१॥

ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ ॥ (384-2)
दावा अगनि बहुतु त्रिण जाले कोई हरिआ बूटु रहिओ री ॥

ਐਸੋ ਸਮਰਥੁ ਵਰਨਿ ਨ ਸਾਕਉ ਤਾ ਕੀ ਉਪਮਾ ਜਾਤ ਨ ਕਹਿਓ ਰੀ ॥੨॥ (384-3)
ऐसो समरथु वरनि न साकउ ता की उपमा जात न कहिओ री ॥२॥

ਕਾਜਰ ਕੋਠ ਮਹਿ ਭਈ ਨ ਕਾਰੀ ਨਿਰਮਲ ਬਰਨੁ ਬਨਿਓ ਰੀ ॥ (384-4)
काजर कोठ महि भई न कारी निरमल बरनु बनिओ री ॥

ਮਹਾ ਮੰਤ੍ਰੁ ਗੁਰ ਹਿਰਦੈ ਬਸਿਓ ਅਚਰਜ ਨਾਮੁ ਸੁਨਿਓ ਰੀ ॥੩॥ (384-4)
महा मंत्रु गुर हिरदै बसिओ अचरज नामु सुनिओ री ॥३॥

ਕਰਿ ਕਿਰਪਾ ਪ੍ਰਭ ਨਦਰਿ ਅਵਲੋਕਨ ਅਪੁਨੈ ਚਰਣਿ ਲਗਾਈ ॥ (384-5)
करि किरपा प्रभ नदरि अवलोकन अपुनै चरणि लगाई ॥

ਪ੍ਰੇਮ ਭਗਤਿ ਨਾਨਕ ਸੁਖੁ ਪਾਇਆ ਸਾਧੂ ਸੰਗਿ ਸਮਾਈ ॥੪॥੧੨॥੫੧॥ (384-5)
प्रेम भगति नानक सुखु पाइआ साधू संगि समाई ॥४॥१२॥५१॥

ੴ ਸਤਿਗੁਰ ਪ੍ਰਸਾਦਿ ॥ (384-7)
ੴ सतिगुर प्रसादि ॥

ਰਾਗੁ ਆਸਾ ਘਰੁ ੭ ਮਹਲਾ ੫ ॥ (384-7)
रागु आसा घरु ७ महला ५ ॥

ਲਾਲੁ ਚੋਲਨਾ ਤੈ ਤਨਿ ਸੋਹਿਆ ॥ (384-7)
लालु चोलना तै तनि सोहिआ ॥

ਸੁਰਿਜਨ ਭਾਨੀ ਤਾਂ ਮਨੁ ਮੋਹਿਆ ॥੧॥ (384-7)
सुरिजन भानी तां मनु मोहिआ ॥१॥

ਕਵਨ ਬਨੀ ਰੀ ਤੇਰੀ ਲਾਲੀ ॥ (384-8)
कवन बनी री तेरी लाली ॥

ਕਵਨ ਰੰਗਿ ਤੂੰ ਭਈ ਗੁਲਾਲੀ ॥੧॥ ਰਹਾਉ ॥ (384-8)
कवन रंगि तूं भई गुलाली ॥१॥ रहाउ ॥

ਤੁਮ ਹੀ ਸੁੰਦਰਿ ਤੁਮਹਿ ਸੁਹਾਗੁ ॥ (384-8)
तुम ही सुंदरि तुमहि सुहागु ॥

ਤੁਮ ਘਰਿ ਲਾਲਨੁ ਤੁਮ ਘਰਿ ਭਾਗੁ ॥੨॥ (384-9)
तुम घरि लालनु तुम घरि भागु ॥२॥

ਤੂੰ ਸਤਵੰਤੀ ਤੂੰ ਪਰਧਾਨਿ ॥ (384-9)
तूं सतवंती तूं परधानि ॥

ਤੂੰ ਪ੍ਰੀਤਮ ਭਾਨੀ ਤੁਹੀ ਸੁਰ ਗਿਆਨਿ ॥੩॥ (384-9)
तूं प्रीतम भानी तुही सुर गिआनि ॥३॥

ਪ੍ਰੀਤਮ ਭਾਨੀ ਤਾਂ ਰੰਗਿ ਗੁਲਾਲ ॥ (384-10)
प्रीतम भानी तां रंगि गुलाल ॥

ਕਹੁ ਨਾਨਕ ਸੁਭ ਦ੍ਰਿਸਟਿ ਨਿਹਾਲ ॥੪॥ (384-10)
कहु नानक सुभ द्रिसटि निहाल ॥४॥

ਸੁਨਿ ਰੀ ਸਖੀ ਇਹ ਹਮਰੀ ਘਾਲ ॥ (384-10)
सुनि री सखी इह हमरी घाल ॥

ਪ੍ਰਭ ਆਪਿ ਸੀਗਾਰਿ ਸਵਾਰਨਹਾਰ ॥੧॥ ਰਹਾਉ ਦੂਜਾ ॥੧॥੫੨॥ (384-11)
प्रभ आपि सीगारि सवारनहार ॥१॥ रहाउ दूजा ॥१॥५२॥

ਆਸਾ ਮਹਲਾ ੫ ॥ (384-11)
आसा महला ५ ॥

ਦੂਖੁ ਘਨੋ ਜਬ ਹੋਤੇ ਦੂਰਿ ॥ (384-12)
दूखु घनो जब होते दूरि ॥

ਅਬ ਮਸਲਤਿ ਮੋਹਿ ਮਿਲੀ ਹਦੂਰਿ ॥੧॥ (384-12)
अब मसलति मोहि मिली हदूरि ॥१॥

ਚੁਕਾ ਨਿਹੋਰਾ ਸਖੀ ਸਹੇਰੀ ॥ (384-12)
चुका निहोरा सखी सहेरी ॥

ਭਰਮੁ ਗਇਆ ਗੁਰਿ ਪਿਰ ਸੰਗਿ ਮੇਰੀ ॥੧॥ ਰਹਾਉ ॥ (384-13)
भरमु गइआ गुरि पिर संगि मेरी ॥१॥ रहाउ ॥

ਨਿਕਟਿ ਆਨਿ ਪ੍ਰਿਅ ਸੇਜ ਧਰੀ ॥ (384-13)
निकटि आनि प्रिअ सेज धरी ॥

ਕਾਣਿ ਕਢਨ ਤੇ ਛੂਟਿ ਪਰੀ ॥੨॥ (384-13)
काणि कढन ते छूटि परी ॥२॥

ਮੰਦਰਿ ਮੇਰੈ ਸਬਦਿ ਉਜਾਰਾ ॥ (384-14)
मंदरि मेरै सबदि उजारा ॥

ਅਨਦ ਬਿਨੋਦੀ ਖਸਮੁ ਹਮਾਰਾ ॥੩॥ (384-14)
अनद बिनोदी खसमु हमारा ॥३॥

ਮਸਤਕਿ ਭਾਗੁ ਮੈ ਪਿਰੁ ਘਰਿ ਆਇਆ ॥ (384-14)
मसतकि भागु मै पिरु घरि आइआ ॥

ਥਿਰੁ ਸੋਹਾਗੁ ਨਾਨਕ ਜਨ ਪਾਇਆ ॥੪॥੨॥੫੩॥ (384-15)
थिरु सोहागु नानक जन पाइआ ॥४॥२॥५३॥

ਆਸਾ ਮਹਲਾ ੫ ॥ (384-15)
आसा महला ५ ॥

ਸਾਚਿ ਨਾਮਿ ਮੇਰਾ ਮਨੁ ਲਾਗਾ ॥ (384-15)
साचि नामि मेरा मनु लागा ॥

ਲੋਗਨ ਸਿਉ ਮੇਰਾ ਠਾਠਾ ਬਾਗਾ ॥੧॥ (384-16)
लोगन सिउ मेरा ठाठा बागा ॥१॥

ਬਾਹਰਿ ਸੂਤੁ ਸਗਲ ਸਿਉ ਮਉਲਾ ॥ (384-16)
बाहरि सूतु सगल सिउ मउला ॥

ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ ॥੧॥ ਰਹਾਉ ॥ (384-16)
अलिपतु रहउ जैसे जल महि कउला ॥१॥ रहाउ ॥

ਮੁਖ ਕੀ ਬਾਤ ਸਗਲ ਸਿਉ ਕਰਤਾ ॥ (384-17)
मुख की बात सगल सिउ करता ॥

ਜੀਅ ਸੰਗਿ ਪ੍ਰਭੁ ਅਪੁਨਾ ਧਰਤਾ ॥੨॥ (384-17)
जीअ संगि प्रभु अपुना धरता ॥२॥

ਦੀਸਿ ਆਵਤ ਹੈ ਬਹੁਤੁ ਭੀਹਾਲਾ ॥ (384-17)
दीसि आवत है बहुतु भीहाला ॥

ਸਗਲ ਚਰਨ ਕੀ ਇਹੁ ਮਨੁ ਰਾਲਾ ॥੩॥ (384-18)
सगल चरन की इहु मनु राला ॥३॥

ਨਾਨਕ ਜਨਿ ਗੁਰੁ ਪੂਰਾ ਪਾਇਆ ॥ (384-18)
नानक जनि गुरु पूरा पाइआ ॥

ਅੰਤਰਿ ਬਾਹਰਿ ਏਕੁ ਦਿਖਾਇਆ ॥੪॥੩॥੫੪॥ (385-1)
अंतरि बाहरि एकु दिखाइआ ॥४॥३॥५४॥

ਆਸਾ ਮਹਲਾ ੫ ॥ (385-1)
आसा महला ५ ॥

ਪਾਵਤੁ ਰਲੀਆ ਜੋਬਨਿ ਬਲੀਆ ॥ (385-1)
पावतु रलीआ जोबनि बलीआ ॥

ਨਾਮ ਬਿਨਾ ਮਾਟੀ ਸੰਗਿ ਰਲੀਆ ॥੧॥ (385-1)
नाम बिना माटी संगि रलीआ ॥१॥

ਕਾਨ ਕੁੰਡਲੀਆ ਬਸਤ੍ਰ ਓਢਲੀਆ ॥ (385-2)
कान कुंडलीआ बसत्र ओढलीआ ॥

ਸੇਜ ਸੁਖਲੀਆ ਮਨਿ ਗਰਬਲੀਆ ॥੧॥ ਰਹਾਉ ॥ (385-2)
सेज सुखलीआ मनि गरबलीआ ॥१॥ रहाउ ॥

ਤਲੈ ਕੁੰਚਰੀਆ ਸਿਰਿ ਕਨਿਕ ਛਤਰੀਆ ॥ (385-3)
तलै कुंचरीआ सिरि कनिक छतरीआ ॥

ਹਰਿ ਭਗਤਿ ਬਿਨਾ ਲੇ ਧਰਨਿ ਗਡਲੀਆ ॥੨॥ (385-3)
हरि भगति बिना ले धरनि गडलीआ ॥२॥

ਰੂਪ ਸੁੰਦਰੀਆ ਅਨਿਕ ਇਸਤਰੀਆ ॥ (385-4)
रूप सुंदरीआ अनिक इसतरीआ ॥

ਹਰਿ ਰਸ ਬਿਨੁ ਸਭਿ ਸੁਆਦ ਫਿਕਰੀਆ ॥੩॥ (385-4)
हरि रस बिनु सभि सुआद फिकरीआ ॥३॥

ਮਾਇਆ ਛਲੀਆ ਬਿਕਾਰ ਬਿਖਲੀਆ ॥ (385-4)
माइआ छलीआ बिकार बिखलीआ ॥

ਸਰਣਿ ਨਾਨਕ ਪ੍ਰਭ ਪੁਰਖ ਦਇਅਲੀਆ ॥੪॥੪॥੫੫॥ (385-5)
सरणि नानक प्रभ पुरख दइअलीआ ॥४॥४॥५५॥

ਆਸਾ ਮਹਲਾ ੫ ॥ (385-5)
आसा महला ५ ॥

ਏਕੁ ਬਗੀਚਾ ਪੇਡ ਘਨ ਕਰਿਆ ॥ (385-5)
एकु बगीचा पेड घन करिआ ॥

ਅੰਮ੍ਰਿਤ ਨਾਮੁ ਤਹਾ ਮਹਿ ਫਲਿਆ ॥੧॥ (385-6)
अमृत नामु तहा महि फलिआ ॥१॥

ਐਸਾ ਕਰਹੁ ਬੀਚਾਰੁ ਗਿਆਨੀ ॥ (385-6)
ऐसा करहु बीचारु गिआनी ॥

ਜਾ ਤੇ ਪਾਈਐ ਪਦੁ ਨਿਰਬਾਨੀ ॥ (385-6)
जा ते पाईऐ पदु निरबानी ॥

ਆਸਿ ਪਾਸਿ ਬਿਖੂਆ ਕੇ ਕੁੰਟਾ ਬੀਚਿ ਅੰਮ੍ਰਿਤੁ ਹੈ ਭਾਈ ਰੇ ॥੧॥ ਰਹਾਉ ॥ (385-7)
आसि पासि बिखूआ के कुंटा बीचि अमृतु है भाई रे ॥१॥ रहाउ ॥

ਸਿੰਚਨਹਾਰੇ ਏਕੈ ਮਾਲੀ ॥ (385-8)
सिंचनहारे एकै माली ॥

ਖਬਰਿ ਕਰਤੁ ਹੈ ਪਾਤ ਪਤ ਡਾਲੀ ॥੨॥ (385-8)
खबरि करतु है पात पत डाली ॥२॥

ਸਗਲ ਬਨਸਪਤਿ ਆਣਿ ਜੜਾਈ ॥ (385-8)
सगल बनसपति आणि जड़ाई ॥

ਸਗਲੀ ਫੂਲੀ ਨਿਫਲ ਨ ਕਾਈ ॥੩॥ (385-8)
सगली फूली निफल न काई ॥३॥

ਅੰਮ੍ਰਿਤ ਫਲੁ ਨਾਮੁ ਜਿਨਿ ਗੁਰ ਤੇ ਪਾਇਆ ॥ (385-9)
अमृत फलु नामु जिनि गुर ते पाइआ ॥

ਨਾਨਕ ਦਾਸ ਤਰੀ ਤਿਨਿ ਮਾਇਆ ॥੪॥੫॥੫੬॥ (385-9)
नानक दास तरी तिनि माइआ ॥४॥५॥५६॥

ਆਸਾ ਮਹਲਾ ੫ ॥ (385-10)
आसा महला ५ ॥

ਰਾਜ ਲੀਲਾ ਤੇਰੈ ਨਾਮਿ ਬਨਾਈ ॥ (385-10)
राज लीला तेरै नामि बनाई ॥

ਜੋਗੁ ਬਨਿਆ ਤੇਰਾ ਕੀਰਤਨੁ ਗਾਈ ॥੧॥ (385-10)
जोगु बनिआ तेरा कीरतनु गाई ॥१॥

ਸਰਬ ਸੁਖਾ ਬਨੇ ਤੇਰੈ ਓਲ੍ਹੈ ॥ (385-11)
सरब सुखा बने तेरै ओल्है ॥

ਭ੍ਰਮ ਕੇ ਪਰਦੇ ਸਤਿਗੁਰ ਖੋਲ੍ਹੇ ॥੧॥ ਰਹਾਉ ॥ (385-11)
भ्रम के परदे सतिगुर खोल्हे ॥१॥ रहाउ ॥

ਹੁਕਮੁ ਬੂਝਿ ਰੰਗ ਰਸ ਮਾਣੇ ॥ (385-11)
हुकमु बूझि रंग रस माणे ॥

ਸਤਿਗੁਰ ਸੇਵਾ ਮਹਾ ਨਿਰਬਾਣੇ ॥੨॥ (385-12)
सतिगुर सेवा महा निरबाणे ॥२॥

ਜਿਨਿ ਤੂੰ ਜਾਤਾ ਸੋ ਗਿਰਸਤ ਉਦਾਸੀ ਪਰਵਾਣੁ ॥ (385-12)
जिनि तूं जाता सो गिरसत उदासी परवाणु ॥

ਨਾਮਿ ਰਤਾ ਸੋਈ ਨਿਰਬਾਣੁ ॥੩॥ (385-12)
नामि रता सोई निरबाणु ॥३॥

ਜਾ ਕਉ ਮਿਲਿਓ ਨਾਮੁ ਨਿਧਾਨਾ ॥ (385-13)
जा कउ मिलिओ नामु निधाना ॥

ਭਨਤਿ ਨਾਨਕ ਤਾ ਕਾ ਪੂਰ ਖਜਾਨਾ ॥੪॥੬॥੫੭॥ (385-13)
भनति नानक ता का पूर खजाना ॥४॥६॥५७॥

ਆਸਾ ਮਹਲਾ ੫ ॥ (385-13)
आसा महला ५ ॥

ਤੀਰਥਿ ਜਾਉ ਤ ਹਉ ਹਉ ਕਰਤੇ ॥ (385-14)
तीरथि जाउ त हउ हउ करते ॥

ਪੰਡਿਤ ਪੂਛਉ ਤ ਮਾਇਆ ਰਾਤੇ ॥੧॥ (385-14)
पंडित पूछउ त माइआ राते ॥१॥

ਸੋ ਅਸਥਾਨੁ ਬਤਾਵਹੁ ਮੀਤਾ ॥ (385-14)
सो असथानु बतावहु मीता ॥

ਜਾ ਕੈ ਹਰਿ ਹਰਿ ਕੀਰਤਨੁ ਨੀਤਾ ॥੧॥ ਰਹਾਉ ॥ (385-15)
जा कै हरि हरि कीरतनु नीता ॥१॥ रहाउ ॥

ਸਾਸਤ੍ਰ ਬੇਦ ਪਾਪ ਪੁੰਨ ਵੀਚਾਰ ॥ (385-15)
सासत्र बेद पाप पुंन वीचार ॥

ਨਰਕਿ ਸੁਰਗਿ ਫਿਰਿ ਫਿਰਿ ਅਉਤਾਰ ॥੨॥ (385-15)
नरकि सुरगि फिरि फिरि अउतार ॥२॥

ਗਿਰਸਤ ਮਹਿ ਚਿੰਤ ਉਦਾਸ ਅਹੰਕਾਰ ॥ (385-16)
गिरसत महि चिंत उदास अहंकार ॥

ਕਰਮ ਕਰਤ ਜੀਅ ਕਉ ਜੰਜਾਰ ॥੩॥ (385-16)
करम करत जीअ कउ जंजार ॥३॥

ਪ੍ਰਭ ਕਿਰਪਾ ਤੇ ਮਨੁ ਵਸਿ ਆਇਆ ॥ (385-17)
प्रभ किरपा ते मनु वसि आइआ ॥

ਨਾਨਕ ਗੁਰਮੁਖਿ ਤਰੀ ਤਿਨਿ ਮਾਇਆ ॥੪॥ (385-17)
नानक गुरमुखि तरी तिनि माइआ ॥४॥

ਸਾਧਸੰਗਿ ਹਰਿ ਕੀਰਤਨੁ ਗਾਈਐ ॥ (385-17)
साधसंगि हरि कीरतनु गाईऐ ॥

ਇਹੁ ਅਸਥਾਨੁ ਗੁਰੂ ਤੇ ਪਾਈਐ ॥੧॥ ਰਹਾਉ ਦੂਜਾ ॥੭॥੫੮॥ (385-18)
इहु असथानु गुरू ते पाईऐ ॥१॥ रहाउ दूजा ॥७॥५८॥

ਆਸਾ ਮਹਲਾ ੫ ॥ (385-18)
आसा महला ५ ॥

ਘਰ ਮਹਿ ਸੂਖ ਬਾਹਰਿ ਫੁਨਿ ਸੂਖਾ ॥ (385-18)
घर महि सूख बाहरि फुनि सूखा ॥

ਹਰਿ ਸਿਮਰਤ ਸਗਲ ਬਿਨਾਸੇ ਦੂਖਾ ॥੧॥ (385-19)
हरि सिमरत सगल बिनासे दूखा ॥१॥

ਸਗਲ ਸੂਖ ਜਾਂ ਤੂੰ ਚਿਤਿ ਆਂਵੈਂ ॥ (385-19)
सगल सूख जां तूं चिति आंवैं ॥

ਸੋ ਨਾਮੁ ਜਪੈ ਜੋ ਜਨੁ ਤੁਧੁ ਭਾਵੈ ॥੧॥ ਰਹਾਉ ॥ (386-1)
सो नामु जपै जो जनु तुधु भावै ॥१॥ रहाउ ॥

ਤਨੁ ਮਨੁ ਸੀਤਲੁ ਜਪਿ ਨਾਮੁ ਤੇਰਾ ॥ (386-1)
तनु मनु सीतलु जपि नामु तेरा ॥

ਹਰਿ ਹਰਿ ਜਪਤ ਢਹੈ ਦੁਖ ਡੇਰਾ ॥੨॥ (386-1)
हरि हरि जपत ढहै दुख डेरा ॥२॥

ਹੁਕਮੁ ਬੂਝੈ ਸੋਈ ਪਰਵਾਨੁ ॥ (386-2)
हुकमु बूझै सोई परवानु ॥

ਸਾਚੁ ਸਬਦੁ ਜਾ ਕਾ ਨੀਸਾਨੁ ॥੩॥ (386-2)
साचु सबदु जा का नीसानु ॥३॥

ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ॥ (386-2)
गुरि पूरै हरि नामु द्रिड़ाइआ ॥

ਭਨਤਿ ਨਾਨਕੁ ਮੇਰੈ ਮਨਿ ਸੁਖੁ ਪਾਇਆ ॥੪॥੮॥੫੯॥ (386-3)
भनति नानकु मेरै मनि सुखु पाइआ ॥४॥८॥५९॥

ਆਸਾ ਮਹਲਾ ੫ ॥ (386-3)
आसा महला ५ ॥

ਜਹਾ ਪਠਾਵਹੁ ਤਹ ਤਹ ਜਾਈ ॥ (386-3)

जहा पठावहु तह तह जाई? ॥

ਜੋ ਤੁਮ ਦੇਹੁ ਸੋਈ ਸੁਖੁ ਪਾਈ ॥੧॥ (386-4)

जो तुम देहु सोई सुखु पाई? ॥१॥

ਸਦਾ ਚੇਰੇ ਗੋਵਿੰਦ ਗੋਸਾਈ ॥ (386-4)

सदा चेरे गोविंद गोसाई ॥

ਤੁਮ੍ਰੀ ਕ੍ਰਿਪਾ ਤੇ ਤ੍ਰਿਪਤਿ ਅਘਾਈ ॥੧॥ ਰਹਾਉ ॥ (386-4)

तुम्हरी क्रिपा ते त्रिपति अघाई? ॥१॥ रहाउ ॥

ਤੁਮਰਾ ਦੀਆ ਪੈਨ੍ਹਉ ਖਾਈ ॥ (386-5)

तुमरा दीआ पैन्हउ खाई? ॥

ਤਉ ਪ੍ਰਸਾਦਿ ਪ੍ਰਭ ਸੁਖੀ ਵਲਾਈ ॥੨॥ (386-5)

तउ प्रसादि प्रभ सुखी वलाई? ॥२॥

ਮਨ ਤਨ ਅੰਤਰਿ ਤੁਝੈ ਧਿਆਈ ॥ (386-5)

मन तन अंतरि तुझै धिआई? ॥

ਤੁਮ੍ਰੈ ਲਵੈ ਨ ਕੋਊ ਲਾਈ ॥੩॥ (386-6)

तुम्हरै लवै न कोऊ लाई? ॥३॥

ਕਹੁ ਨਾਨਕ ਨਿਤ ਇਵੈ ਧਿਆਈ ॥ (386-6)

कहु नानक नित इवै धिआई? ॥

ਗਤਿ ਹੋਵੈ ਸੰਤਹ ਲਗਿ ਪਾਈ ॥੪॥੯॥੬੦॥ (386-6)

गति होवै संतह लगि पाई? ॥४॥९॥६०॥

ਆਸਾ ਮਹਲਾ ੫ ॥ (386-7)

आसा महला ५ ॥

ਊਠਤ ਬੈਠਤ ਸੋਵਤ ਧਿਆਈਐ ॥ (386-7)

ऊठत बैठत सोवत धिआईऐ ॥

ਮਾਰਗਿ ਚਲਤ ਹਰੇ ਹਰਿ ਗਾਈਐ ॥੧॥ (386-7)
मारगि चलत हरे हरि गाईऐ ॥१॥

ਸ੍ਰਵਨ ਸੁਨੀਜੈ ਅੰਮ੍ਰਿਤ ਕਥਾ ॥ (386-8)
स्रवन सुनीजै अमृत कथा ॥

ਜਾਸੁ ਸੁਨੀ ਮਨਿ ਹੋਇ ਅਨੰਦਾ ਦੂਖ ਰੋਗ ਮਨ ਸਗਲੇ ਲਥਾ ॥੧॥ ਰਹਾਉ ॥ (386-8)
जासु सुनी मनि होइ अनंदा दूख रोग मन सगले लथा ॥१॥ रहाउ ॥

ਕਾਰਜਿ ਕਾਮਿ ਬਾਟ ਘਾਟ ਜਪੀਜੈ ॥ (386-9)
कारजि कामि बाट घाट जपीजै ॥

ਗੁਰ ਪ੍ਰਸਾਦਿ ਹਰਿ ਅੰਮ੍ਰਿਤੁ ਪੀਜੈ ॥੨॥ (386-9)
गुर प्रसादि हरि अमृतु पीजै ॥२॥

ਦਿਨਸੁ ਰੈਨਿ ਹਰਿ ਕੀਰਤਨੁ ਗਾਈਐ ॥ (386-9)
दिनसु रैनि हरि कीरतनु गाईऐ ॥

ਸੋ ਜਨੁ ਜਮ ਕੀ ਵਾਟ ਨ ਪਾਈਐ ॥੩॥ (386-10)
सो जनु जम की वाट न पाईऐ ॥३॥

ਆਠ ਪਹਰ ਜਿਸੁ ਵਿਸਰਹਿ ਨਾਹੀ ॥ (386-10)
आठ पहर जिसु विसरहि नाही ॥

ਗਤਿ ਹੋਵੈ ਨਾਨਕ ਤਿਸੁ ਲਗਿ ਪਾਈ ॥੪॥੧੦॥੬੧॥ (386-11)
गति होवै नानक तिसु लगि पाई ॥४॥१०॥६१॥

ਆਸਾ ਮਹਲਾ ੫ ॥ (386-11)
आसा महला ५ ॥

ਜਾ ਕੈ ਸਿਮਰਨਿ ਸੂਖ ਨਿਵਾਸੁ ॥ (386-11)
जा कै सिमरनि सूख निवासु ॥

ਭਈ ਕਲਿਆਣ ਦੁਖ ਹੋਵਤ ਨਾਸੁ ॥੧॥ (386-12)
भई कलिआण दुख होवत नासु ॥१॥

ਅਨਦੁ ਕਰਹੁ ਪ੍ਰਭ ਕੇ ਗੁਨ ਗਾਵਹੁ ॥ (386-12)
अनदु करहु प्रभ के गुन गावहु ॥

ਸਤਿਗੁਰੁ ਅਪਨਾ ਸਦ ਸਦਾ ਮਨਾਵਹੁ ॥੧॥ ਰਹਾਉ ॥ (386-12)
सतिगुरु अपना सद सदा मनावहु ॥१॥ रहाउ ॥

ਸਤਿਗੁਰ ਕਾ ਸਚੁ ਸਬਦੁ ਕਮਾਵਹੁ ॥ (386-13)
सतिगुर का सचु सबदु कमावहु ॥

ਥਿਰੁ ਘਰਿ ਬੈਠੇ ਪ੍ਰਭੁ ਅਪਨਾ ਪਾਵਹੁ ॥੨॥ (386-13)
थिरु घरि बैठे प्रभु अपना पावहु ॥२॥

ਪਰ ਕਾ ਬੁਰਾ ਨ ਰਾਖਹੁ ਚੀਤ ॥ (386-14)
पर का बुरा न राखहु चीत ॥

ਤੁਮ ਕਉ ਦੁਖੁ ਨਹੀ ਭਾਈ ਮੀਤ ॥੩॥ (386-14)
तुम कउ दुखु नही भाई मीत ॥३॥

ਹਰਿ ਹਰਿ ਤੰਤੁ ਮੰਤੁ ਗੁਰਿ ਦੀਨ੍ਹਾ ॥ (386-14)
हरि हरि तंतु मंतु गुरि दीन्हा ॥

ਇਹੁ ਸੁਖੁ ਨਾਨਕ ਅਨਦਿਨੁ ਚੀਨ੍ਹਾ ॥੪॥੧੧॥੬੨॥ (386-14)
इहु सुखु नानक अनदिनु चीन्हा ॥४॥११॥६२॥

ਆਸਾ ਮਹਲਾ ੫ ॥ (386-15)
आसा महला ५ ॥

ਜਿਸੁ ਨੀਚ ਕਉ ਕੋਈ ਨ ਜਾਨੈ ॥ (386-15)
जिसु नीच कउ कोई न जानै ॥

ਨਾਮੁ ਜਪਤ ਉਹੁ ਚਹੁ ਕੁੰਟ ਮਾਨੈ ॥੧॥ (386-15)
नामु जपत उहु चहु कुंट मानै ॥१॥

ਦਰਸਨੁ ਮਾਗਉ ਦੇਹਿ ਪਿਆਰੇ ॥ (386-16)
दरसनु मागउ देहि पिआरे ॥

ਤੁਮਰੀ ਸੇਵਾ ਕਉਨ ਕਉਨ ਨ ਤਾਰੇ ॥੧॥ ਰਹਾਉ ॥ (386-16)
तुमरी सेवा कउन कउन न तारे ॥१॥ रहाउ ॥

ਜਾ ਕੈ ਨਿਕਟਿ ਨ ਆਵੈ ਕੋਈ ॥ (386-17)
जा कै निकटि न आवै कोई ॥

ਸਗਲ ਸ੍ਰਿਸਟਿ ਉਆ ਕੇ ਚਰਨ ਮਲਿ ਧੋਈ ॥੨॥ (386-17)
सगल स्रिसटि उआ के चरन मलि धोई ॥२॥

ਜੋ ਪ੍ਰਾਨੀ ਕਾਹੂ ਨ ਆਵਤ ਕਾਮ ॥ (386-17)
जो प्रानी काहू न आवत काम ॥

ਸੰਤ ਪ੍ਰਸਾਦਿ ਤਾ ਕੋ ਜਪੀਐ ਨਾਮ ॥੩॥ (386-18)
संत प्रसादि ता को जपीऐ नाम ॥३॥

ਸਾਧਸੰਗਿ ਮਨ ਸੋਵਤ ਜਾਗੇ ॥ (386-18)
साधसंगि मन सोवत जागे ॥

ਤਬ ਪ੍ਰਭ ਨਾਨਕ ਮੀਠੇ ਲਾਗੇ ॥੪॥੧੨॥੬੩॥ (386-18)
तब प्रभ नानक मीठे लागे ॥४॥१२॥६३॥

ਆਸਾ ਮਹਲਾ ੫ ॥ (386-19)
आसा महला ५ ॥

ਏਕੋ ਏਕੀ ਨੈਨ ਨਿਹਾਰਉ ॥ (386-19)
एको एकी नैन निहारउ ॥

ਸਦਾ ਸਦਾ ਹਰਿ ਨਾਮੁ ਸਮ੍ਹ੍ਹਾਰਉ ॥੧॥ (386-19)
सदा सदा हरि नामु सम्हारउ ॥१॥

ਰਾਮ ਰਾਮਾ ਰਾਮਾ ਗੁਨ ਗਾਵਉ ॥ (387-1)
राम रामा रामा गुन गावउ ॥

ਸੰਤ ਪ੍ਰਤਾਪਿ ਸਾਧ ਕੈ ਸੰਗੇ ਹਰਿ ਹਰਿ ਨਾਮੁ ਧਿਆਵਉ ਰੇ ॥੧॥ ਰਹਾਉ ॥ (387-1)
संत प्रतापि साध कै संगे हरि हरि नामु धिआवउ रे ॥१॥ रहाउ ॥

ਸਗਲ ਸਮਗ੍ਰੀ ਜਾ ਕੈ ਸੂਤਿ ਪਰੋਈ ॥ (387-2)
सगल समग्री जा कै सूति परोई ॥

ਘਟ ਘਟ ਅੰਤਰਿ ਰਵਿਆ ਸੋਈ ॥੨॥ (387-2)
घट घट अंतरि रविआ सोई ॥२॥

ਓਪਤਿ ਪਰਲਉ ਖਿਨ ਮਹਿ ਕਰਤਾ ॥ (387-2)
ओपति परलउ खिन महि करता ॥

ਆਪਿ ਅਲੇਪਾ ਨਿਰਗੁਨੁ ਰਹਤਾ ॥੩॥ (387-3)
आपि अलेपा निरगुनु रहता ॥३॥

ਕਰਨ ਕਰਾਵਨ ਅੰਤਰਜਾਮੀ ॥ (387-3)
करन करावन अंतरजामी ॥

ਅਨੰਦ ਕਰੈ ਨਾਨਕ ਕਾ ਸੁਆਮੀ ॥੪॥੧੩॥੬੪॥ (387-3)
अनंद करै नानक का सुआमी ॥४॥१३॥६४॥

ਆਸਾ ਮਹਲਾ ੫ ॥ (387-4)
आसा महला ५ ॥

ਕੋਟਿ ਜਨਮ ਕੇ ਰਹੇ ਭਵਾਰੇ ॥ (387-4)
कोटि जनम के रहे भवारे ॥

ਦੁਲਭ ਦੇਹ ਜੀਤੀ ਨਹੀ ਹਾਰੇ ॥੧॥ (387-4)
दुलभ देह जीती नही हारे ॥१॥

ਕਿਲਬਿਖ ਬਿਨਾਸੇ ਦੁਖ ਦਰਦ ਦੂਰਿ ॥ (387-5)
किलबिख बिनासे दुख दरद दूरि ॥

ਭਏ ਪੁਨੀਤ ਸੰਤਨ ਕੀ ਧੂਰਿ ॥੧॥ ਰਹਾਉ ॥ (387-5)
भए पुनीत संतन की धूरि ॥१॥ रहाउ ॥

ਪ੍ਰਭ ਕੇ ਸੰਤ ਉਧਾਰਨ ਜੋਗ ॥ (387-6)
प्रभ के संत उधारन जोग ॥

ਤਿਸੁ ਭੇਟੇ ਜਿਸੁ ਧੁਰਿ ਸੰਜੋਗ ॥੨॥ (387-6)
तिसु भेटे जिसु धुरि संजोग ॥२॥

ਮਨਿ ਆਨੰਦੁ ਮੰਤ੍ਰੁ ਗੁਰਿ ਦੀਆ ॥ (387-6)
मनि आनंदु मंत्रु गुरि दीआ ॥

ਤ੍ਰਿਸਨ ਬੁਝੀ ਮਨੁ ਨਿਹਚਲੁ ਥੀਆ ॥੩॥ (387-6)
त्रिसन बुझी मनु निहचलु थीआ ॥३॥

ਨਾਮੁ ਪਦਾਰਥੁ ਨਉ ਨਿਧਿ ਸਿਧਿ ॥ (387-7)
नामु पदारथु नउ निधि सिधि ॥

ਨਾਨਕ ਗੁਰ ਤੇ ਪਾਈ ਬੁਧਿ ॥੪॥੧੪॥੬੫॥ (387-7)
नानक गुर ते पाई बुधि ॥४॥१४॥६५॥

ਆਸਾ ਮਹਲਾ ੫ ॥ (387-8)
आसा महला ५ ॥

ਮਿਟੀ ਤਿਆਸ ਅਗਿਆਨ ਅੰਧੇਰੇ ॥ (387-8)
मिटी तिआस अगिआन अंधेरे ॥

ਸਾਧ ਸੇਵਾ ਅਘ ਕਟੇ ਘਨੇਰੇ ॥੧॥ (387-8)
साध सेवा अघ कटे घनेरे ॥१॥

ਸੂਖ ਸਹਜ ਆਨੰਦੁ ਘਨਾ ॥ (387-8)
सूख सहज आनंदु घना ॥

ਗੁਰ ਸੇਵਾ ਤੇ ਭਏ ਮਨ ਨਿਰਮਲ ਹਰਿ ਹਰਿ ਹਰਿ ਹਰਿ ਨਾਮੁ ਸੁਨਾ ॥੧॥ ਰਹਾਉ ॥ (387-9)
गुर सेवा ते भए मन निरमल हरि हरि हरि हरि नामु सुना ॥१॥ रहाउ ॥

ਬਿਨਸਿਓ ਮਨ ਕਾ ਮੂਰਖੁ ਢੀਠਾ ॥ (387-10)
बिनसिओ मन का मूरखु ढीठा ॥

ਪ੍ਰਭ ਕਾ ਭਾਣਾ ਲਾਗਾ ਮੀਠਾ ॥੨॥ (387-10)
प्रभ का भाणा लागा मीठा ॥२॥

ਗੁਰ ਪੂਰੇ ਕੇ ਚਰਣ ਗਹੇ ॥ (387-10)
गुर पूरे के चरण गहे ॥

ਕੋਟਿ ਜਨਮ ਕੇ ਪਾਪ ਲਹੇ ॥੩॥ (387-10)
कोटि जनम के पाप लहे ॥३॥

ਰਤਨ ਜਨਮੁ ਇਹੁ ਸਫਲ ਭਇਆ ॥ (387-11)
रतन जनमु इहु सफल भइआ ॥

ਕਹੁ ਨਾਨਕ ਪ੍ਰਭ ਕਰੀ ਮਇਆ ॥੪॥੧੫॥੬੬॥ (387-11)
कहु नानक प्रभ करी मइआ ॥४॥१५॥६६॥

ਆਸਾ ਮਹਲਾ ੫ ॥ (387-12)
आसा महला ५ ॥

ਸਤਿਗੁਰੁ ਅਪਨਾ ਸਦ ਸਦਾ ਸਮ੍ਹਾਰੇ ॥ (387-12)
सतिगुरु अपना सद सदा सम्हारे ॥

ਗੁਰ ਕੇ ਚਰਨ ਕੇਸ ਸੰਗਿ ਝਾਰੇ ॥੧॥ (387-12)
गुर के चरन केस संगि झारे ॥१॥

ਜਾਗੁ ਰੇ ਮਨ ਜਾਗਨਹਾਰੇ ॥ (387-12)
जागु रे मन जागनहारे ॥

ਬਿਨੁ ਹਰਿ ਅਵਰੁ ਨ ਆਵਸਿ ਕਾਮਾ ਝੂਠਾ ਮੋਹੁ ਮਿਥਿਆ ਪਸਾਰੇ ॥੧॥ ਰਹਾਉ ॥ (387-13)
बिनु हरि अवरु न आवसि कामा झूठा मोहु मिथिआ पसारे ॥१॥ रहाउ ॥

ਗੁਰ ਕੀ ਬਾਣੀ ਸਿਉ ਰੰਗੁ ਲਾਇ ॥ (387-13)
गुर की बाणी सिउ रंगु लाइ ॥

ਗੁਰੁ ਕਿਰਪਾਲੁ ਹੋਇ ਦੁਖੁ ਜਾਇ ॥੨॥ (387-14)
गुरु किरपालु होइ दुखु जाइ ॥२॥

ਗੁਰ ਬਿਨੁ ਦੂਜਾ ਨਾਹੀ ਥਾਉ ॥ (387-14)
गुर बिनु दूजा नाही थाउ ॥

ਗੁਰੁ ਦਾਤਾ ਗੁਰੁ ਦੇਵੈ ਨਾਉ ॥੩॥ (387-14)
गुरु दाता गुरु देवै नाउ ॥३॥

ਗੁਰੁ ਪਾਰਬ੍ਰਹਮੁ ਪਰਮੇਸਰੁ ਆਪਿ ॥ (387-15)
गुरु पारब्रहमु परमेसरु आपि ॥

ਆਠ ਪਹਰ ਨਾਨਕ ਗੁਰ ਜਾਪਿ ॥੪॥੧੬॥੬੭॥ (387-15)
आठ पहर नानक गुर जापि ॥४॥१६॥६७॥

ਆਸਾ ਮਹਲਾ ੫ ॥ (387-16)
आसा महला ५ ॥

ਆਪੇ ਪੇਡੁ ਬਿਸਥਾਰੀ ਸਾਖ ॥ (387-16)
आपे पेडु बिसथारी साख ॥

ਅਪਨੀ ਖੇਤੀ ਆਪੇ ਰਾਖ ॥੧॥ (387-16)
अपनी खेती आपे राख ॥१॥

ਜਤ ਕਤ ਪੇਖਉ ਏਕੈ ਓਹੀ ॥ (387-16)
जत कत पेखउ एकै ओही ॥

ਘਟ ਘਟ ਅੰਤਰਿ ਆਪੇ ਸੋਈ ॥੧॥ ਰਹਾਉ ॥ (387-17)
घट घट अंतरि आपे सोई ॥१॥ रहाउ ॥

ਆਪੇ ਸੂਰੁ ਕਿਰਣਿ ਬਿਸਥਾਰੁ ॥ (387-17)
आपे सूरु किरणि बिसथारु ॥

ਸੋਈ ਗੁਪਤੁ ਸੋਈ ਆਕਾਰੁ ॥੨॥ (387-17)
सोई गुपतु सोई आकारु ॥२॥

ਸਰਗੁਣ ਨਿਰਗੁਣ ਥਾਪੈ ਨਾਉ ॥ (387-18)
सरगुण निरगुण थापै नाउ ॥

ਦੁਹ ਮਿਲਿ ਏਕੈ ਕੀਨੋ ਠਾਉ ॥੩॥ (387-18)
दुह मिलि एकै कीनो ठाउ ॥३॥

ਕਹੁ ਨਾਨਕ ਗੁਰਿ ਭ੍ਰਮੁ ਭਉ ਖੋਇਆ ॥ (387-18)
कहु नानक गुरि भ्रमु भउ खोइआ ॥

ਅਨਦ ਰੂਪੁ ਸਭੁ ਨੈਨ ਅਲੋਇਆ ॥੪॥੧੭॥੬੮॥ (387-19)
अनद रूपु सभु नैन अलोइआ ॥४॥१७॥६८॥

ਆਸਾ ਮਹਲਾ ੫ ॥ (387-19)
आसा महला ५ ॥

ਉਕਤਿ ਸਿਆਨਪ ਕਿਛੂ ਨ ਜਾਨਾ ॥ (387-19)
उकति सिआनप किछू न जाना ॥

ਦਿਨੁ ਰੈਣਿ ਤੇਰਾ ਨਾਮੁ ਵਖਾਨਾ ॥੧॥ (388-1)
दिनु रैणि तेरा नामु वखाना ॥१॥

ਮੈ ਨਿਰਗੁਨ ਗੁਣੁ ਨਾਹੀ ਕੋਇ ॥ (388-1)
मै निरगुन गुणु नाही कोइ ॥

ਕਰਨ ਕਰਾਵਨਹਾਰ ਪ੍ਰਭ ਸੋਇ ॥੧॥ ਰਹਾਉ ॥ (388-1)
करन करावनहार प्रभ सोइ ॥१॥ रहाउ ॥

ਮੂਰਖ ਮੁਗਧ ਅਗਿਆਨ ਅਵੀਚਾਰੀ ॥ (388-2)
मूरख मुगध अगिआन अवीचारी ॥

ਨਾਮ ਤੇਰੇ ਕੀ ਆਸ ਮਨਿ ਧਾਰੀ ॥੨॥ (388-2)
नाम तेरे की आस मनि धारी ॥२॥

ਜਪੁ ਤਪੁ ਸੰਜਮੁ ਕਰਮ ਨ ਸਾਧਾ ॥ (388-2)
जपु तपु संजमु करम न साधा ॥

ਨਾਮੁ ਪ੍ਰਭੂ ਕਾ ਮਨਹਿ ਅਰਾਧਾ ॥੩॥ (388-3)
नामु प्रभू का मनहि अराधा ॥३॥

ਕਿਛੂ ਨ ਜਾਨਾ ਮਤਿ ਮੇਰੀ ਥੋਰੀ ॥ (388-3)
किछू न जाना मति मेरी थोरी ॥

ਬਿਨਵਤਿ ਨਾਨਕ ਓਟ ਪ੍ਰਭ ਤੋਰੀ ॥੪॥੧੮॥੬੯॥ (388-3)
बिनवति नानक ओट प्रभ तोरी ॥४॥१८॥६९॥

ਆਸਾ ਮਹਲਾ ੫ ॥ (388-4)
आसा महला ५ ॥

ਹਰਿ ਹਰਿ ਅਖਰ ਦੁਇ ਇਹ ਮਾਲਾ ॥ (388-4)
हरि हरि अखर दुइ इह माला ॥

ਜਪਤ ਜਪਤ ਭਏ ਦੀਨ ਦਇਆਲਾ ॥੧॥ (388-4)
जपत जपत भए दीन दइआला ॥१॥

ਕਰਉ ਬੇਨਤੀ ਸਤਿਗੁਰ ਅਪੁਨੀ ॥ (388-5)
करउ बेनती सतिगुर अपुनी ॥

ਕਰਿ ਕਿਰਪਾ ਰਾਖਹੁ ਸਰਣਾਈ ਮੋ ਕਉ ਦੇਹੁ ਹਰੇ ਹਰਿ ਜਪਨੀ ॥੧॥ ਰਹਾਉ ॥ (388-5)
करि किरपा राखहु सरणाई मो कउ देहु हरे हरि जपनी ॥१॥ रहाउ ॥

ਹਰਿ ਮਾਲਾ ਉਰ ਅੰਤਰਿ ਧਾਰੈ ॥ (388-6)
हरि माला उर अंतरि धारै ॥

ਜਨਮ ਮਰਣ ਕਾ ਦੂਖੁ ਨਿਵਾਰੈ ॥੨॥ (388-6)
जनम मरण का दूखु निवारै ॥२॥

ਹਿਰਦੈ ਸਮਾਲੈ ਮੁਖਿ ਹਰਿ ਹਰਿ ਬੋਲੈ ॥ (388-6)
हिरदै समालै मुखि हरि हरि बोलै ॥

ਸੋ ਜਨੁ ਇਤ ਉਤ ਕਤਹਿ ਨ ਡੋਲੈ ॥੩॥ (388-7)
सो जनु इत उत कतहि न डोलै ॥३॥

ਕਹੁ ਨਾਨਕ ਜੋ ਰਾਚੈ ਨਾਇ ॥ (388-7)
कहु नानक जो राचै नाइ ॥

ਹਰਿ ਮਾਲਾ ਤਾ ਕੈ ਸੰਗਿ ਜਾਇ ॥੪॥੧੯॥੭੦॥ (388-7)
हरि माला ता कै संगि जाइ ॥४॥१९॥७०॥

ਆਸਾ ਮਹਲਾ ੫ ॥ (388-8)
आसा महला ५ ॥

ਜਿਸ ਕਾ ਸਭੁ ਕਿਛੁ ਤਿਸ ਕਾ ਹੋਇ ॥ (388-8)
जिस का सभु किछु तिस का होइ ॥

ਤਿਸੁ ਜਨ ਲੇਪੁ ਨ ਬਿਆਪੈ ਕੋਇ ॥੧॥ (388-8)
तिसु जन लेपु न बिआपै कोइ ॥१॥

ਹਰਿ ਕਾ ਸੇਵਕੁ ਸਦ ਹੀ ਮੁਕਤਾ ॥ (388-9)
हरि का सेवकु सद ही मुकता ॥

ਜੋ ਕਿਛੁ ਕਰੈ ਸੋਈ ਭਲ ਜਨ ਕੈ ਅਤਿ ਨਿਰਮਲ ਦਾਸ ਕੀ ਜੁਗਤਾ ॥੧॥ ਰਹਾਉ ॥ (388-9)
जो किछु करै सोई भल जन कै अति निरमल दास की जुगता ॥१॥ रहाउ ॥

ਸਗਲ ਤਿਆਗਿ ਹਰਿ ਸਰਣੀ ਆਇਆ ॥ (388-10)
सगल तिआगि हरि सरणी आइआ ॥

ਤਿਸੁ ਜਨ ਕਹਾ ਬਿਆਪੈ ਮਾਇਆ ॥੨॥ (388-10)
तिसु जन कहा बिआपै माइआ ॥२॥

ਨਾਮੁ ਨਿਧਾਨੁ ਜਾ ਕੇ ਮਨ ਮਾਹਿ ॥ (388-11)
नामु निधानु जा के मन माहि ॥

ਤਿਸ ਕਉ ਚਿੰਤਾ ਸੁਪਨੈ ਨਾਹਿ ॥੩॥ (388-11)
तिस कउ चिंता सुपनै नाहि ॥३॥

ਕਹੁ ਨਾਨਕ ਗੁਰੁ ਪੂਰਾ ਪਾਇਆ ॥ (388-11)
कहु नानक गुरु पूरा पाइआ ॥

ਭਰਮੁ ਮੋਹੁ ਸਗਲ ਬਿਨਸਾਇਆ ॥੪॥੨੦॥੭੧॥ (388-12)
भरमु मोहु सगल बिनसाइआ ॥४॥२०॥७१॥

ਆਸਾ ਮਹਲਾ ੫ ॥ (388-12)
आसा महला ५ ॥

ਜਉ ਸੁਪ੍ਰਸੰਨ ਹੋਇਓ ਪ੍ਰਭੁ ਮੇਰਾ ॥ (388-12)
जउ सुप्रसंन होइओ प्रभु मेरा ॥

ਤਾਂ ਦੂਖੁ ਭਰਮੁ ਕਹੁ ਕੈਸੇ ਨੇਰਾ ॥੧॥ (388-13)
तां दूखु भरमु कहु कैसे नेरा ॥१॥

ਸੁਨਿ ਸੁਨਿ ਜੀਵਾ ਸੋਇ ਤੁਮ੍ਹ੍ਹਾਰੀ ॥ (388-13)
सुनि सुनि जीवा सोइ तुम्हारी ॥

ਮੋਹਿ ਨਿਰਗੁਨ ਕਉ ਲੇਹੁ ਉਧਾਰੀ ॥੧॥ ਰਹਾਉ ॥ (388-13)
मोहि निरगुन कउ लेहु उधारी ॥१॥ रहाउ ॥

ਮਿਟਿ ਗਇਆ ਦੂਖੁ ਬਿਸਾਰੀ ਚਿੰਤਾ ॥ (388-14)
मिटि गइआ दूखु बिसारी चिंता ॥

ਫਲੁ ਪਾਇਆ ਜਪਿ ਸਤਿਗੁਰ ਮੰਤਾ ॥੨॥ (388-14)
फलु पाइआ जपि सतिगुर मंता ॥२॥

ਸੋਈ ਸਤਿ ਸਤਿ ਹੈ ਸੋਇ ॥ (388-15)
सोई सति सति है सोइ ॥

ਸਿਮਰਿ ਸਿਮਰਿ ਰਖੁ ਕੰਠਿ ਪਰੋਇ ॥੩॥ (388-15)
सिमरि सिमरि रखु कंठि परोइ ॥३॥

ਕਹੁ ਨਾਨਕ ਕਉਨ ਉਹ ਕਰਮਾ ॥ (388-15)
कहु नानक कउन उह करमा ॥

ਜਾ ਕੈ ਮਨਿ ਵਸਿਆ ਹਰਿ ਨਾਮਾ ॥੪॥੨੧॥੭੨॥ (388-16)
जा कै मनि वसिआ हरि नामा ॥४॥२१॥७२॥

ਆਸਾ ਮਹਲਾ ੫ ॥ (388-16)
आसा महला ५ ॥

ਕਾਮਿ ਕ੍ਰੋਧਿ ਅਹੰਕਾਰਿ ਵਿਗੂਤੇ ॥ (388-16)
कामि क्रोधि अहंकारि विगूते ॥

ਹਰਿ ਸਿਮਰਨੁ ਕਰਿ ਹਰਿ ਜਨ ਛੂਟੇ ॥੧॥ (388-16)
हरि सिमरनु करि हरि जन छूटे ॥१॥

ਸੋਇ ਰਹੇ ਮਾਇਆ ਮਦ ਮਾਤੇ ॥ (388-17)
सोइ रहे माइआ मद माते ॥

ਜਾਗਤ ਭਗਤ ਸਿਮਰਤ ਹਰਿ ਰਾਤੇ ॥੧॥ ਰਹਾਉ ॥ (388-17)
जागत भगत सिमरत हरि राते ॥१॥ रहाउ ॥

ਮੋਹ ਭਰਮਿ ਬਹੁ ਜੋਨਿ ਭਵਾਇਆ ॥ (388-18)
मोह भरमि बहु जोनि भवाइआ ॥

ਅਸਥਿਰੁ ਭਗਤ ਹਰਿ ਚਰਣ ਧਿਆਇਆ ॥੨॥ (388-18)
असथिरु भगत हरि चरण धिआइआ ॥२॥

ਬੰਧਨ ਅੰਧ ਕੂਪ ਗ੍ਰਿਹ ਮੇਰਾ ॥ (388-18)
बंधन अंध कूप ग्रिह मेरा ॥

ਮੁਕਤੇ ਸੰਤ ਬੁਝਹਿ ਹਰਿ ਨੇਰਾ ॥੩॥ (388-19)
मुकते संत बुझहि हरि नेरा ॥३॥

ਕਹੁ ਨਾਨਕ ਜੋ ਪ੍ਰਭ ਸਰਣਾਈ ॥ (388-19)
कहु नानक जो प्रभ सरणाई ॥

ਈਹਾ ਸੁਖੁ ਆਗੈ ਗਤਿ ਪਾਈ ॥੪॥੨੨॥੭੩॥ (388-19)
ईहा सुखु आगै गति पाई ॥४॥२२॥७३॥

ਆਸਾ ਮਹਲਾ ੫ ॥ (389-1)
आसा महला ५ ॥

ਤੂ ਮੇਰਾ ਤਰੰਗੁ ਹਮ ਮੀਨ ਤੁਮਾਰੇ ॥ (389-1)
तू मेरा तरंगु हम मीन तुमारे ॥

ਤੂ ਮੇਰਾ ਠਾਕੁਰੁ ਹਮ ਤੇਰੈ ਦੁਆਰੇ ॥੧॥ (389-1)
तू मेरा ठाकुरु हम तेरै दुआरे ॥१॥

ਤੂੰ ਮੇਰਾ ਕਰਤਾ ਹਉ ਸੇਵਕੁ ਤੇਰਾ ॥ (389-2)
तूं मेरा करता हउ सेवकु तेरा ॥

ਸਰਣਿ ਗਹੀ ਪ੍ਰਭ ਗੁਨੀ ਗਹੇਰਾ ॥੧॥ ਰਹਾਉ ॥ (389-2)
सरणि गही प्रभ गुनी गहेरा ॥१॥ रहाउ ॥

ਤੂ ਮੇਰਾ ਜੀਵਨੁ ਤੂ ਆਧਾਰੁ ॥ (389-2)
तू मेरा जीवनु तू आधारु ॥

ਤੁਝਹਿ ਪੇਖਿ ਬਿਗਸੈ ਕਉਲਾਰੁ ॥੨॥ (389-3)
तुझहि पेखि बिगसै कउलारु ॥२॥

ਤੂ ਮੇਰੀ ਗਤਿ ਪਤਿ ਤੂ ਪਰਵਾਨੁ ॥ (389-3)
तू मेरी गति पति तू परवानु ॥

ਤੂ ਸਮਰਥੁ ਮੈ ਤੇਰਾ ਤਾਣੁ ॥੩॥ (389-3)
तू समरथु मै तेरा ताणु ॥३॥

ਅਨਦਿਨੁ ਜਪਉ ਨਾਮ ਗੁਣਤਾਸਿ ॥ (389-4)
अनदिनु जपउ नाम गुणतासि ॥

ਨਾਨਕ ਕੀ ਪ੍ਰਭ ਪਹਿ ਅਰਦਾਸਿ ॥੪॥੨੩॥੭੪॥ (389-4)
नानक की प्रभ पहि अरदासि ॥४॥२३॥७४॥

ਆਸਾ ਮਹਲਾ ੫ ॥ (389-5)
आसा महला ५ ॥

ਰੋਵਨਹਾਰੈ ਝੂਠੁ ਕਮਾਨਾ ॥ (389-5)
रोवनहारै झूठु कमाना ॥

ਹਸਿ ਹਸਿ ਸੋਗੁ ਕਰਤ ਬੇਗਾਨਾ ॥੧॥ (389-5)
हसि हसि सोगु करत बेगाना ॥१॥

ਕੋ ਮੂਆ ਕਾ ਕੈ ਘਰਿ ਗਾਵਨੁ ॥ (389-5)
को मूआ का कै घरि गावनु ॥

ਕੋ ਰੋਵੈ ਕੋ ਹਸਿ ਹਸਿ ਪਾਵਨੁ ॥੧॥ ਰਹਾਉ ॥ (389-6)
को रोवै को हसि हसि पावनु ॥१॥ रहाउ ॥

ਬਾਲ ਬਿਵਸਥਾ ਤੇ ਬਿਰਧਾਨਾ ॥ (389-6)
बाल बिवसथा ते बिरधाना ॥

ਪਹੁਚਿ ਨ ਮੂਕਾ ਫਿਰਿ ਪਛੁਤਾਨਾ ॥੨॥ (389-6)
पहुचि न मूका फिरि पछुताना ॥२॥

ਤ੍ਰਿਹੁ ਗੁਣ ਮਹਿ ਵਰਤੈ ਸੰਸਾਰਾ ॥ (389-7)
त्रिहु गुण महि वरतै संसारा ॥

ਨਰਕ ਸੁਰਗ ਫਿਰਿ ਫਿਰਿ ਅਉਤਾਰਾ ॥੩॥ (389-7)
नरक सुरग फिरि फिरि अउतारा ॥३॥

ਕਹੁ ਨਾਨਕ ਜੋ ਲਾਇਆ ਨਾਮ ॥ (389-7)
कहु नानक जो लाइआ नाम ॥

ਸਫਲ ਜਨਮੁ ਤਾ ਕਾ ਪਰਵਾਨ ॥੪॥੨੪॥੭੫॥ (389-8)
सफल जनमु ता का परवान ॥४॥२४॥७५॥

ਆਸਾ ਮਹਲਾ ੫ ॥ (389-8)
आसा महला ५ ॥

ਸੋਇ ਰਹੀ ਪ੍ਰਭ ਖਬਰਿ ਨ ਜਾਨੀ ॥ (389-8)
सोइ रही प्रभ खबरि न जानी ॥

ਭੋਰੁ ਭਇਆ ਬਹੁਰਿ ਪਛੁਤਾਨੀ ॥੧॥ (389-9)
भोरु भइआ बहुरि पछुतानी ॥१॥

ਪ੍ਰਿਅ ਪ੍ਰੇਮ ਸਹਜਿ ਮਨਿ ਅਨਦੁ ਧਰਉ ਰੀ ॥ (389-9)
प्रिअ प्रेम सहजि मनि अनदु धरउ री ॥

ਪ੍ਰਭ ਮਿਲਬੇ ਕੀ ਲਾਲਸਾ ਤਾ ਤੇ ਆਲਸੁ ਕਹਾ ਕਰਉ ਰੀ ॥੧॥ ਰਹਾਉ ॥ (389-9)
प्रभ मिलबे की लालसा ता ते आलसु कहा करउ री ॥१॥ रहाउ ॥

ਕਰ ਮਹਿ ਅੰਮ੍ਰਿਤੁ ਆਣਿ ਨਿਸਾਰਿਓ ॥ (389-10)
कर महि अमृतु आणि निसारिओ ॥

ਖਿਸਰਿ ਗਇਓ ਭੂਮ ਪਰਿ ਡਾਰਿਓ ॥੨॥ (389-11)
खिसरि गइओ भूम परि डारिओ ॥२ ॥

ਸਾਦਿ ਮੋਹਿ ਲਾਦੀ ਅਹੰਕਾਰੇ ॥ (389-11)
सादि मोहि लादी अहंकारे ॥

ਦੋਸੁ ਨਾਹੀ ਪ੍ਰਭ ਕਰਣੈਹਾਰੇ ॥੩॥ (389-11)
दोसु नाही प्रभ करणैहारे ॥३ ॥

ਸਾਧਸੰਗਿ ਮਿਟੇ ਭਰਮ ਅੰਧਾਰੇ ॥ (389-12)
साधसंगि मिटे भरम अंधारे ॥

ਨਾਨਕ ਮੇਲੀ ਸਿਰਜਣਹਾਰੇ ॥੪॥੨੫॥੭੬॥ (389-12)
नानक मेली सिरजणहारे ॥४ ॥२५ ॥७६ ॥

ਆਸਾ ਮਹਲਾ ੫ ॥ (389-12)
आसा महला ५ ॥

ਚਰਨ ਕਮਲ ਕੀ ਆਸ ਪਿਆਰੇ ॥ (389-13)
चरन कमल की आस पिआरे ॥

ਜਮਕੰਕਰ ਨਸਿ ਗਏ ਵਿਚਾਰੇ ॥੧॥ (389-13)
जमकंकर नसि गए विचारे ॥१ ॥

ਤੂ ਚਿਤਿ ਆਵਹਿ ਤੇਰੀ ਮਇਆ ॥ (389-13)
तू चिति आवहि तेरी मइआ ॥

ਸਿਮਰਤ ਨਾਮ ਸਗਲ ਰੋਗ ਖਇਆ ॥੧॥ ਰਹਾਉ ॥ (389-14)
सिमरत नाम सगल रोग खइआ ॥१ ॥ रहाउ ॥

ਅਨਿਕ ਦੂਖ ਦੇਵਹਿ ਅਵਰਾ ਕਉ ॥ (389-14)
अनिक दूख देवहि अवरा कउ ॥

ਪਹੁਚਿ ਨ ਸਾਕਹਿ ਜਨ ਤੇਰੇ ਕਉ ॥੨॥ (389-14)
पहुचि न साकहि जन तेरे कउ ॥२॥

ਦਰਸ ਤੇਰੇ ਕੀ ਪਿਆਸ ਮਨਿ ਲਾਗੀ ॥ (389-15)
दरस तेरे की पिआस मनि लागी ॥

ਸਹਜ ਅਨੰਦ ਬਸੈ ਬੈਰਾਗੀ ॥੩॥ (389-15)
सहज अनंद बसै बैरागी ॥३॥

ਨਾਨਕ ਕੀ ਅਰਦਾਸਿ ਸੁਣੀਜੈ ॥ (389-15)
नानक की अरदासि सुणीजै ॥

ਕੇਵਲ ਨਾਮੁ ਰਿਦੇ ਮਹਿ ਦੀਜੈ ॥੪॥੨੬॥੭੭॥ (389-16)
केवल नामु रिदे महि दीजै ॥४॥२६॥७७॥

ਆਸਾ ਮਹਲਾ ੫ ॥ (389-16)
आसा महला ५ ॥

ਮਨੁ ਤ੍ਰਿਪਤਾਨੋ ਮਿਟੇ ਜੰਜਾਲ ॥ (389-16)
मनु त्रिपतानो मिटे जंजाल ॥

ਪ੍ਰਭੁ ਅਪੁਨਾ ਹੋਇਆ ਕਿਰਪਾਲ ॥੧॥ (389-17)
प्रभु अपुना होइआ किरपाल ॥१॥

ਸੰਤ ਪ੍ਰਸਾਦਿ ਭਲੀ ਬਨੀ ॥ (389-17)
संत प्रसादि भली बनी ॥

ਜਾ ਕੈ ਗ੍ਰਿਹਿ ਸਭੁ ਕਿਛੁ ਹੈ ਪੂਰਨੁ ਸੋ ਭੇਟਿਆ ਨਿਰਭੈ ਧਨੀ ॥੧॥ ਰਹਾਉ ॥ (389-17)
जा कै ग्रिहि सभु किछु है पूरनु सो भेटिआ निरभै धनी ॥१॥ रहाउ ॥

ਨਾਮੁ ਦ੍ਰਿੜਾਇਆ ਸਾਧ ਕ੍ਰਿਪਾਲ ॥ (389-18)
नामु द्रिड़ाइआ साध क्रिपाल ॥

ਮਿਟਿ ਗਈ ਭੂਖ ਮਹਾ ਬਿਕਰਾਲ ॥੨॥ (389-18)
मिटि गई भूख महा बिकराल ॥२॥

ਠਾਕੁਰਿ ਅਪੁਨੈ ਕੀਨੀ ਦਾਤਿ ॥ (389-19)
ठाकुरि अपुनै कीनी दाति ॥

ਜਲਨਿ ਬੁਝੀ ਮਨਿ ਹੋਈ ਸਾਂਤਿ ॥੩॥ (389-19)
जलनि बुझी मनि होई सांति ॥३॥

ਮਿਟਿ ਗਈ ਭਾਲ ਮਨੁ ਸਹਜਿ ਸਮਾਨਾ ॥ (389-19)
मिटि गई भाल मनु सहजि समाना ॥

ਨਾਨਕ ਪਾਇਆ ਨਾਮ ਖਜਾਨਾ ॥੪॥੨੭॥੭੮॥ (390-1)
नानक पाइआ नाम खजाना ॥४॥२७॥७८॥

ਆਸਾ ਮਹਲਾ ੫ ॥ (390-1)
आसा महला ५ ॥

ਠਾਕੁਰ ਸਿਉ ਜਾ ਕੀ ਬਨਿ ਆਈ ॥ (390-1)
ठाकुर सिउ जा की बनि आई ॥

ਭੋਜਨ ਪੂਰਨ ਰਹੇ ਅਘਾਈ ॥੧॥ (390-2)
भोजन पूरन रहे अघाई ॥१॥

ਕਛੂ ਨ ਥੋਰਾ ਹਰਿ ਭਗਤਨ ਕਉ ॥ (390-2)
कछू न थोरा हरि भगतन कउ ॥

ਖਾਤ ਖਰਚਤ ਬਿਲਛਤ ਦੇਵਨ ਕਉ ॥੧॥ ਰਹਾਉ ॥ (390-2)
खात खरचत बिलछत देवन कउ ॥१॥ रहाउ ॥

ਜਾ ਕਾ ਧਨੀ ਅਗਮ ਗੁਸਾਈ ॥ (390-3)
जा का धनी अगम गुसाई ॥

ਮਾਨੁਖ ਕੀ ਕਹੁ ਕੇਤ ਚਲਾਈ ॥੨॥ (390-3)
मानुख की कहु केत चलाई ॥२॥

ਜਾ ਕੀ ਸੇਵਾ ਦਸ ਅਸਟ ਸਿਧਾਈ ॥ (390-3)
जा की सेवा दस असट सिधाई ॥

ਪਲਕ ਦ੍ਰਿਸਟਿ ਤਾ ਕੀ ਲਾਗਹੁ ਪਾਈ ॥੩॥ (390-4)
पलक दिसटि ता की लागहु पाई ॥३॥

ਜਾ ਕਉ ਦਇਆ ਕਰਹੁ ਮੇਰੇ ਸੁਆਮੀ ॥ (390-4)
जा कउ दइआ करहु मेरे सुआमी ॥

ਕਹੁ ਨਾਨਕ ਨਾਹੀ ਤਿਨ ਕਾਮੀ ॥੪॥੨੮॥੭੯॥ (390-5)
कहु नानक नाही तिन कामी ॥४॥२८॥७९॥

ਆਸਾ ਮਹਲਾ ੫ ॥ (390-5)
आसा महला ५ ॥

ਜਉ ਮੈ ਅਪੁਨਾ ਸਤਿਗੁਰੁ ਧਿਆਇਆ ॥ (390-5)
जउ मै अपुना सतिगुरु धिआइआ ॥

ਤਬ ਮੇਰੈ ਮਨਿ ਮਹਾ ਸੁਖੁ ਪਾਇਆ ॥੧॥ (390-6)
तब मेरै मनि महा सुखु पाइआ ॥१॥

ਮਿਟਿ ਗਈ ਗਣਤ ਬਿਨਾਸਿਉ ਸੰਸਾ ॥ (390-6)
मिटि गई गणत बिनासिउ संसा ॥

ਨਾਮਿ ਰਤੇ ਜਨ ਭਏ ਭਗਵੰਤਾ ॥੧॥ ਰਹਾਉ ॥ (390-6)
नामि रते जन भए भगवंता ॥१॥ रहाउ ॥

ਜਉ ਮੈ ਅਪੁਨਾ ਸਾਹਿਬੁ ਚੀਤਿ ॥ (390-7)
जउ मै अपुना साहिबु चीति ॥

ਤਉ ਭਉ ਮਿਟਿਓ ਮੇਰੇ ਮੀਤ ॥੨॥ (390-7)
तउ भउ मिटिओ मेरे मीत ॥२॥

ਜਉ ਮੈ ਓਟ ਗਹੀ ਪ੍ਰਭ ਤੇਰੀ ॥ (390-7)
जउ मै ओट गही प्रभ तेरी ॥

ਤਾਂ ਪੂਰਨ ਹੋਈ ਮਨਸਾ ਮੇਰੀ ॥੩॥ (390-8)
तां पूरन होई मनसा मेरी ॥३॥

ਦੇਖਿ ਚਲਿਤ ਮਨਿ ਭਏ ਦਿਲਾਸਾ ॥ (390-8)
देखि चलित मनि भए दिलासा ॥

ਨਾਨਕ ਦਾਸ ਤੇਰਾ ਭਰਵਾਸਾ ॥੪॥੨੯॥੮੦॥ (390-8)
नानक दास तेरा भरवासा ॥४॥२९॥८०॥

ਆਸਾ ਮਹਲਾ ੫ ॥ (390-9)
आसा महला ५ ॥

ਅਨਦਿਨੁ ਮੂਸਾ ਲਾਜੁ ਟੁਕਾਈ ॥ (390-9)
अनदिनु मूसा लाजु टुकाई ॥

ਗਿਰਤ ਕੂਪ ਮਹਿ ਖਾਹਿ ਮਿਠਾਈ ॥੧॥ (390-9)
गिरत कूप महि खाहि मिठाई ॥१॥

ਸੋਚਤ ਸਾਚਤ ਰੈਨਿ ਬਿਹਾਨੀ ॥ (390-10)
सोचत साचत रैनि बिहानी ॥

ਅਨਿਕ ਰੰਗ ਮਾਇਆ ਕੇ ਚਿਤਵਤ ਕਬਹੂ ਨ ਸਿਮਰੈ ਸਾਰਿੰਗਪਾਨੀ ॥੧॥ ਰਹਾਉ ॥ (390-10)
अनिक रंग माइआ के चितवत कबहू न सिमरै सारिंगपानी ॥१॥ रहाउ ॥

ਦ੍ਰੁਮ ਕੀ ਛਾਇਆ ਨਿਹਚਲ ਗ੍ਰਿਹੁ ਬਾਂਧਿਆ ॥ (390-11)
द्रुम की छाइआ निहचल ग्रिहु बांधिआ ॥

ਕਾਲ ਕੈ ਫਾਂਸਿ ਸਕਤ ਸਰੁ ਸਾਂਧਿਆ ॥੨॥ (390-11)
काल कै फांसि सकत सरु सांधिआ ॥२॥

ਬਾਲੂ ਕਨਾਰਾ ਤਰੰਗ ਮੁਖਿ ਆਇਆ ॥ (390-12)
बालू कनारा तरंग मुखि आइआ ॥

ਸੋ ਥਾਨੁ ਮੂੜਿ ਨਿਹਚਲੁ ਕਰਿ ਪਾਇਆ ॥੩॥ (390-12)
सो थानु मूड़ि निहचलु करि पाइआ ॥३॥

ਸਾਧਸੰਗਿ ਜਪਿਓ ਹਰਿ ਰਾਇ ॥ (390-12)
साधसंगि जपिओ हरि राइ ॥

ਨਾਨਕ ਜੀਵੈ ਹਰਿ ਗੁਣ ਗਾਇ ॥੪॥੩੦॥੮੧॥ (390-13)
नानक जीवै हरि गुण गाइ ॥४॥३०॥८१॥

ਆਸਾ ਮਹਲਾ ੫ ਦੁਤੁਕੇ ੯ ॥ (390-13)
आसा महला ५ दुतुके ९ ॥

ਉਨ ਕੈ ਸੰਗਿ ਤੂ ਕਰਤੀ ਕੇਲ ॥ (390-13)
उन कै संगि तू करती केल ॥

ਉਨ ਕੈ ਸੰਗਿ ਹਮ ਤੁਮ ਸੰਗਿ ਮੇਲ ॥ (390-14)
उन कै संगि हम तुम संगि मेल ॥

ਉਨ੍ਹ੍ਹ ਕੈ ਸੰਗਿ ਤੁਮ ਸਭੁ ਕੋਊ ਲੋਰੈ ॥ (390-14)
उन्ह कै संगि तुम सभु कोऊ लोरै ॥

ਓਸੁ ਬਿਨਾ ਕੋਊ ਮੁਖੁ ਨਹੀ ਜੋਰੈ ॥੧॥ (390-14)
ओसु बिना कोऊ मुखु नही जोरै ॥१॥

ਤੇ ਬੈਰਾਗੀ ਕਹਾ ਸਮਾਏ ॥ (390-15)
ते बैरागी कहा समाए ॥

ਤਿਸੁ ਬਿਨੁ ਤੁਹੀ ਦੁਹੇਰੀ ਰੀ ॥੧॥ ਰਹਾਉ ॥ (390-15)
तिसु बिनु तुही दुहेरी री ॥१॥ रहाउ ॥

ਉਨ੍ਹ੍ਹ ਕੈ ਸੰਗਿ ਤੂ ਗ੍ਰਿਹ ਮਹਿ ਮਾਹਰਿ ॥ (390-15)
उन्ह कै संगि तू ग्रिह महि माहरि ॥

ਉਨ੍ਹ੍ਹ ਕੈ ਸੰਗਿ ਤੂ ਹੋਈ ਹੈ ਜਾਹਰਿ ॥ (390-16)
उन्ह कै संगि तू होई है जाहरि ॥

ਉਨ੍ਹ੍ਹ ਕੈ ਸੰਗਿ ਤੂ ਰਖੀ ਪਪੋਲਿ ॥ (390-16)
उन्ह कै संगि तू रखी पपोलि ॥

ਓਸੁ ਬਿਨਾ ਤੂੰ ਛੁਟਕੀ ਰੋਲਿ ॥੨॥ (390-16)
ओसु बिना तूं छुटकी रोलि ॥२॥

ਉਨ੍ਹ ਕੈ ਸੰਗਿ ਤੇਰਾ ਮਾਨੁ ਮਹਤੁ ॥ (390-17)
उन्ह कै संगि तेरा मानु महतु ॥

ਉਨ੍ਹ ਕੈ ਸੰਗਿ ਤੁਮ ਸਾਕੁ ਜਗਤੁ ॥ (390-17)
उन्ह कै संगि तुम साकु जगतु ॥

ਉਨ੍ਹ ਕੈ ਸੰਗਿ ਤੇਰੀ ਸਭ ਬਿਧਿ ਥਾਟੀ ॥ (390-17)
उन्ह कै संगि तेरी सभ बिधि थाटी ॥

ਓਸੁ ਬਿਨਾ ਤੂੰ ਹੋਈ ਹੈ ਮਾਟੀ ॥੩॥ (390-18)
ओसु बिना तूं होई है माटी ॥३॥

ਓਹੁ ਬੈਰਾਗੀ ਮਰੈ ਨ ਜਾਇ ॥ (390-18)
ओहु बैरागी मरै न जाइ ॥

ਹੁਕਮੇ ਬਾਧਾ ਕਾਰ ਕਮਾਇ ॥ (390-18)
हुकमे बाधा कार कमाइ ॥

ਜੋੜਿ ਵਿਛੋੜੇ ਨਾਨਕ ਥਾਪਿ ॥ (390-19)
जोड़ि विछोड़े नानक थापि ॥

ਅਪਨੀ ਕੁਦਰਤਿ ਜਾਣੈ ਆਪਿ ॥੪॥੩੧॥੮੨॥ (390-19)
अपनी कुदरति जाणै आपि ॥४॥३१॥८२॥

ਆਸਾ ਮਹਲਾ ੫ ॥ (390-19)
आसा महला ५ ॥

ਨਾ ਓਹੁ ਮਰਤਾ ਨਾ ਹਮ ਡਰਿਆ ॥ (391-1)
ना ओहु मरता ना हम डरिआ ॥

ਨਾ ਓਹੁ ਬਿਨਸੈ ਨਾ ਹਮ ਕੜਿਆ ॥ (391-1)
ना ओहु बिनसै ना हम कड़िआ ॥

ਨਾ ਓਹੁ ਨਿਰਧਨੁ ਨਾ ਹਮ ਭੂਖੇ ॥ (391-1)
ना ओहु निरधनु ना हम भूखे ॥

ਨਾ ਓਸੁ ਦੂਖੁ ਨ ਹਮ ਕਉ ਦੂਖੇ ॥੧॥ (391-1)
ना ओसु दूखु न हम कउ दूखे ॥१॥

ਅਵਰੁ ਨ ਕੋਊ ਮਾਰਨਵਾਰਾ ॥ (391-2)
अवरु न कोऊ मारनवारा ॥

ਜੀਅਉ ਹਮਾਰਾ ਜੀਉ ਦੇਨਹਾਰਾ ॥੧॥ ਰਹਾਉ ॥ (391-2)
जीअउ हमारा जीउ देनहारा ॥१॥ रहाउ ॥

ਨਾ ਉਸੁ ਬੰਧਨ ਨਾ ਹਮ ਬਾਧੇ ॥ (391-3)
ना उसु बंधन ना हम बाधे ॥

ਨਾ ਉਸੁ ਧੰਧਾ ਨਾ ਹਮ ਧਾਧੇ ॥ (391-3)
ना उसु धंधा ना हम धाधे ॥

ਨਾ ਉਸੁ ਮੈਲੁ ਨ ਹਮ ਕਉ ਮੈਲਾ ॥ (391-3)
ना उसु मैलु न हम कउ मैला ॥

ਓਸੁ ਅਨੰਦੁ ਤ ਹਮ ਸਦ ਕੇਲਾ ॥੨॥ (391-3)
ओसु अनंदु त हम सद केला ॥२॥

ਨਾ ਉਸੁ ਸੋਚੁ ਨ ਹਮ ਕਉ ਸੋਚਾ ॥ (391-4)
ना उसु सोचु न हम कउ सोचा ॥

ਨਾ ਉਸੁ ਲੇਪੁ ਨ ਹਮ ਕਉ ਪੋਚਾ ॥ (391-4)
ना उसु लेपु न हम कउ पोचा ॥

ਨਾ ਉਸੁ ਭੂਖ ਨ ਹਮ ਕਉ ਤ੍ਰਿਸਨਾ ॥ (391-4)
ना उसु भूख न हम कउ त्रिसना ॥

ਜਾ ਉਹੁ ਨਿਰਮਲੁ ਤਾਂ ਹਮ ਜਚਨਾ ॥੩॥ (391-5)
जा उहु निरमलु तां हम जचना ॥३॥

ਹਮ ਕਿਛੁ ਨਾਹੀ ਏਕੈ ਓਹੀ ॥ (391-5)
हम किछु नाही एकै ओही ॥

ਆਗੈ ਪਾਛੈ ਏਕੋ ਸੋਈ ॥ (391-5)
आगै पाछै एको सोई ॥

ਨਾਨਕ ਗੁਰਿ ਖੋਏ ਭ੍ਰਮ ਭੰਗਾ ॥ (391-6)
नानक गुरि खोए भ्रम भंगा ॥

ਹਮ ਓਇ ਮਿਲਿ ਹੋਏ ਇਕ ਰੰਗਾ ॥੪॥੩੨॥੮੩॥ (391-6)
हम ओइ मिलि होए इक रंगा ॥४॥३२॥८३॥

ਆਸਾ ਮਹਲਾ ੫ ॥ (391-6)
आसा महला ५ ॥

ਅਨਿਕ ਭਾਂਤਿ ਕਰਿ ਸੇਵਾ ਕਰੀਐ ॥ (391-7)
अनिक भांति करि सेवा करीऐ ॥

ਜੀਉ ਪ੍ਰਾਨ ਧਨੁ ਆਗੈ ਧਰੀਐ ॥ (391-7)
जीउ प्रान धनु आगै धरीऐ ॥

ਪਾਨੀ ਪਖਾ ਕਰਉ ਤਜਿ ਅਭਿਮਾਨੁ ॥ (391-7)
पानी पखा करउ तजि अभिमानु ॥

ਅਨਿਕ ਬਾਰ ਜਾਈਐ ਕੁਰਬਾਨੁ ॥੧॥ (391-8)
अनिक बार जाईऐ कुरबानु ॥१॥

ਸਾਈ ਸੁਹਾਗਣਿ ਜੋ ਪ੍ਰਭ ਭਾਈ ॥ (391-8)
साई सुहागणि जो प्रभ भाई ॥

ਤਿਸ ਕੈ ਸੰਗਿ ਮਿਲਉ ਮੇਰੀ ਮਾਈ ॥੧॥ ਰਹਾਉ ॥ (391-8)
तिस कै संगि मिलउ मेरी माई ॥१॥ रहाउ ॥

ਦਾਸਨਿ ਦਾਸੀ ਕੀ ਪਨਿਹਾਰਿ ॥ (391-9)
दासनि दासी की पनिहारि ॥

ਉਨ੍ਹ ਕੀ ਰੇਣੁ ਬਸੈ ਜੀਅ ਨਾਲਿ ॥ (391-9)
उन्ह की रेणु बसै जीअ नालि ॥

ਮਾਥੈ ਭਾਗੁ ਤ ਪਾਵਉ ਸੰਗੁ ॥ (391-9)
माथै भागु त पावउ संगु ॥

ਮਿਲੈ ਸੁਆਮੀ ਅਪੁਨੈ ਰੰਗਿ ॥੨॥ (391-10)
मिलै सुआमी अपुनै रंगि ॥२॥

ਜਾਪ ਤਾਪ ਦੇਵਉ ਸਭ ਨੇਮਾ ॥ (391-10)
जाप ताप देवउ सभ नेमा ॥

ਕਰਮ ਧਰਮ ਅਰਪਉ ਸਭ ਹੋਮਾ ॥ (391-10)
करम धरम अरपउ सभ होमा ॥

ਗਰਬੁ ਮੋਹੁ ਤਜਿ ਹੋਵਉ ਰੇਨ ॥ (391-10)
गरबु मोहु तजि होवउ रेन ॥

ਉਨ੍ਹ੍ਹ ਕੈ ਸੰਗਿ ਦੇਖਉ ਪ੍ਰਭੁ ਨੈਨ ॥੩॥ (391-11)
उन्ह कै संगि देखउ प्रभु नैन ॥३॥

ਨਿਮਖ ਨਿਮਖ ਏਹੀ ਆਰਾਧਉ ॥ (391-11)
निमख निमख एही आराधउ ॥

ਦਿਨਸੁ ਰੈਣਿ ਏਹ ਸੇਵਾ ਸਾਧਉ ॥ (391-11)
दिनसु रैणि एह सेवा साधउ ॥

ਭਏ ਕ੍ਰਿਪਾਲ ਗੁਪਾਲ ਗੋਬਿੰਦ ॥ (391-12)
भए क्रिपाल गुपाल गोबिंद ॥

ਸਾਧਸੰਗਿ ਨਾਨਕ ਬਖਸਿੰਦ ॥੪॥੩੩॥੮੪॥ (391-12)
साधसंगि नानक बखसिंद ॥४॥३३॥८४॥

ਆਸਾ ਮਹਲਾ ੫ ॥ (391-13)
आसा महला ५ ॥

ਪ੍ਰਭ ਕੀ ਪ੍ਰੀਤਿ ਸਦਾ ਸੁਖੁ ਹੋਇ ॥ (391-13)
प्रभ की प्रीति सदा सुखु होइ ॥

ਪ੍ਰਭ ਕੀ ਪ੍ਰੀਤਿ ਦੁਖੁ ਲਗੈ ਨ ਕੋਇ ॥ (391-13)
प्रभ की प्रीति दुखु लगै न कोइ ॥

ਪ੍ਰਭ ਕੀ ਪ੍ਰੀਤਿ ਹਉਮੈ ਮਲੁ ਖੋਇ ॥ (391-13)
प्रभ की प्रीति हउमै मलु खोइ ॥

ਪ੍ਰਭ ਕੀ ਪ੍ਰੀਤਿ ਸਦ ਨਿਰਮਲ ਹੋਇ ॥੧॥ (391-14)
प्रभ की प्रीति सद निरमल होइ ॥१॥

ਸੁਨਹੁ ਮੀਤ ਐਸਾ ਪ੍ਰੇਮ ਪਿਆਰੁ ॥ (391-14)
सुनहु मीत ऐसा प्रेम पिआरु ॥

ਜੀਅ ਪ੍ਰਾਨ ਘਟ ਘਟ ਆਧਾਰੁ ॥੧॥ ਰਹਾਉ ॥ (391-14)
जीअ प्रान घट घट आधारु ॥१॥ रहाउ ॥

ਪ੍ਰਭ ਕੀ ਪ੍ਰੀਤਿ ਭਏ ਸਗਲ ਨਿਧਾਨ ॥ (391-15)
प्रभ की प्रीति भए सगल निधान ॥

ਪ੍ਰਭ ਕੀ ਪ੍ਰੀਤਿ ਰਿਦੈ ਨਿਰਮਲ ਨਾਮ ॥ (391-15)
प्रभ की प्रीति रिदै निरमल नाम ॥

ਪ੍ਰਭ ਕੀ ਪ੍ਰੀਤਿ ਸਦ ਸੋਭਾਵੰਤ ॥ (391-16)
प्रभ की प्रीति सद सोभावंत ॥

ਪ੍ਰਭ ਕੀ ਪ੍ਰੀਤਿ ਸਭ ਮਿਟੀ ਹੈ ਚਿੰਤ ॥੨॥ (391-16)
प्रभ की प्रीति सभ मिटी है चिंत ॥२॥

ਪ੍ਰਭ ਕੀ ਪ੍ਰੀਤਿ ਇਹੁ ਭਵਜਲੁ ਤਰੈ ॥ (391-16)
प्रभ की प्रीति इहु भवजलु तरै ॥

ਪ੍ਰਭ ਕੀ ਪ੍ਰੀਤਿ ਜਮ ਤੇ ਨਹੀ ਡਰੈ ॥ (391-17)
प्रभ की प्रीति जम ते नही डरै ॥

ਪ੍ਰਭ ਕੀ ਪ੍ਰੀਤਿ ਸਗਲ ਉਧਾਰੈ ॥ (391-17)
प्रभ की प्रीति सगल उधारै ॥

ਪ੍ਰਭ ਕੀ ਪ੍ਰੀਤਿ ਚਲੈ ਸੰਗਾਰੈ ॥੩॥ (391-17)
प्रभ की प्रीति चलै संगारै ॥३॥

ਆਪਹੁ ਕੋਈ ਮਿਲੈ ਨ ਭੂਲੈ ॥ (391-18)
आपहु कोई मिलै न भूलै ॥

ਜਿਸੁ ਕ੍ਰਿਪਾਲੁ ਤਿਸੁ ਸਾਧਸੰਗਿ ਘੂਲੈ ॥ (391-18)
जिसु क्रिपालु तिसु साधसंगि घूलै ॥

ਕਹੁ ਨਾਨਕ ਤੇਰੈ ਕੁਰਬਾਣੁ ॥ (391-18)
कहु नानक तेरै कुरबाणु ॥

ਸੰਤ ਓਟ ਪ੍ਰਭ ਤੇਰਾ ਤਾਣੁ ॥੪॥੩੪॥੮੫॥ (391-18)
संत ओट प्रभ तेरा ताणु ॥४॥३४॥८५॥

ਆਸਾ ਮਹਲਾ ੫ ॥ (391-19)
आसा महला ५ ॥

ਭੂਪਤਿ ਹੋਇ ਕੈ ਰਾਜੁ ਕਮਾਇਆ ॥ (391-19)
भूपति होइ कै राजु कमाइआ ॥

ਕਰਿ ਕਰਿ ਅਨਰਥ ਵਿਹਾਝੀ ਮਾਇਆ ॥ (391-19)
करि करि अनरथ विहाझी माइआ ॥

ਸੰਚਤ ਸੰਚਤ ਥੈਲੀ ਕੀਨ੍ਹੀ ॥ (392-1)
संचत संचत थैली कीन्ही ॥

ਪ੍ਰਭਿ ਉਸ ਤੇ ਡਾਰਿ ਅਵਰ ਕਉ ਦੀਨ੍ਹੀ ॥੧॥ (392-1)
प्रभि उस ते डारि अवर कउ दीन्ही ॥१॥

ਕਾਚ ਗਗਰੀਆ ਅੰਭ ਮਝਰੀਆ ॥ (392-1)
काच गगरीआ अ्मभ मझरीआ ॥

ਗਰਬਿ ਗਰਬਿ ਉਆਹੂ ਮਹਿ ਪਰੀਆ ॥੧॥ ਰਹਾਉ ॥ (392-2)
गरबि गरबि उआहू महि परीआ ॥१॥ रहाउ ॥

ਨਿਰਭਉ ਹੋਇਓ ਭਇਆ ਨਿਹੰਗਾ ॥ (392-2)
निरभउ होइओ भइआ निहंगा ॥

ਚੀਤਿ ਨ ਆਇਓ ਕਰਤਾ ਸੰਗਾ ॥ (392-3)
चीति न आइओ करता संगा ॥

ਲਸਕਰ ਜੋੜੇ ਕੀਆ ਸੰਬਾਹਾ ॥ (392-3)
लसकर जोड़े कीआ स्मबाहा ॥

ਨਿਕਸਿਆ ਫੂਕ ਤ ਹੋਇ ਗਇਓ ਸੁਆਹਾ ॥੨॥ (392-3)
निकसिआ फूक त होइ गइओ सुआहा ॥२॥

ਊਚੇ ਮੰਦਰ ਮਹਲ ਅਰੁ ਰਾਨੀ ॥ (392-4)
ऊचे मंदर महल अरु रानी ॥

ਹਸਤਿ ਘੋੜੇ ਜੋੜੇ ਮਨਿ ਭਾਨੀ ॥ (392-4)
हसति घोड़े जोड़े मनि भानी ॥

ਵਡ ਪਰਵਾਰੁ ਪੂਤ ਅਰੁ ਧੀਆ ॥ (392-4)
वड परवारु पूत अरु धीआ ॥

ਮੋਹਿ ਪਚੇ ਪਚਿ ਅੰਧਾ ਮੂਆ ॥੩॥ (392-4)
मोहि पचे पचि अंधा मूआ ॥३॥

ਜਿਨਹਿ ਉਪਾਹਾ ਤਿਨਹਿ ਬਿਨਾਹਾ ॥ (392-5)
जिनहि उपाहा तिनहि बिनाहा ॥

ਰੰਗ ਰਸਾ ਜੈਸੇ ਸੁਪਨਾਹਾ ॥ (392-5)
रंग रसा जैसे सुपनाहा ॥

ਸੋਈ ਮੁਕਤਾ ਤਿਸੁ ਰਾਜੁ ਮਾਲੁ ॥ (392-5)
सोई मुकता तिसु राजु मालु ॥

ਨਾਨਕ ਦਾਸ ਜਿਸੁ ਖਸਮੁ ਦਇਆਲੁ ॥੪॥੩੫॥੮੬॥ (392-6)
नानक दास जिसु खसमु दइआलु ॥४॥३५॥८६॥

ਆਸਾ ਮਹਲਾ ੫ ॥ (392-6)
आसा महला ५ ॥

ਇਨ੍ਹ ਸਿਉ ਪ੍ਰੀਤਿ ਕਰੀ ਘਨੇਰੀ ॥ (392-6)
इन्ह सिउ प्रीति करी घनेरी ॥

ਜਉ ਮਿਲੀਐ ਤਉ ਵਧੈ ਵਧੇਰੀ ॥ (392-7)
जउ मिलीऐ तउ वधै वधेरी ॥

ਗਲਿ ਚਮੜੀ ਜਉ ਛੋਡੈ ਨਾਹੀ ॥ (392-7)
गलि चमड़ी जउ छोडै नाही ॥

ਲਾਗਿ ਛੁਟੋ ਸਤਿਗੁਰ ਕੀ ਪਾਈ ॥੧॥ (392-7)
लागि छुटो सतिगुर की पाई ॥१॥

ਜਗ ਮੋਹਨੀ ਹਮ ਤਿਆਗਿ ਗਵਾਈ ॥ (392-8)
जग मोहनी हम तिआगि गवाई ॥

ਨਿਰਗੁਨੁ ਮਿਲਿਓ ਵਜੀ ਵਧਾਈ ॥੧॥ ਰਹਾਉ ॥ (392-8)
निरगुनु मिलिओ वजी वधाई ॥१॥ रहाउ ॥

ਐਸੀ ਸੁੰਦਰਿ ਮਨ ਕਉ ਮੋਹੈ ॥ (392-8)
ऐसी सुंदरि मन कउ मोहै ॥

ਬਾਟਿ ਘਾਟਿ ਗ੍ਰਿਹਿ ਬਨਿ ਬਨਿ ਜੋਹੈ ॥ (392-9)
बाटि घाटि ग्रिहि बनि बनि जोहै ॥

ਮਨਿ ਤਨਿ ਲਾਗੈ ਹੋਇ ਕੈ ਮੀਠੀ ॥ (392-9)
मनि तनि लागै होइ कै मीठी ॥

ਗੁਰ ਪ੍ਰਸਾਦਿ ਮੈ ਖੋਟੀ ਡੀਠੀ ॥੨॥ (392-9)
गुर प्रसादि मै खोटी डीठी ॥२॥

ਅਗਰਕ ਉਸ ਕੇ ਵਡੇ ਠਗਾਊ ॥ (392-10)
अगरक उस के वडे ठगाऊ ॥

ਛੋਡਹਿ ਨਾਹੀ ਬਾਪ ਨ ਮਾਊ ॥ (392-10)
छोडहि नाही बाप न माऊ ॥

ਮੇਲੀ ਅਪਨੇ ਉਨਿ ਲੇ ਬਾਂਧੇ ॥ (392-10)
मेली अपने उनि ले बांधे ॥

ਗੁਰ ਕਿਰਪਾ ਤੇ ਮੈ ਸਗਲੇ ਸਾਧੇ ॥੩॥ (392-11)
गुर किरपा ते मै सगले साधे ॥३॥

ਅਬ ਮੋਰੈ ਮਨਿ ਭਇਆ ਅਨੰਦ ॥ (392-11)
अब मोरै मनि भइआ अनंद ॥

ਭਉ ਚੂਕਾ ਟੂਟੇ ਸਭਿ ਫੰਦ ॥ (392-11)
भउ चूका टूटे सभि फंद ॥

ਕਹੁ ਨਾਨਕ ਜਾ ਸਤਿਗੁਰੁ ਪਾਇਆ ॥ (392-12)
कहु नानक जा सतिगुरु पाइआ ॥

ਘਰੁ ਸਗਲਾ ਮੈ ਸੁਖੀ ਬਸਾਇਆ ॥੪॥੩੬॥੮੭॥ (392-12)
घरु सगला मै सुखी बसाइआ ॥४॥३६॥८७॥

ਆਸਾ ਮਹਲਾ ੫ ॥ (392-12)
आसा महला ५ ॥

ਆਠ ਪਹਰ ਨਿਕਟਿ ਕਰਿ ਜਾਨੈ ॥ (392-13)
आठ पहर निकटि करि जानै ॥

ਪ੍ਰਭ ਕਾ ਕੀਆ ਮੀਠਾ ਮਾਨੈ ॥ (392-13)
प्रभ का कीआ मीठा मानै ॥

ਏਕੁ ਨਾਮੁ ਸੰਤਨ ਆਧਾਰੁ ॥ (392-13)
एकु नामु संतन आधारु ॥

ਹੋਇ ਰਹੇ ਸਭ ਕੀ ਪਗ ਛਾਰੁ ॥੧॥ (392-13)
होइ रहे सभ की पग छारु ॥१॥

ਸੰਤ ਰਹਤ ਸੁਨਹੁ ਮੇਰੇ ਭਾਈ ॥ (392-14)
संत रहत सुनहु मेरे भाई ॥

ਉਆ ਕੀ ਮਹਿਮਾ ਕਥਨੁ ਨ ਜਾਈ ॥੧॥ ਰਹਾਉ ॥ (392-14)
उआ की महिमा कथनु न जाई ॥१॥ रहाउ ॥

ਵਰਤਣਿ ਜਾ ਕੈ ਕੇਵਲ ਨਾਮ ॥ (392-15)
वरतणि जा कै केवल नाम ॥

ਅਨਦ ਰੂਪ ਕੀਰਤਨੁ ਬਿਸ੍ਰਾਮ ॥ (392-15)
अनद रूप कीरतनु बिस्राम ॥

ਮਿਤ੍ਰ ਸਤ੍ਰੁ ਜਾ ਕੈ ਏਕ ਸਮਾਨੈ ॥ (392-15)
मित्र सत्रु जा कै एक समानै ॥

ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ ॥੨॥ (392-15)
प्रभ अपुने बिनु अवरु न जानै ॥२॥

ਕੋਟਿ ਕੋਟਿ ਅਘ ਕਾਟਨਹਾਰਾ ॥ (392-16)
कोटि कोटि अघ काटनहारा ॥

ਦੁਖ ਦੂਰਿ ਕਰਨ ਜੀਅ ਕੇ ਦਾਤਾਰਾ ॥ (392-16)
दुख दूरि करन जीअ के दातारा ॥

ਸੂਰਬੀਰ ਬਚਨ ਕੇ ਬਲੀ ॥ (392-16)
सूरबीर बचन के बली ॥

ਕਉਲਾ ਬਪੁਰੀ ਸੰਤੀ ਛਲੀ ॥੩॥ (392-17)
कउला बपुरी संती छली ॥३॥

ਤਾ ਕਾ ਸੰਗੁ ਬਾਛਹਿ ਸੁਰਦੇਵ ॥ (392-17)
ता का संगु बाछहि सुरदेव ॥

ਅਮੋਘ ਦਰਸੁ ਸਫਲ ਜਾ ਕੀ ਸੇਵ ॥ (392-17)
अमोघ दरसु सफल जा की सेव ॥

ਕਰ ਜੋੜਿ ਨਾਨਕੁ ਕਰੇ ਅਰਦਾਸਿ ॥ (392-18)
कर जोड़ि नानकु करे अरदासि ॥

ਮੋਹਿ ਸੰਤਹ ਟਹਲ ਦੀਜੈ ਗੁਣਤਾਸਿ ॥੪॥੩੭॥੮੮॥ (392-18)
मोहि संतह टहल दीजै गुणतासि ॥४॥३७॥८८॥

ਆਸਾ ਮਹਲਾ ੫ ॥ (392-19)
आसा महला ५ ॥

ਸਗਲ ਸੂਖ ਜਪਿ ਏਕੈ ਨਾਮ ॥ (392-19)
सगल सूख जपि एकै नाम ॥

ਸਗਲ ਧਰਮ ਹਰਿ ਕੇ ਗੁਣ ਗਾਮ ॥ (392-19)
सगल धरम हरि के गुण गाम ॥

ਮਹਾ ਪਵਿਤ੍ਰ ਸਾਧ ਕਾ ਸੰਗੁ ॥ (392-19)
महा पवित्र साध का संगु ॥

ਜਿਸੁ ਭੇਟਤ ਲਾਗੈ ਪ੍ਰਭ ਰੰਗੁ ॥੧॥ (393-1)
जिसु भेटत लागै प्रभ रंगु ॥१॥

ਗੁਰ ਪ੍ਰਸਾਦਿ ਓਇ ਆਨੰਦ ਪਾਵੈ ॥ (393-1)
गुर प्रसादि ओइ आनंद पावै ॥

ਜਿਸੁ ਸਿਮਰਤ ਮਨਿ ਹੋਇ ਪ੍ਰਗਾਸਾ ਤਾ ਕੀ ਗਤਿ ਮਿਤਿ ਕਹਨੁ ਨ ਜਾਵੈ ॥੧॥ ਰਹਾਉ ॥ (393-1)
जिसु सिमरत मनि होइ प्रगासा ता की गति मिति कहनु न जावै ॥१॥ रहाउ ॥

ਵਰਤ ਨੇਮ ਮਜਨ ਤਿਸੁ ਪੂਜਾ ॥ (393-2)
वरत नेम मजन तिसु पूजा ॥

ਬੇਦ ਪੁਰਾਨ ਤਿਨਿ ਸਿੰਮ੍ਰਿਤਿ ਸੁਨੀਜਾ ॥ (393-2)
बेद पुरान तिनि सिंम्रिति सुनीजा ॥

ਮਹਾ ਪੁਨੀਤ ਜਾ ਕਾ ਨਿਰਮਲ ਥਾਨੁ ॥ (393-3)
महा पुनीत जा का निरमल थानु ॥

ਸਾਧਸੰਗਤਿ ਜਾ ਕੈ ਹਰਿ ਹਰਿ ਨਾਮੁ ॥੨॥ (393-3)
साधसंगति जा कै हरि हरि नामु ॥२॥

ਪ੍ਰਗਟਿਓ ਸੋ ਜਨੁ ਸਗਲੇ ਭਵਨ ॥ (393-4)
प्रगटिओ सो जनु सगले भवन ॥

ਪਤਿਤ ਪੁਨੀਤ ਤਾ ਕੀ ਪਗ ਰੇਨ ॥ (393-4)
पतित पुनीत ता की पग रेन ॥

ਜਾ ਕਉ ਭੇਟਿਓ ਹਰਿ ਹਰਿ ਰਾਇ ॥ (393-4)
जा कउ भेटिओ हरि हरि राइ ॥

ਤਾ ਕੀ ਗਤਿ ਮਿਤਿ ਕਥਨੁ ਨ ਜਾਇ ॥੩॥ (393-4)
ता की गति मिति कथनु न जाइ ॥३॥

ਆਠ ਪਹਰ ਕਰ ਜੋੜਿ ਧਿਆਵਉ ॥ (393-5)
आठ पहर कर जोड़ि धिआवउ ॥

ਉਨ ਸਾਧਾ ਕਾ ਦਰਸਨੁ ਪਾਵਉ ॥ (393-5)
उन साधा का दरसनु पावउ ॥

ਮੋਹਿ ਗਰੀਬ ਕਉ ਲੇਹੁ ਰਲਾਇ ॥ (393-5)
मोहि गरीब कउ लेहु रलाइ ॥

ਨਾਨਕ ਆਇ ਪਏ ਸਰਣਾਇ ॥੪॥੩੮॥੮੯॥ (393-6)
नानक आइ पए सरणाइ ॥४॥३८॥८९॥

ਆਸਾ ਮਹਲਾ ੫ ॥ (393-6)
आसा महला ५ ॥

ਆਠ ਪਹਰ ਉਦਕ ਇਸਨਾਨੀ ॥ (393-6)
आठ पहर उदक इसनानी ॥

ਸਦ ਹੀ ਭੋਗੁ ਲਗਾਇ ਸੁਗਿਆਨੀ ॥ (393-7)
सद ही भोगु लगाइ सुगिआनी ॥

ਬਿਰਥਾ ਕਾਹੂ ਛੋਡੈ ਨਾਹੀ ॥ (393-7)
बिरथा काहू छोडै नाही ॥

ਬਹੁਰਿ ਬਹੁਰਿ ਤਿਸੁ ਲਾਗਹ ਪਾਈ ॥੧॥ (393-7)
बहुरि बहुरि तिसु लागह पाई ॥१॥

ਸਾਲਗਿਰਾਮੁ ਹਮਾਰੈ ਸੇਵਾ ॥ (393-8)
सालगिरामु हमारै सेवा ॥

ਪੂਜਾ ਅਰਚਾ ਬੰਦਨ ਦੇਵਾ ॥੧॥ ਰਹਾਉ ॥ (393-8)
पूजा अरचा बंदन देवा ॥१॥ रहाउ ॥

ਘੰਟਾ ਜਾ ਕਾ ਸੁਨੀਐ ਚਹੁ ਕੁੰਟ ॥ (393-8)
घंटा जा का सुनीऐ चहु कुंट ॥

ਆਸਨੁ ਜਾ ਕਾ ਸਦਾ ਬੈਕੁੰਠ ॥ (393-9)
आसनु जा का सदा बैकुंठ ॥

ਜਾ ਕਾ ਚਵਰੁ ਸਭ ਊਪਰਿ ਝੂਲੈ ॥ (393-9)
जा का चवरु सभ ऊपरि झूलै ॥

ਤਾ ਕਾ ਧੂਪੁ ਸਦਾ ਪਰਫੁਲੈ ॥੨॥ (393-9)
ता का धूपु सदा परफुलै ॥२॥

ਘਟਿ ਘਟਿ ਸੰਪਟੁ ਹੈ ਰੇ ਜਾ ਕਾ ॥ (393-10)
घटि घटि स्मपटु है रे जा का ॥

ਅਭਗ ਸਭਾ ਸੰਗਿ ਹੈ ਸਾਧਾ ॥ (393-10)
अभग सभा संगि है साधा ॥

ਆਰਤੀ ਕੀਰਤਨੁ ਸਦਾ ਅਨੰਦ ॥ (393-10)
आरती कीरतनु सदा अनंद ॥

ਮਹਿਮਾ ਸੁੰਦਰ ਸਦਾ ਬੇਅੰਤ ॥੩॥ (393-10)
महिमा सुंदर सदा बेअंत ॥३॥

ਜਿਸਹਿ ਪਰਾਪਤਿ ਤਿਸ ਹੀ ਲਹਨਾ ॥ (393-11)
जिसहि परापति तिस ही लहना ॥

ਸੰਤ ਚਰਨ ਓਹੁ ਆਇਓ ਸਰਨਾ ॥ (393-11)
संत चरन ओहु आइओ सरना ॥

ਹਾਥਿ ਚੜਿਓ ਹਰਿ ਸਾਲਗਿਰਾਮੁ ॥ (393-11)
हाथि चड़िओ हरि सालगिरामु ॥

ਕਹੁ ਨਾਨਕ ਗੁਰਿ ਕੀਨੋ ਦਾਨੁ ॥੪॥੩੯॥੯੦॥ (393-12)
कहु नानक गुरि कीनो दानु ॥४॥३९॥९०॥

ਆਸਾ ਮਹਲਾ ੫ ਪੰਚਪਦਾ ॥ (393-12)
आसा महला ५ पंचपदा ॥

ਜਿਹ ਪੈਡੈ ਲੂਟੀ ਪਨਿਹਾਰੀ ॥ (393-12)
जिह पैडै लूटी पनिहारी ॥

ਸੋ ਮਾਰਗੁ ਸੰਤਨ ਦੂਰਾਰੀ ॥੧॥ (393-13)
सो मारगु संतन दूरारी ॥१॥

ਸਤਿਗੁਰ ਪੂਰੈ ਸਾਚੁ ਕਹਿਆ ॥ (393-13)
सतिगुर पूरै साचु कहिआ ॥

ਨਾਮ ਤੇਰੇ ਕੀ ਮੁਕਤੇ ਬੀਥੀ ਜਮ ਕਾ ਮਾਰਗੁ ਦੂਰਿ ਰਹਿਆ ॥੧॥ ਰਹਾਉ ॥ (393-13)
नाम तेरे की मुकते बीथी जम का मारगु दूरि रहिआ ॥१॥ रहाउ ॥

ਜਹ ਲਾਲਚ ਜਾਗਾਤੀ ਘਾਟ ॥ (393-14)
जह लालच जागाती घाट ॥

ਦੂਰਿ ਰਹੀ ਉਹ ਜਨ ਤੇ ਬਾਟ ॥੨॥ (393-14)
दूरि रही उह जन ते बाट ॥२॥

ਜਹ ਆਵਟੇ ਬਹੁਤ ਘਨ ਸਾਥ ॥ (393-15)
जह आवटे बहुत घन साथ ॥

ਪਾਰਬ੍ਰਹਮ ਕੇ ਸੰਗੀ ਸਾਧ ॥੩॥ (393-15)
पारब्रहम के संगी साध ॥३॥

ਚਿਤ੍ਰ ਗੁਪਤੁ ਸਭ ਲਿਖਤੇ ਲੇਖਾ ॥ (393-15)
चित्र गुपतु सभ लिखते लेखा ॥

ਭਗਤ ਜਨਾ ਕਉ ਦ੍ਰਿਸਟਿ ਨ ਪੇਖਾ ॥੪॥ (393-16)
भगत जना कउ द्रिसटि न पेखा ॥४॥

ਕਹੁ ਨਾਨਕ ਜਿਸੁ ਸਤਿਗੁਰੁ ਪੂਰਾ ॥ (393-16)
कहु नानक जिसु सतिगुरु पूरा ॥

ਵਾਜੇ ਤਾ ਕੈ ਅਨਹਦ ਤੂਰਾ ॥੫॥੪੦॥੯੧॥ (393-16)
वाजे ता कै अनहद तूरा ॥५॥४०॥९१॥

ਆਸਾ ਮਹਲਾ ੫ ਦੁਪਦਾ ੧ ॥ (393-17)
आसा महला ५ दुपदा १ ॥

ਸਾਧੂ ਸੰਗਿ ਸਿਖਾਇਓ ਨਾਮੁ ॥ (393-17)
साधू संगि सिखाइओ नामु ॥

ਸਰਬ ਮਨੋਰਥ ਪੂਰਨ ਕਾਮ ॥ (393-17)
सरब मनोरथ पूरन काम ॥

ਬੁਝਿ ਗਈ ਤ੍ਰਿਸਨਾ ਹਰਿ ਜਸਹਿ ਅਘਾਨੇ ॥ (393-18)
बुझि गई त्रिसना हरि जसहि अघाने ॥

ਜਪਿ ਜਪਿ ਜੀਵਾ ਸਾਰਿਗਪਾਨੇ ॥੧॥ (393-18)
जपि जपि जीवा सारिगपाने ॥१॥

ਕਰਨ ਕਰਾਵਨ ਸਰਨਿ ਪਰਿਆ ॥ (393-18)
करन करावन सरनि परिआ ॥

ਗੁਰ ਪਰਸਾਦਿ ਸਹਜ ਘਰੁ ਪਾਇਆ ਮਿਟਿਆ ਅੰਧੇਰਾ ਚੰਦੁ ਚੜਿਆ ॥੧॥ ਰਹਾਉ ॥ (393-19)
गुर परसादि सहज घरु पाइआ मिटिआ अंधेरा चंदु चड़िआ ॥१॥ रहाउ ॥

ਲਾਲ ਜਵੇਹਰ ਭਰੇ ਭੰਡਾਰ ॥ (394-1)
लाल जवेहर भरे भंडार ॥

ਤੋਟਿ ਨ ਆਵੈ ਜਪਿ ਨਿਰੰਕਾਰ ॥ (394-1)
तोटि न आवै जपि निरंकार ॥

ਅੰਮ੍ਰਿਤ ਸਬਦੁ ਪੀਵੈ ਜਨੁ ਕੋਇ ॥ (394-1)
अमृत सबदु पीवै जनु कोइ ॥

ਨਾਨਕ ਤਾ ਕੀ ਪਰਮ ਗਤਿ ਹੋਇ ॥੨॥੪੧॥੯੨॥ (394-1)
नानक ता की परम गति होइ ॥२॥४१॥९२॥

ਆਸਾ ਘਰੁ ੭ ਮਹਲਾ ੫ ॥ (394-2)
आसा घरु ७ महला ५ ॥

ਹਰਿ ਕਾ ਨਾਮੁ ਰਿਦੈ ਨਿਤ ਧਿਆਈ ॥ (394-2)
हरि का नामु रिदै नित धिआई ॥

ਸੰਗੀ ਸਾਥੀ ਸਗਲ ਤਰਾਂਈ ॥੧॥ (394-2)
संगी साथी सगल तरांई ॥१॥

ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥ (394-3)
गुरु मेरै संगि सदा है नाले ॥

ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ ॥੧॥ ਰਹਾਉ ॥ (394-3)
सिमरि सिमरि तिसु सदा सम्हाले ॥१॥ रहाउ ॥

ਤੇਰਾ ਕੀਆ ਮੀਠਾ ਲਾਗੈ ॥ (394-4)
तेरा कीआ मीठा लागै ॥

ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥੨॥੪੨॥੯੩॥ (394-4)
हरि नामु पदारथु नानकु मांगै ॥२॥४२॥९३॥

ਆਸਾ ਮਹਲਾ ੫ ॥ (394-4)
आसा महला ५ ॥

ਸਾਧੂ ਸੰਗਤਿ ਤਰਿਆ ਸੰਸਾਰੁ ॥ (394-5)
साधू संगति तरिआ संसारु ॥

ਹਰਿ ਕਾ ਨਾਮੁ ਮਨਹਿ ਆਧਾਰੁ ॥੧॥ (394-5)
हरि का नामु मनहि आधारु ॥१॥

ਚਰਨ ਕਮਲ ਗੁਰਦੇਵ ਪਿਆਰੇ ॥ (394-5)
चरन कमल गुरदेव पिआरे ॥

ਪੂਜਹਿ ਸੰਤ ਹਰਿ ਪ੍ਰੀਤਿ ਪਿਆਰੇ ॥੧॥ ਰਹਾਉ ॥ (394-6)
पूजहि संत हरि प्रीति पिआरे ॥१॥ रहाउ ॥

ਜਾ ਕੈ ਮਸਤਕਿ ਲਿਖਿਆ ਭਾਗੁ ॥ (394-6)
जा कै मसतकि लिखिआ भागु ॥

ਕਹੁ ਨਾਨਕ ਤਾ ਕਾ ਥਿਰੁ ਸੋਹਾਗੁ ॥੨॥੪੩॥੯੪॥ (394-6)
कहु नानक ता का थिरु सोहागु ॥२॥४३॥९४॥

ਆਸਾ ਮਹਲਾ ੫ ॥ (394-7)
आसा महला ५ ॥

ਮੀਠੀ ਆਗਿਆ ਪਿਰ ਕੀ ਲਾਗੀ ॥ (394-7)
मीठी आगिआ पिर की लागी ॥

ਸਉਕਨਿ ਘਰ ਕੀ ਕੰਤਿ ਤਿਆਗੀ ॥ (394-7)
सउकनि घर की कंति तिआगी ॥

ਪ੍ਰਿਅ ਸੋਹਾਗਨਿ ਸੀਗਾਰਿ ਕਰੀ ॥ (394-8)
प्रिअ सोहागनि सीगारि करी ॥

ਮਨ ਮੇਰੇ ਕੀ ਤਪਤਿ ਹਰੀ ॥੧॥ (394-8)
मन मेरे की तपति हरी ॥१॥

ਭਲੋ ਭਇਓ ਪ੍ਰਿਅ ਕਹਿਆ ਮਾਨਿਆ ॥ (394-8)
भलो भइओ प्रिअ कहिआ मानिआ ॥

ਸੂਖੁ ਸਹਜੁ ਇਸੁ ਘਰ ਕਾ ਜਾਨਿਆ ॥ ਰਹਾਉ ॥ (394-9)
सूखु सहजु इसु घर का जानिआ ॥ रहाउ ॥

ਹਉ ਬੰਦੀ ਪ੍ਰਿਅ ਖਿਜਮਤਦਾਰ ॥ (394-9)
हउ बंदी प्रिअ खिजमतदार ॥

ਓਹੁ ਅਬਿਨਾਸੀ ਅਗਮ ਅਪਾਰ ॥ (394-9)
ओहु अबिनासी अगम अपार ॥

ਲੇ ਪਖਾ ਪ੍ਰਿਅ ਝਲਉ ਪਾਏ ॥ (394-10)
ले पखा प्रिअ झलउ पाए ॥

ਭਾਗਿ ਗਏ ਪੰਚ ਦੂਤ ਲਾਵੇ ॥੨॥ (394-10)
भागि गए पंच दूत लावे ॥२॥

ਨਾ ਮੈ ਕੁਲੁ ਨਾ ਸੋਭਾਵੰਤ ॥ (394-10)
ना मै कुलु ना सोभावंत ॥

ਕਿਆ ਜਾਨਾ ਕਿਉ ਭਾਨੀ ਕੰਤ ॥ (394-11)
किआ जाना किउ भानी कंत ॥

ਮੋਹਿ ਅਨਾਥ ਗਰੀਬ ਨਿਮਾਨੀ ॥ (394-11)
मोहि अनाथ गरीब निमानी ॥

ਕੰਤ ਪਕਰਿ ਹਮ ਕੀਨੀ ਰਾਨੀ ॥੩॥ (394-11)
कंत पकरि हम कीनी रानी ॥३॥

ਜਬ ਮੁਖਿ ਪ੍ਰੀਤਮੁ ਸਾਜਨੁ ਲਾਗਾ ॥ (394-12)
जब मुखि प्रीतमु साजनु लागा ॥

ਸੂਖ ਸਹਜ ਮੇਰਾ ਧਨੁ ਸੋਹਾਗਾ ॥ (394-12)
सूख सहज मेरा धनु सोहागा ॥

ਕਹੁ ਨਾਨਕ ਮੋਰੀ ਪੂਰਨ ਆਸਾ ॥ (394-12)
कहु नानक मोरी पूरन आसा ॥

ਸਤਿਗੁਰ ਮੇਲੀ ਪ੍ਰਭ ਗੁਣਤਾਸਾ ॥੪॥੧॥੯੫॥ (394-13)
सतिगुर मेली प्रभ गुणतासा ॥४॥१॥९५॥

ਆਸਾ ਮਹਲਾ ੫ ॥ (394-13)
आसा महला ५ ॥

ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ ॥ (394-13)
माथै त्रिकुटी द्रिसटि करूरि ॥

ਬੋਲੈ ਕਉੜਾ ਜਿਹਬਾ ਕੀ ਫੂੜਿ ॥ (394-13)
बोलै कउड़ा जिहबा की फूड़ि ॥

ਸਦਾ ਭੂਖੀ ਪਿਰੁ ਜਾਨੈ ਦੂਰਿ ॥੧॥ (394-14)
सदा भूखी पिरु जानै दूरि ॥१॥

ਐਸੀ ਇਸਤ੍ਰੀ ਇਕ ਰਾਮਿ ਉਪਾਈ ॥ (394-14)
ऐसी इसत्री इक रामि उपाई ॥

ਉਨਿ ਸਭੁ ਜਗੁ ਖਾਇਆ ਹਮ ਗੁਰਿ ਰਾਖੇ ਮੇਰੇ ਭਾਈ ॥ ਰਹਾਉ ॥ (394-15)
उनि सभु जगु खाइआ हम गुरि राखे मेरे भाई ॥ रहाउ ॥

ਪਾਇ ਠਗਉਲੀ ਸਭੁ ਜਗੁ ਜੋਹਿਆ ॥ (394-15)
पाइ ठगउली सभु जगु जोहिआ ॥

ਬ੍ਰਹਮਾ ਬਿਸਨੁ ਮਹਾਦੇਉ ਮੋਹਿਆ ॥ (394-16)
ब्रहमा बिसनु महादेउ मोहिआ ॥

ਗੁਰਮੁਖਿ ਨਾਮਿ ਲਗੇ ਸੇ ਸੋਹਿਆ ॥੨॥ (394-16)
गुरमुखि नामि लगे से सोहिआ ॥२॥

ਵਰਤ ਨੇਮ ਕਰਿ ਥਾਕੇ ਪੁਨਹਚਰਨਾ ॥ (394-16)
वरत नेम करि थाके पुनहचरना ॥

ਤਟ ਤੀਰਥ ਭਵੇ ਸਭ ਧਰਨਾ ॥ (394-17)
तट तीरथ भवे सभ धरना ॥

ਸੇ ਉਬਰੇ ਜਿ ਸਤਿਗੁਰ ਕੀ ਸਰਣਾ ॥੩॥ (394-17)
से उबरे जि सतिगुर की सरना ॥३॥

ਮਾਇਆ ਮੋਹਿ ਸਭੋ ਜਗੁ ਬਾਧਾ ॥ (394-17)
माइआ मोहि सभो जगु बाधा ॥

ਹਉਮੈ ਪਚੈ ਮਨਮੁਖ ਮੂਰਾਖਾ ॥ (394-18)
हउमै पचै मनमुख मूराखा ॥

ਗੁਰ ਨਾਨਕ ਬਾਹ ਪਕਰਿ ਹਮ ਰਾਖਾ ॥੪॥੨॥੯੬॥ (394-18)
गुर नानक बाह पकरि हम राखा ॥४॥२॥९६॥

ਆਸਾ ਮਹਲਾ ੫ ॥ (394-19)
आसा महला ५ ॥

ਸਰਬ ਦੂਖ ਜਬ ਬਿਸਰਹਿ ਸੁਆਮੀ ॥ (394-19)
सरब दूख जब बिसरहि सुआमी ॥

ਈਹਾ ਊਹਾ ਕਾਮਿ ਨ ਪ੍ਰਾਨੀ ॥੧॥ (394-19)
ईहा ऊहा कामि न प्रानी ॥१॥

ਸੰਤ ਤ੍ਰਿਪਤਾਸੇ ਹਰਿ ਹਰਿ ਧ੍ਯ੍ਯਾਇ ॥ (394-19)
संत त्रिपतासे हरि हरि ध्याइ ॥

ਕਰਿ ਕਿਰਪਾ ਅਪੁਨੈ ਨਾਇ ਲਾਏ ਸਰਬ ਸੂਖ ਪ੍ਰਭ ਤੁਮਰੀ ਰਜਾਇ ॥ ਰਹਾਉ ॥ (395-1)
करि किरपा अपुनै नाइ लाए सरब सूख प्रभ तुमरी रजाइ ॥ रहाउ ॥

ਸੰਗਿ ਹੋਵਤ ਕਉ ਜਾਨਤ ਦੂਰਿ ॥ (395-1)
संगि होवत कउ जानत दूरि ॥

ਸੋ ਜਨੁ ਮਰਤਾ ਨਿਤ ਨਿਤ ਝੂਰਿ ॥੨॥ (395-2)
सो जनु मरता नित नित झूरि ॥२॥

ਜਿਨਿ ਸਭੁ ਕਿਛੁ ਦੀਆ ਤਿਸੁ ਚਿਤਵਤ ਨਾਹਿ ॥ (395-2)
जिनि सभु किछु दीआ तिसु चितवत नाहि ॥

ਮਹਾ ਬਿਖਿਆ ਮਹਿ ਦਿਨੁ ਰੈਨਿ ਜਾਹਿ ॥੩॥ (395-2)
महा बिखिआ महि दिनु रैनि जाहि ॥३॥

ਕਹੁ ਨਾਨਕ ਪ੍ਰਭੁ ਸਿਮਰਹੁ ਏਕ ॥ (395-3)
कहु नानक प्रभु सिमरहु एक ॥

ਗਤਿ ਪਾਈਐ ਗੁਰ ਪੂਰੇ ਟੇਕ ॥੪॥੩॥੯੭॥ (395-3)
गति पाईऐ गुर पूरे टेक ॥४॥३॥९७॥

ਆਸਾ ਮਹਲਾ ੫ ॥ (395-4)
आसा महला ५ ॥

ਨਾਮੁ ਜਪਤ ਮਨੁ ਤਨੁ ਸਭੁ ਹਰਿਆ ॥ (395-4)
नामु जपत मनु तनु सभु हरिआ ॥

ਕਲਮਲ ਦੋਖ ਸਗਲ ਪਰਹਰਿਆ ॥੧॥ (395-4)
कलमल दोख सगल परहरिआ ॥१॥

ਸੋਈ ਦਿਵਸੁ ਭਲਾ ਮੇਰੇ ਭਾਈ ॥ (395-5)
सोई दिवसु भला मेरे भाई ॥

ਹਰਿ ਗੁਨ ਗਾਇ ਪਰਮ ਗਤਿ ਪਾਈ ॥ ਰਹਾਉ ॥ (395-5)
हरि गुन गाइ परम गति पाई ॥ रहाउ ॥

ਸਾਧ ਜਨਾ ਕੇ ਪੂਜੇ ਪੈਰ ॥ (395-5)
साध जना के पूजे पैर ॥

ਮਿਟੇ ਉਪਦ੍ਰਹ ਮਨ ਤੇ ਬੈਰ ॥੨॥ (395-6)
मिटे उपद्रह मन ते बैर ॥२॥

ਗੁਰ ਪੂਰੇ ਮਿਲਿ ਝਗਰੁ ਚੁਕਾਇਆ ॥ (395-6)
गुर पूरे मिलि झगरु चुकाइआ ॥

ਪੰਚ ਦੂਤ ਸਭਿ ਵਸਗਤਿ ਆਇਆ ॥੩॥ (395-6)
पंच दूत सभि वसगति आइआ ॥३॥

ਜਿਸੁ ਮਨਿ ਵਸਿਆ ਹਰਿ ਕਾ ਨਾਮੁ ॥ (395-7)
जिसु मनि वसिआ हरि का नामु ॥

ਨਾਨਕ ਤਿਸੁ ਊਪਰਿ ਕੁਰਬਾਨ ॥੪॥੪॥੯੮॥ (395-7)
नानक तिसु ऊपरि कुरबान ॥४॥४॥९८॥

ਆਸਾ ਮਹਲਾ ੫ ॥ (395-7)
आसा महला ५ ॥

ਗਾਵਿ ਲੇਹਿ ਤੂ ਗਾਵਨਹਾਰੇ ॥ (395-8)
गावि लेहि तू गावनहारे ॥

ਜੀਅ ਪਿੰਡ ਕੇ ਪ੍ਰਾਨ ਅਧਾਰੇ ॥ (395-8)
जीअ पिंड के प्रान अधारे ॥

ਜਾ ਕੀ ਸੇਵਾ ਸਰਬ ਸੁਖ ਪਾਵਹਿ ॥ (395-8)
जा की सेवा सरब सुख पावहि ॥

ਅਵਰ ਕਾਹੂ ਪਹਿ ਬਹੁੜਿ ਨ ਜਾਵਹਿ ॥੧॥ (395-8)
अवर काहू पहि बहुड़ि न जावहि ॥१॥

ਸਦਾ ਅਨੰਦ ਅਨੰਦੀ ਸਾਹਿਬੁ ਗੁਨ ਨਿਧਾਨ ਨਿਤ ਨਿਤ ਜਾਪੀਐ ॥ (395-9)
सदा अनंद अनंदी साहिबु गुन निधान नित नित जापीऐ ॥

ਬਲਿਹਾਰੀ ਤਿਸੁ ਸੰਤ ਪਿਆਰੇ ਜਿਸੁ ਪ੍ਰਸਾਦਿ ਪ੍ਰਭੁ ਮਨਿ ਵਾਸੀਐ ॥ ਰਹਾਉ ॥ (395-9)
बलिहारी तिसु संत पिआरे जिसु प्रसादि प्रभु मनि वासीऐ ॥ रहाउ ॥

ਜਾ ਕਾ ਦਾਨੁ ਨਿਖੂਟੈ ਨਾਹੀ ॥ (395-10)
जा का दानु निखूटै नाही ॥

ਭਲੀ ਭਾਤਿ ਸਭ ਸਹਜਿ ਸਮਾਹੀ ॥ (395-10)
भली भाति सभ सहजि समाही ॥

ਜਾ ਕੀ ਬਖਸ ਨ ਮੇਟੈ ਕੋਈ ॥ (395-11)
जा की बखस न मेटै कोई ॥

ਮਨਿ ਵਾਸਾਈਐ ਸਾਚਾ ਸੋਈ ॥੨॥ (395-11)
मनि वासाईऐ साचा सोई ॥२॥

ਸਗਲ ਸਮਗ੍ਰੀ ਗ੍ਰਿਹ ਜਾ ਕੈ ਪੂਰਨ ॥ (395-11)
सगल समग्री ग्रिह जा कै पूरन ॥

ਪ੍ਰਭ ਕੇ ਸੇਵਕ ਦੂਖ ਨ ਝੂਰਨ ॥ (395-12)
प्रभ के सेवक दूख न झूरन ॥

ਓਟਿ ਗਹੀ ਨਿਰਭਉ ਪਦੁ ਪਾਈਐ ॥ (395-12)
ओटि गही निरभउ पदु पाईऐ ॥

ਸਾਸਿ ਸਾਸਿ ਸੋ ਗੁਨ ਨਿਧਿ ਗਾਈਐ ॥੩॥ (395-12)
सासि सासि सो गुन निधि गाईऐ ॥३॥

ਦੂਰਿ ਨ ਹੋਈ ਕਤਹੂ ਜਾਈਐ ॥ (395-13)
दूरि न होई कतहू जाईऐ ॥

ਨਦਰਿ ਕਰੇ ਤਾ ਹਰਿ ਹਰਿ ਪਾਈਐ ॥ (395-13)
नदरि करे ता हरि हरि पाईऐ ॥

ਅਰਦਾਸਿ ਕਰੀ ਪੂਰੇ ਗੁਰ ਪਾਸਿ ॥ (395-13)
अरदासि करी पूरे गुर पासि ॥

ਨਾਨਕੁ ਮੰਗੈ ਹਰਿ ਧਨੁ ਰਾਸਿ ॥੪॥੫॥੯੯॥ (395-14)
नानकु मंगै हरि धनु रासि ॥४॥५॥९९॥

ਆਸਾ ਮਹਲਾ ੫ ॥ (395-14)
आसा महला ५ ॥

ਪ੍ਰਥਮੇ ਮਿਟਿਆ ਤਨ ਕਾ ਦੂਖ ॥ (395-14)
प्रथमे मिटिआ तन का दूख ॥

ਮਨ ਸਗਲ ਕਉ ਹੋਆ ਸੂਖੁ ॥ (395-15)
मन सगल कउ होआ सूखु ॥

ਕਰਿ ਕਿਰਪਾ ਗੁਰ ਦੀਨੋ ਨਾਉ ॥ (395-15)
करि किरपा गुर दीनो नाउ ॥

ਬਲਿ ਬਲਿ ਤਿਸੁ ਸਤਿਗੁਰ ਕਉ ਜਾਉ ॥੧॥ (395-15)
बलि बलि तिसु सतिगुर कउ जाउ ॥१॥

ਗੁਰੁ ਪੂਰਾ ਪਾਇਓ ਮੇਰੇ ਭਾਈ ॥ (395-16)
गुरु पूरा पाइओ मेरे भाई ॥

ਰੋਗ ਸੋਗ ਸਭ ਦੂਖ ਬਿਨਾਸੇ ਸਤਿਗੁਰ ਕੀ ਸਰਣਾਈ ॥ ਰਹਾਉ ॥ (395-16)
रोग सोग सभ दूख बिनासे सतिगुर की सरणाई ॥ रहाउ ॥

ਗੁਰ ਕੇ ਚਰਨ ਹਿਰਦੈ ਵਸਾਏ ॥ (395-17)
गुर के चरन हिरदै वसाए ॥

ਮਨ ਚਿੰਤਤ ਸਗਲੇ ਫਲ ਪਾਏ ॥ (395-17)
मन चिंतत सगले फल पाए ॥

ਅਗਨਿ ਬੁਝੀ ਸਭ ਹੋਈ ਸਾਂਤਿ ॥ (395-17)
अगनि बुझी सभ होई सांति ॥

ਕਰਿ ਕਿਰਪਾ ਗੁਰਿ ਕੀਨੀ ਦਾਤਿ ॥੨॥ (395-17)
करि किरपा गुरि कीनी दाति ॥२॥

ਨਿਥਾਵੇ ਕਉ ਗੁਰਿ ਦੀਨੋ ਥਾਨੁ ॥ (395-18)
निथावे कउ गुरि दीनो थानु ॥

ਨਿਮਾਣੇ ਕਉ ਗੁਰਿ ਕੀਨੋ ਮਾਨੁ ॥ (395-18)
निमाने कउ गुरि कीनो मानु ॥

ਬੰਧਨ ਕਾਟਿ ਸੇਵਕ ਕਰਿ ਰਾਖੇ ॥ (395-18)
बंधन काटि सेवक करि राखे ॥

ਅੰਮ੍ਰਿਤ ਬਾਣੀ ਰਸਨਾ ਚਾਖੇ ॥੩॥ (395-19)
अमृत बानी रसना चाखे ॥३॥

ਵਡੈ ਭਾਗਿ ਪੂਜ ਗੁਰ ਚਰਨਾ ॥ (395-19)
वडै भागि पूज गुर चरना ॥

ਸਗਲ ਤਿਆਗਿ ਪਾਈ ਪ੍ਰਭ ਸਰਨਾ ॥ (395-19)
सगल तिआगि पाई प्रभ सरना ॥

ਗੁਰੁ ਨਾਨਕ ਜਾ ਕਉ ਭਇਆ ਦਇਆਲਾ ॥ (396-1)
गुरु नानक जा कउ भइआ दइआला ॥

ਸੋ ਜਨੁ ਹੋਆ ਸਦਾ ਨਿਹਾਲਾ ॥੪॥੬॥੧੦੦॥ (396-1)
सो जनु होआ सदा निहाला ॥४॥६॥१००॥

ਆਸਾ ਮਹਲਾ ੫ ॥ (396-2)
आसा महला ५ ॥

ਸਤਿਗੁਰ ਸਾਚੈ ਦੀਆ ਭੇਜਿ ॥ (396-2)
सतिगुर साचै दीआ भेजि ॥

ਚਿਰੁ ਜੀਵਨੁ ਉਪਜਿਆ ਸੰਜੋਗਿ ॥ (396-2)
चिरु जीवनु उपजिआ संजोगि ॥

ਉਦਰੈ ਮਾਹਿ ਆਇ ਕੀਆ ਨਿਵਾਸੁ ॥ (396-2)
उदरै माहि आइ कीआ निवासु ॥

ਮਾਤਾ ਕੈ ਮਨਿ ਬਹੁਤੁ ਬਿਗਾਸੁ ॥੧॥ (396-3)
माता कै मनि बहुतु बिगासु ॥१॥

ਜੰਮਿਆ ਪੂਤੁ ਭਗਤੁ ਗੋਵਿੰਦ ਕਾ ॥ (396-3)
जंमिआ पूतु भगतु गोविंद का ॥

ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ ॥ ਰਹਾਉ ॥ (396-3)
प्रगटिआ सभ महि लिखिआ धुर का ॥ रहाउ ॥

ਦਸੀ ਮਾਸੀ ਹੁਕਮਿ ਬਾਲਕ ਜਨਮੁ ਲੀਆ ॥ (396-4)
दसी मासी हुकमि बालक जनमु लीआ ॥

ਮਿਟਿਆ ਸੋਗੁ ਮਹਾ ਅਨੰਦੁ ਥੀਆ ॥ (396-4)
मिटिआ सोगु महा अनंदु थीआ ॥

ਗੁਰਬਾਣੀ ਸਖੀ ਅਨੰਦੁ ਗਾਵੈ ॥ (396-5)
गुरबाणी सखी अनंदु गावै ॥

ਸਾਚੇ ਸਾਹਿਬ ਕੈ ਮਨਿ ਭਾਵੈ ॥੨॥ (396-5)
साचे साहिब कै मनि भावै ॥२॥

ਵਧੀ ਵੇਲਿ ਬਹੁ ਪੀੜੀ ਚਾਲੀ ॥ (396-5)
वधी वेलि बहु पीड़ी चाली ॥

ਧਰਮ ਕਲਾ ਹਰਿ ਬੰਧਿ ਬਹਾਲੀ ॥ (396-6)
धरम कला हरि बंधि बहाली ॥

ਮਨ ਚਿੰਦਿਆ ਸਤਿਗੁਰੂ ਦਿਵਾਇਆ ॥ (396-6)
मन चिंदिआ सतिगुरू दिवाइआ ॥

ਭਏ ਅਚਿੰਤ ਏਕ ਲਿਵ ਲਾਇਆ ॥੩॥ (396-6)
भए अचिंत एक लिव लाइआ ॥३॥

ਜਿਉ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ ॥ (396-7)
जिउ बालकु पिता ऊपरि करे बहु माणु ॥

ਬੁਲਾਇਆ ਬੋਲੈ ਗੁਰ ਕੈ ਭਾਣਿ ॥ (396-7)
बुलाइआ बोलै गुर कै भाणि ॥

ਗੁਝੀ ਛੰਨੀ ਨਾਹੀ ਬਾਤ ॥ (396-7)
गुझी छंनी नाही बात ॥

ਗੁਰੁ ਨਾਨਕੁ ਤੁਠਾ ਕੀਨੀ ਦਾਤਿ ॥੪॥੭॥੧੦੧॥ (396-8)
गुरु नानकु तुठा कीनी दाति ॥४॥७॥१०१॥

ਆਸਾ ਮਹਲਾ ੫ ॥ (396-8)
आसा महला ५ ॥

ਗੁਰ ਪੂਰੇ ਰਾਖਿਆ ਦੇ ਹਾਥ ॥ (396-8)
गुर पूरे राखिआ दे हाथ ॥

ਪ੍ਰਗਟੁ ਭਇਆ ਜਨ ਕਾ ਪਰਤਾਪੁ ॥੧॥ (396-9)
प्रगटु भइआ जन का परतापु ॥१॥

ਗੁਰੁ ਗੁਰੁ ਜਪੀ ਗੁਰੂ ਗੁਰੁ ਧਿਆਈ ॥ (396-9)
गुरु गुरु जपी गुरू गुरु धिआई ॥

ਜੀਅ ਕੀ ਅਰਦਾਸਿ ਗੁਰੂ ਪਹਿ ਪਾਈ ॥ ਰਹਾਉ ॥ (396-9)
जीअ की अरदासि गुरू पहि पाई ॥ रहाउ ॥

ਸਰਨਿ ਪਰੇ ਸਾਚੇ ਗੁਰਦੇਵ ॥ (396-10)
सरनि परे साचे गुरदेव ॥

ਪੂਰਨ ਹੋਈ ਸੇਵਕ ਸੇਵ ॥੨॥ (396-10)
पूरन होई सेवक सेव ॥२॥

ਜੀਉ ਪਿੰਡੁ ਜੋਬਨੁ ਰਾਖੈ ਪ੍ਰਾਨ ॥ (396-10)
जीउ पिंडु जोबनु राखै प्रान ॥

ਕਹੁ ਨਾਨਕ ਗੁਰ ਕਉ ਕੁਰਬਾਨ ॥੩॥੮॥੧੦੨॥ (396-11)
कहु नानक गुर कउ कुरबान ॥३॥८॥१०२॥

ਆਸਾ ਘਰੁ ੮ ਕਾਫੀ ਮਹਲਾ ੫ (396-12)
आसा घरु ८ काफी महला ५

ੴ ਸਤਿਗੁਰ ਪ੍ਰਸਾਦਿ ॥ (396-12)
ੴ सतिगुर प्रसादि ॥

ਮੈ ਬੰਦਾ ਬੈ ਖਰੀਦੁ ਸਚੁ ਸਾਹਿਬੁ ਮੇਰਾ ॥ (396-13)
मै बंदा बै खरीदु सचु साहिबु मेरा ॥

ਜੀਉ ਪਿੰਡੁ ਸਭੁ ਤਿਸ ਦਾ ਸਭੁ ਕਿਛੁ ਹੈ ਤੇਰਾ ॥੧॥ (396-13)
जीउ पिंडु सभु तिस दा सभु किछु है तेरा ॥१॥

ਮਾਣੁ ਨਿਮਾਣੇ ਤੂੰ ਧਣੀ ਤੇਰਾ ਭਰਵਾਸਾ ॥ (396-13)
माणु निमाणे तूं धणी तेरा भरवासा ॥

ਬਿਨੁ ਸਾਚੇ ਅਨ ਟੇਕ ਹੈ ਸੋ ਜਾਣਹੁ ਕਾਚਾ ॥੧॥ ਰਹਾਉ ॥ (396-14)
बिनु साचे अन टेक है सो जाणहु काचा ॥१॥ रहाउ ॥

ਤੇਰਾ ਹੁਕਮੁ ਅਪਾਰ ਹੈ ਕੋਈ ਅੰਤੁ ਨ ਪਾਏ ॥ (396-14)
तेरा हुकमु अपार है कोई अंतु न पाए ॥

ਜਿਸੁ ਗੁਰੁ ਪੂਰਾ ਭੇਟਸੀ ਸੋ ਚਲੈ ਰਜਾਏ ॥੨॥ (396-15)
जिसु गुरु पूरा भेटसी सो चलै रजाए ॥२॥

ਚਤੁਰਾਈ ਸਿਆਣਪਾ ਕਿਤੈ ਕਾਮਿ ਨ ਆਈਐ ॥ (396-15)
चतुराई सिआणपा कितै कामि न आईऐ ॥

ਤੁਠਾ ਸਾਹਿਬੁ ਜੋ ਦੇਵੈ ਸੋਈ ਸੁਖੁ ਪਾਈਐ ॥੩॥ (396-16)
तुठा साहिबु जो देवै सोई सुखु पाईऐ ॥३॥

ਜੇ ਲਖ ਕਰਮ ਕਮਾਈਅਹਿ ਕਿਛੁ ਪਵੈ ਨ ਬੰਧਾ ॥ (396-16)
जे लख करम कमाईअहि किछु पवै न बंधा ॥

ਜਨ ਨਾਨਕ ਕੀਤਾ ਨਾਮੁ ਧਰ ਹੋਰੁ ਛੋਡਿਆ ਧੰਧਾ ॥੪॥੧॥੧੦੩॥ (396-16)
जन नानक कीता नामु धर होरु छोडिआ धंधा ॥४॥१॥१०३॥

ਆਸਾ ਮਹਲਾ ੫ ॥ (396-17)
आसा महला ५ ॥

ਸਰਬ ਸੁਖਾ ਮੈ ਭਾਲਿਆ ਹਰਿ ਜੇਵਡੁ ਨ ਕੋਈ ॥ (396-17)
सरब सुखा मै भालिआ हरि जेवडु न कोई ॥

ਗੁਰ ਤੁਠੇ ਤੇ ਪਾਈਐ ਸਚੁ ਸਾਹਿਬੁ ਸੋਈ ॥੧॥ (396-18)
गुर तुठे ते पाईऐ सचु साहिबु सोई ॥१॥

ਬਲਿਹਾਰੀ ਗੁਰ ਆਪਣੇ ਸਦ ਸਦ ਕੁਰਬਾਣਾ ॥ (396-18)
बलिहारी गुर आपणे सद सद कुरबाना ॥

ਨਾਮੁ ਨ ਵਿਸਰਉ ਇਕੁ ਖਿਨੁ ਚਸਾ ਇਹੁ ਕੀਜੈ ਦਾਨਾ ॥੧॥ ਰਹਾਉ ॥ (396-18)
नामु न विसरउ इकु खिनु चसा इहु कीजै दाना ॥१॥ रहाउ ॥

ਭਾਗਠੁ ਸਚਾ ਸੋਇ ਹੈ ਜਿਸੁ ਹਰਿ ਧਨੁ ਅੰਤਰਿ ॥ (396-19)
भागठु सचा सोइ है जिसु हरि धनु अंतरि ॥

ਸੋ ਛੂਟੈ ਮਹਾ ਜਾਲ ਤੇ ਜਿਸੁ ਗੁਰ ਸਬਦੁ ਨਿਰੰਤਰਿ ॥੨॥ (397-1)
सो छूटै महा जाल ते जिसु गुर सबदु निरंतरि ॥२॥

ਗੁਰ ਕੀ ਮਹਿਮਾ ਕਿਆ ਕਹਾ ਗੁਰੁ ਬਿਬੇਕ ਸਤ ਸਰੁ ॥ (397-1)
गुर की महिमा किआ कहा गुरु बिबेक सत सरु ॥

ਓਹੁ ਆਦਿ ਜੁਗਾਦੀ ਜੁਗਹ ਜੁਗੁ ਪੂਰਾ ਪਰਮੇਸਰੁ ॥੩॥ (397-2)
ओहु आदि जुगादी जुगह जुगु पूरा परमेसरु ॥३॥

ਨਾਮੁ ਧਿਆਵਹੁ ਸਦ ਸਦਾ ਹਰਿ ਹਰਿ ਮਨੁ ਰੰਗੇ ॥ (397-2)
नामु धिआवहु सद सदा हरि हरि मनु रंगे ॥

ਜੀਉ ਪ੍ਰਾਣ ਧਨੁ ਗੁਰੂ ਹੈ ਨਾਨਕ ਕੈ ਸੰਗੇ ॥੪॥੨॥੧੦੪॥ (397-3)
जीउ प्राण धनु गुरू है नानक कै संगे ॥४॥२॥१०४॥

ਆਸਾ ਮਹਲਾ ੫ ॥ (397-3)
आसा महला ५ ॥

ਸਾਈ ਅਲਖੁ ਅਪਾਰੁ ਭੋਰੀ ਮਨਿ ਵਸੈ ॥ (397-3)
साई अलखु अपारु भोरी मनि वसै ॥

ਦੂਖੁ ਦਰਦੁ ਰੋਗੁ ਮਾਇ ਮੈਡਾ ਹਭੁ ਨਸੈ ॥੧॥ (397-4)
दूखु दरदु रोगु माइ मैडा हभु नसै ॥१॥

ਹਉ ਵੰਞਾ ਕੁਰਬਾਣੁ ਸਾਈ ਆਪਣੇ ॥ (397-4)
हउ वंञा कुरबाणु साई आपणे ॥

ਹੋਵੈ ਅਨਦੁ ਘਣਾ ਮਨਿ ਤਨਿ ਜਾਪਣੇ ॥੧॥ ਰਹਾਉ ॥ (397-4)
होवै अनदु घणा मनि तनि जापणे ॥१॥ रहाउ ॥

ਬਿੰਦਕ ਗਾਲ੍ਹਿ ਸੁਣੀ ਸਚੇ ਤਿਸੁ ਧਣੀ ॥ (397-5)
बिंदक गाल्हि सुणी सचे तिसु धणी ॥

ਸੂਖੀ ਹੂੰ ਸੁਖੁ ਪਾਇ ਮਾਇ ਨ ਕੀਮ ਗਣੀ ॥੨॥ (397-5)
सूखी हूं सुखु पाइ माइ न कीम गणी ॥२॥

ਨੈਣ ਪਸੰਦੋ ਸੋਇ ਪੇਖਿ ਮੁਸਤਾਕ ਭਈ ॥ (397-6)
नैण पसंदो सोइ पेखि मुसताक भई ॥

ਮੈ ਨਿਰਗੁਣਿ ਮੇਰੀ ਮਾਇ ਆਪਿ ਲੜਿ ਲਾਇ ਲਈ ॥੩॥ (397-6)
मै निरगुणि मेरी माइ आपि लड़ि लाइ लई ॥३॥

ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ ॥ (397-7)
बेद कतेब संसार हभा हूं बाहरा ॥

ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ ॥੪॥੩॥੧੦੫॥ (397-7)
नानक का पातिसाहु दिसै जाहरा ॥४॥३॥१०५॥

ਆਸਾ ਮਹਲਾ ੫ ॥ (397-8)
आसा महला ५ ॥

ਲਾਖ ਭਗਤ ਆਰਾਧਹਿ ਜਪਤੇ ਪੀਉ ਪੀਉ ॥ (397-8)
लाख भगत आराधहि जपते पीउ पीउ ॥

ਕਵਨ ਜੁਗਤਿ ਮੇਲਾਵਉ ਨਿਰਗੁਣ ਬਿਖਈ ਜੀਉ ॥੧॥ (397-8)
कवन जुगति मेलावउ निरगुण बिखई जीउ ॥१॥

ਤੇਰੀ ਟੇਕ ਗੋਵਿੰਦ ਗੁਪਾਲ ਦਇਆਲ ਪ੍ਰਭ ॥ (397-9)
तेरी टेक गोविंद गुपाल दइआल प्रभ ॥

ਤੂੰ ਸਭਨਾ ਕੇ ਨਾਥ ਤੇਰੀ ਸ੍ਰਿਸਟਿ ਸਭ ॥੧॥ ਰਹਾਉ ॥ (397-9)
तूं सभना के नाथ तेरी स्रिसटि सभ ॥१॥ रहाउ ॥

ਸਦਾ ਸਹਾਈ ਸੰਤ ਪੇਖਹਿ ਸਦਾ ਹਜੂਰਿ ॥ (397-10)
सदा सहाई संत पेखहि सदा हजूरि ॥

ਨਾਮ ਬਿਹੂਨੜਿਆ ਸੇ ਮਰਨ੍ਹਿ ਵਿਸੂਰਿ ਵਿਸੂਰਿ ॥੨॥ (397-10)
नाम बिहूनड़िआ से मरन्हि विसूरि विसूरि ॥२॥

ਦਾਸ ਦਾਸਤਣ ਭਾਇ ਮਿਟਿਆ ਤਿਨਾ ਗਉਣੁ ॥ (397-10)
दास दासतण भाइ मिटिआ तिना गउणु ॥

ਵਿਸਰਿਆ ਜਿਨ੍ਹਾ ਨਾਮੁ ਤਿਨਾੜਾ ਹਾਲੁ ਕਉਣੁ ॥੩॥ (397-11)
विसरिआ जिन्हा नामु तिनाड़ा हालु कउणु ॥३॥

ਜੈਸੇ ਪਸੁ ਹਰ੍ਹਿਆਉ ਤੈਸਾ ਸੰਸਾਰੁ ਸਭ ॥ (397-11)
जैसे पसु हर्हिआउ तैसा संसारु सभ ॥

ਨਾਨਕ ਬੰਧਨ ਕਾਟਿ ਮਿਲਾਵਹੁ ਆਪਿ ਪ੍ਰਭ ॥੪॥੪॥੧੦੬॥ (397-12)
नानक बंधन काटि मिलावहु आपि प्रभ ॥४॥४॥१०६॥

ਆਸਾ ਮਹਲਾ ੫ ॥ (397-12)
आसा महला ५ ॥

ਹਭੇ ਥੋਕ ਵਿਸਾਰਿ ਹਿਕੋ ਖਿਆਲੁ ਕਰਿ ॥ (397-12)
हभे थोक विसारि हिको खिआलु करि ॥

ਝੂਠਾ ਲਾਹਿ ਗੁਮਾਨੁ ਮਨੁ ਤਨੁ ਅਰਪਿ ਧਰਿ ॥੧॥ (397-13)
झूठा लाहि गुमानु मनु तनु अरपि धरि ॥१॥

ਆਠ ਪਹਰ ਸਾਲਾਹਿ ਸਿਰਜਨਹਾਰ ਤੂੰ ॥ (397-13)
आठ पहर सालाहि सिरजनहार तूं ॥

ਜੀਵਾਂ ਤੇਰੀ ਦਾਤਿ ਕਿਰਪਾ ਕਰਹੁ ਮੂੰ ॥੧॥ ਰਹਾਉ ॥ (397-14)
जीवां तेरी दाति किरपा करहु मूं ॥१॥ रहाउ ॥

ਸੋਈ ਕੰਮੁ ਕਮਾਇ ਜਿਤੁ ਮੁਖੁ ਉਜਲਾ ॥ (397-14)
सोई कंमु कमाइ जितु मुखु उजला ॥

ਸੋਈ ਲਗੈ ਸਚਿ ਜਿਸੁ ਤੂੰ ਦੇਹਿ ਅਲਾ ॥੨॥ (397-15)
सोई लगै सचि जिसु तूं देहि अला ॥२॥

ਜੋ ਨ ਢਹੰਦੋ ਮੂਲਿ ਸੋ ਘਰੁ ਰਾਸਿ ਕਰਿ ॥ (397-15)
जो न ढहंदो मूलि सो घरु रासि करि ॥

ਹਿਕੋ ਚਿਤਿ ਵਸਾਇ ਕਦੇ ਨ ਜਾਇ ਮਰਿ ॥੩॥ (397-15)
हिको चिति वसाइ कदे न जाइ मरि ॥३॥

ਤਿਨ੍ਹ੍ਹਾ ਪਿਆਰਾ ਰਾਮੁ ਜੋ ਪ੍ਰਭ ਭਾਣਿਆ ॥ (397-16)
तिन्हा पिआरा रामु जो प्रभ भाणिआ ॥

ਗੁਰ ਪਰਸਾਦਿ ਅਕਥੁ ਨਾਨਕਿ ਵਖਾਣਿਆ ॥੪॥੫॥੧੦੭॥ (397-16)
गुर परसादि अकथु नानकि वखाणिआ ॥४॥५॥१०७॥

ਆਸਾ ਮਹਲਾ ੫ ॥ (397-17)
आसा महला ५ ॥

ਜਿਨ੍ਹ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥ (397-17)
जिन्हा न विसरै नामु से किनेहिआ ॥

ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥੧॥ (397-17)
भेदु न जाणहु मूलि सांई जेहिआ ॥१॥

ਮਨੁ ਤਨੁ ਹੋਇ ਨਿਹਾਲੁ ਤੁਮ੍ਹ੍ਹ ਸੰਗਿ ਭੇਟਿਆ ॥ (397-18)
मनु तनु होइ निहालु तुम्ह संगि भेटिआ ॥

ਸੁਖੁ ਪਾਇਆ ਜਨ ਪਰਸਾਦਿ ਦੁਖੁ ਸਭੁ ਮੇਟਿਆ ॥੧॥ ਰਹਾਉ ॥ (397-18)
सुखु पाइआ जन परसादि दुखु सभु मेटिआ ॥१॥ रहाउ ॥

ਜੇਤੇ ਖੰਡ ਬ੍ਰਹਮੰਡ ਉਧਾਰੇ ਤਿੰਨ੍ਹ੍ਹ ਖੇ ॥ (397-19)
जेते खंड ब्रहमंड उधारे तिंन्ह खे ॥

ਜਿਨ੍ਹ੍ਹ ਮਨਿ ਵੁਠਾ ਆਪਿ ਪੂਰੇ ਭਗਤ ਸੇ ॥੨॥ (397-19)
जिन्ह मनि वुठा आपि पूरे भगत से ॥२॥

ਜਿਸ ਨੋ ਮੰਨੇ ਆਪਿ ਸੋਈ ਮਾਨੀਐ ॥ (398-1)
जिस नो मंने आपि सोई मानीऐ ॥

ਪ੍ਰਗਟ ਪੁਰਖੁ ਪਰਵਾਣੁ ਸਭ ਠਾਈ ਜਾਣੀਐ ॥੩॥ (398-1)
प्रगट पुरखु परवाणु सभ ठाई जानीऐ ॥३॥

ਦਿਨਸੁ ਰੈਣਿ ਆਰਾਧਿ ਸਮ੍ਹ੍ਹਾਲੇ ਸਾਹ ਸਾਹ ॥ (398-1)
दिनसु रैणि आराधि सम्हाले साह साह ॥

ਨਾਨਕ ਕੀ ਲੋਚਾ ਪੂਰਿ ਸਚੇ ਪਾਤਿਸਾਹ ॥੪॥੬॥੧੦੮॥ (398-2)
नानक की लोचा पूरि सचे पातिसाह ॥४॥६॥१०८॥

ਆਸਾ ਮਹਲਾ ੫ ॥ (398-2)
आसा महला ५ ॥

ਪੂਰਿ ਰਹਿਆ ਸ੍ਰਬ ਠਾਇ ਹਮਾਰਾ ਖਸਮੁ ਸੋਇ ॥ (398-2)
पूरि रहिआ स्रब ठाइ हमारा खसमु सोइ ॥

ਏਕੁ ਸਾਹਿਬੁ ਸਿਰਿ ਛਤੁ ਦੂਜਾ ਨਾਹਿ ਕੋਇ ॥੧॥ (398-3)
एकु साहिबु सिरि छतु दूजा नाहि कोइ ॥१॥

ਜਿਉ ਭਾਵੈ ਤਿਉ ਰਾਖੁ ਰਾਖਣਹਾਰਿਆ ॥ (398-3)
जिउ भावै तिउ राखु राखणहारिआ ॥

ਤੁਝ ਬਿਨੁ ਅਵਰੁ ਨ ਕੋਇ ਨਦਰਿ ਨਿਹਾਰਿਆ ॥੧॥ ਰਹਾਉ ॥ (398-4)
तुझ बिनु अवरु न कोइ नदरि निहारिआ ॥१॥ रहाउ ॥

ਪ੍ਰਤਿਪਾਲੇ ਪ੍ਰਭੁ ਆਪਿ ਘਟਿ ਘਟਿ ਸਾਰੀਐ ॥ (398-4)
प्रतिपाले प्रभु आपि घटि घटि सारीऐ ॥

ਜਿਸੁ ਮਨਿ ਵੁਠਾ ਆਪਿ ਤਿਸੁ ਨ ਵਿਸਾਰੀਐ ॥੨॥ (398-5)
जिसु मनि वुठा आपि तिसु न विसारीऐ ॥२॥

ਜੋ ਕਿਛੁ ਕਰੇ ਸੁ ਆਪਿ ਆਪਣ ਭਾਣਿਆ ॥ (398-5)
जो किछु करे सु आपि आपण भाणिआ ॥

ਭਗਤਾ ਕਾ ਸਹਾਈ ਜੁਗਿ ਜੁਗਿ ਜਾਣਿਆ ॥੩॥ (398-6)
भगता का सहाई जुगि जुगि जाणिआ ॥३॥

ਜਪਿ ਜਪਿ ਹਰਿ ਕਾ ਨਾਮੁ ਕਦੇ ਨ ਝੂਰੀਐ ॥ (398-6)
जपि जपि हरि का नामु कदे न झूरीऐ ॥

ਨਾਨਕ ਦਰਸ ਪਿਆਸ ਲੋਚਾ ਪੂਰੀਐ ॥੪॥੭॥੧੦੯॥ (398-7)
नानक दरस पिआस लोचा पूरीऐ ॥४॥७॥१०९॥

ਆਸਾ ਮਹਲਾ ੫ ॥ (398-7)
आसा महला ५ ॥

ਕਿਆ ਸੋਵਹਿ ਨਾਮੁ ਵਿਸਾਰਿ ਗਾਫਲ ਗਹਿਲਿਆ ॥ (398-7)
किआ सोवहि नामु विसारि गाफल गहिलिआ ॥

ਕਿਤੀ ਇਤੁ ਦਰੀਆਇ ਵੰਞਨ੍ਹਿ ਵਹਦਿਆ ॥੧॥ (398-8)
किती� इतु दरीआइ वंञन्हि वहदिआ ॥१॥

ਬੋਹਿਥੜਾ ਹਰਿ ਚਰਣ ਮਨ ਚੜਿ ਲੰਘੀਐ ॥ (398-8)
बोहिथड़ा हरि चरण मन चड़ि लंघीऐ ॥

ਆਠ ਪਹਰ ਗੁਣ ਗਾਇ ਸਾਧੂ ਸੰਗੀਐ ॥੧॥ ਰਹਾਉ ॥ (398-9)
आठ पहर गुण गाइ साधू संगीऐ ॥१॥ रहाउ ॥

ਭੋਗਹਿ ਭੋਗ ਅਨੇਕ ਵਿਣੁ ਨਾਵੈ ਸੁੰਞਿਆ ॥ (398-9)
भोगहि भोग अनेक विणु नावै सुंञिआ ॥

ਹਰਿ ਕੀ ਭਗਤਿ ਬਿਨਾ ਮਰਿ ਮਰਿ ਰੁੰਨਿਆ ॥੨॥ (398-10)
हरि की भगति बिना मरि मरि रुंनिआ ॥२॥

ਕਪੜ ਭੋਗ ਸੁਗੰਧ ਤਨਿ ਮਰਦਨ ਮਾਲਣਾ ॥ (398-10)
कपड़ भोग सुगंध तनि मरदन मालणा ॥

ਬਿਨੁ ਸਿਮਰਨ ਤਨੁ ਛਾਰੁ ਸਰਪਰ ਚਾਲਣਾ ॥੩॥ (398-10)
बिनु सिमरन तनु छारु सरपर चालणा ॥३॥

ਮਹਾ ਬਿਖਮੁ ਸੰਸਾਰੁ ਵਿਰਲੈ ਪੇਖਿਆ ॥ (398-11)
महा बिखमु संसारु विरलै पेखिआ ॥

ਛੂਟਨੁ ਹਰਿ ਕੀ ਸਰਣਿ ਲੇਖੁ ਨਾਨਕ ਲੇਖਿਆ ॥੪॥੮॥੧੧੦॥ (398-11)
छूटनु हरि की सरणि लेखु नानक लेखिआ ॥४॥८॥११०॥

ਆਸਾ ਮਹਲਾ ੫ ॥ (398-12)
आसा महला ५ ॥

ਕੋਇ ਨ ਕਿਸ ਹੀ ਸੰਗਿ ਕਾਹੇ ਗਰਬੀਐ ॥ (398-12)
कोइ न किस ही संगि काहे गरबीऐ ॥

ਏਕੁ ਨਾਮੁ ਆਧਾਰੁ ਭਉਜਲੁ ਤਰਬੀਐ ॥੧॥ (398-12)
एकु नामु आधारु भउजलु तरबीऐ ॥१॥

ਮੈ ਗਰੀਬ ਸਚੁ ਟੇਕ ਤੂੰ ਮੇਰੇ ਸਤਿਗੁਰ ਪੂਰੇ ॥ (398-13)
मै गरीब सचु टेक तूं मेरे सतिगुर पूरे ॥

ਦੇਖਿ ਤੁਮ੍ਹ੍ਹਾਰਾ ਦਰਸਨੋ ਮੇਰਾ ਮਨੁ ਧੀਰੇ ॥੧॥ ਰਹਾਉ ॥ (398-13)
देखि तुम्हारा दरसनो मेरा मनु धीरे ॥१॥ रहाउ ॥

ਰਾਜੁ ਮਾਲੁ ਜੰਜਾਲੁ ਕਾਜਿ ਨ ਕਿਤੈ ਗਨੋੁ ॥ (398-14)
राजु मालु जंजालु काजि न कितै गनो ॥

ਹਰਿ ਕੀਰਤਨੁ ਆਧਾਰੁ ਨਿਹਚਲੁ ਏਹੁ ਧਨੋੁ ॥੨॥ (398-14)
हरि कीरतनु आधारु निहचलु एहु धनो ॥२॥

ਜੇਤੇ ਮਾਇਆ ਰੰਗ ਤੇਤ ਪਛਾਵਿਆ ॥ (398-15)
जेते माइआ रंग तेत पछाविआ ॥

ਸੁਖ ਕਾ ਨਾਮੁ ਨਿਧਾਨੁ ਗੁਰਮੁਖਿ ਗਾਵਿਆ ॥੩॥ (398-15)
सुख का नामु निधानु गुरमुखि गाविआ ॥३॥

ਸਚਾ ਗੁਣੀ ਨਿਧਾਨੁ ਤੂੰ ਪ੍ਰਭ ਗਹਿਰ ਗੰਭੀਰੇ ॥ (398-15)
सचा गुणी निधानु तूं प्रभ गहिर ग्मभीरे ॥

ਆਸ ਭਰੋਸਾ ਖਸਮ ਕਾ ਨਾਨਕ ਕੇ ਜੀਅਰੇ ॥੪॥੯॥੧੧੧॥ (398-16)
आस भरोसा खसम का नानक के जीअरे ॥४॥९॥१११॥

ਆਸਾ ਮਹਲਾ ੫ ॥ (398-16)
आसा महला ५ ॥

ਜਿਸੁ ਸਿਮਰਤ ਦੁਖੁ ਜਾਇ ਸਹਜ ਸੁਖੁ ਪਾਈਐ ॥ (398-16)
जिसु सिमरत दुखु जाइ सहज सुखु पाईऐ ॥

ਰੈਣਿ ਦਿਨਸੁ ਕਰ ਜੋੜਿ ਹਰਿ ਹਰਿ ਧਿਆਈਐ ॥੧॥ (398-17)
रैणि दिनसु कर जोड़ि हरि हरि धिआईऐ ॥१॥

ਨਾਨਕ ਕਾ ਪ੍ਰਭੁ ਸੋਇ ਜਿਸ ਕਾ ਸਭੁ ਕੋਇ ॥ (398-17)
नानक का प्रभु सोइ जिस का सभु कोइ ॥

ਸਰਬ ਰਹਿਆ ਭਰਪੂਰਿ ਸਚਾ ਸਚੁ ਸੋਇ ॥੧॥ ਰਹਾਉ ॥ (398-18)
सरब रहिआ भरपूरि सचा सचु सोइ ॥१॥ रहाउ ॥

ਅੰਤਰਿ ਬਾਹਰਿ ਸੰਗਿ ਸਹਾਈ ਗਿਆਨ ਜੋਗੁ ॥ (398-18)
अंतरि बाहरि संगि सहाई गिआन जोगु ॥

ਤਿਸਹਿ ਅਰਾਧਿ ਮਨਾ ਬਿਨਾਸੈ ਸਗਲ ਰੋਗੁ ॥੨॥ (398-19)
तिसहि अराधि मना बिनासै सगल रोगु ॥२॥

ਰਾਖਨਹਾਰੁ ਅਪਾਰੁ ਰਾਖੈ ਅਗਨਿ ਮਾਹਿ ॥ (398-19)
राखनहारु अपारु राखै अगनि माहि ॥

ਸੀਤਲੁ ਹਰਿ ਹਰਿ ਨਾਮੁ ਸਿਮਰਤ ਤਪਤਿ ਜਾਇ ॥੩॥ (399-1)
सीतलु हरि हरि नामु सिमरत तपति जाइ ॥३॥

ਸੂਖ ਸਹਜ ਆਨੰਦ ਘਣਾ ਨਾਨਕ ਜਨ ਧੂਰਾ ॥ (399-1)
सूख सहज आनंद घणा नानक जन धूरा ॥

ਕਾਰਜ ਸਗਲੇ ਸਿਧਿ ਭਏ ਭੇਟਿਆ ਗੁਰੁ ਪੂਰਾ ॥੪॥੧੦॥੧੧੨॥ (399-2)
कारज सगले सिधि भए भेटिआ गुरु पूरा ॥४॥१०॥११२॥

ਆਸਾ ਮਹਲਾ ੫ ॥ (399-2)
आसा महला ५ ॥

ਗੋਬਿੰਦ ਗੁਣੀ ਨਿਧਾਨੁ ਗੁਰਮੁਖਿ ਜਾਣੀਐ ॥ (399-2)
गोबिंदु गुणी निधानु गुरमुखि जाणीऐ ॥

ਹੋਇ ਕ੍ਰਿਪਾਲੁ ਦਇਆਲੁ ਹਰਿ ਰੰਗੁ ਮਾਣੀਐ ॥੧॥ (399-3)
होइ क्रिपालु दइआलु हरि रंगु माणीऐ ॥१॥

ਆਵਹੁ ਸੰਤ ਮਿਲਾਹ ਹਰਿ ਕਥਾ ਕਹਾਣੀਆ ॥ (399-3)
आवहु संत मिलाह हरि कथा कहाणीआ ॥

ਅਨਦਿਨੁ ਸਿਮਰਹ ਨਾਮੁ ਤਜਿ ਲਾਜ ਲੋਕਾਣੀਆ ॥੧॥ ਰਹਾਉ ॥ (399-4)
अनदिनु सिमरह नामु तजि लाज लोकाणीआ ॥१॥ रहाउ ॥

ਜਪਿ ਜਪਿ ਜੀਵਾ ਨਾਮੁ ਹੋਵੈ ਅਨਦੁ ਘਣਾ ॥ (399-4)
जपि जपि जीवा नामु होवै अनदु घणा ॥

ਮਿਥਿਆ ਮੋਹੁ ਸੰਸਾਰੁ ਝੂਠਾ ਵਿਣਸਣਾ ॥੨॥ (399-5)
मिथिआ मोहु संसारु झूठा विणसणा ॥२॥

ਚਰਣ ਕਮਲ ਸੰਗਿ ਨੇਹੁ ਕਿਨੈ ਵਿਰਲੈ ਲਾਇਆ ॥ (399-5)
चरण कमल संगि नेहु किनै विरलै लाइआ ॥

ਧੰਨੁ ਸੁਹਾਵਾ ਮੁਖੁ ਜਿਨਿ ਹਰਿ ਧਿਆਇਆ ॥੩॥ (399-6)
धंनु सुहावा मुखु जिनि हरि धिआइआ ॥३॥

ਜਨਮ ਮਰਣ ਦੁਖ ਕਾਲ ਸਿਮਰਤ ਮਿਟਿ ਜਾਵਈ ॥ (399-6)
जनम मरण दुख काल सिमरत मिटि जावई ॥

ਨਾਨਕ ਕੈ ਸੁਖੁ ਸੋਇ ਜੋ ਪ੍ਰਭ ਭਾਵਈ ॥੪॥੧੧॥੧੧੩॥ (399-6)
नानक कै सुखु सोइ जो प्रभ भावई ॥४॥११॥११३॥

ਆਸਾ ਮਹਲਾ ੫ ॥ (399-7)
आसा महला ५ ॥

ਆਵਹੁ ਮੀਤ ਇਕਤ੍ਰ ਹੋਇ ਰਸ ਕਸ ਸਭਿ ਭੁੰਚਹ ॥ (399-7)
आवहु मीत इकत्र होइ रस कस सभि भुंचह ॥

ਅੰਮ੍ਰਿਤ ਨਾਮੁ ਹਰਿ ਹਰਿ ਜਪਹ ਮਿਲਿ ਪਾਪਾ ਮੁੰਚਹ ॥੧॥ (399-8)
अमृत नामु हरि हरि जपह मिलि पापा मुंचह ॥१॥

ਤਤੁ ਵੀਚਾਰਹੁ ਸੰਤ ਜਨਹੁ ਤਾ ਤੇ ਬਿਘਨੁ ਨ ਲਾਗੈ ॥ (399-8)
ततु वीचारहु संत जनहु ता ते बिघनु न लागै ॥

ਖੀਨ ਭਏ ਸਭਿ ਤਸਕਰਾ ਗੁਰਮੁਖਿ ਜਨੁ ਜਾਗੈ ॥੧॥ ਰਹਾਉ ॥ (399-9)
खीन भए सभि तसकरा गुरमुखि जनु जागै ॥१॥ रहाउ ॥

ਬੁਧਿ ਗਰੀਬੀ ਖਰਚੁ ਲੈਹੁ ਹਉਮੈ ਬਿਖੁ ਜਾਰਹੁ ॥ (399-9)
बुधि गरीबी खरचु लैहु हउमै बिखु जारहु ॥

ਸਾਚਾ ਹਟੁ ਪੂਰਾ ਸਉਦਾ ਵਖਰੁ ਨਾਮੁ ਵਾਪਾਰਹੁ ॥੨॥ (399-10)
साचा हटु पूरा सउदा वखरु नामु वापारहु ॥२॥

ਜੀਉ ਪਿੰਡੁ ਧਨੁ ਅਰਪਿਆ ਸੇਈ ਪਤਿਵੰਤੇ ॥ (399-10)
जीउ पिंडु धनु अरपिआ सेई पतिवंते ॥

ਆਪਨੜੇ ਪ੍ਰਭ ਭਾਣਿਆ ਨਿਤ ਕੇਲ ਕਰੰਤੇ ॥੩॥ (399-11)
आपनड़े प्रभ भाणिआ नित केल करंते ॥३॥

ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ ॥ (399-11)
दुरमति मदु जो पीवते बिखली पति कमली ॥

ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ ॥੪॥੧੨॥੧੧੪॥ (399-11)
राम रसाइणि जो रते नानक सच अमली ॥४॥१२॥११४॥

ਆਸਾ ਮਹਲਾ ੫ ॥ (399-12)
आसा महला ५ ॥

ਉਦਮੁ ਕੀਆ ਕਰਾਇਆ ਆਰੰਭੁ ਰਚਾਇਆ ॥ (399-12)
उदमु कीआ कराइआ आर्मभु रचाइआ ॥

ਨਾਮੁ ਜਪੇ ਜਪਿ ਜੀਵਣਾ ਗੁਰਿ ਮੰਤ੍ਰੁ ਦ੍ਰਿੜਾਇਆ ॥੧॥ (399-13)
नामु जपे जपि जीवणा गुरि मंत्रु द्रिड़ाइआ ॥१॥

ਪਾਇ ਪਰਹ ਸਤਿਗੁਰੂ ਕੈ ਜਿਨਿ ਭਰਮੁ ਬਿਦਾਰਿਆ ॥ (399-13)
पाइ परह सतिगुरू कै जिनि भरमु बिदारिआ ॥

ਕਰਿ ਕਿਰਪਾ ਪ੍ਰਭਿ ਆਪਣੀ ਸਚੁ ਸਾਜਿ ਸਵਾਰਿਆ ॥੧॥ ਰਹਾਉ ॥ (399-14)
करि किरपा प्रभि आपणी सचु साजि सवारिआ ॥१॥ रहाउ ॥

ਕਰੁ ਗਹਿ ਲੀਨੇ ਆਪਣੇ ਸਚੁ ਹੁਕਮਿ ਰਜਾਈ ॥ (399-14)
करु गहि लीने आपणे सचु हुकमि रजाई ॥

ਜੋ ਪ੍ਰਭਿ ਦਿਤੀ ਦਾਤਿ ਸਾ ਪੂਰਨ ਵਡਿਆਈ ॥੨॥ (399-15)
जो प्रभि दिती दाति सा पूरन वडिआई ॥२॥

ਸਦਾ ਸਦਾ ਗੁਣ ਗਾਈਅਹਿ ਜਪਿ ਨਾਮੁ ਮੁਰਾਰੀ ॥ (399-15)
सदा सदा गुण गाईअहि जपि नामु मुरारी ॥

ਨੇਮੁ ਨਿਬਾਹਿਓ ਸਤਿਗੁਰੂ ਪ੍ਰਭਿ ਕਿਰਪਾ ਧਾਰੀ ॥੩॥ (399-16)
नेमु निबाहिओ सतिगुरू प्रभि किरपा धारी ॥३॥

ਨਾਮੁ ਧਨੁ ਗੁਣ ਗਾਉ ਲਾਭੁ ਪੂਰੈ ਗੁਰਿ ਦਿਤਾ ॥ (399-16)
नामु धनु गुण गाउ लाभु पूरै गुरि दिता ॥

ਵਣਜਾਰੇ ਸੰਤ ਨਾਨਕਾ ਪ੍ਰਭੁ ਸਾਹੁ ਅਮਿਤਾ ॥੪॥੧੩॥੧੧੫॥ (399-17)
वणजारे संत नानका प्रभु साहु अमिता ॥४॥१३॥११५॥

ਆਸਾ ਮਹਲਾ ੫ ॥ (399-17)
आसा महला ५ ॥

ਜਾ ਕਾ ਠਾਕੁਰੁ ਤੁਹੀ ਪ੍ਰਭ ਤਾ ਕੇ ਵਡਭਾਗਾ ॥ (399-17)
जा का ठाकुरु तुही प्रभ ता के वडभागा ॥

ਓਹੁ ਸੁਹੇਲਾ ਸਦ ਸੁਖੀ ਸਭੁ ਭ੍ਰਮੁ ਭਉ ਭਾਗਾ ॥੧॥ (399-18)
ओहु सुहेला सद सुखी सभु भ्रमु भउ भागा ॥१॥

ਹਮ ਚਾਕਰ ਗੋਬਿੰਦ ਕੇ ਠਾਕੁਰੁ ਮੇਰਾ ਭਾਰਾ ॥ (399-18)
हम चाकर गोबिंद के ठाकुरु मेरा भारा ॥

ਕਰਨ ਕਰਾਵਨ ਸਗਲ ਬਿਧਿ ਸੋ ਸਤਿਗੁਰੂ ਹਮਾਰਾ ॥੧॥ ਰਹਾਉ ॥ (399-19)
करन करावन सगल बिधि सो सतिगुरू हमारा ॥१॥ रहाउ ॥

ਦੂਜਾ ਨਾਹੀ ਅਉਰੁ ਕੋ ਤਾ ਕਾ ਭਉ ਕਰੀਐ ॥ (399-19)
दूजा नाही अउरु को ता का भउ करीऐ ॥

ਗੁਰ ਸੇਵਾ ਮਹਲੁ ਪਾਈਐ ਜਗੁ ਦੁਤਰੁ ਤਰੀਐ ॥੨॥ (400-1)
गुर सेवा महलु पाईऐ जगु दुतरु तरीऐ ॥२॥

ਦ੍ਰਿਸਟਿ ਤੇਰੀ ਸੁਖੁ ਪਾਈਐ ਮਨ ਮਾਹਿ ਨਿਧਾਨਾ ॥ (400-1)
द्रिसटि तेरी सुखु पाईऐ मन माहि निधाना ॥

ਜਾ ਕਉ ਤੁਮ ਕਿਰਪਾਲ ਭਏ ਸੇਵਕ ਸੇ ਪਰਵਾਨਾ ॥੩॥ (400-2)
जा कउ तुम किरपाल भए सेवक से परवाना ॥३॥

ਅੰਮ੍ਰਿਤ ਰਸੁ ਹਰਿ ਕੀਰਤਨੋ ਕੋ ਵਿਰਲਾ ਪੀਵੈ ॥ (400-2)
अमृत रसु हरि कीरतनो को विरला पीवै ॥

ਵਜਹੁ ਨਾਨਕ ਮਿਲੈ ਏਕੁ ਨਾਮੁ ਰਿਦ ਜਪਿ ਜਪਿ ਜੀਵੈ ॥੪॥੧੪॥੧੧੬॥ (400-2)
वजहु नानक मिलै एकु नामु रिद जपि जपि जीवै ॥४॥१४॥११६॥

ਆਸਾ ਮਹਲਾ ੫ ॥ (400-3)
आसा महला ५ ॥

ਜਾ ਪ੍ਰਭ ਕੀ ਹਉ ਚੇਰੁਲੀ ਸੋ ਸਭ ਤੇ ਊਚਾ ॥ (400-3)
जा प्रभ की हउ चेरुली सो सभ ते ऊचा ॥

ਸਭੁ ਕਿਛੁ ਤਾ ਕਾ ਕਾਂਢੀਐ ਥੋਰਾ ਅਰੁ ਮੂਚਾ ॥੧॥ (400-4)
सभु किछु ता का कांढीऐ थोरा अरु मूचा ॥१॥

ਜੀਅ ਪ੍ਰਾਨ ਮੇਰਾ ਧਨੋ ਸਾਹਿਬ ਕੀ ਮਨੀਆ ॥ (400-4)
जीअ प्रान मेरा धनो साहिब की मनीआ ॥

ਨਾਮਿ ਜਿਸੈ ਕੈ ਊਜਲੀ ਤਿਸੁ ਦਾਸੀ ਗਨੀਆ ॥੧॥ ਰਹਾਉ ॥ (400-5)
नामि जिसै कै ऊजली तिसु दासी गनीआ ॥१॥ रहाउ ॥

ਵੇਪਰਵਾਹੁ ਅਨੰਦ ਮੈ ਨਾਉ ਮਾਣਕ ਹੀਰਾ ॥ (400-5)
वेपरवाहु अनंद मै नाउ माणक हीरा ॥

ਰਜੀ ਧਾਈ ਸਦਾ ਸੁਖੁ ਜਾ ਕਾ ਤੂੰ ਮੀਰਾ ॥੨॥ (400-6)
रजी धाई सदा सुखु जा का तूं मीरा ॥२॥

ਸਖੀ ਸਹੇਰੀ ਸੰਗ ਕੀ ਸੁਮਤਿ ਦ੍ਰਿੜਾਵਉ ॥ (400-6)
सखी सहेरी संग की सुमति द्रिड़ावउ ॥

ਸੇਵਹੁ ਸਾਧੂ ਭਾਉ ਕਰਿ ਤਉ ਨਿਧਿ ਹਰਿ ਪਾਵਉ ॥੩॥ (400-6)
सेवहु साधू भाउ करि तउ निधि हरि पावउ ॥३॥

ਸਗਲੀ ਦਾਸੀ ਠਾਕੁਰੈ ਸਭ ਕਹਤੀ ਮੇਰਾ ॥ (400-7)
सगली दासी ठाकुरै सभ कहती मेरा ॥

ਜਿਸਹਿ ਸੀਗਾਰੇ ਨਾਨਕਾ ਤਿਸੁ ਸੁਖਹਿ ਬਸੇਰਾ ॥੪॥੧੫॥੧੧੭॥ (400-7)
जिसहि सीगारे नानका तिसु सुखहि बसेरा ॥४॥१५॥११७॥

ਆਸਾ ਮਹਲਾ ੫ ॥ (400-8)
आसा महला ५ ॥

ਸੰਤਾ ਕੀ ਹੋਇ ਦਾਸਰੀ ਏਹੁ ਅਚਾਰਾ ਸਿਖੁ ਰੀ ॥ (400-8)
संता की होइ दासरी एहु अचारा सिखु री ॥

ਸਗਲ ਗੁਣਾ ਗੁਣ ਊਤਮੋ ਭਰਤਾ ਦੂਰਿ ਨ ਪਿਖੁ ਰੀ ॥੧॥ (400-8)
सगल गुणा गुण ऊतमो भरता दूरि न पिखु री ॥१॥

ਇਹੁ ਮਨੁ ਸੁੰਦਰਿ ਆਪਣਾ ਹਰਿ ਨਾਮਿ ਮਜੀਠੈ ਰੰਗਿ ਰੀ ॥ (400-9)
इहु मनु सुंदरि आपणा हरि नामि मजीठै रंगि री ॥

ਤਿਆਗਿ ਸਿਆਣਪ ਚਾਤੁਰੀ ਤੂੰ ਜਾਣੁ ਗੁਪਾਲਹਿ ਸੰਗਿ ਰੀ ॥੧॥ ਰਹਾਉ ॥ (400-10)
तिआगि सिआणप चातुरी तूं जाणु गुपालहि संगि री ॥१॥ रहाउ ॥

ਭਰਤਾ ਕਹੈ ਸੁ ਮਾਨੀਐ ਏਹੁ ਸੀਗਾਰੁ ਬਣਾਇ ਰੀ ॥ (400-10)
भरता कहै सु मानीऐ एहु सीगारु बणाइ री ॥

ਦੂਜਾ ਭਾਉ ਵਿਸਾਰੀਐ ਏਹੁ ਤੰਬੋਲਾ ਖਾਇ ਰੀ ॥੨॥ (400-11)
दूजा भाउ विसारीऐ एहु त्मबोला खाइ री ॥२॥

ਗੁਰ ਕਾ ਸਬਦੁ ਕਰਿ ਦੀਪਕੋ ਇਹ ਸਤ ਕੀ ਸੇਜ ਬਿਛਾਇ ਰੀ ॥ (400-11)
गुर का सबदु करि दीपको इह सत की सेज बिछाइ री ॥

ਆਠ ਪਹਰ ਕਰ ਜੋੜਿ ਰਹੁ ਤਉ ਭੇਟੈ ਹਰਿ ਰਾਇ ਰੀ ॥੩॥ (400-12)
आठ पहर कर जोड़ि रहु तउ भेटै हरि राइ री ॥३॥

ਤਿਸ ਹੀ ਚਜੁ ਸੀਗਾਰੁ ਸਭੁ ਸਾਈ ਰੂਪਿ ਅਪਾਰਿ ਰੀ ॥ (400-12)
तिस ही चजु सीगारु सभु साई रूपि अपारि री ॥

ਸਾਈ ਸੋੁਹਾਗਣਿ ਨਾਨਕਾ ਜੋ ਭਾਣੀ ਕਰਤਾਰਿ ਰੀ ॥੪॥੧੬॥੧੧੮॥ (400-13)
साई सुोहागणि नानका जो भाणी करतारि री ॥४॥१६॥११८॥

ਆਸਾ ਮਹਲਾ ੫ ॥ (400-14)
आसा महला ५ ॥

ਡੀਗਨ ਡੋਲਾ ਤਊ ਲਉ ਜਉ ਮਨ ਕੇ ਭਰਮਾ ॥ (400-14)
डीगन डोला तऊ लउ जउ मन के भरमा ॥

ਭ੍ਰਮ ਕਾਟੇ ਗੁਰਿ ਆਪਣੈ ਪਾਏ ਬਿਸਰਾਮਾ ॥੧॥ (400-14)
भ्रम काटे गुरि आपणै पाए बिसरामा ॥१॥

ਓਇ ਬਿਖਾਦੀ ਦੋਖੀਆ ਤੇ ਗੁਰ ਤੇ ਹੂਟੇ ॥ (400-15)
ओइ बिखादी दोखीआ ते गुर ते हूटे ॥

ਹਮ ਛੂਟੇ ਅਬ ਉਨ੍ਹਾ ਤੇ ਓਇ ਹਮ ਤੇ ਛੂਟੇ ॥੧॥ ਰਹਾਉ ॥ (400-15)
हम छूटे अब उन्हा ते ओइ हम ते छूटे ॥१॥ रहाउ ॥

ਮੇਰਾ ਤੇਰਾ ਜਾਨਤਾ ਤਬ ਹੀ ਤੇ ਬੰਧਾ ॥ (400-15)
मेरा तेरा जानता तब ही ते बंधा ॥

ਗੁਰਿ ਕਾਟੀ ਅਗਿਆਨਤਾ ਤਬ ਛੁਟਕੇ ਫੰਧਾ ॥੨॥ (400-16)
गुरि काटी अगिआनता तब छुटके फंधा ॥२॥

ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ ॥ (400-16)
जब लगु हुकमु न बूझता तब ही लउ दुखीआ ॥

ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ ॥੩॥ (400-17)
गुर मिलि हुकमु पछाणिआ तब ही ते सुखीआ ॥३॥

ਨਾ ਕੋ ਦੁਸਮਨੁ ਦੋਖੀਆ ਨਾਹੀ ਕੋ ਮੰਦਾ ॥ (400-17)
ना को दुसमनु दोखीआ नाही को मंदा ॥

ਗੁਰ ਕੀ ਸੇਵਾ ਸੇਵਕੋ ਨਾਨਕ ਖਸਮੈ ਬੰਦਾ ॥੪॥੧੭॥੧੧੯॥ (400-18)
गुर की सेवा सेवको नानक खसमै बंदा ॥४॥१७॥११९॥

ਆਸਾ ਮਹਲਾ ੫ ॥ (400-18)
आसा महला ५ ॥

ਸੂਖ ਸਹਜ ਆਨਦੁ ਘਣਾ ਹਰਿ ਕੀਰਤਨੁ ਗਾਉ ॥ (400-18)
सूख सहज आनदु घणा हरि कीरतनु गाउ ॥

ਗਰਹ ਨਿਵਾਰੇ ਸਤਿਗੁਰੂ ਦੇ ਅਪਣਾ ਨਾਉ ॥੧॥ (400-19)
गरह निवारे सतिगुरू दे अपणा नाउ ॥१॥

ਬਲਿਹਾਰੀ ਗੁਰ ਆਪਣੇ ਸਦ ਸਦ ਬਲਿ ਜਾਉ ॥ (400-19)
बलिहारी गुर आपणे सद सद बलि जाउ ॥

ਗੁਰੂ ਵਿਟਹੁ ਹਉ ਵਾਰਿਆ ਜਿਸੁ ਮਿਲਿ ਸਚੁ ਸੁਆਉ ॥੧॥ ਰਹਾਉ ॥ (401-1)
गुरू विटहु हउ वारिआ जिसु मिलि सचु सुआउ ॥१॥ रहाउ ॥

ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ ॥ (401-1)
सगुन अपसगुन तिस कउ लगहि जिसु चीति न आवै ॥

ਤਿਸੁ ਜਮੁ ਨੇੜਿ ਨ ਆਵਈ ਜੋ ਹਰਿ ਪ੍ਰਭਿ ਭਾਵੈ ॥੨॥ (401-2)
तिसु जमु नेड़ि न आवई जो हरि प्रभि भावै ॥२॥

ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ ॥ (401-2)
पुंन दान जप तप जेते सभ ऊपरि नामु ॥

ਹਰਿ ਹਰਿ ਰਸਨਾ ਜੋ ਜਪੈ ਤਿਸੁ ਪੂਰਨ ਕਾਮੁ ॥੩॥ (401-3)
हरि हरि रसना जो जपै तिसु पूरन कामु ॥३॥

ਭੈ ਬਿਨਸੇ ਭ੍ਰਮ ਮੋਹ ਗਏ ਕੋ ਦਿਸੈ ਨ ਬੀਆ ॥ (401-3)
भै बिनसे भ्रम मोह गए को दिसै न बीआ ॥

ਨਾਨਕ ਰਾਖੇ ਪਾਰਬ੍ਰਹਮਿ ਫਿਰਿ ਦੂਖੁ ਨ ਥੀਆ ॥੪॥੧੮॥੧੨੦॥ (401-4)
नानक राखे पारब्रहमि फिरि दूखु न थीआ ॥४॥१८॥१२०॥

ਆਸਾ ਘਰੁ ੯ ਮਹਲਾ ੫ (401-5)
आसा घरु ९ महला ५

ੴ ਸਤਿਗੁਰ ਪ੍ਰਸਾਦਿ ॥ (401-5)
ੴ सतिगुर प्रसादि ॥

ਚਿਤਵਉ ਚਿਤਵਿ ਸਰਬ ਸੁਖ ਪਾਵਉ ਆਗੈ ਭਾਵਉ ਕਿ ਨ ਭਾਵਉ ॥ (401-6)
चितवउ चितवि सरब सुख पावउ आगै भावउ कि न भावउ ॥

ਏਕੁ ਦਾਤਾਰੁ ਸਗਲ ਹੈ ਜਾਚਿਕ ਦੂਸਰ ਕੈ ਪਹਿ ਜਾਵਉ ॥੧॥ (401-6)
एकु दातारु सगल है जाचिक दूसर कै पहि जावउ ॥१॥

ਹਉ ਮਾਗਉ ਆਨ ਲਜਾਵਉ ॥ (401-7)
हउ मागउ आन लजावउ ॥

ਸਗਲ ਛਤ੍ਰਪਤਿ ਏਕੋ ਠਾਕੁਰੁ ਕਉਨੁ ਸਮਸਰਿ ਲਾਵਉ ॥੧॥ ਰਹਾਉ ॥ (401-7)
सगल छत्रपति एको ठाकुरु कउनु समसरि लावउ ॥१॥ रहाउ ॥

ਊਠਉ ਬੈਸਉ ਰਹਿ ਭਿ ਨ ਸਾਕਉ ਦਰਸਨੁ ਖੋਜਿ ਖੋਜਾਵਉ ॥ (401-8)
ऊठउ बैसउ रहि भि न साकउ दरसनु खोजि खोजावउ ॥

ਬ੍ਰਹਮਾਦਿਕ ਸਨਕਾਦਿਕ ਸਨਕ ਸਨੰਦਨ ਸਨਾਤਨ ਸਨਤਕੁਮਾਰ ਤਿਨ੍ਹ ਕਉ ਮਹਲੁ ਦੁਲਭਾਵਉ ॥੨॥ (401-8)
ब्रहमादिक सनकादिक सनक सनंदन सनातन सनतकुमार तिन्ह कउ महलु दुलभावउ ॥२॥

ਅਗਮ ਅਗਮ ਆਗਾਧਿ ਬੋਧ ਕੀਮਤਿ ਪਰੈ ਨ ਪਾਵਉ ॥ (401-9)
अगम अगम आगाधि बोध कीमति परै न पावउ ॥

ਤਾਕੀ ਸਰਣਿ ਸਤਿ ਪੁਰਖ ਕੀ ਸਤਿਗੁਰੁ ਪੁਰਖੁ ਧਿਆਵਉ ॥੩॥ (401-10)
ताकी सरणि सति पुरख की सतिगुरु पुरखु धिआवउ ॥३॥

ਭਇਓ ਕ੍ਰਿਪਾਲੁ ਦਇਆਲੁ ਪ੍ਰਭੁ ਠਾਕੁਰੁ ਕਾਟਿਓ ਬੰਧੁ ਗਰਾਵਉ ॥ (401-10)
भइओ क्रिपालु दइआलु प्रभु ठाकुरु काटिओ बंधु गरावउ ॥

ਕਹੁ ਨਾਨਕ ਜਉ ਸਾਧਸੰਗੁ ਪਾਇਓ ਤਉ ਫਿਰਿ ਜਨਮਿ ਨ ਆਵਉ ॥੪॥੧॥੧੨੧॥ (401-11)
कहु नानक जउ साधसंगु पाइओ तउ फिरि जनमि न आवउ ॥४॥१॥१२१॥

ਆਸਾ ਮਹਲਾ ੫ ॥ (401-12)
आसा महला ५ ॥

ਅੰਤਰਿ ਗਾਵਉ ਬਾਹਰਿ ਗਾਵਉ ਗਾਵਉ ਜਾਗਿ ਸਵਾਰੀ ॥ (401-12)
अंतरि गावउ बाहरि गावउ गावउ जागि सवारी ॥

ਸੰਗਿ ਚਲਨ ਕਉ ਤੋਸਾ ਦੀਨ੍ਹਾ ਗੋਬਿੰਦ ਨਾਮ ਕੇ ਬਿਉਹਾਰੀ ॥੧॥ (401-12)
संगि चलन कउ तोसा दीन्हा गोबिंद नाम के बिउहारी ॥१॥

ਅਵਰ ਬਿਸਾਰੀ ਬਿਸਾਰੀ ॥ (401-13)
अवर बिसारी बिसारी ॥

ਨਾਮ ਦਾਨੁ ਗੁਰਿ ਪੂਰੈ ਦੀਓ ਮੈ ਏਹੋ ਆਧਾਰੀ ॥੧॥ ਰਹਾਉ ॥ (401-13)
नाम दानु गुरि पूरै दीओ मै एहो आधारी ॥१॥ रहाउ ॥

ਦੂਖਨਿ ਗਾਵਉ ਸੁਖਿ ਭੀ ਗਾਵਉ ਮਾਰਗਿ ਪੰਥਿ ਸਮ੍ਹਾਰੀ ॥ (401-14)
दूखनि गावउ सुखि भी गावउ मारगि पंथि सम्हारी ॥

ਨਾਮ ਦ੍ਰਿੜੁ ਗੁਰਿ ਮਨ ਮਹਿ ਦੀਆ ਮੋਰੀ ਤਿਸਾ ਬੁਝਾਰੀ ॥੨॥ (401-14)
नाम द्रिड़ु गुरि मन महि दीआ मोरी तिसा बुझारी ॥२॥

ਦਿਨੁ ਭੀ ਗਾਵਉ ਰੈਨੀ ਗਾਵਉ ਗਾਵਉ ਸਾਸਿ ਸਾਸਿ ਰਸਨਾਰੀ ॥ (401-15)
दिनु भी गावउ रैनी गावउ गावउ सासि सासि रसनारी ॥

ਸਤਸੰਗਤਿ ਮਹਿ ਬਿਸਾਸੁ ਹੋਇ ਹਰਿ ਜੀਵਤ ਮਰਤ ਸੰਗਾਰੀ ॥੩॥ (401-16)
सतसंगति महि बिसासु होइ हरि जीवत मरत संगारी ॥३॥

ਜਨ ਨਾਨਕ ਕਉ ਇਹੁ ਦਾਨੁ ਦੇਹੁ ਪ੍ਰਭ ਪਾਵਉ ਸੰਤ ਰੇਨ ਉਰਿ ਧਾਰੀ ॥ (401-16)
जन नानक कउ इहु दानु देहु प्रभ पावउ संत रेन उरि धारी ॥

ਸ੍ਰਵਨੀ ਕਥਾ ਨੈਨ ਦਰਸੁ ਪੇਖਉ ਮਸਤਕੁ ਗੁਰ ਚਰਨਾਰੀ ॥੪॥੨॥੧੨੨॥ (401-17)
स्रवनी कथा नैन दरसु पेखउ मसतकु गुर चरनारी ॥४॥२॥१२२॥

ੴ ਸਤਿਗੁਰ ਪ੍ਰਸਾਦਿ ॥ (401-18)
ੴ सतिगुर प्रसादि ॥

ਆਸਾ ਘਰੁ ੧੦ ਮਹਲਾ ੫ ॥ (401-19)
आसा घरु १० महला ५ ॥

ਜਿਸ ਨੋ ਤੂੰ ਅਸਥਿਰੁ ਕਰਿ ਮਾਨਹਿ ਤੇ ਪਾਹੁਨ ਦੋ ਦਾਹਾ ॥ (401-19)
जिस नो तूं असथिरु करि मानहि ते पाहुन दो दाहा ॥

ਪੁਤ੍ਰ ਕਲਤ੍ਰ ਗ੍ਰਿਹ ਸਗਲ ਸਮਗ੍ਰੀ ਸਭ ਮਿਥਿਆ ਅਸਨਾਹਾ ॥੧॥ (402-1)
पुत्र कलत्र ग्रिह सगल समग्री सभ मिथिआ असनाहा ॥१॥

ਰੇ ਮਨ ਕਿਆ ਕਰਹਿ ਹੈ ਹਾ ਹਾ ॥ (402-1)
रे मन किआ करहि है हा हा ॥

ਦ੍ਰਿਸਟਿ ਦੇਖੁ ਜੈਸੇ ਹਰਿਚੰਦਉਰੀ ਇਕੁ ਰਾਮ ਭਜਨੁ ਲੈ ਲਾਹਾ ॥੧॥ ਰਹਾਉ ॥ (402-1)
द्रिसटि देखु जैसे हरिचंदउरी इकु राम भजनु लै लाहा ॥१॥ रहाउ ॥

ਜੈਸੇ ਬਸਤਰ ਦੇਹ ਓਢਾਨੇ ਦਿਨ ਦੋਇ ਚਾਰਿ ਭੋਰਾਹਾ ॥ (402-2)
जैसे बसतर देह ओढाने दिन दोइ चारि भोराहा ॥

ਭੀਤਿ ਊਪਰੇ ਕੇਤਕੁ ਧਾਈਐ ਅੰਤਿ ਓਰਕੋ ਆਹਾ ॥੨॥ (402-3)
भीति ऊपरे केतकु धाईऐ अंति ओरको आहा ॥२॥

ਜੈਸੇ ਅੰਭ ਕੁੰਡ ਕਰਿ ਰਾਖਿਓ ਪਰਤ ਸਿੰਧੁ ਗਲਿ ਜਾਹਾ ॥ (402-3)
जैसे अ्मभ कुंड करि राखिओ परत सिंधु गलि जाहा ॥

ਆਵਗਿ ਆਗਿਆ ਪਾਰਬ੍ਰਹਮ ਕੀ ਉਠਿ ਜਾਸੀ ਮੁਹਤ ਚਸਾਹਾ ॥੩॥ (402-4)
आवगि आगिआ पारब्रहम की उठि जासी मुहत चसाहा ॥३॥

ਰੇ ਮਨ ਲੇਖੈ ਚਾਲਹਿ ਲੇਖੈ ਬੈਸਹਿ ਲੇਖੈ ਲੈਦਾ ਸਾਹਾ ॥ (402-4)
रे मन लेखै चालहि लेखै बैसहि लेखै लैदा साहा ॥

ਸਦਾ ਕੀਰਤਿ ਕਰਿ ਨਾਨਕ ਹਰਿ ਕੀ ਉਬਰੇ ਸਤਿਗੁਰ ਚਰਣ ਓਟਾਹਾ ॥੪॥੧॥੧੨੩॥ (402-5)
सदा कीरति करि नानक हरि की उबरे सतिगुर चरण ओटाहा ॥४॥१॥१२३॥

ਆਸਾ ਮਹਲਾ ੫ ॥ (402-6)
आसा महला ५ ॥

ਅਪੁਸਟ ਬਾਤ ਤੇ ਭਈ ਸੀਧਰੀ ਦੂਤ ਦੁਸਟ ਸਜਨਈ ॥ (402-6)
अपुसट बात ते भई सीधरी दूत दुसट सजनई ॥

ਅੰਧਕਾਰ ਮਹਿ ਰਤਨੁ ਪ੍ਰਗਾਸਿਓ ਮਲੀਨ ਬੁਧਿ ਹਛਨਈ ॥੧॥ (402-6)
अंधकार महि रतनु प्रगासिओ मलीन बुधि हछनई ॥१॥

ਜਉ ਕਿਰਪਾ ਗੋਬਿੰਦ ਭਈ ॥ (402-7)
जउ किरपा गोबिंद भई ॥

ਸੁਖ ਸੰਪਤਿ ਹਰਿ ਨਾਮ ਫਲ ਪਾਏ ਸਤਿਗੁਰ ਮਿਲਈ ॥੧॥ ਰਹਾਉ ॥ (402-7)
सुख स्मपति हरि नाम फल पाए सतिगुर मिलई ॥१॥ रहाउ ॥

ਮੋਹਿ ਕਿਰਪਨ ਕਉ ਕੋਇ ਨ ਜਾਨਤ ਸਗਲ ਭਵਨ ਪ੍ਰਗਟਈ ॥ (402-8)
मोहि किरपन कउ कोइ न जानत सगल भवन प्रगटई ॥

ਸੰਗਿ ਬੈਠਨੋ ਕਹੀ ਨ ਪਾਵਤ ਹੁਣਿ ਸਗਲ ਚਰਣ ਸੇਵਈ ॥੨॥ (402-8)
संगि बैठनो कही न पावत हुणि सगल चरण सेवई ॥२॥

ਆਢ ਆਢ ਕਉ ਫਿਰਤ ਢੂੰਢਤੇ ਮਨ ਸਗਲ ਤ੍ਰਿਸਨ ਬੁਝਿ ਗਈ ॥ (402-9)
आढ आढ कउ फिरत ढूंढते मन सगल त्रिसन बुझि गई ॥

ਏਕੁ ਬੋਲੁ ਭੀ ਖਵਤੋ ਨਾਹੀ ਸਾਧਸੰਗਤਿ ਸੀਤਲਈ ॥੩॥ (402-9)
एकु बोलु भी खवतो नाही साधसंगति सीतलई ॥३॥

ਏਕ ਜੀਹ ਗੁਣ ਕਵਨ ਵਖਾਨੈ ਅਗਮ ਅਗਮ ਅਗਮਈ ॥ (402-10)
एक जीह गुण कवन वखानै अगम अगम अगमई ॥

ਦਾਸੁ ਦਾਸ ਦਾਸ ਕੋ ਕਰੀਅਹੁ ਜਨ ਨਾਨਕ ਹਰਿ ਸਰਣਈ ॥੪॥੨॥੧੨੪॥ (402-10)
दासु दास दास को करीअहु जन नानक हरि सरणई ॥४॥२॥१२४॥

ਆਸਾ ਮਹਲਾ ੫ ॥ (402-11)
आसा महला ५ ॥

ਰੇ ਮੂੜੇ ਲਾਹੇ ਕਉ ਤੂੰ ਢੀਲਾ ਢੀਲਾ ਤੋਟੇ ਕਉ ਬੇਗਿ ਧਾਇਆ ॥ (402-11)
रे मूड़े लाहे कउ तूं ढीला ढीला तोटे कउ बेगि धाइआ ॥

ਸਸਤ ਵਖਰੁ ਤੂੰ ਘਿੰਨਹਿ ਨਾਹੀ ਪਾਪੀ ਬਾਧਾ ਰੇਨਾਇਆ ॥੧॥ (402-12)
ससत वखरु तूं घिंनहि नाही पापी बाधा रेनाइआ ॥१॥

ਸਤਿਗੁਰ ਤੇਰੀ ਆਸਾਇਆ ॥ (402-13)
सतिगुर तेरी आसाइआ ॥

ਪਤਿਤ ਪਾਵਨੁ ਤੇਰੋ ਨਾਮੁ ਪਾਰਬ੍ਰਹਮ ਮੈ ਏਹਾ ਓਟਾਇਆ ॥੧॥ ਰਹਾਉ ॥ (402-13)
पतित पावनु तेरो नामु पारब्रहम मै एहा ओटाइआ ॥१॥ रहाउ ॥

ਗੰਧਣ ਵੈਣ ਸੁਣਹਿ ਉਰਝਾਵਹਿ ਨਾਮੁ ਲੈਤ ਅਲਕਾਇਆ ॥ (402-14)
गंधण वैण सुणहि उरझावहि नामु लैत अलकाइआ ॥

ਨਿੰਦ ਚਿੰਦ ਕਉ ਬਹੁਤੁ ਉਮਾਹਿਓ ਬੂਝੀ ਉਲਟਾਇਆ ॥੨॥ (402-14)
निंद चिंद कउ बहुतु उमाहिओ बूझी उलटाइआ ॥२॥

ਪਰ ਧਨ ਪਰ ਤਨ ਪਰ ਤੀ ਨਿੰਦਾ ਅਖਾਧਿ ਖਾਹਿ ਹਰਕਾਇਆ ॥ (402-15)
पर धन पर तन पर ती निंदा अखाधि खाहि हरकाइआ ॥

ਸਾਚ ਧਰਮ ਸਿਉ ਰੁਚਿ ਨਹੀ ਆਵੈ ਸਤਿ ਸੁਨਤ ਛੋਹਾਇਆ ॥੩॥ (402-15)
साच धरम सिउ रुचि नही आवै सति सुनत छोहाइआ ॥३॥

ਦੀਨ ਦਇਆਲ ਕ੍ਰਿਪਾਲ ਪ੍ਰਭ ਠਾਕੁਰ ਭਗਤ ਟੇਕ ਹਰਿ ਨਾਇਆ ॥ (402-16)
दीन दइआल क्रिपाल प्रभ ठाकुर भगत टेक हरि नाइआ ॥

ਨਾਨਕ ਆਹਿ ਸਰਣ ਪ੍ਰਭ ਆਇਓ ਰਾਖੁ ਲਾਜ ਅਪਨਾਇਆ ॥੪॥੩॥੧੨੫॥ (402-16)
नानक आहि सरण प्रभ आइओ राखु लाज अपनाइआ ॥४॥३॥१२५॥

ਆਸਾ ਮਹਲਾ ੫ ॥ (402-17)
आसा महला ५ ॥

ਮਿਥਿਆ ਸੰਗਿ ਸੰਗਿ ਲਪਟਾਏ ਮੋਹ ਮਾਇਆ ਕਰਿ ਬਾਧੇ ॥ (402-17)
मिथिआ संगि संगि लपटाए मोह माइआ करि बाधे ॥

ਜਹ ਜਾਨੋ ਸੋ ਚੀਤਿ ਨ ਆਵੈ ਅਹੰਬੁਧਿ ਭਏ ਆਂਧੇ ॥੧॥ (402-18)
जह जानो सो चीति न आवै अह्मबुधि भए आंधे ॥१॥

ਮਨ ਬੈਰਾਗੀ ਕਿਉ ਨ ਅਰਾਧੇ ॥ (402-18)
मन बैरागी किउ न अराधे ॥

ਕਾਚ ਕੋਠਰੀ ਮਾਹਿ ਤੂੰ ਬਸਤਾ ਸੰਗਿ ਸਗਲ ਬਿਖੈ ਕੀ ਬਿਆਧੇ ॥੧॥ ਰਹਾਉ ॥ (402-19)
काच कोठरी माहि तूं बसता संगि सगल बिखै की बिआधे ॥१॥ रहाउ ॥

ਮੇਰੀ ਮੇਰੀ ਕਰਤ ਦਿਨੁ ਰੈਨਿ ਬਿਹਾਵੈ ਪਲੁ ਖਿਨੁ ਛੀਜੈ ਅਰਜਾਧੇ ॥ (402-19)
मेरी मेरी करत दिनु रैनि बिहावै पलु खिनु छीजै अरजाधे ॥

ਜੈਸੇ ਮੀਠੈ ਸਾਦਿ ਲੋਭਾਏ ਝੂਠ ਧੰਧਿ ਦੁਰਗਾਧੇ ॥੨॥ (403-1)
जैसे मीठै सादि लोभाए झूठ धंधि दुरगाधे ॥२॥

ਕਾਮ ਕ੍ਰੋਧ ਅਰੁ ਲੋਭ ਮੋਹ ਇਹ ਇੰਦ੍ਰੀ ਰਸਿ ਲਪਟਾਧੇ ॥ (403-1)
काम क्रोध अरु लोभ मोह इह इंद्री रसि लपटाधे ॥

ਦੀਈ ਭਵਾਰੀ ਪੁਰਖਿ ਬਿਧਾਤੈ ਬਹੁਰਿ ਬਹੁਰਿ ਜਨਮਾਧੇ ॥੩॥ (403-2)
दीई भवारी पुरखि बिधातै बहुरि बहुरि जनमाधे ॥३॥

ਜਉ ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ ਤਉ ਗੁਰ ਮਿਲਿ ਸਭ ਸੁਖ ਲਾਧੇ ॥ (403-2)
जउ भइओ क्रिपालु दीन दुख भंजनु तउ गुर मिलि सभ सुख लाधे ॥

ਕਹੁ ਨਾਨਕ ਦਿਨੁ ਰੈਨਿ ਧਿਆਵਉ ਮਾਰਿ ਕਾਢੀ ਸਗਲ ਉਪਾਧੇ ॥੪॥ (403-3)
कहु नानक दिनु रैनि धिआवउ मारि काढी सगल उपाधे ॥४॥

ਇਉ ਜਪਿਓ ਭਾਈ ਪੁਰਖੁ ਬਿਧਾਤੇ ॥ (403-4)
इउ जपिओ भाई पुरखु बिधाते ॥

ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ ਜਨਮ ਮਰਣ ਦੁਖ ਲਾਥੇ ॥੧॥ ਰਹਾਉ ਦੂਜਾ ॥੪॥੪॥੧੨੬॥ (403-4)
भइओ क्रिपालु दीन दुख भंजनु जनम मरण दुख लाथे ॥१॥ रहाउ दूजा ॥४॥४॥१२६॥

ਆਸਾ ਮਹਲਾ ੫ ॥ (403-5)
आसा महला ५ ॥

ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ ॥ (403-5)
निमख काम सुआद कारणि कोटि दिनस दुखु पावहि ॥

ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ ॥੧॥ (403-6)
घरी मुहत रंग माणहि फिरि बहुरि बहुरि पछुतावहि ॥१॥

ਅੰਧੇ ਚੇਤਿ ਹਰਿ ਹਰਿ ਰਾਇਆ ॥ (403-6)
अंधे चेति हरि हरि राइआ ॥

ਤੇਰਾ ਸੋ ਦਿਨੁ ਨੇੜੈ ਆਇਆ ॥੧॥ ਰਹਾਉ ॥ (403-7)
तेरा सो दिनु नेड़ै आइआ ॥१॥ रहाउ ॥

ਪਲਕ ਦ੍ਰਿਸਟਿ ਦੇਖਿ ਭੂਲੋ ਆਕ ਨੀਮ ਕੋ ਤੂੰਮਰੁ ॥ (403-7)
पलक द्रिसटि देखि भूलो आक नीम को तूंमरु ॥

ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ ॥੨॥ (403-7)
जैसा संगु बिसीअर सिउ है रे तैसो ही इहु पर ग्रिहु ॥२॥

ਬੈਰੀ ਕਾਰਣਿ ਪਾਪ ਕਰਤਾ ਬਸਤੁ ਰਹੀ ਅਮਾਨਾ ॥ (403-8)
बैरी कारणि पाप करता बसतु रही अमाना ॥

ਛੋਡਿ ਜਾਹਿ ਤਿਨ ਹੀ ਸਿਉ ਸੰਗੀ ਸਾਜਨ ਸਿਉ ਬੈਰਾਨਾ ॥੩॥ (403-9)
छोडि जाहि तिन ही सिउ संगी साजन सिउ बैराना ॥३॥

ਸਗਲ ਸੰਸਾਰੁ ਇਹੈ ਬਿਧਿ ਬਿਆਪਿਓ ਸੋ ਉਬਰਿਓ ਜਿਸੁ ਗੁਰੁ ਪੂਰਾ ॥ (403-9)
सगल संसारु इहै बिधि बिआपिओ सो उबरिओ जिसु गुरु पूरा ॥

ਕਹੁ ਨਾਨਕ ਭਵ ਸਾਗਰੁ ਤਰਿਓ ਭਏ ਪੁਨੀਤ ਸਰੀਰਾ ॥੪॥੫॥੧੨੭॥ (403-10)
कहु नानक भव सागरु तरिओ भए पुनीत सरीरा ॥४॥५॥१२७॥

ਆਸਾ ਮਹਲਾ ੫ ਦੁਪਦੇ ॥ (403-10)
आसा महला ५ दुपदे ॥

ਲੂਕਿ ਕਮਾਨੋ ਸੋਈ ਤੁਮ੍ਹ੍ਹ ਪੇਖਿਓ ਮੂੜ ਮੁਗਧ ਮੁਕਰਾਨੀ ॥ (403-11)
लूकि कमानो सोई तुम्ह पेखिओ मूड़ मुगध मुकरानी ॥

ਆਪ ਕਮਾਨੇ ਕਉ ਲੇ ਬਾਂਧੇ ਫਿਰਿ ਪਾਛੈ ਪਛੁਤਾਨੀ ॥੧॥ (403-11)
आप कमाने कउ ले बांधे फिरि पाछै पछुतानी ॥१॥

ਪ੍ਰਭ ਮੇਰੇ ਸਭ ਬਿਧਿ ਆਗੈ ਜਾਨੀ ॥ (403-12)
प्रभ मेरे सभ बिधि आगै जानी ॥

ਭ੍ਰਮ ਕੇ ਮੂਸੇ ਤੂੰ ਰਾਖਤ ਪਰਦਾ ਪਾਛੈ ਜੀਅ ਕੀ ਮਾਨੀ ॥੧॥ ਰਹਾਉ ॥ (403-12)
भ्रम के मूसे तूं राखत परदा पाछै जीअ की मानी ॥१॥ रहाउ ॥

ਜਿਤੁ ਜਿਤੁ ਲਾਏ ਤਿਤੁ ਤਿਤੁ ਲਾਗੇ ਕਿਆ ਕੋ ਕਰੈ ਪਰਾਨੀ ॥ (403-13)
जितु जितु लाए तितु तितु लागे किआ को करै परानी ॥

ਬਖਸਿ ਲੈਹੁ ਪਾਰਬ੍ਰਹਮ ਸੁਆਮੀ ਨਾਨਕ ਸਦ ਕੁਰਬਾਨੀ ॥੨॥੬॥੧੨੮॥ (403-13)
बखसि लैहु पारब्रहम सुआमी नानक सद कुरबानी ॥२॥६॥१२८॥

ਆਸਾ ਮਹਲਾ ੫ ॥ (403-14)
आसा महला ५ ॥

ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥ (403-14)
अपुने सेवक की आपे राखै आपे नामु जपावै ॥

ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥੧॥ (403-14)
जह जह काज किरति सेवक की तहा तहा उठि धावै ॥१॥

ਸੇਵਕ ਕਉ ਨਿਕਟੀ ਹੋਇ ਦਿਖਾਵੈ ॥ (403-15)
सेवक कउ निकटी होइ दिखावै ॥

ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ ॥੧॥ ਰਹਾਉ ॥ (403-15)
जो जो कहै ठाकुर पहि सेवकु ततकाल होइ आवै ॥१॥ रहाउ ॥

ਤਿਸੁ ਸੇਵਕ ਕੈ ਹਉ ਬਲਿਹਾਰੀ ਜੋ ਅਪਨੇ ਪ੍ਰਭ ਭਾਵੈ ॥ (403-16)
तिसु सेवक कै हउ बलिहारी जो अपने प्रभ भावै ॥

ਤਿਸ ਕੀ ਸੋਇ ਸੁਣੀ ਮਨੁ ਹਰਿਆ ਤਿਸੁ ਨਾਨਕ ਪਰਸਣਿ ਆਵੈ ॥੨॥੭॥੧੨੯॥ (403-16)
तिस की सोइ सुणी मनु हरिआ तिसु नानक परसणि आवै ॥२॥७॥१२९॥

ਆਸਾ ਘਰੁ ੧੧ ਮਹਲਾ ੫ (403-18)
आसा घरु ११ महला ५

ੴ ਸਤਿਗੁਰ ਪ੍ਰਸਾਦਿ ॥ (403-18)
ੴ सतिगुर प्रसादि ॥

ਨਟੂਆ ਭੇਖ ਦਿਖਾਵੈ ਬਹੁ ਬਿਧਿ ਜੈਸਾ ਹੈ ਓਹੁ ਤੈਸਾ ਰੇ ॥ (403-19)
नटूआ भेख दिखावै बहु बिधि जैसा है ओहु तैसा रे ॥

ਅਨਿਕ ਜੋਨਿ ਭ੍ਰਮਿਓ ਭ੍ਰਮ ਭੀਤਰਿ ਸੁਖਹਿ ਨਾਹੀ ਪਰਵੇਸਾ ਰੇ ॥੧॥ (403-19)
अनिक जोनि भ्रमिओ भ्रम भीतरि सुखहि नाही परवेसा रे ॥१॥

ਸਾਜਨ ਸੰਤ ਹਮਾਰੇ ਮੀਤਾ ਬਿਨੁ ਹਰਿ ਹਰਿ ਆਨੀਤਾ ਰੇ ॥ (404-1)
साजन संत हमारे मीता बिनु हरि हरि आनीता रे ॥

ਸਾਧਸੰਗਿ ਮਿਲਿ ਹਰਿ ਗੁਣ ਗਾਏ ਇਹੁ ਜਨਮੁ ਪਦਾਰਥੁ ਜੀਤਾ ਰੇ ॥੧॥ ਰਹਾਉ ॥ (404-1)
साधसंगि मिलि हरि गुण गाए इहु जनमु पदारथु जीता रे ॥१॥ रहाउ ॥

ਤ੍ਰੈ ਗੁਣ ਮਾਇਆ ਬ੍ਰਹਮ ਕੀ ਕੀਨ੍ਹ੍ਹੀ ਕਹਹੁ ਕਵਨ ਬਿਧਿ ਤਰੀਐ ਰੇ ॥ (404-2)
त्रै गुण माइआ ब्रहम की कीन्ही कहहु कवन बिधि तरीऐ रे ॥

ਘੂਮਨ ਘੇਰ ਅਗਾਹ ਗਾਖਰੀ ਗੁਰ ਸਬਦੀ ਪਾਰਿ ਉਤਰੀਐ ਰੇ ॥੨॥ (404-3)
घूमन घेर अगाह गाखरी गुर सबदी पारि उतरीऐ रे ॥२॥

ਖੋਜਤ ਖੋਜਤ ਖੋਜਿ ਬੀਚਾਰਿਓ ਤਤੁ ਨਾਨਕ ਇਹੁ ਜਾਨਾ ਰੇ ॥ (404-3)
खोजत खोजत खोजि बीचारिओ ततु नानक इहु जाना रे ॥

ਸਿਮਰਤ ਨਾਮੁ ਨਿਧਾਨੁ ਨਿਰਮੋਲਕੁ ਮਨੁ ਮਾਣਕੁ ਪਤੀਆਨਾ ਰੇ ॥੩॥੧॥੧੩੦॥ (404-4)
सिमरत नामु निधानु निरमोलकु मनु माणकु पतीआना रे ॥३॥१॥१३०॥

ਆਸਾ ਮਹਲਾ ੫ ਦੁਪਦੇ ॥ (404-5)
आसा महला ५ दुपदे ॥

ਗੁਰ ਪਰਸਾਦਿ ਮੇਰੈ ਮਨਿ ਵਸਿਆ ਜੋ ਮਾਗਉ ਸੋ ਪਾਵਉ ਰੇ ॥ (404-5)
गुर परसादि मेरै मनि वसिआ जो मागउ सो पावउ रे ॥

ਨਾਮ ਰੰਗਿ ਇਹੁ ਮਨੁ ਤ੍ਰਿਪਤਾਨਾ ਬਹੁਰਿ ਨ ਕਤਹੂੰ ਧਾਵਉ ਰੇ ॥੧॥ (404-5)
नाम रंगि इहु मनु त्रिपताना बहुरि न कतहूं धावउ रे ॥१॥

ਹਮਰਾ ਠਾਕੁਰੁ ਸਭ ਤੇ ਊਚਾ ਰੈਣਿ ਦਿਨਸੁ ਤਿਸੁ ਗਾਵਉ ਰੇ ॥ (404-6)
हमरा ठाकुरु सभ ते ऊचा रैणि दिनसु तिसु गावउ रे ॥

ਖਿਨ ਮਹਿ ਥਾਪਿ ਉਥਾਪਨਹਾਰਾ ਤਿਸ ਤੇ ਤੁਝਹਿ ਡਰਾਵਉ ਰੇ ॥੧॥ ਰਹਾਉ ॥ (404-6)
खिन महि थापि उथापनहारा तिस ते तुझहि डरावउ रे ॥१॥ रहाउ ॥

ਜਬ ਦੇਖਉ ਪ੍ਰਭੁ ਅਪੁਨਾ ਸੁਆਮੀ ਤਉ ਅਵਰਹਿ ਚੀਤਿ ਨ ਪਾਵਉ ਰੇ ॥ (404-7)
जब देखउ प्रभु अपुना सुआमी तउ अवरहि चीति न पावउ रे ॥

ਨਾਨਕੁ ਦਾਸੁ ਪ੍ਰਭਿ ਆਪਿ ਪਹਿਰਾਇਆ ਭ੍ਰਮੁ ਭਉ ਮੇਟਿ ਲਿਖਾਵਉ ਰੇ ॥੨॥੨॥੧੩੧॥ (404-8)
नानकु दासु प्रभि आपि पहिराइआ भ्रमु भउ मेटि लिखावउ रे ॥२॥२॥१३१॥

ਆਸਾ ਮਹਲਾ ੫ ॥ (404-9)
आसा महला ५ ॥

ਚਾਰਿ ਬਰਨ ਚਉਹਾ ਕੇ ਮਰਦਨ ਖਟੁ ਦਰਸਨ ਕਰ ਤਲੀ ਰੇ ॥ (404-9)
चारि बरन चउहा के मरदन खटु दरसन कर तली रे ॥

ਸੁੰਦਰ ਸੁਘਰ ਸਰੂਪ ਸਿਆਨੇ ਪੰਚਹੁ ਹੀ ਮੋਹਿ ਛਲੀ ਰੇ ॥੧॥ (404-9)
सुंदर सुघर सरूप सिआने पंचहु ही मोहि छली रे ॥१॥

ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ ॥ (404-10)
जिनि मिलि मारे पंच सूरबीर ऐसो कउनु बली रे ॥

ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ ॥੧॥ ਰਹਾਉ ॥ (404-11)
जिनि पंच मारि बिदारि गुदारे सो पूरा इह कली रे ॥१॥ रहाउ ॥

ਵਡੀ ਕੋਮ ਵਸਿ ਭਾਗਹਿ ਨਾਹੀ ਮੁਹਕਮ ਫਉਜ ਹਠਲੀ ਰੇ ॥ (404-11)
वडी कोम वसि भागहि नाही मुहकम फउज हठली रे ॥

ਕਹੁ ਨਾਨਕ ਤਿਨਿ ਜਨਿ ਨਿਰਦਲਿਆ ਸਾਧਸੰਗਤਿ ਕੈ ਝਲੀ ਰੇ ॥੨॥੩॥੧੩੨॥ (404-12)
कहु नानक तिनि जनि निरदलिआ साधसंगति कै झली रे ॥२॥३॥१३२॥

ਆਸਾ ਮਹਲਾ ੫ ॥ (404-13)
आसा महला ५ ॥

ਨੀਕੀ ਜੀਅ ਕੀ ਹਰਿ ਕਥਾ ਊਤਮ ਆਨ ਸਗਲ ਰਸ ਫੀਕੀ ਰੇ ॥੧॥ ਰਹਾਉ ॥ (404-13)
नीकी जीअ की हरि कथा ऊतम आन सगल रस फीकी रे ॥१॥ रहाउ ॥

ਬਹੁ ਗੁਨਿ ਧੁਨਿ ਮੁਨਿ ਜਨ ਖਟੁ ਬੇਤੇ ਅਵਰੁ ਨ ਕਿਛੁ ਲਾਈਕੀ ਰੇ ॥੧॥ (404-13)
बहु गुनि धुनि मुनि जन खटु बेते अवरु न किछु लाईकी रे ॥१॥

ਬਿਖਾਰੀ ਨਿਰਾਰੀ ਅਪਾਰੀ ਸਹਜਾਰੀ ਸਾਧਸੰਗਿ ਨਾਨਕ ਪੀਕੀ ਰੇ ॥੨॥੪॥੧੩੩॥ (404-14)
बिखारी निरारी अपारी सहजारी साधसंगि नानक पीकी रे ॥२॥४॥१३३॥

ਆਸਾ ਮਹਲਾ ੫ ॥ (404-15)
आसा महला ५ ॥

ਹਮਾਰੀ ਪਿਆਰੀ ਅੰਮ੍ਰਿਤ ਧਾਰੀ ਗੁਰਿ ਨਿਮਖ ਨ ਮਨ ਤੇ ਟਾਰੀ ਰੇ ॥੧॥ ਰਹਾਉ ॥ (404-15)
हमारी पिआरी अमृत धारी गुरि निमख न मन ते टारी रे ॥१॥ रहाउ ॥

ਦਰਸਨ ਪਰਸਨ ਸਰਸਨ ਹਰਸਨ ਰੰਗਿ ਰੰਗੀ ਕਰਤਾਰੀ ਰੇ ॥੧॥ (404-16)
दरसन परसन सरसन हरसन रंगि रंगी करतारी रे ॥१॥

ਖਿਨੁ ਰਮ ਗੁਰ ਗਮ ਹਰਿ ਦਮ ਨਹ ਜਮ ਹਰਿ ਕੰਠਿ ਨਾਨਕ ਉਰਿ ਹਾਰੀ ਰੇ ॥੨॥੫॥੧੩੪॥ (404-16)
खिनु रम गुर गम हरि दम नह जम हरि कंठि नानक उरि हारी रे ॥२॥५॥१३४॥

ਆਸਾ ਮਹਲਾ ੫ ॥ (404-17)
आसा महला ५ ॥

ਨੀਕੀ ਸਾਧ ਸੰਗਾਨੀ ॥ ਰਹਾਉ ॥ (404-17)
नीकी साध संगानी ॥ रहाउ ॥

ਪਹਰ ਮੂਰਤ ਪਲ ਗਾਵਤ ਗਾਵਤ ਗੋੁਵਿੰਦ ਗੋੁਵਿੰਦ ਵਖਾਨੀ ॥੧॥ (404-18)
पहर मूरत पल गावत गावत गोविंद गोविंद वखानी ॥१॥

ਚਾਲਤ ਬੈਸਤ ਸੋੁਵਤ ਹਰਿ ਜਸੁ ਮਨਿ ਤਨਿ ਚਰਨ ਖਟਾਨੀ ॥੨॥ (404-18)
चालत बैसत सोवत हरि जसु मनि तनि चरन खटानी ॥२॥

ਹੰਉ ਹਉਰੋ ਤੂ ਠਾਕੁਰ ਗਉਰੋ ਨਾਨਕ ਸਰਨਿ ਪਛਾਨੀ ॥੩॥੬॥੧੩੫॥ (404-19)
हंउ हउरो तू ठाकुरु गउरो नानक सरनि पछानी ॥३॥६॥१३५॥

ਰਾਗੁ ਆਸਾ ਮਹਲਾ ੫ ਘਰੁ ੧੨ (405-1)
रागु आसा महला ५ घरु १२

ੴ ਸਤਿਗੁਰ ਪ੍ਰਸਾਦਿ ॥ (405-2)
ੴ सतिगुर प्रसादि ॥

ਤਿਆਗਿ ਸਗਲ ਸਿਆਨਪਾ ਭਜੁ ਪਾਰਬ੍ਰਹਮ ਨਿਰੰਕਾਰੁ ॥ (405-2)
तिआगि सगल सिआनपा भजु पारब्रहम निरंकारु ॥

ਏਕ ਸਾਚੇ ਨਾਮ ਬਾਝਹੁ ਸਗਲ ਦੀਸੈ ਛਾਰੁ ॥੧॥ (405-2)
एक साचे नाम बाझहु सगल दीसै छारु ॥१॥

ਸੋ ਪ੍ਰਭੁ ਜਾਣੀਐ ਸਦ ਸੰਗਿ ॥ (405-3)
सो प्रभु जाणीऐ सद संगि ॥

ਗੁਰ ਪ੍ਰਸਾਦੀ ਬੂਝੀਐ ਏਕ ਹਰਿ ਕੈ ਰੰਗਿ ॥੧॥ ਰਹਾਉ ॥ (405-3)
गुर प्रसादी बूझीऐ एक हरि कै रंगि ॥१॥ रहाउ ॥

ਸਰਣਿ ਸਮਰਥ ਏਕ ਕੇਰੀ ਦੂਜਾ ਨਾਹੀ ਠਾਉ ॥ (405-4)
सरणि समरथ एक केरी दूजा नाही ठाउ ॥

ਮਹਾ ਭਉਜਲੁ ਲੰਘੀਐ ਸਦਾ ਹਰਿ ਗੁਣ ਗਾਉ ॥੨॥ (405-4)
महा भउजलु लंघीऐ सदा हरि गुण गाउ ॥२॥

ਜਨਮ ਮਰਣੁ ਨਿਵਾਰੀਐ ਦੁਖੁ ਨ ਜਮ ਪੁਰਿ ਹੋਇ ॥ (405-4)
जनम मरणु निवारीऐ दुखु न जम पुरि होइ ॥

ਨਾਮੁ ਨਿਧਾਨੁ ਸੋਈ ਪਾਏ ਕ੍ਰਿਪਾ ਕਰੇ ਪ੍ਰਭੁ ਸੋਇ ॥੩॥ (405-5)
नामु निधानु सोई पाए क्रिपा करे प्रभु सोइ ॥३॥

ਏਕ ਟੇਕ ਅਧਾਰੁ ਏਕੋ ਏਕ ਕਾ ਮਨਿ ਜੋਰੁ ॥ (405-5)
एक टेक अधारु एको एक का मनि जोरु ॥

ਨਾਨਕ ਜਪੀਐ ਮਿਲਿ ਸਾਧਸੰਗਤਿ ਹਰਿ ਬਿਨੁ ਅਵਰੁ ਨ ਹੋਰੁ ॥੪॥੧॥੧੩੬॥ (405-6)
नानक जपीऐ मिलि साधसंगति हरि बिनु अवरु न होरु ॥४॥१॥१३६॥

ਆਸਾ ਮਹਲਾ ੫ ॥ (405-7)
आसा महला ५ ॥

ਜੀਉ ਮਨੁ ਤਨੁ ਪ੍ਰਾਨ ਪ੍ਰਭ ਕੇ ਦੀਏ ਸਭਿ ਰਸ ਭੋਗ ॥ (405-7)
जीउ मनु तनु प्रान प्रभ के दीए सभि रस भोग ॥

ਦੀਨ ਬੰਧਪ ਜੀਅ ਦਾਤਾ ਸਰਣਿ ਰਾਖਣ ਜੋਗੁ ॥੧॥ (405-7)
दीन बंधप जीअ दाता सरणि राखण जोगु ॥१॥

ਮੇਰੇ ਮਨ ਧਿਆਇ ਹਰਿ ਹਰਿ ਨਾਉ ॥ (405-8)
मेरे मन धिआइ हरि हरि नाउ ॥

ਹਲਤਿ ਪਲਤਿ ਸਹਾਇ ਸੰਗੇ ਏਕ ਸਿਉ ਲਿਵ ਲਾਉ ॥੧॥ ਰਹਾਉ ॥ (405-8)
हलति पलति सहाइ संगे एक सिउ लिव लाउ ॥१॥ रहाउ ॥

ਬੇਦ ਸਾਸਤ੍ਰ ਜਨ ਧਿਆਵਹਿ ਤਰਣ ਕਉ ਸੰਸਾਰੁ ॥ (405-9)
बेद सासत्र जन धिआवहि तरण कउ संसारु ॥

ਕਰਮ ਧਰਮ ਅਨੇਕ ਕਿਰਿਆ ਸਭ ਊਪਰਿ ਨਾਮੁ ਅਚਾਰੁ ॥੨॥ (405-9)
करम धरम अनेक किरिआ सभ ऊपरि नामु अचारु ॥२॥

ਕਾਮੁ ਕ੍ਰੋਧੁ ਅਹੰਕਾਰੁ ਬਿਨਸੈ ਮਿਲੈ ਸਤਿਗੁਰ ਦੇਵ ॥ (405-10)
कामु क्रोधु अहंकारु बिनसै मिलै सतिगुर देव ॥

ਨਾਮੁ ਦ੍ਰਿੜੁ ਕਰਿ ਭਗਤਿ ਹਰਿ ਕੀ ਭਲੀ ਪ੍ਰਭ ਕੀ ਸੇਵ ॥੩॥ (405-10)
नामु द्रिड़ु करि भगति हरि की भली प्रभ की सेव ॥३॥

ਚਰਣ ਸਰਣ ਦਇਆਲ ਤੇਰੀ ਤੂੰ ਨਿਮਾਣੇ ਮਾਣੁ ॥ (405-11)
चरण सरण दइआल तेरी तूं निमाणे माणु ॥

ਜੀਅ ਪ੍ਰਾਣ ਅਧਾਰੁ ਤੇਰਾ ਨਾਨਕ ਕਾ ਪ੍ਰਭੁ ਤਾਣੁ ॥੪॥੨॥੧੩੭॥ (405-11)
जीअ प्राण अधारु तेरा नानक का प्रभु ताणु ॥४॥२॥१३७॥

ਆਸਾ ਮਹਲਾ ੫ ॥ (405-12)
आसा महला ५ ॥

ਡੋਲਿ ਡੋਲਿ ਮਹਾ ਦੁਖੁ ਪਾਇਆ ਬਿਨਾ ਸਾਧੂ ਸੰਗ ॥ (405-12)
डोलि डोलि महा दुखु पाइआ बिना साधू संग ॥

ਖਾਟਿ ਲਾਭੁ ਗੋਬਿੰਦ ਹਰਿ ਰਸੁ ਪਾਰਬ੍ਰਹਮ ਇਕ ਰੰਗ ॥੧॥ (405-12)
खाटि लाभु गोबिंद हरि रसु पारब्रहम इक रंग ॥१॥

ਹਰਿ ਕੋ ਨਾਮੁ ਜਪੀਐ ਨੀਤਿ ॥ (405-13)
हरि को नामु जपीऐ नीति ॥

ਸਾਸਿ ਸਾਸਿ ਧਿਆਇ ਸੋ ਪ੍ਰਭੁ ਤਿਆਗਿ ਅਵਰ ਪਰੀਤਿ ॥੧॥ ਰਹਾਉ ॥ (405-13)
सासि सासि धिआइ सो प्रभु तिआगि अवर परीति ॥१॥ रहाउ ॥

ਕਰਣ ਕਾਰਣ ਸਮਰਥ ਸੋ ਪ੍ਰਭੁ ਜੀਅ ਦਾਤਾ ਆਪਿ ॥ (405-14)
करण कारण समरथ सो प्रभु जीअ दाता आपि ॥

ਤਿਆਗਿ ਸਗਲ ਸਿਆਣਪਾ ਆਠ ਪਹਰ ਪ੍ਰਭੁ ਜਾਪਿ ॥੨॥ (405-14)
तिआगि सगल सिआणपा आठ पहर प्रभु जापि ॥२॥

ਮੀਤੁ ਸਖਾ ਸਹਾਇ ਸੰਗੀ ਊਚ ਅਗਮ ਅਪਾਰੁ ॥ (405-15)
मीतु सखा सहाइ संगी ऊच अगम अपारु ॥

ਚਰਣ ਕਮਲ ਬਸਾਇ ਹਿਰਦੈ ਜੀਅ ਕੋ ਆਧਾਰੁ ॥੩॥ (405-15)
चरण कमल बसाइ हिरदै जीअ को आधारु ॥३॥

ਕਰਿ ਕਿਰਪਾ ਪ੍ਰਭ ਪਾਰਬ੍ਰਹਮ ਗੁਣ ਤੇਰਾ ਜਸੁ ਗਾਉ ॥ (405-16)
करि किरपा प्रभ पारब्रहम गुण तेरा जसु गाउ ॥

ਸਰਬ ਸੂਖ ਵਡੀ ਵਡਿਆਈ ਜਪਿ ਜੀਵੈ ਨਾਨਕੁ ਨਾਉ ॥੪॥੩॥੧੩੮॥ (405-16)
सरब सूख वडी वडिआई जपि जीवै नानकु नाउ ॥४॥३॥१३८॥

ਆਸਾ ਮਹਲਾ ੫ ॥ (405-17)
आसा महला ५ ॥

ਉਦਮੁ ਕਰਉ ਕਰਾਵਹੁ ਠਾਕੁਰ ਪੇਖਤ ਸਾਧੂ ਸੰਗਿ ॥ (405-17)
उदमु करउ करावहु ठाकुर पेखत साधू संगि ॥

ਹਰਿ ਹਰਿ ਨਾਮੁ ਚਰਾਵਹੁ ਰੰਗਨਿ ਆਪੇ ਹੀ ਪ੍ਰਭ ਰੰਗਿ ॥੧॥ (405-18)
हरि हरि नामु चरावहु रंगनि आपे ही प्रभ रंगि ॥१॥

ਮਨ ਮਹਿ ਰਾਮ ਨਾਮਾ ਜਾਪਿ ॥ (405-18)
मन महि राम नामा जापि ॥

ਕਰਿ ਕਿਰਪਾ ਵਸਹੁ ਮੇਰੈ ਹਿਰਦੈ ਹੋਇ ਸਹਾਈ ਆਪਿ ॥੧॥ ਰਹਾਉ ॥ (405-18)
करि किरपा वसहु मेरै हिरदै होइ सहाई आपि ॥१॥ रहाउ ॥

ਸੁਣਿ ਸੁਣਿ ਨਾਮੁ ਤੁਮਾਰਾ ਪ੍ਰੀਤਮ ਪ੍ਰਭੁ ਪੇਖਨ ਕਾ ਚਾਉ ॥ (405-19)
सुणि सुणि नामु तुमारा प्रीतम प्रभु पेखन का चाउ ॥

ਦਇਆ ਕਰਹੁ ਕਿਰਮ ਅਪੁਨੇ ਕਉ ਇਹੈ ਮਨੋਰਥੁ ਸੁਆਉ ॥੨॥ (406-1)
दइआ करहु किरम अपुने कउ इहै मनोरथु सुआउ ॥२॥

ਤਨੁ ਧਨੁ ਤੇਰਾ ਤੂੰ ਪ੍ਰਭੁ ਮੇਰਾ ਹਮਰੈ ਵਸਿ ਕਿਛੁ ਨਾਹਿ ॥ (406-1)
तनु धनु तेरा तूं प्रभु मेरा हमरै वसि किछु नाहि ॥

ਜਿਉ ਜਿਉ ਰਾਖਹਿ ਤਿਉ ਤਿਉ ਰਹਣਾ ਤੇਰਾ ਦੀਆ ਖਾਹਿ ॥੩॥ (406-2)
जिउ जिउ राखहि तिउ तिउ रहणा तेरा दीआ खाहि ॥३॥

ਜਨਮ ਜਨਮ ਕੇ ਕਿਲਵਿਖ ਕਾਟੈ ਮਜਨੁ ਹਰਿ ਜਨ ਧੂਰਿ ॥ (406-2)
जनम जनम के किलविख काटै मजनु हरि जन धूरि ॥

ਭਾਇ ਭਗਤਿ ਭਰਮ ਭਉ ਨਾਸੈ ਹਰਿ ਨਾਨਕ ਸਦਾ ਹਜੂਰਿ ॥੪॥੪॥੧੩੯॥ (406-3)
भाइ भगति भरम भउ नासै हरि नानक सदा हजूरि ॥४॥४॥१३९॥

ਆਸਾ ਮਹਲਾ ੫ ॥ (406-4)
आसा महला ५ ॥

ਅਗਮ ਅਗੋਚਰੁ ਦਰਸੁ ਤੇਰਾ ਸੋ ਪਾਏ ਜਿਸੁ ਮਸਤਕਿ ਭਾਗੁ ॥ (406-4)
अगम अगोचरु दरसु तेरा सो पाए जिसु मसतकि भागु ॥

ਆਪਿ ਕ੍ਰਿਪਾਲਿ ਕ੍ਰਿਪਾ ਪ੍ਰਭਿ ਧਾਰੀ ਸਤਿਗੁਰਿ ਬਖਸਿਆ ਹਰਿ ਨਾਮੁ ॥੧॥ (406-4)
आपि क्रिपालि क्रिपा प्रभि धारी सतिगुरि बखसिआ हरि नामु ॥१॥

ਕਲਿਜੁਗੁ ਉਧਾਰਿਆ ਗੁਰਦੇਵ ॥ (406-5)
कलिजुगु उधारिआ गुरदेव ॥

ਮਲ ਮੂਤ ਮੂੜ ਜਿ ਮੁਘਦ ਹੋਤੇ ਸਭਿ ਲਗੇ ਤੇਰੀ ਸੇਵ ॥੧॥ ਰਹਾਉ ॥ (406-5)
मल मूत मूड़ जि मुघद होते सभि लगे तेरी सेव ॥१॥ रहाउ ॥

ਤੂ ਆਪਿ ਕਰਤਾ ਸਭ ਸ੍ਰਿਸਟਿ ਧਰਤਾ ਸਭ ਮਹਿ ਰਹਿਆ ਸਮਾਇ ॥ (406-6)
तू आपि करता सभ स्रिसटि धरता सभ महि रहिआ समाइ ॥

ਧਰਮ ਰਾਜਾ ਬਿਸਮਾਦੁ ਹੋਆ ਸਭ ਪਈ ਪੈਰੀ ਆਇ ॥੨॥ (406-7)
धरम राजा बिसमादु होआ सभ पई पैरी आइ ॥२॥

ਸਤਜੁਗੁ ਤ੍ਰੇਤਾ ਦੁਆਪਰੁ ਭਣੀਐ ਕਲਿਜੁਗੁ ਊਤਮੋ ਜੁਗਾ ਮਾਹਿ ॥ (406-7)
सतजुगु त्रेता दुआपरु भणीऐ कलिजुगु ऊतमो जुगा माहि ॥

ਅਹਿ ਕਰੁ ਕਰੇ ਸੁ ਅਹਿ ਕਰੁ ਪਾਏ ਕੋਈ ਨ ਪਕੜੀਐ ਕਿਸੈ ਥਾਇ ॥੩॥ (406-8)
अहि करु करे सु अहि करु पाए कोई न पकड़ीऐ किसै थाइ ॥३॥

ਹਰਿ ਜੀਉ ਸੋਈ ਕਰਹਿ ਜਿ ਭਗਤ ਤੇਰੇ ਜਾਚਹਿ ਏਹੁ ਤੇਰਾ ਬਿਰਦੁ ॥ (406-8)
हरि जीउ सोई करहि जि भगत तेरे जाचहि एहु तेरा बिरदु ॥

ਕਰ ਜੋੜਿ ਨਾਨਕ ਦਾਨੁ ਮਾਗੈ ਅਪਣਿਆ ਸੰਤਾ ਦੇਹਿ ਹਰਿ ਦਰਸੁ ॥੪॥੫॥੧੪੦॥ (406-9)
कर जोड़ि नानक दानु मागै अपणिआ संता देहि हरि दरसु ॥४॥५॥१४०॥

ਰਾਗੁ ਆਸਾ ਮਹਲਾ ੫ ਘਰੁ ੧੩ (406-11)
रागु आसा महला ५ घरु १३

ੴ ਸਤਿਗੁਰ ਪ੍ਰਸਾਦਿ ॥ (406-11)
ੴ सतिगुर प्रसादि ॥

ਸਤਿਗੁਰ ਬਚਨ ਤੁਮ੍ਹ੍ਹਾਰੇ ॥ (406-12)
सतिगुर बचन तुम्हारे ॥

ਨਿਰਗੁਣ ਨਿਸਤਾਰੇ ॥੧॥ ਰਹਾਉ ॥ (406-12)
निरगुण निसतारे ॥१॥ रहाउ ॥

ਮਹਾ ਬਿਖਾਦੀ ਦੁਸਟ ਅਪਵਾਦੀ ਤੇ ਪੁਨੀਤ ਸੰਗਾਰੇ ॥੧॥ (406-12)
महा बिखादी दुसट अपवादी ते पुनीत संगारे ॥१॥

ਜਨਮ ਭਵੰਤੇ ਨਰਕਿ ਪੜੰਤੇ ਤਿਨ੍ਹ੍ ਕੇ ਕੁਲ ਉਧਾਰੇ ॥੨॥ (406-13)
जनम भवंते नरकि पड़ंते तिन्ह के कुल उधारे ॥२॥

ਕੋਇ ਨ ਜਾਨੈ ਕੋਇ ਨ ਮਾਨੈ ਸੇ ਪਰਗਟੁ ਹਰਿ ਦੁਆਰੇ ॥੩॥ (406-13)
कोइ न जानै कोइ न मानै से परगटु हरि दुआरे ॥३॥

ਕਵਨ ਉਪਮਾ ਦੇਉ ਕਵਨ ਵਡਾਈ ਨਾਨਕ ਖਿਨੁ ਖਿਨੁ ਵਾਰੇ ॥੪॥੧॥੧੪੧॥ (406-14)
कवन उपमा देउ कवन वडाई नानक खिनु खिनु वारे ॥४॥१॥१४१॥

ਆਸਾ ਮਹਲਾ ੫ ॥ (406-15)
आसा महला ५ ॥

ਬਾਵਰ ਸੋਇ ਰਹੇ ॥੧॥ ਰਹਾਉ ॥ (406-15)
बावर सोइ रहे ॥१॥ रहाउ ॥

ਮੋਹ ਕੁਟੰਬ ਬਿਖੈ ਰਸ ਮਾਤੇ ਮਿਥਿਆ ਗਹਨ ਗਹੇ ॥੧॥ (406-15)
मोह कुटम्ब बिखै रस माते मिथिआ गहन गहे ॥१॥

ਮਿਥਨ ਮਨੋਰਥ ਸੁਪਨ ਆਨੰਦ ਉਲਾਸ ਮਨਿ ਮੁਖਿ ਸਤਿ ਕਹੇ ॥੨॥ (406-16)
मिथन मनोरथ सुपन आनंद उलास मनि मुखि सति कहे ॥२॥

ਅੰਮ੍ਰਿਤੁ ਨਾਮੁ ਪਦਾਰਥੁ ਸੰਗੇ ਤਿਲੁ ਮਰਮੁ ਨ ਲਹੇ ॥੩॥ (406-16)
अमृतु नामु पदारथु संगे तिलु मरमु न लहे ॥३॥

ਕਰਿ ਕਿਰਪਾ ਰਾਖੇ ਸਤਸੰਗੇ ਨਾਨਕ ਸਰਣਿ ਆਹੇ ॥੪॥੨॥੧੪੨॥ (406-17)
करि किरपा राखे सतसंगे नानक सरणि आहे ॥४॥२॥१४२॥

ਆਸਾ ਮਹਲਾ ੫ ਤਿਪਦੇ ॥ (406-17)
आसा महला ५ तिपदे ॥

ਓਹਾ ਪ੍ਰੇਮ ਪਿਰੀ ॥੧॥ ਰਹਾਉ ॥ (406-18)
ओहा प्रेम पिरी ॥१॥ रहाउ ॥

ਕਨਿਕ ਮਾਣਿਕ ਗਜ ਮੋਤੀਅਨ ਲਾਲਨ ਨਹ ਨਾਹ ਨਹੀ ॥੧॥ (406-18)
कनिक माणिक गज मोतीअन लालन नह नाह नही ॥१॥

ਰਾਜ ਨ ਭਾਗ ਨ ਹੁਕਮ ਨ ਸਾਦਨ ॥ (406-18)
राज न भाग न हुकम न सादन ॥

ਕਿਛੁ ਕਿਛੁ ਨ ਚਾਹੀ ॥੨॥ (407-1)
किछु किछु न चाही ॥२॥

ਚਰਨਨ ਸਰਨਨ ਸੰਤਨ ਬੰਦਨ ॥ (407-1)
चरनन सरनन संतन बंदन ॥

ਸੁਖੋ ਸੁਖੁ ਪਾਹੀ ॥ (407-1)
सुखो सुखु पाही ॥

ਨਾਨਕ ਤਪਤਿ ਹਰੀ ॥ (407-1)
नानक तपति हरी ॥

ਮਿਲੇ ਪ੍ਰੇਮ ਪਿਰੀ ॥੩॥੩॥੧੪੩॥ (407-2)
मिले प्रेम पिरी ॥३॥३॥१४३॥

ਆਸਾ ਮਹਲਾ ੫ ॥ (407-2)
आसा महला ५ ॥

ਗੁਰਹਿ ਦਿਖਾਇਓ ਲੋਇਨਾ ॥੧॥ ਰਹਾਉ ॥ (407-2)
गुरहि दिखाइओ लोइना ॥१॥ रहाउ ॥

ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ ॥੧॥ (407-3)
ईतहि ऊतहि घटि घटि घटि घटि तूंही तूंही मोहिना ॥१॥

ਕਾਰਨ ਕਰਨਾ ਧਾਰਨ ਧਰਨਾ ਏਕੈ ਏਕੈ ਸੋਹਿਨਾ ॥੨॥ (407-3)
कारन करना धारन धरना एकै एकै सोहिना ॥२॥

ਸੰਤਨ ਪਰਸਨ ਬਲਿਹਾਰੀ ਦਰਸਨ ਨਾਨਕ ਸੁਖਿ ਸੁਖਿ ਸੋਇਨਾ ॥੩॥੪॥੧੪੪॥ (407-4)
संतन परसन बलिहारी दरसन नानक सुखि सुखि सोइना ॥३॥४॥१४४॥

ਆਸਾ ਮਹਲਾ ੫ ॥ (407-5)
आसा महला ५ ॥

ਹਰਿ ਹਰਿ ਨਾਮੁ ਅਮੋਲਾ ॥ (407-5)
हरि हरि नामु अमोला ॥

ਓਹੁ ਸਹਜਿ ਸੁਹੇਲਾ ॥੧॥ ਰਹਾਉ ॥ (407-5)
ओहु सहजि सुहेला ॥१॥ रहाउ ॥

ਸੰਗਿ ਸਹਾਈ ਛੋਡਿ ਨ ਜਾਈ ਓਹੁ ਅਗਹ ਅਤੋਲਾ ॥੧॥ (407-5)
संगि सहाई छोडि न जाई ओहु अगह अतोला ॥१॥

ਪ੍ਰੀਤਮੁ ਭਾਈ ਬਾਪੁ ਮੋਰੋ ਮਾਈ ਭਗਤਨ ਕਾ ਓਲ੍ਹਾ ॥੨॥ (407-6)
प्रीतमु भाई बापु मोरो माई भगतन का ओल्हा ॥२॥

ਅਲਖੁ ਲਖਾਇਆ ਗੁਰ ਤੇ ਪਾਇਆ ਨਾਨਕ ਇਹੁ ਹਰਿ ਕਾ ਚੋਲ੍ਹਾ ॥੩॥੫॥੧੪੫॥ (407-6)
अलखु लखाइआ गुर ते पाइआ नानक इहु हरि का चोल्हा ॥३॥५॥१४५॥

ਆਸਾ ਮਹਲਾ ੫ ॥ (407-7)
आसा महला ५ ॥

ਆਪੁਨੀ ਭਗਤਿ ਨਿਬਾਹਿ ॥ (407-7)
आपुनी भगति निबाहि ॥

ਠਾਕੁਰ ਆਇਓ ਆਹਿ ॥੧॥ ਰਹਾਉ ॥ (407-8)
ठाकुर आइओ आहि ॥१॥ रहाउ ॥

ਨਾਮੁ ਪਦਾਰਥੁ ਹੋਇ ਸਕਾਰਥੁ ਹਿਰਦੈ ਚਰਨ ਬਸਾਹਿ ॥੧॥ (407-8)
नामु पदारथु होइ सकारथु हिरदै चरन बसाहि ॥१॥

ਏਹ ਮੁਕਤਾ ਏਹ ਜੁਗਤਾ ਰਾਖਹੁ ਸੰਤ ਸੰਗਾਹਿ ॥੨॥ (407-8)
एह मुकता एह जुगता राखहु संत संगाहि ॥२॥

ਨਾਮੁ ਧਿਆਵਉ ਸਹਜਿ ਸਮਾਵਉ ਨਾਨਕ ਹਰਿ ਗੁਨ ਗਾਹਿ ॥੩॥੬॥੧੪੬॥ (407-9)
नामु धिआवउ सहजि समावउ नानक हरि गुन गाहि ॥३॥६॥१४६॥

ਆਸਾ ਮਹਲਾ ੫ ॥ (407-10)
आसा महला ५ ॥

ਠਾਕੁਰ ਚਰਣ ਸੁਹਾਵੇ ॥ (407-10)
ठाकुर चरण सुहावे ॥

ਹਰਿ ਸੰਤਨ ਪਾਵੇ ॥੧॥ ਰਹਾਉ ॥ (407-10)
हरि संतन पावे ॥१॥ रहाउ ॥

ਆਪੁ ਗਵਾਇਆ ਸੇਵ ਕਮਾਇਆ ਗੁਨ ਰਸਿ ਰਸਿ ਗਾਵੇ ॥੧॥ (407-10)
आपु गवाइआ सेव कमाइआ गुन रसि रसि गावे ॥१॥

ਏਕਹਿ ਆਸਾ ਦਰਸ ਪਿਆਸਾ ਆਨ ਨ ਭਾਵੇ ॥੨॥ (407-11)
एकहि आसा दरस पिआसा आन न भावे ॥२॥

ਦਇਆ ਤੁਹਾਰੀ ਕਿਆ ਜੰਤ ਵਿਚਾਰੀ ਨਾਨਕ ਬਲਿ ਬਲਿ ਜਾਵੇ ॥੩॥੭॥੧੪੭॥ (407-12)
दइआ तुहारी किआ जंत विचारी नानक बलि बलि जावे ॥३॥७॥१४७॥

ਆਸਾ ਮਹਲਾ ੫ ॥ (407-12)
आसा महला ५ ॥

ਏਕੁ ਸਿਮਰਿ ਮਨ ਮਾਹੀ ॥੧॥ ਰਹਾਉ ॥ (407-13)
एकु सिमरि मन माही ॥१॥ रहाउ ॥

ਨਾਮੁ ਧਿਆਵਹੁ ਰਿਦੈ ਬਸਾਵਹੁ ਤਿਸੁ ਬਿਨੁ ਕੋ ਨਾਹੀ ॥੧॥ (407-13)
नामु धिआवहु रिदै बसावहु तिसु बिनु को नाही ॥१॥

ਪ੍ਰਭ ਸਰਨੀ ਆਈਐ ਸਰਬ ਫਲ ਪਾਈਐ ਸਗਲੇ ਦੁਖ ਜਾਹੀ ॥੨॥ (407-13)
प्रभ सरनी आईऐ सरब फल पाईऐ सगले दुख जाही ॥२॥

ਜੀਅਨ ਕੋ ਦਾਤਾ ਪੁਰਖੁ ਬਿਧਾਤਾ ਨਾਨਕ ਘਟਿ ਘਟਿ ਆਹੀ ॥੩॥੮॥੧੪੮॥ (407-14)
जीअन को दाता पुरखु बिधाता नानक घटि घटि आही ॥३॥८॥१४८॥

ਆਸਾ ਮਹਲਾ ੫ ॥ (407-15)
आसा महला ५ ॥

ਹਰਿ ਬਿਸਰਤ ਸੋ ਮੂਆ ॥੧॥ ਰਹਾਉ ॥ (407-15)
हरि बिसरत सो मूआ ॥१॥ रहाउ ॥

ਨਾਮੁ ਧਿਆਵੈ ਸਰਬ ਫਲ ਪਾਵੈ ਸੋ ਜਨੁ ਸੁਖੀਆ ਹੂਆ ॥੧॥ (407-15)
नामु धिआवै सरब फल पावै सो जनु सुखीआ हूआ ॥१॥

ਰਾਜੁ ਕਹਾਵੈ ਹਉ ਕਰਮ ਕਮਾਵੈ ਬਾਧਿਓ ਨਲਿਨੀ ਭ੍ਰਮਿ ਸੂਆ ॥੨॥ (407-16)
राजु कहावै हउ करम कमावै बाधिओ नलिनी भ्रमि सूआ ॥२॥

ਕਹੁ ਨਾਨਕ ਜਿਸੁ ਸਤਿਗੁਰੁ ਭੇਟਿਆ ਸੋ ਜਨੁ ਨਿਹਚਲੁ ਥੀਆ ॥੩॥੯॥੧੪੯॥ (407-17)
कहु नानक जिसु सतिगुरु भेटिआ सो जनु निहचलु थीआ ॥३॥९॥१४९॥

ਆਸਾ ਮਹਲਾ ੫ ਘਰੁ ੧੪ (407-18)
आसा महला ५ घरु १४

ੴ ਸਤਿਗੁਰ ਪ੍ਰਸਾਦਿ ॥ (407-18)
१ੴ सतिगुर प्रसादि ॥

ਓਹੁ ਨੇਹੁ ਨਵੇਲਾ ॥ (407-19)
ओहु नेहु नवेला ॥

ਅਪੁਨੇ ਪ੍ਰੀਤਮ ਸਿਉ ਲਾਗਿ ਰਹੈ ॥੧॥ ਰਹਾਉ ॥ (407-19)
अपुने प्रीतम सिउ लागि रहै ॥१॥ रहाउ ॥

ਜੋ ਪ੍ਰਭ ਭਾਵੈ ਜਨਮਿ ਨ ਆਵੈ ॥ (407-19)
जो प्रभ भावै जनमि न आवै ॥

ਹਰਿ ਪ੍ਰੇਮ ਭਗਤਿ ਹਰਿ ਪ੍ਰੀਤਿ ਰਚੈ ॥੧॥ (407-19)
हरि प्रेम भगति हरि प्रीति रचै ॥१॥

ਪ੍ਰਭ ਸੰਗਿ ਮਿਲੀਜੈ ਇਹੁ ਮਨੁ ਦੀਜੈ ॥ (408-1)
प्रभ संगि मिलीजै इहु मनु दीजै ॥

ਨਾਨਕ ਨਾਮੁ ਮਿਲੈ ਅਪਨੀ ਦਇਆ ਕਰਹੁ ॥੨॥੧॥੧੫੦॥ (408-1)
नानक नामु मिलै अपनी दइआ करहु ॥२॥१॥१५०॥

ਆਸਾ ਮਹਲਾ ੫ ॥ (408-2)
आसा महला ५ ॥

ਮਿਲੁ ਰਾਮ ਪਿਆਰੇ ਤੁਮ ਬਿਨੁ ਧੀਰਜੁ ਕੋ ਨ ਕਰੈ ॥੧॥ ਰਹਾਉ ॥ (408-2)
मिलु राम पिआरे तुम बिनु धीरजु को न करै ॥१॥ रहाउ ॥

ਸਿੰਮ੍ਰਿਤਿ ਸਾਸਤ੍ਰ ਬਹੁ ਕਰਮ ਕਮਾਏ ਪ੍ਰਭ ਤੁਮਰੇ ਦਰਸ ਬਿਨੁ ਸੁਖੁ ਨਾਹੀ ॥੧॥ (408-3)
सिंम्रिति सासत्र बहु करम कमाए प्रभ तुमरे दरस बिनु सुखु नाही ॥१॥

ਵਰਤ ਨੇਮ ਸੰਜਮ ਕਰਿ ਥਾਕੇ ਨਾਨਕ ਸਾਧ ਸਰਨਿ ਪ੍ਰਭ ਸੰਗਿ ਵਸੈ ॥੨॥੨॥੧੫੧॥ (408-3)
वरत नेम संजम करि थाके नानक साध सरनि प्रभ संगि वसै ॥२॥२॥१५१॥

ਆਸਾ ਮਹਲਾ ੫ ਘਰੁ ੧੫ ਪੜਤਾਲ (408-5)
आसा महला ५ घरु १५ पड़ताल

ੴ ਸਤਿਗੁਰ ਪ੍ਰਸਾਦਿ ॥ (408-5)
१ੴ सतिगुर प्रसादि ॥

ਬਿਕਾਰ ਮਾਇਆ ਮਾਦਿ ਸੋਇਓ ਸੂਝ ਬੂਝ ਨ ਆਵੈ ॥ (408-6)
बिकार माइआ मादि सोइओ सूझ बूझ न आवै ॥

ਪਕਰਿ ਕੇਸ ਜਮਿ ਉਠਾਰਿਓ ਤਦ ਹੀ ਘਰਿ ਜਾਵੈ ॥੧॥ (408-6)
पकरि केस जमि उठारिओ तद ही घरि जावै ॥१॥

ਲੋਭ ਬਿਖਿਆ ਬਿਖੈ ਲਾਗੇ ਹਿਰਿ ਵਿਤ ਚਿਤ ਦੁਖਾਹੀ ॥ (408-7)
लोभ बिखिआ बिखै लागे हिरि वित चित दुखाही ॥

ਖਿਨ ਭੰਗੁਨਾ ਕੈ ਮਾਨਿ ਮਾਤੇ ਅਸੁਰ ਜਾਣਹਿ ਨਾਹੀ ॥੧॥ ਰਹਾਉ ॥ (408-7)
खिन भंगुना कै मानि माते असुर जाणहि नाही ॥१॥ रहाउ ॥

ਬੇਦ ਸਾਸਤ੍ਰ ਜਨ ਪੁਕਾਰਹਿ ਸੁਨੈ ਨਾਹੀ ਡੋਰਾ ॥ (408-8)
बेद सासत्र जन पुकारहि सुनै नाही डोरा ॥

ਨਿਪਟਿ ਬਾਜੀ ਹਾਰਿ ਮੂਕਾ ਪਛੁਤਾਇਓ ਮਨਿ ਭੋਰਾ ॥੨॥ (408-8)
निपटि बाजी हारि मूका पछुताइओ मनि भोरा ॥२॥

ਡਾਨੁ ਸਗਲ ਗੈਰ ਵਜਹਿ ਭਰਿਆ ਦੀਵਾਨ ਲੇਖੈ ਨ ਪਰਿਆ ॥ (408-9)
डानु सगल गैर वजहि भरिआ दीवान लेखै न परिआ ॥

ਜੇਂਹ ਕਾਰਜਿ ਰਹੈ ਓਲ੍ਹਾ ਸੋਇ ਕਾਮੁ ਨ ਕਰਿਆ ॥੩॥ (408-9)
जेंह कारजि रहै ओल्हा सोइ कामु न करिआ ॥३॥

ਐਸੋ ਜਗੁ ਮੋਹਿ ਗੁਰਿ ਦਿਖਾਇਓ ਤਉ ਏਕ ਕੀਰਤਿ ਗਾਇਆ ॥ (408-10)
ऐसो जगु मोहि गुरि दिखाइओ तउ एक कीरति गाइआ ॥

ਮਾਨੁ ਤਾਨੁ ਤਜਿ ਸਿਆਨਪ ਸਰਣਿ ਨਾਨਕੁ ਆਇਆ ॥੪॥੧॥੧੫੨॥ (408-10)
मानु तानु तजि सिआनप सरणि नानकु आइआ ॥४॥१॥१५२॥

ਆਸਾ ਮਹਲਾ ੫ ॥ (408-11)
आसा महला ५ ॥

ਬਾਪਾਰਿ ਗੋਵਿੰਦ ਨਾਏ ॥ (408-11)
बापारि गोविंद नाए ॥

ਸਾਧ ਸੰਤ ਮਨਾਏ ਪ੍ਰਿਅ ਪਾਏ ਗੁਨ ਗਾਏ ਪੰਚ ਨਾਦ ਤੂਰ ਬਜਾਏ ॥੧॥ ਰਹਾਉ ॥ (408-11)
साध संत मनाए प्रिअ पाए गुन गाए पंच नाद तूर बजाए ॥१॥ रहाउ ॥

ਕਿਰਪਾ ਪਾਏ ਸਹਜਾਏ ਦਰਸਾਏ ਅਬ ਰਾਤਿਆ ਗੋਵਿੰਦ ਸਿਉ ॥ (408-12)
किरपा पाए सहजाए दरसाए अब रातिआ गोविंद सिउ ॥

ਸੰਤ ਸੇਵਿ ਪ੍ਰੀਤਿ ਨਾਥ ਰੰਗੁ ਲਾਲਨ ਲਾਏ ॥੧॥ (408-13)
संत सेवि प्रीति नाथ रंगु लालन लाए ॥१॥

ਗੁਰ ਗਿਆਨੁ ਮਨਿ ਦ੍ਰਿੜਾਏ ਰਹਸਾਏ ਨਹੀ ਆਏ ਸਹਜਾਏ ਮਨਿ ਨਿਧਾਨੁ ਪਾਏ ॥ (408-13)
गुर गिआनु मनि द्रिड़ाए रहसाए नही आए सहजाए मनि निधानु पाए ॥

ਸਭ ਤਜੀ ਮਨੈ ਕੀ ਕਾਮ ਕਰਾ ॥ (408-14)
सभ तजी मनै की काम करा ॥

ਚਿਰੁ ਚਿਰੁ ਚਿਰੁ ਚਿਰੁ ਭਇਆ ਮਨਿ ਬਹੁਤੁ ਪਿਆਸ ਲਾਗੀ ॥ (408-14)
चिरु चिरु चिरु चिरु भइआ मनि बहुतु पिआस लागी ॥

ਹਰਿ ਦਰਸਨੋ ਦਿਖਾਵਹੁ ਮੋਹਿ ਤੁਮ ਬਤਾਵਹੁ ॥ (408-15)
हरि दरसनो दिखावहु मोहि तुम बतावहु ॥

ਨਾਨਕ ਦੀਨ ਸਰਣਿ ਆਏ ਗਲਿ ਲਾਏ ॥੨॥੨॥੧੫੩॥ (408-15)
नानक दीन सरणि आए गलि लाए ॥२॥२॥१५३॥

ਆਸਾ ਮਹਲਾ ੫ ॥ (408-16)
आसा महला ५ ॥

ਕੋਊ ਬਿਖਮ ਗਾਰ ਤੋਰੈ ॥ (408-16)
कोऊ बिखम गार तोरै ॥

ਆਸ ਪਿਆਸ ਧੋਹ ਮੋਹ ਭਰਮ ਹੀ ਤੇ ਹੋਰੈ ॥੧॥ ਰਹਾਉ ॥ (408-16)
आस पिआस धोह मोह भरम ही ते होरै ॥१॥ रहाउ ॥

ਕਾਮ ਕ੍ਰੋਧ ਲੋਭ ਮਾਨ ਇਹ ਬਿਆਧਿ ਛੋਰੈ ॥੧॥ (408-17)
काम क्रोध लोभ मान इह बिआधि छोरै ॥१॥

ਸੰਤਸੰਗਿ ਨਾਮ ਰੰਗਿ ਗੁਨ ਗੋਵਿੰਦ ਗਾਵਉ ॥ (408-17)
संतसंगि नाम रंगि गुन गोविंद गावउ ॥

ਅਨਦਿਨੋ ਪ੍ਰਭ ਧਿਆਵਉ ॥ (408-18)
अनदिनो प्रभ धिआवउ ॥

ਭ੍ਰਮ ਭੀਤਿ ਜੀਤਿ ਮਿਟਾਵਉ ॥ (408-18)
भ्रम भीति जीति मिटावउ ॥

ਨਿਧਿ ਨਾਮੁ ਨਾਨਕ ਮੋਰੈ ॥੨॥੩॥੧੫੪॥ (408-18)
निधि नामु नानक मोरै ॥२॥३॥१५४॥

ਆਸਾ ਮਹਲਾ ੫ ॥ (408-19)
आसा महला ५ ॥

ਕਾਮੁ ਕ੍ਰੋਧੁ ਲੋਭੁ ਤਿਆਗੁ ॥ (408-19)
कामु क्रोधु लोभु तिआगु ॥

ਮਨਿ ਸਿਮਰਿ ਗੋਬਿੰਦ ਨਾਮ ॥ (408-19)
मनि सिमरि गोबिंद नाम ॥

ਹਰਿ ਭਜਨ ਸਫਲ ਕਾਮ ॥੧॥ ਰਹਾਉ ॥ (408-19)
हरि भजन सफल काम ॥१॥ रहाउ ॥

ਤਜਿ ਮਾਨ ਮੋਹ ਵਿਕਾਰ ਮਿਥਿਆ ਜਪਿ ਰਾਮ ਰਾਮ ਰਾਮ ॥ (409-1)
तजि मान मोह विकार मिथिआ जपि राम राम राम ॥

ਮਨ ਸੰਤਨਾ ਕੈ ਚਰਨਿ ਲਾਗੁ ॥੧॥ (409-1)
मन संतना कै चरनि लागु ॥१॥

ਪ੍ਰਭ ਗੋਪਾਲ ਦੀਨ ਦਇਆਲ ਪਤਿਤ ਪਾਵਨ ਪਾਰਬ੍ਰਹਮ ਹਰਿ ਚਰਣ ਸਿਮਰਿ ਜਾਗੁ ॥ (409-2)
प्रभ गोपाल दीन दइआल पतित पावन पारब्रहम हरि चरण सिमरि जागु ॥

ਕਰਿ ਭਗਤਿ ਨਾਨਕ ਪੂਰਨ ਭਾਗੁ ॥੨॥੪॥੧੫੫॥ (409-2)
करि भगति नानक पूरन भागु ॥२॥४॥१५५॥

ਆਸਾ ਮਹਲਾ ੫ ॥ (409-3)
आसा महला ५ ॥

ਹਰਖ ਸੋਗ ਬੈਰਾਗ ਅਨੰਦੀ ਖੇਲੁ ਰੀ ਦਿਖਾਇਓ ॥੧॥ ਰਹਾਉ ॥ (409-3)
हरख सोग बैराग अनंदी खेलु री दिखाइओ ॥१॥ रहाउ ॥

ਖਿਨਹੂੰ ਭੈ ਨਿਰਭੈ ਖਿਨਹੂੰ ਖਿਨਹੂੰ ਉਠਿ ਧਾਇਓ ॥ (409-4)
खिनहूं भै निरभै खिनहूं खिनहूं उठि धाइओ ॥

ਖਿਨਹੂੰ ਰਸ ਭੋਗਨ ਖਿਨਹੂੰ ਖਿਨਹੂ ਤਜਿ ਜਾਇਓ ॥੧॥ (409-4)
खिनहूं रस भोगन खिनहूं खिनहू तजि जाइओ ॥१॥

ਖਿਨਹੂੰ ਜੋਗ ਤਾਪ ਬਹੁ ਪੂਜਾ ਖਿਨਹੂੰ ਭਰਮਾਇਓ ॥ (409-5)
खिनहूं जोग ताप बहु पूजा खिनहूं भरमाइओ ॥

ਖਿਨਹੂੰ ਕਿਰਪਾ ਸਾਧੂ ਸੰਗ ਨਾਨਕ ਹਰਿ ਰੰਗੁ ਲਾਇਓ ॥੨॥੫॥੧੫੬॥ (409-5)
खिनहूं किरपा साधू संग नानक हरि रंगु लाइओ ॥२॥५॥१५६॥

ਰਾਗੁ ਆਸਾ ਮਹਲਾ ੫ ਘਰੁ ੧੭ ਆਸਾਵਰੀ (409-7)
रागु आसा महला ५ घरु १७ आसावरी

ੴ ਸਤਿਗੁਰ ਪ੍ਰਸਾਦਿ ॥ (409-7)
ੴ सतिगुर प्रसादि ॥

ਗੋਬਿੰਦ ਗੋਬਿੰਦ ਕਰਿ ਹਾਂ ॥ (409-8)
गोबिंद गोबिंद करि हां ॥

ਹਰਿ ਹਰਿ ਮਨਿ ਪਿਆਰਿ ਹਾਂ ॥ (409-8)
हरि हरि मनि पिआरि हां ॥

ਗੁਰਿ ਕਹਿਆ ਸੁ ਚਿਤਿ ਧਰਿ ਹਾਂ ॥ (409-8)
गुरि कहिआ सु चिति धरि हां ॥

ਅਨ ਸਿਉ ਤੋਰਿ ਫੇਰਿ ਹਾਂ ॥ (409-8)
अन सिउ तोरि फेरि हां ॥

ਐਸੇ ਲਾਲਨੁ ਪਾਇਓ ਰੀ ਸਖੀ ॥੧॥ ਰਹਾਉ ॥ (409-9)
ऐसे लालनु पाइओ री सखी ॥१॥ रहाउ ॥

ਪੰਕਜ ਮੋਹ ਸਰਿ ਹਾਂ ॥ (409-9)
पंकज मोह सरि हां ॥

ਪਗੁ ਨਹੀ ਚਲੈ ਹਰਿ ਹਾਂ ॥ (409-9)
पगु नही चलै हरि हां ॥

ਗਹਡਿਓ ਮੂੜ ਨਰਿ ਹਾਂ ॥ (409-9)
गहडिओ मूड़ नरि हां ॥

ਅਨਿਨ ਉਪਾਵ ਕਰਿ ਹਾਂ ॥ (409-10)
अनिन उपाव करि हां ॥

ਤਉ ਨਿਕਸੈ ਸਰਨਿ ਪੈ ਰੀ ਸਖੀ ॥੧॥ (409-10)
तउ निकसै सरनि पै री सखी ॥१॥

ਥਿਰ ਥਿਰ ਚਿਤ ਥਿਰ ਹਾਂ ॥ (409-10)
थिर थिर चित थिर हां ॥

ਬਨੁ ਗ੍ਰਿਹੁ ਸਮਸਰਿ ਹਾਂ ॥ (409-11)
जिनि जगतु उपाइआ धंधै लाइआ हउ तिसै विटहु कुरबानु जीउ ॥३॥

ਨਾਮੁ ਲੈਨਿ ਸਿ ਸੋਹਹਿ ਤਿਨ ਸੁਖ ਫਲ ਹੋਵਹਿ ਮਾਨਹਿ ਸੇ ਜਿਣਿ ਜਾਹਿ ਜੀਉ ॥ (438-13)
नामु लैनि सि सोहहि तिन सुख फल होवहि मानहि से जिणि जाहि जीउ ॥

ਤਿਨ ਫਲ ਤੋਟਿ ਨ ਆਵੈ ਜਾ ਤਿਸੁ ਭਾਵੈ ਜੇ ਜੁਗ ਕੇਤੇ ਜਾਹਿ ਜੀਉ ॥ (438-14)
तिन फल तोटि न आवै जा तिसु भावै जे जुग केते जाहि जीउ ॥

ਜੇ ਜੁਗ ਕੇਤੇ ਜਾਹਿ ਸੁਆਮੀ ਤਿਨ ਫਲ ਤੋਟਿ ਨ ਆਵੈ ॥ (438-14)
जे जुग केते जाहि सुआमी तिन फल तोटि न आवै ॥

ਤਿਨ੍ ਜਰਾ ਨ ਮਰਣਾ ਨਰਕਿ ਨ ਪਰਣਾ ਜੋ ਹਰਿ ਨਾਮੁ ਧਿਆਵੈ ॥ (438-15)
तिन्ह जरा न मरणा नरकि न परणा जो हरि नामु धिआवै ॥

ਹਰਿ ਹਰਿ ਕਰਹਿ ਸਿ ਸੂਕਹਿ ਨਾਹੀ ਨਾਨਕ ਪੀੜ ਨ ਖਾਹਿ ਜੀਉ ॥ (438-15)
हरि हरि करहि सि सूकहि नाही नानक पीड़ न खाहि जीउ ॥

ਨਾਮੁ ਲੈਨ੍ਹਿ ਸਿ ਸੋਹਹਿ ਤਿਨ੍ਹ ਸੁਖ ਫਲ ਹੋਵਹਿ ਮਾਨਹਿ ਸੇ ਜਿਣਿ ਜਾਹਿ ਜੀਉ ॥੪॥੧॥੪॥ (438-16)
नामु लैन्हि सि सोहहि तिन्ह सुख फल होवहि मानहि से जिणि जाहि जीउ ॥४॥१॥४॥

ੴ ਸਤਿਗੁਰ ਪ੍ਰਸਾਦਿ ॥ (438-18)
ੴ सतिगुर प्रसादि ॥

ਆਸਾ ਮਹਲਾ ੧ ਛੰਤ ਘਰੁ ੩ ॥ (438-18)
आसा महला १ छंत घरु ३ ॥

ਤੂੰ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ ਰਾਮ ॥ (438-18)
तूं सुणि हरणा कालिआ की वाड़ीऐ राता राम ॥

ਬਿਖੁ ਫਲੁ ਮੀਠਾ ਚਾਰਿ ਦਿਨ ਫਿਰਿ ਹੋਵੈ ਤਾਤਾ ਰਾਮ ॥ (438-19)
बिखु फलु मीठा चारि दिन फिरि होवै ताता राम ॥

ਫਿਰਿ ਹੋਇ ਤਾਤਾ ਖਰਾ ਮਾਤਾ ਨਾਮ ਬਿਨੁ ਪਰਤਾਪਏ ॥ (438-19)
फिरि होइ ताता खरा माता नाम बिनु परतापए ॥

ਓਹੁ ਜੇਵ ਸਾਇਰ ਦੇਇ ਲਹਰੀ ਬਿਜੁਲ ਜਿਵੈ ਚਮਕਏ ॥ (439-1)
ओहु जेव साइर देइ लहरी बिजुल जिवै चमकए ॥

ਹਰਿ ਬਾਝੁ ਰਾਖਾ ਕੋਇ ਨਾਹੀ ਸੋਇ ਤੁਝਹਿ ਬਿਸਾਰਿਆ ॥ (439-1)
हरि बाझु राखा कोइ नाही सोइ तुझहि बिसारिआ ॥

ਸਚੁ ਕਹੈ ਨਾਨਕੁ ਚੇਤਿ ਰੇ ਮਨ ਮਰਹਿ ਹਰਣਾ ਕਾਲਿਆ ॥੧॥ (439-2)
सचु कहै नानकु चेति रे मन मरहि हरणा कालिआ ॥१॥

ਭਵਰਾ ਫੂਲਿ ਭਵੰਤਿਆ ਦੁਖੁ ਅਤਿ ਭਾਰੀ ਰਾਮ ॥ (439-2)
भवरा फूलि भवंतिआ दुखु अति भारी राम ॥

ਮੈ ਗੁਰੁ ਪੂਛਿਆ ਆਪਣਾ ਸਾਚਾ ਬੀਚਾਰੀ ਰਾਮ ॥ (439-3)
मै गुरु पूछिआ आपणा साचा बीचारी राम ॥

ਬੀਚਾਰਿ ਸਤਿਗੁਰੁ ਮੁਝੈ ਪੂਛਿਆ ਭਵਰੁ ਬੇਲੀ ਰਾਤਓ ॥ (439-3)
बीचारि सतिगुरु मुझै पूछिआ भवरु बेली रातओ ॥

ਸੂਰਜੁ ਚੜਿਆ ਪਿੰਡੁ ਪੜਿਆ ਤੇਲੁ ਤਾਵਣਿ ਤਾਤਓ ॥ (439-3)
सूरजु चड़िआ पिंडु पड़िआ तेलु तावणि तातओ ॥

ਜਮ ਮਗਿ ਬਾਧਾ ਖਾਹਿ ਚੋਟਾ ਸਬਦ ਬਿਨੁ ਬੇਤਾਲਿਆ ॥ (439-4)
जम मगि बाधा खाहि चोटा सबद बिनु बेतालिआ ॥

ਸਚੁ ਕਹੈ ਨਾਨਕੁ ਚੇਤਿ ਰੇ ਮਨ ਮਰਹਿ ਭਵਰਾ ਕਾਲਿਆ ॥੨॥ (439-4)
सचु कहै नानकु चेति रे मन मरहि भवरा कालिआ ॥२॥

ਮੇਰੇ ਜੀਅੜਿਆ ਪਰਦੇਸੀਆ ਕਿਤੁ ਪਵਹਿ ਜੰਜਾਲੇ ਰਾਮ ॥ (439-5)
मेरे जीअड़िआ परदेसीआ कितु पवहि जंजाले राम ॥

ਸਾਚਾ ਸਾਹਿਬੁ ਮਨਿ ਵਸੈ ਕੀ ਫਾਸਹਿ ਜਮ ਜਾਲੇ ਰਾਮ ॥ (439-6)
साचा साहिबु मनि वसै की फासहि जम जाले राम ॥

ਮਛੁਲੀ ਵਿਛੁੰਨੀ ਨੈਣ ਰੁੰਨੀ ਜਾਲੁ ਬਧਿਕਿ ਪਾਇਆ ॥ (439-6)
मछुली विछुंनी नैण रुंनी जालु बधिकि पाइआ ॥

ਸੰਸਾਰੁ ਮਾਇਆ ਮੋਹੁ ਮੀਠਾ ਅੰਤਿ ਭਰਮੁ ਚੁਕਾਇਆ ॥ (439-7)
संसारु माइआ मोहु मीठा अंति भरमु चुकाइआ ॥

ਭਗਤਿ ਕਰਿ ਚਿਤੁ ਲਾਇ ਹਰਿ ਸਿਉ ਛੋਡਿ ਮਨਹੁ ਅੰਦੇਸਿਆ ॥ (439-7)
भगति करि चितु लाइ हरि सिउ छोडि मनहु अंदेसिआ ॥

ਸਚੁ ਕਹੈ ਨਾਨਕੁ ਚੇਤਿ ਰੇ ਮਨ ਜੀਅੜਿਆ ਪਰਦੇਸੀਆ ॥੩॥ (439-8)
सचु कहै नानकु चेति रे मन जीअड़िआ परदेसीआ ॥३॥

ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥ (439-8)
नदीआ वाह विछुंनिआ मेला संजोगी राम ॥

ਜੁਗੁ ਜੁਗੁ ਮੀਠਾ ਵਿਸੁ ਭਰੇ ਕੋ ਜਾਣੈ ਜੋਗੀ ਰਾਮ ॥ (439-9)
जुगु जुगु मीठा विसु भरे को जाणै जोगी राम ॥

ਕੋਈ ਸਹਜਿ ਜਾਣੈ ਹਰਿ ਪਛਾਣੈ ਸਤਿਗੁਰੂ ਜਿਨਿ ਚੇਤਿਆ ॥ (439-9)
कोई सहजि जाणै हरि पछाणै सतिगुरू जिनि चेतिआ ॥

ਬਿਨੁ ਨਾਮ ਹਰਿ ਕੇ ਭਰਮਿ ਭੂਲੇ ਪਚਹਿ ਮੁਗਧ ਅਚੇਤਿਆ ॥ (439-10)
बिनु नाम हरि के भरमि भूले पचहि मुगध अचेतिआ ॥

ਹਰਿ ਨਾਮੁ ਭਗਤਿ ਨ ਰਿਦੈ ਸਾਚਾ ਸੇ ਅੰਤਿ ਧਾਹੀ ਰੁੰਨਿਆ ॥ (439-10)
हरि नामु भगति न रिदै साचा से अंति धाही रुंनिआ ॥

ਸਚੁ ਕਹੈ ਨਾਨਕੁ ਸਬਦਿ ਸਾਚੈ ਮੇਲਿ ਚਿਰੀ ਵਿਛੁੰਨਿਆ ॥੪॥੧॥੫॥ (439-11)
सचु कहै नानकु सबदि साचै मेलि चिरी विछुंनिआ ॥४॥१॥५॥

ੴ ਸਤਿਗੁਰ ਪ੍ਰਸਾਦਿ ॥ (439-12)
ੴ सतिगुर प्रसादि ॥

ਆਸਾ ਮਹਲਾ ੩ ਛੰਤ ਘਰੁ ੧ ॥ (439-12)
आसा महला ३ छंत घरु १ ॥

ਹਮ ਘਰੇ ਸਾਚਾ ਸੋਹਿਲਾ ਸਾਚੈ ਸਬਦਿ ਸੁਹਾਇਆ ਰਾਮ ॥ (439-12)
हम घरे साचा सोहिला साचै सबदि सुहाइआ राम ॥

ਧਨ ਪਿਰ ਮੇਲੁ ਭਇਆ ਪ੍ਰਭਿ ਆਪਿ ਮਿਲਾਇਆ ਰਾਮ ॥ (439-13)
धन पिर मेलु भइआ प्रभि आपि मिलाइआ राम ॥

ਪ੍ਰਭਿ ਆਪਿ ਮਿਲਾਇਆ ਸਚੁ ਮੰਨਿ ਵਸਾਇਆ ਕਾਮਣਿ ਸਹਜੇ ਮਾਤੀ ॥ (439-13)
प्रभि आपि मिलाइआ सचु मंनि वसाइआ कामणि सहजे माती ॥

ਗੁਰ ਸਬਦਿ ਸੀਗਾਰੀ ਸਚਿ ਸਵਾਰੀ ਸਦਾ ਰਾਵੇ ਰੰਗਿ ਰਾਤੀ ॥ (439-14)
गुर सबदि सीगारी सचि सवारी सदा रावे रंगि राती ॥

ਆਪੁ ਗਵਾਏ ਹਰਿ ਵਰੁ ਪਾਏ ਤਾ ਹਰਿ ਰਸੁ ਮੰਨਿ ਵਸਾਇਆ ॥ (439-14)
आपु गवाए हरि वरु पाए ता हरि रसु मंनि वसाइआ ॥

ਕਹੁ ਨਾਨਕ ਗੁਰ ਸਬਦਿ ਸਵਾਰੀ ਸਫਲਿਉ ਜਨਮੁ ਸਬਾਇਆ ॥੧॥ (439-15)
कहु नानक गुर सबदि सवारी सफलिउ जनमु सबाइआ ॥१॥

ਦੂਜੜੈ ਕਾਮਣਿ ਭਰਮਿ ਭੁਲੀ ਹਰਿ ਵਰੁ ਨ ਪਾਏ ਰਾਮ ॥ (439-15)
दूजड़ै कामणि भरमि भुली हरि वरु न पाए राम ॥

ਕਾਮਣਿ ਗੁਣੁ ਨਾਹੀ ਬਿਰਥਾ ਜਨਮੁ ਗਵਾਏ ਰਾਮ ॥ (439-16)
कामणि गुणु नाही बिरथा जनमु गवाए राम ॥

ਬਿਰਥਾ ਜਨਮੁ ਗਵਾਏ ਮਨਮੁਖਿ ਇਆਣੀ ਅਉਗਣਵੰਤੀ ਝੂਰੇ ॥ (439-16)
बिरथा जनमु गवाए मनमुखि इआणी अउगणवंती झूरे ॥

ਆਪਣਾ ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਤਾ ਪਿਰੁ ਮਿਲਿਆ ਹਦੂਰੇ ॥ (439-17)
आपणा सतिगुरु सेवि सदा सुखु पाइआ ता पिरु मिलिआ हदूरे ॥

ਦੇਖਿ ਪਿਰੁ ਵਿਗਸੀ ਅੰਦਰਹੁ ਸਰਸੀ ਸਚੈ ਸਬਦਿ ਸੁਭਾਏ ॥ (439-18)
देखि पिरु विगसी अंदरहु सरसी सचै सबदि सुभाए ॥

ਨਾਨਕ ਵਿਣੁ ਨਾਵੈ ਕਾਮਣਿ ਭਰਮਿ ਭੁਲਾਣੀ ਮਿਲਿ ਪ੍ਰੀਤਮ ਸੁਖੁ ਪਾਏ ॥੨॥ (439-18)
नानक विणु नावै कामणि भरमि भुलाणी मिलि प्रीतम सुखु पाए ॥२॥

ਪਿਰੁ ਸੰਗਿ ਕਾਮਣਿ ਜਾਣਿਆ ਗੁਰਿ ਮੇਲਿ ਮਿਲਾਈ ਰਾਮ ॥ (440-1)
पिरु संगि कामणि जाणिआ गुरि मेलि मिलाई राम ॥

ਅੰਤਰਿ ਸਬਦਿ ਮਿਲੀ ਸਹਜੇ ਤਪਤਿ ਬੁਝਾਈ ਰਾਮ ॥ (440-1)
अंतरि सबदि मिली सहजे तपति बुझाई राम ॥

ਸਬਦਿ ਤਪਤਿ ਬੁਝਾਈ ਅੰਤਰਿ ਸਾਂਤਿ ਆਈ ਸਹਜੇ ਹਰਿ ਰਸੁ ਚਾਖਿਆ ॥ (440-2)
सबदि तपति बुझाई अंतरि सांति आई सहजे हरि रसु चाखिआ ॥

ਮਿਲਿ ਪ੍ਰੀਤਮ ਅਪਣੇ ਸਦਾ ਰੰਗੁ ਮਾਣੇ ਸਚੈ ਸਬਦਿ ਸੁਭਾਖਿਆ ॥ (440-2)
मिलि प्रीतम अपणे सदा रंगु माणे सचै सबदि सुभाखिआ ॥

ਪੜਿ ਪੜਿ ਪੰਡਿਤ ਮੋਨੀ ਥਾਕੇ ਭੇਖੀ ਮੁਕਤਿ ਨ ਪਾਈ ॥ (440-3)
पड़ि पड़ि पंडित मोनी थाके भेखी मुकति न पाई ॥

ਨਾਨਕ ਬਿਨੁ ਭਗਤੀ ਜਗੁ ਬਉਰਾਨਾ ਸਚੈ ਸਬਦਿ ਮਿਲਾਈ ॥੩॥ (440-4)
नानक बिनु भगती जगु बउराना सचै सबदि मिलाई ॥३॥

ਸਾ ਧਨ ਮਨਿ ਅਨਦੁ ਭਇਆ ਹਰਿ ਜੀਉ ਮੇਲਿ ਪਿਆਰੇ ਰਾਮ ॥ (440-4)
सा धन मनि अनदु भइआ हरि जीउ मेलि पिआरे राम ॥

ਸਾ ਧਨ ਹਰਿ ਕੈ ਰਸਿ ਰਸੀ ਗੁਰ ਕੈ ਸਬਦਿ ਅਪਾਰੇ ਰਾਮ ॥ (440-5)
सा धन हरि कै रसि रसी गुर कै सबदि अपारे राम ॥

ਸਬਦਿ ਅਪਾਰੇ ਮਿਲੇ ਪਿਆਰੇ ਸਦਾ ਗੁਣ ਸਾਰੇ ਮਨਿ ਵਸੇ ॥ (440-5)
सबदि अपारे मिले पिआरे सदा गुण सारे मनि वसे ॥

ਸੇਜ ਸੁਹਾਵੀ ਜਾ ਪਿਰਿ ਰਾਵੀ ਮਿਲਿ ਪ੍ਰੀਤਮ ਅਵਗਣ ਨਸੇ ॥ (440-6)
सेज सुहावी जा पिरि रावी मिलि प्रीतम अवगण नसे ॥

ਜਿਤੁ ਘਰਿ ਨਾਮੁ ਹਰਿ ਸਦਾ ਧਿਆਈਐ ਸੋਹਿਲੜਾ ਜੁਗ ਚਾਰੇ ॥ (440-6)
जितु घरि नामु हरि सदा धिआईऐ सोहिलड़ा जुग चारे ॥

ਨਾਨਕ ਨਾਮਿ ਰਤੇ ਸਦਾ ਅਨਦੁ ਹੈ ਹਰਿ ਮਿਲਿਆ ਕਾਰਜ ਸਾਰੇ ॥੪॥੧॥੬॥ (440-7)
नानक नामि रते सदा अनदु है हरि मिलिआ कारज सारे ॥४॥१॥६॥

ੴ ਸਤਿਗੁਰ ਪ੍ਰਸਾਦਿ ॥ (440-8)
ੴ सतिगुर प्रसादि ॥

ਆਸਾ ਮਹਲਾ ੩ ਛੰਤ ਘਰੁ ੩ ॥ (440-8)
आसा महला ३ छंत घरु ३ ॥

ਸਾਜਨ ਮੇਰੇ ਪ੍ਰੀਤਮਹੁ ਤੁਮ ਸਹ ਕੀ ਭਗਤਿ ਕਰੇਹੋ ॥ (440-8)
साजन मेरे प्रीतमहु तुम सह की भगति करेहो ॥

ਗੁਰੁ ਸੇਵਹੁ ਸਦਾ ਆਪਣਾ ਨਾਮੁ ਪਦਾਰਥੁ ਲੇਹੋ ॥ (440-9)
गुरु सेवहु सदा आपणा नामु पदारथु लेहो ॥

ਭਗਤਿ ਕਰਹੁ ਤੁਮ ਸਹੈ ਕੇਰੀ ਜੋ ਸਹ ਪਿਆਰੇ ਭਾਵਏ ॥ (440-9)
भगति करहु तुम सहै केरी जो सह पिआरे भावए ॥

ਆਪਣਾ ਭਾਣਾ ਤੁਮ ਕਰਹੁ ਤਾ ਫਿਰਿ ਸਹ ਖੁਸੀ ਨ ਆਵਏ ॥ (440-10)
आपणा भाणा तुम करहु ता फिरि सह खुसी न आवए ॥

ਭਗਤਿ ਭਾਵ ਇਹੁ ਮਾਰਗੁ ਬਿਖੜਾ ਗੁਰ ਦੁਆਰੈ ਕੋ ਪਾਵਏ ॥ (440-10)
भगति भाव इहु मारगु बिखड़ा गुर दुआरै को पावए ॥

ਕਹੈ ਨਾਨਕੁ ਜਿਸੁ ਕਰੇ ਕਿਰਪਾ ਸੋ ਹਰਿ ਭਗਤੀ ਚਿਤੁ ਲਾਵਏ ॥੧॥ (440-11)
कहै नानकु जिसु करे किरपा सो हरि भगती चितु लावए ॥१॥

ਮੇਰੇ ਮਨ ਬੈਰਾਗੀਆ ਤੂੰ ਬੈਰਾਗੁ ਕਰਿ ਕਿਸੁ ਦਿਖਾਵਹਿ ॥ (440-11)
मेरे मन बैरागीआ तूं बैरागु करि किसु दिखावहि ॥

ਹਰਿ ਸੋਹਿਲਾ ਤਿਨ੍ ਸਦ ਸਦਾ ਜੋ ਹਰਿ ਗੁਣ ਗਾਵਹਿ ॥ (440-12)
हरि सोहिला तिन्ह सद सदा जो हरि गुण गावहि ॥

ਕਰਿ ਬੈਰਾਗੁ ਤੂੰ ਛੋਡਿ ਪਾਖੰਡੁ ਸੋ ਸਹੁ ਸਭੁ ਕਿਛੁ ਜਾਣਏ ॥ (440-12)
करि बैरागु तूं छोडि पाखंडु सो सहु सभु किछु जाणए ॥

ਜਲਿ ਥਲਿ ਮਹੀਅਲਿ ਏਕੋ ਸੋਈ ਗੁਰਮੁਖਿ ਹੁਕਮੁ ਪਛਾਣਏ ॥ (440-13)
जलि थलि महीअलि एको सोई गुरमुखि हुकमु पछाणए ॥

ਜਿਨਿ ਹੁਕਮੁ ਪਛਾਤਾ ਹਰੀ ਕੇਰਾ ਸੋਈ ਸਰਬ ਸੁਖ ਪਾਵਏ ॥ (440-13)
जिनि हुकमु पछाता हरी केरा सोई सरब सुख पावए ॥

ਇਵ ਕਹੈ ਨਾਨਕੁ ਸੋ ਬੈਰਾਗੀ ਅਨਦਿਨੁ ਹਰਿ ਲਿਵ ਲਾਵਏ ॥੨॥ (440-14)
इव कहै नानकु सो बैरागी अनदिनु हरि लिव लावए ॥२॥

ਜਹ ਜਹ ਮਨ ਤੂੰ ਧਾਵਦਾ ਤਹ ਤਹ ਹਰਿ ਤੇਰੈ ਨਾਲੇ ॥ (440-14)
जह जह मन तूं धावदा तह तह हरि तेरै नाले ॥

ਮਨ ਸਿਆਣਪ ਛੋਡੀਐ ਗੁਰ ਕਾ ਸਬਦੁ ਸਮਾਲੇ ॥ (440-15)
मन सिआणप छोडीऐ गुर का सबदु समाले ॥

ਸਾਥਿ ਤੇਰੈ ਸੋ ਸਹੁ ਸਦਾ ਹੈ ਇਕੁ ਖਿਨੁ ਹਰਿ ਨਾਮੁ ਸਮਾਲਹੇ ॥ (440-15)
साथि तेरै सो सहु सदा है इकु खिनु हरि नामु समालहे ॥

ਜਨਮ ਜਨਮ ਕੇ ਤੇਰੇ ਪਾਪ ਕਟੇ ਅੰਤਿ ਪਰਮ ਪਦੁ ਪਾਵਹੇ ॥ (440-16)
जनम जनम के तेरे पाप कटे अंति परम पदु पावहे ॥

ਸਾਚੇ ਨਾਲਿ ਤੇਰਾ ਗੰਢੁ ਲਾਗੈ ਗੁਰਮੁਖਿ ਸਦਾ ਸਮਾਲੇ ॥ (440-16)
साचे नालि तेरा गंढु लागै गुरमुखि सदा समाले ॥

ਇਉ ਕਹੈ ਨਾਨਕੁ ਜਹ ਮਨ ਤੂੰ ਧਾਵਦਾ ਤਹ ਹਰਿ ਤੇਰੈ ਸਦਾ ਨਾਲੇ ॥੩॥ (440-17)
इउ कहै नानकु जह मन तूं धावदा तह हरि तेरै सदा नाले ॥३॥

ਸਤਿਗੁਰ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ ॥ (440-18)
सतिगुर मिलिऐ धावतु थंम्हिआ निज घरि वसिआ आए ॥

ਨਾਮੁ ਵਿਹਾਝੇ ਨਾਮੁ ਲਏ ਨਾਮਿ ਰਹੇ ਸਮਾਏ ॥ (440-18)
नामु विहाझे नामु लए नामि रहे समाए ॥

ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ ॥ (441-1)
धावतु थंम्हिआ सतिगुरि मिलिऐ दसवा दुआरु पाइआ ॥

ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ ॥ (441-1)
तिथै अमृत भोजनु सहज धुनि उपजै जितु सबदि जगतु थंम्हि रहाइआ ॥

ਤਹ ਅਨੇਕ ਵਾਜੇ ਸਦਾ ਅਨਦੁ ਹੈ ਸਚੇ ਰਹਿਆ ਸਮਾਏ ॥ (441-2)
तह अनेक वाजे सदा अनदु है सचे रहिआ समाए ॥

ਇਉ ਕਹੈ ਨਾਨਕੁ ਸਤਿਗੁਰਿ ਮਿਲਿਐ ਧਾਵਤੁ ਥੰਮ੍ਹਿਆ ਨਿਜ ਘਰਿ ਵਸਿਆ ਆਏ ॥੪॥ (441-2)
इउ कहै नानकु सतिगुरि मिलिऐ धावतु थंम्हिआ निज घरि वसिआ आए ॥४॥

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ (441-3)
मन तूं जोति सरूपु है आपणा मूलु पछाणु ॥

ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥ (441-4)
मन हरि जी तेरै नालि है गुरमती रंगु माणु ॥

ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ ॥ (441-4)
मूलु पछाणहि तां सहु जाणहि मरण जीवण की सोझी होई ॥

ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ ॥ (441-5)
गुर परसादी एको जाणहि तां दूजा भाउ न होई ॥

ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ ॥ (441-5)
मनि सांति आई वजी वधाई ता होआ परवाणु ॥

ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ ॥੫॥ (441-6)
इउ कहै नानकु मन तूं जोति सरूपु है अपणा मूलु पछाणु ॥५॥

ਮਨ ਤੂੰ ਗਾਰਬਿ ਅਟਿਆ ਗਾਰਬਿ ਲਦਿਆ ਜਾਹਿ ॥ (441-6)
मन तूं गारबि अटिआ गारबि लदिआ जाहि ॥

ਮਾਇਆ ਮੋਹਣੀ ਮੋਹਿਆ ਫਿਰਿ ਫਿਰਿ ਜੂਨੀ ਭਵਾਹਿ ॥ (441-7)
माइआ मोहणी मोहिआ फिरि फिरि जूनी भवाहि ॥

ਗਾਰਬਿ ਲਾਗਾ ਜਾਹਿ ਮੁਗਧ ਮਨ ਅੰਤਿ ਗਇਆ ਪਛੁਤਾਵਹੇ ॥ (441-7)
गारबि लागा जाहि मुगध मन अंति गइआ पछुतावहे ॥

ਅਹੰਕਾਰੁ ਤਿਸਨਾ ਰੋਗੁ ਲਗਾ ਬਿਰਥਾ ਜਨਮੁ ਗਵਾਵਹੇ ॥ (441-8)
अहंकारु तिसना रोगु लगा बिरथा जनमु गवावहे ॥

ਮਨਮੁਖ ਮੁਗਧ ਚੇਤਹਿ ਨਾਹੀ ਅਗੈ ਗਇਆ ਪਛੁਤਾਵਹੇ ॥ (441-8)
मनमुख मुगध चेतहि नाही अगै गइआ पछुतावहे ॥

ਇਉ ਕਹੈ ਨਾਨਕੁ ਮਨ ਤੂੰ ਗਾਰਬਿ ਅਟਿਆ ਗਾਰਬਿ ਲਦਿਆ ਜਾਵਹੇ ॥੬॥ (441-9)
इउ कहै नानकु मन तूं गारबि अटिआ गारबि लदिआ जावहे ॥६॥

ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ ਗੁਰਮੁਖਿ ਨਿਮਾਣਾ ਹੋਹੁ ॥ (441-9)
मन तूं मत माणु करहि जि हउ किछु जाणदा गुरमुखि निमाणा होहु ॥

ਅੰਤਰਿ ਅਗਿਆਨੁ ਹਉ ਬੁਧਿ ਹੈ ਸਚਿ ਸਬਦਿ ਮਲੁ ਖੋਹੁ ॥ (441-10)
अंतरि अगिआनु हउ बुधि है सचि सबदि मलु खोहु ॥

ਹੋਹੁ ਨਿਮਾਣਾ ਸਤਿਗੁਰੂ ਅਗੈ ਮਤ ਕਿਛੁ ਆਪੁ ਲਖਾਵਹੇ ॥ (441-11)
होहु निमाणा सतिगुरू अगै मत किछु आपु लखावहे ॥

ਆਪਣੈ ਅਹੰਕਾਰਿ ਜਗਤੁ ਜਲਿਆ ਮਤ ਤੂੰ ਆਪਣਾ ਆਪੁ ਗਵਾਵਹੇ ॥ (441-11)
आपणै अहंकारि जगतु जलिआ मत तूं आपणा आपु गवावहे ॥

ਸਤਿਗੁਰ ਕੈ ਭਾਣੈ ਕਰਹਿ ਕਾਰ ਸਤਿਗੁਰ ਕੈ ਭਾਣੈ ਲਾਗਿ ਰਹੁ ॥ (441-12)
सतिगुर कै भाणै करहि कार सतिगुर कै भाणै लागि रहु ॥

ਇਉ ਕਹੈ ਨਾਨਕੁ ਆਪੁ ਛਡਿ ਸੁਖ ਪਾਵਹਿ ਮਨ ਨਿਮਾਣਾ ਹੋਇ ਰਹੁ ॥੭॥ (441-12)
इउ कहै नानकु आपु छडि सुख पावहि मन निमाणा होइ रहु ॥७॥

ਧੰਨੁ ਸੁ ਵੇਲਾ ਜਿਤੁ ਮੈ ਸਤਿਗੁਰੁ ਮਿਲਿਆ ਸੋ ਸਹੁ ਚਿਤਿ ਆਇਆ ॥ (441-13)
धंनु सु वेला जितु मै सतिगुरु मिलिआ सो सहु चिति आइआ ॥

ਮਹਾ ਅਨੰਦੁ ਸਹਜੁ ਭਇਆ ਮਨਿ ਤਨਿ ਸੁਖੁ ਪਾਇਆ ॥ (441-14)
महा अनंदु सहजु भइआ मनि तनि सुखु पाइआ ॥

ਸੋ ਸਹੁ ਚਿਤਿ ਆਇਆ ਮੰਨਿ ਵਸਾਇਆ ਅਵਗਣ ਸਭਿ ਵਿਸਾਰੇ ॥ (441-14)
सो सहु चिति आइआ मंनि वसाइआ अवगण सभि विसारे ॥

ਜਾ ਤਿਸੁ ਭਾਣਾ ਗੁਣ ਪਰਗਟ ਹੋਏ ਸਤਿਗੁਰ ਆਪਿ ਸਵਾਰੇ ॥ (441-15)
जा तिसु भाणा गुण परगट होए सतिगुर आपि सवारे ॥

ਸੇ ਜਨ ਪਰਵਾਣੁ ਹੋਏ ਜਿਨ੍ਹ੍ਹੀ ਇਕੁ ਨਾਮੁ ਦਿੜਿਆ ਦੁਤੀਆ ਭਾਉ ਚੁਕਾਇਆ ॥ (441-15)
से जन परवाणु होए जिन्ही इकु नामु दिड़िआ दुतीआ भाउ चुकाइआ ॥

ਇਉ ਕਹੈ ਨਾਨਕੁ ਧੰਨੁ ਸੁ ਵੇਲਾ ਜਿਤੁ ਮੈ ਸਤਿਗੁਰੁ ਮਿਲਿਆ ਸੋ ਸਹੁ ਚਿਤਿ ਆਇਆ ॥੮॥ (441-16)
इउ कहै नानकु धंनु सु वेला जितु मै सतिगुरु मिलिआ सो सहु चिति आइआ ॥८॥

ਇਕਿ ਜੰਤ ਭਰਮਿ ਭੁਲੇ ਤਿਨਿ ਸਹਿ ਆਪਿ ਭੁਲਾਏ ॥ (441-17)
इकि जंत भरमि भुले तिनि सहि आपि भुलाए ॥

ਦੂਜੈ ਭਾਇ ਫਿਰਹਿ ਹਉਮੈ ਕਰਮ ਕਮਾਏ ॥ (441-17)
दूजै भाइ फिरहि हउमै करम कमाए ॥

ਤਿਨਿ ਸਹਿ ਆਪਿ ਭੁਲਾਏ ਕੁਮਾਰਗਿ ਪਾਏ ਤਿਨ ਕਾ ਕਿਛੁ ਨ ਵਸਾਈ ॥ (441-18)
तिनि सहि आपि भुलाए कुमारगि पाए तिन का किछु न वसाई ॥

ਤਿਨ ਕੀ ਗਤਿ ਅਵਗਤਿ ਤੂੰਹੈ ਜਾਣਹਿ ਜਿਨਿ ਇਹ ਰਚਨ ਰਚਾਈ ॥ (441-18)
तिन की गति अवगति तूंहै जाणहि जिनि इह रचन रचाई ॥

ਹੁਕਮੁ ਤੇਰਾ ਖਰਾ ਭਾਰਾ ਗੁਰਮੁਖਿ ਕਿਸੈ ਬੁਝਾਏ ॥ (441-19)
हुकमु तेरा खरा भारा गुरमुखि किसै बुझाए ॥

ਇਉ ਕਹੈ ਨਾਨਕੁ ਕਿਆ ਜੰਤ ਵਿਚਾਰੇ ਜਾ ਤੁਧੁ ਭਰਮਿ ਭੁਲਾਏ ॥੯॥ (441-19)
इउ कहै नानकु किआ जंत विचारे जा तुधु भरमि भुलाए ॥९॥

ਸਚੇ ਮੇਰੇ ਸਾਹਿਬਾ ਸਚੀ ਤੇਰੀ ਵਡਿਆਈ ॥ (442-1)
सचे मेरे साहिबा सची तेरी वडिआई ॥

ਤੂੰ ਪਾਰਬ੍ਰਹਮੁ ਬੇਅੰਤੁ ਸੁਆਮੀ ਤੇਰੀ ਕੁਦਰਤਿ ਕਹਣੁ ਨ ਜਾਈ ॥ (442-1)
तूं पारब्रहमु बेअंतु सुआमी तेरी कुदरति कहणु न जाई ॥

ਸਚੀ ਤੇਰੀ ਵਡਿਆਈ ਜਾ ਕਉ ਤੁਧੁ ਮੰਨਿ ਵਸਾਈ ਸਦਾ ਤੇਰੇ ਗੁਣ ਗਾਵਹੇ ॥ (442-2)
सची तेरी वडिआई जा कउ तुधु मंनि वसाई सदा तेरे गुण गावहे ॥

ਤੇਰੇ ਗੁਣ ਗਾਵਹਿ ਜਾ ਤੁਧੁ ਭਾਵਹਿ ਸਚੇ ਸਿਉ ਚਿਤੁ ਲਾਵਹੇ ॥ (442-3)
तेरे गुण गावहि जा तुधु भावहि सचे सिउ चितु लावहे ॥

ਜਿਸ ਨੋ ਤੂੰ ਆਪੇ ਮੇਲਹਿ ਸੁ ਗੁਰਮੁਖਿ ਰਹੈ ਸਮਾਈ ॥ (442-3)
जिस नो तूं आपे मेलहि सु गुरमुखि रहै समाई ॥

ਇਉ ਕਹੈ ਨਾਨਕੁ ਸਚੇ ਮੇਰੇ ਸਾਹਿਬਾ ਸਚੀ ਤੇਰੀ ਵਡਿਆਈ ॥੧੦॥੨॥੭॥੫॥੨॥੭॥ (442-4)
इउ कहै नानकु सचे मेरे साहिबा सची तेरी वडिआई ॥१० ॥२ ॥७ ॥५ ॥२ ॥७ ॥

ਰਾਗੁ ਆਸਾ ਛੰਤ ਮਹਲਾ ੪ ਘਰੁ ੧ (442-5)
रागु आसा छंत महला ४ घरु १

ੴ ਸਤਿਗੁਰ ਪ੍ਰਸਾਦਿ ॥ (442-6)
ੴ सतिगुर प्रसादि ॥

ਜੀਵਨੋ ਮੈ ਜੀਵਨੁ ਪਾਇਆ ਗੁਰਮੁਖਿ ਭਾਏ ਰਾਮ ॥ (442-6)
जीवनो मै जीवनु पाइआ गुरमुखि भाए राम ॥

ਹਰਿ ਨਾਮੋ ਹਰਿ ਨਾਮੁ ਦੇਵੈ ਮੇਰੈ ਪ੍ਰਾਨਿ ਵਸਾਏ ਰਾਮ ॥ (442-6)
हरि नामो हरि नामु देवै मेरै प्रानि वसाए राम ॥

ਹਰਿ ਹਰਿ ਨਾਮੁ ਮੇਰੈ ਪ੍ਰਾਨਿ ਵਸਾਏ ਸਭੁ ਸੰਸਾ ਦੂਖੁ ਗਵਾਇਆ ॥ (442-7)
हरि हरि नामु मेरै प्रानि वसाए सभु संसा दूखु गवाइआ ॥

ਅਦਿਸਟੁ ਅਗੋਚਰੁ ਗੁਰ ਬਚਨਿ ਧਿਆਇਆ ਪਵਿਤ੍ਰ ਪਰਮ ਪਦੁ ਪਾਇਆ ॥ (442-7)
अदिसटु अगोचरु गुर बचनि धिआइआ पवित्र परम पदु पाइआ ॥

ਅਨਹਦ ਧੁਨਿ ਵਾਜਹਿ ਨਿਤ ਵਾਜੇ ਗਾਈ ਸਤਿਗੁਰ ਬਾਣੀ ॥ (442-8)
अनहद धुनि वाजहि नित वाजे गाई सतिगुर बाणी ॥

ਨਾਨਕ ਦਾਤਿ ਕਰੀ ਪ੍ਰਭਿ ਦਾਤੈ ਜੋਤੀ ਜੋਤਿ ਸਮਾਣੀ ॥੧॥ (442-9)
नानक दाति करी प्रभि दातै जोती जोति समाणी ॥१॥

ਮਨਮੁਖਾ ਮਨਮੁਖਿ ਮੁਏ ਮੇਰੀ ਕਰਿ ਮਾਇਆ ਰਾਮ ॥ (442-9)
मनमुखा मनमुखि मुए मेरी करि माइआ राम ॥

ਖਿਨੁ ਆਵੈ ਖਿਨੁ ਜਾਵੈ ਦੁਰਗੰਧ ਮੜੈ ਚਿਤੁ ਲਾਇਆ ਰਾਮ ॥ (442-10)
खिनु आवै खिनु जावै दुरगंध मड़ै चितु लाइआ राम ॥

ਲਾਇਆ ਦੁਰਗੰਧ ਮੜੈ ਚਿਤੁ ਲਾਗਾ ਜਿਉ ਰੰਗੁ ਕਸੁੰਭ ਦਿਖਾਇਆ ॥ (442-10)
लाइआ दुरगंध मड़ै चितु लागा जिउ रंगु कसुमभ दिखाइआ ॥

ਖਿਨੁ ਪੂਰਬਿ ਖਿਨੁ ਪਛਮਿ ਛਾਏ ਜਿਉ ਚਕੁ ਕੁਮ੍ਹਿਆਰਿ ਭਵਾਇਆ ॥ (442-11)
खिनु पूरबि खिनु पछमि छाए जिउ चकु कुम्हिआरि भवाइआ ॥

ਦੁਖੁ ਖਾਵਹਿ ਦੁਖੁ ਸੰਚਹਿ ਭੋਗਹਿ ਦੁਖ ਕੀ ਬਿਰਧਿ ਵਧਾਈ ॥ (442-11)
दुखु खावहि दुखु संचहि भोगहि दुख की बिरधि वधाई ॥

ਨਾਨਕ ਬਿਖਮੁ ਸੁਹੇਲਾ ਤਰੀਐ ਜਾ ਆਵੈ ਗੁਰ ਸਰਣਾਈ ॥੨॥ (442-12)
नानक बिखमु सुहेला तरीऐ जा आवै गुर सरणाई ॥२॥

ਮੇਰਾ ਠਾਕੁਰੋ ਠਾਕੁਰੁ ਨੀਕਾ ਅਗਮ ਅਥਾਹਾ ਰਾਮ ॥ (442-12)
मेरा ठाकुरो ठाकुरु नीका अगम अथाहा राम ॥

ਹਰਿ ਪੂਜੀ ਹਰਿ ਪੂਜੀ ਚਾਹੀ ਮੇਰੇ ਸਤਿਗੁਰ ਸਾਹਾ ਰਾਮ ॥ (442-13)
हरि पूजी हरि पूजी चाही मेरे सतिगुर साहा राम ॥

ਹਰਿ ਪੂਜੀ ਚਾਹੀ ਨਾਮੁ ਬਿਸਾਹੀ ਗੁਣ ਗਾਵੈ ਗੁਣ ਭਾਵੈ ॥ (442-13)
हरि पूजी चाही नामु बिसाही गुण गावै गुण भावै ॥

ਨੀਦ ਭੂਖ ਸਭ ਪਰਹਰਿ ਤਿਆਗੀ ਸੁੰਨੇ ਸੁੰਨਿ ਸਮਾਵੈ ॥ (442-14)
नीद भूख सभ परहरि तिआगी सुंने सुंनि समावै ॥

ਵਣਜਾਰੇ ਇਕ ਭਾਤੀ ਆਵਹਿ ਲਾਹਾ ਹਰਿ ਨਾਮੁ ਲੈ ਜਾਹੇ ॥ (442-14)
वणजारे इक भाती आवहि लाहा हरि नामु लै जाहे ॥

ਨਾਨਕ ਮਨੁ ਤਨੁ ਅਰਪਿ ਗੁਰ ਆਗੈ ਜਿਸੁ ਪ੍ਰਾਪਤਿ ਸੋ ਪਾਏ ॥੩॥ (442-15)
नानक मनु तनु अरपि गुर आगै जिसु प्रापति सो पाए ॥३॥

ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ ॥ (442-16)
रतना रतन पदारथ बहु सागरु भरिआ राम ॥

ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜ੍ਹਿਆ ਰਾਮ ॥ (442-16)
बाणी गुरबाणी लागे तिन्ह हथि चड़िआ राम ॥

ਗੁਰਬਾਣੀ ਲਾਗੇ ਤਿਨ੍ ਹਥਿ ਚੜ੍ਹਿਆ ਨਿਰਮੋਲਕੁ ਰਤਨੁ ਅਪਾਰਾ ॥ (442-16)
गुरबाणी लागे तिन्ह हथि चड़िआ निरमोलकु रतनु अपारा ॥

ਹਰਿ ਹਰਿ ਨਾਮੁ ਅਤੋਲਕੁ ਪਾਇਆ ਤੇਰੀ ਭਗਤਿ ਭਰੇ ਭੰਡਾਰਾ ॥ (442-17)
हरि हरि नामु अतोलकु पाइआ तेरी भगति भरे भंडारा ॥

ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ ॥ (442-18)
समुंदु विरोलि सरीरु हम देखिआ इक वसतु अनूप दिखाई ॥

ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥੪॥੧॥੮॥ (442-18)
गुर गोविंदु गुोविंदु गुरू है नानक भेदु न भाई ॥४॥१॥८॥

ਆਸਾ ਮਹਲਾ ੪ ॥ (442-19)
आसा महला ४ ॥

ਝਿਮਿ ਝਿਮੇ ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ਰਾਮ ॥ (442-19)
झिमि झिमे झिमि झिमि वरसै अमृत धारा राम ॥

ਗੁਰਮੁਖੇ ਗੁਰਮੁਖਿ ਨਦਰੀ ਰਾਮੁ ਪਿਆਰਾ ਰਾਮ ॥ (443-1)
गुरमुखे गुरमुखि नदरी रामु पिआरा राम ॥

ਰਾਮ ਨਾਮੁ ਪਿਆਰਾ ਜਗਤ ਨਿਸਤਾਰਾ ਰਾਮ ਨਾਮਿ ਵਡਿਆਈ ॥ (443-1)
राम नामु पिआरा जगत निसतारा राम नामि वडिआई ॥

ਕਲਿਜੁਗਿ ਰਾਮ ਨਾਮੁ ਬੋਹਿਥਾ ਗੁਰਮੁਖਿ ਪਾਰਿ ਲਘਾਈ ॥ (443-2)
कलिजुगि राम नामु बोहिथा गुरमुखि पारि लघाई ॥

ਹਲਤਿ ਪਲਤਿ ਰਾਮ ਨਾਮਿ ਸੁਹੇਲੇ ਗੁਰਮੁਖਿ ਕਰਣੀ ਸਾਰੀ ॥ (443-2)
हलति पलति राम नामि सुहेले गुरमुखि करणी सारी ॥

ਨਾਨਕ ਦਾਤਿ ਦਇਆ ਕਰਿ ਦੇਵੈ ਰਾਮ ਨਾਮਿ ਨਿਸਤਾਰੀ ॥੧॥ (443-3)
नानक दाति दइआ करि देवै राम नामि निसतारी ॥१॥

ਰਾਮੋ ਰਾਮ ਨਾਮੁ ਜਪਿਆ ਦੁਖ ਕਿਲਵਿਖ ਨਾਸ ਗਵਾਇਆ ਰਾਮ ॥ (443-3)
रामो राम नामु जपिआ दुख किलविख नास गवाइआ राम ॥

ਗੁਰ ਪਰਚੈ ਗੁਰ ਪਰਚੈ ਧਿਆਇਆ ਮੈ ਹਿਰਦੈ ਰਾਮੁ ਰਵਾਇਆ ਰਾਮ ॥ (443-4)
गुर परचै गुर परचै धिआइआ मै हिरदै रामु रवाइआ राम ॥

ਰਵਿਆ ਰਾਮੁ ਹਿਰਦੈ ਪਰਮ ਗਤਿ ਪਾਈ ਜਾ ਗੁਰ ਸਰਣਾਈ ਆਏ ॥ (443-5)
रविआ रामु हिरदै परम गति पाई जा गुर सरणाई आए ॥

ਲੋਭ ਵਿਕਾਰ ਨਾਵ ਡੁਬਦੀ ਨਿਕਲੀ ਜਾ ਸਤਿਗੁਰਿ ਨਾਮੁ ਦਿੜਾਏ ॥ (443-5)
लोभ विकार नाव डुबदी निकली जा सतिगुरि नामु दिड़ाए ॥

ਜੀਅ ਦਾਨੁ ਗੁਰਿ ਪੂਰੈ ਦੀਆ ਰਾਮ ਨਾਮਿ ਚਿਤੁ ਲਾਏ ॥ (443-6)
जीअ दानु गुरि पूरै दीआ राम नामि चितु लाए ॥

ਆਪਿ ਕ੍ਰਿਪਾਲੁ ਕ੍ਰਿਪਾ ਕਰਿ ਦੇਵੈ ਨਾਨਕ ਗੁਰ ਸਰਣਾਏ ॥੨॥ (443-6)
आपि क्रिपालु क्रिपा करि देवै नानक गुर सरणाए ॥२॥

ਬਾਣੀ ਰਾਮ ਨਾਮ ਸੁਣੀ ਸਿਧਿ ਕਾਰਜ ਸਭਿ ਸੁਹਾਏ ਰਾਮ ॥ (443-7)
बाणी राम नाम सुणी सिधि कारज सभि सुहाए राम ॥

ਰੋਮੇ ਰੋਮਿ ਰੋਮਿ ਰੋਮੇ ਮੈ ਗੁਰਮੁਖਿ ਰਾਮੁ ਧਿਆਏ ਰਾਮ ॥ (443-7)
रोमे रोमि रोमि रोमे मै गुरमुखि रामु धिआए राम ॥

ਰਾਮ ਨਾਮੁ ਧਿਆਏ ਪਵਿਤੁ ਹੋਇ ਆਏ ਤਿਸੁ ਰੂਪੁ ਨ ਰੇਖਿਆ ਕਾਈ ॥ (443-8)
राम नामु धिआए पवितु होइ आए तिसु रूपु न रेखिआ काई ॥

ਰਾਮੋ ਰਾਮੁ ਰਵਿਆ ਘਟ ਅੰਤਰਿ ਸਭ ਤ੍ਰਿਸਨਾ ਭੂਖ ਗਵਾਈ ॥ (443-9)
रामो रामु रविआ घट अंतरि सभ त्रिसना भूख गवाई ॥

ਮਨੁ ਤਨੁ ਸੀਤਲੁ ਸੀਗਾਰੁ ਸਭੁ ਹੋਆ ਗੁਰਮਤਿ ਰਾਮੁ ਪ੍ਰਗਾਸਾ ॥ (443-9)
मनु तनु सीतलु सीगारु सभु होआ गुरमति रामु प्रगासा ॥

ਨਾਨਕ ਆਪਿ ਅਨੁਗ੍ਰਹੁ ਕੀਆ ਹਮ ਦਾਸਨਿ ਦਾਸਨਿ ਦਾਸਾ ॥੩॥ (443-10)
नानक आपि अनुग्रहु कीआ हम दासनि दासनि दासा ॥३॥

ਜਿਨੀ ਰਾਮੋ ਰਾਮ ਨਾਮੁ ਵਿਸਾਰਿਆ ਸੇ ਮਨਮੁਖ ਮੂੜ ਅਭਾਗੀ ਰਾਮ ॥ (443-10)
जिनी रामो राम नामु विसारिआ से मनमुख मूड़ अभागी राम ॥

ਤਿਨ ਅੰਤਰੇ ਮੋਹੁ ਵਿਆਪੈ ਖਿਨੁ ਖਿਨੁ ਮਾਇਆ ਲਾਗੀ ਰਾਮ ॥ (443-11)
तिन अंतरे मोहु विआपै खिनु खिनु माइआ लागी राम ॥

ਮਾਇਆ ਮਲੁ ਲਾਗੀ ਮੂੜ ਭਏ ਅਭਾਗੀ ਜਿਨ ਰਾਮ ਨਾਮੁ ਨਹ ਭਾਇਆ ॥ (443-12)
माइआ मलु लागी मूड़ भए अभागी जिन राम नामु नह भाइआ ॥

ਅਨੇਕ ਕਰਮ ਕਰਹਿ ਅਭਿਮਾਨੀ ਹਰਿ ਰਾਮੋ ਨਾਮੁ ਚੋਰਾਇਆ ॥ (443-12)
अनेक करम करहि अभिमानी हरि रामो नामु चोराइआ ॥

ਮਹਾ ਬਿਖਮੁ ਜਮ ਪੰਥੁ ਦੁਹੇਲਾ ਕਾਲੂਖਤ ਮੋਹ ਅੰਧਿਆਰਾ ॥ (443-13)
महा बिखमु जम पंथु दुहेला कालूखत मोह अंधिआरा ॥

ਨਾਨਕ ਗੁਰਮੁਖਿ ਨਾਮੁ ਧਿਆਇਆ ਤਾ ਪਾਏ ਮੋਖ ਦੁਆਰਾ ॥੪॥ (443-13)
नानक गुरमुखि नामु धिआइआ ता पाए मोख दुआरा ॥४॥

ਰਾਮੋ ਰਾਮ ਨਾਮੁ ਗੁਰੂ ਰਾਮੁ ਗੁਰਮੁਖੇ ਜਾਣੈ ਰਾਮ ॥ (443-14)
रामो राम नामु गुरू रामु गुरमुखे जाणै राम ॥

ਇਹੁ ਮਨੂਆ ਖਿਨੁ ਊਭ ਪਇਆਲੀ ਭਰਮਦਾ ਇਕਤੁ ਘਰਿ ਆਣੈ ਰਾਮ ॥ (443-14)
इहु मनूआ खिनु ऊभ पइआली भरमदा इकतु घरि आणै राम ॥

ਮਨੁ ਇਕਤੁ ਘਰਿ ਆਣੈ ਸਭ ਗਤਿ ਮਿਤਿ ਜਾਣੈ ਹਰਿ ਰਾਮੋ ਨਾਮੁ ਰਸਾਏ ॥ (443-15)
मनु इकतु घरि आणै सभ गति मिति जाणै हरि रामो नामु रसाए ॥

ਜਨ ਕੀ ਪੈਜ ਰਖੈ ਰਾਮ ਨਾਮਾ ਪ੍ਰਹਿਲਾਦ ਉਧਾਰਿ ਤਰਾਏ ॥ (443-16)
जन की पैज रखै राम नामा प्रहिलाद उधारि तराए ॥

ਰਾਮੋ ਰਾਮੁ ਰਮੋ ਰਮੁ ਊਚਾ ਗੁਣ ਕਹਤਿਆ ਅੰਤੁ ਨ ਪਾਇਆ ॥ (443-16)
रामो रामु रमो रमु ऊचा गुण कहतिआ अंतु न पाइआ ॥

ਨਾਨਕ ਰਾਮ ਨਾਮੁ ਸੁਣਿ ਭੀਨੇ ਰਾਮੈ ਨਾਮਿ ਸਮਾਇਆ ॥੫॥ (443-17)
नानक राम नामु सुणि भीने रामै नामि समाइआ ॥५॥

ਜਿਨ ਅੰਤਰੇ ਰਾਮ ਨਾਮੁ ਵਸੈ ਤਿਨ ਚਿੰਤਾ ਸਭ ਗਵਾਇਆ ਰਾਮ ॥ (443-17)
जिन अंतरे राम नामु वसै तिन चिंता सभ गवाइआ राम ॥

ਸਭਿ ਅਰਥਾ ਸਭਿ ਧਰਮ ਮਿਲੇ ਮਨਿ ਚਿੰਦਿਆ ਸੋ ਫਲੁ ਪਾਇਆ ਰਾਮ ॥ (443-18)
सभि अरथा सभि धरम मिले मनि चिंदिआ सो फलु पाइआ राम ॥

ਮਨ ਚਿੰਦਿਆ ਫਲੁ ਪਾਇਆ ਰਾਮ ਨਾਮੁ ਧਿਆਇਆ ਰਾਮ ਨਾਮ ਗੁਣ ਗਾਏ ॥ (443-19)
मन चिंदिआ फलु पाइआ राम नामु धिआइआ राम नाम गुण गाए ॥

ਦੁਰਮਤਿ ਕਬੁਧਿ ਗਈ ਸੁਧਿ ਹੋਈ ਰਾਮ ਨਾਮਿ ਮਨੁ ਲਾਏ ॥ (443-19)
दुरमति कबुधि गई सुधि होई राम नामि मनु लाए ॥

ਸਫਲੁ ਜਨਮੁ ਸਰੀਰੁ ਸਭੁ ਹੋਆ ਜਿਤੁ ਰਾਮ ਨਾਮੁ ਪਰਗਾਸਿਆ ॥ (444-1)
सफलु जनमु सरीरु सभु होआ जितु राम नामु परगासिआ ॥

ਨਾਨਕ ਹਰਿ ਭਜੁ ਸਦਾ ਦਿਨੁ ਰਾਤੀ ਗੁਰਮੁਖਿ ਨਿਜ ਘਰਿ ਵਾਸਿਆ ॥੬॥ (444-1)
नानक हरि भजु सदा दिनु राती गुरमुखि निज घरि वासिआ ॥६॥

ਜਿਨ ਸਰਧਾ ਰਾਮ ਨਾਮਿ ਲਗੀ ਤਿਨ੍ਹ ਦੂਜੈ ਚਿਤੁ ਨ ਲਾਇਆ ਰਾਮ ॥ (444-2)
जिन सरधा राम नामि लगी तिन्ह दूजै चितु न लाइआ राम ॥

ਜੇ ਧਰਤੀ ਸਭ ਕੰਚਨੁ ਕਰਿ ਦੀਜੈ ਬਿਨੁ ਨਾਵੈ ਅਵਰੁ ਨ ਭਾਇਆ ਰਾਮ ॥ (444-3)
जे धरती सभ कंचनु करि दीजै बिनु नावै अवरु न भाइआ राम ॥

ਰਾਮ ਨਾਮੁ ਮਨਿ ਭਾਇਆ ਪਰਮ ਸੁਖੁ ਪਾਇਆ ਅੰਤਿ ਚਲਦਿਆ ਨਾਲਿ ਸਖਾਈ ॥ (444-3)
राम नामु मनि भाइआ परम सुखु पाइआ अंति चलदिआ नालि सखाई ॥

ਰਾਮ ਨਾਮ ਧਨੁ ਪੂੰਜੀ ਸੰਚੀ ਨਾ ਡੂਬੈ ਨਾ ਜਾਈ ॥ (444-4)
राम नाम धनु पूंजी संची ना डूबै ना जाई ॥

ਰਾਮ ਨਾਮੁ ਇਸੁ ਜੁਗ ਮਹਿ ਤੁਲਹਾ ਜਮਕਾਲੁ ਨੇੜਿ ਨ ਆਵੈ ॥ (444-4)
राम नामु इसु जुग महि तुलहा जमकालु नेड़ि न आवै ॥

ਨਾਨਕ ਗੁਰਮੁਖਿ ਰਾਮੁ ਪਛਾਤਾ ਕਰਿ ਕਿਰਪਾ ਆਪਿ ਮਿਲਾਵੈ ॥੭॥ (444-5)
नानक गुरमुखि रामु पछाता करि किरपा आपि मिलावै ॥७॥

ਰਾਮੋ ਰਾਮ ਨਾਮੁ ਸਤੇ ਸਤਿ ਗੁਰਮੁਖਿ ਜਾਣਿਆ ਰਾਮ ॥ (444-6)
रामो राम नामु सते सति गुरमुखि जाणिआ राम ॥

ਸੇਵਕੋ ਗੁਰ ਸੇਵਾ ਲਾਗਾ ਜਿਨਿ ਮਨੁ ਤਨੁ ਅਰਪਿ ਚੜਾਇਆ ਰਾਮ ॥ (444-6)
सेवको गुर सेवा लागा जिनि मनु तनु अरपि चड़ाइआ राम ॥

ਮਨੁ ਤਨੁ ਅਰਪਿਆ ਬਹੁਤੁ ਮਨਿ ਸਰਧਿਆ ਗੁਰ ਸੇਵਕ ਭਾਇ ਮਿਲਾਏ ॥ (444-7)
मनु तनु अरपिआ बहुतु मनि सरधिआ गुर सेवक भाइ मिलाए ॥

ਦੀਨਾ ਨਾਥੁ ਜੀਆ ਕਾ ਦਾਤਾ ਪੂਰੇ ਗੁਰ ਤੇ ਪਾਏ ॥ (444-7)
दीना नाथु जीआ का दाता पूरे गुर ते पाए ॥

ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥ (444-8)
गुरू सिखु सिखु गुरू है एको गुर उपदेसु चलाए ॥

ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ ॥੮॥੨॥੯॥ (444-8)
राम नाम मंतु हिरदै देवै नानक मिलणु सुभाए ॥८॥२॥९॥

ੴ ਸਤਿਗੁਰ ਪ੍ਰਸਾਦਿ ॥ (444-10)
ੴ सतिगुर प्रसादि ॥

ਆਸਾ ਛੰਤ ਮਹਲਾ ੪ ਘਰੁ ੨ ॥ (444-10)
आसा छंत महला ४ घरु २ ॥

ਹਰਿ ਹਰਿ ਕਰਤਾ ਦੂਖ ਬਿਨਾਸਨੁ ਪਤਿਤ ਪਾਵਨੁ ਹਰਿ ਨਾਮੁ ਜੀਉ ॥ (444-10)
हरि हरि करता दूख बिनासनु पतित पावनु हरि नामु जीउ ॥

ਹਰਿ ਸੇਵਾ ਭਾਈ ਪਰਮ ਗਤਿ ਪਾਈ ਹਰਿ ਊਤਮੁ ਹਰਿ ਹਰਿ ਕਾਮੁ ਜੀਉ ॥ (444-11)
हरि सेवा भाई परम गति पाई हरि ऊतमु हरि हरि कामु जीउ ॥

ਹਰਿ ਊਤਮੁ ਕਾਮੁ ਜਪੀਐ ਹਰਿ ਨਾਮੁ ਹਰਿ ਜਪੀਐ ਅਸਥਿਰੁ ਹੋਵੈ ॥ (444-11)
हरि ऊतमु कामु जपीऐ हरि नामु हरि जपीऐ असथिरु होवै ॥

ਜਨਮ ਮਰਣ ਦੋਵੈ ਦੁਖ ਮੇਟੇ ਸਹਜੇ ਹੀ ਸੁਖਿ ਸੋਵੈ ॥ (444-12)
जनम मरण दोवै दुख मेटे सहजे ही सुखि सोवै ॥

ਹਰਿ ਹਰਿ ਕਿਰਪਾ ਧਾਰਹੁ ਠਾਕੁਰ ਹਰਿ ਜਪੀਐ ਆਤਮ ਰਾਮੁ ਜੀਉ ॥ (444-13)
हरि हरि किरपा धारहु ठाकुर हरि जपीऐ आतम रामु जीउ ॥

ਹਰਿ ਹਰਿ ਕਰਤਾ ਦੂਖ ਬਿਨਾਸਨੁ ਪਤਿਤ ਪਾਵਨੁ ਹਰਿ ਨਾਮੁ ਜੀਉ ॥੧॥ (444-13)
हरि हरि करता दूख बिनासनु पतित पावनु हरि नामु जीउ ॥१॥

ਹਰਿ ਨਾਮੁ ਪਦਾਰਥੁ ਕਲਿਜੁਗਿ ਊਤਮੁ ਹਰਿ ਜਪੀਐ ਸਤਿਗੁਰ ਭਾਇ ਜੀਉ ॥ (444-14)
हरि नामु पदारथु कलिजुगि ऊतमु हरि जपीऐ सतिगुर भाइ जीउ ॥

ਗੁਰਮੁਖਿ ਹਰਿ ਪੜੀਐ ਗੁਰਮੁਖਿ ਹਰਿ ਸੁਣੀਐ ਹਰਿ ਜਪਤ ਸੁਣਤ ਦੁਖੁ ਜਾਇ ਜੀਉ ॥ (444-15)
गुरमुखि हरि पड़ीऐ गुरमुखि हरि सुणीऐ हरि जपत सुणत दुखु जाइ जीउ ॥

ਹਰਿ ਹਰਿ ਨਾਮੁ ਜਪਿਆ ਦੁਖੁ ਬਿਨਸਿਆ ਹਰਿ ਨਾਮੁ ਪਰਮ ਸੁਖੁ ਪਾਇਆ ॥ (444-15)
हरि हरि नामु जपिआ दुखु बिनसिआ हरि नामु परम सुखु पाइआ ॥

ਸਤਿਗੁਰ ਗਿਆਨੁ ਬਲਿਆ ਘਟਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥ (444-16)
सतिगुर गिआनु बलिआ घटि चानणु अगिआनु अंधेरु गवाइआ ॥

ਹਰਿ ਹਰਿ ਨਾਮੁ ਤਿਨੀ ਆਰਾਧਿਆ ਜਿਨ ਮਸਤਕਿ ਧੁਰਿ ਲਿਖਿ ਪਾਇ ਜੀਉ ॥ (444-17)
हरि हरि नामु तिनी आराधिआ जिन मसतकि धुरि लिखि पाइ जीउ ॥

ਹਰਿ ਨਾਮੁ ਪਦਾਰਥੁ ਕਲਿਜੁਗਿ ਊਤਮੁ ਹਰਿ ਜਪੀਐ ਸਤਿਗੁਰ ਭਾਇ ਜੀਉ ॥੨॥ (444-17)
हरि नामु पदारथु कलिजुगि ऊतमु हरि जपीऐ सतिगुर भाइ जीउ ॥२॥

ਹਰਿ ਹਰਿ ਮਨਿ ਭਾਇਆ ਪਰਮ ਸੁਖ ਪਾਇਆ ਹਰਿ ਲਾਹਾ ਪਦੁ ਨਿਰਬਾਣੁ ਜੀਉ ॥ (444-18)
हरि हरि मनि भाइआ परम सुख पाइआ हरि लाहा पदु निरबाणु जीउ ॥

ਹਰਿ ਪ੍ਰੀਤਿ ਲਗਾਈ ਹਰਿ ਨਾਮੁ ਸਖਾਈ ਭ੍ਰਮੁ ਚੂਕਾ ਆਵਣੁ ਜਾਣੁ ਜੀਉ ॥ (444-19)
हरि प्रीति लगाई हरि नामु सखाई भ्रमु चूका आवणु जाणु जीउ ॥

ਆਵਣ ਜਾਣਾ ਭ੍ਰਮੁ ਭਉ ਭਾਗਾ ਹਰਿ ਹਰਿ ਹਰਿ ਗੁਣ ਗਾਇਆ ॥ (445-1)
आवण जाणा भ्रमु भउ भागा हरि हरि हरि गुण गाइआ ॥

ਜਨਮ ਜਨਮ ਕੇ ਕਿਲਵਿਖ ਦੁਖ ਉਤਰੇ ਹਰਿ ਹਰਿ ਨਾਮਿ ਸਮਾਇਆ ॥ (445-1)
जनम जनम के किलविख दुख उतरे हरि हरि नामि समाइआ ॥

ਜਿਨ ਹਰਿ ਧਿਆਇਆ ਧੁਰਿ ਭਾਗ ਲਿਖਿ ਪਾਇਆ ਤਿਨ ਸਫਲੁ ਜਨਮੁ ਪਰਵਾਣੁ ਜੀਉ ॥ (445-2)
जिन हरि धिआइआ धुरि भाग लिखि पाइआ तिन सफलु जनमु परवाणु जीउ ॥

ਹਰਿ ਹਰਿ ਮਨਿ ਭਾਇਆ ਪਰਮ ਸੁਖ ਪਾਇਆ ਹਰਿ ਲਾਹਾ ਪਦੁ ਨਿਰਬਾਣੁ ਜੀਉ ॥੩॥ (445-3)
हरि हरि मनि भाइआ परम सुख पाइआ हरि लाहा पदु निरबाणु जीउ ॥३॥

ਜਿਨੑ ਹਰਿ ਮੀਠ ਲਗਾਨਾ ਤੇ ਜਨ ਪਰਧਾਨਾ ਤੇ ਊਤਮ ਹਰਿ ਹਰਿ ਲੋਗ ਜੀਉ ॥ (445-3)
जिन्ह हरि मीठ लगाना ते जन परधाना ते ऊतम हरि हरि लोग जीउ ॥

ਹਰਿ ਨਾਮੁ ਵਡਾਈ ਹਰਿ ਨਾਮੁ ਸਖਾਈ ਗੁਰ ਸਬਦੀ ਹਰਿ ਰਸ ਭੋਗ ਜੀਉ ॥ (445-4)
हरि नामु वडाई हरि नामु सखाई गुर सबदी हरि रस भोग जीउ ॥

ਹਰਿ ਰਸ ਭੋਗ ਮਹਾ ਨਿਰਜੋਗ ਵਡਭਾਗੀ ਹਰਿ ਰਸੁ ਪਾਇਆ ॥ (445-5)
हरि रस भोग महा निरजोग वडभागी हरि रसु पाइआ ॥

ਸੇ ਧੰਨੁ ਵਡੇ ਸਤ ਪੁਰਖਾ ਪੂਰੇ ਜਿਨ ਗੁਰਮਤਿ ਨਾਮੁ ਧਿਆਇਆ ॥ (445-5)
से धंनु वडे सत पुरखा पूरे जिन गुरमति नामु धिआइआ ॥

ਜਨੁ ਨਾਨਕੁ ਰੇਣੁ ਮੰਗੈ ਪਗ ਸਾਧੂ ਮਨਿ ਚੂਕਾ ਸੋਗੁ ਵਿਜੋਗੁ ਜੀਉ ॥ (445-6)
जनु नानकु रेणु मंगै पग साधू मनि चूका सोगु विजोगु जीउ ॥

ਜਿਨ੍ ਹਰਿ ਮੀਠ ਲਗਾਨਾ ਤੇ ਜਨ ਪਰਧਾਨਾ ਤੇ ਊਤਮ ਹਰਿ ਹਰਿ ਲੋਗ ਜੀਉ ॥੪॥੩॥੧੦॥ (445-6)
जिन्ह हरि मीठ लगाना ते जन परधाना ते ऊतम हरि हरि लोग जीउ ॥४॥३॥१०॥

ਆਸਾ ਮਹਲਾ ੪ ॥ (445-7)
आसा महला ४ ॥

ਸਤਜੁਗਿ ਸਭੁ ਸੰਤੋਖ ਸਰੀਰਾ ਪਗ ਚਾਰੇ ਧਰਮੁ ਧਿਆਨੁ ਜੀਉ ॥ (445-8)
सतजुगि सभु संतोख सरीरा पग चारे धरमु धिआनु जीउ ॥

ਮਨਿ ਤਨਿ ਹਰਿ ਗਾਵਹਿ ਪਰਮ ਸੁਖੁ ਪਾਵਹਿ ਹਰਿ ਹਿਰਦੈ ਹਰਿ ਗੁਣ ਗਿਆਨੁ ਜੀਉ ॥ (445-8)
मनि तनि हरि गावहि परम सुखु पावहि हरि हिरदै हरि गुण गिआनु जीउ ॥

ਗੁਣ ਗਿਆਨੁ ਪਦਾਰਥੁ ਹਰਿ ਹਰਿ ਕਿਰਤਾਰਥੁ ਸੋਭਾ ਗੁਰਮੁਖਿ ਹੋਈ ॥ (445-9)
गुण गिआनु पदारथु हरि हरि किरतारथु सोभा गुरमुखि होई ॥

ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਦੂਜਾ ਅਵਰੁ ਨ ਕੋਈ ॥ (445-10)
अंतरि बाहरि हरि प्रभु एको दूजा अवरु न कोई ॥

ਹਰਿ ਹਰਿ ਲਿਵ ਲਾਈ ਹਰਿ ਨਾਮੁ ਸਖਾਈ ਹਰਿ ਦਰਗਹ ਪਾਵੈ ਮਾਨੁ ਜੀਉ ॥ (445-10)
हरि हरि लिव लाई हरि नामु सखाई हरि दरगह पावै मानु जीउ ॥

ਸਤਜੁਗਿ ਸਭੁ ਸੰਤੋਖ ਸਰੀਰਾ ਪਗ ਚਾਰੇ ਧਰਮੁ ਧਿਆਨੁ ਜੀਉ ॥੧॥ (445-11)
सतजुगि सभु संतोख सरीरा पग चारे धरमु धिआनु जीउ ॥१॥

ਤੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ ਜਤੁ ਸੰਜਮ ਕਰਮ ਕਮਾਇ ਜੀਉ ॥ (445-11)
तेता जुगु आइआ अंतरि जोरु पाइआ जतु संजम करम कमाइ जीउ ॥

ਪਗੁ ਚਉਥਾ ਖਿਸਿਆ ਤ੍ਰੈ ਪਗ ਟਿਕਿਆ ਮਨਿ ਹਿਰਦੈ ਕ੍ਰੋਧੁ ਜਲਾਇ ਜੀਉ ॥ (445-12)
पगु चउथा खिसिआ त्रै पग टिकिआ मनि हिरदै क्रोधु जलाइ जीउ ॥

ਮਨਿ ਹਿਰਦੈ ਕ੍ਰੋਧੁ ਮਹਾ ਬਿਸਲੋਧੁ ਨਿਰਪ ਧਾਵਹਿ ਲੜਿ ਦੁਖੁ ਪਾਇਆ ॥ (445-13)
मनि हिरदै क्रोधु महा बिसलोधु निरप धावहि लड़ि दुखु पाइआ ॥

ਅੰਤਰਿ ਮਮਤਾ ਰੋਗੁ ਲਗਾਨਾ ਹਉਮੈ ਅਹੰਕਾਰੁ ਵਧਾਇਆ ॥ (445-13)
अंतरि ममता रोगु लगाना हउमै अहंकारु वधाइआ ॥

ਹਰਿ ਹਰਿ ਕ੍ਰਿਪਾ ਧਾਰੀ ਮੇਰੈ ਠਾਕੁਰਿ ਬਿਖੁ ਗੁਰਮਤਿ ਹਰਿ ਨਾਮਿ ਲਹਿ ਜਾਇ ਜੀਉ ॥ (445-14)
हरि हरि क्रिपा धारी मेरै ठाकुरि बिखु गुरमति हरि नामि लहि जाइ जीउ ॥

ਤੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ ਜਤੁ ਸੰਜਮ ਕਰਮ ਕਮਾਇ ਜੀਉ ॥੨॥ (445-15)
तेता जुगु आइआ अंतरि जोरु पाइआ जतु संजम करम कमाइ जीउ ॥२॥

ਜੁਗੁ ਦੁਆਪੁਰੁ ਆਇਆ ਭਰਮਿ ਭਰਮਾਇਆ ਹਰਿ ਗੋਪੀ ਕਾਨ੍ਹੁ ਉਪਾਇ ਜੀਉ ॥ (445-15)
जुगु दुआपुरु आइआ भरमि भरमाइआ हरि गोपी कान्हु उपाइ जीउ ॥

ਤਪੁ ਤਾਪਨ ਤਾਪਹਿ ਜਗ ਪੁੰਨ ਆਰੰਭਹਿ ਅਤਿ ਕਿਰਿਆ ਕਰਮ ਕਮਾਇ ਜੀਉ ॥ (445-16)
तपु तापन तापहि जग पुंन आर्मभहि अति किरिआ करम कमाइ जीउ ॥

ਕਿਰਿਆ ਕਰਮ ਕਮਾਇਆ ਪਗ ਦੁਇ ਖਿਸਕਾਇਆ ਦੁਇ ਪਗ ਟਿਕੈ ਟਿਕਾਇ ਜੀਉ ॥ (445-17)
किरिआ करम कमाइआ पग दुइ खिसकाइआ दुइ पग टिकै टिकाइ जीउ ॥

ਮਹਾ ਜੁਧ ਜੋਧ ਬਹੁ ਕੀਨ੍ਹੇ ਵਿਚਿ ਹਉਮੈ ਪਚੈ ਪਚਾਇ ਜੀਉ ॥ (445-18)
महा जुध जोध बहु कीन्हे विचि हउमै पचै पचाइ जीउ ॥

ਦੀਨ ਦਇਆਲਿ ਗੁਰੁ ਸਾਧੁ ਮਿਲਾਇਆ ਮਿਲਿ ਸਤਿਗੁਰ ਮਲੁ ਲਹਿ ਜਾਇ ਜੀਉ ॥ (445-18)
दीन दइआलि गुरु साधु मिलाइआ मिलि सतिगुर मलु लहि जाइ जीउ ॥

ਜੁਗੁ ਦੁਆਪੁਰੁ ਆਇਆ ਭਰਮਿ ਭਰਮਾਇਆ ਹਰਿ ਗੋਪੀ ਕਾਨ੍ਹੁ ਉਪਾਇ ਜੀਉ ॥੩॥ (445-19)
जुगु दुआपुरु आइआ भरमि भरमाइआ हरि गोपी कान्हु उपाइ जीउ ॥३॥

ਕਲਿਜੁਗੁ ਹਰਿ ਕੀਆ ਪਗ ਤ੍ਰੈ ਖਿਸਕੀਆ ਪਗੁ ਚਉਥਾ ਟਿਕੈ ਟਿਕਾਇ ਜੀਉ ॥ (446-1)
कलिजुगु हरि कीआ पग त्रै खिसकीआ पगु चउथा टिकै टिकाइ जीउ ॥

ਗੁਰ ਸਬਦੁ ਕਮਾਇਆ ਅਉਖਧੁ ਹਰਿ ਪਾਇਆ ਹਰਿ ਕੀਰਤਿ ਹਰਿ ਸਾਂਤਿ ਪਾਇ ਜੀਉ ॥ (446-2)
गुर सबदु कमाइआ अउखधु हरि पाइआ हरि कीरति हरि सांति पाइ जीउ ॥

ਹਰਿ ਕੀਰਤਿ ਰੁਤਿ ਆਈ ਹਰਿ ਨਾਮੁ ਵਡਾਈ ਹਰਿ ਹਰਿ ਨਾਮੁ ਖੇਤੁ ਜਮਾਇਆ ॥ (446-2)
हरि कीरति रुति आई हरि नामु वडाई हरि हरि नामु खेतु जमाइआ ॥

ਕਲਿਜੁਗਿ ਬੀਜੁ ਬੀਜੇ ਬਿਨੁ ਨਾਵੈ ਸਭੁ ਲਾਹਾ ਮੂਲੁ ਗਵਾਇਆ ॥ (446-3)
कलिजुगि बीजु बीजे बिनु नावै सभु लाहा मूलु गवाइआ ॥

ਜਨ ਨਾਨਕਿ ਗੁਰੁ ਪੂਰਾ ਪਾਇਆ ਮਨਿ ਹਿਰਦੈ ਨਾਮੁ ਲਖਾਇ ਜੀਉ ॥ (446-4)
जन नानकि गुरु पूरा पाइआ मनि हिरदै नामु लखाइ जीउ ॥

ਕਲਜੁਗੁ ਹਰਿ ਕੀਆ ਪਗ ਤ੍ਰੈ ਖਿਸਕੀਆ ਪਗੁ ਚਉਥਾ ਟਿਕੈ ਟਿਕਾਇ ਜੀਉ ॥੪॥੪॥੧੧॥ (446-4)
कलजुगु हरि कीआ पग त्रै खिसकीआ पगु चउथा टिकै टिकाइ जीउ ॥४॥४॥११॥

ਆਸਾ ਮਹਲਾ ੪ ॥ (446-5)
आसा महला ४ ॥

ਹਰਿ ਕੀਰਤਿ ਮਨਿ ਭਾਈ ਪਰਮ ਗਤਿ ਪਾਈ ਹਰਿ ਮਨਿ ਤਨਿ ਮੀਠ ਲਗਾਨ ਜੀਉ ॥ (446-5)
हरि कीरति मनि भाई परम गति पाई हरि मनि तनि मीठ लगान जीउ ॥

ਹਰਿ ਹਰਿ ਰਸੁ ਪਾਇਆ ਗੁਰਮਤਿ ਹਰਿ ਧਿਆਇਆ ਧੁਰਿ ਮਸਤਕਿ ਭਾਗ ਪੁਰਾਨ ਜੀਉ ॥ (446-6)
हरि हरि रसु पाइआ गुरमति हरि धिआइआ धुरि मसतकि भाग पुरान जीउ ॥

ਧੁਰਿ ਮਸਤਕਿ ਭਾਗੁ ਹਰਿ ਨਾਮਿ ਸੁਹਾਗੁ ਹਰਿ ਨਾਮੈ ਹਰਿ ਗੁਣ ਗਾਇਆ ॥ (446-7)
धुरि मसतकि भागु हरि नामि सुहागु हरि नामै हरि गुण गाइआ ॥

ਮਸਤਕਿ ਮਣੀ ਪ੍ਰੀਤਿ ਬਹੁ ਪ੍ਰਗਟੀ ਹਰਿ ਨਾਮੈ ਹਰਿ ਸੋਹਾਇਆ ॥ (446-8)
मसतकि मणी प्रीति बहु प्रगटी हरि नामै हरि सोहाइआ ॥

ਜੋਤੀ ਜੋਤਿ ਮਿਲੀ ਪ੍ਰਭੁ ਪਾਇਆ ਮਿਲਿ ਸਤਿਗੁਰ ਮਨੂਆ ਮਾਨ ਜੀਉ ॥ (446-8)
जोती जोति मिली प्रभु पाइआ मिलि सतिगुर मनूआ मान जीउ ॥

ਹਰਿ ਕੀਰਤਿ ਮਨਿ ਭਾਈ ਪਰਮ ਗਤਿ ਪਾਈ ਹਰਿ ਮਨਿ ਤਨਿ ਮੀਠ ਲਗਾਨ ਜੀਉ ॥੧॥ (446-9)
हरि कीरति मनि भाई परम गति पाई हरि मनि तनि मीठ लगान जीउ ॥१॥

ਹਰਿ ਹਰਿ ਜਸੁ ਗਾਇਆ ਪਰਮ ਪਦੁ ਪਾਇਆ ਤੇ ਊਤਮ ਜਨ ਪਰਧਾਨ ਜੀਉ ॥ (446-10)
हरि हरि जसु गाइआ परम पदु पाइआ ते ऊतम जन परधान जीउ ॥

ਤਿਨ੍ਹ੍ਹ ਹਮ ਚਰਣ ਸਰੇਵਹ ਖਿਨੁ ਖਿਨੁ ਪਗ ਧੋਵਹ ਜਿਨ ਹਰਿ ਮੀਠ ਲਗਾਨ ਜੀਉ ॥ (446-10)
तिन्ह हम चरण सरेवह खिनु खिनु पग धोवह जिन हरि मीठ लगान जीउ ॥

ਹਰਿ ਮੀਠਾ ਲਾਇਆ ਪਰਮ ਸੁਖ ਪਾਇਆ ਮੁਖਿ ਭਾਗਾ ਰਤੀ ਚਾਰੇ ॥ (446-11)
हरि मीठा लाइआ परम सुख पाइआ मुखि भागा रती चारे ॥

ਗੁਰਮਤਿ ਹਰਿ ਗਾਇਆ ਹਰਿ ਹਾਰੁ ਉਰਿ ਪਾਇਆ ਹਰਿ ਨਾਮਾ ਕੰਠਿ ਧਾਰੇ ॥ (446-12)
गुरमति हरि गाइआ हरि हारु उरि पाइआ हरि नामा कंठि धारे ॥

ਸਭ ਏਕ ਦ੍ਰਿਸਟਿ ਸਮਤੁ ਕਰਿ ਦੇਖੈ ਸਭੁ ਆਤਮ ਰਾਮੁ ਪਛਾਨ ਜੀਉ ॥ (446-12)
सभ एक द्रिसटि समतु करि देखै सभु आतम रामु पछान जीउ ॥

ਹਰਿ ਹਰਿ ਜਸੁ ਗਾਇਆ ਪਰਮ ਪਦੁ ਪਾਇਆ ਤੇ ਊਤਮ ਜਨ ਪਰਧਾਨ ਜੀਉ ॥੨॥ (446-13)
हरि हरि जसु गाइआ परम पदु पाइआ ते ऊतम जन परधान जीउ ॥२॥

ਸਤਸੰਗਤਿ ਮਨਿ ਭਾਈ ਹਰਿ ਰਸਨ ਰਸਾਈ ਵਿਚਿ ਸੰਗਤਿ ਹਰਿ ਰਸੁ ਹੋਇ ਜੀਉ ॥ (446-14)
सतसंगति मनि भाई हरि रसन रसाई विचि संगति हरि रसु होइ जीउ ॥

ਹਰਿ ਹਰਿ ਆਰਾਧਿਆ ਗੁਰ ਸਬਦਿ ਵਿਗਾਸਿਆ ਬੀਜਾ ਅਵਰੁ ਨ ਕੋਇ ਜੀਉ ॥ (446-14)
हरि हरि आराधिआ गुर सबदि विगासिआ बीजा अवरु न कोइ जीउ ॥

ਅਵਰੁ ਨ ਕੋਇ ਹਰਿ ਅੰਮ੍ਰਿਤੁ ਸੋਇ ਜਿਨਿ ਪੀਆ ਸੋ ਬਿਧਿ ਜਾਣੈ ॥ (446-15)
अवरु न कोइ हरि अमृतु सोइ जिनि पीआ सो बिधि जाणै ॥

ਧਨੁ ਧੰਨੁ ਗੁਰੂ ਪੂਰਾ ਪ੍ਰਭੁ ਪਾਇਆ ਲਗਿ ਸੰਗਤਿ ਨਾਮੁ ਪਛਾਣੈ ॥ (446-16)
धनु धंनु गुरू पूरा प्रभु पाइआ लगि संगति नामु पछाणै ॥

ਨਾਮੋ ਸੇਵਿ ਨਾਮੋ ਆਰਾਧੈ ਬਿਨੁ ਨਾਮੈ ਅਵਰੁ ਨ ਕੋਇ ਜੀਉ ॥ (446-16)
नामो सेवि नामो आराधै बिनु नामै अवरु न कोइ जीउ ॥

ਸਤਸੰਗਤਿ ਮਨਿ ਭਾਈ ਹਰਿ ਰਸਨ ਰਸਾਈ ਵਿਚਿ ਸੰਗਤਿ ਹਰਿ ਰਸੁ ਹੋਇ ਜੀਉ ॥੩॥ (446-17)
सतसंगति मनि भाई हरि रसन रसाई विचि संगति हरि रसु होइ जीउ ॥३॥

ਹਰਿ ਦਇਆ ਪ੍ਰਭ ਧਾਰਹੁ ਪਾਖਣ ਹਮ ਤਾਰਹੁ ਕਢਿ ਲੇਵਹੁ ਸਬਦਿ ਸੁਭਾਇ ਜੀਉ ॥ (446-18)
हरि दइआ प्रभ धारहु पाखण हम तारहु कढि लेवहु सबदि सुभाइ जीउ ॥

ਮੋਹ ਚੀਕੜਿ ਫਾਥੇ ਨਿਘਰਤ ਹਮ ਜਾਤੇ ਹਰਿ ਬਾਂਹ ਪ੍ਰਭੂ ਪਕਰਾਇ ਜੀਉ ॥ (446-18)
मोह चीकड़ि फाथे निघरत हम जाते हरि बांह प्रभू पकराइ जीउ ॥

ਪ੍ਰਭਿ ਬਾਂਹ ਪਕਰਾਈ ਊਤਮ ਮਤਿ ਪਾਈ ਗੁਰ ਚਰਣੀ ਜਨੁ ਲਾਗਾ ॥ (446-19)
प्रभि बांह पकराई ऊतम मति पाई गुर चरणी जनु लागा ॥

ਹਰਿ ਹਰਿ ਨਾਮੁ ਜਪਿਆ ਆਰਾਧਿਆ ਮੁਖਿ ਮਸਤਕਿ ਭਾਗੁ ਸਭਾਗਾ ॥ (447-1)
हरि हरि नामु जपिआ आराधिआ मुखि मसतकि भागु सभागा ॥

ਜਨ ਨਾਨਕ ਹਰਿ ਕਿਰਪਾ ਧਾਰੀ ਮਨਿ ਹਰਿ ਹਰਿ ਮੀਠਾ ਲਾਇ ਜੀਉ ॥ (447-1)
जन नानक हरि किरपा धारी मनि हरि हरि मीठा लाइ जीउ ॥

ਹਰਿ ਦਇਆ ਪ੍ਰਭ ਧਾਰਹੁ ਪਾਖਣ ਹਮ ਤਾਰਹੁ ਕਢਿ ਲੇਵਹੁ ਸਬਦਿ ਸੁਭਾਇ ਜੀਉ ॥੪॥੫॥੧੨॥ (447-2)
हरि दइआ प्रभ धारहु पाखण हम तारहु कढि लेवहु सबदि सुभाइ जीउ ॥४॥५॥१२॥

ਆਸਾ ਮਹਲਾ ੪ ॥ (447-3)
आसा महला ४ ॥

ਮਨਿ ਨਾਮੁ ਜਪਾਨਾ ਹਰਿ ਹਰਿ ਮਨਿ ਭਾਨਾ ਹਰਿ ਭਗਤ ਜਨਾ ਮਨਿ ਚਾਉ ਜੀਉ ॥ (447-3)
मनि नामु जपाना हरि हरि मनि भाना हरि भगत जना मनि चाउ जीउ ॥

ਜੋ ਜਨ ਮਰਿ ਜੀਵੇ ਤਿਨੑ ਅੰਮ੍ਰਿਤੁ ਪੀਵੇ ਮਨਿ ਲਾਗਾ ਗੁਰਮਤਿ ਭਾਉ ਜੀਉ ॥ (447-4)
जो जन मरि जीवे तिन्ह अमृतु पीवे मनि लागा गुरमति भाउ जीउ ॥

ਮਨਿ ਹਰਿ ਹਰਿ ਭਾਉ ਗੁਰੁ ਕਰੇ ਪਸਾਉ ਜੀਵਨ ਮੁਕਤੁ ਸੁਖੁ ਹੋਈ ॥ (447-4)
मनि हरि हरि भाउ गुरु करे पसाउ जीवन मुकतु सुखु होई ॥

ਜੀਵਣਿ ਮਰਣਿ ਹਰਿ ਨਾਮਿ ਸੁਹੇਲੇ ਮਨਿ ਹਰਿ ਹਰਿ ਹਿਰਦੈ ਸੋਈ ॥ (447-5)
जीवणि मरणि हरि नामि सुहेले मनि हरि हरि हिरदै सोई ॥

ਮਨਿ ਹਰਿ ਹਰਿ ਵਸਿਆ ਗੁਰਮਤਿ ਹਰਿ ਰਸਿਆ ਹਰਿ ਹਰਿ ਰਸ ਗਟਾਕ ਪੀਆਉ ਜੀਉ ॥ (447-6)
मनि हरि हरि वसिआ गुरमति हरि रसिआ हरि हरि रस गटाक पीआउ जीउ ॥

ਮਨਿ ਨਾਮੁ ਜਪਾਨਾ ਹਰਿ ਹਰਿ ਮਨਿ ਭਾਨਾ ਹਰਿ ਭਗਤ ਜਨਾ ਮਨਿ ਚਾਉ ਜੀਉ ॥੧॥ (447-6)
मनि नामु जपाना हरि हरि मनि भाना हरि भगत जना मनि चाउ जीउ ॥१॥

ਜਗਿ ਮਰਣੁ ਨ ਭਾਇਆ ਨਿਤ ਆਪੁ ਲੁਕਾਇਆ ਮਤ ਜਮੁ ਪਕਰੈ ਲੈ ਜਾਇ ਜੀਉ ॥ (447-7)
जगि मरणु न भाइआ नित आपु लुकाइआ मत जमु पकरै लै जाइ जीउ ॥

ਹਰਿ ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਇਹੁ ਜੀਅੜਾ ਰਖਿਆ ਨ ਜਾਇ ਜੀਉ ॥ (447-8)
हरि अंतरि बाहरि हरि प्रभु एको इहु जीअड़ा रखिआ न जाइ जीउ ॥

ਕਿਉ ਜੀਉ ਰਖੀਜੈ ਹਰਿ ਵਸਤੁ ਲੋੜੀਜੈ ਜਿਸ ਕੀ ਵਸਤੁ ਸੋ ਲੈ ਜਾਇ ਜੀਉ ॥ (447-9)
किउ जीउ रखीजै हरि वसतु लोड़ीजै जिस की वसतु सो लै जाइ जीउ ॥

ਮਨਮੁਖ ਕਰਣ ਪਲਾਵ ਕਰਿ ਭਰਮੇ ਸਭਿ ਅਉਖਧ ਦਾਰੂ ਲਾਇ ਜੀਉ ॥ (447-9)
मनमुख करण पलाव करि भरमे सभि अउखध दारू लाइ जीउ ॥

ਜਿਸ ਕੀ ਵਸਤੁ ਪ੍ਰਭੁ ਲਏ ਸੁਆਮੀ ਜਨ ਉਬਰੇ ਸਬਦੁ ਕਮਾਇ ਜੀਉ ॥ (447-10)
जिस की वसतु प्रभु लए सुआमी जन उबरे सबदु कमाइ जीउ ॥

ਜਗਿ ਮਰਣੁ ਨ ਭਾਇਆ ਨਿਤ ਆਪੁ ਲੁਕਾਇਆ ਮਤ ਜਮੁ ਪਕਰੈ ਲੈ ਜਾਇ ਜੀਉ ॥੨॥ (447-10)
जगि मरणु न भाइआ नित आपु लुकाइआ मत जमु पकरै लै जाइ जीउ ॥२॥

ਧੁਰਿ ਮਰਣੁ ਲਿਖਾਇਆ ਗੁਰਮੁਖਿ ਸੋਹਾਇਆ ਜਨ ਉਬਰੇ ਹਰਿ ਹਰਿ ਧਿਆਨਿ ਜੀਉ ॥ (447-11)
धुरि मरणु लिखाइआ गुरमुखि सोहाइआ जन उबरे हरि हरि धिआनि जीउ ॥

ਹਰਿ ਸੋਭਾ ਪਾਈ ਹਰਿ ਨਾਮਿ ਵਡਿਆਈ ਹਰਿ ਦਰਗਹ ਪੈਧੇ ਜਾਨਿ ਜੀਉ ॥ (447-12)
हरि सोभा पाई हरि नामि वडिआई हरि दरगह पैधे जानि जीउ ॥

ਹਰਿ ਦਰਗਹ ਪੈਧੇ ਹਰਿ ਨਾਮੈ ਸੀਧੇ ਹਰਿ ਨਾਮੈ ਤੇ ਸੁਖੁ ਪਾਇਆ ॥ (447-13)
हरि दरगह पैधे हरि नामै सीधे हरि नामै ते सुखु पाइआ ॥

ਜਨਮ ਮਰਣ ਦੋਵੈ ਦੁਖ ਮੇਟੇ ਹਰਿ ਰਾਮੈ ਨਾਮਿ ਸਮਾਇਆ ॥ (447-13)
जनम मरण दोवै दुख मेटे हरि रामै नामि समाइआ ॥

ਹਰਿ ਜਨ ਪ੍ਰਭੁ ਰਲਿ ਏਕੋ ਹੋਏ ਹਰਿ ਜਨ ਪ੍ਰਭੁ ਏਕ ਸਮਾਨਿ ਜੀਉ ॥ (447-14)
हरि जन प्रभु रलि एको होए हरि जन प्रभु एक समानि जीउ ॥

ਧੁਰਿ ਮਰਣੁ ਲਿਖਾਇਆ ਗੁਰਮੁਖਿ ਸੋਹਾਇਆ ਜਨ ਉਬਰੇ ਹਰਿ ਹਰਿ ਧਿਆਨਿ ਜੀਉ ॥੩॥ (447-15)
धुरि मरणु लिखाइआ गुरमुखि सोहाइआ जन उबरे हरि हरि धिआनि जीउ ॥३॥

ਜਗੁ ਉਪਜੈ ਬਿਨਸੈ ਬਿਨਸਿ ਬਿਨਾਸੈ ਲਗਿ ਗੁਰਮੁਖਿ ਅਸਥਿਰੁ ਹੋਇ ਜੀਉ ॥ (447-15)
जगु उपजै बिनसै बिनसि बिनासै लगि गुरमुखि असथिरु होइ जीउ ॥

ਗੁਰੁ ਮੰਤ੍ਰੁ ਦ੍ਰਿੜਾਏ ਹਰਿ ਰਸਕਿ ਰਸਾਏ ਹਰਿ ਅੰਮ੍ਰਿਤੁ ਹਰਿ ਮੁਖਿ ਚੋਇ ਜੀਉ ॥ (447-16)
गुरु मंत्रु द्रिड़ाए हरि रसकि रसाए हरि अमृतु हरि मुखि चोइ जीउ ॥

ਹਰਿ ਅੰਮ੍ਰਿਤ ਰਸੁ ਪਾਇਆ ਮੁਆ ਜੀਵਾਇਆ ਫਿਰਿ ਬਾਹੁੜਿ ਮਰਣੁ ਨ ਹੋਈ ॥ (447-17)
हरि अमृत रसु पाइआ मुआ जीवाइआ फिरि बाहुड़ि मरणु न होई ॥

ਹਰਿ ਹਰਿ ਨਾਮੁ ਅਮਰ ਪਦੁ ਪਾਇਆ ਹਰਿ ਨਾਮਿ ਸਮਾਵੈ ਸੋਈ ॥ (447-17)
हरि हरि नामु अमर पदु पाइआ हरि नामि समावै सोई ॥

ਜਨ ਨਾਨਕ ਨਾਮੁ ਅਧਾਰੁ ਟੇਕ ਹੈ ਬਿਨੁ ਨਾਵੈ ਅਵਰੁ ਨ ਕੋਇ ਜੀਉ ॥ (447-18)
जन नानक नामु अधारु टेक है बिनु नावै अवरु न कोइ जीउ ॥

ਜਗੁ ਉਪਜੈ ਬਿਨਸੈ ਬਿਨਸਿ ਬਿਨਾਸੈ ਲਗਿ ਗੁਰਮੁਖਿ ਅਸਥਿਰੁ ਹੋਇ ਜੀਉ ॥੪॥੬॥੧੩॥ (447-19)
जगु उपजै बिनसै बिनसि बिनासै लगि गुरमुखि असथिरु होइ जीउ ॥४॥६॥१३॥

ਆਸਾ ਮਹਲਾ ੪ ਛੰਤ ॥ (448-1)
आसा महला ४ छंत ॥

ਵਡਾ ਮੇਰਾ ਗੋਵਿੰਦੁ ਅਗਮ ਅਗੋਚਰੁ ਆਦਿ ਨਿਰੰਜਨੁ ਨਿਰੰਕਾਰੁ ਜੀਉ ॥ (448-1)
वडा मेरा गोविंदु अगम अगोचरु आदि निरंजनु निरंकारु जीउ ॥

ਤਾ ਕੀ ਗਤਿ ਕਹੀ ਨ ਜਾਈ ਅਮਿਤਿ ਵਡਿਆਈ ਮੇਰਾ ਗੋਵਿੰਦੁ ਅਲਖ ਅਪਾਰ ਜੀਉ ॥ (448-1)
ता की गति कही न जाई अमिति वडिआई मेरा गोविंदु अलख अपार जीउ ॥

ਗੋਵਿੰਦੁ ਅਲਖ ਅਪਾਰੁ ਅਪਰੰਪਰੁ ਆਪੁ ਆਪਣਾ ਜਾਣੈ ॥ (448-2)
गोविंदु अलख अपारु अपर्मपरु आपु आपणा जाणै ॥

ਕਿਆ ਇਹ ਜੰਤ ਵਿਚਾਰੇ ਕਹੀਅਹਿ ਜੋ ਤੁਧੁ ਆਖਿ ਵਖਾਣੈ ॥ (448-3)
किआ इह जंत विचारे कहीअहि जो तुधु आखि वखाणै ॥

ਜਿਸ ਨੋ ਨਦਰਿ ਕਰਹਿ ਤੂੰ ਅਪਣੀ ਸੋ ਗੁਰਮੁਖਿ ਕਰੇ ਵੀਚਾਰੁ ਜੀਉ ॥ (448-3)
जिस नो नदरि करहि तूं अपणी सो गुरमुखि करे वीचारु जीउ ॥

ਵਡਾ ਮੇਰਾ ਗੋਵਿੰਦੁ ਅਗਮ ਅਗੋਚਰੁ ਆਦਿ ਨਿਰੰਜਨੁ ਨਿਰੰਕਾਰੁ ਜੀਉ ॥੧॥ (448-4)
वडा मेरा गोविंदु अगम अगोचरु आदि निरंजनु निरंकारु जीउ ॥१॥

ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਤੇਰਾ ਪਾਰੁ ਨ ਪਾਇਆ ਜਾਇ ਜੀਉ ॥ (448-5)
तूं आदि पुरखु अपर्मपरु करता तेरा पारु न पाइआ जाइ जीउ ॥

ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਸਭ ਮਹਿ ਰਹਿਆ ਸਮਾਇ ਜੀਉ ॥ (448-5)
तूं घट घट अंतरि सरब निरंतरि सभ महि रहिआ समाइ जीउ ॥

ਘਟ ਅੰਤਰਿ ਪਾਰਬ੍ਰਹਮੁ ਪਰਮੇਸਰੁ ਤਾ ਕਾ ਅੰਤੁ ਨ ਪਾਇਆ ॥ (448-6)
घट अंतरि पारब्रहमु परमेसरु ता का अंतु न पाइआ ॥

ਤਿਸੁ ਰੂਪੁ ਨ ਰੇਖ ਅਦਿਸਟੁ ਅਗੋਚਰੁ ਗੁਰਮੁਖਿ ਅਲਖੁ ਲਖਾਇਆ ॥ (448-6)
तिसु रूपु न रेख अदिसटु अगोचरु गुरमुखि अलखु लखाइआ ॥

ਸਦਾ ਅਨੰਦਿ ਰਹੈ ਦਿਨੁ ਰਾਤੀ ਸਹਜੇ ਨਾਮਿ ਸਮਾਇ ਜੀਉ ॥ (448-7)
सदा अनंदि रहै दिनु राती सहजे नामि समाइ जीउ ॥

ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਤੇਰਾ ਪਾਰੁ ਨ ਪਾਇਆ ਜਾਇ ਜੀਉ ॥੨॥ (448-8)
तूं आदि पुरखु अपर्मपरु करता तेरा पारु न पाइआ जाइ जीउ ॥२॥

ਤੂੰ ਸਤਿ ਪਰਮੇਸਰੁ ਸਦਾ ਅਬਿਨਾਸੀ ਹਰਿ ਹਰਿ ਗੁਣੀ ਨਿਧਾਨੁ ਜੀਉ ॥ (448-8)
तूं सति परमेसरु सदा अबिनासी हरि हरि गुणी निधानु जीउ ॥

ਹਰਿ ਹਰਿ ਪ੍ਰਭੁ ਏਕੋ ਅਵਰੁ ਨ ਕੋਈ ਤੂੰ ਆਪੇ ਪੁਰਖੁ ਸੁਜਾਨੁ ਜੀਉ ॥ (448-9)
हरि हरि प्रभु एको अवरु न कोई तूं आपे पुरखु सुजानु जीउ ॥

ਪੁਰਖੁ ਸੁਜਾਨੁ ਤੂੰ ਪਰਧਾਨੁ ਤੁਧੁ ਜੇਵਡੁ ਅਵਰੁ ਨ ਕੋਈ ॥ (448-10)
पुरखु सुजानु तूं परधानु तुधु जेवडु अवरु न कोई ॥

ਤੇਰਾ ਸਬਦੁ ਸਭੁ ਤੂੰਹੈ ਵਰਤਹਿ ਤੂੰ ਆਪੇ ਕਰਹਿ ਸੁ ਹੋਈ ॥ (448-10)
तेरा सबदु सभु तूंहै वरतहि तूं आपे करहि सु होई ॥

ਹਰਿ ਸਭ ਮਹਿ ਰਵਿਆ ਏਕੋ ਸੋਈ ਗੁਰਮੁਖਿ ਲਖਿਆ ਹਰਿ ਨਾਮੁ ਜੀਉ ॥ (448-11)
हरि सभ महि रविआ एको सोई गुरमुखि लखिआ हरि नामु जीउ ॥

ਤੂੰ ਸਤਿ ਪਰਮੇਸਰੁ ਸਦਾ ਅਬਿਨਾਸੀ ਹਰਿ ਹਰਿ ਗੁਣੀ ਨਿਧਾਨੁ ਜੀਉ ॥੩॥ (448-11)
तूं सति परमेसरु सदा अबिनासी हरि हरि गुणी निधानु जीउ ॥३॥

ਸਭੁ ਤੂੰਹੈ ਕਰਤਾ ਸਭ ਤੇਰੀ ਵਡਿਆਈ ਜਿਉ ਭਾਵੈ ਤਿਵੈ ਚਲਾਇ ਜੀਉ ॥ (448-12)
सभु तूंहै करता सभ तेरी वडिआई जिउ भावै तिवै चलाइ जीउ ॥

ਤੁਧੁ ਆਪੇ ਭਾਵੈ ਤਿਵੈ ਚਲਾਵਹਿ ਸਭ ਤੇਰੈ ਸਬਦਿ ਸਮਾਇ ਜੀਉ ॥ (448-13)
तुधु आपे भावै तिवै चलावहि सभ तेरै सबदि समाइ जीउ ॥

ਸਭ ਸਬਦਿ ਸਮਾਵੈ ਜਾਂ ਤੁਧੁ ਭਾਵੈ ਤੇਰੈ ਸਬਦਿ ਵਡਿਆਈ ॥ (448-13)
सभ सबदि समावै जां तुधु भावै तेरै सबदि वडिआई ॥

ਗੁਰਮੁਖਿ ਬੁਧਿ ਪਾਈਐ ਆਪੁ ਗਵਾਈਐ ਸਬਦੇ ਰਹਿਆ ਸਮਾਈ ॥ (448-14)
गुरमुखि बुधि पाईऐ आपु गवाईऐ सबदे रहिआ समाई ॥

ਤੇਰਾ ਸਬਦੁ ਅਗੋਚਰੁ ਗੁਰਮੁਖਿ ਪਾਈਐ ਨਾਨਕ ਨਾਮਿ ਸਮਾਇ ਜੀਉ ॥ (448-14)
तेरा सबदु अगोचरु गुरमुखि पाईऐ नानक नामि समाइ जीउ ॥

ਸਭੁ ਤੂੰਹੈ ਕਰਤਾ ਸਭ ਤੇਰੀ ਵਡਿਆਈ ਜਿਉ ਭਾਵੈ ਤਿਵੈ ਚਲਾਇ ਜੀਉ ॥੪॥੭॥੧੪॥ (448-15)
सभु तूंहै करता सभ तेरी वडिआई जिउ भावै तिवै चलाइ जीउ ॥४॥७॥१४॥

ੴ ਸਤਿਗੁਰ ਪ੍ਰਸਾਦਿ ॥ (448-17)
ੴ सतिगुर प्रसादि ॥

ਆਸਾ ਮਹਲਾ ੪ ਛੰਤ ਘਰੁ ੪ ॥ (448-17)
आसा महला ४ छंत घरु ४ ॥

ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮ ਰਾਜੇ ॥ (448-17)
हरि अमृत भिंने लोइणा मनु प्रेमि रतंना राम राजे ॥

ਮਨੁ ਰਾਮਿ ਕਸਵਟੀ ਲਾਇਆ ਕੰਚਨੁ ਸੋਵਿੰਨਾ ॥ (448-18)
मनु रामि कसवटी लाइआ कंचनु सोविंना ॥

ਗੁਰਮੁਖਿ ਰੰਗਿ ਚਲੂਲਿਆ ਮੇਰਾ ਮਨੁ ਤਨੋ ਭਿੰਨਾ ॥ (448-18)
गुरमुखि रंगि चलूलिआ मेरा मनु तनो भिंना ॥

ਜਨੁ ਨਾਨਕੁ ਮੁਸਕਿ ਝਕੋਲਿਆ ਸਭੁ ਜਨਮੁ ਧਨੁ ਧੰਨਾ ॥੧॥ (449-1)
जनु नानकु मुसकि झकोलिआ सभु जनमु धनु धंना ॥१॥

ਹਰਿ ਪ੍ਰੇਮ ਬਾਣੀ ਮਨੁ ਮਾਰਿਆ ਅਣੀਆਲੇ ਅਣੀਆ ਰਾਮ ਰਾਜੇ ॥ (449-1)
हरि प्रेम बाणी मनु मारिआ अणीआले अणीआ राम राजे ॥

ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ ॥ (449-2)
जिसु लागी पीर पिरंम की सो जाणै जरीआ ॥

ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ ਮਰੀਆ ॥ (449-2)
जीवन मुकति सो आखीऐ मरि जीवै मरीआ ॥

ਜਨ ਨਾਨਕ ਸਤਿਗੁਰੁ ਮੇਲਿ ਹਰਿ ਜਗੁ ਦੁਤਰੁ ਤਰੀਆ ॥੨॥ (449-3)
जन नानक सतिगुरु मेलि हरि जगु दुतरु तरीआ ॥२॥

ਹਮ ਮੂਰਖ ਮੁਗਧ ਸਰਣਾਗਤੀ ਮਿਲੁ ਗੋਵਿੰਦ ਰੰਗਾ ਰਾਮ ਰਾਜੇ ॥ (449-3)
हम मूरख मुगध सरणागती मिलु गोविंद रंगा राम राजे ॥

ਗੁਰਿ ਪੂਰੈ ਹਰਿ ਪਾਇਆ ਹਰਿ ਭਗਤਿ ਇਕ ਮੰਗਾ ॥ (449-4)
गुरि पूरै हरि पाइआ हरि भगति इक मंगा ॥

ਮੇਰਾ ਮਨੁ ਤਨੁ ਸਬਦਿ ਵਿਗਾਸਿਆ ਜਪਿ ਅਨਤ ਤਰੰਗਾ ॥ (449-4)
मेरा मनु तनु सबदि विगासिआ जपि अनत तरंगा ॥

ਮਿਲਿ ਸੰਤ ਜਨਾ ਹਰਿ ਪਾਇਆ ਨਾਨਕ ਸਤਸੰਗਾ ॥੩॥ (449-5)
मिलि संत जना हरि पाइआ नानक सतसंगा ॥३॥

ਦੀਨ ਦਇਆਲ ਸੁਣਿ ਬੇਨਤੀ ਹਰਿ ਪ੍ਰਭ ਹਰਿ ਰਾਇਆ ਰਾਮ ਰਾਜੇ ॥ (449-5)
दीन दइआल सुणि बेनती हरि प्रभ हरि राइआ राम राजे ॥

ਹਉ ਮਾਗਉ ਸਰਣਿ ਹਰਿ ਨਾਮ ਕੀ ਹਰਿ ਹਰਿ ਮੁਖਿ ਪਾਇਆ ॥ (449-6)
हउ मागउ सरणि हरि नाम की हरि हरि मुखि पाइआ ॥

ਭਗਤਿ ਵਛਲੁ ਹਰਿ ਬਿਰਦੁ ਹੈ ਹਰਿ ਲਾਜ ਰਖਾਇਆ ॥ (449-6)
भगति वछलु हरि बिरदु है हरि लाज रखाइआ ॥

ਜਨੁ ਨਾਨਕੁ ਸਰਣਾਗਤੀ ਹਰਿ ਨਾਮਿ ਤਰਾਇਆ ॥੪॥੮॥੧੫॥ (449-7)
जनु नानकु सरणागती हरि नामि तराइआ ॥४॥८॥१५॥

ਆਸਾ ਮਹਲਾ ੪ ॥ (449-8)
आसा महला ४ ॥

ਗੁਰਮੁਖਿ ਢੂੰਢਿ ਢੂਢੇਦਿਆ ਹਰਿ ਸਜਣੁ ਲਧਾ ਰਾਮ ਰਾਜੇ ॥ (449-8)
गुरमुखि ढूंढि ढूढेदिआ हरि सजणु लधा राम राजे ॥

ਕੰਚਨ ਕਾਇਆ ਕੋਟ ਗੜ ਵਿਚਿ ਹਰਿ ਹਰਿ ਸਿਧਾ ॥ (449-8)
कंचन काइआ कोट गड़ विचि हरि हरि सिधा ॥

ਹਰਿ ਹਰਿ ਹੀਰਾ ਰਤਨੁ ਹੈ ਮੇਰਾ ਮਨੁ ਤਨੁ ਵਿਧਾ ॥ (449-9)
हरि हरि हीरा रतनु है मेरा मनु तनु विधा ॥

ਧੁਰਿ ਭਾਗ ਵਡੇ ਹਰਿ ਪਾਇਆ ਨਾਨਕ ਰਸਿ ਗੁਧਾ ॥੧॥ (449-9)
धुरि भाग वडे हरि पाइआ नानक रसि गुधा ॥१॥

ਪੰਥੁ ਦਸਾਵਾ ਨਿਤ ਖੜੀ ਮੁੰਧ ਜੋਬਨਿ ਬਾਲੀ ਰਾਮ ਰਾਜੇ ॥ (449-10)
पंथु दसावा नित खड़ी मुंध जोबनि बाली राम राजे ॥

ਹਰਿ ਹਰਿ ਨਾਮੁ ਚੇਤਾਇ ਗੁਰ ਹਰਿ ਮਾਰਗਿ ਚਾਲੀ ॥ (449-10)
हरि हरि नामु चेताइ गुर हरि मारगि चाली ॥

ਮੇਰੈ ਮਨਿ ਤਨਿ ਨਾਮੁ ਆਧਾਰੁ ਹੈ ਹਉਮੈ ਬਿਖੁ ਜਾਲੀ ॥ (449-11)
मेरै मनि तनि नामु आधारु है हउमै बिखु जाली ॥

ਜਨ ਨਾਨਕ ਸਤਿਗੁਰ ਮੇਲਿ ਹਰਿ ਹਰਿ ਮਿਲਿਆ ਬਨਵਾਲੀ ॥੨॥ (449-11)
जन नानक सतिगुरु मेलि हरि हरि मिलिआ बनवाली ॥२॥

ਗੁਰਮੁਖਿ ਪਿਆਰੇ ਆਇ ਮਿਲੁ ਮੈ ਚਿਰੀ ਵਿਛੁੰਨੇ ਰਾਮ ਰਾਜੇ ॥ (449-12)
गुरमुखि पिआरे आइ मिलु मै चिरी विछुंने राम राजे ॥

ਮੇਰਾ ਮਨੁ ਤਨੁ ਬਹੁਤੁ ਬੈਰਾਗਿਆ ਹਰਿ ਨੈਣ ਰਸਿ ਭਿੰਨੇ ॥ (449-12)
मेरा मनु तनु बहुतु बैरागिआ हरि नैण रसि भिंने ॥

ਮੈ ਹਰਿ ਪ੍ਰਭੁ ਪਿਆਰਾ ਦਸਿ ਗੁਰੁ ਮਿਲਿ ਹਰਿ ਮਨੁ ਮੰਨੇ ॥ (449-13)
मै हरि प्रभु पिआरा दसि गुरु मिलि हरि मनु मंने ॥

ਹਉ ਮੂਰਖੁ ਕਾਰੈ ਲਾਈਆ ਨਾਨਕ ਹਰਿ ਕੰਮੇ ॥੩॥ (449-13)
हउ मूरखु कारै लाईआ नानक हरि कंमे ॥३॥

ਗੁਰ ਅੰਮ੍ਰਿਤ ਭਿੰਨੀ ਦੇਹੁਰੀ ਅੰਮ੍ਰਿਤੁ ਬੁਰਕੇ ਰਾਮ ਰਾਜੇ ॥ (449-14)
गुर अमृत भिंनी देहुरी अमृतु बुरके राम राजे ॥

ਜਿਨਾ ਗੁਰਬਾਣੀ ਮਨਿ ਭਾਈਆ ਅੰਮ੍ਰਿਤਿ ਛਕਿ ਛਕੇ ॥ (449-14)
जिना गुरबाणी मनि भाईआ अमृति छकि छके ॥

ਗੁਰ ਤੁਠੈ ਹਰਿ ਪਾਇਆ ਚੂਕੇ ਧਕ ਧਕੇ ॥ (449-15)
गुर तुठै हरि पाइआ चूके धक धके ॥

ਹਰਿ ਜਨੁ ਹਰਿ ਹਰਿ ਹੋਇਆ ਨਾਨਕੁ ਹਰਿ ਇਕੇ ॥੪॥੯॥੧੬॥ (449-15)
हरि जनु हरि हरि होइआ नानकु हरि इके ॥४॥९॥१६॥

ਆਸਾ ਮਹਲਾ ੪ ॥ (449-16)
आसा महला ४ ॥

ਹਰਿ ਅੰਮ੍ਰਿਤ ਭਗਤਿ ਭੰਡਾਰ ਹੈ ਗੁਰ ਸਤਿਗੁਰ ਪਾਸੇ ਰਾਮ ਰਾਜੇ ॥ (449-16)
हरि अमृत भगति भंडार है गुर सतिगुर पासे राम राजे ॥

ਗੁਰੁ ਸਤਿਗੁਰੁ ਸਚਾ ਸਾਹੁ ਹੈ ਸਿਖ ਦੇਇ ਹਰਿ ਰਾਸੇ ॥ (449-17)
गुरु सतिगुरु सचा साहु है सिख देइ हरि रासे ॥

ਧਨੁ ਧੰਨੁ ਵਣਜਾਰਾ ਵਣਜੁ ਹੈ ਗੁਰੁ ਸਾਹੁ ਸਾਬਾਸੇ ॥ (449-17)
धनु धंनु वणजारा वणजु है गुरु साहु साबासे ॥

ਜਨੁ ਨਾਨਕੁ ਗੁਰੁ ਤਿਨ੍ਹ੍ਹੀ ਪਾਇਆ ਜਿਨ ਧੁਰਿ ਲਿਖਤੁ ਲਿਲਾਟਿ ਲਿਖਾਸੇ ॥੧॥ (449-18)
जनु नानकु गुरु तिन्ही पाइआ जिन धुरि लिखतु लिलाटि लिखासे ॥१॥

ਸਚੁ ਸਾਹੁ ਹਮਾਰਾ ਤੂੰ ਧਣੀ ਸਭੁ ਜਗਤੁ ਵਣਜਾਰਾ ਰਾਮ ਰਾਜੇ ॥ (449-18)
सचु साहु हमारा तूं धणी सभु जगतु वणजारा राम राजे ॥

ਸਭ ਭਾਂਡੇ ਤੁਧੈ ਸਾਜਿਆ ਵਿਚਿ ਵਸਤੁ ਹਰਿ ਥਾਰਾ ॥ (449-19)
सभ भांडे तुधै साजिआ विचि वसतु हरि थारा ॥

ਜੋ ਪਾਵਹਿ ਭਾਂਡੇ ਵਿਚਿ ਵਸਤੁ ਸਾ ਨਿਕਲੈ ਕਿਆ ਕੋਈ ਕਰੇ ਵੇਚਾਰਾ ॥ (449-19)
जो पावहि भांडे विचि वसतु सा निकलै किआ कोई करे वेचारा ॥

ਜਨ ਨਾਨਕ ਕਉ ਹਰਿ ਬਖਸਿਆ ਹਰਿ ਭਗਤਿ ਭੰਡਾਰਾ ॥੨॥ (450-1)
जन नानक कउ हरि बखसिआ हरि भगति भंडारा ॥२॥

ਹਮ ਕਿਆ ਗੁਣ ਤੇਰੇ ਵਿਥਰਹ ਸੁਆਮੀ ਤੂੰ ਅਪਰ ਅਪਾਰੋ ਰਾਮ ਰਾਜੇ ॥ (450-2)
हम किआ गुण तेरे विथरह सुआमी तूं अपर अपारो राम राजे ॥

ਹਰਿ ਨਾਮੁ ਸਾਲਾਹਹ ਦਿਨੁ ਰਾਤਿ ਏਹਾ ਆਸ ਆਧਾਰੋ ॥ (450-2)
हरि नामु सालाहह दिनु राति एहा आस आधारो ॥

ਹਮ ਮੂਰਖ ਕਿਛੂਅ ਨ ਜਾਣਹਾ ਕਿਵ ਪਾਵਹ ਪਾਰੋ ॥ (450-3)
हम मूरख किछूअ न जाणहा किव पावह पारो ॥

ਜਨੁ ਨਾਨਕੁ ਹਰਿ ਕਾ ਦਾਸੁ ਹੈ ਹਰਿ ਦਾਸ ਪਨਿਹਾਰੋ ॥੩॥ (450-3)
जनु नानकु हरि का दासु है हरि दास पनिहारो ॥३॥

ਜਿਉ ਭਾਵੈ ਤਿਉ ਰਾਖਿ ਲੈ ਹਮ ਸਰਣਿ ਪ੍ਰਭ ਆਏ ਰਾਮ ਰਾਜੇ ॥ (450-4)
जिउ भावै तिउ राखि लै हम सरणि प्रभ आए राम राजे ॥

ਹਮ ਭੂਲਿ ਵਿਗਾੜਹ ਦਿਨਸੁ ਰਾਤਿ ਹਰਿ ਲਾਜ ਰਖਾਏ ॥ (450-4)
हम भूलि विगाड़ह दिनसु राति हरि लाज रखाए ॥

ਹਮ ਬਾਰਿਕ ਤੂੰ ਗੁਰੁ ਪਿਤਾ ਹੈ ਦੇ ਮਤਿ ਸਮਝਾਏ ॥ (450-5)
हम बारिक तूं गुरु पिता है दे मति समझाए ॥

ਜਨੁ ਨਾਨਕੁ ਦਾਸੁ ਹਰਿ ਕਾਂਢਿਆ ਹਰਿ ਪੈਜ ਰਖਾਏ ॥੪॥੧੦॥੧੭॥ (450-5)
जनु नानकु दासु हरि कांढिआ हरि पैज रखाए ॥४॥१०॥१७॥

ਆਸਾ ਮਹਲਾ ੪ ॥ (450-6)
आसा महला ४ ॥

ਜਿਨ ਮਸਤਕਿ ਧੁਰਿ ਹਰਿ ਲਿਖਿਆ ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥ (450-6)
जिन मसतकि धुरि हरि लिखिआ तिना सतिगुरु मिलिआ राम राजे ॥

ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਘਟਿ ਬਲਿਆ ॥ (450-7)
अगिआनु अंधेरा कटिआ गुर गिआनु घटि बलिआ ॥

ਹਰਿ ਲਧਾ ਰਤਨੁ ਪਦਾਰਥੋ ਫਿਰਿ ਬਹੁੜਿ ਨ ਚਲਿਆ ॥ (450-7)
हरि लधा रतनु पदारथो फिरि बहुड़ि न चलिआ ॥

ਜਨ ਨਾਨਕ ਨਾਮੁ ਆਰਾਧਿਆ ਆਰਾਧਿ ਹਰਿ ਮਿਲਿਆ ॥੧॥ (450-8)
जन नानक नामु आराधिआ आराधि हरि मिलिआ ॥१॥

ਜਿਨੀ ਐਸਾ ਹਰਿ ਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ ਰਾਮ ਰਾਜੇ ॥ (450-8)
जिनी ऐसा हरि नामु न चेतिओ से काहे जगि आए राम राजे ॥

ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਏ ॥ (450-9)
इहु माणस जनमु दुल्मभु है नाम बिना बिरथा सभु जाए ॥

ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ ॥ (450-9)
हुणि वतै हरि नामु न बीजिओ अगै भुखा किआ खाए ॥

ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥੨॥ (450-10)
मनमुखा नो फिरि जनमु है नानक हरि भाए ॥२॥

ਤੂੰ ਹਰਿ ਤੇਰਾ ਸਭੁ ਕੋ ਸਭਿ ਤੁਧੁ ਉਪਾਏ ਰਾਮ ਰਾਜੇ ॥ (450-10)
तूं हरि तेरा सभु को सभि तुधु उपाए राम राजे ॥

ਕਿਛੁ ਹਾਥਿ ਕਿਸੈ ਦੈ ਕਿਛੁ ਨਾਹੀ ਸਭਿ ਚਲਹਿ ਚਲਾਏ ॥ (450-11)
किछु हाथि किसै दै किछु नाही सभि चलहि चलाए ॥

ਜਿਨ੍ ਤੂੰ ਮੇਲਹਿ ਪਿਆਰੇ ਸੇ ਤੁਧੁ ਮਿਲਹਿ ਜੋ ਹਰਿ ਮਨਿ ਭਾਏ ॥ (450-11)
जिन्ह तूं मेलहि पिआरे से तुधु मिलहि जो हरि मनि भाए ॥

ਜਨ ਨਾਨਕ ਸਤਿਗੁਰੁ ਭੇਟਿਆ ਹਰਿ ਨਾਮਿ ਤਰਾਏ ॥੩॥ (450-12)
जन नानक सतिगुरु भेटिआ हरि नामि तराए ॥३॥

ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ ਨਹੀ ਹਰਿ ਹਰਿ ਭੀਜੈ ਰਾਮ ਰਾਜੇ ॥ (450-12)
कोई गावै रागी नादी बेदी बहु भाति करि नही हरि हरि भीजै राम राजे ॥

ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ ॥ (450-13)
जिना अंतरि कपटु विकारु है तिना रोइ किआ कीजै ॥

ਹਰਿ ਕਰਤਾ ਸਭੁ ਕਿਛੁ ਜਾਣਦਾ ਸਿਰਿ ਰੋਗ ਹਥੁ ਦੀਜੈ ॥ (450-14)
हरि करता सभु किछु जाणदा सिरि रोग हथु दीजै ॥

ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ ਹਰਿ ਭਗਤਿ ਹਰਿ ਲੀਜੈ ॥੪॥੧੧॥੧੮॥ (450-14)
जिना नानक गुरमुखि हिरदा सुधु है हरि भगति हरि लीजै ॥४॥११॥१८॥

ਆਸਾ ਮਹਲਾ ੪ ॥ (450-15)
आसा महला ४ ॥

ਜਿਨ ਅੰਤਰਿ ਹਰਿ ਹਰਿ ਪ੍ਰੀਤਿ ਹੈ ਤੇ ਜਨ ਸੁਘੜ ਸਿਆਣੇ ਰਾਮ ਰਾਜੇ ॥ (450-15)
जिन अंतरि हरि हरि प्रीति है ते जन सुघड़ सिआणे राम राजे ॥

ਜੇ ਬਾਹਰਹੁ ਭੁਲਿ ਚੁਕਿ ਬੋਲਦੇ ਭੀ ਖਰੇ ਹਰਿ ਭਾਣੇ ॥ (450-16)
जे बाहरहु भुलि चुकि बोलदे भी खरे हरि भाणे ॥

ਹਰਿ ਸੰਤਾ ਨੋ ਹੋਰੁ ਥਾਉ ਨਾਹੀ ਹਰਿ ਮਾਣੁ ਨਿਮਾਣੇ ॥ (450-16)
हरि संता नो होरु थाउ नाही हरि माणु निमाणे ॥

ਜਨ ਨਾਨਕ ਨਾਮੁ ਦੀਬਾਣੁ ਹੈ ਹਰਿ ਤਾਣੁ ਸਤਾਣੇ ॥੧॥ (450-17)
जन नानक नामु दीबाणु है हरि ताणु सताणे ॥१॥

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥ (450-17)
जिथै जाइ बहै मेरा सतिगुरू सो थानु सुहावा राम राजे ॥

ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥ (450-18)

गुरसिखी? सो थानु भालिआ लै धूरि मुखि लावा ॥

ਗੁਰਸਿਖਾ ਕੀ ਘਾਲ ਥਾਇ ਪਈ ਜਿਨ ਹਰਿ ਨਾਮੁ ਧਿਆਵਾ ॥ (450-18)

गुरसिखा की घाल थाइ पई जिन हरि नामु धिआवा ॥

ਜਿਨ੍ਹ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ ॥੨॥ (450-19)

जिन्ह नानकु सतिगुरु पूजिआ तिन हरि पूज करावा ॥२॥

ਗੁਰਸਿਖਾ ਮਨਿ ਹਰਿ ਪ੍ਰੀਤਿ ਹੈ ਹਰਿ ਨਾਮ ਹਰਿ ਤੇਰੀ ਰਾਮ ਰਾਜੇ ॥ (450-19)

गुरसिखा मनि हरि प्रीति है हरि नाम हरि तेरी राम राजे ॥

ਕਰਿ ਸੇਵਹਿ ਪੂਰਾ ਸਤਿਗੁਰੂ ਭੁਖ ਜਾਇ ਲਹਿ ਮੇਰੀ ॥ (451-1)

करि सेवहि पूरा सतिगुरू भुख जाइ लहि मेरी ॥

ਗੁਰਸਿਖਾ ਕੀ ਭੁਖ ਸਭ ਗਈ ਤਿਨ ਪਿਛੈ ਹੋਰ ਖਾਇ ਘਨੇਰੀ ॥ (451-1)

गुरसिखा की भुख सभ गई तिन पिछै होर खाइ घनेरी ॥

ਜਨ ਨਾਨਕ ਹਰਿ ਪੁੰਨੁ ਬੀਜਿਆ ਫਿਰਿ ਤੋਟਿ ਨ ਆਵੈ ਹਰਿ ਪੁੰਨ ਕੇਰੀ ॥੩॥ (451-2)

जन नानक हरि पुंनु बीजिआ फिरि तोटि न आवै हरि पुंन केरी ॥३॥

ਗੁਰਸਿਖਾ ਮਨਿ ਵਾਧਾਈਆ ਜਿਨ ਮੇਰਾ ਸਤਿਗੁਰੂ ਡਿਠਾ ਰਾਮ ਰਾਜੇ ॥ (451-3)

गुरसिखा मनि वाधाईआ जिन मेरा सतिगुरू डिठा राम राजे ॥

ਕੋਈ ਕਰਿ ਗਲ ਸੁਣਾਵੈ ਹਰਿ ਨਾਮ ਕੀ ਸੋ ਲਗੈ ਗੁਰਸਿਖਾ ਮਨਿ ਮਿਠਾ ॥ (451-3)

कोई करि गल सुणावै हरि नाम की सो लगै गुरसिखा मनि मिठा ॥

ਹਰਿ ਦਰਗਹ ਗੁਰਸਿਖ ਪੈਨਾਈਅਹਿ ਜਿਨ੍ਹਾ ਮੇਰਾ ਸਤਿਗੁਰੁ ਤੁਠਾ ॥ (451-4)

हरि दरगह गुरसिख पैनाईअहि जिन्हा मेरा सतिगुरु तुठा ॥

ਜਨ ਨਾਨਕੁ ਹਰਿ ਹਰਿ ਹੋਇਆ ਹਰਿ ਹਰਿ ਮਨਿ ਵੁਠਾ ॥੪॥੧੨॥੧੯॥ (451-4)

जन नानकु हरि हरि होइआ हरि हरि मनि वुठा ॥४॥१२॥१९॥

ਆਸਾ ਮਹਲਾ ੪ ॥ (451-5)

आसा महला ४ ॥

ਜਿਨ੍ਹਾ ਭੇਟਿਆ ਮੇਰਾ ਪੂਰਾ ਸਤਿਗੁਰੂ ਤਿਨ ਹਰਿ ਨਾਮੁ ਦ੍ਰਿੜਾਵੈ ਰਾਮ ਰਾਜੇ ॥ (451-5)
जिन्हा भेटिआ मेरा पूरा सतिगुरू तिन हरि नामु द्रिड़ावै राम राजे ॥

ਤਿਸ ਕੀ ਤ੍ਰਿਸਨਾ ਭੁਖ ਸਭ ਉਤਰੈ ਜੋ ਹਰਿ ਨਾਮੁ ਧਿਆਵੈ ॥ (451-6)
तिस की त्रिसना भुख सभ उतरै जो हरि नामु धिआवै ॥

ਜੋ ਹਰਿ ਹਰਿ ਨਾਮੁ ਧਿਆਇਦੇ ਤਿਨ੍ ਜਮੁ ਨੇੜਿ ਨ ਆਵੈ ॥ (451-6)
जो हरि हरि नामु धिआइदे तिन्ह जमु नेड़ि न आवै ॥

ਜਨ ਨਾਨਕ ਕਉ ਹਰਿ ਕ੍ਰਿਪਾ ਕਰਿ ਨਿਤ ਜਪੈ ਹਰਿ ਨਾਮੁ ਹਰਿ ਨਾਮਿ ਤਰਾਵੈ ॥੧॥ (451-7)
जन नानक कउ हरि क्रिपा करि नित जपै हरि नामु हरि नामि तरावै ॥१॥

ਜਿਨੀ ਗੁਰਮੁਖਿ ਨਾਮੁ ਧਿਆਇਆ ਤਿਨਾ ਫਿਰਿ ਬਿਘਨੁ ਨ ਹੋਈ ਰਾਮ ਰਾਜੇ ॥ (451-8)
जिनी गुरमुखि नामु धिआइआ तिना फिरि बिघनु न होई राम राजे ॥

ਜਿਨੀ ਸਤਿਗੁਰੁ ਪੁਰਖੁ ਮਨਾਇਆ ਤਿਨ ਪੂਜੇ ਸਭੁ ਕੋਈ ॥ (451-8)
जिनी सतिगुरु पुरखु मनाइआ तिन पूजे सभु कोई ॥

ਜਿਨ੍ਹੀ ਸਤਿਗੁਰੁ ਪਿਆਰਾ ਸੇਵਿਆ ਤਿਨ੍ਹਾ ਸੁਖੁ ਸਦ ਹੋਈ ॥ (451-9)
जिन्ही सतिगुरु पिआरा सेविआ तिन्हा सुखु सद होई ॥

ਜਿਨ੍ਹਾ ਨਾਨਕੁ ਸਤਿਗੁਰੁ ਭੇਟਿਆ ਤਿਨ੍ਹਾ ਮਿਲਿਆ ਹਰਿ ਸੋਈ ॥੨॥ (451-9)
जिन्हा नानकु सतिगुरु भेटिआ तिन्हा मिलिआ हरि सोई ॥२॥

ਜਿਨ੍ਹਾ ਅੰਤਰਿ ਗੁਰਮੁਖਿ ਪ੍ਰੀਤਿ ਹੈ ਤਿਨ੍ ਹਰਿ ਰਖਣਹਾਰਾ ਰਾਮ ਰਾਜੇ ॥ (451-10)
जिन्हा अंतरि गुरमुखि प्रीति है तिन्ह हरि रखणहारा राम राजे ॥

ਤਿਨ੍ ਕੀ ਨਿੰਦਾ ਕੋਈ ਕਿਆ ਕਰੇ ਜਿਨ੍ ਹਰਿ ਨਾਮੁ ਪਿਆਰਾ ॥ (451-11)
तिन्ह की निंदा कोई किआ करे जिन्ह हरि नामु पिआरा ॥

ਜਿਨ ਹਰਿ ਸੇਤੀ ਮਨੁ ਮਾਨਿਆ ਸਭ ਦੁਸਟ ਝਖ ਮਾਰਾ ॥ (451-11)
जिन हरि सेती मनु मानिआ सभ दुसट झख मारा ॥

ਜਨ ਨਾਨਕ ਨਾਮੁ ਧਿਆਇਆ ਹਰਿ ਰਖਣਹਾਰਾ ॥੩॥ (451-12)
जन नानक नामु धिआइआ हरि रखणहारा ॥३॥

ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥ (451-12)
हरि जुगु जुगु भगत उपाइआ पैज रखदा आइआ राम राजे ॥

ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥ (451-13)
हरणाखसु दुसटु हरि मारिआ प्रहलादु तराइआ ॥

ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ ॥ (451-13)
अहंकारीआ निंदका पिठि देइ नामदेउ मुखि लाइआ ॥

ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ ॥੪॥੧੩॥੨੦॥ (451-14)
जन नानक ऐसा हरि सेविआ अंति लए छडाइआ ॥४॥१३॥२०॥

ਆਸਾ ਮਹਲਾ ੪ ਛੰਤ ਘਰੁ ੫ (451-15)
आसा महला ४ छंत घरु ५

ੴ ਸਤਿਗੁਰ ਪ੍ਰਸਾਦਿ ॥ (451-16)
ੴ सतिगुर प्रसादि ॥

ਮੇਰੇ ਮਨ ਪਰਦੇਸੀ ਵੇ ਪਿਆਰੇ ਆਉ ਘਰੇ ॥ (451-16)
मेरे मन परदेसी वे पिआरे आउ घरे ॥

ਹਰਿ ਗੁਰੂ ਮਿਲਾਵਹੁ ਮੇਰੇ ਪਿਆਰੇ ਘਰਿ ਵਸੈ ਹਰੇ ॥ (451-16)
हरि गुरू मिलावहु मेरे पिआरे घरि वसै हरे ॥

ਰੰਗਿ ਰਲੀਆ ਮਾਣਹੁ ਮੇਰੇ ਪਿਆਰੇ ਹਰਿ ਕਿਰਪਾ ਕਰੇ ॥ (451-17)
रंगि रलीआ माणहु मेरे पिआरे हरि किरपा करे ॥

ਗੁਰੁ ਨਾਨਕੁ ਤੁਠਾ ਮੇਰੇ ਪਿਆਰੇ ਮੇਲੇ ਹਰੇ ॥੧॥ (451-17)
गुरु नानकु तुठा मेरे पिआरे मेले हरे ॥१॥

ਮੈ ਪ੍ਰੇਮੁ ਨ ਚਾਖਿਆ ਮੇਰੇ ਪਿਆਰੇ ਭਾਉ ਕਰੇ ॥ (451-18)
मै प्रेमु न चाखिआ मेरे पिआरे भाउ करे ॥

ਮਨਿ ਤ੍ਰਿਸਨਾ ਨ ਬੁਝੀ ਮੇਰੇ ਪਿਆਰੇ ਨਿਤ ਆਸ ਕਰੇ ॥ (451-18)
मनि त्रिसना न बुझी मेरे पिआरे नित आस करे ॥

ਨਿਤ ਜੋਬਨੁ ਜਾਵੈ ਮੇਰੇ ਪਿਆਰੇ ਜਮੁ ਸਾਸ ਹਿਰੇ ॥ (451-18)

नित जोबनु जावै मेरे पिआरे जमु सास हिरे ॥

ਭਾਗ ਮਣੀ ਸੋਹਾਗਣਿ ਮੇਰੇ ਪਿਆਰੇ ਨਾਨਕ ਹਰਿ ਉਰਿ ਧਾਰੇ ॥੨॥ (451-19)

भाग मणी सोहागणि मेरे पिआरे नानक हरि उरि धारे ॥२॥

ਪਿਰ ਰਤਿਅੜੇ ਮੈਡੇ ਲੋਇਣ ਮੇਰੇ ਪਿਆਰੇ ਚਾਤ੍ਰਿਕ ਬੂੰਦ ਜਿਵੈ ॥ (452-1)

पिर रतिअड़े मैडे लोइण मेरे पिआरे चात्रिक बूंद जिवै ॥

ਮਨੁ ਸੀਤਲੁ ਹੋਆ ਮੇਰੇ ਪਿਆਰੇ ਹਰਿ ਬੂੰਦ ਪੀਵੈ ॥ (452-1)

मनु सीतलु होआ मेरे पिआरे हरि बूंद पीवै ॥

ਤਨਿ ਬਿਰਹੁ ਜਗਾਵੈ ਮੇਰੇ ਪਿਆਰੇ ਨੀਦ ਨ ਪਵੈ ਕਿਵੈ ॥ (452-2)

तनि बिरहु जगावै मेरे पिआरे नीद न पवै किवै ॥

ਹਰਿ ਸਜਣੁ ਲਧਾ ਮੇਰੇ ਪਿਆਰੇ ਨਾਨਕ ਗੁਰੂ ਲਿਵੈ ॥੩॥ (452-2)

हरि सजणु लधा मेरे पिआरे नानक गुरू लिवै ॥३॥

ਚੜਿ ਚੇਤੁ ਬਸੰਤੁ ਮੇਰੇ ਪਿਆਰੇ ਭਲੀਅ ਰੁਤੇ ॥ (452-3)

चड़ि चेतु बसंतु मेरे पिआरे भलीअ रुते ॥

ਪਿਰ ਬਾਝੜਿਅਹੁ ਮੇਰੇ ਪਿਆਰੇ ਆਂਗਣਿ ਧੂੜਿ ਲੁਤੇ ॥ (452-3)

पिर बाझड़िअहु मेरे पिआरे आंगणि धूड़ि लुते ॥

ਮਨਿ ਆਸ ਉਡੀਣੀ ਮੇਰੇ ਪਿਆਰੇ ਦੁਇ ਨੈਨ ਜੁਤੇ ॥ (452-3)

मनि आस उडीणी मेरे पिआरे दुइ नैन जुते ॥

ਗੁਰੁ ਨਾਨਕੁ ਦੇਖਿ ਵਿਗਸੀ ਮੇਰੇ ਪਿਆਰੇ ਜਿਉ ਮਾਤ ਸੁਤੇ ॥੪॥ (452-4)

गुरु नानकु देखि विगसी मेरे पिआरे जिउ मात सुते ॥४॥

ਹਰਿ ਕੀਆ ਕਥਾ ਕਹਾਣੀਆ ਮੇਰੇ ਪਿਆਰੇ ਸਤਿਗੁਰੂ ਸੁਣਾਈਆ ॥ (452-4)

हरि कीआ कथा कहाणीआ मेरे पिआरे सतिगुरू सुणाईआ ॥

ਗੁਰ ਵਿਟੜਿਅਹੁ ਹਉ ਘੋਲੀ ਮੇਰੇ ਪਿਆਰੇ ਜਿਨਿ ਹਰਿ ਮੇਲਾਈਆ ॥ (452-5)

गुर विटड़िअहु हउ घोली मेरे पिआरे जिनि हरि मेलाईआ ॥

ਸਭਿ ਆਸਾ ਹਰਿ ਪੂਰੀਆ ਮੇਰੇ ਪਿਆਰੇ ਮਨਿ ਚਿੰਦਿਅੜਾ ਫਲੁ ਪਾਇਆ ॥ (452-6)
सभि आसा हरि पूरीआ मेरे पिआरे मनि चिंदिअड़ा फलु पाइआ ॥

ਹਰਿ ਤੁਠੜਾ ਮੇਰੇ ਪਿਆਰੇ ਜਨੁ ਨਾਨਕੁ ਨਾਮਿ ਸਮਾਇਆ ॥੫॥ (452-6)
हरि तुठड़ा मेरे पिआरे जनु नानकु नामि समाइआ ॥५॥

ਪਿਆਰੇ ਹਰਿ ਬਿਨੁ ਪ੍ਰੇਮੁ ਨ ਖੇਲਸਾ ॥ (452-7)
पिआरे हरि बिनु प्रेमु न खेलसा ॥

ਕਿਉ ਪਾਈ ਗੁਰੁ ਜਿਤੁ ਲਗਿ ਪਿਆਰਾ ਦੇਖਸਾ ॥ (452-7)
किउ पाई गुरु जितु लगि पिआरा देखसा ॥

ਹਰਿ ਦਾਤੜੇ ਮੇਲਿ ਗੁਰੂ ਮੁਖਿ ਗੁਰਮੁਖਿ ਮੇਲਸਾ ॥ (452-8)
हरि दातड़े मेलि गुरू मुखि गुरमुखि मेलसा ॥

ਗੁਰੁ ਨਾਨਕੁ ਪਾਇਆ ਮੇਰੇ ਪਿਆਰੇ ਧੁਰਿ ਮਸਤਕਿ ਲੇਖੁ ਸਾ ॥੬॥੧੪॥੨੧॥ (452-8)
गुरु नानकु पाइआ मेरे पिआरे धुरि मसतकि लेखु सा ॥६॥१४॥२१॥

ੴ ਸਤਿਗੁਰ ਪ੍ਰਸਾਦਿ ॥ (452-10)
ੴ सतिगुर प्रसादि ॥

ਰਾਗੁ ਆਸਾ ਮਹਲਾ ੫ ਛੰਤ ਘਰੁ ੧ ॥ (452-10)
रागु आसा महला ५ छंत घरु १ ॥

ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ ॥ (452-10)
अनदो अनदु घणा मै सो प्रभु डीठा राम ॥

ਚਾਖਿਅੜਾ ਚਾਖਿਅੜਾ ਮੈ ਹਰਿ ਰਸੁ ਮੀਠਾ ਰਾਮ ॥ (452-11)
चाखिअड़ा चाखिअड़ा मै हरि रसु मीठा राम ॥

ਹਰਿ ਰਸੁ ਮੀਠਾ ਮਨ ਮਹਿ ਵੂਠਾ ਸਤਿਗੁਰੁ ਤੂਠਾ ਸਹਜੁ ਭਇਆ ॥ (452-11)
हरि रसु मीठा मन महि वूठा सतिगुरु तूठा सहजु भइआ ॥

ਗ੍ਰਿਹੁ ਵਸਿ ਆਇਆ ਮੰਗਲੁ ਗਾਇਆ ਪੰਚ ਦੁਸਟ ਓਇ ਭਾਗਿ ਗਇਆ ॥ (452-12)
ग्रिहु वसि आइआ मंगलु गाइआ पंच दुसट ओइ भागि गइआ ॥

ਸੀਤਲ ਆਘਾਣੇ ਅੰਮ੍ਰਿਤ ਬਾਣੇ ਸਾਜਨ ਸੰਤ ਬਸੀਠਾ ॥ (452-13)
सीतल आघाणे अमृत बाणे साजन संत बसीठा ॥

ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਸੋ ਪ੍ਰਭੁ ਨੈਣੀ ਡੀਠਾ ॥੧॥ (452-13)
कहु नानक हरि सिउ मनु मानिआ सो प्रभु नैणी डीठा ॥१॥

ਸੋਹਿਅੜੇ ਸੋਹਿਅੜੇ ਮੇਰੇ ਬੰਕ ਦੁਆਰੇ ਰਾਮ ॥ (452-14)
सोहिअड़े सोहिअड़े मेरे बंक दुआरे राम ॥

ਪਾਹੁਨੜੇ ਪਾਹੁਨੜੇ ਮੇਰੇ ਸੰਤ ਪਿਆਰੇ ਰਾਮ ॥ (452-14)
पाहुनड़े पाहुनड़े मेरे संत पिआरे राम ॥

ਸੰਤ ਪਿਆਰੇ ਕਾਰਜ ਸਾਰੇ ਨਮਸਕਾਰ ਕਰਿ ਲਗੇ ਸੇਵਾ ॥ (452-14)
संत पिआरे कारज सारे नमसकार करि लगे सेवा ॥

ਆਪੇ ਜਾਞੀ ਆਪੇ ਮਾਞੀ ਆਪਿ ਸੁਆਮੀ ਆਪਿ ਦੇਵਾ ॥ (452-15)
आपे जाञी आपे माञी आपि सुआमी आपि देवा ॥

ਅਪਣਾ ਕਾਰਜੁ ਆਪਿ ਸਵਾਰੇ ਆਪੇ ਧਾਰਨ ਧਾਰੇ ॥ (452-15)
अपणा कारजु आपि सवारे आपे धारन धारे ॥

ਕਹੁ ਨਾਨਕ ਸਹੁ ਘਰ ਮਹਿ ਬੈਠਾ ਸੋਹੇ ਬੰਕ ਦੁਆਰੇ ॥੨॥ (452-16)
कहु नानक सहु घर महि बैठा सोहे बंक दुआरे ॥२॥

ਨਵ ਨਿਧੇ ਨਉ ਨਿਧੇ ਮੇਰੇ ਘਰ ਮਹਿ ਆਈ ਰਾਮ ॥ (452-16)
नव निधे नउ निधे मेरे घर महि आई राम ॥

ਸਭੁ ਕਿਛੁ ਮੈ ਸਭੁ ਕਿਛੁ ਪਾਇਆ ਨਾਮੁ ਧਿਆਈ ਰਾਮ ॥ (452-17)
सभु किछु मै सभु किछु पाइआ नामु धिआई राम ॥

ਨਾਮੁ ਧਿਆਈ ਸਦਾ ਸਖਾਈ ਸਹਜ ਸੁਭਾਈ ਗੋਵਿੰਦਾ ॥ (452-17)
नामु धिआई सदा सखाई सहज सुभाई गोविंदा ॥

ਗਣਤ ਮਿਟਾਈ ਚੂਕੀ ਧਾਈ ਕਦੇ ਨ ਵਿਆਪੈ ਮਨ ਚਿੰਦਾ ॥ (452-18)
गणत मिटाई चूकी धाई कदे न विआपै मन चिंदा ॥

ਗੋੁਵਿੰਦ ਗਾਜੇ ਅਨਹਦ ਵਾਜੇ ਅਚਰਜ ਸੋਭ ਬਣਾਈ ॥ (452-18)
गोविंद गाजे अनहद वाजे अचरज सोभ बणाई ॥

ਕਹੁ ਨਾਨਕ ਪਿਰੁ ਮੇਰੈ ਸੰਗੇ ਤਾ ਮੈ ਨਵ ਨਿਧਿ ਪਾਈ ॥੩॥ (452-19)
कहु नानक पिरु मेरै संगे ता मै नव निधि पाई ॥३॥

ਸਰਸਿਅੜੇ ਸਰਸਿਅੜੇ ਮੇਰੇ ਭਾਈ ਸਭ ਮੀਤਾ ਰਾਮ ॥ (452-19)
सरसिअड़े सरसिअड़े मेरे भाई सभ मीता राम ॥

ਬਿਖਮੋ ਬਿਖਮੁ ਅਖਾੜਾ ਮੈ ਗੁਰ ਮਿਲਿ ਜੀਤਾ ਰਾਮ ॥ (453-1)
बिखमो बिखमु अखाड़ा मै गुर मिलि जीता राम ॥

ਗੁਰ ਮਿਲਿ ਜੀਤਾ ਹਰਿ ਹਰਿ ਕੀਤਾ ਤੂਟੀ ਭੀਤਾ ਭਰਮ ਗੜਾ ॥ (453-1)
गुर मिलि जीता हरि हरि कीता तूटी भीता भरम गड़ा ॥

ਪਾਇਆ ਖਜਾਨਾ ਬਹੁਤੁ ਨਿਧਾਨਾ ਸਾਣਥ ਮੇਰੀ ਆਪਿ ਖੜਾ ॥ (453-2)
पाइआ खजाना बहुतु निधाना साणथ मेरी आपि खड़ा ॥

ਸੋਈ ਸੁਗਿਆਨਾ ਸੋ ਪਰਧਾਨਾ ਜੋ ਪ੍ਰਭਿ ਅਪਨਾ ਕੀਤਾ ॥ (453-2)
सोई सुगिआना सो परधाना जो प्रभि अपना कीता ॥

ਕਹੁ ਨਾਨਕ ਜਾਂ ਵਲਿ ਸੁਆਮੀ ਤਾ ਸਰਸੇ ਭਾਈ ਮੀਤਾ ॥੪॥੧॥ (453-3)
कहु नानक जां वलि सुआमी ता सरसे भाई मीता ॥४॥१॥

ਆਸਾ ਮਹਲਾ ੫ ॥ (453-4)
आसा महला ५ ॥

ਅਕਥਾ ਹਰਿ ਅਕਥ ਕਥਾ ਕਿਛੁ ਜਾਇ ਨ ਜਾਣੀ ਰਾਮ ॥ (453-4)
अकथा हरि अकथ कथा किछु जाइ न जाणी राम ॥

ਸੁਰਿ ਨਰ ਸੁਰਿ ਨਰ ਮੁਨਿ ਜਨ ਸਹਜਿ ਵਖਾਣੀ ਰਾਮ ॥ (453-4)
सुरि नर सुरि नर मुनि जन सहजि वखाणी राम ॥

ਸਹਜੇ ਵਖਾਣੀ ਅਮਿਉ ਬਾਣੀ ਚਰਣ ਕਮਲ ਰੰਗੁ ਲਾਇਆ ॥ (453-5)
सहजे वखाणी अमिउ बाणी चरण कमल रंगु लाइआ ॥

ਜਪਿ ਏਕੁ ਅਲਖੁ ਪ੍ਰਭੁ ਨਿਰੰਜਨੁ ਮਨ ਚਿੰਦਿਆ ਫਲੁ ਪਾਇਆ ॥ (453-5)
जपि एकु अलखु प्रभु निरंजनु मन चिंदिआ फलु पाइआ ॥

ਤਜਿ ਮਾਨੁ ਮੋਹੁ ਵਿਕਾਰੁ ਦੂਜਾ ਜੋਤੀ ਜੋਤਿ ਸਮਾਣੀ ॥ (453-6)
तजि मानु मोहु विकारु दूजा जोती जोति समाणी ॥

ਬਿਨਵੰਤਿ ਨਾਨਕ ਗੁਰ ਪ੍ਰਸਾਦੀ ਸਦਾ ਹਰਿ ਰੰਗੁ ਮਾਣੀ ॥੧॥ (453-6)
बिनवंति नानक गुर प्रसादी सदा हरि रंगु माणी ॥१॥

ਹਰਿ ਸੰਤਾ ਹਰਿ ਸੰਤ ਸਜਨ ਮੇਰੇ ਮੀਤ ਸਹਾਈ ਰਾਮ ॥ (453-7)
हरि संता हरि संत सजन मेरे मीत सहाई राम ॥

ਵਡਭਾਗੀ ਵਡਭਾਗੀ ਸਤਸੰਗਤਿ ਪਾਈ ਰਾਮ ॥ (453-7)
वडभागी वडभागी सतसंगति पाई राम ॥

ਵਡਭਾਗੀ ਪਾਏ ਨਾਮੁ ਧਿਆਏ ਲਾਥੇ ਦੂਖ ਸੰਤਾਪੈ ॥ (453-8)
वडभागी पाए नामु धिआए लाथे दूख संतापै ॥

ਗੁਰ ਚਰਣੀ ਲਾਗੇ ਭ੍ਰਮ ਭਉ ਭਾਗੇ ਆਪੁ ਮਿਟਾਇਆ ਆਪੈ ॥ (453-8)
गुर चरणी लागे भ्रम भउ भागे आपु मिटाइआ आपै ॥

ਕਰਿ ਕਿਰਪਾ ਮੇਲੇ ਪ੍ਰਭਿ ਅਪੁਨੈ ਵਿਛੁੜਿ ਕਤਹਿ ਨ ਜਾਈ ॥ (453-9)
करि किरपा मेले प्रभि अपुनै विछुड़ि कतहि न जाई ॥

ਬਿਨਵੰਤਿ ਨਾਨਕ ਦਾਸੁ ਤੇਰਾ ਸਦਾ ਹਰਿ ਸਰਣਾਈ ॥੨॥ (453-9)
बिनवंति नानक दासु तेरा सदा हरि सरणाई ॥२॥

ਹਰਿ ਦਰੇ ਹਰਿ ਦਰਿ ਸੋਹਨਿ ਤੇਰੇ ਭਗਤ ਪਿਆਰੇ ਰਾਮ ॥ (453-10)
हरि दरे हरि दरि सोहनि तेरे भगत पिआरे राम ॥

ਵਾਰੀ ਤਿਨ ਵਾਰੀ ਜਾਵਾ ਸਦ ਬਲਿਹਾਰੇ ਰਾਮ ॥ (453-10)
वारी तिन वारी जावा सद बलिहारे राम ॥

ਸਦ ਬਲਿਹਾਰੇ ਕਰਿ ਨਮਸਕਾਰੇ ਜਿਨ ਭੇਟਤ ਪ੍ਰਭੁ ਜਾਤਾ ॥ (453-11)
सद बलिहारे करि नमसकारे जिन भेटत प्रभु जाता ॥

ਘਟਿ ਘਟਿ ਰਵਿ ਰਹਿਆ ਸਭ ਥਾਈ ਪੂਰਨ ਪੁਰਖੁ ਬਿਧਾਤਾ ॥ (453-11)
घटि घटि रवि रहिआ सभ थाई पूरन पुरखु बिधाता ॥

ਗੁਰੁ ਪੂਰਾ ਪਾਇਆ ਨਾਮੁ ਧਿਆਇਆ ਜੂਐ ਜਨਮੁ ਨ ਹਾਰੇ ॥ (453-12)
गुरु पूरा पाइआ नामु धिआइआ जूऐ जनमु न हारे ॥

ਬਿਨਵੰਤਿ ਨਾਨਕ ਸਰਣਿ ਤੇਰੀ ਰਾਖੁ ਕਿਰਪਾ ਧਾਰੇ ॥੩॥ (453-13)
बिनवंति नानक सरणि तेरी राखु किरपा धारे ॥३॥

ਬੇਅੰਤਾ ਬੇਅੰਤ ਗੁਣ ਤੇਰੇ ਕੇਤਕ ਗਾਵਾ ਰਾਮ ॥ (453-13)
बेअंता बेअंत गुण तेरे केतक गावा राम ॥

ਤੇਰੇ ਚਰਣਾ ਤੇਰੇ ਚਰਣ ਧੂੜਿ ਵਡਭਾਗੀ ਪਾਵਾ ਰਾਮ ॥ (453-13)
तेरे चरणा तेरे चरण धूड़ि वडभागी पावा राम ॥

ਹਰਿ ਧੂੜੀ ਨ੍ਹ੍ਹਾਈਐ ਮੈਲੁ ਗਵਾਈਐ ਜਨਮ ਮਰਣ ਦੁਖ ਲਾਥੇ ॥ (453-14)
हरि धूड़ी न्हाईऐ मैलु गवाईऐ जनम मरण दुख लाथे ॥

ਅੰਤਰਿ ਬਾਹਰਿ ਸਦਾ ਹਦੂਰੇ ਪਰਮੇਸਰੁ ਪ੍ਰਭੁ ਸਾਥੇ ॥ (453-15)
अंतरि बाहरि सदा हदूरे परमेसरु प्रभु साथे ॥

ਮਿਟੇ ਦੂਖ ਕਲਿਆਣ ਕੀਰਤਨ ਬਹੁੜਿ ਜੋਨਿ ਨ ਪਾਵਾ ॥ (453-15)
मिटे दूख कलिआण कीरतन बहुड़ि जोनि न पावा ॥

ਬਿਨਵੰਤਿ ਨਾਨਕ ਗੁਰ ਸਰਣਿ ਤਰੀਐ ਆਪਣੇ ਪ੍ਰਭ ਭਾਵਾ ॥੪॥੨॥ (453-16)
बिनवंति नानक गुर सरणि तरीऐ आपणे प्रभ भावा ॥४॥२॥

ਆਸਾ ਛੰਤ ਮਹਲਾ ੫ ਘਰੁ ੪ (453-17)
आसा छंत महला ५ घरु ४

ੴ ਸਤਿਗੁਰ ਪ੍ਰਸਾਦਿ ॥ (453-17)
ੴ सतिगुर प्रसादि ॥

ਹਰਿ ਚਰਨ ਕਮਲ ਮਨੁ ਬੇਧਿਆ ਕਿਛੁ ਆਨ ਨ ਮੀਠਾ ਰਾਮ ਰਾਜੇ ॥ (453-18)
हरि चरन कमल मनु बेधिआ किछु आन न मीठा राम राजे ॥

ਮਿਲਿ ਸੰਤਸੰਗਤਿ ਆਰਾਧਿਆ ਹਰਿ ਘਟਿ ਘਟੇ ਡੀਠਾ ਰਾਮ ਰਾਜੇ ॥ (453-18)
मिलि संतसंगति आराधिआ हरि घटि घटे डीठा राम राजे ॥

ਹਰਿ ਘਟਿ ਘਟੇ ਡੀਠਾ ਅੰਮ੍ਰਿਤੋੁ ਵੂਠਾ ਜਨਮ ਮਰਨ ਦੁਖ ਨਾਠੇ ॥ (453-19)
हरि घटि घटे डीठा अमृतो वूठा जनम मरन दुख नाठे ॥

ਗੁਣ ਨਿਧਿ ਗਾਇਆ ਸਭ ਦੂਖ ਮਿਟਾਇਆ ਹਉਮੈ ਬਿਨਸੀ ਗਾਠੇ ॥ (453-19)
गुण निधि गाइआ सभ दूख मिटाइआ हउमै बिनसी गाठे ॥

ਪ੍ਰਿਉ ਸਹਜ ਸੁਭਾਈ ਛੋਡਿ ਨ ਜਾਈ ਮਨਿ ਲਾਗਾ ਰੰਗੁ ਮਜੀਠਾ ॥ (454-1)
प्रिउ सहज सुभाई छोडि न जाई मनि लागा रंगु मजीठा ॥

ਹਰਿ ਨਾਨਕ ਬੇਧੇ ਚਰਨ ਕਮਲ ਕਿਛੁ ਆਨ ਨ ਮੀਠਾ ॥੧॥ (454-2)
हरि नानक बेधे चरन कमल किछु आन न मीठा ॥१॥

ਜਿਉ ਰਾਤੀ ਜਲਿ ਮਾਛੁਲੀ ਤਿਉ ਰਾਮ ਰਸਿ ਮਾਤੇ ਰਾਮ ਰਾਜੇ ॥ (454-2)
जिउ राती जलि माछुली तिउ राम रसि माते राम राजे ॥

ਗੁਰ ਪੂਰੈ ਉਪਦੇਸਿਆ ਜੀਵਨ ਗਤਿ ਭਾਤੇ ਰਾਮ ਰਾਜੇ ॥ (454-3)
गुर पूरै उपदेसिआ जीवन गति भाते राम राजे ॥

ਜੀਵਨ ਗਤਿ ਸੁਆਮੀ ਅੰਤਰਜਾਮੀ ਆਪਿ ਲੀਏ ਲੜਿ ਲਾਏ ॥ (454-3)
जीवन गति सुआमी अंतरजामी आपि लीए लड़ि लाए ॥

ਹਰਿ ਰਤਨ ਪਦਾਰਥੋ ਪਰਗਟੋ ਪੂਰਨੋ ਛੋਡਿ ਨ ਕਤਹੂ ਜਾਏ ॥ (454-4)
हरि रतन पदारथो परगटो पूरनो छोडि न कतहू जाए ॥

ਪ੍ਰਭੁ ਸੁਘਰੁ ਸਰੂਪੁ ਸੁਜਾਨੁ ਸੁਆਮੀ ਤਾ ਕੀ ਮਿਟੈ ਨ ਦਾਤੇ ॥ (454-4)
प्रभु सुघरु सरूपु सुजानु सुआमी ता की मिटै न दाते ॥

ਜਲ ਸੰਗਿ ਰਾਤੀ ਮਾਛੁਲੀ ਨਾਨਕ ਹਰਿ ਮਾਤੇ ॥੨॥ (454-5)
जल संगि राती माछुली नानक हरि माते ॥२॥

ਚਾਤ੍ਰਿਕੁ ਜਾਚੈ ਬੂੰਦ ਜਿਉ ਹਰਿ ਪ੍ਰਾਨ ਅਧਾਰਾ ਰਾਮ ਰਾਜੇ ॥ (454-5)
चात्रिकु जाचै बूंद जिउ हरि प्रान अधारा राम राजे ॥

ਮਾਲੁ ਖਜੀਨਾ ਸੁਤ ਭ੍ਰਾਤ ਮੀਤ ਸਭਹੂੰ ਤੇ ਪਿਆਰਾ ਰਾਮ ਰਾਜੇ ॥ (454-6)
मालु खजीना सुत भ्रात मीत सभहूं ते पिआरा राम राजे ॥

ਸਭਹੂੰ ਤੇ ਪਿਆਰਾ ਪੁਰਖੁ ਨਿਰਾਰਾ ਤਾ ਕੀ ਗਤਿ ਨਹੀ ਜਾਣੀਐ ॥ (454-6)
सभहूं ते पिआरा पुरखु निरारा ता की गति नही जाणीऐ ॥

ਹਰਿ ਸਾਸਿ ਗਿਰਾਸਿ ਨ ਬਿਸਰੈ ਕਬਹੂੰ ਗੁਰ ਸਬਦੀ ਰੰਗੁ ਮਾਣੀਐ ॥ (454-7)
हरि सासि गिरासि न बिसरै कबहूं गुर सबदी रंगु माणीऐ ॥

ਪ੍ਰਭੁ ਪੁਰਖੁ ਜਗਜੀਵਨੋ ਸੰਤ ਰਸੁ ਪੀਵਨੋ ਜਪਿ ਭਰਮ ਮੋਹ ਦੁਖ ਡਾਰਾ ॥ (454-8)
प्रभु पुरखु जगजीवनो संत रसु पीवनो जपि भरम मोह दुख डारा ॥

ਚਾਤ੍ਰਿਕੁ ਜਾਚੈ ਬੂੰਦ ਜਿਉ ਨਾਨਕ ਹਰਿ ਪਿਆਰਾ ॥੩॥ (454-8)
चात्रिकु जाचै बूंद जिउ नानक हरि पिआरा ॥३॥

ਮਿਲੇ ਨਰਾਇਣ ਆਪਣੇ ਮਾਨੋਰਥੋ ਪੂਰਾ ਰਾਮ ਰਾਜੇ ॥ (454-9)
मिले नराइण आपणे मानोरथो पूरा राम राजे ॥

ਢਾਠੀ ਭੀਤਿ ਭਰੰਮ ਕੀ ਭੇਟਤ ਗੁਰੁ ਸੂਰਾ ਰਾਮ ਰਾਜੇ ॥ (454-9)
ढाठी भीति भरंम की भेटत गुरु सूरा राम राजे ॥

ਪੂਰਨ ਗੁਰ ਪਾਏ ਪੁਰਬਿ ਲਿਖਾਏ ਸਭ ਨਿਧਿ ਦੀਨ ਦਇਆਲਾ ॥ (454-10)
पूरन गुर पाए पुरबि लिखाए सभ निधि दीन दइआला ॥

ਆਦਿ ਮਧਿ ਅੰਤਿ ਪ੍ਰਭੁ ਸੋਈ ਸੁੰਦਰ ਗੁਰ ਗੋਪਾਲਾ ॥ (454-10)
आदि मधि अंति प्रभु सोई सुंदर गुर गोपाला ॥

ਸੂਖ ਸਹਜ ਆਨੰਦ ਘਨੇਰੇ ਪਤਿਤ ਪਾਵਨ ਸਾਧੂ ਧੂਰਾ ॥ (454-11)
सूख सहज आनंद घनेरे पतित पावन साधू धूरा ॥

ਹਰਿ ਮਿਲੇ ਨਰਾਇਣ ਨਾਨਕਾ ਮਾਨੋਰਥੁੋ ਪੂਰਾ ॥੪॥੧॥੩॥ (454-11)
हरि मिले नराइण नानका मानोरथुो पूरा ॥४॥१॥३॥

ਆਸਾ ਮਹਲਾ ੫ ਛੰਤ ਘਰੁ ੬ (454-13)
आसा महला ५ छंत घरु ६

ੴ ਸਤਿਗੁਰ ਪ੍ਰਸਾਦਿ ॥ (454-14)
ੴ सतिगुर प्रसादि ॥

ਸਲੋਕੁ ॥ (454-14)
सलोकु ॥

ਜਾ ਕਉ ਭਏ ਕ੍ਰਿਪਾਲ ਪ੍ਰਭ ਹਰਿ ਹਰਿ ਸੇਈ ਜਪਾਤ ॥ (454-14)
जा कउ भए क्रिपाल प्रभ हरि हरि सेई जपात ॥

ਨਾਨਕ ਪ੍ਰੀਤਿ ਲਗੀ ਤਿਨ੍ਹ ਰਾਮ ਸਿਉ ਭੇਟਤ ਸਾਧ ਸੰਗਾਤ ॥੧॥ (454-14)
नानक प्रीति लगी तिन्ह राम सिउ भेटत साध संगात ॥१॥

ਛੰਤੁ ॥ (454-15)
छंतु ॥

ਜਲ ਦੁਧ ਨਿਆਈ ਰੀਤਿ ਅਬ ਦੁਧ ਆਚ ਨਹੀ ਮਨ ਐਸੀ ਪ੍ਰੀਤਿ ਹਰੇ ॥ (454-15)
जल दुध निआई रीति अब दुध आच नही मन ऐसी प्रीति हरे ॥

ਅਬ ਉਰਝਿਓ ਅਲਿ ਕਮਲੇਹ ਬਾਸਨ ਮਾਹਿ ਮਗਨ ਇਕੁ ਖਿਨੁ ਭੀ ਨਾਹਿ ਟਰੈ ॥ (454-16)
अब उरझिओ अलि कमलेह बासन माहि मगन इकु खिनु भी नाहि टरै ॥

ਖਿਨੁ ਨਾਹਿ ਟਰੀਐ ਪ੍ਰੀਤਿ ਹਰੀਐ ਸੀਗਾਰ ਹਭਿ ਰਸ ਅਰਪੀਐ ॥ (454-16)
खिनु नाहि टरीऐ प्रीति हरीऐ सीगार हभि रस अरपीऐ ॥

ਜਹ ਦੂਖੁ ਸੁਣੀਐ ਜਮ ਪੰਥੁ ਭਣੀਐ ਤਹ ਸਾਧਸੰਗਿ ਨ ਡਰਪੀਐ ॥ (454-17)
जह दूखु सुणीऐ जम पंथु भणीऐ तह साधसंगि न डरपीऐ ॥

ਕਰਿ ਕੀਰਤਿ ਗੋਵਿੰਦ ਗੁਣੀਐ ਸਗਲ ਪ੍ਰਾਛਤ ਦੁਖ ਹਰੇ ॥ (454-18)
करि कीरति गोविंद गुणीऐ सगल प्राछत दुख हरे ॥

ਕਹੁ ਨਾਨਕ ਛੰਤ ਗੋਵਿੰਦ ਹਰਿ ਕੇ ਮਨ ਹਰਿ ਸਿਉ ਨੇਹੁ ਕਰੇਹੁ ਐਸੀ ਮਨ ਪ੍ਰੀਤਿ ਹਰੇ ॥੧॥ (454-18)
कहु नानक छंत गोविंद हरि के मन हरि सिउ नेहु करेहु ऐसी मन प्रीति हरे ॥१॥

ਜੈਸੀ ਮਛੁਲੀ ਨੀਰ ਇਕੁ ਖਿਨੁ ਭੀ ਨਾ ਧੀਰੇ ਮਨ ਐਸਾ ਨੇਹੁ ਕਰੇਹੁ ॥ (454-19)
जैसी मछुली नीर इकु खिनु भी ना धीरे मन ऐसा नेहु करेहु ॥

ਜੈਸੀ ਚਾਤ੍ਰਿਕ ਪਿਆਸ ਖਿਨੁ ਖਿਨੁ ਬੂੰਦ ਚਵੈ ਬਰਸੁ ਸੁਹਾਵੇ ਮੇਹੁ ॥ (455-1)
जैसी चात्रिक पिआस खिनु खिनु बूंद चवै बरसु सुहावे मेहु ॥

ਹਰਿ ਪ੍ਰੀਤਿ ਕਰੀਜੈ ਇਹੁ ਮਨੁ ਦੀਜੈ ਅਤਿ ਲਾਈਐ ਚਿਤੁ ਮੁਰਾਰੀ ॥ (455-1)
हरि प्रीति करीजै इहु मनु दीजै अति लाईऐ चितु मुरारी ॥

ਮਾਨੁ ਨ ਕੀਜੈ ਸਰਣਿ ਪਰੀਜੈ ਦਰਸਨ ਕਉ ਬਲਿਹਾਰੀ ॥ (455-2)
मानु न कीजै सरणि परीजै दरसन कउ बलिहारी ॥

ਗੁਰ ਸੁਪ੍ਰਸੰਨੇ ਮਿਲੁ ਨਾਹ ਵਿਛੁੰਨੇ ਧਨ ਦੇਦੀ ਸਾਚੁ ਸਨੇਹਾ ॥ (455-2)
गुर सुप्रसंने मिलु नाह विछुंने धन देदी साचु सनेहा ॥

ਕਹੁ ਨਾਨਕ ਛੰਤ ਅਨੰਤ ਠਾਕੁਰ ਕੇ ਹਰਿ ਸਿਉ ਕੀਜੈ ਨੇਹਾ ਮਨ ਐਸਾ ਨੇਹੁ ਕਰੇਹੁ ॥੨॥ (455-3)
कहु नानक छंत अनंत ठाकुर के हरि सिउ कीजै नेहा मन ऐसा नेहु करेहु ॥२॥

ਚਕਵੀ ਸੂਰ ਸਨੇਹੁ ਚਿਤਵੈ ਆਸ ਘਣੀ ਕਦਿ ਦਿਨੀਅਰੁ ਦੇਖੀਐ ॥ (455-4)
चकवी सूर सनेहु चितवै आस घणी कदि दिनीअरु देखीऐ ॥

ਕੋਕਿਲ ਅੰਬ ਪਰੀਤਿ ਚਵੈ ਸੁਹਾਵੀਆ ਮਨ ਹਰਿ ਰੰਗੁ ਕੀਜੀਐ ॥ (455-4)
कोकिल अ्मब परीति चवै सुहावीआ मन हरि रंगु कीजीऐ ॥

ਹਰਿ ਪ੍ਰੀਤਿ ਕਰੀਜੈ ਮਾਨੁ ਨ ਕੀਜੈ ਇਕ ਰਾਤੀ ਕੇ ਹਭਿ ਪਾਹੁਣਿਆ ॥ (455-5)
हरि प्रीति करीजै मानु न कीजै इक राती के हभि पाहुणिआ ॥

ਅਬ ਕਿਆ ਰੰਗੁ ਲਾਇਓ ਮੋਹੁ ਰਚਾਇਓ ਨਾਗੇ ਆਵਣ ਜਾਵਣਿਆ ॥ (455-6)
अब किआ रंगु लाइओ मोहु रचाइओ नागे आवण जावणिआ ॥

ਥਿਰੁ ਸਾਧੂ ਸਰਣੀ ਪੜੀਐ ਚਰਣੀ ਅਬ ਟੂਟਸਿ ਮੋਹੁ ਜੁ ਕਿਤੀਐ ॥ (455-6)
थिरु साधू सरणी पड़ीऐ चरणी अब टूटसि मोहु जु कितीऐ ॥

ਕਹੁ ਨਾਨਕ ਛੰਤ ਦਇਆਲ ਪੁਰਖ ਕੇ ਮਨ ਹਰਿ ਲਾਇ ਪਰੀਤਿ ਕਬ ਦਿਨੀਅਰੁ ਦੇਖੀਐ ॥੩॥ (455-7)
कहु नानक छंत दइआल पुरख के मन हरि लाइ परीति कब दिनीअरु देखीऐ ॥३॥

ਨਿਸਿ ਕੁਰੰਕ ਜੈਸੇ ਨਾਦ ਸੁਣਿ ਸ੍ਰਵਣੀ ਹੀਉ ਡਿਵੈ ਮਨ ਐਸੀ ਪ੍ਰੀਤਿ ਕੀਜੈ ॥ (455-8)
निसि कुरंक जैसे नाद सुणि स्रवणी हीउ डिवै मन ऐसी प्रीति कीजै ॥

ਜੈਸੀ ਤਰੁਣਿ ਭਤਾਰ ਉਰਝੀ ਪਿਰਹਿ ਸਿਵੈ ਇਹੁ ਮਨੁ ਲਾਲ ਦੀਜੈ ॥ (455-8)
जैसी तरुणि भतार उरझी पिरहि सिवै इहु मनु लाल दीजै ॥

ਮਨੁ ਲਾਲਹਿ ਦੀਜੈ ਭੋਗ ਕਰੀਜੈ ਹਭਿ ਖੁਸੀਆ ਰੰਗ ਮਾਣੇ ॥ (455-9)
मनु लालहि दीजै भोग करीजै हभि खुसीआ रंग माणे ॥

ਪਿਰੁ ਅਪਨਾ ਪਾਇਆ ਰੰਗੁ ਲਾਲੁ ਬਣਾਇਆ ਅਤਿ ਮਿਲਿਓ ਮਿਤ੍ਰ ਚਿਰਾਣੇ ॥ (455-10)
पिरु अपना पाइआ रंगु लालु बणाइआ अति मिलिओ मित्र चिराणे ॥

ਗੁਰੁ ਥੀਆ ਸਾਖੀ ਤਾ ਡਿਠਮੁ ਆਖੀ ਪਿਰ ਜੇਹਾ ਅਵਰੁ ਨ ਦੀਸੈ ॥ (455-10)
गुरु थीआ साखी ता डिठमु आखी पिर जेहा अवरु न दीसै ॥

ਕਹੁ ਨਾਨਕ ਛੰਤ ਦਇਆਲ ਮੋਹਨ ਕੇ ਮਨ ਹਰਿ ਚਰਣ ਗਹੀਜੈ ਐਸੀ ਮਨ ਪ੍ਰੀਤਿ ਕੀਜੈ ॥੪॥੧॥੪॥ (455-11)
कहु नानक छंत दइआल मोहन के मन हरि चरण गहीजै ऐसी मन प्रीति कीजै ॥४॥१॥४॥

ਆਸਾ ਮਹਲਾ ੫ ॥ (455-12)
आसा महला ५ ॥

ਸਲੋਕੁ ॥ (455-12)
सलोकु ॥

ਬਨੁ ਬਨੁ ਫਿਰਤੀ ਖੋਜਤੀ ਹਾਰੀ ਬਹੁ ਅਵਗਾਹਿ ॥ (455-12)
बनु बनु फिरती खोजती हारी बहु अवगाहि ॥

ਨਾਨਕ ਭੇਟੇ ਸਾਧ ਜਬ ਹਰਿ ਪਾਇਆ ਮਨ ਮਾਹਿ ॥੧॥ (455-13)
नानक भेटे साध जब हरि पाइआ मन माहि ॥१॥

ਛੰਤ ॥ (455-13)
छंत ॥

ਜਾ ਕਉ ਖੋਜਹਿ ਅਸੰਖ ਮੁਨੀ ਅਨੇਕ ਤਪੇ ॥ (455-13)
जा कउ खोजहि असंख मुनी अनेक तपे ॥

ਬ੍ਰਹਮੇ ਕੋਟਿ ਅਰਾਧਹਿ ਗਿਆਨੀ ਜਾਪ ਜਪੇ ॥ (455-14)
ब्रहमे कोटि अराधहि गिआनी जाप जपे ॥

ਜਪ ਤਾਪ ਸੰਜਮ ਕਿਰਿਆ ਪੂਜਾ ਅਨਿਕ ਸੋਧਨ ਬੰਦਨਾ ॥ (455-14)
जप ताप संजम किरिआ पूजा अनिक सोधन बंदना ॥

ਕਰਿ ਗਵਨੁ ਬਸੁਧਾ ਤੀਰਥਹ ਮਜਨੁ ਮਿਲਨ ਕਉ ਨਿਰੰਜਨਾ ॥ (455-15)
करि गवनु बसुधा तीरथह मजनु मिलन कउ निरंजना ॥

ਮਾਨੁਖ ਬਨੁ ਤਿਨੁ ਪਸੂ ਪੰਖੀ ਸਗਲ ਤੁਝਹਿ ਅਰਾਧਤੇ ॥ (455-15)
मानुख बनु तिनु पसू पंखी सगल तुझहि अराधते ॥

ਦਇਆਲ ਲਾਲ ਗੋਬਿੰਦ ਨਾਨਕ ਮਿਲੁ ਸਾਧਸੰਗਤਿ ਹੋਇ ਗਤੇ ॥੧॥ (455-16)
दइआल लाल गोबिंद नानक मिलु साधसंगति होइ गते ॥१॥

ਕੋਟਿ ਬਿਸਨ ਅਵਤਾਰ ਸੰਕਰ ਜਟਾਧਾਰ ॥ (455-16)
कोटि बिसन अवतार संकर जटाधार ॥

ਚਾਹਹਿ ਤੁਝਹਿ ਦਇਆਰ ਮਨਿ ਤਨਿ ਰੁਚ ਅਪਾਰ ॥ (455-17)
चाहहि तुझहि दइआर मनि तनि रुच अपार ॥

ਅਪਾਰ ਅਗਮ ਗੋਬਿੰਦ ਠਾਕੁਰ ਸਗਲ ਪੂਰਕ ਪ੍ਰਭ ਧਨੀ ॥ (455-17)
अपार अगम गोबिंद ठाकुर सगल पूरक प्रभ धनी ॥

ਸੁਰ ਸਿਧ ਗਣ ਗੰਧਰਬ ਧਿਆਵਹਿ ਜਖ ਕਿੰਨਰ ਗੁਣ ਭਨੀ ॥ (455-18)
सुर सिध गण गंधरब धिआवहि जख किंनर गुण भनी ॥

ਕੋਟਿ ਇੰਦ੍ਰ ਅਨੇਕ ਦੇਵਾ ਜਪਤ ਸੁਆਮੀ ਜੈ ਜੈ ਕਾਰ ॥ (455-18)
कोटि इंद्र अनेक देवा जपत सुआमी जै जै कार ॥

ਅਨਾਥ ਨਾਥ ਦਇਆਲ ਨਾਨਕ ਸਾਧਸੰਗਤਿ ਮਿਲਿ ਉਧਾਰ ॥੨॥ (455-19)
अनाथ नाथ दइआल नानक साधसंगति मिलि उधार ॥२॥

ਕੋਟਿ ਦੇਵੀ ਜਾ ਕਉ ਸੇਵਹਿ ਲਖਿਮੀ ਅਨਿਕ ਭਾਤਿ ॥ (455-19)
कोटि देवी जा कउ सेवहि लखिमी अनिक भाति ॥

ਗੁਪਤ ਪ੍ਰਗਟ ਜਾ ਕਉ ਅਰਾਧਹਿ ਪਉਣ ਪਾਣੀ ਦਿਨਸੁ ਰਾਤਿ ॥ (456-1)
गुपत प्रगट जा कउ अराधहि पउण पाणी दिनसु राति ॥

ਨਖਿਅਤ੍ਰ ਸਸੀਅਰ ਸੂਰ ਧਿਆਵਹਿ ਬਸੁਧ ਗਗਨਾ ਗਾਵਏ ॥ (456-1)
नखिअत्र ससीअर सूर धिआवहि बसुध गगना गावए ॥

ਸਗਲ ਖਾਣੀ ਸਗਲ ਬਾਣੀ ਸਦਾ ਸਦਾ ਧਿਆਵਏ ॥ (456-2)
सगल खाणी सगल बाणी सदा सदा धिआवए ॥

ਸਿਮ੍ਰਿਤਿ ਪੁਰਾਣ ਚਤੁਰ ਬੇਦਹ ਖਟੁ ਸਾਸਤ੍ਰ ਜਾ ਕਉ ਜਪਾਤਿ ॥ (456-3)
सिम्रिति पुराण चतुर बेदह खटु सासत्र जा कउ जपाति ॥

ਪਤਿਤ ਪਾਵਨ ਭਗਤਿ ਵਛਲ ਨਾਨਕ ਮਿਲੀਐ ਸੰਗਿ ਸਾਤਿ ॥੩॥ (456-3)
पतित पावन भगति वछल नानक मिलीऐ संगि साति ॥३॥

ਜੇਤੀ ਪ੍ਰਭੂ ਜਨਾਈ ਰਸਨਾ ਤੇਤ ਭਨੀ ॥ (456-4)
जेती प्रभू जनाई रसना तेत भनी ॥

ਅਨਜਾਨਤ ਜੋ ਸੇਵੈ ਤੇਤੀ ਨਹ ਜਾਇ ਗਨੀ ॥ (456-4)
अनजानत जो सेवै तेती नह जाइ गनी ॥

ਅਵਿਗਤ ਅਗਨਤ ਅਥਾਹ ਠਾਕੁਰ ਸਗਲ ਮੰਝੇ ਬਾਹਰਾ ॥ (456-4)
अविगत अगनत अथाह ठाकुर सगल मंझे बाहरा ॥

ਸਰਬ ਜਾਚਿਕ ਏਕੁ ਦਾਤਾ ਨਹ ਦੂਰਿ ਸੰਗੀ ਜਾਹਰਾ ॥ (456-5)
सरब जाचिक एकु दाता नह दूरि संगी जाहरा ॥

ਵਸਿ ਭਗਤ ਥੀਆ ਮਿਲੇ ਜੀਆ ਤਾ ਕੀ ਉਪਮਾ ਕਿਤ ਗਨੀ ॥ (456-5)
वसि भगत थीआ मिले जीआ ता की उपमा कित गनी ॥

ਇਹੁ ਦਾਨੁ ਮਾਨੁ ਨਾਨਕੁ ਪਾਏ ਸੀਸੁ ਸਾਧਹ ਧਰਿ ਚਰਨੀ ॥੪॥੨॥੫॥ (456-6)
इहु दानु मानु नानकु पाए सीसु साधह धरि चरनी ॥४॥२॥५॥

ਆਸਾ ਮਹਲਾ ੫ ॥ (456-7)
आसा महला ५ ॥

ਸਲੋਕ ॥ (456-7)
सलोक ॥

ਉਦਮੁ ਕਰਹੁ ਵਡਭਾਗੀਹੋ ਸਿਮਰਹੁ ਹਰਿ ਹਰਿ ਰਾਇ ॥ (456-7)
उदमु करहु वडभागीहो सिमरहु हरि हरि राइ ॥

ਨਾਨਕ ਜਿਸੁ ਸਿਮਰਤ ਸਭ ਸੁਖ ਹੋਵਹਿ ਦੂਖੁ ਦਰਦੁ ਭ੍ਰਮੁ ਜਾਇ ॥੧॥ (456-7)
नानक जिसु सिमरत सभ सुख होवहि दूखु दरदु भ्रमु जाइ ॥१॥

ਛੰਤੁ ॥ (456-8)
छंतु ॥

ਨਾਮੁ ਜਪਤ ਗੋਬਿੰਦ ਨਹ ਅਲਸਾਈਐ ॥ (456-8)
नामु जपत गोबिंद नह अलसाईऐ ॥

ਭੇਟਤ ਸਾਧੂ ਸੰਗ ਜਮ ਪੁਰਿ ਨਹ ਜਾਈਐ ॥ (456-8)
भेटत साधू संग जम पुरि नह जाईऐ ॥

ਦੂਖ ਦਰਦ ਨ ਭਉ ਬਿਆਪੈ ਨਾਮੁ ਸਿਮਰਤ ਸਦ ਸੁਖੀ ॥ (456-9)
दूख दरद न भउ बिआपै नामु सिमरत सद सुखी ॥

ਸਾਸਿ ਸਾਸਿ ਅਰਾਧਿ ਹਰਿ ਹਰਿ ਧਿਆਇ ਸੋ ਪ੍ਰਭੁ ਮਨਿ ਮੁਖੀ ॥ (456-9)
सासि सासि अराधि हरि हरि धिआइ सो प्रभु मनि मुखी ॥

ਕ੍ਰਿਪਾਲ ਦਇਆਲ ਰਸਾਲ ਗੁਣ ਨਿਧਿ ਕਰਿ ਦਇਆ ਸੇਵਾ ਲਾਈਐ ॥ (456-10)
क्रिपाल दइआल रसाल गुण निधि करि दइआ सेवा लाईऐ ॥

ਨਾਨਕੁ ਪਇਅੰਪੈ ਚਰਣ ਜੰਪੈ ਨਾਮੁ ਜਪਤ ਗੋਬਿੰਦ ਨਹ ਅਲਸਾਈਐ ॥੧॥ (456-11)
नानकु पइअ्मपै चरण ज्मपै नामु जपत गोबिंद नह अलसाईऐ ॥१॥

ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥ (456-11)
पावन पतित पुनीत नाम निरंजना ॥

ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ ॥ (456-12)
भरम अंधेर बिनास गिआन गुर अंजना ॥

ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ ॥ (456-12)
गुर गिआन अंजन प्रभ निरंजन जलि थलि महीअलि पूरिआ ॥

ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ ॥ (456-13)
इक निमख जा कै रिदै वसिआ मिटे तिसहि विसूरिआ ॥

ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ ॥ (456-13)
अगाधि बोध समरथ सुआमी सरब का भउ भंजना ॥

ਨਾਨਕੁ ਪਇਅੰਪੈ ਚਰਣ ਜੰਪੈ ਪਾਵਨ ਪਤਿਤ ਪੁਨੀਤ ਨਾਮ ਨਿਰੰਜਨਾ ॥੨॥ (456-14)
नानकु पइअ्मपै चरण ज्मपै पावन पतित पुनीत नाम निरंजना ॥२॥

ਓਟ ਗਹੀ ਗੋਪਾਲ ਦਇਆਲ ਕ੍ਰਿਪਾ ਨਿਧੇ ॥ (456-15)
ओट गही गोपाल दइआल क्रिपा निधे ॥

ਮੋਹਿ ਆਸਰ ਤੁਅ ਚਰਨ ਤੁਮਾਰੀ ਸਰਨਿ ਸਿਧੇ ॥ (456-15)
मोहि आसर तुअ चरन तुमारी सरनि सिधे ॥

ਹਰਿ ਚਰਨ ਕਾਰਨ ਕਰਨ ਸੁਆਮੀ ਪਤਿਤ ਉਧਰਨ ਹਰਿ ਹਰੇ ॥ (456-15)
हरि चरन कारन करन सुआमी पतित उधरन हरि हरे ॥

ਸਾਗਰ ਸੰਸਾਰ ਭਵ ਉਤਾਰ ਨਾਮੁ ਸਿਮਰਤ ਬਹੁ ਤਰੇ ॥ (456-16)
सागर संसार भव उतार नामु सिमरत बहु तरे ॥

ਆਦਿ ਅੰਤਿ ਬੇਅੰਤ ਖੋਜਹਿ ਸੁਨੀ ਉਧਰਨ ਸੰਤਸੰਗ ਬਿਧੇ ॥ (456-16)
आदि अंति बेअंत खोजहि सुनी उधरन संतसंग बिधे ॥

ਨਾਨਕੁ ਪਇਅੰਪੈ ਚਰਨ ਜੰਪੈ ਓਟ ਗਹੀ ਗੋਪਾਲ ਦਇਆਲ ਕ੍ਰਿਪਾ ਨਿਧੇ ॥੩॥ (456-17)
नानकु पइअ्मपै चरन ज्मपै ओट गही गोपाल दइआल क्रिपा निधे ॥३॥

ਭਗਤਿ ਵਛਲੁ ਹਰਿ ਬਿਰਦੁ ਆਪਿ ਬਨਾਇਆ ॥ (456-18)
भगति वछलु हरि बिरदु आपि बनाइआ ॥

ਜਹ ਜਹ ਸੰਤ ਅਰਾਧਹਿ ਤਹ ਤਹ ਪ੍ਰਗਟਾਇਆ ॥ (456-18)
जह जह संत अराधहि तह तह प्रगटाइआ ॥

ਪ੍ਰਭਿ ਆਪਿ ਲੀਏ ਸਮਾਇ ਸਹਜਿ ਸੁਭਾਇ ਭਗਤ ਕਾਰਜ ਸਾਰਿਆ ॥ (456-19)
प्रभि आपि लीए समाइ सहजि सुभाइ भगत कारज सारिआ ॥

ਆਨੰਦ ਹਰਿ ਜਸ ਮਹਾ ਮੰਗਲ ਸਰਬ ਦੂਖ ਵਿਸਾਰਿਆ ॥ (456-19)
आनंद हरि जस महा मंगल सरब दूख विसारिआ ॥

ਚਮਤਕਾਰ ਪ੍ਰਗਾਸੁ ਦਹ ਦਿਸ ਏਕੁ ਤਹ ਦ੍ਰਿਸਟਾਇਆ ॥ (457-1)
चमतकार प्रगासु दह दिस एकु तह द्रिसटाइआ ॥

ਨਾਨਕੁ ਪਇਅੰਪੈ ਚਰਣ ਜੰਪੈ ਭਗਤਿ ਵਛਲੁ ਹਰਿ ਬਿਰਦੁ ਆਪਿ ਬਨਾਇਆ ॥੪॥੩॥੬॥ (457-1)
नानकु पइअ्मपै चरण ज्मपै भगति वछलु हरि बिरदु आपि बनाइआ ॥४॥३॥६॥

ਆਸਾ ਮਹਲਾ ੫ ॥ (457-2)
आसा महला ५ ॥

ਥਿਰੁ ਸੰਤਨ ਸੋਹਾਗੁ ਮਰੈ ਨ ਜਾਵਏ ॥ (457-2)
थिरु संतन सोहागु मरै न जावए ॥

ਜਾ ਕੈ ਗ੍ਰਿਹਿ ਹਰਿ ਨਾਹੁ ਸੁ ਸਦ ਹੀ ਰਾਵਏ ॥ (457-3)
जा कै ग्रिहि हरि नाहु सु सद ही रावए ॥

ਅਵਿਨਾਸੀ ਅਵਿਗਤੁ ਸੋ ਪ੍ਰਭੁ ਸਦਾ ਨਵਤਨੁ ਨਿਰਮਲਾ ॥ (457-3)
अविनासी अविगतु सो प्रभु सदा नवतनु निरमला ॥

ਨਹ ਦੂਰਿ ਸਦਾ ਹਦੂਰਿ ਠਾਕੁਰੁ ਦਹ ਦਿਸ ਪੂਰਨੁ ਸਦ ਸਦਾ ॥ (457-4)
नह दूरि सदा हदूरि ठाकुरु दह दिस पूरनु सद सदा ॥

ਪ੍ਰਾਨਪਤਿ ਗਤਿ ਮਤਿ ਜਾ ਤੇ ਪ੍ਰਿਅ ਪ੍ਰੀਤਿ ਪ੍ਰੀਤਮੁ ਭਾਵਏ ॥ (457-4)
प्रानपति गति मति जा ते प्रिअ प्रीति प्रीतमु भावए ॥

ਨਾਨਕੁ ਵਖਾਣੈ ਗੁਰ ਬਚਨਿ ਜਾਣੈ ਥਿਰੁ ਸੰਤਨ ਸੋਹਾਗੁ ਮਰੈ ਨ ਜਾਵਏ ॥੧॥ (457-5)
नानकु वखाणै गुर बचनि जाणै थिरु संतन सोहागु मरै न जावए ॥१॥

ਜਾ ਕਉ ਰਾਮੁ ਭਤਾਰੁ ਤਾ ਕੈ ਅਨਦੁ ਘਣਾ ॥ (457-5)
जा कउ राम भतारु ता कै अनदु घणा ॥

ਸੁਖਵੰਤੀ ਸਾ ਨਾਰਿ ਸੋਭਾ ਪੂਰਿ ਬਣਾ ॥ (457-6)
सुखवंती सा नारि सोभा पूरि बणा ॥

ਮਾਣੁ ਮਹਤੁ ਕਲਿਆਣੁ ਹਰਿ ਜਸੁ ਸੰਗਿ ਸੁਰਜਨੁ ਸੋ ਪ੍ਰਭੂ ॥ (457-6)
माणु महतु कलिआणु हरि जसु संगि सुरजनु सो प्रभू ॥

ਸਰਬ ਸਿਧਿ ਨਵ ਨਿਧਿ ਤਿਤੁ ਗ੍ਰਿਹਿ ਨਹੀ ਊਨਾ ਸਭੁ ਕਛੂ ॥ (457-7)
सरब सिधि नव निधि तितु ग्रिहि नही ऊना सभु कछू ॥

ਮਧੁਰ ਬਾਨੀ ਪਿਰਹਿ ਮਾਨੀ ਥਿਰੁ ਸੋਹਾਗੁ ਤਾ ਕਾ ਬਣਾ ॥ (457-7)
मधुर बानी पिरहि मानी थिरु सोहागु ता का बणा ॥

ਨਾਨਕੁ ਵਖਾਣੈ ਗੁਰ ਬਚਨਿ ਜਾਣੈ ਜਾ ਕੋ ਰਾਮੁ ਭਤਾਰੁ ਤਾ ਕੈ ਅਨਦੁ ਘਣਾ ॥੨॥ (457-8)
नानकु वखाणै गुर बचनि जाणै जा को रामु भतारु ता कै अनदु घणा ॥२॥

ਆਉ ਸਖੀ ਸੰਤ ਪਾਸਿ ਸੇਵਾ ਲਾਗੀਐ ॥ (457-9)
आउ सखी संत पासि सेवा लागीऐ ॥

ਪੀਸਉ ਚਰਣ ਪਖਾਰਿ ਆਪੁ ਤਿਆਗੀਐ ॥ (457-9)
पीसउ चरण पखारि आपु तिआगीऐ ॥

ਤਜਿ ਆਪੁ ਮਿਟੈ ਸੰਤਾਪੁ ਆਪੁ ਨਹ ਜਾਣਾਈਐ ॥ (457-9)
तजि आपु मिटै संतापु आपु नह जाणाईऐ ॥

ਸਰਣਿ ਗਹੀਜੈ ਮਾਨਿ ਲੀਜੈ ਕਰੇ ਸੋ ਸੁਖੁ ਪਾਈਐ ॥ (457-10)
सरणि गहीजै मानि लीजै करे सो सुखु पाईऐ ॥

ਕਰਿ ਦਾਸ ਦਾਸੀ ਤਜਿ ਉਦਾਸੀ ਕਰ ਜੋੜਿ ਦਿਨੁ ਰੈਣਿ ਜਾਗੀਐ ॥ (457-10)
करि दास दासी तजि उदासी कर जोड़ि दिनु रैणि जागीऐ ॥

ਨਾਨਕੁ ਵਖਾਣੈ ਗੁਰ ਬਚਨਿ ਜਾਣੈ ਆਉ ਸਖੀ ਸੰਤ ਪਾਸਿ ਸੇਵਾ ਲਾਗੀਐ ॥੩॥ (457-11)
नानकु वखाणै गुर बचनि जाणै आउ सखी संत पासि सेवा लागीऐ ॥३॥

ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ ॥ (457-12)
जा कै मसतकि भाग सि सेवा लाइआ ॥

ਤਾ ਕੀ ਪੂਰਨ ਆਸ ਜਿਨ੍ਹ੍ਹ ਸਾਧਸੰਗੁ ਪਾਇਆ ॥ (457-12)
ता की पूरन आस जिन्ह साधसंगु पाइआ ॥

ਸਾਧਸੰਗਿ ਹਰਿ ਕੈ ਰੰਗਿ ਗੋਬਿੰਦ ਸਿਮਰਣ ਲਾਗਿਆ ॥ (457-12)
साधसंगि हरि कै रंगि गोबिंद सिमरण लागिआ ॥

ਭਰਮੁ ਮੋਹੁ ਵਿਕਾਰੁ ਦੂਜਾ ਸਗਲ ਤਿਨਹਿ ਤਿਆਗਿਆ ॥ (457-13)
भरमु मोहु विकारु दूजा सगल तिनहि तिआगिआ ॥

ਮਨਿ ਸਾਂਤਿ ਸਹਜੁ ਸੁਭਾਉ ਵੂਠਾ ਅਨਦ ਮੰਗਲ ਗੁਣ ਗਾਇਆ ॥ (457-13)
मनि सांति सहजु सुभाउ वूठा अनद मंगल गुण गाइआ ॥

ਨਾਨਕੁ ਵਖਾਣੈ ਗੁਰ ਬਚਨਿ ਜਾਣੈ ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ ॥੪॥੪॥੭॥ (457-14)
नानकु वखाणै गुर बचनि जाणै जा कै मसतकि भाग सि सेवा लाइआ ॥४॥४॥७॥

ਆਸਾ ਮਹਲਾ ੫ ॥ (457-15)
आसा महला ५ ॥

ਸਲੋਕੁ ॥ (457-15)
सलोकु ॥

ਹਰਿ ਹਰਿ ਨਾਮੁ ਜਪੰਤਿਆ ਕਛੁ ਨ ਕਹੈ ਜਮਕਾਲੁ ॥ (457-15)
हरि हरि नामु जपंतिआ कछु न कहै जमकालु ॥

ਨਾਨਕ ਮਨੁ ਤਨੁ ਸੁਖੀ ਹੋਇ ਅੰਤੇ ਮਿਲੈ ਗੋਪਾਲੁ ॥੧॥ (457-16)
नानक मनु तनु सुखी होइ अंते मिलै गोपालु ॥१॥

ਛੰਤ ॥ (457-16)
छंत ॥

ਮਿਲਉ ਸੰਤਨ ਕੈ ਸੰਗਿ ਮੋਹਿ ਉਧਾਰਿ ਲੇਹੁ ॥ (457-16)
मिलउ संतन कै संगि मोहि उधारि लेहु ॥

ਬਿਨਉ ਕਰਉ ਕਰ ਜੋੜਿ ਹਰਿ ਹਰਿ ਨਾਮੁ ਦੇਹੁ ॥ (457-17)
बिनउ करउ कर जोड़ि हरि हरि नामु देहु ॥

ਹਰਿ ਨਾਮੁ ਮਾਗਉ ਚਰਣ ਲਾਗਉ ਮਾਨੁ ਤਿਆਗਉ ਤੁਮ੍ਹ ਦਇਆ ॥ (457-17)
हरि नामु मागउ चरण लागउ मानु तिआगउ तुम्ह दइआ ॥

ਕਤਹੂੰ ਨ ਧਾਵਉ ਸਰਣਿ ਪਾਵਉ ਕਰੁਣਾ ਮੈ ਪ੍ਰਭ ਕਰਿ ਮਇਆ ॥ (457-18)
कतहूं न धावउ सरणि पावउ करुणा मै प्रभ करि मइआ ॥

ਸਮਰਥ ਅਗਥ ਅਪਾਰ ਨਿਰਮਲ ਸੁਣਹੁ ਸੁਆਮੀ ਬਿਨਉ ਏਹੁ ॥ (457-18)
समरथ अगथ अपार निरमल सुणहु सुआमी बिनउ एहु ॥

ਕਰ ਜੋੜਿ ਨਾਨਕ ਦਾਨੁ ਮਾਗੈ ਜਨਮ ਮਰਣ ਨਿਵਾਰਿ ਲੇਹੁ ॥੧॥ (457-19)
कर जोड़ि नानक दानु मागै जनम मरण निवारि लेहु ॥१॥

ਅਪਰਾਧੀ ਮਤਿਹੀਨੁ ਨਿਰਗੁਨੁ ਅਨਾਥੁ ਨੀਚੁ ॥ (458-1)
अपराधी मतिहीनु निरगुनु अनाथु नीचु ॥

ਸਠ ਕਠੋਰੁ ਕੁਲਹੀਨੁ ਬਿਆਪਤ ਮੋਹ ਕੀਚੁ ॥ (458-1)
सठ कठोरु कुलहीनु बिआपत मोह कीचु ॥

ਮਲ ਭਰਮ ਕਰਮ ਅਹੰ ਮਮਤਾ ਮਰਣੁ ਚੀਤਿ ਨ ਆਵਏ ॥ (458-1)
मल भरम करम अहं ममता मरणु चीति न आवए ॥

ਬਨਿਤਾ ਬਿਨੋਦ ਅਨੰਦ ਮਾਇਆ ਅਗਿਆਨਤਾ ਲਪਟਾਵਏ ॥ (458-2)
बनिता बिनोद अनंद माइआ अगिआनता लपटावए ॥

ਖਿਸੈ ਜੋਬਨੁ ਬਧੈ ਜਰੂਆ ਦਿਨ ਨਿਹਾਰੇ ਸੰਗਿ ਮੀਚੁ ॥ (458-3)
खिसै जोबनु बधै जरूआ दिन निहारे संगि मीचु ॥

ਬਿਨਵੰਤਿ ਨਾਨਕ ਆਸ ਤੇਰੀ ਸਰਣਿ ਸਾਧੂ ਰਾਖੁ ਨੀਚੁ ॥੨॥ (458-3)
बिनवंति नानक आस तेरी सरणि साधू राखु नीचु ॥२॥

ਭਰਮੇ ਜਨਮ ਅਨੇਕ ਸੰਕਟ ਮਹਾ ਜੋਨ ॥ (458-4)
भरमे जनम अनेक संकट महा जोन ॥

ਲਪਟਿ ਰਹਿਓ ਤਿਹ ਸੰਗਿ ਮੀਠੇ ਭੋਗ ਸੋਨ ॥ (458-4)
लपटि रहिओ तिह संगि मीठे भोग सोन ॥

ਭ੍ਰਮਤ ਭਾਰ ਅਗਨਤ ਆਇਓ ਬਹੁ ਪ੍ਰਦੇਸਹ ਧਾਇਓ ॥ (458-4)
भ्रमत भार अगनत आइओ बहु प्रदेसह धाइओ ॥

ਅਬ ਓਟ ਧਾਰੀ ਪ੍ਰਭ ਮੁਰਾਰੀ ਸਰਬ ਸੁਖ ਹਰਿ ਨਾਇਓ ॥ (458-5)
अब ओट धारी प्रभ मुरारी सरब सुख हरि नाइओ ॥

ਰਾਖਨਹਾਰੇ ਪ੍ਰਭ ਪਿਆਰੇ ਮੁਝ ਤੇ ਕਛੂ ਨ ਹੋਆ ਹੋਨ ॥ (458-5)
राखनहारे प्रभ पिआरे मुझ ते कछू न होआ होन ॥

ਸੂਖ ਸਹਜ ਆਨੰਦ ਨਾਨਕ ਕ੍ਰਿਪਾ ਤੇਰੀ ਤਰੈ ਭਉਨ ॥੩॥ (458-6)
सूख सहज आनंद नानक क्रिपा तेरी तरै भउन ॥३॥

ਨਾਮ ਧਾਰੀਕ ਉਧਾਰੇ ਭਗਤਹ ਸੰਸਾ ਕਉਨ ॥ (458-6)
नाम धारीक उधारे भगतह संसा कउन ॥

ਜੇਨ ਕੇਨ ਪਰਕਾਰੇ ਹਰਿ ਹਰਿ ਜਸੁ ਸੁਨਹੁ ਸ੍ਰਵਨ ॥ (458-7)
जेन केन परकारे हरि हरि जसु सुनहु स्रवन ॥

ਸੁਨਿ ਸ੍ਰਵਨ ਬਾਨੀ ਪੁਰਖ ਗਿਆਨੀ ਮਨਿ ਨਿਧਾਨਾ ਪਾਵਹੇ ॥ (458-7)
सुनि स्रवन बानी पुरख गिआनी मनि निधाना पावहे ॥

ਹਰਿ ਰੰਗਿ ਰਾਤੇ ਪ੍ਰਭ ਬਿਧਾਤੇ ਰਾਮ ਕੇ ਗੁਣ ਗਾਵਹੇ ॥ (458-8)
हरि रंगि राते प्रभ बिधाते राम के गुण गावहे ॥

ਬਸੁਧ ਕਾਗਦ ਬਨਰਾਜ ਕਲਮਾ ਲਿਖਣ ਕਉ ਜੇ ਹੋਇ ਪਵਨ ॥ (458-8)
बसुध कागद बनराज कलमा लिखण कउ जे होइ पवन ॥

ਬੇਅੰਤ ਅੰਤੁ ਨ ਜਾਇ ਪਾਇਆ ਗਹੀ ਨਾਨਕ ਚਰਣ ਸਰਨ ॥੪॥੫॥੮॥ (458-9)
बेअंत अंतु न जाइ पाइआ गही नानक चरण सरन ॥४॥५॥८॥

ਆਸਾ ਮਹਲਾ ੫ ॥ (458-10)
आसा महला ५ ॥

ਪੁਰਖ ਪਤੇ ਭਗਵਾਨ ਤਾ ਕੀ ਸਰਣਿ ਗਹੀ ॥ (458-10)
पुरख पते भगवान ता की सरणि गही ॥

ਨਿਰਭਉ ਭਏ ਪਰਾਨ ਚਿੰਤਾ ਸਗਲ ਲਹੀ ॥ (458-10)
निरभउ भए परान चिंता सगल लही ॥

ਮਾਤ ਪਿਤਾ ਸੁਤ ਮੀਤ ਸੁਰਿਜਨ ਇਸਟ ਬੰਧਪ ਜਾਣਿਆ ॥ (458-11)
मात पिता सुत मीत सुरिजन इसट बंधप जाणिआ ॥

ਗਹਿ ਕੰਠਿ ਲਾਇਆ ਗੁਰਿ ਮਿਲਾਇਆ ਜਸੁ ਬਿਮਲ ਸੰਤ ਵਖਾਣਿਆ ॥ (458-11)
गहि कंठि लाइआ गुरि मिलाइआ जसु बिमल संत वखाणिआ ॥

ਬੇਅੰਤ ਗੁਣ ਅਨੇਕ ਮਹਿਮਾ ਕੀਮਤਿ ਕਛੂ ਨ ਜਾਇ ਕਹੀ ॥ (458-12)
बेअंत गुण अनेक महिमा कीमति कछू न जाइ कही ॥

ਪ੍ਰਭ ਏਕ ਅਨਿਕ ਅਲਖ ਠਾਕੁਰ ਓਟ ਨਾਨਕ ਤਿਸੁ ਗਹੀ ॥੧॥ (458-12)
प्रभ एक अनिक अलख ठाकुर ओट नानक तिसु गही ॥१॥

ਅੰਮ੍ਰਿਤ ਬਨੁ ਸੰਸਾਰੁ ਸਹਾਈ ਆਪਿ ਭਏ ॥ (458-13)
अमृत बनु संसारु सहाई आपि भए ॥

ਰਾਮ ਨਾਮੁ ਉਰ ਹਾਰੁ ਬਿਖੁ ਕੇ ਦਿਵਸ ਗਏ ॥ (458-13)
राम नामु उर हारु बिखु के दिवस गए ॥

ਗਤੁ ਭਰਮ ਮੋਹ ਬਿਕਾਰ ਬਿਨਸੇ ਜੋਨਿ ਆਵਣ ਸਭ ਰਹੇ ॥ (458-14)
गतु भरम मोह बिकार बिनसे जोनि आवण सभ रहे ॥

ਅਗਨਿ ਸਾਗਰ ਭਏ ਸੀਤਲ ਸਾਧ ਅੰਚਲ ਗਹਿ ਰਹੇ ॥ (458-14)
अगनि सागर भए सीतल साध अंचल गहि रहे ॥

ਗੋਵਿੰਦ ਗੁਪਾਲ ਦਇਆਲ ਸੰਮ੍ਰਿਥ ਬੋਲਿ ਸਾਧੂ ਹਰਿ ਜੈ ਜਏ ॥ (458-15)
गोविंद गुपाल दइआल संम्रिथ बोलि साधू हरि जै जए ॥

ਨਾਨਕ ਨਾਮੁ ਧਿਆਇ ਪੂਰਨ ਸਾਧਸੰਗਿ ਪਾਈ ਪਰਮ ਗਤੇ ॥੨॥ (458-15)
नानक नामु धिआइ पूरन साधसंगि पाई परम गते ॥२॥

ਜਹ ਦੇਖਉ ਤਹ ਸੰਗਿ ਏਕੋ ਰਵਿ ਰਹਿਆ ॥ (458-16)
जह देखउ तह संगि एको रवि रहिआ ॥

ਘਟ ਘਟ ਵਾਸੀ ਆਪਿ ਵਿਰਲੈ ਕਿਨੈ ਲਹਿਆ ॥ (458-16)
घट घट वासी आपि विरलै किनै लहिआ ॥

ਜਲਿ ਥਲਿ ਮਹੀਅਲਿ ਪੂਰਿ ਪੂਰਨ ਕੀਟ ਹਸਤਿ ਸਮਾਨਿਆ ॥ (458-17)
जलि थलि महीअलि पूरि पूरन कीट हसति समानिआ ॥

ਆਦਿ ਅੰਤੇ ਮਧਿ ਸੋਈ ਗੁਰ ਪ੍ਰਸਾਦੀ ਜਾਨਿਆ ॥ (458-17)
आदि अंते मधि सोई गुर प्रसादी जानिआ ॥

ਬ੍ਰਹਮੁ ਪਸਰਿਆ ਬ੍ਰਹਮ ਲੀਲਾ ਗੋਵਿੰਦ ਗੁਣ ਨਿਧਿ ਜਨਿ ਕਹਿਆ ॥ (458-18)
ब्रहमु पसरिआ ब्रहम लीला गोविंद गुण निधि जनि कहिआ ॥

ਸਿਮਰਿ ਸੁਆਮੀ ਅੰਤਰਜਾਮੀ ਹਰਿ ਏਕੁ ਨਾਨਕ ਰਵਿ ਰਹਿਆ ॥੩॥ (458-19)
सिमरि सुआमी अंतरजामी हरि एकु नानक रवि रहिआ ॥३॥

ਦਿਨੁ ਰੈਣਿ ਸੁਹਾਵੜੀ ਆਈ ਸਿਮਰਤ ਨਾਮੁ ਹਰੇ ॥ (458-19)
दिनु रैणि सुहावड़ी आई सिमरत नामु हरे ॥

ਚਰਣ ਕਮਲ ਸੰਗਿ ਪ੍ਰੀਤਿ ਕਲਮਲ ਪਾਪ ਟਰੇ ॥ (459-1)
चरण कमल संगि प्रीति कलमल पाप टरे ॥

ਦੂਖ ਭੂਖ ਦਾਰਿਦ੍ਰ ਨਾਠੇ ਪ੍ਰਗਟੁ ਮਗੁ ਦਿਖਾਇਆ ॥ (459-1)
दूख भूख दारिद्र नाठे प्रगटु मगु दिखाइआ ॥

ਮਿਲਿ ਸਾਧਸੰਗੇ ਨਾਮ ਰੰਗੇ ਮਨਿ ਲੋੜੀਦਾ ਪਾਇਆ ॥ (459-2)
मिलि साधसंगे नाम रंगे मनि लोड़ीदा पाइआ ॥

ਹਰਿ ਦੇਖਿ ਦਰਸਨੁ ਇਛ ਪੁੰਨੀ ਕੁਲ ਸੰਬੂਹਾ ਸਭਿ ਤਰੇ ॥ (459-2)
हरि देखि दरसनु इछ पुंनी कुल स्मबूहा सभि तरे ॥

ਦਿਨਸੁ ਰੈਣਿ ਅਨੰਦ ਅਨਦਿਨੁ ਸਿਮਰੰਤ ਨਾਨਕ ਹਰਿ ਹਰੇ ॥੪॥੬॥੯॥ (459-3)
दिनसु रैणि अनंद अनदिनु सिमरंत नानक हरि हरे ॥४॥६॥९॥

ਆਸਾ ਮਹਲਾ ੫ ਛੰਤ ਘਰੁ ੭ (459-4)
आसा महला ५ छंत घरु ७

ੴ ਸਤਿਗੁਰ ਪ੍ਰਸਾਦਿ ॥ (459-4)
ੴ सतिगुर प्रसादि ॥

ਸਲੋਕੁ ॥ (459-5)
सलोकु ॥

ਸੁਭ ਚਿੰਤਨ ਗੋਬਿੰਦ ਰਮਣ ਨਿਰਮਲ ਸਾਧੂ ਸੰਗ ॥ (459-5)
सुभ चिंतन गोबिंद रमण निरमल साधू संग ॥

ਨਾਨਕ ਨਾਮੁ ਨ ਵਿਸਰਉ ਇਕ ਘੜੀ ਕਰਿ ਕਿਰਪਾ ਭਗਵੰਤ ॥੧॥ (459-5)
नानक नामु न विसरउ इक घड़ी करि किरपा भगवंत ॥१॥

ਛੰਤ ॥ (459-6)
छंत ॥

ਭਿੰਨੀ ਰੈਨੜੀਐ ਚਾਮਕਨਿ ਤਾਰੇ ॥ (459-6)
भिंनी रैनड़ीऐ चामकनि तारे ॥

ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥ (459-6)
जागहि संत जना मेरे राम पिआरे ॥

ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ ॥ (459-6)
राम पिआरे सदा जागहि नामु सिमरहि अनदिनो ॥

ਚਰਣ ਕਮਲ ਧਿਆਨੁ ਹਿਰਦੈ ਪ੍ਰਭ ਬਿਸਰੁ ਨਾਹੀ ਇਕੁ ਖਿਨੋ ॥ (459-7)
चरण कमल धिआनु हिरदै प्रभ बिसरु नाही इकु खिनो ॥

ਤਜਿ ਮਾਨੁ ਮੋਹੁ ਬਿਕਾਰੁ ਮਨ ਕਾ ਕਲਮਲਾ ਦੁਖ ਜਾਰੇ ॥ (459-7)
तजि मानु मोहु बिकारु मन का कलमला दुख जारे ॥

ਬਿਨਵੰਤਿ ਨਾਨਕ ਸਦਾ ਜਾਗਹਿ ਹਰਿ ਦਾਸ ਸੰਤ ਪਿਆਰੇ ॥੧॥ (459-8)
बिनवंति नानक सदा जागहि हरि दास संत पिआरे ॥१॥

ਮੇਰੀ ਸੇਜੜੀਐ ਆਡੰਬਰੁ ਬਣਿਆ ॥ (459-9)
मेरी सेजड़ीऐ आडम्बरु बणिआ ॥

ਮਨਿ ਅਨਦੁ ਭਇਆ ਪ੍ਰਭੁ ਆਵਤ ਸੁਣਿਆ ॥ (459-9)
मनि अनदु भइआ प्रभु आवत सुणिआ ॥

ਪ੍ਰਭ ਮਿਲੇ ਸੁਆਮੀ ਸੁਖਹ ਗਾਮੀ ਚਾਵ ਮੰਗਲ ਰਸ ਭਰੇ ॥ (459-9)
प्रभ मिले सुआमी सुखह गामी चाव मंगल रस भरे ॥

ਅੰਗ ਸੰਗਿ ਲਾਗੇ ਦੂਖ ਭਾਗੇ ਪ੍ਰਾਣ ਮਨ ਤਨ ਸਭਿ ਹਰੇ ॥ (459-10)
अंग संगि लागे दूख भागे प्राण मन तन सभि हरे ॥

ਮਨ ਇਛ ਪਾਈ ਪ੍ਰਭ ਧਿਆਈ ਸੰਜੋਗੁ ਸਾਹਾ ਸੁਭ ਗਣਿਆ ॥ (459-10)
मन इछ पाई प्रभ धिआई संजोगु साहा सुभ गणिआ ॥

ਬਿਨਵੰਤਿ ਨਾਨਕ ਮਿਲੇ ਸ੍ਰੀਧਰ ਸਗਲ ਆਨੰਦ ਰਸੁ ਬਣਿਆ ॥੨॥ (459-11)
बिनवंति नानक मिले स्रीधर सगल आनंद रसु बणिआ ॥२॥

ਮਿਲਿ ਸਖੀਆ ਪੁਛਹਿ ਕਹੁ ਕੰਤ ਨੀਸਾਣੀ ॥ (459-12)
मिलि सखीआ पुछहि कहु कंत नीसाणी ॥

ਰਸਿ ਪ੍ਰੇਮ ਭਰੀ ਕਛੁ ਬੋਲਿ ਨ ਜਾਣੀ ॥ (459-12)
रसि प्रेम भरी कछु बोलि न जाणी ॥

ਗੁਣ ਗੂੜ ਗੁਪਤ ਅਪਾਰ ਕਰਤੇ ਨਿਗਮ ਅੰਤੁ ਨ ਪਾਵਹੇ ॥ (459-12)
गुण गूड़ गुपत अपार करते निगम अंतु न पावहे ॥

ਭਗਤਿ ਭਾਇ ਧਿਆਇ ਸੁਆਮੀ ਸਦਾ ਹਰਿ ਗੁਣ ਗਾਵਹੇ ॥ (459-13)
भगति भाइ धिआइ सुआमी सदा हरि गुण गावहे ॥

ਸਗਲ ਗੁਣ ਸੁਗਿਆਨ ਪੂਰਨ ਆਪਣੇ ਪ੍ਰਭ ਭਾਣੀ ॥ (459-13)
सगल गुण सुगिआन पूरन आपणे प्रभ भाणी ॥

ਬਿਨਵੰਤਿ ਨਾਨਕ ਰੰਗਿ ਰਾਤੀ ਪ੍ਰੇਮ ਸਹਜਿ ਸਮਾਣੀ ॥੩॥ (459-14)
बिनवंति नानक रंगि राती प्रेम सहजि समाणी ॥३॥

ਸੁਖ ਸੋਹਿਲੜੇ ਹਰਿ ਗਾਵਣ ਲਾਗੇ ॥ (459-14)
सुख सोहिलड़े हरि गावण लागे ॥

ਸਾਜਨ ਸਰਸਿਅੜੇ ਦੁਖ ਦੁਸਮਨ ਭਾਗੇ ॥ (459-15)
साजन सरसिअड़े दुख दुसमन भागे ॥

ਸੁਖ ਸਹਜ ਸਰਸੇ ਹਰਿ ਨਾਮਿ ਰਹਸੇ ਪ੍ਰਭਿ ਆਪਿ ਕਿਰਪਾ ਧਾਰੀਆ ॥ (459-15)
सुख सहज सरसे हरि नामि रहसे प्रभि आपि किरपा धारीआ ॥

ਹਰਿ ਚਰਣ ਲਾਗੇ ਸਦਾ ਜਾਗੇ ਮਿਲੇ ਪ੍ਰਭ ਬਨਵਾਰੀਆ ॥ (459-16)
हरि चरण लागे सदा जागे मिले प्रभ बनवारीआ ॥

ਸੁਭ ਦਿਵਸ ਆਏ ਸਹਜਿ ਪਾਏ ਸਗਲ ਨਿਧਿ ਪ੍ਰਭ ਪਾਗੇ ॥ (459-16)
सुभ दिवस आए सहजि पाए सगल निधि प्रभ पागे ॥

ਬਿਨਵੰਤਿ ਨਾਨਕ ਸਰਣਿ ਸੁਆਮੀ ਸਦਾ ਹਰਿ ਜਨ ਤਾਗੇ ॥੪॥੧॥੧੦॥ (459-17)
बिनवंति नानक सरणि सुआमी सदा हरि जन तागे ॥४॥१॥१०॥

ਆਸਾ ਮਹਲਾ ੫ ॥ (459-17)
आसा महला ५ ॥

ਉਠਿ ਵੰਞੁ ਵਟਾਊੜਿਆ ਤੈ ਕਿਆ ਚਿਰੁ ਲਾਇਆ ॥ (459-18)
उठि वंञु वटाऊड़िआ तै किआ चिरु लाइआ ॥

ਮੁਹਲਤਿ ਪੁੰਨੜੀਆ ਕਿਤੁ ਕੂੜਿ ਲੋਭਾਇਆ ॥ (459-18)
मुहलति पुंनड़ीआ कितु कूड़ि लोभाइआ ॥

ਕੂੜੇ ਲੁਭਾਇਆ ਧੋਹੁ ਮਾਇਆ ਕਰਹਿ ਪਾਪ ਅਮਿਤਿਆ ॥ (459-19)
कूड़े लुभाइआ धोहु माइआ करहि पाप अमितिआ ॥

ਤਨੁ ਭਸਮ ਢੇਰੀ ਜਮਹਿ ਹੇਰੀ ਕਾਲਿ ਬਪੁੜੈ ਜਿਤਿਆ ॥ (459-19)
तनु भसम ढेरी जमहि हेरी कालि बपुड़ै जितिआ ॥

ਮਾਲੁ ਜੋਬਨੁ ਛੋਡਿ ਵੈਸੀ ਰਹਿਓ ਪੈਨਣੁ ਖਾਇਆ ॥ (460-1)
मालु जोबनु छोडि वैसी रहिओ पैनणु खाइआ ॥

ਨਾਨਕ ਕਮਾਣਾ ਸੰਗਿ ਜੁਲਿਆ ਨਹ ਜਾਇ ਕਿਰਤੁ ਮਿਟਾਇਆ ॥੧॥ (460-1)
नानक कमाणा संगि जुलिआ नह जाइ किरतु मिटाइआ ॥१॥

ਫਾਥੋਹੁ ਮਿਰਗ ਜਿਵੈ ਪੇਖਿ ਰੈਣਿ ਚੰਦ੍ਰਾਇਣੁ ॥ (460-2)
फाथोहु मिरग जिवै पेखि रैणि चंद्राइणु ॥

ਸੂਖਹੁ ਦੂਖ ਭਏ ਨਿਤ ਪਾਪ ਕਮਾਇਣੁ ॥ (460-2)
सूखहु दूख भए नित पाप कमाइणु ॥

ਪਾਪਾ ਕਮਾਣੇ ਛਡਹਿ ਨਾਹੀ ਲੈ ਚਲੇ ਘਤਿ ਗਲਾਵਿਆ ॥ (460-2)
पापा कमाणे छडहि नाही लै चले घति गलाविआ ॥

ਹਰਿਚੰਦਉਰੀ ਦੇਖਿ ਮੂਠਾ ਕੂੜੁ ਸੇਜਾ ਰਾਵਿਆ ॥ (460-3)
हरिचंदउरी देखि मूठा कूड़ु सेजा राविआ ॥

ਲਬਿ ਲੋਭਿ ਅਹੰਕਾਰਿ ਮਾਤਾ ਗਰਬਿ ਭਇਆ ਸਮਾਇਣੁ ॥ (460-3)
लबि लोभि अहंकारि माता गरबि भइआ समाइणु ॥

ਨਾਨਕ ਮ੍ਰਿਗ ਅਗਿਆਨਿ ਬਿਨਸੇ ਨਹ ਮਿਟੈ ਆਵਣੁ ਜਾਇਣੁ ॥੨॥ (460-4)
नानक म्रिग अगिआनि बिनसे नह मिटै आवणु जाइणु ॥२॥

ਮਿਠੈ ਮਖੁ ਮੁਆ ਕਿਉ ਲਏ ਓਡਾਰੀ ॥ (460-5)
मिठै मखु मुआ किउ लए ओडारी ॥

ਹਸਤੀ ਗਰਤਿ ਪਇਆ ਕਿਉ ਤਰੀਐ ਤਾਰੀ ॥ (460-5)
हसती गरति पइआ किउ तरीऐ तारी ॥

ਤਰਣੁ ਦੁਹੇਲਾ ਭਇਆ ਖਿਨ ਮਹਿ ਖਸਮੁ ਚਿਤਿ ਨ ਆਇਓ ॥ (460-5)
तरणु दुहेला भइआ खिन महि खसमु चिति न आइओ ॥

ਦੂਖਾ ਸਜਾਈ ਗਣਤ ਨਾਹੀ ਕੀਆ ਅਪਣਾ ਪਾਇਓ ॥ (460-6)
दूखा सजाई गणत नाही कीआ अपणा पाइओ ॥

ਗੁਝਾ ਕਮਾਣਾ ਪ੍ਰਗਟੁ ਹੋਆ ਈਤ ਉਤਹਿ ਖੁਆਰੀ ॥ (460-7)
गुझा कमाणा प्रगटु होआ ईत उतहि खुआरी ॥

ਨਾਨਕ ਸਤਿਗੁਰ ਬਾਝੁ ਮੂਠਾ ਮਨਮੁਖੋ ਅਹੰਕਾਰੀ ॥੩॥ (460-7)
नानक सतिगुर बाझु मूठा मनमुखो अहंकारी ॥३॥

ਹਰਿ ਕੇ ਦਾਸ ਜੀਵੇ ਲਗਿ ਪ੍ਰਭ ਕੀ ਚਰਣੀ ॥ (460-7)
हरि के दास जीवे लगि प्रभ की चरणी ॥

ਕੰਠਿ ਲਗਾਇ ਲੀਏ ਤਿਸੁ ਠਾਕੁਰ ਸਰਣੀ ॥ (460-8)
कंठि लगाइ लीए तिसु ठाकुर सरणी ॥

ਬਲ ਬੁਧਿ ਗਿਆਨੁ ਧਿਆਨੁ ਅਪਣਾ ਆਪਿ ਨਾਮੁ ਜਪਾਇਆ ॥ (460-8)
बल बुधि गिआनु धिआनु अपणा आपि नामु जपाइआ ॥

ਸਾਧਸੰਗਤਿ ਆਪਿ ਹੋਆ ਆਪਿ ਜਗਤੁ ਤਰਾਇਆ ॥ (460-9)
साधसंगति आपि होआ आपि जगतु तराइआ ॥

ਰਾਖਿ ਲੀਏ ਰਖਣਹਾਰੈ ਸਦਾ ਨਿਰਮਲ ਕਰਣੀ ॥ (460-9)
राखि लीए रखणहारै सदा निरमल करणी ॥

ਨਾਨਕ ਨਰਕਿ ਨ ਜਾਹਿ ਕਬਹੂੰ ਹਰਿ ਸੰਤ ਹਰਿ ਕੀ ਸਰਣੀ ॥੪॥੨॥੧੧॥ (460-10)
नानक नरकि न जाहि कबहूं हरि संत हरि की सरणी ॥४॥२॥११॥

ਆਸਾ ਮਹਲਾ ੫ ॥ (460-11)
आसा महला ५ ॥

ਵੰਞੁ ਮੇਰੇ ਆਲਸਾ ਹਰਿ ਪਾਸਿ ਬੇਨੰਤੀ ॥ (460-11)
वंञु मेरे आलसा हरि पासि बेनंती ॥

ਰਾਵਉ ਸਹੁ ਆਪਨੜਾ ਪ੍ਰਭ ਸੰਗਿ ਸੋਹੰਤੀ ॥ (460-11)
रावउ सहु आपनड़ा प्रभ संगि सोहंती ॥

ਸੰਗੇ ਸੋਹੰਤੀ ਕੰਤ ਸੁਆਮੀ ਦਿਨਸੁ ਰੈਣੀ ਰਾਵੀਐ ॥ (460-11)
संगे सोहंती कंत सुआमी दिनसु रैणी रावीऐ ॥

ਸਾਸਿ ਸਾਸਿ ਚਿਤਾਰਿ ਜੀਵਾ ਪ੍ਰਭੁ ਪੇਖਿ ਹਰਿ ਗੁਣ ਗਾਵੀਐ ॥ (460-12)
सासि सासि चितारि जीवा प्रभु पेखि हरि गुण गावीऐ ॥

ਬਿਰਹਾ ਲਜਾਇਆ ਦਰਸੁ ਪਾਇਆ ਅਮਿਉ ਦ੍ਰਿਸਟਿ ਸਿੰਚੰਤੀ ॥ (460-13)
बिरहा लजाइआ दरसु पाइआ अमिउ द्रिसटि सिंचंती ॥

ਬਿਨਵੰਤਿ ਨਾਨਕੁ ਮੇਰੀ ਇਛ ਪੁੰਨੀ ਮਿਲੇ ਜਿਸੁ ਖੋਜੰਤੀ ॥੧॥ (460-13)
बिनवंति नानकु मेरी इछ पुंनी मिले जिसु खोजंती ॥१॥

ਨਸਿ ਵੰਞਹੁ ਕਿਲਵਿਖਹੁ ਕਰਤਾ ਘਰਿ ਆਇਆ ॥ (460-14)
नसि वंञहु किलविखहु करता घरि आइआ ॥

ਦੂਤਹ ਦਹਨੁ ਭਇਆ ਗੋਵਿੰਦੁ ਪ੍ਰਗਟਾਇਆ ॥ (460-14)
दूतह दहनु भइआ गोविंदु प्रगटाइआ ॥

ਪ੍ਰਗਟੇ ਗੁਪਾਲ ਗੋਬਿੰਦ ਲਾਲਨ ਸਾਧਸੰਗਿ ਵਖਾਣਿਆ ॥ (460-15)
प्रगटे गुपाल गोबिंद लालन साधसंगि वखाणिआ ॥

ਆਚਰਜੁ ਡੀਠਾ ਅਮਿਉ ਵੂਠਾ ਗੁਰ ਪ੍ਰਸਾਦੀ ਜਾਣਿਆ ॥ (460-15)
आचरजु डीठा अमिउ वूठा गुर प्रसादी जाणिआ ॥

ਮਨਿ ਸਾਂਤਿ ਆਈ ਵਜੀ ਵਧਾਈ ਨਹ ਅੰਤੁ ਜਾਈ ਪਾਇਆ ॥ (460-16)
मनि सांति आई वजी वधाई नह अंतु जाई पाइआ ॥

ਬਿਨਵੰਤਿ ਨਾਨਕ ਸੁਖ ਸਹਜਿ ਮੇਲਾ ਪ੍ਰਭੂ ਆਪਿ ਬਣਾਇਆ ॥੨॥ (460-16)
बिनवंति नानक सुख सहजि मेला प्रभू आपि बणाइआ ॥२॥

ਨਰਕ ਨ ਡੀਠੜਿਆ ਸਿਮਰਤ ਨਾਰਾਇਣ ॥ (460-17)
नरक न डीठड़िआ सिमरत नाराइण ॥

ਜੈ ਜੈ ਧਰਮੁ ਕਰੇ ਦੂਤ ਭਏ ਪਲਾਇਣ ॥ (460-17)
जै जै धरमु करे दूत भए पलाइण ॥

ਧਰਮ ਧੀਰਜ ਸਹਜ ਸੁਖੀਏ ਸਾਧਸੰਗਤਿ ਹਰਿ ਭਜੇ ॥ (460-18)
धरम धीरज सहज सुखीए साधसंगति हरि भजे ॥

ਕਰਿ ਅਨੁਗ੍ਰਹੁ ਰਾਖਿ ਲੀਨੇ ਮੋਹ ਮਮਤਾ ਸਭ ਤਜੇ ॥ (460-18)
करि अनुग्रहु राखि लीने मोह ममता सभ तजे ॥

ਗਹਿ ਕੰਠਿ ਲਾਏ ਗੁਰਿ ਮਿਲਾਏ ਗੋਵਿੰਦ ਜਪਤ ਅਘਾਇਣ ॥ (460-19)
गहि कंठि लाए गुरि मिलाए गोविंद जपत अघाइण ॥

ਬਿਨਵੰਤਿ ਨਾਨਕ ਸਿਮਰਿ ਸੁਆਮੀ ਸਗਲ ਆਸ ਪੁਜਾਇਣ ॥੩॥ (460-19)
बिनवंति नानक सिमरि सुआमी सगल आस पुजाइण ॥३॥

ਨਿਧਿ ਸਿਧਿ ਚਰਣ ਗਹੇ ਤਾ ਕੇਹਾ ਕਾੜਾ ॥ (461-1)
निधि सिधि चरण गहे ता केहा काड़ा ॥

ਸਭੁ ਕਿਛੁ ਵਸਿ ਜਿਸੈ ਸੋ ਪ੍ਰਭੂ ਅਸਾੜਾ ॥ (461-1)
सभु किछु वसि जिसै सो प्रभू असाड़ा ॥

ਗਹਿ ਭੁਜਾ ਲੀਨੇ ਨਾਮ ਦੀਨੇ ਕਰੁ ਧਾਰਿ ਮਸਤਕਿ ਰਾਖਿਆ ॥ (461-1)
गहि भुजा लीने नाम दीने करु धारि मसतकि राखिआ ॥

ਸੰਸਾਰ ਸਾਗਰੁ ਨਹ ਵਿਆਪੈ ਅਮਿਉ ਹਰਿ ਰਸੁ ਚਾਖਿਆ ॥ (461-2)
संसार सागरु नह विआपै अमिउ हरि रसु चाखिआ ॥

ਸਾਧਸੰਗੇ ਨਾਮ ਰੰਗੇ ਰਣੁ ਜੀਤਿ ਵਡਾ ਅਖਾੜਾ ॥ (461-3)
साधसंगे नाम रंगे रणु जीति वडा अखाड़ा ॥

ਬਿਨਵੰਤਿ ਨਾਨਕ ਸਰਣਿ ਸੁਆਮੀ ਬਹੁੜਿ ਜਮਿ ਨ ਉਪਾੜਾ ॥੪॥੩॥੧੨॥ (461-3)
बिनवंति नानक सरणि सुआमी बहुड़ि जमि न उपाड़ा ॥४॥३॥१२॥

ਆਸਾ ਮਹਲਾ ੫ ॥ (461-4)
आसा महला ५ ॥

ਦਿਨੁ ਰਾਤਿ ਕਮਾਇਅੜੋ ਸੋ ਆਇਓ ਮਾਥੈ ॥ (461-4)
दिनु राति कमाइअड़ो सो आइओ माथै ॥

ਜਿਸੁ ਪਾਸਿ ਲੁਕਾਇਦੜੋ ਸੋ ਵੇਖੀ ਸਾਥੈ ॥ (461-4)
जिसु पासि लुकाइदड़ो सो वेखी साथै ॥

ਸੰਗਿ ਦੇਖੈ ਕਰਣਹਾਰਾ ਕਾਇ ਪਾਪੁ ਕਮਾਈਐ ॥ (461-5)
संगि देखै करणहारा काइ पापु कमाईऐ ॥

ਸੁक्रिਤੁ ਕੀਜੈ ਨਾਮੁ ਲੀਜੈ ਨਰਕਿ ਮੂਲਿ ਨ ਜਾਈਐ ॥ (461-5)
सुक्रितु कीजै नामु लीजै नरकि मूलि न जाईऐ ॥

ਆਠ ਪਹਰ ਹਰਿ ਨਾਮੁ ਸਿਮਰਹੁ ਚਲੈ ਤੇਰੈ ਸਾਥੇ ॥ (461-6)
आठ पहर हरि नामु सिमरहु चलै तैरै साथे ॥

ਭਜੁ ਸਾਧਸੰਗਤਿ ਸਦਾ ਨਾਨਕ ਮਿਟਹਿ ਦੋਖ ਕਮਾਤੇ ॥੧॥ (461-6)
भजु साधसंगति सदा नानक मिटहि दोख कमाते ॥१॥

ਵਲਵੰਚ ਕਰਿ ਉਦਰੁ ਭਰਹਿ ਮੂਰਖ ਗਾਵਾਰਾ ॥ (461-7)
वलवंच करि उदरु भरहि मूरख गावारा ॥

ਸਭੁ ਕਿਛੁ ਦੇ ਰਹਿਆ ਹਰਿ ਦੇਵਣਹਾਰਾ ॥ (461-7)
सभु किछु दे रहिआ हरि देवणहारा ॥

ਦਾਤਾਰੁ ਸਦਾ ਦਇਆਲੁ ਸੁਆਮੀ ਕਾਇ ਮਨਹੁ ਵਿਸਾਰੀਐ ॥ (461-8)
दातारु सदा दइआलु सुआमी काइ मनहु विसारीऐ ॥

ਮਿਲੁ ਸਾਧਸੰਗੇ ਭਜੁ ਨਿਸੰਗੇ ਕੁਲ ਸਮੂਹਾ ਤਾਰੀਐ ॥ (461-8)
मिलु साधसंगे भजु निसंगे कुल समूहा तारीऐ ॥

ਸਿਧ ਸਾਧਿਕ ਦੇਵ ਮੁਨਿ ਜਨ ਭਗਤ ਨਾਮੁ ਅਧਾਰਾ ॥ (461-9)
सिध साधिक देव मुनि जन भगत नामु अधारा ॥

ਬਿਨਵੰਤਿ ਨਾਨਕ ਸਦਾ ਭਜੀਐ ਪ੍ਰਭੁ ਏਕੁ ਕਰਣੈਹਾਰਾ ॥੨॥ (461-9)
बिनवंति नानक सदा भजीऐ प्रभु एकु करणैहारा ॥२॥

ਖੋਟੁ ਨ ਕੀਚਈ ਪ੍ਰਭੁ ਪਰਖਣਹਾਰਾ ॥ (461-10)
खोटु न कीचई प्रभु परखणहारा ॥

ਕੂੜੁ ਕਪਟੁ ਕਮਾਵਦੜੇ ਜਨਮਹਿ ਸੰਸਾਰਾ ॥ (461-10)
कूड़ु कपटु कमावदड़े जनमहि संसारा ॥

ਸੰਸਾਰੁ ਸਾਗਰੁ ਤਿਨ੍ਹੀ ਤਰਿਆ ਜਿਨ੍ਹੀ ਏਕੁ ਧਿਆਇਆ ॥ (461-10)
संसारु सागरु तिन्ही तरिआ जिन्ही एकु धिआइआ ॥

ਤਜਿ ਕਾਮੁ ਕ੍ਰੋਧੁ ਅਨਿੰਦ ਨਿੰਦਾ ਪ੍ਰਭ ਸਰਣਾਈ ਆਇਆ ॥ (461-11)
तजि कामु क्रोधु अनिंद निंदा प्रभ सरणाई आइआ ॥

ਜਲਿ ਥਲਿ ਮਹੀਅਲਿ ਰਵਿਆ ਸੁਆਮੀ ਊਚ ਅਗਮ ਅਪਾਰਾ ॥ (461-12)
जलि थलि महीअलि रविआ सुआमी ऊच अगम अपारा ॥

ਬਿਨਵੰਤਿ ਨਾਨਕ ਟੇਕ ਜਨ ਕੀ ਚਰਣ ਕਮਲ ਅਧਾਰਾ ॥੩॥ (461-12)
बिनवंति नानक टेक जन की चरण कमल अधारा ॥३॥

ਪੇਖੁ ਹਰਿਚੰਦਉਰੜੀ ਅਸਥਿਰੁ ਕਿਛੁ ਨਾਹੀ ॥ (461-13)
पेखु हरिचंदउरड़ी असथिरु किछु नाही ॥

ਮਾਇਆ ਰੰਗ ਜੇਤੇ ਸੇ ਸੰਗਿ ਨ ਜਾਹੀ ॥ (461-13)
माइआ रंग जेते से संगि न जाही ॥

ਹਰਿ ਸੰਗਿ ਸਾਥੀ ਸਦਾ ਤੇਰੈ ਦਿਨਸੁ ਰੈਣਿ ਸਮਾਲੀਐ ॥ (461-13)
हरि संगि साथी सदा तेरै दिनसु रैणि समालीऐ ॥

ਹਰਿ ਏਕ ਬਿਨੁ ਕਛੁ ਅਵਰੁ ਨਾਹੀ ਭਾਉ ਦੁਤੀਆ ਜਾਲੀਐ ॥ (461-14)
हरि एक बिनु कछु अवरु नाही भाउ दुतीआ जालीऐ ॥

ਮੀਤੁ ਜੋਬਨੁ ਮਾਲੁ ਸਰਬਸੁ ਪ੍ਰਭੁ ਏਕੁ ਕਰਿ ਮਨ ਮਾਹੀ ॥ (461-15)
मीतु जोबनु मालु सरबसु प्रभु एकु करि मन माही ॥

ਬਿਨਵੰਤਿ ਨਾਨਕੁ ਵਡਭਾਗਿ ਪਾਈਐ ਸੂਖਿ ਸਹਜਿ ਸਮਾਹੀ ॥੪॥੪॥੧੩॥ (461-15)
बिनवंति नानकु वडभागि पाईऐ सूखि सहजि समाही ॥४॥४॥१३॥

ਆਸਾ ਮਹਲਾ ੫ ਛੰਤ ਘਰੁ ੮ (461-17)
आसा महला ५ छंत घरु ८

ੴ ਸਤਿਗੁਰ ਪ੍ਰਸਾਦਿ ॥ (461-18)
ੴ सतिगुर प्रसादि ॥

ਕਮਲਾ ਭ੍ਰਮ ਭੀਤਿ ਕਮਲਾ ਭ੍ਰਮ ਭੀਤਿ ਹੇ ਤੀਖਣ ਮਦ ਬਿਪਰੀਤਿ ਹੇ ਅਵਧ ਅਕਾਰਥ ਜਾਤ ॥ (461-18)
कमला भ्रम भीति कमला भ्रम भीति हे तीखण मद बिपरीति हे अवध अकारथ जात ॥

ਗਹਬਰ ਬਨ ਘੋਰ ਗਹਬਰ ਬਨ ਘੋਰ ਹੇ ਗ੍ਰਿਹ ਮੂਸਤ ਮਨ ਚੋਰ ਹੇ ਦਿਨਕਰੋ ਅਨਦਿਨੁ ਖਾਤ ॥ (461-19)
गहबर बन घोर गहबर बन घोर हे ग्रिह मूसत मन चोर हे दिनकरो अनदिनु खात ॥

ਦਿਨ ਖਾਤ ਜਾਤ ਬਿਹਾਤ ਪ੍ਰਭ ਬਿਨੁ ਮਿਲਹੁ ਪ੍ਰਭ ਕਰੁਣਾ ਪਤੇ ॥ (461-19)
दिन खात जात बिहात प्रभ बिनु मिलहु प्रभ करुणा पते ॥

ਜਨਮ ਮਰਣ ਅਨੇਕ ਬੀਤੇ ਪ੍ਰਿਅ ਸੰਗ ਬਿਨੁ ਕਛੁ ਨਹ ਗਤੇ ॥ (462-1)
जनम मरण अनेक बीते प्रिअ संग बिनु कछु नह गते ॥

ਕੁਲ ਰੂਪ ਧੂਪ ਗਿਆਨਹੀਨੀ ਤੁਝ ਬਿਨਾ ਮੋਹਿ ਕਵਨ ਮਾਤ ॥ (462-2)
कुल रूप धूप गिआनहीनी तुझ बिना मोहि कवन मात ॥

ਕਰ ਜੋੜਿ ਨਾਨਕੁ ਸਰਣਿ ਆਇਓ ਪ੍ਰਿਅ ਨਾਥ ਨਰਹਰ ਕਰਹੁ ਗਾਤ ॥੧॥ (462-2)
कर जोड़ि नानकु सरणि आइओ प्रिअ नाथ नरहर करहु गात ॥१॥

ਮੀਨਾ ਜਲਹੀਨ ਮੀਨਾ ਜਲਹੀਨ ਹੇ ਓਹੁ ਬਿਛੁਰਤ ਮਨ ਤਨ ਖੀਨ ਹੇ ਕਤ ਜੀਵਨੁ ਪ੍ਰਿਅ ਬਿਨੁ ਹੋਤ ॥ (462-3)
मीना जलहीन मीना जलहीन हे ओहु बिछुरत मन तन खीन हे कत जीवनु प्रिअ बिनु होत ॥

ਸਨਮੁਖ ਸਹਿ ਬਾਨ ਸਨਮੁਖ ਸਹਿ ਬਾਨ ਹੇ ਮ੍ਰਿਗ ਅਰਪੇ ਮਨ ਤਨ ਪ੍ਰਾਨ ਹੇ ਓਹੁ ਬੇਧਿਓ ਸਹਜ ਸਰੋਤ ॥ (462-4)
सनमुख सहि बान सनमुख सहि बान हे म्रिग अरपे मन तन प्रान हे ओहु बेधिओ सहज सरोत ॥

ਪ੍ਰਿਅ ਪ੍ਰੀਤਿ ਲਾਗੀ ਮਿਲੁ ਬੈਰਾਗੀ ਖਿਨੁ ਰਹਨੁ ਧ੍ਰਿਗੁ ਤਨੁ ਤਿਸੁ ਬਿਨਾ ॥ (462-5)
प्रिअ प्रीति लागी मिलु बैरागी खिनु रहनु ध्रिगु तनु तिसु बिना ॥

ਪਲਕਾ ਨ ਲਾਗੈ ਪ੍ਰਿਅ ਪ੍ਰੇਮ ਪਾਗੈ ਚਿਤਵੰਤਿ ਅਨਦਿਨੁ ਪ੍ਰਭ ਮਨਾ ॥ (462-5)
पलका न लागै प्रिअ प्रेम पागै चितवंति अनदिनु प्रभ मना ॥

ਸ੍ਰੀਰੰਗ ਰਾਤੇ ਨਾਮ ਮਾਤੇ ਭੈ ਭਰਮ ਦੁਤੀਆ ਸਗਲ ਖੋਤ ॥ (462-6)
स्रीरंग राते नाम माते भै भरम दुतीआ सगल खोत ॥

ਕਰਿ ਮਇਆ ਦਇਆ ਦਇਆਲ ਪੂਰਨ ਹਰਿ ਪ੍ਰੇਮ ਨਾਨਕ ਮਗਨ ਹੋਤ ॥੨॥ (462-6)
करि मइआ दइआ दइआल पूरन हरि प्रेम नानक मगन होत ॥२॥

ਅਲੀਅਲ ਗੁੰਜਾਤ ਅਲੀਅਲ ਗੁੰਜਾਤ ਹੇ ਮਕਰੰਦ ਰਸ ਬਾਸਨ ਮਾਤ ਹੇ ਪ੍ਰੀਤਿ ਕਮਲ ਬੰਧਾਵਤ ਆਪ ॥ (462-7)
अलीअल गुंजात अलीअल गुंजात हे मकरंद रस बासन मात हे प्रीति कमल बंधावत आप ॥

ਚਾਤ੍ਰਿਕ ਚਿਤ ਪਿਆਸ ਚਾਤ੍ਰਿਕ ਚਿਤ ਪਿਆਸ ਹੇ ਘਨ ਬੂੰਦ ਬਚਿਤ੍ਰਿ ਮਨਿ ਆਸ ਹੇ ਅਲ ਪੀਵਤ ਬਿਨਸਤ ਤਾਪ ॥ (462-8)
चात्रिक चित पिआस चात्रिक चित पिआस हे घन बूंद बचित्रि मनि आस हे अल पीवत बिनसत ताप ॥

ਤਾਪਾ ਬਿਨਾਸਨ ਦੂਖ ਨਾਸਨ ਮਿਲੁ ਪ੍ਰੇਮੁ ਮਨਿ ਤਨਿ ਅਤਿ ਘਨਾ ॥ (462-9)
तापा बिनासन दूख नासन मिलु प्रेमु मनि तनि अति घना ॥

ਸੁੰਦਰੁ ਚਤੁਰੁ ਸੁਜਾਨ ਸੁਆਮੀ ਕਵਨ ਰਸਨਾ ਗੁਣ ਭਨਾ ॥ (462-10)
सुंदरु चतुरु सुजान सुआमी कवन रसना गुण भना ॥

ਗਹਿ ਭੁਜਾ ਲੇਵਹੁ ਨਾਮੁ ਦੇਵਹੁ ਦ੍ਰਿਸਟਿ ਧਾਰਤ ਮਿਟਤ ਪਾਪ ॥ (462-10)
गहि भुजा लेवहु नामु देवहु द्रिसटि धारत मिटत पाप ॥

ਨਾਨਕੁ ਜੰਪੈ ਪਤਿਤ ਪਾਵਨ ਹਰਿ ਦਰਸੁ ਪੇਖਤ ਨਹ ਸੰਤਾਪ ॥੩॥ (462-11)
नानकु ज्मपै पतित पावन हरि दरसु पेखत नह संताप ॥३॥

ਚਿਤਵਉ ਚਿਤ ਨਾਥ ਚਿਤਵਉ ਚਿਤ ਨਾਥ ਹੇ ਰਖਿ ਲੇਵਹੁ ਸਰਣਿ ਅਨਾਥ ਹੇ ਮਿਲੁ ਚਾਉ ਚਾਈਲੇ ਪ੍ਰਾਨ ॥ (462-11)
चितवउ चित नाथ चितवउ चित नाथ हे रखि लेवहु सरणि अनाथ हे मिलु चाउ चाईले प्रान ॥

ਸੁੰਦਰ ਤਨ ਧਿਆਨ ਸੁੰਦਰ ਤਨ ਧਿਆਨ ਹੇ ਮਨੁ ਲੁਬਧ ਗੋਪਾਲ ਗਿਆਨ ਹੇ ਜਾਚਿਕ ਜਨ ਰਾਖਤ ਮਾਨ ॥ (462-12)
सुंदर तन धिआन सुंदर तन धिआन हे मनु लुबध गोपाल गिआन हे जाचिक जन राखत मान ॥

ਪ੍ਰਭ ਮਾਨ ਪੂਰਨ ਦੁਖ ਬਿਦੀਰਨ ਸਗਲ ਇਛ ਪੁਜੰਤੀਆ ॥ (462-13)
प्रभ मान पूरन दुख बिदीरन सगल इछ पुजंतीआ ॥

ਹਰਿ ਕੰਠਿ ਲਾਗੇ ਦਿਨ ਸਭਾਗੇ ਮਿਲਿ ਨਾਹ ਸੇਜ ਸੋਹੰਤੀਆ ॥ (462-14)
हरि कंठि लागे दिन सभागे मिलि नाह सेज सोहंतीआ ॥

ਪ੍ਰਭ ਦ੍ਰਿਸਟਿ ਧਾਰੀ ਮਿਲੇ ਮੁਰਾਰੀ ਸਗਲ ਕਲਮਲ ਭਏ ਹਾਨ ॥ (462-14)
प्रभ द्रिसटि धारी मिले मुरारी सगल कलमल भए हान ॥

ਬਿਨਵੰਤਿ ਨਾਨਕ ਮੇਰੀ ਆਸ ਪੂਰਨ ਮਿਲੇ ਸ੍ਰੀਧਰ ਗੁਣ ਨਿਧਾਨ ॥੪॥੧॥੧੪॥ (462-15)
बिनवंति नानक मेरी आस पूरन मिले स्रीधर गुण निधान ॥४॥१॥१४॥

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ (462-17)
ੴ सतिनामु करता पुरखु निरभउ निरवैरु अकाल मूरति अजूनी सैभं गुर प्रसादि ॥

ਆਸਾ ਮਹਲਾ ੧ ॥ (462-18)
आसा महला १ ॥

ਵਾਰ ਸਲੋਕਾ ਨਾਲਿ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸ ਰਾਜੈ ਕੀ ਧੁਨੀ ॥ (462-18)
वार सलोका नालि सलोक भी महले पहिले के लिखे टुंडे अस राजै की धुनी ॥

ਸਲੋਕੁ ਮਃ ੧ ॥ (462-19)
सलोकु मः १ ॥

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥ (462-19)
बलिहारी गुर आपणे दिउहाड़ी सद वार ॥

ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥੧॥ (462-19)
जिनि माणस ते देवते कीए करत न लागी वार ॥१॥

ਮਹਲਾ ੨ ॥ (463-1)
महला २ ॥

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥ (463-1)
जे सउ चंदा उगवहि सूरज चड़हि हजार ॥

ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥ (463-1)
एते चानण होदिआं गुर बिनु घोर अंधार ॥२॥

ਮਃ ੧ ॥ (463-2)
मः १ ॥

ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥ (463-2)
नानक गुरू न चेतनी मनि आपणै सुचेत ॥

ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥ (463-2)
छुटे तिल बूआड़ जिउ सुंञे अंदरि खेत ॥

ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥ (463-3)
खेतै अंदरि छुटिआ कहु नानक सउ नाह ॥

ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ॥੩॥ (463-3)
फलीअहि फुलीअहि बपुड़े भी तन विचि सुआह ॥३॥

ਪਉੜੀ ॥ (463-4)
पउड़ी ॥

ਆਪੀਨ੍ਹ੍ਹੈ ਆਪੁ ਸਾਜਿਓ ਆਪੀਨ੍ਹ੍ਹੈ ਰਚਿਓ ਨਾਉ ॥ (463-4)
आपीन्है आपु साजिओ आपीन्है रचिओ नाउ ॥

ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ (463-4)
दुयी कुदरति साजीऐ करि आसणु डिठो चाउ ॥

ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ॥ (463-5)
दाता करता आपि तूं तुसि देवहि करहि पसाउ ॥

ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ ॥ (463-5)
तूं जाणोई सभसै दे लैसहि जिंदु कवाउ ॥

ਕਰਿ ਆਸਣੁ ਡਿਠੋ ਚਾਉ ॥੧॥ (463-5)
करि आसणु डिठो चाउ ॥१॥

ਸਲੋਕੁ ਮਃ ੧ ॥ (463-6)
सलोकु मः १ ॥

ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥ (463-6)
सचे तेरे खंड सचे ब्रहमंड ॥

ਸਚੇ ਤੇਰੇ ਲੋਅ ਸਚੇ ਆਕਾਰ ॥ (463-6)
सचे तेरे लोअ सचे आकार ॥

ਸਚੇ ਤੇਰੇ ਕਰਣੇ ਸਰਬ ਬੀਚਾਰ ॥ (463-6)
सचे तेरे करणे सरब बीचार ॥

ਸਚਾ ਤੇਰਾ ਅਮਰੁ ਸਚਾ ਦੀਬਾਣੁ ॥ (463-7)
सचा तेरा अमरु सचा दीबाणु ॥

ਸਚਾ ਤੇਰਾ ਹੁਕਮੁ ਸਚਾ ਫੁਰਮਾਣੁ ॥ (463-7)
सचा तेरा हुकमु सचा फुरमाणु ॥

ਸਚਾ ਤੇਰਾ ਕਰਮੁ ਸਚਾ ਨੀਸਾਣੁ ॥ (463-7)
सचा तेरा करमु सचा नीसाणु ॥

ਸਚੇ ਤੁਧੁ ਆਖਹਿ ਲਖ ਕਰੋੜਿ ॥ (463-8)
सचे तुधु आखहि लख करोड़ि ॥

ਸਚੈ ਸਭਿ ਤਾਣਿ ਸਚੈ ਸਭਿ ਜੋਰਿ ॥ (463-8)
सचै सभि ताणि सचै सभि जोरि ॥

ਸਚੀ ਤੇਰੀ ਸਿਫਤਿ ਸਚੀ ਸਾਲਾਹ ॥ (463-8)
सची तेरी सिफति सची सालाह ॥

ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥ (463-9)
सची तेरी कुदरति सचे पातिसाह ॥

ਨਾਨਕ ਸਚੁ ਧਿਆਇਨਿ ਸਚੁ ॥ (463-9)
नानक सचु धिआइनि सचु ॥

ਜੋ ਮਰਿ ਜੰਮੇ ਸੁ ਕਚੁ ਨਿਕਚੁ ॥੧॥ (463-9)
जो मरि जंमे सु कचु निकचु ॥१॥

ਮਃ ੧ ॥ (463-10)
मः १ ॥

ਵਡੀ ਵਡਿਆਈ ਜਾ ਵਡਾ ਨਾਉ ॥ (463-10)
वडी वडिआई जा वडा नाउ ॥

ਵਡੀ ਵਡਿਆਈ ਜਾ ਸਚੁ ਨਿਆਉ ॥ (463-10)
वडी वडिआई जा सचु निआउ ॥

ਵਡੀ ਵਡਿਆਈ ਜਾ ਨਿਹਚਲ ਥਾਉ ॥ (463-10)
वडी वडिआई जा निहचल थाउ ॥

ਵਡੀ ਵਡਿਆਈ ਜਾਣੈ ਆਲਾਉ ॥ (463-11)
वडी वडिआई जाणै आलाउ ॥

ਵਡੀ ਵਡਿਆਈ ਬੁਝੈ ਸਭਿ ਭਾਉ ॥ (463-11)
वडी वडिआई बुझै सभि भाउ ॥

ਵਡੀ ਵਡਿਆਈ ਜਾ ਪੁਛਿ ਨ ਦਾਤਿ ॥ (463-11)
वडी वडिआई जा पुछि न दाति ॥

ਵਡੀ ਵਡਿਆਈ ਜਾ ਆਪੇ ਆਪਿ ॥ (463-12)
वडी वडिआई जा आपे आपि ॥

ਨਾਨਕ ਕਾਰ ਨ ਕਥਨੀ ਜਾਇ ॥ (463-12)
नानक कार न कथनी जाइ ॥

ਕੀਤਾ ਕਰਣਾ ਸਰਬ ਰਜਾਇ ॥੨॥ (463-12)
कीता करणा सरब रजाइ ॥२॥

ਮਹਲਾ ੨ ॥ (463-13)
महला २ ॥

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥ (463-13)
इहु जगु सचै की है कोठड़ी सचे का विचि वासु ॥

ਇਕਨ੍ਹ੍ਹਾ ਹੁਕਮਿ ਸਮਾਇ ਲਏ ਇਕਨ੍ਹ੍ਹਾ ਹੁਕਮੇ ਕਰੇ ਵਿਣਾਸੁ ॥ (463-13)
इकन्हा हुकमि समाइ लए इकन्हा हुकमे करे विणासु ॥

ਇਕਨ੍ਹ੍ਹਾ ਭਾਣੈ ਕਢਿ ਲਏ ਇਕਨ੍ਹ੍ਹਾ ਮਾਇਆ ਵਿਚਿ ਨਿਵਾਸੁ ॥ (463-14)
इकन्हा भाणै कढि लए इकन्हा माइआ विचि निवासु ॥

ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ ॥ (463-14)
एव भि आखि न जापई जि किसै आणे रासि ॥

ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ ॥੩॥ (463-15)
नानक गुरमुखि जाणीऐ जा कउ आपि करे परगासु ॥३॥

ਪਉੜੀ ॥ (463-16)
पउड़ी ॥

ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ ॥ (463-16)
नानक जीअ उपाइ कै लिखि नावै धरमु बहालिआ ॥

ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥ (463-16)
ओथै सचे ही सचि निबड़ै चुणि वखि कढे जजमालिआ ॥

ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹ੍ਹੈ ਦੋਜਕਿ ਚਾਲਿਆ ॥ (463-17)
थाउ न पाइनि कूड़िआर मुह काल्है दोजकि चालिआ ॥

ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ ॥ (463-17)
तेरै नाइ रते से जिणि गए हारि गए सि ठगण वालिआ ॥

ਲਿਖਿ ਨਾਵੈ ਧਰਮੁ ਬਹਾਲਿਆ ॥੨॥ (463-18)
लिखि नावै धरमु बहालिआ ॥२॥

ਸਲੋਕ ਮਃ ੧ ॥ (463-18)
सलोक मः १ ॥

ਵਿਸਮਾਦੁ ਨਾਦ ਵਿਸਮਾਦੁ ਵੇਦ ॥ (463-18)
विसमादु नाद विसमादु वेद ॥

ਵਿਸਮਾਦੁ ਜੀਅ ਵਿਸਮਾਦੁ ਭੇਦ ॥ (463-19)
विसमादु जीअ विसमादु भेद ॥

ਵਿਸਮਾਦੁ ਰੂਪ ਵਿਸਮਾਦੁ ਰੰਗ ॥ (463-19)
विसमादु रूप विसमादु रंग ॥

ਵਿਸਮਾਦੁ ਨਾਗੇ ਫਿਰਹਿ ਜੰਤ ॥ (463-19)
विसमादु नागे फिरहि जंत ॥

ਵਿਸਮਾਦੁ ਪਉਣੁ ਵਿਸਮਾਦੁ ਪਾਣੀ ॥ (464-1)
विसमादु पउणु विसमादु पाणी ॥

ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥ (464-1)
विसमादु अगनी खेडहि विडाणी ॥

ਵਿਸਮਾਦੁ ਧਰਤੀ ਵਿਸਮਾਦੁ ਖਾਣੀ ॥ (464-1)
विसमादु धरती विसमादु खाणी ॥

ਵਿਸਮਾਦੁ ਸਾਦਿ ਲਗਹਿ ਪਰਾਣੀ ॥ (464-2)
विसमादु सादि लगहि पराणी ॥

ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ ॥ (464-2)
विसमादु संजोगु विसमादु विजोगु ॥

ਵਿਸਮਾਦੁ ਭੁਖ ਵਿਸਮਾਦੁ ਭੋਗੁ ॥ (464-2)
विसमादु भुख विसमादु भोगु ॥

ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ ॥ (464-3)
विसमादु सिफति विसमादु सालाह ॥

ਵਿਸਮਾਦੁ ਉਝੜ ਵਿਸਮਾਦੁ ਰਾਹ ॥ (464-3)
विसमादु उझड़ विसमादु राह ॥

ਵਿਸਮਾਦੁ ਨੇੜੈ ਵਿਸਮਾਦੁ ਦੂਰਿ ॥ (464-3)
विसमादु नेड़ै विसमादु दूरि ॥

ਵਿਸਮਾਦੁ ਦੇਖੈ ਹਾਜਰਾ ਹਜੂਰਿ ॥ (464-4)
विसमादु देखै हाजरा हजूरि ॥

ਵੇਖਿ ਵਿਡਾਣੁ ਰਹਿਆ ਵਿਸਮਾਦੁ ॥ (464-4)
वेखि विडाणु रहिआ विसमादु ॥

ਨਾਨਕ ਬੁਝਣੁ ਪੂਰੈ ਭਾਗਿ ॥੧॥ (464-4)
नानक बुझणु पूरै भागि ॥१॥

ਮਃ ੧ ॥ (464-5)
मः १ ॥

ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥ (464-5)
कुदरति दिसै कुदरति सुणीऐ कुदरति भउ सुख सारु ॥

ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥ (464-5)
कुदरति पाताली आकासी कुदरति सरब आकारु ॥

ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥ (464-6)
कुदरति वेद पुराण कतेबा कुदरति सरब वीचारु ॥

ਕੁਦਰਤਿ ਖਾਣਾ ਪੀਣਾ ਪੈਨ੍ਹਣੁ ਕੁਦਰਤਿ ਸਰਬ ਪਿਆਰੁ ॥ (464-6)
कुदरति खाणा पीणा पैन्हणु कुदरति सरब पिआरु ॥

ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ ॥ (464-7)
कुदरति जाती जिनसी रंगी कुदरति जीअ जहान ॥

ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ ॥ (464-7)
कुदरति नेकीआ कुदरति बदीआ कुदरति मानु अभिमानु ॥

ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥ (464-8)
कुदरति पउणु पाणी बैसंतरु कुदरति धरती खाकु ॥

ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥ (464-8)
सभ तेरी कुदरति तूं कादिरु करता पाकी नाई पाकु ॥

ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥੨॥ (464-9)
नानक हुकमै अंदरि वेखै वरतै ताको ताकु ॥२॥

ਪਉੜੀ ॥ (464-9)
पउड़ी ॥

ਆਪੀਨੑੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥ (464-9)
आपीन्है भोग भोगि कै होइ भसमड़ि भउरु सिधाइआ ॥

ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥ (464-10)
वडा होआ दुनीदारु गलि संगलु घति चलाइआ ॥

ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥ (464-10)
अगै करणी कीरति वाचीऐ बहि लेखा करि समझाइआ ॥

ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥ (464-11)
थाउ न होवी पउदीई हुणि सुणीऐ किआ रूआइआ ॥

ਮਨਿ ਅੰਧੈ ਜਨਮੁ ਗਵਾਇਆ ॥੩॥ (464-12)
मनि अंधै जनमु गवाइआ ॥३॥

ਸਲੋਕ ਮਃ ੧ ॥ (464-12)
सलोक मः १ ॥

ਭੈ ਵਿਚਿ ਪਵਣੁ ਵਹੈ ਸਦਵਾਉ ॥ (464-12)
भै विचि पवणु वहै सदवाउ ॥

ਭੈ ਵਿਚਿ ਚਲਹਿ ਲਖ ਦਰੀਆਉ ॥ (464-12)
भै विचि चलहि लख दरीआउ ॥

ਭੈ ਵਿਚਿ ਅਗਨਿ ਕਢੈ ਵੇਗਾਰਿ ॥ (464-13)
भै विचि अगनि कढै वेगारि ॥

ਭੈ ਵਿਚਿ ਧਰਤੀ ਦਬੀ ਭਾਰਿ ॥ (464-13)
भै विचि धरती दबी भारि ॥

ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥ (464-13)
भै विचि इंदु फिरै सिर भारि ॥

ਭੈ ਵਿਚਿ ਰਾਜਾ ਧਰਮ ਦੁਆਰੁ ॥ (464-14)
भै विचि राजा धरम दुआरु ॥

ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ (464-14)
भै विचि सूरजु भै विचि चंदु ॥

ਕੋਹ ਕਰੋੜੀ ਚਲਤ ਨ ਅੰਤੁ ॥ (464-14)
कोह करोड़ी चलत न अंतु ॥

ਭੈ ਵਿਚਿ ਸਿਧ ਬੁਧ ਸੁਰ ਨਾਥ ॥ (464-15)
भै विचि सिध बुध सुर नाथ ॥

ਭੈ ਵਿਚਿ ਆਡਾਣੇ ਆਕਾਸ ॥ (464-15)
भै विचि आडाणे आकास ॥

ਭੈ ਵਿਚਿ ਜੋਧ ਮਹਾਬਲ ਸੂਰ ॥ (464-15)
भै विचि जोध महाबल सूर ॥

ਭੈ ਵਿਚਿ ਆਵਹਿ ਜਾਵਹਿ ਪੂਰ ॥ (464-15)
भै विचि आवहि जावहि पूर ॥

ਸਗਲਿਆ ਭਉ ਲਿਖਿਆ ਸਿਰਿ ਲੇਖੁ ॥ (464-16)
सगलिआ भउ लिखिआ सिरि लेखु ॥

ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥੧॥ (464-16)
नानक निरभउ निरंकारु सचु एकु ॥१॥

ਮਃ ੧ ॥ (464-16)
मः १ ॥

ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ ॥ (464-17)
नानक निरभउ निरंकारु होरि केते राम रवाल ॥

ਕੇਤੀਆ ਕੰਨ੍ਹ ਕਹਾਣੀਆ ਕੇਤੇ ਬੇਦ ਬੀਚਾਰ ॥ (464-17)
केतीआ कंन्ह कहाणीआ केते बेद बीचार ॥

ਕੇਤੇ ਨਚਹਿ ਮੰਗਤੇ ਗਿੜਿ ਮੁੜਿ ਪੂਰਹਿ ਤਾਲ ॥ (464-17)
केते नचहि मंगते गिड़ि मुड़ि पूरहि ताल ॥

ਬਾਜਾਰੀ ਬਾਜਾਰ ਮਹਿ ਆਇ ਕਢਹਿ ਬਾਜਾਰ ॥ (464-18)
बाजारी बाजार महि आइ कढहि बाजार ॥

ਗਾਵਹਿ ਰਾਜੇ ਰਾਣੀਆ ਬੋਲਹਿ ਆਲ ਪਤਾਲ ॥ (464-18)
गावहि राजे राणीआ बोलहि आल पताल ॥

ਲਖ ਟਕਿਆ ਕੇ ਮੁੰਦੜੇ ਲਖ ਟਕਿਆ ਕੇ ਹਾਰ ॥ (464-19)
लख टकिआ के मुंदड़े लख टकिआ के हार ॥

ਜਿਤੁ ਤਨਿ ਪਾਈਅਹਿ ਨਾਨਕਾ ਸੇ ਤਨ ਹੋਵਹਿ ਛਾਰ ॥ (464-19)
जितु तनि पाईअहि नानका से तन होवहि छार ॥

ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ ॥ (465-1)
गिआनु न गलीई ढूढीऐ कथना करड़ा सारु ॥

ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ ॥੨॥ (465-1)
करमि मिलै ता पाईऐ होर हिकमति हुकमु खुआरु ॥२॥

ਪਉੜੀ ॥ (465-2)
पउड़ी ॥

ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰੁ ਪਾਇਆ ॥ (465-2)
नदरि करहि जे आपणी ता नदरी सतिगुरु पाइआ ॥

ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ ॥ (465-2)
एहु जीउ बहुते जनम भरंमिआ ता सतिगुरि सबदु सुणाइआ ॥

ਸਤਿਗੁਰ ਜੇਵਡੁ ਦਾਤਾ ਕੋ ਨਹੀ ਸਭਿ ਸੁਣਿਅਹੁ ਲੋਕ ਸਬਾਇਆ ॥ (465-3)
सतिगुर जेवडु दाता को नही सभि सुणिअहु लोक सबाइआ ॥

ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ਹੀ ਵਿਚਹੁ ਆਪੁ ਗਵਾਇਆ ॥ (465-4)
सतिगुरि मिलिऐ सचु पाइआ जिन्ही विचहु आपु गवाइआ ॥

ਜਿਨਿ ਸਚੋ ਸਚੁ ਬੁਝਾਇਆ ॥੪॥ (465-4)
जिनि सचो सचु बुझाइआ ॥४॥

ਸਲੋਕ ਮਃ ੧ ॥ (465-5)
सलोक मः १ ॥

ਘੜੀਆ ਸਭੇ ਗੋਪੀਆ ਪਹਰ ਕੰਨ੍ਹ ਗੋਪਾਲ ॥ (465-5)
घड़ीआ सभे गोपीआ पहर कंन्ह गोपाल ॥

ਗਹਣੇ ਪਉਣੁ ਪਾਣੀ ਬੈਸੰਤਰੁ ਚੰਦੁ ਸੂਰਜੁ ਅਵਤਾਰ ॥ (465-5)
गहणे पउणु पाणी बैसंतरु चंदु सूरजु अवतार ॥

ਸਗਲੀ ਧਰਤੀ ਮਾਲੁ ਧਨੁ ਵਰਤਣਿ ਸਰਬ ਜੰਜਾਲ ॥ (465-6)
सगली धरती मालु धनु वरतणि सरब जंजाल ॥

ਨਾਨਕ ਮੁਸੈ ਗਿਆਨ ਵਿਹੂਣੀ ਖਾਇ ਗਇਆ ਜਮਕਾਲੁ ॥੧॥ (465-6)
नानक मुसै गिआन विहूणी खाइ गइआ जमकालु ॥१॥

ਮਃ ੧ ॥ (465-7)
मः १ ॥

ਵਾਇਨਿ ਚੇਲੇ ਨਚਨਿ ਗੁਰ ॥ (465-7)
वाइनि चेले नचनि गुर ॥

ਪੈਰ ਹਲਾਇਨਿ ਫੇਰਨ੍ਹਿ ਸਿਰ ॥ (465-7)
पैर हलाइनि फेरन्हि सिर ॥

ਉਡਿ ਉਡਿ ਰਾਵਾ ਝਾਟੈ ਪਾਇ ॥ (465-7)
उडि उडि रावा झाटै पाइ ॥

ਵੇਖੈ ਲੋਕੁ ਹਸੈ ਘਰਿ ਜਾਇ ॥ (465-8)
वेखै लोकु हसै घरि जाइ ॥

ਰੋਟੀਆ ਕਾਰਣਿ ਪੂਰਹਿ ਤਾਲ ॥ (465-8)
रोटीआ कारणि पूरहि ताल ॥

ਆਪੁ ਪਛਾੜਹਿ ਧਰਤੀ ਨਾਲਿ ॥ (465-8)
आपु पछाड़हि धरती नालि ॥

ਗਾਵਨਿ ਗੋਪੀਆ ਗਾਵਨਿ ਕਾਨ੍ਹ ॥ (465-9)
गावनि गोपीआ गावनि कान्ह ॥

ਗਾਵਨਿ ਸੀਤਾ ਰਾਜੇ ਰਾਮ ॥ (465-9)
गावनि सीता राजे राम ॥

ਨਿਰਭਉ ਨਿਰੰਕਾਰੁ ਸਚੁ ਨਾਮੁ ॥ (465-9)
निरभउ निरंकारु सचु नामु ॥

ਜਾ ਕਾ ਕੀਆ ਸਗਲ ਜਹਾਨੁ ॥ (465-10)
जा का कीआ सगल जहानु ॥

ਸੇਵਕ ਸੇਵਹਿ ਕਰਮਿ ਚੜਾਉ ॥ (465-10)
सेवक सेवहि करमि चड़ाउ ॥

ਭਿੰਨੀ ਰੈਣਿ ਜਿਨ੍ਹਾ ਮਨਿ ਚਾਉ ॥ (465-10)
भिंनी रैणि जिन्हा मनि चाउ ॥

ਸਿਖੀ ਸਿਖਿਆ ਗੁਰ ਵੀਚਾਰਿ ॥ (465-10)
सिखी सिखिआ गुर वीचारि ॥

ਨਦਰੀ ਕਰਮਿ ਲਘਾਏ ਪਾਰਿ ॥ (465-11)
नदरी करमि लघाए पारि ॥

ਕੋਲੂ ਚਰਖਾ ਚਕੀ ਚਕੁ ॥ (465-11)
कोलू चरखा चकी चकु ॥

ਥਲ ਵਾਰੋਲੇ ਬਹੁਤੁ ਅਨੰਤੁ ॥ (465-11)
थल वारोले बहुतु अनंतु ॥

ਲਾਟੂ ਮਾਧਾਣੀਆ ਅਨਗਾਹ ॥ (465-12)
लाटू माधाणीआ अनगाह ॥

ਪੰਖੀ ਭਉਦੀਆ ਲੈਨਿ ਨ ਸਾਹ ॥ (465-12)
पंखी भउदीआ लैनि न साह ॥

ਸੂਐ ਚਾੜਿ ਭਵਾਈਅਹਿ ਜੰਤ ॥ (465-12)
सूऐ चाड़ि भवाईअहि जंत ॥

ਨਾਨਕ ਭਉਦਿਆ ਗਣਤ ਨ ਅੰਤ ॥ (465-12)
नानक भउदिआ गणत न अंत ॥

ਬੰਧਨ ਬੰਧਿ ਭਵਾਏ ਸੋਇ ॥ (465-13)
बंधन बंधि भवाए सोइ ॥

ਪਇਐ ਕਿਰਤਿ ਨਚੈ ਸਭੁ ਕੋਇ ॥ (465-13)
पइऐ किरति नचै सभु कोइ ॥

ਨਚਿ ਨਚਿ ਹਸਹਿ ਚਲਹਿ ਸੇ ਰੋਇ ॥ (465-13)
नचि नचि हसहि चलहि से रोइ ॥

ਉਡਿ ਨ ਜਾਹੀ ਸਿਧ ਨ ਹੋਹਿ ॥ (465-14)
उडि न जाही सिध न होहि ॥

ਨਚਣੁ ਕੁਦਣੁ ਮਨ ਕਾ ਚਾਉ ॥ (465-14)
नचणु कुदणु मन का चाउ ॥

ਨਾਨਕ ਜਿਨ੍ ਮਨਿ ਭਉ ਤਿਨ੍ਾ ਮਨਿ ਭਾਉ ॥੨॥ (465-14)
नानक जिन्ह मनि भउ तिन्हा मनि भाउ ॥२॥

ਪਉੜੀ ॥ (465-15)
पउड़ी ॥

ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ ॥ (465-15)
नाउ तेरा निरंकारु है नाइ लइऐ नरकि न जाईऐ ॥

ਜੀਉ ਪਿੰਡੁ ਸਭੁ ਤਿਸ ਦਾ ਦੇ ਖਾਜੈ ਆਖਿ ਗਵਾਈਐ ॥ (465-15)
जीउ पिंडु सभु तिस दा दे खाजै आखि गवाईऐ ॥

ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ ॥ (465-16)
जे लोड़हि चंगा आपणा करि पुंनहु नीचु सदाईऐ ॥

ਜੇ ਜਰਵਾਣਾ ਪਰਹਰੈ ਜਰੁ ਵੇਸ ਕਰੇਦੀ ਆਈਐ ॥ (465-16)
जे जरवाणा परहरै जरु वेस करेदी आईऐ ॥

ਕੋ ਰਹੈ ਨ ਭਰੀਐ ਪਾਈਐ ॥੫॥ (465-17)
को रहै न भरीऐ पाईऐ ॥५॥

ਸਲੋਕ ਮਃ ੧ ॥ (465-17)
सलोक मः १ ॥

ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ ॥ (465-17)
मुसलमाना सिफति सरीअति पड़ि पड़ि करहि बीचारु ॥

ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ ॥ (465-18)
बंदे से जि पवहि विचि बंदी वेखण कउ दीदारु ॥

ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ ॥ (465-18)
हिंदू सालाही सालाहनि दरसनि रूपि अपारु ॥

ਤੀਰਥਿ ਨਾਵਹਿ ਅਰਚਾ ਪੂਜਾ ਅਗਰ ਵਾਸੁ ਬਹਕਾਰੁ ॥ (465-19)
तीरथि नावहि अरचा पूजा अगर वासु बहकारु ॥

ਜੋਗੀ ਸੁੰਨਿ ਧਿਆਵਨ੍ਹਿ ਜੇਤੇ ਅਲਖ ਨਾਮੁ ਕਰਤਾਰੁ ॥ (465-19)
जोगी सुंनि धिआवन्हि जेते अलख नामु करतारु ॥

ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰੁ ॥ (466-1)
सूखम मूरति नामु निरंजन काइआ का आकारु ॥

ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ ॥ (466-1)
सतीआ मनि संतोखु उपजै देणै कै वीचारि ॥

ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ ॥ (466-2)
दे दे मंगहि सहसा गूणा सोभ करे संसारु ॥

ਚੋਰਾ ਜਾਰਾ ਤੈ ਕੂੜਿਆਰਾ ਖਾਰਾਬਾ ਵੇਕਾਰ ॥ (466-2)
चोरा जारा तै कूड़िआरा खाराबा वेकार ॥

ਇਕਿ ਹੋਦਾ ਖਾਇ ਚਲਹਿ ਐਥਾਊ ਤਿਨਾ ਭਿ ਕਾਈ ਕਾਰ ॥ (466-3)
इकि होदा खाइ चलहि ऐथाऊ तिना भि काई कार ॥

ਜਲਿ ਥਲਿ ਜੀਆ ਪੁਰੀਆ ਲੋਆ ਆਕਾਰਾ ਆਕਾਰ ॥ (466-3)
जलि थलि जीआ पुरीआ लोआ आकारा आकार ॥

ਓਇ ਜਿ ਆਖਹਿ ਸੁ ਤੂੰਹੈ ਜਾਣਹਿ ਤਿਨਾ ਭਿ ਤੇਰੀ ਸਾਰ ॥ (466-4)
ओइ जि आखहि सु तूंहै जाणहि तिना भि तेरी सार ॥

ਨਾਨਕ ਭਗਤਾ ਭੁਖ ਸਾਲਾਹਣੁ ਸਚੁ ਨਾਮੁ ਆਧਾਰੁ ॥ (466-4)
नानक भगता भुख सालाहणु सचु नामु आधारु ॥

ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣਵੰਤਿਆ ਪਾ ਛਾਰੁ ॥੧॥ (466-5)
सदा अनंदि रहहि दिनु राती गुणवंतिआ पा छारु ॥१॥

ਮਃ ੧ ॥ (466-5)
मः १ ॥

ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹ੍ਹਿਆਰ ॥ (466-5)
मिटी मुसलमान की पेड़ै पई कुम्हिआर ॥

ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ ॥ (466-6)
घड़ि भांडे इटा कीआ जलदी करे पुकार ॥

ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ ॥ (466-6)
जलि जलि रोवै बपुड़ी झड़ि झड़ि पवहि अंगिआर ॥

ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ ॥੨॥ (466-7)
नानक जिनि करतै कारणु कीआ सो जाणै करतारु ॥२॥

ਪਉੜੀ ॥ (466-7)
पउड़ी ॥

ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥ (466-7)
बिनु सतिगुर किनै न पाइओ बिनु सतिगुर किनै न पाइआ ॥

ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥ (466-8)
सतिगुर विचि आपु रखिओनु करि परगटु आखि सुणाइआ ॥

ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ ॥ (466-8)
सतिगुर मिलिऐ सदा मुकतु है जिनि विचहु मोहु चुकाइआ ॥

ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ ॥ (466-9)
उतमु एहु बीचारु है जिनि सचे सिउ चितु लाइआ ॥

ਜਗਜੀਵਨੁ ਦਾਤਾ ਪਾਇਆ ॥੬॥ (466-10)
जगजीवनु दाता पाइआ ॥६॥

ਸਲੋਕ ਮਃ ੧ ॥ (466-10)
सलोक मः १ ॥

ਹਉ ਵਿਚਿ ਆਇਆ ਹਉ ਵਿਚਿ ਗਇਆ ॥ (466-10)
हउ विचि आइआ हउ विचि गइआ ॥

ਹਉ ਵਿਚਿ ਜੰਮਿਆ ਹਉ ਵਿਚਿ ਮੁਆ ॥ (466-10)
हउ विचि जंमिआ हउ विचि मुआ ॥

ਹਉ ਵਿਚਿ ਦਿਤਾ ਹਉ ਵਿਚਿ ਲਇਆ ॥ (466-11)
हउ विचि दिता हउ विचि लइआ ॥

ਹਉ ਵਿਚਿ ਖਟਿਆ ਹਉ ਵਿਚਿ ਗਇਆ ॥ (466-11)
हउ विचि खटिआ हउ विचि गइआ ॥

ਹਉ ਵਿਚਿ ਸਚਿਆਰੁ ਕੂੜਿਆਰੁ ॥ (466-12)
हउ विचि सचिआरु कूड़िआरु ॥

ਹਉ ਵਿਚਿ ਪਾਪ ਪੁੰਨ ਵੀਚਾਰੁ ॥ (466-12)
हउ विचि पाप पुंन वीचारु ॥

ਹਉ ਵਿਚਿ ਨਰਕਿ ਸੁਰਗਿ ਅਵਤਾਰੁ ॥ (466-12)
हउ विचि नरकि सुरगि अवतारु ॥

ਹਉ ਵਿਚਿ ਹਸੈ ਹਉ ਵਿਚਿ ਰੋਵੈ ॥ (466-12)
हउ विचि हसै हउ विचि रोवै ॥

ਹਉ ਵਿਚਿ ਭਰੀਐ ਹਉ ਵਿਚਿ ਧੋਵੈ ॥ (466-13)
हउ विचि भरीऐ हउ विचि धोवै ॥

ਹਉ ਵਿਚਿ ਜਾਤੀ ਜਿਨਸੀ ਖੋਵੈ ॥ (466-13)
हउ विचि जाती जिनसी खोवै ॥

ਹਉ ਵਿਚਿ ਮੂਰਖੁ ਹਉ ਵਿਚਿ ਸਿਆਣਾ ॥ (466-13)
हउ विचि मूरखु हउ विचि सिआणा ॥

ਮੋਖ ਮੁਕਤਿ ਕੀ ਸਾਰ ਨ ਜਾਣਾ ॥ (466-14)
मोख मुकति की सार न जाणा ॥

ਹਉ ਵਿਚਿ ਮਾਇਆ ਹਉ ਵਿਚਿ ਛਾਇਆ ॥ (466-14)
हउ विचि माइआ हउ विचि छाइआ ॥

ਹਉਮੈ ਕਰਿ ਕਰਿ ਜੰਤ ਉਪਾਇਆ ॥ (466-15)
हउमै करि करि जंत उपाइआ ॥

ਹਉਮੈ ਬੂਝੈ ਤਾ ਦਰੁ ਸੂਝੈ ॥ (466-15)
हउमै बूझै ता दरु सूझै ॥

ਗਿਆਨ ਵਿਹੂਣਾ ਕਥਿ ਕਥਿ ਲੂਝੈ ॥ (466-15)
गिआन विहूणा कथि कथि लूझै ॥

ਨਾਨਕ ਹੁਕਮੀ ਲਿਖੀਐ ਲੇਖੁ ॥ (466-15)
नानक हुकमी लिखीऐ लेखु ॥

ਜੇਹਾ ਵੇਖਹਿ ਤੇਹਾ ਵੇਖੁ ॥੧॥ (466-16)
जेहा वेखहि तेहा वेखु ॥१॥

ਮਹਲਾ ੨ ॥ (466-16)
महला २ ॥

ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥ (466-16)
हउमै एहा जाति है हउमै करम कमाहि ॥

ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥ (466-17)
हउमै एई बंधना फिरि फिरि जोनी पाहि ॥

ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥ (466-17)
हउमै किथहु ऊपजै कितु संजमि इह जाइ ॥

ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥ (466-17)
हउमै एहो हुकमु है पइऐ किरति फिराहि ॥

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥ (466-18)
हउमै दीरघ रोगु है दारू भी इसु माहि ॥

ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥ (466-18)
किरपा करे जे आपणी ता गुर का सबदु कमाहि ॥

ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥੨॥ (466-19)
नानकु कहै सुणहु जनहु इतु संजमि दुख जाहि ॥२॥

ਪਉੜੀ ॥ (466-19)
पउड़ी ॥

ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ ॥ (466-19)
सेव कीती संतोखीईं जिन्ही सचो सचु धिआइआ ॥

ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥ (467-1)
ओन्ही मंदै पैरु न रखिओ करि सुक्रितु धरमु कमाइआ ॥

ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥ (467-1)
ओन्ही दुनीआ तोड़े बंधना अंनु पाणी थोड़ा खाइआ ॥

ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥ (467-2)
तूं बखसीसी अगला नित देवहि चड़हि सवाइआ ॥

ਵਡਿਆਈ ਵਡਾ ਪਾਇਆ ॥੭॥ (467-3)
वडिआई वडा पाइआ ॥७॥

ਸਲੋਕ ਮਃ ੧ ॥ (467-3)
सलोक मः १ ॥

ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ ॥ (467-3)
पुरखां बिरखां तीरथां तटां मेघां खेतांह ॥

ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ ॥ (467-3)
दीपां लोआं मंडलां खंडां वरभंडांह ॥

ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ ॥ (467-4)
अंडज जेरज उतभुजां खाणी सेतजांह ॥

ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ ॥ (467-4)
सो मिति जाणै नानका सरां मेरां जंताह ॥

ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ ॥ (467-5)
नानक जंत उपाइ कै संमाले सभनाह ॥

ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ ॥ (467-5)
जिनि करतै करणा कीआ चिंता भि करणी ताह ॥

ਸੋ ਕਰਤਾ ਚਿੰਤਾ ਕਰੇ ਜਿਨਿ ਉਪਾਇਆ ਜਗੁ ॥ (467-5)
सो करता चिंता करे जिनि उपाइआ जगु ॥

ਤਿਸੁ ਜੋਹਾਰੀ ਸੁਅਸਤਿ ਤਿਸੁ ਤਿਸੁ ਦੀਬਾਣੁ ਅਭਗੁ ॥ (467-6)
तिसु जोहारी सुअसति तिसु तिसु दीबाणु अभगु ॥

ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ ॥੧॥ (467-6)
नानक सचे नाम बिनु किआ टिका किआ तगु ॥१॥

ਮਃ ੧ ॥ (467-7)
मः १ ॥

ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ ॥ (467-7)
लख नेकीआ चंगिआईआ लख पुंना परवाणु ॥

ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ ॥ (467-7)
लख तप उपरि तीरथां सहज जोग बेबाण ॥

ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ ॥ (467-8)
लख सूरतण संगराम रण महि छुटहि पराण ॥

ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ ॥ (467-8)
लख सुरती लख गिआन धिआन पड़ीअहि पाठ पुराण ॥

ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ ॥ (467-9)
जिनि करतै करणा कीआ लिखिआ आवण जाणु ॥

ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ ॥੨॥ (467-9)
नानक मती मिथिआ करमु सचा नीसाणु ॥२॥

ਪਉੜੀ ॥ (467-10)
पउड़ी ॥

ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ ਵਰਤਾਇਆ ॥ (467-10)
सचा साहिबु एकु तूं जिनि सचो सचु वरताइआ ॥

ਜਿਸੁ ਤੂੰ ਦੇਹਿ ਤਿਸੁ ਮਿਲੈ ਸਚੁ ਤਾ ਤਿਨ੍ਹ੍ਹੀ ਸਚੁ ਕਮਾਇਆ ॥ (467-10)
जिसु तूं देहि तिसु मिलै सचु ता तिन्ही सचु कमाइआ ॥

ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ਹ੍ਹ ਕੈ ਹਿਰਦੈ ਸਚੁ ਵਸਾਇਆ ॥ (467-11)
सतिगुरि मिलिऐ सचु पाइआ जिन्ह कै हिरदै सचु वसाइआ ॥

ਮੂਰਖ ਸਚੁ ਨ ਜਾਣਨ੍ਹ੍ਹੀ ਮਨਮੁਖੀ ਜਨਮੁ ਗਵਾਇਆ ॥ (467-12)
मूरख सचु न जाणन्ही मनमुखी जनमु गवाइआ ॥

ਵਿਚਿ ਦੁਨੀਆ ਕਾਹੇ ਆਇਆ ॥੮॥ (467-12)
विचि दुनीआ काहे आइआ ॥८॥

ਸਲੋਕੁ ਮਃ ੧ ॥ (467-13)
सलोकु मः १ ॥

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥ (467-13)
पड़ि पड़ि गडी लदीअहि पड़ि पड़ि भरीअहि साथ ॥

ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥ (467-13)
पड़ि पड़ि बेड़ी पाईऐ पड़ि पड़ि गडीअहि खात ॥

ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥ (467-14)
पड़ीअहि जेते बरस बरस पड़ीअहि जेते मास ॥

ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥ (467-14)
पड़ीऐ जेती आरजा पड़ीअहि जेते सास ॥

ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥੧॥ (467-15)
नानक लेखै इक गल होरु हउमै झखणा झाख ॥१॥

ਮਃ ੧ ॥ (467-15)
मः १ ॥

ਲਿਖਿ ਲਿਖਿ ਪੜਿਆ ॥ (467-15)
लिखि लिखि पड़िआ ॥

ਤੇਤਾ ਕੜਿਆ ॥ (467-15)
तेता कड़िआ ॥

ਬਹੁ ਤੀਰਥ ਭਵਿਆ ॥ (467-15)
बहु तीरथ भविआ ॥

ਤੇਤੋ ਲਵਿਆ ॥ (467-16)
तेतो लविआ ॥

ਬਹੁ ਭੇਖ ਕੀਆ ਦੇਹੀ ਦੁਖੁ ਦੀਆ ॥ (467-16)
बहु भेख कीआ देही दुखु दीआ ॥

ਸਹੁ ਵੇ ਜੀਆ ਅਪਣਾ ਕੀਆ ॥ (467-16)
सहु वे जीआ अपणा कीआ ॥

ਅੰਨੁ ਨ ਖਾਇਆ ਸਾਦੁ ਗਵਾਇਆ ॥ (467-16)
अंनु न खाइआ सादु गवाइआ ॥

ਬਹੁ ਦੁਖੁ ਪਾਇਆ ਦੂਜਾ ਭਾਇਆ ॥ (467-17)
बहु दुखु पाइआ दूजा भाइआ ॥

ਬਸਤ੍ਰ ਨ ਪਹਿਰੈ ॥ (467-17)
बसत्र न पहिरै ॥

ਅਹਿਨਿਸਿ ਕਹਰੈ ॥ (467-17)
अहिनिसि कहरै ॥

ਮੋਨਿ ਵਿਗੂਤਾ ॥ (467-17)
मोनि विगूता ॥

ਕਿਉ ਜਾਗੈ ਗੁਰ ਬਿਨੁ ਸੂਤਾ ॥ (467-18)
किउ जागै गुर बिनु सूता ॥

ਪਗ ਉਪੇਤਾਣਾ ॥ (467-18)
पग उपेताणा ॥

ਅਪਣਾ ਕੀਆ ਕਮਾਣਾ ॥ (467-18)
अपणा कीआ कमाणा ॥

ਅਲੁ ਮਲੁ ਖਾਈ ਸਿਰਿ ਛਾਈ ਪਾਈ ॥ (467-18)
अलु मलु खाई सिरि छाई पाई ॥

ਮੂਰਖਿ ਅੰਧੈ ਪਤਿ ਗਵਾਈ ॥ (467-19)
मूरखि अंधै पति गवाई ॥

ਵਿਣੁ ਨਾਵੈ ਕਿਛੁ ਥਾਇ ਨ ਪਾਈ ॥ (467-19)
विणु नावै किछु थाइ न पाई ॥

ਰਹੈ ਬੇਬਾਣੀ ਮੜੀ ਮਸਾਣੀ ॥ (467-19)
रहै बेबाणी मड़ी मसाणी ॥

ਅੰਧੁ ਨ ਜਾਣੈ ਫਿਰਿ ਪਛੁਤਾਣੀ ॥ (467-19)
अंधु न जाणै फिरि पछुताणी ॥

ਸਤਿਗੁਰੁ ਭੇਟੇ ਸੋ ਸੁਖੁ ਪਾਏ ॥ (468-1)
सतिगुरु भेटे सो सुखु पाए ॥

ਹਰਿ ਕਾ ਨਾਮੁ ਮੰਨਿ ਵਸਾਏ ॥ (468-1)
हरि का नामु मंनि वसाए ॥

ਨਾਨਕ ਨਦਰਿ ਕਰੇ ਸੋ ਪਾਏ ॥ (468-1)
नानक नदरि करे सो पाए ॥

ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ ॥੨॥ (468-2)
आस अंदेसे ते निहकेवलु हउमै सबदि जलाए ॥२ ॥

ਪਉੜੀ ॥ (468-2)
पउड़ी ॥

ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ ॥ (468-2)
भगत तेरै मनि भावदे दरि सोहनि कीरति गावदे ॥

ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨੑੀ ਧਾਵਦੇ ॥ (468-3)
नानक करमा बाहरे दरि ढोअ न लहन्ही धावदे ॥

ਇਕਿ ਮੂਲੁ ਨ ਬੁਝਨਿੑ ਆਪਣਾ ਅਣਹੋਦਾ ਆਪੁ ਗਣਾਇਦੇ ॥ (468-3)
इकि मूलु न बुझन्हि आपणा अणहोदा आपु गणाइदे ॥

ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ ॥ (468-4)
हउ ढाढी का नीच जाति होरि उतम जाति सदाइदे ॥

ਤਿਨੑ ਮੰਗਾ ਜਿ ਤੁਝੈ ਧਿਆਇਦੇ ॥੯॥ (468-4)
तिन्ह मंगा जि तुझै धिआइदे ॥९॥

ਸਲੋਕੁ ਮਃ ੧ ॥ (468-5)
सलोकु मः १ ॥

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥ (468-5)
कूड़ु राजा कूड़ु परजा कूड़ु सभु संसारु ॥

ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ॥ (468-5)
कूड़ु मंडप कूड़ु माड़ी कूड़ु बैसणहारु ॥

ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨੑਣਹਾਰੁ ॥ (468-5)
कूड़ु सुइना कूड़ु रुपा कूड़ु पैन्हणहारु ॥

ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥ (468-6)
कूड़ु काइआ कूड़ु कपड़ु कूड़ु रूपु अपारु ॥

ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ ॥ (468-6)
कूड़ु मीआ कूड़ु बीबी खपि होए खारु ॥

ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥ (468-7)
कूड़ि कूड़ै नेहु लगा विसरिआ करतारु ॥

ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ ॥ (468-7)
किसु नालि कीचै दोसती सभु जगु चलणहारु ॥

ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ ॥ (468-7)
कूड़ु मिठा कूड़ु माखिउ कूड़ु डोबे पूरु ॥

ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ ॥੧॥ (468-8)
नानकु वखाणै बेनती तुधु बाझु कूड़ो कूड़ु ॥१॥

ਮਃ ੧ ॥ (468-8)
मः १ ॥

ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥ (468-8)
सचु ता परु जाणीऐ जा रिदै सचा होइ ॥

ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥ (468-9)
कूड़ की मलु उतरै तनु करे हछा धोइ ॥

ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥ (468-9)
सचु ता परु जाणीऐ जा सचि धरे पिआरु ॥

ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥ (468-9)
नाउ सुणि मनु रहसीऐ ता पाए मोख दुआरु ॥

ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥ (468-10)
सचु ता परु जाणीऐ जा जुगति जाणै जीउ ॥

ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ ॥ (468-10)
धरति काइआ साधि कै विचि देइ करता बीउ ॥

ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥ (468-11)
सचु ता परु जाणीऐ जा सिख सची लेइ ॥

ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥ (468-11)
दइआ जाणै जीअ की किछु पुंनु दानु करेइ ॥

ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥ (468-12)
सचु तां परु जाणीऐ जा आतम तीरथि करे निवासु ॥

ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥ (468-12)
सतिगुरू नो पुछि कै बहि रहै करे निवासु ॥

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥ (468-13)
सचु सभना होइ दारू पाप कढै धोइ ॥

ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥੨॥ (468-13)
नानकु वखाणै बेनती जिन सचु पलै होइ ॥२॥

ਪਉੜੀ ॥ (468-13)
पउड़ी ॥

ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ ॥ (468-14)
दानु महिंडा तली खाकु जे मिलै त मसतकि लाईऐ ॥

ਕੂੜਾ ਲਾਲਚੁ ਛਡੀਐ ਹੋਇ ਇਕ ਮਨਿ ਅਲਖੁ ਧਿਆਈਐ ॥ (468-14)
कूड़ा लालचु छडीऐ होइ इक मनि अलखु धिआईऐ ॥

ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ ॥ (468-15)
फलु तेवेहो पाईऐ जेवेही कार कमाईऐ ॥

ਜੇ ਹੋਵੈ ਪੂਰਬਿ ਲਿਖਿਆ ਤਾ ਧੂੜਿ ਤਿਨ੍ਹ੍ਹਾ ਦੀ ਪਾਈਐ ॥ (468-15)
जे होवै पूरबि लिखिआ ता धूड़ि तिन्हा दी पाईऐ ॥

ਮਤਿ ਥੋੜੀ ਸੇਵ ਗਵਾਈਐ ॥੧੦॥ (468-16)
मति थोड़ी सेव गवाईऐ ॥१०॥

ਸਲੋਕੁ ਮਃ ੧ ॥ (468-16)
सलोकु मः १ ॥

ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥ (468-16)
सचि कालु कूड़ु वरतिआ कलि कालख बेताल ॥

ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥ (468-16)
बीउ बीजि पति लै गए अब किउ उगवै दालि ॥

ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ॥ (468-17)
जे इकु होइ त उगवै रुती हू रुति होइ ॥

ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ ॥ (468-17)
नानक पाहै बाहरा कोरै रंगु न सोइ ॥

ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ ॥ (468-18)
भै विचि खुमबि चड़ाईऐ सरमु पाहु तनि होइ ॥

ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ ॥੧॥ (468-18)
नानक भगती जे रपै कूड़ै सोइ न कोइ ॥१॥

ਮਃ ੧ ॥ (468-19)
मः १ ॥

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥ (468-19)
लबु पापु दुइ राजा महता कूड़ु होआ सिकदारु ॥

ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥ (468-19)
कामु नेबु सदि पुछीऐ बहि बहि करे बीचारु ॥

ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥ (469-1)
अंधी रयति गिआन विहूणी भाहि भरे मुरदारु ॥

ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ ॥ (469-1)
गिआनी नचहि वाजे वावहि रूप करहि सीगारु ॥

ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ ॥ (469-2)
ऊचे कूकहि वादा गावहि जोधा का वीचारु ॥

ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ ॥ (469-2)
मूरख पंडित हिकमति हुजति संजै करहि पिआरु ॥

ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ ॥ (469-3)
धरमी धरमु करहि गावावहि मंगहि मोख दुआरु ॥

ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ ॥ (469-3)
जती सदावहि जुगति न जाणहि छडि बहहि घर बारु ॥

ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ॥ (469-4)
सभु को पूरा आपे होवै घटि न कोई आखै ॥

ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ ॥੨॥ (469-4)
पति परवाणा पिछै पाईऐ ता नानक तोलिआ जापै ॥२॥

ਮਃ ੧ ॥ (469-5)
मः १ ॥

ਵਦੀ ਸੁ ਵਜਗਿ ਨਾਨਕਾ ਸਚਾ ਵੇਖੈ ਸੋਇ ॥ (469-5)
वदी सु वजगि नानका सचा वेखै सोइ ॥

ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ ॥ (469-5)
सभनी छाला मारीआ करता करे सु होइ ॥

ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥ (469-6)
अगै जाति न जोरु है अगै जीउ नवे ॥

ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥੩॥ (469-6)
जिन की लेखै पति पवै चंगे सेई केइ ॥३॥

ਪਉੜੀ ॥ (469-6)
पउड़ी ॥

ਧੁਰਿ ਕਰਮੁ ਜਿਨਾ ਕਉ ਤੁਧੁ ਪਾਇਆ ਤਾ ਤਿਨੀ ਖਸਮੁ ਧਿਆਇਆ ॥ (469-7)
धुरि करमु जिना कउ तुधु पाइआ ता तिनी खसमु धिआइआ ॥

ਏਨਾ ਜੰਤਾ ਕੈ ਵਸਿ ਕਿਛੁ ਨਾਹੀ ਤੁਧੁ ਵੇਕੀ ਜਗਤੁ ਉਪਾਇਆ ॥ (469-7)
एना जंता कै वसि किछु नाही तुधु वेकी जगतु उपाइआ ॥

ਇਕਨਾ ਨੋ ਤੂੰ ਮੇਲਿ ਲੈਹਿ ਇਕਿ ਆਪਹੁ ਤੁਧੁ ਖੁਆਇਆ ॥ (469-8)
इकना नो तूं मेलि लैहि इकि आपहु तुधु खुआइआ ॥

ਗੁਰ ਕਿਰਪਾ ਤੇ ਜਾਣਿਆ ਜਿਥੈ ਤੁਧੁ ਆਪੁ ਬੁਝਾਇਆ ॥ (469-8)
गुर किरपा ते जाणिआ जिथै तुधु आपु बुझाइआ ॥

ਸਹਜੇ ਹੀ ਸਚਿ ਸਮਾਇਆ ॥੧੧॥ (469-9)
सहजे ही सचि समाइआ ॥११॥

ਸਲੋਕੁ ਮਃ ੧ ॥ (469-9)
सलोकु मः १ ॥

ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥ (469-9)
दुखु दारू सुखु रोगु भइआ जा सुखु तामि न होई ॥

ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ ॥੧॥ (469-10)
तूं करता करणा मै नाही जा हउ करी न होई ॥१॥

ਬਲਿਹਾਰੀ ਕੁਦਰਤਿ ਵਸਿਆ ॥ (469-10)
बलिहारी कुदरति वसिआ ॥

ਤੇਰਾ ਅੰਤੁ ਨ ਜਾਈ ਲਖਿਆ ॥੧॥ ਰਹਾਉ ॥ (469-11)
तेरा अंतु न जाई लखिआ ॥१॥ रहाउ ॥

ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ ॥ (469-11)
जाति महि जोति जोति महि जाता अकल कला भरपूरि रहिआ ॥

ਤੂੰ ਸਚਾ ਸਾਹਿਬੁ ਸਿਫਤਿ ਸੁਆਲ੍ਹਿਉ ਜਿਨਿ ਕੀਤੀ ਸੋ ਪਾਰਿ ਪਇਆ ॥ (469-12)
तूं सचा साहिबु सिफति सुआल्हिउ जिनि कीती सो पारि पइआ ॥

ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ ॥੨॥ (469-12)
कहु नानक करते कीआ बाता जो किछु करणा सु करि रहिआ ॥२॥

ਮਃ ੨ ॥ (469-13)
मः २ ॥

ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ ॥ (469-13)
जोग सबदं गिआन सबदं बेद सबदं ब्राहमणह ॥

ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ ॥ (469-14)
खत्री सबदं सूर सबदं सूद्र सबदं परा क्रितह ॥

ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥ (469-14)
सरब सबदं एक सबदं जे को जाणै भेउ ॥

ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥੩॥ (469-14)
नानकु ता का दासु है सोई निरंजन देउ ॥३॥

ਮਃ ੨ ॥ (469-15)
मः २ ॥

ਏਕ ਕ੍ਰਿਸਨੰ ਸਰਬ ਦੇਵਾ ਦੇਵ ਦੇਵਾ ਤ ਆਤਮਾ ॥ (469-15)
एक क्रिसनं सरब देवा देव देवा त आतमा ॥

ਆਤਮਾ ਬਾਸੁਦੇਵਸਿ੍ ਜੇ ਕੋ ਜਾਣੈ ਭੇਉ ॥ (469-15)
आतमा बासुदेवस्यि जे को जाणै भेउ ॥

ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥੪॥ (469-16)
नानकु ता का दासु है सोई निरंजन देउ ॥४॥

ਮਃ ੧ ॥ (469-16)
मः १ ॥

ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ॥ (469-16)
कुमभे बधा जलु रहै जल बिनु कुमभु न होइ ॥

ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ॥੫॥ (469-17)
गिआन का बधा मनु रहै गुर बिनु गिआनु न होइ ॥५॥

ਪਉੜੀ ॥ (469-17)
पउड़ी ॥

ਪੜਿਆ ਹੋਵੈ ਗੁਨਹਗਾਰੁ ਤਾ ਓਮੀ ਸਾਧੁ ਨ ਮਾਰੀਐ ॥ (469-17)
पड़िआ होवै गुनहगारु ता ओमी साधु न मारीऐ ॥

ਜੇਹਾ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਐ ॥ (469-18)
जेहा घाले घालणा तेवेहो नाउ पचारीऐ ॥

ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ॥ (469-18)
ऐसी कला न खेडीऐ जितु दरगह गइआ हारीऐ ॥

ਪੜਿਆ ਅਤੈ ਓਮੀਆ ਵੀਚਾਰੁ ਅਗੈ ਵੀਚਾਰੀਐ ॥ (469-19)
पड़िआ अतै ओमीआ वीचारु अगै वीचारीऐ ॥

ਮੁਹਿ ਚਲੈ ਸੁ ਅਗੈ ਮਾਰੀਐ ॥੧੨॥ (469-19)
मुहि चलै सु अगै मारीऐ ॥१२॥

ਸਲੋਕੁ ਮਃ ੧ ॥ (470-1)
सलोकु मः १ ॥

ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ ॥ (470-1)
नानक मेरु सरीर का इकु रथु इकु रथवाहु ॥

ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ ॥ (470-1)
जुगु जुगु फेरि वटाईअहि गिआनी बुझहि ताहि ॥

ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ ॥ (470-2)
सतजुगि रथु संतोख का धरमु अगै रथवाहु ॥

ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ ॥ (470-2)
त्रेतै रथु जतै का जोरु अगै रथवाहु ॥

ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ ॥ (470-3)
दुआपुरि रथु तपै का सतु अगै रथवाहु ॥

ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥੧॥ (470-3)
कलजुगि रथु अगनि का कूड़ु अगै रथवाहु ॥१॥

ਮਃ ੧ ॥ (470-4)
मः १ ॥

ਸਾਮ ਕਹੈ ਸੇਤੰਬਰੁ ਸੁਆਮੀ ਸਚ ਮਹਿ ਆਛੈ ਸਾਚਿ ਰਹੇ ॥ (470-4)
साम कहै सेत्मबरु सुआमी सच महि आछै साचि रहे ॥

ਸਭੁ ਕੋ ਸਚਿ ਸਮਾਵੈ ॥ (470-4)
सभु को सचि समावै ॥

ਰਿਗੁ ਕਹੈ ਰਹਿਆ ਭਰਪੂਰਿ ॥ (470-4)
रिगु कहै रहिआ भरपूरि ॥

ਰਾਮ ਨਾਮੁ ਦੇਵਾ ਮਹਿ ਸੂਰੁ ॥ (470-5)
राम नामु देवा महि सूरु ॥

ਨਾਇ ਲਇਐ ਪਰਾਛਤ ਜਾਹਿ ॥ (470-5)
नाइ लइऐ पराछत जाहि ॥

ਨਾਨਕ ਤਉ ਮੋਖੰਤਰੁ ਪਾਹਿ ॥ (470-5)
नानक तउ मोखंतरु पाहि ॥

ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ਹ੍ਹ ਕ੍ਰਿਸਨੁ ਜਾਦਮੁ ਭਇਆ ॥ (470-6)
जुज महि जोरि छली चंद्रावलि कान्ह क्रिसनु जादमु भइआ ॥

ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ ॥ (470-6)
पारजातु गोपी लै आइआ बिंद्राबन महि रंगु कीआ ॥

ਕਲਿ ਮਹਿ ਬੇਦੁ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ ॥ (470-7)
कलि महि बेदु अथरबणु हूआ नाउ खुदाई अलहु भइआ ॥

ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ ॥ (470-7)
नील बसत्र ले कपड़े पहिरे तुरक पठाणी अमलु कीआ ॥

ਚਾਰੇ ਵੇਦ ਹੋਏ ਸਚਿਆਰ ॥ (470-8)
चारे वेद होए सचिआर ॥

ਪੜਹਿ ਗੁਣਹਿ ਤਿਨ੍ਹ੍ਹ ਚਾਰ ਵੀਚਾਰ ॥ (470-8)
पड़हि गुणहि तिन्ह चार वीचार ॥

ਭਾਉ ਭਗਤਿ ਕਰਿ ਨੀਚੁ ਸਦਾਏ ॥ (470-8)
भाउ भगति करि नीचु सदाए ॥

ਤਉ ਨਾਨਕ ਮੋਖੰਤਰੁ ਪਾਏ ॥੨॥ (470-9)
तउ नानक मोखंतरु पाए ॥२॥

ਪਉੜੀ ॥ (470-9)
पउड़ी ॥

ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ ॥ (470-9)
सतिगुर विटहु वारिआ जितु मिलिऐ खसमु समालिआ ॥

ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ ਇਨ੍ਹ੍ਹੀ ਨੇਤ੍ਰੀ ਜਗਤੁ ਨਿਹਾਲਿਆ ॥ (470-10)
जिनि करि उपदेसु गिआन अंजनु दीआ इन्ही नेत्री जगतु निहालिआ ॥

ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥ (470-10)
खसमु छोडि दूजै लगे डुबे से वणजारिआ ॥

ਸਤਿਗੁਰੂ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ ॥ (470-11)
सतिगुरू है बोहिथा विरलै किनै वीचारिआ ॥

ਕਰਿ ਕਿਰਪਾ ਪਾਰਿ ਉਤਾਰਿਆ ॥੧੩॥ (470-11)
करि किरपा पारि उतारिआ ॥१३॥

ਸਲੋਕੁ ਮਃ ੧ ॥ (470-12)
सलोकु मः १ ॥

ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ॥ (470-12)
सिंमल रुखु सराइरा अति दीरघ अति मुचु ॥

ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ ॥ (470-12)
ओइ जि आवहि आस करि जाहि निरासे कितु ॥

ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ ॥ (470-13)
फल फिके फुल बकबके कंमि न आवहि पत ॥

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥ (470-13)
मिठतु नीवी नानका गुण चंगिआईआ ततु ॥

ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ ॥ (470-14)
सभु को निवै आप कउ पर कउ निवै न कोइ ॥

ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ ॥ (470-14)
धरि ताराजू तोलीऐ निवै सु गउरा होइ ॥

ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ॥ (470-15)
अपराधी दूणा निवै जो हंता मिरगाहि ॥

ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥੧॥ (470-15)
सीसि निवाइऐ किआ थीऐ जा रिदै कुसुधे जाहि ॥१॥

ਮਃ ੧ ॥ (470-16)
मः १ ॥

ਪੜਿ ਪੁਸਤਕ ਸੰਧਿਆ ਬਾਦੰ ॥ (470-16)
पड़ि पुसतक संधिआ बादं ॥

ਸਿਲ ਪੂਜਸਿ ਬਗੁਲ ਸਮਾਧੰ ॥ (470-16)
सिल पूजसि बगुल समाधं ॥

ਮੁਖਿ ਝੂਠ ਬਿਭੂਖਣ ਸਾਰੰ ॥ (470-16)
मुखि झूठ बिभूखण सारं ॥

ਤ੍ਰੈਪਾਲ ਤਿਹਾਲ ਬਿਚਾਰੰ ॥ (470-16)
त्रैपाल तिहाल बिचारं ॥

ਗਲਿ ਮਾਲਾ ਤਿਲਕੁ ਲਿਲਾਟੰ ॥ (470-17)
गलि माला तिलकु लिलाटं ॥

ਦੁਇ ਧੋਤੀ ਬਸਤ੍ਰ ਕਪਾਟੰ ॥ (470-17)
दुइ धोती बसत्र कपाटं ॥

ਜੇ ਜਾਣਸਿ ਬ੍ਰਹਮੰ ਕਰਮੰ ॥ (470-17)
जे जाणसि ब्रहमं करमं ॥

ਸਭਿ ਫੋਕਟ ਨਿਸਚਉ ਕਰਮੰ ॥ (470-18)
सभि फोकट निसचउ करमं ॥

ਕਹੁ ਨਾਨਕ ਨਿਹਚਉ ਧਿਆਵੈ ॥ (470-18)
कहु नानक निहचउ धिआवै ॥

ਵਿਣੁ ਸਤਿਗੁਰ ਵਾਟ ਨ ਪਾਵੈ ॥੨॥ (470-18)
विणु सतिगुर वाट न पावै ॥२॥

ਪਉੜੀ ॥ (470-18)
पउड़ी ॥

ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥ (470-19)
कपड़ु रूपु सुहावणा छडि दुनीआ अंदरि जावणा ॥

ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥ (470-19)
मंदा चंगा आपणा आपे ही कीता पावणा ॥

ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥ (470-19)
हुकम कीए मनि भावदे राहि भीड़ै अगै जावणा ॥

ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥ (471-1)
नंगा दोजकि चालिआ ता दिसै खरा डरावणा ॥

ਕਰਿ ਅਉਗਣ ਪਛੋਤਾਵਣਾ ॥੧੪॥ (471-1)
करि अउगण पछोतावणा ॥१४॥

ਸਲੋਕੁ ਮਃ ੧ ॥ (471-2)
सलोकु मः १ ॥

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ (471-2)
दइआ कपाह संतोखु सूतु जतु गंढी सतु वटु ॥

ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥ (471-2)
एहु जनेऊ जीअ का हई त पाडे घतु ॥

ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥ (471-3)
ना एहु तुटै न मलु लगै ना एहु जलै न जाइ ॥

ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥ (471-3)
धंनु सु माणस नानका जो गलि चले पाइ ॥

ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ ॥ (471-4)
चउकड़ि मुलि अणाइआ बहि चउकै पाइआ ॥

ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ ॥ (471-4)
सिखा कंनि चड़ाईआ गुरु ब्राहमणु थिआ ॥

ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ ॥੧॥ (471-5)
ओहु मुआ ओहु झड़ि पइआ वेतगा गइआ ॥१॥

ਮਃ ੧ ॥ (471-5)
मः १ ॥

ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ ॥ (471-5)
लख चोरीआ लख जारीआ लख कूड़ीआ लख गालि ॥

ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ ॥ (471-6)
लख ठगीआ पहिनामीआ राति दिनसु जीअ नालि ॥

ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ ॥ (471-6)
तगु कपाहहु कतीऐ बाम्हणु वटे आइ ॥

ਕੁਹਿ ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ ॥ (471-7)
कुहि बकरा रिंन्हि खाइआ सभु को आखै पाइ ॥

ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ ॥ (471-7)
होइ पुराणा सुटीऐ भी फिरि पाईऐ होरु ॥

ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ ॥੨॥ (471-8)
नानक तगु न तुटई जे तगि होवै जोरु ॥२॥

ਮਃ ੧ ॥ (471-8)
मः १ ॥

ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ ॥ (471-8)
नाइ मंनिऐ पति ऊपजै सालाही सचु सूतु ॥

ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ ॥੩॥ (471-9)
दरगह अंदरि पाईऐ तगु न तूटसि पूत ॥३॥

ਮਃ ੧ ॥ (471-9)
मः १ ॥

ਤਗੁ ਨ ਇੰਦ੍ਰੀ ਤਗੁ ਨ ਨਾਰੀ ॥ (471-9)
तगु न इंद्री तगु न नारी ॥

ਭਲਕੇ ਥੁਕ ਪਵੈ ਨਿਤ ਦਾੜੀ ॥ (471-9)
भलके थुक पवै नित दाड़ी ॥

ਤਗੁ ਨ ਪੈਰੀ ਤਗੁ ਨ ਹਥੀ ॥ (471-10)
तगु न पैरी तगु न हथी ॥

ਤਗੁ ਨ ਜਿਹਵਾ ਤਗੁ ਨ ਅਖੀ ॥ (471-10)
तगु न जिहवा तगु न अखी ॥

ਵੇਤਗਾ ਆਪੇ ਵਤੈ ॥ (471-10)
वेतगा आपे वतै ॥

ਵਟਿ ਧਾਗੇ ਅਵਰਾ ਘਤੈ ॥ (471-10)
वटि धागे अवरा घतै ॥

ਲੈ ਭਾੜਿ ਕਰੇ ਵੀਆਹੁ ॥ (471-11)
लै भाड़ि करे वीआहु ॥

ਕਢਿ ਕਾਗਲੁ ਦਸੇ ਰਾਹੁ ॥ (471-11)
कढि कागलु दसे राहु ॥

ਸੁਣਿ ਵੇਖਹੁ ਲੋਕਾ ਏਹੁ ਵਿਡਾਣੁ ॥ (471-11)
सुणि वेखहु लोका एहु विडाणु ॥

ਮਨਿ ਅੰਧਾ ਨਾਉ ਸੁਜਾਣੁ ॥੪॥ (471-12)
मनि अंधा नाउ सुजाणु ॥४॥

ਪਉੜੀ ॥ (471-12)
पउड़ी ॥

ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾ ਸਾਈ ਕਾਰ ਕਰਾਇਸੀ ॥ (471-12)
साहिबु होइ दइआलु किरपा करे ता साई कार कराइसी ॥

ਸੋ ਸੇਵਕੁ ਸੇਵਾ ਕਰੇ ਜਿਸ ਨੋ ਹੁਕਮੁ ਮਨਾਇਸੀ ॥ (471-12)
सो सेवकु सेवा करे जिस नो हुकमु मनाइसी ॥

ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ ॥ (471-13)
हुकमि मंनिऐ होवै परवाणु ता खसमै का महलु पाइसी ॥

ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਸੋ ਫਲੁ ਪਾਇਸੀ ॥ (471-14)
खसमै भावै सो करे मनहु चिंदिआ सो फलु पाइसी ॥

ਤਾ ਦਰਗਹ ਪੈਧਾ ਜਾਇਸੀ ॥੧੫॥ (471-14)
ता दरगह पैधा जाइसी ॥१५॥

ਸਲੋਕ ਮਃ ੧ ॥ (471-14)
सलोक मः १ ॥

ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ ॥ (471-15)
गऊ बिराहमण कउ करु लावहु गोबरि तरणु न जाई ॥

ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ ॥ (471-15)
धोती टिका तै जपमाली धानु मलेछां खाई ॥

ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ ॥ (471-16)
अंतरि पूजा पड़हि कतेबा संजमु तुरका भाई ॥

ਛੋਡੀਲੇ ਪਾਖੰਡਾ ॥ (471-16)
छोडीले पाखंडा ॥

ਨਾਮਿ ਲਇਐ ਜਾਹਿ ਤਰੰਦਾ ॥੧॥ (471-16)
नामि लइऐ जाहि तरंदा ॥१॥

ਮਃ ੧ ॥ (471-17)
मः १ ॥

ਮਾਣਸ ਖਾਣੇ ਕਰਹਿ ਨਿਵਾਜ ॥ (471-17)
माणस खाणे करहि निवाज ॥

ਛੁਰੀ ਵਗਾਇਨਿ ਤਿਨ ਗਲਿ ਤਾਗ ॥ (471-17)
छुरी वगाइनि तिन गलि ताग ॥

ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥ (471-17)
तिन घरि ब्रहमण पूरहि नाद ॥

ਉਨ੍ਹਾ ਭਿ ਆਵਹਿ ਓਈ ਸਾਦ ॥ (471-18)
उन्हा भि आवहि ओई साद ॥

ਕੂੜੀ ਰਾਸਿ ਕੂੜਾ ਵਾਪਾਰੁ ॥ (471-18)
कूड़ी रासि कूड़ा वापारु ॥

ਕੂੜੁ ਬੋਲਿ ਕਰਹਿ ਆਹਾਰੁ ॥ (471-18)
कूड़ु बोलि करहि आहारु ॥

ਸਰਮ ਧਰਮ ਕਾ ਡੇਰਾ ਦੂਰਿ ॥ (471-18)
सरम धरम का डेरा दूरि ॥

ਨਾਨਕ ਕੂੜੁ ਰਹਿਆ ਭਰਪੂਰਿ ॥ (471-19)
नानक कूड़ु रहिआ भरपूरि ॥

ਮਥੈ ਟਿਕਾ ਤੇੜਿ ਧੋਤੀ ਕਖਾਈ ॥ (471-19)
मथै टिका तेड़ि धोती कखाई ॥

ਹਥਿ ਛੁਰੀ ਜਗਤ ਕਾਸਾਈ ॥ (471-19)
हथि छुरी जगत कासाई ॥

ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥ (472-1)
नील वसत्र पहिरि होवहि परवाणु ॥

ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥ (472-1)
मलेछ धानु ले पूजहि पुराणु ॥

ਅਭਾਖਿਆ ਕਾ ਕੁਠਾ ਬਕਰਾ ਖਾਣਾ ॥ (472-1)
अभाखिआ का कुठा बकरा खाणा ॥

ਚਉਕੇ ਉਪਰਿ ਕਿਸੈ ਨ ਜਾਣਾ ॥ (472-2)
चउके उपरि किसै न जाणा ॥

ਦੇ ਕੈ ਚਉਕਾ ਕਢੀ ਕਾਰ ॥ (472-2)
दे कै चउका कढी कार ॥

ਉਪਰਿ ਆਇ ਬੈਠੇ ਕੂੜਿਆਰ ॥ (472-2)
उपरि आइ बैठे कूड़िआर ॥

ਮਤੁ ਭਿਟੈ ਵੇ ਮਤੁ ਭਿਟੈ ॥ (472-3)
मतु भिटै वे मतु भिटै ॥

ਇਹੁ ਅੰਨੁ ਅਸਾਡਾ ਫਿਟੈ ॥ (472-3)
इहु अंनु असाडा फिटै ॥

ਤਨਿ ਫਿਟੈ ਫੇੜ ਕਰੇਨਿ ॥ (472-3)
तनि फिटै फेड़ करेनि ॥

ਮਨਿ ਜੂਠੈ ਚੁਲੀ ਭਰੇਨਿ ॥ (472-3)
मनि जूठै चुली भरेनि ॥

ਕਹੁ ਨਾਨਕ ਸਚੁ ਧਿਆਈਐ ॥ (472-3)
कहु नानक सचु धिआईऐ ॥

ਸੁਚਿ ਹੋਵੈ ਤਾ ਸਚੁ ਪਾਈਐ ॥੨॥ (472-4)
सुचि होवै ता सचु पाईऐ ॥२॥

ਪਉੜੀ ॥ (472-4)
पउड़ी ॥

ਚਿਤੈ ਅੰਦਰਿ ਸਭੁ ਕੋ ਵੇਖਿ ਨਦਰੀ ਹੇਠਿ ਚਲਾਇਦਾ ॥ (472-4)
चितै अंदरि सभु को वेखि नदरी हेठि चलाइदा ॥

ਆਪੇ ਦੇ ਵਡਿਆਈਆ ਆਪੇ ਹੀ ਕਰਮ ਕਰਾਇਦਾ ॥ (472-5)
आपे दे वडिआईआ आपे ही करम कराइदा ॥

ਵਡਹੁ ਵਡਾ ਵਡ ਮੇਦਨੀ ਸਿਰੇ ਸਿਰਿ ਧੰਧੈ ਲਾਇਦਾ ॥ (472-5)
वडहु वडा वड मेदनी सिरे सिरि धंधै लाइदा ॥

ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ ॥ (472-6)
नदरि उपठी जे करे सुलताना घाहु कराइदा ॥

ਦਰਿ ਮੰਗਨਿ ਭਿਖ ਨ ਪਾਇਦਾ ॥੧੬॥ (472-6)
दरि मंगनि भिख न पाइदा ॥१६॥

ਸਲੋਕੁ ਮਃ ੧ ॥ (472-7)
सलोकु मः १ ॥

ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ ॥ (472-7)
जे मोहाका घरु मुहै घरु मुहि पितरी देइ ॥

ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ ॥ (472-7)
अगै वसतु सिञाणीऐ पितरी चोर करेइ ॥

ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥ (472-8)
वढीअहि हथ दलाल के मुसफी एह करेइ ॥

ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥੧॥ (472-8)
नानक अगै सो मिलै जि खटे घाले देइ ॥१॥

ਮਃ ੧ ॥ (472-8)
मः १ ॥

ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ ॥ (472-9)
जिउ जोरू सिरनावणी आवै वारो वार ॥

ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ ॥ (472-9)
जूठे जूठा मुखि वसै नित नित होइ खुआरु ॥

ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥ (472-9)
सूचे एहि न आखीअहि बहनि जि पिंडा धोइ ॥

ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥੨॥ (472-10)
सूचे सेई नानका जिन मनि वसिआ सोइ ॥२॥

ਪਉੜੀ ॥ (472-10)
पउड़ी ॥

ਤੁਰੇ ਪਲਾਣੇ ਪਉਣ ਵੇਗ ਹਰ ਰੰਗੀ ਹਰਮ ਸਵਾਰਿਆ ॥ (472-10)
तुरे पलाणे पउण वेग हर रंगी हरम सवारिआ ॥

ਕੋਠੇ ਮੰਡਪ ਮਾੜੀਆ ਲਾਇ ਬੈਠੇ ਕਰਿ ਪਾਸਾਰਿਆ ॥ (472-11)
कोठे मंडप माड़ीआ लाइ बैठे करि पासारिआ ॥

ਚੀਜ ਕਰਨਿ ਮਨਿ ਭਾਵਦੇ ਹਰਿ ਬੁਝਨਿ ਨਾਹੀ ਹਾਰਿਆ ॥ (472-12)
चीज करनि मनि भावदे हरि बुझनि नाही हारिआ ॥

ਕਰਿ ਫੁਰਮਾਇਸਿ ਖਾਇਆ ਵੇਖਿ ਮਹਲਤਿ ਮਰਣੁ ਵਿਸਾਰਿਆ ॥ (472-12)
करि फुरमाइसि खाइआ वेखि महलति मरणु विसारिआ ॥

ਜਰੁ ਆਈ ਜੋਬਨਿ ਹਾਰਿਆ ॥੧੭॥ (472-13)
जरु आई जोबनि हारिआ ॥१७॥

ਸਲੋਕੁ ਮਃ ੧ ॥ (472-13)
सलोकु मः १ ॥

ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥ (472-13)
जे करि सूतकु मंनीऐ सभ तै सूतकु होइ ॥

ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥ (472-14)
गोहे अतै लकड़ी अंदरि कीड़ा होइ ॥

ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥ (472-14)
जेते दाणे अंन के जीआ बाझु न कोइ ॥

ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥ (472-14)
पहिला पाणी जीउ है जितु हरिआ सभु कोइ ॥

ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥ (472-15)
सूतकु किउ करि रखीऐ सूतकु पवै रसोइ ॥

ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥੧॥ (472-15)
नानक सूतकु एव न उतरै गिआनु उतारे धोइ ॥१॥

ਮਃ ੧ ॥ (472-16)
मः १ ॥

ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥ (472-16)
मन का सूतकु लोभु है जिहवा सूतकु कूड़ु ॥

ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ ॥ (472-16)
अखी सूतकु वेखणा पर त्रिअ पर धन रूपु ॥

ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ ॥ (472-17)
कंनी सूतकु कंनि पै लाइतबारी खाहि ॥

ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ ॥੨॥ (472-17)
नानक हंसा आदमी बधे जम पुरि जाहि ॥२॥

ਮਃ ੧ ॥ (472-18)
मः १ ॥

ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥ (472-18)
सभो सूतकु भरमु है दूजै लगै जाइ ॥

ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥ (472-18)
जंमणु मरणा हुकमु है भाणै आवै जाइ ॥

ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥ (472-19)
खाणा पीणा पवित्रु है दितोनु रिजकु स्मबाहि ॥

ਨਾਨਕ ਜਿਨ੍ਹ੍ਹੀ ਗੁਰਮੁਖਿ ਬੁਝਿਆ ਤਿਨ੍ਹ੍ਹਾ ਸੂਤਕੁ ਨਾਹਿ ॥੩॥ (472-19)
नानक जिन्ही गुरमुखि बुझिआ तिन्हा सूतकु नाहि ॥३॥

ਪਉੜੀ ॥ (473-1)
पउड़ी ॥

ਸਤਿਗੁਰੁ ਵਡਾ ਕਰਿ ਸਾਲਾਹੀਐ ਜਿਸੁ ਵਿਚਿ ਵਡੀਆ ਵਡਿਆਈਆ ॥ (473-1)
सतिगुरु वडा करि सालाहीऐ जिसु विचि वडीआ वडिआईआ ॥

ਸਹਿ ਮੇਲੇ ਤਾ ਨਦਰੀ ਆਈਆ ॥ (473-1)
सहि मेले ता नदरी आईआ ॥

ਜਾ ਤਿਸੁ ਭਾਣਾ ਤਾ ਮਨਿ ਵਸਾਈਆ ॥ (473-2)
जा तिसु भाणा ता मनि वसाईआ ॥

ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ ਮਾਰਿ ਕਢੀਆ ਬੁਰਿਆਈਆ ॥ (473-2)
करि हुकमु मसतकि हथु धरि विचहु मारि कढीआ बुरिआईआ ॥

ਸਹਿ ਤੁਠੈ ਨਉ ਨਿਧਿ ਪਾਈਆ ॥੧੮॥ (473-3)
सहि तुठै नउ निधि पाईआ ॥१८॥

ਸਲੋਕੁ ਮਃ ੧ ॥ (473-3)
सलोकु मः १ ॥

ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ ॥ (473-3)
पहिला सुचा आपि होइ सुचै बैठा आइ ॥

ਸੁਚੇ ਅਗੈ ਰਖਿਓਨੁ ਕੋਇ ਨ ਭਿਟਿਓ ਜਾਇ ॥ (473-4)
सुचे अगै रखिओनु कोइ न भिटिओ जाइ ॥

ਸੁਚਾ ਹੋਇ ਕੈ ਜੇਵਿਆ ਲਗਾ ਪੜਣਿ ਸਲੋਕੁ ॥ (473-4)
सुचा होइ कै जेविआ लगा पड़णि सलोकु ॥

ਕੁਹਥੀ ਜਾਈ ਸਟਿਆ ਕਿਸੁ ਏਹੁ ਲਗਾ ਦੋਖੁ ॥ (473-5)
कुहथी जाई सटिआ किसु एहु लगा दोखु ॥

ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ਪੰਜਵਾ ਪਾਇਆ ਘਿਰਤੁ ॥ (473-5)
अंनु देवता पाणी देवता बैसंतरु देवता लूणु पंजवा पाइआ घिरतु ॥

ਤਾ ਹੋਆ ਪਾਕੁ ਪਵਿਤੁ ॥ (473-6)
ता होआ पाकु पवितु ॥

ਪਾਪੀ ਸਿਉ ਤਨੁ ਗਡਿਆ ਥੁਕਾ ਪਈਆ ਤਿਤੁ ॥ (473-6)
पापी सिउ तनु गडिआ थुका पईआ तितु ॥

ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ ॥ (473-6)
जितु मुखि नामु न ऊचरहि बिनु नावै रस खाहि ॥

ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ ॥੧॥ (473-7)
नानक एवै जाणीऐ तितु मुखि थुका पाहि ॥१॥

ਮਃ ੧ ॥ (473-7)
मः १ ॥

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥ (473-8)
भंडि जंमीऐ भंडि निंमीऐ भंडि मंगणु वीआहु ॥

ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥ (473-8)
भंडहु होवै दोसती भंडहु चलै राहु ॥

ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥ (473-8)
भंडु मुआ भंडु भालीऐ भंडि होवै बंधानु ॥

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥ (473-9)
सो किउ मंदा आखीऐ जितु जंमहि राजान ॥

ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥ (473-9)
भंडहु ही भंडु ऊपजै भंडै बाझु न कोइ ॥

ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥ (473-10)
नानक भंडै बाहरा एको सचा सोइ ॥

ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥ (473-10)
जितु मुखि सदा सालाहीऐ भागा रती चारि ॥

ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥੨॥ (473-10)
नानक ते मुख ऊजले तितु सचै दरबारि ॥२॥

ਪਉੜੀ ॥ (473-11)
पउड़ी ॥

ਸਭੁ ਕੋ ਆਖੈ ਆਪਣਾ ਜਿਸੁ ਨਾਹੀ ਸੋ ਚੁਣਿ ਕਢੀਐ ॥ (473-11)
सभु को आखै आपणा जिसु नाही सो चुणि कढीऐ ॥

ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ ॥ (473-12)
कीता आपो आपणा आपे ही लेखा संढीऐ ॥

ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ ॥ (473-12)
जा रहणा नाही ऐतु जगि ता काइतु गारबि हंढीऐ ॥

ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ ॥ (473-13)
मंदा किसै न आखीऐ पड़ि अखरु एहो बुझीऐ ॥

ਮੂਰਖੈ ਨਾਲਿ ਨ ਲੁਝੀਐ ॥੧੯॥ (473-13)
मूरखै नालि न लुझीऐ ॥१९॥

ਸਲੋਕੁ ਮਃ ੧ ॥ (473-13)
सलोकु मः १ ॥

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥ (473-14)
नानक फिकै बोलिऐ तनु मनु फिका होइ ॥

ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥ (473-14)
फिको फिका सदीऐ फिके फिकी सोइ ॥

ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥ (473-14)
फिका दरगह सटीऐ मुहि थुका फिके पाइ ॥

ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥੧॥ (473-15)
फिका मूरखु आखीऐ पाणा लहै सजाइ ॥१॥

ਮਃ ੧ ॥ (473-15)
मः १ ॥

ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ ॥ (473-15)
अंदरहु झूठे पैज बाहरि दुनीआ अंदरि फैलु ॥

ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ ॥ (473-16)
अठसठि तीरथ जे नावहि उतरै नाही मैलु ॥

ਜਿਨ੍ਹ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ ॥ (473-16)
जिन्ह पटु अंदरि बाहरि गुदड़ु ते भले संसारि ॥

ਤਿਨ੍ਹ ਨੇਹੁ ਲਗਾ ਰਬ ਸੇਤੀ ਦੇਖਨ੍ਹੇ ਵੀਚਾਰਿ ॥ (473-17)
तिन्ह नेहु लगा रब सेती देखन्हे वीचारि ॥

ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥ (473-17)
रंगि हसहि रंगि रोवहि चुप भी करि जाहि ॥

ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥ (473-18)
परवाह नाही किसै केरी बाझु सचे नाह ॥

ਦਰਿ ਵਾਟ ਉਪਰਿ ਖਰਚੁ ਮੰਗਾ ਜਬੈ ਦੇਇ ਤ ਖਾਹਿ ॥ (473-18)
दरि वाट उपरि खरचु मंगा जबै देइ त खाहि ॥

ਦੀਬਾਨੁ ਏਕੋ ਕਲਮ ਏਕਾ ਹਮਾ ਤੁਮ੍ਹ੍ਹਾ ਮੇਲੁ ॥ (473-19)
दीबानु एको कलम एका हमा तुम्हा मेलु ॥

ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ ॥੨॥ (473-19)
दरि लए लेखा पीड़ि छुटै नानका जिउ तेलु ॥२॥

ਪਉੜੀ ॥ (474-1)
पउड़ी ॥

ਆਪੇ ਹੀ ਕਰਣਾ ਕੀਓ ਕਲ ਆਪੇ ਹੀ ਤੈ ਧਾਰੀਐ ॥ (474-1)
आपे ही करणा कीओ कल आपे ही तै धारीऐ ॥

ਦੇਖਹਿ ਕੀਤਾ ਆਪਣਾ ਧਰਿ ਕਚੀ ਪਕੀ ਸਾਰੀਐ ॥ (474-1)
देखहि कीता आपणा धरि कची पकी सारीऐ ॥

ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥ (474-2)
जो आइआ सो चलसी सभु कोई आई वारीऐ ॥

ਜਿਸ ਕੇ ਜੀਅ ਪਰਾਣ ਹਹਿ ਕਿਉ ਸਾਹਿਬੁ ਮਨਹੁ ਵਿਸਾਰੀਐ ॥ (474-2)
जिस के जीअ पराण हहि किउ साहिबु मनहु विसारीऐ ॥

ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥੨੦॥ (474-3)
आपण हथी आपणा आपे ही काजु सवारीऐ ॥२०॥

ਸਲੋਕੁ ਮਹਲਾ ੨ ॥ (474-3)
सलोकु महला २ ॥

ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ ॥ (474-3)
एह किनेही आसकी दूजै लगै जाइ ॥

ਨਾਨਕ ਆਸਕੁ ਕਾਂਢੀਐ ਸਦ ਹੀ ਰਹੈ ਸਮਾਇ ॥ (474-4)
नानक आसकु कांढीऐ सद ही रहै समाइ ॥

ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ ॥ (474-4)
चंगै चंगा करि मंने मंदै मंदा होइ ॥

ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ ॥੧॥ (474-5)
आसकु एहु न आखीऐ जि लेखै वरतै सोइ ॥१॥

ਮਹਲਾ ੨ ॥ (474-5)
महला २ ॥

ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ ॥ (474-5)
सलामु जबाबु दोवै करे मुंढहु घुथा जाइ ॥

ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ ॥੨॥ (474-6)
नानक दोवै कूड़ीआ थाइ न काई पाइ ॥२॥

ਪਉੜੀ ॥ (474-6)
पउड़ी ॥

ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਹ੍ਹਾਲੀਐ ॥ (474-6)
जितु सेविऐ सुखु पाईऐ सो साहिबु सदा सम्हालीऐ ॥

ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ ॥ (474-7)
जितु कीता पाईऐ आपणा सा घाल बुरी किउ घालीऐ ॥

ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥ (474-7)
मंदा मूलि न कीचई दे लंमी नदरि निहालीऐ ॥

ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ ॥ (474-8)
जिउ साहिब नालि न हारीऐ तेवेहा पासा ढालीऐ ॥

ਕਿਛੁ ਲਾਹੇ ਉਪਰਿ ਘਾਲੀਐ ॥੨੧॥ (474-8)
किछु लाहे उपरि घालीऐ ॥२१॥

ਸਲੋਕੁ ਮਹਲਾ ੨ ॥ (474-9)
सलोकु महला २ ॥

ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ ॥ (474-9)
चाकरु लगै चाकरी नाले गारबु वादु ॥

ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ ॥ (474-9)
गला करे घणेरीआ खसम न पाए सादु ॥

ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥ (474-10)
आपु गवाइ सेवा करे ता किछु पाए मानु ॥

ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ ॥੧॥ (474-10)
नानक जिस नो लगा तिसु मिलै लगा सो परवानु ॥१॥

ਮਹਲਾ ੨ ॥ (474-11)
महला २ ॥

ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ ॥ (474-11)
जो जीइ होइ सु उगवै मुह का कहिआ वाउ ॥

ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ ॥੨॥ (474-11)
बीजे बिखु मंगै अमृतु वेखहु एहु निआउ ॥२॥

ਮਹਲਾ ੨ ॥ (474-12)
महला २ ॥

ਨਾਲਿ ਇਆਣੇ ਦੋਸਤੀ ਕਦੇ ਨ ਆਵੈ ਰਾਸਿ ॥ (474-12)
नालि इआणे दोसती कदे न आवै रासि ॥

ਜੇਹਾ ਜਾਣੈ ਤੇਹੋ ਵਰਤੈ ਵੇਖਹੁ ਕੋ ਨਿਰਜਾਸਿ ॥ (474-12)
जेहा जाणै तेहो वरतै वेखहु को निरजासि ॥

ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ ॥ (474-13)
वसतू अंदरि वसतु समावै दूजी होवै पासि ॥

ਸਾਹਿਬ ਸੇਤੀ ਹੁਕਮੁ ਨ ਚਲੈ ਕਹੀ ਬਣੈ ਅਰਦਾਸਿ ॥ (474-13)
साहिब सेती हुकमु न चलै कही बणै अरदासि ॥

ਕੂੜਿ ਕਮਾਣੈ ਕੂੜੋ ਹੋਵੈ ਨਾਨਕ ਸਿਫਤਿ ਵਿਗਾਸਿ ॥੩॥ (474-14)
कूड़ि कमाणै कूड़ो होवै नानक सिफति विगासि ॥३॥

ਮਹਲਾ ੨ ॥ (474-14)
महला २ ॥

ਨਾਲਿ ਇਆਣੇ ਦੋਸਤੀ ਵਡਾਰੂ ਸਿਉ ਨੇਹੁ ॥ (474-14)
नालि इआणे दोसती वडारू सिउ नेहु ॥

ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ ਥੇਹੁ ॥੪॥ (474-15)
पाणी अंदरि लीक जिउ तिस दा थाउ न थेहु ॥४॥

ਮਹਲਾ ੨ ॥ (474-15)
महला २ ॥

ਹੋਇ ਇਆਣਾ ਕਰੇ ਕੰਮੁ ਆਣਿ ਨ ਸਕੈ ਰਾਸਿ ॥ (474-15)
होइ इआणा करे कंमु आणि न सकै रासि ॥

ਜੇ ਇਕ ਅਧ ਚੰਗੀ ਕਰੇ ਦੂਜੀ ਭੀ ਵੇਰਾਸਿ ॥੫॥ (474-16)
जे इक अध चंगी करे दूजी भी वेरासि ॥५॥

ਪਉੜੀ ॥ (474-16)
पउड़ी ॥

ਚਾਕਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ ॥ (474-16)
चाकरु लगै चाकरी जे चलै खसमै भाइ ॥

ਹੁਰਮਤਿ ਤਿਸ ਨੋ ਅਗਲੀ ਓਹੁ ਵਜਹੁ ਭਿ ਦੂਣਾ ਖਾਇ ॥ (474-17)
हुरमति तिस नो अगली ओहु वजहु भि दूणा खाइ ॥

ਖਸਮੈ ਕਰੇ ਬਰਾਬਰੀ ਫਿਰਿ ਗੈਰਤਿ ਅੰਦਰਿ ਪਾਇ ॥ (474-17)
खसमै करे बराबरी फिरि गैरति अंदरि पाइ ॥

ਵਜਹੁ ਗਵਾਏ ਅਗਲਾ ਮੁਹੇ ਮੁਹਿ ਪਾਣਾ ਖਾਇ ॥ (474-18)
वजहु गवाए अगला मुहे मुहि पाणा खाइ ॥

ਜਿਸ ਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ ॥ (474-18)
जिस दा दिता खावणा तिसु कहीऐ साबासि ॥

ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ ॥੨੨॥ (474-19)
नानक हुकमु न चलई नालि खसम चलै अरदासि ॥२२॥

ਸਲੋਕੁ ਮਹਲਾ ੨ ॥ (474-19)
सलोकु महला २ ॥

ਏਹ ਕਿਨੇਹੀ ਦਾਤਿ ਆਪਸ ਤੇ ਜੋ ਪਾਈਐ ॥ (474-19)
एह किनेही दाति आपस ते जो पाईऐ ॥

ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ ॥੧॥ (475-1)
नानक सा करमाति साहिब तुठै जो मिलै ॥१॥

ਮਹਲਾ ੨ ॥ (475-1)
महला २ ॥

ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ ॥ (475-1)
एह किनेही चाकरी जितु भउ खसम न जाइ ॥

ਨਾਨਕ ਸੇਵਕੁ ਕਾਢੀਐ ਜਿ ਸੇਤੀ ਖਸਮ ਸਮਾਇ ॥੨॥ (475-2)
नानक सेवकु काढीऐ जि सेती खसम समाइ ॥२॥

ਪਉੜੀ ॥ (475-2)
पउड़ी ॥

ਨਾਨਕ ਅੰਤ ਨ ਜਾਪਨ੍ਹ੍ਹੀ ਹਰਿ ਤਾ ਕੇ ਪਾਰਾਵਾਰ ॥ (475-3)
नानक अंत न जापन्ही हरि ता के पारावार ॥

ਆਪਿ ਕਰਾਏ ਸਾਖਤੀ ਫਿਰਿ ਆਪਿ ਕਰਾਏ ਮਾਰ ॥ (475-3)
आपि कराए साखती फिरि आपि कराए मार ॥

ਇਕਨ੍ਹ੍ਹਾ ਗਲੀ ਜੰਜੀਰੀਆ ਇਕਿ ਤੁਰੀ ਚੜਹਿ ਬਿਸੀਆਰ ॥ (475-3)
इकन्हा गली जंजीरीआ इकि तुरी चड़हि बिसीआर ॥

ਆਪਿ ਕਰਾਏ ਕਰੇ ਆਪਿ ਹਉ ਕੈ ਸਿਉ ਕਰੀ ਪੁਕਾਰ ॥ (475-4)
आपि कराए करे आपि हउ कै सिउ करी पुकार ॥

ਨਾਨਕ ਕਰਣਾ ਜਿਨਿ ਕੀਆ ਫਿਰਿ ਤਿਸ ਹੀ ਕਰਣੀ ਸਾਰ ॥੨੩॥ (475-4)
नानक करणा जिनि कीआ फिरि तिस ही करणी सार ॥२३॥

ਸਲੋਕੁ ਮਃ ੧ ॥ (475-5)
सलोकु मः १ ॥

ਆਪੇ ਭਾਂਡੇ ਸਾਜਿਅਨੁ ਆਪੇ ਪੂਰਣੁ ਦੇਇ ॥ (475-5)
आपे भांडे साजिअनु आपे पूरणु देइ ॥

ਇਕਨ੍ਹ੍ਹੀ ਦੁਧੁ ਸਮਾਈਐ ਇਕਿ ਚੁਲ੍ਹ੍ਹੈ ਰਹਨ੍ਹ੍ਹਿ ਚੜ੍ਹੇ ॥ (475-6)
इकन्ही दुधु समाईऐ इकि चुल्है रहन्हि चड़े ॥

ਇਕਿ ਨਿਹਾਲੀ ਪੈ ਸਵਨ੍ਹ੍ਹਿ ਇਕਿ ਉਪਰਿ ਰਹਨਿ ਖੜ੍ਹੇ ॥ (475-6)
इकि निहाली पै सवन्हि इकि उपरि रहनि खड़े ॥

ਤਿਨ੍ਹ੍ਹਾ ਸਵਾਰੇ ਨਾਨਕਾ ਜਿਨ੍ਹ੍ਹ ਕਉ ਨਦਰਿ ਕਰੇ ॥੧॥ (475-7)
तिन्हा सवारे नानका जिन्ह कउ नदरि करे ॥१॥

ਮਹਲਾ ੨ ॥ (475-7)
महला २ ॥

ਆਪੇ ਸਾਜੇ ਕਰੇ ਆਪਿ ਜਾਈ ਭਿ ਰਖੈ ਆਪਿ ॥ (475-7)
आपे साजे करे आपि जाई भि रखै आपि ॥

ਤਿਸੁ ਵਿਚਿ ਜੰਤ ਉਪਾਇ ਕੈ ਦੇਖੈ ਥਾਪਿ ਉਥਾਪਿ ॥ (475-8)
तिसु विचि जंत उपाइ कै देखै थापि उथापि ॥

ਕਿਸ ਨੋ ਕਹੀਐ ਨਾਨਕਾ ਸਭੁ ਕਿਛੁ ਆਪੇ ਆਪਿ ॥੨॥ (475-8)
किस नो कहीऐ नानका सभु किछु आपे आपि ॥२॥

ਪਉੜੀ ॥ (475-8)
पउड़ी ॥

ਵਡੇ ਕੀਆ ਵਡਿਆਈਆ ਕਿਛੁ ਕਹਣਾ ਕਹਣੁ ਨ ਜਾਇ ॥ (475-9)
वडे कीआ वडिआईआ किछु कहणा कहणु न जाइ ॥

ਸੋ ਕਰਤਾ ਕਾਦਰ ਕਰੀਮੁ ਦੇ ਜੀਆ ਰਿਜਕੁ ਸੰਬਾਹਿ ॥ (475-9)
सो करता कादर करीमु दे जीआ रिजकु स्मबाहि ॥

ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿੰਨੈ ਪਾਇ ॥ (475-10)
साई कार कमावणी धुरि छोडी तिंनै पाइ ॥

ਨਾਨਕ ਏਕੀ ਬਾਹਰੀ ਹੋਰ ਦੂਜੀ ਨਾਹੀ ਜਾਇ ॥ (475-10)
नानक एकी बाहरी होर दूजी नाही जाइ ॥

ਸੋ ਕਰੇ ਜਿ ਤਿਸੈ ਰਜਾਇ ॥੨੪॥੧॥ ਸੁਧੁ (475-10)
सो करे जि तिसै रजाइ ॥२४॥१॥ सुधु

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥ (475-12)
ੴ सतिनामु करता पुरखु निरभउ निरवैरु अकाल मूरति अजूनी सैभं गुरप्रसादि ॥

ਰਾਗੁ ਆਸਾ ਬਾਣੀ ਭਗਤਾ ਕੀ ॥ (475-13)
रागु आसा बाणी भगता की ॥

ਕਬੀਰ ਜੀਉ ਨਾਮਦੇਉ ਜੀਉ ਰਵਿਦਾਸ ਜੀਉ ॥ (475-13)
कबीर जीउ नामदेउ जीउ रविदास जीउ ॥

ਆਸਾ ਸ੍ਰੀ ਕਬੀਰ ਜੀਉ ॥ (475-13)
आसा स्री कबीर जीउ ॥

ਗੁਰ ਚਰਣ ਲਾਗਿ ਹਮ ਬਿਨਵਤਾ ਪੂਛਤ ਕਹ ਜੀਉ ਪਾਇਆ ॥ (475-14)
गुर चरण लागि हम बिनवता पूछत कह जीउ पाइआ ॥

ਕਵਨ ਕਾਜਿ ਜਗੁ ਉਪਜੈ ਬਿਨਸੈ ਕਹਹੁ ਮੋਹਿ ਸਮਝਾਇਆ ॥੧॥ (475-14)
कवन काजि जगु उपजै बिनसै कहहु मोहि समझाइआ ॥१॥

ਦੇਵ ਕਰਹੁ ਦਇਆ ਮੋਹਿ ਮਾਰਗਿ ਲਾਵਹੁ ਜਿਤੁ ਭੈ ਬੰਧਨ ਤੂਟੈ ॥ (475-15)
देव करहु दइआ मोहि मारगि लावहु जितु भै बंधन तूटै ॥

ਜਨਮ ਮਰਨ ਦੁਖ ਫੇੜ ਕਰਮ ਸੁਖ ਜੀਅ ਜਨਮ ਤੇ ਛੂਟੈ ॥੧॥ ਰਹਾਉ ॥ (475-15)
जनम मरन दुख फेड़ करम सुख जीअ जनम ते छूटै ॥१॥ रहाउ ॥

ਮਾਇਆ ਫਾਸ ਬੰਧ ਨਹੀ ਫਾਰੈ ਅਰੁ ਮਨ ਸੁੰਨਿ ਨ ਲੂਕੇ ॥ (475-16)
माइआ फास बंध नही फारै अरु मन सुंनि न लूके ॥

ਆਪਾ ਪਦੁ ਨਿਰਬਾਣੁ ਨ ਚੀਨ੍ਹ੍ਹਿਆ ਇਨ ਬਿਧਿ ਅਭਿਉ ਨ ਚੂਕੇ ॥੨॥ (475-17)
आपा पदु निरबाणु न चीन्हिआ इन बिधि अभिउ न चूके ॥२॥

ਕਹੀ ਨ ਉਪਜੈ ਉਪਜੀ ਜਾਣੈ ਭਾਵ ਅਭਾਵ ਬਿਹੂਣਾ ॥ (475-17)
कही न उपजै उपजी जाणै भाव अभाव बिहूणा ॥

ਉਦੈ ਅਸਤ ਕੀ ਮਨ ਬੁਧਿ ਨਾਸੀ ਤਉ ਸਦਾ ਸਹਜਿ ਲਿਵ ਲੀਣਾ ॥੩॥ (475-18)
उदै असत की मन बुधि नासी तउ सदा सहजि लिव लीणा ॥३॥

ਜਿਉ ਪ੍ਰਤਿਬਿੰਬੁ ਬਿੰਬ ਕਉ ਮਿਲੀ ਹੈ ਉਦਕ ਕੁੰਭੁ ਬਿਗਰਾਨਾ ॥ (475-18)
जिउ प्रतिबि्मबु बि्मब कउ मिली है उदक कु्मभु बिगराना ॥

ਕਹੁ ਕਬੀਰ ਐਸਾ ਗੁਣ ਭ੍ਰਮੁ ਭਾਗਾ ਤਉ ਮਨੁ ਸੁੰਨਿ ਸਮਾਨਾਂ ॥੪॥੧॥ (475-19)
कहु कबीर ऐसा गुण भ्रमु भागा तउ मनु सुंनि समानां ॥४॥१॥

ਆਸਾ ॥ (476-1)
आसा ॥

ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ ॥ (476-1)
गज साढे तै तै धोतीआ तिहरे पाइनि तग ॥

ਗਲੀ ਜਿਨ੍ਹ੍ਹਾ ਜਪਮਾਲੀਆ ਲੋਟੇ ਹਥਿ ਨਿਬਗ ॥ (476-1)
गली जिन्हा जपमालीआ लोटे हथि निबग ॥

ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥੧॥ (476-2)
ओइ हरि के संत न आखीअहि बानारसि के ठग ॥१॥

ਐਸੇ ਸੰਤ ਨ ਮੋ ਕਉ ਭਾਵਹਿ ॥ (476-2)
ऐसे संत न मो कउ भावहि ॥

ਡਾਲਾ ਸਿਉ ਪੇਡਾ ਗਟਕਾਵਹਿ ॥੧॥ ਰਹਾਉ ॥ (476-2)
डाला सिउ पेडा गटकावहि ॥१॥ रहाउ ॥

ਬਾਸਨ ਮਾਂਜਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ ॥ (476-3)
बासन मांजि चरावहि ऊपरि काठी धोइ जलावहि ॥

ਬਸੁਧਾ ਖੋਦਿ ਕਰਹਿ ਦੁਇ ਚੂਲ੍ਹੇ ਸਾਰੇ ਮਾਣਸ ਖਾਵਹਿ ॥੨॥ (476-3)
बसुधा खोदि करहि दुइ चूल्हे सारे माणस खावहि ॥२॥

ਓਇ ਪਾਪੀ ਸਦਾ ਫਿਰਹਿ ਅਪਰਾਧੀ ਮੁਖਹੁ ਅਪਰਸ ਕਹਾਵਹਿ ॥ (476-4)
ओइ पापी सदा फिरहि अपराधी मुखहु अपरस कहावहि ॥

ਸਦਾ ਸਦਾ ਫਿਰਹਿ ਅਭਿਮਾਨੀ ਸਗਲ ਕੁਟੰਬ ਡੁਬਾਵਹਿ ॥੩॥ (476-5)
सदा सदा फिरहि अभिमानी सगल कुट्मब डुबावहि ॥३॥

ਜਿਤੁ ਕੋ ਲਾਇਆ ਤਿਤ ਹੀ ਲਾਗਾ ਤੈਸੇ ਕਰਮ ਕਮਾਵੈ ॥ (476-5)
जितु को लाइआ तित ही लागा तैसे करम कमावै ॥

ਕਹੁ ਕਬੀਰ ਜਿਸੁ ਸਤਿਗੁਰੁ ਭੇਟੈ ਪੁਨਰਪਿ ਜਨਮਿ ਨ ਆਵੈ ॥੪॥੨॥ (476-6)
कहु कबीर जिसु सतिगुरु भेटै पुनरपि जनमि न आवै ॥४॥२॥

ਆਸਾ ॥ (476-6)
आसा ॥

ਬਾਪਿ ਦਿਲਾਸਾ ਮੇਰੋ ਕੀਨ੍ਹਾ ॥ (476-6)
बापि दिलासा मेरो कीन्हा ॥

ਸੇਜ ਸੁਖਾਲੀ ਮੁਖਿ ਅੰਮ੍ਰਿਤੁ ਦੀਨ੍ਹਾ ॥ (476-7)
सेज सुखाली मुखि अमृतु दीन्हा ॥

ਤਿਸੁ ਬਾਪ ਕਉ ਕਿਉ ਮਨਹੁ ਵਿਸਾਰੀ ॥ (476-7)
तिसु बाप कउ किउ मनहु विसारी ॥

ਆਗੈ ਗਇਆ ਨ ਬਾਜੀ ਹਾਰੀ ॥੧॥ (476-7)
आगै गइआ न बाजी हारी ॥१॥

ਮੁਈ ਮੇਰੀ ਮਾਈ ਹਉ ਖਰਾ ਸੁਖਾਲਾ ॥ (476-8)
मुई मेरी माई हउ खरा सुखाला ॥

ਪਹਿਰਉ ਨਹੀ ਦਗਲੀ ਲਗੈ ਨ ਪਾਲਾ ॥੧॥ ਰਹਾਉ ॥ (476-8)
पहिरउ नही दगली लगै न पाला ॥१॥ रहाउ ॥

ਬਲਿ ਤਿਸੁ ਬਾਪੈ ਜਿਨਿ ਹਉ ਜਾਇਆ ॥ (476-8)
बलि तिसु बापै जिनि हउ जाइआ ॥

ਪੰਚਾ ਤੇ ਮੇਰਾ ਸੰਗੁ ਚੁਕਾਇਆ ॥ (476-9)
पंचा ते मेरा संगु चुकाइआ ॥

ਪੰਚ ਮਾਰਿ ਪਾਵਾ ਤਲਿ ਦੀਨੇ ॥ (476-9)
पंच मारि पावा तलि दीने ॥

ਹਰਿ ਸਿਮਰਨਿ ਮੇਰਾ ਮਨੁ ਤਨੁ ਭੀਨੇ ॥੨॥ (476-9)
हरि सिमरनि मेरा मनु तनु भीने ॥२॥

ਪਿਤਾ ਹਮਾਰੋ ਵਡ ਗੋਸਾਈ ॥ (476-10)
पिता हमारो वड गोसाई ॥

ਤਿਸੁ ਪਿਤਾ ਪਹਿ ਹਉ ਕਿਉ ਕਰਿ ਜਾਈ ॥ (476-10)
तिसु पिता पहि हउ किउ करि जाई ॥

ਸਤਿਗੁਰ ਮਿਲੇ ਤ ਮਾਰਗੁ ਦਿਖਾਇਆ ॥ (476-10)
सतिगुर मिले त मारगु दिखाइआ ॥

ਜਗਤ ਪਿਤਾ ਮੇਰੈ ਮਨਿ ਭਾਇਆ ॥੩॥ (476-11)
जगत पिता मेरै मनि भाइआ ॥३॥

ਹਉ ਪੂਤੁ ਤੇਰਾ ਤੂੰ ਬਾਪੁ ਮੇਰਾ ॥ (476-11)
हउ पूतु तेरा तूं बापु मेरा ॥

ਏਕੈ ਠਾਹਰ ਦੁਹਾ ਬਸੇਰਾ ॥ (476-11)
एकै ठाहर दुहा बसेरा ॥

ਕਹੁ ਕਬੀਰ ਜਨਿ ਏਕੋ ਬੂਝਿਆ ॥ (476-12)
कहु कबीर जनि एको बूझिआ ॥

ਗੁਰ ਪ੍ਰਸਾਦਿ ਮੈ ਸਭੁ ਕਿਛੁ ਸੂਝਿਆ ॥੪॥੩॥ (476-12)
गुर प्रसादि मै सभु किछु सूझिआ ॥४॥३॥

ਆਸਾ ॥ (476-12)
आसा ॥

ਇਕਤੁ ਪਤਰਿ ਭਰਿ ਉਰਕਟ ਕੁਰਕਟ ਇਕਤੁ ਪਤਰਿ ਭਰਿ ਪਾਨੀ ॥ (476-12)
इकतु पतरि भरि उरकट कुरकट इकतु पतरि भरि पानी ॥

ਆਸਿ ਪਾਸਿ ਪੰਚ ਜੋਗੀਆ ਬੈਠੇ ਬੀਚਿ ਨਕਟ ਦੇ ਰਾਨੀ ॥੧॥ (476-13)
आसि पासि पंच जोगीआ बैठे बीचि नकट दे रानी ॥१॥

ਨਕਟੀ ਕੋ ਠਨਗਨੁ ਬਾਡਾ ਡੂੰ ॥ (476-14)
नकटी को ठनगनु बाडा डूं ॥

ਕਿਨਹਿ ਬਿਬੇਕੀ ਕਾਟੀ ਤੂੰ ॥੧॥ ਰਹਾਉ ॥ (476-14)
किनहि बिबेकी काटी तूं ॥१॥ रहाउ ॥

ਸਗਲ ਮਾਹਿ ਨਕਟੀ ਕਾ ਵਾਸਾ ਸਗਲ ਮਾਰਿ ਅਉਹੇਰੀ ॥ (476-14)
सगल माहि नकटी का वासा सगल मारि अउहेरी ॥

ਸਗਲਿਆ ਕੀ ਹਉ ਬਹਿਨ ਭਾਨਜੀ ਜਿਨਹਿ ਬਰੀ ਤਿਸੁ ਚੇਰੀ ॥੨॥ (476-15)
सगलिआ की हउ बहिन भानजी जिनहि बरी तिसु चेरी ॥२॥

ਹਮਰੋ ਭਰਤਾ ਬਡੋ ਬਿਬੇਕੀ ਆਪੇ ਸੰਤੁ ਕਹਾਵੈ ॥ (476-15)
हमरो भरता बडो बिबेकी आपे संतु कहावै ॥

ਓਹੁ ਹਮਾਰੈ ਮਾਥੈ ਕਾਇਮੁ ਅਉਰੁ ਹਮਰੈ ਨਿਕਟਿ ਨ ਆਵੈ ॥੩॥ (476-16)
ओहु हमारै माथै काइमु अउरु हमरै निकटि न आवै ॥३॥

ਨਾਕਹੁ ਕਾਟੀ ਕਾਨਹੁ ਕਾਟੀ ਕਾਟਿ ਕੂਟਿ ਕੈ ਡਾਰੀ ॥ (476-16)
नाकहु काटी कानहु काटी काटि कूटि कै डारी ॥

ਕਹੁ ਕਬੀਰ ਸੰਤਨ ਕੀ ਬੈਰਨਿ ਤੀਨਿ ਲੋਕ ਕੀ ਪਿਆਰੀ ॥੪॥੪॥ (476-17)
कहु कबीर संतन की बैरनि तीनि लोक की पिआरी ॥४॥४॥

ਆਸਾ ॥ (476-18)
आसा ॥

ਜੋਗੀ ਜਤੀ ਤਪੀ ਸੰਨਿਆਸੀ ਬਹੁ ਤੀਰਥ ਭ੍ਰਮਨਾ ॥ (476-18)
जोगी जती तपी संनिआसी बहु तीरथ भ्रमना ॥

ਲੁੰਜਿਤ ਮੁੰਜਿਤ ਮੋਨਿ ਜਟਾਧਰ ਅੰਤਿ ਤਊ ਮਰਨਾ ॥੧॥ (476-18)
लुंजित मुंजित मोनि जटाधर अंति तऊ मरना ॥१॥

ਤਾ ਤੇ ਸੇਵੀਅਲੇ ਰਾਮਨਾ ॥ (476-19)
ता ते सेवीअले रामना ॥

ਰਸਨਾ ਰਾਮ ਨਾਮ ਹਿਤੁ ਜਾ ਕੈ ਕਹਾ ਕਰੈ ਜਮਨਾ ॥੧॥ ਰਹਾਉ ॥ (476-19)
रसना राम नाम हितु जा कै कहा करै जमना ॥१॥ रहाउ ॥

ਆਗਮ ਨਿਰਗਮ ਜੋਤਿਕ ਜਾਨਹਿ ਬਹੁ ਬਹੁ ਬਿਆਕਰਨਾ ॥ (476-19)
आगम निरगम जोतिक जानहि बहु बहु बिआकरना ॥

ਤੰਤ ਮੰਤ੍ਰ ਸਭ ਅਉਖਧ ਜਾਨਹਿ ਅੰਤਿ ਤਊ ਮਰਨਾ ॥੨॥ (477-1)
तंत मंत्र सभ अउखध जानहि अंति तऊ मरना ॥२॥

ਰਾਜ ਭੋਗ ਅਰੁ ਛਤ੍ਰ ਸਿੰਘਾਸਨ ਬਹੁ ਸੁੰਦਰਿ ਰਮਨਾ ॥ (477-1)
राज भोग अरु छत्र सिंघासन बहु सुंदरि रमना ॥

ਪਾਨ ਕਪੂਰ ਸੁਬਾਸਕ ਚੰਦਨ ਅੰਤਿ ਤਊ ਮਰਨਾ ॥੩॥ (477-2)
पान कपूर सुबासक चंदन अंति तऊ मरना ॥३॥

ਬੇਦ ਪੁਰਾਨ ਸਿੰਮ੍ਰਿਤਿ ਸਭ ਖੋਜੇ ਕਹੂ ਨ ਊਬਰਨਾ ॥ (477-2)
बेद पुरान सिंम्रिति सभ खोजे कहू न ऊबरना ॥

ਕਹੁ ਕਬੀਰ ਇਉ ਰਾਮਹਿ ਜੰਪਉ ਮੇਟਿ ਜਨਮ ਮਰਣਾ ॥੪॥੫॥ (477-3)
कहु कबीर इउ रामहि ज्मपउ मेटि जनम मरना ॥४॥५॥

ਆਸਾ ॥ (477-3)
आसा ॥

ਫੀਲੁ ਰਬਾਬੀ ਬਲਦੁ ਪਖਾਵਜ ਕਊਆ ਤਾਲ ਬਜਾਵੈ ॥ (477-4)
फीलु रबाबी बलदु पखावज कऊआ ताल बजावै ॥

ਪਹਿਰਿ ਚੋਲਨਾ ਗਦਹਾ ਨਾਚੈ ਭੈਸਾ ਭਗਤਿ ਕਰਾਵੈ ॥੧॥ (477-4)
पहिरि चोलना गदहा नाचै भैसा भगति करावै ॥१॥

ਰਾਜਾ ਰਾਮ ਕਕਰੀਆ ਬਰੇ ਪਕਾਏ ॥ (477-5)
राजा राम ककरीआ बरे पकाए ॥

ਕਿਨੈ ਬੂਝਨਹਾਰੈ ਖਾਏ ॥੧॥ ਰਹਾਉ ॥ (477-5)
किनै बूझनहारै खाए ॥१॥ रहाउ ॥

ਬੈਠਿ ਸਿੰਘੁ ਘਰਿ ਪਾਨ ਲਗਾਵੈ ਘੀਸ ਗਲਉਰੇ ਲਿਆਵੈ ॥ (477-5)
बैठि सिंघु घरि पान लगावै घीस गलउरे लिआवै ॥

ਘਰਿ ਘਰਿ ਮੁਸਰੀ ਮੰਗਲੁ ਗਾਵਹਿ ਕਛੂਆ ਸੰਖੁ ਬਜਾਵੈ ॥੨॥ (477-6)
घरि घरि मुसरी मंगलु गावहि कछूआ संखु बजावै ॥२॥

ਬੰਸ ਕੋ ਪੂਤੁ ਬੀਆਹਨ ਚਲਿਆ ਸੁਇਨੇ ਮੰਡਪ ਛਾਏ ॥ (477-6)
बंस को पूतु बीआहन चलिआ सुइने मंडप छाए ॥

ਰੂਪ ਕੰਨਿਆ ਸੁੰਦਰਿ ਬੇਧੀ ਸਸੈ ਸਿੰਘ ਗੁਨ ਗਾਏ ॥੩॥ (477-7)
रूप कंनिआ सुंदरि बेधी ससै सिंघ गुन गाए ॥३॥

ਕਹਤ ਕਬੀਰ ਸੁਨਹੁ ਰੇ ਸੰਤਹੁ ਕੀਟੀ ਪਰਬਤੁ ਖਾਇਆ ॥ (477-7)
कहत कबीर सुनहु रे संतहु कीटी परबतु खाइआ ॥

ਕਛੂਆ ਕਹੈ ਅੰਗਾਰ ਭਿ ਲੋਰਉ ਲੂਕੀ ਸਬਦੁ ਸੁਨਾਇਆ ॥੪॥੬॥ (477-8)
कछूआ कहै अंगार भि लोरउ लूकी सबदु सुनाइआ ॥४॥६॥

ਆਸਾ ॥ (477-9)
आसा ॥

ਬਟੂਆ ਏਕੁ ਬਹਤਰਿ ਆਧਾਰੀ ਏਕੋ ਜਿਸਹਿ ਦੁਆਰਾ ॥ (477-9)
बटूआ एकु बहतरि आधारी एको जिसहि दुआरा ॥

ਨਵੈ ਖੰਡ ਕੀ ਪ੍ਰਿਥਮੀ ਮਾਗੈ ਸੋ ਜੋਗੀ ਜਗਿ ਸਾਰਾ ॥੧॥ (477-9)
नवै खंड की प्रिथमी मागै सो जोगी जगि सारा ॥१॥

ਐਸਾ ਜੋਗੀ ਨਉ ਨਿਧਿ ਪਾਵੈ ॥ (477-10)
ऐसा जोगी नउ निधि पावै ॥

ਤਲ ਕਾ ਬ੍ਰਹਮੁ ਲੇ ਗਗਨਿ ਚਰਾਵੈ ॥੧॥ ਰਹਾਉ ॥ (477-10)
तल का ब्रहमु ले गगनि चरावै ॥१॥ रहाउ ॥

ਖਿੰਥਾ ਗਿਆਨ ਧਿਆਨ ਕਰਿ ਸੂਈ ਸਬਦੁ ਤਾਗਾ ਮਥਿ ਘਾਲੈ ॥ (477-10)
खिंथा गिआन धिआन करि सूई सबदु तागा मथि घालै ॥

ਪੰਚ ਤਤੁ ਕੀ ਕਰਿ ਮਿਰਗਾਣੀ ਗੁਰ ਕੈ ਮਾਰਗਿ ਚਾਲੈ ॥੨॥ (477-11)
पंच ततु की करि मिरगाणी गुर कै मारगि चालै ॥२॥

ਦਇਆ ਫਾਹੁਰੀ ਕਾਇਆ ਕਰਿ ਧੂਈ ਦ੍ਰਿਸਟਿ ਕੀ ਅਗਨਿ ਜਲਾਵੈ ॥ (477-12)
दइआ फाहुरी काइआ करि धूई द्रिसटि की अगनि जलावै ॥

ਤਿਸ ਕਾ ਭਾਉ ਲਏ ਰਿਦ ਅੰਤਰਿ ਚਹੁ ਜੁਗ ਤਾੜੀ ਲਾਵੈ ॥੩॥ (477-12)
तिस का भाउ लए रिद अंतरि चहु जुग ताड़ी लावै ॥३॥

ਸਭ ਜੋਗਤਣ ਰਾਮ ਨਾਮੁ ਹੈ ਜਿਸ ਕਾ ਪਿੰਡੁ ਪਰਾਨਾ ॥ (477-13)
सभ जोगतण राम नामु है जिस का पिंडु पराना ॥

ਕਹੁ ਕਬੀਰ ਜੇ ਕਿਰਪਾ ਧਾਰੈ ਦੇਇ ਸਚਾ ਨੀਸਾਨਾ ॥੪॥੭॥ (477-13)
कहु कबीर जे किरपा धारै देइ सचा नीसाना ॥४॥७॥

ਆਸਾ ॥ (477-14)
आसा ॥

ਹਿੰਦੂ ਤੁਰਕ ਕਹਾ ਤੇ ਆਏ ਕਿਨਿ ਏਹ ਰਾਹ ਚਲਾਈ ॥ (477-14)
हिंदू तुरक कहा ते आए किनि एह राह चलाई ॥

ਦਿਲ ਮਹਿ ਸੋਚਿ ਬਿਚਾਰਿ ਕਵਾਦੇ ਭਿਸਤ ਦੋਜਕ ਕਿਨਿ ਪਾਈ ॥੧॥ (477-14)
दिल महि सोचि बिचारि कवादे भिसत दोजक किनि पाई ॥१॥

ਕਾਜੀ ਤੈ ਕਵਨ ਕਤੇਬ ਬਖਾਨੀ ॥ (477-15)
काजी तै कवन कतेब बखानी ॥

ਪੜ੍ਹਤ ਗੁਨਤ ਐਸੇ ਸਭ ਮਾਰੇ ਕਿਨਹੂੰ ਖਬਰਿ ਨ ਜਾਨੀ ॥੧॥ ਰਹਾਉ ॥ (477-15)
पड़्हत गुनत ऐसे सभ मारे किनहूं खबरि न जानी ॥१॥ रहाउ ॥

ਸਕਤਿ ਸਨੇਹੁ ਕਰਿ ਸੁੰਨਤਿ ਕਰੀਐ ਮੈ ਨ ਬਦਉਗਾ ਭਾਈ ॥ (477-16)
सकति सनेहु करि सुंनति करीऐ मै न बदउगा भाई ॥

ਜਉ ਰੇ ਖੁਦਾਇ ਮੋਹਿ ਤੁਰਕੁ ਕਰੈਗਾ ਆਪਨ ਹੀ ਕਟਿ ਜਾਈ ॥੨॥ (477-17)
जउ रे खुदाइ मोहि तुरकु करैगा आपन ही कटि जाई ॥२॥

ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ ॥ (477-17)
सुंनति कीए तुरकु जे होइगा अउरत का किआ करीऐ ॥

ਅਰਧ ਸਰੀਰੀ ਨਾਰਿ ਨ ਛੋਡੈ ਤਾ ਤੇ ਹਿੰਦੂ ਹੀ ਰਹੀਐ ॥੩॥ (477-18)
अरध सरीरी नारि न छोडै ता ते हिंदू ही रहीऐ ॥३॥

ਛਾਡਿ ਕਤੇਬ ਰਾਮੁ ਭਜੁ ਬਉਰੇ ਜੁਲਮ ਕਰਤ ਹੈ ਭਾਰੀ ॥ (477-18)
छाडि कतेब रामु भजु बउरे जुलम करत है भारी ॥

ਕਬੀਰੈ ਪਕਰੀ ਟੇਕ ਰਾਮ ਕੀ ਤੁਰਕ ਰਹੇ ਪਚਿਹਾਰੀ ॥੪॥੮॥ (477-19)
कबीरै पकरी टेक राम की तुरक रहे पचिहारी ॥४॥८॥

ਆਸਾ ॥ (477-19)
आसा ॥

ਜਬ ਲਗੁ ਤੇਲੁ ਦੀਵੇ ਮੁਖਿ ਬਾਤੀ ਤਬ ਸੂਝੈ ਸਭੁ ਕੋਈ ॥ (477-19)
जब लगु तेलु दीवे मुखि बाती तब सूझै सभु कोई ॥

ਤੇਲ ਜਲੇ ਬਾਤੀ ਠਹਰਾਨੀ ਸੂੰਨਾ ਮੰਦਰੁ ਹੋਈ ॥੧॥ (478-1)
तेल जले बाती ठहरानी सूंना मंदरु होई ॥१॥

ਰੇ ਬਉਰੇ ਤੁਹਿ ਘਰੀ ਨ ਰਾਖੈ ਕੋਈ ॥ (478-1)
रे बउरे तुहि घरी न राखै कोई ॥

ਤੂੰ ਰਾਮ ਨਾਮੁ ਜਪਿ ਸੋਈ ॥੧॥ ਰਹਾਉ ॥ (478-2)
तूं राम नामु जपि सोई ॥१॥ रहाउ ॥

ਕਾ ਕੀ ਮਾਤ ਪਿਤਾ ਕਹੁ ਕਾ ਕੋ ਕਵਨ ਪੁਰਖ ਕੀ ਜੋਈ ॥ (478-2)
का की मात पिता कहु का को कवन पुरख की जोई ॥

ਘਟ ਫੂਟੇ ਕੋਊ ਬਾਤ ਨ ਪੂਛੈ ਕਾਢਹੁ ਕਾਢਹੁ ਹੋਈ ॥੨॥ (478-3)
घट फूटे कोऊ बात न पूछै काढहु काढहु होई ॥२॥

ਦੇਹੁਰੀ ਬੈਠੀ ਮਾਤਾ ਰੋਵੈ ਖਟੀਆ ਲੇ ਗਏ ਭਾਈ ॥ (478-3)
देहुरी बैठी माता रोवै खटीआ ले गए भाई ॥

ਲਟ ਛਿਟਕਾਏ ਤਿਰੀਆ ਰੋਵੈ ਹੰਸੁ ਇਕੇਲਾ ਜਾਈ ॥੩॥ (478-4)
लट छिटकाए तिरीआ रोवै हंसु इकेला जाई ॥३॥

ਕਹਤ ਕਬੀਰ ਸੁਨਹੁ ਰੇ ਸੰਤਹੁ ਭੈ ਸਾਗਰ ਕੈ ਤਾਈ ॥ (478-4)
कहत कबीर सुनहु रे संतहु भै सागर कै ताई ॥

ਇਸੁ ਬੰਦੇ ਸਿਰਿ ਜੁਲਮੁ ਹੋਤ ਹੈ ਜਮੁ ਨਹੀ ਹਟੈ ਗੁਸਾਈ ॥੪॥੯॥ (478-5)
इसु बंदे सिरि जुलमु होत है जमु नही हटै गुसाई ॥४॥९॥

ਦੁਤੁਕੇ (478-5)
दुतुके

ੴ ਸਤਿਗੁਰ ਪ੍ਰਸਾਦਿ ॥ (478-6)
ੴ सतिगुर प्रसादि ॥

ਆਸਾ ਸ੍ਰੀ ਕਬੀਰ ਜੀਉ ਕੇ ਚਉਪਦੇ ਇਕਤੁਕੇ ॥ (478-6)
आसा स्री कबीर जीउ के चउपदे इकतुके ॥

ਸਨਕ ਸਨੰਦ ਅੰਤੁ ਨਹੀ ਪਾਇਆ ॥ (478-6)
सनक सनंद अंतु नही पाइआ ॥

ਬੇਦ ਪੜੇ ਪੜਿ ਬ੍ਰਹਮੇ ਜਨਮੁ ਗਵਾਇਆ ॥੧॥ (478-7)
बेद पड़े पड़ि ब्रहमे जनमु गवाइआ ॥१॥

ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ ॥ (478-7)
हरि का बिलोवना बिलोवहु मेरे भाई ॥

ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ ॥੧॥ ਰਹਾਉ ॥ (478-7)
सहजि बिलोवहु जैसे ततु न जाई ॥१॥ रहाउ ॥

ਤਨੁ ਕਰਿ ਮਟੁਕੀ ਮਨ ਮਾਹਿ ਬਿਲੋਈ ॥ (478-8)
तनु करि मटुकी मन माहि बिलोई ॥

ਇਸੁ ਮਟੁਕੀ ਮਹਿ ਸਬਦੁ ਸੰਜੋਈ ॥੨॥ (478-8)
इसु मटुकी महि सबदु संजोई ॥२॥

ਹਰਿ ਕਾ ਬਿਲੋਵਨਾ ਮਨ ਕਾ ਬੀਚਾਰਾ ॥ (478-9)
हरि का बिलोवना मन का बीचारा ॥

ਗੁਰ ਪ੍ਰਸਾਦਿ ਪਾਵੈ ਅੰਮ੍ਰਿਤ ਧਾਰਾ ॥੩॥ (478-9)
गुर प्रसादि पावै अमृत धारा ॥३॥

ਕਹੁ ਕਬੀਰ ਨਦਰਿ ਕਰੇ ਜੇ ਮੀਰਾ ॥ (478-9)
कहु कबीर नदरि करे जे मी�रा ॥

ਰਾਮ ਨਾਮ ਲਗਿ ਉਤਰੇ ਤੀਰਾ ॥੪॥੧॥੧੦॥ (478-10)
राम नाम लगि उतरे तीरा ॥४॥१॥१०॥

ਆਸਾ ॥ (478-10)
आसा ॥

ਬਾਤੀ ਸੂਕੀ ਤੇਲੁ ਨਿਖੂਟਾ ॥ (478-10)
बाती सूकी तेलु निखूटा ॥

ਮੰਦਲੁ ਨ ਬਾਜੈ ਨਟੁ ਪੈ ਸੂਤਾ ॥੧॥ (478-10)
मंदलु न बाजै नटु पै सूता ॥१॥

ਬੁਝਿ ਗਈ ਅਗਨਿ ਨ ਨਿਕਸਿਓ ਧੂੰਆ ॥ (478-11)
बुझि गई अगनि न निकसिओ धूंआ ॥

ਰਵਿ ਰਹਿਆ ਏਕੁ ਅਵਰੁ ਨਹੀ ਦੂਆ ॥੧॥ ਰਹਾਉ ॥ (478-11)
रवि रहिआ एकु अवरु नही दूआ ॥१॥ रहाउ ॥

ਟੂਟੀ ਤੰਤੁ ਨ ਬਜੈ ਰਬਾਬੁ ॥ (478-12)
टूटी तंतु न बजै रबाबु ॥

ਭੂਲਿ ਬਿਗਾਰਿਓ ਅਪਨਾ ਕਾਜੁ ॥੨॥ (478-12)
भूलि बिगारिओ अपना काजु ॥२॥

ਕਥਨੀ ਬਦਨੀ ਕਹਨੁ ਕਹਾਵਨੁ ॥ (478-12)
कथनी बदनी कहनु कहावनु ॥

ਸਮਝਿ ਪਰੀ ਤਉ ਬਿਸਰਿਓ ਗਾਵਨੁ ॥੩॥ (478-13)
समझि परी तउ बिसरिओ गावनु ॥३॥

ਕਹਤ ਕਬੀਰ ਪੰਚ ਜੋ ਚੂਰੇ ॥ (478-13)
कहत कबीर पंच जो चूरे ॥

ਤਿਨ ਤੇ ਨਾਹਿ ਪਰਮ ਪਦੁ ਦੂਰੇ ॥੪॥੨॥੧੧॥ (478-13)
तिन ते नाहि परम पदु दूरे ॥४॥२॥११॥

ਆਸਾ ॥ (478-14)
आसा ॥

ਸੁਤੁ ਅਪਰਾਧ ਕਰਤ ਹੈ ਜੇਤੇ ॥ (478-14)
सुतु अपराध करत है जेते ॥

ਜਨਨੀ ਚੀਤਿ ਨ ਰਾਖਸਿ ਤੇਤੇ ॥੧॥ (478-14)
जननी चीति न राखसि तेते ॥१॥

ਰਾਮਈਆ ਹਉ ਬਾਰਿਕੁ ਤੇਰਾ ॥ (478-14)
रामईआ हउ बारिकु तेरा ॥

ਕਾਹੇ ਨ ਖੰਡਸਿ ਅਵਗਨੁ ਮੇਰਾ ॥੧॥ ਰਹਾਉ ॥ (478-15)
काहे न खंडसि अवगनु मेरा ॥१॥ रहाउ ॥

ਜੇ ਅਤਿ ਕ੍ਰੋਪ ਕਰੇ ਕਰਿ ਧਾਇਆ ॥ (478-15)
जे अति क्रोप करे करि धाइआ ॥

ਤਾ ਭੀ ਚੀਤਿ ਨ ਰਾਖਸਿ ਮਾਇਆ ॥੨॥ (478-15)
ता भी चीति न राखसि माइआ ॥२॥

ਚਿੰਤ ਭਵਨਿ ਮਨੁ ਪਰਿਓ ਹਮਾਰਾ ॥ (478-16)
चिंत भवनि मनु परिओ हमारा ॥

ਨਾਮ ਬਿਨਾ ਕੈਸੇ ਉਤਰਸਿ ਪਾਰਾ ॥੩॥ (478-16)
नाम बिना कैसे उतरसि पारा ॥३॥

ਦੇਹਿ ਬਿਮਲ ਮਤਿ ਸਦਾ ਸਰੀਰਾ ॥ (478-17)
देहि बिमल मति सदा सरीरा ॥

ਸਹਜਿ ਸਹਜਿ ਗੁਨ ਰਵੈ ਕਬੀਰਾ ॥੪॥੩॥੧੨॥ (478-17)
सहजि सहजि गुन रवै कबीरा ॥४॥३॥१२॥

ਆਸਾ ॥ (478-17)
आसा ॥

ਹਜ ਹਮਾਰੀ ਗੋਮਤੀ ਤੀਰ ॥ (478-17)
हज हमारी गोमती तीर ॥

ਜਹਾ ਬਸਹਿ ਪੀਤੰਬਰ ਪੀਰ ॥੧॥ (478-18)
जहा बसहि पीत्मबर पीर ॥१॥

ਵਾਹੁ ਵਾਹੁ ਕਿਆ ਖੂਬੁ ਗਾਵਤਾ ਹੈ ॥ (478-18)
वाहु वाहु किआ खूबु गावता है ॥

ਹਰਿ ਕਾ ਨਾਮੁ ਮੇਰੈ ਮਨਿ ਭਾਵਤਾ ਹੈ ॥੧॥ ਰਹਾਉ ॥ (478-18)
हरि का नामु मेरै मनि भावता है ॥१॥ रहाउ ॥

ਨਾਰਦ ਸਾਰਦ ਕਰਹਿ ਖਵਾਸੀ ॥ (479-1)
नारद सारद करहि खवासी ॥

ਪਾਸਿ ਬੈਠੀ ਬੀਬੀ ਕਵਲਾ ਦਾਸੀ ॥੨॥ (479-1)
पासि बैठी बीबी कवला दासी ॥२॥

ਕੰਠੇ ਮਾਲਾ ਜਿਹਵਾ ਰਾਮੁ ॥ (479-2)
कंठे माला जिहवा रामु ॥

ਸਹੰਸ ਨਾਮੁ ਲੈ ਲੈ ਕਰਉ ਸਲਾਮੁ ॥੩॥ (479-2)
सहंस नामु लै लै करउ सलामु ॥३॥

ਕਹਤ ਕਬੀਰ ਰਾਮ ਗੁਨ ਗਾਵਉ ॥ (479-2)
कहत कबीर राम गुन गावउ ॥

ਹਿੰਦੂ ਤੁਰਕ ਦੋਊ ਸਮਝਾਵਉ ॥੪॥੪॥੧੩॥ (479-3)
हिंदू तुरक दोऊ समझावउ ॥४॥४॥१३॥

ਆਸਾ ਸ੍ਰੀ ਕਬੀਰ ਜੀਉ ਕੇ ਪੰਚਪਦੇ ੯ ਦੁਤੁਕੇ ੫ (479-4)
आसा स्री कबीर जीउ के पंचपदे ९ दुतुके ५

ੴ ਸਤਿਗੁਰ ਪ੍ਰਸਾਦਿ ॥ (479-4)
ੴ सतिगुर प्रसादि ॥

ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ ॥ (479-5)
पाती तोरै मालिनी पाती पाती जीउ ॥

ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ ॥੧॥ (479-5)
जिसु पाहन कउ पाती तोरै सो पाहन निरजीउ ॥१॥

ਭੂਲੀ ਮਾਲਨੀ ਹੈ ਏਉ ॥ (479-5)
भूली मालनी है एउ ॥

ਸਤਿਗੁਰੁ ਜਾਗਤਾ ਹੈ ਦੇਉ ॥੧॥ ਰਹਾਉ ॥ (479-6)
सतिगुरु जागता है देउ ॥१॥ रहाउ ॥

ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰਦੇਉ ॥ (479-6)
ब्रहमु पाती बिसनु डारी फूल संकरदेउ ॥

ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸ ਕੀ ਸੇਉ ॥੨॥ (479-6)
तीनि देव प्रतखि तोरहि करहि किस की सेउ ॥२॥

ਪਾਖਾਨ ਗਢਿ ਕੈ ਮੂਰਤਿ ਕੀਨ੍ਹੀ ਦੇ ਕੈ ਛਾਤੀ ਪਾਉ ॥ (479-7)
पाखान गढि कै मूरति कीन्ही दे कै छाती पाउ ॥

ਜੇ ਏਹ ਮੂਰਤਿ ਸਾਚੀ ਹੈ ਤਉ ਗੜ੍ਹਣਹਾਰੇ ਖਾਉ ॥੩॥ (479-7)
जे एह मूरति साची है तउ गड़्हणहारे खाउ ॥३॥

ਭਾਤੁ ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ ॥ (479-8)
भातु पहिति अरु लापसी करकरा कासारु ॥

ਭੋਗਨਹਾਰੇ ਭੋਗਿਆ ਇਸੁ ਮੂਰਤਿ ਕੇ ਮੁਖ ਛਾਰੁ ॥੪॥ (479-8)
भोगनहारे भोगिआ इसु मूरति के मुख छारु ॥४॥

ਮਾਲਿਨਿ ਭੂਲੀ ਜਗੁ ਭੁਲਾਨਾ ਹਮ ਭੁਲਾਨੇ ਨਾਹਿ ॥ (479-9)
मालिनि भूली जगु भुलाना हम भुलाने नाहि ॥

ਕਹੁ ਕਬੀਰ ਹਮ ਰਾਮ ਰਾਖੇ ਕ੍ਰਿਪਾ ਕਰਿ ਹਰਿ ਰਾਇ ॥੫॥੧॥੧੪॥ (479-9)
कहु कबीर हम राम राखे क्रिपा करि हरि राइ ॥५॥१॥१४॥

ਆਸਾ ॥ (479-10)
आसा ॥

ਬਾਰਹ ਬਰਸ ਬਾਲਪਨ ਬੀਤੇ ਬੀਸ ਬਰਸ ਕਛੁ ਤਪੁ ਨ ਕੀਓ ॥ (479-10)
बारह बरस बालपन बीते बीस बरस कछु तपु न कीओ ॥

ਤੀਸ ਬਰਸ ਕਛੁ ਦੇਵ ਨ ਪੂਜਾ ਫਿਰਿ ਪਛੁਤਾਨਾ ਬਿਰਧਿ ਭਇਓ ॥੧॥ (479-10)
तीस बरस कछु देव न पूजा फिरि पछुताना बिरधि भइओ ॥१॥

ਮੇਰੀ ਮੇਰੀ ਕਰਤੇ ਜਨਮੁ ਗਇਓ ॥ (479-11)
मेरी मेरी करते जनमु गइओ ॥

ਸਾਇਰੁ ਸੋਖਿ ਭੁਜੰ ਬਲਇਓ ॥੧॥ ਰਹਾਉ ॥ (479-11)
साइरु सोखि भुजं बलइओ ॥१॥ रहाउ ॥

ਸੂਕੇ ਸਰਵਰਿ ਪਾਲਿ ਬੰਧਾਵੈ ਲੂਣੈ ਖੇਤਿ ਹਥ ਵਾਰਿ ਕਰੈ ॥ (479-12)
सूके सरवरि पालि बंधावै लूणै खेति हथ वारि करै ॥

ਆਇਓ ਚੋਰੁ ਤੁਰੰਤਹ ਲੇ ਗਇਓ ਮੇਰੀ ਰਾਖਤ ਮੁਗਧੁ ਫਿਰੈ ॥੨॥ (479-12)
आइओ चोरु तुरंतह ले गइओ मेरी राखत मुगधु फिरै ॥२॥

ਚਰਨ ਸੀਸੁ ਕਰ ਕੰਪਨ ਲਾਗੇ ਨੈਨੀ ਨੀਰੁ ਅਸਾਰ ਬਹੈ ॥ (479-13)
चरन सीसु कर क्मपन लागे नैनी नीरु असार बहै ॥

ਜਿਹਵਾ ਬਚਨੁ ਸੁਧੁ ਨਹੀ ਨਿਕਸੈ ਤਬ ਰੇ ਧਰਮ ਕੀ ਆਸ ਕਰੈ ॥੩॥ (479-13)
जिहवा बचनु सुधु नही निकसै तब रे धरम की आस करै ॥३॥

ਹਰਿ ਜੀਉ ਕ੍ਰਿਪਾ ਕਰੈ ਲਿਵ ਲਾਵੈ ਲਾਹਾ ਹਰਿ ਹਰਿ ਨਾਮੁ ਲੀਓ ॥ (479-14)
हरि जीउ क्रिपा करै लिव लावै लाहा हरि हरि नामु लीओ ॥

ਗੁਰ ਪਰਸਾਦੀ ਹਰਿ ਧਨੁ ਪਾਇਓ ਅੰਤੇ ਚਲਦਿਆ ਨਾਲਿ ਚਲਿਓ ॥੪॥ (479-15)
गुर परसादी हरि धनु पाइओ अंते चलदिआ नालि चलिओ ॥४॥

ਕਹਤ ਕਬੀਰ ਸੁਨਹੁ ਰੇ ਸੰਤਹੁ ਅਨੁ ਧਨੁ ਕਛੂਐ ਲੈ ਨ ਗਇਓ ॥ (479-15)
कहत कबीर सुनहु रे संतहु अनु धनु कछूऐ लै न गइओ ॥

ਆਈ ਤਲਬ ਗੋਪਾਲ ਰਾਇ ਕੀ ਮਾਇਆ ਮੰਦਰ ਛੋਡਿ ਚਲਿਓ ॥੫॥੨॥੧੫॥ (479-16)
आई तलब गोपाल राइ की माइआ मंदर छोडि चलिओ ॥५॥२॥१५॥

ਆਸਾ ॥ (479-17)
आसा ॥

ਕਾਹੂ ਦੀਨੑੇ ਪਾਟ ਪਟੰਬਰ ਕਾਹੂ ਪਲਘ ਨਿਵਾਰਾ ॥ (479-17)
काहू दीन्हे पाट पट्मबर काहू पलघ निवारा ॥

ਕਾਹੂ ਗਰੀ ਗੋਦਰੀ ਨਾਹੀ ਕਾਹੂ ਖਾਨ ਪਰਾਰਾ ॥੧॥ (479-17)
काहू गरी गोदरी नाही काहू खान परारा ॥१॥

ਅਹਿਰਖ ਵਾਦੁ ਨ ਕੀਜੈ ਰੇ ਮਨ ॥ (479-18)
अहिरख वादु न कीजै रे मन ॥

ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ ॥੧॥ ਰਹਾਉ ॥ (479-18)
सुक्रितु करि करि लीजै रे मन ॥१॥ रहाउ ॥

ਕੁਮ੍ਹਾਰੈ ਏਕ ਜੁ ਮਾਟੀ ਗੂੰਧੀ ਬਹੁ ਬਿਧਿ ਬਾਨੀ ਲਾਈ ॥ (479-18)
कुम्हारै एक जु माटी गूंधी बहु बिधि बानी लाई ॥

ਕਾਹੂ ਮਹਿ ਮੋਤੀ ਮੁਕਤਾਹਲ ਕਾਹੂ ਬਿਆਧਿ ਲਗਾਈ ॥੨॥ (479-19)
काहू महि मोती मुकताहल काहू बिआधि लगाई ॥२॥

ਸੂਮਹਿ ਧਨੁ ਰਾਖਨ ਕਉ ਦੀਆ ਮੁਗਧੁ ਕਹੈ ਧਨੁ ਮੇਰਾ ॥ (479-19)
सूमहि धनु राखन कउ दीआ मुगधु कहै धनु मेरा ॥

ਜਮ ਕਾ ਡੰਡੁ ਮੂੰਡ ਮਹਿ ਲਾਗੈ ਖਿਨ ਮਹਿ ਕਰੈ ਨਿਬੇਰਾ ॥੩॥ (480-1)
जम का डंडु मूंड महि लागै खिन महि करै निबेरा ॥३॥

ਹਰਿ ਜਨੁ ਊਤਮੁ ਭਗਤੁ ਸਦਾਵੈ ਆਗਿਆ ਮਨਿ ਸੁਖੁ ਪਾਈ ॥ (480-2)
हरि जनु ऊतमु भगतु सदावै आगिआ मनि सुखु पाई ॥

ਜੋ ਤਿਸੁ ਭਾਵੈ ਸਤਿ ਕਰਿ ਮਾਨੈ ਭਾਣਾ ਮੰਨਿ ਵਸਾਈ ॥੪॥ (480-2)
जो तिसु भावै सति करि मानै भाणा मंनि वसाई ॥४॥

ਕਹੈ ਕਬੀਰੁ ਸੁਨਹੁ ਰੇ ਸੰਤਹੁ ਮੇਰੀ ਮੇਰੀ ਝੂਠੀ ॥ (480-3)
कहै कबीरु सुनहु रे संतहु मेरी मेरी झूठी ॥

ਚਿਰਗਟ ਫਾਰਿ ਚਟਾਰਾ ਲੈ ਗਇਓ ਤਰੀ ਤਾਗਰੀ ਛੂਟੀ ॥੫॥੩॥੧੬॥ (480-3)
चिरगट फारि चटारा लै गइओ तरी तागरी छूटी ॥५॥३॥१६॥

ਆਸਾ ॥ (480-4)
आसा ॥

ਹਮ ਮਸਕੀਨ ਖੁਦਾਈ ਬੰਦੇ ਤੁਮ ਰਾਜਸੁ ਮਨਿ ਭਾਵੈ ॥ (480-4)
हम मसकीन खुदाई बंदे तुम राजसु मनि भावै ॥

ਅਲਹ ਅਵਲਿ ਦੀਨ ਕੋ ਸਾਹਿਬੁ ਜੋਰੁ ਨਹੀ ਫੁਰਮਾਵੈ ॥੧॥ (480-4)
अलह अवलि दीन को साहिबु जोरु नही फुरमावै ॥१॥

ਕਾਜੀ ਬੋਲਿਆ ਬਨਿ ਨਹੀ ਆਵੈ ॥੧॥ ਰਹਾਉ ॥ (480-5)
काजी बोलिआ बनि नही आवै ॥१॥ रहाउ ॥

ਰੋਜਾ ਧਰੈ ਨਿਵਾਜ ਗੁਜਾਰੈ ਕਲਮਾ ਭਿਸਤਿ ਨ ਹੋਈ ॥ (480-5)
रोजा धरै निवाज गुजारै कलमा भिसति न होई ॥

ਸਤਰਿ ਕਾਬਾ ਘਟ ਹੀ ਭੀਤਰਿ ਜੇ ਕਰਿ ਜਾਨੈ ਕੋਈ ॥੨॥ (480-6)
सतरि काबा घट ही भीतरि जे करि जानै कोई ॥२॥

ਨਿਵਾਜ ਸੋਈ ਜੋ ਨਿਆਉ ਬਿਚਾਰੈ ਕਲਮਾ ਅਕਲਹਿ ਜਾਨੈ ॥ (480-6)
निवाज सोई जो निआउ बिचारै कलमा अकलहि जानै ॥

ਪਾਚਹੁ ਮੁਸਿ ਮੁਸਲਾ ਬਿਛਾਵੈ ਤਬ ਤਉ ਦੀਨੁ ਪਛਾਨੈ ॥੩॥ (480-7)
पाचहु मुसि मुसला बिछावै तब तउ दीनु पछानै ॥३॥

ਖਸਮੁ ਪਛਾਨਿ ਤਰਸ ਕਰਿ ਜੀਅ ਮਹਿ ਮਾਰਿ ਮਣੀ ਕਰਿ ਫੀਕੀ ॥ (480-7)
खसमु पछानि तरस करि जीअ महि मारि मणी करि फीकी ॥

ਆਪੁ ਜਨਾਇ ਅਵਰ ਕਉ ਜਾਨੈ ਤਬ ਹੋਇ ਭਿਸਤ ਸਰੀਕੀ ॥੪॥ (480-8)
आपु जनाइ अवर कउ जानै तब होइ भिसत सरीकी ॥४॥

ਮਾਟੀ ਏਕ ਭੇਖ ਧਰਿ ਨਾਨਾ ਤਾ ਮਹਿ ਬ੍ਰਹਮੁ ਪਛਾਨਾ ॥ (480-9)
माटी एक भेख धरि नाना ता महि ब्रहमु पछाना ॥

ਕਹੈ ਕਬੀਰਾ ਭਿਸਤ ਛੋਡਿ ਕਰਿ ਦੋਜਕ ਸਿਉ ਮਨੁ ਮਾਨਾ ॥੫॥੪॥੧੭॥ (480-9)
कहै कबीरा भिसत छोडि करि दोजक सिउ मनु माना ॥५॥४॥१७॥

ਆਸਾ ॥ (480-10)
आसा ॥

ਗਗਨ ਨਗਰਿ ਇਕ ਬੂੰਦ ਨ ਬਰਖੈ ਨਾਦੁ ਕਹਾ ਜੁ ਸਮਾਨਾ ॥ (480-10)
गगन नगरि इक बूंद न बरखै नादु कहा जु समाना ॥

ਪਾਰਬ੍ਰਹਮ ਪਰਮੇਸੁਰ ਮਾਧੋ ਪਰਮ ਹੰਸੁ ਲੇ ਸਿਧਾਨਾ ॥੧॥ (480-10)
पारब्रहम परमेसुर माधो परम हंसु ले सिधाना ॥१॥

ਬਾਬਾ ਬੋਲਤੇ ਤੇ ਕਹਾ ਗਏ ਦੇਹੀ ਕੇ ਸੰਗਿ ਰਹਤੇ ॥ (480-11)
बाबा बोलते ते कहा गए देही के संगि रहते ॥

ਸੁਰਤਿ ਮਾਹਿ ਜੋ ਨਿਰਤੇ ਕਰਤੇ ਕਥਾ ਬਾਰਤਾ ਕਹਤੇ ॥੧॥ ਰਹਾਉ ॥ (480-11)
सुरति माहि जो निरते करते कथा बारता कहते ॥१॥ रहाउ ॥

ਬਜਾਵਨਹਾਰੋ ਕਹਾ ਗਇਓ ਜਿਨਿ ਇਹੁ ਮੰਦਰੁ ਕੀਨ੍ਹਾ ॥ (480-12)
बजावनहारो कहा गइओ जिनि इहु मंदरु कीन्हा ॥

ਸਾਖੀ ਸਬਦੁ ਸੁਰਤਿ ਨਹੀ ਉਪਜੈ ਖਿੰਚਿ ਤੇਜੁ ਸਭੁ ਲੀਨ੍ਹਾ ॥੨॥ (480-12)
साखी सबदु सुरति नही उपजै खिंचि तेजु सभु लीन्हा ॥२॥

ਸ੍ਰਵਨਨ ਬਿਕਲ ਭਏ ਸੰਗਿ ਤੇਰੇ ਇੰਦ੍ਰੀ ਕਾ ਬਲੁ ਥਾਕਾ ॥ (480-13)
स्रवनन बिकल भए संगि तेरे इंद्री का बलु थाका ॥

ਚਰਨ ਰਹੇ ਕਰ ਢਰਕਿ ਪਰੇ ਹੈ ਮੁਖਹੁ ਨ ਨਿਕਸੈ ਬਾਤਾ ॥੩॥ (480-13)
चरन रहे कर ढरकि परे है मुखहु न निकसै बाता ॥३॥

ਥਾਕੇ ਪੰਚ ਦੂਤ ਸਭ ਤਸਕਰ ਆਪ ਆਪਣੈ ਭ੍ਰਮਤੇ ॥ (480-14)
थाके पंच दूत सभ तसकर आप आपणै भ्रमते ॥

ਥਾਕਾ ਮਨੁ ਕੁੰਚਰ ਉਰੁ ਥਾਕਾ ਤੇਜੁ ਸੂਤੁ ਧਰਿ ਰਮਤੇ ॥੪॥ (480-14)
थाका मनु कुंचर उरु थाका तेजु सूतु धरि रमते ॥४॥

ਮਿਰਤਕ ਭਏ ਦਸੈ ਬੰਦ ਛੂਟੇ ਮਿਤ੍ਰ ਭਾਈ ਸਭ ਛੋਰੇ ॥ (480-15)
मिरतक भए दसै बंद छूटे मित्र भाई सभ छोरे ॥

ਕਹਤ ਕਬੀਰਾ ਜੋ ਹਰਿ ਧਿਆਵੈ ਜੀਵਤ ਬੰਧਨ ਤੋਰੇ ॥੫॥੫॥੧੮॥ (480-15)
कहत कबीरा जो हरि धिआवै जीवत बंधन तोरे ॥५॥५॥१८॥

ਆਸਾ ਇਕਤੁਕੇ ੪ ॥ (480-16)
आसा इकतुके ४ ॥

ਸਰਪਨੀ ਤੇ ਊਪਰਿ ਨਹੀ ਬਲੀਆ ॥ (480-16)
सरपनी ते ऊपरि नही बलीआ ॥

ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ ॥੧॥ (480-17)
जिनि ब्रहमा बिसनु महादेउ छलीआ ॥१॥

ਮਾਰੁ ਮਾਰੁ ਸ੍ਰਪਨੀ ਨਿਰਮਲ ਜਲਿ ਪੈਠੀ ॥ (480-17)
मारु मारु स्रपनी निरमल जलि पैठी ॥

ਜਿਨਿ ਤ੍ਰਿਭਵਣੁ ਡਸੀਅਲੇ ਗੁਰ ਪ੍ਰਸਾਦਿ ਡੀਠੀ ॥੧॥ ਰਹਾਉ ॥ (480-17)
जिनि त्रिभवणु डसीअले गुर प्रसादि डीठी ॥१॥ रहाउ ॥

ਸ੍ਰਪਨੀ ਸ੍ਰਪਨੀ ਕਿਆ ਕਹਹੁ ਭਾਈ ॥ (480-18)
स्रपनी स्रपनी किआ कहहु भाई ॥

ਜਿਨਿ ਸਾਚੁ ਪਛਾਨਿਆ ਤਿਨਿ ਸ੍ਰਪਨੀ ਖਾਈ ॥੨॥ (480-18)
जिनि साचु पछानिआ तिनि स्रपनी खाई ॥२॥

ਸ੍ਰਪਨੀ ਤੇ ਆਨ ਛੂਛ ਨਹੀ ਅਵਰਾ ॥ (480-19)
स्रपनी ते आन छूछ नही अवरा ॥

ਸ੍ਰਪਨੀ ਜੀਤੀ ਕਹਾ ਕਰੈ ਜਮਰਾ ॥੩॥ (480-19)
स्रपनी जीती कहा करै जमरा ॥३॥

ਇਹ ਸ੍ਰਪਨੀ ਤਾ ਕੀ ਕੀਤੀ ਹੋਈ ॥ (481-1)
इह स्रपनी ता की कीती होई ॥

ਬਲੁ ਅਬਲੁ ਕਿਆ ਇਸ ਤੇ ਹੋਈ ॥੪॥ (481-1)
बलु अबलु किआ इस ते होई ॥४॥

ਇਹ ਬਸਤੀ ਤਾ ਬਸਤ ਸਰੀਰਾ ॥ (481-1)
इह बसती ता बसत सरीरा ॥

ਗੁਰ ਪ੍ਰਸਾਦਿ ਸਹਜਿ ਤਰੇ ਕਬੀਰਾ ॥੫॥੬॥੧੯॥ (481-2)
गुर प्रसादि सहजि तरे कबीरा ॥५॥६॥१९॥

ਆਸਾ ॥ (481-2)
आसा ॥

ਕਹਾ ਸੁਆਨ ਕਉ ਸਿਮ੍ਰਿਤਿ ਸੁਨਾਏ ॥ (481-2)
कहा सुआन कउ सिम्रिति सुनाए ॥

ਕਹਾ ਸਾਕਤ ਪਹਿ ਹਰਿ ਗੁਨ ਗਾਏ ॥੧॥ (481-3)
कहा साकत पहि हरि गुन गाए ॥१॥

ਰਾਮ ਰਾਮ ਰਾਮ ਰਮੇ ਰਮਿ ਰਹੀਐ ॥ (481-3)
राम राम राम रमे रमि रहीऐ ॥

ਸਾਕਤ ਸਿਉ ਭੂਲਿ ਨਹੀ ਕਹੀਐ ॥੧॥ ਰਹਾਉ ॥ (481-3)
साकत सिउ भूलि नही कहीऐ ॥१॥ रहाउ ॥

ਕਊਆ ਕਹਾ ਕਪੂਰ ਚਰਾਏ ॥ (481-4)
कऊआ कहा कपूर चराए ॥

ਕਹ ਬਿਸੀਅਰ ਕਉ ਦੂਧੁ ਪੀਆਏ ॥੨॥ (481-4)
कह बिसीअर कउ दूधु पीआए ॥२॥

ਸਤਸੰਗਤਿ ਮਿਲਿ ਬਿਬੇਕ ਬੁਧਿ ਹੋਈ ॥ (481-4)
सतसंगति मिलि बिबेक बुधि होई ॥

ਪਾਰਸੁ ਪਰਸਿ ਲੋਹਾ ਕੰਚਨੁ ਸੋਈ ॥੩॥ (481-5)
पारसु परसि लोहा कंचनु सोई ॥३॥

ਸਾਕਤੁ ਸੁਆਨੁ ਸਭੁ ਕਰੇ ਕਰਾਇਆ ॥ (481-5)
साकतु सुआनु सभु करे कराइआ ॥

ਜੋ ਧੁਰਿ ਲਿਖਿਆ ਸੁ ਕਰਮ ਕਮਾਇਆ ॥੪॥ (481-5)
जो धुरि लिखिआ सु करम कमाइआ ॥४॥

ਅੰਮ੍ਰਿਤੁ ਲੈ ਲੈ ਨੀਮੁ ਸਿੰਚਾਈ ॥ (481-6)
अम्रितु लै लै नीमु सिंचाई ॥

ਕਹਤ ਕਬੀਰ ਉਆ ਕੋ ਸਹਜੁ ਨ ਜਾਈ ॥੫॥੭॥੨੦॥ (481-6)
कहत कबीर उआ को सहजु न जाई ॥५॥७॥२०॥

ਆਸਾ ॥ (481-7)
आसा ॥

ਲੰਕਾ ਸਾ ਕੋਟੁ ਸਮੁੰਦ ਸੀ ਖਾਈ ॥ (481-7)
लंका सा कोटु समुंद सी खाई ॥

ਤਿਹ ਰਾਵਨ ਘਰ ਖਬਰਿ ਨ ਪਾਈ ॥੧॥ (481-7)
तिह रावन घर खबरि न पाई ॥१॥

ਕਿਆ ਮਾਗਉ ਕਿਛੁ ਥਿਰੁ ਨ ਰਹਾਈ ॥ (481-7)
किआ मागउ किछु थिरु न रहाई ॥

ਦੇਖਤ ਨੈਨ ਚਲਿਓ ਜਗੁ ਜਾਈ ॥੧॥ ਰਹਾਉ ॥ (481-8)
देखत नैन चलिओ जगु जाई ॥१॥ रहाउ ॥

ਇਕੁ ਲਖੁ ਪੂਤ ਸਵਾ ਲਖੁ ਨਾਤੀ ॥ (481-8)
इकु लखु पूत सवा लखु नाती ॥

ਤਿਹ ਰਾਵਨ ਘਰ ਦੀਆ ਨ ਬਾਤੀ ॥੨॥ (481-8)
तिह रावन घर दीआ न बाती ॥२॥

ਚੰਦੁ ਸੂਰਜੁ ਜਾ ਕੇ ਤਪਤ ਰਸੋਈ ॥ (481-9)
चंदु सूरजु जा के तपत रसोई ॥

ਬੈਸੰਤਰੁ ਜਾ ਕੇ ਕਪਰੇ ਧੋਈ ॥੩॥ (481-9)
बैसंतरु जा के कपरे धोई ॥३॥

ਗੁਰਮਤਿ ਰਾਮੈ ਨਾਮਿ ਬਸਾਈ ॥ (481-9)
गुरमति रामै नामि बसाई ॥

ਅਸਥਿਰੁ ਰਹੈ ਨ ਕਤਹੂੰ ਜਾਈ ॥੪॥ (481-10)
असथिरु रहै न कतहूं जाई ॥४॥

ਕਹਤ ਕਬੀਰ ਸੁਨਹੁ ਰੇ ਲੋਈ ॥ (481-10)
कहत कबीर सुनहु रे लोई ॥

ਰਾਮ ਨਾਮ ਬਿਨੁ ਮੁਕਤਿ ਨ ਹੋਈ ॥੫॥੮॥੨੧॥ (481-10)
राम नाम बिनु मुकति न होई ॥५॥८॥२१॥

ਆਸਾ ॥ (481-11)
आसा ॥

ਪਹਿਲਾ ਪੂਤੁ ਪਿਛੈਰੀ ਮਾਈ ॥ (481-11)
पहिला पूतु पिछैरी माई ॥

ਗੁਰੁ ਲਾਗੋ ਚੇਲੇ ਕੀ ਪਾਈ ॥੧॥ (481-11)
गुरु लागो चेले की पाई ॥१॥

ਏਕੁ ਅਚੰਭਉ ਸੁਨਹੁ ਤੁਮ੍ਹ ਭਾਈ ॥ (481-11)
एकु अच्मभउ सुनहु तुम्ह भाई ॥

ਦੇਖਤ ਸਿੰਘੁ ਚਰਾਵਤ ਗਾਈ ॥੧॥ ਰਹਾਉ ॥ (481-12)
देखत सिंघु चरावत गाई ॥१॥ रहाउ ॥

ਜਲ ਕੀ ਮਛੁਲੀ ਤਰਵਰਿ ਬਿਆਈ ॥ (481-12)
जल की मछुली तरवरि बिआई ॥

ਦੇਖਤ ਕੁਤਰਾ ਲੈ ਗਈ ਬਿਲਾਈ ॥੨॥ (481-13)
देखत कुतरा लै गई बिलाई ॥२॥

ਤਲੈ ਰੇ ਬੈਸਾ ਊਪਰਿ ਸੂਲਾ ॥ (481-13)
तलै रे बैसा ऊपरि सूला ॥

ਤਿਸ ਕੈ ਪੇਡਿ ਲਗੇ ਫਲ ਫੂਲਾ ॥੩॥ (481-13)
तिस कै पेडि लगे फल फूला ॥३॥

ਘੋਰੈ ਚਰਿ ਭੈਸ ਚਰਾਵਨ ਜਾਈ ॥ (481-14)
घोरै चरि भैस चरावन जाई ॥

ਬਾਹਰਿ ਬੈਲੁ ਗੋਨਿ ਘਰਿ ਆਈ ॥੪॥ (481-14)
बाहरि बैलु गोनि घरि आई ॥४॥

ਕਹਤ ਕਬੀਰ ਜੁ ਇਸ ਪਦ ਬੂਝੈ ॥ (481-14)
कहत कबीर जु इस पद बूझै ॥

ਰਾਮ ਰਮਤ ਤਿਸੁ ਸਭੁ ਕਿਛੁ ਸੂਝੈ ॥੫॥੯॥੨੨॥ ਬਾਈਸ ਚਉਪਦੇ ਤਥਾ ਪੰਚਪਦੇ (481-14)
राम रमत तिसु सभु किछु सूझै ॥५॥९॥२२॥ बाईस चउपदे तथा पंचपदे

ਆਸਾ ਸ੍ਰੀ ਕਬੀਰ ਜੀਉ ਕੇ ਤਿਪਦੇ ੮ ਦੁਤੁਕੇ ੭ ਇਕਤੁਕਾ ੧ (481-15)
आसा स्री कबीर जीउ के तिपदे ८ दुतुके ७ इकतुका १

ੴ ਸਤਿਗੁਰ ਪ੍ਰਸਾਦਿ ॥ (481-16)
ੴ सतिगुर प्रसादि ॥

ਬਿੰਦੁ ਤੇ ਜਿਨਿ ਪਿੰਡੁ ਕੀਆ ਅਗਨਿ ਕੁੰਡ ਰਹਾਇਆ ॥ (481-17)
बिंदु ते जिनि पिंडु कीआ अगनि कुंड रहाइआ ॥

ਦਸ ਮਾਸ ਮਾਤਾ ਉਦਰਿ ਰਾਖਿਆ ਬਹੁਰਿ ਲਾਗੀ ਮਾਇਆ ॥੧॥ (481-17)
दस मास माता उदरि राखिआ बहुरि लागी माइआ ॥१॥

ਪ੍ਰਾਨੀ ਕਾਹੇ ਕਉ ਲੋਭਿ ਲਾਗੇ ਰਤਨ ਜਨਮੁ ਖੋਇਆ ॥ (481-18)
प्रानी काहे कउ लोभि लागे रतन जनमु खोइआ ॥

ਪੂਰਬ ਜਨਮਿ ਕਰਮ ਭੂਮਿ ਬੀਜੁ ਨਾਹੀ ਬੋਇਆ ॥੧॥ ਰਹਾਉ ॥ (481-18)
पूरब जनमि करम भूमि बीजु नाही बोइआ ॥१॥ रहाउ ॥

ਬਾਰਿਕ ਤੇ ਬਿਰਧਿ ਭਇਆ ਹੋਨਾ ਸੋ ਹੋਇਆ ॥ (481-19)
बारिक ते बिरधि भइआ होना सो होइआ ॥

ਜਾ ਜਮੁ ਆਇ ਝੋਟ ਪਕਰੈ ਤਬਹਿ ਕਾਹੇ ਰੋਇਆ ॥੨॥ (481-19)
जा जमु आइ झोट पकरै तबहि काहे रोइआ ॥२॥

ਜੀਵਨੈ ਕੀ ਆਸ ਕਰਹਿ ਜਮੁ ਨਿਹਾਰੈ ਸਾਸਾ ॥ (481-19)
जीवनै की आस करहि जमु निहारै सासा ॥

ਬਾਜੀਗਰੀ ਸੰਸਾਰੁ ਕਬੀਰਾ ਚੇਤਿ ਢਾਲਿ ਪਾਸਾ ॥੩॥੧॥੨੩॥ (482-1)
बाजीगरी संसारु कबीरा चेति ढालि पासा ॥३॥१॥२३॥

ਆਸਾ ॥ (482-1)
आसा ॥

ਤਨੁ ਰੈਨੀ ਮਨੁ ਪੁਨ ਰਪਿ ਕਰਿ ਹਉ ਪਾਚਉ ਤਤ ਬਰਾਤੀ ॥ (482-2)
तनु रैनी मनु पुन रपि करि हउ पाचउ तत बराती ॥

ਰਾਮ ਰਾਇ ਸਿਉ ਭਾਵਰਿ ਲੈਹਉ ਆਤਮ ਤਿਹ ਰੰਗਿ ਰਾਤੀ ॥੧॥ (482-2)
राम राइ सिउ भावरि लैहउ आतम तिह रंगि राती ॥१॥

ਗਾਉ ਗਾਉ ਰੀ ਦੁਲਹਨੀ ਮੰਗਲਚਾਰਾ ॥ (482-2)
गाउ गाउ री दुलहनी मंगलचारा ॥

ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ ॥੧॥ ਰਹਾਉ ॥ (482-3)
मेरे ग्रिह आए राजा राम भतारा ॥१॥ रहाउ ॥

ਨਾਭਿ ਕਮਲ ਮਹਿ ਬੇਦੀ ਰਚਿ ਲੇ ਬ੍ਰਹਮ ਗਿਆਨ ਉਚਾਰਾ ॥ (482-3)
नाभि कमल महि बेदी रचि ले ब्रहम गिआन उचारा ॥

ਰਾਮ ਰਾਇ ਸੋ ਦੂਲਹੁ ਪਾਇਓ ਅਸ ਬਡਭਾਗ ਹਮਾਰਾ ॥੨॥ (482-4)
राम राइ सो दूलहु पाइओ अस बडभाग हमारा ॥२॥

ਸੁਰਿ ਨਰ ਮੁਨਿ ਜਨ ਕਉਤਕ ਆਏ ਕੋਟਿ ਤੇਤੀਸ ਉਜਾਨਾਂ ॥ (482-4)
सुरि नर मुनि जन कउतक आए कोटि तेतीस उजानां ॥

ਕਹਿ ਕਬੀਰ ਮੋਹਿ ਬਿਆਹਿ ਚਲੇ ਹੈ ਪੁਰਖ ਏਕ ਭਗਵਾਨਾ ॥੩॥੨॥੨੪॥ (482-5)
कहि कबीर मोहि बिआहि चले है पुरख एक भगवाना ॥३॥२॥२४॥

ਆਸਾ ॥ (482-5)
आसा ॥

ਸਾਸੁ ਕੀ ਦੁਖੀ ਸਸੁਰ ਕੀ ਪਿਆਰੀ ਜੇਠ ਕੇ ਨਾਮਿ ਡਰਉ ਰੇ ॥ (482-6)
सासु की दुखी ससुर की पिआरी जेठ के नामि डरउ रे ॥

ਸਖੀ ਸਹੇਲੀ ਨਨਦ ਗਹੇਲੀ ਦੇਵਰ ਕੈ ਬਿਰਹਿ ਜਰਉ ਰੇ ॥੧॥ (482-6)
सखी सहेली ननद गहेली देवर कै बिरहि जरउ रे ॥१॥

ਮੇਰੀ ਮਤਿ ਬਉਰੀ ਮੈ ਰਾਮੁ ਬਿਸਾਰਿਓ ਕਿਨ ਬਿਧਿ ਰਹਨਿ ਰਹਉ ਰੇ ॥ (482-7)
मेरी मति बउरी मै रामु बिसारिओ किन बिधि रहनि रहउ रे ॥

ਸੇਜੈ ਰਮਤੁ ਨੈਨ ਨਹੀ ਪੇਖਉ ਇਹੁ ਦੁਖੁ ਕਾ ਸਉ ਕਹਉ ਰੇ ॥੧॥ ਰਹਾਉ ॥ (482-7)
सेजै रमतु नैन नही पेखउ इहु दुखु का सउ कहउ रे ॥१॥ रहाउ ॥

ਬਾਪੁ ਸਾਵਕਾ ਕਰੈ ਲਰਾਈ ਮਾਇਆ ਸਦ ਮਤਵਾਰੀ ॥ (482-8)
बापु सावका करै लराई माइआ सद मतवारी ॥

ਬਡੇ ਭਾਈ ਕੈ ਜਬ ਸੰਗਿ ਹੋਤੀ ਤਬ ਹਉ ਨਾਹ ਪਿਆਰੀ ॥੨॥ (482-9)
बडे भाई कै जब संगि होती तब हउ नाह पिआरी ॥२॥

ਕਹਤ ਕਬੀਰ ਪੰਚ ਕੋ ਝਗਰਾ ਝਗਰਤ ਜਨਮੁ ਗਵਾਇਆ ॥ (482-9)
कहत कबीर पंच को झगरा झगरत जनमु गवाइआ ॥

ਝੂਠੀ ਮਾਇਆ ਸਭੁ ਜਗੁ ਬਾਧਿਆ ਮੈ ਰਾਮ ਰਮਤ ਸੁਖੁ ਪਾਇਆ ॥੩॥੩॥੨੫॥ (482-10)
झूठी माइआ सभु जगु बाधिआ मै राम रमत सुखु पाइआ ॥३॥३॥२५॥

ਆਸਾ ॥ (482-10)
आसा ॥

ਹਮ ਘਰਿ ਸੂਤੁ ਤਨਹਿ ਨਿਤ ਤਾਨਾ ਕੰਠਿ ਜਨੇਊ ਤੁਮਾਰੇ ॥ (482-11)
हम घरि सूतु तनहि नित ताना कंठि जनेऊ तुमारे ॥

ਤੁਮ੍ਹ ਤਉ ਬੇਦ ਪੜ੍ਹਹੁ ਗਾਇਤ੍ਰੀ ਗੋਬਿੰਦੁ ਰਿਦੈ ਹਮਾਰੇ ॥੧॥ (482-11)
तुम्ह तउ बेद पड़्हहु गाइत्री गोबिंदु रिदै हमारे ॥१॥

ਮੇਰੀ ਜਿਹਬਾ ਬਿਸਨੁ ਨੈਨ ਨਾਰਾਇਨ ਹਿਰਦੈ ਬਸਹਿ ਗੋਬਿੰਦਾ ॥ (482-11)
मेरी जिहबा बिसनु नैन नाराइन हिरदै बसहि गोबिंदा ॥

ਜਮ ਦੁਆਰ ਜਬ ਪੂਛਸਿ ਬਵਰੇ ਤਬ ਕਿਆ ਕਹਸਿ ਮੁਕੰਦਾ ॥੧॥ ਰਹਾਉ ॥ (482-12)

जम दुआर जब पूछसि बवरे तब किआ कहसि मुकंदा ॥१॥ रहाउ ॥

ਹਮ ਗੋਰੂ ਤੁਮ ਗੁਆਰ ਗੁਸਾਈ ਜਨਮ ਜਨਮ ਰਖਵਾਰੇ ॥ (482-13)

हम गोरू तुम गुआर गुसाई जनम जनम रखवारे ॥

ਕਬਹੂੰ ਨ ਪਾਰਿ ਉਤਾਰਿ ਚਰਾਇਹੁ ਕੈਸੇ ਖਸਮ ਹਮਾਰੇ ॥੨॥ (482-13)

कबहूं न पारि उतारि चराइहु कैसे खसम हमारे ॥२॥

ਤੂੰ ਬਾਮ੍ਹ੍ਹਨੁ ਮੈ ਕਾਸੀਕ ਜੁਲਹਾ ਬੂਝਹੁ ਮੋਰ ਗਿਆਨਾ ॥ (482-14)

तूं बाम्हनु मै कासीक जुलहा बूझहु मोर गिआना ॥

ਤੁਮ੍ਹ੍ਹ ਤਉ ਜਾਚੇ ਭੂਪਤਿ ਰਾਜੇ ਹਰਿ ਸਉ ਮੋਰ ਧਿਆਨਾ ॥੩॥੪॥੨੬॥ (482-14)

तुम्ह तउ जाचे भूपति राजे हरि सउ मोर धिआना ॥३॥४॥२६॥

ਆਸਾ ॥ (482-15)

आसा ॥

ਜਗਿ ਜੀਵਨੁ ਐਸਾ ਸੁਪਨੇ ਜੈਸਾ ਜੀਵਨੁ ਸੁਪਨ ਸਮਾਨੰ ॥ (482-15)

जगि जीवनु ऐसा सुपने जैसा जीवनु सुपन समानं ॥

ਸਾਚੁ ਕਰਿ ਹਮ ਗਾਠਿ ਦੀਨੀ ਛੋਡਿ ਪਰਮ ਨਿਧਾਨੰ ॥੧॥ (482-16)

साचु करि हम गाठि दीनी छोडि परम निधानं ॥१॥

ਬਾਬਾ ਮਾਇਆ ਮੋਹ ਹਿਤੁ ਕੀਨ੍ਹ੍ਹ ॥ (482-16)

बाबा माइआ मोह हितु कीन्ह ॥

ਜਿਨਿ ਗਿਆਨੁ ਰਤਨੁ ਹਿਰਿ ਲੀਨ੍ਹ੍ਹ ॥੧॥ ਰਹਾਉ ॥ (482-17)

जिनि गिआनु रतनु हिरि लीन्ह ॥१॥ रहाउ ॥

ਨੈਨ ਦੇਖਿ ਪਤੰਗੁ ਉਰਝੈ ਪਸੁ ਨ ਦੇਖੈ ਆਗਿ ॥ (482-17)

नैन देखि पतंगु उरझै पसु न देखै आगि ॥

ਕਾਲ ਫਾਸ ਨ ਮੁਗਧੁ ਚੇਤੈ ਕਨਿਕ ਕਾਮਿਨਿ ਲਾਗਿ ॥੨॥ (482-17)

काल फास न मुगधु चेतै कनिक कामिनि लागि ॥२॥

ਕਰਿ ਬਿਚਾਰੁ ਬਿਕਾਰ ਪਰਹਰਿ ਤਰਨ ਤਾਰਨ ਸੋਇ ॥ (482-18)
करि बिचारु बिकार परहरि तरन तारन सोइ ॥

ਕਹਿ ਕਬੀਰ ਜਗਜੀਵਨੁ ਐਸਾ ਦੁਤੀਅ ਨਾਹੀ ਕੋਇ ॥੩॥੫॥੨੭॥ (482-18)
कहि कबीर जगजीवनु ऐसा दुतीअ नाही कोइ ॥३॥५॥२७॥

ਆਸਾ ॥ (482-19)
आसा ॥

ਜਉ ਮੈ ਰੂਪ ਕੀਏ ਬਹੁਤੇਰੇ ਅਬ ਫੁਨਿ ਰੂਪੁ ਨ ਹੋਈ ॥ (482-19)
जउ मै रूप कीए बहुतेरे अब फुनि रूपु न होई ॥

ਤਾਗਾ ਤੰਤੁ ਸਾਜੁ ਸਭੁ ਥਾਕਾ ਰਾਮ ਨਾਮ ਬਸਿ ਹੋਈ ॥੧॥ (483-1)
तागा तंतु साजु सभु थाका राम नाम बसि होई ॥१॥

ਅਬ ਮੋਹਿ ਨਾਚਨੋ ਨ ਆਵੈ ॥ (483-1)
अब मोहि नाचनो न आवै ॥

ਮੇਰਾ ਮਨੁ ਮੰਦਰੀਆ ਨ ਬਜਾਵੈ ॥੧॥ ਰਹਾਉ ॥ (483-2)
मेरा मनु मंदरीआ न बजावै ॥१॥ रहाउ ॥

ਕਾਮੁ ਕ੍ਰੋਧੁ ਮਾਇਆ ਲੈ ਜਾਰੀ ਤ੍ਰਿਸਨਾ ਗਾਗਰਿ ਫੂਟੀ ॥ (483-2)
कामु क्रोधु माइआ लै जारी त्रिसना गागरि फूटी ॥

ਕਾਮ ਚੋਲਨਾ ਭਇਆ ਹੈ ਪੁਰਾਨਾ ਗਇਆ ਭਰਮੁ ਸਭੁ ਛੂਟੀ ॥੨॥ (483-2)
काम चोलना भइआ है पुराना गइआ भरमु सभु छूटी ॥२॥

ਸਰਬ ਭੂਤ ਏਕੈ ਕਰਿ ਜਾਨਿਆ ਚੂਕੇ ਬਾਦ ਬਿਬਾਦਾ ॥ (483-3)
सरब भूत एकै करि जानिआ चूके बाद बिबादा ॥

ਕਹਿ ਕਬੀਰ ਮੈ ਪੂਰਾ ਪਾਇਆ ਭਏ ਰਾਮ ਪਰਸਾਦਾ ॥੩॥੬॥੨੮॥ (483-3)
कहि कबीर मै पूरा पाइआ भए राम परसादा ॥३॥६॥२८॥

ਆਸਾ ॥ (483-4)
आसा ॥

ਰੋਜਾ ਧਰੈ ਮਨਾਵੈ ਅਲਹੁ ਸੁਆਦਤਿ ਜੀਅ ਸੰਘਾਰੈ ॥ (483-5)
रोजा धरै मनावै अलहु सुआदति जीअ संघारै ॥

ਆਪਾ ਦੇਖਿ ਅਵਰ ਨਹੀ ਦੇਖੈ ਕਾਹੇ ਕਉ ਝਖ ਮਾਰੈ ॥੧॥ (483-5)
आपा देखि अवर नही देखै काहे कउ झख मारै ॥१॥

ਕਾਜੀ ਸਾਹਿਬੁ ਏਕੁ ਤੋਹੀ ਮਹਿ ਤੇਰਾ ਸੋਚਿ ਬਿਚਾਰਿ ਨ ਦੇਖੈ ॥ (483-5)
काजी साहिबु एकु तोही महि तेरा सोचि बिचारि न देखै ॥

ਖਬਰਿ ਨ ਕਰਹਿ ਦੀਨ ਕੇ ਬਉਰੇ ਤਾ ਤੇ ਜਨਮੁ ਅਲੇਖੈ ॥੧॥ ਰਹਾਉ ॥ (483-6)
खबरि न करहि दीन के बउरे ता ते जनमु अलेखै ॥१॥ रहाउ ॥

ਸਾਚੁ ਕਤੇਬ ਬਖਾਨੈ ਅਲਹੁ ਨਾਰਿ ਪੁਰਖੁ ਨਹੀ ਕੋਈ ॥ (483-6)
साचु कतेब बखानै अलहु नारि पुरखु नही कोई ॥

ਪਢੇ ਗੁਨੇ ਨਾਹੀ ਕਛੁ ਬਉਰੇ ਜਉ ਦਿਲ ਮਹਿ ਖਬਰਿ ਨ ਹੋਈ ॥੨॥ (483-7)
पढे गुने नाही कछु बउरे जउ दिल महि खबरि न होई ॥२॥

ਅਲਹੁ ਗੈਬੁ ਸਗਲ ਘਟ ਭੀਤਰਿ ਹਿਰਦੈ ਲੇਹੁ ਬਿਚਾਰੀ ॥ (483-7)
अलहु गैबु सगल घट भीतरि हिरदै लेहु बिचारी ॥

ਹਿੰਦੂ ਤੁਰਕ ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ ॥੩॥੭॥੨੯॥ (483-8)
हिंदू तुरक दुहूं महि एकै कहै कबीर पुकारी ॥३॥७॥२९॥

ਆਸਾ ॥ ਤਿਪਦਾ ॥ ਇਕਤੁਕਾ ॥ (483-8)
आसा ॥ तिपदा ॥ इकतुका ॥

ਕੀਓ ਸਿੰਗਾਰੁ ਮਿਲਨ ਕੇ ਤਾਈ ॥ (483-9)
कीओ सिंगारु मिलन के ताई ॥

ਹਰਿ ਨ ਮਿਲੇ ਜਗਜੀਵਨ ਗੁਸਾਈ ॥੧॥ (483-9)
हरि न मिले जगजीवन गुसाई ॥१॥

ਹਰਿ ਮੇਰੋ ਪਿਰੁ ਹਉ ਹਰਿ ਕੀ ਬਹੁਰੀਆ ॥ (483-10)
हरि मेरो पिरु हउ हरि की बहुरीआ ॥

ਰਾਮ ਬਡੇ ਮੈ ਤਨਕ ਲਹੁਰੀਆ ॥੧॥ ਰਹਾਉ ॥ (483-10)
राम बडे मै तनक लहुरीआ ॥१॥ रहाउ ॥

ਧਨ ਪਿਰ ਏਕੈ ਸੰਗਿ ਬਸੇਰਾ ॥ (483-10)
धन पिर एकै संगि बसेरा ॥

ਸੇਜ ਏਕ ਪੈ ਮਿਲਨੁ ਦੁਹੇਰਾ ॥੨॥ (483-11)
सेज एक पै मिलनु दुहेरा ॥२॥

ਧੰਨਿ ਸੁਹਾਗਨਿ ਜੋ ਪੀਅ ਭਾਵੈ ॥ (483-11)
धंनि सुहागनि जो पीअ भावै ॥

ਕਹਿ ਕਬੀਰ ਫਿਰਿ ਜਨਮਿ ਨ ਆਵੈ ॥੩॥੮॥੩੦॥ (483-11)
कहि कबीर फिरि जनमि न आवै ॥३॥८॥३०॥

ਆਸਾ ਸ੍ਰੀ ਕਬੀਰ ਜੀਉ ਕੇ ਦੁਪਦੇ (483-12)
आसा स्री कबीर जीउ के दुपदे

ੴ ਸਤਿਗੁਰ ਪ੍ਰਸਾਦਿ ॥ (483-13)
ੴ सतिगुर प्रसादि ॥

ਹੀਰੈ ਹੀਰਾ ਬੇਧਿ ਪਵਨ ਮਨੁ ਸਹਜੇ ਰਹਿਆ ਸਮਾਈ ॥ (483-13)
हीरै हीरा बेधि पवन मनु सहजे रहिआ समाई ॥

ਸਗਲ ਜੋਤਿ ਇਨਿ ਹੀਰੈ ਬੇਧੀ ਸਤਿਗੁਰ ਬਚਨੀ ਮੈ ਪਾਈ ॥੧॥ (483-14)
सगल जोति इनि हीरै बेधी सतिगुर बचनी मै पाई ॥१॥

ਹਰਿ ਕੀ ਕਥਾ ਅਨਾਹਦ ਬਾਨੀ ॥ (483-14)
हरि की कथा अनाहद बानी ॥

ਹੰਸੁ ਹੁਇ ਹੀਰਾ ਲੇਇ ਪਛਾਨੀ ॥੧॥ ਰਹਾਉ ॥ (483-15)
हंसु हुइ हीरा लेइ पछानी ॥१॥ रहाउ ॥

ਕਹਿ ਕਬੀਰ ਹੀਰਾ ਅਸ ਦੇਖਿਓ ਜਗ ਮਹ ਰਹਾ ਸਮਾਈ ॥ (483-15)
कहि कबीर हीरा अस देखिओ जग मह रहा समाई ॥

ਗੁਪਤਾ ਹੀਰਾ ਪ੍ਰਗਟ ਭਇਓ ਜਬ ਗੁਰ ਗਮ ਦੀਆ ਦਿਖਾਈ ॥੨॥੧॥੩੧॥ (483-15)
गुपता हीरा प्रगट भइओ जब गुर गम दीआ दिखाई ॥२॥१॥३१॥

ਆਸਾ ॥ (483-16)
आसा ॥

ਪਹਿਲੀ ਕਰੂਪਿ ਕੁਜਾਤਿ ਕੁਲਖਨੀ ਸਾਹੁਰੈ ਪੇਈਐ ਬੁਰੀ ॥ (483-17)
पहिली करूपि कुजाति कुलखनी साहुरै पेईऐ बुरी ॥

ਅਬ ਕੀ ਸਰੂਪਿ ਸੁਜਾਨਿ ਸੁਲਖਨੀ ਸਹਜੇ ਉਦਰਿ ਧਰੀ ॥੧॥ (483-17)
अब की सरूपि सुजानि सुलखनी सहजे उदरि धरी ॥१॥

ਭਲੀ ਸਰੀ ਮੁਈ ਮੇਰੀ ਪਹਿਲੀ ਬਰੀ ॥ (483-17)
भली सरी मुई मेरी पहिली बरी ॥

ਜੁਗੁ ਜੁਗੁ ਜੀਵਉ ਮੇਰੀ ਅਬ ਕੀ ਧਰੀ ॥੧॥ ਰਹਾਉ ॥ (483-18)
जुगु जुगु जीवउ मेरी अब की धरी ॥१॥ रहाउ ॥

ਕਹੁ ਕਬੀਰ ਜਬ ਲਹੁਰੀ ਆਈ ਬਡੀ ਕਾ ਸੁਹਾਗੁ ਟਰਿਓ ॥ (483-18)
कहु कबीर जब लहुरी आई बडी का सुहागु टरिओ ॥

ਲਹੁਰੀ ਸੰਗਿ ਭਈ ਅਬ ਮੇਰੈ ਜੇਠੀ ਅਉਰੁ ਧਰਿਓ ॥੨॥੨॥੩੨॥ (483-19)
लहुरी संगि भई अब मेरै जेठी अउरु धरिओ ॥२॥२॥३२॥

ਆਸਾ ॥ (483-19)
आसा ॥

ਮੇਰੀ ਬਹੁਰੀਆ ਕੋ ਧਨੀਆ ਨਾਉ ॥ (484-1)
मेरी बहुरीआ को धनीआ नाउ ॥

ਲੇ ਰਾਖਿਓ ਰਾਮ ਜਨੀਆ ਨਾਉ ॥੧॥ (484-1)
ले राखिओ राम जनीआ नाउ ॥१॥

ਇਨ੍ਹ ਮੁੰਡੀਅਨ ਮੇਰਾ ਘਰੁ ਧੁੰਧਰਾਵਾ ॥ (484-1)
इन्ह मुंडीअन मेरा घरु धुंधरावा ॥

ਬਿਟਵਹਿ ਰਾਮੁ ਰਮਊਆ ਲਾਵਾ ॥੧॥ ਰਹਾਉ ॥ (484-1)
बिटवहि राम रमऊआ लावा ॥१॥ रहाउ ॥

ਕਹਤੁ ਕਬੀਰ ਸੁਨਹੁ ਮੇਰੀ ਮਾਈ ॥ (484-2)
कहतु कबीर सुनहु मेरी माई ॥

ਇਨ੍ਹ੍ਹ ਮੁੰਡੀਅਨ ਮੇਰੀ ਜਾਤਿ ਗਵਾਈ ॥੨॥੩॥੩੩॥ (484-2)
इन्ह मुंडीअन मेरी जाति गवाई ॥२॥३॥३३॥

ਆਸਾ ॥ (484-3)
आसा ॥

ਰਹੁ ਰਹੁ ਰੀ ਬਹੁਰੀਆ ਘੂੰਘਟੁ ਜਿਨਿ ਕਾਢੈ ॥ (484-3)
रहु रहु री बहुरीआ घूंघटु जिनि काढै ॥

ਅੰਤ ਕੀ ਬਾਰ ਲਹੈਗੀ ਨ ਆਢੈ ॥੧॥ ਰਹਾਉ ॥ (484-3)
अंत की बार लहैगी न आढै ॥१॥ रहाउ ॥

ਘੂੰਘਟੁ ਕਾਢਿ ਗਈ ਤੇਰੀ ਆਗੈ ॥ (484-4)
घूंघटु काढि गई तेरी आगै ॥

ਉਨ ਕੀ ਗੈਲਿ ਤੋਹਿ ਜਿਨਿ ਲਾਗੈ ॥੧॥ (484-4)
उन की गैलि तोहि जिनि लागै ॥१॥

ਘੂੰਘਟ ਕਾਢੇ ਕੀ ਇਹੈ ਬਡਾਈ ॥ (484-4)
घूंघट काढे की इहै बडाई ॥

ਦਿਨ ਦਸ ਪਾਂਚ ਬਹੂ ਭਲੇ ਆਈ ॥੨॥ (484-5)
दिन दस पांच बहू भले आई ॥२॥

ਘੂੰਘਟੁ ਤੇਰੋ ਤਉ ਪਰਿ ਸਾਚੈ ॥ (484-5)
घूंघटु तेरो तउ परि साचै ॥

ਹਰਿ ਗੁਨ ਗਾਇ ਕੂਦਹਿ ਅਰੁ ਨਾਚੈ ॥੩॥ (484-5)
हरि गुन गाइ कूदहि अरु नाचै ॥३॥

ਕਹਤ ਕਬੀਰ ਬਹੂ ਤਬ ਜੀਤੈ ॥ (484-6)
कहत कबीर बहू तब जीतै ॥

ਹਰਿ ਗੁਨ ਗਾਵਤ ਜਨਮੁ ਬਿਤੀਤੈ ॥੪॥੧॥੩੪॥ (484-6)
हरि गुन गावत जनमु बितीतै ॥४॥१॥३४॥

ਆਸਾ ॥ (484-6)
आसा ॥

ਕਰਵਤੁ ਭਲਾ ਨ ਕਰਵਟ ਤੇਰੀ ॥ (484-7)
करवतु भला न करवट तेरी ॥

ਲਾਗੁ ਗਲੇ ਸੁਨੁ ਬਿਨਤੀ ਮੇਰੀ ॥੧॥ (484-7)
लागु गले सुनु बिनती मेरी ॥१॥

ਹਉ ਵਾਰੀ ਮੁਖੁ ਫੇਰਿ ਪਿਆਰੇ ॥ (484-7)
हउ वारी मुखु फेरि पिआरे ॥

ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ ॥੧॥ ਰਹਾਉ ॥ (484-7)
करवटु दे मो कउ काहे कउ मारे ॥१॥ रहाउ ॥

ਜਉ ਤਨੁ ਚੀਰਹਿ ਅੰਗੁ ਨ ਮੋਰਉ ॥ (484-8)
जउ तनु चीरहि अंगु न मोरउ ॥

ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ ॥੨॥ (484-8)
पिंडु परै तउ प्रीति न तोरउ ॥२॥

ਹਮ ਤੁਮ ਬੀਚੁ ਭਇਓ ਨਹੀ ਕੋਈ ॥ (484-9)
हम तुम बीचु भइओ नही कोई ॥

ਤੁਮਹਿ ਸੁ ਕੰਤ ਨਾਰਿ ਹਮ ਸੋਈ ॥੩॥ (484-9)
तुमहि सु कंत नारि हम सोई ॥३॥

ਕਹਤੁ ਕਬੀਰੁ ਸੁਨਹੁ ਰੇ ਲੋਈ ॥ (484-9)
कहतु कबीरु सुनहु रे लोई ॥

ਅਬ ਤੁਮਰੀ ਪਰਤੀਤਿ ਨ ਹੋਈ ॥੪॥੨॥੩੫॥ (484-10)
अब तुमरी परतीति न होई ॥४॥२॥३५॥

ਆਸਾ ॥ (484-10)
आसा ॥

ਕੋਰੀ ਕੋ ਕਾਹੂ ਮਰਮੁ ਨ ਜਾਨਾਂ ॥ (484-10)
कोरी को काहू मरमु न जानां ॥

ਸਭੁ ਜਗੁ ਆਨਿ ਤਨਾਇਓ ਤਾਨਾਂ ॥੧॥ ਰਹਾਉ ॥ (484-10)
सभु जगु आनि तनाइओ तानां ॥१॥ रहाउ ॥

ਜਬ ਤੁਮ ਸੁਨਿ ਲੇ ਬੇਦ ਪੁਰਾਨਾਂ ॥ (484-11)
जब तुम सुनि ले बेद पुरानां ॥

ਤਬ ਹਮ ਇਤਨਕੁ ਪਸਰਿਓ ਤਾਨਾਂ ॥੧॥ (484-11)
तब हम इतनकु पसरिओ तानां ॥१॥

ਧਰਨਿ ਅਕਾਸ ਕੀ ਕਰਗਹ ਬਨਾਈ ॥ (484-11)
धरनि अकास की करगह बनाई ॥

ਚੰਦੁ ਸੂਰਜੁ ਦੁਇ ਸਾਥ ਚਲਾਈ ॥੨॥ (484-12)
चंदु सूरजु दुइ साथ चलाई ॥२॥

ਪਾਈ ਜੋਰਿ ਬਾਤ ਇਕ ਕੀਨੀ ਤਹ ਤਾਂਤੀ ਮਨੁ ਮਾਨਾਂ ॥ (484-12)
पाई जोरि बात इक कीनी तह तांती मनु मानां ॥

ਜੋਲਾਹੇ ਘਰੁ ਅਪਨਾ ਚੀਨ੍ਹਾਂ ਘਟ ਹੀ ਰਾਮੁ ਪਛਾਨਾਂ ॥੩॥ (484-13)
जोलाहे घरु अपना चीन्हां घट ही रामु पछानां ॥३॥

ਕਹਤੁ ਕਬੀਰੁ ਕਾਰਗਹ ਤੋਰੀ ॥ (484-13)
कहतु कबीरु कारगह तोरी ॥

ਸੂਤੈ ਸੂਤ ਮਿਲਾਏ ਕੋਰੀ ॥੪॥੩॥੩੬॥ (484-14)
सूतै सूत मिलाए कोरी ॥४॥३॥३६॥

ਆਸਾ ॥ (484-14)
आसा ॥

ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ ॥ (484-14)
अंतरि मैलु जे तीरथ नावै तिसु बैकुंठ न जानां ॥

ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ ॥੧॥ (484-14)
लोक पतीणे कछू न होवै नाही रामु अयाना ॥१॥

ਪੂਜਹੁ ਰਾਮੁ ਏਕੁ ਹੀ ਦੇਵਾ ॥ (484-15)
पूजहु रामु एकु ही देवा ॥

ਸਾਚਾ ਨਾਵਣੁ ਗੁਰ ਕੀ ਸੇਵਾ ॥੧॥ ਰਹਾਉ ॥ (484-15)
साचा नावणु गुर की सेवा ॥१॥ रहाउ ॥

ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇੰਡੁਕ ਨਾਵਹਿ ॥ (484-15)
जल कै मजनि जे गति होवै नित नित मेंडुक नावहि ॥

ਜੈਸੇ ਮੇੰਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ ॥੨॥ (484-16)
जैसे मेंडुक तैसे ओइ नर फिरि फिरि जोनी आवहि ॥२॥

ਮਨਹੁ ਕਠੋਰੁ ਮਰੈ ਬਾਨਾਰਸਿ ਨਰਕੁ ਨ ਬਾਂਚਿਆ ਜਾਈ ॥ (484-16)
मनहु कठोरु मरै बानारसि नरकु न बांचिआ जाई ॥

ਹਰਿ ਕਾ ਸੰਤੁ ਮਰੈ ਹਾੜੰਬੈ ਤ ਸਗਲੀ ਸੈਨ ਤਰਾਈ ॥੩॥ (484-17)
हरि का संतु मरै हाड़्मबै त सगली सैन तराई ॥३॥

ਦਿਨਸੁ ਨ ਰੈਨਿ ਬੇਦੁ ਨਹੀ ਸਾਸਤ੍ਰ ਤਹਾ ਬਸੈ ਨਿਰੰਕਾਰਾ ॥ (484-18)
दिनसु न रैनि बेदु नही सासत्र तहा बसै निरंकारा ॥

ਕਹਿ ਕਬੀਰ ਨਰ ਤਿਸਹਿ ਧਿਆਵਹੁ ਬਾਵਰਿਆ ਸੰਸਾਰਾ ॥੪॥੪॥੩੭॥ (484-18)
कहि कबीर नर तिसहि धिआवहु बावरिआ संसारा ॥४॥४॥३७॥

ੴ ਸਤਿਗੁਰ ਪ੍ਰਸਾਦਿ ॥ (485-1)
ੴ सतिगुर प्रसादि ॥

ਆਸਾ ਬਾਣੀ ਸ੍ਰੀ ਨਾਮਦੇਉ ਜੀ ਕੀ (485-1)
आसा बाणी स्री नामदेउ जी की

ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ ॥ (485-1)
एक अनेक बिआपक पूरक जत देखउ तत सोई ॥

ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ ॥੧॥ (485-2)
माइआ चित्र बचित्र बिमोहित बिरला बूझै कोई ॥१॥

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥ (485-2)
सभु गोबिंदु है सभु गोबिंदु है गोबिंद बिनु नही कोई ॥

ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥੧॥ ਰਹਾਉ ॥ (485-3)
सूतु एकु मणि सत सहंस जैसे ओति पोति प्रभु सोई ॥१॥ रहाउ ॥

ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥ (485-3)
जल तरंग अरु फेन बुदबुदा जल ते भिंन न होई ॥

ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ ॥੨॥ (485-4)
इहु परपंचु पारब्रहम की लीला बिचरत आन न होई ॥२॥

ਮਿਥਿਆ ਭਰਮੁ ਅਰੁ ਸੁਪਨ ਮਨੋਰਥ ਸਤਿ ਪਦਾਰਥੁ ਜਾਨਿਆ ॥ (485-4)
मिथिआ भरमु अरु सुपन मनोरथ सति पदारथु जानिआ ॥

ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ ॥੩॥ (485-5)
सुक्रित मनसा गुर उपदेसी जागत ही मनु मानिआ ॥३॥

ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ ॥ (485-5)
कहत नामदेउ हरि की रचना देखहु रिदै बीचारी ॥

ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ ॥੪॥੧॥ (485-6)
घट घट अंतरि सरब निरंतरि केवल एक मुरारी ॥४॥१॥

ਆਸਾ ॥ (485-6)
आसा ॥

ਆਨੀਲੇ ਕੁੰਭ ਭਰਾਈਲੇ ਊਦਕ ਠਾਕੁਰ ਕਉ ਇਸਨਾਨੁ ਕਰਉ ॥ (485-7)
आनीले कुमभ भराईले ऊदक ठाकुर कउ इसनानु करउ ॥

ਬਇਆਲੀਸ ਲਖ ਜੀ ਜਲ ਮਹਿ ਹੋਤੇ ਬੀਠਲੁ ਭੈਲਾ ਕਾਇ ਕਰਉ ॥੧॥ (485-7)
बइआलीस लख जी जल महि होते बीठलु भैला काइ करउ ॥१॥

ਜਤ੍ਰ ਜਾਉ ਤਤ ਬੀਠਲੁ ਭੈਲਾ ॥ (485-8)
जत्र जाउ तत बीठलु भैला ॥

ਮਹਾ ਅਨੰਦ ਕਰੇ ਸਦ ਕੇਲਾ ॥੧॥ ਰਹਾਉ ॥ (485-8)
महा अनंद करे सद केला ॥१॥ रहाउ ॥

ਆਨੀਲੇ ਫੂਲ ਪਰੋਈਲੇ ਮਾਲਾ ਠਾਕੁਰ ਕੀ ਹਉ ਪੂਜ ਕਰਉ ॥ (485-9)
आनीले फूल परोईले माला ठाकुर की हउ पूज करउ ॥

ਪਹਿਲੇ ਬਾਸੁ ਲਈ ਹੈ ਭਵਰਹ ਬੀਠਲ ਭੈਲਾ ਕਾਇ ਕਰਉ ॥੨॥ (485-9)
पहिले बासु लई है भवरह बीठल भैला काइ करउ ॥२॥

ਆਨੀਲੇ ਦੂਧੁ ਰੀਧਾਈਲੇ ਖੀਰੰ ਠਾਕੁਰ ਕਉ ਨੈਵੇਦੁ ਕਰਉ ॥ (485-10)
आनीले दूधु रीधाईले खीरं ठाकुर कउ नैवेदु करउ ॥

ਪਹਿਲੇ ਦੂਧੁ ਬਿਟਾਰਿਓ ਬਛਰੈ ਬੀਠਲੁ ਭੈਲਾ ਕਾਇ ਕਰਉ ॥੩॥ (485-10)
पहिले दूधु बिटारिओ बछरै बीठलु भैला काइ करउ ॥३॥

ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰੁ ਨਹੀ ॥ (485-11)
ईभै बीठलु ऊभै बीठलु बीठल बिनु संसारु नही ॥

ਥਾਨ ਥਨੰਤਰਿ ਨਾਮਾ ਪ੍ਰਣਵੈ ਪੂਰਿ ਰਹਿਓ ਤੂੰ ਸਰਬ ਮਹੀ ॥੪॥੨॥ (485-11)
थान थनंतरि नामा प्रणवै पूरि रहिओ तूं सरब मही ॥४॥२॥

ਆਸਾ ॥ (485-12)
आसा ॥

ਮਨੁ ਮੇਰੋ ਗਜੁ ਜਿਹਬਾ ਮੇਰੀ ਕਾਤੀ ॥ (485-12)
मनु मेरो गजु जिहबा मेरी काती ॥

ਮਪਿ ਮਪਿ ਕਾਟਉ ਜਮ ਕੀ ਫਾਸੀ ॥੧॥ (485-13)
मपि मपि काटउ जम की फासी ॥१॥

ਕਹਾ ਕਰਉ ਜਾਤੀ ਕਹ ਕਰਉ ਪਾਤੀ ॥ (485-13)
कहा करउ जाती कह करउ पाती ॥

ਰਾਮ ਕੋ ਨਾਮੁ ਜਪਉ ਦਿਨ ਰਾਤੀ ॥੧॥ ਰਹਾਉ ॥ (485-13)
राम को नामु जपउ दिन राती ॥१॥ रहाउ ॥

ਰਾਂਗਨਿ ਰਾਂਗਉ ਸੀਵਨਿ ਸੀਵਉ ॥ (485-14)
रांगनि रांगउ सीवनि सीवउ ॥

ਰਾਮ ਨਾਮ ਬਿਨੁ ਘਰੀਅ ਨ ਜੀਵਉ ॥੨॥ (485-14)
राम नाम बिनु घरीअ न जीवउ ॥२॥

ਭਗਤਿ ਕਰਉ ਹਰਿ ਕੇ ਗੁਨ ਗਾਵਉ ॥ (485-14)
भगति करउ हरि के गुन गावउ ॥

ਆਠ ਪਹਰ ਅਪਨਾ ਖਸਮੁ ਧਿਆਵਉ ॥੩॥ (485-15)
आठ पहर अपना खसमु धिआवउ ॥३॥

ਸੁਇਨੇ ਕੀ ਸੂਈ ਰੁਪੇ ਕਾ ਧਾਗਾ ॥ (485-15)
सुइने की सूई रुपे का धागा ॥

ਨਾਮੇ ਕਾ ਚਿਤੁ ਹਰਿ ਸਉ ਲਾਗਾ ॥੪॥੩॥ (485-16)
नामे का चितु हरि सउ लागा ॥४॥३॥

ਆਸਾ ॥ (485-16)
आसा ॥

ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ ॥ (485-16)
सापु कुंच छोडै बिखु नही छाडै ॥

ਉਦਕ ਮਾਹਿ ਜੈਸੇ ਬਗੁ ਧਿਆਨੁ ਮਾਡੈ ॥੧॥ (485-16)
उदक माहि जैसे बगु धिआनु माडै ॥१॥

ਕਾਹੇ ਕਉ ਕੀਜੈ ਧਿਆਨੁ ਜਪੰਨਾ ॥ (485-17)
काहे कउ कीजै धिआनु जपंना ॥

ਜਬ ਤੇ ਸੁਧੁ ਨਾਹੀ ਮਨੁ ਅਪਨਾ ॥੧॥ ਰਹਾਉ ॥ (485-17)
जब ते सुधु नाही मनु अपना ॥१॥ रहाउ ॥

ਸਿੰਘਚ ਭੋਜਨੁ ਜੋ ਨਰੁ ਜਾਨੈ ॥ (485-18)
सिंघच भोजनु जो नरु जानै ॥

ਐਸੇ ਹੀ ਠਗਦੇਉ ਬਖਾਨੈ ॥੨॥ (485-18)
ऐसे ही ठगदेउ बखानै ॥२॥

ਨਾਮੇ ਕੇ ਸੁਆਮੀ ਲਾਹਿ ਲੇ ਝਗਰਾ ॥ (485-18)
नामे के सुआमी लाहि ले झगरा ॥

ਰਾਮ ਰਸਾਇਨ ਪੀਓ ਰੇ ਦਗਰਾ ॥੩॥੪॥ (486-1)
राम रसाइन पीओ रे दगरा ॥३॥४॥

ਆਸਾ ॥ (486-1)
आसा ॥

ਪਾਰਬ੍ਰਹਮੁ ਜਿ ਚੀਨ੍ਹਸੀ ਆਸਾ ਤੇ ਨ ਭਾਵਸੀ ॥ (486-1)
पारब्रहमु जि चीन्हसी आसा ते न भावसी ॥

ਰਾਮਾ ਭਗਤਹ ਚੇਤੀਅਲੇ ਅਚਿੰਤ ਮਨੁ ਰਾਖਸੀ ॥੧॥ (486-2)
रामा भगतह चेतीअले अचिंत मनु राखसी ॥१॥

ਕੈਸੇ ਮਨ ਤਰਹਿਗਾ ਰੇ ਸੰਸਾਰੁ ਸਾਗਰੁ ਬਿਖੈ ਕੋ ਬਨਾ ॥ (486-2)
कैसे मन तरहिगा रे संसारु सागरु बिखै को बना ॥

ਝੂਠੀ ਮਾਇਆ ਦੇਖਿ ਕੈ ਭੂਲਾ ਰੇ ਮਨਾ ॥੧॥ ਰਹਾਉ ॥ (486-3)
झूठी माइआ देखि कै भूला रे मना ॥१॥ रहाउ ॥

ਛੀਪੇ ਕੇ ਘਰਿ ਜਨਮੁ ਦੈਲਾ ਗੁਰ ਉਪਦੇਸੁ ਭੈਲਾ ॥ (486-3)
छीपे के घरि जनमु दैला गुर उपदेसु भैला ॥

ਸੰਤਹ ਕੈ ਪਰਸਾਦਿ ਨਾਮਾ ਹਰਿ ਭੇਟੁਲਾ ॥੨॥੫॥ (486-4)
संतह कै परसादि नामा हरि भेटुला ॥२॥५॥

ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ (486-5)
आसा बाणी स्री रविदास जीउ की

ੴ ਸਤਿਗੁਰ ਪ੍ਰਸਾਦਿ ॥ (486-5)
ੴ सतिगुर प्रसादि ॥

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ॥ (486-6)
म्रिग मीन भ्रिंग पतंग कुंचर एक दोख बिनास ॥

ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ ॥੧॥ (486-6)
पंच दोख असाध जा महि ता की केतक आस ॥१॥

ਮਾਧੋ ਅਬਿਦਿਆ ਹਿਤ ਕੀਨ ॥ (486-7)
माधो अबिदिआ हित कीन ॥

ਬਿਬੇਕ ਦੀਪ ਮਲੀਨ ॥੧॥ ਰਹਾਉ ॥ (486-7)
बिबेक दीप मलीन ॥१॥ रहाउ ॥

ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ ॥ (486-7)
त्रिगद जोनि अचेत स्मभव पुंन पाप असोच ॥

ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ ॥੨॥ (486-8)
मानुखा अवतार दुलभ तिही संगति पोच ॥२॥

ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ ॥ (486-8)
जीअ जंत जहा जहा लगु करम के बसि जाइ ॥

ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ ॥੩॥ (486-9)
काल फास अबध लागे कछु न चलै उपाइ ॥३॥

ਰਵਿਦਾਸ ਦਾਸ ਉਦਾਸ ਤਜੁ ਭ੍ਰਮੁ ਤਪਨ ਤਪੁ ਗੁਰ ਗਿਆਨ ॥ (486-9)
रविदास दास उदास तजु भ्रमु तपन तपु गुर गिआन ॥

ਭਗਤ ਜਨ ਭੈ ਹਰਨ ਪਰਮਾਨੰਦ ਕਰਹੁ ਨਿਦਾਨ ॥੪॥੧॥ (486-10)
भगत जन भै हरन परमानंद करहु निदान ॥४॥१॥

ਆਸਾ ॥ (486-10)
आसा ॥

ਸੰਤ ਤੁਝੀ ਤਨੁ ਸੰਗਤਿ ਪ੍ਰਾਨ ॥ (486-10)
संत तुझी तनु संगति प्रान ॥

ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ ॥੧॥ (486-11)
सतिगुर गिआन जानै संत देवा देव ॥१॥

ਸੰਤ ਚੀ ਸੰਗਤਿ ਸੰਤ ਕਥਾ ਰਸੁ ॥ (486-11)
संत ची संगति संत कथा रसु ॥

ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ ॥੧॥ ਰਹਾਉ ॥ (486-11)
संत प्रेम माझै दीजै देवा देव ॥१॥ रहाउ ॥

ਸੰਤ ਆਚਰਣ ਸੰਤ ਚੋ ਮਾਰਗੁ ਸੰਤ ਚ ਓਲ੍ਹਗ ਓਲ੍ਹਗਣੀ ॥੨॥ (486-12)
संत आचरण संत चो मारगु संत च ओल्हग ओल्हगणी ॥२॥

ਅਉਰ ਇਕ ਮਾਗਉ ਭਗਤਿ ਚਿੰਤਾਮਣਿ ॥ (486-12)
अउर इक मागउ भगति चिंतामणि ॥

ਜਣੀ ਲਖਾਵਹੁ ਅਸੰਤ ਪਾਪੀ ਸਣਿ ॥੩॥ (486-13)
जणी लखावहु असंत पापी सणि ॥३॥

ਰਵਿਦਾਸੁ ਭਣੈ ਜੋ ਜਾਣੈ ਸੋ ਜਾਣੁ ॥ (486-13)
रविदासु भणै जो जाणै सो जाणु ॥

ਸੰਤ ਅਨੰਤਹਿ ਅੰਤਰੁ ਨਾਹੀ ॥੪॥੨॥ (486-13)
संत अनंतहि अंतरु नाही ॥४॥२॥

ਆਸਾ ॥ (486-14)
आसा ॥

ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ ॥ (486-14)
तुम चंदन हम इरंड बापुरे संगि तुमारे बासा ॥

ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ ॥੧॥ (486-14)
नीच रूख ते ऊच भए है गंध सुगंध निवासा ॥१॥

ਮਾਧਉ ਸਤਸੰਗਤਿ ਸਰਨਿ ਤੁਮ੍ਹ੍ਹਾਰੀ ॥ (486-15)
माधउ सतसंगति सरनि तुम्हारी ॥

ਹਮ ਅਉਗਨ ਤੁਮ੍ਹ੍ਹ ਉਪਕਾਰੀ ॥੧॥ ਰਹਾਉ ॥ (486-15)
हम अउगन तुम्ह उपकारी ॥१॥ रहाउ ॥

ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ ॥ (486-16)
तुम मखतूल सुपेद सपीअल हम बपुरे जस कीरा ॥

ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ ॥੨॥ (486-16)
सतसंगति मिलि रहीऐ माधउ जैसे मधुप मखीरा ॥२॥

ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ ॥ (486-17)
जाती ओछा पाती ओछा ओछा जनमु हमारा ॥

ਰਾਜਾ ਰਾਮ ਕੀ ਸੇਵ ਨ ਕੀਨੀ ਕਹਿ ਰਵਿਦਾਸ ਚਮਾਰਾ ॥੩॥੩॥ (486-17)
राजा राम की सेव न कीनी कहि रविदास चमारा ॥३॥३॥

ਆਸਾ ॥ (486-18)
आसा ॥

ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ ॥ (486-18)
कहा भइओ जउ तनु भइओ छिनु छिनु ॥

ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ ॥੧॥ (486-18)
प्रेमु जाइ तउ डरपै तेरो जनु ॥१॥

ਤੁਝਹਿ ਚਰਨ ਅਰਬਿੰਦ ਭਵਨ ਮਨੁ ॥ (486-18)
तुझहि चरन अरबिंद भवन मनु ॥

ਪਾਨ ਕਰਤ ਪਾਇਓ ਪਾਇਓ ਰਾਮਈਆ ਧਨੁ ॥੧॥ ਰਹਾਉ ॥ (486-19)
पान करत पाइओ पाइओ रामईआ धनु ॥१॥ रहाउ ॥

ਸੰਪਤਿ ਬਿਪਤਿ ਪਟਲ ਮਾਇਆ ਧਨੁ ॥ (486-19)
समपति बिपति पटल माइआ धनु ॥

ਤਾ ਮਹਿ ਮਗਨ ਹੋਤ ਨ ਤੇਰੋ ਜਨੁ ॥੨॥ (487-1)
ता महि मगन होत न तेरो जनु ॥२॥

ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ ॥ (487-1)
प्रेम की जेवरी बाधिओ तेरो जन ॥

ਕਹਿ ਰਵਿਦਾਸ ਛੂਟਿਬੋ ਕਵਨ ਗੁਨ ॥੩॥੪॥ (487-1)
कहि रविदास छूटिबो कवन गुन ॥३॥४॥

ਆਸਾ ॥ (487-2)
आसा ॥

ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ ॥ (487-2)
हरि हरि हरि हरि हरि हरि हरे ॥

ਹਰਿ ਸਿਮਰਤ ਜਨ ਗਏ ਨਿਸਤਰਿ ਤਰੇ ॥੧॥ ਰਹਾਉ ॥ (487-2)
हरि सिमरत जन गए निसतरि तरे ॥१॥ रहाउ ॥

ਹਰਿ ਕੇ ਨਾਮ ਕਬੀਰ ਉਜਾਗਰ ॥ (487-3)
हरि के नाम कबीर उजागर ॥

ਜਨਮ ਜਨਮ ਕੇ ਕਾਟੇ ਕਾਗਰ ॥੧॥ (487-3)
जनम जनम के काटे कागर ॥१॥

ਨਿਮਤ ਨਾਮਦੇਉ ਦੂਧੁ ਪੀਆਇਆ ॥ (487-3)
निमत नामदेउ दूधु पीआइआ ॥

ਤਉ ਜਗ ਜਨਮ ਸੰਕਟ ਨਹੀ ਆਇਆ ॥੨॥ (487-4)
तउ जग जनम संकट नही आइआ ॥२॥

ਜਨ ਰਵਿਦਾਸ ਰਾਮ ਰੰਗਿ ਰਾਤਾ ॥ (487-4)
जन रविदास राम रंगि राता ॥

ਇਉ ਗੁਰ ਪਰਸਾਦਿ ਨਰਕ ਨਹੀ ਜਾਤਾ ॥੩॥੫॥ (487-5)
इउ गुर परसादि नरक नही जाता ॥३॥५॥

ਮਾਟੀ ਕੋ ਪੁਤਰਾ ਕੈਸੇ ਨਚਤੁ ਹੈ ॥ (487-5)
माटी को पुतरा कैसे नचतु है ॥

ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ ॥੧॥ ਰਹਾਉ ॥ (487-5)
देखै देखै सुनै बोलै दउरिओ फिरतु है ॥१॥ रहाउ ॥

ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ ॥ (487-6)
जब कछु पावै तब गरबु करतु है ॥

ਮਾਇਆ ਗਈ ਤਬ ਰੋਵਨੁ ਲਗਤੁ ਹੈ ॥੧॥ (487-6)
माइआ गई तब रोवनु लगतु है ॥१॥

ਮਨ ਬਚ ਕ੍ਰਮ ਰਸ ਕਸਹਿ ਲੁਭਾਨਾ ॥ (487-7)
मन बच क्रम रस कसहि लुभाना ॥

ਬਿਨਸਿ ਗਇਆ ਜਾਇ ਕਹੂੰ ਸਮਾਨਾ ॥੨॥ (487-7)
बिनसि गइआ जाइ कहूं समाना ॥२॥

ਕਹਿ ਰਵਿਦਾਸ ਬਾਜੀ ਜਗੁ ਭਾਈ ॥ (487-7)
कहि रविदास बाजी जगु भाई ॥

ਬਾਜੀਗਰ ਸਉ ਮੋੁਹਿ ਪ੍ਰੀਤਿ ਬਨਿ ਆਈ ॥੩॥੬॥ (487-8)
बाजीगर सउ मुोहि प्रीति बनि आई ॥३॥६॥

ਆਸਾ ਬਾਣੀ ਭਗਤ ਧੰਨੇ ਜੀ ਕੀ (487-9)
आसा बाणी भगत धंने जी की

ੴ ਸਤਿਗੁਰ ਪ੍ਰਸਾਦਿ ॥ (487-9)
ੴ सतिगुर प्रसादि ॥

ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨੁ ਨਹੀ ਧੀਰੇ ॥ (487-10)
भ्रमत फिरत बहु जनम बिलाने तनु मनु धनु नही धीरे ॥

ਲਾਲਚ ਬਿਖੁ ਕਾਮ ਲੁਬਧ ਰਾਤਾ ਮਨਿ ਬਿਸਰੇ ਪ੍ਰਭ ਹੀਰੇ ॥੧॥ ਰਹਾਉ ॥ (487-10)
लालच बिखु काम लुबध राता मनि बिसरे प्रभ हीरे ॥१॥ रहाउ ॥

ਬਿਖੁ ਫਲ ਮੀਠ ਲਗੇ ਮਨ ਬਉਰੇ ਚਾਰ ਬਿਚਾਰ ਨ ਜਾਨਿਆ ॥ (487-11)
बिखु फल मीठ लगे मन बउरे चार बिचार न जानिआ ॥

ਗੁਨ ਤੇ ਪ੍ਰੀਤਿ ਬਢੀ ਅਨ ਭਾਂਤੀ ਜਨਮ ਮਰਨ ਫਿਰਿ ਤਾਨਿਆ ॥੧॥ (487-11)
गुन ते प्रीति बढी अन भांती जनम मरन फिरि तानिआ ॥१॥

ਜੁਗਤਿ ਜਾਨਿ ਨਹੀ ਰਿਦੈ ਨਿਵਾਸੀ ਜਲਤ ਜਾਲ ਜਮ ਫੰਧ ਪਰੇ ॥ (487-12)
जुगति जानि नही रिदै निवासी जलत जाल जम फंध परे ॥

ਬਿਖੁ ਫਲ ਸੰਚਿ ਭਰੇ ਮਨ ਐਸੇ ਪਰਮ ਪੁਰਖ ਪ੍ਰਭ ਮਨ ਬਿਸਰੇ ॥੨॥ (487-13)
बिखु फल संचि भरे मन ऐसे परम पुरख प्रभ मन बिसरे ॥२॥

ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ ਮਏ ॥ (487-13)
गिआन प्रवेसु गुरहि धनु दीआ धिआनु मानु मन एक मए ॥

ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ ਤ੍ਰਿਪਤਿ ਅਘਾਨੇ ਮੁਕਤਿ ਭਏ ॥੩॥ (487-14)
प्रेम भगति मानी सुखु जानिआ त्रिपति अघाने मुकति भए ॥३॥

ਜੋਤਿ ਸਮਾਇ ਸਮਾਨੀ ਜਾ ਕੈ ਅਛਲੀ ਪ੍ਰਭੁ ਪਹਿਚਾਨਿਆ ॥ (487-14)
जोति समाइ समानी जा कै अछली प्रभु पहिचानिआ ॥

ਧੰਨੈ ਧਨੁ ਪਾਇਆ ਧਰਣੀਧਰੁ ਮਿਲਿ ਜਨ ਸੰਤ ਸਮਾਨਿਆ ॥੪॥੧॥ (487-15)
धंनै धनु पाइआ धरणीधरु मिलि जन संत समानिआ ॥४॥१॥

ਮਹਲਾ ੫ ॥ (487-16)
महला ५ ॥

ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ ॥ (487-16)
गोबिंद गोबिंद गोबिंद संगि नामदेउ मनु लीणा ॥

ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥੧॥ ਰਹਾਉ ॥ (487-16)
आढ दाम को छीपरो होइओ लाखीणा ॥१॥ रहाउ ॥

ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ ॥ (487-17)
बुनना तनना तिआगि कै प्रीति चरन कबीरा ॥

ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ ॥੧॥ (487-17)
नीच कुला जोलाहरा भइओ गुनीय गहीरा ॥१॥

ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ ॥ (487-18)
रविदासु ढुवंता ढोर नीति तिनि तिआगी माइआ ॥

ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ ॥੨॥ (487-18)
परगटु होआ साधसंगि हरि दरसनु पाइआ ॥२॥

ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ ॥ (487-19)
सैनु नाई बुतकारीआ ओहु घरि घरि सुनिआ ॥

ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ ॥੩॥ (487-19)
हिरदे वसिआ पारब्रहमु भगता महि गनिआ ॥३॥

ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ ॥ (488-1)
इह बिधि सुनि कै जाटरो उठि भगती लागा ॥

ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥੪॥੨॥ (488-1)
मिले प्रतखि गुसाईआ धंना वडभागा ॥४॥२॥

ਰੇ ਚਿਤ ਚੇਤਸਿ ਕੀ ਨ ਦਯਾਲ ਦਮੋਦਰ ਬਿਬਹਿ ਨ ਜਾਨਸਿ ਕੋਈ ॥ (488-2)
रे चित चेतसि की न दयाल दमोदर बिबहि न जानसि कोई ॥

ਜੇ ਧਾਵਹਿ ਬ੍ਰਹਮੰਡ ਖੰਡ ਕਉ ਕਰਤਾ ਕਰੈ ਸੁ ਹੋਈ ॥੧॥ ਰਹਾਉ ॥ (488-2)
जे धावहि ब्रहमंड खंड कउ करता करै सु होई ॥१॥ रहाउ ॥

ਜਨਨੀ ਕੇਰੇ ਉਦਰ ਉਦਕ ਮਹਿ ਪਿੰਡੁ ਕੀਆ ਦਸ ਦੁਆਰਾ ॥ (488-3)
जननी केरे उदर उदक महि पिंडु कीआ दस दुआरा ॥

ਦੇਇ ਅਹਾਰੁ ਅਗਨਿ ਮਹਿ ਰਾਖੈ ਐਸਾ ਖਸਮੁ ਹਮਾਰਾ ॥੧॥ (488-3)
देइ अहारु अगनि महि राखै ऐसा खसमु हमारा ॥१॥

ਕੁੰਮੀ ਜਲ ਮਾਹਿ ਤਨ ਤਿਸੁ ਬਾਹਰਿ ਪੰਖ ਖੀਰੁ ਤਿਨ ਨਾਹੀ ॥ (488-4)
कुंमी जल माहि तन तिसु बाहरि पंख खीरु तिन नाही ॥

ਪੂਰਨ ਪਰਮਾਨੰਦ ਮਨੋਹਰ ਸਮਝਿ ਦੇਖੁ ਮਨ ਮਾਹੀ ॥੨॥ (488-5)
पूरन परमानंद मनोहर समझि देखु मन माही ॥२॥

ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ ॥ (488-5)
पाखणि कीटु गुपतु होइ रहता ता चो मारगु नाही ॥

ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ ॥੩॥੩॥ (488-6)
कहै धंना पूरन ताहू को मत रे जीअ डरांही ॥३॥३॥

ਆਸਾ ਸੇਖ ਫਰੀਦ ਜੀਉ ਕੀ ਬਾਣੀ (488-7)
आसा सेख फरीद जीउ की बाणी

ੴ ਸਤਿਗੁਰ ਪ੍ਰਸਾਦਿ ॥ (488-7)
ੴ सतिगुर प्रसादि ॥

ਦਿਲਹੁ ਮੁਹਬਤਿ ਜਿੰਨ੍ਹ ਸੇਈ ਸਚਿਆ ॥ (488-8)
दिलहु मुहबति जिंन्ह सेई सचिआ ॥

ਜਿਨ੍ਹ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥੧॥ (488-8)
जिन्ह मनि होरु मुखि होरु सि कांढे कचिआ ॥१॥

ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥ (488-8)
रते इसक खुदाइ रंगि दीदार के ॥

ਵਿਸਰਿਆ ਜਿਨ੍ਹ ਨਾਮੁ ਤੇ ਭੁਇ ਭਾਰੁ ਥੀਏ ॥੧॥ ਰਹਾਉ ॥ (488-9)
विसरिआ जिन्ह नामु ते भुइ भारु थीए ॥१॥ रहाउ ॥

ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ॥ (488-9)
आपि लीए लड़ि लाइ दरि दरवेस से ॥

ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥੨॥ (488-10)
तिन धंनु जणेदी माउ आए सफलु से ॥२॥

ਪਰਵਦਗਾਰ ਅਪਾਰ ਅਗਮ ਬੇਅੰਤ ਤੂ ॥ (488-10)
परवदगार अपार अगम बेअंत तू ॥

ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ ॥੩॥ (488-10)
जिना पछाता सचु चुंमा पैर मूं ॥३॥

ਤੇਰੀ ਪਨਹ ਖੁਦਾਇ ਤੂ ਬਖਸੰਦਗੀ ॥ (488-11)
तेरी पनह खुदाइ तू बखसंदगी ॥

ਸੇਖ ਫਰੀਦੈ ਖੈਰੁ ਦੀਜੈ ਬੰਦਗੀ ॥੪॥੧॥ (488-11)
सेख फरीदै खैरु दीजै बंदगी ॥४॥१॥

ਆਸਾ ॥ (488-12)
आसा ॥

ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ ॥ (488-12)
बोलै सेख फरीदु पिआरे अलह लगे ॥

ਇਹੁ ਤਨੁ ਹੋਸੀ ਖਾਕ ਨਿਮਾਣੀ ਗੋਰ ਘਰੇ ॥੧॥ (488-12)
इहु तनु होसी खाक निमाणी गोर घरे ॥१॥

ਆਜੁ ਮਿਲਾਵਾ ਸੇਖ ਫਰੀਦ ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ ॥੧॥ ਰਹਾਉ ॥ (488-12)
आजु मिलावा सेख फरीद टाकिम कूंजड़ीआ मनहु मचिंदड़ीआ ॥१॥ रहाउ ॥

ਜੇ ਜਾਣਾ ਮਰਿ ਜਾਈਐ ਘੁਮਿ ਨ ਆਈਐ ॥ (488-13)
जे जाणा मरि जाईऐ घुमि न आईऐ ॥

ਝੂਠੀ ਦੁਨੀਆ ਲਗਿ ਨ ਆਪੁ ਵਞਾਈਐ ॥੨॥ (488-14)
झूठी दुनीआ लगि न आपु वञाईऐ ॥२॥

ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥ (488-14)
बोलीऐ सचु धरमु झूठु न बोलीऐ ॥

ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥੩॥ (488-14)
जो गुरु दसै वाट मुरीदा जोलीऐ ॥३॥

ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ ॥ (488-15)
छैल लंघंदे पारि गोरी मनु धीरिआ ॥

ਕੰਚਨ ਵੰਨੇ ਪਾਸੇ ਕਲਵਤਿ ਚੀਰਿਆ ॥੪॥ (488-15)
कंचन वंने पासे कलवति चीरिआ ॥४॥

ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ ॥ (488-16)
सेख हैयाती जगि न कोई थिरु रहिआ ॥

ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ ॥੫॥ (488-16)
जिसु आसणि हम बैठे केते बैसि गइआ ॥५॥

ਕਤਿਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ ॥ (488-17)
कतिक कूंजां चेति डउ सावणि बिजुलीआं ॥

ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ ॥੬॥ (488-17)
सीआले सोहंदीआं पिर गलि बाहड़ीआं ॥६॥

ਚਲੇ ਚਲਣਹਾਰ ਵਿਚਾਰਾ ਲੇਇ ਮਨੋ ॥ (488-17)
चले चलणहार विचारा लेइ मनो ॥

ਗੰਢੇਦਿਆਂ ਛਿਅ ਮਾਹ ਤੁੜੰਦਿਆ ਹਿਕੁ ਖਿਨੋ ॥੭॥ (488-18)
गंढेदिआं छिअ माह तुड़ंदिआ हिकु खिनो ॥७॥

ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ ॥ (488-18)
जिमी पुछै असमान फरीदा खेवट किंनि गए ॥

ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ ॥੮॥੨॥ (488-19)
जालण गोरां नालि उलामे जीअ सहे ॥८॥२॥

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥
(489-1)
ੴ सति नामु करता पुरखु निरभउ निरवैरु अकाल मूरति अजूनी सैभं गुर प्रसादि ॥

ਰਾਗੁ ਗੂਜਰੀ ਮਹਲਾ ੧ ਚਉਪਦੇ ਘਰੁ ੧ ॥ (489-3)
रागु गूजरी महला १ चउपदे घरु १ ॥

ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ ॥ (489-4)
तेरा नामु करी चनणाठीआ जे मनु उरसा होइ ॥

ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ ॥੧॥ (489-4)
करणी कुंगू जे रलै घट अंतरि पूजा होइ ॥१॥

ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ ॥੧॥ ਰਹਾਉ ॥ (489-5)
पूजा कीचै नामु धिआईऐ बिनु नावै पूज न होइ ॥१॥ रहाउ ॥

ਬਾਹਰਿ ਦੇਵ ਪਖਾਲੀਅਹਿ ਜੇ ਮਨੁ ਧੋਵੈ ਕੋਇ ॥ (489-5)
बाहरि देव पखालीअहि जे मनु धोवै कोइ ॥

ਜੂਠਿ ਲਹੈ ਜੀਉ ਮਾਜੀਐ ਮੋਖ ਪਇਆਣਾ ਹੋਇ ॥੨॥ (489-6)
जूठि लहै जीउ माजीऐ मोख पइआणा होइ ॥२॥

ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ ॥ (489-6)
पसू मिलहि चंगिआईआ खड़ु खावहि अमृतु देहि ॥

ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ ॥੩॥ (489-7)
नाम विहूणे आदमी ध्रिगु जीवण करम करेहि ॥३॥

ਨੇੜਾ ਹੈ ਦੂਰਿ ਨ ਜਾਣਿਅਹੁ ਨਿਤ ਸਾਰੇ ਸੰਮ੍ਹਾਲੇ ॥ (489-7)
नेड़ा है दूरि न जाणिअहु नित सारे संम्हाले ॥

ਜੋ ਦੇਵੈ ਸੋ ਖਾਵਣਾ ਕਹੁ ਨਾਨਕ ਸਾਚਾ ਹੇ ॥੪॥੧॥ (489-8)
जो देवै सो खावणा कहु नानक साचा हे ॥४॥१॥

ਗੂਜਰੀ ਮਹਲਾ ੧ ॥ (489-8)
गूजरी महला १ ॥

ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖਿ ਕੰਠਿ ਸਵਾਰਿ ॥ (489-8)
नाभि कमल ते ब्रहमा उपजे बेद पड़हि मुखि कंठि सवारि ॥

ਤਾ ਕੋ ਅੰਤੁ ਨ ਜਾਈ ਲਖਣਾ ਆਵਤ ਜਾਤ ਰਹੈ ਗੁਬਾਰਿ ॥੧॥ (489-9)
ता को अंतु न जाई लखणा आवत जात रहै गुबारि ॥१॥

ਪ੍ਰੀਤਮ ਕਿਉ ਬਿਸਰਹਿ ਮੇਰੇ ਪ੍ਰਾਣ ਅਧਾਰ ॥ (489-10)
प्रीतम किउ बिसरहि मेरे प्राण अधार ॥

ਜਾ ਕੀ ਭਗਤਿ ਕਰਹਿ ਜਨ ਪੂਰੇ ਮੁਨਿ ਜਨ ਸੇਵਹਿ ਗੁਰ ਵੀਚਾਰਿ ॥੧॥ ਰਹਾਉ ॥ (489-10)
जा की भगति करहि जन पूरे मुनि जन सेवहि गुर वीचारि ॥१॥ रहाउ ॥

ਰਵਿ ਸਸਿ ਦੀਪਕ ਜਾ ਕੇ ਤ੍ਰਿਭਵਣਿ ਏਕਾ ਜੋਤਿ ਮੁਰਾਰਿ ॥ (489-11)
रवि ससि दीपक जा के त्रिभवणि एका जोति मुरारि ॥

ਗੁਰਮੁਖਿ ਹੋਇ ਸੁ ਅਹਿਨਿਸਿ ਨਿਰਮਲੁ ਮਨਮੁਖਿ ਰੈਣਿ ਅੰਧਾਰਿ ॥੨॥ (489-11)
गुरमुखि होइ सु अहिनिसि निरमलु मनमुखि रैणि अंधारि ॥२॥

ਸਿਧ ਸਮਾਧਿ ਕਰਹਿ ਨਿਤ ਝਗਰਾ ਦੁਹੁ ਲੋਚਨ ਕਿਆ ਹੇਰੈ ॥ (489-12)
सिध समाधि करहि नित झगरा दुहु लोचन किआ हेरै ॥

ਅੰਤਰਿ ਜੋਤਿ ਸਬਦੁ ਧੁਨਿ ਜਾਗੈ ਸਤਿਗੁਰੁ ਝਗਰੁ ਨਿਬੇਰੈ ॥੩॥ (489-12)
अंतरि जोति सबदु धुनि जागै सतिगुरु झगरु निबेरै ॥३॥

ਸੁਰਿ ਨਰ ਨਾਥ ਬੇਅੰਤ ਅਜੋਨੀ ਸਾਚੈ ਮਹਲਿ ਅਪਾਰਾ ॥ (489-13)
सुरि नर नाथ बेअंत अजोनी साचै महलि अपारा ॥

ਨਾਨਕ ਸਹਜਿ ਮਿਲੇ ਜਗਜੀਵਨ ਨਦਰਿ ਕਰਹੁ ਨਿਸਤਾਰਾ ॥੪॥੨॥ (489-14)
नानक सहजि मिले जगजीवन नदरि करहु निसतारा ॥४॥२॥

ਰਾਗੁ ਗੂਜਰੀ ਮਹਲਾ ੩ ਘਰੁ ੧ (490-1)
रागु गूजरी महला ३ घरु १

ੴ ਸਤਿਗੁਰ ਪ੍ਰਸਾਦਿ ॥ (490-2)
ੴ सतिगुर प्रसादि ॥

ਧ੍ਰਿਗੁ ਇਵੇਹਾ ਜੀਵਣਾ ਜਿਤੁ ਹਰਿ ਪ੍ਰੀਤਿ ਨ ਪਾਇ ॥ (490-2)
ध्रिगु इवेहा जीवणा जितु हरि प्रीति न पाइ ॥

ਜਿਤੁ ਕੰਮਿ ਹਰਿ ਵੀਸਰੈ ਦੂਜੈ ਲਗੈ ਜਾਇ ॥੧॥ (490-2)
जितु कंमि हरि वीसरै दूजै लगै जाइ ॥१॥

ਐਸਾ ਸਤਿਗੁਰੁ ਸੇਵੀਐ ਮਨਾ ਜਿਤੁ ਸੇਵਿਐ ਗੋਵਿਦ ਪ੍ਰੀਤਿ ਊਪਜੈ ਅਵਰ ਵਿਸਰਿ ਸਭ ਜਾਇ ॥ (490-3)
ऐसा सतिगुरु सेवीऐ मना जितु सेविऐ गोविद प्रीति ऊपजै अवर विसरि सभ जाइ ॥

ਹਰਿ ਸੇਤੀ ਚਿਤੁ ਗਹਿ ਰਹੈ ਜਰਾ ਕਾ ਭਉ ਨ ਹੋਵਈ ਜੀਵਨ ਪਦਵੀ ਪਾਇ ॥੧॥ ਰਹਾਉ ॥ (490-4)
हरि सेती चितु गहि रहै जरा का भउ न होवई जीवन पदवी पाइ ॥१॥ रहाउ ॥

ਗੋਬਿੰਦ ਪ੍ਰੀਤਿ ਸਿਉ ਇਕੁ ਸਹਜੁ ਉਪਜਿਆ ਵੇਖੁ ਜੈਸੀ ਭਗਤਿ ਬਨੀ ॥ (490-4)
गोबिंद प्रीति सिउ इकु सहजु उपजिआ वेखु जैसी भगति बनी ॥

ਆਪ ਸੇਤੀ ਆਪੁ ਖਾਇਆ ਤਾ ਮਨੁ ਨਿਰਮਲੁ ਹੋਆ ਜੋਤੀ ਜੋਤਿ ਸਮਈ ॥੨॥ (490-5)
आप सेती आपु खाइआ ता मनु निरमलु होआ जोती जोति समई ॥२॥

ਬਿਨੁ ਭਾਗਾ ਐਸਾ ਸਤਿਗੁਰੁ ਨ ਪਾਈਐ ਜੇ ਲੋਚੈ ਸਭੁ ਕੋਇ ॥ (490-6)
बिनु भागा ऐसा सतिगुरु न पाईऐ जे लोचै सभु कोइ ॥

ਕੂੜੈ ਕੀ ਪਾਲਿ ਵਿਚਹੁ ਨਿਕਲੈ ਤਾ ਸਦਾ ਸੁਖੁ ਹੋਇ ॥੩॥ (490-6)
कूड़ै की पालि विचहु निकलै ता सदा सुखु होइ ॥३॥

ਨਾਨਕ ਐਸੇ ਸਤਿਗੁਰ ਕੀ ਕਿਆ ਓਹੁ ਸੇਵਕੁ ਸੇਵਾ ਕਰੇ ਗੁਰ ਆਗੈ ਜੀਉ ਧਰੇਇ ॥ (490-7)
नानक ऐसे सतिगुर की किआ ओहु सेवकु सेवा करे गुर आगै जीउ धरेइ ॥

ਸਤਿਗੁਰ ਕਾ ਭਾਣਾ ਚਿਤਿ ਕਰੇ ਸਤਿਗੁਰੁ ਆਪੇ ਕ੍ਰਿਪਾ ਕਰੇਇ ॥੪॥੧॥੩॥ (490-8)
सतिगुर का भाणा चिति करे सतिगुरु आपे क्रिपा करेइ ॥४॥१॥३॥

ਗੂਜਰੀ ਮਹਲਾ ੩ ॥ (490-8)
गूजरी महला ३ ॥

ਹਰਿ ਕੀ ਤੁਮ ਸੇਵਾ ਕਰਹੁ ਦੂਜੀ ਸੇਵਾ ਕਰਹੁ ਨ ਕੋਇ ਜੀ ॥ (490-8)
हरि की तुम सेवा करहु दूजी सेवा करहु न कोइ जी ॥

ਹਰਿ ਕੀ ਸੇਵਾ ਤੇ ਮਨਹੁ ਚਿੰਦਿਆ ਫਲੁ ਪਾਈਐ ਦੂਜੀ ਸੇਵਾ ਜਨਮੁ ਬਿਰਥਾ ਜਾਇ ਜੀ ॥੧॥ (490-9)
हरि की सेवा ते मनहु चिंदिआ फलु पाईऐ दूजी सेवा जनमु बिरथा जाइ जी ॥१॥

ਹਰਿ ਮੇਰੀ ਪ੍ਰੀਤਿ ਰੀਤਿ ਹੈ ਹਰਿ ਮੇਰੀ ਹਰਿ ਮੇਰੀ ਕਥਾ ਕਹਾਨੀ ਜੀ ॥ (490-10)
हरि मेरी प्रीति रीति है हरि मेरी हरि मेरी कथा कहानी जी ॥

ਗੁਰ ਪ੍ਰਸਾਦਿ ਮੇਰਾ ਮਨੁ ਭੀਜੈ ਏਹਾ ਸੇਵ ਬਨੀ ਜੀਉ ॥੧॥ ਰਹਾਉ ॥ (490-10)
गुर प्रसादि मेरा मनु भीजै एहा सेव बनी जीउ ॥१॥ रहाउ ॥

ਹਰਿ ਮੇਰਾ ਸਿਮ੍ਰਿਤਿ ਹਰਿ ਮੇਰਾ ਸਾਸਤ੍ਰ ਹਰਿ ਮੇਰਾ ਬੰਧਪੁ ਹਰਿ ਮੇਰਾ ਭਾਈ ॥ (490-11)
हरि मेरा सिम्रिति हरि मेरा सासत्र हरि मेरा बंधपु हरि मेरा भाई ॥

ਹਰਿ ਕੀ ਮੈ ਭੂਖ ਲਾਗੈ ਹਰਿ ਨਾਮਿ ਮੇਰਾ ਮਨੁ ਤ੍ਰਿਪਤੈ ਹਰਿ ਮੇਰਾ ਸਾਕੁ ਅੰਤਿ ਹੋਇ ਸਖਾਈ ॥੨॥ (490-12)
हरि की मै भूख लागै हरि नामि मेरा मनु त्रिपतै हरि मेरा साकु अंति होइ सखाई ॥२॥

ਹਰਿ ਬਿਨੁ ਹੋਰ ਰਾਸਿ ਕੂੜੀ ਹੈ ਚਲਦਿਆ ਨਾਲਿ ਨ ਜਾਈ ॥ (490-13)
हरि बिनु होर रासि कूड़ी है चलदिआ नालि न जाई ॥

ਹਰਿ ਮੇਰਾ ਧਨੁ ਮੇਰੈ ਸਾਥਿ ਚਾਲੈ ਜਹਾ ਹਉ ਜਾਉ ਤਹ ਜਾਈ ॥੩॥ (490-13)
हरि मेरा धनु मेरै साथि चालै जहा हउ जाउ तह जाई ॥३॥

ਸੋ ਝੂਠਾ ਜੋ ਝੂਠੇ ਲਾਗੈ ਝੂਠੇ ਕਰਮ ਕਮਾਈ ॥ (490-14)
सो झूठा जो झूठे लागै झूठे करम कमाई ॥

ਕਹੈ ਨਾਨਕੁ ਹਰਿ ਕਾ ਭਾਣਾ ਹੋਆ ਕਹਣਾ ਕਛੂ ਨ ਜਾਈ ॥੪॥੨॥੪॥ (490-14)
कहै नानकु हरि का भाणा होआ कहणा कछू न जाई ॥४॥२॥४॥

ਗੂਜਰੀ ਮਹਲਾ ੩ ॥ (490-15)
गूजरी महला ३ ॥

ਜੁਗ ਮਾਹਿ ਨਾਮੁ ਦੁਲੰਭੁ ਹੈ ਗੁਰਮੁਖਿ ਪਾਇਆ ਜਾਇ ॥ (490-15)
जुग माहि नामु दुल्मभु है गुरमुखि पाइआ जाइ ॥

ਬਿਨੁ ਨਾਵੈ ਮੁਕਤਿ ਨ ਹੋਵਈ ਵੇਖਹੁ ਕੋ ਵਿਉਪਾਇ ॥੧॥ (490-15)
बिनु नावै मुकति न होवई वेखहु को विउपाइ ॥१॥

ਬਲਿਹਾਰੀ ਗੁਰ ਆਪਣੇ ਸਦ ਬਲਿਹਾਰੈ ਜਾਉ ॥ (490-16)
बलिहारी गुर आपणे सद बलिहारै जाउ ॥

ਸਤਿਗੁਰ ਮਿਲਿਐ ਹਰਿ ਮਨਿ ਵਸੈ ਸਹਜੇ ਰਹੈ ਸਮਾਇ ॥੧॥ ਰਹਾਉ ॥ (490-16)
सतिगुर मिलिऐ हरि मनि वसै सहजे रहै समाइ ॥१॥ रहाउ ॥

ਜਾਂ ਭਉ ਪਾਏ ਆਪਣਾ ਬੈਰਾਗੁ ਉਪਜੈ ਮਨਿ ਆਇ ॥ (490-17)
जां भउ पाए आपणा बैरागु उपजै मनि आइ ॥

ਬੈਰਾਗੈ ਤੇ ਹਰਿ ਪਾਈਐ ਹਰਿ ਸਿਉ ਰਹੈ ਸਮਾਇ ॥੨॥ (490-18)
बैरागै ते हरि पाईऐ हरि सिउ रहै समाइ ॥२॥

ਸੇਇ ਮੁਕਤ ਜਿ ਮਨੁ ਜਿਣਹਿ ਫਿਰਿ ਧਾਤੁ ਨ ਲਾਗੈ ਆਇ ॥ (490-18)
सेइ मुकत जि मनु जिणहि फिरि धातु न लागै आइ ॥

ਦਸਵੈ ਦੁਆਰਿ ਰਹਤ ਕਰੇ ਤ੍ਰਿਭਵਣ ਸੋਝੀ ਪਾਇ ॥੩॥ (490-19)
दसवै दुआरि रहत करे त्रिभवण सोझी पाइ ॥३॥

ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ ॥ (490-19)
नानक गुर ते गुरु होइआ वेखहु तिस की रजाइ ॥

ਇਹੁ ਕਾਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ ॥੪॥੩॥੫॥ (491-1)
इहु कारणु करता करे जोती जोति समाइ ॥४॥३॥५॥

ਗੂਜਰੀ ਮਹਲਾ ੩ ॥ (491-1)
गूजरी महला ३ ॥

ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥ (491-1)
राम राम सभु को कहै कहिऐ रामु न होइ ॥

ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥੧॥ (491-2)
गुर परसादी रामु मनि वसै ता फलु पावै कोइ ॥१॥

ਅੰਤਰਿ ਗੋਵਿੰਦ ਜਿਸੁ ਲਾਗੈ ਪ੍ਰੀਤਿ ॥ (491-2)
अंतरि गोविंद जिसु लागै प्रीति ॥

ਹਰਿ ਤਿਸੁ ਕਦੇ ਨ ਵੀਸਰੈ ਹਰਿ ਹਰਿ ਕਰਹਿ ਸਦਾ ਮਨਿ ਚੀਤਿ ॥੧॥ ਰਹਾਉ ॥ (491-3)
हरि तिसु कदे न वीसरै हरि हरि करहि सदा मनि चीति ॥१॥ रहाउ ॥

ਹਿਰਦੈ ਜਿਨ੍ਹ੍ਹ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ ॥ (491-3)
हिरदै जिन्ह कै कपटु वसै बाहरहु संत कहाहि ॥

ਤ੍ਰਿਸਨਾ ਮੂਲਿ ਨ ਚੁਕਈ ਅੰਤਿ ਗਏ ਪਛੁਤਾਹਿ ॥੨॥ (491-4)
त्रिसना मूलि न चुकई अंति गए पछुताहि ॥२॥

ਅਨੇਕ ਤੀਰਥ ਜੇ ਜਤਨ ਕਰੈ ਤਾ ਅੰਤਰ ਕੀ ਹਉਮੈ ਕਦੇ ਨ ਜਾਇ ॥ (491-4)
अनेक तीरथ जे जतन करै ता अंतर की हउमै कदे न जाइ ॥

ਜਿਸੁ ਨਰ ਕੀ ਦੁਬਿਧਾ ਨ ਜਾਇ ਧਰਮ ਰਾਇ ਤਿਸੁ ਦੇਇ ਸਜਾਇ ॥੩॥ (491-5)
जिसु नर की दुबिधा न जाइ धरम राइ तिसु देइ सजाइ ॥३॥

ਕਰਮੁ ਹੋਵੈ ਸੋਈ ਜਨੁ ਪਾਏ ਗੁਰਮੁਖਿ ਬੂਝੈ ਕੋਈ ॥ (491-6)
करमु होवै सोई जनु पाए गुरमुखि बूझै कोई ॥

ਨਾਨਕ ਵਿਚਹੁ ਹਉਮੈ ਮਾਰੇ ਤਾਂ ਹਰਿ ਭੇਟੈ ਸੋਈ ॥੪॥੪॥੬॥ (491-6)
नानक विचहु हउमै मारे तां हरि भेटै सोई ॥४॥४॥६॥

ਗੂਜਰੀ ਮਹਲਾ ੩ ॥ (491-7)
गूजरी महला ३ ॥

ਤਿਸੁ ਜਨ ਸਾਂਤਿ ਸਦਾ ਮਤਿ ਨਿਹਚਲ ਜਿਸ ਕਾ ਅਭਿਮਾਨੁ ਗਵਾਏ ॥ (491-7)
तिसु जन सांति सदा मति निहचल जिस का अभिमानु गवाए ॥

ਸੋ ਜਨੁ ਨਿਰਮਲੁ ਜਿ ਗੁਰਮੁਖਿ ਬੂਝੈ ਹਰਿ ਚਰਣੀ ਚਿਤੁ ਲਾਏ ॥੧॥ (491-7)
सो जनु निरमलु जि गुरमुखि बूझै हरि चरणी चितु लाए ॥१॥

ਹਰਿ ਚੇਤਿ ਅਚੇਤ ਮਨਾ ਜੋ ਇਛਹਿ ਸੋ ਫਲੁ ਹੋਈ ॥ (491-8)
हरि चेति अचेत मना जो इछहि सो फलु होई ॥

ਗੁਰ ਪਰਸਾਦੀ ਹਰਿ ਰਸੁ ਪਾਵਹਿ ਪੀਵਤ ਰਹਹਿ ਸਦਾ ਸੁਖੁ ਹੋਈ ॥੧॥ ਰਹਾਉ ॥ (491-9)
गुर परसादी हरि रसु पावहि पीवत रहहि सदा सुखु होई ॥१॥ रहाउ ॥

ਸਤਿਗੁਰੁ ਭੇਟੇ ਤਾ ਪਾਰਸੁ ਹੋਵੈ ਪਾਰਸੁ ਹੋਇ ਤ ਪੂਜ ਕਰਾਏ ॥ (491-9)
सतिगुरु भेटे ता पारसु होवै पारसु होइ त पूज कराए ॥

ਜੋ ਉਸੁ ਪੂਜੇ ਸੋ ਫਲੁ ਪਾਏ ਦੀਖਿਆ ਦੇਵੈ ਸਾਚੁ ਬੁਝਾਏ ॥੨॥ (491-10)
जो उसु पूजे सो फलु पाए दीखिआ देवै साचु बुझाए ॥२॥

ਵਿਣੁ ਪਾਰਸੈ ਪੂਜ ਨ ਹੋਵਈ ਵਿਣੁ ਮਨ ਪਰਚੇ ਅਵਰਾ ਸਮਝਾਏ ॥ (491-10)
विणु पारसै पूज न होवई विणु मन परचे अवरा समझाए ॥

ਗੁਰੂ ਸਦਾਏ ਅਗਿਆਨੀ ਅੰਧਾ ਕਿਸੁ ਓਹੁ ਮਾਰਗਿ ਪਾਏ ॥੩॥ (491-11)
गुरू सदाए अगिआनी अंधा किसु ओहु मारगि पाए ॥३॥

ਨਾਨਕ ਵਿਣੁ ਨਦਰੀ ਕਿਛੂ ਨ ਪਾਈਐ ਜਿਸੁ ਨਦਰਿ ਕਰੇ ਸੋ ਪਾਏ ॥ (491-12)
नानक विणु नदरी किछू न पाईऐ जिसु नदरि करे सो पाए ॥

ਗੁਰ ਪਰਸਾਦੀ ਦੇ ਵਡਿਆਈ ਅਪਣਾ ਸਬਦੁ ਵਰਤਾਏ ॥੪॥੫॥੭॥ (491-12)
गुर परसादी दे वडिआई अपणा सबदु वरताए ॥४॥५॥७॥

ਗੂਜਰੀ ਮਹਲਾ ੩ ਪੰਚਪਦੇ ॥ (491-13)
गूजरी महला ३ पंचपदे ॥

ਨਾ ਕਾਸੀ ਮਤਿ ਊਪਜੈ ਨਾ ਕਾਸੀ ਮਤਿ ਜਾਇ ॥ (491-13)
ना कासी मति ऊपजै ना कासी मति जाइ ॥

ਸਤਿਗੁਰ ਮਿਲਿਐ ਮਤਿ ਊਪਜੈ ਤਾ ਇਹ ਸੋਝੀ ਪਾਇ ॥੧॥ (491-14)
सतिगुर मिलिऐ मति ऊपजै ता इह सोझी पाइ ॥१॥

ਹਰਿ ਕਥਾ ਤੂੰ ਸੁਣਿ ਰੇ ਮਨ ਸਬਦੁ ਮੰਨਿ ਵਸਾਇ ॥ (491-14)
हरि कथा तूं सुणि रे मन सबदु मंनि वसाइ ॥

ਇਹ ਮਤਿ ਤੇਰੀ ਥਿਰੁ ਰਹੈ ਤਾਂ ਭਰਮੁ ਵਿਚਹੁ ਜਾਇ ॥੧॥ ਰਹਾਉ ॥ (491-15)
इह मति तेरी थिरु रहै तां भरमु विचहु जाइ ॥१॥ रहाउ ॥

ਹਰਿ ਚਰਣ ਰਿਦੈ ਵਸਾਇ ਤੂ ਕਿਲਵਿਖ ਹੋਵਹਿ ਨਾਸੁ ॥ (491-15)
हरि चरण रिदै वसाइ तू किलविख होवहि नासु ॥

ਪੰਚ ਭੂ ਆਤਮਾ ਵਸਿ ਕਰਹਿ ਤਾ ਤੀਰਥ ਕਰਹਿ ਨਿਵਾਸੁ ॥੨॥ (491-16)
पंच भू आतमा वसि करहि ता तीरथ करहि निवासु ॥२॥

ਮਨਮੁਖਿ ਇਹੁ ਮਨੁ ਮੁਗਧੁ ਹੈ ਸੋਝੀ ਕਿਛੂ ਨ ਪਾਇ ॥ (491-16)
मनमुखि इहु मनु मुगधु है सोझी किछू न पाइ ॥

ਹਰਿ ਕਾ ਨਾਮੁ ਨ ਬੁਝਈ ਅੰਤਿ ਗਇਆ ਪਛੁਤਾਇ ॥੩॥ (491-17)
हरि का नामु न बुझई अंति गइआ पछुताइ ॥३॥

ਇਹੁ ਮਨੁ ਕਾਸੀ ਸਭਿ ਤੀਰਥ ਸਿਮ੍ਰਿਤਿ ਸਤਿਗੁਰ ਦੀਆ ਬੁਝਾਇ ॥ (491-17)
इहु मनु कासी सभि तीरथ सिम्रिति सतिगुर दीआ बुझाइ ॥

ਅਠਸਠਿ ਤੀਰਥ ਤਿਸੁ ਸੰਗਿ ਰਹਹਿ ਜਿਨ ਹਰਿ ਹਿਰਦੈ ਰਹਿਆ ਸਮਾਇ ॥੪॥ (491-18)
अठसठि तीरथ तिसु संगि रहहि जिन हरि हिरदै रहिआ समाइ ॥४॥

ਨਾਨਕ ਸਤਿਗੁਰ ਮਿਲਿਐ ਹੁਕਮੁ ਬੁਝਿਆ ਏਕੁ ਵਸਿਆ ਮਨਿ ਆਇ ॥ (491-19)
नानक सतिगुर मिलिऐ हुकमु बुझिआ एकु वसिआ मनि आइ ॥

ਜੋ ਤੁਧੁ ਭਾਵੈ ਸਭੁ ਸਚੁ ਹੈ ਸਚੇ ਰਹੈ ਸਮਾਇ ॥੫॥੬॥੮॥ (491-19)
जो तुधु भावै सभु सचु है सचे रहै समाइ ॥५॥६॥८॥

ਗੂਜਰੀ ਮਹਲਾ ੩ ਤੀਜਾ ॥ (492-1)
गूजरी महला ३ तीजा ॥

ਏਕੋ ਨਾਮੁ ਨਿਧਾਨੁ ਪੰਡਿਤ ਸੁਣਿ ਸਿਖੁ ਸਚੁ ਸੋਈ ॥ (492-1)
एको नामु निधानु पंडित सुणि सिखु सचु सोई ॥

ਦੂਜੈ ਭਾਇ ਜੇਤਾ ਪੜ੍ਹਹਿ ਪੜ੍ਹਤ ਗੁਣਤ ਸਦਾ ਦੁਖੁ ਹੋਈ ॥੧॥ (492-1)
दूजै भाइ जेता पड़हि पड़त गुणत सदा दुखु होई ॥१॥

ਹਰਿ ਚਰਣੀ ਤੂੰ ਲਾਗਿ ਰਹੁ ਗੁਰ ਸਬਦਿ ਸੋਝੀ ਹੋਈ ॥ (492-2)
हरि चरणी तूं लागि रहु गुर सबदि सोझी होई ॥

ਹਰਿ ਰਸੁ ਰਸਨਾ ਚਾਖੁ ਤੂੰ ਤਾਂ ਮਨੁ ਨਿਰਮਲੁ ਹੋਈ ॥੧॥ ਰਹਾਉ ॥ (492-3)
हरि रसु रसना चाखु तूं तां मनु निरमलु होई ॥१॥ रहाउ ॥

ਸਤਿਗੁਰ ਮਿਲਿਐ ਮਨੁ ਸੰਤੋਖੀਐ ਤਾ ਫਿਰਿ ਤ੍ਰਿਸਨਾ ਭੂਖ ਨ ਹੋਇ ॥ (492-3)
सतिगुर मिलिऐ मनु संतोखीऐ ता फिरि त्रिसना भूख न होइ ॥

ਨਾਮੁ ਨਿਧਾਨੁ ਪਾਇਆ ਪਰ ਘਰਿ ਜਾਇ ਨ ਕੋਇ ॥੨॥ (492-4)
नामु निधानु पाइआ पर घरि जाइ न कोइ ॥२॥

ਕਥਨੀ ਬਦਨੀ ਜੇ ਕਰੇ ਮਨਮੁਖਿ ਬੂਝ ਨ ਹੋਇ ॥ (492-4)
कथनी बदनी जे करे मनमुखि बूझ न होइ ॥

ਗੁਰਮਤੀ ਘਟਿ ਚਾਨਣਾ ਹਰਿ ਨਾਮੁ ਪਾਵੈ ਸੋਇ ॥੩॥ (492-5)
गुरमती घटि चानणा हरि नामु पावै सोइ ॥३॥

ਸੁਣਿ ਸਾਸਤ੍ਰ ਤੂੰ ਨ ਬੁਝਹੀ ਤਾ ਫਿਰਹਿ ਬਾਰੋ ਬਾਰ ॥ (492-5)
सुणि सासत्र तूं न बुझही ता फिरहि बारो बार ॥

ਸੋ ਮੂਰਖੁ ਜੋ ਆਪੁ ਨ ਪਛਾਣਈ ਸਚਿ ਨ ਧਰੇ ਪਿਆਰੁ ॥੪॥ (492-6)
सो मूरखु जो आपु न पछाणई सचि न धरे पिआरु ॥४॥

ਸਚੈ ਜਗਤੁ ਡਹਕਾਇਆ ਕਹਣਾ ਕਛੂ ਨ ਜਾਇ ॥ (492-6)
सचै जगतु डहकाइआ कहणा कछू न जाइ ॥

ਨਾਨਕ ਜੋ ਤਿਸੁ ਭਾਵੈ ਸੋ ਕਰੇ ਜਿਉ ਤਿਸ ਕੀ ਰਜਾਇ ॥੫॥੭॥੯॥ (492-7)
नानक जो तिसु भावै सो करे जिउ तिस की रजाइ ॥५॥७॥९॥

ੴ ਸਤਿਗੁਰ ਪ੍ਰਸਾਦਿ ॥ (492-8)
ੴ सतिगुर प्रसादि ॥

ਰਾਗੁ ਗੂਜਰੀ ਮਹਲਾ ੪ ਚਉਪਦੇ ਘਰੁ ੧ ॥ (492-8)
रागु गूजरी महला ४ चउपदे घरु १ ॥

ਹਰਿ ਕੇ ਜਨ ਸਤਿਗੁਰ ਸਤ ਪੁਰਖਾ ਹਉ ਬਿਨਉ ਕਰਉ ਗੁਰ ਪਾਸਿ ॥ (492-8)
हरि के जन सतिगुर सत पुरखा हउ बिनउ करउ गुर पासि ॥

ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ ॥੧॥ (492-9)
हम कीरे किरम सतिगुर सरणाई करि दइआ नामु परगासि ॥१॥

ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ ॥ (492-9)
मेरे मीत गुरदेव मो कउ राम नामु परगासि ॥

ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ ॥੧॥ ਰਹਾਉ ॥ (492-10)
गुरमति नामु मेरा प्रान सखाई हरि कीरति हमरी रहरासि ॥१॥ रहाउ ॥

ਹਰਿ ਜਨ ਕੇ ਵਡਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ ॥ (492-11)
हरि जन के वडभाग वडेरे जिन हरि हरि सरधा हरि पिआस ॥

ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ ॥੨॥ (492-11)
हरि हरि नामु मिलै त्रिपतासहि मिलि संगति गुण परगासि ॥२॥

ਜਿਨ੍ਹ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ ॥ (492-12)
जिन्ह हरि हरि हरि रसु नामु न पाइआ ते भागहीण जम पासि ॥

ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ ॥੩॥ (492-13)
जो सतिगुर सरणि संगति नही आए ध्रिगु जीवे ध्रिगु जीवासि ॥३॥

ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ ॥ (492-13)
जिन हरि जन सतिगुर संगति पाई तिन धुरि मसतकि लिखिआ लिखासि ॥

ਧੰਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ ਮਿਲਿ ਨਾਨਕ ਨਾਮੁ ਪਰਗਾਸਿ ॥੪॥੧॥ (492-14)
धंनु धंनु सतसंगति जितु हरि रसु पाइआ मिलि नानक नामु परगासि ॥४॥१॥

ਗੂਜਰੀ ਮਹਲਾ ੪ ॥ (492-15)
गूजरी महला ४ ॥

ਗੋੁਵਿੰਦੁ ਗੋੁਵਿੰਦੁ ਪ੍ਰੀਤਮੁ ਮਨਿ ਪ੍ਰੀਤਮੁ ਮਿਲਿ ਸਤਸੰਗਤਿ ਸਬਦਿ ਮਨੁ ਮੋਹੈ ॥ (492-15)
गोविंदु गोविंदु प्रीतमु मनि प्रीतमु मिलि सतसंगति सबदि मनु मोहै ॥

ਜਪਿ ਗੋੁਵਿੰਦੁ ਗੋੁਵਿੰਦੁ ਧਿਆਈਐ ਸਭ ਕਉ ਦਾਨੁ ਦੇਇ ਪ੍ਰਭੁ ਓਹੈ ॥੧॥ (492-16)
जपि गोविंदु गोविंदु धिआईऐ सभ कउ दानु देइ प्रभु ओहै ॥१॥

ਮੇਰੇ ਭਾਈ ਜਨਾ ਮੋ ਕਉ ਗੋੁਵਿੰਦੁ ਗੋੁਵਿੰਦੁ ਗੋੁਵਿੰਦੁ ਮਨੁ ਮੋਹੈ ॥ (492-16)
मेरे भाई जना मो कउ गोविंदु गोविंदु गोविंदु मनु मोहै ॥

ਗੋੁਵਿੰਦ ਗੋੁਵਿੰਦ ਗੋੁਵਿੰਦ ਗੁਣ ਗਾਵਾ ਮਿਲਿ ਗੁਰ ਸਾਧਸੰਗਤਿ ਜਨੁ ਸੋਹੈ ॥੧॥ ਰਹਾਉ ॥ (492-17)
गोविंद गोविंद गोविंद गुण गावा मिलि गुर साधसंगति जनु सोहै ॥१॥ रहाउ ॥

ਸੁਖ ਸਾਗਰ ਹਰਿ ਭਗਤਿ ਹੈ ਗੁਰਮਤਿ ਕਉਲਾ ਰਿਧਿ ਸਿਧਿ ਲਾਗੈ ਪਗਿ ਓਹੈ ॥ (492-18)
सुख सागर हरि भगति है गुरमति कउला रिधि सिधि लागै पगि ओहै ॥

ਜਨ ਕਉ ਰਾਮ ਨਾਮੁ ਆਧਾਰਾ ਹਰਿ ਨਾਮੁ ਜਪਤ ਹਰਿ ਨਾਮੇ ਸੋਹੈ ॥੨॥ (492-18)
जन कउ राम नामु आधारा हरि नामु जपत हरि नामे सोहै ॥२॥

ਦੁਰਮਤਿ ਭਾਗਹੀਨ ਮਤਿ ਫੀਕੇ ਨਾਮੁ ਸੁਨਤ ਆਵੈ ਮਨਿ ਰੋਹੈ ॥ (493-1)
दुरमति भागहीन मति फीके नामु सुनत आवै मनि रोहै ॥

ਕਊਆ ਕਾਗ ਕਉ ਅੰਮ੍ਰਿਤ ਰਸੁ ਪਾਈਐ ਤ੍ਰਿਪਤੈ ਵਿਸਟਾ ਖਾਇ ਮੁਖਿ ਗੋਹੈ ॥੩॥ (493-2)
कऊआ काग कउ अमृत रसु पाईऐ त्रिपतै विसटा खाइ मुखि गोहै ॥३॥

ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ ਹੋਹੈ ॥ (493-2)
अमृत सरु सतिगुरु सतिवादी जितु नातै कऊआ हंसु होहै ॥

ਨਾਨਕ ਧਨੁ ਧੰਨੁ ਵਡੇ ਵਡਭਾਗੀ ਜਿਨ੍ਹ ਗੁਰਮਤਿ ਨਾਮੁ ਰਿਦੈ ਮਲੁ ਧੋਹੈ ॥੪॥੨॥ (493-3)
नानक धनु धंनु वडे वडभागी जिन्ह गुरमति नामु रिदै मलु धोहै ॥४॥२॥

ਗੂਜਰੀ ਮਹਲਾ ੪ ॥ (493-4)
गूजरी महला ४ ॥

ਹਰਿ ਜਨ ਊਤਮ ਊਤਮ ਬਾਣੀ ਮੁਖਿ ਬੋਲਹਿ ਪਰਉਪਕਾਰੇ ॥ (493-4)
हरि जन ऊतम ऊतम बाणी मुखि बोलहि परउपकारे ॥

ਜੋ ਜਨੁ ਸੁਣੈ ਸਰਧਾ ਭਗਤਿ ਸੇਤੀ ਕਰਿ ਕਿਰਪਾ ਹਰਿ ਨਿਸਤਾਰੇ ॥੧॥ (493-4)
जो जनु सुणै सरधा भगति सेती करि किरपा हरि निसतारे ॥१॥

ਰਾਮ ਮੋ ਕਉ ਹਰਿ ਜਨ ਮੇਲਿ ਪਿਆਰੇ ॥ (493-5)
राम मो कउ हरि जन मेलि पिआरे ॥

ਮੇਰੇ ਪ੍ਰੀਤਮ ਪ੍ਰਾਨ ਸਤਿਗੁਰੁ ਗੁਰੁ ਪੂਰਾ ਹਮ ਪਾਪੀ ਗੁਰਿ ਨਿਸਤਾਰੇ ॥੧॥ ਰਹਾਉ ॥ (493-5)
मेरे प्रीतम प्रान सतिगुरु गुरु पूरा हम पापी गुरि निसतारे ॥१॥ रहाउ ॥

ਗੁਰਮੁਖਿ ਵਡਭਾਗੀ ਵਡਭਾਗੇ ਜਿਨ ਹਰਿ ਹਰਿ ਨਾਮੁ ਅਧਾਰੇ ॥ (493-6)
गुरमुखि वडभागी वडभागे जिन हरि हरि नामु अधारे ॥

ਹਰਿ ਹਰਿ ਅੰਮ੍ਰਿਤੁ ਹਰਿ ਰਸੁ ਪਾਵਹਿ ਗੁਰਮਤਿ ਭਗਤਿ ਭੰਡਾਰੇ ॥੨॥ (493-7)
हरि हरि अमृतु हरि रसु पावहि गुरमति भगति भंडारे ॥२॥

ਜਿਨ ਦਰਸਨੁ ਸਤਿਗੁਰ ਸਤ ਪੁਰਖ ਨ ਪਾਇਆ ਤੇ ਭਾਗਹੀਣ ਜਮਿ ਮਾਰੇ ॥ (493-7)
जिन दरसनु सतिगुर सत पुरख न पाइआ ते भागहीण जमि मारे ॥

ਸੇ ਕੂਕਰ ਸੂਕਰ ਗਰਧਭ ਪਵਹਿ ਗਰਭ ਜੋਨੀ ਦਯਿ ਮਾਰੇ ਮਹਾ ਹਤਿਆਰੇ ॥੩॥ (493-8)
से कूकर सूकर गरधभ पवहि गरभ जोनी दयि मारे महा हतिआरे ॥३॥

ਦੀਨ ਦਇਆਲ ਹੋਹੁ ਜਨ ਊਪਰਿ ਕਰਿ ਕਿਰਪਾ ਲੇਹੁ ਉਬਾਰੇ ॥ (493-9)
दीन दइआल होहु जन ऊपरि करि किरपा लेहु उबारे ॥

ਨਾਨਕ ਜਨ ਹਰਿ ਕੀ ਸਰਣਾਈ ਹਰਿ ਭਾਵੈ ਹਰਿ ਨਿਸਤਾਰੇ ॥੪॥੩॥ (493-9)
नानक जन हरि की सरणाई हरि भावै हरि निसतारे ॥४॥३॥

ਗੂਜਰੀ ਮਹਲਾ ੪ ॥ (493-10)
गूजरी महला ४ ॥

ਹੋਹੁ ਦਇਆਲ ਮੇਰਾ ਮਨੁ ਲਾਵਹੁ ਹਉ ਅਨਦਿਨੁ ਰਾਮ ਨਾਮੁ ਨਿਤ ਧਿਆਈ ॥ (493-10)
होहु दइआल मेरा मनु लावहु हउ अनदिनु राम नामु नित धिआई ॥

ਸਭਿ ਸੁਖ ਸਭਿ ਗੁਣ ਸਭਿ ਨਿਧਾਨ ਹਰਿ ਜਿਤੁ ਜਪਿਐ ਦੁਖ ਭੁਖ ਸਭ ਲਹਿ ਜਾਈ ॥੧॥ (493-11)
सभि सुख सभि गुण सभि निधान हरि जितु जपिऐ दुख भुख सभ लहि जाई ॥१॥

ਮਨ ਮੇਰੇ ਮੇਰਾ ਰਾਮ ਨਾਮੁ ਸਖਾ ਹਰਿ ਭਾਈ ॥ (493-12)
मन मेरे मेरा राम नामु सखा हरि भाई ॥

ਗੁਰਮਤਿ ਰਾਮ ਨਾਮੁ ਜਸੁ ਗਾਵਾ ਅੰਤਿ ਬੇਲੀ ਦਰਗਹ ਲਏ ਛਡਾਈ ॥੧॥ ਰਹਾਉ ॥ (493-12)
गुरमति राम नामु जसु गावा अंति बेली दरगह लए छडाई ॥१॥ रहाउ ॥

ਤੂੰ ਆਪੇ ਦਾਤਾ ਪ੍ਰਭੁ ਅੰਤਰਜਾਮੀ ਕਰਿ ਕਿਰਪਾ ਲੋਚ ਮੇਰੈ ਮਨਿ ਲਾਈ ॥ (493-13)
तूं आपे दाता प्रभु अंतरजामी करि किरपा लोच मेरै मनि लाई ॥

ਮੈ ਮਨਿ ਤਨਿ ਲੋਚ ਲਗੀ ਹਰਿ ਸੇਤੀ ਪ੍ਰਭਿ ਲੋਚ ਪੂਰੀ ਸਤਿਗੁਰ ਸਰਣਾਈ ॥੨॥ (493-14)
मै मनि तनि लोच लगी हरि सेती प्रभि लोच पूरी सतिगुर सरणाई ॥२॥

ਮਾਣਸ ਜਨਮੁ ਪੁੰਨਿ ਕਰਿ ਪਾਇਆ ਬਿਨੁ ਨਾਵੈ ਧ੍ਰਿਗੁ ਧ੍ਰਿਗੁ ਬਿਰਥਾ ਜਾਈ ॥ (493-14)
माणस जनमु पुंनि करि पाइआ बिनु नावै ध्रिगु ध्रिगु बिरथा जाई ॥

ਨਾਮ ਬਿਨਾ ਰਸ ਕਸ ਦੁਖੁ ਖਾਵੈ ਮੁਖੁ ਫੀਕਾ ਥੁਕ ਥੂਕ ਮੁਖਿ ਪਾਈ ॥੩॥ (493-15)
नाम बिना रस कस दुखु खावै मुखु फीका थुक थूक मुखि पाई ॥३॥

ਜੋ ਜਨ ਹਰਿ ਪ੍ਰਭ ਹਰਿ ਹਰਿ ਸਰਣਾ ਤਿਨ ਦਰਗਹ ਹਰਿ ਹਰਿ ਦੇ ਵਡਿਆਈ ॥ (493-16)
जो जन हरि प्रभ हरि हरि सरणा तिन दरगह हरि हरि दे वडिआई ॥

ਧੰਨੁ ਧੰਨੁ ਸਾਬਾਸਿ ਕਹੈ ਪ੍ਰਭੁ ਜਨ ਕਉ ਜਨ ਨਾਨਕ ਮੇਲਿ ਲਏ ਗਲਿ ਲਾਈ ॥੪॥੪॥ (493-16)
धंनु धंनु साबासि कहै प्रभु जन कउ जन नानक मेलि लए गलि लाई ॥४॥४॥

ਗੂਜਰੀ ਮਹਲਾ ੪ ॥ (493-17)
गूजरी महला ४ ॥

ਗੁਰਮੁਖਿ ਸਖੀ ਸਹੇਲੀ ਮੇਰੀ ਮੋ ਕਉ ਦੇਵਹੁ ਦਾਨੁ ਹਰਿ ਪ੍ਰਾਨ ਜੀਵਾਇਆ ॥ (493-17)
गुरमुखि सखी सहेली मेरी मो कउ देवहु दानु हरि प्रान जीवाइआ ॥

ਹਮ ਹੋਵਹ ਲਾਲੇ ਗੋਲੇ ਗੁਰਸਿਖਾ ਕੇ ਜਿਨ੍ਹਾ ਅਨਦਿਨੁ ਹਰਿ ਪ੍ਰਭੁ ਪੁਰਖੁ ਧਿਆਇਆ ॥੧॥ (493-18)
हम होवह लाले गोले गुरसिखा के जिन्हा अनदिनु हरि प्रभु पुरखु धिआइआ ॥१॥

ਮੇਰੈ ਮਨਿ ਤਨਿ ਬਿਰਹੁ ਗੁਰਸਿਖ ਪਗ ਲਾਇਆ ॥ (493-19)
मेरै मनि तनि बिरहु गुरसिख पग लाइआ ॥

ਮੇਰੇ ਪ੍ਰਾਨ ਸਖਾ ਗੁਰ ਕੇ ਸਿਖ ਭਾਈ ਮੋ ਕਉ ਕਰਹੁ ਉਪਦੇਸੁ ਹਰਿ ਮਿਲੈ ਮਿਲਾਇਆ ॥੧॥ ਰਹਾਉ ॥ (493-19)
मेरे प्रान सखा गुर के सिख भाई मो कउ करहु उपदेसु हरि मिलै मिलाइआ ॥१॥ रहाउ ॥

ਜਾ ਹਰਿ ਪ੍ਰਭ ਭਾਵੈ ਤਾ ਗੁਰਮੁਖਿ ਮੇਲੇ ਜਿਨ੍ਹ ਵਚਨ ਗੁਰੂ ਸਤਿਗੁਰ ਮਨਿ ਭਾਇਆ ॥ (494-1)
जा हरि प्रभ भावै ता गुरमुखि मेले जिन्ह वचन गुरू सतिगुर मनि भाइआ ॥

ਵਡਭਾਗੀ ਗੁਰ ਕੇ ਸਿਖ ਪਿਆਰੇ ਹਰਿ ਨਿਰਬਾਣੀ ਨਿਰਬਾਣ ਪਦੁ ਪਾਇਆ ॥੨॥ (494-2)
वडभागी गुर के सिख पिआरे हरि निरबाणी निरबाण पदु पाइआ ॥२॥

ਸਤਸੰਗਤਿ ਗੁਰ ਕੀ ਹਰਿ ਪਿਆਰੀ ਜਿਨ ਹਰਿ ਹਰਿ ਨਾਮੁ ਮੀਠਾ ਮਨਿ ਭਾਇਆ ॥ (494-3)
सतसंगति गुर की हरि पिआरी जिन हरि हरि नामु मीठा मनि भाइआ ॥

ਜਿਨ ਸਤਿਗੁਰ ਸੰਗਤਿ ਸੰਗੁ ਨ ਪਾਇਆ ਸੇ ਭਾਗਹੀਣ ਪਾਪੀ ਜਮਿ ਖਾਇਆ ॥੩॥ (494-3)
जिन सतिगुर संगति संगु न पाइआ से भागहीण पापी जमि खाइआ ॥३॥

ਆਪਿ ਕ੍ਰਿਪਾਲੁ ਕ੍ਰਿਪਾ ਪ੍ਰਭੁ ਧਾਰੇ ਹਰਿ ਆਪੇ ਗੁਰਮੁਖਿ ਮਿਲੈ ਮਿਲਾਇਆ ॥ (494-4)
आपि क्रिपालु क्रिपा प्रभु धारे हरि आपे गुरमुखि मिलै मिलाइआ ॥

ਜਨੁ ਨਾਨਕੁ ਬੋਲੇ ਗੁਣ ਬਾਣੀ ਗੁਰਬਾਣੀ ਹਰਿ ਨਾਮਿ ਸਮਾਇਆ ॥੪॥੫॥ (494-5)
जनु नानकु बोले गुण बाणी गुरबाणी हरि नामि समाइआ ॥४॥५॥

ਗੂਜਰੀ ਮਹਲਾ ੪ ॥ (494-6)
गूजरी महला ४ ॥

ਜਿਨ ਸਤਿਗੁਰ ਪੁਰਖੁ ਜਿਨਿ ਹਰਿ ਪ੍ਰਭੁ ਪਾਇਆ ਮੋ ਕਉ ਕਰਿ ਉਪਦੇਸੁ ਹਰਿ ਮੀਠ ਲਗਾਵੈ ॥ (494-6)
जिन सतिगुरु पुरखु जिनि हरि प्रभु पाइआ मो कउ करि उपदेसु हरि मीठ लगावै ॥

ਮਨੁ ਤਨੁ ਸੀਤਲੁ ਸਭ ਹਰਿਆ ਹੋਆ ਵਡਭਾਗੀ ਹਰਿ ਨਾਮੁ ਧਿਆਵੈ ॥੧॥ (494-7)
मनु तनु सीतलु सभ हरिआ होआ वडभागी हरि नामु धिआवै ॥१॥

ਭਾਈ ਰੇ ਮੋ ਕਉ ਕੋਈ ਆਇ ਮਿਲੈ ਹਰਿ ਨਾਮੁ ਦ੍ਰਿੜਾਵੈ ॥ (494-7)
भाई रे मो कउ कोई आइ मिलै हरि नामु द्रिड़ावै ॥

ਮੇਰੇ ਪ੍ਰੀਤਮ ਪ੍ਰਾਨ ਮਨੁ ਤਨੁ ਸਭੁ ਦੇਵਾ ਮੇਰੇ ਹਰਿ ਪ੍ਰਭ ਕੀ ਹਰਿ ਕਥਾ ਸੁਨਾਵੈ ॥੧॥ ਰਹਾਉ ॥ (494-8)
मेरे प्रीतम प्रान मनु तनु सभु देवा मेरे हरि प्रभ की हरि कथा सुनावै ॥१॥ रहाउ ॥

ਧੀਰਜੁ ਧਰਮੁ ਗੁਰਮਤਿ ਹਰਿ ਪਾਇਆ ਨਿਤ ਹਰਿ ਨਾਮੈ ਹਰਿ ਸਿਉ ਚਿਤੁ ਲਾਵੈ ॥ (494-9)
धीरजु धरमु गुरमति हरि पाइआ नित हरि नामै हरि सिउ चितु लावै ॥

ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ ॥੨॥ (494-9)
अमृत बचन सतिगुर की बाणी जो बोलै सो मुखि अमृतु पावै ॥२॥

ਨਿਰਮਲੁ ਨਾਮੁ ਜਿਤੁ ਮੈਲੁ ਨ ਲਾਗੈ ਗੁਰਮਤਿ ਨਾਮੁ ਜਪੈ ਲਿਵ ਲਾਵੈ ॥ (494-10)
निरमलु नामु जितु मैलु न लागै गुरमति नामु जपै लिव लावै ॥

ਨਾਮੁ ਪਦਾਰਥੁ ਜਿਨ ਨਰ ਨਹੀ ਪਾਇਆ ਸੇ ਭਾਗਹੀਣ ਮੁਏ ਮਰਿ ਜਾਵੈ ॥੩॥ (494-11)
नामु पदारथु जिन नर नही पाइआ से भागहीण मुए मरि जावै ॥३॥

ਆਨਦ ਮੂਲੁ ਜਗਜੀਵਨ ਦਾਤਾ ਸਭ ਜਨ ਕਉ ਅਨਦੁ ਕਰਹੁ ਹਰਿ ਧਿਆਵੈ ॥ (494-11)
आनद मूलु जगजीवन दाता सभ जन कउ अनदु करहु हरि धिआवै ॥

ਤੂੰ ਦਾਤਾ ਜੀਅ ਸਭਿ ਤੇਰੇ ਜਨ ਨਾਨਕ ਗੁਰਮੁਖਿ ਬਖਸਿ ਮਿਲਾਵੈ ॥੪॥੬॥ (494-12)
तूं दाता जीअ सभि तेरे जन नानक गुरमुखि बखसि मिलावै ॥४॥६॥

ੴ ਸਤਿਗੁਰ ਪ੍ਰਸਾਦਿ ॥ (494-14)
ੴ सतिगुर प्रसादि ॥

ਗੂਜਰੀ ਮਹਲਾ ੪ ਘਰੁ ੩ ॥ (494-15)
गूजरी महला ४ घरु ३ ॥

ਮਾਈ ਬਾਪ ਪੁਤ੍ਰ ਸਭਿ ਹਰਿ ਕੇ ਕੀਏ ॥ (494-15)
माई बाप पुत्र सभि हरि के कीए ॥

ਸਭਨਾ ਕਉ ਸਨਬੰਧੁ ਹਰਿ ਕਰਿ ਦੀਏ ॥੧॥ (494-15)
सभना कउ सनबंधु हरि करि दीए ॥१॥

ਹਮਰਾ ਜੋਰੁ ਸਭੁ ਰਹਿਓ ਮੇਰੇ ਬੀਰ ॥ (494-16)
हमरा जोरु सभु रहिओ मेरे बीर ॥

ਹਰਿ ਕਾ ਤਨੁ ਮਨੁ ਸਭੁ ਹਰਿ ਕੈ ਵਸਿ ਹੈ ਸਰੀਰ ॥੧॥ ਰਹਾਉ ॥ (494-16)
हरि का तनु मनु सभु हरि कै वसि है सरीर ॥१॥ रहाउ ॥

ਭਗਤ ਜਨਾ ਕਉ ਸਰਧਾ ਆਪਿ ਹਰਿ ਲਾਈ ॥ (494-16)
भगत जना कउ सरधा आपि हरि लाई ॥

ਵਿਚੇ ਗ੍ਰਿਸਤ ਉਦਾਸ ਰਹਾਈ ॥੨॥ (494-17)
विचे ग्रिसत उदास रहाई ॥२॥

ਜਬ ਅੰਤਰਿ ਪ੍ਰੀਤਿ ਹਰਿ ਸਿਉ ਬਨਿ ਆਈ ॥ (494-17)
जब अंतरि प्रीति हरि सिउ बनि आई ॥

ਤਬ ਜੋ ਕਿਛੁ ਕਰੇ ਸੁ ਮੇਰੇ ਹਰਿ ਪ੍ਰਭ ਭਾਈ ॥੩॥ (494-18)
तब जो किछु करे सु मेरे हरि प्रभ भाई ॥३॥

ਜਿਤੁ ਕਾਰੈ ਕੰਮਿ ਹਮ ਹਰਿ ਲਾਏ ॥ (494-18)
जितु कारै कंमि हम हरि लाए ॥

ਸੋ ਹਮ ਕਰਹ ਜੁ ਆਪਿ ਕਰਾਏ ॥੪॥ (494-18)
सो हम करह जु आपि कराए ॥४॥

ਜਿਨ ਕੀ ਭਗਤਿ ਮੇਰੇ ਪ੍ਰਭ ਭਾਈ ॥ (494-19)
जिन की भगति मेरे प्रभ भाई ॥

ਤੇ ਜਨ ਨਾਨਕ ਰਾਮ ਨਾਮ ਲਿਵ ਲਾਈ ॥੫॥੧॥੭॥੧੬॥ (494-19)
ते जन नानक राम नाम लिव लाई ॥५॥१॥७॥१६॥

ਗੂਜਰੀ ਮਹਲਾ ੫ ਚਉਪਦੇ ਘਰੁ ੧ (495-1)
गूजरी महला ५ चउपदे घरु १

ੴ ਸਤਿਗੁਰ ਪ੍ਰਸਾਦਿ ॥ (495-1)
ੴ सतिगुर प्रसादि ॥

ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥ (495-2)
काहे रे मन चितवहि उदमु जा आहरि हरि जीउ परिआ ॥

ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥੧॥ (495-2)
सैल पथर महि जंत उपाए ता का रिजकु आगै करि धरिआ ॥१॥

ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸਿ ਤਰਿਆ ॥ (495-3)
मेरे माधउ जी सतसंगति मिले सि तरिआ ॥

ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ ॥੧॥ ਰਹਾਉ ॥ (495-3)
गुर परसादि परम पदु पाइआ सूके कासट हरिआ ॥१॥ रहाउ ॥

ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ ॥ (495-4)
जननि पिता लोक सुत बनिता कोइ न किस की धरिआ ॥

ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ ॥੨॥ (495-4)
सिरि सिरि रिजकु स्मबाहे ठाकुरु काहे मन भउ करिआ ॥२॥

ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥ (495-5)
ऊडे ऊडि आवै सै कोसा तिसु पाछै बचरे छरिआ ॥

ਉਨ ਕਵਨੁ ਖਲਾਵੈ ਕਵਨੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ ॥੩॥ (495-6)
उन कवनु खलावै कवनु चुगावै मन महि सिमरनु करिआ ॥३॥

ਸਭ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰ ਤਲ ਧਰਿਆ ॥ (495-6)
सभ निधान दस असट सिधान ठाकुर कर तल धरिआ ॥

ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ ਤੇਰਾ ਅੰਤੁ ਨ ਪਾਰਾਵਰਿਆ ॥੪॥੧॥ (495-7)
जन नानक बलि बलि सद बलि जाईऐ तेरा अंतु न पारावरिआ ॥४॥१॥

ਗੂਜਰੀ ਮਹਲਾ ੫ ਚਉਪਦੇ ਘਰੁ ੨ (495-8)
गूजरी महला ५ चउपदे घरु २

ੴ ਸਤਿਗੁਰ ਪ੍ਰਸਾਦਿ ॥ (495-8)
ੴ सतिगुर प्रसादि ॥

ਕਿਰਿਆਚਾਰ ਕਰਹਿ ਖਟੁ ਕਰਮਾ ਇਤੁ ਰਾਤੇ ਸੰਸਾਰੀ ॥ (495-9)
किरिआचार करहि खटु करमा इतु राते संसारी ॥

ਅੰਤਰਿ ਮੈਲੁ ਨ ਉਤਰੈ ਹਉਮੈ ਬਿਨੁ ਗੁਰ ਬਾਜੀ ਹਾਰੀ ॥੧॥ (495-9)
अंतरि मैलु न उतरै हउमै बिनु गुर बाजी हारी ॥१॥

ਮੇਰੇ ਠਾਕੁਰ ਰਖਿ ਲੇਵਹੁ ਕਿਰਪਾ ਧਾਰੀ ॥ (495-10)
मेरे ठाकुर रखि लेवहु किरपा धारी ॥

ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ ॥੧॥ ਰਹਾਉ ॥ (495-10)
कोटि मधे को विरला सेवकु होरि सगले बिउहारी ॥१॥ रहाउ ॥

ਸਾਸਤ ਬੇਦ ਸਿਮ੍ਰਿਤਿ ਸਭਿ ਸੋਧੇ ਸਭ ਏਕਾ ਬਾਤ ਪੁਕਾਰੀ ॥ (495-11)
सासत बेद सिम्रिति सभि सोधे सभ एका बात पुकारी ॥

ਬਿਨੁ ਗੁਰ ਮੁਕਤਿ ਨ ਕੋਊ ਪਾਵੈ ਮਨਿ ਵੇਖਹੁ ਕਰਿ ਬੀਚਾਰੀ ॥੨॥ (495-11)
बिनु गुर मुकति न कोऊ पावै मनि वेखहु करि बीचारी ॥२॥

ਅਠਸਠਿ ਮਜਨੁ ਕਰਿ ਇਸਨਾਨਾ ਭ੍ਰਮਿ ਆਏ ਧਰ ਸਾਰੀ ॥ (495-12)
अठसठि मजनु करि इसनाना भ्रमि आए धर सारी ॥

ਅਨਿਕ ਸੋਚ ਕਰਹਿ ਦਿਨ ਰਾਤੀ ਬਿਨੁ ਸਤਿਗੁਰ ਅੰਧਿਆਰੀ ॥੩॥ (495-12)
अनिक सोच करहि दिन राती बिनु सतिगुर अंधिआरी ॥३॥

ਧਾਵਤ ਧਾਵਤ ਸਭੁ ਜਗੁ ਧਾਇਓ ਅਬ ਆਏ ਹਰਿ ਦੁਆਰੀ ॥ (495-13)
धावत धावत सभु जगु धाइओ अब आए हरि दुआरी ॥

ਦੁਰਮਤਿ ਮੇਟਿ ਬੁਧਿ ਪਰਗਾਸੀ ਜਨ ਨਾਨਕ ਗੁਰਮੁਖਿ ਤਾਰੀ ॥੪॥੧॥੨॥ (495-13)
दुरमति मेटि बुधि परगासी जन नानक गुरमुखि तारी ॥४॥१॥२॥

ਗੂਜਰੀ ਮਹਲਾ ੫ ॥ (495-14)
गूजरी महला ५ ॥

ਹਰਿ ਧਨੁ ਜਾਪ ਹਰਿ ਧਨੁ ਤਾਪ ਹਰਿ ਧਨੁ ਭੋਜਨੁ ਭਾਇਆ ॥ (495-14)
हरि धनु जाप हरि धनु ताप हरि धनु भोजनु भाइआ ॥

ਨਿਮਖ ਨ ਬਿਸਰਉ ਮਨ ਤੇ ਹਰਿ ਹਰਿ ਸਾਧਸੰਗਤਿ ਮਹਿ ਪਾਇਆ ॥੧॥ (495-15)
निमख न बिसरउ मन ते हरि हरि साधसंगति महि पाइआ ॥१॥

ਮਾਈ ਖਾਟਿ ਆਇਓ ਘਰਿ ਪੂਤਾ ॥ (495-15)
माई खाटि आइओ घरि पूता ॥

ਹਰਿ ਧਨੁ ਚਲਤੇ ਹਰਿ ਧਨੁ ਬੈਸੇ ਹਰਿ ਧਨੁ ਜਾਗਤ ਸੂਤਾ ॥੧॥ ਰਹਾਉ ॥ (495-16)
हरि धनु चलते हरि धनु बैसे हरि धनु जागत सूता ॥१॥ रहाउ ॥

ਹਰਿ ਧਨੁ ਇਸਨਾਨੁ ਹਰਿ ਧਨੁ ਗਿਆਨੁ ਹਰਿ ਸੰਗਿ ਲਾਇ ਧਿਆਨਾ ॥ (495-16)
हरि धनु इसनानु हरि धनु गिआनु हरि संगि लाइ धिआना ॥

ਹਰਿ ਧਨੁ ਤੁਲਹਾ ਹਰਿ ਧਨੁ ਬੇੜੀ ਹਰਿ ਹਰਿ ਤਾਰਿ ਪਰਾਨਾ ॥੨॥ (495-17)
हरि धनु तुलहा हरि धनु बेड़ी हरि हरि तारि पराना ॥२॥

ਹਰਿ ਧਨ ਮੇਰੀ ਚਿੰਤ ਵਿਸਾਰੀ ਹਰਿ ਧਨਿ ਲਾਹਿਆ ਧੋਖਾ ॥ (496-1)
हरि धन मेरी चिंत विसारी हरि धनि लाहिआ धोखा ॥

ਹਰਿ ਧਨ ਤੇ ਮੈ ਨਵ ਨਿਧਿ ਪਾਈ ਹਾਥਿ ਚਰਿਓ ਹਰਿ ਥੋਕਾ ॥੩॥ (496-1)
हरि धन ते मै नव निधि पाई हाथि चरिओ हरि थोका ॥३॥

ਖਾਵਹੁ ਖਰਚਹੁ ਤੋਟਿ ਨ ਆਵੈ ਹਲਤ ਪਲਤ ਕੈ ਸੰਗੇ ॥ (496-2)
खावहु खरचहु तोटि न आवै हलत पलत कै संगे ॥

ਲਾਦਿ ਖਜਾਨਾ ਗੁਰਿ ਨਾਨਕ ਕਉ ਦੀਆ ਇਹੁ ਮਨੁ ਹਰਿ ਰੰਗਿ ਰੰਗੇ ॥੪॥੨॥੩॥ (496-2)
लादि खजाना गुरि नानक कउ दीआ इहु मनु हरि रंगि रंगे ॥४॥२॥३॥

ਗੂਜਰੀ ਮਹਲਾ ੫ ॥ (496-3)
गूजरी महला ५ ॥

ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ ਪਿਤਰੀ ਹੋਇ ਉਧਾਰੋ ॥ (496-3)
जिसु सिमरत सभि किलविख नासहि पितरी होइ उधारो ॥

ਸੋ ਹਰਿ ਹਰਿ ਤੁਮ੍ ਸਦ ਹੀ ਜਾਪਹੁ ਜਾ ਕਾ ਅੰਤੁ ਨ ਪਾਰੋ ॥੧॥ (496-4)
सो हरि हरि तुम्ह सद ही जापहु जा का अंतु न पारो ॥१॥

ਪੂਤਾ ਮਾਤਾ ਕੀ ਆਸੀਸ ॥ (496-4)
पूता माता की आसीस ॥

ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ ॥੧॥ ਰਹਾਉ ॥ (496-5)
निमख न बिसरउ तुम्ह कउ हरि हरि सदा भजहु जगदीस ॥१॥ रहाउ ॥

ਸਤਿਗੁਰੁ ਤੁਮ੍ ਕਉ ਹੋਇ ਦਇਆਲਾ ਸੰਤਸੰਗਿ ਤੇਰੀ ਪ੍ਰੀਤਿ ॥ (496-5)
सतिगुरु तुम्ह कउ होइ दइआला संतसंगि तेरी प्रीति ॥

ਕਾਪੜੁ ਪਤਿ ਪਰਮੇਸਰੁ ਰਾਖੀ ਭੋਜਨੁ ਕੀਰਤਨੁ ਨੀਤਿ ॥੨॥ (496-6)
कापड़ु पति परमेसरु राखी भोजनु कीरतनु नीति ॥२॥

ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨਦ ਅਨੰਤਾ ॥ (496-7)
अमृतु पीवहु सदा चिरु जीवहु हरि सिमरत अनद अनंता ॥

ਰੰਗ ਤਮਾਸਾ ਪੂਰਨ ਆਸਾ ਕਬਹਿ ਨ ਬਿਆਪੈ ਚਿੰਤਾ ॥੩॥ (496-7)
रंग तमासा पूरन आसा कबहि न बिआपै चिंता ॥३॥

ਭਵਰੁ ਤੁਮ੍ਾਰਾ ਇਹੁ ਮਨੁ ਹੋਵਉ ਹਰਿ ਚਰਣਾ ਹੋਹੁ ਕਉਲਾ ॥ (496-8)
भवरु तुम्हारा इहु मनु होवउ हरि चरणा होहु कउला ॥

ਨਾਨਕ ਦਾਸੁ ਉਨ ਸੰਗਿ ਲਪਟਾਇਓ ਜਿਉ ਬੂੰਦਹਿ ਚਾਤ੍ਰਿਕੁ ਮਉਲਾ ॥੪॥੩॥੪॥ (496-8)
नानक दासु उन संगि लपटाइओ जिउ बूंदहि चात्रिकु मउला ॥४॥३॥४॥

ਗੂਜਰੀ ਮਹਲਾ ੫ ॥ (496-9)
गूजरी महला ५ ॥

ਮਤਾ ਕਰੈ ਪਛਮ ਕੈ ਤਾਈ ਪੂਰਬ ਹੀ ਲੈ ਜਾਤ ॥ (496-9)
मता करै पछम कै ताई पूरब ही लै जात ॥

ਖਿਨ ਮਹਿ ਥਾਪਿ ਉਥਾਪਨਹਾਰਾ ਆਪਨ ਹਾਥਿ ਮਤਾਤ ॥੧॥ (496-10)
खिन महि थापि उथापनहारा आपन हाथि मतात ॥१॥

ਸਿਆਨਪ ਕਾਹੂ ਕਾਮਿ ਨ ਆਤ ॥ (496-10)
सिआनप काहू कामि न आत ॥

ਜੋ ਅਨਰੂਪਿਓ ਠਾਕੁਰਿ ਮੇਰੈ ਹੋਇ ਰਹੀ ਉਹ ਬਾਤ ॥੧॥ ਰਹਾਉ ॥ (496-11)
जो अनरूपिओ ठाकुरि मैरै होइ रही उह बात ॥१॥ रहाउ ॥

ਦੇਸੁ ਕਮਾਵਨ ਧਨ ਜੋਰਨ ਕੀ ਮਨਸਾ ਬੀਚੇ ਨਿਕਸੇ ਸਾਸ ॥ (496-11)
देसु कमावन धन जोरन की मनसा बीचे निकसे सास ॥

ਲਸਕਰ ਨੇਬ ਖਵਾਸ ਸਭ ਤਿਆਗੇ ਜਮ ਪੁਰਿ ਊਠਿ ਸਿਧਾਸ ॥੨॥ (496-12)
लसकर नेब खवास सभ तिआगे जम पुरि ऊठि सिधास ॥२॥

ਹੋਇ ਅਨੰਨਿ ਮਨਹਠ ਕੀ ਦ੍ਰਿੜਤਾ ਆਪਸ ਕਉ ਜਾਨਾਤ ॥ (496-12)
होइ अनंनि मनहठ की द्रिड़ता आपस कउ जानात ॥

ਜੋ ਅਨਿੰਦੁ ਨਿੰਦੁ ਕਰਿ ਛੋਡਿਓ ਸੋਈ ਫਿਰਿ ਫਿਰਿ ਖਾਤ ॥੩॥ (496-13)
जो अनिंदु निंदु करि छोडिओ सोई फिरि फिरि खात ॥३॥

ਸਹਜ ਸੁਭਾਇ ਭਏ ਕਿਰਪਾਲਾ ਤਿਸੁ ਜਨ ਕੀ ਕਾਟੀ ਫਾਸ ॥ (496-14)
सहज सुभाइ भए किरपाला तिसु जन की काटी फास ॥

ਕਹੁ ਨਾਨਕ ਗੁਰੁ ਪੂਰਾ ਭੇਟਿਆ ਪਰਵਾਣੁ ਗਿਰਸਤ ਉਦਾਸ ॥੪॥੪॥੫॥ (496-14)
कहु नानक गुरु पूरा भेटिआ परवाणु गिरसत उदास ॥४॥४॥५॥

ਗੂਜਰੀ ਮਹਲਾ ੫ ॥ (496-15)
गूजरी महला ५ ॥

ਨਾਮੁ ਨਿਧਾਨੁ ਜਿਨਿ ਜਨਿ ਜਪਿਓ ਤਿਨ ਕੇ ਬੰਧਨ ਕਾਟੇ ॥ (496-15)
नामु निधानु जिनि जनि जपिओ तिन के बंधन काटे ॥

ਕਾਮ ਕ੍ਰੋਧ ਮਾਇਆ ਬਿਖੁ ਮਮਤਾ ਇਹ ਬਿਆਧਿ ਤੇ ਹਾਟੇ ॥੧॥ (496-15)
काम क्रोध माइआ बिखु ममता इह बिआधि ते हाटे ॥१॥

ਹਰਿ ਜਸੁ ਸਾਧਸੰਗਿ ਮਿਲਿ ਗਾਇਓ ॥ (496-16)
हरि जसु साधसंगि मिलि गाइओ ॥

ਗੁਰ ਪਰਸਾਦਿ ਭਇਓ ਮਨੁ ਨਿਰਮਲੁ ਸਰਬ ਸੁਖਾ ਸੁਖ ਪਾਇਅਉ ॥੧॥ ਰਹਾਉ ॥ (496-16)
गुर परसादि भइओ मनु निरमलु सरब सुखा सुख पाइअउ ॥१॥ रहाउ ॥

ਜੋ ਕਿਛੁ ਕੀਓ ਸੋਈ ਭਲ ਮਾਨੈ ਐਸੀ ਭਗਤਿ ਕਮਾਨੀ ॥ (496-17)
जो किछु कीओ सोई भल मानै ऐसी भगति कमानी ॥

ਮਿਤ੍ਰ ਸਤ੍ਰੁ ਸਭ ਏਕ ਸਮਾਨੇ ਜੋਗ ਜੁਗਤਿ ਨੀਸਾਨੀ ॥੨॥ (496-18)
मित्र सत्रु सभ एक समाने जोग जुगति नीसानी ॥२॥

ਪੂਰਨ ਪੂਰਿ ਰਹਿਓ ਸ੍ਰਬ ਥਾਈ ਆਨ ਨ ਕਤਹੂੰ ਜਾਤਾ ॥ (496-18)
पूरन पूरि रहिओ स्रब थाई आन न कतहूं जाता ॥

ਘਟ ਘਟ ਅੰਤਰਿ ਸਰਬ ਨਿਰੰਤਰਿ ਰੰਗਿ ਰਵਿਓ ਰੰਗਿ ਰਾਤਾ ॥੩॥ (496-19)
घट घट अंतरि सरब निरंतरि रंगि रविओ रंगि राता ॥३॥

ਭਏ ਕ੍ਰਿਪਾਲ ਦਇਆਲ ਗੁਪਾਲਾ ਤਾ ਨਿਰਭੈ ਕੈ ਘਰਿ ਆਇਆ ॥ (496-19)
भए क्रिपाल दइआल गुपाला ता निरभै कै घरि आइआ ॥

ਕਲਿ ਕਲੇਸ ਮਿਟੇ ਖਿਨ ਭੀਤਰਿ ਨਾਨਕ ਸਹਜਿ ਸਮਾਇਆ ॥੪॥੫॥੬॥ (497-1)
कलि कलेस मिटे खिन भीतरि नानक सहजि समाइआ ॥४॥५॥६॥

ਗੂਜਰੀ ਮਹਲਾ ੫ ॥ (497-2)
गूजरी महला ५ ॥

ਜਿਸੁ ਮਾਨੁਖ ਪਹਿ ਕਰਉ ਬੇਨਤੀ ਸੋ ਅਪਨੈ ਦੁਖਿ ਭਰਿਆ ॥ (497-2)
जिसु मानुख पहि करउ बेनती सो अपनै दुखि भरिआ ॥

ਪਾਰਬ੍ਰਹਮੁ ਜਿਨਿ ਰਿਦੈ ਅਰਾਧਿਆ ਤਿਨਿ ਭਉ ਸਾਗਰੁ ਤਰਿਆ ॥੧॥ (497-2)
पारब्रहमु जिनि रिदै अराधिआ तिनि भउ सागरु तरिआ ॥१॥

ਗੁਰ ਹਰਿ ਬਿਨੁ ਕੋ ਨ ਬ੍ਰਿਥਾ ਦੁਖੁ ਕਾਟੈ ॥ (497-3)
गुर हरि बिनु को न ब्रिथा दुखु काटै ॥

ਪ੍ਰਭੁ ਤਜਿ ਅਵਰ ਸੇਵਕੁ ਜੇ ਹੋਈ ਹੈ ਤਿਤੁ ਮਾਨੁ ਮਹਤੁ ਜਸੁ ਘਾਟੈ ॥੧॥ ਰਹਾਉ ॥ (497-3)
प्रभु तजि अवर सेवकु जे होई है तितु मानु महतु जसु घाटै ॥१॥ रहाउ ॥

ਮਾਇਆ ਕੇ ਸਨਬੰਧ ਸੈਨ ਸਾਕ ਕਿਤ ਹੀ ਕਾਮਿ ਨ ਆਇਆ ॥ (497-4)
माइआ के सनबंध सैन साक कित ही कामि न आइआ ॥

ਹਰਿ ਕਾ ਦਾਸੁ ਨੀਚ ਕੁਲੁ ਊਚਾ ਤਿਸੁ ਸੰਗਿ ਮਨ ਬਾਂਛਤ ਫਲ ਪਾਇਆ ॥੨॥ (497-5)
हरि का दासु नीच कुलु ऊचा तिसु संगि मन बांछत फल पाइआ ॥२॥

ਲਾਖ ਕੋਟਿ ਬਿਖਿਆ ਕੇ ਬਿੰਜਨ ਤਾ ਮਹਿ ਤ੍ਰਿਸਨ ਨ ਬੂਝੀ ॥ (497-5)
लाख कोटि बिखिआ के बिंजन ता महि त्रिसन न बूझी ॥

ਸਿਮਰਤ ਨਾਮੁ ਕੋਟਿ ਉਜੀਆਰਾ ਬਸਤੁ ਅਗੋਚਰ ਸੂਝੀ ॥੩॥ (497-6)
सिमरत नामु कोटि उजीआरा बसतु अगोचर सूझी ॥३॥

ਫਿਰਤ ਫਿਰਤ ਤੁਮ੍ਹ੍ਹਰੈ ਦੁਆਰਿ ਆਇਆ ਭੈ ਭੰਜਨ ਹਰਿ ਰਾਇਆ ॥ (497-7)
फिरत फिरत तुम्हरै दुआरि आइआ भै भंजन हरि राइआ ॥

ਸਾਧ ਕੇ ਚਰਨ ਧੂਰਿ ਜਨੁ ਬਾਛੈ ਸੁਖੁ ਨਾਨਕ ਇਹੁ ਪਾਇਆ ॥੪॥੬॥੭॥ (497-7)
साध के चरन धूरि जनु बाछै सुखु नानक इहु पाइआ ॥४॥६॥७॥

ਗੂਜਰੀ ਮਹਲਾ ੫ ਪੰਚਪਦਾ ਘਰੁ ੨ (497-9)
गूजरी महला ५ पंचपदा घरु २

ੴ ਸਤਿਗੁਰ ਪ੍ਰਸਾਦਿ ॥ (497-9)
ੴ सतिगुर प्रसादि ॥

ਪ੍ਰਥਮੇ ਗਰਭ ਮਾਤਾ ਕੈ ਵਾਸਾ ਊਹਾ ਛੋਡਿ ਧਰਨਿ ਮਹਿ ਆਇਆ ॥ (497-10)
प्रथमे गरभ माता कै वासा ऊहा छोडि धरनि महि आइआ ॥

ਚਿਤ੍ਰ ਸਾਲ ਸੁੰਦਰ ਬਾਗ ਮੰਦਰ ਸੰਗਿ ਨ ਕਛਹੂ ਜਾਇਆ ॥੧॥ (497-10)
चित्र साल सुंदर बाग मंदर संगि न कछहू जाइआ ॥१॥

ਅਵਰ ਸਭ ਮਿਥਿਆ ਲੋਭ ਲਬੀ ॥ (497-11)
अवर सभ मिथिआ लोभ लबी ॥

ਗੁਰਿ ਪੂਰੈ ਦੀਓ ਹਰਿ ਨਾਮਾ ਜੀਅ ਕਉ ਏਹਾ ਵਸਤੁ ਫਬੀ ॥੧॥ ਰਹਾਉ ॥ (497-11)
गुरि पूरै दीओ हरि नामा जीअ कउ एहा वसतु फबी ॥१॥ रहाउ ॥

ਇਸਟ ਮੀਤ ਬੰਧਪ ਸੁਤ ਭਾਈ ਸੰਗਿ ਬਨਿਤਾ ਰਚਿ ਹਸਿਆ ॥ (497-12)
इसट मीत बंधप सुत भाई संगि बनिता रचि हसिआ ॥

ਜਬ ਅੰਤੀ ਅਉਸਰੁ ਆਇ ਬਨਿਓ ਹੈ ਉਨ੍ਹ ਪੇਖਤ ਹੀ ਕਾਲਿ ਗ੍ਰਸਿਆ ॥੨॥ (497-12)
जब अंती अउसरु आइ बनिओ है उन्ह पेखत ही कालि ग्रसिआ ॥२॥

ਕਰਿ ਕਰਿ ਅਨਰਥ ਬਿਹਾਝੀ ਸੰਪੈ ਸੁਇਨਾ ਰੂਪਾ ਦਾਮਾ ॥ (497-13)
करि करि अनरथ बिहाझी स्मपै सुइना रूपा दामा ॥

ਭਾੜੀ ਕਉ ਓਹੁ ਭਾੜਾ ਮਿਲਿਆ ਹੋਰੁ ਸਗਲ ਭਇਓ ਬਿਰਾਨਾ ॥੩॥ (497-13)
भाड़ी कउ ओहु भाड़ा मिलिआ होरु सगल भइओ बिराना ॥३॥

ਹੈਵਰ ਗੈਵਰ ਰਥ ਸੰਬਾਹੇ ਗਹੁ ਕਰਿ ਕੀਨੇ ਮੇਰੇ ॥ (497-14)
हैवर गैवर रथ स्मबाहे गहु करि कीने मेरे ॥

ਜਬ ਤੇ ਹੋਈ ਲਾਂਮੀ ਧਾਈ ਚਲਹਿ ਨਾਹੀ ਇਕ ਪੈਰੇ ॥੪॥ (497-15)
जब ते होई लांमी धाई चलहि नाही इक पैरे ॥४॥

ਨਾਮੁ ਧਨੁ ਨਾਮੁ ਸੁਖ ਰਾਜਾ ਨਾਮੁ ਕੁਟੰਬ ਸਹਾਈ ॥ (497-15)
नामु धनु नामु सुख राजा नामु कुट्मब सहाई ॥

ਨਾਮੁ ਸੰਪਤਿ ਗੁਰਿ ਨਾਨਕ ਕਉ ਦੀਈ ਓਹ ਮਰੈ ਨ ਆਵੈ ਜਾਈ ॥੫॥੧॥੮॥ (497-16)
नामु स्मपति गुरि नानक कउ दीई ओह मरै न आवै जाई ॥५॥१॥८॥

ਗੂਜਰੀ ਮਹਲਾ ੫ ਤਿਪਦੇ ਘਰੁ ੨ (497-17)
गूजरी महला ५ तिपदे घरु २

ੴ ਸਤਿਗੁਰ ਪ੍ਰਸਾਦਿ ॥ (497-17)
ੴ सतिगुर प्रसादि ॥

ਦੁਖ ਬਿਨਸੇ ਸੁਖ ਕੀਆ ਨਿਵਾਸਾ ਤ੍ਰਿਸਨਾ ਜਲਨਿ ਬੁਝਾਈ ॥ (497-18)
दुख बिनसे सुख कीआ निवासा त्रिसना जलनि बुझाई ॥

ਨਾਮੁ ਨਿਧਾਨੁ ਸਤਿਗੁਰੂ ਦ੍ਰਿੜਾਇਆ ਬਿਨਸਿ ਨ ਆਵੈ ਜਾਈ ॥੧॥ (497-18)
नामु निधानु सतिगुरू द्रिड़ाइआ बिनसि न आवै जाई ॥१॥

ਹਰਿ ਜਪਿ ਮਾਇਆ ਬੰਧਨ ਤੂਟੇ ॥ (497-19)
हरि जपि माइआ बंधन तूटे ॥

ਭਏ ਕ੍ਰਿਪਾਲ ਦਇਆਲ ਪ੍ਰਭ ਮੇਰੇ ਸਾਧਸੰਗਤਿ ਮਿਲਿ ਛੂਟੇ ॥੧॥ ਰਹਾਉ ॥ (497-19)
भए क्रिपाल दइआल प्रभ मेरे साधसंगति मिलि छूटे ॥१॥ रहाउ ॥

ਆਠ ਪਹਰ ਹਰਿ ਕੇ ਗੁਨ ਗਾਵੈ ਭਗਤਿ ਪ੍ਰੇਮ ਰਸਿ ਮਾਤਾ ॥ (498-1)
आठ पहर हरि के गुन गावै भगति प्रेम रसि माता ॥

ਹਰਖ ਸੋਗ ਦੁਹੁ ਮਾਹਿ ਨਿਰਾਲਾ ਕਰਣੈਹਾਰੁ ਪਛਾਤਾ ॥੨॥ (498-1)
हरख सोग दुहु माहि निराला करणैहारु पछाता ॥२॥

ਜਿਸ ਕਾ ਸਾ ਤਿਨ ਹੀ ਰਖਿ ਲੀਆ ਸਗਲ ਜੁਗਤਿ ਬਣਿ ਆਈ ॥ (498-2)
जिस का सा तिन ही रखि लीआ सगल जुगति बणि आई ॥

ਦੂਜੈ ਭਾਇ ਪੜਹਿ ਨਿਤ ਬਿਖਿਆ ਨਾਵਹੁ ਦਯਿ ਖੁਆਇਆ ॥ (513-9)
दूजै भाइ पड़हि नित बिखिआ नावहु दयि खुआइआ ॥

ਜੋਗੀ ਜੰਗਮ ਸੰਨਿਆਸੀ ਭੁਲੇ ਓਨ੍ਹਾ ਅਹੰਕਾਰੁ ਬਹੁ ਗਰਬੁ ਵਧਾਇਆ ॥ (513-10)
जोगी जंगम संनिआसी भुले ओन्हा अहंकारु बहु गरबु वधाइआ ॥

ਛਾਦਨੁ ਭੋਜਨੁ ਨ ਲੈਹੀ ਸਤ ਭਿਖਿਆ ਮਨਹਠਿ ਜਨਮੁ ਗਵਾਇਆ ॥ (513-11)
छादनु भोजनु न लैही सत भिखिआ मनहठि जनमु गवाइआ ॥

ਏਤੜਿਆ ਵਿਚਹੁ ਸੋ ਜਨੁ ਸਮਧਾ ਜਿਨਿ ਗੁਰਮੁਖਿ ਨਾਮੁ ਧਿਆਇਆ ॥ (513-11)
एतड़िआ विचहु सो जनु समधा जिनि गुरमुखि नामु धिआइआ ॥

ਜਨ ਨਾਨਕ ਕਿਸ ਨੋ ਆਖਿ ਸੁਣਾਈਐ ਜਾ ਕਰਦੇ ਸਭਿ ਕਰਾਇਆ ॥੨॥ (513-12)
जन नानक किस नो आखि सुणाईऐ जा करदे सभि कराइआ ॥२॥

ਪਉੜੀ ॥ (513-13)
पउड़ी ॥

ਮਾਇਆ ਮੋਹੁ ਪਰੇਤੁ ਹੈ ਕਾਮੁ ਕ੍ਰੋਧੁ ਅਹੰਕਾਰਾ ॥ (513-13)
माइआ मोहु परेतु है कामु क्रोधु अहंकारा ॥

ਏਹ ਜਮ ਕੀ ਸਿਰਕਾਰ ਹੈ ਏਨ੍ਹਾ ਉਪਰਿ ਜਮ ਕਾ ਡੰਡੁ ਕਰਾਰਾ ॥ (513-13)
एह जम की सिरकार है एन्हा उपरि जम का डंडु करारा ॥

ਮਨਮੁਖ ਜਮ ਮਗਿ ਪਾਈਅਨ੍ਹਿ ਜਿਨ੍ਹ ਦੂਜਾ ਭਾਉ ਪਿਆਰਾ ॥ (513-14)
मनमुख जम मगि पाईअन्हि जिन्ह दूजा भाउ पिआरा ॥

ਜਮ ਪੁਰਿ ਬਧੇ ਮਾਰੀਅਨਿ ਕੋ ਸੁਣੈ ਨ ਪੂਕਾਰਾ ॥ (513-14)
जम पुरि बधे मारीअनि को सुणै न पूकारा ॥

ਜਿਸ ਨੋ ਕ੍ਰਿਪਾ ਕਰੇ ਤਿਸੁ ਗੁਰੁ ਮਿਲੈ ਗੁਰਮੁਖਿ ਨਿਸਤਾਰਾ ॥੧੨॥ (513-15)
जिस नो क्रिपा करे तिसु गुरु मिलै गुरमुखि निसतारा ॥१२॥

ਸਲੋਕੁ ਮਃ ੩ ॥ (513-15)
सलोकु मः ३ ॥

ਹਉਮੈ ਮਮਤਾ ਮੋਹਣੀ ਮਨਮੁਖਾ ਨੋ ਗਈ ਖਾਇ ॥ (513-15)
हउमै ममता मोहणी मनमुखा नो गई खाइ ॥

ਜੋ ਮੋਹਿ ਦੂਜੈ ਚਿਤੁ ਲਾਇਦੇ ਤਿਨਾ ਵਿਆਪਿ ਰਹੀ ਲਪਟਾਇ ॥ (513-16)
जो मोहि दूजै चितु लाइदे तिना विआपि रही लपटाइ ॥

ਗੁਰ ਕੈ ਸਬਦਿ ਪਰਜਾਲੀਐ ਤਾ ਏਹ ਵਿਚਹੁ ਜਾਇ ॥ (513-16)
गुर कै सबदि परजालीऐ ता एह विचहु जाइ ॥

ਤਨੁ ਮਨੁ ਹੋਵੈ ਉਜਲਾ ਨਾਮੁ ਵਸੈ ਮਨਿ ਆਇ ॥ (513-17)
तनु मनु होवै उजला नामु वसै मनि आइ ॥

ਨਾਨਕ ਮਾਇਆ ਕਾ ਮਾਰਣੁ ਹਰਿ ਨਾਮੁ ਹੈ ਗੁਰਮੁਖਿ ਪਾਇਆ ਜਾਇ ॥੧॥ (513-17)
नानक माइआ का मारणु हरि नामु है गुरमुखि पाइआ जाइ ॥१॥

ਮਃ ੩ ॥ (513-18)
मः ३ ॥

ਇਹੁ ਮਨੁ ਕੇਤੜਿਆ ਜੁਗ ਭਰਮਿਆ ਥਿਰੁ ਰਹੈ ਨ ਆਵੈ ਜਾਇ ॥ (513-18)
इहु मनु केतड़िआ जुग भरमिआ थिरु रहै न आवै जाइ ॥

ਹਰਿ ਭਾਣਾ ਤਾ ਭਰਮਾਇਅਨੁ ਕਰਿ ਪਰਪੰਚੁ ਖੇਲੁ ਉਪਾਇ ॥ (513-19)
हरि भाणा ता भरमाइअनु करि परपंचु खेलु उपाइ ॥

ਜਾ ਹਰਿ ਬਖਸੇ ਤਾ ਗੁਰ ਮਿਲੈ ਅਸਥਿਰੁ ਰਹੈ ਸਮਾਇ ॥ (513-19)
जा हरि बखसे ता गुर मिलै असथिरु रहै समाइ ॥

ਨਾਨਕ ਮਨ ਹੀ ਤੇ ਮਨੁ ਮਾਨਿਆ ਨਾ ਕਿਛੁ ਮਰੈ ਨ ਜਾਇ ॥੨॥ (514-1)
नानक मन ही ते मनु मानिआ ना किछु मरै न जाइ ॥२॥

ਪਉੜੀ ॥ (514-1)
पउड़ी ॥

ਕਾਇਆ ਕੋਟੁ ਅਪਾਰੁ ਹੈ ਮਿਲਣਾ ਸੰਜੋਗੀ ॥ (514-2)
काइआ कोटु अपारु है मिलणा संजोगी ॥

ਕਾਇਆ ਅੰਦਰਿ ਆਪਿ ਵਸਿ ਰਹਿਆ ਆਪੇ ਰਸ ਭੋਗੀ ॥ (514-2)
काइआ अंदरि आपि वसि रहिआ आपे रस भोगी ॥

ਆਪਿ ਅਤੀਤੁ ਅਲਿਪਤੁ ਹੈ ਨਿਰਜੋਗੁ ਹਰਿ ਜੋਗੀ ॥ (514-2)
आपि अतीतु अलिपतु है निरजोगु हरि जोगी ॥

ਜੋ ਤਿਸੁ ਭਾਵੈ ਸੋ ਕਰੇ ਹਰਿ ਕਰੇ ਸੁ ਹੋਗੀ ॥ (514-3)
जो तिसु भावै सो करे हरि करे सु होगी ॥

ਹਰਿ ਗੁਰਮੁਖਿ ਨਾਮੁ ਧਿਆਈਐ ਲਹਿ ਜਾਹਿ ਵਿਜੋਗੀ ॥੧੩॥ (514-3)
हरि गुरमुखि नामु धिआईऐ लहि जाहि विजोगी ॥१३॥

ਸਲੋਕੁ ਮਃ ੩ ॥ (514-4)
सलोकु मः ३ ॥

ਵਾਹੁ ਵਾਹੁ ਆਪਿ ਅਖਾਇਦਾ ਗੁਰ ਸਬਦੀ ਸਚੁ ਸੋਇ ॥ (514-4)
वाहु वाहु आपि अखाइदा गुर सबदी सचु सोइ ॥

ਵਾਹੁ ਵਾਹੁ ਸਿਫਤਿ ਸਲਾਹ ਹੈ ਗੁਰਮੁਖਿ ਬੂਝੈ ਕੋਇ ॥ (514-5)
वाहु वाहु सिफति सलाह है गुरमुखि बूझै कोइ ॥

ਵਾਹੁ ਵਾਹੁ ਬਾਣੀ ਸਚੁ ਹੈ ਸਚਿ ਮਿਲਾਵਾ ਹੋਇ ॥ (514-5)
वाहु वाहु बाणी सचु है सचि मिलावा होइ ॥

ਨਾਨਕ ਵਾਹੁ ਵਾਹੁ ਕਰਤਿਆ ਪ੍ਰਭੁ ਪਾਇਆ ਕਰਮਿ ਪਰਾਪਤਿ ਹੋਇ ॥੧॥ (514-5)
नानक वाहु वाहु करतिआ प्रभु पाइआ करमि परापति होइ ॥१॥

ਮਃ ੩ ॥ (514-6)
मः ३ ॥

ਵਾਹੁ ਵਾਹੁ ਕਰਤੀ ਰਸਨਾ ਸਬਦਿ ਸੁਹਾਈ ॥ (514-6)
वाहु वाहु करती रसना सबदि सुहाई ॥

ਪੂਰੈ ਸਬਦਿ ਪ੍ਰਭੁ ਮਿਲਿਆ ਆਈ ॥ (514-7)
पूरै सबदि प्रभु मिलिआ आई ॥

ਵਡਭਾਗੀਆ ਵਾਹੁ ਵਾਹੁ ਮੁਹਹੁ ਕਢਾਈ ॥ (514-7)
वडभागीआ वाहु वाहु मुहहु कढाई ॥

ਵਾਹੁ ਵਾਹੁ ਕਰਹਿ ਸੇਈ ਜਨ ਸੋਹਣੇ ਤਿਨ੍ਹ ਕਉ ਪਰਜਾ ਪੂਜਣ ਆਈ ॥ (514-7)
वाहु वाहु करहि सेई जन सोहणे तिन्ह कउ परजा पूजण आई ॥

ਵਾਹੁ ਵਾਹੁ ਕਰਮਿ ਪਰਾਪਤਿ ਹੋਵੈ ਨਾਨਕ ਦਰਿ ਸਚੈ ਸੋਭਾ ਪਾਈ ॥੨॥ (514-8)
वाहु वाहु करमि परापति होवै नानक दरि सचै सोभा पाई ॥२॥

ਪਉੜੀ ॥ (514-9)
पउड़ी ॥

ਬਜਰ ਕਪਾਟ ਕਾਇਆ ਗੜ੍ਹ ਭੀਤਰਿ ਕੂੜੁ ਕੁਸਤੁ ਅਭਿਮਾਨੀ ॥ (514-9)
बजर कपाट काइआ गड़्ह भीतरि कूड़ु कुसतु अभिमानी ॥

ਭਰਮਿ ਭੂਲੇ ਨਦਰਿ ਨ ਆਵਨੀ ਮਨਮੁਖ ਅੰਧ ਅਗਿਆਨੀ ॥ (514-9)
भरमि भूले नदरि न आवनी मनमुख अंध अगिआनी ॥

ਉਪਾਇ ਕਿਤੈ ਨ ਲਭਨੀ ਕਰਿ ਭੇਖ ਥਕੇ ਭੇਖਵਾਨੀ ॥ (514-10)
उपाइ कितै न लभनी करि भेख थके भेखवानी ॥

ਗੁਰ ਸਬਦੀ ਖੋਲਾਈਅਨ੍ਹਿ ਹਰਿ ਨਾਮੁ ਜਪਾਨੀ ॥ (514-11)
गुर सबदी खोलाईअन्हि हरि नामु जपानी ॥

ਹਰਿ ਜੀਉ ਅੰਮ੍ਰਿਤ ਬਿਰਖੁ ਹੈ ਜਿਨ ਪੀਆ ਤੇ ਤ੍ਰਿਪਤਾਨੀ ॥੧੪॥ (514-11)
हरि जीउ अमृत बिरखु है जिन पीआ ते त्रिपतानी ॥१४॥

ਸਲੋਕੁ ਮਃ ੩ ॥ (514-12)
सलोकु मः ३ ॥

ਵਾਹੁ ਵਾਹੁ ਕਰਤਿਆ ਰੈਣਿ ਸੁਖਿ ਵਿਹਾਇ ॥ (514-12)
वाहु वाहु करतिआ रैणि सुखि विहाइ ॥

ਵਾਹੁ ਵਾਹੁ ਕਰਤਿਆ ਸਦਾ ਅਨੰਦੁ ਹੋਵੈ ਮੇਰੀ ਮਾਇ ॥ (514-12)
वाहु वाहु करतिआ सदा अनंदु होवै मेरी माइ ॥

ਵਾਹੁ ਵਾਹੁ ਕਰਤਿਆ ਹਰਿ ਸਿਉ ਲਿਵ ਲਾਇ ॥ (514-13)
वाहु वाहु करतिआ हरि सिउ लिव लाइ ॥

ਵਾਹੁ ਵਾਹੁ ਕਰਮੀ ਬੋਲੈ ਬੋਲਾਇ ॥ (514-13)
वाहु वाहु करमी बोलै बोलाइ ॥

ਵਾਹੁ ਵਾਹੁ ਕਰਤਿਆ ਸੋਭਾ ਪਾਇ ॥ (514-13)
वाहु वाहु करतिआ सोभा पाइ ॥

ਨਾਨਕ ਵਾਹੁ ਵਾਹੁ ਸਤਿ ਰਜਾਇ ॥੧॥ (514-14)
नानक वाहु वाहु सति रजाइ ॥१॥

ਮਃ ੩ ॥ (514-14)
मः ३ ॥

ਵਾਹੁ ਵਾਹੁ ਬਾਣੀ ਸਚੁ ਹੈ ਗੁਰਮੁਖਿ ਲਧੀ ਭਾਲਿ ॥ (514-14)
वाहु वाहु बाणी सचु है गुरमुखि लधी भालि ॥

ਵਾਹੁ ਵਾਹੁ ਸਬਦੇ ਉਚਰੈ ਵਾਹੁ ਵਾਹੁ ਹਿਰਦੈ ਨਾਲਿ ॥ (514-15)
वाहु वाहु सबदे उचरै वाहु वाहु हिरदै नालि ॥

ਵਾਹੁ ਵਾਹੁ ਕਰਤਿਆ ਹਰਿ ਪਾਇਆ ਸਹਜੇ ਗੁਰਮੁਖਿ ਭਾਲਿ ॥ (514-15)
वाहु वाहु करतिआ हरि पाइआ सहजे गुरमुखि भालि ॥

ਸੇ ਵਡਭਾਗੀ ਨਾਨਕਾ ਹਰਿ ਹਰਿ ਰਿਦੈ ਸਮਾਲਿ ॥੨॥ (514-16)
से वडभागी नानका हरि हरि रिदै समालि ॥२॥

ਪਉੜੀ ॥ (514-16)
पउड़ी ॥

ਏ ਮਨਾ ਅਤਿ ਲੋਭੀਆ ਨਿਤ ਲੋਭੇ ਰਾਤਾ ॥ (514-16)
ए मना अति लोभीआ नित लोभे राता ॥

ਮਾਇਆ ਮਨਸਾ ਮੋਹਣੀ ਦਹ ਦਿਸ ਫਿਰਾਤਾ ॥ (514-17)
माइआ मनसा मोहणी दह दिस फिराता ॥

ਅਗੈ ਨਾਉ ਜਾਤਿ ਨ ਜਾਇਸੀ ਮਨਮੁਖਿ ਦੁਖੁ ਖਾਤਾ ॥ (514-17)
अगै नाउ जाति न जाइसी मनमुखि दुखु खाता ॥

ਰਸਨਾ ਹਰਿ ਰਸੁ ਨ ਚਖਿਓ ਫੀਕਾ ਬੋਲਾਤਾ ॥ (514-18)
रसना हरि रसु न चखिओ फीका बोलाता ॥

ਜਿਨਾ ਗੁਰਮੁਖਿ ਅੰਮ੍ਰਿਤੁ ਚਾਖਿਆ ਸੇ ਜਨ ਤ੍ਰਿਪਤਾਤਾ ॥੧੫॥ (514-18)
जिना गुरमुखि अमृतु चाखिआ से जन त्रिपताता ॥१५॥

ਸਲੋਕੁ ਮਃ ੩ ॥ (514-19)
सलोकु मः ३ ॥

ਵਾਹੁ ਵਾਹੁ ਤਿਸ ਨੋ ਆਖੀਐ ਜਿ ਸਚਾ ਗਹਿਰ ਗੰਭੀਰੁ ॥ (514-19)
वाहु वाहु तिस नो आखीऐ जि सचा गहिर ग्मभीरु ॥

ਵਾਹੁ ਵਾਹੁ ਤਿਸ ਨੋ ਆਖੀਐ ਜਿ ਗੁਣਦਾਤਾ ਮਤਿ ਧੀਰੁ ॥ (514-19)
वाहु वाहु तिस नो आखीऐ जि गुणदाता मति धीरु ॥

ਵਾਹੁ ਵਾਹੁ ਤਿਸ ਨੋ ਆਖੀਐ ਜਿ ਸਭ ਮਹਿ ਰਹਿਆ ਸਮਾਇ ॥ (515-1)
वाहु वाहु तिस नो आखीऐ जि सभ महि रहिआ समाइ ॥

ਵਾਹੁ ਵਾਹੁ ਤਿਸ ਨੋ ਆਖੀਐ ਜਿ ਦੇਦਾ ਰਿਜਕੁ ਸਬਾਹਿ ॥ (515-1)
वाहु वाहु तिस नो आखीऐ जि देदा रिजकु सबाहि ॥

ਨਾਨਕ ਵਾਹੁ ਵਾਹੁ ਇਕੋ ਕਰਿ ਸਾਲਾਹੀਐ ਜਿ ਸਤਿਗੁਰ ਦੀਆ ਦਿਖਾਇ ॥੧॥ (515-2)
नानक वाहु वाहु इको करि सालाहीऐ जि सतिगुर दीआ दिखाइ ॥१॥

ਮः ੩ ॥ (515-3)
मः ३ ॥

ਵਾਹੁ ਵਾਹੁ ਗੁਰਮੁਖ ਸਦਾ ਕਰਹਿ ਮਨਮੁਖ ਮਰਹਿ ਬਿਖੁ ਖਾਇ ॥ (515-3)
वाहु वाहु गुरमुख सदा करहि मनमुख मरहि बिखु खाइ ॥

ਓਨਾ ਵਾਹੁ ਵਾਹੁ ਨ ਭਾਵਈ ਦੁਖੇ ਦੁਖਿ ਵਿਹਾਇ ॥ (515-3)
ओना वाहु वाहु न भावई दुखे दुखि विहाइ ॥

ਗੁਰਮੁਖਿ ਅੰਮ੍ਰਿਤੁ ਪੀਵਣਾ ਵਾਹੁ ਵਾਹੁ ਕਰਹਿ ਲਿਵ ਲਾਇ ॥ (515-4)
गुरमुखि अमृतु पीवणा वाहु वाहु करहि लिव लाइ ॥

ਨਾਨਕ ਵਾਹੁ ਵਾਹੁ ਕਰਹਿ ਸੇ ਜਨ ਨਿਰਮਲੇ ਤ੍ਰਿਭਵਣ ਸੋਝੀ ਪਾਇ ॥੨॥ (515-4)
नानक वाहु वाहु करहि से जन निरमले त्रिभवण सोझी पाइ ॥२॥

ਪਉੜੀ ॥ (515-5)
पउड़ी ॥

ਹਰਿ ਕੈ ਭਾਣੈ ਗੁਰੁ ਮਿਲੈ ਸੇਵਾ ਭਗਤਿ ਬਨੀਜੈ ॥ (515-5)
हरि कै भाणै गुरु मिलै सेवा भगति बनीजै ॥

ਹਰਿ ਕੈ ਭਾਣੈ ਹਰਿ ਮਨਿ ਵਸੈ ਸਹਜੇ ਰਸੁ ਪੀਜੈ ॥ (515-5)
हरि कै भाणै हरि मनि वसै सहजे रसु पीजै ॥

ਹਰਿ ਕੈ ਭਾਣੈ ਸੁਖੁ ਪਾਈਐ ਹਰਿ ਲਾਹਾ ਨਿਤ ਲੀਜੈ ॥ (515-6)
हरि कै भाणै सुखु पाईऐ हरि लाहा नित लीजै ॥

ਹਰਿ ਕੈ ਤਖਤਿ ਬਹਾਲੀਐ ਨਿਜ ਘਰਿ ਸਦਾ ਵਸੀਜੈ ॥ (515-6)
हरि कै तखति बहालीऐ निज घरि सदा वसीजै ॥

ਹਰਿ ਕਾ ਭਾਣਾ ਤਿਨੀ ਮੰਨਿਆ ਜਿਨਾ ਗੁਰੂ ਮਿਲੀਜੈ ॥੧੬॥ (515-7)
हरि का भाणा तिनी मंनिआ जिना गुरू मिलीजै ॥१६॥

ਸਲੋਕੁ ਮਃ ੩ ॥ (515-8)
सलोकु मः ३ ॥

ਵਾਹੁ ਵਾਹੁ ਸੇ ਜਨ ਸਦਾ ਕਰਹਿ ਜਿਨ੍ਹ ਕਉ ਆਪੇ ਦੇਇ ਬੁਝਾਇ ॥ (515-8)
वाहु वाहु से जन सदा करहि जिन्ह कउ आपे देइ बुझाइ ॥

ਵਾਹੁ ਵਾਹੁ ਕਰਤਿਆ ਮਨੁ ਨਿਰਮਲੁ ਹੋਵੈ ਹਉਮੈ ਵਿਚਹੁ ਜਾਇ ॥ (515-8)
वाहु वाहु करतिआ मनु निरमलु होवै हउमै विचहु जाइ ॥

ਵਾਹੁ ਵਾਹੁ ਗੁਰਸਿਖੁ ਜੋ ਨਿਤ ਕਰੇ ਸੋ ਮਨ ਚਿੰਦਿਆ ਫਲੁ ਪਾਇ ॥ (515-9)
वाहु वाहु गुरसिखु जो नित करे सो मन चिंदिआ फलु पाइ ॥

ਵਾਹੁ ਵਾਹੁ ਕਰਹਿ ਸੇ ਜਨ ਸੋਹਣੇ ਹਰਿ ਤਿਨ੍ਹ ਕੈ ਸੰਗਿ ਮਿਲਾਇ ॥ (515-9)
वाहु वाहु करहि से जन सोहणे हरि तिन्ह कै संगि मिलाइ ॥

ਵਾਹੁ ਵਾਹੁ ਹਿਰਦੈ ਉਚਰਾ ਮੁਖਹੁ ਭੀ ਵਾਹੁ ਵਾਹੁ ਕਰੇਉ ॥ (515-10)
वाहु वाहु हिरदै उचरा मुखहु भी वाहु वाहु करेउ ॥

ਨਾਨਕ ਵਾਹੁ ਵਾਹੁ ਜੋ ਕਰਹਿ ਹਉ ਤਨੁ ਮਨੁ ਤਿਨ੍ਹ ਕਉ ਦੇਉ ॥੧॥ (515-11)
नानक वाहु वाहु जो करहि हउ तनु मनु तिन्ह कउ देउ ॥१॥

ਮਃ ੩ ॥ (515-11)
मः ३ ॥

ਵਾਹੁ ਵਾਹੁ ਸਾਹਿਬੁ ਸਚੁ ਹੈ ਅੰਮ੍ਰਿਤੁ ਜਾ ਕਾ ਨਾਉ ॥ (515-11)
वाहु वाहु साहिबु सचु है अमृतु जा का नाउ ॥

ਜਿਨਿ ਸੇਵਿਆ ਤਿਨਿ ਫਲੁ ਪਾਇਆ ਹਉ ਤਿਨ ਬਲਿਹਾਰੈ ਜਾਉ ॥ (515-12)
जिनि सेविआ तिनि फलु पाइआ हउ तिन बलिहारै जाउ ॥

ਵਾਹੁ ਵਾਹੁ ਗੁਣੀ ਨਿਧਾਨੁ ਹੈ ਜਿਸ ਨੋ ਦੇਇ ਸੁ ਖਾਇ ॥ (515-12)
वाहु वाहु गुणी निधानु है जिस नो देइ सु खाइ ॥

ਵਾਹੁ ਵਾਹੁ ਜਲਿ ਥਲਿ ਭਰਪੂਰੁ ਹੈ ਗੁਰਮੁਖਿ ਪਾਇਆ ਜਾਇ ॥ (515-13)
वाहु वाहु जलि थलि भरपूरु है गुरमुखि पाइआ जाइ ॥

ਵਾਹੁ ਵਾਹੁ ਗੁਰਸਿਖ ਨਿਤ ਸਭ ਕਰਹੁ ਗੁਰ ਪੂਰੇ ਵਾਹੁ ਵਾਹੁ ਭਾਵੈ ॥ (515-13)
वाहु वाहु गुरसिख नित सभ करहु गुर पूरे वाहु वाहु भावै ॥

ਨਾਨਕ ਵਾਹੁ ਵਾਹੁ ਜੋ ਮਨਿ ਚਿਤਿ ਕਰੇ ਤਿਸੁ ਜਮਕੰਕਰੁ ਨੇੜਿ ਨ ਆਵੈ ॥੨॥ (515-14)
नानक वाहु वाहु जो मनि चिति करे तिसु जमकंकरु नेड़ि न आवै ॥२॥

ਪਉੜੀ ॥ (515-15)
पउड़ी ॥

ਹਰਿ ਜੀਉ ਸਚਾ ਸਚੁ ਹੈ ਸਚੀ ਗੁਰਬਾਣੀ ॥ (515-15)
हरि जीउ सचा सचु है सची गुरबाणी ॥

ਸਤਿਗੁਰ ਤੇ ਸਚੁ ਪਛਾਣੀਐ ਸਚਿ ਸਹਜਿ ਸਮਾਣੀ ॥ (515-15)
सतिगुर ते सचु पछाणीऐ सचि सहजि समाणी ॥

ਅਨਦਿਨੁ ਜਾਗਹਿ ਨਾ ਸਵਹਿ ਜਾਗਤ ਰੈਣਿ ਵਿਹਾਣੀ ॥ (515-16)
अनदिनु जागहि ना सवहि जागत रैणि विहाणी ॥

ਗੁਰਮਤੀ ਹਰਿ ਰਸੁ ਚਾਖਿਆ ਸੇ ਪੁੰਨ ਪਰਾਣੀ ॥ (515-16)
गुरमती हरि रसु चाखिआ से पुंन पराणी ॥

ਬਿਨੁ ਗੁਰ ਕਿਨੈ ਨ ਪਾਇਓ ਪਚਿ ਮੁਏ ਅਜਾਣੀ ॥੧੭॥ (515-17)
बिनु गुर किनै न पाइओ पचि मुए अजाणी ॥१७॥

ਸਲੋਕੁ ਮਃ ੩ ॥ (515-17)
सलोकु मः ३ ॥

ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ॥ (515-17)
वाहु वाहु बाणी निरंकार है तिसु जेवडु अवरु न कोइ ॥

ਵਾਹੁ ਵਾਹੁ ਅਗਮ ਅਥਾਹੁ ਹੈ ਵਾਹੁ ਵਾਹੁ ਸਚਾ ਸੋਇ ॥ (515-18)
वाहु वाहु अगम अथाहु है वाहु वाहु सचा सोइ ॥

ਵਾਹੁ ਵਾਹੁ ਵੇਪਰਵਾਹੁ ਹੈ ਵਾਹੁ ਵਾਹੁ ਕਰੇ ਸੁ ਹੋਇ ॥ (515-18)
वाहु वाहु वेपरवाहु है वाहु वाहु करे सु होइ ॥

ਵਾਹੁ ਵਾਹੁ ਅੰਮ੍ਰਿਤ ਨਾਮੁ ਹੈ ਗੁਰਮੁਖਿ ਪਾਵੈ ਕੋਇ ॥ (515-19)
वाहु वाहु अमृत नामु है गुरमुखि पावै कोइ ॥

ਵਾਹੁ ਵਾਹੁ ਕਰਮੀ ਪਾਈਐ ਆਪਿ ਦਇਆ ਕਰਿ ਦੇਇ ॥ (515-19)
वाहु वाहु करमी पाईऐ आपि दइआ करि देइ ॥

ਨਾਨਕ ਵਾਹੁ ਵਾਹੁ ਗੁਰਮੁਖਿ ਪਾਈਐ ਅਨਦਿਨੁ ਨਾਮੁ ਲਏਇ ॥੧॥ (516-1)
नानक वाहु वाहु गुरमुखि पाईऐ अनदिनु नामु लएइ ॥१॥

ਮਃ ੩ ॥ (516-1)
मः ३ ॥

ਬਿਨੁ ਸਤਿਗੁਰ ਸੇਵੇ ਸਾਤਿ ਨ ਆਵਈ ਦੂਜੀ ਨਾਹੀ ਜਾਇ ॥ (516-2)
बिनु सतिगुर सेवे साति न आवई दूजी नाही जाइ ॥

ਜੇ ਬਹੁਤੇਰਾ ਲੋਚੀਐ ਵਿਣੁ ਕਰਮੈ ਨ ਪਾਇਆ ਜਾਇ ॥ (516-2)
जे बहुतेरा लोचीऐ विणु करमै न पाइआ जाइ ॥

ਜਿਨ੍ਹਾ ਅੰਤਰਿ ਲੋਭ ਵਿਕਾਰੁ ਹੈ ਦੂਜੈ ਭਾਇ ਖੁਆਇ ॥ (516-3)
जिन्हा अंतरि लोभ विकारु है दूजै भाइ खुआइ ॥

ਜੰਮਣੁ ਮਰਣੁ ਨ ਚੁਕਈ ਹਉਮੈ ਵਿਚਿ ਦੁਖੁ ਪਾਇ ॥ (516-3)
जंमणु मरणु न चुकई हउमै विचि दुखु पाइ ॥

ਜਿਨ੍ਾ ਸਤਿਗੁਰ ਸਿਉ ਚਿਤੁ ਲਾਇਆ ਸੁ ਖਾਲੀ ਕੋਈ ਨਾਹਿ ॥ (516-4)
जिन्हा सतिगुर सिउ चितु लाइआ सु खाली कोई नाहि ॥

ਤਿਨ ਜਮ ਕੀ ਤਲਬ ਨ ਹੋਵਈ ਨਾ ਓਇ ਦੁਖ ਸਹਾਹਿ ॥ (516-4)
तिन जम की तलब न होवई ना ओइ दुख सहाहि ॥

ਨਾਨਕ ਗੁਰਮੁਖਿ ਉਬਰੇ ਸਚੈ ਸਬਦਿ ਸਮਾਹਿ ॥੨॥ (516-5)
नानक गुरमुखि उबरे सचै सबदि समाहि ॥२॥

ਪਉੜੀ ॥ (516-5)
पउड़ी ॥

ਢਾਢੀ ਤਿਸ ਨੋ ਆਖੀਐ ਜਿ ਖਸਮੈ ਧਰੇ ਪਿਆਰੁ ॥ (516-5)
ढाढी तिस नो आखीऐ जि खसमै धरे पिआरु ॥

ਦਰਿ ਖੜ੍ਹਾ ਸੇਵਾ ਕਰੇ ਗੁਰ ਸਬਦੀ ਵੀਚਾਰੁ ॥ (516-6)
दरि खड़ा सेवा करे गुर सबदी वीचारु ॥

ਢਾਢੀ ਦਰੁ ਘਰੁ ਪਾਇਸੀ ਸਚੁ ਰਖੈ ਉਰ ਧਾਰਿ ॥ (516-6)
ढाढी दरु घरु पाइसी सचु रखै उर धारि ॥

ਢਾਢੀ ਕਾ ਮਹਲੁ ਅਗਲਾ ਹਰਿ ਕੈ ਨਾਇ ਪਿਆਰਿ ॥ (516-6)
ढाढी का महलु अगला हरि कै नाइ पिआरि ॥

ਢਾਢੀ ਕੀ ਸੇਵਾ ਚਾਕਰੀ ਹਰਿ ਜਪਿ ਹਰਿ ਨਿਸਤਾਰਿ ॥੧੮॥ (516-7)
ढाढी की सेवा चाकरी हरि जपि हरि निसतारि ॥१८॥

ਸਲੋਕੁ ਮਃ ੩ ॥ (516-8)
सलोकु मः ३ ॥

ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ ॥ (516-8)
गूजरी जाति गवारि जा सहु पाए आपणा ॥

ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਾਪਣਾ ॥ (516-8)
गुर कै सबदि वीचारि अनदिनु हरि जपु जापणा ॥

ਜਿਸੁ ਸਤਿਗੁਰੁ ਮਿਲੈ ਤਿਸੁ ਭਉ ਪਵੈ ਸਾ ਕੁਲਵੰਤੀ ਨਾਰਿ ॥ (516-9)
जिसु सतिगुरु मिलै तिसु भउ पवै सा कुलवंती नारि ॥

ਸਾ ਹੁਕਮੁ ਪਛਾਣੈ ਕੰਤ ਕਾ ਜਿਸ ਨੋ ਕ੍ਰਿਪਾ ਕੀਤੀ ਕਰਤਾਰਿ ॥ (516-9)
सा हुकमु पछाणै कंत का जिस नो क्रिपा कीती करतारि ॥

ਓਹ ਕੁਚਜੀ ਕੁਲਖਣੀ ਪਰਹਰਿ ਛੋਡੀ ਭਤਾਰਿ ॥ (516-10)
ओह कुचजी कुलखणी परहरि छोडी भतारि ॥

ਭੈ ਪਇਐ ਮਲੁ ਕਟੀਐ ਨਿਰਮਲ ਹੋਵੈ ਸਰੀਰੁ ॥ (516-10)
भै पइऐ मलु कटीऐ निरमल होवै सरीरु ॥

ਅੰਤਰਿ ਪਰਗਾਸੁ ਮਤਿ ਊਤਮ ਹੋਵੈ ਹਰਿ ਜਪਿ ਗੁਣੀ ਗਹੀਰੁ ॥ (516-11)
अंतरि परगासु मति ऊतम होवै हरि जपि गुणी गहीरु ॥

ਭੈ ਵਿਚਿ ਬੈਸੈ ਭੈ ਰਹੈ ਭੈ ਵਿਚਿ ਕਮਾਵੈ ਕਾਰ ॥ (516-11)
भै विचि बैसै भै रहै भै विचि कमावै कार ॥

ਐਥੈ ਸੁਖੁ ਵਡਿਆਈਆ ਦਰਗਹ ਮੋਖ ਦੁਆਰ ॥ (516-12)
ऐथै सुखु वडिआईआ दरगह मोख दुआर ॥

ਭੈ ਤੇ ਨਿਰਭਉ ਪਾਈਐ ਮਿਲਿ ਜੋਤੀ ਜੋਤਿ ਅਪਾਰ ॥ (516-12)
भै ते निरभउ पाईऐ मिलि जोती जोति अपार ॥

ਨਾਨਕ ਖਸਮੈ ਭਾਵੈ ਸਾ ਭਲੀ ਜਿਸ ਨੋ ਆਪੇ ਬਖਸੇ ਕਰਤਾਰੁ ॥੧॥ (516-12)
नानक खसमै भावै सा भली जिस नो आपे बखसे करतारु ॥१॥

ਮਃ ੩ ॥ (516-13)
मः ३ ॥

ਸਦਾ ਸਦਾ ਸਾਲਾਹੀਐ ਸਚੇ ਕਉ ਬਲਿ ਜਾਉ ॥ (516-13)
सदा सदा सालाहीऐ सचे कउ बलि जाउ ॥

ਨਾਨਕ ਏਕੁ ਛੋਡਿ ਦੂਜੈ ਲਗੈ ਸਾ ਜਿਹਵਾ ਜਲਿ ਜਾਉ ॥੨॥ (516-14)
नानक एकु छोडि दूजै लगै सा जिहवा जलि जाउ ॥२॥

ਪਉੜੀ ॥ (516-14)
पउड़ी ॥

ਅੰਸਾ ਅਉਤਾਰੁ ਉਪਾਇਓਨੁ ਭਾਉ ਦੂਜਾ ਕੀਆ ॥ (516-14)
अंसा अउतारु उपाइओनु भाउ दूजा कीआ ॥

ਜਿਉ ਰਾਜੇ ਰਾਜੁ ਕਮਾਵਦੇ ਦੁਖ ਸੁਖ ਭਿੜੀਆ ॥ (516-15)
जिउ राजे राजु कमावदे दुख सुख भिड़ीआ ॥

ਈਸਰੁ ਬ੍ਰਹਮਾ ਸੇਵਦੇ ਅੰਤੁ ਤਿਨ੍ਹ੍ਹੀ ਨ ਲਹੀਆ ॥ (516-15)
ईसरु ब्रहमा सेवदे अंतु तिन्ही न लहीआ ॥

ਨਿਰਭਉ ਨਿਰੰਕਾਰੁ ਅਲਖੁ ਹੈ ਗੁਰਮੁਖਿ ਪ੍ਰਗਟੀਆ ॥ (516-16)
निरभउ निरंकारु अलखु है गुरमुखि प्रगटीआ ॥

ਤਿਥੈ ਸੋਗੁ ਵਿਜੋਗੁ ਨ ਵਿਆਪਈ ਅਸਥਿਰੁ ਜਗਿ ਥੀਆ ॥੧੯॥ (516-16)
तिथै सोगु विजोगु न विआपई असथिरु जगि थीआ ॥१९॥

ਸਲੋਕੁ ਮਃ ੩ ॥ (516-17)
सलोकु मः ३ ॥

ਏਹੁ ਸਭੁ ਕਿਛੁ ਆਵਣ ਜਾਣੁ ਹੈ ਜੇਤਾ ਹੈ ਆਕਾਰੁ ॥ (516-17)
एहु सभु किछु आवण जाणु है जेता है आकारु ॥

ਜਿਨਿ ਏਹੁ ਲੇਖਾ ਲਿਖਿਆ ਸੋ ਹੋਆ ਪਰਵਾਣੁ ॥ (516-17)
जिनि एहु लेखा लिखिआ सो होआ परवाणु ॥

ਨਾਨਕ ਜੇ ਕੋ ਆਪੁ ਗਣਾਇਦਾ ਸੋ ਮੂਰਖੁ ਗਾਵਾਰੁ ॥੧॥ (516-18)
नानक जे को आपु गणाइदा सो मूरखु गावारु ॥१॥

ਮਃ ੩ ॥ (516-18)
मः ३ ॥

ਮਨੁ ਕੁੰਚਰੁ ਪੀਲਕੁ ਗੁਰੂ ਗਿਆਨੁ ਕੁੰਡਾ ਜਹ ਖਿੰਚੇ ਤਹ ਜਾਇ ॥ (516-18)
मनु कुंचरु पीलकु गुरू गिआनु कुंडा जह खिंचे तह जाइ ॥

ਨਾਨਕ ਹਸਤੀ ਕੁੰਡੇ ਬਾਹਰਾ ਫਿਰਿ ਫਿਰਿ ਉਝੜਿ ਪਾਇ ॥੨॥ (516-19)
नानक हसती कुंडे बाहरा फिरि फिरि उझड़ि पाइ ॥२॥

ਪਉੜੀ ॥ (516-19)
पउड़ी ॥

ਤਿਸੁ ਆਗੈ ਅਰਦਾਸਿ ਜਿਨਿ ਉਪਾਇਆ ॥ (516-19)
तिसु आगै अरदासि जिनि उपाइआ ॥

ਸਤਿਗੁਰੁ ਅਪਣਾ ਸੇਵਿ ਸਭ ਫਲ ਪਾਇਆ ॥ (517-1)
सतिगुरु अपणा सेवि सभ फल पाइआ ॥

ਅੰਮ੍ਰਿਤ ਹਰਿ ਕਾ ਨਾਉ ਸਦਾ ਧਿਆਇਆ ॥ (517-1)
अमृत हरि का नाउ सदा धिआइआ ॥

ਸੰਤ ਜਨਾ ਕੈ ਸੰਗਿ ਦੁਖੁ ਮਿਟਾਇਆ ॥ (517-2)
संत जना कै संगि दुखु मिटाइआ ॥

ਨਾਨਕ ਭਏ ਅਚਿੰਤੁ ਹਰਿ ਧਨੁ ਨਿਹਚਲਾਇਆ ॥੨੦॥ (517-2)
नानक भए अचिंतु हरि धनु निहचलाइआ ॥२०॥

ਸਲੋਕ ਮਃ ੩ ॥ (517-3)
सलोक मः ३ ॥

ਖੇਤਿ ਮਿਆਲਾ ਉਚੀਆ ਘਰੁ ਉਚਾ ਨਿਰਣਉ ॥ (517-3)
खेति मिआला उचीआ घरु उचा निरणउ ॥

ਮਹਲ ਭਗਤੀ ਘਰਿ ਸਰੈ ਸਜਣ ਪਾਹੁਣਿਅਉ ॥ (517-3)
महल भगती घरि सरै सजण पाहुणिअउ ॥

ਬਰਸਨਾ ਤ ਬਰਸੁ ਘਨਾ ਬਹੁੜਿ ਬਰਸਹਿ ਕਾਹਿ ॥ (517-4)
बरसना त बरसु घना बहुड़ि बरसहि काहि ॥

ਨਾਨਕ ਤਿਨ੍ਹ ਬਲਿਹਾਰਣੈ ਜਿਨ੍ਹ ਗੁਰਮੁਖਿ ਪਾਇਆ ਮਨ ਮਾਹਿ ॥੧॥ (517-4)
नानक तिन्ह बलिहारणै जिन्ह गुरमुखि पाइआ मन माहि ॥१॥

ਮਃ ੩ ॥ (517-5)
मः ३ ॥

ਮਿਠਾ ਸੋ ਜੋ ਭਾਵਦਾ ਸਜਣੁ ਸੋ ਜਿ ਰਾਸਿ ॥ (517-5)
मिठा सो जो भावदा सजणु सो जि रासि ॥

ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ ॥੨॥ (517-5)
नानक गुरमुखि जाणीऐ जा कउ आपि करे परगासु ॥२॥

ਪਉੜੀ ॥ (517-6)
पउड़ी ॥

ਪ੍ਰਭ ਪਾਸਿ ਜਨ ਕੀ ਅਰਦਾਸਿ ਤੂ ਸਚਾ ਸਾਂਈ ॥ (517-6)
प्रभ पासि जन की अरदासि तू सचा सांई ॥

ਤੂ ਰਖਵਾਲਾ ਸਦਾ ਸਦਾ ਹਉ ਤੁਧੁ ਧਿਆਈ ॥ (517-6)
तू रखवाला सदा सदा हउ तुधु धिआई ॥

ਜੀਅ ਜੰਤ ਸਭਿ ਤੇਰਿਆ ਤੂ ਰਹਿਆ ਸਮਾਈ ॥ (517-7)
जीअ जंत सभि तेरिआ तू रहिआ समाई ॥

ਜੋ ਦਾਸ ਤੇਰੇ ਕੀ ਨਿੰਦਾ ਕਰੇ ਤਿਸੁ ਮਾਰਿ ਪਚਾਈ ॥ (517-7)
जो दास तेरे की निंदा करे तिसु मारि पचाई ॥

ਚਿੰਤਾ ਛਡਿ ਅਚਿੰਤੁ ਰਹੁ ਨਾਨਕ ਲਗਿ ਪਾਈ ॥੨੧॥ (517-8)
चिंता छडि अचिंतु रहु नानक लगि पाई ॥२१॥

ਸਲੋਕ ਮਃ ੩ ॥ (517-8)
सलोक मः ३ ॥

ਆਸਾ ਕਰਤਾ ਜਗੁ ਮੁਆ ਆਸਾ ਮਰੈ ਨ ਜਾਇ ॥ (517-8)
आसा करता जगु मुआ आसा मरै न जाइ ॥

ਨਾਨਕ ਆਸਾ ਪੂਰੀਆ ਸਚੇ ਸਿਉ ਚਿਤੁ ਲਾਇ ॥੧॥ (517-9)
नानक आसा पूरीआ सचे सिउ चितु लाइ ॥१॥

ਮਃ ੩ ॥ (517-9)
मः ३ ॥

ਆਸਾ ਮਨਸਾ ਮਰਿ ਜਾਇਸੀ ਜਿਨਿ ਕੀਤੀ ਸੋ ਲੈ ਜਾਇ ॥ (517-9)
आसा मनसा मरि जाइसी जिनि कीती सो लै जाइ ॥

ਨਾਨਕ ਨਿਹਚਲੁ ਕੋ ਨਹੀ ਬਾਝਹੁ ਹਰਿ ਕੈ ਨਾਇ ॥੨॥ (517-10)
नानक निहचलु को नही बाझहु हरि कै नाइ ॥२॥

ਪਉੜੀ ॥ (517-10)
पउड़ी ॥

ਆਪੇ ਜਗਤੁ ਉਪਾਇਓਨੁ ਕਰਿ ਪੂਰਾ ਥਾਟੁ ॥ (517-10)
आपे जगतु उपाइओनु करि पूरा थाटु ॥

ਆਪੇ ਸਾਹੁ ਆਪੇ ਵਣਜਾਰਾ ਆਪੇ ਹੀ ਹਰਿ ਹਾਟੁ ॥ (517-11)
आपे साहु आपे वणजारा आपे ही हरि हाटु ॥

ਆਪੇ ਸਾਗਰੁ ਆਪੇ ਬੋਹਿਥਾ ਆਪੇ ਹੀ ਖੇਵਾਟੁ ॥ (517-11)
आपे सागरु आपे बोहिथा आपे ही खेवाटु ॥

ਆਪੇ ਗੁਰੁ ਚੇਲਾ ਹੈ ਆਪੇ ਆਪੇ ਦਸੇ ਘਾਟੁ ॥ (517-12)
आपे गुरु चेला है आपे आपे दसे घाटु ॥

ਜਨ ਨਾਨਕ ਨਾਮੁ ਧਿਆਇ ਤੂ ਸਭਿ ਕਿਲਵਿਖ ਕਾਟੁ ॥੨੨॥੧॥ ਸੁਧੁ (517-12)
जन नानक नामु धिआइ तू सभि किलविख काटु ॥२२॥१॥ सुधु

ਰਾਗੁ ਗੂਜਰੀ ਵਾਰ ਮਹਲਾ ੫ (517-14)
रागु गूजरी वार महला ५

ੴ ਸਤਿਗੁਰ ਪ੍ਰਸਾਦਿ ॥ (517-14)
ੴ सतिगुर प्रसादि ॥

ਸਲੋਕੁ ਮਃ ੫ ॥ (517-15)
सलोकु मः ५ ॥

ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥ (517-15)
अंतरि गुरु आराधणा जिहवा जपि गुर नाउ ॥

ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥ (517-15)
नेत्री सतिगुरु पेखणा स्रवणी सुनणा गुर नाउ ॥

ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥ (517-16)
सतिगुर सेती रतिआ दरगह पाईऐ ठाउ ॥

ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ ॥ (517-16)
कहु नानक किरपा करे जिस नो एह वथु देइ ॥

ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥੧॥ (517-17)
जग महि उतम काढीअहि विरले केई केइ ॥१॥

ਮਃ ੫ ॥ (517-17)
मः ५ ॥

ਰਖੇ ਰਖਣਹਾਰਿ ਆਪਿ ਉਬਾਰਿਅਨੁ ॥ (517-17)
रखे रखणहारि आपि उबारिअनु ॥

ਗੁਰ ਕੀ ਪੈਰੀ ਪਾਇ ਕਾਜ ਸਵਾਰਿਅਨੁ ॥ (517-17)
गुर की पैरी पाइ काज सवारिअनु ॥

ਹੋਆ ਆਪਿ ਦਇਆਲੁ ਮਨਹੁ ਨ ਵਿਸਾਰਿਅਨੁ ॥ (517-18)
होआ आपि दइआलु मनहु न विसारिअनु ॥

ਸਾਧ ਜਨਾ ਕੈ ਸੰਗਿ ਭਵਜਲੁ ਤਾਰਿਅਨੁ ॥ (517-18)
साध जना कै संगि भवजलु तारिअनु ॥

ਸਾਕਤ ਨਿੰਦਕ ਦੁਸਟ ਖਿਨ ਮਾਹਿ ਬਿਦਾਰਿਅਨੁ ॥ (517-19)
साकत निंदक दुसट खिन माहि बिदारिअनु ॥

ਤਿਸੁ ਸਾਹਿਬ ਕੀ ਟੇਕ ਨਾਨਕ ਮਨੈ ਮਾਹਿ ॥ (517-19)
तिसु साहिब की टेक नानक मनै माहि ॥

ਜਿਸੁ ਸਿਮਰਤ ਸੁਖੁ ਹੋਇ ਸਗਲੇ ਦੂਖ ਜਾਹਿ ॥੨॥ (518-1)
जिसु सिमरत सुखु होइ सगले दूख जाहि ॥२॥

ਪਉੜੀ ॥ (518-1)
पउड़ी ॥

ਅਕੁਲ ਨਿਰੰਜਨ ਪੁਰਖੁ ਅਗਮੁ ਅਪਾਰੀਐ ॥ (518-1)
अकुल निरंजन पुरखु अगमु अपारीऐ ॥

ਸਚੋ ਸਚਾ ਸਚੁ ਸਚੁ ਨਿਹਾਰੀਐ ॥ (518-1)
सचो सचा सचु सचु निहारीऐ ॥

ਕੂੜੁ ਨ ਜਾਪੈ ਕਿਛੁ ਤੇਰੀ ਧਾਰੀਐ ॥ (518-2)
कूड़ु न जापै किछु तेरी धारीऐ ॥

ਸਭਸੈ ਦੇ ਦਾਤਾਰੁ ਜੇਤ ਉਪਾਰੀਐ ॥ (518-2)
सभसै दे दातारु जेत उपारीऐ ॥

ਇਕਤੁ ਸੂਤਿ ਪਰੋਇ ਜੋਤਿ ਸੰਜਾਰੀਐ ॥ (518-2)
इकतु सूति परोइ जोति संजारीऐ ॥

ਹੁਕਮੇ ਭਵਜਲ ਮੰਝਿ ਹੁਕਮੇ ਤਾਰੀਐ ॥ (518-3)
हुकमे भवजल मंझि हुकमे तारीऐ ॥

ਪ੍ਰਭ ਜੀਉ ਤੁਧੁ ਧਿਆਏ ਸੋਇ ਜਿਸੁ ਭਾਗੁ ਮਥਾਰੀਐ ॥ (518-3)
प्रभ जीउ तुधु धिआए सोइ जिसु भागु मथारीऐ ॥

ਤੇਰੀ ਗਤਿ ਮਿਤਿ ਲਖੀ ਨ ਜਾਇ ਹਉ ਤੁਧੁ ਬਲਿਹਾਰੀਐ ॥੧॥ (518-4)
तेरी गति मिति लखी न जाइ हउ तुधु बलिहारीऐ ॥१॥

ਸਲੋਕੁ ਮਃ ੫ ॥ (518-4)
सलोकु मः ५ ॥

ਜਾ ਤੂੰ ਤੁਸਹਿ ਮਿਹਰਵਾਨ ਅਚਿੰਤੁ ਵਸਹਿ ਮਨ ਮਾਹਿ ॥ (518-4)
जा तूं तुसहि मिहरवान अचिंतु वसहि मन माहि ॥

ਜਾ ਤੂੰ ਤੁਸਹਿ ਮਿਹਰਵਾਨ ਨਉ ਨਿਧਿ ਘਰ ਮਹਿ ਪਾਹਿ ॥ (518-5)
जा तूं तुसहि मिहरवान नउ निधि घर महि पाहि ॥

ਜਾ ਤੂੰ ਤੁਸਹਿ ਮਿਹਰਵਾਨ ਤਾ ਗੁਰ ਕਾ ਮੰਤ੍ਰੁ ਕਮਾਹਿ ॥ (518-5)
जा तूं तुसहि मिहरवान ता गुर का मंत्रु कमाहि ॥

ਜਾ ਤੂੰ ਤੁਸਹਿ ਮਿਹਰਵਾਨ ਤਾ ਨਾਨਕ ਸਚਿ ਸਮਾਹਿ ॥੧॥ (518-6)
जा तूं तुसहि मिहरवान ता नानक सचि समाहि ॥१॥

ਮਃ ੫ ॥ (518-6)
मः ५ ॥

ਕਿਤੀ ਬੈਹਨ੍ਹ੍ਹਿ ਬੈਹਣੇ ਮੁਚੁ ਵਜਾਇਨਿ ਵਜ ॥ (518-7)
किती बैहन्हि बैहणे मुचु वजाइनि वज ॥

ਨਾਨਕ ਸਚੇ ਨਾਮ ਵਿਣੁ ਕਿਸੈ ਨ ਰਹੀਆ ਲਜ ॥੨॥ (518-7)
नानक सचे नाम विणु किसै न रहीआ लज ॥२॥

ਪਉੜੀ ॥ (518-7)
पउड़ी ॥

ਤੁਧੁ ਧਿਆਇਨ੍ਹ੍ਹਿ ਬੇਦ ਕਤੇਬਾ ਸਣੁ ਖੜੇ ॥ (518-7)
तुधु धिआइन्हि बेद कतेबा सणु खड़े ॥

ਗਣਤੀ ਗਣੀ ਨ ਜਾਇ ਤੇਰੈ ਦਰਿ ਪੜੇ ॥ (518-8)
गणती गणी न जाइ तेरै दरि पड़े ॥

ਬ੍ਰਹਮੇ ਤੁਧੁ ਧਿਆਇਨ੍ਹ੍ਹਿ ਇੰਦ੍ਰ ਇੰਦ੍ਰਾਸਣਾ ॥ (518-8)
ब्रहमे तुधु धिआइन्हि इंद्र इंद्रासणा ॥

ਸੰਕਰ ਬਿਸਨ ਅਵਤਾਰ ਹਰਿ ਜਸੁ ਮੁਖਿ ਭਣਾ ॥ (518-9)
संकर बिसन अवतार हरि जसु मुखि भणा ॥

ਪੀਰ ਪਿਕਾਬਰ ਸੇਖ ਮਸਾਇਕ ਅਉਲੀਏ ॥ (518-9)
पीर पिकाबर सेख मसाइक अउलीए ॥

ਓਤਿ ਪੋਤਿ ਨਿਰੰਕਾਰ ਘਟਿ ਘਟਿ ਮਉਲੀਏ ॥ (518-9)
ओति पोति निरंकार घटि घटि मउलीए ॥

ਕੂੜ੍ਹੁ ਕਰੇ ਵਿਣਾਸੁ ਧਰਮੇ ਤਗੀਐ ॥ (518-10)
कूड़्हु करे विणासु धरमे तगीऐ ॥

ਜਿਤੁ ਜਿਤੁ ਲਾਇਹਿ ਆਪਿ ਤਿਤੁ ਤਿਤੁ ਲਗੀਐ ॥੨॥ (518-10)
जितु जितु लाइहि आपि तितु तितु लगीऐ ॥२॥

ਸਲੋਕੁ ਮਃ ੫ ॥ (518-11)
सलोकु मः ५ ॥

ਚੰਗਿਆਈ ਆਲਕੁ ਕਰੇ ਬੁਰਿਆਈ ਹੋਇ ਸੇਰੁ ॥ (518-11)
चंगिआई� आलकु करे बुरिआई� होइ सेरु ॥

ਨਾਨਕ ਅਜੁ ਕਲਿ ਆਵਸੀ ਗਾਫਲ ਫਾਹੀ ਪੇਰੁ ॥੧॥ (518-11)
नानक अजु कलि आवसी गाफल फाही पेरु ॥१॥

ਮਃ ੫ ॥ (518-12)
मः ५ ॥

ਕਿਤੀਆ ਕੁਢੰਗ ਗੁਝਾ ਥੀਐ ਨ ਹਿਤੁ ॥ (518-12)
कितीआ कुढंग गुझा थीऐ न हितु ॥

ਨਾਨਕ ਤੈ ਸਹਿ ਢਕਿਆ ਮਨ ਮਹਿ ਸਚਾ ਮਿਤੁ ॥੨॥ (518-12)
नानक तै सहि ढकिआ मन महि सचा मितु ॥२॥

ਪਉੜੀ ॥ (518-13)
पउड़ी ॥

ਹਉ ਮਾਗਉ ਤੁਝੈ ਦਇਆਲ ਕਰਿ ਦਾਸਾ ਗੋਲਿਆ ॥ (518-13)
हउ मागउ तुझै दइआल करि दासा गोलिआ ॥

ਨਉ ਨਿਧਿ ਪਾਈ ਰਾਜੁ ਜੀਵਾ ਬੋਲਿਆ ॥ (518-13)
नउ निधि पाई राजु जीवा बोलिआ ॥

ਅੰਮ੍ਰਿਤ ਨਾਮੁ ਨਿਧਾਨੁ ਦਾਸਾ ਘਰਿ ਘਣਾ ॥ (518-14)
अमृत नामु निधानु दासा घरि घणा ॥

ਤਿਨ ਕੈ ਸੰਗਿ ਨਿਹਾਲੁ ਸ੍ਰਵਣੀ ਜਸੁ ਸੁਣਾ ॥ (518-14)
तिन कै संगि निहालु स्रवणी जसु सुणा ॥

ਕਮਾਵਾ ਤਿਨ ਕੀ ਕਾਰ ਸਰੀਰੁ ਪਵਿਤੁ ਹੋਇ ॥ (518-14)
कमावा तिन की कार सरीरु पवितु होइ ॥

ਪਖਾ ਪਾਣੀ ਪੀਸਿ ਬਿਗਸਾ ਪੈਰ ਧੋਇ ॥ (518-15)
पखा पाणी पीसि बिगसा पैर धोइ ॥

ਆਪਹੁ ਕਛੂ ਨ ਹੋਇ ਪ੍ਰਭ ਨਦਰਿ ਨਿਹਾਲੀਐ ॥ (518-15)
आपहु कछू न होइ प्रभ नदरि निहालीऐ ॥

ਮੋਹਿ ਨਿਰਗੁਣ ਦਿਚੈ ਥਾਉ ਸੰਤ ਧਰਮ ਸਾਲੀਐ ॥੩॥ (518-16)
मोहि निरगुण दिचै थाउ संत धरम सालीऐ ॥३॥

ਸਲੋਕ ਮਃ ੫ ॥ (518-16)
सलोक मः ५ ॥

ਸਾਜਨ ਤੇਰੇ ਚਰਨ ਕੀ ਹੋਇ ਰਹਾ ਸਦ ਧੂਰਿ ॥ (518-16)
साजन तेरे चरन की होइ रहा सद धूरि ॥

ਨਾਨਕ ਸਰਣਿ ਤੁਹਾਰੀਆ ਪੇਖਉ ਸਦਾ ਹਜੂਰਿ ॥੧॥ (518-17)
नानक सरणि तुहारीआ पेखउ सदा हजूरि ॥१॥

ਮਃ ੫ ॥ (518-17)
मः ५ ॥

ਪਤਿਤ ਪੁਨੀਤ ਅਸੰਖ ਹੋਹਿ ਹਰਿ ਚਰਣੀ ਮਨੁ ਲਾਗ ॥ (518-17)
पतित पुनीत असंख होहि हरि चरणी मनु लाग ॥

ਅਠਸਠਿ ਤੀਰਥ ਨਾਮੁ ਪ੍ਰਭ ਜਿਸੁ ਨਾਨਕ ਮਸਤਕਿ ਭਾਗ ॥੨॥ (518-18)
अठसठि तीरथ नामु प्रभ जिसु नानक मसतकि भाग ॥२॥

ਪਉੜੀ ॥ (518-18)
पउड़ी ॥

ਨਿਤ ਜਪੀਐ ਸਾਸਿ ਗਿਰਾਸਿ ਨਾਉ ਪਰਵਦਿਗਾਰ ਦਾ ॥ (518-18)
नित जपीऐ सासि गिरासि नाउ परवदिगार दा ॥

ਜਿਸ ਨੋ ਕਰੇ ਰਹੰਮ ਤਿਸੁ ਨ ਵਿਸਾਰਦਾ ॥ (518-19)
जिस नो करे रहंम तिसु न विसारदा ॥

ਆਪਿ ਉਪਾਵਣਹਾਰ ਆਪੇ ਹੀ ਮਾਰਦਾ ॥ (518-19)
आपि उपावणहार आपे ही मारदा ॥

ਸਭੁ ਕਿਛੁ ਜਾਣੈ ਜਾਣੁ ਬੁਝਿ ਵੀਚਾਰਦਾ ॥ (519-1)
सभु किछु जाणै जाणु बुझि वीचारदा ॥

ਅਨਿਕ ਰੂਪ ਖਿਨ ਮਾਹਿ ਕੁਦਰਤਿ ਧਾਰਦਾ ॥ (519-1)
अनिक रूप खिन माहि कुदरति धारदा ॥

ਜਿਸ ਨੋ ਲਾਇ ਸਚਿ ਤਿਸਹਿ ਉਧਾਰਦਾ ॥ (519-2)
जिस नो लाइ सचि तिसहि उधारदा ॥

ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ ॥ (519-2)
जिस दै होवै वलि सु कदे न हारदा ॥

ਸਦਾ ਅਭਗੁ ਦੀਬਾਣੁ ਹੈ ਹਉ ਤਿਸੁ ਨਮਸਕਾਰਦਾ ॥੪॥ (519-2)
सदा अभगु दीबाणु है हउ तिसु नमसकारदा ॥४॥

ਸਲੋਕ ਮਃ ੫ ॥ (519-3)
सलोक मः ५ ॥

ਕਾਮੁ ਕ੍ਰੋਧੁ ਲੋਭੁ ਛੋਡੀਐ ਦੀਜੈ ਅਗਨਿ ਜਲਾਇ ॥ (519-3)
कामु क्रोधु लोभु छोडीऐ दीजै अगनि जलाइ ॥

ਜੀਵਦਿਆ ਨਿਤ ਜਾਪੀਐ ਨਾਨਕ ਸਾਚਾ ਨਾਉ ॥੧॥ (519-3)
जीवदिआ नित जापीऐ नानक साचा नाउ ॥१॥

ਮਃ ੫ ॥ (519-4)
मः ५ ॥

ਸਿਮਰਤ ਸਿਮਰਤ ਪ੍ਰਭੁ ਆਪਣਾ ਸਭ ਫਲ ਪਾਏ ਆਹਿ ॥ (519-4)
सिमरत सिमरत प्रभु आपणा सभ फल पाए आहि ॥

ਨਾਨਕ ਨਾਮੁ ਅਰਾਧਿਆ ਗੁਰ ਪੂਰੈ ਦੀਆ ਮਿਲਾਇ ॥੨॥ (519-4)
नानक नामु अराधिआ गुर पूरै दीआ मिलाइ ॥२॥

ਪਉੜੀ ॥ (519-5)
पउड़ी ॥

ਸੋ ਮੁਕਤਾ ਸੰਸਾਰਿ ਜਿ ਗੁਰਿ ਉਪਦੇਸਿਆ ॥ (519-5)
सो मुकता संसारि जि गुरि उपदेसिआ ॥

ਤਿਸ ਕੀ ਗਈ ਬਲਾਇ ਮਿਟੇ ਅੰਦੇਸਿਆ ॥ (519-5)
तिस की गई बलाइ मिटे अंदेसिआ ॥

ਤਿਸ ਕਾ ਦਰਸਨੁ ਦੇਖਿ ਜਗਤੁ ਨਿਹਾਲੁ ਹੋਇ ॥ (519-6)
तिस का दरसनु देखि जगतु निहालु होइ ॥

ਜਨ ਕੈ ਸੰਗਿ ਨਿਹਾਲੁ ਪਾਪਾ ਮੈਲੁ ਧੋਇ ॥ (519-6)
जन कै संगि निहालु पापा मैलु धोइ ॥

ਅੰਮ੍ਰਿਤੁ ਸਾਚਾ ਨਾਉ ਓਥੈ ਜਾਪੀਐ ॥ (519-7)
अमृतु साचा नाउ ओथै जापीऐ ॥

ਮਨ ਕਉ ਹੋਇ ਸੰਤੋਖੁ ਭੁਖਾ ਧ੍ਰਾਪੀਐ ॥ (519-7)
मन कउ होइ संतोखु भुखा ध्रापीऐ ॥

ਜਿਸੁ ਘਟਿ ਵਸਿਆ ਨਾਉ ਤਿਸੁ ਬੰਧਨ ਕਾਟੀਐ ॥ (519-7)
जिसु घटि वसिआ नाउ तिसु बंधन काटीऐ ॥

ਗੁਰ ਪਰਸਾਦਿ ਕਿਨੈ ਵਿਰਲੈ ਹਰਿ ਧਨੁ ਖਾਟੀਐ ॥੫॥ (519-8)
गुर परसादि किनै विरलै हरि धनु खाटीऐ ॥५॥

ਸਲੋਕ ਮਃ ੫ ॥ (519-8)
सलोक मः ५ ॥

ਮਨ ਮਹਿ ਚਿਤਵਉ ਚਿਤਵਨੀ ਉਦਮੁ ਕਰਉ ਉਠਿ ਨੀਤ ॥ (519-8)
मन महि चितवउ चितवनी उदमु करउ उठि नीत ॥

ਹਰਿ ਕੀਰਤਨ ਕਾ ਆਹਰੋ ਹਰਿ ਦੇਹੁ ਨਾਨਕ ਕੇ ਮੀਤ ॥੧॥ (519-9)
हरि कीरतन का आहरो हरि देहु नानक के मीत ॥१॥

ਮਃ ੫ ॥ (519-10)
मः ५ ॥

ਦ੍ਰਿਸਟਿ ਧਾਰਿ ਪ੍ਰਭਿ ਰਾਖਿਆ ਮਨੁ ਤਨੁ ਰਤਾ ਮੂਲਿ ॥ (519-10)
द्रिसटि धारि प्रभि राखिआ मनु तनु रता मूलि ॥

ਨਾਨਕ ਜੋ ਪ੍ਰਭ ਭਾਣੀਆ ਮਰਉ ਵਿਚਾਰੀ ਸੂਲਿ ॥੨॥ (519-10)
नानक जो प्रभ भाणीआ मरउ विचारी सूलि ॥२॥

ਪਉੜੀ ॥ (519-11)
पउड़ी ॥

ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ ॥ (519-11)
जीअ की बिरथा होइ सु गुर पहि अरदासि करि ॥

ਛੋਡਿ ਸਿਆਣਪ ਸਗਲ ਮਨੁ ਤਨੁ ਅਰਪਿ ਧਰਿ ॥ (519-11)
छोडि सिआणप सगल मनु तनु अरपि धरि ॥

ਪੂਜਹੁ ਗੁਰ ਕੇ ਪੈਰ ਦੁਰਮਤਿ ਜਾਇ ਜਰਿ ॥ (519-12)
पूजहु गुर के पैर दुरमति जाइ जरि ॥

ਸਾਧ ਜਨਾ ਕੈ ਸੰਗਿ ਭਵਜਲੁ ਬਿਖਮੁ ਤਰਿ ॥ (519-12)
साध जना कै संगि भवजलु बिखमु तरि ॥

ਸੇਵਹੁ ਸਤਿਗੁਰ ਦੇਵ ਅਗੈ ਨ ਮਰਹੁ ਡਰਿ ॥ (519-12)
सेवहु सतिगुर देव अगै न मरहु डरि ॥

ਖਿਨ ਮਹਿ ਕਰੇ ਨਿਹਾਲੁ ਊਣੇ ਸੁਭਰ ਭਰਿ ॥ (519-13)
खिन महि करे निहालु ऊणे सुभर भरि ॥

ਮਨ ਕਉ ਹੋਇ ਸੰਤੋਖੁ ਧਿਆਈਐ ਸਦਾ ਹਰਿ ॥ (519-13)
मन कउ होइ संतोखु धिआईऐ सदा हरि ॥

ਸੋ ਲਗਾ ਸਤਿਗੁਰ ਸੇਵ ਜਾ ਕਉ ਕਰਮੁ ਧੁਰਿ ॥੬॥ (519-14)
सो लगा सतिगुर सेव जा कउ करमु धुरि ॥६॥

ਸਲੋਕ ਮਃ ੫ ॥ (519-14)
सलोक मः ५ ॥

ਲਗੜੀ ਸੁਥਾਨਿ ਜੋੜਣਹਾਰੈ ਜੋੜੀਆ ॥ (519-14)
लगड़ी सुथानि जोड़णहारै जोड़ीआ ॥

ਨਾਨਕ ਲਹਰੀ ਲਖ ਸੈ ਆਨ ਡੁਬਣ ਦੇਇ ਨ ਮਾ ਪਿਰੀ ॥੧॥ (519-15)
नानक लहरी लख सै आन डुबण देइ न मा पिरी ॥१॥

ਮਃ ੫ ॥ (519-15)
मः ५ ॥

ਬਨਿ ਭੀਹਾਵਲੈ ਹਿਕੁ ਸਾਥੀ ਲਧਮੁ ਦੁਖ ਹਰਤਾ ਹਰਿ ਨਾਮਾ ॥ (519-15)
बनि भीहावलै हिकु साथी लधमु दुख हरता हरि नामा ॥

ਬਲਿ ਬਲਿ ਜਾਈ ਸੰਤ ਪਿਆਰੇ ਨਾਨਕ ਪੂਰਨ ਕਾਮਾਂ ॥੨॥ (519-16)
बलि बलि जाई संत पिआरे नानक पूरन कामां ॥२॥

ਪਉੜੀ ॥ (519-17)
पउड़ी ॥

ਪਾਈਅਨਿ ਸਭਿ ਨਿਧਾਨ ਤੇਰੈ ਰੰਗਿ ਰਤਿਆ ॥ (519-17)
पाईअनि सभि निधान तेरै रंगि रतिआ ॥

ਨ ਹੋਵੀ ਪਛੋਤਾਉ ਤੁਧ ਨੋ ਜਪਤਿਆ ॥ (519-17)
न होवी पछोताउ तुध नो जपतिआ ॥

ਪਹੁਚਿ ਨ ਸਕੈ ਕੋਇ ਤੇਰੀ ਟੇਕ ਜਨ ॥ (519-17)
पहुचि न सकै कोइ तेरी टेक जन ॥

ਗੁਰ ਪੂਰੇ ਵਾਹੁ ਵਾਹੁ ਸੁਖ ਲਹਾ ਚਿਤਾਰਿ ਮਨ ॥ (519-18)
गुर पूरे वाहु वाहु सुख लहा चितारि मन ॥

ਗੁਰ ਪਹਿ ਸਿਫਤਿ ਭੰਡਾਰੁ ਕਰਮੀ ਪਾਈਐ ॥ (519-18)
गुर पहि सिफति भंडारु करमी पाईऐ ॥

ਸਤਿਗੁਰ ਨਦਰਿ ਨਿਹਾਲ ਬਹੁੜਿ ਨ ਧਾਈਐ ॥ (519-19)
सतिगुर नदरि निहाल बहुड़ि न धाईऐ ॥

ਰਖੈ ਆਪਿ ਦਇਆਲੁ ਕਰਿ ਦਾਸਾ ਆਪਣੇ ॥ (519-19)
रखै आपि दइआलु करि दासा आपणे ॥

ਹਰਿ ਹਰਿ ਹਰਿ ਹਰਿ ਨਾਮੁ ਜੀਵਾ ਸੁਣਿ ਸੁਣੇ ॥੭॥ (519-19)
हरि हरि हरि हरि नामु जीवा सुणि सुणे ॥७॥

ਸਲੋਕ ਮਃ ੫ ॥ (520-1)
सलोक मः ५ ॥

ਪ੍ਰੇਮ ਪਟੋਲਾ ਤੈ ਸਹਿ ਦਿਤਾ ਢਕਣ ਕੂ ਪਤਿ ਮੇਰੀ ॥ (520-1)
प्रेम पटोला तै सहि दिता ढकण कू पति मेरी ॥

ਦਾਨਾ ਬੀਨਾ ਸਾਈ ਮੈਡਾ ਨਾਨਕ ਸਾਰ ਨ ਜਾਣਾ ਤੇਰੀ ॥੧॥ (520-2)
दाना बीना साई मैडा नानक सार न जाणा तेरी ॥१॥

ਮਃ ੫ ॥ (520-2)
मः ५ ॥

ਤੈਡੈ ਸਿਮਰਣਿ ਹਭੁ ਕਿਛੁ ਲਧਮੁ ਬਿਖਮੁ ਨ ਡਿਠਮੁ ਕੋਈ ॥ (520-2)
तैडै सिमरणि हभु किछु लधमु बिखमु न डिठमु कोई ॥

ਜਿਸੁ ਪਤਿ ਰਖੈ ਸਚਾ ਸਾਹਿਬੁ ਨਾਨਕ ਮੇਟਿ ਨ ਸਕੈ ਕੋਈ ॥੨॥ (520-3)
जिसु पति रखै सचा साहिबु नानक मेटि न सकै कोई ॥२॥

ਪਉੜੀ ॥ (520-3)
पउड़ी ॥

ਹੋਵੈ ਸੁਖੁ ਘਣਾ ਦਯਿ ਧਿਆਇਐ ॥ (520-3)
होवै सुखु घणा दयि धिआइऐ ॥

ਵੰਞੈ ਰੋਗਾ ਘਾਣਿ ਹਰਿ ਗੁਣ ਗਾਇਐ ॥ (520-4)
वंञै रोगा घाणि हरि गुण गाइऐ ॥

ਅੰਦਰਿ ਵਰਤੈ ਠਾਢਿ ਪ੍ਰਭਿ ਚਿਤਿ ਆਇਐ ॥ (520-4)
अंदरि वरतै ठाढि प्रभि चिति आइऐ ॥

ਪੂਰਨ ਹੋਵੈ ਆਸ ਨਾਇ ਮੰਨਿ ਵਸਾਇਐ ॥ (520-4)
पूरन होवै आस नाइ मंनि वसाइऐ ॥

ਕੋਇ ਨ ਲਗੈ ਬਿਘਨੁ ਆਪੁ ਗਵਾਇਐ ॥ (520-5)
कोइ न लगै बिघनु आपु गवाइऐ ॥

ਗਿਆਨ ਪਦਾਰਥੁ ਮਤਿ ਗੁਰ ਤੇ ਪਾਇਐ ॥ (520-5)
गिआन पदारथु मति गुर ते पाइऐ ॥

ਤਿਨਿ ਪਾਏ ਸਭੇ ਥੋਕ ਜਿਸੁ ਆਪਿ ਦਿਵਾਇਐ ॥ (520-6)
तिनि पाए सभे थोक जिसु आपि दिवाइऐ ॥

ਤੂੰ ਸਭਨਾ ਕਾ ਖਸਮੁ ਸਭ ਤੇਰੀ ਛਾਇਐ ॥੮॥ (520-6)
तूं सभना का खसमु सभ तेरी छाइऐ ॥८॥

ਸਲੋਕ ਮਃ ੫ ॥ (520-7)
सलोक मः ५ ॥

ਨਦੀ ਤਰੰਦੜੀ ਮੈਡਾ ਖੋਜੁ ਨ ਖੁੰਭੈ ਮੰਝਿ ਮੁਹਬਤਿ ਤੇਰੀ ॥ (520-7)
नदी तरंदड़ी मैडा खोजु न खुमभै मंझि मुहबति तेरी ॥

ਤਉ ਸਹ ਚਰਣੀ ਮੈਡਾ ਹੀਅੜਾ ਸੀਤਮੁ ਹਰਿ ਨਾਨਕ ਤੁਲਹਾ ਬੇੜੀ ॥੧॥ (520-7)
तउ सह चरणी मैडा हीअड़ा सीतमु हरि नानक तुलहा बेड़ी ॥१॥

ਮਃ ੫ ॥ (520-8)
मः ५ ॥

ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ ॥ (520-8)
जिन्हा दिसंददड़िआ दुरमति वंञै मित्र असाडड़े सेई ॥

ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ ॥੨॥ (520-8)
हउ ढूढेदी जगु सबाइआ जन नानक विरले केई ॥२॥

ਪਉੜੀ ॥ (520-9)
पउड़ी ॥

ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥ (520-9)
आवै साहिबु चिति तेरिआ भगता डिठिआ ॥

ਮਨ ਕੀ ਕਟੀਐ ਮੈਲੁ ਸਾਧਸੰਗਿ ਵੁਠਿਆ ॥ (520-10)
मन की कटीऐ मैलु साधसंगि वुठिआ ॥

ਜਨਮ ਮਰਣ ਭਉ ਕਟੀਐ ਜਨ ਕਾ ਸਬਦੁ ਜਪਿ ॥ (520-10)
जनम मरण भउ कटीऐ जन का सबदु जपि ॥

ਬੰਧਨ ਖੋਲਨਿ੍ਹ ਸੰਤ ਦੂਤ ਸਭਿ ਜਾਹਿ ਛਪਿ ॥ (520-10)
बंधन खोलन्हि संत दूत सभि जाहि छपि ॥

ਤਿਸੁ ਸਿਉ ਲਾਇਨਿ੍ਹ ਰੰਗੁ ਜਿਸ ਦੀ ਸਭ ਧਾਰੀਆ ॥ (520-11)
तिसु सिउ लाइन्हि रंगु जिस दी सभ धारीआ ॥

ਊਚੀ ਹੂੰ ਊਚਾ ਥਾਨੁ ਅਗਮ ਅਪਾਰੀਆ ॥ (520-11)
ऊची हूं ऊचा थानु अगम अपारीआ ॥

ਰੈਣਿ ਦਿਨਸੁ ਕਰ ਜੋੜਿ ਸਾਸਿ ਸਾਸਿ ਧਿਆਈਐ ॥ (520-12)
रैणि दिनसु कर जोड़ि सासि सासि धिआईऐ ॥

ਜਾ ਆਪੇ ਹੋਇ ਦਇਆਲੁ ਤਾਂ ਭਗਤ ਸੰਗੁ ਪਾਈਐ ॥੯॥ (520-12)
जा आपे होइ दइआलु तां भगत संगु पाईऐ ॥९॥

ਸਲੋਕ ਮਃ ੫ ॥ (520-13)
सलोक मः ५ ॥

ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ ॥ (520-13)
बारि विडानड़ै हुंमस धुंमस कूका पईआ राही ॥

ਤਉ ਸਹ ਸੇਤੀ ਲਗੜੀ ਡੋਰੀ ਨਾਨਕ ਅਨਦ ਸੇਤੀ ਬਨੁ ਗਾਹੀ ॥੧॥ (520-13)
तउ सह सेती लगड़ी डोरी नानक अनद सेती बनु गाही ॥१॥

ਮਃ ੫ ॥ (520-14)
मः ५ ॥

ਸਚੀ ਬੈਸਕ ਤਿਨ੍ਹ੍ਹਾ ਸੰਗਿ ਜਿਨ ਸੰਗਿ ਜਪੀਐ ਨਾਉ ॥ (520-14)
सची बैसक तिन्हा संगि जिन संगि जपीऐ नाउ ॥

ਤਿਨ੍ਹ੍ਹ ਸੰਗਿ ਸੰਗੁ ਨ ਕੀਚਈ ਨਾਨਕ ਜਿਨਾ ਆਪਣਾ ਸੁਆਉ ॥੨॥ (520-14)
तिन्ह संगि संगु न कीचई नानक जिना आपणा सुआउ ॥२॥

ਪਉੜੀ ॥ (520-15)
पउड़ी ॥

ਸਾ ਵੇਲਾ ਪਰਵਾਣੁ ਜਿਤੁ ਸਤਿਗੁਰੁ ਭੇਟਿਆ ॥ (520-15)
सा वेला परवाणु जितु सतिगुरु भेटिआ ॥

ਹੋਆ ਸਾਧੂ ਸੰਗੁ ਫਿਰਿ ਦੂਖ ਨ ਤੇਟਿਆ ॥ (520-16)
होआ साधू संगु फिरि दूख न तेटिआ ॥

ਪਾਇਆ ਨਿਹਚਲੁ ਥਾਨੁ ਫਿਰਿ ਗਰਭਿ ਨ ਲੇਟਿਆ ॥ (520-16)
पाइआ निहचलु थानु फिरि गरभि न लेटिआ ॥

ਨਦਰੀ ਆਇਆ ਇਕੁ ਸਗਲ ਬ੍ਰਹਮੇਟਿਆ ॥ (520-17)
नदरी आइआ इकु सगल ब्रहमेटिआ ॥

ਤਤੁ ਗਿਆਨੁ ਲਾਇ ਧਿਆਨੁ ਦ੍ਰਿਸਟਿ ਸਮੇਟਿਆ ॥ (520-17)
ततु गिआनु लाइ धिआनु द्रिसटि समेटिआ ॥

ਸਭੋ ਜਪੀਐ ਜਾਪੁ ਜਿ ਮੁਖਹੁ ਬੋਲੇਟਿਆ ॥ (520-17)
सभो जपीऐ जापु जि मुखहु बोलेटिआ ॥

ਹੁਕਮੇ ਬੁਝਿ ਨਿਹਾਲੁ ਸੁਖਿ ਸੁਖੇਟਿਆ ॥ (520-18)
हुकमे बुझि निहालु सुखि सुखेटिआ ॥

ਪਰਖਿ ਖਜਾਨੈ ਪਾਏ ਸੇ ਬਹੁੜਿ ਨ ਖੋਟਿਆ ॥੧੦॥ (520-18)
परखि खजानै पाए से बहुड़ि न खोटिआ ॥१०॥

ਸਲੋਕੁ ਮਃ ੫ ॥ (520-19)
सलोकु मः ५ ॥

ਵਿਛੋਹੇ ਜੰਬੂਰ ਖਵੇ ਨ ਵੰਞਨਿ ਗਾਖੜੇ ॥ (520-19)
विछोहे ज्मबूर खवे न वंञनि गाखड़े ॥

ਜੇ ਸੋ ਧਣੀ ਮਿਲੰਨਿ ਨਾਨਕ ਸੁਖ ਸੰਬੂਹ ਸਚੁ ॥੧॥ (520-19)
जे सो धणी मिलंनि नानक सुख स्मबूह सचु ॥१॥

ਮਃ ੫ ॥ (521-1)
मः ५ ॥

ਜਿਮੀ ਵਸੰਦੀ ਪਾਣੀਐ ਈਧਣੁ ਰਖੈ ਭਾਹਿ ॥ (521-1)
जिमी वसंदी पाणीऐ ईधणु रखै भाहि ॥

ਨਾਨਕ ਸੋ ਸਹੁ ਆਹਿ ਜਾ ਕੈ ਆਢਲਿ ਹਭੁ ਕੋ ॥੨॥ (521-1)
नानक सो सहु आहि जा कै आढलि हभु को ॥२॥

ਪਉੜੀ ॥ (521-2)
पउड़ी ॥

ਤੇਰੇ ਕੀਤੇ ਕੰਮ ਤੁਧੈ ਹੀ ਗੋਚਰੇ ॥ (521-2)
तेरे कीते कंम तुधै ही गोचरे ॥

ਸੋਈ ਵਰਤੈ ਜਗਿ ਜਿ ਕੀਆ ਤੁਧੁ ਧੁਰੇ ॥ (521-2)
सोई वरतै जगि जि कीआ तुधु धुरे ॥

ਬਿਸਮੁ ਭਏ ਬਿਸਮਾਦ ਦੇਖਿ ਕੁਦਰਤਿ ਤੇਰੀਆ ॥ (521-2)
बिसमु भए बिसमाद देखि कुदरति तेरीआ ॥

ਸਰਣਿ ਪਰੇ ਤੇਰੀ ਦਾਸ ਕਰਿ ਗਤਿ ਹੋਇ ਮੇਰੀਆ ॥ (521-3)
सरणि परे तेरी दास करि गति होइ मेरीआ ॥

ਤੇਰੈ ਹਥਿ ਨਿਧਾਨੁ ਭਾਵੈ ਤਿਸੁ ਦੇਹਿ ॥ (521-3)
तेरै हथि निधानु भावै तिसु देहि ॥

ਜਿਸ ਨੋ ਹੋਇ ਦਇਆਲੁ ਹਰਿ ਨਾਮੁ ਸੇਇ ਲੇਹਿ ॥ (521-4)
जिस नो होइ दइआलु हरि नामु सेइ लेहि ॥

ਅਗਮ ਅਗੋਚਰ ਬੇਅੰਤ ਅੰਤੁ ਨ ਪਾਈਐ ॥ (521-4)
अगम अगोचर बेअंत अंतु न पाईऐ ॥

ਜਿਸ ਨੋ ਹੋਹਿ ਕ੍ਰਿਪਾਲੁ ਸੁ ਨਾਮੁ ਧਿਆਈਐ ॥੧੧॥ (521-4)
जिस नो होहि क्रिपालु सु नामु धिआईऐ ॥११॥

ਸਲੋਕ ਮਃ ੫ ॥ (521-5)
सलोक मः ५ ॥

ਕੜਛੀਆ ਫਿਰੰਨ੍ਹ੍ਹਿ ਸੁਆਉ ਨ ਜਾਣਨ੍ਹ੍ਹਿ ਸੁਞੀਆ ॥ (521-5)
कड़छीआ फिरंन्हि सुआउ न जाणन्हि सुञीआ ॥

ਸੇਈ ਮੁਖ ਦਿਸੰਨ੍ਹ੍ਹਿ ਨਾਨਕ ਰਤੇ ਪ੍ਰੇਮ ਰਸਿ ॥੧॥ (521-5)
सेई मुख दिसंन्हि नानक रते प्रेम रसि ॥१॥

ਮਃ ੫ ॥ (521-6)
मः ५ ॥

ਖੋਜੀ ਲਧਮੁ ਖੋਜੁ ਛਡੀਆ ਉਜਾੜਿ ॥ (521-6)
खोजी लधमु खोजु छडीआ उजाड़ि ॥

ਤੈ ਸਹਿ ਦਿਤੀ ਵਾੜਿ ਨਾਨਕ ਖੇਤੁ ਨ ਛਿਜਈ ॥੨॥ (521-6)
तै सहि दिती वाड़ि नानक खेतु न छिजई ॥२॥

ਪਉੜੀ ॥ (521-7)
पउड़ी ॥

ਆਰਾਧਿਹੁ ਸਚਾ ਸੋਇ ਸਭੁ ਕਿਛੁ ਜਿਸੁ ਪਾਸਿ ॥ (521-7)
आराधिहु सचा सोइ सभु किछु जिसु पासि ॥

ਦੁਹਾ ਸਿਰਿਆ ਖਸਮੁ ਆਪਿ ਖਿਨ ਮਹਿ ਕਰੇ ਰਾਸਿ ॥ (521-7)
दुहा सिरिआ खसमु आपि खिन महि करे रासि ॥

ਤਿਆਗਹੁ ਸਗਲ ਉਪਾਵ ਤਿਸ ਕੀ ਓਟ ਗਹੁ ॥ (521-8)
तिआगहु सगल उपाव तिस की ओट गहु ॥

ਪਉ ਸਰਣਾਈ ਭਜਿ ਸੁਖੀ ਹੂੰ ਸੁਖ ਲਹੁ ॥ (521-8)
पउ सरणाई भजि सुखी हूं सुख लहु ॥

ਕਰਮ ਧਰਮ ਤਤੁ ਗਿਆਨੁ ਸੰਤਾ ਸੰਗੁ ਹੋਇ ॥ (521-9)
करम धरम ततु गिआनु संता संगु होइ ॥

ਜਪੀਐ ਅੰਮ੍ਰਿਤ ਨਾਮੁ ਬਿਘਨੁ ਨ ਲਗੈ ਕੋਇ ॥ (521-9)
जपीऐ अमृत नामु बिघनु न लगै कोइ ॥

ਜਿਸ ਨੋ ਆਪਿ ਦਇਆਲੁ ਤਿਸੁ ਮਨਿ ਵੁਠਿਆ ॥ (521-9)
जिस नो आपि दइआलु तिसु मनि वुठिआ ॥

ਪਾਈਅਨ੍ਹ੍ਹਿ ਸਭਿ ਨਿਧਾਨ ਸਾਹਿਬਿ ਤੁਠਿਆ ॥੧੨॥ (521-10)
पाईअन्हि सभि निधान साहिबि तुठिआ ॥१२॥

ਸਲੋਕ ਮਃ ੫ ॥ (521-10)
सलोक मः ५ ॥

ਲਧਮੁ ਲਭਣਹਾਰੁ ਕਰਮੁ ਕਰੰਦੋ ਮਾ ਪਿਰੀ ॥ (521-11)
लधमु लभणहारु करमु करंदो मा पिरी ॥

ਇਕੋ ਸਿਰਜਣਹਾਰੁ ਨਾਨਕ ਬਿਆ ਨ ਪਸੀਐ ॥੧॥ (521-11)
इको सिरजणहारु नानक बिआ न पसीऐ ॥१॥

ਮः ੫ ॥ (521-11)
म: ५ ॥

ਪਾਪੜਿਆ ਪਛਾੜਿ ਬਾਣੁ ਸਚਾਵਾ ਸੰਨ੍ਹ੍ਹਿ ਕੈ ॥ (521-12)
पापड़िआ पछाड़ि बाणु सचावा संन्हि कै ॥

ਗੁਰ ਮੰਤ੍ਰੜਾ ਚਿਤਾਰਿ ਨਾਨਕ ਦੁਖੁ ਨ ਥੀਵਈ ॥੨॥ (521-12)
गुर मंत्रड़ा चितारि नानक दुखु न थीवई ॥२॥

ਪਉੜੀ ॥ (521-12)
पउड़ी ॥

ਵਾਹੁ ਵਾਹੁ ਸਿਰਜਣਹਾਰ ਪਾਈਅਨੁ ਠਾਢਿ ਆਪਿ ॥ (521-13)
वाहु वाहु सिरजणहार पाईअनु ठाढि आपि ॥

ਜੀਅ ਜੰਤ ਮਿਹਰਵਾਨੁ ਤਿਸ ਨੋ ਸਦਾ ਜਾਪਿ ॥ (521-13)
जीअ जंत मिहरवानु तिस नो सदा जापि ॥

ਦਇਆ ਧਾਰੀ ਸਮਰਥਿ ਚੁਕੇ ਬਿਲ ਬਿਲਾਪ ॥ (521-13)
दइआ धारी समरथि चुके बिल बिलाप ॥

ਨਠੇ ਤਾਪ ਦੁਖ ਰੋਗ ਪੂਰੇ ਗੁਰ ਪ੍ਰਤਾਪਿ ॥ (521-14)
नठे ताप दुख रोग पूरे गुर प्रतापि ॥

ਕੀਤੀਅਨੁ ਆਪਣੀ ਰਖ ਗਰੀਬ ਨਿਵਾਜਿ ਥਾਪਿ ॥ (521-14)
कीतीअनु आपणी रख गरीब निवाजि थापि ॥

ਆਪੇ ਲਇਅਨੁ ਛਡਾਇ ਬੰਧਨ ਸਗਲ ਕਾਪਿ ॥ (521-15)
आपे लइअनु छडाइ बंधन सगल कापि ॥

ਤਿਸਨ ਬੁਝੀ ਆਸ ਪੁੰਨੀ ਮਨ ਸੰਤੋਖਿ ਧ੍ਰਾਪਿ ॥ (521-15)
तिसन बुझी आस पुंनी मन संतोखि ध्रापि ॥

ਵਡੀ ਹੂੰ ਵਡਾ ਅਪਾਰ ਖਸਮੁ ਜਿਸੁ ਲੇਪੁ ਨ ਪੁੰਨਿ ਪਾਪਿ ॥੧੩॥ (521-16)
वडी हूं वडा अपार खसमु जिसु लेपु न पुंनि पापि ॥१३॥

ਸਲੋਕ ਮਃ ੫ ॥ (521-16)
सलोक मः ५ ॥

ਜਾ ਕਉ ਭਏ ਕ੍ਰਿਪਾਲ ਪ੍ਰਭ ਹਰਿ ਹਰਿ ਸੇਈ ਜਪਾਤ ॥ (521-16)
जा कउ भए क्रिपाल प्रभ हरि हरि सेई जपात ॥

ਨਾਨਕ ਪ੍ਰੀਤਿ ਲਗੀ ਤਿਨ ਰਾਮ ਸਿਉ ਭੇਟਤ ਸਾਧ ਸੰਗਾਤ ॥੧॥ (521-17)
नानक प्रीति लगी तिन राम सिउ भेटत साध संगात ॥१॥

ਮਃ ੫ ॥ (521-17)
मः ५ ॥

ਰਾਮੁ ਰਮਹੁ ਬਡਭਾਗੀਹੋ ਜਲਿ ਥਲਿ ਮਹੀਅਲਿ ਸੋਇ ॥ (521-17)
रामु रमहु बडभागीहो जलि थलि महीअलि सोइ ॥

ਨਾਨਕ ਨਾਮਿ ਅਰਾਧਿਐ ਬਿਘਨੁ ਨ ਲਾਗੈ ਕੋਇ ॥੨॥ (521-18)
नानक नामि अराधिऐ बिघनु न लागै कोइ ॥२॥

ਪਉੜੀ ॥ (521-19)
पउड़ी ॥

ਭਗਤਾ ਕਾ ਬੋਲਿਆ ਪਰਵਾਣੁ ਹੈ ਦਰਗਹ ਪਵੈ ਥਾਇ ॥ (521-19)
भगता का बोलिआ परवाणु है दरगह पवै थाइ ॥

ਭਗਤਾ ਤੇਰੀ ਟੇਕ ਰਤੇ ਸਚਿ ਨਾਇ ॥ (521-19)
भगता तेरी टेक रते सचि नाइ ॥

ਜਿਸ ਨੋ ਹੋਇ ਕ੍ਰਿਪਾਲੁ ਤਿਸ ਕਾ ਦੂਖੁ ਜਾਇ ॥ (521-19)
जिस नो होइ क्रिपालु तिस का दूखु जाइ ॥

ਭਗਤ ਤੇਰੇ ਦਇਆਲ ਓਨ੍ਹਾ ਮਿਹਰ ਪਾਇ ॥ (522-1)
भगत तेरे दइआल ओन्हा मिहर पाइ ॥

ਦੂਖੁ ਦਰਦੁ ਵਡ ਰੋਗੁ ਨ ਪੋਹੇ ਤਿਸੁ ਮਾਇ ॥ (522-1)
दूखु दरदु वड रोगु न पोहे तिसु माइ ॥

ਭਗਤਾ ਏਹੁ ਅਧਾਰੁ ਗੁਣ ਗੋਵਿੰਦ ਗਾਇ ॥ (522-2)
भगता एहु अधारु गुण गोविंद गाइ ॥

ਸਦਾ ਸਦਾ ਦਿਨੁ ਰੈਣਿ ਇਕੋ ਇਕੁ ਧਿਆਇ ॥ (522-2)
सदा सदा दिनु रैणि इको इकु धिआइ ॥

ਪੀਵਤਿ ਅੰਮ੍ਰਿਤ ਨਾਮੁ ਜਨ ਨਾਮੇ ਰਹੇ ਅਘਾਇ ॥੧੪॥ (522-2)
पीवति अमृत नामु जन नामे रहे अघाइ ॥१४॥

ਸਲੋਕ ਮਃ ੫ ॥ (522-3)
सलोक मः ५ ॥

ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ ॥ (522-3)
कोटि बिघन तिसु लागते जिस नो विसरै नाउ ॥

ਨਾਨਕ ਅਨਦਿਨੁ ਬਿਲਪਤੇ ਜਿਉ ਸੁੰਞੈ ਘਰਿ ਕਾਉ ॥੧॥ (522-4)
नानक अनदिनु बिलपते जिउ सुंञै घरि काउ ॥१॥

ਮਃ ੫ ॥ (522-4)
मः ५ ॥

ਪਿਰੀ ਮਿਲਾਵਾ ਜਾ ਥੀਐ ਸਾਈ ਸੁਹਾਵੀ ਰੁਤਿ ॥ (522-4)
पिरी मिलावा जा थीऐ साई सुहावी रुति ॥

ਘੜੀ ਮੁਹਤੁ ਨਹ ਵੀਸਰੈ ਨਾਨਕ ਰਵੀਐ ਨਿਤ ॥੨॥ (522-5)
घड़ी मुहतु नह वीसरै नानक रवीऐ नित ॥२॥

ਪਉੜੀ ॥ (522-5)
पउड़ी ॥

ਸੂਰਬੀਰ ਵਰੀਆਮ ਕਿਨੈ ਨ ਹੋੜੀਐ ॥ (522-5)
सूरबीर वरीआम किनै न होड़ीऐ ॥

ਫਉਜ ਸਤਾਣੀ ਹਾਠ ਪੰਚਾ ਜੋੜੀਐ ॥ (522-6)
फउज सताणी हाठ पंचा जोड़ीऐ ॥

ਦਸ ਨਾਰੀ ਅਉਧੂਤ ਦੇਨਿ ਚਮੋੜੀਐ ॥ (522-6)
दस नारी अउधूत देनि चमोड़ीऐ ॥

ਜਿਣਿ ਜਿਣਿ ਲੈਨ੍ਹ੍ਹਿ ਰਲਾਇ ਏਹੋ ਏਨਾ ਲੋੜੀਐ ॥ (522-6)
जिणि जिणि लैन्हि रलाइ एहो एना लोड़ीऐ ॥

ਤ੍ਰੈ ਗੁਣ ਇਨ ਕੈ ਵਸਿ ਕਿਨੈ ਨ ਮੋੜੀਐ ॥ (522-7)
त्रै गुण इन कै वसि किनै न मोड़ीऐ ॥

ਭਰਮੁ ਕੋਟੁ ਮਾਇਆ ਖਾਈ ਕਹੁ ਕਿਤੁ ਬਿਧਿ ਤੋੜੀਐ ॥ (522-7)
भरमु कोटु माइआ खाई कहु कितु बिधि तोड़ीऐ ॥

ਗੁਰੁ ਪੂਰਾ ਆਰਾਧਿ ਬਿਖਮ ਦਲੁ ਫੋੜੀਐ ॥ (522-8)
गुरु पूरा आराधि बिखम दलु फोड़ीऐ ॥

ਹਉ ਤਿਸੁ ਅਗੈ ਦਿਨੁ ਰਾਤਿ ਰਹਾ ਕਰ ਜੋੜੀਐ ॥੧੫॥ (522-8)
हउ तिसु अगै दिनु राति रहा कर जोड़ीऐ ॥१५॥

ਸਲੋਕ ਮਃ ੫ ॥ (522-9)
सलोक मः ५ ॥

ਕਿਲਵਿਖ ਸਭੇ ਉਤਰਨਿ ਨੀਤ ਨੀਤ ਗੁਣ ਗਾਉ ॥ (522-9)
किलविख सभे उतरनि नीत नीत गुण गाउ ॥

ਕੋਟਿ ਕਲੇਸਾ ਊਪਜਹਿ ਨਾਨਕ ਬਿਸਰੈ ਨਾਉ ॥੧॥ (522-9)
कोटि कलेसा ऊपजहि नानक बिसरै नाउ ॥१॥

ਮਃ ੫ ॥ (522-10)
मः ५ ॥

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥ (522-10)
नानक सतिगुरि भेटिऐ पूरी होवै जुगति ॥

ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥੨॥ (522-10)
हसंदिआ खेलंदिआ पैनंदिआ खावंदिआ विचे होवै मुकति ॥२॥

ਪਉੜੀ ॥ (522-11)
पउड़ी ॥

ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ ॥ (522-11)
सो सतिगुरु धनु धंनु जिनि भरम गड़ु तोड़िआ ॥

ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ ॥ (522-11)
सो सतिगुरु वाहु वाहु जिनि हरि सिउ जोड़िआ ॥

ਨਾਮੁ ਨਿਧਾਨੁ ਅਖੁਟੁ ਗੁਰੁ ਦੇਇ ਦਾਰੂਓ ॥ (522-12)
नामु निधानु अखुटु गुरु देइ दारूओ ॥

ਮਹਾ ਰੋਗੁ ਬਿਕਰਾਲ ਤਿਨੈ ਬਿਦਾਰੂਓ ॥ (522-12)
महा रोगु बिकराल तिनै बिदारूओ ॥

ਪਾਇਆ ਨਾਮੁ ਨਿਧਾਨੁ ਬਹੁਤੁ ਖਜਾਨਿਆ ॥ (522-13)
पाइआ नामु निधानु बहुतु खजानिआ ॥

ਜਿਤਾ ਜਨਮੁ ਅਪਾਰੁ ਆਪੁ ਪਛਾਨਿਆ ॥ (522-13)
जिता जनमु अपारु आपु पछानिआ ॥

ਮਹਿਮਾ ਕਹੀ ਨ ਜਾਇ ਗੁਰ ਸਮਰਥ ਦੇਵ ॥ (522-13)
महिमा कही न जाइ गुर समरथ देव ॥

ਗੁਰ ਪਾਰਬ੍ਰਹਮ ਪਰਮੇਸੁਰ ਅਪਰੰਪਰ ਅਲਖ ਅਭੇਵ ॥੧੬॥ (522-14)
गुर पारब्रहम परमेसुर अपर्मपर अलख अभेव ॥१६॥

ਸਲੋਕੁ ਮਃ ੫ ॥ (522-14)
सलोकु मः ५ ॥

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥ (522-15)
उदमु करेदिआ जीउ तूं कमावदिआ सुख भुंचु ॥

ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥੧॥ (522-15)
धिआइदिआ तूं प्रभू मिलु नानक उतरी चिंत ॥१॥

ਮਃ ੫ ॥ (522-16)
मः ५ ॥

ਸੁਭ ਚਿੰਤਨ ਗੋਬਿੰਦ ਰਮਣ ਨਿਰਮਲ ਸਾਧੂ ਸੰਗ ॥ (522-16)
सुभ चिंतन गोबिंद रमण निरमल साधू संग ॥

ਨਾਨਕ ਨਾਮੁ ਨ ਵਿਸਰਉ ਇਕ ਘੜੀ ਕਰਿ ਕਿਰਪਾ ਭਗਵੰਤ ॥੨॥ (522-16)
नानक नामु न विसरउ इक घड़ी करि किरपा भगवंत ॥२॥

ਪਉੜੀ ॥ (522-17)
पउड़ी ॥

ਤੇਰਾ ਕੀਤਾ ਹੋਇ ਤ ਕਾਹੇ ਡਰਪੀਐ ॥ (522-17)
तेरा कीता होइ त काहे डरपीऐ ॥

ਜਿਸੁ ਮਿਲਿ ਜਪੀਐ ਨਾਉ ਤਿਸੁ ਜੀਉ ਅਰਪੀਐ ॥ (522-17)
जिसु मिलि जपीऐ नाउ तिसु जीउ अरपीऐ ॥

ਆਇਐ ਚਿਤਿ ਨਿਹਾਲੁ ਸਾਹਿਬ ਬੇਸੁਮਾਰ ॥ (522-18)
आइऐ चिति निहालु साहिब बेसुमार ॥

ਤਿਸ ਨੋ ਪੋਹੇ ਕਵਣੁ ਜਿਸੁ ਵਲਿ ਨਿਰੰਕਾਰ ॥ (522-18)
तिस नो पोहे कवणु जिसु वलि निरंकार ॥

ਸਭੁ ਕਿਛੁ ਤਿਸ ਕੈ ਵਸਿ ਨ ਕੋਈ ਬਾਹਰਾ ॥ (522-19)
सभु किछु तिस कै वसि न कोई बाहरा ॥

ਸੋ ਭਗਤਾ ਮਨਿ ਵੁਠਾ ਸਚਿ ਸਮਾਹਰਾ ॥ (522-19)
सो भगता मनि वुठा सचि समाहरा ॥

ਤੇਰੇ ਦਾਸ ਧਿਆਇਨਿ ਤੁਧੁ ਤੂੰ ਰਖਣ ਵਾਲਿਆ ॥ (522-19)
तेरे दास धिआइनि तुधु तूं रखण वालिआ ॥

ਸਿਰਿ ਸਭਨਾ ਸਮਰਥੁ ਨਦਰਿ ਨਿਹਾਲਿਆ ॥੧੭॥ (523-1)
सिरि सभना समरथु नदरि निहालिआ ॥१७॥

ਸਲੋਕ ਮਃ ੫ ॥ (523-1)
सलोक मः ५ ॥

ਕਾਮ ਕ੍ਰੋਧ ਮਦ ਲੋਭ ਮੋਹ ਦੁਸਟ ਬਾਸਨਾ ਨਿਵਾਰਿ ॥ (523-1)
काम क्रोध मद लोभ मोह दुसट बासना निवारि ॥

ਰਾਖਿ ਲੇਹੁ ਪ੍ਰਭ ਆਪਣੇ ਨਾਨਕ ਸਦ ਬਲਿਹਾਰਿ ॥੧॥ (523-2)
राखि लेहु प्रभ आपणे नानक सद बलिहारि ॥१॥

ਮਃ ੫ ॥ (523-2)
मः ५ ॥

ਖਾਂਦਿਆ ਖਾਂਦਿਆ ਮੁਹੁ ਘਠਾ ਪੈਨੰਦਿਆ ਸਭੁ ਅੰਗੁ ॥ (523-3)
खांदिआ खांदिआ मुहु घठा पैनंदिआ सभु अंगु ॥

ਨਾਨਕ ਧ੍ਰਿਗੁ ਤਿਨਾ ਦਾ ਜੀਵਿਆ ਜਿਨ ਸਚਿ ਨ ਲਗੋ ਰੰਗੁ ॥੨॥ (523-3)
नानक ध्रिगु तिना दा जीविआ जिन सचि न लगो रंगु ॥२॥

ਪਉੜੀ ॥ (523-4)
पउड़ी ॥

ਜਿਉ ਜਿਉ ਤੇਰਾ ਹੁਕਮੁ ਤਿਵੈ ਤਿਉ ਹੋਵਣਾ ॥ (523-4)
जिउ जिउ तेरा हुकमु तिवै तिउ होवणा ॥

ਜਹ ਜਹ ਰਖਹਿ ਆਪਿ ਤਹ ਜਾਇ ਖੜੋਵਣਾ ॥ (523-4)
जह जह रखहि आपि तह जाइ खड़ोवणा ॥

ਨਾਮ ਤੇਰੈ ਕੈ ਰੰਗਿ ਦੁਰਮਤਿ ਧੋਵਣਾ ॥ (523-5)
नाम तेरै कै रंगि दुरमति धोवणा ॥

ਜਪਿ ਜਪਿ ਤੁਧੁ ਨਿਰੰਕਾਰ ਭਰਮੁ ਭਉ ਖੋਵਣਾ ॥ (523-5)
जपि जपि तुधु निरंकार भरमु भउ खोवणा ॥

ਜੋ ਤੇਰੈ ਰੰਗਿ ਰਤੇ ਸੇ ਜੋਨਿ ਨ ਜੋਵਣਾ ॥ (523-5)
जो तेरै रंगि रते से जोनि न जोवणा ॥

ਅੰਤਰਿ ਬਾਹਰਿ ਇਕੁ ਨੈਣ ਅਲੋਵਣਾ ॥ (523-6)
अंतरि बाहरि इकु नैण अलोवणा ॥

ਜਿਨ੍ਹ੍ਹੀ ਪਛਾਤਾ ਹੁਕਮੁ ਤਿਨ੍ਹ੍ਹ ਕਦੇ ਨ ਰੋਵਣਾ ॥ (523-6)
जिन्ही पछाता हुकमु तिन्ह कदे न रोवणा ॥

ਨਾਉ ਨਾਨਕ ਬਖਸੀਸ ਮਨ ਮਾਹਿ ਪਰੋਵਣਾ ॥੧੮॥ (523-6)
नाउ नानक बखसीस मन माहि परोवणा ॥१८॥

ਸਲੋਕ ਮਃ ੫ ॥ (523-7)
सलोक मः ५ ॥

ਜੀਵਦਿਆ ਨ ਚੇਤਿਓ ਮੁਆ ਰਲੰਦੜੋ ਖਾਕ ॥ (523-7)
जीवदिआ न चेतिओ मुआ रलंदड़ो खाक ॥

ਨਾਨਕ ਦੁਨੀਆ ਸੰਗਿ ਗੁਦਾਰਿਆ ਸਾਕਤ ਮੂੜ ਨਪਾਕ ॥੧॥ (523-8)
नानक दुनीआ संगि गुदारिआ साकत मूड़ नपाक ॥१॥

ਮਃ ੫ ॥ (523-8)
मः ५ ॥

ਜੀਵੰਦਿਆ ਹਰਿ ਚੇਤਿਆ ਮਰੰਦਿਆ ਹਰਿ ਰੰਗਿ ॥ (523-8)
जीवंदिआ हरि चेतिआ मरंदिआ हरि रंगि ॥

ਜਨਮੁ ਪਦਾਰਥੁ ਤਾਰਿਆ ਨਾਨਕ ਸਾਧੂ ਸੰਗਿ ॥੨॥ (523-9)
जनमु पदारथु तारिआ नानक साधू संगि ॥२॥

ਪਉੜੀ ॥ (523-9)
पउड़ी ॥

ਆਦਿ ਜੁਗਾਦੀ ਆਪਿ ਰਖਣ ਵਾਲਿਆ ॥ (523-9)
आदि जुगादी आपि रखण वालिआ ॥

ਸਚੁ ਨਾਮੁ ਕਰਤਾਰੁ ਸਚੁ ਪਸਾਰਿਆ ॥ (523-10)
सचु नामु करतारु सचु पसारिआ ॥

ਊਣਾ ਕਹੀ ਨ ਹੋਇ ਘਟੇ ਘਟਿ ਸਾਰਿਆ ॥ (523-10)
ऊणा कही न होइ घटे घटि सारिआ ॥

ਮਿਹਰਵਾਨ ਸਮਰਥ ਆਪੇ ਹੀ ਘਾਲਿਆ ॥ (523-10)
मिहरवान समरथ आपे ही घालिआ ॥

ਜਿਨ੍ਹ ਮਨਿ ਵੁਠਾ ਆਪਿ ਸੇ ਸਦਾ ਸੁਖਾਲਿਆ ॥ (523-11)
जिन्ह मनि वुठा आपि से सदा सुखालिआ ॥

ਆਪੇ ਰਚਨੁ ਰਚਾਇ ਆਪੇ ਹੀ ਪਾਲਿਆ ॥ (523-11)
आपे रचनु रचाइ आपे ही पालिआ ॥

ਸਭੁ ਕਿਛੁ ਆਪੇ ਆਪਿ ਬੇਅੰਤ ਅਪਾਰਿਆ ॥ (523-12)
सभु किछु आपे आपि बेअंत अपारिआ ॥

ਗੁਰ ਪੂਰੇ ਕੀ ਟੇਕ ਨਾਨਕ ਸੰਮ੍ਹਾਲਿਆ ॥੧੯॥ (523-12)
गुर पूरे की टेक नानक संम्हालिआ ॥१९॥

ਸਲੋਕ ਮਃ ੫ ॥ (523-12)
सलोक मः ५ ॥

ਆਦਿ ਮਧਿ ਅਰੁ ਅੰਤਿ ਪਰਮੇਸਰਿ ਰਖਿਆ ॥ (523-13)
आदि मधि अरु अंति परमेसरि रखिआ ॥

ਸਤਿਗੁਰਿ ਦਿਤਾ ਹਰਿ ਨਾਮੁ ਅੰਮ੍ਰਿਤੁ ਚਖਿਆ ॥ (523-13)
सतिगुरि दिता हरि नामु अमृतु चखिआ ॥

ਸਾਧਾ ਸੰਗੁ ਅਪਾਰੁ ਅਨਦਿਨੁ ਹਰਿ ਗੁਣ ਰਵੈ ॥ (523-13)
साधा संगु अपारु अनदिनु हरि गुण रवै ॥

ਪਾਏ ਮਨੋਰਥ ਸਭਿ ਜੋਨੀ ਨਹ ਭਵੈ ॥ (523-14)
पाए मनोरथ सभि जोनी नह भवै ॥

ਸਭੁ ਕਿਛੁ ਕਰਤੇ ਹਥਿ ਕਾਰਣੁ ਜੋ ਕਰੈ ॥ (523-14)
सभु किछु करते हथि कारणु जो करै ॥

ਨਾਨਕੁ ਮੰਗੈ ਦਾਨੁ ਸੰਤਾ ਧੂਰਿ ਤਰੈ ॥੧॥ (523-15)
नानकु मंगै दानु संता धूरि तरै ॥१॥

ਮਃ ੫ ॥ (523-15)
मः ५ ॥

ਤਿਸ ਨੋ ਮੰਨਿ ਵਸਾਇ ਜਿਨਿ ਉਪਾਇਆ ॥ (523-15)
तिस नो मंनि वसाइ जिनि उपाइआ ॥

ਜਿਨਿ ਜਨਿ ਧਿਆਇਆ ਖਸਮੁ ਤਿਨਿ ਸੁਖੁ ਪਾਇਆ ॥ (523-15)
जिनि जनि धिआइआ खसमु तिनि सुखु पाइआ ॥

ਸਫਲੁ ਜਨਮੁ ਪਰਵਾਨੁ ਗੁਰਮੁਖਿ ਆਇਆ ॥ (523-16)
सफलु जनमु परवानु गुरमुखि आइआ ॥

ਹੁਕਮੈ ਬੁਝਿ ਨਿਹਾਲੁ ਖਸਮਿ ਫੁਰਮਾਇਆ ॥ (523-16)
हुकमै बुझि निहालु खसमि फुरमाइआ ॥

ਜਿਸੁ ਹੋਆ ਆਪਿ ਕ੍ਰਿਪਾਲੁ ਸੁ ਨਹ ਭਰਮਾਇਆ ॥ (523-17)
जिसु होआ आपि क्रिपालु सु नह भरमाइआ ॥

ਜੋ ਜੋ ਦਿਤਾ ਖਸਮਿ ਸੋਈ ਸੁਖੁ ਪਾਇਆ ॥ (523-17)
जो जो दिता खसमि सोई सुखु पाइआ ॥

ਨਾਨਕ ਜਿਸਹਿ ਦਇਆਲੁ ਬੁਝਾਏ ਹੁਕਮੁ ਮਿਤ ॥ (523-18)
नानक जिसहि दइआलु बुझाए हुकमु मित ॥

ਜਿਸਹਿ ਭੁਲਾਏ ਆਪਿ ਮਰਿ ਮਰਿ ਜਮਹਿ ਨਿਤ ॥੨॥ (523-18)
जिसहि भुलाए आपि मरि मरि जमहि नित ॥२॥

ਪਉੜੀ ॥ (523-19)
पउड़ी ॥

ਨਿੰਦਕ ਮਾਰੇ ਤਤਕਾਲਿ ਖਿਨੁ ਟਿਕਣ ਨ ਦਿਤੇ ॥ (523-19)
निंदक मारे ततकालि खिनु टिकण न दिते ॥

ਪ੍ਰਭ ਦਾਸ ਕਾ ਦੁਖੁ ਨ ਖਵਿ ਸਕਹਿ ਫੜਿ ਜੋਨੀ ਜੁਤੇ ॥ (523-19)
प्रभ दास का दुखु न खवि सकहि फड़ि जोनी जुते ॥

ਮਥੇ ਵਾਲਿ ਪਛਾੜਿਅਨੁ ਜਮ ਮਾਰਗਿ ਮੁਤੇ ॥ (524-1)
मथे वालि पछाड़िअनु जम मारगि मुते ॥

ਦੁਖਿ ਲਗੈ ਬਿਲਲਾਣਿਆ ਨਰਕਿ ਘੋਰਿ ਸੁਤੇ ॥ (524-1)
दुखि लगै बिललाणिआ नरकि घोरि सुते ॥

ਕੰਠਿ ਲਾਇ ਦਾਸ ਰਖਿਅਨੁ ਨਾਨਕ ਹਰਿ ਸਤੇ ॥੨੦॥ (524-1)
कंठि लाइ दास रखिअनु नानक हरि सते ॥२०॥

ਸਲੋਕ ਮਃ ੫ ॥ (524-2)
सलोक मः ५ ॥

ਰਾਮੁ ਜਪਹੁ ਵਡਭਾਗੀਹੋ ਜਲਿ ਥਲਿ ਪੂਰਨੁ ਸੋਇ ॥ (524-2)
रामु जपहु वडभागीहो जलि थलि पूरनु सोइ ॥

ਨਾਨਕ ਨਾਮਿ ਧਿਆਇਐ ਬਿਘਨੁ ਨ ਲਾਗੈ ਕੋਇ ॥੧॥ (524-3)
नानक नामि धिआइऐ बिघनु न लागै कोइ ॥१॥

ਮਃ ੫ ॥ (524-3)
मः ५ ॥

ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ ॥ (524-3)
कोटि बिघन तिसु लागते जिस नो विसरै नाउ ॥

ਨਾਨਕ ਅਨਦਿਨੁ ਬਿਲਪਤੇ ਜਿਉ ਸੁੰਞੈ ਘਰਿ ਕਾਉ ॥੨॥ (524-4)
नानक अनदिनु बिलपते जिउ सुंञै घरि काउ ॥२॥

ਪਉੜੀ ॥ (524-4)
पउड़ी ॥

ਸਿਮਰਿ ਸਿਮਰਿ ਦਾਤਾਰੁ ਮਨੋਰਥ ਪੂਰਿਆ ॥ (524-4)
सिमरि सिमरि दातारु मनोरथ पूरिआ ॥

ਇਛ ਪੁੰਨੀ ਮਨਿ ਆਸ ਗਏ ਵਿਸੂਰਿਆ ॥ (524-5)
इछ पुंनी मनि आस गए विसूरिआ ॥

ਪਾਇਆ ਨਾਮੁ ਨਿਧਾਨੁ ਜਿਸ ਨੋ ਭਾਲਦਾ ॥ (524-5)
पाइआ नामु निधानु जिस नो भालदा ॥

ਜੋਤਿ ਮਿਲੀ ਸੰਗਿ ਜੋਤਿ ਰਹਿਆ ਘਾਲਦਾ ॥ (524-5)
जोति मिली संगि जोति रहिआ घालदा ॥

ਸੂਖ ਸਹਜ ਆਨੰਦ ਵੁਠੇ ਤਿਤੁ ਘਰਿ ॥ (524-6)
सूख सहज आनंद वुठे तितु घरि ॥

ਆਵਣ ਜਾਣ ਰਹੇ ਜਨਮੁ ਨ ਤਹਾ ਮਰਿ ॥ (524-6)
आवण जाण रहे जनमु न तहा मरि ॥

ਸਾਹਿਬੁ ਸੇਵਕੁ ਇਕੁ ਇਕੁ ਦ੍ਰਿਸਟਾਇਆ ॥ (524-7)
साहिबु सेवकु इकु इकु द्रिसटाइआ ॥

ਗੁਰ ਪ੍ਰਸਾਦਿ ਨਾਨਕ ਸਚਿ ਸਮਾਇਆ ॥੨੧॥੧॥੨॥ ਸੁਧੁ (524-7)
गुर प्रसादि नानक सचि समाइआ ॥२१॥१॥२॥ सुधु

ਰਾਗੁ ਗੂਜਰੀ ਭਗਤਾ ਕੀ ਬਾਣੀ (524-7)
रागु गूजरी भगता की बाणी

ੴ ਸਤਿਗੁਰ ਪ੍ਰਸਾਦਿ ॥ (524-7)
ੴ सतिगुर प्रसादि ॥

ਸ੍ਰੀ ਕਬੀਰ ਜੀਉ ਕਾ ਚਉਪਦਾ ਘਰੁ ੨ ਦੂਜਾ ॥ (524-8)
स्री कबीर जीउ का चउपदा घरु २ दूजा ॥

ਚਾਰਿ ਪਾਵ ਦੁਇ ਸਿੰਗ ਗੁੰਗ ਮੁਖ ਤਬ ਕੈਸੇ ਗੁਨ ਗਈਹੈ ॥ (524-8)
चारि पाव दुइ सिंग गुंग मुख तब कैसे गुन गईहै ॥

ਊਠਤ ਬੈਠਤ ਠੇਗਾ ਪਰਿਹੈ ਤਬ ਕਤ ਮੂਡ ਲੁਕਈਹੈ ॥੧॥ (524-9)
ऊठत बैठत ठेगा परिहै तब कत मूड लुकईहै ॥१॥

ਹਰਿ ਬਿਨੁ ਬੈਲ ਬਿਰਾਨੇ ਹੁਈਹੈ ॥ (524-9)
हरि बिनु बैल बिराने हुईहै ॥

ਫਾਟੇ ਨਾਕਨ ਟੂਟੇ ਕਾਧਨ ਕੋਦਉ ਕੋ ਭੁਸੁ ਖਈਹੈ ॥੧॥ ਰਹਾਉ ॥ (524-9)
फाटे नाकन टूटे काधन कोदउ को भुसु खईहै ॥१॥ रहाउ ॥

ਸਾਰੋ ਦਿਨੁ ਡੋਲਤ ਬਨ ਮਹੀਆ ਅਜਹੁ ਨ ਪੇਟ ਅਘਈਹੈ ॥ (524-10)
सारो दिनु डोलत बन महीआ अजहु न पेट अघईहै ॥

ਜਨ ਭਗਤਨ ਕੋ ਕਹੋ ਨ ਮਾਨੋ ਕੀਓ ਅਪਨੋ ਪਈਹੈ ॥੨॥ (524-11)
जन भगतन को कहो न मानो कीओ अपनो पईहै ॥२॥

ਦੁਖ ਸੁਖ ਕਰਤ ਮਹਾ ਭ੍ਰਮਿ ਬੂਡੋ ਅਨਿਕ ਜੋਨਿ ਭਰਮਈਹੈ ॥ (524-11)
दुख सुख करत महा भ्रमि बूडो अनिक जोनि भरमईहै ॥

ਰਤਨ ਜਨਮੁ ਖੋਇਓ ਪ੍ਰਭੁ ਬਿਸਰਿਓ ਇਹੁ ਅਉਸਰੁ ਕਤ ਪਈਹੈ ॥੩॥ (524-12)
रतन जनमु खोइओ प्रभु बिसरिओ इहु अउसरु कत पईहै ॥३॥

ਭ੍ਰਮਤ ਫਿਰਤ ਤੇਲਕ ਕੇ ਕਪਿ ਜਿਉ ਗਤਿ ਬਿਨੁ ਰੈਨਿ ਬਿਹਈਹੈ ॥ (524-12)
भ्रमत फिरत तेलक के कपि जिउ गति बिनु रैनि बिहईहै ॥

ਕਹਤ ਕਬੀਰ ਰਾਮ ਨਾਮ ਬਿਨੁ ਮੂੰਡ ਧੁਨੇ ਪਛੁਤਈਹੈ ॥੪॥੧॥ (524-13)
कहत कबीर राम नाम बिनु मूंड धुने पछुतईहै ॥४॥१॥

ਗੂਜਰੀ ਘਰੁ ੩ ॥ (524-14)
गूजरी घरु ३ ॥

ਮੁਸਿ ਮੁਸਿ ਰੋਵੈ ਕਬੀਰ ਕੀ ਮਾਈ ॥ (524-14)
मुसि मुसि रोवै कबीर की माई ॥

ਏ ਬਾਰਿਕ ਕੈਸੇ ਜੀਵਹਿ ਰਘੁਰਾਈ ॥੧॥ (524-14)
ए बारिक कैसे जीवहि रघुराई ॥१॥

ਤਨਨਾ ਬੁਨਨਾ ਸਭੁ ਤਜਿਓ ਹੈ ਕਬੀਰ ॥ (524-14)
तनना बुनना सभु तजिओ है कबीर ॥

ਹਰਿ ਕਾ ਨਾਮੁ ਲਿਖਿ ਲੀਓ ਸਰੀਰ ॥੧॥ ਰਹਾਉ ॥ (524-15)
हरि का नामु लिखि लीओ सरीर ॥१॥ रहाउ ॥

ਜਬ ਲਗੁ ਤਾਗਾ ਬਾਹਉ ਬੇਹੀ ॥ (524-15)
जब लगु तागा बाहउ बेही ॥

ਤਬ ਲਗੁ ਬਿਸਰੈ ਰਾਮੁ ਸਨੇਹੀ ॥੨॥ (524-16)
तब लगु बिसरै रामु सनेही ॥२॥

ਓਛੀ ਮਤਿ ਮੇਰੀ ਜਾਤਿ ਜੁਲਾਹਾ ॥ (524-16)
ओछी मति मेरी जाति जुलाहा ॥

ਹਰਿ ਕਾ ਨਾਮੁ ਲਹਿਓ ਮੈ ਲਾਹਾ ॥੩॥ (524-16)
हरि का नामु लहिओ मै लाहा ॥३॥

ਕਹਤ ਕਬੀਰ ਸੁਨਹੁ ਮੇਰੀ ਮਾਈ ॥ (524-17)
कहत कबीर सुनहु मेरी माई ॥

ਹਮਰਾ ਇਨ ਕਾ ਦਾਤਾ ਏਕੁ ਰਘੁਰਾਈ ॥੪॥੨॥ (524-17)
हमरा इन का दाता एकु रघुराई ॥४॥२॥

ਗੂਜਰੀ ਸ੍ਰੀ ਨਾਮਦੇਵ ਜੀ ਕੇ ਪਦੇ ਘਰੁ ੧ (525-1)
गूजरी स्री नामदेव जी के पदे घरु १

ੴ ਸਤਿਗੁਰ ਪ੍ਰਸਾਦਿ ॥ (525-1)
ੴ सतिगुर प्रसादि ॥

ਜੌ ਰਾਜੁ ਦੇਹਿ ਤ ਕਵਨ ਬਡਾਈ ॥ (525-2)
जौ राजु देहि त कवन बडाई ॥

ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ ॥੧॥ (525-2)
जौ भीख मंगावहि त किआ घटि जाई ॥१॥

ਤੂੰ ਹਰਿ ਭਜੁ ਮਨ ਮੇਰੇ ਪਦੁ ਨਿਰਬਾਨੁ ॥ (525-2)
तूं हरि भजु मन मेरे पदु निरबानु ॥

ਬਹੁਰਿ ਨ ਹੋਇ ਤੇਰਾ ਆਵਨ ਜਾਨੁ ॥੧॥ ਰਹਾਉ ॥ (525-3)
बहुरि न होइ तेरा आवन जानु ॥१॥ रहाउ ॥

ਸਭ ਤੈ ਉਪਾਈ ਭਰਮ ਭੁਲਾਈ ॥ (525-3)
सभ तै उपाई भरम भुलाई ॥

ਜਿਸ ਤੂੰ ਦੇਵਹਿ ਤਿਸਹਿ ਬੁਝਾਈ ॥੨॥ (525-3)
जिस तूं देवहि तिसहि बुझाई ॥२॥

ਸਤਿਗੁਰੁ ਮਿਲੈ ਤ ਸਹਸਾ ਜਾਈ ॥ (525-4)
सतिगुरु मिलै त सहसा जाई ॥

ਕਿਸੁ ਹਉ ਪੂਜਉ ਦੂਜਾ ਨਦਰਿ ਨ ਆਈ ॥੩॥ (525-4)
किसु हउ पूजउ दूजा नदरि न आई ॥३॥

ਏਕੈ ਪਾਥਰ ਕੀਜੈ ਭਾਉ ॥ (525-5)
एकै पाथर कीजै भाउ ॥

ਦੂਜੈ ਪਾਥਰ ਧਰੀਐ ਪਾਉ ॥ (525-5)
दूजै पाथर धरीऐ पाउ ॥

ਜੇ ਓਹੁ ਦੇਉ ਤ ਓਹੁ ਭੀ ਦੇਵਾ ॥ (525-5)
जे ओहु देउ त ओहु भी देवा ॥

ਕਹਿ ਨਾਮਦੇਉ ਹਮ ਹਰਿ ਕੀ ਸੇਵਾ ॥੪॥੧॥ (525-5)
कहि नामदेउ हम हरि की सेवा ॥४॥१॥

ਗੂਜਰੀ ਘਰੁ ੧ ॥ (525-6)
गूजरी घरु १ ॥

ਮਲੈ ਨ ਲਾਛੈ ਪਾਰ ਮਲੋ ਪਰਮਲੀਓ ਬੈਠੋ ਰੀ ਆਈ ॥ (525-6)
मलै न लाछै पार मलो परमलीओ बैठो री आई ॥

ਆਵਤ ਕਿਨੈ ਨ ਪੇਖਿਓ ਕਵਨੈ ਜਾਣੈ ਰੀ ਬਾਈ ॥੧॥ (525-6)
आवत किनै न पेखिओ कवनै जाणै री बाई ॥१॥

ਕਉਣੁ ਕਹੈ ਕਿਣਿ ਬੂਝੀਐ ਰਮਈਆ ਆਕੁਲੁ ਰੀ ਬਾਈ ॥੧॥ ਰਹਾਉ ॥ (525-7)
कउणु कहै किणि बूझीऐ रमईआ आकुलु री बाई ॥१॥ रहाउ ॥

ਜਿਉ ਆਕਾਸੈ ਪੰਖੀਅਲੋ ਖੋਜੁ ਨਿਰਖਿਓ ਨ ਜਾਈ ॥ (525-8)
जिउ आकासै पंखीअलो खोजु निरखिओ न जाई ॥

ਜਿਉ ਜਲ ਮਾਝੈ ਮਾਛਲੋ ਮਾਰਗੁ ਪੇਖਣੋ ਨ ਜਾਈ ॥੨॥ (525-8)
जिउ जल माझै माछलो मारगु पेखणो न जाई ॥२॥

ਜਿਉ ਆਕਾਸੈ ਘੜੂਅਲੋ ਮ੍ਰਿਗ ਤ੍ਰਿਸਨਾ ਭਰਿਆ ॥ (525-9)
जिउ आकासै घड़ूअलो म्रिग त्रिसना भरिआ ॥

ਨਾਮੇ ਚੇ ਸੁਆਮੀ ਬੀਠਲੋ ਜਿਨਿ ਤੀਨੈ ਜਰਿਆ ॥੩॥੨॥ (525-9)
नामे चे सुआमी बीठलो जिनि तीनै जरिआ ॥३॥२॥

ਗੂਜਰੀ ਸ੍ਰੀ ਰਵਿਦਾਸ ਜੀ ਕੇ ਪਦੇ ਘਰੁ ੩ (525-10)
गूजरी स्री रविदास जी के पदे घरु ३

ੴ ਸਤਿਗੁਰ ਪ੍ਰਸਾਦਿ ॥ (525-10)
ੴ सतिगुर प्रसादि ॥

ਦੂਧੁ ਤ ਬਛਰੈ ਥਨਹੁ ਬਿਟਾਰਿਓ ॥ (525-11)
दूधु त बछरै थनहु बिटारिओ ॥

ਫੂਲੁ ਭਵਰਿ ਜਲੁ ਮੀਨਿ ਬਿਗਾਰਿਓ ॥੧॥ (525-11)
फूलु भवरि जलु मीनि बिगारिओ ॥१॥

ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ ॥ (525-11)
माई गोबिंद पूजा कहा लै चरावउ ॥

ਅਵਰੁ ਨ ਫੂਲੁ ਅਨੂਪੁ ਨ ਪਾਵਉ ॥੧॥ ਰਹਾਉ ॥ (525-12)
अवरु न फूलु अनूपु न पावउ ॥१॥ रहाउ ॥

ਮੈਲਾਗਰ ਬੇਰ੍ਹੇ ਹੈ ਭੁਇਅੰਗਾ ॥ (525-12)
मैलागर बेर्हे है भुइअंगा ॥

ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ ॥੨॥ (525-12)
बिखु अमृतु बसहि इक संगा ॥२॥

ਧੂਪ ਦੀਪ ਨਈਬੇਦਹਿ ਬਾਸਾ ॥ (525-13)
धूप दीप नईबेदहि बासा ॥

ਕੈਸੇ ਪੂਜ ਕਰਹਿ ਤੇਰੀ ਦਾਸਾ ॥੩॥ (525-13)
कैसे पूज करहि तेरी दासा ॥३॥

ਤਨੁ ਮਨੁ ਅਰਪਉ ਪੂਜ ਚਰਾਵਉ ॥ (525-14)
तनु मनु अरपउ पूज चरावउ ॥

ਗੁਰ ਪਰਸਾਦਿ ਨਿਰੰਜਨੁ ਪਾਵਉ ॥੪॥ (525-14)
गुर परसादि निरंजनु पावउ ॥४॥

ਪੂਜਾ ਅਰਚਾ ਆਹਿ ਨ ਤੋਰੀ ॥ (525-14)
पूजा अरचा आहि न तोरी ॥

ਕਹਿ ਰਵਿਦਾਸ ਕਵਨ ਗਤਿ ਮੋਰੀ ॥੫॥੧॥ (525-15)
कहि रविदास कवन गति मोरी ॥५॥१॥

ਗੂਜਰੀ ਸ੍ਰੀ ਤ੍ਰਿਲੋਚਨ ਜੀਉ ਕੇ ਪਦੇ ਘਰੁ ੧ (525-16)
गूजरी स्री त्रिलोचन जीउ के पदे घरु १

ੴ ਸਤਿਗੁਰ ਪ੍ਰਸਾਦਿ ॥ (525-16)
ੴ सतिगुर प्रसादि ॥

ਅੰਤਰੁ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ ॥ (525-17)
अंतरु मलि निरमलु नही कीना बाहरि भेख उदासी ॥

ਹਿਰਦੈ ਕਮਲੁ ਘਟਿ ਬ੍ਰਹਮੁ ਨ ਚੀਨ੍ਹਾ ਕਾਹੇ ਭਇਆ ਸੰਨਿਆਸੀ ॥੧॥ (525-17)
हिरदै कमलु घटि ब्रहमु न चीन्हा काहे भइआ संनिआसी ॥१॥

ਭਰਮੇ ਭੂਲੀ ਰੇ ਜੈ ਚੰਦਾ ॥ (526-1)
भरमे भूली रे जै चंदा ॥

ਨਹੀ ਨਹੀ ਚੀਨ੍ਹਿਆ ਪਰਮਾਨੰਦਾ ॥੧॥ ਰਹਾਉ ॥ (526-1)
नही नही चीन्हिआ परमानंदा ॥१॥ रहाउ ॥

ਘਰਿ ਘਰਿ ਖਾਇਆ ਪਿੰਡੁ ਬਧਾਇਆ ਖਿੰਥਾ ਮੁੰਦਾ ਮਾਇਆ ॥ (526-2)
घरि घरि खाइआ पिंडु बधाइआ खिंथा मुंदा माइआ ॥

ਭੂਮਿ ਮਸਾਣ ਕੀ ਭਸਮ ਲਗਾਈ ਗੁਰ ਬਿਨੁ ਤਤੁ ਨ ਪਾਇਆ ॥੨॥ (526-2)
भूमि मसाण की भसम लगाई गुर बिनु ततु न पाइआ ॥२॥

ਕਾਇ ਜਪਹੁ ਰੇ ਕਾਇ ਤਪਹੁ ਰੇ ਕਾਇ ਬਿਲੋਵਹੁ ਪਾਣੀ ॥ (526-3)
काइ जपहु रे काइ तपहु रे काइ बिलोवहु पाणी ॥

ਲਖ ਚਉਰਾਸੀਹ ਜਿਨ੍ਹਿ ਉਪਾਈ ਸੋ ਸਿਮਰਹੁ ਨਿਰਬਾਣੀ ॥੩॥ (526-3)
लख चउरासीह जिन्हि उपाई सो सिमरहु निरबाणी ॥३॥

ਕਾਇ ਕਮੰਡਲੁ ਕਾਪੜੀਆ ਰੇ ਅਠਸਠਿ ਕਾਇ ਫਿਰਾਹੀ ॥ (526-4)
काइ कमंडलु कापड़ीआ रे अठसठि काइ फिराही ॥

ਬਦਤਿ ਤ੍ਰਿਲੋਚਨੁ ਸੁਨੁ ਰੇ ਪ੍ਰਾਣੀ ਕਣ ਬਿਨੁ ਗਾਹੁ ਕਿ ਪਾਹੀ ॥੪॥੧॥ (526-4)
बदति त्रिलोचनु सुनु रे प्राणी कण बिनु गाहु कि पाही ॥४॥१॥

ਗੂਜਰੀ ॥ (526-5)
गूजरी ॥

ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ (526-5)
अंति कालि जो लछमी सिमरै ऐसी चिंता महि जे मरै ॥

ਸਰਪ ਜੋਨਿ ਵਲਿ ਵਲਿ ਅਉਤਰੈ ॥੧॥ (526-6)
सरप जोनि वलि वलि अउतरै ॥१॥

ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥ ਰਹਾਉ ॥ (526-6)
अरी बाई गोबिद नामु मति बीसरै ॥ रहाउ ॥

ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ (526-7)
अंति कालि जो इसत्री सिमरै ऐसी चिंता महि जे मरै ॥

ਬੇਸਵਾ ਜੋਨਿ ਵਲਿ ਵਲਿ ਅਉਤਰੈ ॥੨॥ (526-7)
बेसवा जोनि वलि वलि अउतरै ॥२॥

ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ (526-8)
अंति कालि जो लड़िके सिमरै ऐसी चिंता महि जे मरै ॥

ਸੂਕਰ ਜੋਨਿ ਵਲਿ ਵਲਿ ਅਉਤਰੈ ॥੩॥ (526-8)
सूकर जोनि वलि वलि अउतरै ॥३॥

ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ (526-9)
अंति कालि जो मंदर सिमरै ऐसी चिंता महि जे मरै ॥

ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥੪॥ (526-9)
प्रेत जोनि वलि वलि अउतरै ॥४॥

ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ (526-10)
अंति कालि नाराइणु सिमरै ऐसी चिंता महि जे मरै ॥

ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ ॥੫॥੨॥ (526-10)
बदति तिलोचनु ते नर मुकता पीत्मबरु वा के रिदै बसै ॥५॥२॥

ਗੂਜਰੀ ਸ੍ਰੀ ਜੈਦੇਵ ਜੀਉ ਕਾ ਪਦਾ ਘਰੁ ੪ (526-12)
गूजरी स्री जैदेव जीउ का पदा घरु ४

ੴ ਸਤਿਗੁਰ ਪ੍ਰਸਾਦਿ ॥ (526-12)
ੴ सतिगुर प्रसादि ॥

ਪਰਮਾਦਿ ਪੁਰਖਮਨੋਪਿਮੰ ਸਤਿ ਆਦਿ ਭਾਵ ਰਤੰ ॥ (526-13)
परमादि पुरखमनोपिमं सति आदि भाव रतं ॥

ਪਰਮਦਭੁਤੰ ਪਰਕ੍ਰਿਤਿ ਪਰੰ ਜਦਿਚਿੰਤਿ ਸਰਬ ਗਤੰ ॥੧॥ (526-13)
परमदभुतं परक्रिति परं जदिचिंति सरब गतं ॥१॥

ਕੇਵਲ ਰਾਮ ਨਾਮ ਮਨੋਰਮੰ ॥ (526-14)
केवल राम नाम मनोरमं ॥

ਬਦਿ ਅੰਮ੍ਰਿਤ ਤਤ ਮਇਅੰ ॥ (526-14)
बदि अमृत तत मइअं ॥

ਨ ਦਨੋਤਿ ਜਸਮਰਣੇਨ ਜਨਮ ਜਰਾਧਿ ਮਰਣ ਭਇਅੰ ॥੧॥ ਰਹਾਉ ॥ (526-14)
न दनोति जसमरणेन जनम जराधि मरण भइअं ॥१॥ रहाउ ॥

ਇਛਸਿ ਜਮਾਦਿ ਪਰਾਭਯੰ ਜਸੁ ਸ੍ਵਸਤਿ ਸੁਕ੍ਰਿਤ ਕ੍ਰਿਤੰ ॥ (526-15)
इछसि जमादि पराभयं जसु स्वसति सुक्रित क्रितं ॥

ਭਵ ਭੂਤ ਭਾਵ ਸਮਬ੍ਯ੍ਯਿਅੰ ਪਰਮੰ ਪ੍ਰਸੰਨਮਿਦੰ ॥੨॥ (526-16)
भव भूत भाव समब्यिअं परमं प्रसंनमिदं ॥२॥

ਲੋਭਾਦਿ ਦ੍ਰਿਸਟਿ ਪਰ ਗ੍ਰਿਹੰ ਜਦਿਬਿਧਿ ਆਚਰਣੰ ॥ (526-16)
लोभादि द्रिसटि पर ग्रिहं जदिबिधि आचरणं ॥

ਤਜਿ ਸਕਲ ਦੁਹਕ੍ਰਿਤ ਦੁਰਮਤੀ ਭਜੁ ਚਕ੍ਰਧਰ ਸਰਣੰ ॥੩॥ (526-17)
तजि सकल दुहक्रित दुरमती भजु चक्रधर सरणं ॥३॥

ਹਰਿ ਭਗਤ ਨਿਜ ਨਿਹਕੇਵਲਾ ਰਿਦ ਕਰਮਣਾ ਬਚਸਾ ॥ (526-17)
हरि भगत निज निहकेवला रिद करमणा बचसा ॥

ਜੋਗੇਨ ਕਿੰ ਜਗੇਨ ਕਿੰ ਦਾਨੇਨ ਕਿੰ ਤਪਸਾ ॥੪॥ (526-18)
जोगेन किं जगेन किं दानेन किं तपसा ॥४॥

ਗੋਬਿੰਦ ਗੋਬਿੰਦੇਤਿ ਜਪਿ ਨਰ ਸਕਲ ਸਿਧਿ ਪਦੰ ॥ (526-18)
गोबिंद गोबिंदेति जपि नर सकल सिधि पदं ॥

ਜੈਦੇਵ ਆਇਉ ਤਸ ਸਫੁਟੰ ਭਵ ਭੂਤ ਸਰਬ ਗਤੰ ॥੫॥੧॥ (526-19)
जैदेव आइउ तस सफुटं भव भूत सरब गतं ॥५॥१॥

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥
(527-1)
ੴ सति नामु करता पुरखु निरभउ निरवैरु अकाल मूरति अजूनी सैभं गुर प्रसादि ॥

ਰਾਗੁ ਦੇਵਗੰਧਾਰੀ ਮਹਲਾ ੪ ਘਰੁ ੧ ॥ (527-3)
रागु देवगंधारी महला ४ घरु १ ॥

ਸੇਵਕ ਜਨ ਬਨੇ ਠਾਕੁਰ ਲਿਵ ਲਾਗੇ ॥ (527-4)
सेवक जन बने ठाकुर लिव लागे ॥

ਜੋ ਤੁਮਰਾ ਜਸੁ ਕਹਤੇ ਗੁਰਮਤਿ ਤਿਨ ਮੁਖ ਭਾਗ ਸਭਾਗੇ ॥੧॥ ਰਹਾਉ ॥ (527-4)
जो तुमरा जसु कहते गुरमति तिन मुख भाग सभागे ॥१॥ रहाउ ॥

ਟੂਟੇ ਮਾਇਆ ਕੇ ਬੰਧਨ ਫਾਹੇ ਹਰਿ ਰਾਮ ਨਾਮ ਲਿਵ ਲਾਗੇ ॥ (527-5)
टूटे माइआ के बंधन फाहे हरि राम नाम लिव लागे ॥

ਹਮਰਾ ਮਨੁ ਮੋਹਿਓ ਗੁਰ ਮੋਹਨਿ ਹਮ ਬਿਸਮ ਭਈ ਮੁਖਿ ਲਾਗੇ ॥੧॥ (527-5)
हमरा मनु मोहिओ गुर मोहनि हम बिसम भई मुखि लागे ॥१॥

ਸਗਲੀ ਰੈਣਿ ਸੋਈ ਅੰਧਿਆਰੀ ਗੁਰ ਕਿੰਚਤ ਕਿਰਪਾ ਜਾਗੇ ॥ (527-6)
सगली रैणि सोई अंधिआरी गुर किंचत किरपा जागे ॥

ਜਨ ਨਾਨਕ ਕੇ ਪ੍ਰਭ ਸੁੰਦਰ ਸੁਆਮੀ ਮੋਹਿ ਤੁਮ ਸਰਿ ਅਵਰੁ ਨ ਲਾਗੇ ॥੨॥੧॥ (527-6)
जन नानक के प्रभ सुंदर सुआमी मोहि तुम सरि अवरु न लागे ॥२॥१॥

ਦੇਵਗੰਧਾਰੀ ॥ (527-7)
देवगंधारी ॥

ਮੇਰੋ ਸੁੰਦਰੁ ਕਹਹੁ ਮਿਲੈ ਕਿਤੁ ਗਲੀ ॥ (527-7)
मेरो सुंदरु कहहु मिलै कितु गली ॥

ਹਰਿ ਕੇ ਸੰਤ ਬਤਾਵਹੁ ਮਾਰਗੁ ਹਮ ਪੀਛੈ ਲਾਗਿ ਚਲੀ ॥੧॥ ਰਹਾਉ ॥ (527-8)
हरि के संत बतावहु मारगु हम पीछै लागि चली ॥१॥ रहाउ ॥

ਪ੍ਰਿਅ ਕੇ ਬਚਨ ਸੁਖਾਨੇ ਹੀਅਰੈ ਇਹ ਚਾਲ ਬਨੀ ਹੈ ਭਲੀ ॥ (527-8)
प्रिअ के बचन सुखाने हीअरै इह चाल बनी है भली ॥

ਲਟੁਰੀ ਮਧੁਰੀ ਠਾਕੁਰ ਭਾਈ ਓਹ ਸੁੰਦਰਿ ਹਰਿ ਢੁਲਿ ਮਿਲੀ ॥੧॥ (527-9)
लटुरी मधुरी ठाकुर भाई ओह सुंदरि हरि ढुलि मिली ॥१॥

ਏਕੋ ਪ੍ਰਿਉ ਸਖੀਆ ਸਭ ਪ੍ਰਿਅ ਕੀ ਜੋ ਭਾਵੈ ਪਿਰ ਸਾ ਭਲੀ ॥ (527-10)
एको प्रिउ सखीआ सभ प्रिअ की जो भावै पिर सा भली ॥

ਨਾਨਕੁ ਗਰੀਬੁ ਕਿਆ ਕਰੈ ਬਿਚਾਰਾ ਹਰਿ ਭਾਵੈ ਤਿਤੁ ਰਾਹਿ ਚਲੀ ॥੨॥੨॥ (527-10)
नानकु गरीबु किआ करै बिचारा हरि भावै तितु राहि चली ॥२॥२॥

ਦੇਵਗੰਧਾਰੀ ॥ (527-11)
देवगंधारी ॥

ਮੇਰੇ ਮਨ ਮੁਖਿ ਹਰਿ ਹਰਿ ਹਰਿ ਬੋਲੀਐ ॥ (527-11)
मेरे मन मुखि हरि हरि हरि बोलीऐ ॥

ਗੁਰਮੁਖਿ ਰੰਗਿ ਚਲੂਲੈ ਰਾਤੀ ਹਰਿ ਪ੍ਰੇਮ ਭੀਨੀ ਚੋਲੀਐ ॥੧॥ ਰਹਾਉ ॥ (527-11)
गुरमुखि रंगि चलूलै राती हरि प्रेम भीनी चोलीऐ ॥१॥ रहाउ ॥

ਹਉ ਫਿਰਉ ਦਿਵਾਨੀ ਆਵਲ ਬਾਵਲ ਤਿਸੁ ਕਾਰਣਿ ਹਰਿ ਢੋਲੀਐ ॥ (527-12)
हउ फिरउ दिवानी आवल बावल तिसु कारणि हरि ढोलीऐ ॥

ਕੋਈ ਮੇਲੈ ਮੇਰਾ ਪ੍ਰੀਤਮੁ ਪਿਆਰਾ ਹਮ ਤਿਸ ਕੀ ਗੁਲ ਗੋਲੀਐ ॥੧॥ (527-13)
कोई मेलै मेरा प्रीतमु पिआरा हम तिस की गुल गोलीऐ ॥१॥

ਸਤਿਗੁਰੁ ਪੁਰਖੁ ਮਨਾਵਹੁ ਅਪੁਨਾ ਹਰਿ ਅੰਮ੍ਰਿਤੁ ਪੀ ਝੋਲੀਐ ॥ (527-13)
सतिगुरु पुरखु मनावहु अपुना हरि अमृतु पी झोलीऐ ॥

ਗੁਰ ਪ੍ਰਸਾਦਿ ਜਨ ਨਾਨਕ ਪਾਇਆ ਹਰਿ ਲਾਧਾ ਦੇਹ ਟੋਲੀਐ ॥੨॥੩॥ (527-14)
गुर प्रसादि जन नानक पाइआ हरि लाधा देह टोलीऐ ॥२॥३॥

ਦੇਵਗੰਧਾਰੀ ॥ (527-15)
देवगंधारी ॥

ਅਬ ਹਮ ਚਲੀ ਠਾਕੁਰ ਪਹਿ ਹਾਰਿ ॥ (527-15)
अब हम चली ठाकुर पहि हारि ॥

ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ ॥੧॥ ਰਹਾਉ ॥ (527-15)
जब हम सरणि प्रभू की आई राखु प्रभू भावै मारि ॥१॥ रहाउ ॥

ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ ॥ (528-1)
लोकन की चतुराई उपमा ते बैसंतरि जारि ॥

ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ ॥੧॥ (528-1)
कोई भला कहउ भावै बुरा कहउ हम तनु दीओ है ढारि ॥१॥

ਜੋ ਆਵਤ ਸਰਣਿ ਠਾਕੁਰ ਪ੍ਰਭੁ ਤੁਮਰੀ ਤਿਸੁ ਰਾਖਹੁ ਕਿਰਪਾ ਧਾਰਿ ॥ (528-2)
जो आवत सरणि ठाकुर प्रभु तुमरी तिसु राखहु किरपा धारि ॥

ਜਨ ਨਾਨਕ ਸਰਣਿ ਤੁਮਾਰੀ ਹਰਿ ਜੀਉ ਰਾਖਹੁ ਲਾਜ ਮੁਰਾਰਿ ॥੨॥੪॥ (528-2)
जन नानक सरणि तुमारी हरि जीउ राखहु लाज मुरारि ॥२॥४॥

ਦੇਵਗੰਧਾਰੀ ॥ (528-3)
देवगंधारी ॥

ਹਰਿ ਗੁਣ ਗਾਵੈ ਹਉ ਤਿਸੁ ਬਲਿਹਾਰੀ ॥ (528-3)
हरि गुण गावै हउ तिसु बलिहारी ॥

ਦੇਖਿ ਦੇਖਿ ਜੀਵਾ ਸਾਧ ਗੁਰ ਦਰਸਨੁ ਜਿਸੁ ਹਿਰਦੈ ਨਾਮੁ ਮੁਰਾਰੀ ॥੧॥ ਰਹਾਉ ॥ (528-4)
देखि देखि जीवा साध गुर दरसनु जिसु हिरदै नामु मुरारी ॥१॥ रहाउ ॥

ਤੁਮ ਪਵਿਤ੍ਰ ਪਾਵਨ ਪੁਰਖ ਪ੍ਰਭ ਸੁਆਮੀ ਹਮ ਕਿਉ ਕਰਿ ਮਿਲਹ ਜੂਠਾਰੀ ॥ (528-4)
तुम पवित्र पावन पुरख प्रभ सुआमी हम किउ करि मिलह जूठारी ॥

ਹਮਰੈ ਜੀਇ ਹੋਰੁ ਮੁਖਿ ਹੋਰੁ ਹੋਤ ਹੈ ਹਮ ਕਰਮਹੀਣ ਕੂੜਿਆਰੀ ॥੧॥ (528-5)
हमरै जीइ होरु मुखि होरु होत है हम करमहीण कूड़िआरी ॥१॥

ਹਮਰੀ ਮੁਦ੍ਰ ਨਾਮੁ ਹਰਿ ਸੁਆਮੀ ਰਿਦ ਅੰਤਰਿ ਦੁਸਟ ਦੁਸਟਾਰੀ ॥ (528-6)
हमरी मुद्र नामु हरि सुआमी रिद अंतरि दुसट दुसटारी ॥

ਜਿਉ ਭਾਵੈ ਤਿਉ ਰਾਖਹੁ ਸੁਆਮੀ ਜਨ ਨਾਨਕ ਸਰਣਿ ਤੁਮ੍ਹਾਰੀ ॥੨॥੫॥ (528-6)
जिउ भावै तिउ राखहु सुआमी जन नानक सरणि तुम्हारी ॥२॥५॥

ਦੇਵਗੰਧਾਰੀ ॥ (528-7)
देवगंधारी ॥

ਹਰਿ ਕੇ ਨਾਮ ਬਿਨਾ ਸੁੰਦਰਿ ਹੈ ਨਕਟੀ ॥ (528-7)
हरि के नाम बिना सुंदरि है नकटी ॥

ਜਿਉ ਬੇਸੁਆ ਕੇ ਘਰਿ ਪੂਤੁ ਜਮਤੁ ਹੈ ਤਿਸੁ ਨਾਮੁ ਪਰਿਓ ਹੈ ਧ੍ਰਕਟੀ ॥੧॥ ਰਹਾਉ ॥ (528-8)
जिउ बेसुआ के घरि पूतु जमतु है तिसु नामु परिओ है ध्रकटी ॥१॥ रहाउ ॥

ਜਿਨ ਕੈ ਹਿਰਦੈ ਨਾਹਿ ਹਰਿ ਸੁਆਮੀ ਤੇ ਬਿਗੜ ਰੂਪ ਬੇਰਕਟੀ ॥ (528-8)
जिन कै हिरदै नाहि हरि सुआमी ते बिगड़ रूप बेरकटी ॥

बिनवंति नानक धारि किरपा रहउ चरणह संगि लगा ॥१॥

ਮੇਰੀ ਸਖੀ ਸਹੇਲੜੀਹੋ ਪ੍ਰਭ ਕੈ ਚਰਣਿ ਲਗਹ ॥ (544-9)
मेरी सखी सहेलड़ीहो प्रभ कै चरणि लगह ॥

ਮਨਿ ਪ੍ਰਿਅ ਪ੍ਰੇਮੁ ਘਣਾ ਹਰਿ ਕੀ ਭਗਤਿ ਮੰਗਹ ॥ (544-9)
मनि प्रिअ प्रेमु घणा हरि की भगति मंगह ॥

ਹਰਿ ਭਗਤਿ ਪਾਈਐ ਪ੍ਰਭੁ ਧਿਆਈਐ ਜਾਇ ਮਿਲੀਐ ਹਰਿ ਜਨਾ ॥ (544-9)
हरि भगति पाईऐ प्रभु धिआईऐ जाइ मिलीऐ हरि जना ॥

ਮਾਨੁ ਮੋਹੁ ਬਿਕਾਰੁ ਤਜੀਐ ਅਰਪਿ ਤਨੁ ਧਨੁ ਇਹੁ ਮਨਾ ॥ (544-10)
मानु मोहु बिकारु तजीऐ अरपि तनु धनु इहु मना ॥

ਬਡ ਪੁਰਖ ਪੂਰਨ ਗੁਣ ਸੰਪੂਰਨ ਭ੍ਰਮ ਭੀਤਿ ਹਰਿ ਹਰਿ ਮਿਲਿ ਭਗਹ ॥ (544-11)
बड पुरख पूरन गुण स्मपूरन भ्रम भीति हरि हरि मिलि भगह ॥

ਬਿਨਵੰਤਿ ਨਾਨਕ ਸੁਣਿ ਮੰਤ੍ਰੁ ਸਖੀਏ ਹਰਿ ਨਾਮੁ ਨਿਤ ਨਿਤ ਨਿਤ ਜਪਹ ॥੨॥ (544-11)
बिनवंति नानक सुणि मंत्रु सखीए हरि नामु नित नित नित जपह ॥२॥

ਹਰਿ ਨਾਰਿ ਸੁਹਾਗਣੇ ਸਭਿ ਰੰਗ ਮਾਣੇ ॥ (544-12)
हरि नारि सुहागणे सभि रंग माणे ॥

ਰਾਂਡ ਨ ਬੈਸਈ ਪ੍ਰਭ ਪੁਰਖ ਚਿਰਾਣੇ ॥ (544-12)
रांड न बैसई प्रभ पुरख चिराणे ॥

ਨਹ ਦੂਖ ਪਾਵੈ ਪ੍ਰਭ ਧਿਆਵੈ ਧੰਨਿ ਤੇ ਬਡਭਾਗੀਆ ॥ (544-13)
नह दूख पावै प्रभ धिआवै धंनि ते बडभागीआ ॥

ਸੁਖ ਸਹਜਿ ਸੋਵਹਿ ਕਿਲਬਿਖ ਖੋਵਹਿ ਨਾਮ ਰਸਿ ਰੰਗਿ ਜਾਗੀਆ ॥ (544-13)
सुख सहजि सोवहि किलबिख खोवहि नाम रसि रंगि जागीआ ॥

ਮਿਲਿ ਪ੍ਰੇਮ ਰਹਣਾ ਹਰਿ ਨਾਮੁ ਗਹਣਾ ਪ੍ਰਿਅ ਬਚਨ ਮੀਠੇ ਭਾਣੇ ॥ (544-14)
मिलि प्रेम रहणा हरि नामु गहणा प्रिअ बचन मीठे भाणे ॥

ਬਿਨਵੰਤਿ ਨਾਨਕ ਮਨ ਇਛ ਪਾਈ ਹਰਿ ਮਿਲੇ ਪੁਰਖ ਚਿਰਾਣੇ ॥੩॥ (544-15)
बिनवंति नानक मन इछ पाई हरि मिले पुरख चिराणे ॥३॥

ਤਿਤੁ ਗ੍ਰਿਹਿ ਸੋਹਿਲੜੇ ਕੋਡ ਅਨੰਦਾ ॥ (544-15)
तितु ग्रिहि सोहिलड़े कोड अनंदा ॥

ਮਨਿ ਤਨਿ ਰਵਿ ਰਹਿਆ ਪ੍ਰਭ ਪਰਮਾਨੰਦਾ ॥ (544-16)
मनि तनि रवि रहिआ प्रभ परमानंदा ॥

ਹਰਿ ਕੰਤ ਅਨੰਤ ਦਇਆਲ ਸ੍ਰੀਧਰ ਗੋਬਿੰਦ ਪਤਿਤ ਉਧਾਰਣੋ ॥ (544-16)
हरि कंत अनंत दइआल स्रीधर गोबिंद पतित उधारणो ॥

ਪ੍ਰਭਿ ਕ੍ਰਿਪਾ ਧਾਰੀ ਹਰਿ ਮੁਰਾਰੀ ਭੈ ਸਿੰਧੁ ਸਾਗਰ ਤਾਰਣੋ ॥ (544-17)
प्रभि क्रिपा धारी हरि मुरारी भै सिंधु सागर तारणो ॥

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥ (544-17)
जो सरणि आवै तिसु कंठि लावै इहु बिरदु सुआमी संदा ॥

ਬਿਨਵੰਤਿ ਨਾਨਕ ਹਰਿ ਕੰਤੁ ਮਿਲਿਆ ਸਦਾ ਕੇਲ ਕਰੰਦਾ ॥੪॥੧॥੪॥ (544-18)
बिनवंति नानक हरि कंतु मिलिआ सदा केल करंदा ॥४॥१॥४॥

ਬਿਹਾਗੜਾ ਮਹਲਾ ੫ ॥ (544-19)
बिहागड़ा महला ५ ॥

ਹਰਿ ਚਰਣ ਸਰੋਵਰ ਤਹ ਕਰਹੁ ਨਿਵਾਸੁ ਮਨਾ ॥ (544-19)
हरि चरण सरोवर तह करहु निवासु मना ॥

ਕਰਿ ਮਜਨੁ ਹਰਿ ਸਰੇ ਸਭਿ ਕਿਲਬਿਖ ਨਾਸੁ ਮਨਾ ॥ (545-1)
करि मजनु हरि सरे सभि किलबिख नासु मना ॥

ਕਰਿ ਸਦਾ ਮਜਨੁ ਗੋਬਿੰਦ ਸਜਨੁ ਦੁਖ ਅੰਧੇਰਾ ਨਾਸੇ ॥ (545-1)
करि सदा मजनु गोबिंद सजनु दुख अंधेरा नासे ॥

ਜਨਮ ਮਰਣੁ ਨ ਹੋਇ ਤਿਸ ਕਉ ਕਟੈ ਜਮ ਕੇ ਫਾਸੇ ॥ (545-2)
जनम मरणु न होइ तिस कउ कटै जम के फासे ॥

ਮਿਲੁ ਸਾਧਸੰਗੇ ਨਾਮ ਰੰਗੇ ਤਹਾ ਪੂਰਨ ਆਸੋ ॥ (545-2)
मिलु साधसंगे नाम रंगे तहा पूरन आसो ॥

ਬਿਨਵੰਤਿ ਨਾਨਕ ਧਾਰਿ ਕਿਰਪਾ ਹਰਿ ਚਰਣ ਕਮਲ ਨਿਵਾਸੋ ॥੧॥ (545-2)
बिनवंति नानक धारि किरपा हरि चरण कमल निवासो ॥१॥

ਤਹ ਅਨਦ ਬਿਨੋਦ ਸਦਾ ਅਨਹਦ ਝੁਣਕਾਰੋ ਰਾਮ ॥ (545-3)
तह अनद बिनोद सदा अनहद झुणकारो राम ॥

ਮਿਲਿ ਗਾਵਹਿ ਸੰਤ ਜਨਾ ਪ੍ਰਭ ਕਾ ਜੈਕਾਰੋ ਰਾਮ ॥ (545-4)
मिलि गावहि संत जना प्रभ का जैकारो राम ॥

ਮਿਲਿ ਸੰਤ ਗਾਵਹਿ ਖਸਮ ਭਾਵਹਿ ਹਰਿ ਪ੍ਰੇਮ ਰਸ ਰੰਗਿ ਭਿੰਨੀਆ ॥ (545-4)
मिलि संत गावहि खसम भावहि हरि प्रेम रस रंगि भिंनीआ ॥

ਹਰਿ ਲਾਭੁ ਪਾਇਆ ਆਪੁ ਮਿਟਾਇਆ ਮਿਲੇ ਚਿਰੀ ਵਿਛੁੰਨਿਆ ॥ (545-5)
हरि लाभु पाइआ आपु मिटाइआ मिले चिरी विछुंनिआ ॥

ਗਹਿ ਭੁਜਾ ਲੀਨੇ ਦਇਆ ਕੀਨ੍ਹੇ ਪ੍ਰਭ ਏਕ ਅਗਮ ਅਪਾਰੋ ॥ (545-5)
गहि भुजा लीने दइआ कीन्हे प्रभ एक अगम अपारो ॥

ਬਿਨਵੰਤਿ ਨਾਨਕ ਸਦਾ ਨਿਰਮਲ ਸਚੁ ਸਬਦੁ ਰੁਣ ਝੁਣਕਾਰੋ ॥੨॥ (545-6)
बिनवंति नानक सदा निरमल सचु सबदु रुण झुणकारो ॥२॥

ਸੁਣਿ ਵਡਭਾਗੀਆ ਹਰਿ ਅੰਮ੍ਰਿਤ ਬਾਣੀ ਰਾਮ ॥ (545-6)
सुणि वडभागीआ हरि अमृत बाणी राम ॥

ਜਿਨ ਕਉ ਕਰਮਿ ਲਿਖੀ ਤਿਸੁ ਰਿਦੈ ਸਮਾਣੀ ਰਾਮ ॥ (545-7)
जिन कउ करमि लिखी तिसु रिदै समाणी राम ॥

ਅਕਥ ਕਹਾਣੀ ਤਿਨੀ ਜਾਣੀ ਜਿਸੁ ਆਪਿ ਪ੍ਰਭੁ ਕਿਰਪਾ ਕਰੇ ॥ (545-7)
अकथ कहाणी तिनी जाणी जिसु आपि प्रभु किरपा करे ॥

ਅਮਰੁ ਥੀਆ ਫਿਰਿ ਨ ਮੂਆ ਕਲਿ ਕਲੇਸਾ ਦੁਖ ਹਰੇ ॥ (545-8)
अमरु थीआ फिरि न मूआ कलि कलेसा दुख हरे ॥

ਹਰਿ ਸਰਣਿ ਪਾਈ ਤਜਿ ਨ ਜਾਈ ਪ੍ਰਭ ਪ੍ਰੀਤਿ ਮਨਿ ਤਨਿ ਭਾਣੀ ॥ (545-8)
हरि सरणि पाई तजि न जाई प्रभ प्रीति मनि तनि भाणी ॥

ਬਿਨਵੰਤਿ ਨਾਨਕ ਸਦਾ ਗਾਈਐ ਪਵਿਤ੍ਰ ਅੰਮ੍ਰਿਤ ਬਾਣੀ ॥੩॥ (545-9)
बिनवंति नानक सदा गाईऐ पवित्र अमृत बाणी ॥३॥

ਮਨ ਤਨ ਗਲਤੁ ਭਏ ਕਿਛੁ ਕਹਣੁ ਨ ਜਾਈ ਰਾਮ ॥ (545-10)
मन तन गलतु भए किछु कहणु न जाई राम ॥

ਜਿਸ ਤੇ ਉਪਜਿਅੜਾ ਤਿਨਿ ਲੀਆ ਸਮਾਈ ਰਾਮ ॥ (545-10)
जिस ते उपजिअड़ा तिनि लीआ समाई राम ॥

ਮਿਲਿ ਬ੍ਰਹਮ ਜੋਤੀ ਓਤਿ ਪੋਤੀ ਉਦਕੁ ਉਦਕਿ ਸਮਾਇਆ ॥ (545-11)
मिलि ब्रहम जोती ओति पोती उदकु उदकि समाइआ ॥

ਜਲਿ ਥਲਿ ਮਹੀਅਲਿ ਏਕੁ ਰਵਿਆ ਨਹ ਦੂਜਾ ਦ੍ਰਿਸਟਾਇਆ ॥ (545-11)
जलि थलि महीअलि एकु रविआ नह दूजा द्रिसटाइआ ॥

ਬਣਿ ਤ੍ਰਿਣਿ ਤ੍ਰਿਭਵਣਿ ਪੂਰਿ ਪੂਰਨ ਕੀਮਤਿ ਕਹਣੁ ਨ ਜਾਈ ॥ (545-12)
बणि त्रिणि त्रिभवणि पूरि पूरन कीमति कहणु न जाई ॥

ਬਿਨਵੰਤਿ ਨਾਨਕ ਆਪਿ ਜਾਣੈ ਜਿਨਿ ਏਹ ਬਣਤ ਬਣਾਈ ॥੪॥੨॥੫॥ (545-12)
बिनवंति नानक आपि जाणै जिनि एह बणत बणाई ॥४॥२॥५॥

ਬਿਹਾਗੜਾ ਮਹਲਾ ੫ ॥ (545-13)
बिहागड़ा महला ५ ॥

ਖੋਜਤ ਸੰਤ ਫਿਰਹਿ ਪ੍ਰਭ ਪ੍ਰਾਣ ਅਧਾਰੇ ਰਾਮ ॥ (545-13)
खोजत संत फिरहि प्रभ प्राण अधारे राम ॥

ਤਾਣੁ ਤਨੁ ਖੀਨ ਭਇਆ ਬਿਨੁ ਮਿਲਤ ਪਿਆਰੇ ਰਾਮ ॥ (545-14)
ताणु तनु खीन भइआ बिनु मिलत पिआरे राम ॥

ਪ੍ਰਭ ਮਿਲਹੁ ਪਿਆਰੇ ਮਇਆ ਧਾਰੇ ਕਰਿ ਦਇਆ ਲੜਿ ਲਾਇ ਲੀਜੀਐ ॥ (545-14)
प्रभ मिलहु पिआरे मइआ धारे करि दइआ लड़ि लाइ लीजीऐ ॥

ਦੇਹਿ ਨਾਮੁ ਅਪਨਾ ਜਪਉ ਸੁਆਮੀ ਹਰਿ ਦਰਸ ਪੇਖੇ ਜੀਜੀਐ ॥ (545-15)
देहि नामु अपना जपउ सुआमी हरि दरस पेखे जीजीऐ ॥

ਸਮਰਥ ਪੂਰਨ ਸਦਾ ਨਿਹਚਲ ਊਚ ਅਗਮ ਅਪਾਰੇ ॥ (545-16)
समरथ पूरन सदा निहचल ऊच अगम अपारे ॥

ਬਿਨਵੰਤਿ ਨਾਨਕ ਧਾਰਿ ਕਿਰਪਾ ਮਿਲਹੁ ਪ੍ਰਾਨ ਪਿਆਰੇ ॥੧॥ (545-16)
बिनवंति नानक धारि किरपा मिलहु प्रान पिआरे ॥१॥

ਜਪ ਤਪ ਬਰਤ ਕੀਨੇ ਪੇਖਨ ਕਉ ਚਰਣਾ ਰਾਮ ॥ (545-17)
जप तप बरत कीने पेखन कउ चरणा राम ॥

ਤਪਤਿ ਨ ਕਤਹਿ ਬੁਝੈ ਬਿਨੁ ਸੁਆਮੀ ਸਰਣਾ ਰਾਮ ॥ (545-17)
तपति न कतहि बुझै बिनु सुआमी सरणा राम ॥

ਪ੍ਰਭ ਸਰਣਿ ਤੇਰੀ ਕਾਟਿ ਬੇਰੀ ਸੰਸਾਰੁ ਸਾਗਰੁ ਤਾਰੀਐ ॥ (545-18)
प्रभ सरणि तेरी काटि बेरी संसारु सागरु तारीऐ ॥

ਅਨਾਥ ਨਿਰਗੁਨਿ ਕਛੁ ਨ ਜਾਨਾ ਮੇਰਾ ਗੁਣੁ ਅਉਗਣੁ ਨ ਬੀਚਾਰੀਐ ॥ (545-18)
अनाथ निरगुनि कछु न जाना मेरा गुणु अउगणु न बीचारीऐ ॥

ਦੀਨ ਦਇਆਲ ਗੋਪਾਲ ਪ੍ਰੀਤਮ ਸਮਰਥ ਕਾਰਣ ਕਰਣਾ ॥ (545-19)
दीन दइआल गोपाल प्रीतम समरथ कारण करणा ॥

ਨਾਨਕ ਚਾਤ੍ਰਿਕ ਹਰਿ ਬੂੰਦ ਮਾਗੈ ਜਪਿ ਜੀਵਾ ਹਰਿ ਹਰਿ ਚਰਣਾ ॥੨॥ (545-19)
नानक चात्रिक हरि बूंद मागै जपि जीवा हरि हरि चरणा ॥२॥

ਅਮਿਅ ਸਰੋਵਰੋ ਪੀਉ ਹਰਿ ਹਰਿ ਨਾਮਾ ਰਾਮ ॥ (546-1)
अमिअ सरोवरो पीउ हरि हरि नामा राम ॥

ਸੰਤਹ ਸੰਗਿ ਮਿਲੈ ਜਪਿ ਪੂਰਨ ਕਾਮਾ ਰਾਮ ॥ (546-1)
संतह संगि मिलै जपि पूरन कामा राम ॥

ਸਭ ਕਾਮ ਪੂਰਨ ਦੁਖ ਬਿਦੀਰਨ ਹਰਿ ਨਿਮਖ ਮਨਹੁ ਨ ਬੀਸਰੈ ॥ (546-2)
सभ काम पूरन दुख बिदीरन हरि निमख मनहु न बीसरै ॥

ਆਨੰਦ ਅਨਦਿਨੁ ਸਦਾ ਸਾਚਾ ਸਰਬ ਗੁਣ ਜਗਦੀਸਰੈ ॥ (546-2)
आनंद अनदिनु सदा साचा सरब गुण जगदीसरै ॥

ਅਗਣਤ ਊਚ ਅਪਾਰ ਠਾਕੁਰ ਅਗਮ ਜਾ ਕੋ ਧਾਮਾ ॥ (546-3)
अगणत ऊच अपार ठाकुर अगम जा को धामा ॥

ਬਿਨਵੰਤਿ ਨਾਨਕ ਮੇਰੀ ਇਛ ਪੂਰਨ ਮਿਲੇ ਸ੍ਰੀਰੰਗ ਰਾਮਾ ॥੩॥ (546-4)
बिनवंति नानक मेरी इछ पूरन मिले स्रीरंग रामा ॥३॥

ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥ (546-4)
कई कोटिक जग फला सुणि गावनहारे राम ॥

ਹਰਿ ਹਰਿ ਨਾਮੁ ਜਪਤ ਕੁਲ ਸਗਲੇ ਤਾਰੇ ਰਾਮ ॥ (546-5)
हरि हरि नामु जपत कुल सगले तारे राम ॥

ਹਰਿ ਨਾਮੁ ਜਪਤ ਸੋਹੰਤ ਪ੍ਰਾਣੀ ਤਾ ਕੀ ਮਹਿਮਾ ਕਿਤ ਗਨਾ ॥ (546-5)
हरि नामु जपत सोहंत प्राणी ता की महिमा कित गना ॥

ਹਰਿ ਬਿਸਰੁ ਨਾਹੀ ਪ੍ਰਾਨ ਪਿਆਰੇ ਚਿਤਵੰਤਿ ਦਰਸਨੁ ਸਦ ਮਨਾ ॥ (546-6)
हरि बिसरु नाही प्रान पिआरे चितवंति दरसनु सद मना ॥

ਸੁਭ ਦਿਵਸ ਆਏ ਗਹਿ ਕੰਠਿ ਲਾਏ ਪ੍ਰਭ ਊਚ ਅਗਮ ਅਪਾਰੇ ॥ (546-6)
सुभ दिवस आए गहि कंठि लाए प्रभ ऊच अगम अपारे ॥

ਬਿਨਵੰਤਿ ਨਾਨਕ ਸਫਲੁ ਸਭੁ ਕਿਛੁ ਪ੍ਰਭ ਮਿਲੇ ਅਤਿ ਪਿਆਰੇ ॥੪॥੩॥੬॥ (546-7)
बिनवंति नानक सफलु सभु किछु प्रभ मिले अति पिआरे ॥४॥३॥६॥

ਬਿਹਾਗੜਾ ਮਹਲਾ ੫ ਛੰਤ ॥ (546-8)
बिहागड़ा महला ५ छंत ॥

ਅਨ ਕਾਏ ਰਾਤੜਿਆ ਵਾਟ ਦੁਹੇਲੀ ਰਾਮ ॥ (546-8)
अन काए रातड़िआ वाट दुहेली राम ॥

ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ ॥ (546-8)
पाप कमावदिआ तेरा कोइ न बेली राम ॥

ਕੋਏ ਨ ਬੇਲੀ ਹੋਇ ਤੇਰਾ ਸਦਾ ਪਛੋਤਾਵਹੇ ॥ (546-9)
कोए न बेली होइ तेरा सदा पछोतावहे ॥

ਗੁਨ ਗੁਪਾਲ ਨ ਜਪਹਿ ਰਸਨਾ ਫਿਰਿ ਕਦਹੁ ਸੇ ਦਿਹ ਆਵਹੇ ॥ (546-9)
गुन गुपाल न जपहि रसना फिरि कदहु से दिह आवहे ॥

ਤਰਵਰ ਵਿਛੁੰਨੇ ਨਹ ਪਾਤ ਜੁੜਤੇ ਜਮ ਮਗਿ ਗਉਨੁ ਇਕੇਲੀ ॥ (546-10)
तरवर विछुंने नह पात जुड़ते जम मगि गउनु इकेली ॥

ਬਿਨਵੰਤ ਨਾਨਕ ਬਿਨੁ ਨਾਮ ਹਰਿ ਕੇ ਸਦਾ ਫਿਰਤ ਦੁਹੇਲੀ ॥੧॥ (546-10)
बिनवंत नानक बिनु नाम हरि के सदा फिरत दुहेली ॥१॥

ਤੂੰ ਵਲਵੰਚ ਲੂਕਿ ਕਰਹਿ ਸਭ ਜਾਣੈ ਜਾਣੀ ਰਾਮ ॥ (546-11)
तूं वलवंच लूकि करहि सभ जाणै जाणी राम ॥

ਲੇਖਾ ਧਰਮ ਭਇਆ ਤਿਲ ਪੀੜੇ ਘਾਣੀ ਰਾਮ ॥ (546-11)
लेखा धरम भइआ तिल पीड़े घाणी राम ॥

ਕਿਰਤ ਕਮਾਣੇ ਦੁਖ ਸਹੁ ਪਰਾਣੀ ਅਨਿਕ ਜੋਨਿ ਭ੍ਰਮਾਇਆ ॥ (546-12)
किरत कमाणे दुख सहु पराणी अनिक जोनि भ्रमाइआ ॥

ਮਹਾ ਮੋਹਨੀ ਸੰਗਿ ਰਾਤਾ ਰਤਨ ਜਨਮੁ ਗਵਾਇਆ ॥ (546-12)
महा मोहनी संगि राता रतन जनमु गवाइआ ॥

ਇਕਸੁ ਹਰਿ ਕੇ ਨਾਮ ਬਾਝਹੁ ਆਨ ਕਾਜ ਸਿਆਣੀ ॥ (546-13)
इकसु हरि के नाम बाझहु आन काज सिआणी ॥

ਬਿਨਵੰਤ ਨਾਨਕ ਲੇਖੁ ਲਿਖਿਆ ਭਰਮਿ ਮੋਹਿ ਲੁਭਾਣੀ ॥੨॥ (546-13)
बिनवंत नानक लेखु लिखिआ भरमि मोहि लुभाणी ॥२॥

ਬੀਚੁ ਨ ਕੋਇ ਕਰੇ ਅਕ੍ਰਿਤਘਣੁ ਵਿਛੁੜਿ ਪਇਆ ॥ (546-14)
बीचु न कोइ करे अक्रितघणु विछुड़ि पइआ ॥

ਆਏ ਖਰੇ ਕਠਿਨ ਜਮਕੰਕਰਿ ਪਕੜਿ ਲਇਆ ॥ (546-14)
आए खरे कठिन जमकंकरि पकड़ि लइआ ॥

ਪਕੜੇ ਚਲਾਇਆ ਅਪਣਾ ਕਮਾਇਆ ਮਹਾ ਮੋਹਨੀ ਰਾਤਿਆ ॥ (546-15)
पकड़े चलाइआ अपणा कमाइआ महा मोहनी रातिआ ॥

ਗੁਨ ਗੋਵਿੰਦ ਗੁਰਮੁਖਿ ਨ ਜਪਿਆ ਤਪਤ ਥੰਮ੍ਹ ਗਲਿ ਲਾਤਿਆ ॥ (546-15)
गुन गोविंद गुरमुखि न जपिआ तपत थंम्ह गलि लातिआ ॥

ਕਾਮ ਕ੍ਰੋਧਿ ਅਹੰਕਾਰਿ ਮੂਠਾ ਖੋਇ ਗਿਆਨੁ ਪਛੁਤਾਪਿਆ ॥ (546-16)
काम क्रोधि अहंकारि मूठा खोइ गिआनु पछुतापिआ ॥

ਬਿਨਵੰਤ ਨਾਨਕ ਸੰਜੋਗਿ ਭੂਲਾ ਹਰਿ ਜਾਪੁ ਰਸਨ ਨ ਜਾਪਿਆ ॥੩॥ (546-17)
बिनवंत नानक संजोगि भूला हरि जापु रसन न जापिआ ॥३ ॥

ਤੁਝ ਬਿਨੁ ਕੋ ਨਾਹੀ ਪ੍ਰਭ ਰਾਖਨਹਾਰਾ ਰਾਮ ॥ (546-17)
तुझ बिनु को नाही प्रभ राखनहारा राम ॥

ਪਤਿਤ ਉਧਾਰਣ ਹਰਿ ਬਿਰਦੁ ਤੁਮਾਰਾ ਰਾਮ ॥ (546-18)
पतित उधारण हरि बिरदु तुमारा राम ॥

ਪਤਿਤ ਉਧਾਰਨ ਸਰਨਿ ਸੁਆਮੀ ਕ੍ਰਿਪਾ ਨਿਧਿ ਦਇਆਲਾ ॥ (546-18)
पतित उधारन सरनि सुआमी क्रिपा निधि दइआला ॥

ਅੰਧ ਕੂਪ ਤੇ ਉਧਰੁ ਕਰਤੇ ਸਗਲ ਘਟ ਪ੍ਰਤਿਪਾਲਾ ॥ (546-19)
अंध कूप ते उधरु करते सगल घट प्रतिपाला ॥

ਸਰਨਿ ਤੇਰੀ ਕਟਿ ਮਹਾ ਬੇੜੀ ਇਕੁ ਨਾਮੁ ਦੇਹਿ ਅਧਾਰਾ ॥ (546-19)
सरनि तेरी कटि महा बेड़ी इकु नामु देहि अधारा ॥

ਬਿਨਵੰਤ ਨਾਨਕ ਕਰ ਦੇਇ ਰਾਖਹੁ ਗੋਬਿੰਦ ਦੀਨ ਦਇਆਰਾ ॥੪॥ (547-1)
बिनवंत नानक कर देइ राखहु गोबिंद दीन दइआरा ॥४ ॥

ਸੋ ਦਿਨੁ ਸਫਲੁ ਗਣਿਆ ਹਰਿ ਪ੍ਰਭੂ ਮਿਲਾਇਆ ਰਾਮ ॥ (547-1)
सो दिनु सफलु गणिआ हरि प्रभू मिलाइआ राम ॥

ਸਭਿ ਸੁਖ ਪਰਗਟਿਆ ਦੁਖ ਦੂਰਿ ਪਰਾਇਆ ਰਾਮ ॥ (547-2)
सभि सुख परगटिआ दुख दूरि पराइआ राम ॥

ਸੁਖ ਸਹਜ ਅਨਦ ਬਿਨੋਦ ਸਦ ਹੀ ਗੁਨ ਗੁਪਾਲ ਨਿਤ ਗਾਈਐ ॥ (547-2)
सुख सहज अनद बिनोद सद ही गुन गुपाल नित गाईऐ ॥

ਭਜੁ ਸਾਧਸੰਗੇ ਮਿਲੇ ਰੰਗੇ ਬਹੁੜਿ ਜੋਨਿ ਨ ਧਾਈਐ ॥ (547-3)
भजु साधसंगे मिले रंगे बहुड़ि जोनि न धाईऐ ॥

ਗਹਿ ਕੰਠਿ ਲਾਏ ਸਹਜਿ ਸੁਭਾਏ ਆਦਿ ਅੰਕੁਰੁ ਆਇਆ ॥ (547-3)
गहि कंठि लाए सहजि सुभाए आदि अंकुरु आइआ ॥

ਬਿਨਵੰਤ ਨਾਨਕ ਆਪਿ ਮਿਲਿਆ ਬਹੁੜਿ ਕਤਹੂ ਨ ਜਾਇਆ ॥੫॥੪॥੭॥ (547-4)
बिनवंत नानक आपि मिलिआ बहुड़ि कतहू न जाइआ ॥५॥४॥७॥

ਬਿਹਾਗੜਾ ਮਹਲਾ ੫ ਛੰਤ ॥ (547-5)
बिहागड़ा महला ५ छंत ॥

ਸੁਨਹੁ ਬੇਨੰਤੀਆ ਸੁਆਮੀ ਮੇਰੇ ਰਾਮ ॥ (547-5)
सुनहु बेनंतीआ सुआमी मेरे राम ॥

ਕੋਟਿ ਅਪ੍ਰਾਧ ਭਰੇ ਭੀ ਤੇਰੇ ਚੇਰੇ ਰਾਮ ॥ (547-5)
कोटि अप्राध भरे भी तेरे चेरे राम ॥

ਦੁਖ ਹਰਨ ਕਿਰਪਾ ਕਰਨ ਮੋਹਨ ਕਲਿ ਕਲੇਸਹ ਭੰਜਨਾ ॥ (547-6)
दुख हरन किरपा करन मोहन कलि कलेसह भंजना ॥

ਸਰਨਿ ਤੇਰੀ ਰਖਿ ਲੇਹੁ ਮੇਰੀ ਸਰਬ ਮੈ ਨਿਰੰਜਨਾ ॥ (547-6)
सरनि तेरी रखि लेहु मेरी सरब मै निरंजना ॥

ਸੁਨਤ ਪੇਖਤ ਸੰਗਿ ਸਭ ਕੈ ਪ੍ਰਭ ਨੇਰਹੂ ਤੇ ਨੇਰੇ ॥ (547-7)
सुनत पेखत संगि सभ कै प्रभ नेरहू ते नेरे ॥

ਅਰਦਾਸਿ ਨਾਨਕ ਸੁਨਿ ਸੁਆਮੀ ਰਖਿ ਲੇਹੁ ਘਰ ਕੇ ਚੇਰੇ ॥੧॥ (547-7)
अरदासि नानक सुनि सुआमी रखि लेहु घर के चेरे ॥१॥

ਤੂ ਸਮਰਥੁ ਸਦਾ ਹਮ ਦੀਨ ਭੇਖਾਰੀ ਰਾਮ ॥ (547-8)
तू समरथु सदा हम दीन भेखारी राम ॥

ਮਾਇਆ ਮੋਹਿ ਮਗਨੁ ਕਢਿ ਲੇਹੁ ਮੁਰਾਰੀ ਰਾਮ ॥ (547-8)
माइआ मोहि मगनु कढि लेहु मुरारी राम ॥

ਲੋਭਿ ਮੋਹਿ ਬਿਕਾਰਿ ਬਾਧਿਓ ਅਨਿਕ ਦੋਖ ਕਮਾਵਨੇ ॥ (547-8)
लोभि मोहि बिकारि बाधिओ अनिक दोख कमावने ॥

ਅਲਿਪਤ ਬੰਧਨ ਰਹਤ ਕਰਤਾ ਕੀਆ ਅਪਨਾ ਪਾਵਨੇ ॥ (547-9)
अलिपत बंधन रहत करता कीआ अपना पावने ॥

ਕਰਿ ਅਨੁਗ੍ਰਹੁ ਪਤਿਤ ਪਾਵਨ ਬਹੁ ਜੋਨਿ ਭ੍ਰਮਤੇ ਹਾਰੀ ॥ (547-9)
करि अनुग्रहु पतित पावन बहु जोनि भ्रमते हारी ॥

ਬਿਨਵੰਤਿ ਨਾਨਕ ਦਾਸੁ ਹਰਿ ਕਾ ਪ੍ਰਭ ਜੀਅ ਪ੍ਰਾਨ ਅਧਾਰੀ ॥੨॥ (547-10)
बिनवंति नानक दासु हरि का प्रभ जीअ प्रान अधारी ॥२॥

ਤੂ ਸਮਰਥੁ ਵਡਾ ਮੇਰੀ ਮਤਿ ਥੋਰੀ ਰਾਮ ॥ (547-10)
तू समरथु वडा मेरी मति थोरी राम ॥

ਪਾਲਹਿ ਅਕਿਰਤਘਨਾ ਪੂਰਨ ਦ੍ਰਿਸਟਿ ਤੇਰੀ ਰਾਮ ॥ (547-11)
पालहि अकिरतघना पूरन द्रिसटि तेरी राम ॥

ਅਗਾਧਿ ਬੋਧਿ ਅਪਾਰ ਕਰਤੇ ਮੋਹਿ ਨੀਚੁ ਕਛੂ ਨ ਜਾਨਾ ॥ (547-11)
अगाधि बोधि अपार करते मोहि नीचु कछू न जाना ॥

ਰਤਨੁ ਤਿਆਗਿ ਸੰਗ੍ਰਹਨ ਕਉਡੀ ਪਸੂ ਨੀਚੁ ਇਆਨਾ ॥ (547-12)
रतनु तिआगि संग्रहन कउडी पसू नीचु इआना ॥

ਤਿਆਗਿ ਚਲਤੀ ਮਹਾ ਚੰਚਲਿ ਦੋਖ ਕਰਿ ਕਰਿ ਜੋਰੀ ॥ (547-12)
तिआगि चलती महा चंचलि दोख करि करि जोरी ॥

ਨਾਨਕ ਸਰਨਿ ਸਮਰਥ ਸੁਆਮੀ ਪੈਜ ਰਾਖਹੁ ਮੋਰੀ ॥੩॥ (547-13)
नानक सरनि समरथ सुआमी पैज राखहु मोरी ॥३॥

ਜਾ ਤੇ ਵੀਛੁੜਿਆ ਤਿਨਿ ਆਪਿ ਮਿਲਾਇਆ ਰਾਮ ॥ (547-13)
जा ते वीछुड़िआ तिनि आपि मिलाइआ राम ॥

ਸਾਧੂ ਸੰਗਮੇ ਹਰਿ ਗੁਣ ਗਾਇਆ ਰਾਮ ॥ (547-14)
साधू संगमे हरि गुण गाइआ राम ॥

ਗੁਣ ਗਾਇ ਗੋਵਿਦ ਸਦਾ ਨੀਕੇ ਕਲਿਆਣ ਮੈ ਪਰਗਟ ਭਏ ॥ (547-14)
गुण गाइ गोविद सदा नीके कलिआण मै परगट भए ॥

ਸੇਜਾ ਸੁਹਾਵੀ ਸੰਗਿ ਪ੍ਰਭ ਕੈ ਆਪਣੇ ਪ੍ਰਭ ਕਰਿ ਲਏ ॥ (547-15)
सेजा सुहावी संगि प्रभ कै आपणे प्रभ करि लए ॥

ਛੋਡਿ ਚਿੰਤ ਅਚਿੰਤ ਹੋਏ ਬਹੁੜਿ ਦੂਖੁ ਨ ਪਾਇਆ ॥ (547-15)
छोडि चिंत अचिंत होए बहुड़ि दूखु न पाइआ ॥

ਨਾਨਕ ਦਰਸਨੁ ਪੇਖਿ ਜੀਵੇ ਗੋਵਿੰਦ ਗੁਣ ਨਿਧਿ ਗਾਇਆ ॥੪॥੫॥੮॥ (547-16)
नानक दरसनु पेखि जीवे गोविंद गुण निधि गाइआ ॥४॥५॥८॥

ਬਿਹਾਗੜਾ ਮਹਲਾ ੫ ਛੰਤ ॥ (547-17)
बिहागड़ा महला ५ छंत ॥

ਬੋਲਿ ਸੁਧਰਮੀੜਿਆ ਮੋਨਿ ਕਤ ਧਾਰੀ ਰਾਮ ॥ (547-17)
बोलि सुधरमीड़िआ मोनि कत धारी राम ॥

ਤੂ ਨੇਤ੍ਰੀ ਦੇਖਿ ਚਲਿਆ ਮਾਇਆ ਬਿਉਹਾਰੀ ਰਾਮ ॥ (547-17)
तू नेत्री देखि चलिआ माइआ बिउहारी राम ॥

ਸੰਗਿ ਤੇਰੈ ਕਛੁ ਨ ਚਾਲੈ ਬਿਨਾ ਗੋਬਿੰਦ ਨਾਮਾ ॥ (547-18)
संगि तेरै कछु न चालै बिना गोबिंद नामा ॥

ਦੇਸ ਵੇਸ ਸੁਵਰਨ ਰੂਪਾ ਸਗਲ ਊਣੇ ਕਾਮਾ ॥ (547-18)
देस वेस सुवरन रूपा सगल ऊणे कामा ॥

ਪੁਤ੍ਰ ਕਲਤ੍ਰ ਨ ਸੰਗਿ ਸੋਭਾ ਹਸਤ ਘੋਰਿ ਵਿਕਾਰੀ ॥ (547-19)
पुत्र कलत्र न संगि सोभा हसत घोरि विकारी ॥

ਬਿਨਵੰਤ ਨਾਨਕ ਬਿਨੁ ਸਾਧਸੰਗਮ ਸਭ ਮਿਥਿਆ ਸੰਸਾਰੀ ॥੧॥ (547-19)
बिनवंत नानक बिनु साधसंगम सभ मिथिआ संसारी ॥१॥

ਰਾਜਨ ਕਿਉ ਸੋਇਆ ਤੂ ਨੀਦ ਭਰੇ ਜਾਗਤ ਕਤ ਨਾਹੀ ਰਾਮ ॥ (548-1)
राजन किउ सोइआ तू नीद भरे जागत कत नाही राम ॥

ਮਾਇਆ ਝੂਠੁ ਰੁਦਨੁ ਕੇਤੇ ਬਿਲਲਾਹੀ ਰਾਮ ॥ (548-1)
माइआ झूठु रुदनु केते बिललाही राम ॥

ਬਿਲਲਾਹਿ ਕੇਤੇ ਮਹਾ ਮੋਹਨ ਬਿਨੁ ਨਾਮ ਹਰਿ ਕੇ ਸੁਖੁ ਨਹੀ ॥ (548-2)
बिललाहि केते महा मोहन बिनु नाम हरि के सुखु नही ॥

ਸਹਸ ਸਿਆਣਪ ਉਪਾਵ ਥਾਕੇ ਜਹ ਭਾਵਤ ਤਹ ਜਾਹੀ ॥ (548-2)
सहस सिआणप उपाव थाके जह भावत तह जाही ॥

ਆਦਿ ਅੰਤੇ ਮਧਿ ਪੂਰਨ ਸਰਬਤ੍ਰ ਘਟਿ ਘਟਿ ਆਹੀ ॥ (548-3)
आदि अंते मधि पूरन सरबत्र घटि घटि आही ॥

ਬਿਨਵੰਤ ਨਾਨਕ ਜਿਨ ਸਾਧਸੰਗਮੁ ਸੇ ਪਤਿ ਸੇਤੀ ਘਰਿ ਜਾਹੀ ॥੨॥ (548-3)
बिनवंत नानक जिन साधसंगमु से पति सेती घरि जाही ॥२॥

ਨਰਪਤਿ ਜਾਣਿ ਗ੍ਰਹਿਓ ਸੇਵਕ ਸਿਆਣੇ ਰਾਮ ॥ (548-4)
नरपति जाणि ग्रहिओ सेवक सिआणे राम ॥

ਸਰਪਰ ਵੀਛੁੜਣਾ ਮੋਹੇ ਪਛੁਤਾਣੇ ਰਾਮ ॥ (548-4)
सरपर वीछुड़णा मोहे पछुताणे राम ॥

ਹਰਿਚੰਦਉਰੀ ਦੇਖਿ ਭੂਲਾ ਕਹਾ ਅਸਥਿਤਿ ਪਾਈਐ ॥ (548-5)
हरिचंदउरी देखि भूला कहा असथिति पाईऐ ॥

ਬਿਨੁ ਨਾਮ ਹਰਿ ਕੇ ਆਨ ਰਚਨਾ ਅਹਿਲਾ ਜਨਮੁ ਗਵਾਈਐ ॥ (548-5)
बिनु नाम हरि के आन रचना अहिला जनमु गवाईऐ ॥

ਹਉ ਹਉ ਕਰਤ ਨ ਤ੍ਰਿਸਨ ਬੂਝੈ ਨਹ ਕਾਂਮ ਪੂਰਨ ਗਿਆਨੇ ॥ (548-6)
हउ हउ करत न त्रिसन बूझै नह कांम पूरन गिआने ॥

ਬਿਨਵੰਤਿ ਨਾਨਕ ਬਿਨੁ ਨਾਮ ਹਰਿ ਕੇ ਕੇਤਿਆ ਪਛੁਤਾਣੇ ॥੩॥ (548-7)
बिनवंति नानक बिनु नाम हरि के केतिआ पछुताने ॥३॥

ਧਾਰਿ ਅਨੁਗ੍ਰਹੋ ਅਪਨਾ ਕਰਿ ਲੀਨਾ ਰਾਮ ॥ (548-7)
धारि अनुग्रहो अपना करि लीना राम ॥

ਭੁਜਾ ਗਹਿ ਕਾਢਿ ਲੀਓ ਸਾਧੂ ਸੰਗੁ ਦੀਨਾ ਰਾਮ ॥ (548-8)
भुजा गहि काढि लीओ साधू संगु दीना राम ॥

ਸਾਧਸੰਗਮਿ ਹਰਿ ਅਰਾਧੇ ਸਗਲ ਕਲਮਲ ਦੁਖ ਜਲੇ ॥ (548-8)
साधसंगमि हरि अराधे सगल कलमल दुख जले ॥

ਮਹਾ ਧਰਮ ਸੁਦਾਨ ਕਿਰਿਆ ਸੰਗਿ ਤੇਰੈ ਸੇ ਚਲੇ ॥ (548-9)
महा धरम सुदान किरिआ संगि तेरै से चले ॥

ਰਸਨਾ ਅਰਾਧੈ ਏਕੁ ਸੁਆਮੀ ਹਰਿ ਨਾਮਿ ਮਨੁ ਤਨੁ ਭੀਨਾ ॥ (548-9)
रसना अराधै एकु सुआमी हरि नामि मनु तनु भीना ॥

ਨਾਨਕ ਜਿਸ ਨੋ ਹਰਿ ਮਿਲਾਏ ਸੋ ਸਰਬ ਗੁਣ ਪਰਬੀਨਾ ॥੪॥੬॥੯॥ (548-10)
नानक जिस नो हरि मिलाए सो सरब गुण परबीना ॥४॥६॥९॥

ਬਿਹਾਗੜੇ ਕੀ ਵਾਰ ਮਹਲਾ ੪ (548-11)
बिहागड़े की वार महला ४

ੴ ਸਤਿਗੁਰ ਪ੍ਰਸਾਦਿ ॥ (548-11)
ੴ सतिगुर प्रसादि ॥

ਸਲੋਕ ਮਃ ੩ ॥ (548-12)
सलोक मः ३ ॥

ਗੁਰ ਸੇਵਾ ਤੇ ਸੁਖੁ ਪਾਈਐ ਹੋਰ ਥੈ ਸੁਖੁ ਨ ਭਾਲਿ ॥ (548-12)
गुर सेवा ते सुखु पाईऐ होर थै सुखु न भालि ॥

ਗੁਰ ਕੈ ਸਬਦਿ ਮਨੁ ਭੇਦੀਐ ਸਦਾ ਵਸੈ ਹਰਿ ਨਾਲਿ ॥ (548-12)
गुर कै सबदि मनु भेदीऐ सदा वसै हरि नालि ॥

ਨਾਨਕ ਨਾਮੁ ਤਿਨਾ ਕਉ ਮਿਲੈ ਜਿਨ ਹਰਿ ਵੇਖੈ ਨਦਰਿ ਨਿਹਾਲਿ ॥੧॥ (548-13)
नानक नामु तिना कउ मिलै जिन हरि वेखै नदरि निहालि ॥१॥

ਮਃ ੩ ॥ (548-13)
मः ३ ॥

ਸਿਫਤਿ ਖਜਾਨਾ ਬਖਸ ਹੈ ਜਿਸੁ ਬਖਸੈ ਸੋ ਖਰਚੈ ਖਾਇ ॥ (548-13)
सिफति खजाना बखस है जिसु बखसै सो खरचै खाइ ॥

ਸਤਿਗੁਰ ਬਿਨੁ ਹਥਿ ਨ ਆਵਈ ਸਭ ਥਕੇ ਕਰਮ ਕਮਾਇ ॥ (548-14)
सतिगुर बिनु हथि न आवई सभ थके करम कमाइ ॥

ਨਾਨਕ ਮਨਮੁਖੁ ਜਗਤੁ ਧਨਹੀਣੁ ਹੈ ਅਗੈ ਭੁਖਾ ਕਿ ਖਾਇ ॥੨॥ (548-15)
नानक मनमुखु जगतु धनहीणु है अगै भुखा कि खाइ ॥२॥

ਪਉੜੀ ॥ (548-15)
पउड़ी ॥

ਸਭ ਤੇਰੀ ਤੂ ਸਭਸ ਦਾ ਸਭ ਤੁਧੁ ਉਪਾਇਆ ॥ (548-15)
सभ तेरी तू सभस दा सभ तुधु उपाइआ ॥

ਸਭਨਾ ਵਿਚਿ ਤੂ ਵਰਤਦਾ ਤੂ ਸਭਨੀ ਧਿਆਇਆ ॥ (548-16)
सभना विचि तू वरतदा तू सभनी धिआइआ ॥

ਤਿਸ ਦੀ ਤੂ ਭਗਤਿ ਥਾਇ ਪਾਇਹਿ ਜੋ ਤੁਧੁ ਮਨਿ ਭਾਇਆ ॥ (548-16)
तिस दी तू भगति थाइ पाइहि जो तुधु मनि भाइआ ॥

ਜੋ ਹਰਿ ਪ੍ਰਭ ਭਾਵੈ ਸੋ ਥੀਐ ਸਭਿ ਕਰਨਿ ਤੇਰਾ ਕਰਾਇਆ ॥ (548-17)
जो हरि प्रभ भावै सो थीऐ सभि करनि तेरा कराइआ ॥

ਸਲਾਹਿਹੁ ਹਰਿ ਸਭਨਾ ਤੇ ਵਡਾ ਜੋ ਸੰਤ ਜਨਾਂ ਕੀ ਪੈਜ ਰਖਦਾ ਆਇਆ ॥੧॥ (548-17)
सलाहिहु हरि सभना ते वडा जो संत जनां की पैज रखदा आइआ ॥१॥

ਸਲੋਕ ਮਃ ੩ ॥ (548-18)
सलोक मः ३ ॥

ਨਾਨਕ ਗਿਆਨੀ ਜਗੁ ਜੀਤਾ ਜਗਿ ਜੀਤਾ ਸਭੁ ਕੋਇ ॥ (548-18)
नानक गिआनी जगु जीता जगि जीता सभु कोइ ॥

ਨਾਮੇ ਕਾਰਜ ਸਿਧਿ ਹੈ ਸਹਜੇ ਹੋਇ ਸੁ ਹੋਇ ॥ (548-19)
नामे कारज सिधि है सहजे होइ सु होइ ॥

ਗੁਰਮਤਿ ਮਤਿ ਅਚਲੁ ਹੈ ਚਲਾਇ ਨ ਸਕੈ ਕੋਇ ॥ (548-19)
गुरमति मति अचलु है चलाइ न सकै कोइ ॥

ਭਗਤਾ ਕਾ ਹਰਿ ਅੰਗੀਕਾਰੁ ਕਰੇ ਕਾਰਜੁ ਸੁਹਾਵਾ ਹੋਇ ॥ (548-19)
भगता का हरि अंगीकारु करे कारजु सुहावा होइ ॥

ਮਨਮੁਖ ਮੂਲਹੁ ਭੁਲਾਇਅਨੁ ਵਿਚਿ ਲਬੁ ਲੋਭੁ ਅਹੰਕਾਰੁ ॥ (549-1)
मनमुख मूलहु भुलाइअनु विचि लबु लोभु अहंकारु ॥

ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰੈ ਵੀਚਾਰੁ ॥ (549-2)
झगड़ा करदिआ अनदिनु गुदरै सबदि न करै वीचारु ॥

ਸੁਧਿ ਮਤਿ ਕਰਤੈ ਹਿਰਿ ਲਈ ਬੋਲਨਿ ਸਭੁ ਵਿਕਾਰੁ ॥ (549-2)
सुधि मति करतै हिरि लई बोलनि सभु विकारु ॥

ਦਿਤੈ ਕਿਤੈ ਨ ਸੰਤੋਖੀਅਨਿ ਅੰਤਰਿ ਤ੍ਰਿਸਨਾ ਬਹੁਤੁ ਅਗ੍ਯ੍ਯਾਨੁ ਅੰਧਾਰੁ ॥ (549-3)
दितै कितै न संतोखीअनि अंतरि त्रिसना बहुतु अग्यानु अंधारु ॥

ਨਾਨਕ ਮਨਮੁਖਾ ਨਾਲਹੁ ਤੁਟੀਆ ਭਲੀ ਜਿਨਾ ਮਾਇਆ ਮੋਹਿ ਪਿਆਰੁ ॥੧॥ (549-3)
नानक मनमुखा नालहु तुटीआ भली जिना माइआ मोहि पिआरु ॥१॥

ਮਃ ੩ ॥ (549-4)
मः ३ ॥

ਤਿਨ੍ਹ੍ਹ ਭਉ ਸੰਸਾ ਕਿਆ ਕਰੇ ਜਿਨ ਸਤਿਗੁਰੁ ਸਿਰਿ ਕਰਤਾਰੁ ॥ (549-4)
तिन्ह भउ संसा किआ करे जिन सतिगुरु सिरि करतारु ॥

ਧੁਰਿ ਤਿਨ ਕੀ ਪੈਜ ਰਖਦਾ ਆਪੇ ਰਖਣਹਾਰੁ ॥ (549-5)
धुरि तिन की पैज रखदा आपे रखणहारु ॥

ਮਿਲਿ ਪ੍ਰੀਤਮ ਸੁਖੁ ਪਾਇਆ ਸਚੈ ਸਬਦਿ ਵੀਚਾਰਿ ॥ (549-5)
मिलि प्रीतम सुखु पाइआ सचै सबदि वीचारि ॥

ਨਾਨਕ ਸੁਖਦਾਤਾ ਸੇਵਿਆ ਆਪੇ ਪਰਖਣਹਾਰੁ ॥੨॥ (549-6)
नानक सुखदाता सेविआ आपे परखणहारु ॥२॥

ਪਉੜੀ ॥ (549-6)
पउड़ी ॥

ਜੀਅ ਜੰਤ ਸਭਿ ਤੇਰਿਆ ਤੂ ਸਭਨਾ ਰਾਸਿ ॥ (549-6)
जीअ जंत सभि तेरिआ तू सभना रासि ॥

ਜਿਸ ਨੋ ਤੂ ਦੇਹਿ ਤਿਸੁ ਸਭੁ ਕਿਛੁ ਮਿਲੈ ਕੋਈ ਹੋਰੁ ਸਰੀਕੁ ਨਾਹੀ ਤੁਧੁ ਪਾਸਿ ॥ (549-7)
जिस नो तू देहि तिसु सभु किछु मिलै कोई होरु सरीकु नाही तुधु पासि ॥

ਤੂ ਇਕੋ ਦਾਤਾ ਸਭਸ ਦਾ ਹਰਿ ਪਹਿ ਅਰਦਾਸਿ ॥ (549-7)
तू इको दाता सभस दा हरि पहि अरदासि ॥

ਜਿਸ ਦੀ ਤੁਧੁ ਭਾਵੈ ਤਿਸ ਦੀ ਤੂ ਮੰਨਿ ਲੈਹਿ ਸੋ ਜਨੁ ਸਾਬਾਸਿ ॥ (549-8)
जिस दी तुधु भावै तिस दी तू मंनि लैहि सो जनु साबासि ॥

ਸਭੁ ਤੇਰਾ ਚੋਜੁ ਵਰਤਦਾ ਦੁਖੁ ਸੁਖੁ ਤੁਧੁ ਪਾਸਿ ॥੨॥ (549-8)
सभु तेरा चोजु वरतदा दुखु सुखु तुधु पासि ॥२॥

ਸਲੋਕ ਮਃ ੩ ॥ (549-9)
सलोक मः ३ ॥

ਗੁਰਮੁਖਿ ਸਚੈ ਭਾਵਦੇ ਦਰਿ ਸਚੈ ਸਚਿਆਰ ॥ (549-9)
गुरमुखि सचै भावदे दरि सचै सचिआर ॥

ਸਾਜਨ ਮਨਿ ਆਨੰਦੁ ਹੈ ਗੁਰ ਕਾ ਸਬਦੁ ਵੀਚਾਰ ॥ (549-9)
साजन मनि आनंदु है गुर का सबदु वीचार ॥

ਅੰਤਰਿ ਸਬਦੁ ਵਸਾਇਆ ਦੁਖੁ ਕਟਿਆ ਚਾਨਣੁ ਕੀਆ ਕਰਤਾਰਿ ॥ (549-10)
अंतरि सबदु वसाइआ दुखु कटिआ चानणु कीआ करतारि ॥

ਨਾਨਕ ਰਖਣਹਾਰਾ ਰਖਸੀ ਆਪਣੀ ਕਿਰਪਾ ਧਾਰਿ ॥੧॥ (549-10)
नानक रखणहारा रखसी आपणी किरपा धारि ॥१॥

ਮਃ ੩ ॥ (549-11)
मः ३ ॥

ਗੁਰ ਕੀ ਸੇਵਾ ਚਾਕਰੀ ਭੈ ਰਚਿ ਕਾਰ ਕਮਾਇ ॥ (549-11)
गुर की सेवा चाकरी भै रचि कार कमाइ ॥

ਜੇਹਾ ਸੇਵੈ ਤੇਹੋ ਹੋਵੈ ਜੇ ਚਲੈ ਤਿਸੈ ਰਜਾਇ ॥ (549-11)
जेहा सेवै तेहो होवै जे चलै तिसै रजाइ ॥

ਨਾਨਕ ਸਭੁ ਕਿਛੁ ਆਪਿ ਹੈ ਅਵਰੁ ਨ ਦੂਜੀ ਜਾਇ ॥੨॥ (549-12)
नानक सभु किछु आपि है अवरु न दूजी जाइ ॥२॥

ਪਉੜੀ ॥ (549-12)
पउड़ी ॥

ਤੇਰੀ ਵਡਿਆਈ ਤੂਹੈ ਜਾਣਦਾ ਤੁਧੁ ਜੇਵਡੁ ਅਵਰੁ ਨ ਕੋਈ ॥ (549-12)
तेरी वडिआई तूहै जाणदा तुधु जेवडु अवरु न कोई ॥

ਤੁਧੁ ਜੇਵਡੁ ਹੋਰੁ ਸਰੀਕੁ ਹੋਵੈ ਤਾ ਆਖੀਐ ਤੁਧੁ ਜੇਵਡੁ ਤੂਹੈ ਹੋਈ ॥ (549-13)
तुधु जेवडु होरु सरीकु होवै ता आखीऐ तुधु जेवडु तूहै होई ॥

ਜਿਨਿ ਤੂ ਸੇਵਿਆ ਤਿਨਿ ਸੁਖੁ ਪਾਇਆ ਹੋਰੁ ਤਿਸ ਦੀ ਰੀਸ ਕਰੇ ਕਿਆ ਕੋਈ ॥ (549-14)
जिनि तू सेविआ तिनि सुखु पाइआ होरु तिस दी रीस करे किआ कोई ॥

ਤੂ ਭੰਨਣ ਘੜਣ ਸਮਰਥੁ ਦਾਤਾਰੁ ਹਹਿ ਤੁਧੁ ਅਗੈ ਮੰਗਣ ਨੋ ਹਥ ਜੋੜਿ ਖਲੀ ਸਭ ਹੋਈ ॥ (549-14)
तू भंनण घड़ण समरथु दातारु हहि तुधु अगै मंगण नो हथ जोड़ि खली सभ होई ॥

ਤੁਧੁ ਜੇਵਡੁ ਦਾਤਾਰੁ ਮੈ ਕੋਈ ਨਦਰਿ ਨ ਆਵਈ ਤੁਧੁ ਸਭਸੈ ਨੋ ਦਾਨੁ ਦਿਤਾ ਖੰਡੀ ਵਰਭੰਡੀ ਪਾਤਾਲੀ ਪੁਰਈ ਸਭ ਲੋਈ ॥੩॥ (549-15)
तुधु जेवडु दातारु मै कोई नदरि न आवई तुधु सभसै नो दानु दिता खंडी वरभंडी पाताली पुरई सभ लोई ॥३॥

ਸਲੋਕ ਮਃ ੩ ॥ (549-16)
सलोक मः ३ ॥

ਮਨਿ ਪਰਤੀਤਿ ਨ ਆਈਆ ਸਹਜਿ ਨ ਲਗੋ ਭਾਉ ॥ (549-16)
मनि परतीति न आईआ सहजि न लगो भाउ ॥

ਸਬਦੈ ਸਾਦੁ ਨ ਪਾਇਓ ਮਨਹਠਿ ਕਿਆ ਗੁਣ ਗਾਇ ॥ (549-17)
सबदै सादु न पाइओ मनहठि किआ गुण गाइ ॥

ਨਾਨਕ ਆਇਆ ਸੋ ਪਰਵਾਣੁ ਹੈ ਜਿ ਗੁਰਮੁਖਿ ਸਚਿ ਸਮਾਇ ॥੧॥ (549-17)
नानक आइआ सो परवाणु है जि गुरमुखि सचि समाइ ॥१॥

ਮਃ ੩ ॥ (549-18)
मः ३ ॥

ਆਪਣਾ ਆਪੁ ਨ ਪਛਾਣੈ ਮੂੜ੍ਹਾ ਅਵਰਾ ਆਖਿ ਦੁਖਾਏ ॥ (549-18)
आपणा आपु न पछाणै मूड़ा अवरा आखि दुखाए ॥

ਮੁੰਢੈ ਦੀ ਖਸਲਤਿ ਨ ਗਈਆ ਅੰਧੇ ਵਿਛੁੜਿ ਚੋਟਾ ਖਾਏ ॥ (549-19)
मुंढै दी खसलति न गईआ अंधे विछुड़ि चोटा खाए ॥

ਸਤਿਗੁਰ ਕੈ ਭੈ ਭੰਨਿ ਨ ਘੜਿਓ ਰਹੈ ਅੰਕਿ ਸਮਾਏ ॥ (549-19)
सतिगुर कै भै भंनि न घड़िओ रहै अंकि समाए ॥

ਅਨਦਿਨੁ ਸਹਸਾ ਕਦੇ ਨ ਚੂਕੈ ਬਿਨੁ ਸਬਦੈ ਦੁਖੁ ਪਾਏ ॥ (550-1)
अनदिनु सहसा कदे न चूकै बिनु सबदै दुखु पाए ॥

ਕਾਮੁ ਕ੍ਰੋਧੁ ਲੋਭੁ ਅੰਤਰਿ ਸਬਲਾ ਨਿਤ ਧੰਧਾ ਕਰਤ ਵਿਹਾਏ ॥ (550-1)
कामु क्रोधु लोभु अंतरि सबला नित धंधा करत विहाए ॥

ਚਰਣ ਕਰ ਦੇਖਤ ਸੁਣਿ ਥਕੇ ਦਿਹ ਮੁਕੇ ਨੇੜੈ ਆਏ ॥ (550-2)
चरण कर देखत सुणि थके दिह मुके नेड़ै आए ॥

ਸਚਾ ਨਾਮੁ ਨ ਲਗੋ ਮੀਠਾ ਜਿਤੁ ਨਾਮਿ ਨਵ ਨਿਧਿ ਪਾਏ ॥ (550-2)
सचा नामु न लगो मीठा जितु नामि नव निधि पाए ॥

ਜੀਵਤੁ ਮਰੈ ਮਰੈ ਫੁਨਿ ਜੀਵੈ ਤਾਂ ਮੋਖੰਤਰੁ ਪਾਏ ॥ (550-3)
जीवतु मरै मरै फुनि जीवै तां मोखंतरु पाए ॥

ਧੁਰਿ ਕਰਮੁ ਨ ਪਾਇਓ ਪਰਾਣੀ ਵਿਣੁ ਕਰਮਾ ਕਿਆ ਪਾਏ ॥ (550-3)
धुरि करमु न पाइओ पराणी विणु करमा किआ पाए ॥

ਗੁਰ ਕਾ ਸਬਦੁ ਸਮਾਲਿ ਤੂ ਮੂੜੇ ਗਤਿ ਮਤਿ ਸਬਦੇ ਪਾਏ ॥ (550-4)
गुर का सबदु समालि तू मूड़े गति मति सबदे पाए ॥

ਨਾਨਕ ਸਤਿਗੁਰੁ ਤਦ ਹੀ ਪਾਏ ਜਾਂ ਵਿਚਹੁ ਆਪੁ ਗਵਾਏ ॥੨॥ (550-4)
नानक सतिगुरु तद ही पाए जां विचहु आपु गवाए ॥२॥

ਪਉੜੀ ॥ (550-5)
पउड़ी ॥

ਜਿਸ ਦੈ ਚਿਤਿ ਵਸਿਆ ਮੇਰਾ ਸੁਆਮੀ ਤਿਸ ਨੋ ਕਿਉ ਅੰਦੇਸਾ ਕਿਸੈ ਗਲੈ ਦਾ ਲੋੜੀਐ ॥ (550-5)
जिस दै चिति वसिआ मेरा सुआमी तिस नो किउ अंदेसा किसै गलै दा लोड़ीऐ ॥

ਹਰਿ ਸੁਖਦਾਤਾ ਸਭਨਾ ਗਲਾ ਕਾ ਤਿਸ ਨੋ ਧਿਆਇਦਿਆ ਕਿਵ ਨਿਮਖ ਘੜੀ ਮੁਹੁ ਮੋੜੀਐ ॥ (550-6)
हरि सुखदाता सभना गला का तिस नो धिआइदिआ किव निमख घड़ी मुहु मोड़ीऐ ॥

ਜਿਨਿ ਹਰਿ ਧਿਆਇਆ ਤਿਸ ਨੋ ਸਰਬ ਕਲਿਆਣ ਹੋਏ ਨਿਤ ਸੰਤ ਜਨਾ ਕੀ ਸੰਗਤਿ ਜਾਇ ਬਹੀਐ ਮੁਹੁ ਜੋੜੀਐ ॥ (550-6)
जिनि हरि धिआइआ तिस नो सरब कलिआण होए नित संत जना की संगति जाइ बहीऐ मुहु जोड़ीऐ ॥

ਸਭਿ ਦੁਖ ਭੁਖ ਰੋਗ ਗਏ ਹਰਿ ਸੇਵਕ ਕੇ ਸਭਿ ਜਨ ਕੇ ਬੰਧਨ ਤੋੜੀਐ ॥ (550-7)
सभि दुख भुख रोग गए हरि सेवक के सभि जन के बंधन तोड़ीऐ ॥

ਹਰਿ ਕਿਰਪਾ ਤੇ ਹੋਆ ਹਰਿ ਭਗਤੁ ਹਰਿ ਭਗਤ ਜਨਾ ਕੈ ਮੁਹਿ ਡਿਠੈ ਜਗਤੁ ਤਰਿਆ ਸਭੁ ਲੋੜੀਐ ॥੪॥ (550-8)
हरि किरपा ते होआ हरि भगतु हरि भगत जना कै मुहि डिठै जगतु तरिआ सभु लोड़ीऐ ॥४॥

ਸਲੋਕ ਮਃ ੩ ॥ (550-9)
सलोक मः ३ ॥

ਸਾ ਰਸਨਾ ਜਲਿ ਜਾਉ ਜਿਨਿ ਹਰਿ ਕਾ ਸੁਆਉ ਨ ਪਾਇਆ ॥ (550-9)
सा रसना जलि जाउ जिनि हरि का सुआउ न पाइआ ॥

ਨਾਨਕ ਰਸਨਾ ਸਬਦਿ ਰਸਾਇ ਜਿਨਿ ਹਰਿ ਹਰਿ ਮੰਨਿ ਵਸਾਇਆ ॥੧॥ (550-10)
नानक रसना सबदि रसाइ जिनि हरि हरि मंनि वसाइआ ॥१॥

ਮਃ ੩ ॥ (550-10)
मः ३ ॥

ਸਾ ਰਸਨਾ ਜਲਿ ਜਾਉ ਜਿਨਿ ਹਰਿ ਕਾ ਨਾਉ ਵਿਸਾਰਿਆ ॥ (550-11)
सा रसना जलि जाउ जिनि हरि का नाउ विसारिआ ॥

ਨਾਨਕ ਗੁਰਮੁਖਿ ਰਸਨਾ ਹਰਿ ਜਪੈ ਹਰਿ ਕੈ ਨਾਇ ਪਿਆਰਿਆ ॥੨॥ (550-11)
नानक गुरमुखि रसना हरि जपै हरि कै नाइ पिआरिआ ॥२॥

ਪਉੜੀ ॥ (550-12)
पउड़ी ॥

ਹਰਿ ਆਪੇ ਠਾਕੁਰੁ ਸੇਵਕੁ ਭਗਤੁ ਹਰਿ ਆਪੇ ਕਰੇ ਕਰਾਏ ॥ (550-12)
हरि आपे ठाकुरु सेवकु भगतु हरि आपे करे कराए ॥

ਹਰਿ ਆਪੇ ਵੇਖੈ ਵਿਗਸੈ ਆਪੇ ਜਿਤੁ ਭਾਵੈ ਤਿਤੁ ਲਾਏ ॥ (550-12)
हरि आपे वेखै विगसै आपे जितु भावै तितु लाए ॥

ਹਰਿ ਇਕਨਾ ਮਾਰਗਿ ਪਾਏ ਆਪੇ ਹਰਿ ਇਕਨਾ ਉਝੜਿ ਪਾਏ ॥ (550-13)
हरि इकना मारगि पाए आपे हरि इकना उझड़ि पाए ॥

ਹਰਿ ਸਚਾ ਸਾਹਿਬੁ ਸਚੁ ਤਪਾਵਸੁ ਕਰਿ ਵੇਖੈ ਚਲਤ ਸਬਾਏ ॥ (550-13)
हरि सचा साहिबु सचु तपावसु करि वेखै चलत सबाए ॥

ਗੁਰ ਪਰਸਾਦਿ ਕਹੈ ਜਨੁ ਨਾਨਕੁ ਹਰਿ ਸਚੇ ਕੇ ਗੁਣ ਗਾਏ ॥੫॥ (550-14)
गुर परसादि कहै जनु नानकु हरि सचे के गुण गाए ॥५॥

ਸਲੋਕ ਮਃ ੩ ॥ (550-15)
सलोक मः ३ ॥

ਦਰਵੇਸੀ ਕੋ ਜਾਣਸੀ ਵਿਰਲਾ ਕੋ ਦਰਵੇਸੁ ॥ (550-15)
दरवेसी को जाणसी विरला को दरवेसु ॥

ਜੇ ਘਰਿ ਘਰਿ ਹੰਢੈ ਮੰਗਦਾ ਧਿਗੁ ਜੀਵਣੁ ਧਿਗੁ ਵੇਸੁ ॥ (550-15)
जे घरि घरि हंढै मंगदा धिगु जीवणु धिगु वेसु ॥

ਜੇ ਆਸਾ ਅੰਦੇਸਾ ਤਜਿ ਰਹੈ ਗੁਰਮੁਖਿ ਭਿਖਿਆ ਨਾਉ ॥ (550-16)
जे आसा अंदेसा तजि रहै गुरमुखि भिखिआ नाउ ॥

ਤਿਸ ਕੇ ਚਰਨ ਪਖਾਲੀਅਹਿ ਨਾਨਕ ਹਉ ਬਲਿਹਾਰੈ ਜਾਉ ॥੧॥ (550-16)
तिस के चरन पखालीअहि नानक हउ बलिहारै जाउ ॥१॥

ਮਃ ੩ ॥ (550-17)
मः ३ ॥

ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥ (550-17)
नानक तरवरु एकु फलु दुइ पंखेरू आहि ॥

ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥ (550-17)
आवत जात न दीसही ना पर पंखी ताहि ॥

ਬਹੁ ਰੰਗੀ ਰਸ ਭੋਗਿਆ ਸਬਦਿ ਰਹੈ ਨਿਰਬਾਣੁ ॥ (550-18)
बहु रंगी रस भोगिआ सबदि रहै निरबाणु ॥

ਹਰਿ ਰਸਿ ਫਲਿ ਰਾਤੇ ਨਾਨਕਾ ਕਰਮਿ ਸਚਾ ਨੀਸਾਣੁ ॥੨॥ (550-18)
हरि रसि फलि राते नानका करमि सचा नीसाणु ॥२॥

ਪਉੜੀ ॥ (550-19)
पउड़ी ॥

ਆਪੇ ਧਰਤੀ ਆਪੇ ਹੈ ਰਾਹਕੁ ਆਪਿ ਜੰਮਾਇ ਪੀਸਾਵੈ ॥ (550-19)
आपे धरती आपे है राहकु आपि जंमाइ पीसावै ॥

ਆਪਿ ਪਕਾਵੈ ਆਪਿ ਭਾਂਡੇ ਦੇਇ ਪਰੋਸੈ ਆਪੇ ਹੀ ਬਹਿ ਖਾਵੈ ॥ (550-19)
आपि पकावै आपि भांडे देइ परोसै आपे ही बहि खावै ॥

ਆਪੇ ਜਲੁ ਆਪੇ ਦੇ ਛਿੰਗਾ ਆਪੇ ਚੁਲੀ ਭਰਾਵੈ ॥ (551-1)
आपे जलु आपे दे छिंगा आपे चुली भरावै ॥

ਆਪੇ ਸੰਗਤਿ ਸਦਿ ਬਹਾਲੈ ਆਪੇ ਵਿਦਾ ਕਰਾਵੈ ॥ (551-1)
आपे संगति सदि बहालै आपे विदा करावै ॥

ਜਿਸ ਨੋ ਕਿਰਪਾਲੁ ਹੋਵੈ ਹਰਿ ਆਪੇ ਤਿਸ ਨੋ ਹੁਕਮੁ ਮਨਾਵੈ ॥੬॥ (551-2)
जिस नो किरपालु होवै हरि आपे तिस नो हुकमु मनावै ॥६॥

ਸਲੋਕ ਮਃ ੩ ॥ (551-2)
सलोक मः ३ ॥

ਕਰਮ ਧਰਮ ਸਭਿ ਬੰਧਨਾ ਪਾਪ ਪੁੰਨ ਸਨਬੰਧੁ ॥ (551-3)
करम धरम सभि बंधना पाप पुंन सनबंधु ॥

ਮਮਤਾ ਮੋਹੁ ਸੁ ਬੰਧਨਾ ਪੁਤ੍ਰ ਕਲਤ੍ਰ ਸੁ ਧੰਧੁ ॥ (551-3)
ममता मोहु सु बंधना पुत्र कलत्र सु धंधु ॥

ਜਹ ਦੇਖਾ ਤਹ ਜੇਵਰੀ ਮਾਇਆ ਕਾ ਸਨਬੰਧੁ ॥ (551-3)
जह देखा तह जेवरी माइआ का सनबंधु ॥

ਨਾਨਕ ਸਚੇ ਨਾਮ ਬਿਨੁ ਵਰਤਣਿ ਵਰਤੈ ਅੰਧੁ ॥੧॥ (551-4)
नानक सचे नाम बिनु वरतणि वरतै अंधु ॥१॥

ਮਃ ੪ ॥ (551-4)
मः ४ ॥

ਅੰਧੇ ਚਾਨਣੁ ਤਾ ਥੀਐ ਜਾ ਸਤਿਗੁਰੁ ਮਿਲੈ ਰਜਾਇ ॥ (551-4)
अंधे चानणु ता थीऐ जा सतिगुरु मिलै रजाइ ॥

ਬੰਧਨ ਤੋੜੈ ਸਚਿ ਵਸੈ ਅਗਿਆਨੁ ਅਧੇਰਾ ਜਾਇ ॥ (551-5)
बंधन तोड़ै सचि वसै अगिआनु अधेरा जाइ ॥

ਸਭੁ ਕਿਛੁ ਦੇਖੈ ਤਿਸੈ ਕਾ ਜਿਨਿ ਕੀਆ ਤਨੁ ਸਾਜਿ ॥ (551-5)
सभु किछु देखै तिसै का जिनि कीआ तनु साजि ॥

ਨਾਨਕ ਸਰਣਿ ਕਰਤਾਰ ਕੀ ਕਰਤਾ ਰਾਖੈ ਲਾਜ ॥੨॥ (551-6)
नानक सरणि करतार की करता राखै लाज ॥२॥

ਪਉੜੀ ॥ (551-6)
पउड़ी ॥

ਜਦਹੁ ਆਪੇ ਥਾਟੁ ਕੀਆ ਬਹਿ ਕਰਤੈ ਤਦਹੁ ਪੁਛਿ ਨ ਸੇਵਕੁ ਬੀਆ ॥ (551-6)
जदहु आपे थाटु कीआ बहि करतै तदहु पुछि न सेवकु बीआ ॥

ਤਦਹੁ ਕਿਆ ਕੋ ਲੇਵੈ ਕਿਆ ਕੋ ਦੇਵੈ ਜਾਂ ਅਵਰੁ ਨ ਦੂਜਾ ਕੀਆ ॥ (551-7)
तदहु किआ को लेवै किआ को देवै जां अवरु न दूजा कीआ ॥

ਫਿਰਿ ਆਪੇ ਜਗਤੁ ਉਪਾਇਆ ਕਰਤੈ ਦਾਨੁ ਸਭਨਾ ਕਉ ਦੀਆ ॥ (551-8)
फिरि आपे जगतु उपाइआ करतै दानु सभना कउ दीआ ॥

ਆਪੇ ਸੇਵ ਬਣਾਈਅਨੁ ਗੁਰਮੁਖਿ ਆਪੇ ਅੰਮ੍ਰਿਤੁ ਪੀਆ ॥ (551-8)
आपे सेव बणाईअनु गुरमुखि आपे अमृतु पीआ ॥

ਆਪਿ ਨਿਰੰਕਾਰ ਆਕਾਰੁ ਹੈ ਆਪੇ ਆਪੇ ਕਰੈ ਸੁ ਥੀਆ ॥੭॥ (551-9)
आपि निरंकार आकारु है आपे आपे करै सु थीआ ॥७॥

ਸਲੋਕ ਮਃ ੩ ॥ (551-9)
सलोक मः ३ ॥

ਗੁਰਮੁਖਿ ਪ੍ਰਭੁ ਸੇਵਹਿ ਸਦ ਸਾਚਾ ਅਨਦਿਨੁ ਸਹਜਿ ਪਿਆਰਿ ॥ (551-9)
गुरमुखि प्रभु सेवहि सद साचा अनदिनु सहजि पिआरि ॥

ਸਦਾ ਅਨੰਦਿ ਗਾਵਹਿ ਗੁਣ ਸਾਚੇ ਅਰਧਿ ਉਰਧਿ ਉਰਿ ਧਾਰਿ ॥ (551-10)
सदा अनंदि गावहि गुण साचे अरधि उरधि उरि धारि ॥

ਅੰਤਰਿ ਪ੍ਰੀਤਮੁ ਵਸਿਆ ਧੁਰਿ ਕਰਮੁ ਲਿਖਿਆ ਕਰਤਾਰਿ ॥ (551-11)
अंतरि प्रीतमु वसिआ धुरि करमु लिखिआ करतारि ॥

ਨਾਨਕ ਆਪਿ ਮਿਲਾਇਅਨੁ ਆਪੇ ਕਿਰਪਾ ਧਾਰਿ ॥੧॥ (551-11)
नानक आपि मिलाइअनु आपे किरपा धारि ॥१॥

ਮਃ ੩ ॥ (551-12)
मः ३ ॥

ਕਹਿਐ ਕਥਿਐ ਨ ਪਾਈਐ ਅਨਦਿਨੁ ਰਹੈ ਸਦਾ ਗੁਣ ਗਾਇ ॥ (551-12)
कहिऐ कथिऐ न पाईऐ अनदिनु रहै सदा गुण गाइ ॥

ਵਿਣੁ ਕਰਮੈ ਕਿਨੈ ਨ ਪਾਇਓ ਭਉਕਿ ਮੁਏ ਬਿਲਲਾਇ ॥ (551-12)
विणु करमै किनै न पाइओ भउकि मुए बिललाइ ॥

ਗੁਰ ਕੈ ਸਬਦਿ ਮਨੁ ਤਨੁ ਭਿਜੈ ਆਪਿ ਵਸੈ ਮਨਿ ਆਇ ॥ (551-13)
गुर कै सबदि मनु तनु भिजै आपि वसै मनि आइ ॥

ਨਾਨਕ ਨਦਰੀ ਪਾਈਐ ਆਪੇ ਲਏ ਮਿਲਾਇ ॥੨॥ (551-13)
नानक नदरी पाईऐ आपे लए मिलाइ ॥२॥

ਪਉੜੀ ॥ (551-14)
पउड़ी ॥

ਆਪੇ ਵੇਦ ਪੁਰਾਣ ਸਭਿ ਸਾਸਤ ਆਪਿ ਕਥੈ ਆਪਿ ਭੀਜੈ ॥ (551-14)
आपे वेद पुराण सभि सासत आपि कथै आपि भीजै ॥

ਆਪੇ ਹੀ ਬਹਿ ਪੂਜੇ ਕਰਤਾ ਆਪਿ ਪਰਪੰਚੁ ਕਰੀਜੈ ॥ (551-15)
आपे ही बहि पूजे करता आपि परपंचु करीजै ॥

ਆਪਿ ਪਰਵਿਰਤਿ ਆਪਿ ਨਿਰਵਿਰਤੀ ਆਪੇ ਅਕਥੁ ਕਥੀਜੈ ॥ (551-15)
आपि परविरति आपि निरविरती आपे अकथु कथीजै ॥

ਆਪੇ ਪੁੰਨੁ ਸਭੁ ਆਪਿ ਕਰਾਏ ਆਪਿ ਅਲਿਪਤੁ ਵਰਤੀਜੈ ॥ (551-16)
आपे पुंनु सभु आपि कराए आपि अलिपतु वरतीजै ॥

ਆਪੇ ਸੁਖੁ ਦੁਖੁ ਦੇਵੈ ਕਰਤਾ ਆਪੇ ਬਖਸ ਕਰੀਜੈ ॥੮॥ (551-16)
आपे सुखु दुखु देवै करता आपे बखस करीजै ॥८॥

ਸਲੋਕ ਮਃ ੩ ॥ (551-17)
सलोक मः ३ ॥

ਸੇਖਾ ਅੰਦਰਹੁ ਜੋਰੁ ਛਡਿ ਤੂ ਭਉ ਕਰਿ ਝਲੁ ਗਵਾਇ ॥ (551-17)
सेखा अंदरहु जोरु छडि तू भउ करि झलु गवाइ ॥

ਗੁਰ ਕੈ ਭੈ ਕੇਤੇ ਨਿਸਤਰੇ ਭੈ ਵਿਚਿ ਨਿਰਭਉ ਪਾਇ ॥ (551-17)
गुर कै भै केते निसतरे भै विचि निरभउ पाइ ॥

ਮਨੁ ਕਠੋਰੁ ਸਬਦਿ ਭੇਦਿ ਤੂੰ ਸਾਂਤਿ ਵਸੈ ਮਨਿ ਆਇ ॥ (551-18)
मनु कठोरु सबदि भेदि तूं सांति वसै मनि आइ ॥

ਸਾਂਤੀ ਵਿਚਿ ਕਾਰ ਕਮਾਵਣੀ ਸਾ ਖਸਮੁ ਪਾਏ ਥਾਇ ॥ (551-18)
सांती विचि कार कमावणी सा खसमु पाए थाइ ॥

ਨਾਨਕ ਕਾਮਿ ਕ੍ਰੋਧਿ ਕਿਨੈ ਨ ਪਾਇਓ ਪੁਛਹੁ ਗਿਆਨੀ ਜਾਇ ॥੧॥ (551-19)
नानक कामि क्रोधि किनै न पाइओ पुछहु गिआनी जाइ ॥१॥

ਮਃ ੩ ॥ (551-19)
मः ३ ॥

ਮਨਮੁਖ ਮਾਇਆ ਮੋਹੁ ਹੈ ਨਾਮਿ ਨ ਲਗੋ ਪਿਆਰੁ ॥ (552-1)
मनमुख माइआ मोहु है नामि न लगो पिआरु ॥

ਕੂੜੁ ਕਮਾਵੈ ਕੂੜੁ ਸੰਗ੍ਰਹੈ ਕੂੜੁ ਕਰੇ ਆਹਾਰੁ ॥ (552-1)
कूड़ु कमावै कूड़ु संग्रहै कूड़ु करे आहारु ॥

ਬਿਖੁ ਮਾਇਆ ਧਨੁ ਸੰਚਿ ਮਰਹਿ ਅੰਤੇ ਹੋਇ ਸਭੁ ਛਾਰੁ ॥ (552-1)
बिखु माइआ धनु संचि मरहि अंते होइ सभु छारु ॥

ਕਰਮ ਧਰਮ ਸੁਚ ਸੰਜਮ ਕਰਹਿ ਅੰਤਰਿ ਲੋਭੁ ਵਿਕਾਰੁ ॥ (552-2)
करम धरम सुच संजम करहि अंतरि लोभु विकारु ॥

ਨਾਨਕ ਜਿ ਮਨਮੁਖੁ ਕਮਾਵੈ ਸੁ ਥਾਇ ਨਾ ਪਵੈ ਦਰਗਹਿ ਹੋਇ ਖੁਆਰੁ ॥੨॥ (552-3)
नानक जि मनमुखु कमावै सु थाइ ना पवै दरगहि होइ खुआरु ॥२॥

ਪਉੜੀ ॥ (552-3)
पउड़ी ॥

ਆਪੇ ਖਾਣੀ ਆਪੇ ਬਾਣੀ ਆਪੇ ਖੰਡ ਵਰਭੰਡ ਕਰੇ ॥ (552-3)
आपे खाणी आपे बाणी आपे खंड वरभंड करे ॥

ਆਪਿ ਸਮੁੰਦੁ ਆਪਿ ਹੈ ਸਾਗਰੁ ਆਪੇ ਹੀ ਵਿਚਿ ਰਤਨ ਧਰੇ ॥ (552-4)
आपि समुंदु आपि है सागरु आपे ही विचि रतन धरे ॥

ਆਪਿ ਲਹਾਏ ਕਰੇ ਜਿਸੁ ਕਿਰਪਾ ਜਿਸ ਨੋ ਗੁਰਮੁਖਿ ਕਰੇ ਹਰੇ ॥ (552-4)
आपि लहाए करे जिसु किरपा जिस नो गुरमुखि करे हरे ॥

ਆਪੇ ਭਉਜਲੁ ਆਪਿ ਹੈ ਬੋਹਿਥਾ ਆਪੇ ਖੇਵਟੁ ਆਪਿ ਤਰੇ ॥ (552-5)
आपे भउजलु आपि है बोहिथा आपे खेवटु आपि तरे ॥

ਆਪੇ ਕਰੇ ਕਰਾਏ ਕਰਤਾ ਅਵਰੁ ਨ ਦੂਜਾ ਤੁਝੈ ਸਰੇ ॥੯॥ (552-6)
आपे करे कराए करता अवरु न दूजा तुझै सरे ॥९॥

ਸਲੋਕ ਮਃ ੩ ॥ (552-6)
सलोक मः ३ ॥

ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ ॥ (552-6)
सतिगुर की सेवा सफल है जे को करे चितु लाइ ॥

ਨਾਮੁ ਪਦਾਰਥੁ ਪਾਈਐ ਅਚਿੰਤੁ ਵਸੈ ਮਨਿ ਆਇ ॥ (552-7)
नामु पदारथु पाईऐ अचिंतु वसै मनि आइ ॥

ਜਨਮ ਮਰਨ ਦੁਖੁ ਕਟੀਐ ਹਉਮੈ ਮਮਤਾ ਜਾਇ ॥ (552-7)
जनम मरन दुखु कटीऐ हउमै ममता जाइ ॥

ਉਤਮ ਪਦਵੀ ਪਾਈਐ ਸਚੇ ਰਹੈ ਸਮਾਇ ॥ (552-8)
उतम पदवी पाईऐ सचे रहै समाइ ॥

ਨਾਨਕ ਪੂਰਬਿ ਜਿਨ ਕਉ ਲਿਖਿਆ ਤਿਨਾ ਸਤਿਗੁਰੁ ਮਿਲਿਆ ਆਇ ॥੧॥ (552-8)
नानक पूरबि जिन कउ लिखिआ तिना सतिगुरु मिलिआ आइ ॥१॥

ਮਃ ੩ ॥ (552-9)
मः ३ ॥

ਨਾਮਿ ਰਤਾ ਸਤਿਗੁਰੂ ਹੈ ਕਲਿਜੁਗ ਬੋਹਿਥੁ ਹੋਇ ॥ (552-9)
नामि रता सतिगुरू है कलिजुग बोहिथु होइ ॥

ਗੁਰਮੁਖਿ ਹੋਵੈ ਸੁ ਪਾਰਿ ਪਵੈ ਜਿਨਾ ਅੰਦਰਿ ਸਚਾ ਸੋਇ ॥ (552-9)
गुरमुखि होवै सु पारि पवै जिना अंदरि सचा सोइ ॥

ਨਾਮੁ ਸਮ੍ਹ੍ਹਾਲੇ ਨਾਮੁ ਸੰਗ੍ਰਹੈ ਨਾਮੇ ਹੀ ਪਤਿ ਹੋਇ ॥ (552-10)
नामु सम्हाले नामु संग्रहै नामे ही पति होइ ॥

ਨਾਨਕ ਸਤਿਗੁਰੁ ਪਾਇਆ ਕਰਮਿ ਪਰਾਪਤਿ ਹੋਇ ॥੨॥ (552-10)
नानक सतिगुरु पाइआ करमि परापति होइ ॥२॥

ਪਉੜੀ ॥ (552-11)
पउड़ी ॥

ਆਪੇ ਪਾਰਸੁ ਆਪਿ ਧਾਤੁ ਹੈ ਆਪਿ ਕੀਤੋਨੁ ਕੰਚਨੁ ॥ (552-11)
आपे पारसु आपि धातु है आपि कीतोनु कंचनु ॥

ਆਪੇ ਠਾਕੁਰੁ ਸੇਵਕੁ ਆਪੇ ਆਪੇ ਹੀ ਪਾਪ ਖੰਡਨੁ ॥ (552-11)
आपे ठाकुरु सेवकु आपे आपे ही पाप खंडनु ॥

ਆਪੇ ਸਭਿ ਘਟ ਭੋਗਵੈ ਸੁਆਮੀ ਆਪੇ ਹੀ ਸਭੁ ਅੰਜਨੁ ॥ (552-12)
आपे सभि घट भोगवै सुआमी आपे ही सभु अंजनु ॥

ਆਪਿ ਬਿਬੇਕੁ ਆਪਿ ਸਭੁ ਬੇਤਾ ਆਪੇ ਗੁਰਮੁਖਿ ਭੰਜਨੁ ॥ (552-12)
आपि बिबेकु आपि सभु बेता आपे गुरमुखि भंजनु ॥

ਜਨੁ ਨਾਨਕੁ ਸਾਲਾਹਿ ਨ ਰਜੈ ਤੁਧੁ ਕਰਤੇ ਤੂ ਹਰਿ ਸੁਖਦਾਤਾ ਵਡਨੁ ॥੧੦॥ (552-13)
जनु नानकु सालाहि न रजै तुधु करते तू हरि सुखदाता वडनु ॥१०॥

ਸਲੋਕੁ ਮਃ ੪ ॥ (552-14)
सलोकु मः ४ ॥

ਬਿਨੁ ਸਤਿਗੁਰ ਸੇਵੇ ਜੀਅ ਕੇ ਬੰਧਨਾ ਜੇਤੇ ਕਰਮ ਕਮਾਹਿ ॥ (552-14)
बिनु सतिगुर सेवे जीअ के बंधना जेते करम कमाहि ॥

ਬਿਨੁ ਸਤਿਗੁਰ ਸੇਵੇ ਠਵਰ ਨ ਪਾਵਹੀ ਮਰਿ ਜੰਮਹਿ ਆਵਹਿ ਜਾਹਿ ॥ (552-14)
बिनु सतिगुर सेवे ठवर न पावही मरि जंमहि आवहि जाहि ॥

ਬਿਨੁ ਸਤਿਗੁਰ ਸੇਵੇ ਫਿਕਾ ਬੋਲਣਾ ਨਾਮੁ ਨ ਵਸੈ ਮਨਿ ਆਇ ॥ (552-15)
बिनु सतिगुर सेवे फिका बोलणा नामु न वसै मनि आइ ॥

ਨਾਨਕ ਬਿਨੁ ਸਤਿਗੁਰ ਸੇਵੇ ਜਮ ਪੁਰਿ ਬਧੇ ਮਾਰੀਅਹਿ ਮੁਹਿ ਕਾਲੈ ਉਠਿ ਜਾਹਿ ॥੧॥ (552-16)
नानक बिनु सतिगुर सेवे जम पुरि बधे मारीअहि मुहि कालै उठि जाहि ॥१॥

ਮਃ ੩ ॥ (552-16)
मः ३ ॥

ਇਕਿ ਸਤਿਗੁਰ ਕੀ ਸੇਵਾ ਕਰਹਿ ਚਾਕਰੀ ਹਰਿ ਨਾਮੇ ਲਗੈ ਪਿਆਰੁ ॥ (552-16)
इकि सतिगुर की सेवा करहि चाकरी हरि नामे लगै पिआरु ॥

ਨਾਨਕ ਜਨਮੁ ਸਵਾਰਨਿ ਆਪਣਾ ਕੁਲ ਕਾ ਕਰਨਿ ਉਧਾਰੁ ॥੨॥ (552-17)
नानक जनमु सवारनि आपणा कुल का करनि उधारु ॥२॥

ਪਉੜੀ ॥ (552-18)
पउड़ी ॥

ਆਪੇ ਚਾਟਸਾਲ ਆਪਿ ਹੈ ਪਾਧਾ ਆਪੇ ਚਾਟੜੇ ਪੜਣ ਕਉ ਆਣੇ ॥ (552-18)
आपे चाटसाल आपि है पाधा आपे चाटड़े पड़ण कउ आणे ॥

ਆਪੇ ਪਿਤਾ ਮਾਤਾ ਹੈ ਆਪੇ ਆਪੇ ਬਾਲਕ ਕਰੇ ਸਿਆਣੇ ॥ (552-18)
आपे पिता माता है आपे आपे बालक करे सिआणे ॥

ਇਕ ਥੈ ਪੜਿ ਬੁਝੈ ਸਭੁ ਆਪੇ ਇਕ ਥੈ ਆਪੇ ਕਰੇ ਇਆਣੇ ॥ (552-19)
इक थै पड़ि बुझै सभु आपे इक थै आपे करे इआणे ॥

ਇਕਨਾ ਅੰਦਰਿ ਮਹਲਿ ਬੁਲਾਏ ਜਾ ਆਪਿ ਤੇਰੈ ਮਨਿ ਸਚੇ ਭਾਣੇ ॥ (552-19)
इकना अंदरि महलि बुलाए जा आपि तेरै मनि सचे भाणे ॥

ਜਿਨਾ ਆਪੇ ਗੁਰਮੁਖਿ ਦੇ ਵਡਿਆਈ ਸੇ ਜਨ ਸਚੀ ਦਰਗਹਿ ਜਾਣੇ ॥੧੧॥ (553-1)
जिना आपे गुरमुखि दे वडिआई से जन सची दरगहि जाणे ॥११॥

ਸਲੋਕੁ ਮਰਦਾਨਾ ੧ ॥ (553-2)
सलोकु मरदाना १ ॥

ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰੁ ॥ (553-2)
कलि कलवाली कामु मदु मनूआ पीवणहारु ॥

ਕ੍ਰੋਧ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰੁ ॥ (553-2)
क्रोध कटोरी मोहि भरी पीलावा अहंकारु ॥

ਮਜਲਸ ਕੂੜੇ ਲਬ ਕੀ ਪੀ ਪੀ ਹੋਇ ਖੁਆਰੁ ॥ (553-3)
मजलस कूड़े लब की पी पी होइ खुआरु ॥

ਕਰਣੀ ਲਾਹਣਿ ਸਤੁ ਗੁੜੁ ਸਚੁ ਸਰਾ ਕਰਿ ਸਾਰੁ ॥ (553-3)
करणी लाहणि सतु गुड़ु सचु सरा करि सारु ॥

ਗੁਣ ਮੰਡੇ ਕਰਿ ਸੀਲੁ ਘਿਉ ਸਰਮੁ ਮਾਸੁ ਆਹਾਰੁ ॥ (553-4)
गुण मंडे करि सीलु घिउ सरमु मासु आहारु ॥

ਗੁਰਮੁਖਿ ਪਾਈਐ ਨਾਨਕਾ ਖਾਧੈ ਜਾਹਿ ਬਿਕਾਰ ॥੧॥ (553-4)
गुरमुखि पाईऐ नानका खाधै जाहि बिकार ॥१॥

ਮਰਦਾਨਾ ੧ ॥ (553-5)
मरदाना १ ॥

ਕਾਇਆ ਲਾਹਣਿ ਆਪੁ ਮਦੁ ਮਜਲਸ ਤ੍ਰਿਸਨਾ ਧਾਤੁ ॥ (553-5)
काइआ लाहणि आपु मदु मजलस त्रिसना धातु ॥

ਮਨਸਾ ਕਟੋਰੀ ਕੂੜਿ ਭਰੀ ਪੀਲਾਏ ਜਮਕਾਲੁ ॥ (553-5)
मनसा कटोरी कूड़ि भरी पीलाए जमकालु ॥

ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ ॥ (553-6)
इतु मदि पीतै नानका बहुते खटीअहि बिकार ॥

ਗਿਆਨੁ ਗੁੜੁ ਸਾਲਾਹ ਮੰਡੇ ਭਉ ਮਾਸੁ ਆਹਾਰੁ ॥ (553-6)
गिआनु गुड़ु सालाह मंडे भउ मासु आहारु ॥

ਨਾਨਕ ਇਹੁ ਭੋਜਨੁ ਸਚੁ ਹੈ ਸਚੁ ਨਾਮੁ ਆਧਾਰੁ ॥੨॥ (553-7)
नानक इहु भोजनु सचु है सचु नामु आधारु ॥२॥

ਕਾਂਯਾਂ ਲਾਹਣਿ ਆਪੁ ਮਦੁ ਅੰਮ੍ਰਿਤ ਤਿਸ ਕੀ ਧਾਰ ॥ (553-7)
कांयां लाहणि आपु मदु अमृत तिस की धार ॥

ਸਤਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰ ॥੩॥ (553-8)
सतसंगति सिउ मेलापु होइ लिव कटोरी अमृत भरी पी पी कटहि बिकार ॥३॥

ਪਉੜੀ ॥ (553-9)
पउड़ी ॥

ਆਪੇ ਸੁਰਿ ਨਰ ਗਣ ਗੰਧਰਬਾ ਆਪੇ ਖਟ ਦਰਸਨ ਕੀ ਬਾਣੀ ॥ (553-9)
आपे सुरि नर गण गंधरबा आपे खट दरसन की बाणी ॥

ਆਪੇ ਸਿਵ ਸੰਕਰ ਮਹੇਸਾ ਆਪੇ ਗੁਰਮੁਖਿ ਅਕਥ ਕਹਾਣੀ ॥ (553-9)
आपे सिव संकर महेसा आपे गुरमुखि अकथ कहाणी ॥

ਆਪੇ ਜੋਗੀ ਆਪੇ ਭੋਗੀ ਆਪੇ ਸੰਨਿਆਸੀ ਫਿਰੈ ਬਿਬਾਣੀ ॥ (553-10)
आपे जोगी आपे भोगी आपे संनिआसी फिरै बिबाणी ॥

ਆਪੈ ਨਾਲਿ ਗੋਸਟਿ ਆਪਿ ਉਪਦੇਸੈ ਆਪੇ ਸੁਘੜੁ ਸਰੂਪੁ ਸਿਆਣੀ ॥ (553-10)
आपै नालि गोसटि आपि उपदेसै आपे सुघड़ु सरूपु सिआणी ॥

ਆਪਣਾ ਚੋਜੁ ਕਰਿ ਵੇਖੈ ਆਪੇ ਆਪੇ ਸਭਨਾ ਜੀਆ ਕਾ ਹੈ ਜਾਣੀ ॥੧੨॥ (553-11)
आपणा चोजु करि वेखै आपे आपे सभना जीआ का है जाणी ॥१२॥

ਸਲੋਕੁ ਮਃ ੩ ॥ (553-12)
सलोकु मः ३ ॥

ਏਹਾ ਸੰਧਿਆ ਪਰਵਾਣੁ ਹੈ ਜਿਤੁ ਹਰਿ ਪ੍ਰਭੁ ਮੇਰਾ ਚਿਤਿ ਆਵੈ ॥ (553-12)
एहा संधिआ परवाणु है जितु हरि प्रभु मेरा चिति आवै ॥

ਹਰਿ ਸਿਉ ਪ੍ਰੀਤਿ ਊਪਜੈ ਮਾਇਆ ਮੋਹੁ ਜਲਾਵੈ ॥ (553-12)
हरि सिउ प्रीति ऊपजै माइआ मोहु जलावै ॥

ਗੁਰ ਪਰਸਾਦੀ ਦੁਬਿਧਾ ਮਰੈ ਮਨੂਆ ਅਸਥਿਰੁ ਸੰਧਿਆ ਕਰੇ ਵੀਚਾਰੁ ॥ (553-13)
गुर परसादी दुबिधा मरै मनूआ असथिरु संधिआ करे वीचारु ॥

ਨਾਨਕ ਸੰਧਿਆ ਕਰੈ ਮਨਮੁਖੀ ਜੀਉ ਨ ਟਿਕੈ ਮਰਿ ਜੰਮੈ ਹੋਇ ਖੁਆਰੁ ॥੧॥ (553-13)
नानक संधिआ करै मनमुखी जीउ न टिकै मरि जंमै होइ खुआरु ॥१॥

ਮਃ ੩ ॥ (553-14)
मः ३ ॥

ਪ੍ਰਿਉ ਪ੍ਰਿਉ ਕਰਤੀ ਸਭੁ ਜਗੁ ਫਿਰੀ ਮੇਰੀ ਪਿਆਸ ਨ ਜਾਇ ॥ (553-14)
प्रिउ प्रिउ करती सभु जगु फिरी मेरी पिआस न जाइ ॥

ਨਾਨਕ ਸਤਿਗੁਰਿ ਮਿਲਿਐ ਮੇਰੀ ਪਿਆਸ ਗਈ ਪਿਰੁ ਪਾਇਆ ਘਰਿ ਆਇ ॥੨॥ (553-15)
नानक सतिगुरि मिलिऐ मेरी पिआस गई पिरु पाइआ घरि आइ ॥२॥

ਪਉੜੀ ॥ (553-16)
पउड़ी ॥

ਆਪੇ ਤੰਤੁ ਪਰਮ ਤੰਤੁ ਸਭੁ ਆਪੇ ਆਪੇ ਠਾਕੁਰੁ ਦਾਸੁ ਭਇਆ ॥ (553-16)
आपे तंतु परम तंतु सभु आपे आपे ठाकुरु दासु भइआ ॥

ਆਪੇ ਦਸ ਅਠ ਵਰਨ ਉਪਾਇਅਨੁ ਆਪਿ ਬ੍ਰਹਮੁ ਆਪਿ ਰਾਜੁ ਲਇਆ ॥ (553-16)
आपे दस अठ वरन उपाइअनु आपि ब्रहमु आपि राजु लइआ ॥

ਆਪੇ ਮਾਰੇ ਆਪੇ ਛੋਡੈ ਆਪੇ ਬਖਸੇ ਕਰੇ ਦਇਆ ॥ (553-17)
आपे मारे आपे छोडै आपे बखसे करे दइआ ॥

ਆਪਿ ਅਭੁਲੁ ਨ ਭੁਲੈ ਕਬ ਹੀ ਸਭੁ ਸਚੁ ਤਪਾਵਸੁ ਸਚੁ ਥਿਆ ॥ (553-17)
आपि अभुलु न भुलै कब ही सभु सचु तपावसु सचु थिआ ॥

ਆਪੇ ਜਿਨਾ ਬੁਝਾਏ ਗੁਰਮੁਖਿ ਤਿਨ ਅੰਦਰਹੁ ਦੂਜਾ ਭਰਮੁ ਗਇਆ ॥੧੩॥ (553-18)
आपे जिना बुझाए गुरमुखि तिन अंदरहु दूजा भरमु गइआ ॥१३॥

ਸਲੋਕੁ ਮਃ ੫ ॥ (553-19)
सलोकु मः ५ ॥

ਹਰਿ ਨਾਮੁ ਨ ਸਿਮਰਹਿ ਸਾਧਸੰਗਿ ਤੈ ਤਨਿ ਉਡੈ ਖੇਹ ॥ (553-19)
हरि नामु न सिमरहि साधसंगि तै तनि उडै खेह ॥

ਜਿਨਿ ਕੀਤੀ ਤਿਸੈ ਨ ਜਾਣਈ ਨਾਨਕ ਫਿਟੁ ਅਲੂਣੀ ਦੇਹ ॥੧॥ (553-19)
जिनि कीती तिसै न जाणई नानक फिटु अलूणी देह ॥१॥

ਮਃ ੫ ॥ (554-1)
मः ५ ॥

ਘਟਿ ਵਸਹਿ ਚਰਣਾਰਬਿੰਦ ਰਸਨਾ ਜਪੈ ਗੁਪਾਲ ॥ (554-1)
घटि वसहि चरणारबिंद रसना जपै गुपाल ॥

ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ ॥੨॥ (554-1)
नानक सो प्रभु सिमरीऐ तिसु देही कउ पालि ॥२॥

ਪਉੜੀ ॥ (554-2)
पउड़ी ॥

ਆਪੇ ਅਠਸਠਿ ਤੀਰਥ ਕਰਤਾ ਆਪਿ ਕਰੇ ਇਸਨਾਨੁ ॥ (554-2)
आपे अठसठि तीरथ करता आपि करे इसनानु ॥

ਆਪੇ ਸੰਜਮਿ ਵਰਤੈ ਸ੍ਵਾਮੀ ਆਪਿ ਜਪਾਇਹਿ ਨਾਮੁ ॥ (554-2)
आपे संजमि वरतै स्वामी आपि जपाइहि नामु ॥

ਆਪਿ ਦਇਆਲੁ ਹੋਇ ਭਉ ਖੰਡਨੁ ਆਪਿ ਕਰੈ ਸਭੁ ਦਾਨੁ ॥ (554-3)
आपि दइआलु होइ भउ खंडनु आपि करै सभु दानु ॥

ਜਿਸ ਨੋ ਗੁਰਮੁਖਿ ਆਪਿ ਬੁਝਾਏ ਸੋ ਸਦ ਹੀ ਦਰਗਹਿ ਪਾਏ ਮਾਨੁ ॥ (554-4)
जिस नो गुरमुखि आपि बुझाए सो सद ही दरगहि पाए मानु ॥

ਜਿਸ ਦੀ ਪੈਜ ਰਖੈ ਹਰਿ ਸੁਆਮੀ ਸੋ ਸਚਾ ਹਰਿ ਜਾਨੁ ॥੧੪॥ (554-4)
जिस दी पैज रखै हरि सुआमी सो सचा हरि जानु ॥१४॥

ਸਲੋਕੁ ਮਃ ੩ ॥ (554-5)
सलोकु मः ३ ॥

ਨਾਨਕ ਬਿਨੁ ਸਤਿਗੁਰ ਭੇਟੇ ਜਗੁ ਅੰਧੁ ਹੈ ਅੰਧੇ ਕਰਮ ਕਮਾਇ ॥ (554-5)
नानक बिनु सतिगुर भेटे जगु अंधु है अंधे करम कमाइ ॥

ਸਬਦੈ ਸਿਉ ਚਿਤੁ ਨ ਲਾਵਈ ਜਿਤੁ ਸੁਖੁ ਵਸੈ ਮਨਿ ਆਇ ॥ (554-5)
सबदै सिउ चितु न लावई जितु सुखु वसै मनि आइ ॥

ਤਾਮਸਿ ਲਗਾ ਸਦਾ ਫਿਰੈ ਅਹਿਨਿਸਿ ਜਲਤੁ ਬਿਹਾਇ ॥ (554-6)
तामसि लगा सदा फिरै अहिनिसि जलतु बिहाइ ॥

ਜੋ ਤਿਸੁ ਭਾਵੈ ਸੋ ਥੀਐ ਕਹਣਾ ਕਿਛੂ ਨ ਜਾਇ ॥੧॥ (554-7)
जो तिसु भावै सो थीऐ कहणा किछू न जाइ ॥१॥

ਮਃ ੩ ॥ (554-7)
मः ३ ॥

ਸਤਿਗੁਰੂ ਫੁਰਮਾਇਆ ਕਾਰੀ ਏਹ ਕਰੇਹੁ ॥ (554-7)
सतिगुरू फुरमाइआ कारी एह करेहु ॥

ਗੁਰੂ ਦੁਆਰੈ ਹੋਇ ਕੈ ਸਾਹਿਬੁ ਸੰਮਾਲੇਹੁ ॥ (554-7)
गुरू दुआरै होइ कै साहिबु संमालेहु ॥

ਸਾਹਿਬੁ ਸਦਾ ਹਜੂਰਿ ਹੈ ਭਰਮੈ ਕੇ ਛਉੜ ਕਟਿ ਕੈ ਅੰਤਰਿ ਜੋਤਿ ਧਰੇਹੁ ॥ (554-8)
साहिबु सदा हजूरि है भरमै के छउड़ कटि कै अंतरि जोति धरेहु ॥

ਹਰਿ ਕਾ ਨਾਮੁ ਅੰਮ੍ਰਿਤੁ ਹੈ ਦਾਰੂ ਏਹੁ ਲਾਏਹੁ ॥ (554-9)
हरि का नामु अमृतु है दारू एहु लाएहु ॥

ਸਤਿਗੁਰ ਕਾ ਭਾਣਾ ਚਿਤਿ ਰਖਹੁ ਸੰਜਮੁ ਸਚਾ ਨੇਹੁ ॥ (554-9)
सतिगुर का भाणा चिति रखहु संजमु सचा नेहु ॥

ਨਾਨਕ ਐਥੈ ਸੁਖੈ ਅੰਦਰਿ ਰਖਸੀ ਅਗੈ ਹਰਿ ਸਿਉ ਕੇਲ ਕਰੇਹੁ ॥੨॥ (554-9)
नानक ऐथै सुखै अंदरि रखसी अगै हरि सिउ केल करेहु ॥२॥

ਪਉੜੀ ॥ (554-10)
पउड़ी ॥

ਆਪੇ ਭਾਰ ਅਠਾਰਹ ਬਣਸਪਤਿ ਆਪੇ ਹੀ ਫਲ ਲਾਏ ॥ (554-10)
आपे भार अठारह बणसपति आपे ही फल लाए ॥

ਆਪੇ ਮਾਲੀ ਆਪਿ ਸਭੁ ਸਿੰਚੈ ਆਪੇ ਹੀ ਮੁਹਿ ਪਾਏ ॥ (554-11)
आपे माली आपि सभु सिंचै आपे ही मुहि पाए ॥

ਆਪੇ ਕਰਤਾ ਆਪੇ ਭੁਗਤਾ ਆਪੇ ਦੇਇ ਦਿਵਾਏ ॥ (554-11)
आपे करता आपे भुगता आपे देइ दिवाए ॥

ਆਪੇ ਸਾਹਿਬੁ ਆਪੇ ਹੈ ਰਾਖਾ ਆਪੇ ਰਹਿਆ ਸਮਾਏ ॥ (554-12)
आपे साहिबु आपे है राखा आपे रहिआ समाए ॥

ਜਨੁ ਨਾਨਕ ਵਡਿਆਈ ਆਖੈ ਹਰਿ ਕਰਤੇ ਕੀ ਜਿਸ ਨੋ ਤਿਲੁ ਨ ਤਮਾਏ ॥੧੫॥ (554-12)
जनु नानक वडिआई आखै हरि करते की जिस नो तिलु न तमाए ॥१५॥

ਸਲੋਕ ਮਃ ੩ ॥ (554-13)
सलोक मः ३ ॥

ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ ॥ (554-13)
माणसु भरिआ आणिआ माणसु भरिआ आइ ॥

ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥ (554-14)
जितु पीतै मति दूरि होइ बरलु पवै विचि आइ ॥

ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥ (554-14)
आपणा पराइआ न पछाणई खसमहु धके खाइ ॥

ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥ (554-15)
जितु पीतै खसमु विसरै दरगह मिलै सजाइ ॥

ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥ (554-15)
झूठा मदु मूलि न पीचई जे का पारि वसाइ ॥

ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ ॥ (554-16)
नानक नदरी सचु मदु पाईऐ सतिगुरु मिलै जिसु आइ ॥

ਸਦਾ ਸਾਹਿਬ ਕੈ ਰੰਗਿ ਰਹੈ ਮਹਲੀ ਪਾਵੈ ਥਾਉ ॥੧॥ (554-16)
सदा साहिब कै रंगि रहै महली पावै थाउ ॥१॥

ਮਃ ੩ ॥ (554-17)
मः ३ ॥

ਇਹੁ ਜਗਤੁ ਜੀਵਤੁ ਮਰੈ ਜਾ ਇਸ ਨੋ ਸੋਝੀ ਹੋਇ ॥ (554-17)
इहु जगतु जीवतु मरै जा इस नो सोझी होइ ॥

ਜਾ ਤਿਨ੍ਹ੍ਹਿ ਸਵਾਲਿਆ ਤਾਂ ਸਵਿ ਰਹਿਆ ਜਗਾਏ ਤਾਂ ਸੁਧਿ ਹੋਇ ॥ (554-17)
जा तिन्हि सवालिआ तां सवि रहिआ जगाए तां सुधि होइ ॥

ਨਾਨਕ ਨਦਰਿ ਕਰੇ ਜੇ ਆਪਣੀ ਸਤਿਗੁਰੁ ਮੇਲੈ ਸੋਇ ॥ (554-18)
नानक नदरि करे जे आपणी सतिगुरु मेलै सोइ ॥

ਗੁਰ ਪ੍ਰਸਾਦਿ ਜੀਵਤੁ ਮਰੈ ਤਾ ਫਿਰਿ ਮਰਣੁ ਨ ਹੋਇ ॥੨॥ (554-18)
गुर प्रसादि जीवतु मरै ता फिरि मरणु न होइ ॥२॥

ਪਉੜੀ ॥ (554-19)
पउड़ी ॥

ਜਿਸ ਦਾ ਕੀਤਾ ਸਭੁ ਕਿਛੁ ਹੋਵੈ ਤਿਸ ਨੋ ਪਰਵਾਹ ਨਾਹੀ ਕਿਸੈ ਕੇਰੀ ॥ (554-19)
जिस दा कीता सभु किछु होवै तिस नो परवाह नाही किसै केरी ॥

ਹਰਿ ਜੀਉ ਤੇਰਾ ਦਿਤਾ ਸਭੁ ਕੋ ਖਾਵੈ ਸਭ ਮੁਹਤਾਜੀ ਕਢੈ ਤੇਰੀ ॥ (554-19)
हरि जीउ तेरा दिता सभु को खावै सभ मुहताजी कढै तेरी ॥

ਜਿ ਤੁਧ ਨੋ ਸਾਲਾਹੇ ਸੁ ਸਭੁ ਕਿਛੁ ਪਾਵੈ ਜਿਸ ਨੋ ਕਿਰਪਾ ਨਿਰੰਜਨ ਕੇਰੀ ॥ (555-1)
जि तुध नो सालाहे सु सभु किछु पावै जिस नो किरपा निरंजन केरी ॥

ਸੋਈ ਸਾਹੁ ਸਚਾ ਵਣਜਾਰਾ ਜਿਨਿ ਵਖਰੁ ਲਦਿਆ ਹਰਿ ਨਾਮੁ ਧਨੁ ਤੇਰੀ ॥ (555-2)
सोई साहु सचा वणजारा जिनि वखरु लदिआ हरि नामु धनु तेरी ॥

ਸਭਿ ਤਿਸੈ ਨੋ ਸਾਲਾਹਿਹੁ ਸੰਤਹੁ ਜਿਨਿ ਦੂਜੇ ਭਾਵ ਕੀ ਮਾਰਿ ਵਿਡਾਰੀ ਢੇਰੀ ॥੧੬॥ (555-2)
सभि तिसै नो सालाहिहु संतहु जिनि दूजे भाव की मारि विडारी ढेरी ॥१६॥

ਸਲੋਕ ॥ (555-3)
सलोक ॥

ਕਬੀਰਾ ਮਰਤਾ ਮਰਤਾ ਜਗੁ ਮੁਆ ਮਰਿ ਭਿ ਨ ਜਾਨੈ ਕੋਇ ॥ (555-3)
कबीरा मरता मरता जगु मुआ मरि भि न जानै कोइ ॥

ਐਸੀ ਮਰਨੀ ਜੋ ਮਰੈ ਬਹੁਰਿ ਨ ਮਰਨਾ ਹੋਇ ॥੧॥ (555-4)
ऐसी मरनी जो मरै बहुरि न मरना होइ ॥१॥

ਮਃ ੩ ॥ (555-4)
मः ३ ॥

ਕਿਆ ਜਾਣਾ ਕਿਵ ਮਰਹਗੇ ਕੈਸਾ ਮਰਣਾ ਹੋਇ ॥ (555-4)
किआ जाणा किव मरहगे कैसा मरणा होइ ॥

ਜੇ ਕਰਿ ਸਾਹਿਬੁ ਮਨਹੁ ਨ ਵੀਸਰੈ ਤਾ ਸਹਿਲਾ ਮਰਣਾ ਹੋਇ ॥ (555-5)
जे करि साहिबु मनहु न वीसरै ता सहिला मरणा होइ ॥

ਮਰਣੈ ਤੇ ਜਗਤੁ ਡਰੈ ਜੀਵਿਆ ਲੋੜੈ ਸਭੁ ਕੋਇ ॥ (555-5)
मरणै ते जगतु डरै जीविआ लोड़ै सभु कोइ ॥

ਗੁਰ ਪਰਸਾਦੀ ਜੀਵਤੁ ਮਰੈ ਹੁਕਮੈ ਬੂਝੈ ਸੋਇ ॥ (555-6)
गुर परसादी जीवतु मरै हुकमै बूझै सोइ ॥

ਨਾਨਕ ਐਸੀ ਮਰਨੀ ਜੋ ਮਰੈ ਤਾ ਸਦ ਜੀਵਣੁ ਹੋਇ ॥੨॥ (555-6)
नानक ऐसी मरनी जो मरै ता सद जीवणु होइ ॥२॥

ਪਉੜੀ ॥ (555-7)
पउड़ी ॥

ਜਾ ਆਪਿ ਕ੍ਰਿਪਾਲੁ ਹੋਵੈ ਹਰਿ ਸੁਆਮੀ ਤਾ ਆਪਣਾਂ ਨਾਉ ਹਰਿ ਆਪਿ ਜਪਾਵੈ ॥ (555-7)
जा आपि क्रिपालु होवै हरि सुआमी ता आपणां नाउ हरि आपि जपावै ॥

ਆਪੇ ਸਤਿਗੁਰੁ ਮੇਲਿ ਸੁਖੁ ਦੇਵੈ ਆਪਣਾਂ ਸੇਵਕੁ ਆਪਿ ਹਰਿ ਭਾਵੈ ॥ (555-8)
आपे सतिगुरु मेलि सुखु देवै आपणां सेवकु आपि हरि भावै ॥

ਆਪਣਿਆ ਸੇਵਕਾ ਕੀ ਆਪਿ ਪੈਜ ਰਖੈ ਆਪਣਿਆ ਭਗਤਾ ਕੀ ਪੈਰੀ ਪਾਵੈ ॥ (555-8)
आपणिआ सेवका की आपि पैज रखै आपणिआ भगता की पैरी पावै ॥

ਧਰਮ ਰਾਇ ਹੈ ਹਰਿ ਕਾ ਕੀਆ ਹਰਿ ਜਨ ਸੇਵਕ ਨੇੜਿ ਨ ਆਵੈ ॥ (555-9)
धरम राइ है हरि का कीआ हरि जन सेवक नेड़ि न आवै ॥

ਜੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ ਹੋਰ ਕੇਤੀ ਝਖਿ ਝਖਿ ਆਵੈ ਜਾਵੈ ॥੧੭॥ (555-10)
जो हरि का पिआरा सो सभना का पिआरा होर केती झखि झखि आवै जावै ॥१७॥

ਸਲੋਕ ਮਃ ੩ ॥ (555-10)
सलोक मः ३ ॥

ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ ਰਾਮੁ ਨ ਪਾਇਆ ਜਾਇ ॥ (555-10)
रामु रामु करता सभु जगु फिरै रामु न पाइआ जाइ ॥

ਅਗਮੁ ਅਗੋਚਰੁ ਅਤਿ ਵਡਾ ਅਤੁਲੁ ਨ ਤੁਲਿਆ ਜਾਇ ॥ (555-11)
अगमु अगोचरु अति वडा अतुलु न तुलिआ जाइ ॥

ਕੀਮਤਿ ਕਿਨੈ ਨ ਪਾਈਆ ਕਿਤੈ ਨ ਲਇਆ ਜਾਇ ॥ (555-12)
कीमति किनै न पाईआ कितै न लइआ जाइ ॥

ਗੁਰ ਕੈ ਸਬਦਿ ਭੇਦਿਆ ਇਨ ਬਿਧਿ ਵਸਿਆ ਮਨਿ ਆਇ ॥ (555-12)
गुर कै सबदि भेदिआ इन बिधि वसिआ मनि आइ ॥

ਨਾਨਕ ਆਪਿ ਅਮੇਉ ਹੈ ਗੁਰ ਕਿਰਪਾ ਤੇ ਰਹਿਆ ਸਮਾਇ ॥ (555-13)
नानक आपि अमेउ है गुर किरपा ते रहिआ समाइ ॥

ਆਪੇ ਮਿਲਿਆ ਮਿਲਿ ਰਹਿਆ ਆਪੇ ਮਿਲਿਆ ਆਇ ॥੧॥ (555-13)
आपे मिलिआ मिलि रहिआ आपे मिलिआ आइ ॥१॥

ਮਃ ੩ ॥ (555-14)
मः ३ ॥

ਏ ਮਨ ਇਹੁ ਧਨੁ ਨਾਮੁ ਹੈ ਜਿਤੁ ਸਦਾ ਸਦਾ ਸੁਖੁ ਹੋਇ ॥ (555-14)
ए मन इहु धनु नामु है जितु सदा सदा सुखु होइ ॥

ਤੋਟਾ ਮੂਲਿ ਨ ਆਵਈ ਲਾਹਾ ਸਦ ਹੀ ਹੋਇ ॥ (555-14)
तोटा मूलि न आवई लाहा सद ही होइ ॥

ਖਾਧੈ ਖਰਚਿਐ ਤੋਟਿ ਨ ਆਵਈ ਸਦਾ ਸਦਾ ਓਹੁ ਦੇਇ ॥ (555-15)
खाधै खरचिऐ तोटि न आवई सदा सदा ओहु देइ ॥

ਸਹਸਾ ਮੂਲਿ ਨ ਹੋਵਈ ਹਾਣਤ ਕਦੇ ਨ ਹੋਇ ॥ (555-15)
सहसा मूलि न होवई हाणत कदे न होइ ॥

ਨਾਨਕ ਗੁਰਮੁਖਿ ਪਾਈਐ ਜਾ ਕਉ ਨਦਰਿ ਕਰੇਇ ॥੨॥ (555-16)
नानक गुरमुखि पाईऐ जा कउ नदरि करेइ ॥२॥

ਪਉੜੀ ॥ (555-16)
पउड़ी ॥

ਆਪੇ ਸਭ ਘਟ ਅੰਦਰੇ ਆਪੇ ਹੀ ਬਾਹਰਿ ॥ (555-16)
आपे सभ घट अंदरे आपे ही बाहरि ॥

ਆਪੇ ਗੁਪਤੁ ਵਰਤਦਾ ਆਪੇ ਹੀ ਜਾਹਰਿ ॥ (555-17)
आपे गुपतु वरतदा आपे ही जाहरि ॥

ਜੁਗ ਛਤੀਹ ਗੁਬਾਰੁ ਕਰਿ ਵਰਤਿਆ ਸੁੰਨਾਹਰਿ ॥ (555-17)
जुग छतीह गुबारु करि वरतिआ सुंनाहरि ॥

ਓਥੈ ਵੇਦ ਪੁਰਾਨ ਨ ਸਾਸਤਾ ਆਪੇ ਹਰਿ ਨਰਹਰਿ ॥ (555-18)
ओथै वेद पुरान न सासता आपे हरि नरहरि ॥

ਬੈਠਾ ਤਾੜੀ ਲਾਇ ਆਪਿ ਸਭ ਦੂ ਹੀ ਬਾਹਰਿ ॥ (555-18)
बैठा ताड़ी लाइ आपि सभ दू ही बाहरि ॥

ਆਪਣੀ ਮਿਤਿ ਆਪਿ ਜਾਣਦਾ ਆਪੇ ਹੀ ਗਉਹਰੁ ॥੧੮॥ (555-19)
आपणी मिति आपि जाणदा आपे ही गउहरु ॥१८॥

ਸਲੋਕ ਮਃ ੩ ॥ (555-19)
सलोक मः ३ ॥

ਹਉਮੈ ਵਿਚਿ ਜਗਤੁ ਮੁਆ ਮਰਦੋ ਮਰਦਾ ਜਾਇ ॥ (555-19)
हउमै विचि जगतु मुआ मरदो मरदा जाइ ॥

ਜਿਚਰੁ ਵਿਚਿ ਦੰਮੁ ਹੈ ਤਿਚਰੁ ਨ ਚੇਤਈ ਕਿ ਕਰੇਗੁ ਅਗੈ ਜਾਇ ॥ (556-1)
जिचरु विचि दंमु है तिचरु न चेतई कि करेगु अगै जाइ ॥

ਗਿਆਨੀ ਹੋਇ ਸੁ ਚੇਤੰਨੁ ਹੋਇ ਅਗਿਆਨੀ ਅੰਧੁ ਕਮਾਇ ॥ (556-1)
गिआनी होइ सु चेतंनु होइ अगिआनी अंधु कमाइ ॥

ਨਾਨਕ ਏਥੈ ਕਮਾਵੈ ਸੋ ਮਿਲੈ ਅਗੈ ਪਾਏ ਜਾਇ ॥੧॥ (556-2)
नानक एथै कमावै सो मिलै अगै पाए जाइ ॥१॥

ਮਃ ੩ ॥ (556-2)
मः ३ ॥

ਧੁਰਿ ਖਸਮੈ ਕਾ ਹੁਕਮੁ ਪਇਆ ਵਿਣੁ ਸਤਿਗੁਰ ਚੇਤਿਆ ਨ ਜਾਇ ॥ (556-3)
धुरि खसमै का हुकमु पइआ विणु सतिगुर चेतिआ न जाइ ॥

ਸਤਿਗੁਰਿ ਮਿਲਿਐ ਅੰਤਰਿ ਰਵਿ ਰਹਿਆ ਸਦਾ ਰਹਿਆ ਲਿਵ ਲਾਇ ॥ (556-3)
सतिगुरि मिलिऐ अंतरि रवि रहिआ सदा रहिआ लिव लाइ ॥

ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ ॥ (556-4)
दमि दमि सदा समालदा दंमु न बिरथा जाइ ॥

ਜਨਮ ਮਰਨ ਕਾ ਭਉ ਗਇਆ ਜੀਵਨ ਪਦਵੀ ਪਾਇ ॥ (556-4)
जनम मरन का भउ गइआ जीवन पदवी पाइ ॥

ਨਾਨਕ ਇਹੁ ਮਰਤਬਾ ਤਿਸ ਨੋ ਦੇਇ ਜਿਸ ਨੋ ਕਿਰਪਾ ਕਰੇ ਰਜਾਇ ॥੨॥ (556-5)
नानक इहु मरतबा तिस नो देइ जिस नो किरपा करे रजाइ ॥२॥

ਪਉੜੀ ॥ (556-6)
पउड़ी ॥

ਆਪੇ ਦਾਨਾਂ ਬੀਨਿਆ ਆਪੇ ਪਰਧਾਨਾਂ ॥ (556-6)
आपे दानां बीनिआ आपे परधानां ॥

ਆਪੇ ਰੂਪ ਦਿਖਾਲਦਾ ਆਪੇ ਲਾਇ ਧਿਆਨਾਂ ॥ (556-6)
आपे रूप दिखालदा आपे लाइ धिआनां ॥

ਆਪੇ ਮੋਨੀ ਵਰਤਦਾ ਆਪੇ ਕਥੈ ਗਿਆਨਾਂ ॥ (556-6)
आपे मोनी वरतदा आपे कथै गिआनां ॥

ਕਉੜਾ ਕਿਸੈ ਨ ਲਗਈ ਸਭਨਾ ਹੀ ਭਾਣਾ ॥ (556-7)
कउड़ा किसै न लगई सभना ही भाना ॥

ਉਸਤਤਿ ਬਰਨਿ ਨ ਸਕੀਐ ਸਦ ਸਦ ਕੁਰਬਾਣਾ ॥੧੯॥ (556-7)
उसतति बरनि न सकीऐ सद सद कुरबाना ॥१९॥

ਸਲੋਕ ਮਃ ੧ ॥ (556-8)
सलोक मः १ ॥

ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ ॥ (556-8)
कली अंदरि नानका जिंनां दा अउतारु ॥

ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ ॥੧॥ (556-8)
पुतु जिनूरा धीअ जिंनूरी जोरू जिंना दा सिकदारु ॥१॥

ਮਃ ੧ ॥ (556-9)
मः १ ॥

ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ ॥ (556-9)
हिंदू मूले भूले अखुटी जांही ॥

ਨਾਰਦਿ ਕਹਿਆ ਸਿ ਪੂਜ ਕਰਾਂਹੀ ॥ (556-9)
नारदि कहिआ सि पूज करांही ॥

ਅੰਧੇ ਗੁੰਗੇ ਅੰਧ ਅੰਧਾਰੁ ॥ (556-9)
अंधे गुंगे अंध अंधारु ॥

ਪਾਥਰੁ ਲੇ ਪੂਜਹਿ ਮੁਗਧ ਗਵਾਰ ॥ (556-10)
पाथरु ले पूजहि मुगध गवार ॥

ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ ॥੨॥ (556-10)
ओहि जा आपि डुबे तुम कहा तरणहारु ॥२॥

ਪਉੜੀ ॥ (556-11)
पउड़ी ॥

ਸਭੁ ਕਿਹੁ ਤੇਰੈ ਵਸਿ ਹੈ ਤੂ ਸਚਾ ਸਾਹੁ ॥ (556-11)
सभु किहु तेरै वसि है तू सचा साहु ॥

ਭਗਤ ਰਤੇ ਰੰਗਿ ਏਕ ਕੈ ਪੂਰਾ ਵੇਸਾਹੁ ॥ (556-11)
भगत रते रंगि एक कै पूरा वेसाहु ॥

ਅੰਮ੍ਰਿਤੁ ਭੋਜਨੁ ਨਾਮੁ ਹਰਿ ਰਜਿ ਰਜਿ ਜਨ ਖਾਹੁ ॥ (556-12)
अमृतु भोजनु नामु हरि रजि रजि जन खाहु ॥

ਸਭਿ ਪਦਾਰਥ ਪਾਈਅਨਿ ਸਿਮਰਣੁ ਸਚੁ ਲਾਹੁ ॥ (556-12)
सभि पदारथ पाईअनि सिमरणु सचु लाहु ॥

ਸੰਤ ਪਿਆਰੇ ਪਾਰਬ੍ਰਹਮ ਨਾਨਕ ਹਰਿ ਅਗਮ ਅਗਾਹੁ ॥੨੦॥ (556-13)
संत पिआरे पारब्रहम नानक हरि अगम अगाहु ॥२०॥

ਸਲੋਕ ਮਃ ੩ ॥ (556-13)
सलोक मः ३ ॥

ਸਭੁ ਕਿਛੁ ਹੁਕਮੇ ਆਵਦਾ ਸਭੁ ਕਿਛੁ ਹੁਕਮੇ ਜਾਇ ॥ (556-13)
सभु किछु हुकमे आवदा सभु किछु हुकमे जाइ ॥

ਜੇ ਕੋ ਮੂਰਖੁ ਆਪਹੁ ਜਾਣੈ ਅੰਧਾ ਅੰਧੁ ਕਮਾਇ ॥ (556-14)
जे को मूरखु आपहु जाणै अंधा अंधु कमाइ ॥

ਨਾਨਕ ਹੁਕਮੁ ਕੋ ਗੁਰਮੁਖਿ ਬੁਝੈ ਜਿਸ ਨੋ ਕਿਰਪਾ ਕਰੇ ਰਜਾਇ ॥੧॥ (556-14)
नानक हुकमु को गुरमुखि बुझै जिस नो किरपा करे रजाइ ॥१॥

ਮਃ ੩ ॥ (556-15)
मः ३ ॥

ਸੋ ਜੋਗੀ ਜੁਗਤਿ ਸੋ ਪਾਏ ਜਿਸ ਨੋ ਗੁਰਮੁਖਿ ਨਾਮੁ ਪਰਾਪਤਿ ਹੋਇ ॥ (556-15)
सो जोगी जुगति सो पाए जिस नो गुरमुखि नामु परापति होइ ॥

ਤਿਸੁ ਜੋਗੀ ਕੀ ਨਗਰੀ ਸਭੁ ਕੋ ਵਸੈ ਭੇਖੀ ਜੋਗੁ ਨ ਹੋਇ ॥ (556-16)
तिसु जोगी की नगरी सभु को वसै भेखी जोगु न होइ ॥

ਨਾਨਕ ਐਸਾ ਵਿਰਲਾ ਕੋ ਜੋਗੀ ਜਿਸੁ ਘਟਿ ਪਰਗਟੁ ਹੋਇ ॥੨॥ (556-16)
नानक ऐसा विरला को जोगी जिसु घटि परगटु होइ ॥२॥

ਪਉੜੀ ॥ (556-17)
पउड़ी ॥

ਆਪੇ ਜੰਤ ਉਪਾਇਅਨੁ ਆਪੇ ਆਧਾਰੁ ॥ (556-17)
आपे जंत उपाइअनु आपे आधारु ॥

ਆਪੇ ਸੂਖਮੁ ਭਾਲੀਐ ਆਪੇ ਪਾਸਾਰੁ ॥ (556-17)
आपे सूखमु भालीऐ आपे पासारु ॥

ਆਪਿ ਇਕਾਤੀ ਹੋਇ ਰਹੈ ਆਪੇ ਵਡ ਪਰਵਾਰੁ ॥ (556-18)
आपि इकाती होइ रहै आपे वड परवारु ॥

ਨਾਨਕੁ ਮੰਗੈ ਦਾਨੁ ਹਰਿ ਸੰਤਾ ਰੇਨਾਰੁ ॥ (556-18)
नानकु मंगै दानु हरि संता रेनारु ॥

ਹੋਰੁ ਦਾਤਾਰੁ ਨ ਸੁਝਈ ਤੂ ਦੇਵਣਹਾਰੁ ॥੨੧॥੧॥ ਸੁਧੁ ॥ (556-18)
होरु दातारु न सुझई तू देवणहारु ॥२१॥१॥ सुधु ॥

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ (557-1)
ੴ सति नामु करता पुरखु निरभउ निरवैरु अकाल मूरति अजूनी सैभं गुर प्रसादि ॥

ਰਾਗੁ ਵਡਹੰਸੁ ਮਹਲਾ ੧ ਘਰੁ ੧ ॥ (557-3)
रागु वडहंसु महला १ घरु १ ॥

ਅਮਲੀ ਅਮਲੁ ਨ ਅੰਬੜੈ ਮਛੀ ਨੀਰੁ ਨ ਹੋਇ ॥ (557-4)
अमली अमलु न अम्बड़ै मछी नीरु न होइ ॥

ਜੋ ਰਤੇ ਸਹਿ ਆਪਣੈ ਤਿਨ ਭਾਵੈ ਸਭੁ ਕੋਇ ॥੧॥ (557-4)
जो रते सहि आपणै तिन भावै सभु कोइ ॥१॥

ਹਉ ਵਾਰੀ ਵੰਞਾ ਖੰਨੀਐ ਵੰਞਾ ਤਉ ਸਾਹਿਬ ਕੇ ਨਾਵੈ ॥੧॥ ਰਹਾਉ ॥ (557-4)
हउ वारी वंञा खंनीऐ वंञा तउ साहिब के नावै ॥१॥ रहाउ ॥

ਸਾਹਿਬੁ ਸਫਲਿਓ ਰੁਖੜਾ ਅੰਮ੍ਰਿਤੁ ਜਾ ਕਾ ਨਾਉ ॥ (557-5)
साहिबु सफलिओ रुखड़ा अमृतु जा का नाउ ॥

ਜਿਨ ਪੀਆ ਤੇ ਤ੍ਰਿਪਤ ਭਏ ਹਉ ਤਿਨ ਬਲਿਹਾਰੈ ਜਾਉ ॥੨॥ (557-6)
जिन पीआ ते त्रिपत भए हउ तिन बलिहारै जाउ ॥२॥

ਮੈ ਕੀ ਨਦਰਿ ਨ ਆਵਹੀ ਵਸਹਿ ਹਭੀਆਂ ਨਾਲਿ ॥ (557-6)
मै की नदरि न आवही वसहि हभीआं नालि ॥

ਤਿਖਾ ਤਿਹਾਇਆ ਕਿਉ ਲਹੈ ਜਾ ਸਰ ਭੀਤਰਿ ਪਾਲਿ ॥੩॥ (557-7)
तिखा तिहाइआ किउ लहै जा सर भीतरि पालि ॥३॥

ਨਾਨਕੁ ਤੇਰਾ ਬਾਣੀਆ ਤੂ ਸਾਹਿਬੁ ਮੈ ਰਾਸਿ ॥ (557-7)
नानकु तेरा बाणीआ तू साहिबु मै रासि ॥

ਮਨ ਤੇ ਧੋਖਾ ਤਾ ਲਹੈ ਜਾ ਸਿਫਤਿ ਕਰੀ ਅਰਦਾਸਿ ॥੪॥੧॥ (557-8)
मन ते धोखा ता लहै जा सिफति करी अरदासि ॥४॥१॥

ਵਡਹੰਸੁ ਮਹਲਾ ੧ ॥ (557-8)
वडहंसु महला १ ॥

ਗੁਣਵੰਤੀ ਸਹੁ ਰਾਵਿਆ ਨਿਰਗੁਣਿ ਕੂਕੇ ਕਾਇ ॥ (557-8)
गुणवंती सहु राविआ निरगुणि कूके काइ ॥

ਜੇ ਗੁਣਵੰਤੀ ਥੀ ਰਹੈ ਤਾ ਭੀ ਸਹੁ ਰਾਵਣ ਜਾਇ ॥੧॥ (557-9)
जे गुणवंती थी रहै ता भी सहु रावण जाइ ॥१॥

ਮੇਰਾ ਕੰਤੁ ਰੀਸਾਲੂ ਕੀ ਧਨ ਅਵਰਾ ਰਾਵੇ ਜੀ ॥੧॥ ਰਹਾਉ ॥ (557-9)
मेरा कंतु रीसालू की धन अवरा रावे जी ॥१॥ रहाउ ॥

ਕਰਣੀ ਕਾਮਣ ਜੇ ਥੀਐ ਜੇ ਮਨੁ ਧਾਗਾ ਹੋਇ ॥ (557-10)
करणी कामण जे थीऐ जे मनु धागा होइ ॥

ਮਾਣਕੁ ਮੁਲਿ ਨ ਪਾਈਐ ਲੀਜੈ ਚਿਤਿ ਪਰੋਇ ॥੨॥ (557-10)
माणकु मुलि न पाईऐ लीजै चिति परोइ ॥२॥

ਰਾਹੁ ਦਸਾਈ ਨ ਜੁਲਾਂ ਆਖਾਂ ਅੰਮੜੀਆਸੁ ॥ (557-11)
राहु दसाई न जुलां आखां अंमड़ीआसु ॥

ਤੈ ਸਹ ਨਾਲਿ ਅਕੂਅਣਾ ਕਿਉ ਥੀਵੈ ਘਰ ਵਾਸੁ ॥੩॥ (557-11)
तै सह नालि अकूअणा किउ थीवै घर वासु ॥३॥

ਨਾਨਕ ਏਕੀ ਬਾਹਰਾ ਦੂਜਾ ਨਾਹੀ ਕੋਇ ॥ (557-12)
नानक एकी बाहरा दूजा नाही कोइ ॥

ਤੈ ਸਹ ਲਗੀ ਜੇ ਰਹੈ ਭੀ ਸਹੁ ਰਾਵੈ ਸੋਇ ॥੪॥੨॥ (557-12)
तै सह लगी जे रहै भी सहु रावै सोइ ॥४॥२॥

ਵਡਹੰਸੁ ਮਹਲਾ ੧ ਘਰੁ ੨ ॥ (557-13)
वडहंसु महला १ घरु २ ॥

ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ ॥ (557-13)
मोरी रुण झुण लाइआ भैणे सावणु आइआ ॥

ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ ॥ (557-13)
तेरे मुंध कटारे जेवडा तिनि लोभी लोभ लुभाइआ ॥

ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ ॥ (557-14)
तेरे दरसन विटहु खंनीऐ वंञा तेरे नाम विटहु कुरबाणो ॥

ਜਾ ਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ ॥ (557-14)
जा तू ता मै माणु कीआ है तुधु बिनु केहा मेरा माणो ॥

ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ ॥ (557-15)
चूड़ा भंनु पलंघ सिउ मुंधे सणु बाही सणु बाहा ॥

ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ ॥ (557-15)
एते वेस करेदीए मुंधे सहु रातो अवराहा ॥

ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ ॥ (558-1)
ना मनीआरु न चूड़ीआ ना से वंगुड़ीआहा ॥

ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ ॥ (558-1)
जो सह कंठि न लगीआ जलनु सि बाहड़ीआहा ॥

ਸਭਿ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ ॥ (558-2)
सभि सहीआ सहु रावणि गईआ हउ दाधी कै दरि जावा ॥

ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ ॥ (558-2)
अंमाली हउ खरी सुचजी तै सह एकि न भावा ॥

ਮਾਠਿ ਗੁੰਦਾਈ ਪਟੀਆ ਭਰੀਐ ਮਾਗ ਸੰਧੂਰੇ ॥ (558-3)
माठि गुंदाई� पटीआ भरीऐ माग संधूरे ॥

ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ ॥ (558-3)
अगै गई न मंनीआ मरउ विसूरि विसूरे ॥

ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ ॥ (558-4)
मै रोवंदी सभु जगु रुना रुंनड़े वणहु पंखेरू ॥

ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ ॥ (558-4)
इकु न रुना मेरे तन का बिरहा जिनि हउ पिरहु विछोड़ी ॥

ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ ॥ (558-5)
सुपनै आइआ भी गइआ मै जलु भरिआ रोइ ॥

ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ ॥ (558-5)
आइ न सका तुझ कनि पिआरे भेजि न सका कोइ ॥

ਆਉ ਸਭਾਗੀ ਨੀਦੜੀਏ ਮਤੁ ਸਹ ਦੇਖਾ ਸੋਇ ॥ (558-6)
आउ सभागी नीदड़ीए मतु सह देखा सोइ ॥

ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥ (558-6)
तै साहिब की बात जि आखै कहु नानक किआ दीजै ॥

ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥ (558-7)
सीसु वढे करि बैसणु दीजै विणु सिर सेव करीजै ॥

ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ ॥੧॥੩॥ (558-7)
किउ न मरीजै जीअड़ा न दीजै जा सहु भइआ विडाणा ॥१॥३॥

ਵਡਹੰਸੁ ਮਹਲਾ ੩ ਘਰੁ ੧ (558-9)
वडहंसु महला ३ घरु १

ੴ ਸਤਿਗੁਰ ਪ੍ਰਸਾਦਿ ॥ (558-9)
ੴ सतिगुर प्रसादि ॥

ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ ॥ (558-10)
मनि मैलै सभु किछु मैला तनि धोतै मनु हछा न होइ ॥

ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥੧॥ (558-10)
इह जगतु भरमि भुलाइआ विरला बूझै कोइ ॥१॥

ਜਪਿ ਮਨ ਮੇਰੇ ਤੂ ਏਕੋ ਨਾਮੁ ॥ (558-11)
जपि मन मेरे तू एको नामु ॥

ਸਤਗੁਰਿ ਦੀਆ ਮੋ ਕਉ ਏਹੁ ਨਿਧਾਨੁ ॥੧॥ ਰਹਾਉ ॥ (558-11)
सतगुरि दीआ मो कउ एहु निधानु ॥१॥ रहाउ ॥

ਸਿਧਾ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ ॥ (558-11)
सिधा के आसण जे सिखै इंद्री वसि करि कमाइ ॥

ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ ॥੨॥ (558-12)
मन की मैलु न उतरै हउमै मैलु न जाइ ॥२॥

ਇਸੁ ਮਨ ਕਉ ਹੋਰੁ ਸੰਜਮੁ ਕੋ ਨਾਹੀ ਵਿਣੁ ਸਤਿਗੁਰ ਕੀ ਸਰਣਾਇ ॥ (558-12)
इसु मन कउ होरु संजमु को नाही विणु सतिगुर की सरणाइ ॥

ਸਤਗੁਰਿ ਮਿਲਿਐ ਉਲਟੀ ਭਈ ਕਹਣਾ ਕਿਛੂ ਨ ਜਾਇ ॥੩॥ (558-13)
सतगुरि मिलिऐ उलटी भई कहणा किछू न जाइ ॥३॥

ਭਣਤਿ ਨਾਨਕੁ ਸਤਿਗੁਰ ਕਉ ਮਿਲਦੋ ਮਰੈ ਗੁਰ ਕੈ ਸਬਦਿ ਫਿਰਿ ਜੀਵੈ ਕੋਇ ॥ (558-14)
भणति नानकु सतिगुर कउ मिलदो मरै गुर कै सबदि फिरि जीवै कोइ ॥

ਮਮਤਾ ਕੀ ਮਲੁ ਉਤਰੈ ਇਹੁ ਮਨੁ ਹਛਾ ਹੋਇ ॥੪॥੧॥ (558-14)
ममता की मलु उतरै इहु मनु हछा होइ ॥४॥१॥

ਵਡਹੰਸੁ ਮਹਲਾ ੩ ॥ (558-15)
वडहंसु महला ३ ॥

ਨਦਰੀ ਸਤਗੁਰੁ ਸੇਵੀਐ ਨਦਰੀ ਸੇਵਾ ਹੋਇ ॥ (558-15)
नदरी सतगुरु सेवीऐ नदरी सेवा होइ ॥

ਨਦਰੀ ਇਹੁ ਮਨੁ ਵਸਿ ਆਵੈ ਨਦਰੀ ਮਨੁ ਨਿਰਮਲੁ ਹੋਇ ॥੧॥ (558-15)
नदरी इहु मनु वसि आवै नदरी मनु निरमलु होइ ॥१॥

ਮੇਰੇ ਮਨ ਚੇਤਿ ਸਚਾ ਸੋਇ ॥ (558-16)
मेरे मन चेति सचा सोइ ॥

ਏਕੋ ਚੇਤਹਿ ਤਾ ਸੁਖੁ ਪਾਵਹਿ ਫਿਰਿ ਦੂਖੁ ਨ ਮੂਲੇ ਹੋਇ ॥੧॥ ਰਹਾਉ ॥ (558-16)
एको चेतहि ता सुखु पावहि फिरि दूखु न मूले होइ ॥१॥ रहाउ ॥

ਨਦਰੀ ਮਰਿ ਕੈ ਜੀਵੀਐ ਨਦਰੀ ਸਬਦੁ ਵਸੈ ਮਨਿ ਆਇ ॥ (558-17)
नदरी मरि कै जीवीऐ नदरी सबदु वसै मनि आइ ॥

ਨਦਰੀ ਹੁਕਮੁ ਬੁਝੀਐ ਹੁਕਮੇ ਰਹੈ ਸਮਾਇ ॥੨॥ (558-17)
नदरी हुकमु बुझीऐ हुकमे रहै समाइ ॥२॥

ਜਿਨਿ ਜਿਹਵਾ ਹਰਿ ਰਸੁ ਨ ਚਖਿਓ ਸਾ ਜਿਹਵਾ ਜਲਿ ਜਾਉ ॥ (558-18)
जिनि जिहवा हरि रसु न चखिओ सा जिहवा जलि जाउ ॥

ਅਨ ਰਸ ਸਾਦੇ ਲਗਿ ਰਹੀ ਦੁਖੁ ਪਾਇਆ ਦੂਜੈ ਭਾਇ ॥੩॥ (558-18)
अन रस सादे लगि रही दुखु पाइआ दूजै भाइ ॥३॥

ਸਭਨਾ ਨਦਰਿ ਏਕ ਹੈ ਆਪੇ ਫਰਕੁ ਕਰੇਇ ॥ (558-19)
सभना नदरि एक है आपे फरकु करेइ ॥

ਨਾਨਕ ਸਤਗੁਰਿ ਮਿਲਿਐ ਫਲੁ ਪਾਇਆ ਨਾਮੁ ਵਡਾਈ ਦੇਇ ॥੪॥੨॥ (558-19)
नानक सतगुरि मिलिऐ फलु पाइआ नामु वडाई देइ ॥४॥२॥

ਵਡਹੰਸੁ ਮਹਲਾ ੩ ॥ (559-1)
वडहंसु महला ३ ॥

ਮਾਇਆ ਮੋਹੁ ਗੁਬਾਰੁ ਹੈ ਗੁਰ ਬਿਨੁ ਗਿਆਨੁ ਨ ਹੋਈ ॥ (559-1)
माइआ मोहु गुबारु है गुर बिनु गिआनु न होई ॥

ਸਬਦਿ ਲਗੇ ਤਿਨ ਬੁਝਿਆ ਦੂਜੈ ਪਰਜ ਵਿਗੋਈ ॥੧॥ (559-2)
सबदि लगे तिन बुझिआ दूजै परज विगोई ॥१॥

ਮਨ ਮੇਰੇ ਗੁਰਮਤਿ ਕਰਣੀ ਸਾਰੁ ॥ (559-2)
मन मेरे गुरमति करणी सारु ॥

ਸਦਾ ਸਦਾ ਹਰਿ ਪ੍ਰਭੁ ਰਵਹਿ ਤਾ ਪਾਵਹਿ ਮੋਖ ਦੁਆਰੁ ॥੧॥ ਰਹਾਉ ॥ (559-3)
सदा सदा हरि प्रभु रवहि ता पावहि मोख दुआरु ॥१॥ रहाउ ॥

ਗੁਣਾ ਕਾ ਨਿਧਾਨੁ ਏਕੁ ਹੈ ਆਪੇ ਦੇਇ ਤਾ ਕੋ ਪਾਏ ॥ (559-3)
गुणा का निधानु एकु है आपे देइ ता को पाए ॥

ਬਿਨੁ ਨਾਵੈ ਸਭ ਵਿਛੁੜੀ ਗੁਰ ਕੈ ਸਬਦਿ ਮਿਲਾਏ ॥੨॥ (559-4)
बिनु नावै सभ विछुड़ी गुर कै सबदि मिलाए ॥२॥

ਮੇਰੀ ਮੇਰੀ ਕਰਦੇ ਘਟਿ ਗਏ ਤਿਨਾ ਹਥਿ ਕਿਹੁ ਨ ਆਇਆ ॥ (559-4)
मेरी मेरी करदे घटि गए तिना हथि किहु न आइआ ॥

ਸਤਗੁਰਿ ਮਿਲਿਐ ਸਚਿ ਮਿਲੇ ਸਚਿ ਨਾਮਿ ਸਮਾਇਆ ॥੩॥ (559-5)
सतगुरि मिलिऐ सचि मिले सचि नामि समाइआ ॥३॥

ਆਸਾ ਮਨਸਾ ਏਹੁ ਸਰੀਰੁ ਹੈ ਅੰਤਰਿ ਜੋਤਿ ਜਗਾਏ ॥ (559-5)
आसा मनसा एहु सरीरु है अंतरि जोति जगाए ॥

ਨਾਨਕ ਮਨਮੁਖਿ ਬੰਧੁ ਹੈ ਗੁਰਮੁਖਿ ਮੁਕਤਿ ਕਰਾਏ ॥੪॥੩॥ (559-6)
नानक मनमुखि बंधु है गुरमुखि मुकति कराए ॥४॥३॥

ਵਡਹੰਸੁ ਮਹਲਾ ੩ ॥ (559-7)
वडहंसु महला ३ ॥

ਸੋਹਾਗਣੀ ਸਦਾ ਮੁਖੁ ਉਜਲਾ ਗੁਰ ਕੈ ਸਹਜਿ ਸੁਭਾਇ ॥ (559-7)
सोहागणी सदा मुखु उजला गुर कै सहजि सुभाइ ॥

ਸਦਾ ਪਿਰੁ ਰਾਵਹਿ ਆਪਣਾ ਵਿਚਹੁ ਆਪੁ ਗਵਾਇ ॥੧॥ (559-7)
सदा पिरु रावहि आपणा विचहु आपु गवाइ ॥१॥

ਮੇਰੇ ਮਨ ਤੂ ਹਰਿ ਹਰਿ ਨਾਮੁ ਧਿਆਇ ॥ (559-8)
मेरे मन तू हरि हरि नामु धिआइ ॥

ਸਤਗੁਰਿ ਮੋ ਕਉ ਹਰਿ ਦੀਆ ਬੁਝਾਇ ॥੧॥ ਰਹਾਉ ॥ (559-8)
सतगुरि मो कउ हरि दीआ बुझाइ ॥१॥ रहाउ ॥

ਦੋਹਾਗਣੀ ਖਰੀਆ ਬਿਲਲਾਦੀਆ ਤਿਨਾ ਮਹਲੁ ਨ ਪਾਇ ॥ (559-9)
दोहागणी खरीआ बिललादीआ तिना महलु न पाइ ॥

ਦੂਜੈ ਭਾਇ ਕਰੂਪੀ ਦੂਖੁ ਪਾਵਹਿ ਆਗੈ ਜਾਇ ॥੨॥ (559-9)
दूजै भाइ करूपी दूखु पावहि आगै जाइ ॥२॥

ਗੁਣਵੰਤੀ ਨਿਤ ਗੁਣ ਰਵੈ ਹਿਰਦੈ ਨਾਮੁ ਵਸਾਇ ॥ (559-10)
गुणवंती नित गुण रवै हिरदै नामु वसाइ ॥

ਅਉਗਣਵੰਤੀ ਕਾਮਣੀ ਦੁਖੁ ਲਾਗੈ ਬਿਲਲਾਇ ॥੩॥ (559-10)
अउगणवंती कामणी दुखु लागै बिललाइ ॥३॥

ਸਭਨਾ ਕਾ ਭਤਾਰੁ ਏਕੁ ਹੈ ਸੁਆਮੀ ਕਹਣਾ ਕਿਛੂ ਨ ਜਾਇ ॥ (559-11)
सभना का भतारु एकु है सुआमी कहणा किछू न जाइ ॥

ਨਾਨਕ ਆਪੇ ਵੇਕ ਕੀਤਿਅਨੁ ਨਾਮੇ ਲਇਅਨੁ ਲਾਇ ॥੪॥੪॥ (559-11)
नानक आपे वेक कीतिअनु नामे लइअनु लाइ ॥४॥४॥

ਵਡਹੰਸੁ ਮਹਲਾ ੩ ॥ (559-12)
वडहंसु महला ३ ॥

ਅੰਮ੍ਰਿਤ ਨਾਮੁ ਸਦ ਮੀਠਾ ਲਾਗਾ ਗੁਰ ਸਬਦੀ ਸਾਦੁ ਆਇਆ ॥ (559-12)
अमृत नामु सद मीठा लागा गुर सबदी सादु आइआ ॥

ਸਚੀ ਬਾਣੀ ਸਹਜਿ ਸਮਾਣੀ ਹਰਿ ਜੀਉ ਮਨਿ ਵਸਾਇਆ ॥੧॥ (559-13)
सची बाणी सहजि समाणी हरि जीउ मनि वसाइआ ॥१॥

ਹਰਿ ਕਰਿ ਕਿਰਪਾ ਸਤਗੁਰੂ ਮਿਲਾਇਆ ॥ (559-13)
हरि करि किरपा सतगुरू मिलाइआ ॥

ਪੂਰੈ ਸਤਗੁਰਿ ਹਰਿ ਨਾਮੁ ਧਿਆਇਆ ॥੧॥ ਰਹਾਉ ॥ (559-14)
पूरै सतगुरि हरि नामु धिआइआ ॥१॥ रहाउ ॥

ਬ੍ਰਹਮੈ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ ॥ (559-14)
ब्रहमै बेद बाणी परगासी माइआ मोह पसारा ॥

ਮਹਾਦੇਉ ਗਿਆਨੀ ਵਰਤੈ ਘਰਿ ਆਪਣੈ ਤਾਮਸੁ ਬਹੁਤੁ ਅਹੰਕਾਰਾ ॥੨॥ (559-15)
महादेउ गिआनी वरतै घरि आपणै तामसु बहुतु अहंकारा ॥२॥

ਕਿਸਨੁ ਸਦਾ ਅਵਤਾਰੀ ਰੂਧਾ ਕਿਤੁ ਲਗਿ ਤਰੈ ਸੰਸਾਰਾ ॥ (559-15)
किसनु सदा अवतारी रूधा कितु लगि तरै संसारा ॥

ਗੁਰਮੁਖਿ ਗਿਆਨਿ ਰਤੇ ਜੁਗ ਅੰਤਰਿ ਚੂਕੈ ਮੋਹ ਗੁਬਾਰਾ ॥੩॥ (559-16)
गुरमुखि गिआनि रते जुग अंतरि चूकै मोह गुबारा ॥३॥

ਸਤਗੁਰ ਸੇਵਾ ਤੇ ਨਿਸਤਾਰਾ ਗੁਰਮੁਖਿ ਤਰੈ ਸੰਸਾਰਾ ॥ (559-16)
सतगुर सेवा ते निसतारा गुरमुखि तरै संसारा ॥

ਸਾਚੈ ਨਾਇ ਰਤੇ ਬੈਰਾਗੀ ਪਾਇਨਿ ਮੋਖ ਦੁਆਰਾ ॥੪॥ (559-17)
साचै नाइ रते बैरागी पाइनि मोख दुआरा ॥४॥

ਏਕੋ ਸਚੁ ਵਰਤੈ ਸਭ ਅੰਤਰਿ ਸਭਨਾ ਕਰੇ ਪ੍ਰਤਿਪਾਲਾ ॥ (559-17)
एको सचु वरतै सभ अंतरि सभना करे प्रतिपाला ॥

ਨਾਨਕ ਇਕਸੁ ਬਿਨੁ ਮੈ ਅਵਰੁ ਨ ਜਾਣਾ ਸਭਨਾ ਦੀਵਾਨੁ ਦਇਆਲਾ ॥੫॥੫॥ (559-18)
नानक इकसु बिनु मै अवरु न जाणा सभना दीवानु दइआला ॥५॥५॥

ਵਡਹੰਸੁ ਮਹਲਾ ੩ ॥ (559-19)
वडहंसु महला ३ ॥

ਗੁਰਮੁਖਿ ਸਚੁ ਸੰਜਮੁ ਤਤੁ ਗਿਆਨੁ ॥ (559-19)
गुरमुखि सचु संजमु ततु गिआनु ॥

ਗੁਰਮੁਖਿ ਸਾਚੇ ਲਗੈ ਧਿਆਨੁ ॥੧॥ (559-19)
गुरमुखि साचे लगै धिआनु ॥१॥

ਗੁਰਮੁਖਿ ਮਨ ਮੇਰੇ ਨਾਮੁ ਸਮਾਲਿ ॥ (560-1)
गुरमुखि मन मेरे नामु समालि ॥

ਸਦਾ ਨਿਬਹੈ ਚਲੈ ਤੇਰੈ ਨਾਲਿ ॥ ਰਹਾਉ ॥ (560-1)
सदा निबहै चलै तेरै नालि ॥ रहाउ ॥

ਗੁਰਮੁਖਿ ਜਾਤਿ ਪਤਿ ਸਚੁ ਸੋਇ ॥ (560-1)
गुरमुखि जाति पति सचु सोइ ॥

ਗੁਰਮੁਖਿ ਅੰਤਰਿ ਸਖਾਈ ਪ੍ਰਭੁ ਹੋਇ ॥੨॥ (560-2)
गुरमुखि अंतरि सखाई प्रभु होइ ॥२॥

ਗੁਰਮੁਖਿ ਜਿਸ ਨੋ ਆਪਿ ਕਰੇ ਸੋ ਹੋਇ ॥ (560-2)
गुरमुखि जिस नो आपि करे सो होइ ॥

ਗੁਰਮੁਖਿ ਆਪਿ ਵਡਾਈ ਦੇਵੈ ਸੋਇ ॥੩॥ (560-2)
गुरमुखि आपि वडाई देवै सोइ ॥३॥

ਗੁਰਮੁਖਿ ਸਬਦੁ ਸਚੁ ਕਰਣੀ ਸਾਰੁ ॥ (560-3)
गुरमुखि सबदु सचु करणी सारु ॥

ਗੁਰਮੁਖਿ ਨਾਨਕ ਪਰਵਾਰੈ ਸਾਧਾਰੁ ॥੪॥੬॥ (560-3)
गुरमुखि नानक परवारै साधारु ॥४॥६॥

ਵਡਹੰਸੁ ਮਹਲਾ ੩ ॥ (560-4)
वडहंसु महला ३ ॥

ਰਸਨਾ ਹਰਿ ਸਾਦਿ ਲਗੀ ਸਹਜਿ ਸੁਭਾਇ ॥ (560-4)
रसना हरि सादि लगी सहजि सुभाइ ॥

ਮਨੁ ਤ੍ਰਿਪਤਿਆ ਹਰਿ ਨਾਮੁ ਧਿਆਇ ॥੧॥ (560-4)
मनु त्रिपतिआ हरि नामु धिआइ ॥१॥

ਸਦਾ ਸੁਖੁ ਸਾਚੈ ਸਬਦਿ ਵੀਚਾਰੀ ॥ (560-5)
सदा सुखु साचै सबदि वीचारी ॥

ਆਪਣੇ ਸਤਗੁਰ ਵਿਟਹੁ ਸਦਾ ਬਲਿਹਾਰੀ ॥੧॥ ਰਹਾਉ ॥ (560-5)
आपणे सतगुर विटहु सदा बलिहारी ॥१॥ रहाउ ॥

ਅਖੀ ਸੰਤੋਖੀਆ ਏਕ ਲਿਵ ਲਾਇ ॥ (560-5)
अखी संतोखीआ एक लिव लाइ ॥

ਮਨੁ ਸੰਤੋਖਿਆ ਦੂਜਾ ਭਾਉ ਗਵਾਇ ॥੨॥ (560-6)
मनु संतोखिआ दूजा भाउ गवाइ ॥२॥

ਦੇਹ ਸਰੀਰਿ ਸੁਖੁ ਹੋਵੈ ਸਬਦਿ ਹਰਿ ਨਾਇ ॥ (560-6)
देह सरीरि सुखु होवै सबदि हरि नाइ ॥

ਨਾਮੁ ਪਰਮਲੁ ਹਿਰਦੈ ਰਹਿਆ ਸਮਾਇ ॥੩॥ (560-7)
नामु परमलु हिरदै रहिआ समाइ ॥३॥

ਨਾਨਕ ਮਸਤਕਿ ਜਿਸੁ ਵਡਭਾਗੁ ॥ (560-7)
नानक मसतकि जिसु वडभागु ॥

ਗੁਰ ਕੀ ਬਾਣੀ ਸਹਜ ਬੈਰਾਗੁ ॥੪॥੭॥ (560-7)
गुर की बाणी सहज बैरागु ॥४॥७॥

ਵਡਹੰਸੁ ਮਹਲਾ ੩ ॥ (560-8)
वडहंसु महला ३ ॥

ਪੂਰੇ ਗੁਰ ਤੇ ਨਾਮੁ ਪਾਇਆ ਜਾਇ ॥ (560-8)
पूरे गुर ते नामु पाइआ जाइ ॥

ਸਚੈ ਸਬਦਿ ਸਚਿ ਸਮਾਇ ॥੧॥ (560-8)
सचै सबदि सचि समाइ ॥१॥

ਏ ਮਨ ਨਾਮੁ ਨਿਧਾਨੁ ਤੂ ਪਾਇ ॥ (560-8)
ए मन नामु निधानु तू पाइ ॥

ਆਪਣੇ ਗੁਰ ਕੀ ਮੰਨਿ ਲੈ ਰਜਾਇ ॥੧॥ ਰਹਾਉ ॥ (560-9)
आपणे गुर की मंनि लै रजाइ ॥१॥ रहाउ ॥

ਗੁਰ ਕੈ ਸਬਦਿ ਵਿਚਹੁ ਮੈਲੁ ਗਵਾਇ ॥ (560-9)
गुर कै सबदि विचहु मैलु गवाइ ॥

ਨਿਰਮਲੁ ਨਾਮੁ ਵਸੈ ਮਨਿ ਆਇ ॥੨॥ (560-10)
निरमलु नामु वसै मनि आइ ॥२॥

ਭਰਮੇ ਭੂਲਾ ਫਿਰੈ ਸੰਸਾਰੁ ॥ (560-10)
भरमे भूला फिरै संसारु ॥

ਮਰਿ ਜਨਮੈ ਜਮੁ ਕਰੇ ਖੁਆਰੁ ॥੩॥ (560-10)
मरि जनमै जमु करे खुआरु ॥३॥

ਨਾਨਕ ਸੇ ਵਡਭਾਗੀ ਜਿਨ ਹਰਿ ਨਾਮੁ ਧਿਆਇਆ ॥ (560-11)
नानक से वडभागी जिन हरि नामु धिआइआ ॥

ਗੁਰ ਪਰਸਾਦੀ ਮੰਨਿ ਵਸਾਇਆ ॥੪॥੮॥ (560-11)
गुर परसादी मंनि वसाइआ ॥४॥८॥

ਵਡਹੰਸੁ ਮਹਲਾ ੩ ॥ (560-12)
वडहंसु महला ३ ॥

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥ (560-12)
हउमै नावै नालि विरोधु है दुइ न वसहि इक ठाइ ॥

ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥੧॥ (560-12)
हउमै विचि सेवा न होवई ता मनु बिरथा जाइ ॥१॥

ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ ॥ (560-13)
हरि चेति मन मेरे तू गुर का सबदु कमाइ ॥

ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ ॥ ਰਹਾਉ ॥ (560-13)
हुकमु मंनहि ता हरि मिलै ता विचहु हउमै जाइ ॥ रहाउ ॥

ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥ (560-14)
हउमै सभु सरीरु है हउमै ओपति होइ ॥

ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ ॥੨॥ (560-14)
हउमै वडा गुबारु है हउमै विचि बुझि न सकै कोइ ॥२॥

ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ ॥ (560-15)
हउमै विचि भगति न होवई हुकमु न बुझिआ जाइ ॥

ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ ॥੩॥ (560-15)
हउमै विचि जीउ बंधु है नामु न वसै मनि आइ ॥३॥

ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ ॥ (560-16)
नानक सतगुरि मिलिऐ हउमै गई ता सचु वसिआ मनि आइ ॥

ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥੪॥੯॥੧੨॥ (560-17)
सचु कमावै सचि रहै सचे सेवि समाइ ॥४॥९॥१२॥

ਵਡਹੰਸੁ ਮਹਲਾ ੪ ਘਰੁ ੧ (560-18)
वडहंसु महला ४ घरु १

ੴ ਸਤਿਗੁਰ ਪ੍ਰਸਾਦਿ ॥ (560-18)
ੴ सतिगुर प्रसादि ॥

ਸੇਜ ਏਕ ਏਕੋ ਪ੍ਰਭੁ ਠਾਕੁਰੁ ॥ (560-19)
सेज एक एको प्रभु ठाकुरु ॥

ਗੁਰਮੁਖਿ ਹਰਿ ਰਾਵੇ ਸੁਖ ਸਾਗਰੁ ॥੧॥ (560-19)
गुरमुखि हरि रावे सुख सागरु ॥१॥

ਮੈ ਪ੍ਰਭ ਮਿਲਣ ਪ੍ਰੇਮ ਮਨਿ ਆਸਾ ॥ (560-19)
मै प्रभ मिलण प्रेम मनि आसा ॥

ਗੁਰੁ ਪੂਰਾ ਮੇਲਾਵੈ ਮੇਰਾ ਪ੍ਰੀਤਮੁ ਹਉ ਵਾਰਿ ਵਾਰਿ ਆਪਣੇ ਗੁਰੂ ਕਉ ਜਾਸਾ ॥੧॥ ਰਹਾਉ ॥ (561-1)
गुरु पूरा मेलावै मेरा प्रीतमु हउ वारि वारि आपणे गुरू कउ जासा ॥१॥ रहाउ ॥

ਮੈ ਅਵਗਣ ਭਰਪੂਰਿ ਸਰੀਰੇ ॥ (561-1)
मै अवगण भरपूरि सरीरे ॥

ਹਉ ਕਿਉ ਕਰਿ ਮਿਲਾ ਅਪਣੇ ਪ੍ਰੀਤਮ ਪੂਰੇ ॥੨॥ (561-2)
हउ किउ करि मिला अपणे प्रीतम पूरे ॥२॥

ਜਿਨਿ ਗੁਣਵੰਤੀ ਮੇਰਾ ਪ੍ਰੀਤਮੁ ਪਾਇਆ ॥ (561-2)
जिनि गुणवंती मेरा प्रीतमु पाइआ ॥

ਸੇ ਮੈ ਗੁਣ ਨਾਹੀ ਹਉ ਕਿਉ ਮਿਲਾ ਮੇਰੀ ਮਾਇਆ ॥੩॥ (561-3)
से मै गुण नाही हउ किउ मिला मेरी माइआ ॥३॥

ਹਉ ਕਰਿ ਕਰਿ ਥਾਕਾ ਉਪਾਵ ਬਹੁਤੇਰੇ ॥ (561-3)
हउ करि करि थाका उपाव बहुतेरे ॥

ਨਾਨਕ ਗਰੀਬ ਰਾਖਹੁ ਹਰਿ ਮੇਰੇ ॥੪॥੧॥ (561-3)
नानक गरीब राखहु हरि मेरे ॥४॥१॥

ਵਡਹੰਸੁ ਮਹਲਾ ੪ ॥ (561-4)
वडहंसु महला ४ ॥

ਮੇਰਾ ਹਰਿ ਪ੍ਰਭੁ ਸੁੰਦਰੁ ਮੈ ਸਾਰ ਨ ਜਾਣੀ ॥ (561-4)
मेरा हरि प्रभु सुंदरु मै सार न जाणी ॥

ਹਉ ਹਰਿ ਪ੍ਰਭ ਛੋਡਿ ਦੂਜੈ ਲੋਭਾਣੀ ॥੧॥ (561-4)
हउ हरि प्रभ छोडि दूजै लोभाणी ॥१॥

ਹਉ ਕਿਉ ਕਰਿ ਪਿਰ ਕਉ ਮਿਲਉ ਇਆਣੀ ॥ (561-5)
हउ किउ करि पिर कउ मिलउ इआणी ॥

ਜੋ ਪਿਰ ਭਾਵੈ ਸਾ ਸੋਹਾਗਣਿ ਸਾਈ ਪਿਰ ਕਉ ਮਿਲੈ ਸਿਆਣੀ ॥੧॥ ਰਹਾਉ ॥ (561-5)
जो पिर भावै सा सोहागणि साई पिर कउ मिलै सिआणी ॥१॥ रहाउ ॥

ਮੈ ਵਿਚਿ ਦੋਸ ਹਉ ਕਿਉ ਕਰਿ ਪਿਰੁ ਪਾਵਾ ॥ (561-6)
मै विचि दोस हउ किउ करि पिरु पावा ॥

ਤੇਰੇ ਅਨੇਕ ਪਿਆਰੇ ਹਉ ਪਿਰ ਚਿਤਿ ਨ ਆਵਾ ॥੨॥ (561-6)
तेरे अनेक पिआरे हउ पिर चिति न आवा ॥२॥

ਜਿਨਿ ਪਿਰੁ ਰਾਵਿਆ ਸਾ ਭਲੀ ਸੁਹਾਗਣਿ ॥ (561-7)
जिनि पिरु राविआ सा भली सुहागणि ॥

ਸੇ ਮੈ ਗੁਣ ਨਾਹੀ ਹਉ ਕਿਆ ਕਰੀ ਦੁਹਾਗਣਿ ॥੩॥ (561-7)
से मै गुण नाही हउ किआ करी दुहागणि ॥३॥

ਨਿਤ ਸੁਹਾਗਣਿ ਸਦਾ ਪਿਰੁ ਰਾਵੈ ॥ (561-8)
नित सुहागणि सदा पिरु रावै ॥

ਮੈ ਕਰਮਹੀਣ ਕਬ ਹੀ ਗਲਿ ਲਾਵੈ ॥੪॥ (561-8)
मै करमहीण कब ही गलि लावै ॥४॥

ਤੂ ਪਿਰੁ ਗੁਣਵੰਤਾ ਹਉ ਅਉਗੁਣਿਆਰਾ ॥ (561-8)
तू पिरु गुणवंता हउ अउगुणिआरा ॥

ਮੈ ਨਿਰਗੁਣ ਬਖਸਿ ਨਾਨਕੁ ਵੇਚਾਰਾ ॥੫॥੨॥ (561-9)
मै निरगुण बखसि नानकु वेचारा ॥५॥२॥

ਵਡਹੰਸੁ ਮਹਲਾ ੪ ਘਰੁ ੨ (561-10)
वडहंसु महला ४ घरु २

ੴ ਸਤਿਗੁਰ ਪ੍ਰਸਾਦਿ ॥ (561-10)
ੴ सतिगुर प्रसादि ॥

ਮੈ ਮਨਿ ਵਡੀ ਆਸ ਹਰੇ ਕਿਉ ਕਰਿ ਹਰਿ ਦਰਸਨੁ ਪਾਵਾ ॥ (561-11)
मै मनि वडी आस हरे किउ करि हरि दरसनु पावा ॥

ਹਉ ਜਾਇ ਪੁਛਾ ਅਪਨੇ ਸਤਗੁਰੈ ਗੁਰ ਪੁਛਿ ਮਨੁ ਮੁਗਧੁ ਸਮਝਾਵਾ ॥ (561-11)
हउ जाइ पुछा अपने सतगुरै गुर पुछि मनु मुगधु समझावा ॥

ਭੂਲਾ ਮਨੁ ਸਮਝੈ ਗੁਰ ਸਬਦੀ ਹਰਿ ਹਰਿ ਸਦਾ ਧਿਆਏ ॥ (561-12)
भूला मनु समझै गुर सबदी हरि हरि सदा धिआए ॥

ਨਾਨਕ ਜਿਸੁ ਨਦਰਿ ਕਰੇ ਮੇਰਾ ਪਿਆਰਾ ਸੋ ਹਰਿ ਚਰਣੀ ਚਿਤੁ ਲਾਏ ॥੧॥ (561-12)
नानक जिसु नदरि करे मेरा पिआरा सो हरि चरणी चितु लाए ॥१॥

ਹਉ ਸਭਿ ਵੇਸ ਕਰੀ ਪਿਰ ਕਾਰਣਿ ਜੇ ਹਰਿ ਪ੍ਰਭ ਸਾਚੇ ਭਾਵਾ ॥ (561-13)
हउ सभि वेस करी पिर कारणि जे हरि प्रभ साचे भावा ॥

ਸੋ ਪਿਰੁ ਪਿਆਰਾ ਮੈ ਨਦਰਿ ਨ ਦੇਖੈ ਹਉ ਕਿਉ ਕਰਿ ਧੀਰਜੁ ਪਾਵਾ ॥ (561-14)
सो पिरु पिआरा मै नदरि न देखै हउ किउ करि धीरजु पावा ॥

ਜਿਸੁ ਕਾਰਣਿ ਹਉ ਸੀਗਾਰੁ ਸੀਗਾਰੀ ਸੋ ਪਿਰੁ ਰਤਾ ਮੇਰਾ ਅਵਰਾ ॥ (561-14)
जिसु कारणि हउ सीगारु सीगारी सो पिरु रता मेरा अवरा ॥

ਨਾਨਕ ਧਨੁ ਧੰਨੁ ਧੰਨੁ ਸੋਹਾਗਣਿ ਜਿਨਿ ਪਿਰੁ ਰਾਵਿਅੜਾ ਸਚੁ ਸਵਰਾ ॥੨॥ (561-15)
नानक धनु धंनु धंनु सोहागणि जिनि पिरु राविअड़ा सचु सवरा ॥२॥

ਹਉ ਜਾਇ ਪੁਛਾ ਸੋਹਾਗ ਸੁਹਾਗਣਿ ਤੁਸੀ ਕਿਉ ਪਿਰੁ ਪਾਇਅੜਾ ਪ੍ਰਭੁ ਮੇਰਾ ॥ (561-16)
हउ जाइ पुछा सोहाग सुहागणि तुसी किउ पिरु पाइअड़ा प्रभु मेरा ॥

ਮੈ ਊਪਰਿ ਨਦਰਿ ਕਰੀ ਪਿਰਿ ਸਾਚੈ ਮੈ ਛੋਡਿਅੜਾ ਮੇਰਾ ਤੇਰਾ ॥ (561-16)
मै ऊपरि नदरि करी पिरि साचै मै छोडिअड़ा मेरा तेरा ॥

ਸਭੁ ਮਨੁ ਤਨੁ ਜੀਉ ਕਰਹੁ ਹਰਿ ਪ੍ਰਭ ਕਾ ਇਤੁ ਮਾਰਗਿ ਭੈਣੇ ਮਿਲੀਐ ॥ (561-17)
सभु मनु तनु जीउ करहु हरि प्रभ का इतु मारगि भैणे मिलीऐ ॥

ਆਪਨੜਾ ਪ੍ਰਭੁ ਨਦਰਿ ਕਰਿ ਦੇਖੈ ਨਾਨਕ ਜੋਤਿ ਜੋਤੀ ਰਲੀਐ ॥੩॥ (561-18)
आपनड़ा प्रभु नदरि करि देखै नानक जोति जोती रलीऐ ॥३॥

ਜੋ ਹਰਿ ਪ੍ਰਭ ਕਾ ਮੈ ਦੇਇ ਸਨੇਹਾ ਤਿਸੁ ਮਨੁ ਤਨੁ ਅਪਣਾ ਦੇਵਾ ॥ (561-18)
जो हरि प्रभ का मै देइ सनेहा तिसु मनु तनु अपणा देवा ॥

ਨਿਤ ਪਖਾ ਫੇਰੀ ਸੇਵ ਕਮਾਵਾ ਤਿਸੁ ਆਗੈ ਪਾਣੀ ਢੋਵਾਂ ॥ (561-19)
नित पखा फेरी सेव कमावा तिसु आगै पाणी ढोवां ॥

ਨਿਤ ਨਿਤ ਸੇਵ ਕਰੀ ਹਰਿ ਜਨ ਕੀ ਜੋ ਹਰਿ ਹਰਿ ਕਥਾ ਸੁਣਾਏ ॥ (561-19)
नित नित सेव करी हरि जन की जो हरि हरि कथा सुणाए ॥

ਧਨੁ ਧੰਨੁ ਗੁਰੂ ਗੁਰ ਸਤਿਗੁਰੁ ਪੂਰਾ ਨਾਨਕ ਮਨਿ ਆਸ ਪੁਜਾਏ ॥੪॥ (562-1)
धनु धंनु गुरू गुर सतिगुरु पूरा नानक मनि आस पुजाए ॥४॥

ਗੁਰੁ ਸਜਣੁ ਮੇਰਾ ਮੇਲਿ ਹਰੇ ਜਿਤੁ ਮਿਲਿ ਹਰਿ ਨਾਮੁ ਧਿਆਵਾ ॥ (562-2)
गुरु सजणु मेरा मेलि हरे जितु मिलि हरि नामु धिआवा ॥

ਗੁਰ ਸਤਿਗੁਰ ਪਾਸਹੁ ਹਰਿ ਗੋਸਟਿ ਪੂਛਾਂ ਕਰਿ ਸਾਂਝੀ ਹਰਿ ਗੁਣ ਗਾਵਾਂ ॥ (562-2)
गुर सतिगुर पासहु हरि गोसटि पूछां करि सांझी हरि गुण गावां ॥

ਗੁਣ ਗਾਵਾ ਨਿਤ ਨਿਤ ਸਦ ਹਰਿ ਕੇ ਮਨੁ ਜੀਵੈ ਨਾਮੁ ਸੁਣਿ ਤੇਰਾ ॥ (562-3)
गुण गावा नित नित सद हरि के मनु जीवै नामु सुणि तेरा ॥

ਨਾਨਕ ਜਿਤੁ ਵੇਲਾ ਵਿਸਰੈ ਮੇਰਾ ਸੁਆਮੀ ਤਿਤੁ ਵੇਲੈ ਮਰਿ ਜਾਇ ਜੀਉ ਮੇਰਾ ॥੫॥ (562-4)
नानक जितु वेला विसरै मेरा सुआमी तितु वेलै मरि जाइ जीउ मेरा ॥५॥

ਹਰਿ ਵੇਖਣ ਕਉ ਸਭੁ ਕੋਈ ਲੋਚੈ ਸੋ ਵੇਖੈ ਜਿਸੁ ਆਪਿ ਵਿਖਾਲੇ ॥ (562-4)
हरि वेखण कउ सभु कोई लोचै सो वेखै जिसु आपि विखाले ॥

ਜਿਸ ਨੋ ਨਦਰਿ ਕਰੇ ਮੇਰਾ ਪਿਆਰਾ ਸੋ ਹਰਿ ਹਰਿ ਸਦਾ ਸਮਾਲੇ ॥ (562-5)
जिस नो नदरि करे मेरा पिआरा सो हरि हरि सदा समाले ॥

ਸੋ ਹਰਿ ਹਰਿ ਨਾਮੁ ਸਦਾ ਸਦਾ ਸਮਾਲੇ ਜਿਸੁ ਸਤਗੁਰੁ ਪੂਰਾ ਮੇਰਾ ਮਿਲਿਆ ॥ (562-5)
सो हरि हरि नामु सदा सदा समाले जिसु सतगुरु पूरा मेरा मिलिआ ॥

ਨਾਨਕ ਹਰਿ ਜਨ ਹਰਿ ਇਕੇ ਹੋਏ ਹਰਿ ਜਪਿ ਹਰਿ ਸੇਤੀ ਰਲਿਆ ॥੬॥੧॥੩॥ (562-6)
नानक हरि जन हरि इके होए हरि जपि हरि सेती रलिआ ॥६॥१॥३॥

ਵਡਹੰਸੁ ਮਹਲਾ ੫ ਘਰੁ ੧ (562-8)
वडहंसु महला ५ घरु १

ੴ ਸਤਿਗੁਰ ਪ੍ਰਸਾਦਿ ॥ (562-8)
ੴ सतिगुर प्रसादि ॥

ਅਤਿ ਊਚਾ ਤਾ ਕਾ ਦਰਬਾਰਾ ॥ (562-9)
अति ऊचा ता का दरबारा ॥

ਅੰਤੁ ਨਾਹੀ ਕਿਛੁ ਪਾਰਾਵਾਰਾ ॥ (562-9)
अंतु नाही किछु पारावारा ॥

ਕੋਟਿ ਕੋਟਿ ਕੋਟਿ ਲਖ ਧਾਵੈ ॥ (562-9)
कोटि कोटि कोटि लख धावै ॥

ਇਕੁ ਤਿਲੁ ਤਾ ਕਾ ਮਹਲੁ ਨ ਪਾਵੈ ॥੧॥ (562-9)
इकु तिलु ता का महलु न पावै ॥१॥

ਸੁਹਾਵੀ ਕਉਣੁ ਸੁ ਵੇਲਾ ਜਿਤੁ ਪ੍ਰਭ ਮੇਲਾ ॥੧॥ ਰਹਾਉ ॥ (562-10)
सुहावी कउणु सु वेला जितु प्रभ मेला ॥१॥ रहाउ ॥

ਲਾਖ ਭਗਤ ਜਾ ਕਉ ਆਰਾਧਹਿ ॥ (562-10)
लाख भगत जा कउ आराधहि ॥

ਲਾਖ ਤਪੀਸਰ ਤਪੁ ਹੀ ਸਾਧਹਿ ॥ (562-11)
लाख तपीसर तपु ही साधहि ॥

ਲਾਖ ਜੋਗੀਸਰ ਕਰਤੇ ਜੋਗਾ ॥ (562-11)
लाख जोगीसर करते जोगा ॥

ਲਾਖ ਭੋਗੀਸਰ ਭੋਗਹਿ ਭੋਗਾ ॥੨॥ (562-11)
लाख भोगीसर भोगहि भोगा ॥२॥

ਘਟਿ ਘਟਿ ਵਸਹਿ ਜਾਣਹਿ ਥੋਰਾ ॥ (562-12)
घटि घटि वसहि जाणहि थोरा ॥

ਹੈ ਕੋਈ ਸਾਜਣੁ ਪਰਦਾ ਤੋਰਾ ॥ (562-12)
है कोई साजणु परदा तोरा ॥

ਕਰਉ ਜਤਨ ਜੇ ਹੋਇ ਮਿਹਰਵਾਨਾ ॥ (562-12)
करउ जतन जे होइ मिहरवाना ॥

ਤਾ ਕਉ ਦੇਈ ਜੀਉ ਕੁਰਬਾਨਾ ॥੩॥ (562-13)
ता कउ देई जीउ कुरबाना ॥३॥

ਫਿਰਤ ਫਿਰਤ ਸੰਤਨ ਪਹਿ ਆਇਆ ॥ (562-13)
फिरत फिरत संतन पहि आइआ ॥

ਦੂਖ ਭ੍ਰਮੁ ਹਮਾਰਾ ਸਗਲ ਮਿਟਾਇਆ ॥ (562-13)
दूख भ्रमु हमारा सगल मिटाइआ ॥

ਮਹਲਿ ਬੁਲਾਇਆ ਪ੍ਰਭ ਅੰਮ੍ਰਿਤੁ ਭੂੰਚਾ ॥ (562-14)
महलि बुलाइआ प्रभ अमृतु भूंचा ॥

ਕਹੁ ਨਾਨਕ ਪ੍ਰਭੁ ਮੇਰਾ ਊਚਾ ॥੪॥੧॥ (562-14)
कहु नानक प्रभु मेरा ऊचा ॥४॥१॥

ਵਡਹੰਸੁ ਮਹਲਾ ੫ ॥ (562-15)
वडहंसु महला ५ ॥

ਧਨੁ ਸੁ ਵੇਲਾ ਜਿਤੁ ਦਰਸਨੁ ਕਰਣਾ ॥ (562-15)
धनु सु वेला जितु दरसनु करणा ॥

ਹਉ ਬਲਿਹਾਰੀ ਸਤਿਗੁਰ ਚਰਣਾ ॥੧॥ (562-15)
हउ बलिहारी सतिगुर चरणा ॥१॥

ਜੀਅ ਕੇ ਦਾਤੇ ਪ੍ਰੀਤਮ ਪ੍ਰਭ ਮੇਰੇ ॥ (562-15)
जीअ के दाते प्रीतम प्रभ मेरे ॥

ਮਨੁ ਜੀਵੈ ਪ੍ਰਭ ਨਾਮੁ ਚਿਤੇਰੇ ॥੧॥ ਰਹਾਉ ॥ (562-16)
मनु जीवै प्रभ नामु चितेरे ॥१॥ रहाउ ॥

ਸਚੁ ਮੰਤ੍ਰੁ ਤੁਮਾਰਾ ਅੰਮ੍ਰਿਤ ਬਾਣੀ ॥ (562-16)
सचु मंत्रु तुमारा अमृत बाणी ॥

ਸੀਤਲ ਪੁਰਖ ਦ੍ਰਿਸਟਿ ਸੁਜਾਣੀ ॥੨॥ (562-17)
सीतल पुरख द्रिसटि सुजाणी ॥२॥

ਸਚੁ ਹੁਕਮੁ ਤੁਮਾਰਾ ਤਖਤਿ ਨਿਵਾਸੀ ॥ (562-17)
सचु हुकमु तुमारा तखति निवासी ॥

ਆਇ ਨ ਜਾਵੈ ਮੇਰਾ ਪ੍ਰਭੁ ਅਬਿਨਾਸੀ ॥੩॥ (562-17)
आइ न जावै मेरा प्रभु अबिनासी ॥३॥

ਤੁਮ ਮਿਹਰਵਾਨ ਦਾਸ ਹਮ ਦੀਨਾ ॥ (562-18)
तुम मिहरवान दास हम दीना ॥

ਨਾਨਕ ਸਾਹਿਬੁ ਭਰਪੁਰਿ ਲੀਣਾ ॥੪॥੨॥ (562-18)
नानक साहिबु भरपुरि लीणा ॥४॥२॥

ਵਡਹੰਸੁ ਮਹਲਾ ੫ ॥ (562-19)
वडहंसु महला ५ ॥

ਤੂ ਬੇਅੰਤੁ ਕੋ ਵਿਰਲਾ ਜਾਣੈ ॥ (562-19)
तू बेअंतु को विरला जाणै ॥

ਗੁਰ ਪ੍ਰਸਾਦਿ ਕੋ ਸਬਦਿ ਪਛਾਣੈ ॥੧॥ (562-19)
गुर प्रसादि को सबदि पछाणै ॥१॥

ਸੇਵਕ ਕੀ ਅਰਦਾਸਿ ਪਿਆਰੇ ॥ (562-19)
सेवक की अरदासि पिआरे ॥

ਜਪਿ ਜੀਵਾ ਪ੍ਰਭ ਚਰਣ ਤੁਮਾਰੇ ॥੧॥ ਰਹਾਉ ॥ (563-1)
जपि जीवा प्रभ चरण तुमारे ॥१॥ रहाउ ॥

ਦਇਆਲ ਪੁਰਖ ਮੇਰੇ ਪ੍ਰਭ ਦਾਤੇ ॥ (563-1)
दइआल पुरख मेरे प्रभ दाते ॥

ਜਿਸਹਿ ਜਨਾਵਹੁ ਤਿਨਹਿ ਤੁਮ ਜਾਤੇ ॥੨॥ (563-1)
जिसहि जनावहु तिनहि तुम जाते ॥२॥

ਸਦਾ ਸਦਾ ਜਾਈ ਬਲਿਹਾਰੀ ॥ (563-2)
सदा सदा जाई बलिहारी ॥

ਇਤ ਉਤ ਦੇਖਉ ਓਟ ਤੁਮਾਰੀ ॥੩॥ (563-2)
इत उत देखउ ओट तुमारी ॥३॥

ਮੋਹਿ ਨਿਰਗੁਣ ਗੁਣੁ ਕਿਛੂ ਨ ਜਾਤਾ ॥ (563-2)
मोहि निरगुण गुणु किछू न जाता ॥

ਨਾਨਕ ਸਾਧੂ ਦੇਖਿ ਮਨੁ ਰਾਤਾ ॥੪॥੩॥ (563-3)
नानक साधू देखि मनु राता ॥४॥३॥

ਵਡਹੰਸੁ ਮਃ ੫ ॥ (563-3)
वडहंसु मः ५ ॥

ਅੰਤਰਜਾਮੀ ਸੋ ਪ੍ਰਭੁ ਪੂਰਾ ॥ (563-3)
अंतरजामी सो प्रभु पूरा ॥

ਦਾਨੁ ਦੇਇ ਸਾਧੂ ਕੀ ਧੂਰਾ ॥੧॥ (563-4)
दानु देइ साधू की धूरा ॥१॥

ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥ (563-4)
करि किरपा प्रभ दीन दइआला ॥

ਤੇਰੀ ਓਟ ਪੂਰਨ ਗੋਪਾਲਾ ॥੧॥ ਰਹਾਉ ॥ (563-4)
तेरी ओट पूरन गोपाला ॥१॥ रहाउ ॥

ਜਲਿ ਥਲਿ ਮਹੀਅਲਿ ਰਹਿਆ ਭਰਪੂਰੇ ॥ (563-5)
जलि थलि महीअलि रहिआ भरपूरे ॥

ਨਿਕਟਿ ਵਸੈ ਨਾਹੀ ਪ੍ਰਭੁ ਦੂਰੇ ॥੨॥ (563-5)
निकटि वसै नाही प्रभु दूरे ॥२॥

ਜਿਸ ਨੋ ਨਦਰਿ ਕਰੇ ਸੋ ਧਿਆਏ ॥ (563-5)
जिस नो नदरि करे सो धिआए ॥

ਆਠ ਪਹਰ ਹਰਿ ਕੇ ਗੁਣ ਗਾਏ ॥੩॥ (563-6)
आठ पहर हरि के गुण गाए ॥३॥

ਜੀਅ ਜੰਤ ਸਗਲੇ ਪ੍ਰਤਿਪਾਰੇ ॥ (563-6)
जीअ जंत सगले प्रतिपारे ॥

ਸਰਨਿ ਪਰਿਓ ਨਾਨਕ ਹਰਿ ਦੁਆਰੇ ॥੪॥੪॥ (563-6)
सरनि परिओ नानक हरि दुआरे ॥४॥४॥

ਵਡਹੰਸੁ ਮਹਲਾ ੫ ॥ (563-7)
वडहंसु महला ५ ॥

ਤੂ ਵਡ ਦਾਤਾ ਅੰਤਰਜਾਮੀ ॥ (563-7)
तू वड दाता अंतरजामी ॥

ਸਭ ਮਹਿ ਰਵਿਆ ਪੂਰਨ ਪ੍ਰਭ ਸੁਆਮੀ ॥੧॥ (563-7)
सभ महि रविआ पूरन प्रभ सुआमी ॥१॥

ਮੇਰੇ ਪ੍ਰਭ ਪ੍ਰੀਤਮ ਨਾਮੁ ਅਧਾਰਾ ॥ (563-8)
मेरे प्रभ प्रीतम नामु अधारा ॥

ਹਉ ਸੁਣਿ ਸੁਣਿ ਜੀਵਾ ਨਾਮੁ ਤੁਮਾਰਾ ॥੧॥ ਰਹਾਉ ॥ (563-8)
हउ सुणि सुणि जीवा नामु तुमारा ॥१॥ रहाउ ॥

ਤੇਰੀ ਸਰਣਿ ਸਤਿਗੁਰ ਮੇਰੇ ਪੂਰੇ ॥ (563-8)
तेरी सरणि सतिगुर मेरे पूरे ॥

ਮਨੁ ਨਿਰਮਲੁ ਹੋਇ ਸੰਤਾ ਧੂਰੇ ॥੨॥ (563-9)
मनु निरमलु होइ संता धूरे ॥२॥

ਚਰਨ ਕਮਲ ਹਿਰਦੈ ਉਰਿ ਧਾਰੇ ॥ (563-9)
चरन कमल हिरदै उरि धारे ॥

ਤੇਰੇ ਦਰਸਨ ਕਉ ਜਾਈ ਬਲਿਹਾਰੇ ॥੩॥ (563-9)
तेरे दरसन कउ जाई बलिहारे ॥३॥

ਕਰਿ ਕਿਰਪਾ ਤੇਰੇ ਗੁਣ ਗਾਵਾ ॥ (563-10)
करि किरपा तेरे गुण गावा ॥

ਨਾਨਕ ਨਾਮੁ ਜਪਤ ਸੁਖੁ ਪਾਵਾ ॥੪॥੫॥ (563-10)
नानक नामु जपत सुखु पावा ॥४॥५॥

ਵਡਹੰਸੁ ਮਹਲਾ ੫ ॥ (563-11)
वडहंसु महला ५ ॥

ਸਾਧਸੰਗਿ ਹਰਿ ਅੰਮ੍ਰਿਤੁ ਪੀਜੈ ॥ (563-11)
साधसंगि हरि अमृतु पीजै ॥

ਨਾ ਜੀਉ ਮਰੈ ਨ ਕਬਹੂ ਛੀਜੈ ॥੧॥ (563-11)
ना जीउ मरै न कबहू छीजै ॥१॥

ਵਡਭਾਗੀ ਗੁਰੁ ਪੂਰਾ ਪਾਈਐ ॥ (563-11)
वडभागी गुरु पूरा पाईऐ ॥

ਗੁਰ ਕਿਰਪਾ ਤੇ ਪ੍ਰਭੂ ਧਿਆਈਐ ॥੧॥ ਰਹਾਉ ॥ (563-12)
गुर किरपा ते प्रभू धिआईऐ ॥१॥ रहाउ ॥

ਰਤਨ ਜਵਾਹਰ ਹਰਿ ਮਾਣਕ ਲਾਲਾ ॥ (563-12)
रतन जवाहर हरि माणक लाला ॥

ਸਿਮਰਿ ਸਿਮਰਿ ਪ੍ਰਭ ਭਏ ਨਿਹਾਲਾ ॥੨॥ (563-13)
सिमरि सिमरि प्रभ भए निहाला ॥२॥

ਜਤ ਕਤ ਪੇਖਉ ਸਾਧੂ ਸਰਣਾ ॥ (563-13)
जत कत पेखउ साधू सरणा ॥

ਹਰਿ ਗੁਣ ਗਾਇ ਨਿਰਮਲ ਮਨੁ ਕਰਣਾ ॥੩॥ (563-13)
हरि गुण गाइ निरमल मनु करणा ॥३॥

ਘਟ ਘਟ ਅੰਤਰਿ ਮੇਰਾ ਸੁਆਮੀ ਵੂਠਾ ॥ (563-14)
घट घट अंतरि मेरा सुआमी वूठा ॥

ਨਾਨਕ ਨਾਮੁ ਪਾਇਆ ਪ੍ਰਭੁ ਤੂਠਾ ॥੪॥੬॥ (563-14)
नानक नामु पाइआ प्रभु तूठा ॥४॥६॥

ਵਡਹੰਸੁ ਮਹਲਾ ੫ ॥ (563-14)
वडहंसु महला ५ ॥

ਵਿਸਰੁ ਨਾਹੀ ਪ੍ਰਭ ਦੀਨ ਦਇਆਲਾ ॥ (563-15)
विसरु नाही प्रभ दीन दइआला ॥

ਤੇਰੀ ਸਰਣਿ ਪੂਰਨ ਕਿਰਪਾਲਾ ॥੧॥ ਰਹਾਉ ॥ (563-15)
तेरी सरणि पूरन किरपाला ॥१॥ रहाउ ॥

ਜਹ ਚਿਤਿ ਆਵਹਿ ਸੋ ਥਾਨੁ ਸੁਹਾਵਾ ॥ (563-15)
जह चिति आवहि सो थानु सुहावा ॥

ਜਿਤੁ ਵੇਲਾ ਵਿਸਰਹਿ ਤਾ ਲਾਗੈ ਹਾਵਾ ॥੧॥ (563-16)
जितु वेला विसरहि ता लागै हावा ॥१॥

ਤੇਰੇ ਜੀਅ ਤੂ ਸਦ ਹੀ ਸਾਥੀ ॥ (563-16)
तेरे जीअ तू सद ही साथी ॥

ਸੰਸਾਰ ਸਾਗਰ ਤੇ ਕਢੁ ਦੇ ਹਾਥੀ ॥੨॥ (563-17)
संसार सागर ते कढु दे हाथी ॥२॥

ਆਵਣੁ ਜਾਣਾ ਤੁਮ ਹੀ ਕੀਆ ॥ (563-17)
आवणु जाणा तुम ही कीआ ॥

ਜਿਸੁ ਤੂ ਰਾਖਹਿ ਤਿਸੁ ਦੂਖੁ ਨ ਥੀਆ ॥੩॥ (563-17)
जिसु तू राखहि तिसु दूखु न थीआ ॥३॥

ਤੂ ਏਕੋ ਸਾਹਿਬੁ ਅਵਰੁ ਨ ਹੋਰਿ ॥ (563-18)
तू एको साहिबु अवरु न होरि ॥

ਬਿਨਉ ਕਰੈ ਨਾਨਕੁ ਕਰ ਜੋਰਿ ॥੪॥੭॥ (563-18)
बिनउ करै नानकु कर जोरि ॥४॥७॥

ਵਡਹੰਸੁ ਮਃ ੫ ॥ (563-19)
वडहंसु मः ५ ॥

ਤੂ ਜਾਣਾਇਹਿ ਤਾ ਕੋਈ ਜਾਣੈ ॥ (563-19)
तू जाणाइहि ता कोई जाणै ॥

ਤੇਰਾ ਦੀਆ ਨਾਮੁ ਵਖਾਣੈ ॥੧॥ (563-19)
तेरा दीआ नामु वखाणै ॥१॥

ਤੂ ਅਚਰਜੁ ਕੁਦਰਤਿ ਤੇਰੀ ਬਿਸਮਾ ॥੧॥ ਰਹਾਉ ॥ (563-19)
तू अचरजु कुदरति तेरी बिसमा ॥१॥ रहाउ ॥

ਤੁਧੁ ਆਪੇ ਕਾਰਣੁ ਆਪੇ ਕਰਣਾ ॥ (564-1)
तुधु आपे कारणु आपे करणा ॥

ਹੁਕਮੇ ਜੰਮਣੁ ਹੁਕਮੇ ਮਰਣਾ ॥੨॥ (564-1)
हुकमे जंमणु हुकमे मरणा ॥२॥

ਨਾਮੁ ਤੇਰਾ ਮਨ ਤਨ ਆਧਾਰੀ ॥ (564-1)
नामु तेरा मन तन आधारी ॥

ਨਾਨਕ ਦਾਸੁ ਬਖਸੀਸ ਤੁਮਾਰੀ ॥੩॥੮॥ (564-2)
नानक दासु बखसीस तुमारी ॥३॥८॥

ਵਡਹੰਸੁ ਮਹਲਾ ੫ ਘਰੁ ੨ (564-3)
वडहंसु महला ५ घरु २

ੴ ਸਤਿਗੁਰ ਪ੍ਰਸਾਦਿ ॥ (564-3)
ੴ सतिगुर प्रसादि ॥

ਮੇਰੈ ਅੰਤਰਿ ਲੋਚਾ ਮਿਲਣ ਕੀ ਪਿਆਰੇ ਹਉ ਕਿਉ ਪਾਈ ਗੁਰ ਪੂਰੇ ॥ (564-4)
मेरै अंतरि लोचा मिलण की पिआरे हउ किउ पाई गुर पूरे ॥

ਜੇ ਸਉ ਖੇਲ ਖੇਲਾਈਐ ਬਾਲਕੁ ਰਹਿ ਨ ਸਕੈ ਬਿਨੁ ਖੀਰੇ ॥ (564-4)
जे सउ खेल खेलाईऐ बालकु रहि न सकै बिनु खीरे ॥

ਮੇਰੈ ਅੰਤਰਿ ਭੁਖ ਨ ਉਤਰੈ ਅੰਮਾਲੀ ਜੇ ਸਉ ਭੋਜਨ ਮੈ ਨੀਰੇ ॥ (564-5)
मेरै अंतरि भुख न उतरै अंमाली जे सउ भोजन मै नीरे ॥

ਮੇਰੈ ਮਨਿ ਤਨਿ ਪ੍ਰੇਮੁ ਪਿਰੰਮ ਕਾ ਬਿਨੁ ਦਰਸਨ ਕਿਉ ਮਨੁ ਧੀਰੇ ॥੧॥ (564-5)
मेरै मनि तनि प्रेमु पिरंम का बिनु दरसन किउ मनु धीरे ॥१॥

ਸੁਣਿ ਸਜਣ ਮੇਰੇ ਪ੍ਰੀਤਮ ਭਾਈ ਮੈ ਮੇਲਿਹੁ ਮਿਤ੍ਰੁ ਸੁਖਦਾਤਾ ॥ (564-6)
सुणि सजण मेरे प्रीतम भाई मै मेलिहु मित्रु सुखदाता ॥

ਓਹੁ ਜੀਅ ਕੀ ਮੇਰੀ ਸਭ ਬੇਦਨ ਜਾਣੈ ਨਿਤ ਸੁਣਾਵੈ ਹਰਿ ਕੀਆ ਬਾਤਾ ॥ (564-7)
ओहु जीअ की मेरी सभ बेदन जाणै नित सुणावै हरि कीआ बाता ॥

ਹਉ ਇਕੁ ਖਿਨੁ ਤਿਸੁ ਬਿਨੁ ਰਹਿ ਨ ਸਕਾ ਜਿਉ ਚਾਤ੍ رਿਕੁ ਜਲ ਕਉ ਬਿਲਲਾਤਾ ॥ (564-7)
हउ इकु खिनु तिसु बिनु रहि न सका जिउ चात्रिकु जल कउ बिललाता ॥

ਹਉ ਕਿਆ ਗੁਣ ਤੇਰੇ ਸਾਰਿ ਸਮਾਲੀ ਮੈ ਨਿਰਗੁਣ ਕਉ ਰਖਿ ਲੇਤਾ ॥੨॥ (564-8)
हउ किआ गुण तेरे सारि समाली मै निरगुण कउ रखि लेता ॥२॥

ਹਉ ਭਈ ਉਡੀਣੀ ਕੰਤ ਕਉ ਅੰਮਾਲੀ ਸੋ ਪਿਰੁ ਕਦਿ ਨੈਣੀ ਦੇਖਾ ॥ (564-9)
हउ भई उडीणी कंत कउ अंमाली सो पिरु कदि नैणी देखा ॥

ਸਭਿ ਰਸ ਭੋਗਣ ਵਿਸਰੇ ਬਿਨੁ ਪਿਰ ਕਿਤੈ ਨ ਲੇਖਾ ॥ (564-9)
सभि रस भोगण विसरे बिनु पिर कितै न लेखा ॥

ਇਹੁ ਕਾਪੜੁ ਤਨਿ ਨ ਸੁਖਾਵਈ ਕਰਿ ਨ ਸਕਉ ਹਉ ਵੇਸਾ ॥ (564-10)
इहु कापड़ु तनि न सुखावई करि न सकउ हउ वेसा ॥

ਜਿਨੀ ਸਖੀ ਲਾਲੁ ਰਾਵਿਆ ਪਿਆਰਾ ਤਿਨ ਆਗੈ ਹਮ ਆਦੇਸਾ ॥੩॥ (564-10)
जिनी सखी लालु राविआ पिआरा तिन आगै हम आदेसा ॥३॥

ਮੈ ਸਭਿ ਸੀਗਾਰ ਬਣਾਇਆ ਅੰਮਾਲੀ ਬਿਨੁ ਪਿਰ ਕਾਮਿ ਨ ਆਏ ॥ (564-11)
मै सभि सीगार बणाइआ अंमाली बिनु पिर कामि न आए ॥

ਜਾ ਸਹਿ ਬਾਤ ਨ ਪੁਛੀਆ ਅੰਮਾਲੀ ਤਾ ਬਿਰਥਾ ਜੋਬਨੁ ਸਭੁ ਜਾਏ ॥ (564-12)
जा सहि बात न पुछीआ अंमाली ता बिरथा जोबनु सभु जाए ॥

ਧਨੁ ਧਨੁ ਤੇ ਸੋਹਾਗਣੀ ਅੰਮਾਲੀ ਜਿਨ ਸਹੁ ਰਹਿਆ ਸਮਾਏ ॥ (564-12)
धनु धनु ते सोहागणी अंमाली जिन सहु रहिआ समाए ॥

ਹਉ ਵਾਰਿਆ ਤਿਨ ਸੋਹਾਗਣੀ ਅੰਮਾਲੀ ਤਿਨ ਕੇ ਧੋਵਾ ਸਦ ਪਾਏ ॥੪॥ (564-13)
हउ वारिआ तिन सोहागणी अंमाली तिन के धोवा सद पाए ॥४॥

ਜਿਚਰੁ ਦੂਜਾ ਭਰਮੁ ਸਾ ਅੰਮਾਲੀ ਤਿਚਰੁ ਮੈ ਜਾਣਿਆ ਪ੍ਰਭੁ ਦੂਰੇ ॥ (564-13)
जिचरु दूजा भरमु सा अंमाली तिचरु मै जाणिआ प्रभु दूरे ॥

ਜਾ ਮਿਲਿਆ ਪੂਰਾ ਸਤਿਗੁਰੂ ਅੰਮਾਲੀ ਤਾ ਆਸਾ ਮਨਸਾ ਸਭ ਪੂਰੇ ॥ (564-14)
जा मिलिआ पूरा सतिगुरू अंमाली ता आसा मनसा सभ पूरे ॥

ਮੈ ਸਰਬ ਸੁਖਾ ਸੁਖ ਪਾਇਆ ਅੰਮਾਲੀ ਪਿਰੁ ਸਰਬ ਰਹਿਆ ਭਰਪੂਰੇ ॥ (564-15)
मै सरब सुखा सुख पाइआ अंमाली पिरु सरब रहिआ भरपूरे ॥

ਜਨ ਨਾਨਕ ਹਰਿ ਰੰਗੁ ਮਾਣਿਆ ਅੰਮਾਲੀ ਗੁਰ ਸਤਿਗੁਰ ਕੈ ਲਗਿ ਪੈਰੇ ॥੫॥੧॥੯॥ (564-15)
जन नानक हरि रंगु माणिआ अंमाली गुर सतिगुर कै लगि पैरे ॥५॥१॥९॥

ਵਡਹੰਸੁ ਮਹਲਾ ੩ ਅਸਟਪਦੀਆ (564-17)
वडहंसु महला ३ असटपदीआ

ੴ ਸਤਿਗੁਰ ਪ੍ਰਸਾਦਿ ॥ (564-17)
ੴ सतिगुर प्रसादि ॥

ਸਚੀ ਬਾਣੀ ਸਚੁ ਧੁਨਿ ਸਚੁ ਸਬਦੁ ਵੀਚਾਰਾ ॥ (564-18)
सची बाणी सचु धुनि सचु सबदु वीचारा ॥

ਅਨਦਿਨੁ ਸਚੁ ਸਲਾਹਣਾ ਧਨੁ ਧਨੁ ਵਡਭਾਗ ਹਮਾਰਾ ॥੧॥ (564-18)
अनदिनु सचु सलाहणा धनु धनु वडभाग हमारा ॥१॥

ਮਨ ਮੇਰੇ ਸਾਚੇ ਨਾਮ ਵਿਟਹੁ ਬਲਿ ਜਾਉ ॥ (564-19)
मन मेरे साचे नाम विटहु बलि जाउ ॥

ਦਾਸਨਿ ਦਾਸਾ ਹੋਇ ਰਹਹਿ ਤਾ ਪਾਵਹਿ ਸਚਾ ਨਾਉ ॥੧॥ ਰਹਾਉ ॥ (564-19)
दासनि दासा होइ रहहि ता पावहि सचा नाउ ॥१॥ रहाउ ॥

ਜਿਹਵਾ ਸਚੀ ਸਚਿ ਰਤੀ ਤਨੁ ਮਨੁ ਸਚਾ ਹੋਇ ॥ (565-1)
जिहवा सची सचि रती तनु मनु सचा होइ ॥

ਬਿਨੁ ਸਾਚੇ ਹੋਰੁ ਸਾਲਾਹਣਾ ਜਾਸਹਿ ਜਨਮੁ ਸਭੁ ਖੋਇ ॥੨॥ (565-1)
बिनु साचे होरु सालाहणा जासहि जनमु सभु खोइ ॥२॥

ਸਚੁ ਖੇਤੀ ਸਚੁ ਬੀਜਣਾ ਸਾਚਾ ਵਾਪਾਰਾ ॥ (565-2)
सचु खेती सचु बीजणा साचा वापारा ॥

ਅਨਦਿਨੁ ਲਾਹਾ ਸਚੁ ਨਾਮੁ ਧਨੁ ਭਗਤਿ ਭਰੇ ਭੰਡਾਰਾ ॥੩॥ (565-2)
अनदिनु लाहा सचु नामु धनु भगति भरे भंडारा ॥३॥

ਸਚੁ ਖਾਣਾ ਸਚੁ ਪੈਨਣਾ ਸਚੁ ਟੇਕ ਹਰਿ ਨਾਉ ॥ (565-3)
सचु खाणा सचु पैनणा सचु टेक हरि नाउ ॥

ਜਿਸ ਨੋ ਬਖਸੇ ਤਿਸੁ ਮਿਲੈ ਮਹਲੀ ਪਾਏ ਥਾਉ ॥੪॥ (565-3)
जिस नो बखसे तिसु मिलै महली पाए थाउ ॥४॥

ਆਵਹਿ ਸਚੇ ਜਾਵਹਿ ਸਚੇ ਫਿਰਿ ਜੂਨੀ ਮੂਲਿ ਨ ਪਾਹਿ ॥ (565-4)
आवहि सचे जावहि सचे फिरि जूनी मूलि न पाहि ॥

ਗੁਰਮੁਖਿ ਦਰਿ ਸਾਚੈ ਸਚਿਆਰ ਹਹਿ ਸਾਚੇ ਮਾਹਿ ਸਮਾਹਿ ॥੫॥ (565-4)
गुरमुखि दरि साचै सचिआर हहि साचे माहि समाहि ॥५॥

ਅੰਤਰੁ ਸਚਾ ਮਨੁ ਸਚਾ ਸਚੀ ਸਿਫਤਿ ਸਨਾਇ ॥ (565-5)
अंतरु सचा मनु सचा सची सिफति सनाइ ॥

ਸਚੈ ਥਾਨਿ ਸਚੁ ਸਾਲਾਹਣਾ ਸਤਿਗੁਰ ਬਲਿਹਾਰੈ ਜਾਉ ॥੬॥ (565-5)
सचै थानि सचु सालाहणा सतिगुर बलिहारै जाउ ॥६॥

ਸਚੁ ਵੇਲਾ ਮੂਰਤੁ ਸਚੁ ਜਿਤੁ ਸਚੇ ਨਾਲਿ ਪਿਆਰੁ ॥ (565-6)
सचु वेला मूरतु सचु जितु सचे नालि पिआरु ॥

ਸਚੁ ਵੇਖਣਾ ਸਚੁ ਬੋਲਣਾ ਸਚਾ ਸਭੁ ਆਕਾਰੁ ॥੭॥ (565-6)
सचु वेखणा सचु बोलणा सचा सभु आकारु ॥७॥

ਨਾਨਕ ਸਚੈ ਮੇਲੇ ਤਾ ਮਿਲੇ ਆਪੇ ਲਏ ਮਿਲਾਇ ॥ (565-7)
नानक सचै मेले ता मिले आपे लए मिलाइ ॥

ਜਿਉ ਭਾਵੈ ਤਿਉ ਰਖਸੀ ਆਪੇ ਕਰੇ ਰਜਾਇ ॥੮॥੧॥ (565-7)
जिउ भावै तिउ रखसी आपे करे रजाइ ॥८॥१॥

ਵਡਹੰਸੁ ਮਹਲਾ ੩ ॥ (565-8)
वडहंसु महला ३ ॥

ਮਨੂਆ ਦਹ ਦਿਸ ਧਾਵਦਾ ਓਹੁ ਕੈਸੇ ਹਰਿ ਗੁਣ ਗਾਵੈ ॥ (565-8)
मनूआ दह दिस धावदा ओहु कैसे हरि गुण गावै ॥

ਇੰਦ੍ਰੀ ਵਿਆਪਿ ਰਹੀ ਅਧਿਕਾਈ ਕਾਮੁ ਕ੍ਰੋਧੁ ਨਿਤ ਸੰਤਾਵੈ ॥੧॥ (565-8)
इंद्री विआपि रही अधिकाई कामु क्रोधु नित संतावै ॥१॥

ਵਾਹੁ ਵਾਹੁ ਸਹਜੇ ਗੁਣ ਰਵੀਜੈ ॥ (565-9)
वाहु वाहु सहजे गुण रवीजै ॥

ਰਾਮ ਨਾਮੁ ਇਸੁ ਜੁਗ ਮਹਿ ਦੁਲਭੁ ਹੈ ਗੁਰਮਤਿ ਹਰਿ ਰਸੁ ਪੀਜੈ ॥੧॥ ਰਹਾਉ ॥ (565-9)
राम नामु इसु जुग महि दुलभु है गुरमति हरि रसु पीजै ॥१॥ रहाउ ॥

ਸਬਦੁ ਚੀਨਿ ਮਨੁ ਨਿਰਮਲੁ ਹੋਵੈ ਤਾ ਹਰਿ ਕੇ ਗੁਣ ਗਾਵੈ ॥ (565-10)
सबदु चीनि मनु निरमलु होवै ता हरि के गुण गावै ॥

ਗੁਰਮਤੀ ਆਪੈ ਆਪੁ ਪਛਾਣੈ ਤਾ ਨਿਜ ਘਰਿ ਵਾਸਾ ਪਾਵੈ ॥੨॥ (565-10)
गुरमती आपै आपु पछाणै ता निज घरि वासा पावै ॥२॥

ਏ ਮਨ ਮੇਰੇ ਸਦਾ ਰੰਗਿ ਰਾਤੇ ਸਦਾ ਹਰਿ ਕੇ ਗੁਣ ਗਾਉ ॥ (565-11)
ए मन मेरे सदा रंगि राते सदा हरि के गुण गाउ ॥

ਹਰਿ ਨਿਰਮਲੁ ਸਦਾ ਸੁਖਦਾਤਾ ਮਨਿ ਚਿੰਦਿਆ ਫਲੁ ਪਾਉ ॥੩॥ (565-11)
हरि निरमलु सदा सुखदाता मनि चिंदिआ फलु पाउ ॥३॥

ਹਮ ਨੀਚ ਸੇ ਊਤਮ ਭਏ ਹਰਿ ਕੀ ਸਰਣਾਈ ॥ (565-12)
हम नीच से ऊतम भए हरि की सरणाई ॥

ਪਾਥਰੁ ਡੁਬਦਾ ਕਾਢਿ ਲੀਆ ਸਾਚੀ ਵਡਿਆਈ ॥੪॥ (565-13)
पाथरु डुबदा काढि लीआ साची वडिआई ॥४॥

ਬਿਖੁ ਸੇ ਅੰਮ੍ਰਿਤ ਭਏ ਗੁਰਮਤਿ ਬੁਧਿ ਪਾਈ ॥ (565-13)
बिखु से अमृत भए गुरमति बुधि पाई ॥

ਅਕਹੁ ਪਰਮਲ ਭਏ ਅੰਤਰਿ ਵਾਸਨਾ ਵਸਾਈ ॥੫॥ (565-13)
अकहु परमल भए अंतरि वासना वसाई ॥५॥

ਮਾਣਸ ਜਨਮੁ ਦੁਲੰਭੁ ਹੈ ਜਗ ਮਹਿ ਖਟਿਆ ਆਇ ॥ (565-14)
माणस जनमु दुल्मभु है जग महि खटिआ आइ ॥

ਪੂਰੈ ਭਾਗਿ ਸਤਿਗੁਰੁ ਮਿਲੈ ਹਰਿ ਨਾਮੁ ਧਿਆਇ ॥੬॥ (565-14)
पूरै भागि सतिगुरु मिलै हरि नामु धिआइ ॥६॥

ਮਨਮੁਖ ਭੂਲੇ ਬਿਖੁ ਲਗੇ ਅਹਿਲਾ ਜਨਮੁ ਗਵਾਇਆ ॥ (565-15)
मनमुख भूले बिखु लगे अहिला जनमु गवाइआ ॥

ਹਰਿ ਕਾ ਨਾਮੁ ਸਦਾ ਸੁਖ ਸਾਗਰੁ ਸਾਚਾ ਸਬਦੁ ਨ ਭਾਇਆ ॥੭॥ (565-15)
हरि का नामु सदा सुख सागरु साचा सबदु न भाइआ ॥७॥

ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥ (565-16)
मुखहु हरि हरि सभु को करै विरलै हिरदै वसाइआ ॥

ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ੍ਹ ਪਾਇਆ ॥੮॥੨॥ (565-17)
नानक जिन कै हिरदै वसिआ मोख मुकति तिन्ह पाइआ ॥८॥२॥

ਵਡਹੰਸੁ ਮਹਲਾ ੧ ਛੰਤ (565-18)
वडहंसु महला १ छंत

ੴ ਸਤਿਗੁਰ ਪ੍ਰਸਾਦਿ ॥ (565-18)
ੴ सतिगुर प्रसादि ॥

ਕਾਇਆ ਕੂੜਿ ਵਿਗਾੜਿ ਕਾਹੇ ਨਾਈਐ ॥ (565-19)
काइआ कूड़ि विगाड़ि काहे नाईऐ ॥

ਨਾਤਾ ਸੋ ਪਰਵਾਣੁ ਸਚੁ ਕਮਾਈਐ ॥ (565-19)
नाता सो परवाणु सचु कमाईऐ ॥

ਜਬ ਸਾਚ ਅੰਦਰਿ ਹੋਇ ਸਾਚਾ ਤਾਮਿ ਸਾਚਾ ਪਾਈਐ ॥ (565-19)
जब साच अंदरि होइ साचा तामि साचा पाईऐ ॥

ਲਿਖੇ ਬਾਝਹੁ ਸੁਰਤਿ ਨਾਹੀ ਬੋਲਿ ਬੋਲਿ ਗਵਾਈਐ ॥ (566-1)
लिखे बाझहु सुरति नाही बोलि बोलि गवाईऐ ॥

ਜਿਥੈ ਜਾਇ ਬਹੀਐ ਭਲਾ ਕਹੀਐ ਸੁਰਤਿ ਸਬਦੁ ਲਿਖਾਈਐ ॥ (566-1)
जिथै जाइ बहीऐ भला कहीऐ सुरति सबदु लिखाईऐ ॥

ਕਾਇਆ ਕੂੜਿ ਵਿਗਾੜਿ ਕਾਹੇ ਨਾਈਐ ॥੧॥ (566-2)
काइआ कूड़ि विगाड़ि काहे नाईऐ ॥१॥

ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ ॥ (566-2)
ता मै कहिआ कहणु जा तुझै कहाइआ ॥

ਅੰਮ੍ਰਿਤੁ ਹਰਿ ਕਾ ਨਾਮੁ ਮੇਰੈ ਮਨਿ ਭਾਇਆ ॥ (566-3)
अमृतु हरि का नामु मेरै मनि भाइआ ॥

ਨਾਮੁ ਮੀਠਾ ਮਨਹਿ ਲਾਗਾ ਦੂਖਿ ਡੇਰਾ ਢਾਹਿਆ ॥ (566-3)
नामु मीठा मनहि लागा दूखि डेरा ढाहिआ ॥

ਸੂਖੁ ਮਨ ਮਹਿ ਆਇ ਵਸਿਆ ਜਾਮਿ ਤੈ ਫੁਰਮਾਇਆ ॥ (566-4)
सूखु मन महि आइ वसिआ जामि तै फुरमाइआ ॥

ਨਦਰਿ ਤੁਧੁ ਅਰਦਾਸਿ ਮੇਰੀ ਜਿੰਨਿ ਆਪੁ ਉਪਾਇਆ ॥ (566-4)
नदरि तुधु अरदासि मेरी जिंनि आपु उपाइआ ॥

ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ ॥੨॥ (566-5)
ता मै कहिआ कहणु जा तुझै कहाइआ ॥२॥

ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ ॥ (566-5)
वारी खसमु कढाए किरतु कमावणा ॥

ਮੰਦਾ ਕਿਸੈ ਨ ਆਖਿ ਝਗੜਾ ਪਾਵਣਾ ॥ (566-5)
मंदा किसै न आखि झगड़ा पावणा ॥

ਨਹ ਪਾਇ ਝਗੜਾ ਸੁਆਮਿ ਸੇਤੀ ਆਪਿ ਆਪੁ ਵਞਾਵਣਾ ॥ (566-6)
नह पाइ झगड़ा सुआमि सेती आपि आपु वञावणा ॥

ਜਿਸੁ ਨਾਲਿ ਸੰਗਤਿ ਕਰਿ ਸਰੀਕੀ ਜਾਇ ਕਿਆ ਰੂਆਵਣਾ ॥ (566-6)
जिसु नालि संगति करि सरीकी जाइ किआ रूआवणा ॥

ਜੋ ਦੇਇ ਸਹਣਾ ਮਨਹਿ ਕਹਣਾ ਆਖਿ ਨਾਹੀ ਵਾਵਣਾ ॥ (566-7)
जो देइ सहणा मनहि कहणा आखि नाही वावणा ॥

ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ ॥੩॥ (566-7)
वारी खसमु कढाए किरतु कमावणा ॥३॥

ਸਭ ਉਪਾਈਅਨੁ ਆਪਿ ਆਪੇ ਨਦਰਿ ਕਰੇ ॥ (566-8)
सभ उपाईअनु आपि आपे नदरि करे ॥

ਕਉੜਾ ਕੋਇ ਨ ਮਾਗੈ ਮੀਠਾ ਸਭ ਮਾਗੈ ॥ (566-8)
कउड़ा कोइ न मागै मीठा सभ मागै ॥

ਸਭੁ ਕੋਇ ਮੀਠਾ ਮੰਗਿ ਦੇਖੈ ਖਸਮ ਭਾਵੈ ਸੋ ਕਰੇ ॥ (566-8)
सभु कोइ मीठा मंगि देखै खसम भावै सो करे ॥

ਕਿਛੁ ਪੁੰਨ ਦਾਨ ਅਨੇਕ ਕਰਣੀ ਨਾਮ ਤੁਲਿ ਨ ਸਮਸਰੇ ॥ (566-9)
किछु पुंन दान अनेक करणी नाम तुलि न समसरे ॥

ਨਾਨਕਾ ਜਿਨ ਨਾਮੁ ਮਿਲਿਆ ਕਰਮੁ ਹੋਆ ਧੁਰਿ ਕਦੇ ॥ (566-10)
नानका जिन नामु मिलिआ करमु होआ धुरि कदे ॥

ਸਭ ਉਪਾਈਅਨੁ ਆਪਿ ਆਪੇ ਨਦਰਿ ਕਰੇ ॥੪॥੧॥ (566-10)
सभ उपाईअनु आपि आपे नदरि करे ॥४॥१॥

ਵਡਹੰਸੁ ਮਹਲਾ ੧ ॥ (566-11)
वडहंसु महला १ ॥

ਕਰਹੁ ਦਇਆ ਤੇਰਾ ਨਾਮੁ ਵਖਾਣਾ ॥ (566-11)
करहु दइआ तेरा नामु वखाणा ॥

ਸਭ ਉਪਾਈਐ ਆਪਿ ਆਪੇ ਸਰਬ ਸਮਾਣਾ ॥ (566-11)
सभ उपाईऐ आपि आपे सरब समाणा ॥

ਸਰਬੇ ਸਮਾਣਾ ਆਪਿ ਤੂਹੈ ਉਪਾਇ ਧੰਧੈ ਲਾਈਆ ॥ (566-11)
सरबे समाणा आपि तूहै उपाइ धंधै लाईआ ॥

ਇਕਿ ਤੁਝ ਹੀ ਕੀਏ ਰਾਜੇ ਇਕਨਾ ਭਿਖ ਭਵਾਈਆ ॥ (566-12)
इकि तुझ ही कीए राजे इकना भिख भवाईआ ॥

ਲੋਭੁ ਮੋਹੁ ਤੁਝੁ ਕੀਆ ਮੀਠਾ ਏਤੁ ਭਰਮਿ ਭੁਲਾਣਾ ॥ (566-12)
लोभु मोहु तुझु कीआ मीठा एतु भरमि भुलाणा ॥

ਸਦਾ ਦਇਆ ਕਰਹੁ ਅਪਣੀ ਤਾਮਿ ਨਾਮੁ ਵਖਾਣਾ ॥੧॥ (566-13)
सदा दइआ करहु अपणी तामि नामु वखाणा ॥१॥

ਨਾਮੁ ਤੇਰਾ ਹੈ ਸਾਚਾ ਸਦਾ ਮੈ ਮਨਿ ਭਾਣਾ ॥ (566-13)
नामु तेरा है साचा सदा मै मनि भाणा ॥

ਦੂਖੁ ਗਇਆ ਸੁਖੁ ਆਇ ਸਮਾਣਾ ॥ (566-14)
दूखु गइआ सुखु आइ समाणा ॥

ਗਾਵਨਿ ਸੁਰਿ ਨਰ ਸੁਘੜ ਸੁਜਾਣਾ ॥ (566-14)
गावनि सुरि नर सुघड़ सुजाणा ॥

ਸੁਰਿ ਨਰ ਸੁਘੜ ਸੁਜਾਣ ਗਾਵਹਿ ਜੋ ਤੇਰੈ ਮਨਿ ਭਾਵਹੇ ॥ (566-15)
सुरि नर सुघड़ सुजाण गावहि जो तेरै मनि भावहे ॥

ਮਾਇਆ ਮੋਹੇ ਚੇਤਹਿ ਨਾਹੀ ਅਹਿਲਾ ਜਨਮੁ ਗਵਾਵਹੇ ॥ (566-15)
माइआ मोहे चेतहि नाही अहिला जनमु गवावहे ॥

ਇਕਿ ਮੂੜ ਮੁਗਧ ਨ ਚੇਤਹਿ ਮੂਲੇ ਜੋ ਆਇਆ ਤਿਸੁ ਜਾਣਾ ॥ (566-16)
इकि मूड़ मुगध न चेतहि मूले जो आइआ तिसु जाणा ॥

ਨਾਮੁ ਤੇਰਾ ਸਦਾ ਸਾਚਾ ਸੋਇ ਮੈ ਮਨਿ ਭਾਣਾ ॥੨॥ (566-16)
नामु तेरा सदा साचा सोइ मै मनि भाणा ॥२॥

ਤੇਰਾ ਵਖਤੁ ਸੁਹਾਵਾ ਅੰਮ੍ਰਿਤੁ ਤੇਰੀ ਬਾਣੀ ॥ (566-17)
तेरा वखतु सुहावा अमृतु तेरी बाणी ॥

ਸੇਵਕ ਸੇਵਹਿ ਭਾਉ ਕਰਿ ਲਾਗਾ ਸਾਉ ਪਰਾਣੀ ॥ (566-17)
सेवक सेवहि भाउ करि लागा साउ पराणी ॥

ਸਾਉ ਪ੍ਰਾਣੀ ਤਿਨਾ ਲਾਗਾ ਜਿਨੀ ਅੰਮ੍ਰਿਤੁ ਪਾਇਆ ॥ (566-17)
साउ प्राणी तिना लागा जिनी अमृतु पाइआ ॥

ਨਾਮਿ ਤੇਰੈ ਜੋਇ ਰਾਤੇ ਨਿਤ ਚੜਹਿ ਸਵਾਇਆ ॥ (566-18)
नामि तेरै जोइ राते नित चड़हि सवाइआ ॥

ਇਕੁ ਕਰਮੁ ਧਰਮੁ ਨ ਹੋਇ ਸੰਜਮੁ ਜਾਮਿ ਨ ਏਕੁ ਪਛਾਣੀ ॥ (566-18)
इकु करमु धरमु न होइ संजमु जामि न एकु पछाणी ॥

ਵਖਤੁ ਸੁਹਾਵਾ ਸਦਾ ਤੇਰਾ ਅੰਮ੍ਰਿਤ ਤੇਰੀ ਬਾਣੀ ॥੩॥ (566-19)
वखतु सुहावा सदा तेरा अमृत तेरी बाणी ॥३॥

ਹਉ ਬਲਿਹਾਰੀ ਸਾਚੇ ਨਾਵੈ ॥ (566-19)
हउ बलिहारी साचे नावै ॥

ਰਾਜੁ ਤੇਰਾ ਕਬਹੁ ਨ ਜਾਵੈ ॥ (567-1)
राजु तेरा कबहु न जावै ॥

ਰਾਜੋ ਤ ਤੇਰਾ ਸਦਾ ਨਿਹਚਲੁ ਏਹੁ ਕਬਹੁ ਨ ਜਾਵਏ ॥ (567-1)
राजो त तेरा सदा निहचलु एहु कबहु न जावए ॥

ਚਾਕਰੁ ਤ ਤੇਰਾ ਸੋਇ ਹੋਵੈ ਜੋਇ ਸਹਜਿ ਸਮਾਵਏ ॥ (567-2)
चाकरु त तेरा सोइ होवै जोइ सहजि समावए ॥

ਦੁਸਮਨੁ ਤ ਦੂਖੁ ਨ ਲਗੈ ਮੂਲੇ ਪਾਪੁ ਨੇੜਿ ਨ ਆਵਏ ॥ (567-2)
दुसमनु त दूखु न लगै मूले पापु नेड़ि न आवए ॥

ਹਉ ਬਲਿਹਾਰੀ ਸਦਾ ਹੋਵਾ ਏਕ ਤੇਰੇ ਨਾਵਏ ॥੪॥ (567-2)
हउ बलिहारी सदा होवा एक तेरे नावए ॥४॥

ਜੁਗਹ ਜੁਗੰਤਰਿ ਭਗਤ ਤੁਮਾਰੇ ॥ (567-3)
जुगह जुगंतरि भगत तुमारे ॥

ਕੀਰਤਿ ਕਰਹਿ ਸੁਆਮੀ ਤੇਰੈ ਦੁਆਰੇ ॥ (567-3)
कीरति करहि सुआमी तेरै दुआरे ॥

ਜਪਹਿ ਤ ਸਾਚਾ ਏਕੁ ਮੁਰਾਰੇ ॥ (567-4)
जपहि त साचा एकु मुरारे ॥

ਸਾਚਾ ਮੁਰਾਰੇ ਤਾਮਿ ਜਾਪਹਿ ਜਾਮਿ ਮੰਨਿ ਵਸਾਵਹੇ ॥ (567-4)
साचा मुरारे तामि जापहि जामि मंनि वसावहे ॥

ਭਰਮੋ ਭੁਲਾਵਾ ਤੁਝਹਿ ਕੀਆ ਜਾਮਿ ਏਹੁ ਚੁਕਾਵਹੇ ॥ (567-4)
भरमो भुलावा तुझहि कीआ जामि एहु चुकावहे ॥

ਗੁਰ ਪਰਸਾਦੀ ਕਰਹੁ ਕਿਰਪਾ ਲੇਹੁ ਜਮਹੁ ਉਬਾਰੇ ॥ (567-5)
गुर परसादी करहु किरपा लेहु जमहु उबारे ॥

ਜੁਗਹ ਜੁਗੰਤਰਿ ਭਗਤ ਤੁਮਾਰੇ ॥੫॥ (567-5)
जुगह जुगंतरि भगत तुमारे ॥५॥

ਵਡੇ ਮੇਰੇ ਸਾਹਿਬਾ ਅਲਖ ਅਪਾਰਾ ॥ (567-6)
वडे मेरे साहिबा अलख अपारा ॥

ਕਿਉ ਕਰਿ ਕਰਉ ਬੇਨੰਤੀ ਹਉ ਆਖਿ ਨ ਜਾਣਾ ॥ (567-6)
किउ करि करउ बेनंती हउ आखि न जाणा ॥

ਨਦਰਿ ਕਰਹਿ ਤਾ ਸਾਚੁ ਪਛਾਣਾ ॥ (567-6)
नदरि करहि ता साचु पछाणा ॥

ਸਾਚੋ ਪਛਾਣਾ ਤਾਮਿ ਤੇਰਾ ਜਾਮਿ ਆਪਿ ਬੁਝਾਵਹੇ ॥ (567-7)
साचो पछाणा तामि तेरा जामि आपि बुझावहे ॥

ਦੂਖ ਭੂਖ ਸੰਸਾਰਿ ਕੀਏ ਸਹਸਾ ਏਹੁ ਚੁਕਾਵਹੇ ॥ (567-7)
दूख भूख संसारि कीए सहसा एहु चुकावहे ॥

ਬਿਨਵੰਤਿ ਨਾਨਕੁ ਜਾਇ ਸਹਸਾ ਬੁਝੈ ਗੁਰ ਬੀਚਾਰਾ ॥ (567-8)
बिनवंति नानकु जाइ सहसा बुझै गुर बीचारा ॥

ਵਡਾ ਸਾਹਿਬੁ ਹੈ ਆਪਿ ਅਲਖ ਅਪਾਰਾ ॥੬॥ (567-8)
वडा साहिबु है आपि अलख अपारा ॥६॥

ਤੇਰੇ ਬੰਕੇ ਲੋਇਣ ਦੰਤ ਰੀਸਾਲਾ ॥ (567-9)
तेरे बंके लोइण दंत रीसाला ॥

ਸੋਹਣੇ ਨਕ ਜਿਨ ਲੰਮੜੇ ਵਾਲਾ ॥ (567-9)
सोहणे नक जिन लंमड़े वाला ॥

ਕੰਚਨ ਕਾਇਆ ਸੁਇਨੇ ਕੀ ਢਾਲਾ ॥ (567-9)
कंचन काइआ सुइने की ढाला ॥

ਸੋਵੰਨ ਢਾਲਾ ਕ੍ਰਿਸਨ ਮਾਲਾ ਜਪਹੁ ਤੁਸੀ ਸਹੇਲੀਹੋ ॥ (567-10)
सोवंन ढाला क्रिसन माला जपहु तुसी सहेलीहो ॥

ਜਮ ਦੁਆਰਿ ਨ ਹੋਹੁ ਖੜੀਆ ਸਿਖ ਸੁਣਹੁ ਮਹੇਲੀਹੋ ॥ (567-10)
जम दुआरि न होहु खड़ीआ सिख सुणहु महेलीहो ॥

ਹੰਸ ਹੰਸਾ ਬਗ ਬਗਾ ਲਹੈ ਮਨ ਕੀ ਜਾਲਾ ॥ (567-11)
हंस हंसा बग बगा लहै मन की जाला ॥

ਬੰਕੇ ਲੋਇਣ ਦੰਤ ਰੀਸਾਲਾ ॥੭॥ (567-11)
बंके लोइण दंत रीसाला ॥७॥

ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ ॥ (567-11)
तेरी चाल सुहावी मधुराड़ी बाणी ॥

ਕੂਹਕਨਿ ਕੋਕਿਲਾ ਤਰਲ ਜੁਆਣੀ ॥ (567-12)
कुहकनि कोकिला तरल जुआणी ॥

ਤਰਲਾ ਜੁਆਣੀ ਆਪਿ ਭਾਣੀ ਇਛ ਮਨ ਕੀ ਪੂਰੀਏ ॥ (567-12)
तरला जुआणी आपि भाणी इछ मन की पूरीए ॥

ਸਾਰੰਗ ਜਿਉ ਪਗੁ ਧਰੈ ਠਿਮਿ ਠਿਮਿ ਆਪਿ ਆਪੁ ਸੰਧੂਰਏ ॥ (567-12)
सारंग जिउ पगु धरै ठिमि ठिमि आपि आपु संधूरए ॥

ਸ੍ਰੀਰੰਗ ਰਾਤੀ ਫਿਰੈ ਮਾਤੀ ਉਦਕੁ ਗੰਗਾ ਵਾਣੀ ॥ (567-13)
स्रीरंग राती फिरै माती उदकु गंगा वाणी ॥

ਬਿਨਵੰਤਿ ਨਾਨਕੁ ਦਾਸੁ ਹਰਿ ਕਾ ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ ॥੮॥੨॥ (567-13)
बिनवंति नानकु दासु हरि का तेरी चाल सुहावी मधुराड़ी बाणी ॥८॥२॥

ਵਡਹੰਸੁ ਮਹਲਾ ੩ ਛੰਤ (567-15)
वडहंसु महला ३ छंत

ੴ ਸਤਿਗੁਰ ਪ੍ਰਸਾਦਿ ॥ (567-15)
ੴ सतिगुर प्रसादि ॥

ਆਪਣੇ ਪਿਰ ਕੈ ਰੰਗਿ ਰਤੀ ਮੁਈਏ ਸੋਭਾਵੰਤੀ ਨਾਰੇ ॥ (567-16)
आपणे पिर कै रंगि रती मुईए सोभावंती नारे ॥

ਸਚੈ ਸਬਦਿ ਮਿਲਿ ਰਹੀ ਮੁਈਏ ਪਿਰੁ ਰਾਵੇ ਭਾਇ ਪਿਆਰੇ ॥ (567-16)
सचै सबदि मिलि रही मुईए पिरु रावे भाइ पिआरे ॥

ਸਚੈ ਭਾਇ ਪਿਆਰੀ ਕੰਤਿ ਸਵਾਰੀ ਹਰਿ ਹਰਿ ਸਿਉ ਨੇਹੁ ਰਚਾਇਆ ॥ (567-17)
सचै भाइ पिआरी कंति सवारी हरि हरि सिउ नेहु रचाइआ ॥

ਆਪੁ ਗਵਾਇਆ ਤਾ ਪਿਰੁ ਪਾਇਆ ਗੁਰ ਕੈ ਸਬਦਿ ਸਮਾਇਆ ॥ (567-17)
आपु गवाइआ ता पिरु पाइआ गुर कै सबदि समाइआ ॥

ਸਾ ਧਨ ਸਬਦਿ ਸੁਹਾਈ ਪ੍ਰੇਮ ਕਸਾਈ ਅੰਤਰਿ ਪ੍ਰੀਤਿ ਪਿਆਰੀ ॥ (567-18)
सा धन सबदि सुहाई प्रेम कसाई अंतरि प्रीति पिआरी ॥

ਨਾਨਕ ਸਾ ਧਨ ਮੇਲਿ ਲਈ ਪਿਰਿ ਆਪੇ ਸਾਚੈ ਸਾਹਿ ਸਵਾਰੀ ॥੧॥ (567-18)
नानक सा धन मेलि लई पिरि आपे साचै साहि सवारी ॥१॥

ਨਿਰਗੁਣਵੰਤੜੀਏ ਪਿਰੁ ਦੇਖਿ ਹਦੂਰੇ ਰਾਮ ॥ (567-19)
निरगुणवंतड़ीए पिरु देखि हदूरे राम ॥

ਗੁਰਮੁਖਿ ਜਿਨੀ ਰਾਵਿਆ ਮੁਈਏ ਪਿਰੁ ਰਵਿ ਰਹਿਆ ਭਰਪੂਰੇ ਰਾਮ ॥ (567-19)
गुरमुखि जिनी राविआ मुईए पिरु रवि रहिआ भरपूरे राम ॥

ਪਿਰੁ ਰਵਿ ਰਹਿਆ ਭਰਪੂਰੇ ਵੇਖੁ ਹਜੂਰੇ ਜੁਗਿ ਜੁਗਿ ਏਕੋ ਜਾਤਾ ॥ (568-1)
पिरु रवि रहिआ भरपूरे वेखु हजूरे जुगि जुगि एको जाता ॥

ਧਨ ਬਾਲੀ ਭੋਲੀ ਪਿਰੁ ਸਹਜਿ ਰਾਵੈ ਮਿਲਿਆ ਕਰਮ ਬਿਧਾਤਾ ॥ (568-2)
धन बाली भोली पिरु सहजि रावै मिलिआ करम बिधाता ॥

ਜਿਨਿ ਹਰਿ ਰਸੁ ਚਾਖਿਆ ਸਬਦਿ ਸੁਭਾਖਿਆ ਹਰਿ ਸਰਿ ਰਹੀ ਭਰਪੂਰੇ ॥ (568-2)
जिनि हरि रसु चाखिआ सबदि सुभाखिआ हरि सरि रही भरपूरे ॥

ਨਾਨਕ ਕਾਮਣਿ ਸਾ ਪਿਰ ਭਾਵੈ ਸਬਦੇ ਰਹੈ ਹਦੂਰੇ ॥੨॥ (568-3)
नानक कामणि सा पिर भावै सबदे रहै हदूरे ॥२॥

ਸੋਹਾਗਣੀ ਜਾਇ ਪੂਛਹੁ ਮੁਈਏ ਜਿਨੀ ਵਿਚਹੁ ਆਪੁ ਗਵਾਇਆ ॥ (568-3)
सोहागणी जाइ पूछहु मुईए जिनी विचहु आपु गवाइआ ॥

ਪਿਰ ਕਾ ਹੁਕਮੁ ਨ ਪਾਇਓ ਮੁਈਏ ਜਿਨੀ ਵਿਚਹੁ ਆਪੁ ਨ ਗਵਾਇਆ ॥ (568-4)
पिर का हुकमु न पाइओ मुईए जिनी विचहु आपु न गवाइआ ॥

ਜਿਨੀ ਆਪੁ ਗਵਾਇਆ ਤਿਨੀ ਪਿਰੁ ਪਾਇਆ ਰੰਗ ਸਿਉ ਰਲੀਆ ਮਾਣੈ ॥ (568-5)
जिनी आपु गवाइआ तिनी पिरु पाइआ रंग सिउ रलीआ माणै ॥

ਸਦਾ ਰੰਗਿ ਰਾਤੀ ਸਹਜੇ ਮਾਤੀ ਅਨਦਿਨੁ ਨਾਮੁ ਵਖਾਣੈ ॥ (568-5)
सदा रंगि राती सहजे माती अनदिनु नामु वखाणै ॥

ਕਾਮਣਿ ਵਡਭਾਗੀ ਅੰਤਰਿ ਲਿਵ ਲਾਗੀ ਹਰਿ ਕਾ ਪ੍ਰੇਮੁ ਸੁਭਾਇਆ ॥ (568-6)
कामणि वडभागी अंतरि लिव लागी हरि का प्रेमु सुभाइआ ॥

ਨਾਨਕ ਕਾਮਣਿ ਸਹਜੇ ਰਾਤੀ ਜਿਨਿ ਸਚੁ ਸੀਗਾਰੁ ਬਣਾਇਆ ॥੩॥ (568-6)
नानक कामणि सहजे राती जिनि सचु सीगारु बणाइआ ॥३॥

ਹਉਮੈ ਮਾਰਿ ਮੁਈਏ ਤੂ ਚਲੁ ਗੁਰ ਕੈ ਭਾਏ ॥ (568-7)
हउमै मारि मुईए तू चलु गुर कै भाए ॥

ਹਰਿ ਵਰੁ ਰਾਵਹਿ ਸਦਾ ਮੁਈਏ ਨਿਜ ਘਰਿ ਵਾਸਾ ਪਾਏ ॥ (568-7)
हरि वरु रावहि सदा मुईए निज घरि वासा पाए ॥

ਨਿਜ ਘਰਿ ਵਾਸਾ ਪਾਏ ਸਬਦੁ ਵਜਾਏ ਸਦਾ ਸੁਹਾਗਣਿ ਨਾਰੀ ॥ (568-8)
निज घरि वासा पाए सबदु वजाए सदा सुहागणि नारी ॥

ਪਿਰੁ ਰਲੀਆਲਾ ਜੋਬਨੁ ਬਾਲਾ ਅਨਦਿਨੁ ਕੰਤਿ ਸਵਾਰੀ ॥ (568-9)
पिरु रलीआला जोबनु बाला अनदिनु कंति सवारी ॥

ਹਰਿ ਵਰੁ ਸੋਹਾਗੋ ਮਸਤਕਿ ਭਾਗੋ ਸਚੈ ਸਬਦਿ ਸੁਹਾਏ ॥ (568-9)
हरि वरु सोहागो मसतकि भागो सचै सबदि सुहाए ॥

ਨਾਨਕ ਕਾਮਣਿ ਹਰਿ ਰੰਗਿ ਰਾਤੀ ਜਾ ਚਲੈ ਸਤਿਗੁਰ ਭਾਏ ॥੪॥੧॥ (568-10)
नानक कामणि हरि रंगि राती जा चलै सतिगुर भाए ॥४॥१॥

ਵਡਹੰਸੁ ਮਹਲਾ ੩ ॥ (568-10)
वडहंसु महला ३ ॥

ਗੁਰਮੁਖਿ ਸਭੁ ਵਾਪਾਰੁ ਭਲਾ ਜੇ ਸਹਜੇ ਕੀਜੈ ਰਾਮ ॥ (568-10)
गुरमुखि सभु वापारु भला जे सहजे कीजै राम ॥

ਅਨਦਿਨੁ ਨਾਮੁ ਵਖਾਣੀਐ ਲਾਹਾ ਹਰਿ ਰਸੁ ਪੀਜੈ ਰਾਮ ॥ (568-11)
अनदिनु नामु वखाणीऐ लाहा हरि रसु पीजै राम ॥

ਲਾਹਾ ਹਰਿ ਰਸੁ ਲੀਜੈ ਹਰਿ ਰਾਵੀਜੈ ਅਨਦਿਨੁ ਨਾਮੁ ਵਖਾਣੈ ॥ (568-11)
लाहा हरि रसु लीजै हरि रावीजै अनदिनु नामु वखाणै ॥

ਗੁਣ ਸੰਗ੍ਰਹਿ ਅਵਗਣ ਵਿਕਣਹਿ ਆਪੈ ਆਪੁ ਪਛਾਣੈ ॥ (568-12)
गुण संग्रहि अवगण विकणहि आपै आपु पछाणै ॥

ਗੁਰਮਤਿ ਪਾਈ ਵਡੀ ਵਡਿਆਈ ਸਚੈ ਸਬਦਿ ਰਸੁ ਪੀਜੈ ॥ (568-13)
गुरमति पाई वडी वडिआई सचै सबदि रसु पीजै ॥

ਨਾਨਕ ਹਰਿ ਕੀ ਭਗਤਿ ਨਿਰਾਲੀ ਗੁਰਮੁਖਿ ਵਿਰਲੈ ਕੀਜੈ ॥੧॥ (568-13)
नानक हरि की भगति निराली गुरमुखि विरलै कीजै ॥१॥

ਗੁਰਮੁਖਿ ਖੇਤੀ ਹਰਿ ਅੰਤਰਿ ਬੀਜੀਐ ਹਰਿ ਲੀਜੈ ਸਰੀਰਿ ਜਮਾਏ ਰਾਮ ॥ (568-14)
गुरमुखि खेती हरि अंतरि बीजीऐ हरि लीजै सरीरि जमाए राम ॥

ਆਪਣੇ ਘਰ ਅੰਦਰਿ ਰਸੁ ਭੁੰਚੁ ਤੂ ਲਾਹਾ ਲੈ ਪਰਥਾਏ ਰਾਮ ॥ (568-14)
आपणे घर अंदरि रसु भुंचु तू लाहा लै परथाए राम ॥

ਲਾਹਾ ਪਰਥਾਏ ਹਰਿ ਮੰਨਿ ਵਸਾਏ ਧਨੁ ਖੇਤੀ ਵਾਪਾਰਾ ॥ (568-15)
लाहा परथाए हरि मंनि वसाए धनु खेती वापारा ॥

ਹਰਿ ਨਾਮੁ ਧਿਆਏ ਮੰਨਿ ਵਸਾਏ ਬੂਝੈ ਗੁਰ ਬੀਚਾਰਾ ॥ (568-15)
हरि नामु धिआए मंनि वसाए बूझै गुर बीचारा ॥

ਮਨਮੁਖ ਖੇਤੀ ਵਣਜੁ ਕਰਿ ਥਾਕੇ ਤ੍ਰਿਸਨਾ ਭੁਖ ਨ ਜਾਏ ॥ (568-16)
मनमुख खेती वणजु करि थाके त्रिसना भुख न जाए ॥

ਨਾਨਕ ਨਾਮੁ ਬੀਜਿ ਮਨ ਅੰਦਰਿ ਸਚੈ ਸਬਦਿ ਸੁਭਾਏ ॥੨॥ (568-16)
नानक नामु बीजि मन अंदरि सचै सबदि सुभाए ॥२॥

ਹਰਿ ਵਾਪਾਰਿ ਸੇ ਜਨ ਲਾਗੇ ਜਿਨਾ ਮਸਤਕਿ ਮਣੀ ਵਡਭਾਗੋ ਰਾਮ ॥ (568-17)
हरि वापारि से जन लागे जिना मसतकि मणी वडभागो राम ॥

ਗੁਰਮਤੀ ਮਨੁ ਨਿਜ ਘਰਿ ਵਸਿਆ ਸਚੈ ਸਬਦਿ ਬੈਰਾਗੋ ਰਾਮ ॥ (568-18)
गुरमती मनु निज घरि वसिआ सचै सबदि बैरागो राम ॥

ਮੁਖਿ ਮਸਤਕਿ ਭਾਗੋ ਸਚਿ ਬੈਰਾਗੋ ਸਾਚਿ ਰਤੇ ਵੀਚਾਰੀ ॥ (568-18)
मुखि मसतकि भागो सचि बैरागो साचि रते वीचारी ॥

ਨਾਮ ਬਿਨਾ ਸਭੁ ਜਗੁ ਬਉਰਾਨਾ ਸਬਦੇ ਹਉਮੈ ਮਾਰੀ ॥ (568-19)
नाम बिना सभु जगु बउराना सबदे हउमै मारी ॥

ਸਾਚੈ ਸਬਦਿ ਲਾਗਿ ਮਤਿ ਉਪਜੈ ਗੁਰਮੁਖਿ ਨਾਮੁ ਸੋਹਾਗੋ ॥ (568-19)
साचै सबदि लागि मति उपजै गुरमुखि नामु सोहागो ॥

ਨਾਨਕ ਸਬਦਿ ਮਿਲੈ ਭਉ ਭੰਜਨੁ ਹਰਿ ਰਾਵੈ ਮਸਤਕਿ ਭਾਗੋ ॥੩॥ (569-1)
नानक सबदि मिलै भउ भंजनु हरि रावै मसतकि भागो ॥३॥

ਖੇਤੀ ਵਣਜੁ ਸਭੁ ਹੁਕਮੁ ਹੈ ਹੁਕਮੇ ਮੰਨਿ ਵਡਿਆਈ ਰਾਮ ॥ (569-1)
खेती वणजु सभु हुकमु है हुकमे मंनि वडिआई राम ॥

ਗੁਰਮਤੀ ਹੁਕਮੁ ਬੂਝੀਐ ਹੁਕਮੇ ਮੇਲਿ ਮਿਲਾਈ ਰਾਮ ॥ (569-2)
गुरमती हुकमु बूझीऐ हुकमे मेलि मिलाई राम ॥

ਹੁਕਮਿ ਮਿਲਾਈ ਸਹਜਿ ਸਮਾਈ ਗੁਰ ਕਾ ਸਬਦੁ ਅਪਾਰਾ ॥ (569-2)
हुकमि मिलाई सहजि समाई गुर का सबदु अपारा ॥

ਸਚੀ ਵਡਿਆਈ ਗੁਰ ਤੇ ਪਾਈ ਸਚੁ ਸਵਾਰਣਹਾਰਾ ॥ (569-3)
सची वडिआई गुर ते पाई सचु सवारणहारा ॥

ਭਉ ਭੰਜਨੁ ਪਾਇਆ ਆਪੁ ਗਵਾਇਆ ਗੁਰਮੁਖਿ ਮੇਲਿ ਮਿਲਾਈ ॥ (569-3)
भउ भंजनु पाइआ आपु गवाइआ गुरमुखि मेलि मिलाई ॥

ਕਹੁ ਨਾਨਕ ਨਾਮੁ ਨਿਰੰਜਨੁ ਅਗਮੁ ਅਗੋਚਰੁ ਹੁਕਮੇ ਰਹਿਆ ਸਮਾਈ ॥੪॥੨॥ (569-4)
कहु नानक नामु निरंजनु अगमु अगोचरु हुकमे रहिआ समाई ॥४॥२॥

ਵਡਹੰਸੁ ਮਹਲਾ ੩ ॥ (569-5)
वडहंसु महला ३ ॥

ਮਨ ਮੇਰਿਆ ਤੂ ਸਦਾ ਸਚੁ ਸਮਾਲਿ ਜੀਉ ॥ (569-5)
मन मेरिआ तू सदा सचु समालि जीउ ॥

ਆਪਣੈ ਘਰਿ ਤੂ ਸੁਖਿ ਵਸਹਿ ਪੋਹਿ ਨ ਸਕੈ ਜਮਕਾਲੁ ਜੀਉ ॥ (569-5)
आपणै घरि तू सुखि वसहि पोहि न सकै जमकालु जीउ ॥

ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਾਚੈ ਸਬਦਿ ਲਿਵ ਲਾਏ ॥ (569-6)
कालु जालु जमु जोहि न साकै साचै सबदि लिव लाए ॥

ਸਦਾ ਸਚਿ ਰਤਾ ਮਨੁ ਨਿਰਮਲੁ ਆਵਣੁ ਜਾਣੁ ਰਹਾਏ ॥ (569-6)
सदा सचि रता मनु निरमलु आवणु जाणु रहाए ॥

ਦੂਜੈ ਭਾਇ ਭਰਮਿ ਵਿਗੁਤੀ ਮਨਮੁਖਿ ਮੋਹੀ ਜਮਕਾਲਿ ॥ (569-7)
दूजै भाइ भरमि विगुती मनमुखि मोही जमकालि ॥

ਕਹੈ ਨਾਨਕੁ ਸੁਣਿ ਮਨ ਮੇਰੇ ਤੂ ਸਦਾ ਸਚੁ ਸਮਾਲਿ ॥੧॥ (569-7)
कहै नानकु सुणि मन मेरे तू सदा सचु समालि ॥१॥

ਮਨ ਮੇਰਿਆ ਅੰਤਰਿ ਤੇਰੈ ਨਿਧਾਨੁ ਹੈ ਬਾਹਰਿ ਵਸਤੁ ਨ ਭਾਲਿ ॥ (569-8)
मन मेरिआ अंतरि तेरै निधानु है बाहरि वसतु न भालि ॥

ਜੋ ਭਾਵੈ ਸੋ ਭੁੰਚਿ ਤੂ ਗੁਰਮੁਖਿ ਨਦਰਿ ਨਿਹਾਲਿ ॥ (569-9)
जो भावै सो भुंचि तू गुरमुखि नदरि निहालि ॥

ਗੁਰਮੁਖਿ ਨਦਰਿ ਨਿਹਾਲਿ ਮਨ ਮੇਰੇ ਅੰਤਰਿ ਹਰਿ ਨਾਮੁ ਸਖਾਈ ॥ (569-9)
गुरमुखि नदरि निहालि मन मेरे अंतरि हरि नामु सखाई ॥

ਮਨਮੁਖ ਅੰਧੁਲੇ ਗਿਆਨ ਵਿਹੂਣੇ ਦੂਜੈ ਭਾਇ ਖੁਆਈ ॥ (569-10)
मनमुख अंधुले गिआन विहूणे दूजै भाइ खुआई ॥

ਬਿਨੁ ਨਾਵੈ ਕੋ ਛੂਟੈ ਨਾਹੀ ਸਭ ਬਾਧੀ ਜਮਕਾਲਿ ॥ (569-10)
बिनु नावै को छूटै नाही सभ बाधी जमकालि ॥

ਨਾਨਕ ਅੰਤਰਿ ਤੇਰੈ ਨਿਧਾਨੁ ਹੈ ਤੂ ਬਾਹਰਿ ਵਸਤੁ ਨ ਭਾਲਿ ॥੨॥ (569-11)
नानक अंतरि तेरै निधानु है तू बाहरि वसतु न भालि ॥२॥

ਮਨ ਮੇਰਿਆ ਜਨਮੁ ਪਦਾਰਥੁ ਪਾਇ ਕੈ ਇਕਿ ਸਚਿ ਲਗੇ ਵਾਪਾਰਾ ॥ (569-11)
मन मेरिआ जनमु पदारथु पाइ कै इकि सचि लगे वापारा ॥

ਸਤਿਗੁਰੁ ਸੇਵਨਿ ਆਪਣਾ ਅੰਤਰਿ ਸਬਦੁ ਅਪਾਰਾ ॥ (569-12)
सतिगुरु सेवनि आपणा अंतरि सबदु अपारा ॥

ਅੰਤਰਿ ਸਬਦੁ ਅਪਾਰਾ ਹਰਿ ਨਾਮੁ ਪਿਆਰਾ ਨਾਮੇ ਨਉ ਨਿਧਿ ਪਾਈ ॥ (569-12)
अंतरि सबदु अपारा हरि नामु पिआरा नामे नउ निधि पाई ॥

ਮਨਮੁਖ ਮਾਇਆ ਮੋਹ ਵਿਆਪੇ ਦੂਖਿ ਸੰਤਾਪੇ ਦੂਜੈ ਪਤਿ ਗਵਾਈ ॥ (569-13)
मनमुख माइआ मोह विआपे दूखि संतापे दूजै पति गवाई ॥

ਹਉਮੈ ਮਾਰਿ ਸਚਿ ਸਬਦਿ ਸਮਾਣੇ ਸਚਿ ਰਤੇ ਅਧਿਕਾਈ ॥ (569-13)
हउमै मारि सचि सबदि समाणे सचि रते अधिकाई ॥

ਨਾਨਕ ਮਾਣਸ ਜਨਮੁ ਦੁਲੰਭੁ ਹੈ ਸਤਿਗੁਰਿ ਬੂਝ ਬੁਝਾਈ ॥੩॥ (569-14)
नानक माणस जनमु दुल्मभु है सतिगुरि बूझ बुझाई ॥३॥

ਮਨ ਮੇਰੇ ਸਤਿਗੁਰੁ ਸੇਵਨਿ ਆਪਣਾ ਸੇ ਜਨ ਵਡਭਾਗੀ ਰਾਮ ॥ (569-15)
मन मेरे सतिगुरु सेवनि आपणा से जन वडभागी राम ॥

ਜੋ ਮਨੁ ਮਾਰਹਿ ਆਪਣਾ ਸੇ ਪੁਰਖ ਬੈਰਾਗੀ ਰਾਮ ॥ (569-15)
जो मनु मारहि आपणा से पुरख बैरागी राम ॥

ਸੇ ਜਨ ਬੈਰਾਗੀ ਸਚਿ ਲਿਵ ਲਾਗੀ ਆਪਣਾ ਆਪੁ ਪਛਾਣਿਆ ॥ (569-16)
से जन बैरागी सचि लिव लागी आपणा आपु पछाणिआ ॥

ਮਤਿ ਨਿਹਚਲ ਅਤਿ ਗੂੜੀ ਗੁਰਮੁਖਿ ਸਹਜੇ ਨਾਮੁ ਵਖਾਣਿਆ ॥ (569-16)
मति निहचल अति गूड़ी गुरमुखि सहजे नामु वखाणिआ ॥

ਇਕ ਕਾਮਣਿ ਹਿਤਕਾਰੀ ਮਾਇਆ ਮੋਹਿ ਪਿਆਰੀ ਮਨਮੁਖ ਸੋਇ ਰਹੇ ਅਭਾਗੇ ॥ (569-17)
इक कामणि हितकारी माइआ मोहि पिआरी मनमुख सोइ रहे अभागे ॥

ਨਾਨਕ ਸਹਜੇ ਸੇਵਹਿ ਗੁਰੁ ਅਪਣਾ ਸੇ ਪੂਰੇ ਵਡਭਾਗੇ ॥੪॥੩॥ (569-18)
नानक सहजे सेवहि गुरु अपणा से पूरे वडभागे ॥४॥३॥

ਵਡਹੰਸੁ ਮਹਲਾ ੩ ॥ (569-18)
वडहंसु महला ३ ॥

ਰਤਨ ਪਦਾਰਥ ਵਣਜੀਅਹਿ ਸਤਿਗੁਰਿ ਦੀਆ ਬੁਝਾਈ ਰਾਮ ॥ (569-18)
रतन पदारथ वणजीअहि सतिगुरि दीआ बुझाई राम ॥

ਲਾਹਾ ਲਾਭੁ ਹਰਿ ਭਗਤਿ ਹੈ ਗੁਣ ਮਹਿ ਗੁਣੀ ਸਮਾਈ ਰਾਮ ॥ (569-19)
लाहा लाभु हरि भगति है गुण महि गुणी समाई राम ॥

ਗੁਣ ਮਹਿ ਗੁਣੀ ਸਮਾਏ ਜਿਸੁ ਆਪਿ ਬੁਝਾਏ ਲਾਹਾ ਭਗਤਿ ਸੈਸਾਰੇ ॥ (570-1)
गुण महि गुणी समाए जिसु आपि बुझाए लाहा भगति सैसारे ॥

ਬਿਨੁ ਭਗਤੀ ਸੁਖੁ ਨ ਹੋਈ ਦੂਜੈ ਪਤਿ ਖੋਈ ਗੁਰਮਤਿ ਨਾਮੁ ਅਧਾਰੇ ॥ (570-1)
बिनु भगती सुखु न होई दूजै पति खोई गुरमति नामु अधारे ॥

ਵਖਰੁ ਨਾਮੁ ਸਦਾ ਲਾਭੁ ਹੈ ਜਿਸ ਨੋ ਏਤੁ ਵਾਪਾਰਿ ਲਾਏ ॥ (570-2)
वखरु नामु सदा लाभु है जिस नो एतु वापारि लाए ॥

ਰਤਨ ਪਦਾਰਥ ਵਣਜੀਅਹਿ ਜਾਂ ਸਤਿਗੁਰੁ ਦੇਇ ਬੁਝਾਏ ॥੧॥ (570-2)
रतन पदारथ वणजीअहि जां सतिगुरु देइ बुझाए ॥१॥

ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹੁ ਵਾਪਾਰਾ ਰਾਮ ॥ (570-3)
माइआ मोहु सभु दुखु है खोटा इहु वापारा राम ॥

ਕੂੜੁ ਬੋਲਿ ਬਿਖੁ ਖਾਵਣੀ ਬਹੁ ਵਧਹਿ ਵਿਕਾਰਾ ਰਾਮ ॥ (570-3)
कूड़ु बोलि बिखु खावणी बहु वधहि विकारा राम ॥

ਬਹੁ ਵਧਹਿ ਵਿਕਾਰਾ ਸਹਸਾ ਇਹੁ ਸੰਸਾਰਾ ਬਿਨੁ ਨਾਵੈ ਪਤਿ ਖੋਈ ॥ (570-4)
बहु वधहि विकारा सहसा इहु संसारा बिनु नावै पति खोई ॥

ਪੜਿ ਪੜਿ ਪੰਡਿਤ ਵਾਦੁ ਵਖਾਣਹਿ ਬਿਨੁ ਬੂਝੇ ਸੁਖੁ ਨ ਹੋਈ ॥ (570-4)
पड़ि पड़ि पंडित वादु वखाणहि बिनु बूझे सुखु न होई ॥

ਆਵਣ ਜਾਣਾ ਕਦੇ ਨ ਚੂਕੈ ਮਾਇਆ ਮੋਹ ਪਿਆਰਾ ॥ (570-5)
आवण जाणा कदे न चूकै माइआ मोह पिआरा ॥

ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹੁ ਵਾਪਾਰਾ ॥੨॥ (570-6)
माइआ मोहु सभु दुखु है खोटा इहु वापारा ॥२॥

ਖੋਟੇ ਖਰੇ ਸਭਿ ਪਰਖੀਅਨਿ ਤਿਤੁ ਸਚੇ ਕੈ ਦਰਬਾਰਾ ਰਾਮ ॥ (570-6)
खोटे खरे सभि परखीअनि तितु सचे कै दरबारा राम ॥

ਖੋਟੇ ਦਰਗਹ ਸੁਟੀਅਨਿ ਊਭੇ ਕਰਨਿ ਪੁਕਾਰਾ ਰਾਮ ॥ (570-7)
खोटे दरगह सुटीअनि ऊभे करनि पुकारा राम ॥

ਊਭੇ ਕਰਹਿ ਪੁਕਾਰਾ ਮੁਗਧ ਗਵਾਰਾ ਮਨਮੁਖਿ ਜਨਮੁ ਗਵਾਇਆ ॥ (570-7)
ऊभे करनि पुकारा मुगध गवारा मनमुखि जनमु गवाइआ ॥

ਬਿਖਿਆ ਮਾਇਆ ਜਿਨਿ ਜਗਤੁ ਭੁਲਾਇਆ ਸਾਚਾ ਨਾਮੁ ਨ ਭਾਇਆ ॥ (570-8)
बिखिआ माइआ जिनि जगतु भुलाइआ साचा नामु न भाइआ ॥

ਮਨਮੁਖ ਸੰਤਾ ਨਾਲਿ ਵੈਰੁ ਕਰਿ ਦੁਖੁ ਖਟੇ ਸੰਸਾਰਾ ॥ (570-8)
मनमुख संता नालि वैरु करि दुखु खटे संसारा ॥

ਖੋਟੇ ਖਰੇ ਪਰਖੀਅਨਿ ਤਿਤੁ ਸਚੈ ਦਰਵਾਰਾ ਰਾਮ ॥੩॥ (570-9)
खोटे खरे परखीअनि तितु सचै दरवारा राम ॥३॥

ਆਪਿ ਕਰੇ ਕਿਸੁ ਆਖੀਐ ਹੋਰੁ ਕਰਣਾ ਕਿਛੂ ਨ ਜਾਈ ਰਾਮ ॥ (570-9)
आपि करे किसु आखीऐ होरु करणा किछू न जाई राम ॥

ਜਿਤੁ ਭਾਵੈ ਤਿਤੁ ਲਾਇਸੀ ਜਿਉ ਤਿਸ ਦੀ ਵਡਿਆਈ ਰਾਮ ॥ (570-10)
जितु भावै तितु लाइसी जिउ तिस दी वडिआई राम ॥

ਜਿਉ ਤਿਸ ਦੀ ਵਡਿਆਈ ਆਪਿ ਕਰਾਈ ਵਰੀਆਮੁ ਨ ਫੁਸੀ ਕੋਈ ॥ (570-10)
जिउ तिस दी वडिआई आपि कराई वरीआमु न फुसी कोई ॥

ਜਗਜੀਵਨੁ ਦਾਤਾ ਕਰਮਿ ਬਿਧਾਤਾ ਆਪੇ ਬਖਸੇ ਸੋਈ ॥ (570-11)
जगजीवनु दाता करमि बिधाता आपे बखसे सोई ॥

ਗੁਰ ਪਰਸਾਦੀ ਆਪੁ ਗਵਾਈਐ ਨਾਨਕ ਨਾਮਿ ਪਤਿ ਪਾਈ ॥ (570-12)
गुर परसादी आपु गवाईऐ नानक नामि पति पाई ॥

ਆਪਿ ਕਰੇ ਕਿਸੁ ਆਖੀਐ ਹੋਰੁ ਕਰਣਾ ਕਿਛੂ ਨ ਜਾਈ ॥੪॥੪॥ (570-12)
आपि करे किसु आखीऐ होरु करणा किछू न जाई ॥४॥४॥

ਵਡਹੰਸੁ ਮਹਲਾ ੩ ॥ (570-13)
वडहंसु महला ३ ॥

ਸਚਾ ਸਉਦਾ ਹਰਿ ਨਾਮੁ ਹੈ ਸਚਾ ਵਾਪਾਰਾ ਰਾਮ ॥ (570-13)
सचा सउदा हरि नामु है सचा वापारा राम ॥

ਗੁਰਮਤੀ ਹਰਿ ਨਾਮੁ ਵਣਜੀਐ ਅਤਿ ਮੋਲੁ ਅਫਾਰਾ ਰਾਮ ॥ (570-13)
गुरमती हरि नामु वणजीऐ अति मोलु अफारा राम ॥

ਅਤਿ ਮੋਲੁ ਅਫਾਰਾ ਸਚ ਵਾਪਾਰਾ ਸਚਿ ਵਾਪਾਰਿ ਲਗੇ ਵਡਭਾਗੀ ॥ (570-14)
अति मोलु अफारा सच वापारा सचि वापारि लगे वडभागी ॥

ਅੰਤਰਿ ਬਾਹਰਿ ਭਗਤੀ ਰਾਤੇ ਸਚਿ ਨਾਮਿ ਲਿਵ ਲਾਗੀ ॥ (570-14)
अंतरि बाहरि भगती राते सचि नामि लिव लागी ॥

ਨਦਰਿ ਕਰੇ ਸੋਈ ਸਚੁ ਪਾਏ ਗੁਰ ਕੈ ਸਬਦਿ ਵੀਚਾਰਾ ॥ (570-15)
नदरि करे सोई सचु पाए गुर कै सबदि वीचारा ॥

ਨਾਨਕ ਨਾਮਿ ਰਤੇ ਤਿਨ ਹੀ ਸੁਖੁ ਪਾਇਆ ਸਾਚੈ ਕੇ ਵਾਪਾਰਾ ॥੧॥ (570-15)
नानक नामि रते तिन ही सुखु पाइआ साचै के वापारा ॥१॥

ਹੰਉਮੈ ਮਾਇਆ ਮੈਲੁ ਹੈ ਮਾਇਆ ਮੈਲੁ ਭਰੀਜੈ ਰਾਮ ॥ (570-16)
हंउमै माइआ मैलु है माइआ मैलु भरीजै राम ॥

ਗੁਰਮਤੀ ਮਨੁ ਨਿਰਮਲਾ ਰਸਨਾ ਹਰਿ ਰਸੁ ਪੀਜੈ ਰਾਮ ॥ (570-17)
गुरमती मनु निरमला रसना हरि रसु पीजै राम ॥

ਰਸਨਾ ਹਰਿ ਰਸੁ ਪੀਜੈ ਅੰਤਰੁ ਭੀਜੈ ਸਾਚ ਸਬਦਿ ਬੀਚਾਰੀ ॥ (570-17)
रसना हरि रसु पीजै अंतरु भीजै साच सबदि बीचारी ॥

ਅੰਤਰਿ ਖੂਹਟਾ ਅੰਮ੍ਰਿਤਿ ਭਰਿਆ ਸਬਦੇ ਕਾਢਿ ਪੀਐ ਪਨਿਹਾਰੀ ॥ (570-18)
अंतरि खूहटा अमृति भरिआ सबदे काढि पीऐ पनिहारी ॥

ਜਿਸੁ ਨਦਰਿ ਕਰੇ ਸੋਈ ਸਚਿ ਲਾਗੈ ਰਸਨਾ ਰਾਮੁ ਰਵੀਜੈ ॥ (570-18)
जिसु नदरि करे सोई सचि लागै रसना रामु रवीजै ॥

ਨਾਨਕ ਨਾਮਿ ਰਤੇ ਸੇ ਨਿਰਮਲ ਹੋਰ ਹਉਮੈ ਮੈਲੁ ਭਰੀਜੈ ॥੨॥ (570-19)
नानक नामि रते से निरमल होर हउमै मैलु भरीजै ॥२॥

ਪੰਡਿਤ ਜੋਤਕੀ ਸਭਿ ਪੜਿ ਪੜਿ ਕੂਕਦੇ ਕਿਸੁ ਪਹਿ ਕਰਹਿ ਪੁਕਾਰਾ ਰਾਮ ॥ (570-19)
पंडित जोतकी सभि पड़ि पड़ि कूकदे किसु पहि करहि पुकारा राम ॥

ਮਾਇਆ ਮੋਹੁ ਅੰਤਰਿ ਮਲੁ ਲਾਗੈ ਮਾਇਆ ਕੇ ਵਾਪਾਰਾ ਰਾਮ ॥ (571-1)
माइआ मोहु अंतरि मलु लागै माइआ के वापारा राम ॥

ਮਾਇਆ ਕੇ ਵਾਪਾਰਾ ਜਗਤਿ ਪਿਆਰਾ ਆਵਣਿ ਜਾਣਿ ਦੁਖੁ ਪਾਈ ॥ (571-2)
माइआ के वापारा जगति पिआरा आवणि जाणि दुखु पाई ॥

ਬਿਖੁ ਕਾ ਕੀੜਾ ਬਿਖੁ ਸਿਉ ਲਾਗਾ ਬਿਸ੍ਟਾ ਮਾਹਿ ਸਮਾਈ ॥ (571-2)
बिखु का कीड़ा बिखु सिउ लागा बिस्टा माहि समाई ॥

ਜੋ ਧੁਰਿ ਲਿਖਿਆ ਸੋਇ ਕਮਾਵੈ ਕੋਇ ਨ ਮੇਟਣਹਾਰਾ ॥ (571-3)
जो धुरि लिखिआ सोइ कमावै कोइ न मेटणहारा ॥

ਨਾਨਕ ਨਾਮਿ ਰਤੇ ਤਿਨ ਸਦਾ ਸੁਖੁ ਪਾਇਆ ਹੋਰਿ ਮੂਰਖ ਕੂਕਿ ਮੁਏ ਗਾਵਾਰਾ ॥੩॥ (571-3)
नानक नामि रते तिन सदा सुखु पाइआ होरि मूरख कूकि मुए गावारा ॥३॥

ਮਾਇਆ ਮੋਹਿ ਮਨੁ ਰੰਗਿਆ ਮੋਹਿ ਸੁਧਿ ਨ ਕਾਈ ਰਾਮ ॥ (571-4)
माइआ मोहि मनु रंगिआ मोहि सुधि न काई राम ॥

ਗੁਰਮੁਖਿ ਇਹੁ ਮਨੁ ਰੰਗੀਐ ਦੂਜਾ ਰੰਗੁ ਜਾਈ ਰਾਮ ॥ (571-5)
गुरमुखि इहु मनु रंगीऐ दूजा रंगु जाई राम ॥

ਦੂਜਾ ਰੰਗੁ ਜਾਈ ਸਾਚਿ ਸਮਾਈ ਸਚਿ ਭਰੇ ਭੰਡਾਰਾ ॥ (571-5)
दूजा रंगु जाई साचि समाई सचि भरे भंडारा ॥

ਗੁਰਮੁਖਿ ਹੋਵੈ ਸੋਈ ਬੂਝੈ ਸਚਿ ਸਵਾਰਣਹਾਰਾ ॥ (571-6)
गुरमुखि होवै सोई बूझै सचि सवारणहारा ॥

ਆਪੇ ਮੇਲੇ ਸੋ ਹਰਿ ਮਿਲੈ ਹੋਰੁ ਕਹਣਾ ਕਿਛੂ ਨ ਜਾਏ ॥ (571-6)
आपे मेले सो हरि मिलै होरु कहणा किछू न जाए ॥

ਨਾਨਕ ਵਿਣੁ ਨਾਵੈ ਭਰਮਿ ਭੁਲਾਇਆ ਇਕਿ ਨਾਮਿ ਰਤੇ ਰੰਗੁ ਲਾਏ ॥੪॥੫॥ (571-6)
नानक विणु नावै भरमि भुलाइआ इकि नामि रते रंगु लाए ॥४॥५॥

ਵਡਹੰਸੁ ਮਹਲਾ ੩ ॥ (571-7)
वडहंसु महला ३ ॥

ਏ ਮਨ ਮੇਰਿਆ ਆਵਾ ਗਉਣੁ ਸੰਸਾਰੁ ਹੈ ਅੰਤਿ ਸਚਿ ਨਿਬੇੜਾ ਰਾਮ ॥ (571-7)
ए मन मेरिआ आवा गउणु संसारु है अंति सचि निबेड़ा राम ॥

ਆਪੇ ਸਚਾ ਬਖਸਿ ਲਏ ਫਿਰਿ ਹੋਇ ਨ ਫੇਰਾ ਰਾਮ ॥ (571-8)
आपे सचा बखसि लए फिरि होइ न फेरा राम ॥

ਫਿਰਿ ਹੋਇ ਨ ਫੇਰਾ ਅੰਤਿ ਸਚਿ ਨਿਬੇੜਾ ਗੁਰਮੁਖਿ ਮਿਲੈ ਵਡਿਆਈ ॥ (571-8)
फिरि होइ न फेरा अंति सचि निबेड़ा गुरमुखि मिलै वडिआई ॥

ਸਾਚੈ ਰੰਗਿ ਰਾਤੇ ਸਹਜੇ ਮਾਤੇ ਸਹਜੇ ਰਹੇ ਸਮਾਈ ॥ (571-9)
साचै रंगि राते सहजे माते सहजे रहे समाई ॥

ਸਚਾ ਮਨਿ ਭਾਇਆ ਸਚੁ ਵਸਾਇਆ ਸਬਦਿ ਰਤੇ ਅੰਤਿ ਨਿਬੇਰਾ ॥ (571-10)
सचा मनि भाइआ सचु वसाइआ सबदि रते अंति निबेरा ॥

ਨਾਨਕ ਨਾਮਿ ਰਤੇ ਸੇ ਸਚਿ ਸਮਾਣੇ ਬਹੁਰਿ ਨ ਭਵਜਲਿ ਫੇਰਾ ॥੧॥ (571-10)
नानक नामि रते से सचि समाणे बहुरि न भवजलि फेरा ॥१॥

ਮਾਇਆ ਮੋਹੁ ਸਭੁ ਬਰਲੁ ਹੈ ਦੂਜੈ ਭਾਇ ਖੁਆਈ ਰਾਮ ॥ (571-11)
माइआ मोहु सभु बरलु है दूजै भाइ खुआई राम ॥

ਮਾਤਾ ਪਿਤਾ ਸਭੁ ਹੇਤੁ ਹੈ ਹੇਤੇ ਪਲਚਾਈ ਰਾਮ ॥ (571-11)
माता पिता सभु हेतु है हेते पलचाई राम ॥

ਹੇਤੇ ਪਲਚਾਈ ਪੁਰਬਿ ਕਮਾਈ ਮੇਟਿ ਨ ਸਕੈ ਕੋਈ ॥ (571-12)
हेते पलचाई पुरबि कमाई मेटि न सकै कोई ॥

ਜਿਨਿ ਸ੍ਰਿਸਟਿ ਸਾਜੀ ਸੋ ਕਰਿ ਵੇਖੈ ਤਿਸੁ ਜੇਵਡੁ ਅਵਰੁ ਨ ਕੋਈ ॥ (571-12)
जिनि स्रिसटि साजी सो करि वेखै तिसु जेवडु अवरु न कोई ॥

ਮਨਮੁਖਿ ਅੰਧਾ ਤਪਿ ਤਪਿ ਖਪੈ ਬਿਨੁ ਸਬਦੈ ਸਾਂਤਿ ਨ ਆਈ ॥ (571-13)
मनमुखि अंधा तपि तपि खपै बिनु सबदै सांति न आई ॥

ਨਾਨਕ ਬਿਨੁ ਨਾਵੈ ਸਭੁ ਕੋਈ ਭੁਲਾ ਮਾਇਆ ਮੋਹਿ ਖੁਆਈ ॥੨॥ (571-14)
नानक बिनु नावै सभु कोई भुला माइआ मोहि खुआई ॥२॥

ਏਹੁ ਜਗੁ ਜਲਤਾ ਦੇਖਿ ਕੈ ਭਜਿ ਪਏ ਹਰਿ ਸਰਣਾਈ ਰਾਮ ॥ (571-14)
एहु जगु जलता देखि कै भजि पए हरि सरणाई राम ॥

ਅਰਦਾਸਿ ਕਰੀ ਗੁਰ ਪੂਰੇ ਆਗੈ ਰਖਿ ਲੇਵਹੁ ਦੇਹੁ ਵਡਾਈ ਰਾਮ ॥ (571-15)
अरदासि करी� गुर पूरे आगै रखि लेवहु देहु वडाई राम ॥

ਰਖਿ ਲੇਵਹੁ ਸਰਣਾਈ ਹਰਿ ਨਾਮੁ ਵਡਾਈ ਤੁਧੁ ਜੇਵਡੁ ਅਵਰੁ ਨ ਦਾਤਾ ॥ (571-15)
रखि लेवहु सरणाई हरि नामु वडाई तुधु जेवडु अवरु न दाता ॥

ਸੇਵਾ ਲਾਗੇ ਸੇ ਵਡਭਾਗੇ ਜੁਗਿ ਜੁਗਿ ਏਕੋ ਜਾਤਾ ॥ (571-16)
सेवा लागे से वडभागे जुगि जुगि एको जाता ॥

ਜਤੁ ਸਤੁ ਸੰਜਮੁ ਕਰਮ ਕਮਾਵੈ ਬਿਨੁ ਗੁਰ ਗਤਿ ਨਹੀ ਪਾਈ ॥ (571-16)
जतु सतु संजमु करम कमावै बिनु गुर गति नही पाई ॥

ਨਾਨਕ ਤਿਸ ਨੋ ਸਬਦੁ ਬੁਝਾਏ ਜੋ ਜਾਇ ਪਵੈ ਹਰਿ ਸਰਣਾਈ ॥੩॥ (571-17)
नानक तिस नो सबदु बुझाए जो जाइ पवै हरि सरणाई ॥३॥

ਜੋ ਹਰਿ ਮਤਿ ਦੇਇ ਸਾ ਊਪਜੈ ਹੋਰ ਮਤਿ ਨ ਕਾਈ ਰਾਮ ॥ (571-18)
जो हरि मति देइ सा ऊपजै होर मति न काई राम ॥

ਅੰਤਰਿ ਬਾਹਰਿ ਏਕੁ ਤੂ ਆਪੇ ਦੇਹਿ ਬੁਝਾਈ ਰਾਮ ॥ (571-18)
अंतरि बाहरि एकु तू आपे देहि बुझाई राम ॥

ਆਪੇ ਦੇਹਿ ਬੁਝਾਈ ਅਵਰ ਨ ਭਾਈ ਗੁਰਮੁਖਿ ਹਰਿ ਰਸੁ ਚਾਖਿਆ ॥ (571-19)
आपे देहि बुझाई अवर न भाई गुरमुखि हरि रसु चाखिआ ॥

ਦਰਿ ਸਾਚੈ ਸਦਾ ਹੈ ਸਾਚਾ ਸਾਚੈ ਸਬਦਿ ਸੁਭਾਖਿਆ ॥ (571-19)
दरि साचै सदा है साचा साचै सबदि सुभाखिआ ॥

ਘਰ ਮਹਿ ਨਿਜ ਘਰੁ ਪਾਇਆ ਸਤਿਗੁਰੁ ਦੇਇ ਵਡਾਈ ॥ (572-1)
घर महि निज घरु पाइआ सतिगुरु देइ वडाई ॥

ਨਾਨਕ ਜੋ ਨਾਮਿ ਰਤੇ ਸੇਈ ਮਹਲੁ ਪਾਇਨਿ ਮਤਿ ਪਰਵਾਣੁ ਸਚੁ ਸਾਈ ॥੪॥੬॥ (572-1)
नानक जो नामि रते सेई महलु पाइनि मति परवाणु सचु साई ॥४॥६॥

ਵਡਹੰਸੁ ਮਹਲਾ ੪ ਛੰਤ (572-3)
वडहंसु महला ४ छंत

ੴ ਸਤਿਗੁਰ ਪ੍ਰਸਾਦਿ ॥ (572-3)
ੴ सतिगुर प्रसादि ॥

ਮੇਰੈ ਮਨਿ ਮੇਰੈ ਮਨਿ ਸਤਿਗੁਰਿ ਪ੍ਰੀਤਿ ਲਗਾਈ ਰਾਮ ॥ (572-4)
मेरै मनि मेरै मनि सतिगुरि प्रीति लगाई राम ॥

ਹਰਿ ਹਰਿ ਹਰਿ ਹਰਿ ਨਾਮੁ ਮੇਰੈ ਮੰਨਿ ਵਸਾਈ ਰਾਮ ॥ (572-4)
हरि हरि हरि हरि नामु मेरै मंनि वसाई राम ॥

ਹਰਿ ਹਰਿ ਨਾਮੁ ਮੇਰੈ ਮੰਨਿ ਵਸਾਈ ਸਭਿ ਦੂਖ ਵਿਸਾਰਣਹਾਰਾ ॥ (572-5)
हरि हरि नामु मेरै मंनि वसाई सभि दूख विसारणहारा ॥

ਵਡਭਾਗੀ ਗੁਰ ਦਰਸਨੁ ਪਾਇਆ ਧਨੁ ਧਨੁ ਸਤਿਗੁਰੂ ਹਮਾਰਾ ॥ (572-5)
वडभागी गुर दरसनु पाइआ धनु धनु सतिगुरू हमारा ॥

ਊਠਤ ਬੈਠਤ ਸਤਿਗੁਰੁ ਸੇਵਹ ਜਿਤੁ ਸੇਵਿਐ ਸਾਂਤਿ ਪਾਈ ॥ (572-6)
ऊठत बैठत सतिगुरु सेवह जितु सेविऐ सांति पाई ॥

ਮੇਰੈ ਮਨਿ ਮੇਰੈ ਮਨਿ ਸਤਿਗੁਰ ਪ੍ਰੀਤਿ ਲਗਾਈ ॥੧॥ (572-6)
मेरै मनि मेरै मनि सतिगुर प्रीति लगाई ॥१॥

ਹਉ ਜੀਵਾ ਹਉ ਜੀਵਾ ਸਤਿਗੁਰ ਦੇਖਿ ਸਰਸੇ ਰਾਮ ॥ (572-7)
हउ जीवा हउ जीवा सतिगुर देखि सरसे राम ॥

ਹਰਿ ਨਾਮੋ ਹਰਿ ਨਾਮੁ ਦ੍ਰਿੜਾਏ ਜਪਿ ਹਰਿ ਹਰਿ ਨਾਮੁ ਵਿਗਸੇ ਰਾਮ ॥ (572-7)
हरि नामो हरि नामु द्रिड़ाए जपि हरि हरि नामु विगसे राम ॥

ਜਪਿ ਹਰਿ ਹਰਿ ਨਾਮੁ ਕਮਲ ਪਰਗਾਸੇ ਹਰਿ ਨਾਮੁ ਨਵੰ ਨਿਧਿ ਪਾਈ ॥ (572-8)
जपि हरि हरि नामु कमल परगासे हरि नामु नवं निधि पाई ॥

ਹਉਮੈ ਰੋਗੁ ਗਇਆ ਦੁਖੁ ਲਾਥਾ ਹਰਿ ਸਹਜਿ ਸਮਾਧਿ ਲਗਾਈ ॥ (572-8)
हउमै रोगु गइआ दुखु लाथा हरि सहजि समाधि लगाई ॥

ਹਰਿ ਨਾਮੁ ਵਡਾਈ ਸਤਿਗੁਰ ਤੇ ਪਾਈ ਸੁਖੁ ਸਤਿਗੁਰ ਦੇਵ ਮਨੁ ਪਰਸੇ ॥ (572-9)
हरि नामु वडाई सतिगुर ते पाई सुखु सतिगुर देव मनु परसे ॥

ਹਉ ਜੀਵਾ ਹਉ ਜੀਵਾ ਸਤਿਗੁਰ ਦੇਖਿ ਸਰਸੇ ॥੨॥ (572-10)
हउ जीवा हउ जीवा सतिगुर देखि सरसे ॥२॥

ਕੋਈ ਆਣਿ ਕੋਈ ਆਣਿ ਮਿਲਾਵੈ ਮੇਰਾ ਸਤਿਗੁਰੁ ਪੂਰਾ ਰਾਮ ॥ (572-10)
कोई आणि कोई आणि मिलावै मेरा सतिगुरु पूरा राम ॥

ਹਉ ਮਨੁ ਤਨੁ ਹਉ ਮਨੁ ਤਨੁ ਦੇਵਾ ਤਿਸੁ ਕਾਟਿ ਸਰੀਰਾ ਰਾਮ ॥ (572-11)
हउ मनु तनु हउ मनु तनु देवा तिसु काटि सरीरा राम ॥

ਹਉ ਮਨੁ ਤਨੁ ਕਾਟਿ ਕਾਟਿ ਤਿਸੁ ਦੇਈ ਜੋ ਸਤਿਗੁਰ ਬਚਨ ਸੁਣਾਏ ॥ (572-11)
हउ मनु तनु काटि काटि तिसु देई जो सतिगुर बचन सुणाए ॥

ਮੇਰੈ ਮਨਿ ਬੈਰਾਗੁ ਭਇਆ ਬੈਰਾਗੀ ਮਿਲਿ ਗੁਰ ਦਰਸਨਿ ਸੁਖੁ ਪਾਏ ॥ (572-12)
मेरै मनि बैरागु भइआ बैरागी मिलि गुर दरसनि सुखु पाए ॥

ਹਰਿ ਹਰਿ ਕ੍ਰਿਪਾ ਕਰਹੁ ਸੁਖਦਾਤੇ ਦੇਹੁ ਸਤਿਗੁਰ ਚਰਨ ਹਮ ਧੂਰਾ ॥ (572-13)
हरि हरि क्रिपा करहु सुखदाते देहु सतिगुर चरन हम धूरा ॥

ਕੋਈ ਆਣਿ ਕੋਈ ਆਣਿ ਮਿਲਾਵੈ ਮੇਰਾ ਸਤਿਗੁਰੁ ਪੂਰਾ ॥੩॥ (572-13)
कोई आणि कोई आणि मिलावै मेरा सतिगुरु पूरा ॥३॥

ਗੁਰ ਜੇਵਡੁ ਗੁਰ ਜੇਵਡੁ ਦਾਤਾ ਮੈ ਅਵਰੁ ਨ ਕੋਈ ਰਾਮ ॥ (572-14)
गुर जेवडु गुर जेवडु दाता मै अवरु न कोई राम ॥

ਹਰਿ ਦਾਨੋ ਹਰਿ ਦਾਨੁ ਦੇਵੈ ਹਰਿ ਪੁਰਖੁ ਨਿਰੰਜਨੁ ਸੋਈ ਰਾਮ ॥ (572-14)
हरि दानो हरि दानु देवै हरि पुरखु निरंजनु सोई राम ॥

ਹਰਿ ਹਰਿ ਨਾਮੁ ਜਿਨੀ ਆਰਾਧਿਆ ਤਿਨ ਕਾ ਦੁਖੁ ਭਰਮੁ ਭਉ ਭਾਗਾ ॥ (572-15)
हरि हरि नामु जिनी आराधिआ तिन का दुखु भरमु भउ भागा ॥

ਸੇਵਕ ਭਾਇ ਮਿਲੇ ਵਡਭਾਗੀ ਜਿਨ ਗੁਰ ਚਰਨੀ ਮਨੁ ਲਾਗਾ ॥ (572-15)
सेवक भाइ मिले वडभागी जिन गुर चरनी मनु लागा ॥

ਕਹੁ ਨਾਨਕ ਹਰਿ ਆਪਿ ਮਿਲਾਏ ਮਿਲਿ ਸਤਿਗੁਰ ਪੁਰਖ ਸੁਖੁ ਹੋਈ ॥ (572-16)
कहु नानक हरि आपि मिलाए मिलि सतिगुर पुरख सुखु होई ॥

ਗੁਰ ਜੇਵਡੁ ਗੁਰ ਜੇਵਡੁ ਦਾਤਾ ਮੈ ਅਵਰੁ ਨ ਕੋਈ ॥੪॥੧॥ (572-17)
गुर जेवडु गुर जेवडु दाता मै अवरु न कोई ॥४॥१॥

ਵਡਹੰਸੁ ਮਹਲਾ ੪ ॥ (572-17)
वडहंसु महला ४ ॥

ਹੰਉ ਗੁਰ ਬਿਨੁ ਹੰਉ ਗੁਰ ਬਿਨੁ ਖਰੀ ਨਿਮਾਣੀ ਰਾਮ ॥ (572-17)
हंउ गुर बिनु हंउ गुर बिनु खरी निमाणी राम ॥

ਜਗਜੀਵਨੁ ਜਗਜੀਵਨੁ ਦਾਤਾ ਗੁਰ ਮੇਲਿ ਸਮਾਣੀ ਰਾਮ ॥ (572-18)
जगजीवनु जगजीवनु दाता गुर मेलि समाणी राम ॥

ਸਤਿਗੁਰੁ ਮੇਲਿ ਹਰਿ ਨਾਮਿ ਸਮਾਣੀ ਜਪਿ ਹਰਿ ਹਰਿ ਨਾਮੁ ਧਿਆਇਆ ॥ (572-18)
सतिगुरु मेलि हरि नामि समाणी जपि हरि हरि नामु धिआइआ ॥

ਜਿਸੁ ਕਾਰਣਿ ਹੰਉ ਢੂੰਢਿ ਢੂਢੇਦੀ ਸੋ ਸਜਣੁ ਹਰਿ ਘਰਿ ਪਾਇਆ ॥ (572-19)
जिसु कारणि हंउ ढूंढि ढूढेदी सो सजणु हरि घरि पाइआ ॥

ਏਕ ਦ੍ਰਿਸ੍ਟਿ ਹਰਿ ਏਕੋ ਜਾਤਾ ਹਰਿ ਆਤਮ ਰਾਮੁ ਪਛਾਣੀ ॥ (573-1)
एक द्रिस्टि हरि एको जाता हरि आतम रामु पछाणी ॥

ਹੰਉ ਗੁਰ ਬਿਨੁ ਹੰਉ ਗੁਰ ਬਿਨੁ ਖਰੀ ਨਿਮਾਣੀ ॥੧॥ (573-1)
हंउ गुर बिनु हंउ गुर बिनु खरी निमाणी ॥१॥

ਜਿਨਾ ਸਤਿਗੁਰੁ ਜਿਨ ਸਤਿਗੁਰੁ ਪਾਇਆ ਤਿਨ ਹਰਿ ਪ੍ਰਭੁ ਮੇਲਿ ਮਿਲਾਏ ਰਾਮ ॥ (573-2)
जिना सतिगुरु जिन सतिगुरु पाइआ तिन हरि प्रभु मेलि मिलाए राम ॥

ਤਿਨ ਚਰਣ ਤਿਨ ਚਰਣ ਸਰੇਵਹ ਹਮ ਲਾਗਹ ਤਿਨ ਕੈ ਪਾਏ ਰਾਮ ॥ (573-2)
तिन चरण तिन चरण सरेवह हम लागह तिन कै पाए राम ॥

ਹਰਿ ਹਰਿ ਚਰਣ ਸਰੇਵਹ ਤਿਨ ਕੇ ਜਿਨ ਸਤਿਗੁਰੁ ਪੁਰਖੁ ਪ੍ਰਭੁ ਧ੍ਯਾਇਆ ॥ (573-3)
हरि हरि चरण सरेवह तिन के जिन सतिगुरु पुरखु प्रभु ध्याइआ ॥

ਤੂ ਵਡਦਾਤਾ ਅੰਤਰਜਾਮੀ ਮੇਰੀ ਸਰਧਾ ਪੂਰਿ ਹਰਿ ਰਾਇਆ ॥ (573-4)
तू वडदाता अंतरजामी मेरी सरधा पूरि हरि राइआ ॥

ਗੁਰਸਿਖ ਮੇਲਿ ਮੇਰੀ ਸਰਧਾ ਪੂਰੀ ਅਨਦਿਨੁ ਰਾਮ ਗੁਣ ਗਾਏ ॥ (573-4)
गुरसिख मेलि मेरी सरधा पूरी अनदिनु राम गुण गाए ॥

ਜਿਨ ਸਤਿਗੁਰੁ ਜਿਨ ਸਤਿਗੁਰੁ ਪਾਇਆ ਤਿਨ ਹਰਿ ਪ੍ਰਭੁ ਮੇਲਿ ਮਿਲਾਏ ॥੨॥ (573-5)
जिन सतिगुरु जिन सतिगुरु पाइआ तिन हरि प्रभु मेलि मिलाए ॥२॥

ਹੰਉ ਵਾਰੀ ਹੰਉ ਵਾਰੀ ਗੁਰਸਿਖ ਮੀਤ ਪਿਆਰੇ ਰਾਮ ॥ (573-6)
हंउ वारी हंउ वारी गुरसिख मीत पिआरे राम ॥

ਹਰਿ ਨਾਮੋ ਹਰਿ ਨਾਮੁ ਸੁਣਾਏ ਮੇਰਾ ਪ੍ਰੀਤਮੁ ਨਾਮੁ ਅਧਾਰੇ ਰਾਮ ॥ (573-6)
हरि नामो हरि नामु सुणाए मेरा प्रीतमु नामु अधारे राम ॥

ਹਰਿ ਹਰਿ ਨਾਮੁ ਮੇਰਾ ਪ੍ਰਾਨ ਸਖਾਈ ਤਿਸੁ ਬਿਨੁ ਘੜੀ ਨਿਮਖ ਨਹੀ ਜੀਵਾਂ ॥ (573-7)
हरि हरि नामु मेरा प्रान सखाई तिसु बिनु घड़ी निमख नही जीवां ॥

ਹਰਿ ਹਰਿ ਕ੍ਰਿਪਾ ਕਰੇ ਸੁਖਦਾਤਾ ਗੁਰਮੁਖਿ ਅੰਮ੍ਰਿਤੁ ਪੀਵਾਂ ॥ (573-7)
हरि हरि क्रिपा करे सुखदाता गुरमुखि अमृतु पीवां ॥

ਹਰਿ ਆਪੇ ਸਰਧਾ ਲਾਇ ਮਿਲਾਏ ਹਰਿ ਆਪੇ ਆਪਿ ਸਵਾਰੇ ॥ (573-8)
हरि आपे सरधा लाइ मिलाए हरि आपे आपि सवारे ॥

ਹੰਉ ਵਾਰੀ ਹੰਉ ਵਾਰੀ ਗੁਰਸਿਖ ਮੀਤ ਪਿਆਰੇ ॥੩॥ (573-8)
हंउ वारी हंउ वारी गुरसिख मीत पिआरे ॥३॥

ਹਰਿ ਆਪੇ ਹਰਿ ਆਪੇ ਪੁਰਖੁ ਨਿਰੰਜਨੁ ਸੋਈ ਰਾਮ ॥ (573-9)
हरि आपे हरि आपे पुरखु निरंजनु सोई राम ॥

ਹਰਿ ਆਪੇ ਹਰਿ ਆਪੇ ਮੇਲੈ ਕਰੈ ਸੋ ਹੋਈ ਰਾਮ ॥ (573-9)
हरि आपे हरि आपे मेलै करै सो होई राम ॥

ਜੋ ਹਰਿ ਪ੍ਰਭ ਭਾਵੈ ਸੋਈ ਹੋਵੈ ਅਵਰੁ ਨ ਕਰਣਾ ਜਾਈ ॥ (573-10)
जो हरि प्रभ भावै सोई होवै अवरु न करणा जाई ॥

ਬਹੁਤੁ ਸਿਆਣਪ ਲਇਆ ਨ ਜਾਈ ਕਰਿ ਥਾਕੇ ਸਭਿ ਚਤੁਰਾਈ ॥ (573-10)
बहुतु सिआणप लइआ न जाई करि थाके सभि चतुराई ॥

ਗੁਰ ਪ੍ਰਸਾਦਿ ਜਨ ਨਾਨਕ ਦੇਖਿਆ ਮੈ ਹਰਿ ਬਿਨੁ ਅਵਰੁ ਨ ਕੋਈ ॥ (573-11)
गुर प्रसादि जन नानक देखिआ मै हरि बिनु अवरु न कोई ॥

ਹਰਿ ਆਪੇ ਹਰਿ ਆਪੇ ਪੁਰਖੁ ਨਿਰੰਜਨੁ ਸੋਈ ॥੪॥੨॥ (573-11)
हरि आपे हरि आपे पुरखु निरंजनु सोई ॥४॥२॥

ਵਡਹੰਸੁ ਮਹਲਾ ੪ ॥ (573-12)
वडहंसु महला ४ ॥

ਹਰਿ ਸਤਿਗੁਰ ਹਰਿ ਸਤਿਗੁਰ ਮੇਲਿ ਹਰਿ ਸਤਿਗੁਰ ਚਰਣ ਹਮ ਭਾਇਆ ਰਾਮ ॥ (573-12)
हरि सतिगुर हरि सतिगुर मेलि हरि सतिगुर चरण हम भाइआ राम ॥

ਤਿਮਰ ਅਗਿਆਨੁ ਗਵਾਇਆ ਗੁਰ ਗਿਆਨੁ ਅੰਜਨੁ ਗੁਰਿ ਪਾਇਆ ਰਾਮ ॥ (573-13)
तिमर अगिआनु गवाइआ गुर गिआनु अंजनु गुरि पाइआ राम ॥

ਗੁਰ ਗਿਆਨ ਅੰਜਨੁ ਸਤਿਗੁਰੂ ਪਾਇਆ ਅਗਿਆਨ ਅੰਧੇਰ ਬਿਨਾਸੇ ॥ (573-14)
गुर गिआन अंजनु सतिगुरू पाइआ अगिआन अंधेर बिनासे ॥

ਸਤਿਗੁਰ ਸੇਵਿ ਪਰਮ ਪਦੁ ਪਾਇਆ ਹਰਿ ਜਪਿਆ ਸਾਸ ਗਿਰਾਸੇ ॥ (573-14)
सतिगुर सेवि परम पदु पाइआ हरि जपिआ सास गिरासे ॥

ਜਿਨ ਕੰਉ ਹਰਿ ਪ੍ਰਭਿ ਕਿਰਪਾ ਧਾਰੀ ਤੇ ਸਤਿਗੁਰ ਸੇਵਾ ਲਾਇਆ ॥ (573-15)
जिन कंउ हरि प्रभि किरपा धारी ते सतिगुर सेवा लाइआ ॥

ਹਰਿ ਸਤਿਗੁਰ ਹਰਿ ਸਤਿਗੁਰ ਮੇਲਿ ਹਰਿ ਸਤਿਗੁਰ ਚਰਣ ਹਮ ਭਾਇਆ ॥੧॥ (573-15)
हरि सतिगुर हरि सतिगुर मेलि हरि सतिगुर चरण हम भाइआ ॥१॥

ਮੇਰਾ ਸਤਿਗੁਰੁ ਮੇਰਾ ਸਤਿਗੁਰੁ ਪਿਆਰਾ ਮੈ ਗੁਰ ਬਿਨੁ ਰਹਣੁ ਨ ਜਾਈ ਰਾਮ ॥ (573-16)
मेरा सतिगुरु मेरा सतिगुरु पिआरा मै गुर बिनु रहणु न जाई राम ॥

ਹਰਿ ਨਾਮੋ ਹਰਿ ਨਾਮੁ ਦੇਵੈ ਮੇਰਾ ਅੰਤਿ ਸਖਾਈ ਰਾਮ ॥ (573-17)
हरि नामो हरि नामु देवै मेरा अंति सखाई राम ॥

ਹਰਿ ਹਰਿ ਨਾਮੁ ਮੇਰਾ ਅੰਤਿ ਸਖਾਈ ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ॥ (573-17)
हरि हरि नामु मेरा अंति सखाई गुरि सतिगुरि नामु द्रिड़ाइआ ॥

ਜਿਥੈ ਪੁਤੁ ਕਲਤ੍ਰੁ ਕੋਈ ਬੇਲੀ ਨਾਹੀ ਤਿਥੈ ਹਰਿ ਹਰਿ ਨਾਮਿ ਛਡਾਇਆ ॥ (573-18)
जिथै पुतु कलत्रु कोई बेली नाही तिथै हरि हरि नामि छडाइआ ॥

ਧਨੁ ਧਨੁ ਸਤਿਗੁਰੁ ਪੁਰਖੁ ਨਿਰੰਜਨੁ ਜਿਤੁ ਮਿਲਿ ਹਰਿ ਨਾਮੁ ਧਿਆਈ ॥ (573-19)
धनु धनु सतिगुरु पुरखु निरंजनु जितु मिलि हरि नामु धिआई ॥

ਮੇਰਾ ਸਤਿਗੁਰੁ ਮੇਰਾ ਸਤਿਗੁਰੁ ਪਿਆਰਾ ਮੈ ਗੁਰ ਬਿਨੁ ਰਹਣੁ ਨ ਜਾਈ ॥੨॥ (573-19)
मेरा सतिगुरु मेरा सतिगुरु पिआरा मै गुर बिनु रहणु न जाई ॥२॥

ਜਿਨੀ ਦਰਸਨੁ ਜਿਨੀ ਦਰਸਨੁ ਸਤਿਗੁਰ ਪੁਰਖ ਨ ਪਾਇਆ ਰਾਮ ॥ (574-1)
जिनी दरसनु जिनी दरसनु सतिगुर पुरख न पाइआ राम ॥

ਤਿਨ ਨਿਹਫਲੁ ਤਿਨ ਨਿਹਫਲੁ ਜਨਮੁ ਸਭੁ ਬ੍ਰਿਥਾ ਗਵਾਇਆ ਰਾਮ ॥ (574-2)
तिन निहफलु तिन निहफलु जनमु सभु ब्रिथा गवाइआ राम ॥

ਨਿਹਫਲੁ ਜਨਮੁ ਤਿਨ ਬ੍ਰਿਥਾ ਗਵਾਇਆ ਤੇ ਸਾਕਤ ਮੁਏ ਮਰਿ ਝੂਰੇ ॥ (574-2)
निहफलु जनमु तिन ब्रिथा गवाइआ ते साकत मुए मरि झूरे ॥

ਘਰਿ ਹੋਦੈ ਰਤਨਿ ਪਦਾਰਥਿ ਭੂਖੇ ਭਾਗਹੀਣ ਹਰਿ ਦੂਰੇ ॥ (574-3)
घरि होदै रतनि पदारथि भूखे भागहीण हरि दूरे ॥

ਹਰਿ ਹਰਿ ਤਿਨ ਕਾ ਦਰਸੁ ਨ ਕਰੀਅਹੁ ਜਿਨੀ ਹਰਿ ਹਰਿ ਨਾਮੁ ਨ ਧਿਆਇਆ ॥ (574-3)
हरि हरि तिन का दरसु न करीअहु जिनी हरि हरि नामु न धिआइआ ॥

ਜਿਨੀ ਦਰਸਨੁ ਜਿਨੀ ਦਰਸਨੁ ਸਤਿਗੁਰ ਪੁਰਖ ਨ ਪਾਇਆ ॥੩॥ (574-4)
जिनी दरसनु जिनी दरसनु सतिगुर पुरख न पाइआ ॥३॥

ਹਮ ਚਾਤ੍ਰਿਕ ਹਮ ਚਾਤ੍ਰਿਕ ਦੀਨ ਹਰਿ ਪਾਸਿ ਬੇਨੰਤੀ ਰਾਮ ॥ (574-5)
हम चात्रिक हम चात्रिक दीन हरि पासि बेनंती राम ॥

ਗੁਰ ਮਿਲਿ ਗੁਰ ਮੇਲਿ ਮੇਰਾ ਪਿਆਰਾ ਹਮ ਸਤਿਗੁਰ ਕਰਹ ਭਗਤੀ ਰਾਮ ॥ (574-5)
गुर मिलि गुर मेलि मेरा पिआरा हम सतिगुर करह भगती राम ॥

ਹਰਿ ਹਰਿ ਸਤਿਗੁਰ ਕਰਹ ਭਗਤੀ ਜਾਂ ਹਰਿ ਪ੍ਰਭੁ ਕਿਰਪਾ ਧਾਰੇ ॥ (574-6)
हरि हरि सतिगुर करह भगती जां हरि प्रभु किरपा धारे ॥

ਮੈ ਗੁਰ ਬਿਨੁ ਅਵਰੁ ਨ ਕੋਈ ਬੇਲੀ ਗੁਰੁ ਸਤਿਗੁਰੁ ਪ੍ਰਾਣ ਹਮ੍ਹਾਰੇ ॥ (574-7)
मै गुर बिनु अवरु न कोई बेली गुरु सतिगुरु प्राण हम्हारे ॥

ਕਹੁ ਨਾਨਕ ਗੁਰਿ ਨਾਮੁ ਦ੍ਰਿੜ੍ਹਾਇਆ ਹਰਿ ਹਰਿ ਨਾਮੁ ਹਰਿ ਸਤੀ ॥ (574-7)
कहु नानक गुरि नामु द्रिड़्हाइआ हरि हरि नामु हरि सती ॥

ਹਮ ਚਾਤ੍ਰਿਕ ਹਮ ਚਾਤ੍ਰਿਕ ਦੀਨ ਹਰਿ ਪਾਸਿ ਬੇਨੰਤੀ ॥੪॥੩॥ (574-8)
हम चात्रिक हम चात्रिक दीन हरि पासि बेनंती ॥४॥३॥

ਵਡਹੰਸੁ ਮਹਲਾ ੪ ॥ (574-9)
वडहंसु महला ४ ॥

ਹਰਿ ਕਿਰਪਾ ਹਰਿ ਕਿਰਪਾ ਕਰਿ ਸਤਿਗੁਰੁ ਮੇਲਿ ਸੁਖਦਾਤਾ ਰਾਮ ॥ (574-9)
हरि किरपा हरि किरपा करि सतिगुरु मेलि सुखदाता राम ॥

ਹਮ ਪੂਛਹ ਹਮ ਪੂਛਹ ਸਤਿਗੁਰ ਪਾਸਿ ਹਰਿ ਬਾਤਾ ਰਾਮ ॥ (574-9)
हम पूछह हम पूछह सतिगुर पासि हरि बाता राम ॥

ਸਤਿਗੁਰ ਪਾਸਿ ਹਰਿ ਬਾਤ ਪੂਛਹ ਜਿਨਿ ਨਾਮੁ ਪਦਾਰਥੁ ਪਾਇਆ ॥ (574-10)
सतिगुर पासि हरि बात पूछह जिनि नामु पदारथु पाइआ ॥

ਪਾਇ ਲਗਹ ਨਿਤ ਕਰਹ ਬਿਨੰਤੀ ਗੁਰਿ ਸਤਿਗੁਰਿ ਪੰਥੁ ਬਤਾਇਆ ॥ (574-10)
पाइ लगह नित करह बिनंती गुरि सतिगुरि पंथु बताइआ ॥

ਸੋਈ ਭਗਤੁ ਦੁਖੁ ਸੁਖੁ ਸਮਤੁ ਕਰਿ ਜਾਣੈ ਹਰਿ ਹਰਿ ਨਾਮਿ ਹਰਿ ਰਾਤਾ ॥ (574-11)
सोई भगतु दुखु सुखु समतु करि जाणै हरि हरि नामि हरि राता ॥

ਹਰਿ ਕਿਰਪਾ ਹਰਿ ਕਿਰਪਾ ਕਰਿ ਗੁਰੁ ਸਤਿਗੁਰੁ ਮੇਲਿ ਸੁਖਦਾਤਾ ॥੧॥ (574-12)
हरि किरपा हरि किरपा करि गुरु सतिगुरु मेलि सुखदाता ॥१॥

ਸੁਣਿ ਗੁਰਮੁਖਿ ਸੁਣਿ ਗੁਰਮੁਖਿ ਨਾਮਿ ਸਭਿ ਬਿਨਸੇ ਹੰਉਮੈ ਪਾਪਾ ਰਾਮ ॥ (574-12)
सुणि गुरमुखि सुणि गुरमुखि नामि सभि बिनसे हंउमै पापा राम ॥

ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ ਲਥਿਅੜੇ ਜਗਿ ਤਾਪਾ ਰਾਮ ॥ (574-13)
जपि हरि हरि जपि हरि हरि नामु लथिअड़े जगि तापा राम ॥

ਹਰਿ ਹਰਿ ਨਾਮੁ ਜਿਨੀ ਆਰਾਧਿਆ ਤਿਨ ਕੇ ਦੁਖ ਪਾਪ ਨਿਵਾਰੇ ॥ (574-14)
हरि हरि नामु जिनी आराधिआ तिन के दुख पाप निवारे ॥

ਸਤਿਗੁਰਿ ਗਿਆਨ ਖੜਗੁ ਹਥਿ ਦੀਨਾ ਜਮਕੰਕਰ ਮਾਰਿ ਬਿਦਾਰੇ ॥ (574-14)
सतिगुरि गिआन खड़गु हथि दीना जमकंकर मारि बिदारे ॥

ਹਰਿ ਪ੍ਰਭਿ ਕ੍ਰਿਪਾ ਧਾਰੀ ਸੁਖਦਾਤੇ ਦੁਖ ਲਾਥੇ ਪਾਪ ਸੰਤਾਪਾ ॥ (574-15)
हरि प्रभि क्रिपा धारी सुखदाते दुख लाथे पाप संतापा ॥

ਸੁਣਿ ਗੁਰਮੁਖਿ ਸੁਣਿ ਗੁਰਮੁਖਿ ਨਾਮੁ ਸਭਿ ਬਿਨਸੇ ਹੰਉਮੈ ਪਾਪਾ ॥੨॥ (574-15)
सुणि गुरमुखि सुणि गुरमुखि नामु सभि बिनसे हंउमै पापा ॥२॥

ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ ਮੇਰੈ ਮਨਿ ਭਾਇਆ ਰਾਮ ॥ (574-16)
जपि हरि हरि जपि हरि हरि नामु मेरै मनि भाइआ राम ॥

ਮੁਖਿ ਗੁਰਮੁਖਿ ਮੁਖਿ ਗੁਰਮੁਖਿ ਜਪਿ ਸਭਿ ਰੋਗ ਗਵਾਇਆ ਰਾਮ ॥ (574-17)
मुखि गुरमुखि मुखि गुरमुखि जपि सभि रोग गवाइआ राम ॥

ਗੁਰਮੁਖਿ ਜਪਿ ਸਭਿ ਰੋਗ ਗਵਾਇਆ ਅਰੋਗਤ ਭਏ ਸਰੀਰਾ ॥ (574-17)
गुरमुखि जपि सभि रोग गवाइआ अरोगत भए सरीरा ॥

ਅਨਦਿਨੁ ਸਹਜ ਸਮਾਧਿ ਹਰਿ ਲਾਗੀ ਹਰਿ ਜਪਿਆ ਗਹਿਰ ਗੰਭੀਰਾ ॥ (574-18)
अनदिनु सहज समाधि हरि लागी हरि जपिआ गहिर ग्मभीरा ॥

ਜਾਤਿ ਅਜਾਤਿ ਨਾਮੁ ਜਿਨ ਧਿਆਇਆ ਤਿਨ ਪਰਮ ਪਦਾਰਥੁ ਪਾਇਆ ॥ (574-18)
जाति अजाति नामु जिन धिआइआ तिन परम पदारथु पाइआ ॥

ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ ਮੇਰੈ ਮਨਿ ਭਾਇਆ ॥੩॥ (574-19)
जपि हरि हरि जपि हरि हरि नामु मेरै मनि भाइआ ॥३॥

ਹਰਿ ਧਾਰਹੁ ਹਰਿ ਧਾਰਹੁ ਕਿਰਪਾ ਕਰਿ ਕਿਰਪਾ ਲੇਹੁ ਉਬਾਰੇ ਰਾਮ ॥ (575-1)
हरि धारहु हरि धारहु किरपा करि किरपा लेहु उबारे राम ॥

ਹਮ ਪਾਪੀ ਹਮ ਪਾਪੀ ਨਿਰਗੁਣ ਦੀਨ ਤੁਮ੍ਾਰੇ ਰਾਮ ॥ (575-1)
हम पापी हम पापी निरगुण दीन तुम्हारे राम ॥

ਹਮ ਪਾਪੀ ਨਿਰਗੁਣ ਦੀਨ ਤੁਮ੍ਾਰੇ ਹਰਿ ਦੈਆਲ ਸਰਣਾਇਆ ॥ (575-2)
हम पापी निरगुण दीन तुम्हारे हरि दैआल सरणाइआ ॥

ਤੂ ਦੁਖ ਭੰਜਨੁ ਸਰਬ ਸੁਖਦਾਤਾ ਹਮ ਪਾਥਰ ਤਰੇ ਤਰਾਇਆ ॥ (575-2)
तू दुख भंजनु सरब सुखदाता हम पाथर तरे तराइआ ॥

ਸਤਿਗੁਰ ਭੇਟਿ ਰਾਮ ਰਸੁ ਪਾਇਆ ਜਨ ਨਾਨਕ ਨਾਮਿ ਉਧਾਰੇ ॥ (575-3)
सतिगुर भेटि राम रसु पाइआ जन नानक नामि उधारे ॥

ਹਰਿ ਧਾਰਹੁ ਹਰਿ ਧਾਰਹੁ ਕਿਰਪਾ ਕਰਿ ਕਿਰਪਾ ਲੇਹੁ ਉਬਾਰੇ ਰਾਮ ॥੪॥੪॥ (575-4)
हरि धारहु हरि धारहु किरपा करि किरपा लेहु उबारे राम ॥४॥४॥

ਵਡਹੰਸੁ ਮਹਲਾ ੪ ਘੋੜੀਆ (575-5)
वडहंसु महला ४ घोड़ीआ

ੴ ਸਤਿਗੁਰ ਪ੍ਰਸਾਦਿ ॥ (575-5)
ੴ सतिगुर प्रसादि ॥

ਦੇਹ ਤੇਜਣਿ ਜੀ ਰਾਮਿ ਉਪਾਈਆ ਰਾਮ ॥ (575-6)
देह तेजणि जी रामि उपाईआ राम ॥

ਧੰਨੁ ਮਾਣਸ ਜਨਮੁ ਪੁੰਨਿ ਪਾਈਆ ਰਾਮ ॥ (575-6)
धंनु माणस जनमु पुंनि पाईआ राम ॥

ਮਾਣਸ ਜਨਮੁ ਵਡ ਪੁੰਨੇ ਪਾਇਆ ਦੇਹ ਸੁ ਕੰਚਨ ਚੰਗੜੀਆ ॥ (575-6)
माणस जनमु वड पुंने पाइआ देह सु कंचन चंगड़ीआ ॥

ਗੁਰਮੁਖਿ ਰੰਗੁ ਚਲੂਲਾ ਪਾਵੈ ਹਰਿ ਹਰਿ ਹਰਿ ਨਵ ਰੰਗੜੀਆ ॥ (575-7)
गुरमुखि रंगु चलूला पावै हरि हरि हरि नव रंगड़ीआ ॥

ਏਹ ਦੇਹ ਸੁ ਬਾਂਕੀ ਜਿਤੁ ਹਰਿ ਜਾਪੀ ਹਰਿ ਹਰਿ ਨਾਮਿ ਸੁਹਾਵੀਆ ॥ (575-7)
एह देह सु बांकी जितु हरि जापी हरि हरि नामि सुहावीआ ॥

ਵਡਭਾਗੀ ਪਾਈ ਨਾਮੁ ਸਖਾਈ ਜਨ ਨਾਨਕ ਰਾਮਿ ਉਪਾਈਆ ॥੧॥ (575-8)
वडभागी पाई नामु सखाई जन नानक रामि उपाईआ ॥१॥

ਦੇਹ ਪਾਵਉ ਜੀਨੁ ਬੁਝਿ ਚੰਗਾ ਰਾਮ ॥ (575-9)
देह पावउ जीनु बुझि चंगा राम ॥

ਚੜਿ ਲੰਘਾ ਜੀ ਬਿਖਮੁ ਭੁਇਅੰਗਾ ਰਾਮ ॥ (575-9)
चड़ि लंघा जी बिखमु भुइअंगा राम ॥

ਬਿਖਮੁ ਭੁਇਅੰਗਾ ਅਨਤ ਤਰੰਗਾ ਗੁਰਮੁਖਿ ਪਾਰਿ ਲੰਘਾਏ ॥ (575-9)
बिखमु भुइअंगा अनत तरंगा गुरमुखि पारि लंघाए ॥

ਹਰਿ ਬੋਹਿਥਿ ਚੜਿ ਵਡਭਾਗੀ ਲੰਘੈ ਗੁਰੁ ਖੇਵਟੁ ਸਬਦਿ ਤਰਾਏ ॥ (575-10)
हरि बोहिथि चड़ि वडभागी लंघै गुरु खेवटु सबदि तराए ॥

ਅਨਦਿਨੁ ਹਰਿ ਰੰਗਿ ਹਰਿ ਗੁਣ ਗਾਵੈ ਹਰਿ ਰੰਗੀ ਹਰਿ ਰੰਗਾ ॥ (575-11)
अनदिनु हरि रंगि हरि गुण गावै हरि रंगी हरि रंगा ॥

ਜਨ ਨਾਨਕ ਨਿਰਬਾਣ ਪਦੁ ਪਾਇਆ ਹਰਿ ਉਤਮੁ ਹਰਿ ਪਦੁ ਚੰਗਾ ॥੨॥ (575-11)
जन नानक निरबाण पदु पाइआ हरि उतमु हरि पदु चंगा ॥२॥

ਕੜੀਆਲੁ ਮੁਖੇ ਗੁਰਿ ਗਿਆਨੁ ਦ੍ਰਿੜਾਇਆ ਰਾਮ ॥ (575-12)
कड़ीआलु मुखे गुरि गिआनु द्रिड़ाइआ राम ॥

ਤਨਿ ਪ੍ਰੇਮੁ ਹਰਿ ਚਾਬਕੁ ਲਾਇਆ ਰਾਮ ॥ (575-12)
तनि प्रेमु हरि चाबकु लाइआ राम ॥

ਤਨਿ ਪ੍ਰੇਮੁ ਹਰਿ ਹਰਿ ਲਾਇ ਚਾਬਕੁ ਮਨੁ ਜਿਣੈ ਗੁਰਮੁਖਿ ਜੀਤਿਆ ॥ (575-13)
तनि प्रेमु हरि हरि लाइ चाबकु मनु जिणै गुरमुखि जीतिआ ॥

ਅਘੜੋ ਘੜਾਵੈ ਸਬਦੁ ਪਾਵੈ ਅਪਿਉ ਹਰਿ ਰਸੁ ਪੀਤਿਆ ॥ (575-13)
अघड़ो घड़ावै सबदु पावै अपिउ हरि रसु पीतिआ ॥

ਸੁਣਿ ਸ੍ਰਵਣ ਬਾਣੀ ਗੁਰਿ ਵਖਾਣੀ ਹਰਿ ਰੰਗੁ ਤੁਰੀ ਚੜਾਇਆ ॥ (575-14)
सुणि स्रवण बाणी गुरि वखाणी हरि रंगु तुरी चड़ाइआ ॥

ਮਹਾ ਮਾਰਗੁ ਪੰਥੁ ਬਿਖੜਾ ਜਨ ਨਾਨਕ ਪਾਰਿ ਲੰਘਾਇਆ ॥੩॥ (575-14)
महा मारगु पंथु बिखड़ा जन नानक पारि लंघाइआ ॥३॥

ਘੋੜੀ ਤੇਜਣਿ ਦੇਹ ਰਾਮਿ ਉਪਾਈਆ ਰਾਮ ॥ (575-15)
घोड़ी तेजणि देह रामि उपाईआ राम ॥

ਜਿਤੁ ਹਰਿ ਪ੍ਰਭੁ ਜਾਪੈ ਸਾ ਧਨੁ ਧੰਨੁ ਤੁਖਾਈਆ ਰਾਮ ॥ (575-15)
जितु हरि प्रभु जापै सा धनु धंनु तुखाईआ राम ॥

ਜਿਤੁ ਹਰਿ ਪ੍ਰਭੁ ਜਾਪੈ ਸਾ ਧੰਨੁ ਸਾਬਾਸੈ ਧੁਰਿ ਪਾਇਆ ਕਿਰਤੁ ਜੁੜੰਦਾ ॥ (575-16)
जितु हरि प्रभु जापै सा धंनु साबासै धुरि पाइआ किरतु जुड़ंदा ॥

ਚੜਿ ਦੇਹੜਿ ਘੋੜੀ ਬਿਖਮੁ ਲਘਾਏ ਮਿਲੁ ਗੁਰਮੁਖਿ ਪਰਮਾਨੰਦਾ ॥ (575-17)
चड़ि देहड़ि घोड़ी बिखमु लघाए मिलु गुरमुखि परमानंदा ॥

ਹਰਿ ਹਰਿ ਕਾਜੁ ਰਚਾਇਆ ਪੂਰੈ ਮਿਲਿ ਸੰਤ ਜਨਾ ਜੰਞ ਆਈ ॥ (575-17)
हरि हरि काजु रचाइआ पूरै मिलि संत जना जंञ आई ॥

ਜਨ ਨਾਨਕ ਹਰਿ ਵਰੁ ਪਾਇਆ ਮੰਗਲੁ ਮਿਲਿ ਸੰਤ ਜਨਾ ਵਾਧਾਈ ॥੪॥੧॥੫॥ (575-18)
जन नानक हरि वरु पाइआ मंगलु मिलि संत जना वाधाई ॥४॥१॥५॥

ਵਡਹੰਸੁ ਮਹਲਾ ੪ ॥ (575-19)
वडहंसु महला ४ ॥

ਦੇਹ ਤੇਜਨੜੀ ਹਰਿ ਨਵ ਰੰਗੀਆ ਰਾਮ ॥ (575-19)
देह तेजनड़ी हरि नव रंगीआ राम ॥

ਗੁਰ ਗਿਆਨੁ ਗੁਰੂ ਹਰਿ ਮੰਗੀਆ ਰਾਮ ॥ (575-19)
गुर गिआनु गुरू हरि मंगीआ राम ॥

ਗਿਆਨ ਮੰਗੀ ਹਰਿ ਕਥਾ ਚੰਗੀ ਹਰਿ ਨਾਮੁ ਗਤਿ ਮਿਤਿ ਜਾਣੀਆ ॥ (576-1)
गिआन मंगी हरि कथा चंगी हरि नामु गति मिति जाणीआ ॥

ਸਭੁ ਜਨਮੁ ਸਫਲਿਉ ਕੀਆ ਕਰਤੈ ਹਰਿ ਰਾਮ ਨਾਮਿ ਵਖਾਣੀਆ ॥ (576-1)
सभु जनमु सफलिउ कीआ करतै हरि राम नामि वखाणीआ ॥

ਹਰਿ ਰਾਮ ਨਾਮੁ ਸਲਾਹਿ ਹਰਿ ਪ੍ਰਭ ਹਰਿ ਭਗਤਿ ਹਰਿ ਜਨ ਮੰਗੀਆ ॥ (576-2)
हरि राम नामु सलाहि हरि प्रभ हरि भगति हरि जन मंगीआ ॥

ਜਨੁ ਕਹੈ ਨਾਨਕੁ ਸੁਣਹੁ ਸੰਤਹੁ ਹਰਿ ਭਗਤਿ ਗੋਵਿੰਦ ਚੰਗੀਆ ॥੧॥ (576-2)
जनु कहै नानकु सुणहु संतहु हरि भगति गोविंद चंगीआ ॥१॥

ਦੇਹ ਕੰਚਨ ਜੀਨੁ ਸੁਵਿਨਾ ਰਾਮ ॥ (576-3)
देह कंचन जीनु सुविना राम ॥

ਜੜਿ ਹਰਿ ਹਰਿ ਨਾਮੁ ਰਤੰਨਾ ਰਾਮ ॥ (576-3)
जड़ि हरि हरि नामु रतंना राम ॥

ਜੜਿ ਨਾਮ ਰਤਨੁ ਗੋਵਿੰਦ ਪਾਇਆ ਹਰਿ ਮਿਲੇ ਹਰਿ ਗੁਣ ਸੁਖ ਘਣੇ ॥ (576-4)
जड़ि नाम रतनु गोविंद पाइआ हरि मिले हरि गुण सुख घणे ॥

ਗੁਰ ਸਬਦੁ ਪਾਇਆ ਹਰਿ ਨਾਮੁ ਧਿਆਇਆ ਵਡਭਾਗੀ ਹਰਿ ਰੰਗ ਹਰਿ ਬਣੇ ॥ (576-4)
गुर सबदु पाइआ हरि नामु धिआइआ वडभागी हरि रंग हरि बणे ॥

ਹਰਿ ਮਿਲੇ ਸੁਆਮੀ ਅੰਤਰਜਾਮੀ ਹਰਿ ਨਵਤਨ ਹਰਿ ਨਵ ਰੰਗੀਆ ॥ (576-5)
हरि मिले सुआमी अंतरजामी हरि नवतन हरि नव रंगीआ ॥

ਨਾਨਕੁ ਵਖਾਣੈ ਨਾਮੁ ਜਾਣੈ ਹਰਿ ਨਾਮੁ ਹਰਿ ਪ੍ਰਭ ਮੰਗੀਆ ॥੨॥ (576-6)
नानकु वखाणै नामु जाणै हरि नामु हरि प्रभ मंगीआ ॥२॥

ਕੜੀਆਲੁ ਮੁਖੇ ਗੁਰਿ ਅੰਕਸੁ ਪਾਇਆ ਰਾਮ ॥ (576-6)
कड़ीआलु मुखे गुरि अंकसु पाइआ राम ॥

ਮਨੁ ਮੈਗਲੁ ਗੁਰ ਸਬਦਿ ਵਸਿ ਆਇਆ ਰਾਮ ॥ (576-7)
मनु मैगलु गुर सबदि वसि आइआ राम ॥

ਮਨੁ ਵਸਗਤਿ ਆਇਆ ਪਰਮ ਪਦੁ ਪਾਇਆ ਸਾ ਧਨ ਕੰਤਿ ਪਿਆਰੀ ॥ (576-7)
मनु वसगति आइआ परम पदु पाइआ सा धन कंति पिआरी ॥

ਅੰਤਰਿ ਪ੍ਰੇਮੁ ਲਗਾ ਹਰਿ ਸੇਤੀ ਘਰਿ ਸੋਹੈ ਹਰਿ ਪ੍ਰਭ ਨਾਰੀ ॥ (576-8)
अंतरि प्रेमु लगा हरि सेती घरि सोहै हरि प्रभ नारी ॥

ਹਰਿ ਰੰਗਿ ਰਾਤੀ ਸਹਜੇ ਮਾਤੀ ਹਰਿ ਪ੍ਰਭੁ ਹਰਿ ਹਰਿ ਪਾਇਆ ॥ (576-8)
हरि रंगि राती सहजे माती हरि प्रभु हरि हरि पाइआ ॥

ਨਾਨਕ ਜਨੁ ਹਰਿ ਦਾਸੁ ਕਹਤੁ ਹੈ ਵਡਭਾਗੀ ਹਰਿ ਹਰਿ ਧਿਆਇਆ ॥੩॥ (576-9)
नानक जनु हरि दासु कहतु है वडभागी हरि हरि धिआइआ ॥३॥

ਦੇਹ ਘੋੜੀ ਜੀ ਜਿਤੁ ਹਰਿ ਪਾਇਆ ਰਾਮ ॥ (576-10)
देह घोड़ी जी जितु हरि पाइआ राम ॥

ਮਿਲਿ ਸਤਿਗੁਰ ਜੀ ਮੰਗਲੁ ਗਾਇਆ ਰਾਮ ॥ (576-10)
मिलि सतिगुर जी मंगलु गाइआ राम ॥

ਹਰਿ ਗਾਇ ਮੰਗਲੁ ਰਾਮ ਨਾਮਾ ਹਰਿ ਸੇਵ ਸੇਵਕ ਸੇਵਕੀ ॥ (576-10)
हरि गाइ मंगलु राम नामा हरि सेव सेवक सेवकी ॥

ਪ੍ਰਭ ਜਾਇ ਪਾਵੈ ਰੰਗ ਮਹਲੀ ਹਰਿ ਰੰਗੁ ਮਾਣੈ ਰੰਗ ਕੀ ॥ (576-11)
प्रभ जाइ पावै रंग महली हरि रंगु माणै रंग की ॥

ਗੁਣ ਰਾਮ ਗਾਏ ਮਨਿ ਸੁਭਾਏ ਹਰਿ ਗੁਰਮਤੀ ਮਨਿ ਧਿਆਇਆ ॥ (576-11)
गुण राम गाए मनि सुभाए हरि गुरमती मनि धिआइआ ॥

ਜਨ ਨਾਨਕ ਹਰਿ ਕਿਰਪਾ ਧਾਰੀ ਦੇਹ ਘੋੜੀ ਚੜਿ ਹਰਿ ਪਾਇਆ ॥੪॥੨॥੬॥ (576-12)
जन नानक हरि किरपा धारी देह घोड़ी चड़ि हरि पाइआ ॥४॥२॥६॥

ਰਾਗੁ ਵਡਹੰਸੁ ਮਹਲਾ ੫ ਛੰਤ ਘਰੁ ੪ (576-14)
रागु वडहंसु महला ५ छंत घरु ४

ੴ ਸਤਿਗੁਰ ਪ੍ਰਸਾਦਿ ॥ (576-14)
ੴ सतिगुर प्रसादि ॥

ਗੁਰ ਮਿਲਿ ਲਧਾ ਜੀ ਰਾਮੁ ਪਿਆਰਾ ਰਾਮ ॥ (576-15)
गुर मिलि लधा जी रामु पिआरा राम ॥

ਇਹੁ ਤਨੁ ਮਨੁ ਦਿਤੜਾ ਵਾਰੋ ਵਾਰਾ ਰਾਮ ॥ (576-15)
इहु तनु मनु दितड़ा वारो वारा राम ॥

ਤਨੁ ਮਨੁ ਦਿਤਾ ਭਵਜਲੁ ਜਿਤਾ ਚੂਕੀ ਕਾਂਣਿ ਜਮਾਣੀ ॥ (576-15)
तनु मनु दिता भवजलु जिता चूकी कांणि जमाणी ॥

ਅਸਥਿਰੁ ਥੀਆ ਅੰਮ੍ਰਿਤੁ ਪੀਆ ਰਹਿਆ ਆਵਣ ਜਾਣੀ ॥ (576-16)
असथिरु थीआ अमृतु पीआ रहिआ आवण जाणी ॥

ਸੋ ਘਰੁ ਲਧਾ ਸਹਜਿ ਸਮਧਾ ਹਰਿ ਕਾ ਨਾਮੁ ਅਧਾਰਾ ॥ (576-16)
सो घरु लधा सहजि समधा हरि का नामु अधारा ॥

ਕਹੁ ਨਾਨਕ ਸੁਖਿ ਮਾਣੇ ਰਲੀਆਂ ਗੁਰ ਪੂਰੇ ਕੰਉ ਨਮਸਕਾਰਾ ॥੧॥ (576-17)
कहु नानक सुखि माणे रलीआं गुर पूरे कंउ नमसकारा ॥१॥

ਸੁਣਿ ਸਜਣ ਜੀ ਮੈਡੜੇ ਮੀਤਾ ਰਾਮ ॥ (576-17)
सुणि सजण जी मैडड़े मीता राम ॥

ਗੁਰਿ ਮੰਤ੍ਰੁ ਸਬਦੁ ਸਚੁ ਦੀਤਾ ਰਾਮ ॥ (576-18)
गुरि मंत्रु सबदु सचु दीता राम ॥

ਸਚੁ ਸਬਦੁ ਧਿਆਇਆ ਮੰਗਲੁ ਗਾਇਆ ਚੂਕੇ ਮਨਹੁ ਅਦੇਸਾ ॥ (576-18)
सचु सबदु धिआइआ मंगलु गाइआ चूके मनहु अदेसा ॥

ਸੋ ਪ੍ਰਭੁ ਪਾਇਆ ਕਤਹਿ ਨ ਜਾਇਆ ਸਦਾ ਸਦਾ ਸੰਗਿ ਬੈਸਾ ॥ (576-19)
सो प्रभु पाइआ कतहि न जाइआ सदा सदा संगि बैसा ॥

ਪ੍ਰਭ ਜੀ ਭਾਣਾ ਸਚਾ ਮਾਣਾ ਪ੍ਰਭਿ ਹਰਿ ਧਨੁ ਸਹਜੇ ਦੀਤਾ ॥ (576-19)
प्रभ जी भाणा सचा माणा प्रभि हरि धनु सहजे दीता ॥

ਕਹੁ ਨਾਨਕ ਤਿਸੁ ਜਨ ਬਲਿਹਾਰੀ ਤੇਰਾ ਦਾਨੁ ਸਭਨੀ ਹੈ ਲੀਤਾ ॥੨॥ (577-1)
कहु नानक तिसु जन बलिहारी तेरा दानु सभनी है लीता ॥२॥

ਤਉ ਭਾਣਾ ਤਾਂ ਤ੍ਰਿਪਤਿ ਅਘਾਏ ਰਾਮ ॥ (577-2)
तउ भाणा तां त्रिपति अघाए राम ॥

ਮਨੁ ਥੀਆ ਠੰਢਾ ਸਭ ਤ੍ਰਿਸਨ ਬੁਝਾਏ ਰਾਮ ॥ (577-2)
मनु थीआ ठंढा सभ त्रिसन बुझाए राम ॥

ਮਨੁ ਥੀਆ ਠੰਢਾ ਚੂਕੀ ਡੰਝਾ ਪਾਇਆ ਬਹੁਤੁ ਖਜਾਨਾ ॥ (577-2)
मनु थीआ ठंढा चूकी डंझा पाइआ बहुतु खजाना ॥

ਸਿਖ ਸੇਵਕ ਸਭਿ ਭੁੰਚਣ ਲਗੇ ਹੰਉ ਸਤਗੁਰ ਕੈ ਕੁਰਬਾਨਾ ॥ (577-3)
सिख सेवक सभि भुंचण लगे हंउ सतगुर कै कुरबाना ॥

ਨਿਰਭਉ ਭਏ ਖਸਮ ਰੰਗਿ ਰਾਤੇ ਜਮ ਕੀ ਤ੍ਰਾਸ ਬੁਝਾਏ ॥ (577-3)
निरभउ भए खसम रंगि राते जम की त्रास बुझाए ॥

ਨਾਨਕ ਦਾਸੁ ਸਦਾ ਸੰਗਿ ਸੇਵਕੁ ਤੇਰੀ ਭਗਤਿ ਕਰੰਉ ਲਿਵ ਲਾਏ ॥੩॥ (577-4)
नानक दासु सदा संगि सेवकु तेरी भगति करंउ लिव लाए ॥३॥

ਪੂਰੀ ਆਸਾ ਜੀ ਮਨਸਾ ਮੇਰੇ ਰਾਮ ॥ (577-5)
पूरी आसा जी मनसा मेरे राम ॥

ਮੋਹਿ ਨਿਰਗੁਣ ਜੀਉ ਸਭਿ ਗੁਣ ਤੇਰੇ ਰਾਮ ॥ (577-5)
मोहि निरगुण जीउ सभि गुण तेरे राम ॥

ਸਭਿ ਗੁਣ ਤੇਰੇ ਠਾਕੁਰ ਮੇਰੇ ਕਿਤੁ ਮੁਖਿ ਤੁਧੁ ਸਾਲਾਹੀ ॥ (577-5)
सभि गुण तेरे ठाकुर मेरे कितु मुखि तुधु सालाही ॥

ਗੁਣੁ ਅਵਗੁਣੁ ਮੇਰਾ ਕਿਛੁ ਨ ਬੀਚਾਰਿਆ ਬਖਸਿ ਲੀਆ ਖਿਨ ਮਾਹੀ ॥ (577-6)
गुणु अवगुणु मेरा किछु न बीचारिआ बखसि लीआ खिन माही ॥

ਨਉ ਨਿਧਿ ਪਾਈ ਵਜੀ ਵਾਧਾਈ ਵਾਜੇ ਅਨਹਦ ਤੂਰੇ ॥ (577-6)
नउ निधि पाई वजी वाधाई वाजे अनहद तूरे ॥

ਕਹੁ ਨਾਨਕ ਮੈ ਵਰੁ ਘਰਿ ਪਾਇਆ ਮੇਰੇ ਲਾਥੇ ਜੀ ਸਗਲ ਵਿਸੂਰੇ ॥੪॥੧॥ (577-7)
कहु नानक मै वरु घरि पाइआ मेरे लाथे जी सगल विसूरे ॥४॥१॥

ਸਲੋਕੁ ॥ (577-8)
सलोकु ॥

ਕਿਆ ਸੁਣੇਦੋ ਕੂੜੁ ਵੰਞਨਿ ਪਵਣ ਝੁਲਾਰਿਆ ॥ (577-8)
किआ सुणेदो कूड़ु वंञनि पवण झुलारिआ ॥

ਨਾਨਕ ਸੁਣੀਅਰ ਤੇ ਪਰਵਾਣੁ ਜੋ ਸੁਣੇਦੇ ਸਚੁ ਧਣੀ ॥੧॥ (577-8)
नानक सुणीअर ते परवाणु जो सुणेदे सचु धणी ॥१॥

ਛੰਤੁ ॥ (577-9)
छंतु ॥

ਤਿਨ ਘੋਲਿ ਘੁਮਾਈ ਜਿਨ ਪ੍ਰਭੁ ਸ੍ਰਵਣੀ ਸੁਣਿਆ ਰਾਮ ॥ (577-9)
तिन घोलि घुमाई जिन प्रभु स्रवणी सुणिआ राम ॥

ਸੇ ਸਹਜਿ ਸੁਹੇਲੇ ਜਿਨ ਹਰਿ ਹਰਿ ਰਸਨਾ ਭਣਿਆ ਰਾਮ ॥ (577-9)
से सहजि सुहेले जिन हरि हरि रसना भणिआ राम ॥

ਸੇ ਸਹਜਿ ਸੁਹੇਲੇ ਗੁਣਹ ਅਮੋਲੇ ਜਗਤ ਉਧਾਰਣ ਆਏ ॥ (577-10)
से सहजि सुहेले गुणह अमोले जगत उधारण आए ॥

ਭੈ ਬੋਹਿਥ ਸਾਗਰ ਪ੍ਰਭ ਚਰਣਾ ਕੇਤੇ ਪਾਰਿ ਲਘਾਏ ॥ (577-10)
भै बोहिथ सागर प्रभ चरणा केते पारि लघाए ॥

ਜਿਨ ਕੰਉ ਕ੍ਰਿਪਾ ਕਰੀ ਮੇਰੈ ਠਾਕੁਰਿ ਤਿਨ ਕਾ ਲੇਖਾ ਨ ਗਣਿਆ ॥ (577-11)
जिन कंउ क्रिपा करी मेरै ठाकुरि तिन का लेखा न गणिआ ॥

ਕਹੁ ਨਾਨਕ ਤਿਸੁ ਘੋਲਿ ਘੁਮਾਈ ਜਿਨਿ ਪ੍ਰਭੁ ਸ੍ਰਵਣੀ ਸੁਣਿਆ ॥੧॥ (577-11)
कहु नानक तिसु घोलि घुमाई जिनि प्रभु स्रवणी सुणिआ ॥१॥

ਸਲੋਕੁ ॥ (577-12)
सलोकु ॥

ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ ॥ (577-12)
लोइण लोई डिठ पिआस न बुझै मू घणी ॥

ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥੧॥ (577-13)
नानक से अखड़ीआं बिअंनि जिनी डिसंदो मा पिरी ॥१॥

ਛੰਤੁ ॥ (577-13)
छंतु ॥

ਜਿਨੀ ਹਰਿ ਪ੍ਰਭੁ ਡਿਠਾ ਤਿਨ ਕੁਰਬਾਣੇ ਰਾਮ ॥ (577-13)
जिनी हरि प्रभु डिठा तिन कुरबाणे राम ॥

ਸੇ ਸਾਚੀ ਦਰਗਹ ਭਾਣੇ ਰਾਮ ॥ (577-14)
से साची दरगह भाणे राम ॥

ਠਾਕੁਰਿ ਮਾਨੇ ਸੇ ਪਰਧਾਨੇ ਹਰਿ ਸੇਤੀ ਰੰਗਿ ਰਾਤੇ ॥ (577-14)
ठाकुरि माने से परधाने हरि सेती रंगि राते ॥

ਹਰਿ ਰਸਹਿ ਅਘਾਏ ਸਹਜਿ ਸਮਾਏ ਘਟਿ ਘਟਿ ਰਮਈਆ ਜਾਤੇ ॥ (577-14)
हरि रसहि अघाए सहजि समाए घटि घटि रमईआ जाते ॥

ਸੇਈ ਸਜਣ ਸੰਤ ਸੇ ਸੁਖੀਏ ਠਾਕੁਰ ਅਪਣੇ ਭਾਣੇ ॥ (577-15)
सेई सजण संत से सुखीए ठाकुर अपणे भाणे ॥

ਕਹੁ ਨਾਨਕ ਜਿਨ ਹਰਿ ਪ੍ਰਭੁ ਡਿਠਾ ਤਿਨ ਕੈ ਸਦ ਕੁਰਬਾਣੇ ॥੨॥ (577-16)
कहु नानक जिन हरि प्रभु डिठा तिन कै सद कुरबाणे ॥२॥

ਸਲੋਕੁ ॥ (577-16)
सलोकु ॥

ਦੇਹ ਅੰਧਾਰੀ ਅੰਧ ਸੁੰਞੀ ਨਾਮ ਵਿਹੂਣੀਆ ॥ (577-16)
देह अंधारी अंध सुंञी नाम विहूणीआ ॥

ਨਾਨਕ ਸਫਲ ਜਨੰਮੁ ਜੈ ਘਟਿ ਵੁਠਾ ਸਚੁ ਧਣੀ ॥੧॥ (577-17)
नानक सफल जनंमु जै घटि वुठा सचु धणी ॥१॥

ਛੰਤੁ ॥ (577-17)
छंतु ॥

ਤਿਨ ਖੰਨੀਐ ਵੰਞਾਂ ਜਿਨ ਮੇਰਾ ਹਰਿ ਪ੍ਰਭੁ ਡੀਠਾ ਰਾਮ ॥ (577-17)
तिन खंनीऐ वंञां जिन मेरा हरि प्रभु डीठा राम ॥

ਜਨ ਚਾਖਿ ਅਘਾਣੇ ਹਰਿ ਹਰਿ ਅੰਮ੍ਰਿਤੁ ਮੀਠਾ ਰਾਮ ॥ (577-18)
जन चाखि अघाणे हरि हरि अमृतु मीठा राम ॥

ਹਰਿ ਮਨਹਿ ਮੀਠਾ ਪ੍ਰਭੂ ਤੂਠਾ ਅਮਿਉ ਵੂਠਾ ਸੁਖ ਭਏ ॥ (577-18)
हरि मनहि मीठा प्रभू तूठा अमिउ वूठा सुख भए ॥

ਦੁਖ ਨਾਸ ਭਰਮ ਬਿਨਾਸ ਤਨ ਤੇ ਜਪਿ ਜਗਦੀਸ ਈਸਹ ਜੈ ਜਏ ॥ (577-19)
दुख नास भरम बिनास तन ते जपि जगदीस ईसह जै जए ॥

ਮੋਹ ਰਹਤ ਬਿਕਾਰ ਥਾਕੇ ਪੰਚ ਤੇ ਸੰਗੁ ਤੂਟਾ ॥ (577-19)
मोह रहत बिकार थाके पंच ते संगु तूटा ॥

ਕਹੁ ਨਾਨਕ ਤਿਨ ਖੰਨੀਐ ਵੰਞਾ ਜਿਨ ਘਟਿ ਮੇਰਾ ਹਰਿ ਪ੍ਰਭੁ ਵੂਠਾ ॥੩॥ (578-1)
कहु नानक तिन खंनीऐ वंञा जिन घटि मेरा हरि प्रभु वूठा ॥३॥

ਸਲੋਕੁ ॥ (578-1)
सलोकु ॥

ਜੋ ਲੋੜੀਦੇ ਰਾਮ ਸੇਵਕ ਸੇਈ ਕਾਂਢਿਆ ॥ (578-1)
जो लोड़ीदे राम सेवक सेई कांढिआ ॥

ਨਾਨਕ ਜਾਣੇ ਸਤਿ ਸਾਂਈ ਸੰਤ ਨ ਬਾਹਰਾ ॥੧॥ (578-2)
नानक जाणे सति सांई संत न बाहरा ॥१॥

ਛੰਤੁ ॥ (578-2)
छंतु ॥

ਮਿਲਿ ਜਲੁ ਜਲਹਿ ਖਟਾਨਾ ਰਾਮ ॥ (578-2)
मिलि जलु जलहि खटाना राम ॥

ਸੰਗਿ ਜੋਤੀ ਜੋਤਿ ਮਿਲਾਨਾ ਰਾਮ ॥ (578-3)
संगि जोती जोति मिलाना राम ॥

ਸੰਮਾਇ ਪੂਰਨ ਪੁਰਖ ਕਰਤੇ ਆਪਿ ਆਪਹਿ ਜਾਣੀਐ ॥ (578-3)
संमाइ पूरन पुरख करते आपि आपहि जाणीऐ ॥

ਤਹ ਸੁੰਨਿ ਸਹਜਿ ਸਮਾਧਿ ਲਾਗੀ ਏਕੁ ਏਕੁ ਵਖਾਣੀਐ ॥ (578-4)
तह सुंनि सहजि समाधि लागी एकु एकु वखाणीऐ ॥

ਆਪਿ ਗੁਪਤਾ ਆਪਿ ਮੁਕਤਾ ਆਪਿ ਆਪੁ ਵਖਾਨਾ ॥ (578-4)
आपि गुपता आपि मुकता आपि आपु वखाना ॥

ਨਾਨਕ ਭ੍ਰਮ ਭੈ ਗੁਣ ਬਿਨਾਸੇ ਮਿਲਿ ਜਲੁ ਜਲਹਿ ਖਟਾਨਾ ॥੪॥੨॥ (578-5)
नानक भ्रम भै गुण बिनासे मिलि जलु जलहि खटाना ॥४॥२॥

ਵਡਹੰਸੁ ਮਹਲਾ ੫ ॥ (578-5)
वडहंसु महला ५ ॥

ਪ੍ਰਭ ਕਰਣ ਕਾਰਣ ਸਮਰਥਾ ਰਾਮ ॥ (578-5)
प्रभ करण कारण समरथा राम ॥

ਰਖੁ ਜਗਤੁ ਸਗਲ ਦੇ ਹਥਾ ਰਾਮ ॥ (578-6)
रखु जगतु सगल दे हथा राम ॥

ਸਮਰਥ ਸਰਣਾ ਜੋਗੁ ਸੁਆਮੀ ਕ੍ਰਿਪਾ ਨਿਧਿ ਸੁਖਦਾਤਾ ॥ (578-6)
समरथ सरणा जोगु सुआमी क्रिपा निधि सुखदाता ॥

ਹੰਉ ਕੁਰਬਾਣੀ ਦਾਸ ਤੇਰੇ ਜਿਨੀ ਏਕੁ ਪਛਾਤਾ ॥ (578-7)
हंउ कुरबाणी दास तेरे जिनी एकु पछाता ॥

ਵਰਨੁ ਚਿਹਨੁ ਨ ਜਾਇ ਲਖਿਆ ਕਥਨ ਤੇ ਅਕਥਾ ॥ (578-7)
वरनु चिहनु न जाइ लखिआ कथन ते अकथा ॥

ਬਿਨਵੰਤਿ ਨਾਨਕ ਸੁਣਹੁ ਬਿਨਤੀ ਪ੍ਰਭ ਕਰਣ ਕਾਰਣ ਸਮਰਥਾ ॥੧॥ (578-7)
बिनवंति नानक सुणहु बिनती प्रभ करण कारण समरथा ॥१॥

ਏਹਿ ਜੀਅ ਤੇਰੇ ਤੂ ਕਰਤਾ ਰਾਮ ॥ (578-8)
एहि जीअ तेरे तू करता राम ॥

ਪ੍ਰਭ ਦੂਖ ਦਰਦ ਭ੍ਰਮ ਹਰਤਾ ਰਾਮ ॥ (578-8)
प्रभ दूख दरद भ्रम हरता राम ॥

ਭ੍ਰਮ ਦੂਖ ਦਰਦ ਨਿਵਾਰਿ ਖਿਨ ਮਹਿ ਰਖਿ ਲੇਹੁ ਦੀਨ ਦੈਆਲਾ ॥ (578-9)
भ्रम दूख दरद निवारि खिन महि रखि लेहु दीन दैआला ॥

ਮਾਤ ਪਿਤਾ ਸੁਆਮਿ ਸਜਣੁ ਸਭੁ ਜਗਤੁ ਬਾਲ ਗੋਪਾਲਾ ॥ (578-9)
मात पिता सुआमि सजणु सभु जगतु बाल गोपाला ॥

ਜੋ ਸਰਣਿ ਆਵੈ ਗੁਣ ਨਿਧਾਨ ਪਾਵੈ ਸੋ ਬਹੁੜਿ ਜਨਮਿ ਨ ਮਰਤਾ ॥ (578-10)
जो सरणि आवै गुण निधान पावै सो बहुड़ि जनमि न मरता ॥

ਬਿਨਵੰਤਿ ਨਾਨਕ ਦਾਸੁ ਤੇਰਾ ਸਭਿ ਜੀਅ ਤੇਰੇ ਤੂ ਕਰਤਾ ॥੨॥ (578-10)
बिनवंति नानक दासु तेरा सभि जीअ तेरे तू करता ॥२॥

ਆਠ ਪਹਰ ਹਰਿ ਧਿਆਈਐ ਰਾਮ ॥ (578-11)
आठ पहर हरि धिआईऐ राम ॥

ਮਨ ਇਛਿਅੜਾ ਫਲੁ ਪਾਈਐ ਰਾਮ ॥ (578-11)
मन इछिअड़ा फलु पाईऐ राम ॥

ਮਨ ਇਛ ਪਾਈਐ ਪ੍ਰਭੁ ਧਿਆਈਐ ਮਿਟਹਿ ਜਮ ਕੇ ਤ੍ਰਾਸਾ ॥ (578-12)
मन इछ पाईऐ प्रभु धिआईऐ मिटहि जम के त्रासा ॥

ਗੋਬਿਦੁ ਗਾਇਆ ਸਾਧ ਸੰਗਾਇਆ ਭਈ ਪੂਰਨ ਆਸਾ ॥ (578-12)
गोबिदु गाइआ साध संगाइआ भई पूरन आसा ॥

ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ ॥ (578-13)
तजि मानु मोहु विकार सगले प्रभू कै मनि भाईऐ ॥

ਬਿਨਵੰਤਿ ਨਾਨਕ ਦਿਨਸੁ ਰੈਣੀ ਸਦਾ ਹਰਿ ਹਰਿ ਧਿਆਈਐ ॥੩॥ (578-13)
बिनवंति नानक दिनसु रैणी सदा हरि हरि धिआईऐ ॥३॥

ਦਰਿ ਵਾਜਹਿ ਅਨਹਤ ਵਾਜੇ ਰਾਮ ॥ (578-14)
दरि वाजहि अनहत वाजे राम ॥

ਘਟਿ ਘਟਿ ਹਰਿ ਗੋਬਿੰਦੁ ਗਾਜੇ ਰਾਮ ॥ (578-14)
घटि घटि हरि गोबिंदु गाजे राम ॥

ਗੋਵਿਦ ਗਾਜੇ ਸਦਾ ਬਿਰਾਜੇ ਅਗਮ ਅਗੋਚਰੁ ਊਚਾ ॥ (578-15)
गोविद गाजे सदा बिराजे अगम अगोचरु ऊचा ॥

ਗੁਣ ਬੇਅੰਤ ਕਿਛੁ ਕਹਣੁ ਨ ਜਾਈ ਕੋਇ ਨ ਸਕੈ ਪਹੂਚਾ ॥ (578-15)
गुण बेअंत किछु कहणु न जाई कोइ न सकै पहूचा ॥

ਆਪਿ ਉਪਾਏ ਆਪਿ ਪ੍ਰਤਿਪਾਲੇ ਜੀਅ ਜੰਤ ਸਭਿ ਸਾਜੇ ॥ (578-16)
आपि उपाए आपि प्रतिपाले जीअ जंत सभि साजे ॥

ਬਿਨਵੰਤਿ ਨਾਨਕ ਸੁਖੁ ਨਾਮਿ ਭਗਤੀ ਦਰਿ ਵਜਹਿ ਅਨਹਦ ਵਾਜੇ ॥੪॥੩॥ (578-16)
बिनवंति नानक सुखु नामि भगती दरि वजहि अनहद वाजे ॥४॥३॥

ਰਾਗੁ ਵਡਹੰਸੁ ਮਹਲਾ ੧ ਘਰੁ ੫ ਅਲਾਹਣੀਆ (578-18)
रागु वडहंसु महला १ घरु ५ अलाहणीआ

ੴ ਸਤਿਗੁਰ ਪ੍ਰਸਾਦਿ ॥ (578-18)
ੴ सतिगुर प्रसादि ॥

ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ ॥ (578-19)
धंनु सिरंदा सचा पातिसाहु जिनि जगु धंधै लाइआ ॥

ਮੁਹਲਤਿ ਪੁਨੀ ਪਾਈ ਭਰੀ ਜਾਨੀਅੜਾ ਘਤਿ ਚਲਾਇਆ ॥ (578-19)
मुहलति पुनी पाई भरी जानीअड़ा घति चलाइआ ॥

ਜਾਨੀ ਘਤਿ ਚਲਾਇਆ ਲਿਖਿਆ ਆਇਆ ਰੁੰਨੇ ਵੀਰ ਸਬਾਏ ॥ (579-1)
जानी घति चलाइआ लिखिआ आइआ रुंने वीर सबाए ॥

ਕਾਂਇਆ ਹੰਸ ਥੀਆ ਵੇਛੋੜਾ ਜਾਂ ਦਿਨ ਪੁੰਨੇ ਮੇਰੀ ਮਾਏ ॥ (579-1)
कांइआ हंस थीआ वेछोड़ा जां दिन पुंने मेरी माए ॥

ਜੇਹਾ ਲਿਖਿਆ ਤੇਹਾ ਪਾਇਆ ਜੇਹਾ ਪੁਰਬਿ ਕਮਾਇਆ ॥ (579-2)
जेहा लिखिआ तेहा पाइआ जेहा पुरबि कमाइआ ॥

ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ ॥੧॥ (579-2)
धंनु सिरंदा सचा पातिसाहु जिनि जगु धंधै लाइआ ॥१॥

ਸਾਹਿਬੁ ਸਿਮਰਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ ॥ (579-3)
साहिबु सिमरहु मेरे भाईहो सभना एहु पइआणा ॥

ਏਥੈ ਧੰਧਾ ਕੂੜਾ ਚਾਰਿ ਦਿਹਾ ਆਗੈ ਸਰਪਰ ਜਾਣਾ ॥ (579-3)
एथै धंधा कूड़ा चारि दिहा आगै सरपर जाणा ॥

ਆਗੈ ਸਰਪਰ ਜਾਣਾ ਜਿਉ ਮਿਹਮਾਣਾ ਕਾਹੇ ਗਾਰਬੁ ਕੀਜੈ ॥ (579-4)
आगै सरपर जाणा जिउ मिहमाणा काहे गारबु कीजै ॥

ਜਿਤੁ ਸੇਵਿਐ ਦਰਗਹ ਸੁਖੁ ਪਾਈਐ ਨਾਮੁ ਤਿਸੈ ਕਾ ਲੀਜੈ ॥ (579-4)
जितु सेविऐ दरगह सुखु पाईऐ नामु तिसै का लीजै ॥

ਆਗੈ ਹੁਕਮੁ ਨ ਚਲੈ ਮੂਲੇ ਸਿਰਿ ਸਿਰਿ ਕਿਆ ਵਿਹਾਣਾ ॥ (579-5)
आगै हुकमु न चलै मूले सिरि सिरि किआ विहाणा ॥

ਸਾਹਿਬੁ ਸਿਮਰਿਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ ॥੨॥ (579-6)
साहिबु सिमरिहु मेरे भाईहो सभना एहु पइआणा ॥२॥

ਜੋ ਤਿਸੁ ਭਾਵੈ ਸੰਮ੍ਰਥ ਸੋ ਥੀਐ ਹੀਲੜਾ ਏਹੁ ਸੰਸਾਰੋ ॥ (579-6)
जो तिसु भावै संम्रथ सो थीऐ हीलड़ा एहु संसारो ॥

ਜਲਿ ਥਲਿ ਮਹੀਅਲਿ ਰਵਿ ਰਹਿਆ ਸਾਚੜਾ ਸਿਰਜਣਹਾਰੋ ॥ (579-7)
जलि थलि महीअलि रवि रहिआ साचड़ा सिरजणहारो ॥

ਸਾਚਾ ਸਿਰਜਣਹਾਰੋ ਅਲਖ ਅਪਾਰੋ ਤਾ ਕਾ ਅੰਤੁ ਨ ਪਾਇਆ ॥ (579-7)
साचा सिरजणहारो अलख अपारो ता का अंतु न पाइआ ॥

ਆਇਆ ਤਿਨ ਕਾ ਸਫਲੁ ਭਇਆ ਹੈ ਇਕ ਮਨਿ ਜਿਨੀ ਧਿਆਇਆ ॥ (579-8)
आइआ तिन का सफलु भइआ है इक मनि जिनी धिआइआ ॥

ਢਾਹੇ ਢਾਹਿ ਉਸਾਰੇ ਆਪੇ ਹੁਕਮਿ ਸਵਾਰਣਹਾਰੋ ॥ (579-8)
ढाहे ढाहि उसारे आपे हुकमि सवारणहारो ॥

ਜੋ ਤਿਸੁ ਭਾਵੈ ਸੰਮ੍ਰਥ ਸੋ ਥੀਐ ਹੀਲੜਾ ਏਹੁ ਸੰਸਾਰੋ ॥੩॥ (579-9)
जो तिसु भावै संम्रथ सो थीऐ हीलड़ा एहु संसारो ॥३॥

ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ ॥ (579-9)
नानक रुंना बाबा जाणीऐ जे रोवै लाइ पिआरो ॥

ਵਾਲੇਵੇ ਕਾਰਣਿ ਬਾਬਾ ਰੋਈਐ ਰੋਵਣੁ ਸਗਲ ਬਿਕਾਰੋ ॥ (579-10)
वालेवे कारणि बाबा रोईऐ रोवणु सगल बिकारो ॥

ਰੋਵਣੁ ਸਗਲ ਬਿਕਾਰੋ ਗਾਫਲੁ ਸੰਸਾਰੋ ਮਾਇਆ ਕਾਰਣਿ ਰੋਵੈ ॥ (579-10)
रोवणु सगल बिकारो गाफलु संसारो माइआ कारणि रोवै ॥

ਚੰਗਾ ਮੰਦਾ ਕਿਛੁ ਸੂਝੈ ਨਾਹੀ ਇਹੁ ਤਨੁ ਏਵੈ ਖੋਵੈ ॥ (579-11)
चंगा मंदा किछु सूझै नाही इहु तनु एवै खोवै ॥

ਐਥੈ ਆਇਆ ਸਭੁ ਕੋ ਜਾਸੀ ਕੂੜਿ ਕਰਹੁ ਅਹੰਕਾਰੋ ॥ (579-11)
ऐथै आइआ सभु को जासी कूड़ि करहु अहंकारो ॥

ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ ॥੪॥੧॥ (579-12)
नानक रुंना बाबा जाणीऐ जे रोवै लाइ पिआरो ॥४॥१॥

ਵਡਹੰਸੁ ਮਹਲਾ ੧ ॥ (579-13)
वडहंसु महला १ ॥

ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾਂ ॥ (579-13)
आवहु मिलहु सहेलीहो सचड़ा नामु लएहां ॥

ਰੋਵਹ ਬਿਰਹਾ ਤਨ ਕਾ ਆਪਣਾ ਸਾਹਿਬੁ ਸੰਮ੍ਹਾਲੇਹਾਂ ॥ (579-13)
रोवह बिरहा तन का आपणा साहिबु संम्हालेहां ॥

ਸਾਹਿਬੁ ਸਮ੍ਹਾਲਿਹ ਪੰਥੁ ਨਿਹਾਲਿਹ ਅਸਾ ਭਿ ਓਥੈ ਜਾਣਾ ॥ (579-14)
साहिबु सम्हालिह पंथु निहालिह असा भि ओथै जाणा ॥

ਜਿਸ ਕਾ ਕੀਆ ਤਿਨ ਹੀ ਲੀਆ ਹੋਆ ਤਿਸੈ ਕਾ ਭਾਣਾ ॥ (579-14)
जिस का कीआ तिन ही लीआ होआ तिसै का भाणा ॥

ਜੋ ਤਿਨਿ ਕਰਿ ਪਾਇਆ ਸੁ ਆਗੈ ਆਇਆ ਅਸੀ ਕਿ ਹੁਕਮੁ ਕਰੇਹਾ ॥ (579-15)
जो तिनि करि पाइआ सु आगै आइआ असी कि हुकमु करेहा ॥

ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾ ॥੧॥ (579-15)
आवहु मिलहु सहेलीहो सचड़ा नामु लएहा ॥१॥

ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ ॥ (579-16)
मरणु न मंदा लोका आखीऐ जे मरि जाणै ऐसा कोइ ॥

ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ ਪੰਥੁ ਸੁਹੇਲਾ ਆਗੈ ਹੋਇ ॥ (579-16)
सेविहु साहिबु संम्रथु आपणा पंथु सुहेला आगै होइ ॥

ਪੰਥਿ ਸੁਹੇਲੈ ਜਾਵਹੁ ਤਾਂ ਫਲੁ ਪਾਵਹੁ ਆਗੈ ਮਿਲੈ ਵਡਾਈ ॥ (579-17)
पंथि सुहेलै जावहु तां फलु पावहु आगै मिलै वडाई ॥

ਭੇਟੈ ਸਿਉ ਜਾਵਹੁ ਸਚਿ ਸਮਾਵਹੁ ਤਾਂ ਪਤਿ ਲੇਖੈ ਪਾਈ ॥ (579-17)
भेटै सिउ जावहु सचि समावहु तां पति लेखै पाई ॥

ਮਹਲੀ ਜਾਇ ਪਾਵਹੁ ਖਸਮੈ ਭਾਵਹੁ ਰੰਗ ਸਿਉ ਰਲੀਆ ਮਾਣੈ ॥ (579-18)
महली जाइ पावहु खसमै भावहु रंग सिउ रलीआ माणै ॥

ਮਰਣੁ ਨ ਮੰਦਾ ਲੋਕਾ ਆਖੀਐ ਜੇ ਕੋਈ ਮਰਿ ਜਾਣੈ ॥੨॥ (579-19)
मरणु न मंदा लोका आखीऐ जे कोई मरि जाणै ॥२॥

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥ (579-19)
मरणु मुणसा सूरिआ हकु है जो होइ मरनि परवाणो ॥

ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ ॥ (580-1)
सूरे सेई आगै आखीअहि दरगह पावहि साची माणो ॥

ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ ਆਗੈ ਦੂਖੁ ਨ ਲਾਗੈ ॥ (580-1)
दरगह माणु पावहि पति सिउ जावहि आगै दूखु न लागै ॥

ਕਰਿ ਏਕੁ ਧਿਆਵਹਿ ਤਾਂ ਫਲੁ ਪਾਵਹਿ ਜਿਤੁ ਸੇਵਿਐ ਭਉ ਭਾਗੈ ॥ (580-2)
करि एकु धिआवहि तां फलु पावहि जितु सेविऐ भउ भागै ॥

ਊਚਾ ਨਹੀ ਕਹਣਾ ਮਨ ਮਹਿ ਰਹਣਾ ਆਪੇ ਜਾਣੈ ਜਾਣੋ ॥ (580-2)
ऊचा नही कहणा मन महि रहणा आपे जाणै जाणो ॥

ਮਰਣੁ ਮੁਣਸਾਂ ਸੂਰਿਆ ਹਕੁ ਹੈ ਜੋ ਹੋਇ ਮਰਹਿ ਪਰਵਾਣੋ ॥੩॥ (580-3)
मरणु मुणसां सूरिआ हकु है जो होइ मरहि परवाणो ॥३॥

ਨਾਨਕ ਕਿਸ ਨੋ ਬਾਬਾ ਰੋਈਐ ਬਾਜੀ ਹੈ ਇਹੁ ਸੰਸਾਰੋ ॥ (580-4)
नानक किस नो बाबा रोईऐ बाजी है इहु संसारो ॥

ਕੀਤਾ ਵੇਖੈ ਸਾਹਿਬੁ ਆਪਣਾ ਕੁਦਰਤਿ ਕਰੇ ਬੀਚਾਰੋ ॥ (580-4)
कीता वेखै साहिबु आपणा कुदरति करे बीचारो ॥

ਕੁਦਰਤਿ ਬੀਚਾਰੇ ਧਾਰਣ ਧਾਰੇ ਜਿਨਿ ਕੀਆ ਸੋ ਜਾਣੈ ॥ (580-5)
कुदरति बीचारे धारण धारे जिनि कीआ सो जाणै ॥

ਆਪੇ ਵੇਖੈ ਆਪੇ ਬੂਝੈ ਆਪੇ ਹੁਕਮੁ ਪਛਾਣੈ ॥ (580-5)
आपे वेखै आपे बूझै आपे हुकमु पछाणै ॥

ਜਿਨਿ ਕਿਛੁ ਕੀਆ ਸੋਈ ਜਾਣੈ ਤਾ ਕਾ ਰੂਪੁ ਅਪਾਰੋ ॥ (580-5)
जिनि किछु कीआ सोई जाणै ता का रूपु अपारो ॥

ਨਾਨਕ ਕਿਸ ਨੋ ਬਾਬਾ ਰੋਈਐ ਬਾਜੀ ਹੈ ਇਹੁ ਸੰਸਾਰੋ ॥੪॥੨॥ (580-6)
नानक किस नो बाबा रोईऐ बाजी है इहु संसारो ॥४॥२॥

ਵਡਹੰਸੁ ਮਹਲਾ ੧ ਦਖਣੀ ॥ (580-7)
वडहंसु महला १ दखणी ॥

ਸਚੁ ਸਿਰੰਦਾ ਸਚਾ ਜਾਣੀਐ ਸਚੜਾ ਪਰਵਦਗਾਰੋ ॥ (580-7)
सचु सिरंदा सचा जाणीऐ सचड़ा परवदगारो ॥

ਜਿਨਿ ਆਪੀਨੈ ਆਪੁ ਸਾਜਿਆ ਸਚੜਾ ਅਲਖ ਅਪਾਰੋ ॥ (580-7)
जिनि आपीनै आपु साजिआ सचड़ा अलख अपारो ॥

ਦੁਇ ਪੁੜ ਜੋੜਿ ਵਿਛੋੜਿਅਨੁ ਗੁਰ ਬਿਨੁ ਘੋਰੁ ਅੰਧਾਰੋ ॥ (580-8)
दुइ पुड़ जोड़ि विछोड़िअनु गुर बिनु घोरु अंधारो ॥

ਸੂਰਜੁ ਚੰਦੁ ਸਿਰਜਿਅਨੁ ਅਹਿਨਿਸਿ ਚਲਤੁ ਵੀਚਾਰੋ ॥੧॥ (580-8)
सूरजु चंदु सिरजिअनु अहिनिसि चलतु वीचारो ॥१॥

ਸਚੜਾ ਸਾਹਿਬੁ ਸਚੁ ਤੂ ਸਚੜਾ ਦੇਹਿ ਪਿਆਰੋ ॥ ਰਹਾਉ ॥ (580-9)
सचड़ा साहिबु सचु तू सचड़ा देहि पिआरो ॥ रहाउ ॥

ਤੁਧੁ ਸਿਰਜੀ ਮੇਦਨੀ ਦੁਖੁ ਸੁਖੁ ਦੇਵਣਹਾਰੋ ॥ (580-9)
तुधु सिरजी मेदनी दुखु सुखु देवणहारो ॥

ਨਾਰੀ ਪੁਰਖ ਸਿਰਜਿਐ ਬਿਖੁ ਮਾਇਆ ਮੋਹੁ ਪਿਆਰੋ ॥ (580-10)
नारी पुरख सिरजिऐ बिखु माइआ मोहु पिआरो ॥

ਖਾਣੀ ਬਾਣੀ ਤੇਰੀਆ ਦੇਹਿ ਜੀਆ ਆਧਾਰੋ ॥ (580-10)
खाणी बाणी तेरीआ देहि जीआ आधारो ॥

ਕੁਦਰਤਿ ਤਖਤੁ ਰਚਾਇਆ ਸਚਿ ਨਿਬੇੜਣਹਾਰੋ ॥੨॥ (580-11)
कुदरति तखतु रचाइआ सचि निबेड़णहारो ॥२॥

ਆਵਾ ਗਵਣੁ ਸਿਰਜਿਆ ਤੂ ਥਿਰੁ ਕਰਣੈਹਾਰੋ ॥ (580-11)
आवा गवणु सिरजिआ तू थिरु करणैहारो ॥

ਜੰਮਣੁ ਮਰਣਾ ਆਇ ਗਇਆ ਬਧਿਕੁ ਜੀਉ ਬਿਕਾਰੋ ॥ (580-12)
जंमणु मरणा आइ गइआ बधिकु जीउ बिकारो ॥

ਭੂਡੜੈ ਨਾਮੁ ਵਿਸਾਰਿਆ ਬੂਡੜੈ ਕਿਆ ਤਿਸੁ ਚਾਰੋ ॥ (580-12)
भूडड़ै नामु विसारिआ बूडड़ै किआ तिसु चारो ॥

ਗੁਣ ਛੋਡਿ ਬਿਖੁ ਲਦਿਆ ਅਵਗੁਣ ਕਾ ਵਣਜਾਰੋ ॥੩॥ (580-13)
गुण छोडि बिखु लदिआ अवगुण का वणजारो ॥३॥

ਸਦੜੇ ਆਏ ਤਿਨਾ ਜਾਨੀਆ ਹੁਕਮਿ ਸਚੇ ਕਰਤਾਰੋ ॥ (580-13)
सदड़े आए तिना जानीआ हुकमि सचे करतारो ॥

ਨਾਰੀ ਪੁਰਖ ਵਿਛੁੰਨਿਆ ਵਿਛੁੜਿਆ ਮੇਲਣਹਾਰੋ ॥ (580-14)
नारी पुरख विछुंनिआ विछुड़िआ मेलणहारो ॥

ਰੂਪੁ ਨ ਜਾਣੈ ਸੋਹਣੀਐ ਹੁਕਮਿ ਬਧੀ ਸਿਰਿ ਕਾਰੋ ॥ (580-14)
रूपु न जाणै सोहणीऐ हुकमि बधी सिरि कारो ॥

ਬਾਲਕ ਬਿਰਧਿ ਨ ਜਾਣਨੀ ਤੋੜਨਿ ਹੇਤੁ ਪਿਆਰੋ ॥੪॥ (580-15)
बालक बिरधि न जाणनी तोड़नि हेतु पिआरो ॥४॥

ਨਉ ਦਰ ਠਾਕੇ ਹੁਕਮਿ ਸਚੈ ਹੰਸੁ ਗਇਆ ਗੈਣਾਰੇ ॥ (580-15)
नउ दर ठाके हुकमि सचै हंसु गइआ गैणारे ॥

ਸਾ ਧਨ ਛੁਟੀ ਮੁਠੀ ਝੂਠਿ ਵਿਧਣੀਆ ਮਿਰਤਕੜਾ ਅੰਙਨੜੇ ਬਾਰੇ ॥ (580-16)
सा धन छुटी मुठी झूठि विधणीआ मिरतकड़ा अंङनड़े बारे ॥

ਸੁਰਤਿ ਮੁਈ ਮਰੁ ਮਾਈਏ ਮਹਲ ਰੁੰਨੀ ਦਰ ਬਾਰੇ ॥ (580-16)
सुरति मुई मरु माईए महल रुंनी दर बारे ॥

ਰੋਵਹੁ ਕੰਤ ਮਹੇਲੀਹੋ ਸਚੇ ਕੇ ਗੁਣ ਸਾਰੇ ॥੫॥ (580-17)
रोवहु कंत महेलीहो सचे के गुण सारे ॥५॥

ਜਲਿ ਮਲਿ ਜਾਨੀ ਨਾਵਾਲਿਆ ਕਪੜਿ ਪਟਿ ਅੰਬਾਰੇ ॥ (580-17)
जलि मलि जानी नावालिआ कपड़ि पटि अ्मबारे ॥

ਵਾਜੇ ਵਜੇ ਸਚੀ ਬਾਣੀਆ ਪੰਚ ਮੁਏ ਮਨੁ ਮਾਰੇ ॥ (580-18)
वाजे वजे सची बाणीआ पंच मुए मनु मारे ॥

ਜਾਨੀ ਵਿਛੁੰਨੜੇ ਮੇਰਾ ਮਰਣੁ ਭਇਆ ਧ੍ਰਿਗੁ ਜੀਵਣੁ ਸੰਸਾਰੇ ॥ (580-18)
जानी विछुंनड़े मेरा मरणु भइआ ध्रिगु जीवणु संसारे ॥

ਜੀਵਤੁ ਮਰੈ ਸੁ ਜਾਣੀਐ ਪਿਰ ਸਚੜੈ ਹੇਤਿ ਪਿਆਰੇ ॥੬॥ (580-19)
जीवतु मरै सु जाणीऐ पिर सचड़ै हेति पिआरे ॥६॥

ਤੁਸੀ ਰੋਵਹੁ ਰੋਵਣ ਆਈਹੋ ਝੂਠਿ ਮੁਠੀ ਸੰਸਾਰੇ ॥ (580-19)
तुसी रोवहु रोवण आईहो झूठि मुठी संसारे ॥

ਹਉ ਮੁਠੜੀ ਧੰਧੈ ਧਾਵਣੀਆ ਪਿਰਿ ਛੋਡਿਅੜੀ ਵਿਧਣਕਾਰੇ ॥ (581-1)
हउ मुठड़ी धंधै धावणीआ पिरि छोडिअड़ी विधणकारे ॥

ਘਰਿ ਘਰਿ ਕੰਤੁ ਮਹੇਲੀਆ ਰੂੜੈ ਹੇਤਿ ਪਿਆਰੇ ॥ (581-1)
घरि घरि कंतु महेलीआ रूड़ै हेति पिआरे ॥

ਮੈ ਪਿਰੁ ਸਚੁ ਸਾਲਾਹਣਾ ਹਉ ਰਹਸਿਅੜੀ ਨਾਮਿ ਭਤਾਰੇ ॥੭॥ (581-2)
मै पिरु सचु सालाहणा हउ रहसिअड़ी नामि भतारे ॥७॥

ਗੁਰਿ ਮਿਲਿਐ ਵੇਸੁ ਪਲਟਿਆ ਸਾ ਧਨ ਸਚੁ ਸੀਗਾਰੋ ॥ (581-2)
गुरि मिलिऐ वेसु पलटिआ सा धन सचु सीगारो ॥

ਆਵਹੁ ਮਿਲਹੁ ਸਹੇਲੀਹੋ ਸਿਮਰਹੁ ਸਿਰਜਣਹਾਰੋ ॥ (581-3)
आवहु मिलहु सहेलीहो सिमरहु सिरजणहारो ॥

ਬਈਅਰਿ ਨਾਮਿ ਸੋੁਹਾਗਣੀ ਸਚੁ ਸਵਾਰਣਹਾਰੋ ॥ (581-3)
बईअरि नामि सोहागणी सचु सवारणहारो ॥

ਗਾਵਹੁ ਗੀਤੁ ਨ ਬਿਰਹੜਾ ਨਾਨਕ ਬ੍ਰਹਮ ਬੀਚਾਰੋ ॥੮॥੩॥ (581-4)
गावहु गीतु न बिरहड़ा नानक ब्रहम बीचारो ॥८॥३॥

ਵਡਹੰਸੁ ਮਹਲਾ ੧ ॥ (581-4)
वडहंसु महला १ ॥

ਜਿਨਿ ਜਗੁ ਸਿਰਜਿ ਸਮਾਇਆ ਸੋ ਸਾਹਿਬੁ ਕੁਦਰਤਿ ਜਾਣੋਵਾ ॥ (581-4)
जिनि जगु सिरजि समाइआ सो साहिबु कुदरति जाणोवा ॥

ਸਚੜਾ ਦੂਰਿ ਨ ਭਾਲੀਐ ਘਟਿ ਘਟਿ ਸਬਦੁ ਪਛਾਣੋਵਾ ॥ (581-5)
सचड़ा दूरि न भालीऐ घटि घटि सबदु पछाणोवा ॥

ਸਚੁ ਸਬਦੁ ਪਛਾਣਹੁ ਦੂਰਿ ਨ ਜਾਣਹੁ ਜਿਨਿ ਏਹ ਰਚਨਾ ਰਾਚੀ ॥ (581-6)
सचु सबदु पछाणहु दूरि न जाणहु जिनि एह रचना राची ॥

ਨਾਮੁ ਧਿਆਏ ਤਾ ਸੁਖੁ ਪਾਏ ਬਿਨੁ ਨਾਵੈ ਪਿੜ ਕਾਚੀ ॥ (581-6)
नामु धिआए ता सुखु पाए बिनु नावै पिड़ काची ॥

ਜਿਨਿ ਥਾਪੀ ਬਿਧਿ ਜਾਣੈ ਸੋਈ ਕਿਆ ਕੋ ਕਹੈ ਵਖਾਣੋ ॥ (581-7)
जिनि थापी बिधि जाणै सोई किआ को कहै वखाणो ॥

ਜਿਨਿ ਜਗੁ ਥਾਪਿ ਵਤਾਇਆ ਜਾਲੋੁ ਸੋ ਸਾਹਿਬੁ ਪਰਵਾਣੋ ॥੧॥ (581-7)
जिनि जगु थापि वताइआ जालो सो साहिबु परवाणो ॥१॥

ਬਾਬਾ ਆਇਆ ਹੈ ਉਠਿ ਚਲਣਾ ਅਧ ਪੰਧੈ ਹੈ ਸੰਸਾਰੋਵਾ ॥ (581-8)
बाबा आइआ है उठि चलणा अध पंधै है संसारोवा ॥

ਸਿਰਿ ਸਿਰਿ ਸਚੜੈ ਲਿਖਿਆ ਦੁਖੁ ਸੁਖੁ ਪੁਰਬਿ ਵੀਚਾਰੋਵਾ ॥ (581-8)
सिरि सिरि सचड़ै लिखिआ दुखु सुखु पुरबि वीचारोवा ॥

ਦੁਖੁ ਸੁਖੁ ਦੀਆ ਜੇਹਾ ਕੀਆ ਸੋ ਨਿਬਹੈ ਜੀਅ ਨਾਲੇ ॥ (581-9)
दुखु सुखु दीआ जेहा कीआ सो निबहै जीअ नाले ॥

ਜੇਹੇ ਕਰਮ ਕਰਾਏ ਕਰਤਾ ਦੂਜੀ ਕਾਰ ਨ ਭਾਲੇ ॥ (581-9)
जेहे करम कराए करता दूजी कार न भाले ॥

ਆਪਿ ਨਿਰਾਲਮੁ ਧੰਧੈ ਬਾਧੀ ਕਰਿ ਹੁਕਮੁ ਛਡਾਵਣਹਾਰੋ ॥ (581-10)
आपि निरालमु धंधै बाधी करि हुकमु छडावणहारो ॥

ਅਜੁ ਕਲਿ ਕਰਦਿਆ ਕਾਲੁ ਬਿਆਪੈ ਦੂਜੈ ਭਾਇ ਵਿਕਾਰੋ ॥੨॥ (581-10)
अजु कलि करदिआ कालु बिआपै दूजै भाइ विकारो ॥२॥

ਜਮ ਮਾਰਗ ਪੰਥੁ ਨ ਸੁਝਈ ਉਝੜੁ ਅੰਧ ਗੁਬਾਰੋਵਾ ॥ (581-11)
जम मारग पंथु न सुझई उझड़ु अंध गुबारोवा ॥

ਨਾ ਜਲੁ ਲੇਫ ਤੁਲਾਈਆ ਨਾ ਭੋਜਨ ਪਰਕਾਰੋਵਾ ॥ (581-11)
ना जलु लेफ तुलाईआ ना भोजन परकारोवा ॥

ਭੋਜਨ ਭਾਉ ਨ ਠੰਢਾ ਪਾਣੀ ਨਾ ਕਾਪੜੁ ਸੀਗਾਰੋ ॥ (581-12)
भोजन भाउ न ठंढा पाणी ना कापड़ु सीगारो ॥

ਗਲਿ ਸੰਗਲੁ ਸਿਰਿ ਮਾਰੇ ਊਭੌ ਨਾ ਦੀਸੈ ਘਰ ਬਾਰੋ ॥ (581-12)
गलि संगलु सिरि मारे ऊभौ ना दीसै घर बारो ॥

ਇਬ ਕੇ ਰਾਹੇ ਜੰਮਨਿ ਨਾਹੀ ਪਛੁਤਾਣੇ ਸਿਰਿ ਭਾਰੋ ॥ (581-13)
इब के राहे जंमनि नाही पछुताणे सिरि भारो ॥

ਬਿਨੁ ਸਾਚੇ ਕੋ ਬੇਲੀ ਨਾਹੀ ਸਾਚਾ ਏਹੁ ਬੀਚਾਰੋ ॥੩॥ (581-13)
बिनु साचे को बेली नाही साचा एहु बीचारो ॥३॥

ਬਾਬਾ ਰੋਵਹਿ ਰਵਹਿ ਸੁ ਜਾਣੀਅਹਿ ਮਿਲਿ ਰੋਵੈ ਗੁਣ ਸਾਰੇਵਾ ॥ (581-14)
बाबा रोवहि रवहि सु जाणीअहि मिलि रोवै गुण सारेवा ॥

ਰੋਵੈ ਮਾਇਆ ਮੁਠੜੀ ਧੰਧੜਾ ਰੋਵਣਹਾਰੇਵਾ ॥ (581-14)
रोवै माइआ मुठड़ी धंधड़ा रोवणहारेवा ॥

ਧੰਧਾ ਰੋਵੈ ਮੈਲੁ ਨ ਧੋਵੈ ਸੁਪਨੰਤਰੁ ਸੰਸਾਰੋ ॥ (581-15)
धंधा रोवै मैलु न धोवै सुपनंतरु संसारो ॥

ਜਿਉ ਬਾਜੀਗਰੁ ਭਰਮੈ ਭੂਲੈ ਝੂਠਿ ਮੁਠੀ ਅਹੰਕਾਰੋ ॥ (581-15)
जिउ बाजीगरु भरमै भूलै झूठि मुठी अहंकारो ॥

ਆਪੇ ਮਾਰਗਿ ਪਾਵਣਹਾਰਾ ਆਪੇ ਕਰਮ ਕਮਾਏ ॥ (581-15)
आपे मारगि पावणहारा आपे करम कमाए ॥

ਨਾਮਿ ਰਤੇ ਗੁਰਿ ਪੂਰੈ ਰਾਖੇ ਨਾਨਕ ਸਹਜਿ ਸੁਭਾਏ ॥੪॥੪॥ (581-16)
नामि रते गुरि पूरै राखे नानक सहजि सुभाए ॥४॥४॥

ਵਡਹੰਸੁ ਮਹਲਾ ੧ ॥ (581-17)
वडहंसु महला १ ॥

ਬਾਬਾ ਆਇਆ ਹੈ ਉਠਿ ਚਲਣਾ ਇਹੁ ਜਗੁ ਝੂਠੁ ਪਸਾਰੋਵਾ ॥ (581-17)
बाबा आइआ है उठि चलणा इहु जगु झूठु पसारोवा ॥

ਸਚਾ ਘਰੁ ਸਚੜੈ ਸੇਵੀਐ ਸਚੁ ਖਰਾ ਸਚਿਆਰੋਵਾ ॥ (581-17)
सचा घरु सचड़ै सेवीऐ सचु खरा सचिआरोवा ॥

ਕੂੜਿ ਲਬਿ ਜਾਂ ਥਾਇ ਨ ਪਾਸੀ ਅਗੈ ਲਹੈ ਨ ਠਾਓ ॥ (581-18)
कूड़ि लबि जां थाइ न पासी अगै लहै न ठाओ ॥

ਅੰਤਰਿ ਆਉ ਨ ਬੈਸਹੁ ਕਹੀਐ ਜਿਉ ਸੁੰਞੈ ਘਰਿ ਕਾਓ ॥ (581-18)
अंतरि आउ न बैसहु कहीऐ जिउ सुंञै घरि काओ ॥

ਜੰਮਣੁ ਮਰਣੁ ਵਡਾ ਵੇਛੋੜਾ ਬਿਨਸੈ ਜਗੁ ਸਬਾਏ ॥ (581-19)
जंमणु मरणु वडा वेछोड़ा बिनसै जगु सबाए ॥

ਲਬਿ ਧੰਧੈ ਮਾਇਆ ਜਗਤੁ ਭੁਲਾਇਆ ਕਾਲੁ ਖੜਾ ਰੂਆਏ ॥੧॥ (581-19)
लबि धंधै माइआ जगतु भुलाइआ कालु खड़ा रूआए ॥१॥

ਬਾਬਾ ਆਵਹੁ ਭਾਈਹੋ ਗਲਿ ਮਿਲਹ ਮਿਲਿ ਮਿਲਿ ਦੇਹ ਆਸੀਸਾ ਹੇ ॥ (582-1)
बाबा आवहु भाईहो गलि मिलह मिलि मिलि देह आसीसा हे ॥

ਬਾਬਾ ਸਚੜਾ ਮੇਲੁ ਨ ਚੁਕਈ ਪ੍ਰੀਤਮ ਕੀਆ ਦੇਹ ਅਸੀਸਾ ਹੇ ॥ (582-2)
बाबा सचड़ा मेलु न चुकई प्रीतम कीआ देह असीसा हे ॥

ਆਸੀਸਾ ਦੇਵਹੋ ਭਗਤਿ ਕਰੇਵਹੋ ਮਿਲਿਆ ਕਾ ਕਿਆ ਮੇਲੋ ॥ (582-2)
आसीसा देवहो भगति करेवहो मिलिआ का किआ मेलो ॥

ਇਕਿ ਭੂਲੇ ਨਾਵਹੁ ਥੇਹਹੁ ਥਾਵਹੁ ਗੁਰ ਸਬਦੀ ਸਚੁ ਖੇਲੋ ॥ (582-3)
इकि भूले नावहु थेहहु थावहु गुर सबदी सचु खेलो ॥

ਜਮ ਮਾਰਗਿ ਨਹੀ ਜਾਣਾ ਸਬਦਿ ਸਮਾਣਾ ਜੁਗਿ ਜੁਗਿ ਸਾਚੈ ਵੇਸੇ ॥ (582-3)
जम मारगि नही जाणा सबदि समाणा जुगि जुगि साचै वेसे ॥

ਸਾਜਨ ਸੈਣ ਮਿਲਹੁ ਸੰਜੋਗੀ ਗੁਰ ਮਿਲਿ ਖੋਲੇ ਫਾਸੇ ॥੨॥ (582-4)
साजन सैण मिलहु संजोगी गुर मिलि खोले फासे ॥२॥

ਬਾਬਾ ਨਾਂਗੜਾ ਆਇਆ ਜਗ ਮਹਿ ਦੁਖੁ ਸੁਖੁ ਲੇਖੁ ਲਿਖਾਇਆ ॥ (582-4)
बाबा नांगड़ा आइआ जग महि दुखु सुखु लेखु लिखाइआ ॥

ਲਿਖਿਅੜਾ ਸਾਹਾ ਨਾ ਟਲੈ ਜੇਹੜਾ ਪੁਰਬਿ ਕਮਾਇਆ ॥ (582-5)
लिखिअड़ा साहा ना टलै जेहड़ा पुरबि कमाइआ ॥

ਬਹਿ ਸਾਚੈ ਲਿਖਿਆ ਅੰਮ੍ਰਿਤੁ ਬਿਖਿਆ ਜਿਤੁ ਲਾਇਆ ਤਿਤੁ ਲਾਗਾ ॥ (582-5)
बहि साचै लिखिआ अमृतु बिखिआ जितु लाइआ तितु लागा ॥

ਕਾਮਣਿਆਰੀ ਕਾਮਣ ਪਾਏ ਬਹੁ ਰੰਗੀ ਗਲਿ ਤਾਗਾ ॥ (582-6)
कामणिआरी कामण पाए बहु रंगी गलि तागा ॥

ਹੋਛੀ ਮਤਿ ਭਇਆ ਮਨੁ ਹੋਛਾ ਗੁੜੁ ਸਾ ਮਖੀ ਖਾਇਆ ॥ (582-7)
होछी मति भइआ मनु होछा गुड़ु सा मखी खाइआ ॥

ਨਾ ਮਰਜਾਦੁ ਆਇਆ ਕਲਿ ਭੀਤਰਿ ਨਾਂਗੋ ਬੰਧਿ ਚਲਾਇਆ ॥੩॥ (582-7)
ना मरजादु आइआ कलि भीतरि नांगो बंधि चलाइआ ॥३॥

ਬਾਬਾ ਰੋਵਹੁ ਜੇ ਕਿਸੈ ਰੋਵਣਾ ਜਾਨੀਅੜਾ ਬੰਧਿ ਪਠਾਇਆ ਹੈ ॥ (582-8)
बाबा रोवहु जे किसै रोवणा जानीअड़ा बंधि पठाइआ है ॥

ਲਿਖਿਅੜਾ ਲੇਖੁ ਨ ਮੇਟੀਐ ਦਰਿ ਹਾਕਾਰੜਾ ਆਇਆ ਹੈ ॥ (582-8)
लिखिअड़ा लेखु न मेटीऐ दरि हाकारड़ा आइआ है ॥

ਹਾਕਾਰਾ ਆਇਆ ਜਾ ਤਿਸੁ ਭਾਇਆ ਰੁੰਨੇ ਰੋਵਣਹਾਰੇ ॥ (582-9)
हाकारा आइआ जा तिसु भाइआ रुंने रोवणहारे ॥

ਪੁਤ ਭਾਈ ਭਾਤੀਜੇ ਰੋਵਹਿ ਪ੍ਰੀਤਮ ਅਤਿ ਪਿਆਰੇ ॥ (582-9)
पुत भाई भातीजे रोवहि प्रीतम अति पिआरे ॥

ਭੈ ਰੋਵੈ ਗੁਣ ਸਾਰਿ ਸਮਾਲੇ ਕੋ ਮਰੈ ਨ ਮੁਇਆ ਨਾਲੇ ॥ (582-10)
भै रोवै गुण सारि समाले को मरै न मुइआ नाले ॥

ਨਾਨਕ ਜੁਗਿ ਜੁਗਿ ਜਾਣ ਸਿਜਾਣਾ ਰੋਵਹਿ ਸਚੁ ਸਮਾਲੇ ॥੪॥੫॥ (582-10)
नानक जुगि जुगि जाण सिजाणा रोवहि सचु समाले ॥४॥५॥

ਵਡਹੰਸੁ ਮਹਲਾ ੩ ਮਹਲਾ ਤੀਜਾ (582-12)
वडहंसु महला ३ महला तीजा

ੴ ਸਤਿਗੁਰ ਪ੍ਰਸਾਦਿ ॥ (582-12)
ੴ सतिगुर प्रसादि ॥

ਪ੍ਰਭੁ ਸਚੜਾ ਹਰਿ ਸਾਲਾਹੀਐ ਕਾਰਜੁ ਸਭੁ ਕਿਛੁ ਕਰਣੈ ਜੋਗੁ ॥ (582-13)
प्रभु सचड़ा हरि सालाहीऐ कारजु सभु किछु करणै जोगु ॥

ਸਾ ਧਨ ਰੰਡ ਨ ਕਬਹੂ ਬੈਸਈ ਨਾ ਕਦੇ ਹੋਵੈ ਸੋਗੁ ॥ (582-13)
सा धन रंड न कबहू बैसई ना कदे होवै सोगु ॥

ਨਾ ਕਦੇ ਹੋਵੈ ਸੋਗੁ ਅਨਦਿਨੁ ਰਸ ਭੋਗ ਸਾ ਧਨ ਮਹਲਿ ਸਮਾਣੀ ॥ (582-14)
ना कदे होवै सोगु अनदिनु रस भोग सा धन महलि समाणी ॥

ਜਿਨਿ ਪ੍ਰਿਉ ਜਾਤਾ ਕਰਮ ਬਿਧਾਤਾ ਬੋਲੇ ਅੰਮ੍ਰਿਤ ਬਾਣੀ ॥ (582-14)
जिनि प्रिउ जाता करम बिधाता बोले अमृत बाणी ॥

ਗੁਣਵੰਤੀਆ ਗੁਣ ਸਾਰਹਿ ਅਪਣੇ ਕੰਤ ਸਮਾਲਹਿ ਨਾ ਕਦੇ ਲਗੈ ਵਿਜੋਗੋ ॥ (582-15)
गुणवंतीआ गुण सारहि अपणे कंत समालहि ना कदे लगै विजोगो ॥

ਸਚੜਾ ਪਿਰੁ ਸਾਲਾਹੀਐ ਸਭੁ ਕਿਛੁ ਕਰਣੈ ਜੋਗੋ ॥੧॥ (582-15)
सचड़ा पिरु सालाहीऐ सभु किछु करणै जोगो ॥१॥

ਸਚੜਾ ਸਾਹਿਬੁ ਸਬਦਿ ਪਛਾਣੀਐ ਆਪੇ ਲਏ ਮਿਲਾਏ ॥ (582-16)
सचड़ा साहिबु सबदि पछाणीऐ आपे लए मिलाए ॥

ਸਾ ਧਨ ਪ੍ਰਿਅ ਕੈ ਰੰਗਿ ਰਤੀ ਵਿਚਹੁ ਆਪੁ ਗਵਾਏ ॥ (582-16)
सा धन प्रिअ कै रंगि रती विचहु आपु गवाए ॥

ਵਿਚਹੁ ਆਪੁ ਗਵਾਏ ਫਿਰਿ ਕਾਲੁ ਨ ਖਾਏ ਗੁਰਮੁਖਿ ਏਕੋ ਜਾਤਾ ॥ (582-17)
विचहु आपु गवाए फिरि कालु न खाए गुरमुखि एको जाता ॥

ਕਾਮਣਿ ਇਛ ਪੁੰਨੀ ਅੰਤਰਿ ਭਿੰਨੀ ਮਿਲਿਆ ਜਗਜੀਵਨੁ ਦਾਤਾ ॥ (582-18)
कामणि इछ पुंनी अंतरि भिंनी मिलिआ जगजीवनु दाता ॥

ਸਬਦ ਰੰਗਿ ਰਾਤੀ ਜੋਬਨਿ ਮਾਤੀ ਪਿਰ ਕੈ ਅੰਕਿ ਸਮਾਏ ॥ (582-18)
सबद रंगि राती जोबनि माती पिर कै अंकि समाए ॥

ਸਚੜਾ ਸਾਹਿਬੁ ਸਬਦਿ ਪਛਾਣੀਐ ਆਪੇ ਲਏ ਮਿਲਾਏ ॥੨॥ (582-19)
सचड़ा साहिबु सबदि पछाणीऐ आपे लए मिलाए ॥२॥

ਜਿਨੀ ਆਪਣਾ ਕੰਤੁ ਪਛਾਣਿਆ ਹਉ ਤਿਨ ਪੂਛਉ ਸੰਤਾ ਜਾਏ ॥ (582-19)
जिनी आपणा कंतु पछाणिआ हउ तिन पूछउ संता जाए ॥

ਆਪੁ ਛੋਡਿ ਸੇਵਾ ਕਰੀ ਪਿਰੁ ਸਚੜਾ ਮਿਲੈ ਸਹਜਿ ਸੁਭਾਏ ॥ (583-1)
आपु छोडि सेवा करी पिरु सचड़ा मिलै सहजि सुभाए ॥

ਪਿਰੁ ਸਚਾ ਮਿਲੈ ਆਏ ਸਾਚੁ ਕਮਾਏ ਸਾਚਿ ਸਬਦਿ ਧਨ ਰਾਤੀ ॥ (583-1)
पिरु सचा मिलै आए साचु कमाए साचि सबदि धन राती ॥

ਕਦੇ ਨ ਰਾਂਡ ਸਦਾ ਸੋਹਾਗਣਿ ਅੰਤਰਿ ਸਹਜ ਸਮਾਧੀ ॥ (583-2)
कदे न रांड सदा सोहागणि अंतरि सहज समाधी ॥

ਪਿਰੁ ਰਹਿਆ ਭਰਪੂਰੇ ਵੇਖੁ ਹਦੂਰੇ ਰੰਗੁ ਮਾਣੇ ਸਹਜਿ ਸੁਭਾਏ ॥ (583-2)
पिरु रहिआ भरपूरे वेखु हदूरे रंगु माणे सहजि सुभाए ॥

ਜਿਨੀ ਆਪਣਾ ਕੰਤੁ ਪਛਾਣਿਆ ਹਉ ਤਿਨ ਪੂਛਉ ਸੰਤਾ ਜਾਏ ॥੩॥ (583-3)
जिनी आपणा कंतु पछाणिआ हउ तिन पूछउ संता जाए ॥३॥

ਪਿਰਹੁ ਵਿਛੁੰਨੀਆ ਭੀ ਮਿਲਹ ਜੇ ਸਤਿਗੁਰ ਲਾਗਹ ਸਾਚੇ ਪਾਏ ॥ (583-4)
पिरहु विछुंनीआ भी मिलह जे सतिगुर लागह साचे पाए ॥

ਸਤਿਗੁਰੁ ਸਦਾ ਦਇਆਲੁ ਹੈ ਅਵਗੁਣ ਸਬਦਿ ਜਲਾਏ ॥ (583-4)
सतिगुरु सदा दइआलु है अवगुण सबदि जलाए ॥

ਅਉਗੁਣ ਸਬਦਿ ਜਲਾਏ ਦੂਜਾ ਭਾਉ ਗਵਾਏ ਸਚੇ ਹੀ ਸਚਿ ਰਾਤੀ ॥ (583-5)
अउगुण सबदि जलाए दूजा भाउ गवाए सचे ही सचि राती ॥

ਸਚੈ ਸਬਦਿ ਸਦਾ ਸੁਖੁ ਪਾਇਆ ਹਉਮੈ ਗਈ ਭਰਾਤੀ ॥ (583-5)
सचै सबदि सदा सुखु पाइआ हउमै गई भराती ॥

ਪਿਰੁ ਨਿਰਮਾਇਲੁ ਸਦਾ ਸੁਖਦਾਤਾ ਨਾਨਕ ਸਬਦਿ ਮਿਲਾਏ ॥ (583-6)
पिरु निरमाइलु सदा सुखदाता नानक सबदि मिलाए ॥

ਪਿਰਹੁ ਵਿਛੁੰਨੀਆ ਭੀ ਮਿਲਹ ਜੇ ਸਤਿਗੁਰ ਲਾਗਹ ਸਾਚੇ ਪਾਏ ॥੪॥੧॥ (583-7)
पिरहु विछुंनीआ भी मिलह जे सतिगुर लागह साचे पाए ॥४॥१॥

ਵਡਹੰਸੁ ਮਹਲਾ ੩ ॥ (583-7)
वडहंसु महला ३ ॥

ਸੁਣਿਅਹੁ ਕੰਤ ਮਹੇਲੀਹੋ ਪਿਰੁ ਸੇਵਿਹੁ ਸਬਦਿ ਵੀਚਾਰਿ ॥ (583-7)
सुणिअहु कंत महेलीहो पिरु सेविहु सबदि वीचारि ॥

ਅਵਗਣਵੰਤੀ ਪਿਰੁ ਨ ਜਾਣਈ ਮੁਠੀ ਰੋਵੈ ਕੰਤ ਵਿਸਾਰਿ ॥ (583-8)
अवगणवंती पिरु न जाणई मुठी रोवै कंत विसारि ॥

ਰੋਵੈ ਕੰਤ ਸੰਮਾਲਿ ਸਦਾ ਗੁਣ ਸਾਰਿ ਨਾ ਪਿਰੁ ਮਰੈ ਨ ਜਾਏ ॥ (583-8)
रोवै कंत संमालि सदा गुण सारि ना पिरु मरै न जाए ॥

ਗੁਰਮੁਖਿ ਜਾਤਾ ਸਬਦਿ ਪਛਾਤਾ ਸਾਚੈ ਪ੍ਰੇਮਿ ਸਮਾਏ ॥ (583-9)
गुरमुखि जाता सबदि पछाता साचै प्रेमि समाए ॥

ਜਿਨਿ ਅਪਣਾ ਪਿਰੁ ਨਹੀ ਜਾਤਾ ਕਰਮ ਬਿਧਾਤਾ ਕੂੜਿ ਮੁਠੀ ਕੂੜਿਆਰੇ ॥ (583-9)
जिनि अपणा पिरु नही जाता करम बिधाता कूड़ि मुठी कूड़िआरे ॥

ਸੁਣਿਅਹੁ ਕੰਤ ਮਹੇਲੀਹੋ ਪਿਰੁ ਸੇਵਿਹੁ ਸਬਦਿ ਵੀਚਾਰੇ ॥੧॥ (583-10)
सुणिअहु कंत महेलीहो पिरु सेविहु सबदि वीचारे ॥१॥

ਸਭੁ ਜਗੁ ਆਪਿ ਉਪਾਇਓਨੁ ਆਵਣੁ ਜਾਣੁ ਸੰਸਾਰਾ ॥ (583-11)
सभु जगु आपि उपाइओनु आवणु जाणु संसारा ॥

ਮਾਇਆ ਮੋਹੁ ਖੁਆਇਅਨੁ ਮਰਿ ਜੰਮੈ ਵਾਰੋ ਵਾਰਾ ॥ (583-11)
माइआ मोहु खुआइअनु मरि जंमै वारो वारा ॥

ਮਰਿ ਜੰਮੈ ਵਾਰੋ ਵਾਰਾ ਵਧਹਿ ਬਿਕਾਰਾ ਗਿਆਨ ਵਿਹੂਣੀ ਮੂਠੀ ॥ (583-12)
मरि जंमै वारो वारा वधहि बिकारा गिआन विहूणी मूठी ॥

ਬਿਨੁ ਸਬਦੈ ਪਿਰੁ ਨ ਪਾਇਓ ਜਨਮੁ ਗਵਾਇਓ ਰੋਵੈ ਅਵਗੁਣਿਆਰੀ ਝੂਠੀ ॥ (583-12)
बिनु सबदै पिरु न पाइओ जनमु गवाइओ रोवै अवगुणिआरी झूठी ॥

ਪਿਰੁ ਜਗਜੀਵਨੁ ਕਿਸ ਨੋ ਰੋਈਐ ਰੋਵੈ ਕੰਤੁ ਵਿਸਾਰੇ ॥ (583-13)
पिरु जगजीवनु किस नो रोईऐ रोवै कंतु विसारे ॥

ਸਭੁ ਜਗੁ ਆਪਿ ਉਪਾਇਓਨੁ ਆਵਣੁ ਜਾਣੁ ਸੰਸਾਰੇ ॥੨॥ (583-14)
सभु जगु आपि उपाइओनु आवणु जाणु संसारे ॥२॥

ਸੋ ਪਿਰੁ ਸਚਾ ਸਦ ਹੀ ਸਾਚਾ ਹੈ ਨਾ ਓਹੁ ਮਰੈ ਨ ਜਾਏ ॥ (583-14)
सो पिरु सचा सद ही साचा है ना ओहु मरै न जाए ॥

ਭੂਲੀ ਫਿਰੈ ਧਨ ਇਆਣੀਆ ਰੰਡ ਬੈਠੀ ਦੂਜੈ ਭਾਏ ॥ (583-15)
भूली फिरै धन इआणीआ रंड बैठी दूजै भाए ॥

ਰੰਡ ਬੈਠੀ ਦੂਜੈ ਭਾਏ ਮਾਇਆ ਮੋਹਿ ਦੁਖੁ ਪਾਏ ਆਵ ਘਟੈ ਤਨੁ ਛੀਜੈ ॥ (583-15)
रंड बैठी दूजै भाए माइआ मोहि दुखु पाए आव घटै तनु छीजै ॥

ਜੋ ਕਿਛੁ ਆਇਆ ਸਭੁ ਕਿਛੁ ਜਾਸੀ ਦੁਖੁ ਲਾਗਾ ਭਾਇ ਦੂਜੈ ॥ (583-16)
जो किछु आइआ सभु किछु जासी दुखु लागा भाइ दूजै ॥

ਜਮਕਾਲੁ ਨ ਸੂਝੈ ਮਾਇਆ ਜਗੁ ਲੂਝੈ ਲਬਿ ਲੋਭਿ ਚਿਤੁ ਲਾਏ ॥ (583-16)
जमकालु न सूझै माइआ जगु लूझै लबि लोभि चितु लाए ॥

ਸੋ ਪਿਰੁ ਸਾਚਾ ਸਦ ਹੀ ਸਾਚਾ ਨਾ ਓਹੁ ਮਰੈ ਨ ਜਾਏ ॥੩॥ (583-17)
सो पिरु साचा सद ही साचा ना ओहु मरै न जाए ॥३॥

ਇਕਿ ਰੋਵਹਿ ਪਿਰਹਿ ਵਿਛੁੰਨੀਆ ਅੰਧੀ ਨਾ ਜਾਣੈ ਪਿਰੁ ਨਾਲੇ ॥ (583-17)
इकि रोवहि पिरहि विछुंनीआ अंधी ना जाणै पिरु नाले ॥

ਗੁਰ ਪਰਸਾਦੀ ਸਾਚਾ ਪਿਰੁ ਮਿਲੈ ਅੰਤਰਿ ਸਦਾ ਸਮਾਲੇ ॥ (583-18)
गुर परसादी साचा पिरु मिलै अंतरि सदा समाले ॥

ਪਿਰੁ ਅੰਤਰਿ ਸਮਾਲੇ ਸਦਾ ਹੈ ਨਾਲੇ ਮਨਮੁਖਿ ਜਾਤਾ ਦੂਰੇ ॥ (583-18)
पिरु अंतरि समाले सदा है नाले मनमुखि जाता दूरे ॥

ਇਹੁ ਤਨੁ ਰੁਲੈ ਰੁਲਾਇਆ ਕਾਮਿ ਨ ਆਇਆ ਜਿਨਿ ਖਸਮੁ ਨ ਜਾਤਾ ਹਦੂਰੇ ॥ (583-19)
इहु तनु रुलै रुलाइआ कामि न आइआ जिनि खसमु न जाता हदूरे ॥

ਨਾਨਕ ਸਾ ਧਨ ਮਿਲੈ ਮਿਲਾਈ ਪਿਰੁ ਅੰਤਰਿ ਸਦਾ ਸਮਾਲੇ ॥ (584-1)
नानक सा धन मिलै मिलाई पिरु अंतरि सदा समाले ॥

ਇਕਿ ਰੋਵਹਿ ਪਿਰਹਿ ਵਿਛੁੰਨੀਆ ਅੰਧੀ ਨ ਜਾਣੈ ਪਿਰੁ ਹੈ ਨਾਲੇ ॥੪॥੨॥ (584-1)
इकि रोवहि पिरहि विछुंनीआ अंधी न जाणै पिरु है नाले ॥४॥२॥

ਵਡਹੰਸੁ ਮਃ ੩ ॥ (584-2)
वडहंसु मः ३ ॥

ਰੋਵਹਿ ਪਿਰਹਿ ਵਿਛੁੰਨੀਆ ਮੈ ਪਿਰੁ ਸਚੜਾ ਹੈ ਸਦਾ ਨਾਲੇ ॥ (584-2)
रोवहि पिरहि विछुंनीआ मै पिरु सचड़ा है सदा नाले ॥

ਜਿਨੀ ਚਲਣੁ ਸਹੀ ਜਾਣਿਆ ਸਤਿਗੁਰੁ ਸੇਵਹਿ ਨਾਮੁ ਸਮਾਲੇ ॥ (584-3)
जिनी चलणु सही जाणिआ सतिगुरु सेवहि नामु समाले ॥

ਸਦਾ ਨਾਮੁ ਸਮਾਲੇ ਸਤਿਗੁਰੁ ਹੈ ਨਾਲੇ ਸਤਿਗੁਰੁ ਸੇਵਿ ਸੁਖੁ ਪਾਇਆ ॥ (584-3)
सदा नामु समाले सतिगुरु है नाले सतिगुरु सेवि सुखु पाइआ ॥

ਸਬਦੇ ਕਾਲੁ ਮਾਰਿ ਸਚੁ ਉਰਿ ਧਾਰਿ ਫਿਰਿ ਆਵਣ ਜਾਣੁ ਨ ਹੋਇਆ ॥ (584-4)
सबदे कालु मारि सचु उरि धारि फिरि आवण जाणु न होइआ ॥

ਸਚਾ ਸਾਹਿਬੁ ਸਚੀ ਨਾਈ ਵੇਖੈ ਨਦਰਿ ਨਿਹਾਲੇ ॥ (584-4)
सचा साहिबु सची नाई वेखै नदरि निहाले ॥

ਰੋਵਹਿ ਪਿਰਹੁ ਵਿਛੁੰਨੀਆ ਮੈ ਪਿਰੁ ਸਚੜਾ ਹੈ ਸਦਾ ਨਾਲੇ ॥੧॥ (584-5)
रोवहि पिरहु विछुंनीआ मै पिरु सचड़ा है सदा नाले ॥१॥

ਪ੍ਰਭੁ ਮੇਰਾ ਸਾਹਿਬੁ ਸਭ ਦੂ ਊਚਾ ਹੈ ਕਿਵ ਮਿਲਾਂ ਪ੍ਰੀਤਮ ਪਿਆਰੇ ॥ (584-6)
प्रभु मेरा साहिबु सभ दू ऊचा है किव मिलां प्रीतम पिआरे ॥

ਸਤਿਗੁਰਿ ਮੇਲੀ ਤਾਂ ਸਹਜਿ ਮਿਲੀ ਪਿਰੁ ਰਾਖਿਆ ਉਰ ਧਾਰੇ ॥ (584-6)
सतिगुरि मेली तां सहजि मिली पिरु राखिआ उर धारे ॥

ਸਦਾ ਉਰ ਧਾਰੇ ਨੇਹੁ ਨਾਲਿ ਪਿਆਰੇ ਸਤਿਗੁਰ ਤੇ ਪਿਰੁ ਦਿਸੈ ॥ (584-7)
सदा उर धारे नेहु नालि पिआरे सतिगुर ते पिरु दिसै ॥

ਮਾਇਆ ਮੋਹ ਕਾ ਕਚਾ ਚੋਲਾ ਤਿਤੁ ਪੈਧੈ ਪਗੁ ਖਿਸੈ ॥ (584-7)
माइआ मोह का कचा चोला तितु पैधै पगु खिसै ॥

ਪਿਰ ਰੰਗਿ ਰਾਤਾ ਸੋ ਸਚਾ ਚੋਲਾ ਤਿਤੁ ਪੈਧੈ ਤਿਖਾ ਨਿਵਾਰੇ ॥ (584-8)
पिर रंगि राता सो सचा चोला तितु पैधै तिखा निवारे ॥

ਪ੍ਰਭੁ ਮੇਰਾ ਸਾਹਿਬੁ ਸਭ ਦੂ ਊਚਾ ਹੈ ਕਿਉ ਮਿਲਾ ਪ੍ਰੀਤਮ ਪਿਆਰੇ ॥੨॥ (584-8)
प्रभु मेरा साहिबु सभ दू ऊचा है किउ मिला प्रीतम पिआरे ॥२॥

ਮੈ ਪ੍ਰਭੁ ਸਚੁ ਪਛਾਣਿਆ ਹੋਰ ਭੂਲੀ ਅਵਗਣਿਆਰੇ ॥ (584-9)
मै प्रभु सचु पछाणिआ होर भूली अवगणिआरे ॥

ਮੈ ਸਦਾ ਰਾਵੇ ਪਿਰੁ ਆਪਣਾ ਸਚੜੈ ਸਬਦਿ ਵੀਚਾਰੇ ॥ (584-9)
मै सदा रावे पिरु आपणा सचड़ै सबदि वीचारे ॥

ਸਚੈ ਸਬਦਿ ਵੀਚਾਰੇ ਰੰਗਿ ਰਾਤੀ ਨਾਰੇ ਮਿਲਿ ਸਤਿਗੁਰ ਪ੍ਰੀਤਮੁ ਪਾਇਆ ॥ (584-10)
सचै सबदि वीचारे रंगि राती नारे मिलि सतिगुर प्रीतमु पाइआ ॥

ਅੰਤਰਿ ਰੰਗਿ ਰਾਤੀ ਸਹਜੇ ਮਾਤੀ ਗਇਆ ਦੁਸਮਨੁ ਦੂਖੁ ਸਬਾਇਆ ॥ (584-11)
अंतरि रंगि राती सहजे माती गइआ दुसमनु दूखु सबाइआ ॥

ਅਪਨੇ ਗੁਰ ਕੰਉ ਤਨੁ ਮਨੁ ਦੀਜੈ ਤਾਂ ਮਨੁ ਭੀਜੈ ਤ੍ਰਿਸਨਾ ਦੂਖ ਨਿਵਾਰੇ ॥ (584-11)
अपने गुर कंउ तनु मनु दीजै तां मनु भीजै त्रिसना दूख निवारे ॥

ਮੈ ਪਿਰੁ ਸਚੁ ਪਛਾਣਿਆ ਹੋਰ ਭੂਲੀ ਅਵਗਣਿਆਰੇ ॥੩॥ (584-12)
मै पिरु सचु पछाणिआ होर भूली अवगणिआरे ॥३॥

ਸਚੜੈ ਆਪਿ ਜਗਤੁ ਉਪਾਇਆ ਗੁਰ ਬਿਨੁ ਘੋਰ ਅੰਧਾਰੋ ॥ (584-13)
सचड़ै आपि जगतु उपाइआ गुर बिनु घोर अंधारो ॥

ਆਪਿ ਮਿਲਾਏ ਆਪਿ ਮਿਲੈ ਆਪੇ ਦੇਇ ਪਿਆਰੋ ॥ (584-13)
आपि मिलाए आपि मिलै आपे देइ पिआरो ॥

ਆਪੇ ਦੇਇ ਪਿਆਰੋ ਸਹਜਿ ਵਾਪਾਰੋ ਗੁਰਮੁਖਿ ਜਨਮੁ ਸਵਾਰੇ ॥ (584-14)
आपे देइ पिआरो सहजि वापारो गुरमुखि जनमु सवारे ॥

ਧਨੁ ਜਗ ਮਹਿ ਆਇਆ ਆਪੁ ਗਵਾਇਆ ਦਰਿ ਸਾਚੈ ਸਚਿਆਰੋ ॥ (584-14)
धनु जग महि आइआ आपु गवाइआ दरि साचै सचिआरो ॥

ਗਿਆਨਿ ਰਤਨਿ ਘਟਿ ਚਾਨਣੁ ਹੋਆ ਨਾਨਕ ਨਾਮ ਪਿਆਰੋ ॥ (584-15)
गिआनि रतनि घटि चानणु होआ नानक नाम पिआरो ॥

ਸਚੜੈ ਆਪਿ ਜਗਤੁ ਉਪਾਇਆ ਗੁਰ ਬਿਨੁ ਘੋਰ ਅੰਧਾਰੋ ॥੪॥੩॥ (584-15)
सचड़ै आपि जगतु उपाइआ गुर बिनु घोर अंधारो ॥४॥३॥

ਵਡਹੰਸੁ ਮਹਲਾ ੩ ॥ (584-16)
वडहंसु महला ३ ॥

ਇਹੁ ਸਰੀਰੁ ਜਜਰੀ ਹੈ ਇਸ ਨੋ ਜਰੁ ਪਹੁਚੈ ਆਏ ॥ (584-16)
इहु सरीरु जजरी है इस नो जरु पहुचै आए ॥

ਗੁਰਿ ਰਾਖੇ ਸੇ ਉਬਰੇ ਹੋਰੁ ਮਰਿ ਜੰਮੈ ਆਵੈ ਜਾਏ ॥ (584-17)
गुरि राखे से उबरे होरु मरि जंमै आवै जाए ॥

ਹੋਰਿ ਮਰਿ ਜੰਮਹਿ ਆਵਹਿ ਜਾਵਹਿ ਅੰਤਿ ਗਏ ਪਛੁਤਾਵਹਿ ਬਿਨੁ ਨਾਵੈ ਸੁਖੁ ਨ ਹੋਈ ॥ (584-17)
होरि मरि जंमहि आवहि जावहि अंति गए पछुतावहि बिनु नावै सुखु न होई ॥

ਐਥੈ ਕਮਾਵੈ ਸੋ ਫਲੁ ਪਾਵੈ ਮਨਮੁਖਿ ਹੈ ਪਤਿ ਖੋਈ ॥ (584-18)
ऐथै कमावै सो फलु पावै मनमुखि है पति खोई ॥

ਜਮ ਪੁਰਿ ਘੋਰ ਅੰਧਾਰੁ ਮਹਾ ਗੁਬਾਰੁ ਨਾ ਤਿਥੈ ਭੈਣ ਨ ਭਾਈ ॥ (584-18)
जम पुरि घोर अंधारु महा गुबारु ना तिथै भैण न भाई ॥

ਇਹੁ ਸਰੀਰੁ ਜਜਰੀ ਹੈ ਇਸ ਨੋ ਜਰੁ ਪਹੁਚੈ ਆਈ ॥੧॥ (584-19)
इहु सरीरु जजरी है इस नो जरु पहुचै आई ॥१॥

ਕਾਇਆ ਕੰਚਨੁ ਤਾਂ ਥੀਐ ਜਾਂ ਸਤਿਗੁਰੁ ਲਏ ਮਿਲਾਏ ॥ (584-19)
काइआ कंचनु तां थीऐ जां सतिगुरु लए मिलाए ॥

ਭ੍ਰਮੁ ਮਾਇਆ ਵਿਚਹੁ ਕਟੀਐ ਸਚੜੈ ਨਾਮਿ ਸਮਾਏ ॥ (585-1)
भ्रमु माइआ विचहु कटीऐ सचड़ै नामि समाए ॥

ਸਚੈ ਨਾਮਿ ਸਮਾਏ ਹਰਿ ਗੁਣ ਗਾਏ ਮਿਲਿ ਪ੍ਰੀਤਮ ਸੁਖੁ ਪਾਏ ॥ (585-1)
सचै नामि समाए हरि गुण गाए मिलि प्रीतम सुखु पाए ॥

ਸਦਾ ਅਨੰਦਿ ਰਹੈ ਦਿਨੁ ਰਾਤੀ ਵਿਚਹੁ ਹੰਉਮੈ ਜਾਏ ॥ (585-2)
सदा अनंदि रहै दिनु राती विचहु हंउमै जाए ॥

ਜਿਨੀ ਪੁਰਖੀ ਹਰਿ ਨਾਮਿ ਚਿਤੁ ਲਾਇਆ ਤਿਨ ਕੈ ਹੰਉ ਲਾਗਉ ਪਾਏ ॥ (585-2)
जिनी पुरखी हरि नामि चितु लाइआ तिन कै हंउ लागउ पाए ॥

ਕਾਂਇਆ ਕੰਚਨੁ ਤਾਂ ਥੀਐ ਜਾ ਸਤਿਗੁਰੁ ਲਏ ਮਿਲਾਏ ॥੨॥ (585-3)
कांइआ कंचनु तां थीऐ जा सतिगुरु लए मिलाए ॥२॥

ਸੋ ਸਚਾ ਸਚੁ ਸਲਾਹੀਐ ਜੇ ਸਤਿਗੁਰੁ ਦੇਇ ਬੁਝਾਏ ॥ (585-4)
सो सचा सचु सलाहीऐ जे सतिगुरु देइ बुझाए ॥

ਬਿਨੁ ਸਤਿਗੁਰ ਭਰਮਿ ਭੁਲਾਣੀਆ ਕਿਆ ਮੁਹੁ ਦੇਸਨਿ ਆਗੈ ਜਾਏ ॥ (585-4)
बिनु सतिगुर भरमि भुलाणीआ किआ मुहु देसनि आगै जाए ॥

ਕਿਆ ਦੇਨਿ ਮੁਹੁ ਜਾਏ ਅਵਗੁਣਿ ਪਛੁਤਾਏ ਦੁਖੋ ਦੁਖੁ ਕਮਾਏ ॥ (585-5)
किआ देनि मुहु जाए अवगुणि पछुताए दुखो दुखु कमाए ॥

ਨਾਮਿ ਰਤੀਆ ਸੇ ਰੰਗਿ ਚਲੂਲਾ ਪਿਰ ਕੈ ਅੰਕਿ ਸਮਾਏ ॥ (585-5)
नामि रतीआ से रंगि चलूला पिर कै अंकि समाए ॥

ਤਿਸੁ ਜੇਵਡੁ ਅਵਰੁ ਨ ਸੂਝਈ ਕਿਸੁ ਆਗੈ ਕਹੀਐ ਜਾਏ ॥ (585-6)
तिसु जेवडु अवरु न सूझई किसु आगै कहीऐ जाए ॥

ਸੋ ਸਚਾ ਸਚੁ ਸਲਾਹੀਐ ਜੇ ਸਤਿਗੁਰੁ ਦੇਇ ਬੁਝਾਏ ॥੩॥ (585-6)
सो सचा सचु सलाहीऐ जे सतिगुरु देइ बुझाए ॥३॥

ਜਿਨੀ ਸਚੜਾ ਸਚੁ ਸਲਾਹਿਆ ਹੰਉ ਤਿਨ ਲਾਗਉ ਪਾਏ ॥ (585-7)
जिनी सचड़ा सचु सलाहिआ हंउ तिन लागउ पाए ॥

ਸੇ ਜਨ ਸਚੇ ਨਿਰਮਲੇ ਤਿਨ ਮਿਲਿਆ ਮਲੁ ਸਭ ਜਾਏ ॥ (585-7)
से जन सचे निरमले तिन मिलिआ मलु सभ जाए ॥

ਤਿਨ ਮਿਲਿਆ ਮਲੁ ਸਭ ਜਾਏ ਸਚੈ ਸਰਿ ਨਾਏ ਸਚੈ ਸਹਜਿ ਸੁਭਾਏ ॥ (585-8)
तिन मिलिआ मलु सभ जाए सचै सरि नाए सचै सहजि सुभाए ॥

ਨਾਮੁ ਨਿਰੰਜਨੁ ਅਗਮੁ ਅਗੋਚਰੁ ਸਤਿਗੁਰਿ ਦੀਆ ਬੁਝਾਏ ॥ (585-9)
नामु निरंजनु अगमु अगोचरु सतिगुरि दीआ बुझाए ॥

ਅਨਦਿਨੁ ਭਗਤਿ ਕਰਹਿ ਰੰਗਿ ਰਾਤੇ ਨਾਨਕ ਸਚਿ ਸਮਾਏ ॥ (585-9)
अनदिनु भगति करहि रंगि राते नानक सचि समाए ॥

ਜਿਨੀ ਸਚੜਾ ਸਚੁ ਧਿਆਇਆ ਹੰਉ ਤਿਨ ਕੈ ਲਾਗਉ ਪਾਏ ॥੪॥੪॥ (585-10)
जिनी सचड़ा सचु धिआइआ हंउ तिन कै लागउ पाए ॥४॥४॥

ਵਡਹੰਸ ਕੀ ਵਾਰ ਮਹਲਾ ੪ ਲਲਾਂ ਬਹਲੀਮਾ ਕੀ ਧੁਨਿ ਗਾਵਣੀ (585-11)
वडहंस की वार महला ४ ललां बहलीमा की धुनि गावणी

ੴ ਸਤਿਗੁਰ ਪ੍ਰਸਾਦਿ ॥ (585-12)
१ੴ सतिगुर प्रसादि ॥

ਸਲੋਕ ਮਃ ੩ ॥ (585-12)
सलोक मः ३ ॥

ਸਬਦਿ ਰਤੇ ਵਡ ਹੰਸ ਹੈ ਸਚੁ ਨਾਮੁ ਉਰਿ ਧਾਰਿ ॥ (585-12)
सबदि रते वड हंस है सचु नामु उरि धारि ॥

ਸਚੁ ਸੰਗ੍ਰਹਹਿ ਸਦ ਸਚਿ ਰਹਹਿ ਸਚੈ ਨਾਮਿ ਪਿਆਰਿ ॥ (585-12)
सचु संग्रहहि सद सचि रहहि सचै नामि पिआरि ॥

ਸਦਾ ਨਿਰਮਲ ਮੈਲੁ ਨ ਲਗਈ ਨਦਰਿ ਕੀਤੀ ਕਰਤਾਰਿ ॥ (585-13)
सदा निरमल मैलु न लगई नदरि कीती करतारि ॥

ਨਾਨਕ ਹਉ ਤਿਨ ਕੈ ਬਲਿਹਾਰਣੈ ਜੋ ਅਨਦਿਨੁ ਜਪਹਿ ਮੁਰਾਰਿ ॥੧॥ (585-13)
नानक हउ तिन कै बलिहारणै जो अनदिनु जपहि मुरारि ॥१॥

ਮਃ ੩ ॥ (585-14)
मः ३ ॥

ਮੈ ਜਾਨਿਆ ਵਡ ਹੰਸੁ ਹੈ ਤਾ ਮੈ ਕੀਆ ਸੰਗੁ ॥ (585-14)
मै जानिआ वड हंसु है ता मै कीआ संगु ॥

ਜੇ ਜਾਣਾ ਬਗੁ ਬਪੁੜਾ ਤ ਜਨਮਿ ਨ ਦੇਦੀ ਅੰਗੁ ॥੨॥ (585-15)
जे जाणा बगु बपुड़ा त जनमि न देदी अंगु ॥२॥

ਮਃ ੩ ॥ (585-15)
मः ३ ॥

ਹੰਸਾ ਵੇਖਿ ਤਰੰਦਿਆ ਬਗਾਂ ਭਿ ਆਯਾ ਚਾਉ ॥ (585-15)
हंसा वेखि तरंदिआ बगां भि आया चाउ ॥

ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ ॥੩॥ (585-16)
डुबि मुए बग बपुड़े सिरु तलि उपरि पाउ ॥३॥

ਪਉੜੀ ॥ (585-16)
पउड़ी ॥

ਤੂ ਆਪੇ ਹੀ ਆਪਿ ਆਪਿ ਹੈ ਆਪਿ ਕਾਰਣੁ ਕੀਆ ॥ (585-16)
तू आपे ही आपि आपि है आपि कारणु कीआ ॥

ਤੂ ਆਪੇ ਆਪਿ ਨਿਰੰਕਾਰੁ ਹੈ ਕੋ ਅਵਰੁ ਨ ਬੀਆ ॥ (585-17)
तू आपे आपि निरंकारु है को अवरु न बीआ ॥

ਤੂ ਕਰਣ ਕਾਰਣ ਸਮਰਥੁ ਹੈ ਤੂ ਕਰਹਿ ਸੁ ਥੀਆ ॥ (585-17)
तू करण कारण समरथु है तू करहि सु थीआ ॥

ਤੂ ਅਣਮੰਗਿਆ ਦਾਨੁ ਦੇਵਣਾ ਸਭਨਾਹਾ ਜੀਆ ॥ (585-17)
तू अणमंगिआ दानु देवणा सभनाहा जीआ ॥

ਸਭਿ ਆਖਹੁ ਸਤਿਗੁਰੁ ਵਾਹੁ ਵਾਹੁ ਜਿਨਿ ਦਾਨੁ ਹਰਿ ਨਾਮੁ ਮੁਖਿ ਦੀਆ ॥੧॥ (585-18)
सभि आखहु सतिगुरु वाहु वाहु जिनि दानु हरि नामु मुखि दीआ ॥१॥

ਸਲੋਕੁ ਮਃ ੩ ॥ (586-1)
सलोकु मः ३ ॥

ਭੈ ਵਿਚਿ ਸਭੁ ਆਕਾਰੁ ਹੈ ਨਿਰਭਉ ਹਰਿ ਜੀਉ ਸੋਇ ॥ (586-1)
भै विचि सभु आकारु है निरभउ हरि जीउ सोइ ॥

ਸਤਿਗੁਰਿ ਸੇਵਿਐ ਹਰਿ ਮਨਿ ਵਸੈ ਤਿਥੈ ਭਉ ਕਦੇ ਨ ਹੋਇ ॥ (586-1)
सतिगुरि सेविऐ हरि मनि वसै तिथै भउ कदे न होइ ॥

ਦੁਸਮਨੁ ਦੁਖੁ ਤਿਸ ਨੋ ਨੇੜਿ ਨ ਆਵੈ ਪੋਹਿ ਨ ਸਕੈ ਕੋਇ ॥ (586-2)
दुसमनु दुखु तिस नो नेड़ि न आवै पोहि न सकै कोइ ॥

ਗੁਰਮੁਖਿ ਮਨਿ ਵੀਚਾਰਿਆ ਜੋ ਤਿਸੁ ਭਾਵੈ ਸੁ ਹੋਇ ॥ (586-2)
गुरमुखि मनि वीचारिआ जो तिसु भावै सु होइ ॥

ਨਾਨਕ ਆਪੇ ਹੀ ਪਤਿ ਰਖਸੀ ਕਾਰਜ ਸਵਾਰੇ ਸੋਇ ॥੧॥ (586-3)
नानक आपे ही पति रखसी कारज सवारे सोइ ॥१॥

ਮਃ ੩ ॥ (586-3)
मः ३ ॥

ਇਕਿ ਸਜਣ ਚਲੇ ਇਕਿ ਚਲਿ ਗਏ ਰਹਦੇ ਭੀ ਫੁਨਿ ਜਾਹਿ ॥ (586-3)
इकि सजण चले इकि चलि गए रहदे भी फुनि जाहि ॥

ਜਿਨੀ ਸਤਿਗੁਰੁ ਨ ਸੇਵਿਓ ਸੇ ਆਇ ਗਏ ਪਛੁਤਾਹਿ ॥ (586-4)
जिनी सतिगुरु न सेविओ से आइ गए पछुताहि ॥

ਨਾਨਕ ਸਚਿ ਰਤੇ ਸੇ ਨ ਵਿਛੁੜਹਿ ਸਤਿਗੁਰੁ ਸੇਵਿ ਸਮਾਹਿ ॥੨॥ (586-4)
नानक सचि रते से न विछुड़हि सतिगुरु सेवि समाहि ॥२॥

ਪਉੜੀ ॥ (586-5)
पउड़ी ॥

ਤਿਸੁ ਮਿਲੀਐ ਸਤਿਗੁਰ ਸਜਣੈ ਜਿਸੁ ਅੰਤਰਿ ਹਰਿ ਗੁਣਕਾਰੀ ॥ (586-5)
तिसु मिलीऐ सतिगुर सजणै जिसु अंतरि हरि गुणकारी ॥

ਤਿਸੁ ਮਿਲੀਐ ਸਤਿਗੁਰ ਪ੍ਰੀਤਮੈ ਜਿਨਿ ਹੰਉਮੈ ਵਿਚਹੁ ਮਾਰੀ ॥ (586-6)
तिसु मिलीऐ सतिगुर प्रीतमै जिनि हंउमै विचहु मारी ॥

ਸੋ ਸਤਿਗੁਰੁ ਪੂਰਾ ਧਨੁ ਧੰਨੁ ਹੈ ਜਿਨਿ ਹਰਿ ਉਪਦੇਸੁ ਦੇ ਸਭ ਸ੍ਰਿਸ੍ਟਿ ਸਵਾਰੀ ॥ (586-6)
सो सतिगुरु पूरा धनु धंनु है जिनि हरि उपदेसु दे सभ स्रिस्टि सवारी ॥

ਨਿਤ ਜਪਿਅਹੁ ਸੰਤਹੁ ਰਾਮ ਨਾਮੁ ਭਉਜਲ ਬਿਖੁ ਤਾਰੀ ॥ (586-7)
नित जपिअहु संतहु राम नामु भउजल बिखु तारी ॥

ਗੁਰਿ ਪੂਰੈ ਹਰਿ ਉਪਦੇਸਿਆ ਗੁਰ ਵਿਟੜਿਅਹੁ ਹੰਉ ਸਦ ਵਾਰੀ ॥੨॥ (586-7)
गुरि पूरै हरि उपदेसिआ गुर विटड़िअहु हंउ सद वारी ॥२॥

ਸਲੋਕੁ ਮਃ ੩ ॥ (586-8)
सलोकु मः ३ ॥

ਸਤਿਗੁਰ ਕੀ ਸੇਵਾ ਚਾਕਰੀ ਸੁਖੀ ਹੂੰ ਸੁਖ ਸਾਰੁ ॥ (586-8)
सतिगुर की सेवा चाकरी सुखी हूं सुख सारु ॥

ਐਥੈ ਮਿਲਨਿ ਵਡਿਆਈਆ ਦਰਗਹ ਮੋਖ ਦੁਆਰੁ ॥ (586-9)
ऐथै मिलनि वडिआईआ दरगह मोख दुआरु ॥

ਸਚੀ ਕਾਰ ਕਮਾਵਣੀ ਸਚੁ ਪੈਨਣੁ ਸਚੁ ਨਾਮੁ ਅਧਾਰੁ ॥ (586-9)
सची कार कमावणी सचु पैनणु सचु नामु अधारु ॥

ਸਚੀ ਸੰਗਤਿ ਸਚਿ ਮਿਲੈ ਸਚੈ ਨਾਇ ਪਿਆਰੁ ॥ (586-10)
सची संगति सचि मिलै सचै नाइ पिआरु ॥

ਸਚੈ ਸਬਦਿ ਹਰਖੁ ਸਦਾ ਦਰਿ ਸਚੈ ਸਚਿਆਰੁ ॥ (586-10)
सचै सबदि हरखु सदा दरि सचै सचिआरु ॥

ਨਾਨਕ ਸਤਿਗੁਰ ਕੀ ਸੇਵਾ ਸੋ ਕਰੈ ਜਿਸ ਨੋ ਨਦਰਿ ਕਰੈ ਕਰਤਾਰੁ ॥੧॥ (586-11)
नानक सतिगुर की सेवा सो करै जिस नो नदरि करै करतारु ॥१॥

ਮਃ ੩ ॥ (586-11)
मः ३ ॥

ਹੋਰ ਵਿਡਾਣੀ ਚਾਕਰੀ ਧ੍ਰਿਗੁ ਜੀਵਣੁ ਧ੍ਰਿਗੁ ਵਾਸੁ ॥ (586-11)
होर विडाणी चाकरी ध्रिगु जीवणु ध्रिगु वासु ॥

ਅੰਮ੍ਰਿਤੁ ਛੋਡਿ ਬਿਖੁ ਲਗੇ ਬਿਖੁ ਖਟਣਾ ਬਿਖੁ ਰਾਸਿ ॥ (586-12)
अमृतु छोडि बिखु लगे बिखु खटणा बिखु रासि ॥

ਬਿਖੁ ਖਾਣਾ ਬਿਖੁ ਪੈਨਣਾ ਬਿਖੁ ਕੇ ਮੁਖਿ ਗਿਰਾਸ ॥ (586-12)
बिखु खाणा बिखु पैनणा बिखु के मुखि गिरास ॥

ਐਥੈ ਦੁਖੋ ਦੁਖੁ ਕਮਾਵਣਾ ਮੁਇਆ ਨਰਕਿ ਨਿਵਾਸੁ ॥ (586-13)
ऐथै दुखो दुखु कमावणा मुइआ नरकि निवासु ॥

ਮਨਮੁਖ ਮੁਹਿ ਮੈਲੈ ਸਬਦੁ ਨ ਜਾਣਨੀ ਕਾਮ ਕਰੋਧਿ ਵਿਣਾਸੁ ॥ (586-13)
मनमुख मुहि मैलै सबदु न जाणनी काम करोधि विणासु ॥

ਸਤਿਗੁਰ ਕਾ ਭਉ ਛੋਡਿਆ ਮਨਹਠਿ ਕੰਮੁ ਨ ਆਵੈ ਰਾਸਿ ॥ (586-14)
सतिगुर का भउ छोडिआ मनहठि कंमु न आवै रासि ॥

ਜਮ ਪੁਰਿ ਬਧੇ ਮਾਰੀਅਹਿ ਕੋ ਨ ਸੁਣੇ ਅਰਦਾਸਿ ॥ (586-14)
जम पुरि बधे मारीअहि को न सुणे अरदासि ॥

ਨਾਨਕ ਪੂਰਬਿ ਲਿਖਿਆ ਕਮਾਵਣਾ ਗੁਰਮੁਖਿ ਨਾਮਿ ਨਿਵਾਸੁ ॥੨॥ (586-15)
नानक पूरबि लिखिआ कमावणा गुरमुखि नामि निवासु ॥२॥

ਪਉੜੀ ॥ (586-15)
पउड़ी ॥

ਸੋ ਸਤਿਗੁਰੁ ਸੇਵਿਹੁ ਸਾਧ ਜਨੁ ਜਿਨਿ ਹਰਿ ਹਰਿ ਨਾਮੁ ਦ੍ਰਿੜਾਇਆ ॥ (586-16)
सो सतिगुरु सेविहु साध जनु जिनि हरि हरि नामु द्रिड़ाइआ ॥

ਸੋ ਸਤਿਗੁਰੁ ਪੂਜਹੁ ਦਿਨਸੁ ਰਾਤਿ ਜਿਨਿ ਜਗੰਨਾਥੁ ਜਗਦੀਸੁ ਜਪਾਇਆ ॥ (586-16)
सो सतिगुरु पूजहु दिनसु राति जिनि जगंनाथु जगदीसु जपाइआ ॥

ਸੋ ਸਤਿਗੁਰੁ ਦੇਖਹੁ ਇਕ ਨਿਮਖ ਨਿਮਖ ਜਿਨਿ ਹਰਿ ਕਾ ਹਰਿ ਪੰਥੁ ਬਤਾਇਆ ॥ (586-17)
सो सतिगुरु देखहु इक निमख निमख जिनि हरि का हरि पंथु बताइआ ॥

ਤਿਸੁ ਸਤਿਗੁਰ ਕੀ ਸਭ ਪਗੀ ਪਵਹੁ ਜਿਨਿ ਮੋਹ ਅੰਧੇਰੁ ਚੁਕਾਇਆ ॥ (586-18)
तिसु सतिगुर की सभ पगी पवहु जिनि मोह अंधेरु चुकाइआ ॥

ਸੋ ਸਤਗੁਰੁ ਕਹਹੁ ਸਭਿ ਧੰਨੁ ਧੰਨੁ ਜਿਨਿ ਹਰਿ ਭਗਤਿ ਭੰਡਾਰ ਲਹਾਇਆ ॥੩॥ (586-18)
सो सतगुरु कहहु सभि धंनु धंनु जिनि हरि भगति भंडार लहाइआ ॥३॥

ਸਲੋਕੁ ਮਃ ੩ ॥ (586-19)
सलोकु मः ३ ॥

ਸਤਿਗੁਰਿ ਮਿਲਿਐ ਭੁਖ ਗਈ ਭੇਖੀ ਭੁਖ ਨ ਜਾਇ ॥ (586-19)
सतिगुरि मिलिऐ भुख गई भेखी भुख न जाइ ॥

ਦੁਖਿ ਲਗੈ ਘਰਿ ਘਰਿ ਫਿਰੈ ਅਗੈ ਦੂਣੀ ਮਿਲੈ ਸਜਾਇ ॥ (587-1)
दुखि लगै घरि घरि फिरै अगै दूणी मिलै सजाइ ॥

ਅੰਦਰਿ ਸਹਜੁ ਨ ਆਇਓ ਸਹਜੇ ਹੀ ਲੈ ਖਾਇ ॥ (587-1)
अंदरि सहजु न आइओ सहजे ही लै खाइ ॥

ਮਨਹਠਿ ਜਿਸ ਤੇ ਮੰਗਣਾ ਲੈਣਾ ਦੁਖੁ ਮਨਾਇ ॥ (587-2)
मनहठि जिस ते मंगणा लैणा दुखु मनाइ ॥

ਇਸੁ ਭੇਖੈ ਥਾਵਹੁ ਗਿਰਹੋ ਭਲਾ ਜਿਥਹੁ ਕੋ ਵਰਸਾਇ ॥ (587-2)
इसु भेखै थावहु गिरहो भला जिथहु को वरसाइ ॥

ਸਬਦਿ ਰਤੇ ਤਿਨਾ ਸੋਝੀ ਪਈ ਦੂਜੈ ਭਰਮਿ ਭੁਲਾਇ ॥ (587-3)
सबदि रते तिना सोझी पई दूजै भरमि भुलाइ ॥

ਪਇਐ ਕਿਰਤਿ ਕਮਾਵਣਾ ਕਹਣਾ ਕਛੂ ਨ ਜਾਇ ॥ (587-3)
पइऐ किरति कमावणा कहणा कछू न जाइ ॥

ਨਾਨਕ ਜੋ ਤਿਸੁ ਭਾਵਹਿ ਸੇ ਭਲੇ ਜਿਨ ਕੀ ਪਤਿ ਪਾਵਹਿ ਥਾਇ ॥੧॥ (587-4)
नानक जो तिसु भावहि से भले जिन की पति पावहि थाइ ॥१॥

ਮਃ ੩ ॥ (587-4)
मः ३ ॥

ਸਤਿਗੁਰਿ ਸੇਵਿਐ ਸਦਾ ਸੁਖੁ ਜਨਮ ਮਰਣ ਦੁਖੁ ਜਾਇ ॥ (587-4)
सतिगुरि सेविऐ सदा सुखु जनम मरण दुखु जाइ ॥

ਚਿੰਤਾ ਮੂਲਿ ਨ ਹੋਵਈ ਅਚਿੰਤੁ ਵਸੈ ਮਨਿ ਆਇ ॥ (587-5)
चिंता मूलि न होवई अचिंतु वसै मनि आइ ॥

ਅੰਤਰਿ ਤੀਰਥੁ ਗਿਆਨੁ ਹੈ ਸਤਿਗੁਰਿ ਦੀਆ ਬੁਝਾਇ ॥ (587-5)
अंतरि तीरथु गिआनु है सतिगुरि दीआ बुझाइ ॥

ਮੈਲੁ ਗਈ ਮਨੁ ਨਿਰਮਲੁ ਹੋਆ ਅੰਮ੍ਰਿਤ ਸਰਿ ਤੀਰਥਿ ਨਾਇ ॥ (587-6)
मैलु गई मनु निरमलु होआ अमृत सरि तीरथि नाइ ॥

ਸਜਣ ਮਿਲੇ ਸਜਣਾ ਸਚੈ ਸਬਦਿ ਸੁਭਾਇ ॥ (587-6)
सजण मिले सजणा सचै सबदि सुभाइ ॥

ਘਰ ਹੀ ਪਰਚਾ ਪਾਇਆ ਜੋਤੀ ਜੋਤਿ ਮਿਲਾਇ ॥ (587-7)
घर ही परचा पाइआ जोती जोति मिलाइ ॥

ਪਾਖੰਡਿ ਜਮਕਾਲੁ ਨ ਛੋਡਈ ਲੈ ਜਾਸੀ ਪਤਿ ਗਵਾਇ ॥ (587-7)
पाखंडि जमकालु न छोडई लै जासी पति गवाइ ॥

ਨਾਨਕ ਨਾਮਿ ਰਤੇ ਸੇ ਉਬਰੇ ਸਚੇ ਸਿਉ ਲਿਵ ਲਾਇ ॥੨॥ (587-8)
नानक नामि रते से उबरे सचे सिउ लिव लाइ ॥२॥

ਪਉੜੀ ॥ (587-8)
पउड़ी ॥

ਤਿਤੁ ਜਾਇ ਬਹਹੁ ਸਤਸੰਗਤੀ ਜਿਥੈ ਹਰਿ ਕਾ ਹਰਿ ਨਾਮੁ ਬਿਲੋਈਐ ॥ (587-8)
तितु जाइ बहहु सतसंगती जिथै हरि का हरि नामु बिलोईऐ ॥

ਸਹਜੇ ਹੀ ਹਰਿ ਨਾਮੁ ਲੇਹੁ ਹਰਿ ਤਤੁ ਨ ਖੋਈਐ ॥ (587-9)
सहजे ही हरि नामु लेहु हरि ततु न खोईऐ ॥

ਨਿਤ ਜਪਿਅਹੁ ਹਰਿ ਹਰਿ ਦਿਨਸੁ ਰਾਤਿ ਹਰਿ ਦਰਗਹ ਢੋਈਐ ॥ (587-9)
नित जपिअहु हरि हरि दिनसु राति हरि दरगह ढोईऐ ॥

ਸੋ ਪਾਏ ਪੂਰਾ ਸਤਗੁਰੂ ਜਿਸੁ ਧੁਰਿ ਮਸਤਕਿ ਲਿਲਾਟਿ ਲਿਖੋਈਐ ॥ (587-10)
सो पाए पूरा सतगुरू जिसु धुरि मसतकि लिलाटि लिखोईऐ ॥

ਤਿਸੁ ਗੁਰ ਕੰਉ ਸਭਿ ਨਮਸਕਾਰੁ ਕਰਹੁ ਜਿਨਿ ਹਰਿ ਕੀ ਹਰਿ ਗਾਲ ਗਲੋਈਐ ॥੪॥ (587-10)
तिसु गुर कंउ सभि नमसकारु करहु जिनि हरि की हरि गाल गलोईऐ ॥४॥

ਸਲੋਕ ਮਃ ੩ ॥ (587-11)
सलोक मः ३ ॥

ਸਜਣ ਮਿਲੇ ਸਜਣਾ ਜਿਨ ਸਤਗੁਰ ਨਾਲਿ ਪਿਆਰੁ ॥ (587-11)
सजण मिले सजणा जिन सतगुर नालि पिआरु ॥

ਮਿਲਿ ਪ੍ਰੀਤਮ ਤਿਨੀ ਧਿਆਇਆ ਸਚੈ ਪ੍ਰੇਮਿ ਪਿਆਰੁ ॥ (587-12)
मिलि प्रीतम तिनी धिआइआ सचै प्रेमि पिआरु ॥

ਮਨ ਹੀ ਤੇ ਮਨੁ ਮਾਨਿਆ ਗੁਰ ਕੈ ਸਬਦਿ ਅਪਾਰਿ ॥ (587-12)
मन ही ते मनु मानिआ गुर कै सबदि अपारि ॥

ਏਹਿ ਸਜਣ ਮਿਲੇ ਨ ਵਿਛੁੜਹਿ ਜਿ ਆਪਿ ਮੇਲੇ ਕਰਤਾਰਿ ॥ (587-13)
एहि सजण मिले न विछुड़हि जि आपि मेले करतारि ॥

ਇਕਨਾ ਦਰਸਨ ਕੀ ਪਰਤੀਤਿ ਨ ਆਈਆ ਸਬਦਿ ਨ ਕਰਹਿ ਵੀਚਾਰੁ ॥ (587-13)
इकना दरसन की परतीति न आईआ सबदि न करहि वीचारु ॥

ਵਿਛੁੜਿਆ ਕਾ ਕਿਆ ਵਿਛੁੜੈ ਜਿਨਾ ਦੂਜੈ ਭਾਇ ਪਿਆਰੁ ॥ (587-14)
विछुड़िआ का किआ विछुड़ै जिना दूजै भाइ पिआरु ॥

ਮਨਮੁਖ ਸੇਤੀ ਦੋਸਤੀ ਥੋੜੜਿਆ ਦਿਨ ਚਾਰਿ ॥ (587-15)
मनमुख सेती दोसती थोड़ड़िआ दिन चारि ॥

ਇਸੁ ਪਰੀਤੀ ਤੁਟਦੀ ਵਿਲਮੁ ਨ ਹੋਵਈ ਇਤੁ ਦੋਸਤੀ ਚਲਨਿ ਵਿਕਾਰ ॥ (587-15)
इसु परीती तुटदी विलमु न होवई इतु दोसती चलनि विकार ॥

ਜਿਨਾ ਅੰਦਰਿ ਸਚੇ ਕਾ ਭਉ ਨਾਹੀ ਨਾਮਿ ਨ ਕਰਹਿ ਪਿਆਰੁ ॥ (587-16)
जिना अंदरि सचे का भउ नाही नामि न करहि पिआरु ॥

ਨਾਨਕ ਤਿਨ ਸਿਉ ਕਿਆ ਕੀਚੈ ਦੋਸਤੀ ਜਿ ਆਪਿ ਭੁਲਾਏ ਕਰਤਾਰਿ ॥੧॥ (587-16)
नानक तिन सिउ किआ कीचै दोसती जि आपि भुलाए करतारि ॥१॥

ਮਃ ੩ ॥ (587-17)
मः ३ ॥

ਇਕਿ ਸਦਾ ਇਕਤੈ ਰੰਗਿ ਰਹਹਿ ਤਿਨ ਕੈ ਹਉ ਸਦ ਬਲਿਹਾਰੈ ਜਾਉ ॥ (587-17)
इकि सदा इकतै रंगि रहहि तिन कै हउ सद बलिहारै जाउ ॥

ਤਨੁ ਮਨੁ ਧਨੁ ਅਰਪੀ ਤਿਨ ਕਉ ਨਿਵਿ ਨਿਵਿ ਲਾਗਉ ਪਾਇ ॥ (587-18)
तनु मनु धनु अरपी तिन कउ निवि निवि लागउ पाइ ॥

ਤਿਨ ਮਿਲਿਆ ਮਨੁ ਸੰਤੋਖੀਐ ਤ੍ਰਿਸਨਾ ਭੁਖ ਸਭ ਜਾਇ ॥ (587-18)
तिन मिलिआ मनु संतोखीऐ त्रिसना भुख सभ जाइ ॥

ਨਾਨਕ ਨਾਮਿ ਰਤੇ ਸੁਖੀਏ ਸਦਾ ਸਚੇ ਸਿਉ ਲਿਵ ਲਾਇ ॥੨॥ (587-19)
नानक नामि रते सुखीए सदा सचे सिउ लिव लाइ ॥२॥

ਪਉੜੀ ॥ (587-19)
पउड़ी ॥

ਤਿਸੁ ਗੁਰ ਕਉ ਹਉ ਵਾਰਿਆ ਜਿਨਿ ਹਰਿ ਕੀ ਹਰਿ ਕਥਾ ਸੁਣਾਈ ॥ (587-19)
तिसु गुर कउ हउ वारिआ जिनि हरि की हरि कथा सुणाई ॥

ਤਿਸੁ ਗੁਰ ਕਉ ਸਦ ਬਲਿਹਾਰਣੈ ਜਿਨਿ ਹਰਿ ਸੇਵਾ ਬਣਤ ਬਣਾਈ ॥ (588-1)
तिसु गुर कउ सद बलिहारणै जिनि हरि सेवा बणत बणाई ॥

ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ ਜਿਥੈ ਕਿਥੈ ਮੈਨੋ ਲਏ ਛਡਾਈ ॥ (588-2)
सो सतिगुरु पिआरा मेरै नालि है जिथै किथै मैनो लए छडाई ॥

ਤਿਸੁ ਗੁਰ ਕਉ ਸਾਬਾਸਿ ਹੈ ਜਿਨਿ ਹਰਿ ਸੋਝੀ ਪਾਈ ॥ (588-2)
तिसु गुर कउ साबासि है जिनि हरि सोझी पाई ॥

ਨਾਨਕੁ ਗੁਰ ਵਿਟਹੁ ਵਾਰਿਆ ਜਿਨਿ ਹਰਿ ਨਾਮੁ ਦੀਆ ਮੇਰੇ ਮਨ ਕੀ ਆਸ ਪੁਰਾਈ ॥੫॥ (588-3)
नानकु गुर विटहु वारिआ जिनि हरि नामु दीआ मेरे मन की आस पुराई ॥५॥

ਸਲੋਕ ਮਃ ੩ ॥ (588-4)
सलोक मः ३ ॥

ਤ੍ਰਿਸਨਾ ਦਾਧੀ ਜਲਿ ਮੁਈ ਜਲਿ ਜਲਿ ਕਰੇ ਪੁਕਾਰ ॥ (588-4)
त्रिसना दाधी जलि मुई जलि जलि करे पुकार ॥

ਸਤਿਗੁਰ ਸੀਤਲ ਜੇ ਮਿਲੈ ਫਿਰਿ ਜਲੈ ਨ ਦੂਜੀ ਵਾਰ ॥ (588-4)
सतिगुर सीतल जे मिलै फिरि जलै न दूजी वार ॥

ਨਾਨਕ ਵਿਣੁ ਨਾਵੈ ਨਿਰਭਉ ਕੋ ਨਹੀ ਜਿਚਰੁ ਸਬਦਿ ਨ ਕਰੇ ਵੀਚਾਰੁ ॥੧॥ (588-5)
नानक विणु नावै निरभउ को नही जिचरु सबदि न करे वीचारु ॥१॥

ਮਃ ੩ ॥ (588-5)
मः ३ ॥

ਭੇਖੀ ਅਗਨਿ ਨ ਬੁਝਈ ਚਿੰਤਾ ਹੈ ਮਨ ਮਾਹਿ ॥ (588-5)
भेखी अगनि न बुझई चिंता है मन माहि ॥

ਵਰਮੀ ਮਾਰੀ ਸਾਪੁ ਨਾ ਮਰੈ ਤਿਉ ਨਿਗੁਰੇ ਕਰਮ ਕਮਾਹਿ ॥ (588-6)
वरमी मारी सापु ना मरै तिउ निगुरे करम कमाहि ॥

ਸਤਿਗੁਰੁ ਦਾਤਾ ਸੇਵੀਐ ਸਬਦੁ ਵਸੈ ਮਨਿ ਆਇ ॥ (588-6)
सतिगुरु दाता सेवीऐ सबदु वसै मनि आइ ॥

ਮਨੁ ਤਨੁ ਸੀਤਲੁ ਸਾਂਤਿ ਹੋਇ ਤ੍ਰਿਸਨਾ ਅਗਨਿ ਬੁਝਾਇ ॥ (588-7)
मनु तनु सीतलु सांति होइ त्रिसना अगनि बुझाइ ॥

ਸੁਖਾ ਸਿਰਿ ਸਦਾ ਸੁਖੁ ਹੋਇ ਜਾ ਵਿਚਹੁ ਆਪੁ ਗਵਾਇ ॥ (588-7)
सुखा सिरि सदा सुखु होइ जा विचहु आपु गवाइ ॥

ਗੁਰਮੁਖਿ ਉਦਾਸੀ ਸੋ ਕਰੇ ਜਿ ਸਚਿ ਰਹੈ ਲਿਵ ਲਾਇ ॥ (588-8)
गुरमुखि उदासी सो करे जि सचि रहै लिव लाइ ॥

ਚਿੰਤਾ ਮੂਲਿ ਨ ਹੋਵਈ ਹਰਿ ਨਾਮਿ ਰਜਾ ਆਘਾਇ ॥ (588-8)
चिंता मूलि न होवई हरि नामि रजा आघाइ ॥

ਨਾਨਕ ਨਾਮ ਬਿਨਾ ਨਹ ਛੂਟੀਐ ਹਉਮੈ ਪਚਹਿ ਪਚਾਇ ॥੨॥ (588-9)
नानक नाम बिना नह छूटीऐ हउमै पचहि पचाइ ॥२॥

ਪਉੜੀ ॥ (588-9)
पउड़ी ॥

ਜਿਨੀ ਹਰਿ ਹਰਿ ਨਾਮੁ ਧਿਆਇਆ ਤਿਨੀ ਪਾਇਅੜੇ ਸਰਬ ਸੁਖਾ ॥ (588-10)
जिनी हरि हरि नामु धिआइआ तिनी पाइअड़े सरब सुखा ॥

ਸਭੁ ਜਨਮੁ ਤਿਨਾ ਕਾ ਸਫਲੁ ਹੈ ਜਿਨ ਹਰਿ ਕੇ ਨਾਮ ਕੀ ਮਨਿ ਲਾਗੀ ਭੁਖਾ ॥ (588-10)
सभु जनमु तिना का सफलु है जिन हरि के नाम की मनि लागी भुखा ॥

ਜਿਨੀ ਗੁਰ ਕੈ ਬਚਨਿ ਆਰਾਧਿਆ ਤਿਨ ਵਿਸਰਿ ਗਏ ਸਭਿ ਦੁਖਾ ॥ (588-11)
जिनी गुर कै बचनि आराधिआ तिन विसरि गए सभि दुखा ॥

ਤੇ ਸੰਤ ਭਲੇ ਗੁਰਸਿਖ ਹੈ ਜਿਨ ਨਾਹੀ ਚਿੰਤ ਪਰਾਈ ਚੁਖਾ ॥ (588-11)
ते संत भले गुरसिख है जिन नाही चिंत पराई चुखा ॥

ਧਨੁ ਧੰਨੁ ਤਿਨਾ ਕਾ ਗੁਰੂ ਹੈ ਜਿਸੁ ਅੰਮ੍ਰਿਤ ਫਲ ਹਰਿ ਲਾਗੇ ਮੁਖਾ ॥੬॥ (588-12)
धनु धंनु तिना का गुरू है जिसु अमृत फल हरि लागे मुखा ॥६॥

ਸਲੋਕ ਮਃ ੩ ॥ (588-13)
सलोक मः ३ ॥

ਕਲਿ ਮਹਿ ਜਮੁ ਜੰਦਾਰੁ ਹੈ ਹੁਕਮੇ ਕਾਰ ਕਮਾਇ ॥ (588-13)
कलि महि जमु जंदारु है हुकमे कार कमाइ ॥

ਗੁਰਿ ਰਾਖੇ ਸੇ ਉਬਰੇ ਮਨਮੁਖਾ ਦੇਇ ਸਜਾਇ ॥ (588-13)
गुरि राखे से उबरे मनमुखा देइ सजाइ ॥

ਜਮਕਾਲੈ ਵਸਿ ਜਗੁ ਬਾਂਧਿਆ ਤਿਸ ਦਾ ਫਰੂ ਨ ਕੋਇ ॥ (588-14)
जमकालै वसि जगु बांधिआ तिस दा फरू न कोइ ॥

ਜਿਨਿ ਜਮੁ ਕੀਤਾ ਸੋ ਸੇਵੀਐ ਗੁਰਮੁਖਿ ਦੁਖੁ ਨ ਹੋਇ ॥ (588-14)
जिनि जमु कीता सो सेवीऐ गुरमुखि दुखु न होइ ॥

ਨਾਨਕ ਗੁਰਮੁਖਿ ਜਮੁ ਸੇਵਾ ਕਰੇ ਜਿਨ ਮਨਿ ਸਚਾ ਹੋਇ ॥੧॥ (588-15)
नानक गुरमुखि जमु सेवा करे जिन मनि सचा होइ ॥१॥

ਮਃ ੩ ॥ (588-15)
मः ३ ॥

ਏਹਾ ਕਾਇਆ ਰੋਗਿ ਭਰੀ ਬਿਨੁ ਸਬਦੈ ਦੁਖੁ ਹਉਮੈ ਰੋਗੁ ਨ ਜਾਇ ॥ (588-15)
एहा काइआ रोगि भरी बिनु सबदै दुखु हउमै रोगु न जाइ ॥

ਸਤਿਗੁਰੁ ਮਿਲੈ ਤਾ ਨਿਰਮਲ ਹੋਵੈ ਹਰਿ ਨਾਮੋ ਮੰਨਿ ਵਸਾਇ ॥ (588-16)
सतिगुरु मिलै ता निरमल होवै हरि नामो मंनि वसाइ ॥

ਨਾਨਕ ਨਾਮੁ ਧਿਆਇਆ ਸੁਖਦਾਤਾ ਦੁਖੁ ਵਿਸਰਿਆ ਸਹਜਿ ਸੁਭਾਇ ॥੨॥ (588-17)
नानक नामु धिआइआ सुखदाता दुखु विसरिआ सहजि सुभाइ ॥२॥

ਪਉੜੀ ॥ (588-17)
पउड़ी ॥

ਜਿਨਿ ਜਗਜੀਵਨੁ ਉਪਦੇਸਿਆ ਤਿਸੁ ਗੁਰ ਕਉ ਹਉ ਸਦਾ ਘੁਮਾਇਆ ॥ (588-17)
जिनि जगजीवनु उपदेसिआ तिसु गुर कउ हउ सदा घुमाइआ ॥

ਤਿਸੁ ਗੁਰ ਕਉ ਹਉ ਖੰਨੀਐ ਜਿਨਿ ਮਧੁਸੂਦਨੁ ਹਰਿ ਨਾਮੁ ਸੁਣਾਇਆ ॥ (588-18)
तिसु गुर कउ हउ खंनीऐ जिनि मधुसूदनु हरि नामु सुणाइआ ॥

ਤਿਸੁ ਗੁਰ ਕਉ ਹਉ ਵਾਰਣੈ ਜਿਨਿ ਹਉਮੈ ਬਿਖੁ ਸਭੁ ਰੋਗੁ ਗਵਾਇਆ ॥ (588-19)
तिसु गुर कउ हउ वारणै जिनि हउमै बिखु सभु रोगु गवाइआ ॥

ਤਿਸੁ ਸਤਿਗੁਰ ਕਉ ਵਡ ਪੁੰਨੁ ਹੈ ਜਿਨਿ ਅਵਗਣ ਕਟਿ ਗੁਣੀ ਸਮਝਾਇਆ ॥ (588-19)
तिसु सतिगुर कउ वड पुंनु है जिनि अवगण कटि गुणी समझाइआ ॥

ਸੋ ਸਤਿਗੁਰੁ ਤਿਨ ਕਉ ਭੇਟਿਆ ਜਿਨ ਕੈ ਮੁਖਿ ਮਸਤਕਿ ਭਾਗੁ ਲਿਖਿ ਪਾਇਆ ॥੭॥ (589-1)
सो सतिगुरु तिन कउ भेटिआ जिन कै मुखि मसतकि भागु लिखि पाइआ ॥७॥

ਸਲੋਕੁ ਮਃ ੩ ॥ (589-2)
सलोकु मः ३ ॥

ਭਗਤਿ ਕਰਹਿ ਮਰਜੀਵੜੇ ਗੁਰਮੁਖਿ ਭਗਤਿ ਸਦਾ ਹੋਇ ॥ (589-2)
भगति करहि मरजीवड़े गुरमुखि भगति सदा होइ ॥

ਓਨਾ ਕਉ ਧੁਰਿ ਭਗਤਿ ਖਜਾਨਾ ਬਖਸਿਆ ਮੇਟਿ ਨ ਸਕੈ ਕੋਇ ॥ (589-2)
ओना कउ धुरि भगति खजाना बखसिआ मेटि न सकै कोइ ॥

ਗੁਣ ਨਿਧਾਨੁ ਮਨਿ ਪਾਇਆ ਏਕੋ ਸਚਾ ਸੋਇ ॥ (589-3)
गुण निधानु मनि पाइआ एको सचा सोइ ॥

ਨਾਨਕ ਗੁਰਮੁਖਿ ਮਿਲਿ ਰਹੇ ਫਿਰਿ ਵਿਛੋੜਾ ਕਦੇ ਨ ਹੋਇ ॥੧॥ (589-3)
नानक गुरमुखि मिलि रहे फिरि विछोड़ा कदे न होइ ॥१॥

ਮਃ ੩ ॥ (589-4)
मः ३ ॥

ਸਤਿਗੁਰ ਕੀ ਸੇਵ ਨ ਕੀਨੀਆ ਕਿਆ ਓਹੁ ਕਰੇ ਵੀਚਾਰੁ ॥ (589-4)
सतिगुर की सेव न कीनीआ किआ ओहु करे वीचारु ॥

ਸਬਦੈ ਸਾਰ ਨ ਜਾਣਈ ਬਿਖੁ ਭੂਲਾ ਗਾਵਾਰੁ ॥ (589-5)
सबदै सार न जाणई बिखु भूला गावारु ॥

ਅਗਿਆਨੀ ਅੰਧੁ ਬਹੁ ਕਰਮ ਕਮਾਵੈ ਦੂਜੈ ਭਾਇ ਪਿਆਰੁ ॥ (589-5)
अगिआनी अंधु बहु करम कमावै दूजै भाइ पिआरु ॥

ਅਣਹੋਦਾ ਆਪੁ ਗਣਾਇਦੇ ਜਮੁ ਮਾਰਿ ਕਰੇ ਤਿਨ ਖੁਆਰੁ ॥ (589-6)
अणहोदा आपु गणाइदे जमु मारि करे तिन खुआरु ॥

ਨਾਨਕ ਕਿਸ ਨੋ ਆਖੀਐ ਜਾ ਆਪੇ ਬਖਸਣਹਾਰੁ ॥੨॥ (589-6)
नानक किस नो आखीऐ जा आपे बखसणहारु ॥२॥

ਪਉੜੀ ॥ (589-7)
पउड़ी ॥

ਤੂ ਕਰਤਾ ਸਭੁ ਕਿਛੁ ਜਾਣਦਾ ਸਭਿ ਜੀਅ ਤੁਮਾਰੇ ॥ (589-7)
तू करता सभु किछु जाणदा सभि जीअ तुमारे ॥

ਜਿਸੁ ਤੂ ਭਾਵੈ ਤਿਸੁ ਤੂ ਮੇਲਿ ਲੈਹਿ ਕਿਆ ਜੰਤ ਵਿਚਾਰੇ ॥ (589-7)
जिसु तू भावै तिसु तू मेलि लैहि किआ जंत विचारे ॥

ਤੂ ਕਰਣ ਕਾਰਣ ਸਮਰਥੁ ਹੈ ਸਚੁ ਸਿਰਜਣਹਾਰੇ ॥ (589-8)
तू करण कारण समरथु है सचु सिरजणहारे ॥

ਜਿਸੁ ਤੂ ਮੇਲਹਿ ਪਿਆਰਿਆ ਸੋ ਤੁਧੁ ਮਿਲੈ ਗੁਰਮੁਖਿ ਵੀਚਾਰੇ ॥ (589-8)
जिसु तू मेलहि पिआरिआ सो तुधु मिलै गुरमुखि वीचारे ॥

ਹਉ ਬਲਿਹਾਰੀ ਸਤਿਗੁਰ ਆਪਣੇ ਜਿਨਿ ਮੇਰਾ ਹਰਿ ਅਲਖੁ ਲਖਾਰੇ ॥੮॥ (589-9)
हउ बलिहारी सतिगुर आपणे जिनि मेरा हरि अलखु लखारे ॥८॥

ਸਲੋਕ ਮਃ ੩ ॥ (589-10)
सलोक मः ३ ॥

ਰਤਨਾ ਪਾਰਖੁ ਜੋ ਹੋਵੈ ਸੁ ਰਤਨਾ ਕਰੇ ਵੀਚਾਰੁ ॥ (589-10)
रतना पारखु जो होवै सु रतना करे वीचारु ॥

ਰਤਨਾ ਸਾਰ ਨ ਜਾਣਈ ਅਗਿਆਨੀ ਅੰਧੁ ਅੰਧਾਰੁ ॥ (589-10)
रतना सार न जाणई अगिआनी अंधु अंधारु ॥

ਰਤਨੁ ਗੁਰੂ ਕਾ ਸਬਦੁ ਹੈ ਬੂਝੈ ਬੂਝਣਹਾਰੁ ॥ (589-11)
रतनु गुरू का सबदु है बूझै बूझणहारु ॥

ਮੂਰਖ ਆਪੁ ਗਣਾਇਦੇ ਮਰਿ ਜੰਮਹਿ ਹੋਇ ਖੁਆਰੁ ॥ (589-11)
मूरख आपु गणाइदे मरि जंमहि होइ खुआरु ॥

ਨਾਨਕ ਰਤਨਾ ਸੋ ਲਹੈ ਜਿਸੁ ਗੁਰਮੁਖਿ ਲਗੈ ਪਿਆਰੁ ॥ (589-12)
नानक रतना सो लहै जिसु गुरमुखि लगै पिआरु ॥

ਸਦਾ ਸਦਾ ਨਾਮੁ ਉਚਰੈ ਹਰਿ ਨਾਮੋ ਨਿਤ ਬਿਉਹਾਰੁ ॥ (589-12)
सदा सदा नामु उचरै हरि नामो नित बिउहारु ॥

ਕ੍ਰਿਪਾ ਕਰੇ ਜੇ ਆਪਣੀ ਤਾ ਹਰਿ ਰਖਾ ਉਰ ਧਾਰਿ ॥੧॥ (589-13)
क्रिपा करे जे आपणी ता हरि रखा उर धारि ॥१॥

ਮਃ ੩ ॥ (589-13)
मः ३ ॥

ਸਤਿਗੁਰ ਕੀ ਸੇਵ ਨ ਕੀਨੀਆ ਹਰਿ ਨਾਮਿ ਨ ਲਗੋ ਪਿਆਰੁ ॥ (589-13)
सतिगुर की सेव न कीनीआ हरि नामि न लगो पिआरु ॥

ਮਤ ਤੁਮ ਜਾਣਹੁ ਓਇ ਜੀਵਦੇ ਓਇ ਆਪਿ ਮਾਰੇ ਕਰਤਾਰਿ ॥ (589-14)
मत तुम जाणहु ओइ जीवदे ओइ आपि मारे करतारि ॥

ਹਉਮੈ ਵਡਾ ਰੋਗੁ ਹੈ ਭਾਇ ਦੂਜੈ ਕਰਮ ਕਮਾਇ ॥ (589-14)
हउमै वडा रोगु है भाइ दूजै करम कमाइ ॥

ਨਾਨਕ ਮਨਮੁਖਿ ਜੀਵਦਿਆ ਮੁਏ ਹਰਿ ਵਿਸਰਿਆ ਦੁਖੁ ਪਾਇ ॥੨॥ (589-15)
नानक मनमुखि जीवदिआ मुए हरि विसरिआ दुखु पाइ ॥२॥

ਪਉੜੀ ॥ (589-15)
पउड़ी ॥

ਜਿਸੁ ਅੰਤਰੁ ਹਿਰਦਾ ਸੁਧੁ ਹੈ ਤਿਸੁ ਜਨ ਕਉ ਸਭਿ ਨਮਸਕਾਰੀ ॥ (589-15)
जिसु अंतरु हिरदा सुधु है तिसु जन कउ सभि नमसकारी ॥

ਜਿਸੁ ਅੰਦਰਿ ਨਾਮੁ ਨਿਧਾਨੁ ਹੈ ਤਿਸੁ ਜਨ ਕਉ ਹਉ ਬਲਿਹਾਰੀ ॥ (589-16)
जिसु अंदरि नामु निधानु है तिसु जन कउ हउ बलिहारी ॥

ਜਿਸੁ ਅੰਦਰਿ ਬੁਧਿ ਬਿਬੇਕੁ ਹੈ ਹਰਿ ਨਾਮੁ ਮੁਰਾਰੀ ॥ (589-17)
जिसु अंदरि बुधि बिबेकु है हरि नामु मुरारी ॥

ਸੋ ਸਤਿਗੁਰੁ ਸਭਨਾ ਕਾ ਮਿਤੁ ਹੈ ਸਭ ਤਿਸਹਿ ਪਿਆਰੀ ॥ (589-17)
सो सतिगुरु सभना का मितु है सभ तिसहि पिआरी ॥

ਸਭੁ ਆਤਮ ਰਾਮੁ ਪਸਾਰਿਆ ਗੁਰ ਬੁਧਿ ਬੀਚਾਰੀ ॥੯॥ (589-18)
सभु आतम रामु पसारिआ गुर बुधि बीचारी ॥९॥

ਸਲੋਕ ਮਃ ੩ ॥ (589-18)
सलोक मः ३ ॥

ਬਿਨੁ ਸਤਿਗੁਰ ਸੇਵੇ ਜੀਅ ਕੇ ਬੰਧਨਾ ਵਿਚਿ ਹਉਮੈ ਕਰਮ ਕਮਾਹਿ ॥ (589-18)
बिनु सतिगुर सेवे जीअ के बंधना विचि हउमै करम कमाहि ॥

ਬਿਨੁ ਸਤਿਗੁਰ ਸੇਵੇ ਠਉਰ ਨ ਪਾਵਹੀ ਮਰਿ ਜੰਮਹਿ ਆਵਹਿ ਜਾਹਿ ॥ (589-19)
बिनु सतिगुर सेवे ठउर न पावही मरि जंमहि आवहि जाहि ॥

ਬਿਨੁ ਸਤਿਗੁਰ ਸੇਵੇ ਫਿਕਾ ਬੋਲਣਾ ਨਾਮੁ ਨ ਵਸੈ ਮਨ ਮਾਹਿ ॥ (589-19)
बिनु सतिगुर सेवे फिका बोलणा नामु न वसै मन माहि ॥

ਨਾਨਕ ਬਿਨੁ ਸਤਿਗੁਰ ਸੇਵੇ ਜਮ ਪੁਰਿ ਬਧੇ ਮਾਰੀਅਨਿ ਮੁਹਿ ਕਾਲੈ ਉਠਿ ਜਾਹਿ ॥੧॥ (590-1)
नानक बिनु सतिगुर सेवे जम पुरि बधे मारीअनि मुहि कालै उठि जाहि ॥१॥

ਮਹਲਾ ੧ ॥ (590-2)
महला १ ॥

ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ ॥ (590-2)
जालउ ऐसी रीति जितु मै पिआरा वीसरै ॥

ਨਾਨਕ ਸਾਈ ਭਲੀ ਪਰੀਤਿ ਜਿਤੁ ਸਾਹਿਬ ਸੇਤੀ ਪਤਿ ਰਹੈ ॥੨॥ (590-2)
नानक साई भली परीति जितु साहिब सेती पति रहै ॥२॥

ਪਉੜੀ ॥ (590-3)
पउड़ी ॥

ਹਰਿ ਇਕੋ ਦਾਤਾ ਸੇਵੀਐ ਹਰਿ ਇਕੁ ਧਿਆਈਐ ॥ (590-3)
हरि इको दाता सेवीऐ हरि इकु धिआईऐ ॥

ਹਰਿ ਇਕੋ ਦਾਤਾ ਮੰਗੀਐ ਮਨ ਚਿੰਦਿਆ ਪਾਈਐ ॥ (590-4)
हरि इको दाता मंगीऐ मन चिंदिआ पाईऐ ॥

ਜੇ ਦੂਜੇ ਪਾਸਹੁ ਮੰਗੀਐ ਤਾ ਲਾਜ ਮਰਾਈਐ ॥ (590-4)
जे दूजे पासहु मंगीऐ ता लाज मराईऐ ॥

ਜਿਨਿ ਸੇਵਿਆ ਤਿਨਿ ਫਲੁ ਪਾਇਆ ਤਿਸੁ ਜਨ ਕੀ ਸਭ ਭੁਖ ਗਵਾਈਐ ॥ (590-4)
जिनि सेविआ तिनि फलु पाइआ तिसु जन की सभ भुख गवाईऐ ॥

ਨਾਨਕੁ ਤਿਨ ਵਿਟਹੁ ਵਾਰਿਆ ਜਿਨ ਅਨਦਿਨੁ ਹਿਰਦੈ ਹਰਿ ਨਾਮੁ ਧਿਆਈਐ ॥੧੦॥ (590-5)
नानकु तिन विटहु वारिआ जिन अनदिनु हिरदै हरि नामु धिआईऐ ॥१०॥

ਸਲੋਕੁ ਮਃ ੩ ॥ (590-6)
सलोकु मः ३ ॥

ਭਗਤ ਜਨਾ ਕੰਉ ਆਪਿ ਤੁਠਾ ਮੇਰਾ ਪਿਆਰਾ ਆਪੇ ਲਇਅਨੁ ਜਨ ਲਾਇ ॥ (590-6)
भगत जना कंउ आपि तुठा मेरा पिआरा आपे लइअनु जन लाइ ॥

ਪਾਤਿਸਾਹੀ ਭਗਤ ਜਨਾ ਕਉ ਦਿਤੀਅਨੁ ਸਿਰਿ ਛਤੁ ਸਚਾ ਹਰਿ ਬਣਾਇ ॥ (590-7)
पातिसाही भगत जना कउ दितीअनु सिरि छतु सचा हरि बणाइ ॥

ਸਦਾ ਸੁਖੀਏ ਨਿਰਮਲੇ ਸਤਿਗੁਰ ਕੀ ਕਾਰ ਕਮਾਇ ॥ (590-7)
सदा सुखीए निरमले सतिगुर की कार कमाइ ॥

ਰਾਜੇ ਓਇ ਨ ਆਖੀਅਹਿ ਭਿੜਿ ਮਰਹਿ ਫਿਰਿ ਜੂਨੀ ਪਾਹਿ ॥ (590-8)
राजे ओइ न आखीअहि भिड़ि मरहि फिरि जूनी पाहि ॥

ਨਾਨਕ ਵਿਣੁ ਨਾਵੈ ਨਕੀ ਵਢੀ ਫਿਰਹਿ ਸੋਭਾ ਮੂਲਿ ਨ ਪਾਹਿ ॥੧॥ (590-9)
नानक विणु नावै नकी� वढी� फिरहि सोभा मूलि न पाहि ॥१॥

ਮਃ ੩ ॥ (590-9)
मः ३ ॥

ਸੁਣਿ ਸਿਖਿਐ ਸਾਦੁ ਨ ਆਇਓ ਜਿਚਰੁ ਗੁਰਮੁਖਿ ਸਬਦਿ ਨ ਲਾਗੈ ॥ (590-9)
सुणि सिखिऐ सादु न आइओ जिचरु गुरमुखि सबदि न लागै ॥

ਸਤਿਗੁਰਿ ਸੇਵਿਐ ਨਾਮੁ ਮਨਿ ਵਸੈ ਵਿਚਹੁ ਭ੍ਰਮੁ ਭਉ ਭਾਗੈ ॥ (590-10)
सतिगुरि सेविऐ नामु मनि वसै विचहु भ्रमु भउ भागै ॥

ਜੇਹਾ ਸਤਿਗੁਰ ਨੋ ਜਾਣੈ ਤੇਹੋ ਹੋਵੈ ਤਾ ਸਚਿ ਨਾਮਿ ਲਿਵ ਲਾਗੈ ॥ (590-10)
जेहा सतिगुर नो जाणै तेहो होवै ता सचि नामि लिव लागै ॥

ਨਾਨਕ ਨਾਮਿ ਮਿਲੈ ਵਡਿਆਈ ਹਰਿ ਦਰਿ ਸੋਹਨਿ ਆਗੈ ॥੨॥ (590-11)
नानक नामि मिलै वडिआई हरि दरि सोहनि आगै ॥२॥

ਪਉੜੀ ॥ (590-12)
पउड़ी ॥

ਗੁਰਸਿਖਾਂ ਮਨਿ ਹਰਿ ਪ੍ਰੀਤਿ ਹੈ ਗੁਰੁ ਪੂਜਣ ਆਵਹਿ ॥ (590-12)
गुरसिखां मनि हरि प्रीति है गुरु पूजण आवहि ॥

ਹਰਿ ਨਾਮੁ ਵਣੰਜਹਿ ਰੰਗ ਸਿਉ ਲਾਹਾ ਹਰਿ ਨਾਮੁ ਲੈ ਜਾਵਹਿ ॥ (590-12)
हरि नामु वणंजहि रंग सिउ लाहा हरि नामु लै जावहि ॥

ਗੁਰਸਿਖਾ ਕੇ ਮੁਖ ਉਜਲੇ ਹਰਿ ਦਰਗਹ ਭਾਵਹਿ ॥ (590-13)
गुरसिखा के मुख उजले हरि दरगह भावहि ॥

ਗੁਰੁ ਸਤਿਗੁਰੁ ਬੋਹਲੁ ਹਰਿ ਨਾਮ ਕਾ ਵਡਭਾਗੀ ਸਿਖ ਗੁਣ ਸਾਂਝ ਕਰਾਵਹਿ ॥ (590-13)
गुरु सतिगुरु बोहलु हरि नाम का वडभागी सिख गुण सांझ करावहि ॥

ਤਿਨਾ ਗੁਰਸਿਖਾ ਕੰਉ ਹਉ ਵਾਰਿਆ ਜੋ ਬਹਦਿਆ ਉਠਦਿਆ ਹਰਿ ਨਾਮੁ ਧਿਆਵਹਿ ॥੧੧॥ (590-14)
तिना गुरसिखा कंउ हउ वारिआ जो बहदिआ उठदिआ हरि नामु धिआवहि ॥११॥

ਸਲੋਕ ਮਃ ੩ ॥ (590-15)
सलोक मः ३ ॥

ਨਾਨਕ ਨਾਮੁ ਨਿਧਾਨੁ ਹੈ ਗੁਰਮੁਖਿ ਪਾਇਆ ਜਾਇ ॥ (590-15)
नानक नामु निधानु है गुरमुखि पाइआ जाइ ॥

ਮਨਮੁਖ ਘਰਿ ਹੋਦੀ ਵਥੁ ਨ ਜਾਣਨੀ ਅੰਧੇ ਭਉਕਿ ਮੁਏ ਬਿਲਲਾਇ ॥੧॥ (590-15)
मनमुख घरि होदी वथु न जाणनी अंधे भउकि मुए बिललाइ ॥१॥

ਮਃ ੩ ॥ (590-16)
मः ३ ॥

ਕੰਚਨ ਕਾਇਆ ਨਿਰਮਲੀ ਜੋ ਸਚਿ ਨਾਮਿ ਸਚਿ ਲਾਗੀ ॥ (590-16)
कंचन काइआ निरमली जो सचि नामि सचि लागी ॥

ਨਿਰਮਲ ਜੋਤਿ ਨਿਰੰਜਨੁ ਪਾਇਆ ਗੁਰਮੁਖਿ ਭ੍ਰਮੁ ਭਉ ਭਾਗੀ ॥ (590-17)
निरमल जोति निरंजनु पाइआ गुरमुखि भ्रमु भउ भागी ॥

ਨਾਨਕ ਗੁਰਮੁਖਿ ਸਦਾ ਸੁਖੁ ਪਾਵਹਿ ਅਨਦਿਨੁ ਹਰਿ ਬੈਰਾਗੀ ॥੨॥ (590-17)
नानक गुरमुखि सदा सुखु पावहि अनदिनु हरि बैरागी ॥२॥

ਪਉੜੀ ॥ (590-18)
पउड़ी ॥

ਸੇ ਗੁਰਸਿਖ ਧਨੁ ਧੰਨੁ ਹੈ ਜਿਨੀ ਗੁਰ ਉਪਦੇਸੁ ਸੁਣਿਆ ਹਰਿ ਕੰਨੀ ॥ (590-18)
से गुरसिख धनु धंनु है जिनी गुर उपदेसु सुणिआ हरि कंनी ॥

ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਤਿਨਿ ਹੰਉਮੈ ਦੁਬਿਧਾ ਭੰਨੀ ॥ (590-19)
गुरि सतिगुरि नामु द्रिड़ाइआ तिनि हंउमै दुबिधा भंनी ॥

ਬਿਨੁ ਹਰਿ ਨਾਵੈ ਕੋ ਮਿਤ੍ਰੁ ਨਾਹੀ ਵੀਚਾਰਿ ਡਿਠਾ ਹਰਿ ਜੰਨੀ ॥ (590-19)
बिनु हरि नावै को मित्रु नाही वीचारि डिठा हरि जंनी ॥

ਜਿਨਾ ਗੁਰਸਿਖਾ ਕਉ ਹਰਿ ਸੰਤੁਸਟੁ ਹੈ ਤਿਨੀ ਸਤਿਗੁਰ ਕੀ ਗਲ ਮੰਨੀ ॥ (591-1)
जिना गुरसिखा कउ हरि संतुसटु है तिनी सतिगुर की गल मंनी ॥

ਜੋ ਗੁਰਮੁਖਿ ਨਾਮੁ ਧਿਆਇਦੇ ਤਿਨੀ ਚੜੀ ਚਵਗਣਿ ਵੰਨੀ ॥੧੨॥ (591-1)
जो गुरमुखि नामु धिआइदे तिनी चड़ी चवगणि वंनी ॥१२॥

ਸਲੋਕ ਮਃ ੩ ॥ (591-2)
सलोक मः ३ ॥

ਮਨਮੁਖੁ ਕਾਇਰੁ ਕਰੂਪੁ ਹੈ ਬਿਨੁ ਨਾਵੈ ਨਕੁ ਨਾਹਿ ॥ (591-2)
मनमुखु काइरु करूपु है बिनु नावै नकु नाहि ॥

ਅਨਦਿਨੁ ਧੰਧੈ ਵਿਆਪਿਆ ਸੁਪਨੈ ਭੀ ਸੁਖੁ ਨਾਹਿ ॥ (591-3)
अनदिनु धंधै विआपिआ सुपनै भी सुखु नाहि ॥

ਨਾਨਕ ਗੁਰਮੁਖਿ ਹੋਵਹਿ ਤਾ ਉਬਰਹਿ ਨਾਹਿ ਤ ਬਧੇ ਦੁਖ ਸਹਾਹਿ ॥੧॥ (591-3)
नानक गुरमुखि होवहि ता उबरहि नाहि त बधे दुख सहाहि ॥१॥

ਮਃ ੩ ॥ (591-4)
मः ३ ॥

ਗੁਰਮੁਖਿ ਸਦਾ ਦਰਿ ਸੋਹਣੇ ਗੁਰ ਕਾ ਸਬਦੁ ਕਮਾਹਿ ॥ (591-4)
गुरमुखि सदा दरि सोहणे गुर का सबदु कमाहि ॥

ਅੰਤਰਿ ਸਾਂਤਿ ਸਦਾ ਸੁਖੁ ਦਰਿ ਸਚੈ ਸੋਭਾ ਪਾਹਿ ॥ (591-4)
अंतरि सांति सदा सुखु दरि सचै सोभा पाहि ॥

ਨਾਨਕ ਗੁਰਮੁਖਿ ਹਰਿ ਨਾਮੁ ਪਾਇਆ ਸਹਜੇ ਸਚਿ ਸਮਾਹਿ ॥੨॥ (591-5)
नानक गुरमुखि हरि नामु पाइआ सहजे सचि समाहि ॥२॥

ਪਉੜੀ ॥ (591-6)
पउड़ी ॥

ਗੁਰਮੁਖਿ ਪ੍ਰਹਿਲਾਦਿ ਜਪਿ ਹਰਿ ਗਤਿ ਪਾਈ ॥ (591-6)
गुरमुखि प्रहिलादि जपि हरि गति पाई ॥

ਗੁਰਮੁਖਿ ਜਨਕਿ ਹਰਿ ਨਾਮਿ ਲਿਵ ਲਾਈ ॥ (591-6)
गुरमुखि जनकि हरि नामि लिव लाई ॥

ਗੁਰਮੁਖਿ ਬਸਿਸਟਿ ਹਰਿ ਉਪਦੇਸੁ ਸੁਣਾਈ ॥ (591-6)
गुरमुखि बसिसटि हरि उपदेसु सुणाई ॥

ਬਿਨੁ ਗੁਰ ਹਰਿ ਨਾਮੁ ਨ ਕਿਨੈ ਪਾਇਆ ਮੇਰੇ ਭਾਈ ॥ (591-7)
बिनु गुर हरि नामु न किनै पाइआ मेरे भाई ॥

ਗੁਰਮੁਖਿ ਹਰਿ ਭਗਤਿ ਹਰਿ ਆਪਿ ਲਹਾਈ ॥੧੩॥ (591-7)
गुरमुखि हरि भगति हरि आपि लहाई ॥१३॥

ਸਲੋਕੁ ਮਃ ੩ ॥ (591-8)
सलोकु मः ३ ॥

ਸਤਿਗੁਰ ਕੀ ਪਰਤੀਤਿ ਨ ਆਈਆ ਸਬਦਿ ਨ ਲਾਗੋ ਭਾਉ ॥ (591-8)
सतिगुर की परतीति न आईआ सबदि न लागो भाउ ॥

ਓਸ ਨੋ ਸੁਖੁ ਨ ਉਪਜੈ ਭਾਵੈ ਸਉ ਗੇੜਾ ਆਵਉ ਜਾਉ ॥ (591-9)
ओस नो सुखु न उपजै भावै सउ गेड़ा आवउ जाउ ॥

ਨਾਨਕ ਗੁਰਮੁਖਿ ਸਹਜਿ ਮਿਲੈ ਸਚੇ ਸਿਉ ਲਿਵ ਲਾਉ ॥੧॥ (591-9)
नानक गुरमुखि सहजि मिलै सचे सिउ लिव लाउ ॥१॥

ਮਃ ੩ ॥ (591-10)
मः ३ ॥

ਏ ਮਨ ਐਸਾ ਸਤਿਗੁਰੁ ਖੋਜਿ ਲਹੁ ਜਿਤੁ ਸੇਵਿਐ ਜਨਮ ਮਰਣ ਦੁਖੁ ਜਾਇ ॥ (591-10)
ए मन ऐसा सतिगुरु खोजि लहु जितु सेविऐ जनम मरण दुखु जाइ ॥

ਸਹਸਾ ਮੂਲਿ ਨ ਹੋਵਈ ਹਉਮੈ ਸਬਦਿ ਜਲਾਇ ॥ (591-10)
सहसा मूलि न होवई हउमै सबदि जलाइ ॥

ਕੂੜੈ ਕੀ ਪਾਲਿ ਵਿਚਹੁ ਨਿਕਲੈ ਸਚੁ ਵਸੈ ਮਨਿ ਆਇ ॥ (591-11)
कूड़ै की पालि विचहु निकलै सचु वसै मनि आइ ॥

ਅੰਤਰਿ ਸਾਂਤਿ ਮਨਿ ਸੁਖੁ ਹੋਇ ਸਚ ਸੰਜਮਿ ਕਾਰ ਕਮਾਇ ॥ (591-11)
अंतरि सांति मनि सुखु होइ सच संजमि कार कमाइ ॥

ਨਾਨਕ ਪੂਰੈ ਕਰਮਿ ਸਤਿਗੁਰੁ ਮਿਲੈ ਹਰਿ ਜੀਉ ਕਿਰਪਾ ਕਰੇ ਰਜਾਇ ॥੨॥ (591-12)
नानक पूरै करमि सतिगुरु मिलै हरि जीउ किरपा करे रजाइ ॥२॥

ਪਉੜੀ ॥ (591-12)
पउड़ी ॥

ਜਿਸ ਕੈ ਘਰਿ ਦੀਬਾਨੁ ਹਰਿ ਹੋਵੈ ਤਿਸ ਕੀ ਮੁਠੀ ਵਿਚਿ ਜਗਤੁ ਸਭੁ ਆਇਆ ॥ (591-13)
जिस कै घरि दीबानु हरि होवै तिस की मुठी विचि जगतु सभु आइआ ॥

ਤਿਸ ਕਉ ਤਲਕੀ ਕਿਸੈ ਦੀ ਨਾਹੀ ਹਰਿ ਦੀਬਾਨਿ ਸਭਿ ਆਣਿ ਪੈਰੀ ਪਾਇਆ ॥ (591-13)
तिस कउ तलकी किसै दी नाही हरि दीबानि सभि आणि पैरी पाइआ ॥

ਮਾਣਸਾ ਕਿਅਹੁ ਦੀਬਾਣਹੁ ਕੋਈ ਨਸਿ ਭਜਿ ਨਿਕਲੈ ਹਰਿ ਦੀਬਾਣਹੁ ਕੋਈ ਕਿਥੈ ਜਾਇਆ ॥ (591-14)
माणसा किअहु दीबाणहु कोई नसि भजि निकलै हरि दीबाणहु कोई किथै जाइआ ॥

ਸੋ ਐਸਾ ਹਰਿ ਦੀਬਾਨੁ ਵਸਿਆ ਭਗਤਾ ਕੈ ਹਿਰਦੈ ਤਿਨਿ ਰਹਦੇ ਖੁਹਦੇ ਆਣਿ ਸਭਿ ਭਗਤਾ ਅਗੈ ਖਲਵਾਇਆ ॥ (591-15)
सो ऐसा हरि दीबानु वसिआ भगता कै हिरदै तिनि रहदे खुहदे आणि सभि भगता अगै खलवाइआ ॥

ਹਰਿ ਨਾਵੈ ਕੀ ਵਡਿਆਈ ਕਰਮਿ ਪਰਾਪਤਿ ਹੋਵੈ ਗੁਰਮੁਖਿ ਵਿਰਲੈ ਕਿਨੈ ਧਿਆਇਆ ॥੧੪॥ (591-16)
हरि नावै की वडिआई करमि परापति होवै गुरमुखि विरलै किनै धिआइआ ॥१४॥

ਸਲੋਕੁ ਮਃ ੩ ॥ (591-17)
सलोकु मः ३ ॥

ਬਿਨੁ ਸਤਿਗੁਰ ਸੇਵੇ ਜਗਤੁ ਮੁਆ ਬਿਰਥਾ ਜਨਮੁ ਗਵਾਇ ॥ (591-17)
बिनु सतिगुर सेवे जगतु मुआ बिरथा जनमु गवाइ ॥

ਦੂਜੈ ਭਾਇ ਅਤਿ ਦੁਖੁ ਲਗਾ ਮਰਿ ਜੰਮੈ ਆਵੈ ਜਾਇ ॥ (591-17)
दूजै भाइ अति दुखु लगा मरि जंमै आवै जाइ ॥

ਵਿਸਟਾ ਅੰਦਰਿ ਵਾਸੁ ਹੈ ਫਿਰਿ ਫਿਰਿ ਜੂਨੀ ਪਾਇ ॥ (591-18)
विसटा अंदरि वासु है फिरि फिरि जूनी पाइ ॥

ਨਾਨਕ ਬਿਨੁ ਨਾਵੈ ਜਮੁ ਮਾਰਸੀ ਅੰਤਿ ਗਇਆ ਪਛੁਤਾਇ ॥੧॥ (591-18)
नानक बिनु नावै जमु मारसी अंति गइआ पछुताइ ॥१॥

ਮਃ ੩ ॥ (591-19)
मः ३ ॥

ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ ॥ (591-19)
इसु जग महि पुरखु एकु है होर सगली नारि सबाई ॥

ਸਭਿ ਘਟ ਭੋਗਵੈ ਅਲਿਪਤੁ ਰਹੈ ਅਲਖੁ ਨ ਲਖਣਾ ਜਾਈ ॥ (592-1)
सभि घट भोगवै अलिपतु रहै अलखु न लखणा जाई ॥

ਪੂਰੈ ਗੁਰਿ ਵੇਖਾਲਿਆ ਸਬਦੇ ਸੋਝੀ ਪਾਈ ॥ (592-1)
पूरै गुरि वेखालिआ सबदे सोझी पाई ॥

ਪੁਰਖੈ ਸੇਵਹਿ ਸੇ ਪੁਰਖ ਹੋਵਹਿ ਜਿਨੀ ਹਉਮੈ ਸਬਦਿ ਜਲਾਈ ॥ (592-2)
पुरखै सेवहि से पुरख होवहि जिनी हउमै सबदि जलाई ॥

ਤਿਸ ਕਾ ਸਰੀਕੁ ਕੋ ਨਹੀ ਨਾ ਕੋ ਕੰਟਕੁ ਵੈਰਾਈ ॥ (592-2)
तिस का सरीकु को नही ना को कंटकु वैराई ॥

ਨਿਹਚਲ ਰਾਜੁ ਹੈ ਸਦਾ ਤਿਸੁ ਕੇਰਾ ਨਾ ਆਵੈ ਨਾ ਜਾਈ ॥ (592-3)
निहचल राजु है सदा तिसु केरा ना आवै ना जाई ॥

ਅਨਦਿਨੁ ਸੇਵਕੁ ਸੇਵਾ ਕਰੇ ਹਰਿ ਸਚੇ ਕੇ ਗੁਣ ਗਾਈ ॥ (592-3)
अनदिनु सेवकु सेवा करे हरि सचे के गुण गाई ॥

ਨਾਨਕੁ ਵੇਖਿ ਵਿਗਸਿਆ ਹਰਿ ਸਚੇ ਕੀ ਵਡਿਆਈ ॥੨॥ (592-4)
नानकु वेखि विगसिआ हरि सचे की वडिआई ॥२॥

ਪਉੜੀ ॥ (592-4)
पउड़ी ॥

ਜਿਨ ਕੈ ਹਰਿ ਨਾਮੁ ਵਸਿਆ ਸਦ ਹਿਰਦੈ ਹਰਿ ਨਾਮੋ ਤਿਨ ਕੰਉ ਰਖਣਹਾਰਾ ॥ (592-4)
जिन कै हरि नामु वसिआ सद हिरदै हरि नामो तिन कंउ रखणहारा ॥

ਹਰਿ ਨਾਮੁ ਪਿਤਾ ਹਰਿ ਨਾਮੋ ਮਾਤਾ ਹਰਿ ਨਾਮੁ ਸਖਾਈ ਮਿਤ੍ਰੁ ਹਮਾਰਾ ॥ (592-5)
हरि नामु पिता हरि नामो माता हरि नामु सखाई मित्रु हमारा ॥

ਹਰਿ ਨਾਵੈ ਨਾਲਿ ਗਲਾ ਹਰਿ ਨਾਵੈ ਨਾਲਿ ਮਸਲਤਿ ਹਰਿ ਨਾਮੁ ਹਮਾਰੀ ਕਰਦਾ ਨਿਤ ਸਾਰਾ ॥ (592-5)
हरि नावै नालि गला हरि नावै नालि मसलति हरि नामु हमारी करदा नित सारा ॥

ਹਰਿ ਨਾਮੁ ਹਮਾਰੀ ਸੰਗਤਿ ਅਤਿ ਪਿਆਰੀ ਹਰਿ ਨਾਮੁ ਕੁਲੁ ਹਰਿ ਨਾਮੁ ਪਰਵਾਰਾ ॥ (592-6)
हरि नामु हमारी संगति अति पिआरी हरि नामु कुलु हरि नामु परवारा ॥

ਜਨ ਨਾਨਕ ਕੰਉ ਹਰਿ ਨਾਮੁ ਹਰਿ ਗੁਰਿ ਦੀਆ ਹਰਿ ਹਲਤਿ ਪਲਤਿ ਸਦਾ ਕਰੇ ਨਿਸਤਾਰਾ ॥੧੫॥ (592-7)
जन नानक कंउ हरि नामु हरि गुरि दीआ हरि हलति पलति सदा करे निसतारा ॥१५॥

ਸਲੋਕੁ ਮਃ ੩ ॥ (592-8)
सलोकु मः ३ ॥

ਜਿਨ ਕੰਉ ਸਤਿਗੁਰੁ ਭੇਟਿਆ ਸੇ ਹਰਿ ਕੀਰਤਿ ਸਦਾ ਕਮਾਹਿ ॥ (592-8)
जिन कंउ सतिगुरु भेटिआ से हरि कीरति सदा कमाहि ॥

ਅਚਿੰਤੁ ਹਰਿ ਨਾਮੁ ਤਿਨ ਕੈ ਮਨਿ ਵਸਿਆ ਸਚੈ ਸਬਦਿ ਸਮਾਹਿ ॥ (592-9)
अचिंतु हरि नामु तिन कै मनि वसिआ सचै सबदि समाहि ॥

ਕੁਲੁ ਉਧਾਰਹਿ ਆਪਣਾ ਮੋਖ ਪਦਵੀ ਆਪੇ ਪਾਹਿ ॥ (592-9)
कुलु उधारहि आपणा मोख पदवी आपे पाहि ॥

ਪਾਰਬ੍ਰਹਮੁ ਤਿਨ ਕੰਉ ਸੰਤੁਸਟੁ ਭਇਆ ਜੋ ਗੁਰ ਚਰਨੀ ਜਨ ਪਾਹਿ ॥ (592-10)
पारब्रहमु तिन कंउ संतुसटु भइआ जो गुर चरनी जन पाहि ॥

ਜਨੁ ਨਾਨਕੁ ਹਰਿ ਕਾ ਦਾਸੁ ਹੈ ਕਰਿ ਕਿਰਪਾ ਹਰਿ ਲਾਜ ਰਖਾਹਿ ॥੧॥ (592-10)
जनु नानकु हरि का दासु है करि किरपा हरि लाज रखाहि ॥१॥

ਮः ੩ ॥ (592-11)
मः ३ ॥

ਹੰਉਮੈ ਅੰਦਰਿ ਖੜਕੁ ਹੈ ਖੜਕੇ ਖੜਕਿ ਵਿਹਾਇ ॥ (592-11)
हंउमै अंदरि खड़कु है खड़के खड़कि विहाइ ॥

ਹੰਉਮੈ ਵਡਾ ਰੋਗੁ ਹੈ ਮਰਿ ਜੰਮੈ ਆਵੈ ਜਾਇ ॥ (592-12)
हंउमै वडा रोगु है मरि जंमै आवै जाइ ॥

ਜਿਨ ਕਉ ਪੂਰਬਿ ਲਿਖਿਆ ਤਿਨਾ ਸਤਗੁਰੁ ਮਿਲਿਆ ਪ੍ਰਭੁ ਆਇ ॥ (592-12)
जिन कउ पूरबि लिखिआ तिना सतगुरु मिलिआ प्रभु आइ ॥

ਨਾਨਕ ਗੁਰ ਪਰਸਾਦੀ ਉਬਰੇ ਹਉਮੈ ਸਬਦਿ ਜਲਾਇ ॥੨॥ (592-13)
नानक गुर परसादी उबरे हउमै सबदि जलाइ ॥२॥

ਪਉੜੀ ॥ (592-13)
पउड़ी ॥

ਹਰਿ ਨਾਮੁ ਹਮਾਰਾ ਪ੍ਰਭੁ ਅਬਿਗਤੁ ਅਗੋਚਰੁ ਅਬਿਨਾਸੀ ਪੁਰਖੁ ਬਿਧਾਤਾ ॥ (592-13)
हरि नामु हमारा प्रभु अबिगतु अगोचरु अबिनासी पुरखु बिधाता ॥

ਹਰਿ ਨਾਮੁ ਹਮ ਸ੍ਰੇਵਹ ਹਰਿ ਨਾਮੁ ਹਮ ਪੂਜਹ ਹਰਿ ਨਾਮੇ ਹੀ ਮਨੁ ਰਾਤਾ ॥ (592-14)
हरि नामु हम स्रेवह हरि नामु हम पूजह हरि नामे ही मनु राता ॥

ਹਰਿ ਨਾਮੈ ਜੇਵਡੁ ਕੋਈ ਅਵਰੁ ਨ ਸੂਝੈ ਹਰਿ ਨਾਮੋ ਅੰਤਿ ਛਡਾਤਾ ॥ (592-15)
हरि नामै जेवडु कोई अवरु न सूझै हरि नामो अंति छडाता ॥

ਹਰਿ ਨਾਮੁ ਦੀਆ ਗੁਰਿ ਪਰਉਪਕਾਰੀ ਧਨੁ ਧੰਨੁ ਗੁਰੂ ਕਾ ਪਿਤਾ ਮਾਤਾ ॥ (592-15)
हरि नामु दीआ गुरि परउपकारी धनु धंनु गुरू का पिता माता ॥

ਹੰਉ ਸਤਿਗੁਰ ਅਪੁਣੇ ਕੰਉ ਸਦਾ ਨਮਸਕਾਰੀ ਜਿਤੁ ਮਿਲਿਐ ਹਰਿ ਨਾਮੁ ਮੈ ਜਾਤਾ ॥੧੬॥ (592-16)
हंउ सतिगुर अपुणे कंउ सदा नमसकारी जितु मिलिऐ हरि नामु मै जाता ॥१६॥

ਸਲੋਕੁ ਮਃ ੩ ॥ (592-17)
सलोकु मः ३ ॥

ਗੁਰਮੁਖਿ ਸੇਵ ਨ ਕੀਨੀਆ ਹਰਿ ਨਾਮਿ ਨ ਲਗੋ ਪਿਆਰੁ ॥ (592-17)
गुरमुखि सेव न कीनीआ हरि नामि न लगो पिआरु ॥

ਸਬਦੈ ਸਾਦੁ ਨ ਆਇਓ ਮਰਿ ਜਨਮੈ ਵਾਰੋ ਵਾਰ ॥ (592-17)
सबदै सादु न आइओ मरि जनमै वारो वार ॥

ਮਨਮੁਖਿ ਅੰਧੁ ਨ ਚੇਤਈ ਕਿਤੁ ਆਇਆ ਸੈਸਾਰਿ ॥ (592-18)
मनमुखि अंधु न चेतई कितु आइआ सैसारि ॥

ਨਾਨਕ ਜਿਨ ਕਉ ਨਦਰਿ ਕਰੇ ਸੇ ਗੁਰਮੁਖਿ ਲੰਘੇ ਪਾਰਿ ॥੧॥ (592-18)
नानक जिन कउ नदरि करे से गुरमुखि लंघे पारि ॥१॥

ਮਃ ੩ ॥ (592-19)
मः ३ ॥

ਇਕੋ ਸਤਿਗੁਰੁ ਜਾਗਤਾ ਹੋਰੁ ਜਗੁ ਸੂਤਾ ਮੋਹਿ ਪਿਆਸਿ ॥ (592-19)
इको सतिगुरु जागता होरु जगु सूता मोहि पिआसि ॥

ਸਤਿਗੁਰੁ ਸੇਵਨਿ ਜਾਗੰਨਿ ਸੇ ਜੋ ਰਤੇ ਸਚਿ ਨਾਮਿ ਗੁਣਤਾਸਿ ॥ (592-19)
सतिगुरु सेवनि जागंनि से जो रते सचि नामि गुणतासि ॥

ਮਨਮੁਖਿ ਅੰਧ ਨ ਚੇਤਨੀ ਜਨਮਿ ਮਰਿ ਹੋਹਿ ਬਿਨਾਸਿ ॥ (593-1)
मनमुखि अंध न चेतनी जनमि मरि होहि बिनासि ॥

ਨਾਨਕ ਗੁਰਮੁਖਿ ਤਿਨੀ ਨਾਮੁ ਧਿਆਇਆ ਜਿਨ ਕੰਉ ਧੁਰਿ ਪੂਰਬਿ ਲਿਖਿਆਸਿ ॥੨॥ (593-1)
नानक गुरमुखि तिनी नामु धिआइआ जिन कंउ धुरि पूरबि लिखिआसि ॥२॥

ਪਉੜੀ ॥ (593-2)
पउड़ी ॥

ਹਰਿ ਨਾਮੁ ਹਮਾਰਾ ਭੋਜਨੁ ਛਤੀਹ ਪਰਕਾਰ ਜਿਤੁ ਖਾਇਐ ਹਮ ਕਉ ਤ੍ਰਿਪਤਿ ਭਈ ॥ (593-2)
हरि नामु हमारा भोजनु छतीह परकार जितु खाइऐ हम कउ त्रिपति भई ॥

ਹਰਿ ਨਾਮੁ ਹਮਾਰਾ ਪੈਨਣੁ ਜਿਤੁ ਫਿਰਿ ਨੰਗੇ ਨ ਹੋਵਹ ਹੋਰ ਪੈਨਣ ਕੀ ਹਮਾਰੀ ਸਰਧ ਗਈ ॥ (593-3)
हरि नामु हमारा पैनणु जितु फिरि नंगे न होवह होर पैनण की हमारी सरध गई ॥

ਹਰਿ ਨਾਮੁ ਹਮਾਰਾ ਵਣਜੁ ਹਰਿ ਨਾਮੁ ਵਾਪਾਰੁ ਹਰਿ ਨਾਮੈ ਕੀ ਹਮ ਕੰਉ ਸਤਿਗੁਰਿ ਕਾਰਕੁਨੀ ਦੀਈ ॥ (593-4)
हरि नामु हमारा वणजु हरि नामु वापारु हरि नामै की हम कंउ सतिगुरि कारकुनी दीई ॥

ਹਰਿ ਨਾਮੈ ਕਾ ਹਮ ਲੇਖਾ ਲਿਖਿਆ ਸਭ ਜਮ ਕੀ ਅਗਲੀ ਕਾਣਿ ਗਈ ॥ (593-5)
हरि नामै का हम लेखा लिखिआ सभ जम की अगली काणि गई ॥

ਹਰਿ ਕਾ ਨਾਮੁ ਗੁਰਮੁਖਿ ਕਿਨੈ ਵਿਰਲੈ ਧਿਆਇਆ ਜਿਨ ਕੰਉ ਧੁਰਿ ਕਰਮਿ ਪਰਾਪਤਿ ਲਿਖਤੁ ਪਈ ॥੧੭॥ (593-5)
हरि का नामु गुरमुखि किनै विरलै धिआइआ जिन कंउ धुरि करमि परापति लिखतु पई ॥१७॥

ਸਲੋਕ ਮਃ ੩ ॥ (593-6)
सलोक मः ३ ॥

ਜਗਤੁ ਅਗਿਆਨੀ ਅੰਧੁ ਹੈ ਦੂਜੈ ਭਾਇ ਕਰਮ ਕਮਾਇ ॥ (593-7)
जगतु अगिआनी अंधु है दूजै भाइ करम कमाइ ॥

ਦੂਜੈ ਭਾਇ ਜੇਤੇ ਕਰਮ ਕਰੇ ਦੁਖੁ ਲਗੈ ਤਨਿ ਧਾਇ ॥ (593-7)
दूजै भाइ जेते करम करे दुखु लगै तनि धाइ ॥

ਗੁਰ ਪਰਸਾਦੀ ਸੁਖੁ ਊਪਜੈ ਜਾ ਗੁਰ ਕਾ ਸਬਦੁ ਕਮਾਇ ॥ (593-8)
गुर परसादी सुखु ऊपजै जा गुर का सबदु कमाइ ॥

ਸਚੀ ਬਾਣੀ ਕਰਮ ਕਰੇ ਅਨਦਿਨੁ ਨਾਮੁ ਧਿਆਇ ॥ (593-8)
सची बाणी करम करे अनदिनु नामु धिआइ ॥

ਨਾਨਕ ਜਿਤੁ ਆਪੇ ਲਾਏ ਤਿਤੁ ਲਗੇ ਕਹਣਾ ਕਿਛੂ ਨ ਜਾਇ ॥੧॥ (593-9)
नानक जितु आपे लाए तितु लगे कहणा किछू न जाइ ॥१॥

ਮਃ ੩ ॥ (593-9)
मः ३ ॥

ਹਮ ਘਰਿ ਨਾਮੁ ਖਜਾਨਾ ਸਦਾ ਹੈ ਭਗਤਿ ਭਰੇ ਭੰਡਾਰਾ ॥ (593-9)
हम घरि नामु खजाना सदा है भगति भरे भंडारा ॥

ਸਤਗੁਰੁ ਦਾਤਾ ਜੀਅ ਕਾ ਸਦ ਜੀਵੈ ਦੇਵਣਹਾਰਾ ॥ (593-10)
सतगुरु दाता जीअ का सद जीवै देवणहारा ॥

ਅਨਦਿਨੁ ਕੀਰਤਨੁ ਸਦਾ ਕਰਹਿ ਗੁਰ ਕੈ ਸਬਦਿ ਅਪਾਰਾ ॥ (593-10)
अनदिनु कीरतनु सदा करहि गुर कै सबदि अपारा ॥

ਸਬਦੁ ਗੁਰੂ ਕਾ ਸਦ ਉਚਰਹਿ ਜੁਗੁ ਜੁਗੁ ਵਰਤਾਵਣਹਾਰਾ ॥ (593-11)
सबदु गुरू का सद उचरहि जुगु जुगु वरतावणहारा ॥

ਇਹੁ ਮਨੂਆ ਸਦਾ ਸੁਖਿ ਵਸੈ ਸਹਜੇ ਕਰੇ ਵਾਪਾਰਾ ॥ (593-11)
इहु मनूआ सदा सुखि वसै सहजे करे वापारा ॥

ਅੰਤਰਿ ਗੁਰ ਗਿਆਨੁ ਹਰਿ ਰਤਨੁ ਹੈ ਮੁਕਤਿ ਕਰਾਵਣਹਾਰਾ ॥ (593-12)
अंतरि गुर गिआनु हरि रतनु है मुकति करावणहारा ॥

ਨਾਨਕ ਜਿਸ ਨੋ ਨਦਰਿ ਕਰੇ ਸੋ ਪਾਏ ਸੋ ਹੋਵੈ ਦਰਿ ਸਚਿਆਰਾ ॥੨॥ (593-12)
नानक जिस नो नदरि करे सो पाए सो होवै दरि सचिआरा ॥२॥

ਪਉੜੀ ॥ (593-13)
पउड़ी ॥

ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜੋ ਸਤਿਗੁਰ ਚਰਣੀ ਜਾਇ ਪਇਆ ॥ (593-13)
धंनु धंनु सो गुरसिखु कहीऐ जो सतिगुर चरणी जाइ पइआ ॥

ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਹਰਿ ਨਾਮਾ ਮੁਖਿ ਰਾਮੁ ਕਹਿਆ ॥ (593-14)
धंनु धंनु सो गुरसिखु कहीऐ जिनि हरि नामा मुखि रामु कहिआ ॥

ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਸੁ ਹਰਿ ਨਾਮਿ ਸੁਣਿਐ ਮਨਿ ਅਨਦੁ ਭਇਆ ॥ (593-14)
धंनु धंनु सो गुरसिखु कहीऐ जिसु हरि नामि सुणिऐ मनि अनदु भइआ ॥

ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮੁ ਲਇਆ ॥ (593-15)
धंनु धंनु सो गुरसिखु कहीऐ जिनि सतिगुर सेवा करि हरि नामु लइआ ॥

ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ ॥੧੮॥ (593-16)
तिसु गुरसिख कंउ हंउ सदा नमसकारी जो गुर कै भाणै गुरसिखु चलिआ ॥१८॥

ਸਲੋਕੁ ਮਃ ੩ ॥ (593-17)
सलोकु मः ३ ॥

ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ ॥ (593-17)
मनहठि किनै न पाइओ सभ थके करम कमाइ ॥

ਮਨਹਠਿ ਭੇਖ ਕਰਿ ਭਰਮਦੇ ਦੁਖੁ ਪਾਇਆ ਦੂਜੈ ਭਾਇ ॥ (593-17)
मनहठि भेख करि भरमदे दुखु पाइआ दूजै भाइ ॥

ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥ (593-18)
रिधि सिधि सभु मोहु है नामु न वसै मनि आइ ॥

ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ ॥ (593-18)
गुर सेवा ते मनु निरमलु होवै अगिआनु अंधेरा जाइ ॥

ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ ॥੧॥ (593-19)
नामु रतनु घरि परगटु होआ नानक सहजि समाइ ॥१॥

ਮਃ ੩ ॥ (593-19)
मः ३ ॥

ਸਬਦੈ ਸਾਦੁ ਨ ਆਇਓ ਨਾਮਿ ਨ ਲਗੋ ਪਿਆਰੁ ॥ (594-1)
सबदै सादु न आइओ नामि न लगो पिआरु ॥

ਰਸਨਾ ਫਿਕਾ ਬੋਲਣਾ ਨਿਤ ਨਿਤ ਹੋਇ ਖੁਆਰੁ ॥ (594-1)
रसना फिका बोलणा नित नित होइ खुआरु ॥

ਨਾਨਕ ਕਿਰਤਿ ਪਇਐ ਕਮਾਵਣਾ ਕੋਇ ਨ ਮੇਟਣਹਾਰੁ ॥੨॥ (594-1)
नानक किरति पइऐ कमावणा कोइ न मेटणहारु ॥२॥

ਪਉੜੀ ॥ (594-2)
पउड़ी ॥

ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਕਉ ਸਾਂਤਿ ਆਈ ॥ (594-2)
धनु धनु सत पुरखु सतिगुरू हमारा जितु मिलिऐ हम कउ सांति आई ॥

ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਹਰਿ ਭਗਤਿ ਪਾਈ ॥ (594-3)
धनु धनु सत पुरखु सतिगुरू हमारा जितु मिलिऐ हम हरि भगति पाई ॥

ਧਨੁ ਧਨੁ ਹਰਿ ਭਗਤੁ ਸਤਿਗੁਰੂ ਹਮਾਰਾ ਜਿਸ ਕੀ ਸੇਵਾ ਤੇ ਹਮ ਹਰਿ ਨਾਮਿ ਲਿਵ ਲਾਈ ॥ (594-4)
धनु धनु हरि भगतु सतिगुरू हमारा जिस की सेवा ते हम हरि नामि लिव लाई ॥

ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ ਜਿਨਿ ਵੈਰੀ ਮਿਤ੍ਰੁ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ ॥ (594-4)
धनु धनु हरि गिआनी सतिगुरू हमारा जिनि वैरी मित्रु हम कउ सभ सम द्रिसटि दिखाई ॥

ਧਨੁ ਧਨੁ ਸਤਿਗੁਰੂ ਮਿਤ੍ਰੁ ਹਮਾਰਾ ਜਿਨਿ ਹਰਿ ਨਾਮ ਸਿਉ ਹਮਾਰੀ ਪ੍ਰੀਤਿ ਬਣਾਈ ॥੧੯॥ (594-5)
धनु धनु सतिगुरू मित्रु हमारा जिनि हरि नाम सिउ हमारी प्रीति बणाई ॥१९॥

ਸਲੋਕੁ ਮਃ ੧ ॥ (594-6)
सलोकु मः १ ॥

ਘਰ ਹੀ ਮੁੰਧਿ ਵਿਦੇਸਿ ਪਿਰੁ ਨਿਤ ਝੂਰੇ ਸੰਮ੍ਹਾਲੇ ॥ (594-6)
घर ही मुंधि विदेसि पिरु नित झूरे संम्हाले ॥

ਮਿਲਦਿਆ ਢਿਲ ਨ ਹੋਵਈ ਜੇ ਨੀਅਤਿ ਰਾਸਿ ਕਰੇ ॥੧॥ (594-7)
मिलदिआ ढिल न होवई जे नीअति रासि करे ॥१॥

ਮਃ ੧ ॥ (594-7)
मः १ ॥

ਨਾਨਕ ਗਾਲੀ ਕੂੜੀਆ ਬਾਝੁ ਪਰੀਤਿ ਕਰੇਇ ॥ (594-7)
नानक गाली कूड़ीआ बाझु परीति करेइ ॥

ਤਿਚਰੁ ਜਾਣੈ ਭਲਾ ਕਰਿ ਜਿਚਰੁ ਲੇਵੈ ਦੇਇ ॥੨॥ (594-8)
तिचरु जाणै भला करि जिचरु लेवै देइ ॥२॥

ਪਉੜੀ ॥ (594-8)
पउड़ी ॥

ਜਿਨਿ ਉਪਾਏ ਜੀਅ ਤਿਨਿ ਹਰਿ ਰਾਖਿਆ ॥ (594-8)
जिनि उपाए जीअ तिनि हरि राखिआ ॥

ਅੰਮ੍ਰਿਤੁ ਸਚਾ ਨਾਉ ਭੋਜਨੁ ਚਾਖਿਆ ॥ (594-9)
अमृतु सचा नाउ भोजनु चाखिआ ॥

ਤਿਪਤਿ ਰਹੇ ਆਘਾਇ ਮਿਟੀ ਭਭਾਖਿਆ ॥ (594-9)
तिपति रहे आघाइ मिटी भभाखिआ ॥

ਸਭ ਅੰਦਰਿ ਇਕੁ ਵਰਤੈ ਕਿਨੈ ਵਿਰਲੈ ਲਾਖਿਆ ॥ (594-9)
सभ अंदरि इकु वरतै किनै विरलै लाखिआ ॥

ਜਨ ਨਾਨਕ ਭਏ ਨਿਹਾਲੁ ਪ੍ਰਭ ਕੀ ਪਾਖਿਆ ॥੨੦॥ (594-10)
जन नानक भए निहालु प्रभ की पाखिआ ॥२०॥

ਸਲੋਕੁ ਮਃ ੩ ॥ (594-10)
सलोकु मः ३ ॥

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥ (594-11)
सतिगुर नो सभु को वेखदा जेता जगतु संसारु ॥

ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥ (594-11)
डिठै मुकति न होवई जिचरु सबदि न करे वीचारु ॥

ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥ (594-12)
हउमै मैलु न चुकई नामि न लगै पिआरु ॥

ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ ॥ (594-12)
इकि आपे बखसि मिलाइअनु दुबिधा तजि विकार ॥

ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ ॥੧॥ (594-13)
नानक इकि दरसनु देखि मरि मिले सतिगुर हेति पिआरि ॥१॥

ਮਃ ੩ ॥ (594-13)
मः ३ ॥

ਸਤਿਗੁਰੂ ਨ ਸੇਵਿਓ ਮੂਰਖ ਅੰਧ ਗਵਾਰਿ ॥ (594-13)
सतिगुरू न सेविओ मूरख अंध गवारि ॥

ਦੂਜੈ ਭਾਇ ਬਹੁਤੁ ਦੁਖੁ ਲਾਗਾ ਜਲਤਾ ਕਰੇ ਪੁਕਾਰ ॥ (594-14)
दूजै भाइ बहुतु दुखु लागा जलता करे पुकार ॥

ਜਿਨ ਕਾਰਣਿ ਗੁਰੂ ਵਿਸਾਰਿਆ ਸੇ ਨ ਉਪਕਰੇ ਅੰਤੀ ਵਾਰ ॥ (594-14)
जिन कारणि गुरू विसारिआ से न उपकरे अंती वार ॥

ਨਾਨਕ ਗੁਰਮਤੀ ਸੁਖੁ ਪਾਇਆ ਬਖਸੇ ਬਖਸਣਹਾਰ ॥੨॥ (594-15)
नानक गुरमती सुखु पाइआ बखसे बखसणहार ॥२॥

ਪਉੜੀ ॥ (594-15)
पउड़ी ॥

ਤੂ ਆਪੇ ਆਪਿ ਆਪਿ ਸਭੁ ਕਰਤਾ ਕੋਈ ਦੂਜਾ ਹੋਇ ਸੁ ਅਵਰੋ ਕਹੀਐ ॥ (594-15)
तू आपे आपि आपि सभु करता कोई दूजा होइ सु अवरो कहीऐ ॥

ਹਰਿ ਆਪੇ ਬੋਲੈ ਆਪਿ ਬੁਲਾਵੈ ਹਰਿ ਆਪੇ ਜਲਿ ਥਲਿ ਰਵਿ ਰਹੀਐ ॥ (594-16)
हरि आपे बोलै आपि बुलावै हरि आपे जलि थलि रवि रहीऐ ॥

ਹਰਿ ਆਪੇ ਮਾਰੈ ਹਰਿ ਆਪੇ ਛੋਡੈ ਮਨ ਹਰਿ ਸਰਣੀ ਪੜਿ ਰਹੀਐ ॥ (594-17)
हरि आपे मारै हरि आपे छोडै मन हरि सरणी पड़ि रहीऐ ॥

ਹਰਿ ਬਿਨੁ ਕੋਈ ਮਾਰਿ ਜੀਵਾਲਿ ਨ ਸਕੈ ਮਨ ਹੋਇ ਨਿਚਿੰਦ ਨਿਸਲੁ ਹੋਇ ਰਹੀਐ ॥ (594-17)
हरि बिनु कोई मारि जीवालि न सकै मन होइ निचिंद निसलु होइ रहीऐ ॥

ਉਠਦਿਆ ਬਹਦਿਆ ਸੁਤਿਆ ਸਦਾ ਸਦਾ ਹਰਿ ਨਾਮੁ ਧਿਆਈਐ ਜਨ ਨਾਨਕ ਗੁਰਮੁਖਿ ਹਰਿ ਲਹੀਐ ॥੨੧॥੧॥ ਸੁਧੁ (594-18)
उठदिआ बहदिआ सुतिआ सदा सदा हरि नामु धिआईऐ जन नानक गुरमुखि हरि लहीऐ ॥२१॥१॥ सुधु

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

(595-1)
ੴ सति नामु करता पुरखु निरभउ निरवैरु अकाल मूरति अजूनी सैभं गुर प्रसादि ॥

ਸੋਰਠਿ ਮਹਲਾ ੧ ਘਰੁ ੧ ਚਉਪਦੇ ॥ (595-3)
सोरठि महला १ घरु १ चउपदे ॥

ਸਭਨਾ ਮਰਣਾ ਆਇਆ ਵੇਛੋੜਾ ਸਭਨਾਹ ॥ (595-4)
सभना मरणा आइआ वेछोड़ा सभनाह ॥

ਪੁਛਹੁ ਜਾਇ ਸਿਆਣਿਆ ਆਗੈ ਮਿਲਣੁ ਕਿਨਾਹ ॥ (595-4)
पुछहु जाइ सिआणिआ आगै मिलणु किनाह ॥

ਜਿਨ ਮੇਰਾ ਸਾਹਿਬੁ ਵੀਸਰੈ ਵਡੜੀ ਵੇਦਨ ਤਿਨਾਹ ॥੧॥ (595-4)
जिन मेरा साहिबु वीसरै वडड़ी वेदन तिनाह ॥१॥

ਭੀ ਸਾਲਾਹਿਹੁ ਸਾਚਾ ਸੋਇ ॥ (595-5)
भी सालाहिहु साचा सोइ ॥

ਜਾ ਕੀ ਨਦਰਿ ਸਦਾ ਸੁਖੁ ਹੋਇ ॥ ਰਹਾਉ ॥ (595-5)
जा की नदरि सदा सुखु होइ ॥ रहाउ ॥

ਵਡਾ ਕਰਿ ਸਾਲਾਹਣਾ ਹੈ ਭੀ ਹੋਸੀ ਸੋਇ ॥ (595-6)
वडा करि सालाहणा है भी होसी सोइ ॥

ਸਭਨਾ ਦਾਤਾ ਏਕੁ ਤੂ ਮਾਣਸ ਦਾਤਿ ਨ ਹੋਇ ॥ (595-6)
सभना दाता एकु तू माणस दाति न होइ ॥

ਜੋ ਤਿਸੁ ਭਾਵੈ ਸੋ ਥੀਐ ਰੰਨ ਕਿ ਰੁੰਨੈ ਹੋਇ ॥੨॥ (595-6)
जो तिसु भावै सो थीऐ रंन कि रुंनै होइ ॥२॥

ਧਰਤੀ ਉਪਰਿ ਕੋਟ ਗੜ੍ਹ ਕੇਤੀ ਗਈ ਵਜਾਇ ॥ (595-7)
धरती उपरि कोट गड़ केती गई वजाइ ॥

ਜੋ ਅਸਮਾਨਿ ਨ ਮਾਵਨੀ ਤਿਨ ਨਕਿ ਨਥਾ ਪਾਇ ॥ (595-7)
जो असमानि न मावनी तिन नकि नथा पाइ ॥

ਜੇ ਮਨ ਜਾਣਹਿ ਸੂਲੀਆ ਕਾਹੇ ਮਿਠਾ ਖਾਹਿ ॥੩॥ (595-8)
जे मन जाणहि सूलीआ काहे मिठा खाहि ॥३॥

ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ ॥ (595-8)
नानक अउगुण जेतड़े तेते गली जंजीर ॥

ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ ॥ (595-9)
जे गुण होनि त कटीअनि से भाई से वीर ॥

ਅਗੈ ਗਏ ਨ ਮੰਨੀਅਨਿ ਮਾਰਿ ਕਢਹੁ ਵੇਪੀਰ ॥੪॥੧॥ (595-9)
अगै गए न मंनीअनि मारि कढहु वेपीर ॥४॥१॥

ਸੋਰਠਿ ਮਹਲਾ ੧ ਘਰੁ ੧ ॥ (595-10)
सोरठि महला १ घरु १ ॥

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥ (595-10)
मनु हाली किरसाणी करणी सरमु पाणी तनु खेतु ॥

ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥ (595-10)
नामु बीजु संतोखु सुहागा रखु गरीबी वेसु ॥

ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥੧॥ (595-11)
भाउ करम करि जंमसी से घर भागठ देखु ॥१॥

ਬਾਬਾ ਮਾਇਆ ਸਾਥਿ ਨ ਹੋਇ ॥ (595-11)
बाबा माइआ साथि न होइ ॥

ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ ॥ ਰਹਾਉ ॥ (595-12)
इनि माइआ जगु मोहिआ विरला बूझै कोइ ॥ रहाउ ॥

ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ ॥ (595-12)
हाणु हटु करि आरजा सचु नामु करि वथु ॥

ਸੁਰਤਿ ਸੋਚ ਕਰਿ ਭਾਂਡਸਾਲ ਤਿਸੁ ਵਿਚਿ ਤਿਸ ਨੋ ਰਖੁ ॥ (595-13)
सुरति सोच करि भांडसाल तिसु विचि तिस नो रखु ॥

ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨ ਹਸੁ ॥੨॥ (595-13)
वणजारिआ सिउ वणजु करि लै लाहा मन हसु ॥२॥

ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ ॥ (595-14)
सुणि सासत सउदागरी सतु घोड़े लै चलु ॥

ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ ॥ (595-14)
खरचु बंनु चंगिआईआ मतु मन जाणहि कलु ॥

ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ ॥੩॥ (595-15)
निरंकार कै देसि जाहि ता सुखि लहहि महलु ॥३॥

ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ ॥ (595-15)
लाइ चितु करि चाकरी मंनि नामु करि कंमु ॥

ਬੰਨੁ ਬਦੀਆ ਕਰਿ ਧਾਵਣੀ ਤਾ ਕੋ ਆਖੈ ਧੰਨੁ ॥ (596-1)
बंनु बदीआ करि धावणी ता को आखै धंनु ॥

ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ ॥੪॥੨॥ (596-1)
नानक वेखै नदरि करि चड़ै चवगण वंनु ॥४॥२॥

ਸੋਰਠਿ ਮਃ ੧ ਚਉਤੁਕੇ ॥ (596-2)
सोरठि मः १ चउतुके ॥

ਮਾਇ ਬਾਪ ਕੋ ਬੇਟਾ ਨੀਕਾ ਸਸੁਰੈ ਚਤੁਰੁ ਜਵਾਈ ॥ (596-2)
माइ बाप को बेटा नीका ससुरै चतुरु जवाई ॥

ਬਾਲ ਕੰਨਿਆ ਕੌ ਬਾਪੁ ਪਿਆਰਾ ਭਾਈ ਕੌ ਅਤਿ ਭਾਈ ॥ (596-2)
बाल कंनिआ कौ बापु पिआरा भाई कौ अति भाई ॥

ਹੁਕਮੁ ਭਇਆ ਬਾਹਰੁ ਘਰੁ ਛੋਡਿਆ ਖਿਨ ਮਹਿ ਭਈ ਪਰਾਈ ॥ (596-3)
हुकमु भइआ बाहरु घरु छोडिआ खिन महि भई पराई ॥

ਨਾਮੁ ਦਾਨੁ ਇਸਨਾਨੁ ਨ ਮਨਮੁਖਿ ਤਿਤੁ ਤਨਿ ਧੂੜਿ ਧੁਮਾਈ ॥੧॥ (596-3)
नामु दानु इसनानु न मनमुखि तितु तनि धूड़ि धुमाई ॥१॥

ਮਨੁ ਮਾਨਿਆ ਨਾਮੁ ਸਖਾਈ ॥ (596-4)
मनु मानिआ नामु सखाई ॥

ਪਾਇ ਪਰਉ ਗੁਰ ਕੈ ਬਲਿਹਾਰੈ ਜਿਨਿ ਸਾਚੀ ਬੂਝ ਬੁਝਾਈ ॥ ਰਹਾਉ ॥ (596-4)
पाइ परउ गुर कै बलिहारै जिनि साची बूझ बुझाई ॥ रहाउ ॥

ਜਗ ਸਿਉ ਝੂਠ ਪ੍ਰੀਤਿ ਮਨੁ ਬੇਧਿਆ ਜਨ ਸਿਉ ਵਾਦੁ ਰਚਾਈ ॥ (596-5)
जग सिउ झूठ प्रीति मनु बेधिआ जन सिउ वादु रचाई ॥

ਮਾਇਆ ਮਗਨੁ ਅਹਿਨਿਸਿ ਮਗੁ ਜੋਹੈ ਨਾਮੁ ਨ ਲੇਵੈ ਮਰੈ ਬਿਖੁ ਖਾਈ ॥ (596-5)
माइआ मगनु अहिनिसि मगु जोहै नामु न लेवै मरै बिखु खाई ॥

ਗੰਧਣ ਵੈਣਿ ਰਤਾ ਹਿਤਕਾਰੀ ਸਬਦੈ ਸੁਰਤਿ ਨ ਆਈ ॥ (596-6)
गंधण वैणि रता हितकारी सबदै सुरति न आई ॥

ਰੰਗਿ ਨ ਰਾਤਾ ਰਸਿ ਨਹੀ ਬੇਧਿਆ ਮਨਮੁਖਿ ਪਤਿ ਗਵਾਈ ॥੨॥ (596-7)
रंगि न राता रसि नही बेधिआ मनमुखि पति गवाई ॥२॥

ਸਾਧ ਸਭਾ ਮਹਿ ਸਹਜੁ ਨ ਚਾਖਿਆ ਜਿਹਬਾ ਰਸੁ ਨਹੀ ਰਾਈ ॥ (596-7)
साध सभा महि सहजु न चाखिआ जिहबा रसु नही राई ॥

ਮਨੁ ਤਨੁ ਧਨੁ ਅਪੁਨਾ ਕਰਿ ਜਾਨਿਆ ਦਰ ਕੀ ਖਬਰਿ ਨ ਪਾਈ ॥ (596-8)
मनु तनु धनु अपुना करि जानिआ दर की खबरि न पाई ॥

ਅਖੀ ਮੀਟਿ ਚਲਿਆ ਅੰਧਿਆਰਾ ਘਰੁ ਦਰੁ ਦਿਸੈ ਨ ਭਾਈ ॥ (596-8)
अखी मीटि चलिआ अंधिआरा घरु दरु दिसै न भाई ॥

ਜਮ ਦਰਿ ਬਾਧਾ ਠਉਰ ਨ ਪਾਵੈ ਅਪੁਨਾ ਕੀਆ ਕਮਾਈ ॥੩॥ (596-9)
जम दरि बाधा ठउर न पावै अपुना कीआ कमाई ॥३॥

ਨਦਰਿ ਕਰੇ ਤਾ ਅਖੀ ਵੇਖਾ ਕਹਣਾ ਕਥਨੁ ਨ ਜਾਈ ॥ (596-10)
नदरि करे ता अखी वेखा कहणा कथनु न जाई ॥

ਕੰਨੀ ਸੁਣਿ ਸੁਣਿ ਸਬਦਿ ਸਲਾਹੀ ਅੰਮ੍ਰਿਤੁ ਰਿਦੈ ਵਸਾਈ ॥ (596-10)
कंनी सुणि सुणि सबदि सलाही अमृतु रिदै वसाई ॥

ਨਿਰਭਉ ਨਿਰੰਕਾਰੁ ਨਿਰਵੈਰੁ ਪੂਰਨ ਜੋਤਿ ਸਮਾਈ ॥ (596-11)
निरभउ निरंकारु निरवैरु पूरन जोति समाई ॥

ਨਾਨਕ ਗੁਰ ਵਿਣੁ ਭਰਮੁ ਨ ਭਾਗੈ ਸਚਿ ਨਾਮਿ ਵਡਿਆਈ ॥੪॥੩॥ (596-11)
नानक गुर विणु भरमु न भागै सचि नामि वडिआई ॥४॥३॥

ਸੋਰਠਿ ਮਹਲਾ ੧ ਦੁਤੁਕੇ ॥ (596-12)
सोरठि महला १ दुतुके ॥

ਪੁੜੁ ਧਰਤੀ ਪੁੜੁ ਪਾਣੀ ਆਸਣੁ ਚਾਰਿ ਕੁੰਟ ਚਉਬਾਰਾ ॥ (596-12)
पुड़ु धरती पुड़ु पाणी आसणु चारि कुंट चउबारा ॥

ਸਗਲ ਭਵਣ ਕੀ ਮੂਰਤਿ ਏਕਾ ਮੁਖਿ ਤੇਰੈ ਟਕਸਾਲਾ ॥੧॥ (596-13)
सगल भवण की मूरति एका मुखि तेरै टकसाला ॥१॥

ਮੇਰੇ ਸਾਹਿਬਾ ਤੇਰੇ ਚੋਜ ਵਿਡਾਣਾ ॥ (596-13)
मेरे साहिबा तेरे चोज विडाणा ॥

ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਆਪੇ ਸਰਬ ਸਮਾਣਾ ॥ ਰਹਾਉ ॥ (596-13)
जलि थलि महीअलि भरिपुरि लीणा आपे सरब समाणा ॥ रहाउ ॥

ਜਹ ਜਹ ਦੇਖਾ ਤਹ ਜੋਤਿ ਤੁਮਾਰੀ ਤੇਰਾ ਰੂਪੁ ਕਿਨੇਹਾ ॥ (596-14)
जह जह देखा तह जोति तुमारी तेरा रूपु किनेहा ॥

ਇਕਤੁ ਰੂਪਿ ਫਿਰਹਿ ਪਰਛੰਨਾ ਕੋਇ ਨ ਕਿਸ ਹੀ ਜੇਹਾ ॥੨॥ (596-15)
इकतु रूपि फिरहि परछंना कोइ न किस ही जेहा ॥२॥

ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ ॥ (596-15)
अंडज जेरज उतभुज सेतज तेरे कीते जंता ॥

ਏਕੁ ਪੁਰਬੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ ॥੩॥ (596-16)
एकु पुरबु मै तेरा देखिआ तू सभना माहि रवंता ॥३॥

ਤੇਰੇ ਗੁਣ ਬਹੁਤੇ ਮੈ ਏਕੁ ਨ ਜਾਣਿਆ ਮੈ ਮੂਰਖ ਕਿਛੁ ਦੀਜੈ ॥ (596-16)
तेरे गुण बहुते मै एकु न जाणिआ मै मूरख किछु दीजै ॥

ਪ੍ਰਣਵਤਿ ਨਾਨਕ ਸੁਣਿ ਮੇਰੇ ਸਾਹਿਬਾ ਡੁਬਦਾ ਪਥਰੁ ਲੀਜੈ ॥੪॥੪॥ (596-17)
प्रणवति नानक सुणि मेरे साहिबा डुबदा पथरु लीजै ॥४॥४॥

ਸੋਰਠਿ ਮਹਲਾ ੧ ॥ (596-17)
सोरठि महला १ ॥

ਹਉ ਪਾਪੀ ਪਤਿਤੁ ਪਰਮ ਪਾਖੰਡੀ ਤੂ ਨਿਰਮਲੁ ਨਿਰੰਕਾਰੀ ॥ (596-17)
हउ पापी पतितु परम पाखंडी तू निरमलु निरंकारी ॥

ਅੰਮ੍ਰਿਤੁ ਚਾਖਿ ਪਰਮ ਰਸਿ ਰਾਤੇ ਠਾਕੁਰ ਸਰਣਿ ਤੁਮਾਰੀ ॥੧॥ (596-18)
अमृतु चाखि परम रसि राते ठाकुर सरणि तुमारी ॥१॥

ਕਰਤਾ ਤੂ ਮੈ ਮਾਣੁ ਨਿਮਾਣੇ ॥ (596-19)
करता तू मै माणु निमाणे ॥

ਮਾਣੁ ਮਹਤੁ ਨਾਮੁ ਧਨੁ ਪਲੈ ਸਾਚੈ ਸਬਦਿ ਸਮਾਣੇ ॥ ਰਹਾਉ ॥ (596-19)
माणु महतु नामु धनु पलै साचै सबदि समाणे ॥ रहाउ ॥

ਤੂ ਪੂਰਾ ਹਮ ਊਰੇ ਹੋਛੇ ਤੂ ਗਉਰਾ ਹਮ ਹਉਰੇ ॥ (596-19)
तू पूरा हम ऊरे होछे तू गउरा हम हउरे ॥

ਤੁਝ ਹੀ ਮਨ ਰਾਤੇ ਅਹਿਨਿਸਿ ਪਰਭਾਤੇ ਹਰਿ ਰਸਨਾ ਜਪਿ ਮਨ ਰੇ ॥੨॥ (597-1)
तुझ ही मन राते अहिनिसि परभाते हरि रसना जपि मन रे ॥२॥

ਤੁਮ ਸਾਚੇ ਹਮ ਤੁਮ ਹੀ ਰਾਚੇ ਸਬਦਿ ਭੇਦਿ ਫੁਨਿ ਸਾਚੇ ॥ (597-2)
तुम साचे हम तुम ही राचे सबदि भेदि फुनि साचे ॥

ਅਹਿਨਿਸਿ ਨਾਮਿ ਰਤੇ ਸੇ ਸੂਚੇ ਮਰਿ ਜਨਮੇ ਸੇ ਕਾਚੇ ॥੩॥ (597-2)
अहिनिसि नामि रते से सूचे मरि जनमे से काचे ॥३॥

ਅਵਰੁ ਨ ਦੀਸੈ ਕਿਸੁ ਸਾਲਾਹੀ ਤਿਸਹਿ ਸਰੀਕੁ ਨ ਕੋਈ ॥ (597-3)
अवरु न दीसै किसु सालाही तिसहि सरीकु न कोई ॥

ਪ੍ਰਣਵਤਿ ਨਾਨਕੁ ਦਾਸਨਿ ਦਾਸਾ ਗੁਰਮਤਿ ਜਾਨਿਆ ਸੋਈ ॥੪॥੫॥ (597-3)
प्रणवति नानकु दासनि दासा गुरमति जानिआ सोई ॥४॥५॥

ਸੋਰਠਿ ਮਹਲਾ ੧ ॥ (597-4)
सोरठि महला १ ॥

ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ ॥ (597-4)
अलख अपार अगंम अगोचर ना तिसु कालु न करमा ॥

ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ ॥੧॥ (597-5)
जाति अजाति अजोनी स्मभउ ना तिसु भाउ न भरमा ॥१॥

ਸਾਚੇ ਸਚਿਆਰ ਵਿਟਹੁ ਕੁਰਬਾਣੁ ॥ (597-5)
साचे सचिआर विटहु कुरबाणु ॥

ਨਾ ਤਿਸੁ ਰੂਪ ਵਰਨੁ ਨਹੀ ਰੇਖਿਆ ਸਾਚੈ ਸਬਦਿ ਨੀਸਾਣੁ ॥ ਰਹਾਉ ॥ (597-5)
ना तिसु रूप वरनु नही रेखिआ साचै सबदि नीसाणु ॥ रहाउ ॥

ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨਾ ਤਿਸੁ ਕਾਮੁ ਨ ਨਾਰੀ ॥ (597-6)
ना तिसु मात पिता सुत बंधप ना तिसु कामु न नारी ॥

ਅਕੁਲ ਨਿਰੰਜਨ ਅਪਰ ਪਰੰਪਰੁ ਸਗਲੀ ਜੋਤਿ ਤੁਮਾਰੀ ॥੨॥ (597-7)
अकुल निरंजन अपर पर्मपरु सगली जोति तुमारी ॥२॥

ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿ ਘਟਿ ਜੋਤਿ ਸਬਾਈ ॥ (597-7)
घट घट अंतरि ब्रहमु लुकाइआ घटि घटि जोति सबाई ॥

ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ ॥੩॥ (597-8)
बजर कपाट मुकते गुरमती निरभै ताड़ी लाई ॥३॥

ਜੰਤ ਉਪਾਇ ਕਾਲੁ ਸਿਰਿ ਜੰਤਾ ਵਸਗਤਿ ਜੁਗਤਿ ਸਬਾਈ ॥ (597-8)
जंत उपाइ कालु सिरि जंता वसगति जुगति सबाई ॥

ਸਤਿਗੁਰੁ ਸੇਵਿ ਪਦਾਰਥੁ ਪਾਵਹਿ ਛੂਟਹਿ ਸਬਦੁ ਕਮਾਈ ॥੪॥ (597-9)
सतिगुरु सेवि पदारथु पावहि छूटहि सबदु कमाई ॥४॥

ਸੂਚੈ ਭਾਡੈ ਸਾਚੁ ਸਮਾਵੈ ਵਿਰਲੇ ਸੂਚਾਚਾਰੀ ॥ (597-9)
सूचै भाडै साचु समावै विरले सूचाचारी ॥

ਤੰਤੈ ਕਉ ਪਰਮ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ ॥੫॥੬॥ (597-10)
तंतै कउ परम तंतु मिलाइआ नानक सरणि तुमारी ॥५॥६॥

ਸੋਰਠਿ ਮਹਲਾ ੧ ॥ (597-11)
सोरठि महला १ ॥

ਜਿਉ ਮੀਨਾ ਬਿਨੁ ਪਾਣੀਐ ਤਿਉ ਸਾਕਤੁ ਮਰੈ ਪਿਆਸ ॥ (597-11)
जिउ मीना बिनु पाणीऐ तिउ साकतु मरै पिआस ॥

ਤਿਉ ਹਰਿ ਬਿਨੁ ਮਰੀਐ ਰੇ ਮਨਾ ਜੋ ਬਿਰਥਾ ਜਾਵੈ ਸਾਸੁ ॥੧॥ (597-11)
तिउ हरि बिनु मरीऐ रे मना जो बिरथा जावै सासु ॥१॥

ਮਨ ਰੇ ਰਾਮ ਨਾਮ ਜਸੁ ਲੇਇ ॥ (597-12)
मन रे राम नाम जसु लेइ ॥

ਬਿਨੁ ਗੁਰ ਇਹੁ ਰਸੁ ਕਿਉ ਲਹਉ ਗੁਰੁ ਮੇਲੈ ਹਰਿ ਦੇਇ ॥ ਰਹਾਉ ॥ (597-12)
बिनु गुर इहु रसु किउ लहउ गुरु मेलै हरि देइ ॥ रहाउ ॥

ਸੰਤ ਜਨਾ ਮਿਲੁ ਸੰਗਤੀ ਗੁਰਮੁਖਿ ਤੀਰਥੁ ਹੋਇ ॥ (597-13)
संत जना मिलु संगती गुरमुखि तीरथु होइ ॥

ਅਠਸਠਿ ਤੀਰਥ ਮਜਨਾ ਗੁਰ ਦਰਸੁ ਪਰਾਪਤਿ ਹੋਇ ॥੨॥ (597-13)
अठसठि तीरथ मजना गुर दरसु परापति होइ ॥२॥

ਜਿਉ ਜੋਗੀ ਜਤ ਬਾਹਰਾ ਤਪੁ ਨਾਹੀ ਸਤੁ ਸੰਤੋਖੁ ॥ (597-14)
जिउ जोगी जत बाहरा तपु नाही सतु संतोखु ॥

ਤਿਉ ਨਾਮੈ ਬਿਨੁ ਦੇਹੁਰੀ ਜਮੁ ਮਾਰੈ ਅੰਤਰਿ ਦੋਖੁ ॥੩॥ (597-14)
तिउ नामै बिनु देहुरी जमु मारै अंतरि दोखु ॥३॥

ਸਾਕਤ ਪ੍ਰੇਮੁ ਨ ਪਾਈਐ ਹਰਿ ਪਾਈਐ ਸਤਿਗੁਰ ਭਾਇ ॥ (597-15)
साकत प्रेमु न पाईऐ हरि पाईऐ सतिगुर भाइ ॥

ਸੁਖ ਦੁਖ ਦਾਤਾ ਗੁਰੁ ਮਿਲੈ ਕਹੁ ਨਾਨਕ ਸਿਫਤਿ ਸਮਾਇ ॥੪॥੭॥ (597-15)
सुख दुख दाता गुरु मिलै कहु नानक सिफति समाइ ॥४॥७॥

ਸੋਰਠਿ ਮਹਲਾ ੧ ॥ (597-16)
सोरठि महला १ ॥

ਤੂ ਪ੍ਰਭ ਦਾਤਾ ਦਾਨਿ ਮਤਿ ਪੂਰਾ ਹਮ ਥਾਰੇ ਭੇਖਾਰੀ ਜੀਉ ॥ (597-16)
तू प्रभ दाता दानि मति पूरा हम थारे भेखारी जीउ ॥

ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ ਹਰਿ ਦੀਜੈ ਨਾਮੁ ਪਿਆਰੀ ਜੀਉ ॥੧॥ (597-17)
मै किआ मागउ किछु थिरु न रहाई हरि दीजै नामु पिआरी जीउ ॥१॥

ਘਟਿ ਘਟਿ ਰਵਿ ਰਹਿਆ ਬਨਵਾਰੀ ॥ (597-17)
घटि घटि रवि रहिआ बनवारी ॥

ਜਲਿ ਥਲਿ ਮਹੀਅਲਿ ਗੁਪਤੋ ਵਰਤੈ ਗੁਰ ਸਬਦੀ ਦੇਖਿ ਨਿਹਾਰੀ ਜੀਉ ॥ ਰਹਾਉ ॥ (597-18)
जलि थलि महीअलि गुपतो वरतै गुर सबदी देखि निहारी जीउ ॥ रहाउ ॥

ਮਰਤ ਪਇਆਲ ਅਕਾਸੁ ਦਿਖਾਇਓ ਗੁਰਿ ਸਤਿਗੁਰਿ ਕਿਰਪਾ ਧਾਰੀ ਜੀਉ ॥ (597-18)
मरत पइआल अकासु दिखाइओ गुरि सतिगुरि किरपा धारी जीउ ॥

ਸੋ ਬ੍ਰਹਮੁ ਅਜੋਨੀ ਹੈ ਭੀ ਹੋਨੀ ਘਟ ਭੀਤਰਿ ਦੇਖੁ ਮੁਰਾਰੀ ਜੀਉ ॥੨॥ (597-19)
सो ब्रहमु अजोनी है भी होनी घट भीतरि देखु मुरारी जीउ ॥२॥

ਜਨਮ ਮਰਨ ਕਉ ਇਹੁ ਜਗੁ ਬਪੁੜੋ ਇਨਿ ਦੂਜੈ ਭਗਤਿ ਵਿਸਾਰੀ ਜੀਉ ॥ (598-1)
जनम मरन कउ इहु जगु बपुड़ो इनि दूजै भगति विसारी जीउ ॥

ਸਤਿਗੁਰੁ ਮਿਲੈ ਤ ਗੁਰਮਤਿ ਪਾਈਐ ਸਾਕਤ ਬਾਜੀ ਹਾਰੀ ਜੀਉ ॥੩॥ (598-1)
सतिगुरु मिलै त गुरमति पाईऐ साकत बाजी हारी जीउ ॥३॥

ਸਤਿਗੁਰ ਬੰਧਨ ਤੋੜਿ ਨਿਰਾਰੇ ਬਹੁੜਿ ਨ ਗਰਭ ਮਝਾਰੀ ਜੀਉ ॥ (598-2)
सतिगुर बंधन तोड़ि निरारे बहुड़ि न गरभ मझारी जीउ ॥

ਨਾਨਕ ਗਿਆਨ ਰਤਨੁ ਪਰਗਾਸਿਆ ਹਰਿ ਮਨਿ ਵਸਿਆ ਨਿਰੰਕਾਰੀ ਜੀਉ ॥੪॥੮॥ (598-3)
नानक गिआन रतनु परगासिआ हरि मनि वसिआ निरंकारी जीउ ॥४॥८॥

ਸੋਰਠਿ ਮਹਲਾ ੧ ॥ (598-4)
सोरठि महला १ ॥

ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ ॥ (598-4)
जिसु जल निधि कारणि तुम जगि आए सो अमृतु गुर पाही जीउ ॥

ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ ॥੧॥ (598-4)
छोडहु वेसु भेख चतुराई दुबिधा इहु फलु नाही जीउ ॥१॥

ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ ॥ (598-5)
मन रे थिरु रहु मतु कत जाही जीउ ॥

ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤੁ ਘਟ ਮਾਹੀ ਜੀਉ ॥ ਰਹਾਉ ॥ (598-5)
बाहरि ढूढत बहुतु दुखु पावहि घरि अमृतु घट माही जीउ ॥ रहाउ ॥

ਅਵਗੁਣ ਛੋਡਿ ਗੁਣਾ ਕਉ ਧਾਵਹੁ ਕਰਿ ਅਵਗੁਣ ਪਛੁਤਾਹੀ ਜੀਉ ॥ (598-6)
अवगुण छोडि गुणा कउ धावहु करि अवगुण पछुताही जीउ ॥

ਸਰ ਅਪਸਰ ਕੀ ਸਾਰ ਨ ਜਾਣਹਿ ਫਿਰਿ ਫਿਰਿ ਕੀਚ ਬੁਡਾਹੀ ਜੀਉ ॥੨॥ (598-7)
सर अपसर की सार न जाणहि फिरि फिरि कीच बुडाही जीउ ॥२॥

ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਉ ॥ (598-7)
अंतरि मैलु लोभ बहु झूठे बाहरि नावहु काही जीउ ॥

ਨਿਰਮਲ ਨਾਮੁ ਜਪਹੁ ਸਦ ਗੁਰਮੁਖਿ ਅੰਤਰ ਕੀ ਗਤਿ ਤਾਹੀ ਜੀਉ ॥੩॥ (598-8)
निरमल नामु जपहु सद गुरमुखि अंतर की गति ताही जीउ ॥३॥

ਪਰਹਰਿ ਲੋਭੁ ਨਿੰਦਾ ਕੂੜੁ ਤਿਆਗਹੁ ਸਚੁ ਗੁਰ ਬਚਨੀ ਫਲੁ ਪਾਹੀ ਜੀਉ ॥ (598-9)
परहरि लोभु निंदा कूड़ु तिआगहु सचु गुर बचनी फलु पाही जीउ ॥

ਜਿਉ ਭਾਵੈ ਤਿਉ ਰਾਖਹੁ ਹਰਿ ਜੀਉ ਜਨ ਨਾਨਕ ਸਬਦਿ ਸਲਾਹੀ ਜੀਉ ॥੪॥੯॥ (598-9)
जिउ भावै तिउ राखहु हरि जीउ जन नानक सबदि सलाही जीउ ॥४॥९॥

ਸੋਰਠਿ ਮਹਲਾ ੧ ਪੰਚਪਦੇ ॥ (598-10)
सोरठि महला १ पंचपदे ॥

ਅਪਨਾ ਘਰੁ ਮੂਸਤ ਰਾਖਿ ਨ ਸਾਕਹਿ ਕੀ ਪਰ ਘਰੁ ਜੋਹਨ ਲਾਗਾ ॥ (598-10)
अपना घरु मूसत राखि न साकहि की पर घरु जोहन लागा ॥

ਘਰੁ ਦਰੁ ਰਾਖਹਿ ਜੇ ਰਸੁ ਚਾਖਹਿ ਜੋ ਗੁਰਮੁਖਿ ਸੇਵਕੁ ਲਾਗਾ ॥੧॥ (598-11)
घरु दरु राखहि जे रसु चाखहि जो गुरमुखि सेवकु लागा ॥१॥

ਮਨ ਰੇ ਸਮਝੁ ਕਵਨ ਮਤਿ ਲਾਗਾ ॥ (598-12)
मन रे समझु कवन मति लागा ॥

ਨਾਮੁ ਵਿਸਾਰਿ ਅਨ ਰਸ ਲੋਭਾਨੇ ਫਿਰਿ ਪਛੁਤਾਹਿ ਅਭਾਗਾ ॥ ਰਹਾਉ ॥ (598-12)
नामु विसारि अन रस लोभाने फिरि पछुताहि अभागा ॥ रहाउ ॥

ਆਵਤ ਕਉ ਹਰਖ ਜਾਤ ਕਉ ਰੋਵਹਿ ਇਹੁ ਦੁਖੁ ਸੁਖੁ ਨਾਲੇ ਲਾਗਾ ॥ (598-13)
आवत कउ हरख जात कउ रोवहि इहु दुखु सुखु नाले लागा ॥

ਆਪੇ ਦੁਖ ਸੁਖ ਭੋਗਿ ਭੋਗਾਵੈ ਗੁਰਮੁਖਿ ਸੋ ਅਨਰਾਗਾ ॥੨॥ (598-13)
आपे दुख सुख भोगि भोगावै गुरमुखि सो अनरागा ॥२॥

ਹਰਿ ਰਸ ਊਪਰਿ ਅਵਰੁ ਕਿਆ ਕਹੀਐ ਜਿਨਿ ਪੀਆ ਸੋ ਤ੍ਰਿਪਤਾਗਾ ॥ (598-14)
हरि रस ऊपरि अवरु किआ कहीऐ जिनि पीआ सो त्रिपतागा ॥

ਮਾਇਆ ਮੋਹਿਤ ਜਿਨਿ ਇਹੁ ਰਸੁ ਖੋਇਆ ਜਾ ਸਾਕਤ ਦੁਰਮਤਿ ਲਾਗਾ ॥੩॥ (598-14)
माइआ मोहित जिनि इहु रसु खोइआ जा साकत दुरमति लागा ॥३॥

ਮਨ ਕਾ ਜੀਉ ਪਵਨਪਤਿ ਦੇਹੀ ਦੇਹੀ ਮਹਿ ਦੇਉ ਸਮਾਗਾ ॥ (598-15)
मन का जीउ पवनपति देही देही महि देउ समागा ॥

ਜੇ ਤੂ ਦੇਹਿ ਤ ਹਰਿ ਰਸੁ ਗਾਈ ਮਨੁ ਤ੍ਰਿਪਤੈ ਹਰਿ ਲਿਵ ਲਾਗਾ ॥੪॥ (598-16)
जे तू देहि त हरि रसु गाई मनु त्रिपतै हरि लिव लागा ॥४॥

ਸਾਧਸੰਗਤਿ ਮਹਿ ਹਰਿ ਰਸੁ ਪਾਈਐ ਗੁਰਿ ਮਿਲਿਐ ਜਮ ਭਉ ਭਾਗਾ ॥ (598-16)
साधसंगति महि हरि रसु पाईऐ गुरि मिलिऐ जम भउ भागा ॥

ਨਾਨਕ ਰਾਮ ਨਾਮੁ ਜਪਿ ਗੁਰਮੁਖਿ ਹਰਿ ਪਾਏ ਮਸਤਕਿ ਭਾਗਾ ॥੫॥੧੦॥ (598-17)
नानक राम नामु जपि गुरमुखि हरि पाए मसतकि भागा ॥५॥१०॥

ਸੋਰਠਿ ਮਹਲਾ ੧ ॥ (598-18)
सोरठि महला १ ॥

ਸਰਬ ਜੀਆ ਸਿਰਿ ਲੇਖੁ ਧੁਰਾਹੂ ਬਿਨੁ ਲੇਖੈ ਨਹੀ ਕੋਈ ਜੀਉ ॥ (598-18)
सरब जीआ सिरि लेखु धुराहू बिनु लेखै नही कोई जीउ ॥

ਆਪਿ ਅਲੇਖੁ ਕੁਦਰਤਿ ਕਰਿ ਦੇਖੈ ਹੁਕਮਿ ਚਲਾਏ ਸੋਈ ਜੀਉ ॥੧॥ (598-18)
आपि अलेखु कुदरति करि देखै हुकमि चलाए सोई जीउ ॥१॥

ਮਨ ਰੇ ਰਾਮ ਜਪਹੁ ਸੁਖੁ ਹੋਈ ॥ (598-19)
मन रे राम जपहु सुखु होई ॥

ਅਹਿਨਿਸਿ ਗੁਰ ਕੇ ਚਰਨ ਸਰੇਵਹੁ ਹਰਿ ਦਾਤਾ ਭੁਗਤਾ ਸੋਈ ॥ ਰਹਾਉ ॥ (598-19)
अहिनिसि गुर के चरन सरेवहु हरि दाता भुगता सोई ॥ रहाउ ॥

ਜੋ ਅੰਤਰਿ ਸੋ ਬਾਹਰਿ ਦੇਖਹੁ ਅਵਰੁ ਨ ਦੂਜਾ ਕੋਈ ਜੀਉ ॥ (599-1)
जो अंतरि सो बाहरि देखहु अवरु न दूजा कोई जीउ ॥

ਗੁਰਮੁਖਿ ਏਕ ਦ੍ਰਿਸਟਿ ਕਰਿ ਦੇਖਹੁ ਘਟਿ ਘਟਿ ਜੋਤਿ ਸਮੋਈ ਜੀਉ ॥੨॥ (599-2)
गुरमुखि एक द्रिसटि करि देखहु घटि घटि जोति समोई जीउ ॥२॥

ਚਲਤੌ ਠਾਕਿ ਰਖਹੁ ਘਰਿ ਅਪਨੈ ਗੁਰ ਮਿਲਿਐ ਇਹ ਮਤਿ ਹੋਈ ਜੀਉ ॥ (599-2)
चलतौ ठाकि रखहु घरि अपनै गुर मिलिऐ इह मति होई जीउ ॥

ਦੇਖਿ ਅਦ੍ਰਿਸਟੁ ਰਹਉ ਬਿਸਮਾਦੀ ਦੁਖੁ ਬਿਸਰੈ ਸੁਖੁ ਹੋਈ ਜੀਉ ॥੩॥ (599-3)
देखि अद्रिसटु रहउ बिसमादी दुखु बिसरै सुखु होई जीउ ॥३॥

ਪੀਵਹੁ ਅਪਿਉ ਪਰਮ ਸੁਖੁ ਪਾਈਐ ਨਿਜ ਘਰਿ ਵਾਸਾ ਹੋਈ ਜੀਉ ॥ (599-4)
पीवहु अपिउ परम सुखु पाईऐ निज घरि वासा होई जीउ ॥

ਜਨਮ ਮਰਣ ਭਵ ਭੰਜਨੁ ਗਾਈਐ ਪੁਨਰਪਿ ਜਨਮੁ ਨ ਹੋਈ ਜੀਉ ॥੪॥ (599-4)
जनम मरण भव भंजनु गाईऐ पुनरपि जनमु न होई जीउ ॥४॥

ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ ॥ (599-5)
ततु निरंजनु जोति सबाई सोहं भेदु न कोई जीउ ॥

ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ ॥੫॥੧੧॥ (599-5)
अपरमपर पारब्रहमु परमेसरु नानक गुरु मिलिआ सोई जीउ ॥५॥११॥

ਸੋਰਠਿ ਮਹਲਾ ੧ ਘਰੁ ੩ (599-7)
सोरठि महला १ घरु ३

ੴ ਸਤਿਗੁਰ ਪ੍ਰਸਾਦਿ ॥ (599-7)
ੴ सतिगुर प्रसादि ॥

ਜਾ ਤਿਸੁ ਭਾਵਾ ਤਦ ਹੀ ਗਾਵਾ ॥ (599-8)
जा तिसु भावा तद ही गावा ॥

ਤਾ ਗਾਵੇ ਕਾ ਫਲੁ ਪਾਵਾ ॥ (599-8)
ता गावे का फलु पावा ॥

ਗਾਵੇ ਕਾ ਫਲੁ ਹੋਈ ॥ (599-8)
गावे का फलु होई ॥

ਜਾ ਆਪੇ ਦੇਵੈ ਸੋਈ ॥੧॥ (599-8)
जा आपे देवै सोई ॥१॥

ਮਨ ਮੇਰੇ ਗੁਰ ਬਚਨੀ ਨਿਧਿ ਪਾਈ ॥ (599-9)
मन मेरे गुर बचनी निधि पाई ॥

ਤਾ ਤੇ ਸਚ ਮਹਿ ਰਹਿਆ ਸਮਾਈ ॥ ਰਹਾਉ ॥ (599-9)
ता ते सच महि रहिआ समाई ॥ रहाउ ॥

ਗੁਰ ਸਾਖੀ ਅੰਤਰਿ ਜਾਗੀ ॥ (599-9)
गुर साखी अंतरि जागी ॥

ਤਾ ਚੰਚਲ ਮਤਿ ਤਿਆਗੀ ॥ (599-10)
ता चंचल मति तिआगी ॥

ਗੁਰ ਸਾਖੀ ਕਾ ਉਜੀਆਰਾ ॥ (599-10)
गुर साखी का उजीआरा ॥

ਤਾ ਮਿਟਿਆ ਸਗਲ ਅੰਧ੍ਯਾਰਾ ॥੨॥ (599-10)
ता मिटिआ सगल अंध्यारा ॥२॥

ਗੁਰ ਚਰਨੀ ਮਨੁ ਲਾਗਾ ॥ (599-10)
गुर चरनी मनु लागा ॥

ਤਾ ਜਮ ਕਾ ਮਾਰਗੁ ਭਾਗਾ ॥ (599-11)
ता जम का मारगु भागा ॥

ਭੈ ਵਿਚਿ ਨਿਰਭਉ ਪਾਇਆ ॥ (599-11)
भै विचि निरभउ पाइआ ॥

ਤਾ ਸਹਜੈ ਕੈ ਘਰਿ ਆਇਆ ॥੩॥ (599-11)
ता सहजै कै घरि आइआ ॥३ ॥

ਭਣਤਿ ਨਾਨਕੁ ਬੂਝੈ ਕੋ ਬੀਚਾਰੀ ॥ (599-12)
भणति नानकु बूझै को बीचारी ॥

ਇਸੁ ਜਗ ਮਹਿ ਕਰਣੀ ਸਾਰੀ ॥ (599-12)
इसु जग महि करणी सारी ॥

ਕਰਣੀ ਕੀਰਤਿ ਹੋਈ ॥ (599-12)
करणी कीरति होई ॥

ਜਾ ਆਪੇ ਮਿਲਿਆ ਸੋਈ ॥੪॥੧॥੧੨॥ (599-12)
जा आपे मिलिआ सोई ॥४ ॥१ ॥१२ ॥

ਸੋਰਠਿ ਮਹਲਾ ੩ ਘਰੁ ੧ (599-14)
सोरठि महला ३ घरु १

ੴ ਸਤਿਗੁਰ ਪ੍ਰਸਾਦਿ ॥ (599-14)
ੴ सतिगुर प्रसादि ॥

ਸੇਵਕ ਸੇਵ ਕਰਹਿ ਸਭਿ ਤੇਰੀ ਜਿਨ ਸਬਦੈ ਸਾਦੁ ਆਇਆ ॥ (599-15)
सेवक सेव करहि सभि तेरी जिन सबदै सादु आइआ ॥

ਗੁਰ ਕਿਰਪਾ ਤੇ ਨਿਰਮਲੁ ਹੋਆ ਜਿਨਿ ਵਿਚਹੁ ਆਪੁ ਗਵਾਇਆ ॥ (599-15)
गुर किरपा ते निरमलु होआ जिनि विचहु आपु गवाइआ ॥

ਅਨਦਿਨੁ ਗੁਣ ਗਾਵਹਿ ਨਿਤ ਸਾਚੇ ਗੁਰ ਕੈ ਸਬਦਿ ਸੁਹਾਇਆ ॥੧॥ (599-16)
अनदिनु गुण गावहि नित साचे गुर कै सबदि सुहाइआ ॥१॥

ਮੇਰੇ ਠਾਕੁਰ ਹਮ ਬਾਰਿਕ ਸਰਣਿ ਤੁਮਾਰੀ ॥ (599-16)
मेरे ठाकुर हम बारिक सरणि तुमारी ॥

ਏਕੋ ਸਚਾ ਸਚੁ ਤੂ ਕੇਵਲੁ ਆਪਿ ਮੁਰਾਰੀ ॥ ਰਹਾਉ ॥ (599-17)
एको सचा सचु तू केवलु आपि मुरारी ॥ रहाउ ॥

ਜਾਗਤ ਰਹੇ ਤਿਨੀ ਪ੍ਰਭੁ ਪਾਇਆ ਸਬਦੇ ਹਉਮੈ ਮਾਰੀ ॥ (599-17)
जागत रहे तिनी प्रभु पाइआ सबदे हउमै मारी ॥

ਗਿਰਹੀ ਮਹਿ ਸਦਾ ਹਰਿ ਜਨ ਉਦਾਸੀ ਗਿਆਨ ਤਤ ਬੀਚਾਰੀ ॥ (599-18)
गिरही महि सदा हरि जन उदासी गिआन तत बीचारी ॥

ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਹਰਿ ਰਾਖਿਆ ਉਰ ਧਾਰੀ ॥੨॥ (599-18)
सतिगुरु सेवि सदा सुखु पाइआ हरि राखिआ उर धारी ॥२॥

ਇਹੁ ਮਨੂਆ ਦਹ ਦਿਸਿ ਧਾਵਦਾ ਦੂਜੈ ਭਾਇ ਖੁਆਇਆ ॥ (599-19)
इहु मनूआ दह दिसि धावदा दूजै भाइ खुआइआ ॥

ਮਨਮੁਖ ਮੁਗਧੁ ਹਰਿ ਨਾਮੁ ਨ ਚੇਤੈ ਬਿਰਥਾ ਜਨਮੁ ਗਵਾਇਆ ॥ (600-1)
मनमुख मुगधु हरि नामु न चेतै बिरथा जनमु गवाइआ ॥

ਸਤਿਗੁਰੁ ਭੇਟੇ ਤਾ ਨਾਉ ਪਾਏ ਹਉਮੈ ਮੋਹੁ ਚੁਕਾਇਆ ॥੩॥ (600-1)
सतिगुरु भेटे ता नाउ पाए हउमै मोहु चुकाइआ ॥३॥

ਹਰਿ ਜਨ ਸਾਚੇ ਸਾਚੁ ਕਮਾਵਹਿ ਗੁਰ ਕੈ ਸਬਦਿ ਵੀਚਾਰੀ ॥ (600-2)
हरि जन साचे साचु कमावहि गुर कै सबदि वीचारी ॥

ਆਪੇ ਮੇਲਿ ਲਏ ਪ੍ਰਭਿ ਸਾਚੈ ਸਾਚੁ ਰਖਿਆ ਉਰ ਧਾਰੀ ॥ (600-2)
आपे मेलि लए प्रभि साचै साचु रखिआ उर धारी ॥

ਨਾਨਕ ਨਾਵਹੁ ਗਤਿ ਮਤਿ ਪਾਈ ਏਹਾ ਰਾਸਿ ਹਮਾਰੀ ॥੪॥੧॥ (600-3)
नानक नावहु गति मति पाई एहा रासि हमारी ॥४॥१॥

ਸੋਰਠਿ ਮਹਲਾ ੩ ॥ (600-3)
सोरठि महला ३ ॥

ਭਗਤਿ ਖਜਾਨਾ ਭਗਤਨ ਕਉ ਦੀਆ ਨਾਉ ਹਰਿ ਧਨੁ ਸਚੁ ਸੋਇ ॥ (600-4)
भगति खजाना भगतन कउ दीआ नाउ हरि धनु सचु सोइ ॥

ਅਖੁਟੁ ਨਾਮ ਧਨੁ ਕਦੇ ਨਿਖੁਟੈ ਨਾਹੀ ਕਿਨੈ ਨ ਕੀਮਤਿ ਹੋਇ ॥ (600-4)
अखुटु नाम धनु कदे निखुटै नाही किनै न कीमति होइ ॥

ਨਾਮ ਧਨਿ ਮੁਖ ਉਜਲੇ ਹੋਏ ਹਰਿ ਪਾਇਆ ਸਚੁ ਸੋਇ ॥੧॥ (600-5)
नाम धनि मुख उजले होए हरि पाइआ सचु सोइ ॥१॥

ਮਨ ਮੇਰੇ ਗੁਰ ਸਬਦੀ ਹਰਿ ਪਾਇਆ ਜਾਇ ॥ (600-5)
मन मेरे गुर सबदी हरि पाइआ जाइ ॥

ਬਿਨੁ ਸਬਦੈ ਜਗੁ ਭੁਲਦਾ ਫਿਰਦਾ ਦਰਗਹ ਮਿਲੈ ਸਜਾਇ ॥ ਰਹਾਉ ॥ (600-6)
बिनु सबदै जगु भुलदा फिरदा दरगह मिलै सजाइ ॥ रहाउ ॥

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥ (600-6)
इसु देही अंदरि पंच चोर वसहि कामु क्रोधु लोभु मोहु अहंकारा ॥

ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ ॥ (600-7)
अमृतु लूटहि मनमुख नही बूझहि कोइ न सुणै पूकारा ॥

ਅੰਧਾ ਜਗਤੁ ਅੰਧੁ ਵਰਤਾਰਾ ਬਾਝੁ ਗੁਰੂ ਗੁਬਾਰਾ ॥੨॥ (600-8)
अंधा जगतु अंधु वरतारा बाझु गुरू गुबारा ॥२॥

ਹਉਮੈ ਮੇਰਾ ਕਰਿ ਕਰਿ ਵਿਗੁਤੇ ਕਿਹੁ ਚਲੈ ਨ ਚਲਦਿਆ ਨਾਲਿ ॥ (600-8)
हउमै मेरा करि करि विगुते किहु चलै न चलदिआ नालि ॥

ਗੁਰਮੁਖਿ ਹੋਵੈ ਸੁ ਨਾਮੁ ਧਿਆਵੈ ਸਦਾ ਹਰਿ ਨਾਮੁ ਸਮਾਲਿ ॥ (600-9)
गुरमुखि होवै सु नामु धिआवै सदा हरि नामु समालि ॥

ਸਚੀ ਬਾਣੀ ਹਰਿ ਗੁਣ ਗਾਵੈ ਨਦਰੀ ਨਦਰਿ ਨਿਹਾਲਿ ॥੩॥ (600-9)
सची बाणी हरि गुण गावै नदरी नदरि निहालि ॥३॥

ਸਤਿਗੁਰ ਗਿਆਨੁ ਸਦਾ ਘਟਿ ਚਾਨਣੁ ਅਮਰੁ ਸਿਰਿ ਬਾਦਿਸਾਹਾ ॥ (600-10)
सतिगुर गिआनु सदा घटि चानणु अमरु सिरि बादिसाहा ॥

ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਰਾਮ ਨਾਮੁ ਸਚੁ ਲਾਹਾ ॥ (600-10)
अनदिनु भगति करहि दिनु राती राम नामु सचु लाहा ॥

ਨਾਨਕ ਰਾਮ ਨਾਮਿ ਨਿਸਤਾਰਾ ਸਬਦਿ ਰਤੇ ਹਰਿ ਪਾਹਾ ॥੪॥੨॥ (600-11)
नानक राम नामि निसतारा सबदि रते हरि पाहा ॥४॥२॥

ਸੋਰਠਿ ਮਃ ੩ ॥ (600-12)
सोरठि मः ३ ॥

ਦਾਸਨਿ ਦਾਸੁ ਹੋਵੈ ਤਾ ਹਰਿ ਪਾਏ ਵਿਚਹੁ ਆਪੁ ਗਵਾਈ ॥ (600-12)
दासनि दासु होवै ता हरि पाए विचहु आपु गवाई ॥

ਭਗਤਾ ਕਾ ਕਾਰਜੁ ਹਰਿ ਅਨੰਦੁ ਹੈ ਅਨਦਿਨੁ ਹਰਿ ਗੁਣ ਗਾਈ ॥ (600-12)
भगता का कारजु हरि अनंदु है अनदिनु हरि गुण गाई ॥

ਸਬਦਿ ਰਤੇ ਸਦਾ ਇਕ ਰੰਗੀ ਹਰਿ ਸਿਉ ਰਹੇ ਸਮਾਈ ॥੧॥ (600-13)
सबदि रते सदा इक रंगी हरि सिउ रहे समाई ॥१॥

ਹਰਿ ਜੀਉ ਸਾਚੀ ਨਦਰਿ ਤੁਮਾਰੀ ॥ (600-13)
हरि जीउ साची नदरि तुमारी ॥

ਆਪਣਿਆ ਦਾਸਾ ਨੋ ਕ੍ਰਿਪਾ ਕਰਿ ਪਿਆਰੇ ਰਾਖਹੁ ਪੈਜ ਹਮਾਰੀ ॥ ਰਹਾਉ ॥ (600-14)
आपणिआ दासा नो क्रिपा करि पिआरे राखहु पैज हमारी ॥ रहाउ ॥

ਸਬਦਿ ਸਲਾਹੀ ਸਦਾ ਹਉ ਜੀਵਾ ਗੁਰਮਤੀ ਭਉ ਭਾਗਾ ॥ (600-15)
सबदि सलाही सदा हउ जीवा गुरमती भउ भागा ॥

ਮੇਰਾ ਪ੍ਰਭੁ ਸਾਚਾ ਅਤਿ ਸੁਆਲਿਉ ਗੁਰੁ ਸੇਵਿਆ ਚਿਤੁ ਲਾਗਾ ॥ (600-15)
मेरा प्रभु साचा अति सुआलिउ गुरु सेविआ चितु लागा ॥

ਸਾਚਾ ਸਬਦੁ ਸਚੀ ਸਚੁ ਬਾਣੀ ਸੋ ਜਨੁ ਅਨਦਿਨੁ ਜਾਗਾ ॥੨॥ (600-16)
साचा सबदु सची सचु बाणी सो जनु अनदिनु जागा ॥२॥

ਮਹਾ ਗੰਭੀਰੁ ਸਦਾ ਸੁਖਦਾਤਾ ਤਿਸ ਕਾ ਅੰਤੁ ਨ ਪਾਇਆ ॥ (600-16)
महा ग्मभीरु सदा सुखदाता तिस का अंतु न पाइआ ॥

ਪੂਰੇ ਗੁਰ ਕੀ ਸੇਵਾ ਕੀਨੀ ਅਚਿੰਤੁ ਹਰਿ ਮੰਨਿ ਵਸਾਇਆ ॥ (600-17)
पूरे गुर की सेवा कीनी अचिंतु हरि मंनि वसाइआ ॥

ਮਨੁ ਤਨੁ ਨਿਰਮਲੁ ਸਦਾ ਸੁਖੁ ਅੰਤਰਿ ਵਿਚਹੁ ਭਰਮੁ ਚੁਕਾਇਆ ॥੩॥ (600-17)
मनु तनु निरमलु सदा सुखु अंतरि विचहु भरमु चुकाइआ ॥३॥

ਹਰਿ ਕਾ ਮਾਰਗੁ ਸਦਾ ਪੰਥੁ ਵਿਖੜਾ ਕੋ ਪਾਏ ਗੁਰ ਵੀਚਾਰਾ ॥ (600-18)
हरि का मारगु सदा पंथु विखड़ा को पाए गुर वीचारा ॥

ਹਰਿ ਕੈ ਰੰਗਿ ਰਾਤਾ ਸਬਦੇ ਮਾਤਾ ਹਉਮੈ ਤਜੇ ਵਿਕਾਰਾ ॥ (600-19)
हरि कै रंगि राता सबदे माता हउमै तजे विकारा ॥

ਨਾਨਕ ਨਾਮਿ ਰਤਾ ਇਕ ਰੰਗੀ ਸਬਦਿ ਸਵਾਰਣਹਾਰਾ ॥੪॥੩॥ (600-19)
नानक नामि रता इक रंगी सबदि सवारणहारा ॥४॥३॥

ਸੋਰਠਿ ਮਹਲਾ ੩ ॥ (601-1)
सोरठि महला ३ ॥

ਹਰਿ ਜੀਉ ਤੁਧੁ ਨੋ ਸਦਾ ਸਾਲਾਹੀ ਪਿਆਰੇ ਜਿਚਰੁ ਘਟ ਅੰਤਰਿ ਹੈ ਸਾਸਾ ॥ (601-1)
हरि जीउ तुधु नो सदा सालाही पिआरे जिचरु घट अंतरि है सासा ॥

ਇਕੁ ਪਲੁ ਖਿਨੁ ਵਿਸਰਹਿ ਤੂ ਸੁਆਮੀ ਜਾਣਉ ਬਰਸ ਪਚਾਸਾ ॥ (601-1)
इकु पलु खिनु विसरहि तू सुआमी जाणउ बरस पचासा ॥

ਹਮ ਮੂੜ ਮੁਗਧ ਸਦਾ ਸੇ ਭਾਈ ਗੁਰ ਕੈ ਸਬਦਿ ਪ੍ਰਗਾਸਾ ॥੧॥ (601-2)
हम मूड़ मुगध सदा से भाई गुर कै सबदि प्रगासा ॥१॥

ਹਰਿ ਜੀਉ ਤੁਮ ਆਪੇ ਦੇਹੁ ਬੁਝਾਈ ॥ (601-3)
हरि जीउ तुम आपे देहु बुझाई ॥

ਹਰਿ ਜੀਉ ਤੁਧੁ ਵਿਟਹੁ ਵਾਰਿਆ ਸਦ ਹੀ ਤੇਰੇ ਨਾਮ ਵਿਟਹੁ ਬਲਿ ਜਾਈ ॥ ਰਹਾਉ ॥ (601-3)
हरि जीउ तुधु विटहु वारिआ सद ही तेरे नाम विटहु बलि जाई ॥ रहाउ ॥

ਹਮ ਸਬਦਿ ਮੁਏ ਸਬਦਿ ਮਾਰਿ ਜੀਵਾਲੇ ਭਾਈ ਸਬਦੇ ਹੀ ਮੁਕਤਿ ਪਾਈ ॥ (601-4)
हम सबदि मुए सबदि मारि जीवाले भाई सबदे ही मुकति पाई ॥

ਸਬਦੇ ਮਨੁ ਤਨੁ ਨਿਰਮਲੁ ਹੋਆ ਹਰਿ ਵਸਿਆ ਮਨਿ ਆਈ ॥ (601-4)
सबदे मनु तनु निरमलु होआ हरि वसिआ मनि आई ॥

ਸਬਦੁ ਗੁਰ ਦਾਤਾ ਜਿਤੁ ਮਨੁ ਰਾਤਾ ਹਰਿ ਸਿਉ ਰਹਿਆ ਸਮਾਈ ॥੨॥ (601-5)
सबदु गुर दाता जितु मनु राता हरि सिउ रहिआ समाई ॥२॥

ਸਬਦੁ ਨ ਜਾਣਹਿ ਸੇ ਅੰਨੇ ਬੋਲੇ ਸੇ ਕਿਤੁ ਆਏ ਸੰਸਾਰਾ ॥ (601-6)
सबदु न जाणहि से अंने बोले से कितु आए संसारा ॥

ਹਰਿ ਰਸੁ ਨ ਪਾਇਆ ਬਿਰਥਾ ਜਨਮੁ ਗਵਾਇਆ ਜੰਮਹਿ ਵਾਰੋ ਵਾਰਾ ॥ (601-6)
हरि रसु न पाइआ बिरथा जनमु गवाइआ जंमहि वारो वारा ॥

ਬਿਸਟਾ ਕੇ ਕੀੜੇ ਬਿਸਟਾ ਮਾਹਿ ਸਮਾਣੇ ਮਨਮੁਖ ਮੁਗਧ ਗੁਬਾਰਾ ॥੩॥ (601-7)
बिसटा के कीड़े बिसटा माहि समाणे मनमुख मुगध गुबारा ॥३॥

ਆਪੇ ਕਰਿ ਵੇਖੈ ਮਾਰਗਿ ਲਾਏ ਭਾਈ ਤਿਸੁ ਬਿਨੁ ਅਵਰੁ ਨ ਕੋਈ ॥ (601-8)
आपे करि वेखै मारगि लाए भाई तिसु बिनु अवरु न कोई ॥

ਜੋ ਧੁਰਿ ਲਿਖਿਆ ਸੁ ਕੋਇ ਨ ਮੇਟੈ ਭਾਈ ਕਰਤਾ ਕਰੇ ਸੁ ਹੋਈ ॥ (601-8)
जो धुरि लिखिआ सु कोइ न मेटै भाई करता करे सु होई ॥

ਨਾਨਕ ਨਾਮੁ ਵਸਿਆ ਮਨ ਅੰਤਰਿ ਭਾਈ ਅਵਰੁ ਨ ਦੂਜਾ ਕੋਈ ॥੪॥੪॥ (601-9)
नानक नामु वसिआ मन अंतरि भाई अवरु न दूजा कोई ॥४॥४॥

ਸੋਰਠਿ ਮਹਲਾ ੩ ॥ (601-10)
सोरठि महला ३ ॥

ਗੁਰਮੁਖਿ ਭਗਤਿ ਕਰਹਿ ਪ੍ਰਭ ਭਾਵਹਿ ਅਨਦਿਨੁ ਨਾਮੁ ਵਖਾਣੇ ॥ (601-10)
गुरमुखि भगति करहि प्रभ भावहि अनदिनु नामु वखाणे ॥

ਭਗਤਾ ਕੀ ਸਾਰ ਕਰਹਿ ਆਪਿ ਰਾਖਹਿ ਜੋ ਤੇਰੈ ਮਨਿ ਭਾਣੇ ॥ (601-10)
भगता की सार करहि आपि राखहि जो तेरै मनि भाणे ॥

ਤੂ ਗੁਣਦਾਤਾ ਸਬਦਿ ਪਛਾਤਾ ਗੁਣ ਕਹਿ ਗੁਣੀ ਸਮਾਣੇ ॥੧॥ (601-11)
तू गुणदाता सबदि पछाता गुण कहि गुणी समाणे ॥१॥

ਮਨ ਮੇਰੇ ਹਰਿ ਜੀਉ ਸਦਾ ਸਮਾਲਿ ॥ (601-11)
मन मेरे हरि जीउ सदा समालि ॥

ਅੰਤ ਕਾਲਿ ਤੇਰਾ ਬੇਲੀ ਹੋਵੈ ਸਦਾ ਨਿਬਹੈ ਤੇਰੈ ਨਾਲਿ ॥ ਰਹਾਉ ॥ (601-12)
अंत कालि तेरा बेली होवै सदा निबहै तेरै नालि ॥ रहाउ ॥

ਦੁਸਟ ਚਉਕੜੀ ਸਦਾ ਕੂੜੁ ਕਮਾਵਹਿ ਨਾ ਬੂਝਹਿ ਵੀਚਾਰੇ ॥ (601-12)
दुसट चउकड़ी सदा कूड़ु कमावहि ना बूझहि वीचारे ॥

ਨਿੰਦਾ ਦੁਸਟੀ ਤੇ ਕਿਨਿ ਫਲੁ ਪਾਇਆ ਹਰਣਾਖਸ ਨਖਹਿ ਬਿਦਾਰੇ ॥ (601-13)
निंदा दुसटी ते किनि फलु पाइआ हरणाखस नखहि बिदारे ॥

ਪ੍ਰਹਿਲਾਦੁ ਜਨੁ ਸਦ ਹਰਿ ਗੁਣ ਗਾਵੈ ਹਰਿ ਜੀਉ ਲਏ ਉਬਾਰੇ ॥੨॥ (601-14)
प्रहिलादु जनु सद हरि गुण गावै हरि जीउ लए उबारे ॥२॥

ਆਪਸ ਕਉ ਬਹੁ ਭਲਾ ਕਰਿ ਜਾਣਹਿ ਮਨਮੁਖਿ ਮਤਿ ਨ ਕਾਈ ॥ (601-14)
आपस कउ बहु भला करि जाणहि मनमुखि मति न काई ॥

ਸਾਧੂ ਜਨ ਕੀ ਨਿੰਦਾ ਵਿਆਪੇ ਜਾਸਨਿ ਜਨਮੁ ਗਵਾਈ ॥ (601-15)
साधू जन की निंदा विआपे जासनि जनमु गवाई ॥

ਰਾਮ ਨਾਮੁ ਕਦੇ ਚੇਤਹਿ ਨਾਹੀ ਅੰਤਿ ਗਏ ਪਛੁਤਾਈ ॥੩॥ (601-15)
राम नामु कदे चेतहि नाही अंति गए पछुताई ॥३॥

ਸਫਲੁ ਜਨਮੁ ਭਗਤਾ ਕਾ ਕੀਤਾ ਗੁਰ ਸੇਵਾ ਆਪਿ ਲਾਏ ॥ (601-16)
सफलु जनमु भगता का कीता गुर सेवा आपि लाए ॥

ਸਬਦੇ ਰਾਤੇ ਸਹਜੇ ਮਾਤੇ ਅਨਦਿਨੁ ਹਰਿ ਗੁਣ ਗਾਏ ॥ (601-16)
सबदे राते सहजे माते अनदिनु हरि गुण गाए ॥

ਨਾਨਕ ਦਾਸੁ ਕਹੈ ਬੇਨੰਤੀ ਹਉ ਲਾਗਾ ਤਿਨ ਕੈ ਪਾਏ ॥੪॥੫॥ (601-17)
नानक दासु कहै बेनंती हउ लागा तिन कै पाए ॥४॥५॥

ਸੋਰਠਿ ਮਹਲਾ ੩ ॥ (601-18)
सोरठि महला ३ ॥

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥ (601-18)
सो सिखु सखा बंधपु है भाई जि गुर के भाणे विचि आवै ॥

ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥ (601-18)
आपणै भाणै जो चलै भाई विछुड़ि चोटा खावै ॥

ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ ਫਿਰਿ ਫਿਰਿ ਪਛੋਤਾਵੈ ॥੧॥ (601-19)
बिनु सतिगुर सुखु कदे न पावै भाई फिरि फिरि पछोतावै ॥१॥

ਹਰਿ ਕੇ ਦਾਸ ਸੁਹੇਲੇ ਭਾਈ ॥ (601-19)
हरि के दास सुहेले भाई ॥

ਜਨਮ ਜਨਮ ਕੇ ਕਿਲਬਿਖ ਦੁਖ ਕਾਟੇ ਆਪੇ ਮੇਲਿ ਮਿਲਾਈ ॥ ਰਹਾਉ ॥ (602-1)
जनम जनम के किलबिख दुख काटे आपे मेलि मिलाई ॥ रहाउ ॥

ਇਹੁ ਕੁਟੰਬੁ ਸਭੁ ਜੀਅ ਕੇ ਬੰਧਨ ਭਾਈ ਭਰਮਿ ਭੁਲਾ ਸੈਂਸਾਰਾ ॥ (602-1)
इहु कुट्मबु सभु जीअ के बंधन भाई भरमि भुला सैंसारा ॥

ਬਿਨੁ ਗੁਰ ਬੰਧਨ ਟੂਟਹਿ ਨਾਹੀ ਗੁਰਮੁਖਿ ਮੋਖ ਦੁਆਰਾ ॥ (602-2)
बिनु गुर बंधन टूटहि नाही गुरमुखि मोख दुआरा ॥

ਕਰਮ ਕਰਹਿ ਗੁਰ ਸਬਦੁ ਨ ਪਛਾਣਹਿ ਮਰਿ ਜਨਮਹਿ ਵਾਰੋ ਵਾਰਾ ॥੨॥ (602-2)
करम करहि गुर सबदु न पछाणहि मरि जनमहि वारो वारा ॥२॥

ਹਉ ਮੇਰਾ ਜਗੁ ਪਲਚਿ ਰਹਿਆ ਭਾਈ ਕੋਇ ਨ ਕਿਸ ਹੀ ਕੇਰਾ ॥ (602-3)
हउ मेरा जगु पलचि रहिआ भाई कोइ न किस ही केरा ॥

ਗੁਰਮੁਖਿ ਮਹਲੁ ਪਾਇਨਿ ਗੁਣ ਗਾਵਨਿ ਨਿਜ ਘਰਿ ਹੋਇ ਬਸੇਰਾ ॥ (602-4)
गुरमुखि महलु पाइनि गुण गावनि निज घरि होइ बसेरा ॥

ਐਥੈ ਬੂਝੈ ਸੁ ਆਪੁ ਪਛਾਣੈ ਹਰਿ ਪ੍ਰਭੁ ਹੈ ਤਿਸੁ ਕੇਰਾ ॥੩॥ (602-4)
ऐथै बूझै सु आपु पछाणै हरि प्रभु है तिसु केरा ॥३॥

ਸਤਿਗੁਰੂ ਸਦਾ ਦਇਆਲੁ ਹੈ ਭਾਈ ਵਿਣੁ ਭਾਗਾ ਕਿਆ ਪਾਈਐ ॥ (602-5)
सतिगुरू सदा दइआलु है भाई विणु भागा किआ पाईऐ ॥

ਏਕ ਨਦਰਿ ਕਰਿ ਵੇਖੈ ਸਭ ਊਪਰਿ ਜੇਹਾ ਭਾਉ ਤੇਹਾ ਫਲੁ ਪਾਈਐ ॥ (602-6)
एक नदरि करि वेखै सभ ऊपरि जेहा भाउ तेहा फलु पाईऐ ॥

ਨਾਨਕ ਨਾਮੁ ਵਸੈ ਮਨ ਅੰਤਰਿ ਵਿਚਹੁ ਆਪੁ ਗਵਾਈਐ ॥੪॥੬॥ (602-6)
नानक नामु वसै मन अंतरि विचहु आपु गवाईऐ ॥४॥६॥

ਸੋਰਠਿ ਮਹਲਾ ੩ ਚਉਤੁਕੇ ॥ (602-7)
सोरठि महला ३ चौतुके ॥

ਸਚੀ ਭਗਤਿ ਸਤਿਗੁਰ ਤੇ ਹੋਵੈ ਸਚੀ ਹਿਰਦੈ ਬਾਣੀ ॥ (602-7)
सची भगति सतिगुर ते होवै सची हिरदै बाणी ॥

ਸਤਿਗੁਰੁ ਸੇਵੇ ਸਦਾ ਸੁਖੁ ਪਾਏ ਹਉਮੈ ਸਬਦਿ ਸਮਾਣੀ ॥ (602-8)
सतिगुरु सेवे सदा सुखु पाए हउमै सबदि समाणी ॥

ਬਿਨੁ ਗੁਰ ਸਾਚੇ ਭਗਤਿ ਨ ਹੋਵੀ ਹੋਰ ਭੂਲੀ ਫਿਰੈ ਇਆਣੀ ॥ (602-8)
बिनु गुर साचे भगति न होवी होर भूली फिरै इआणी ॥

ਮਨਮੁਖਿ ਫਿਰਹਿ ਸਦਾ ਦੁਖੁ ਪਾਵਹਿ ਡੂਬਿ ਮੁਏ ਵਿਣੁ ਪਾਣੀ ॥੧॥ (602-9)
मनमुखि फिरहि सदा दुखु पावहि डूबि मुए विणु पाणी ॥१॥

ਭਾਈ ਰੇ ਸਦਾ ਰਹਹੁ ਸਰਣਾਈ ॥ (602-9)
भाई रे सदा रहहु सरणाई ॥

ਆਪਣੀ ਨਦਰਿ ਕਰੇ ਪਤਿ ਰਾਖੈ ਹਰਿ ਨਾਮੋ ਦੇ ਵਡਿਆਈ ॥ ਰਹਾਉ ॥ (602-10)
आपणी नदरि करे पति राखै हरि नामो दे वडिआई ॥ रहाउ ॥

ਪੂਰੇ ਗੁਰ ਤੇ ਆਪੁ ਪਛਾਤਾ ਸਬਦਿ ਸਚੈ ਵੀਚਾਰਾ ॥ (602-10)
पूरे गुर ते आपु पछाता सबदि सचै वीचारा ॥

ਹਿਰਦੈ ਜਗਜੀਵਨੁ ਸਦ ਵਸਿਆ ਤਜਿ ਕਾਮੁ ਕ੍ਰੋਧੁ ਅਹੰਕਾਰਾ ॥ (602-11)
हिरदै जगजीवनु सद वसिआ तजि कामु क्रोधु अहंकारा ॥

ਸਦਾ ਹਜੂਰਿ ਰਵਿਆ ਸਭ ਠਾਈ ਹਿਰਦੈ ਨਾਮੁ ਅਪਾਰਾ ॥ (602-11)
सदा हजूरि रविआ सभ ठाई हिरदै नामु अपारा ॥

ਜੁਗਿ ਜੁਗਿ ਬਾਣੀ ਸਬਦਿ ਪਛਾਣੀ ਨਾਉ ਮੀਠਾ ਮਨਹਿ ਪਿਆਰਾ ॥੨॥ (602-12)
जुगि जुगि बाणी सबदि पछाणी नाउ मीठा मनहि पिआरा ॥२॥

ਸਤਿਗੁਰੁ ਸੇਵਿ ਜਿਨਿ ਨਾਮੁ ਪਛਾਤਾ ਸਫਲ ਜਨਮੁ ਜਗਿ ਆਇਆ ॥ (602-12)
सतिगुरु सेवि जिनि नामु पछाता सफल जनमु जगि आइआ ॥

ਹਰਿ ਰਸੁ ਚਾਖਿ ਸਦਾ ਮਨੁ ਤ੍ਰਿਪਤਿਆ ਗੁਣ ਗਾਵੈ ਗੁਣੀ ਅਘਾਇਆ ॥ (602-13)
हरि रसु चाखि सदा मनु त्रिपतिआ गुण गावै गुणी अघाइआ ॥

ਕਮਲੁ ਪ੍ਰਗਾਸਿ ਸਦਾ ਰੰਗਿ ਰਾਤਾ ਅਨਹਦ ਸਬਦੁ ਵਜਾਇਆ ॥ (602-14)
कमलु प्रगासि सदा रंगि राता अनहद सबदु वजाइआ ॥

ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਚੇ ਸਚਿ ਸਮਾਇਆ ॥੩॥ (602-14)
तनु मनु निरमलु निरमल बाणी सचे सचि समाइआ ॥३॥

ਰਾਮ ਨਾਮ ਕੀ ਗਤਿ ਕੋਇ ਨ ਬੂਝੈ ਗੁਰਮਤਿ ਰਿਦੈ ਸਮਾਈ ॥ (602-15)
राम नाम की गति कोइ न बूझै गुरमति रिदै समाई ॥

ਗੁਰਮੁਖਿ ਹੋਵੈ ਸੁ ਮਗੁ ਪਛਾਣੈ ਹਰਿ ਰਸਿ ਰਸਨ ਰਸਾਈ ॥ (602-15)
गुरमुखि होवै सु मगु पछाणै हरि रसि रसन रसाई ॥

ਜਪੁ ਤਪੁ ਸੰਜਮੁ ਸਭੁ ਗੁਰ ਤੇ ਹੋਵੈ ਹਿਰਦੈ ਨਾਮੁ ਵਸਾਈ ॥ (602-16)
जपु तपु संजमु सभु गुर ते होवै हिरदै नामु वसाई ॥

ਨਾਨਕ ਨਾਮੁ ਸਮਾਲਹਿ ਸੇ ਜਨ ਸੋਹਨਿ ਦਰਿ ਸਾਚੈ ਪਤਿ ਪਾਈ ॥੪॥੭॥ (602-16)
नानक नामु समालहि से जन सोहनि दरि साचै पति पाई ॥४॥७॥

ਸੋਰਠਿ ਮਃ ੩ ਦੁਤੁਕੇ ॥ (602-17)
सोरठि मः ३ दुतुके ॥

ਸਤਿਗੁਰ ਮਿਲਿਐ ਉਲਟੀ ਭਈ ਭਾਈ ਜੀਵਤ ਮਰੈ ਤਾ ਬੂਝ ਪਾਇ ॥ (602-17)
सतिगुर मिलिऐ उलटी भई भाई जीवत मरै ता बूझ पाइ ॥

ਸੋ ਗੁਰੂ ਸੋ ਸਿਖੁ ਹੈ ਭਾਈ ਜਿਸੁ ਜੋਤੀ ਜੋਤਿ ਮਿਲਾਇ ॥੧॥ (602-18)
सो गुरू सो सिखु है भाई जिसु जोती जोति मिलाइ ॥१॥

ਮਨ ਰੇ ਹਰਿ ਹਰਿ ਸੇਤੀ ਲਿਵ ਲਾਇ ॥ (602-19)
मन रे हरि हरि सेती लिव लाइ ॥

ਮਨ ਹਰਿ ਜਪਿ ਮੀਠਾ ਲਾਗੈ ਭਾਈ ਗੁਰਮੁਖਿ ਪਾਏ ਹਰਿ ਥਾਇ ॥ ਰਹਾਉ ॥ (602-19)
मन हरि जपि मीठा लागै भाई गुरमुखि पाए हरि थाइ ॥ रहाउ ॥

ਬਿਨੁ ਗੁਰ ਪ੍ਰੀਤਿ ਨ ਊਪਜੈ ਭਾਈ ਮਨਮੁਖਿ ਦੂਜੈ ਭਾਇ ॥ (603-1)
बिनु गुर प्रीति न ऊपजै भाई मनमुखि दूजै भाइ ॥

ਤੁਹ ਕੁਟਹਿ ਮਨਮੁਖ ਕਰਮ ਕਰਹਿ ਭਾਈ ਪਲੈ ਕਿਛੂ ਨ ਪਾਇ ॥੨॥ (603-1)
तुह कुटहि मनमुख करम करहि भाई पलै किछू न पाइ ॥२॥

ਗੁਰ ਮਿਲਿਐ ਨਾਮੁ ਮਨਿ ਰਵਿਆ ਭਾਈ ਸਾਚੀ ਪ੍ਰੀਤਿ ਪਿਆਰਿ ॥ (603-2)
गुर मिलिऐ नामु मनि रविआ भाई साची प्रीति पिआरि ॥

ਸਦਾ ਹਰਿ ਕੇ ਗੁਣ ਰਵੈ ਭਾਈ ਗੁਰ ਕੈ ਹੇਤਿ ਅਪਾਰਿ ॥੩॥ (603-2)
सदा हरि के गुण रवै भाई गुर कै हेति अपारि ॥३॥

ਆਇਆ ਸੋ ਪਰਵਾਣੁ ਹੈ ਭਾਈ ਜਿ ਗੁਰ ਸੇਵਾ ਚਿਤੁ ਲਾਇ ॥ (603-3)
आइआ सो परवाणु है भाई जि गुर सेवा चितु लाइ ॥

ਨਾਨਕ ਨਾਮੁ ਹਰਿ ਪਾਈਐ ਭਾਈ ਗੁਰ ਸਬਦੀ ਮੇਲਾਇ ॥੪॥੮॥ (603-3)
नानक नामु हरि पाईऐ भाई गुर सबदी मेलाइ ॥४॥८॥

ਸੋਰਠਿ ਮਹਲਾ ੩ ਘਰੁ ੧ ॥ (603-4)
सोरठि महला ३ घरु १ ॥

ਤਿਹੀ ਗੁਣੀ ਤ੍ਰਿਭਵਣੁ ਵਿਆਪਿਆ ਭਾਈ ਗੁਰਮੁਖਿ ਬੂਝ ਬੁਝਾਇ ॥ (603-4)
तिही गुणी त्रिभवणु विआपिआ भाई गुरमुखि बूझ बुझाइ ॥

ਰਾਮ ਨਾਮਿ ਲਗਿ ਛੂਟੀਐ ਭਾਈ ਪੂਛਹੁ ਗਿਆਨੀਆ ਜਾਇ ॥੧॥ (603-5)
राम नामि लगि छूटीऐ भाई पूछहु गिआनीआ जाइ ॥१॥

ਮਨ ਰੇ ਤ੍ਰੈ ਗੁਣ ਛੋਡਿ ਚਉਥੈ ਚਿਤੁ ਲਾਇ ॥ (603-5)
मन रे त्रै गुण छोडि चउथै चितु लाइ ॥

ਹਰਿ ਜੀਉ ਤੇਰੈ ਮਨਿ ਵਸੈ ਭਾਈ ਸਦਾ ਹਰਿ ਕੇ ਗੁਣ ਗਾਇ ॥ ਰਹਾਉ ॥ (603-6)
हरि जीउ तेरै मनि वसै भाई सदा हरि के गुण गाइ ॥ रहाउ ॥

ਨਾਮੈ ਤੇ ਸਭਿ ਊਪਜੇ ਭਾਈ ਨਾਇ ਵਿਸਰਿਐ ਮਰਿ ਜਾਇ ॥ (603-6)
नामै ते सभि ऊपजे भाई नाइ विसरिऐ मरि जाइ ॥

ਅਗਿਆਨੀ ਜਗਤੁ ਅੰਧੁ ਹੈ ਭਾਈ ਸੂਤੇ ਗਏ ਮੁਹਾਇ ॥੨॥ (603-7)
अगिआनी जगतु अंधु है भाई सूते गए मुहाइ ॥२॥

ਗੁਰਮੁਖਿ ਜਾਗੇ ਸੇ ਉਬਰੇ ਭਾਈ ਭਵਜਲੁ ਪਾਰਿ ਉਤਾਰਿ ॥ (603-8)
गुरमुखि जागे से उबरे भाई भवजलु पारि उतारि ॥

ਜਗ ਮਹਿ ਲਾਹਾ ਹਰਿ ਨਾਮੁ ਹੈ ਭਾਈ ਹਿਰਦੈ ਰਖਿਆ ਉਰ ਧਾਰਿ ॥੩॥ (603-8)
जग महि लाहा हरि नामु है भाई हिरदै रखिआ उर धारि ॥३॥

ਗੁਰ ਸਰਣਾਈ ਉਬਰੇ ਭਾਈ ਰਾਮ ਨਾਮਿ ਲਿਵ ਲਾਇ ॥ (603-9)
गुर सरणाई उबरे भाई राम नामि लिव लाइ ॥

ਨਾਨਕ ਨਾਉ ਬੇੜਾ ਨਾਉ ਤੁਲਹੜਾ ਭਾਈ ਜਿਤੁ ਲਗਿ ਪਾਰਿ ਜਨ ਪਾਇ ॥੪॥੯॥ (603-9)
नानक नाउ बेड़ा नाउ तुलहड़ा भाई जितु लगि पारि जन पाइ ॥४॥९॥

ਸੋਰਠਿ ਮਹਲਾ ੩ ਘਰੁ ੧ ॥ (603-10)
सोरठि महला ३ घरु १ ॥

ਸਤਿਗੁਰੁ ਸੁਖ ਸਾਗਰੁ ਜਗ ਅੰਤਰਿ ਹੋਰ ਥੈ ਸੁਖੁ ਨਾਹੀ ॥ (603-10)
सतिगुरु सुख सागरु जग अंतरि होर थै सुखु नाही ॥

ਹਉਮੈ ਜਗਤੁ ਦੁਖਿ ਰੋਗਿ ਵਿਆਪਿਆ ਮਰਿ ਜਨਮੈ ਰੋਵੈ ਧਾਹੀ ॥੧॥ (603-11)
हउमै जगतु दुखि रोगि विआपिआ मरि जनमै रोवै धाही ॥१॥

ਪ੍ਰਾਣੀ ਸਤਿਗੁਰੁ ਸੇਵਿ ਸੁਖੁ ਪਾਇ ॥ (603-11)
प्राणी सतिगुरु सेवि सुखु पाइ ॥

ਸਤਿਗੁਰੁ ਸੇਵਹਿ ਤਾ ਸੁਖੁ ਪਾਵਹਿ ਨਾਹਿ ਤ ਜਾਹਿਗਾ ਜਨਮੁ ਗਵਾਇ ॥ ਰਹਾਉ ॥ (603-12)
सतिगुरु सेवहि ता सुखु पावहि नाहि त जाहिगा जनमु गवाइ ॥ रहाउ ॥

ਤ੍ਰੈ ਗੁਣ ਧਾਤੁ ਬਹੁ ਕਰਮ ਕਮਾਵਹਿ ਹਰਿ ਰਸ ਸਾਦੁ ਨ ਆਇਆ ॥ (603-12)
त्रै गुण धातु बहु करम कमावहि हरि रस सादु न आइआ ॥

ਸੰਧਿਆ ਤਰਪਣੁ ਕਰਹਿ ਗਾਇਤ੍ਰੀ ਬਿਨੁ ਬੂਝੇ ਦੁਖੁ ਪਾਇਆ ॥੨॥ (603-13)
संधिआ तरपणु करहि गाइत्री बिनु बूझे दुखु पाइआ ॥२॥

ਸਤਿਗੁਰੁ ਸੇਵੇ ਸੋ ਵਡਭਾਗੀ ਜਿਸ ਨੋ ਆਪਿ ਮਿਲਾਏ ॥ (603-14)
सतिगुरु सेवे सो वडभागी जिस नो आपि मिलाए ॥

ਹਰਿ ਰਸੁ ਪੀ ਜਨ ਸਦਾ ਤ੍ਰਿਪਤਾਸੇ ਵਿਚਹੁ ਆਪੁ ਗਵਾਏ ॥੩॥ (603-14)
हरि रसु पी जन सदा त्रिपतासे विचहु आपु गवाए ॥३॥

ਇਹੁ ਜਗੁ ਅੰਧਾ ਸਭੁ ਅੰਧੁ ਕਮਾਵੈ ਬਿਨੁ ਗੁਰ ਮਗੁ ਨ ਪਾਏ ॥ (603-15)
इहु जगु अंधा सभु अंधु कमावै बिनु गुर मगु न पाए ॥

ਨਾਨਕ ਸਤਿਗੁਰੁ ਮਿਲੈ ਤ ਅਖੀ ਵੇਖੈ ਘਰੈ ਅੰਦਰਿ ਸਚੁ ਪਾਏ ॥੪॥੧੦॥ (603-15)
नानक सतिगुरु मिलै त अखी वेखै घरै अंदरि सचु पाए ॥४॥१०॥

ਸੋਰਠਿ ਮਹਲਾ ੩ ॥ (603-16)
सोरठि महला ३ ॥

ਬਿਨੁ ਸਤਿਗੁਰ ਸੇਵੇ ਬਹੁਤਾ ਦੁਖੁ ਲਾਗਾ ਜੁਗ ਚਾਰੇ ਭਰਮਾਈ ॥ (603-16)
बिनु सतिगुर सेवे बहुता दुखु लागा जुग चारे भरमाई ॥

ਹਮ ਦੀਨ ਤੁਮ ਜੁਗੁ ਜੁਗੁ ਦਾਤੇ ਸਬਦੇ ਦੇਹਿ ਬੁਝਾਈ ॥੧॥ (603-17)
हम दीन तुम जुगु जुगु दाते सबदे देहि बुझाई ॥१॥

ਹਰਿ ਜੀਉ ਕ੍ਰਿਪਾ ਕਰਹੁ ਤੁਮ ਪਿਆਰੇ ॥ (603-17)
हरि जीउ क्रिपा करहु तुम पिआरे ॥

ਸਤਿਗੁਰੁ ਦਾਤਾ ਮੇਲਿ ਮਿਲਾਵਹੁ ਹਰਿ ਨਾਮੁ ਦੇਵਹੁ ਆਧਾਰੇ ॥ ਰਹਾਉ ॥ (603-18)
सतिगुरु दाता मेलि मिलावहु हरि नामु देवहु आधारे ॥ रहाउ ॥

ਮਨਸਾ ਮਾਰਿ ਦੁਬਿਧਾ ਸਹਜਿ ਸਮਾਣੀ ਪਾਇਆ ਨਾਮੁ ਅਪਾਰਾ ॥ (603-18)
मनसा मारि दुबिधा सहजि समाणी पाइआ नामु अपारा ॥

ਹਰਿ ਰਸੁ ਚਾਖਿ ਮਨੁ ਨਿਰਮਲੁ ਹੋਆ ਕਿਲਬਿਖ ਕਾਟਣਹਾਰਾ ॥੨॥ (603-19)
हरि रसु चाखि मनु निरमलु होआ किलबिख काटणहारा ॥२॥

ਸਬਦਿ ਮਰਹੁ ਫਿਰਿ ਜੀਵਹੁ ਸਦ ਹੀ ਤਾ ਫਿਰਿ ਮਰਣੁ ਨ ਹੋਈ ॥ (604-1)
सबदि मरहु फिरि जीवहु सद ही ता फिरि मरणु न होई ॥

ਅੰਮ੍ਰਿਤੁ ਨਾਮੁ ਸਦਾ ਮਨਿ ਮੀਠਾ ਸਬਦੇ ਪਾਵੈ ਕੋਈ ॥੩॥ (604-1)
अमृतु नामु सदा मनि मीठा सबदे पावै कोई ॥३॥

ਦਾਤੈ ਦਾਤਿ ਰਖੀ ਹਥਿ ਅਪਣੈ ਜਿਸੁ ਭਾਵੈ ਤਿਸੁ ਦੇਈ ॥ (604-2)
दातै दाति रखी हथि अपणै जिसु भावै तिसु देई ॥

ਨਾਨਕ ਨਾਮਿ ਰਤੇ ਸੁਖੁ ਪਾਇਆ ਦਰਗਹ ਜਾਪਹਿ ਸੇਈ ॥੪॥੧੧॥ (604-2)
नानक नामि रते सुखु पाइआ दरगह जापहि सेई ॥४॥११॥

ਸੋਰਠਿ ਮਹਲਾ ੩ ॥ (604-3)
सोरठि महला ३ ॥

ਸਤਿਗੁਰ ਸੇਵੇ ਤਾ ਸਹਜ ਧੁਨਿ ਉਪਜੈ ਗਤਿ ਮਤਿ ਤਦ ਹੀ ਪਾਏ ॥ (604-3)
सतिगुर सेवे ता सहज धुनि उपजै गति मति तद ही पाए ॥

ਹਰਿ ਕਾ ਨਾਮੁ ਸਚਾ ਮਨਿ ਵਸਿਆ ਨਾਮੇ ਨਾਮਿ ਸਮਾਏ ॥੧॥ (604-4)
हरि का नामु सचा मनि वसिआ नामे नामि समाए ॥१॥

ਬਿਨੁ ਸਤਿਗੁਰ ਸਭੁ ਜਗੁ ਬਉਰਾਨਾ ॥ (604-4)
बिनु सतिगुर सभु जगु बउराना ॥

ਮਨਮੁਖਿ ਅੰਧਾ ਸਬਦੁ ਨ ਜਾਣੈ ਝੂਠੈ ਭਰਮਿ ਭੁਲਾਨਾ ॥ ਰਹਾਉ ॥ (604-5)
मनमुखि अंधा सबदु न जाणै झूठै भरमि भुलाना ॥ रहाउ ॥

ਤ੍ਰੈ ਗੁਣ ਮਾਇਆ ਭਰਮਿ ਭੁਲਾਇਆ ਹਉਮੈ ਬੰਧਨ ਕਮਾਏ ॥ (604-5)
त्रै गुण माइआ भरमि भुलाइआ हउमै बंधन कमाए ॥

ਜੰਮਣੁ ਮਰਣੁ ਸਿਰ ਊਪਰਿ ਊਭਉ ਗਰਭ ਜੋਨਿ ਦੁਖੁ ਪਾਏ ॥੨॥ (604-6)
जंमणु मरणु सिर ऊपरि ऊभउ गरभ जोनि दुखु पाए ॥२॥

ਤ੍ਰੈ ਗੁਣ ਵਰਤਹਿ ਸਗਲ ਸੰਸਾਰਾ ਹਉਮੈ ਵਿਚਿ ਪਤਿ ਖੋਈ ॥ (604-6)
त्रै गुण वरतहि सगल संसारा हउमै विचि पति खोई ॥

ਗੁਰਮੁਖਿ ਹੋਵੈ ਚਉਥਾ ਪਦੁ ਚੀਨੈ ਰਾਮ ਨਾਮਿ ਸੁਖੁ ਹੋਈ ॥੩॥ (604-7)
गुरमुखि होवै चउथा पदु चीनै राम नामि सुखु होई ॥३॥

ਤ੍ਰੈ ਗੁਣ ਸਭਿ ਤੇਰੇ ਤੂ ਆਪੇ ਕਰਤਾ ਜੋ ਤੂ ਕਰਹਿ ਸੁ ਹੋਈ ॥ (604-8)
त्रै गुण सभि तेरे तू आपे करता जो तू करहि सु होई ॥

ਨਾਨਕ ਰਾਮ ਨਾਮਿ ਨਿਸਤਾਰਾ ਸਬਦੇ ਹਉਮੈ ਖੋਈ ॥੪॥੧੨॥ (604-8)
नानक राम नामि निसतारा सबदे हउमै खोई ॥४॥१२॥

ਸੋਰਠਿ ਮਹਲਾ ੪ ਘਰੁ ੧ (604-10)
सोरठि महला ४ घरु १

ੴ ਸਤਿਗੁਰ ਪ੍ਰਸਾਦਿ ॥ (604-10)
ੴ सतिगुर प्रसादि ॥

ਆਪੇ ਆਪਿ ਵਰਤਦਾ ਪਿਆਰਾ ਆਪੇ ਆਪਿ ਅਪਾਹੁ ॥ (604-11)
आपे आपि वरतदा पिआरा आपे आपि अपाहु ॥

ਵਣਜਾਰਾ ਜਗੁ ਆਪਿ ਹੈ ਪਿਆਰਾ ਆਪੇ ਸਾਚਾ ਸਾਹੁ ॥ (604-11)
वणजारा जगु आपि है पिआरा आपे साचा साहु ॥

ਆਪੇ ਵਣਜੁ ਵਾਪਾਰੀਆ ਪਿਆਰਾ ਆਪੇ ਸਚੁ ਵੇਸਾਹੁ ॥੧॥ (604-12)
आपे वणजु वापारीआ पिआरा आपे सचु वेसाहु ॥१॥

ਜਪਿ ਮਨ ਹਰਿ ਹਰਿ ਨਾਮੁ ਸਲਾਹ ॥ (604-12)
जपि मन हरि हरि नामु सलाह ॥

ਗੁਰ ਕਿਰਪਾ ਤੇ ਪਾਈਐ ਪਿਆਰਾ ਅੰਮ੍ਰਿਤੁ ਅਗਮ ਅਥਾਹ ॥ ਰਹਾਉ ॥ (604-12)
गुर किरपा ते पाईऐ पिआरा अमृतु अगम अथाह ॥ रहाउ ॥

ਆਪੇ ਸੁਣਿ ਸਭ ਵੇਖਦਾ ਪਿਆਰਾ ਮੁਖਿ ਬੋਲੇ ਆਪਿ ਮੁਹਾਹੁ ॥ (604-13)
आपे सुणि सभ वेखदा पिआरा मुखि बोले आपि मुहाहु ॥

ਆਪੇ ਉਝੜਿ ਪਾਇਦਾ ਪਿਆਰਾ ਆਪਿ ਵਿਖਾਲੇ ਰਾਹੁ ॥ (604-14)
आपे उझड़ि पाइदा पिआरा आपि विखाले राहु ॥

ਆਪੇ ਹੀ ਸਭੁ ਆਪਿ ਹੈ ਪਿਆਰਾ ਆਪੇ ਵੇਪਰਵਾਹੁ ॥੨॥ (604-14)
आपे ही सभु आपि है पिआरा आपे वेपरवाहु ॥२॥

ਆਪੇ ਆਪਿ ਉਪਾਇਦਾ ਪਿਆਰਾ ਸਿਰਿ ਆਪੇ ਧੰਧੜੈ ਲਾਹੁ ॥ (604-15)
आपे आपि उपाइदा पिआरा सिरि आपे धंधड़ै लाहु ॥

ਆਪਿ ਕਰਾਏ ਸਾਖਤੀ ਪਿਆਰਾ ਆਪਿ ਮਾਰੇ ਮਰਿ ਜਾਹੁ ॥ (604-15)
आपि कराए साखती पिआरा आपि मारे मरि जाहु ॥

ਆਪੇ ਪਤਣੁ ਪਾਤਣੀ ਪਿਆਰਾ ਆਪੇ ਪਾਰਿ ਲੰਘਾਹੁ ॥੩॥ (604-16)
आपे पतणु पातणी पिआरा आपे पारि लंघाहु ॥३॥

ਆਪੇ ਸਾਗਰੁ ਬੋਹਿਥਾ ਪਿਆਰਾ ਗੁਰੁ ਖੇਵਟੁ ਆਪਿ ਚਲਾਹੁ ॥ (604-16)
आपे सागरु बोहिथा पिआरा गुरु खेवटु आपि चलाहु ॥

ਆਪੇ ਹੀ ਚੜਿ ਲੰਘਦਾ ਪਿਆਰਾ ਕਰਿ ਚੋਜ ਵੇਖੈ ਪਾਤਿਸਾਹੁ ॥ (604-17)
आपे ही चड़ि लंघदा पिआरा करि चोज वेखै पातिसाहु ॥

ਆਪੇ ਆਪਿ ਦਇਆਲੁ ਹੈ ਪਿਆਰਾ ਜਨ ਨਾਨਕ ਬਖਸਿ ਮਿਲਾਹੁ ॥੪॥੧॥ (604-17)
आपे आपि दइआलु है पिआरा जन नानक बखसि मिलाहु ॥४॥१॥

ਸੋਰਠਿ ਮਹਲਾ ੪ ਚਉਥਾ ॥ (604-18)
सोरठि महला ४ चउथा ॥

ਆਪੇ ਅੰਡਜ ਜੇਰਜ ਸੇਤਜ ਉਤਭੁਜ ਆਪੇ ਖੰਡ ਆਪੇ ਸਭ ਲੋਇ ॥ (604-18)
आपे अंडज जेरज सेतज उतभुज आपे खंड आपे सभ लोइ ॥

ਆਪੇ ਸੂਤੁ ਆਪੇ ਬਹੁ ਮਣੀਆ ਕਰਿ ਸਕਤੀ ਜਗਤੁ ਪਰੋਇ ॥ (604-19)
आपे सूतु आपे बहु मणीआ करि सकती जगतु परोइ ॥

ਆਪੇ ਹੀ ਸੂਤਧਾਰੁ ਹੈ ਪਿਆਰਾ ਸੂਤੁ ਖਿੰਚੇ ਢਹਿ ਢੇਰੀ ਹੋਇ ॥੧॥ (605-1)
आपे ही सूतधारु है पिआरा सूतु खिंचे ढहि ढेरी होइ ॥१॥

ਮੇਰੇ ਮਨ ਮੈ ਹਰਿ ਬਿਨੁ ਅਵਰੁ ਨ ਕੋਇ ॥ (605-1)
मेरे मन मै हरि बिनु अवरु न कोइ ॥

ਸਤਿਗੁਰ ਵਿਚਿ ਨਾਮੁ ਨਿਧਾਨੁ ਹੈ ਪਿਆਰਾ ਕਰਿ ਦਇਆ ਅੰਮ੍ਰਿਤੁ ਮੁਖਿ ਚੋਇ ॥ ਰਹਾਉ ॥ (605-2)
सतिगुर विचि नामु निधानु है पिआरा करि दइआ अमृतु मुखि चोइ ॥ रहाउ ॥

ਆਪੇ ਜਲ ਥਲਿ ਸਭਤੁ ਹੈ ਪਿਆਰਾ ਪ੍ਰਭੁ ਆਪੇ ਕਰੇ ਸੁ ਹੋਇ ॥ (605-2)
आपे जल थलि सभतु है पिआरा प्रभु आपे करे सु होइ ॥

ਸਭਨਾ ਰਿਜਕੁ ਸਮਾਹਦਾ ਪਿਆਰਾ ਦੂਜਾ ਅਵਰੁ ਨ ਕੋਇ ॥ (605-3)
सभना रिजकु समाहदा पिआरा दूजा अवरु न कोइ ॥

ਆਪੇ ਖੇਲ ਖੇਲਾਇਦਾ ਪਿਆਰਾ ਆਪੇ ਕਰੇ ਸੁ ਹੋਇ ॥੨॥ (605-3)
आपे खेल खेलाइदा पिआरा आपे करे सु होइ ॥२॥

ਆਪੇ ਹੀ ਆਪਿ ਨਿਰਮਲਾ ਪਿਆਰਾ ਆਪੇ ਨਿਰਮਲ ਸੋਇ ॥ (605-4)
आपे ही आपि निरमला पिआरा आपे निरमल सोइ ॥

ਆਪੇ ਕੀਮਤਿ ਪਾਇਦਾ ਪਿਆਰਾ ਆਪੇ ਕਰੇ ਸੁ ਹੋਇ ॥ (605-5)
आपे कीमति पाइदा पिआरा आपे करे सु होइ ॥

ਆਪੇ ਅਲਖੁ ਨ ਲਖੀਐ ਪਿਆਰਾ ਆਪਿ ਲਖਾਵੈ ਸੋਇ ॥੩॥ (605-5)
आपे अलखु न लखीऐ पिआरा आपि लखावै सोइ ॥३॥

ਆਪੇ ਗਹਿਰ ਗੰਭੀਰੁ ਹੈ ਪਿਆਰਾ ਤਿਸੁ ਜੇਵਡੁ ਅਵਰੁ ਨ ਕੋਇ ॥ (605-6)
आपे गहिर ग्मभीरु है पिआरा तिसु जेवडु अवरु न कोइ ॥

ਸਭਿ ਘਟ ਆਪੇ ਭੋਗਵੈ ਪਿਆਰਾ ਵਿਚਿ ਨਾਰੀ ਪੁਰਖ ਸਭੁ ਸੋਇ ॥ (605-6)
सभि घट आपे भोगवै पिआरा विचि नारी पुरख सभु सोइ ॥

ਨਾਨਕ ਗੁਪਤੁ ਵਰਤਦਾ ਪਿਆਰਾ ਗੁਰਮੁਖਿ ਪਰਗਟੁ ਹੋਇ ॥੪॥੨॥ (605-7)
नानक गुपतु वरतदा पिआरा गुरमुखि परगटु होइ ॥४॥२॥

ਸੋਰਠਿ ਮਹਲਾ ੪ ॥ (605-7)
सोरठि महला ४ ॥

ਆਪੇ ਹੀ ਸਭੁ ਆਪਿ ਹੈ ਪਿਆਰਾ ਆਪੇ ਥਾਪਿ ਉਥਾਪੈ ॥ (605-8)
आपे ही सभु आपि है पिआरा आपे थापि उथापै ॥

ਆਪੇ ਵੇਖਿ ਵਿਗਸਦਾ ਪਿਆਰਾ ਕਰਿ ਚੋਜ ਵੇਖੈ ਪ੍ਰਭੁ ਆਪੈ ॥ (605-8)
आपे वेखि विगसदा पिआरा करि चोज वेखै प्रभु आपै ॥

ਆਪੇ ਵਣਿ ਤਿਣਿ ਸਭਤੁ ਹੈ ਪਿਆਰਾ ਆਪੇ ਗੁਰਮੁਖਿ ਜਾਪੈ ॥੧॥ (605-9)
आपे वणि तिणि सभतु है पिआरा आपे गुरमुखि जापै ॥१॥

ਜਪਿ ਮਨ ਹਰਿ ਹਰਿ ਨਾਮ ਰਸਿ ਧ੍ਰਾਪੈ ॥ (605-9)
जपि मन हरि हरि नाम रसि ध्रापै ॥

ਅੰਮ੍ਰਿਤ ਨਾਮੁ ਮਹਾ ਰਸੁ ਮੀਠਾ ਗੁਰ ਸਬਦੀ ਚਖਿ ਜਾਪੈ ॥ ਰਹਾਉ ॥ (605-10)
अमृत नामु महा रसु मीठा गुर सबदी चखि जापै ॥ रहाउ ॥

ਆਪੇ ਤੀਰਥੁ ਤੁਲਹੜਾ ਪਿਆਰਾ ਆਪਿ ਤਰੈ ਪ੍ਰਭੁ ਆਪੈ ॥ (605-10)
आपे तीरथु तुलहड़ा पिआरा आपि तरै प्रभु आपै ॥

ਆਪੇ ਜਾਲੁ ਵਤਾਇਦਾ ਪਿਆਰਾ ਸਭੁ ਜਗੁ ਮਛੁਲੀ ਹਰਿ ਆਪੈ ॥ (605-11)
आपे जालु वताइदा पिआरा सभु जगु मछुली हरि आपै ॥

ਆਪਿ ਅਭੁਲੁ ਨ ਭੁਲਈ ਪਿਆਰਾ ਅਵਰੁ ਨ ਦੂਜਾ ਜਾਪੈ ॥੨॥ (605-11)
आपि अभुलु न भुलई पिआरा अवरु न दूजा जापै ॥२॥

ਆਪੇ ਸਿੰਙੀ ਨਾਦੁ ਹੈ ਪਿਆਰਾ ਧੁਨਿ ਆਪਿ ਵਜਾਏ ਆਪੈ ॥ (605-12)
आपे सिंङी नादु है पिआरा धुनि आपि वजाए आपै ॥

ਆਪੇ ਜੋਗੀ ਪੁਰਖੁ ਹੈ ਪਿਆਰਾ ਆਪੇ ਹੀ ਤਪੁ ਤਾਪੈ ॥ (605-12)
आपे जोगी पुरखु है पिआरा आपे ही तपु तापै ॥

ਆਪੇ ਸਤਿਗੁਰੁ ਆਪਿ ਹੈ ਚੇਲਾ ਉਪਦੇਸੁ ਕਰੈ ਪ੍ਰਭੁ ਆਪੈ ॥੩॥ (605-13)
आपे सतिगुरु आपि है चेला उपदेसु करै प्रभु आपै ॥३॥

ਆਪੇ ਨਾਉ ਜਪਾਇਦਾ ਪਿਆਰਾ ਆਪੇ ਹੀ ਜਪੁ ਜਾਪੈ ॥ (605-14)
आपे नाउ जपाइदा पिआरा आपे ही जपु जापै ॥

ਆਪੇ ਅੰਮ੍ਰਿਤੁ ਆਪਿ ਹੈ ਪਿਆਰਾ ਆਪੇ ਹੀ ਰਸੁ ਆਪੈ ॥ (605-14)
आपे अमृतु आपि है पिआरा आपे ही रसु आपै ॥

ਆਪੇ ਆਪਿ ਸਲਾਹਦਾ ਪਿਆਰਾ ਜਨ ਨਾਨਕ ਹਰਿ ਰਸਿ ਧ੍ਰਾਪੈ ॥੪॥੩॥ (605-15)
आपे आपि सलाहदा पिआरा जन नानक हरि रसि ध्रापै ॥४॥३॥

ਸੋਰਠਿ ਮਹਲਾ ੪ ॥ (605-15)
सोरठि महला ४ ॥

ਆਪੇ ਕੰਡਾ ਆਪਿ ਤਰਾਜੀ ਪ੍ਰਭਿ ਆਪੇ ਤੋਲਿ ਤੋਲਾਇਆ ॥ (605-15)
आपे कंडा आपि तराजी प्रभि आपे तोलि तोलाइआ ॥

ਆਪੇ ਸਾਹੁ ਆਪੇ ਵਣਜਾਰਾ ਆਪੇ ਵਣਜੁ ਕਰਾਇਆ ॥ (605-16)
आपे साहु आपे वणजारा आपे वणजु कराइआ ॥

ਆਪੇ ਧਰਤੀ ਸਾਜੀਅਨੁ ਪਿਆਰੈ ਪਿਛੈ ਟੰਕੁ ਚੜਾਇਆ ॥੧॥ (605-16)
आपे धरती साजीअनु पिआरै पिछै टंकु चड़ाइआ ॥१॥

ਮੇਰੇ ਮਨ ਹਰਿ ਹਰਿ ਧਿਆਇ ਸੁਖੁ ਪਾਇਆ ॥ (605-17)
मेरे मन हरि हरि धिआइ सुखु पाइआ ॥

ਹਰਿ ਹਰਿ ਨਾਮੁ ਨਿਧਾਨੁ ਹੈ ਪਿਆਰਾ ਗੁਰਿ ਪੂਰੈ ਮੀਠਾ ਲਾਇਆ ॥ ਰਹਾਉ ॥ (605-17)
हरि हरि नामु निधानु है पिआरा गुरि पूरै मीठा लाइआ ॥ रहाउ ॥

ਆਪੇ ਧਰਤੀ ਆਪਿ ਜਲੁ ਪਿਆਰਾ ਆਪੇ ਕਰੇ ਕਰਾਇਆ ॥ (605-18)
आपे धरती आपि जलु पिआरा आपे करे कराइआ ॥

ਆਪੇ ਹੁਕਮਿ ਵਰਤਦਾ ਪਿਆਰਾ ਜਲੁ ਮਾਟੀ ਬੰਧਿ ਰਖਾਇਆ ॥ (605-19)
आपे हुकमि वरतदा पिआरा जलु माटी बंधि रखाइआ ॥

ਆਪੇ ਹੀ ਭਉ ਪਾਇਦਾ ਪਿਆਰਾ ਬੰਨਿ ਬਕਰੀ ਸੀਹੁ ਹਢਾਇਆ ॥੨॥ (605-19)
आपे ही भउ पाइदा पिआरा बंनि बकरी सीहु हढाइआ ॥२॥

ਆਪੇ ਕਾਸਟ ਆਪਿ ਹਰਿ ਪਿਆਰਾ ਵਿਚਿ ਕਾਸਟ ਅਗਨਿ ਰਖਾਇਆ ॥ (606-1)
आपे कासट आपि हरि पिआरा विचि कासट अगनि रखाइआ ॥

ਆਪੇ ਹੀ ਆਪਿ ਵਰਤਦਾ ਪਿਆਰਾ ਭੈ ਅਗਨਿ ਨ ਸਕੈ ਜਲਾਇਆ ॥ (606-2)
आपे ही आपि वरतदा पिआरा भै अगनि न सकै जलाइआ ॥

ਆਪੇ ਮਾਰਿ ਜੀਵਾਇਦਾ ਪਿਆਰਾ ਸਾਹ ਲੈਦੇ ਸਭਿ ਲਵਾਇਆ ॥੩॥ (606-2)
आपे मारि जीवाइदा पिआरा साह लैदे सभि लवाइआ ॥३॥

ਆਪੇ ਤਾਣੁ ਦੀਬਾਣੁ ਹੈ ਪਿਆਰਾ ਆਪੇ ਕਾਰੈ ਲਾਇਆ ॥ (606-3)
आपे ताणु दीबाणु है पिआरा आपे कारै लाइआ ॥

ਜਿਉ ਆਪਿ ਚਲਾਏ ਤਿਉ ਚਲੀਐ ਪਿਆਰੇ ਜਿਉ ਹਰਿ ਪ੍ਰਭ ਮੇਰੇ ਭਾਇਆ ॥ (606-4)
जिउ आपि चलाए तिउ चलीऐ पिआरे जिउ हरि प्रभ मेरे भाइआ ॥

ਆਪੇ ਜੰਤੀ ਜੰਤੁ ਹੈ ਪਿਆਰਾ ਜਨ ਨਾਨਕ ਵਜਹਿ ਵਜਾਇਆ ॥੪॥੪॥ (606-4)
आपे जंती जंतु है पिआरा जन नानक वजहि वजाइआ ॥४॥४॥

ਸੋਰਠਿ ਮਹਲਾ ੪ ॥ (606-5)
सोरठि महला ४ ॥

ਆਪੇ ਸ੍ਰਿਸਟਿ ਉਪਾਇਦਾ ਪਿਆਰਾ ਕਰਿ ਸੂਰਜੁ ਚੰਦੁ ਚਾਨਾਣੁ ॥ (606-5)
आपे स्रिसटि उपाइदा पिआरा करि सूरजु चंदु चानाणु ॥

ਆਪਿ ਨਿਤਾਣਿਆ ਤਾਣੁ ਹੈ ਪਿਆਰਾ ਆਪਿ ਨਿਮਾਣਿਆ ਮਾਣੁ ॥ (606-6)
आपि निताणिआ ताणु है पिआरा आपि निमाणिआ माणु ॥

ਆਪਿ ਦਇਆ ਕਰਿ ਰਖਦਾ ਪਿਆਰਾ ਆਪੇ ਸੁਘੜੁ ਸੁਜਾਣੁ ॥੧॥ (606-6)
आपि दइआ करि रखदा पिआरा आपे सुघड़ु सुजाणु ॥१॥

ਮੇਰੇ ਮਨ ਜਪਿ ਰਾਮ ਨਾਮੁ ਨੀਸਾਣੁ ॥ (606-7)
मेरे मन जपि राम नामु नीसाणु ॥

ਸਤਸੰਗਤਿ ਮਿਲਿ ਧਿਆਇ ਤੂ ਹਰਿ ਹਰਿ ਬਹੁੜਿ ਨ ਆਵਣ ਜਾਣੁ ॥ ਰਹਾਉ ॥ (606-7)
सतसंगति मिलि धिआइ तू हरि हरि बहुड़ि न आवण जाणु ॥ रहाउ ॥

ਆਪੇ ਹੀ ਗੁਣ ਵਰਤਦਾ ਪਿਆਰਾ ਆਪੇ ਹੀ ਪਰਵਾਣੁ ॥ (606-8)
आपे ही गुण वरतदा पिआरा आपे ही परवाणु ॥

ਆਪੇ ਬਖਸ ਕਰਾਇਦਾ ਪਿਆਰਾ ਆਪੇ ਸਚੁ ਨੀਸਾਣੁ ॥ (606-9)
आपे बखस कराइदा पिआरा आपे सचु नीसाणु ॥

ਆਪੇ ਹੁਕਮਿ ਵਰਤਦਾ ਪਿਆਰਾ ਆਪੇ ਹੀ ਫੁਰਮਾਣੁ ॥੨॥ (606-9)
आपे हुकमि वरतदा पिआरा आपे ही फुरमाणु ॥२॥

ਆਪੇ ਭਗਤਿ ਭੰਡਾਰ ਹੈ ਪਿਆਰਾ ਆਪੇ ਦੇਵੈ ਦਾਣੁ ॥ (606-10)
आपे भगति भंडार है पिआरा आपे देवै दाणु ॥

ਆਪੇ ਸੇਵ ਕਰਾਇਦਾ ਪਿਆਰਾ ਆਪਿ ਦਿਵਾਵੈ ਮਾਣੁ ॥ (606-10)
आपे सेव कराइदा पिआरा आपि दिवावै माणु ॥

ਆਪੇ ਤਾੜੀ ਲਾਇਦਾ ਪਿਆਰਾ ਆਪੇ ਗੁਣੀ ਨਿਧਾਨੁ ॥੩॥ (606-11)
आपे ताड़ी लाइदा पिआरा आपे गुणी निधानु ॥३॥

ਆਪੇ ਵਡਾ ਆਪਿ ਹੈ ਪਿਆਰਾ ਆਪੇ ਹੀ ਪਰਧਾਣੁ ॥ (606-11)
आपे वडा आपि है पिआरा आपे ही परधाणु ॥

ਆਪੇ ਕੀਮਤਿ ਪਾਇਦਾ ਪਿਆਰਾ ਆਪੇ ਤੁਲੁ ਪਰਵਾਣੁ ॥ (606-12)
आपे कीमति पाइदा पिआरा आपे तुलु परवाणु ॥

ਆਪੇ ਅਤੁਲੁ ਤੁਲਾਇਦਾ ਪਿਆਰਾ ਜਨ ਨਾਨਕ ਸਦ ਕੁਰਬਾਣੁ ॥੪॥੫॥ (606-12)
आपे अतुलु तुलाइदा पिआरा जन नानक सद कुरबाणु ॥४॥५॥

ਸੋਰਠਿ ਮਹਲਾ ੪ ॥ (606-13)
सोरठि महला ४ ॥

ਆਪੇ ਸੇਵਾ ਲਾਇਦਾ ਪਿਆਰਾ ਆਪੇ ਭਗਤਿ ਉਮਾਹਾ ॥ (606-13)
आपे सेवा लाइदा पिआरा आपे भगति उमाहा ॥

ਆਪੇ ਗੁਣ ਗਾਵਾਇਦਾ ਪਿਆਰਾ ਆਪੇ ਸਬਦਿ ਸਮਾਹਾ ॥ (606-14)
आपे गुण गावाइदा पिआरा आपे सबदि समाहा ॥

ਆਪੇ ਲੇਖਣਿ ਆਪਿ ਲਿਖਾਰੀ ਆਪੇ ਲੇਖੁ ਲਿਖਾਹਾ ॥੧॥ (606-14)
आपे लेखणि आपि लिखारी आपे लेखु लिखाहा ॥१॥

ਮੇਰੇ ਮਨ ਜਪਿ ਰਾਮ ਨਾਮੁ ਓਮਾਹਾ ॥ (606-15)
मेरे मन जपि राम नामु ओमाहा ॥

ਅਨਦਿਨੁ ਅਨਦੁ ਹੋਵੈ ਵਡਭਾਗੀ ਲੈ ਗੁਰਿ ਪੂਰੈ ਹਰਿ ਲਾਹਾ ॥ ਰਹਾਉ ॥ (606-15)
अनदिनु अनदु होवै वडभागी लै गुरि पूरै हरि लाहा ॥ रहाउ ॥

ਆਪੇ ਗੋਪੀ ਕਾਨੁ ਹੈ ਪਿਆਰਾ ਬਨਿ ਆਪੇ ਗਊ ਚਰਾਹਾ ॥ (606-16)
आपे गोपी कानु है पिआरा बनि आपे गऊ चराहा ॥

ਆਪੇ ਸਾਵਲ ਸੁੰਦਰਾ ਪਿਆਰਾ ਆਪੇ ਵੰਸੁ ਵਜਾਹਾ ॥ (606-16)
आपे सावल सुंदरा पिआरा आपे वंसु वजाहा ॥

ਕੁਵਲੀਆ ਪੀੜੁ ਆਪਿ ਮਰਾਇਦਾ ਪਿਆਰਾ ਕਰਿ ਬਾਲਕ ਰੂਪਿ ਪਚਾਹਾ ॥੨॥ (606-17)
कुवलीआ पीड़ु आपि मराइदा पिआरा करि बालक रूपि पचाहा ॥२॥

ਆਪਿ ਅਖਾੜਾ ਪਾਇਦਾ ਪਿਆਰਾ ਕਰਿ ਵੇਖੈ ਆਪਿ ਚੋਜਾਹਾ ॥ (606-17)
आपि अखाड़ा पाइदा पिआरा करि वेखै आपि चोजाहा ॥

ਕਰਿ ਬਾਲਕ ਰੂਪ ਉਪਾਇਦਾ ਪਿਆਰਾ ਚੰਡੂਰੁ ਕੰਸੁ ਕੇਸੁ ਮਾਰਾਹਾ ॥ (606-18)
करि बालक रूप उपाइदा पिआरा चंडूरु कंसु केसु माराहा ॥

ਆਪੇ ਹੀ ਬਲੁ ਆਪਿ ਹੈ ਪਿਆਰਾ ਬਲੁ ਭੰਨੈ ਮੂਰਖ ਮੁਗਧਾਹਾ ॥੩॥ (606-18)
आपे ही बलु आपि है पिआरा बलु भंनै मूरख मुगधाहा ॥३॥

ਸਭੁ ਆਪੇ ਜਗਤੁ ਉਪਾਇਦਾ ਪਿਆਰਾ ਵਸਿ ਆਪੇ ਜੁਗਤਿ ਹਥਾਹਾ ॥ (606-19)
सभु आपे जगतु उपाइदा पिआरा वसि आपे जुगति हथाहा ॥

ਗਲਿ ਜੇਵੜੀ ਆਪੇ ਪਾਇਦਾ ਪਿਆਰਾ ਜਿਉ ਪ੍ਰਭੁ ਖਿੰਚੈ ਤਿਉ ਜਾਹਾ ॥ (607-1)
गलि जेवड़ी आपे पाइदा पिआरा जिउ प्रभु खिंचै तिउ जाहा ॥

ਜੋ ਗਰਬੈ ਸੋ ਪਚਸੀ ਪਿਆਰੇ ਜਪਿ ਨਾਨਕ ਭਗਤਿ ਸਮਾਹਾ ॥੪॥੬॥ (607-1)
जो गरबै सो पचसी पिआरे जपि नानक भगति समाहा ॥४॥६॥

ਸੋਰਠਿ ਮਃ ੪ ਦੁਤੁਕੇ ॥ (607-2)
सोरठि मः ४ दुतुके ॥

ਅਨਿਕ ਜਨਮ ਵਿਛੁੜੇ ਦੁਖੁ ਪਾਇਆ ਮਨਮੁਖਿ ਕਰਮ ਕਰੈ ਅਹੰਕਾਰੀ ॥ (607-2)
अनिक जनम विछुड़े दुखु पाइआ मनमुखि करम करै अहंकारी ॥

ਸਾਧੂ ਪਰਸਤ ਹੀ ਪ੍ਰਭੁ ਪਾਇਆ ਗੋਬਿਦ ਸਰਣਿ ਤੁਮਾਰੀ ॥੧॥ (607-3)
साधू परसत ही प्रभु पाइआ गोबिद सरणि तुमारी ॥१॥

ਗੋਬਿਦ ਪ੍ਰੀਤਿ ਲਗੀ ਅਤਿ ਪਿਆਰੀ ॥ (607-4)
गोबिद प्रीति लगी अति पिआरी ॥

ਜਬ ਸਤਸੰਗ ਭਏ ਸਾਧੂ ਜਨ ਹਿਰਦੈ ਮਿਲਿਆ ਸਾਂਤਿ ਮੁਰਾਰੀ ॥ ਰਹਾਉ ॥ (607-4)
जब सतसंग भए साधू जन हिरदै मिलिआ सांति मुरारी ॥ रहाउ ॥

ਤੂ ਹਿਰਦੈ ਗੁਪਤੁ ਵਸਹਿ ਦਿਨੁ ਰਾਤੀ ਤੇਰਾ ਭਾਉ ਨ ਬੁਝਹਿ ਗਵਾਰੀ ॥ (607-5)
तू हिरदै गुपतु वसहि दिनु राती तेरा भाउ न बुझहि गवारी ॥

ਸਤਿਗੁਰੁ ਪੁਰਖੁ ਮਿਲਿਆ ਪ੍ਰਭੁ ਪ੍ਰਗਟਿਆ ਗੁਣ ਗਾਵੈ ਗੁਣ ਵੀਚਾਰੀ ॥੨॥ (607-5)
सतिगुरु पुरखु मिलिआ प्रभु प्रगटिआ गुण गावै गुण वीचारी ॥२॥

ਗੁਰਮੁਖਿ ਪ੍ਰਗਾਸੁ ਭਇਆ ਸਾਤਿ ਆਈ ਦੁਰਮਤਿ ਬੁਧਿ ਨਿਵਾਰੀ ॥ (607-6)
गुरमुखि प्रगासु भइआ साति आई दुरमति बुधि निवारी ॥

ਆਤਮ ਬ੍ਰਹਮੁ ਚੀਨਿ ਸੁਖੁ ਪਾਇਆ ਸਤਸੰਗਤਿ ਪੁਰਖ ਤੁਮਾਰੀ ॥੩॥ (607-6)
आतम ब्रहमु चीनि सुखु पाइआ सतसंगति पुरख तुमारी ॥३॥

ਪੁਰਖੈ ਪੁਰਖੁ ਮਿਲਿਆ ਗੁਰੁ ਪਾਇਆ ਜਿਨ ਕਉ ਕਿਰਪਾ ਭਈ ਤੁਮਾਰੀ ॥ (607-7)
पुरखै पुरखु मिलिआ गुरु पाइआ जिन कउ किरपा भई तुमारी ॥

ਨਾਨਕ ਅਤੁਲੁ ਸਹਜ ਸੁਖੁ ਪਾਇਆ ਅਨਦਿਨੁ ਜਾਗਤੁ ਰਹੈ ਬਨਵਾਰੀ ॥੪॥੭॥ (607-8)
नानक अतुलु सहज सुखु पाइआ अनदिनु जागतु रहै बनवारी ॥४॥७॥

ਸੋਰਠਿ ਮਹਲਾ ੪ ॥ (607-9)
सोरठि महला ४ ॥

ਹਰਿ ਸਿਉ ਪ੍ਰੀਤਿ ਅੰਤਰੁ ਮਨੁ ਬੇਧਿਆ ਹਰਿ ਬਿਨੁ ਰਹਣੁ ਨ ਜਾਈ ॥ (607-9)
हरि सिउ प्रीति अंतरु मनु बेधिआ हरि बिनु रहणु न जाई ॥

ਜਿਉ ਮਛੁਲੀ ਬਿਨੁ ਨੀਰੈ ਬਿਨਸੈ ਤਿਉ ਨਾਮੈ ਬਿਨੁ ਮਰਿ ਜਾਈ ॥੧॥ (607-9)
जिउ मछुली बिनु नीरै बिनसै तिउ नामै बिनु मरि जाई ॥१॥

ਮੇਰੇ ਪ੍ਰਭ ਕਿਰਪਾ ਜਲੁ ਦੇਵਹੁ ਹਰਿ ਨਾਈ ॥ (607-10)
मेरे प्रभ किरपा जलु देवहु हरि नाई ॥

ਹਉ ਅੰਤਰਿ ਨਾਮੁ ਮੰਗਾ ਦਿਨੁ ਰਾਤੀ ਨਾਮੇ ਹੀ ਸਾਂਤਿ ਪਾਈ ॥ ਰਹਾਉ ॥ (607-10)
हउ अंतरि नामु मंगा दिनु राती नामे ही सांति पाई ॥ रहाउ ॥

ਜਿਉ ਚਾਤ੍ਰਿਕੁ ਜਲ ਬਿਨੁ ਬਿਲਲਾਵੈ ਬਿਨੁ ਜਲ ਪਿਆਸ ਨ ਜਾਈ ॥ (607-11)
जिउ चात्रिकु जल बिनु बिललावै बिनु जल पिआस न जाई ॥

ਗੁਰਮੁਖਿ ਜਲੁ ਪਾਵੈ ਸੁਖ ਸਹਜੇ ਹਰਿਆ ਭਾਇ ਸੁਭਾਈ ॥੨॥ (607-12)
गुरमुखि जलु पावै सुख सहजे हरिआ भाइ सुभाई ॥२॥

ਮਨਮੁਖ ਭੂਖੇ ਦਹ ਦਿਸ ਡੋਲਹਿ ਬਿਨੁ ਨਾਵੈ ਦੁਖੁ ਪਾਈ ॥ (607-12)
मनमुख भूखे दह दिस डोलहि बिनु नावै दुखु पाई ॥

ਜਨਮਿ ਮਰੈ ਫਿਰਿ ਜੋਨੀ ਆਵੈ ਦਰਗਹਿ ਮਿਲੈ ਸਜਾਈ ॥੩॥ (607-13)
जनमि मरै फिरि जोनी आवै दरगहि मिलै सजाई ॥३॥

ਕ੍ਰਿਪਾ ਕਰਹਿ ਤਾ ਹਰਿ ਗੁਣ ਗਾਵਹ ਹਰਿ ਰਸੁ ਅੰਤਰਿ ਪਾਈ ॥ (607-13)
क्रिपा करहि ता हरि गुण गावह हरि रसु अंतरि पाई ॥

ਨਾਨਕ ਦੀਨ ਦਇਆਲ ਭਏ ਹੈ ਤ੍ਰਿਸਨਾ ਸਬਦਿ ਬੁਝਾਈ ॥੪॥੮॥ (607-14)
नानक दीन दइआल भए है त्रिसना सबदि बुझाई ॥४॥८॥

ਸੋਰਠਿ ਮਹਲਾ ੪ ਪੰਚਪਦਾ ॥ (607-15)
सोरठि महला ४ पंचपदा ॥

ਅਚਰੁ ਚਰੈ ਤਾ ਸਿਧਿ ਹੋਈ ਸਿਧੀ ਤੇ ਬੁਧਿ ਪਾਈ ॥ (607-15)
अचरु चरै ता सिधि होई सिधी ते बुधि पाई ॥

ਪ੍ਰੇਮ ਕੇ ਸਰ ਲਾਗੇ ਤਨ ਭੀਤਰਿ ਤਾ ਭ੍ਰਮੁ ਕਾਟਿਆ ਜਾਈ ॥੧॥ (607-15)
प्रेम के सर लागे तन भीतरि ता भ्रमु काटिआ जाई ॥१॥

ਮੇਰੇ ਗੋਬਿਦ ਅਪੁਨੇ ਜਨ ਕਉ ਦੇਹਿ ਵਡਿਆਈ ॥ (607-16)
मेरे गोबिद अपुने जन कउ देहि वडिआई ॥

ਗੁਰਮਤਿ ਰਾਮ ਨਾਮੁ ਪਰਗਾਸਹੁ ਸਦਾ ਰਹਹੁ ਸਰਣਾਈ ॥ ਰਹਾਉ ॥ (607-16)
गुरमति राम नामु परगासहु सदा रहहु सरणाई ॥ रहाउ ॥

ਇਹੁ ਸੰਸਾਰੁ ਸਭੁ ਆਵਣ ਜਾਣਾ ਮਨ ਮੂਰਖ ਚੇਤਿ ਅਜਾਣਾ ॥ (607-17)
इहु संसारु सभु आवण जाणा मन मूरख चेति अजाणा ॥

ਹਰਿ ਜੀਉ ਕ੍ਰਿਪਾ ਕਰਹੁ ਗੁਰੁ ਮੇਲਹੁ ਤਾ ਹਰਿ ਨਾਮਿ ਸਮਾਣਾ ॥੨॥ (607-18)
हरि जीउ क्रिपा करहु गुरु मेलहु ता हरि नामि समाणा ॥२॥

ਜਿਸ ਕੀ ਵਥੁ ਸੋਈ ਪ੍ਰਭੁ ਜਾਣੈ ਜਿਸ ਨੋ ਦੇਇ ਸੁ ਪਾਏ ॥ (607-18)
जिस की वथु सोई प्रभु जाणै जिस नो देइ सु पाए ॥

ਵਸਤੁ ਅਨੂਪ ਅਤਿ ਅਗਮ ਅਗੋਚਰ ਗੁਰੁ ਪੂਰਾ ਅਲਖੁ ਲਖਾਏ ॥੩॥ (607-19)
वसतु अनूप अति अगम अगोचर गुरु पूरा अलखु लखाए ॥३॥

ਜਿਨਿ ਇਹ ਚਾਖੀ ਸੋਈ ਜਾਣੈ ਗੂੰਗੇ ਕੀ ਮਿਠਿਆਈ ॥ (607-19)
जिनि इह चाखी सोई जाणै गूंगे की मिठिआई ॥

ਰਤਨੁ ਲੁਕਾਇਆ ਲੂਕੈ ਨਾਹੀ ਜੇ ਕੋ ਰਖੈ ਲੁਕਾਈ ॥੪॥ (608-1)
रतनु लुकाइआ लूकै नाही जे को रखै लुकाई ॥४॥

ਸਭੁ ਕਿਛੁ ਤੇਰਾ ਤੂ ਅੰਤਰਜਾਮੀ ਤੂ ਸਭਨਾ ਕਾ ਪ੍ਰਭੁ ਸੋਈ ॥ (608-1)
सभु किछु तेरा तू अंतरजामी तू सभना का प्रभु सोई ॥

ਜਿਸ ਨੋ ਦਾਤਿ ਕਰਹਿ ਸੋ ਪਾਏ ਜਨ ਨਾਨਕ ਅਵਰੁ ਨ ਕੋਈ ॥੫॥੯॥ (608-2)
जिस नो दाति करहि सो पाए जन नानक अवरु न कोई ॥५॥९॥

ਸੋਰਠਿ ਮਹਲਾ ੫ ਘਰੁ ੧ ਤਿਤੁਕੇ (608-3)
सोरठि महला ५ घरु १ तितुके

ੴ ਸਤਿਗੁਰ ਪ੍ਰਸਾਦਿ ॥ (608-3)
१ੴ सतिगुर प्रसादि ॥

ਕਿਸੁ ਹਉ ਜਾਚੀ ਕਿਸ ਆਰਾਧੀ ਜਾ ਸਭੁ ਕੋ ਕੀਤਾ ਹੋਸੀ ॥ (608-4)
किसु हउ जाची किस आराधी जा सभु को कीता होसी ॥

ਜੋ ਜੋ ਦੀਸੈ ਵਡਾ ਵਡੇਰਾ ਸੋ ਸੋ ਖਾਕੂ ਰਲਸੀ ॥ (608-4)
जो जो दीसै वडा वडेरा सो सो खाकू रलसी ॥

ਨਿਰਭਉ ਨਿਰੰਕਾਰੁ ਭਵ ਖੰਡਨੁ ਸਭਿ ਸੁਖ ਨਵ ਨਿਧਿ ਦੇਸੀ ॥੧॥ (608-4)
निरभउ निरंकारु भव खंडनु सभि सुख नव निधि देसी ॥१॥

ਹਰਿ ਜੀਉ ਤੇਰੀ ਦਾਤੀ ਰਾਜਾ ॥ (608-5)
हरि जीउ तेरी दाती राजा ॥

ਮਾਣਸੁ ਬਪੁੜਾ ਕਿਆ ਸਾਲਾਹੀ ਕਿਆ ਤਿਸ ਕਾ ਮੁਹਤਾਜਾ ॥ ਰਹਾਉ ॥ (608-5)
माणसु बपुड़ा किआ सालाही किआ तिस का मुहताजा ॥ रहाउ ॥

ਜਿਨਿ ਹਰਿ ਧਿਆਇਆ ਸਭੁ ਕਿਛੁ ਤਿਸ ਕਾ ਤਿਸ ਕੀ ਭੂਖ ਗਵਾਈ ॥ (608-6)
जिनि हरि धिआइआ सभु किछु तिस का तिस की भूख गवाई ॥

ਐਸਾ ਧਨੁ ਦੀਆ ਸੁਖਦਾਤੈ ਨਿਖੁਟਿ ਨ ਕਬ ਹੀ ਜਾਈ ॥ (608-7)
ऐसा धनु दीआ सुखदातै निखुटि न कब ही जाई ॥

ਅਨਦੁ ਭਇਆ ਸੁਖ ਸਹਜਿ ਸਮਾਣੇ ਸਤਿਗੁਰਿ ਮੇਲਿ ਮਿਲਾਈ ॥੨॥ (608-7)
अनदु भइआ सुख सहजि समाणे सतिगुरि मेलि मिलाई ॥२॥

ਮਨ ਨਾਮੁ ਜਪਿ ਨਾਮੁ ਆਰਾਧਿ ਅਨਦਿਨੁ ਨਾਮੁ ਵਖਾਣੀ ॥ (608-8)
मन नामु जपि नामु आराधि अनदिनु नामु वखाणी ॥

ਉਪਦੇਸੁ ਸੁਣਿ ਸਾਧ ਸੰਤਨ ਕਾ ਸਭ ਚੂਕੀ ਕਾਣਿ ਜਮਾਣੀ ॥ (608-8)
उपदेसु सुणि साध संतन का सभ चूकी काणि जमाणी ॥

ਜਿਨ ਕਉ ਕ੍ਰਿਪਾਲੁ ਹੋਆ ਪ੍ਰਭੁ ਮੇਰਾ ਸੇ ਲਾਗੇ ਗੁਰ ਕੀ ਬਾਣੀ ॥੩॥ (608-9)
जिन कउ क्रिपालु होआ प्रभु मेरा से लागे गुर की बाणी ॥३॥

ਕੀਮਤਿ ਕਉਣੁ ਕਰੈ ਪ੍ਰਭ ਤੇਰੀ ਤੂ ਸਰਬ ਜੀਆ ਦਇਆਲਾ ॥ (608-10)
कीमति कउणु करै प्रभ तेरी तू सरब जीआ दइआला ॥

ਸਭੁ ਕਿਛੁ ਕੀਤਾ ਤੇਰਾ ਵਰਤੈ ਕਿਆ ਹਮ ਬਾਲ ਗੁਪਾਲਾ ॥ (608-10)
सभु किछु कीता तेरा वरतै किआ हम बाल गुपाला ॥

ਰਾਖਿ ਲੇਹੁ ਨਾਨਕੁ ਜਨੁ ਤੁਮਰਾ ਜਿਉ ਪਿਤਾ ਪੂਤ ਕਿਰਪਾਲਾ ॥੪॥੧॥ (608-11)
राखि लेहु नानकु जनु तुमरा जिउ पिता पूत किरपाला ॥४॥१॥

ਸੋਰਠਿ ਮਹਲਾ ੫ ਘਰੁ ੧ ਚੌਤੁਕੇ ॥ (608-11)
सोरठि महला ५ घरु १ चौतुके ॥

ਗੁਰੁ ਗੋਵਿੰਦੁ ਸਲਾਹੀਐ ਭਾਈ ਮਨਿ ਤਨਿ ਹਿਰਦੈ ਧਾਰ ॥ (608-12)
गुरु गोविंदु सलाहीऐ भाई मनि तनि हिरदै धार ॥

ਸਾਚਾ ਸਾਹਿਬੁ ਮਨਿ ਵਸੈ ਭਾਈ ਏਹਾ ਕਰਣੀ ਸਾਰ ॥ (608-12)
साचा साहिबु मनि वसै भाई एहा करणी सार ॥

ਜਿਤੁ ਤਨਿ ਨਾਮੁ ਨ ਊਪਜੈ ਭਾਈ ਸੇ ਤਨ ਹੋਏ ਛਾਰ ॥ (608-13)
जितु तनि नामु न ऊपजै भाई से तन होए छार ॥

ਸਾਧਸੰਗਤਿ ਕਉ ਵਾਰਿਆ ਭਾਈ ਜਿਨ ਏਕੰਕਾਰ ਅਧਾਰ ॥੧॥ (608-13)
साधसंगति कउ वारिआ भाई जिन एकंकार अधार ॥१॥

ਸੋਈ ਸਚੁ ਅਰਾਧਣਾ ਭਾਈ ਜਿਸ ਤੇ ਸਭੁ ਕਿਛੁ ਹੋਇ ॥ (608-14)
सोई सचु अराधणा भाई जिस ते सभु किछु होइ ॥

ਗੁਰਿ ਪੂਰੈ ਜਾਣਾਇਆ ਭਾਈ ਤਿਸੁ ਬਿਨੁ ਅਵਰੁ ਨ ਕੋਇ ॥ ਰਹਾਉ ॥ (608-14)
गुरि पूरै जाणाइआ भाई तिसु बिनु अवरु न कोइ ॥ रहाउ ॥

ਨਾਮ ਵਿਹੂਣੇ ਪਚਿ ਮੁਏ ਭਾਈ ਗਣਤ ਨ ਜਾਇ ਗਣੀ ॥ (608-15)
नाम विहूणे पचि मुए भाई गणत न जाइ गणी ॥

ਵਿਣੁ ਸਚ ਸੋਚ ਨ ਪਾਈਐ ਭਾਈ ਸਾਚਾ ਅਗਮ ਧਣੀ ॥ (608-15)
विणु सच सोच न पाईऐ भाई साचा अगम धणी ॥

ਆਵਣ ਜਾਣੁ ਨ ਚੁਕਈ ਭਾਈ ਝੂਠੀ ਦੁਨੀ ਮਣੀ ॥ (608-16)
आवण जाणु न चुकई भाई झूठी दुनी मणी ॥

ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ ॥੨॥ (608-16)
गुरमुखि कोटि उधारदा भाई दे नावै एक कणी ॥२॥

ਸਿੰਮ੍ਰਿਤਿ ਸਾਸਤ ਸੋਧਿਆ ਭਾਈ ਵਿਣੁ ਸਤਿਗੁਰ ਭਰਮੁ ਨ ਜਾਇ ॥ (608-17)
सिंम्रिति सासत सोधिआ भाई विणु सतिगुर भरमु न जाइ ॥

ਅਨਿਕ ਕਰਮ ਕਰਿ ਥਾਕਿਆ ਭਾਈ ਫਿਰਿ ਫਿਰਿ ਬੰਧਨ ਪਾਇ ॥ (608-18)
अनिक करम करि थाकिआ भाई फिरि फिरि बंधन पाइ ॥

ਚਾਰੇ ਕੁੰਡਾ ਸੋਧੀਆ ਭਾਈ ਵਿਣੁ ਸਤਿਗੁਰ ਨਾਹੀ ਜਾਇ ॥ (608-18)
चारे कुंडा सोधीआ भाई विणु सतिगुर नाही जाइ ॥

ਵਡਭਾਗੀ ਗੁਰੁ ਪਾਇਆ ਭਾਈ ਹਰਿ ਹਰਿ ਨਾਮੁ ਧਿਆਇ ॥੩॥ (609-1)
वडभागी गुरु पाइआ भाई हरि हरि नामु धिआइ ॥३॥

ਸਚੁ ਸਦਾ ਹੈ ਨਿਰਮਲਾ ਭਾਈ ਨਿਰਮਲ ਸਾਚੇ ਸੋਇ ॥ (609-1)
सचु सदा है निरमला भाई निरमल साचे सोइ ॥

ਨਦਰਿ ਕਰੇ ਜਿਸੁ ਆਪਣੀ ਭਾਈ ਤਿਸੁ ਪਰਾਪਤਿ ਹੋਇ ॥ (609-2)
नदरि करे जिसु आपणी भाई तिसु परापति होइ ॥

ਕੋਟਿ ਮਧੇ ਜਨੁ ਪਾਈਐ ਭਾਈ ਵਿਰਲਾ ਕੋਈ ਕੋਇ ॥ (609-2)
कोटि मधे जनु पाईऐ भाई विरला कोई कोइ ॥

ਨਾਨਕ ਰਤਾ ਸਚਿ ਨਾਮਿ ਭਾਈ ਸੁਣਿ ਮਨੁ ਤਨੁ ਨਿਰਮਲੁ ਹੋਇ ॥੪॥੨॥ (609-3)
नानक रता सचि नामि भाई सुणि मनु तनु निरमलु होइ ॥४॥२॥

ਸੋਰਠਿ ਮਹਲਾ ੫ ਦੁਤੁਕੇ ॥ (609-3)
सोरठि महला ५ दुतुके ॥

ਜਉ ਲਉ ਭਾਉ ਅਭਾਉ ਇਹੁ ਮਾਨੈ ਤਉ ਲਉ ਮਿਲਣੁ ਦੂਰਾਈ ॥ (609-4)
जउ लउ भाउ अभाउ इहु मानै तउ लउ मिलणु दूराई ॥

ਆਨ ਆਪਨਾ ਕਰਤ ਬੀਚਾਰਾ ਤਉ ਲਉ ਬੀਚੁ ਬਿਖਾਈ ॥੧॥ (609-4)
आन आपना करत बीचारा तउ लउ बीचु बिखाई ॥१॥

ਮਾਧਵੇ ਐਸੀ ਦੇਹੁ ਬੁਝਾਈ ॥ (609-5)
माधवे ऐसी देहु बुझाई ॥

ਸੇਵਉ ਸਾਧ ਗਹਉ ਓਟ ਚਰਨਾ ਨਹ ਬਿਸਰੈ ਮੁਹਤੁ ਚਸਾਈ ॥ ਰਹਾਉ ॥ (609-5)
सेवउ साध गहउ ओट चरना नह बिसरै मुहतु चसाई ॥ रहाउ ॥

ਰੇ ਮਨ ਮੁਗਧ ਅਚੇਤ ਚੰਚਲ ਚਿਤ ਤੁਮ ਐਸੀ ਰਿਦੈ ਨ ਆਈ ॥ (609-6)
रे मन मुगध अचेत चंचल चित तुम ऐसी रिदै न आई ॥

ਪ੍ਰਾਨਪਤਿ ਤਿਆਗਿ ਆਨ ਤੂ ਰਚਿਆ ਉਰਝਿਓ ਸੰਗਿ ਬੈਰਾਈ ॥੨॥ (609-6)
प्रानपति तिआगि आन तू रचिआ उरझिओ संगि बैराई ॥२॥

ਸੋਗੁ ਨ ਬਿਆਪੈ ਆਪੁ ਨ ਥਾਪੈ ਸਾਧਸੰਗਤਿ ਬੁਧਿ ਪਾਈ ॥ (609-7)
सोगु न बिआपै आपु न थापै साधसंगति बुधि पाई ॥

ਸਾਕਤ ਕਾ ਬਕਨਾ ਇਉ ਜਾਨਉ ਜੈਸੇ ਪਵਨੁ ਝੁਲਾਈ ॥੩॥ (609-7)
साकत का बकना इउ जानउ जैसे पवनु झुलाई ॥३॥

ਕੋਟਿ ਪਰਾਧ ਅਛਾਦਿਓ ਇਹੁ ਮਨੁ ਕਹਣਾ ਕਛੂ ਨ ਜਾਈ ॥ (609-8)
कोटि पराध अछादिओ इहु मनु कहणा कछू न जाई ॥

ਜਨ ਨਾਨਕ ਦੀਨ ਸਰਨਿ ਆਇਓ ਪ੍ਰਭ ਸਭੁ ਲੇਖਾ ਰਖਹੁ ਉਠਾਈ ॥੪॥੩॥ (609-9)
जन नानक दीन सरनि आइओ प्रभ सभु लेखा रखहु उठाई ॥४॥३॥

ਸੋਰਠਿ ਮਹਲਾ ੫ ॥ (609-9)
सोरठि महला ५ ॥

ਪੁਤ੍ਰ ਕਲਤ੍ਰ ਲੋਕ ਗ੍ਰਿਹ ਬਨਿਤਾ ਮਾਇਆ ਸਨਬੰਧੇਹੀ ॥ (609-9)
पुत्र कलत्र लोक ग्रिह बनिता माइआ सनबंधेही ॥

ਅੰਤ ਕੀ ਬਾਰ ਕੋ ਖਰਾ ਨ ਹੋਸੀ ਸਭ ਮਿਥਿਆ ਅਸਨੇਹੀ ॥੧॥ (609-10)
अंत की बार को खरा न होसी सभ मिथिआ असनेही ॥१॥

ਰੇ ਨਰ ਕਾਹੇ ਪਪੋਰਹੁ ਦੇਹੀ ॥ (609-10)
रे नर काहे पपोरहु देही ॥

ਊਡਿ ਜਾਇਗੋ ਧੂਮੁ ਬਾਦਰੋ ਇਕੁ ਭਾਜਹੁ ਰਾਮੁ ਸਨੇਹੀ ॥ ਰਹਾਉ ॥ (609-11)
ऊडि जाइगो धूमु बादरो इकु भाजहु रामु सनेही ॥ रहाउ ॥

ਤੀਨਿ ਸੰਙਿਆ ਕਰਿ ਦੇਹੀ ਕੀਨੀ ਜਲ ਕੂਕਰ ਭਸਮੇਹੀ ॥ (609-11)
तीनि संङिआ करि देही कीनी जल कूकर भसमेही ॥

ਹੋਇ ਆਮਰੋ ਗ੍ਰਿਹ ਮਹਿ ਬੈਠਾ ਕਰਣ ਕਾਰਣ ਬਿਸਰੋਹੀ ॥੨॥ (609-12)
होइ आमरो ग्रिह महि बैठा करण कारण बिसरोही ॥२॥

ਅਨਿਕ ਭਾਤਿ ਕਰਿ ਮਣੀਏ ਸਾਜੇ ਕਾਚੈ ਤਾਗਿ ਪਰੋਹੀ ॥ (609-12)
अनिक भाति करि मणीए साजे काचै तागि परोही ॥

ਤੂਟਿ ਜਾਇਗੋ ਸੂਤੁ ਬਾਪੁਰੇ ਫਿਰਿ ਪਾਛੈ ਪਛੁਤੋਹੀ ॥੩॥ (609-13)
तूटि जाइगो सूतु बापुरे फिरि पाछै पछुतोही ॥३॥

ਜਿਨਿ ਤੁਮ ਸਿਰਜੇ ਸਿਰਜਿ ਸਵਾਰੇ ਤਿਸੁ ਧਿਆਵਹੁ ਦਿਨੁ ਰੈਨੇਹੀ ॥ (609-13)
जिनि तुम सिरजे सिरजि सवारे तिसु धिआवहु दिनु रैनेही ॥

ਜਨ ਨਾਨਕ ਪ੍ਰਭ ਕਿਰਪਾ ਧਾਰੀ ਮੈ ਸਤਿਗੁਰ ਓਟ ਗਹੇਹੀ ॥੪॥੪॥ (609-14)
जन नानक प्रभ किरपा धारी मै सतिगुर ओट गहेही ॥४॥४॥

ਸੋਰਠਿ ਮਹਲਾ ੫ ॥ (609-15)
सोरठि महला ५ ॥

ਗੁਰੁ ਪੂਰਾ ਭੇਟਿਓ ਵਡਭਾਗੀ ਮਨਹਿ ਭਇਆ ਪਰਗਾਸਾ ॥ (609-15)
गुरु पूरा भेटिओ वडभागी मनहि भइआ परगासा ॥

ਕੋਇ ਨ ਪਹੁਚਨਹਾਰਾ ਦੂਜਾ ਅਪੁਨੇ ਸਾਹਿਬ ਕਾ ਭਰਵਾਸਾ ॥੧॥ (609-15)
कोइ न पहुचनहारा दूजा अपुने साहिब का भरवासा ॥१॥

ਅਪੁਨੇ ਸਤਿਗੁਰ ਕੈ ਬਲਿਹਾਰੈ ॥ (609-16)
अपुने सतिगुर कै बलिहारै ॥

ਆਗੈ ਸੁਖੁ ਪਾਛੈ ਸੁਖ ਸਹਜਾ ਘਰਿ ਆਨੰਦੁ ਹਮਾਰੈ ॥ ਰਹਾਉ ॥ (609-16)
आगै सुखु पाछै सुख सहजा घरि आनंदु हमारै ॥ रहाउ ॥

ਅੰਤਰਜਾਮੀ ਕਰਣੈਹਾਰਾ ਸੋਈ ਖਸਮੁ ਹਮਾਰਾ ॥ (609-17)
अंतरजामी करणैहारा सोई खसमु हमारा ॥

ਨਿਰਭਉ ਭਏ ਗੁਰ ਚਰਣੀ ਲਾਗੇ ਇਕ ਰਾਮ ਨਾਮ ਆਧਾਰਾ ॥੨॥ (609-17)
निरभउ भए गुर चरणी लागे इक राम नाम आधारा ॥२॥

ਸਫਲ ਦਰਸਨੁ ਅਕਾਲ ਮੂਰਤਿ ਪ੍ਰਭੁ ਹੈ ਭੀ ਹੋਵਨਹਾਰਾ ॥ (609-18)
सफल दरसनु अकाल मूरति प्रभु है भी होवनहारा ॥

ਕੰਠਿ ਲਗਾਇ ਅਪੁਨੇ ਜਨ ਰਾਖੇ ਅਪੁਨੀ ਪ੍ਰੀਤਿ ਪਿਆਰਾ ॥੩॥ (609-19)
कंठि लगाइ अपुने जन राखे अपुनी प्रीति पिआरा ॥३॥

ਵਡੀ ਵਡਿਆਈ ਅਚਰਜ ਸੋਭਾ ਕਾਰਜੁ ਆਇਆ ਰਾਸੇ ॥ (609-19)
वडी वडिआई अचरज सोभा कारजु आइआ रासे ॥

ਨਾਨਕ ਕਉ ਗੁਰੁ ਪੂਰਾ ਭੇਟਿਓ ਸਗਲੇ ਦੂਖ ਬਿਨਾਸੇ ॥੪॥੫॥ (610-1)
नानक कउ गुरु पूरा भेटिओ सगले दूख बिनासे ॥४॥५॥

ਸੋਰਠਿ ਮਹਲਾ ੫ ॥ (610-1)
सोरठि महला ५ ॥

ਸੁਖੀਏ ਕਉ ਪੇਖੈ ਸਭ ਸੁਖੀਆ ਰੋਗੀ ਕੈ ਭਾਣੈ ਸਭ ਰੋਗੀ ॥ (610-1)
सुखीए कउ पेखै सभ सुखीआ रोगी कै भाणै सभ रोगी ॥

ਕਰਣ ਕਰਾਵਨਹਾਰ ਸੁਆਮੀ ਆਪਨ ਹਾਥਿ ਸੰਜੋਗੀ ॥੧॥ (610-2)
करण करावनहार सुआमी आपन हाथि संजोगी ॥१॥

ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥ (610-2)
मन मेरे जिनि अपुना भरमु गवाता ॥

ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ ॥ ਰਹਾਉ ॥ (610-3)
तिस कै भाणै कोइ न भूला जिनि सगलो ब्रहमु पछाता ॥ रहाउ ॥

ਸੰਤ ਸੰਗਿ ਜਾ ਕਾ ਮਨੁ ਸੀਤਲੁ ਓਹੁ ਜਾਣੈ ਸਗਲੀ ਠਾਂਢੀ ॥ (610-3)
संत संगि जा का मनु सीतलु ओहु जाणै सगली ठांढी ॥

ਹਉਮੈ ਰੋਗਿ ਜਾ ਕਾ ਮਨੁ ਬਿਆਪਿਤ ਓਹੁ ਜਨਮਿ ਮਰੈ ਬਿਲਲਾਤੀ ॥੨॥ (610-4)
हउमै रोगि जा का मनु बिआपित ओहु जनमि मरै बिललाती ॥२॥

ਗਿਆਨ ਅੰਜਨੁ ਜਾ ਕੀ ਨੇਤ੍ਰੀ ਪੜਿਆ ਤਾ ਕਉ ਸਰਬ ਪ੍ਰਗਾਸਾ ॥ (610-5)
गिआन अंजनु जा की नेत्री पड़िआ ता कउ सरब प्रगासा ॥

ਅਗਿਆਨਿ ਅੰਧੇਰੈ ਸੂਝਸਿ ਨਾਹੀ ਬਹੁੜਿ ਬਹੁੜਿ ਭਰਮਾਤਾ ॥੩॥ (610-5)
अगिआनि अंधेरै सूझसि नाही बहुड़ि बहुड़ि भरमाता ॥३॥

ਸੁਣਿ ਬੇਨੰਤੀ ਸੁਆਮੀ ਅਪੁਨੇ ਨਾਨਕੁ ਇਹੁ ਸੁਖੁ ਮਾਗੈ ॥ (610-6)
सुणि बेनंती सुआमी अपुने नानकु इहु सुखु मागै ॥

ਜਹ ਕੀਰਤਨੁ ਤੇਰਾ ਸਾਧੂ ਗਾਵਹਿ ਤਹ ਮੇਰਾ ਮਨੁ ਲਾਗੈ ॥੪॥੬॥ (610-6)
जह कीरतनु तेरा साधू गावहि तह मेरा मनु लागै ॥४॥६॥

ਸੋਰਠਿ ਮਹਲਾ ੫ ॥ (610-7)
सोरठि महला ५ ॥

ਤਨੁ ਸੰਤਨ ਕਾ ਧਨੁ ਸੰਤਨ ਕਾ ਮਨੁ ਸੰਤਨ ਕਾ ਕੀਆ ॥ (610-7)
तनु संतन का धनु संतन का मनु संतन का कीआ ॥

ਸੰਤ ਪ੍ਰਸਾਦਿ ਹਰਿ ਨਾਮੁ ਧਿਆਇਆ ਸਰਬ ਕੁਸਲ ਤਬ ਥੀਆ ॥੧॥ (610-8)
संत प्रसादि हरि नामु धिआइआ सरब कुसल तब थीआ ॥१॥

ਸੰਤਨ ਬਿਨੁ ਅਵਰੁ ਨ ਦਾਤਾ ਬੀਆ ॥ (610-8)
संतन बिनु अवरु न दाता बीआ ॥

ਜੋ ਜੋ ਸਰਣਿ ਪਰੈ ਸਾਧੂ ਕੀ ਸੋ ਪਾਰਗਰਾਮੀ ਕੀਆ ॥ ਰਹਾਉ ॥ (610-9)
जो जो सरणि परै साधू की सो पारगरामी कीआ ॥ रहाउ ॥

ਕੋਟਿ ਪਰਾਧ ਮਿਟਹਿ ਜਨ ਸੇਵਾ ਹਰਿ ਕੀਰਤਨੁ ਰਸਿ ਗਾਈਐ ॥ (610-9)
कोटि पराध मिटहि जन सेवा हरि कीरतनु रसि गाईऐ ॥

ਈਹਾ ਸੁਖੁ ਆਗੈ ਮੁਖ ਊਜਲ ਜਨ ਕਾ ਸੰਗੁ ਵਡਭਾਗੀ ਪਾਈਐ ॥੨॥ (610-10)
ईहा सुखु आगै मुख ऊजल जन का संगु वडभागी पाईऐ ॥२॥

ਰਸਨਾ ਏਕ ਅਨੇਕ ਗੁਣ ਪੂਰਨ ਜਨ ਕੀ ਕੇਤਕ ਉਪਮਾ ਕਹੀਐ ॥ (610-11)
रसना एक अनेक गुण पूरन जन की केतक उपमा कहीऐ ॥

ਅਗਮ ਅਗੋਚਰ ਸਦ ਅਬਿਨਾਸੀ ਸਰਣਿ ਸੰਤਨ ਕੀ ਲਹੀਐ ॥੩॥ (610-11)
अगम अगोचर सद अबिनासी सरणि संतन की लहीऐ ॥३॥

ਨਿਰਗੁਨ ਨੀਚ ਅਨਾਥ ਅਪਰਾਧੀ ਓਟ ਸੰਤਨ ਕੀ ਆਹੀ ॥ (610-12)
निरगुन नीच अनाथ अपराधी ओट संतन की आही ॥

ਬੂਡਤ ਮੋਹ ਗ੍ਰਿਹ ਅੰਧ ਕੂਪ ਮਹਿ ਨਾਨਕ ਲੇਹੁ ਨਿਬਾਹੀ ॥੪॥੭॥ (610-12)
बूडत मोह ग्रिह अंध कूप महि नानक लेहु निबाही ॥४॥७॥

ਸੋਰਠਿ ਮਹਲਾ ੫ ਘਰੁ ੧ ॥ (610-13)
सोरठि महला ५ घरु १ ॥

ਜਾ ਕੈ ਹਿਰਦੈ ਵਸਿਆ ਤੂ ਕਰਤੇ ਤਾ ਕੀ ਤੈਂ ਆਸ ਪੁਜਾਈ ॥ (610-13)
जा कै हिरदै वसिआ तू करते ता की तैं आस पुजाई ॥

ਦਾਸ ਅਪੁਨੇ ਕਉ ਤੂ ਵਿਸਰਹਿ ਨਾਹੀ ਚਰਣ ਧੂਰਿ ਮਨਿ ਭਾਈ ॥੧॥ (610-14)
दास अपुने कउ तू विसरहि नाही चरण धूरि मनि भाई ॥१॥

ਤੇਰੀ ਅਕਥ ਕਥਾ ਕਥਨੁ ਨ ਜਾਈ ॥ (610-14)
तेरी अकथ कथा कथनु न जाई ॥

ਗੁਣ ਨਿਧਾਨ ਸੁਖਦਾਤੇ ਸੁਆਮੀ ਸਭ ਤੇ ਊਚ ਬਡਾਈ ॥ ਰਹਾਉ ॥ (610-15)
गुण निधान सुखदाते सुआमी सभ ते ऊच बडाई ॥ रहाउ ॥

ਸੋ ਸੋ ਕਰਮ ਕਰਤ ਹੈ ਪ੍ਰਾਣੀ ਜੈਸੀ ਤੁਮ ਲਿਖਿ ਪਾਈ ॥ (610-15)
सो सो करम करत है प्राणी जैसी तुम लिखि पाई ॥

ਸੇਵਕ ਕਉ ਤੁਮ ਸੇਵਾ ਦੀਨੀ ਦਰਸਨੁ ਦੇਖਿ ਅਘਾਈ ॥੨॥ (610-16)
सेवक कउ तुम सेवा दीनी दरसनु देखि अघाई ॥२॥

ਸਰਬ ਨਿਰੰਤਰਿ ਤੁਮਹਿ ਸਮਾਨੇ ਜਾ ਕਉ ਤੁਧੁ ਆਪਿ ਬੁਝਾਈ ॥ (610-16)
सरब निरंतरि तुमहि समाने जा कउ तुधु आपि बुझाई ॥

ਗੁਰ ਪਰਸਾਦਿ ਮਿਟਿਓ ਅਗਿਆਨਾ ਪ੍ਰਗਟ ਭਏ ਸਭ ਠਾਈ ॥੩॥ (610-17)
गुर परसादि मिटिओ अगिआना प्रगट भए सभ ठाई ॥३॥

ਸੋਈ ਗਿਆਨੀ ਸੋਈ ਧਿਆਨੀ ਸੋਈ ਪੁਰਖੁ ਸੁਭਾਈ ॥ (610-17)
सोई गिआनी सोई धिआनी सोई पुरखु सुभाई ॥

ਕਹੁ ਨਾਨਕ ਜਿਸੁ ਭਏ ਦਇਆਲਾ ਤਾ ਕਉ ਮਨ ਤੇ ਬਿਸਰਿ ਨ ਜਾਈ ॥੪॥੮॥ (610-18)
कहु नानक जिसु भए दइआला ता कउ मन ते बिसरि न जाई ॥४॥८॥

ਸੋਰਠਿ ਮਹਲਾ ੫ ॥ (610-19)
सोरठि महला ५ ॥

ਸਗਲ ਸਮਗ੍ਰੀ ਮੋਹਿ ਵਿਆਪੀ ਕਬ ਊਚੇ ਕਬ ਨੀਚੇ ॥ (610-19)
सगल समग्री मोहि विआपी कब ऊचे कब नीचे ॥

ਸੁਧੁ ਨ ਹੋਈਐ ਕਾਹੂ ਜਤਨਾ ਓੜਕਿ ਕੋ ਨ ਪਹੂਚੇ ॥੧॥ (610-19)
सुधु न होईऐ काहू जतना ओड़कि को न पहूचे ॥१॥

ਮੇਰੇ ਮਨ ਸਾਧ ਸਰਣਿ ਛੁਟਕਾਰਾ ॥ (611-1)
मेरे मन साध सरणि छुटकारा ॥

ਬਿਨੁ ਗੁਰ ਪੂਰੇ ਜਨਮ ਮਰਣੁ ਨ ਰਹਈ ਫਿਰਿ ਆਵਤ ਬਾਰੋ ਬਾਰਾ ॥ ਰਹਾਉ ॥ (611-1)
बिनु गुर पूरे जनम मरणु न रहई फिरि आवत बारो बारा ॥ रहाउ ॥

ਓਹੁ ਜੁ ਭਰਮੁ ਭੁਲਾਵਾ ਕਹੀਅਤ ਤਿਨ ਮਹਿ ਉਰਝਿਓ ਸਗਲ ਸੰਸਾਰਾ ॥ (611-2)
ओहु जु भरमु भुलावा कहीअत तिन महि उरझिओ सगल संसारा ॥

ਪੂਰਨ ਭਗਤੁ ਪੁਰਖ ਸੁਆਮੀ ਕਾ ਸਰਬ ਥੋਕ ਤੇ ਨਿਆਰਾ ॥੨॥ (611-3)
पूरन भगतु पुरख सुआमी का सरब थोक ते निआरा ॥२॥

ਨਿੰਦਉ ਨਾਹੀ ਕਾਹੂ ਬਾਤੈ ਏਹੁ ਖਸਮ ਕਾ ਕੀਆ ॥ (611-3)
निंदउ नाही काहू बातै एहु खसम का कीआ ॥

ਜਾ ਕਉ ਕ੍ਰਿਪਾ ਕਰੀ ਪ੍ਰਭਿ ਮੇਰੈ ਮਿਲਿ ਸਾਧਸੰਗਤਿ ਨਾਉ ਲੀਆ ॥੩॥ (611-4)
जा कउ क्रिपा करी प्रभि मेरै मिलि साधसंगति नाउ लीआ ॥३॥

ਪਾਰਬ੍ਰਹਮ ਪਰਮੇਸੁਰ ਸਤਿਗੁਰ ਸਭਨਾ ਕਰਤ ਉਧਾਰਾ ॥ (611-4)
पारब्रहम परमेसुर सतिगुर सभना करत उधारा ॥

ਕਹੁ ਨਾਨਕ ਗੁਰ ਬਿਨੁ ਨਹੀ ਤਰੀਐ ਇਹੁ ਪੂਰਨ ਤਤੁ ਬੀਚਾਰਾ ॥੪॥੯॥ (611-5)
कहु नानक गुर बिनु नही तरीऐ इहु पूरन ततु बीचारा ॥४॥९॥

ਸੋਰਠਿ ਮਹਲਾ ੫ ॥ (611-6)
सोरठि महला ५ ॥

ਖੋਜਤ ਖੋਜਤ ਖੋਜਿ ਬੀਚਾਰਿਓ ਰਾਮ ਨਾਮੁ ਤਤੁ ਸਾਰਾ ॥ (611-6)
खोजत खोजत खोजि बीचारिओ राम नामु ततु सारा ॥

ਕਿਲਬਿਖ ਕਾਟੇ ਨਿਮਖ ਅਰਾਧਿਆ ਗੁਰਮੁਖਿ ਪਾਰਿ ਉਤਾਰਾ ॥੧॥ (611-6)
किलबिख काटे निमख अराधिआ गुरमुखि पारि उतारा ॥१॥

ਹਰਿ ਰਸੁ ਪੀਵਹੁ ਪੁਰਖ ਗਿਆਨੀ ॥ (611-7)
हरि रसु पीवहु पुरख गिआनी ॥

ਸੁਣਿ ਸੁਣਿ ਮਹਾ ਤ੍ਰਿਪਤਿ ਮਨੁ ਪਾਵੈ ਸਾਧੂ ਅੰਮ੍ਰਿਤ ਬਾਣੀ ॥ ਰਹਾਉ ॥ (611-7)
सुणि सुणि महा त्रिपति मनु पावै साधू अमृत बानी ॥ रहाउ ॥

ਮੁਕਤਿ ਭੁਗਤਿ ਜੁਗਤਿ ਸਚੁ ਪਾਈਐ ਸਰਬ ਸੁਖਾ ਕਾ ਦਾਤਾ ॥ (611-8)
मुकति भुगति जुगति सचु पाईऐ सरब सुखा का दाता ॥

ਅਪੁਨੇ ਦਾਸ ਕਉ ਭਗਤਿ ਦਾਨੁ ਦੇਵੈ ਪੂਰਨ ਪੁਰਖੁ ਬਿਧਾਤਾ ॥੨॥ (611-8)
अपुने दास कउ भगति दानु देवै पूरन पुरखु बिधाता ॥२॥

ਸ੍ਰਵਣੀ ਸੁਣੀਐ ਰਸਨਾ ਗਾਈਐ ਹਿਰਦੈ ਧਿਆਈਐ ਸੋਈ ॥ (611-9)
स्रवणी सुणीऐ रसना गाईऐ हिरदै धिआईऐ सोई ॥

ਕਰਣ ਕਾਰਣ ਸਮਰਥ ਸੁਆਮੀ ਜਾ ਤੇ ਬ੍ਰਿਥਾ ਨ ਕੋਈ ॥੩॥ (611-10)
करण कारण समरथ सुआमी जा ते ब्रिथा न कोई ॥३॥

ਵਡੈ ਭਾਗਿ ਰਤਨ ਜਨਮੁ ਪਾਇਆ ਕਰਹੁ ਕ੍ਰਿਪਾ ਕਿਰਪਾਲਾ ॥ (611-10)
वडै भागि रतन जनमु पाइआ करहु क्रिपा किरपाला ॥

ਸਾਧਸੰਗਿ ਨਾਨਕੁ ਗੁਣ ਗਾਵੈ ਸਿਮਰੈ ਸਦਾ ਗੋੁਪਾਲਾ ॥੪॥੧੦॥ (611-11)
साधसंगि नानकु गुण गावै सिमरै सदा गोपाला ॥४॥१०॥

ਸੋਰਠਿ ਮਹਲਾ ੫ ॥ (611-11)
सोरठि महला ५ ॥

ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥ (611-11)
करि इसनानु सिमरि प्रभु अपना मन तन भए अरोगा ॥

ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ ॥੧॥ (611-12)
कोटि बिघन लाथे प्रभ सरणा प्रगटे भले संजोगा ॥१॥

ਪ੍ਰਭ ਬਾਣੀ ਸਬਦੁ ਸੁਭਾਖਿਆ ॥ (611-13)
प्रभ बाणी सबदु सुभाखिआ ॥

ਗਾਵਹੁ ਸੁਣਹੁ ਪੜਹੁ ਨਿਤ ਭਾਈ ਗੁਰ ਪੂਰੈ ਤੂ ਰਾਖਿਆ ॥ ਰਹਾਉ ॥ (611-13)
गावहु सुणहु पड़हु नित भाई गुर पूरै तू राखिआ ॥ रहाउ ॥

ਸਾਚਾ ਸਾਹਿਬੁ ਅਮਿਤਿ ਵਡਾਈ ਭਗਤਿ ਵਛਲ ਦਇਆਲਾ ॥ (611-14)
साचा साहिबु अमिति वडाई भगति वछल दइआला ॥

ਸੰਤਾ ਕੀ ਪੈਜ ਰਖਦਾ ਆਇਆ ਆਦਿ ਬਿਰਦੁ ਪ੍ਰਤਿਪਾਲਾ ॥੨॥ (611-14)
संता की पैज रखदा आइआ आदि बिरदु प्रतिपाला ॥२॥

ਹਰਿ ਅੰਮ੍ਰਿਤ ਨਾਮੁ ਭੋਜਨੁ ਨਿਤ ਭੁੰਚਹੁ ਸਰਬ ਵੇਲਾ ਮੁਖਿ ਪਾਵਹੁ ॥ (611-15)
हरि अमृत नामु भोजनु नित भुंचहु सरब वेला मुखि पावहु ॥

ਜਰਾ ਮਰਾ ਤਾਪੁ ਸਭੁ ਨਾਠਾ ਗੁਣ ਗੋਬਿੰਦ ਨਿਤ ਗਾਵਹੁ ॥੩॥ (611-15)
जरा मरा तापु सभु नाठा गुण गोबिंद नित गावहु ॥३॥

ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ ॥ (611-16)
सुणी अरदासि सुआमी मेरै सरब कला बणि आई ॥

ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥੪॥੧੧॥ (611-16)
प्रगट भई सगले जुग अंतरि गुर नानक की वडिआई ॥४॥११॥

ਸੋਰਠਿ ਮਹਲਾ ੫ ਘਰੁ ੨ ਚਉਪਦੇ (611-18)
सोरठि महला ५ घरु २ चउपदे

ੴ ਸਤਿਗੁਰ ਪ੍ਰਸਾਦਿ ॥ (611-18)
ੴ सतिगुर प्रसादि ॥

ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥ (611-19)
एकु पिता एकस के हम बारिक तू मेरा गुर हाई ॥

ਸੁਣਿ ਮੀਤਾ ਜੀਉ ਹਮਾਰਾ ਬਲਿ ਬਲਿ ਜਾਸੀ ਹਰਿ ਦਰਸਨੁ ਦੇਹੁ ਦਿਖਾਈ ॥੧॥ (611-19)
सुणि मीता जीउ हमारा बलि बलि जासी हरि दरसनु देहु दिखाई ॥१॥

ਸੁਣਿ ਮੀਤਾ ਧੂਰੀ ਕਉ ਬਲਿ ਜਾਈ ॥ (612-1)
सुणि मीता धूरी कउ बलि जाई ॥

ਇਹੁ ਮਨੁ ਤੇਰਾ ਭਾਈ ॥ ਰਹਾਉ ॥ (612-1)
इहु मनु तेरा भाई ॥ रहाउ ॥

ਪਾਵ ਮਲੋਵਾ ਮਲਿ ਮਲਿ ਧੋਵਾ ਇਹੁ ਮਨੁ ਤੈ ਕੂ ਦੇਸਾ ॥ (612-1)
पाव मलोवा मलि मलि धोवा इहु मनु तै कू देसा ॥

ਸੁਣਿ ਮੀਤਾ ਹਉ ਤੇਰੀ ਸਰਣਾਈ ਆਇਆ ਪ੍ਰਭ ਮਿਲਉ ਦੇਹੁ ਉਪਦੇਸਾ ॥੨॥ (612-2)
सुणि मीता हउ तेरी सरणाई आइआ प्रभ मिलउ देहु उपदेसा ॥२॥

ਮਾਨੁ ਨ ਕੀਜੈ ਸਰਣਿ ਪਰੀਜੈ ਕਰੈ ਸੁ ਭਲਾ ਮਨਾਈਐ ॥ (612-3)
मानु न कीजै सरणि परीजै करै सु भला मनाईऐ ॥

ਸੁਣਿ ਮੀਤਾ ਜੀਉ ਪਿੰਡੁ ਸਭੁ ਤਨੁ ਅਰਪੀਜੈ ਇਉ ਦਰਸਨੁ ਹਰਿ ਜੀਉ ਪਾਈਐ ॥੩॥ (612-3)
सुणि मीता जीउ पिंडु सभु तनु अरपीजै इउ दरसनु हरि जीउ पाईऐ ॥३॥

ਭਇਓ ਅਨੁਗ੍ਰਹੁ ਪ੍ਰਸਾਦਿ ਸੰਤਨ ਕੈ ਹਰਿ ਨਾਮਾ ਹੈ ਮੀਠਾ ॥ (612-4)
भइओ अनुग्रहु प्रसादि संतन कै हरि नामा है मीठा ॥

ਜਨ ਨਾਨਕ ਕਉ ਗੁਰਿ ਕਿਰਪਾ ਧਾਰੀ ਸਭੁ ਅਕੁਲ ਨਿਰੰਜਨੁ ਡੀਠਾ ॥੪॥੧॥੧੨॥ (612-5)
जन नानक कउ गुरि किरपा धारी सभु अकुल निरंजनु डीठा ॥४॥१॥१२॥

ਸੋਰਠਿ ਮਹਲਾ ੫ ॥ (612-5)
सोरठि महला ५ ॥

ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ ॥ (612-5)
कोटि ब्रहमंड को ठाकुरु सुआमी सरब जीआ का दाता रे ॥

ਪ੍ਰਤਿਪਾਲੈ ਨਿਤ ਸਾਰਿ ਸਮਾਲੈ ਇਕੁ ਗੁਨੁ ਨਹੀ ਮੂਰਖਿ ਜਾਤਾ ਰੇ ॥੧॥ (612-6)
प्रतिपालै नित सारि समालै इकु गुनु नही मूरखि जाता रे ॥१॥

ਹਰਿ ਆਰਾਧਿ ਨ ਜਾਨਾ ਰੇ ॥ (612-7)
हरि आराधि न जाना रे ॥

ਹਰਿ ਹਰਿ ਗੁਰੁ ਗੁਰੁ ਕਰਤਾ ਰੇ ॥ (612-7)
हरि हरि गुरु गुरु करता रे ॥

ਹਰਿ ਜੀਉ ਨਾਮੁ ਪਰਿਓ ਰਾਮਦਾਸੁ ॥ ਰਹਾਉ ॥ (612-7)
हरि जीउ नामु परिओ रामदासु ॥ रहाउ ॥

ਦੀਨ ਦਇਆਲ ਕ੍ਰਿਪਾਲ ਸੁਖ ਸਾਗਰ ਸਰਬ ਘਟਾ ਭਰਪੂਰੀ ਰੇ ॥ (612-8)
दीन दइआल क्रिपाल सुख सागर सरब घटा भरपूरी रे ॥

ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥੨॥ (612-8)
पेखत सुनत सदा है संगे मै मूरख जानिआ दूरी रे ॥२॥

ਹਰਿ ਬਿਅੰਤੁ ਹਉ ਮਿਤਿ ਕਰਿ ਵਰਨਉ ਕਿਆ ਜਾਨਾ ਹੋਇ ਕੈਸੋ ਰੇ ॥ (612-9)
हरि बिअंतु हउ मिति करि वरनउ किआ जाना होइ कैसो रे ॥

ਕਰਉ ਬੇਨਤੀ ਸਤਿਗੁਰ ਅਪੁਨੇ ਮੈ ਮੂਰਖ ਦੇਹੁ ਉਪਦੇਸੋ ਰੇ ॥੩॥ (612-9)
करउ बेनती सतिगुर अपुने मै मूरख देहु उपदेसो रे ॥३॥

ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ ॥ (612-10)
मै मूरख की केतक बात है कोटि पराधी तरिआ रे ॥

ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ ॥੪॥੨॥੧੩॥ (612-10)
गुरु नानकु जिन सुणिआ पेखिआ से फिरि गरभासि न परिआ रे ॥४॥२॥१३॥

ਸੋਰਠਿ ਮਹਲਾ ੫ ॥ (612-11)
सोरठि महला ५ ॥

ਜਿਨਾ ਬਾਤ ਕੋ ਬਹੁਤੁ ਅੰਦੇਸਰੋ ਤੇ ਮਿਟੇ ਸਭਿ ਗਇਆ ॥ (612-11)
जिना बात को बहुतु अंदेसरो ते मिटे सभि गइआ ॥

ਸਹਜ ਸੈਨ ਅਰੁ ਸੁਖਮਨ ਨਾਰੀ ਊਧ ਕਮਲ ਬਿਗਸਇਆ ॥੧॥ (612-12)
सहज सैन अरु सुखमन नारी ऊध कमल बिगसइआ ॥१॥

ਦੇਖਹੁ ਅਚਰਜੁ ਭਇਆ ॥ (612-13)
देखहु अचरजु भइआ ॥

ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ ਸੋ ਰਿਦੈ ਗੁਰਿ ਦਇਆ ॥ ਰਹਾਉ ॥ (612-13)
जिह ठाकुर कउ सुनत अगाधि बोधि सो रिदै गुरि दइआ ॥ रहाउ ॥

ਜੋਇ ਦੂਤ ਮੋਹਿ ਬਹੁਤੁ ਸੰਤਾਵਤ ਤੇ ਭਇਆਨਕ ਭਇਆ ॥ (612-13)
जोइ दूत मोहि बहुतु संतावत ते भइआनक भइआ ॥

ਕਰਹਿ ਬੇਨਤੀ ਰਾਖੁ ਠਾਕੁਰ ਤੇ ਹਮ ਤੇਰੀ ਸਰਨਇਆ ॥੨॥ (612-14)
करहि बेनती राखु ठाकुर ते हम तेरी सरनइआ ॥२॥

ਜਹ ਭੰਡਾਰੁ ਗੋਬਿੰਦ ਕਾ ਖੁਲਿਆ ਜਿਹ ਪ੍ਰਾਪਤਿ ਤਿਹ ਲਇਆ ॥ (612-15)
जह भंडारु गोबिंद का खुलिआ जिह प्रापति तिह लइआ ॥

ਏਕੁ ਰਤਨੁ ਮੋ ਕਉ ਗੁਰਿ ਦੀਨਾ ਮੇਰਾ ਮਨੁ ਤਨੁ ਸੀਤਲੁ ਥਿਆ ॥੩॥ (612-15)
एकु रतनु मो कउ गुरि दीना मेरा मनु तनु सीतलु थिआ ॥३॥

ਏਕ ਬੂੰਦ ਗੁਰਿ ਅੰਮ੍ਰਿਤੁ ਦੀਨੋ ਤਾ ਅਟਲੁ ਅਮਰੁ ਨ ਮੁਆ ॥ (612-16)
एक बूंद गुरि अमृतु दीनो ता अटलु अमरु न मुआ ॥

ਭਗਤਿ ਭੰਡਾਰ ਗੁਰਿ ਨਾਨਕ ਕਉ ਸਉਪੇ ਫਿਰਿ ਲੇਖਾ ਮੂਲਿ ਨ ਲਇਆ ॥੪॥੩॥੧੪॥ (612-16)
भगति भंडार गुरि नानक कउ सउपे फिरि लेखा मूलि न लइआ ॥४॥३॥१४॥

ਸੋਰਠਿ ਮਹਲਾ ੫ ॥ (612-17)
सोरठि महला ५ ॥

ਚਰਨ ਕਮਲ ਸਿਉ ਜਾ ਕਾ ਮਨੁ ਲੀਨਾ ਸੇ ਜਨ ਤ੍ਰਿਪਤਿ ਅਘਾਈ ॥ (612-17)
चरन कमल सिउ जा का मनु लीना से जन त्रिपति अघाई ॥

ਗੁਣ ਅਮੋਲ ਜਿਸੁ ਰਿਦੈ ਨ ਵਸਿਆ ਤੇ ਨਰ ਤ੍ਰਿਸਨ ਤ੍ਰਿਖਾਈ ॥੧॥ (612-18)
गुण अमोल जिसु रिदै न वसिआ ते नर त्रिसन त्रिखाई ॥१॥

ਹਰਿ ਆਰਾਧੇ ਅਰੋਗ ਅਨਦਾਈ ॥ (612-19)
हरि आराधे अरोग अनदाई ॥

ਜਿਸ ਨੋ ਵਿਸਰੈ ਮੇਰਾ ਰਾਮ ਸਨੇਹੀ ਤਿਸੁ ਲਾਖ ਬੇਦਨ ਜਣੁ ਆਈ ॥ ਰਹਾਉ ॥ (612-19)
जिस नो विसरै मेरा राम सनेही तिसु लाख बेदन जणु आई ॥ रहाउ ॥

ਜਿਹ ਜਨ ਓਟ ਗਹੀ ਪ੍ਰਭ ਤੇਰੀ ਸੇ ਸੁਖੀਏ ਪ੍ਰਭ ਸਰਣੇ ॥ (613-1)
जिह जन ओट गही प्रभ तेरी से सुखीए प्रभ सरणे ॥

ਜਿਹ ਨਰ ਬਿਸਰਿਆ ਪੁਰਖੁ ਬਿਧਾਤਾ ਤੇ ਦੁਖੀਆ ਮਹਿ ਗਨਣੇ ॥੨॥ (613-1)
जिह नर बिसरिआ पुरखु बिधाता ते दुखीआ महि गनणे ॥२॥

ਜਿਹ ਗੁਰ ਮਾਨਿ ਪ੍ਰਭੂ ਲਿਵ ਲਾਈ ਤਿਹ ਮਹਾ ਅਨੰਦ ਰਸੁ ਕਰਿਆ ॥ (613-2)
जिह गुर मानि प्रभू लिव लाई तिह महा अनंद रसु करिआ ॥

ਜਿਹ ਪ੍ਰਭੂ ਬਿਸਾਰਿ ਗੁਰ ਤੇ ਬੇਮੁਖਾਈ ਤੇ ਨਰਕ ਘੋਰ ਮਹਿ ਪਰਿਆ ॥੩॥ (613-2)
जिह प्रभू बिसारि गुर ते बेमुखाई ते नरक घोर महि परिआ ॥३॥

ਜਿਤੁ ਕੋ ਲਾਇਆ ਤਿਤ ਹੀ ਲਾਗਾ ਤੈਸੋ ਹੀ ਵਰਤਾਰਾ ॥ (613-3)
जितु को लाइआ तित ही लागा तैसो ही वरतारा ॥

ਨਾਨਕ ਸਹ ਪਕਰੀ ਸੰਤਨ ਕੀ ਰਿਦੈ ਭਏ ਮਗਨ ਚਰਨਾਰਾ ॥੪॥੪॥੧੫॥ (613-4)
नानक सह पकरी संतन की रिदै भए मगन चरनारा ॥४॥४॥१५॥

ਸੋਰਠਿ ਮਹਲਾ ੫ ॥ (613-4)
सोरठि महला ५ ॥

ਰਾਜਨ ਮਹਿ ਰਾਜਾ ਉਰਝਾਇਓ ਮਾਨਨ ਮਹਿ ਅਭਿਮਾਨੀ ॥ (613-5)
राजन महि राजा उरझाइओ मानन महि अभिमानी ॥

ਲੋਭਨ ਮਹਿ ਲੋਭੀ ਲੋਭਾਇਓ ਤਿਉ ਹਰਿ ਰੰਗਿ ਰਚੇ ਗਿਆਨੀ ॥੧॥ (613-5)
लोभन महि लोभी लोभाइओ तिउ हरि रंगि रचे गिआनी ॥१॥

ਹਰਿ ਜਨ ਕਉ ਇਹੀ ਸੁਹਾਵੈ ॥ (613-6)
हरि जन कउ इही सुहावै ॥

ਪੇਖਿ ਨਿਕਟਿ ਕਰਿ ਸੇਵਾ ਸਤਿਗੁਰ ਹਰਿ ਕੀਰਤਨਿ ਹੀ ਤ੍ਰਿਪਤਾਵੈ ॥ ਰਹਾਉ ॥ (613-6)
पेखि निकटि करि सेवा सतिगुर हरि कीरतनि ही त्रिपतावै ॥ रहाउ ॥

ਅਮਲਨ ਸਿਉ ਅਮਲੀ ਲਪਟਾਇਓ ਭੂਮਨ ਭੂਮਿ ਪਿਆਰੀ ॥ (613-7)
अमलन सिउ अमली लपटाइओ भूमन भूमि पिआरी ॥

ਖੀਰ ਸੰਗਿ ਬਾਰਿਕੁ ਹੈ ਲੀਨਾ ਪ੍ਰਭ ਸੰਤ ਐਸੇ ਹਿਤਕਾਰੀ ॥੨॥ (613-7)
खीर संगि बारिकु है लीना प्रभ संत ऐसे हितकारी ॥२॥

ਬਿਦਿਆ ਮਹਿ ਬਿਦੁਅੰਸੀ ਰਚਿਆ ਨੈਨ ਦੇਖਿ ਸੁਖੁ ਪਾਵਹਿ ॥ (613-8)
बिदिआ महि बिदुअंसी रचिआ नैन देखि सुखु पावहि ॥

ਜੈਸੇ ਰਸਨਾ ਸਾਦਿ ਲੁਭਾਨੀ ਤਿਉ ਹਰਿ ਜਨ ਹਰਿ ਗੁਣ ਗਾਵਹਿ ॥੩॥ (613-8)
जैसे रसना सादि लुभानी तिउ हरि जन हरि गुण गावहि ॥३॥

ਜੈਸੀ ਭੂਖ ਤੈਸੀ ਕਾ ਪੂਰਕੁ ਸਗਲ ਘਟਾ ਕਾ ਸੁਆਮੀ ॥ (613-9)
जैसी भूख तैसी का पूरकु सगल घटा का सुआमी ॥

ਨਾਨਕ ਪਿਆਸ ਲਗੀ ਦਰਸਨ ਕੀ ਪ੍ਰਭੁ ਮਿਲਿਆ ਅੰਤਰਜਾਮੀ ॥੪॥੫॥੧੬॥ (613-10)
नानक पिआस लगी दरसन की प्रभु मिलिआ अंतरजामी ॥४॥५॥१६॥

ਸੋਰਠਿ ਮਹਲਾ ੫ ॥ (613-10)
सोरठि महला ५ ॥

ਹਮ ਮੈਲੇ ਤੁਮ ਊਜਲ ਕਰਤੇ ਹਮ ਨਿਰਗੁਨ ਤੂ ਦਾਤਾ ॥ (613-10)
हम मैले तुम ऊजल करते हम निरगुन तू दाता ॥

ਹਮ ਮੂਰਖ ਤੁਮ ਚਤੁਰ ਸਿਆਣੇ ਤੂ ਸਰਬ ਕਲਾ ਕਾ ਗਿਆਤਾ ॥੧॥ (613-11)
हम मूरख तुम चतुर सिआणे तू सरब कला का गिआता ॥१॥

ਮਾਧੋ ਹਮ ਐਸੇ ਤੂ ਐਸਾ ॥ (613-12)
माधो हम ऐसे तू ऐसा ॥

ਹਮ ਪਾਪੀ ਤੁਮ ਪਾਪ ਖੰਡਨ ਨੀਕੋ ਠਾਕੁਰ ਦੇਸਾ ॥ ਰਹਾਉ ॥ (613-12)
हम पापी तुम पाप खंडन नीको ठाकुर देसा ॥ रहाउ ॥

ਤੁਮ ਸਭ ਸਾਜੇ ਸਾਜਿ ਨਿਵਾਜੇ ਜੀਉ ਪਿੰਡੁ ਦੇ ਪ੍ਰਾਨਾ ॥ (613-12)
तुम सभ साजे साजि निवाजे जीउ पिंडु दे प्राना ॥

ਨਿਰਗੁਨੀਆਰੇ ਗੁਨੁ ਨਹੀ ਕੋਈ ਤੁਮ ਦਾਨੁ ਦੇਹੁ ਮਿਹਰਵਾਨਾ ॥੨॥ (613-13)
निरगुनीआरे गुनु नही कोई तुम दानु देहु मिहरवाना ॥२॥

ਤੁਮ ਕਰਹੁ ਭਲਾ ਹਮ ਭਲੋ ਨ ਜਾਨਹ ਤੁਮ ਸਦਾ ਸਦਾ ਦਇਆਲਾ ॥ (613-13)
तुम करहु भला हम भलो न जानह तुम सदा सदा दइआला ॥

ਤੁਮ ਸੁਖਦਾਈ ਪੁਰਖ ਬਿਧਾਤੇ ਤੁਮ ਰਾਖਹੁ ਅਪੁਨੇ ਬਾਲਾ ॥੩॥ (613-14)
तुम सुखदाई पुरख बिधाते तुम राखहु अपुने बाला ॥३॥

ਤੁਮ ਨਿਧਾਨ ਅਟਲ ਸੁਲਿਤਾਨ ਜੀਅ ਜੰਤ ਸਭਿ ਜਾਚੈ ॥ (613-15)
तुम निधान अटल सुलितान जीअ जंत सभि जाचै ॥

ਕਹੁ ਨਾਨਕ ਹਮ ਇਹੈ ਹਵਾਲਾ ਰਾਖੁ ਸੰਤਨ ਕੈ ਪਾਛੈ ॥੪॥੬॥੧੭॥ (613-15)
कहु नानक हम इहै हवाला राखु संतन कै पाछै ॥४॥६॥१७॥

ਸੋਰਠਿ ਮਹਲਾ ੫ ਘਰੁ ੨ ॥ (613-16)
सोरठि महला ५ घरु २ ॥

ਮਾਤ ਗਰਭ ਮਹਿ ਆਪਨ ਸਿਮਰਨੁ ਦੇ ਤਹ ਤੁਮ ਰਾਖਨਹਾਰੇ ॥ (613-16)
मात गरभ महि आपन सिमरनु दे तह तुम राखनहारे ॥

ਪਾਵਕ ਸਾਗਰ ਅਥਾਹ ਲਹਰਿ ਮਹਿ ਤਾਰਹੁ ਤਾਰਨਹਾਰੇ ॥੧॥ (613-17)
पावक सागर अथाह लहरि महि तारहु तारनहारे ॥१॥

ਮਾਧੌ ਤੂ ਠਾਕੁਰੁ ਸਿਰਿ ਮੋਰਾ ॥ (613-17)
माधौ तू ठाकुरु सिरि मोरा ॥

ਈਹਾ ਊਹਾ ਤੁਹਾਰੋ ਧੋਰਾ ॥ ਰਹਾਉ ॥ (613-18)
ईहा ऊहा तुहारो धोरा ॥ रहाउ ॥

ਕੀਤੇ ਕਉ ਮੇਰੈ ਸੰਮਾਨੈ ਕਰਣਹਾਰੁ ਤ੍ਰਿਣੁ ਜਾਨੈ ॥ (613-18)
कीते कउ मेरै संमानै करणहारु त्रिणु जानै ॥

ਤੂ ਦਾਤਾ ਮਾਗਨ ਕਉ ਸਗਲੀ ਦਾਨੁ ਦੇਹਿ ਪ੍ਰਭ ਭਾਨੈ ॥੨॥ (613-18)
तू दाता मागन कउ सगली दानु देहि प्रभ भानै ॥२॥

ਖਿਨ ਮਹਿ ਅਵਰੁ ਖਿਨੈ ਮਹਿ ਅਵਰਾ ਅਚਰਜ ਚਲਤ ਤੁਮਾਰੇ ॥ (613-19)
खिन महि अवरु खिनै महि अवरा अचरज चलत तुमारे ॥

ਰੂੜੋ ਗੂੜੋ ਗਹਿਰ ਗੰਭੀਰੋ ਊਚੌ ਅਗਮ ਅਪਾਰੇ ॥੩॥ (613-19)
रूड़ो गूड़ो गहिर ग्मभीरो ऊचौ अगम अपारे ॥३॥

ਸਾਧਸੰਗਿ ਜਉ ਤੁਮਹਿ ਮਿਲਾਇਓ ਤਉ ਸੁਨੀ ਤੁਮਾਰੀ ਬਾਣੀ ॥ (614-1)
साधसंगि जउ तुमहि मिलाइओ तउ सुनी तुमारी बाणी ॥

ਅਨਦੁ ਭਇਆ ਪੇਖਤ ਹੀ ਨਾਨਕ ਪ੍ਰਤਾਪ ਪੁਰਖ ਨਿਰਬਾਣੀ ॥੪॥੭॥੧੮॥ (614-2)
अनदु भइआ पेखत ही नानक प्रताप पुरख निरबाणी ॥४॥७॥१८॥

ਸੋਰਠਿ ਮਹਲਾ ੫ ॥ (614-2)
सोरठि महला ५ ॥

ਹਮ ਸੰਤਨ ਕੀ ਰੇਨੁ ਪਿਆਰੇ ਹਮ ਸੰਤਨ ਕੀ ਸਰਣਾ ॥ (614-2)
हम संतन की रेनु पिआरे हम संतन की सरणा ॥

ਸੰਤ ਹਮਾਰੀ ਓਟ ਸਤਾਣੀ ਸੰਤ ਹਮਾਰਾ ਗਹਣਾ ॥੧॥ (614-3)
संत हमारी ओट सताणी संत हमारा गहणा ॥१॥

ਹਮ ਸੰਤਨ ਸਿਉ ਬਣਿ ਆਈ ॥ (614-3)
हम संतन सिउ बणि आई ॥

ਪੂਰਬਿ ਲਿਖਿਆ ਪਾਈ ॥ (614-4)
पूरबि लिखिआ पाई ॥

ਇਹੁ ਮਨੁ ਤੇਰਾ ਭਾਈ ॥ ਰਹਾਉ ॥ (614-4)
इहु मनु तेरा भाई ॥ रहाउ ॥

ਸੰਤਨ ਸਿਉ ਮੇਰੀ ਲੇਵਾ ਦੇਵੀ ਸੰਤਨ ਸਿਉ ਬਿਉਹਾਰਾ ॥ (614-4)
संतन सिउ मेरी लेवा देवी संतन सिउ बिउहारा ॥

ਸੰਤਨ ਸਿਉ ਹਮ ਲਾਹਾ ਖਾਟਿਆ ਹਰਿ ਭਗਤਿ ਭਰੇ ਭੰਡਾਰਾ ॥੨॥ (614-5)
संतन सिउ हम लाहा खाटिआ हरि भगति भरे भंडारा ॥२॥

ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ ॥ (614-5)
संतन मो कउ पूंजी सउपी तउ उतरिआ मन का धोखा ॥

ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ ॥੩॥ (614-6)
धरम राइ अब कहा करैगो जउ फाटिओ सगलो लेखा ॥३॥

ਮਹਾ ਅਨੰਦ ਭਏ ਸੁਖੁ ਪਾਇਆ ਸੰਤਨ ਕੈ ਪਰਸਾਦੇ ॥ (614-6)
महा अनंद भए सुखु पाइआ संतन कै परसादे ॥

ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਰੰਗਿ ਰਤੇ ਬਿਸਮਾਦੇ ॥੪॥੮॥੧੯॥ (614-7)
कहु नानक हरि सिउ मनु मानिआ रंगि रते बिसमादे ॥४॥८॥१९॥

ਸੋਰਠਿ ਮਃ ੫ ॥ (614-8)
सोरठि मः ५ ॥

ਜੇਤੀ ਸਮਗ੍ਰੀ ਦੇਖਹੁ ਰੇ ਨਰ ਤੇਤੀ ਹੀ ਛਡਿ ਜਾਨੀ ॥ (614-8)
जेती समग्री देखहु रे नर तेती ही छडि जानी ॥

ਰਾਮ ਨਾਮ ਸੰਗਿ ਕਰਿ ਬਿਉਹਾਰਾ ਪਾਵਹਿ ਪਦੁ ਨਿਰਬਾਨੀ ॥੧॥ (614-8)
राम नाम संगि करि बिउहारा पावहि पदु निरबानी ॥१॥

ਪਿਆਰੇ ਤੂ ਮੇਰੋ ਸੁਖਦਾਤਾ ॥ (614-9)
पिआरे तू मेरो सुखदाता ॥

ਗੁਰਿ ਪੂਰੈ ਦੀਆ ਉਪਦੇਸਾ ਤੁਮ ਹੀ ਸੰਗਿ ਪਰਾਤਾ ॥ ਰਹਾਉ ॥ (614-9)
गुरि पूरै दीआ उपदेसा तुम ही संगि पराता ॥ रहाउ ॥

ਕਾਮ ਕ੍ਰੋਧ ਲੋਭ ਮੋਹ ਅਭਿਮਾਨਾ ਤਾ ਮਹਿ ਸੁਖੁ ਨਹੀ ਪਾਈਐ ॥ (614-10)
काम क्रोध लोभ मोह अभिमाना ता महि सुखु नही पाईऐ ॥

ਹੋਹੁ ਰੇਨ ਤੂ ਸਗਲ ਕੀ ਮੇਰੇ ਮਨ ਤਉ ਅਨਦ ਮੰਗਲ ਸੁਖੁ ਪਾਈਐ ॥੨॥ (614-10)
होहु रेन तू सगल की मेरे मन तउ अनद मंगल सुखु पाईऐ ॥२॥

ਘਾਲ ਨ ਭਾਨੈ ਅੰਤਰ ਬਿਧਿ ਜਾਨੈ ਤਾ ਕੀ ਕਰਿ ਮਨ ਸੇਵਾ ॥ (614-11)
घाल न भानै अंतर बिधि जानै ता की करि मन सेवा ॥

ਕਰਿ ਪੂਜਾ ਹੋਮਿ ਇਹੁ ਮਨੂਆ ਅਕਾਲ ਮੂਰਤਿ ਗੁਰਦੇਵਾ ॥੩॥ (614-11)
करि पूजा होमि इहु मनूआ अकाल मूरति गुरदेवा ॥३॥

ਗੋਬਿਦ ਦਾਮੋਦਰ ਦਇਆਲ ਮਾਧਵੇ ਪਾਰਬ੍ਰਹਮ ਨਿਰੰਕਾਰਾ ॥ (614-12)
गोबिद दामोदर दइआल माधवे पारब्रहम निरंकारा ॥

ਨਾਮੁ ਵਰਤਣਿ ਨਾਮੋ ਵਾਲੇਵਾ ਨਾਮੁ ਨਾਨਕ ਪ੍ਰਾਨ ਅਧਾਰਾ ॥੪॥੯॥੨੦॥ (614-13)
नामु वरतणि नामो वालेवा नामु नानक प्रान अधारा ॥४॥९॥२०॥

ਸੋਰਠਿ ਮਹਲਾ ੫ ॥ (614-13)
सोरठि महला ५ ॥

ਮਿਰਤਕ ਕਉ ਪਾਇਓ ਤਨਿ ਸਾਸਾ ਬਿਛੁਰਤ ਆਨਿ ਮਿਲਾਇਆ ॥ (614-14)
मिरतक कउ पाइओ तनि सासा बिछुरत आनि मिलाइआ ॥

ਪਸੂ ਪਰੇਤ ਮੁਗਧ ਭਏ ਸ੍ਰੋਤੇ ਹਰਿ ਨਾਮਾ ਮੁਖਿ ਗਾਇਆ ॥੧॥ (614-14)
पसू परेत मुगध भए स्रोते हरि नामा मुखि गाइआ ॥१॥

ਪੂਰੇ ਗੁਰ ਕੀ ਦੇਖੁ ਵਡਾਈ ॥ (614-15)
पूरे गुर की देखु वडाई ॥

ਤਾ ਕੀ ਕੀਮਤਿ ਕਹਣੁ ਨ ਜਾਈ ॥ ਰਹਾਉ ॥ (614-15)
ता की कीमति कहणु न जाई ॥ रहाउ ॥

ਦੂਖ ਸੋਗ ਕਾ ਢਾਹਿਓ ਡੇਰਾ ਅਨਦ ਮੰਗਲ ਬਿਸਰਾਮਾ ॥ (614-15)
दूख सोग का ढाहिओ डेरा अनद मंगल बिसरामा ॥

ਮਨ ਬਾਂਛਤ ਫਲ ਮਿਲੇ ਅਚਿੰਤਾ ਪੂਰਨ ਹੋਏ ਕਾਮਾ ॥੨॥ (614-16)
मन बांछत फल मिले अचिंता पूरन होए कामा ॥२॥

ਈਹਾ ਸੁਖੁ ਆਗੈ ਮੁਖ ਊਜਲ ਮਿਟਿ ਗਏ ਆਵਣ ਜਾਣੇ ॥ (614-16)
ईहा सुखु आगै मुख ऊजल मिटि गए आवण जाणे ॥

ਨਿਰਭਉ ਭਏ ਹਿਰਦੈ ਨਾਮੁ ਵਸਿਆ ਅਪੁਨੇ ਸਤਿਗੁਰ ਕੈ ਮਨਿ ਭਾਣੇ ॥੩॥ (614-17)
निरभउ भए हिरदै नामु वसिआ अपुने सतिगुर कै मनि भाणे ॥३॥

ਊਠਤ ਬੈਠਤ ਹਰਿ ਗੁਣ ਗਾਵੈ ਦੂਖੁ ਦਰਦੁ ਭ੍ਰਮੁ ਭਾਗਾ ॥ (614-18)
ऊठत बैठत हरि गुण गावै दूखु दरदु भ्रमु भागा ॥

ਕਹੁ ਨਾਨਕ ਤਾ ਕੇ ਪੂਰ ਕਰੰਮਾ ਜਾ ਕਾ ਗੁਰ ਚਰਨੀ ਮਨੁ ਲਾਗਾ ॥੪॥੧੦॥੨੧॥ (614-18)
कहु नानक ता के पूर करंमा जा का गुर चरनी मनु लागा ॥४॥१०॥२१॥

ਸੋਰਠਿ ਮਹਲਾ ੫ ॥ (614-19)
सोरठि महला ५ ॥

ਰਤਨੁ ਛਾਡਿ ਕਉਡੀ ਸੰਗਿ ਲਾਗੇ ਜਾ ਤੇ ਕਛੂ ਨ ਪਾਈਐ ॥ (614-19)
रतनु छाडि कउडी संगि लागे जा ते कछू न पाईऐ ॥

ਪੂਰਨ ਪਾਰਬ੍ਰਹਮ ਪਰਮੇਸੁਰ ਮੇਰੇ ਮਨ ਸਦਾ ਧਿਆਈਐ ॥੧॥ (615-1)
पूरन पारब्रहम परमेसुर मेरे मन सदा धिआईऐ ॥१॥

ਸਿਮਰਹੁ ਹਰਿ ਹਰਿ ਨਾਮੁ ਪਰਾਨੀ ॥ (615-1)
सिमरहु हरि हरि नामु परानी ॥

ਬਿਨਸੈ ਕਾਚੀ ਦੇਹ ਅਗਿਆਨੀ ॥ ਰਹਾਉ ॥ (615-2)
बिनसै काची देह अगिआनी ॥ रहाउ ॥

ਮ੍ਰਿਗ ਤ੍ਰਿਸਨਾ ਅਰੁ ਸੁਪਨ ਮਨੋਰਥ ਤਾ ਕੀ ਕਛੁ ਨ ਵਡਾਈ ॥ (615-2)
म्रिग त्रिसना अरु सुपन मनोरथ ता की कछु न वडाई ॥

ਰਾਮ ਭਜਨ ਬਿਨੁ ਕਾਮਿ ਨ ਆਵਸਿ ਸੰਗਿ ਨ ਕਾਹੂ ਜਾਈ ॥੨॥ (615-3)
राम भजन बिनु कामि न आवसि संगि न काहू जाई ॥२॥

ਹਉ ਹਉ ਕਰਤ ਬਿਹਾਇ ਅਵਰਦਾ ਜੀਅ ਕੋ ਕਾਮੁ ਨ ਕੀਨਾ ॥ (615-3)
हउ हउ करत बिहाइ अवरदा जीअ को कामु न कीना ॥

ਧਾਵਤ ਧਾਵਤ ਨਹ ਤ੍ਰਿਪਤਾਸਿਆ ਰਾਮ ਨਾਮੁ ਨਹੀ ਚੀਨਾ ॥੩॥ (615-4)
धावत धावत नह त्रिपतासिआ राम नामु नही चीना ॥३॥

ਸਾਦ ਬਿਕਾਰ ਬਿਖੈ ਰਸ ਮਾਤੋ ਅਸੰਖ ਖਤੇ ਕਰਿ ਫੇਰੇ ॥ (615-4)
साद बिकार बिखै रस मातो असंख खते करि फेरे ॥

ਨਾਨਕ ਕੀ ਪ੍ਰਭ ਪਾਹਿ ਬਿਨੰਤੀ ਕਾਟਹੁ ਅਵਗੁਣ ਮੇਰੇ ॥੪॥੧੧॥੨੨॥ (615-5)
नानक की प्रभ पाहि बिनंती काटहु अवगुण मेरे ॥४॥११॥२२॥

ਸੋਰਠਿ ਮਹਲਾ ੫ ॥ (615-6)
सोरठि महला ५ ॥

ਗੁਣ ਗਾਵਹੁ ਪੂਰਨ ਅਬਿਨਾਸੀ ਕਾਮ ਕ੍ਰੋਧ ਬਿਖੁ ਜਾਰੇ ॥ (615-6)
गुण गावहु पूरन अबिनासी काम क्रोध बिखु जारे ॥

ਮਹਾ ਬਿਖਮੁ ਅਗਨਿ ਕੋ ਸਾਗਰੁ ਸਾਧੂ ਸੰਗਿ ਉਧਾਰੇ ॥੧॥ (615-6)
महा बिखमु अगनि को सागरु साधू संगि उधारे ॥१॥

ਪੂਰੈ ਗੁਰਿ ਮੇਟਿਓ ਭਰਮੁ ਅੰਧੇਰਾ ॥ (615-7)
पूरै गुरि मेटिओ भरमु अंधेरा ॥

ਭਜੁ ਪ੍ਰੇਮ ਭਗਤਿ ਪ੍ਰਭੁ ਨੇਰਾ ॥ ਰਹਾਉ ॥ (615-7)
भजु प्रेम भगति प्रभु नेरा ॥ रहाउ ॥

ਹਰਿ ਹਰਿ ਨਾਮੁ ਨਿਧਾਨ ਰਸੁ ਪੀਆ ਮਨ ਤਨ ਰਹੇ ਅਘਾਈ ॥ (615-7)
हरि हरि नामु निधान रसु पीआ मन तन रहे अघाई ॥

ਜਤ ਕਤ ਪੂਰਿ ਰਹਿਓ ਪਰਮੇਸਰੁ ਕਤ ਆਵੈ ਕਤ ਜਾਈ ॥੨॥ (615-8)
जत कत पूरि रहिओ परमेसरु कत आवै कत जाई ॥२॥

ਜਪ ਤਪ ਸੰਜਮ ਗਿਆਨ ਤਤ ਬੇਤਾ ਜਿਸੁ ਮਨਿ ਵਸੈ ਗੋੁਪਾਲਾ ॥ (615-9)
जप तप संजम गिआन तत बेता जिसु मनि वसै गोपाला ॥

ਨਾਮੁ ਰਤਨੁ ਜਿਨਿ ਗੁਰਮੁਖਿ ਪਾਇਆ ਤਾ ਕੀ ਪੂਰਨ ਘਾਲਾ ॥੩॥ (615-9)
नामु रतनु जिनि गुरमुखि पाइआ ता की पूरन घाला ॥३॥

ਕਲਿ ਕਲੇਸ ਮਿਟੇ ਦੁਖ ਸਗਲੇ ਕਾਟੀ ਜਮ ਕੀ ਫਾਸਾ ॥ (615-10)
कलि कलेस मिटे दुख सगले काटी जम की फासा ॥

ਕਹੁ ਨਾਨਕ ਪ੍ਰਭਿ ਕਿਰਪਾ ਧਾਰੀ ਮਨ ਤਨ ਭਏ ਬਿਗਾਸਾ ॥੪॥੧੨॥੨੩॥ (615-10)
कहु नानक प्रभि किरपा धारी मन तन भए बिगासा ॥४॥१२॥२३॥

ਸੋਰਠਿ ਮਹਲਾ ੫ ॥ (615-11)
सोरठि महला ५ ॥

ਕਰਣ ਕਰਾਵਣਹਾਰ ਪ੍ਰਭੁ ਦਾਤਾ ਪਾਰਬ੍ਰਹਮ ਪ੍ਰਭੁ ਸੁਆਮੀ ॥ (615-11)
करण करावणहार प्रभु दाता पारब्रहम प्रभु सुआमी ॥

ਸਗਲੇ ਜੀਅ ਕੀਏ ਦਇਆਲਾ ਸੋ ਪ੍ਰਭੁ ਅੰਤਰਜਾਮੀ ॥੧॥ (615-12)
सगले जीअ कीए दइआला सो प्रभु अंतरजामी ॥१॥

ਮੇਰਾ ਗੁਰੁ ਹੋਆ ਆਪਿ ਸਹਾਈ ॥ (615-12)
मेरा गुरु होआ आपि सहाई ॥

ਸੂਖ ਸਹਜ ਆਨੰਦ ਮੰਗਲ ਰਸ ਅਚਰਜ ਭਈ ਬਡਾਈ ॥ ਰਹਾਉ ॥ (615-13)
सूख सहज आनंद मंगल रस अचरज भई बडाई ॥ रहाउ ॥

ਗੁਰ ਕੀ ਸਰਣਿ ਪਏ ਭੈ ਨਾਸੇ ਸਾਚੀ ਦਰਗਹ ਮਾਨੇ ॥ (615-13)
गुर की सरणि पए भै नासे साची दरगह माने ॥

ਗੁਣ ਗਾਵਤ ਆਰਾਧਿ ਨਾਮੁ ਹਰਿ ਆਏ ਅਪੁਨੈ ਥਾਨੇ ॥੨॥ (615-14)
गुण गावत आराधि नामु हरि आए अपुनै थाने ॥२॥

ਜੈ ਜੈ ਕਾਰੁ ਕਰੈ ਸਭ ਉਸਤਤਿ ਸੰਗਤਿ ਸਾਧ ਪਿਆਰੀ ॥ (615-14)
जै जै कारु करै सभ उसतति संगति साध पिआरी ॥

ਸਦ ਬਲਿਹਾਰਿ ਜਾਉ ਪ੍ਰਭ ਅਪੁਨੇ ਜਿਨਿ ਪੂਰਨ ਪੈਜ ਸਵਾਰੀ ॥੩॥ (615-15)
सद बलिहारि जाउ प्रभ अपुने जिनि पूरन पैज सवारी ॥३॥

ਗੋਸਟਿ ਗਿਆਨੁ ਨਾਮੁ ਸੁਣਿ ਉਧਰੇ ਜਿਨਿ ਜਿਨਿ ਦਰਸਨੁ ਪਾਇਆ ॥ (615-15)
गोसटि गिआनु नामु सुणि उधरे जिनि जिनि दरसनु पाइआ ॥

ਭਇਓ ਕ੍ਰਿਪਾਲੁ ਨਾਨਕ ਪ੍ਰਭੁ ਅਪੁਨਾ ਅਨਦ ਸੇਤੀ ਘਰਿ ਆਇਆ ॥੪॥੧੩॥੨੪॥ (615-16)
भइओ क्रिपालु नानक प्रभु अपुना अनद सेती घरि आइआ ॥४॥१३॥२४॥

ਸੋਰਠਿ ਮਹਲਾ ੫ ॥ (615-17)
सोरठि महला ५ ॥

ਪ੍ਰਭ ਕੀ ਸਰਣਿ ਸਗਲ ਭੈ ਲਾਥੇ ਦੁਖ ਬਿਨਸੇ ਸੁਖੁ ਪਾਇਆ ॥ (615-17)
प्रभ की सरणि सगल भै लाथे दुख बिनसे सुखु पाइआ ॥

ਦਇਆਲੁ ਹੋਆ ਪਾਰਬ੍ਰਹਮੁ ਸੁਆਮੀ ਪੂਰਾ ਸਤਿਗੁਰੁ ਧਿਆਇਆ ॥੧॥ (615-18)
दइआलु होआ पारब्रहमु सुआमी पूरा सतिगुरु धिआइआ ॥१॥

ਪ੍ਰਭ ਜੀਉ ਤੂ ਮੇਰੋ ਸਾਹਿਬੁ ਦਾਤਾ ॥ (615-18)
प्रभ जीउ तू मेरो साहिबु दाता ॥

ਕਰਿ ਕਿਰਪਾ ਪ੍ਰਭ ਦੀਨ ਦਇਆਲਾ ਗੁਣ ਗਾਵਉ ਰੰਗਿ ਰਾਤਾ ॥ ਰਹਾਉ ॥ (615-19)
करि किरपा प्रभ दीन दइआला गुण गावउ रंगि राता ॥ रहाउ ॥

ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ ਚਿੰਤਾ ਸਗਲ ਬਿਨਾਸੀ ॥ (615-19)
सतिगुरि नामु निधानु द्रिड़ाइआ चिंता सगल बिनासी ॥

ਕਰਿ ਕਿਰਪਾ ਅਪੁਨੋ ਕਰਿ ਲੀਨਾ ਮਨਿ ਵਸਿਆ ਅਬਿਨਾਸੀ ॥੨॥ (616-1)
करि किरपा अपुनो करि लीना मनि वसिआ अबिनासी ॥२॥

ਤਾ ਕਉ ਬਿਘਨੁ ਨ ਕੋਊ ਲਾਗੈ ਜੋ ਸਤਿਗੁਰਿ ਅਪੁਨੈ ਰਾਖੇ ॥ (616-1)
ता कउ बिघनु न कोऊ लागै जो सतिगुरि अपुनै राखे ॥

ਚਰਨ ਕਮਲ ਬਸੇ ਰਿਦ ਅੰਤਰਿ ਅੰਮ੍ਰਿਤ ਹਰਿ ਰਸੁ ਚਾਖੇ ॥੩॥ (616-2)
चरन कमल बसे रिद अंतरि अमृत हरि रसु चाखे ॥३॥

ਕਰਿ ਸੇਵਾ ਸੇਵਕ ਪ੍ਰਭ ਅਪੁਨੇ ਜਿਨਿ ਮਨ ਕੀ ਇਛ ਪੁਜਾਈ ॥ (616-2)
करि सेवा सेवक प्रभ अपुने जिनि मन की इछ पुजाई ॥

ਨਾਨਕ ਦਾਸ ਤਾ ਕੈ ਬਲਿਹਾਰੈ ਜਿਨਿ ਪੂਰਨ ਪੈਜ ਰਖਾਈ ॥੪॥੧੪॥੨੫॥ (616-3)
नानक दास ता कै बलिहारै जिनि पूरन पैज रखाई ॥४॥१४॥२५॥

ਸੋਰਠਿ ਮਹਲਾ ੫ ॥ (616-4)
सोरठि महला ५ ॥

ਮਾਇਆ ਮੋਹ ਮਗਨੁ ਅੰਧਿਆਰੈ ਦੇਵਨਹਾਰੁ ਨ ਜਾਨੈ ॥ (616-4)
माइआ मोह मगनु अंधिआरै देवनहारु न जानै ॥

ਜੀਉ ਪਿੰਡੁ ਸਾਜਿ ਜਿਨਿ ਰਚਿਆ ਬਲੁ ਅਪੁਨੋ ਕਰਿ ਮਾਨੈ ॥੧॥ (616-4)
जीउ पिंडु साजि जिनि रचिआ बलु अपुनो करि मानै ॥१॥

ਮਨ ਮੂੜੇ ਦੇਖਿ ਰਹਿਓ ਪ੍ਰਭ ਸੁਆਮੀ ॥ (616-5)
मन मूड़े देखि रहिओ प्रभ सुआमी ॥

ਜੋ ਕਿਛੁ ਕਰਹਿ ਸੋਈ ਸੋਈ ਜਾਣੈ ਰਹੈ ਨ ਕਛੂਐ ਛਾਨੀ ॥ ਰਹਾਉ ॥ (616-5)
जो किछु करहि सोई सोई जाणै रहै न कछूऐ छानी ॥ रहाउ ॥

ਜਿਹਵਾ ਸੁਆਦ ਲੋਭ ਮਦਿ ਮਾਤੋ ਉਪਜੇ ਅਨਿਕ ਬਿਕਾਰਾ ॥ (616-6)
जिहवा सुआद लोभ मदि मातो उपजे अनिक बिकारा ॥

ਬਹੁਤੁ ਜੋਨਿ ਭਰਮਤ ਦੁਖੁ ਪਾਇਆ ਹਉਮੈ ਬੰਧਨ ਕੇ ਭਾਰਾ ॥੨॥ (616-7)
बहुतु जोनि भरमत दुखु पाइआ हउमै बंधन के भारा ॥२॥

ਦੇਇ ਕਿਵਾੜ ਅਨਿਕ ਪੜਦੇ ਮਹਿ ਪਰ ਦਾਰਾ ਸੰਗਿ ਫਾਕੈ ॥ (616-7)
देइ किवाड़ अनिक पड़दे महि पर दारा संगि फाकै ॥

ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ ॥੩॥ (616-8)
चित्र गुपतु जब लेखा मागहि तब कउणु पड़दा तेरा ढाकै ॥३॥

ਦੀਨ ਦਇਆਲ ਪੂਰਨ ਦੁਖ ਭੰਜਨ ਤੁਮ ਬਿਨੁ ਓਟ ਨ ਕਾਈ ॥ (616-8)
दीन दइआल पूरन दुख भंजन तुम बिनु ओट न काई ॥

ਕਾਢਿ ਲੇਹੁ ਸੰਸਾਰ ਸਾਗਰ ਮਹਿ ਨਾਨਕ ਪ੍ਰਭ ਸਰਣਾਈ ॥੪॥੧੫॥੨੬॥ (616-9)
काढि लेहु संसार सागर महि नानक प्रभ सरणाई ॥४॥१५॥२६॥

ਸੋਰਠਿ ਮਹਲਾ ੫ ॥ (616-10)
सोरठि महला ५ ॥

ਪਾਰਬ੍ਰਹਮੁ ਹੋਆ ਸਹਾਈ ਕਥਾ ਕੀਰਤਨੁ ਸੁਖਦਾਈ ॥ (616-10)
पारब्रहमु होआ सहाई कथा कीरतनु सुखदाई ॥

ਗੁਰ ਪੂਰੇ ਕੀ ਬਾਣੀ ਜਪਿ ਅਨਦੁ ਕਰਹੁ ਨਿਤ ਪ੍ਰਾਣੀ ॥੧॥ (616-10)
गुर पूरे की बाणी जपि अनदु करहु नित प्राणी ॥१॥

ਹਰਿ ਸਾਚਾ ਸਿਮਰਹੁ ਭਾਈ ॥ (616-11)
हरि साचा सिमरहु भाई ॥

ਸਾਧਸੰਗਿ ਸਦਾ ਸੁਖੁ ਪਾਈਐ ਹਰਿ ਬਿਸਰਿ ਨ ਕਬਹੂ ਜਾਈ ॥ ਰਹਾਉ ॥ (616-11)
साधसंगि सदा सुखु पाईऐ हरि बिसरि न कबहू जाई ॥ रहाउ ॥

ਅੰਮ੍ਰਿਤ ਨਾਮੁ ਪਰਮੇਸਰੁ ਤੇਰਾ ਜੋ ਸਿਮਰੈ ਸੋ ਜੀਵੈ ॥ (616-12)
अमृत नामु परमेसरु तेरा जो सिमरै सो जीवै ॥

ਜਿਸ ਨੋ ਕਰਮਿ ਪਰਾਪਤਿ ਹੋਵੈ ਸੋ ਜਨੁ ਨਿਰਮਲੁ ਥੀਵੈ ॥੨॥ (616-12)
जिस नो करमि परापति होवै सो जनु निरमलु थीवै ॥२॥

ਬਿਘਨ ਬਿਨਾਸਨ ਸਭਿ ਦੁਖ ਨਾਸਨ ਗੁਰ ਚਰਣੀ ਮਨੁ ਲਾਗਾ ॥ (616-13)
बिघन बिनासन सभि दुख नासन गुर चरणी मनु लागा ॥

ਗੁਣ ਗਾਵਤ ਅਚੁਤ ਅਬਿਨਾਸੀ ਅਨਦਿਨੁ ਹਰਿ ਰੰਗਿ ਜਾਗਾ ॥੩॥ (616-14)
गुण गावत अचुत अबिनासी अनदिनु हरि रंगि जागा ॥३॥

ਮਨ ਇਛੇ ਸੇਈ ਫਲ ਪਾਏ ਹਰਿ ਕੀ ਕਥਾ ਸੁਹੇਲੀ ॥ (616-14)
मन इछे सेई फल पाए हरि की कथा सुहेली ॥

ਆਦਿ ਅੰਤਿ ਮਧਿ ਨਾਨਕ ਕਉ ਸੋ ਪ੍ਰਭੁ ਹੋਆ ਬੇਲੀ ॥੪॥੧੬॥੨੭॥ (616-15)
आदि अंति मधि नानक कउ सो प्रभु होआ बेली ॥४॥१६॥२७॥

ਸੋਰਠਿ ਮਹਲਾ ੫ ਪੰਚਪਦਾ ॥ (616-15)
सोरठि महला ५ पंचपदा ॥

ਬਿਨਸੈ ਮੋਹੁ ਮੇਰਾ ਅਰੁ ਤੇਰਾ ਬਿਨਸੈ ਅਪਨੀ ਧਾਰੀ ॥੧॥ (616-16)
बिनसै मोहु मेरा अरु तेरा बिनसै अपनी धारी ॥१॥

ਸੰਤਹੁ ਇਹਾ ਬਤਾਵਹੁ ਕਾਰੀ ॥ (616-16)
संतहु इहा बतावहु कारी ॥

ਜਿਤੁ ਹਉਮੈ ਗਰਬੁ ਨਿਵਾਰੀ ॥੧॥ ਰਹਾਉ ॥ (616-16)
जितु हउमै गरबु निवारी ॥१॥ रहाउ ॥

ਸਰਬ ਭੂਤ ਪਾਰਬ੍ਰਹਮੁ ਕਰਿ ਮਾਨਿਆ ਹੋਵਾਂ ਸਗਲ ਰੇਨਾਰੀ ॥੨॥ (616-17)
सरब भूत पारब्रहमु करि मानिआ होवां सगल रेनारी ॥२॥

ਪੇਖਿਓ ਪ੍ਰਭ ਜੀਉ ਅਪੁਨੈ ਸੰਗੇ ਚੂਕੈ ਭੀਤਿ ਭ੍ਰਮਾਰੀ ॥੩॥ (616-17)
पेखिओ प्रभ जीउ अपुनै संगे चूकै भीति भ्रमारी ॥३॥

ਅਉਖਧੁ ਨਾਮੁ ਨਿਰਮਲ ਜਲੁ ਅੰਮ੍ਰਿਤੁ ਪਾਈਐ ਗੁਰੂ ਦੁਆਰੀ ॥੪॥ (616-18)
अउखधु नामु निरमल जलु अमृतु पाईऐ गुरू दुआरी ॥४॥

ਕਹੁ ਨਾਨਕ ਜਿਸੁ ਮਸਤਕਿ ਲਿਖਿਆ ਤਿਸੁ ਗੁਰ ਮਿਲਿ ਰੋਗ ਬਿਦਾਰੀ ॥੫॥੧੭॥੨੮॥ (616-19)
कहु नानक जिसु मसतकि लिखिआ तिसु गुर मिलि रोग बिदारी ॥५॥१७॥२८॥

ਸੋਰਠਿ ਮਹਲਾ ੫ ਘਰੁ ੨ ਦੁਪਦੇ (617-1)
सोरठि महला ५ घरु २ दुपदे

ੴ ਸਤਿਗੁਰ ਪ੍ਰਸਾਦਿ ॥ (617-1)
ੴ सतिगुर प्रसादि ॥

ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ ॥ (617-2)
सगल बनसपति महि बैसंतरु सगल दूध महि घीआ ॥

ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ ॥੧॥ (617-2)
ऊच नीच महि जोति समाणी घटि घटि माधउ जीआ ॥१॥

ਸੰਤਹੁ ਘਟਿ ਘਟਿ ਰਹਿਆ ਸਮਾਹਿਓ ॥ (617-3)
संतहु घटि घटि रहिआ समाहिओ ॥

ਪੂਰਨ ਪੂਰਿ ਰਹਿਓ ਸਰਬ ਮਹਿ ਜਲਿ ਥਲਿ ਰਮਈਆ ਆਹਿਓ ॥੧॥ ਰਹਾਉ ॥ (617-3)
पूरन पूरि रहिओ सरब महि जलि थलि रमईआ आहिओ ॥१॥ रहाउ ॥

ਗੁਣ ਨਿਧਾਨ ਨਾਨਕੁ ਜਸੁ ਗਾਵੈ ਸਤਿਗੁਰਿ ਭਰਮੁ ਚੁਕਾਇਓ ॥ (617-4)
गुण निधान नानकु जसु गावै सतिगुरि भरमु चुकाइओ ॥

ਸਰਬ ਨਿਵਾਸੀ ਸਦਾ ਅਲੇਪਾ ਸਭ ਮਹਿ ਰਹਿਆ ਸਮਾਇਓ ॥੨॥੧॥੨੯॥ (617-4)
सरब निवासी सदा अलेपा सभ महि रहिआ समाइओ ॥२॥१॥२९॥

ਸੋਰਠਿ ਮਹਲਾ ੫ ॥ (617-5)
सोरठि महला ५ ॥

ਜਾ ਕੈ ਸਿਮਰਣਿ ਹੋਇ ਅਨੰਦਾ ਬਿਨਸੈ ਜਨਮ ਮਰਣ ਭੈ ਦੁਖੀ ॥ (617-5)
जा कै सिमरणि होइ अनंदा बिनसै जनम मरण भै दुखी ॥

ਚਾਰਿ ਪਦਾਰਥ ਨਵ ਨਿਧਿ ਪਾਵਹਿ ਬਹੁਰਿ ਨ ਤ੍ਰਿਸਨਾ ਭੁਖੀ ॥੧॥ (617-6)
चारि पदारथ नव निधि पावहि बहुरि न त्रिसना भुखी ॥१॥

ਜਾ ਕੋ ਨਾਮੁ ਲੈਤ ਤੂ ਸੁਖੀ ॥ (617-6)
जा को नामु लैत तू सुखी ॥

ਸਾਸਿ ਸਾਸਿ ਧਿਆਵਹੁ ਠਾਕੁਰ ਕਉ ਮਨ ਤਨ ਜੀਅਰੇ ਮੁਖੀ ॥੧॥ ਰਹਾਉ ॥ (617-7)
सासि सासि धिआवहु ठाकुर कउ मन तन जीअरे मुखी ॥१॥ रहाउ ॥

ਸਾਂਤਿ ਪਾਵਹਿ ਹੋਵਹਿ ਮਨ ਸੀਤਲ ਅਗਨਿ ਨ ਅੰਤਰਿ ਧੁਖੀ ॥ (617-7)
सांति पावहि होवहि मन सीतल अगनि न अंतरि धुखी ॥

ਗੁਰ ਨਾਨਕ ਕਉ ਪ੍ਰਭੂ ਦਿਖਾਇਆ ਜਲਿ ਥਲਿ ਤ੍ਰਿਭਵਣਿ ਰੁਖੀ ॥੨॥੨॥੩੦॥ (617-8)
गुर नानक कउ प्रभू दिखाइआ जलि थलि त्रिभवणि रुखी ॥२॥२॥३०॥

ਸੋਰਠਿ ਮਹਲਾ ੫ ॥ (617-9)
सोरठि महला ५ ॥

ਕਾਮ ਕ੍ਰੋਧ ਲੋਭ ਝੂਠ ਨਿੰਦਾ ਇਨ ਤੇ ਆਪਿ ਛਡਾਵਹੁ ॥ (617-9)
काम क्रोध लोभ झूठ निंदा इन ते आपि छडावहु ॥

ਇਹ ਭੀਤਰ ਤੇ ਇਨ ਕਉ ਡਾਰਹੁ ਆਪਨ ਨਿਕਟਿ ਬੁਲਾਵਹੁ ॥੧॥ (617-9)
इह भीतर ते इन कउ डारहु आपन निकटि बुलावहु ॥१॥

ਅਪੁਨੀ ਬਿਧਿ ਆਪਿ ਜਨਾਵਹੁ ॥ (617-10)
अपुनी बिधि आपि जनावहु ॥

ਹਰਿ ਜਨ ਮੰਗਲ ਗਾਵਹੁ ॥੧॥ ਰਹਾਉ ॥ (617-10)
हरि जन मंगल गावहु ॥१॥ रहाउ ॥

ਬਿਸਰੁ ਨਾਹੀ ਕਬਹੂ ਹੀਏ ਤੇ ਇਹ ਬਿਧਿ ਮਨ ਮਹਿ ਪਾਵਹੁ ॥ (617-11)
बिसरु नाही कबहू हीए ते इह बिधि मन महि पावहु ॥

ਗੁਰੁ ਪੂਰਾ ਭੇਟਿਓ ਵਡਭਾਗੀ ਜਨ ਨਾਨਕ ਕਤਹਿ ਨ ਧਾਵਹੁ ॥੨॥੩॥੩੧॥ (617-11)
गुरु पूरा भेटिओ वडभागी जन नानक कतहि न धावहु ॥२॥३॥३१॥

ਸੋਰਠਿ ਮਹਲਾ ੫ ॥ (617-12)
सोरठि महला ५ ॥

ਜਾ ਕੈ ਸਿਮਰਣਿ ਸਭੁ ਕਛੁ ਪਾਈਐ ਬਿਰਥੀ ਘਾਲ ਨ ਜਾਈ ॥ (617-12)
जा कै सिमरणि सभु कछु पाईऐ बिरथी घाल न जाई ॥

ਤਿਸੁ ਪ੍ਰਭ ਤਿਆਗਿ ਅਵਰ ਕਤ ਰਾਚਹੁ ਜੋ ਸਭ ਮਹਿ ਰਹਿਆ ਸਮਾਈ ॥੧॥ (617-13)
तिसु प्रभ तिआगि अवर कत राचहु जो सभ महि रहिआ समाई ॥१॥

ਹਰਿ ਹਰਿ ਸਿਮਰਹੁ ਸੰਤ ਗੋਪਾਲਾ ॥ (617-13)
हरि हरि सिमरहु संत गोपाला ॥

ਸਾਧਸੰਗਿ ਮਿਲਿ ਨਾਮੁ ਧਿਆਵਹੁ ਪੂਰਨ ਹੋਵੈ ਘਾਲਾ ॥੧॥ ਰਹਾਉ ॥ (617-14)
साधसंगि मिलि नामु धिआवहु पूरन होवै घाला ॥१॥ रहाउ ॥

ਸਾਰਿ ਸਮਾਲੈ ਨਿਤਿ ਪ੍ਰਤਿਪਾਲੈ ਪ੍ਰੇਮ ਸਹਿਤ ਗਲਿ ਲਾਵੈ ॥ (617-14)
सारि समालै निति प्रतिपालै प्रेम सहित गलि लावै ॥

ਕਹੁ ਨਾਨਕ ਪ੍ਰਭ ਤੁਮਰੇ ਬਿਸਰਤ ਜਗਤ ਜੀਵਨੁ ਕੈਸੇ ਪਾਵੈ ॥੨॥੪॥੩੨॥ (617-15)
कहु नानक प्रभ तुमरे बिसरत जगत जीवनु कैसे पावै ॥२॥४॥३२॥

ਸੋਰਠਿ ਮਹਲਾ ੫ ॥ (617-16)
सोरठि महला ५ ॥

ਅਬਿਨਾਸੀ ਜੀਅਨ ਕੋ ਦਾਤਾ ਸਿਮਰਤ ਸਭ ਮਲੁ ਖੋਈ ॥ (617-16)
अबिनासी जीअन को दाता सिमरत सभ मलु खोई ॥

ਗੁਣ ਨਿਧਾਨ ਭਗਤਨ ਕਉ ਬਰਤਨਿ ਬਿਰਲਾ ਪਾਵੈ ਕੋਈ ॥੧॥ (617-16)
गुण निधान भगतन कउ बरतनि बिरला पावै कोई ॥१॥

ਮੇਰੇ ਮਨ ਜਪਿ ਗੁਰ ਗੋਪਾਲ ਪ੍ਰਭੁ ਸੋਈ ॥ (617-17)
मेरे मन जपि गुर गोपाल प्रभु सोई ॥

ਜਾ ਕੀ ਸਰਣਿ ਪਇਆਂ ਸੁਖੁ ਪਾਈਐ ਬਾਹੁੜਿ ਦੂਖੁ ਨ ਹੋਈ ॥੧॥ ਰਹਾਉ ॥ (617-17)
जा की सरणि पइआं सुखु पाईऐ बाहुड़ि दूखु न होई ॥१॥ रहाउ ॥

ਵਡਭਾਗੀ ਸਾਧਸੰਗੁ ਪਰਾਪਤਿ ਤਿਨ ਭੇਟਤ ਦੁਰਮਤਿ ਖੋਈ ॥ (617-18)
वडभागी साधसंगु परापति तिन भेटत दुरमति खोई ॥

ਤਿਨ ਕੀ ਧੂਰਿ ਨਾਨਕੁ ਦਾਸੁ ਬਾਛੈ ਜਿਨ ਹਰਿ ਨਾਮੁ ਰਿਦੈ ਪਰੋਈ ॥੨॥੫॥੩੩॥ (618-1)
तिन की धूरि नानकु दासु बाछै जिन हरि नामु रिदै परोई ॥२॥५॥३३॥

ਸੋਰਠਿ ਮਹਲਾ ੫ ॥ (618-2)
सोरठि महला ५ ॥

ਜਨਮ ਜਨਮ ਕੇ ਦੂਖ ਨਿਵਾਰੈ ਸੂਕਾ ਮਨੁ ਸਾਧਾਰੈ ॥ (618-2)
जनम जनम के दूख निवारै सूका मनु साधारै ॥

ਦਰਸਨੁ ਭੇਟਤ ਹੋਤ ਨਿਹਾਲਾ ਹਰਿ ਕਾ ਨਾਮੁ ਬੀਚਾਰੈ ॥੧॥ (618-2)
दरसनु भेटत होत निहाला हरि का नामु बीचारै ॥१॥

ਮੇਰਾ ਬੈਦੁ ਗੁਰੂ ਗੋਵਿੰਦਾ ॥ (618-3)
मेरा बैदु गुरू गोविंदा ॥

ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ ਕਾਟੈ ਜਮ ਕੀ ਫੰਧਾ ॥੧॥ ਰਹਾਉ ॥ (618-3)
हरि हरि नामु अउखधु मुखि देवै काटै जम की फंधा ॥१॥ रहाउ ॥

ਸਮਰਥ ਪੁਰਖ ਪੂਰਨ ਬਿਧਾਤੇ ਆਪੇ ਕਰਣੈਹਾਰਾ ॥ (618-4)
समरथ पुरख पूरन बिधाते आपे करणैहारा ॥

ਅਪੁਨਾ ਦਾਸੁ ਹਰਿ ਆਪਿ ਉਬਾਰਿਆ ਨਾਨਕ ਨਾਮ ਅਧਾਰਾ ॥੨॥੬॥੩੪॥ (618-4)
अपुना दासु हरि आपि उबारिआ नानक नाम अधारा ॥२॥६॥३४॥

ਸੋਰਠਿ ਮਹਲਾ ੫ ॥ (618-5)
सोरठि महला ५ ॥

ਅੰਤਰ ਕੀ ਗਤਿ ਤੁਮ ਹੀ ਜਾਨੀ ਤੁਝ ਹੀ ਪਾਹਿ ਨਿਬੇਰੋ ॥ (618-5)
अंतर की गति तुम ही जानी तुझ ही पाहि निबेरो ॥

ਬਖਸਿ ਲੈਹੁ ਸਾਹਿਬ ਪ੍ਰਭ ਅਪਨੇ ਲਾਖ ਖਤੇ ਕਰਿ ਫੇਰੋ ॥੧॥ (618-5)
बखसि लैहु साहिब प्रभ अपने लाख खते करि फेरो ॥१॥

ਪ੍ਰਭ ਜੀ ਤੂ ਮੇਰੋ ਠਾਕੁਰੁ ਨੇਰੋ ॥ (618-6)
प्रभ जी तू मेरो ठाकुरु नेरो ॥

ਹਰਿ ਚਰਣ ਸਰਣ ਮੋਹਿ ਚੇਰੋ ॥੧॥ ਰਹਾਉ ॥ (618-6)
हरि चरण सरण मोहि चेरो ॥१॥ रहाउ ॥

ਬੇਸੁਮਾਰ ਬੇਅੰਤ ਸੁਆਮੀ ਊਚੋ ਗੁਨੀ ਗਹੇਰੋ ॥ (618-7)
बेसुमार बेअंत सुआमी ऊचो गुनी गहेरो ॥

ਕਾਟਿ ਸਿਲਕ ਕੀਨੋ ਅਪੁਨੋ ਦਾਸਰੋ ਤਉ ਨਾਨਕ ਕਹਾ ਨਿਹੋਰੋ ॥੨॥੭॥੩੫॥ (618-7)
काटि सिलक कीनो अपुनो दासरो तउ नानक कहा निहोरो ॥२॥७॥३५॥

ਸੋਰਠਿ ਮਃ ੫ ॥ (618-8)
सोरठि मः ५ ॥

ਭਏ ਕ੍ਰਿਪਾਲ ਗੁਰੂ ਗੋਵਿੰਦਾ ਸਗਲ ਮਨੋਰਥ ਪਾਏ ॥ (618-8)
भए क्रिपाल गुरू गोविंदा सगल मनोरथ पाए ॥

ਅਸਥਿਰ ਭਏ ਲਾਗਿ ਹਰਿ ਚਰਣੀ ਗੋਵਿੰਦ ਕੇ ਗੁਣ ਗਾਏ ॥੧॥ (618-9)
असथिर भए लागि हरि चरणी गोविंद के गुण गाए ॥१॥

ਭਲੋ ਸਮੂਰਤੁ ਪੂਰਾ ॥ (618-9)
भलो समूरतु पूरा ॥

ਸਾਂਤਿ ਸਹਜ ਆਨੰਦ ਨਾਮੁ ਜਪਿ ਵਾਜੇ ਅਨਹਦ ਤੂਰਾ ॥੧॥ ਰਹਾਉ ॥ (618-9)
सांति सहज आनंद नामु जपि वाजे अनहद तूरा ॥१॥ रहाउ ॥

ਮਿਲੇ ਸੁਆਮੀ ਪ੍ਰੀਤਮ ਅਪੁਨੇ ਘਰ ਮੰਦਰ ਸੁਖਦਾਈ ॥ (618-10)
मिले सुआमी प्रीतम अपुने घर मंदर सुखदाई ॥

ਹਰਿ ਨਾਮੁ ਨਿਧਾਨੁ ਨਾਨਕ ਜਨ ਪਾਇਆ ਸਗਲੀ ਇਛ ਪੁਜਾਈ ॥੨॥੮॥੩੬॥ (618-10)
हरि नामु निधानु नानक जन पाइआ सगली इछ पुजाई ॥२॥८॥३६॥

ਸੋਰਠਿ ਮਹਲਾ ੫ ॥ (618-11)
सोरठि महला ५ ॥

ਗੁਰ ਕੇ ਚਰਨ ਬਸੇ ਰਿਦ ਭੀਤਰਿ ਸੁਭ ਲਖਣ ਪ੍ਰਭਿ ਕੀਨੇ ॥ (618-11)
गुर के चरन बसे रिद भीतरि सुभ लखण प्रभि कीने ॥

ਭਏ ਕ੍ਰਿਪਾਲ ਪੂਰਨ ਪਰਮੇਸਰ ਨਾਮ ਨਿਧਾਨ ਮਨਿ ਚੀਨੇ ॥੧॥ (618-12)
भए क्रिपाल पूरन परमेसर नाम निधान मनि चीने ॥१॥

ਮੇਰੋ ਗੁਰੁ ਰਖਵਾਰੋ ਮੀਤ ॥ (618-12)
मेरो गुरु रखवारो मीत ॥

ਦੂਣ ਚਊਣੀ ਦੇ ਵਡਿਆਈ ਸੋਭਾ ਨੀਤਾ ਨੀਤ ॥੧॥ ਰਹਾਉ ॥ (618-13)
दूण चऊणी दे वडिआई सोभा नीता नीत ॥१॥ रहाउ ॥

ਜੀਅ ਜੰਤ ਪ੍ਰਭਿ ਸਗਲ ਉਧਾਰੇ ਦਰਸਨੁ ਦੇਖਣਹਾਰੇ ॥ (618-13)
जीअ जंत प्रभि सगल उधारे दरसनु देखणहारे ॥

ਗੁਰ ਪੂਰੇ ਕੀ ਅਚਰਜ ਵਡਿਆਈ ਨਾਨਕ ਸਦ ਬਲਿਹਾਰੇ ॥੨॥੯॥੩੭॥ (618-14)
गुर पूरे की अचरज वडिआई नानक सद बलिहारे ॥२॥९॥३७॥

ਸੋਰਠਿ ਮਹਲਾ ੫ ॥ (618-15)
सोरठि महला ५ ॥

ਸੰਚਨਿ ਕਰਉ ਨਾਮ ਧਨੁ ਨਿਰਮਲ ਥਾਤੀ ਅਗਮ ਅਪਾਰ ॥ (618-15)
संचनि करउ नाम धनु निरमल थाती अगम अपार ॥

ਬਿਲਛਿ ਬਿਨੋਦ ਆਨੰਦ ਸੁਖ ਮਾਣਹੁ ਖਾਇ ਜੀਵਹੁ ਸਿਖ ਪਰਵਾਰ ॥੧॥ (618-15)
बिलछि बिनोद आनंद सुख माणहु खाइ जीवहु सिख परवार ॥१॥

ਹਰਿ ਕੇ ਚਰਨ ਕਮਲ ਆਧਾਰ ॥ (618-16)
हरि के चरन कमल आधार ॥

ਸੰਤ ਪ੍ਰਸਾਦਿ ਪਾਇਓ ਸਚ ਬੋਹਿਥੁ ਚੜਿ ਲੰਘਉ ਬਿਖੁ ਸੰਸਾਰ ॥੧॥ ਰਹਾਉ ॥ (618-16)
संत प्रसादि पाइओ सच बोहिथु चड़ि लंघउ बिखु संसार ॥१॥ रहाउ ॥

ਭਏ ਕ੍ਰਿਪਾਲ ਪੂਰਨ ਅਬਿਨਾਸੀ ਆਪਹਿ ਕੀਨੀ ਸਾਰ ॥ (618-17)
भए क्रिपाल पूरन अबिनासी आपहि कीनी सार ॥

ਪੇਖਿ ਪੇਖਿ ਨਾਨਕ ਬਿਗਸਾਨੋ ਨਾਨਕ ਨਾਹੀ ਸੁਮਾਰ ॥੨॥੧੦॥੩੮॥ (618-17)
पेखि पेखि नानक बिगसानो नानक नाही सुमार ॥२॥१०॥३८॥

ਸੋਰਠਿ ਮਹਲਾ ੫ ॥ (618-18)
सोरठि महला ५ ॥

ਗੁਰਿ ਪੂਰੈ ਅਪਨੀ ਕਲ ਧਾਰੀ ਸਭ ਘਟ ਉਪਜੀ ਦਇਆ ॥ (618-18)
गुरि पूरै अपनी कल धारी सभ घट उपजी दइआ ॥

ਆਪੇ ਮੇਲਿ ਵਡਾਈ ਕੀਨੀ ਕੁਸਲ ਖੇਮ ਸਭ ਭਇਆ ॥੧॥ (618-19)
आपे मेलि वडाई कीनी कुसल खेम सभ भइआ ॥१॥

ਸਤਿਗੁਰੁ ਪੂਰਾ ਮੇਰੈ ਨਾਲਿ ॥ (618-19)
सतिगुरु पूरा मेरै नालि ॥

ਪਾਰਬ੍ਰਹਮੁ ਜਪਿ ਸਦਾ ਨਿਹਾਲ ॥ ਰਹਾਉ ॥ (619-1)
पारब्रहमु जपि सदा निहाल ॥ रहाउ ॥

ਅੰਤਰਿ ਬਾਹਰਿ ਥਾਨ ਥਨੰਤਰਿ ਜਤ ਕਤ ਪੇਖਉ ਸੋਈ ॥ (619-1)
अंतरि बाहरि थान थनंतरि जत कत पेखउ सोई ॥

ਨਾਨਕ ਗੁਰੁ ਪਾਇਓ ਵਡਭਾਗੀ ਤਿਸੁ ਜੇਵਡੁ ਅਵਰੁ ਨ ਕੋਈ ॥੨॥੧੧॥੩੯॥ (619-2)
नानक गुरु पाइओ वडभागी तिसु जेवडु अवरु न कोई ॥२॥११॥३९॥

ਸੋਰਠਿ ਮਹਲਾ ੫ ॥ (619-2)
सोरठि महला ५ ॥

ਸੂਖ ਮੰਗਲ ਕਲਿਆਣ ਸਹਜ ਧੁਨਿ ਪ੍ਰਭ ਕੇ ਚਰਣ ਨਿਹਾਰਿਆ ॥ (619-2)
सूख मंगल कलिआण सहज धुनि प्रभ के चरण निहारिआ ॥

ਰਾਖਨਹਾਰੈ ਰਾਖਿਓ ਬਾਰਿਕੁ ਸਤਿਗੁਰਿ ਤਾਪੁ ਉਤਾਰਿਆ ॥੧॥ (619-3)
राखनहारै राखिओ बारिकु सतिगुरि तापु उतारिआ ॥१॥

ਉਬਰੇ ਸਤਿਗੁਰ ਕੀ ਸਰਣਾਈ ॥ (619-4)
उबरे सतिगुर की सरणाई ॥

ਜਾ ਕੀ ਸੇਵ ਨ ਬਿਰਥੀ ਜਾਈ ॥ ਰਹਾਉ ॥ (619-4)
जा की सेव न बिरथी जाई ॥ रहाउ ॥

ਘਰ ਮਹਿ ਸੂਖ ਬਾਹਰਿ ਫੁਨਿ ਸੂਖਾ ਪ੍ਰਭ ਅਪੁਨੇ ਭਏ ਦਇਆਲਾ ॥ (619-4)
घर महि सूख बाहरि फुनि सूखा प्रभ अपुने भए दइआला ॥

ਨਾਨਕ ਬਿਘਨੁ ਨ ਲਾਗੈ ਕੋਊ ਮੇਰਾ ਪ੍ਰਭੁ ਹੋਆ ਕਿਰਪਾਲਾ ॥੨॥੧੨॥੪੦॥ (619-5)
नानक बिघनु न लागै कोऊ मेरा प्रभु होआ किरपाला ॥२॥१२॥४०॥

ਸੋਰਠਿ ਮਹਲਾ ੫ ॥ (619-6)
सोरठि महला ५ ॥

ਸਾਧੂ ਸੰਗਿ ਭਇਆ ਮਨਿ ਉਦਮੁ ਨਾਮੁ ਰਤਨੁ ਜਸੁ ਗਾਈ ॥ (619-6)
साधू संगि भइआ मनि उदमु नामु रतनु जसु गाई ॥

ਮਿਟਿ ਗਈ ਚਿੰਤਾ ਸਿਮਰਿ ਅਨੰਤਾ ਸਾਗਰੁ ਤਰਿਆ ਭਾਈ ॥੧॥ (619-6)
मिटि गई चिंता सिमरि अनंता सागरु तरिआ भाई ॥१॥

ਹਿਰਦੈ ਹਰਿ ਕੇ ਚਰਣ ਵਸਾਈ ॥ (619-7)
हिरदै हरि के चरण वसाई ॥

ਸੁਖੁ ਪਾਇਆ ਸਹਜ ਧੁਨਿ ਉਪਜੀ ਰੋਗਾ ਘਾਣਿ ਮਿਟਾਈ ॥ ਰਹਾਉ ॥ (619-7)
सुखु पाइआ सहज धुनि उपजी रोगा घाणि मिटाई ॥ रहाउ ॥

ਕਿਆ ਗੁਣ ਤੇਰੇ ਆਖਿ ਵਖਾਣਾ ਕੀਮਤਿ ਕਹਣੁ ਨ ਜਾਈ ॥ (619-8)
किआ गुण तेरे आखि वखाणा कीमति कहणु न जाई ॥

ਨਾਨਕ ਭਗਤ ਭਏ ਅਬਿਨਾਸੀ ਅਪੁਨਾ ਪ੍ਰਭੁ ਭਇਆ ਸਹਾਈ ॥੨॥੧੩॥੪੧॥ (619-9)
नानक भगत भए अबिनासी अपुना प्रभु भइआ सहाई ॥२॥१३॥४१॥

ਸੋਰਠਿ ਮਃ ੫ ॥ (619-9)
सोरठि मः ५ ॥

ਗਏ ਕਲੇਸ ਰੋਗ ਸਭਿ ਨਾਸੇ ਪ੍ਰਭਿ ਅਪੁਨੈ ਕਿਰਪਾ ਧਾਰੀ ॥ (619-9)
गए कलेस रोग सभि नासे प्रभि अपुनै किरपा धारी ॥

ਆਠ ਪਹਰ ਆਰਾਧਹੁ ਸੁਆਮੀ ਪੂਰਨ ਘਾਲ ਹਮਾਰੀ ॥੧॥ (619-10)
आठ पहर आराधहु सुआमी पूरन घाल हमारी ॥१॥

ਹਰਿ ਜੀਉ ਤੂ ਸੁਖ ਸੰਪਤਿ ਰਾਸਿ ॥ (619-11)
हरि जीउ तू सुख स्मपति रासि ॥

ਰਾਖਿ ਲੈਹੁ ਭਾਈ ਮੇਰੇ ਕਉ ਪ੍ਰਭ ਆਗੈ ਅਰਦਾਸਿ ॥ ਰਹਾਉ ॥ (619-11)
राखि लैहु भाई मेरे कउ प्रभ आगै अरदासि ॥ रहाउ ॥

ਜੋ ਮਾਗਉ ਸੋਈ ਸੋਈ ਪਾਵਉ ਅਪਨੇ ਖਸਮ ਭਰੋਸਾ ॥ (619-11)
जो मागउ सोई सोई पावउ अपने खसम भरोसा ॥

ਕਹੁ ਨਾਨਕ ਗੁਰੁ ਪੂਰਾ ਭੇਟਿਓ ਮਿਟਿਓ ਸਗਲ ਅੰਦੇਸਾ ॥੨॥੧੪॥੪੨॥ (619-12)
कहु नानक गुरु पूरा भेटिओ मिटिओ सगल अंदेसा ॥२॥१४॥४२॥

ਸੋਰਠਿ ਮਹਲਾ ੫ ॥ (619-13)
सोरठि महला ५ ॥

ਸਿਮਰਿ ਸਿਮਰਿ ਗੁਰੁ ਸਤਿਗੁਰੁ ਅਪਨਾ ਸਗਲਾ ਦੂਖੁ ਮਿਟਾਇਆ ॥ (619-13)
सिमरि सिमरि गुरु सतिगुरु अपना सगला दूखु मिटाइआ ॥

ਤਾਪ ਰੋਗ ਗਏ ਗੁਰ ਬਚਨੀ ਮਨ ਇਛੇ ਫਲ ਪਾਇਆ ॥੧॥ (619-13)
ताप रोग गए गुर बचनी मन इछे फल पाइआ ॥१॥

ਮੇਰਾ ਗੁਰੁ ਪੂਰਾ ਸੁਖਦਾਤਾ ॥ (619-14)
मेरा गुरु पूरा सुखदाता ॥

ਕਰਣ ਕਾਰਣ ਸਮਰਥੁ ਸੁਆਮੀ ਪੂਰਨ ਪੁਰਖੁ ਬਿਧਾਤਾ ॥ ਰਹਾਉ ॥ (619-14)
करण कारण समरथु सुआमी पूरन पुरखु बिधाता ॥ रहाउ ॥

ਅਨੰਦ ਬਿਨੋਦ ਮੰਗਲ ਗੁਣ ਗਾਵਹੁ ਗੁਰ ਨਾਨਕ ਭਏ ਦਇਆਲਾ ॥ (619-15)
अनंद बिनोद मंगल गुण गावहु गुर नानक भए दइआला ॥

ਜੈ ਜੈ ਕਾਰ ਭਏ ਜਗ ਭੀਤਰਿ ਹੋਆ ਪਾਰਬ੍ਰਹਮੁ ਰਖਵਾਲਾ ॥੨॥੧੫॥੪੩॥ (619-16)
जै जै कार भए जग भीतरि होआ पारब्रहमु रखवाला ॥२॥१५॥४३॥

ਸੋਰਠਿ ਮਹਲਾ ੫ ॥ (619-16)
सोरठि महला ५ ॥

ਹਮਰੀ ਗਣਤ ਨ ਗਣੀਆ ਕਾਈ ਅਪਣਾ ਬਿਰਦੁ ਪਛਾਣਿ ॥ (619-16)
हमरी गणत न गणीआ काई अपणा बिरदु पछाणि ॥

ਹਾਥ ਦੇਇ ਰਾਖੇ ਕਰਿ ਅਪੁਨੇ ਸਦਾ ਸਦਾ ਰੰਗੁ ਮਾਣਿ ॥੧॥ (619-17)
हाथ देइ राखे करि अपुने सदा सदा रंगु माणि ॥१॥

ਸਾਚਾ ਸਾਹਿਬੁ ਸਦ ਮਿਹਰਵਾਣ ॥ (619-18)
साचा साहिबु सद मिहरवाण ॥

ਬੰਧੁ ਪਾਇਆ ਮੇਰੈ ਸਤਿਗੁਰਿ ਪੂਰੈ ਹੋਈ ਸਰਬ ਕਲਿਆਣ ॥ ਰਹਾਉ ॥ (619-18)
बंधु पाइआ मेरै सतिगुरि पूरै होई सरब कलिआण ॥ रहाउ ॥

ਜੀਉ ਪਾਇ ਪਿੰਡੁ ਜਿਨਿ ਸਾਜਿਆ ਦਿਤਾ ਪੈਨਣੁ ਖਾਣੁ ॥ (619-19)
जीउ पाइ पिंडु जिनि साजिआ दिता पैनणु खाणु ॥

ਅਪਣੇ ਦਾਸ ਕੀ ਆਪਿ ਪੈਜ ਰਾਖੀ ਨਾਨਕ ਸਦ ਕੁਰਬਾਣੁ ॥੨॥੧੬॥੪੪॥ (619-19)
अपणे दास की आपि पैज राखी नानक सद कुरबाणु ॥२॥१६॥४४॥

ਸੋਰਠਿ ਮਹਲਾ ੫ ॥ (620-1)
सोरठि महला ५ ॥

ਦੁਰਤੁ ਗਵਾਇਆ ਹਰਿ ਪ੍ਰਭਿ ਆਪੇ ਸਭੁ ਸੰਸਾਰੁ ਉਬਾਰਿਆ ॥ (620-1)
दुरतु गवाइआ हरि प्रभि आपे सभु संसारु उबारिआ ॥

ਪਾਰਬ੍ਰਹਮਿ ਪ੍ਰਭਿ ਕਿਰਪਾ ਧਾਰੀ ਅਪਣਾ ਬਿਰਦੁ ਸਮਾਰਿਆ ॥੧॥ (620-2)
पारब्रहमि प्रभि किरपा धारी अपणा बिरदु समारिआ ॥१॥

ਹੋਈ ਰਾਜੇ ਰਾਮ ਕੀ ਰਖਵਾਲੀ ॥ (620-2)
होई राजे राम की रखवाली ॥

ਸੂਖ ਸਹਜ ਆਨਦ ਗੁਣ ਗਾਵਹੁ ਮਨੁ ਤਨੁ ਦੇਹ ਸੁਖਾਲੀ ॥ ਰਹਾਉ ॥ (620-3)
सूख सहज आनद गुण गावहु मनु तनु देह सुखाली ॥ रहाउ ॥

ਪਤਿਤ ਉਧਾਰਣੁ ਸਤਿਗੁਰੁ ਮੇਰਾ ਮੋਹਿ ਤਿਸ ਕਾ ਭਰਵਾਸਾ ॥ (620-3)
पतित उधारणु सतिगुरु मेरा मोहि तिस का भरवासा ॥

ਬਖਸਿ ਲਏ ਸਭਿ ਸਚੈ ਸਾਹਿਬਿ ਸੁਣਿ ਨਾਨਕ ਕੀ ਅਰਦਾਸਾ ॥੨॥੧੭॥੪੫॥ (620-4)
बखसि लए सभि सचै साहिबि सुणि नानक की अरदासा ॥२॥१७॥४५॥

ਸੋਰਠਿ ਮਹਲਾ ੫ ॥ (620-5)
सोरठि महला ५ ॥

ਬਖਸਿਆ ਪਾਰਬ੍ਰਹਮ ਪਰਮੇਸਰਿ ਸਗਲੇ ਰੋਗ ਬਿਦਾਰੇ ॥ (620-5)
बखसिआ पारब्रहम परमेसरि सगले रोग बिदारे ॥

ਗੁਰ ਪੂਰੇ ਕੀ ਸਰਣੀ ਉਬਰੇ ਕਾਰਜ ਸਗਲ ਸਵਾਰੇ ॥੧॥ (620-5)
गुर पूरे की सरणी उबरे कारज सगल सवारे ॥१॥

ਹਰਿ ਜਨਿ ਸਿਮਰਿਆ ਨਾਮ ਅਧਾਰਿ ॥ (620-6)
हरि जनि सिमरिआ नाम अधारि ॥

ਤਾਪੁ ਉਤਾਰਿਆ ਸਤਿਗੁਰਿ ਪੂਰੈ ਅਪਣੀ ਕਿਰਪਾ ਧਾਰਿ ॥ ਰਹਾਉ ॥ (620-6)
तापु उतारिआ सतिगुरि पूरै अपणी किरपा धारि ॥ रहाउ ॥

ਸਦਾ ਅਨੰਦ ਕਰਹ ਮੇਰੇ ਪਿਆਰੇ ਹਰਿ ਗੋਵਿਦੁ ਗੁਰਿ ਰਾਖਿਆ ॥ (620-7)
सदा अनंद करह मेरे पिआरे हरि गोविदु गुरि राखिआ ॥

ਵਡੀ ਵਡਿਆਈ ਨਾਨਕ ਕਰਤੇ ਕੀ ਸਾਚੁ ਸਬਦੁ ਸਤਿ ਭਾਖਿਆ ॥੨॥੧੮॥੪੬॥ (620-7)
वडी वडिआई नानक करते की साचु सबदु सति भाखिआ ॥२॥१८॥४६॥

ਸੋਰਠਿ ਮਹਲਾ ੫ ॥ (620-8)
सोरठि महला ५ ॥

ਭਏ ਕ੍ਰਿਪਾਲ ਸੁਆਮੀ ਮੇਰੇ ਤਿਤੁ ਸਾਚੈ ਦਰਬਾਰਿ ॥ (620-8)
भए क्रिपाल सुआमी मेरे तितु साचै दरबारि ॥

ਸਤਿਗੁਰਿ ਤਾਪੁ ਗਵਾਇਆ ਭਾਈ ਠਾਂਢਿ ਪਈ ਸੰਸਾਰਿ ॥ (620-9)
सतिगुरि तापु गवाइआ भाई ठांढि पई संसारि ॥

ਅਪਣੇ ਜੀਅ ਜੰਤ ਆਪੇ ਰਾਖੇ ਜਮਹਿ ਕੀਓ ਹਟਤਾਰਿ ॥੧॥ (620-9)
अपणे जीअ जंत आपे राखे जमहि कीओ हटतारि ॥१॥

ਹਰਿ ਕੇ ਚਰਣ ਰਿਦੈ ਉਰਿ ਧਾਰਿ ॥ (620-10)
हरि के चरण रिदै उरि धारि ॥

ਸਦਾ ਸਦਾ ਪ੍ਰਭੁ ਸਿਮਰੀਐ ਭਾਈ ਦੁਖ ਕਿਲਬਿਖ ਕਾਟਣਹਾਰੁ ॥੧॥ ਰਹਾਉ ॥ (620-10)
सदा सदा प्रभु सिमरीऐ भाई दुख किलबिख काटणहारु ॥१॥ रहाउ ॥

ਤਿਸ ਕੀ ਸਰਣੀ ਊਬਰੈ ਭਾਈ ਜਿਨਿ ਰਚਿਆ ਸਭੁ ਕੋਇ ॥ (620-11)
तिस की सरणी ऊबरै भाई जिनि रचिआ सभु कोइ ॥

ਕਰਣ ਕਾਰਣ ਸਮਰਥੁ ਸੋ ਭਾਈ ਸਚੈ ਸਚੀ ਸੋਇ ॥ (620-12)
करण कारण समरथु सो भाई सचै सची सोइ ॥

ਨਾਨਕ ਪ੍ਰਭੂ ਧਿਆਈਐ ਭਾਈ ਮਨੁ ਤਨੁ ਸੀਤਲੁ ਹੋਇ ॥੨॥੧੯॥੪੭॥ (620-12)
नानक प्रभू धिआईऐ भाई मनु तनु सीतलु होइ ॥२॥१९॥४७॥

ਸੋਰਠਿ ਮਹਲਾ ੫ ॥ (620-13)
सोरठि महला ५ ॥

ਸੰਤਹੁ ਹਰਿ ਹਰਿ ਨਾਮੁ ਧਿਆਈ ॥ (620-13)
संतहु हरि हरि नामु धिआई ॥

ਸੁਖ ਸਾਗਰ ਪ੍ਰਭੁ ਵਿਸਰਉ ਨਾਹੀ ਮਨ ਚਿੰਦਿਅੜਾ ਫਲੁ ਪਾਈ ॥੧॥ ਰਹਾਉ ॥ (620-13)
सुख सागर प्रभु विसरउ नाही मन चिंदिअड़ा फलु पाई ॥१॥ रहाउ ॥

ਸਤਿਗੁਰਿ ਪੂਰੈ ਤਾਪੁ ਗਵਾਇਆ ਅਪਣੀ ਕਿਰਪਾ ਧਾਰੀ ॥ (620-14)
सतिगुरि पूरै तापु गवाइआ अपणी किरपा धारी ॥

ਪਾਰਬ੍ਰਹਮ ਪ੍ਰਭ ਭਏ ਦਇਆਲਾ ਦੁਖੁ ਮਿਟਿਆ ਸਭ ਪਰਵਾਰੀ ॥੧॥ (620-15)
पारब्रहम प्रभ भए दइआला दुखु मिटिआ सभ परवारी ॥१॥

ਸਰਬ ਨਿਧਾਨ ਮੰਗਲ ਰਸ ਰੂਪਾ ਹਰਿ ਕਾ ਨਾਮੁ ਅਧਾਰੋ ॥ (620-15)
सरब निधान मंगल रस रूपा हरि का नामु अधारो ॥

ਨਾਨਕ ਪਤਿ ਰਾਖੀ ਪਰਮੇਸਰਿ ਉਧਰਿਆ ਸਭੁ ਸੰਸਾਰੋ ॥੨॥੨੦॥੪੮॥ (620-16)
नानक पति राखी परमेसरि उधरिआ सभु संसारो ॥२॥२०॥४८॥

ਸੋਰਠਿ ਮਹਲਾ ੫ ॥ (620-17)
सोरठि महला ५ ॥

ਮੇਰਾ ਸਤਿਗੁਰੁ ਰਖਵਾਲਾ ਹੋਆ ॥ (620-17)
मेरा सतिगुरु रखवाला होआ ॥

ਧਾਰਿ ਕ੍ਰਿਪਾ ਪ੍ਰਭ ਹਾਥ ਦੇ ਰਾਖਿਆ ਹਰਿ ਗੋਵਿਦੁ ਨਵਾ ਨਿਰੋਆ ॥੧॥ ਰਹਾਉ ॥ (620-17)
धारि क्रिपा प्रभ हाथ दे राखिआ हरि गोविदु नवा निरोआ ॥१॥ रहाउ ॥

ਤਾਪੁ ਗਇਆ ਪ੍ਰਭਿ ਆਪਿ ਮਿਟਾਇਆ ਜਨ ਕੀ ਲਾਜ ਰਖਾਈ ॥ (620-18)
तापु गइआ प्रभि आपि मिटाइआ जन की लाज रखाई ॥

ਸਾਧਸੰਗਤਿ ਤੇ ਸਭ ਫਲ ਪਾਏ ਸਤਿਗੁਰ ਕੈ ਬਲਿ ਜਾਂਈ ॥੧॥ (620-18)
साधसंगति ते सभ फल पाए सतिगुर कै बलि जांई ॥१॥

ਹਲਤੁ ਪਲਤੁ ਪ੍ਰਭ ਦੋਵੈ ਸਵਾਰੇ ਹਮਰਾ ਗੁਣੁ ਅਵਗੁਣੁ ਨ ਬੀਚਾਰਿਆ ॥ (620-19)
हलतु पलतु प्रभ दोवै सवारे हमरा गुणु अवगुणु न बीचारिआ ॥

ਅਟਲ ਬਚਨੁ ਨਾਨਕ ਗੁਰ ਤੇਰਾ ਸਫਲ ਕਰੁ ਮਸਤਕਿ ਧਾਰਿਆ ॥੨॥੨੧॥੪੯॥ (621-1)
अटल बचनु नानक गुर तेरा सफल करु मसतकि धारिआ ॥२॥२१॥४९॥

ਸੋਰਠਿ ਮਹਲਾ ੫ ॥ (621-2)
सोरठि महला ५ ॥

ਜੀਅ ਜੰਤ੍ਰ ਸਭਿ ਤਿਸ ਕੇ ਕੀਏ ਸੋਈ ਸੰਤ ਸਹਾਈ ॥ (621-2)
जीअ जंत्र सभि तिस के कीए सोई संत सहाई ॥

ਅਪੁਨੇ ਸੇਵਕ ਕੀ ਆਪੇ ਰਾਖੈ ਪੂਰਨ ਭਈ ਬਡਾਈ ॥੧॥ (621-2)
अपुने सेवक की आपे राखै पूरन भई बडाई ॥१॥

ਪਾਰਬ੍ਰਹਮੁ ਪੂਰਾ ਮੇਰੈ ਨਾਲਿ ॥ (621-3)
पारब्रहमु पूरा मेरै नालि ॥

ਗੁਰਿ ਪੂਰੈ ਪੂਰੀ ਸਭ ਰਾਖੀ ਹੋਏ ਸਰਬ ਦਇਆਲ ॥੧॥ ਰਹਾਉ ॥ (621-3)
गुरि पूरै पूरी सभ राखी होए सरब दइआल ॥१॥ रहाउ ॥

ਅਨਦਿਨੁ ਨਾਨਕੁ ਨਾਮੁ ਧਿਆਏ ਜੀਅ ਪ੍ਰਾਨ ਕਾ ਦਾਤਾ ॥ (621-4)
अनदिनु नानकु नामु धिआए जीअ प्रान का दाता ॥

ਅਪੁਨੇ ਦਾਸ ਕਉ ਕੰਠਿ ਲਾਇ ਰਾਖੈ ਜਿਉ ਬਾਰਿਕ ਪਿਤ ਮਾਤਾ ॥੨॥੨੨॥੫੦॥ (621-4)
अपुने दास कउ कंठि लाइ राखै जिउ बारिक पित माता ॥२॥२२॥५०॥

ਸੋਰਠਿ ਮਹਲਾ ੫ ਘਰੁ ੩ ਚਉਪਦੇ (621-6)
सोरठि महला ५ घरु ३ चउपदे

ੴ ਸਤਿਗੁਰ ਪ੍ਰਸਾਦਿ ॥ (621-6)
ੴ सतिगुर प्रसादि ॥

ਮਿਲਿ ਪੰਚਹੁ ਨਹੀ ਸਹਸਾ ਚੁਕਾਇਆ ॥ (621-7)
मिलि पंचहु नही सहसा चुकाइआ ॥

ਸਿਕਦਾਰਹੁ ਨਹ ਪਤੀਆਇਆ ॥ (621-7)
सिकदारहु नह पतीआइआ ॥

ਉਮਰਾਵਹੁ ਆਗੈ ਝੇਰਾ ॥ (621-7)
उमरावहु आगै झेरा ॥

ਮਿਲਿ ਰਾਜਨ ਰਾਮ ਨਿਬੇਰਾ ॥੧॥ (621-7)
मिलि राजन राम निबेरा ॥१॥

ਅਬ ਢੂਢਨ ਕਤਹੁ ਨ ਜਾਈ ॥ (621-8)
अब ढूढन कतहु न जाई ॥

ਗੋਬਿਦ ਭੇਟੇ ਗੁਰ ਗੋਸਾਈ ॥ ਰਹਾਉ ॥ (621-8)
गोबिद भेटे गुर गोसाई ॥ रहाउ ॥

ਆਇਆ ਪ੍ਰਭ ਦਰਬਾਰਾ ॥ (621-8)
आइआ प्रभ दरबारा ॥

ਤਾ ਸਗਲੀ ਮਿਟੀ ਪੂਕਾਰਾ ॥ (621-9)
ता सगली मिटी पूकारा ॥

ਲਬਧਿ ਆਪਣੀ ਪਾਈ ॥ (621-9)
लबधि आपणी पाई ॥

ਤਾ ਕਤ ਆਵੈ ਕਤ ਜਾਈ ॥੨॥ (621-9)
ता कत आवै कत जाई ॥२॥

ਤਹ ਸਾਚ ਨਿਆਇ ਨਿਬੇਰਾ ॥ (621-9)
तह साच निआइ निबेरा ॥

ਊਹਾ ਸਮ ਠਾਕੁਰੁ ਸਮ ਚੇਰਾ ॥ (621-10)
ऊहा सम ठाकुरु सम चेरा ॥

ਅੰਤਰਜਾਮੀ ਜਾਨੈ ॥ (621-10)
अंतरजामी जानै ॥

ਬਿਨੁ ਬੋਲਤ ਆਪਿ ਪਛਾਨੈ ॥੩॥ (621-10)
बिनु बोलत आपि पछानै ॥३ ॥

ਸਰਬ ਥਾਨ ਕੋ ਰਾਜਾ ॥ (621-11)
सरब थान को राजा ॥

ਤਹ ਅਨਹਦ ਸਬਦ ਅਗਾਜਾ ॥ (621-11)
तह अनहद सबद अगाजा ॥

ਤਿਸੁ ਪਹਿ ਕਿਆ ਚਤੁਰਾਈ ॥ (621-11)
तिसु पहि किआ चतुराई ॥

ਮਿਲੁ ਨਾਨਕ ਆਪੁ ਗਵਾਈ ॥੪॥੧॥੫੧॥ (621-11)
मिलु नानक आपु गवाई ॥४ ॥१ ॥५१ ॥

ਸੋਰਠਿ ਮਹਲਾ ੫ ॥ (621-12)
सोरठि महला ५ ॥

ਹਿਰਦੈ ਨਾਮੁ ਵਸਾਇਹੁ ॥ (621-12)
हिरदै नामु वसाइहु ॥

ਘਰਿ ਬੈਠੇ ਗੁਰੂ ਧਿਆਇਹੁ ॥ (621-12)
घरि बैठे गुरू धिआइहु ॥

ਗੁਰਿ ਪੂਰੈ ਸਚੁ ਕਹਿਆ ॥ (621-13)
गुरि पूरै सचु कहिआ ॥

ਸੋ ਸੁਖੁ ਸਾਚਾ ਲਹਿਆ ॥੧॥ (621-13)
सो सुखु साचा लहिआ ॥१ ॥

ਅਪੁਨਾ ਹੋਇਓ ਗੁਰੁ ਮਿਹਰਵਾਨਾ ॥ (621-13)
अपुना होइओ गुरु मिहरवाना ॥

ਅਨਦ ਸੂਖ ਕਲਿਆਣ ਮੰਗਲ ਸਿਉ ਘਰਿ ਆਏ ਕਰਿ ਇਸਨਾਨਾ ॥ ਰਹਾਉ ॥ (621-13)
अनद सूख कलिआण मंगल सिउ घरि आए करि इसनाना ॥ रहाउ ॥

ਸਾਚੀ ਗੁਰ ਵਡਿਆਈ ॥ (621-14)
साची गुर वडिआई ॥

ਤਾ ਕੀ ਕੀਮਤਿ ਕਹਣੁ ਨ ਜਾਈ ॥ (621-14)
ता की कीमति कहणु न जाई ॥

ਸਿਰਿ ਸਾਹਾ ਪਾਤਿਸਾਹਾ ॥ (621-15)
सिरि साहा पातिसाहा ॥

ਗੁਰ ਭੇਟਤ ਮਨਿ ਓਮਾਹਾ ॥੨॥ (621-15)
गुर भेटत मनि ओमाहा ॥२॥

ਸਗਲ ਪਰਾਛਤ ਲਾਥੇ ॥ (621-15)
सगल पराछत लाथे ॥

ਮਿਲਿ ਸਾਧਸੰਗਤਿ ਕੈ ਸਾਥੇ ॥ (621-15)
मिलि साधसंगति कै साथे ॥

ਗੁਣ ਨਿਧਾਨ ਹਰਿ ਨਾਮਾ ॥ (621-16)
गुण निधान हरि नामा ॥

ਜਪਿ ਪੂਰਨ ਹੋਏ ਕਾਮਾ ॥੩॥ (621-16)
जपि पूरन होए कामा ॥३॥

ਗੁਰਿ ਕੀਨੋ ਮੁਕਤਿ ਦੁਆਰਾ ॥ (621-16)
गुरि कीनो मुकति दुआरा ॥

ਸਭ ਸ੍ਰਿਸਟਿ ਕਰੈ ਜੈਕਾਰਾ ॥ (621-17)
सभ स्रिसटि करै जैकारा ॥

ਨਾਨਕ ਪ੍ਰਭੁ ਮੇਰੈ ਸਾਥੇ ॥ (621-17)
नानक प्रभु मेरै साथे ॥

ਜਨਮ ਮਰਣ ਭੈ ਲਾਥੇ ॥੪॥੨॥੫੨॥ (621-17)
जनम मरण भै लाथे ॥४॥२॥५२॥

ਸੋਰਠਿ ਮਹਲਾ ੫ ॥ (621-18)
सोरठि महला ५ ॥

ਗੁਰਿ ਪੂਰੈ ਕਿਰਪਾ ਧਾਰੀ ॥ (621-18)
गुरि पूरै किरपा धारी ॥

ਪ੍ਰਭਿ ਪੂਰੀ ਲੋਚ ਹਮਾਰੀ ॥ (621-18)
प्रभि पूरी लोच हमारी ॥

ਕਰਿ ਇਸਨਾਨੁ ਗ੍ਰਿਹਿ ਆਏ ॥ (621-18)
करि इसनानु ग्रिहि आए ॥

ਅਨਦ ਮੰਗਲ ਸੁਖ ਪਾਏ ॥੧॥ (621-19)
अनद मंगल सुख पाए ॥१॥

ਸੰਤਹੁ ਰਾਮ ਨਾਮਿ ਨਿਸਤਰੀਐ ॥ (621-19)
संतहु राम नामि निसतरीऐ ॥

ਊਠਤ ਬੈਠਤ ਹਰਿ ਹਰਿ ਧਿਆਈਐ ਅਨਦਿਨੁ ਸੁਕ੍ਰਿਤੁ ਕਰੀਐ ॥੧॥ ਰਹਾਉ ॥ (621-19)
ऊठत बैठत हरि हरि धिआईऐ अनदिनु सुक्रितु करीऐ ॥१॥ रहाउ ॥

ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥ (622-1)
संत का मारगु धरम की पउड़ी को वडभागी पाए ॥

ਕੋਟਿ ਜਨਮ ਕੇ ਕਿਲਬਿਖ ਨਾਸੇ ਹਰਿ ਚਰਣੀ ਚਿਤੁ ਲਾਏ ॥੨॥ (622-1)
कोटि जनम के किलबिख नासे हरि चरणी चितु लाए ॥२॥

ਉਸਤਤਿ ਕਰਹੁ ਸਦਾ ਪ੍ਰਭ ਅਪਨੇ ਜਿਨਿ ਪੂਰੀ ਕਲ ਰਾਖੀ ॥ (622-2)
उसतति करहु सदा प्रभ अपने जिनि पूरी कल राखी ॥

ਜੀਅ ਜੰਤ ਸਭਿ ਭਏ ਪਵਿਤ੍ਰਾ ਸਤਿਗੁਰ ਕੀ ਸਚੁ ਸਾਖੀ ॥੩॥ (622-3)
जीअ जंत सभि भए पवित्रा सतिगुर की सचु साखी ॥३॥

ਬਿਘਨ ਬਿਨਾਸਨ ਸਭਿ ਦੁਖ ਨਾਸਨ ਸਤਿਗੁਰਿ ਨਾਮੁ ਦ੍ਰਿੜਾਇਆ ॥ (622-3)
बिघन बिनासन सभि दुख नासन सतिगुरि नामु द्रिड़ाइआ ॥

ਖੋਏ ਪਾਪ ਭਏ ਸਭਿ ਪਾਵਨ ਜਨ ਨਾਨਕ ਸੁਖਿ ਘਰਿ ਆਇਆ ॥੪॥੩॥੫੩॥ (622-4)
खोए पाप भए सभि पावन जन नानक सुखि घरि आइआ ॥४॥३॥५३॥

ਸੋਰਠਿ ਮਹਲਾ ੫ ॥ (622-5)
सोरठि महला ५ ॥

ਸਾਹਿਬੁ ਗੁਨੀ ਗਹੇਰਾ ॥ (622-5)
साहिबु गुनी गहेरा ॥

ਘਰੁ ਲਸਕਰੁ ਸਭੁ ਤੇਰਾ ॥ (622-5)
घरु लसकरु सभु तेरा ॥

ਰਖਵਾਲੇ ਗੁਰ ਗੋਪਾਲਾ ॥ (622-5)
रखवाले गुर गोपाला ॥

ਸਭਿ ਜੀਅ ਭਏ ਦਇਆਲਾ ॥੧॥ (622-5)
सभि जीअ भए दइआला ॥१॥

ਜਪਿ ਅਨਦਿ ਰਹਉ ਗੁਰ ਚਰਣਾ ॥ (622-6)
जपि अनदि रहउ गुर चरणा ॥

ਭਉ ਕਤਹਿ ਨਹੀ ਪ੍ਰਭ ਸਰਣਾ ॥ ਰਹਾਉ ॥ (622-6)
भउ कतहि नही प्रभ सरणा ॥ रहाउ ॥

ਤੇਰਿਆ ਦਾਸਾ ਰਿਦੈ ਮੁਰਾਰੀ ॥ (622-6)
तेरिआ दासा रिदै मुरारी ॥

ਪ੍ਰਭਿ ਅਬਿਚਲ ਨੀਵ ਉਸਾਰੀ ॥ (622-7)
प्रभि अबिचल नीव उसारी ॥

ਬਲੁ ਧਨੁ ਤਕੀਆ ਤੇਰਾ ॥ (622-7)
बलु धनु तकीआ तेरा ॥

ਤੂ ਭਾਰੋ ਠਾਕੁਰੁ ਮੇਰਾ ॥੨॥ (622-7)
तू भारो ठाकुरु मेरा ॥२॥

ਜਿਨਿ ਜਿਨਿ ਸਾਧਸੰਗੁ ਪਾਇਆ ॥ (622-8)
जिनि जिनि साधसंगु पाइआ ॥

ਸੋ ਪ੍ਰਭਿ ਆਪਿ ਤਰਾਇਆ ॥ (622-8)
सो प्रभि आपि तराइआ ॥

ਕਰਿ ਕਿਰਪਾ ਨਾਮ ਰਸੁ ਦੀਆ ॥ (622-8)
करि किरपा नाम रसु दीआ ॥

ਕੁਸਲ ਖੇਮ ਸਭ ਥੀਆ ॥੩॥ (622-8)
कुसल खेम सभ थीआ ॥३॥

ਹੋਏ ਪ੍ਰਭੂ ਸਹਾਈ ॥ (622-9)
होए प्रभू सहाई ॥

ਸਭ ਉਠਿ ਲਾਗੀ ਪਾਈ ॥ (622-9)
सभ उठि लागी पाई ॥

ਸਾਸਿ ਸਾਸਿ ਪ੍ਰਭੁ ਧਿਆਈਐ ॥ (622-9)
सासि सासि प्रभु धिआईऐ ॥

ਹਰਿ ਮੰਗਲੁ ਨਾਨਕ ਗਾਈਐ ॥੪॥੪॥੫੪॥ (622-9)
हरि मंगलु नानक गाईऐ ॥४॥४॥५४॥

ਸੋਰਠਿ ਮਹਲਾ ੫ ॥ (622-10)
सोरठि महला ५ ॥

ਸੂਖ ਸਹਜ ਆਨੰਦਾ ॥ (622-10)
सूख सहज आनंदा ॥

ਪ੍ਰਭੁ ਮਿਲਿਓ ਮਨਿ ਭਾਵੰਦਾ ॥ (622-10)
प्रभु मिलिओ मनि भावंदा ॥

ਪੂਰੈ ਗੁਰਿ ਕਿਰਪਾ ਧਾਰੀ ॥ (622-11)
पूरै गुरि किरपा धारी ॥

ਤਾ ਗਤਿ ਭਈ ਹਮਾਰੀ ॥੧॥ (622-11)
ता गति भई हमारी ॥१॥

ਹਰਿ ਕੀ ਪ੍ਰੇਮ ਭਗਤਿ ਮਨੁ ਲੀਨਾ ॥ (622-11)
हरि की प्रेम भगति मनु लीना ॥

ਨਿਤ ਬਾਜੇ ਅਨਹਤ ਬੀਨਾ ॥ ਰਹਾਉ ॥ (622-11)
नित बाजे अनहत बीना ॥ रहाउ ॥

ਹਰਿ ਚਰਣ ਕੀ ਓਟ ਸਤਾਣੀ ॥ (622-12)
हरि चरण की ओट सताणी ॥

ਸਭ ਚੂਕੀ ਕਾਣਿ ਲੋਕਾਣੀ ॥ (622-12)
सभ चूकी काणि लोकाणी ॥

ਜਗਜੀਵਨੁ ਦਾਤਾ ਪਾਇਆ ॥ (622-12)
जगजीवनु दाता पाइआ ॥

ਹਰਿ ਰਸਕਿ ਰਸਕਿ ਗੁਣ ਗਾਇਆ ॥੨॥ (622-13)
हरि रसकि रसकि गुण गाइआ ॥२॥

ਪ੍ਰਭ ਕਾਟਿਆ ਜਮ ਕਾ ਫਾਸਾ ॥ (622-13)
प्रभ काटिआ जम का फासा ॥

ਮਨ ਪੂਰਨ ਹੋਈ ਆਸਾ ॥ (622-13)
मन पूरन होई आसा ॥

ਜਹ ਪੇਖਾ ਤਹ ਸੋਈ ॥ (622-14)
जह पेखा तह सोई ॥

ਹਰਿ ਪ੍ਰਭ ਬਿਨੁ ਅਵਰੁ ਨ ਕੋਈ ॥੩॥ (622-14)
हरि प्रभ बिनु अवरु न कोई ॥३॥

ਕਰਿ ਕਿਰਪਾ ਪ੍ਰਭਿ ਰਾਖੇ ॥ (622-14)
करि किरपा प्रभि राखे ॥

ਸਭਿ ਜਨਮ ਜਨਮ ਦੁਖ ਲਾਥੇ ॥ (622-14)
सभि जनम जनम दुख लाथे ॥

ਨਿਰਭਉ ਨਾਮੁ ਧਿਆਇਆ ॥ (622-15)
निरभउ नामु धिआइआ ॥

ਅਟਲ ਸੁਖੁ ਨਾਨਕ ਪਾਇਆ ॥੪॥੫॥੫੫॥ (622-15)
अटल सुखु नानक पाइआ ॥४॥५॥५५॥

ਸੋਰਠਿ ਮਹਲਾ ੫ ॥ (622-15)
सोरठि महला ५ ॥

ਠਾਢਿ ਪਾਈ ਕਰਤਾਰੇ ॥ (622-16)
ठाढि पाई करतारे ॥

ਤਾਪੁ ਛੋਡਿ ਗਇਆ ਪਰਵਾਰੇ ॥ (622-16)
तापु छोडि गइआ परवारे ॥

ਗੁਰਿ ਪੂਰੈ ਹੈ ਰਾਖੀ ॥ (622-16)
गुरि पूरै है राखी ॥

ਸਰਣਿ ਸਚੇ ਕੀ ਤਾਕੀ ॥੧॥ (622-16)
सरणि सचे की ताकी ॥१॥

ਪਰਮੇਸਰੁ ਆਪਿ ਹੋਆ ਰਖਵਾਲਾ ॥ (622-17)
परमेसरु आपि होआ रखवाला ॥

ਸਾਂਤਿ ਸਹਜ ਸੁਖ ਖਿਨ ਮਹਿ ਉਪਜੇ ਮਨੁ ਹੋਆ ਸਦਾ ਸੁਖਾਲਾ ॥ ਰਹਾਉ ॥ (622-17)
सांति सहज सुख खिन महि उपजे मनु होआ सदा सुखाला ॥ रहाउ ॥

ਹਰਿ ਹਰਿ ਨਾਮੁ ਦੀਓ ਦਾਰੂ ॥ (622-18)
हरि हरि नामु दीओ दारू ॥

ਤਿਨਿ ਸਗਲਾ ਰੋਗੁ ਬਿਦਾਰੂ ॥ (622-18)
तिनि सगला रोगु बिदारू ॥

ਅਪਣੀ ਕਿਰਪਾ ਧਾਰੀ ॥ (622-18)
अपणी किरपा धारी ॥

ਤਿਨਿ ਸਗਲੀ ਬਾਤ ਸਵਾਰੀ ॥੨॥ (622-18)
तिनि सगली बात सवारी ॥२॥

ਪ੍ਰਭਿ ਅਪਨਾ ਬਿਰਦੁ ਸਮਾਰਿਆ ॥ (622-19)
प्रभि अपना बिरदु समारिआ ॥

ਹਮਰਾ ਗੁਣੁ ਅਵਗੁਣੁ ਨ ਬੀਚਾਰਿਆ ॥ (622-19)
हमरा गुणु अवगुणु न बीचारिआ ॥

ਗੁਰ ਕਾ ਸਬਦੁ ਭਇਓ ਸਾਖੀ ॥ (622-19)
गुर का सबदु भइओ साखी ॥

ਤਿਨਿ ਸਗਲੀ ਲਾਜ ਰਾਖੀ ॥੩॥ (623-1)
तिनि सगली लाज राखी ॥३॥

ਬੋਲਾਇਆ ਬੋਲੀ ਤੇਰਾ ॥ (623-1)
बोलाइआ बोली तेरा ॥

ਤੂ ਸਾਹਿਬੁ ਗੁਣੀ ਗਹੇਰਾ ॥ (623-1)
तू साहिबु गुणी गहेरा ॥

ਜਪਿ ਨਾਨਕ ਨਾਮੁ ਸਚੁ ਸਾਖੀ ॥ (623-1)
जपि नानक नामु सचु साखी ॥

ਅਪੁਨੇ ਦਾਸ ਕੀ ਪੈਜ ਰਾਖੀ ॥੪॥੬॥੫੬॥ (623-2)
अपुने दास की पैज राखी ॥४॥६॥५६॥

ਸੋਰਠਿ ਮਹਲਾ ੫ ॥ (623-2)
सोरठि महला ५ ॥

ਵਿਚਿ ਕਰਤਾ ਪੁਰਖੁ ਖਲੋਆ ॥ (623-2)
विचि करता पुरखु खलोआ ॥

ਵਾਲੁ ਨ ਵਿੰਗਾ ਹੋਆ ॥ (623-3)
वालु न विंगा होआ ॥

ਮਜਨੁ ਗੁਰ ਆਂਦਾ ਰਾਸੇ ॥ (623-3)
मजनु गुर आंदा रासे ॥

ਜਪਿ ਹਰਿ ਹਰਿ ਕਿਲਵਿਖ ਨਾਸੇ ॥੧॥ (623-3)
जपि हरि हरि किलविख नासे ॥१॥

ਸੰਤਹੁ ਰਾਮਦਾਸ ਸਰੋਵਰੁ ਨੀਕਾ ॥ (623-4)
संतहु रामदास सरोवरु नीका ॥

ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ ॥੧॥ ਰਹਾਉ ॥ (623-4)
जो नावै सो कुलु तरावै उधारु होआ है जी का ॥१॥ रहाउ ॥

ਜੈ ਜੈ ਕਾਰੁ ਜਗੁ ਗਾਵੈ ॥ (623-5)
जै जै कारु जगु गावै ॥

ਮਨ ਚਿੰਦਿਅੜੇ ਫਲ ਪਾਵੈ ॥ (623-5)
मन चिंदिअड़े फल पावै ॥

ਸਹੀ ਸਲਾਮਤਿ ਨਾਇ ਆਏ ॥ (623-5)
सही सलामति नाइ आए ॥

ਅਪਣਾ ਪ੍ਰਭੂ ਧਿਆਏ ॥੨॥ (623-5)
अपणा प्रभू धिआए ॥२॥

ਸੰਤ ਸਰੋਵਰ ਨਾਵੈ ॥ (623-6)
संत सरोवर नावै ॥

ਸੋ ਜਨੁ ਪਰਮ ਗਤਿ ਪਾਵੈ ॥ (623-6)
सो जनु परम गति पावै ॥

ਮਰੈ ਨ ਆਵੈ ਜਾਈ ॥ (623-6)
मरै न आवै जाई ॥

ਹਰਿ ਹਰਿ ਨਾਮੁ ਧਿਆਈ ॥੩॥ (623-6)
हरि हरि नामु धिआई ॥३॥

ਇਹੁ ਬ੍ਰਹਮ ਬਿਚਾਰੁ ਸੁ ਜਾਨੈ ॥ (623-7)
इहु ब्रहम बिचारु सु जानै ॥

ਜਿਸੁ ਦਇਆਲੁ ਹੋਇ ਭਗਵਾਨੈ ॥ (623-7)
जिसु दइआलु होइ भगवानै ॥

ਬਾਬਾ ਨਾਨਕ ਪ੍ਰਭ ਸਰਣਾਈ ॥ (623-7)
बाबा नानक प्रभ सरणाई ॥

ਸਭ ਚਿੰਤਾ ਗਣਤ ਮਿਟਾਈ ॥੪॥੭॥੫੭॥ (623-7)
सभ चिंता गणत मिटाई ॥४॥७॥५७॥

ਸੋਰਠਿ ਮਹਲਾ ੫ ॥ (623-8)
सोरठि महला ५ ॥

ਪਾਰਬ੍ਰਹਮਿ ਨਿਬਾਹੀ ਪੂਰੀ ॥ (623-8)
पारब्रहमि निबाही पूरी ॥

ਕਾਈ ਬਾਤ ਨ ਰਹੀਆ ਊਰੀ ॥ (623-8)
काई बात न रहीआ ऊरी ॥

ਗੁਰਿ ਚਰਨ ਲਾਇ ਨਿਸਤਾਰੇ ॥ (623-9)
गुरि चरन लाइ निसतारे ॥

ਹਰਿ ਹਰਿ ਨਾਮੁ ਸਮ੍ਹਾਰੇ ॥੧॥ (623-9)
हरि हरि नामु सम्हारे ॥१॥

ਅਪਨੇ ਦਾਸ ਕਾ ਸਦਾ ਰਖਵਾਲਾ ॥ (623-9)
अपने दास का सदा रखवाला ॥

ਕਰਿ ਕਿਰਪਾ ਅਪੁਨੇ ਕਰਿ ਰਾਖੇ ਮਾਤ ਪਿਤਾ ਜਿਉ ਪਾਲਾ ॥੧॥ ਰਹਾਉ ॥ (623-10)
करि किरपा अपुने करि राखे मात पिता जिउ पाला ॥१॥ रहाउ ॥

ਵਡਭਾਗੀ ਸਤਿਗੁਰੁ ਪਾਇਆ ॥ (623-10)
वडभागी सतिगुरु पाइआ ॥

ਜਿਨਿ ਜਮ ਕਾ ਪੰਥੁ ਮਿਟਾਇਆ ॥ (623-11)
जिनि जम का पंथु मिटाइआ ॥

ਹਰਿ ਭਗਤਿ ਭਾਇ ਚਿਤੁ ਲਾਗਾ ॥ (623-11)
हरि भगति भाइ चितु लागा ॥

ਜਪਿ ਜੀਵਹਿ ਸੇ ਵਡਭਾਗਾ ॥੨॥ (623-11)
जपि जीवहि से वडभागा ॥२॥

ਹਰਿ ਅੰਮ੍ਰਿਤ ਬਾਣੀ ਗਾਵੈ ॥ (623-11)
हरि अमृत बाणी गावै ॥

ਸਾਧਾ ਕੀ ਧੂਰੀ ਨਾਵੈ ॥ (623-12)
साधा की धूरी नावै ॥

ਅਪੁਨਾ ਨਾਮੁ ਆਪੇ ਦੀਆ ॥ (623-12)
अपुना नामु आपे दीआ ॥

ਪ੍ਰਭ ਕਰਣਹਾਰ ਰਖਿ ਲੀਆ ॥੩॥ (623-12)
प्रभ करणहार रखि लीआ ॥३॥

ਹਰਿ ਦਰਸਨ ਪ੍ਰਾਨ ਅਧਾਰਾ ॥ (623-13)
हरि दरसन प्रान अधारा ॥

ਇਹੁ ਪੂਰਨ ਬਿਮਲ ਬੀਚਾਰਾ ॥ (623-13)
इहु पूरन बिमल बीचारा ॥

ਕਰਿ ਕਿਰਪਾ ਅੰਤਰਜਾਮੀ ॥ (623-13)
करि किरपा अंतरजामी ॥

ਦਾਸ ਨਾਨਕ ਸਰਣਿ ਸੁਆਮੀ ॥੪॥੮॥੫੮॥ (623-13)
दास नानक सरणि सुआमी ॥४॥८॥५८॥

ਸੋਰਠਿ ਮਹਲਾ ੫ ॥ (623-14)
सोरठि महला ५ ॥

ਗੁਰਿ ਪੂਰੈ ਚਰਨੀ ਲਾਇਆ ॥ (623-14)
गुरि पूरै चरनी लाइआ ॥

ਹਰਿ ਸੰਗਿ ਸਹਾਈ ਪਾਇਆ ॥ (623-14)
हरि संगि सहाई पाइआ ॥

ਜਹ ਜਾਈਐ ਤਹਾ ਸੁਹੇਲੇ ॥ (623-15)
जह जाईऐ तहा सुहेले ॥

ਕਰਿ ਕਿਰਪਾ ਪ੍ਰਭਿ ਮੇਲੇ ॥੧॥ (623-15)
करि किरपा प्रभि मेले ॥१॥

ਹਰਿ ਗੁਣ ਗਾਵਹੁ ਸਦਾ ਸੁਭਾਈ ॥ (623-15)
हरि गुण गावहु सदा सुभाई ॥

ਮਨ ਚਿੰਦੇ ਸਗਲੇ ਫਲ ਪਾਵਹੁ ਜੀਅ ਕੈ ਸੰਗਿ ਸਹਾਈ ॥੧॥ ਰਹਾਉ ॥ (623-16)
मन चिंदे सगले फल पावहु जीअ कै संगि सहाई ॥१॥ रहाउ ॥

ਨਾਰਾਇਣ ਪ੍ਰਾਣ ਅਧਾਰਾ ॥ (623-16)
नाराइण प्राण अधारा ॥

ਹਮ ਸੰਤ ਜਨਾਂ ਰੇਨਾਰਾ ॥ (623-16)
हम संत जनां रेनारा ॥

ਪਤਿਤ ਪੁਨੀਤ ਕਰਿ ਲੀਨੇ ॥ (623-17)
पतित पुनीत करि लीने ॥

ਕਰਿ ਕਿਰਪਾ ਹਰਿ ਜਸੁ ਦੀਨੇ ॥੨॥ (623-17)
करि किरपा हरि जसु दीने ॥२॥

ਪਾਰਬ੍ਰਹਮੁ ਕਰੇ ਪ੍ਰਤਿਪਾਲਾ ॥ (623-17)
पारब्रहमु करे प्रतिपाला ॥

ਸਦ ਜੀਅ ਸੰਗਿ ਰਖਵਾਲਾ ॥ (623-18)
सद जीअ संगि रखवाला ॥

ਹਰਿ ਦਿਨੁ ਰੈਨਿ ਕੀਰਤਨੁ ਗਾਈਐ ॥ (623-18)
हरि दिनु रैनि कीरतनु गाईऐ ॥

ਬਹੁੜਿ ਨ ਜੋਨੀ ਪਾਈਐ ॥੩॥ (623-18)
बहुड़ि न जोनी पाईऐ ॥३॥

ਜਿਸੁ ਦੇਵੈ ਪੁਰਖੁ ਬਿਧਾਤਾ ॥ (623-19)
जिसु देवै पुरखु बिधाता ॥

ਹਰਿ ਰਸੁ ਤਿਨ ਹੀ ਜਾਤਾ ॥ (623-19)
हरि रसु तिन ही जाता ॥

ਜਮਕੰਕਰੁ ਨੇੜਿ ਨ ਆਇਆ ॥ (623-19)
जमकंकरु नेड़ि न आइआ ॥

ਸੁਖੁ ਨਾਨਕ ਸਰਣੀ ਪਾਇਆ ॥੪॥੯॥੫੯॥ (623-19)
सुखु नानक सरणी पाइआ ॥४॥९॥५९॥

ਸੋਰਠਿ ਮਹਲਾ ੫ ॥ (624-1)
सोरठि महला ५ ॥

ਗੁਰਿ ਪੂਰੈ ਕੀਤੀ ਪੂਰੀ ॥ (624-1)
गुरि पूरै कीती पूरी ॥

ਪ੍ਰਭੁ ਰਵਿ ਰਹਿਆ ਭਰਪੂਰੀ ॥ (624-1)
प्रभु रवि रहिआ भरपूरी ॥

ਖੇਮ ਕੁਸਲ ਭਇਆ ਇਸਨਾਨਾ ॥ (624-2)
खेम कुसल भइआ इसनाना ॥

ਪਾਰਬ੍ਰਹਮ ਵਿਟਹੁ ਕੁਰਬਾਨਾ ॥੧॥ (624-2)
पारब्रहम विटहु कुरबाना ॥१॥

ਗੁਰ ਕੇ ਚਰਨ ਕਵਲ ਰਿਦ ਧਾਰੇ ॥ (624-2)
गुर के चरन कवल रिद धारे ॥

ਬਿਘਨੁ ਨ ਲਾਗੈ ਤਿਲ ਕਾ ਕੋਈ ਕਾਰਜ ਸਗਲ ਸਵਾਰੇ ॥੧॥ ਰਹਾਉ ॥ (624-3)
बिघनु न लागै तिल का कोई कारज सगल सवारे ॥१॥ रहाउ ॥

ਮਿਲਿ ਸਾਧੂ ਦੁਰਮਤਿ ਖੋਏ ॥ (624-3)
मिलि साधू दुरमति खोए ॥

ਪਤਿਤ ਪੁਨੀਤ ਸਭ ਹੋਏ ॥ (624-3)
पतित पुनीत सभ होए ॥

ਰਾਮਦਾਸਿ ਸਰੋਵਰ ਨਾਤੇ ॥ (624-4)
रामदासि सरोवर नाते ॥

ਸਭ ਲਾਥੇ ਪਾਪ ਕਮਾਤੇ ॥੨॥ (624-4)
सभ लाथे पाप कमाते ॥२॥

ਗੁਨ ਗੋਬਿੰਦ ਨਿਤ ਗਾਈਐ ॥ (624-4)
गुन गोबिंद नित गाईऐ ॥

ਸਾਧਸੰਗਿ ਮਿਲਿ ਧਿਆਈਐ ॥ (624-5)
साधसंगि मिलि धिआईऐ ॥

ਮਨ ਬਾਂਛਤ ਫਲ ਪਾਏ ॥ (624-5)
मन बांछत फल पाए ॥

ਗੁਰੁ ਪੂਰਾ ਰਿਦੈ ਧਿਆਏ ॥੩॥ (624-5)
गुरु पूरा रिदै धिआए ॥३॥

ਗੁਰ ਗੋਪਾਲ ਆਨੰਦਾ ॥ (624-5)
गुर गोपाल आनंदा ॥

ਜਪਿ ਜਪਿ ਜੀਵੈ ਪਰਮਾਨੰਦਾ ॥ (624-6)
जपि जपि जीवै परमानंदा ॥

ਜਨ ਨਾਨਕ ਨਾਮੁ ਧਿਆਇਆ ॥ (624-6)
जन नानक नामु धिआइआ ॥

ਪ੍ਰਭ ਅਪਨਾ ਬਿਰਦੁ ਰਖਾਇਆ ॥੪॥੧੦॥੬੦॥ (624-6)
प्रभ अपना बिरदु रखाइआ ॥४॥१०॥६०॥

ਰਾਗੁ ਸੋਰਠਿ ਮਹਲਾ ੫ ॥ (624-7)
रागु सोरठि महला ५ ॥

ਦਹ ਦਿਸ ਛਤ੍ਰ ਮੇਘ ਘਟਾ ਘਟ ਦਾਮਨਿ ਚਮਕਿ ਡਰਾਇਓ ॥ (624-7)
दह दिस छत्र मेघ घटा घट दामनि चमकि डराइओ ॥

ਸੇਜ ਇਕੇਲੀ ਨੀਦ ਨਹੁ ਨੈਨਹ ਪਿਰੁ ਪਰਦੇਸਿ ਸਿਧਾਇਓ ॥੧॥ (624-7)
सेज इकेली नीद नहु नैनह पिरु परदेसि सिधाइओ ॥१॥

ਹੁਣਿ ਨਹੀ ਸੰਦੇਸਰੋ ਮਾਇਓ ॥ (624-8)
हुणि नही संदेसरो माइओ ॥

ਏਕ ਕੋਸਰੋ ਸਿਧਿ ਕਰਤ ਲਾਲੁ ਤਬ ਚਤੁਰ ਪਾਤਰੋ ਆਇਓ ॥ ਰਹਾਉ ॥ (624-8)
एक कोसरो सिधि करत लालु तब चतुर पातरो आइओ ॥ रहाउ ॥

ਕਿਉ ਬਿਸਰੈ ਇਹੁ ਲਾਲੁ ਪਿਆਰੋ ਸਰਬ ਗੁਣਾ ਸੁਖਦਾਇਓ ॥ (624-9)
किउ बिसरै इहु लालु पिआरो सरब गुणा सुखदाइओ ॥

ਮੰਦਰਿ ਚਰਿ ਕੈ ਪੰਥੁ ਨਿਹਾਰਉ ਨੈਨ ਨੀਰਿ ਭਰਿ ਆਇਓ ॥੨॥ (624-10)
मंदरि चरि कै पंथु निहारउ नैन नीरि भरि आइओ ॥२॥

ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥ (624-10)
हउ हउ भीति भइओ है बीचो सुनत देसि निकटाइओ ॥

ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥੩॥ (624-11)
भांभीरी के पात परदो बिनु पेखे दूराइओ ॥३॥

ਭਇਓ ਕਿਰਪਾਲੁ ਸਰਬ ਕੋ ਠਾਕੁਰੁ ਸਗਰੋ ਦੂਖੁ ਮਿਟਾਇਓ ॥ (624-11)
भइओ किरपालु सरब को ठाकुरु सगरो दूखु मिटाइओ ॥

ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ ਤਉ ਦਇਆਰੁ ਬੀਠਲੋ ਪਾਇਓ ॥੪॥ (624-12)
कहु नानक हउमै भीति गुरि खोई तउ दइआरु बीठलो पाइओ ॥४॥

ਸਭੁ ਰਹਿਓ ਅੰਦੇਸਰੋ ਮਾਇਓ ॥ (624-12)
सभु रहिओ अंदेसरो माइओ ॥

ਜੋ ਚਾਹਤ ਸੋ ਗੁਰੂ ਮਿਲਾਇਓ ॥ (624-13)
जो चाहत सो गुरू मिलाइओ ॥

ਸਰਬ ਗੁਨਾ ਨਿਧਿ ਰਾਇਓ ॥ ਰਹਾਉ ਦੂਜਾ ॥੧੧॥੬੧॥ (624-13)
सरब गुना निधि राइओ ॥ रहाउ दूजा ॥११॥६१॥

ਸੋਰਠਿ ਮਹਲਾ ੫ ॥ (624-14)
सोरठि महला ५ ॥

ਗਈ ਬਹੋੜੁ ਬੰਦੀ ਛੋੜੁ ਨਿਰੰਕਾਰੁ ਦੁਖਦਾਰੀ ॥ (624-14)
गई बहोड़ु बंदी छोड़ु निरंकारु दुखदारी ॥

ਕਰਮੁ ਨ ਜਾਣਾ ਧਰਮੁ ਨ ਜਾਣਾ ਲੋਭੀ ਮਾਇਆਧਾਰੀ ॥ (624-14)
करमु न जाणा धरमु न जाणा लोभी माइआधारी ॥

ਨਾਮੁ ਪਰਿਓ ਭਗਤੁ ਗੋਵਿੰਦ ਕਾ ਇਹ ਰਾਖਹੁ ਪੈਜ ਤੁਮਾਰੀ ॥੧॥ (624-15)
नामु परिओ भगतु गोविंद का इह राखहु पैज तुमारी ॥१॥

ਹਰਿ ਜੀਉ ਨਿਮਾਣਿਆ ਤੂ ਮਾਣੁ ॥ (624-15)
हरि जीउ निमाणिआ तू माणु ॥

ਨਿਚੀਜਿਆ ਚੀਜ ਕਰੇ ਮੇਰਾ ਗੋਵਿੰਦੁ ਤੇਰੀ ਕੁਦਰਤਿ ਕਉ ਕੁਰਬਾਣੁ ॥ ਰਹਾਉ ॥ (624-16)
निचीजिआ चीज करे मेरा गोविंदु तेरी कुदरति कउ कुरबाणु ॥ रहाउ ॥

ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥ (624-16)
जैसा बालकु भाइ सुभाई लख अपराध कमावै ॥

ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ ॥ (624-17)
करि उपदेसु झिड़के बहु भाती बहुड़ि पिता गलि लावै ॥

ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥੨॥ (624-17)
पिछले अउगुण बखसि लए प्रभु आगै मारगि पावै ॥२॥

ਹਰਿ ਅੰਤਰਜਾਮੀ ਸਭ ਬਿਧਿ ਜਾਣੈ ਤਾ ਕਿਸੁ ਪਹਿ ਆਖਿ ਸੁਣਾਈਐ ॥ (624-18)
हरि अंतरजामी सभ बिधि जाणै ता किसु पहि आखि सुणाईऐ ॥

ਕਹਣੈ ਕਥਨਿ ਨ ਭੀਜੈ ਗੋਬਿੰਦੁ ਹਰਿ ਭਾਵੈ ਪੈਜ ਰਖਾਈਐ ॥ (624-19)
कहणै कथनि न भीजै गोबिंदु हरि भावै पैज रखाईऐ ॥

ਅਵਰ ਓਟ ਮੈ ਸਗਲੀ ਦੇਖੀ ਇਕ ਤੇਰੀ ਓਟ ਰਹਾਈਐ ॥੩॥ (624-19)
अवर ओट मै सगली देखी इक तेरी ओट रहाईऐ ॥३॥

ਹੋਇ ਦਇਆਲੁ ਕਿਰਪਾਲੁ ਪ੍ਰਭੁ ਠਾਕੁਰੁ ਆਪੇ ਸੁਣੈ ਬੇਨੰਤੀ ॥ (625-1)
होइ दइआलु किरपालु प्रभु ठाकुरु आपे सुणै बेनंती ॥

ਪੂਰਾ ਸਤਗੁਰੁ ਮੇਲਿ ਮਿਲਾਵੈ ਸਭ ਚੂਕੈ ਮਨ ਕੀ ਚਿੰਤੀ ॥ (625-1)
पूरा सतगुरु मेलि मिलावै सभ चूकै मन की चिंती ॥

ਹਰਿ ਹਰਿ ਨਾਮੁ ਅਵਖਦੁ ਮੁਖਿ ਪਾਇਆ ਜਨ ਨਾਨਕ ਸੁਖਿ ਵਸੰਤੀ ॥੪॥੧੨॥੬੨॥ (625-2)
हरि हरि नामु अवखदु मुखि पाइआ जन नानक सुखि वसंती ॥४॥१२॥६२॥

ਸੋਰਠਿ ਮਹਲਾ ੫ ॥ (625-3)
सोरठि महला ५ ॥

ਸਿਮਰਿ ਸਿਮਰਿ ਪ੍ਰਭ ਭਏ ਅਨੰਦਾ ਦੁਖ ਕਲੇਸ ਸਭਿ ਨਾਠੇ ॥ (625-3)
सिमरि सिमरि प्रभ भए अनंदा दुख कलेस सभि नाठे ॥

ਗੁਨ ਗਾਵਤ ਧਿਆਵਤ ਪ੍ਰਭੁ ਅਪਨਾ ਕਾਰਜ ਸਗਲੇ ਸਾਂਠੇ ॥੧॥ (625-3)
गुन गावत धिआवत प्रभु अपना कारज सगले सांठे ॥१॥

ਜਗਜੀਵਨ ਨਾਮੁ ਤੁਮਾਰਾ ॥ (625-4)
जगजीवन नामु तुमारा ॥

ਗੁਰ ਪੂਰੇ ਦੀਓ ਉਪਦੇਸਾ ਜਪਿ ਭਉਜਲੁ ਪਾਰਿ ਉਤਾਰਾ ॥ ਰਹਾਉ ॥ (625-4)
गुर पूरे दीओ उपदेसा जपि भउजलु पारि उतारा ॥ रहाउ ॥

ਤੂਹੈ ਮੰਤ੍ਰੀ ਸੁਨਹਿ ਪ੍ਰਭ ਤੂਹੈ ਸਭੁ ਕਿਛੁ ਕਰਣੈਹਾਰਾ ॥ (625-5)
तूहै मंत्री सुनहि प्रभ तूहै सभु किछु करणैहारा ॥

ਤੂ ਆਪੇ ਦਾਤਾ ਆਪੇ ਭੁਗਤਾ ਕਿਆ ਇਹੁ ਜੰਤੁ ਵਿਚਾਰਾ ॥੨॥ (625-6)
तू आपे दाता आपे भुगता किआ इहु जंतु विचारा ॥२॥

ਕਿਆ ਗੁਣ ਤੇਰੇ ਆਖਿ ਵਖਾਣੀ ਕੀਮਤਿ ਕਹਣੁ ਨ ਜਾਈ ॥ (625-6)
किआ गुण तेरे आखि वखाणी कीमति कहणु न जाई ॥

ਪੇਖਿ ਪੇਖਿ ਜੀਵੈ ਪ੍ਰਭੁ ਅਪਨਾ ਅਚਰਜੁ ਤੁਮਹਿ ਵਡਾਈ ॥੩॥ (625-7)
पेखि पेखि जीवै प्रभु अपना अचरजु तुमहि वडाई ॥३॥

ਧਾਰਿ ਅਨੁਗ੍ਰਹੁ ਆਪਿ ਪ੍ਰਭ ਸ੍ਵਾਮੀ ਪਤਿ ਮਤਿ ਕੀਨੀ ਪੂਰੀ ॥ (625-7)
धारि अनुग्रहु आपि प्रभ स्वामी पति मति कीनी पूरी ॥

ਸਦਾ ਸਦਾ ਨਾਨਕ ਬਲਿਹਾਰੀ ਬਾਛਉ ਸੰਤਾ ਧੂਰੀ ॥੪॥੧੩॥੬੩॥ (625-8)
सदा सदा नानक बलिहारी बाछउ संता धूरी ॥४॥१३॥६३॥

ਸੋਰਠਿ ਮਃ ੫ ॥ (625-9)
सोरठि मः ५ ॥

ਗੁਰੁ ਪੂਰਾ ਨਮਸਕਾਰੇ ॥ (625-9)
गुरु पूरा नमसकारे ॥

ਪ੍ਰਭਿ ਸਭੇ ਕਾਜ ਸਵਾਰੇ ॥ (625-9)
प्रभि सभे काज सवारे ॥

ਹਰਿ ਅਪਣੀ ਕਿਰਪਾ ਧਾਰੀ ॥ (625-9)
हरि अपणी किरपा धारी ॥

ਪ੍ਰਭ ਪੂਰਨ ਪੈਜ ਸਵਾਰੀ ॥੧॥ (625-9)
प्रभ पूरन पैज सवारी ॥१॥

ਅਪਨੇ ਦਾਸ ਕੋ ਭਇਓ ਸਹਾਈ ॥ (625-10)
अपने दास को भइओ सहाई ॥

ਸਗਲ ਮਨੋਰਥ ਕੀਨੇ ਕਰਤੈ ਊਣੀ ਬਾਤ ਨ ਕਾਈ ॥ ਰਹਾਉ ॥ (625-10)

सगल मनोरथ कीने करतै ऊणी बात न काई ॥ रहाउ ॥

ਕਰਤੈ ਪੁਰਖਿ ਤਾਲੁ ਦਿਵਾਇਆ ॥ (625-11)

करतै पुरखि तालु दिवाइआ ॥

ਪਿਛੈ ਲਗਿ ਚਲੀ ਮਾਇਆ ॥ (625-11)

पिछै लगि चली माइआ ॥

ਤੋਟਿ ਨ ਕਤਹੂ ਆਵੈ ॥ (625-11)

तोटि न कतहू आवै ॥

ਮੇਰੇ ਪੂਰੇ ਸਤਗੁਰ ਭਾਵੈ ॥੨॥ (625-11)

मेरे पूरे सतगुर भावै ॥२॥

ਸਿਮਰਿ ਸਿਮਰਿ ਦਇਆਲਾ ॥ (625-12)

सिमरि सिमरि दइआला ॥

ਸਭਿ ਜੀਅ ਭਏ ਕਿਰਪਾਲਾ ॥ (625-12)

सभि जीअ भए किरपाला ॥

ਜੈ ਜੈ ਕਾਰੁ ਗੁਸਾਈ ॥ (625-12)

जै जै कारु गुसाई ॥

ਜਿਨਿ ਪੂਰੀ ਬਣਤ ਬਣਾਈ ॥੩॥ (625-12)

जिनि पूरी बणत बणाई ॥३॥

ਤੂ ਭਾਰੋ ਸੁਆਮੀ ਮੋਰਾ ॥ (625-13)

तू भारो सुआमी मोरा ॥

ਇਹੁ ਪੁੰਨੁ ਪਦਾਰਥੁ ਤੇਰਾ ॥ (625-13)

इहु पुंनु पदारथु तेरा ॥

ਜਨ ਨਾਨਕ ਏਕੁ ਧਿਆਇਆ ॥ (625-13)

जन नानक एकु धिआइआ ॥

ਸਰਬ ਫਲਾ ਪੁੰਨੁ ਪਾਇਆ ॥੪॥੧੪॥੬੪॥ (625-14)
सरब फला पुंनु पाइआ ॥४॥१४॥६४॥

ਸੋਰਠਿ ਮਹਲਾ ੫ ਘਰੁ ੩ ਦੁਪਦੇ (625-15)
सोरठि महला ५ घरु ३ दुपदे

ੴ ਸਤਿਗੁਰ ਪ੍ਰਸਾਦਿ ॥ (625-15)
ੴ सतिगुर प्रसादि ॥

ਰਾਮਦਾਸ ਸਰੋਵਰਿ ਨਾਤੇ ॥ (625-16)
रामदास सरोवरि नाते ॥

ਸਭਿ ਉਤਰੇ ਪਾਪ ਕਮਾਤੇ ॥ (625-16)
सभि उतरे पाप कमाते ॥

ਨਿਰਮਲ ਹੋਏ ਕਰਿ ਇਸਨਾਨਾ ॥ (625-16)
निरमल होए करि इसनाना ॥

ਗੁਰਿ ਪੂਰੈ ਕੀਨੇ ਦਾਨਾ ॥੧॥ (625-16)
गुरि पूरै कीने दाना ॥१॥

ਸਭਿ ਕੁਸਲ ਖੇਮ ਪ੍ਰਭਿ ਧਾਰੇ ॥ (625-17)
सभि कुसल खेम प्रभि धारे ॥

ਸਹੀ ਸਲਾਮਤਿ ਸਭਿ ਥੋਕ ਉਬਾਰੇ ਗੁਰ ਕਾ ਸਬਦੁ ਵੀਚਾਰੇ ॥ ਰਹਾਉ ॥ (625-17)
सही सलामति सभि थोक उबारे गुर का सबदु वीचारे ॥ रहाउ ॥

ਸਾਧਸੰਗਿ ਮਲੁ ਲਾਥੀ ॥ (625-18)
साधसंगि मलु लाथी ॥

ਪਾਰਬ੍ਰਹਮੁ ਭਇਓ ਸਾਥੀ ॥ (625-18)
पारब्रहमु भइओ साथी ॥

ਨਾਨਕ ਨਾਮੁ ਧਿਆਇਆ ॥ (625-18)
नानक नामु धिआइआ ॥

ਆਦਿ ਪੁਰਖ ਪ੍ਰਭੁ ਪਾਇਆ ॥੨॥੧॥੬੫॥ (625-18)

आदि पुरख प्रभु पाइआ ॥२॥१॥६५॥

ਸੋਰਠਿ ਮਹਲਾ ੫ ॥ (625-19)

सोरठि महला ५ ॥

ਜਿਤੁ ਪਾਰਬ੍ਰਹਮੁ ਚਿਤਿ ਆਇਆ ॥ (625-19)

जितु पारब्रहमु चिति आइआ ॥

ਸੋ ਘਰੁ ਦਯਿ ਵਸਾਇਆ ॥ (625-19)

सो घरु दयि वसाइआ ॥

ਸੁਖ ਸਾਗਰੁ ਗੁਰੁ ਪਾਇਆ ॥ (626-1)

सुख सागरु गुरु पाइआ ॥

ਤਾ ਸਹਸਾ ਸਗਲ ਮਿਟਾਇਆ ॥੧॥ (626-1)

ता सहसा सगल मिटाइआ ॥१॥

ਹਰਿ ਕੇ ਨਾਮ ਕੀ ਵਡਿਆਈ ॥ (626-1)

हरि के नाम की वडिआई ॥

ਆਠ ਪਹਰ ਗੁਣ ਗਾਈ ॥ (626-1)

आठ पहर गुण गाई ॥

ਗੁਰ ਪੂਰੇ ਤੇ ਪਾਈ ॥ ਰਹਾਉ ॥ (626-2)

गुर पूरे ते पाई ॥ रहाउ ॥

ਪ੍ਰਭ ਕੀ ਅਕਥ ਕਹਾਣੀ ॥ (626-2)

प्रभ की अकथ कहाणी ॥

ਜਨ ਬੋਲਹਿ ਅੰਮ੍ਰਿਤ ਬਾਣੀ ॥ (626-2)

जन बोलहि अमृत बाणी ॥

ਨਾਨਕ ਦਾਸ ਵਖਾਣੀ ॥ (626-3)

नानक दास वखाणी ॥

ਗੁਰ ਪੂਰੇ ਤੇ ਜਾਣੀ ॥੨॥੨॥੬੬॥ (626-3)
गुर पूरे ते जाणी ॥२॥२॥६६॥

ਸੋਰਠਿ ਮਹਲਾ ੫ ॥ (626-3)
सोरठि महला ५ ॥

ਆਗੈ ਸੁਖੁ ਗੁਰਿ ਦੀਆ ॥ (626-3)
आगै सुखु गुरि दीआ ॥

ਪਾਛੈ ਕੁਸਲ ਖੇਮ ਗੁਰਿ ਕੀਆ ॥ (626-4)
पाछै कुसल खेम गुरि कीआ ॥

ਸਰਬ ਨਿਧਾਨ ਸੁਖ ਪਾਇਆ ॥ (626-4)
सरब निधान सुख पाइआ ॥

ਗੁਰੁ ਅਪੁਨਾ ਰਿਦੈ ਧਿਆਇਆ ॥੧॥ (626-4)
गुरु अपुना रिदै धिआइआ ॥१॥

ਅਪਨੇ ਸਤਿਗੁਰ ਕੀ ਵਡਿਆਈ ॥ (626-4)
अपने सतिगुर की वडिआई ॥

ਮਨ ਇਛੇ ਫਲ ਪਾਈ ॥ (626-5)
मन इछे फल पाई ॥

ਸੰਤਹੁ ਦਿਨੁ ਦਿਨੁ ਚੜੈ ਸਵਾਈ ॥ ਰਹਾਉ ॥ (626-5)
संतहु दिनु दिनु चड़ै सवाई ॥ रहाउ ॥

ਜੀਅ ਜੰਤ ਸਭਿ ਭਏ ਦਇਆਲਾ ਪ੍ਰਭਿ ਅਪਨੇ ਕਰਿ ਦੀਨੇ ॥ (626-5)
जीअ जंत सभि भए दइआला प्रभि अपने करि दीने ॥

ਸਹਜ ਸੁਭਾਇ ਮਿਲੇ ਗੋਪਾਲਾ ਨਾਨਕ ਸਾਚਿ ਪਤੀਨੇ ॥੨॥੩॥੬੭॥ (626-6)
सहज सुभाइ मिले गोपाला नानक साचि पतीने ॥२॥३॥६७॥

ਸੋਰਠਿ ਮਹਲਾ ੫ ॥ (626-7)
सोरठि महला ५ ॥

ਗੁਰ ਕਾ ਸਬਦੁ ਰਖਵਾਰੇ ॥ (626-7)
गुर का सबदु रखवारे ॥

ਚਉਕੀ ਚਉਗਿਰਦ ਹਮਾਰੇ ॥ (626-7)
चउकी चउगिरद हमारे ॥

ਰਾਮ ਨਾਮਿ ਮਨੁ ਲਾਗਾ ॥ (626-7)
राम नामि मनु लागा ॥

ਜਮੁ ਲਜਾਇ ਕਰਿ ਭਾਗਾ ॥੧॥ (626-8)
जमु लजाइ करि भागा ॥१॥

ਪ੍ਰਭ ਜੀ ਤੂ ਮੇਰੋ ਸੁਖਦਾਤਾ ॥ (626-8)
प्रभ जी तू मेरो सुखदाता ॥

ਬੰਧਨ ਕਾਟਿ ਕਰੇ ਮਨੁ ਨਿਰਮਲੁ ਪੂਰਨ ਪੁਰਖੁ ਬਿਧਾਤਾ ॥ ਰਹਾਉ ॥ (626-8)
बंधन काटि करे मनु निरमलु पूरन पुरखु बिधाता ॥ रहाउ ॥

ਨਾਨਕ ਪ੍ਰਭੁ ਅਬਿਨਾਸੀ ॥ (626-9)
नानक प्रभु अबिनासी ॥

ਤਾ ਕੀ ਸੇਵ ਨ ਬਿਰਥੀ ਜਾਸੀ ॥ (626-9)
ता की सेव न बिरथी जासी ॥

ਅਨਦ ਕਰਹਿ ਤੇਰੇ ਦਾਸਾ ॥ (626-9)
अनद करहि तेरे दासा ॥

ਜਪਿ ਪੂਰਨ ਹੋਈ ਆਸਾ ॥੨॥੪॥੬੮॥ (626-10)
जपि पूरन होई आसा ॥२॥४॥६८॥

ਸੋਰਠਿ ਮਹਲਾ ੫ ॥ (626-10)
सोरठि महला ५ ॥

ਗੁਰ ਅਪੁਨੇ ਬਲਿਹਾਰੀ ॥ (626-10)
गुर अपुने बलिहारी ॥

ਜਿਨਿ ਪੂਰਨ ਪੈਜ ਸਵਾਰੀ ॥ (626-10)
जिनि पूरन पैज सवारी ॥

ਮਨ ਚਿੰਦਿਆ ਫਲੁ ਪਾਇਆ ॥ (626-11)
मन चिंदिआ फलु पाइआ ॥

ਪ੍ਰਭੁ ਅਪੁਨਾ ਸਦਾ ਧਿਆਇਆ ॥੧॥ (626-11)
प्रभु अपुना सदा धिआइआ ॥१॥

ਸੰਤਹੁ ਤਿਸੁ ਬਿਨੁ ਅਵਰੁ ਨ ਕੋਈ ॥ (626-11)
संतहु तिसु बिनु अवरु न कोई ॥

ਕਰਣ ਕਾਰਣ ਪ੍ਰਭੁ ਸੋਈ ॥ ਰਹਾਉ ॥ (626-12)
करण कारण प्रभु सोई ॥ रहाउ ॥

ਪ੍ਰਭਿ ਅਪਨੈ ਵਰ ਦੀਨੇ ॥ (626-12)
प्रभि अपनै वर दीने ॥

ਸਗਲ ਜੀਅ ਵਸਿ ਕੀਨੇ ॥ (626-12)
सगल जीअ वसि कीने ॥

ਜਨ ਨਾਨਕ ਨਾਮੁ ਧਿਆਇਆ ॥ (626-13)
जन नानक नामु धिआइआ ॥

ਤਾ ਸਗਲੇ ਦੂਖ ਮਿਟਾਇਆ ॥੨॥੫॥੬੯॥ (626-13)
ता सगले दूख मिटाइआ ॥२॥५॥६९॥

ਸੋਰਠਿ ਮਹਲਾ ੫ ॥ (626-13)
सोरठि महला ५ ॥

ਤਾਪੁ ਗਵਾਇਆ ਗੁਰਿ ਪੂਰੇ ॥ (626-13)
तापु गवाइआ गुरि पूरे ॥

ਵਾਜੇ ਅਨਹਦ ਤੂਰੇ ॥ (626-14)
वाजे अनहद तूरे ॥

ਸਰਬ ਕਲਿਆਣ ਪ੍ਰਭਿ ਕੀਨੇ ॥ (626-14)
सरब कलिआण प्रभि कीने ॥

ਕਰਿ ਕਿਰਪਾ ਆਪਿ ਦੀਨੇ ॥੧॥ (626-14)
करि किरपा आपि दीने ॥१॥

ਬੇਦਨ ਸਤਿਗੁਰਿ ਆਪਿ ਗਵਾਈ ॥ (626-15)
बेदन सतिगुरि आपि गवाई ॥

ਸਿਖ ਸੰਤ ਸਭਿ ਸਰਸੇ ਹੋਏ ਹਰਿ ਹਰਿ ਨਾਮੁ ਧਿਆਈ ॥ ਰਹਾਉ ॥ (626-15)
सिख संत सभि सरसे होए हरि हरि नामु धिआई ॥ रहाउ ॥

ਜੋ ਮੰਗਹਿ ਸੋ ਲੇਵਹਿ ॥ (626-15)
जो मंगहि सो लेवहि ॥

ਪ੍ਰਭ ਅਪਣਿਆ ਸੰਤਾ ਦੇਵਹਿ ॥ (626-16)
प्रभ अपणिआ संता देवहि ॥

ਹਰਿ ਗੋਵਿਦੁ ਪ੍ਰਭਿ ਰਾਖਿਆ ॥ (626-16)
हरि गोविदु प्रभि राखिआ ॥

ਜਨ ਨਾਨਕ ਸਾਚੁ ਸੁਭਾਖਿਆ ॥੨॥੬॥੭੦॥ (626-16)
जन नानक साचु सुभाखिआ ॥२॥६॥७०॥

ਸੋਰਠਿ ਮਹਲਾ ੫ ॥ (626-17)
सोरठि महला ५ ॥

ਸੋਈ ਕਰਾਇ ਜੋ ਤੁਧੁ ਭਾਵੈ ॥ (626-17)
सोई कराइ जो तुधु भावै ॥

ਮੋਹਿ ਸਿਆਣਪ ਕਛੂ ਨ ਆਵੈ ॥ (626-17)
मोहि सिआणप कछू न आवै ॥

ਹਮ ਬਾਰਿਕ ਤਉ ਸਰਣਾਈ ॥ (626-17)
हम बारिक तउ सरणाई ॥

ਪ੍ਰਭਿ ਆਪੇ ਪੈਜ ਰਖਾਈ ॥੧॥ (626-18)

प्रभि आपे पैज रखाई ॥१॥

ਮੇਰਾ ਮਾਤ ਪਿਤਾ ਹਰਿ ਰਾਇਆ ॥ (626-18)

मेरा मात पिता हरि राइआ ॥

ਕਰਿ ਕਿਰਪਾ ਪ੍ਰਤਿਪਾਲਣ ਲਾਗਾ ਕਰੀ ਤੇਰਾ ਕਰਾਇਆ ॥ ਰਹਾਉ ॥ (626-18)

करि किरपा प्रतिपालण लागा करी तेरा कराइआ ॥ रहाउ ॥

ਜੀਅ ਜੰਤ ਤੇਰੇ ਧਾਰੇ ॥ (626-19)

जीअ जंत तेरे धारे ॥

ਪ੍ਰਭ ਡੋਰੀ ਹਾਥਿ ਤੁਮਾਰੇ ॥ (626-19)

प्रभ डोरी हाथि तुमारे ॥

ਜਿ ਕਰਾਵੈ ਸੋ ਕਰਣਾ ॥ (627-1)

जि करावै सो करणा ॥

ਨਾਨਕ ਦਾਸ ਤੇਰੀ ਸਰਣਾ ॥੨॥੭॥੭੧॥ (627-1)

नानक दास तेरी सरणा ॥२॥७॥७१॥

ਸੋਰਠਿ ਮਹਲਾ ੫ ॥ (627-1)

सोरठि महला ५ ॥

ਹਰਿ ਨਾਮੁ ਰਿਦੈ ਪਰੋਇਆ ॥ (627-1)

हरि नामु रिदै परोइआ ॥

ਸਭੁ ਕਾਜੁ ਹਮਾਰਾ ਹੋਇਆ ॥ (627-2)

सभु काजु हमारा होइआ ॥

ਪ੍ਰਭ ਚਰਣੀ ਮਨੁ ਲਾਗਾ ॥ (627-2)

प्रभ चरणी मनु लागा ॥

ਪੂਰਨ ਜਾ ਕੇ ਭਾਗਾ ॥੧॥ (627-2)

पूरन जा के भागा ॥१॥

ਮਿਲਿ ਸਾਧਸੰਗਿ ਹਰਿ ਧਿਆਇਆ ॥ (627-2)
मिलि साधसंगि हरि धिआइआ ॥

ਆਠ ਪਹਰ ਅਰਾਧਿਓ ਹਰਿ ਹਰਿ ਮਨ ਚਿੰਦਿਆ ਫਲੁ ਪਾਇਆ ॥ ਰਹਾਉ ॥ (627-3)
आठ पहर अराधिओ हरि हरि मन चिंदिआ फलु पाइआ ॥ रहाउ ॥

ਪਰਾ ਪੂਰਬਲਾ ਅੰਕੁਰੁ ਜਾਗਿਆ ॥ (627-4)
परा पूरबला अंकुरु जागिआ ॥

ਰਾਮ ਨਾਮਿ ਮਨੁ ਲਾਗਿਆ ॥ (627-4)
राम नामि मनु लागिआ ॥

ਮਨਿ ਤਨਿ ਹਰਿ ਦਰਸਿ ਸਮਾਵੈ ॥ (627-4)
मनि तनि हरि दरसि समावै ॥

ਨਾਨਕ ਦਾਸ ਸਚੇ ਗੁਣ ਗਾਵੈ ॥੨॥੮॥੭੨॥ (627-4)
नानक दास सचे गुण गावै ॥२॥८॥७२॥

ਸੋਰਠਿ ਮਹਲਾ ੫ ॥ (627-5)
सोरठि महला ५ ॥

ਗੁਰ ਮਿਲਿ ਪ੍ਰਭੂ ਚਿਤਾਰਿਆ ॥ (627-5)
गुर मिलि प्रभू चितारिआ ॥

ਕਾਰਜ ਸਭਿ ਸਵਾਰਿਆ ॥ (627-5)
कारज सभि सवारिआ ॥

ਮੰਦਾ ਕੋ ਨ ਅਲਾਏ ॥ (627-6)
मंदा को न अलाए ॥

ਸਭ ਜੈ ਜੈ ਕਾਰੁ ਸੁਣਾਏ ॥੧॥ (627-6)
सभ जै जै कारु सुणाए ॥१॥

ਸੰਤਹੁ ਸਾਚੀ ਸਰਣਿ ਸੁਆਮੀ ॥ (627-6)
संतहु साची सरणि सुआमी ॥

ਜੀਅ ਜੰਤ ਸਭਿ ਹਾਥਿ ਤਿਸੈ ਕੈ ਸੋ ਪ੍ਰਭੁ ਅੰਤਰਜਾਮੀ ॥ ਰਹਾਉ ॥ (627-6)
जीअ जंत सभि हाथि तिसै कै सो प्रभु अंतरजामी ॥ रहाउ ॥

ਕਰਤਬ ਸਭਿ ਸਵਾਰੇ ॥ (627-7)
करतब सभि सवारे ॥

ਪ੍ਰਭਿ ਅਪੁਨਾ ਬਿਰਦੁ ਸਮਾਰੇ ॥ (627-7)
प्रभि अपुना बिरदु समारे ॥

ਪਤਿਤ ਪਾਵਨ ਪ੍ਰਭ ਨਾਮਾ ॥ (627-7)
पतित पावन प्रभ नामा ॥

ਜਨ ਨਾਨਕ ਸਦ ਕੁਰਬਾਨਾ ॥੨॥੯॥੭੩॥ (627-8)
जन नानक सद कुरबाना ॥२॥९॥७३॥

ਸੋਰਠਿ ਮਹਲਾ ੫ ॥ (627-8)
सोरठि महला ५ ॥

ਪਾਰਬ੍ਰਹਮਿ ਸਾਜਿ ਸਵਾਰਿਆ ॥ (627-8)
पारब्रहमि साजि सवारिआ ॥

ਇਹੁ ਲਹੁੜਾ ਗੁਰੂ ਉਬਾਰਿਆ ॥ (627-9)
इहु लहुड़ा गुरू उबारिआ ॥

ਅਨਦ ਕਰਹੁ ਪਿਤ ਮਾਤਾ ॥ (627-9)
अनद करहु पित माता ॥

ਪਰਮੇਸਰੁ ਜੀਅ ਕਾ ਦਾਤਾ ॥੧॥ (627-9)
परमेसरु जीअ का दाता ॥१॥

ਸੁਭ ਚਿਤਵਨਿ ਦਾਸ ਤੁਮਾਰੇ ॥ (627-9)
सुभ चितवनि दास तुमारे ॥

ਰਾਖਹਿ ਪੈਜ ਦਾਸ ਅਪੁਨੇ ਕੀ ਕਾਰਜ ਆਪਿ ਸਵਾਰੇ ॥ ਰਹਾਉ ॥ (627-10)
राखहि पैज दास अपुने की कारज आपि सवारे ॥ रहाउ ॥

ਮੇਰਾ ਪ੍ਰਭੁ ਪਰਉਪਕਾਰੀ ॥ (627-10)
मेरा प्रभु परउपकारी ॥

ਪੂਰਨ ਕਲ ਜਿਨਿ ਧਾਰੀ ॥ (627-10)
पूरन कल जिनि धारी ॥

ਨਾਨਕ ਸਰਣੀ ਆਇਆ ॥ (627-11)
नानक सरणी आइआ ॥

ਮਨ ਚਿੰਦਿਆ ਫਲੁ ਪਾਇਆ ॥੨॥੧੦॥੭੪॥ (627-11)
मन चिंदिआ फलु पाइआ ॥२॥१०॥७४॥

ਸੋਰਠਿ ਮਹਲਾ ੫ ॥ (627-11)
सोरठि महला ५ ॥

ਸਦਾ ਸਦਾ ਹਰਿ ਜਾਪੇ ॥ (627-12)
सदा सदा हरि जापे ॥

ਪ੍ਰਭ ਬਾਲਕ ਰਾਖੇ ਆਪੇ ॥ (627-12)
प्रभ बालक राखे आपे ॥

ਸੀਤਲਾ ਠਾਕਿ ਰਹਾਈ ॥ (627-12)
सीतला ठाकि रहाई ॥

ਬਿਘਨ ਗਏ ਹਰਿ ਨਾਈ ॥੧॥ (627-12)
बिघन गए हरि नाई ॥१॥

ਮੇਰਾ ਪ੍ਰਭੁ ਹੋਆ ਸਦਾ ਦਇਆਲਾ ॥ (627-13)
मेरा प्रभु होआ सदा दइआला ॥

ਅਰਦਾਸਿ ਸੁਣੀ ਭਗਤ ਅਪੁਨੇ ਕੀ ਸਭ ਜੀਅ ਭਇਆ ਕਿਰਪਾਲਾ ॥ ਰਹਾਉ ॥ (627-13)
अरदासि सुणी भगत अपुने की सभ जीअ भइआ किरपाला ॥ रहाउ ॥

ਪ੍ਰਭ ਕਰਣ ਕਾਰਣ ਸਮਰਾਥਾ ॥ (627-14)
प्रभ करण कारण समराथा ॥

ਹਰਿ ਸਿਮਰਤ ਸਭੁ ਦੁਖੁ ਲਾਥਾ ॥ (627-14)
हरि सिमरत सभु दुखु लाथा ॥

ਅਪਣੇ ਦਾਸ ਕੀ ਸੁਣੀ ਬੇਨੰਤੀ ॥ (627-14)
अपणे दास की सुणी बेनंती ॥

ਸਭ ਨਾਨਕ ਸੁਖਿ ਸਵੰਤੀ ॥੨॥੧੧॥੭੫॥ (627-15)
सभ नानक सुखि सवंती ॥२॥११॥७५॥

ਸੋਰਠਿ ਮਹਲਾ ੫ ॥ (627-15)
सोरठि महला ५ ॥

ਅਪਨਾ ਗੁਰੂ ਧਿਆਏ ॥ (627-15)
अपना गुरू धिआए ॥

ਮਿਲਿ ਕੁਸਲ ਸੇਤੀ ਘਰਿ ਆਏ ॥ (627-15)
मिलि कुसल सेती घरि आए ॥

ਨਾਮੈ ਕੀ ਵਡਿਆਈ ॥ (627-16)
नामै की वडिआई ॥

ਤਿਸੁ ਕੀਮਤਿ ਕਹਣੁ ਨ ਜਾਈ ॥੧॥ (627-16)
तिसु कीमति कहणु न जाई ॥१॥

ਸੰਤਹੁ ਹਰਿ ਹਰਿ ਹਰਿ ਆਰਾਧਹੁ ॥ (627-16)
संतहु हरि हरि हरि आराधहु ॥

ਹਰਿ ਆਰਾਧਿ ਸਭੋ ਕਿਛੁ ਪਾਈਐ ਕਾਰਜ ਸਗਲੇ ਸਾਧਹੁ ॥ ਰਹਾਉ ॥ (627-17)
हरि आराधि सभो किछु पाईऐ कारज सगले साधहु ॥ रहाउ ॥

ਪ੍ਰੇਮ ਭਗਤਿ ਪ੍ਰਭ ਲਾਗੀ ॥ (627-17)
प्रेम भगति प्रभ लागी ॥

ਸੋ ਪਾਏ ਜਿਸੁ ਵਡਭਾਗੀ ॥ (627-18)
सो पाए जिसु वडभागी ॥

ਜਨ ਨਾਨਕ ਨਾਮੁ ਧਿਆਇਆ ॥ (627-18)
जन नानक नामु धिआइआ ॥

ਤਿਨਿ ਸਰਬ ਸੁਖਾ ਫਲ ਪਾਇਆ ॥੨॥੧੨॥੭੬॥ (627-18)
तिनि सरब सुखा फल पाइआ ॥२॥१२॥७६॥

ਸੋਰਠਿ ਮਹਲਾ ੫ ॥ (627-19)
सोरठि महला ५ ॥

ਪਰਮੇਸਰਿ ਦਿਤਾ ਬੰਨਾ ॥ (627-19)
परमेसरि दिता बंना ॥

ਦੁਖ ਰੋਗ ਕਾ ਡੇਰਾ ਭੰਨਾ ॥ (627-19)
दुख रोग का डेरा भंना ॥

ਅਨਦ ਕਰਹਿ ਨਰ ਨਾਰੀ ॥ (627-19)
अनद करहि नर नारी ॥

ਹਰਿ ਹਰਿ ਪ੍ਰਭਿ ਕਿਰਪਾ ਧਾਰੀ ॥੧॥ (627-19)
हरि हरि प्रभि किरपा धारी ॥१॥

ਸੰਤਹੁ ਸੁਖੁ ਹੋਆ ਸਭ ਥਾਈ ॥ (628-1)
संतहु सुखु होआ सभ थाई ॥

ਪਾਰਬ੍ਰਹਮੁ ਪੂਰਨ ਪਰਮੇਸਰੁ ਰਵਿ ਰਹਿਆ ਸਭਨੀ ਜਾਈ ॥ ਰਹਾਉ ॥ (628-1)
पारब्रहमु पूरन परमेसरु रवि रहिआ सभनी जाई ॥ रहाउ ॥

ਧੁਰ ਕੀ ਬਾਣੀ ਆਈ ॥ (628-2)
धुर की बाणी आई ॥

ਤਿਨਿ ਸਗਲੀ ਚਿੰਤ ਮਿਟਾਈ ॥ (628-2)
तिनि सगली चिंत मिटाई ॥

ਦਇਆਲ ਪੁਰਖ ਮਿਹਰਵਾਨਾ ॥ (628-2)
दइआल पुरख मिहरवाना ॥

ਹਰਿ ਨਾਨਕ ਸਾਚੁ ਵਖਾਨਾ ॥੨॥੧੩॥੭੭॥ (628-3)
हरि नानक साचु वखाना ॥२ ॥१३ ॥७७ ॥

ਸੋਰਠਿ ਮਹਲਾ ੫ ॥ (628-3)
सोरठि महला ५ ॥

ਐਥੈ ਓਥੈ ਰਖਵਾਲਾ ॥ (628-3)
ऐथै ओथै रखवाला ॥

ਪ੍ਰਭ ਸਤਿਗੁਰ ਦੀਨ ਦਇਆਲਾ ॥ (628-3)
प्रभ सतिगुर दीन दइआला ॥

ਦਾਸ ਅਪਨੇ ਆਪਿ ਰਾਖੇ ॥ (628-4)
दास अपने आपि राखे ॥

ਘਟਿ ਘਟਿ ਸਬਦੁ ਸੁਭਾਖੇ ॥੧॥ (628-4)
घटि घटि सबदु सुभाखे ॥१ ॥

ਗੁਰ ਕੇ ਚਰਣ ਊਪਰਿ ਬਲਿ ਜਾਈ ॥ (628-4)
गुर के चरण ऊपरि बलि जाई ॥

ਦਿਨਸੁ ਰੈਨਿ ਸਾਸਿ ਸਾਸਿ ਸਮਾਲੀ ਪੂਰਨੁ ਸਭਨੀ ਥਾਈ ॥ ਰਹਾਉ ॥ (628-5)
दिनसु रैनि सासि सासि समाली पूरनु सभनी थाई ॥ रहाउ ॥

ਆਪਿ ਸਹਾਈ ਹੋਆ ॥ (628-5)
आपि सहाई होआ ॥

ਸਚੇ ਦਾ ਸਚਾ ਢੋਆ ॥ (628-6)
सचे दा सचा ढोआ ॥

ਤੇਰੀ ਭਗਤਿ ਵਡਿਆਈ ॥ (628-6)
तेरी भगति वडिआई ॥

ਪਾਈ ਨਾਨਕ ਪ੍ਰਭ ਸਰਣਾਈ ॥੨॥੧੪॥੭੮॥ (628-6)
पाई नानक प्रभ सरणाई ॥२ ॥१४ ॥७८ ॥

ਸੋਰਠਿ ਮਹਲਾ ੫ ॥ (628-7)
सोरठि महला ५ ॥

ਸਤਿਗੁਰ ਪੂਰੇ ਭਾਣਾ ॥ (628-7)
सतिगुर पूरे भाणा ॥

ਤਾ ਜਪਿਆ ਨਾਮੁ ਰਮਾਣਾ ॥ (628-7)
ता जपिआ नामु रमाणा ॥

ਗੋਬਿੰਦ ਕਿਰਪਾ ਧਾਰੀ ॥ (628-7)
गोबिंद किरपा धारी ॥

ਪ੍ਰਭਿ ਰਾਖੀ ਪੈਜ ਹਮਾਰੀ ॥੧॥ (628-7)
प्रभि राखी पैज हमारी ॥१॥

ਹਰਿ ਕੇ ਚਰਨ ਸਦਾ ਸੁਖਦਾਈ ॥ (628-8)
हरि के चरन सदा सुखदाई ॥

ਜੋ ਇਛਹਿ ਸੋਈ ਫਲੁ ਪਾਵਹਿ ਬਿਰਥੀ ਆਸ ਨ ਜਾਈ ॥੧॥ ਰਹਾਉ ॥ (628-8)
जो इछहि सोई फलु पावहि बिरथी आस न जाई ॥१॥ रहाउ ॥

ਕ੍ਰਿਪਾ ਕਰੇ ਜਿਸੁ ਪ੍ਰਾਨਪਤਿ ਦਾਤਾ ਸੋਈ ਸੰਤੁ ਗੁਣ ਗਾਵੈ ॥ (628-9)
क्रिपा करे जिसु प्रानपति दाता सोई संतु गुण गावै ॥

ਪ੍ਰੇਮ ਭਗਤਿ ਤਾ ਕਾ ਮਨੁ ਲੀਣਾ ਪਾਰਬ੍ਰਹਮ ਮਨਿ ਭਾਵੈ ॥੨॥ (628-9)
प्रेम भगति ता का मनु लीणा पारब्रहम मनि भावै ॥२॥

ਆਠ ਪਹਰ ਹਰਿ ਕਾ ਜਸੁ ਰਵਣਾ ਬਿਖੈ ਠਗਉਰੀ ਲਾਥੀ ॥ (628-10)
आठ पहर हरि का जसु रवणा बिखै ठगउरी लाथी ॥

ਸੰਗਿ ਮਿਲਾਇ ਲੀਆ ਮੇਰੈ ਕਰਤੈ ਸੰਤ ਸਾਧ ਭਏ ਸਾਥੀ ॥੩॥ (628-10)
संगि मिलाइ लीआ मेरै करतै संत साध भए साथी ॥३॥

ਕਰੁ ਗਹਿ ਲੀਨੇ ਸਰਬਸੁ ਦੀਨੇ ਆਪਹਿ ਆਪੁ ਮਿਲਾਇਆ ॥ (628-11)
करु गहि लीने सरबसु दीने आपहि आपु मिलाइआ ॥

ਕਹੁ ਨਾਨਕ ਸਰਬ ਥੋਕ ਪੂਰਨ ਪੂਰਾ ਸਤਿਗੁਰੁ ਪਾਇਆ ॥੪॥੧੫॥੭੯॥ (628-11)

कहु नानक सरब थोक पूरन पूरा सतिगुरु पाइआ ॥४॥१५॥७९॥

ਸੋਰਠਿ ਮਹਲਾ ੫ ॥ (628-12)

सोरठि महला ५ ॥

ਗਰੀਬੀ ਗਦਾ ਹਮਾਰੀ ॥ (628-12)

गरीबी गदा हमारी ॥

ਖੰਨਾ ਸਗਲ ਰੇਨੁ ਛਾਰੀ ॥ (628-13)

खंना सगल रेनु छारी ॥

ਇਸੁ ਆਗੈ ਕੋ ਨ ਟਿਕੈ ਵੇਕਾਰੀ ॥ (628-13)

इसु आगै को न टिकै वेकारी ॥

ਗੁਰ ਪੂਰੇ ਏਹ ਗਲ ਸਾਰੀ ॥੧॥ (628-13)

गुर पूरे एह गल सारी ॥१॥

ਹਰਿ ਹਰਿ ਨਾਮੁ ਸੰਤਨ ਕੀ ਓਟਾ ॥ (628-13)

हरि हरि नामु संतन की ओटा ॥

ਜੋ ਸਿਮਰੈ ਤਿਸ ਕੀ ਗਤਿ ਹੋਵੈ ਉਧਰਹਿ ਸਗਲੇ ਕੋਟਾ ॥੧॥ ਰਹਾਉ ॥ (628-14)

जो सिमरै तिस की गति होवै उधरहि सगले कोटा ॥१॥ रहाउ ॥

ਸੰਤ ਸੰਗਿ ਜਸੁ ਗਾਇਆ ॥ (628-14)

संत संगि जसु गाइआ ॥

ਇਹੁ ਪੂਰਨ ਹਰਿ ਧਨੁ ਪਾਇਆ ॥ (628-15)

इहु पूरन हरि धनु पाइआ ॥

ਕਹੁ ਨਾਨਕ ਆਪੁ ਮਿਟਾਇਆ ॥ (628-15)

कहु नानक आपु मिटाइआ ॥

ਸਭੁ ਪਾਰਬ੍ਰਹਮੁ ਨਦਰੀ ਆਇਆ ॥੨॥੧੬॥੮੦॥ (628-15)

सभु पारब्रहमु नदरी आइआ ॥२॥१६॥८०॥

ਸੋਰਠਿ ਮਹਲਾ ੫ ॥ (628-16)
सोरठि महला ५ ॥

ਗੁਰਿ ਪੂਰੈ ਪੂਰੀ ਕੀਨੀ ॥ (628-16)
गुरि पूरै पूरी कीनी ॥

ਬਖਸ ਅਪੁਨੀ ਕਰਿ ਦੀਨੀ ॥ (628-16)
बखस अपुनी करि दीनी ॥

ਨਿਤ ਅਨੰਦ ਸੁਖ ਪਾਇਆ ॥ (628-17)
नित अनंद सुख पाइआ ॥

ਥਾਵ ਸਗਲੇ ਸੁਖੀ ਵਸਾਇਆ ॥੧॥ (628-17)
थाव सगले सुखी वसाइआ ॥१॥

ਹਰਿ ਕੀ ਭਗਤਿ ਫਲ ਦਾਤੀ ॥ (628-17)
हरि की भगति फल दाती ॥

ਗੁਰਿ ਪੂਰੈ ਕਿਰਪਾ ਕਰਿ ਦੀਨੀ ਵਿਰਲੈ ਕਿਨ ਹੀ ਜਾਤੀ ॥ ਰਹਾਉ ॥ (628-17)
गुरि पूरै किरपा करि दीनी विरलै किन ही जाती ॥ रहाउ ॥

ਗੁਰਬਾਣੀ ਗਾਵਹ ਭਾਈ ॥ (628-18)
गुरबाणी गावह भाई ॥

ਓਹ ਸਫਲ ਸਦਾ ਸੁਖਦਾਈ ॥ (628-18)
ओह सफल सदा सुखदाई ॥

ਨਾਨਕ ਨਾਮੁ ਧਿਆਇਆ ॥ (628-19)
नानक नामु धिआइआ ॥

ਪੂਰਬਿ ਲਿਖਿਆ ਪਾਇਆ ॥੨॥੧੭॥੮੧॥ (628-19)
पूरबि लिखिआ पाइआ ॥२॥१७॥८१॥

ਸੋਰਠਿ ਮਹਲਾ ੫ ॥ (628-19)
सोरठि महला ५ ॥

ਗੁਰੁ ਪੂਰਾ ਆਰਾਧੇ ॥ (629-1)
गुरु पूरा आराधे ॥

ਕਾਰਜ ਸਗਲੇ ਸਾਧੇ ॥ (629-1)
कारज सगले साधे ॥

ਸਗਲ ਮਨੋਰਥ ਪੂਰੇ ॥ (629-1)
सगल मनोरथ पूरे ॥

ਬਾਜੇ ਅਨਹਦ ਤੂਰੇ ॥੧॥ (629-1)
बाजे अनहद तूरे ॥१॥

ਸੰਤਹੁ ਰਾਮੁ ਜਪਤ ਸੁਖੁ ਪਾਇਆ ॥ (629-1)
संतहु रामु जपत सुखु पाइआ ॥

ਸੰਤ ਅਸਥਾਨਿ ਬਸੇ ਸੁਖ ਸਹਜੇ ਸਗਲੇ ਦੂਖ ਮਿਟਾਇਆ ॥੧॥ ਰਹਾਉ ॥ (629-2)
संत असथानि बसे सुख सहजे सगले दूख मिटाइआ ॥१॥ रहाउ ॥

ਗੁਰ ਪੂਰੇ ਕੀ ਬਾਣੀ ॥ (629-2)
गुर पूरे की बाणी ॥

ਪਾਰਬ੍ਰਹਮ ਮਨਿ ਭਾਣੀ ॥ (629-3)
पारब्रहम मनि भाणी ॥

ਨਾਨਕ ਦਾਸਿ ਵਖਾਣੀ ॥ (629-3)
नानक दासि वखाणी ॥

ਨਿਰਮਲ ਅਕਥ ਕਹਾਣੀ ॥੨॥੧੮॥੮੨॥ (629-3)
निरमल अकथ कहाणी ॥२॥१८॥८२॥

ਸੋਰਠਿ ਮਹਲਾ ੫ ॥ (629-4)
सोरठि महला ५ ॥

ਭੂਖੇ ਖਾਵਤ ਲਾਜ ਨ ਆਵੈ ॥ (629-4)
भूखे खावत लाज न आवै ॥

ਤਿਉ ਹਰਿ ਜਨੁ ਹਰਿ ਗੁਣ ਗਾਵੈ ॥੧॥ (629-4)
तिउ हरि जनु हरि गुण गावै ॥१॥

ਅਪਨੇ ਕਾਜ ਕਉ ਕਿਉ ਅਲਕਾਈਐ ॥ (629-4)
अपने काज कउ किउ अलकाईऐ ॥

ਜਿਤੁ ਸਿਮਰਨਿ ਦਰਗਹ ਮੁਖੁ ਊਜਲ ਸਦਾ ਸਦਾ ਸੁਖੁ ਪਾਈਐ ॥੧॥ ਰਹਾਉ ॥ (629-5)
जितु सिमरनि दरगह मुखु ऊजल सदा सदा सुखु पाईऐ ॥१॥ रहाउ ॥

ਜਿਉ ਕਾਮੀ ਕਾਮਿ ਲੁਭਾਵੈ ॥ (629-5)
जिउ कामी कामि लुभावै ॥

ਤਿਉ ਹਰਿ ਦਾਸ ਹਰਿ ਜਸੁ ਭਾਵੈ ॥੨॥ (629-6)
तिउ हरि दास हरि जसु भावै ॥२॥

ਜਿਉ ਮਾਤਾ ਬਾਲਿ ਲਪਟਾਵੈ ॥ (629-6)
जिउ माता बालि लपटावै ॥

ਤਿਉ ਗਿਆਨੀ ਨਾਮੁ ਕਮਾਵੈ ॥੩॥ (629-6)
तिउ गिआनी नामु कमावै ॥३॥

ਗੁਰ ਪੂਰੇ ਤੇ ਪਾਵੈ ॥ (629-7)
गुर पूरे ते पावै ॥

ਜਨ ਨਾਨਕ ਨਾਮੁ ਧਿਆਵੈ ॥੪॥੧੯॥੮੩॥ (629-7)
जन नानक नामु धिआवै ॥४॥१९॥८३॥

ਸੋਰਠਿ ਮਹਲਾ ੫ ॥ (629-7)
सोरठि महला ५ ॥

ਸੁਖ ਸਾਂਦਿ ਘਰਿ ਆਇਆ ॥ (629-8)
सुख सांदि घरि आइआ ॥

ਨਿੰਦਕ ਕੈ ਮੁਖਿ ਛਾਇਆ ॥ (629-8)
निंदक कै मुखि छाइआ ॥

ਪੂਰੈ ਗੁਰਿ ਪਹਿਰਾਇਆ ॥ (629-8)
पूरै गुरि पहिराइआ ॥

ਬਿਨਸੇ ਦੁਖ ਸਬਾਇਆ ॥੧॥ (629-8)
बिनसे दुख सबाइआ ॥१॥

ਸੰਤਹੁ ਸਾਚੇ ਕੀ ਵਡਿਆਈ ॥ (629-9)
संतहु साचे की वडिआई ॥

ਜਿਨਿ ਅਚਰਜ ਸੋਭ ਬਣਾਈ ॥੧॥ ਰਹਾਉ ॥ (629-9)
जिनि अचरज सोभ बणाई ॥१॥ रहाउ ॥

ਬੋਲੇ ਸਾਹਿਬ ਕੈ ਭਾਣੈ ॥ (629-9)
बोले साहिब कै भाणै ॥

ਦਾਸੁ ਬਾਣੀ ਬ੍ਰਹਮੁ ਵਖਾਣੈ ॥ (629-10)
दासु बाणी ब्रहमु वखाणै ॥

ਨਾਨਕ ਪ੍ਰਭ ਸੁਖਦਾਈ ॥ (629-10)
नानक प्रभ सुखदाई ॥

ਜਿਨਿ ਪੂਰੀ ਬਣਤ ਬਣਾਈ ॥੨॥੨੦॥੮੪॥ (629-10)
जिनि पूरी बणत बणाई ॥२॥२०॥८४॥

ਸੋਰਠਿ ਮਹਲਾ ੫ ॥ (629-11)
सोरठि महला ५ ॥

ਪ੍ਰਭੁ ਅਪੁਨਾ ਰਿਦੈ ਧਿਆਏ ॥ (629-11)
प्रभु अपुना रिदै धिआए ॥

ਘਰਿ ਸਹੀ ਸਲਾਮਤਿ ਆਏ ॥ (629-11)
घरि सही सलामति आए ॥

ਸੰਤੋਖੁ ਭਇਆ ਸੰਸਾਰੇ ॥ (629-11)
संतोखु भइआ संसारे ॥

ਗੁਰਿ ਪੂਰੈ ਲੈ ਤਾਰੇ ॥੧॥ (629-12)
गुरि पूरै लै तारे ॥१॥

ਸੰਤਹੁ ਪ੍ਰਭੁ ਮੇਰਾ ਸਦਾ ਦਇਆਲਾ ॥ (629-12)
संतहु प्रभु मेरा सदा दइआला ॥

ਅਪਨੇ ਭਗਤ ਕੀ ਗਣਤ ਨ ਗਣਈ ਰਾਖੈ ਬਾਲ ਗੁਪਾਲਾ ॥੧॥ ਰਹਾਉ ॥ (629-12)
अपने भगत की गणत न गणई राखै बाल गुपाला ॥१॥ रहाउ ॥

ਹਰਿ ਨਾਮੁ ਰਿਦੈ ਉਰਿ ਧਾਰੇ ॥ (629-13)
हरि नामु रिदै उरि धारे ॥

ਤਿਨਿ ਸਭੇ ਥੋਕ ਸਵਾਰੇ ॥ (629-13)
तिनि सभे थोक सवारे ॥

ਗੁਰਿ ਪੂਰੈ ਤੁਸਿ ਦੀਆ ॥ (629-13)
गुरि पूरै तुसि दीआ ॥

ਫਿਰਿ ਨਾਨਕ ਦੂਖੁ ਨ ਥੀਆ ॥੨॥੨੧॥੮੫॥ (629-14)
फिरि नानक दूखु न थीआ ॥२॥२१॥८५॥

ਸੋਰਠਿ ਮਹਲਾ ੫ ॥ (629-14)
सोरठि महला ५ ॥

ਹਰਿ ਮਨਿ ਤਨਿ ਵਸਿਆ ਸੋਈ ॥ (629-14)
हरि मनि तनि वसिआ सोई ॥

ਜੈ ਜੈ ਕਾਰੁ ਕਰੇ ਸਭੁ ਕੋਈ ॥ (629-15)
जै जै कारु करे सभु कोई ॥

ਗੁਰ ਪੂਰੇ ਕੀ ਵਡਿਆਈ ॥ (629-15)
गुर पूरे की वडिआई ॥

ਤਾ ਕੀ ਕੀਮਤਿ ਕਹੀ ਨ ਜਾਈ ॥੧॥ (629-15)
ता की कीमति कही न जाई ॥१॥

ਹਉ ਕੁਰਬਾਨੁ ਜਾਈ ਤੇਰੇ ਨਾਵੈ ॥ (629-15)
हउ कुरबानु जाई तेरे नावै ॥

ਜਿਸ ਨੋ ਬਖਸਿ ਲੈਹਿ ਮੇਰੇ ਪਿਆਰੇ ਸੋ ਜਸੁ ਤੇਰਾ ਗਾਵੈ ॥੧॥ ਰਹਾਉ ॥ (629-16)
जिस नो बखसि लैहि मेरे पिआरे सो जसु तेरा गावै ॥१॥ रहाउ ॥

ਤੂੰ ਭਾਰੋ ਸੁਆਮੀ ਮੇਰਾ ॥ (629-16)
तूं भारो सुआमी मेरा ॥

ਸੰਤਾਂ ਭਰਵਾਸਾ ਤੇਰਾ ॥ (629-17)
संतां भरवासा तेरा ॥

ਨਾਨਕ ਪ੍ਰਭ ਸਰਣਾਈ ॥ (629-17)
नानक प्रभ सरणाई ॥

ਮੁਖਿ ਨਿੰਦਕ ਕੈ ਛਾਈ ॥੨॥੨੨॥੮੬॥ (629-17)
मुखि निंदक कै छाई ॥२॥२२॥८६॥

ਸੋਰਠਿ ਮਹਲਾ ੫ ॥ (629-18)
सोरठि महला ५ ॥

ਆਗੈ ਸੁਖੁ ਮੇਰੇ ਮੀਤਾ ॥ (629-18)
आगै सुखु मेरे मीता ॥

ਪਾਛੇ ਆਨਦੁ ਪ੍ਰਭਿ ਕੀਤਾ ॥ (629-18)
पाछे आनदु प्रभि कीता ॥

ਪਰਮੇਸੁਰਿ ਬਣਤ ਬਣਾਈ ॥ (629-18)
परमेसुरि बणत बणाई ॥

ਫਿਰਿ ਡੋਲਤ ਕਤਹੂ ਨਾਹੀ ॥੧॥ (629-18)
फिरि डोलत कतहू नाही ॥१॥

ਸਾਚੇ ਸਾਹਿਬ ਸਿਉ ਮਨੁ ਮਾਨਿਆ ॥ (629-19)
साचे साहिब सिउ मनु मानिआ ॥

ਹਰਿ ਸਰਬ ਨਿਰੰਤਰਿ ਜਾਨਿਆ ॥੧॥ ਰਹਾਉ ॥ (629-19)
हरि सरब निरंतरि जानिआ ॥१॥ रहाउ ॥

ਸਭ ਜੀਅ ਤੇਰੇ ਦਇਆਲਾ ॥ (630-1)
सभ जीअ तेरे दइआला ॥

ਅਪਨੇ ਭਗਤ ਕਰਹਿ ਪ੍ਰਤਿਪਾਲਾ ॥ (630-1)
अपने भगत करहि प्रतिपाला ॥

ਅਚਰਜੁ ਤੇਰੀ ਵਡਿਆਈ ॥ (630-1)
अचरजु तेरी वडिआई ॥

ਨਿਤ ਨਾਨਕ ਨਾਮੁ ਧਿਆਈ ॥੨॥੨੩॥੮੭॥ (630-1)
नित नानक नामु धिआई ॥२॥२३॥८७॥

ਸੋਰਠਿ ਮਹਲਾ ੫ ॥ (630-2)
सोरठि महला ५ ॥

ਨਾਲਿ ਨਰਾਇਣੁ ਮੇਰੈ ॥ (630-2)
नालि नराइणु मेरै ॥

ਜਮਦੂਤੁ ਨ ਆਵੈ ਨੇਰੈ ॥ (630-2)
जमदूतु न आवै नेरै ॥

ਕੰਠਿ ਲਾਇ ਪ੍ਰਭ ਰਾਖੈ ॥ (630-3)
कंठि लाइ प्रभ राखै ॥

ਸਤਿਗੁਰ ਕੀ ਸਚੁ ਸਾਖੈ ॥੧॥ (630-3)
सतिगुर की सचु साखै ॥१॥

ਗੁਰਿ ਪੂਰੈ ਪੂਰੀ ਕੀਤੀ ॥ (630-3)
गुरि पूरै पूरी कीती ॥

ਦੁਸਮਨ ਮਾਰਿ ਵਿਡਾਰੇ ਸਗਲੇ ਦਾਸ ਕਉ ਸੁਮਤਿ ਦੀਤੀ ॥੧॥ ਰਹਾਉ ॥ (630-3)
दुसमन मारि विडारे सगले दास कउ सुमति दीती ॥१॥ रहाउ ॥

ਪ੍ਰਭਿ ਸਗਲੇ ਥਾਨ ਵਸਾਏ ॥ (630-4)
प्रभि सगले थान वसाए ॥

ਸੁਖਿ ਸਾਂਦਿ ਫਿਰਿ ਆਏ ॥ (630-4)
सुखि सांदि फिरि आए ॥

ਨਾਨਕ ਪ੍ਰਭ ਸਰਣਾਏ ॥ (630-5)
नानक प्रभ सरणाए ॥

ਜਿਨਿ ਸਗਲੇ ਰੋਗ ਮਿਟਾਏ ॥੨॥੨੪॥੮੮॥ (630-5)
जिनि सगले रोग मिटाए ॥२॥२४॥८८॥

ਸੋਰਠਿ ਮਹਲਾ ੫ ॥ (630-5)
सोरठि महला ५ ॥

ਸਰਬ ਸੁਖਾ ਕਾ ਦਾਤਾ ਸਤਿਗੁਰੁ ਤਾ ਕੀ ਸਰਨੀ ਪਾਈਐ ॥ (630-5)
सरब सुखा का दाता सतिगुरु ता की सरनी पाईऐ ॥

ਦਰਸਨੁ ਭੇਟਤ ਹੋਤ ਅਨੰਦਾ ਦੂਖੁ ਗਇਆ ਹਰਿ ਗਾਈਐ ॥੧॥ (630-6)
दरसनु भेटत होत अनंदा दूखु गइआ हरि गाईऐ ॥१॥

ਹਰਿ ਰਸੁ ਪੀਵਹੁ ਭਾਈ ॥ (630-7)
हरि रसु पीवहु भाई ॥

ਨਾਮੁ ਜਪਹੁ ਨਾਮੋ ਆਰਾਧਹੁ ਗੁਰ ਪੂਰੇ ਕੀ ਸਰਨਾਈ ॥ ਰਹਾਉ ॥ (630-7)
नामु जपहु नामो आराधहु गुर पूरे की सरनाई ॥ रहाउ ॥

ਤਿਸਹਿ ਪਰਾਪਤਿ ਜਿਸੁ ਧੁਰਿ ਲਿਖਿਆ ਸੋਈ ਪੂਰਨੁ ਭਾਈ ॥ (630-7)
तिसहि परापति जिसु धुरि लिखिआ सोई पूरनु भाई ॥

ਨਾਨਕ ਕੀ ਬੇਨੰਤੀ ਪ੍ਰਭ ਜੀ ਨਾਮਿ ਰਹਾ ਲਿਵ ਲਾਈ ॥੨॥੨੫॥੮੯॥ (630-8)
नानक की बेनंती प्रभ जी नामि रहा लिव लाई ॥२॥२५॥८९॥

ਸੋਰਠਿ ਮਹਲਾ ੫ ॥ (630-9)
सोरठि महला ५ ॥

ਕਰਨ ਕਰਾਵਨ ਹਰਿ ਅੰਤਰਜਾਮੀ ਜਨ ਅਪੁਨੇ ਕੀ ਰਾਖੈ ॥ (630-9)
करन करावन हरि अंतरजामी जन अपुने की राखै ॥

ਜੈ ਜੈ ਕਾਰੁ ਹੋਤੁ ਜਗ ਭੀਤਰਿ ਸਬਦੁ ਗੁਰੂ ਰਸੁ ਚਾਖੈ ॥੧॥ (630-9)
जै जै कारु होतु जग भीतरि सबदु गुरू रसु चाखै ॥१॥

ਪ੍ਰਭ ਜੀ ਤੇਰੀ ਓਟ ਗੁਸਾਈ ॥ (630-10)
प्रभ जी तेरी ओट गुसाई ॥

ਤੂ ਸਮਰਥੁ ਸਰਨਿ ਕਾ ਦਾਤਾ ਆਠ ਪਹਰ ਤੁਮ੍ਹ ਧਿਆਈ ॥ ਰਹਾਉ ॥ (630-10)
तू समरथु सरनि का दाता आठ पहर तुम्ह धिआई ॥ रहाउ ॥

ਜੋ ਜਨੁ ਭਜਨੁ ਕਰੇ ਪ੍ਰਭ ਤੇਰਾ ਤਿਸੈ ਅੰਦੇਸਾ ਨਾਹੀ ॥ (630-11)
जो जनु भजनु करे प्रभ तेरा तिसै अंदेसा नाही ॥

ਸਤਿਗੁਰ ਚਰਨ ਲਗੇ ਭਉ ਮਿਟਿਆ ਹਰਿ ਗੁਨ ਗਾਏ ਮਨ ਮਾਹੀ ॥੨॥ (630-11)
सतिगुर चरन लगे भउ मिटिआ हरि गुन गाए मन माही ॥२॥

ਸੂਖ ਸਹਜ ਆਨੰਦ ਘਨੇਰੇ ਸਤਿਗੁਰ ਦੀਆ ਦਿਲਾਸਾ ॥ (630-12)
सूख सहज आनंद घनेरे सतिगुर दीआ दिलासा ॥

ਜਿਣਿ ਘਰਿ ਆਏ ਸੋਭਾ ਸੇਤੀ ਪੂਰਨ ਹੋਈ ਆਸਾ ॥੩॥ (630-12)
जिणि घरि आए सोभा सेती पूरन होई आसा ॥३॥

ਪੂਰਾ ਗੁਰੁ ਪੂਰੀ ਮਤਿ ਜਾ ਕੀ ਪੂਰਨ ਪ੍ਰਭ ਕੇ ਕਾਮਾ ॥ (630-13)
पूरा गुरु पूरी मति जा की पूरन प्रभ के कामा ॥

ਗੁਰ ਚਰਨੀ ਲਾਗਿ ਤਰਿਓ ਭਵ ਸਾਗਰੁ ਜਪਿ ਨਾਨਕ ਹਰਿ ਹਰਿ ਨਾਮਾ ॥੪॥੨੬॥੯੦॥ (630-14)
गुर चरनी लागि तरिओ भव सागरु जपि नानक हरि हरि नामा ॥४॥२६॥९०॥

ਸੋਰਠਿ ਮਹਲਾ ੫ ॥ (630-14)
सोरठि महला ५ ॥

ਭਇਓ ਕਿਰਪਾਲੁ ਦੀਨ ਦੁਖ ਭੰਜਨੁ ਆਪੇ ਸਭ ਬਿਧਿ ਥਾਟੀ ॥ (630-15)
भइओ किरपालु दीन दुख भंजनु आपे सभ बिधि थाटी ॥

ਖਿਨ ਮਹਿ ਰਾਖਿ ਲੀਓ ਜਨੁ ਅਪੁਨਾ ਗੁਰ ਪੂਰੈ ਬੇੜੀ ਕਾਟੀ ॥੧॥ (630-15)
खिन महि राखि लीओ जनु अपुना गुर पूरै बेड़ी काटी ॥१॥

ਮੇਰੇ ਮਨ ਗੁਰ ਗੋੁਵਿੰਦੁ ਸਦ ਧਿਆਈਐ ॥ (630-16)
मेरे मन गुर गोविंदु सद धिआईऐ ॥

ਸਗਲ ਕਲੇਸ ਮਿਟਹਿ ਇਸੁ ਤਨ ਤੇ ਮਨ ਚਿੰਦਿਆ ਫਲੁ ਪਾਈਐ ॥ ਰਹਾਉ ॥ (630-16)
सगल कलेस मिटहि इसु तन ते मन चिंदिआ फलु पाईऐ ॥ रहाउ ॥

ਜੀਅ ਜੰਤ ਜਾ ਕੇ ਸਭਿ ਕੀਨੇ ਪ੍ਰਭੁ ਊਚਾ ਅਗਮ ਅਪਾਰਾ ॥ (630-17)
जीअ जंत जा के सभि कीने प्रभु ऊचा अगम अपारा ॥

ਸਾਧਸੰਗਿ ਨਾਨਕ ਨਾਮੁ ਧਿਆਇਆ ਮੁਖ ਊਜਲ ਭਏ ਦਰਬਾਰਾ ॥੨॥੨੭॥੯੧॥ (630-17)
साधसंगि नानक नामु धिआइआ मुख ऊजल भए दरबारा ॥२॥२७॥९१॥

ਸੋਰਠਿ ਮਹਲਾ ੫ ॥ (630-18)
सोरठि महला ५ ॥

ਸਿਮਰਉ ਅਪੁਨਾ ਸਾਂਈ ॥ (630-18)
सिमरउ अपुना सांई ॥

ਦਿਨਸੁ ਰੈਨਿ ਸਦ ਧਿਆਈ ॥ (630-19)
दिनसु रैनि सद धिआई ॥

ਹਾਥ ਦੇਇ ਜਿਨਿ ਰਾਖੇ ॥ (630-19)
हाथ देइ जिनि राखे ॥

ਹਰਿ ਨਾਮ ਮਹਾ ਰਸ ਚਾਖੇ ॥੧॥ (630-19)
हरि नाम महा रस चाखे ॥१॥

ਅਪਨੇ ਗੁਰ ਊਪਰਿ ਕੁਰਬਾਨੁ ॥ (631-1)
अपने गुर ऊपरि कुरबानु ॥

ਭਏ ਕਿਰਪਾਲ ਪੂਰਨ ਪ੍ਰਭ ਦਾਤੇ ਜੀਅ ਹੋਏ ਮਿਹਰਵਾਨ ॥ ਰਹਾਉ ॥ (631-1)
भए किरपाल पूरन प्रभ दाते जीअ होए मिहरवान ॥ रहाउ ॥

ਨਾਨਕ ਜਨ ਸਰਨਾਈ ॥ (631-1)
नानक जन सरनाई ॥

ਜਿਨਿ ਪੂਰਨ ਪੈਜ ਰਖਾਈ ॥ (631-2)
जिनि पूरन पैज रखाई ॥

ਸਗਲੇ ਦੂਖ ਮਿਟਾਈ ॥ (631-2)
सगले दूख मिटाई ॥

ਸੁਖੁ ਭੁੰਚਹੁ ਮੇਰੇ ਭਾਈ ॥੨॥੨੮॥੯੨॥ (631-2)
सुखु भुंचहु मेरे भाई ॥२॥२८॥९२॥

ਸੋਰਠਿ ਮਹਲਾ ੫ ॥ (631-3)
सोरठि महला ५ ॥

ਸੁਨਹੁ ਬਿਨੰਤੀ ਠਾਕੁਰ ਮੇਰੇ ਜੀਅ ਜੰਤ ਤੇਰੇ ਧਾਰੇ ॥ (631-3)
सुनहु बिनंती ठाकुर मेरे जीअ जंत तेरे धारे ॥

ਰਾਖੁ ਪੈਜ ਨਾਮ ਅਪੁਨੇ ਕੀ ਕਰਨ ਕਰਾਵਨਹਾਰੇ ॥੧॥ (631-3)
राखु पैज नाम अपुने की करन करावनहारे ॥१॥

ਪ੍ਰਭ ਜੀਉ ਖਸਮਾਨਾ ਕਰਿ ਪਿਆਰੇ ॥ (631-4)
प्रभ जीउ खसमाना करि पिआरे ॥

ਬੁਰੇ ਭਲੇ ਹਮ ਥਾਰੇ ॥ ਰਹਾਉ ॥ (631-4)
बुरे भले हम थारे ॥ रहाउ ॥

ਸੁਣੀ ਪੁਕਾਰ ਸਮਰਥ ਸੁਆਮੀ ਬੰਧਨ ਕਾਟਿ ਸਵਾਰੇ ॥ (631-4)
सुणी पुकार समरथ सुआमी बंधन काटि सवारे ॥

ਪਹਿਰਿ ਸਿਰਪਾਉ ਸੇਵਕ ਜਨ ਮੇਲੇ ਨਾਨਕ ਪ੍ਰਗਟ ਪਹਾਰੇ ॥੨॥੨੯॥੯੩॥ (631-5)
पहिरि सिरपाउ सेवक जन मेले नानक प्रगट पहारे ॥२॥२९॥९३॥

ਸੋਰਠਿ ਮਹਲਾ ੫ ॥ (631-6)
सोरठि महला ५ ॥

ਜੀਅ ਜੰਤ ਸਭਿ ਵਸਿ ਕਰਿ ਦੀਨੇ ਸੇਵਕ ਸਭਿ ਦਰਬਾਰੇ ॥ (631-6)
जीअ जंत सभि वसि करि दीने सेवक सभि दरबारे ॥

ਅੰਗੀਕਾਰੁ ਕੀਓ ਪ੍ਰਭ ਅਪੁਨੇ ਭਵ ਨਿਧਿ ਪਾਰਿ ਉਤਾਰੇ ॥੧॥ (631-6)
अंगीकारु कीओ प्रभ अपुने भव निधि पारि उतारे ॥१॥

ਸੰਤਨ ਕੇ ਕਾਰਜ ਸਗਲ ਸਵਾਰੇ ॥ (631-7)
संतन के कारज सगल सवारे ॥

ਦੀਨ ਦਇਆਲ ਕ੍ਰਿਪਾਲ ਕ੍ਰਿਪਾ ਨਿਧਿ ਪੂਰਨ ਖਸਮ ਹਮਾਰੇ ॥ ਰਹਾਉ ॥ (631-7)
दीन दइआल क्रिपाल क्रिपा निधि पूरन खसम हमारे ॥ रहाउ ॥

ਆਉ ਬੈਠੁ ਆਦਰੁ ਸਭ ਥਾਈ ਊਨ ਨ ਕਤਹੂੰ ਬਾਤਾ ॥ (631-8)
आउ बैठु आदरु सभ थाई ऊन न कतहूं बाता ॥

ਭਗਤਿ ਸਿਰਪਾਉ ਦੀਓ ਜਨ ਅਪੁਨੇ ਪ੍ਰਤਾਪੁ ਨਾਨਕ ਪ੍ਰਭ ਜਾਤਾ ॥੨॥੩੦॥੯੪॥ (631-9)
भगति सिरपाउ दीओ जन अपुने प्रतापु नानक प्रभ जाता ॥२॥३०॥९४॥

ਸੋਰਠਿ ਮਹਲਾ ੯ (631-10)
सोरठि महला ९

ੴ ਸਤਿਗੁਰ ਪ੍ਰਸਾਦਿ ॥ (631-10)
ੴ सतिगुर प्रसादि ॥

ਰੇ ਮਨ ਰਾਮ ਸਿਉ ਕਰਿ ਪ੍ਰੀਤਿ ॥ (631-11)
रे मन राम सिउ करि प्रीति ॥

ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ ॥੧॥ ਰਹਾਉ ॥ (631-11)
स्रवन गोबिंद गुनु सुनउ अरु गाउ रसना गीति ॥१॥ रहाउ ॥

ਕਰਿ ਸਾਧਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ ॥ (631-11)
करि साधसंगति सिमरु माधो होहि पतित पुनीत ॥

ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ ॥੧॥ (631-12)
कालु बिआलु जिउ परिओ डोलै मुखु पसारे मीत ॥१॥

ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ ॥ (631-13)
आजु कालि फुनि तोहि ग्रसि है समझि राखउ चीति ॥

ਕਹੈ ਨਾਨਕੁ ਰਾਮੁ ਭਜਿ ਲੈ ਜਾਤੁ ਅਉਸਰੁ ਬੀਤ ॥੨॥੧॥ (631-13)
कहै नानकु रामु भजि लै जातु अउसरु बीत ॥२॥१॥

ਸੋਰਠਿ ਮਹਲਾ ੯ ॥ (631-14)
सोरठि महला ९ ॥

ਮਨ ਕੀ ਮਨ ਹੀ ਮਾਹਿ ਰਹੀ ॥ (631-14)
मन की मन ही माहि रही ॥

ਨਾ ਹਰਿ ਭਜੇ ਨ ਤੀਰਥ ਸੇਵੇ ਚੋਟੀ ਕਾਲਿ ਗਹੀ ॥੧॥ ਰਹਾਉ ॥ (631-14)
ना हरि भजे न तीरथ सेवे चोटी कालि गही ॥१॥ रहाउ ॥

ਦਾਰਾ ਮੀਤ ਪੂਤ ਰਥ ਸੰਪਤਿ ਧਨ ਪੂਰਨ ਸਭ ਮਹੀ ॥ (631-15)
दारा मीत पूत रथ स्मपति धन पूरन सभ मही ॥

ਅਵਰ ਸਗਲ ਮਿਥਿਆ ਏ ਜਾਨਉ ਭਜਨੁ ਰਾਮੁ ਕੋ ਸਹੀ ॥੧॥ (631-15)
अवर सगल मिथिआ ए जानउ भजनु रामु को सही ॥१॥

ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥ (631-16)
फिरत फिरत बहुते जुग हारिओ मानस देह लही ॥

ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥੨॥੨॥ (631-16)
नानक कहत मिलन की बरीआ सिमरत कहा नही ॥२॥२॥

ਸੋਰਠਿ ਮਹਲਾ ੯ ॥ (631-17)
सोरठि महला ९ ॥

ਮਨ ਰੇ ਕਉਨੁ ਕੁਮਤਿ ਤੈ ਲੀਨੀ ॥ (631-17)
मन रे कउनु कुमति तै लीनी ॥

ਪਰ ਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹਿ ਕੀਨੀ ॥੧॥ ਰਹਾਉ ॥ (631-17)
पर दारा निंदिआ रस रचिओ राम भगति नहि कीनी ॥१॥ रहाउ ॥

ਮੁਕਤਿ ਪੰਥੁ ਜਾਨਿਓ ਤੈ ਨਾਹਨਿ ਧਨ ਜੋਰਨ ਕਉ ਧਾਇਆ ॥ (631-18)
मुकति पंथु जानिओ तै नाहनि धन जोरन कउ धाइआ ॥

ਅੰਤਿ ਸੰਗ ਕਾਹੂ ਨਹੀ ਦੀਨਾ ਬਿਰਥਾ ਆਪੁ ਬੰਧਾਇਆ ॥੧॥ (632-1)
अंति संग काहू नही दीना बिरथा आपु बंधाइआ ॥१॥

ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ ਨਹ ਉਪਜਿਓ ਕਛੁ ਗਿਆਨਾ ॥ (632-1)
ना हरि भजिओ न गुर जनु सेविओ नह उपजिओ कछु गिआना ॥

ਘਟ ਹੀ ਮਾਹਿ ਨਿਰੰਜਨੁ ਤੇਰੈ ਤੈ ਖੋਜਤ ਉਦਿਆਨਾ ॥੨॥ (632-2)
घट ही माहि निरंजनु तेरै तै खोजत उदिआना ॥२॥

ਬਹੁਤੁ ਜਨਮ ਭਰਮਤ ਤੈ ਹਾਰਿਓ ਅਸਥਿਰ ਮਤਿ ਨਹੀ ਪਾਈ ॥ (632-2)
बहुतु जनम भरमत तै हारिओ असथिर मति नही पाई ॥

ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ ॥੩॥੩॥ (632-3)
मानस देह पाइ पद हरि भजु नानक बात बताई ॥३॥३॥

ਸੋਰਠਿ ਮਹਲਾ ੯ ॥ (632-4)
सोरठि महला ९ ॥

ਮਨ ਰੇ ਪ੍ਰਭ ਕੀ ਸਰਨਿ ਬਿਚਾਰੋ ॥ (632-4)
मन रे प्रभ की सरनि बिचारो ॥

ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸੁ ਉਰ ਧਾਰੋ ॥੧॥ ਰਹਾਉ ॥ (632-4)
जिह सिमरत गनका सी उधरी ता को जसु उर धारो ॥१॥ रहाउ ॥

ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ ਅਰੁ ਨਿਰਭੈ ਪਦੁ ਪਾਇਆ ॥ (632-5)
अटल भइओ ध्रूअ जा कै सिमरनि अरु निरभै पदु पाइआ ॥

ਦੁਖ ਹਰਤਾ ਇਹ ਬਿਧਿ ਕੋ ਸੁਆਮੀ ਤੈ ਕਾਹੇ ਬਿਸਰਾਇਆ ॥੧॥ (632-5)
दुख हरता इह बिधि को सुआमी तै काहे बिसराइआ ॥१॥

ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗਰਾਹ ਤੇ ਛੂਟਾ ॥ (632-6)
जब ही सरनि गही किरपा निधि गज गराह ते छूटा ॥

ਮਹਮਾ ਨਾਮ ਕਹਾ ਲਉ ਬਰਨਉ ਰਾਮ ਕਹਤ ਬੰਧਨ ਤਿਹ ਤੂਟਾ ॥੨॥ (632-7)
महमा नाम कहा लउ बरनउ राम कहत बंधन तिह तूटा ॥२॥

ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥ (632-7)
अजामलु पापी जगु जाने निमख माहि निसतारा ॥

ਨਾਨਕ ਕਹਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ ॥੩॥੪॥ (632-8)
नानक कहत चेत चिंतामनि तै भी उतरहि पारा ॥३॥४॥

ਸੋਰਠਿ ਮਹਲਾ ੯ ॥ (632-8)
सोरठि महला ९ ॥

ਪ੍ਰਾਨੀ ਕਉਨੁ ਉਪਾਉ ਕਰੈ ॥ (632-9)
प्रानी कउनु उपाउ करै ॥

ਜਾ ਤੇ ਭਗਤਿ ਰਾਮ ਕੀ ਪਾਵੈ ਜਮ ਕੋ ਤ੍ਰਾਸੁ ਹਰੈ ॥੧॥ ਰਹਾਉ ॥ (632-9)
जा ते भगति राम की पावै जम को त्रासु हरै ॥१॥ रहाउ ॥

ਕਉਨੁ ਕਰਮ ਬਿਦਿਆ ਕਹੁ ਕੈਸੀ ਧਰਮੁ ਕਉਨੁ ਫੁਨਿ ਕਰਈ ॥ (632-9)
कउनु करम बिदिआ कहु कैसी धरमु कउनु फुनि करई ॥

ਕਉਨੁ ਨਾਮੁ ਗੁਰ ਜਾ ਕੈ ਸਿਮਰੈ ਭਵ ਸਾਗਰ ਕਉ ਤਰਈ ॥੧॥ (632-10)
कउनु नामु गुर जा कै सिमरै भव सागर कउ तरई ॥१॥

ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ ॥ (632-11)
कल मै एकु नामु किरपा निधि जाहि जपै गति पावै ॥

ਅਉਰ ਧਰਮ ਤਾ ਕੈ ਸਮ ਨਾਹਨਿ ਇਹ ਬਿਧਿ ਬੇਦੁ ਬਤਾਵੈ ॥੨॥ (632-11)
अउर धरम ता कै सम नाहनि इह बिधि बेदु बतावै ॥२॥

ਸੁਖੁ ਦੁਖੁ ਰਹਤ ਸਦਾ ਨਿਰਲੇਪੀ ਜਾ ਕਉ ਕਹਤ ਗੁਸਾਈ ॥ (632-12)
सुखु दुखु रहत सदा निरलेपी जा कउ कहत गुसाई ॥

ਸੋ ਤੁਮ ਹੀ ਮਹਿ ਬਸੈ ਨਿਰੰਤਰਿ ਨਾਨਕ ਦਰਪਨਿ ਨਿਆਈ ॥੩॥੫॥ (632-12)
सो तुम ही महि बसै निरंतरि नानक दरपनि निआई ॥३॥५॥

ਸੋਰਠਿ ਮਹਲਾ ੯ ॥ (632-13)
सोरठि महला ९ ॥

ਮਾਈ ਮੈ ਕਿਹਿ ਬਿਧਿ ਲਖਉ ਗੁਸਾਈ ॥ (632-13)
माई मै किहि बिधि लखउ गुसाई ॥

ਮਹਾ ਮੋਹ ਅਗਿਆਨਿ ਤਿਮਰਿ ਮੋ ਮਨੁ ਰਹਿਓ ਉਰਝਾਈ ॥੧॥ ਰਹਾਉ ॥ (632-13)
महा मोह अगिआनि तिमरि मो मनु रहिओ उरझाई ॥१॥ रहाउ ॥

ਸਗਲ ਜਨਮ ਭਰਮ ਹੀ ਭਰਮ ਖੋਇਓ ਨਹ ਅਸਥਿਰੁ ਮਤਿ ਪਾਈ ॥ (632-14)
सगल जनम भरम ही भरम खोइओ नह असथिरु मति पाई ॥

ਬਿਖਿਆਸਕਤ ਰਹਿਓ ਨਿਸ ਬਾਸੁਰ ਨਹ ਛੂਟੀ ਅਧਮਾਈ ॥੧॥ (632-15)
बिखिआसकत रहिओ निस बासुर नह छूटी अधमाई ॥१॥

ਸਾਧਸੰਗੁ ਕਬਹੂ ਨਹੀ ਕੀਨਾ ਨਹ ਕੀਰਤਿ ਪ੍ਰਭ ਗਾਈ ॥ (632-15)
साधसंगु कबहू नही कीना नह कीरति प्रभ गाई ॥

ਜਨ ਨਾਨਕ ਮੈ ਨਾਹਿ ਕੋਊ ਗੁਨੁ ਰਾਖਿ ਲੇਹੁ ਸਰਨਾਈ ॥੨॥੬॥ (632-16)
जन नानक मै नाहि कोऊ गुनु राखि लेहु सरनाई ॥२॥६॥

ਸੋਰਠਿ ਮਹਲਾ ੯ ॥ (632-17)
सोरठि महला ९ ॥

ਮਾਈ ਮਨੁ ਮੇਰੋ ਬਸਿ ਨਾਹਿ ॥ (632-17)
माई मनु मेरो बसि नाहि ॥

ਨਿਸ ਬਾਸੁਰ ਬਿਖਿਅਨ ਕਉ ਧਾਵਤ ਕਿਹਿ ਬਿਧਿ ਰੋਕਉ ਤਾਹਿ ॥੧॥ ਰਹਾਉ ॥ (632-17)
निस बासुर बिखिअन कउ धावत किहि बिधि रोकउ ताहि ॥१॥ रहाउ ॥

ਬੇਦ ਪੁਰਾਨ ਸਿਮ੍ਰਿਤਿ ਕੇ ਮਤ ਸੁਨਿ ਨਿਮਖ ਨ ਹੀਏ ਬਸਾਵੈ ॥ (632-18)
बेद पुरान सिम्रिति के मत सुनि निमख न हीए बसावै ॥

ਪਰ ਧਨ ਪਰ ਦਾਰਾ ਸਿਉ ਰਚਿਓ ਬਿਰਥਾ ਜਨਮੁ ਸਿਰਾਵੈ ॥੧॥ (632-18)
पर धन पर दारा सिउ रचिओ बिरथा जनमु सिरावै ॥१॥

ਮਦਿ ਮਾਇਆ ਕੈ ਭਇਓ ਬਾਵਰੋ ਸੂਝਤ ਨਹ ਕਛੁ ਗਿਆਨਾ ॥ (632-19)
मदि माइआ कै भइओ बावरो सूझत नह कछु गिआना ॥

ਘਟ ਹੀ ਭੀਤਰਿ ਬਸਤ ਨਿਰੰਜਨੁ ਤਾ ਕੋ ਮਰਮੁ ਨ ਜਾਨਾ ॥੨॥ (632-19)
घट ही भीतरि बसत निरंजनु ता को मरमु न जाना ॥२॥

ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ ਸਗਲ ਬਿਨਾਸੀ ॥ (633-1)
जब ही सरनि साध की आइओ दुरमति सगल बिनासी ॥

ਤਬ ਨਾਨਕ ਚੇਤਿਓ ਚਿੰਤਾਮਨਿ ਕਾਟੀ ਜਮ ਕੀ ਫਾਸੀ ॥੩॥੭॥ (633-2)
तब नानक चेतिओ चिंतामनि काटी जम की फासी ॥३॥७॥

ਸੋਰਠਿ ਮਹਲਾ ੯ ॥ (633-2)
सोरठि महला ९ ॥

ਰੇ ਨਰ ਇਹ ਸਾਚੀ ਜੀਅ ਧਾਰਿ ॥ (633-2)
रे नर इह साची जीअ धारि ॥

ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ ॥੧॥ ਰਹਾਉ ॥ (633-3)
सगल जगतु है जैसे सुपना बिनसत लगत न बार ॥१॥ रहाउ ॥

ਬਾਰੂ ਭੀਤਿ ਬਨਾਈ ਰਚਿ ਪਚਿ ਰਹਤ ਨਹੀ ਦਿਨ ਚਾਰਿ ॥ (633-3)
बारू भीति बनाई रचि पचि रहत नही दिन चारि ॥

ਤੈਸੇ ਹੀ ਇਹ ਸੁਖ ਮਾਇਆ ਕੇ ਉਰਝਿਓ ਕਹਾ ਗਵਾਰ ॥੧॥ (633-4)
तैसे ही इह सुख माइआ के उरझिओ कहा गवार ॥१॥

ਅਜਹੂ ਸਮਝਿ ਕਛੁ ਬਿਗਰਿਓ ਨਾਹਿਨਿ ਭਜਿ ਲੇ ਨਾਮੁ ਮੁਰਾਰਿ ॥ (633-5)
अजहू समझि कछु बिगरिओ नाहिनि भजि ले नामु मुरारि ॥

ਕਹੁ ਨਾਨਕ ਨਿਜ ਮਤੁ ਸਾਧਨ ਕਉ ਭਾਖਿਓ ਤੋਹਿ ਪੁਕਾਰਿ ॥੨॥੮॥ (633-5)
कहु नानक निज मतु साधन कउ भाखिओ तोहि पुकारि ॥२॥८॥

ਸੋਰਠਿ ਮਹਲਾ ੯ ॥ (633-6)
सोरठि महला ९ ॥

ਇਹ ਜਗਿ ਮੀਤੁ ਨ ਦੇਖਿਓ ਕੋਈ ॥ (633-6)
इह जगि मीतु न देखिओ कोई ॥

ਸਗਲ ਜਗਤੁ ਅਪਨੈ ਸੁਖਿ ਲਾਗਿਓ ਦੁਖ ਮੈ ਸੰਗਿ ਨ ਹੋਈ ॥੧॥ ਰਹਾਉ ॥ (633-6)
सगल जगतु अपनै सुखि लागिओ दुख मै संगि न होई ॥१॥ रहाउ ॥

ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ ॥ (633-7)
दारा मीत पूत सनबंधी सगरे धन सिउ लागे ॥

ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ ॥੧॥ (633-7)
जब ही निरधन देखिओ नर कउ संगु छाडि सभ भागे ॥१॥

ਕਹੰਉ ਕਹਾ ਯਿਆ ਮਨ ਬਉਰੇ ਕਉ ਇਨ ਸਿਉ ਨੇਹੁ ਲਗਾਇਓ ॥ (633-8)
कहंउ कहा यिआ मन बउरे कउ इन सिउ नेहु लगाइओ ॥

ਦੀਨਾ ਨਾਥ ਸਕਲ ਭੈ ਭੰਜਨ ਜਸੁ ਤਾ ਕੋ ਬਿਸਰਾਇਓ ॥੨॥ (633-9)
दीना नाथ सकल भै भंजन जसु ता को बिसराइओ ॥२॥

ਸੁਆਨ ਪੂਛ ਜਿਉ ਭਇਓ ਨ ਸੂਧਉ ਬਹੁਤੁ ਜਤਨੁ ਮੈ ਕੀਨਉ ॥ (633-9)
सुआन पूछ जिउ भइओ न सूधउ बहुतु जतनु मै कीनउ ॥

ਨਾਨਕ ਲਾਜ ਬਿਰਦ ਕੀ ਰਾਖਹੁ ਨਾਮੁ ਤੁਹਾਰਉ ਲੀਨਉ ॥੩॥੯॥ (633-10)
नानक लाज बिरद की राखहु नामु तुहारउ लीनउ ॥३॥९॥

ਸੋਰਠਿ ਮਹਲਾ ੯ ॥ (633-11)
सोरठि महला ९ ॥

ਮਨ ਰੇ ਗਹਿਓ ਨ ਗੁਰ ਉਪਦੇਸੁ ॥ (633-11)
मन रे गहिओ न गुर उपदेसु ॥

ਕਹਾ ਭਇਓ ਜਉ ਮੂਡੁ ਮੁਡਾਇਓ ਭਗਵਉ ਕੀਨੋ ਭੇਸੁ ॥੧॥ ਰਹਾਉ ॥ (633-11)
कहा भइओ जउ मूडु मुडाइओ भगवउ कीनो भेसु ॥१॥ रहाउ ॥

ਸਾਚ ਛਾਡਿ ਕੈ ਝੂਠਹ ਲਾਗਿਓ ਜਨਮੁ ਅਕਾਰਥੁ ਖੋਇਓ ॥ (633-12)
साच छाडि कै झूठह लागिओ जनमु अकारथु खोइओ ॥

ਕਰਿ ਪਰਪੰਚ ਉਦਰ ਨਿਜ ਪੋਖਿਓ ਪਸੁ ਕੀ ਨਿਆਈ ਸੋਇਓ ॥੧॥ (633-12)
करि परपंच उदर निज पोखिओ पसु की निआई सोइओ ॥१॥

ਰਾਮ ਭਜਨ ਕੀ ਗਤਿ ਨਹੀ ਜਾਨੀ ਮਾਇਆ ਹਾਥਿ ਬਿਕਾਨਾ ॥ (633-13)
राम भजन की गति नही जानी माइआ हाथि बिकाना ॥

ਉਰਝਿ ਰਹਿਓ ਬਿਖਿਅਨ ਸੰਗਿ ਬਉਰਾ ਨਾਮੁ ਰਤਨੁ ਬਿਸਰਾਨਾ ॥੨॥ (633-13)
उरझि रहिओ बिखिअन संगि बउरा नामु रतनु बिसराना ॥२॥

ਰਹਿਓ ਅਚੇਤੁ ਨ ਚੇਤਿਓ ਗੋਬਿੰਦ ਬਿਰਥਾ ਅਉਧ ਸਿਰਾਨੀ ॥ (633-14)
रहिओ अचेतु न चेतिओ गोबिंद बिरथा अउध सिरानी ॥

ਕਹੁ ਨਾਨਕ ਹਰਿ ਬਿਰਦੁ ਪਛਾਨਉ ਭੂਲੇ ਸਦਾ ਪਰਾਨੀ ॥੩॥੧੦॥ (633-15)
कहु नानक हरि बिरदु पछानउ भूले सदा परानी ॥३॥१०॥

ਸੋਰਠਿ ਮਹਲਾ ੯ ॥ (633-15)
सोरठि महला ९ ॥

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥ (633-15)
जो नरु दुख मै दुखु नही मानै ॥

ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧॥ ਰਹਾਉ ॥ (633-16)
सुख सनेहु अरु भै नही जा कै कंचन माटी मानै ॥१॥ रहाउ ॥

ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥ (633-16)
नह निंदिआ नह उसतति जा कै लोभु मोहु अभिमाना ॥

ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥੧॥ (633-17)
हरख सोग ते रहै निआरउ नाहि मान अपमाना ॥१॥

ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥ (633-17)
आसा मनसा सगल तिआगै जग ते रहै निरासा ॥

ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥੨॥ (633-18)
कामु क्रोधु जिह परसै नाहनि तिह घटि ब्रहमु निवासा ॥२॥

ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥ (633-19)
गुर किरपा जिह नर कउ कीनी तिह इह जुगति पछानी ॥

ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩॥੧੧॥ (633-19)
नानक लीन भइओ गोबिंद सिउ जिउ पानी संगि पानी ॥३॥११॥

ਸੋਰਠਿ ਮਹਲਾ ੯ ॥ (634-1)
सोरठि महला ९ ॥

ਪ੍ਰੀਤਮ ਜਾਨਿ ਲੇਹੁ ਮਨ ਮਾਹੀ ॥ (634-1)
प्रीतम जानि लेहु मन माही ॥

ਅਪਨੇ ਸੁਖ ਸਿਉ ਹੀ ਜਗੁ ਫਾਂਧਿਓ ਕੋ ਕਾਹੂ ਕੋ ਨਾਹੀ ॥੧॥ ਰਹਾਉ ॥ (634-1)
अपने सुख सिउ ही जगु फांधिओ को काहू को नाही ॥१॥ रहाउ ॥

ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ ॥ (634-2)
सुख मै आनि बहुतु मिलि बैठत रहत चहू दिसि घेरै ॥

ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ ॥੧॥ (634-3)
बिपति परी सभ ही संगु छाडित कोऊ न आवत नेरै ॥१॥

ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ ॥ (634-3)
घर की नारि बहुतु हितु जा सिउ सदा रहत संग लागी ॥

ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ ॥੨॥ (634-4)
जब ही हंस तजी इह कांइआ प्रेत प्रेत करि भागी ॥२॥

ਇਹ ਬਿਧਿ ਕੋ ਬਿਉਹਾਰੁ ਬਨਿਓ ਹੈ ਜਾ ਸਿਉ ਨੇਹੁ ਲਗਾਇਓ ॥ (634-4)
इह बिधि को बिउहारु बनिओ है जा सिउ नेहु लगाइओ ॥

ਅੰਤ ਬਾਰ ਨਾਨਕ ਬਿਨੁ ਹਰਿ ਜੀ ਕੋਊ ਕਾਮਿ ਨ ਆਇਓ ॥੩॥੧੨॥੧੩੯॥ (634-5)
अंत बार नानक बिनु हरि जी कोऊ कामि न आइओ ॥३॥१२॥१३९॥

ਸੋਰਠਿ ਮਹਲਾ ੧ ਘਰੁ ੧ ਅਸਟਪਦੀਆ ਚਉਤੁਕੀ (634-7)
सोरठि महला १ घरु १ असटपदीआ चउतुकी

ੴ ਸਤਿਗੁਰ ਪ੍ਰਸਾਦਿ ॥ (634-7)
१ੴ सतिगुर प्रसादि ॥

ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ ॥ (634-8)
दुबिधा न पड़उ हरि बिनु होरु न पूजउ मड़ै मसाणि न जाई ॥

ਤ੍ਰਿਸਨਾ ਰਾਚਿ ਨ ਪਰ ਘਰਿ ਜਾਵਾ ਤ੍ਰਿਸਨਾ ਨਾਮਿ ਬੁਝਾਈ ॥ (634-8)
त्रिसना राचि न पर घरि जावा त्रिसना नामि बुझाई ॥

ਘਰ ਭੀਤਰਿ ਘਰੁ ਗੁਰੂ ਦਿਖਾਇਆ ਸਹਜਿ ਰਤੇ ਮਨ ਭਾਈ ॥ (634-9)
घर भीतरि घरु गुरू दिखाइआ सहजि रते मन भाई ॥

ਤੂ ਆਪੇ ਦਾਨਾ ਆਪੇ ਬੀਨਾ ਤੂ ਦੇਵਹਿ ਮਤਿ ਸਾਈ ॥੧॥ (634-9)
तू आपे दाना आपे बीना तू देवहि मति साई ॥१॥

ਮਨੁ ਬੈਰਾਗਿ ਰਤਉ ਬੈਰਾਗੀ ਸਬਦਿ ਮਨੁ ਬੇਧਿਆ ਮੇਰੀ ਮਾਈ ॥ (634-10)
मनु बैरागि रतउ बैरागी सबदि मनु बेधिआ मेरी माई ॥

ਅੰਤਰਿ ਜੋਤਿ ਨਿਰੰਤਰਿ ਬਾਣੀ ਸਾਚੇ ਸਾਹਿਬ ਸਿਉ ਲਿਵ ਲਾਈ ॥ ਰਹਾਉ ॥ (634-10)
अंतरि जोति निरंतरि बाणी साचे साहिब सिउ लिव लाई ॥ रहाउ ॥

ਅਸੰਖ ਬੈਰਾਗੀ ਕਹਹਿ ਬੈਰਾਗ ਸੋ ਬੈਰਾਗੀ ਜਿ ਖਸਮੈ ਭਾਵੈ ॥ (634-11)
असंख बैरागी कहहि बैराग सो बैरागी जि खसमै भावै ॥

ਹਿਰਦੈ ਸਬਦਿ ਸਦਾ ਭੈ ਰਚਿਆ ਗੁਰ ਕੀ ਕਾਰ ਕਮਾਵੈ ॥ (634-12)
हिरदै सबदि सदा भै रचिआ गुर की कार कमावै ॥

ਏਕੋ ਚੇਤੈ ਮਨੂਆ ਨ ਡੋਲੈ ਧਾਵਤੁ ਵਰਜਿ ਰਹਾਵੈ ॥ (634-12)
एको चेतै मनूआ न डोलै धावतु वरजि रहावै ॥

ਸਹਜੇ ਮਾਤਾ ਸਦਾ ਰੰਗਿ ਰਾਤਾ ਸਾਚੇ ਕੇ ਗੁਣ ਗਾਵੈ ॥੨॥ (634-13)
सहजे माता सदा रंगि राता साचे के गुण गावै ॥२॥

ਮਨੂਆ ਪਉਣੁ ਬਿੰਦੁ ਸੁਖਵਾਸੀ ਨਾਮਿ ਵਸੈ ਸੁਖ ਭਾਈ ॥ (634-13)
मनूआ पउणु बिंदु सुखवासी नामि वसै सुख भाई ॥

ਜਿਹਬਾ ਨੇਤ੍ਰ ਸੋਤ੍ਰ ਸਚਿ ਰਾਤੇ ਜਲਿ ਬੂਝੀ ਤੁਝਹਿ ਬੁਝਾਈ ॥ (634-14)
जिहबा नेत्र सोत्र सचि राते जलि बूझी तुझहि बुझाई ॥

ਆਸ ਨਿਰਾਸ ਰਹੈ ਬੈਰਾਗੀ ਨਿਜ ਘਰਿ ਤਾੜੀ ਲਾਈ ॥ (634-14)
आस निरास रहै बैरागी निज घरि ताड़ी लाई ॥

ਭਿਖਿਆ ਨਾਮਿ ਰਜੇ ਸੰਤੋਖੀ ਅੰਮ੍ਰਿਤੁ ਸਹਜਿ ਪੀਆਈ ॥੩॥ (634-15)
भिखिआ नामि रजे संतोखी अमृतु सहजि पीआई ॥३॥

ਦੁਬਿਧਾ ਵਿਚਿ ਬੈਰਾਗੁ ਨ ਹੋਵੀ ਜਬ ਲਗੁ ਦੂਜੀ ਰਾਈ ॥ (634-15)
दुबिधा विचि बैरागु न होवी जब लगु दूजी राई ॥

ਸਭੁ ਜਗੁ ਤੇਰਾ ਤੂ ਏਕੋ ਦਾਤਾ ਅਵਰੁ ਨ ਦੂਜਾ ਭਾਈ ॥ (634-16)
सभु जगु तेरा तू एको दाता अवरु न दूजा भाई ॥

ਮਨਮੁਖਿ ਜੰਤ ਦੁਖਿ ਸਦਾ ਨਿਵਾਸੀ ਗੁਰਮੁਖਿ ਦੇ ਵਡਿਆਈ ॥ (634-16)
मनमुखि जंत दुखि सदा निवासी गुरमुखि दे वडिआई ॥

ਅਪਰ ਅਪਾਰ ਅਗੰਮ ਅਗੋਚਰ ਕਹਣੈ ਕੀਮ ਨ ਪਾਈ ॥੪॥ (634-17)
अपर अपार अगंम अगोचर कहणै कीम न पाई ॥४॥

ਸੁੰਨ ਸਮਾਧਿ ਮਹਾ ਪਰਮਾਰਥੁ ਤੀਨਿ ਭਵਣ ਪਤਿ ਨਾਮੰ ॥ (634-17)
सुंन समाधि महा परमारथु तीनि भवण पति नामं ॥

ਮਸਤਕਿ ਲੇਖੁ ਜੀਆ ਜਗਿ ਜੋਨੀ ਸਿਰਿ ਸਿਰਿ ਲੇਖੁ ਸਹਾਮੰ ॥ (634-18)
मसतकि लेखु जीआ जगि जोनी सिरि सिरि लेखु सहामं ॥

ਕਰਮ ਸੁਕਰਮ ਕਰਾਏ ਆਪੇ ਆਪੇ ਭਗਤਿ ਦ੍ਰਿੜਾਮੰ ॥ (634-18)
करम सुकरम कराए आपे आपे भगति द्रिड़ामं ॥

ਮਨਿ ਮੁਖਿ ਜੂਠਿ ਲਹੈ ਭੈ ਮਾਨੰ ਆਪੇ ਗਿਆਨੁ ਅਗਾਮੰ ॥੫॥ (634-19)
मनि मुखि जूठि लहै भै मानं आपे गिआनु अगामं ॥५॥

ਜਿਨ ਚਾਖਿਆ ਸੇਈ ਸਾਦੁ ਜਾਣਨਿ ਜਿਉ ਗੁੰਗੇ ਮਿਠਿਆਈ ॥ (635-1)
जिन चाखिआ सेई सादु जाणनि जिउ गुंगे मिठिआई ॥

ਅਕਥੈ ਕਾ ਕਿਆ ਕਥੀਐ ਭਾਈ ਚਾਲਉ ਸਦਾ ਰਜਾਈ ॥ (635-1)
अकथै का किआ कथीऐ भाई चालउ सदा रजाई ॥

ਗੁਰੁ ਦਾਤਾ ਮੇਲੇ ਤਾ ਮਤਿ ਹੋਵੈ ਨਿਗੁਰੇ ਮਤਿ ਨ ਕਾਈ ॥ (635-2)
गुरु दाता मेले ता मति होवै निगुरे मति न काई ॥

ਜਿਉ ਚਲਾਏ ਤਿਉ ਚਾਲਹ ਭਾਈ ਹੋਰ ਕਿਆ ਕੋ ਕਰੇ ਚਤੁਰਾਈ ॥੬॥ (635-2)
जिउ चलाए तिउ चालह भाई होर किआ को करे चतुराई ॥६॥

ਇਕਿ ਭਰਮਿ ਭੁਲਾਏ ਇਕਿ ਭਗਤੀ ਰਾਤੇ ਤੇਰਾ ਖੇਲੁ ਅਪਾਰਾ ॥ (635-3)
इकि भरमि भुलाए इकि भगती राते तेरा खेलु अपारा ॥

ਜਿਤੁ ਤੁਧੁ ਲਾਏ ਤੇਹਾ ਫਲੁ ਪਾਇਆ ਤੂ ਹੁਕਮਿ ਚਲਾਵਣਹਾਰਾ ॥ (635-3)
जितु तुधु लाए तेहा फलु पाइआ तू हुकमि चलावणहारा ॥

ਸੇਵਾ ਕਰੀ ਜੇ ਕਿਛੁ ਹੋਵੈ ਅਪਣਾ ਜੀਉ ਪਿੰਡੁ ਤੁਮਾਰਾ ॥ (635-4)
सेवा करी जे किछु होवै अपणा जीउ पिंडु तुमारा ॥

ਸਤਿਗੁਰਿ ਮਿਲਿਐ ਕਿਰਪਾ ਕੀਨੀ ਅੰਮ੍ਰਿਤ ਨਾਮੁ ਅਧਾਰਾ ॥੭॥ (635-4)
सतिगुरि मिलिऐ किरपा कीनी अमृत नामु अधारा ॥७॥

ਗਗਨੰਤਰਿ ਵਾਸਿਆ ਗੁਣ ਪਰਗਾਸਿਆ ਗੁਣ ਮਹਿ ਗਿਆਨ ਧਿਆਨੰ ॥ (635-5)
गगनंतरि वासिआ गुण परगासिआ गुण महि गिआन धिआनं ॥

ਨਾਮੁ ਮਨਿ ਭਾਵੈ ਕਹੈ ਕਹਾਵੈ ਤਤੋ ਤਤੁ ਵਖਾਨੰ ॥ (635-6)
नामु मनि भावै कहै कहावै ततो ततु वखानं ॥

ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ॥ (635-6)
सबदु गुर पीरा गहिर ग्मभीरा बिनु सबदै जगु बउरानं ॥

ਪੂਰਾ ਬੈਰਾਗੀ ਸਹਜਿ ਸੁਭਾਗੀ ਸਚੁ ਨਾਨਕ ਮਨੁ ਮਾਨੰ ॥੮॥੧॥ (635-7)
पूरा बैरागी सहजि सुभागी सचु नानक मनु मानं ॥८॥१॥

ਸੋਰਠਿ ਮਹਲਾ ੧ ਤਿਤੁਕੀ ॥ (635-7)
सोरठि महला १ तितुकी ॥

ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ ॥ (635-8)
आसा मनसा बंधनी भाई करम धरम बंधकारी ॥

ਪਾਪਿ ਪੁੰਨਿ ਜਗੁ ਜਾਇਆ ਭਾਈ ਬਿਨਸੈ ਨਾਮੁ ਵਿਸਾਰੀ ॥ (635-8)
पापि पुंनि जगु जाइआ भाई बिनसै नामु विसारी ॥

ਇਹ ਮਾਇਆ ਜਗਿ ਮੋਹਣੀ ਭਾਈ ਕਰਮ ਸਭੇ ਵੇਕਾਰੀ ॥੧॥ (635-9)
इह माइआ जगि मोहणी भाई करम सभे वेकारी ॥१॥

ਸੁਣਿ ਪੰਡਿਤ ਕਰਮਾ ਕਾਰੀ ॥ (635-9)
सुणि पंडित करमा कारी ॥

ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ ॥ ਰਹਾਉ ॥ (635-10)
जितु करमि सुखु ऊपजै भाई सु आतम ततु बीचारी ॥ रहाउ ॥

ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ ॥ (635-10)
सासतु बेदु बकै खड़ो भाई करम करहु संसारी ॥

ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ ॥ (635-11)
पाखंडि मैलु न चूकई भाई अंतरि मैलु विकारी ॥

ਇਨ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰ ਕੈ ਭਾਰੀ ॥੨॥ (635-11)
इन बिधि डूबी माकुरी भाई ऊंडी सिर कै भारी ॥२॥

ਦੁਰਮਤਿ ਘਣੀ ਵਿਗੂਤੀ ਭਾਈ ਦੂਜੈ ਭਾਇ ਖੁਆਈ ॥ (635-12)
दुरमति घणी विगूती भाई दूजै भाइ खुआई ॥

ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ਬਿਨੁ ਨਾਮੈ ਭਰਮੁ ਨ ਜਾਈ ॥ (635-12)
बिनु सतिगुर नामु न पाईऐ भाई बिनु नामै भरमु न जाई ॥

ਸਤਿਗੁਰੁ ਸੇਵੇ ਤਾ ਸੁਖੁ ਪਾਏ ਭਾਈ ਆਵਣੁ ਜਾਣੁ ਰਹਾਈ ॥੩॥ (635-13)
सतिगुरु सेवे ता सुखु पाए भाई आवणु जाणु रहाई ॥३॥

ਸਾਚੁ ਸਹਜੁ ਗੁਰ ਤੇ ਊਪਜੈ ਭਾਈ ਮਨੁ ਨਿਰਮਲੁ ਸਾਚਿ ਸਮਾਈ ॥ (635-13)
साचु सहजु गुर ते ऊपजै भाई मनु निरमलु साचि समाई ॥

ਗੁਰੁ ਸੇਵੇ ਸੋ ਬੂਝੈ ਭਾਈ ਗੁਰ ਬਿਨੁ ਮਗੁ ਨ ਪਾਈ ॥ (635-14)
गुरु सेवे सो बूझै भाई गुर बिनु मगु न पाई ॥

ਜਿਸੁ ਅੰਤਰਿ ਲੋਭੁ ਕਿ ਕਰਮ ਕਮਾਵੈ ਭਾਈ ਕੂੜੁ ਬੋਲਿ ਬਿਖੁ ਖਾਈ ॥੪॥ (635-14)
जिसु अंतरि लोभु कि करम कमावै भाई कूड़ु बोलि बिखु खाई ॥४॥

ਪੰਡਿਤ ਦਹੀ ਵਿਲੋਈਐ ਭਾਈ ਵਿਚਹੁ ਨਿਕਲੈ ਤਥੁ ॥ (635-15)
पंडित दही विलोईऐ भाई विचहु निकलै तथु ॥

ਜਲੁ ਮਥੀਐ ਜਲੁ ਦੇਖੀਐ ਭਾਈ ਇਹੁ ਜਗੁ ਏਹਾ ਵਥੁ ॥ (635-16)
जलु मथीऐ जलु देखीऐ भाई इहु जगु एहा वथु ॥

ਗੁਰ ਬਿਨੁ ਭਰਮਿ ਵਿਗੂਚੀਐ ਭਾਈ ਘਟਿ ਘਟਿ ਦੇਉ ਅਲਖੁ ॥੫॥ (635-16)
गुर बिनु भरमि विगूचीऐ भाई घटि घटि देउ अलखु ॥५॥

ਇਹੁ ਜਗੁ ਤਾਗੋ ਸੂਤ ਕੋ ਭਾਈ ਦਹ ਦਿਸ ਬਾਧੋ ਮਾਇ ॥ (635-17)
इहु जगु तागो सूत को भाई दह दिस बाधो माइ ॥

ਬਿਨੁ ਗੁਰ ਗਾਠਿ ਨ ਛੂਟਈ ਭਾਈ ਥਾਕੇ ਕਰਮ ਕਮਾਇ ॥ (635-17)
बिनु गुर गाठि न छूटई भाई थाके करम कमाइ ॥

ਇਹੁ ਜਗੁ ਭਰਮਿ ਭੁਲਾਇਆ ਭਾਈ ਕਹਣਾ ਕਿਛੂ ਨ ਜਾਇ ॥੬॥ (635-18)
इहु जगु भरमि भुलाइआ भाई कहणा किछू न जाइ ॥६॥

ਗੁਰ ਮਿਲਿਐ ਭਉ ਮਨਿ ਵਸੈ ਭਾਈ ਭੈ ਮਰਣਾ ਸਚੁ ਲੇਖੁ ॥ (635-18)
गुर मिलिऐ भउ मनि वसै भाई भै मरणा सचु लेखु ॥

ਮਜਨੁ ਦਾਨੁ ਚੰਗਿਆਈਆ ਭਾਈ ਦਰਗਹ ਨਾਮੁ ਵਿਸੇਖੁ ॥ (635-19)
मजनु दानु चंगिआईआ भाई दरगह नामु विसेखु ॥

ਗੁਰੁ ਅੰਕਸੁ ਜਿਨਿ ਨਾਮੁ ਦ੍ਰਿੜਾਇਆ ਭਾਈ ਮਨਿ ਵਸਿਆ ਚੂਕਾ ਭੇਖੁ ॥੭॥ (636-1)
गुरु अंकसु जिनि नामु द्रिड़ाइआ भाई मनि वसिआ चूका भेखु ॥७॥

ਇਹੁ ਤਨੁ ਹਾਟੁ ਸਰਾਫ ਕੋ ਭਾਈ ਵਖਰੁ ਨਾਮੁ ਅਪਾਰੁ ॥ (636-1)
इहु तनु हाटु सराफ को भाई वखरु नामु अपारु ॥

ਇਹੁ ਵਖਰੁ ਵਾਪਾਰੀ ਸੋ ਦ੍ਰਿੜੈ ਭਾਈ ਗੁਰ ਸਬਦਿ ਕਰੇ ਵੀਚਾਰੁ ॥ (636-2)
इहु वखरु वापारी सो द्रिड़ै भाई गुर सबदि करे वीचारु ॥

ਧਨੁ ਵਾਪਾਰੀ ਨਾਨਕਾ ਭਾਈ ਮੇਲਿ ਕਰੇ ਵਾਪਾਰੁ ॥੮॥੨॥ (636-2)
धनु वापारी नानका भाई मेलि करे वापारु ॥८॥२॥

ਸੋਰਠਿ ਮਹਲਾ ੧ ॥ (636-3)
सोरठि महला १ ॥

ਜਿਨ੍ਹੀ ਸਤਿਗੁਰੁ ਸੇਵਿਆ ਪਿਆਰੇ ਤਿਨ੍ ਕੇ ਸਾਥ ਤਰੇ ॥ (636-3)
जिन्ही सतिगुरु सेविआ पिआरे तिन्ह के साथ तरे ॥

ਤਿਨ੍ਾ ਠਾਕ ਨ ਪਾਈਐ ਪਿਆਰੇ ਅੰਮ੍ਰਿਤ ਰਸਨ ਹਰੇ ॥ (636-4)
तिन्हा ठाक न पाईऐ पिआरे अमृत रसन हरे ॥

ਬੂਡੇ ਭਾਰੇ ਭੈ ਬਿਨਾ ਪਿਆਰੇ ਤਾਰੇ ਨਦਰਿ ਕਰੇ ॥੧॥ (636-4)
बूडे भारे भै बिना पिआरे तारे नदरि करे ॥१॥

ਭੀ ਤੂਹੈ ਸਾਲਾਹਣਾ ਪਿਆਰੇ ਭੀ ਤੇਰੀ ਸਾਲਾਹ ॥ (636-5)
भी तूहै सालाहणा पिआरे भी तेरी सालाह ॥

ਵਿਣੁ ਬੋਹਿਥ ਭੈ ਡੁਬੀਐ ਪਿਆਰੇ ਕੰਧੀ ਪਾਇ ਕਹਾਹ ॥੧॥ ਰਹਾਉ ॥ (636-5)
विणु बोहिथ भै डुबीऐ पिआरे कंधी पाइ कहाह ॥१॥ रहाउ ॥

ਸਾਲਾਹੀ ਸਾਲਾਹਣਾ ਪਿਆਰੇ ਦੂਜਾ ਅਵਰੁ ਨ ਕੋਇ ॥ (636-6)
सालाही सालाहणा पिआरे दूजा अवरु न कोइ ॥

ਮੇਰੇ ਪ੍ਰਭ ਸਾਲਾਹਨਿ ਸੇ ਭਲੇ ਪਿਆਰੇ ਸਬਦਿ ਰਤੇ ਰੰਗੁ ਹੋਇ ॥ (636-6)
मेरे प्रभ सालाहनि से भले पिआरे सबदि रते रंगु होइ ॥

ਤਿਸ ਕੀ ਸੰਗਤਿ ਜੇ ਮਿਲੈ ਪਿਆਰੇ ਰਸੁ ਲੈ ਤਤੁ ਵਿਲੋਇ ॥੨॥ (636-7)
तिस की संगति जे मिलै पिआरे रसु लै ततु विलोइ ॥२॥

ਪਤਿ ਪਰਵਾਨਾ ਸਾਚ ਕਾ ਪਿਆਰੇ ਨਾਮੁ ਸਚਾ ਨੀਸਾਣੁ ॥ (636-7)
पति परवाना साच का पिआरे नामु सचा नीसाणु ॥

ਆਇਆ ਲਿਖਿ ਲੈ ਜਾਵਣਾ ਪਿਆਰੇ ਹੁਕਮੀ ਹੁਕਮੁ ਪਛਾਣੁ ॥ (636-8)
आइआ लिखि लै जावणा पिआरे हुकमी हुकमु पछाणु ॥

ਗੁਰ ਬਿਨੁ ਹੁਕਮੁ ਨ ਬੂਝੀਐ ਪਿਆਰੇ ਸਾਚੇ ਸਾਚਾ ਤਾਣੁ ॥੩॥ (636-8)
गुर बिनु हुकमु न बूझीऐ पिआरे साचे साचा ताणु ॥३॥

ਹੁਕਮੈ ਅੰਦਰਿ ਨਿੰਮਿਆ ਪਿਆਰੇ ਹੁਕਮੈ ਉਦਰ ਮਝਾਰਿ ॥ (636-9)
हुकमै अंदरि निंमिआ पिआरे हुकमै उदर मझारि ॥

ਹੁਕਮੈ ਅੰਦਰਿ ਜੰਮਿਆ ਪਿਆਰੇ ਊਧਉ ਸਿਰ ਕੈ ਭਾਰਿ ॥ (636-9)
हुकमै अंदरि जंमिआ पिआरे ऊधउ सिर कै भारि ॥

ਗੁਰਮੁਖਿ ਦਰਗਹ ਜਾਣੀਐ ਪਿਆਰੇ ਚਲੈ ਕਾਰਜ ਸਾਰਿ ॥੪॥ (636-10)
गुरमुखि दरगह जाणीऐ पिआरे चलै कारज सारि ॥४॥

ਹੁਕਮੈ ਅੰਦਰਿ ਆਇਆ ਪਿਆਰੇ ਹੁਕਮੇ ਜਾਦੋ ਜਾਇ ॥ (636-11)
हुकमै अंदरि आइआ पिआरे हुकमे जादो जाइ ॥

ਹੁਕਮੇ ਬੰਨ੍ਹਿ ਚਲਾਈਐ ਪਿਆਰੇ ਮਨਮੁਖਿ ਲਹੈ ਸਜਾਇ ॥ (636-11)
हुकमे बंन्हि चलाईऐ पिआरे मनमुखि लहै सजाइ ॥

ਹੁਕਮੇ ਸਬਦਿ ਪਛਾਣੀਐ ਪਿਆਰੇ ਦਰਗਹ ਪੈਧਾ ਜਾਇ ॥੫॥ (636-12)
हुकमे सबदि पछाणीऐ पिआरे दरगह पैधा जाइ ॥५॥

ਹੁਕਮੇ ਗਣਤ ਗਣਾਈਐ ਪਿਆਰੇ ਹੁਕਮੇ ਹਉਮੈ ਦੋਇ ॥ (636-12)
हुकमे गणत गणाईऐ पिआरे हुकमे हउमै दोइ ॥

ਹੁਕਮੇ ਭਵੈ ਭਵਾਈਐ ਪਿਆਰੇ ਅਵਗਣਿ ਮੁਠੀ ਰੋਇ ॥ (636-13)
हुकमे भवै भवाईऐ पिआरे अवगणि मुठी रोइ ॥

ਹੁਕਮੁ ਸਿਞਾਪੈ ਸਾਹ ਕਾ ਪਿਆਰੇ ਸਚੁ ਮਿਲੈ ਵਡਿਆਈ ਹੋਇ ॥੬॥ (636-13)
हुकमु सिञापै साह का पिआरे सचु मिलै वडिआई होइ ॥६॥

ਆਖਣਿ ਅਉਖਾ ਆਖੀਐ ਪਿਆਰੇ ਕਿਉ ਸੁਣੀਐ ਸਚੁ ਨਾਉ ॥ (636-14)
आखणि अउखा आखीऐ पिआरे किउ सुणीऐ सचु नाउ ॥

ਜਿਨ੍ਹੀ ਸੋ ਸਾਲਾਹਿਆ ਪਿਆਰੇ ਹਉ ਤਿਨ੍ਹ ਬਲਿਹਾਰੈ ਜਾਉ ॥ (636-14)
जिन्ही सो सालाहिआ पिआरे हउ तिन्ह बलिहारै जाउ ॥

ਨਾਉ ਮਿਲੈ ਸੰਤੋਖੀਆਂ ਪਿਆਰੇ ਨਦਰੀ ਮੇਲਿ ਮਿਲਾਉ ॥੭॥ (636-15)
नाउ मिलै संतोखीआं पिआरे नदरी मेलि मिलाउ ॥७॥

ਕਾਇਆ ਕਾਗਦੁ ਜੇ ਥੀਐ ਪਿਆਰੇ ਮਨੁ ਮਸਵਾਣੀ ਧਾਰਿ ॥ (636-16)
काइआ कागदु जे थीऐ पिआरे मनु मसवाणी धारि ॥

ਲਲਤਾ ਲੇਖਣਿ ਸਚ ਕੀ ਪਿਆਰੇ ਹਰਿ ਗੁਣ ਲਿਖਹੁ ਵੀਚਾਰਿ ॥ (636-16)
ललता लेखणि सच की पिआरे हरि गुण लिखहु वीचारि ॥

ਧਨੁ ਲੇਖਾਰੀ ਨਾਨਕਾ ਪਿਆਰੇ ਸਾਚੁ ਲਿਖੈ ਉਰਿ ਧਾਰਿ ॥੮॥੩॥ (636-17)
धनु लेखारी नानका पिआरे साचु लिखै उरि धारि ॥८॥३॥

ਸੋਰਠਿ ਮਹਲਾ ੧ ਪਹਿਲਾ ਦੁਤੁਕੀ ॥ (636-17)
सोरठि महला १ पहिला दुतुकी ॥

ਤੂ ਗੁਣਦਾਤੌ ਨਿਰਮਲੋ ਭਾਈ ਨਿਰਮਲੁ ਨਾ ਮਨੁ ਹੋਇ ॥ (636-18)
तू गुणदातौ निरमलो भाई निरमलु ना मनु होइ ॥

ਹਮ ਅਪਰਾਧੀ ਨਿਰਗੁਣੇ ਭਾਈ ਤੁਝ ਹੀ ਤੇ ਗੁਣੁ ਸੋਇ ॥੧॥ (636-18)
हम अपराधी निरगुणे भाई तुझ ही ते गुणु सोइ ॥१॥

ਮੇਰੇ ਪ੍ਰੀਤਮਾ ਤੂ ਕਰਤਾ ਕਰਿ ਵੇਖੁ ॥ (636-19)
मेरे प्रीतमा तू करता करि वेखु ॥

ਹਉ ਪਾਪੀ ਪਾਖੰਡੀਆ ਭਾਈ ਮਨਿ ਤਨਿ ਨਾਮ ਵਿਸੇਖੁ ॥ ਰਹਾਉ ॥ (636-19)
हउ पापी पाखंडीआ भाई मनि तनि नाम विसेखु ॥ रहाउ ॥

ਬਿਖੁ ਮਾਇਆ ਚਿਤੁ ਮੋਹਿਆ ਭਾਈ ਚਤੁਰਾਈ ਪਤਿ ਖੋਇ ॥ (637-1)
बिखु माइआ चितु मोहिआ भाई चतुराई पति खोइ ॥

ਚਿਤ ਮਹਿ ਠਾਕੁਰੁ ਸਚਿ ਵਸੈ ਭਾਈ ਜੇ ਗੁਰ ਗਿਆਨੁ ਸਮੋਇ ॥੨॥ (637-1)
चित महि ठाकुरु सचि वसै भाई जे गुर गिआनु समोइ ॥२॥

ਰੂੜੌ ਰੂੜੌ ਆਖੀਐ ਭਾਈ ਰੂੜੌ ਲਾਲ ਚਲੂਲੁ ॥ (637-2)
रूड़ौ रूड़ौ आखीऐ भाई रूड़ौ लाल चलूलु ॥

ਜੇ ਮਨੁ ਹਰਿ ਸਿਉ ਬੈਰਾਗੀਐ ਭਾਈ ਦਰਿ ਘਰਿ ਸਾਚੁ ਅਭੂਲੁ ॥੩॥ (637-2)
जे मनु हरि सिउ बैरागीऐ भाई दरि घरि साचु अभूलु ॥३॥

ਪਾਤਾਲੀ ਆਕਾਸਿ ਤੂ ਭਾਈ ਘਰਿ ਘਰਿ ਤੂ ਗੁਣ ਗਿਆਨੁ ॥ (637-3)
पाताली आकासि तू भाई घरि घरि तू गुण गिआनु ॥

ਗੁਰ ਮਿਲਿਐ ਸੁਖੁ ਪਾਇਆ ਭਾਈ ਚੂਕਾ ਮਨਹੁ ਗੁਮਾਨੁ ॥੪॥ (637-3)
गुर मिलिऐ सुखु पाइआ भाई चूका मनहु गुमानु ॥४॥

ਜਲਿ ਮਲਿ ਕਾਇਆ ਮਾਜੀਐ ਭਾਈ ਭੀ ਮੈਲਾ ਤਨੁ ਹੋਇ ॥ (637-4)
जलि मलि काइआ माजीऐ भाई भी मैला तनु होइ ॥

ਗਿਆਨਿ ਮਹਾ ਰਸਿ ਨਾਈਐ ਭਾਈ ਮਨੁ ਤਨੁ ਨਿਰਮਲੁ ਹੋਇ ॥੫॥ (637-5)
गिआनि महा रसि नाईऐ भाई मनु तनु निरमलु होइ ॥५॥

ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥ (637-5)
देवी देवा पूजीऐ भाई किआ मागउ किआ देहि ॥

ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ॥੬॥ (637-6)
पाहणु नीरि पखालीऐ भाई जल महि बूडहि तेहि ॥६॥

ਗੁਰ ਬਿਨੁ ਅਲਖੁ ਨ ਲਖੀਐ ਭਾਈ ਜਗੁ ਬੂਡੈ ਪਤਿ ਖੋਇ ॥ (637-6)
गुर बिनु अलखु न लखीऐ भाई जगु बूडै पति खोइ ॥

ਮੇਰੇ ਠਾਕੁਰ ਹਾਥਿ ਵਡਾਈਆ ਭਾਈ ਜੈ ਭਾਵੈ ਤੈ ਦੇਇ ॥੭॥ (637-7)
मेरे ठाकुर हाथि वडाईआ भाई जै भावै तै देइ ॥७॥

ਬਈਅਰਿ ਬੋਲੈ ਮੀਠੁਲੀ ਭਾਈ ਸਾਚੁ ਕਹੈ ਪਿਰ ਭਾਇ ॥ (637-7)
बईअरि बोलै मीठुली भाई साचु कहै पिर भाइ ॥

ਬਿਰਹੈ ਬੇਧੀ ਸਚਿ ਵਸੀ ਭਾਈ ਅਧਿਕ ਰਹੀ ਹਰਿ ਨਾਇ ॥੮॥ (637-8)
बिरहै बेधी सचि वसी भाई अधिक रही हरि नाइ ॥८॥

ਸਭੁ ਕੋ ਆਖੈ ਆਪਣਾ ਭਾਈ ਗੁਰ ਤੇ ਬੁਝੈ ਸੁਜਾਨੁ ॥ (637-9)
सभु को आखै आपणा भाई गुर ते बुझै सुजानु ॥

ਜੋ ਬੀਧੇ ਸੇ ਊਬਰੇ ਭਾਈ ਸਬਦੁ ਸਚਾ ਨੀਸਾਨੁ ॥੯॥ (637-9)
जो बीधे से ऊबरे भाई सबदु सचा नीसानु ॥९॥

ਈਧਨੁ ਅਧਿਕ ਸਕੇਲੀਐ ਭਾਈ ਪਾਵਕੁ ਰੰਚਕ ਪਾਇ ॥ (637-10)
ईधनु अधिक सकेलीऐ भाई पावकु रंचक पाइ ॥

ਖਿਨੁ ਪਲੁ ਨਾਮੁ ਰਿਦੈ ਵਸੈ ਭਾਈ ਨਾਨਕ ਮਿਲਣੁ ਸੁਭਾਇ ॥੧੦॥੪॥ (637-10)
खिनु पलु नामु रिदै वसै भाई नानक मिलणु सुभाइ ॥१०॥४॥

ਸੋਰਠਿ ਮਹਲਾ ੩ ਘਰੁ ੧ ਤਿਤੁਕੀ (637-12)
सोरठि महला ३ घरु १ तितुकी

ੴ ਸਤਿਗੁਰ ਪ੍ਰਸਾਦਿ ॥ (637-12)
ੴ सतिगुर प्रसादि ॥

ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ ॥ (637-13)
भगता दी सदा तू रखदा हरि जीउ धुरि तू रखदा आइआ ॥

ਪ੍ਰਹਿਲਾਦ ਜਨ ਤੁਧੁ ਰਾਖਿ ਲਏ ਹਰਿ ਜੀਉ ਹਰਣਾਖਸੁ ਮਾਰਿ ਪਚਾਇਆ ॥ (637-13)
प्रहिलाद जन तुधु राखि लए हरि जीउ हरणाखसु मारि पचाइआ ॥

ਗੁਰਮੁਖਾ ਨੋ ਪਰਤੀਤਿ ਹੈ ਹਰਿ ਜੀਉ ਮਨਮੁਖ ਭਰਮਿ ਭੁਲਾਇਆ ॥੧॥ (637-14)
गुरमुखा नो परतीति है हरि जीउ मनमुख भरमि भुलाइआ ॥१॥

ਹਰਿ ਜੀ ਏਹ ਤੇਰੀ ਵਡਿਆਈ ॥ (637-15)
हरि जी एह तेरी वडिआई ॥

ਭਗਤਾ ਕੀ ਪੈਜ ਰਖੁ ਤੂ ਸੁਆਮੀ ਭਗਤ ਤੇਰੀ ਸਰਣਾਈ ॥ ਰਹਾਉ ॥ (637-15)
भगता की पैज रखु तू सुआमी भगत तेरी सरणाई ॥ रहाउ ॥

ਭਗਤਾ ਨੋ ਜਮੁ ਜੋਹਿ ਨ ਸਾਕੈ ਕਾਲੁ ਨ ਨੇੜੈ ਜਾਈ ॥ (637-15)
भगता नो जमु जोहि न साकै कालु न नेड़ै जाई ॥

ਕੇਵਲ ਰਾਮ ਨਾਮੁ ਮਨਿ ਵਸਿਆ ਨਾਮੇ ਹੀ ਮੁਕਤਿ ਪਾਈ ॥ (637-16)
केवल राम नामु मनि वसिआ नामे ही मुकति पाई ॥

ਰਿਧਿ ਸਿਧਿ ਸਭ ਭਗਤਾ ਚਰਣੀ ਲਾਗੀ ਗੁਰ ਕੈ ਸਹਜਿ ਸੁਭਾਈ ॥੨॥ (637-16)
रिधि सिधि सभ भगता चरणी लागी गुर कै सहजि सुभाई ॥२॥

ਮਨਮੁਖਾ ਨੋ ਪਰਤੀਤਿ ਨ ਆਵੀ ਅੰਤਰਿ ਲੋਭ ਸੁਆਉ ॥ (637-17)
मनमुखा नो परतीति न आवी अंतरि लोभ सुआउ ॥

ਗੁਰਮੁਖਿ ਹਿਰਦੈ ਸਬਦੁ ਨ ਭੇਦਿਓ ਹਰਿ ਨਾਮਿ ਨ ਲਾਗਾ ਭਾਉ ॥ (637-18)
गुरमुखि हिरदै सबदु न भेदिओ हरि नामि न लागा भाउ ॥

ਕੂੜ ਕਪਟ ਪਾਜੁ ਲਹਿ ਜਾਸੀ ਮਨਮੁਖ ਫੀਕਾ ਅਲਾਉ ॥੩॥ (637-18)
कूड़ कपट पाजु लहि जासी मनमुख फीका अलाउ ॥३॥

ਭਗਤਾ ਵਿਚਿ ਆਪਿ ਵਰਤਦਾ ਪ੍ਰਭ ਜੀ ਭਗਤੀ ਹੂ ਤੂ ਜਾਤਾ ॥ (637-19)
भगता विचि आपि वरतदा प्रभ जी भगती हू तू जाता ॥

ਮਾਇਆ ਮੋਹ ਸਭ ਲੋਕ ਹੈ ਤੇਰੀ ਤੂ ਏਕੋ ਪੁਰਖੁ ਬਿਧਾਤਾ ॥ (637-19)
माइआ मोह सभ लोक है तेरी तू एको पुरखु बिधाता ॥

ਹਉਮੈ ਮਾਰਿ ਮਨਸਾ ਮਨਹਿ ਸਮਾਣੀ ਗੁਰ ਕੈ ਸਬਦਿ ਪਛਾਤਾ ॥੪॥ (638-1)
हउमै मारि मनसा मनहि समाणी गुर कै सबदि पछाता ॥४॥

ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ ਜਿਨ ਹਰਿ ਕਾ ਨਾਮੁ ਪਿਆਰਾ ॥ (638-2)
अचिंत कंम करहि प्रभ तिन के जिन हरि का नामु पिआरा ॥

ਗੁਰ ਪਰਸਾਦਿ ਸਦਾ ਮਨਿ ਵਸਿਆ ਸਭਿ ਕਾਜ ਸਵਾਰਣਹਾਰਾ ॥ (638-2)
गुर परसादि सदा मनि वसिआ सभि काज सवारणहारा ॥

ਓਨਾ ਕੀ ਰੀਸ ਕਰੇ ਸੁ ਵਿਗੁਚੈ ਜਿਨ ਹਰਿ ਪ੍ਰਭੁ ਹੈ ਰਖਵਾਰਾ ॥੫॥ (638-3)
ओना की रीस करे सु विगुचै जिन हरि प्रभु है रखवारा ॥५॥

ਬਿਨੁ ਸਤਿਗੁਰ ਸੇਵੇ ਕਿਨੈ ਨ ਪਾਇਆ ਮਨਮੁਖਿ ਭਉਕਿ ਮੁਏ ਬਿਲਲਾਈ ॥ (638-3)
बिनु सतिगुर सेवे किनै न पाइआ मनमुखि भउकि मुए बिललाई ॥

ਆਵਹਿ ਜਾਵਹਿ ਠਉਰ ਨ ਪਾਵਹਿ ਦੁਖ ਮਹਿ ਦੁਖਿ ਸਮਾਈ ॥ (638-4)
आवहि जावहि ठउर न पावहि दुख महि दुखि समाई ॥

ਗੁਰਮੁਖਿ ਹੋਵੈ ਸੁ ਅੰਮ੍ਰਿਤੁ ਪੀਵੈ ਸਹਜੇ ਸਾਚਿ ਸਮਾਈ ॥੬॥ (638-5)
गुरमुखि होवै सु अमृतु पीवै सहजे साचि समाई ॥६॥

ਬਿਨੁ ਸਤਿਗੁਰ ਸੇਵੇ ਜਨਮੁ ਨ ਛੋਡੈ ਜੇ ਅਨੇਕ ਕਰਮ ਕਰੈ ਅਧਿਕਾਈ ॥ (638-5)
बिनु सतिगुर सेवे जनमु न छोडै जे अनेक करम करै अधिकाई ॥

ਵੇਦ ਪੜਹਿ ਤੈ ਵਾਦ ਵਖਾਣਹਿ ਬਿਨੁ ਹਰਿ ਪਤਿ ਗਵਾਈ ॥ (638-6)
वेद पड़हि तै वाद वखाणहि बिनु हरि पति गवाई ॥

ਸਚਾ ਸਤਿਗੁਰੁ ਸਾਚੀ ਜਿਸੁ ਬਾਣੀ ਭਜਿ ਛੂਟਹਿ ਗੁਰ ਸਰਣਾਈ ॥੭॥ (638-6)
सचा सतिगुरु साची जिसु बाणी भजि छूटहि गुर सरणाई ॥७॥

ਜਿਨ ਹਰਿ ਮਨਿ ਵਸਿਆ ਸੇ ਦਰਿ ਸਾਚੇ ਦਰਿ ਸਾਚੈ ਸਚਿਆਰਾ ॥ (638-7)
जिन हरि मनि वसिआ से दरि साचे दरि साचै सचिआरा ॥

ਓਨਾ ਦੀ ਸੋਭਾ ਜੁਗਿ ਜੁਗਿ ਹੋਈ ਕੋਇ ਨ ਮੇਟਣਹਾਰਾ ॥ (638-8)
ओना दी सोभा जुगि जुगि होई कोइ न मेटणहारा ॥

ਨਾਨਕ ਤਿਨ ਕੈ ਸਦ ਬਲਿਹਾਰੈ ਜਿਨ ਹਰਿ ਰਾਖਿਆ ਉਰਿ ਧਾਰਾ ॥੮॥੧॥ (638-8)
नानक तिन कै सद बलिहारै जिन हरि राखिआ उरि धारा ॥८॥१॥

ਸੋਰਠਿ ਮਹਲਾ ੩ ਦੁਤੁਕੀ ॥ (638-9)
सोरठि महला ३ दुतुकी ॥

ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ ॥ (638-9)
निगुणिआ नो आपे बखसि लए भाई सतिगुर की सेवा लाइ ॥

ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ ॥੧॥ (638-10)
सतिगुर की सेवा ऊतम है भाई राम नामि चितु लाइ ॥१॥

ਹਰਿ ਜੀਉ ਆਪੇ ਬਖਸਿ ਮਿਲਾਇ ॥ (638-10)
हरि जीउ आपे बखसि मिलाइ ॥

ਗੁਣਹੀਣ ਹਮ ਅਪਰਾਧੀ ਭਾਈ ਪੂਰੈ ਸਤਿਗੁਰਿ ਲਏ ਰਲਾਇ ॥ ਰਹਾਉ ॥ (638-11)
गुणहीण हम अपराधी भाई पूरै सतिगुरि लए रलाइ ॥ रहाउ ॥

ਕਉਣ ਕਉਣ ਅਪਰਾਧੀ ਬਖਸਿਅਨੁ ਪਿਆਰੇ ਸਾਚੈ ਸਬਦਿ ਵੀਚਾਰਿ ॥ (638-11)
कउण कउण अपराधी बखसिअनु पिआरे साचै सबदि वीचारि ॥

ਭਉਜਲੁ ਪਾਰਿ ਉਤਾਰਿਅਨੁ ਭਾਈ ਸਤਿਗੁਰ ਬੇੜੈ ਚਾੜਿ ॥੨॥ (638-12)
भउजलु पारि उतारिअनु भाई सतिगुर बेड़ै चाड़ि ॥२॥

ਮਨੂਰੈ ਤੇ ਕੰਚਨ ਭਏ ਭਾਈ ਗੁਰੁ ਪਾਰਸੁ ਮੇਲਿ ਮਿਲਾਇ ॥ (638-13)
मनूरै ते कंचन भए भाई गुरु पारसु मेलि मिलाइ ॥

ਆਪੁ ਛੋਡਿ ਨਾਉ ਮਨਿ ਵਸਿਆ ਭਾਈ ਜੋਤੀ ਜੋਤਿ ਮਿਲਾਇ ॥੩॥ (638-13)
आपु छोडि नाउ मनि वसिआ भाई जोती जोति मिलाइ ॥३॥

ਹਉ ਵਾਰੀ ਹਉ ਵਾਰਣੈ ਭਾਈ ਸਤਿਗੁਰ ਕਉ ਸਦ ਬਲਿਹਾਰੈ ਜਾਉ ॥ (638-14)
हउ वारी हउ वारणै भाई सतिगुर कउ सद बलिहारै जाउ ॥

ਨਾਮੁ ਨਿਧਾਨੁ ਜਿਨਿ ਦਿਤਾ ਭਾਈ ਗੁਰਮਤਿ ਸਹਜਿ ਸਮਾਉ ॥੪॥ (638-14)
नामु निधानु जिनि दिता भाई गुरमति सहजि समाउ ॥४॥

ਗੁਰ ਬਿਨੁ ਸਹਜੁ ਨ ਊਪਜੈ ਭਾਈ ਪੂਛਹੁ ਗਿਆਨੀਆ ਜਾਇ ॥ (638-15)
गुर बिनु सहजु न ऊपजै भाई पूछहु गिआनीआ जाइ ॥

ਸਤਿਗੁਰ ਕੀ ਸੇਵਾ ਸਦਾ ਕਰਿ ਭਾਈ ਵਿਚਹੁ ਆਪੁ ਗਵਾਇ ॥੫॥ (638-16)
सतिगुर की सेवा सदा करि भाई विचहु आपु गवाइ ॥५॥

ਗੁਰਮਤੀ ਭਉ ਊਪਜੈ ਭਾਈ ਭਉ ਕਰਣੀ ਸਚੁ ਸਾਰੁ ॥ (638-16)
गुरमती भउ ऊपजै भाई भउ करणी सचु सारु ॥

ਪ੍ਰੇਮ ਪਦਾਰਥੁ ਪਾਈਐ ਭਾਈ ਸਚੁ ਨਾਮੁ ਆਧਾਰੁ ॥੬॥ (638-17)
प्रेम पदारथु पाईऐ भाई सचु नामु आधारु ॥६॥

ਜੋ ਸਤਿਗੁਰੁ ਸੇਵਹਿ ਆਪਣਾ ਭਾਈ ਤਿਨ ਕੈ ਹਉ ਲਾਗਉ ਪਾਇ ॥ (638-17)
जो सतिगुरु सेवहि आपणा भाई तिन कै हउ लागउ पाइ ॥

ਜਨਮੁ ਸਵਾਰੀ ਆਪਣਾ ਭਾਈ ਕੁਲੁ ਭੀ ਲਈ ਬਖਸਾਇ ॥੭॥ (638-18)
जनमु सवारी आपणा भाई कुलु भी लई बखसाइ ॥७॥

ਸਚੁ ਬਾਣੀ ਸਚੁ ਸਬਦੁ ਹੈ ਭਾਈ ਗੁਰ ਕਿਰਪਾ ਤੇ ਹੋਇ ॥ (638-18)
सचु बाणी सचु सबदु है भाई गुर किरपा ते होइ ॥

ਨਾਨਕ ਨਾਮੁ ਹਰਿ ਮਨਿ ਵਸੈ ਭਾਈ ਤਿਸੁ ਬਿਘਨੁ ਨ ਲਾਗੈ ਕੋਇ ॥੮॥੨॥ (638-19)
नानक नामु हरि मनि वसै भाई तिसु बिघनु न लागै कोइ ॥८॥२॥

ਸੋਰਠਿ ਮਹਲਾ ੩ ॥ (639-1)
सोरठि महला ३ ॥

ਹਰਿ ਜੀਉ ਸਬਦੇ ਜਾਪਦਾ ਭਾਈ ਪੂਰੈ ਭਾਗਿ ਮਿਲਾਇ ॥ (639-1)
हरि जीउ सबदे जापदा भाई पूरै भागि मिलाइ ॥

ਸਦਾ ਸੁਖੁ ਸੋਹਾਗਣੀ ਭਾਈ ਅਨਦਿਨੁ ਰਤੀਆ ਰੰਗੁ ਲਾਇ ॥੧॥ (639-1)
सदा सुखु सोहागणी भाई अनदिनु रतीआ रंगु लाइ ॥१॥

ਹਰਿ ਜੀ ਤੂ ਆਪੇ ਰੰਗੁ ਚੜਾਇ ॥ (639-2)
हरि जी तू आपे रंगु चड़ाइ ॥

ਗਾਵਹੁ ਗਾਵਹੁ ਰੰਗਿ ਰਾਤਿਹੋ ਭਾਈ ਹਰਿ ਸੇਤੀ ਰੰਗੁ ਲਾਇ ॥ ਰਹਾਉ ॥ (639-2)
गावहु गावहु रंगि रातिहो भाई हरि सेती रंगु लाइ ॥ रहाउ ॥

ਗੁਰ ਕੀ ਕਾਰ ਕਮਾਵਣੀ ਭਾਈ ਆਪੁ ਛੋਡਿ ਚਿਤੁ ਲਾਇ ॥ (639-3)
गुर की कार कमावणी भाई आपु छोडि चितु लाइ ॥

ਸਦਾ ਸਹਜੁ ਫਿਰਿ ਦੁਖੁ ਨ ਲਗਈ ਭਾਈ ਹਰਿ ਆਪਿ ਵਸੈ ਮਨਿ ਆਇ ॥੨॥ (639-4)
सदा सहजु फिरि दुखु न लगई भाई हरि आपि वसै मनि आइ ॥२॥

ਪਿਰ ਕਾ ਹੁਕਮੁ ਨ ਜਾਣਈ ਭਾਈ ਸਾ ਕੁਲਖਣੀ ਕੁਨਾਰਿ ॥ (639-4)
पिर का हुकमु न जाणई भाई सा कुलखणी कुनारि ॥

ਮਨਹਠਿ ਕਾਰ ਕਮਾਵਣੀ ਭਾਈ ਵਿਣੁ ਨਾਵੈ ਕੂੜਿਆਰਿ ॥੩॥ (639-5)
मनहठि कार कमावणी भाई विणु नावै कूड़िआरि ॥३॥

ਸੇ ਗਾਵਹਿ ਜਿਨ ਮਸਤਕਿ ਭਾਗੁ ਹੈ ਭਾਈ ਭਾਇ ਸਚੈ ਬੈਰਾਗੁ ॥ (639-5)
से गावहि जिन मसतकि भागु है भाई भाइ सचै बैरागु ॥

ਅਨਦਿਨੁ ਰਾਤੇ ਗੁਣ ਰਵਹਿ ਭਾਈ ਨਿਰਭਉ ਗੁਰ ਲਿਵ ਲਾਗੁ ॥੪॥ (639-6)
अनदिनु राते गुण रवहि भाई निरभउ गुर लिव लागु ॥४॥

ਸਭਨਾ ਮਾਰਿ ਜੀਵਾਲਦਾ ਭਾਈ ਸੋ ਸੇਵਹੁ ਦਿਨੁ ਰਾਤਿ ॥ (639-7)
सभना मारि जीवालदा भाई सो सेवहु दिनु राति ॥

ਸੋ ਕਿਉ ਮਨਹੁ ਵਿਸਾਰੀਐ ਭਾਈ ਜਿਸ ਦੀ ਵਡੀ ਹੈ ਦਾਤਿ ॥੫॥ (639-7)
सो किउ मनहु विसारीऐ भाई जिस दी वडी है दाति ॥५॥

ਮਨਮੁਖਿ ਮੈਲੀ ਡੁੰਮਣੀ ਭਾਈ ਦਰਗਹ ਨਾਹੀ ਥਾਉ ॥ (639-8)
मनमुखि मैली डुंमणी भाई दरगह नाही थाउ ॥

ਗੁਰਮੁਖਿ ਹੋਵੈ ਤ ਗੁਣ ਰਵੈ ਭਾਈ ਮਿਲਿ ਪ੍ਰੀਤਮ ਸਾਚਿ ਸਮਾਉ ॥੬॥ (639-8)
गुरमुखि होवै त गुण रवै भाई मिलि प्रीतम साचि समाउ ॥६॥

ਏਤੁ ਜਨਮਿ ਹਰਿ ਨ ਚੇਤਿਓ ਭਾਈ ਕਿਆ ਮੁਹੁ ਦੇਸੀ ਜਾਇ ॥ (639-9)
एतु जनमि हरि न चेतिओ भाई किआ मुहु देसी जाइ ॥

ਕਿੜੀ ਪਵੰਦੀ ਮੁਹਾਇਓਨੁ ਭਾਈ ਬਿਖਿਆ ਨੋ ਲੋਭਾਇ ॥੭॥ (639-9)
किड़ी पवंदी मुहाइओनु भाई बिखिआ नो लोभाइ ॥७॥

ਨਾਮੁ ਸਮਾਲਹਿ ਸੁਖਿ ਵਸਹਿ ਭਾਈ ਸਦਾ ਸੁਖੁ ਸਾਂਤਿ ਸਰੀਰ ॥ (639-10)
नामु समालहि सुखि वसहि भाई सदा सुखु सांति सरीर ॥

ਨਾਨਕ ਨਾਮੁ ਸਮਾਲਿ ਤੂ ਭਾਈ ਅਪਰੰਪਰ ਗੁਣੀ ਗਹੀਰ ॥੮॥੩॥ (639-11)
नानक नामु समालि तू भाई अपर्मपर गुणी गहीर ॥८॥३॥

ਸੋਰਠਿ ਮਹਲਾ ੫ ਘਰੁ ੧ ਅਸਟਪਦੀਆ (639-12)
सोरठि महला ५ घरु १ असटपदीआ

ੴ ਸਤਿਗੁਰ ਪ੍ਰਸਾਦਿ ॥ (639-12)
ੴ सतिगुर प्रसादि ॥

ਸਭੁ ਜਗੁ ਜਿਨਹਿ ਉਪਾਇਆ ਭਾਈ ਕਰਣ ਕਾਰਣ ਸਮਰਥੁ ॥ (639-13)
सभु जगु जिनहि उपाइआ भाई करण कारण समरथु ॥

ਜੀਉ ਪਿੰਡੁ ਜਿਨਿ ਸਾਜਿਆ ਭਾਈ ਦੇ ਕਰਿ ਅਪਣੀ ਵਥੁ ॥ (639-13)
जीउ पिंडु जिनि साजिआ भाई दे करि अपणी वथु ॥

ਕਿਨਿ ਕਹੀਐ ਕਿਉ ਦੇਖੀਐ ਭਾਈ ਕਰਤਾ ਏਕੁ ਅਕਥੁ ॥ (639-14)
किनि कहीऐ किउ देखीऐ भाई करता एकु अकथु ॥

ਗੁਰੁ ਗੋਵਿੰਦੁ ਸਲਾਹੀਐ ਭਾਈ ਜਿਸ ਤੇ ਜਾਪੈ ਤਥੁ ॥੧॥ (639-14)
गुरु गोविंदु सलाहीऐ भाई जिस ते जापै तथु ॥१॥

ਮੇਰੇ ਮਨ ਜਪੀਐ ਹਰਿ ਭਗਵੰਤਾ ॥ (639-15)
मेरे मन जपीऐ हरि भगवंता ॥

ਨਾਮ ਦਾਨੁ ਦੇਇ ਜਨ ਅਪਨੇ ਦੂਖ ਦਰਦ ਕਾ ਹੰਤਾ ॥ ਰਹਾਉ ॥ (639-15)
नाम दानु देइ जन अपने दूख दरद का हंता ॥ रहाउ ॥

ਜਾ ਕੈ ਘਰਿ ਸਭੁ ਕਿਛੁ ਹੈ ਭਾਈ ਨਉ ਨਿਧਿ ਭਰੇ ਭੰਡਾਰ ॥ (639-16)
जा कै घरि सभु किछु है भाई नउ निधि भरे भंडार ॥

ਤਿਸ ਕੀ ਕੀਮਤਿ ਨਾ ਪਵੈ ਭਾਈ ਊਚਾ ਅਗਮ ਅਪਾਰ ॥ (639-16)
तिस की कीमति ना पवै भाई ऊचा अगम अपार ॥

ਜੀਅ ਜੰਤ ਪ੍ਰਤਿਪਾਲਦਾ ਭਾਈ ਨਿਤ ਨਿਤ ਕਰਦਾ ਸਾਰ ॥ (639-17)
जीअ जंत प्रतिपालदा भाई नित नित करदा सार ॥

ਸਤਿਗੁਰੁ ਪੂਰਾ ਭੇਟੀਐ ਭਾਈ ਸਬਦਿ ਮਿਲਾਵਣਹਾਰ ॥੨॥ (639-17)
सतिगुरु पूरा भेटीऐ भाई सबदि मिलावणहार ॥२॥

ਸਚੇ ਚਰਣ ਸਰੇਵੀਅਹਿ ਭਾਈ ਭ੍ਰਮੁ ਭਉ ਹੋਵੈ ਨਾਸੁ ॥ (639-18)
सचे चरण सरेवीअहि भाई भ्रमु भउ होवै नासु ॥

ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ ਹਰਿ ਕੈ ਨਾਮਿ ਨਿਵਾਸੁ ॥ (639-18)
मिलि संत सभा मनु मांजीऐ भाई हरि कै नामि निवासु ॥

ਮਿਟੈ ਅੰਧੇਰਾ ਅਗਿਆਨਤਾ ਭਾਈ ਕਮਲ ਹੋਵੈ ਪਰਗਾਸੁ ॥ (639-19)
मिटै अंधेरा अगिआनता भाई कमल होवै परगासु ॥

ਗੁਰ ਬਚਨੀ ਸੁਖੁ ਊਪਜੈ ਭਾਈ ਸਭਿ ਫਲ ਸਤਿਗੁਰ ਪਾਸਿ ॥੩॥ (639-19)
गुर बचनी सुखु ऊपजै भाई सभि फल सतिगुर पासि ॥३॥

ਮੇਰਾ ਤੇਰਾ ਛੋਡੀਐ ਭਾਈ ਹੋਈਐ ਸਭ ਕੀ ਧੂਰਿ ॥ (640-1)
मेरा तेरा छोडीऐ भाई होईऐ सभ की धूरि ॥

ਘਟਿ ਘਟਿ ਬ੍ਰਹਮੁ ਪਸਾਰਿਆ ਭਾਈ ਪੇਖੈ ਸੁਣੈ ਹਜੂਰਿ ॥ (640-1)
घटि घटि ब्रहमु पसारिआ भाई पेखै सुणै हजूरि ॥

ਜਿਤੁ ਦਿਨਿ ਵਿਸਰੈ ਪਾਰਬ੍ਰਹਮੁ ਭਾਈ ਤਿਤੁ ਦਿਨਿ ਮਰੀਐ ਝੂਰਿ ॥ (640-2)
जितु दिनि विसरै पारब्रहमु भाई तितु दिनि मरीऐ झूरि ॥

ਕਰਨ ਕਰਾਵਨ ਸਮਰਥੋ ਭਾਈ ਸਰਬ ਕਲਾ ਭਰਪੂਰਿ ॥੪॥ (640-3)
करन करावन समरथो भाई सरब कला भरपूरि ॥४॥

ਪ੍ਰੇਮ ਪਦਾਰਥੁ ਨਾਮੁ ਹੈ ਭਾਈ ਮਾਇਆ ਮੋਹ ਬਿਨਾਸੁ ॥ (640-3)
प्रेम पदारथु नामु है भाई माइआ मोह बिनासु ॥

ਤਿਸੁ ਭਾਵੈ ਤਾ ਮੇਲਿ ਲਏ ਭਾਈ ਹਿਰਦੈ ਨਾਮ ਨਿਵਾਸੁ ॥ (640-4)
तिसु भावै ता मेलि लए भाई हिरदै नाम निवासु ॥

ਗੁਰਮੁਖਿ ਕਮਲੁ ਪ੍ਰਗਾਸੀਐ ਭਾਈ ਰਿਦੈ ਹੋਵੈ ਪਰਗਾਸੁ ॥ (640-4)
गुरमुखि कमलु प्रगासीऐ भाई रिदै होवै परगासु ॥

ਪ੍ਰਗਟੁ ਭਇਆ ਪਰਤਾਪੁ ਪ੍ਰਭ ਭਾਈ ਮਉਲਿਆ ਧਰਤਿ ਅਕਾਸੁ ॥੫॥ (640-5)
प्रगटु भइआ परतापु प्रभ भाई मउलिआ धरति अकासु ॥५॥

ਗੁਰਿ ਪੂਰੈ ਸੰਤੋਖਿਆ ਭਾਈ ਅਹਿਨਿਸਿ ਲਾਗਾ ਭਾਉ ॥ (640-5)
गुरि पूरै संतोखिआ भाई अहिनिसि लागा भाउ ॥

ਰਸਨਾ ਰਾਮੁ ਰਵੈ ਸਦਾ ਭਾਈ ਸਾਚਾ ਸਾਦੁ ਸੁਆਉ ॥ (640-6)
रसना रामु रवै सदा भाई साचा सादु सुआउ ॥

ਕਰਨੀ ਸੁਣਿ ਸੁਣਿ ਜੀਵਿਆ ਭਾਈ ਨਿਹਚਲੁ ਪਾਇਆ ਥਾਉ ॥ (640-6)
करनी सुणि सुणि जीविआ भाई निहचलु पाइआ थाउ ॥

ਜਿਸੁ ਪਰਤੀਤਿ ਨ ਆਵਈ ਭਾਈ ਸੋ ਜੀਅੜਾ ਜਲਿ ਜਾਉ ॥੬॥ (640-7)
जिसु परतीति न आवई भाई सो जीअड़ा जलि जाउ ॥६॥

ਬਹੁ ਗੁਣ ਮੇਰੇ ਸਾਹਿਬੈ ਭਾਈ ਹਉ ਤਿਸ ਕੈ ਬਲਿ ਜਾਉ ॥ (640-7)
बहु गुण मेरे साहिबै भाई हउ तिस कै बलि जाउ ॥

ਓਹੁ ਨਿਰਗੁਣੀਆਰੇ ਪਾਲਦਾ ਭਾਈ ਦੇਇ ਨਿਥਾਵੇ ਥਾਉ ॥ (640-8)
ओहु निरगुणीआरे पालदा भाई देइ निथावे थाउ ॥

ਰਿਜਕੁ ਸੰਬਾਹੇ ਸਾਸਿ ਸਾਸਿ ਭਾਈ ਗੂੜਾ ਜਾ ਕਾ ਨਾਉ ॥ (640-9)
रिजकु स्मबाहे सासि सासि भाई गूड़ा जा का नाउ ॥

ਜਿਸੁ ਗੁਰੁ ਸਾਚਾ ਭੇਟੀਐ ਭਾਈ ਪੂਰਾ ਤਿਸੁ ਕਰਮਾਉ ॥੭॥ (640-9)
जिसु गुरु साचा भेटीऐ भाई पूरा तिसु करमाउ ॥७॥

ਤਿਸੁ ਬਿਨੁ ਘੜੀ ਨ ਜੀਵੀਐ ਭਾਈ ਸਰਬ ਕਲਾ ਭਰਪੂਰਿ ॥ (640-10)
तिसु बिनु घड़ी न जीवीऐ भाई सरब कला भरपूरि ॥

ਸਾਸਿ ਗਿਰਾਸਿ ਨ ਵਿਸਰੈ ਭਾਈ ਪੇਖਉ ਸਦਾ ਹਜੂਰਿ ॥ (640-10)
सासि गिरासि न विसरै भाई पेखउ सदा हजूरि ॥

ਸਾਧੂ ਸੰਗਿ ਮਿਲਾਇਆ ਭਾਈ ਸਰਬ ਰਹਿਆ ਭਰਪੂਰਿ ॥ (640-11)
साधू संगि मिलाइआ भाई सरब रहिआ भरपूरि ॥

ਜਿਨਾ ਪ੍ਰੀਤਿ ਨ ਲਗੀਆ ਭਾਈ ਸੇ ਨਿਤ ਨਿਤ ਮਰਦੇ ਝੂਰਿ ॥੮॥ (640-11)
जिना प्रीति न लगीआ भाई से नित नित मरदे झूरि ॥८॥

ਅੰਚਲਿ ਲਾਇ ਤਰਾਇਆ ਭਾਈ ਭਉਜਲੁ ਦੁਖੁ ਸੰਸਾਰੁ ॥ (640-12)
अंचलि लाइ तराइआ भाई भउजलु दुखु संसारु ॥

ਕਰਿ ਕਿਰਪਾ ਨਦਰਿ ਨਿਹਾਲਿਆ ਭਾਈ ਕੀਤੋਨੁ ਅੰਗੁ ਅਪਾਰੁ ॥ (640-12)
करि किरपा नदरि निहालिआ भाई कीतोनु अंगु अपारु ॥

ਮਨੁ ਤਨੁ ਸੀਤਲੁ ਹੋਇਆ ਭਾਈ ਭੋਜਨੁ ਨਾਮ ਅਧਾਰੁ ॥ (640-13)
मनु तनु सीतलु होइआ भाई भोजनु नाम अधारु ॥

ਨਾਨਕ ਤਿਸੁ ਸਰਣਾਗਤੀ ਭਾਈ ਜਿ ਕਿਲਬਿਖ ਕਾਟਣਹਾਰੁ ॥੯॥੧॥ (640-13)
नानक तिसु सरणागती भाई जि किलबिख काटणहारु ॥९॥१॥

ਸੋਰਠਿ ਮਹਲਾ ੫ ॥ (640-14)
सोरठि महला ५ ॥

ਮਾਤ ਗਰਭ ਦੁਖ ਸਾਗਰੋ ਪਿਆਰੇ ਤਹ ਅਪਣਾ ਨਾਮੁ ਜਪਾਇਆ ॥ (640-14)
मात गरभ दुख सागरो पिआरे तह अपणा नामु जपाइआ ॥

ਬਾਹਰਿ ਕਾਢਿ ਬਿਖੁ ਪਸਰੀਆ ਪਿਆਰੇ ਮਾਇਆ ਮੋਹੁ ਵਧਾਇਆ ॥ (640-15)
बाहरि काढि बिखु पसरीआ पिआरे माइआ मोहु वधाइआ ॥

ਜਿਸ ਨੋ ਕੀਤੋ ਕਰਮੁ ਆਪਿ ਪਿਆਰੇ ਤਿਸੁ ਪੂਰਾ ਗੁਰੂ ਮਿਲਾਇਆ ॥ (640-16)
जिस नो कीतो करमु आपि पिआरे तिसु पूरा गुरू मिलाइआ ॥

ਸੋ ਆਰਾਧੇ ਸਾਸਿ ਸਾਸਿ ਪਿਆਰੇ ਰਾਮ ਨਾਮ ਲਿਵ ਲਾਇਆ ॥੧॥ (640-16)
सो आराधे सासि सासि पिआरे राम नाम लिव लाइआ ॥१॥

ਮਨਿ ਤਨਿ ਤੇਰੀ ਟੇਕ ਹੈ ਪਿਆਰੇ ਮਨਿ ਤਨਿ ਤੇਰੀ ਟੇਕ ॥ (640-17)
मनि तनि तेरी टेक है पिआरे मनि तनि तेरी टेक ॥

ਤੁਧੁ ਬਿਨੁ ਅਵਰੁ ਨ ਕਰਨਹਾਰੁ ਪਿਆਰੇ ਅੰਤਰਜਾਮੀ ਏਕ ॥ ਰਹਾਉ ॥ (640-17)
तुधु बिनु अवरु न करनहारु पिआरे अंतरजामी एक ॥ रहाउ ॥

ਕੋਟਿ ਜਨਮ ਭ੍ਰਮਿ ਆਇਆ ਪਿਆਰੇ ਅਨਿਕ ਜੋਨਿ ਦੁਖੁ ਪਾਇ ॥ (640-18)
कोटि जनम भ्रमि आइआ पिआरे अनिक जोनि दुखु पाइ ॥

ਸਾਚਾ ਸਾਹਿਬੁ ਵਿਸਰਿਆ ਪਿਆਰੇ ਬਹੁਤੀ ਮਿਲੈ ਸਜਾਇ ॥ (640-19)
साचा साहिबु विसरिआ पिआरे बहुती मिलै सजाइ ॥

ਜਿਨ ਭੇਟੈ ਪੂਰਾ ਸਤਿਗੁਰੂ ਪਿਆਰੇ ਸੇ ਲਾਗੇ ਸਾਚੈ ਨਾਇ ॥ (640-19)
जिन भेटै पूरा सतिगुरू पिआरे से लागे साचै नाइ ॥

ਤਿਨਾ ਪਿਛੈ ਛੁਟੀਐ ਪਿਆਰੇ ਜੋ ਸਾਚੀ ਸਰਣਾਇ ॥੨॥ (641-1)
तिना पिछै छुटीऐ पिआरे जो साची सरणाइ ॥२॥

ਮਿਠਾ ਕਰਿ ਕੈ ਖਾਇਆ ਪਿਆਰੇ ਤਿਨਿ ਤਨਿ ਕੀਤਾ ਰੋਗੁ ॥ (641-1)
मिठा करि कै खाइआ पिआरे तिनि तनि कीता रोगु ॥

ਕਉੜਾ ਹੋਇ ਪਤਿਸਟਿਆ ਪਿਆਰੇ ਤਿਸ ਤੇ ਉਪਜਿਆ ਸੋਗੁ ॥ (641-2)
कउड़ा होइ पतिसटिआ पिआरे तिस ते उपजिआ सोगु ॥

ਭੋਗ ਭੁੰਚਾਇ ਭੁਲਾਇਅਨੁ ਪਿਆਰੇ ਉਤਰੈ ਨਹੀ ਵਿਜੋਗੁ ॥ (641-2)
भोग भुंचाइ भुलाइअनु पिआरे उतरै नही विजोगु ॥

ਜੋ ਗੁਰ ਮੇਲਿ ਉਧਾਰਿਆ ਪਿਆਰੇ ਤਿਨ ਧੁਰੇ ਪਇਆ ਸੰਜੋਗੁ ॥੩॥ (641-3)
जो गुर मेलि उधारिआ पिआरे तिन धुरे पइआ संजोगु ॥३॥

ਮਾਇਆ ਲਾਲਚਿ ਅਟਿਆ ਪਿਆਰੇ ਚਿਤਿ ਨ ਆਵਹਿ ਮੂਲਿ ॥ (641-3)
माइआ लालचि अटिआ पिआरे चिति न आवहि मूलि ॥

ਜਿਨ ਤੂ ਵਿਸਰਹਿ ਪਾਰਬ੍ਰਹਮ ਸੁਆਮੀ ਸੇ ਤਨ ਹੋਏ ਧੂੜਿ ॥ (641-4)
जिन तू विसरहि पारब्रहम सुआमी से तन होए धूड़ि ॥

ਬਿਲਲਾਟ ਕਰਹਿ ਬਹੁਤੇਰਿਆ ਪਿਆਰੇ ਉਤਰੈ ਨਾਹੀ ਸੂਲੁ ॥ (641-5)
बिललाट करहि बहुतेरिआ पिआरे उतरै नाही सूलु ॥

ਜੋ ਗੁਰ ਮੇਲਿ ਸਵਾਰਿਆ ਪਿਆਰੇ ਤਿਨ ਕਾ ਰਹਿਆ ਮੂਲੁ ॥੪॥ (641-5)
जो गुर मेलि सवारिआ पिआरे तिन का रहिआ मूलु ॥४॥

ਸਾਕਤ ਸੰਗੁ ਨ ਕੀਜਈ ਪਿਆਰੇ ਜੇ ਕਾ ਪਾਰਿ ਵਸਾਇ ॥ (641-6)
साकत संगु न कीजई पिआरे जे का पारि वसाइ ॥

ਜਿਸੁ ਮਿਲਿਐ ਹਰਿ ਵਿਸਰੈ ਪਿਆਰੇ ਸੁੋ ਮੁਹਿ ਕਾਲੈ ਉਠਿ ਜਾਇ ॥ (641-6)
जिसु मिलिऐ हरि विसरै पिआरे सुो मुहि कालै उठि जाइ ॥

ਮਨਮੁਖਿ ਢੋਈ ਨਹ ਮਿਲੈ ਪਿਆਰੇ ਦਰਗਹ ਮਿਲੈ ਸਜਾਇ ॥ (641-7)
मनमुखि ढोई नह मिलै पिआरे दरगह मिलै सजाइ ॥

ਜੋ ਗੁਰ ਮੇਲਿ ਸਵਾਰਿਆ ਪਿਆਰੇ ਤਿਨਾ ਪੂਰੀ ਪਾਇ ॥੫॥ (641-7)
जो गुर मेलि सवारिआ पिआरे तिना पूरी पाइ ॥५॥

ਸੰਜਮ ਸਹਸ ਸਿਆਣਪਾ ਪਿਆਰੇ ਇਕ ਨ ਚਲੀ ਨਾਲਿ ॥ (641-8)
संजम सहस सिआणपा पिआरे इक न चली नालि ॥

ਜੋ ਬੇਮੁਖ ਗੋਬਿੰਦ ਤੇ ਪਿਆਰੇ ਤਿਨ ਕੁਲਿ ਲਾਗੈ ਗਾਲਿ ॥ (641-9)
जो बेमुख गोबिंद ते पिआरे तिन कुलि लागै गालि ॥

ਹੋਦੀ ਵਸਤੁ ਨ ਜਾਤੀਆ ਪਿਆਰੇ ਕੂੜੁ ਨ ਚਲੀ ਨਾਲਿ ॥ (641-9)
होदी वसतु न जातीआ पिआरे कूड़ु न चली नालि ॥

ਸਤਿਗੁਰੁ ਜਿਨਾ ਮਿਲਾਇਓਨੁ ਪਿਆਰੇ ਸਾਚਾ ਨਾਮੁ ਸਮਾਲਿ ॥੬॥ (641-10)
सतिगुरु जिना मिलाइओनु पिआरे साचा नामु समालि ॥६॥

ਸਤੁ ਸੰਤੋਖੁ ਗਿਆਨੁ ਧਿਆਨੁ ਪਿਆਰੇ ਜਿਸ ਨੋ ਨਦਰਿ ਕਰੇ ॥ (641-10)
सतु संतोखु गिआनु धिआनु पिआरे जिस नो नदरि करे ॥

ਅਨਦਿਨੁ ਕੀਰਤਨੁ ਗੁਣ ਰਵੈ ਪਿਆਰੇ ਅੰਮ੍ਰਿਤਿ ਪੂਰ ਭਰੇ ॥ (641-11)
अनदिनु कीरतनु गुण रवै पिआरे अमृति पूर भरे ॥

ਦੁਖ ਸਾਗਰੁ ਤਿਨ ਲੰਘਿਆ ਪਿਆਰੇ ਭਵਜਲੁ ਪਾਰਿ ਪਰੇ ॥ (641-11)
दुख सागरु तिन लंघिआ पिआरे भवजलु पारि परे ॥

ਜਿਸੁ ਭਾਵੈ ਤਿਸੁ ਮੇਲਿ ਲੈਹਿ ਪਿਆਰੇ ਸੇਈ ਸਦਾ ਖਰੇ ॥੭॥ (641-12)
जिसु भावै तिसु मेलि लैहि पिआरे सेई सदा खरे ॥७॥

ਸੰਮ੍ਰਥ ਪੁਰਖੁ ਦਇਆਲ ਦੇਉ ਪਿਆਰੇ ਭਗਤਾ ਤਿਸ ਕਾ ਤਾਣੁ ॥ (641-12)
संम्रथ पुरखु दइआल देउ पिआरे भगता तिस का ताणु ॥

ਤਿਸੁ ਸਰਣਾਈ ਢਹਿ ਪਏ ਪਿਆਰੇ ਜਿ ਅੰਤਰਜਾਮੀ ਜਾਣੁ ॥ (641-13)
तिसु सरणाई ढहि पए पिआरे जि अंतरजामी जाणु ॥

ਹਲਤੁ ਪਲਤੁ ਸਵਾਰਿਆ ਪਿਆਰੇ ਮਸਤਕਿ ਸਚੁ ਨੀਸਾਣੁ ॥ (641-14)
हलतु पलतु सवारिआ पिआरे मसतकि सचु नीसाणु ॥

ਸੋ ਪ੍ਰਭੁ ਕਦੇ ਨ ਵੀਸਰੈ ਪਿਆਰੇ ਨਾਨਕ ਸਦ ਕੁਰਬਾਣੁ ॥੮॥੨॥ (641-14)
सो प्रभु कदे न वीसरै पिआरे नानक सद कुरबाणु ॥८॥२॥

ਸੋਰਠਿ ਮਹਲਾ ੫ ਘਰੁ ੨ ਅਸਟਪਦੀਆ (641-16)
सोरठि महला ५ घरु २ असटपदीआ

ੴ ਸਤਿਗੁਰ ਪ੍ਰਸਾਦਿ ॥ (641-16)
ੴ सतिगुर प्रसादि ॥

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥ (641-17)
पाठु पड़िओ अरु बेदु बीचारिओ निवलि भुअंगम साधे ॥

ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥੧॥ (641-17)
पंच जना सिउ संगु न छुटकिओ अधिक अह्मबुधि बाधे ॥१॥

ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥ (641-18)
पिआरे इन बिधि मिलणु न जाई मै कीए करम अनेका ॥

ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ ਰਹਾਉ ॥ (641-18)
हारि परिओ सुआमी कै दुआरै दीजै बुधि बिबेका ॥ रहाउ ॥

ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ ॥ (641-19)
मोनि भइओ करपाती रहिओ नगन फिरिओ बन माही ॥

ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ ॥੨॥ (641-19)
तट तीरथ सभ धरती भ्रमिओ दुबिधा छुटकै नाही ॥२॥

ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ ॥ (642-1)
मन कामना तीरथ जाइ बसिओ सिरि करवत धराए ॥

ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ ॥੩॥ (642-2)
मन की मैलु न उतरै इह बिधि जे लख जतन कराए ॥३॥

ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ ॥ (642-2)
कनिक कामिनी हैवर गैवर बहु बिधि दानु दातारा ॥

ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ ॥੪॥ (642-3)
अंन बसत्र भूमि बहु अरपे नह मिलीऐ हरि दुआरा ॥४॥

ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ ॥ (642-3)
पूजा अरचा बंदन डंडउत खटु करमा रतु रहता ॥

ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ ॥੫॥ (642-4)
हउ हउ करत बंधन महि परिआ नह मिलीऐ इह जुगता ॥५॥

ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ ॥ (642-4)
जोग सिध आसण चउरासीह ए भी करि करि रहिआ ॥

ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ ॥੬॥ (642-5)
वडी आरजा फिरि फिरि जनमै हरि सिउ संगु न गहिआ ॥६॥

ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ ॥ (642-6)
राज लीला राजन की रचना करिआ हुकमु अफारा ॥

ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ ॥੭॥ (642-6)
सेज सोहनी चंदनु चोआ नरक घोर का दुआरा ॥७॥

ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥ (642-7)
हरि कीरति साधसंगति है सिरि करमन कै करमा ॥

ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥੮॥ (642-7)
कहु नानक तिसु भइओ परापति जिसु पुरब लिखे का लहना ॥८॥

ਤੇਰੋ ਸੇਵਕੁ ਇਹ ਰੰਗਿ ਮਾਤਾ ॥ (642-8)
तेरो सेवकु इह रंगि माता ॥

ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ ॥ ਰਹਾਉ ਦੂਜਾ ॥੧॥੩॥ (642-8)
भइओ क्रिपालु दीन दुख भंजनु हरि हरि कीरतनि इहु मनु राता ॥ रहाउ दूजा ॥१॥३॥

ਰਾਗੁ ਸੋਰਠਿ ਵਾਰ ਮਹਲੇ ੪ ਕੀ (642-10)
रागु सोरठि वार महले ४ की

ੴ ਸਤਿਗੁਰ ਪ੍ਰਸਾਦਿ ॥ (642-10)
ੴ सतिगुर प्रसादि ॥

ਸਲੋਕੁ ਮਃ ੧ ॥ (642-11)
सलोकु मः १ ॥

ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ ॥ (642-11)
सोरठि सदा सुहावणी जे सचा मनि होइ ॥

ਦੰਦੀ ਮੈਲੁ ਨ ਕਤੁ ਮਨਿ ਜੀਭੈ ਸਚਾ ਸੋਇ ॥ (642-11)
दंदी मैलु न कतु मनि जीभै सचा सोइ ॥

ਸਸੁਰੈ ਪੇਈਐ ਭੈ ਵਸੀ ਸਤਿਗੁਰੁ ਸੇਵਿ ਨਿਸੰਗ ॥ (642-12)
ससुरै पेईऐ भै वसी सतिगुरु सेवि निसंग ॥

ਪਰਹਰਿ ਕਪੜੁ ਜੇ ਪਿਰ ਮਿਲੈ ਖੁਸੀ ਰਾਵੈ ਪਿਰੁ ਸੰਗਿ ॥ (642-12)
परहरि कपड़ु जे पिर मिलै खुसी रावै पिरु संगि ॥

ਸਦਾ ਸੀਗਾਰੀ ਨਾਉ ਮਨਿ ਕਦੇ ਨ ਮੈਲੁ ਪਤੰਗੁ ॥ (642-12)
सदा सीगारी नाउ मनि कदे न मैलु पतंगु ॥

ਦੇਵਰ ਜੇਠ ਮੁਏ ਦੁਖਿ ਸਸੂ ਕਾ ਡਰੁ ਕਿਸੁ ॥ (642-13)
देवर जेठ मुए दुखि ससू का डरु किसु ॥

ਜੇ ਪਿਰ ਭਾਵੈ ਨਾਨਕਾ ਕਰਮ ਮਣੀ ਸਭੁ ਸਚੁ ॥੧॥ (642-13)
जे पिर भावै नानका करम मणी सभु सचु ॥१॥

ਮਃ ੪ ॥ (642-14)
मः ४ ॥

ਸੋਰਠਿ ਤਾਮਿ ਸੁਹਾਵਣੀ ਜਾ ਹਰਿ ਨਾਮੁ ਢੰਢੋਲੇ ॥ (642-14)
सोरठि तामि सुहावणी जा हरि नामु ढंढोले ॥

ਗੁਰ ਪੁਰਖੁ ਮਨਾਵੈ ਆਪਣਾ ਗੁਰਮਤੀ ਹਰਿ ਹਰਿ ਬੋਲੇ ॥ (642-14)
गुर पुरखु मनावै आपणा गुरमती हरि हरि बोले ॥

ਹਰਿ ਪ੍ਰੇਮਿ ਕਸਾਈ ਦਿਨਸੁ ਰਾਤਿ ਹਰਿ ਰਤੀ ਹਰਿ ਰੰਗਿ ਚੋਲੇ ॥ (642-15)
हरि प्रेमि कसाई दिनसु राति हरि रती हरि रंगि चोले ॥

ਹਰਿ ਜੈਸਾ ਪੁਰਖੁ ਨ ਲਭਈ ਸਭੁ ਦੇਖਿਆ ਜਗਤੁ ਮੈ ਟੋਲੇ ॥ (642-15)
हरि जैसा पुरखु न लभई सभु देखिआ जगतु मै टोले ॥

ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਮਨੁ ਅਨਤ ਨ ਕਾਹੂ ਡੋਲੇ ॥ (642-16)
गुरि सतिगुरि नामु द्रिड़ाइआ मनु अनत न काहू डोले ॥

ਜਨੁ ਨਾਨਕੁ ਹਰਿ ਕਾ ਦਾਸੁ ਹੈ ਗੁਰ ਸਤਿਗੁਰ ਕੇ ਗੋਲ ਗੋਲੇ ॥੨॥ (642-17)
जनु नानकु हरि का दासु है गुर सतिगुर के गोल गोले ॥२॥

ਪਉੜੀ ॥ (642-17)
पउड़ी ॥

ਤੂ ਆਪੇ ਸਿਸਟਿ ਕਰਤਾ ਸਿਰਜਣਹਾਰਿਆ ॥ (642-17)
तू आपे सिसटि करता सिरजणहारिआ ॥

ਤੁਧੁ ਆਪੇ ਖੇਲੁ ਰਚਾਇ ਤੁਧੁ ਆਪਿ ਸਵਾਰਿਆ ॥ (642-18)
तुधु आपे खेलु रचाइ तुधु आपि सवारिआ ॥

ਦਾਤਾ ਕਰਤਾ ਆਪਿ ਆਪਿ ਭੋਗਣਹਾਰਿਆ ॥ (642-18)
दाता करता आपि आपि भोगणहारिआ ॥

ਸਭੁ ਤੇਰਾ ਸਬਦੁ ਵਰਤੈ ਉਪਾਵਣਹਾਰਿਆ ॥ (642-19)
सभु तेरा सबदु वरतै उपावणहारिआ ॥

ਹਉ ਗੁਰਮੁਖਿ ਸਦਾ ਸਲਾਹੀ ਗੁਰ ਕਉ ਵਾਰਿਆ ॥੧॥ (642-19)
हउ गुरमुखि सदा सलाही गुर कउ वारिआ ॥१॥

ਸਲੋਕੁ ਮਃ ੩ ॥ (643-1)
सलोकु मः ३ ॥

ਹਉਮੈ ਜਲਤੇ ਜਲਿ ਮੁਏ ਭ੍ਰਮਿ ਆਏ ਦੂਜੈ ਭਾਇ ॥ (643-1)
हउमै जलते जलि मुए भ्रमि आए दूजै भाइ ॥

ਪੂਰੈ ਸਤਿਗੁਰਿ ਰਾਖਿ ਲੀਏ ਆਪਣੈ ਪੰਨੈ ਪਾਇ ॥ (643-1)
पूरै सतिगुरि राखि लीए आपणै पंनै पाइ ॥

ਇਹੁ ਜਗੁ ਜਲਤਾ ਨਦਰੀ ਆਇਆ ਗੁਰ ਕੈ ਸਬਦਿ ਸੁਭਾਇ ॥ (643-2)
इहु जगु जलता नदरी आइआ गुर कै सबदि सुभाइ ॥

ਸਬਦਿ ਰਤੇ ਸੇ ਸੀਤਲ ਭਏ ਨਾਨਕ ਸਚੁ ਕਮਾਇ ॥੧॥ (643-2)
सबदि रते से सीतल भए नानक सचु कमाइ ॥१॥

ਮਃ ੩ ॥ (643-3)
मः ३ ॥

ਸਫਲਿਓ ਸਤਿਗੁਰੁ ਸੇਵਿਆ ਧੰਨੁ ਜਨਮੁ ਪਰਵਾਣੁ ॥ (643-3)
सफलिओ सतिगुरु सेविआ धंनु जनमु परवाणु ॥

ਜਿਨਾ ਸਤਿਗੁਰੁ ਜੀਵਦਿਆ ਮੁਇਆ ਨ ਵਿਸਰੈ ਸੇਈ ਪੁਰਖ ਸੁਜਾਣ ॥ (643-3)
जिना सतिगुरु जीवदिआ मुइआ न विसरै सेई पुरख सुजाण ॥

ਕੁਲੁ ਉਧਾਰੇ ਆਪਣਾ ਸੋ ਜਨੁ ਹੋਵੈ ਪਰਵਾਣੁ ॥ (643-4)
कुलु उधारे आपणा सो जनु होवै परवाणु ॥

ਗੁਰਮੁਖਿ ਮੁਏ ਜੀਵਦੇ ਪਰਵਾਣੁ ਹਹਿ ਮਨਮੁਖ ਜਨਮਿ ਮਰਾਹਿ ॥ (643-4)
गुरमुखि मुए जीवदे परवाणु हहि मनमुख जनमि मराहि ॥

ਨਾਨਕ ਮੁਏ ਨ ਆਖੀਅਹਿ ਜਿ ਗੁਰ ਕੈ ਸਬਦਿ ਸਮਾਹਿ ॥੨॥ (643-5)
नानक मुए न आखीअहि जि गुर कै सबदि समाहि ॥२॥

ਪਉੜੀ ॥ (643-5)
पउड़ी ॥

ਹਰਿ ਪੁਰਖੁ ਨਿਰੰਜਨੁ ਸੇਵਿ ਹਰਿ ਨਾਮੁ ਧਿਆਈਐ ॥ (643-6)
हरि पुरखु निरंजनु सेवि हरि नामु धिआईऐ ॥

ਸਤਸੰਗਤਿ ਸਾਧੂ ਲਗਿ ਹਰਿ ਨਾਮਿ ਸਮਾਈਐ ॥ (643-6)
सतसंगति साधू लगि हरि नामि समाईऐ ॥

ਹਰਿ ਤੇਰੀ ਵਡੀ ਕਾਰ ਮੈ ਮੂਰਖ ਲਾਈਐ ॥ (643-6)
हरि तेरी वडी कार मै मूरख लाईऐ ॥

ਹਉ ਗੋਲਾ ਲਾਲਾ ਤੁਧੁ ਮੈ ਹੁਕਮੁ ਫੁਰਮਾਈਐ ॥ (643-7)
हउ गोला लाला तुधु मै हुकमु फुरमाईऐ ॥

ਹਉ ਗੁਰਮੁਖਿ ਕਾਰ ਕਮਾਵਾ ਜਿ ਗੁਰਿ ਸਮਝਾਈਐ ॥੨॥ (643-7)
हउ गुरमुखि कार कमावा जि गुरि समझाईऐ ॥२॥

ਸਲੋਕੁ ਮਃ ੩ ॥ (643-8)
सलोकु मः ३ ॥

ਪੂਰਬਿ ਲਿਖਿਆ ਕਮਾਵਣਾ ਜਿ ਕਰਤੈ ਆਪਿ ਲਿਖਿਆਸੁ ॥ (643-8)
पूरबि लिखिआ कमावणा जि करतै आपि लिखिआसु ॥

ਮੋਹ ਠਗਉਲੀ ਪਾਈਅਨੁ ਵਿਸਰਿਆ ਗੁਣਤਾਸੁ ॥ (643-9)
मोह ठगउली पाईअनु विसरिआ गुणतासु ॥

ਮਤੁ ਜਾਣਹੁ ਜਗੁ ਜੀਵਦਾ ਦੂਜੈ ਭਾਇ ਮੁਇਆਸੁ ॥ (643-9)
मतु जाणहु जगु जीवदा दूजै भाइ मुइआसु ॥

ਜਿਨੀ ਗੁਰਮੁਖਿ ਨਾਮੁ ਨ ਚੇਤਿਓ ਸੇ ਬਹਣਿ ਨ ਮਿਲਨੀ ਪਾਸਿ ॥ (643-9)
जिनी गुरमुखि नामु न चेतिओ से बहणि न मिलनी पासि ॥

ਦੁਖੁ ਲਾਗਾ ਬਹੁ ਅਤਿ ਘਣਾ ਪੁਤੁ ਕਲਤੁ ਨ ਸਾਥਿ ਕੋਈ ਜਾਸਿ ॥ (643-10)
दुखु लागा बहु अति घणा पुतु कलतु न साथि कोई जासि ॥

ਲੋਕਾ ਵਿਚਿ ਮੁਹੁ ਕਾਲਾ ਹੋਆ ਅੰਦਰਿ ਉਭੇ ਸਾਸ ॥ (643-11)
लोका विचि मुहु काला होआ अंदरि उभे सास ॥

ਮਨਮੁਖਾ ਨੋ ਕੋ ਨ ਵਿਸਹੀ ਚੁਕਿ ਗਇਆ ਵੇਸਾਸੁ ॥ (643-11)
मनमुखा नो को न विसही चुकि गइआ वेसासु ॥

ਨਾਨਕ ਗੁਰਮੁਖਾ ਨੋ ਸੁਖੁ ਅਗਲਾ ਜਿਨਾ ਅੰਤਰਿ ਨਾਮ ਨਿਵਾਸੁ ॥੧॥ (643-12)
नानक गुरमुखा नो सुखु अगला जिना अंतरि नाम निवासु ॥१॥

ਮਃ ੩ ॥ (643-12)
मः ३ ॥

ਸੇ ਸੈਣ ਸੇ ਸਜਣਾ ਜਿ ਗੁਰਮੁਖਿ ਮਿਲਹਿ ਸੁਭਾਇ ॥ (643-12)
से सैण से सजणा जि गुरमुखि मिलहि सुभाइ ॥

ਸਤਿਗੁਰ ਕਾ ਭਾਣਾ ਅਨਦਿਨੁ ਕਰਹਿ ਸੇ ਸਚਿ ਰਹੇ ਸਮਾਇ ॥ (643-13)
सतिगुर का भाणा अनदिनु करहि से सचि रहे समाइ ॥

ਦੂਜੈ ਭਾਇ ਲਗੇ ਸਜਣ ਨ ਆਖੀਅਹਿ ਜਿ ਅਭਿਮਾਨੁ ਕਰਹਿ ਵੇਕਾਰ ॥ (643-13)
दूजै भाइ लगे सजण न आखीअहि जि अभिमानु करहि वेकार ॥

ਮਨਮੁਖ ਆਪ ਸੁਆਰਥੀ ਕਾਰਜੁ ਨ ਸਕਹਿ ਸਵਾਰਿ ॥ (643-14)
मनमुख आप सुआरथी कारजु न सकहि सवारि ॥

ਨਾਨਕ ਪੂਰਬਿ ਲਿਖਿਆ ਕਮਾਵਣਾ ਕੋਇ ਨ ਮੇਟਣਹਾਰੁ ॥੨॥ (643-15)
नानक पूरबि लिखिआ कमावणा कोइ न मेटणहारु ॥२॥

ਪਉੜੀ ॥ (643-15)
पउड़ी ॥

ਤੁਧੁ ਆਪੇ ਜਗਤੁ ਉਪਾਇ ਕੈ ਆਪਿ ਖੇਲੁ ਰਚਾਇਆ ॥ (643-15)
तुधु आपे जगतु उपाइ कै आपि खेलु रचाइआ ॥

ਤ੍ਰੈ ਗੁਣ ਆਪਿ ਸਿਰਜਿਆ ਮਾਇਆ ਮੋਹੁ ਵਧਾਇਆ ॥ (643-16)
त्रै गुण आपि सिरजिआ माइआ मोहु वधाइआ ॥

ਵਿਚਿ ਹਉਮੈ ਲੇਖਾ ਮੰਗੀਐ ਫਿਰਿ ਆਵੈ ਜਾਇਆ ॥ (643-16)
विचि हउमै लेखा मंगीऐ फिरि आवै जाइआ ॥

ਜਿਨਾ ਹਰਿ ਆਪਿ ਕ੍ਰਿਪਾ ਕਰੇ ਸੇ ਗੁਰਿ ਸਮਝਾਇਆ ॥ (643-17)
जिना हरि आपि क्रिपा करे से गुरि समझाइआ ॥

ਬਲਿਹਾਰੀ ਗੁਰ ਆਪਣੇ ਸਦਾ ਸਦਾ ਘੁਮਾਇਆ ॥੩॥ (643-17)
बलिहारी गुर आपणे सदा सदा घुमाइआ ॥३॥

ਸਲੋਕੁ ਮਃ ੩ ॥ (643-18)
सलोकु मः ३ ॥

ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥ (643-18)
माइआ ममता मोहणी जिनि विणु दंता जगु खाइआ ॥

ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ ॥ (643-18)
मनमुख खाधे गुरमुखि उबरे जिनी सचि नामि चितु लाइआ ॥

ਬਿਨੁ ਨਾਵੈ ਜਗੁ ਕਮਲਾ ਫਿਰੈ ਗੁਰਮੁਖਿ ਨਦਰੀ ਆਇਆ ॥ (643-19)
बिनु नावै जगु कमला फिरै गुरमुखि नदरी आइआ ॥

ਧੰਧਾ ਕਰਤਿਆ ਨਿਹਫਲੁ ਜਨਮੁ ਗਵਾਇਆ ਸੁਖਦਾਤਾ ਮਨਿ ਨ ਵਸਾਇਆ ॥ (644-1)
धंधा करतिआ निहफलु जनमु गवाइआ सुखदाता मनि न वसाइआ ॥

ਨਾਨਕ ਨਾਮੁ ਤਿਨਾ ਕਉ ਮਿਲਿਆ ਜਿਨ ਕਉ ਧੁਰਿ ਲਿਖਿ ਪਾਇਆ ॥੧॥ (644-1)
नानक नामु तिना कउ मिलिआ जिन कउ धुरि लिखि पाइआ ॥१॥

ਮਃ ੩ ॥ (644-2)
मः ३ ॥

ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ ॥ (644-2)
घर ही महि अमृतु भरपूरु है मनमुखा सादु न पाइआ ॥

ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥ (644-3)
जिउ कसतूरी मिरगु न जाणै भ्रमदा भरमि भुलाइआ ॥

ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ ॥ (644-3)
अमृतु तजि बिखु संग्रहै करतै आपि खुआइआ ॥

ਗੁਰਮੁਖਿ ਵਿਰਲੇ ਸੋਝੀ ਪਈ ਤਿਨਾ ਅੰਦਰਿ ਬ੍ਰਹਮੁ ਦਿਖਾਇਆ ॥ (644-4)
गुरमुखि विरले सोझी पई तिना अंदरि ब्रहमु दिखाइआ ॥

ਤਨੁ ਮਨੁ ਸੀਤਲੁ ਹੋਇਆ ਰਸਨਾ ਹਰਿ ਸਾਦੁ ਆਇਆ ॥ (644-4)
तनु मनु सीतलु होइआ रसना हरि सादु आइआ ॥

ਸਬਦੇ ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ ॥ (644-5)
सबदे ही नाउ ऊपजै सबदे मेलि मिलाइआ ॥

ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ ॥ (644-5)
बिनु सबदै सभु जगु बउराना बिरथा जनमु गवाइआ ॥

ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ ॥੨॥ (644-6)
अमृतु एको सबदु है नानक गुरमुखि पाइआ ॥२॥

ਪਉੜੀ ॥ (644-6)
पउड़ी ॥

ਸੋ ਹਰਿ ਪੁਰਖੁ ਅਗੰਮੁ ਹੈ ਕਹੁ ਕਿਤੁ ਬਿਧਿ ਪਾਈਐ ॥ (644-7)
सो हरि पुरखु अगंमु है कहु कितु बिधि पाईऐ ॥

ਤਿਸੁ ਰੂਪੁ ਨ ਰੇਖ ਅਦ੍ਰਿਸਟੁ ਕਹੁ ਜਨ ਕਿਉ ਧਿਆਈਐ ॥ (644-7)
तिसु रूपु न रेख अद्रिसटु कहु जन किउ धिआईऐ ॥

ਨਿਰੰਕਾਰੁ ਨਿਰੰਜਨੁ ਹਰਿ ਅਗਮੁ ਕਿਆ ਕਹਿ ਗੁਣ ਗਾਈਐ ॥ (644-8)
निरंकारु निरंजनु हरि अगमु किआ कहि गुण गाईऐ ॥

ਜਿਸੁ ਆਪਿ ਬੁਝਾਏ ਆਪਿ ਸੁ ਹਰਿ ਮਾਰਗਿ ਪਾਈਐ ॥ (644-8)
जिसु आपि बुझाए आपि सु हरि मारगि पाईऐ ॥

ਗੁਰਿ ਪੂਰੈ ਵੇਖਾਲਿਆ ਗੁਰ ਸੇਵਾ ਪਾਈਐ ॥੪॥ (644-9)
गुरि पूरै वेखालिआ गुर सेवा पाईऐ ॥४॥

ਸਲੋਕੁ ਮਃ ੩ ॥ (644-9)
सलोकु मः ३ ॥

ਜਿਉ ਤਨੁ ਕੋਲੂ ਪੀੜੀਐ ਰਤੁ ਨ ਭੋਰੀ ਡੇਹਿ ॥ (644-9)
जिउ तनु कोलू पीड़ीऐ रतु न भोरी डेहि ॥

ਜੀਉ ਵੰਞੈ ਚਉ ਖੰਨੀਐ ਸਚੇ ਸੰਦੜੈ ਨੇਹਿ ॥ (644-10)
जीउ वंञै चउ खंनीऐ सचे संदड़ै नेहि ॥

ਨਾਨਕ ਮੇਲੁ ਨ ਚੁਕਈ ਰਾਤੀ ਅਤੈ ਡੇਹ ॥੧॥ (644-10)
नानक मेलु न चुकई राती अतै डेह ॥१॥

ਮਃ ੩ ॥ (644-11)
मः ३ ॥

ਸਜਣੁ ਮੈਡਾ ਰੰਗੁਲਾ ਰੰਗੁ ਲਾਏ ਮਨੁ ਲੇਇ ॥ (644-11)
सजणु मैडा रंगुला रंगु लाए मनु लेइ ॥

ਜਿਉ ਮਾਜੀਠੈ ਕਪੜੇ ਰੰਗੇ ਭੀ ਪਾਹੇਹਿ ॥ (644-11)
जिउ माजीठै कपड़े रंगे भी पाहेहि ॥

ਨਾਨਕ ਰੰਗੁ ਨ ਉਤਰੈ ਬਿਆ ਨ ਲਗੈ ਕੇਹ ॥੨॥ (644-11)
नानक रंगु न उतरै बिआ न लगै केह ॥२॥

ਪਉੜੀ ॥ (644-12)
पउड़ी ॥

ਹਰਿ ਆਪਿ ਵਰਤੈ ਆਪਿ ਹਰਿ ਆਪਿ ਬੁਲਾਇਦਾ ॥ (644-12)
हरि आपि वरतै आपि हरि आपि बुलाइदा ॥

ਹਰਿ ਆਪੇ ਸ੍ਰਿਸਟਿ ਸਵਾਰਿ ਸਿਰਿ ਧੰਧੈ ਲਾਇਦਾ ॥ (644-12)
हरि आपे स्रिसटि सवारि सिरि धंधै लाइदा ॥

ਇਕਨਾ ਭਗਤੀ ਲਾਇ ਇਕਿ ਆਪਿ ਖੁਆਇਦਾ ॥ (644-13)
इकना भगती लाइ इकि आपि खुआइदा ॥

ਇਕਨਾ ਮਾਰਗਿ ਪਾਇ ਇਕਿ ਉਝੜਿ ਪਾਇਦਾ ॥ (644-13)
इकना मारगि पाइ इकि उझड़ि पाइदा ॥

ਜਨੁ ਨਾਨਕੁ ਨਾਮੁ ਧਿਆਏ ਗੁਰਮੁਖਿ ਗੁਣ ਗਾਇਦਾ ॥੫॥ (644-14)
जनु नानकु नामु धिआए गुरमुखि गुण गाइदा ॥५॥

ਸਲੋਕੁ ਮਃ ੩ ॥ (644-14)
सलोकु मः ३ ॥

ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ ॥ (644-15)
सतिगुर की सेवा सफलु है जे को करे चितु लाइ ॥

ਮਨਿ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ ॥ (644-15)
मनि चिंदिआ फलु पावणा हउमै विचहु जाइ ॥

ਬੰਧਨ ਤੋੜੈ ਮੁਕਤਿ ਹੋਇ ਸਚੇ ਰਹੈ ਸਮਾਇ ॥ (644-16)
बंधन तोड़ै मुकति होइ सचे रहै समाइ ॥

ਇਸੁ ਜਗ ਮਹਿ ਨਾਮੁ ਅਲਭੁ ਹੈ ਗੁਰਮੁਖਿ ਵਸੈ ਮਨਿ ਆਇ ॥ (644-16)
इसु जग महि नामु अलभु है गुरमुखि वसै मनि आइ ॥

ਨਾਨਕ ਜੋ ਗੁਰੁ ਸੇਵਹਿ ਆਪਣਾ ਹਉ ਤਿਨ ਬਲਿਹਾਰੈ ਜਾਉ ॥੧॥ (644-17)
नानक जो गुरु सेवहि आपणा हउ तिन बलिहारै जाउ ॥१॥

ਮਃ ੩ ॥ (644-17)
मः ३ ॥

ਮਨਮੁਖ ਮੰਨੁ ਅਜਿਤੁ ਹੈ ਦੂਜੈ ਲਗੈ ਜਾਇ ॥ (644-17)
मनमुख मंनु अजितु है दूजै लगै जाइ ॥

ਤਿਸ ਨੋ ਸੁਖੁ ਸੁਪਨੈ ਨਹੀ ਦੁਖੇ ਦੁਖਿ ਵਿਹਾਇ ॥ (644-18)
तिस नो सुखु सुपनै नही दुखे दुखि विहाइ ॥

ਘਰਿ ਘਰਿ ਪੜਿ ਪੜਿ ਪੰਡਿਤ ਥਕੇ ਸਿਧ ਸਮਾਧਿ ਲਗਾਇ ॥ (644-18)
घरि घरि पड़ि पड़ि पंडित थके सिध समाधि लगाइ ॥

ਇਹੁ ਮਨੁ ਵਸਿ ਨ ਆਵਈ ਥਕੇ ਕਰਮ ਕਮਾਇ ॥ (644-19)
इहु मनु वसि न आवई थके करम कमाइ ॥

ਭੇਖਧਾਰੀ ਭੇਖ ਕਰਿ ਥਕੇ ਅਠਿਸਠਿ ਤੀਰਥ ਨਾਇ ॥ (644-19)
भेखधारी भेख करि थके अठिसठि तीरथ नाइ ॥

ਮਨ ਕੀ ਸਾਰ ਨ ਜਾਣਨੀ ਹਉਮੈ ਭਰਮਿ ਭੁਲਾਇ ॥ (645-1)
मन की सार न जाणनी हउमै भरमि भुलाइ ॥

ਗੁਰ ਪਰਸਾਦੀ ਭਉ ਪਇਆ ਵਡਭਾਗਿ ਵਸਿਆ ਮਨਿ ਆਇ ॥ (645-1)
गुर परसादी भउ पइआ वडभागि वसिआ मनि आइ ॥

ਭੈ ਪਇਐ ਮਨੁ ਵਸਿ ਹੋਆ ਹਉਮੈ ਸਬਦਿ ਜਲਾਇ ॥ (645-2)
भै पइऐ मनु वसि होआ हउमै सबदि जलाइ ॥

ਸਚਿ ਰਤੇ ਸੇ ਨਿਰਮਲੇ ਜੋਤੀ ਜੋਤਿ ਮਿਲਾਇ ॥ (645-2)
सचि रते से निरमले जोती जोति मिलाइ ॥

ਸਤਿਗੁਰਿ ਮਿਲਿਐ ਨਾਉ ਪਾਇਆ ਨਾਨਕ ਸੁਖਿ ਸਮਾਇ ॥੨॥ (645-3)
सतिगुरि मिलिऐ नाउ पाइआ नानक सुखि समाइ ॥२॥

ਪਉੜੀ ॥ (645-3)
पउड़ी ॥

ਏਹ ਭੂਪਤਿ ਰਾਣੇ ਰੰਗ ਦਿਨ ਚਾਰਿ ਸੁਹਾਵਣਾ ॥ (645-3)
एह भूपति राणे रंग दिन चारि सुहावणा ॥

ਏਹੁ ਮਾਇਆ ਰੰਗੁ ਕਸੁੰਭ ਖਿਨ ਮਹਿ ਲਹਿ ਜਾਵਣਾ ॥ (645-4)
एहु माइआ रंगु कसुमभ खिन महि लहि जावणा ॥

ਚਲਦਿਆ ਨਾਲਿ ਨ ਚਲੈ ਸਿਰਿ ਪਾਪ ਲੈ ਜਾਵਣਾ ॥ (645-4)
चलदिआ नालि न चलै सिरि पाप लै जावणा ॥

ਜਾਂ ਪਕੜਿ ਚਲਾਇਆ ਕਾਲਿ ਤਾਂ ਖਰਾ ਡਰਾਵਣਾ ॥ (645-5)
जां पकड़ि चलाइआ कालि तां खरा डरावणा ॥

ਓਹ ਵੇਲਾ ਹਥਿ ਨ ਆਵੈ ਫਿਰਿ ਪਛੁਤਾਵਣਾ ॥੬॥ (645-5)
ओह वेला हथि न आवै फिरि पछुतावणा ॥६॥

ਸਲੋਕੁ ਮਃ ੩ ॥ (645-6)
सलोकु मः ३ ॥

ਸਤਿਗੁਰ ਤੇ ਜੋ ਮੁਹ ਫਿਰੇ ਸੇ ਬਧੇ ਦੁਖ ਸਹਾਹਿ ॥ (645-6)
सतिगुर ते जो मुह फिरे से बधे दुख सहाहि ॥

ਫਿਰਿ ਫਿਰਿ ਮਿਲਣੁ ਨ ਪਾਇਨੀ ਜੰਮਹਿ ਤੈ ਮਰਿ ਜਾਹਿ ॥ (645-6)
फिरि फिरि मिलणु न पाइनी जंमहि तै मरि जाहि ॥

ਸਹਸਾ ਰੋਗੁ ਨ ਛੋਡਈ ਦੁਖ ਹੀ ਮਹਿ ਦੁਖ ਪਾਹਿ ॥ (645-7)
सहसा रोगु न छोडई दुख ही महि दुख पाहि ॥

ਨਾਨਕ ਨਦਰੀ ਬਖਸਿ ਲੇਹਿ ਸਬਦੇ ਮੇਲਿ ਮਿਲਾਹਿ ॥੧॥ (645-7)
नानक नदरी बखसि लेहि सबदे मेलि मिलाहि ॥१॥

ਮਃ ੩ ॥ (645-8)
मः ३ ॥

ਜੋ ਸਤਿਗੁਰ ਤੇ ਮੁਹ ਫਿਰੇ ਤਿਨਾ ਠਉਰ ਨ ਠਾਉ ॥ (645-8)
जो सतिगुर ते मुह फिरे तिना ठउर न ठाउ ॥

ਜਿਉ ਛੁਟੜਿ ਘਰਿ ਘਰਿ ਫਿਰੈ ਦੁਹਚਾਰਣਿ ਬਦਨਾਉ ॥ (645-8)
जिउ छुटड़ि घरि घरि फिरै दुहचारणि बदनाउ ॥

ਨਾਨਕ ਗੁਰਮੁਖਿ ਬਖਸੀਅਹਿ ਸੇ ਸਤਿਗੁਰ ਮੇਲਿ ਮਿਲਾਉ ॥੨॥ (645-9)
नानक गुरमुखि बखसीअहि से सतिगुर मेलि मिलाउ ॥२॥

ਪਉੜੀ ॥ (645-9)
पउड़ी ॥

ਜੋ ਸੇਵਹਿ ਸਤਿ ਮੁਰਾਰਿ ਸੇ ਭਵਜਲ ਤਰਿ ਗਇਆ ॥ (645-9)
जो सेवहि सति मुरारि से भवजल तरि गइआ ॥

ਜੋ ਬੋਲਹਿ ਹਰਿ ਹਰਿ ਨਾਉ ਤਿਨ ਜਮੁ ਛਡਿ ਗਇਆ ॥ (645-10)
जो बोलहि हरि हरि नाउ तिन जमु छडि गइआ ॥

ਸੇ ਦਰਗਹ ਪੈਧੇ ਜਾਹਿ ਜਿਨਾ ਹਰਿ ਜਪਿ ਲਇਆ ॥ (645-10)
से दरगह पैधे जाहि जिना हरि जपि लइआ ॥

ਹਰਿ ਸੇਵਹਿ ਸੇਈ ਪੁਰਖ ਜਿਨਾ ਹਰਿ ਤੁਧੁ ਮਇਆ ॥ (645-11)
हरि सेवहि सेई पुरख जिना हरि तुधु मइआ ॥

ਗੁਣ ਗਾਵਾ ਪਿਆਰੇ ਨਿਤ ਗੁਰਮੁਖਿ ਭ੍ਰਮ ਭਉ ਗਇਆ ॥੭॥ (645-11)
गुण गावा पिआरे नित गुरमुखि भ्रम भउ गइआ ॥७॥

ਸਲੋਕੁ ਮਃ ੩ ॥ (645-12)
सलोकु मः ३ ॥

ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ ॥ (645-12)
थालै विचि तै वसतू पईओ हरि भोजनु अमृतु सारु ॥

ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ ॥ (645-13)
जितु खाधै मनु त्रिपतीऐ पाईऐ मोख दुआरु ॥

ਇਹੁ ਭੋਜਨੁ ਅਲਭੁ ਹੈ ਸੰਤਹੁ ਲਭੈ ਗੁਰ ਵੀਚਾਰਿ ॥ (645-13)
इहु भोजनु अलभु है संतहु लभै गुर वीचारि ॥

ਏਹ ਮੁਦਾਵਣੀ ਕਿਉ ਵਿਚਹੁ ਕਢੀਐ ਸਦਾ ਰਖੀਐ ਉਰਿ ਧਾਰਿ ॥ (645-14)
एह मुदावणी किउ विचहु कढीऐ सदा रखीऐ उरि धारि ॥

ਏਹ ਮੁਦਾਵਣੀ ਸਤਿਗੁਰੂ ਪਾਈ ਗੁਰਸਿਖਾ ਲਧੀ ਭਾਲਿ ॥ (645-14)
एह मुदावणी सतिगुरू पाई गुरसिखा लधी भालि ॥

ਨਾਨਕ ਜਿਸੁ ਬੁਝਾਏ ਸੁ ਬੁਝਸੀ ਹਰਿ ਪਾਇਆ ਗੁਰਮੁਖਿ ਘਾਲਿ ॥੧॥ (645-15)
नानक जिसु बुझाए सु बुझसी हरि पाइआ गुरमुखि घालि ॥१॥

ਮਃ ੩ ॥ (645-15)
मः ३ ॥

ਜੋ ਧੁਰਿ ਮੇਲੇ ਸੇ ਮਿਲਿ ਰਹੇ ਸਤਿਗੁਰ ਸਿਉ ਚਿਤੁ ਲਾਇ ॥ (645-15)
जो धुरि मेले से मिलि रहे सतिगुर सिउ चितु लाइ ॥

ਆਪਿ ਵਿਛੋੜੇਨੁ ਸੇ ਵਿਛੁੜੇ ਦੂਜੈ ਭਾਇ ਖੁਆਇ ॥ (645-16)
आपि विछोड़ेनु से विछुड़े दूजै भाइ खुआइ ॥

ਨਾਨਕ ਵਿਣੁ ਕਰਮਾ ਕਿਆ ਪਾਈਐ ਪੂਰਬਿ ਲਿਖਿਆ ਕਮਾਇ ॥੨॥ (645-16)
नानक विणु करमा किआ पाईऐ पूरबि लिखिआ कमाइ ॥२॥

ਪਉੜੀ ॥ (645-17)
पउड़ी ॥

ਬਹਿ ਸਖੀਆ ਜਸੁ ਗਾਵਹਿ ਗਾਵਣਹਾਰੀਆ ॥ (645-17)
बहि सखीआ जसु गावहि गावणहारीआ ॥

ਹਰਿ ਨਾਮੁ ਸਲਾਹਿਹੁ ਨਿਤ ਹਰਿ ਕਉ ਬਲਿਹਾਰੀਆ ॥ (645-18)
हरि नामु सलाहिहु नित हरि कउ बलिहारीआ ॥

ਜਿਨੀ ਸੁਣਿ ਮੰਨਿਆ ਹਰਿ ਨਾਉ ਤਿਨਾ ਹਉ ਵਾਰੀਆ ॥ (645-18)
जिनी सुणि मंनिआ हरि नाउ तिना हउ वारीआ ॥

ਗੁਰਮੁਖੀਆ ਹਰਿ ਮੇਲੁ ਮਿਲਾਵਣਹਾਰੀਆ ॥ (645-19)
गुरमुखीआ हरि मेलु मिलावणहारीआ ॥

ਹਉ ਬਲਿ ਜਾਵਾ ਦਿਨੁ ਰਾਤਿ ਗੁਰ ਦੇਖਣਹਾਰੀਆ ॥੮॥ (645-19)
हउ बलि जावा दिनु राति गुर देखणहारीआ ॥८॥

ਸਲੋਕੁ ਮਃ ੩ ॥ (645-19)
सलोकु मः ३ ॥

ਵਿਣੁ ਨਾਵੈ ਸਭਿ ਭਰਮਦੇ ਨਿਤ ਜਗਿ ਤੋਟਾ ਸੈਸਾਰਿ ॥ (646-1)
विणु नावै सभि भरमदे नित जगि तोटा सैसारि ॥

ਮਨਮੁਖਿ ਕਰਮ ਕਮਾਵਣੇ ਹਉਮੈ ਅੰਧੁ ਗੁਬਾਰੁ ॥ (646-1)
मनमुखि करम कमावणे हउमै अंधु गुबारु ॥

ਗੁਰਮੁਖਿ ਅੰਮ੍ਰਿਤੁ ਪੀਵਣਾ ਨਾਨਕ ਸਬਦੁ ਵੀਚਾਰਿ ॥੧॥ (646-2)
गुरमुखि अमृतु पीवणा नानक सबदु वीचारि ॥१॥

ਮਃ ੩ ॥ (646-2)
मः ३ ॥

ਸਹਜੇ ਜਾਗੈ ਸਹਜੇ ਸੋਵੈ ॥ (646-2)
सहजे जागै सहजे सोवै ॥

ਗੁਰਮੁਖਿ ਅਨਦਿਨੁ ਉਸਤਤਿ ਹੋਵੈ ॥ (646-2)
गुरमुखि अनदिनु उसतति होवै ॥

ਮਨਮੁਖ ਭਰਮੈ ਸਹਸਾ ਹੋਵੈ ॥ (646-3)
मनमुख भरमै सहसा होवै ॥

ਅੰਤਰਿ ਚਿੰਤਾ ਨੀਦ ਨ ਸੋਵੈ ॥ (646-3)
अंतरि चिंता नीद न सोवै ॥

ਗਿਆਨੀ ਜਾਗਹਿ ਸਵਹਿ ਸੁਭਾਇ ॥ (646-3)
गिआनी जागहि सवहि सुभाइ ॥

ਨਾਨਕ ਨਾਮਿ ਰਤਿਆ ਬਲਿ ਜਾਉ ॥੨॥ (646-4)
नानक नामि रतिआ बलि जाउ ॥२॥

ਪਉੜੀ ॥ (646-4)
पउड़ी ॥

ਸੇ ਹਰਿ ਨਾਮੁ ਧਿਆਵਹਿ ਜੋ ਹਰਿ ਰਤਿਆ ॥ (646-4)
से हरि नामु धिआवहि जो हरि रतिआ ॥

ਹਰਿ ਇਕੁ ਧਿਆਵਹਿ ਇਕੁ ਇਕੋ ਹਰਿ ਸਤਿਆ ॥ (646-4)
हरि इकु धिआवहि इकु इको हरि सतिआ ॥

ਹਰਿ ਇਕੋ ਵਰਤੈ ਇਕੁ ਇਕੋ ਉਤਪਤਿਆ ॥ (646-5)
हरि इको वरतै इकु इको उतपतिआ ॥

ਜੋ ਹਰਿ ਨਾਮੁ ਧਿਆਵਹਿ ਤਿਨ ਡਰੁ ਸਟਿ ਘਤਿਆ ॥ (646-5)
जो हरि नामु धिआवहि तिन डरु सटि घतिआ ॥

ਗੁਰਮਤੀ ਦੇਵੈ ਆਪਿ ਗੁਰਮੁਖਿ ਹਰਿ ਜਪਿਆ ॥੯॥ (646-6)
गुरमती देवै आपि गुरमुखि हरि जपिआ ॥९॥

ਸਲੋਕ ਮਃ ੩ ॥ (646-6)
सलोक मः ३ ॥

ਅੰਤਰਿ ਗਿਆਨੁ ਨ ਆਇਓ ਜਿਤੁ ਕਿਛੁ ਸੋਝੀ ਪਾਇ ॥ (646-6)
अंतरि गिआनु न आइओ जितु किछु सोझी पाइ ॥

ਵਿਣੁ ਡਿਠਾ ਕਿਆ ਸਾਲਾਹੀਐ ਅੰਧਾ ਅੰਧੁ ਕਮਾਇ ॥ (646-7)
विणु डिठा किआ सालाहीऐ अंधा अंधु कमाइ ॥

ਨਾਨਕ ਸਬਦੁ ਪਛਾਣੀਐ ਨਾਮੁ ਵਸੈ ਮਨਿ ਆਇ ॥੧॥ (646-7)
नानक सबदु पछाणीऐ नामु वसै मनि आइ ॥१॥

ਮਃ ੩ ॥ (646-8)
मः ३ ॥

ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥ (646-8)
इका बाणी इकु गुरु इको सबदु वीचारि ॥

ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ ॥ (646-8)
सचा सउदा हटु सचु रतनी भरे भंडार ॥

ਗੁਰ ਕਿਰਪਾ ਤੇ ਪਾਈਅਨਿ ਜੇ ਦੇਵੈ ਦੇਵਣਹਾਰੁ ॥ (646-9)
गुर किरपा ते पाईअनि जे देवै देवणहारु ॥

ਸਚਾ ਸਉਦਾ ਲਾਭੁ ਸਦਾ ਖਟਿਆ ਨਾਮੁ ਅਪਾਰੁ ॥ (646-9)
सचा सउदा लाभु सदा खटिआ नामु अपारु ॥

ਵਿਖੁ ਵਿਚਿ ਅੰਮ੍ਰਿਤੁ ਪ੍ਰਗਟਿਆ ਕਰਮਿ ਪੀਆਵਣਹਾਰੁ ॥ (646-10)
विखु विचि अमृतु प्रगटिआ करमि पीआवणहारु ॥

ਨਾਨਕ ਸਚੁ ਸਲਾਹੀਐ ਧੰਨੁ ਸਵਾਰਣਹਾਰੁ ॥੨॥ (646-10)
नानक सचु सलाहीऐ धंनु सवारणहारु ॥२॥

ਪਉੜੀ ॥ (646-11)
पउड़ी ॥

ਜਿਨਾ ਅੰਦਰਿ ਕੂੜੁ ਵਰਤੈ ਸਚੁ ਨ ਭਾਵਈ ॥ (646-11)
जिना अंदरि कूड़ु वरतै सचु न भावई ॥

ਜੇ ਕੋ ਬੋਲੈ ਸਚੁ ਕੂੜਾ ਜਲਿ ਜਾਵਈ ॥ (646-11)
जे को बोलै सचु कूड़ा जलि जावई ॥

ਕੂੜਿਆਰੀ ਰਜੈ ਕੂੜਿ ਜਿਉ ਵਿਸਟਾ ਕਾਗੁ ਖਾਵਈ ॥ (646-12)
कूड़िआरी रजै कूड़ि जिउ विसटा कागु खावई ॥

ਜਿਸੁ ਹਰਿ ਹੋਇ ਕ੍ਰਿਪਾਲੁ ਸੋ ਨਾਮੁ ਧਿਆਵਈ ॥ (646-12)
जिसु हरि होइ क्रिपालु सो नामु धिआवई ॥

ਹਰਿ ਗੁਰਮੁਖਿ ਨਾਮੁ ਅਰਾਧਿ ਕੂੜੁ ਪਾਪੁ ਲਹਿ ਜਾਵਈ ॥੧੦॥ (646-13)
हरि गुरमुखि नामु अराधि कूड़ु पापु लहि जावई ॥१०॥

ਸਲੋਕੁ ਮਃ ੩ ॥ (646-13)
सलोकु मः ३ ॥

ਸੇਖਾ ਚਉਚਕਿਆ ਚਉਵਾਇਆ ਏਹੁ ਮਨੁ ਇਕਤੁ ਘਰਿ ਆਣਿ ॥ (646-13)
सेखा चउचकिआ चउवाइआ एहु मनु इकतु घरि आणि ॥

ਏਹੜ ਤੇਹੜ ਛਡਿ ਤੂ ਗੁਰ ਕਾ ਸਬਦੁ ਪਛਾਣੁ ॥ (646-14)
एहड़ तेहड़ छडि तू गुर का सबदु पछाणु ॥

ਸਤਿਗੁਰ ਅਗੈ ਢਹਿ ਪਉ ਸਭੁ ਕਿਛੁ ਜਾਣੈ ਜਾਣੁ ॥ (646-14)
सतिगुर अगै ढहि पउ सभु किछु जाणै जाणु ॥

ਆਸਾ ਮਨਸਾ ਜਲਾਇ ਤੂ ਹੋਇ ਰਹੁ ਮਿਹਮਾਣੁ ॥ (646-15)
आसा मनसा जलाइ तू होइ रहु मिहमाणु ॥

ਸਤਿਗੁਰ ਕੈ ਭਾਣੈ ਭੀ ਚਲਹਿ ਤਾ ਦਰਗਹ ਪਾਵਹਿ ਮਾਣੁ ॥ (646-15)
सतिगुर कै भाणै भी चलहि ता दरगह पावहि माणु ॥

ਨਾਨਕ ਜਿ ਨਾਮੁ ਨ ਚੇਤਨੀ ਤਿਨ ਧਿਗੁ ਪੈਨਣੁ ਧਿਗੁ ਖਾਣੁ ॥੧॥ (646-16)
नानक जि नामु न चेतनी तिन धिगु पैनणु धिगु खाणु ॥१॥

ਮਃ ੩ ॥ (646-16)
मः ३ ॥

ਹਰਿ ਗੁਣ ਤੋਟਿ ਨ ਆਵਈ ਕੀਮਤਿ ਕਹਣੁ ਨ ਜਾਇ ॥ (646-16)
हरि गुण तोटि न आवई कीमति कहणु न जाइ ॥

ਨਾਨਕ ਗੁਰਮੁਖਿ ਹਰਿ ਗੁਣ ਰਵਹਿ ਗੁਣ ਮਹਿ ਰਹੈ ਸਮਾਇ ॥੨॥ (646-17)
नानक गुरमुखि हरि गुण रवहि गुण महि रहै समाइ ॥२॥

ਪਉੜੀ ॥ (646-17)
पउड़ी ॥

ਹਰਿ ਚੋਲੀ ਦੇਹ ਸਵਾਰੀ ਕਢਿ ਪੈਧੀ ਭਗਤਿ ਕਰਿ ॥ (646-18)
हरि चोली देह सवारी कढि पैधी भगति करि ॥

ਹਰਿ ਪਾਟੁ ਲਗਾ ਅਧਿਕਾਈ ਬਹੁ ਬਹੁ ਬਿਧਿ ਭਾਤਿ ਕਰਿ ॥ (646-18)
हरि पाटु लगा अधिकाई बहु बहु बिधि भाति करि ॥

ਕੋਈ ਬੂਝੈ ਬੂਝਣਹਾਰਾ ਅੰਤਰਿ ਬਿਬੇਕੁ ਕਰਿ ॥ (646-19)
कोई बूझै बूझणहारा अंतरि बिबेकु करि ॥

ਸੋ ਬੂਝੈ ਏਹੁ ਬਿਬੇਕੁ ਜਿਸੁ ਬੁਝਾਏ ਆਪਿ ਹਰਿ ॥ (646-19)
सो बूझै एहु बिबेकु जिसु बुझाए आपि हरि ॥

ਜਨੁ ਨਾਨਕੁ ਕਹੈ ਵਿਚਾਰਾ ਗੁਰਮੁਖਿ ਹਰਿ ਸਤਿ ਹਰਿ ॥੧੧॥ (646-19)
जनु नानकु कहै विचारा गुरमुखि हरि सति हरि ॥११॥

ਸਲੋਕੁ ਮਃ ੩ ॥ (647-1)
सलोकु मः ३ ॥

ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ ॥ (647-1)
परथाइ साखी महा पुरख बोलदे साझी सगल जहानै ॥

ਗੁਰਮੁਖਿ ਹੋਇ ਸੁ ਭਉ ਕਰੇ ਆਪਣਾ ਆਪੁ ਪਛਾਣੈ ॥ (647-2)
गुरमुखि होइ सु भउ करे आपणा आपु पछाणै ॥

ਗੁਰ ਪਰਸਾਦੀ ਜੀਵਤੁ ਮਰੈ ਤਾ ਮਨ ਹੀ ਤੇ ਮਨੁ ਮਾਨੈ ॥ (647-2)
गुर परसादी जीवतु मरै ता मन ही ते मनु मानै ॥

ਜਿਨ ਕਉ ਮਨ ਕੀ ਪਰਤੀਤਿ ਨਾਹੀ ਨਾਨਕ ਸੇ ਕਿਆ ਕਥਹਿ ਗਿਆਨੈ ॥੧॥ (647-3)
जिन कउ मन की परतीति नाही नानक से किआ कथहि गिआनै ॥१॥

ਮਃ ੩ ॥ (647-3)
मः ३ ॥

ਗੁਰਮੁਖਿ ਚਿਤੁ ਨ ਲਾਇਓ ਅੰਤਿ ਦੁਖੁ ਪਹੁਤਾ ਆਇ ॥ (647-3)
गुरमुखि चितु न लाइओ अंति दुखु पहुता आइ ॥

ਅੰਦਰਹੁ ਬਾਹਰਹੁ ਅੰਧਿਆਂ ਸੁਧਿ ਨ ਕਾਈ ਪਾਇ ॥ (647-4)
अंदरहु बाहरहु अंधिआं सुधि न काई पाइ ॥

ਪੰਡਿਤ ਤਿਨ ਕੀ ਬਰਕਤੀ ਸਭੁ ਜਗਤੁ ਖਾਇ ਜੋ ਰਤੇ ਹਰਿ ਨਾਇ ॥ (647-4)
पंडित तिन की बरकती सभु जगतु खाइ जो रते हरि नाइ ॥

ਜਿਨ ਗੁਰ ਕੈ ਸਬਦਿ ਸਲਾਹਿਆ ਹਰਿ ਸਿਉ ਰਹੇ ਸਮਾਇ ॥ (647-5)
जिन गुर कै सबदि सलाहिआ हरि सिउ रहे समाइ ॥

ਪੰਡਿਤ ਦੂਜੈ ਭਾਇ ਬਰਕਤਿ ਨ ਹੋਵਈ ਨਾ ਧਨੁ ਪਲੈ ਪਾਇ ॥ (647-6)
पंडित दूजै भाइ बरकति न होवई ना धनु पलै पाइ ॥

ਪੜਿ ਥਕੇ ਸੰਤੋਖੁ ਨ ਆਇਓ ਅਨਦਿਨੁ ਜਲਤ ਵਿਹਾਇ ॥ (647-6)
पड़ि थके संतोखु न आइओ अनदिनु जलत विहाइ ॥

ਕੂਕ ਪੂਕਾਰ ਨ ਚੁਕਈ ਨਾ ਸੰਸਾ ਵਿਚਹੁ ਜਾਇ ॥ (647-7)
कूक पूकार न चुकई ना संसा विचहु जाइ ॥

ਨਾਨਕ ਨਾਮ ਵਿਹੂਣਿਆ ਮੁਹਿ ਕਾਲੈ ਉਠਿ ਜਾਇ ॥੨॥ (647-7)
नानक नाम विहूणिआ मुहि कालै उठि जाइ ॥२॥

ਪਉੜੀ ॥ (647-8)
पउड़ी ॥

ਹਰਿ ਸਜਣ ਮੇਲਿ ਪਿਆਰੇ ਮਿਲਿ ਪੰਥੁ ਦਸਾਈ ॥ (647-8)
हरि सजण मेलि पिआरे मिलि पंथु दसाई ॥

ਜੋ ਹਰਿ ਦਸੇ ਮਿਤੁ ਤਿਸੁ ਹਉ ਬਲਿ ਜਾਈ ॥ (647-8)
जो हरि दसे मितु तिसु हउ बलि जाई ॥

ਗੁਣ ਸਾਝੀ ਤਿਨ ਸਿਉ ਕਰੀ ਹਰਿ ਨਾਮੁ ਧਿਆਈ ॥ (647-9)
गुण साझी तिन सिउ करी हरि नामु धिआई ॥

ਹਰਿ ਸੇਵੀ ਪਿਆਰਾ ਨਿਤ ਸੇਵਿ ਹਰਿ ਸੁਖੁ ਪਾਈ ॥ (647-9)
हरि सेवी पिआरा नित सेवि हरि सुखु पाई ॥

ਬਲਿਹਾਰੀ ਸਤਿਗੁਰ ਤਿਸੁ ਜਿਨਿ ਸੋਝੀ ਪਾਈ ॥੧੨॥ (647-9)
बलिहारी सतिगुर तिसु जिनि सोझी पाई ॥१२॥

ਸਲੋਕੁ ਮਃ ੩ ॥ (647-10)
सलोकु मः ३ ॥

ਪੰਡਿਤ ਮੈਲੁ ਨ ਚੁਕਈ ਜੇ ਵੇਦ ਪੜੈ ਜੁਗ ਚਾਰਿ ॥ (647-10)
पंडित मैलु न चुकई जे वेद पड़ै जुग चारि ॥

ਤ੍ਰੈ ਗੁਣ ਮਾਇਆ ਮੂਲੁ ਹੈ ਵਿਚਿ ਹਉਮੈ ਨਾਮੁ ਵਿਸਾਰਿ ॥ (647-11)
त्रै गुण माइआ मूलु है विचि हउमै नामु विसारि ॥

ਪੰਡਿਤ ਭੂਲੇ ਦੂਜੈ ਲਾਗੇ ਮਾਇਆ ਕੈ ਵਾਪਾਰਿ ॥ (647-11)
पंडित भूले दूजै लागे माइआ कै वापारि ॥

ਅੰਤਰਿ ਤ੍ਰਿਸਨਾ ਭੁਖ ਹੈ ਮੂਰਖ ਭੁਖਿਆ ਮੁਏ ਗਵਾਰ ॥ (647-11)
अंतरि त्रिसना भुख है मूरख भुखिआ मुए गवार ॥

ਸਤਿਗੁਰਿ ਸੇਵਿਐ ਸੁਖੁ ਪਾਇਆ ਸਚੈ ਸਬਦਿ ਵੀਚਾਰਿ ॥ (647-12)
सतिगुरि सेविऐ सुखु पाइआ सचै सबदि वीचारि ॥

ਅੰਦਰਹੁ ਤ੍ਰਿਸਨਾ ਭੁਖ ਗਈ ਸਚੈ ਨਾਇ ਪਿਆਰਿ ॥ (647-12)
अंदरहु त्रिसना भुख गई सचै नाइ पिआरि ॥

ਨਾਨਕ ਨਾਮਿ ਰਤੇ ਸਹਜੇ ਰਜੇ ਜਿਨਾ ਹਰਿ ਰਖਿਆ ਉਰਿ ਧਾਰਿ ॥੧॥ (647-13)
नानक नामि रते सहजे रजे जिना हरि रखिआ उरि धारि ॥१॥

ਮਃ ੩ ॥ (647-14)
मः ३ ॥

ਮਨਮੁਖ ਹਰਿ ਨਾਮੁ ਨ ਸੇਵਿਆ ਦੁਖੁ ਲਗਾ ਬਹੁਤਾ ਆਇ ॥ (647-14)
मनमुख हरि नामु न सेविआ दुखु लगा बहुता आइ ॥

ਅੰਤਰਿ ਅਗਿਆਨੁ ਅੰਧੇਰੁ ਹੈ ਸੁਧਿ ਨ ਕਾਈ ਪਾਇ ॥ (647-14)
अंतरि अगिआनु अंधेरु है सुधि न काई पाइ ॥

ਮਨਹਠਿ ਸਹਜਿ ਨ ਬੀਜਿਓ ਭੁਖਾ ਕਿ ਅਗੈ ਖਾਇ ॥ (647-15)
मनहठि सहजि न बीजिओ भुखा कि अगै खाइ ॥

ਨਾਮੁ ਨਿਧਾਨੁ ਵਿਸਾਰਿਆ ਦੂਜੈ ਲਗਾ ਜਾਇ ॥ (647-15)
नामु निधानु विसारिआ दूजै लगा जाइ ॥

ਨਾਨਕ ਗੁਰਮੁਖਿ ਮਿਲਹਿ ਵਡਿਆਈਆ ਜੇ ਆਪੇ ਮੇਲਿ ਮਿਲਾਇ ॥੨॥ (647-16)
नानक गुरमुखि मिलहि वडिआईआ जे आपे मेलि मिलाइ ॥२॥

ਪਉੜੀ ॥ (647-16)
पउड़ी ॥

ਹਰਿ ਰਸਨਾ ਹਰਿ ਜਸੁ ਗਾਵੈ ਖਰੀ ਸੁਹਾਵਣੀ ॥ (647-16)
हरि रसना हरि जसु गावै खरी सुहावणी ॥

ਜੋ ਮਨਿ ਤਨਿ ਮੁਖਿ ਹਰਿ ਬੋਲੈ ਸਾ ਹਰਿ ਭਾਵਣੀ ॥ (647-17)
जो मनि तनि मुखि हरि बोलै सा हरि भावणी ॥

ਜੋ ਗੁਰਮੁਖਿ ਚਖੈ ਸਾਦੁ ਸਾ ਤ੍ਰਿਪਤਾਵਣੀ ॥ (647-17)
जो गुरमुखि चखै सादु सा त्रिपतावणी ॥

ਗੁਣ ਗਾਵੈ ਪਿਆਰੇ ਨਿਤ ਗੁਣ ਗਾਇ ਗੁਣੀ ਸਮਝਾਵਣੀ ॥ (647-18)
गुण गावै पिआरे नित गुण गाइ गुणी समझावणी ॥

ਜਿਸੁ ਹੋਵੈ ਆਪਿ ਦਇਆਲੁ ਸਾ ਸਤਿਗੁਰੂ ਗੁਰੂ ਬੁਲਾਵਣੀ ॥੧੩॥ (647-18)
जिसु होवै आपि दइआलु सा सतिगुरू गुरू बुलावणी ॥१३॥

ਸਲੋਕੁ ਮਃ ੩ ॥ (647-19)
सलोकु मः ३ ॥

ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ ॥ (647-19)
हसती सिरि जिउ अंकसु है अहरणि जिउ सिरु देइ ॥

ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ ॥ (647-19)
मनु तनु आगै राखि कै ऊभी सेव करेइ ॥

ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ ॥ (648-1)
इउ गुरमुखि आपु निवारीऐ सभु राजु स्रिसटि का लेइ ॥

ਨਾਨਕ ਗੁਰਮੁਖਿ ਬੁਝੀਐ ਜਾ ਆਪੇ ਨਦਰਿ ਕਰੇਇ ॥੧॥ (648-1)
नानक गुरमुखि बुझीऐ जा आपे नदरि करेइ ॥१॥

ਮਃ ੩ ॥ (648-2)
मः ३ ॥

ਜਿਨ ਗੁਰਮੁਖਿ ਨਾਮੁ ਧਿਆਇਆ ਆਏ ਤੇ ਪਰਵਾਣੁ ॥ (648-2)
जिन गुरमुखि नामु धिआइआ आए ते परवाणु ॥

ਨਾਨਕ ਕੁਲ ਉਧਾਰਹਿ ਆਪਣਾ ਦਰਗਹ ਪਾਵਹਿ ਮਾਣੁ ॥੨॥ (648-3)
नानक कुल उधारहि आपणा दरगह पावहि माणु ॥२॥

ਪਉੜੀ ॥ (648-3)
पउड़ी ॥

ਗੁਰਮੁਖਿ ਸਖੀਆ ਸਿਖ ਗੁਰੂ ਮੇਲਾਈਆ ॥ (648-3)
गुरमुखि सखीआ सिख गुरू मेलाईआ ॥

ਇਕਿ ਸੇਵਕ ਗੁਰ ਪਾਸਿ ਇਕਿ ਗੁਰਿ ਕਾਰੈ ਲਾਈਆ ॥ (648-4)
इकि सेवक गुर पासि इकि गुरि कारै लाईआ ॥

ਜਿਨਾ ਗੁਰੁ ਪਿਆਰਾ ਮਨਿ ਚਿਤਿ ਤਿਨਾ ਭਾਉ ਗੁਰੂ ਦੇਵਾਈਆ ॥ (648-4)
जिना गुरु पिआरा मनि चिति तिना भाउ गुरू देवाईआ ॥

ਗੁਰ ਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ ॥ (648-5)
गुर सिखा इको पिआरु गुर मिता पुता भाईआ ॥

ਗੁਰੁ ਸਤਿਗੁਰੁ ਬੋਲਹੁ ਸਭਿ ਗੁਰੁ ਆਖਿ ਗੁਰੂ ਜੀਵਾਈਆ ॥੧੪॥ (648-5)
गुरु सतिगुरु बोलहु सभि गुरु आखि गुरू जीवाईआ ॥१४॥

ਸਲੋਕੁ ਮਃ ੩ ॥ (648-6)
सलोकु मः ३ ॥

ਨਾਨਕ ਨਾਮੁ ਨ ਚੇਤਨੀ ਅਗਿਆਨੀ ਅੰਧੁਲੇ ਅਵਰੇ ਕਰਮ ਕਮਾਹਿ ॥ (648-6)
नानक नामु न चेतनी अगिआनी अंधुले अवरे करम कमाहि ॥

ਜਮ ਦਰਿ ਬਧੇ ਮਾਰੀਅਹਿ ਫਿਰਿ ਵਿਸਟਾ ਮਾਹਿ ਪਚਾਹਿ ॥੧॥ (648-7)
जम दरि बधे मारीअहि फिरि विसटा माहि पचाहि ॥१॥

ਮਃ ੩ ॥ (648-7)
मः ३ ॥

ਨਾਨਕ ਸਤਿਗੁਰੁ ਸੇਵਹਿ ਆਪਣਾ ਸੇ ਜਨ ਸਚੇ ਪਰਵਾਣੁ ॥ (648-7)
नानक सतिगुरु सेवहि आपणा से जन सचे परवाणु ॥

ਹਰਿ ਕੈ ਨਾਇ ਸਮਾਇ ਰਹੇ ਚੂਕਾ ਆਵਣੁ ਜਾਣੁ ॥੨॥ (648-8)
हरि कै नाइ समाइ रहे चूका आवणु जाणु ॥२॥

ਪਉੜੀ ॥ (648-8)
पउड़ी ॥

ਧਨੁ ਸੰਪੈ ਮਾਇਆ ਸੰਚੀਐ ਅੰਤੇ ਦੁਖਦਾਈ ॥ (648-8)
धनु स्मपै माइआ संचीऐ अंते दुखदाई ॥

ਘਰ ਮੰਦਰ ਮਹਲ ਸਵਾਰੀਅਹਿ ਕਿਛੁ ਸਾਥਿ ਨ ਜਾਈ ॥ (648-9)
घर मंदर महल सवारीअहि किछु साथि न जाई ॥

ਹਰ ਰੰਗੀ ਤੁਰੇ ਨਿਤ ਪਾਲੀਅਹਿ ਕਿਤੈ ਕਾਮਿ ਨ ਆਈ ॥ (648-9)
हर रंगी तुरे नित पालीअहि कितै कामि न आई ॥

ਜਨ ਲਾਵਹੁ ਚਿਤੁ ਹਰਿ ਨਾਮ ਸਿਉ ਅੰਤਿ ਹੋਇ ਸਖਾਈ ॥ (648-10)
जन लावहु चितु हरि नाम सिउ अंति होइ सखाई ॥

ਜਨ ਨਾਨਕ ਨਾਮੁ ਧਿਆਇਆ ਗੁਰਮੁਖਿ ਸੁਖੁ ਪਾਈ ॥੧੫॥ (648-10)
जन नानक नामु धिआइआ गुरमुखि सुखु पाई ॥१५॥

ਸਲੋਕੁ ਮਃ ੩ ॥ (648-11)
सलोकु मः ३ ॥

ਬਿਨੁ ਕਰਮੈ ਨਾਉ ਨ ਪਾਈਐ ਪੂਰੈ ਕਰਮਿ ਪਾਇਆ ਜਾਇ ॥ (648-11)
बिनु करमै नाउ न पाईऐ पूरै करमि पाइआ जाइ ॥

ਨਾਨਕ ਨਦਰਿ ਕਰੇ ਜੇ ਆਪਣੀ ਤਾ ਗੁਰਮਤਿ ਮੇਲਿ ਮਿਲਾਇ ॥੧॥ (648-12)
नानक नदरि करे जे आपणी ता गुरमति मेलि मिलाइ ॥१॥

ਮਃ ੧ ॥ (648-12)
मः १ ॥

ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ ॥ (648-12)
इक दझहि इक दबीअहि इकना कुते खाहि ॥

ਇਕਿ ਪਾਣੀ ਵਿਚਿ ਉਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ ॥ (648-13)
इकि पाणी विचि उसटीअहि इकि भी फिरि हसणि पाहि ॥

ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ ॥੨॥ (648-14)
नानक एव न जापई किथै जाइ समाहि ॥२॥

ਪਉੜੀ ॥ (648-14)
पउड़ी ॥

ਤਿਨ ਕਾ ਖਾਧਾ ਪੈਧਾ ਮਾਇਆ ਸਭੁ ਪਵਿਤੁ ਹੈ ਜੋ ਨਾਮਿ ਹਰਿ ਰਾਤੇ ॥ (648-14)
तिन का खाधा पैधा माइआ सभु पवितु है जो नामि हरि राते ॥

ਤਿਨ ਕੇ ਘਰ ਮੰਦਰ ਮਹਲ ਸਰਾਈ ਸਭਿ ਪਵਿਤੁ ਹਹਿ ਜਿਨੀ ਗੁਰਮੁਖਿ ਸੇਵਕ ਸਿਖ ਅਭਿਆਗਤ ਜਾਇ ਵਰਸਾਤੇ ॥ (648-15)
तिन के घर मंदर महल सराई सभि पवितु हहि जिनी गुरमुखि सेवक सिख अभिआगत जाइ वरसाते ॥

ਤਿਨ ਕੇ ਤੁਰੇ ਜੀਨ ਖੁਰਗੀਰ ਸਭਿ ਪਵਿਤੁ ਹਹਿ ਜਿਨੀ ਗੁਰਮੁਖਿ ਸਿਖ ਸਾਧ ਸੰਤ ਚੜਿ ਜਾਤੇ ॥ (648-16)
तिन के तुरे जीन खुरगीर सभि पवितु हहि जिनी गुरमुखि सिख साध संत चड़ि जाते ॥

ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ ਜੋ ਬੋਲਹਿ ਹਰਿ ਹਰਿ ਰਾਮ ਨਾਮੁ ਹਰਿ ਸਾਤੇ ॥ (648-17)
तिन के करम धरम कारज सभि पवितु हहि जो बोलहि हरि हरि राम नामु हरि साते ॥

ਜਿਨ ਕੈ ਪੋਤੈ ਪੁੰਨੁ ਹੈ ਸੇ ਗੁਰਮੁਖਿ ਸਿਖ ਗੁਰੂ ਪਹਿ ਜਾਤੇ ॥੧੬॥ (648-18)
जिन कै पोतै पुंनु है से गुरमुखि सिख गुरू पहि जाते ॥१६॥

ਸਲੋਕੁ ਮਃ ੩ ॥ (648-18)
सलोकु मः ३ ॥

ਨਾਨਕ ਨਾਵਹੁ ਘੁਥਿਆ ਹਲਤੁ ਪਲਤੁ ਸਭੁ ਜਾਇ ॥ (648-18)
नानक नावहु घुथिआ हलतु पलतु सभु जाइ ॥

ਜਪੁ ਤਪੁ ਸੰਜਮੁ ਸਭੁ ਹਿਰਿ ਲਇਆ ਮੁਠੀ ਦੂਜੈ ਭਾਇ ॥ (648-19)
जपु तपु संजमु सभु हिरि लइआ मुठी दूजै भाइ ॥

ਜਮ ਦਰਿ ਬਧੇ ਮਾਰੀਅਹਿ ਬਹੁਤੀ ਮਿਲੈ ਸਜਾਇ ॥੧॥ (648-19)
जम दरि बधे मारीअहि बहुती मिलै सजाइ ॥१॥

ਮਃ ੩ ॥ (649-1)
मः ३ ॥

ਸੰਤਾ ਨਾਲਿ ਵੈਰੁ ਕਮਾਵਦੇ ਦੁਸਟਾ ਨਾਲਿ ਮੋਹੁ ਪਿਆਰੁ ॥ (649-1)
संता नालि वैरु कमावदे दुसटा नालि मोहु पिआरु ॥

ਅਗੈ ਪਿਛੈ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ ॥ (649-1)
अगै पिछै सुखु नही मरि जंमहि वारो वार ॥

ਤ੍ਰਿਸਨਾ ਕਦੇ ਨ ਬੁਝਈ ਦੁਬਿਧਾ ਹੋਇ ਖੁਆਰੁ ॥ (649-2)
त्रिसना कदे न बुझई दुबिधा होइ खुआरु ॥

ਮੁਹ ਕਾਲੇ ਤਿਨਾ ਨਿੰਦਕਾ ਤਿਤੁ ਸਚੈ ਦਰਬਾਰਿ ॥ (649-2)
मुह काले तिना निंदका तितु सचै दरबारि ॥

ਨਾਨਕ ਨਾਮ ਵਿਹੂਣਿਆ ਨਾ ਉਰਵਾਰਿ ਨ ਪਾਰਿ ॥੨॥ (649-3)
नानक नाम विहूणिआ ना उरवारि न पारि ॥२॥

ਪਉੜੀ ॥ (649-3)
पउड़ी ॥

ਜੋ ਹਰਿ ਨਾਮੁ ਧਿਆਇਦੇ ਸੇ ਹਰਿ ਹਰਿ ਨਾਮਿ ਰਤੇ ਮਨ ਮਾਹੀ ॥ (649-3)
जो हरि नामु धिआइदे से हरि हरि नामि रते मन माही ॥

ਜਿਨਾ ਮਨਿ ਚਿਤਿ ਇਕੁ ਅਰਾਧਿਆ ਤਿਨਾ ਇਕਸ ਬਿਨੁ ਦੂਜਾ ਕੋ ਨਾਹੀ ॥ (649-4)
जिना मनि चिति इकु अराधिआ तिना इकस बिनु दूजा को नाही ॥

ਸੇਈ ਪੁਰਖ ਹਰਿ ਸੇਵਦੇ ਜਿਨ ਧੁਰਿ ਮਸਤਕਿ ਲੇਖੁ ਲਿਖਾਹੀ ॥ (649-5)
सेई पुरख हरि सेवदे जिन धुरि मसतकि लेखु लिखाही ॥

ਹਰਿ ਕੇ ਗੁਣ ਨਿਤ ਗਾਵਦੇ ਹਰਿ ਗੁਣ ਗਾਇ ਗੁਣੀ ਸਮਝਾਹੀ ॥ (649-5)
हरि के गुण नित गावदे हरि गुण गाइ गुणी समझाही ॥

ਵਡਿਆਈ ਵਡੀ ਗੁਰਮੁਖਾ ਗੁਰ ਪੂਰੈ ਹਰਿ ਨਾਮਿ ਸਮਾਹੀ ॥੧੭॥ (649-6)
वडिआई वडी गुरमुखा गुर पूरै हरि नामि समाही ॥१७॥

ਸਲੋਕੁ ਮਃ ੩ ॥ (649-6)
सलोकु मः ३ ॥

ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥ (649-6)
सतिगुर की सेवा गाखड़ी सिरु दीजै आपु गवाइ ॥

ਸਬਦਿ ਮਰਹਿ ਫਿਰਿ ਨਾ ਮਰਹਿ ਤਾ ਸੇਵਾ ਪਵੈ ਸਭ ਥਾਇ ॥ (649-7)
सबदि मरहि फिरि ना मरहि ता सेवा पवै सभ थाइ ॥

ਪਾਰਸਿ ਪਰਸਿਐ ਪਾਰਸੁ ਹੋਵੈ ਸਚਿ ਰਹੈ ਲਿਵ ਲਾਇ ॥ (649-8)
पारस परसिऐ पारसु होवै सचि रहै लिव लाइ ॥

ਜਿਸੁ ਪੂਰਬਿ ਹੋਵੈ ਲਿਖਿਆ ਤਿਸੁ ਸਤਿਗੁਰੁ ਮਿਲੈ ਪ੍ਰਭੁ ਆਇ ॥ (649-8)
जिसु पूरबि होवै लिखिआ तिसु सतिगुरु मिलै प्रभु आइ ॥

ਨਾਨਕ ਗਣਤੈ ਸੇਵਕੁ ਨਾ ਮਿਲੈ ਜਿਸੁ ਬਖਸੇ ਸੋ ਪਵੈ ਥਾਇ ॥੧॥ (649-9)
नानक गणतै सेवकु ना मिलै जिसु बखसे सो पवै थाइ ॥१॥

ਮਃ ੩ ॥ (649-9)
मः ३ ॥

ਮਹਲੁ ਕੁਮਹਲੁ ਨ ਜਾਣਨੀ ਮੂਰਖ ਅਪਣੈ ਸੁਆਇ ॥ (649-9)
महलु कुमहलु न जाणनी मूरख अपणै सुआइ ॥

ਸਬਦੁ ਚੀਨਹਿ ਤਾ ਮਹਲੁ ਲਹਹਿ ਜੋਤੀ ਜੋਤਿ ਸਮਾਇ ॥ (649-10)
सबदु चीनहि ता महलु लहहि जोती जोति समाइ ॥

ਸਦਾ ਸਚੇ ਕਾ ਭਉ ਮਨਿ ਵਸੈ ਤਾ ਸਭਾ ਸੋਝੀ ਪਾਇ ॥ (649-10)
सदा सचे का भउ मनि वसै ता सभा सोझी पाइ ॥

ਸਤਿਗੁਰੁ ਅਪਣੈ ਘਰਿ ਵਰਤਦਾ ਆਪੇ ਲਏ ਮਿਲਾਇ ॥ (649-11)
सतिगुरु अपणै घरि वरतदा आपे लए मिलाइ ॥

ਨਾਨਕ ਸਤਿਗੁਰਿ ਮਿਲਿਐ ਸਭ ਪੂਰੀ ਪਈ ਜਿਸ ਨੋ ਕਿਰਪਾ ਕਰੇ ਰਜਾਇ ॥੨॥ (649-11)
नानक सतिगुरि मिलिऐ सभ पूरी पई जिस नो किरपा करे रजाइ ॥२॥

ਪਉੜੀ ॥ (649-12)
पउड़ी ॥

ਧੰਨੁ ਧਨੁ ਭਾਗ ਤਿਨਾ ਭਗਤ ਜਨਾ ਜੋ ਹਰਿ ਨਾਮਾ ਹਰਿ ਮੁਖਿ ਕਹਤਿਆ ॥ (649-12)
धंनु धनु भाग तिना भगत जना जो हरि नामा हरि मुखि कहतिआ ॥

ਧਨੁ ਧਨੁ ਭਾਗ ਤਿਨਾ ਸੰਤ ਜਨਾ ਜੋ ਹਰਿ ਜਸੁ ਸ੍ਰਵਣੀ ਸੁਣਤਿਆ ॥ (649-13)
धनु धनु भाग तिना संत जना जो हरि जसु स्रवणी सुणतिआ ॥

ਧਨੁ ਧਨੁ ਭਾਗ ਤਿਨਾ ਸਾਧ ਜਨਾ ਹਰਿ ਕੀਰਤਨੁ ਗਾਇ ਗੁਣੀ ਜਨ ਬਣਤਿਆ ॥ (649-13)
धनु धनु भाग तिना साध जना हरि कीरतनु गाइ गुणी जन बणतिआ ॥

ਧਨੁ ਧਨੁ ਭਾਗ ਤਿਨਾ ਗੁਰਮੁਖਾ ਜੋ ਗੁਰਸਿਖ ਲੈ ਮਨੁ ਜਿਣਤਿਆ ॥ (649-14)
धनु धनु भाग तिना गुरमुखा जो गुरसिख लै मनु जिणतिआ ॥

ਸਭ ਦੂ ਵਡੇ ਭਾਗ ਗੁਰਸਿਖਾ ਕੇ ਜੋ ਗੁਰ ਚਰਣੀ ਸਿਖ ਪੜਤਿਆ ॥੧੮॥ (649-15)
सभ दू वडे भाग गुरसिखा के जो गुर चरणी सिख पड़तिआ ॥१८॥

ਸਲੋਕੁ ਮਃ ੩ ॥ (649-15)
सलोकु मः ३ ॥

ਬ੍ਰਹਮੁ ਬਿੰਦੈ ਤਿਸ ਦਾ ਬ੍ਰਹਮਤੁ ਰਹੈ ਏਕ ਸਬਦਿ ਲਿਵ ਲਾਇ ॥ (649-15)
ब्रहमु बिंदै तिस दा ब्रहमतु रहै एक सबदि लिव लाइ ॥

ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ ॥ (649-16)
नव निधी अठारह सिधी पिछै लगीआ फिरहि जो हरि हिरदै सदा वसाइ ॥

ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ ॥ (649-17)
बिनु सतिगुर नाउ न पाईऐ बुझहु करि वीचारु ॥

ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ ਸੁਖੁ ਪਾਏ ਜੁਗ ਚਾਰਿ ॥੧॥ (649-17)
नानक पूरै भागि सतिगुरु मिलै सुखु पाए जुग चारि ॥१॥

ਮਃ ੩ ॥ (649-18)
मः ३ ॥

ਕਿਆ ਗਭਰੂ ਕਿਆ ਬਿਰਧਿ ਹੈ ਮਨਮੁਖ ਤ੍ਰਿਸਨਾ ਭੁਖ ਨ ਜਾਇ ॥ (649-18)
किआ गभरू किआ बिरधि है मनमुख त्रिसना भुख न जाइ ॥

ਗੁਰਮੁਖਿ ਸਬਦੇ ਰਤਿਆ ਸੀਤਲੁ ਹੋਏ ਆਪੁ ਗਵਾਇ ॥ (649-19)
गुरमुखि सबदे रतिआ सीतलु होए आपु गवाइ ॥

ਅੰਦਰੁ ਤ੍ਰਿਪਤਿ ਸੰਤੋਖਿਆ ਫਿਰਿ ਭੁਖ ਨ ਲਗੈ ਆਇ ॥ (649-19)
अंदरु त्रिपति संतोखिआ फिरि भुख न लगै आइ ॥

ਨਾਨਕ ਜਿ ਗੁਰਮੁਖਿ ਕਰਹਿ ਸੋ ਪਰਵਾਣੁ ਹੈ ਜੋ ਨਾਮਿ ਰਹੇ ਲਿਵ ਲਾਇ ॥੨॥ (650-1)
नानक जि गुरमुखि करहि सो परवाणु है जो नामि रहे लिव लाइ ॥२॥

ਪਉੜੀ ॥ (650-1)
पउड़ी ॥

ਹਉ ਬਲਿਹਾਰੀ ਤਿੰਨ ਕੰਉ ਜੋ ਗੁਰਮੁਖਿ ਸਿਖਾ ॥ (650-1)
हउ बलिहारी तिंन कंउ जो गुरमुखि सिखा ॥

ਜੋ ਹਰਿ ਨਾਮੁ ਧਿਆਇਦੇ ਤਿਨ ਦਰਸਨੁ ਪਿਖਾ ॥ (650-2)
जो हरि नामु धिआइदे तिन दरसनु पिखा ॥

ਸੁਣਿ ਕੀਰਤਨੁ ਹਰਿ ਗੁਣ ਰਵਾ ਹਰਿ ਜਸੁ ਮਨਿ ਲਿਖਾ ॥ (650-2)
सुणि कीरतनु हरि गुण रवा हरि जसु मनि लिखा ॥

ਹਰਿ ਨਾਮੁ ਸਲਾਹੀ ਰੰਗ ਸਿਉ ਸਭਿ ਕਿਲਵਿਖ ਕ੍ਰਿਖਾ ॥ (650-3)
हरि नामु सलाही रंग सिउ सभि किलविख क्रिखा ॥

ਧਨੁ ਧੰਨੁ ਸੁਹਾਵਾ ਸੋ ਸਰੀਰੁ ਥਾਨੁ ਹੈ ਜਿਥੈ ਮੇਰਾ ਗੁਰੁ ਧਰੇ ਵਿਖਾ ॥੧੯॥ (650-3)
धनु धंनु सुहावा सो सरीरु थानु है जिथै मेरा गुरु धरे विखा ॥१९॥

ਸਲੋਕੁ ਮਃ ੩ ॥ (650-4)
सलोकु मः ३ ॥

ਗੁਰ ਬਿਨੁ ਗਿਆਨੁ ਨ ਹੋਵਈ ਨਾ ਸੁਖੁ ਵਸੈ ਮਨਿ ਆਇ ॥ (650-4)
गुर बिनु गिआनु न होवई ना सुखु वसै मनि आइ ॥

ਨਾਨਕ ਨਾਮ ਵਿਹੂਣੇ ਮਨਮੁਖੀ ਜਾਸਨਿ ਜਨਮੁ ਗਵਾਇ ॥੧॥ (650-5)
नानक नाम विहूणे मनमुखी जासनि जनमु गवाइ ॥१॥

ਮਃ ੩ ॥ (650-5)
मः ३ ॥

ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ ॥ (650-5)
सिध साधिक नावै नो सभि खोजदे थकि रहे लिव लाइ ॥

ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ ॥ (650-6)
बिनु सतिगुर किनै न पाइओ गुरमुखि मिलै मिलाइ ॥

ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ ॥ (650-6)
बिनु नावै पैनणु खाणु सभु बादि है धिगु सिधी धिगु करमाति ॥

ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ ॥ (650-7)
सा सिधि सा करमाति है अचिंतु करे जिसु दाति ॥

ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ ॥੨॥ (650-7)
नानक गुरमुखि हरि नामु मनि वसै एहा सिधि एहा करमाति ॥२॥

ਪਉੜੀ ॥ (650-8)
पउड़ी ॥

ਹਮ ਢਾਢੀ ਹਰਿ ਪ੍ਰਭ ਖਸਮ ਕੇ ਨਿਤ ਗਾਵਹ ਹਰਿ ਗੁਣ ਛੰਤਾ ॥ (650-8)
हम ढाढी हरि प्रभ खसम के नित गावह हरि गुण छंता ॥

ਹਰਿ ਕੀਰਤਨੁ ਕਰਹ ਹਰਿ ਜਸੁ ਸੁਣਹ ਤਿਸੁ ਕਵਲਾ ਕੰਤਾ ॥ (650-9)
हरि कीरतनु करह हरि जसु सुणह तिसु कवला कंता ॥

ਹਰਿ ਦਾਤਾ ਸਭੁ ਜਗਤੁ ਭਿਖਾਰੀਆ ਮੰਗਤ ਜਨ ਜੰਤਾ ॥ (650-9)
हरि दाता सभु जगतु भिखारीआ मंगत जन जंता ॥

ਹਰਿ ਦੇਵਹੁ ਦਾਨੁ ਦਇਆਲ ਹੋਇ ਵਿਚਿ ਪਾਥਰ ਕ੍ਰਿਮ ਜੰਤਾ ॥ (650-10)
हरि देवहु दानु दइआल होइ विचि पाथर क्रिम जंता ॥

ਜਨ ਨਾਨਕ ਨਾਮੁ ਧਿਆਇਆ ਗੁਰਮੁਖਿ ਧਨਵੰਤਾ ॥੨੦॥ (650-10)
जन नानक नामु धिआइआ गुरमुखि धनवंता ॥२०॥

ਸਲੋਕੁ ਮਃ ੩ ॥ (650-11)
सलोकु मः ३ ॥

ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ ॥ (650-11)
पड़णा गुड़णा संसार की कार है अंदरि त्रिसना विकारु ॥

ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਾਇ ਖੁਆਰੁ ॥ (650-12)
हउमै विचि सभि पड़ि थके दूजै भाइ खुआरु ॥

ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ ॥ (650-12)
सो पड़िआ सो पंडितु बीना गुर सबदि करे वीचारु ॥

ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ ॥ (650-13)
अंदरु खोजै ततु लहै पाए मोख दुआरु ॥

ਗੁਣ ਨਿਧਾਨੁ ਹਰਿ ਪਾਇਆ ਸਹਜਿ ਕਰੇ ਵੀਚਾਰੁ ॥ (650-13)
गुण निधानु हरि पाइआ सहजि करे वीचारु ॥

ਧੰਨੁ ਵਾਪਾਰੀ ਨਾਨਕਾ ਜਿਸੁ ਗੁਰਮੁਖਿ ਨਾਮੁ ਅਧਾਰੁ ॥੧॥ (650-14)
धंनु वापारी नानका जिसु गुरमुखि नामु अधारु ॥१॥

ਮਃ ੩ ॥ (650-14)
मः ३ ॥

ਵਿਣੁ ਮਨੁ ਮਾਰੇ ਕੋਇ ਨ ਸਿਝਈ ਵੇਖਹੁ ਕੋ ਲਿਵ ਲਾਇ ॥ (650-14)
विणु मनु मारे कोइ न सिझई वेखहु को लिव लाइ ॥

ਭੇਖਧਾਰੀ ਤੀਰਥੀ ਭਵਿ ਥਕੇ ਨਾ ਏਹੁ ਮਨੁ ਮਾਰਿਆ ਜਾਇ ॥ (650-15)
भेखधारी तीरथी भवि थके ना एहु मनु मारिआ जाइ ॥

ਗੁਰਮੁਖਿ ਏਹੁ ਮਨੁ ਜੀਵਤੁ ਮਰੈ ਸਚਿ ਰਹੈ ਲਿਵ ਲਾਇ ॥ (650-15)
गुरमुखि एहु मनु जीवतु मरै सचि रहै लिव लाइ ॥

ਨਾਨਕ ਇਸੁ ਮਨ ਕੀ ਮਲੁ ਇਉ ਉਤਰੈ ਹਉਮੈ ਸਬਦਿ ਜਲਾਇ ॥੨॥ (650-16)
नानक इसु मन की मलु इउ उतरै हउमै सबदि जलाइ ॥२॥

ਪਉੜੀ ॥ (650-16)
पउड़ी ॥

ਹਰਿ ਹਰਿ ਸੰਤ ਮਿਲਹੁ ਮੇਰੇ ਭਾਈ ਹਰਿ ਨਾਮੁ ਦ੍ਰਿੜਾਵਹੁ ਇਕ ਕਿਨਕਾ ॥ (650-17)
हरि हरि संत मिलहु मेरे भाई हरि नामु द्रिड़ावहु इक किनका ॥

ਹਰਿ ਹਰਿ ਸੀਗਾਰੁ ਬਨਾਵਹੁ ਹਰਿ ਜਨ ਹਰਿ ਕਾਪੜੁ ਪਹਿਰਹੁ ਖਿਮ ਕਾ ॥ (650-17)
हरि हरि सीगारु बनावहु हरि जन हरि कापड़ु पहिरहु खिम का ॥

ਐਸਾ ਸੀਗਾਰੁ ਮੇਰੇ ਪ੍ਰਭ ਭਾਵੈ ਹਰਿ ਲਾਗੈ ਪਿਆਰਾ ਪ੍ਰਿਮ ਕਾ ॥ (650-18)
ऐसा सीगारु मेरे प्रभ भावै हरि लागै पिआरा प्रिम का ॥

ਹਰਿ ਹਰਿ ਨਾਮੁ ਬੋਲਹੁ ਦਿਨੁ ਰਾਤੀ ਸਭਿ ਕਿਲਬਿਖ ਕਾਟੈ ਇਕ ਪਲਕਾ ॥ (650-18)
हरि हरि नामु बोलहु दिनु राती सभि किलबिख काटै इक पलका ॥

ਹਰਿ ਹਰਿ ਦਇਆਲੁ ਹੋਵੈ ਜਿਸੁ ਉਪਰਿ ਸੋ ਗੁਰਮੁਖਿ ਹਰਿ ਜਪਿ ਜਿਣਕਾ ॥੨੧॥ (650-19)
हरि हरि दइआलु होवै जिसु उपरि सो गुरमुखि हरि जपि जिणका ॥२१॥

ਸਲੋਕੁ ਮਃ ੩ ॥ (651-1)
सलोकु मः ३ ॥

ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ ॥ (651-1)
जनम जनम की इसु मन कउ मलु लागी काला होआ सिआहु ॥

ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥ (651-2)
खंनली धोती उजली न होवई जे सउ धोवणि पाहु ॥

ਗੁਰ ਪਰਸਾਦੀ ਜੀਵਤੁ ਮਰੈ ਉਲਟੀ ਹੋਵੈ ਮਤਿ ਬਦਲਾਹੁ ॥ (651-2)
गुर परसादी जीवतु मरै उलटी होवै मति बदलाहु ॥

ਨਾਨਕ ਮੈਲੁ ਨ ਲਗਈ ਨਾ ਫਿਰਿ ਜੋਨੀ ਪਾਹੁ ॥੧॥ (651-3)
नानक मैलु न लगई ना फिरि जोनी पाहु ॥१॥

ਮਃ ੩ ॥ (651-3)
मः ३ ॥

ਚਹੁ ਜੁਗੀ ਕਲਿ ਕਾਲੀ ਕਾਂਢੀ ਇਕ ਉਤਮ ਪਦਵੀ ਇਸੁ ਜੁਗ ਮਾਹਿ ॥ (651-3)
चहु जुगी कलि काली कांढी इक उतम पदवी इसु जुग माहि ॥

ਗੁਰਮੁਖਿ ਹਰਿ ਕੀਰਤਿ ਫਲੁ ਪਾਈਐ ਜਿਨ ਕਉ ਹਰਿ ਲਿਖਿ ਪਾਹਿ ॥ (651-4)
गुरमुखि हरि कीरति फलु पाईऐ जिन कउ हरि लिखि पाहि ॥

ਨਾਨਕ ਗੁਰ ਪਰਸਾਦੀ ਅਨਦਿਨੁ ਭਗਤਿ ਹਰਿ ਉਚਰਹਿ ਹਰਿ ਭਗਤੀ ਮਾਹਿ ਸਮਾਹਿ ॥੨॥ (651-4)
नानक गुर परसादी अनदिनु भगति हरि उचरहि हरि भगती माहि समाहि ॥२॥

ਪਉੜੀ ॥ (651-5)
पउड़ी ॥

ਹਰਿ ਹਰਿ ਮੇਲਿ ਸਾਧ ਜਨ ਸੰਗਤਿ ਮੁਖਿ ਬੋਲੀ ਹਰਿ ਹਰਿ ਭਲੀ ਬਾਣਿ ॥ (651-5)
हरि हरि मेलि साध जन संगति मुखि बोली हरि हरि भली बाणि ॥

ਹਰਿ ਗੁਣ ਗਾਵਾ ਹਰਿ ਨਿਤ ਚਵਾ ਗੁਰਮਤੀ ਹਰਿ ਰੰਗੁ ਸਦਾ ਮਾਣਿ ॥ (651-6)
हरि गुण गावा हरि नित चवा गुरमती हरि रंगु सदा माणि ॥

ਹਰਿ ਜਪਿ ਜਪਿ ਅਉਖਧ ਖਾਧਿਆ ਸਭਿ ਰੋਗ ਗਵਾਤੇ ਦੁਖਾ ਘਾਣਿ ॥ (651-7)
हरि जपि जपि अउखध खाधिआ सभि रोग गवाते दुखा घाणि ॥

ਜਿਨਾ ਸਾਸਿ ਗਿਰਾਸਿ ਨ ਵਿਸਰੈ ਸੇ ਹਰਿ ਜਨ ਪੂਰੇ ਸਹੀ ਜਾਣਿ ॥ (651-7)
जिना सासि गिरासि न विसरै से हरि जन पूरे सही जाणि ॥

ਜੋ ਗੁਰਮੁਖਿ ਹਰਿ ਆਰਾਧਦੇ ਤਿਨ ਚੂਕੀ ਜਮ ਕੀ ਜਗਤ ਕਾਣਿ ॥੨੨॥ (651-8)
जो गुरमुखि हरि आराधदे तिन चूकी जम की जगत काणि ॥२२॥

ਸਲੋਕੁ ਮਃ ੩ ॥ (651-9)
सलोकु मः ३ ॥

ਰੇ ਜਨ ਉਥਾਰੈ ਦਬਿਓਹੁ ਸੁਤਿਆ ਗਈ ਵਿਹਾਇ ॥ (651-9)
रे जन उथारै दबिओहु सुतिआ गई विहाइ ॥

ਸਤਿਗੁਰ ਕਾ ਸਬਦੁ ਸੁਣਿ ਨ ਜਾਗਿਓ ਅੰਤਰਿ ਨ ਉਪਜਿਓ ਚਾਉ ॥ (651-9)
सतिगुर का सबदु सुणि न जागिओ अंतरि न उपजिओ चाउ ॥

ਸਰੀਰੁ ਜਲਉ ਗੁਣ ਬਾਹਰਾ ਜੋ ਗੁਰ ਕਾਰ ਨ ਕਮਾਇ ॥ (651-10)
सरीरु जलउ गुण बाहरा जो गुर कार न कमाइ ॥

ਜਗਤੁ ਜਲੰਦਾ ਡਿਠੁ ਮੈ ਹਉਮੈ ਦੂਜੈ ਭਾਇ ॥ (651-10)
जगतु जलंदा डिठु मै हउमै दूजै भाइ ॥

ਨਾਨਕ ਗੁਰ ਸਰਣਾਈ ਉਬਰੇ ਸਚੁ ਮਨਿ ਸਬਦਿ ਧਿਆਇ ॥੧॥ (651-11)
नानक गुर सरणाई उबरे सचु मनि सबदि धिआइ ॥१॥

ਮਃ ੩ ॥ (651-11)
मः ३ ॥

ਸਬਦਿ ਰਤੇ ਹਉਮੈ ਗਈ ਸੋਭਾਵੰਤੀ ਨਾਰਿ ॥ (651-11)
सबदि रते हउमै गई सोभावंती नारि ॥

ਪਿਰ ਕੈ ਭਾਣੈ ਸਦਾ ਚਲੈ ਤਾ ਬਨਿਆ ਸੀਗਾਰੁ ॥ (651-12)
पिर कै भाणै सदा चलै ता बनिआ सीगारु ॥

ਸੇਜ ਸੁਹਾਵੀ ਸਦਾ ਪਿਰੁ ਰਾਵੈ ਹਰਿ ਵਰੁ ਪਾਇਆ ਨਾਰਿ ॥ (651-12)
सेज सुहावी सदा पिरु रावै हरि वरु पाइआ नारि ॥

ਨਾ ਹਰਿ ਮਰੈ ਨ ਕਦੇ ਦੁਖੁ ਲਾਗੈ ਸਦਾ ਸੁਹਾਗਣਿ ਨਾਰਿ ॥ (651-13)
ना हरि मरै न कदे दुखु लागै सदा सुहागणि नारि ॥

ਨਾਨਕ ਹਰਿ ਪ੍ਰਭ ਮੇਲਿ ਲਈ ਗੁਰ ਕੈ ਹੇਤਿ ਪਿਆਰਿ ॥੨॥ (651-13)
नानक हरि प्रभ मेलि लई गुर कै हेति पिआरि ॥२॥

ਪਉੜੀ ॥ (651-14)
पउड़ी ॥

ਜਿਨਾ ਗੁਰੁ ਗੋਪਿਆ ਆਪਣਾ ਤੇ ਨਰ ਬੁਰਿਆਰੀ ॥ (651-14)
जिना गुरु गोपिआ आपणा ते नर बुरिआरी ॥

ਹਰਿ ਜੀਉ ਤਿਨ ਕਾ ਦਰਸਨੁ ਨਾ ਕਰਹੁ ਪਾਪਿਸਟ ਹਤਿਆਰੀ ॥ (651-14)
हरि जीउ तिन का दरसनु ना करहु पापिसट हतिआरी ॥

ਓਹਿ ਘਰਿ ਘਰਿ ਫਿਰਹਿ ਕੁਸੁਧ ਮਨਿ ਜਿਉ ਧਰਕਟ ਨਾਰੀ ॥ (651-15)
ओहि घरि घरि फिरहि कुसुध मनि जिउ धरकट नारी ॥

ਵਡਭਾਗੀ ਸੰਗਤਿ ਮਿਲੇ ਗੁਰਮੁਖਿ ਸਵਾਰੀ ॥ (651-16)
वडभागी संगति मिले गुरमुखि सवारी ॥

ਹਰਿ ਮੇਲਹੁ ਸਤਿਗੁਰ ਦਇਆ ਕਰਿ ਗੁਰ ਕਉ ਬਲਿਹਾਰੀ ॥੨੩॥ (651-16)
हरि मेलहु सतिगुर दइआ करि गुर कउ बलिहारी ॥२३॥

ਸਲੋਕੁ ਮਃ ੩ ॥ (651-17)
सलोकु मः ३ ॥

ਗੁਰ ਸੇਵਾ ਤੇ ਸੁਖੁ ਊਪਜੈ ਫਿਰਿ ਦੁਖੁ ਨ ਲਗੈ ਆਇ ॥ (651-17)
गुर सेवा ते सुखु ऊपजै फिरि दुखु न लगै आइ ॥

ਜੰਮਣੁ ਮਰਣਾ ਮਿਟਿ ਗਇਆ ਕਾਲੈ ਕਾ ਕਿਛੁ ਨ ਬਸਾਇ ॥ (651-17)
जंमणु मरणा मिटि गइआ कालै का किछु न बसाइ ॥

ਹਰਿ ਸੇਤੀ ਮਨੁ ਰਵਿ ਰਹਿਆ ਸਚੇ ਰਹਿਆ ਸਮਾਇ ॥ (651-18)
हरि सेती मनु रवि रहिआ सचे रहिआ समाइ ॥

ਨਾਨਕ ਹਉ ਬਲਿਹਾਰੀ ਤਿੰਨ ਕਉ ਜੋ ਚਲਨਿ ਸਤਿਗੁਰ ਭਾਇ ॥੧॥ (651-18)
नानक हउ बलिहारी तिंन कउ जो चलनि सतिगुर भाइ ॥१॥

ਮਃ ੩ ॥ (651-19)
मः ३ ॥

ਬਿਨੁ ਸਬਦੈ ਸੁਧੁ ਨ ਹੋਵਈ ਜੇ ਅਨੇਕ ਕਰੈ ਸੀਗਾਰ ॥ (651-19)
बिनु सबदै सुधु न होवई जे अनेक करै सीगार ॥

ਪਿਰ ਕੀ ਸਾਰ ਨ ਜਾਣਈ ਦੂਜੈ ਭਾਇ ਪਿਆਰੁ ॥ (652-1)
पिर की सार न जाणई दूजै भाइ पिआरु ॥

ਸਾ ਕੁਸੁਧ ਸਾ ਕੁਲਖਣੀ ਨਾਨਕ ਨਾਰੀ ਵਿਚਿ ਕੁਨਾਰਿ ॥੨॥ (652-1)
सा कुसुध सा कुलखणी नानक नारी विचि कुनारि ॥२॥

ਪਉੜੀ ॥ (652-2)
पउड़ी ॥

ਹਰਿ ਹਰਿ ਅਪਣੀ ਦਇਆ ਕਰਿ ਹਰਿ ਬੋਲੀ ਬੈਣੀ ॥ (652-2)
हरि हरि अपणी दइआ करि हरि बोली बैणी ॥

ਹਰਿ ਨਾਮੁ ਧਿਆਈ ਹਰਿ ਉਚਰਾ ਹਰਿ ਲਾਹਾ ਲੈਣੀ ॥ (652-2)
हरि नामु धिआई हरि उचरा हरि लाहा लैणी ॥

ਜੋ ਜਪਦੇ ਹਰਿ ਹਰਿ ਦਿਨਸੁ ਰਾਤਿ ਤਿਨ ਹਉ ਕੁਰਬੈਣੀ ॥ (652-3)
जो जपदे हरि हरि दिनसु राति तिन हउ कुरबैणी ॥

ਜਿਨਾ ਸਤਿਗੁਰੁ ਮੇਰਾ ਪਿਆਰਾ ਅਰਾਧਿਆ ਤਿਨ ਜਨ ਦੇਖਾ ਨੈਣੀ ॥ (652-3)
जिना सतिगुरु मेरा पिआरा अराधिआ तिन जन देखा नैणी ॥

ਹਉ ਵਾਰਿਆ ਅਪਣੇ ਗੁਰੂ ਕਉ ਜਿਨਿ ਮੇਰਾ ਹਰਿ ਸਜਣੁ ਮੇਲਿਆ ਸੈਣੀ ॥੨੪॥ (652-4)
हउ वारिआ अपणे गुरू कउ जिनि मेरा हरि सजणु मेलिआ सैणी ॥२४॥

ਸਲੋਕੁ ਮਃ ੪ ॥ (652-5)
सलोकु मः ४ ॥

ਹਰਿ ਦਾਸਨ ਸਿਉ ਪ੍ਰੀਤਿ ਹੈ ਹਰਿ ਦਾਸਨ ਕੋ ਮਿਤੁ ॥ (652-5)
हरि दासन सिउ प्रीति है हरि दासन को मितु ॥

ਹਰਿ ਦਾਸਨ ਕੈ ਵਸਿ ਹੈ ਜਿਉ ਜੰਤੀ ਕੈ ਵਸਿ ਜੰਤੁ ॥ (652-5)
हरि दासन कै वसि है जिउ जंती कै वसि जंतु ॥

ਹਰਿ ਕੇ ਦਾਸ ਹਰਿ ਧਿਆਇਦੇ ਕਰਿ ਪ੍ਰੀਤਮ ਸਿਉ ਨੇਹੁ ॥ (652-6)
हरि के दास हरि धिआइदे करि प्रीतम सिउ नेहु ॥

ਕਿਰਪਾ ਕਰਿ ਕੈ ਸੁਨਹੁ ਪ੍ਰਭ ਸਭ ਜਗ ਮਹਿ ਵਰਸੈ ਮੇਹੁ ॥ (652-6)
किरपा करि कै सुनहु प्रभ सभ जग महि वरसै मेहु ॥

ਜੋ ਹਰਿ ਦਾਸਨ ਕੀ ਉਸਤਤਿ ਹੈ ਸਾ ਹਰਿ ਕੀ ਵਡਿਆਈ ॥ (652-7)
जो हरि दासन की उसतति है सा हरि की वडिआई ॥

ਹਰਿ ਆਪਣੀ ਵਡਿਆਈ ਭਾਵਦੀ ਜਨ ਕਾ ਜੈਕਾਰੁ ਕਰਾਈ ॥ (652-7)
हरि आपणी वडिआई भावदी जन का जैकारु कराई ॥

ਸੋ ਹਰਿ ਜਨੁ ਨਾਮੁ ਧਿਆਇਦਾ ਹਰਿ ਹਰਿ ਜਨੁ ਇਕ ਸਮਾਨਿ ॥ (652-8)
सो हरि जनु नामु धिआइदा हरि हरि जनु इक समानि ॥

ਜਨੁ ਨਾਨਕੁ ਹਰਿ ਕਾ ਦਾਸੁ ਹੈ ਹਰਿ ਪੈਜ ਰਖਹੁ ਭਗਵਾਨ ॥੧॥ (652-8)
जनु नानकु हरि का दासु है हरि पैज रखहु भगवान ॥१॥

ਮਃ ੪ ॥ (652-9)
मः ४ ॥

ਨਾਨਕ ਪ੍ਰੀਤਿ ਲਾਈ ਤਿਨਿ ਸਾਚੈ ਤਿਸੁ ਬਿਨੁ ਰਹਣੁ ਨ ਜਾਈ ॥ (652-9)
नानक प्रीति लाई तिनि साचै तिसु बिनु रहणु न जाई ॥

ਸਤਿਗੁਰੁ ਮਿਲੈ ਤ ਪੂਰਾ ਪਾਈਐ ਹਰਿ ਰਸਿ ਰਸਨ ਰਸਾਈ ॥੨॥ (652-10)
सतिगुरु मिलै त पूरा पाईऐ हरि रसि रसन रसाई ॥२॥

ਪਉੜੀ ॥ (652-10)
पउड़ी ॥

ਰੈਣਿ ਦਿਨਸੁ ਪਰਭਾਤਿ ਤੂਹੈ ਹੀ ਗਾਵਣਾ ॥ (652-10)
रैणि दिनसु परभाति तूहै ही गावणा ॥

ਜੀਅ ਜੰਤ ਸਰਬਤ ਨਾਉ ਤੇਰਾ ਧਿਆਵਣਾ ॥ (652-11)
जीअ जंत सरबत नाउ तेरा धिआवणा ॥

ਤੂ ਦਾਤਾ ਦਾਤਾਰੁ ਤੇਰਾ ਦਿਤਾ ਖਾਵਣਾ ॥ (652-11)
तू दाता दातारु तेरा दिता खावणा ॥

ਭਗਤ ਜਨਾ ਕੈ ਸੰਗਿ ਪਾਪ ਗਵਾਵਣਾ ॥ (652-11)
भगत जना कै संगि पाप गवावणा ॥

ਜਨ ਨਾਨਕ ਸਦ ਬਲਿਹਾਰੈ ਬਲਿ ਬਲਿ ਜਾਵਣਾ ॥੨੫॥ (652-12)
जन नानक सद बलिहारै बलि बलि जावणा ॥२५॥

ਸਲੋਕੁ ਮਃ ੪ ॥ (652-12)
सलोकु मः ४ ॥

ਅੰਤਰਿ ਅਗਿਆਨੁ ਭਈ ਮਤਿ ਮਧਿਮ ਸਤਿਗੁਰ ਕੀ ਪਰਤੀਤਿ ਨਾਹੀ ॥ (652-12)
अंतरि अगिआनु भई मति मधिम सतिगुर की परतीति नाही ॥

ਅੰਦਰਿ ਕਪਟੁ ਸਭੁ ਕਪਟੋ ਕਰਿ ਜਾਣੈ ਕਪਟੇ ਖਪਹਿ ਖਪਾਹੀ ॥ (652-13)
अंदरि कपटु सभु कपटो करि जाणै कपटे खपहि खपाही ॥

ਸਤਿਗੁਰ ਕਾ ਭਾਣਾ ਚਿਤਿ ਨ ਆਵੈ ਆਪਣੈ ਸੁਆਇ ਫਿਰਾਹੀ ॥ (652-14)
सतिगुर का भाणा चिति न आवै आपणै सुआइ फिराही ॥

ਕਿਰਪਾ ਕਰੇ ਜੇ ਆਪਣੀ ਤਾ ਨਾਨਕ ਸਬਦਿ ਸਮਾਹੀ ॥੧॥ (652-14)
किरपा करे जे आपणी ता नानक सबदि समाही ॥१॥

ਮਃ ੪ ॥ (652-15)
मः ४ ॥

ਮਨਮੁਖ ਮਾਇਆ ਮੋਹਿ ਵਿਆਪੇ ਦੂਜੈ ਭਾਇ ਮਨੂਆ ਥਿਰੁ ਨਾਹਿ ॥ (652-15)
मनमुख माइआ मोहि विआपे दूजै भाइ मनूआ थिरु नाहि ॥

ਅਨਦਿਨੁ ਜਲਤ ਰਹਹਿ ਦਿਨੁ ਰਾਤੀ ਹਉਮੈ ਖਪਹਿ ਖਪਾਹਿ ॥ (652-16)
अनदिनु जलत रहहि दिनु राती हउमै खपहि खपाहि ॥

ਅੰਤਰਿ ਲੋਭੁ ਮਹਾ ਗੁਬਾਰਾ ਤਿਨ ਕੈ ਨਿਕਟਿ ਨ ਕੋਈ ਜਾਹਿ ॥ (652-16)
अंतरि लोभु महा गुबारा तिन कै निकटि न कोई जाहि ॥

ਓਇ ਆਪਿ ਦੁਖੀ ਸੁਖੁ ਕਬਹੂ ਨ ਪਾਵਹਿ ਜਨਮਿ ਮਰਹਿ ਮਰਿ ਜਾਹਿ ॥ (652-17)
ओइ आपि दुखी सुखु कबहू न पावहि जनमि मरहि मरि जाहि ॥

ਨਾਨਕ ਬਖਸਿ ਲਏ ਪ੍ਰਭੁ ਸਾਚਾ ਜਿ ਗੁਰ ਚਰਨੀ ਚਿਤੁ ਲਾਹਿ ॥੨॥ (652-17)
नानक बखसि लए प्रभु साचा जि गुर चरनी चितु लाहि ॥२॥

ਪਉੜੀ ॥ (652-18)
पउड़ी ॥

ਸੰਤ ਭਗਤ ਪਰਵਾਣੁ ਜੋ ਪ੍ਰਭਿ ਭਾਇਆ ॥ (652-18)
संत भगत परवाणु जो प्रभि भाइआ ॥

ਸੇਈ ਬਿਚਖਣ ਜੰਤ ਜਿਨੀ ਹਰਿ ਧਿਆਇਆ ॥ (652-18)
सेई बिचखण जंत जिनी हरि धिआइआ ॥

ਅੰਮ੍ਰਿਤੁ ਨਾਮੁ ਨਿਧਾਨੁ ਭੋਜਨੁ ਖਾਇਆ ॥ (652-19)
अमृतु नामु निधानु भोजनु खाइआ ॥

ਸੰਤ ਜਨਾ ਕੀ ਧੂਰਿ ਮਸਤਕਿ ਲਾਇਆ ॥ (652-19)
संत जना की धूरि मसतकि लाइआ ॥

ਨਾਨਕ ਭਏ ਪੁਨੀਤ ਹਰਿ ਤੀਰਥਿ ਨਾਇਆ ॥੨੬॥ (653-1)
नानक भए पुनीत हरि तीरथि नाइआ ॥२६॥

ਸਲੋਕੁ ਮਃ ੪ ॥ (653-1)
सलोकु मः ४ ॥

ਗੁਰਮੁਖਿ ਅੰਤਰਿ ਸਾਂਤਿ ਹੈ ਮਨਿ ਤਨਿ ਨਾਮਿ ਸਮਾਇ ॥ (653-1)
गुरमुखि अंतरि सांति है मनि तनि नामि समाइ ॥

ਨਾਮੋ ਚਿਤਵੈ ਨਾਮੁ ਪੜੈ ਨਾਮਿ ਰਹੈ ਲਿਵ ਲਾਇ ॥ (653-2)
नामो चितवै नामु पड़ै नामि रहै लिव लाइ ॥

ਨਾਮੁ ਪਦਾਰਥੁ ਪਾਇਆ ਚਿੰਤਾ ਗਈ ਬਿਲਾਇ ॥ (653-2)
नामु पदारथु पाइआ चिंता गई बिलाइ ॥

ਸਤਿਗੁਰਿ ਮਿਲਿਐ ਨਾਮੁ ਊਪਜੈ ਤਿਸਨਾ ਭੁਖ ਸਭ ਜਾਇ ॥ (653-3)
सतिगुरि मिलिऐ नामु ऊपजै तिसना भुख सभ जाइ ॥

ਨਾਨਕ ਨਾਮੇ ਰਤਿਆ ਨਾਮੋ ਪਲੈ ਪਾਇ ॥੧॥ (653-3)
नानक नामे रतिआ नामो पलै पाइ ॥१॥

ਮਃ ੪ ॥ (653-4)
मः ४ ॥

ਸਤਿਗੁਰ ਪੁਰਖਿ ਜਿ ਮਾਰਿਆ ਭ੍ਰਮਿ ਭ੍ਰਮਿਆ ਘਰੁ ਛੋਡਿ ਗਇਆ ॥ (653-4)
सतिगुर पुरखि जि मारिआ भ्रमि भ्रमिआ घरु छोडि गइआ ॥

ਓਸੁ ਪਿਛੈ ਵਜੈ ਫਕੜੀ ਮੁਹੁ ਕਾਲਾ ਆਗੈ ਭਇਆ ॥ (653-4)
ओसु पिछै वजै फकड़ी मुहु काला आगै भइआ ॥

ਓਸੁ ਅਰਲੁ ਬਰਲੁ ਮੁਹਹੁ ਨਿਕਲੈ ਨਿਤ ਝਗੂ ਸੁਟਦਾ ਮੁਆ ॥ (653-5)
ओसु अरलु बरलु मुहहु निकलै नित झगू सुटदा मुआ ॥

ਕਿਆ ਹੋਵੈ ਕਿਸੈ ਹੀ ਦੈ ਕੀਤੈ ਜਾਂ ਧੁਰਿ ਕਿਰਤੁ ਓਸ ਦਾ ਏਹੋ ਜੇਹਾ ਪਇਆ ॥ (653-5)
किआ होवै किसै ही दै कीतै जां धुरि किरतु ओस दा एहो जेहा पइआ ॥

ਜਿਥੈ ਓਹੁ ਜਾਇ ਤਿਥੈ ਓਹੁ ਝੂਠਾ ਕੂੜੁ ਬੋਲੇ ਕਿਸੈ ਨ ਭਾਵੈ ॥ (653-6)
जिथै ओहु जाइ तिथै ओहु झूठा कूड़ु बोले किसै न भावै ॥

ਵੇਖਹੁ ਭਾਈ ਵਡਿਆਈ ਹਰਿ ਸੰਤਹੁ ਸੁਆਮੀ ਅਪੁਨੇ ਕੀ ਜੈਸਾ ਕੋਈ ਕਰੈ ਤੈਸਾ ਕੋਈ ਪਾਵੈ ॥ (653-7)
वेखहु भाई वडिआई हरि संतहु सुआमी अपुने की जैसा कोई करै तैसा कोई पावै ॥

ਏਹੁ ਬ੍ਰਹਮ ਬੀਚਾਰੁ ਹੋਵੈ ਦਰਿ ਸਾਚੈ ਅਗੋ ਦੇ ਜਨੁ ਨਾਨਕੁ ਆਖਿ ਸੁਣਾਵੈ ॥੨॥ (653-7)
एहु ब्रहम बीचारु होवै दरि साचै अगो दे जनु नानकु आखि सुणावै ॥२॥

ਪਉੜੀ ॥ (653-8)
पउड़ी ॥

ਗੁਰਿ ਸਚੈ ਬਧਾ ਥੇਹੁ ਰਖਵਾਲੇ ਗੁਰਿ ਦਿਤੇ ॥ (653-8)
गुरि सचै बधा थेहु रखवाले गुरि दिते ॥

ਪੂਰਨ ਹੋਈ ਆਸ ਗੁਰ ਚਰਣੀ ਮਨ ਰਤੇ ॥ (653-9)
पूरन होई आस गुर चरणी मन रते ॥

ਗੁਰਿ ਕ੍ਰਿਪਾਲਿ ਬੇਅੰਤਿ ਅਵਗੁਣ ਸਭਿ ਹਤੇ ॥ (653-9)
गुरि क्रिपालि बेअंति अवगुण सभि हते ॥

ਗੁਰਿ ਅਪਣੀ ਕਿਰਪਾ ਧਾਰਿ ਅਪਣੇ ਕਰਿ ਲਿਤੇ ॥ (653-9)
गुरि अपणी किरपा धारि अपणे करि लिते ॥

ਨਾਨਕ ਸਦ ਬਲਿਹਾਰ ਜਿਸੁ ਗੁਰ ਕੇ ਗੁਣ ਇਤੇ ॥੨੭॥ (653-10)
नानक सद बलिहार जिसु गुर के गुण इते ॥२७॥

ਸਲੋਕ ਮਃ ੧ ॥ (653-11)
सलोक मः १ ॥

ਤਾ ਕੀ ਰਜਾਇ ਲੇਖਿਆ ਪਾਇ ਅਬ ਕਿਆ ਕੀਜੈ ਪਾਂਡੇ ॥ (653-11)
ता की रजाइ लेखिआ पाइ अब किआ कीजै पांडे ॥

ਹੁਕਮੁ ਹੋਆ ਹਾਸਲੁ ਤਦੇ ਹੋਇ ਨਿਬੜਿਆ ਹੰਢਹਿ ਜੀਅ ਕਮਾਂਦੇ ॥੧॥ (653-11)
हुकमु होआ हासलु तदे होइ निबड़िआ हंढहि जीअ कमांदे ॥१॥

ਮਃ ੨ ॥ (653-12)
मः २ ॥

ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥ (653-12)
नकि नथ खसम हथ किरतु धके दे ॥

ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥੨॥ (653-12)
जहा दाणे तहां खाणे नानका सचु हे ॥२॥

ਪਉੜੀ ॥ (653-13)
पउड़ी ॥

ਸਭੇ ਗਲਾ ਆਪਿ ਥਾਟਿ ਬਹਾਲੀਓਨੁ ॥ (653-13)
सभे गला आपि थाटि बहालीओनु ॥

ਆਪੇ ਰਚਨੁ ਰਚਾਇ ਆਪੇ ਹੀ ਘਾਲਿਓਨੁ ॥ (653-13)
आपे रचनु रचाइ आपे ही घालिओनु ॥

ਆਪੇ ਜੰਤ ਉਪਾਇ ਆਪਿ ਪ੍ਰਤਿਪਾਲਿਓਨੁ ॥ (653-14)
आपे जंत उपाइ आपि प्रतिपालिओनु ॥

ਦਾਸ ਰਖੇ ਕੰਠਿ ਲਾਇ ਨਦਰਿ ਨਿਹਾਲਿਓਨੁ ॥ (653-14)
दास रखे कंठि लाइ नदरि निहालिओनु ॥

ਨਾਨਕ ਭਗਤਾ ਸਦਾ ਅਨੰਦੁ ਭਾਉ ਦੂਜਾ ਜਾਲਿਓਨੁ ॥੨੮॥ (653-15)
नानक भगता सदा अनंदु भाउ दूजा जालिओनु ॥२८॥

ਸਲੋਕੁ ਮਃ ੩ ॥ (653-15)
सलोकु मः ३ ॥

ਏ ਮਨ ਹਰਿ ਜੀ ਧਿਆਇ ਤੂ ਇਕ ਮਨਿ ਇਕ ਚਿਤਿ ਭਾਇ ॥ (653-15)
ए मन हरि जी धिआइ तू इक मनि इक चिति भाइ ॥

ਹਰਿ ਕੀਆ ਸਦਾ ਸਦਾ ਵਡਿਆਈਆ ਦੇਇ ਨ ਪਛੋਤਾਇ ॥ (653-16)
हरि कीआ सदा सदा वडिआईआ देइ न पछोताइ ॥

ਹਉ ਹਰਿ ਕੈ ਸਦ ਬਲਿਹਾਰਣੈ ਜਿਤੁ ਸੇਵਿਐ ਸੁਖੁ ਪਾਇ ॥ (653-16)
हउ हरि कै सद बलिहारणै जितु सेविऐ सुखु पाइ ॥

ਨਾਨਕ ਗੁਰਮੁਖਿ ਮਿਲਿ ਰਹੈ ਹਉਮੈ ਸਬਦਿ ਜਲਾਇ ॥੧॥ (653-17)
नानक गुरमुखि मिलि रहै हउमै सबदि जलाइ ॥१॥

ਮਃ ੩ ॥ (653-17)
मः ३ ॥

ਆਪੇ ਸੇਵਾ ਲਾਇਅਨੁ ਆਪੇ ਬਖਸ ਕਰੇਇ ॥ (653-18)
आपे सेवा लाइअनु आपे बखस करेइ ॥

ਸਭਨਾ ਕਾ ਮਾ ਪਿਉ ਆਪਿ ਹੈ ਆਪੇ ਸਾਰ ਕਰੇਇ ॥ (653-18)
सभना का मा पिउ आपि है आपे सार करेइ ॥

ਨਾਨਕ ਨਾਮੁ ਧਿਆਇਨਿ ਤਿਨ ਨਿਜ ਘਰਿ ਵਾਸੁ ਹੈ ਜੁਗੁ ਜੁਗੁ ਸੋਭਾ ਹੋਇ ॥੨॥ (653-18)
नानक नामु धिआइनि तिन निज घरि वासु है जुगु जुगु सोभा होइ ॥२॥

ਪਉੜੀ ॥ (653-19)
पउड़ी ॥

ਤੂ ਕਰਣ ਕਾਰਣ ਸਮਰਥੁ ਹਹਿ ਕਰਤੇ ਮੈ ਤੁਝ ਬਿਨੁ ਅਵਰੁ ਨ ਕੋਈ ॥ (653-19)
तू करण कारण समरथु हहि करते मै तुझ बिनु अवरु न कोई ॥

ਤੁਧੁ ਆਪੇ ਸਿਸਟਿ ਸਿਰਜੀਆ ਆਪੇ ਫੁਨਿ ਗੋਈ ॥ (654-1)
तुधु आपे सिसटि सिरजीआ आपे फुनि गोई ॥

ਸਭੁ ਇਕੋ ਸਬਦੁ ਵਰਤਦਾ ਜੋ ਕਰੇ ਸੁ ਹੋਈ ॥ (654-1)
सभु इको सबदु वरतदा जो करे सु होई ॥

ਵਡਿਆਈ ਗੁਰਮੁਖਿ ਦੇਇ ਪ੍ਰਭੁ ਹਰਿ ਪਾਵੈ ਸੋਈ ॥ (654-2)
वडिआई गुरमुखि देइ प्रभु हरि पावै सोई ॥

ਗੁਰਮੁਖਿ ਨਾਨਕ ਆਰਾਧਿਆ ਸਭਿ ਆਖਹੁ ਧੰਨੁ ਧੰਨੁ ਧੰਨੁ ਗੁਰੁ ਸੋਈ ॥੨੯॥੧॥ ਸੁਧੁ (654-2)
गुरमुखि नानक आराधिआ सभि आखहु धंनु धंनु धंनु गुरु सोई ॥२९॥१॥ सुधु

ਰਾਗੁ ਸੋਰਠਿ ਬਾਣੀ ਭਗਤ ਕਬੀਰ ਜੀ ਕੀ ਘਰੁ ੧ (654-4)
रागु सोरठि बाणी भगत कबीर जी की घरु १

ੴ ਸਤਿਗੁਰ ਪ੍ਰਸਾਦਿ ॥ (654-4)
ੴ सतिगुर प्रसादि ॥

ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ ॥ (654-5)
बुत पूजि पूजि हिंदू मूए तुरक मूए सिरु नाई ॥

ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ ॥੧॥ (654-5)
ओइ ले जारे ओइ ले गाडे तेरी गति दुहू न पाई ॥१॥

ਮਨ ਰੇ ਸੰਸਾਰੁ ਅੰਧ ਗਹੇਰਾ ॥ (654-6)
मन रे संसारु अंध गहेरा ॥

ਚਹੁ ਦਿਸ ਪਸਰਿਓ ਹੈ ਜਮ ਜੇਵਰਾ ॥੧॥ ਰਹਾਉ ॥ (654-6)
चहु दिस पसरिओ है जम जेवरा ॥१॥ रहाउ ॥

ਕਬਿਤ ਪੜੇ ਪੜਿ ਕਬਿਤਾ ਮੂਏ ਕਪੜ ਕੇਦਾਰੈ ਜਾਈ ॥ (654-6)
कबित पड़े पड़ि कबिता मूए कपड़ केदारै जाई ॥

ਜਟਾ ਧਾਰਿ ਧਾਰਿ ਜੋਗੀ ਮੂਏ ਤੇਰੀ ਗਤਿ ਇਨਹਿ ਨ ਪਾਈ ॥੨॥ (654-7)
जटा धारि धारि जोगी मूए तेरी गति इनहि न पाई ॥२॥

ਦਰਬੁ ਸੰਚਿ ਸੰਚਿ ਰਾਜੇ ਮੂਏ ਗਡਿ ਲੇ ਕੰਚਨ ਭਾਰੀ ॥ (654-7)
दरबु संचि संचि राजे मूए गडि ले कंचन भारी ॥

ਬੇਦ ਪੜੇ ਪੜਿ ਪੰਡਿਤ ਮੂਏ ਰੂਪੁ ਦੇਖਿ ਦੇਖਿ ਨਾਰੀ ॥੩॥ (654-8)
बेद पड़े पड़ि पंडित मूए रूपु देखि देखि नारी ॥३॥

ਰਾਮ ਨਾਮ ਬਿਨੁ ਸਭੈ ਬਿਗੂਤੇ ਦੇਖਹੁ ਨਿਰਖਿ ਸਰੀਰਾ ॥ (654-8)
राम नाम बिनु सभै बिगूते देखहु निरखि सरीरा ॥

ਹਰਿ ਕੇ ਨਾਮ ਬਿਨੁ ਕਿਨਿ ਗਤਿ ਪਾਈ ਕਹਿ ਉਪਦੇਸੁ ਕਬੀਰਾ ॥੪॥੧॥ (654-9)
हरि के नाम बिनु किनि गति पाई कहि उपदेसु कबीरा ॥४॥१॥

ਜਬ ਜਰੀਐ ਤਬ ਹੋਇ ਭਸਮ ਤਨੁ ਰਹੈ ਕਿਰਮ ਦਲ ਖਾਈ ॥ (654-10)
जब जरीऐ तब होइ भसम तनु रहै किरम दल खाई ॥

ਕਾਚੀ ਗਾਗਰਿ ਨੀਰੁ ਪਰਤੁ ਹੈ ਇਆ ਤਨ ਕੀ ਇਹੈ ਬਡਾਈ ॥੧॥ (654-10)
काची गागरि नीरु परतु है इआ तन की इहै बडाई ॥१॥

ਕਾਹੇ ਭਈਆ ਫਿਰਤੌ ਫੂਲਿਆ ਫੂਲਿਆ ॥ (654-11)
काहे भईआ फिरतौ फूलिआ फूलिआ ॥

ਜਬ ਦਸ ਮਾਸ ਉਰਧ ਮੁਖ ਰਹਤਾ ਸੋ ਦਿਨੁ ਕੈਸੇ ਭੂਲਿਆ ॥੧॥ ਰਹਾਉ ॥ (654-11)
जब दस मास उरध मुख रहता सो दिनु कैसे भूलिआ ॥१॥ रहाउ ॥

ਜਿਉ ਮਧੁ ਮਾਖੀ ਤਿਉ ਸਠੋਰਿ ਰਸੁ ਜੋਰਿ ਜੋਰਿ ਧਨੁ ਕੀਆ ॥ (654-12)
जिउ मधु माखी तिउ सठोरि रसु जोरि जोरि धनु कीआ ॥

ਮਰਤੀ ਬਾਰ ਲੇਹੁ ਲੇਹੁ ਕਰੀਐ ਭੂਤੁ ਰਹਨ ਕਿਉ ਦੀਆ ॥੨॥ (654-12)
मरती बार लेहु लेहु करीऐ भूतु रहन किउ दीआ ॥२॥

ਦੇਹੁਰੀ ਲਉ ਬਰੀ ਨਾਰਿ ਸੰਗਿ ਭਈ ਆਗੈ ਸਜਨ ਸੁਹੇਲਾ ॥ (654-13)
देहुरी लउ बरी नारि संगि भई आगै सजन सुहेला ॥

ਮਰਘਟ ਲਉ ਸਭੁ ਲੋਗੁ ਕੁਟੰਬੁ ਭਇਓ ਆਗੈ ਹੰਸੁ ਅਕੇਲਾ ॥੩॥ (654-14)
मरघट लउ सभु लोगु कुट्मबु भइओ आगै हंसु अकेला ॥३॥

ਕਹਤੁ ਕਬੀਰ ਸੁਨਹੁ ਰੇ ਪ੍ਰਾਨੀ ਪਰੇ ਕਾਲ ਗ੍ਰਸ ਕੂਆ ॥ (654-14)
कहतु कबीर सुनहु रे प्रानी परे काल ग्रस कूआ ॥

ਝੂਠੀ ਮਾਇਆ ਆਪੁ ਬੰਧਾਇਆ ਜਿਉ ਨਲਨੀ ਭ੍ਰਮਿ ਸੂਆ ॥੪॥੨॥ (654-15)
झूठी माइआ आपु बंधाइआ जिउ नलनी भ्रमि सूआ ॥४॥२॥

ਬੇਦ ਪੁਰਾਨ ਸਭੈ ਮਤ ਸੁਨਿ ਕੈ ਕਰੀ ਕਰਮ ਕੀ ਆਸਾ ॥ (654-15)
बेद पुरान सभै मत सुनि कै करी करम की आसा ॥

ਕਾਲ ਗ੍ਰਸਤ ਸਭ ਲੋਗ ਸਿਆਨੇ ਉਠਿ ਪੰਡਿਤ ਪੈ ਚਲੇ ਨਿਰਾਸਾ ॥੧॥ (654-16)
काल ग्रसत सभ लोग सिआने उठि पंडित पै चले निरासा ॥१॥

ਮਨ ਰੇ ਸਰਿਓ ਨ ਏਕੈ ਕਾਜਾ ॥ (654-16)
मन रे सरिओ न एकै काजा ॥

ਭਜਿਓ ਨ ਰਘੁਪਤਿ ਰਾਜਾ ॥੧॥ ਰਹਾਉ ॥ (654-17)
भजिओ न रघुपति राजा ॥१॥ रहाउ ॥

ਬਨ ਖੰਡ ਜਾਇ ਜੋਗੁ ਤਪੁ ਕੀਨੋ ਕੰਦ ਮੂਲੁ ਚੁਨਿ ਖਾਇਆ ॥ (654-17)
बन खंड जाइ जोगु तपु कीनो कंद मूलु चुनि खाइआ ॥

ਨਾਦੀ ਬੇਦੀ ਸਬਦੀ ਮੋਨੀ ਜਮ ਕੇ ਪਟੈ ਲਿਖਾਇਆ ॥੨॥ (654-18)
नादी बेदी सबदी मोनी जम के पटै लिखाइआ ॥२॥

ਭਗਤਿ ਨਾਰਦੀ ਰਿਦੈ ਨ ਆਈ ਕਾਛਿ ਕੂਛਿ ਤਨੁ ਦੀਨਾ ॥ (654-18)
भगति नारदी रिदै न आई काछि कूछि तनु दीना ॥

ਰਾਗ ਰਾਗਨੀ ਡਿੰਭ ਹੋਇ ਬੈਠਾ ਉਨਿ ਹਰਿ ਪਹਿ ਕਿਆ ਲੀਨਾ ॥੩॥ (654-19)
राग रागनी डि्मभ होइ बैठा उनि हरि पहि किआ लीना ॥३॥

ਪਰਿਓ ਕਾਲੁ ਸਭੈ ਜਗ ਊਪਰ ਮਾਹਿ ਲਿਖੇ ਭ੍ਰਮ ਗਿਆਨੀ ॥ (654-19)
परिओ कालु सभै जग ऊपर माहि लिखे भ्रम गिआनी ॥

ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥੪॥੩॥ (655-1)
कहु कबीर जन भए खालसे प्रेम भगति जिह जानी ॥४॥३॥

ਘਰੁ ੨ ॥ (655-2)
घरु २ ॥

ਦੁਇ ਦੁਇ ਲੋਚਨ ਪੇਖਾ ॥ (655-2)
दुइ दुइ लोचन पेखा ॥

ਹਉ ਹਰਿ ਬਿਨੁ ਅਉਰੁ ਨ ਦੇਖਾ ॥ (655-2)
हउ हरि बिनु अउरु न देखा ॥

ਨੈਨ ਰਹੇ ਰੰਗੁ ਲਾਈ ॥ (655-2)
नैन रहे रंगु लाई ॥

ਅਬ ਬੇ ਗਲ ਕਹਨੁ ਨ ਜਾਈ ॥੧॥ (655-2)
अब बे गल कहनु न जाई ॥१॥

ਹਮਰਾ ਭਰਮੁ ਗਇਆ ਭਉ ਭਾਗਾ ॥ (655-3)
हमरा भरमु गइआ भउ भागा ॥

ਜਬ ਰਾਮ ਨਾਮ ਚਿਤੁ ਲਾਗਾ ॥੧॥ ਰਹਾਉ ॥ (655-3)
जब राम नाम चितु लागा ॥१॥ रहाउ ॥

ਬਾਜੀਗਰ ਡੰਕ ਬਜਾਈ ॥ (655-3)
बाजीगर डंक बजाई ॥

ਸਭ ਖਲਕ ਤਮਾਸੇ ਆਈ ॥ (655-4)
सभ खलक तमासे आई ॥

ਬਾਜੀਗਰ ਸ੍ਵਾਂਗੁ ਸਕੇਲਾ ॥ (655-4)
बाजीगर स्वांगु सकेला ॥

ਅਪਨੇ ਰੰਗ ਰਵੈ ਅਕੇਲਾ ॥੨॥ (655-4)
अपने रंग रवै अकेला ॥२॥

ਕਥਨੀ ਕਹਿ ਭਰਮੁ ਨ ਜਾਈ ॥ (655-4)
कथनी कहि भरमु न जाई ॥

ਸਭ ਕਥਿ ਕਥਿ ਰਹੀ ਲੁਕਾਈ ॥ (655-5)
सभ कथि कथि रही लुकाई ॥

ਜਾ ਕਉ ਗੁਰਮੁਖਿ ਆਪਿ ਬੁਝਾਈ ॥ (655-5)
जा कउ गुरमुखि आपि बुझाई ॥

ਤਾ ਕੇ ਹਿਰਦੈ ਰਹਿਆ ਸਮਾਈ ॥੩॥ (655-5)
ता के हिरदै रहिआ समाई ॥३॥

ਗੁਰ ਕਿੰਚਤ ਕਿਰਪਾ ਕੀਨੀ ॥ (655-6)
गुर किंचत किरपा कीनी ॥

ਸਭੁ ਤਨੁ ਮਨੁ ਦੇਹ ਹਰਿ ਲੀਨੀ ॥ (655-6)
सभु तनु मनु देह हरि लीनी ॥

ਕਹਿ ਕਬੀਰ ਰੰਗਿ ਰਾਤਾ ॥ (655-6)
कहि कबीर रंगि राता ॥

ਮਿਲਿਓ ਜਗਜੀਵਨ ਦਾਤਾ ॥੪॥੪॥ (655-7)
मिलिओ जगजीवन दाता ॥४॥४॥

ਜਾ ਕੇ ਨਿਗਮ ਦੂਧ ਕੇ ਠਾਟਾ ॥ (655-7)
जा के निगम दूध के ठाटा ॥

ਸਮੁੰਦੁ ਬਿਲੋਵਨ ਕਉ ਮਾਟਾ ॥ (655-7)
समुंदु बिलोवन कउ माटा ॥

ਤਾ ਕੀ ਹੋਹੁ ਬਿਲੋਵਨਹਾਰੀ ॥ (655-7)
ता की होहु बिलोवनहारी ॥

ਕਿਉ ਮੇਟੈ ਗੋ ਛਾਛਿ ਤੁਹਾਰੀ ॥੧॥ (655-8)
किउ मेटै गो छाछि तुहारी ॥१॥

ਚੇਰੀ ਤੂ ਰਾਮੁ ਨ ਕਰਸਿ ਭਤਾਰਾ ॥ (655-8)
चेरी तू रामु न करसि भतारा ॥

ਜਗਜੀਵਨ ਪ੍ਰਾਨ ਅਧਾਰਾ ॥੧॥ ਰਹਾਉ ॥ (655-8)
जगजीवन प्रान अधारा ॥१॥ रहाउ ॥

ਤੇਰੇ ਗਲਹਿ ਤਉਕੁ ਪਗ ਬੇਰੀ ॥ (655-9)
तेरे गलहि तउकु पग बेरी ॥

ਤੂ ਘਰ ਘਰ ਰਮਈਐ ਫੇਰੀ ॥ (655-9)
तू घर घर रमईऐ फेरी ॥

ਤੂ ਅਜਹੁ ਨ ਚੇਤਸਿ ਚੇਰੀ ॥ (655-9)
तू अजहु न चेतसि चेरी ॥

ਤੂ ਜਮਿ ਬਪੁਰੀ ਹੈ ਹੇਰੀ ॥੨॥ (655-10)
तू जमि बपुरी है हेरी ॥२॥

ਪ੍ਰਭ ਕਰਨ ਕਰਾਵਨਹਾਰੀ ॥ (655-10)
प्रभ करन करावनहारी ॥

ਕਿਆ ਚੇਰੀ ਹਾਥ ਬਿਚਾਰੀ ॥ (655-10)
किआ चेरी हाथ बिचारी ॥

ਸੋਈ ਸੋਈ ਜਾਗੀ ॥ (655-10)
सोई सोई जागी ॥

ਜਿਤੁ ਲਾਈ ਤਿਤੁ ਲਾਗੀ ॥੩॥ (655-11)
जितु लाई तितु लागी ॥३॥

ਚੇਰੀ ਤੈ ਸੁਮਤਿ ਕਹਾਂ ਤੇ ਪਾਈ ॥ (655-11)
चेरी तै सुमति कहां ते पाई ॥

ਜਾ ਤੇ ਭ੍ਰਮ ਕੀ ਲੀਕ ਮਿਟਾਈ ॥ (655-11)
जा ते भ्रम की लीक मिटाई ॥

ਸੁ ਰਸੁ ਕਬੀਰੈ ਜਾਨਿਆ ॥ (655-11)
सु रसु कबीरै जानिआ ॥

ਮੇਰੋ ਗੁਰ ਪ੍ਰਸਾਦਿ ਮਨੁ ਮਾਨਿਆ ॥੪॥੫॥ (655-12)
मेरो गुर प्रसादि मनु मानिआ ॥४॥५॥

ਜਿਹ ਬਾਝੁ ਨ ਜੀਆ ਜਾਈ ॥ (655-12)
जिह बाझु न जीआ जाई ॥

ਜਉ ਮਿਲੈ ਤ ਘਾਲ ਅਘਾਈ ॥ (655-12)
जउ मिलै त घाल अघाई ॥

ਸਦ ਜੀਵਨੁ ਭਲੋ ਕਹਾਂਹੀ ॥ (655-13)
सद जीवनु भलो कहांही ॥

ਮੂਏ ਬਿਨੁ ਜੀਵਨੁ ਨਾਹੀ ॥੧॥ (655-13)
मूए बिनु जीवनु नाही ॥१॥

ਅਬ ਕਿਆ ਕਥੀਐ ਗਿਆਨੁ ਬੀਚਾਰਾ ॥ (655-13)
अब किआ कथीऐ गिआनु बीचारा ॥

ਨਿਜ ਨਿਰਖਤ ਗਤ ਬਿਉਹਾਰਾ ॥੧॥ ਰਹਾਉ ॥ (655-14)
निज निरखत गत बिउहारा ॥१॥ रहाउ ॥

ਘਸਿ ਕੁੰਕਮ ਚੰਦਨੁ ਗਾਰਿਆ ॥ (655-14)
घसि कुंकम चंदनु गारिआ ॥

ਬਿਨੁ ਨੈਨਹੁ ਜਗਤੁ ਨਿਹਾਰਿਆ ॥ (655-14)
बिनु नैनहु जगतु निहारिआ ॥

ਪੂਤਿ ਪਿਤਾ ਇਕੁ ਜਾਇਆ ॥ (655-15)
पूति पिता इकु जाइआ ॥

ਬਿਨੁ ਠਾਹਰ ਨਗਰੁ ਬਸਾਇਆ ॥੨॥ (655-15)
बिनु ठाहर नगरु बसाइआ ॥२॥

ਜਾਚਕ ਜਨ ਦਾਤਾ ਪਾਇਆ ॥ (655-15)
जाचक जन दाता पाइआ ॥

ਸੋ ਦੀਆ ਨ ਜਾਈ ਖਾਇਆ ॥ (655-16)
सो दीआ न जाई खाइआ ॥

ਛੋਡਿਆ ਜਾਇ ਨ ਮੂਕਾ ॥ (655-16)
छोडिआ जाइ न मूका ॥

ਅਉਰਨ ਪਹਿ ਜਾਨਾ ਚੂਕਾ ॥੩॥ (655-16)
अउरन पहि जाना चूका ॥३॥

ਜੋ ਜੀਵਨ ਮਰਨਾ ਜਾਨੈ ॥ (655-16)
जो जीवन मरना जानै ॥

ਸੋ ਪੰਚ ਸੈਲ ਸੁਖ ਮਾਨੈ ॥ (655-17)
सो पंच सैल सुख मानै ॥

ਕਬੀਰੈ ਸੋ ਧਨੁ ਪਾਇਆ ॥ (655-17)
कबीरै सो धनु पाइआ ॥

ਹਰਿ ਭੇਟਤ ਆਪੁ ਮਿਟਾਇਆ ॥੪॥੬॥ (655-17)
हरि भेटत आपु मिटाइआ ॥४॥६॥

ਕਿਆ ਪੜੀਐ ਕਿਆ ਗੁਨੀਐ ॥ (655-17)
किआ पड़ीऐ किआ गुनीऐ ॥

ਕਿਆ ਬੇਦ ਪੁਰਾਨਾਂ ਸੁਨੀਐ ॥ (655-18)
किआ बेद पुरानां सुनीऐ ॥

ਪੜੇ ਸੁਨੇ ਕਿਆ ਹੋਈ ॥ (655-18)
पड़े सुने किआ होई ॥

ਜਉ ਸਹਜ ਨ ਮਿਲਿਓ ਸੋਈ ॥੧॥ (655-18)
जउ सहज न मिलिओ सोई ॥१॥

ਹਰਿ ਕਾ ਨਾਮੁ ਨ ਜਪਸਿ ਗਵਾਰਾ ॥ (655-19)
हरि का नामु न जपसि गवारा ॥

ਕਿਆ ਸੋਚਹਿ ਬਾਰੰ ਬਾਰਾ ॥੧॥ ਰਹਾਉ ॥ (655-19)
किआ सोचहि बारं बारा ॥१॥ रहाउ ॥

ਅੰਧਿਆਰੇ ਦੀਪਕੁ ਚਹੀਐ ॥ (655-19)
अंधिआरे दीपकु चहीऐ ॥

ਇਕ ਬਸਤੁ ਅਗੋਚਰ ਲਹੀਐ ॥ (656-1)
इक बसतु अगोचर लहीऐ ॥

ਬਸਤੁ ਅਗੋਚਰ ਪਾਈ ॥ (656-1)
बसतु अगोचर पाई ॥

ਘਟਿ ਦੀਪਕੁ ਰਹਿਆ ਸਮਾਈ ॥੨॥ (656-1)
घटि दीपकु रहिआ समाई ॥२॥

ਕਹਿ ਕਬੀਰ ਅਬ ਜਾਨਿਆ ॥ (656-1)
कहि कबीर अब जानिआ ॥

ਜਬ ਜਾਨਿਆ ਤਉ ਮਨੁ ਮਾਨਿਆ ॥ (656-2)
जब जानिआ तउ मनु मानिआ ॥

ਮਨ ਮਾਨੇ ਲੋਗੁ ਨ ਪਤੀਜੈ ॥ (656-2)
मन माने लोगु न पतीजै ॥

ਨ ਪਤੀਜੈ ਤਉ ਕਿਆ ਕੀਜੈ ॥੩॥੭॥ (656-2)
न पतीजै तउ किआ कीजै ॥३॥७॥

ਹ੍ਰਿਦੈ ਕਪਟੁ ਮੁਖ ਗਿਆਨੀ ॥ (656-3)
ह्रिदै कपटु मुख गिआनी ॥

ਝੂਠੇ ਕਹਾ ਬਿਲੋਵਸਿ ਪਾਨੀ ॥੧॥ (656-3)
झूठे कहा बिलोवसि पानी ॥१॥

ਕਾਂਇਆ ਮਾਂਜਸਿ ਕਉਨ ਗੁਨਾਂ ॥ (656-3)
कांइआ मांजसि कउन गुनां ॥

ਜਉ ਘਟ ਭੀਤਰਿ ਹੈ ਮਲਨਾਂ ॥੧॥ ਰਹਾਉ ॥ (656-4)
जउ घट भीतरि है मलनां ॥१॥ रहाउ ॥

ਲਉਕੀ ਅਠਸਠਿ ਤੀਰਥ ਨ੍ਹ੍ਹਾਈ ॥ (656-4)
लउकी अठसठि तीरथ न्हाई ॥

ਕਉਰਾਪਨੁ ਤਊ ਨ ਜਾਈ ॥੨॥ (656-4)
कउरापनु तऊ न जाई ॥२॥

ਕਹਿ ਕਬੀਰ ਬੀਚਾਰੀ ॥ (656-5)
कहि कबीर बीचारी ॥

ਭਵ ਸਾਗਰੁ ਤਾਰਿ ਮੁਰਾਰੀ ॥੩॥੮॥ (656-5)
भव सागरु तारि मुरारी ॥३॥८॥

ਸੋਰਠਿ (656-6)
सोरठि

ੴ ਸਤਿਗੁਰ ਪ੍ਰਸਾਦਿ ॥ (656-6)
ੴ सतिगुर प्रसादि ॥

ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥ (656-7)
बहु परपंच करि पर धनु लिआवै ॥

ਸੁਤ ਦਾਰਾ ਪਹਿ ਆਨਿ ਲੁਟਾਵੈ ॥੧॥ (656-7)
सुत दारा पहि आनि लुटावै ॥१॥

ਮਨ ਮੇਰੇ ਭੂਲੇ ਕਪਟੁ ਨ ਕੀਜੈ ॥ (656-7)
मन मेरे भूले कपटु न कीजै ॥

ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥੧॥ ਰਹਾਉ ॥ (656-8)
अंति निबेरा तेरे जीअ पहि लीजै ॥१॥ रहाउ ॥

ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ ॥ (656-8)
छिनु छिनु तनु छीजै जरा जनावै ॥

ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ ॥੨॥ (656-8)
तब तेरी ओक कोई पानीओ न पावै ॥२॥

ਕਹਤੁ ਕਬੀਰੁ ਕੋਈ ਨਹੀ ਤੇਰਾ ॥ (656-9)
कहतु कबीरु कोई नही तेरा ॥

ਹਿਰਦੈ ਰਾਮੁ ਕੀ ਨ ਜਪਹਿ ਸਵੇਰਾ ॥੩॥੯॥ (656-9)
हिरदै रामु की न जपहि सवेरा ॥३॥९॥

ਸੰਤਹੁ ਮਨ ਪਵਨੈ ਸੁਖੁ ਬਨਿਆ ॥ (656-9)
संतहु मन पवनै सुखु बनिआ ॥

ਕਿਛੁ ਜੋਗੁ ਪਰਾਪਤਿ ਗਨਿਆ ॥ ਰਹਾਉ ॥ (656-10)
किछु जोगु परापति गनिआ ॥ रहाउ ॥

ਗੁਰਿ ਦਿਖਲਾਈ ਮੋਰੀ ॥ (656-10)
गुरि दिखलाई मोरी ॥

ਜਿਤੁ ਮਿਰਗ ਪੜਤ ਹੈ ਚੋਰੀ ॥ (656-10)
जितु मिरग पड़त है चोरी ॥

ਮੂੰਦਿ ਲੀਏ ਦਰਵਾਜੇ ॥ (656-11)
मूंदि लीए दरवाजे ॥

ਬਾਜੀਅਲੇ ਅਨਹਦ ਬਾਜੇ ॥੧॥ (656-11)
बाजीअले अनहद बाजे ॥१॥

ਕੁੰਭ ਕਮਲੁ ਜਲਿ ਭਰਿਆ ॥ (656-11)
कुमभ कमलु जलि भरिआ ॥

ਜਲੁ ਮੇਟਿਆ ਊਭਾ ਕਰਿਆ ॥ (656-11)
जलु मेटिआ ऊभा करिआ ॥

ਕਹੁ ਕਬੀਰ ਜਨ ਜਾਨਿਆ ॥ (656-12)
कहु कबीर जन जानिआ ॥

ਜਉ ਜਾਨਿਆ ਤਉ ਮਨੁ ਮਾਨਿਆ ॥੨॥੧੦॥ (656-12)
जउ जानिआ तउ मनु मानिआ ॥२॥१०॥

ਰਾਗੁ ਸੋਰਠਿ ॥ (656-13)
रागु सोरठि ॥

ਭੂਖੇ ਭਗਤਿ ਨ ਕੀਜੈ ॥ (656-13)
भूखे भगति न कीजै ॥

ਯਹ ਮਾਲਾ ਅਪਨੀ ਲੀਜੈ ॥ (656-13)
यह माला अपनी लीजै ॥

ਹਉ ਮਾਂਗਉ ਸੰਤਨ ਰੇਨਾ ॥ (656-13)
हउ मांगउ संतन रेना ॥

ਮੈ ਨਾਹੀ ਕਿਸੀ ਕਾ ਦੇਨਾ ॥੧॥ (656-13)
मै नाही किसी का देना ॥१॥

ਮਾਧੋ ਕੈਸੀ ਬਨੈ ਤੁਮ ਸੰਗੇ ॥ (656-14)
माधो कैसी बनै तुम संगे ॥

ਆਪਿ ਨ ਦੇਹੁ ਤ ਲੇਵਉ ਮੰਗੇ ॥ ਰਹਾਉ ॥ (656-14)
आपि न देहु त लेवउ मंगे ॥ रहाउ ॥

ਦੁਇ ਸੇਰ ਮਾਂਗਉ ਚੂਨਾ ॥ (656-14)
दुइ सेर मांगउ चूना ॥

ਪਾਉ ਘੀਉ ਸੰਗਿ ਲੂਨਾ ॥ (656-15)
पाउ घीउ संगि लूना ॥

ਅਧ ਸੇਰੁ ਮਾਂਗਉ ਦਾਲੇ ॥ (656-15)
अध सेरु मांगउ दाले ॥

ਮੋ ਕਉ ਦੋਨਉ ਵਖਤ ਜਿਵਾਲੇ ॥੨॥ (656-15)
मो कउ दोनउ वखत जिवाले ॥२॥

ਖਾਟ ਮਾਂਗਉ ਚਉਪਾਈ ॥ (656-15)
खाट मांगउ चउपाई ॥

ਸਿਰਹਾਨਾ ਅਵਰ ਤੁਲਾਈ ॥ (656-16)
सिरहाना अवर तुलाई ॥

ਊਪਰ ਕਉ ਮਾਂਗਉ ਖੀਂਧਾ ॥ (656-16)
ऊपर कउ मांगउ खींधा ॥

ਤੇਰੀ ਭਗਤਿ ਕਰੈ ਜਨੁ ਥੀਧਾ ॥੩॥ (656-16)
तेरी भगति करै जनु थी�धा ॥३॥

ਮੈ ਨਾਹੀ ਕੀਤਾ ਲਬੋ ॥ (656-16)
मै नाही कीता लबो ॥

ਇਕੁ ਨਾਉ ਤੇਰਾ ਮੈ ਫਬੋ ॥ (656-17)
इकु नाउ तेरा मै फबो ॥

ਕਹਿ ਕਬੀਰ ਮਨੁ ਮਾਨਿਆ ॥ (656-17)
कहि कबीर मनु मानिआ ॥

ਮਨੁ ਮਾਨਿਆ ਤਉ ਹਰਿ ਜਾਨਿਆ ॥੪॥੧੧॥ (656-17)
मनु मानिआ तउ हरि जानिआ ॥४॥११॥

ਰਾਗੁ ਸੋਰਠਿ ਬਾਣੀ ਭਗਤ ਨਾਮਦੇ ਜੀ ਕੀ ਘਰੁ ੨ (656-19)
रागु सोरठि बाणी भगत नामदे जी की घरु २

ੴ ਸਤਿਗੁਰ ਪ੍ਰਸਾਦਿ ॥ (656-19)
ੴ सतिगुर प्रसादि ॥

ਜਬ ਦੇਖਾ ਤਬ ਗਾਵਾ ॥ (656-19)
जब देखा तब गावा ॥

ਤਉ ਜਨ ਧੀਰਜੁ ਪਾਵਾ ॥੧॥ (656-19)
तउ जन धीरजु पावा ॥१॥

ਨਾਦਿ ਸਮਾਇਲੋ ਰੇ ਸਤਿਗੁਰੁ ਭੇਟਿਲੇ ਦੇਵਾ ॥੧॥ ਰਹਾਉ ॥ (657-1)
नादि समाइलो रे सतिगुरु भेटिले देवा ॥१॥ रहाउ ॥

ਜਹ ਝਿਲਿ ਮਿਲਿ ਕਾਰੁ ਦਿਸੰਤਾ ॥ (657-1)
जह झिलि मिलि कारु दिसंता ॥

ਤਹ ਅਨਹਦ ਸਬਦ ਬਜੰਤਾ ॥ (657-2)
तह अनहद सबद बजंता ॥

ਜੋਤੀ ਜੋਤਿ ਸਮਾਨੀ ॥ (657-2)
जोती जोति समानी ॥

ਮੈ ਗੁਰ ਪਰਸਾਦੀ ਜਾਨੀ ॥੨॥ (657-2)
मै गुर परसादी जानी ॥२॥

ਰਤਨ ਕਮਲ ਕੋਠਰੀ ॥ (657-2)
रतन कमल कोठरी ॥

ਚਮਕਾਰ ਬੀਜੁਲ ਤਹੀ ॥ (657-3)
चमकार बीजुल तही ॥

ਨੇਰੈ ਨਾਹੀ ਦੂਰਿ ॥ (657-3)
नेरै नाही दूरि ॥

ਨਿਜ ਆਤਮੈ ਰਹਿਆ ਭਰਪੂਰਿ ॥੩॥ (657-3)
निज आतमै रहिआ भरपूरि ॥३॥

ਜਹ ਅਨਹਤ ਸੂਰ ਉਜ੍ਯ੍ਯਾਰਾ ॥ (657-3)
जह अनहत सूर उज्यारा ॥

ਤਹ ਦੀਪਕ ਜਲੈ ਛੰਛਾਰਾ ॥ (657-4)
तह दीपक जलै छंछारा ॥

ਗੁਰ ਪਰਸਾਦੀ ਜਾਨਿਆ ॥ (657-4)
गुर परसादी जानिआ ॥

ਜਨੁ ਨਾਮਾ ਸਹਜ ਸਮਾਨਿਆ ॥੪॥੧॥ (657-4)
जनु नामा सहज समानिआ ॥४॥१॥

ਘਰੁ ੪ ਸੋਰਠਿ ॥ (657-5)
घरु ४ सोरठि ॥

ਪਾੜ ਪੜੋਸਣਿ ਪੂਛਿ ਲੇ ਨਾਮਾ ਕਾ ਪਹਿ ਛਾਨਿ ਛਵਾਈ ਹੋ ॥ (657-5)
पाड़ पड़ोसणि पूछि ले नामा का पहि छानि छवाई हो ॥

ਤੋ ਪਹਿ ਦੁਗਣੀ ਮਜੂਰੀ ਦੈਹਉ ਮੋ ਕਉ ਬੇਢੀ ਦੇਹੁ ਬਤਾਈ ਹੋ ॥੧॥ (657-5)
तो पहि दुगणी मजूरी दैहउ मो कउ बेढी देहु बताई हो ॥१॥

ਰੀ ਬਾਈ ਬੇਢੀ ਦੇਨੁ ਨ ਜਾਈ ॥ (657-6)
री बाई बेढी देनु न जाई ॥

ਦੇਖੁ ਬੇਢੀ ਰਹਿਓ ਸਮਾਈ ॥ (657-6)
देखु बेढी रहिओ समाई ॥

ਹਮਾਰੈ ਬੇਢੀ ਪ੍ਰਾਨ ਅਧਾਰਾ ॥੧॥ ਰਹਾਉ ॥ (657-6)
हमारै बेढी प्रान अधारा ॥१॥ रहाउ ॥

ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ ॥ (657-7)
बेढी प्रीति मजूरी मांगै जउ कोऊ छानि छवावै हो ॥

ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ ॥੨॥ (657-7)
लोग कुट्मब सभहु ते तोरै तउ आपन बेढी आवै हो ॥२॥

ਐਸੋ ਬੇਢੀ ਬਰਨਿ ਨ ਸਾਕਉ ਸਭ ਅੰਤਰ ਸਭ ਠਾਂਈ ਹੋ ॥ (657-8)
ऐसो बेढी बरनि न साकउ सभ अंतर सभ ठांई हो ॥

ਗੂੰਗੈ ਮਹਾ ਅੰਮ੍ਰਿਤ ਰਸੁ ਚਾਖਿਆ ਪੂਛੇ ਕਹਨੁ ਨ ਜਾਈ ਹੋ ॥੩॥ (657-8)
गूंगै महा अमृत रसु चाखिआ पूछे कहनु न जाई हो ॥३॥

ਬੇਢੀ ਕੇ ਗੁਣ ਸੁਨਿ ਰੀ ਬਾਈ ਜਲਧਿ ਬਾਂਧਿ ਧ੍ਰੂ ਥਾਪਿਓ ਹੋ ॥ (657-9)
बेढी के गुण सुनि री बाई जलधि बांधि ध्रू थापिओ हो ॥

ਨਾਮੇ ਕੇ ਸੁਆਮੀ ਸੀਅ ਬਹੋਰੀ ਲੰਕ ਭਭੀਖਣ ਆਪਿਓ ਹੋ ॥੪॥੨॥ (657-10)
नामे के सुआमी सीअ बहोरी लंक भभीखण आपिओ हो ॥४॥२॥

ਸੋਰਠਿ ਘਰੁ ੩ ॥ (657-10)
सोरठि घरु ३ ॥

ਅਣਮੜਿਆ ਮੰਦਲੁ ਬਾਜੈ ॥ (657-10)
अणमड़िआ मंदलु बाजै ॥

ਬਿਨੁ ਸਾਵਣ ਘਨਹਰੁ ਗਾਜੈ ॥ (657-11)
बिनु सावण घनहरु गाजै ॥

ਬਾਦਲ ਬਿਨੁ ਬਰਖਾ ਹੋਈ ॥ (657-11)
बादल बिनु बरखा होई ॥

ਜਉ ਤਤੁ ਬਿਚਾਰੈ ਕੋਈ ॥੧॥ (657-11)
जउ ततु बिचारै कोई ॥१॥

ਮੋ ਕਉ ਮਿਲਿਓ ਰਾਮੁ ਸਨੇਹੀ ॥ (657-12)
मो कउ मिलिओ रामु सनेही ॥

ਜਿਹ ਮਿਲਿਐ ਦੇਹ ਸੁਦੇਹੀ ॥੧॥ ਰਹਾਉ ॥ (657-12)
जिह मिलिऐ देह सुदेही ॥१॥ रहाउ ॥

ਮਿਲਿ ਪਾਰਸ ਕੰਚਨੁ ਹੋਇਆ ॥ (657-12)
मिलि पारस कंचनु होइआ ॥

ਮੁਖ ਮਨਸਾ ਰਤਨੁ ਪਰੋਇਆ ॥ (657-13)
मुख मनसा रतनु परोइआ ॥

ਨਿਜ ਭਾਉ ਭਇਆ ਭ੍ਰਮੁ ਭਾਗਾ ॥ (657-13)
निज भाउ भइआ भ्रमु भागा ॥

ਗੁਰ ਪੂਛੇ ਮਨੁ ਪਤੀਆਗਾ ॥੨॥ (657-13)
गुर पूछे मनु पतीआगा ॥२॥

ਜਲ ਭੀਤਰਿ ਕੁੰਭ ਸਮਾਨਿਆ ॥ (657-13)
जल भीतरि कुमभ समानिआ ॥

ਸਭ ਰਾਮੁ ਏਕੁ ਕਰਿ ਜਾਨਿਆ ॥ (657-14)
सभ रामु एकु करि जानिआ ॥

ਗੁਰ ਚੇਲੇ ਹੈ ਮਨੁ ਮਾਨਿਆ ॥ (657-14)
गुर चेले है मनु मानिआ ॥

ਜਨ ਨਾਮੈ ਤਤੁ ਪਛਾਨਿਆ ॥੩॥੩॥ (657-14)
जन नामै ततु पछानिआ ॥३॥३॥

ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ (657-16)
रागु सोरठि बाणी भगत रविदास जी की

ੴ ਸਤਿਗੁਰ ਪ੍ਰਸਾਦਿ ॥ (657-16)
ੴ सतिगुर प्रसादि ॥

ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥ (657-17)
जब हम होते तब तू नाही अब तूही मै नाही ॥

ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ ॥੧॥ (657-17)
अनल अगम जैसे लहरि मइ ओदधि जल केवल जल मांही ॥१॥

ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥ (657-18)
माधवे किआ कहीऐ भ्रमु ऐसा ॥

ਜੈਸਾ ਮਾਨੀਐ ਹੋਇ ਨ ਤੈਸਾ ॥੧॥ ਰਹਾਉ ॥ (657-18)
जैसा मानीऐ होइ न तैसा ॥१॥ रहाउ ॥

ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥ (657-19)
नरपति एकु सिंघासनि सोइआ सुपने भइआ भिखारी ॥

ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥੨॥ (657-19)
अछत राज बिछुरत दुखु पाइआ सो गति भई हमारी ॥२॥

ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ ॥ (658-1)
राज भुइअंग प्रसंग जैसे हहि अब कछु मरमु जनाइआ ॥

ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ ॥੩॥ (658-1)
अनिक कटक जैसे भूलि परे अब कहते कहनु न आइआ ॥३॥

ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੁੋਗਵੈ ਸੋਈ ॥ (658-2)
सरबे एकु अनेकै सुआमी सभ घट भुोगवै सोई ॥

ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ ॥੪॥੧॥ (658-2)
कहि रविदास हाथ पै नेरै सहजे होइ सु होई ॥४॥१॥

ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ ॥ (658-3)
जउ हम बांधे मोह फास हम प्रेम बधनि तुम बाधे ॥

ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ ॥੧॥ (658-3)
अपने छूटन को जतनु करहु हम छूटे तुम आराधे ॥१॥

ਮਾਧਵੇ ਜਾਨਤ ਹਹੁ ਜੈਸੀ ਤੈਸੀ ॥ (658-4)
माधवे जानत हहु जैसी तैसी ॥

ਅਬ ਕਹਾ ਕਰਹੁਗੇ ਐਸੀ ॥੧॥ ਰਹਾਉ ॥ (658-4)
अब कहा करहुगे ऐसी ॥१॥ रहाउ ॥

ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ ॥ (658-5)
मीनु पकरि फांकिओ अरु काटिओ रांधि कीओ बहु बानी ॥

ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ ॥੨॥ (658-5)
खंड खंड करि भोजनु कीनो तऊ न बिसरिओ पानी ॥२॥

ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ ॥ (658-6)
आपन बापै नाही किसी को भावन को हरि राजा ॥

ਮੋਹ ਪਟਲ ਸਭੁ ਜਗਤੁ ਬਿਆਪਿਓ ਭਗਤ ਨਹੀ ਸੰਤਾਪਾ ॥੩॥ (658-6)
मोह पटल सभु जगतु बिआपिओ भगत नही संतापा ॥३॥

ਕਹਿ ਰਵਿਦਾਸ ਭਗਤਿ ਇਕ ਬਾਢੀ ਅਬ ਇਹ ਕਾ ਸਿਉ ਕਹੀਐ ॥ (658-7)
कहि रविदास भगति इक बाढी अब इह का सिउ कहीऐ ॥

ਜਾ ਕਾਰਨਿ ਹਮ ਤੁਮ ਆਰਾਧੇ ਸੋ ਦੁਖੁ ਅਜਹੂ ਸਹੀਐ ॥੪॥੨॥ (658-8)
जा कारनि हम तुम आराधे सो दुखु अजहू सहीऐ ॥४॥२॥

ਦੁਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੈ ॥ (658-8)
दुलभ जनमु पुंन फल पाइओ बिरथा जात अबिबेकै ॥

ਰਾਜੇ ਇੰਦ੍ਰ ਸਮਸਰਿ ਗ੍ਰਿਹ ਆਸਨ ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ ॥੧॥ (658-9)
राजे इंद्र समसरि ग्रिह आसन बिनु हरि भगति कहहु किह लेखै ॥१॥

ਨ ਬੀਚਾਰਿਓ ਰਾਜਾ ਰਾਮ ਕੋ ਰਸੁ ॥ (658-9)
न बीचारिओ राजा राम को रसु ॥

ਜਿਹ ਰਸ ਅਨਰਸ ਬੀਸਰਿ ਜਾਹੀ ॥੧॥ ਰਹਾਉ ॥ (658-10)
जिह रस अनरस बीसरि जाही ॥१॥ रहाउ ॥

ਜਾਨਿ ਅਜਾਨ ਭਏ ਹਮ ਬਾਵਰ ਸੋਚ ਅਸੋਚ ਦਿਵਸ ਜਾਹੀ ॥ (658-10)
जानि अजान भए हम बावर सोच असोच दिवस जाही ॥

ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ ਪਰਮਾਰਥ ਪਰਵੇਸ ਨਹੀ ॥੨॥ (658-11)
इंद्री सबल निबल बिबेक बुधि परमारथ परवेस नही ॥२॥

ਕਹੀਅਤ ਆਨ ਅਚਰੀਅਤ ਅਨ ਕਛੁ ਸਮਝ ਨ ਪਰੈ ਅਪਰ ਮਾਇਆ ॥ (658-12)
कहीअत आन अचरीअत अन कछु समझ न परै अपर माइआ ॥

ਕਹਿ ਰਵਿਦਾਸ ਉਦਾਸ ਦਾਸ ਮਤਿ ਪਰਹਰਿ ਕੋਪੁ ਕਰਹੁ ਜੀਅ ਦਇਆ ॥੩॥੩॥ (658-12)
कहि रविदास उदास दास मति परहरि कोपु करहु जीअ दइआ ॥३॥३॥

ਸੁਖ ਸਾਗਰੁ ਸੁਰਤਰ ਚਿੰਤਾਮਨਿ ਕਾਮਧੇਨੁ ਬਸਿ ਜਾ ਕੇ ॥ (658-13)
सुख सागरु सुरतर चिंतामनि कामधेनु बसि जा के ॥

ਚਾਰਿ ਪਦਾਰਥ ਅਸਟ ਦਸਾ ਸਿਧਿ ਨਵ ਨਿਧਿ ਕਰ ਤਲ ਤਾ ਕੇ ॥੧॥ (658-13)
चारि पदारथ असट दसा सिधि नव निधि कर तल ता के ॥१॥

ਹਰਿ ਹਰਿ ਹਰਿ ਨ ਜਪਹਿ ਰਸਨਾ ॥ (658-14)
हरि हरि हरि न जपहि रसना ॥

ਅਵਰ ਸਭ ਤਿਆਗਿ ਬਚਨ ਰਚਨਾ ॥੧॥ ਰਹਾਉ ॥ (658-14)
अवर सभ तिआगि बचन रचना ॥१॥ रहाउ ॥

ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਖਰ ਮਾਂਹੀ ॥ (658-15)
नाना खिआन पुरान बेद बिधि चउतीस अखर मांही ॥

ਬਿਆਸ ਬਿਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ ॥੨॥ (658-15)
बिआस बिचारि कहिओ परमारथु राम नाम सरि नाही ॥२॥

ਸਹਜ ਸਮਾਧਿ ਉਪਾਧਿ ਰਹਤ ਫੁਨਿ ਬਡੈ ਭਾਗਿ ਲਿਵ ਲਾਗੀ ॥ (658-16)
सहज समाधि उपाधि रहत फुनि बडै भागि लिव लागी ॥

ਕਹਿ ਰਵਿਦਾਸ ਪ੍ਰਗਾਸੁ ਰਿਦੈ ਧਰਿ ਜਨਮ ਮਰਨ ਭੈ ਭਾਗੀ ॥੩॥੪॥ (658-17)
कहि रविदास प्रगासु रिदै धरि जनम मरन भै भागी ॥३॥४॥

ਜਉ ਤੁਮ ਗਿਰਿਵਰ ਤਉ ਹਮ ਮੋਰਾ ॥ (658-17)
जउ तुम गिरिवर तउ हम मोरा ॥

ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ ॥੧॥ (658-18)
जउ तुम चंद तउ हम भए है चकोरा ॥१॥

ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥ (658-18)
माधवे तुम न तोरहु तउ हम नही तोरहि ॥

ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥੧॥ ਰਹਾਉ ॥ (658-19)
तुम सिउ तोरि कवन सिउ जोरहि ॥१॥ रहाउ ॥

ਜਉ ਤੁਮ ਦੀਵਰਾ ਤਉ ਹਮ ਬਾਤੀ ॥ (658-19)
जउ तुम दीवरा तउ हम बाती ॥

ਜਉ ਤੁਮ ਤੀਰਥ ਤਉ ਹਮ ਜਾਤੀ ॥੨॥ (658-19)
जउ तुम तीरथ तउ हम जाती ॥२॥

ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥ (659-1)
साची प्रीति हम तुम सिउ जोरी ॥

ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥੩॥ (659-1)
तुम सिउ जोरि अवर संगि तोरी ॥३॥

ਜਹ ਜਹ ਜਾਉ ਤਹਾ ਤੇਰੀ ਸੇਵਾ ॥ (659-2)
जह जह जाउ तहा तेरी सेवा ॥

ਤੁਮ ਸੋ ਠਾਕੁਰੁ ਅਉਰੁ ਨ ਦੇਵਾ ॥੪॥ (659-2)
तुम सो ठाकुरु अउरु न देवा ॥४॥

ਤੁਮਰੇ ਭਜਨ ਕਟਹਿ ਜਮ ਫਾਂਸਾ ॥ (659-2)
तुमरे भजन कटहि जम फांसा ॥

ਭਗਤਿ ਹੇਤ ਗਾਵੈ ਰਵਿਦਾਸਾ ॥੫॥੫॥ (659-3)
भगति हेत गावै रविदासा ॥५॥५॥

ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ ॥ (659-3)
जल की भीति पवन का थ्मभा रकत बुंद का गारा ॥

ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥੧॥ (659-3)
हाड मास नाड़ी� को पिंजरु पंखी बसै बिचारा ॥१॥

ਪ੍ਰਾਨੀ ਕਿਆ ਮੇਰਾ ਕਿਆ ਤੇਰਾ ॥ (659-4)
प्रानी किआ मेरा किआ तेरा ॥

ਜੈਸੇ ਤਰਵਰ ਪੰਖਿ ਬਸੇਰਾ ॥੧॥ ਰਹਾਉ ॥ (659-4)
जैसे तरवर पंखि बसेरा ॥१॥ रहाउ ॥

ਰਾਖਹੁ ਕੰਧ ਉਸਾਰਹੁ ਨੀਵਾਂ ॥ (659-5)
राखहु कंध उसारहु नीवां ॥

ਸਾਢੇ ਤੀਨਿ ਹਾਥ ਤੇਰੀ ਸੀਵਾਂ ॥੨॥ (659-5)
साढे तीनि हाथ तेरी सीवां ॥२॥

ਬੰਕੇ ਬਾਲ ਪਾਗ ਸਿਰਿ ਡੇਰੀ ॥ (659-5)
बंके बाल पाग सिरि डेरी ॥

ਇਹੁ ਤਨੁ ਹੋਇਗੋ ਭਸਮ ਕੀ ਢੇਰੀ ॥੩॥ (659-6)
इहु तनु होइगो भसम की ढेरी ॥३॥

ਊਚੇ ਮੰਦਰ ਸੁੰਦਰ ਨਾਰੀ ॥ (659-6)
ऊचे मंदर सुंदर नारी ॥

ਰਾਮ ਨਾਮ ਬਿਨੁ ਬਾਜੀ ਹਾਰੀ ॥੪॥ (659-6)
राम नाम बिनु बाजी हारी ॥४॥

ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ ॥ (659-6)
मेरी जाति कमीनी पांति कमीनी ओछा जनमु हमारा ॥

ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ ॥੫॥੬॥ (659-7)
तुम सरनागति राजा राम चंद कहि रविदास चमारा ॥५॥६॥

ਚਮਰਟਾ ਗਾਂਠਿ ਨ ਜਨਈ ॥ (659-8)
चमरटा गांठि न जनई ॥

ਲੋਗੁ ਗਠਾਵੈ ਪਨਹੀ ॥੧॥ ਰਹਾਉ ॥ (659-8)
लोगु गठावै पनही ॥१॥ रहाउ ॥

ਆਰ ਨਹੀ ਜਿਹ ਤੋਪਉ ॥ (659-8)
आर नही जिह तोपउ ॥

ਨਹੀ ਰਾਂਬੀ ਠਾਉ ਰੋਪਉ ॥੧॥ (659-8)
नही रांबी ठाउ रोपउ ॥१॥

ਲੋਗੁ ਗੰਠਿ ਗੰਠਿ ਖਰਾ ਬਿਗੂਚਾ ॥ (659-9)
लोगु गंठि गंठि खरा बिगूचा ॥

ਹਉ ਬਿਨੁ ਗਾਂਠੇ ਜਾਇ ਪਹੂਚਾ ॥੨॥ (659-9)
हउ बिनु गांठे जाइ पहूचा ॥२॥

ਰਵਿਦਾਸੁ ਜਪੈ ਰਾਮ ਨਾਮਾ ॥ (659-9)
रविदासु जपै राम नामा ॥

ਮੋਹਿ ਜਮ ਸਿਉ ਨਾਹੀ ਕਾਮਾ ॥੩॥੭॥ (659-10)
मोहि जम सिउ नाही कामा ॥३॥७॥

ਰਾਗੁ ਸੋਰਠਿ ਬਾਣੀ ਭਗਤ ਭੀਖਨ ਕੀ (659-11)
रागु सोरठि बाणी भगत भीखन की

ੴ ਸਤਿਗੁਰ ਪ੍ਰਸਾਦਿ ॥ (659-11)
ੴ सतिगुर प्रसादि ॥

ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ ਦੁਧ ਵਾਨੀ ॥ (659-12)
नैनहु नीरु बहै तनु खीना भए केस दुध वानी ॥

ਰੂਧਾ ਕੰਠੁ ਸਬਦੁ ਨਹੀ ਉਚਰੈ ਅਬ ਕਿਆ ਕਰਹਿ ਪਰਾਨੀ ॥੧॥ (659-12)
रूधा कंठु सबदु नही उचरै अब किआ करहि परानी ॥१॥

ਰਾਮ ਰਾਇ ਹੋਹਿ ਬੈਦ ਬਨਵਾਰੀ ॥ (659-13)
राम राइ होहि बैद बनवारी ॥

ਅਪਨੇ ਸੰਤਹ ਲੇਹੁ ਉਬਾਰੀ ॥੧॥ ਰਹਾਉ ॥ (659-13)
अपने संतह लेहु उबारी ॥१॥ रहाउ ॥

ਮਾਥੇ ਪੀਰ ਸਰੀਰਿ ਜਲਨਿ ਹੈ ਕਰਕ ਕਰੇਜੇ ਮਾਹੀ ॥ (659-13)
माथे पीर सरीरि जलनि है करक करेजे माही ॥

ਐਸੀ ਬੇਦਨ ਉਪਜਿ ਖਰੀ ਭਈ ਵਾ ਕਾ ਅਉਖਧੁ ਨਾਹੀ ॥੨॥ (659-14)
ऐसी बेदन उपजि खरी भई वा का अउखधु नाही ॥२॥

ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ ਇਹੁ ਅਉਖਧੁ ਜਗਿ ਸਾਰਾ ॥ (659-14)
हरि का नामु अमृत जलु निरमलु इहु अउखधु जगि सारा ॥

ਗੁਰ ਪਰਸਾਦਿ ਕਹੈ ਜਨੁ ਭੀਖਨੁ ਪਾਵਉ ਮੋਖ ਦੁਆਰਾ ॥੩॥੧॥ (659-15)
गुर परसादि कहै जनु भीखनु पावउ मोख दुआरा ॥३॥१॥

ਐਸਾ ਨਾਮੁ ਰਤਨੁ ਨਿਰਮੋਲਕੁ ਪੁੰਨਿ ਪਦਾਰਥੁ ਪਾਇਆ ॥ (659-16)
ऐसा नामु रतनु निरमोलकु पुंनि पदारथु पाइआ ॥

ਅਨਿਕ ਜਤਨ ਕਰਿ ਹਿਰਦੈ ਰਾਖਿਆ ਰਤਨੁ ਨ ਛਪੈ ਛਪਾਇਆ ॥੧॥ (659-16)
अनिक जतन करि हिरदै राखिआ रतनु न छपै छपाइआ ॥१॥

ਹਰਿ ਗੁਨ ਕਹਤੇ ਕਹਨੁ ਨ ਜਾਈ ॥ (659-17)
हरि गुन कहते कहनु न जाई ॥

ਜੈਸੇ ਗੂੰਗੇ ਕੀ ਮਿਠਿਆਈ ॥੧॥ ਰਹਾਉ ॥ (659-17)
जैसे गूंगे की मिठिआई ॥१॥ रहाउ ॥

ਰਸਨਾ ਰਮਤ ਸੁਨਤ ਸੁਖੁ ਸ੍ਰਵਨਾ ਚਿਤ ਚੇਤੇ ਸੁਖੁ ਹੋਈ ॥ (659-18)
रसना रमत सुनत सुखु स्रवना चित चेते सुखु होई ॥

ਕਹੁ ਭੀਖਨ ਦੁਇ ਨੈਨ ਸੰਤੋਖੇ ਜਹ ਦੇਖਾਂ ਤਹ ਸੋਈ ॥੨॥੨॥ (659-18)
कहु भीखन दुइ नैन संतोखे जह देखां तह सोई ॥२॥२॥

ਧਨਾਸਰੀ ਮਹਲਾ ੧ ਘਰੁ ੧ ਚਉਪਦੇ (660-1)
धनासरी महला १ घरु १ चउपदे

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ (660-2)
ੴ सति नामु करता पुरखु निरभउ निरवैरु अकाल मूरति अजूनी सैभं गुर प्रसादि ॥

ਜੀਉ ਡਰਤੁ ਹੈ ਆਪਣਾ ਕੈ ਸਿਉ ਕਰੀ ਪੁਕਾਰ ॥ (660-4)
जीउ डरतु है आपणा कै सिउ करी पुकार ॥

ਦੂਖ ਵਿਸਾਰਣੁ ਸੇਵਿਆ ਸਦਾ ਸਦਾ ਦਾਤਾਰੁ ॥੧॥ (660-4)
दूख विसारणु सेविआ सदा सदा दातारु ॥१॥

ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ ॥੧॥ ਰਹਾਉ ॥ (660-4)
साहिबु मेरा नीत नवा सदा सदा दातारु ॥१॥ रहाउ ॥

ਅਨਦਿਨੁ ਸਾਹਿਬੁ ਸੇਵੀਐ ਅੰਤਿ ਛਡਾਏ ਸੋਇ ॥ (660-5)
अनदिनु साहिबु सेवीऐ अंति छडाए सोइ ॥

ਸੁਣਿ ਸੁਣਿ ਮੇਰੀ ਕਾਮਣੀ ਪਾਰਿ ਉਤਾਰਾ ਹੋਇ ॥੨॥ (660-5)
सुणि सुणि मेरी कामणी पारि उतारा होइ ॥२॥

ਦਇਆਲ ਤੇਰੈ ਨਾਮਿ ਤਰਾ ॥ (660-6)
दइआल तेरै नामि तरा ॥

ਸਦ ਕੁਰਬਾਣੈ ਜਾਉ ॥੧॥ ਰਹਾਉ ॥ (660-6)
सद कुरबाणै जाउ ॥१॥ रहाउ ॥

ਸਰਬੰ ਸਾਚਾ ਏਕੁ ਹੈ ਦੂਜਾ ਨਾਹੀ ਕੋਇ ॥ (660-7)
सरबं साचा एकु है दूजा नाही कोइ ॥

ਤਾ ਕੀ ਸੇਵਾ ਸੋ ਕਰੇ ਜਾ ਕਉ ਨਦਰਿ ਕਰੇ ॥੩॥ (660-7)
ता की सेवा सो करे जा कउ नदरि करे ॥३॥

ਤੁਧੁ ਬਾਝੁ ਪਿਆਰੇ ਕੇਵ ਰਹਾ ॥ (660-7)
तुधु बाझु पिआरे केव रहा ॥

ਸਾ ਵਡਿਆਈ ਦੇਹਿ ਜਿਤੁ ਨਾਮਿ ਤੇਰੇ ਲਾਗਿ ਰਹਾਂ ॥ (660-8)
सा वडिआई देहि जितु नामि तेरे लागि रहां ॥

ਦੂਜਾ ਨਾਹੀ ਕੋਇ ਜਿਸੁ ਆਗੈ ਪਿਆਰੇ ਜਾਇ ਕਹਾ ॥੧॥ ਰਹਾਉ ॥ (660-8)
दूजा नाही कोइ जिसु आगै पिआरे जाइ कहा ॥१॥ रहाउ ॥

ਸੇਵੀ ਸਾਹਿਬੁ ਆਪਣਾ ਅਵਰੁ ਨ ਜਾਚੰਉ ਕੋਇ ॥ (660-9)
सेवी साहिबु आपणा अवरु न जाचंउ कोइ ॥

ਨਾਨਕੁ ਤਾ ਕਾ ਦਾਸੁ ਹੈ ਬਿੰਦ ਬਿੰਦ ਚੁਖ ਚੁਖ ਹੋਇ ॥੪॥ (660-9)
नानकु ता का दासु है बिंद बिंद चुख चुख होइ ॥४॥

ਸਾਹਿਬ ਤੇਰੇ ਨਾਮ ਵਿਟਹੁ ਬਿੰਦ ਬਿੰਦ ਚੁਖ ਚੁਖ ਹੋਇ ॥੧॥ ਰਹਾਉ ॥੪॥੧॥ (660-10)
साहिब तेरे नाम विटहु बिंद बिंद चुख चुख होइ ॥१॥ रहाउ ॥४॥१॥

ਧਨਾਸਰੀ ਮਹਲਾ ੧ ॥ (660-11)
धनासरी महला १ ॥

ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ ॥ (660-11)
हम आदमी हां इक दमी मुहलति मुहतु न जाणा ॥

ਨਾਨਕੁ ਬਿਨਵੈ ਤਿਸੈ ਸਰੇਵਹੁ ਜਾ ਕੇ ਜੀਅ ਪਰਾਣਾ ॥੧॥ (660-11)
नानकु बिनवै तिसै सरेवहु जा के जीअ पराणा ॥१॥

ਅੰਧੇ ਜੀਵਨਾ ਵੀਚਾਰਿ ਦੇਖਿ ਕੇਤੇ ਕੇ ਦਿਨਾ ॥੧॥ ਰਹਾਉ ॥ (660-12)
अंधे जीवना वीचारि देखि केते के दिना ॥१॥ रहाउ ॥

ਸਾਸੁ ਮਾਸੁ ਸਭੁ ਜੀਉ ਤੁਮਾਰਾ ਤੂ ਮੈ ਖਰਾ ਪਿਆਰਾ ॥ (660-12)
सासु मासु सभु जीउ तुमारा तू मै खरा पिआरा ॥

ਨਾਨਕੁ ਸਾਇਰੁ ਏਵ ਕਹਤੁ ਹੈ ਸਚੇ ਪਰਵਦਗਾਰਾ ॥੨॥ (660-13)
नानकु साइरु एव कहतु है सचे परवदगारा ॥२॥

ਜੇ ਤੂ ਕਿਸੈ ਨ ਦੇਹੀ ਮੇਰੇ ਸਾਹਿਬਾ ਕਿਆ ਕੋ ਕਢੈ ਗਹਣਾ ॥ (660-13)
जे तू किसै न देही मेरे साहिबा किआ को कढै गहणा ॥

ਨਾਨਕੁ ਬਿਨਵੈ ਸੋ ਕਿਛੁ ਪਾਈਐ ਪੁਰਬਿ ਲਿਖੇ ਕਾ ਲਹਣਾ ॥੩॥ (660-14)
नानकु बिनवै सो किछु पाईऐ पुरबि लिखे का लहणा ॥३॥

ਨਾਮੁ ਖਸਮ ਕਾ ਚਿਤਿ ਨ ਕੀਆ ਕਪਟੀ ਕਪਟੁ ਕਮਾਣਾ ॥ (660-15)
नामु खसम का चिति न कीआ कपटी कपटु कमाणा ॥

ਜਮ ਦੁਆਰਿ ਜਾ ਪਕੜਿ ਚਲਾਇਆ ਤਾ ਚਲਦਾ ਪਛੁਤਾਣਾ ॥੪॥ (660-15)
जम दुआरि जा पकड़ि चलाइआ ता चलदा पछुताणा ॥४॥

ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ ॥ (661-1)
जब लगु दुनीआ रहीऐ नानक किछु सुणीऐ किछु कहीऐ ॥

ਭਾਲਿ ਰਹੇ ਹਮ ਰਹਣੁ ਨ ਪਾਇਆ ਜੀਵਤਿਆ ਮਰਿ ਰਹੀਐ ॥੫॥੨॥ (661-1)
भालि रहे हम रहणु न पाइआ जीवतिआ मरि रहीऐ ॥५॥२॥

ਧਨਾਸਰੀ ਮਹਲਾ ੧ ਘਰੁ ਦੂਜਾ (661-3)
धनासरी महला १ घरु दूजा

ੴ ਸਤਿਗੁਰ ਪ੍ਰਸਾਦਿ ॥ (661-3)
ੴ सतिगुर प्रसादि ॥

ਕਿਉ ਸਿਮਰੀ ਸਿਵਰਿਆ ਨਹੀ ਜਾਇ ॥ (661-4)
किउ सिमरी सिवरिआ नही जाइ ॥

ਤਪੈ ਹਿਆਉ ਜੀਅੜਾ ਬਿਲਲਾਇ ॥ (661-4)
तपै हिआउ जीअड़ा बिललाइ ॥

ਸਿਰਜਿ ਸਵਾਰੇ ਸਾਚਾ ਸੋਇ ॥ (661-4)
सिरजि सवारे साचा सोइ ॥

ਤਿਸੁ ਵਿਸਰਿਐ ਚੰਗਾ ਕਿਉ ਹੋਇ ॥੧॥ (661-5)
तिसु विसरिऐ चंगा किउ होइ ॥१॥

ਹਿਕਮਤਿ ਹੁਕਮਿ ਨ ਪਾਇਆ ਜਾਇ ॥ (661-5)
हिकमति हुकमि न पाइआ जाइ ॥

ਕਿਉ ਕਰਿ ਸਾਚਿ ਮਿਲਉ ਮੇਰੀ ਮਾਇ ॥੧॥ ਰਹਾਉ ॥ (661-5)
किउ करि साचि मिलउ मेरी माइ ॥१॥ रहाउ ॥

ਵਖਰੁ ਨਾਮੁ ਦੇਖਣ ਕੋਈ ਜਾਇ ॥ (661-6)
वखरु नामु देखण कोई जाइ ॥

ਨਾ ਕੋ ਚਾਖੈ ਨਾ ਕੋ ਖਾਇ ॥ (661-6)
ना को चाखै ना को खाइ ॥

ਲੋਕਿ ਪਤੀਣੈ ਨਾ ਪਤਿ ਹੋਇ ॥ (661-6)
लोकि पतीणै ना पति होइ ॥

ਤਾ ਪਤਿ ਰਹੈ ਰਾਖੈ ਜਾ ਸੋਇ ॥੨॥ (661-7)
ता पति रहै राखै जा सोइ ॥२॥

ਜਹ ਦੇਖਾ ਤਹ ਰਹਿਆ ਸਮਾਇ ॥ (661-7)
जह देखा तह रहिआ समाइ ॥

ਤੁਧੁ ਬਿਨੁ ਦੂਜੀ ਨਾਹੀ ਜਾਇ ॥ (661-7)
तुधु बिनु दूजी नाही जाइ ॥

ਜੇ ਕੋ ਕਰੇ ਕੀਤੈ ਕਿਆ ਹੋਇ ॥ (661-8)
जे को करे कीतै किआ होइ ॥

ਜਿਸ ਨੋ ਬਖਸੇ ਸਾਚਾ ਸੋਇ ॥੩॥ (661-8)
जिस नो बखसे साचा सोइ ॥३॥

ਹੁਣਿ ਉਠਿ ਚਲਣਾ ਮੁਹਤਿ ਕਿ ਤਾਲਿ ॥ (661-8)
हुणि उठि चलणा मुहति कि तालि ॥

ਕਿਆ ਮੁਹੁ ਦੇਸਾ ਗੁਣ ਨਹੀ ਨਾਲਿ ॥ (661-9)
किआ मुहु देसा गुण नही नालि ॥

ਜੈਸੀ ਨਦਰਿ ਕਰੇ ਤੈਸਾ ਹੋਇ ॥ (661-9)
जैसी नदरि करे तैसा होइ ॥

ਵਿਣੁ ਨਦਰੀ ਨਾਨਕ ਨਹੀ ਕੋਇ ॥੪॥੧॥੩॥ (661-9)
विणु नदरी नानक नही कोइ ॥४॥१॥३॥

ਧਨਾਸਰੀ ਮਹਲਾ ੧ ॥ (661-10)
धनासरी महला १ ॥

ਨਦਰਿ ਕਰੇ ਤਾ ਸਿਮਰਿਆ ਜਾਇ ॥ (661-10)
नदरि करे ता सिमरिआ जाइ ॥

ਆਤਮਾ ਦ੍ਰਵੈ ਰਹੈ ਲਿਵ ਲਾਇ ॥ (661-10)
आतमा द्रवै रहै लिव लाइ ॥

ਆਤਮਾ ਪਰਾਤਮਾ ਏਕੋ ਕਰੈ ॥ (661-11)
आतमा परातमा एको करै ॥

ਅੰਤਰ ਕੀ ਦੁਬਿਧਾ ਅੰਤਰਿ ਮਰੈ ॥੧॥ (661-11)
अंतर की दुबिधा अंतरि मरै ॥१॥

ਗੁਰ ਪਰਸਾਦੀ ਪਾਇਆ ਜਾਇ ॥ (661-11)
गुर परसादी पाइआ जाइ ॥

ਹਰਿ ਸਿਉ ਚਿਤੁ ਲਾਗੈ ਫਿਰਿ ਕਾਲੁ ਨ ਖਾਇ ॥੧॥ ਰਹਾਉ ॥ (661-11)
हरि सिउ चितु लागै फिरि कालु न खाइ ॥१॥ रहाउ ॥

ਸਚਿ ਸਿਮਰਿਐ ਹੋਵੈ ਪਰਗਾਸੁ ॥ (661-12)
सचि सिमरिऐ होवै परगासु ॥

ਤਾ ਤੇ ਬਿਖਿਆ ਮਹਿ ਰਹੈ ਉਦਾਸੁ ॥ (661-12)
ता ते बिखिआ महि रहै उदासु ॥

ਸਤਿਗੁਰ ਕੀ ਐਸੀ ਵਡਿਆਈ ॥ (661-13)
सतिगुर की ऐसी वडिआई ॥

ਪੁਤ੍ਰ ਕਲਤ੍ਰ ਵਿਚੇ ਗਤਿ ਪਾਈ ॥੨॥ (661-13)
पुत्र कलत्र विचे गति पाई ॥२॥

ਐਸੀ ਸੇਵਕੁ ਸੇਵਾ ਕਰੈ ॥ (661-13)
ऐसी सेवकु सेवा करै ॥

ਜਿਸ ਕਾ ਜੀਉ ਤਿਸੁ ਆਗੈ ਧਰੈ ॥ (661-14)
जिस का जीउ तिसु आगै धरै ॥

ਸਾਹਿਬ ਭਾਵੈ ਸੋ ਪਰਵਾਣੁ ॥ (661-14)
साहिब भावै सो परवाणु ॥

ਸੋ ਸੇਵਕੁ ਦਰਗਹ ਪਾਵੈ ਮਾਣੁ ॥੩॥ (661-14)
सो सेवकु दरगह पावै माणु ॥३॥

ਸਤਿਗੁਰ ਕੀ ਮੂਰਤਿ ਹਿਰਦੈ ਵਸਾਏ ॥ (661-14)
सतिगुर की मूरति हिरदै वसाए ॥

ਜੋ ਇਛੈ ਸੋਈ ਫਲੁ ਪਾਏ ॥ (661-15)
जो इछै सोई फलु पाए ॥

ਸਾਚਾ ਸਾਹਿਬੁ ਕਿਰਪਾ ਕਰੈ ॥ (661-15)
साचा साहिबु किरपा करै ॥

ਸੋ ਸੇਵਕੁ ਜਮ ਤੇ ਕੈਸਾ ਡਰੈ ॥੪॥ (661-15)
सो सेवकु जम ते कैसा डरै ॥४॥

ਭਨਤਿ ਨਾਨਕੁ ਕਰੇ ਵੀਚਾਰੁ ॥ (661-16)
भनति नानकु करे वीचारु ॥

ਸਾਚੀ ਬਾਣੀ ਸਿਉ ਧਰੇ ਪਿਆਰੁ ॥ (661-16)
साची बाणी सिउ धरे पिआरु ॥

ਤਾ ਕੋ ਪਾਵੈ ਮੋਖ ਦੁਆਰੁ ॥ (661-16)
ता को पावै मोख दुआरु ॥

ਜਪੁ ਤਪੁ ਸਭੁ ਇਹੁ ਸਬਦੁ ਹੈ ਸਾਰੁ ॥੫॥੨॥੪॥ (661-16)
जपु तपु सभु इहु सबदु है सारु ॥५॥२॥४॥

ਧਨਾਸਰੀ ਮਹਲਾ ੧ ॥ (661-17)
धनासरी महला १ ॥

ਜੀਉ ਤਪਤੁ ਹੈ ਬਾਰੋ ਬਾਰ ॥ (661-17)
जीउ तपतु है बारो बार ॥

ਤਪਿ ਤਪਿ ਖਪੈ ਬਹੁਤੁ ਬੇਕਾਰ ॥ (661-17)
तपि तपि खपै बहुतु बेकार ॥

ਜੈ ਤਨਿ ਬਾਣੀ ਵਿਸਰਿ ਜਾਇ ॥ (661-18)
जै तनि बाणी विसरि जाइ ॥

ਜਿਉ ਪਕਾ ਰੋਗੀ ਵਿਲਲਾਇ ॥੧॥ (661-18)
जिउ पका रोगी विललाइ ॥१॥

ਬਹੁਤਾ ਬੋਲਣੁ ਝਖਣੁ ਹੋਇ ॥ (661-18)
बहुता बोलणु झखणु होइ ॥

ਵਿਣੁ ਬੋਲੇ ਜਾਣੈ ਸਭੁ ਸੋਇ ॥੧॥ ਰਹਾਉ ॥ (661-19)
विणु बोले जाणै सभु सोइ ॥१॥ रहाउ ॥

ਜਿਨਿ ਕਨ ਕੀਤੇ ਅਖੀ ਨਾਕੁ ॥ (661-19)
जिनि कन कीते अखी नाकु ॥

ਜਿਨਿ ਜਿਹਵਾ ਦਿਤੀ ਬੋਲੇ ਤਾਤੁ ॥ (661-19)
जिनि जिहवा दिती बोले तातु ॥

ਜਿਨਿ ਮਨੁ ਰਾਖਿਆ ਅਗਨੀ ਪਾਇ ॥ (662-1)
जिनि मनु राखिआ अगनी पाइ ॥

ਵਾਜੈ ਪਵਣੁ ਆਖੈ ਸਭ ਜਾਇ ॥੨॥ (662-1)
वाजै पवणु आखै सभ जाइ ॥२॥

ਜੇਤਾ ਮੋਹੁ ਪਰੀਤਿ ਸੁਆਦ ॥ (662-1)
जेता मोहु परीति सुआद ॥

ਸਭਾ ਕਾਲਖ ਦਾਗਾ ਦਾਗ ॥ (662-2)
सभा कालख दागा दाग ॥

ਦਾਗ ਦੋਸ ਮੁਹਿ ਚਲਿਆ ਲਾਇ ॥ (662-2)
दाग दोस मुहि चलिआ लाइ ॥

ਦਰਗਹ ਬੈਸਣ ਨਾਹੀ ਜਾਇ ॥੩॥ (662-2)
दरगह बैसण नाही जाइ ॥३॥

ਕਰਮਿ ਮਿਲੈ ਆਖਣੁ ਤੇਰਾ ਨਾਉ ॥ (662-3)
करमि मिलै आखणु तेरा नाउ ॥

ਜਿਤੁ ਲਗਿ ਤਰਣਾ ਹੋਰੁ ਨਹੀ ਥਾਉ ॥ (662-3)
जितु लगि तरणा होरु नही थाउ ॥

ਜੇ ਕੋ ਡੂਬੈ ਫਿਰਿ ਹੋਵੈ ਸਾਰ ॥ (662-3)
जे को डूबै फिरि होवै सार ॥

ਨਾਨਕ ਸਾਚਾ ਸਰਬ ਦਾਤਾਰ ॥੪॥੩॥੫॥ (662-3)
नानक साचा सरब दातार ॥४॥३॥५॥

ਧਨਾਸਰੀ ਮਹਲਾ ੧ ॥ (662-4)
धनासरी महला १ ॥

ਚੋਰੁ ਸਲਾਹੇ ਚੀਤੁ ਨ ਭੀਜੈ ॥ (662-4)
चोरु सलाहे चीतु न भीजै ॥

ਜੇ ਬਦੀ ਕਰੇ ਤਾ ਤਸੂ ਨ ਛੀਜੈ ॥ (662-4)
जे बदी करे ता तसू न छीजै ॥

ਚੋਰ ਕੀ ਹਾਮਾ ਭਰੇ ਨ ਕੋਇ ॥ (662-5)
चोर की हामा भरे न कोइ ॥

ਚੋਰੁ ਕੀਆ ਚੰਗਾ ਕਿਉ ਹੋਇ ॥੧॥ (662-5)
चोरु कीआ चंगा किउ होइ ॥१॥

ਸੁਣਿ ਮਨ ਅੰਧੇ ਕੁਤੇ ਕੂੜਿਆਰ ॥ (662-5)
सुणि मन अंधे कुते कूड़िआर ॥

ਬਿਨੁ ਬੋਲੇ ਬੂਝੀਐ ਸਚਿਆਰ ॥੧॥ ਰਹਾਉ ॥ (662-6)
बिनु बोले बूझीऐ सचिआर ॥१॥ रहाउ ॥

ਚੋਰੁ ਸੁਆਲਿਉ ਚੋਰੁ ਸਿਆਣਾ ॥ (662-6)
चोरु सुआलिउ चोरु सिआणा ॥

ਖੋਟੇ ਕਾ ਮੁਲੁ ਏਕੁ ਦੁਗਾਣਾ ॥ (662-6)
खोटे का मुलु एकु दुगाणा ॥

ਜੇ ਸਾਥਿ ਰਖੀਐ ਦੀਜੈ ਰਲਾਇ ॥ (662-7)
जे साथि रखीऐ दीजै रलाइ ॥

ਜਾ ਪਰਖੀਐ ਖੋਟਾ ਹੋਇ ਜਾਇ ॥੨॥ (662-7)
जा परखीऐ खोटा होइ जाइ ॥२॥

ਜੈਸਾ ਕਰੇ ਸੁ ਤੈਸਾ ਪਾਵੈ ॥ (662-7)
जैसा करे सु तैसा पावै ॥

ਆਪਿ ਬੀਜਿ ਆਪੇ ਹੀ ਖਾਵੈ ॥ (662-7)
आपि बीजि आपे ही खावै ॥

ਜੇ ਵਡਿਆਈਆ ਆਪੇ ਖਾਇ ॥ (662-8)
जे वडिआईआ आपे खाइ ॥

ਜੇਹੀ ਸੁਰਤਿ ਤੇਹੈ ਰਾਹਿ ਜਾਇ ॥੩॥ (662-8)
जेही सुरति तेहै राहि जाइ ॥३॥

ਜੇ ਸਉ ਕੂੜੀਆ ਕੂੜੁ ਕਬਾੜੁ ॥ (662-8)
जे सउ कूड़ीआ कूड़ु कबाड़ु ॥

ਭਾਵੈ ਸਭੁ ਆਖਉ ਸੰਸਾਰੁ ॥ (662-9)
भावै सभु आखउ संसारु ॥

ਤੁਧੁ ਭਾਵੈ ਅਧੀ ਪਰਵਾਣੁ ॥ (662-9)
तुधु भावै अधी परवाणु ॥

ਨਾਨਕ ਜਾਣੈ ਜਾਣੁ ਸੁਜਾਣੁ ॥੪॥੪॥੬॥ (662-9)
नानक जाणै जाणु सुजाणु ॥४॥४॥६॥

ਧਨਾਸਰੀ ਮਹਲਾ ੧ ॥ (662-10)
धनासरी महला १ ॥

ਕਾਇਆ ਕਾਗਦੁ ਮਨੁ ਪਰਵਾਣਾ ॥ (662-10)
काइआ कागदु मनु परवाणा ॥

ਸਿਰ ਕੇ ਲੇਖ ਨ ਪੜੈ ਇਆਣਾ ॥ (662-10)
सिर के लेख न पड़ै इआणा ॥

ਦਰਗਹ ਘੜੀਅਹਿ ਤੀਨੇ ਲੇਖ ॥ (662-11)
दरगह घड़ीअहि तीने लेख ॥

ਖੋਟਾ ਕਾਮਿ ਨ ਆਵੈ ਵੇਖੁ ॥੧॥ (662-11)
खोटा कामि न आवै वेखु ॥१॥

ਨਾਨਕ ਜੇ ਵਿਚਿ ਰੁਪਾ ਹੋਇ ॥ (662-11)
नानक जे विचि रुपा होइ ॥

ਖਰਾ ਖਰਾ ਆਖੈ ਸਭੁ ਕੋਇ ॥੧॥ ਰਹਾਉ ॥ (662-11)
खरा खरा आखै सभु कोइ ॥१॥ रहाउ ॥

ਕਾਦੀ ਕੂੜੁ ਬੋਲਿ ਮਲੁ ਖਾਇ ॥ (662-12)
कादी कूड़ु बोलि मलु खाइ ॥

ਬ੍ਰਾਹਮਣੁ ਨਾਵੈ ਜੀਆ ਘਾਇ ॥ (662-12)
ब्राहमणु नावै जीआ घाइ ॥

ਜੋਗੀ ਜੁਗਤਿ ਨ ਜਾਣੈ ਅੰਧੁ ॥ (662-12)
जोगी जुगति न जाणै अंधु ॥

ਤੀਨੇ ਓਜਾੜੇ ਕਾ ਬੰਧੁ ॥੨॥ (662-13)
तीने ओजाड़े का बंधु ॥२॥

ਸੋ ਜੋਗੀ ਜੋ ਜੁਗਤਿ ਪਛਾਣੈ ॥ (662-13)
सो जोगी जो जुगति पछाणै ॥

ਗੁਰ ਪਰਸਾਦੀ ਏਕੋ ਜਾਣੈ ॥ (662-13)
गुर परसादी एको जाणै ॥

ਕਾਜੀ ਸੋ ਜੋ ਉਲਟੀ ਕਰੈ ॥ (662-13)
काजी सो जो उलटी करै ॥

ਗੁਰ ਪਰਸਾਦੀ ਜੀਵਤੁ ਮਰੈ ॥ (662-14)
गुर परसादी जीवतु मरै ॥

ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥ (662-14)
सो ब्राहमणु जो ब्रहमु बीचारै ॥

ਆਪਿ ਤਰੈ ਸਗਲੇ ਕੁਲ ਤਾਰੈ ॥੩॥ (662-14)
आपि तरै सगले कुल तारै ॥३॥

ਦਾਨਸਬੰਦੁ ਸੋਈ ਦਿਲਿ ਧੋਵੈ ॥ (662-15)
दानसबंदु सोई दिलि धोवै ॥

ਮੁਸਲਮਾਣੁ ਸੋਈ ਮਲੁ ਖੋਵੈ ॥ (662-15)
मुसलमाणु सोई मलु खोवै ॥

ਪੜਿਆ ਬੂਝੈ ਸੋ ਪਰਵਾਣੁ ॥ (662-15)
पड़िआ बूझै सो परवाणु ॥

ਜਿਸੁ ਸਿਰਿ ਦਰਗਹ ਕਾ ਨੀਸਾਣੁ ॥੪॥੫॥੭॥ (662-15)
जिसु सिरि दरगह का नीसाणु ॥४॥५॥७॥

ਧਨਾਸਰੀ ਮਹਲਾ ੧ ਘਰੁ ੩ (662-17)
धनासरी महला १ घरु ३

ੴ ਸਤਿਗੁਰ ਪ੍ਰਸਾਦਿ ॥ (662-17)
ੴ सतिगुर प्रसादि ॥

ਕਾਲੁ ਨਾਹੀ ਜੋਗੁ ਨਾਹੀ ਨਾਹੀ ਸਤ ਕਾ ਢਬੁ ॥ (662-18)
कालु नाही जोगु नाही नाही सत का ढबु ॥

ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ ॥੧॥ (662-18)
थानसट जग भरिसट होए डूबता इव जगु ॥१॥

ਕਲ ਮਹਿ ਰਾਮ ਨਾਮੁ ਸਾਰੁ ॥ (662-18)
कल महि राम नामु सारु ॥

ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ ॥੧॥ ਰਹਾਉ ॥ (662-19)
अखी त मीटहि नाक पकड़हि ठगण कउ संसारु ॥१॥ रहाउ ॥

ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ ॥ (662-19)
आंट सेती नाकु पकड़हि सूझते तिनि लोअ ॥

ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ ॥੨॥ (663-1)
मगर पाछै कछु न सूझै एहु पदमु अलोअ ॥२॥

ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ॥ (663-1)
खत्रीआ त धरमु छोडिआ मलेछ भाखिआ गही ॥

ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥੩॥ (663-2)
स्रिसटि सभ इक वरन होई धरम की गति रही ॥३॥

ਅਸਟ ਸਾਜ ਸਾਜਿ ਪੁਰਾਣ ਸੋਧਹਿ ਕਰਹਿ ਬੇਦ ਅਭਿਆਸੁ ॥ (663-2)
असट साज साजि पुराण सोधहि करहि बेद अभिआसु ॥

ਬਿਨੁ ਨਾਮ ਹਰਿ ਕੇ ਮੁਕਤਿ ਨਾਹੀ ਕਹੈ ਨਾਨਕੁ ਦਾਸੁ ॥੪॥੧॥੬॥੮॥ (663-3)
बिनु नाम हरि के मुकति नाही कहै नानकु दासु ॥४॥१॥६॥८॥

ਧਨਾਸਰੀ ਮਹਲਾ ੧ ਆਰਤੀ (663-4)
धनासरी महला १ आरती

ੴ ਸਤਿਗੁਰ ਪ੍ਰਸਾਦਿ ॥ (663-4)
ੴ सतिगुर प्रसादि ॥

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥ (663-5)
गगन मै थालु रवि चंदु दीपक बने तारिका मंडल जनक मोती ॥

ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥ (663-5)
धूपु मलआनलो पवणु चवरो करे सगल बनराइ फूलंत जोती ॥१॥

ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ ॥ (663-6)
कैसी आरती होइ भव खंडना तेरी आरती ॥

ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ ॥ (663-6)
अनहता सबद वाजंत भेरी ॥१॥ रहाउ ॥

ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ ॥ (663-7)
सहस तव नैन नन नैन है तोहि कउ सहस मूरति नना एक तोही ॥

ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥੨॥ (663-7)
सहस पद बिमल नन एक पद गंध बिनु सहस तव गंध इव चलत मोही ॥२॥

ਸਭ ਮਹਿ ਜੋਤਿ ਜੋਤਿ ਹੈ ਸੋਇ ॥ (663-8)
सभ महि जोति जोति है सोइ ॥

ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥ (663-9)
तिस कै चानणि सभ महि चानणु होइ ॥

ਗੁਰ ਸਾਖੀ ਜੋਤਿ ਪਰਗਟੁ ਹੋਇ ॥ (663-9)
गुर साखी जोति परगटु होइ ॥

ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥ (663-9)
जो तिसु भावै सु आरती होइ ॥३॥

ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ ॥ (663-10)
हरि चरण कमल मकरंद लोभित मनो अनदिनो मोहि आही पिआसा ॥

ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਮਿ ਵਾਸਾ ॥੪॥੧॥੭॥੯॥ (663-10)
क्रिपा जलु देहि नानक सारिंग कउ होइ जा ते तेरै नामि वासा ॥४॥१॥७॥९॥

ਧਨਾਸਰੀ ਮਹਲਾ ੩ ਘਰੁ ੨ ਚਉਪਦੇ (663-12)
धनासरी महला ३ घरु २ चउपदे

ੴ ਸਤਿਗੁਰ ਪ੍ਰਸਾਦਿ ॥ (663-12)
ੴ सतिगुर प्रसादि ॥

ਇਹੁ ਧਨੁ ਅਖੁਟੁ ਨ ਨਿਖੁਟੈ ਨ ਜਾਇ ॥ (663-13)
इहु धनु अखुटु न निखुटै न जाइ ॥

ਪੂਰੈ ਸਤਿਗੁਰਿ ਦੀਆ ਦਿਖਾਇ ॥ (663-13)
पूरै सतिगुरि दीआ दिखाइ ॥

ਅਪੁਨੇ ਸਤਿਗੁਰ ਕਉ ਸਦ ਬਲਿ ਜਾਈ ॥ (663-13)
अपुने सतिगुर कउ सद बलि जाई ॥

ਗੁਰ ਕਿਰਪਾ ਤੇ ਹਰਿ ਮੰਨਿ ਵਸਾਈ ॥੧॥ (663-14)
गुर किरपा ते हरि मंनि वसाई ॥१॥

ਸੇ ਧਨਵੰਤ ਹਰਿ ਨਾਮਿ ਲਿਵ ਲਾਇ ॥ (663-14)
से धनवंत हरि नामि लिव लाइ ॥

ਗੁਰਿ ਪੂਰੈ ਹਰਿ ਧਨੁ ਪਰਗਾਸਿਆ ਹਰਿ ਕਿਰਪਾ ਤੇ ਵਸੈ ਮਨਿ ਆਇ ॥ ਰਹਾਉ ॥ (663-14)
गुरि पूरै हरि धनु परगासिआ हरि किरपा ते वसै मनि आइ ॥ रहाउ ॥

ਅਵਗੁਣ ਕਾਟਿ ਗੁਣ ਰਿਦੈ ਸਮਾਇ ॥ (663-15)
अवगुण काटि गुण रिदै समाइ ॥

ਪੂਰੇ ਗੁਰ ਕੈ ਸਹਜਿ ਸੁਭਾਇ ॥ (663-15)
पूरे गुर कै सहजि सुभाइ ॥

ਪੂਰੇ ਗੁਰ ਕੀ ਸਾਚੀ ਬਾਣੀ ॥ (663-16)
पूरे गुर की साची बाणी ॥

ਸੁਖ ਮਨ ਅੰਤਰਿ ਸਹਜਿ ਸਮਾਣੀ ॥੨॥ (663-16)
सुख मन अंतरि सहजि समाणी ॥२॥

ਏਕੁ ਅਚਰਜੁ ਜਨ ਦੇਖਹੁ ਭਾਈ ॥ (663-16)
एकु अचरजु जन देखहु भाई ॥

ਦੁਬਿਧਾ ਮਾਰਿ ਹਰਿ ਮੰਨਿ ਵਸਾਈ ॥ (663-17)
दुबिधा मारि हरि मंनि वसाई ॥

ਨਾਮੁ ਅਮੋਲਕੁ ਨ ਪਾਇਆ ਜਾਇ ॥ (663-17)
नामु अमोलकु न पाइआ जाइ ॥

ਗੁਰ ਪਰਸਾਦਿ ਵਸੈ ਮਨਿ ਆਇ ॥੩॥ (663-17)
गुर परसादि वसै मनि आइ ॥३॥

ਸਭ ਮਹਿ ਵਸੈ ਪ੍ਰਭੁ ਏਕੋ ਸੋਇ ॥ (663-18)
सभ महि वसै प्रभु एको सोइ ॥

ਗੁਰਮਤੀ ਘਟਿ ਪਰਗਟੁ ਹੋਇ ॥ (663-18)
गुरमती घटि परगटु होइ ॥

ਸਹਜੇ ਜਿਨਿ ਪ੍ਰਭੁ ਜਾਣਿ ਪਛਾਣਿਆ ॥ (663-18)
सहजे जिनि प्रभु जाणि पछाणिआ ॥

ਨਾਨਕ ਨਾਮੁ ਮਿਲੈ ਮਨੁ ਮਾਨਿਆ ॥੪॥੧॥ (664-1)
नानक नामु मिलै मनु मानिआ ॥४॥१॥

ਧਨਾਸਰੀ ਮਹਲਾ ੩ ॥ (664-1)
धनासरी महला ३ ॥

ਹਰਿ ਨਾਮੁ ਧਨੁ ਨਿਰਮਲੁ ਅਤਿ ਅਪਾਰਾ ॥ (664-1)
हरि नामु धनु निरमलु अति अपारा ॥

ਗੁਰ ਕੈ ਸਬਦਿ ਭਰੇ ਭੰਡਾਰਾ ॥ (664-2)
गुर कै सबदि भरे भंडारा ॥

ਨਾਮ ਧਨ ਬਿਨੁ ਹੋਰ ਸਭ ਬਿਖੁ ਜਾਣੁ ॥ (664-2)
नाम धन बिनु होर सभ बिखु जाणु ॥

ਮਾਇਆ ਮੋਹਿ ਜਲੈ ਅਭਿਮਾਨੁ ॥੧॥ (664-2)
माइआ मोहि जलै अभिमानु ॥१॥

ਗੁਰਮੁਖਿ ਹਰਿ ਰਸੁ ਚਾਖੈ ਕੋਇ ॥ (664-3)
गुरमुखि हरि रसु चाखै कोइ ॥

ਤਿਸੁ ਸਦਾ ਅਨੰਦੁ ਹੋਵੈ ਦਿਨੁ ਰਾਤੀ ਪੂਰੈ ਭਾਗਿ ਪਰਾਪਤਿ ਹੋਇ ॥ ਰਹਾਉ ॥ (664-3)
ਧਨਾਸਰੀ ਮਹਲਾ ੫ ਘਰੁ ੮ ਦੁਪਦੇ (679-5)
धनासरी महला ५ घरु ८ दुपदे

ੴ ਸਤਿਗੁਰ ਪ੍ਰਸਾਦਿ ॥ (679-5)
ੴ सतिगुर प्रसादि ॥

ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ਸਾਸਿ ਸਾਸਿ ਸਮਾਲੇ ॥ (679-6)
सिमरउ सिमरि सिमरि सुख पावउ सासि सासि समाले ॥

ਇਹ ਲੋਕਿ ਪਰਲੋਕਿ ਸੰਗਿ ਸਹਾਈ ਜਤ ਕਤ ਮੋਹਿ ਰਖਵਾਲੇ ॥੧॥ (679-6)
इह लोकि परलोकि संगि सहाई जत कत मोहि रखवाले ॥१॥

ਗੁਰ ਕਾ ਬਚਨੁ ਬਸੈ ਜੀਅ ਨਾਲੇ ॥ (679-7)
गुर का बचनु बसै जीअ नाले ॥

ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ ॥੧॥ ਰਹਾਉ ॥ (679-7)
जलि नही डूबै तसकरु नही लेवै भाहि न साकै जाले ॥१॥ रहाउ ॥

ਨਿਰਧਨ ਕਉ ਧਨੁ ਅੰਧੁਲੇ ਕਉ ਟਿਕ ਮਾਤ ਦੂਧੁ ਜੈਸੇ ਬਾਲੇ ॥ (679-8)
निरधन कउ धनु अंधुले कउ टिक मात दूधु जैसे बाले ॥

ਸਾਗਰ ਮਹਿ ਬੋਹਿਥੁ ਪਾਇਓ ਹਰਿ ਨਾਨਕ ਕਰੀ ਕ੍ਰਿਪਾ ਕਿਰਪਾਲੇ ॥੨॥੧॥੩੨॥ (679-8)
सागर महि बोहिथु पाइओ हरि नानक करी क्रिपा किरपाले ॥२॥१॥३२॥

ਧਨਾਸਰੀ ਮਹਲਾ ੫ ॥ (679-9)
धनासरी महला ५ ॥

ਭਏ ਕ੍ਰਿਪਾਲ ਦਇਆਲ ਗੋਬਿੰਦਾ ਅੰਮ੍ਰਿਤੁ ਰਿਦੈ ਸਿੰਚਾਈ ॥ (679-9)
भए क्रिपाल दइआल गोबिंदा अमृतु रिदै सिंचाई ॥

ਨਵ ਨਿਧਿ ਰਿਧਿ ਸਿਧਿ ਹਰਿ ਲਾਗਿ ਰਹੀ ਜਨ ਪਾਈ ॥੧॥ (679-10)
नव निधि रिधि सिधि हरि लागि रही जन पाई ॥१॥

ਸੰਤਨ ਕਉ ਅਨਦੁ ਸਗਲ ਹੀ ਜਾਈ ॥ (679-10)
संतन कउ अनदु सगल ही जाई ॥

ਗ੍ਰਿਹਿ ਬਾਹਰਿ ਠਾਕੁਰੁ ਭਗਤਨ ਕਾ ਰਵਿ ਰਹਿਆ ਸ੍ਰਬ ਠਾਈ ॥੧॥ ਰਹਾਉ ॥ (679-11)
ग्रिहि बाहरि ठाकुरु भगतन का रवि रहिआ स्रब ठाई ॥१॥ रहाउ ॥

ਤਾ ਕਉ ਕੋਇ ਨ ਪਹੁਚਨਹਾਰਾ ਜਾ ਕੈ ਅੰਗਿ ਗੁਸਾਈ ॥ (679-12)
ता कउ कोइ न पहुचनहारा जा कै अंगि गुसाई ॥

ਜਮ ਕੀ ਤ੍ਰਾਸ ਮਿਟੈ ਜਿਸੁ ਸਿਮਰਤ ਨਾਨਕ ਨਾਮੁ ਧਿਆਈ ॥੨॥੨॥੩੩॥ (679-12)
जम की त्रास मिटै जिसु सिमरत नानक नामु धिआई ॥२॥२॥३३॥

ਧਨਾਸਰੀ ਮਹਲਾ ੫ ॥ (679-13)
धनासरी महला ५ ॥

ਦਰਬਵੰਤੁ ਦਰਬੁ ਦੇਖਿ ਗਰਬੈ ਭੂਮਵੰਤੁ ਅਭਿਮਾਨੀ ॥ (679-13)
दरबवंतु दरबु देखि गरबै भूमवंतु अभिमानी ॥

ਰਾਜਾ ਜਾਨੈ ਸਗਲ ਰਾਜੁ ਹਮਰਾ ਤਿਉ ਹਰਿ ਜਨ ਟੇਕ ਸੁਆਮੀ ॥੧॥ (679-13)
राजा जानै सगल राजु हमरा तिउ हरि जन टेक सुआमी ॥१॥

ਜੇ ਕੋਊ ਅਪੁਨੀ ਓਟ ਸਮਾਰੈ ॥ (679-14)
जे कोऊ अपुनी ओट समारै ॥

ਜੈਸਾ ਬਿਤੁ ਤੈਸਾ ਹੋਇ ਵਰਤੈ ਅਪੁਨਾ ਬਲੁ ਨਹੀ ਹਾਰੈ ॥੧॥ ਰਹਾਉ ॥ (679-14)
जैसा बितु तैसा होइ वरतै अपुना बलु नही हारै ॥१॥ रहाउ ॥

ਆਨ ਤਿਆਗਿ ਭਏ ਇਕ ਆਸਰ ਸਰਣਿ ਸਰਣਿ ਕਰਿ ਆਏ ॥ (679-15)
आन तिआगि भए इक आसर सरणि सरणि करि आए ॥

ਸੰਤ ਅਨੁਗ੍ਰਹ ਭਏ ਮਨ ਨਿਰਮਲ ਨਾਨਕ ਹਰਿ ਗੁਨ ਗਾਏ ॥੨॥੩॥੩੪॥ (679-16)
संत अनुग्रह भए मन निरमल नानक हरि गुन गाए ॥२॥३॥३४॥

ਧਨਾਸਰੀ ਮਹਲਾ ੫ ॥ (679-16)
धनासरी महला ५ ॥

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥ (679-17)
जा कउ हरि रंगु लागो इसु जुग महि सो कहीअत है सूरा ॥

ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥੧॥ (679-17)
आतम जिणै सगल वसि ता कै जा का सतिगुरु पूरा ॥१॥

ਠਾਕੁਰੁ ਗਾਈਐ ਆਤਮ ਰੰਗਿ ॥ (680-1)
ठाकुरु गाईऐ आतम रंगि ॥

ਸਰਣੀ ਪਾਵਨ ਨਾਮ ਧਿਆਵਨ ਸਹਜਿ ਸਮਾਵਨ ਸੰਗਿ ॥੧॥ ਰਹਾਉ ॥ (680-1)
सरणी पावन नाम धिआवन सहजि समावन संगि ॥१॥ रहाउ ॥

ਜਨ ਕੇ ਚਰਨ ਵਸਹਿ ਮੇਰੈ ਹੀਅਰੈ ਸੰਗਿ ਪੁਨੀਤਾ ਦੇਹੀ ॥ (680-2)
जन के चरन वसहि मेरै हीअरै संगि पुनीता देही ॥

ਜਨ ਕੀ ਧੂਰਿ ਦੇਹੁ ਕਿਰਪਾ ਨਿਧਿ ਨਾਨਕ ਕੈ ਸੁਖੁ ਏਹੀ ॥੨॥੪॥੩੫॥ (680-2)
जन की धूरि देहु किरपा निधि नानक कै सुखु एही ॥२॥४॥३५॥

ਧਨਾਸਰੀ ਮਹਲਾ ੫ ॥ (680-3)
धनासरी महला ५ ॥

ਜਤਨ ਕਰੈ ਮਾਨੁਖ ਡਹਕਾਵੈ ਓਹੁ ਅੰਤਰਜਾਮੀ ਜਾਨੈ ॥ (680-3)
जतन करै मानुख डहकावै ओहु अंतरजामी जानै ॥

ਪਾਪ ਕਰੇ ਕਰਿ ਮੂਕਰਿ ਪਾਵੈ ਭੇਖ ਕਰੈ ਨਿਰਬਾਨੈ ॥੧॥ (680-4)
पाप करे करि मूकरि पावै भेख करै निरबानै ॥१॥

ਜਾਨਤ ਦੂਰਿ ਤੁਮਹਿ ਪ੍ਰਭ ਨੇਰਿ ॥ (680-4)
जानत दूरि तुमहि प्रभ नेरि ॥

ਉਤ ਤਾਕੈ ਉਤ ਤੇ ਉਤ ਪੇਖੈ ਆਵੈ ਲੋਭੀ ਫੇਰਿ ॥ ਰਹਾਉ ॥ (680-5)
उत ताकै उत ते उत पेखै आवै लोभी फेरि ॥ रहाउ ॥

ਜਬ ਲਗੁ ਤੁਟੈ ਨਾਹੀ ਮਨ ਭਰਮਾ ਤਬ ਲਗੁ ਮੁਕਤੁ ਨ ਕੋਈ ॥ (680-5)
जब लगु तुटै नाही मन भरमा तब लगु मुकतु न कोई ॥

ਕਹੁ ਨਾਨਕ ਦਇਆਲ ਸੁਆਮੀ ਸੰਤੁ ਭਗਤੁ ਜਨੁ ਸੋਈ ॥੨॥੫॥੩੬॥ (680-6)
कहु नानक दइआल सुआमी संतु भगतु जनु सोई ॥२॥५॥३६॥

ਧਨਾਸਰੀ ਮਹਲਾ ੫ ॥ (680-7)
धनासरी महला ५ ॥

ਨਾਮੁ ਗੁਰਿ ਦੀਓ ਹੈ ਅਪੁਨੈ ਜਾ ਕੈ ਮਸਤਕਿ ਕਰਮਾ ॥ (680-7)
नामु गुरि दीओ है अपुनै जा कै मसतकि करमा ॥

ਨਾਮੁ ਦ੍ਰਿੜਾਵੈ ਨਾਮੁ ਜਪਾਵੈ ਤਾ ਕਾ ਜੁਗ ਮਹਿ ਧਰਮਾ ॥੧॥ (680-7)
नामु द्रिड़ावै नामु जपावै ता का जुग महि धरमा ॥१॥

ਜਨ ਕਉ ਨਾਮੁ ਵਡਾਈ ਸੋਭ ॥ (680-8)
जन कउ नामु वडाई सोभ ॥

ਨਾਮੋ ਗਤਿ ਨਾਮੋ ਪਤਿ ਜਨ ਕੀ ਮਾਨੈ ਜੋ ਜੋ ਹੋਗ ॥੧॥ ਰਹਾਉ ॥ (680-8)
नामो गति नामो पति जन की मानै जो जो होग ॥१॥ रहाउ ॥

ਨਾਮ ਧਨੁ ਜਿਸੁ ਜਨ ਕੈ ਪਾਲੈ ਸੋਈ ਪੂਰਾ ਸਾਹਾ ॥ (680-9)
नाम धनु जिसु जन कै पालै सोई पूरा साहा ॥

ਨਾਮੁ ਬਿਉਹਾਰਾ ਨਾਨਕ ਆਧਾਰਾ ਨਾਮੁ ਪਰਾਪਤਿ ਲਾਹਾ ॥੨॥੬॥੩੭॥ (680-9)
नामु बिउहारा नानक आधारा नामु परापति लाहा ॥२॥६॥३७॥

ਧਨਾਸਰੀ ਮਹਲਾ ੫ ॥ (680-10)
धनासरी महला ५ ॥

ਨੇਤ੍ਰ ਪੁਨੀਤ ਭਏ ਦਰਸੁ ਪੇਖੇ ਮਾਥੈ ਪਰਉ ਰਵਾਲ ॥ (680-10)
नेत्र पुनीत भए दरस पेखे माथै परउ रवाल ॥

ਰਸਿ ਰਸਿ ਗੁਣ ਗਾਵਉ ਠਾਕੁਰ ਕੇ ਮੋਰੈ ਹਿਰਦੈ ਬਸਹੁ ਗੋਪਾਲ ॥੧॥ (680-11)
रसि रसि गुण गावउ ठाकुर के मोरै हिरदै बसहु गोपाल ॥१॥

ਤੁਮ ਤਉ ਰਾਖਨਹਾਰ ਦਇਆਲ ॥ (680-11)
तुम तउ राखनहार दइआल ॥

ਸੁੰਦਰ ਸੁਘਰ ਬੇਅੰਤ ਪਿਤਾ ਪ੍ਰਭ ਹੋਹੁ ਪ੍ਰਭੂ ਕਿਰਪਾਲ ॥੧॥ ਰਹਾਉ ॥ (680-12)
सुंदर सुघर बेअंत पिता प्रभ होहु प्रभू किरपाल ॥१॥ रहाउ ॥

ਮਹਾ ਅਨੰਦ ਮੰਗਲ ਰੂਪ ਤੁਮਰੇ ਬਚਨ ਅਨੂਪ ਰਸਾਲ ॥ (680-12)
महा अनंद मंगल रूप तुमरे बचन अनूप रसाल ॥

ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ ਪਾਲ ॥੨॥੭॥੩੮॥ (680-13)
हिरदै चरण सबदु सतिगुर को नानक बांधिओ पाल ॥२॥७॥३८॥

ਧਨਾਸਰੀ ਮਹਲਾ ੫ ॥ (680-13)
धनासरी महला ५ ॥

ਅਪਨੀ ਉਕਤਿ ਖਲਾਵੈ ਭੋਜਨ ਅਪਨੀ ਉਕਤਿ ਖੇਲਾਵੈ ॥ (680-14)
अपनी उकति खलावै भोजन अपनी उकति खेलावै ॥

ਸਰਬ ਸੂਖ ਭੋਗ ਰਸ ਦੇਵੈ ਮਨ ਹੀ ਨਾਲਿ ਸਮਾਵੈ ॥੧॥ (680-14)
सरब सूख भोग रस देवै मन ही नालि समावै ॥१॥

ਹਮਰੇ ਪਿਤਾ ਗੋਪਾਲ ਦਇਆਲ ॥ (680-15)
हमरे पिता गोपाल दइआल ॥

ਜਿਉ ਰਾਖੈ ਮਹਤਾਰੀ ਬਾਰਿਕ ਕਉ ਤੈਸੇ ਹੀ ਪ੍ਰਭ ਪਾਲ ॥੧॥ ਰਹਾਉ ॥ (680-15)
जिउ राखै महतारी बारिक कउ तैसे ही प्रभ पाल ॥१॥ रहाउ ॥

ਮੀਤ ਸਾਜਨ ਸਰਬ ਗੁਣ ਨਾਇਕ ਸਦਾ ਸਲਾਮਤਿ ਦੇਵਾ ॥ (680-16)
मीत साजन सरब गुण नाइक सदा सलामति देवा ॥

ਈਤ ਊਤ ਜਤ ਕਤ ਤਤ ਤੁਮ ਹੀ ਮਿਲੈ ਨਾਨਕ ਸੰਤ ਸੇਵਾ ॥੨॥੮॥੩੯॥ (680-16)
ईत ऊत जत कत तत तुम ही मिलै नानक संत सेवा ॥२॥८॥३९॥

ਧਨਾਸਰੀ ਮਹਲਾ ੫ ॥ (680-17)
धनासरी महला ५ ॥

ਸੰਤ ਕ੍ਰਿਪਾਲ ਦਇਆਲ ਦਮੋਦਰ ਕਾਮ ਕ੍ਰੋਧ ਬਿਖੁ ਜਾਰੇ ॥ (680-17)
संत क्रिपाल दइआल दमोदर काम क्रोध बिखु जारे ॥

ਰਾਜੁ ਮਾਲੁ ਜੋਬਨੁ ਤਨੁ ਜੀਅਰਾ ਇਨ ਊਪਰਿ ਲੈ ਬਾਰੇ ॥੧॥ (680-18)
राजु मालु जोबनु तनु जीअरा इन ऊपरि लै बारे ॥१॥

ਮਨਿ ਤਨਿ ਰਾਮ ਨਾਮ ਹਿਤਕਾਰੇ ॥ (680-18)
मनि तनि राम नाम हितकारे ॥

ਸੂਖ ਸਹਜ ਆਨੰਦ ਮੰਗਲ ਸਹਿਤ ਭਵ ਨਿਧਿ ਪਾਰਿ ਉਤਾਰੇ ॥ ਰਹਾਉ ॥ (680-19)
सूख सहज आनंद मंगल सहित भव निधि पारि उतारे ॥ रहाउ ॥

ਧੰਨਿ ਸੁ ਥਾਨੁ ਧੰਨਿ ਓਇ ਭਵਨਾ ਜਾ ਮਹਿ ਸੰਤ ਬਸਾਰੇ ॥ (681-1)
धंनि सु थानु धंनि ओइ भवना जा महि संत बसारे ॥

ਜਨ ਨਾਨਕ ਕੀ ਸਰਧਾ ਪੂਰਹੁ ਠਾਕੁਰ ਭਗਤ ਤੇਰੇ ਨਮਸਕਾਰੇ ॥੨॥੯॥੪੦॥ (681-1)
जन नानक की सरधा पूरहु ठाकुर भगत तेरे नमसकारे ॥२॥९॥४०॥

ਧਨਾਸਰੀ ਮਹਲਾ ੫ ॥ (681-2)
धनासरी महला ५ ॥

ਛਡਾਇ ਲੀਓ ਮਹਾ ਬਲੀ ਤੇ ਅਪਨੇ ਚਰਨ ਪਰਾਤਿ ॥ (681-2)
छडाइ लीओ महा बली ते अपने चरन पराति ॥

ਏਕੁ ਨਾਮੁ ਦੀਓ ਮਨ ਮੰਤਾ ਬਿਨਸਿ ਨ ਕਤਹੂ ਜਾਤਿ ॥੧॥ (681-3)
एकु नामु दीओ मन मंता बिनसि न कतहू जाति ॥१॥

ਸਤਿਗੁਰਿ ਪੂਰੈ ਕੀਨੀ ਦਾਤਿ ॥ (681-3)
सतिगुरि पूरै कीनी दाति ॥

ਹਰਿ ਹਰਿ ਨਾਮੁ ਦੀਓ ਕੀਰਤਨ ਕਉ ਭਈ ਹਮਾਰੀ ਗਾਤਿ ॥ ਰਹਾਉ ॥ (681-3)
हरि हरि नामु दीओ कीरतन कउ भई हमारी गाति ॥ रहाउ ॥

ਅੰਗੀਕਾਰੁ ਕੀਓ ਪ੍ਰਭਿ ਅਪੁਨੈ ਭਗਤਨ ਕੀ ਰਾਖੀ ਪਾਤਿ ॥ (681-4)
अंगीकारु कीओ प्रभि अपुनै भगतन की राखी पाति ॥

ਨਾਨਕ ਚਰਨ ਗਹੇ ਪ੍ਰਭ ਅਪਨੇ ਸੁਖੁ ਪਾਇਓ ਦਿਨ ਰਾਤਿ ॥੨॥੧੦॥੪੧॥ (681-5)
नानक चरन गहे प्रभ अपने सुखु पाइओ दिन राति ॥२॥१०॥४१॥

ਧਨਾਸਰੀ ਮਹਲਾ ੫ ॥ (681-5)
धनासरी महला ५ ॥

ਪਰ ਹਰਨਾ ਲੋਭੁ ਝੂਠ ਨਿੰਦ ਇਵ ਹੀ ਕਰਤ ਗੁਦਾਰੀ ॥ (681-6)
पर हरना लोभु झूठ निंद इव ही करत गुदारी ॥

ਮ੍ਰਿਗ ਤ੍ਰਿਸਨਾ ਆਸ ਮਿਥਿਆ ਮੀਠੀ ਇਹ ਟੇਕ ਮਨਹਿ ਸਾਧਾਰੀ ॥੧॥ (681-6)
म्रिग त्रिसना आस मिथिआ मीठी इह टेक मनहि साधारी ॥१॥

ਸਾਕਤ ਕੀ ਆਵਰਦਾ ਜਾਇ ਬ੍ਰਿਥਾਰੀ ॥ (681-7)
साकत की आवरदा जाइ ब्रिथारी ॥

ਜੈਸੇ ਕਾਗਦ ਕੇ ਭਾਰ ਮੂਸਾ ਟੂਕਿ ਗਵਾਵਤ ਕਾਮਿ ਨਹੀ ਗਾਵਾਰੀ ॥ ਰਹਾਉ ॥ (681-7)
जैसे कागद के भार मूसा टूकि गवावत कामि नही गावारी ॥ रहाउ ॥

ਕਰਿ ਕਿਰਪਾ ਪਾਰਬ੍ਰਹਮ ਸੁਆਮੀ ਇਹ ਬੰਧਨ ਛੁਟਕਾਰੀ ॥ (681-8)
करि किरपा पारब्रहम सुआमी इह बंधन छुटकारी ॥

ਬੂਡਤ ਅੰਧ ਨਾਨਕ ਪ੍ਰਭ ਕਾਢਤ ਸਾਧ ਜਨਾ ਸੰਗਾਰੀ ॥੨॥੧੧॥੪੨॥ (681-8)
बूडत अंध नानक प्रभ काढत साध जना संगारी ॥२॥११॥४२॥

ਧਨਾਸਰੀ ਮਹਲਾ ੫ ॥ (681-9)
धनासरी महला ५ ॥

ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਸੀਤਲ ਤਨੁ ਮਨੁ ਛਾਤੀ ॥ (681-9)
सिमरि सिमरि सुआमी प्रभु अपना सीतल तनु मनु छाती ॥

ਰੂਪ ਰੰਗ ਸੂਖ ਧਨੁ ਜੀਅ ਕਾ ਪਾਰਬ੍ਰਹਮ ਮੋਰੈ ਜਾਤੀ ॥੧॥ (681-10)
रूप रंग सूख धनु जीअ का पारब्रहम मोरै जाती ॥१॥

ਰਸਨਾ ਰਾਮ ਰਸਾਇਨਿ ਮਾਤੀ ॥ (681-11)
रसना राम रसाइनि माती ॥

ਰੰਗ ਰੰਗੀ ਰਾਮ ਅਪਨੇ ਕੈ ਚਰਨ ਕਮਲ ਨਿਧਿ ਥਾਤੀ ॥ ਰਹਾਉ ॥ (681-11)
रंग रंगी राम अपने कै चरन कमल निधि थाती ॥ रहाउ ॥

ਜਿਸ ਕਾ ਸਾ ਤਿਨ ਹੀ ਰਖਿ ਲੀਆ ਪੂਰਨ ਪ੍ਰਭ ਕੀ ਭਾਤੀ ॥ (681-11)
जिस का सा तिन ही रखि लीआ पूरन प्रभ की भाती ॥

ਮੇਲਿ ਲੀਓ ਆਪੇ ਸੁਖਦਾਤੈ ਨਾਨਕ ਹਰਿ ਰਾਖੀ ਪਾਤੀ ॥੨॥੧੨॥੪੩॥ (681-12)
मेलि लीओ आपे सुखदातै नानक हरि राखी पाती ॥२॥१२॥४३॥

ਧਨਾਸਰੀ ਮਹਲਾ ੫ ॥ (681-13)
धनासरी महला ५ ॥

ਦੂਤ ਦੁਸਮਨ ਸਭਿ ਤੁਝ ਤੇ ਨਿਵਰਹਿ ਪ੍ਰਗਟ ਪ੍ਰਤਾਪੁ ਤੁਮਾਰਾ ॥ (681-13)
दूत दुसमन सभि तुझ ते निवरहि प्रगट प्रतापु तुमारा ॥

ਜੋ ਜੋ ਤੇਰੇ ਭਗਤ ਦੁਖਾਏ ਓਹੁ ਤਤਕਾਲ ਤੁਮ ਮਾਰਾ ॥੧॥ (681-14)
जो जो तेरे भगत दुखाए ओहु ततकाल तुम मारा ॥१॥

ਨਿਰਖਉ ਤੁਮਰੀ ਓਰਿ ਹਰਿ ਨੀਤ ॥ (681-14)
निरखउ तुमरी ओरि हरि नीत ॥

ਮੁਰਾਰਿ ਸਹਾਇ ਹੋਹੁ ਦਾਸ ਕਉ ਕਰੁ ਗਹਿ ਉਧਰਹੁ ਮੀਤ ॥ ਰਹਾਉ ॥ (681-14)
मुरारि सहाइ होहु दास कउ करु गहि उधरहु मीत ॥ रहाउ ॥

ਸੁਣੀ ਬੇਨਤੀ ਠਾਕੁਰਿ ਮੇਰੈ ਖਸਮਾਨਾ ਕਰਿ ਆਪਿ ॥ (681-15)
सुणी बेनती ठाकुरि मेरै खसमाना करि आपि ॥

ਨਾਨਕ ਅਨਦ ਭਏ ਦੁਖ ਭਾਗੇ ਸਦਾ ਸਦਾ ਹਰਿ ਜਾਪਿ ॥੨॥੧੩॥੪੪॥ (681-16)
नानक अनद भए दुख भागे सदा सदा हरि जापि ॥२॥१३॥४४॥

ਧਨਾਸਰੀ ਮਹਲਾ ੫ ॥ (681-16)
धनासरी महला ५ ॥

ਚਤੁਰ ਦਿਸਾ ਕੀਨੋ ਬਲੁ ਅਪਨਾ ਸਿਰ ਊਪਰਿ ਕਰੁ ਧਾਰਿਓ ॥ (681-16)
चतुर दिसा कीनो बलु अपना सिर ऊपरि करु धारिओ ॥

ਕ੍ਰਿਪਾ ਕਟਾਖ੍ ਅਵਲੋਕਨੁ ਕੀਨੋ ਦਾਸ ਕਾ ਦੂਖੁ ਬਿਦਾਰਿਓ ॥੧॥ (681-17)
क्रिपा कटाख्य अवलोकनु कीनो दास का दूखु बिदारिओ ॥१॥

ਹਰਿ ਜਨ ਰਾਖੇ ਗੁਰ ਗੋਵਿੰਦ ॥ (681-18)
हरि जन राखे गुर गोविंद ॥

ਕੰਠਿ ਲਾਇ ਅਵਗੁਣ ਸਭਿ ਮੇਟੇ ਦਇਆਲ ਪੁਰਖ ਬਖਸੰਦ ॥ ਰਹਾਉ ॥ (681-18)
कंठि लाइ अवगुण सभि मेटे दइआल पुरख बखसंद ॥ रहाउ ॥

ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥ (681-18)
जो मागहि ठाकुर अपुने ते सोई सोई देवै ॥

ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥੨॥੧੪॥੪੫॥ (681-19)
नानक दासु मुख ते जो बोलै ईहा ऊहा सचु होवै ॥२॥१४॥४५॥

ਧਨਾਸਰੀ ਮਹਲਾ ੫ ॥ (682-1)
धनासरी महला ५ ॥

ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ ॥ (682-1)
अउखी घड़ी न देखण देई अपना बिरदु समाले ॥

ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ ॥੧॥ (682-1)
हाथ देइ राखै अपने कउ सासि सासि प्रतिपाले ॥१॥

ਪ੍ਰਭ ਸਿਉ ਲਾਗਿ ਰਹਿਓ ਮੇਰਾ ਚੀਤੁ ॥ (682-2)
प्रभ सिउ लागि रहिओ मेरा चीतु ॥

ਆਦਿ ਅੰਤਿ ਪ੍ਰਭੁ ਸਦਾ ਸਹਾਈ ਧੰਨੁ ਹਮਾਰਾ ਮੀਤੁ ॥ ਰਹਾਉ ॥ (682-2)
आदि अंति प्रभु सदा सहाई धंनु हमारा मीतु ॥ रहाउ ॥

ਮਨਿ ਬਿਲਾਸ ਭਏ ਸਾਹਿਬ ਕੇ ਅਚਰਜ ਦੇਖਿ ਬਡਾਈ ॥ (682-3)
मनि बिलास भए साहिब के अचरज देखि बडाई ॥

ਹਰਿ ਸਿਮਰਿ ਸਿਮਰਿ ਆਨਦ ਕਰਿ ਨਾਨਕ ਪ੍ਰਭਿ ਪੂਰਨ ਪੈਜ ਰਖਾਈ ॥੨॥੧੫॥੪੬॥ (682-3)
हरि सिमरि सिमरि आनद करि नानक प्रभि पूरन पैज रखाई ॥२॥१५॥४६॥

ਧਨਾਸਰੀ ਮਹਲਾ ੫ ॥ (682-4)
धनासरी महला ५ ॥

ਜਿਸ ਕਉ ਬਿਸਰੈ ਪ੍ਰਾਨਪਤਿ ਦਾਤਾ ਸੋਈ ਗਨਹੁ ਅਭਾਗਾ ॥ (682-4)
जिस कउ बिसरै प्रानपति दाता सोई गनहु अभागा ॥

ਚਰਨ ਕਮਲ ਜਾ ਕਾ ਮਨੁ ਰਾਗਿਓ ਅਮਿਅ ਸਰੋਵਰ ਪਾਗਾ ॥੧॥ (682-5)
चरन कमल जा का मनु रागिओ अमिअ सरोवर पागा ॥१॥

ਤੇਰਾ ਜਨੁ ਰਾਮ ਨਾਮ ਰੰਗਿ ਜਾਗਾ ॥ (682-5)
तेरा जनु राम नाम रंगि जागा ॥

ਆਲਸੁ ਛੀਜਿ ਗਇਆ ਸਭੁ ਤਨ ਤੇ ਪ੍ਰੀਤਮ ਸਿਉ ਮਨੁ ਲਾਗਾ ॥ ਰਹਾਉ ॥ (682-6)
आलसु छीजि गइआ सभु तन ते प्रीतम सिउ मनु लागा ॥ रहाउ ॥

ਜਹ ਜਹ ਪੇਖਉ ਤਹ ਨਾਰਾਇਣ ਸਗਲ ਘਟਾ ਮਹਿ ਤਾਗਾ ॥ (682-6)
जह जह पेखउ तह नाराइण सगल घटा महि तागा ॥

ਨਾਮ ਉਦਕੁ ਪੀਵਤ ਜਨ ਨਾਨਕ ਤਿਆਗੇ ਸਭਿ ਅਨੁਰਾਗਾ ॥੨॥੧੬॥੪੭॥ (682-7)
नाम उदकु पीवत जन नानक तिआगे सभि अनुरागा ॥२॥१६॥४७॥

ਧਨਾਸਰੀ ਮਹਲਾ ੫ ॥ (682-8)
धनासरी महला ५ ॥

ਜਨ ਕੇ ਪੂਰਨ ਹੋਏ ਕਾਮ ॥ (682-8)
जन के पूरन होए काम ॥

ਕਲੀ ਕਾਲ ਮਹਾ ਬਿਖਿਆ ਮਹਿ ਲਜਾ ਰਾਖੀ ਰਾਮ ॥੧॥ ਰਹਾਉ ॥ (682-8)
कली काल महा बिखिआ महि लजा राखी राम ॥१॥ रहाउ ॥

ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪੁਨਾ ਨਿਕਟਿ ਨ ਆਵੈ ਜਾਮ ॥ (682-9)
सिमरि सिमरि सुआमी प्रभु अपुना निकटि न आवै जाम ॥

ਮੁਕਤਿ ਬੈਕੁੰਠ ਸਾਧ ਕੀ ਸੰਗਤਿ ਜਨ ਪਾਇਓ ਹਰਿ ਕਾ ਧਾਮ ॥੧॥ (682-10)
मुकति बैकुंठ साध की संगति जन पाइओ हरि का धाम ॥१॥

ਚਰਨ ਕਮਲ ਹਰਿ ਜਨ ਕੀ ਥਾਤੀ ਕੋਟਿ ਸੂਖ ਬਿਸ੍ਰਾਮ ॥ (682-10)
चरन कमल हरि जन की थाती कोटि सूख बिस्राम ॥

ਗੋਬਿੰਦੁ ਦਮੋਦਰ ਸਿਮਰਉ ਦਿਨ ਰੈਨਿ ਨਾਨਕ ਸਦ ਕੁਰਬਾਨ ॥੨॥੧੭॥੪੮॥ (682-11)
गोबिंदु दमोदर सिमरउ दिन रैनि नानक सद कुरबान ॥२॥१७॥४८॥

ਧਨਾਸਰੀ ਮਹਲਾ ੫ ॥ (682-12)
धनासरी महला ५ ॥

ਮਾਂਗਉ ਰਾਮ ਤੇ ਇਕੁ ਦਾਨੁ ॥ (682-12)
मांगउ राम ते इकु दानु ॥

ਸਗਲ ਮਨੋਰਥ ਪੂਰਨ ਹੋਵਹਿ ਸਿਮਰਉ ਤੁਮਰਾ ਨਾਮੁ ॥੧॥ ਰਹਾਉ ॥ (682-12)
सगल मनोरथ पूरन होवहि सिमरउ तुमरा नामु ॥१॥ रहाउ ॥

ਚਰਨ ਤੁਮ੍ਹ੍ਹਾਰੇ ਹਿਰਦੈ ਵਾਸਹਿ ਸੰਤਨ ਕਾ ਸੰਗੁ ਪਾਵਉ ॥ (682-13)
चरन तुम्हारे हिरदै वासहि संतन का संगु पावउ ॥

ਸੋਗ ਅਗਨਿ ਮਹਿ ਮਨੁ ਨ ਵਿਆਪੈ ਆਠ ਪਹਰ ਗੁਣ ਗਾਵਉ ॥੧॥ (682-13)
सोग अगनि महि मनु न विआपै आठ पहर गुण गावउ ॥१॥

ਸ੍ਵਸਤਿ ਬਿਵਸਥਾ ਹਰਿ ਕੀ ਸੇਵਾ ਮਧ੍ਯ੍ਯੰਤ ਪ੍ਰਭ ਜਾਪਣ ॥ (682-14)
स्वसति बिवसथा हरि की सेवा मध्यंत प्रभ जापण ॥

ਨਾਨਕ ਰੰਗੁ ਲਗਾ ਪਰਮੇਸਰ ਬਾਹੁੜਿ ਜਨਮ ਨ ਛਾਪਣ ॥੨॥੧੮॥੪੯॥ (682-14)
नानक रंगु लगा परमेसर बाहुड़ि जनम न छापण ॥२॥१८॥४९॥

ਧਨਾਸਰੀ ਮਹਲਾ ੫ ॥ (682-15)
धनासरी महला ५ ॥

ਮਾਂਗਉ ਰਾਮ ਤੇ ਸਭਿ ਥੋਕ ॥ (682-15)
मांगउ राम ते सभि थोक ॥

ਮਾਨੁਖ ਕਉ ਜਾਚਤ ਸ੍ਰਮੁ ਪਾਈਐ ਪ੍ਰਭ ਕੈ ਸਿਮਰਨਿ ਮੋਖ ॥੧॥ ਰਹਾਉ ॥ (682-16)
मानुख कउ जाचत स्रमु पाईऐ प्रभ कै सिमरनि मोख ॥१॥ रहाउ ॥

ਘੋਖੇ ਮੁਨਿ ਜਨ ਸਿੰਮ੍ਰਿਤਿ ਪੁਰਾਨਾਂ ਬੇਦ ਪੁਕਾਰਹਿ ਘੋਖ ॥ (682-16)
घोखे मुनि जन सिंम्रिति पुरानां बेद पुकारहि घोख ॥

ਕ੍ਰਿਪਾ ਸਿੰਧੁ ਸੇਵਿ ਸਚੁ ਪਾਈਐ ਦੋਵੈ ਸੁਹੇਲੇ ਲੋਕ ॥੧॥ (682-17)
क्रिपा सिंधु सेवि सचु पाईऐ दोवै सुहेले लोक ॥१॥

ਆਨ ਅਚਾਰ ਬਿਉਹਾਰ ਹੈ ਜੇਤੇ ਬਿਨੁ ਹਰਿ ਸਿਮਰਨ ਫੋਕ ॥ (682-17)
आन अचार बिउहार है जेते बिनु हरि सिमरन फोक ॥

ਨਾਨਕ ਜਨਮ ਮਰਣ ਭੈ ਕਾਟੇ ਮਿਲਿ ਸਾਧੂ ਬਿਨਸੇ ਸੋਕ ॥੨॥੧੯॥੫੦॥ (682-18)
नानक जनम मरण भै काटे मिलि साधू बिनसे सोक ॥२॥१९॥५०॥

ਧਨਾਸਰੀ ਮਹਲਾ ੫ ॥ (682-19)
धनासरी महला ५ ॥

ਤ੍ਰਿਸਨਾ ਬੁਝੈ ਹਰਿ ਕੈ ਨਾਮਿ ॥ (682-19)
त्रिसना बुझै हरि कै नामि ॥

ਮਹਾ ਸੰਤੋਖੁ ਹੋਵੈ ਗੁਰ ਬਚਨੀ ਪ੍ਰਭ ਸਿਉ ਲਾਗੈ ਪੂਰਨ ਧਿਆਨੁ ॥੧॥ ਰਹਾਉ ॥ (682-19)
महा संतोखु होवै गुर बचनी प्रभ सिउ लागै पूरन धिआनु ॥१॥ रहाउ ॥

ਮਹਾ ਕਲੋਲ ਬੁਝਹਿ ਮਾਇਆ ਕੇ ਕਰਿ ਕਿਰਪਾ ਮੇਰੇ ਦੀਨ ਦਇਆਲ ॥ (683-1)
महा कलोल बुझहि माइआ के करि किरपा मेरे दीन दइआल ॥

ਅਪਣਾ ਨਾਮੁ ਦੇਹਿ ਜਪਿ ਜੀਵਾ ਪੂਰਨ ਹੋਇ ਦਾਸ ਕੀ ਘਾਲ ॥੧॥ (683-1)
अपणा नामु देहि जपि जीवा पूरन होइ दास की घाल ॥१॥

ਸਰਬ ਮਨੋਰਥ ਰਾਜ ਸੂਖ ਰਸ ਸਦ ਖੁਸੀਆ ਕੀਰਤਨੁ ਜਪਿ ਨਾਮ ॥ (683-2)
सरब मनोरथ राज सूख रस सद खुसीआ कीरतनु जपि नाम ॥

ਜਿਸ ਕੈ ਕਰਮਿ ਲਿਖਿਆ ਧੁਰਿ ਕਰਤੈ ਨਾਨਕ ਜਨ ਕੇ ਪੂਰਨ ਕਾਮ ॥੨॥੨੦॥੫੧॥ (683-3)
जिस कै करमि लिखिआ धुरि करतै नानक जन के पूरन काम ॥२॥२०॥५१॥

ਧਨਾਸਰੀ ਮਃ ੫ ॥ (683-4)
धनासरी मः ५ ॥

ਜਨ ਕੀ ਕੀਨੀ ਪਾਰਬ੍ਰਹਮਿ ਸਾਰ ॥ (683-4)
जन की कीनी पारब्रहमि सार ॥

ਨਿੰਦਕ ਟਿਕਨੁ ਨ ਪਾਵਨਿ ਮੂਲੇ ਊਡਿ ਗਏ ਬੇਕਾਰ ॥੧॥ ਰਹਾਉ ॥ (683-4)
निंदक टिकनु न पावनि मूले ऊडि गए बेकार ॥१॥ रहाउ ॥

ਜਹ ਜਹ ਦੇਖਉ ਤਹ ਤਹ ਸੁਆਮੀ ਕੋਇ ਨ ਪਹੁਚਨਹਾਰ ॥ (683-5)
जह जह देखउ तह तह सुआमी कोइ न पहुचनहार ॥

ਜੋ ਜੋ ਕਰੈ ਅਵਗਿਆ ਜਨ ਕੀ ਹੋਇ ਗਇਆ ਤਤ ਛਾਰ ॥੧॥ (683-5)
जो जो करै अवगिआ जन की होइ गइआ तत छार ॥१॥

ਕਰਨਹਾਰੁ ਰਖਵਾਲਾ ਹੋਆ ਜਾ ਕਾ ਅੰਤੁ ਨ ਪਾਰਾਵਾਰ ॥ (683-6)
करनहारु रखवाला होआ जा का अंतु न पारावार ॥

ਨਾਨਕ ਦਾਸ ਰਖੇ ਪ੍ਰਭਿ ਅਪੁਨੈ ਨਿੰਦਕ ਕਾਢੇ ਮਾਰਿ ॥੨॥੨੧॥੫੨॥ (683-6)
नानक दास रखे प्रभि अपुनै निंदक काढे मारि ॥२॥२१॥५२॥

ਧਨਾਸਰੀ ਮਹਲਾ ੫ ਘਰੁ ੯ ਪੜਤਾਲ (683-8)
धनासरी महला ५ घरु ९ पड़ताल

ੴ ਸਤਿਗੁਰ ਪ੍ਰਸਾਦਿ ॥ (683-8)
ੴ सतिगुर प्रसादि ॥

ਹਰਿ ਚਰਨ ਸਰਨ ਗੋਬਿੰਦ ਦੁਖ ਭੰਜਨਾ ਦਾਸ ਅਪੁਨੇ ਕਉ ਨਾਮੁ ਦੇਵਹੁ ॥ (683-9)
हरि चरन सरन गोबिंद दुख भंजना दास अपुने कउ नामु देवहु ॥

ਦ੍ਰਿਸਟਿ ਪ੍ਰਭ ਧਾਰਹੁ ਕ੍ਰਿਪਾ ਕਰਿ ਤਾਰਹੁ ਭੁਜਾ ਗਹਿ ਕੂਪ ਤੇ ਕਾਢਿ ਲੇਵਹੁ ॥ ਰਹਾਉ ॥ (683-9)
द्रिसटि प्रभ धारहु क्रिपा करि तारहु भुजा गहि कूप ते काढि लेवहु ॥ रहाउ ॥

ਕਾਮ ਕ੍ਰੋਧ ਕਰਿ ਅੰਧ ਮਾਇਆ ਕੇ ਬੰਧ ਅਨਿਕ ਦੋਖਾ ਤਨਿ ਛਾਦਿ ਪੂਰੇ ॥ (683-10)
काम क्रोध करि अंध माइआ के बंध अनिक दोखा तनि छादि पूरे ॥

ਪ੍ਰਭ ਬਿਨਾ ਆਨ ਨ ਰਾਖਨਹਾਰਾ ਨਾਮੁ ਸਿਮਰਾਵਹੁ ਸਰਨਿ ਸੂਰੇ ॥੧॥ (683-11)
प्रभ बिना आन न राखनहारा नामु सिमरावहु सरनि सूरे ॥१॥

ਪਤਿਤ ਉਧਾਰਣਾ ਜੀਅ ਜੰਤ ਤਾਰਣਾ ਬੇਦ ਉਚਾਰ ਨਹੀ ਅੰਤੁ ਪਾਇਓ ॥ (683-11)
पतित उधारणा जीअ जंत तारणा बेद उचार नही अंतु पाइओ ॥

ਗੁਣਹ ਸੁਖ ਸਾਗਰਾ ਬ੍ਰਹਮ ਰਤਨਾਗਰਾ ਭਗਤਿ ਵਛਲੁ ਨਾਨਕ ਗਾਇਓ ॥੨॥੧॥੫੩॥ (683-12)
गुणह सुख सागरा ब्रहम रतनागरा भगति वछलु नानक गाइओ ॥२॥१॥५३॥

ਧਨਾਸਰੀ ਮਹਲਾ ੫ ॥ (683-13)
धनासरी महला ५ ॥

ਹਲਤਿ ਸੁਖੁ ਪਲਤਿ ਸੁਖੁ ਨਿਤ ਸੁਖੁ ਸਿਮਰਨੋ ਨਾਮੁ ਗੋਬਿੰਦ ਕਾ ਸਦਾ ਲੀਜੈ ॥ (683-13)
हलति सुखु पलति सुखु नित सुखु सिमरनो नामु गोबिंद का सदा लीजै ॥

ਮਿਟਹਿ ਕਮਾਣੇ ਪਾਪ ਚਿਰਾਣੇ ਸਾਧਸੰਗਤਿ ਮਿਲਿ ਮੁਆ ਜੀਜੈ ॥੧॥ ਰਹਾਉ ॥ (683-14)
मिटहि कमाणे पाप चिराणे साधसंगति मिलि मुआ जीजै ॥१॥ रहाउ ॥

ਰਾਜ ਜੋਬਨ ਬਿਸਰੰਤ ਹਰਿ ਮਾਇਆ ਮਹਾ ਦੁਖੁ ਏਹੁ ਮਹਾਂਤ ਕਹੈ ॥ (683-14)
राज जोबन बिसरंत हरि माइआ महा दुखु एहु महांत कहै ॥

ਆਸ ਪਿਆਸ ਰਮਣ ਹਰਿ ਕੀਰਤਨ ਏਹੁ ਪਦਾਰਥੁ ਭਾਗਵੰਤੁ ਲਹੈ ॥੧॥ (683-15)
आस पिआस रमण हरि कीरतन एहु पदारथु भागवंतु लहै ॥१॥

ਸਰਣਿ ਸਮਰਥ ਅਕਥ ਅਗੋਚਰਾ ਪਤਿਤ ਉਧਾਰਣ ਨਾਮੁ ਤੇਰਾ ॥ (683-16)
सरणि समरथ अकथ अगोचरा पतित उधारण नामु तेरा ॥

ਅੰਤਰਜਾਮੀ ਨਾਨਕ ਕੇ ਸੁਆਮੀ ਸਰਬਤ ਪੂਰਨ ਠਾਕੁਰੁ ਮੇਰਾ ॥੨॥੨॥੫੪॥ (683-16)
अंतरजामी नानक के सुआमी सरबत पूरन ठाकुरु मेरा ॥२॥२॥५४॥

ਧਨਾਸਰੀ ਮਹਲਾ ੫ ਘਰੁ ੧੨ (683-18)
धनासरी महला ५ घरु १२

ੴ ਸਤਿਗੁਰ ਪ੍ਰਸਾਦਿ ॥ (683-18)
ੴ सतिगुर प्रसादि ॥

ਬੰਦਨਾ ਹਰਿ ਬੰਦਨਾ ਗੁਣ ਗਾਵਹੁ ਗੋਪਾਲ ਰਾਇ ॥ ਰਹਾਉ ॥ (683-19)
बंदना हरि बंदना गुण गावहु गोपाल राइ ॥ रहाउ ॥

ਵਡੈ ਭਾਗਿ ਭੇਟੇ ਗੁਰਦੇਵਾ ॥ (683-19)
वडै भागि भेटे गुरदेवा ॥

ਕੋਟਿ ਪਰਾਧ ਮਿਟੇ ਹਰਿ ਸੇਵਾ ॥੧॥ (683-19)
कोटि पराध मिटे हरि सेवा ॥१॥

ਚਰਨ ਕਮਲ ਜਾ ਕਾ ਮਨੁ ਰਾਪੈ ॥ (684-1)
चरन कमल जा का मनु रापै ॥

ਸੋਗ ਅਗਨਿ ਤਿਸੁ ਜਨ ਨ ਬਿਆਪੈ ॥੨॥ (684-1)
सोग अगनि तिसु जन न बिआपै ॥२॥

ਸਾਗਰੁ ਤਰਿਆ ਸਾਧੂ ਸੰਗੇ ॥ (684-1)
सागरु तरिआ साधू संगे ॥

ਨਿਰਭਉ ਨਾਮੁ ਜਪਹੁ ਹਰਿ ਰੰਗੇ ॥੩॥ (684-2)
निरभउ नामु जपहु हरि रंगे ॥३॥

ਪਰ ਧਨ ਦੋਖ ਕਿਛੁ ਪਾਪ ਨ ਫੇੜੇ ॥ (684-2)
पर धन दोख किछु पाप न फेड़े ॥

ਜਮ ਜੰਦਾਰੁ ਨ ਆਵੈ ਨੇੜੇ ॥੪॥ (684-2)
जम जंदारु न आवै नेड़े ॥४॥

ਤ੍ਰਿਸਨਾ ਅਗਨਿ ਪ੍ਰਭਿ ਆਪਿ ਬੁਝਾਈ ॥ (684-3)
त्रिसना अगनि प्रभि आपि बुझाई ॥

ਨਾਨਕ ਉਧਰੇ ਪ੍ਰਭ ਸਰਣਾਈ ॥੫॥੧॥੫੫॥ (684-3)
नानक उधरे प्रभ सरणाई ॥५॥१॥५५॥

ਧਨਾਸਰੀ ਮਹਲਾ ੫ ॥ (684-3)
धनासरी महला ५ ॥

ਤ੍ਰਿਪਤਿ ਭਈ ਸਚੁ ਭੋਜਨੁ ਖਾਇਆ ॥ (684-4)
त्रिपति भई सचु भोजनु खाइआ ॥

ਮਨਿ ਤਨਿ ਰਸਨਾ ਨਾਮੁ ਧਿਆਇਆ ॥੧॥ (684-4)
मनि तनि रसना नामु धिआइआ ॥१॥

ਜੀਵਨਾ ਹਰਿ ਜੀਵਨਾ ॥ (684-4)
जीवना हरि जीवना ॥

ਜੀਵਨੁ ਹਰਿ ਜਪਿ ਸਾਧਸੰਗਿ ॥੧॥ ਰਹਾਉ ॥ (684-5)
जीवनु हरि जपि साधसंगि ॥१॥ रहाउ ॥

ਅਨਿਕ ਪ੍ਰਕਾਰੀ ਬਸਤ੍ਰ ਓਢਾਏ ॥ (684-5)
अनिक प्रकारी बसत्र ओढाए ॥

ਅਨਦਿਨੁ ਕੀਰਤਨੁ ਹਰਿ ਗੁਨ ਗਾਏ ॥੨॥ (684-5)
अनदिनु कीरतनु हरि गुन गाए ॥२॥

ਹਸਤੀ ਰਥ ਅਸੁ ਅਸਵਾਰੀ ॥ (684-6)
हसती रथ असु असवारी ॥

ਹਰਿ ਕਾ ਮਾਰਗੁ ਰਿਦੈ ਨਿਹਾਰੀ ॥੩॥ (684-6)
हरि का मारगु रिदै निहारी ॥३॥

ਮਨ ਤਨ ਅੰਤਰਿ ਚਰਨ ਧਿਆਇਆ ॥ (684-6)
मन तन अंतरि चरन धिआइआ ॥

ਹਰਿ ਸੁਖ ਨਿਧਾਨ ਨਾਨਕ ਦਾਸਿ ਪਾਇਆ ॥੪॥੨॥੫੬॥ (684-7)
हरि सुख निधान नानक दासि पाइआ ॥४॥२॥५६॥

ਧਨਾਸਰੀ ਮਹਲਾ ੫ ॥ (684-7)
धनासरी महला ५ ॥

ਗੁਰ ਕੇ ਚਰਨ ਜੀਅ ਕਾ ਨਿਸਤਾਰਾ ॥ (684-8)
गुर के चरन जीअ का निसतारा ॥

ਸਮੁੰਦੁ ਸਾਗਰੁ ਜਿਨਿ ਖਿਨ ਮਹਿ ਤਾਰਾ ॥੧॥ ਰਹਾਉ ॥ (684-8)
समुंदु सागरु जिनि खिन महि तारा ॥१॥ रहाउ ॥

ਕੋਈ ਹੋਆ ਕ੍ਰਮ ਰਤੁ ਕੋਈ ਤੀਰਥ ਨਾਇਆ ॥ (684-8)
कोई होआ क्रम रतु कोई तीरथ नाइआ ॥

ਦਾਸੀ ਹਰਿ ਕਾ ਨਾਮੁ ਧਿਆਇਆ ॥੧॥ (684-9)
दासी� हरि का नामु धिआइआ ॥१॥

ਬੰਧਨ ਕਾਟਨਹਾਰੁ ਸੁਆਮੀ ॥ (684-9)
बंधन काटनहारु सुआमी ॥

ਜਨ ਨਾਨਕੁ ਸਿਮਰੈ ਅੰਤਰਜਾਮੀ ॥੨॥੩॥੫੭॥ (684-9)
जन नानकु सिमरै अंतरजामी ॥२॥३॥५७॥

ਧਨਾਸਰੀ ਮਹਲਾ ੫ ॥ (684-10)
धनासरी महला ५ ॥

ਕਿਤੈ ਪ੍ਰਕਾਰਿ ਨ ਤੂਟਉ ਪ੍ਰੀਤਿ ॥ (684-10)
कितै प्रकारि न तूटउ प्रीति ॥

ਦਾਸ ਤੇਰੇ ਕੀ ਨਿਰਮਲ ਰੀਤਿ ॥੧॥ ਰਹਾਉ ॥ (684-10)
दास तेरे की निरमल रीति ॥१॥ रहाउ ॥

ਜੀਅ ਪ੍ਰਾਨ ਮਨ ਧਨ ਤੇ ਪਿਆਰਾ ॥ (684-11)
जीअ प्रान मन धन ते पिआरा ॥

ਹਉਮੈ ਬੰਧੁ ਹਰਿ ਦੇਵਣਹਾਰਾ ॥੧॥ (684-11)
हउमै बंधु हरि देवणहारा ॥१॥

ਚਰਨ ਕਮਲ ਸਿਉ ਲਾਗਉ ਨੇਹੁ ॥ (684-12)
चरन कमल सिउ लागउ नेहु ॥

ਨਾਨਕ ਕੀ ਬੇਨੰਤੀ ਏਹ ॥੨॥੪॥੫੮॥ (684-12)
नानक की बेनंती एह ॥२॥४॥५८॥

ੴ ਸਤਿਗੁਰ ਪ੍ਰਸਾਦਿ ॥ (684-13)
ੴ सतिगुर प्रसादि ॥

ਧਨਾਸਰੀ ਮਹਲਾ ੯ ॥ (684-14)
धनासरी महला ९ ॥

ਕਾਹੇ ਰੇ ਬਨ ਖੋਜਨ ਜਾਈ ॥ (684-14)
काहे रे बन खोजन जाई ॥

ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥੧॥ ਰਹਾਉ ॥ (684-14)
सरब निवासी सदा अलेपा तोही संगि समाई ॥१॥ रहाउ ॥

ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥ (684-15)
पुहप मधि जिउ बासु बसतु है मुकर माहि जैसे छाई ॥

ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥੧॥ (684-15)
तैसे ही हरि बसे निरंतरि घट ही खोजहु भाई ॥१॥

ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥ (684-16)
बाहरि भीतरि एको जानहु इहु गुर गिआनु बताई ॥

ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥੨॥੧॥ (684-16)
जन नानक बिनु आपा चीनै मिटै न भ्रम की काई ॥२॥१॥

ਧਨਾਸਰੀ ਮਹਲਾ ੯ ॥ (684-17)
धनासरी महला ९ ॥

ਸਾਧੋ ਇਹੁ ਜਗੁ ਭਰਮ ਭੁਲਾਨਾ ॥ (684-17)
साधो इहु जगु भरम भुलाना ॥

ਰਾਮ ਨਾਮ ਕਾ ਸਿਮਰਨੁ ਛੋਡਿਆ ਮਾਇਆ ਹਾਥਿ ਬਿਕਾਨਾ ॥੧॥ ਰਹਾਉ ॥ (684-17)
राम नाम का सिमरनु छोडिआ माइआ हाथि बिकाना ॥१॥ रहाउ ॥

ਮਾਤ ਪਿਤਾ ਭਾਈ ਸੁਤ ਬਨਿਤਾ ਤਾ ਕੈ ਰਸਿ ਲਪਟਾਨਾ ॥ (684-18)
मात पिता भाई सुत बनिता ता कै रसि लपटाना ॥

ਜੋਬਨੁ ਧਨੁ ਪ੍ਰਭਤਾ ਕੈ ਮਦ ਮੈ ਅਹਿਨਿਸਿ ਰਹੈ ਦਿਵਾਨਾ ॥੧॥ (685-1)
जोबनु धनु प्रभता कै मद मै अहिनिसि रहै दिवाना ॥१॥

ਦੀਨ ਦਇਆਲ ਸਦਾ ਦੁਖ ਭੰਜਨ ਤਾ ਸਿਉ ਮਨੁ ਨ ਲਗਾਨਾ ॥ (685-1)
दीन दइआल सदा दुख भंजन ता सिउ मनु न लगाना ॥

ਜਨ ਨਾਨਕ ਕੋਟਨ ਮੈ ਕਿਨਹੂ ਗੁਰਮੁਖਿ ਹੋਇ ਪਛਾਨਾ ॥੨॥੨॥ (685-2)
जन नानक कोटन मै किनहू गुरमुखि होइ पछाना ॥२॥२॥

ਧਨਾਸਰੀ ਮਹਲਾ ੯ ॥ (685-3)
धनासरी महला ९ ॥

ਤਿਹ ਜੋਗੀ ਕਉ ਜੁਗਤਿ ਨ ਜਾਨਉ ॥ (685-3)
तिह जोगी कउ जुगति न जानउ ॥

ਲੋਭ ਮੋਹ ਮਾਇਆ ਮਮਤਾ ਫੁਨਿ ਜਿਹ ਘਟਿ ਮਾਹਿ ਪਛਾਨਉ ॥੧॥ ਰਹਾਉ ॥ (685-3)
लोभ मोह माइआ ममता फुनि जिह घटि माहि पछानउ ॥१॥ रहाउ ॥

ਪਰ ਨਿੰਦਾ ਉਸਤਤਿ ਨਹ ਜਾ ਕੈ ਕੰਚਨ ਲੋਹ ਸਮਾਨੋ ॥ (685-4)
पर निंदा उसतति नह जा कै कंचन लोह समानो ॥

ਹਰਖ ਸੋਗ ਤੇ ਰਹੈ ਅਤੀਤਾ ਜੋਗੀ ਤਾਹਿ ਬਖਾਨੋ ॥੧॥ (685-4)
हरख सोग ते रहै अतीता जोगी ताहि बखानो ॥१॥

ਚੰਚਲ ਮਨੁ ਦਹ ਦਿਸਿ ਕਉ ਧਾਵਤ ਅਚਲ ਜਾਹਿ ਠਹਰਾਨੋ ॥ (685-5)
चंचल मनु दह दिसि कउ धावत अचल जाहि ठहरानो ॥

ਕਹੁ ਨਾਨਕ ਇਹ ਬਿਧਿ ਕੋ ਜੋ ਨਰੁ ਮੁਕਤਿ ਤਾਹਿ ਤੁਮ ਮਾਨੋ ॥੨॥੩॥ (685-5)
कहु नानक इह बिधि को जो नरु मुकति ताहि तुम मानो ॥२॥३॥

ਧਨਾਸਰੀ ਮਹਲਾ ੯ ॥ (685-6)
धनासरी महला ९ ॥

ਅਬ ਮੈ ਕਉਨੁ ਉਪਾਉ ਕਰਉ ॥ (685-6)
अब मै कउनु उपाउ करउ ॥

ਜਿਹ ਬਿਧਿ ਮਨ ਕੋ ਸੰਸਾ ਚੂਕੈ ਭਉ ਨਿਧਿ ਪਾਰਿ ਪਰਉ ॥੧॥ ਰਹਾਉ ॥ (685-7)
जिह बिधि मन को संसा चूकै भउ निधि पारि परउ ॥१॥ रहाउ ॥

ਜਨਮੁ ਪਾਇ ਕਛੁ ਭਲੋ ਨ ਕੀਨੋ ਤਾ ਤੇ ਅਧਿਕ ਡਰਉ ॥ (685-7)
जनमु पाइ कछु भलो न कीनो ता ते अधिक डरउ ॥

ਮਨ ਬਚ ਕ੍ਰਮ ਹਰਿ ਗੁਨ ਨਹੀ ਗਾਏ ਯਹ ਜੀਅ ਸੋਚ ਧਰਉ ॥੧॥ (685-8)
मन बच क्रम हरि गुन नही गाए यह जीअ सोच धरउ ॥१॥

ਗੁਰਮਤਿ ਸੁਨਿ ਕਛੁ ਗਿਆਨੁ ਨ ਉਪਜਿਓ ਪਸੁ ਜਿਉ ਉਦਰੁ ਭਰਉ ॥ (685-8)
गुरमति सुनि कछु गिआनु न उपजिओ पसु जिउ उदरु भरउ ॥

ਕਹੁ ਨਾਨਕ ਪ੍ਰਭ ਬਿਰਦੁ ਪਛਾਨਉ ਤਬ ਹਉ ਪਤਿਤ ਤਰਉ ॥੨॥੪॥੯॥੯॥੧੩॥੫੮॥੪॥੯੩॥ (685-9)
कहु नानक प्रभ बिरदु पछानउ तब हउ पतित तरउ ॥२॥४॥९॥९॥१३॥५८॥४॥९३॥

ਧਨਾਸਰੀ ਮਹਲਾ ੧ ਘਰੁ ੨ ਅਸਟਪਦੀਆ (685-11)
धनासरी महला १ घरु २ असटपदीआ

ੴ ਸਤਿਗੁਰ ਪ੍ਰਸਾਦਿ ॥ (685-11)
ੴ सतिगुर प्रसादि ॥

ਗੁਰੁ ਸਾਗਰੁ ਰਤਨੀ ਭਰਪੂਰੇ ॥ (685-12)
गुरु सागरु रतनी भरपूरे ॥

ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ ॥ (685-12)
अमृतु संत चुगहि नही दूरे ॥

ਹਰਿ ਰਸੁ ਚੋਗ ਚੁਗਹਿ ਪ੍ਰਭ ਭਾਵੈ ॥ (685-12)
हरि रसु चोग चुगहि प्रभ भावै ॥

ਸਰਵਰ ਮਹਿ ਹੰਸੁ ਪ੍ਰਾਨਪਤਿ ਪਾਵੈ ॥੧॥ (685-12)
सरवर महि हंसु प्रानपति पावै ॥१॥

ਕਿਆ ਬਗੁ ਬਪੁੜਾ ਛਪੜੀ ਨਾਇ ॥ (685-13)
किआ बगु बपुड़ा छपड़ी नाइ ॥

ਕੀਚੜਿ ਡੂਬੈ ਮੈਲੁ ਨ ਜਾਇ ॥੧॥ ਰਹਾਉ ॥ (685-13)
कीचड़ि डूबै मैलु न जाइ ॥१॥ रहाउ ॥

ਰਖਿ ਰਖਿ ਚਰਨ ਧਰੇ ਵੀਚਾਰੀ ॥ (685-14)
रखि रखि चरन धरे वीचारी ॥

ਦੁਬਿਧਾ ਛੋਡਿ ਭਏ ਨਿਰੰਕਾਰੀ ॥ (685-14)
दुबिधा छोडि भए निरंकारी ॥

ਮੁਕਤਿ ਪਦਾਰਥੁ ਹਰਿ ਰਸ ਚਾਖੇ ॥ (685-14)
मुकति पदारथु हरि रस चाखे ॥

ਆਵਣ ਜਾਣ ਰਹੇ ਗੁਰਿ ਰਾਖੇ ॥੨॥ (685-15)
आवण जाण रहे गुरि राखे ॥२॥

ਸਰਵਰ ਹੰਸਾ ਛੋਡਿ ਨ ਜਾਇ ॥ (685-15)
सरवर हंसा छोडि न जाइ ॥

ਪ੍ਰੇਮ ਭਗਤਿ ਕਰਿ ਸਹਜਿ ਸਮਾਇ ॥ (685-15)
प्रेम भगति करि सहजि समाइ ॥

ਸਰਵਰ ਮਹਿ ਹੰਸੁ ਹੰਸ ਮਹਿ ਸਾਗਰੁ ॥ (685-16)
सरवर महि हंसु हंस महि सागरु ॥

ਅਕਥ ਕਥਾ ਗੁਰ ਬਚਨੀ ਆਦਰੁ ॥੩॥ (685-16)
अकथ कथा गुर बचनी आदरु ॥३॥

ਸੁੰਨ ਮੰਡਲ ਇਕੁ ਜੋਗੀ ਬੈਸੇ ॥ (685-16)
सुंन मंडल इकु जोगी बैसे ॥

ਨਾਰਿ ਨ ਪੁਰਖੁ ਕਹਹੁ ਕੋਊ ਕੈਸੇ ॥ (685-17)
नारि न पुरखु कहहु कोऊ कैसे ॥

ਤ੍ਰਿਭਵਣ ਜੋਤਿ ਰਹੇ ਲਿਵ ਲਾਈ ॥ (685-17)
त्रिभवण जोति रहे लिव लाई ॥

ਸੁਰਿ ਨਰ ਨਾਥ ਸਚੇ ਸਰਣਾਈ ॥੪॥ (685-17)
सुरि नर नाथ सचे सरणाई ॥४॥

ਆਨੰਦ ਮੂਲੁ ਅਨਾਥ ਅਧਾਰੀ ॥ (685-18)
आनंद मूलु अनाथ अधारी ॥

ਗੁਰਮੁਖਿ ਭਗਤਿ ਸਹਜਿ ਬੀਚਾਰੀ ॥ (685-18)
गुरमुखि भगति सहजि बीचारी ॥

ਭਗਤਿ ਵਛਲ ਭੈ ਕਾਟਣਹਾਰੇ ॥ (685-18)
भगति वछल भै काटणहारे ॥

ਹਉਮੈ ਮਾਰਿ ਮਿਲੇ ਪਗੁ ਧਾਰੇ ॥੫॥ (685-18)
हउमै मारि मिले पगु धारे ॥५॥

ਅਨਿਕ ਜਤਨ ਕਰਿ ਕਾਲੁ ਸੰਤਾਏ ॥ (685-19)
अनिक जतन करि कालु संताए ॥

ਮਰਣੁ ਲਿਖਾਇ ਮੰਡਲ ਮਹਿ ਆਏ ॥ (685-19)
मरणु लिखाइ मंडल महि आए ॥

ਜਨਮੁ ਪਦਾਰਥੁ ਦੁਬਿਧਾ ਖੋਵੈ ॥ (686-1)
जनमु पदारथु दुबिधा खोवै ॥

ਆਪੁ ਨ ਚੀਨਸਿ ਭ੍ਰਮਿ ਭ੍ਰਮਿ ਰੋਵੈ ॥੬॥ (686-1)
आपु न चीनसि भ्रमि भ्रमि रोवै ॥६॥

ਕਹਤਉ ਪੜਤਉ ਸੁਣਤਉ ਏਕ ॥ (686-1)
कहतउ पड़तउ सुणतउ एक ॥

ਧੀਰਜ ਧਰਮੁ ਧਰਣੀਧਰ ਟੇਕ ॥ (686-2)
धीरज धरमु धरणीधर टेक ॥

ਜਤੁ ਸਤੁ ਸੰਜਮੁ ਰਿਦੈ ਸਮਾਏ ॥ (686-2)
जतु सतु संजमु रिदै समाए ॥

ਚਉਥੇ ਪਦ ਕਉ ਜੇ ਮਨੁ ਪਤੀਆਏ ॥੭॥ (686-2)
चउथे पद कउ जे मनु पतीआए ॥७॥

ਸਾਚੇ ਨਿਰਮਲ ਮੈਲੁ ਨ ਲਾਗੈ ॥ (686-3)
साचे निरमल मैलु न लागै ॥

ਗੁਰ ਕੈ ਸਬਦਿ ਭਰਮ ਭਉ ਭਾਗੈ ॥ (686-3)
गुर कै सबदि भरम भउ भागै ॥

ਸੂਰਤਿ ਮੂਰਤਿ ਆਦਿ ਅਨੂਪੁ ॥ (686-3)
सूरति मूरति आदि अनूपु ॥

ਨਾਨਕੁ ਜਾਚੈ ਸਾਚੁ ਸਰੂਪੁ ॥੮॥੧॥ (686-3)
नानकु जाचै साचु सरूपु ॥८॥१॥

ਧਨਾਸਰੀ ਮਹਲਾ ੧ ॥ (686-4)
धनासरी महला १ ॥

ਸਹਜਿ ਮਿਲੈ ਮਿਲਿਆ ਪਰਵਾਣੁ ॥ (686-4)
सहजि मिलै मिलिआ परवाणु ॥

ਨਾ ਤਿਸੁ ਮਰਣੁ ਨ ਆਵਣੁ ਜਾਣੁ ॥ (686-4)
ना तिसु मरणु न आवणु जाणु ॥

ਠਾਕੁਰ ਮਹਿ ਦਾਸੁ ਦਾਸ ਮਹਿ ਸੋਇ ॥ (686-5)
ठाकुर महि दासु दास महि सोइ ॥

ਜਹ ਦੇਖਾ ਤਹ ਅਵਰੁ ਨ ਕੋਇ ॥੧॥ (686-5)
जह देखा तह अवरु न कोइ ॥१॥

ਗੁਰਮੁਖਿ ਭਗਤਿ ਸਹਜ ਘਰੁ ਪਾਈਐ ॥ (686-5)
गुरमुखि भगति सहज घरु पाईऐ ॥

ਬਿਨੁ ਗੁਰ ਭੇਟੇ ਮਰਿ ਆਈਐ ਜਾਈਐ ॥੧॥ ਰਹਾਉ ॥ (686-6)
बिनु गुर भेटे मरि आईऐ जाईऐ ॥१॥ रहाउ ॥

ਸੋ ਗੁਰੁ ਕਰਉ ਜਿ ਸਾਚੁ ਦ੍ਰਿੜਾਵੈ ॥ (686-6)
सो गुरु करउ जि साचु द्रिड़ावै ॥

ਅਕਥੁ ਕਥਾਵੈ ਸਬਦਿ ਮਿਲਾਵੈ ॥ (686-7)
अकथु कथावै सबदि मिलावै ॥

ਹਰਿ ਕੇ ਲੋਗ ਅਵਰ ਨਹੀ ਕਾਰਾ ॥ (686-7)
हरि के लोग अवर नही कारा ॥

ਸਾਚਉ ਠਾਕੁਰੁ ਸਾਚੁ ਪਿਆਰਾ ॥੨॥ (686-7)
साचउ ठाकुरु साचु पिआरा ॥२॥

ਤਨ ਮਹਿ ਮਨੂਆ ਮਨ ਮਹਿ ਸਾਚਾ ॥ (686-8)
तन महि मनूआ मन महि साचा ॥

ਸੋ ਸਾਚਾ ਮਿਲਿ ਸਾਚੇ ਰਾਚਾ ॥ (686-8)
सो साचा मिलि साचे राचा ॥

ਸੇਵਕੁ ਪ੍ਰਭ ਕੈ ਲਾਗੈ ਪਾਇ ॥ (686-8)
सेवकु प्रभ कै लागै पाइ ॥

ਸਤਿਗੁਰੁ ਪੂਰਾ ਮਿਲੈ ਮਿਲਾਇ ॥੩॥ (686-8)
सतिगुरु पूरा मिलै मिलाइ ॥३॥

ਆਪਿ ਦਿਖਾਵੈ ਆਪੇ ਦੇਖੈ ॥ (686-9)
आपि दिखावै आपे देखै ॥

ਹਠਿ ਨ ਪਤੀਜੈ ਨਾ ਬਹੁ ਭੇਖੈ ॥ (686-9)
हठि न पतीजै ना बहु भेखै ॥

ਘੜਿ ਭਾਡੇ ਜਿਨਿ ਅੰਮ੍ਰਿਤੁ ਪਾਇਆ ॥ (686-9)
घड़ि भाडे जिनि अमृतु पाइआ ॥

ਪ੍ਰੇਮ ਭਗਤਿ ਪ੍ਰਭਿ ਮਨੁ ਪਤੀਆਇਆ ॥੪॥ (686-10)
प्रेम भगति प्रभि मनु पतीआइआ ॥४॥

ਪੜਿ ਪੜਿ ਭੂਲਹਿ ਚੋਟਾ ਖਾਹਿ ॥ (686-10)
पड़ि पड़ि भूलहि चोटा खाहि ॥

ਬਹੁਤੁ ਸਿਆਣਪ ਆਵਹਿ ਜਾਹਿ ॥ (686-10)
बहुतु सिआणप आवहि जाहि ॥

ਨਾਮੁ ਜਪੈ ਭਉ ਭੋਜਨੁ ਖਾਇ ॥ (686-11)
नामु जपै भउ भोजनु खाइ ॥

ਗੁਰਮੁਖਿ ਸੇਵਕ ਰਹੇ ਸਮਾਇ ॥੫॥ (686-11)
गुरमुखि सेवक रहे समाइ ॥५॥

ਪੂਜਿ ਸਿਲਾ ਤੀਰਥ ਬਨ ਵਾਸਾ ॥ (686-11)
पूजि सिला तीरथ बन वासा ॥

ਭਰਮਤ ਡੋਲਤ ਭਏ ਉਦਾਸਾ ॥ (686-12)
भरमत डोलत भए उदासा ॥

ਮਨਿ ਮੈਲੈ ਸੂਚਾ ਕਿਉ ਹੋਇ ॥ (686-12)
मनि मैलै सूचा किउ होइ ॥

ਸਾਚਿ ਮਿਲੈ ਪਾਵੈ ਪਤਿ ਸੋਇ ॥੬॥ (686-12)
साचि मिलै पावै पति सोइ ॥६॥

ਆਚਾਰਾ ਵੀਚਾਰੁ ਸਰੀਰਿ ॥ (686-13)
आचारा वीचारु सरीरि ॥

ਆਦਿ ਜੁਗਾਦਿ ਸਹਜਿ ਮਨੁ ਧੀਰਿ ॥ (686-13)
आदि जुगादि सहजि मनु धीरि ॥

ਪਲ ਪੰਕਜ ਮਹਿ ਕੋਟਿ ਉਧਾਰੇ ॥ (686-13)
पल पंकज महि कोटि उधारे ॥

ਕਰਿ ਕਿਰਪਾ ਗੁਰੁ ਮੇਲਿ ਪਿਆਰੇ ॥੭॥ (686-14)
करि किरपा गुरु मेलि पिआरे ॥७॥

ਕਿਸੁ ਆਗੈ ਪ੍ਰਭ ਤੁਧੁ ਸਾਲਾਹੀ ॥ (686-14)
किसु आगै प्रभ तुधु सालाही ॥

ਤੁਧੁ ਬਿਨੁ ਦੂਜਾ ਮੈ ਕੋ ਨਾਹੀ ॥ (686-14)
तुधु बिनु दूजा मै को नाही ॥

ਜਿਉ ਤੁਧੁ ਭਾਵੈ ਤਿਉ ਰਾਖੁ ਰਜਾਇ ॥ (686-14)
जिउ तुधु भावै तिउ राखु रजाइ ॥

ਨਾਨਕ ਸਹਜਿ ਭਾਇ ਗੁਣ ਗਾਇ ॥੮॥੨॥ (686-15)
नानक सहजि भाइ गुण गाइ ॥८॥२॥

ਧਨਾਸਰੀ ਮਹਲਾ ੫ ਘਰੁ ੬ ਅਸਟਪਦੀ (686-16)
धनासरी महला ५ घरु ६ असटपदी

ੴ ਸਤਿਗੁਰ ਪ੍ਰਸਾਦਿ ॥ (686-16)
ੴ सतिगुर प्रसादि ॥

ਜੋ ਜੋ ਜੂਨੀ ਆਇਓ ਤਿਹ ਤਿਹ ਉਰਝਾਇਓ ਮਾਣਸ ਜਨਮੁ ਸੰਜੋਗਿ ਪਾਇਆ ॥ (686-17)
जो जो जूनी आइओ तिह तिह उरझाइओ माणस जनमु संजोगि पाइआ ॥

ਤਾਕੀ ਹੈ ਓਟ ਸਾਧ ਰਾਖਹੁ ਦੇ ਕਰਿ ਹਾਥ ਕਰਿ ਕਿਰਪਾ ਮੇਲਹੁ ਹਰਿ ਰਾਇਆ ॥੧॥ (686-17)
ताकी है ओट साध राखहु दे करि हाथ करि किरपा मेलहु हरि राइआ ॥१॥

ਅਨਿਕ ਜਨਮ ਭ੍ਰਮਿ ਥਿਤਿ ਨਹੀ ਪਾਈ ॥ (686-18)
अनिक जनम भ्रमि थिति नही पाई ॥

ਕਰਉ ਸੇਵਾ ਗੁਰ ਲਾਗਉ ਚਰਨ ਗੋਵਿੰਦ ਜੀ ਕਾ ਮਾਰਗੁ ਦੇਹੁ ਜੀ ਬਤਾਈ ॥੧॥ ਰਹਾਉ ॥ (686-18)
करउ सेवा गुर लागउ चरन गोविंद जी का मारगु देहु जी बताई ॥१॥ रहाउ ॥

ਅਨਿਕ ਉਪਾਵ ਕਰਉ ਮਾਇਆ ਕਉ ਬਚਿਤਿ ਧਰਉ ਮੇਰੀ ਮੇਰੀ ਕਰਤ ਸਦ ਹੀ ਵਿਹਾਵੈ ॥ (686-19)
अनिक उपाव करउ माइआ कउ बचिति धरउ मेरी मेरी करत सद ही विहावै ॥

ਕੋਈ ਐਸੋ ਰੇ ਭੇਟੈ ਸੰਤੁ ਮੇਰੀ ਲਾਹੈ ਸਗਲ ਚਿੰਤ ਠਾਕੁਰ ਸਿਉ ਮੇਰਾ ਰੰਗੁ ਲਾਵੈ ॥੨॥ (687-1)
कोई ऐसो रे भेटै संतु मेरी लाहै सगल चिंत ठाकुर सिउ मेरा रंगु लावै ॥२॥

ਪੜੇ ਰੇ ਸਗਲ ਬੇਦ ਨਹ ਚੂਕੈ ਮਨ ਭੇਦ ਇਕੁ ਖਿਨੁ ਨ ਧੀਰਹਿ ਮੇਰੇ ਘਰ ਕੇ ਪੰਚਾ ॥ (687-2)
पड़े रे सगल बेद नह चूकै मन भेद इकु खिनु न धीरहि मेरे घर के पंचा ॥

ਕੋਈ ਐਸੋ ਰੇ ਭਗਤੁ ਜੁ ਮਾਇਆ ਤੇ ਰਹਤੁ ਇਕੁ ਅੰਮ੍ਰਿਤ ਨਾਮੁ ਮੇਰੈ ਰਿਦੈ ਸਿੰਚਾ ॥੩॥ (687-3)
कोई ऐसो रे भगतु जु माइआ ते रहतु इकु अमृत नामु मेरै रिदै सिंचा ॥३॥

ਜੇਤੇ ਰੇ ਤੀਰਥ ਨਾਏ ਅਹੰਬੁਧਿ ਮੈਲੁ ਲਾਏ ਘਰ ਕੋ ਠਾਕੁਰੁ ਇਕੁ ਤਿਲੁ ਨ ਮਾਨੈ ॥ (687-3)
जेते रे तीरथ नाए अह्मबुधि मैलु लाए घर को ठाकुरु इकु तिलु न मानै ॥

ਕਦਿ ਪਾਵਉ ਸਾਧਸੰਗੁ ਹਰਿ ਹਰਿ ਸਦਾ ਆਨੰਦੁ ਗਿਆਨ ਅੰਜਨਿ ਮੇਰਾ ਮਨੁ ਇਸਨਾਨੈ ॥੪॥ (687-4)
कदि पावउ साधसंगु हरि हरि सदा आनंदु गिआन अंजनि मेरा मनु इसनानै ॥४॥

ਸਗਲ ਅਸ੍ਰਮ ਕੀਨੇ ਮਨੂਆ ਨਹ ਪਤੀਨੇ ਬਿਬੇਕਹੀਨ ਦੇਹੀ ਧੋਏ ॥ (687-5)
सगल अस्रम कीने मनूआ नह पतीने बिबेकहीन देही धोए ॥

ਕੋਈ ਪਾਈਐ ਰੇ ਪੁਰਖੁ ਬਿਧਾਤਾ ਪਾਰਬ੍ਰਹਮ ਕੈ ਰੰਗਿ ਰਾਤਾ ਮੇਰੇ ਮਨ ਕੀ ਦੁਰਮਤਿ ਮਲੁ ਖੋਏ ॥੫॥ (687-6)
कोई पाईऐ रे पुरखु बिधाता पारब्रहम कै रंगि राता मेरे मन की दुरमति मलु खोए ॥५॥

ਕਰਮ ਧਰਮ ਜੁਗਤਾ ਨਿਮਖ ਨ ਹੇਤੁ ਕਰਤਾ ਗਰਬਿ ਗਰਬਿ ਪੜੈ ਕਹੀ ਨ ਲੇਖੈ ॥ (687-7)
करम धरम जुगता निमख न हेतु करता गरबि गरबि पड़ै कही न लेखै ॥

ਜਿਸੁ ਭੇਟੀਐ ਸਫਲ ਮੂਰਤਿ ਕਰੈ ਸਦਾ ਕੀਰਤਿ ਗੁਰ ਪਰਸਾਦਿ ਕੋਊ ਨੇਤ੍ਰਹੁ ਪੇਖੈ ॥੬॥ (687-7)
जिसु भेटीऐ सफल मूरति करै सदा कीरति गुर परसादि कोऊ नेत्रहु पेखै ॥६॥

ਮਨਹਠਿ ਜੋ ਕਮਾਵੈ ਤਿਲੁ ਨ ਲੇਖੈ ਪਾਵੈ ਬਗੁਲ ਜਿਉ ਧਿਆਨੁ ਲਾਵੈ ਮਾਇਆ ਰੇ ਧਾਰੀ ॥ (687-8)
मनहठि जो कमावै तिलु न लेखै पावै बगुल जिउ धिआनु लावै माइआ रे धारी ॥

ਕੋਈ ਐਸੋ ਰੇ ਸੁਖਹ ਦਾਈ ਪ੍ਰਭ ਕੀ ਕਥਾ ਸੁਨਾਈ ਤਿਸੁ ਭੇਟੇ ਗਤਿ ਹੋਇ ਹਮਾਰੀ ॥੭॥ (687-9)
कोई ऐसो रे सुखह दाई प्रभ की कथा सुनाई तिसु भेटे गति होइ हमारी ॥७॥

ਸੁਪ੍ਰਸੰਨ ਗੋਪਾਲ ਰਾਇ ਕਾਟੈ ਰੇ ਬੰਧਨ ਮਾਇ ਗੁਰ ਕੈ ਸਬਦਿ ਮੇਰਾ ਮਨੁ ਰਾਤਾ ॥ (687-10)
सुप्रसंन गोपाल राइ काटै रे बंधन माइ गुर कै सबदि मेरा मनु राता ॥

ਸਦਾ ਸਦਾ ਆਨੰਦੁ ਭੇਟਿਓ ਨਿਰਭੈ ਗੋਬਿੰਦੁ ਸੁਖ ਨਾਨਕ ਲਾਧੇ ਹਰਿ ਚਰਨ ਪਰਾਤਾ ॥੮॥ (687-10)
सदा सदा आनंदु भेटिओ निरभै गोबिंदु सुख नानक लाधे हरि चरन पराता ॥८॥

ਸਫਲ ਸਫਲ ਭਈ ਸਫਲ ਜਾਤ੍ਰਾ ॥ (687-11)
सफल सफल भई सफल जात्रा ॥

ਆਵਣ ਜਾਣ ਰਹੇ ਮਿਲੇ ਸਾਧਾ ॥੧॥ ਰਹਾਉ ਦੂਜਾ ॥੧॥੩॥ (687-12)
आवण जाण रहे मिले साधा ॥१॥ रहाउ दूजा ॥१॥३॥

ਧਨਾਸਰੀ ਮਹਲਾ ੧ ਛੰਤ (687-13)
धनासरी महला १ छंत

ੴ ਸਤਿਗੁਰ ਪ੍ਰਸਾਦਿ ॥ (687-13)
ੴ सतिगुर प्रसादि ॥

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥ (687-14)
तीरथि नावण जाउ तीरथु नामु है ॥

ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥ (687-14)
तीरथु सबद बीचारु अंतरि गिआनु है ॥

ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥ (687-14)
गुर गिआनु साचा थानु तीरथु दस पुरब सदा दसाहरा ॥

ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥ (687-15)
हउ नामु हरि का सदा जाचउ देहु प्रभ धरणीधरा ॥

ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥ (687-15)
संसारु रोगी नामु दारू मैलु लागै सच बिना ॥

ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥੧॥ (687-16)
गुर वाकु निरमलु सदा चानणु नित साचु तीरथु मजना ॥१॥

ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ ॥ (687-16)
साचि न लागै मैलु किआ मलु धोईऐ ॥

ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ ॥ (687-17)
गुणहि हारु परोइ किस कउ रोईऐ ॥

ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ ॥ (687-17)
वीचारि मारै तरै तारै उलटि जोनि न आवए ॥

ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ ॥ (687-18)
आपि पारसु परम धिआनी साचु साचे भावए ॥

ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ ॥ (687-18)
आनंदु अनदिनु हरखु साचा दूख किलविख परहरे ॥

ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ ॥੨॥ (687-19)
सचु नामु पाइआ गुरि दिखाइआ मैलु नाही सच मने ॥२॥

ਸੰਗਤਿ ਮੀਤ ਮਿਲਾਪੁ ਪੂਰਾ ਨਾਵਣੋ ॥ (687-19)
संगति मीत मिलापु पूरा नावणो ॥

ਗਾਵੈ ਗਾਵਣਹਾਰੁ ਸਬਦਿ ਸੁਹਾਵਣੋ ॥ (688-1)
गावै गावणहारु सबदि सुहावणो ॥

ਸਾਲਾਹਿ ਸਾਚੇ ਮੰਨਿ ਸਤਿਗੁਰੁ ਪੁੰਨ ਦਾਨ ਦਇਆ ਮਤੇ ॥ (688-1)
सालाहि साचे मंनि सतिगुरु पुंन दान दइआ मते ॥

ਪਿਰ ਸੰਗਿ ਭਾਵੈ ਸਹਜਿ ਨਾਵੈ ਬੇਣੀ ਤ ਸੰਗਮੁ ਸਤ ਸਤੇ ॥ (688-2)
पिर संगि भावै सहजि नावै बेणी त संगमु सत सते ॥

ਆਰਾਧਿ ਏਕੰਕਾਰੁ ਸਾਚਾ ਨਿਤ ਦੇਇ ਚੜੈ ਸਵਾਇਆ ॥ (688-2)
आराधि एकंकारु साचा नित देइ चड़ै सवाइआ ॥

ਗਤਿ ਸੰਗਿ ਮੀਤਾ ਸੰਤਸੰਗਤਿ ਕਰਿ ਨਦਰਿ ਮੇਲਿ ਮਿਲਾਇਆ ॥੩॥ (688-3)
गति संगि मीता संतसंगति करि नदरि मेलि मिलाइआ ॥३॥

ਕਹਣੁ ਕਹੈ ਸਭੁ ਕੋਇ ਕੇਵਡੁ ਆਖੀਐ ॥ (688-3)
कहणु कहै सभु कोइ केवडु आखीऐ ॥

ਹਉ ਮੂਰਖੁ ਨੀਚੁ ਅਜਾਣੁ ਸਮਝਾ ਸਾਖੀਐ ॥ (688-4)
हउ मूरखु नीचु अजाणु समझा साखीऐ ॥

ਸਚੁ ਗੁਰ ਕੀ ਸਾਖੀ ਅੰਮ੍ਰਿਤ ਭਾਖੀ ਤਿਤੁ ਮਨੁ ਮਾਨਿਆ ਮੇਰਾ ॥ (688-4)
सचु गुर की साखी अमृत भाखी तितु मनु मानिआ मेरा ॥

ਕੂਚੁ ਕਰਹਿ ਆਵਹਿ ਬਿਖੁ ਲਾਦੇ ਸਬਦਿ ਸਚੈ ਗੁਰੁ ਮੇਰਾ ॥ (688-5)
कूचु करहि आवहि बिखु लादे सबदि सचै गुरु मेरा ॥

ਆਖਣਿ ਤੋਟਿ ਨ ਭਗਤਿ ਭੰਡਾਰੀ ਭਰਿਪੁਰਿ ਰਹਿਆ ਸੋਈ ॥ (688-5)
आखणि तोटि न भगति भंडारी भरिपुरि रहिआ सोई ॥

ਨਾਨਕ ਸਾਚੁ ਕਹੈ ਬੇਨੰਤੀ ਮਨੁ ਮਾਂਜੈ ਸਚੁ ਸੋਈ ॥੪॥੧॥ (688-6)
नानक साचु कहै बेनंती मनु मांजै सचु सोई ॥४॥१॥

ਧਨਾਸਰੀ ਮਹਲਾ ੧ ॥ (688-6)
धनासरी महला १ ॥

ਜੀਵਾ ਤੇਰੈ ਨਾਇ ਮਨਿ ਆਨੰਦੁ ਹੈ ਜੀਉ ॥ (688-7)
जीवा तेरै नाइ मनि आनंदु है जीउ ॥

ਸਾਚੋ ਸਾਚਾ ਨਾਉ ਗੁਣ ਗੋਵਿੰਦੁ ਹੈ ਜੀਉ ॥ (688-7)
साचो साचा नाउ गुण गोविंदु है जीउ ॥

ਗੁਰ ਗਿਆਨੁ ਅਪਾਰਾ ਸਿਰਜਣਹਾਰਾ ਜਿਨਿ ਸਿਰਜੀ ਤਿਨਿ ਗੋਈ ॥ (688-7)
गुर गिआनु अपारा सिरजणहारा जिनि सिरजी तिनि गोई ॥

ਪਰਵਾਣਾ ਆਇਆ ਹੁਕਮਿ ਪਠਾਇਆ ਫੇਰਿ ਨ ਸਕੈ ਕੋਈ ॥ (688-8)
परवाणा आइआ हुकमि पठाइआ फेरि न सकै कोई ॥

ਆਪੇ ਕਰਿ ਵੇਖੈ ਸਿਰਿ ਸਿਰਿ ਲੇਖੈ ਆਪੇ ਸੁਰਤਿ ਬੁਝਾਈ ॥ (688-9)
आपे करि वेखै सिरि सिरि लेखै आपे सुरति बुझाई ॥

ਨਾਨਕ ਸਾਹਿਬੁ ਅਗਮ ਅਗੋਚਰੁ ਜੀਵਾ ਸਚੀ ਨਾਈ ॥੧॥ (688-9)
नानक साहिबु अगम अगोचरु जीवा सची नाई ॥१॥

ਤੁਮ ਸਰਿ ਅਵਰੁ ਨ ਕੋਇ ਆਇਆ ਜਾਇਸੀ ਜੀਉ ॥ (688-10)
तुम सरि अवरु न कोइ आइआ जाइसी जीउ ॥

ਹੁਕਮੀ ਹੋਇ ਨਿਬੇੜੁ ਭਰਮੁ ਚੁਕਾਇਸੀ ਜੀਉ ॥ (688-10)
हुकमी होइ निबेड़ु भरमु चुकाइसी जीउ ॥

ਗੁਰੁ ਭਰਮੁ ਚੁਕਾਏ ਅਕਥੁ ਕਹਾਏ ਸਚ ਮਹਿ ਸਾਚੁ ਸਮਾਣਾ ॥ (688-11)
गुरु भरमु चुकाए अकथु कहाए सच महि साचु समाणा ॥

ਆਪਿ ਉਪਾਏ ਆਪਿ ਸਮਾਏ ਹੁਕਮੀ ਹੁਕਮੁ ਪਛਾਣਾ ॥ (688-11)
आपि उपाए आपि समाए हुकमी हुकमु पछाणा ॥

ਸਚੀ ਵਡਿਆਈ ਗੁਰ ਤੇ ਪਾਈ ਤੂ ਮਨਿ ਅੰਤਿ ਸਖਾਈ ॥ (688-12)
सची वडिआई गुर ते पाई तू मनि अंति सखाई ॥

ਨਾਨਕ ਸਾਹਿਬੁ ਅਵਰੁ ਨ ਦੂਜਾ ਨਾਮਿ ਤੇਰੈ ਵਡਿਆਈ ॥੨॥ (688-12)
नानक साहिबु अवरु न दूजा नामि तेरै वडिआई ॥२॥

ਤੂ ਸਚਾ ਸਿਰਜਣਹਾਰੁ ਅਲਖ ਸਿਰੰਦਿਆ ਜੀਉ ॥ (688-13)
तू सचा सिरजणहारु अलख सिरंदिआ जीउ ॥

ਏਕੁ ਸਾਹਿਬੁ ਦੁਇ ਰਾਹ ਵਾਦ ਵਧੰਦਿਆ ਜੀਉ ॥ (688-13)
एकु साहिबु दुइ राह वाद वधंदिआ जीउ ॥

ਦੁਇ ਰਾਹ ਚਲਾਏ ਹੁਕਮਿ ਸਬਾਏ ਜਨਮਿ ਮੁਆ ਸੰਸਾਰਾ ॥ (688-14)
दुइ राह चलाए हुकमि सबाए जनमि मुआ संसारा ॥

ਨਾਮ ਬਿਨਾ ਨਾਹੀ ਕੋ ਬੇਲੀ ਬਿਖੁ ਲਾਦੀ ਸਿਰਿ ਭਾਰਾ ॥ (688-14)
नाम बिना नाही को बेली बिखु लादी सिरि भारा ॥

ਹੁਕਮੀ ਆਇਆ ਹੁਕਮੁ ਨ ਬੂਝੈ ਹੁਕਮਿ ਸਵਾਰਣਹਾਰਾ ॥ (688-15)
हुकमी आइआ हुकमु न बूझै हुकमि सवारणहारा ॥

ਨਾਨਕ ਸਾਹਿਬੁ ਸਬਦਿ ਸਿਞਾਪੈ ਸਾਚਾ ਸਿਰਜਣਹਾਰਾ ॥੩॥ (688-15)
नानक साहिबु सबदि सिञापै साचा सिरजणहारा ॥३॥

ਭਗਤ ਸੋਹਹਿ ਦਰਵਾਰਿ ਸਬਦਿ ਸੁਹਾਇਆ ਜੀਉ ॥ (688-16)
भगत सोहहि दरवारि सबदि सुहाइआ जीउ ॥

ਬੋਲਹਿ ਅੰਮ੍ਰਿਤ ਬਾਣਿ ਰਸਨ ਰਸਾਇਆ ਜੀਉ ॥ (688-16)
बोलहि अमृत बाणि रसन रसाइआ जीउ ॥

ਰਸਨ ਰਸਾਏ ਨਾਮਿ ਤਿਸਾਏ ਗੁਰ ਕੈ ਸਬਦਿ ਵਿਕਾਣੇ ॥ (688-17)
रसन रसाए नामि तिसाए गुर कै सबदि विकाणे ॥

ਪਾਰਸਿ ਪਰਸਿਐ ਪਾਰਸੁ ਹੋਏ ਜਾ ਤੇਰੈ ਮਨਿ ਭਾਣੇ ॥ (688-17)
पारसि परसिऐ पारसु होए जा तेरै मनि भाणे ॥

ਅਮਰਾ ਪਦੁ ਪਾਇਆ ਆਪੁ ਗਵਾਇਆ ਵਿਰਲਾ ਗਿਆਨ ਵੀਚਾਰੀ ॥ (688-18)
अमरा पदु पाइआ आपु गवाइआ विरला गिआन वीचारी ॥

ਨਾਨਕ ਭਗਤ ਸੋਹਨਿ ਦਰਿ ਸਾਚੈ ਸਾਚੇ ਕੇ ਵਾਪਾਰੀ ॥੪॥ (688-19)
नानक भगत सोहनि दरि साचै साचे के वापारी ॥४॥

ਭੂਖ ਪਿਆਸੋ ਆਥਿ ਕਿਉ ਦਰਿ ਜਾਇਸਾ ਜੀਉ ॥ (688-19)
भूख पिआसो आथि किउ दरि जाइसा जीउ ॥

ਸਤਿਗੁਰ ਪੂਛਉ ਜਾਇ ਨਾਮੁ ਧਿਆਇਸਾ ਜੀਉ ॥ (689-1)
सतिगुर पूछउ जाइ नामु धिआइसा जीउ ॥

ਸਚੁ ਨਾਮੁ ਧਿਆਈ ਸਾਚੁ ਚਵਾਈ ਗੁਰਮੁਖਿ ਸਾਚੁ ਪਛਾਣਾ ॥ (689-1)
सचु नामु धिआई साचु चवाई गुरमुखि साचु पछाणा ॥

ਦੀਨਾ ਨਾਥੁ ਦਇਆਲੁ ਨਿਰੰਜਨੁ ਅਨਦਿਨੁ ਨਾਮੁ ਵਖਾਣਾ ॥ (689-2)
दीना नाथु दइआलु निरंजनु अनदिनु नामु वखाणा ॥

ਕਰਣੀ ਕਾਰ ਧੁਰਹੁ ਫੁਰਮਾਈ ਆਪਿ ਮੁਆ ਮਨੁ ਮਾਰੀ ॥ (689-2)
करणी कार धुरहु फुरमाई आपि मुआ मनु मारी ॥

ਨਾਨਕ ਨਾਮੁ ਮਹਾ ਰਸੁ ਮੀਠਾ ਤ੍ਰਿਸਨਾ ਨਾਮਿ ਨਿਵਾਰੀ ॥੫॥੨॥ (689-3)
नानक नामु महा रसु मीठा त्रिसना नामि निवारी ॥५॥२॥

ਧਨਾਸਰੀ ਛੰਤ ਮਹਲਾ ੧ ॥ (689-3)
धनासरी छंत महला १ ॥

ਪਿਰ ਸੰਗਿ ਮੂਠੜੀਏ ਖਬਰਿ ਨ ਪਾਈਆ ਜੀਉ ॥ (689-4)
पिर संगि मूठड़ीए खबरि न पाईआ जीउ ॥

ਮਸਤਕਿ ਲਿਖਿਅੜਾ ਲੇਖੁ ਪੁਰਬਿ ਕਮਾਇਆ ਜੀਉ ॥ (689-4)
मसतकि लिखिअड़ा लेखु पुरबि कमाइआ जीउ ॥

ਲੇਖੁ ਨ ਮਿਟਈ ਪੁਰਬਿ ਕਮਾਇਆ ਕਿਆ ਜਾਣਾ ਕਿਆ ਹੋਸੀ ॥ (689-4)
लेखु न मिटई पुरबि कमाइआ किआ जाणा किआ होसी ॥

ਗੁਣੀ ਅਚਾਰਿ ਨਹੀ ਰੰਗਿ ਰਾਤੀ ਅਵਗੁਣ ਬਹਿ ਬਹਿ ਰੋਸੀ ॥ (689-5)
गुणी अचारि नही रंगि राती अवगुण बहि बहि रोसी ॥

ਧਨੁ ਜੋਬਨੁ ਆਕ ਕੀ ਛਾਇਆ ਬਿਰਧਿ ਭਏ ਦਿਨ ਪੁੰਨਿਆ ॥ (689-6)
धनु जोबनु आक की छाइआ बिरधि भए दिन पुंनिआ ॥

ਨਾਨਕ ਨਾਮ ਬਿਨਾ ਦੋਹਾਗਣਿ ਛੂਟੀ ਝੂਠਿ ਵਿਛੁੰਨਿਆ ॥੧॥ (689-6)
नानक नाम बिना दोहागणि छूटी झूठि विछुंनिआ ॥१॥

ਬੂਡੀ ਘਰੁ ਘਾਲਿਓ ਗੁਰ ਕੈ ਭਾਇ ਚਲੋ ॥ (689-7)
बूडी घरु घालिओ गुर कै भाइ चलो ॥

ਸਾਚਾ ਨਾਮੁ ਧਿਆਇ ਪਾਵਹਿ ਸੁਖਿ ਮਹਲੋ ॥ (689-7)
साचा नामु धिआइ पावहि सुखि महलो ॥

ਹਰਿ ਨਾਮੁ ਧਿਆਏ ਤਾ ਸੁਖੁ ਪਾਏ ਪੇਈਅੜੈ ਦਿਨ ਚਾਰੇ ॥ (689-8)
हरि नामु धिआए ता सुखु पाए पेईअड़ै दिन चारे ॥

ਨਿਜ ਘਰਿ ਜਾਇ ਬਹੈ ਸਚੁ ਪਾਏ ਅਨਦਿਨੁ ਨਾਲਿ ਪਿਆਰੇ ॥ (689-8)
निज घरि जाइ बहै सचु पाए अनदिनु नालि पिआरे ॥

ਵਿਣੁ ਭਗਤੀ ਘਰਿ ਵਾਸੁ ਨ ਹੋਵੀ ਸੁਣਿਅਹੁ ਲੋਕ ਸਬਾਏ ॥ (689-9)
विणु भगती घरि वासु न होवी सुणिअहु लोक सबाए ॥

ਨਾਨਕ ਸਰਸੀ ਤਾ ਪਿਰੁ ਪਾਏ ਰਾਤੀ ਸਾਚੈ ਨਾਏ ॥੨॥ (689-9)
नानक सरसी ता पिरु पाए राती साचै नाए ॥२॥

ਪਿਰੁ ਧਨ ਭਾਵੈ ਤਾ ਪਿਰ ਭਾਵੈ ਨਾਰੀ ਜੀਉ ॥ (689-10)
पिरु धन भावै ता पिर भावै नारी जीउ ॥

ਰੰਗਿ ਪ੍ਰੀਤਮ ਰਾਤੀ ਗੁਰ ਕੈ ਸਬਦਿ ਵੀਚਾਰੀ ਜੀਉ ॥ (689-10)
रंगि प्रीतम राती गुर कै सबदि वीचारी जीउ ॥

ਗੁਰ ਸਬਦਿ ਵੀਚਾਰੀ ਨਾਹ ਪਿਆਰੀ ਨਿਵਿ ਨਿਵਿ ਭਗਤਿ ਕਰੇਈ ॥ (689-11)
गुर सबदि वीचारी नाह पिआरी निवि निवि भगति करेई ॥

ਮਾਇਆ ਮੋਹੁ ਜਲਾਏ ਪ੍ਰੀਤਮੁ ਰਸ ਮਹਿ ਰੰਗੁ ਕਰੇਈ ॥ (689-11)
माइआ मोहु जलाए प्रीतमु रस महि रंगु करेई ॥

ਪ੍ਰਭ ਸਾਚੇ ਸੇਤੀ ਰੰਗਿ ਰੰਗੇਤੀ ਲਾਲ ਭਈ ਮਨੁ ਮਾਰੀ ॥ (689-12)
प्रभ साचे सेती रंगि रंगेती लाल भई मनु मारी ॥

ਨਾਨਕ ਸਾਚਿ ਵਸੀ ਸੋਹਾਗਣਿ ਪਿਰ ਸਿਉ ਪ੍ਰੀਤਿ ਪਿਆਰੀ ॥੩॥ (689-12)
नानक साचि वसी सोहागणि पिर सिउ प्रीति पिआरी ॥३॥

ਪਿਰ ਘਰਿ ਸੋਹੈ ਨਾਰਿ ਜੇ ਪਿਰ ਭਾਵਏ ਜੀਉ ॥ (689-13)
पिर घरि सोहै नारि जे पिर भावए जीउ ॥

ਝੂਠੇ ਵੈਣ ਚਵੇ ਕਾਮਿ ਨ ਆਵਏ ਜੀਉ ॥ (689-13)
झूठे वैण चवे कामि न आवए जीउ ॥

ਝੂਠੁ ਅਲਾਵੈ ਕਾਮਿ ਨ ਆਵੈ ਨਾ ਪਿਰੁ ਦੇਖੈ ਨੈਣੀ ॥ (689-14)
झूठु अलावै कामि न आवै ना पिरु देखै नैणी ॥

ਅਵਗੁਣਿਆਰੀ ਕੰਤਿ ਵਿਸਾਰੀ ਛੂਟੀ ਵਿਧਣ ਰੈਣੀ ॥ (689-14)
अवगुणिआरी कंति विसारी छूटी विधण रैणी ॥

ਗੁਰ ਸਬਦੁ ਨ ਮਾਨੈ ਫਾਹੀ ਫਾਥੀ ਸਾ ਧਨ ਮਹਲੁ ਨ ਪਾਏ ॥ (689-15)
गुर सबदु न मानै फाही फाथी सा धन महलु न पाए ॥

ਨਾਨਕ ਆਪੇ ਆਪੁ ਪਛਾਣੈ ਗੁਰਮੁਖਿ ਸਹਜਿ ਸਮਾਏ ॥੪॥ (689-15)
नानक आपे आपु पछाणै गुरमुखि सहजि समाए ॥४॥

ਧਨ ਸੋਹਾਗਣਿ ਨਾਰਿ ਜਿਨਿ ਪਿਰੁ ਜਾਣਿਆ ਜੀਉ ॥ (689-16)
धन सोहागणि नारि जिनि पिरु जाणिआ जीउ ॥

ਨਾਮ ਬਿਨਾ ਕੂੜਿਆਰਿ ਕੂੜੁ ਕਮਾਣਿਆ ਜੀਉ ॥ (689-16)
नाम बिना कूड़िआरि कूड़ु कमाणिआ जीउ ॥

ਹਰਿ ਭਗਤਿ ਸੁਹਾਵੀ ਸਾਚੇ ਭਾਵੀ ਭਾਇ ਭਗਤਿ ਪ੍ਰਭ ਰਾਤੀ ॥ (689-17)
हरि भगति सुहावी साचे भावी भाइ भगति प्रभ राती ॥

ਪਿਰੁ ਰਲੀਆਲਾ ਜੋਬਨਿ ਬਾਲਾ ਤਿਸੁ ਰਾਵੇ ਰੰਗਿ ਰਾਤੀ ॥ (689-17)
पिरु रलीआला जोबनि बाला तिसु रावे रंगि राती ॥

ਗੁਰ ਸਬਦਿ ਵਿਗਾਸੀ ਸਹੁ ਰਾਵਾਸੀ ਫਲੁ ਪਾਇਆ ਗੁਣਕਾਰੀ ॥ (689-18)
गुर सबदि विगासी सहु रावासी फलु पाइआ गुणकारी ॥

ਨਾਨਕ ਸਾਚੁ ਮਿਲੈ ਵਡਿਆਈ ਪਿਰ ਘਰਿ ਸੋਹੈ ਨਾਰੀ ॥੫॥੩॥ (689-18)
नानक साचु मिलै वडिआई पिर घरि सोहै नारी ॥५॥३॥

ਧਨਾਸਰੀ ਛੰਤ ਮਹਲਾ ੪ ਘਰੁ ੧ (690-1)
धनासरी छंत महला ४ घरु १

ੴ ਸਤਿਗੁਰ ਪ੍ਰਸਾਦਿ ॥ (690-1)
ੴ सतिगुर प्रसादि ॥

ਹਰਿ ਜੀਉ ਕ੍ਰਿਪਾ ਕਰੇ ਤਾ ਨਾਮੁ ਧਿਆਈਐ ਜੀਉ ॥ (690-2)
हरि जीउ क्रिपा करे ता नामु धिआईऐ जीउ ॥

ਸਤਿਗੁਰੁ ਮਿਲੈ ਸੁਭਾਇ ਸਹਜਿ ਗੁਣ ਗਾਈਐ ਜੀਉ ॥ (690-2)
सतिगुरु मिलै सुभाइ सहजि गुण गाईऐ जीउ ॥

ਗੁਣ ਗਾਇ ਵਿਗਸੈ ਸਦਾ ਅਨਦਿਨੁ ਜਾ ਆਪਿ ਸਾਚੇ ਭਾਵਏ ॥ (690-3)
गुण गाइ विगसै सदा अनदिनु जा आपि साचे भावए ॥

ਅਹੰਕਾਰੁ ਹਉਮੈ ਤਜੈ ਮਾਇਆ ਸਹਜਿ ਨਾਮਿ ਸਮਾਵਏ ॥ (690-3)
अहंकारु हउमै तजै माइआ सहजि नामि समावए ॥

ਆਪਿ ਕਰਤਾ ਕਰੇ ਸੋਈ ਆਪਿ ਦੇਇ ਤ ਪਾਈਐ ॥ (690-4)
आपि करता करे सोई आपि देइ त पाईऐ ॥

ਹਰਿ ਜੀਉ ਕ੍ਰਿਪਾ ਕਰੇ ਤਾ ਨਾਮੁ ਧਿਆਈਐ ਜੀਉ ॥੧॥ (690-4)
हरि जीउ क्रिपा करे ता नामु धिआईऐ जीउ ॥१॥

ਅੰਦਰਿ ਸਾਚਾ ਨੇਹੁ ਪੂਰੇ ਸਤਿਗੁਰੈ ਜੀਉ ॥ (690-5)
अंदरि साचा नेहु पूरे सतिगुरै जीउ ॥

ਹਉ ਤਿਸੁ ਸੇਵੀ ਦਿਨੁ ਰਾਤਿ ਮੈ ਕਦੇ ਨ ਵੀਸਰੈ ਜੀਉ ॥ (690-5)
हउ तिसु सेवी दिनु राति मै कदे न वीसरै जीउ ॥

ਕਦੇ ਨ ਵਿਸਾਰੀ ਅਨਦਿਨੁ ਸਮ੍ਹਾਰੀ ਜਾ ਨਾਮੁ ਲਈ ਤਾ ਜੀਵਾ ॥ (690-6)
कदे न विसारी अनदिनु सम्हारी जा नामु लई ता जीवा ॥

ਸ੍ਰਵਣੀ ਸੁਣੀ ਤ ਇਹੁ ਮਨੁ ਤ੍ਰਿਪਤੈ ਗੁਰਮੁਖਿ ਅੰਮ੍ਰਿਤੁ ਪੀਵਾ ॥ (690-6)
स्रवणी सुणी त इहु मनु त्रिपतै गुरमुखि अमृतु पीवा ॥

ਨਦਰਿ ਕਰੇ ਤਾ ਸਤਿਗੁਰੁ ਮੇਲੇ ਅਨਦਿਨੁ ਬਿਬੇਕ ਬੁਧਿ ਬਿਚਰੈ ॥ (690-7)
नदरि करे ता सतिगुरु मेले अनदिनु बिबेक बुधि बिचरै ॥

ਅੰਦਰਿ ਸਾਚਾ ਨੇਹੁ ਪੂਰੇ ਸਤਿਗੁਰੈ ॥੨॥ (690-7)
अंदरि साचा नेहु पूरे सतिगुरै ॥२॥

ਸਤਸੰਗਤਿ ਮਿਲੈ ਵਡਭਾਗਿ ਤਾ ਹਰਿ ਰਸੁ ਆਵਏ ਜੀਉ ॥ (690-8)
सतसंगति मिलै वडभागि ता हरि रसु आवए जीउ ॥

ਅਨਦਿਨੁ ਰਹੈ ਲਿਵ ਲਾਇ ਤ ਸਹਜਿ ਸਮਾਵਏ ਜੀਉ ॥ (690-8)
अनदिनु रहै लिव लाइ त सहजि समावए जीउ ॥

ਸਹਜਿ ਸਮਾਵੈ ਤਾ ਹਰਿ ਮਨਿ ਭਾਵੈ ਸਦਾ ਅਤੀਤੁ ਬੈਰਾਗੀ ॥ (690-9)
सहजि समावै ता हरि मनि भावै सदा अतीतु बैरागी ॥

ਹਲਤਿ ਪਲਤਿ ਸੋਭਾ ਜਗ ਅੰਤਰਿ ਰਾਮ ਨਾਮਿ ਲਿਵ ਲਾਗੀ ॥ (690-9)
हलति पलति सोभा जग अंतरि राम नामि लिव लागी ॥

ਹਰਖ ਸੋਗ ਦੁਹਾ ਤੇ ਮੁਕਤਾ ਜੋ ਪ੍ਰਭੁ ਕਰੇ ਸੁ ਭਾਵਏ ॥ (690-10)
हरख सोग दुहा ते मुकता जो प्रभु करे सु भावए ॥

ਸਤਸੰਗਤਿ ਮਿਲੈ ਵਡਭਾਗਿ ਤਾ ਹਰਿ ਰਸੁ ਆਵਏ ਜੀਉ ॥੩॥ (690-10)
सतसंगति मिलै वडभागि ता हरि रसु आवए जीउ ॥३॥

ਦੂਜੈ ਭਾਇ ਦੁਖੁ ਹੋਇ ਮਨਮੁਖ ਜਮਿ ਜੋਹਿਆ ਜੀਉ ॥ (690-11)
दूजै भाइ दुखु होइ मनमुख जमि जोहिआ जीउ ॥

ਹਾਇ ਹਾਇ ਕਰੇ ਦਿਨੁ ਰਾਤਿ ਮਾਇਆ ਦੁਖਿ ਮੋਹਿਆ ਜੀਉ ॥ (690-11)
हाइ हाइ करे दिनु राति माइआ दुखि मोहिआ जीउ ॥

ਮਾਇਆ ਦੁਖਿ ਮੋਹਿਆ ਹਉਮੈ ਰੋਹਿਆ ਮੇਰੀ ਮੇਰੀ ਕਰਤ ਵਿਹਾਵਏ ॥ (690-12)
माइआ दुखि मोहिआ हउमै रोहिआ मेरी मेरी करत विहावए ॥

ਜੋ ਪ੍ਰਭੁ ਦੇਇ ਤਿਸੁ ਚੇਤੈ ਨਾਹੀ ਅੰਤਿ ਗਇਆ ਪਛੁਤਾਵਏ ॥ (690-13)
जो प्रभु देइ तिसु चेतै नाही अंति गइआ पछुतावए ॥

ਬਿਨੁ ਨਾਵੈ ਕੋ ਸਾਥਿ ਨ ਚਾਲੈ ਪੁਤ੍ਰ ਕਲਤ੍ਰ ਮਾਇਆ ਧੋਹਿਆ ॥ (690-13)
बिनु नावै को साथि न चालै पुत्र कलत्र माइआ धोहिआ ॥

ਦੂਜੈ ਭਾਇ ਦੁਖੁ ਹੋਇ ਮਨਮੁਖਿ ਜਮਿ ਜੋਹਿਆ ਜੀਉ ॥੪॥ (690-14)
दूजै भाइ दुखु होइ मनमुखि जमि जोहिआ जीउ ॥४॥

ਕਰਿ ਕਿਰਪਾ ਲੇਹੁ ਮਿਲਾਇ ਮਹਲੁ ਹਰਿ ਪਾਇਆ ਜੀਉ ॥ (690-14)
करि किरपा लेहु मिलाइ महलु हरि पाइआ जीउ ॥

ਸਦਾ ਰਹੈ ਕਰ ਜੋੜਿ ਪ੍ਰਭੁ ਮਨਿ ਭਾਇਆ ਜੀਉ ॥ (690-15)
सदा रहै कर जोड़ि प्रभु मनि भाइआ जीउ ॥

ਪ੍ਰਭੁ ਮਨਿ ਭਾਵੈ ਤਾ ਹੁਕਮਿ ਸਮਾਵੈ ਹੁਕਮੁ ਮੰਨਿ ਸੁਖੁ ਪਾਇਆ ॥ (690-15)
प्रभु मनि भावै ता हुकमि समावै हुकमु मंनि सुखु पाइआ ॥

ਅਨਦਿਨੁ ਜਪਤ ਰਹੈ ਦਿਨੁ ਰਾਤੀ ਸਹਜੇ ਨਾਮੁ ਧਿਆਇਆ ॥ (690-16)
अनदिनु जपत रहै दिनु राती सहजे नामु धिआइआ ॥

ਨਾਮੋ ਨਾਮੁ ਮਿਲੀ ਵਡਿਆਈ ਨਾਨਕ ਨਾਮੁ ਮਨਿ ਭਾਵਏ ॥ (690-17)
नामो नामु मिली वडिआई नानक नामु मनि भावए ॥

ਕਰਿ ਕਿਰਪਾ ਲੇਹੁ ਮਿਲਾਇ ਮਹਲੁ ਹਰਿ ਪਾਵਏ ਜੀਉ ॥੫॥੧॥ (690-17)
करि किरपा लेहु मिलाइ महलु हरि पावए जीउ ॥५॥१॥

ਧਨਾਸਰੀ ਮਹਲਾ ੫ ਛੰਤ (691-1)
धनासरी महला ५ छंत

ੴ ਸਤਿਗੁਰ ਪ੍ਰਸਾਦਿ ॥ (691-1)
ੴ सतिगुर प्रसादि ॥

ਸਤਿਗੁਰ ਦੀਨ ਦਇਆਲ ਜਿਸੁ ਸੰਗਿ ਹਰਿ ਗਾਵੀਐ ਜੀਉ ॥ (691-2)
सतिगुर दीन दइआल जिसु संगि हरि गावीऐ जीउ ॥

ਅੰਮ੍ਰਿਤੁ ਹਰਿ ਕਾ ਨਾਮੁ ਸਾਧਸੰਗਿ ਰਾਵੀਐ ਜੀਉ ॥ (691-2)
अमृतु हरि का नामु साधसंगि रावीऐ जीउ ॥

ਭਜੁ ਸੰਗਿ ਸਾਧੂ ਇਕੁ ਅਰਾਧੂ ਜਨਮ ਮਰਨ ਦੁਖ ਨਾਸਏ ॥ (691-3)
भजु संगि साधू इकु अराधू जनम मरन दुख नासए ॥

ਧੁਰਿ ਕਰਮੁ ਲਿਖਿਆ ਸਾਚੁ ਸਿਖਿਆ ਕਟੀ ਜਮ ਕੀ ਫਾਸਏ ॥ (691-3)
धुरि करमु लिखिआ साचु सिखिआ कटी जम की फासए ॥

ਭੈ ਭਰਮ ਨਾਠੇ ਛੁਟੀ ਗਾਠੇ ਜਮ ਪੰਥਿ ਮੂਲਿ ਨ ਆਵੀਐ ॥ (691-4)
भै भरम नाठे छुटी गाठे जम पंथि मूलि न आवीऐ ॥

ਬਿਨਵੰਤਿ ਨਾਨਕ ਧਾਰਿ ਕਿਰਪਾ ਸਦਾ ਹਰਿ ਗੁਣ ਗਾਵੀਐ ॥੧॥ (691-5)
बिनवंति नानक धारि किरपा सदा हरि गुण गावीऐ ॥१॥

ਨਿਧਰਿਆ ਧਰ ਏਕੁ ਨਾਮੁ ਨਿਰੰਜਨੋ ਜੀਉ ॥ (691-5)
निधरिआ धर एकु नामु निरंजनो जीउ ॥

ਤੂ ਦਾਤਾ ਦਾਤਾਰੁ ਸਰਬ ਦੁਖ ਭੰਜਨੋ ਜੀਉ ॥ (691-6)
तू दाता दातारु सरब दुख भंजनो जीउ ॥

ਦੁਖ ਹਰਤ ਕਰਤਾ ਸੁਖਹ ਸੁਆਮੀ ਸਰਣਿ ਸਾਧੂ ਆਇਆ ॥ (691-6)
दुख हरत करता सुखह सुआमी सरणि साधू आइआ ॥

ਸੰਸਾਰੁ ਸਾਗਰੁ ਮਹਾ ਬਿਖੜਾ ਪਲ ਏਕ ਮਾਹਿ ਤਰਾਇਆ ॥ (691-6)
संसारु सागरु महा बिखड़ा पल एक माहि तराइआ ॥

ਪੂਰਿ ਰਹਿਆ ਸਰਬ ਥਾਈ ਗੁਰ ਗਿਆਨੁ ਨੇਤ੍ਰੀ ਅੰਜਨੋ ॥ (691-7)
पूरि रहिआ सरब थाई गुर गिआनु नेत्री अंजनो ॥

ਬਿਨਵੰਤਿ ਨਾਨਕ ਸਦਾ ਸਿਮਰੀ ਸਰਬ ਦੁਖ ਭੈ ਭੰਜਨੋ ॥੨॥ (691-8)
बिनवंति नानक सदा सिमरी सरब दुख भै भंजनो ॥२॥

ਆਪਿ ਲੀਏ ਲੜਿ ਲਾਇ ਕਿਰਪਾ ਧਾਰੀਆ ਜੀਉ ॥ (691-8)
आपि लीए लड़ि लाइ किरपा धारीआ जीउ ॥

ਮੋਹਿ ਨਿਰਗੁਣੁ ਨੀਚੁ ਅਨਾਥੁ ਪ੍ਰਭ ਅਗਮ ਅਪਾਰੀਆ ਜੀਉ ॥ (691-9)
मोहि निरगुणु नीचु अनाथु प्रभ अगम अपारीआ जीउ ॥

ਦਇਆਲ ਸਦਾ ਕ੍ਰਿਪਾਲ ਸੁਆਮੀ ਨੀਚ ਥਾਪਣਹਾਰਿਆ ॥ (691-9)
दइआल सदा क्रिपाल सुआमी नीच थापणहारिआ ॥

ਜੀਅ ਜੰਤ ਸਭਿ ਵਸਿ ਤੇਰੈ ਸਗਲ ਤੇਰੀ ਸਾਰਿਆ ॥ (691-10)
जीअ जंत सभि वसि तेरै सगल तेरी सारिआ ॥

ਆਪਿ ਕਰਤਾ ਆਪਿ ਭੁਗਤਾ ਆਪਿ ਸਗਲ ਬੀਚਾਰੀਆ ॥ (691-10)
आपि करता आपि भुगता आपि सगल बीचारीआ ॥

ਬਿਨਵੰਤ ਨਾਨਕ ਗੁਣ ਗਾਇ ਜੀਵਾ ਹਰਿ ਜਪੁ ਜਪਉ ਬਨਵਾਰੀਆ ॥੩॥ (691-11)
बिनवंत नानक गुण गाइ जीवा हरि जपु जपउ बनवारीआ ॥३॥

ਤੇਰਾ ਦਰਸੁ ਅਪਾਰੁ ਨਾਮੁ ਅਮੋਲਈ ਜੀਉ ॥ (691-11)
तेरा दरसु अपारु नामु अमोलई जीउ ॥

ਨਿਤਿ ਜਪਹਿ ਤੇਰੇ ਦਾਸ ਪੁਰਖ ਅਤੋਲਈ ਜੀਉ ॥ (691-12)
निति जपहि तेरे दास पुरख अतोलई जीउ ॥

ਸੰਤ ਰਸਨ ਵੂਠਾ ਆਪਿ ਤੂਠਾ ਹਰਿ ਰਸਹਿ ਸੇਈ ਮਾਤਿਆ ॥ (691-12)
संत रसन वूठा आपि तूठा हरि रसहि सेई मातिआ ॥

ਗੁਰ ਚਰਨ ਲਾਗੇ ਮਹਾ ਭਾਗੇ ਸਦਾ ਅਨਦਿਨੁ ਜਾਗਿਆ ॥ (691-13)
गुर चरन लागे महा भागे सदा अनदिनु जागिआ ॥

ਸਦ ਸਦਾ ਸਿੰਮ੍ਰਤਬ੍ਯ੍ਯ ਸੁਆਮੀ ਸਾਸਿ ਸਾਸਿ ਗੁਣ ਬੋਲਈ ॥ (691-13)
सद सदा सिंम्रतब्य सुआमी सासि सासि गुण बोलई ॥

ਬਿਨਵੰਤਿ ਨਾਨਕ ਧੂਰਿ ਸਾਧੂ ਨਾਮੁ ਪ੍ਰਭੂ ਅਮੋਲਈ ॥੪॥੧॥ (691-14)
बिनवंति नानक धूरि साधू नामु प्रभू अमोलई ॥४॥१॥

ਰਾਗੁ ਧਨਾਸਰੀ ਬਾਣੀ ਭਗਤ ਕਬੀਰ ਜੀ ਕੀ (691-15)
रागु धनासरी बाणी भगत कबीर जी की

ੴ ਸਤਿਗੁਰ ਪ੍ਰਸਾਦਿ ॥ (691-15)
ੴ सतिगुर प्रसादि ॥

ਸਨਕ ਸਨੰਦ ਮਹੇਸ ਸਮਾਨਾਂ ॥ (691-16)
सनक सनंद महेस समानां ॥

ਸੇਖਨਾਗਿ ਤੇਰੋ ਮਰਮੁ ਨ ਜਾਨਾਂ ॥੧॥ (691-16)
सेखनागि तेरो मरमु न जानां ॥१॥

ਸੰਤਸੰਗਤਿ ਰਾਮੁ ਰਿਦੈ ਬਸਾਈ ॥੧॥ ਰਹਾਉ ॥ (691-16)
संतसंगति रामु रिदै बसाई ॥१॥ रहाउ ॥

ਹਨੂਮਾਨ ਸਰਿ ਗਰੁੜ ਸਮਾਨਾਂ ॥ (691-17)
हनूमान सरि गरुड़ समानां ॥

ਸੁਰਪਤਿ ਨਰਪਤਿ ਨਹੀ ਗੁਨ ਜਾਨਾਂ ॥੨॥ (691-17)
सुरपति नरपति नही गुन जानां ॥२॥

ਚਾਰਿ ਬੇਦ ਅਰੁ ਸਿੰਮ੍ਰਿਤਿ ਪੁਰਾਨਾਂ ॥ (691-17)
चारि बेद अरु सिंम्रिति पुरानां ॥

ਕਮਲਾਪਤਿ ਕਵਲਾ ਨਹੀ ਜਾਨਾਂ ॥੩॥ (691-18)
कमलापति कवला नही जानां ॥३॥

ਕਹਿ ਕਬੀਰ ਸੋ ਭਰਮੈ ਨਾਹੀ ॥ (691-18)
कहि कबीर सो भरमै नाही ॥

ਪਗ ਲਗਿ ਰਾਮ ਰਹੈ ਸਰਨਾਂਹੀ ॥੪॥੧॥ (691-18)
पग लगि राम रहै सरनांही ॥४॥१॥

ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ ॥ (692-1)
दिन ते पहर पहर ते घरीआं आव घटै तनु छीजै ॥

ਕਾਲੁ ਅਹੇਰੀ ਫਿਰੈ ਬਧਿਕ ਜਿਉ ਕਹਹੁ ਕਵਨ ਬਿਧਿ ਕੀਜੈ ॥੧॥ (692-1)
कालु अहेरी फिरै बधिक जिउ कहहु कवन बिधि कीजै ॥१॥

ਸੋ ਦਿਨੁ ਆਵਨ ਲਾਗਾ ॥ (692-2)
सो दिनु आवन लागा ॥

ਮਾਤ ਪਿਤਾ ਭਾਈ ਸੁਤ ਬਨਿਤਾ ਕਹਹੁ ਕੋਊ ਹੈ ਕਾ ਕਾ ॥੧॥ ਰਹਾਉ ॥ (692-2)
मात पिता भाई सुत बनिता कहहु कोऊ है का का ॥१॥ रहाउ ॥

ਜਬ ਲਗੁ ਜੋਤਿ ਕਾਇਆ ਮਹਿ ਬਰਤੈ ਆਪਾ ਪਸੂ ਨ ਬੂਝੈ ॥ (692-3)
जब लगु जोति काइआ महि बरतै आपा पसू न बूझै ॥

ਲਾਲਚ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ ॥੨॥ (692-3)
लालच करै जीवन पद कारन लोचन कछू न सूझै ॥२॥

ਕਹਤ ਕਬੀਰ ਸੁਨਹੁ ਰੇ ਪ੍ਰਾਨੀ ਛੋਡਹੁ ਮਨ ਕੇ ਭਰਮਾ ॥ (692-4)
कहत कबीर सुनहु रे प्रानी छोडहु मन के भरमा ॥

ਕੇਵਲ ਨਾਮੁ ਜਪਹੁ ਰੇ ਪ੍ਰਾਨੀ ਪਰਹੁ ਏਕ ਕੀ ਸਰਨਾਂ ॥੩॥੨॥ (692-4)
केवल नामु जपहु रे प्रानी परहु एक की सरनां ॥३॥२॥

ਜੋ ਜਨੁ ਭਾਉ ਭਗਤਿ ਕਛੁ ਜਾਨੈ ਤਾ ਕਉ ਅਚਰਜੁ ਕਾਹੋ ॥ (692-5)
जो जनु भाउ भगति कछु जानै ता कउ अचरजु काहो ॥

ਜਿਉ ਜਲੁ ਜਲ ਮਹਿ ਪੈਸਿ ਨ ਨਿਕਸੈ ਤਿਉ ਢੁਰਿ ਮਿਲਿਓ ਜੁਲਾਹੋ ॥੧॥ (692-5)
जिउ जलु जल महि पैसि न निकसै तिउ ढुरि मिलिओ जुलाहो ॥१॥

ਹਰਿ ਕੇ ਲੋਗਾ ਮੈ ਤਉ ਮਤਿ ਕਾ ਭੋਰਾ ॥ (692-6)
हरि के लोगा मै तउ मति का भोरा ॥

ਜਉ ਤਨੁ ਕਾਸੀ ਤਜਹਿ ਕਬੀਰਾ ਰਮਈਐ ਕਹਾ ਨਿਹੋਰਾ ॥੧॥ ਰਹਾਉ ॥ (692-6)
जउ तनु कासी तजहि कबीरा रमईऐ कहा निहोरा ॥१॥ रहाउ ॥

ਕਹਤੁ ਕਬੀਰੁ ਸੁਨਹੁ ਰੇ ਲੋਈ ਭਰਮਿ ਨ ਭੂਲਹੁ ਕੋਈ ॥ (692-7)
कहतु कबीरु सुनहु रे लोई भरमि न भूलहु कोई ॥

ਕਿਆ ਕਾਸੀ ਕਿਆ ਊਖਰੁ ਮਗਹਰੁ ਰਾਮੁ ਰਿਦੈ ਜਉ ਹੋਈ ॥੨॥੩॥ (692-8)
किआ कासी किआ ऊखरु मगहरु रामु रिदै जउ होई ॥२॥३॥

ਇੰਦ੍ਰ ਲੋਕ ਸਿਵ ਲੋਕਹਿ ਜੈਬੋ ॥ (692-8)
इंद्र लोक सिव लोकहि जैबो ॥

ਓਛੇ ਤਪ ਕਰਿ ਬਾਹੁਰਿ ਐਬੋ ॥੧॥ (692-8)
ओछे तप करि बाहुरि ऐबो ॥१॥

ਕਿਆ ਮਾਂਗਉ ਕਿਛੁ ਥਿਰੁ ਨਾਹੀ ॥ (692-9)
किआ मांगउ किछु थिरु नाही ॥

ਰਾਮ ਨਾਮ ਰਖੁ ਮਨ ਮਾਹੀ ॥੧॥ ਰਹਾਉ ॥ (692-9)
राम नाम रखु मन माही ॥१॥ रहाउ ॥

ਸੋਭਾ ਰਾਜ ਬਿਭੈ ਬਡਿਆਈ ॥ (692-9)
सोभा राज बिभै बडिआई ॥

ਅੰਤਿ ਨ ਕਾਹੂ ਸੰਗ ਸਹਾਈ ॥੨॥ (692-10)
अंति न काहू संग सहाई ॥२॥

ਪੁਤ੍ਰ ਕਲਤ੍ਰ ਲਛਮੀ ਮਾਇਆ ॥ (692-10)
पुत्र कलत्र लछमी माइआ ॥

ਇਨ ਤੇ ਕਹੁ ਕਵਨੈ ਸੁਖੁ ਪਾਇਆ ॥੩॥ (692-10)
इन ते कहु कवनै सुखु पाइआ ॥३॥

ਕਹਤ ਕਬੀਰ ਅਵਰ ਨਹੀ ਕਾਮਾ ॥ (692-11)
कहत कबीर अवर नही कामा ॥

ਹਮਰੈ ਮਨ ਧਨ ਰਾਮ ਕੋ ਨਾਮਾ ॥੪॥੪॥ (692-11)
हमरै मन धन राम को नामा ॥४॥४॥

ਰਾਮ ਸਿਮਰਿ ਰਾਮ ਸਿਮਰਿ ਰਾਮ ਸਿਮਰਿ ਭਾਈ ॥ (692-12)
राम सिमरि राम सिमरि राम सिमरि भाई ॥

ਰਾਮ ਨਾਮ ਸਿਮਰਨ ਬਿਨੁ ਬੂਡਤੇ ਅਧਿਕਾਈ ॥੧॥ ਰਹਾਉ ॥ (692-12)
राम नाम सिमरन बिनु बूडते अधिकाई ॥१॥ रहाउ ॥

ਬਨਿਤਾ ਸੁਤ ਦੇਹ ਗ੍ਰੇਹ ਸੰਪਤਿ ਸੁਖਦਾਈ ॥ (692-13)
बनिता सुत देह ग्रेह स्मपति सुखदाई ॥

ਇਨ੍ਹ੍ਹ ਮੈ ਕਛੁ ਨਾਹਿ ਤੇਰੋ ਕਾਲ ਅਵਧ ਆਈ ॥੧॥ (692-13)
इन्ह मै कछु नाहि तेरो काल अवध आई ॥१॥

ਅਜਾਮਲ ਗਜ ਗਨਿਕਾ ਪਤਿਤ ਕਰਮ ਕੀਨੇ ॥ (692-13)
अजामल गज गनिका पतित करम कीने ॥

ਤੇਊ ਉਤਰਿ ਪਾਰਿ ਪਰੇ ਰਾਮ ਨਾਮ ਲੀਨੇ ॥੨॥ (692-14)
तेऊ उतरि पारि परे राम नाम लीने ॥२॥

ਸੂਕਰ ਕੂਕਰ ਜੋਨਿ ਭ੍ਰਮੇ ਤਊ ਲਾਜ ਨ ਆਈ ॥ (692-14)
सूकर कूकर जोनि भ्रमे तऊ लाज न आई ॥

ਰਾਮ ਨਾਮ ਛਾਡਿ ਅੰਮ੍ਰਿਤ ਕਾਹੇ ਬਿਖੁ ਖਾਈ ॥੩॥ (692-15)
राम नाम छाडि अमृत काहे बिखु खाई ॥३॥

ਤਜਿ ਭਰਮ ਕਰਮ ਬਿਧਿ ਨਿਖੇਧ ਰਾਮ ਨਾਮੁ ਲੇਹੀ ॥ (692-15)
तजि भरम करम बिधि निखेध राम नामु लेही ॥

ਗੁਰ ਪ੍ਰਸਾਦਿ ਜਨ ਕਬੀਰ ਰਾਮੁ ਕਰਿ ਸਨੇਹੀ ॥੪॥੫॥ (692-16)
गुर प्रसादि जन कबीर रामु करि सनेही ॥४॥५॥

ਧਨਾਸਰੀ ਬਾਣੀ ਭਗਤ ਨਾਮਦੇਵ ਜੀ ਕੀ (692-17)
धनासरी बाणी भगत नामदेव जी की

ੴ ਸਤਿਗੁਰ ਪ੍ਰਸਾਦਿ ॥ (692-17)
ੴ सतिगुर प्रसादि ॥

ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ ॥ (692-18)
गहरी करि कै नीव खुदाई ऊपरि मंडप छाए ॥

ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ ॥੧॥ (692-18)
मारकंडे ते को अधिकाई जिनि त्रिण धरि मूंड बलाए ॥१॥

ਹਮਰੋ ਕਰਤਾ ਰਾਮੁ ਸਨੇਹੀ ॥ (692-19)
हमरो करता रामु सनेही ॥

ਕਾਹੇ ਰੇ ਨਰ ਗਰਬੁ ਕਰਤ ਹਹੁ ਬਿਨਸਿ ਜਾਇ ਝੂਠੀ ਦੇਹੀ ॥੧॥ ਰਹਾਉ ॥ (692-19)
काहे रे नर गरबु करत हहु बिनसि जाइ झूठी देही ॥१॥ रहाउ ॥

ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ ॥ (693-1)
मेरी मेरी कैरउ करते दुरजोधन से भाई ॥

ਬਾਰਹ ਜੋਜਨ ਛਤ੍ਰੁ ਚਲੈ ਥਾ ਦੇਹੀ ਗਿਰਝਨ ਖਾਈ ॥੨॥ (693-1)
बारह जोजन छत्रु चलै था देही गिरझन खाई ॥२॥

ਸਰਬ ਸੋੁਇਨ ਕੀ ਲੰਕਾ ਹੋਤੀ ਰਾਵਨ ਸੇ ਅਧਿਕਾਈ ॥ (693-1)
सरब सोइन की लंका होती रावन से अधिकाई ॥

ਕਹਾ ਭਇਓ ਦਰਿ ਬਾਂਧੇ ਹਾਥੀ ਖਿਨ ਮਹਿ ਭਈ ਪਰਾਈ ॥੩॥ (693-2)
कहा भइओ दरि बांधे हाथी खिन महि भई पराई ॥३॥

ਦੁਰਬਾਸਾ ਸਿਉ ਕਰਤ ਠਗਉਰੀ ਜਾਦਵ ਏ ਫਲ ਪਾਏ ॥ (693-3)
दुरबासा सिउ करत ठगउरी जादव ए फल पाए ॥

ਕ੍ਰਿਪਾ ਕਰੀ ਜਨ ਅਪੁਨੇ ਊਪਰ ਨਾਮਦੇਉ ਹਰਿ ਗੁਨ ਗਾਏ ॥੪॥੧॥ (693-3)
क्रिपा करी जन अपुने ऊपर नामदेउ हरि गुन गाए ॥४॥१॥

ਦਸ ਬੈਰਾਗਨਿ ਮੋਹਿ ਬਸਿ ਕੀਨ੍ਹ੍ਹੀ ਪੰਚਹੁ ਕਾ ਮਿਟ ਨਾਵਉ ॥ (693-4)
दस बैरागनि मोहि बसि कीन्ही पंचहु का मिट नावउ ॥

ਸਤਰਿ ਦੋਇ ਭਰੇ ਅੰਮ੍ਰਿਤ ਸਰਿ ਬਿਖੁ ਕਉ ਮਾਰਿ ਕਢਾਵਉ ॥੧॥ (693-4)
सतरि दोइ भरे अमृत सरि बिखु कउ मारि कढावउ ॥१॥

ਪਾਛੈ ਬਹੁਰਿ ਨ ਆਵਨੁ ਪਾਵਉ ॥ (693-5)
पाछै बहुरि न आवनु पावउ ॥

ਅੰਮ੍ਰਿਤ ਬਾਣੀ ਘਟ ਤੇ ਉਚਰਉ ਆਤਮ ਕਉ ਸਮਝਾਵਉ ॥੧॥ ਰਹਾਉ ॥ (693-5)
अमृत बाणी घट ते उचरउ आतम कउ समझावउ ॥१॥ रहाउ ॥

ਬਜਰ ਕੁਠਾਰੁ ਮੋਹਿ ਹੈ ਛੀਨਾਂ ਕਰਿ ਮਿੰਨਤਿ ਲਗਿ ਪਾਵਉ ॥ (693-6)
बजर कुठारु मोहि है छीनां करि मिंनति लगि पावउ ॥

ਸੰਤਨ ਕੇ ਹਮ ਉਲਟੇ ਸੇਵਕ ਭਗਤਨ ਤੇ ਡਰਪਾਵਉ ॥੨॥ (693-6)
संतन के हम उलटे सेवक भगतन ते डरपावउ ॥२॥

ਇਹ ਸੰਸਾਰ ਤੇ ਤਬ ਹੀ ਛੂਟਉ ਜਉ ਮਾਇਆ ਨਹ ਲਪਟਾਵਉ ॥ (693-7)
इह संसार ते तब ही छूटउ जउ माइआ नह लपटावउ ॥

ਮਾਇਆ ਨਾਮੁ ਗਰਭ ਜੋਨਿ ਕਾ ਤਿਹ ਤਜਿ ਦਰਸਨੁ ਪਾਵਉ ॥੩॥ (693-8)
माइआ नामु गरभ जोनि का तिह तजि दरसनु पावउ ॥३॥

ਇਤੁ ਕਰਿ ਭਗਤਿ ਕਰਹਿ ਜੋ ਜਨ ਤਿਨ ਭਉ ਸਗਲ ਚੁਕਾਈਐ ॥ (693-8)
इतु करि भगति करहि जो जन तिन भउ सगल चुकाईऐ ॥

ਕਹਤ ਨਾਮਦੇਉ ਬਾਹਰਿ ਕਿਆ ਭਰਮਹੁ ਇਹ ਸੰਜਮ ਹਰਿ ਪਾਈਐ ॥੪॥੨॥ (693-9)
कहत नामदेउ बाहरि किआ भरमहु इह संजम हरि पाईऐ ॥४॥२॥

ਮਾਰਵਾੜਿ ਜੈਸੇ ਨੀਰੁ ਬਾਲਹਾ ਬੇਲਿ ਬਾਲਹਾ ਕਰਹਲਾ ॥ (693-9)
मारवाड़ि जैसे नीरु बालहा बेलि बालहा करहला ॥

ਜਿਉ ਕੁਰੰਕ ਨਿਸਿ ਨਾਦੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥੧॥ (693-10)
जिउ कुरंक निसि नादु बालहा तिउ मेरै मनि रामईआ ॥१॥

ਤੇਰਾ ਨਾਮੁ ਰੂੜੋ ਰੂਪੁ ਰੂੜੋ ਅਤਿ ਰੰਗ ਰੂੜੋ ਮੇਰੋ ਰਾਮਈਆ ॥੧॥ ਰਹਾਉ ॥ (693-11)
तेरा नामु रूड़ो रूपु रूड़ो अति रंग रूड़ो मेरो रामईआ ॥१॥ रहाउ ॥

ਜਿਉ ਧਰਣੀ ਕਉ ਇੰਦ੍ਰੁ ਬਾਲਹਾ ਕੁਸਮ ਬਾਸੁ ਜੈਸੇ ਭਵਰਲਾ ॥ (693-11)
जिउ धरणी कउ इंद्रु बालहा कुसम बासु जैसे भवरला ॥

ਜਿਉ ਕੋਕਿਲ ਕਉ ਅੰਬੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥੨॥ (693-12)
जिउ कोकिल कउ अम्बु बालहा तिउ मेरै मनि रामईआ ॥२॥

ਚਕਵੀ ਕਉ ਜੈਸੇ ਸੂਰੁ ਬਾਲਹਾ ਮਾਨ ਸਰੋਵਰ ਹੰਸੁਲਾ ॥ (693-13)
चकवी कउ जैसे सूरु बालहा मान सरोवर हंसुला ॥

ਜਿਉ ਤਰੁਣੀ ਕਉ ਕੰਤੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥੩॥ (693-13)
जिउ तरुणी कउ कंतु बालहा तिउ मेरै मनि रामईआ ॥३॥

ਬਾਰਿਕ ਕਉ ਜੈਸੇ ਖੀਰੁ ਬਾਲਹਾ ਚਾਤ੍ਰਿਕ ਮੁਖ ਜੈਸੇ ਜਲਧਰਾ ॥ (693-14)
बारिक कउ जैसे खीरु बालहा चात्रिक मुख जैसे जलधरा ॥

ਮਛੁਲੀ ਕਉ ਜੈਸੇ ਨੀਰੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥੪॥ (693-14)
मछुली कउ जैसे नीरु बालहा तिउ मेरै मनि रामईआ ॥४॥

ਸਾਧਿਕ ਸਿਧ ਸਗਲ ਮੁਨਿ ਚਾਹਹਿ ਬਿਰਲੇ ਕਾਹੂ ਡੀਠੁਲਾ ॥ (693-15)
साधिक सिध सगल मुनि चाहहि बिरले काहू डीठुला ॥

ਸਗਲ ਭਵਣ ਤੇਰੋ ਨਾਮੁ ਬਾਲਹਾ ਤਿਉ ਨਾਮੇ ਮਨਿ ਬੀਠੁਲਾ ॥੫॥੩॥ (693-15)
सगल भवण तेरो नामु बालहा तिउ नामे मनि बीठुला ॥५॥३॥

ਪਹਿਲ ਪੁਰੀਏ ਪੁੰਡਰਕ ਵਨਾ ॥ (693-16)
पहिल पुरीए पुंडरक वना ॥

ਤਾ ਚੇ ਹੰਸਾ ਸਗਲੇ ਜਨਾਂ ॥ (693-16)
ता चे हंसा सगले जनां ॥

ਕ੍ਰਿਸ੍ਨਾ ਤੇ ਜਾਨਊ ਹਰਿ ਹਰਿ ਨਾਚੰਤੀ ਨਾਚਨਾ ॥੧॥ (693-17)
क्रिस्ना ते जानऊ हरि हरि नाचंती नाचना ॥१॥

ਪਹਿਲ ਪੁਰਸਾਬਿਰਾ ॥ (693-17)
पहिल पुरसाबिरा ॥

ਅਥੋਨ ਪੁਰਸਾਦਮਰਾ ॥ (693-17)
अथोन पुरसादमरा ॥

ਅਸਗਾ ਅਸ ਉਸਗਾ ॥ (693-18)
असगा अस उसगा ॥

ਹਰਿ ਕਾ ਬਾਗਰਾ ਨਾਚੈ ਪਿੰਧੀ ਮਹਿ ਸਾਗਰਾ ॥੧॥ ਰਹਾਉ ॥ (693-18)
हरि का बागरा नाचै पिंधी महि सागरा ॥१॥ रहाउ ॥

ਨਾਚੰਤੀ ਗੋਪੀ ਜੰਨਾ ॥ (693-18)
नाचंती गोपी जंना ॥

ਨਈਆ ਤੇ ਬੈਰੇ ਕੰਨਾ ॥ (693-19)
नईआ ते बैरे कंना ॥

ਤਰਕੁ ਨ ਚਾ ॥ (693-19)
तरकु न चा ॥

ਭ੍ਰਮੀਆ ਚਾ ॥ (693-19)
भ्रमीआ चा ॥

ਕੇਸਵਾ ਬਚਉਨੀ ਅਈਏ ਮਈਏ ਏਕ ਆਨ ਜੀਉ ॥੨॥ (693-19)
केसवा बचउनी अईए मईए एक आन जीउ ॥२॥

ਪਿੰਧੀ ਉਭਕਲੇ ਸੰਸਾਰਾ ॥ (694-1)
पिंधी उभकले संसारा ॥

ਭ੍ਰਮਿ ਭ੍ਰਮਿ ਆਏ ਤੁਮ ਚੇ ਦੁਆਰਾ ॥ (694-1)
भ्रमि भ्रमि आए तुम चे दुआरा ॥

ਤੂ ਕੁਨੁ ਰੇ ॥ (694-1)
तू कुनु रे ॥

ਮੈ ਜੀ ॥ (694-1)
मै जी ॥

ਨਾਮਾ ॥ (694-1)
नामा ॥

ਹੋ ਜੀ ॥ (694-2)
हो जी ॥

ਆਲਾ ਤੇ ਨਿਵਾਰਣਾ ਜਮ ਕਾਰਣਾ ॥੩॥੪॥ (694-2)
आला ते निवारणा जम कारणा ॥३॥४॥

ਪਤਿਤ ਪਾਵਨ ਮਾਧਉ ਬਿਰਦੁ ਤੇਰਾ ॥ (694-2)
पतित पावन माधउ बिरदु तेरा ॥

ਧੰਨਿ ਤੇ ਵੈ ਮੁਨਿ ਜਨ ਜਿਨ ਧਿਆਇਓ ਹਰਿ ਪ੍ਰਭੁ ਮੇਰਾ ॥੧॥ (694-2)
धंनि ते वै मुनि जन जिन धिआइओ हरि प्रभु मेरा ॥१॥

ਮੇਰੈ ਮਾਥੈ ਲਾਗੀ ਲੇ ਧੂਰਿ ਗੋਬਿੰਦ ਚਰਨਨ ਕੀ ॥ (694-3)
मेरै माथै लागी ले धूरि गोबिंद चरनन की ॥

ਸੁਰਿ ਨਰ ਮੁਨਿ ਜਨ ਤਿਨਹੂ ਤੇ ਦੂਰਿ ॥੧॥ ਰਹਾਉ ॥ (694-3)
सुरि नर मुनि जन तिनहू ते दूरि ॥१॥ रहाउ ॥

ਦੀਨ ਕਾ ਦਇਆਲੁ ਮਾਧੌ ਗਰਬ ਪਰਹਾਰੀ ॥ (694-4)
दीन का दइआलु माधौ गरब परहारी ॥

ਚਰਨ ਸਰਨ ਨਾਮਾ ਬਲਿ ਤਿਹਾਰੀ ॥੨॥੫॥ (694-4)
चरन सरन नामा बलि तिहारी ॥२॥५॥

ਧਨਾਸਰੀ ਭਗਤ ਰਵਿਦਾਸ ਜੀ ਕੀ (694-6)
धनासरी भगत रविदास जी की

ੴ ਸਤਿਗੁਰ ਪ੍ਰਸਾਦਿ ॥ (694-6)
ੴ सतिगुर प्रसादि ॥

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥ (694-7)
हम सरि दीनु दइआलु न तुम सरि अब पतीआरु किआ कीजै ॥

ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥੧॥ (694-7)
बचनी तोर मोर मनु मानै जन कउ पूरनु दीजै ॥१॥

ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥ (694-8)
हउ बलि बलि जाउ रमईआ कारने ॥

ਕਾਰਨ ਕਵਨ ਅਬੋਲ ॥ ਰਹਾਉ ॥ (694-8)
कारन कवन अबोल ॥ रहाउ ॥

ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹ੍ਹਾਰੇ ਲੇਖੇ ॥ (694-8)
बहुत जनम बिछुरे थे माधउ इहु जनमु तुम्हारे लेखे ॥

ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥੨॥੧॥ (694-9)
कहि रविदास आस लगि जीवउ चिर भइओ दरसनु देखे ॥२॥१॥

ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ ॥ (694-10)
चित सिमरनु करउ नैन अविलोकनो स्रवन बानी सुजसु पूरि राखउ ॥

ਮਨੁ ਸੁ ਮਧੁਕਰੁ ਕਰਉ ਚਰਨ ਹਿਰਦੇ ਧਰਉ ਰਸਨ ਅੰਮ੍ਰਿਤ ਰਾਮ ਨਾਮ ਭਾਖਉ ॥੧॥ (694-10)
मनु सु मधुकरु करउ चरन हिरदे धरउ रसन अमृत राम नाम भाखउ ॥१॥

ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ ॥ (694-11)
मेरी प्रीति गोबिंद सिउ जिनि घटै ॥

ਮੈ ਤਉ ਮੋਲਿ ਮਹਗੀ ਲਈ ਜੀਅ ਸਟੈ ॥੧॥ ਰਹਾਉ ॥ (694-12)
मै तउ मोलि महगी लई जीअ सटै ॥१॥ रहाउ ॥

ਸਾਧਸੰਗਤਿ ਬਿਨਾ ਭਾਉ ਨਹੀ ਊਪਜੈ ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥ (694-12)
साधसंगति बिना भाउ नही ऊपजै भाव बिनु भगति नही होइ तेरी ॥

ਕਹੈ ਰਵਿਦਾਸੁ ਇਕ ਬੇਨਤੀ ਹਰਿ ਸਿਉ ਪੈਜ ਰਾਖਹੁ ਰਾਜਾ ਰਾਮ ਮੇਰੀ ॥੨॥੨॥ (694-13)
कहै रविदासु इक बेनती हरि सिउ पैज राखहु राजा राम मेरी ॥२॥२॥

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥ (694-13)
नामु तेरो आरती मजनु मुरारे ॥

ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥੧॥ ਰਹਾਉ ॥ (694-14)
हरि के नाम बिनु झूठे सगल पासारे ॥१॥ रहाउ ॥

ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ ਨਾਮੁ ਤੇਰਾ ਕੇਸਰੋ ਲੇ ਛਿਟਕਾਰੇ ॥ (694-14)
नामु तेरो आसनो नामु तेरो उरसा नामु तेरा केसरो ले छिटकारे ॥

ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ ॥੧॥ (694-15)
नामु तेरा अ्मभुला नामु तेरो चंदनो घसि जपे नामु ले तुझहि कउ चारे ॥१॥

ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ॥ (694-16)
नामु तेरा दीवा नामु तेरो बाती नामु तेरो तेलु ले माहि पसारे ॥

ਨਾਮ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ ॥੨॥ (694-16)
नाम तेरे की जोति लगाई भइओ उजिआरो भवन सगलारे ॥२॥

ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ ਭਾਰ ਅਠਾਰਹ ਸਗਲ ਜੂਠਾਰੇ ॥ (694-17)
नामु तेरो तागा नामु फूल माला भार अठारह सगल जूठारे ॥

ਤੇਰੋ ਕੀਆ ਤੁਝਹਿ ਕਿਆ ਅਰਪਉ ਨਾਮੁ ਤੇਰਾ ਤੁਹੀ ਚਵਰ ਢੋਲਾਰੇ ॥੩॥ (694-18)
तेरो कीआ तुझहि किआ अरपउ नामु तेरा तुही चवर ढोलारे ॥३॥

ਦਸ ਅਠਾ ਅਠਸਠੇ ਚਾਰੇ ਖਾਣੀ ਇਹੈ ਵਰਤਣਿ ਹੈ ਸਗਲ ਸੰਸਾਰੇ ॥ (694-18)
दस अठा अठसठे चारे खाणी इहै वरतणि है सगल संसारे ॥

ਕਹੈ ਰਵਿਦਾਸੁ ਨਾਮੁ ਤੇਰੋ ਆਰਤੀ ਸਤਿ ਨਾਮੁ ਹੈ ਹਰਿ ਭੋਗ ਤੁਹਾਰੇ ॥੪॥੩॥ (694-19)
कहै रविदासु नामु तेरो आरती सति नामु है हरि भोग तुहारे ॥४॥३॥

ਧਨਾਸਰੀ ਬਾਣੀ ਭਗਤਾਂ ਕੀ ਤ੍ਰਿਲੋਚਨ (695-1)
धनासरी बाणी भगतां की त्रिलोचन

ੴ ਸਤਿਗੁਰ ਪ੍ਰਸਾਦਿ ॥ (695-2)
ੴ सतिगुर प्रसादि ॥

ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ ॥ (695-2)
नाराइण निंदसि काइ भूली गवारी ॥

ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ ॥੧॥ ਰਹਾਉ ॥ (695-2)
दुक्रितु सुक्रितु थारो करमु री ॥१॥ रहाउ ॥

ਸੰਕਰਾ ਮਸਤਕਿ ਬਸਤਾ ਸੁਰਸਰੀ ਇਸਨਾਨ ਰੇ ॥ (695-3)
संकरा मसतकि बसता सुरसरी इसनान रे ॥

ਕੁਲ ਜਨ ਮਧੇ ਮਿਲ੍ਯ੍ਯੋ ਸਾਰਗ ਪਾਨ ਰੇ ॥ (695-3)
कुल जन मधे मिल्यिो सारग पान रे ॥

ਕਰਮ ਕਰਿ ਕਲੰਕੁ ਮਫੀਟਸਿ ਰੀ ॥੧॥ (695-3)
करम करि कलंकु मफीटसि री ॥१॥

ਬਿਸ੍ਵ ਕਾ ਦੀਪਕੁ ਸ੍ਵਾਮੀ ਤਾ ਚੇ ਰੇ ਸੁਆਰਥੀ ਪੰਖੀ ਰਾਇ ਗਰੁੜ ਤਾ ਚੇ ਬਾਧਵਾ ॥ (695-4)
बिस्व का दीपकु स्वामी ता चे रे सुआरथी पंखी राइ गरुड़ ता चे बाधवा ॥

ਕਰਮ ਕਰਿ ਅਰੁਣ ਪਿੰਗੁਲਾ ਰੀ ॥੨॥ (695-5)
करम करि अरुण पिंगुला री ॥२॥

ਅਨਿਕ ਪਾਤਿਕ ਹਰਤਾ ਤ੍ਰਿਭਵਣ ਨਾਥੁ ਰੀ ਤੀਰਥਿ ਤੀਰਥਿ ਭ੍ਰਮਤਾ ਲਹੈ ਨ ਪਾਰੁ ਰੀ ॥ (695-5)
अनिक पातिक हरता त्रिभवण नाथु री तीरथि तीरथि भ्रमता लहै न पारु री ॥

ਕਰਮ ਕਰਿ ਕਪਾਲੁ ਮਫੀਟਸਿ ਰੀ ॥੩॥ (695-6)
करम करि कपालु मफीटसि री ॥३॥

ਅੰਮ੍ਰਿਤ ਸਸੀਅ ਧੇਨ ਲਛਿਮੀ ਕਲਪਤਰ ਸਿਖਰਿ ਸੁਨਾਗਰ ਨਦੀ ਚੇ ਨਾਥੰ ॥ (695-6)
अमृत ससीअ धेन लछिमी कलपतर सिखरि सुनागर नदी चे नाथं ॥

ਕਰਮ ਕਰਿ ਖਾਰੁ ਮਫੀਟਸਿ ਰੀ ॥੪॥ (695-7)
करम करि खारु मफीटसि री ॥४॥

ਦਾਧੀਲੇ ਲੰਕਾ ਗੜੁ ਉਪਾੜੀਲੇ ਰਾਵਣ ਬਣੁ ਸਲਿ ਬਿਸਲਿ ਆਣਿ ਤੋਖੀਲੇ ਹਰੀ ॥ (695-7)
दाधीले लंका गड़ु उपाड़ीले रावण बणु सलि बिसलि आणि तोखीले हरी ॥

ਕਰਮ ਕਰਿ ਕਛਉਟੀ ਮਫੀਟਸਿ ਰੀ ॥੫॥ (695-8)
करम करि कछउटी मफीटसि री ॥५॥

ਪੂਰਬਲੋ ਕ੍ਰਿਤ ਕਰਮੁ ਨ ਮਿਟੈ ਰੀ ਘਰ ਗੇਹਣਿ ਤਾ ਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ ॥ (695-8)
पूरबलो क्रित करमु न मिटै री घर गेहणि ता चे मोहि जापीअले राम चे नामं ॥

ਬਦਤਿ ਤ੍ਰਿਲੋਚਨ ਰਾਮ ਜੀ ॥੬॥੧॥ (695-9)
बदति त्रिलोचन राम जी ॥६॥१॥

ਸ੍ਰੀ ਸੈਣੁ ॥ (695-9)
स्री सैणु ॥

ਧੂਪ ਦੀਪ ਘ੍ਰਿਤ ਸਾਜਿ ਆਰਤੀ ॥ (695-10)
धूप दीप घ्रित साजि आरती ॥

ਵਾਰਨੇ ਜਾਉ ਕਮਲਾ ਪਤੀ ॥੧॥ (695-10)
वारने जाउ कमला पती ॥१॥

ਮੰਗਲਾ ਹਰਿ ਮੰਗਲਾ ॥ (695-10)
मंगला हरि मंगला ॥

ਨਿਤ ਮੰਗਲੁ ਰਾਜਾ ਰਾਮ ਰਾਇ ਕੋ ॥੧॥ ਰਹਾਉ ॥ (695-10)
नित मंगलु राजा राम राइ को ॥१॥ रहाउ ॥

ਊਤਮੁ ਦੀਅਰਾ ਨਿਰਮਲ ਬਾਤੀ ॥ (695-11)
ऊतमु दीअरा निरमल बाती ॥

ਤੁਹੀ ਨਿਰੰਜਨੁ ਕਮਲਾ ਪਾਤੀ ॥੨॥ (695-11)
तुहीं निरंजनु कमला पाती ॥२॥

ਰਾਮਾ ਭਗਤਿ ਰਾਮਾਨੰਦੁ ਜਾਨੈ ॥ (695-12)
रामा भगति रामानंदु जानै ॥

ਪੂਰਨ ਪਰਮਾਨੰਦੁ ਬਖਾਨੈ ॥੩॥ (695-12)
पूरन परमानंदु बखानै ॥३॥

ਮਦਨ ਮੂਰਤਿ ਭੈ ਤਾਰਿ ਗੋਬਿੰਦੇ ॥ (695-12)
मदन मूरति भै तारि गोबिंदे ॥

ਸੈਨੁ ਭਣੈ ਭਜੁ ਪਰਮਾਨੰਦੇ ॥੪॥੨॥ (695-12)
सैनु भणै भजु परमानंदे ॥४॥२॥

ਪੀਪਾ ॥ (695-13)
पीपा ॥

ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ ॥ (695-13)
कायउ देवा काइअउ देवल काइअउ जंगम जाती ॥

ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ ॥੧॥ (695-13)
काइअउ धूप दीप नईबेदा काइअउ पूजउ पाती ॥१॥

ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ ॥ (695-14)
काइआ बहु खंड खोजते नव निधि पाई ॥

ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ ॥੧॥ ਰਹਾਉ ॥ (695-14)
ना कछु आइबो ना कछु जाइबो राम की दुहाई ॥१॥ रहाउ ॥

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥ (695-15)
जो ब्रहमंडे सोई पिंडे जो खोजै सो पावै ॥

ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥੨॥੩॥ (695-15)
पीपा प्रणवै परम ततु है सतिगुरु होइ लखावै ॥२॥३॥

ਧੰਨਾ ॥ (695-16)
धंना ॥

ਗੋਪਾਲ ਤੇਰਾ ਆਰਤਾ ॥ (695-16)
गोपाल तेरा आरता ॥

ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ॥੧॥ ਰਹਾਉ ॥ (695-16)
जो जन तुमरी भगति करंते तिन के काज सवारता ॥१॥ रहाउ ॥

ਦਾਲਿ ਸੀਧਾ ਮਾਗਉ ਘੀਉ ॥ (695-17)
दालि सीधा मागउ घीउ ॥

ਹਮਰਾ ਖੁਸੀ ਕਰੈ ਨਿਤ ਜੀਉ ॥ (695-17)
हमरा खुसी करै नित जीउ ॥

ਪਨ੍ਹੀਆ ਛਾਦਨੁ ਨੀਕਾ ॥ (695-18)
पन्हीआ छादनु नीका ॥

ਅਨਾਜੁ ਮਗਉ ਸਤ ਸੀ ਕਾ ॥੧॥ (695-18)
अनाजु मगउ सत सी का ॥१॥

ਗਊ ਭੈਸ ਮਗਉ ਲਾਵੇਰੀ ॥ (695-18)
गऊ भैस मगउ लावेरी ॥

ਇਕ ਤਾਜਨਿ ਤੁਰੀ ਚੰਗੇਰੀ ॥ (695-18)
इक ताजनि तुरी चंगेरी ॥

ਘਰ ਕੀ ਗੀਹਨਿ ਚੰਗੀ ॥ (695-19)
घर की गीहनि चंगी ॥

ਜਨੁ ਧੰਨਾ ਲੇਵੈ ਮੰਗੀ ॥੨॥੪॥ (695-19)
जनु धंना लेवै मंगी ॥२॥४॥

ਜੈਤਸਰੀ ਮਹਲਾ ੪ ਘਰੁ ੧ ਚਉਪਦੇ (696-1)
जैतसरी महला ४ घरु १ चउपदे

ੴ ਸਤਿਗੁਰ ਪ੍ਰਸਾਦਿ ॥ (696-2)
ੴ सतिगुर प्रसादि ॥

ਮੇਰੈ ਹੀਅਰੈ ਰਤਨੁ ਨਾਮੁ ਹਰਿ ਬਸਿਆ ਗੁਰਿ ਹਾਥੁ ਧਰਿਓ ਮੇਰੈ ਮਾਥਾ ॥ (696-3)
मेरै हीअरै रतनु नामु हरि बसिआ गुरि हाथु धरिओ मेरै माथा ॥

ਜਨਮ ਜਨਮ ਕੇ ਕਿਲਬਿਖ ਦੁਖ ਉਤਰੇ ਗੁਰਿ ਨਾਮੁ ਦੀਓ ਰਿਨੁ ਲਾਥਾ ॥੧॥ (696-3)
जनम जनम के किलबिख दुख उतरे गुरि नामु दीओ रिनु लाथा ॥१॥

ਮੇਰੇ ਮਨ ਭਜੁ ਰਾਮ ਨਾਮੁ ਸਭਿ ਅਰਥਾ ॥ (696-4)
मेरे मन भजु राम नामु सभि अरथा ॥

ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ਬਿਨੁ ਨਾਵੈ ਜੀਵਨੁ ਬਿਰਥਾ ॥ ਰਹਾਉ ॥ (696-4)
गुरि पूरै हरि नामु द्रिड़ाइआ बिनु नावै जीवनु बिरथा ॥ रहाउ ॥

ਬਿਨੁ ਗੁਰ ਮੂੜ ਭਏ ਹੈ ਮਨਮੁਖ ਤੇ ਮੋਹ ਮਾਇਆ ਨਿਤ ਫਾਥਾ ॥ (696-5)
बिनु गुर मूड़ भए है मनमुख ते मोह माइआ नित फाथा ॥

ਤਿਨ ਸਾਧੂ ਚਰਣ ਨ ਸੇਵੇ ਕਬਹੂ ਤਿਨ ਸਭੁ ਜਨਮੁ ਅਕਾਥਾ ॥੨॥ (696-5)
तिन साधू चरण न सेवे कबहू तिन सभु जनमु अकाथा ॥२॥

ਜਿਨ ਸਾਧੂ ਚਰਣ ਸਾਧ ਪਗ ਸੇਵੇ ਤਿਨ ਸਫਲਿਓ ਜਨਮੁ ਸਨਾਥਾ ॥ (696-6)
जिन साधू चरण साध पग सेवे तिन सफलिओ जनमु सनाथा ॥

ਮੋ ਕਉ ਕੀਜੈ ਦਾਸੁ ਦਾਸ ਦਾਸਨ ਕੋ ਹਰਿ ਦਇਆ ਧਾਰਿ ਜਗੰਨਾਥਾ ॥੩॥ (696-7)
मो कउ कीजै दासु दास दासन को हरि दइआ धारि जगंनाथा ॥३॥

ਹਮ ਅੰਧੁਲੇ ਗਿਆਨਹੀਨ ਅਗਿਆਨੀ ਕਿਉ ਚਾਲਹ ਮਾਰਗਿ ਪੰਥਾ ॥ (696-7)
हम अंधुले गिआनहीन अगिआनी किउ चालह मारगि पंथा ॥

ਹਮ ਅੰਧੁਲੇ ਕਉ ਗੁਰ ਅੰਚਲੁ ਦੀਜੈ ਜਨ ਨਾਨਕ ਚਲਹ ਮਿਲੰਥਾ ॥੪॥੧॥ (696-8)
हम अंधुले कउ गुर अंचलु दीजै जन नानक चलह मिलंथा ॥४॥१॥

ਜੈਤਸਰੀ ਮਹਲਾ ੪ ॥ (696-9)
जैतसरी महला ४ ॥

ਹੀਰਾ ਲਾਲੁ ਅਮੋਲਕੁ ਹੈ ਭਾਰੀ ਬਿਨੁ ਗਾਹਕ ਮੀਕਾ ਕਾਖਾ ॥ (696-9)
हीरा लालु अमोलकु है भारी बिनु गाहक मीका काखा ॥

ਰਤਨ ਗਾਹਕੁ ਗੁਰੁ ਸਾਧੂ ਦੇਖਿਓ ਤਬ ਰਤਨੁ ਬਿਕਾਨੋ ਲਾਖਾ ॥੧॥ (696-9)
रतन गाहकु गुरु साधू देखिओ तब रतनु बिकानो लाखा ॥१॥

ਮੇਰੈ ਮਨਿ ਗੁਪਤ ਹੀਰੁ ਹਰਿ ਰਾਖਾ ॥ (696-10)
मेरै मनि गुपत हीरु हरि राखा ॥

ਦੀਨ ਦਇਆਲਿ ਮਿਲਾਇਓ ਗੁਰੁ ਸਾਧੂ ਗੁਰਿ ਮਿਲਿਐ ਹੀਰੁ ਪਰਾਖਾ ॥ ਰਹਾਉ ॥ (696-10)
दीन दइआलि मिलाइओ गुरु साधू गुरि मिलिऐ हीरु पराखा ॥ रहाउ ॥

ਮਨਮੁਖ ਕੋਠੀ ਅਗਿਆਨੁ ਅੰਧੇਰਾ ਤਿਨ ਘਰਿ ਰਤਨੁ ਨ ਲਾਖਾ ॥ (696-11)
मनमुख कोठी अगिआनु अंधेरा तिन घरि रतनु न लाखा ॥

ਤੇ ਊਝੜਿ ਭਰਮਿ ਮੁਏ ਗਾਵਾਰੀ ਮਾਇਆ ਭੁਅੰਗ ਬਿਖੁ ਚਾਖਾ ॥੨॥ (696-12)
ते ऊझड़ि भरमि मुए गावारी माइआ भुअंग बिखु चाखा ॥२॥

ਹਰਿ ਹਰਿ ਸਾਧ ਮੇਲਹੁ ਜਨ ਨੀਕੇ ਹਰਿ ਸਾਧੂ ਸਰਣਿ ਹਮ ਰਾਖਾ ॥ (696-12)
हरि हरि साध मेलहु जन नीके हरि साधू सरणि हम राखा ॥

ਹਰਿ ਅੰਗੀਕਾਰੁ ਕਰਹੁ ਪ੍ਰਭ ਸੁਆਮੀ ਹਮ ਪਰੇ ਭਾਗਿ ਤੁਮ ਪਾਖਾ ॥੩॥ (696-13)
हरि अंगीकारु करहु प्रभ सुआमी हम परे भागि तुम पाखा ॥३॥

ਜਿਹਵਾ ਕਿਆ ਗੁਣ ਆਖਿ ਵਖਾਣਹ ਤੁਮ ਵਡ ਅਗਮ ਵਡ ਪੁਰਖਾ ॥ (696-14)
जिहवा किआ गुण आखि वखाणह तुम वड अगम वड पुरखा ॥

ਜਨ ਨਾਨਕ ਹਰਿ ਕਿਰਪਾ ਧਾਰੀ ਪਾਖਾਣੁ ਡੁਬਤ ਹਰਿ ਰਾਖਾ ॥੪॥੨॥ (696-14)
जन नानक हरि किरपा धारी पाखाणु डुबत हरि राखा ॥४॥२॥

ਜੈਤਸਰੀ ਮਃ ੪ ॥ (697-1)
जैतसरी मः ४ ॥

ਹਮ ਬਾਰਿਕ ਕਛੂਅ ਨ ਜਾਨਹ ਗਤਿ ਮਿਤਿ ਤੇਰੇ ਮੂਰਖ ਮੁਗਧ ਇਆਨਾ ॥ (697-1)
हम बारिक कछूअ न जानह गति मिति तेरे मूरख मुगध इआना ॥

ਹਰਿ ਕਿਰਪਾ ਧਾਰਿ ਦੀਜੈ ਮਤਿ ਊਤਮ ਕਰਿ ਲੀਜੈ ਮੁਗਧੁ ਸਿਆਨਾ ॥੧॥ (697-2)
हरि किरपा धारि दीजै मति ऊतम करि लीजै मुगधु सिआना ॥१॥

ਮੇਰਾ ਮਨੁ ਆਲਸੀਆ ਉਘਲਾਨਾ ॥ (697-2)
मेरा मनु आलसीआ उघलाना ॥

ਹਰਿ ਹਰਿ ਆਨਿ ਮਿਲਾਇਓ ਗੁਰੁ ਸਾਧੂ ਮਿਲਿ ਸਾਧੂ ਕਪਟ ਖੁਲਾਨਾ ॥ ਰਹਾਉ ॥ (697-3)
हरि हरि आनि मिलाइओ गुरु साधू मिलि साधू कपट खुलाना ॥ रहाउ ॥

ਗੁਰ ਖਿਨੁ ਖਿਨੁ ਪ੍ਰੀਤਿ ਲਗਾਵਹੁ ਮੇਰੈ ਹੀਅਰੈ ਮੇਰੇ ਪ੍ਰੀਤਮ ਨਾਮੁ ਪਰਾਨਾ ॥ (697-4)
गुर खिनु खिनु प्रीति लगावहु मेरै हीअरै मेरे प्रीतम नामु पराना ॥

ਬਿਨੁ ਨਾਵੈ ਮਰਿ ਜਾਈਐ ਮੇਰੇ ਠਾਕੁਰ ਜਿਉ ਅਮਲੀ ਅਮਲਿ ਲੁਭਾਨਾ ॥੨॥ (697-4)
बिनु नावै मरि जाईऐ मेरे ठाकुर जिउ अमली अमलि लुभाना ॥२॥

ਜਿਨ ਮਨਿ ਪ੍ਰੀਤਿ ਲਗੀ ਹਰਿ ਕੇਰੀ ਤਿਨ ਧੁਰਿ ਭਾਗ ਪੁਰਾਨਾ ॥ (697-5)
जिन मनि प्रीति लगी हरि केरी तिन धुरि भाग पुराना ॥

ਤਿਨ ਹਮ ਚਰਣ ਸਰੇਵਹ ਖਿਨੁ ਖਿਨੁ ਜਿਨ ਹਰਿ ਮੀਠ ਲਗਾਨਾ ॥੩॥ (697-5)
तिन हम चरण सरेवह खिनु खिनु जिन हरि मीठ लगाना ॥३॥

ਹਰਿ ਹਰਿ ਕ੍ਰਿਪਾ ਧਾਰੀ ਮੇਰੈ ਠਾਕੁਰਿ ਜਨੁ ਬਿਛੁਰਿਆ ਚਿਰੀ ਮਿਲਾਨਾ ॥ (697-6)
हरि हरि क्रिपा धारी मेरै ठाकुरि जनु बिछुरिआ चिरी मिलाना ॥

ਧਨੁ ਧਨੁ ਸਤਿਗੁਰੁ ਜਿਨਿ ਨਾਮੁ ਦ੍ਰਿੜਾਇਆ ਜਨੁ ਨਾਨਕੁ ਤਿਸੁ ਕੁਰਬਾਨਾ ॥੪॥੩॥ (697-7)
धनु धनु सतिगुरु जिनि नामु द्रिड़ाइआ जनु नानकु तिसु कुरबाना ॥४॥३॥

ਜੈਤਸਰੀ ਮਹਲਾ ੪ ॥ (697-8)
जैतसरी महला ४ ॥

ਸਤਿਗੁਰੁ ਸਾਜਨੁ ਪੁਰਖੁ ਵਡ ਪਾਇਆ ਹਰਿ ਰਸਕਿ ਰਸਕਿ ਫਲ ਲਾਗਿਬਾ ॥ (697-8)
सतिगुरु साजनु पुरखु वड पाइआ हरि रसकि रसकि फल लागिबा ॥

ਮਾਇਆ ਭੁਇਅੰਗ ਗ੍ਰਸਿਓ ਹੈ ਪ੍ਰਾਣੀ ਗੁਰ ਬਚਨੀ ਬਿਸੁ ਹਰਿ ਕਾਢਿਬਾ ॥੧॥ (697-9)
माइआ भुइअंग ग्रसिओ है प्राणी गुर बचनी बिसु हरि काढिबा ॥१॥

ਮੇਰਾ ਮਨੁ ਰਾਮ ਨਾਮ ਰਸਿ ਲਾਗਿਬਾ ॥ (697-9)
मेरा मनु राम नाम रसि लागिबा ॥

ਹਰਿ ਕੀਏ ਪਤਿਤ ਪਵਿਤ੍ਰ ਮਿਲਿ ਸਾਧ ਗੁਰ ਹਰਿ ਨਾਮੈ ਹਰਿ ਰਸੁ ਚਾਖਿਬਾ ॥ ਰਹਾਉ ॥ (697-10)
हरि कीए पतित पवित्र मिलि साध गुर हरि नामै हरि रसु चाखिबा ॥ रहाउ ॥

ਧਨੁ ਧਨੁ ਵਡਭਾਗ ਮਿਲਿਓ ਗੁਰੁ ਸਾਧੂ ਮਿਲਿ ਸਾਧੂ ਲਿਵ ਉਨਮਨਿ ਲਾਗਿਬਾ ॥ (697-10)
धनु धनु वडभाग मिलिओ गुरु साधू मिलि साधू लिव उनमनि लागिबा ॥

ਤ੍ਰਿਸਨਾ ਅਗਨਿ ਬੁਝੀ ਸਾਂਤਿ ਪਾਈ ਹਰਿ ਨਿਰਮਲ ਨਿਰਮਲ ਗੁਨ ਗਾਇਬਾ ॥੨॥ (697-11)
त्रिसना अगनि बुझी सांति पाई हरि निरमल निरमल गुन गाइबा ॥२॥

ਤਿਨ ਕੇ ਭਾਗ ਖੀਨ ਧੁਰਿ ਪਾਏ ਜਿਨ ਸਤਿਗੁਰ ਦਰਸੁ ਨ ਪਾਇਬਾ ॥ (697-12)
तिन के भाग खीन धुरि पाए जिन सतिगुर दरसु न पाइबा ॥

ਤੇ ਦੂਜੈ ਭਾਇ ਪਵਹਿ ਗ੍ਰਭ ਜੋਨੀ ਸਭੁ ਬਿਰਥਾ ਜਨਮੁ ਤਿਨ ਜਾਇਬਾ ॥੩॥ (697-13)
ते दूजै भाइ पवहि ग्रभ जोनी सभु बिरथा जनमु तिन जाइबा ॥३॥

ਹਰਿ ਦੇਹੁ ਬਿਮਲ ਮਤਿ ਗੁਰ ਸਾਧ ਪਗ ਸੇਵਹ ਹਮ ਹਰਿ ਮੀਠ ਲਗਾਇਬਾ ॥ (697-13)
हरि देहु बिमल मति गुर साध पग सेवह हम हरि मीठ लगाइबा ॥

ਜਨੁ ਨਾਨਕੁ ਰੇਣ ਸਾਧ ਪਗ ਮਾਗੈ ਹਰਿ ਹੋਇ ਦਇਆਲੁ ਦਿਵਾਇਬਾ ॥੪॥੪॥ (697-14)
जनु नानकु रेण साध पग मागै हरि होइ दइआलु दिवाइबा ॥४॥४॥

ਜੈਤਸਰੀ ਮਹਲਾ ੪ ॥ (697-15)
जैतसरी महला ४ ॥

ਜਿਨ ਹਰਿ ਹਿਰਦੈ ਨਾਮੁ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ ॥ (697-15)
जिन हरि हिरदै नामु न बसिओ तिन मात कीजै हरि बांझा ॥

ਤਿਨ ਸੁੰਞੀ ਦੇਹ ਫਿਰਹਿ ਬਿਨੁ ਨਾਵੈ ਓਇ ਖਪਿ ਖਪਿ ਮੁਏ ਕਰਾਂਝਾ ॥੧॥ (697-15)
तिन सुंञी देह फिरहि बिनु नावै ओइ खपि खपि मुए करांझा ॥१॥

ਮੇਰੇ ਮਨ ਜਪਿ ਰਾਮ ਨਾਮੁ ਹਰਿ ਮਾਝਾ ॥ (697-16)
मेरे मन जपि राम नामु हरि माझा ॥

ਹਰਿ ਹਰਿ ਕ੍ਰਿਪਾਲਿ ਕ੍ਰਿਪਾ ਪ੍ਰਭਿ ਧਾਰੀ ਗੁਰਿ ਗਿਆਨੁ ਦੀਓ ਮਨੁ ਸਮਝਾ ॥ ਰਹਾਉ ॥ (697-16)
हरि हरि क्रिपालि क्रिपा प्रभि धारी गुरि गिआनु दीओ मनु समझा ॥ रहाउ ॥

ਹਰਿ ਕੀਰਤਿ ਕਲਜੁਗਿ ਪਦੁ ਊਤਮੁ ਹਰਿ ਪਾਈਐ ਸਤਿਗੁਰ ਮਾਝਾ ॥ (697-17)
हरि कीरति कलजुगि पदु ऊतमु हरि पाईऐ सतिगुर माझा ॥

ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਗੁਪਤੁ ਨਾਮੁ ਪਰਗਾਝਾ ॥੨॥ (697-18)
हउ बलिहारी सतिगुर अपुने जिनि गुपतु नामु परगाझा ॥२॥

ਦਰਸਨੁ ਸਾਧ ਮਿਲਿਓ ਵਡਭਾਗੀ ਸਭਿ ਕਿਲਬਿਖ ਗਏ ਗਵਾਝਾ ॥ (697-19)
दरसनु साध मिलिओ वडभागी सभि किलबिख गए गवाझा ॥

ਸਤਿਗੁਰੁ ਸਾਹੁ ਪਾਇਆ ਵਡ ਦਾਣਾ ਹਰਿ ਕੀਏ ਬਹੁ ਗੁਣ ਸਾਝਾ ॥੩॥ (697-19)
सतिगुरु साहु पाइआ वड दाणा हरि कीए बहु गुण साझा ॥३॥

ਜਿਨ ਕਉ ਕ੍ਰਿਪਾ ਕਰੀ ਜਗਜੀਵਨਿ ਹਰਿ ਉਰਿ ਧਾਰਿਓ ਮਨ ਮਾਝਾ ॥ (698-1)
जिन कउ क्रिपा करी जगजीवनि हरि उरि धारिओ मन माझा ॥

ਧਰਮ ਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ ॥੪॥੫॥ (698-1)
धरम राइ दरि कागद फारे जन नानक लेखा समझा ॥४॥५॥

ਜੈਤਸਰੀ ਮਹਲਾ ੪ ॥ (698-2)
जैतसरी महला ४ ॥

ਸਤਸੰਗਤਿ ਸਾਧ ਪਾਈ ਵਡਭਾਗੀ ਮਨੁ ਚਲਤੌ ਭਇਓ ਅਰੂੜਾ ॥ (698-2)
सतसंगति साध पाई वडभागी मनु चलतौ भइओ अरूड़ा ॥

ਅਨਹਤ ਧੁਨਿ ਵਾਜਹਿ ਨਿਤ ਵਾਜੇ ਹਰਿ ਅੰਮ੍ਰਿਤ ਧਾਰ ਰਸਿ ਲੀੜਾ ॥੧॥ (698-3)
अनहत धुनि वाजहि नित वाजे हरि अमृत धार रसि लीड़ा ॥१॥

ਮੇਰੇ ਮਨ ਜਪਿ ਰਾਮ ਨਾਮੁ ਹਰਿ ਰੂੜਾ ॥ (698-4)
मेरे मन जपि राम नामु हरि रूड़ा ॥

ਮੇਰੈ ਮਨਿ ਤਨਿ ਪ੍ਰੀਤਿ ਲਗਾਈ ਸਤਿਗੁਰਿ ਹਰਿ ਮਿਲਿਓ ਲਾਇ ਝਪੀੜਾ ॥ ਰਹਾਉ ॥ (698-4)
मेरै मनि तनि प्रीति लगाई सतिगुरि हरि मिलिओ लाइ झपीड़ा ॥ रहाउ ॥

ਸਾਕਤ ਬੰਧ ਭਏ ਹੈ ਮਾਇਆ ਬਿਖੁ ਸੰਚਹਿ ਲਾਇ ਜਕੀੜਾ ॥ (698-5)
साकत बंध भए है माइआ बिखु संचहि लाइ जकीड़ा ॥

ਹਰਿ ਕੈ ਅਰਥਿ ਖਰਚਿ ਨਹ ਸਾਕਹਿ ਜਮਕਾਲੁ ਸਹਹਿ ਸਿਰਿ ਪੀੜਾ ॥੨॥ (698-5)
हरि कै अरथि खरचि नह साकहि जमकालु सहहि सिरि पीड़ा ॥२॥

ਜਿਨ ਹਰਿ ਅਰਥਿ ਸਰੀਰੁ ਲਗਾਇਆ ਗੁਰ ਸਾਧੂ ਬਹੁ ਸਰਧਾ ਲਾਇ ਮੁਖਿ ਧੂੜਾ ॥ (698-6)
जिन हरि अरथि सरीरु लगाइआ गुर साधू बहु सरधा लाइ मुखि धूड़ा ॥

ਹਲਤਿ ਪਲਤਿ ਹਰਿ ਸੋਭਾ ਪਾਵਹਿ ਹਰਿ ਰੰਗੁ ਲਗਾ ਮਨਿ ਗੂੜਾ ॥੩॥ (698-7)
हलति पलति हरि सोभा पावहि हरि रंगु लगा मनि गूड़ा ॥३॥

ਹਰਿ ਹਰਿ ਮੇਲਿ ਮੇਲਿ ਜਨ ਸਾਧੂ ਹਮ ਸਾਧ ਜਨਾ ਕਾ ਕੀੜਾ ॥ (698-7)
हरि हरि मेलि मेलि जन साधू हम साध जना का कीड़ा ॥

ਜਨ ਨਾਨਕ ਪ੍ਰੀਤਿ ਲਗੀ ਪਗ ਸਾਧ ਗੁਰ ਮਿਲਿ ਸਾਧੂ ਪਾਖਾਣੁ ਹਰਿਓ ਮਨੁ ਮੂੜਾ ॥੪॥੬॥ (698-8)
जन नानक प्रीति लगी पग साध गुर मिलि साधू पाखाणु हरिओ मनु मूड़ा ॥४॥६॥

ਜੈਤਸਰੀ ਮਹਲਾ ੪ ਘਰੁ ੨ (698-10)
जैतसरी महला ४ घरु २

ੴ ਸਤਿਗੁਰ ਪ੍ਰਸਾਦਿ ॥ (698-10)
ੴ सतिगुर प्रसादि ॥

ਹਰਿ ਹਰਿ ਸਿਮਰਹੁ ਅਗਮ ਅਪਾਰਾ ॥ (698-11)
हरि हरि सिमरहु अगम अपारा ॥

ਜਿਸੁ ਸਿਮਰਤ ਦੁਖੁ ਮਿਟੈ ਹਮਾਰਾ ॥ (698-11)
जिसु सिमरत दुखु मिटै हमारा ॥

ਹਰਿ ਹਰਿ ਸਤਿਗੁਰੁ ਪੁਰਖੁ ਮਿਲਾਵਹੁ ਗੁਰਿ ਮਿਲਿਐ ਸੁਖੁ ਹੋਈ ਰਾਮ ॥੧॥ (698-11)
हरि हरि सतिगुरु पुरखु मिलावहु गुरि मिलिऐ सुखु होई राम ॥१॥

ਹਰਿ ਗੁਣ ਗਾਵਹੁ ਮੀਤ ਹਮਾਰੇ ॥ (698-12)
हरि गुण गावहु मीत हमारे ॥

ਹਰਿ ਹਰਿ ਨਾਮੁ ਰਖਹੁ ਉਰ ਧਾਰੇ ॥ (698-12)
हरि हरि नामु रखहु उर धारे ॥

ਹਰਿ ਹਰਿ ਅੰਮ੍ਰਿਤ ਬਚਨ ਸੁਣਾਵਹੁ ਗੁਰ ਮਿਲਿਐ ਪਰਗਟੁ ਹੋਈ ਰਾਮ ॥੨॥ (698-13)
हरि हरि अमृत बचन सुणावहु गुर मिलिऐ परगटु होई राम ॥२॥

ਮਧੁਸੂਦਨ ਹਰਿ ਮਾਧੋ ਪ੍ਰਾਨਾ ॥ (698-13)
मधुसूदन हरि माधो प्राना ॥

ਮੇਰੈ ਮਨਿ ਤਨਿ ਅੰਮ੍ਰਿਤ ਮੀਠ ਲਗਾਨਾ ॥ (698-14)
मेरै मनि तनि अमृत मीठ लगाना ॥

ਹਰਿ ਹਰਿ ਦਇਆ ਕਰਹੁ ਗੁਰੁ ਮੇਲਹੁ ਪੁਰਖੁ ਨਿਰੰਜਨੁ ਸੋਈ ਰਾਮ ॥੩॥ (698-14)
हरि हरि दइआ करहु गुरु मेलहु पुरखु निरंजनु सोई राम ॥३॥

ਹਰਿ ਹਰਿ ਨਾਮੁ ਸਦਾ ਸੁਖਦਾਤਾ ॥ (698-15)
हरि हरि नामु सदा सुखदाता ॥

ਹਰਿ ਕੈ ਰੰਗਿ ਮੇਰਾ ਮਨੁ ਰਾਤਾ ॥ (698-15)
हरि कै रंगि मेरा मनु राता ॥

ਹਰਿ ਹਰਿ ਮਹਾ ਪੁਰਖੁ ਗੁਰੁ ਮੇਲਹੁ ਗੁਰ ਨਾਨਕ ਨਾਮਿ ਸੁਖੁ ਹੋਈ ਰਾਮ ॥੪॥੧॥੭॥ (698-15)
हरि हरि महा पुरखु गुरु मेलहु गुर नानक नामि सुखु होई राम ॥४॥१॥७॥

ਜੈਤਸਰੀ ਮਃ ੪ ॥ (698-16)
जैतसरी मः ४ ॥

ਹਰਿ ਹਰਿ ਹਰਿ ਹਰਿ ਨਾਮੁ ਜਪਾਹਾ ॥ (698-16)
हरि हरि हरि हरि नामु जपाहा ॥

ਗੁਰਮੁਖਿ ਨਾਮੁ ਸਦਾ ਲੈ ਲਾਹਾ ॥ (698-17)
गुरमुखि नामु सदा लै लाहा ॥

ਹਰਿ ਹਰਿ ਹਰਿ ਹਰਿ ਭਗਤਿ ਦ੍ਰਿੜਾਵਹੁ ਹਰਿ ਹਰਿ ਨਾਮੁ ਓੁਮਾਹਾ ਰਾਮ ॥੧॥ (698-17)
हरि हरि हरि हरि भगति द्रिड़ावहु हरि हरि नामु ओुमाहा राम ॥१॥

ਹਰਿ ਹਰਿ ਨਾਮੁ ਦਇਆਲੁ ਧਿਆਹਾ ॥ (698-18)
हरि हरि नामु दइआलु धिआहा ॥

ਹਰਿ ਕੈ ਰੰਗਿ ਸਦਾ ਗੁਣ ਗਾਹਾ ॥ (698-18)
हरि कै रंगि सदा गुण गाहा ॥

ਹਰਿ ਹਰਿ ਹਰਿ ਜਸੁ ਘੂਮਰਿ ਪਾਵਹੁ ਮਿਲਿ ਸਤਸੰਗਿ ਓੁਮਾਹਾ ਰਾਮ ॥੨॥ (698-18)
हरि हरि हरि जसु घूमरि पावहु मिलि सतसंगि ओुमाहा राम ॥२॥

ਆਉ ਸਖੀ ਹਰਿ ਮੇਲਿ ਮਿਲਾਹਾ ॥ (698-19)
आउ सखी हरि मेलि मिलाहा ॥

ਸੁਣਿ ਹਰਿ ਕਥਾ ਨਾਮੁ ਲੈ ਲਾਹਾ ॥ (698-19)
सुणि हरि कथा नामु लै लाहा ॥

ਹਰਿ ਹਰਿ ਕ੍ਰਿਪਾ ਧਾਰਿ ਗੁਰ ਮੇਲਹੁ ਗੁਰਿ ਮਿਲਿਐ ਹਰਿ ਓੁਮਾਹਾ ਰਾਮ ॥੩॥ (699-1)
हरि हरि क्रिपा धारि गुर मेलहु गुरि मिलिऐ हरि ओुमाहा राम ॥३॥

ਕਰਿ ਕੀਰਤਿ ਜਸੁ ਅਗਮ ਅਥਾਹਾ ॥ (699-1)
करि कीरति जसु अगम अथाहा ॥

ਖਿਨੁ ਖਿਨੁ ਰਾਮ ਨਾਮੁ ਗਾਵਾਹਾ ॥ (699-2)
खिनु खिनु राम नामु गावाहा ॥

ਮੋ ਕਉ ਧਾਰਿ ਕ੍ਰਿਪਾ ਮਿਲੀਐ ਗੁਰ ਦਾਤੇ ਹਰਿ ਨਾਨਕ ਭਗਤਿ ਓੁਮਾਹਾ ਰਾਮ ॥੪॥੨॥੮॥ (699-2)
मो कउ धारि क्रिपा मिलीऐ गुर दाते हरि नानक भगति ओुमाहा राम ॥४॥२॥८॥

ਜੈਤਸਰੀ ਮਃ ੪ ॥ (699-3)
जैतसरी मः ४ ॥

ਰਸਿ ਰਸਿ ਰਾਮੁ ਰਸਾਲੁ ਸਲਾਹਾ ॥ (699-3)
रसि रसि रामु रसालु सलाहा ॥

ਮਨੁ ਰਾਮ ਨਾਮਿ ਭੀਨਾ ਲੈ ਲਾਹਾ ॥ (699-3)
मनु राम नामि भीना लै लाहा ॥

ਖਿਨੁ ਖਿਨੁ ਭਗਤਿ ਕਰਹ ਦਿਨੁ ਰਾਤੀ ਗੁਰਮਤਿ ਭਗਤਿ ਓੁਮਾਹਾ ਰਾਮ ॥੧॥ (699-4)
खिनु खिनु भगति करह दिनु राती गुरमति भगति ओुमाहा राम ॥१॥

ਹਰਿ ਹਰਿ ਗੁਣ ਗੋਵਿੰਦ ਜਪਾਹਾ ॥ (699-4)
हरि हरि गुण गोविंद जपाहा ॥

ਮਨੁ ਤਨੁ ਜੀਤਿ ਸਬਦੁ ਲੈ ਲਾਹਾ ॥ (699-5)
मनु तनु जीति सबदु लै लाहा ॥

ਗੁਰਮਤਿ ਪੰਚ ਦੂਤ ਵਸਿ ਆਵਹਿ ਮਨਿ ਤਨਿ ਹਰਿ ਓਮਾਹਾ ਰਾਮ ॥੨॥ (699-5)
गुरमति पंच दूत वसि आवहि मनि तनि हरि ओमाहा राम ॥२॥

ਨਾਮੁ ਰਤਨੁ ਹਰਿ ਨਾਮੁ ਜਪਾਹਾ ॥ (699-6)
नामु रतनु हरि नामु जपाहा ॥

ਹਰਿ ਗੁਣ ਗਾਇ ਸਦਾ ਲੈ ਲਾਹਾ ॥ (699-6)
हरि गुण गाइ सदा लै लाहा ॥

ਦੀਨ ਦਇਆਲ ਕ੍ਰਿਪਾ ਕਰਿ ਮਾਧੋ ਹਰਿ ਹਰਿ ਨਾਮੁ ਓੁਮਾਹਾ ਰਾਮ ॥੩॥ (699-6)
दीन दइआल क्रिपा करि माधो हरि हरि नामु ओुमाहा राम ॥३॥

ਜਪਿ ਜਗਦੀਸੁ ਜਪਉ ਮਨ ਮਾਹਾ ॥ (699-7)
जपि जगदीसु जपउ मन माहा ॥

ਹਰਿ ਹਰਿ ਜਗੰਨਾਥੁ ਜਗਿ ਲਾਹਾ ॥ (699-7)
हरि हरि जगंनाथु जगि लाहा ॥

ਧਨੁ ਧਨੁ ਵਡੇ ਠਾਕੁਰ ਪ੍ਰਭ ਮੇਰੇ ਜਪਿ ਨਾਨਕ ਭਗਤਿ ਓਮਾਹਾ ਰਾਮ ॥੪॥੩॥੯॥ (699-7)
धनु धनु वडे ठाकुर प्रभ मेरे जपि नानक भगति ओमाहा राम ॥४॥३॥९॥

ਜੈਤਸਰੀ ਮਹਲਾ ੪ ॥ (699-8)
जैतसरी महला ४ ॥

ਆਪੇ ਜੋਗੀ ਜੁਗਤਿ ਜੁਗਾਹਾ ॥ (699-8)
आपे जोगी जुगति जुगाहा ॥

ਆਪੇ ਨਿਰਭਉ ਤਾੜੀ ਲਾਹਾ ॥ (699-9)
आपे निरभउ ताड़ी लाहा ॥

ਆਪੇ ਹੀ ਆਪਿ ਆਪਿ ਵਰਤੈ ਆਪੇ ਨਾਮਿ ਓੁਮਾਹਾ ਰਾਮ ॥੧॥ (699-9)
आपे ही आपि आपि वरतै आपे नामि ओुमाहा राम ॥१॥

ਆਪੇ ਦੀਪ ਲੋਅ ਦੀਪਾਹਾ ॥ (699-10)
आपे दीप लोअ दीपाहा ॥

ਆਪੇ ਸਤਿਗੁਰੁ ਸਮੁੰਦੁ ਮਥਾਹਾ ॥ (699-10)
आपे सतिगुरु समुंदु मथाहा ॥

ਆਪੇ ਮਥਿ ਮਥਿ ਤਤੁ ਕਢਾਏ ਜਪਿ ਨਾਮੁ ਰਤਨੁ ਓੁਮਾਹਾ ਰਾਮ ॥੨॥ (699-10)
आपे मथि मथि ततु कढाए जपि नामु रतनु ओुमाहा राम ॥२॥

ਸਖੀ ਮਿਲਹੁ ਮਿਲਿ ਗੁਣ ਗਾਵਾਹਾ ॥ (699-11)
सखी मिलहु मिलि गुण गावाहा ॥

ਗੁਰਮੁਖਿ ਨਾਮੁ ਜਪਹੁ ਹਰਿ ਲਾਹਾ ॥ (699-11)
गुरमुखि नामु जपहु हरि लाहा ॥

ਹਰਿ ਹਰਿ ਭਗਤਿ ਦ੍ਰਿੜੀ ਮਨਿ ਭਾਈ ਹਰਿ ਹਰਿ ਨਾਮੁ ਓੁਮਾਹਾ ਰਾਮ ॥੩॥ (699-12)
हरि हरि भगति द्रिड़ी मनि भाई हरि हरि नामु ओुमाहा राम ॥३॥

ਆਪੇ ਵਡ ਦਾਣਾ ਵਡ ਸਾਹਾ ॥ (699-12)
आपे वड दाणा वड साहा ॥

ਗੁਰਮੁਖਿ ਪੂੰਜੀ ਨਾਮੁ ਵਿਸਾਹਾ ॥ (699-13)
गुरमुखि पूंजी नामु विसाहा ॥

ਹਰਿ ਹਰਿ ਦਾਤਿ ਕਰਹੁ ਪ੍ਰਭ ਭਾਵੈ ਗੁਣ ਨਾਨਕ ਨਾਮੁ ਓਮਾਹਾ ਰਾਮ ॥੪॥੪॥੧੦॥ (699-13)
हरि हरि दाति करहु प्रभ भावै गुण नानक नामु ओमाहा राम ॥४॥४॥१०॥

ਜੈਤਸਰੀ ਮਹਲਾ ੪ ॥ (699-14)
जैतसरी महला ४ ॥

ਮਿਲਿ ਸਤਸੰਗਤਿ ਸੰਗਿ ਗੁਰਾਹਾ ॥ (699-14)
मिलि सतसंगति संगि गुराहा ॥

ਪੂੰਜੀ ਨਾਮੁ ਗੁਰਮੁਖਿ ਵੇਸਾਹਾ ॥ (699-14)
पूंजी नामु गुरमुखि वेसाहा ॥

ਹਰਿ ਹਰਿ ਕ੍ਰਿਪਾ ਧਾਰਿ ਮਧੁਸੂਦਨ ਮਿਲਿ ਸਤਸੰਗਿ ਓਮਾਹਾ ਰਾਮ ॥੧॥ (699-15)
हरि हरि क्रिपा धारि मधुसूदन मिलि सतसंगि ओमाहा राम ॥१॥

ਹਰਿ ਗੁਣ ਬਾਣੀ ਸ੍ਰਵਣਿ ਸੁਣਾਹਾ ॥ (699-15)
हरि गुण बाणी स्रवणि सुणाहा ॥

ਕਰਿ ਕਿਰਪਾ ਸਤਿਗੁਰੂ ਮਿਲਾਹਾ ॥ (699-16)
करि किरपा सतिगुरू मिलाहा ॥

ਗੁਣ ਗਾਵਹ ਗੁਣ ਬੋਲਹ ਬਾਣੀ ਹਰਿ ਗੁਣ ਜਪਿ ਓਮਾਹਾ ਰਾਮ ॥੨॥ (699-16)
गुण गावह गुण बोलह बाणी हरि गुण जपि ओमाहा राम ॥२॥

ਸਭਿ ਤੀਰਥ ਵਰਤ ਜਗ ਪੁੰਨ ਤੋੁਲਾਹਾ ॥ (699-17)
सभि तीरथ वरत जग पुंन तुोलाहा ॥

ਹਰਿ ਹਰਿ ਨਾਮ ਨ ਪੁਜਹਿ ਪੁਜਾਹਾ ॥ (699-17)
हरि हरि नाम न पुजहि पुजाहा ॥

ਹਰਿ ਹਰਿ ਅਤੁਲੁ ਤੋਲੁ ਅਤਿ ਭਾਰੀ ਗੁਰਮਤਿ ਜਪਿ ਓਮਾਹਾ ਰਾਮ ॥੩॥ (699-17)
हरि हरि अतुलु तोलु अति भारी गुरमति जपि ओमाहा राम ॥३॥

ਸਭਿ ਕਰਮ ਧਰਮ ਹਰਿ ਨਾਮੁ ਜਪਾਹਾ ॥ (699-18)
सभि करम धरम हरि नामु जपाहा ॥

ਕਿਲਵਿਖ ਮੈਲੁ ਪਾਪ ਧੋਵਾਹਾ ॥ (699-18)
किलविख मैलु पाप धोवाहा ॥

ਦੀਨ ਦਇਆਲ ਹੋਹੁ ਜਨ ਊਪਰਿ ਦੇਹੁ ਨਾਨਕ ਨਾਮੁ ਓਮਾਹਾ ਰਾਮ ॥੪॥੫॥੧੧॥ (699-19)
दीन दइआल होहु जन ऊपरि देहु नानक नामु ओमाहा राम ॥४॥५॥११॥

ਜੈਤਸਰੀ ਮਹਲਾ ੫ ਘਰੁ ੩ (700-1)
जैतसरी महला ५ घरु ३

ੴ ਸਤਿਗੁਰ ਪ੍ਰਸਾਦਿ ॥ (700-1)
ੴ सतिगुर प्रसादि ॥

ਕੋਈ ਜਾਨੈ ਕਵਨੁ ਈਹਾ ਜਗਿ ਮੀਤੁ ॥ (700-2)
कोई जानै कवनु ईहा जगि मीतु ॥

ਜਿਸੁ ਹੋਇ ਕ੍ਰਿਪਾਲੁ ਸੋਈ ਬਿਧਿ ਬੂਝੈ ਤਾ ਕੀ ਨਿਰਮਲ ਰੀਤਿ ॥੧॥ ਰਹਾਉ ॥ (700-2)
जिसु होइ क्रिपालु सोई बिधि बूझै ता की निरमल रीति ॥१॥ रहाउ ॥

ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ ॥ (700-3)
मात पिता बनिता सुत बंधप इसट मीत अरु भाई ॥

ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ ॥੧॥ (700-3)
पूरब जनम के मिले संजोगी अंतहि को न सहाई ॥१॥

ਮੁਕਤਿ ਮਾਲ ਕਨਿਕ ਲਾਲ ਹੀਰਾ ਮਨ ਰੰਜਨ ਕੀ ਮਾਇਆ ॥ (700-4)
मुकति माल कनिक लाल हीरा मन रंजन की माइआ ॥

ਹਾ ਹਾ ਕਰਤ ਬਿਹਾਨੀ ਅਵਧਹਿ ਤਾ ਮਹਿ ਸੰਤੋਖੁ ਨ ਪਾਇਆ ॥੨॥ (700-4)
हा हा करत बिहानी अवधहि ता महि संतोखु न पाइआ ॥२॥

ਹਸਤਿ ਰਥ ਅਸ੍ਵ ਪਵਨ ਤੇਜ ਧਣੀ ਭੂਮਨ ਚਤੁਰਾਂਗਾ ॥ (700-5)
हसति रथ अस्व पवन तेज धणी भूमन चतुरांगा ॥

ਸੰਗਿ ਨ ਚਾਲਿਓ ਇਨ ਮਹਿ ਕਛੂਐ ਊਠਿ ਸਿਧਾਇਓ ਨਾਂਗਾ ॥੩॥ (700-5)
संगि न चालिओ इन महि कछूऐ ऊठि सिधाइओ नांगा ॥३॥

ਹਰਿ ਕੇ ਸੰਤ ਪ੍ਰਿਅ ਪ੍ਰੀਤਮ ਪ੍ਰਭ ਕੇ ਤਾ ਕੈ ਹਰਿ ਹਰਿ ਗਾਈਐ ॥ (700-6)
हरि के संत प्रिअ प्रीतम प्रभ के ता कै हरि हरि गाईऐ ॥

ਨਾਨਕ ਈਹਾ ਸੁਖੁ ਆਗੈ ਮੁਖ ਊਜਲ ਸੰਗਿ ਸੰਤਨ ਕੈ ਪਾਈਐ ॥੪॥੧॥ (700-7)
नानक ईहा सुखु आगै मुख ऊजल संगि संतन कै पाईऐ ॥४॥१॥

ਜੈਤਸਰੀ ਮਹਲਾ ੫ ਘਰੁ ੩ ਦੁਪਦੇ (700-8)
जैतसरी महला ५ घरु ३ दुपदे

ੴ ਸਤਿਗੁਰ ਪ੍ਰਸਾਦਿ ॥ (700-8)
ੴ सतिगुर प्रसादि ॥

ਦੇਹੁ ਸੰਦੇਸਰੋ ਕਹੀਅਉ ਪ੍ਰਿਅ ਕਹੀਅਉ ॥ (700-9)
देहु संदेसरो कहीअउ प्रिअ कहीअउ ॥

ਬਿਸਮੁ ਭਈ ਮੈ ਬਹੁ ਬਿਧਿ ਸੁਨਤੇ ਕਹਹੁ ਸੁਹਾਗਨਿ ਸਹੀਅਉ ॥੧॥ ਰਹਾਉ ॥ (700-9)
बिसमु भई मै बहु बिधि सुनते कहहु सुहागनि सहीअउ ॥१॥ रहाउ ॥

ਕੋ ਕਹਤੋ ਸਭ ਬਾਹਰਿ ਬਾਹਰਿ ਕੋ ਕਹਤੋ ਸਭ ਮਹੀਅਉ ॥ (700-10)
को कहतो सभ बाहरि बाहरि को कहतो सभ महीअउ ॥

ਬਰਨੁ ਨ ਦੀਸੈ ਚਿਹਨੁ ਨ ਲਖੀਐ ਸੁਹਾਗਨਿ ਸਾਤਿ ਬੁਝਹੀਅਉ ॥੧॥ (700-10)
बरनु न दीसै चिहनु न लखीऐ सुहागनि साति बुझहीअउ ॥१॥

ਸਰਬ ਨਿਵਾਸੀ ਘਟਿ ਘਟਿ ਵਾਸੀ ਲੇਪੁ ਨਹੀ ਅਲਪਹੀਅਉ ॥ (700-11)
सरब निवासी घटि घटि वासी लेपु नही अलपहीअउ ॥

ਨਾਨਕੁ ਕਹਤ ਸੁਨਹੁ ਰੇ ਲੋਗਾ ਸੰਤ ਰਸਨ ਕੋ ਬਸਹੀਅਉ ॥੨॥੧॥੨॥ (700-11)
नानकु कहत सुनहु रे लोगा संत रसन को बसहीअउ ॥२॥१॥२॥

ਜੈਤਸਰੀ ਮਃ ੫ ॥ (700-12)
जैतसरी मः ५ ॥

ਧੀਰਉ ਸੁਨਿ ਧੀਰਉ ਪ੍ਰਭ ਕਉ ॥੧॥ ਰਹਾਉ ॥ (700-12)
धीरउ सुनि धीरउ प्रभ कउ ॥१॥ रहाउ ॥

ਜੀਅ ਪ੍ਰਾਨ ਮਨੁ ਤਨੁ ਸਭੁ ਅਰਪਉ ਨੀਰਉ ਪੇਖਿ ਪ੍ਰਭ ਕਉ ਨੀਰਉ ॥੧॥ (700-13)
जीअ प्रान मनु तनु सभु अरपउ नीरउ पेखि प्रभ कउ नीरउ ॥१॥

ਬੇਸੁਮਾਰ ਬੇਅੰਤੁ ਬਡ ਦਾਤਾ ਮਨਹਿ ਗਹੀਰਉ ਪੇਖਿ ਪ੍ਰਭ ਕਉ ॥੨॥ (700-13)
बेसुमार बेअंतु बड दाता मनहि गहीरउ पेखि प्रभ कउ ॥२॥

ਜੋ ਚਾਹਉ ਸੋਈ ਸੋਈ ਪਾਵਉ ਆਸਾ ਮਨਸਾ ਪੂਰਉ ਜਪਿ ਪ੍ਰਭ ਕਉ ॥੩॥ (700-14)
जो चाहउ सोई सोई पावउ आसा मनसा पूरउ जपि प्रभ कउ ॥३॥

ਗੁਰ ਪ੍ਰਸਾਦਿ ਨਾਨਕ ਮਨਿ ਵਸਿਆ ਦੂਖਿ ਨ ਕਬਹੂ ਝੂਰਉ ਬੁਝਿ ਪ੍ਰਭ ਕਉ ॥੪॥੨॥੩॥ (700-15)
गुर प्रसादि नानक मनि वसिआ दूखि न कबहू झूरउ बुझि प्रभ कउ ॥४॥२॥३॥

ਜੈਤਸਰੀ ਮਹਲਾ ੫ ॥ (700-15)
जैतसरी महला ५ ॥

ਲੋੜੀਦੜਾ ਸਾਜਨੁ ਮੇਰਾ ॥ (700-16)
लोड़ीदड़ा साजनु मेरा ॥

ਘਰਿ ਘਰਿ ਮੰਗਲ ਗਾਵਹੁ ਨੀਕੇ ਘਟਿ ਘਟਿ ਤਿਸਹਿ ਬਸੇਰਾ ॥੧॥ ਰਹਾਉ ॥ (700-16)
घरि घरि मंगल गावहु नीके घटि घटि तिसहि बसेरा ॥१॥ रहाउ ॥

ਸੂਖਿ ਅਰਾਧਨੁ ਦੂਖਿ ਅਰਾਧਨੁ ਬਿਸਰੈ ਨ ਕਾਹੂ ਬੇਰਾ ॥ (700-16)
सूखि अराधनु दूखि अराधनु बिसरै न काहू बेरा ॥

ਨਾਮੁ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮੁ ਅੰਧੇਰਾ ॥੧॥ (700-17)
नामु जपत कोटि सूर उजारा बिनसै भरमु अंधेरा ॥१॥

ਥਾਨਿ ਥਨੰਤਰਿ ਸਭਨੀ ਜਾਈ ਜੋ ਦੀਸੈ ਸੋ ਤੇਰਾ ॥ (700-17)
थानि थनंतरि सभनी जाई जो दीसै सो तेरा ॥

ਸੰਤਸੰਗਿ ਪਾਵੈ ਜੋ ਨਾਨਕ ਤਿਸੁ ਬਹੁਰਿ ਨ ਹੋਈ ਹੈ ਫੇਰਾ ॥੨॥੩॥੪॥ (700-18)
संतसंगि पावै जो नानक तिसु बहुरि न होई है फेरा ॥२॥३॥४॥

ਜੈਤਸਰੀ ਮਹਲਾ ੫ ਘਰੁ ੪ ਦੁਪਦੇ (701-1)
जैतसरी महला ५ घरु ४ दुपदे

ੴ ਸਤਿਗੁਰ ਪ੍ਰਸਾਦਿ ॥ (701-1)
ੴ सतिगुर प्रसादि ॥

ਅਬ ਮੈ ਸੁਖੁ ਪਾਇਓ ਗੁਰ ਆਗੵਿ ॥ (701-2)
अब मै सुखु पाइओ गुर आग्यि ॥

ਤਜੀ ਸਿਆਨਪ ਚਿੰਤ ਵਿਸਾਰੀ ਅਹੰ ਛੋਡਿਓ ਹੈ ਤਿਆਗੵਿ ॥੧॥ ਰਹਾਉ ॥ (701-2)
तजी सिआनप चिंत विसारी अहं छोडिओ है तिआग्यि ॥१॥ रहाउ ॥

ਜਉ ਦੇਖਉ ਤਉ ਸਗਲ ਮੋਹਿ ਮੋਹੀਅਉ ਤਉ ਸਰਨਿ ਪਰਿਓ ਗੁਰ ਭਾਗਿ ॥ (701-3)
जउ देखउ तउ सगल मोहि मोहीअउ तउ सरनि परिओ गुर भागि ॥

ਕਰਿ ਕਿਰਪਾ ਟਹਲ ਹਰਿ ਲਾਇਓ ਤਉ ਜਮਿ ਛੋਡੀ ਮੋਰੀ ਲਾਗਿ ॥੧॥ (701-3)
करि किरपा टहल हरि लाइओ तउ जमि छोडी मोरी लागि ॥१॥

ਤਰਿਓ ਸਾਗਰੁ ਪਾਵਕ ਕੋ ਜਉ ਸੰਤ ਭੇਟੇ ਵਡ ਭਾਗਿ ॥ (701-4)
तरिओ सागरु पावक को जउ संत भेटे वड भागि ॥

ਜਨ ਨਾਨਕ ਸਰਬ ਸੁਖ ਪਾਏ ਮੋਰੋ ਹਰਿ ਚਰਨੀ ਚਿਤੁ ਲਾਗਿ ॥੨॥੧॥੫॥ (701-4)
जन नानक सरब सुख पाए मोरो हरि चरनी चितु लागि ॥२॥१॥५॥

ਜੈਤਸਰੀ ਮਹਲਾ ੫ ॥ (701-5)
जैतसरी महला ५ ॥

ਮਨ ਮਹਿ ਸਤਿਗੁਰ ਧਿਆਨੁ ਧਰਾ ॥ (701-5)
मन महि सतिगुर धिआनु धरा ॥

ਦ੍ਰਿੜ੍ਹਿਓ ਗਿਆਨੁ ਮੰਤ੍ਰੁ ਹਰਿ ਨਾਮਾ ਪ੍ਰਭ ਜੀਉ ਮਇਆ ਕਰਾ ॥੧॥ ਰਹਾਉ ॥ (701-6)
द्रिड़्हिओ गिआनु मंत्रु हरि नामा प्रभ जीउ मइआ करा ॥१॥ रहाउ ॥

ਕਾਲ ਜਾਲ ਅਰੁ ਮਹਾ ਜੰਜਾਲਾ ਛੁਟਕੇ ਜਮਹਿ ਡਰਾ ॥ (701-6)
काल जाल अरु महा जंजाला छुटके जमहि डरा ॥

ਆਇਓ ਦੁਖ ਹਰਣ ਸਰਣ ਕਰੁਣਾਪਤਿ ਗਹਿਓ ਚਰਣ ਆਸਰਾ ॥੧॥ (701-7)
आइओ दुख हरण सरण करुणापति गहिओ चरण आसरा ॥१॥

ਨਾਵ ਰੂਪ ਭਇਓ ਸਾਧਸੰਗੁ ਭਵ ਨਿਧਿ ਪਾਰਿ ਪਰਾ ॥ (701-7)
नाव रूप भइओ साधसंगु भव निधि पारि परा ॥

ਅਪਿਉ ਪੀਓ ਗਤੁ ਥੀਓ ਭਰਮਾ ਕਹੁ ਨਾਨਕ ਅਜਰੁ ਜਰਾ ॥੨॥੨॥੬॥ (701-8)
अपिउ पीओ गतु थीओ भरमा कहु नानक अजरु जरा ॥२॥२॥६॥

ਜੈਤਸਰੀ ਮਹਲਾ ੫ ॥ (701-9)
जैतसरी महला ५ ॥

ਜਾ ਕਉ ਭਏ ਗੋੁਵਿੰਦ ਸਹਾਈ ॥ (701-9)
जा कउ भए गोविंद सहाई ॥

ਸੂਖ ਸਹਜ ਆਨੰਦ ਸਗਲ ਸਿਉ ਵਾ ਕਉ ਬਿਆਧਿ ਨ ਕਾਈ ॥੧॥ ਰਹਾਉ ॥ (701-9)
सूख सहज आनंद सगल सिउ वा कउ बिआधि न काई ॥१॥ रहाउ ॥

ਦੀਸਹਿ ਸਭ ਸੰਗਿ ਰਹਹਿ ਅਲੇਪਾ ਨਹ ਵਿਆਪੈ ਉਨ ਮਾਈ ॥ (701-10)
दीसहि सभ संगि रहहि अलेपा नह विआपै उन माई ॥

ਏਕੈ ਰੰਗਿ ਤਤ ਕੇ ਬੇਤੇ ਸਤਿਗੁਰ ਤੇ ਬੁਧਿ ਪਾਈ ॥੧॥ (701-10)
एकै रंगि तत के बेते सतिगुर ते बुधि पाई ॥१॥

ਦਇਆ ਮਇਆ ਕਿਰਪਾ ਠਾਕੁਰ ਕੀ ਸੇਈ ਸੰਤ ਸੁਭਾਈ ॥ (701-11)
दइआ मइआ किरपा ठाकुर की सेई संत सुभाई ॥

ਤਿਨ ਕੈ ਸੰਗਿ ਨਾਨਕ ਨਿਸਤਰੀਐ ਜਿਨ ਰਸਿ ਰਸਿ ਹਰਿ ਗੁਨ ਗਾਈ ॥੨॥੩॥੭॥ (701-11)
तिन कै संगि नानक निसतरीऐ जिन रसि रसि हरि गुन गाई ॥२॥३॥७॥

ਜੈਤਸਰੀ ਮਹਲਾ ੫ ॥ (701-12)
जैतसरी महला ५ ॥

ਗੋੁਬਿੰਦ ਜੀਵਨ ਪ੍ਰਾਨ ਧਨ ਰੂਪ ॥ (701-13)
गोबिंद जीवन प्रान धन रूप ॥

ਅਗਿਆਨ ਮੋਹ ਮਗਨ ਮਹਾ ਪ੍ਰਾਨੀ ਅੰਧਿਆਰੇ ਮਹਿ ਦੀਪ ॥੧॥ ਰਹਾਉ ॥ (701-13)
अगिआन मोह मगन महा प्रानी अंधिआरे महि दीप ॥१॥ रहाउ ॥

ਸਫਲ ਦਰਸਨੁ ਤੁਮਰਾ ਪ੍ਰਭ ਪ੍ਰੀਤਮ ਚਰਨ ਕਮਲ ਆਨੂਪ ॥ (701-14)
सफल दरसनु तुमरा प्रभ प्रीतम चरन कमल आनूप ॥

ਅਨਿਕ ਬਾਰ ਕਰਉ ਤਿਹ ਬੰਦਨ ਮਨਹਿ ਚਰ੍ਹਾਵਉ ਧੂਪ ॥੧॥ (701-14)
अनिक बार करउ तिह बंदन मनहि चर्हावउ धूप ॥१॥

ਹਾਰਿ ਪਰਿਓ ਤੁਮ੍ਹ੍ਹਰੈ ਪ੍ਰਭ ਦੁਆਰੈ ਦ੍ਰਿੜ੍ਹ੍ਹ ਕਰਿ ਗਹੀ ਤੁਮ੍ਹ੍ਹਾਰੀ ਲੂਕ ॥ (701-15)
हारि परिओ तुम्हरै प्रभ दुआरै द्रिड़्हु करि गही तुम्हारी लूक ॥

ਕਾਢਿ ਲੇਹੁ ਨਾਨਕ ਅਪੁਨੇ ਕਉ ਸੰਸਾਰ ਪਾਵਕ ਕੇ ਕੂਪ ॥੨॥੪॥੮॥ (701-15)
काढि लेहु नानक अपुने कउ संसार पावक के कूप ॥२॥४॥८॥

ਜੈਤਸਰੀ ਮਹਲਾ ੫ ॥ (701-16)
जैतसरी महला ५ ॥

ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥ (701-16)
कोई जनु हरि सिउ देवै जोरि ॥

ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ ॥੧॥ ਰਹਾਉ ॥ (701-16)
चरन गहउ बकउ सुभ रसना दीजहि प्रान अकोरि ॥१॥ रहाउ ॥

ਮਨੁ ਤਨੁ ਨਿਰਮਲ ਕਰਤ ਕਿਆਰੋ ਹਰਿ ਸਿੰਚੈ ਸੁਧਾ ਸੰਜੋਰਿ ॥ (701-17)
मनु तनु निरमल करत किआरो हरि सिंचै सुधा संजोरि ॥

ਇਆ ਰਸ ਮਹਿ ਮਗਨੁ ਹੋਤ ਕਿਰਪਾ ਤੇ ਮਹਾ ਬਿਖਿਆ ਤੇ ਤੋਰਿ ॥੧॥ (701-18)
इआ रस महि मगनु होत किरपा ते महा बिखिआ ते तोरि ॥१॥

ਆਇਓ ਸਰਣਿ ਦੀਨ ਦੁਖ ਭੰਜਨ ਚਿਤਵਉ ਤੁਮ੍ਹ੍ਹਰੀ ਓਰਿ ॥ (701-18)
आइओ सरणि दीन दुख भंजन चितवउ तुम्हरी ओरि ॥

ਅਭੈ ਪਦੁ ਦਾਨੁ ਸਿਮਰਨੁ ਸੁਆਮੀ ਕੋ ਪ੍ਰਭ ਨਾਨਕ ਬੰਧਨ ਛੋਰਿ ॥੨॥੫॥੯॥ (702-1)
अभै पदु दानु सिमरनु सुआमी को प्रभ नानक बंधन छोरि ॥२॥५॥९॥

ਜੈਤਸਰੀ ਮਹਲਾ ੫ ॥ (702-2)
जैतसरी महला ५ ॥

ਚਾਤ੍ਰਿਕ ਚਿਤਵਤ ਬਰਸਤ ਮੇਂਹ ॥ (702-2)
चात्रिक चितवत बरसत मेंह ॥

ਕ੍ਰਿਪਾ ਸਿੰਧੁ ਕਰੁਣਾ ਪ੍ਰਭ ਧਾਰਹੁ ਹਰਿ ਪ੍ਰੇਮ ਭਗਤਿ ਕੋ ਨੇਂਹ ॥੧॥ ਰਹਾਉ ॥ (702-2)
क्रिपा सिंधु करुणा प्रभ धारहु हरि प्रेम भगति को नेंह ॥१॥ रहाउ ॥

ਅਨਿਕ ਸੂਖ ਚਕਵੀ ਨਹੀ ਚਾਹਤ ਅਨਦ ਪੂਰਨ ਪੇਖਿ ਦੇਂਹ ॥ (702-3)
अनिक सूख चकवी नही चाहत अनद पूरन पेखि देंह ॥

ਆਨ ਉਪਾਵ ਨ ਜੀਵਤ ਮੀਨਾ ਬਿਨੁ ਜਲ ਮਰਨਾ ਤੇਂਹ ॥੧॥ (702-3)
आन उपाव न जीवत मीना बिनु जल मरना तेंह ॥१॥

ਹਮ ਅਨਾਥ ਨਾਥ ਹਰਿ ਸਰਣੀ ਅਪੁਨੀ ਕ੍ਰਿਪਾ ਕਰੇਂਹ ॥ (702-4)
हम अनाथ नाथ हरि सरणी अपुनी क्रिपा करेंह ॥

ਚਰਣ ਕਮਲ ਨਾਨਕੁ ਆਰਾਧੈ ਤਿਸੁ ਬਿਨੁ ਆਨ ਨ ਕੇਂਹ ॥੨॥੬॥੧੦॥ (702-5)
चरण कमल नानकु आराधै तिसु बिनु आन न केंह ॥२॥६॥१०॥

ਜੈਤਸਰੀ ਮਹਲਾ ੫ ॥ (702-5)
जैतसरी महला ५ ॥

ਮਨਿ ਤਨਿ ਬਸਿ ਰਹੇ ਮੇਰੇ ਪ੍ਰਾਨ ॥ (702-5)
मनि तनि बसि रहे मेरे प्रान ॥

ਕਰਿ ਕਿਰਪਾ ਸਾਧੂ ਸੰਗਿ ਭੇਟੇ ਪੂਰਨ ਪੁਰਖ ਸੁਜਾਨ ॥੧॥ ਰਹਾਉ ॥ (702-6)
करि किरपा साधू संगि भेटे पूरन पुरख सुजान ॥१॥ रहाउ ॥

ਪ੍ਰੇਮ ਠਗਉਰੀ ਜਿਨ ਕਉ ਪਾਈ ਤਿਨ ਰਸੁ ਪੀਅਉ ਭਾਰੀ ॥ (702-6)
प्रेम ठगउरी जिन कउ पाई तिन रसु पीअउ भारी ॥

ਤਾ ਕੀ ਕੀਮਤਿ ਕਹਣੁ ਨ ਜਾਈ ਕੁਦਰਤਿ ਕਵਨ ਹਮ੍ਾਰੀ ॥੧॥ (702-7)
ता की कीमति कहणु न जाई कुदरति कवन हम्हारी ॥१॥

ਲਾਇ ਲਏ ਲੜਿ ਦਾਸ ਜਨ ਅਪੁਨੇ ਉਧਰੇ ਉਧਰਨਹਾਰੇ ॥ (702-8)
लाइ लए लड़ि दास जन अपुने उधरे उधरनहारे ॥

ਪ੍ਰਭੁ ਸਿਮਰਿ ਸਿਮਰਿ ਸਿਮਰਿ ਸੁਖੁ ਪਾਇਓ ਨਾਨਕ ਸਰਣਿ ਦੁਆਰੇ ॥੨॥੭॥੧੧॥ (702-8)
प्रभु सिमरि सिमरि सिमरि सुखु पाइओ नानक सरणि दुआरे ॥२॥७॥११॥

ਜੈਤਸਰੀ ਮਹਲਾ ੫ ॥ (702-9)
जैतसरी महला ५ ॥

ਆਏ ਅਨਿਕ ਜਨਮ ਭ੍ਰਮਿ ਸਰਣੀ ॥ (702-9)
आए अनिक जनम भ्रमि सरणी ॥

ਉਧਰੁ ਦੇਹ ਅੰਧ ਕੂਪ ਤੇ ਲਾਵਹੁ ਅਪੁਨੀ ਚਰਣੀ ॥੧॥ ਰਹਾਉ ॥ (702-9)
उधरु देह अंध कूप ते लावहु अपुनी चरणी ॥१॥ रहाउ ॥

ਗਿਆਨੁ ਧਿਆਨੁ ਕਿਛੁ ਕਰਮੁ ਨ ਜਾਨਾ ਨਾਹਿਨ ਨਿਰਮਲ ਕਰਣੀ ॥ (702-10)
गिआनु धिआनु किछु करमु न जाना नाहिन निरमल करणी ॥

ਸਾਧਸੰਗਤਿ ਕੈ ਅੰਚਲਿ ਲਾਵਹੁ ਬਿਖਮ ਨਦੀ ਜਾਇ ਤਰਣੀ ॥੧॥ (702-11)
साधसंगति कै अंचलि लावहु बिखम नदी जाइ तरणी ॥१॥

ਸੁਖ ਸੰਪਤਿ ਮਾਇਆ ਰਸ ਮੀਠੇ ਇਹ ਨਹੀ ਮਨ ਮਹਿ ਧਰਣੀ ॥ (702-11)
सुख स्मपति माइआ रस मीठे इह नही मन महि धरणी ॥

ਹਰਿ ਦਰਸਨ ਤ੍ਰਿਪਤਿ ਨਾਨਕ ਦਾਸ ਪਾਵਤ ਹਰਿ ਨਾਮ ਰੰਗ ਆਭਰਣੀ ॥੨॥੮॥੧੨॥ (702-12)
हरि दरसन त्रिपति नानक दास पावत हरि नाम रंग आभरणी ॥२॥८॥१२॥

ਜੈਤਸਰੀ ਮਹਲਾ ੫ ॥ (702-13)
जैतसरी महला ५ ॥

ਹਰਿ ਜਨ ਸਿਮਰਹੁ ਹਿਰਦੈ ਰਾਮ ॥ (702-13)
हरि जन सिमरहु हिरदै राम ॥

ਹਰਿ ਜਨ ਕਉ ਅਪਦਾ ਨਿਕਟਿ ਨ ਆਵੈ ਪੂਰਨ ਦਾਸ ਕੇ ਕਾਮ ॥੧॥ ਰਹਾਉ ॥ (702-13)
हरि जन कउ अपदा निकटि न आवै पूरन दास के काम ॥१॥ रहाउ ॥

ਕੋਟਿ ਬਿਘਨ ਬਿਨਸਹਿ ਹਰਿ ਸੇਵਾ ਨਿਹਚਲੁ ਗੋਵਿਦ ਧਾਮ ॥ (702-14)
कोटि बिघन बिनसहि हरि सेवा निहचलु गोविद धाम ॥

ਭਗਵੰਤ ਭਗਤ ਕਉ ਭਉ ਕਿਛੁ ਨਾਹੀ ਆਦਰੁ ਦੇਵਤ ਜਾਮ ॥੧॥ (702-14)
भगवंत भगत कउ भउ किछु नाही आदरु देवत जाम ॥१॥

ਤਜਿ ਗੋਪਾਲ ਆਨ ਜੋ ਕਰਣੀ ਸੋਈ ਸੋਈ ਬਿਨਸਤ ਖਾਮ ॥ (702-15)
तजि गोपाल आन जो करणी सोई सोई बिनसत खाम ॥

ਚਰਨ ਕਮਲ ਹਿਰਦੈ ਗਹੁ ਨਾਨਕ ਸੁਖ ਸਮੂਹ ਬਿਸਰਾਮ ॥੨॥੯॥੧੩॥ (702-16)
चरन कमल हिरदै गहु नानक सुख समूह बिसराम ॥२॥९॥१३॥

ਜੈਤਸਰੀ ਮਹਲਾ ੯ (702-17)
जैतसरी महला ९

ੴ ਸਤਿਗੁਰ ਪ੍ਰਸਾਦਿ ॥ (702-17)
ੴ सतिगुर प्रसादि ॥

ਭੂਲਿਓ ਮਨੁ ਮਾਇਆ ਉਰਝਾਇਓ ॥ (702-18)
भूलिओ मनु माइआ उरझाइओ ॥

ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ ॥੧॥ ਰਹਾਉ ॥ (702-18)
जो जो करम कीओ लालच लगि तिह तिह आपु बंधाइओ ॥१॥ रहाउ ॥

ਸਮਝ ਨ ਪਰੀ ਬਿਖੈ ਰਸ ਰਚਿਓ ਜਸੁ ਹਰਿ ਕੋ ਬਿਸਰਾਇਓ ॥ (702-19)
समझ न परी बिखै रस रचिओ जसु हरि को बिसराइओ ॥

ਸੰਗਿ ਸੁਆਮੀ ਸੋ ਜਾਨਿਓ ਨਾਹਿਨ ਬਨੁ ਖੋਜਨ ਕਉ ਧਾਇਓ ॥੧॥ (702-19)
संगि सुआमी सो जानिओ नाहिन बनु खोजन कउ धाइओ ॥१॥

ਰਤਨੁ ਰਾਮੁ ਘਟ ਹੀ ਕੇ ਭੀਤਰਿ ਤਾ ਕੋ ਗਿਆਨੁ ਨ ਪਾਇਓ ॥ (703-1)
रतनु रामु घट ही के भीतरि ता को गिआनु न पाइओ ॥

ਜਨ ਨਾਨਕ ਭਗਵੰਤ ਭਜਨ ਬਿਨੁ ਬਿਰਥਾ ਜਨਮੁ ਗਵਾਇਓ ॥੨॥੧॥ (703-1)
जन नानक भगवंत भजन बिनु बिरथा जनमु गवाइओ ॥२॥१॥

ਜੈਤਸਰੀ ਮਹਲਾ ੯ ॥ (703-2)
जैतसरी महला ९ ॥

ਹਰਿ ਜੂ ਰਾਖਿ ਲੇਹੁ ਪਤਿ ਮੇਰੀ ॥ (703-2)
हरि जू राखि लेहु पति मेरी ॥

ਜਮ ਕੋ ਤ੍ਰਾਸ ਭਇਓ ਉਰ ਅੰਤਰਿ ਸਰਨਿ ਗਹੀ ਕਿਰਪਾ ਨਿਧਿ ਤੇਰੀ ॥੧॥ ਰਹਾਉ ॥ (703-2)
जम को त्रास भइओ उर अंतरि सरनि गही किरपा निधि तेरी ॥१॥ रहाउ ॥

ਮਹਾ ਪਤਿਤ ਮੁਗਧ ਲੋਭੀ ਫੁਨਿ ਕਰਤ ਪਾਪ ਅਬ ਹਾਰਾ ॥ (703-3)
महा पतित मुगध लोभी फुनि करत पाप अब हारा ॥

ਭੈ ਮਰਬੇ ਕੋ ਬਿਸਰਤ ਨਾਹਿਨ ਤਿਹ ਚਿੰਤਾ ਤਨੁ ਜਾਰਾ ॥੧॥ (703-4)
भै मरबे को बिसरत नाहिन तिह चिंता तनु जारा ॥१॥

ਕੀਏ ਉਪਾਵ ਮੁਕਤਿ ਕੇ ਕਾਰਨਿ ਦਹ ਦਿਸਿ ਕਉ ਉਠਿ ਧਾਇਆ ॥ (703-4)
कीए उपाव मुकति के कारनि दह दिसि कउ उठि धाइआ ॥

ਘਟ ਹੀ ਭੀਤਰਿ ਬਸੈ ਨਿਰੰਜਨੁ ਤਾ ਕੋ ਮਰਮੁ ਨ ਪਾਇਆ ॥੨॥ (703-5)
घट ही भीतरि बसै निरंजनु ता को मरमु न पाइआ ॥२॥

ਨਾਹਿਨ ਗੁਨੁ ਨਾਹਿਨ ਕਛੁ ਜਪੁ ਤਪੁ ਕਉਨੁ ਕਰਮੁ ਅਬ ਕੀਜੈ ॥ (703-5)
नाहिन गुनु नाहिन कछु जपु तपु कउनु करमु अब कीजै ॥

ਨਾਨਕ ਹਾਰਿ ਪਰਿਓ ਸਰਨਾਗਤਿ ਅਭੈ ਦਾਨੁ ਪ੍ਰਭ ਦੀਜੈ ॥੩॥੨॥ (703-6)
नानक हारि परिओ सरनागति अभै दानु प्रभ दीजै ॥३॥२॥

ਜੈਤਸਰੀ ਮਹਲਾ ੯ ॥ (703-7)
जैतसरी महला ९ ॥

ਮਨ ਰੇ ਸਾਚਾ ਗਹੋ ਬਿਚਾਰਾ ॥ (703-7)
मन रे साचा गहो बिचारा ॥

ਰਾਮ ਨਾਮ ਬਿਨੁ ਮਿਥਿਆ ਮਾਨੋ ਸਗਰੋ ਇਹੁ ਸੰਸਾਰਾ ॥੧॥ ਰਹਾਉ ॥ (703-7)
राम नाम बिनु मिथिआ मानो सगरो इहु संसारा ॥१॥ रहाउ ॥

ਜਾ ਕਉ ਜੋਗੀ ਖੋਜਤ ਹਾਰੇ ਪਾਇਓ ਨਾਹਿ ਤਿਹ ਪਾਰਾ ॥ (703-8)
जा कउ जोगी खोजत हारे पाइओ नाहि तिह पारा ॥

ਸੋ ਸੁਆਮੀ ਤੁਮ ਨਿਕਟਿ ਪਛਾਨੋ ਰੂਪ ਰੇਖ ਤੇ ਨਿਆਰਾ ॥੧॥ (703-8)
सो सुआमी तुम निकटि पछानो रूप रेख ते निआरा ॥१॥

ਪਾਵਨ ਨਾਮੁ ਜਗਤ ਮੈ ਹਰਿ ਕੋ ਕਬਹੂ ਨਾਹਿ ਸੰਭਾਰਾ ॥ (703-9)
पावन नामु जगत मै हरि को कबहू नाहि स्मभारा ॥

ਨਾਨਕ ਸਰਨਿ ਪਰਿਓ ਜਗ ਬੰਦਨ ਰਾਖਹੁ ਬਿਰਦੁ ਤੁਹਾਰਾ ॥੨॥੩॥ (703-9)
नानक सरनि परिओ जग बंदन राखहु बिरदु तुहारा ॥२॥३॥

ਜੈਤਸਰੀ ਮਹਲਾ ੫ ਛੰਤ ਘਰੁ ੧ (703-11)
जैतसरी महला ५ छंत घरु १

ੴ ਸਤਿਗੁਰ ਪ੍ਰਸਾਦਿ ॥ (703-11)
ੴ सतिगुर प्रसादि ॥

ਸਲੋਕ ॥ (703-12)
सलोक ॥

ਦਰਸਨ ਪਿਆਸੀ ਦਿਨਸੁ ਰਾਤਿ ਚਿਤਵਉ ਅਨਦਿਨੁ ਨੀਤ ॥ (703-12)
दरसन पिआसी दिनसु राति चितवउ अनदिनु नीत ॥

ਖੋਲ੍ਹਿ ਕਪਟ ਗੁਰਿ ਮੇਲੀਆ ਨਾਨਕ ਹਰਿ ਸੰਗਿ ਮੀਤ ॥੧॥ (703-12)
खोल्हि कपट गुरि मेलीआ नानक हरि संगि मीत ॥१॥

ਛੰਤ ॥ (703-13)
छंत ॥

ਸੁਣਿ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ ॥ (703-13)
सुणि यार हमारे सजण इक करउ बेनंतीआ ॥

ਤਿਸੁ ਮੋਹਨ ਲਾਲ ਪਿਆਰੇ ਹਉ ਫਿਰਉ ਖੋਜੰਤੀਆ ॥ (703-13)
तिसु मोहन लाल पिआरे हउ फिरउ खोजंतीआ ॥

ਤਿਸੁ ਦਸਿ ਪਿਆਰੇ ਸਿਰੁ ਧਰੀ ਉਤਾਰੇ ਇਕ ਭੋਰੀ ਦਰਸਨੁ ਦੀਜੈ ॥ (703-14)
तिसु दसि पिआरे सिरु धरी उतारे इक भोरी दरसनु दीजै ॥

ਨੈਨ ਹਮਾਰੇ ਪ੍ਰਿਅ ਰੰਗ ਰੰਗਾਰੇ ਇਕੁ ਤਿਲੁ ਭੀ ਨਾ ਧੀਰੀਜੈ ॥ (703-14)
नैन हमारे प्रिअ रंग रंगारे इकु तिलु भी ना धीरीजै ॥

ਪ੍ਰਭ ਸਿਉ ਮਨੁ ਲੀਨਾ ਜਿਉ ਜਲ ਮੀਨਾ ਚਾਤ੍ਰਿਕ ਜਿਵੈ ਤਿਸੰਤੀਆ ॥ (703-15)
प्रभ सिउ मनु लीना जिउ जल मीना चात्रिक जिवै तिसंतीआ ॥

ਜਨ ਨਾਨਕ ਗੁਰੁ ਪੂਰਾ ਪਾਇਆ ਸਗਲੀ ਤਿਖਾ ਬੁਝੰਤੀਆ ॥੧॥ (703-15)
जन नानक गुरु पूरा पाइआ सगली तिखा बुझंतीआ ॥१॥

ਯਾਰ ਵੇ ਪ੍ਰਿਅ ਹਭੇ ਸਖੀਆ ਮੂ ਕਹੀ ਨ ਜੇਹੀਆ ॥ (703-16)
यार वे प्रिअ हभे सखीआ मू कही न जेहीआ ॥

ਯਾਰ ਵੇ ਹਿਕ ਡੂੰ ਹਿਕਿ ਚਾੜੈ ਹਉ ਕਿਸੁ ਚਿਤੇਹੀਆ ॥ (703-17)
यार वे हिक डूं हिकि चाड़ै हउ किसु चितेहीआ ॥

ਹਿਕ ਦੂੰ ਹਿਕਿ ਚਾੜੇ ਅਨਿਕ ਪਿਆਰੇ ਨਿਤ ਕਰਦੇ ਭੋਗ ਬਿਲਾਸਾ ॥ (703-17)
हिक दूं हिकि चाड़े अनिक पिआरे नित करदे भोग बिलासा ॥

ਤਿਨਾ ਦੇਖਿ ਮਨਿ ਚਾਉ ਉਠੰਦਾ ਹਉ ਕਦਿ ਪਾਈ ਗੁਣਤਾਸਾ ॥ (703-18)
तिना देखि मनि चाउ उठंदा हउ कदि पाई गुणतासा ॥

ਜਿਨੀ ਮੈਡਾ ਲਾਲੁ ਰੀਝਾਇਆ ਹਉ ਤਿਸੁ ਆਗੈ ਮਨੁ ਡੇਂਹੀਆ ॥ (703-18)
जिनी मैडा लालु रीझाइआ हउ तिसु आगै मनु डेंहीआ ॥

ਨਾਨਕੁ ਕਹੈ ਸੁਣਿ ਬਿਨਉ ਸੁਹਾਗਣਿ ਮੂ ਦਸਿ ਡਿਖਾ ਪਿਰੁ ਕੇਹੀਆ ॥੨॥ (703-19)
नानकु कहै सुणि बिनउ सुहागणि मू दसि डिखा पिरु केहीआ ॥२॥

ਯਾਰ ਵੇ ਪਿਰੁ ਆਪਣ ਭਾਣਾ ਕਿਛੁ ਨੀਸੀ ਛੰਦਾ ॥ (703-19)
यार वे पिरु आपण भाणा किछु नीसी छंदा ॥

ਯਾਰ ਵੇ ਤੈ ਰਾਵਿਆ ਲਾਲਨੁ ਮੂ ਦਸਿ ਦਸੰਦਾ ॥ (704-1)
यार वे तै राविआ लालनु मू दसि दसंदा ॥

ਲਾਲਨੁ ਤੈ ਪਾਇਆ ਆਪੁ ਗਵਾਇਆ ਜੈ ਧਨ ਭਾਗ ਮਥਾਣੇ ॥ (704-1)
लालनु तै पाइआ आपु गवाइआ जै धन भाग मथाणे ॥

ਬਾਂਹ ਪਕੜਿ ਠਾਕੁਰਿ ਹਉ ਘਿਧੀ ਗੁਣ ਅਵਗਣ ਨ ਪਛਾਣੇ ॥ (704-2)
बांह पकड़ि ठाकुरि हउ घिधी गुण अवगण न पछाणे ॥

ਗੁਣ ਹਾਰੁ ਤੈ ਪਾਇਆ ਰੰਗੁ ਲਾਲੁ ਬਣਾਇਆ ਤਿਸੁ ਹਭੋ ਕਿਛੁ ਸੁਹੰਦਾ ॥ (704-2)
गुण हारु तै पाइआ रंगु लालु बणाइआ तिसु हभो किछु सुहंदा ॥

ਜਨ ਨਾਨਕ ਧੰਨਿ ਸੁਹਾਗਣਿ ਸਾਈ ਜਿਸੁ ਸੰਗਿ ਭਤਾਰੁ ਵਸੰਦਾ ॥੩॥ (704-3)
जन नानक धंनि सुहागणि साई जिसु संगि भतारु वसंदा ॥३॥

ਯਾਰ ਵੇ ਨਿਤ ਸੁਖ ਸੁਖੇਦੀ ਸਾ ਮੈ ਪਾਈ ॥ (704-4)
यार वे नित सुख सुखेदी सा मै पाई ॥

ਵਰੁ ਲੋੜੀਦਾ ਆਇਆ ਵਜੀ ਵਾਧਾਈ ॥ (704-4)
वरु लोड़ीदा आइआ वजी वाधाई ॥

ਮਹਾ ਮੰਗਲੁ ਰਹਸੁ ਥੀਆ ਪਿਰੁ ਦਇਆਲੁ ਸਦ ਨਵ ਰੰਗੀਆ ॥ (704-5)
महा मंगलु रहसु थीआ पिरु दइआलु सद नव रंगीआ ॥

ਵਡ ਭਾਗਿ ਪਾਇਆ ਗੁਰਿ ਮਿਲਾਇਆ ਸਾਧ ਕੈ ਸਤਸੰਗੀਆ ॥ (704-5)
वड भागि पाइआ गुरि मिलाइआ साध कै सतसंगीआ ॥

ਆਸਾ ਮਨਸਾ ਸਗਲ ਪੂਰੀ ਪ੍ਰਿਅ ਅੰਕਿ ਅੰਕੁ ਮਿਲਾਈ ॥ (704-6)
आसा मनसा सगल पूरी प्रिअ अंकि अंकु मिलाई ॥

ਬਿਨਵੰਤਿ ਨਾਨਕੁ ਸੁਖ ਸੁਖੇਦੀ ਸਾ ਮੈ ਗੁਰ ਮਿਲਿ ਪਾਈ ॥੪॥੧॥ (704-6)
बिनवंति नानकु सुख सुखेदी सा मै गुर मिलि पाई ॥४॥१॥

ਜੈਤਸਰੀ ਮਹਲਾ ੫ ਘਰੁ ੨ ਛੰਤ (704-7)
जैतसरी महला ५ घरु २ छंत

ੴ ਸਤਿਗੁਰ ਪ੍ਰਸਾਦਿ ॥ (704-8)
ੴ सतिगुर प्रसादि ॥

ਸਲੋਕੁ ॥ (704-8)
सलोकु ॥

ਊਚਾ ਅਗਮ ਅਪਾਰ ਪ੍ਰਭੁ ਕਥਨੁ ਨ ਜਾਇ ਅਕਥੁ ॥ (704-8)
ऊचा अगम अपार प्रभु कथनु न जाइ अकथु ॥

ਨਾਨਕ ਪ੍ਰਭ ਸਰਣਾਗਤੀ ਰਾਖਨ ਕਉ ਸਮਰਥੁ ॥੧॥ (704-8)
नानक प्रभ सरणागती राखन कउ समरथु ॥१॥

ਛੰਤੁ ॥ (704-9)
छंतु ॥

ਜਿਉ ਜਾਨਹੁ ਤਿਉ ਰਾਖੁ ਹਰਿ ਪ੍ਰਭ ਤੇਰਿਆ ॥ (704-9)
जिउ जानहु तिउ राखु हरि प्रभ तेरिआ ॥

ਕੇਤੇ ਗਨਉ ਅਸੰਖ ਅਵਗਣ ਮੇਰਿਆ ॥ (704-9)
केते गनउ असंख अवगण मेरिआ ॥

ਅਸੰਖ ਅਵਗਣ ਖਤੇ ਫੇਰੇ ਨਿਤਪ੍ਰਤਿ ਸਦ ਭੂਲੀਐ ॥ (704-10)
असंख अवगण खते फेरे नितप्रति सद भूलीऐ ॥

ਮੋਹ ਮਗਨ ਬਿਕਰਾਲ ਮਾਇਆ ਤਉ ਪ੍ਰਸਾਦੀ ਘੂਲੀਐ ॥ (704-10)
मोह मगन बिकराल माइआ तउ प्रसादी घूलीऐ ॥

ਲੂਕ ਕਰਤ ਬਿਕਾਰ ਬਿਖੜੇ ਪ੍ਰਭ ਨੇਰ ਹੂ ਤੇ ਨੇਰਿਆ ॥ (704-11)
लूक करत बिकार बिखड़े प्रभ नेर हू ते नेरिआ ॥

ਬਿਨਵੰਤਿ ਨਾਨਕ ਦਇਆ ਧਾਰਹੁ ਕਾਢਿ ਭਵਜਲ ਫੇਰਿਆ ॥੧॥ (704-11)
बिनवंति नानक दइआ धारहु काढि भवजल फेरिआ ॥१॥

ਸਲੋਕੁ ॥ (704-12)
सलोकु ॥

ਨਿਰਤਿ ਨ ਪਵੈ ਅਸੰਖ ਗੁਣ ਊਚਾ ਪ੍ਰਭ ਕਾ ਨਾਉ ॥ (704-12)
निरति न पवै असंख गुण ऊचा प्रभ का नाउ ॥

ਨਾਨਕ ਕੀ ਬੇਨੰਤੀਆ ਮਿਲੈ ਨਿਥਾਵੇ ਥਾਉ ॥੨॥ (704-12)
नानक की बेनंतीआ मिलै निथावे थाउ ॥२॥

ਛੰਤੁ ॥ (704-13)
छंतु ॥

ਦੂਸਰ ਨਾਹੀ ਠਾਉ ਕਾ ਪਹਿ ਜਾਈਐ ॥ (704-13)
दूसर नाही ठाउ का पहि जाईऐ ॥

ਆਠ ਪਹਰ ਕਰ ਜੋੜਿ ਸੋ ਪ੍ਰਭੁ ਧਿਆਈਐ ॥ (704-13)
आठ पहर कर जोड़ि सो प्रभु धिआईऐ ॥

ਧਿਆਇ ਸੋ ਪ੍ਰਭੁ ਸਦਾ ਅਪੁਨਾ ਮਨਹਿ ਚਿੰਦਿਆ ਪਾਈਐ ॥ (704-14)
धिआइ सो प्रभु सदा अपुना मनहि चिंदिआ पाईऐ ॥

ਤਜਿ ਮਾਨ ਮੋਹੁ ਵਿਕਾਰੁ ਦੂਜਾ ਏਕ ਸਿਉ ਲਿਵ ਲਾਈਐ ॥ (704-14)
तजि मान मोहु विकारु दूजा एक सिउ लिव लाईऐ ॥

ਅਰਪਿ ਮਨੁ ਤਨੁ ਪ੍ਰਭੂ ਆਗੈ ਆਪੁ ਸਗਲ ਮਿਟਾਈਐ ॥ (704-15)
अरपि मनु तनु प्रभू आगै आपु सगल मिटाईऐ ॥

ਬਿਨਵੰਤਿ ਨਾਨਕੁ ਧਾਰਿ ਕਿਰਪਾ ਸਾਚਿ ਨਾਮਿ ਸਮਾਈਐ ॥੨॥ (704-15)
बिनवंति नानकु धारि किरपा साचि नामि समाईऐ ॥२॥

ਸਲੋਕੁ ॥ (704-16)
सलोकु ॥

ਰੇ ਮਨ ਤਾ ਕਉ ਧਿਆਈਐ ਸਭ ਬਿਧਿ ਜਾ ਕੈ ਹਾਥਿ ॥ (704-16)
रे मन ता कउ धिआईऐ सभ बिधि जा कै हाथि ॥

ਰਾਮ ਨਾਮ ਧਨੁ ਸੰਚੀਐ ਨਾਨਕ ਨਿਬਹੈ ਸਾਥਿ ॥੩॥ (704-16)
राम नाम धनु संचीऐ नानक निबहै साथि ॥३॥

ਛੰਤੁ ॥ (704-17)
छंतु ॥

ਸਾਥੀਅੜਾ ਪ੍ਰਭੁ ਏਕੁ ਦੂਸਰ ਨਾਹਿ ਕੋਇ ॥ (704-17)
साथीअड़ा प्रभु एकु दूसर नाहि कोइ ॥

ਥਾਨ ਥਨੰਤਰਿ ਆਪਿ ਜਲਿ ਥਲਿ ਪੂਰ ਸੋਇ ॥ (704-17)
थान थनंतरि आपि जलि थलि पूर सोइ ॥

ਜਲਿ ਥਲਿ ਮਹੀਅਲਿ ਪੂਰਿ ਰਹਿਆ ਸਰਬ ਦਾਤਾ ਪ੍ਰਭੁ ਧਨੀ ॥ (704-18)
जलि थलि महीअलि पूरि रहिआ सरब दाता प्रभु धनी ॥

ਗੋਪਾਲ ਗੋਬਿੰਦ ਅੰਤੁ ਨਾਹੀ ਬੇਅੰਤ ਗੁਣ ਤਾ ਕੇ ਕਿਆ ਗਨੀ ॥ (704-18)
गोपाल गोबिंद अंतु नाही बेअंत गुण ता के किआ गनी ॥

ਭਜੁ ਸਰਣਿ ਸੁਆਮੀ ਸੁਖਹ ਗਾਮੀ ਤਿਸੁ ਬਿਨਾ ਅਨ ਨਾਹਿ ਕੋਇ ॥ (704-19)
भजु सरणि सुआमी सुखह गामी तिसु बिना अन नाहि कोइ ॥

ਬਿਨਵੰਤਿ ਨਾਨਕ ਦਇਆ ਧਾਰਹੁ ਤਿਸੁ ਪਰਾਪਤਿ ਨਾਮੁ ਹੋਇ ॥੩॥ (704-19)
बिनवंति नानक दइआ धारहु तिसु परापति नामु होइ ॥३॥

ਸਲੋਕੁ ॥ (705-1)
सलोकु ॥

ਚਿਤਿ ਜਿ ਚਿਤਵਿਆ ਸੋ ਮੈ ਪਾਇਆ ॥ (705-1)
चिति जि चितविआ सो मै पाइआ ॥

ਨਾਨਕ ਨਾਮੁ ਧਿਆਇ ਸੁਖ ਸਬਾਇਆ ॥੪॥ (705-1)
नानक नामु धिआइ सुख सबाइआ ॥४॥

ਛੰਤੁ ॥ (705-2)
छंतु ॥

ਅਬ ਮਨੁ ਛੂਟਿ ਗਇਆ ਸਾਧੂ ਸੰਗਿ ਮਿਲੇ ॥ (705-2)
अब मनु छूटि गइआ साधू संगि मिले ॥

ਗੁਰਮੁਖਿ ਨਾਮੁ ਲਇਆ ਜੋਤੀ ਜੋਤਿ ਰਲੇ ॥ (705-2)
गुरमुखि नामु लइआ जोती जोति रले ॥

ਹਰਿ ਨਾਮੁ ਸਿਮਰਤ ਮਿਟੇ ਕਿਲਬਿਖ ਬੁਝੀ ਤਪਤਿ ਅਘਾਨਿਆ ॥ (705-3)
हरि नामु सिमरत मिटे किलबिख बुझी तपति अघानिआ ॥

ਗਹਿ ਭੁਜਾ ਲੀਨੇ ਦਇਆ ਕੀਨੇ ਆਪਨੇ ਕਰਿ ਮਾਨਿਆ ॥ (705-3)
गहि भुजा लीने दइआ कीने आपने करि मानिआ ॥

ਲੈ ਅੰਕਿ ਲਾਏ ਹਰਿ ਮਿਲਾਏ ਜਨਮ ਮਰਣਾ ਦੁਖ ਜਲੇ ॥ (705-4)
लै अंकि लाए हरि मिलाए जनम मरणा दुख जले ॥

ਬਿਨਵੰਤਿ ਨਾਨਕ ਦਇਆ ਧਾਰੀ ਮੇਲਿ ਲੀਨੇ ਇਕ ਪਲੇ ॥੪॥੨॥ (705-4)
बिनवंति नानक दइआ धारी मेलि लीने इक पले ॥४॥२॥

ਜੈਤਸਰੀ ਛੰਤ ਮਃ ੫ ॥ (705-5)
जैतसरी छंत मः ५ ॥

ਪਾਧਾਣੂ ਸੰਸਾਰੁ ਗਾਰਬਿ ਅਟਿਆ ॥ (705-5)
पाधाणू संसारु गारबि अटिआ ॥

ਕਰਤੇ ਪਾਪ ਅਨੇਕ ਮਾਇਆ ਰੰਗ ਰਟਿਆ ॥ (705-5)
करते पाप अनेक माइआ रंग रटिआ ॥

ਲੋਭਿ ਮੋਹਿ ਅਭਿਮਾਨਿ ਬੂਡੇ ਮਰਣੁ ਚੀਤਿ ਨ ਆਵਏ ॥ (705-6)
लोभि मोहि अभिमानि बूडे मरणु चीति न आवए ॥

ਪੁਤ੍ਰ ਮਿਤ੍ਰ ਬਿਉਹਾਰ ਬਨਿਤਾ ਏਹ ਕਰਤ ਬਿਹਾਵਏ ॥ (705-6)
पुत्र मित्र बिउहार बनिता एह करत बिहावए ॥

ਪੁਜਿ ਦਿਵਸ ਆਏ ਲਿਖੇ ਮਾਏ ਦੁਖੁ ਧਰਮ ਦੂਤਹ ਡਿਠਿਆ ॥ (705-7)
पुजि दिवस आए लिखे माए दुखु धरम दूतह डिठिआ ॥

ਕਿਰਤ ਕਰਮ ਨ ਮਿਟੈ ਨਾਨਕ ਹਰਿ ਨਾਮ ਧਨੁ ਨਹੀ ਖਟਿਆ ॥੧॥ (705-7)
किरत करम न मिटै नानक हरि नाम धनु नही खटिआ ॥१॥

ਉਦਮ ਕਰਹਿ ਅਨੇਕ ਹਰਿ ਨਾਮੁ ਨ ਗਾਵਹੀ ॥ (705-8)
उदम करहि अनेक हरि नामु न गावही ॥

ਭਰਮਹਿ ਜੋਨਿ ਅਸੰਖ ਮਰਿ ਜਨਮਹਿ ਆਵਹੀ ॥ (705-8)
भरमहि जोनि असंख मरि जनमहि आवही ॥

ਪਸੂ ਪੰਖੀ ਸੈਲ ਤਰਵਰ ਗਣਤ ਕਛੂ ਨ ਆਵਏ ॥ (705-9)
पसू पंखी सैल तरवर गणत कछू न आवए ॥

ਬੀਜੁ ਬੋਵਸਿ ਭੋਗ ਭੋਗਹਿ ਕੀਆ ਅਪਣਾ ਪਾਵਏ ॥ (705-9)
बीजु बोवसि भोग भोगहि कीआ अपणा पावए ॥

ਰਤਨ ਜਨਮੁ ਹਾਰੰਤ ਜੂਐ ਪ੍ਰਭੂ ਆਪਿ ਨ ਭਾਵਹੀ ॥ (705-10)
रतन जनमु हारंत जूऐ प्रभू आपि न भावही ॥

ਬਿਨਵੰਤਿ ਨਾਨਕ ਭਰਮਹਿ ਭ੍ਰਮਾਏ ਖਿਨੁ ਏਕੁ ਟਿਕਣੁ ਨ ਪਾਵਹੀ ॥੨॥ (705-10)
बिनवंति नानक भरमहि भ्रमाए खिनु एकु टिकणु न पावही ॥२॥

ਜੋਬਨੁ ਗਇਆ ਬਿਤੀਤਿ ਜਰੁ ਮਲਿ ਬੈਠੀਆ ॥ (705-11)
जोबनु गइआ बितीति जरु मलि बैठीआ ॥

ਕਰ ਕੰਪਹਿ ਸਿਰੁ ਡੋਲ ਨੈਣ ਨ ਡੀਠਿਆ ॥ (705-11)
कर क्मपहि सिरु डोल नैण न डीठिआ ॥

ਨਹ ਨੈਣ ਦੀਸੈ ਬਿਨੁ ਭਜਨ ਈਸੈ ਛੋਡਿ ਮਾਇਆ ਚਾਲਿਆ ॥ (705-12)
नह नैण दीसै बिनु भजन ईसै छोडि माइआ चालिआ ॥

ਕਹਿਆ ਨ ਮਾਨਹਿ ਸਿਰਿ ਖਾਕੁ ਛਾਨਹਿ ਜਿਨ ਸੰਗਿ ਮਨੁ ਤਨੁ ਜਾਲਿਆ ॥ (705-12)
कहिआ न मानहि सिरि खाकु छानहि जिन संगि मनु तनु जालिआ ॥

ਸ੍ਰੀਰਾਮ ਰੰਗ ਅਪਾਰ ਪੂਰਨ ਨਹ ਨਿਮਖ ਮਨ ਮਹਿ ਵੂਠਿਆ ॥ (705-13)
स्रीराम रंग अपार पूरन नह निमख मन महि वूठिआ ॥

ਬਿਨਵੰਤਿ ਨਾਨਕ ਕੋਟਿ ਕਾਗਰ ਬਿਨਸ ਬਾਰ ਨ ਝੂਠਿਆ ॥੩॥ (705-14)
बिनवंति नानक कोटि कागर बिनस बार न झूठिआ ॥३॥

ਚਰਨ ਕਮਲ ਸਰਣਾਇ ਨਾਨਕੁ ਆਇਆ ॥ (705-14)
चरन कमल सरणाइ नानकु आइआ ॥

ਦੁਤਰੁ ਭੈ ਸੰਸਾਰੁ ਪ੍ਰਭਿ ਆਪਿ ਤਰਾਇਆ ॥ (705-15)
दुतरु भै संसारु प्रभि आपि तराइआ ॥

ਮਿਲਿ ਸਾਧਸੰਗੇ ਭਜੇ ਸ੍ਰੀਧਰ ਕਰਿ ਅੰਗੁ ਪ੍ਰਭ ਜੀ ਤਾਰਿਆ ॥ (705-15)
मिलि साधसंगे भजे स्रीधर करि अंगु प्रभ जी तारिआ ॥

ਹਰਿ ਮਾਨਿ ਲੀਏ ਨਾਮ ਦੀਏ ਅਵਰੁ ਕਛੁ ਨ ਬੀਚਾਰਿਆ ॥ (705-15)
हरि मानि लीए नाम दीए अवरु कछु न बीचारिआ ॥

ਗੁਣ ਨਿਧਾਨ ਅਪਾਰ ਠਾਕੁਰ ਮਨਿ ਲੋੜੀਦਾ ਪਾਇਆ ॥ (705-16)
गुण निधान अपार ठाकुर मनि लोड़ीदा पाइआ ॥

ਬਿਨਵੰਤਿ ਨਾਨਕੁ ਸਦਾ ਤ੍ਰਿਪਤੇ ਹਰਿ ਨਾਮੁ ਭੋਜਨੁ ਖਾਇਆ ॥੪॥੨॥੩॥ (705-17)
बिनवंति नानकु सदा त्रिपते हरि नामु भोजनु खाइआ ॥४॥२॥३॥

ਜੈਤਸਰੀ ਮਹਲਾ ੫ ਵਾਰ ਸਲੋਕਾ ਨਾਲਿ (705-18)
जैतसरी महला ५ वार सलोका नालि

ੴ ਸਤਿਗੁਰ ਪ੍ਰਸਾਦਿ ॥ (705-18)
ੴ सतिगुर प्रसादि ॥

ਸਲੋਕ ॥ (705-19)
सलोक ॥

ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ ॥ (705-19)
आदि पूरन मधि पूरन अंति पूरन परमेसुरह ॥

ਸਿਮਰੰਤਿ ਸੰਤ ਸਰਬਤ੍ਰ ਰਮਣੰ ਨਾਨਕ ਅਘਨਾਸਨ ਜਗਦੀਸੁਰਹ ॥੧॥ (705-19)
सिमरंति संत सरबत्र रमणं नानक अघनासन जगदीसुरह ॥१॥

ਪੇਖਨ ਸੁਨਨ ਸੁਨਾਵਨੋ ਮਨ ਮਹਿ ਦ੍ਰਿੜੀਐ ਸਾਚੁ ॥ (706-1)
पेखन सुनन सुनावनो मन महि द्रिड़ीऐ साचु ॥

ਪੂਰਿ ਰਹਿਓ ਸਰਬਤ੍ਰ ਮੈ ਨਾਨਕ ਹਰਿ ਰੰਗਿ ਰਾਚੁ ॥੨॥ (706-1)
पूरि रहिओ सरबत्र मै नानक हरि रंगि राचु ॥२॥

ਪਉੜੀ ॥ (706-2)
पउड़ी ॥

ਹਰਿ ਏਕੁ ਨਿਰੰਜਨੁ ਗਾਈਐ ਸਭ ਅੰਤਰਿ ਸੋਈ ॥ (706-2)
हरि एकु निरंजनु गाईऐ सभ अंतरि सोई ॥

ਕਰਣ ਕਾਰਣ ਸਮਰਥ ਪ੍ਰਭੁ ਜੋ ਕਰੇ ਸੁ ਹੋਈ ॥ (706-2)
करण कारण समरथ प्रभु जो करे सु होई ॥

ਖਿਨ ਮਹਿ ਥਾਪਿ ਉਥਾਪਦਾ ਤਿਸੁ ਬਿਨੁ ਨਹੀ ਕੋਈ ॥ (706-3)
खिन महि थापि उथापदा तिसु बिनु नही कोई ॥

ਖੰਡ ਬ੍ਰਹਮੰਡ ਪਾਤਾਲ ਦੀਪ ਰਵਿਆ ਸਭ ਲੋਈ ॥ (706-3)
खंड ब्रहमंड पाताल दीप रविआ सभ लोई ॥

ਜਿਸੁ ਆਪਿ ਬੁਝਾਏ ਸੋ ਬੁਝਸੀ ਨਿਰਮਲ ਜਨੁ ਸੋਈ ॥੧॥ (706-4)
जिसु आपि बुझाए सो बुझसी निरमल जनु सोई ॥१॥

ਸਲੋਕ ॥ (706-4)
सलोक ॥

ਰਚੰਤਿ ਜੀਅ ਰਚਨਾ ਮਾਤ ਗਰਭ ਅਸਥਾਪਨੰ ॥ (706-4)
रचंति जीअ रचना मात गरभ असथापनं ॥

ਸਾਸਿ ਸਾਸਿ ਸਿਮਰੰਤਿ ਨਾਨਕ ਮਹਾ ਅਗਨਿ ਨ ਬਿਨਾਸਨੰ ॥੧॥ (706-5)
सासि सासि सिमरंति नानक महा अगनि न बिनासनं ॥१॥

ਮੁਖੁ ਤਲੈ ਪੈਰ ਉਪਰੇ ਵਸੰਦੋ ਕੁਹਥੜੈ ਥਾਇ ॥ (706-5)
मुखु तलै पैर उपरे वसंदो कुहथड़ै थाइ ॥

ਨਾਨਕ ਸੋ ਧਣੀ ਕਿਉ ਵਿਸਾਰਿਓ ਉਧਰਹਿ ਜਿਸ ਦੈ ਨਾਇ ॥੨॥ (706-6)
नानक सो धणी किउ विसारिओ उधरहि जिस दै नाइ ॥२॥

ਪਉੜੀ ॥ (706-6)
पउड़ी ॥

ਰਕਤੁ ਬਿੰਦੁ ਕਰਿ ਨਿੰਮਿਆ ਅਗਨਿ ਉਦਰ ਮਝਾਰਿ ॥ (706-6)
रकतु बिंदु करि निंमिआ अगनि उदर मझारि ॥

ਉਰਧ ਮੁਖੁ ਕੁਚੀਲ ਬਿਕਲੁ ਨਰਕਿ ਘੋਰਿ ਗੁਬਾਰਿ ॥ (706-7)
उरध मुखु कुचील बिकलु नरकि घोरि गुबारि ॥

ਹਰਿ ਸਿਮਰਤ ਤੂ ਨਾ ਜਲਹਿ ਮਨਿ ਤਨਿ ਉਰ ਧਾਰਿ ॥ (706-7)
हरि सिमरत तू ना जलहि मनि तनि उर धारि ॥

ਬਿਖਮ ਥਾਨਹੁ ਜਿਨਿ ਰਖਿਆ ਤਿਸੁ ਤਿਲੁ ਨ ਵਿਸਾਰਿ ॥ (706-8)
बिखम थानहु जिनि रखिआ तिसु तिलु न विसारि ॥

ਪ੍ਰਭ ਬਿਸਰਤ ਸੁਖੁ ਕਦੇ ਨਾਹਿ ਜਾਸਹਿ ਜਨਮੁ ਹਾਰਿ ॥੨॥ (706-8)
प्रभ बिसरत सुखु कदे नाहि जासहि जनमु हारि ॥२॥

ਸਲੋਕ ॥ (706-9)
सलोक ॥

ਮਨ ਇਛਾ ਦਾਨ ਕਰਣੰ ਸਰਬਤ੍ਰ ਆਸਾ ਪੂਰਨਹ ॥ (706-9)
मन इछा दान करणं सरबत्र आसा पूरनह ॥

ਖੰਡਣੰ ਕਲਿ ਕਲੇਸਹ ਪ੍ਰਭ ਸਿਮਰਿ ਨਾਨਕ ਨਹ ਦੂਰਣਹ ॥੧॥ (706-9)
खंडणं कलि कलेसह प्रभ सिमरि नानक नह दूरणह ॥१॥

ਹਭਿ ਰੰਗ ਮਾਣਹਿ ਜਿਸੁ ਸੰਗਿ ਤੈ ਸਿਉ ਲਾਈਐ ਨੇਹੁ ॥ (706-10)
हभि रंग माणहि जिसु संगि तै सिउ लाईऐ नेहु ॥

ਸੋ ਸਹੁ ਬਿੰਦ ਨ ਵਿਸਰਉ ਨਾਨਕ ਜਿਨਿ ਸੁੰਦਰੁ ਰਚਿਆ ਦੇਹੁ ॥੨॥ (706-11)
सो सहु बिंद न विसरउ नानक जिनि सुंदरु रचिआ देहु ॥२॥

ਪਉੜੀ ॥ (706-11)
पउड़ी ॥

ਜੀਉ ਪ੍ਰਾਨ ਤਨੁ ਧਨੁ ਦੀਆ ਦੀਨੇ ਰਸ ਭੋਗ ॥ (706-11)
जीउ प्रान तनु धनु दीआ दीने रस भोग ॥

ਗ੍ਰਿਹ ਮੰਦਰ ਰਥ ਅਸੁ ਦੀਏ ਰਚਿ ਭਲੇ ਸੰਜੋਗ ॥ (706-12)
ग्रिह मंदर रथ असु दीए रचि भले संजोग ॥

ਸੁਤ ਬਨਿਤਾ ਸਾਜਨ ਸੇਵਕ ਦੀਏ ਪ੍ਰਭ ਦੇਵਨ ਜੋਗ ॥ (706-12)
सुत बनिता साजन सेवक दीए प्रभ देवन जोग ॥

ਹਰਿ ਸਿਮਰਤ ਤਨੁ ਮਨੁ ਹਰਿਆ ਲਹਿ ਜਾਹਿ ਵਿਜੋਗ ॥ (706-13)
हरि सिमरत तनु मनु हरिआ लहि जाहि विजोग ॥

ਸਾਧਸੰਗਿ ਹਰਿ ਗੁਣ ਰਮਹੁ ਬਿਨਸੇ ਸਭਿ ਰੋਗ ॥੩॥ (706-13)
साधसंगि हरि गुण रमहु बिनसे सभि रोग ॥३॥

ਸਲੋਕ ॥ (706-14)
सलोक ॥

ਕੁਟੰਬ ਜਤਨ ਕਰਣੰ ਮਾਇਆ ਅਨੇਕ ਉਦਮਹ ॥ (706-14)
कुट्मब जतन करणं माइआ अनेक उदमह ॥

ਹਰਿ ਭਗਤਿ ਭਾਵ ਹੀਣੰ ਨਾਨਕ ਪ੍ਰਭ ਬਿਸਰਤ ਤੇ ਪ੍ਰੇਤਤਹ ॥੧॥ (706-14)
हरि भगति भाव हीणं नानक प्रभ बिसरत ते प्रेततह ॥१॥

ਤੁਟੜੀਆ ਸਾ ਪ੍ਰੀਤਿ ਜੋ ਲਾਈ ਬਿਅੰਨ ਸਿਉ ॥ (706-15)
तुटड़ीआ सा प्रीति जो लाई बिअंन सिउ ॥

ਨਾਨਕ ਸਚੀ ਰੀਤਿ ਸਾਂਈ ਸੇਤੀ ਰਤਿਆ ॥੨॥ (706-15)
नानक सची रीति सांई सेती रतिआ ॥२॥

ਪਉੜੀ ॥ (706-16)
पउड़ी ॥

ਜਿਸੁ ਬਿਸਰਤ ਤਨੁ ਭਸਮ ਹੋਇ ਕਹਤੇ ਸਭਿ ਪ੍ਰੇਤੁ ॥ (706-16)
जिसु बिसरत तनु भसम होइ कहते सभि प्रेतु ॥

ਖਿਨੁ ਗ੍ਰਿਹ ਮਹਿ ਬਸਨ ਨ ਦੇਵਹੀ ਜਿਨ ਸਿਉ ਸੋਈ ਹੇਤੁ ॥ (706-16)
खिनु ग्रिह महि बसन न देवही जिन सिउ सोई हेतु ॥

ਕਰਿ ਅਨਰਥ ਦਰਬੁ ਸੰਚਿਆ ਸੋ ਕਾਰਜਿ ਕੇਤੁ ॥ (706-17)
करि अनरथ दरबु संचिआ सो कारजि केतु ॥

ਜੈਸਾ ਬੀਜੈ ਸੋ ਲੁਣੈ ਕਰਮ ਇਹੁ ਖੇਤੁ ॥ (706-17)
जैसा बीजै सो लुणै करम इहु खेतु ॥

ਅਕਿਰਤਘਣਾ ਹਰਿ ਵਿਸਰਿਆ ਜੋਨੀ ਭਰਮੇਤੁ ॥੪॥ (706-18)
अकिरतघणा हरि विसरिआ जोनी भरमेतु ॥४॥

ਸਲੋਕ ॥ (706-18)
सलोक ॥

ਕੋਟਿ ਦਾਨ ਇਸਨਾਨੰ ਅਨਿਕ ਸੋਧਨ ਪਵਿਤ੍ਰਤਹ ॥ (706-18)
कोटि दान इसनानं अनिक सोधन पवित्रतह ॥

ਉਚਰੰਤਿ ਨਾਨਕ ਹਰਿ ਹਰਿ ਰਸਨਾ ਸਰਬ ਪਾਪ ਬਿਮੁਚਤੇ ॥੧॥ (706-19)
उचरंति नानक हरि हरि रसना सरब पाप बिमुचते ॥१॥

ਈਧਣੁ ਕੀਤੋਮੂ ਘਣਾ ਭੋਰੀ ਦਿਤੀਮੁ ਭਾਹਿ ॥ (706-19)
ईधणु कीतोमू घणा भोरी दितीमु भाहि ॥

ਮਨਿ ਵਸੰਦੜੋ ਸਚੁ ਸਹੁ ਨਾਨਕ ਹਭੇ ਡੁਖੜੇ ਉਲਾਹਿ ॥੨॥ (707-1)
मनि वसंदड़ो सचु सहु नानक हभे डुखड़े उलाहि ॥२॥

ਪਉੜੀ ॥ (707-1)
पउड़ी ॥

ਕੋਟਿ ਅਘਾ ਸਭਿ ਨਾਸ ਹੋਹਿ ਸਿਮਰਤ ਹਰਿ ਨਾਉ ॥ (707-1)
कोटि अघा सभि नास होहि सिमरत हरि नाउ ॥

ਮਨ ਚਿੰਦੇ ਫਲ ਪਾਈਅਹਿ ਹਰਿ ਕੇ ਗੁਣ ਗਾਉ ॥ (707-2)
मन चिंदे फल पाईअहि हरि के गुण गाउ ॥

ਜਨਮ ਮਰਣ ਭੈ ਕਟੀਅਹਿ ਨਿਹਚਲ ਸਚੁ ਥਾਉ ॥ (707-2)
जनम मरण भै कटीअहि निहचल सचु थाउ ॥

ਪੂਰਬਿ ਹੋਵੈ ਲਿਖਿਆ ਹਰਿ ਚਰਣ ਸਮਾਉ ॥ (707-3)
पूरबि होवै लिखिआ हरि चरण समाउ ॥

ਕਰਿ ਕਿਰਪਾ ਪ੍ਰਭ ਰਾਖਿ ਲੇਹੁ ਨਾਨਕ ਬਲਿ ਜਾਉ ॥੫॥ (707-3)
करि किरपा प्रभ राखि लेहु नानक बलि जाउ ॥५॥

ਸਲੋਕ ॥ (707-4)
सलोक ॥

ਗ੍ਰਿਹ ਰਚਨਾ ਅਪਾਰੰ ਮਨਿ ਬਿਲਾਸ ਸੁਆਦੰ ਰਸਹ ॥ (707-4)
ग्रिह रचना अपारं मनि बिलास सुआदं रसह ॥

ਕਦਾਂਚ ਨਹ ਸਿਮਰੰਤਿ ਨਾਨਕ ਤੇ ਜੰਤ ਬਿਸਟਾ ਕ੍ਰਿਮਹ ॥੧॥ (707-4)
कदांच नह सिमरंति नानक ते जंत बिसटा क्रिमह ॥१॥

ਮੁਚੁ ਅਡੰਬਰੁ ਹਭੁ ਕਿਹੁ ਮੰਝਿ ਮੁਹਬਤਿ ਨੇਹ ॥ (707-5)
मुचु अड्मबरु हभु किहु मंझि मुहबति नेह ॥

ਸੋ ਸਾਂਈ ਜੈਂ ਵਿਸਰੈ ਨਾਨਕ ਸੋ ਤਨੁ ਖੇਹ ॥੨॥ (707-5)
सो सांई जैं विसरै नानक सो तनु खेह ॥२॥

ਪਉੜੀ ॥ (707-6)
पउड़ी ॥

ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥ (707-6)
सुंदर सेज अनेक सुख रस भोगण पूरे ॥

ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥ (707-6)
ग्रिह सोइन चंदन सुगंध लाइ मोती हीरे ॥

ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥ (707-6)
मन इछे सुख माणदा किछु नाहि विसूरे ॥

ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥ (707-7)
सो प्रभु चिति न आवई विसटा के कीरे ॥

ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥੬॥ (707-7)
बिनु हरि नाम न सांति होइ कितु बिधि मनु धीरे ॥६॥

ਸਲੋਕ ॥ (707-8)
सलोक ॥

ਚਰਨ ਕਮਲ ਬਿਰਹੰ ਖੋਜੰਤ ਬੈਰਾਗੀ ਦਹ ਦਿਸਹ ॥ (707-8)
चरन कमल बिरहं खोजंत बैरागी दह दिसह ॥

ਤਿਆਗੰਤ ਕਪਟ ਰੂਪ ਮਾਇਆ ਨਾਨਕ ਆਨੰਦ ਰੂਪ ਸਾਧ ਸੰਗਮਹ ॥੧॥ (707-8)
तिआगंत कपट रूप माइआ नानक आनंद रूप साध संगमह ॥१॥

ਮਨਿ ਸਾਂਈ ਮੁਖਿ ਉਚਰਾ ਵਤਾ ਹਭੇ ਲੋਅ ॥ (707-9)
मनि सांई मुखि उचरा वता हभे लोअ ॥

ਨਾਨਕ ਹਭਿ ਅਡੰਬਰ ਕੂੜਿਆ ਸੁਣਿ ਜੀਵਾ ਸਚੀ ਸੋਇ ॥੨॥ (707-10)
नानक हभि अड्मबर कूड़िआ सुणि जीवा सची सोइ ॥२॥

ਪਉੜੀ ॥ (707-10)
पउड़ी ॥

ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥ (707-10)
बसता तूटी झुमपड़ी चीर सभि छिंना ॥

ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥ (707-11)
जाति न पति न आदरो उदिआन भ्रमिंना ॥

ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ ॥ (707-11)
मित्र न इठ धन रूपहीण किछु साकु न सिंना ॥

ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥ (707-11)
राजा सगली स्रिसटि का हरि नामि मनु भिंना ॥

ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥੭॥ (707-12)
तिस की धूड़ि मनु उधरै प्रभु होइ सुप्रसंना ॥७॥

ਸਲੋਕ ॥ (707-12)
सलोक ॥

ਅਨਿਕ ਲੀਲਾ ਰਾਜ ਰਸ ਰੂਪੰ ਛਤ੍ਰ ਚਮਰ ਤਖਤ ਆਸਨੰ ॥ (707-13)
अनिक लीला राज रस रूपं छत्र चमर तखत आसनं ॥

ਰਚੰਤਿ ਮੂੜ ਅਗਿਆਨ ਅੰਧਹ ਨਾਨਕ ਸੁਪਨ ਮਨੋਰਥ ਮਾਇਆ ॥੧॥ (707-13)
रचंति मूड़ अगिआन अंधह नानक सुपन मनोरथ माइआ ॥१॥

ਸੁਪਨੈ ਹਭਿ ਰੰਗ ਮਾਣਿਆ ਮਿਠਾ ਲਗੜਾ ਮੋਹੁ ॥ (707-14)
सुपनै हभि रंग माणिआ मिठा लगड़ा मोहु ॥

ਨਾਨਕ ਨਾਮ ਵਿਹੂਣੀਆ ਸੁੰਦਰਿ ਮਾਇਆ ਧ੍ਰੋਹੁ ॥੨॥ (707-14)
नानक नाम विहूणीआ सुंदरि माइआ ध्रोहु ॥२॥

ਪਉੜੀ ॥ (707-15)
पउड़ी ॥

ਸੁਪਨੇ ਸੇਤੀ ਚਿਤੁ ਮੂਰਖਿ ਲਾਇਆ ॥ (707-15)
सुपने सेती चितु मूरखि लाइआ ॥

ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ ॥ (707-15)
बिसरे राज रस भोग जागत भखलाइआ ॥

ਆਰਜਾ ਗਈ ਵਿਹਾਇ ਧੰਧੈ ਧਾਇਆ ॥ (707-16)
आरजा गई विहाइ धंधै धाइआ ॥

ਪੂਰਨ ਭਏ ਨ ਕਾਮ ਮੋਹਿਆ ਮਾਇਆ ॥ (707-16)
पूरन भए न काम मोहिआ माइआ ॥

ਕਿਆ ਵੇਚਾਰਾ ਜੰਤੁ ਜਾ ਆਪਿ ਭੁਲਾਇਆ ॥੮॥ (707-16)
किआ वेचारा जंतु जा आपि भुलाइआ ॥८॥

ਸਲੋਕ ॥ (707-17)
सलोक ॥

ਬਸੰਤਿ ਸ੍ਵਰਗ ਲੋਕਹ ਜਿਤਤੇ ਪ੍ਰਿਥ੍ਵੀ ਨਵ ਖੰਡਣਹ ॥ (707-17)
बसंति स्वरग लोकह जितते प्रिथवी नव खंडणह ॥

ਬਿਸਰੰਤ ਹਰਿ ਗੋਪਾਲਹ ਨਾਨਕ ਤੇ ਪ੍ਰਾਣੀ ਉਦਿਆਨ ਭਰਮਣਹ ॥੧॥ (707-17)
बिसरंत हरि गोपालह नानक ते प्राणी उदिआन भरमणह ॥१॥

ਕਉਤਕ ਕੋਡ ਤਮਾਸਿਆ ਚਿਤਿ ਨ ਆਵਸੁ ਨਾਉ ॥ (707-18)
कउतक कोड तमासिआ चिति न आवसु नाउ ॥

ਨਾਨਕ ਕੋੜੀ ਨਰਕ ਬਰਾਬਰੇ ਉਜੜੁ ਸੋਈ ਥਾਉ ॥੨॥ (707-18)
नानक कोड़ी नरक बराबरे उजड़ु सोई थाउ ॥२॥

ਪਉੜੀ ॥ (707-19)
पउड़ी ॥

ਮਹਾ ਭਇਆਨ ਉਦਿਆਨ ਨਗਰ ਕਰਿ ਮਾਨਿਆ ॥ (707-19)
महा भइआन उदिआन नगर करि मानिआ ॥

ਝੂਠ ਸਮਗ੍ਰੀ ਪੇਖਿ ਸਚੁ ਕਰਿ ਜਾਨਿਆ ॥ (707-19)
झूठ समग्री पेखि सचु करि जानिआ ॥

ਕਾਮ ਕ੍ਰੋਧਿ ਅਹੰਕਾਰਿ ਫਿਰਹਿ ਦੇਵਾਨਿਆ ॥ (708-1)
काम क्रोधि अहंकारि फिरहि देवानिआ ॥

ਸਿਰਿ ਲਗਾ ਜਮ ਡੰਡੁ ਤਾ ਪਛੁਤਾਨਿਆ ॥ (708-1)
सिरि लगा जम डंडु ता पछुतानिआ ॥

ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆ ॥੯॥ (708-2)
बिनु पूरे गुरदेव फिरै सैतानिआ ॥९॥

ਸਲੋਕ ॥ (708-2)
सलोक ॥

ਰਾਜ ਕਪਟੰ ਰੂਪ ਕਪਟੰ ਧਨ ਕਪਟੰ ਕੁਲ ਗਰਬਤਹ ॥ (708-2)
राज कपटं रूप कपटं धन कपटं कुल गरबतह ॥

ਸੰਚੰਤਿ ਬਿਖਿਆ ਛਲੰ ਛਿਦ੍ਰੰ ਨਾਨਕ ਬਿਨੁ ਹਰਿ ਸੰਗਿ ਨ ਚਾਲਤੇ ॥੧॥ (708-3)
संचंति बिखिआ छलं छिद्रं नानक बिनु हरि संगि न चालते ॥१॥

ਪੇਖੰਦੜੋ ਕੀ ਭੁਲੁ ਤੁੰਮਾ ਦਿਸਮੁ ਸੋਹਣਾ ॥ (708-3)
पेखंदड़ो की भुलु तुंमा दिसमु सोहणा ॥

ਅਢੁ ਨ ਲਹੰਦੜੋ ਮੁਲੁ ਨਾਨਕ ਸਾਥਿ ਨ ਜੁਲਈ ਮਾਇਆ ॥੨॥ (708-4)
अढु न लहंदड़ो मुलु नानक साथि न जुलई माइआ ॥२॥

ਪਉੜੀ ॥ (708-4)
पउड़ी ॥

ਚਲਦਿਆ ਨਾਲਿ ਨ ਚਲੈ ਸੋ ਕਿਉ ਸੰਜੀਐ ॥ (708-4)
चलदिआ नालि न चलै सो किउ संजीऐ ॥

ਤਿਸ ਕਾ ਕਹੁ ਕਿਆ ਜਤਨੁ ਜਿਸ ਤੇ ਵੰਜੀਐ ॥ (708-5)
तिस का कहु किआ जतनु जिस ते वंजीऐ ॥

ਹਰਿ ਬਿਸਰਿਐ ਕਿਉ ਤ੍ਰਿਪਤਾਵੈ ਨਾ ਮਨੁ ਰੰਜੀਐ ॥ (708-5)
हरि बिसरिऐ किउ त्रिपतावै ना मनु रंजीऐ ॥

ਪ੍ਰਭੂ ਛੋਡਿ ਅਨ ਲਾਗੈ ਨਰਕਿ ਸਮੰਜੀਐ ॥ (708-6)
प्रभू छोडि अन लागै नरकि समंजीऐ ॥

ਹੋਹੁ ਕ੍ਰਿਪਾਲ ਦਇਆਲ ਨਾਨਕ ਭਉ ਭੰਜੀਐ ॥੧੦॥ (708-6)
होहु क्रिपाल दइआल नानक भउ भंजीऐ ॥१०॥

ਸਲੋਕ ॥ (708-7)
सलोक ॥

ਨਚ ਰਾਜ ਸੁਖ ਮਿਸਟੰ ਨਚ ਭੋਗ ਰਸ ਮਿਸਟੰ ਨਚ ਮਿਸਟੰ ਸੁਖ ਮਾਇਆ ॥ (708-7)
नच राज सुख मिसटं नच भोग रस मिसटं नच मिसटं सुख माइआ ॥

ਮਿਸਟੰ ਸਾਧਸੰਗਿ ਹਰਿ ਨਾਨਕ ਦਾਸ ਮਿਸਟੰ ਪ੍ਰਭ ਦਰਸਨੰ ॥੧॥ (708-7)
मिसटं साधसंगि हरि नानक दास मिसटं प्रभ दरसनं ॥१॥

ਲਗੜਾ ਸੋ ਨੇਹੁ ਮੰਨ ਮਝਾਹੂ ਰਤਿਆ ॥ (708-8)
लगड़ा सो नेहु मंन मझाहू रतिआ ॥

ਵਿਧੜੋ ਸਚ ਥੋਕਿ ਨਾਨਕ ਮਿਠੜਾ ਸੋ ਧਣੀ ॥੨॥ (708-8)
विधड़ो सच थोकि नानक मिठड़ा सो धणी ॥२॥

ਪਉੜੀ ॥ (708-9)
पउड़ी ॥

ਹਰਿ ਬਿਨੁ ਕਛੂ ਨ ਲਾਗਈ ਭਗਤਨ ਕਉ ਮੀਠਾ ॥ (708-9)
हरि बिनु कछू न लागई भगतन कउ मीठा ॥

ਆਨ ਸੁਆਦ ਸਭਿ ਫੀਕਿਆ ਕਰਿ ਨਿਰਨਉ ਡੀਠਾ ॥ (708-9)
आन सुआद सभि फीकिआ करि निरनउ डीठा ॥

ਅਗਿਆਨੁ ਭਰਮੁ ਦੁਖੁ ਕਟਿਆ ਗੁਰ ਭਏ ਬਸੀਠਾ ॥ (708-10)
अगिआनु भरमु दुखु कटिआ गुर भए बसीठा ॥

ਚਰਨ ਕਮਲ ਮਨੁ ਬੇਧਿਆ ਜਿਉ ਰੰਗੁ ਮਜੀਠਾ ॥ (708-10)
चरन कमल मनु बेधिआ जिउ रंगु मजीठा ॥

ਜੀਉ ਪ੍ਰਾਣ ਤਨੁ ਮਨੁ ਪ੍ਰਭੂ ਬਿਨਸੇ ਸਭਿ ਝੂਠਾ ॥੧੧॥ (708-11)
जीउ प्राण तनु मनु प्रभू बिनसे सभि झूठा ॥११॥

ਸਲੋਕ ॥ (708-11)
सलोक ॥

ਤਿਅਕਤ ਜਲੰ ਨਹ ਜੀਵ ਮੀਨੰ ਨਹ ਤਿਆਗਿ ਚਾਤ੍ਰਿਕ ਮੇਘ ਮੰਡਲਹ ॥ (708-11)
तिअकत जलं नह जीव मीनं नह तिआगि चात्रिक मेघ मंडलह ॥

ਬਾਣ ਬੇਧੰਚ ਕੁਰੰਕ ਨਾਦੰ ਅਲਿ ਬੰਧਨ ਕੁਸਮ ਬਾਸਨਹ ॥ (708-12)
बाण बेधंच कुरंक नादं अलि बंधन कुसम बासनह ॥

ਚਰਨ ਕਮਲ ਰਚੰਤਿ ਸੰਤਹ ਨਾਨਕ ਆਨ ਨ ਰੁਚਤੇ ॥੧॥ (708-12)
चरन कमल रचंति संतह नानक आन न रुचते ॥१॥

ਮੁਖੁ ਡੇਖਾਊ ਪਲਕ ਛਡਿ ਆਨ ਨ ਡੇਊ ਚਿਤੁ ॥ (708-13)
मुखु डेखाऊ पलक छडि आन न डेऊ चितु ॥

ਜੀਵਣ ਸੰਗਮੁ ਤਿਸੁ ਧਣੀ ਹਰਿ ਨਾਨਕ ਸੰਤਾਂ ਮਿਤੁ ॥੨॥ (708-13)
जीवण संगमु तिसु धणी हरि नानक संतां मितु ॥२॥

ਪਉੜੀ ॥ (708-14)
पउड़ी ॥

ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥ (708-14)
जिउ मछुली बिनु पाणीऐ किउ जीवणु पावै ॥

ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥ (708-15)
बूंद विहूणा चात्रिको किउ करि त्रिपतावै ॥

ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥ (708-15)
नाद कुरंकहि बेधिआ सनमुख उठि धावै ॥

ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥ (708-15)
भवरु लोभी कुसम बासु का मिलि आपु बंधावै ॥

ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥੧੨॥ (708-16)
तिउ संत जना हरि प्रीति है देखि दरसु अघावै ॥१२॥

ਸਲੋਕ ॥ (708-16)
सलोक ॥

ਚਿਤਵੰਤਿ ਚਰਨ ਕਮਲੰ ਸਾਸਿ ਸਾਸਿ ਅਰਾਧਨਹ ॥ (708-16)
चितवंति चरन कमलं सासि सासि अराधनह ॥

ਨਹ ਬਿਸਰੰਤਿ ਨਾਮ ਅਚੁਤ ਨਾਨਕ ਆਸ ਪੂਰਨ ਪਰਮੇਸੁਰਹ ॥੧॥ (708-17)
नह बिसरंति नाम अचुत नानक आस पूरन परमेसुरह ॥१॥

ਸੀਤੜਾ ਮੰਨ ਮੰਝਾਹਿ ਪਲਕ ਨ ਥੀਵੈ ਬਾਹਰਾ ॥ (708-18)
सीतड़ा मंन मंझाहि पलक न थीवै बाहरा ॥

ਨਾਨਕ ਆਸੜੀ ਨਿਬਾਹਿ ਸਦਾ ਪੇਖੰਦੋ ਸਚੁ ਧਣੀ ॥੨॥ (708-18)
नानक आसड़ी निबाहि सदा पेखंदो सचु धणी ॥२॥

ਪਉੜੀ ॥ (708-18)
पउड़ी ॥

ਆਸਾਵੰਤੀ ਆਸ ਗੁਸਾਈ ਪੂਰੀਐ ॥ (708-19)
आसावंती आस गुसाई पूरीऐ ॥

ਮਿਲਿ ਗੋਪਾਲ ਗੋਬਿੰਦ ਨ ਕਬਹੂ ਝੂਰੀਐ ॥ (708-19)
मिलि गोपाल गोबिंद न कबहू झूरीऐ ॥

ਦੇਹੁ ਦਰਸੁ ਮਨਿ ਚਾਉ ਲਹਿ ਜਾਹਿ ਵਿਸੂਰੀਐ ॥ (708-19)
देहु दरसु मनि चाउ लहि जाहि विसूरीऐ ॥

ਹੋਇ ਪਵਿਤ੍ਰ ਸਰੀਰੁ ਚਰਨਾ ਧੂਰੀਐ ॥ (709-1)
होइ पवित्र सरीरु चरना धूरीऐ ॥

ਪਾਰਬ੍ਰਹਮ ਗੁਰਦੇਵ ਸਦਾ ਹਜੂਰੀਐ ॥੧੩॥ (709-1)
पारब्रहम गुरदेव सदा हजूरीऐ ॥१३॥

ਸਲੋਕ ॥ (709-1)
सलोक ॥

ਰਸਨਾ ਉਚਰੰਤਿ ਨਾਮੰ ਸ੍ਰਵਣੰ ਸੁਨੰਤਿ ਸਬਦ ਅੰਮ੍ਰਿਤਹ ॥ (709-2)
रसना उचरंति नामं स्रवणं सुनंति सबद अमृतह ॥

ਨਾਨਕ ਤਿਨ ਸਦ ਬਲਿਹਾਰੰ ਜਿਨਾ ਧਿਆਨੁ ਪਾਰਬ੍ਰਹਮਣਹ ॥੧॥ (709-2)
नानक तिन सद बलिहारं जिना धिआनु पारब्रहमणह ॥१॥

ਹਭਿ ਕੂੜਾਵੇ ਕੰਮ ਇਕਸੁ ਸਾਈ ਬਾਹਰੇ ॥ (709-3)
हभि कूड़ावे कंम इकसु साई बाहरे ॥

ਨਾਨਕ ਸੇਈ ਧੰਨੁ ਜਿਨਾ ਪਿਰਹੜੀ ਸਚ ਸਿਉ ॥੨॥ (709-3)
नानक सेई धंनु जिना पिरहड़ी सच सिउ ॥२॥

ਪਉੜੀ ॥ (709-4)
पउड़ी ॥

ਸਦ ਬਲਿਹਾਰੀ ਤਿਨਾ ਜਿ ਸੁਨਤੇ ਹਰਿ ਕਥਾ ॥ (709-4)
सद बलिहारी तिना जि सुनते हरि कथा ॥

ਪੂਰੇ ਤੇ ਪਰਧਾਨ ਨਿਵਾਵਹਿ ਪ੍ਰਭ ਮਥਾ ॥ (709-4)
पूरे ते परधान निवावहि प्रभ मथा ॥

ਹਰਿ ਜਸੁ ਲਿਖਹਿ ਬੇਅੰਤ ਸੋਹਹਿ ਸੇ ਹਥਾ ॥ (709-4)
हरि जसु लिखहि बेअंत सोहहि से हथा ॥

ਚਰਨ ਪੁਨੀਤ ਪਵਿਤ੍ਰ ਚਾਲਹਿ ਪ੍ਰਭ ਪਥਾ ॥ (709-5)
चरन पुनीत पवित्र चालहि प्रभ पथा ॥

ਸੰਤਾਂ ਸੰਗਿ ਉਧਾਰੁ ਸਗਲਾ ਦੁਖੁ ਲਥਾ ॥੧੪॥ (709-5)
संतां संगि उधारु सगला दुखु लथा ॥१४॥

ਸਲੋਕੁ ॥ (709-6)
सलोकु ॥

ਭਾਵੀ ਉਦੋਤ ਕਰਣੰ ਹਰਿ ਰਮਣੰ ਸੰਜੋਗ ਪੂਰਨਹ ॥ (709-6)
भावी उदोत करणं हरि रमणं संजोग पूरनह ॥

ਗੋਪਾਲ ਦਰਸ ਭੇਟੰ ਸਫਲ ਨਾਨਕ ਸੋ ਮਹੂਰਤਹ ॥੧॥ (709-6)
गोपाल दरस भेटं सफल नानक सो महूरतह ॥१॥

ਕੀਮ ਨ ਸਕਾ ਪਾਇ ਸੁਖ ਮਿਤੀ ਹੂ ਬਾਹਰੇ ॥ (709-7)
कीम न सका पाइ सुख मिती हू बाहरे ॥

ਨਾਨਕ ਸਾ ਵੇਲੜੀ ਪਰਵਾਣੁ ਜਿਤੁ ਮਿਲੰਦੜੋ ਮਾ ਪਿਰੀ ॥੨॥ (709-7)
नानक सा वेलड़ी परवाणु जितु मिलंदड़ो मा पिरी ॥२॥

ਪਉੜੀ ॥ (709-8)
पउड़ी ॥

ਸਾ ਵੇਲਾ ਕਹੁ ਕਉਣੁ ਹੈ ਜਿਤੁ ਪ੍ਰਭ ਕਉ ਪਾਈ ॥ (709-8)
सा वेला कहु कउणु है जितु प्रभ कउ पाई ॥

ਸੋ ਮੂਰਤੁ ਭਲਾ ਸੰਜੋਗੁ ਹੈ ਜਿਤੁ ਮਿਲੈ ਗੁਸਾਈ ॥ (709-8)
सो मूरतु भला संजोगु है जितु मिलै गुसाई ॥

ਆਠ ਪਹਰ ਹਰਿ ਧਿਆਇ ਕੈ ਮਨ ਇਛ ਪੁਜਾਈ ॥ (709-9)
आठ पहर हरि धिआइ कै मन इछ पुजाई ॥

ਵਡੈ ਭਾਗਿ ਸਤਸੰਗੁ ਹੋਇ ਨਿਵਿ ਲਾਗਾ ਪਾਈ ॥ (709-9)
वडै भागि सतसंगु होइ निवि लागा पाई ॥

ਮਨਿ ਦਰਸਨ ਕੀ ਪਿਆਸ ਹੈ ਨਾਨਕ ਬਲਿ ਜਾਈ ॥੧੫॥ (709-10)
मनि दरसन की पिआस है नानक बलि जाई ॥१५॥

ਸਲੋਕ ॥ (709-10)
सलोक ॥

ਪਤਿਤ ਪੁਨੀਤ ਗੋਬਿੰਦਹ ਸਰਬ ਦੋਖ ਨਿਵਾਰਣਹ ॥ (709-10)
पतित पुनीत गोबिंदह सरब दोख निवारणह ॥

ਸਰਣਿ ਸੂਰ ਭਗਵਾਨਹ ਜਪੰਤਿ ਨਾਨਕ ਹਰਿ ਹਰਿ ਹਰੇ ॥੧॥ (709-11)
सरणि सूर भगवानह जपंति नानक हरि हरि हरे ॥१॥

ਛਡਿਓ ਹਭੁ ਆਪੁ ਲਗੜੋ ਚਰਣਾ ਪਾਸਿ ॥ (709-11)
छडिओ हभु आपु लगड़ो चरणा पासि ॥

ਨਠੜੋ ਦੁਖ ਤਾਪੁ ਨਾਨਕ ਪ੍ਰਭੁ ਪੇਖੰਦਿਆ ॥੨॥ (709-12)
नठड़ो दुख तापु नानक प्रभु पेखंदिआ ॥२॥

ਪਉੜੀ ॥ (709-12)
पउड़ी ॥

ਮੇਲਿ ਲੈਹੁ ਦਇਆਲ ਢਹਿ ਪਏ ਦੁਆਰਿਆ ॥ (709-12)
मेलि लैहु दइआल ढहि पए दुआरिआ ॥

ਰਖਿ ਲੇਵਹੁ ਦੀਨ ਦਇਆਲ ਭ੍ਰਮਤ ਬਹੁ ਹਾਰਿਆ ॥ (709-13)
रखि लेवहु दीन दइआल भ्रमत बहु हारिआ ॥

ਭਗਤਿ ਵਛਲੁ ਤੇਰਾ ਬਿਰਦੁ ਹਰਿ ਪਤਿਤ ਉਧਾਰਿਆ ॥ (709-13)
भगति वछलु तेरा बिरदु हरि पतित उधारिआ ॥

ਤੁਝ ਬਿਨੁ ਨਾਹੀ ਕੋਇ ਬਿਨਉ ਮੋਹਿ ਸਾਰਿਆ ॥ (709-14)
तुझ बिनु नाही कोइ बिनउ मोहि सारिआ ॥

ਕਰੁ ਗਹਿ ਲੇਹੁ ਦਇਆਲ ਸਾਗਰ ਸੰਸਾਰਿਆ ॥੧੬॥ (709-14)
करु गहि लेहु दइआल सागर संसारिआ ॥१६॥

ਸਲੋਕ ॥ (709-15)
सलोक ॥

ਸੰਤ ਉਧਰਣ ਦਇਆਲੰ ਆਸਰੰ ਗੋਪਾਲ ਕੀਰਤਨਹ ॥ (709-15)
संत उधरण दइआलं आसरं गोपाल कीरतनह ॥

ਨਿਰਮਲੰ ਸੰਤ ਸੰਗੇਣ ਓਟ ਨਾਨਕ ਪਰਮੇਸੁਰਹ ॥੧॥ (709-15)
निरमलं संत संगेण ओट नानक परमेसुरह ॥१॥

ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ ॥ (709-16)
चंदन चंदु न सरद रुति मूलि न मिटई घांम ॥

ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ ॥੨॥ (709-16)
सीतलु थीवै नानका जपंदड़ो हरि नामु ॥२॥

ਪਉੜੀ ॥ (709-17)
पउड़ी ॥

ਚਰਨ ਕਮਲ ਕੀ ਓਟ ਉਧਰੇ ਸਗਲ ਜਨ ॥ (709-17)
चरन कमल की ओट उधरे सगल जन ॥

ਸੁਣਿ ਪਰਤਾਪੁ ਗੋਵਿੰਦ ਨਿਰਭਉ ਭਏ ਮਨ ॥ (709-17)
सुणि परतापु गोविंद निरभउ भए मन ॥

ਤੋਟਿ ਨ ਆਵੈ ਮੂਲਿ ਸੰਚਿਆ ਨਾਮੁ ਧਨ ॥ (709-18)
तोटि न आवै मूलि संचिआ नामु धन ॥

ਸੰਤ ਜਨਾ ਸਿਉ ਸੰਗੁ ਪਾਈਐ ਵਡੈ ਪੁਨ ॥ (709-18)
संत जना सिउ संगु पाईऐ वडै पुन ॥

ਆਠ ਪਹਰ ਹਰਿ ਧਿਆਇ ਹਰਿ ਜਸੁ ਨਿਤ ਸੁਨ ॥੧੭॥ (709-18)
आठ पहर हरि धिआइ हरि जसु नित सुन ॥१७॥

ਸਲੋਕ ॥ (709-19)
सलोक ॥

ਦਇਆ ਕਰਣੰ ਦੁਖ ਹਰਣੰ ਉਚਰਣੰ ਨਾਮ ਕੀਰਤਨਹ ॥ (709-19)
दइआ करणं दुख हरणं उचरणं नाम कीरतनह ॥

ਦਇਆਲ ਪੁਰਖ ਭਗਵਾਨਹ ਨਾਨਕ ਲਿਪਤ ਨ ਮਾਇਆ ॥੧॥ (709-19)
दइआल पुरख भगवानह नानक लिपत न माइआ ॥१॥

ਭਾਹਿ ਬਲੰਦੜੀ ਬੁਝਿ ਗਈ ਰਖੰਦੜੋ ਪ੍ਰਭੁ ਆਪਿ ॥ (710-1)
भाहि बलंदड़ी बुझि गई रखंदड़ो प्रभु आपि ॥

ਜਿਨਿ ਉਪਾਈ ਮੇਦਨੀ ਨਾਨਕ ਸੋ ਪ੍ਰਭੁ ਜਾਪਿ ॥੨॥ (710-1)
जिनि उपाई मेदनी नानक सो प्रभु जापि ॥२॥

ਪਉੜੀ ॥ (710-2)
पउड़ी ॥

ਜਾ ਪ੍ਰਭ ਭਏ ਦਇਆਲ ਨ ਬਿਆਪੈ ਮਾਇਆ ॥ (710-2)
जा प्रभ भए दइआल न बिआपै माइआ ॥

ਕੋਟਿ ਅਘਾ ਗਏ ਨਾਸ ਹਰਿ ਇਕੁ ਧਿਆਇਆ ॥ (710-2)
कोटि अघा गए नास हरि इकु धिआइआ ॥

ਨਿਰਮਲ ਭਏ ਸਰੀਰ ਜਨ ਧੂਰੀ ਨਾਇਆ ॥ (710-3)
निरमल भए सरीर जन धूरी नाइआ ॥

ਮਨ ਤਨ ਭਏ ਸੰਤੋਖ ਪੂਰਨ ਪ੍ਰਭੁ ਪਾਇਆ ॥ (710-3)
मन तन भए संतोख पूरन प्रभु पाइआ ॥

ਤਰੇ ਕੁਟੰਬ ਸੰਗਿ ਲੋਗ ਕੁਲ ਸਬਾਇਆ ॥੧੮॥ (710-4)
तरे कुट्मब संगि लोग कुल सबाइआ ॥१८॥

ਸਲੋਕ ॥ (710-4)
सलोक ॥

ਗੁਰ ਗੋਬਿੰਦ ਗੋਪਾਲ ਗੁਰ ਗੁਰ ਪੂਰਨ ਨਾਰਾਇਣਹ ॥ (710-4)
गुर गोबिंद गोपाल गुर गुर पूरन नाराइणह ॥

ਗੁਰ ਦਇਆਲ ਸਮਰਥ ਗੁਰ ਗੁਰ ਨਾਨਕ ਪਤਿਤ ਉਧਾਰਣਹ ॥੧॥ (710-5)
गुर दइआल समरथ गुर गुर नानक पतित उधारणह ॥१॥

ਭਉਜਲੁ ਬਿਖਮੁ ਅਸਗਾਹੁ ਗੁਰਿ ਬੋਹਿਥੈ ਤਾਰਿਅਮੁ ॥ (710-5)
भउजलु बिखमु असगाहु गुरि बोहिथै तारिअमु ॥

ਨਾਨਕ ਪੂਰ ਕਰੰਮ ਸਤਿਗੁਰ ਚਰਣੀ ਲਗਿਆ ॥੨॥ (710-6)
नानक पूर करंम सतिगुर चरणी लगिआ ॥२॥

ਪਉੜੀ ॥ (710-6)
पउड़ी ॥

ਧੰਨੁ ਧੰਨੁ ਗੁਰਦੇਵ ਜਿਸੁ ਸੰਗਿ ਹਰਿ ਜਪੇ ॥ (710-6)
धंनु धंनु गुरदेव जिसु संगि हरि जपे ॥

ਗੁਰ ਕ੍ਰਿਪਾਲ ਜਬ ਭਏ ਤ ਅਵਗੁਣ ਸਭਿ ਛਪੇ ॥ (710-7)
गुर क्रिपाल जब भए त अवगुण सभि छपे ॥

ਪਾਰਬ੍ਰਹਮ ਗੁਰਦੇਵ ਨੀਚਹੁ ਉਚ ਥਪੇ ॥ (710-7)
पारब्रहम गुरदेव नीचहु उच थपे ॥

ਕਾਟਿ ਸਿਲਕ ਦੁਖ ਮਾਇਆ ਕਰਿ ਲੀਨੇ ਅਪ ਦਸੇ ॥ (710-8)
काटि सिलक दुख माइआ करि लीने अप दसे ॥

ਗੁਣ ਗਾਏ ਬੇਅੰਤ ਰਸਨਾ ਹਰਿ ਜਸੇ ॥੧੯॥ (710-8)
गुण गाए बेअंत रसना हरि जसे ॥१९॥

ਸਲੋਕ ॥ (710-9)
सलोक ॥

ਦ੍ਰਿਸਟੰਤ ਏਕੋ ਸੁਨੀਅੰਤ ਏਕੋ ਵਰਤੰਤ ਏਕੋ ਨਰਹਰਹ ॥ (710-9)
द्रिसटंत एको सुनीअंत एको वरतंत एको नरहरह ॥

ਨਾਮ ਦਾਨੁ ਜਾਚੰਤਿ ਨਾਨਕ ਦਇਆਲ ਪੁਰਖ ਕ੍ਰਿਪਾ ਕਰਹ ॥੧॥ (710-9)
नाम दानु जाचंति नानक दइआल पुरख क्रिपा करह ॥१॥

ਹਿਕੁ ਸੇਵੀ ਹਿਕੁ ਸੰਮਲਾ ਹਰਿ ਇਕਸੁ ਪਹਿ ਅਰਦਾਸਿ ॥ (710-10)
हिकु सेवी हिकु संमला हरि इकसु पहि अरदासि ॥

ਨਾਮ ਵਖਰੁ ਧਨੁ ਸੰਚਿਆ ਨਾਨਕ ਸਚੀ ਰਾਸਿ ॥੨॥ (710-10)
नाम वखरु धनु संचिआ नानक सची रासि ॥२॥

ਪਉੜੀ ॥ (710-11)
पउड़ी ॥

ਪ੍ਰਭ ਦਇਆਲ ਬੇਅੰਤ ਪੂਰਨ ਇਕੁ ਏਹੁ ॥ (710-11)
प्रभ दइआल बेअंत पूरन इकु एहु ॥

ਸਭੁ ਕਿਛੁ ਆਪੇ ਆਪਿ ਦੂਜਾ ਕਹਾ ਕੇਹੁ ॥ (710-11)
सभु किछु आपे आपि दूजा कहा केहु ॥

ਆਪਿ ਕਰਹੁ ਪ੍ਰਭ ਦਾਨੁ ਆਪੇ ਆਪਿ ਲੇਹੁ ॥ (710-12)
आपि करहु प्रभ दानु आपे आपि लेहु ॥

ਆਵਣ ਜਾਣਾ ਹੁਕਮੁ ਸਭੁ ਨਿਹਚਲੁ ਤੁਧੁ ਥੇਹੁ ॥ (710-12)
आवण जाणा हुकमु सभु निहचलु तुधु थेहु ॥

ਨਾਨਕੁ ਮੰਗੈ ਦਾਨੁ ਕਰਿ ਕਿਰਪਾ ਨਾਮੁ ਦੇਹੁ ॥੨੦॥੧॥ (710-13)
नानकु मंगै दानु करि किरपा नामु देहु ॥२०॥१॥

ਜੈਤਸਰੀ ਬਾਣੀ ਭਗਤਾ ਕੀ (710-14)
जैतसरी बाणी भगता की

ੴ ਸਤਿਗੁਰ ਪ੍ਰਸਾਦਿ ॥ (710-14)
ੴ सतिगुर प्रसादि ॥

ਨਾਥ ਕਛੂਅ ਨ ਜਾਨਉ ॥ (710-15)
नाथ कछूअ न जानउ ॥

ਮਨੁ ਮਾਇਆ ਕੈ ਹਾਥਿ ਬਿਕਾਨਉ ॥੧॥ ਰਹਾਉ ॥ (710-15)
मनु माइआ कै हाथि बिकानउ ॥१॥ रहाउ ॥

ਤੁਮ ਕਹੀਅਤ ਹੌ ਜਗਤ ਗੁਰ ਸੁਆਮੀ ॥ (710-15)
तुम कहीअत हौ जगत गुर सुआमी ॥

ਹਮ ਕਹੀਅਤ ਕਲਿਜੁਗ ਕੇ ਕਾਮੀ ॥੧॥ (710-16)
हम कहीअत कलिजुग के कामी ॥१॥

ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ॥ (710-16)
इन पंचन मेरो मनु जु बिगारिओ ॥

ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ ॥੨॥ (710-16)
पलु पलु हरि जी ते अंतरु पारिओ ॥२॥

ਜਤ ਦੇਖਉ ਤਤ ਦੁਖ ਕੀ ਰਾਸੀ ॥ (710-17)
जत देखउ तत दुख की रासी ॥

ਅਜੌਂ ਨ ਪਤ੍ਯ੍ਯਾਇ ਨਿਗਮ ਭਏ ਸਾਖੀ ॥੩॥ (710-17)
अजौं न पत्याइ निगम भए साखी ॥३॥

ਗੋਤਮ ਨਾਰਿ ਉਮਾਪਤਿ ਸ੍ਵਾਮੀ ॥ (710-17)
गोतम नारि उमापति स्वामी ॥

ਸੀਸੁ ਧਰਨਿ ਸਹਸ ਭਗ ਗਾਂਮੀ ॥੪॥ (710-18)
सीसु धरनि सहस भग गांमी ॥४॥

ਇਨ ਦੂਤਨ ਖਲੁ ਬਧੁ ਕਰਿ ਮਾਰਿਓ ॥ (710-18)
इन दूतन खलु बधु करि मारिओ ॥

ਬਡੋ ਨਿਲਾਜੁ ਅਜਹੂ ਨਹੀ ਹਾਰਿਓ ॥੫॥ (710-18)
बडो निलाजु अजहू नही हारिओ ॥५॥

ਕਹਿ ਰਵਿਦਾਸ ਕਹਾ ਕੈਸੇ ਕੀਜੈ ॥ (710-19)
कहि रविदास कहा कैसे कीजै ॥

ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ ॥੬॥੧॥ (710-19)
बिनु रघुनाथ सरनि का की लीजै ॥६॥१॥

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ (711-1)
ੴ सति नामु करता पुरखु निरभउ निरवैरु अकाल मूरति अजूनी सैभं गुर प्रसादि ॥

ਰਾਗੁ ਟੋਡੀ ਮਹਲਾ ੪ ਘਰੁ ੧ ॥ (711-3)
रागु टोडी महला ४ घरु १ ॥

ਹਰਿ ਬਿਨੁ ਰਹਿ ਨ ਸਕੈ ਮਨੁ ਮੇਰਾ ॥ (711-4)
हरि बिनु रहि न सकै मनु मेरा ॥

ਮੇਰੇ ਪ੍ਰੀਤਮ ਪ੍ਰਾਨ ਹਰਿ ਪ੍ਰਭੁ ਗੁਰੁ ਮੇਲੇ ਬਹੁਰਿ ਨ ਭਵਜਲਿ ਫੇਰਾ ॥੧॥ ਰਹਾਉ ॥ (711-4)
मेरे प्रीतम प्रान हरि प्रभु गुरु मेले बहुरि न भवजलि फेरा ॥१॥ रहाउ ॥

ਮੇਰੈ ਹੀਅਰੈ ਲੋਚ ਲਗੀ ਪ੍ਰਭ ਕੇਰੀ ਹਰਿ ਨੈਨਹੁ ਹਰਿ ਪ੍ਰਭ ਹੇਰਾ ॥ (711-5)
मेरै हीअरै लोच लगी प्रभ केरी हरि नैनहु हरि प्रभ हेरा ॥

ਸਤਿਗੁਰਿ ਦਇਆਲਿ ਹਰਿ ਨਾਮੁ ਦ੍ਰਿੜਾਇਆ ਹਰਿ ਪਾਧਰੁ ਹਰਿ ਪ੍ਰਭ ਕੇਰਾ ॥੧॥ (711-5)
सतिगुरि दइआलि हरि नामु द्रिड़ाइआ हरि पाधरु हरि प्रभ केरा ॥१॥

ਹਰਿ ਰੰਗੀ ਹਰਿ ਨਾਮੁ ਪ੍ਰਭ ਪਾਇਆ ਹਰਿ ਗੋਵਿੰਦ ਹਰਿ ਪ੍ਰਭ ਕੇਰਾ ॥ (711-6)
हरि रंगी हरि नामु प्रभ पाइआ हरि गोविंद हरि प्रभ केरा ॥

ਹਰਿ ਹਿਰਦੈ ਮਨਿ ਤਨਿ ਮੀਠਾ ਲਾਗਾ ਮੁਖਿ ਮਸਤਕਿ ਭਾਗੁ ਚੰਗੇਰਾ ॥੨॥ (711-7)
हरि हिरदै मनि तनि मीठा लागा मुखि मसतकि भागु चंगेरा ॥२॥

ਲੋਭ ਵਿਕਾਰ ਜਿਨਾ ਮਨੁ ਲਾਗਾ ਹਰਿ ਵਿਸਰਿਆ ਪੁਰਖੁ ਚੰਗੇਰਾ ॥ (711-7)
लोभ विकार जिना मनु लागा हरि विसरिआ पुरखु चंगेरा ॥

ਓਇ ਮਨਮੁਖ ਮੂੜ ਅਗਿਆਨੀ ਕਹੀਅਹਿ ਤਿਨ ਮਸਤਕਿ ਭਾਗੁ ਮੰਦੇਰਾ ॥੩॥ (711-8)
ओइ मनमुख मूड़ अगिआनी कहीअहि तिन मसतकि भागु मंदेरा ॥३॥

ਬਿਬੇਕ ਬੁਧਿ ਸਤਿਗੁਰ ਤੇ ਪਾਈ ਗੁਰ ਗਿਆਨੁ ਗੁਰੂ ਪ੍ਰਭ ਕੇਰਾ ॥ (711-9)
बिबेक बुधि सतिगुर ते पाई गुर गिआनु गुरू प्रभ केरा ॥

ਜਨ ਨਾਨਕ ਨਾਮੁ ਗੁਰੂ ਤੇ ਪਾਇਆ ਧੁਰਿ ਮਸਤਕਿ ਭਾਗੁ ਲਿਖੇਰਾ ॥੪॥੧॥ (711-9)
जन नानक नामु गुरू ते पाइआ धुरि मसतकि भागु लिखेरा ॥४॥१॥

ਟੋਡੀ ਮਹਲਾ ੫ ਘਰੁ ੧ ਦੁਪਦੇ (711-11)
टोडी महला ५ घरु १ दुपदे

ੴ ਸਤਿਗੁਰ ਪ੍ਰਸਾਦਿ ॥ (711-11)
ੴ सतिगुर प्रसादि ॥

ਸੰਤਨ ਅਵਰ ਨ ਕਾਹੂ ਜਾਨੀ ॥ (711-12)
संतन अवर न काहू जानी ॥

ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ ॥ ਰਹਾਉ ॥ (711-12)
बेपरवाह सदा रंगि हरि कै जा को पाखु सुआमी ॥ रहाउ ॥

ਊਚ ਸਮਾਨਾ ਠਾਕੁਰ ਤੇਰੋ ਅਵਰ ਨ ਕਾਹੂ ਤਾਨੀ ॥ (711-12)
ऊच समाना ठाकुर तेरो अवर न काहू तानी ॥

ਐਸੋ ਅਮਰੁ ਮਿਲਿਓ ਭਗਤਨ ਕਉ ਰਾਚਿ ਰਹੇ ਰੰਗਿ ਗਿਆਨੀ ॥੧॥ (711-13)
ऐसो अमरु मिलिओ भगतन कउ राचि रहे रंगि गिआनी ॥१॥

ਰੋਗ ਸੋਗ ਦੁਖ ਜਰਾ ਮਰਾ ਹਰਿ ਜਨਹਿ ਨਹੀ ਨਿਕਟਾਨੀ ॥ (711-14)
रोग सोग दुख जरा मरा हरि जनहि नही निकटानी ॥

ਨਿਰਭਉ ਹੋਇ ਰਹੇ ਲਿਵ ਏਕੈ ਨਾਨਕ ਹਰਿ ਮਨੁ ਮਾਨੀ ॥੨॥੧॥ (711-14)
निरभउ होइ रहे लिव एकै नानक हरि मनु मानी ॥२॥१॥

ਟੋਡੀ ਮਹਲਾ ੫ ॥ (711-15)
टोडी महला ५ ॥

ਹਰਿ ਬਿਸਰਤ ਸਦਾ ਖੁਆਰੀ ॥ (711-15)
हरि बिसरत सदा खुआरी ॥

ਤਾ ਕਉ ਧੋਖਾ ਕਹਾ ਬਿਆਪੈ ਜਾ ਕਉ ਓਟ ਤੁਹਾਰੀ ॥ ਰਹਾਉ ॥ (711-15)
ता कउ धोखा कहा बिआपै जा कउ ओट तुहारी ॥ रहाउ ॥

ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ ॥ (712-1)
बिनु सिमरन जो जीवनु बलना सरप जैसे अरजारी ॥

ਨਵ ਖੰਡਨ ਕੋ ਰਾਜੁ ਕਮਾਵੈ ਅੰਤਿ ਚਲੈਗੋ ਹਾਰੀ ॥੧॥ (712-1)
नव खंडन को राजु कमावै अंति चलैगो हारी ॥१॥

ਗੁਣ ਨਿਧਾਨ ਗੁਣ ਤਿਨ ਹੀ ਗਾਏ ਜਾ ਕਉ ਕਿਰਪਾ ਧਾਰੀ ॥ (712-2)
गुण निधान गुण तिन ही गाए जा कउ किरपा धारी ॥

ਸੋ ਸੁਖੀਆ ਧੰਨੁ ਉਸੁ ਜਨਮਾ ਨਾਨਕ ਤਿਸੁ ਬਲਿਹਾਰੀ ॥੨॥੨॥ (712-2)
सो सुखीआ धंनु उसु जनमा नानक तिसु बलिहारी ॥२॥२॥

ਟੋਡੀ ਮਹਲਾ ੫ ਘਰੁ ੨ ਚਉਪਦੇ (712-4)
टोडी महला ५ घरु २ चउपदे

ੴ ਸਤਿਗੁਰ ਪ੍ਰਸਾਦਿ ॥ (712-4)
ੴ सतिगुर प्रसादि ॥

ਧਾਇਓ ਰੇ ਮਨ ਦਹ ਦਿਸ ਧਾਇਓ ॥ (712-5)
धाइओ रे मन दह दिस धाइओ ॥

ਮਾਇਆ ਮਗਨ ਸੁਆਦਿ ਲੋਭਿ ਮੋਹਿਓ ਤਿਨਿ ਪ੍ਰਭਿ ਆਪਿ ਭੁਲਾਇਓ ॥ ਰਹਾਉ ॥ (712-5)
माइआ मगन सुआदि लोभि मोहिओ तिनि प्रभि आपि भुलाइओ ॥ रहाउ ॥

ਹਰਿ ਕਥਾ ਹਰਿ ਜਸ ਸਾਧਸੰਗਤਿ ਸਿਉ ਇਕੁ ਮੁਹਤੁ ਨ ਇਹੁ ਮਨੁ ਲਾਇਓ ॥ (712-6)
हरि कथा हरि जस साधसंगति सिउ इकु मुहतु न इहु मनु लाइओ ॥

ਬਿਗਸਿਓ ਪੇਖਿ ਰੰਗੁ ਕਸੁੰਭ ਕੋ ਪਰ ਗ੍ਰਿਹ ਜੋਹਨਿ ਜਾਇਓ ॥੧॥ (712-6)
बिगसिओ पेखि रंगु कसुमभ को पर ग्रिह जोहनि जाइओ ॥१॥

ਚਰਨ ਕਮਲ ਸਿਉ ਭਾਉ ਨ ਕੀਨੋ ਨਹ ਸਤ ਪੁਰਖੁ ਮਨਾਇਓ ॥ (712-7)
चरन कमल सिउ भाउ न कीनो नह सत पुरखु मनाइओ ॥

ਧਾਵਤ ਕਉ ਧਾਵਹਿ ਬਹੁ ਭਾਤੀ ਜਿਉ ਤੇਲੀ ਬਲਦੁ ਭ੍ਰਮਾਇਓ ॥੨॥ (712-7)
धावत कउ धावहि बहु भाती जिउ तेली बलदु भ्रमाइओ ॥२॥

ਨਾਮ ਦਾਨੁ ਇਸਨਾਨੁ ਨ ਕੀਓ ਇਕ ਨਿਮਖ ਨ ਕੀਰਤਿ ਗਾਇਓ ॥ (712-8)
नाम दानु इसनानु न कीओ इक निमख न कीरति गाइओ ॥

ਨਾਨਾ ਝੂਠਿ ਲਾਇ ਮਨੁ ਤੋਖਿਓ ਨਹ ਬੂਝਿਓ ਅਪਨਾਇਓ ॥੩॥ (712-9)
नाना झूठि लाइ मनु तोखिओ नह बूझिओ अपनाइओ ॥३॥

ਪਰਉਪਕਾਰ ਨ ਕਬਹੂ ਕੀਏ ਨਹੀ ਸਤਿਗੁਰੁ ਸੇਵਿ ਧਿਆਇਓ ॥ (712-9)
परउपकार न कबहू कीए नही सतिगुरु सेवि धिआइओ ॥

ਪੰਚ ਦੂਤ ਰਚਿ ਸੰਗਤਿ ਗੋਸਟਿ ਮਤਵਾਰੋ ਮਦ ਮਾਇਓ ॥੪॥ (712-10)
पंच दूत रचि संगति गोसटि मतवारो मद माइओ ॥४॥

ਕਰਉ ਬੇਨਤੀ ਸਾਧਸੰਗਤਿ ਹਰਿ ਭਗਤਿ ਵਛਲ ਸੁਣਿ ਆਇਓ ॥ (712-10)
करउ बेनती साधसंगति हरि भगति वछल सुणि आइओ ॥

ਨਾਨਕ ਭਾਗਿ ਪਰਿਓ ਹਰਿ ਪਾਛੈ ਰਾਖੁ ਲਾਜ ਅਪੁਨਾਇਓ ॥੫॥੧॥੩॥ (712-11)
नानक भागि परिओ हरि पाछै राखु लाज अपुनाइओ ॥५॥१॥३॥

ਟੋਡੀ ਮਹਲਾ ੫ ॥ (712-12)
टोडी महला ५ ॥

ਮਾਨੁਖੁ ਬਿਨੁ ਬੂਝੇ ਬਿਰਥਾ ਆਇਆ ॥ (712-12)
मानुखु बिनु बूझे बिरथा आइआ ॥

ਅਨਿਕ ਸਾਜ ਸੀਗਾਰ ਬਹੁ ਕਰਤਾ ਜਿਉ ਮਿਰਤਕੁ ਓਢਾਇਆ ॥ ਰਹਾਉ ॥ (712-12)
अनिक साज सीगार बहु करता जिउ मिरतकु ओढाइआ ॥ रहाउ ॥

ਧਾਇ ਧਾਇ ਕ੍ਰਿਪਨ ਸ੍ਰਮੁ ਕੀਨੋ ਇਕਤ੍ਰ ਕਰੀ ਹੈ ਮਾਇਆ ॥ (712-13)
धाइ धाइ क्रिपन स्रमु कीनो इकत्र करी है माइआ ॥

ਦਾਨੁ ਪੁੰਨੁ ਨਹੀ ਸੰਤਨ ਸੇਵਾ ਕਿਤ ਹੀ ਕਾਜਿ ਨ ਆਇਆ ॥੧॥ (712-14)
दानु पुंनु नही संतन सेवा कित ही काजि न आइआ ॥१॥

ਕਰਿ ਆਭਰਣ ਸਵਾਰੀ ਸੇਜਾ ਕਾਮਨਿ ਥਾਟੁ ਬਨਾਇਆ ॥ (712-14)
करि आभरण सवारी सेजा कामनि थाटु बनाइआ ॥

ਸੰਗੁ ਨ ਪਾਇਓ ਅਪੁਨੇ ਭਰਤੇ ਪੇਖਿ ਪੇਖਿ ਦੁਖੁ ਪਾਇਆ ॥੨॥ (712-15)
संगु न पाइओ अपुने भरते पेखि पेखि दुखु पाइआ ॥२॥

ਸਾਰੋ ਦਿਨਸੁ ਮਜੂਰੀ ਕਰਤਾ ਤੁਹੁ ਮੂਸਲਹਿ ਛਰਾਇਆ ॥ (712-15)
सारो दिनसु मजूरी करता तुहु मूसलहि छराइआ ॥

ਖੇਦੁ ਭਇਓ ਬੇਗਾਰੀ ਨਿਆਈ ਘਰ ਕੈ ਕਾਮਿ ਨ ਆਇਆ ॥੩॥ (712-16)
खेदु भइओ बेगारी निआई घर कै कामि न आइआ ॥३॥

ਭਇਓ ਅਨੁਗ੍ਰਹੁ ਜਾ ਕਉ ਪ੍ਰਭ ਕੋ ਤਿਸੁ ਹਿਰਦੈ ਨਾਮੁ ਵਸਾਇਆ ॥ (712-16)
भइओ अनुग्रहु जा कउ प्रभ को तिसु हिरदै नामु वसाइआ ॥

ਸਾਧਸੰਗਤਿ ਕੈ ਪਾਛੈ ਪਰਿਅਉ ਜਨ ਨਾਨਕ ਹਰਿ ਰਸੁ ਪਾਇਆ ॥੪॥੨॥੪॥ (712-17)
साधसंगति कै पाछै परिअउ जन नानक हरि रसु पाइआ ॥४॥२॥४॥

ਟੋਡੀ ਮਹਲਾ ੫ ॥ (712-18)
टोडी महला ५ ॥

ਕ੍ਰਿਪਾ ਨਿਧਿ ਬਸਹੁ ਰਿਦੈ ਹਰਿ ਨੀਤ ॥ (712-18)
क्रिपा निधि बसहु रिदै हरि नीत ॥

ਤੈਸੀ ਬੁਧਿ ਕਰਹੁ ਪਰਗਾਸਾ ਲਾਗੈ ਪ੍ਰਭ ਸੰਗਿ ਪ੍ਰੀਤਿ ॥ ਰਹਾਉ ॥ (712-18)
तैसी बुधि करहु परगासा लागै प्रभ संगि प्रीति ॥ रहाउ ॥

ਦਾਸ ਤੁਮਾਰੇ ਕੀ ਪਾਵਉ ਧੂਰਾ ਮਸਤਕਿ ਲੇ ਲੇ ਲਾਵਉ ॥ (712-19)
दास तुमारे की पावउ धूरा मसतकि ले ले लावउ ॥

ਮਹਾ ਪਤਿਤ ਤੇ ਹੋਤ ਪੁਨੀਤਾ ਹਰਿ ਕੀਰਤਨ ਗੁਨ ਗਾਵਉ ॥੧॥ (712-19)
महा पतित ते होत पुनीता हरि कीरतन गुन गावउ ॥१॥

ਆਗਿਆ ਤੁਮਰੀ ਮੀਠੀ ਲਾਗਉ ਕੀਓ ਤੁਹਾਰੋ ਭਾਵਉ ॥ (713-1)
आगिआ तुमरी मीठी लागउ कीओ तुहारो भावउ ॥

ਜੋ ਤੂ ਦੇਹਿ ਤਹੀ ਇਹੁ ਤ੍ਰਿਪਤੈ ਆਨ ਨ ਕਤਹੂ ਧਾਵਉ ॥੨॥ (713-1)
जो तू देहि तही इहु त्रिपतै आन न कतहू धावउ ॥२॥

ਸਦ ਹੀ ਨਿਕਟਿ ਜਾਨਉ ਪ੍ਰਭ ਸੁਆਮੀ ਸਗਲ ਰੇਣ ਹੋਇ ਰਹੀਐ ॥ (713-2)
सद ही निकटि जानउ प्रभ सुआमी सगल रेण होइ रहीऐ ॥

ਸਾਧੂ ਸੰਗਤਿ ਹੋਇ ਪਰਾਪਤਿ ਤਾ ਪ੍ਰਭੁ ਅਪੁਨਾ ਲਹੀਐ ॥੩॥ (713-3)
साधू संगति होइ परापति ता प्रभु अपुना लहीऐ ॥३॥

ਸਦਾ ਸਦਾ ਹਮ ਛੋਹਰੇ ਤੁਮਰੇ ਤੂ ਪ੍ਰਭ ਹਮਰੋ ਮੀਰਾ ॥ (713-3)
सदा सदा हम छोहरे तुमरे तू प्रभ हमरो मीरा ॥

ਨਾਨਕ ਬਾਰਿਕ ਤੁਮ ਮਾਤ ਪਿਤਾ ਮੁਖਿ ਨਾਮੁ ਤੁਮਾਰੋ ਖੀਰਾ ॥੪॥੩॥੫॥ (713-4)
नानक बारिक तुम मात पिता मुखि नामु तुमारो खीरा ॥४॥३॥५॥

ਟੋਡੀ ਮਹਲਾ ੫ ਘਰੁ ੨ ਦੁਪਦੇ (713-5)
टोडी महला ५ घरु २ दुपदे

ੴ ਸਤਿਗੁਰ ਪ੍ਰਸਾਦਿ ॥ (713-5)
ੴ सतिगुर प्रसादि ॥

ਮਾਗਉ ਦਾਨੁ ਠਾਕੁਰ ਨਾਮ ॥ (713-6)
मागउ दानु ठाकुर नाम ॥

ਅਵਰੁ ਕਛੂ ਮੇਰੈ ਸੰਗਿ ਨ ਚਾਲੈ ਮਿਲੈ ਕ੍ਰਿਪਾ ਗੁਣ ਗਾਮ ॥੧॥ ਰਹਾਉ ॥ (713-6)
अवरु कछू मेरै संगि न चालै मिलै क्रिपा गुण गाम ॥१॥ रहाउ ॥

ਰਾਜੁ ਮਾਲੁ ਅਨੇਕ ਭੋਗ ਰਸ ਸਗਲ ਤਰਵਰ ਕੀ ਛਾਮ ॥ (713-6)
राजु मालु अनेक भोग रस सगल तरवर की छाम ॥

ਧਾਇ ਧਾਇ ਬਹੁ ਬਿਧਿ ਕਉ ਧਾਵੈ ਸਗਲ ਨਿਰਾਰਥ ਕਾਮ ॥੧॥ (713-7)
धाइ धाइ बहु बिधि कउ धावै सगल निरारथ काम ॥१॥

ਬਿਨੁ ਗੋਵਿੰਦ ਅਵਰੁ ਜੇ ਚਾਹਉ ਦੀਸੈ ਸਗਲ ਬਾਤ ਹੈ ਖਾਮ ॥ (713-8)
बिनु गोविंद अवरु जे चाहउ दीसै सगल बात है खाम ॥

ਕਹੁ ਨਾਨਕ ਸੰਤ ਰੇਨ ਮਾਗਉ ਮੇਰੋ ਮਨੁ ਪਾਵੈ ਬਿਸ੍ਰਾਮ ॥੨॥੧॥੬॥ (713-8)
कहु नानक संत रेन मागउ मेरो मनु पावै बिस्राम ॥२॥१॥६॥

ਟੋਡੀ ਮਹਲਾ ੫ ॥ (713-9)
टोडी महला ५ ॥

ਪ੍ਰਭ ਜੀ ਕੋ ਨਾਮੁ ਮਨਹਿ ਸਾਧਾਰੈ ॥ (713-9)
प्रभ जी को नामु मनहि साधारै ॥

ਜੀਅ ਪ੍ਰਾਨ ਸੂਖ ਇਸੁ ਮਨ ਕਉ ਬਰਤਨਿ ਏਹ ਹਮਾਰੈ ॥੧॥ ਰਹਾਉ ॥ (713-9)
जीअ प्रान सूख इसु मन कउ बरतनि एह हमारै ॥१॥ रहाउ ॥

ਨਾਮੁ ਜਾਤਿ ਨਾਮੁ ਮੇਰੀ ਪਤਿ ਹੈ ਨਾਮੁ ਮੇਰੈ ਪਰਵਾਰੈ ॥ (713-10)
नामु जाति नामु मेरी पति है नामु मेरै परवारै ॥

ਨਾਮੁ ਸਖਾਈ ਸਦਾ ਮੇਰੈ ਸੰਗਿ ਹਰਿ ਨਾਮੁ ਮੋ ਕਉ ਨਿਸਤਾਰੈ ॥੧॥ (713-10)
नामु सखाई सदा मेरै संगि हरि नामु मो कउ निसतारै ॥१॥

ਬਿਖੈ ਬਿਲਾਸ ਕਹੀਅਤ ਬਹੁਤੇਰੇ ਚਲਤ ਨ ਕਛੂ ਸੰਗਾਰੈ ॥ (713-11)
बिखै बिलास कहीअत बहुतेरे चलत न कछू संगारै ॥

ਇਸਟੁ ਮੀਤੁ ਨਾਮੁ ਨਾਨਕ ਕੋ ਹਰਿ ਨਾਮੁ ਮੇਰੈ ਭੰਡਾਰੈ ॥੨॥੨॥੭॥ (713-12)
इसटु मीतु नामु नानक को हरि नामु मेरै भंडारै ॥२॥२॥७॥

ਟੋਡੀ ਮਃ ੫ ॥ (713-12)
टोडी मः ५ ॥

ਨੀਕੇ ਗੁਣ ਗਾਉ ਮਿਟਹੀ ਰੋਗ ॥ (713-12)
नीके गुण गाउ मिटही रोग ॥

ਮੁਖ ਊਜਲ ਮਨੁ ਨਿਰਮਲ ਹੋਈ ਹੈ ਤੇਰੋ ਰਹੈ ਈਹਾ ਊਹਾ ਲੋਗੁ ॥੧॥ ਰਹਾਉ ॥ (713-13)
मुख ऊजल मनु निरमल होई है तेरो रहै ईहा ऊहा लोगु ॥१॥ रहाउ ॥

ਚਰਨ ਪਖਾਰਿ ਕਰਉ ਗੁਰ ਸੇਵਾ ਮਨਹਿ ਚਰਾਵਉ ਭੋਗ ॥ (713-13)
चरन पखारि करउ गुर सेवा मनहि चरावउ भोग ॥

ਛੋਡਿ ਆਪਤੁ ਬਾਦੁ ਅਹੰਕਾਰਾ ਮਾਨੁ ਸੋਈ ਜੋ ਹੋਗੁ ॥੧॥ (713-14)
छोडि आपतु बादु अहंकारा मानु सोई जो होगु ॥१॥

ਸੰਤ ਟਹਲ ਸੋਈ ਹੈ ਲਾਗਾ ਜਿਸੁ ਮਸਤਕਿ ਲਿਖਿਆ ਲਿਖੋਗੁ ॥ (713-14)
संत टहल सोई है लागा जिसु मसतकि लिखिआ लिखोगु ॥

ਕਹੁ ਨਾਨਕ ਏਕ ਬਿਨੁ ਦੂਜਾ ਅਵਰੁ ਨ ਕਰਣੈ ਜੋਗੁ ॥੨॥੩॥੮॥ (713-15)
कहु नानक एक बिनु दूजा अवरु न करणै जोगु ॥२॥३॥८॥

ਟੋਡੀ ਮਹਲਾ ੫ ॥ (713-16)
टोडी महला ५ ॥

ਸਤਿਗੁਰ ਆਇਓ ਸਰਣਿ ਤੁਹਾਰੀ ॥ (713-16)
सतिगुर आइओ सरणि तुहारी ॥

ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ ॥੧॥ ਰਹਾਉ ॥ (713-16)
मिलै सूखु नामु हरि सोभा चिंता लाहि हमारी ॥१॥ रहाउ ॥

ਅਵਰ ਨ ਸੂਝੈ ਦੂਜੀ ਠਾਹਰ ਹਾਰਿ ਪਰਿਓ ਤਉ ਦੁਆਰੀ ॥ (713-17)
अवर न सूझै दूजी ठाहर हारि परिओ तउ दुआरी ॥

ਲੇਖਾ ਛੋਡਿ ਅਲੇਖੈ ਛੂਟਹ ਹਮ ਨਿਰਗੁਨ ਲੇਹੁ ਉਬਾਰੀ ॥੧॥ (713-17)
लेखा छोडि अलेखै छूटह हम निरगुन लेहु उबारी ॥१॥

ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ ॥ (713-18)
सद बखसिंदु सदा मिहरवाना सभना देइ अधारी ॥

ਨਾਨਕ ਦਾਸ ਸੰਤ ਪਾਛੈ ਪਰਿਓ ਰਾਖਿ ਲੇਹੁ ਇਹ ਬਾਰੀ ॥੨॥੪॥੯॥ (713-18)
नानक दास संत पाछै परिओ राखि लेहु इह बारी ॥२॥४॥९॥

ਟੋਡੀ ਮਹਲਾ ੫ ॥ (713-19)
टोडी महला ५ ॥

ਰਸਨਾ ਗੁਣ ਗੋਪਾਲ ਨਿਧਿ ਗਾਇਣ ॥ (713-19)
रसना गुण गोपाल निधि गाइण ॥

ਸਾਂਤਿ ਸਹਜੁ ਰਹਸੁ ਮਨਿ ਉਪਜਿਓ ਸਗਲੇ ਦੂਖ ਪਲਾਇਣ ॥੧॥ ਰਹਾਉ ॥ (713-19)
सांति सहजु रहसु मनि उपजिओ सगले दूख पलाइण ॥१॥ रहाउ ॥

ਜੋ ਮਾਗਹਿ ਸੋਈ ਸੋਈ ਪਾਵਹਿ ਸੇਵਿ ਹਰਿ ਕੇ ਚਰਣ ਰਸਾਇਣ ॥ (714-1)
जो मागहि सोई सोई पावहि सेवि हरि के चरण रसाइण ॥

ਜਨਮ ਮਰਣ ਦੁਹਹੂ ਤੇ ਛੂਟਹਿ ਭਵਜਲੁ ਜਗਤੁ ਤਰਾਇਣ ॥੧॥ (714-2)
जनम मरण दुहहू ते छूटहि भवजलु जगतु तराइण ॥१॥

ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ ॥ (714-2)
खोजत खोजत ततु बीचारिओ दास गोविंद पराइण ॥

ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ ॥੨॥੫॥੧੦॥ (714-3)
अबिनासी खेम चाहहि जे नानक सदा सिमरि नाराइण ॥२॥५॥१०॥

ਟੋਡੀ ਮਹਲਾ ੫ ॥ (714-4)
टोडी महला ५ ॥

ਨਿੰਦਕੁ ਗੁਰ ਕਿਰਪਾ ਤੇ ਹਾਟਿਓ ॥ (714-4)
निंदकु गुर किरपा ते हाटिओ ॥

ਪਾਰਬ੍ਰਹਮ ਪ੍ਰਭ ਭਏ ਦਇਆਲਾ ਸਿਵ ਕੈ ਬਾਣਿ ਸਿਰੁ ਕਾਟਿਓ ॥੧॥ ਰਹਾਉ ॥ (714-4)
पारब्रहम प्रभ भए दइआला सिव कै बाणि सिरु काटिओ ॥१॥ रहाउ ॥

ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਚ ਕਾ ਪੰਥਾ ਥਾਟਿਓ ॥ (714-5)
कालु जालु जमु जोहि न साकै सच का पंथा थाटिओ ॥

ਖਾਤ ਖਰਚਤ ਕਿਛੁ ਨਿਖੁਟਤ ਨਾਹੀ ਰਾਮ ਰਤਨੁ ਧਨੁ ਖਾਟਿਓ ॥੧॥ (714-5)
खात खरचत किछु निखुटत नाही राम रतनु धनु खाटिओ ॥१॥

ਭਸਮਾ ਭੂਤ ਹੋਆ ਖਿਨ ਭੀਤਰਿ ਅਪਨਾ ਕੀਆ ਪਾਇਆ ॥ (714-6)
भसमा भूत होआ खिन भीतरि अपना कीआ पाइआ ॥

ਆਗਮ ਨਿਗਮੁ ਕਹੈ ਜਨੁ ਨਾਨਕੁ ਸਭੁ ਦੇਖੈ ਲੋਕੁ ਸਬਾਇਆ ॥੨॥੬॥੧੧॥ (714-6)
आगम निगमु कहै जनु नानकु सभु देखै लोकु सबाइआ ॥२॥६॥११॥

ਟੋਡੀ ਮਃ ੫ ॥ (714-7)
टोडी मः ५ ॥

ਕਿਰਪਨ ਤਨ ਮਨ ਕਿਲਵਿਖ ਭਰੇ ॥ (714-7)
किरपन तन मन किलविख भरे ॥

ਸਾਧਸੰਗਿ ਭਜਨੁ ਕਰਿ ਸੁਆਮੀ ਢਾਕਨ ਕਉ ਇਕੁ ਹਰੇ ॥੧॥ ਰਹਾਉ ॥ (714-8)
साधसंगि भजनु करि सुआमी ढाकन कउ इकु हरे ॥१॥ रहाउ ॥

ਅਨਿਕ ਛਿਦ੍ਰ ਬੋਹਿਥ ਕੇ ਛੁਟਕਤ ਥਾਮ ਨ ਜਾਹੀ ਕਰੇ ॥ (714-8)
अनिक छिद्र बोहिथ के छुटकत थाम न जाही करे ॥

ਜਿਸ ਕਾ ਬੋਹਿਥੁ ਤਿਸੁ ਆਰਾਧੇ ਖੋਟੇ ਸੰਗਿ ਖਰੇ ॥੧॥ (714-9)
जिस का बोहिथु तिसु आराधे खोटे संगि खरे ॥१॥

ਗਲੀ ਸੈਲ ਉਠਾਵਤ ਚਾਹੈ ਓਇ ਊਹਾ ਹੀ ਹੈ ਧਰੇ ॥ (714-9)
गली सैल उठावत चाहै ओइ ऊहा ही है धरे ॥

ਜੋਰੁ ਸਕਤਿ ਨਾਨਕ ਕਿਛੁ ਨਾਹੀ ਪ੍ਰਭ ਰਾਖਹੁ ਸਰਣਿ ਪਰੇ ॥੨॥੭॥੧੨॥ (714-10)
जोरु सकति नानक किछु नाही प्रभ राखहु सरणि परे ॥२॥७॥१२॥

ਟੋਡੀ ਮਹਲਾ ੫ ॥ (714-11)
टोडी महला ५ ॥

ਹਰਿ ਕੇ ਚਰਨ ਕਮਲ ਮਨਿ ਧਿਆਉ ॥ (714-11)
हरि के चरन कमल मनि धिआउ ॥

ਕਾਢਿ ਕੁਠਾਰੁ ਪਿਤ ਬਾਤ ਹੰਤਾ ਅਉਖਧੁ ਹਰਿ ਕੋ ਨਾਉ ॥੧॥ ਰਹਾਉ ॥ (714-11)
काढि कुठारु पित बात हंता अउखधु हरि को नाउ ॥१॥ रहाउ ॥

ਤੀਨੇ ਤਾਪ ਨਿਵਾਰਣਹਾਰਾ ਦੁਖ ਹੰਤਾ ਸੁਖ ਰਾਸਿ ॥ (714-12)
तीने ताप निवारणहारा दुख हंता सुख रासि ॥

ਤਾ ਕਉ ਬਿਘਨੁ ਨ ਕੋਊ ਲਾਗੈ ਜਾ ਕੀ ਪ੍ਰਭ ਆਗੈ ਅਰਦਾਸਿ ॥੧॥ (714-12)
ता कउ बिघनु न कोऊ लागै जा की प्रभ आगै अरदासि ॥१॥

ਸੰਤ ਪ੍ਰਸਾਦਿ ਬੈਦ ਨਾਰਾਇਣ ਕਰਣ ਕਾਰਣ ਪ੍ਰਭ ਏਕ ॥ (714-13)
संत प्रसादि बैद नाराइण करण कारण प्रभ एक ॥

ਬਾਲ ਬੁਧਿ ਪੂਰਨ ਸੁਖਦਾਤਾ ਨਾਨਕ ਹਰਿ ਹਰਿ ਟੇਕ ॥੨॥੮॥੧੩॥ (714-13)
बाल बुधि पूरन सुखदाता नानक हरि हरि टेक ॥२॥८॥१३॥

ਟੋਡੀ ਮਹਲਾ ੫ ॥ (714-14)
टोडी महला ५ ॥

ਹਰਿ ਹਰਿ ਨਾਮੁ ਸਦਾ ਸਦ ਜਾਪਿ ॥ (714-14)
हरि हरि नामु सदा सद जापि ॥

ਧਾਰਿ ਅਨੁਗ੍ਰਹੁ ਪਾਰਬ੍ਰਹਮ ਸੁਆਮੀ ਵਸਦੀ ਕੀਨੀ ਆਪਿ ॥੧॥ ਰਹਾਉ ॥ (714-14)
धारि अनुग्रहु पारब्रहम सुआमी वसदी कीनी आपि ॥१॥ रहाउ ॥

ਜਿਸ ਕੇ ਸੇ ਫਿਰਿ ਤਿਨ ਹੀ ਸਮ੍ਹਾਲੇ ਬਿਨਸੇ ਸੋਗ ਸੰਤਾਪ ॥ (714-15)
जिस के से फिरि तिन ही सम्हाले बिनसे सोग संताप ॥

ਹਾਥ ਦੇਇ ਰਾਖੇ ਜਨ ਅਪਨੇ ਹਰਿ ਹੋਏ ਮਾਈ ਬਾਪ ॥੧॥ (714-16)
हाथ देइ राखे जन अपने हरि होए माई बाप ॥१॥

ਜੀਅ ਜੰਤ ਹੋਏ ਮਿਹਰਵਾਨਾ ਦਯਾ ਧਾਰੀ ਹਰਿ ਨਾਥ ॥ (714-16)
जीअ जंत होए मिहरवाना दया धारी हरि नाथ ॥

ਨਾਨਕ ਸਰਨਿ ਪਰੇ ਦੁਖ ਭੰਜਨ ਜਾ ਕਾ ਬਡ ਪਰਤਾਪ ॥੨॥੯॥੧੪॥ (714-17)
नानक सरनि परे दुख भंजन जा का बड परताप ॥२॥९॥१४॥

ਟੋਡੀ ਮਹਲਾ ੫ ॥ (714-17)
टोडी महला ५ ॥

ਸੁਆਮੀ ਸਰਨਿ ਪਰਿਓ ਦਰਬਾਰੇ ॥ (714-18)
स्वामी सरनि परिओ दरबारे ॥

ਕੋਟਿ ਅਪਰਾਧ ਖੰਡਨ ਕੇ ਦਾਤੇ ਤੁਝ ਬਿਨੁ ਕਉਨੁ ਉਧਾਰੇ ॥੧॥ ਰਹਾਉ ॥ (714-18)
कोटि अपराध खंडन के दाते तुझ बिनु कउनु उधारे ॥१॥ रहाउ ॥

ਖੋਜਤ ਖੋਜਤ ਬਹੁ ਪਰਕਾਰੇ ਸਰਬ ਅਰਥ ਬੀਚਾਰੇ ॥ (714-19)
खोजत खोजत बहु परकारे सरब अरथ बीचारे ॥

ਸਾਧਸੰਗਿ ਪਰਮ ਗਤਿ ਪਾਈਐ ਮਾਇਆ ਰਚਿ ਬੰਧਿ ਹਾਰੇ ॥੧॥ (714-19)
साधसंगि परम गति पाईऐ माइआ रचि बंधि हारे ॥१॥

ਚਰਨ ਕਮਲ ਸੰਗਿ ਪ੍ਰੀਤਿ ਮਨਿ ਲਾਗੀ ਸੁਰਿ ਜਨ ਮਿਲੇ ਪਿਆਰੇ ॥ (715-1)
चरन कमल संगि प्रीति मनि लागी सुरि जन मिले पिआरे ॥

ਨਾਨਕ ਅਨਦ ਕਰੇ ਹਰਿ ਜਪਿ ਜਪਿ ਸਗਲੇ ਰੋਗ ਨਿਵਾਰੇ ॥੨॥੧੦॥੧੫॥ (715-1)
नानक अनद करे हरि जपि जपि सगले रोग निवारे ॥२॥१०॥१५॥

ਟੋਡੀ ਮਹਲਾ ੫ ਘਰੁ ੩ ਚਉਪਦੇ (715-3)
टोडी महला ५ घरु ३ चउपदे

ੴ ਸਤਿਗੁਰ ਪ੍ਰਸਾਦਿ ॥ (715-3)
ੴ सतिगुर प्रसादि ॥

ਹਾਂ ਹਾਂ ਲਪਟਿਓ ਰੇ ਮੂੜ੍ਹੇ ਕਛੂ ਨ ਥੋਰੀ ॥ (715-4)
हां हां लपटिओ रे मूड़्हे कछू न थोरी ॥

ਤੇਰੋ ਨਹੀ ਸੁ ਜਾਨੀ ਮੋਰੀ ॥ ਰਹਾਉ ॥ (715-4)
तेरो नही सु जानी मोरी ॥ रहाउ ॥

ਆਪਨ ਰਾਮੁ ਨ ਚੀਨੋ ਖਿਨੂਆ ॥ (715-4)
आपन रामु न चीनो खिनूआ ॥

ਜੋ ਪਰਾਈ ਸੁ ਅਪਨੀ ਮਨੂਆ ॥੧॥ (715-5)
जो पराई सु अपनी मनूआ ॥१॥

ਨਾਮੁ ਸੰਗੀ ਸੋ ਮਨਿ ਨ ਬਸਾਇਓ ॥ (715-5)
नामु संगी सो मनि न बसाइओ ॥

ਛੋਡਿ ਜਾਹਿ ਵਾਹੂ ਚਿਤੁ ਲਾਇਓ ॥੨॥ (715-5)
छोडि जाहि वाहू चितु लाइओ ॥२॥

ਸੋ ਸੰਚਿਓ ਜਿਤੁ ਭੂਖ ਤਿਸਾਇਓ ॥ (715-6)
सो संचिओ जितु भूख तिसाइओ ॥

ਅੰਮ੍ਰਿਤ ਨਾਮੁ ਤੋਸਾ ਨਹੀ ਪਾਇਓ ॥੩॥ (715-6)
अमृत नामु तोसा नही पाइओ ॥३॥

ਕਾਮ ਕ੍ਰੋਧਿ ਮੋਹ ਕੂਪਿ ਪਰਿਆ ॥ (715-6)
काम क्रोधि मोह कूपि परिआ ॥

ਗੁਰ ਪ੍ਰਸਾਦਿ ਨਾਨਕ ਕੋ ਤਰਿਆ ॥੪॥੧॥੧੬॥ (715-7)
गुर प्रसादि नानक को तरिआ ॥४॥१॥१६॥

ਟੋਡੀ ਮਹਲਾ ੫ ॥ (715-7)
टोडी महला ५ ॥

ਹਮਾਰੈ ਏਕੈ ਹਰੀ ਹਰੀ ॥ (715-7)
हमारै एकै हरी हरी ॥

ਆਨ ਅਵਰ ਸਿਞਾਣਿ ਨ ਕਰੀ ॥ ਰਹਾਉ ॥ (715-7)
आन अवर सिञाणि न करी ॥ रहाउ ॥

ਵਡੈ ਭਾਗਿ ਗੁਰੁ ਅਪੁਨਾ ਪਾਇਓ ॥ (715-8)
वडै भागि गुरु अपुना पाइओ ॥

ਗੁਰਿ ਮੋ ਕਉ ਹਰਿ ਨਾਮੁ ਦ੍ਰਿੜਾਇਓ ॥੧॥ (715-8)
गुरि मो कउ हरि नामु द्रिड़ाइओ ॥१॥

ਹਰਿ ਹਰਿ ਜਾਪ ਤਾਪ ਬ੍ਰਤ ਨੇਮਾ ॥ (715-9)
हरि हरि जाप ताप ब्रत नेमा ॥

ਹਰਿ ਹਰਿ ਧਿਆਇ ਕੁਸਲ ਸਭਿ ਖੇਮਾ ॥੨॥ (715-9)
हरि हरि धिआइ कुसल सभि खेमा ॥२॥

ਆਚਾਰ ਬਿਉਹਾਰ ਜਾਤਿ ਹਰਿ ਗੁਨੀਆ ॥ (715-9)
आचार बिउहार जाति हरि गुनीआ ॥

ਮਹਾ ਅਨੰਦ ਕੀਰਤਨ ਹਰਿ ਸੁਨੀਆ ॥੩॥ (715-10)
महा अनंद कीरतन हरि सुनीआ ॥३॥

ਕਹੁ ਨਾਨਕ ਜਿਨਿ ਠਾਕੁਰੁ ਪਾਇਆ ॥ (715-10)
कहु नानक जिनि ठाकुरु पाइआ ॥

ਸਭੁ ਕਿਛੁ ਤਿਸ ਕੇ ਗ੍ਰਿਹ ਮਹਿ ਆਇਆ ॥੪॥੨॥੧੭॥ (715-10)
सभु किछु तिस के ग्रिह महि आइआ ॥४॥२॥१७॥

ਟੋਡੀ ਮਹਲਾ ੫ ਘਰੁ ੪ ਦੁਪਦੇ (715-12)
टोडी महला ५ घरु ४ दुपदे

ੴ ਸਤਿਗੁਰ ਪ੍ਰਸਾਦਿ ॥ (715-12)
ੴ सतिगुर प्रसादि ॥

ਰੂੜੋ ਮਨੁ ਹਰਿ ਰੰਗੋ ਲੋੜੈ ॥ (715-13)
रूड़ो मनु हरि रंगो लोड़ै ॥

ਗਾਲੀ ਹਰਿ ਨੀਹੁ ਨ ਹੋਇ ॥ ਰਹਾਉ ॥ (715-13)
गाली हरि नीहु न होइ ॥ रहाउ ॥

ਹਉ ਢੂਢੇਦੀ ਦਰਸਨ ਕਾਰਣਿ ਬੀਥੀ ਬੀਥੀ ਪੇਖਾ ॥ (715-13)
हउ ढूढेदी दरसन कारणि बीथी बीथी पेखा ॥

ਗੁਰ ਮਿਲਿ ਭਰਮੁ ਗਵਾਇਆ ਹੇ ॥੧॥ (715-14)
गुर मिलि भरमु गवाइआ हे ॥१॥

ਇਹ ਬੁਧਿ ਪਾਈ ਮੈ ਸਾਧੂ ਕੰਨਹੁ ਲੇਖੁ ਲਿਖਿਓ ਧੁਰਿ ਮਾਥੈ ॥ (715-14)
इह बुधि पाई मै साधू कंनहु लेखु लिखिओ धुरि माथै ॥

ਇਹ ਬਿਧਿ ਨਾਨਕ ਹਰਿ ਨੈਣ ਅਲੋਇ ॥੨॥੧॥੧੮॥ (715-15)
इह बिधि नानक हरि नैण अलोइ ॥२॥१॥१८॥

ਟੋਡੀ ਮਹਲਾ ੫ ॥ (715-15)
टोडी महला ५ ॥

ਗਰਬਿ ਗਹਿਲੜੋ ਮੂੜੜੋ ਹੀਓ ਰੇ ॥ (715-15)
गरबि गहिलड़ो मूड़ड़ो हीओ रे ॥

ਹੀਓ ਮਹਰਾਜ ਰੀ ਮਾਇਓ ॥ (715-16)
हीओ महराज री माइओ ॥

ਡੀਹਰ ਨਿਆਈ ਮੋਹਿ ਫਾਕਿਓ ਰੇ ॥ ਰਹਾਉ ॥ (715-16)
डीहर निआई मोहि फाकिओ रे ॥ रहाउ ॥

ਘਣੋ ਘਣੋ ਘਣੋ ਸਦ ਲੋੜੈ ਬਿਨੁ ਲਹਣੇ ਕੈਠੈ ਪਾਇਓ ਰੇ ॥ (715-16)
घणो घणो घणो सद लोड़ै बिनु लहणे कैठै पाइओ रे ॥

ਮਹਰਾਜ ਰੋ ਗਾਥੁ ਵਾਹੂ ਸਿਉ ਲੁਭੜਿਓ ਨਿਹਭਾਗੜੋ ਭਾਹਿ ਸੰਜੋਇਓ ਰੇ ॥੧॥ (715-17)
महराज रो गाथु वाहू सिउ लुभड़िओ निहभागड़ो भाहि संजोइओ रे ॥१॥

ਸੁਣਿ ਮਨ ਸੀਖ ਸਾਧੂ ਜਨ ਸਗਲੋ ਥਾਰੇ ਸਗਲੇ ਪ੍ਰਾਛਤ ਮਿਟਿਓ ਰੇ ॥ (715-17)
सुणि मन सीख साधू जन सगलो थारे सगले प्राछत मिटिओ रे ॥

ਜਾ ਕੋ ਲਹਣੋ ਮਹਰਾਜ ਰੀ ਗਾਠੜੀਓ ਜਨ ਨਾਨਕ ਗਰਭਾਸਿ ਨ ਪਉੜਿਓ ਰੇ ॥੨॥੨॥੧੯॥ (715-18)
जा को लहणो महराज री गाठड़ीओ जन नानक गरभासि न पउड़िओ रे ॥२॥२॥१९॥

ਟੋਡੀ ਮਹਲਾ ੫ ਘਰੁ ੫ ਦੁਪਦੇ (716-1)
टोडी महला ५ घरु ५ दुपदे

ੴ ਸਤਿਗੁਰ ਪ੍ਰਸਾਦਿ ॥ (716-2)
ੴ सतिगुर प्रसादि ॥

ਐਸੋ ਗੁਨੁ ਮੇਰੋ ਪ੍ਰਭ ਜੀ ਕੀਨ ॥ (716-2)
ऐसो गुनु मेरो प्रभ जी कीन ॥

ਪੰਚ ਦੋਖ ਅਰੁ ਅਹੰ ਰੋਗ ਇਹ ਤਨ ਤੇ ਸਗਲ ਦੂਰਿ ਕੀਨ ॥ ਰਹਾਉ ॥ (716-2)
पंच दोख अरु अहं रोग इह तन ते सगल दूरि कीन ॥ रहाउ ॥

ਬੰਧਨ ਤੋਰਿ ਛੋਰਿ ਬਿਖਿਆ ਤੇ ਗੁਰ ਕੋ ਸਬਦੁ ਮੇਰੈ ਹੀਅਰੈ ਦੀਨ ॥ (716-3)
बंधन तोरि छोरि बिखिआ ते गुर को सबदु मेरै हीअरै दीन ॥

ਰੂਪੁ ਅਨਰੂਪੁ ਮੋਰੋ ਕਛੁ ਨ ਬੀਚਾਰਿਓ ਪ੍ਰੇਮ ਗਹਿਓ ਮੋਹਿ ਹਰਿ ਰੰਗ ਭੀਨ ॥੧॥ (716-3)
रूपु अनरूपु मोरो कछु न बीचारिओ प्रेम गहिओ मोहि हरि रंग भीन ॥१॥

ਪੇਖਿਓ ਲਾਲਨੁ ਪਾਟ ਬੀਚ ਖੋਏ ਅਨਦ ਚਿਤਾ ਹਰਖੇ ਪਤੀਨ ॥ (716-4)
पेखिओ लालनु पाट बीच खोए अनद चिता हरखे पतीन ॥

ਤਿਸ ਹੀ ਕੋ ਗ੍ਰਿਹੁ ਸੋਈ ਪ੍ਰਭੁ ਨਾਨਕ ਸੋ ਠਾਕੁਰੁ ਤਿਸ ਹੀ ਕੋ ਧੀਨ ॥੨॥੧॥੨੦॥ (716-5)
तिस ही को ग्रिहु सोई प्रभु नानक सो ठाकुरु तिस ही को धीन ॥२॥१॥२०॥

ਟੋਡੀ ਮਹਲਾ ੫ ॥ (716-5)
टोडी महला ५ ॥

ਮਾਈ ਮੇਰੇ ਮਨ ਕੀ ਪ੍ਰੀਤਿ ॥ (716-6)
माई मेरे मन की प्रीति ॥

ਏਹੀ ਕਰਮ ਧਰਮ ਜਪ ਏਹੀ ਰਾਮ ਨਾਮ ਨਿਰਮਲ ਹੈ ਰੀਤਿ ॥ ਰਹਾਉ ॥ (716-6)
एही करम धरम जप एही राम नाम निरमल है रीति ॥ रहाउ ॥

ਪ੍ਰਾਨ ਅਧਾਰ ਜੀਵਨ ਧਨ ਮੋਰੈ ਦੇਖਨ ਕਉ ਦਰਸਨ ਪ੍ਰਭ ਨੀਤਿ ॥ (716-6)
प्रान अधार जीवन धन मोरै देखन कउ दरसन प्रभ नीति ॥

ਬਾਟ ਘਾਟ ਤੋਸਾ ਸੰਗਿ ਮੋਰੈ ਮਨ ਅਪੁਨੇ ਕਉ ਮੈ ਹਰਿ ਸਖਾ ਕੀਤ ॥੧॥ (716-7)
बाट घाट तोसा संगि मोरै मन अपुने कउ मै हरि सखा कीत ॥१॥

ਸੰਤ ਪ੍ਰਸਾਦਿ ਭਏ ਮਨ ਨਿਰਮਲ ਕਰਿ ਕਿਰਪਾ ਅਪੁਨੇ ਕਰਿ ਲੀਤ ॥ (716-8)
संत प्रसादि भए मन निरमल करि किरपा अपुने करि लीत ॥

ਸਿਮਰਿ ਸਿਮਰਿ ਨਾਨਕ ਸੁਖੁ ਪਾਇਆ ਆਦਿ ਜੁਗਾਦਿ ਭਗਤਨ ਕੇ ਮੀਤ ॥੨॥੨॥੨੧॥ (716-8)
सिमरि सिमरि नानक सुखु पाइआ आदि जुगादि भगतन के मीत ॥२॥२॥२१॥

ਟੋਡੀ ਮਹਲਾ ੫ ॥ (716-9)
टोडी महला ५ ॥

ਪ੍ਰਭ ਜੀ ਮਿਲੁ ਮੇਰੇ ਪ੍ਰਾਨ ॥ (716-9)
प्रभ जी मिलु मेरे प्रान ॥

ਬਿਸਰੁ ਨਹੀ ਨਿਮਖ ਹੀਅਰੇ ਤੇ ਅਪਨੇ ਭਗਤ ਕਉ ਪੂਰਨ ਦਾਨ ॥ ਰਹਾਉ ॥ (716-10)
बिसरु नही निमख हीअरे ते अपने भगत कउ पूरन दान ॥ रहाउ ॥

ਖੋਵਹੁ ਭਰਮੁ ਰਾਖੁ ਮੇਰੇ ਪ੍ਰੀਤਮ ਅੰਤਰਜਾਮੀ ਸੁਘੜ ਸੁਜਾਨ ॥ (716-10)
खोवहु भरमु राखु मेरे प्रीतम अंतरजामी सुघड़ सुजान ॥

ਕੋਟਿ ਰਾਜ ਨਾਮ ਧਨੁ ਮੇਰੈ ਅੰਮ੍ਰਿਤ ਦ੍ਰਿਸਟਿ ਧਾਰਹੁ ਪ੍ਰਭ ਮਾਨ ॥੧॥ (716-11)
कोटि राज नाम धनु मेरै अमृत द्रिसटि धारहु प्रभ मान ॥१॥

ਆਠ ਪਹਰ ਰਸਨਾ ਗੁਨ ਗਾਵੈ ਜਸੁ ਪੂਰਿ ਅਘਾਵਹਿ ਸਮਰਥ ਕਾਨ ॥ (716-11)
आठ पहर रसना गुन गावै जसु पूरि अघावहि समरथ कान ॥

ਤੇਰੀ ਸਰਣਿ ਜੀਅਨ ਕੇ ਦਾਤੇ ਸਦਾ ਸਦਾ ਨਾਨਕ ਕੁਰਬਾਨ ॥੨॥੩॥੨੨॥ (716-12)
तेरी सरणि जीअन के दाते सदा सदा नानक कुरबान ॥२॥३॥२२॥

ਟੋਡੀ ਮਹਲਾ ੫ ॥ (716-13)
टोडी महला ५ ॥

ਪ੍ਰਭ ਤੇਰੇ ਪਗ ਕੀ ਧੂਰਿ ॥ (716-13)
प्रभ तेरे पग की धूरि ॥

ਦੀਨ ਦਇਆਲ ਪ੍ਰੀਤਮ ਮਨਮੋਹਨ ਕਰਿ ਕਿਰਪਾ ਮੇਰੀ ਲੋਚਾ ਪੂਰਿ ॥ ਰਹਾਉ ॥ (716-13)
दीन दइआल प्रीतम मनमोहन करि किरपा मेरी लोचा पूरि ॥ रहाउ ॥

ਦਹ ਦਿਸ ਰਵਿ ਰਹਿਆ ਜਸੁ ਤੁਮਰਾ ਅੰਤਰਜਾਮੀ ਸਦਾ ਹਜੂਰਿ ॥ (716-14)
दह दिस रवि रहिआ जसु तुमरा अंतरजामी सदा हजूरि ॥

ਜੋ ਤੁਮਰਾ ਜਸੁ ਗਾਵਹਿ ਕਰਤੇ ਸੇ ਜਨ ਕਬਹੁ ਨ ਮਰਤੇ ਝੂਰਿ ॥੧॥ (716-14)
जो तुमरा जसु गावहि करते से जन कबहु न मरते झूरि ॥१॥

ਧੰਧ ਬੰਧ ਬਿਨਸੇ ਮਾਇਆ ਕੇ ਸਾਧੂ ਸੰਗਤਿ ਮਿਟੇ ਬਿਸੂਰ ॥ (716-15)
धंध बंध बिनसे माइआ के साधू संगति मिटे बिसूर ॥

ਸੁਖ ਸੰਪਤਿ ਭੋਗ ਇਸੁ ਜੀਅ ਕੇ ਬਿਨੁ ਹਰਿ ਨਾਨਕ ਜਾਨੇ ਕੂਰ ॥੨॥੪॥੨੩॥ (716-16)
सुख स्मपति भोग इसु जीअ के बिनु हरि नानक जाने कूर ॥२॥४॥२३॥

ਟੋਡੀ ਮਃ ੫ ॥ (716-16)
टोडी मः ५ ॥

ਮਾਈ ਮੇਰੇ ਮਨ ਕੀ ਪਿਆਸ ॥ (716-17)
माई मेरे मन की पिआस ॥

ਇਕੁ ਖਿਨੁ ਰਹਿ ਨ ਸਕਉ ਬਿਨੁ ਪ੍ਰੀਤਮ ਦਰਸਨ ਦੇਖਨ ਕਉ ਧਾਰੀ ਮਨਿ ਆਸ ॥ ਰਹਾਉ ॥ (716-17)
इकु खिनु रहि न सकउ बिनु प्रीतम दरसन देखन कउ धारी मनि आस ॥ रहाउ ॥

ਸਿਮਰਉ ਨਾਮੁ ਨਿਰੰਜਨ ਕਰਤੇ ਮਨ ਤਨ ਤੇ ਸਭਿ ਕਿਲਵਿਖ ਨਾਸ ॥ (716-18)
सिमरउ नामु निरंजन करते मन तन ते सभि किलविख नास ॥

ਪੂਰਨ ਪਾਰਬ੍ਰਹਮ ਸੁਖਦਾਤੇ ਅਬਿਨਾਸੀ ਬਿਮਲ ਜਾ ਕੋ ਜਾਸ ॥੧॥ (716-18)
पूरन पारब्रहम सुखदाते अबिनासी बिमल जा को जास ॥१॥

ਸੰਤ ਪ੍ਰਸਾਦਿ ਮੇਰੇ ਪੂਰ ਮਨੋਰਥ ਕਰਿ ਕਿਰਪਾ ਭੇਟੇ ਗੁਣਤਾਸ ॥ (716-19)
संत प्रसादि मेरे पूर मनोरथ करि किरपा भेटे गुणतास ॥

ਸਾਂਤਿ ਸਹਜ ਸੂਖ ਮਨਿ ਉਪਜਿਓ ਕੋਟਿ ਸੂਰ ਨਾਨਕ ਪਰਗਾਸ ॥੨॥੫॥੨੪॥ (717-1)
सांति सहज सूख मनि उपजिओ कोटि सूर नानक परगास ॥२॥५॥२४॥

ਟੋਡੀ ਮਹਲਾ ੫ ॥ (717-1)
टोडी महला ५ ॥

ਹਰਿ ਹਰਿ ਪਤਿਤ ਪਾਵਨ ॥ (717-1)
हरि हरि पतित पावन ॥

ਜੀਅ ਪ੍ਰਾਨ ਮਾਨ ਸੁਖਦਾਤਾ ਅੰਤਰਜਾਮੀ ਮਨ ਕੋ ਭਾਵਨ ॥ ਰਹਾਉ ॥ (717-2)
जीअ प्रान मान सुखदाता अंतरजामी मन को भावन ॥ रहाउ ॥

ਸੁੰਦਰੁ ਸੁਘੜੁ ਚਤੁਰੁ ਸਭ ਬੇਤਾ ਰਿਦ ਦਾਸ ਨਿਵਾਸ ਭਗਤ ਗੁਨ ਗਾਵਨ ॥ (717-2)
सुंदरु सुघड़ु चतुरु सभ बेता रिद दास निवास भगत गुन गावन ॥

ਨਿਰਮਲ ਰੂਪ ਅਨੂਪ ਸੁਆਮੀ ਕਰਮ ਭੂਮਿ ਬੀਜਨ ਸੋ ਖਾਵਨ ॥੧॥ (717-3)
निरमल रूप अनूप सुआमी करम भूमि बीजन सो खावन ॥१॥

ਬਿਸਮਨ ਬਿਸਮ ਭਏ ਬਿਸਮਾਦਾ ਆਨ ਨ ਬੀਓ ਦੂਸਰ ਲਾਵਨ ॥ (717-4)
बिसमन बिसम भए बिसमादा आन न बीओ दूसर लावन ॥

ਰਸਨਾ ਸਿਮਰਿ ਸਿਮਰਿ ਜਸੁ ਜੀਵਾ ਨਾਨਕ ਦਾਸ ਸਦਾ ਬਲਿ ਜਾਵਨ ॥੨॥੬॥੨੫॥ (717-4)
रसना सिमरि सिमरि जसु जीवा नानक दास सदा बलि जावन ॥२॥६॥२५॥

ਟੋਡੀ ਮਹਲਾ ੫ ॥ (717-5)
टोडी महला ५ ॥

ਮਾਈ ਮਾਇਆ ਛਲੁ ॥ (717-5)
माई माइआ छलु ॥

ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿਦ ਭਜਨ ਬਿਨੁ ਹੜ ਕਾ ਜਲੁ ॥ ਰਹਾਉ ॥ (717-5)
त्रिण की अगनि मेघ की छाइआ गोबिद भजन बिनु हड़ का जलु ॥ रहाउ ॥

ਛੋਡਿ ਸਿਆਨਪ ਬਹੁ ਚਤੁਰਾਈ ਦੁਇ ਕਰ ਜੋੜਿ ਸਾਧ ਮਗਿ ਚਲੁ ॥ (717-6)
छोडि सिआनप बहु चतुराई दुइ कर जोड़ि साध मगि चलु ॥

ਸਿਮਰਿ ਸੁਆਮੀ ਅੰਤਰਜਾਮੀ ਮਾਨੁਖ ਦੇਹ ਕਾ ਇਹੁ ਊਤਮ ਫਲੁ ॥੧॥ (717-7)
सिमरि सुआमी अंतरजामी मानुख देह का इहु ऊतम फलु ॥१॥

ਬੇਦ ਬਖਿਆਨ ਕਰਤ ਸਾਧੂ ਜਨ ਭਾਗਹੀਨ ਸਮਝਤ ਨਹੀ ਖਲੁ ॥ (717-7)
बेद बखिआन करत साधू जन भागहीन समझत नही खलु ॥

ਪ੍ਰੇਮ ਭਗਤਿ ਰਾਚੇ ਜਨ ਨਾਨਕ ਹਰਿ ਸਿਮਰਨਿ ਦਹਨ ਭਏ ਮਲ ॥੨॥੭॥੨੬॥ (717-8)
प्रेम भगति राचे जन नानक हरि सिमरनि दहन भए मल ॥२॥७॥२६॥

ਟੋਡੀ ਮਹਲਾ ੫ ॥ (717-9)
टोडी महला ५ ॥

ਮਾਈ ਚਰਨ ਗੁਰ ਮੀਠੇ ॥ (717-9)
माई चरन गुर मीठे ॥

ਵਡੈ ਭਾਗਿ ਦੇਵੈ ਪਰਮੇਸਰੁ ਕੋਟਿ ਫਲਾ ਦਰਸਨ ਗੁਰ ਡੀਠੇ ॥ ਰਹਾਉ ॥ (717-9)
वडै भागि देवै परमेसरु कोटि फला दरसन गुर डीठे ॥ रहाउ ॥

ਗੁਨ ਗਾਵਤ ਅਚੁਤ ਅਬਿਨਾਸੀ ਕਾਮ ਕ੍ਰੋਧ ਬਿਨਸੇ ਮਦ ਢੀਠੇ ॥ (717-10)
गुन गावत अचुत अबिनासी काम क्रोध बिनसे मद ढीठे ॥

ਅਸਥਿਰ ਭਏ ਸਾਚ ਰੰਗਿ ਰਾਤੇ ਜਨਮ ਮਰਨ ਬਾਹੁਰਿ ਨਹੀ ਪੀਠੇ ॥੧॥ (717-10)
असथिर भए साच रंगि राते जनम मरन बाहुरि नही पीठे ॥१॥

ਬਿਨੁ ਹਰਿ ਭਜਨ ਰੰਗ ਰਸ ਜੇਤੇ ਸੰਤ ਦਇਆਲ ਜਾਨੇ ਸਭਿ ਝੂਠੇ ॥ (717-11)
बिनु हरि भजन रंग रस जेते संत दइआल जाने सभि झूठे ॥

ਨਾਮ ਰਤਨੁ ਪਾਇਓ ਜਨ ਨਾਨਕ ਨਾਮ ਬਿਹੂਨ ਚਲੇ ਸਭਿ ਮੂਠੇ ॥੨॥੮॥੨੭॥ (717-12)
नाम रतनु पाइओ जन नानक नाम बिहून चले सभि मूठे ॥२॥८॥२७॥

ਟੋਡੀ ਮਹਲਾ ੫ ॥ (717-12)
टोडी महला ५ ॥

ਸਾਧਸੰਗਿ ਹਰਿ ਹਰਿ ਨਾਮੁ ਚਿਤਾਰਾ ॥ (717-13)
साधसंगि हरि हरि नामु चितारा ॥

ਸਹਜਿ ਅਨੰਦੁ ਹੋਵੈ ਦਿਨੁ ਰਾਤੀ ਅੰਕੁਰੁ ਭਲੋ ਹਮਾਰਾ ॥ ਰਹਾਉ ॥ (717-13)
सहजि अनंदु होवै दिनु राती अंकुरु भलो हमारा ॥ रहाउ ॥

ਗੁਰੁ ਪੂਰਾ ਭੇਟਿਓ ਬਡਭਾਗੀ ਜਾ ਕੋ ਅੰਤੁ ਨ ਪਾਰਾਵਾਰਾ ॥ (717-13)
गुरु पूरा भेटिओ बडभागी जा को अंतु न पारावारा ॥

ਕਰੁ ਗਹਿ ਕਾਢਿ ਲੀਓ ਜਨੁ ਅਪੁਨਾ ਬਿਖੁ ਸਾਗਰ ਸੰਸਾਰਾ ॥੧॥ (717-14)
करु गहि काढि लीओ जनु अपुना बिखु सागर संसारा ॥१॥

ਜਨਮ ਮਰਨ ਕਾਟੇ ਗੁਰ ਬਚਨੀ ਬਹੁੜਿ ਨ ਸੰਕਟ ਦੁਆਰਾ ॥ (717-15)
जनम मरन काटे गुर बचनी बहुड़ि न संकट दुआरा ॥

ਨਾਨਕ ਸਰਨਿ ਗਹੀ ਸੁਆਮੀ ਕੀ ਪੁਨਹ ਪੁਨਹ ਨਮਸਕਾਰਾ ॥੨॥੯॥੨੮॥ (717-15)
नानक सरनि गही सुआमी की पुनह पुनह नमसकारा ॥२॥९॥२८॥

ਟੋਡੀ ਮਹਲਾ ੫ ॥ (717-16)
टोडी महला ५ ॥

ਮਾਈ ਮੇਰੇ ਮਨ ਕੋ ਸੁਖੁ ॥ (717-16)
माई मेरे मन को सुखु ॥

ਕੋਟਿ ਅਨੰਦ ਰਾਜ ਸੁਖੁ ਭੁਗਵੈ ਹਰਿ ਸਿਮਰਤ ਬਿਨਸੈ ਸਭ ਦੁਖੁ ॥੧॥ ਰਹਾਉ ॥ (717-16)
कोटि अनंद राज सुखु भुगवै हरि सिमरत बिनसै सभ दुखु ॥१॥ रहाउ ॥

ਕੋਟਿ ਜਨਮ ਕੇ ਕਿਲਬਿਖ ਨਾਸਹਿ ਸਿਮਰਤ ਪਾਵਨ ਤਨ ਮਨ ਸੁਖ ॥ (717-17)
कोटि जनम के किलबिख नासहि सिमरत पावन तन मन सुख ॥

ਦੇਖਿ ਸਰੂਪੁ ਪੂਰਨੁ ਭਈ ਆਸਾ ਦਰਸਨੁ ਭੇਟਤ ਉਤਰੀ ਭੁਖ ॥੧॥ (717-18)
देखि सरूपु पूरनु भई आसा दरसनु भेटत उतरी भुख ॥१॥

ਚਾਰਿ ਪਦਾਰਥ ਅਸਟ ਮਹਾ ਸਿਧਿ ਕਾਮਧੇਨੁ ਪਾਰਜਾਤ ਹਰਿ ਹਰਿ ਰੁਖੁ ॥ (717-18)
चारि पदारथ असट महा सिधि कामधेनु पारजात हरि हरि रुखु ॥

ਨਾਨਕ ਸਰਨਿ ਗਹੀ ਸੁਖ ਸਾਗਰ ਜਨਮ ਮਰਨ ਫਿਰਿ ਗਰਭ ਨ ਧੁਖੁ ॥੨॥੧੦॥੨੯॥ (717-19)
नानक सरनि गही सुख सागर जनम मरन फिरि गरभ न धुखु ॥२॥१०॥२९॥

ਟੋਡੀ ਮਹਲਾ ੫ ॥ (718-1)
टोडी महला ५ ॥

ਹਰਿ ਹਰਿ ਚਰਨ ਰਿਦੈ ਉਰ ਧਾਰੇ ॥ (718-1)
हरि हरि चरन रिदै उर धारे ॥

ਸਿਮਰਿ ਸੁਆਮੀ ਸਤਿਗੁਰੁ ਅਪੁਨਾ ਕਾਰਜ ਸਫਲ ਹਮਾਰੇ ॥੧॥ ਰਹਾਉ ॥ (718-1)
सिमरि सुआमी सतिगुरु अपुना कारज सफल हमारे ॥१॥ रहाउ ॥

ਪੁੰਨ ਦਾਨ ਪੂਜਾ ਪਰਮੇਸੁਰ ਹਰਿ ਕੀਰਤਿ ਤਤੁ ਬੀਚਾਰੇ ॥ (718-2)
पुंन दान पूजा परमेसुर हरि कीरति ततु बीचारे ॥

ਗੁਨ ਗਾਵਤ ਅਤੁਲ ਸੁਖੁ ਪਾਇਆ ਠਾਕੁਰ ਅਗਮ ਅਪਾਰੇ ॥੧॥ (718-2)
गुन गावत अतुल सुखु पाइआ ठाकुर अगम अपारे ॥१॥

ਜੋ ਜਨ ਪਾਰਬ੍ਰਹਮਿ ਅਪਨੇ ਕੀਨੇ ਤਿਨ ਕਾ ਬਾਹੁਰਿ ਕਛੁ ਨ ਬੀਚਾਰੇ ॥ (718-3)
जो जन पारब्रहमि अपने कीने तिन का बाहुरि कछु न बीचारे ॥

ਨਾਮ ਰਤਨੁ ਸੁਨਿ ਜਪਿ ਜਪਿ ਜੀਵਾ ਹਰਿ ਨਾਨਕ ਕੰਠ ਮਝਾਰੇ ॥੨॥੧੧॥੩੦॥ (718-4)
नाम रतनु सुनि जपि जपि जीवा हरि नानक कंठ मझारे ॥२॥११॥३०॥

ਟੋਡੀ ਮਹਲਾ ੯ (718-5)
टोडी महला ९

ੴ ਸਤਿਗੁਰ ਪ੍ਰਸਾਦਿ ॥ (718-6)
ੴ सतिगुर प्रसादि ॥

ਕਹਉ ਕਹਾ ਅਪਨੀ ਅਧਮਾਈ ॥ (718-6)
कहउ कहा अपनी अधमाई ॥

ਉਰਝਿਓ ਕਨਕ ਕਾਮਨੀ ਕੇ ਰਸ ਨਹ ਕੀਰਤਿ ਪ੍ਰਭ ਗਾਈ ॥੧॥ ਰਹਾਉ ॥ (718-6)
उरझिओ कनक कामनी के रस नह कीरति प्रभ गाई ॥१॥ रहाउ ॥

ਜਗ ਝੂਠੇ ਕਉ ਸਾਚੁ ਜਾਨਿ ਕੈ ਤਾ ਸਿਉ ਰੁਚ ਉਪਜਾਈ ॥ (718-7)
जग झूठे कउ साचु जानि कै ता सिउ रुच उपजाई ॥

ਦੀਨ ਬੰਧ ਸਿਮਰਿਓ ਨਹੀ ਕਬਹੂ ਹੋਤ ਜੁ ਸੰਗਿ ਸਹਾਈ ॥੧॥ (718-7)
दीन बंध सिमरिओ नही कबहू होत जु संगि सहाई ॥१॥

ਮਗਨ ਰਹਿਓ ਮਾਇਆ ਮੈ ਨਿਸ ਦਿਨਿ ਛੁਟੀ ਨ ਮਨ ਕੀ ਕਾਈ ॥ (718-8)
मगन रहिओ माइआ मै निस दिनि छुटी न मन की काई ॥

ਕਹਿ ਨਾਨਕ ਅਬ ਨਾਹਿ ਅਨਤ ਗਤਿ ਬਿਨੁ ਹਰਿ ਕੀ ਸਰਨਾਈ ॥੨॥੧॥੩੧॥ (718-8)
कहि नानक अब नाहि अनत गति बिनु हरि की सरनाई ॥२॥१॥३१॥

ਟੋਡੀ ਬਾਣੀ ਭਗਤਾਂ ਕੀ (718-10)
टोडी बाणी भगतां की

ੴ ਸਤਿਗੁਰ ਪ੍ਰਸਾਦਿ ॥ (718-10)
ੴ सतिगुर प्रसादि ॥

ਕੋਈ ਬੋਲੈ ਨਿਰਵਾ ਕੋਈ ਬੋਲੈ ਦੂਰਿ ॥ (718-11)
कोई बोलै निरवा कोई बोलै दूरि ॥

ਜਲ ਕੀ ਮਾਛੁਲੀ ਚਰੈ ਖਜੂਰਿ ॥੧॥ (718-11)
जल की माछुली चरै खजूरि ॥१॥

ਕਾਂਇ ਰੇ ਬਕਬਾਦੁ ਲਾਇਓ ॥ (718-11)
कांइ रे बकबादु लाइओ ॥

ਜਿਨਿ ਹਰਿ ਪਾਇਓ ਤਿਨਹਿ ਛਪਾਇਓ ॥੧॥ ਰਹਾਉ ॥ (718-11)
जिनि हरि पाइओ तिनहि छपाइओ ॥१॥ रहाउ ॥

ਪੰਡਿਤੁ ਹੋਇ ਕੈ ਬੇਦੁ ਬਖਾਨੈ ॥ (718-12)
पंडितु होइ कै बेदु बखानै ॥

ਮੂਰਖੁ ਨਾਮਦੇਉ ਰਾਮਹਿ ਜਾਨੈ ॥੨॥੧॥ (718-12)
मूरखु नामदेउ रामहि जानै ॥२॥१॥

ਕਉਨ ਕੋ ਕਲੰਕੁ ਰਹਿਓ ਰਾਮ ਨਾਮੁ ਲੇਤ ਹੀ ॥ (718-13)
कउन को कलंकु रहिओ राम नामु लेत ही ॥

ਪਤਿਤ ਪਵਿਤ ਭਏ ਰਾਮੁ ਕਹਤ ਹੀ ॥੧॥ ਰਹਾਉ ॥ (718-13)
पतित पवित भए रामु कहत ही ॥१॥ रहाउ ॥

ਰਾਮ ਸੰਗਿ ਨਾਮਦੇਵ ਜਨ ਕਉ ਪ੍ਰਤਗਿਆ ਆਈ ॥ (718-14)
राम संगि नामदेव जन कउ प्रतगिआ आई ॥

ਏਕਾਦਸੀ ਬ੍ਰਤੁ ਰਹੈ ਕਾਹੇ ਕਉ ਤੀਰਥ ਜਾਈ ॥੧॥ (718-14)
एकादसी ब्रतु रहै काहे कउ तीरथ जाई� ॥१॥

ਭਨਤਿ ਨਾਮਦੇਉ ਸੁਕ੍ਰਿਤ ਸੁਮਤਿ ਭਏ ॥ (718-14)
भनति नामदेउ सुक्रित सुमति भए ॥

ਗੁਰਮਤਿ ਰਾਮੁ ਕਹਿ ਕੋ ਕੋ ਨ ਬੈਕੁੰਠਿ ਗਏ ॥੨॥੨॥ (718-15)
गुरमति रामु कहि को को न बैकुंठि गए ॥२॥२॥

ਤੀਨਿ ਛੰਦੇ ਖੇਲੁ ਆਛੈ ॥੧॥ ਰਹਾਉ ॥ (718-15)
तीनि छंदे खेलु आछै ॥१॥ रहाउ ॥

ਕੁੰਭਾਰ ਕੇ ਘਰ ਹਾਂਡੀ ਆਛੈ ਰਾਜਾ ਕੇ ਘਰ ਸਾਂਡੀ ਗੋ ॥ (718-16)
कुमभार के घर हांडी आछै राजा के घर सांडी गो ॥

ਬਾਮਨ ਕੇ ਘਰ ਰਾਂਡੀ ਆਛੈ ਰਾਂਡੀ ਸਾਂਡੀ ਹਾਂਡੀ ਗੋ ॥੧॥ (718-16)
बामन के घर रांडी आछै रांडी सांडी हांडी गो ॥१॥

ਬਾਣੀਏ ਕੇ ਘਰ ਹੀਂਗੁ ਆਛੈ ਭੈਸਰ ਮਾਥੈ ਸੀਂਗੁ ਗੋ ॥ (718-17)
बाणीए के घर हींगु आछै भैसर माथै सींगु गो ॥

ਦੇਵਲ ਮਧੇ ਲੀਗੁ ਆਛੈ ਲੀਗੁ ਸੀਗੁ ਹੀਗੁ ਗੋ ॥੨॥ (718-17)
देवल मधे लीगु आछै लीगु सीगु हीगु गो ॥२॥

ਤੇਲੀ ਕੈ ਘਰ ਤੇਲੁ ਆਛੈ ਜੰਗਲ ਮਧੇ ਬੇਲ ਗੋ ॥ (718-18)
तेली कै घर तेलु आछै जंगल मधे बेल गो ॥

ਮਾਲੀ ਕੇ ਘਰ ਕੇਲ ਆਛੈ ਕੇਲ ਬੇਲ ਤੇਲ ਗੋ ॥੩॥ (718-18)
माली के घर केल आछै केल बेल तेल गो ॥३॥

ਸੰਤਾਂ ਮਧੇ ਗੋਬਿੰਦੁ ਆਛੈ ਗੋਕਲ ਮਧੇ ਸਿਆਮ ਗੋ ॥ (718-19)
संतां मधे गोबिंदु आछै गोकल मधे सिआम गो ॥

ਨਾਮੇ ਮਧੇ ਰਾਮੁ ਆਛੈ ਰਾਮ ਸਿਆਮ ਗੋਬਿੰਦ ਗੋ ॥੪॥੩॥ (718-19)
नामे मधे रामु आछै राम सिआम गोबिंद गो ॥४॥३॥

ਰਾਗੁ ਬੈਰਾੜੀ ਮਹਲਾ ੪ ਘਰੁ ੧ ਦੁਪਦੇ (719-1)
रागु बैराड़ी महला ४ घरु १ दुपदे

ੴ ਸਤਿਗੁਰ ਪ੍ਰਸਾਦਿ ॥ (719-2)
ੴ सतिगुर प्रसादि ॥

ਸੁਨਿ ਮਨ ਅਕਥ ਕਥਾ ਹਰਿ ਨਾਮ ॥ (719-3)
सुनि मन अकथ कथा हरि नाम ॥

ਰਿਧਿ ਬੁਧਿ ਸਿਧਿ ਸੁਖ ਪਾਵਹਿ ਭਜੁ ਗੁਰਮਤਿ ਹਰਿ ਰਾਮ ਰਾਮ ॥੧॥ ਰਹਾਉ ॥ (719-3)
रिधि बुधि सिधि सुख पावहि भजु गुरमति हरि राम राम ॥१॥ रहाउ ॥

ਨਾਨਾ ਖਿਆਨ ਪੁਰਾਨ ਜਸੁ ਊਤਮ ਖਟ ਦਰਸਨ ਗਾਵਹਿ ਰਾਮ ॥ (719-4)
नाना खिआन पुरान जसु ऊतम खट दरसन गावहि राम ॥

ਸੰਕਰ ਕ੍ਰੋੜਿ ਤੇਤੀਸ ਧਿਆਇਓ ਨਹੀ ਜਾਨਿਓ ਹਰਿ ਮਰਮਾਮ ॥੧॥ (719-4)
संकर क्रोड़ि तेतीस धिआइओ नही जानिओ हरि मरमाम ॥१॥

ਸੁਰਿ ਨਰ ਗਣ ਗੰਧ੍ਰਬ ਜਸੁ ਗਾਵਹਿ ਸਭ ਗਾਵਤ ਜੇਤ ਉਪਾਮ ॥ (719-5)
सुरि नर गण गंध्रब जसु गावहि सभ गावत जेत उपाम ॥

ਨਾਨਕ ਕ੍ਰਿਪਾ ਕਰੀ ਹਰਿ ਜਿਨ ਕਉ ਤੇ ਸੰਤ ਭਲੇ ਹਰਿ ਰਾਮ ॥੨॥੧॥ (719-5)
नानक क्रिपा करी हरि जिन कउ ते संत भले हरि राम ॥२॥१॥

ਬੈਰਾੜੀ ਮਹਲਾ ੪ ॥ (719-6)
बैराड़ी महला ४ ॥

ਮਨ ਮਿਲਿ ਸੰਤ ਜਨਾ ਜਸੁ ਗਾਇਓ ॥ (719-6)
मन मिलि संत जना जसु गाइओ ॥

ਹਰਿ ਹਰਿ ਰਤਨੁ ਰਤਨੁ ਹਰਿ ਨੀਕੋ ਗੁਰਿ ਸਤਿਗੁਰਿ ਦਾਨੁ ਦਿਵਾਇਓ ॥੧॥ ਰਹਾਉ ॥ (719-7)
हरि हरि रतनु रतनु हरि नीको गुरि सतिगुरि दानु दिवाइओ ॥१॥ रहाउ ॥

ਤਿਸੁ ਜਨ ਕਉ ਮਨੁ ਤਨੁ ਸਭੁ ਦੇਵਉ ਜਿਨਿ ਹਰਿ ਹਰਿ ਨਾਮੁ ਸੁਨਾਇਓ ॥ (719-8)
तिसु जन कउ मनु तनु सभु देवउ जिनि हरि हरि नामु सुनाइओ ॥

ਧਨੁ ਮਾਇਆ ਸੰਪੈ ਤਿਸੁ ਦੇਵਉ ਜਿਨਿ ਹਰਿ ਮੀਤੁ ਮਿਲਾਇਓ ॥੧॥ (719-8)
धनु माइआ समपै तिसु देवउ जिनि हरि मीतु मिलाइओ ॥१॥

ਖਿਨੁ ਕਿੰਚਿਤ ਕ੍ਰਿਪਾ ਕਰੀ ਜਗਦੀਸਰਿ ਤਬ ਹਰਿ ਹਰਿ ਹਰਿ ਜਸੁ ਧਿਆਇਓ ॥ (719-9)
खिनु किंचित क्रिपा करी जगदीसरि तब हरि हरि हरि जसु धिआइओ ॥

ਜਨ ਨਾਨਕ ਕਉ ਹਰਿ ਭੇਟੇ ਸੁਆਮੀ ਦੁਖੁ ਹਉਮੈ ਰੋਗੁ ਗਵਾਇਓ ॥੨॥੨॥ (719-10)
जन नानक कउ हरि भेटे सुआमी दुखु हउमै रोगु गवाइओ ॥२॥२॥

ਬੈਰਾੜੀ ਮਹਲਾ ੪ ॥ (719-10)
बैराड़ी महला ४ ॥

ਹਰਿ ਜਨੁ ਰਾਮ ਨਾਮ ਗੁਨ ਗਾਵੈ ॥ (719-11)
हरि जनु राम नाम गुन गावै ॥

ਜੇ ਕੋਈ ਨਿੰਦ ਕਰੇ ਹਰਿ ਜਨ ਕੀ ਅਪੁਨਾ ਗੁਨੁ ਨ ਗਵਾਵੈ ॥੧॥ ਰਹਾਉ ॥ (719-11)
जे कोई निंद करे हरि जन की अपुना गुनु न गवावै ॥१॥ रहाउ ॥

ਜੋ ਕਿਛੁ ਕਰੇ ਸੁ ਆਪੇ ਸੁਆਮੀ ਹਰਿ ਆਪੇ ਕਾਰ ਕਮਾਵੈ ॥ (719-12)
जो किछु करे सु आपे सुआमी हरि आपे कार कमावै ॥

ਹਰਿ ਆਪੇ ਹੀ ਮਤਿ ਦੇਵੈ ਸੁਆਮੀ ਹਰਿ ਆਪੇ ਬੋਲਿ ਬੁਲਾਵੈ ॥੧॥ (719-12)
हरि आपे ही मति देवै सुआमी हरि आपे बोलि बुलावै ॥१॥

ਹਰਿ ਆਪੇ ਪੰਚ ਤਤੁ ਬਿਸਥਾਰਾ ਵਿਚਿ ਧਾਤੂ ਪੰਚ ਆਪਿ ਪਾਵੈ ॥ (720-1)
हरि आपे पंच ततु बिसथारा विचि धातू पंच आपि पावै ॥

ਜਨ ਨਾਨਕ ਸਤਿਗੁਰੁ ਮੇਲੇ ਆਪੇ ਹਰਿ ਆਪੇ ਝਗਰੁ ਚੁਕਾਵੈ ॥੨॥੩॥ (720-2)
जन नानक सतिगुरु मेले आपे हरि आपे झगरु चुकावै ॥२॥३॥

ਬੈਰਾੜੀ ਮਹਲਾ ੪ ॥ (720-2)
बैराड़ी महला ४ ॥

ਜਪਿ ਮਨ ਰਾਮ ਨਾਮੁ ਨਿਸਤਾਰਾ ॥ (720-2)
जपि मन राम नामु निसतारा ॥

ਕੋਟ ਕੋਟੰਤਰ ਕੇ ਪਾਪ ਸਭਿ ਖੋਵੈ ਹਰਿ ਭਵਜਲੁ ਪਾਰਿ ਉਤਾਰਾ ॥੧॥ ਰਹਾਉ ॥ (720-3)
कोट कोटंतर के पाप सभि खोवै हरि भवजलु पारि उतारा ॥१॥ रहाउ ॥

ਕਾਇਆ ਨਗਰਿ ਬਸਤ ਹਰਿ ਸੁਆਮੀ ਹਰਿ ਨਿਰਭਉ ਨਿਰਵੈਰੁ ਨਿਰੰਕਾਰਾ ॥ (720-4)
काइआ नगरि बसत हरि सुआमी हरि निरभउ निरवैरु निरंकारा ॥

ਹਰਿ ਨਿਕਟਿ ਬਸਤ ਕਛੁ ਨਦਰਿ ਨ ਆਵੈ ਹਰਿ ਲਾਧਾ ਗੁਰ ਵੀਚਾਰਾ ॥੧॥ (720-4)
हरि निकटि बसत कछु नदरि न आवै हरि लाधा गुर वीचारा ॥१॥

ਹਰਿ ਆਪੇ ਸਾਹੁ ਸਰਾਫੁ ਰਤਨੁ ਹੀਰਾ ਹਰਿ ਆਪਿ ਕੀਆ ਪਾਸਾਰਾ ॥ (720-5)
हरि आपे साहु सराफु रतनु हीरा हरि आपि कीआ पासारा ॥

ਨਾਨਕ ਜਿਸੁ ਕ੍ਰਿਪਾ ਕਰੇ ਸੁ ਹਰਿ ਨਾਮੁ ਵਿਹਾਝੇ ਸੋ ਸਾਹੁ ਸਚਾ ਵਣਜਾਰਾ ॥੨॥੪॥ (720-6)
नानक जिसु क्रिपा करे सु हरि नामु विहाझे सो साहु सचा वणजारा ॥२॥४॥

ਬੈਰਾੜੀ ਮਹਲਾ ੪ ॥ (720-6)
बैराड़ी महला ४ ॥

ਜਪਿ ਮਨ ਹਰਿ ਨਿਰੰਜਨੁ ਨਿਰੰਕਾਰਾ ॥ (720-7)
जपि मन हरि निरंजनु निरंकारा ॥

ਸਦਾ ਸਦਾ ਹਰਿ ਧਿਆਈਐ ਸੁਖਦਾਤਾ ਜਾ ਕਾ ਅੰਤੁ ਨ ਪਾਰਾਵਾਰਾ ॥੧॥ ਰਹਾਉ ॥ (720-7)
सदा सदा हरि धिआईऐ सुखदाता जा का अंतु न पारावारा ॥१॥ रहाउ ॥

ਅਗਨਿ ਕੁੰਟ ਮਹਿ ਉਰਧ ਲਿਵ ਲਾਗਾ ਹਰਿ ਰਾਖੈ ਉਦਰ ਮੰਝਾਰਾ ॥ (720-8)
अगनि कुंट महि उरध लिव लागा हरि राखै उदर मंझारा ॥

ਸੋ ਐਸਾ ਹਰਿ ਸੇਵਹੁ ਮੇਰੇ ਮਨ ਹਰਿ ਅੰਤਿ ਛਡਾਵਣਹਾਰਾ ॥੧॥ (720-8)
सो ऐसा हरि सेवहु मेरे मन हरि अंति छडावणहारा ॥१॥

ਜਾ ਕੈ ਹਿਰਦੈ ਬਸਿਆ ਮੇਰਾ ਹਰਿ ਹਰਿ ਤਿਸੁ ਜਨ ਕਉ ਕਰਹੁ ਨਮਸਕਾਰਾ ॥ (720-9)
जा कै हिरदै बसिआ मेरा हरि हरि तिसु जन कउ करहु नमसकारा ॥

ਹਰਿ ਕਿਰਪਾ ਤੇ ਪਾਈਐ ਹਰਿ ਜਪੁ ਨਾਨਕ ਨਾਮੁ ਅਧਾਰਾ ॥੨॥੫॥ (720-10)
हरि किरपा ते पाईऐ हरि जपु नानक नामु अधारा ॥२॥५॥

ਬੈਰਾੜੀ ਮਹਲਾ ੪ ॥ (720-10)
बैराड़ी महला ४ ॥

ਜਪਿ ਮਨ ਹਰਿ ਹਰਿ ਨਾਮੁ ਨਿਤ ਧਿਆਇ ॥ (720-11)
जपि मन हरि हरि नामु नित धिआइ ॥

ਜੋ ਇਛਹਿ ਸੋਈ ਫਲੁ ਪਾਵਹਿ ਫਿਰਿ ਦੂਖੁ ਨ ਲਾਗੈ ਆਇ ॥੧॥ ਰਹਾਉ ॥ (720-11)
जो इछहि सोई फलु पावहि फिरि दूखु न लागै आइ ॥१॥ रहाउ ॥

ਸੋ ਜਪੁ ਸੋ ਤਪੁ ਸਾ ਬ੍ਰਤ ਪੂਜਾ ਜਿਤੁ ਹਰਿ ਸਿਉ ਪ੍ਰੀਤਿ ਲਗਾਇ ॥ (720-12)
सो जपु सो तपु सा ब्रत पूजा जितु हरि सिउ प्रीति लगाइ ॥

ਬਿਨੁ ਹਰਿ ਪ੍ਰੀਤਿ ਹੋਰ ਪ੍ਰੀਤਿ ਸਭ ਝੂਠੀ ਇਕ ਖਿਨ ਮਹਿ ਬਿਸਰਿ ਸਭ ਜਾਇ ॥੧॥ (720-12)
बिनु हरि प्रीति होर प्रीति सभ झूठी इक खिन महि बिसरि सभ जाइ ॥१॥

ਤੂ ਬੇਅੰਤੁ ਸਰਬ ਕਲ ਪੂਰਾ ਕਿਛੁ ਕੀਮਤਿ ਕਹੀ ਨ ਜਾਇ ॥ (720-13)
तू बेअंतु सरब कल पूरा किछु कीमति कही न जाइ ॥

ਨਾਨਕ ਸਰਣਿ ਤੁਮ੍ਹ੍ਹਾਰੀ ਹਰਿ ਜੀਉ ਭਾਵੈ ਤਿਵੈ ਛਡਾਇ ॥੨॥੬॥ (720-14)
नानक सरणि तुम्हारी हरि जीउ भावै तिवै छडाइ ॥२॥६॥

ਰਾਗੁ ਬੈਰਾੜੀ ਮਹਲਾ ੫ ਘਰੁ ੧ (720-15)
रागु बैराड़ी महला ५ घरु १

ੴ ਸਤਿਗੁਰ ਪ੍ਰਸਾਦਿ ॥ (720-15)
ੴ सतिगुर प्रसादि ॥

ਸੰਤ ਜਨਾ ਮਿਲਿ ਹਰਿ ਜਸੁ ਗਾਇਓ ॥ (720-16)
संत जना मिलि हरि जसु गाइओ ॥

ਕੋਟਿ ਜਨਮ ਕੇ ਦੂਖ ਗਵਾਇਓ ॥੧॥ ਰਹਾਉ ॥ (720-16)
कोटि जनम के दूख गवाइओ ॥१॥ रहाउ ॥

ਜੋ ਚਾਹਤ ਸੋਈ ਮਨਿ ਪਾਇਓ ॥ (720-16)
जो चाहत सोई मनि पाइओ ॥

ਕਰਿ ਕਿਰਪਾ ਹਰਿ ਨਾਮੁ ਦਿਵਾਇਓ ॥੧॥ (720-17)
करि किरपा हरि नामु दिवाइओ ॥१॥

ਸਰਬ ਸੂਖ ਹਰਿ ਨਾਮਿ ਵਡਾਈ ॥ (720-17)
सरब सूख हरि नामि वडाई ॥

ਗੁਰ ਪ੍ਰਸਾਦਿ ਨਾਨਕ ਮਤਿ ਪਾਈ ॥੨॥੧॥੭॥ (720-17)
गुर प्रसादि नानक मति पाई ॥२॥१॥७॥

ਰਾਗੁ ਤਿਲੰਗ ਮਹਲਾ ੧ ਘਰੁ ੧ (721-1)
रागु तिलंग महला १ घरु १

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥
(721-2)
ੴ सति नामु करता पुरखु निरभउ निरवैरु अकाल मूरति अजूनी सैभं गुर प्रसादि ॥

ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ ॥ (721-4)
यक अरज गुफतम पेसि तो दर गोस कुन करतार ॥

ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ ॥੧॥ (721-4)
हका कबीर करीम तू बेऐब परवदगार ॥१॥

ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ ॥ (721-5)
दुनीआ मुकामे फानी तहकीक दिल दानी ॥

ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ ॥੧॥ ਰਹਾਉ ॥ (721-5)
मम सर मूइ अजराईल गिरफतह दिल हेचि न दानी ॥१॥ रहाउ ॥

ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ ॥ (721-6)
जन पिसर पदर बिरादरां कस नेस दसतंगीर ॥

ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸਵਦ ਤਕਬੀਰ ॥੨॥ (721-6)
आखिर बिअफतम कस न दारद चूं सवद तकबीर ॥२॥

ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ ॥ (721-7)
सब रोज गसतम दर हवा करदेम बदी खिआल ॥

ਗਾਹੇ ਨ ਨੇਕੀ ਕਾਰ ਕਰਦਮ ਮਮ ਈ ਚਿਨੀ ਅਹਵਾਲ ॥੩॥ (721-7)
गाहे न नेकी कार करदम मम ई चिनी अहवाल ॥३॥

ਬਦਬਖਤ ਹਮ ਚੁ ਬਖੀਲ ਗਾਫਿਲ ਬੇਨਜਰ ਬੇਬਾਕ ॥ (721-8)
बदबखत हम चु बखील गाफिल बेनजर बेबाक ॥

ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾ ਖਾਕ ॥੪॥੧॥ (721-8)
नानक बुगोयद जनु तुरा तेरे चाकरां पा खाक ॥४॥१॥

ਤਿਲੰਗ ਮਹਲਾ ੧ ਘਰੁ ੨ (721-10)
तिलंग महला १ घरु २

ੴ ਸਤਿਗੁਰ ਪ੍ਰਸਾਦਿ ॥ (721-10)
ੴ सतिगुर प्रसादि ॥

ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ॥ (721-10)
भउ तेरा भांग खलड़ी मेरा चीतु ॥

ਮੈ ਦੇਵਾਨਾ ਭਇਆ ਅਤੀਤੁ ॥ (721-10)
मै देवाना भइआ अतीतु ॥

ਕਰ ਕਾਸਾ ਦਰਸਨ ਕੀ ਭੂਖ ॥ (721-11)
कर कासा दरसन की भूख ॥

ਮੈ ਦਰਿ ਮਾਗਉ ਨੀਤਾ ਨੀਤ ॥੧॥ (721-11)
मै दरि मागउ नीता नीत ॥१॥

ਤਉ ਦਰਸਨ ਕੀ ਕਰਉ ਸਮਾਇ ॥ (721-11)
तउ दरसन की करउ समाइ ॥

ਮੈ ਦਰਿ ਮਾਗਤੁ ਭੀਖਿਆ ਪਾਇ ॥੧॥ ਰਹਾਉ ॥ (721-12)
मै दरि मागतु भीखिआ पाइ ॥१॥ रहाउ ॥

ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ ॥ (721-12)
केसरि कुसम मिरगमै हरणा सरब सरीरी चड़्हणा ॥

ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ ॥੨॥ (721-13)
चंदन भगता जोति इनेही सरबे परमलु करणा ॥२॥

ਘਿਅ ਪਟ ਭਾਂਡਾ ਕਹੈ ਨ ਕੋਇ ॥ (721-13)
घिअ पट भांडा कहै न कोइ ॥

ਐਸਾ ਭਗਤੁ ਵਰਨ ਮਹਿ ਹੋਇ ॥ (721-14)
ऐसा भगतु वरन महि होइ ॥

ਤੇਰੈ ਨਾਮਿ ਨਿਵੇ ਰਹੇ ਲਿਵ ਲਾਇ ॥ (721-14)
तेरै नामि निवे रहे लिव लाइ ॥

ਨਾਨਕ ਤਿਨ ਦਰਿ ਭੀਖਿਆ ਪਾਇ ॥੩॥੧॥੨॥ (721-14)
नानक तिन दरि भीखिआ पाइ ॥३॥१॥२॥

ਤਿਲੰਗ ਮਹਲਾ ੧ ਘਰੁ ੩ (721-16)
तिलंग महला १ घरु ३

ੴ ਸਤਿਗੁਰ ਪ੍ਰਸਾਦਿ ॥ (721-16)
ੴ सतिगुर प्रसादि ॥

ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ ॥ (721-16)
इहु तनु माइआ पाहिआ पिआरे लीतड़ा लबि रंगाए ॥

ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ ॥੧॥ (722-1)
मेरै कंत न भावै चोलड़ा पिआरे किउ धन सेजै जाए ॥१॥

ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ ॥ (722-1)
हंउ कुरबानै जाउ मिहरवाना हंउ कुरबानै जाउ ॥

ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ ॥ (722-2)
हंउ कुरबानै जाउ तिना कै लैनि जो तेरा नाउ ॥

ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ ॥੧॥ ਰਹਾਉ ॥ (722-2)
लैनि जो तेरा नाउ तिना कै हंउ सद कुरबानै जाउ ॥१॥ रहाउ ॥

ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ ॥ (722-3)
काइआ रंङणि जे थीऐ पिआरे पाईऐ नाउ मजीठ ॥

ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ ॥੨॥ (722-3)
रंङण वाला जे रंङै साहिबु ऐसा रंगु न डीठ ॥२॥

ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ ॥ (722-4)
जिन के चोले रतड़े पिआरे कंतु तिना कै पासि ॥

ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ ॥੩॥ (722-4)
धूड़ि तिना की जे मिलै जी कहु नानक की अरदासि ॥३॥

ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ ॥ (722-5)
आपे साजे आपे रंगे आपे नदरि करेइ ॥

ਨਾਨਕ ਕਾਮਣਿ ਕੰਤੈ ਭਾਵੈ ਆਪੇ ਹੀ ਰਾਵੇਇ ॥੪॥੧॥੩॥ (722-5)
नानक कामणि कंतै भावै आपे ही रावेइ ॥४॥१॥३॥

ਤਿਲੰਗ ਮਃ ੧ ॥ (722-6)
तिलंग मः १ ॥

ਇਆਨੜੀਏ ਮਾਨੜਾ ਕਾਇ ਕਰੇਹਿ ॥ (722-6)
इआनड़ीए मानड़ा काइ करेहि ॥

ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ ॥ (722-6)
आपनड़ै घरि हरि रंगो की न माणेहि ॥

ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ ॥ (722-7)
सहु नेड़ै धन कंमलीए बाहरु किआ ढूढेहि ॥

ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ ॥ (722-7)
भै कीआ देहि सलाईआ नैणी भाव का करि सीगारो ॥

ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ ॥੧॥ (722-8)
ता सोहागणि जाणीऐ लागी जा सहु धरे पिआरो ॥१॥

ਇਆਣੀ ਬਾਲੀ ਕਿਆ ਕਰੇ ਜਾ ਧਨ ਕੰਤ ਨ ਭਾਵੈ ॥ (722-8)
इआणी बाली किआ करे जा धन कंत न भावै ॥

ਕਰਣ ਪਲਾਹ ਕਰੇ ਬਹੁਤੇਰੇ ਸਾ ਧਨ ਮਹਲੁ ਨ ਪਾਵੈ ॥ (722-9)
करण पलाह करे बहुतेरे सा धन महलु न पावै ॥

ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ ॥ (722-9)
विणु करमा किछु पाईऐ नाही जे बहुतेरा धावै ॥

ਲਬ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ ॥ (722-9)
लब लोभ अहंकार की माती माइआ माहि समाणी ॥

ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ ॥੨॥ (722-10)
इनी बाती सहु पाईऐ नाही भई कामणि इआणी ॥२॥

ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ ॥ (722-11)
जाइ पुछहु सोहागणी वाहै किनी बाती सहु पाईऐ ॥

ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ ॥ (722-11)
जो किछु करे सो भला करि मानीऐ हिकमति हुकमु चुकाईऐ ॥

ਜਾ ਕੈ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ ॥ (722-12)
जा कै प्रेमि पदारथु पाईऐ तउ चरणी चितु लाईऐ ॥

ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ ॥ (722-12)
सहु कहै सो कीजै तनु मनो दीजै ऐसा परमलु लाईऐ ॥

ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ ॥੩॥ (722-13)
एव कहहि सोहागणी भैणे इनी बाती सहु पाईऐ ॥३॥

ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ ॥ (722-13)
आपु गवाईऐ ता सहु पाईऐ अउरु कैसी चतुराई ॥

ਸਹੁ ਨਦਰਿ ਕਰਿ ਦੇਖੈ ਸੋ ਦਿਨੁ ਲੇਖੈ ਕਾਮਣਿ ਨਉ ਨਿਧਿ ਪਾਈ ॥ (722-14)
सहु नदरि करि देखै सो दिनु लेखै कामणि नउ निधि पाई ॥

ਆਪਣੇ ਕੰਤ ਪਿਆਰੀ ਸਾ ਸੋਹਾਗਣਿ ਨਾਨਕ ਸਾ ਸਭਰਾਈ ॥ (722-14)
आपणे कंत पिआरी सा सोहागणि नानक सा सभराई ॥

ਐਸੈ ਰੰਗਿ ਰਾਤੀ ਸਹਜ ਕੀ ਮਾਤੀ ਅਹਿਨਿਸਿ ਭਾਇ ਸਮਾਣੀ ॥ (722-15)
ऐसै रंगि राती सहज की माती अहिनिसि भाइ समाणी ॥

ਸੁੰਦਰਿ ਸਾਇ ਸਰੂਪ ਬਿਚਖਣਿ ਕਹੀਐ ਸਾ ਸਿਆਣੀ ॥੪॥੨॥੪॥ (722-15)
सुंदरि साइ सरूप बिचखणि कहीऐ सा सिआणी ॥४॥२॥४॥

ਤਿਲੰਗ ਮਹਲਾ ੧ ॥ (722-16)
तिलंग महला १ ॥

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥ (722-16)
जैसी मै आवै खसम की बाणी तैसड़ा करी गिआनु वे लालो ॥

ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥ (722-17)
पाप की जंञ लै काबलहु धाइआ जोरी मंगै दानु वे लालो ॥

ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥ (722-17)
सरमु धरमु दुइ छपि खलोए कूड़ु फिरै परधानु वे लालो ॥

ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥ (722-18)
काजीआ बामणा की गल थकी अगदु पड़ै सैतानु वे लालो ॥

ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥ (722-19)
मुसलमानीआ पड़हि कतेबा कसट महि करहि खुदाइ वे लालो ॥

ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥ (722-19)
जाति सनाती होरि हिदवाणीआ एहि भी लेखै लाइ वे लालो ॥

ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥੧॥ (723-1)
खून के सोहिले गावीअहि नानक रतु का कुंगू पाइ वे लालो ॥१॥

ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ ॥ (723-1)
साहिब के गुण नानकु गावै मास पुरी विचि आखु मसोला ॥

ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥ (723-2)
जिनि उपाई रंगि रवाई बैठा वेखै वखि इकेला ॥

ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥ (723-2)
सचा सो साहिबु सचु तपावसु सचड़ा निआउ करेगु मसोला ॥

ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ ॥ (723-3)
काइआ कपड़ु टुकु टुकु होसी हिदुसतानु समालसी बोला ॥

ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥ (723-4)
आवनि अठतरै जानि सतानवै होरु भी उठसी मरद का चेला ॥

ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥੨॥੩॥੫॥ (723-4)
सच की बाणी नानकु आखै सचु सुणाइसी सच की बेला ॥२॥३॥५॥

ਤਿਲੰਗ ਮਹਲਾ ੪ ਘਰੁ ੨ (723-6)
तिलंग महला ४ घरु २

ੴ ਸਤਿਗੁਰ ਪ੍ਰਸਾਦਿ ॥ (723-6)
ੴ सतिगुर प्रसादि ॥

ਸਭਿ ਆਏ ਹੁਕਮਿ ਖਸਮਾਹੁ ਹੁਕਮਿ ਸਭ ਵਰਤਨੀ ॥ (723-6)
सभि आए हुकमि खसमाहु हुकमि सभ वरतनी ॥

ਸਚੁ ਸਾਹਿਬੁ ਸਾਚਾ ਖੇਲੁ ਸਭੁ ਹਰਿ ਧਨੀ ॥੧॥ (723-7)
सचु साहिबु साचा खेलु सभु हरि धनी ॥१॥

ਸਾਲਾਹਿਹੁ ਸਚੁ ਸਭ ਊਪਰਿ ਹਰਿ ਧਨੀ ॥ (723-7)
सालाहिहु सचु सभ ऊपरि हरि धनी ॥

ਜਿਸੁ ਨਾਹੀ ਕੋਇ ਸਰੀਕੁ ਕਿਸੁ ਲੇਖੈ ਹਉ ਗਨੀ ॥ ਰਹਾਉ ॥ (723-7)
जिसु नाही कोइ सरीकु किसु लेखै हउ गनी ॥ रहाउ ॥

ਪਉਣ ਪਾਣੀ ਧਰਤੀ ਆਕਾਸੁ ਘਰ ਮੰਦਰ ਹਰਿ ਬਨੀ ॥ (723-8)
पउण पाणी धरती आकासु घर मंदर हरि बनी ॥

ਵਿਚਿ ਵਰਤੈ ਨਾਨਕ ਆਪਿ ਝੂਠੁ ਕਹੁ ਕਿਆ ਗਨੀ ॥੨॥੧॥ (723-8)
विचि वरतै नानक आपि झूठु कहु किआ गनी ॥२॥१॥

ਤਿਲੰਗ ਮਹਲਾ ੪ ॥ (723-9)
तिलंग महला ४ ॥

ਨਿਤ ਨਿਹਫਲ ਕਰਮ ਕਮਾਇ ਬਫਾਵੈ ਦੁਰਮਤੀਆ ॥ (723-9)
नित निहफल करम कमाइ बफावै दुरमतीआ ॥

ਜਬ ਆਣੈ ਵਲਵੰਚ ਕਰਿ ਝੂਠੁ ਤਬ ਜਾਣੈ ਜਗੁ ਜਿਤੀਆ ॥੧॥ (723-10)
जब आणै वलवंच करि झूठु तब जाणै जगु जितीआ ॥१॥

ਐਸਾ ਬਾਜੀ ਸੈਸਾਰੁ ਨ ਚੇਤੈ ਹਰਿ ਨਾਮਾ ॥ (723-10)
ऐसा बाजी सैसारु न चेतै हरि नामा ॥

ਖਿਨ ਮਹਿ ਬਿਨਸੈ ਸਭੁ ਝੂਠੁ ਮੇਰੇ ਮਨ ਧਿਆਇ ਰਾਮਾ ॥ ਰਹਾਉ ॥ (723-10)
खिन महि बिनसै सभु झूठु मेरे मन धिआइ रामा ॥ रहाउ ॥

ਸਾ ਵੇਲਾ ਚਿਤਿ ਨ ਆਵੈ ਜਿਤੁ ਆਇ ਕੰਟਕੁ ਕਾਲੁ ਗ੍ਰਸੈ ॥ (723-11)
सा वेला चिति न आवै जितु आइ कंटकु कालु ग्रसै ॥

ਤਿਸੁ ਨਾਨਕ ਲਏ ਛਡਾਇ ਜਿਸੁ ਕਿਰਪਾ ਕਰਿ ਹਿਰਦੈ ਵਸੈ ॥੨॥੨॥ (723-12)
तिसु नानक लए छडाइ जिसु किरपा करि हिरदै वसै ॥२॥२॥

ਤਿਲੰਗ ਮਹਲਾ ੫ ਘਰੁ ੧ (723-13)
तिलंग महला ५ घरु १

ੴ ਸਤਿਗੁਰ ਪ੍ਰਸਾਦਿ ॥ (723-13)
ੴ सतिगुर प्रसादि ॥

ਖਾਕ ਨੂਰ ਕਰਦੰ ਆਲਮ ਦੁਨੀਆਇ ॥ (723-13)
खाक नूर करदं आलम दुनीआइ ॥

ਅਸਮਾਨ ਜਿਮੀ ਦਰਖਤ ਆਬ ਪੈਦਾਇਸਿ ਖੁਦਾਇ ॥੧॥ (723-14)
असमान जिमी दरखत आब पैदाइसि खुदाइ ॥१॥

ਬੰਦੇ ਚਸਮ ਦੀਦੰ ਫਨਾਇ ॥ (723-14)
बंदे चसम दीदं फनाइ ॥

ਦੁਨੀਆ ਮੁਰਦਾਰ ਖੁਰਦਨੀ ਗਾਫਲ ਹਵਾਇ ॥ ਰਹਾਉ ॥ (723-14)
दुनी�आ मुरदार खुरदनी गाफल हवाइ ॥ रहाउ ॥

ਗੈਬਾਨ ਹੈਵਾਨ ਹਰਾਮ ਕੁਸਤਨੀ ਮੁਰਦਾਰ ਬਖੋਰਾਇ ॥ (723-15)
गैबान हैवान हराम कुसतनी मुरदार बखोराइ ॥

ਦਿਲ ਕਬਜ ਕਬਜਾ ਕਾਦਰੋ ਦੋਜਕ ਸਜਾਇ ॥੨॥ (723-15)
दिल कबज कबजा कादरो दोजक सजाइ ॥२॥

ਵਲੀ ਨਿਆਮਤਿ ਬਿਰਾਦਰਾ ਦਰਬਾਰ ਮਿਲਕ ਖਾਨਾਇ ॥ (723-16)
वली निआमति बिरादरा दरबार मिलक खानाइ ॥

ਜਬ ਅਜਰਾਈਲੁ ਬਸਤਨੀ ਤਬ ਚਿ ਕਾਰੇ ਬਿਦਾਇ ॥੩॥ (723-16)
जब अजराईलु बसतनी तब चि कारे बिदाइ ॥३॥

ਹਵਾਲ ਮਾਲੂਮੁ ਕਰਦੰ ਪਾਕ ਅਲਾਹ ॥ (723-17)
हवाल मालूमु करदं पाक अलाह ॥

ਬੁਗੋ ਨਾਨਕ ਅਰਦਾਸਿ ਪੇਸਿ ਦਰਵੇਸ ਬੰਦਾਹ ॥੪॥੧॥ (723-17)
बुगो नानक अरदासि पेसि दरवेस बंदाह ॥४॥१॥

ਤਿਲੰਗ ਘਰੁ ੨ ਮਹਲਾ ੫ ॥ (723-18)
तिलंग घरु २ महला ५ ॥

ਤੁਧੁ ਬਿਨੁ ਦੂਜਾ ਨਾਹੀ ਕੋਇ ॥ (723-18)
तुधु बिनु दूजा नाही कोइ ॥

ਤੂ ਕਰਤਾਰੁ ਕਰਹਿ ਸੋ ਹੋਇ ॥ (723-18)
तू करतारु करहि सो होइ ॥

ਤੇਰਾ ਜੋਰੁ ਤੇਰੀ ਮਨਿ ਟੇਕ ॥ (723-18)
तेरा जोरु तेरी मनि टेक ॥

ਸਦਾ ਸਦਾ ਜਪਿ ਨਾਨਕ ਏਕ ॥੧॥ (723-19)
सदा सदा जपि नानक एक ॥१॥

ਸਭ ਊਪਰਿ ਪਾਰਬ੍ਰਹਮੁ ਦਾਤਾਰੁ ॥ (723-19)
सभ ऊपरि पारब्रहमु दातारु ॥

ਤੇਰੀ ਟੇਕ ਤੇਰਾ ਆਧਾਰੁ ॥ ਰਹਾਉ ॥ (723-19)
तेरी टेक तेरा आधारु ॥ रहाउ ॥

ਹੈ ਤੂਹੈ ਤੂ ਹੋਵਨਹਾਰ ॥ (724-1)
है तूहै तू होवनहार ॥

ਅਗਮ ਅਗਾਧਿ ਊਚ ਆਪਾਰ ॥ (724-1)
अगम अगाधि ऊच आपार ॥

ਜੋ ਤੁਧੁ ਸੇਵਹਿ ਤਿਨ ਭਉ ਦੁਖੁ ਨਾਹਿ ॥ (724-1)
जो तुधु सेवहि तिन भउ दुखु नाहि ॥

ਗੁਰ ਪਰਸਾਦਿ ਨਾਨਕ ਗੁਣ ਗਾਹਿ ॥੨॥ (724-2)
गुर परसादि नानक गुण गाहि ॥२॥

ਜੋ ਦੀਸੈ ਸੋ ਤੇਰਾ ਰੂਪੁ ॥ (724-2)
जो दीसै सो तेरा रूपु ॥

ਗੁਣ ਨਿਧਾਨ ਗੋਵਿੰਦ ਅਨੂਪ ॥ (724-2)
गुण निधान गोविंद अनूप ॥

ਸਿਮਰਿ ਸਿਮਰਿ ਸਿਮਰਿ ਜਨ ਸੋਇ ॥ (724-3)
सिमरि सिमरि सिमरि जन सोइ ॥

ਨਾਨਕ ਕਰਮਿ ਪਰਾਪਤਿ ਹੋਇ ॥੩॥ (724-3)
नानक करमि परापति होइ ॥३॥

ਜਿਨਿ ਜਪਿਆ ਤਿਸ ਕਉ ਬਲਿਹਾਰ ॥ (724-3)
जिनि जपिआ तिस कउ बलिहार ॥

ਤਿਸ ਕੈ ਸੰਗਿ ਤਰੈ ਸੰਸਾਰ ॥ (724-4)
तिस कै संगि तरै संसार ॥

ਕਹੁ ਨਾਨਕ ਪ੍ਰਭ ਲੋਚਾ ਪੂਰਿ ॥ (724-4)
कहु नानक प्रभ लोचा पूरि ॥

ਸੰਤ ਜਨਾ ਕੀ ਬਾਛਉ ਧੂਰਿ ॥੪॥੨॥ (724-4)
संत जना की बाछउ धूरि ॥४॥२॥

ਤਿਲੰਗ ਮਹਲਾ ੫ ਘਰੁ ੩ ॥ (724-4)
तिलंग महला ५ घरु ३ ॥

ਮਿਹਰਵਾਨੁ ਸਾਹਿਬੁ ਮਿਹਰਵਾਨੁ ॥ (724-5)
मिहरवानु साहिबु मिहरवानु ॥

ਸਾਹਿਬੁ ਮੇਰਾ ਮਿਹਰਵਾਨੁ ॥ (724-5)
साहिबु मेरा मिहरवानु ॥

ਜੀਅ ਸਗਲ ਕਉ ਦੇਇ ਦਾਨੁ ॥ ਰਹਾਉ ॥ (724-5)
जीअ सगल कउ देइ दानु ॥ रहाउ ॥

ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ ॥ (724-6)
तू काहे डोलहि प्राणीआ तुधु राखैगा सिरजणहारु ॥

ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ ॥੧॥ (724-6)
जिनि पैदाइसि तू कीआ सोई देइ आधारु ॥१॥

ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ ॥ (724-7)
जिनि उपाई मेदनी सोई करदा सार ॥

ਘਟਿ ਘਟਿ ਮਾਲਕੁ ਦਿਲਾ ਕਾ ਸਚਾ ਪਰਵਦਗਾਰੁ ॥੨॥ (724-7)
घटि घटि मालकु दिला का सचा परवदगारु ॥२॥

ਕੁਦਰਤਿ ਕੀਮ ਨ ਜਾਣੀਐ ਵਡਾ ਵੇਪਰਵਾਹੁ ॥ (724-8)
कुदरति कीम न जाणीऐ वडा वेपरवाहु ॥

ਕਰਿ ਬੰਦੇ ਤੂ ਬੰਦਗੀ ਜਿਚਰੁ ਘਟ ਮਹਿ ਸਾਹੁ ॥੩॥ (724-8)
करि बंदे तू बंदगी जिचरु घट महि साहु ॥३॥

ਤੂ ਸਮਰਥੁ ਅਕਥੁ ਅਗੋਚਰੁ ਜੀਉ ਪਿੰਡੁ ਤੇਰੀ ਰਾਸਿ ॥ (724-8)
तू समरथु अकथु अगोचरु जीउ पिंडु तेरी रासि ॥

ਰਹਮ ਤੇਰੀ ਸੁਖੁ ਪਾਇਆ ਸਦਾ ਨਾਨਕ ਕੀ ਅਰਦਾਸਿ ॥੪॥੩॥ (724-9)
रहम तेरी सुखु पाइआ सदा नानक की अरदासि ॥४॥३॥

ਤਿਲੰਗ ਮਹਲਾ ੫ ਘਰੁ ੩ ॥ (724-10)
तिलंग महला ५ घरु ३ ॥

ਕਰਤੇ ਕੁਦਰਤੀ ਮੁਸਤਾਕੁ ॥ (724-10)
करते कुदरती मुसताकु ॥

ਦੀਨ ਦੁਨੀਆ ਏਕ ਤੂਹੀ ਸਭ ਖਲਕ ਹੀ ਤੇ ਪਾਕੁ ॥ ਰਹਾਉ ॥ (724-10)
दीन दुनीआ एक तूही सभ खलक ही ते पाकु ॥ रहाउ ॥

ਖਿਨ ਮਾਹਿ ਥਾਪਿ ਉਥਾਪਦਾ ਆਚਰਜ ਤੇਰੇ ਰੂਪ ॥ (724-11)
खिन माहि थापि उथापदा आचरज तेरे रूप ॥

ਕਉਣੁ ਜਾਣੈ ਚਲਤ ਤੇਰੇ ਅੰਧਿਆਰੇ ਮਹਿ ਦੀਪ ॥੧॥ (724-11)
कउणु जाणै चलत तेरे अंधिआरे महि दीप ॥१॥

ਖੁਦਿ ਖਸਮ ਖਲਕ ਜਹਾਨ ਅਲਹ ਮਿਹਰਵਾਨ ਖੁਦਾਇ ॥ (724-12)
खुदि खसम खलक जहान अलह मिहरवान खुदाइ ॥

ਦਿਨਸੁ ਰੈਣਿ ਜਿ ਤੁਧੁ ਅਰਾਧੇ ਸੋ ਕਿਉ ਦੋਜਕਿ ਜਾਇ ॥੨॥ (724-12)
दिनसु रैणि जि तुधु अराधे सो किउ दोजकि जाइ ॥२॥

ਅਜਰਾਈਲੁ ਯਾਰੁ ਬੰਦੇ ਜਿਸੁ ਤੇਰਾ ਆਧਾਰੁ ॥ (724-13)
अजराईलु यारु बंदे जिसु तेरा आधारु ॥

ਗੁਨਹ ਉਸ ਕੇ ਸਗਲ ਆਫੂ ਤੇਰੇ ਜਨ ਦੇਖਹਿ ਦੀਦਾਰੁ ॥੩॥ (724-13)
गुनह उस के सगल आफू तेरे जन देखहि दीदारु ॥३॥

ਦੁਨੀਆ ਚੀਜ ਫਿਲਹਾਲ ਸਗਲੇ ਸਚੁ ਸੁਖੁ ਤੇਰਾ ਨਾਉ ॥ (724-14)
दुनीआ चीज फिलहाल सगले सचु सुखु तेरा नाउ ॥

ਗੁਰ ਮਿਲਿ ਨਾਨਕ ਬੂਝਿਆ ਸਦਾ ਏਕਸੁ ਗਾਉ ॥੪॥੪॥ (724-14)
गुर मिलि नानक बूझिआ सदा एकसु गाउ ॥४॥४॥

ਤਿਲੰਗ ਮਹਲਾ ੫ ॥ (724-15)
तिलंग महला ५ ॥

ਮੀਰਾਂ ਦਾਨਾਂ ਦਿਲ ਸੋਚ ॥ (724-15)
मीरां दानां दिल सोच ॥

ਮੁਹਬਤੇ ਮਨਿ ਤਨਿ ਬਸੈ ਸਚੁ ਸਾਹ ਬੰਦੀ ਮੋਚ ॥੧॥ ਰਹਾਉ ॥ (724-15)
मुहबते मनि तनि बसै सचु साह बंदी मोच ॥१॥ रहाउ ॥

ਦੀਦਨੇ ਦੀਦਾਰ ਸਾਹਿਬ ਕਛੁ ਨਹੀ ਇਸ ਕਾ ਮੋਲੁ ॥ (724-16)
दीदने दीदार साहिब कछु नही इस का मोलु ॥

ਪਾਕ ਪਰਵਦਗਾਰ ਤੂ ਖੁਦਿ ਖਸਮੁ ਵਡਾ ਅਤੋਲੁ ॥੧॥ (724-16)
पाक परवदगार तू खुदि खसमु वडा अतोलु ॥१॥

ਦਸ੍ਤਗੀਰੀ ਦੇਹਿ ਦਿਲਾਵਰ ਤੂਹੀ ਤੂਹੀ ਏਕ ॥ (724-17)
दस्तगीरी देहि दिलावर तूही तूही एक ॥

ਕਰਤਾਰ ਕੁਦਰਤਿ ਕਰਣ ਖਾਲਕ ਨਾਨਕ ਤੇਰੀ ਟੇਕ ॥੨॥੫॥ (724-17)
करतार कुदरति करण खालक नानक तेरी टेक ॥२॥५॥

ਤਿਲੰਗ ਮਹਲਾ ੧ ਘਰੁ ੨ (724-19)
तिलंग महला १ घरु २

ੴ ਸਤਿਗੁਰ ਪ੍ਰਸਾਦਿ ॥ (724-19)
१ੴ सतिगुर प्रसादि ॥

ਜਿਨਿ ਕੀਆ ਤਿਨਿ ਦੇਖਿਆ ਕਿਆ ਕਹੀਐ ਰੇ ਭਾਈ ॥ (724-19)
जिनि कीआ तिनि देखिआ किआ कहीऐ रे भाई ॥

ਆਪੇ ਜਾਣੈ ਕਰੇ ਆਪਿ ਜਿਨਿ ਵਾੜੀ ਹੈ ਲਾਈ ॥੧॥ (725-1)
आपे जाणै करे आपि जिनि वाड़ी है लाई ॥१॥

ਰਾਇਸਾ ਪਿਆਰੇ ਕਾ ਰਾਇਸਾ ਜਿਤੁ ਸਦਾ ਸੁਖੁ ਹੋਈ ॥ ਰਹਾਉ ॥ (725-1)
राइसा पिआरे का राइसा जितु सदा सुखु होई ॥ रहाउ ॥

ਜਿਨਿ ਰੰਗਿ ਕੰਤੁ ਨ ਰਾਵਿਆ ਸਾ ਪਛੋ ਰੇ ਤਾਣੀ ॥ (725-2)
जिनि रंगि कंतु न राविआ सा पछो रे ताणी ॥

ਹਾਥ ਪਛੋੜੈ ਸਿਰੁ ਧੁਣੈ ਜਬ ਰੈਣਿ ਵਿਹਾਣੀ ॥੨॥ (725-2)
हाथ पछोड़ै सिरु धुणै जब रैणि विहाणी ॥२॥

ਪਛੋਤਾਵਾ ਨਾ ਮਿਲੈ ਜਬ ਚੂਕੈਗੀ ਸਾਰੀ ॥ (725-3)
पछोतावा ना मिलै जब चूकैगी सारी ॥

ਤਾ ਫਿਰਿ ਪਿਆਰਾ ਰਾਵੀਐ ਜਬ ਆਵੈਗੀ ਵਾਰੀ ॥੩॥ (725-3)
ता फिरि पिआरा रावीऐ जब आवैगी वारी ॥३॥

ਕੰਤੁ ਲੀਆ ਸੋਹਾਗਣੀ ਮੈ ਤੇ ਵਧਵੀ ਏਹ ॥ (725-3)
कंतु लीआ सोहागणी मै ते वधवी एह ॥

ਸੇ ਗੁਣ ਮੁਝੈ ਨ ਆਵਨੀ ਕੈ ਜੀ ਦੋਸੁ ਧਰੇਹ ॥੪॥ (725-4)
से गुण मुझै न आवनी कै जी दोसु धरेह ॥४॥

ਜਿਨੀ ਸਖੀ ਸਹੁ ਰਾਵਿਆ ਤਿਨ ਪੂਛਉਗੀ ਜਾਏ ॥ (725-4)
जिनी सखी सहु राविआ तिन पूछउगी जाए ॥

ਪਾਇ ਲਗਉ ਬੇਨਤੀ ਕਰਉ ਲੇਉਗੀ ਪੰਥੁ ਬਤਾਏ ॥੫॥ (725-5)
पाइ लगउ बेनती करउ लेउगी पंथु बताए ॥५॥

ਹੁਕਮੁ ਪਛਾਣੈ ਨਾਨਕਾ ਭਉ ਚੰਦਨੁ ਲਾਵੈ ॥ (725-5)
हुकमु पछाणै नानका भउ चंदनु लावै ॥

ਗੁਣ ਕਾਮਣ ਕਾਮਣਿ ਕਰੈ ਤਉ ਪਿਆਰੇ ਕਉ ਪਾਵੈ ॥੬॥ (725-6)
गुण कामण कामणि करै तउ पिआरे कउ पावै ॥६॥

ਜੋ ਦਿਲਿ ਮਿਲਿਆ ਸੁ ਮਿਲਿ ਰਹਿਆ ਮਿਲਿਆ ਕਹੀਐ ਰੇ ਸੋਈ ॥ (725-6)
जो दिलि मिलिआ सु मिलि रहिआ मिलिआ कहीऐ रे सोई ॥

ਜੇ ਬਹੁਤੇਰਾ ਲੋਚੀਐ ਬਾਤੀ ਮੇਲੁ ਨ ਹੋਈ ॥੭॥ (725-7)
जे बहुतेरा लोचीऐ बाती मेलु न होई ॥७॥

ਧਾਤੁ ਮਿਲੈ ਫੁਨਿ ਧਾਤੁ ਕਉ ਲਿਵ ਲਿਵੈ ਕਉ ਧਾਵੈ ॥ (725-7)
धातु मिलै फुनि धातु कउ लिव लिवै कउ धावै ॥

ਗੁਰ ਪਰਸਾਦੀ ਜਾਣੀਐ ਤਉ ਅਨਭਉ ਪਾਵੈ ॥੮॥ (725-8)
गुर परसादी जाणीऐ तउ अनभउ पावै ॥८॥

ਪਾਨਾ ਵਾੜੀ ਹੋਇ ਘਰਿ ਖਰੁ ਸਾਰ ਨ ਜਾਣੈ ॥ (725-8)
पाना वाड़ी होइ घरि खरु सार न जाणै ॥

ਰਸੀਆ ਹੋਵੈ ਮੁਸਕ ਕਾ ਤਬ ਫੂਲੁ ਪਛਾਣੈ ॥੯॥ (725-8)
रसीआ होवै मुसक का तब फूलु पछाणै ॥९॥

ਅਪਿਉ ਪੀਵੈ ਜੋ ਨਾਨਕਾ ਭ੍ਰਮੁ ਭ੍ਰਮਿ ਸਮਾਵੈ ॥ (725-9)
अपिउ पीवै जो नानका भ्रमु भ्रमि समावै ॥

ਸਹਜੇ ਸਹਜੇ ਮਿਲਿ ਰਹੈ ਅਮਰਾ ਪਦੁ ਪਾਵੈ ॥੧੦॥੧॥ (725-9)
सहजे सहजे मिलि रहै अमरा पदु पावै ॥१०॥१॥

ਤਿਲੰਗ ਮਹਲਾ ੪ ॥ (725-10)
तिलंग महला ४ ॥

ਹਰਿ ਕੀਆ ਕਥਾ ਕਹਾਣੀਆ ਗੁਰਿ ਮੀਤਿ ਸੁਣਾਈਆ ॥ (725-10)
हरि कीआ कथा कहाणीआ गुरि मीति सुणाईआ ॥

ਬਲਿਹਾਰੀ ਗੁਰ ਆਪਣੇ ਗੁਰ ਕਉ ਬਲਿ ਜਾਈਆ ॥੧॥ (725-11)
बलिहारी गुर आपणे गुर कउ बलि जाईआ ॥१॥

ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ ॥ ਰਹਾਉ ॥ (725-11)
आइ मिलु गुरसिख आइ मिलु तू मेरे गुरू के पिआरे ॥ रहाउ ॥

ਹਰਿ ਕੇ ਗੁਣ ਹਰਿ ਭਾਵਦੇ ਸੇ ਗੁਰੂ ਤੇ ਪਾਏ ॥ (725-12)
हरि के गुण हरि भावदे से गुरू ते पाए ॥

ਜਿਨ ਗੁਰ ਕਾ ਭਾਣਾ ਮੰਨਿਆ ਤਿਨ ਘੁਮਿ ਘੁਮਿ ਜਾਏ ॥੨॥ (725-12)
जिन गुर का भाणा मंनिआ तिन घुमि घुमि जाए ॥२॥

ਜਿਨ ਸਤਿਗੁਰੁ ਪਿਆਰਾ ਦੇਖਿਆ ਤਿਨ ਕਉ ਹਉ ਵਾਰੀ ॥ (725-13)
जिन सतिगुरु पिआरा देखिआ तिन कउ हउ वारी ॥

ਜਿਨ ਗੁਰ ਕੀ ਕੀਤੀ ਚਾਕਰੀ ਤਿਨ ਸਦ ਬਲਿਹਾਰੀ ॥੩॥ (725-13)
जिन गुर की कीती चाकरी तिन सद बलिहारी ॥३॥

ਹਰਿ ਹਰਿ ਤੇਰਾ ਨਾਮੁ ਹੈ ਦੁਖ ਮੇਟਣਹਾਰਾ ॥ (725-14)
हरि हरि तेरा नामु है दुख मेटणहारा ॥

ਗੁਰ ਸੇਵਾ ਤੇ ਪਾਈਐ ਗੁਰਮੁਖਿ ਨਿਸਤਾਰਾ ॥੪॥ (725-14)
गुर सेवा ते पाईऐ गुरमुखि निसतारा ॥४॥

ਜੋ ਹਰਿ ਨਾਮੁ ਧਿਆਇਦੇ ਤੇ ਜਨ ਪਰਵਾਨਾ ॥ (725-15)
जो हरि नामु धिआइदे ते जन परवाना ॥

ਤਿਨ ਵਿਟਹੁ ਨਾਨਕੁ ਵਾਰਿਆ ਸਦਾ ਸਦਾ ਕੁਰਬਾਨਾ ॥੫॥ (725-15)
तिन विटहु नानकु वारिआ सदा सदा कुरबाना ॥५॥

ਸਾ ਹਰਿ ਤੇਰੀ ਉਸਤਤਿ ਹੈ ਜੋ ਹਰਿ ਪ੍ਰਭ ਭਾਵੈ ॥ (725-15)
सा हरि तेरी उसतति है जो हरि प्रभ भावै ॥

ਜੋ ਗੁਰਮੁਖਿ ਪਿਆਰਾ ਸੇਵਦੇ ਤਿਨ ਹਰਿ ਫਲੁ ਪਾਵੈ ॥੬॥ (725-16)
जो गुरमुखि पिआरा सेवदे तिन हरि फलु पावै ॥६॥

ਜਿਨਾ ਹਰਿ ਸੇਤੀ ਪਿਰਹੜੀ ਤਿਨਾ ਜੀਅ ਪ੍ਰਭ ਨਾਲੇ ॥ (725-16)
जिना हरि सेती पिरहड़ी तिना जीअ प्रभ नाले ॥

ਓਇ ਜਪਿ ਜਪਿ ਪਿਆਰਾ ਜੀਵਦੇ ਹਰਿ ਨਾਮੁ ਸਮਾਲੇ ॥੭॥ (725-17)
ओइ जपि जपि पिआरा जीवदे हरि नामु समाले ॥७॥

ਜਿਨ ਗੁਰਮੁਖਿ ਪਿਆਰਾ ਸੇਵਿਆ ਤਿਨ ਕਉ ਘੁਮਿ ਜਾਇਆ ॥ (725-17)
जिन गुरमुखि पिआरा सेविआ तिन कउ घुमि जाइआ ॥

ਓਇ ਆਪਿ ਛੁਟੇ ਪਰਵਾਰ ਸਿਉ ਸਭੁ ਜਗਤੁ ਛਡਾਇਆ ॥੮॥ (725-18)
ओइ आपि छुटे परवार सिउ सभु जगतु छडाइआ ॥८॥

ਗੁਰਿ ਪਿਆਰੈ ਹਰਿ ਸੇਵਿਆ ਗੁਰੁ ਧੰਨੁ ਗੁਰੁ ਧੰਨੋ ॥ (725-19)
गुरि पिआरै हरि सेविआ गुरु धंनु गुरु धंनो ॥

ਗੁਰਿ ਹਰਿ ਮਾਰਗੁ ਦਸਿਆ ਗੁਰ ਪੁੰਨੁ ਵਡ ਪੁੰਨੋ ॥੯॥ (725-19)
गुरि हरि मारगु दसिआ गुर पुंनु वड पुंनो ॥९॥

ਜੋ ਗੁਰਸਿਖ ਗੁਰੁ ਸੇਵਦੇ ਸੇ ਪੁੰਨ ਪਰਾਣੀ ॥ (726-1)
जो गुरसिख गुरु सेवदे से पुंन पराणी ॥

ਜਨੁ ਨਾਨਕੁ ਤਿਨ ਕਉ ਵਾਰਿਆ ਸਦਾ ਸਦਾ ਕੁਰਬਾਣੀ ॥੧੦॥ (726-1)
जनु नानकु तिन कउ वारिआ सदा सदा कुरबाणी ॥१०॥

ਗੁਰਮੁਖਿ ਸਖੀ ਸਹੇਲੀਆ ਸੇ ਆਪਿ ਹਰਿ ਭਾਈਆ ॥ (726-2)
गुरमुखि सखी सहेलीआ से आपि हरि भाईआ ॥

ਹਰਿ ਦਰਗਹ ਪੈਨਾਈਆ ਹਰਿ ਆਪਿ ਗਲਿ ਲਾਈਆ ॥੧੧॥ (726-2)
हरि दरगह पैनाईआ हरि आपि गलि लाईआ ॥११॥

ਜੋ ਗੁਰਮੁਖਿ ਨਾਮੁ ਧਿਆਇਦੇ ਤਿਨ ਦਰਸਨੁ ਦੀਜੈ ॥ (726-3)
जो गुरमुखि नामु धिआइदे तिन दरसनु दीजै ॥

ਹਮ ਤਿਨ ਕੇ ਚਰਣ ਪਖਾਲਦੇ ਧੂੜਿ ਘੋਲਿ ਘੋਲਿ ਪੀਜੈ ॥੧੨॥ (726-3)
हम तिन के चरण पखालदे धूड़ि घोलि घोलि पीजै ॥१२॥

ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆ ॥ (726-4)
पान सुपारी खातीआ मुखि बीड़ीआ लाईआ ॥

ਹਰਿ ਹਰਿ ਕਦੇ ਨ ਚੇਤਿਓ ਜਮਿ ਪਕੜਿ ਚਲਾਈਆ ॥੧੩॥ (726-4)
हरि हरि कदे न चेतिओ जमि पकड़ि चलाईआ ॥१३॥

ਜਿਨ ਹਰਿ ਨਾਮਾ ਹਰਿ ਚੇਤਿਆ ਹਿਰਦੈ ਉਰਿ ਧਾਰੇ ॥ (726-5)
जिन हरि नामा हरि चेतिआ हिरदै उरि धारे ॥

ਤਿਨ ਜਮੁ ਨੇੜਿ ਨ ਆਵਈ ਗੁਰਸਿਖ ਗੁਰ ਪਿਆਰੇ ॥੧੪॥ (726-5)
तिन जमु नेड़ि न आवई गुरसिख गुर पिआरे ॥१४॥

ਹਰਿ ਕਾ ਨਾਮੁ ਨਿਧਾਨੁ ਹੈ ਕੋਈ ਗੁਰਮੁਖਿ ਜਾਣੈ ॥ (726-6)
हरि का नामु निधानु है कोई गुरमुखि जाणै ॥

ਨਾਨਕ ਜਿਨ ਸਤਿਗੁਰੁ ਭੇਟਿਆ ਰੰਗਿ ਰਲੀਆ ਮਾਣੈ ॥੧੫॥ (726-6)
नानक जिन सतिगुरु भेटिआ रंगि रलीआ माणै ॥१५॥

ਸਤਿਗੁਰੁ ਦਾਤਾ ਆਖੀਐ ਤੁਸਿ ਕਰੇ ਪਸਾਓ ॥ (726-7)
सतिगुरु दाता आखीऐ तुसि करे पसाओ ॥

ਹਉ ਗੁਰ ਵਿਟਹੁ ਸਦ ਵਾਰਿਆ ਜਿਨਿ ਦਿਤੜਾ ਨਾਓ ॥੧੬॥ (726-7)
हउ गुर विटहु सद वारिआ जिनि दितड़ा नाओ ॥१६॥

ਸੋ ਧੰਨੁ ਗੁਰੂ ਸਾਬਾਸਿ ਹੈ ਹਰਿ ਦੇਇ ਸਨੇਹਾ ॥ (726-8)
सो धंनु गुरू साबासि है हरि देइ सनेहा ॥

ਹਉ ਵੇਖਿ ਵੇਖਿ ਗੁਰੂ ਵਿਗਸਿਆ ਗੁਰ ਸਤਿਗੁਰ ਦੇਹਾ ॥੧੭॥ (726-8)
हउ वेखि वेखि गुरू विगसिआ गुर सतिगुर देहा ॥१७॥

ਗੁਰ ਰਸਨਾ ਅੰਮ੍ਰਿਤੁ ਬੋਲਦੀ ਹਰਿ ਨਾਮਿ ਸੁਹਾਵੀ ॥ (726-9)
गुर रसना अमृतु बोलदी हरि नामि सुहावी ॥

ਜਿਨ ਸੁਣਿ ਸਿਖਾ ਗੁਰੁ ਮੰਨਿਆ ਤਿਨਾ ਭੁਖ ਸਭ ਜਾਵੀ ॥੧੮॥ (726-9)
जिन सुणि सिखा गुरु मंनिआ तिना भुख सभ जावी ॥१८॥

ਹਰਿ ਕਾ ਮਾਰਗੁ ਆਖੀਐ ਕਹੁ ਕਿਤੁ ਬਿਧਿ ਜਾਈਐ ॥ (726-10)
हरि का मारगु आखीऐ कहु कितु बिधि जाईऐ ॥

ਹਰਿ ਹਰਿ ਤੇਰਾ ਨਾਮੁ ਹੈ ਹਰਿ ਖਰਚੁ ਲੈ ਜਾਈਐ ॥੧੯॥ (726-10)
हरि हरि तेरा नामु है हरि खरचु लै जाईऐ ॥१९॥

ਜਿਨ ਗੁਰਮੁਖਿ ਹਰਿ ਆਰਾਧਿਆ ਸੇ ਸਾਹ ਵਡ ਦਾਣੇ ॥ (726-11)
जिन गुरमुखि हरि आराधिआ से साह वड दाणे ॥

ਹਉ ਸਤਿਗੁਰ ਕਉ ਸਦ ਵਾਰਿਆ ਗੁਰ ਬਚਨਿ ਸਮਾਣੇ ॥੨੦॥ (726-11)
हउ सतिगुर कउ सद वारिआ गुर बचनि समाणे ॥२०॥

ਤੂ ਠਾਕੁਰੁ ਤੂ ਸਾਹਿਬੋ ਤੂਹੈ ਮੇਰਾ ਮੀਰਾ ॥ (726-12)
तू ठाकुरु तू साहिबो तूहै मेरा मीरा ॥

नानक गुर कउ सद बलि जावै ॥४॥१६॥२२॥

ਸੂਹੀ ਮਹਲਾ ੫ ॥ (741-16)
सूही महला ५ ॥

ਗੁਰ ਅਪੁਨੇ ਊਪਰਿ ਬਲਿ ਜਾਈਐ ॥ (741-16)
गुर अपुने ऊपरि बलि जाईऐ ॥

ਆਠ ਪਹਰ ਹਰਿ ਹਰਿ ਜਸੁ ਗਾਈਐ ॥੧॥ (741-17)
आठ पहर हरि हरि जसु गाईऐ ॥१॥

ਸਿਮਰਉ ਸੋ ਪ੍ਰਭੁ ਅਪਨਾ ਸੁਆਮੀ ॥ (741-17)
सिमरउ सो प्रभु अपना सुआमी ॥

ਸਗਲ ਘਟਾ ਕਾ ਅੰਤਰਜਾਮੀ ॥੧॥ ਰਹਾਉ ॥ (741-17)
सगल घटा का अंतरजामी ॥१॥ रहाउ ॥

ਚਰਣ ਕਮਲ ਸਿਉ ਲਾਗੀ ਪ੍ਰੀਤਿ ॥ (741-18)
चरण कमल सिउ लागी प्रीति ॥

ਸਾਚੀ ਪੂਰਨ ਨਿਰਮਲ ਰੀਤਿ ॥੨॥ (741-18)
साची पूरन निरमल रीति ॥२॥

ਸੰਤ ਪ੍ਰਸਾਦਿ ਵਸੈ ਮਨ ਮਾਹੀ ॥ (741-18)
संत प्रसादि वसै मन माही ॥

ਜਨਮ ਜਨਮ ਕੇ ਕਿਲਵਿਖ ਜਾਹੀ ॥੩॥ (741-19)
जनम जनम के किलविख जाही ॥३॥

ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥ (741-19)
करि किरपा प्रभ दीन दइआला ॥

ਨਾਨਕੁ ਮਾਗੈ ਸੰਤ ਰਵਾਲਾ ॥੪॥੧੭॥੨੩॥ (741-19)
नानकु मागै संत रवाला ॥४॥१७॥२३॥

ਸੂਹੀ ਮਹਲਾ ੫ ॥ (742-1)
सूही महला ५ ॥

ਦਰਸਨੁ ਦੇਖਿ ਜੀਵਾ ਗੁਰ ਤੇਰਾ ॥ (742-1)
दरसनु देखि जीवा गुर तेरा ॥

ਪੂਰਨ ਕਰਮੁ ਹੋਇ ਪ੍ਰਭ ਮੇਰਾ ॥੧॥ (742-1)
पूरन करमु होइ प्रभ मेरा ॥१॥

ਇਹ ਬੇਨੰਤੀ ਸੁਣਿ ਪ੍ਰਭ ਮੇਰੇ ॥ (742-2)
इह बेनंती सुणि प्रभ मेरे ॥

ਦੇਹਿ ਨਾਮੁ ਕਰਿ ਅਪਣੇ ਚੇਰੇ ॥੧॥ ਰਹਾਉ ॥ (742-2)
देहि नामु करि अपणे चेरे ॥१॥ रहाउ ॥

ਅਪਣੀ ਸਰਣਿ ਰਾਖੁ ਪ੍ਰਭ ਦਾਤੇ ॥ (742-2)
अपणी सरणि राखु प्रभ दाते ॥

ਗੁਰ ਪ੍ਰਸਾਦਿ ਕਿਨੈ ਵਿਰਲੈ ਜਾਤੇ ॥੨॥ (742-3)
गुर प्रसादि किनै विरलै जाते ॥२॥

ਸੁਨਹੁ ਬਿਨਉ ਪ੍ਰਭ ਮੇਰੇ ਮੀਤਾ ॥ (742-3)
सुनहु बिनउ प्रभ मेरे मीता ॥

ਚਰਣ ਕਮਲ ਵਸਹਿ ਮੇਰੈ ਚੀਤਾ ॥੩॥ (742-3)
चरण कमल वसहि मेरै चीता ॥३॥

ਨਾਨਕੁ ਏਕ ਕਰੈ ਅਰਦਾਸਿ ॥ (742-4)
नानकु एक करै अरदासि ॥

ਵਿਸਰੁ ਨਾਹੀ ਪੂਰਨ ਗੁਣਤਾਸਿ ॥੪॥੧੮॥੨੪॥ (742-4)
विसरु नाही पूरन गुणतासि ॥४॥१८॥२४॥

ਸੂਹੀ ਮਹਲਾ ੫ ॥ (742-4)
सूही महला ५ ॥

ਮੀਤੁ ਸਾਜਨੁ ਸੁਤ ਬੰਧਪ ਭਾਈ ॥ (742-5)
मीतु साजनु सुत बंधप भाई ॥

ਜਤ ਕਤ ਪੇਖਉ ਹਰਿ ਸੰਗਿ ਸਹਾਈ ॥੧॥ (742-5)
जत कत पेखउ हरि संगि सहाई ॥१॥

ਜਤਿ ਮੇਰੀ ਪਤਿ ਮੇਰੀ ਧਨੁ ਹਰਿ ਨਾਮੁ ॥ (742-5)
जति मेरी पति मेरी धनु हरि नामु ॥

ਸੂਖ ਸਹਜ ਆਨੰਦ ਬਿਸਰਾਮ ॥੧॥ ਰਹਾਉ ॥ (742-6)
सूख सहज आनंद बिसराम ॥१॥ रहाउ ॥

ਪਾਰਬ੍ਰਹਮੁ ਜਪਿ ਪਹਿਰਿ ਸਨਾਹ ॥ (742-6)
पारब्रहमु जपि पहिरि सनाह ॥

ਕੋਟਿ ਆਵਧ ਤਿਸੁ ਬੇਧਤ ਨਾਹਿ ॥੨॥ (742-6)
कोटि आवध तिसु बेधत नाहि ॥२॥

ਹਰਿ ਚਰਨ ਸਰਣ ਗੜ੍ਹ ਕੋਟ ਹਮਾਰੈ ॥ (742-7)
हरि चरन सरण गड़ कोट हमारै ॥

ਕਾਲੁ ਕੰਟਕੁ ਜਮੁ ਤਿਸੁ ਨ ਬਿਦਾਰੈ ॥੩॥ (742-7)
कालु कंटकु जमु तिसु न बिदारै ॥३॥

ਨਾਨਕ ਦਾਸ ਸਦਾ ਬਲਿਹਾਰੀ ॥ (742-7)
नानक दास सदा बलिहारी ॥

ਸੇਵਕ ਸੰਤ ਰਾਜਾ ਰਾਮ ਮੁਰਾਰੀ ॥੪॥੧੯॥੨੫॥ (742-8)
सेवक संत राजा राम मुरारी ॥४॥१९॥२५॥

ਸੂਹੀ ਮਹਲਾ ੫ ॥ (742-8)
सूही महला ५ ॥

ਗੁਣ ਗੋਪਾਲ ਪ੍ਰਭ ਕੇ ਨਿਤ ਗਾਹਾ ॥ (742-8)
गुण गोपाल प्रभ के नित गाहा ॥

ਅਨਦ ਬਿਨੋਦ ਮੰਗਲ ਸੁਖ ਤਾਹਾ ॥੧॥ (742-9)
अनद बिनोद मंगल सुख ताहा ॥१॥

ਚਲੁ ਸਖੀਏ ਪ੍ਰਭੁ ਰਾਵਣ ਜਾਹਾ ॥ (742-9)
चलु सखीए प्रभु रावण जाहा ॥

ਸਾਧ ਜਨਾ ਕੀ ਚਰਣੀ ਪਾਹਾ ॥੧॥ ਰਹਾਉ ॥ (742-9)
साध जना की चरणी पाहा ॥१॥ रहाउ ॥

ਕਰਿ ਬੇਨਤੀ ਜਨ ਧੂਰਿ ਬਾਛਾਹਾ ॥ (742-10)
करि बेनती जन धूरि बाछाहा ॥

ਜਨਮ ਜਨਮ ਕੇ ਕਿਲਵਿਖ ਲਾਹਾਂ ॥੨॥ (742-10)
जनम जनम के किलविख लाहां ॥२॥

ਮਨੁ ਤਨੁ ਪ੍ਰਾਣ ਜੀਉ ਅਰਪਾਹਾ ॥ (742-11)
मनु तनु प्राण जीउ अरपाहा ॥

ਹਰਿ ਸਿਮਰਿ ਸਿਮਰਿ ਮਾਨੁ ਮੋਹੁ ਕਟਾਹਾਂ ॥੩॥ (742-11)
हरि सिमरि सिमरि मानु मोहु कटाहां ॥३॥

ਦੀਨ ਦਇਆਲ ਕਰਹੁ ਉਤਸਾਹਾ ॥ (742-11)
दीन दइआल करहु उतसाहा ॥

ਨਾਨਕ ਦਾਸ ਹਰਿ ਸਰਣਿ ਸਮਾਹਾ ॥੪॥੨੦॥੨੬॥ (742-12)
नानक दास हरि सरणि समाहा ॥४॥२०॥२६॥

ਸੂਹੀ ਮਹਲਾ ੫ ॥ (742-12)
सूही महला ५ ॥

ਬੈਕੁੰਠ ਨਗਰੁ ਜਹਾ ਸੰਤ ਵਾਸਾ ॥ (742-12)
बैकुंठ नगरु जहा संत वासा ॥

ਪ੍ਰਭ ਚਰਣ ਕਮਲ ਰਿਦ ਮਾਹਿ ਨਿਵਾਸਾ ॥੧॥ (742-13)
प्रभ चरण कमल रिद माहि निवासा ॥१॥

ਸੁਣਿ ਮਨ ਤਨ ਤੁਝੁ ਸੁਖੁ ਦਿਖਲਾਵਉ ॥ (742-13)
सुणि मन तन तुझु सुखु दिखलावउ ॥

ਹਰਿ ਅਨਿਕ ਬਿੰਜਨ ਤੁਝੁ ਭੋਗ ਭੁੰਚਾਵਉ ॥੧॥ ਰਹਾਉ ॥ (742-13)
हरि अनिक बिंजन तुझु भोग भुंचावउ ॥१॥ रहाउ ॥

ਅੰਮ੍ਰਿਤ ਨਾਮੁ ਭੁੰਚੁ ਮਨ ਮਾਹੀ ॥ (742-14)
अमृत नामु भुंचु मन माही ॥

ਅਚਰਜ ਸਾਦ ਤਾ ਕੇ ਬਰਨੇ ਨ ਜਾਹੀ ॥੨॥ (742-14)
अचरज साद ता के बरने न जाही ॥२॥

ਲੋਭੁ ਮੂਆ ਤ੍ਰਿਸਨਾ ਬੁਝਿ ਥਾਕੀ ॥ (742-15)
लोभु मूआ त्रिसना बुझि थाकी ॥

ਪਾਰਬ੍ਰਹਮ ਕੀ ਸਰਣਿ ਜਨ ਤਾਕੀ ॥੩॥ (742-15)
पारब्रहम की सरणि जन ताकी ॥३॥

ਜਨਮ ਜਨਮ ਕੇ ਭੈ ਮੋਹ ਨਿਵਾਰੇ ॥ (742-15)
जनम जनम के भै मोह निवारे ॥

ਨਾਨਕ ਦਾਸ ਪ੍ਰਭ ਕਿਰਪਾ ਧਾਰੇ ॥੪॥੨੧॥੨੭॥ (742-16)
नानक दास प्रभ किरपा धारे ॥४॥२१॥२७॥

ਸੂਹੀ ਮਹਲਾ ੫ ॥ (742-16)
सूही महला ५ ॥

ਅਨਿਕ ਬੀਂਗ ਦਾਸ ਕੇ ਪਰਹਰਿਆ ॥ (742-16)
अनिक बींग दास के परहरिआ ॥

ਕਰਿ ਕਿਰਪਾ ਪ੍ਰਭਿ ਅਪਨਾ ਕਰਿਆ ॥੧॥ (742-17)
करि किरपा प्रभि अपना करिआ ॥१॥

ਤੁਮਹਿ ਛਡਾਇ ਲੀਓ ਜਨੁ ਅਪਨਾ ॥ (742-17)
तुमहि छडाइ लीओ जनु अपना ॥

ਉਰਝਿ ਪਰਿਓ ਜਾਲੁ ਜਗੁ ਸੁਪਨਾ ॥੧॥ ਰਹਾਉ ॥ (742-18)
उरझि परिओ जालु जगु सुपना ॥१॥ रहाउ ॥

ਪਰਬਤ ਦੋਖ ਮਹਾ ਬਿਕਰਾਲਾ ॥ (742-18)
परबत दोख महा बिकराला ॥

ਖਿਨ ਮਹਿ ਦੂਰਿ ਕੀਏ ਦਇਆਲਾ ॥੨॥ (742-18)
खिन महि दूरि कीए दइआला ॥२॥

ਸੋਗ ਰੋਗ ਬਿਪਤਿ ਅਤਿ ਭਾਰੀ ॥ (742-19)
सोग रोग बिपति अति भारी ॥

ਦੂਰਿ ਭਈ ਜਪਿ ਨਾਮੁ ਮੁਰਾਰੀ ॥੩॥ (742-19)
दूरि भई जपि नामु मुरारी ॥३॥

ਦ੍ਰਿਸਟਿ ਧਾਰਿ ਲੀਨੋ ਲੜਿ ਲਾਇ ॥ (742-19)
द्रिसटि धारि लीनो लड़ि लाइ ॥

ਹਰਿ ਚਰਣ ਗਹੇ ਨਾਨਕ ਸਰਣਾਇ ॥੪॥੨੨॥੨੮॥ (743-1)
हरि चरण गहे नानक सरणाइ ॥४॥२२॥२८॥

ਸੂਹੀ ਮਹਲਾ ੫ ॥ (743-1)
सूही महला ५ ॥

ਦੀਨੁ ਛਡਾਇ ਦੁਨੀ ਜੋ ਲਾਏ ॥ (743-1)
दीनु छडाइ दुनी जो लाए ॥

ਦੁਹੀ ਸਰਾਈ ਖੁਨਾਮੀ ਕਹਾਏ ॥੧॥ (743-2)
दुही सराई खुनामी कहाए ॥१॥

ਜੋ ਤਿਸੁ ਭਾਵੈ ਸੋ ਪਰਵਾਣੁ ॥ (743-2)
जो तिसु भावै सो परवाणु ॥

ਆਪਣੀ ਕੁਦਰਤਿ ਆਪੇ ਜਾਣੁ ॥੧॥ ਰਹਾਉ ॥ (743-2)
आपणी कुदरति आपे जाणु ॥१॥ रहाउ ॥

ਸਚਾ ਧਰਮੁ ਪੁੰਨੁ ਭਲਾ ਕਰਾਏ ॥ (743-3)
सचा धरमु पुंनु भला कराए ॥

ਦੀਨ ਕੈ ਤੋਸੈ ਦੁਨੀ ਨ ਜਾਏ ॥੨॥ (743-3)
दीन कै तोसै दुनी न जाए ॥२॥

ਸਰਬ ਨਿਰੰਤਰਿ ਏਕੋ ਜਾਗੈ ॥ (743-3)
सरब निरंतरि एको जागै ॥

ਜਿਤੁ ਜਿਤੁ ਲਾਇਆ ਤਿਤੁ ਤਿਤੁ ਕੋ ਲਾਗੈ ॥੩॥ (743-4)
जितु जितु लाइआ तितु तितु को लागै ॥३॥

ਅਗਮ ਅਗੋਚਰੁ ਸਚੁ ਸਾਹਿਬੁ ਮੇਰਾ ॥ (743-4)
अगम अगोचरु सचु साहिबु मेरा ॥

ਨਾਨਕੁ ਬੋਲੈ ਬੋਲਾਇਆ ਤੇਰਾ ॥੪॥੨੩॥੨੯॥ (743-4)
नानकु बोलै बोलाइआ तेरा ॥४॥२३॥२९॥

ਸੂਹੀ ਮਹਲਾ ੫ ॥ (743-5)
सूही महला ५ ॥

ਪ੍ਰਾਤਹਕਾਲਿ ਹਰਿ ਨਾਮੁ ਉਚਾਰੀ ॥ (743-5)
प्रातहकालि हरि नामु उचारी ॥

ਈਤ ਊਤ ਕੀ ਓਟ ਸਵਾਰੀ ॥੧॥ (743-5)
ईत ऊत की ओट सवारी ॥१॥

ਸਦਾ ਸਦਾ ਜਪੀਐ ਹਰਿ ਨਾਮ ॥ (743-6)
सदा सदा जपीऐ हरि नाम ॥

ਪੂਰਨ ਹੋਵਹਿ ਮਨ ਕੇ ਕਾਮ ॥੧॥ ਰਹਾਉ ॥ (743-6)
पूरन होवहि मन के काम ॥१॥ रहाउ ॥

ਪ੍ਰਭੁ ਅਬਿਨਾਸੀ ਰੈਣਿ ਦਿਨੁ ਗਾਉ ॥ (743-6)
प्रभु अबिनासी रैणि दिनु गाउ ॥

ਜੀਵਤ ਮਰਤ ਨਿਹਚਲੁ ਪਾਵਹਿ ਥਾਉ ॥੨॥ (743-7)
जीवत मरत निहचलु पावहि थाउ ॥२॥

ਸੋ ਸਾਹੁ ਸੇਵਿ ਜਿਤੁ ਤੋਟਿ ਨ ਆਵੈ ॥ (743-7)
सो साहु सेवि जितु तोटि न आवै ॥

ਖਾਤ ਖਰਚਤ ਸੁਖਿ ਅਨਦਿ ਵਿਹਾਵੈ ॥੩॥ (743-7)
खात खरचत सुखि अनदि विहावै ॥३॥

ਜਗਜੀਵਨ ਪੁਰਖੁ ਸਾਧਸੰਗਿ ਪਾਇਆ ॥ (743-8)
जगजीवन पुरखु साधसंगि पाइआ ॥

ਗੁਰ ਪ੍ਰਸਾਦਿ ਨਾਨਕ ਨਾਮੁ ਧਿਆਇਆ ॥੪॥੨੪॥੩੦॥ (743-8)
गुर प्रसादि नानक नामु धिआइआ ॥४॥२४॥३०॥

ਸੂਹੀ ਮਹਲਾ ੫ ॥ (743-9)
सूही महला ५ ॥

ਗੁਰ ਪੂਰੇ ਜਬ ਭਏ ਦਇਆਲ ॥ (743-9)
गुर पूरे जब भए दइआल ॥

ਦੁਖ ਬਿਨਸੇ ਪੂਰਨ ਭਈ ਘਾਲ ॥੧॥ (743-9)
दुख बिनसे पूरन भई घाल ॥१॥

ਪੇਖਿ ਪੇਖਿ ਜੀਵਾ ਦਰਸੁ ਤੁਮ੍ਹਾਰਾ ॥ (743-10)
पेखि पेखि जीवा दरसु तुम्हारा ॥

ਚਰਣ ਕਮਲ ਜਾਈ ਬਲਿਹਾਰਾ ॥ (743-10)
चरण कमल जाई बलिहारा ॥

ਤੁਝ ਬਿਨੁ ਠਾਕੁਰ ਕਵਨੁ ਹਮਾਰਾ ॥੧॥ ਰਹਾਉ ॥ (743-10)
तुझ बिनु ठाकुर कवनु हमारा ॥१॥ रहाउ ॥

ਸਾਧਸੰਗਤਿ ਸਿਉ ਪ੍ਰੀਤਿ ਬਣਿ ਆਈ ॥ (743-11)
साधसंगति सिउ प्रीति बणि आई ॥

ਪੂਰਬ ਕਰਮਿ ਲਿਖਤ ਧੁਰਿ ਪਾਈ ॥੨॥ (743-11)
पूरब करमि लिखत धुरि पाई ॥२॥

ਜਪਿ ਹਰਿ ਹਰਿ ਨਾਮੁ ਅਚਰਜੁ ਪਰਤਾਪ ॥ (743-11)
जपि हरि हरि नामु अचरजु परताप ॥

ਜਾਲਿ ਨ ਸਾਕਹਿ ਤੀਨੇ ਤਾਪ ॥੩॥ (743-12)
जालि न साकहि तीने ताप ॥३॥

ਨਿਮਖ ਨ ਬਿਸਰਹਿ ਹਰਿ ਚਰਣ ਤੁਮ੍ਹਾਰੇ ॥ (743-12)
निमख न बिसरहि हरि चरण तुम्हारे ॥

ਨਾਨਕੁ ਮਾਗੈ ਦਾਨੁ ਪਿਆਰੇ ॥੪॥੨੫॥੩੧॥ (743-13)
नानकु मागै दानु पिआरे ॥४॥२५॥३१॥

ਸੂਹੀ ਮਹਲਾ ੫ ॥ (743-13)
सूही महला ५ ॥

ਸੇ ਸੰਜੋਗ ਕਰਹੁ ਮੇਰੇ ਪਿਆਰੇ ॥ (743-13)
से संजोग करहु मेरे पिआरे ॥

ਜਿਤੁ ਰਸਨਾ ਹਰਿ ਨਾਮੁ ਉਚਾਰੇ ॥੧॥ (743-14)
जितु रसना हरि नामु उचारे ॥१॥

ਸੁਣਿ ਬੇਨਤੀ ਪ੍ਰਭ ਦੀਨ ਦਇਆਲਾ ॥ (743-14)
सुणि बेनती प्रभ दीन दइआला ॥

ਸਾਧ ਗਾਵਹਿ ਗੁਣ ਸਦਾ ਰਸਾਲਾ ॥੧॥ ਰਹਾਉ ॥ (743-14)
साध गावहि गुण सदा रसाला ॥१॥ रहाउ ॥

ਜੀਵਨ ਰੂਪੁ ਸਿਮਰਣੁ ਪ੍ਰਭ ਤੇਰਾ ॥ (743-15)
जीवन रूपु सिमरणु प्रभ तेरा ॥

ਜਿਸੁ ਕ੍ਰਿਪਾ ਕਰਹਿ ਬਸਹਿ ਤਿਸੁ ਨੇਰਾ ॥੨॥ (743-15)
जिसु क्रिपा करहि बसहि तिसु नेरा ॥२॥

ਜਨ ਕੀ ਭੂਖ ਤੇਰਾ ਨਾਮੁ ਅਹਾਰੁ ॥ (743-15)
जन की भूख तेरा नामु अहारु ॥

ਤੂੰ ਦਾਤਾ ਪ੍ਰਭ ਦੇਵਣਹਾਰੁ ॥੩॥ (743-16)
तूं दाता प्रभ देवणहारु ॥३॥

ਰਾਮ ਰਮਤ ਸੰਤਨ ਸੁਖੁ ਮਾਨਾ ॥ (743-16)
राम रमत संतन सुखु माना ॥

ਨਾਨਕ ਦੇਵਨਹਾਰ ਸੁਜਾਨਾ ॥੪॥੨੬॥੩੨॥ (743-16)
नानक देवनहार सुजाना ॥४॥२६॥३२॥

ਸੂਹੀ ਮਹਲਾ ੫ ॥ (743-17)
सूही महला ५ ॥

ਬਹਤੀ ਜਾਤ ਕਦੇ ਦ੍ਰਿਸਟਿ ਨ ਧਾਰਤ ॥ (743-17)
बहती जात कदे द्रिसटि न धारत ॥

ਮਿਥਿਆ ਮੋਹ ਬੰਧਹਿ ਨਿਤ ਪਾਰਚ ॥੧॥ (743-17)
मिथिआ मोह बंधहि नित पारच ॥१॥

ਮਾਧਵੇ ਭਜੁ ਦਿਨ ਨਿਤ ਰੈਣੀ ॥ (743-18)
माधवे भजु दिन नित रैणी ॥

ਜਨਮੁ ਪਦਾਰਥੁ ਜੀਤਿ ਹਰਿ ਸਰਣੀ ॥੧॥ ਰਹਾਉ ॥ (743-18)
जनमु पदारथु जीति हरि सरणी ॥१॥ रहाउ ॥

ਕਰਤ ਬਿਕਾਰ ਦੋਊ ਕਰ ਝਾਰਤ ॥ (743-18)
करत बिकार दोऊ कर झारत ॥

ਰਾਮ ਰਤਨੁ ਰਿਦ ਤਿਲੁ ਨਹੀ ਧਾਰਤ ॥੨॥ (743-19)
राम रतनु रिद तिलु नही धारत ॥२॥

ਭਰਣ ਪੋਖਣ ਸੰਗਿ ਅਉਧ ਬਿਹਾਣੀ ॥ (743-19)
भरण पोखण संगि अउध बिहाणी ॥

ਜੈ ਜਗਦੀਸ ਕੀ ਗਤਿ ਨਹੀ ਜਾਣੀ ॥੩॥ (744-1)
जै जगदीस की गति नही जाणी ॥३॥

ਸਰਣਿ ਸਮਰਥ ਅਗੋਚਰ ਸੁਆਮੀ ॥ (744-1)
सरणि समरथ अगोचर सुआमी ॥

ਉਧਰੁ ਨਾਨਕ ਪ੍ਰਭ ਅੰਤਰਜਾਮੀ ॥੪॥੨੭॥੩੩॥ (744-1)
उधरु नानक प्रभ अंतरजामी ॥४॥२७॥३३॥

ਸੂਹੀ ਮਹਲਾ ੫ ॥ (744-2)
सूही महला ५ ॥

ਸਾਧਸੰਗਿ ਤਰੈ ਭੈ ਸਾਗਰੁ ॥ (744-2)
साधसंगि तरै भै सागरु ॥

ਹਰਿ ਹਰਿ ਨਾਮੁ ਸਿਮਰਿ ਰਤਨਾਗਰੁ ॥੧॥ (744-2)
हरि हरि नामु सिमरि रतनागरु ॥१॥

ਸਿਮਰਿ ਸਿਮਰਿ ਜੀਵਾ ਨਾਰਾਇਣ ॥ (744-3)
सिमरि सिमरि जीवा नाराइण ॥

ਦੂਖ ਰੋਗ ਸੋਗ ਸਭਿ ਬਿਨਸੇ ਗੁਰ ਪੂਰੇ ਮਿਲਿ ਪਾਪ ਤਜਾਇਣ ॥੧॥ ਰਹਾਉ ॥ (744-3)
दूख रोग सोग सभि बिनसे गुर पूरे मिलि पाप तजाइण ॥१॥ रहाउ ॥

ਜੀਵਨ ਪਦਵੀ ਹਰਿ ਕਾ ਨਾਉ ॥ (744-4)
जीवन पदवी हरि का नाउ ॥

ਮਨੁ ਤਨੁ ਨਿਰਮਲੁ ਸਾਚੁ ਸੁਆਉ ॥੨॥ (744-4)
मनु तनु निरमलु साचु सुआउ ॥२॥

ਆਠ ਪਹਰ ਪਾਰਬ੍ਰਹਮੁ ਧਿਆਈਐ ॥ (744-4)
आठ पहर पारब्रहमु धिआईऐ ॥

ਪੂਰਬਿ ਲਿਖਤੁ ਹੋਇ ਤਾ ਪਾਈਐ ॥੩॥ (744-5)
पूरबि लिखतु होइ ता पाईऐ ॥३॥

ਸਰਣਿ ਪਏ ਜਪਿ ਦੀਨ ਦਇਆਲਾ ॥ (744-5)
सरणि पए जपि दीन दइआला ॥

ਨਾਨਕੁ ਜਾਚੈ ਸੰਤ ਰਵਾਲਾ ॥੪॥੨੮॥੩੪॥ (744-5)
नानकु जाचै संत रवाला ॥४॥२८॥३४॥

ਸੂਹੀ ਮਹਲਾ ੫ ॥ (744-6)
सूही महला ५ ॥

ਘਰ ਕਾ ਕਾਜੁ ਨ ਜਾਣੀ ਰੂੜਾ ॥ (744-6)
घर का काजु न जाणी रूड़ा ॥

ਝੂਠੈ ਧੰਧੈ ਰਚਿਓ ਮੂੜਾ ॥੧॥ (744-6)
झूठै धंधै रचिओ मूड़ा ॥१॥

ਜਿਤੁ ਤੂੰ ਲਾਵਹਿ ਤਿਤੁ ਤਿਤੁ ਲਗਨਾ ॥ (744-6)
जितु तूं लावहि तितु तितु लगना ॥

ਜਾ ਤੂੰ ਦੇਹਿ ਤੇਰਾ ਨਾਉ ਜਪਨਾ ॥੧॥ ਰਹਾਉ ॥ (744-7)
जा तूं देहि तेरा नाउ जपना ॥१॥ रहाउ ॥

ਹਰਿ ਕੇ ਦਾਸ ਹਰਿ ਸੇਤੀ ਰਾਤੇ ॥ (744-7)
हरि के दास हरि सेती राते ॥

ਰਾਮ ਰਸਾਇਣਿ ਅਨਦਿਨੁ ਮਾਤੇ ॥੨॥ (744-8)
राम रसाइणि अनदिनु माते ॥२॥

ਬਾਹ ਪਕਰਿ ਪ੍ਰਭਿ ਆਪੇ ਕਾਢੇ ॥ (744-8)
बाह पकरि प्रभि आपे काढे ॥

ਜਨਮ ਜਨਮ ਕੇ ਟੂਟੇ ਗਾਢੇ ॥੩॥ (744-8)
जनम जनम के टूटे गाढे ॥३॥

ਉਧਰੁ ਸੁਆਮੀ ਪ੍ਰਭ ਕਿਰਪਾ ਧਾਰੇ ॥ (744-9)
उधरु सुआमी प्रभ किरपा धारे ॥

ਨਾਨਕ ਦਾਸ ਹਰਿ ਸਰਣਿ ਦੁਆਰੇ ॥੪॥੨੯॥੩੫॥ (744-9)
नानक दास हरि सरणि दुआरे ॥४॥२९॥३५॥

ਸੂਹੀ ਮਹਲਾ ੫ ॥ (744-9)
सूही महला ५ ॥

ਸੰਤ ਪ੍ਰਸਾਦਿ ਨਿਹਚਲੁ ਘਰੁ ਪਾਇਆ ॥ (744-10)
संत प्रसादि निहचलु घरु पाइआ ॥

ਸਰਬ ਸੂਖ ਫਿਰਿ ਨਹੀ ਡੋੁਲਾਇਆ ॥੧॥ (744-10)
सरब सूख फिरि नही डोुलाइआ ॥१॥

ਗੁਰੂ ਧਿਆਇ ਹਰਿ ਚਰਨ ਮਨਿ ਚੀਨ੍ਹ੍ਹੇ ॥ (744-10)
गुरू धिआइ हरि चरन मनि चीन्हे ॥

ਤਾ ਤੇ ਕਰਤੈ ਅਸਥਿਰੁ ਕੀਨ੍ਹ੍ਹੇ ॥੧॥ ਰਹਾਉ ॥ (744-11)
ता ते करतै असथिरु कीन्हे ॥१॥ रहाउ ॥

ਗੁਣ ਗਾਵਤ ਅਚੁਤ ਅਬਿਨਾਸੀ ॥ (744-11)
गुण गावत अचुत अबिनासी ॥

ਤਾ ਤੇ ਕਾਟੀ ਜਮ ਕੀ ਫਾਸੀ ॥੨॥ (744-11)
ता ते काटी जम की फासी ॥२॥

ਕਰਿ ਕਿਰਪਾ ਲੀਨੇ ਲੜਿ ਲਾਏ ॥ (744-12)
करि किरपा लीने लड़ि लाए ॥

ਸਦਾ ਅਨਦੁ ਨਾਨਕ ਗੁਣ ਗਾਏ ॥੩॥੩੦॥੩੬॥ (744-12)
सदा अनदु नानक गुण गाए ॥३॥३०॥३६॥

ਸੂਹੀ ਮਹਲਾ ੫ ॥ (744-13)
सूही महला ५ ॥

ਅੰਮ੍ਰਿਤ ਬਚਨ ਸਾਧ ਕੀ ਬਾਣੀ ॥ (744-13)
अमृत बचन साध की बाणी ॥

ਜੋ ਜੋ ਜਪੈ ਤਿਸ ਕੀ ਗਤਿ ਹੋਵੈ ਹਰਿ ਹਰਿ ਨਾਮੁ ਨਿਤ ਰਸਨ ਬਖਾਨੀ ॥੧॥ ਰਹਾਉ ॥ (744-13)
जो जो जपै तिस की गति होवै हरि हरि नामु नित रसन बखानी ॥१॥ रहाउ ॥

ਕਲੀ ਕਾਲ ਕੇ ਮਿਟੇ ਕਲੇਸਾ ॥ (744-14)
कली काल के मिटे कलेसा ॥

ਏਕੋ ਨਾਮੁ ਮਨ ਮਹਿ ਪਰਵੇਸਾ ॥੧॥ (744-14)
एको नामु मन महि परवेसा ॥१॥

ਸਾਧੂ ਧੂਰਿ ਮੁਖਿ ਮਸਤਕਿ ਲਾਈ ॥ (744-14)
साधू धूरि मुखि मसतकि लाई ॥

ਨਾਨਕ ਉਧਰੇ ਹਰਿ ਗੁਰ ਸਰਣਾਈ ॥੨॥੩੧॥੩੭॥ (744-15)
नानक उधरे हरि गुर सरणाई ॥२॥३१॥३७॥

ਸੂਹੀ ਮਹਲਾ ੫ ਘਰੁ ੩ ॥ (744-15)
सूही महला ५ घरु ३ ॥

ਗੋਬਿੰਦਾ ਗੁਣ ਗਾਉ ਦਇਆਲਾ ॥ (744-15)
गोबिंदा गुण गाउ दइआला ॥

ਦਰਸਨੁ ਦੇਹੁ ਪੂਰਨ ਕਿਰਪਾਲਾ ॥ ਰਹਾਉ ॥ (744-16)
दरसनु देहु पूरन किरपाला ॥ रहाउ ॥

ਕਰਿ ਕਿਰਪਾ ਤੁਮ ਹੀ ਪ੍ਰਤਿਪਾਲਾ ॥ (744-16)
करि किरपा तुम ही प्रतिपाला ॥

ਜੀਉ ਪਿੰਡੁ ਸਭੁ ਤੁਮਰਾ ਮਾਲਾ ॥੧॥ (744-16)
जीउ पिंडु सभु तुमरा माला ॥१॥

ਅੰਮ੍ਰਿਤ ਨਾਮੁ ਚਲੈ ਜਪਿ ਨਾਲਾ ॥ (744-17)
अमृत नामु चलै जपि नाला ॥

ਨਾਨਕੁ ਜਾਚੈ ਸੰਤ ਰਵਾਲਾ ॥੨॥੩੨॥੩੮॥ (744-17)
नानकु जाचै संत रवाला ॥२॥३२॥३८॥

ਸੂਹੀ ਮਹਲਾ ੫ ॥ (744-18)
सूही महला ५ ॥

ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥ (744-18)
तिसु बिनु दूजा अवरु न कोई ॥

ਆਪੇ ਥੰਮੈ ਸਚਾ ਸੋਈ ॥੧॥ (744-18)
आपे थंमै सचा सोई ॥१॥

ਹਰਿ ਹਰਿ ਨਾਮੁ ਮੇਰਾ ਆਧਾਰੁ ॥ (744-18)
हरि हरि नामु मेरा आधारु ॥

ਕਰਣ ਕਾਰਣ ਸਮਰਥੁ ਅਪਾਰੁ ॥੧॥ ਰਹਾਉ ॥ (744-19)
करण कारण समरथु अपारु ॥१॥ रहाउ ॥

ਸਭ ਰੋਗ ਮਿਟਾਵੇ ਨਵਾ ਨਿਰੋਆ ॥ (744-19)
सभ रोग मिटावे नवा निरोआ ॥

ਨਾਨਕ ਰਖਾ ਆਪੇ ਹੋਆ ॥੨॥੩੩॥੩੯॥ (744-19)
नानक रखा आपे होआ ॥२॥३३॥३९॥

ਸੂਹੀ ਮਹਲਾ ੫ ॥ (745-1)
सूही महला ५ ॥

ਦਰਸਨ ਕਉ ਲੋਚੈ ਸਭੁ ਕੋਈ ॥ (745-1)
दरसन कउ लोचै सभु कोई ॥

ਪੂਰੈ ਭਾਗਿ ਪਰਾਪਤਿ ਹੋਈ ॥ ਰਹਾਉ ॥ (745-1)
पूरै भागि परापति होई ॥ रहाउ ॥

ਸਿਆਮ ਸੁੰਦਰ ਤਜਿ ਨੀਦ ਕਿਉ ਆਈ ॥ (745-2)
सिआम सुंदर तजि नीद किउ आई ॥

ਮਹਾ ਮੋਹਨੀ ਦੂਤਾ ਲਾਈ ॥੧॥ (745-2)
महा मोहनी दूता लाई ॥१॥

ਪ੍ਰੇਮ ਬਿਛੋਹਾ ਕਰਤ ਕਸਾਈ ॥ (745-2)
प्रेम बिछोहा करत कसाई ॥

ਨਿਰਦੈ ਜੰਤੁ ਤਿਸੁ ਦਇਆ ਨ ਪਾਈ ॥੨॥ (745-3)
निरदै जंतु तिसु दइआ न पाई ॥२॥

ਅਨਿਕ ਜਨਮ ਬੀਤੀਅਨ ਭਰਮਾਈ ॥ (745-3)
अनिक जनम बीतीअन भरमाई ॥

ਘਰਿ ਵਾਸੁ ਨ ਦੇਵੈ ਦੁਤਰ ਮਾਈ ॥੩॥ (745-3)
घरि वासु न देवै दुतर माई ॥३॥

ਦਿਨੁ ਰੈਨਿ ਅਪਨਾ ਕੀਆ ਪਾਈ ॥ (745-4)
दिनु रैनि अपना कीआ पाई ॥

ਕਿਸੁ ਦੋਸੁ ਨ ਦੀਜੈ ਕਿਰਤੁ ਭਵਾਈ ॥੪॥ (745-4)
किसु दोसु न दीजै किरतु भवाई ॥४॥

ਸੁਣਿ ਸਾਜਨ ਸੰਤ ਜਨ ਭਾਈ ॥ (745-4)
सुणि साजन संत जन भाई ॥

ਚਰਣ ਸਰਣ ਨਾਨਕ ਗਤਿ ਪਾਈ ॥੫॥੩੪॥੪੦॥ (745-5)
चरण सरण नानक गति पाई ॥५॥३४॥४०॥

ਰਾਗੁ ਸੂਹੀ ਮਹਲਾ ੫ ਘਰੁ ੪ (745-6)
रागु सूही महला ५ घरु ४

ੴ ਸਤਿਗੁਰ ਪ੍ਰਸਾਦਿ ॥ (745-6)
ੴ सतिगुर प्रसादि ॥

ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ ॥ (745-7)
भली सुहावी छापरी जा महि गुन गाए ॥

ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ ॥੧॥ ਰਹਾਉ ॥ (745-7)
कित ही कामि न धउलहर जितु हरि बिसराए ॥१॥ रहाउ ॥

ਅਨਦੁ ਗਰੀਬੀ ਸਾਧਸੰਗਿ ਜਿਤੁ ਪ੍ਰਭ ਚਿਤਿ ਆਏ ॥ (745-8)
अनदु गरीबी साधसंगि जितु प्रभ चिति आए ॥

ਜਲਿ ਜਾਉ ਏਹੁ ਬਡਪਨਾ ਮਾਇਆ ਲਪਟਾਏ ॥੧॥ (745-8)
जलि जाउ एहु बडपना माइआ लपटाए ॥१॥

ਪੀਸਨੁ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ ॥ (745-9)
पीसनु पीसि ओढि कामरी सुखु मनु संतोखाए ॥

ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ ॥੨॥ (745-9)
ऐसो राजु न कितै काजि जितु नह त्रिपताए ॥२॥

ਨਗਨ ਫਿਰਤ ਰੰਗਿ ਏਕ ਕੈ ਓਹੁ ਸੋਭਾ ਪਾਏ ॥ (745-9)
नगन फिरत रंगि एक कै ओहु सोभा पाए ॥

ਪਾਟ ਪਟੰਬਰ ਬਿਰਥਿਆ ਜਿਹ ਰਚਿ ਲੋਭਾਏ ॥੩॥ (745-10)
पाट पट्म्बर बिरथिआ जिह रचि लोभाए ॥३॥

ਸਭੁ ਕਿਛੁ ਤੁਮ੍ਹ੍ਹਰੈ ਹਾਥਿ ਪ੍ਰਭ ਆਪਿ ਕਰੇ ਕਰਾਏ ॥ (745-10)
सभु किछु तुम्हरै हाथि प्रभ आपि करे कराए ॥

ਸਾਸਿ ਸਾਸਿ ਸਿਮਰਤ ਰਹਾ ਨਾਨਕ ਦਾਨੁ ਪਾਏ ॥੪॥੧॥੪੧॥ (745-11)
सासि सासि सिमरत रहा नानक दानु पाए ॥४॥१॥४१॥

ਸੂਹੀ ਮਹਲਾ ੫ ॥ (745-11)
सूही महला ५ ॥

ਹਰਿ ਕਾ ਸੰਤੁ ਪਰਾਨ ਧਨ ਤਿਸ ਕਾ ਪਨਿਹਾਰਾ ॥ (745-12)
हरि का संतु परान धन तिस का पनिहारा ॥

ਭਾਈ ਮੀਤ ਸੁਤ ਸਗਲ ਤੇ ਜੀਅ ਹੂੰ ਤੇ ਪਿਆਰਾ ॥੧॥ ਰਹਾਉ ॥ (745-12)
भाई मीत सुत सगल ते जीअ हूं ते पिआरा ॥१॥ रहाउ ॥

ਕੇਸਾ ਕਾ ਕਰਿ ਬੀਜਨਾ ਸੰਤ ਚਉਰੁ ਢੁਲਾਵਉ ॥ (745-13)
केसा का करि बीजना संत चउरु ढुलावउ ॥

ਸੀਸੁ ਨਿਹਾਰਉ ਚਰਣ ਤਲਿ ਧੂਰਿ ਮੁਖਿ ਲਾਵਉ ॥੧॥ (745-13)
सीसु निहारउ चरण तलि धूरि मुखि लावउ ॥१॥

ਮਿਸਟ ਬਚਨ ਬੇਨਤੀ ਕਰਉ ਦੀਨ ਕੀ ਨਿਆਈ ॥ (745-14)
मिसट बचन बेनती करउ दीन की निआई ॥

ਤਜਿ ਅਭਿਮਾਨੁ ਸਰਣੀ ਪਰਉ ਹਰਿ ਗੁਣ ਨਿਧਿ ਪਾਈ ॥੨॥ (745-14)
तजि अभिमानु सरणी परउ हरि गुण निधि पाई ॥२॥

ਅਵਲੋਕਨ ਪੁਨਹ ਪੁਨਹ ਕਰਉ ਜਨ ਕਾ ਦਰਸਾਰੁ ॥ (745-15)
अवलोकन पुनह पुनह करउ जन का दरसारु ॥

ਅੰਮ੍ਰਿਤ ਬਚਨ ਮਨ ਮਹਿ ਸਿੰਚਉ ਬੰਦਉ ਬਾਰ ਬਾਰ ॥੩॥ (745-15)
अमृत बचन मन महि सिंचउ बंदउ बार बार ॥३॥

ਚਿਤਵਉ ਮਨਿ ਆਸਾ ਕਰਉ ਜਨ ਕਾ ਸੰਗੁ ਮਾਗਉ ॥ (745-16)
चितवउ मनि आसा करउ जन का संगु मागउ ॥

ਨਾਨਕ ਕਉ ਪ੍ਰਭ ਦਇਆ ਕਰਿ ਦਾਸ ਚਰਣੀ ਲਾਗਉ ॥੪॥੨॥੪੨॥ (745-16)
नानक कउ प्रभ दइआ करि दास चरणी लागउ ॥४॥२॥४२॥

ਸੂਹੀ ਮਹਲਾ ੫ ॥ (745-17)
सूही महला ५ ॥

ਜਿਨਿ ਮੋਹੇ ਬ੍ਰਹਮੰਡ ਖੰਡ ਤਾਹੂ ਮਹਿ ਪਾਉ ॥ (745-17)
जिनि मोहे ब्रहमंड खंड ताहू महि पाउ ॥

ਰਾਖਿ ਲੇਹੁ ਇਹੁ ਬਿਖਈ ਜੀਉ ਦੇਹੁ ਅਪੁਨਾ ਨਾਉ ॥੧॥ ਰਹਾਉ ॥ (745-17)
राखि लेहु इहु बिखई जीउ देहु अपुना नाउ ॥१॥ रहाउ ॥

ਜਾ ਤੇ ਨਾਹੀ ਕੋ ਸੁਖੀ ਤਾ ਕੈ ਪਾਛੈ ਜਾਉ ॥ (745-18)
जा ते नाही को सुखी ता कै पाछै जाउ ॥

ਛੋਡਿ ਜਾਹਿ ਜੋ ਸਗਲ ਕਉ ਫਿਰਿ ਫਿਰਿ ਲਪਟਾਉ ॥੧॥ (745-18)
छोडि जाहि जो सगल कउ फिरि फिरि लपटाउ ॥१॥

ਕਰਹੁ ਕ੍ਰਿਪਾ ਕਰੁਣਾਪਤੇ ਤੇਰੇ ਹਰਿ ਗੁਣ ਗਾਉ ॥ (745-19)
करहु क्रिपा करुणापते तेरे हरि गुण गाउ ॥

ਨਾਨਕ ਕੀ ਪ੍ਰਭ ਬੇਨਤੀ ਸਾਧਸੰਗਿ ਸਮਾਉ ॥੨॥੩॥੪੩॥ (745-19)
नानक की प्रभ बेनती साधसंगि समाउ ॥२॥३॥४३॥

ਰਾਗੁ ਸੂਹੀ ਮਹਲਾ ੫ ਘਰੁ ੫ ਪੜਤਾਲ (746-2)
रागु सूही महला ५ घरु ५ पड़ताल

ੴ ਸਤਿਗੁਰ ਪ੍ਰਸਾਦਿ ॥ (746-2)
ੴ सतिगुर प्रसादि ॥

ਪ੍ਰੀਤਿ ਪ੍ਰੀਤਿ ਗੁਰੀਆ ਮੋਹਨ ਲਾਲਨਾ ॥ (746-3)
प्रीति प्रीति गुरीआ मोहन लालना ॥

ਜਪਿ ਮਨ ਗੋਬਿੰਦ ਏਕੈ ਅਵਰੁ ਨਹੀ ਕੋ ਲੇਖੈ ਸੰਤ ਲਾਗੁ ਮਨਹਿ ਛਾਡੁ ਦੁਬਿਧਾ ਕੀ ਕੁਰੀਆ ॥੧॥ ਰਹਾਉ ॥ (746-3)
जपि मन गोबिंद एकै अवरु नही को लेखै संत लागु मनहि छाडु दुबिधा की कुरीआ ॥१॥ रहाउ ॥

ਨਿਰਗੁਨ ਹਰੀਆ ਸਰਗੁਨ ਧਰੀਆ ਅਨਿਕ ਕੋਠਰੀਆ ਭਿੰਨ ਭਿੰਨ ਭਿੰਨ ਭਿਨ ਕਰੀਆ ॥ (746-4)
निरगुन हरीआ सरगुन धरीआ अनिक कोठरीआ भिंन भिंन भिंन भिन करीआ ॥

ਵਿਚਿ ਮਨ ਕੋਟਵਰੀਆ ॥ (746-5)
विचि मन कोटवरीआ ॥

ਨਿਜ ਮੰਦਰਿ ਪਿਰੀਆ ॥ (746-5)
निज मंदरि पिरीआ ॥

ਤਹਾ ਆਨਦ ਕਰੀਆ ॥ (746-5)
तहा आनद करीआ ॥

ਨਹ ਮਰੀਆ ਨਹ ਜਰੀਆ ॥੧॥ (746-6)
नह मरीआ नह जरीआ ॥१॥

ਕਿਰਤਨਿ ਜੁਰੀਆ ਬਹੁ ਬਿਧਿ ਫਿਰੀਆ ਪਰ ਕਉ ਹਿਰੀਆ ॥ (746-6)
किरतनि जुरीआ बहु बिधि फिरीआ पर कउ हिरीआ ॥

ਬਿਖਨਾ ਘਿਰੀਆ ॥ (746-6)
बिखना घिरीआ ॥

ਅਬ ਸਾਧੂ ਸੰਗਿ ਪਰੀਆ ॥ (746-7)
अब साधू संगि परीआ ॥

ਹਰਿ ਦੁਆਰੈ ਖਰੀਆ ॥ (746-7)
हरि दुआरै खरीआ ॥

ਦਰਸਨੁ ਕਰੀਆ ॥ (746-7)
दरसनु करीआ ॥

ਨਾਨਕ ਗੁਰ ਮਿਰੀਆ ॥ (746-7)
नानक गुर मिरीआ ॥

ਬਹੁਰਿ ਨ ਫਿਰੀਆ ॥੨॥੧॥੪੪॥ (746-8)
बहुरि न फिरीआ ॥२॥१॥४४॥

ਸੂਹੀ ਮਹਲਾ ੫ ॥ (746-8)
सूही महला ५ ॥

ਰਾਸਿ ਮੰਡਲੁ ਕੀਨੋ ਆਖਾਰਾ ॥ (746-8)
रासि मंडलु कीनो आखारा ॥

ਸਗਲੋ ਸਾਜਿ ਰਖਿਓ ਪਾਸਾਰਾ ॥੧॥ ਰਹਾਉ ॥ (746-8)
सगलो साजि रखिओ पासारा ॥१॥ रहाउ ॥

ਬਹੁ ਬਿਧਿ ਰੂਪ ਰੰਗ ਆਪਾਰਾ ॥ (746-9)
बहु बिधि रूप रंग आपारा ॥

ਪੇਖੈ ਖੁਸੀ ਭੋਗ ਨਹੀ ਹਾਰਾ ॥ (746-9)
पेखै खुसी भोग नही हारा ॥

ਸਭਿ ਰਸ ਲੈਤ ਬਸਤ ਨਿਰਾਰਾ ॥੧॥ (746-9)
सभि रस लैत बसत निरारा ॥१॥

ਬਰਨੁ ਚਿਹਨੁ ਨਾਹੀ ਮੁਖੁ ਨ ਮਾਸਾਰਾ ॥ (746-10)
बरनु चिहनु नाही मुखु न मासारा ॥

ਕਹਨੁ ਨ ਜਾਈ ਖੇਲੁ ਤੁਹਾਰਾ ॥ (746-10)
कहनु न जाई खेलु तुहारा ॥

ਨਾਨਕ ਰੇਣ ਸੰਤ ਚਰਨਾਰਾ ॥੨॥੨॥੪੫॥ (746-10)
नानक रेण संत चरनारा ॥२॥२॥४५॥

ਸੂਹੀ ਮਹਲਾ ੫ ॥ (746-11)
सूही महला ५ ॥

ਤਉ ਮੈ ਆਇਆ ਸਰਨੀ ਆਇਆ ॥ (746-11)
तउ मै आइआ सरनी आइआ ॥

ਭਰੋਸੈ ਆਇਆ ਕਿਰਪਾ ਆਇਆ ॥ (746-11)
भरोसै आइआ किरपा आइआ ॥

ਜਿਉ ਭਾਵੈ ਤਿਉ ਰਾਖਹੁ ਸੁਆਮੀ ਮਾਰਗੁ ਗੁਰਹਿ ਪਠਾਇਆ ॥੧॥ ਰਹਾਉ ॥ (746-12)
जिउ भावै तिउ राखहु सुआमी मारगु गुरहि पठाइआ ॥१॥ रहाउ ॥

ਮਹਾ ਦੁਤਰੁ ਮਾਇਆ ॥ (746-12)
महा दुतरु माइआ ॥

ਜੈਸੇ ਪਵਨੁ ਝੁਲਾਇਆ ॥੧॥ (746-13)
जैसे पवनु झुलाइआ ॥१॥

ਸੁਣਿ ਸੁਣਿ ਹੀ ਡਰਾਇਆ ॥ (746-13)
सुनि सुनि ही डराइआ ॥

ਕਰਰੋ ਧ੍ਰਮਰਾਇਆ ॥੨॥ (746-13)
कररो ध्रमराइआ ॥२॥

ਗ੍ਰਿਹ ਅੰਧ ਕੂਪਾਇਆ ॥ (746-14)
ग्रिह अंध कूपाइआ ॥

ਪਾਵਕੁ ਸਗਰਾਇਆ ॥੩॥ (746-14)
पावकु सगराइआ ॥३॥

ਗਹੀ ਓਟ ਸਾਧਾਇਆ ॥ (746-14)
गही ओट साधाइआ ॥

ਨਾਨਕ ਹਰਿ ਧਿਆਇਆ ॥ (746-14)
नानक हरि धिआइआ ॥

ਅਬ ਮੈ ਪੂਰਾ ਪਾਇਆ ॥੪॥੩॥੪੬॥ (746-15)
अब मै पूरा पाइआ ॥४॥३॥४६॥

ਰਾਗੁ ਸੂਹੀ ਮਹਲਾ ੫ ਘਰੁ ੬ (746-16)
रागु सूही महला ५ घरु ६

ੴ ਸਤਿਗੁਰ ਪ੍ਰਸਾਦਿ ॥ (746-16)
ੴ सतिगुर प्रसादि ॥

ਸਤਿਗੁਰ ਪਾਸਿ ਬੇਨੰਤੀਆ ਮਿਲੈ ਨਾਮੁ ਆਧਾਰਾ ॥ (746-17)
सतिगुर पासि बेनंतीआ मिलै नामु आधारा ॥

ਤੁਠਾ ਸਚਾ ਪਾਤਿਸਾਹੁ ਤਾਪੁ ਗਇਆ ਸੰਸਾਰਾ ॥੧॥ (746-17)
तुठा सचा पातिसाहु तापु गइआ संसारा ॥१॥

ਭਗਤਾ ਕੀ ਟੇਕ ਤੂੰ ਸੰਤਾ ਕੀ ਓਟ ਤੂੰ ਸਚਾ ਸਿਰਜਨਹਾਰਾ ॥੧॥ ਰਹਾਉ ॥ (746-17)
भगता की टेक तूं संता की ओट तूं सचा सिरजनहारा ॥१॥ रहाउ ॥

ਸਚੁ ਤੇਰੀ ਸਾਮਗਰੀ ਸਚੁ ਤੇਰਾ ਦਰਬਾਰਾ ॥ (746-18)
सचु तेरी सामगरी सचु तेरा दरबारा ॥

ਸਚੁ ਤੇਰੇ ਖਾਜੀਨਿਆ ਸਚੁ ਤੇਰਾ ਪਾਸਾਰਾ ॥੨॥ (746-19)
सचु तेरे खाजीनिआ सचु तेरा पासारा ॥२॥

ਤੇਰਾ ਰੂਪੁ ਅਗੰਮੁ ਹੈ ਅਨੂਪੁ ਤੇਰਾ ਦਰਸਾਰਾ ॥ (746-19)
तेरा रूपु अगंमु है अनूपु तेरा दरसारा ॥

ਹਉ ਕੁਰਬਾਣੀ ਤੇਰਿਆ ਸੇਵਕਾ ਜਿਨ੍ਹ੍ਹ ਹਰਿ ਨਾਮੁ ਪਿਆਰਾ ॥੩॥ (746-19)
हउ कुरबाणी तेरिआ सेवका जिन्ह हरि नामु पिआरा ॥३॥

ਸਭੇ ਇਛਾ ਪੂਰੀਆ ਜਾ ਪਾਇਆ ਅਗਮ ਅਪਾਰਾ ॥ (747-1)
सभे इछा पूरीआ जा पाइआ अगम अपारा ॥

ਗੁਰੁ ਨਾਨਕੁ ਮਿਲਿਆ ਪਾਰਬ੍ਰਹਮੁ ਤੇਰਿਆ ਚਰਣਾ ਕਉ ਬਲਿਹਾਰਾ ॥੪॥੧॥੪੭॥ (747-2)
गुरु नानकु मिलिआ पारब्रहमु तेरिआ चरणा कउ बलिहारा ॥४॥१॥४७॥

ਰਾਗੁ ਸੂਹੀ ਮਹਲਾ ੫ ਘਰੁ ੭ (747-3)
रागु सूही महला ५ घरु ७

ੴ ਸਤਿਗੁਰ ਪ੍ਰਸਾਦਿ ॥ (747-3)
ੴ सतिगुर प्रसादि ॥

ਤੇਰਾ ਭਾਣਾ ਤੂਹੈ ਮਨਾਇਹਿ ਜਿਸ ਨੋ ਹੋਹਿ ਦਇਆਲਾ ॥ (747-4)
तेरा भाणा तूहै मनाइहि जिस नो होहि दइआला ॥

ਸਾਈ ਭਗਤਿ ਜੋ ਤੁਧੁ ਭਾਵੈ ਤੂੰ ਸਰਬ ਜੀਆ ਪ੍ਰਤਿਪਾਲਾ ॥੧॥ (747-4)
साई भगति जो तुधु भावै तूं सरब जीआ प्रतिपाला ॥१॥

ਮੇਰੇ ਰਾਮ ਰਾਇ ਸੰਤਾ ਟੇਕ ਤੁਮ੍ਹ੍ਹਾਰੀ ॥ (747-5)
मेरे राम राइ संता टेक तुम्हारी ॥

ਜੋ ਤੁਧੁ ਭਾਵੈ ਸੋ ਪਰਵਾਣੁ ਮਨਿ ਤਨਿ ਤੂਹੈ ਅਧਾਰੀ ॥੧॥ ਰਹਾਉ ॥ (747-5)
जो तुधु भावै सो परवाणु मनि तनि तूहै अधारी ॥१॥ रहाउ ॥

ਤੂੰ ਦਇਆਲੁ ਕ੍ਰਿਪਾਲੁ ਕ੍ਰਿਪਾ ਨਿਧਿ ਮਨਸਾ ਪੂਰਣਹਾਰਾ ॥ (747-6)
तूं दइआलु क्रिपालु क्रिपा निधि मनसा पूरणहारा ॥

ਭਗਤ ਤੇਰੇ ਸਭਿ ਪ੍ਰਾਣਪਤਿ ਪ੍ਰੀਤਮ ਤੂੰ ਭਗਤਨ ਕਾ ਪਿਆਰਾ ॥੨॥ (747-6)
भगत तेरे सभि प्राणपति प्रीतम तूं भगतन का पिआरा ॥२॥

ਤੂ ਅਥਾਹੁ ਅਪਾਰੁ ਅਤਿ ਊਚਾ ਕੋਈ ਅਵਰੁ ਨ ਤੇਰੀ ਭਾਤੇ ॥ (747-7)
तू अथाहु अपारु अति ऊचा कोई अवरु न तेरी भाते ॥

ਇਹ ਅਰਦਾਸਿ ਹਮਾਰੀ ਸੁਆਮੀ ਵਿਸਰੁ ਨਾਹੀ ਸੁਖਦਾਤੇ ॥੩॥ (747-7)
इह अरदासि हमारी सुआमी विसरु नाही सुखदाते ॥३॥

ਦਿਨੁ ਰੈਣਿ ਸਾਸਿ ਸਾਸਿ ਗੁਣ ਗਾਵਾ ਜੇ ਸੁਆਮੀ ਤੁਧੁ ਭਾਵਾ ॥ (747-8)
दिनु रैणि सासि सासि गुण गावा जे सुआमी तुधु भावा ॥

ਨਾਮੁ ਤੇਰਾ ਸੁਖੁ ਨਾਨਕੁ ਮਾਗੈ ਸਾਹਿਬ ਤੁਠੈ ਪਾਵਾ ॥੪॥੧॥੪੮॥ (747-8)
नामु तेरा सुखु नानकु मागै साहिब तुठै पावा ॥४॥१॥४८॥

ਸੂਹੀ ਮਹਲਾ ੫ ॥ (747-9)
सूही महला ५ ॥

ਵਿਸਰਹਿ ਨਾਹੀ ਜਿਤੁ ਤੂ ਕਬਹੂ ਸੋ ਥਾਨੁ ਤੇਰਾ ਕੇਹਾ ॥ (747-9)
विसरहि नाही जितु तू कबहू सो थानु तेरा केहा ॥

ਆਠ ਪਹਰ ਜਿਤੁ ਤੁਧੁ ਧਿਆਈ ਨਿਰਮਲ ਹੋਵੈ ਦੇਹਾ ॥੧॥ (747-10)
आठ पहर जितु तुधु धिआई निरमल होवै देहा ॥१॥

ਮੇਰੇ ਰਾਮ ਹਉ ਸੋ ਥਾਨੁ ਭਾਲਣ ਆਇਆ ॥ (747-10)
मेरे राम हउ सो थानु भालण आइआ ॥

ਖੋਜਤ ਖੋਜਤ ਭਇਆ ਸਾਧਸੰਗੁ ਤਿਨ੍ਹ੍ਹ ਸਰਣਾਈ ਪਾਇਆ ॥੧॥ ਰਹਾਉ ॥ (747-11)
खोजत खोजत भइआ साधसंगु तिन्ह सरणाई पाइआ ॥१॥ रहाउ ॥

ਬੇਦ ਪੜੇ ਪੜਿ ਬ੍ਰਹਮੇ ਹਾਰੇ ਇਕੁ ਤਿਲੁ ਨਹੀ ਕੀਮਤਿ ਪਾਈ ॥ (747-11)
बेद पड़े पड़ि ब्रहमे हारे इकु तिलु नही कीमति पाई ॥

ਸਾਧਿਕ ਸਿਧ ਫਿਰਹਿ ਬਿਲਲਾਤੇ ਤੇ ਭੀ ਮੋਹੇ ਮਾਈ ॥੨॥ (747-12)
साधिक सिध फिरहि बिललाते ते भी मोहे माई ॥२॥

ਦਸ ਅਉਤਾਰ ਰਾਜੇ ਹੋਇ ਵਰਤੇ ਮਹਾਦੇਵ ਅਉਧੂਤਾ ॥ (747-12)
दस अउतार राजे होइ वरते महादेव अउधूता ॥

ਤਿਨ੍ਹ ਭੀ ਅੰਤੁ ਨ ਪਾਇਓ ਤੇਰਾ ਲਾਇ ਥਕੇ ਬਿਭੂਤਾ ॥੩॥ (747-13)
तिन्ह भी अंतु न पाइओ तेरा लाइ थके बिभूता ॥३॥

ਸਹਜ ਸੂਖ ਆਨੰਦ ਨਾਮ ਰਸ ਹਰਿ ਸੰਤੀ ਮੰਗਲੁ ਗਾਇਆ ॥ (747-13)
सहज सूख आनंद नाम रस हरि संती मंगलु गाइआ ॥

ਸਫਲ ਦਰਸਨੁ ਭੇਟਿਓ ਗੁਰ ਨਾਨਕ ਤਾ ਮਨਿ ਤਨਿ ਹਰਿ ਹਰਿ ਧਿਆਇਆ ॥੪॥੨॥੪੯॥ (747-14)
सफल दरसनु भेटिओ गुर नानक ता मनि तनि हरि हरि धिआइआ ॥४॥२॥४९॥

ਸੂਹੀ ਮਹਲਾ ੫ ॥ (747-15)
सूही महला ५ ॥

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥ (747-15)
करम धरम पाखंड जो दीसहि तिन जमु जागाती लूटै ॥

ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥੧॥ (747-16)
निरबाण कीरतनु गावहु करते का निमख सिमरत जितु छूटै ॥१॥

ਸੰਤਹੁ ਸਾਗਰੁ ਪਾਰਿ ਉਤਰੀਐ ॥ (747-16)
संतहु सागरु पारि उतरीऐ ॥

ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥੧॥ ਰਹਾਉ ॥ (747-16)
जे को बचनु कमावै संतन का सो गुर परसादी तरीऐ ॥१॥ रहाउ ॥

ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ ॥ (747-17)
कोटि तीरथ मजन इसनाना इसु कलि महि मैलु भरीजै ॥

ਸਾਧਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ ॥੨॥ (747-18)
साधसंगि जो हरि गुण गावै सो निरमलु करि लीजै ॥२॥

ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ਹ ਪੜਿਆ ਮੁਕਤਿ ਨ ਹੋਈ ॥ (747-18)
बेद कतेब सिम्रिति सभि सासत इन्ह पड़िआ मुकति न होई ॥

ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ ॥੩॥ (747-19)
एकु अखरु जो गुरमुखि जापै तिस की निरमल सोई ॥३॥

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥ (747-19)
खत्री ब्राहमण सूद वैस उपदेसु चहु वरना कउ साझा ॥

ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ ॥੪॥੩॥੫੦॥ (748-1)
गुरमुखि नामु जपै उधरै सो कलि महि घटि घटि नानक माझा ॥४॥३॥५०॥

ਸੂਹੀ ਮਹਲਾ ੫ ॥ (748-2)
सूही महला ५ ॥

ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ ਓਇ ਰਾਮ ਨਾਮ ਰੰਗਿ ਰਾਤੇ ॥ (748-2)
जो किछु करै सोई प्रभ मानहि ओइ राम नाम रंगि राते ॥

ਤਿਨ੍ਹ ਕੀ ਸੋਭਾ ਸਭਨੀ ਥਾਈ ਜਿਨ੍ਹ ਪ੍ਰਭ ਕੇ ਚਰਣ ਪਰਾਤੇ ॥੧॥ (748-3)
तिन्ह की सोभा सभनी थाई जिन्ह प्रभ के चरण पराते ॥१॥

ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ ॥ (748-3)
मेरे राम हरि संता जेवडु न कोई ॥

ਭਗਤਾ ਬਣਿ ਆਈ ਪ੍ਰਭ ਅਪਨੇ ਸਿਉ ਜਲਿ ਥਲਿ ਮਹੀਅਲਿ ਸੋਈ ॥੧॥ ਰਹਾਉ ॥ (748-3)
भगता बणि आई प्रभ अपने सिउ जलि थलि महीअलि सोई ॥१॥ रहाउ ॥

ਕੋਟਿ ਅਪ੍ਰਾਧੀ ਸੰਤਸੰਗਿ ਉਧਰੈ ਜਮੁ ਤਾ ਕੈ ਨੇੜਿ ਨ ਆਵੈ ॥ (748-4)
कोटि अप्राधी संतसंगि उधरै जमु ता कै नेड़ि न आवै ॥

ਜਨਮ ਜਨਮ ਕਾ ਬਿਛੁੜਿਆ ਹੋਵੈ ਤਿਨ੍ਹ ਹਰਿ ਸਿਉ ਆਣਿ ਮਿਲਾਵੈ ॥੨॥ (748-5)
जनम जनम का बिछुड़िआ होवै तिन्ह हरि सिउ आणि मिलावै ॥२॥

ਮਾਇਆ ਮੋਹ ਭਰਮੁ ਭਉ ਕਾਟੈ ਸੰਤ ਸਰਣਿ ਜੋ ਆਵੈ ॥ (748-5)
माइआ मोह भरमु भउ काटै संत सरणि जो आवै ॥

ਜੇਹਾ ਮਨੋਰਥੁ ਕਰਿ ਆਰਾਧੇ ਸੋ ਸੰਤਨ ਤੇ ਪਾਵੈ ॥੩॥ (748-6)
जेहा मनोरथु करि आराधे सो संतन ते पावै ॥३॥

ਜਨ ਕੀ ਮਹਿਮਾ ਕੇਤਕ ਬਰਨਉ ਜੋ ਪ੍ਰਭ ਅਪਨੇ ਭਾਣੇ ॥ (748-6)
जन की महिमा केतक बरनउ जो प्रभ अपने भाणे ॥

ਕਹੁ ਨਾਨਕ ਜਿਨ ਸਤਿਗੁਰੁ ਭੇਟਿਆ ਸੇ ਸਭ ਤੇ ਭਏ ਨਿਕਾਣੇ ॥੪॥੪॥੫੧॥ (748-7)
कहु नानक जिन सतिगुरु भेटिआ से सभ ते भए निकाणे ॥४॥४॥५१॥

ਸੂਹੀ ਮਹਲਾ ੫ ॥ (748-8)
सूही महला ५ ॥

ਮਹਾ ਅਗਨਿ ਤੇ ਤੁਧੁ ਹਾਥ ਦੇ ਰਾਖੇ ਪਏ ਤੇਰੀ ਸਰਣਾਈ ॥ (748-8)
महा अगनि ते तुधु हाथ दे राखे पए तेरी सरणाई ॥

ਤੇਰਾ ਮਾਣੁ ਤਾਣੁ ਰਿਦ ਅੰਤਰਿ ਹੋਰ ਦੂਜੀ ਆਸ ਚੁਕਾਈ ॥੧॥ (748-8)
तेरा माणु ताणु रिद अंतरि होर दूजी आस चुकाई ॥१॥

ਮੇਰੇ ਰਾਮ ਰਾਇ ਤੁਧੁ ਚਿਤਿ ਆਇਐ ਉਬਰੇ ॥ (748-9)
मेरे राम राइ तुधु चिति आइऐ उबरे ॥

ਤੇਰੀ ਟੇਕ ਭਰਵਾਸਾ ਤੁਮ੍ਹ੍ਹਰਾ ਜਪਿ ਨਾਮੁ ਤੁਮ੍ਹ੍ਹਾਰਾ ਉਧਰੇ ॥੧॥ ਰਹਾਉ ॥ (748-9)
तेरी टेक भरवासा तुम्हरा जपि नामु तुम्हारा उधरे ॥१॥ रहाउ ॥

ਅੰਧ ਕੂਪ ਤੇ ਕਾਢਿ ਲੀਏ ਤੁਮ੍ਹ੍ਹ ਆਪਿ ਭਏ ਕਿਰਪਾਲਾ ॥ (748-10)
अंध कूप ते काढि लीए तुम्ह आपि भए किरपाला ॥

ਸਾਰਿ ਸਮ੍ਹ੍ਹਾਲਿ ਸਰਬ ਸੁਖ ਦੀਏ ਆਪਿ ਕਰੇ ਪ੍ਰਤਿਪਾਲਾ ॥੨॥ (748-11)
सारि सम्हालि सरब सुख दीए आपि करे प्रतिपाला ॥२॥

ਆਪਣੀ ਨਦਰਿ ਕਰੇ ਪਰਮੇਸਰੁ ਬੰਧਨ ਕਾਟਿ ਛਡਾਏ ॥ (748-11)
आपणी नदरि करे परमेसरु बंधन काटि छडाए ॥

ਆਪਣੀ ਭਗਤਿ ਪ੍ਰਭਿ ਆਪਿ ਕਰਾਈ ਆਪੇ ਸੇਵਾ ਲਾਏ ॥੩॥ (748-12)
आपणी भगति प्रभि आपि कराई आपे सेवा लाए ॥३॥

ਭਰਮੁ ਗਇਆ ਭੈ ਮੋਹ ਬਿਨਾਸੇ ਮਿਟਿਆ ਸਗਲ ਵਿਸੂਰਾ ॥ (748-12)
भरमु गइआ भै मोह बिनासे मिटिआ सगल विसूरा ॥

ਨਾਨਕ ਦਇਆ ਕਰੀ ਸੁਖਦਾਤੈ ਭੇਟਿਆ ਸਤਿਗੁਰੁ ਪੂਰਾ ॥੪॥੫॥੫੨॥ (748-13)
नानक दइआ करी सुखदातै भेटिआ सतिगुरु पूरा ॥४॥५॥५२॥

ਸੂਹੀ ਮਹਲਾ ੫ ॥ (748-14)
सूही महला ५ ॥

ਜਬ ਕਛੁ ਨ ਸੀਓ ਤਬ ਕਿਆ ਕਰਤਾ ਕਵਨ ਕਰਮ ਕਰਿ ਆਇਆ ॥ (748-14)
जब कछु न सीओ तब किआ करता कवन करम करि आइआ ॥

ਅਪਨਾ ਖੇਲੁ ਆਪਿ ਕਰਿ ਦੇਖੈ ਠਾਕੁਰਿ ਰਚਨੁ ਰਚਾਇਆ ॥੧॥ (748-14)
अपना खेलु आपि करि देखै ठाकुरि रचनु रचाइआ ॥१॥

ਮੇਰੇ ਰਾਮ ਰਾਇ ਮੁਝ ਤੇ ਕਛੂ ਨ ਹੋਈ ॥ (748-15)
मेरे राम राइ मुझ ते कछू न होई ॥

ਆਪੇ ਕਰਤਾ ਆਪਿ ਕਰਾਏ ਸਰਬ ਨਿਰੰਤਰਿ ਸੋਈ ॥੧॥ ਰਹਾਉ ॥ (748-15)
आपे करता आपि कराए सरब निरंतरि सोई ॥१॥ रहाउ ॥

ਗਣਤੀ ਗਣੀ ਨ ਛੂਟੈ ਕਤਹੂ ਕਾਚੀ ਦੇਹ ਇਆਣੀ ॥ (748-16)
गणती गणी न छूटै कतहू काची देह इआणी ॥

ਕ੍ਰਿਪਾ ਕਰਹੁ ਪ੍ਰਭ ਕਰਣੈਹਾਰੇ ਤੇਰੀ ਬਖਸ ਨਿਰਾਲੀ ॥੨॥ (748-16)
क्रिपा करहु प्रभ करणैहारे तेरी बखस निराली ॥२॥

ਜੀਅ ਜੰਤ ਸਭ ਤੇਰੇ ਕੀਤੇ ਘਟਿ ਘਟਿ ਤੁਹੀ ਧਿਆਈਐ ॥ (748-17)
जीअ जंत सभ तेरे कीते घटि घटि तुही धिआईऐ ॥

ਤੇਰੀ ਗਤਿ ਮਿਤਿ ਤੂਹੈ ਜਾਣਹਿ ਕੁਦਰਤਿ ਕੀਮ ਨ ਪਾਈਐ ॥੩॥ (748-17)
तेरी गति मिति तूहै जाणहि कुदरति कीम न पाईऐ ॥३॥

ਨਿਰਗੁਣੁ ਮੁਗਧੁ ਅਜਾਣੁ ਅਗਿਆਨੀ ਕਰਮ ਧਰਮ ਨਹੀ ਜਾਣਾ ॥ (748-18)
निरगुणु मुगधु अजाणु अगिआनी करम धरम नही जाणा ॥

ਦਇਆ ਕਰਹੁ ਨਾਨਕੁ ਗੁਣ ਗਾਵੈ ਮਿਠਾ ਲਗੈ ਤੇਰਾ ਭਾਣਾ ॥੪॥੬॥੫੩॥ (748-19)
दइआ करहु नानकु गुण गावै मिठा लगै तेरा भाणा ॥४॥६॥५३॥

ਸੂਹੀ ਮਹਲਾ ੫ ॥ (748-19)
सूही महला ५ ॥

ਭਾਗਠੜੇ ਹਰਿ ਸੰਤ ਤੁਮ੍ਹ੍ਹਾਰੇ ਜਿਨ੍ਹ੍ਹ ਘਰਿ ਧਨੁ ਹਰਿ ਨਾਮਾ ॥ (749-1)
भागठड़े हरि संत तुम्हारे जिन्ह घरि धनु हरि नामा ॥

ਪਰਵਾਣੁ ਗਣੀ ਸੇਈ ਇਹ ਆਏ ਸਫਲ ਤਿਨਾ ਕੇ ਕਾਮਾ ॥੧॥ (749-1)
परवाणु गणी सेई इह आए सफल तिना के कामा ॥१॥

ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ ॥ (749-2)
मेरे राम हरि जन कै हउ बलि जाई ॥

ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ ॥੧॥ ਰਹਾਉ ॥ (749-2)
केसा का करि चवरु ढुलावा चरण धूड़ि मुखि लाई ॥१॥ रहाउ ॥

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥ (749-3)
जनम मरण दुहहू महि नाही जन परउपकारी आए ॥

ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥੨॥ (749-3)
जीअ दानु दे भगती लाइनि हरि सिउ लैनि मिलाए ॥२॥

ਸਚਾ ਅਮਰੁ ਸਚੀ ਪਾਤਿਸਾਹੀ ਸਚੇ ਸੇਤੀ ਰਾਤੇ ॥ (749-4)
सचा अमरु सची पातिसाही सचे सेती राते ॥

ਸਚਾ ਸੁਖੁ ਸਚੀ ਵਡਿਆਈ ਜਿਸ ਕੇ ਸੇ ਤਿਨਿ ਜਾਤੇ ॥੩॥ (749-4)
सचा सुखु सची वडिआई जिस के से तिनि जाते ॥३॥

ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ ॥ (749-5)
पखा फेरी पाणी ढोवा हरि जन कै पीसणु पीसि कमावा ॥

ਨਾਨਕ ਕੀ ਪ੍ਰਭ ਪਾਸਿ ਬੇਨੰਤੀ ਤੇਰੇ ਜਨ ਦੇਖਣੁ ਪਾਵਾ ॥੪॥੭॥੫੪॥ (749-5)
नानक की प्रभ पासि बेनंती तेरे जन देखणु पावा ॥४॥७॥५४॥

ਸੂਹੀ ਮਹਲਾ ੫ ॥ (749-6)
सूही महला ५ ॥

ਪਾਰਬ੍ਰਹਮ ਪਰਮੇਸਰ ਸਤਿਗੁਰ ਆਪੇ ਕਰਣੈਹਾਰਾ ॥ (749-6)
पारब्रहम परमेसर सतिगुर आपे करणैहारा ॥

ਚਰਣ ਧੂੜਿ ਤੇਰੀ ਸੇਵਕੁ ਮਾਗੈ ਤੇਰੇ ਦਰਸਨ ਕਉ ਬਲਿਹਾਰਾ ॥੧॥ (749-7)
चरण धूड़ि तेरी सेवकु मागै तेरे दरसन कउ बलिहारा ॥१॥

ਮੇਰੇ ਰਾਮ ਰਾਇ ਜਿਉ ਰਾਖਹਿ ਤਿਉ ਰਹੀਐ ॥ (749-7)
मेरे राम राइ जिउ राखहि तिउ रहीऐ ॥

ਤੁਧੁ ਭਾਵੈ ਤਾ ਨਾਮੁ ਜਪਾਵਹਿ ਸੁਖੁ ਤੇਰਾ ਦਿਤਾ ਲਹੀਐ ॥੧॥ ਰਹਾਉ ॥ (749-8)
तुधु भावै ता नामु जपावहि सुखु तेरा दिता लहीऐ ॥१॥ रहाउ ॥

ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ ਜਿਸੁ ਤੂੰ ਆਪਿ ਕਰਾਇਹਿ ॥ (749-8)
मुकति भुगति जुगति तेरी सेवा जिसु तूं आपि कराइहि ॥

ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ ॥੨॥ (749-9)
तहा बैकुंठु जह कीरतनु तेरा तूं आपे सरधा लाइहि ॥२॥

ਸਿਮਰਿ ਸਿਮਰਿ ਸਿਮਰਿ ਨਾਮੁ ਜੀਵਾ ਤਨੁ ਮਨੁ ਹੋਇ ਨਿਹਾਲਾ ॥ (749-9)
सिमरि सिमरि सिमरि नामु जीवा तनु मनु होइ निहाला ॥

ਚਰਣ ਕਮਲ ਤੇਰੇ ਧੋਇ ਧੋਇ ਪੀਵਾ ਮੇਰੇ ਸਤਿਗੁਰ ਦੀਨ ਦਇਆਲਾ ॥੩॥ (749-10)
चरण कमल तेरे धोइ धोइ पीवा मेरे सतिगुर दीन दइआला ॥३॥

ਕੁਰਬਾਣੁ ਜਾਈ ਉਸੁ ਵੇਲਾ ਸੁਹਾਵੀ ਜਿਤੁ ਤੁਮਰੈ ਦੁਆਰੈ ਆਇਆ ॥ (749-11)
कुरबाणु जाई उसु वेला सुहावी जितु तुमरै दुआरै आइआ ॥

ਨਾਨਕ ਕਉ ਪ੍ਰਭ ਭਏ ਕ੍ਰਿਪਾਲਾ ਸਤਿਗੁਰੁ ਪੂਰਾ ਪਾਇਆ ॥੪॥੮॥੫੫॥ (749-11)
नानक कउ प्रभ भए क्रिपाला सतिगुरु पूरा पाइआ ॥४॥८॥५५॥

ਸੂਹੀ ਮਹਲਾ ੫ ॥ (749-12)
सूही महला ५ ॥

ਤੁਧੁ ਚਿਤਿ ਆਏ ਮਹਾ ਅਨੰਦਾ ਜਿਸੁ ਵਿਸਰਹਿ ਸੋ ਮਰਿ ਜਾਏ ॥ (749-12)
तुधु चिति आए महा अनंदा जिसु विसरहि सो मरि जाए ॥

ਦਇਆਲੁ ਹੋਵਹਿ ਜਿਸੁ ਊਪਰਿ ਕਰਤੇ ਸੋ ਤੁਧੁ ਸਦਾ ਧਿਆਏ ॥੧॥ (749-13)
दइआलु होवहि जिसु ऊपरि करते सो तुधु सदा धिआए ॥१॥

ਮੇਰੇ ਸਾਹਿਬ ਤੂੰ ਮੈ ਮਾਣੁ ਨਿਮਾਣੀ ॥ (749-13)
मेरे साहिब तूं मै माणु निमाणी ॥

ਅਰਦਾਸਿ ਕਰੀ ਪ੍ਰਭ ਅਪਨੇ ਆਗੈ ਸੁਣਿ ਸੁਣਿ ਜੀਵਾ ਤੇਰੀ ਬਾਣੀ ॥੧॥ ਰਹਾਉ ॥ (749-14)
अरदासि करी प्रभ अपने आगै सुणि सुणि जीवा तेरी बाणी ॥१॥ रहाउ ॥

ਚਰਣ ਧੂੜਿ ਤੇਰੇ ਜਨ ਕੀ ਹੋਵਾ ਤੇਰੇ ਦਰਸਨ ਕਉ ਬਲਿ ਜਾਈ ॥ (749-14)
चरण धूड़ि तेरे जन की होवा तेरे दरसन कउ बलि जाई ॥

ਅੰਮ੍ਰਿਤ ਬਚਨ ਰਿਦੈ ਉਰਿ ਧਾਰੀ ਤਉ ਕਿਰਪਾ ਤੇ ਸੰਗੁ ਪਾਈ ॥੨॥ (749-15)
अमृत बचन रिदै उरि धारी तउ किरपा ते संगु पाई ॥२॥

ਅੰਤਰ ਕੀ ਗਤਿ ਤੁਧੁ ਪਹਿ ਸਾਰੀ ਤੁਧੁ ਜੇਵਡੁ ਅਵਰੁ ਨ ਕੋਈ ॥ (749-16)
अंतर की गति तुधु पहि सारी तुधु जेवडु अवरु न कोई ॥

ਜਿਸ ਨੋ ਲਾਇ ਲੈਹਿ ਸੋ ਲਾਗੈ ਭਗਤੁ ਤੁਹਾਰਾ ਸੋਈ ॥੩॥ (749-16)
जिस नो लाइ लैहि सो लागै भगतु तुहारा सोई ॥३॥

ਦੁਇ ਕਰ ਜੋੜਿ ਮਾਗਉ ਇਕੁ ਦਾਨਾ ਸਾਹਿਬਿ ਤੁਠੈ ਪਾਵਾ ॥ (749-17)
दुइ कर जोड़ि मागउ इकु दाना साहिबि तुठै पावा ॥

ਸਾਸਿ ਸਾਸਿ ਨਾਨਕੁ ਆਰਾਧੇ ਆਠ ਪਹਰ ਗੁਣ ਗਾਵਾ ॥੪॥੯॥੫੬॥ (749-17)
सासि सासि नानकु आराधे आठ पहर गुण गावा ॥४॥९॥५६॥

ਸੂਹੀ ਮਹਲਾ ੫ ॥ (749-18)
सूही महला ५ ॥

ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥ (749-18)
जिस के सिर ऊपरि तूं सुआमी सो दुखु कैसा पावै ॥

ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ ॥੧॥ (749-19)
बोलि न जाणै माइआ मदि माता मरणा चीति न आवै ॥१॥

ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ ॥ (749-19)
मेरे राम राइ तूं संता का संत तेरे ॥

ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ ਨਹੀ ਆਵੈ ਨੇਰੇ ॥੧॥ ਰਹਾਉ ॥ (750-1)
तेरे सेवक कउ भउ किछु नाही जमु नही आवै नेरे ॥१॥ रहाउ ॥

ਜੋ ਤੇਰੈ ਰੰਗਿ ਰਾਤੇ ਸੁਆਮੀ ਤਿਨ੍ਹ੍ਹ ਕਾ ਜਨਮ ਮਰਣ ਦੁਖੁ ਨਾਸਾ ॥ (750-1)
जो तेरै रंगि राते सुआमी तिन्ह का जनम मरण दुखु नासा ॥

ਤੇਰੀ ਬਖਸ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ ॥੨॥ (750-2)
तेरी बखस न मेटै कोई सतिगुर का दिलासा ॥२॥

ਨਾਮੁ ਧਿਆਇਨਿ ਸੁਖ ਫਲ ਪਾਇਨਿ ਆਠ ਪਹਰ ਆਰਾਧਹਿ ॥ (750-2)
नामु धिआइनि सुख फल पाइनि आठ पहर आराधहि ॥

ਤੇਰੀ ਸਰਣਿ ਤੇਰੈ ਭਰਵਾਸੈ ਪੰਚ ਦੁਸਟ ਲੈ ਸਾਧਹਿ ॥੩॥ (750-3)
तेरी सरणि तेरै भरवासै पंच दुसट लै साधहि ॥३॥

ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ ॥ (750-3)
गिआनु धिआनु किछु करमु न जाणा सार न जाणा तेरी ॥

ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥੪॥੧੦॥੫੭॥ (750-4)
सभ ते वडा सतिगुरु नानकु जिनि कल राखी मेरी ॥४॥१०॥५७॥

ਸੂਹੀ ਮਹਲਾ ੫ ॥ (750-5)
सूही महला ५ ॥

ਸਗਲ ਤਿਆਗਿ ਗੁਰ ਸਰਣੀ ਆਇਆ ਰਾਖਹੁ ਰਾਖਨਹਾਰੇ ॥ (750-5)
सगल तिआगि गुर सरणी आइआ राखहु राखनहारे ॥

ਜਿਤੁ ਤੂ ਲਾਵਹਿ ਤਿਤੁ ਹਮ ਲਾਗਹ ਕਿਆ ਏਹਿ ਜੰਤ ਵਿਚਾਰੇ ॥੧॥ (750-5)
जितु तू लावहि तितु हम लागह किआ एहि जंत विचारे ॥१॥

ਮੇਰੇ ਰਾਮ ਜੀ ਤੂੰ ਪ੍ਰਭ ਅੰਤਰਜਾਮੀ ॥ (750-6)
मेरे राम जी तूं प्रभ अंतरजामी ॥

ਕਰਿ ਕਿਰਪਾ ਗੁਰਦੇਵ ਦਇਆਲਾ ਗੁਣ ਗਾਵਾ ਨਿਤ ਸੁਆਮੀ ॥੧॥ ਰਹਾਉ ॥ (750-6)
करि किरपा गुरदेव दइआला गुण गावा नित सुआमी ॥१॥ रहाउ ॥

ਆਠ ਪਹਰ ਪ੍ਰਭੁ ਅਪਨਾ ਧਿਆਈਐ ਗੁਰ ਪ੍ਰਸਾਦਿ ਭਉ ਤਰੀਐ ॥ (750-7)
आठ पहर प्रभु अपना धिआईऐ गुर प्रसादि भउ तरीऐ ॥

ਆਪੁ ਤਿਆਗਿ ਹੋਈਐ ਸਭ ਰੇਣਾ ਜੀਵਤਿਆ ਇਉ ਮਰੀਐ ॥੨॥ (750-8)
आपु तिआगि होईऐ सभ रेणा जीवतिआ इउ मरीऐ ॥२॥

ਸਫਲ ਜਨਮੁ ਤਿਸ ਕਾ ਜਗ ਭੀਤਰਿ ਸਾਧਸੰਗਿ ਨਾਉ ਜਾਪੇ ॥ (750-8)
सफल जनमु तिस का जग भीतरि साधसंगि नाउ जापे ॥

ਸਗਲ ਮਨੋਰਥ ਤਿਸ ਕੇ ਪੂਰਨ ਜਿਸੁ ਦਇਆ ਕਰੇ ਪ੍ਰਭੁ ਆਪੇ ॥੩॥ (750-9)
सगल मनोरथ तिस के पूरन जिसु दइआ करे प्रभु आपे ॥३॥

ਦੀਨ ਦਇਆਲ ਕ੍ਰਿਪਾਲ ਪ੍ਰਭ ਸੁਆਮੀ ਤੇਰੀ ਸਰਣਿ ਦਇਆਲਾ ॥ (750-10)
दीन दइआल क्रिपाल प्रभ सुआमी तेरी सरणि दइआला ॥

ਕਰਿ ਕਿਰਪਾ ਅਪਨਾ ਨਾਮੁ ਦੀਜੈ ਨਾਨਕ ਸਾਧ ਰਵਾਲਾ ॥੪॥੧੧॥੫੮॥ (750-10)
करि किरपा अपना नामु दीजै नानक साध रवाला ॥४॥११॥५८॥

ਰਾਗੁ ਸੂਹੀ ਅਸਟਪਦੀਆ ਮਹਲਾ ੧ ਘਰੁ ੧ (750-12)
रागु सूही असटपदीआ महला १ घरु १

ੴ ਸਤਿਗੁਰ ਪ੍ਰਸਾਦਿ ॥ (750-12)
ੴ सतिगुर प्रसादि ॥

ਸਭਿ ਅਵਗਣ ਮੈ ਗੁਣੁ ਨਹੀ ਕੋਈ ॥ (750-13)
सभि अवगण मै गुणु नही कोई ॥

ਕਿਉ ਕਰਿ ਕੰਤ ਮਿਲਾਵਾ ਹੋਈ ॥੧॥ (750-13)
किउ करि कंत मिलावा होई ॥१॥

ਨਾ ਮੈ ਰੂਪੁ ਨ ਬੰਕੇ ਨੈਣਾ ॥ (750-13)
ना मै रूपु न बंके नैणा ॥

ਨਾ ਕੁਲ ਢੰਗੁ ਨ ਮੀਠੇ ਬੈਣਾ ॥੧॥ ਰਹਾਉ ॥ (750-13)
ना कुल ढंगु न मीठे बैणा ॥१॥ रहाउ ॥

ਸਹਜਿ ਸੀਗਾਰ ਕਾਮਣਿ ਕਰਿ ਆਵੈ ॥ (750-14)
सहजि सीगार कामणि करि आवै ॥

ਤਾ ਸੋਹਾਗਣਿ ਜਾ ਕੰਤੈ ਭਾਵੈ ॥੨॥ (750-14)
ता सोहागणि जा कंतै भावै ॥२॥

ਨਾ ਤਿਸੁ ਰੂਪੁ ਨ ਰੇਖਿਆ ਕਾਈ ॥ (750-15)
ना तिसु रूपु न रेखिआ काई ॥

ਅੰਤਿ ਨ ਸਾਹਿਬੁ ਸਿਮਰਿਆ ਜਾਈ ॥੩॥ (750-15)
अंति न साहिबु सिमरिआ जाई ॥३॥

ਸੁਰਤਿ ਮਤਿ ਨਾਹੀ ਚਤੁਰਾਈ ॥ (750-15)
सुरति मति नाही चतुराई ॥

ਕਰਿ ਕਿਰਪਾ ਪ੍ਰਭ ਲਾਵਹੁ ਪਾਈ ॥੪॥ (750-16)
करि किरपा प्रभ लावहु पाई ॥४॥

ਖਰੀ ਸਿਆਣੀ ਕੰਤ ਨ ਭਾਣੀ ॥ (750-16)
खरी सिआणी कंत न भाणी ॥

ਮਾਇਆ ਲਾਗੀ ਭਰਮਿ ਭੁਲਾਣੀ ॥੫॥ (750-16)
माइआ लागी भरमि भुलाणी ॥५॥

ਹਉਮੈ ਜਾਈ ਤਾ ਕੰਤ ਸਮਾਈ ॥ (750-17)
हउमै जाई ता कंत समाई ॥

ਤਉ ਕਾਮਣਿ ਪਿਆਰੇ ਨਵ ਨਿਧਿ ਪਾਈ ॥੬॥ (750-17)
तउ कामणि पिआरे नव निधि पाई ॥६॥

ਅਨਿਕ ਜਨਮ ਬਿਛੁਰਤ ਦੁਖੁ ਪਾਇਆ ॥ (750-17)
अनिक जनम बिछुरत दुखु पाइआ ॥

ਕਰੁ ਗਹਿ ਲੇਹੁ ਪ੍ਰੀਤਮ ਪ੍ਰਭ ਰਾਇਆ ॥੭॥ (750-18)
करु गहि लेहु प्रीतम प्रभ राइआ ॥७॥

ਭਣਤਿ ਨਾਨਕੁ ਸਹੁ ਹੈ ਭੀ ਹੋਸੀ ॥ (750-18)
भणति नानकु सहु है भी होसी ॥

ਜੈ ਭਾਵੈ ਪਿਆਰਾ ਤੈ ਰਾਵੇਸੀ ॥੮॥੧॥ (750-19)
जै भावै पिआरा तै रावेसी ॥८॥१॥

ਸੂਹੀ ਮਹਲਾ ੧ ਘਰੁ ੯ (751-1)
सूही महला १ घरु ९

ੴ ਸਤਿਗੁਰ ਪ੍ਰਸਾਦਿ ॥ (751-1)
ੴ सतिगुर प्रसादि ॥

ਕਚਾ ਰੰਗੁ ਕਸੁੰਭ ਕਾ ਥੋੜੜਿਆ ਦਿਨ ਚਾਰਿ ਜੀਉ ॥ (751-2)
कचा रंगु कसुमभ का थोड़ड़िआ दिन चारि जीउ ॥

ਵਿਣੁ ਨਾਵੈ ਭ੍ਰਮਿ ਭੁਲੀਆ ਠਗਿ ਮੁਠੀ ਕੂੜਿਆਰਿ ਜੀਉ ॥ (751-2)
विणु नावै भ्रमि भुलीआ ठगि मुठी कूड़िआरि जीउ ॥

ਸਚੇ ਸੇਤੀ ਰਤਿਆ ਜਨਮੁ ਨ ਦੂਜੀ ਵਾਰ ਜੀਉ ॥੧॥ (751-3)
सचे सेती रतिआ जनमु न दूजी वार जीउ ॥१॥

ਰੰਗੇ ਕਾ ਕਿਆ ਰੰਗੀਐ ਜੋ ਰਤੇ ਰੰਗੁ ਲਾਇ ਜੀਉ ॥ (751-3)
रंगे का किआ रंगीऐ जो रते रंगु लाइ जीउ ॥

ਰੰਗਣ ਵਾਲਾ ਸੇਵੀਐ ਸਚੇ ਸਿਉ ਚਿਤੁ ਲਾਇ ਜੀਉ ॥੧॥ ਰਹਾਉ ॥ (751-3)
रंगण वाला सेवीऐ सचे सिउ चितु लाइ जीउ ॥१॥ रहाउ ॥

ਚਾਰੇ ਕੁੰਡਾ ਜੇ ਭਵਹਿ ਬਿਨੁ ਭਾਗਾ ਧਨੁ ਨਾਹਿ ਜੀਉ ॥ (751-4)
चारे कुंडा जे भवहि बिनु भागा धनु नाहि जीउ ॥

ਅਵਗਣਿ ਮੁਠੀ ਜੇ ਫਿਰਹਿ ਬਧਿਕ ਥਾਇ ਨ ਪਾਹਿ ਜੀਉ ॥ (751-5)
अवगणि मुठी जे फिरहि बधिक थाइ न पाहि जीउ ॥

ਗੁਰਿ ਰਾਖੇ ਸੇ ਉਬਰੇ ਸਬਦਿ ਰਤੇ ਮਨ ਮਾਹਿ ਜੀਉ ॥੨॥ (751-5)
गुरि राखे से उबरे सबदि रते मन माहि जीउ ॥२॥

ਚਿਟੇ ਜਿਨ ਕੇ ਕਪੜੇ ਮੈਲੇ ਚਿਤ ਕਠੋਰ ਜੀਉ ॥ (751-6)
चिटे जिन के कपड़े मैले चित कठोर जीउ ॥

ਤਿਨ ਮੁਖਿ ਨਾਮੁ ਨ ਊਪਜੈ ਦੂਜੈ ਵਿਆਪੇ ਚੋਰ ਜੀਉ ॥ (751-6)
तिन मुखि नामु न ऊपजै दूजै विआपे चोर जीउ ॥

ਮੂਲੁ ਨ ਬੂਝਹਿ ਆਪਣਾ ਸੇ ਪਸੂਆ ਸੇ ਢੋਰ ਜੀਉ ॥੩॥ (751-7)
मूलु न बूझहि आपणा से पसूआ से ढोर जीउ ॥३॥

ਨਿਤ ਨਿਤ ਖੁਸੀਆ ਮਨੁ ਕਰੇ ਨਿਤ ਨਿਤ ਮੰਗੈ ਸੁਖ ਜੀਉ ॥ (751-7)
नित नित खुसीआ मनु करे नित नित मंगै सुख जीउ ॥

ਕਰਤਾ ਚਿਤਿ ਨ ਆਵਈ ਫਿਰਿ ਫਿਰਿ ਲਗਹਿ ਦੁਖ ਜੀਉ ॥ (751-8)
करता चिति न आवई फिरि फिरि लगहि दुख जीउ ॥

ਸੁਖ ਦੁਖ ਦਾਤਾ ਮਨਿ ਵਸੈ ਤਿਤੁ ਤਨਿ ਕੈਸੀ ਭੁਖ ਜੀਉ ॥੪॥ (751-8)
सुख दुख दाता मनि वसै तितु तनि कैसी भुख जीउ ॥४॥

ਬਾਕੀ ਵਾਲਾ ਤਲਬੀਐ ਸਿਰਿ ਮਾਰੇ ਜੰਦਾਰੁ ਜੀਉ ॥ (751-9)
बाकी वाला तलबीऐ सिरि मारे जंदारु जीउ ॥

ਲੇਖਾ ਮੰਗੈ ਦੇਵਣਾ ਪੁਛੈ ਕਰਿ ਬੀਚਾਰੁ ਜੀਉ ॥ (751-9)
लेखा मंगै देवणा पुछै करि बीचारु जीउ ॥

ਸਚੇ ਕੀ ਲਿਵ ਉਬਰੈ ਬਖਸੇ ਬਖਸਣਹਾਰੁ ਜੀਉ ॥੫॥ (751-10)
सचे की लिव उबरै बखसे बखसणहारु जीउ ॥५॥

ਅਨ ਕੋ ਕੀਜੈ ਮਿਤੜਾ ਖਾਕੁ ਰਲੈ ਮਰਿ ਜਾਇ ਜੀਉ ॥ (751-10)
अन को कीजै मितड़ा खाकु रलै मरि जाइ जीउ ॥

ਬਹੁ ਰੰਗ ਦੇਖਿ ਭੁਲਾਇਆ ਭੁਲਿ ਭੁਲਿ ਆਵੈ ਜਾਇ ਜੀਉ ॥ (751-11)
बहु रंग देखि भुलाइआ भुलि भुलि आवै जाइ जीउ ॥

ਨਦਰਿ ਪ੍ਰਭੂ ਤੇ ਛੁਟੀਐ ਨਦਰੀ ਮੇਲਿ ਮਿਲਾਇ ਜੀਉ ॥੬॥ (751-11)
नदरि प्रभू ते छुटीऐ नदरी मेलि मिलाइ जीउ ॥६॥

ਗਾਫਲ ਗਿਆਨ ਵਿਹੂਣਿਆ ਗੁਰ ਬਿਨੁ ਗਿਆਨੁ ਨ ਭਾਲਿ ਜੀਉ ॥ (751-12)
गाफल गिआन विहूणिआ गुर बिनु गिआनु न भालि जीउ ॥

ਖਿੰਚੋਤਾਣਿ ਵਿਗੁਚੀਐ ਬੁਰਾ ਭਲਾ ਦੁਇ ਨਾਲਿ ਜੀਉ ॥ (751-12)
खिंचोताणि विगुचीऐ बुरा भला दुइ नालि जीउ ॥

ਬਿਨੁ ਸਬਦੈ ਭੈ ਰਤਿਆ ਸਭ ਜੋਹੀ ਜਮਕਾਲਿ ਜੀਉ ॥੭॥ (751-13)
बिनु सबदै भै रतिआ सभ जोही जमकालि जीउ ॥७॥

ਜਿਨਿ ਕਰਿ ਕਾਰਣੁ ਧਾਰਿਆ ਸਭਸੈ ਦੇਇ ਆਧਾਰੁ ਜੀਉ ॥ (751-13)
जिनि करि कारणु धारिआ सभसै देइ आधारु जीउ ॥

ਸੋ ਕਿਉ ਮਨਹੁ ਵਿਸਾਰੀਐ ਸਦਾ ਸਦਾ ਦਾਤਾਰੁ ਜੀਉ ॥ (751-14)
सो किउ मनहु विसारीऐ सदा सदा दातारु जीउ ॥

ਨਾਨਕ ਨਾਮੁ ਨ ਵੀਸਰੈ ਨਿਧਾਰਾ ਆਧਾਰੁ ਜੀਉ ॥੮॥੧॥੨॥ (751-14)
नानक नामु न वीसरै निधारा आधारु जीउ ॥८॥१॥२॥

ਸੂਹੀ ਮਹਲਾ ੧ ਕਾਫੀ ਘਰੁ ੧੦ (751-16)
सूही महला १ काफी घरु १०

ੴ ਸਤਿਗੁਰ ਪ੍ਰਸਾਦਿ ॥ (751-16)
ੴ सतिगुर प्रसादि ॥

ਮਾਣਸ ਜਨਮੁ ਦੁਲੰਭੁ ਗੁਰਮੁਖਿ ਪਾਇਆ ॥ (751-17)
माणस जनमु दुल्मभु गुरमुखि पाइआ ॥

ਮਨੁ ਤਨੁ ਹੋਇ ਚੁਲੰਭੁ ਜੇ ਸਤਿਗੁਰ ਭਾਇਆ ॥੧॥ (751-17)
मनु तनु होइ चुल्मभु जे सतिगुर भाइआ ॥१॥

ਚਲੈ ਜਨਮੁ ਸਵਾਰਿ ਵਖਰੁ ਸਚੁ ਲੈ ॥ (751-17)
चलै जनमु सवारि वखरु सचु लै ॥

ਪਤਿ ਪਾਏ ਦਰਬਾਰਿ ਸਤਿਗੁਰ ਸਬਦਿ ਭੈ ॥੧॥ ਰਹਾਉ ॥ (751-18)
पति पाए दरबारि सतिगुर सबदि भै ॥१॥ रहाउ ॥

ਮਨਿ ਤਨਿ ਸਚੁ ਸਲਾਹਿ ਸਾਚੇ ਮਨਿ ਭਾਇਆ ॥ (751-18)
मनि तनि सचु सलाहि साचे मनि भाइआ ॥

ਲਾਲਿ ਰਤਾ ਮਨੁ ਮਾਨਿਆ ਗੁਰੁ ਪੂਰਾ ਪਾਇਆ ॥੨॥ (752-1)
लालि रता मनु मानिआ गुरु पूरा पाइआ ॥२॥

ਹਉ ਜੀਵਾ ਗੁਣ ਸਾਰਿ ਅੰਤਰਿ ਤੂ ਵਸੈ ॥ (752-1)
हउ जीवा गुण सारि अंतरि तू वसै ॥

ਤੂੰ ਵਸਹਿ ਮਨ ਮਾਹਿ ਸਹਜੇ ਰਸਿ ਰਸੈ ॥੩॥ (752-2)
तूं वसहि मन माहि सहजे रसि रसै ॥३॥

ਮੂਰਖ ਮਨ ਸਮਝਾਇ ਆਖਉ ਕੇਤੜਾ ॥ (752-2)
मूरख मन समझाइ आखउ केतड़ा ॥

ਗੁਰਮੁਖਿ ਹਰਿ ਗੁਣ ਗਾਇ ਰੰਗਿ ਰੰਗੇਤੜਾ ॥੪॥ (752-2)
गुरमुखि हरि गुण गाइ रंगि रंगेतड़ा ॥४॥

ਨਿਤ ਨਿਤ ਰਿਦੈ ਸਮਾਲਿ ਪ੍ਰੀਤਮੁ ਆਪਣਾ ॥ (752-3)
नित नित रिदै समालि प्रीतमु आपणा ॥

ਜੇ ਚਲਹਿ ਗੁਣ ਨਾਲਿ ਨਾਹੀ ਦੁਖੁ ਸੰਤਾਪਣਾ ॥੫॥ (752-3)
जे चलहि गुण नालि नाही दुखु संतापणा ॥५॥

ਮਨਮੁਖ ਭਰਮਿ ਭੁਲਾਣਾ ਨਾ ਤਿਸੁ ਰੰਗੁ ਹੈ ॥ (752-4)
मनमुख भरमि भुलाणा ना तिसु रंगु है ॥

ਮਰਸੀ ਹੋਇ ਵਿਡਾਣਾ ਮਨਿ ਤਨਿ ਭੰਗੁ ਹੈ ॥੬॥ (752-4)
मरसी होइ विडाणा मनि तनि भंगु है ॥६॥

ਗੁਰ ਕੀ ਕਾਰ ਕਮਾਇ ਲਾਹਾ ਘਰਿ ਆਣਿਆ ॥ (752-5)
गुर की कार कमाइ लाहा घरि आणिआ ॥

ਗੁਰਬਾਣੀ ਨਿਰਬਾਣੁ ਸਬਦਿ ਪਛਾਣਿਆ ॥੭॥ (752-5)
गुरबाणी निरबाणु सबदि पछाणिआ ॥७॥

ਇਕ ਨਾਨਕ ਕੀ ਅਰਦਾਸਿ ਜੇ ਤੁਧੁ ਭਾਵਸੀ ॥ (752-6)
इक नानक की अरदासि जे तुधु भावसी ॥

ਮੈ ਦੀਜੈ ਨਾਮ ਨਿਵਾਸੁ ਹਰਿ ਗੁਣ ਗਾਵਸੀ ॥੮॥੧॥੩॥ (752-6)
मै दीजै नाम निवासु हरि गुण गावसी ॥८॥१॥३॥

ਸੂਹੀ ਮਹਲਾ ੧ ॥ (752-7)
सूही महला १ ॥

ਜਿਉ ਆਰਣਿ ਲੋਹਾ ਪਾਇ ਭੰਨਿ ਘੜਾਈਐ ॥ (752-7)
जिउ आरणि लोहा पाइ भंनि घड़ाईऐ ॥

ਤਿਉ ਸਾਕਤੁ ਜੋਨੀ ਪਾਇ ਭਵੈ ਭਵਾਈਐ ॥੧॥ (752-7)
तिउ साकतु जोनी पाइ भवै भवाईऐ ॥१॥

ਬਿਨੁ ਬੂਝੇ ਸਭੁ ਦੁਖੁ ਦੁਖੁ ਕਮਾਵਣਾ ॥ (752-8)
बिनु बूझे सभु दुखु दुखु कमावणा ॥

ਹਉਮੈ ਆਵੈ ਜਾਇ ਭਰਮਿ ਭੁਲਾਵਣਾ ॥੧॥ ਰਹਾਉ ॥ (752-8)
हउमै आवै जाइ भरमि भुलावणा ॥१॥ रहाउ ॥

ਤੂੰ ਗੁਰਮੁਖਿ ਰਖਣਹਾਰੁ ਹਰਿ ਨਾਮੁ ਧਿਆਈਐ ॥ (752-8)
तूं गुरमुखि रखणहारु हरि नामु धिआईऐ ॥

ਮੇਲਹਿ ਤੁਝਹਿ ਰਜਾਇ ਸਬਦੁ ਕਮਾਈਐ ॥੨॥ (752-9)
मेलहि तुझहि रजाइ सबदु कमाईऐ ॥२॥

ਤੂੰ ਕਰਿ ਕਰਿ ਵੇਖਹਿ ਆਪਿ ਦੇਹਿ ਸੁ ਪਾਈਐ ॥ (752-9)
तूं करि करि वेखहि आपि देहि सु पाईऐ ॥

ਤੂ ਦੇਖਹਿ ਥਾਪਿ ਉਥਾਪਿ ਦਰਿ ਬੀਨਾਈਐ ॥੩॥ (752-10)
तू देखहि थापि उथापि दरि बीनाईऐ ॥३॥

ਦੇਹੀ ਹੋਵਗਿ ਖਾਕੁ ਪਵਣੁ ਉਡਾਈਐ ॥ (752-10)
देही होवगि खाकु पवणु उडाईऐ ॥

ਇਹੁ ਕਿਥੈ ਘਰੁ ਅਉਤਾਕੁ ਮਹਲੁ ਨ ਪਾਈਐ ॥੪॥ (752-11)
इहु किथै घरु अउताकु महलु न पाईऐ ॥४॥

ਦਿਹੁ ਦੀਵੀ ਅੰਧ ਘੋਰੁ ਘਬੁ ਮੁਹਾਈਐ ॥ (752-11)
दिहु दीवी अंध घोरु घबु मुहाईऐ ॥

ਗਰਬਿ ਮੁਸੈ ਘਰੁ ਚੋਰੁ ਕਿਸੁ ਰੂਆਈਐ ॥੫॥ (752-12)
गरबि मुसै घरु चोरु किसु रूआईऐ ॥५॥

ਗੁਰਮੁਖਿ ਚੋਰੁ ਨ ਲਾਗਿ ਹਰਿ ਨਾਮਿ ਜਗਾਈਐ ॥ (752-12)
गुरमुखि चोरु न लागि हरि नामि जगाईऐ ॥

ਸਬਦਿ ਨਿਵਾਰੀ ਆਗਿ ਜੋਤਿ ਦੀਪਾਈਐ ॥੬॥ (752-12)
सबदि निवारी आगि जोति दीपाईऐ ॥६॥

ਲਾਲੁ ਰਤਨੁ ਹਰਿ ਨਾਮੁ ਗੁਰਿ ਸੁਰਤਿ ਬੁਝਾਈਐ ॥ (752-13)
लालु रतनु हरि नामु गुरि सुरति बुझाईऐ ॥

ਸਦਾ ਰਹੈ ਨਿਹਕਾਮੁ ਜੇ ਗੁਰਮਤਿ ਪਾਈਐ ॥੭॥ (752-13)
सदा रहै निहकामु जे गुरमति पाईऐ ॥७॥

ਰਾਤਿ ਦਿਹੈ ਹਰਿ ਨਾਉ ਮੰਨਿ ਵਸਾਈਐ ॥ (752-14)
राति दिहै हरि नाउ मंनि वसाईऐ ॥

ਨਾਨਕ ਮੇਲਿ ਮਿਲਾਇ ਜੇ ਤੁਧੁ ਭਾਈਐ ॥੮॥੨॥੪॥ (752-14)
नानक मेलि मिलाइ जे तुधु भाईऐ ॥८॥२॥४॥

ਸੂਹੀ ਮਹਲਾ ੧ ॥ (752-15)
सूही महला १ ॥

ਮਨਹੁ ਨ ਨਾਮੁ ਵਿਸਾਰਿ ਅਹਿਨਿਸਿ ਧਿਆਈਐ ॥ (752-15)
मनहु न नामु विसारि अहिनिसि धिआईऐ ॥

ਜਿਉ ਰਾਖਹਿ ਕਿਰਪਾ ਧਾਰਿ ਤਿਵੈ ਸੁਖੁ ਪਾਈਐ ॥੧॥ (752-15)
जिउ राखहि किरपा धारि तिवै सुखु पाईऐ ॥१॥

ਮੈ ਅੰਧੁਲੇ ਹਰਿ ਨਾਮੁ ਲਕੁਟੀ ਟੋਹਣੀ ॥ (752-16)
मै अंधुले हरि नामु लकुटी टोहणी ॥

ਰਹਉ ਸਾਹਿਬ ਕੀ ਟੇਕ ਨ ਮੋਹੈ ਮੋਹਣੀ ॥੧॥ ਰਹਾਉ ॥ (752-16)
रहउ साहिब की टेक न मोहै मोहणी ॥१॥ रहाउ ॥

ਜਹ ਦੇਖਉ ਤਹ ਨਾਲਿ ਗੁਰਿ ਦੇਖਾਲਿਆ ॥ (752-17)
जह देखउ तह नालि गुरि देखालिआ ॥

ਅੰਤਰਿ ਬਾਹਰਿ ਭਾਲਿ ਸਬਦਿ ਨਿਹਾਲਿਆ ॥੨॥ (752-17)
अंतरि बाहरि भालि सबदि निहालिआ ॥२॥

ਸੇਵੀ ਸਤਿਗੁਰ ਭਾਇ ਨਾਮੁ ਨਿਰੰਜਨਾ ॥ (752-17)
सेवी सतिगुर भाइ नामु निरंजना ॥

ਤੁਧੁ ਭਾਵੈ ਤਿਵੈ ਰਜਾਇ ਭਰਮੁ ਭਉ ਭੰਜਨਾ ॥੩॥ (752-18)
तुधु भावै तिवै रजाइ भरमु भउ भंजना ॥३॥

ਜਨਮਤ ਹੀ ਦੁਖੁ ਲਾਗੈ ਮਰਣਾ ਆਇ ਕੈ ॥ (752-18)
जनमत ही दुखु लागै मरणा आइ कै ॥

ਜਨਮੁ ਮਰਣੁ ਪਰਵਾਣੁ ਹਰਿ ਗੁਣ ਗਾਇ ਕੈ ॥੪॥ (752-19)
जनमु मरणु परवाणु हरि गुण गाइ कै ॥४॥

ਹਉ ਨਾਹੀ ਤੂ ਹੋਵਹਿ ਤੁਧ ਹੀ ਸਾਜਿਆ ॥ (752-19)
हउ नाही तू होवहि तुध ही साजिआ ॥

ਆਪੇ ਥਾਪਿ ਉਥਾਪਿ ਸਬਦਿ ਨਿਵਾਜਿਆ ॥੫॥ (753-1)
आपे थापि उथापि सबदि निवाजिआ ॥५॥

ਦੇਹੀ ਭਸਮ ਰੁਲਾਇ ਨ ਜਾਪੀ ਕਹ ਗਇਆ ॥ (753-1)
देही भसम रुलाइ न जापी कह गइआ ॥

ਆਪੇ ਰਹਿਆ ਸਮਾਇ ਸੋ ਵਿਸਮਾਦੁ ਭਇਆ ॥੬॥ (753-2)
आपे रहिआ समाइ सो विसमादु भइआ ॥६॥

ਤੂੰ ਨਾਹੀ ਪ੍ਰਭ ਦੂਰਿ ਜਾਣਹਿ ਸਭ ਤੂ ਹੈ ॥ (753-2)
तूं नाही प्रभ दूरि जाणहि सभ तू है ॥

ਗੁਰਮੁਖਿ ਵੇਖਿ ਹਦੂਰਿ ਅੰਤਰਿ ਭੀ ਤੂ ਹੈ ॥੭॥ (753-2)
गुरमुखि वेखि हदूरि अंतरि भी तू है ॥७॥

ਮੈ ਦੀਜੈ ਨਾਮ ਨਿਵਾਸੁ ਅੰਤਰਿ ਸਾਂਤਿ ਹੋਇ ॥ (753-3)
मै दीजै नाम निवासु अंतरि सांति होइ ॥

ਗੁਣ ਗਾਵੈ ਨਾਨਕ ਦਾਸੁ ਸਤਿਗੁਰੁ ਮਤਿ ਦੇਇ ॥੮॥੩॥੫॥ (753-3)
गुण गावै नानक दासु सतिगुरु मति देइ ॥८॥३॥५॥

ਰਾਗੁ ਸੂਹੀ ਮਹਲਾ ੩ ਘਰੁ ੧ ਅਸਟਪਦੀਆ (753-5)
रागु सूही महला ३ घरु १ असटपदीआ

ੴ ਸਤਿਗੁਰ ਪ੍ਰਸਾਦਿ ॥ (753-5)
ੴ सतिगुर प्रसादि ॥

ਨਾਮੈ ਹੀ ਤੇ ਸਭੁ ਕਿਛੁ ਹੋਆ ਬਿਨੁ ਸਤਿਗੁਰ ਨਾਮੁ ਨ ਜਾਪੈ ॥ (753-6)
नामै ही ते सभु किछु होआ बिनु सतिगुर नामु न जापै ॥

ਗੁਰ ਕਾ ਸਬਦੁ ਮਹਾ ਰਸੁ ਮੀਠਾ ਬਿਨੁ ਚਾਖੇ ਸਾਦੁ ਨ ਜਾਪੈ ॥ (753-6)
गुर का सबदु महा रसु मीठा बिनु चाखे सादु न जापै ॥

ਕਉਡੀ ਬਦਲੈ ਜਨਮੁ ਗਵਾਇਆ ਚੀਨਸਿ ਨਾਹੀ ਆਪੈ ॥ (753-7)
कउडी बदलै जनमु गवाइआ चीनसि नाही आपै ॥

ਗੁਰਮੁਖਿ ਹੋਵੈ ਤਾ ਏਕੋ ਜਾਣੈ ਹਉਮੈ ਦੁਖੁ ਨ ਸੰਤਾਪੈ ॥੧॥ (753-7)
गुरमुखि होवै ता एको जाणै हउमै दुखु न संतापै ॥१॥

ਬਲਿਹਾਰੀ ਗੁਰ ਅਪਣੇ ਵਿਟਹੁ ਜਿਨਿ ਸਾਚੇ ਸਿਉ ਲਿਵ ਲਾਈ ॥ (753-8)
बलिहारी गुर अपणे विटहु जिनि साचे सिउ लिव लाई ॥

ਸਬਦੁ ਚੀਨ੍ਹ੍ਹਿ ਆਤਮੁ ਪਰਗਾਸਿਆ ਸਹਜੇ ਰਹਿਆ ਸਮਾਈ ॥੧॥ ਰਹਾਉ ॥ (753-8)
सबदु चीन्हि आतमु परगासिआ सहजे रहिआ समाई ॥१॥ रहाउ ॥

ਗੁਰਮੁਖਿ ਗਾਵੈ ਗੁਰਮੁਖਿ ਬੂਝੈ ਗੁਰਮੁਖਿ ਸਬਦੁ ਬੀਚਾਰੇ ॥ (753-9)
गुरमुखि गावै गुरमुखि बूझै गुरमुखि सबदु बीचारे ॥

ਜੀਉ ਪਿੰਡੁ ਸਭੁ ਗੁਰ ਤੇ ਉਪਜੈ ਗੁਰਮੁਖਿ ਕਾਰਜ ਸਵਾਰੇ ॥ (753-10)
जीउ पिंडु सभु गुर ते उपजै गुरमुखि कारज सवारे ॥

ਮਨਮੁਖਿ ਅੰਧਾ ਅੰਧੁ ਕਮਾਵੈ ਬਿਖੁ ਖਟੇ ਸੰਸਾਰੇ ॥ (753-10)
मनमुखि अंधा अंधु कमावै बिखु खटे संसारे ॥

ਮਾਇਆ ਮੋਹਿ ਸਦਾ ਦੁਖੁ ਪਾਏ ਬਿਨੁ ਗੁਰ ਅਤਿ ਪਿਆਰੇ ॥੨॥ (753-11)
माइआ मोहि सदा दुखु पाए बिनु गुर अति पिआरे ॥२॥

ਸੋਈ ਸੇਵਕੁ ਜੇ ਸਤਿਗੁਰ ਸੇਵੇ ਚਾਲੈ ਸਤਿਗੁਰ ਭਾਏ ॥ (753-11)
सोई सेवकु जे सतिगुर सेवे चालै सतिगुर भाए ॥

ਸਾਚਾ ਸਬਦੁ ਸਿਫਤਿ ਹੈ ਸਾਚੀ ਸਾਚਾ ਮੰਨਿ ਵਸਾਏ ॥ (753-12)
साचा सबदु सिफति है साची साचा मंनि वसाए ॥

ਸਚੀ ਬਾਣੀ ਗੁਰਮੁਖਿ ਆਖੈ ਹਉਮੈ ਵਿਚਹੁ ਜਾਏ ॥ (753-12)
सची बाणी गुरमुखि आखै हउमै विचहु जाए ॥

ਆਪੇ ਦਾਤਾ ਕਰਮੁ ਹੈ ਸਾਚਾ ਸਾਚਾ ਸਬਦੁ ਸੁਣਾਏ ॥੩॥ (753-13)
आपे दाता करमु है साचा साचा सबदु सुणाए ॥३॥

ਗੁਰਮੁਖਿ ਘਾਲੇ ਗੁਰਮੁਖਿ ਖਟੇ ਗੁਰਮੁਖਿ ਨਾਮੁ ਜਪਾਏ ॥ (753-13)
गुरमुखि घाले गुरमुखि खटे गुरमुखि नामु जपाए ॥

ਸਦਾ ਅਲਿਪਤੁ ਸਾਚੈ ਰੰਗਿ ਰਾਤਾ ਗੁਰ ਕੈ ਸਹਜਿ ਸੁਭਾਏ ॥ (753-14)
सदा अलिपतु साचै रंगि राता गुर कै सहजि सुभाए ॥

ਮਨਮੁਖੁ ਸਦ ਹੀ ਕੂੜੋ ਬੋਲੈ ਬਿਖੁ ਬੀਜੈ ਬਿਖੁ ਖਾਏ ॥ (753-14)
मनमुखु सद ही कूड़ो बोलै बिखु बीजै बिखु खाए ॥

ਜਮਕਾਲਿ ਬਾਧਾ ਤ੍ਰਿਸਨਾ ਦਾਧਾ ਬਿਨੁ ਗੁਰ ਕਵਣੁ ਛਡਾਏ ॥੪॥ (753-15)
जमकालि बाधा त्रिसना दाधा बिनु गुर कवणु छडाए ॥४॥

ਸਚਾ ਤੀਰਥੁ ਜਿਤੁ ਸਤ ਸਰਿ ਨਾਵਣੁ ਗੁਰਮੁਖਿ ਆਪਿ ਬੁਝਾਏ ॥ (753-15)
सचा तीरथु जितु सत सरि नावणु गुरमुखि आपि बुझाए ॥

ਅਠਸਠਿ ਤੀਰਥ ਗੁਰ ਸਬਦਿ ਦਿਖਾਏ ਤਿਤੁ ਨਾਤੈ ਮਲੁ ਜਾਏ ॥ (753-16)
अठसठि तीरथ गुर सबदि दिखाए तितु नातै मलु जाए ॥

ਸਚਾ ਸਬਦੁ ਸਚਾ ਹੈ ਨਿਰਮਲੁ ਨਾ ਮਲੁ ਲਗੈ ਨ ਲਾਏ ॥ (753-16)
सचा सबदु सचा है निरमलु ना मलु लगै न लाए ॥

ਸਚੀ ਸਿਫਤਿ ਸਚੀ ਸਾਲਾਹ ਪੂਰੇ ਗੁਰ ਤੇ ਪਾਏ ॥੫॥ (753-17)
सची सिफति सची सालाह पूरे गुर ते पाए ॥५॥

ਤਨੁ ਮਨੁ ਸਭੁ ਕਿਛੁ ਹਰਿ ਤਿਸੁ ਕੇਰਾ ਦੁਰਮਤਿ ਕਹਣੁ ਨ ਜਾਏ ॥ (753-17)
तनु मनु सभु किछु हरि तिसु केरा दुरमति कहणु न जाए ॥

ਹੁਕਮੁ ਹੋਵੈ ਤਾ ਨਿਰਮਲੁ ਹੋਵੈ ਹਉਮੈ ਵਿਚਹੁ ਜਾਏ ॥ (753-18)
हुकमु होवै ता निरमलु होवै हउमै विचहु जाए ॥

ਗੁਰ ਕੀ ਸਾਖੀ ਸਹਜੇ ਚਾਖੀ ਤ੍ਰਿਸਨਾ ਅਗਨਿ ਬੁਝਾਏ ॥ (753-18)
गुर की साखी सहजे चाखी त्रिसना अगनि बुझाए ॥

ਗੁਰ ਕੈ ਸਬਦਿ ਰਾਤਾ ਸਹਜੇ ਮਾਤਾ ਸਹਜੇ ਰਹਿਆ ਸਮਾਏ ॥੬॥ (753-19)
गुर कै सबदि राता सहजे माता सहजे रहिआ समाए ॥६॥

ਹਰਿ ਕਾ ਨਾਮੁ ਸਤਿ ਕਰਿ ਜਾਣੈ ਗੁਰ ਕੈ ਭਾਇ ਪਿਆਰੇ ॥ (754-1)
हरि का नामु सति करि जाणै गुर कै भाइ पिआरे ॥

ਸਚੀ ਵਡਿਆਈ ਗੁਰ ਤੇ ਪਾਈ ਸਚੈ ਨਾਇ ਪਿਆਰੇ ॥ (754-1)
सची वडिआई गुर ते पाई सचै नाइ पिआरे ॥

ਏਕੋ ਸਚਾ ਸਭ ਮਹਿ ਵਰਤੈ ਵਿਰਲਾ ਕੋ ਵੀਚਾਰੇ ॥ (754-2)
एको सचा सभ महि वरतै विरला को वीचारे ॥

ਆਪੇ ਮੇਲਿ ਲਏ ਤਾ ਬਖਸੇ ਸਚੀ ਭਗਤਿ ਸਵਾਰੇ ॥੭॥ (754-2)
आपे मेलि लए ता बखसे सची भगति सवारे ॥७॥

ਸਭੋ ਸਚੁ ਸਚੁ ਸਚੁ ਵਰਤੈ ਗੁਰਮੁਖਿ ਕੋਈ ਜਾਣੈ ॥ (754-3)
सभो सचु सचु सचु वरतै गुरमुखि कोई जाणै ॥

ਜੰਮਣ ਮਰਣਾ ਹੁਕਮੋ ਵਰਤੈ ਗੁਰਮੁਖਿ ਆਪੁ ਪਛਾਣੈ ॥ (754-3)
जंमण मरणा हुकमो वरतै गुरमुखि आपु पछाणै ॥

ਨਾਮੁ ਧਿਆਏ ਤਾ ਸਤਿਗੁਰੁ ਭਾਏ ਜੋ ਇਛੈ ਸੋ ਫਲੁ ਪਾਏ ॥ (754-4)
नामु धिआए ता सतिगुरु भाए जो इछै सो फलु पाए ॥

ਨਾਨਕ ਤਿਸ ਦਾ ਸਭੁ ਕਿਛੁ ਹੋਵੈ ਜਿ ਵਿਚਹੁ ਆਪੁ ਗਵਾਏ ॥੮॥੧॥ (754-4)
नानक तिस दा सभु किछु होवै जि विचहु आपु गवाए ॥८॥१॥

ਸੂਹੀ ਮਹਲਾ ੩ ॥ (754-5)
सूही महला ३ ॥

ਕਾਇਆ ਕਾਮਣਿ ਅਤਿ ਸੁਆਲ੍ਹ੍ਹਿਉ ਪਿਰੁ ਵਸੈ ਜਿਸੁ ਨਾਲੇ ॥ (754-5)
काइआ कामणि अति सुआल्हिउ पिरु वसै जिसु नाले ॥

ਪਿਰ ਸਚੇ ਤੇ ਸਦਾ ਸੁਹਾਗਣਿ ਗੁਰ ਕਾ ਸਬਦੁ ਸਮ੍ਹ੍ਹਾਲੇ ॥ (754-5)
पिर सचे ते सदा सुहागणि गुर का सबदु सम्हाले ॥

ਹਰਿ ਕੀ ਭਗਤਿ ਸਦਾ ਰੰਗਿ ਰਾਤਾ ਹਉਮੈ ਵਿਚਹੁ ਜਾਲੇ ॥੧॥ (754-6)
हरि की भगति सदा रंगि राता हउमै विचहु जाले ॥१॥

ਵਾਹੁ ਵਾਹੁ ਪੂਰੇ ਗੁਰ ਕੀ ਬਾਣੀ ॥ (754-7)
वाहु वाहु पूरे गुर की बाणी ॥

ਪੂਰੇ ਗੁਰ ਤੇ ਉਪਜੀ ਸਾਚਿ ਸਮਾਣੀ ॥੧॥ ਰਹਾਉ ॥ (754-7)
पूरे गुर ते उपजी साचि समाणी ॥१॥ रहाउ ॥

ਕਾਇਆ ਅੰਦਰਿ ਸਭੁ ਕਿਛੁ ਵਸੈ ਖੰਡ ਮੰਡਲ ਪਾਤਾਲਾ ॥ (754-7)
काइआ अंदरि सभु किछु वसै खंड मंडल पाताला ॥

ਕਾਇਆ ਅੰਦਰਿ ਜਗਜੀਵਨ ਦਾਤਾ ਵਸੈ ਸਭਨਾ ਕਰੇ ਪ੍ਰਤਿਪਾਲਾ ॥ (754-8)
काइआ अंदरि जगजीवन दाता वसै सभना करे प्रतिपाला ॥

ਕਾਇਆ ਕਾਮਣਿ ਸਦਾ ਸੁਹੇਲੀ ਗੁਰਮੁਖਿ ਨਾਮੁ ਸਮ੍ਹ੍ਹਾਲਾ ॥੨॥ (754-9)
काइआ कामणि सदा सुहेली गुरमुखि नामु सम्हाला ॥२॥

ਕਾਇਆ ਅੰਦਰਿ ਆਪੇ ਵਸੈ ਅਲਖੁ ਨ ਲਖਿਆ ਜਾਈ ॥ (754-9)
काइआ अंदरि आपे वसै अलखु न लखिआ जाई ॥

ਮਨਮੁਖੁ ਮੁਗਧੁ ਬੂਝੈ ਨਾਹੀ ਬਾਹਰਿ ਭਾਲਣਿ ਜਾਈ ॥ (754-10)
मनमुखु मुगधु बूझै नाही बाहरि भालणि जाई ॥

ਸਤਿਗੁਰੁ ਸੇਵੇ ਸਦਾ ਸੁਖੁ ਪਾਏ ਸਤਿਗੁਰਿ ਅਲਖੁ ਦਿਤਾ ਲਖਾਈ ॥੩॥ (754-10)
सतिगुरु सेवे सदा सुखु पाए सतिगुरि अलखु दिता लखाई ॥३॥

ਕਾਇਆ ਅੰਦਰਿ ਰਤਨ ਪਦਾਰਥ ਭਗਤਿ ਭਰੇ ਭੰਡਾਰਾ ॥ (754-11)
काइआ अंदरि रतन पदारथ भगति भरे भंडारा ॥

ਇਸੁ ਕਾਇਆ ਅੰਦਰਿ ਨਉ ਖੰਡ ਪ੍ਰਿਥਮੀ ਹਾਟ ਪਟਣ ਬਾਜਾਰਾ ॥ (754-11)
इसु काइआ अंदरि नउ खंड प्रिथमी हाट पटण बाजारा ॥

ਇਸੁ ਕਾਇਆ ਅੰਦਰਿ ਨਾਮੁ ਨਉ ਨਿਧਿ ਪਾਈਐ ਗੁਰ ਕੈ ਸਬਦਿ ਵੀਚਾਰਾ ॥੪॥ (754-12)
इसु काइआ अंदरि नामु नउ निधि पाईऐ गुर कै सबदि वीचारा ॥४॥

ਕਾਇਆ ਅੰਦਰਿ ਤੋਲਿ ਤੁਲਾਵੈ ਆਪੇ ਤੋਲਣਹਾਰਾ ॥ (754-13)
काइआ अंदरि तोलि तुलावै आपे तोलणहारा ॥

ਇਹੁ ਮਨੁ ਰਤਨੁ ਜਵਾਹਰ ਮਾਣਕੁ ਤਿਸ ਕਾ ਮੋਲੁ ਅਫਾਰਾ ॥ (754-13)
इहु मनु रतनु जवाहर माणकु तिस का मोलु अफारा ॥

ਮੋਲਿ ਕਿਤ ਹੀ ਨਾਮੁ ਪਾਈਐ ਨਾਹੀ ਨਾਮੁ ਪਾਈਐ ਗੁਰ ਬੀਚਾਰਾ ॥੫॥ (754-14)
मोलि कित ही नामु पाईऐ नाही नामु पाईऐ गुर बीचारा ॥५॥

ਗੁਰਮੁਖਿ ਹੋਵੈ ਸੁ ਕਾਇਆ ਖੋਜੈ ਹੋਰ ਸਭ ਭਰਮਿ ਭੁਲਾਈ ॥ (754-14)
गुरमुखि होवै सु काइआ खोजै होर सभ भरमि भुलाई ॥

ਜਿਸ ਨੋ ਦੇਇ ਸੋਈ ਜਨੁ ਪਾਵੈ ਹੋਰ ਕਿਆ ਕੋ ਕਰੇ ਚਤੁਰਾਈ ॥ (754-15)
जिस नो देइ सोई जनु पावै होर किआ को करे चतुराई ॥

ਕਾਇਆ ਅੰਦਰਿ ਭਉ ਭਾਉ ਵਸੈ ਗੁਰ ਪਰਸਾਦੀ ਪਾਈ ॥੬॥ (754-15)
काइआ अंदरि भउ भाउ वसै गुर परसादी पाई ॥६॥

ਕਾਇਆ ਅੰਦਰਿ ਬ੍ਰਹਮਾ ਬਿਸਨੁ ਮਹੇਸਾ ਸਭ ਓਪਤਿ ਜਿਤੁ ਸੰਸਾਰਾ ॥ (754-16)
काइआ अंदरि ब्रहमा बिसनु महेसा सभ ओपति जितु संसारा ॥

ਸਚੈ ਆਪਣਾ ਖੇਲੁ ਰਚਾਇਆ ਆਵਾ ਗਉਣੁ ਪਾਸਾਰਾ ॥ (754-17)
सचै आपणा खेलु रचाइआ आवा गउणु पासारा ॥

ਪੂਰੈ ਸਤਿਗੁਰਿ ਆਪਿ ਦਿਖਾਇਆ ਸਚਿ ਨਾਮਿ ਨਿਸਤਾਰਾ ॥੭॥ (754-17)
पूरै सतिगुरि आपि दिखाइआ सचि नामि निसतारा ॥७॥

ਸਾ ਕਾਇਆ ਜੋ ਸਤਿਗੁਰੁ ਸੇਵੈ ਸਚੈ ਆਪਿ ਸਵਾਰੀ ॥ (754-18)
सा काइआ जो सतिगुरु सेवै सचै आपि सवारी ॥

ਵਿਣੁ ਨਾਵੈ ਦਰਿ ਢੋਈ ਨਾਹੀ ਤਾ ਜਮੁ ਕਰੇ ਖੁਆਰੀ ॥ (754-18)
विणु नावै दरि ढोई नाही ता जमु करे खुआरी ॥

ਨਾਨਕ ਸਚੁ ਵਡਿਆਈ ਪਾਏ ਜਿਸ ਨੋ ਹਰਿ ਕਿਰਪਾ ਧਾਰੀ ॥੮॥੨॥ (754-19)
नानक सचु वडिआई पाए जिस नो हरि किरपा धारी ॥८॥२॥

ਰਾਗੁ ਸੂਹੀ ਮਹਲਾ ੩ ਘਰੁ ੧੦ (755-1)
रागु सूही महला ३ घरु १०

ੴ ਸਤਿਗੁਰ ਪ੍ਰਸਾਦਿ ॥ (755-1)
ੴ सतिगुर प्रसादि ॥

ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ ॥ (755-2)
दुनीआ न सालाहि जो मरि वंञसी ॥

ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ ॥੧॥ (755-2)
लोका न सालाहि जो मरि खाकु थीई ॥१॥

ਵਾਹੁ ਮੇਰੇ ਸਾਹਿਬਾ ਵਾਹੁ ॥ (755-2)
वाहु मेरे साहिबा वाहु ॥

ਗੁਰਮੁਖਿ ਸਦਾ ਸਲਾਹੀਐ ਸਚਾ ਵੇਪਰਵਾਹੁ ॥੧॥ ਰਹਾਉ ॥ (755-3)
गुरमुखि सदा सलाहीऐ सचा वेपरवाहु ॥१॥ रहाउ ॥

ਦੁਨੀਆ ਕੇਰੀ ਦੋਸਤੀ ਮਨਮੁਖ ਦਝਿ ਮਰੰਨਿ ॥ (755-3)
दुनीआ केरी दोसती मनमुख दझि मरंनि ॥

ਜਮ ਪੁਰਿ ਬਧੇ ਮਾਰੀਅਹਿ ਵੇਲਾ ਨ ਲਾਹੰਨਿ ॥੨॥ (755-4)
जम पुरि बधे मारीअहि वेला न लाहंनि ॥२॥

ਗੁਰਮੁਖਿ ਜਨਮੁ ਸਕਾਰਥਾ ਸਚੈ ਸਬਦਿ ਲਗੰਨਿ ॥ (755-4)
गुरमुखि जनमु सकारथा सचै सबदि लगंनि ॥

ਆਤਮ ਰਾਮੁ ਪ੍ਰਗਾਸਿਆ ਸਹਜੇ ਸੁਖਿ ਰਹੰਨਿ ॥੩॥ (755-4)
आतम रामु प्रगासिआ सहजे सुखि रहंनि ॥३॥

ਗੁਰ ਕਾ ਸਬਦੁ ਵਿਸਾਰਿਆ ਦੂਜੈ ਭਾਇ ਰਚੰਨਿ ॥ (755-5)
गुर का सबदु विसारिआ दूजै भाइ रचंनि ॥

ਤਿਸਨਾ ਭੁਖ ਨ ਉਤਰੈ ਅਨਦਿਨੁ ਜਲਤ ਫਿਰੰਨਿ ॥੪॥ (755-5)
तिसना भुख न उतरै अनदिनु जलत फिरंनि ॥४॥

ਦੁਸਟਾ ਨਾਲਿ ਦੋਸਤੀ ਨਾਲਿ ਸੰਤਾ ਵੈਰੁ ਕਰੰਨਿ ॥ (755-6)
दुसटा नालि दोसती नालि संता वैरु करंनि ॥

ਆਪਿ ਡੁਬੇ ਕੁਟੰਬ ਸਿਉ ਸਗਲੇ ਕੁਲ ਡੋਬੰਨਿ ॥੫॥ (755-6)
आपि डुबे कुटम्ब सिउ सगले कुल डोबंनि ॥५॥

ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥ (755-7)
निंदा भली किसै की नाही मनमुख मुगध करंनि ॥

ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥੬॥ (755-7)
मुह काले तिन निंदका नरके घोरि पवंनि ॥६॥

ਏ ਮਨ ਜੈਸਾ ਸੇਵਹਿ ਤੈਸਾ ਹੋਵਹਿ ਤੇਹੇ ਕਰਮ ਕਮਾਇ ॥ (755-8)
ए मन जैसा सेवहि तैसा होवहि तेहे करम कमाइ ॥

ਆਪਿ ਬੀਜਿ ਆਪੇ ਹੀ ਖਾਵਣਾ ਕਹਣਾ ਕਿਛੂ ਨ ਜਾਇ ॥੭॥ (755-8)
आपि बीजि आपे ही खावणा कहणा किछू न जाइ ॥७॥

ਮਹਾ ਪੁਰਖਾ ਕਾ ਬੋਲਣਾ ਹੋਵੈ ਕਿਤੈ ਪਰਥਾਇ ॥ (755-9)
महा पुरखा का बोलणा होवै कितै परथाइ ॥

ਓਇ ਅੰਮ੍ਰਿਤ ਭਰੇ ਭਰਪੂਰ ਹਹਿ ਓਨਾ ਤਿਲੁ ਨ ਤਮਾਇ ॥੮॥ (755-9)
ओइ अमृत भरे भरपूर हहि ओना तिलु न तमाइ ॥८॥

ਗੁਣਕਾਰੀ ਗੁਣ ਸੰਘਰੈ ਅਵਰਾ ਉਪਦੇਸੇਨਿ ॥ (755-10)
गुणकारी गुण संघरै अवरा उपदेसेनि ॥

ਸੇ ਵਡਭਾਗੀ ਜਿ ਓਨਾ ਮਿਲਿ ਰਹੇ ਅਨਦਿਨੁ ਨਾਮੁ ਲਏਨਿ ॥੯॥ (755-10)
से वडभागी जि ओना मिलि रहे अनदिनु नामु लएनि ॥९॥

ਦੇਸੀ ਰਿਜਕੁ ਸੰਬਾਹਿ ਜਿਨਿ ਉਪਾਈ ਮੇਦਨੀ ॥ (755-11)
देसी रिजकु स्मबाहि जिनि उपाई मेदनी ॥

ਏਕੋ ਹੈ ਦਾਤਾਰੁ ਸਚਾ ਆਪਿ ਧਣੀ ॥੧੦॥ (755-11)
एको है दातारु सचा आपि धणी ॥१०॥

ਸੋ ਸਚੁ ਤੇਰੈ ਨਾਲਿ ਹੈ ਗੁਰਮੁਖਿ ਨਦਰਿ ਨਿਹਾਲਿ ॥ (755-12)
सो सचु तेरै नालि है गुरमुखि नदरि निहालि ॥

ਆਪੇ ਬਖਸੇ ਮੇਲਿ ਲਏ ਸੋ ਪ੍ਰਭੁ ਸਦਾ ਸਮਾਲਿ ॥੧੧॥ (755-12)
आपे बखसे मेलि लए सो प्रभु सदा समालि ॥११॥

ਮਨੁ ਮੈਲਾ ਸਚੁ ਨਿਰਮਲਾ ਕਿਉ ਕਰਿ ਮਿਲਿਆ ਜਾਇ ॥ (755-13)
मनु मैला सचु निरमला किउ करि मिलिआ जाइ ॥

ਪ੍ਰਭੁ ਮੇਲੇ ਤਾ ਮਿਲਿ ਰਹੈ ਹਉਮੈ ਸਬਦਿ ਜਲਾਇ ॥੧੨॥ (755-13)
प्रभु मेले ता मिलि रहै हउमै सबदि जलाइ ॥१२॥

ਸੋ ਸਹੁ ਸਚਾ ਵੀਸਰੈ ਧ੍ਰਿਗੁ ਜੀਵਣੁ ਸੰਸਾਰਿ ॥ (755-14)
सो सहु सचा वीसरै ध्रिगु जीवणु संसारि ॥

ਨਦਰਿ ਕਰੇ ਨਾ ਵੀਸਰੈ ਗੁਰਮਤੀ ਵੀਚਾਰਿ ॥੧੩॥ (755-14)
नदरि करे ना वीसरै गुरमती वीचारि ॥१३॥

ਸਤਿਗੁਰੁ ਮੇਲੇ ਤਾ ਮਿਲਿ ਰਹਾ ਸਾਚੁ ਰਖਾ ਉਰ ਧਾਰਿ ॥ (755-15)
सतिगुरु मेले ता मिलि रहा साचु रखा उर धारि ॥

ਮਿਲਿਆ ਹੋਇ ਨ ਵੀਛੁੜੈ ਗੁਰ ਕੈ ਹੇਤਿ ਪਿਆਰਿ ॥੧੪॥ (755-15)
मिलिआ होइ न वीछुड़ै गुर कै हेति पिआरि ॥१४॥

ਪਿਰੁ ਸਾਲਾਹੀ ਆਪਣਾ ਗੁਰ ਕੈ ਸਬਦਿ ਵੀਚਾਰਿ ॥ (755-16)
पिरु सालाही आपणा गुर कै सबदि वीचारि ॥

ਮਿਲਿ ਪ੍ਰੀਤਮ ਸੁਖੁ ਪਾਇਆ ਸੋਭਾਵੰਤੀ ਨਾਰਿ ॥੧੫॥ (755-16)
मिलि प्रीतम सुखु पाइआ सोभावंती नारि ॥१५॥

ਮਨਮੁਖ ਮਨੁ ਨ ਭਿਜਈ ਅਤਿ ਮੈਲੇ ਚਿਤਿ ਕਠੋਰ ॥ (755-17)
मनमुख मनु न भिजई अति मैले चिति कठोर ॥

ਸਪੈ ਦੁਧੁ ਪੀਆਈਐ ਅੰਦਰਿ ਵਿਸੁ ਨਿਕੋਰ ॥੧੬॥ (755-17)
सपै दुधु पीआईऐ अंदरि विसु निकोर ॥१६॥

ਆਪਿ ਕਰੇ ਕਿਸੁ ਆਖੀਐ ਆਪੇ ਬਖਸਣਹਾਰੁ ॥ (755-18)
आपि करे किसु आखीऐ आपे बखसणहारु ॥

ਗੁਰ ਸਬਦੀ ਮੈਲੁ ਉਤਰੈ ਤਾ ਸਚੁ ਬਣਿਆ ਸੀਗਾਰੁ ॥੧੭॥ (755-18)
गुर सबदी मैलु उतरै ता सचु बणिआ सीगारु ॥१७॥

ਸਚਾ ਸਾਹੁ ਸਚੇ ਵਣਜਾਰੇ ਓਥੈ ਕੂੜੇ ਨਾ ਟਿਕੰਨ੍ਹਿ ॥ (756-1)
सचा साहु सचे वणजारे ओथै कूड़े ना टिकंनि ॥

ਓਨਾ ਸਚੁ ਨ ਭਾਵਈ ਦੁਖ ਹੀ ਮਾਹਿ ਪਚੰਨ੍ਹਿ ॥੧੮॥ (756-1)
ओना सचु न भावई दुख ही माहि पचंनि ॥१८॥

ਹਉਮੈ ਮੈਲਾ ਜਗੁ ਫਿਰੈ ਮਰਿ ਜੰਮੈ ਵਾਰੋ ਵਾਰ ॥ (756-2)
हउमै मैला जगु फिरै मरि जंमै वारो वार ॥

ਪਇਐ ਕਿਰਤਿ ਕਮਾਵਣਾ ਕੋਇ ਨ ਮੇਟਣਹਾਰ ॥੧੯॥ (756-2)
पइऐ किरति कमावणा कोइ न मेटणहार ॥१९॥

ਸੰਤਾ ਸੰਗਤਿ ਮਿਲਿ ਰਹੈ ਤਾ ਸਚਿ ਲਗੈ ਪਿਆਰੁ ॥ (756-2)
संता संगति मिलि रहै ता सचि लगै पिआरु ॥

ਸਚੁ ਸਲਾਹੀ ਸਚੁ ਮਨਿ ਦਰਿ ਸਚੈ ਸਚਿਆਰੁ ॥੨੦॥ (756-3)
सचु सलाही सचु मनि दरि सचै सचिआरु ॥२०॥

ਗੁਰ ਪੂਰੇ ਪੂਰੀ ਮਤਿ ਹੈ ਅਹਿਨਿਸਿ ਨਾਮੁ ਧਿਆਇ ॥ (756-3)
गुर पूरे पूरी मति है अहिनिसि नामु धिआइ ॥

ਹਉਮੈ ਮੇਰਾ ਵਡ ਰੋਗੁ ਹੈ ਵਿਚਹੁ ਠਾਕਿ ਰਹਾਇ ॥੨੧॥ (756-4)
हउमै मेरा वड रोगु है विचहु ठाकि रहाइ ॥२१॥

ਗੁਰੁ ਸਾਲਾਹੀ ਆਪਣਾ ਨਿਵਿ ਨਿਵਿ ਲਾਗਾ ਪਾਇ ॥ (756-4)
गुरु सालाही आपणा निवि निवि लागा पाइ ॥

ਤਨੁ ਮਨੁ ਸਉਪੀ ਆਗੈ ਧਰੀ ਵਿਚਹੁ ਆਪੁ ਗਵਾਇ ॥੨੨॥ (756-5)
तनु मनु सउपी आगै धरी विचहु आपु गवाइ ॥२२॥

ਖਿੰਚੋਤਾਣਿ ਵਿਗੁਚੀਐ ਏਕਸੁ ਸਿਉ ਲਿਵ ਲਾਇ ॥ (756-6)
खिंचोताणि विगुचीऐ एकसु सिउ लिव लाइ ॥

ਹਉਮੈ ਮੇਰਾ ਛਡਿ ਤੂ ਤਾ ਸਚਿ ਰਹੈ ਸਮਾਇ ॥੨੩॥ (756-6)
हउमै मेरा छडि तू ता सचि रहै समाइ ॥२३॥

ਸਤਿਗੁਰ ਨੋ ਮਿਲੇ ਸਿ ਭਾਇਰਾ ਸਚੈ ਸਬਦਿ ਲਗੰਨਿ ॥ (756-6)
सतिगुर नो मिले सि भाइरा सचै सबदि लगंनि ॥

ਸਚਿ ਮਿਲੇ ਸੇ ਨ ਵਿਛੁੜਹਿ ਦਰਿ ਸਚੈ ਦਿਸੰਨਿ ॥੨੪॥ (756-7)
सचि मिले से न विछुड़हि दरि सचै दिसंनि ॥२४॥

ਸੇ ਭਾਈ ਸੇ ਸਜਣਾ ਜੋ ਸਚਾ ਸੇਵੰਨਿ ॥ (756-7)
से भाई से सजणा जो सचा सेवंनि ॥

ਅਵਗਣ ਵਿਕਣਿ ਪਲ੍ਹਰਨਿ ਗੁਣ ਕੀ ਸਾਝ ਕਰੰਨ੍ਹਿ ॥੨੫॥ (756-8)
अवगण विकणि पल्हरनि गुण की साझ करंन्हि ॥२५॥

ਗੁਣ ਕੀ ਸਾਝ ਸੁਖੁ ਊਪਜੈ ਸਚੀ ਭਗਤਿ ਕਰੇਨਿ ॥ (756-8)
गुण की साझ सुखु ऊपजै सची भगति करेनि ॥

ਸਚੁ ਵਣੰਜਹਿ ਗੁਰ ਸਬਦ ਸਿਉ ਲਾਹਾ ਨਾਮੁ ਲਏਨਿ ॥੨੬॥ (756-9)
सचु वणंजहि गुर सबद सिउ लाहा नामु लएनि ॥२६॥

ਸੁਇਨਾ ਰੁਪਾ ਪਾਪ ਕਰਿ ਕਰਿ ਸੰਚੀਐ ਚਲੈ ਨ ਚਲਦਿਆ ਨਾਲਿ ॥ (756-9)
सुइना रुपा पाप करि करि संचीऐ चलै न चलदिआ नालि ॥

ਵਿਣੁ ਨਾਵੈ ਨਾਲਿ ਨ ਚਲਸੀ ਸਭ ਮੁਠੀ ਜਮਕਾਲਿ ॥੨੭॥ (756-10)
विणु नावै नालि न चलसी सभ मुठी जमकालि ॥२७॥

ਮਨ ਕਾ ਤੋਸਾ ਹਰਿ ਨਾਮੁ ਹੈ ਹਿਰਦੈ ਰਖਹੁ ਸਮ੍ਹ੍ਹਾਲਿ ॥ (756-11)
मन का तोसा हरि नामु है हिरदै रखहु सम्हालि ॥

ਏਹੁ ਖਰਚੁ ਅਖੁਟੁ ਹੈ ਗੁਰਮੁਖਿ ਨਿਬਹੈ ਨਾਲਿ ॥੨੮॥ (756-11)
एहु खरचु अखुटु है गुरमुखि निबहै नालि ॥२८॥

ਏ ਮਨ ਮੂਲਹੁ ਭੁਲਿਆ ਜਾਸਹਿ ਪਤਿ ਗਵਾਇ ॥ (756-11)
ए मन मूलहु भुलिआ जासहि पति गवाइ ॥

ਇਹੁ ਜਗਤੁ ਮੋਹਿ ਦੂਜੈ ਵਿਆਪਿਆ ਗੁਰਮਤੀ ਸਚੁ ਧਿਆਇ ॥੨੯॥ (756-12)
इहु जगतु मोहि दूजै विआपिआ गुरमती सचु धिआइ ॥२९॥

ਹਰਿ ਕੀ ਕੀਮਤਿ ਨਾ ਪਵੈ ਹਰਿ ਜਸੁ ਲਿਖਣੁ ਨ ਜਾਇ ॥ (756-13)
हरि की कीमति ना पवै हरि जसु लिखणु न जाइ ॥

ਗੁਰ ਕੈ ਸਬਦਿ ਮਨੁ ਤਨੁ ਰਪੈ ਹਰਿ ਸਿਉ ਰਹੈ ਸਮਾਇ ॥੩੦॥ (756-13)
गुर कै सबदि मनु तनु रपै हरि सिउ रहै समाइ ॥३०॥

ਸੋ ਸਹੁ ਮੇਰਾ ਰੰਗੁਲਾ ਰੰਗੇ ਸਹਜਿ ਸੁਭਾਇ ॥ (756-14)
सो सहु मेरा रंगुला रंगे सहजि सुभाइ ॥

ਕਾਮਣਿ ਰੰਗੁ ਤਾ ਚੜੈ ਜਾ ਪਿਰ ਕੈ ਅੰਕਿ ਸਮਾਇ ॥੩੧॥ (756-14)
कामणि रंगु ता चड़ै जा पिर कै अंकि समाइ ॥३१॥

ਚਿਰੀ ਵਿਛੁੰਨੇ ਭੀ ਮਿਲਨਿ ਜੋ ਸਤਿਗੁਰੁ ਸੇਵੰਨਿ ॥ (756-15)
चिरी विछुंने भी मिलनि जो सतिगुरु सेवंनि ॥

ਅੰਤਰਿ ਨਵ ਨਿਧਿ ਨਾਮੁ ਹੈ ਖਾਨਿ ਖਰਚਨਿ ਨ ਨਿਖੁਟਈ ਹਰਿ ਗੁਣ ਸਹਜਿ ਰਵੰਨਿ ॥੩੨॥ (756-15)
अंतरि नव निधि नामु है खानि खरचनि न निखुटई हरि गुण सहजि रवंनि ॥३२॥

ਨਾ ਓਇ ਜਨਮਹਿ ਨਾ ਮਰਹਿ ਨਾ ਓਇ ਦੁਖ ਸਹੰਨਿ ॥ (756-16)
ना ओइ जनमहि ना मरहि ना ओइ दुख सहंनि ॥

ਗੁਰਿ ਰਾਖੇ ਸੇ ਉਬਰੇ ਹਰਿ ਸਿਉ ਕੇਲ ਕਰੰਨਿ ॥੩੩॥ (756-16)
गुरि राखे से उबरे हरि सिउ केल करंनि ॥३३॥

ਸਜਣ ਮਿਲੇ ਨ ਵਿਛੁੜਹਿ ਜਿ ਅਨਦਿਨੁ ਮਿਲੇ ਰਹੰਨਿ ॥ (756-17)
सजण मिले न विछुड़हि जि अनदिनु मिले रहंनि ॥

ਇਸੁ ਜਗ ਮਹਿ ਵਿਰਲੇ ਜਾਣੀਅਹਿ ਨਾਨਕ ਸਚੁ ਲਹੰਨਿ ॥੩੪॥੧॥੩॥ (756-17)
इसु जग महि विरले जाणीअहि नानक सचु लहंनि ॥३४॥१॥३॥

ਸੂਹੀ ਮਹਲਾ ੩ ॥ (756-18)
सूही महला ३ ॥

ਹਰਿ ਜੀ ਸੂਖਮੁ ਅਗਮੁ ਹੈ ਕਿਤੁ ਬਿਧਿ ਮਿਲਿਆ ਜਾਇ ॥ (756-18)
हरि जी सूखमु अगमु है कितु बिधि मिलिआ जाइ ॥

ਗੁਰ ਕੈ ਸਬਦਿ ਭ੍ਰਮੁ ਕਟੀਐ ਅਚਿੰਤੁ ਵਸੈ ਮਨਿ ਆਇ ॥੧॥ (756-19)
गुर कै सबदि भ्रमु कटीऐ अचिंतु वसै मनि आइ ॥१॥

ਗੁਰਮੁਖਿ ਹਰਿ ਹਰਿ ਨਾਮੁ ਜਪੰਨਿ ॥ (756-19)
गुरमुखि हरि हरि नामु जपंनि ॥

ਹਉ ਤਿਨ ਕੈ ਬਲਿਹਾਰਣੈ ਮਨਿ ਹਰਿ ਗੁਣ ਸਦਾ ਰਵੰਨਿ ॥੧॥ ਰਹਾਉ ॥ (757-1)
हउ तिन कै बलिहारणै मनि हरि गुण सदा रवंनि ॥१॥ रहाउ ॥

ਗੁਰੁ ਸਰਵਰੁ ਮਾਨ ਸਰੋਵਰੁ ਹੈ ਵਡਭਾਗੀ ਪੁਰਖ ਲਹੰਨ੍ਹਿ ॥ (757-1)
गुरु सरवरु मान सरोवरु है वडभागी पुरख लहंन्हि ॥

ਸੇਵਕ ਗੁਰਮੁਖਿ ਖੋਜਿਆ ਸੇ ਹੰਸੁਲੇ ਨਾਮੁ ਲਹੰਨਿ ॥੨॥ (757-2)
सेवक गुरमुखि खोजिआ से हंसुले नामु लहंनि ॥२॥

ਨਾਮੁ ਧਿਆਇਨ੍ਹਿ ਰੰਗ ਸਿਉ ਗੁਰਮੁਖਿ ਨਾਮਿ ਲਗੰਨ੍ਹਿ ॥ (757-2)
नामु धिआइन्हि रंग सिउ गुरमुखि नामि लगंन्हि ॥

ਧੁਰਿ ਪੂਰਬਿ ਹੋਵੈ ਲਿਖਿਆ ਗੁਰ ਭਾਣਾ ਮੰਨਿ ਲਏਨ੍ਹਿ ॥੩॥ (757-3)
धुरि पूरबि होवै लिखिआ गुर भाणा मंनि लएन्हि ॥३॥

ਵਡਭਾਗੀ ਘਰੁ ਖੋਜਿਆ ਪਾਇਆ ਨਾਮੁ ਨਿਧਾਨੁ ॥ (757-3)
वडभागी घरु खोजिआ पाइआ नामु निधानु ॥

ਗੁਰਿ ਪੂਰੈ ਵੇਖਾਲਿਆ ਪ੍ਰਭੁ ਆਤਮ ਰਾਮੁ ਪਛਾਨੁ ॥੪॥ (757-4)
गुरि पूरै वेखालिआ प्रभु आतम रामु पछानु ॥४॥

ਸਭਨਾ ਕਾ ਪ੍ਰਭੁ ਏਕੁ ਹੈ ਦੂਜਾ ਅਵਰੁ ਨ ਕੋਇ ॥ (757-4)
सभना का प्रभु एकु है दूजा अवरु न कोइ ॥

ਗੁਰ ਪਰਸਾਦੀ ਮਨਿ ਵਸੈ ਤਿਤੁ ਘਟਿ ਪਰਗਟੁ ਹੋਇ ॥੫॥ (757-5)
गुर परसादी मनि वसै तितु घटि परगटु होइ ॥५॥

ਸਭੁ ਅੰਤਰਜਾਮੀ ਬ੍ਰਹਮੁ ਹੈ ਬ੍ਰਹਮੁ ਵਸੈ ਸਭ ਥਾਇ ॥ (757-5)
सभु अंतरजामी ब्रहमु है ब्रहमु वसै सभ थाइ ॥

ਮੰਦਾ ਕਿਸ ਨੋ ਆਖੀਐ ਸਬਦਿ ਵੇਖਹੁ ਲਿਵ ਲਾਇ ॥੬॥ (757-6)
मंदा किस नो आखीऐ सबदि वेखहु लिव लाइ ॥६॥

ਬੁਰਾ ਭਲਾ ਤਿਚਰੁ ਆਖਦਾ ਜਿਚਰੁ ਹੈ ਦੁਹੁ ਮਾਹਿ ॥ (757-6)
बुरा भला तिचरु आखदा जिचरु है दुहु माहि ॥

ਗੁਰਮੁਖਿ ਏਕੋ ਬੁਝਿਆ ਏਕਸੁ ਮਾਹਿ ਸਮਾਇ ॥੭॥ (757-7)
गुरमुखि एको बुझिआ एकसु माहि समाइ ॥७॥

ਸੇਵਾ ਸਾ ਪ੍ਰਭ ਭਾਵਸੀ ਜੋ ਪ੍ਰਭੁ ਪਾਏ ਥਾਇ ॥ (757-7)
सेवा सा प्रभ भावसी जो प्रभु पाए थाइ ॥

ਜਨ ਨਾਨਕ ਹਰਿ ਆਰਾਧਿਆ ਗੁਰ ਚਰਣੀ ਚਿਤੁ ਲਾਇ ॥੮॥੨॥੪॥੯॥ (757-8)
जन नानक हरि आराधिआ गुर चरणी चितु लाइ ॥८॥२॥४॥९॥

ਰਾਗੁ ਸੂਹੀ ਅਸਟਪਦੀਆ ਮਹਲਾ ੪ ਘਰੁ ੨ (757-9)
रागु सूही असटपदीआ महला ४ घरु २

ੴ ਸਤਿਗੁਰ ਪ੍ਰਸਾਦਿ ॥ (757-9)
ੴ सतिगुर प्रसादि ॥

ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ ॥੧॥ (757-10)
कोई आणि मिलावै मेरा प्रीतमु पिआरा हउ तिसु पहि आपु वेचाई ॥१॥

ਦਰਸਨੁ ਹਰਿ ਦੇਖਣ ਕੈ ਤਾਈ ॥ (757-10)
दरसनु हरि देखण कै ताई ॥

ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ ॥੧॥ ਰਹਾਉ ॥ (757-11)
क्रिपा करहि ता सतिगुरु मेलहि हरि हरि नामु धिआई ॥१॥ रहाउ ॥

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥੨॥ (757-11)
जे सुखु देहि त तुझहि अराधी दुखि भी तुझै धिआई ॥२॥

ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥੩॥ (757-12)
जे भुख देहि त इत ही राजा दुख विचि सूख मनाई ॥३॥

ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ ॥੪॥ (757-12)
तनु मनु काटि काटि सभु अरपी विचि अगनी आपु जलाई ॥४॥

ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ ॥੫॥ (757-13)
पखा फेरी पाणी ढोवा जो देवहि सो खाई ॥५॥

ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ ॥੬॥ (757-14)
नानकु गरीबु ढहि पइआ दुआरै हरि मेलि लैहु वडिआई ॥६॥

ਅਖੀ ਕਾਢਿ ਧਰੀ ਚਰਣਾ ਤਲਿ ਸਭ ਧਰਤੀ ਫਿਰਿ ਮਤ ਪਾਈ ॥੭॥ (757-14)
अखी काढि धरी चरणा तलि सभ धरती फिरि मत पाई ॥७॥

ਜੇ ਪਾਸਿ ਬਹਾਲਹਿ ਤਾ ਤੁਝਹਿ ਅਰਾਧੀ ਜੇ ਮਾਰਿ ਕਢਹਿ ਭੀ ਧਿਆਈ ॥੮॥ (757-15)
जे पासि बहालहि ता तुझहि अराधी जे मारि कढहि भी धिआई ॥८॥

ਜੇ ਲੋਕੁ ਸਲਾਹੇ ਤਾ ਤੇਰੀ ਉਪਮਾ ਜੇ ਨਿੰਦੈ ਤ ਛੋਡਿ ਨ ਜਾਈ ॥੯॥ (757-16)
जे लोकु सलाहे ता तेरी उपमा जे निंदै त छोडि न जाई ॥९॥

ਜੇ ਤੁਧੁ ਵਲਿ ਰਹੈ ਤਾ ਕੋਈ ਕਿਹੁ ਆਖਉ ਤੁਧੁ ਵਿਸਰਿਐ ਮਰਿ ਜਾਈ ॥੧੦॥ (757-16)
जे तुधु वलि रहै ता कोई किहु आखउ तुधु विसरिऐ मरि जाई ॥१०॥

ਵਾਰਿ ਵਾਰਿ ਜਾਈ ਗੁਰ ਊਪਰਿ ਪੈ ਪੈਰੀ ਸੰਤ ਮਨਾਈ ॥੧੧॥ (757-17)
वारि वारि जाई गुर ऊपरि पै पैरी संत मनाई ॥११॥

ਨਾਨਕੁ ਵਿਚਾਰਾ ਭਇਆ ਦਿਵਾਨਾ ਹਰਿ ਤਉ ਦਰਸਨ ਕੈ ਤਾਈ ॥੧੨॥ (757-18)
नानकु विचारा भइआ दिवाना हरि तउ दरसन कै ताई ॥१२॥

ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ ॥੧੩॥ (757-18)
झखड़ु झागी मीहु वरसै भी गुरु देखण जाई ॥१३॥

ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ ॥੧੪॥ (757-19)
समुंदु सागरु होवै बहु खारा गुरसिखु लंघि गुर पहि जाई ॥१४॥

ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉ ਸਿਖੁ ਗੁਰ ਬਿਨੁ ਮਰਿ ਜਾਈ ॥੧੫॥ (757-19)
जिउ प्राणी जल बिनु है मरता तिउ सिखु गुर बिनु मरि जाई ॥१५॥

ਜਿਉ ਧਰਤੀ ਸੋਭ ਕਰੇ ਜਲੁ ਬਰਸੈ ਤਿਉ ਸਿਖੁ ਗੁਰ ਮਿਲਿ ਬਿਗਸਾਈ ॥੧੬॥ (758-1)
जिउ धरती सोभ करे जलु बरसै तिउ सिखु गुर मिलि बिगसाई ॥१६॥

ਸੇਵਕ ਕਾ ਹੋਇ ਸੇਵਕੁ ਵਰਤਾ ਕਰਿ ਕਰਿ ਬਿਨਉ ਬੁਲਾਈ ॥੧੭॥ (758-2)
सेवक का होइ सेवकु वरता करि करि बिनउ बुलाई ॥१७॥

ਨਾਨਕ ਕੀ ਬੇਨੰਤੀ ਹਰਿ ਪਹਿ ਗੁਰ ਮਿਲਿ ਗੁਰ ਸੁਖੁ ਪਾਈ ॥੧੮॥ (758-2)
नानक की बेनंती हरि पहि गुर मिलि गुर सुखु पाई ॥१८॥

ਤੂ ਆਪੇ ਗੁਰੁ ਚੇਲਾ ਹੈ ਆਪੇ ਗੁਰ ਵਿਚੁ ਦੇ ਤੁਝਹਿ ਧਿਆਈ ॥੧੯॥ (758-3)
तू आपे गुरु चेला है आपे गुर विचु दे तुझहि धिआई ॥१९॥

ਜੋ ਤੁਧੁ ਸੇਵਹਿ ਸੋ ਤੂਹੈ ਹੋਵਹਿ ਤੁਧੁ ਸੇਵਕ ਪੈਜ ਰਖਾਈ ॥੨੦॥ (758-4)
जो तुधु सेवहि सो तूहै होवहि तुधु सेवक पैज रखाई ॥२०॥

ਭੰਡਾਰ ਭਰੇ ਭਗਤੀ ਹਰਿ ਤੇਰੇ ਜਿਸੁ ਭਾਵੈ ਤਿਸੁ ਦੇਵਾਈ ॥੨੧॥ (758-4)
भंडार भरे भगती हरि तेरे जिसु भावै तिसु देवाई ॥२१॥

ਜਿਸੁ ਤੂੰ ਦੇਹਿ ਸੋਈ ਜਨੁ ਪਾਏ ਹੋਰ ਨਿਹਫਲ ਸਭ ਚਤੁਰਾਈ ॥੨੨॥ (758-5)
जिसु तूं देहि सोई जनु पाए होर निहफल सभ चतुराई ॥२२॥

ਸਿਮਰਿ ਸਿਮਰਿ ਸਿਮਰਿ ਗੁਰੁ ਅਪੁਨਾ ਸੋਇਆ ਮਨੁ ਜਾਗਾਈ ॥੨੩॥ (758-6)
सिमरि सिमरि सिमरि गुरु अपुना सोइआ मनु जागाई ॥२३॥

ਇਕੁ ਦਾਨੁ ਮੰਗੈ ਨਾਨਕੁ ਵੇਚਾਰਾ ਹਰਿ ਦਾਸਨਿ ਦਾਸੁ ਕਰਾਈ ॥੨੪॥ (758-6)
इकु दानु मंगै नानकु वेचारा हरि दासनि दासु कराई ॥२४॥

ਜੇ ਗੁਰੁ ਝਿੜਕੇ ਤ ਮੀਠਾ ਲਾਗੈ ਜੇ ਬਖਸੇ ਤ ਗੁਰ ਵਡਿਆਈ ॥੨੫॥ (758-7)
जे गुरु झिड़के त मीठा लागै जे बखसे त गुर वडिआई ॥२५॥

ਗੁਰਮੁਖਿ ਬੋਲਹਿ ਸੋ ਥਾਇ ਪਾਏ ਮਨਮੁਖਿ ਕਿਛੁ ਥਾਇ ਨ ਪਾਈ ॥੨੬॥ (758-7)
गुरमुखि बोलहि सो थाइ पाए मनमुखि किछु थाइ न पाई ॥२६॥

ਪਾਲਾ ਕਕਰੁ ਵਰਫ ਵਰਸੈ ਗੁਰਸਿਖੁ ਗੁਰ ਦੇਖਣ ਜਾਈ ॥੨੭॥ (758-8)
पाला ककरु वरफ वरसै गुरसिखु गुर देखण जाई ॥२७॥

ਸਭੁ ਦਿਨਸੁ ਰੈਣਿ ਦੇਖਉ ਗੁਰੁ ਅਪੁਨਾ ਵਿਚਿ ਅਖੀ ਗੁਰ ਪੈਰ ਧਰਾਈ ॥੨੮॥ (758-9)
सभु दिनसु रैणि देखउ गुरु अपुना विचि अखी गुर पैर धराई ॥२८॥

ਅਨੇਕ ਉਪਾਵ ਕਰੀ ਗੁਰ ਕਾਰਣਿ ਗੁਰ ਭਾਵੈ ਸੋ ਥਾਇ ਪਾਈ ॥੨੯॥ (758-9)
अनेक उपाव करी गुर कारणि गुर भावै सो थाइ पाई ॥२९॥

ਰੈਣਿ ਦਿਨਸੁ ਗੁਰ ਚਰਣ ਅਰਾਧੀ ਦਇਆ ਕਰਹੁ ਮੇਰੇ ਸਾਈ ॥੩੦॥ (758-10)
रैणि दिनसु गुर चरण अराधी दइआ करहु मेरे साई ॥३०॥

ਨਾਨਕ ਕਾ ਜੀਉ ਪਿੰਡੁ ਗੁਰੂ ਹੈ ਗੁਰ ਮਿਲਿ ਤ੍ਰਿਪਤਿ ਅਘਾਈ ॥੩੧॥ (758-11)
नानक का जीउ पिंडु गुरू है गुर मिलि त्रिपति अघाई ॥३१॥

ਨਾਨਕ ਕਾ ਪ੍ਰਭੁ ਪੂਰਿ ਰਹਿਓ ਹੈ ਜਤ ਕਤ ਤਤ ਗੋਸਾਈ ॥੩੨॥੧॥ (758-11)
नानक का प्रभु पूरि रहिओ है जत कत तत गोसाई ॥३२॥१॥

ਰਾਗੁ ਸੂਹੀ ਮਹਲਾ ੪ ਅਸਟਪਦੀਆ ਘਰੁ ੧੦ (758-13)
रागु सूही महला ४ असटपदीआ घरु १०

ੴ ਸਤਿਗੁਰ ਪ੍ਰਸਾਦਿ ॥ (758-13)
ੴ सतिगुर प्रसादि ॥

ਅੰਦਰਿ ਸਚਾ ਨੇਹੁ ਲਾਇਆ ਪ੍ਰੀਤਮ ਆਪਣੈ ॥ (758-14)
अंदरि सचा नेहु लाइआ प्रीतम आपणै ॥

ਤਨੁ ਮਨੁ ਹੋਇ ਨਿਹਾਲੁ ਜਾ ਗੁਰੁ ਦੇਖਾ ਸਾਮ੍ਹਣੇ ॥੧॥ (758-14)
तनु मनु होइ निहालु जा गुरु देखा साम्हणे ॥१॥

ਮੈ ਹਰਿ ਹਰਿ ਨਾਮੁ ਵਿਸਾਹੁ ॥ (758-14)
मै हरि हरि नामु विसाहु ॥

ਗੁਰ ਪੂਰੇ ਤੇ ਪਾਇਆ ਅੰਮ੍ਰਿਤੁ ਅਗਮ ਅਥਾਹੁ ॥੧॥ ਰਹਾਉ ॥ (758-15)
गुर पूरे ते पाइआ अमृतु अगम अथाहु ॥१॥ रहाउ ॥

ਹਉ ਸਤਿਗੁਰੁ ਵੇਖਿ ਵਿਗਸੀਆ ਹਰਿ ਨਾਮੇ ਲਗਾ ਪਿਆਰੁ ॥ (758-15)
हउ सतिगुरु वेखि विगसीआ हरि नामे लगा पिआरु ॥

ਕਿਰਪਾ ਕਰਿ ਕੈ ਮੇਲਿਅਨੁ ਪਾਇਆ ਮੋਖ ਦੁਆਰੁ ॥੨॥ (758-16)
किरपा करि कै मेलिअनु पाइआ मोख दुआरु ॥२॥

ਸਤਿਗੁਰੁ ਬਿਰਹੀ ਨਾਮ ਕਾ ਜੇ ਮਿਲੈ ਤ ਤਨੁ ਮਨੁ ਦੇਉ ॥ (758-16)
सतिगुरु बिरही नाम का जे मिलै त तनु मनु देउ ॥

ਜੇ ਪੂਰਬਿ ਹੋਵੈ ਲਿਖਿਆ ਤਾ ਅੰਮ੍ਰਿਤੁ ਸਹਜਿ ਪੀਏਉ ॥੩॥ (758-17)
जे पूरबि होवै लिखिआ ता अमृतु सहजि पीएउ ॥३॥

ਸੁਤਿਆ ਗੁਰੁ ਸਾਲਾਹੀਐ ਉਠਦਿਆ ਭੀ ਗੁਰੁ ਆਲਾਉ ॥ (758-18)
सुतिआ गुरु सालाहीऐ उठदिआ भी गुरु आलाउ ॥

ਕੋਈ ਐਸਾ ਗੁਰਮੁਖਿ ਜੇ ਮਿਲੈ ਹਉ ਤਾ ਕੇ ਧੋਵਾ ਪਾਉ ॥੪॥ (758-18)
कोई ऐसा गुरमुखि जे मिलै हउ ता के धोवा पाउ ॥४॥

ਕੋਈ ਐਸਾ ਸਜਣੁ ਲੋੜਿ ਲਹੁ ਮੈ ਪ੍ਰੀਤਮੁ ਦੇਇ ਮਿਲਾਇ ॥ (758-19)
कोई ऐसा सजणु लोड़ि लहु मै प्रीतमु देइ मिलाइ ॥

ਸਤਿਗੁਰਿ ਮਿਲਿਐ ਹਰਿ ਪਾਇਆ ਮਿਲਿਆ ਸਹਜਿ ਸੁਭਾਇ ॥੫॥ (758-19)
सतिगुरि मिलिऐ हरि पाइआ मिलिआ सहजि सुभाइ ॥५॥

ਸਤਿਗੁਰੁ ਸਾਗਰੁ ਗੁਣ ਨਾਮ ਕਾ ਮੈ ਤਿਸੁ ਦੇਖਣ ਕਾ ਚਾਉ ॥ (759-1)
सतिगुरु सागरु गुण नाम का मै तिसु देखण का चाउ ॥

ਹਉ ਤਿਸੁ ਬਿਨੁ ਘੜੀ ਨ ਜੀਵਊ ਬਿਨੁ ਦੇਖੇ ਮਰਿ ਜਾਉ ॥੬॥ (759-1)
हउ तिसु बिनु घड़ी न जीवऊ बिनु देखे मरि जाउ ॥६॥

ਜਿਉ ਮਛੁਲੀ ਵਿਣੁ ਪਾਣੀਐ ਰਹੈ ਨ ਕਿਤੈ ਉਪਾਇ ॥ (759-2)
जिउ मछुली विणु पाणीऐ रहै न कितै उपाइ ॥

ਤਿਉ ਹਰਿ ਬਿਨੁ ਸੰਤੁ ਨ ਜੀਵਈ ਬਿਨੁ ਹਰਿ ਨਾਮੈ ਮਰਿ ਜਾਇ ॥੭॥ (759-2)
तिउ हरि बिनु संतु न जीवई बिनु हरि नामै मरि जाइ ॥७॥

ਮੈ ਸਤਿਗੁਰ ਸੇਤੀ ਪਿਰਹੜੀ ਕਿਉ ਗੁਰ ਬਿਨੁ ਜੀਵਾ ਮਾਉ ॥ (759-3)
मै सतिगुर सेती पिरहड़ी किउ गुर बिनु जीवा माउ ॥

ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ ॥੮॥ (759-4)
मै गुरबाणी आधारु है गुरबाणी लागि रहाउ ॥८॥

ਹਰਿ ਹਰਿ ਨਾਮੁ ਰਤੰਨੁ ਹੈ ਗੁਰੁ ਤੁਠਾ ਦੇਵੈ ਮਾਇ ॥ (759-4)
हरि हरि नामु रतंनु है गुरु तुठा देवै माइ ॥

ਮੈ ਧਰ ਸਚੇ ਨਾਮ ਕੀ ਹਰਿ ਨਾਮਿ ਰਹਾ ਲਿਵ ਲਾਇ ॥੯॥ (759-5)
मै धर सचे नाम की हरि नामि रहा लिव लाइ ॥९॥

ਗੁਰ ਗਿਆਨੁ ਪਦਾਰਥੁ ਨਾਮੁ ਹੈ ਹਰਿ ਨਾਮੋ ਦੇਇ ਦ੍ਰਿੜਾਇ ॥ (759-5)
गुर गिआनु पदारथु नामु है हरि नामो देइ द्रिड़ाइ ॥

ਜਿਸੁ ਪਰਾਪਤਿ ਸੋ ਲਹੈ ਗੁਰ ਚਰਣੀ ਲਾਗੈ ਆਇ ॥੧੦॥ (759-6)
जिसु परापति सो लहै गुर चरणी लागै आइ ॥१०॥

ਅਕਥ ਕਹਾਣੀ ਪ੍ਰੇਮ ਕੀ ਕੋ ਪ੍ਰੀਤਮੁ ਆਖੈ ਆਇ ॥ (759-6)
अकथ कहाणी प्रेम की को प्रीतमु आखै आइ ॥

ਤਿਸੁ ਦੇਵਾ ਮਨੁ ਆਪਣਾ ਨਿਵਿ ਨਿਵਿ ਲਾਗਾ ਪਾਇ ॥੧੧॥ (759-7)
तिसु देवा मनु आपणा निवि निवि लागा पाइ ॥११॥

ਸਜਣੁ ਮੇਰਾ ਏਕੁ ਤੂੰ ਕਰਤਾ ਪੁਰਖੁ ਸੁਜਾਣੁ ॥ (759-7)
सजणु मेरा एकु तूं करता पुरखु सुजाणु ॥

ਸਤਿਗੁਰਿ ਮੀਤਿ ਮਿਲਾਇਆ ਮੈ ਸਦਾ ਸਦਾ ਤੇਰਾ ਤਾਣੁ ॥੧੨॥ (759-8)
सतिगुरि मीति मिलाइआ मै सदा सदा तेरा ताणु ॥१२॥

ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ ॥ (759-8)
सतिगुरु मेरा सदा सदा ना आवै ना जाइ ॥

ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥੧੩॥ (759-9)
ओहु अबिनासी पुरखु है सभ महि रहिआ समाइ ॥१३॥

ਰਾਮ ਨਾਮ ਧਨੁ ਸੰਚਿਆ ਸਾਬਤੁ ਪੂੰਜੀ ਰਾਸਿ ॥ (759-9)
राम नाम धनु संचिआ साबतु पूंजी रासि ॥

ਨਾਨਕ ਦਰਗਹ ਮੰਨਿਆ ਗੁਰ ਪੂਰੇ ਸਾਬਾਸਿ ॥੧੪॥੧॥੨॥੧੧॥ (759-10)
नानक दरगह मंनिआ गुर पूरे साबासि ॥१४॥१॥२॥११॥

ਰਾਗੁ ਸੂਹੀ ਅਸਟਪਦੀਆ ਮਹਲਾ ੫ ਘਰੁ ੧ (759-11)
रागु सूही असटपदीआ महला ५ घरु १

ੴ ਸਤਿਗੁਰ ਪ੍ਰਸਾਦਿ ॥ (759-11)
ੴ सतिगुर प्रसादि ॥

ਉਰਝਿ ਰਹਿਓ ਬਿਖਿਆ ਕੈ ਸੰਗਾ ॥ (759-12)
उरझि रहिओ बिखिआ कै संगा ॥

ਮਨਹਿ ਬਿਆਪਤ ਅਨਿਕ ਤਰੰਗਾ ॥੧॥ (759-12)
मनहि बिआपत अनिक तरंगा ॥१॥

ਮੇਰੇ ਮਨ ਅਗਮ ਅਗੋਚਰ ॥ (759-12)
मेरे मन अगम अगोचर ॥

ਕਤ ਪਾਈਐ ਪੂਰਨ ਪਰਮੇਸਰ ॥੧॥ ਰਹਾਉ ॥ (759-13)
कत पाईऐ पूरन परमेसर ॥१॥ रहाउ ॥

ਮੋਹ ਮਗਨ ਮਹਿ ਰਹਿਆ ਬਿਆਪੇ ॥ (759-13)
मोह मगन महि रहिआ बिआपे ॥

ਅਤਿ ਤ੍ਰਿਸਨਾ ਕਬਹੂ ਨਹੀ ਧ੍ਰਾਪੇ ॥੨॥ (759-13)
अति त्रिसना कबहू नही ध्रापे ॥२॥

ਬਸਇ ਕਰੋਧੁ ਸਰੀਰਿ ਚੰਡਾਰਾ ॥ (759-14)
बसइ करोधु सरीरि चंडारा ॥

ਅਗਿਆਨਿ ਨ ਸੂਝੈ ਮਹਾ ਗੁਬਾਰਾ ॥੩॥ (759-14)
अगिआनि न सूझै महा गुबारा ॥३॥

ਭ੍ਰਮਤ ਬਿਆਪਤ ਜਰੇ ਕਿਵਾਰਾ ॥ (759-14)
भ्रमत बिआपत जरे किवारा ॥

ਜਾਣੁ ਨ ਪਾਈਐ ਪ੍ਰਭ ਦਰਬਾਰਾ ॥੪॥ (759-15)
जाणु न पाईऐ प्रभ दरबारा ॥४॥

ਆਸਾ ਅੰਦੇਸਾ ਬੰਧਿ ਪਰਾਨਾ ॥ (759-15)
आसा अंदेसा बंधि पराना ॥

ਮਹਲੁ ਨ ਪਾਵੈ ਫਿਰਤ ਬਿਗਾਨਾ ॥੫॥ (759-15)
महलु न पावै फिरत बिगाना ॥५॥

ਸਗਲ ਬਿਆਧਿ ਕੈ ਵਸਿ ਕਰਿ ਦੀਨਾ ॥ (759-16)
सगल बिआधि कै वसि करि दीना ॥

ਫਿਰਤ ਪਿਆਸ ਜਿਉ ਜਲ ਬਿਨੁ ਮੀਨਾ ॥੬॥ (759-16)
फिरत पिआस जिउ जल बिनु मीना ॥६॥

ਕਛੂ ਸਿਆਨਪ ਉਕਤਿ ਨ ਮੋਰੀ ॥ (759-17)
कछू सिआनप उकति न मोरी ॥

ਏਕ ਆਸ ਠਾਕੁਰ ਪ੍ਰਭ ਤੋਰੀ ॥੭॥ (759-17)
एक आस ठाकुर प्रभ तोरी ॥७॥

ਕਰਉ ਬੇਨਤੀ ਸੰਤਨ ਪਾਸੇ ॥ (759-17)
करउ बेनती संतन पासे ॥

ਮੇਲਿ ਲੈਹੁ ਨਾਨਕ ਅਰਦਾਸੇ ॥੮॥ (759-18)
मेलि लैहु नानक अरदासे ॥८॥

ਭਇਓ ਕ੍ਰਿਪਾਲੁ ਸਾਧਸੰਗੁ ਪਾਇਆ ॥ (759-18)
भइओ क्रिपालु साधसंगु पाइआ ॥

ਨਾਨਕ ਤ੍ਰਿਪਤੇ ਪੂਰਾ ਪਾਇਆ ॥੧॥ ਰਹਾਉ ਦੂਜਾ ॥੧॥ (759-18)
नानक त्रिपते पूरा पाइआ ॥१॥ रहाउ दूजा ॥१॥

ਰਾਗੁ ਸੂਹੀ ਮਹਲਾ ੫ ਘਰੁ ੩ (760-1)
रागु सूही महला ५ घरु ३

ੴ ਸਤਿਗੁਰ ਪ੍ਰਸਾਦਿ ॥ (760-1)
ੴ सतिगुर प्रसादि ॥

ਮਿਥਨ ਮੋਹ ਅਗਨਿ ਸੋਕ ਸਾਗਰ ॥ (760-2)
मिथन मोह अगनि सोक सागर ॥

ਕਰਿ ਕਿਰਪਾ ਉਧਰੁ ਹਰਿ ਨਾਗਰ ॥੧॥ (760-2)
करि किरपा उधरु हरि नागर ॥१॥

ਚਰਣ ਕਮਲ ਸਰਣਾਇ ਨਰਾਇਣ ॥ (760-2)
चरण कमल सरणाइ नराइण ॥

ਦੀਨਾ ਨਾਥ ਭਗਤ ਪਰਾਇਣ ॥੧॥ ਰਹਾਉ ॥ (760-3)
दीना नाथ भगत पराइण ॥१॥ रहाउ ॥

ਅਨਾਥਾ ਨਾਥ ਭਗਤ ਭੈ ਮੇਟਨ ॥ (760-3)
अनाथा नाथ भगत भै मेटन ॥

ਸਾਧਸੰਗਿ ਜਮਦੂਤ ਨ ਭੇਟਨ ॥੨॥ (760-3)
साधसंगि जमदूत न भेटन ॥२॥

ਜੀਵਨ ਰੂਪ ਅਨੂਪ ਦਇਆਲਾ ॥ (760-4)
जीवन रूप अनूप दइआला ॥

ਰਵਣ ਗੁਣਾ ਕਟੀਐ ਜਮ ਜਾਲਾ ॥੩॥ (760-4)
रवण गुणा कटीऐ जम जाला ॥३॥

ਅੰਮ੍ਰਿਤ ਨਾਮੁ ਰਸਨ ਨਿਤ ਜਾਪੈ ॥ (760-4)
अमृत नामु रसन नित जापै ॥

ਰੋਗ ਰੂਪ ਮਾਇਆ ਨ ਬਿਆਪੈ ॥੪॥ (760-5)
रोग रूप माइआ न बिआपै ॥४॥

ਜਪਿ ਗੋਬਿੰਦ ਸੰਗੀ ਸਭਿ ਤਾਰੇ ॥ (760-5)
जपि गोबिंद संगी सभि तारे ॥

ਪੋਹਤ ਨਾਹੀ ਪੰਚ ਬਟਵਾਰੇ ॥੫॥ (760-5)
पोहत नाही पंच बटवारे ॥५॥

ਮਨ ਬਚ ਕ੍ਰਮ ਪ੍ਰਭੁ ਏਕੁ ਧਿਆਏ ॥ (760-6)
मन बच क्रम प्रभु एकु धिआए ॥

ਸਰਬ ਫਲਾ ਸੋਈ ਜਨੁ ਪਾਏ ॥੬॥ (760-6)
सरब फला सोई जनु पाए ॥६॥

ਧਾਰਿ ਅਨੁਗ੍ਰਹੁ ਅਪਨਾ ਪ੍ਰਭਿ ਕੀਨਾ ॥ (760-6)
धारि अनुग्रहु अपना प्रभि कीना ॥

ਕੇਵਲ ਨਾਮੁ ਭਗਤਿ ਰਸੁ ਦੀਨਾ ॥੭॥ (760-7)
केवल नामु भगति रसु दीना ॥७॥

ਆਦਿ ਮਧਿ ਅੰਤਿ ਪ੍ਰਭੁ ਸੋਈ ॥ (760-7)
आदि मधि अंति प्रभु सोई ॥

ਨਾਨਕ ਤਿਸੁ ਬਿਨੁ ਅਵਰੁ ਨ ਕੋਈ ॥੮॥੧॥੨॥ (760-8)
नानक तिसु बिनु अवरु न कोई ॥८॥१॥२॥

ਰਾਗੁ ਸੂਹੀ ਮਹਲਾ ੫ ਅਸਟਪਦੀਆ ਘਰੁ ੯ (760-9)
रागु सूही महला ५ असटपदीआ घरु ९

ੴ ਸਤਿਗੁਰ ਪ੍ਰਸਾਦਿ ॥ (760-9)
ੴ सतिगुर प्रसादि ॥

ਜਿਨ ਡਿਠਿਆ ਮਨੁ ਰਹਸੀਐ ਕਿਉ ਪਾਈਐ ਤਿਨ੍ਹ੍ਹ ਸੰਗੁ ਜੀਉ ॥ (760-10)
जिन डिठिआ मनु रहसीऐ किउ पाईऐ तिन्ह संगु जीउ ॥

ਸੰਤ ਸਜਨ ਮਨ ਮਿਤ੍ਰ ਸੇ ਲਾਇਨਿ ਪ੍ਰਭ ਸਿਉ ਰੰਗੁ ਜੀਉ ॥ (760-10)
संत सजन मन मित्र से लाइनि प्रभ सिउ रंगु जीउ ॥

ਤਿਨ੍ਹ ਸਿਉ ਪ੍ਰੀਤਿ ਨ ਤੁਟਈ ਕਬਹੁ ਨ ਹੋਵੈ ਭੰਗੁ ਜੀਉ ॥੧॥ (760-11)
तिन्ह सिउ प्रीति न तुटई कबहु न होवै भंगु जीउ ॥१॥

ਪਾਰਬ੍ਰਹਮ ਪ੍ਰਭ ਕਰਿ ਦਇਆ ਗੁਣ ਗਾਵਾ ਤੇਰੇ ਨਿਤ ਜੀਉ ॥ (760-11)
पारब्रहम प्रभ करि दइआ गुण गावा तेरे नित जीउ ॥

ਆਇ ਮਿਲਹੁ ਸੰਤ ਸਜਣਾ ਨਾਮੁ ਜਪਹ ਮਨ ਮਿਤ ਜੀਉ ॥੧॥ ਰਹਾਉ ॥ (760-12)
आइ मिलहु संत सजणा नामु जपह मन मित जीउ ॥१॥ रहाउ ॥

ਦੇਖੈ ਸੁਣੇ ਨ ਜਾਣਈ ਮਾਇਆ ਮੋਹਿਆ ਅੰਧੁ ਜੀਉ ॥ (760-12)
देखै सुणे न जाणई माइआ मोहिआ अंधु जीउ ॥

ਕਾਚੀ ਦੇਹਾ ਵਿਣਸਣੀ ਕੂੜੁ ਕਮਾਵੈ ਧੰਧੁ ਜੀਉ ॥ (760-13)
काची देहा विणसणी कूड़ु कमावै धंधु जीउ ॥

ਨਾਮੁ ਧਿਆਵਹਿ ਸੇ ਜਿਣਿ ਚਲੇ ਗੁਰ ਪੂਰੇ ਸਨਬੰਧੁ ਜੀਉ ॥੨॥ (760-13)
नामु धिआवहि से जिणि चले गुर पूरे सनबंधु जीउ ॥२॥

ਹੁਕਮੇ ਜੁਗ ਮਹਿ ਆਇਆ ਚਲਣੁ ਹੁਕਮਿ ਸੰਜੋਗਿ ਜੀਉ ॥ (760-14)
हुकमे जुग महि आइआ चलणु हुकमि संजोगि जीउ ॥

ਹੁਕਮੇ ਪਰਪੰਚੁ ਪਸਰਿਆ ਹੁਕਮਿ ਕਰੇ ਰਸ ਭੋਗ ਜੀਉ ॥ (760-14)
हुकमे परपंचु पसरिआ हुकमि करे रस भोग जीउ ॥

ਜਿਸ ਨੋ ਕਰਤਾ ਵਿਸਰੈ ਤਿਸਹਿ ਵਿਛੋੜਾ ਸੋਗੁ ਜੀਉ ॥੩॥ (760-15)
जिस नो करता विसरै तिसहि विछोड़ा सोगु जीउ ॥३॥

ਆਪਨੜੇ ਪ੍ਰਭ ਭਾਣਿਆ ਦਰਗਹ ਪੈਧਾ ਜਾਇ ਜੀਉ ॥ (760-16)
आपनड़े प्रभ भाणिआ दरगह पैधा जाइ जीउ ॥

ਐਥੈ ਸੁਖੁ ਮੁਖੁ ਉਜਲਾ ਇਕੋ ਨਾਮੁ ਧਿਆਇ ਜੀਉ ॥ (760-16)
ऐथै सुखु मुखु उजला इको नामु धिआइ जीउ ॥

ਆਦਰੁ ਦਿਤਾ ਪਾਰਬ੍ਰਹਮਿ ਗੁਰੁ ਸੇਵਿਆ ਸਤ ਭਾਇ ਜੀਉ ॥੪॥ (760-17)
आदरु दिता पारब्रहमि गुरु सेविआ सत भाइ जीउ ॥४॥

ਥਾਨ ਥਨੰਤਰਿ ਰਵਿ ਰਹਿਆ ਸਰਬ ਜੀਆ ਪ੍ਰਤਿਪਾਲ ਜੀਉ ॥ (760-17)
थान थनंतरि रवि रहिआ सरब जीआ प्रतिपाल जीउ ॥

ਸਚੁ ਖਜਾਨਾ ਸੰਚਿਆ ਏਕੁ ਨਾਮੁ ਧਨੁ ਮਾਲ ਜੀਉ ॥ (760-18)
सचु खजाना संचिआ एकु नामु धनु माल जीउ ॥

ਮਨ ਤੇ ਕਬਹੁ ਨ ਵੀਸਰੈ ਜਾ ਆਪੇ ਹੋਇ ਦਇਆਲ ਜੀਉ ॥੫॥ (760-18)
मन ते कबहु न वीसरै जा आपे होइ दइआल जीउ ॥५॥

ਆਵਣੁ ਜਾਣਾ ਰਹਿ ਗਏ ਮਨਿ ਵੁਠਾ ਨਿਰੰਕਾਰੁ ਜੀਉ ॥ (761-1)
आवणु जाणा रहि गए मनि वुठा निरंकारु जीउ ॥

ਤਾ ਕਾ ਅੰਤੁ ਨ ਪਾਈਐ ਊਚਾ ਅਗਮ ਅਪਾਰੁ ਜੀਉ ॥ (761-1)
ता का अंतु न पाईऐ ऊचा अगम अपारु जीउ ॥

ਜਿਸੁ ਪ੍ਰਭੁ ਅਪਣਾ ਵਿਸਰੈ ਸੋ ਮਰਿ ਜੰਮੈ ਲਖ ਵਾਰ ਜੀਉ ॥੬॥ (761-2)
जिसु प्रभु अपणा विसरै सो मरि जंमै लख वार जीउ ॥६॥

ਸਾਚੁ ਨੇਹੁ ਤਿਨ ਪ੍ਰੀਤਮਾ ਜਿਨ ਮਨਿ ਵੁਠਾ ਆਪਿ ਜੀਉ ॥ (761-2)
साचु नेहु तिन प्रीतमा जिन मनि वुठा आपि जीउ ॥

ਗੁਣ ਸਾਝੀ ਤਿਨ ਸੰਗਿ ਬਸੇ ਆਠ ਪਹਰ ਪ੍ਰਭ ਜਾਪਿ ਜੀਉ ॥ (761-3)
गुण साझी तिन संगि बसे आठ पहर प्रभ जापि जीउ ॥

ਰੰਗਿ ਰਤੇ ਪਰਮੇਸਰੈ ਬਿਨਸੇ ਸਗਲ ਸੰਤਾਪ ਜੀਉ ॥੭॥ (761-3)
रंगि रते परमेसरै बिनसे सगल संताप जीउ ॥७॥

ਤੂੰ ਕਰਤਾ ਤੂੰ ਕਰਣਹਾਰੁ ਤੂਹੈ ਏਕੁ ਅਨੇਕ ਜੀਉ ॥ (761-4)
तूं करता तूं करणहारु तूहै एकु अनेक जीउ ॥

ਤੂ ਸਮਰਥੁ ਤੂ ਸਰਬ ਮੈ ਤੂਹੈ ਬੁਧਿ ਬਿਬੇਕ ਜੀਉ ॥ (761-4)
तू समरथु तू सरब मै तूहै बुधि बिबेक जीउ ॥

ਨਾਨਕ ਨਾਮੁ ਸਦਾ ਜਪੀ ਭਗਤ ਜਨਾ ਕੀ ਟੇਕ ਜੀਉ ॥੮॥੧॥੩॥ (761-5)
नानक नामु सदा जपी भगत जना की टेक जीउ ॥८॥१॥३॥

ਰਾਗੁ ਸੂਹੀ ਮਹਲਾ ੫ ਅਸਟਪਦੀਆ ਘਰੁ ੧੦ ਕਾਫੀ (761-6)
रागु सूही महला ५ असटपदीआ घरु १० काफी

ੴ ਸਤਿਗੁਰ ਪ੍ਰਸਾਦਿ ॥ (761-6)
ੴ सतिगुर प्रसादि ॥

ਜੇ ਭੁਲੀ ਜੇ ਚੁਕੀ ਸਾਈ ਭੀ ਤਹਿੰਜੀ ਕਾਢੀਆ ॥ (761-7)
जे भुली जे चुकी साईं भी तहिंजी काढीआ ॥

ਜਿਨ੍ਹਾ ਨੇਹੁ ਦੂਜਾਣੇ ਲਗਾ ਝੂਰਿ ਮਰਹੁ ਸੇ ਵਾਢੀਆ ॥੧॥ (761-7)
जिन्हा नेहु दूजाणे लगा झूरि मरहु से वाढीआ ॥१॥

ਹਉ ਨਾ ਛੋਡਉ ਕੰਤ ਪਾਸਰਾ ॥ (761-7)
हउ ना छोडउ कंत पासरा ॥

ਸਦਾ ਰੰਗੀਲਾ ਲਾਲੁ ਪਿਆਰਾ ਏਹੁ ਮਹਿੰਜਾ ਆਸਰਾ ॥੧॥ ਰਹਾਉ ॥ (761-8)
सदा रंगीला लालु पिआरा एहु महिंजा आसरा ॥१॥ रहाउ ॥

ਸਜਣੁ ਤੂਹੈ ਸੈਣੁ ਤੂ ਮੈ ਤੁਝ ਉਪਰਿ ਬਹੁ ਮਾਣੀਆ ॥ (761-8)
सजणु तूहै सैणु तू मै तुझ उपरि बहु माणीआ ॥

ਜਾ ਤੂ ਅੰਦਰਿ ਤਾ ਸੁਖੇ ਤੂੰ ਨਿਮਾਣੀ ਮਾਣੀਆ ॥੨॥ (761-9)
जा तू अंदरि ता सुखे तूं निमाणी माणीआ ॥२॥

ਜੇ ਤੂ ਤੁਠਾ ਕ੍ਰਿਪਾ ਨਿਧਾਨ ਨਾ ਦੂਜਾ ਵੇਖਾਲਿ ॥ (761-9)
जे तू तुठा क्रिपा निधान ना दूजा वेखालि ॥

ਏਹਾ ਪਾਈ ਮੂ ਦਾਤੜੀ ਨਿਤ ਹਿਰਦੈ ਰਖਾ ਸਮਾਲਿ ॥੩॥ (761-10)
एहा पाई मू दातड़ी नित हिरदै रखा समालि ॥३॥

ਪਾਵ ਜੁਲਾਈ ਪੰਧ ਤਉ ਨੈਣੀ ਦਰਸੁ ਦਿਖਾਲਿ ॥ (761-10)
पाव जुलाई पंध तउ नैणी दरसु दिखालि ॥

ਸ੍ਰਵਣੀ ਸੁਣੀ ਕਹਾਣੀਆ ਜੇ ਗੁਰੁ ਥੀਵੈ ਕਿਰਪਾਲਿ ॥੪॥ (761-11)
स्रवणी सुणी कहाणीआ जे गुरु थीवै किरपालि ॥४॥

ਕਿਤੀ ਲਖ ਕਰੋੜਿ ਪਿਰੀਏ ਰੋਮ ਨ ਪੁਜਨਿ ਤੇਰਿਆ ॥ (761-11)
किती लख करोड़ि पिरीए रोम न पुजनि तेरिआ ॥

ਤੂ ਸਾਹੀ ਹੂ ਸਾਹੁ ਹਉ ਕਹਿ ਨ ਸਕਾ ਗੁਣ ਤੇਰਿਆ ॥੫॥ (761-12)
तू साही हू साहु हउ कहि न सका गुण तेरिआ ॥५॥

ਸਹੀਆ ਤਊ ਅਸੰਖ ਮੰਞਹੁ ਹਭਿ ਵਧਾਣੀਆ ॥ (761-12)
सहीआ तऊ असंख मंञहु हभि वधाणीआ ॥

ਹਿਕ ਭੋਰੀ ਨਦਰਿ ਨਿਹਾਲਿ ਦੇਹਿ ਦਰਸੁ ਰੰਗੁ ਮਾਣੀਆ ॥੬॥ (761-13)
हिक भोरी नदरि निहालि देहि दरसु रंगु माणीआ ॥६॥

ਜੈ ਡਿਠੇ ਮਨੁ ਧੀਰੀਐ ਕਿਲਵਿਖ ਵੰਞਨ੍ਹਿ ਦੂਰੇ ॥ (761-13)
जै डिठे मनु धीरीऐ किलविख वंञन्हि दूरे ॥

ਸੋ ਕਿਉ ਵਿਸਰੈ ਮਾਉ ਮੈ ਜੋ ਰਹਿਆ ਭਰਪੂਰੇ ॥੭॥ (761-14)
सो किउ विसरै माउ मै जो रहिआ भरपूरे ॥७॥

ਹੋਇ ਨਿਮਾਣੀ ਢਹਿ ਪਈ ਮਿਲਿਆ ਸਹਜਿ ਸੁਭਾਇ ॥ (761-14)
होइ निमाणी ढहि पई मिलिआ सहजि सुभाइ ॥

ਪੂਰਬਿ ਲਿਖਿਆ ਪਾਇਆ ਨਾਨਕ ਸੰਤ ਸਹਾਇ ॥੮॥੧॥੪॥ (761-15)
पूरबि लिखिआ पाइआ नानक संत सहाइ ॥८॥१॥४॥

ਸੂਹੀ ਮਹਲਾ ੫ ॥ (761-15)
सूही महला ५ ॥

ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥ (761-16)
सिम्रिति बेद पुराण पुकारनि पोथीआ ॥

ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥੧॥ (761-16)
नाम बिना सभि कूड़ु गाल्ही होछीआ ॥१॥

ਨਾਮੁ ਨਿਧਾਨੁ ਅਪਾਰੁ ਭਗਤਾ ਮਨਿ ਵਸੈ ॥ (761-16)
नामु निधानु अपारु भगता मनि वसै ॥

ਜਨਮ ਮਰਣ ਮੋਹ ਦੁਖੁ ਸਾਧੂ ਸੰਗਿ ਨਸੈ ॥੧॥ ਰਹਾਉ ॥ (761-17)
जनम मरण मोहु दुखु साधू संगि नसै ॥१॥ रहाउ ॥

ਮੋਹਿ ਬਾਦਿ ਅਹੰਕਾਰਿ ਸਰਪਰ ਰੁੰਨਿਆ ॥ (761-17)
मोहि बादि अहंकारि सरपर रुंनिआ ॥

ਸੁਖੁ ਨ ਪਾਇਨ੍ਹ੍ਹਿ ਮੂਲਿ ਨਾਮ ਵਿਛੁੰਨਿਆ ॥੨॥ (761-18)
सुखु न पाइन्हि मूलि नाम विछुंनिआ ॥२॥

ਮੇਰੀ ਮੇਰੀ ਧਾਰਿ ਬੰਧਨਿ ਬੰਧਿਆ ॥ (761-18)
मेरी मेरी धारि बंधनि बंधिआ ॥

ਨਰਕਿ ਸੁਰਗਿ ਅਵਤਾਰ ਮਾਇਆ ਧੰਧਿਆ ॥੩॥ (761-18)
नरकि सुरगि अवतार माइआ धंधिआ ॥३॥

ਸੋਧਤ ਸੋਧਤ ਸੋਧਿ ਤਤੁ ਬੀਚਾਰਿਆ ॥ (761-19)
सोधत सोधत सोधि ततु बीचारिआ ॥

ਨਾਮ ਬਿਨਾ ਸੁਖੁ ਨਾਹਿ ਸਰਪਰ ਹਾਰਿਆ ॥੪॥ (761-19)
नाम बिना सुखु नाहि सरपर हारिआ ॥४॥

ਆਵਹਿ ਜਾਹਿ ਅਨੇਕ ਮਰਿ ਮਰਿ ਜਨਮਤੇ ॥ (762-1)
आवहि जाहि अनेक मरि मरि जनमते ॥

ਬਿਨੁ ਬੂਝੇ ਸਭੁ ਵਾਦਿ ਜੋਨੀ ਭਰਮਤੇ ॥੫॥ (762-1)
बिनु बूझे सभु वादि जोनी भरमते ॥५॥

ਜਿਨ੍ਹ੍ਹ ਕਉ ਭਏ ਦਇਆਲ ਤਿਨ੍ਹ੍ਹ ਸਾਧੂ ਸੰਗੁ ਭਇਆ ॥ (762-1)
जिन्ह कउ भए दइआल तिन्ह साधू संगु भइआ ॥

ਅੰਮ੍ਰਿਤੁ ਹਰਿ ਕਾ ਨਾਮੁ ਤਿਨ੍ਹ੍ਹੀ ਜਨੀ ਜਪਿ ਲਇਆ ॥੬॥ (762-2)
अमृतु हरि का नामु तिन्ही जनी जपि लइआ ॥६॥

ਖੋਜਹਿ ਕੋਟਿ ਅਸੰਖ ਬਹੁਤੁ ਅਨੰਤ ਕੇ ॥ (762-3)
खोजहि कोटि असंख बहुतु अनंत के ॥

ਜਿਸੁ ਬੁਝਾਏ ਆਪਿ ਨੇੜਾ ਤਿਸੁ ਹੇ ॥੭॥ (762-3)
जिसु बुझाए आपि नेड़ा तिसु हे ॥७॥

ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥ (762-3)
विसरु नाही दातार आपणा नामु देहु ॥

ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥੮॥੨॥੫॥੧੬॥ (762-4)
गुण गावा दिनु राति नानक चाउ एहु ॥८॥२॥५॥१६॥

ਰਾਗੁ ਸੂਹੀ ਮਹਲਾ ੧ ਕੁਚਜੀ (762-5)
रागु सूही महला १ कुचजी

ੴ ਸਤਿਗੁਰ ਪ੍ਰਸਾਦਿ ॥ (762-5)
ੴ सतिगुर प्रसादि ॥

ਮੰਞੁ ਕੁਚਜੀ ਅੰਮਾਵਣਿ ਡੋਸੜੇ ਹਉ ਕਿਉ ਸਹੁ ਰਾਵਣਿ ਜਾਉ ਜੀਉ ॥ (762-6)
मंञु कुचजी अंमावणि डोसड़े हउ किउ सहु रावणि जाउ जीउ ॥

ਇਕ ਦੂ ਇਕਿ ਚੜੰਦੀਆ ਕਉਣੁ ਜਾਣੈ ਮੇਰਾ ਨਾਉ ਜੀਉ ॥ (762-6)
इक दू इकि चड़ंदीआ कउणु जाणै मेरा नाउ जीउ ॥

ਜਿਨ੍ਹ੍ਹੀ ਸਖੀ ਸਹੁ ਰਾਵਿਆ ਸੇ ਅੰਬੀ ਛਾਵੜੀਏਹਿ ਜੀਉ ॥ (762-7)
जिन्ही सखी सहु राविआ से अ्मबी छावड़ीएहि जीउ ॥

ਸੇ ਗੁਣ ਮੰਞੁ ਨ ਆਵਨੀ ਹਉ ਕੈ ਜੀ ਦੋਸ ਧਰੇਉ ਜੀਉ ॥ (762-7)
से गुण मंञु न आवनी हउ कै जी दोस धरेउ जीउ ॥

ਕਿਆ ਗੁਣ ਤੇਰੇ ਵਿਥਰਾ ਹਉ ਕਿਆ ਕਿਆ ਘਿਨਾ ਤੇਰਾ ਨਾਉ ਜੀਉ ॥ (762-8)
किआ गुण तेरे विथरा हउ किआ किआ घिना तेरा नाउ जीउ ॥

ਇਕਤੁ ਟੋਲਿ ਨ ਅੰਬੜਾ ਹਉ ਸਦ ਕੁਰਬਾਣੈ ਤੇਰੈ ਜਾਉ ਜੀਉ ॥ (762-8)
इकतु टोलि न अ्मबड़ा हउ सद कुरबाणै तेरै जाउ जीउ ॥

ਸੁਇਨਾ ਰੁਪਾ ਰੰਗੁਲਾ ਮੋਤੀ ਤੈ ਮਾਣਿਕੁ ਜੀਉ ॥ (762-9)
सुइना रुपा रंगुला मोती तै माणिकु जीउ ॥

ਸੇ ਵਸਤੂ ਸਹਿ ਦਿਤੀਆ ਮੈ ਤਿਨ੍ਹ ਸਿਉ ਲਾਇਆ ਚਿਤੁ ਜੀਉ ॥ (762-9)
से वसतू सहि दितीआ मै तिन्ह सिउ लाइआ चितु जीउ ॥

ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ ॥ (762-10)
मंदर मिटी संदड़े पथर कीते रासि जीउ ॥

ਹਉ ਏਨੀ ਟੋਲੀ ਭੁਲੀਅਸੁ ਤਿਸੁ ਕੰਤ ਨ ਬੈਠੀ ਪਾਸਿ ਜੀਉ ॥ (762-10)
हउ एनी टोली भुलीअसु तिसु कंत न बैठी पासि जीउ ॥

ਅੰਬਰਿ ਕੂੰਜਾ ਕੁਰਲੀਆ ਬਗ ਬਹਿਠੇ ਆਇ ਜੀਉ ॥ (762-11)
अम्बरि कूंजा कुरलीआ बग बहिठे आइ जीउ ॥

ਸਾ ਧਨ ਚਲੀ ਸਾਹੁਰੈ ਕਿਆ ਮੁਹੁ ਦੇਸੀ ਅਗੈ ਜਾਇ ਜੀਉ ॥ (762-11)
सा धन चली साहुरै किआ मुहु देसी अगै जाइ जीउ ॥

ਸੁਤੀ ਸੁਤੀ ਝਾਲੁ ਥੀਆ ਭੁਲੀ ਵਾਟੜੀਆਸੁ ਜੀਉ ॥ (762-12)
सुती सुती झालु थीआ भुली वाटड़ीआसु जीउ ॥

ਤੈ ਸਹ ਨਾਲਹੁ ਮੁਤੀਅਸੁ ਦੁਖਾ ਕੂੰ ਧਰੀਆਸੁ ਜੀਉ ॥ (762-12)
तै सह नालहु मुतीअसु दुखा कूं धरीआसु जीउ ॥

ਤੁਧੁ ਗੁਣ ਮੈ ਸਭਿ ਅਵਗਣਾ ਇਕ ਨਾਨਕ ਕੀ ਅਰਦਾਸਿ ਜੀਉ ॥ (762-13)
तुधु गुण मै सभि अवगणा इक नानक की अरदासि जीउ ॥

ਸਭਿ ਰਾਤੀ ਸੋਹਾਗਣੀ ਮੈ ਡੋਹਾਗਣਿ ਕਾਈ ਰਾਤਿ ਜੀਉ ॥੧॥ (762-13)
सभि राती सोहागणी मै डोहागणि काई राति जीउ ॥१॥

ਸੂਹੀ ਮਹਲਾ ੧ ਸੁਚਜੀ ॥ (762-14)
सूही महला १ सुचजी ॥

ਜਾ ਤੂ ਤਾ ਮੈ ਸਭੁ ਕੋ ਤੂ ਸਾਹਿਬੁ ਮੇਰੀ ਰਾਸਿ ਜੀਉ ॥ (762-14)
जा तू ता मै सभु को तू साहिबु मेरी रासि जीउ ॥

ਤੁਧੁ ਅੰਤਰਿ ਹਉ ਸੁਖਿ ਵਸਾ ਤੂੰ ਅੰਤਰਿ ਸਾਬਾਸਿ ਜੀਉ ॥ (762-15)
तुधु अंतरि हउ सुखि वसा तूं अंतरि साबासि जीउ ॥

ਭਾਣੈ ਤਖਤਿ ਵਡਾਈਆ ਭਾਣੈ ਭੀਖ ਉਦਾਸਿ ਜੀਉ ॥ (762-15)
भाणै तखति वडाईआ भाणै भीख उदासि जीउ ॥

ਭਾਣੈ ਥਲ ਸਿਰਿ ਸਰੁ ਵਹੈ ਕਮਲੁ ਫੁਲੈ ਆਕਾਸਿ ਜੀਉ ॥ (762-16)
भाणै थल सिरि सरु वहै कमलु फुलै आकासि जीउ ॥

ਭਾਣੈ ਭਵਜਲੁ ਲੰਘੀਐ ਭਾਣੈ ਮੰਝਿ ਭਰੀਆਸਿ ਜੀਉ ॥ (762-16)
भाणै भवजलु लंघीऐ भाणै मंझि भरीआसि जीउ ॥

ਭਾਣੈ ਸੋ ਸਹੁ ਰੰਗੁਲਾ ਸਿਫਤਿ ਰਤਾ ਗੁਣਤਾਸਿ ਜੀਉ ॥ (762-17)
भाणै सो सहु रंगुला सिफति रता गुणतासि जीउ ॥

ਭਾਣੈ ਸਹੁ ਭੀਹਾਵਲਾ ਹਉ ਆਵਣਿ ਜਾਣਿ ਮੁਈਆਸਿ ਜੀਉ ॥ (762-17)
भाणै सहु भीहावला हउ आवणि जाणि मुईआसि जीउ ॥

ਤੂ ਸਹੁ ਅਗਮੁ ਅਤੋਲਵਾ ਹਉ ਕਹਿ ਕਹਿ ਢਹਿ ਪਈਆਸਿ ਜੀਉ ॥ (762-18)
तू सहु अगमु अतोलवा हउ कहि कहि ढहि पईआसि जीउ ॥

ਕਿਆ ਮਾਗਉ ਕਿਆ ਕਹਿ ਸੁਣੀ ਮੈ ਦਰਸਨ ਭੂਖ ਪਿਆਸਿ ਜੀਉ ॥ (762-19)
किआ मागउ किआ कहि सुणी मै दरसन भूख पिआसि जीउ ॥

ਗੁਰ ਸਬਦੀ ਸਹੁ ਪਾਇਆ ਸਚੁ ਨਾਨਕ ਕੀ ਅਰਦਾਸਿ ਜੀਉ ॥੨॥ (762-19)
गुर सबदी सहु पाइआ सचु नानक की अरदासि जीउ ॥२॥

ਸੂਹੀ ਮਹਲਾ ੫ ਗੁਣਵੰਤੀ ॥ (763-1)
सूही महला ५ गुणवंती ॥

ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥ (763-1)
जो दीसै गुरसिखड़ा तिसु निवि निवि लागउ पाइ जीउ ॥

ਆਖਾ ਬਿਰਥਾ ਜੀਅ ਕੀ ਗੁਰੁ ਸਜਣੁ ਦੇਹਿ ਮਿਲਾਇ ਜੀਉ ॥ (763-2)
आखा बिरथा जीअ की गुरु सजणु देहि मिलाइ जीउ ॥

ਸੋਈ ਦਸਿ ਉਪਦੇਸੜਾ ਮੇਰਾ ਮਨੁ ਅਨਤ ਨ ਕਾਹੂ ਜਾਇ ਜੀਉ ॥ (763-2)
सोई दसि उपदेसड़ा मेरा मनु अनत न काहू जाइ जीउ ॥

ਇਹੁ ਮਨੁ ਤੈ ਕੂੰ ਡੇਵਸਾ ਮੈ ਮਾਰਗੁ ਦੇਹੁ ਬਤਾਇ ਜੀਉ ॥ (763-3)
इहु मनु तै कूं डेवसा मै मारगु देहु बताइ जीउ ॥

ਹਉ ਆਇਆ ਦੂਰਹੁ ਚਲਿ ਕੈ ਮੈ ਤਕੀ ਤਉ ਸਰਣਾਇ ਜੀਉ ॥ (763-3)
हउ आइआ दूरहु चलि कै मै तकी तउ सरणाइ जीउ ॥

ਮੈ ਆਸਾ ਰਖੀ ਚਿਤਿ ਮਹਿ ਮੇਰਾ ਸਭੋ ਦੁਖੁ ਗਵਾਇ ਜੀਉ ॥ (763-4)
मै आसा रखी चिति महि मेरा सभो दुखु गवाइ जीउ ॥

ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ ॥ (763-4)
इतु मारगि चले भाईअड़े गुरु कहै सु कार कमाइ जीउ ॥

ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ ॥ (763-5)
तिआगें मन की मतड़ी विसारें दूजा भाउ जीउ ॥

ਇਉ ਪਾਵਹਿ ਹਰਿ ਦਰਸਾਵੜਾ ਨਹ ਲਗੈ ਤਤੀ ਵਾਉ ਜੀਉ ॥ (763-5)
इउ पावहि हरि दरसावड़ा नह लगै तती वाउ जीउ ॥

ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥ (763-6)
हउ आपहु बोलि न जाणदा मै कहिआ सभु हुकमाउ जीउ ॥

ਹਰਿ ਭਗਤਿ ਖਜਾਨਾ ਬਖਸਿਆ ਗੁਰਿ ਨਾਨਕਿ ਕੀਆ ਪਸਾਉ ਜੀਉ ॥ (763-7)
हरि भगति खजाना बखसिआ गुरि नानकि कीआ पसाउ जीउ ॥

ਮੈ ਬਹੁੜਿ ਨ ਤ੍ਰਿਸਨਾ ਭੁਖੜੀ ਹਉ ਰਜਾ ਤ੍ਰਿਪਤਿ ਅਘਾਇ ਜੀਉ ॥ (763-7)
मै बहुड़ि न त्रिसना भुखड़ी हउ रजा त्रिपति अघाइ जीउ ॥

ਜੋ ਗੁਰ ਦੀਸੈ ਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥੩॥ (763-8)
जो गुर दीसै सिखड़ा तिसु निवि निवि लागउ पाइ जीउ ॥३॥

ਰਾਗੁ ਸੂਹੀ ਛੰਤ ਮਹਲਾ ੧ ਘਰੁ ੧ (763-9)
रागु सूही छंत महला १ घरु १

ੴ ਸਤਿਗੁਰ ਪ੍ਰਸਾਦਿ ॥ (763-9)
ੴ सतिगुर प्रसादि ॥

ਭਰਿ ਜੋਬਨਿ ਮੈ ਮਤ ਪੇਈਅੜੈ ਘਰਿ ਪਾਹੁਣੀ ਬਲਿ ਰਾਮ ਜੀਉ ॥ (763-9)
भरि जोबनि मै मत पेईअड़ै घरि पाहुणी बलि राम जीउ ॥

ਮੈਲੀ ਅਵਗਣਿ ਚਿਤਿ ਬਿਨੁ ਗੁਰ ਗੁਣ ਨ ਸਮਾਵਨੀ ਬਲਿ ਰਾਮ ਜੀਉ ॥ (763-10)
मैली अवगणि चिति बिनु गुर गुण न समावनी बलि राम जीउ ॥

ਗੁਣ ਸਾਰ ਨ ਜਾਣੀ ਭਰਮਿ ਭੁਲਾਣੀ ਜੋਬਨੁ ਬਾਦਿ ਗਵਾਇਆ ॥ (763-10)
गुण सार न जाणी भरमि भुलाणी जोबनु बादि गवाइआ ॥

ਵਰੁ ਘਰੁ ਦਰੁ ਦਰਸਨੁ ਨਹੀ ਜਾਤਾ ਪਿਰ ਕਾ ਸਹਜੁ ਨ ਭਾਇਆ ॥ (763-11)
वरु घरु दरु दरसनु नही जाता पिर का सहजु न भाइआ ॥

ਸਤਿਗੁਰ ਪੂਛਿ ਨ ਮਾਰਗਿ ਚਾਲੀ ਸੂਤੀ ਰੈਣਿ ਵਿਹਾਣੀ ॥ (763-12)
सतिगुर पूछि न मारगि चाली सूती रैणि विहाणी ॥

ਨਾਨਕ ਬਾਲਤਣਿ ਰਾਡੇਪਾ ਬਿਨੁ ਪਿਰ ਧਨ ਕੁਮਲਾਣੀ ॥੧॥ (763-12)
नानक बालतणि राडेपा बिनु पिर धन कुमलाणी ॥१॥

ਬਾਬਾ ਮੈ ਵਰੁ ਦੇਹਿ ਮੈ ਹਰਿ ਵਰੁ ਭਾਵੈ ਤਿਸ ਕੀ ਬਲਿ ਰਾਮ ਜੀਉ ॥ (763-13)
बाबा मै वरु देहि मै हरि वरु भावै तिस की बलि राम जीउ ॥

ਰਵਿ ਰਹਿਆ ਜੁਗ ਚਾਰਿ ਤ੍ਰਿਭਵਣ ਬਾਣੀ ਜਿਸ ਕੀ ਬਲਿ ਰਾਮ ਜੀਉ ॥ (763-13)
रवि रहिआ जुग चारि त्रिभवण बाणी जिस की बलि राम जीउ ॥

ਤ੍ਰਿਭਵਣ ਕੰਤੁ ਰਵੈ ਸੋਹਾਗਣਿ ਅਵਗਣਵੰਤੀ ਦੂਰੇ ॥ (763-14)
त्रिभवण कंतु रवै सोहागणि अवगणवंती दूरे ॥

ਜੈਸੀ ਆਸਾ ਤੈਸੀ ਮਨਸਾ ਪੂਰਿ ਰਹਿਆ ਭਰਪੂਰੇ ॥ (763-14)
जैसी आसा तैसी मनसा पूरि रहिआ भरपूरे ॥

ਹਰਿ ਕੀ ਨਾਰਿ ਸੁ ਸਰਬ ਸੁਹਾਗਣਿ ਰਾਂਡ ਨ ਮੈਲੈ ਵੇਸੇ ॥ (763-15)
हरि की नारि सु सरब सुहागणि रांड न मैलै वेसे ॥

ਨਾਨਕ ਮੈ ਵਰੁ ਸਾਚਾ ਭਾਵੈ ਜੁਗਿ ਜੁਗਿ ਪ੍ਰੀਤਮ ਤੈਸੇ ॥੨॥ (763-15)
नानक मै वरु साचा भावै जुगि जुगि प्रीतम तैसे ॥२॥

ਬਾਬਾ ਲਗਨੁ ਗਣਾਇ ਹੰ ਭੀ ਵੰਞਾ ਸਾਹੁਰੈ ਬਲਿ ਰਾਮ ਜੀਉ ॥ (763-16)
बाबा लगनु गणाइ हं भी वंञा साहुरै बलि राम जीउ ॥

ਸਾਹਾ ਹੁਕਮੁ ਰਜਾਇ ਸੋ ਨ ਟਲੈ ਜੋ ਪ੍ਰਭੁ ਕਰੈ ਬਲਿ ਰਾਮ ਜੀਉ ॥ (763-16)
साहा हुकमु रजाइ सो न टलै जो प्रभु करै बलि राम जीउ ॥

ਕਿਰਤੁ ਪਇਆ ਕਰਤੈ ਕਰਿ ਪਾਇਆ ਮੇਟਿ ਨ ਸਕੈ ਕੋਈ ॥ (763-17)
किरतु पइआ करतै करि पाइआ मेटि न सकै कोई ॥

ਜਾਞੀ ਨਾਉ ਨਰਹ ਨਿਹਕੇਵਲੁ ਰਵਿ ਰਹਿਆ ਤਿਹੁ ਲੋਈ ॥ (763-17)
जाञी नाउ नरह निहकेवलु रवि रहिआ तिहु लोई ॥

ਮਾਇ ਨਿਰਾਸੀ ਰੋਇ ਵਿਛੁੰਨੀ ਬਾਲੀ ਬਾਲੈ ਹੇਤੇ ॥ (763-18)
माइ निरासी रोइ विछुंनी बाली बालै हेते ॥

ਨਾਨਕ ਸਾਚ ਸਬਦਿ ਸੁਖ ਮਹਲੀ ਗੁਰ ਚਰਣੀ ਪ੍ਰਭੁ ਚੇਤੇ ॥੩॥ (763-18)
नानक साच सबदि सुख महली गुर चरणी प्रभु चेते ॥३॥

ਬਾਬੁਲਿ ਦਿਤੜੀ ਦੂਰਿ ਨਾ ਆਵੈ ਘਰਿ ਪੇਈਐ ਬਲਿ ਰਾਮ ਜੀਉ ॥ (764-1)
बाबुलि दितड़ी दूरि ना आवै घरि पेईऐ बलि राम जीउ ॥

ਰਹਸੀ ਵੇਖਿ ਹਦੂਰਿ ਪਿਰਿ ਰਾਵੀ ਘਰਿ ਸੋਹੀਐ ਬਲਿ ਰਾਮ ਜੀਉ ॥ (764-2)
रहसी वेखि हदूरि पिरि रावी घरि सोहीऐ बलि राम जीउ ॥

ਸਾਚੇ ਪਿਰ ਲੋੜੀ ਪ੍ਰੀਤਮ ਜੋੜੀ ਮਤਿ ਪੂਰੀ ਪਰਧਾਨੇ ॥ (764-2)
साचे पिर लोड़ी प्रीतम जोड़ी मति पूरी परधाने ॥

ਸੰਜੋਗੀ ਮੇਲਾ ਥਾਨਿ ਸੁਹੇਲਾ ਗੁਣਵੰਤੀ ਗੁਰ ਗਿਆਨੇ ॥ (764-3)
संजोगी मेला थानि सुहेला गुणवंती गुर गिआने ॥

ਸਤੁ ਸੰਤੋਖੁ ਸਦਾ ਸਚੁ ਪਲੈ ਸਚੁ ਬੋਲੈ ਪਿਰ ਭਾਏ ॥ (764-3)
सतु संतोखु सदा सचु पलै सचु बोलै पिर भाए ॥

ਨਾਨਕ ਵਿਛੁੜਿ ਨਾ ਦੁਖੁ ਪਾਏ ਗੁਰਮਤਿ ਅੰਕਿ ਸਮਾਏ ॥੪॥੧॥ (764-4)
नानक विछुड़ि ना दुखु पाए गुरमति अंकि समाए ॥४॥१॥

ਰਾਗੁ ਸੂਹੀ ਮਹਲਾ ੧ ਛੰਤੁ ਘਰੁ ੨ (764-5)
रागु सूही महला १ छंतु घरु २

ੴ ਸਤਿਗੁਰ ਪ੍ਰਸਾਦਿ ॥ (764-5)
ੴ सतिगुर प्रसादि ॥

ਹਮ ਘਰਿ ਸਾਜਨ ਆਏ ॥ (764-6)
हम घरि साजन आए ॥

ਸਾਚੈ ਮੇਲਿ ਮਿਲਾਏ ॥ (764-6)
साचै मेलि मिलाए ॥

ਸਹਜਿ ਮਿਲਾਏ ਹਰਿ ਮਨਿ ਭਾਏ ਪੰਚ ਮਿਲੇ ਸੁਖੁ ਪਾਇਆ ॥ (764-6)
सहजि मिलाए हरि मनि भाए पंच मिले सुखु पाइआ ॥

ਸਾਈ ਵਸਤੁ ਪਰਾਪਤਿ ਹੋਈ ਜਿਸੁ ਸੇਤੀ ਮਨੁ ਲਾਇਆ ॥ (764-7)
साई वसतु परापति होई जिसु सेती मनु लाइआ ॥

ਅਨਦਿਨੁ ਮੇਲੁ ਭਇਆ ਮਨੁ ਮਾਨਿਆ ਘਰ ਮੰਦਰ ਸੋਹਾਏ ॥ (764-7)
अनदिनु मेलु भइआ मनु मानिआ घर मंदर सोहाए ॥

ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ ॥੧॥ (764-8)
पंच सबद धुनि अनहद वाजे हम घरि साजन आए ॥१॥

ਆਵਹੁ ਮੀਤ ਪਿਆਰੇ ॥ (764-8)
आवहु मीत पिआरे ॥

ਮੰਗਲ ਗਾਵਹੁ ਨਾਰੇ ॥ (764-8)
मंगल गावहु नारे ॥

ਸਚੁ ਮੰਗਲੁ ਗਾਵਹੁ ਤਾ ਪ੍ਰਭ ਭਾਵਹੁ ਸੋਹਿਲੜਾ ਜੁਗ ਚਾਰੇ ॥ (764-9)
सचु मंगलु गावहु ता प्रभ भावहु सोहिलड़ा जुग चारे ॥

ਅਪਨੈ ਘਰਿ ਆਇਆ ਥਾਨਿ ਸੁਹਾਇਆ ਕਾਰਜ ਸਬਦਿ ਸਵਾਰੇ ॥ (764-9)
अपनै घरि आइआ थानि सुहाइआ कारज सबदि सवारे ॥

ਗਿਆਨ ਮਹਾ ਰਸੁ ਨੇਤ੍ਰੀ ਅੰਜਨੁ ਤ੍ਰਿਭਵਣ ਰੂਪੁ ਦਿਖਾਇਆ ॥ (764-10)
गिआन महा रसु नेत्री अंजनु त्रिभवण रूपु दिखाइआ ॥

ਸਖੀ ਮਿਲਹੁ ਰਸਿ ਮੰਗਲੁ ਗਾਵਹੁ ਹਮ ਘਰਿ ਸਾਜਨੁ ਆਇਆ ॥੨॥ (764-10)
सखी मिलहु रसि मंगलु गावहु हम घरि साजनु आइआ ॥२॥

ਮਨੁ ਤਨੁ ਅੰਮ੍ਰਿਤਿ ਭਿੰਨਾ ॥ (764-11)
मनु तनु अमृति भिंना ॥

ਅੰਤਰਿ ਪ੍ਰੇਮੁ ਰਤੰਨਾ ॥ (764-11)
अंतरि प्रेमु रतंना ॥

ਅੰਤਰਿ ਰਤਨੁ ਪਦਾਰਥੁ ਮੇਰੈ ਪਰਮ ਤਤੁ ਵੀਚਾਰੋ ॥ (764-11)
अंतरि रतनु पदारथु मेरै परम ततु वीचारो ॥

ਜੰਤ ਭੇਖ ਤੂ ਸਫਲਿਓ ਦਾਤਾ ਸਿਰਿ ਸਿਰਿ ਦੇਵਣਹਾਰੋ ॥ (764-12)
जंत भेख तू सफलिओ दाता सिरि सिरि देवणहारो ॥

ਤੂ ਜਾਨੁ ਗਿਆਨੀ ਅੰਤਰਜਾਮੀ ਆਪੇ ਕਾਰਣੁ ਕੀਨਾ ॥ (764-12)
तू जानु गिआनी अंतरजामी आपे कारणु कीना ॥

ਸੁਨਹੁ ਸਖੀ ਮਨੁ ਮੋਹਨਿ ਮੋਹਿਆ ਤਨੁ ਮਨੁ ਅੰਮ੍ਰਿਤਿ ਭੀਨਾ ॥੩॥ (764-13)
सुनहु सखी मनु मोहनि मोहिआ तनु मनु अमृति भीना ॥३॥

ਆਤਮ ਰਾਮੁ ਸੰਸਾਰਾ ॥ (764-14)
आतम रामु संसारा ॥

ਸਾਚਾ ਖੇਲੁ ਤੁਮ੍ਹਾਰਾ ॥ (764-14)
साचा खेलु तुम्हारा ॥

ਸਚੁ ਖੇਲੁ ਤੁਮ੍ਹਾਰਾ ਅਗਮ ਅਪਾਰਾ ਤੁਧੁ ਬਿਨੁ ਕਉਣੁ ਬੁਝਾਏ ॥ (764-14)
सचु खेलु तुम्हारा अगम अपारा तुधु बिनु कउणु बुझाए ॥

ਸਿਧ ਸਾਧਿਕ ਸਿਆਣੇ ਕੇਤੇ ਤੁਝ ਬਿਨੁ ਕਵਣੁ ਕਹਾਏ ॥ (764-15)
सिध साधिक सिआणे केते तुझ बिनु कवणु कहाए ॥

ਕਾਲੁ ਬਿਕਾਲੁ ਭਏ ਦੇਵਾਨੇ ਮਨੁ ਰਾਖਿਆ ਗੁਰਿ ਠਾਏ ॥ (764-15)
कालु बिकालु भए देवाने मनु राखिआ गुरि ठाए ॥

ਨਾਨਕ ਅਵਗਣ ਸਬਦਿ ਜਲਾਏ ਗੁਣ ਸੰਗਮਿ ਪ੍ਰਭੁ ਪਾਏ ॥੪॥੧॥੨॥ (764-16)
नानक अवगण सबदि जलाए गुण संगमि प्रभु पाए ॥४॥१॥२॥

ਰਾਗੁ ਸੂਹੀ ਮਹਲਾ ੧ ਘਰੁ ੩ (764-17)
रागु सूही महला १ घरु ३

ੴ ਸਤਿਗੁਰ ਪ੍ਰਸਾਦਿ ॥ (764-17)
ੴ सतिगुर प्रसादि ॥

ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ ॥ (764-18)
आवहु सजणा हउ देखा दरसनु तेरा राम ॥

ਘਰਿ ਆਪਨੜੈ ਖੜੀ ਤਕਾ ਮੈ ਮਨਿ ਚਾਉ ਘਨੇਰਾ ਰਾਮ ॥ (764-18)
घरि आपनड़ै खड़ी तका मै मनि चाउ घनेरा राम ॥

ਮਨਿ ਚਾਉ ਘਨੇਰਾ ਸੁਣਿ ਪ੍ਰਭ ਮੇਰਾ ਮੈ ਤੇਰਾ ਭਰਵਾਸਾ ॥ (764-18)
मनि चाउ घनेरा सुणि प्रभ मेरा मै तेरा भरवासा ॥

ਦਰਸਨੁ ਦੇਖਿ ਭਈ ਨਿਹਕੇਵਲ ਜਨਮ ਮਰਣ ਦੁਖੁ ਨਾਸਾ ॥ (764-19)
दरसनु देखि भई निहकेवल जनम मरण दुखु नासा ॥

ਸਗਲੀ ਜੋਤਿ ਜਾਤਾ ਤੂ ਸੋਈ ਮਿਲਿਆ ਭਾਇ ਸੁਭਾਏ ॥ (765-1)
सगली जोति जाता तू सोई मिलिआ भाइ सुभाए ॥

ਨਾਨਕ ਸਾਜਨ ਕਉ ਬਲਿ ਜਾਈਐ ਸਾਚਿ ਮਿਲੇ ਘਰਿ ਆਏ ॥੧॥ (765-1)
नानक साजन कउ बलि जाईऐ साचि मिले घरि आए ॥१॥

ਘਰਿ ਆਇਅੜੇ ਸਾਜਨਾ ਤਾ ਧਨ ਖਰੀ ਸਰਸੀ ਰਾਮ ॥ (765-2)
घरि आइअड़े साजना ता धन खरी सरसी राम ॥

ਹਰਿ ਮੋਹਿਅੜੀ ਸਾਚ ਸਬਦਿ ਠਾਕੁਰ ਦੇਖਿ ਰਹੰਸੀ ਰਾਮ ॥ (765-2)
हरि मोहिअड़ी साच सबदि ठाकुर देखि रहंसी राम ॥

ਗੁਣ ਸੰਗਿ ਰਹੰਸੀ ਖਰੀ ਸਰਸੀ ਜਾ ਰਾਵੀ ਰੰਗਿ ਰਾਤੈ ॥ (765-3)
गुण संगि रहंसी खरी सरसी जा रावी रंगि रातै ॥

ਅਵਗਣ ਮਾਰਿ ਗੁਣੀ ਘਰੁ ਛਾਇਆ ਪੂਰੈ ਪੁਰਖਿ ਬਿਧਾਤੈ ॥ (765-3)
अवगण मारि गुणी घरु छाइआ पूरै पुरखि बिधातै ॥

ਤਸਕਰ ਮਾਰਿ ਵਸੀ ਪੰਚਾਇਣਿ ਅਦਲੁ ਕਰੇ ਵੀਚਾਰੇ ॥ (765-4)
तसकर मारि वसी पंचाइणि अदलु करे वीचारे ॥

ਨਾਨਕ ਰਾਮ ਨਾਮਿ ਨਿਸਤਾਰਾ ਗੁਰਮਤਿ ਮਿਲਹਿ ਪਿਆਰੇ ॥੨॥ (765-4)
नानक राम नामि निसतारा गुरमति मिलहि पिआरे ॥२॥

ਵਰੁ ਪਾਇਅੜਾ ਬਾਲੜੀਏ ਆਸਾ ਮਨਸਾ ਪੂਰੀ ਰਾਮ ॥ (765-5)
वरु पाइअड़ा बालड़ीए आसा मनसा पूरी राम ॥

ਪਿਰਿ ਰਾਵਿਅੜੀ ਸਬਦਿ ਰਲੀ ਰਵਿ ਰਹਿਆ ਨਹ ਦੂਰੀ ਰਾਮ ॥ (765-5)
पिरि राविअड़ी सबदि रली रवि रहिआ नह दूरी राम ॥

ਪ੍ਰਭੁ ਦੂਰਿ ਨ ਹੋਈ ਘਟਿ ਘਟਿ ਸੋਈ ਤਿਸ ਕੀ ਨਾਰਿ ਸਬਾਈ ॥ (765-6)
प्रभु दूरि न होई घटि घटि सोई तिस की नारि सबाई ॥

ਆਪੇ ਰਸੀਆ ਆਪੇ ਰਾਵੇ ਜਿਉ ਤਿਸ ਦੀ ਵਡਿਆਈ ॥ (765-7)
आपे रसीआ आपे रावे जिउ तिस दी वडिआई ॥

ਅਮਰ ਅਡੋਲੁ ਅਮੋਲੁ ਅਪਾਰਾ ਗੁਰਿ ਪੂਰੈ ਸਚੁ ਪਾਈਐ ॥ (765-7)
अमर अडोलु अमोलु अपारा गुरि पूरै सचु पाईऐ ॥

ਨਾਨਕ ਆਪੇ ਜੋਗ ਸਜੋਗੀ ਨਦਰਿ ਕਰੇ ਲਿਵ ਲਾਈਐ ॥੩॥ (765-8)
नानक आपे जोग सजोगी नदरि करे लिव लाईऐ ॥३॥

ਪਿਰੁ ਉਚੜੀਐ ਮਾੜੜੀਐ ਤਿਹੁ ਲੋਆ ਸਿਰਤਾਜਾ ਰਾਮ ॥ (765-8)
पिरु उचड़ीऐ माड़ड़ीऐ तिहु लोआ सिरताजा राम ॥

ਹਉ ਬਿਸਮ ਭਈ ਦੇਖਿ ਗੁਣਾ ਅਨਹਦ ਸਬਦ ਅਗਾਜਾ ਰਾਮ ॥ (765-9)
हउ बिसम भई देखि गुणा अनहद सबद अगाजा राम ॥

ਸਬਦੁ ਵੀਚਾਰੀ ਕਰਣੀ ਸਾਰੀ ਰਾਮ ਨਾਮੁ ਨੀਸਾਣੋ ॥ (765-9)
सबदु वीचारी करणी सारी राम नामु नीसाणो ॥

ਨਾਮ ਬਿਨਾ ਖੋਟੇ ਨਹੀ ਠਾਹਰ ਨਾਮੁ ਰਤਨੁ ਪਰਵਾਣੋ ॥ (765-10)
नाम बिना खोटे नही ठाहर नामु रतनु परवाणो ॥

ਪਤਿ ਮਤਿ ਪੂਰੀ ਪੂਰਾ ਪਰਵਾਨਾ ਨਾ ਆਵੈ ਨਾ ਜਾਸੀ ॥ (765-10)
पति मति पूरी पूरा परवाना ना आवै ना जासी ॥

ਨਾਨਕ ਗੁਰਮੁਖਿ ਆਪੁ ਪਛਾਣੈ ਪ੍ਰਭ ਜੈਸੇ ਅਵਿਨਾਸੀ ॥੪॥੧॥੩॥ (765-11)
नानक गुरमुखि आपु पछाणै प्रभ जैसे अविनासी ॥४॥१॥३॥

ੴ ਸਤਿਗੁਰ ਪ੍ਰਸਾਦਿ ॥ (765-12)
ੴ सतिगुर प्रसादि ॥

ਰਾਗੁ ਸੂਹੀ ਛੰਤ ਮਹਲਾ ੧ ਘਰੁ ੪ ॥ (765-12)
रागु सूही छंत महला १ घरु ४ ॥

ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ ॥ (765-12)
जिनि कीआ तिनि देखिआ जगु धंधड़ै लाइआ ॥

ਦਾਨਿ ਤੇਰੈ ਘਟਿ ਚਾਨਣਾ ਤਨਿ ਚੰਦੁ ਦੀਪਾਇਆ ॥ (765-13)
दानि तेरै घटि चानणा तनि चंदु दीपाइआ ॥

ਚੰਦੋ ਦੀਪਾਇਆ ਦਾਨਿ ਹਰਿ ਕੈ ਦੁਖੁ ਅੰਧੇਰਾ ਉਠਿ ਗਇਆ ॥ (765-13)
चंदो दीपाइआ दानि हरि कै दुखु अंधेरा उठि गइआ ॥

ਗੁਣ ਜੰਞ ਲਾੜੇ ਨਾਲਿ ਸੋਹੈ ਪਰਖਿ ਮੋਹਣੀਐ ਲਇਆ ॥ (765-14)
गुण जंञ लाड़े नालि सोहै परखि मोहणीऐ लइआ ॥

ਵੀਵਾਹੁ ਹੋਆ ਸੋਭ ਸੇਤੀ ਪੰਚ ਸਬਦੀ ਆਇਆ ॥ (765-14)
वीवाहु होआ सोभ सेती पंच सबदी आइआ ॥

ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ ॥੧॥ (765-15)
जिनि कीआ तिनि देखिआ जगु धंधड़ै लाइआ ॥१॥

ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ ॥ (765-15)
हउ बलिहारी साजना मीता अवरीता ॥

ਇਹੁ ਤਨੁ ਜਿਨ ਸਿਉ ਗਾਡਿਆ ਮਨੁ ਲੀਅੜਾ ਦੀਤਾ ॥ (765-16)
इहु तनु जिन सिउ गाडिआ मनु लीअड़ा दीता ॥

ਲੀਆ ਤ ਦੀਆ ਮਾਨੁ ਜਿਨ੍ਹ ਸਿਉ ਸੇ ਸਜਨ ਕਿਉ ਵੀਸਰਹਿ ॥ (765-16)
लीआ त दीआ मानु जिन्ह सिउ से सजन किउ वीसरहि ॥

ਜਿਨ੍ਹ ਦਿਸਿ ਆਇਆ ਹੋਹਿ ਰਲੀਆ ਜੀਅ ਸੇਤੀ ਗਹਿ ਰਹਹਿ ॥ (765-17)
जिन्ह दिसि आइआ होहि रलीआ जीअ सेती गहि रहहि ॥

ਸਗਲ ਗੁਣ ਅਵਗਣੁ ਨ ਕੋਈ ਹੋਹਿ ਨੀਤਾ ਨੀਤਾ ॥ (765-17)
सगल गुण अवगणु न कोई होहि नीता नीता ॥

ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ ॥੨॥ (765-18)
हउ बलिहारी साजना मीता अवरीता ॥२॥

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥ (765-18)
गुणा का होवै वासुला कढि वासु लईजै ॥

ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ ॥ (765-18)
जे गुण होवन्हि साजना मिलि साझ करीजै ॥

ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥ (766-1)
साझ करीजै गुणह केरी छोडि अवगण चलीऐ ॥

ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥ (766-1)
पहिरे पटम्बर करि अडम्बर आपणा पिड़ु मलीऐ ॥

ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ ॥ (766-2)
जिथै जाइ बहीऐ भला कहीऐ झोलि अमृतु पीजै ॥

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥੩॥ (766-2)
गुणा का होवै वासुला कढि वासु लईजै ॥३॥

ਆਪਿ ਕਰੇ ਕਿਸੁ ਆਖੀਐ ਹੋਰੁ ਕਰੇ ਨ ਕੋਈ ॥ (766-3)
आपि करे किसु आखीऐ होरु करे न कोई ॥

ਆਖਣ ਤਾ ਕਉ ਜਾਈਐ ਜੇ ਭੂਲੜਾ ਹੋਈ ॥ (766-3)
आखण ता कउ जाईऐ जे भूलड़ा होई ॥

ਜੇ ਹੋਇ ਭੂਲਾ ਜਾਇ ਕਹੀਐ ਆਪਿ ਕਰਤਾ ਕਿਉ ਭੁਲੈ ॥ (766-4)
जे होइ भूला जाइ कहीऐ आपि करता किउ भुलै ॥

ਸੁਣੇ ਦੇਖੇ ਬਾਝੁ ਕਹਿਐ ਦਾਨੁ ਅਣਮੰਗਿਆ ਦਿਵੈ ॥ (766-4)
सुणे देखे बाझु कहिऐ दानु अणमंगिआ दिवै ॥

ਦਾਨੁ ਦੇਇ ਦਾਤਾ ਜਗਿ ਬਿਧਾਤਾ ਨਾਨਕਾ ਸਚੁ ਸੋਈ ॥ (766-5)
दानु देइ दाता जगि बिधाता नानका सचु सोई ॥

ਆਪਿ ਕਰੇ ਕਿਸੁ ਆਖੀਐ ਹੋਰੁ ਕਰੇ ਨ ਕੋਈ ॥੪॥੧॥੪॥ (766-5)
आपि करे किसु आखीऐ होरु करे न कोई ॥४॥१॥४॥

ਸੂਹੀ ਮਹਲਾ ੧ ॥ (766-6)
सूही महला १ ॥

ਮੇਰਾ ਮਨੁ ਰਾਤਾ ਗੁਣ ਰਵੈ ਮਨਿ ਭਾਵੈ ਸੋਈ ॥ (766-6)
मेरा मनु राता गुण रवै मनि भावै सोई ॥

ਗੁਰ ਕੀ ਪਉੜੀ ਸਾਚ ਕੀ ਸਾਚਾ ਸੁਖੁ ਹੋਈ ॥ (766-6)
गुर की पउड़ी साच की साचा सुखु होई ॥

ਸੁਖਿ ਸਹਜਿ ਆਵੈ ਸਾਚ ਭਾਵੈ ਸਾਚ ਕੀ ਮਤਿ ਕਿਉ ਟਲੈ ॥ (766-7)
सुखि सहजि आवै साच भावै साच की मति किउ टलै ॥

ਇਸਨਾਨੁ ਦਾਨੁ ਸੁਗਿਆਨੁ ਮਜਨੁ ਆਪਿ ਅਛਲਿਓ ਕਿਉ ਛਲੈ ॥ (766-7)
इसनानु दानु सुगिआनु मजनु आपि अछलिओ किउ छलै ॥

ਪਰਪੰਚ ਮੋਹ ਬਿਕਾਰ ਥਾਕੇ ਕੂੜੁ ਕਪਟੁ ਨ ਦੋਈ ॥ (766-8)
परपंच मोह बिकार थाके कूड़ु कपटु न दोई ॥

ਮੇਰਾ ਮਨੁ ਰਾਤਾ ਗੁਣ ਰਵੈ ਮਨਿ ਭਾਵੈ ਸੋਈ ॥੧॥ (766-8)
मेरा मनु राता गुण रवै मनि भावै सोई ॥१॥

ਸਾਹਿਬੁ ਸੋ ਸਾਲਾਹੀਐ ਜਿਨਿ ਕਾਰਣੁ ਕੀਆ ॥ (766-9)
साहिबु सो सालाहीऐ जिनि कारणु कीआ ॥

ਮੈਲੁ ਲਾਗੀ ਮਨਿ ਮੈਲਿਐ ਕਿਨੈ ਅੰਮ੍ਰਿਤੁ ਪੀਆ ॥ (766-9)
मैलु लागी मनि मैलिऐ किनै अमृतु पीआ ॥

ਮਥਿ ਅੰਮ੍ਰਿਤੁ ਪੀਆ ਇਹੁ ਮਨੁ ਦੀਆ ਗੁਰ ਪਹਿ ਮੋਲੁ ਕਰਾਇਆ ॥ (766-10)
मथि अमृतु पीआ इहु मनु दीआ गुर पहि मोलु कराइआ ॥

ਆਪਨੜਾ ਪ੍ਰਭੁ ਸਹਜਿ ਪਛਾਤਾ ਜਾ ਮਨੁ ਸਾਚੈ ਲਾਇਆ ॥ (766-10)
आपनड़ा प्रभु सहजि पछाता जा मनु साचै लाइआ ॥

ਤਿਸੁ ਨਾਲਿ ਗੁਣ ਗਾਵਾ ਜੇ ਤਿਸੁ ਭਾਵਾ ਕਿਉ ਮਿਲੈ ਹੋਇ ਪਰਾਇਆ ॥ (766-11)
तिसु नालि गुण गावा जे तिसु भावा किउ मिलै होइ पराइआ ॥

ਸਾਹਿਬੁ ਸੋ ਸਾਲਾਹੀਐ ਜਿਨਿ ਜਗਤੁ ਉਪਾਇਆ ॥੨॥ (766-12)
साहिबु सो सालाहीऐ जिनि जगतु उपाइआ ॥२॥

ਆਇ ਗਇਆ ਕੀ ਨ ਆਇਓ ਕਿਉ ਆਵੈ ਜਾਤਾ ॥ (766-12)
आइ गइआ की न आइओ किउ आवै जाता ॥

ਪ੍ਰੀਤਮ ਸਿਉ ਮਨੁ ਮਾਨਿਆ ਹਰਿ ਸੇਤੀ ਰਾਤਾ ॥ (766-13)
प्रीतम सिउ मनु मानिआ हरि सेती राता ॥

ਸਾਹਿਬ ਰੰਗਿ ਰਾਤਾ ਸਚ ਕੀ ਬਾਤਾ ਜਿਨਿ ਬਿੰਬ ਕਾ ਕੋਟੁ ਉਸਾਰਿਆ ॥ (766-13)
साहिब रंगि राता सच की बाता जिनि बि्मब का कोटु उसारिआ ॥

ਪੰਚ ਭੂ ਨਾਇਕੋ ਆਪਿ ਸਿਰੰਦਾ ਜਿਨਿ ਸਚ ਕਾ ਪਿੰਡੁ ਸਵਾਰਿਆ ॥ (766-14)
पंच भू नाइको आपि सिरंदा जिनि सच का पिंडु सवारिआ ॥

ਹਮ ਅਵਗਣਿਆਰੇ ਤੂ ਸੁਣਿ ਪਿਆਰੇ ਤੁਧੁ ਭਾਵੈ ਸਚੁ ਸੋਈ ॥ (766-14)
हम अवगणिआरे तू सुणि पिआरे तुधु भावै सचु सोई ॥

ਆਵਣ ਜਾਣਾ ਨਾ ਥੀਐ ਸਾਚੀ ਮਤਿ ਹੋਈ ॥੩॥ (766-15)
आवण जाणा ना थीऐ साची मति होई ॥३॥

ਅੰਜਨੁ ਤੈਸਾ ਅੰਜੀਐ ਜੈਸਾ ਪਿਰ ਭਾਵੈ ॥ (766-15)
अंजनु तैसा अंजीऐ जैसा पिर भावै ॥

ਸਮਝੈ ਸੂਝੈ ਜਾਣੀਐ ਜੇ ਆਪਿ ਜਾਣਾਵੈ ॥ (766-16)
समझै सूझै जाणीऐ जे आपि जाणावै ॥

ਆਪਿ ਜਾਣਾਵੈ ਮਾਰਗਿ ਪਾਵੈ ਆਪੇ ਮਨੂਆ ਲੇਵਏ ॥ (766-16)
आपि जाणावै मारगि पावै आपे मनूआ लेवए ॥

ਕਰਮ ਸੁਕਰਮ ਕਰਾਏ ਆਪੇ ਕੀਮਤਿ ਕਉਣ ਅਭੇਵਏ ॥ (766-17)
करम सुकरम कराए आपे कीमति कउण अभेवए ॥

ਤੰਤੁ ਮੰਤੁ ਪਾਖੰਡੁ ਨ ਜਾਣਾ ਰਾਮੁ ਰਿਦੈ ਮਨੁ ਮਾਨਿਆ ॥ (766-17)
तंतु मंतु पाखंडु न जाणा रामु रिदै मनु मानिआ ॥

ਅੰਜਨੁ ਨਾਮੁ ਤਿਸੈ ਤੇ ਸੂਝੈ ਗੁਰ ਸਬਦੀ ਸਚੁ ਜਾਨਿਆ ॥੪॥ (766-18)
अंजनु नामु तिसै ते सूझै गुर सबदी सचु जानिआ ॥४॥

ਸਾਜਨ ਹੋਵਨਿ ਆਪਣੇ ਕਿਉ ਪਰ ਘਰ ਜਾਹੀ ॥ (766-18)
साजन होवनि आपणे किउ पर घर जाही ॥

ਸਾਜਨ ਰਾਤੇ ਸਚ ਕੇ ਸੰਗੇ ਮਨ ਮਾਹੀ ॥ (766-19)
साजन राते सच के संगे मन माही ॥

ਮਨ ਮਾਹਿ ਸਾਜਨ ਕਰਹਿ ਰਲੀਆ ਕਰਮ ਧਰਮ ਸਬਾਇਆ ॥ (766-19)
मन माहि साजन करहि रलीआ करम धरम सबाइआ ॥

ਅਠਸਠਿ ਤੀਰਥ ਪੁੰਨ ਪੂਜਾ ਨਾਮੁ ਸਾਚਾ ਭਾਇਆ ॥ (767-1)
अठसठि तीरथ पुंन पूजा नामु साचा भाइआ ॥

ਆਪਿ ਸਾਜੇ ਥਾਪਿ ਵੇਖੈ ਤਿਸੈ ਭਾਣਾ ਭਾਇਆ ॥ (767-1)
आपि साजे थापि वेखै तिसै भाणा भाइआ ॥

ਸਾਜਨ ਰਾਂਗਿ ਰੰਗੀਲੜੇ ਰੰਗੁ ਲਾਲੁ ਬਣਾਇਆ ॥੫॥ (767-1)
साजन रांगि रंगीलड़े रंगु लालु बणाइआ ॥५॥

ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥ (767-2)
अंधा आगू जे थीऐ किउ पाधरु जाणै ॥

ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ ॥ (767-2)
आपि मुसै मति होछीऐ किउ राहु पछाणै ॥

ਕਿਉ ਰਾਹਿ ਜਾਵੈ ਮਹਲੁ ਪਾਵੈ ਅੰਧ ਕੀ ਮਤਿ ਅੰਧਲੀ ॥ (767-3)
किउ राहि जावै महलु पावै अंध की मति अंधली ॥

ਵਿਣੁ ਨਾਮ ਹਰਿ ਕੇ ਕਛੁ ਨ ਸੂਝੈ ਅੰਧੁ ਬੂਡੌ ਧੰਧਲੀ ॥ (767-3)
विणु नाम हरि के कछु न सूझै अंधु बूडौ धंधली ॥

ਦਿਨੁ ਰਾਤਿ ਚਾਨਣੁ ਚਾਉ ਉਪਜੈ ਸਬਦੁ ਗੁਰ ਕਾ ਮਨਿ ਵਸੈ ॥ (767-4)
दिनु राति चानणु चाउ उपजै सबदु गुर का मनि वसै ॥

ਕਰ ਜੋੜਿ ਗੁਰ ਪਹਿ ਕਰਿ ਬਿਨੰਤੀ ਰਾਹੁ ਪਾਧਰੁ ਗੁਰੁ ਦਸੈ ॥੬॥ (767-4)
कर जोड़ि गुर पहि करि बिनंती राहु पाधरु गुरु दसै ॥६॥

ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ ॥ (767-5)
मनु परदेसी जे थीऐ सभु देसु पराइआ ॥

ਕਿਸੁ ਪਹਿ ਖੋਲ੍ਹਉ ਗੰਠੜੀ ਦੂਖੀ ਭਰਿ ਆਇਆ ॥ (767-5)
किसु पहि खोल्हउ गंठड़ी दूखी भरि आइआ ॥

ਦੂਖੀ ਭਰਿ ਆਇਆ ਜਗਤੁ ਸਬਾਇਆ ਕਉਣੁ ਜਾਣੈ ਬਿਧਿ ਮੇਰੀਆ ॥ (767-6)
दूखी भरि आइआ जगतु सबाइआ कउणु जाणै बिधि मेरीआ ॥

ਆਵਣੇ ਜਾਵਣੇ ਖਰੇ ਡਰਾਵਣੇ ਤੋਟਿ ਨ ਆਵੈ ਫੇਰੀਆ ॥ (767-6)
आवणे जावणे खरे डरावणे तोटि न आवै फेरीआ ॥

ਨਾਮ ਵਿਹੂਣੇ ਊਣੇ ਝੂਣੇ ਨਾ ਗੁਰਿ ਸਬਦੁ ਸੁਣਾਇਆ ॥ (767-7)
नाम विहूणे ऊणे झूणे ना गुरि सबदु सुणाइआ ॥

ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ ॥੭॥ (767-7)
मनु परदेसी जे थीऐ सभु देसु पराइआ ॥७॥

ਗੁਰ ਮਹਲੀ ਘਰਿ ਆਪਣੈ ਸੋ ਭਰਪੁਰਿ ਲੀਣਾ ॥ (767-8)
गुर महली घरि आपणै सो भरपुरि लीणा ॥

ਸੇਵਕੁ ਸੇਵਾ ਤਾਂ ਕਰੇ ਸਚ ਸਬਦਿ ਪਤੀਣਾ ॥ (767-8)
सेवकु सेवा तां करे सच सबदि पतीणा ॥

ਸਬਦੇ ਪਤੀਜੈ ਅੰਕੁ ਭੀਜੈ ਸੁ ਮਹਲੁ ਮਹਲਾ ਅੰਤਰੇ ॥ (767-9)
सबदे पतीजै अंकु भीजै सु महलु महला अंतरे ॥

ਆਪਿ ਕਰਤਾ ਕਰੇ ਸੋਈ ਪ੍ਰਭੁ ਆਪਿ ਅੰਤਿ ਨਿਰੰਤਰੇ ॥ (767-9)
आपि करता करे सोई प्रभु आपि अंति निरंतरे ॥

ਗੁਰ ਸਬਦਿ ਮੇਲਾ ਤਾਂ ਸੁਹੇਲਾ ਬਾਜੰਤ ਅਨਹਦ ਬੀਣਾ ॥ (767-10)
गुर सबदि मेला तां सुहेला बाजंत अनहद बीणा ॥

ਗੁਰ ਮਹਲੀ ਘਰਿ ਆਪਣੈ ਸੋ ਭਰਿਪੁਰਿ ਲੀਣਾ ॥੮॥ (767-10)
गुर महली घरि आपणै सो भरिपुरि लीणा ॥८॥

ਕੀਤਾ ਕਿਆ ਸਾਲਾਹੀਐ ਕਰਿ ਵੇਖੈ ਸੋਈ ॥ (767-11)
कीता किआ सालाहीऐ करि वेखै सोई ॥

ਤਾ ਕੀ ਕੀਮਤਿ ਨਾ ਪਵੈ ਜੇ ਲੋਚੈ ਕੋਈ ॥ (767-11)
ता की कीमति ना पवै जे लोचै कोई ॥

ਕੀਮਤਿ ਸੋ ਪਾਵੈ ਆਪਿ ਜਾਣਾਵੈ ਆਪਿ ਅਭੁਲੁ ਨ ਭੁਲਏ ॥ (767-12)
कीमति सो पावै आपि जाणावै आपि अभुलु न भुलए ॥

ਜੈ ਜੈ ਕਾਰੁ ਕਰਹਿ ਤੁਧੁ ਭਾਵਹਿ ਗੁਰ ਕੈ ਸਬਦਿ ਅਮੁਲਏ ॥ (767-12)
जै जै कारु करहि तुधु भावहि गुर कै सबदि अमुलए ॥

ਹੀਣਉ ਨੀਚੁ ਕਰਉ ਬੇਨੰਤੀ ਸਾਚੁ ਨ ਛੋਡਉ ਭਾਈ ॥ (767-13)
हीणउ नीचु करउ बेनंती साचु न छोडउ भाई ॥

ਨਾਨਕ ਜਿਨਿ ਕਰਿ ਦੇਖਿਆ ਦੇਵੈ ਮਤਿ ਸਾਈ ॥੯॥੨॥੫॥ (767-13)
नानक जिनि करि देखिआ देवै मति साई ॥९॥२॥५॥

ਰਾਗੁ ਸੂਹੀ ਛੰਤ ਮਹਲਾ ੩ ਘਰੁ ੨ (767-15)
रागु सूही छंत महला ३ घरु २

ੴ ਸਤਿਗੁਰ ਪ੍ਰਸਾਦਿ ॥ (767-15)
ੴ सतिगुर प्रसादि ॥

ਸੁਖ ਸੋਹਿਲੜਾ ਹਰਿ ਧਿਆਵਹੁ ॥ (767-16)
सुख सोहिलड़ा हरि धिआवहु ॥

ਗੁਰਮੁਖਿ ਹਰਿ ਫਲੁ ਪਾਵਹੁ ॥ (767-16)
गुरमुखि हरि फलु पावहु ॥

ਗੁਰਮੁਖਿ ਫਲੁ ਪਾਵਹੁ ਹਰਿ ਨਾਮੁ ਧਿਆਵਹੁ ਜਨਮ ਜਨਮ ਕੇ ਦੂਖ ਨਿਵਾਰੇ ॥ (767-16)
गुरमुखि फलु पावहु हरि नामु धिआवहु जनम जनम के दूख निवारे ॥

ਬਲਿਹਾਰੀ ਗੁਰ ਅਪਣੇ ਵਿਟਹੁ ਜਿਨਿ ਕਾਰਜ ਸਭਿ ਸਵਾਰੇ ॥ (767-17)
बलिहारी गुर अपणे विटहु जिनि कारज सभि सवारे ॥

ਹਰਿ ਪ੍ਰਭੁ ਕ੍ਰਿਪਾ ਕਰੇ ਹਰਿ ਜਾਪਹੁ ਸੁਖ ਫਲ ਹਰਿ ਜਨ ਪਾਵਹੁ ॥ (767-17)
हरि प्रभु क्रिपा करे हरि जापहु सुख फल हरि जन पावहु ॥

ਨਾਨਕੁ ਕਹੈ ਸੁਣਹੁ ਜਨ ਭਾਈ ਸੁਖ ਸੋਹਿਲੜਾ ਹਰਿ ਧਿਆਵਹੁ ॥੧॥ (767-18)
नानकु कहै सुणहु जन भाई सुख सोहिलड़ा हरि धिआवहु ॥१॥

ਸੁਣਿ ਹਰਿ ਗੁਣ ਭੀਨੇ ਸਹਜਿ ਸੁਭਾਏ ॥ (767-19)
सुणि हरि गुण भीने सहजि सुभाए ॥

ਗੁਰਮਤਿ ਸਹਜੇ ਨਾਮੁ ਧਿਆਏ ॥ (767-19)
गुरमति सहजे नामु धिआए ॥

ਜਿਨ ਕਉ ਧੁਰਿ ਲਿਖਿਆ ਤਿਨ ਗੁਰੁ ਮਿਲਿਆ ਤਿਨ ਜਨਮ ਮਰਣ ਭਉ ਭਾਗਾ ॥ (767-19)
जिन कउ धुरि लिखिआ तिन गुरु मिलिआ तिन जनम मरण भउ भागा ॥

ਅੰਦਰਹੁ ਦੁਰਮਤਿ ਦੂਜੀ ਖੋਈ ਸੋ ਜਨੁ ਹਰਿ ਲਿਵ ਲਾਗਾ ॥ (768-1)
अंदरहु दुरमति दूजी खोई सो जनु हरि लिव लागा ॥

ਜਿਨ ਕਉ ਕ੍ਰਿਪਾ ਕੀਨੀ ਮੇਰੈ ਸੁਆਮੀ ਤਿਨ ਅਨਦਿਨੁ ਹਰਿ ਗੁਣ ਗਾਏ ॥ (768-2)
जिन कउ क्रिपा कीनी मेरै सुआमी तिन अनदिनु हरि गुण गाए ॥

ਸੁਣਿ ਮਨ ਭੀਨੇ ਸਹਜਿ ਸੁਭਾਏ ॥੨॥ (768-2)
सुणि मन भीने सहजि सुभाए ॥२॥

ਜੁਗ ਮਹਿ ਰਾਮ ਨਾਮੁ ਨਿਸਤਾਰਾ ॥ (768-3)
जुग महि राम नामु निसतारा ॥

ਗੁਰ ਤੇ ਉਪਜੈ ਸਬਦੁ ਵੀਚਾਰਾ ॥ (768-3)
गुर ते उपजै सबदु वीचारा ॥

ਗੁਰ ਸਬਦੁ ਵੀਚਾਰਾ ਰਾਮ ਨਾਮੁ ਪਿਆਰਾ ਜਿਸੁ ਕਿਰਪਾ ਕਰੇ ਸੁ ਪਾਏ ॥ (768-3)
गुर सबदु वीचारा राम नामु पिआरा जिसु किरपा करे सु पाए ॥

ਸਹਜੇ ਗੁਣ ਗਾਵੈ ਦਿਨੁ ਰਾਤੀ ਕਿਲਵਿਖ ਸਭਿ ਗਵਾਏ ॥ (768-4)
सहजे गुण गावै दिनु राती किलविख सभि गवाए ॥

ਸਭੁ ਕੋ ਤੇਰਾ ਤੂ ਸਭਨਾ ਕਾ ਹਉ ਤੇਰਾ ਤੂ ਹਮਾਰਾ ॥ (768-4)
सभु को तेरा तू सभना का हउ तेरा तू हमारा ॥

ਜੁਗ ਮਹਿ ਰਾਮ ਨਾਮੁ ਨਿਸਤਾਰਾ ॥੩॥ (768-5)
जुग महि राम नामु निसतारा ॥३॥

ਸਾਜਨ ਆਇ ਵੁਠੇ ਘਰ ਮਾਹੀ ॥ (768-5)
साजन आइ वुठे घर माही ॥

ਹਰਿ ਗੁਣ ਗਾਵਹਿ ਤ੍ਰਿਪਤਿ ਅਘਾਹੀ ॥ (768-5)
हरि गुण गावहि त्रिपति अघाही ॥

ਹਰਿ ਗੁਣ ਗਾਇ ਸਦਾ ਤ੍ਰਿਪਤਾਸੀ ਫਿਰਿ ਭੂਖ ਨ ਲਾਗੈ ਆਏ ॥ (768-6)
हरि गुण गाइ सदा त्रिपतासी फिरि भूख न लागै आए ॥

ਦਹ ਦਿਸਿ ਪੂਜ ਹੋਵੈ ਹਰਿ ਜਨ ਕੀ ਜੋ ਹਰਿ ਹਰਿ ਨਾਮੁ ਧਿਆਏ ॥ (768-6)
दह दिसि पूज होवै हरि जन की जो हरि हरि नामु धिआए ॥

ਨਾਨਕ ਹਰਿ ਆਪੇ ਜੋੜਿ ਵਿਛੋੜੇ ਹਰਿ ਬਿਨੁ ਕੋ ਦੂਜਾ ਨਾਹੀ ॥ (768-7)
नानक हरि आपे जोड़ि विछोड़े हरि बिनु को दूजा नाही ॥

ਸਾਜਨ ਆਇ ਵੁਠੇ ਘਰ ਮਾਹੀ ॥੪॥੧॥ (768-8)
साजन आइ वुठे घर माही ॥४॥१॥

ੴ ਸਤਿਗੁਰ ਪ੍ਰਸਾਦਿ ॥ (768-9)
ੴ सतिगुर प्रसादि ॥

ਰਾਗੁ ਸੂਹੀ ਮਹਲਾ ੩ ਘਰੁ ੩ ॥ (768-9)
रागु सूही महला ३ घरु ३ ॥

ਭਗਤ ਜਨਾ ਕੀ ਹਰਿ ਜੀਉ ਰਾਖੈ ਜੁਗਿ ਜੁਗਿ ਰਖਦਾ ਆਇਆ ਰਾਮ ॥ (768-9)
भगत जना की हरि जीउ राखै जुगि जुगि रखदा आइआ राम ॥

ਸੋ ਭਗਤੁ ਜੋ ਗੁਰਮੁਖਿ ਹੋਵੈ ਹਉਮੈ ਸਬਦਿ ਜਲਾਇਆ ਰਾਮ ॥ (768-10)
सो भगतु जो गुरमुखि होवै हउमै सबदि जलाइआ राम ॥

ਹਉਮੈ ਸਬਦਿ ਜਲਾਇਆ ਮੇਰੇ ਹਰਿ ਭਾਇਆ ਜਿਸ ਦੀ ਸਾਚੀ ਬਾਣੀ ॥ (768-11)
हउमै सबदि जलाइआ मेरे हरि भाइआ जिस दी साची बाणी ॥

ਸਚੀ ਭਗਤਿ ਕਰਹਿ ਦਿਨੁ ਰਾਤੀ ਗੁਰਮੁਖਿ ਆਖਿ ਵਖਾਣੀ ॥ (768-11)
सची भगति करहि दिनु राती गुरमुखि आखि वखाणी ॥

ਭਗਤਾ ਕੀ ਚਾਲ ਸਚੀ ਅਤਿ ਨਿਰਮਲ ਨਾਮੁ ਸਚਾ ਮਨਿ ਭਾਇਆ ॥ (768-12)
भगता की चाल सची अति निरमल नामु सचा मनि भाइआ ॥

ਨਾਨਕ ਭਗਤ ਸੋਹਹਿ ਦਰਿ ਸਾਚੈ ਜਿਨੀ ਸਚੋ ਸਚੁ ਕਮਾਇਆ ॥੧॥ (768-13)
नानक भगत सोहहि दरि साचै जिनी सचो सचु कमाइआ ॥१॥

ਹਰਿ ਭਗਤਾ ਕੀ ਜਾਤਿ ਪਤਿ ਹੈ ਭਗਤ ਹਰਿ ਕੈ ਨਾਮਿ ਸਮਾਣੇ ਰਾਮ ॥ (768-13)
हरि भगता की जाति पति है भगत हरि कै नामि समाणे राम ॥

ਹਰਿ ਭਗਤਿ ਕਰਹਿ ਵਿਚਹੁ ਆਪੁ ਗਵਾਵਹਿ ਜਿਨ ਗੁਣ ਅਵਗਣ ਪਛਾਣੇ ਰਾਮ ॥ (768-14)
हरि भगति करहि विचहु आपु गवावहि जिन गुण अवगण पछाणे राम ॥

ਗੁਣ ਅਉਗਣ ਪਛਾਣੈ ਹਰਿ ਨਾਮੁ ਵਖਾਣੈ ਭੈ ਭਗਤਿ ਮੀਠੀ ਲਾਗੀ ॥ (768-15)
गुण अउगण पछाणै हरि नामु वखाणै भै भगति मीठी लागी ॥

ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਘਰ ਹੀ ਮਹਿ ਬੈਰਾਗੀ ॥ (768-15)
अनदिनु भगति करहि दिनु राती घर ही महि बैरागी ॥

ਭਗਤੀ ਰਾਤੇ ਸਦਾ ਮਨੁ ਨਿਰਮਲੁ ਹਰਿ ਜੀਉ ਵੇਖਹਿ ਸਦਾ ਨਾਲੇ ॥ (768-16)
भगती राते सदा मनु निरमलु हरि जीउ वेखहि सदा नाले ॥

ਨਾਨਕ ਸੇ ਭਗਤ ਹਰਿ ਕੈ ਦਰਿ ਸਾਚੇ ਅਨਦਿਨੁ ਨਾਮੁ ਸਮ੍ਹ੍ਹਾਲੇ ॥੨॥ (768-16)
नानक से भगत हरि कै दरि साचे अनदिनु नामु सम्हाले ॥२॥

ਮਨਮੁਖ ਭਗਤਿ ਕਰਹਿ ਬਿਨੁ ਸਤਿਗੁਰ ਵਿਣੁ ਸਤਿਗੁਰ ਭਗਤਿ ਨ ਹੋਈ ਰਾਮ ॥ (768-17)
मनमुख भगति करहि बिनु सतिगुर विणु सतिगुर भगति न होई राम ॥

ਹਉਮੈ ਮਾਇਆ ਰੋਗਿ ਵਿਆਪੇ ਮਰਿ ਜਨਮਹਿ ਦੁਖੁ ਹੋਈ ਰਾਮ ॥ (768-18)
हउमै माइआ रोगि विआपे मरि जनमहि दुखु होई राम ॥

ਮਰਿ ਜਨਮਹਿ ਦੁਖੁ ਹੋਈ ਦੂਜੈ ਭਾਇ ਪਰਜ ਵਿਗੋਈ ਵਿਣੁ ਗੁਰ ਤਤੁ ਨ ਜਾਨਿਆ ॥ (768-19)
मरि जनमहि दुखु होई दूजै भाइ परज विगोई विणु गुर ततु न जानिआ ॥

ਭਗਤਿ ਵਿਹੂਣਾ ਸਭੁ ਜਗੁ ਭਰਮਿਆ ਅੰਤਿ ਗਇਆ ਪਛੁਤਾਨਿਆ ॥ (768-19)
भगति विहूणा सभु जगु भरमिआ अंति गइआ पछुतानिआ ॥

ਕੋਟਿ ਮਧੇ ਕਿਨੈ ਪਛਾਣਿਆ ਹਰਿ ਨਾਮਾ ਸਚੁ ਸੋਈ ॥ (769-1)
कोटि मधे किनै पछाणिआ हरि नामा सचु सोई ॥

ਨਾਨਕ ਨਾਮਿ ਮਿਲੈ ਵਡਿਆਈ ਦੂਜੈ ਭਾਇ ਪਤਿ ਖੋਈ ॥੩॥ (769-1)
नानक नामि मिलै वडिआई दूजै भाइ पति खोई ॥३॥

ਭਗਤਾ ਕੈ ਘਰਿ ਕਾਰਜੁ ਸਾਚਾ ਹਰਿ ਗੁਣ ਸਦਾ ਵਖਾਣੇ ਰਾਮ ॥ (769-2)
भगता कै घरि कारजु साचा हरि गुण सदा वखाणे राम ॥

ਭਗਤਿ ਖਜਾਨਾ ਆਪੇ ਦੀਆ ਕਾਲੁ ਕੰਟਕੁ ਮਾਰਿ ਸਮਾਣੇ ਰਾਮ ॥ (769-3)
भगति खजाना आपे दीआ कालु कंटकु मारि समाणे राम ॥

ਕਾਲੁ ਕੰਟਕੁ ਮਾਰਿ ਸਮਾਣੇ ਹਰਿ ਮਨਿ ਭਾਣੇ ਨਾਮੁ ਨਿਧਾਨੁ ਸਚੁ ਪਾਇਆ ॥ (769-3)
कालु कंटकु मारि समाणे हरि मनि भाणे नामु निधानु सचु पाइआ ॥

ਸਦਾ ਅਖੁਟੁ ਕਦੇ ਨ ਨਿਖੁਟੈ ਹਰਿ ਦੀਆ ਸਹਜਿ ਸੁਭਾਇਆ ॥ (769-4)
सदा अखुटु कदे न निखुटै हरि दीआ सहजि सुभाइआ ॥

ਹਰਿ ਜਨ ਊਚੇ ਸਦ ਹੀ ਊਚੇ ਗੁਰ ਕੈ ਸਬਦਿ ਸੁਹਾਇਆ ॥ (769-4)
हरि जन ऊचे सद ही ऊचे गुर कै सबदि सुहाइआ ॥

ਨਾਨਕ ਆਪੇ ਬਖਸਿ ਮਿਲਾਏ ਜੁਗਿ ਜੁਗਿ ਸੋਭਾ ਪਾਇਆ ॥੪॥੧॥੨॥ (769-5)
नानक आपे बखसि मिलाए जुगि जुगि सोभा पाइआ ॥४॥१॥२॥

ਸੂਹੀ ਮਹਲਾ ੩ ॥ (769-6)
सूही महला ३ ॥

ਸਬਦਿ ਸਚੈ ਸਚੁ ਸੋਹਿਲਾ ਜਿਥੈ ਸਚੇ ਕਾ ਹੋਇ ਵੀਚਾਰੋ ਰਾਮ ॥ (769-6)
सबदि सचै सचु सोहिला जिथै सचे का होइ वीचारो राम ॥

ਹਉਮੈ ਸਭਿ ਕਿਲਵਿਖ ਕਾਟੇ ਸਾਚੁ ਰਖਿਆ ਉਰਿ ਧਾਰੇ ਰਾਮ ॥ (769-6)
हउमै सभि किलविख काटे साचु रखिआ उरि धारे राम ॥

ਸਚੁ ਰਖਿਆ ਉਰ ਧਾਰੇ ਦੁਤਰੁ ਤਾਰੇ ਫਿਰਿ ਭਵਜਲੁ ਤਰਣੁ ਨ ਹੋਈ ॥ (769-7)
सचु रखिआ उर धारे दुतरु तारे फिरि भवजलु तरणु न होई ॥

ਸਚਾ ਸਤਿਗੁਰੁ ਸਚੀ ਬਾਣੀ ਜਿਨਿ ਸਚੁ ਵਿਖਾਲਿਆ ਸੋਈ ॥ (769-8)
सचा सतिगुरु सची बाणी जिनि सचु विखालिआ सोई ॥

ਸਾਚੇ ਗੁਣ ਗਾਵੈ ਸਚਿ ਸਮਾਵੈ ਸਚੁ ਵੇਖੈ ਸਭੁ ਸੋਈ ॥ (769-8)
साचे गुण गावै सचि समावै सचु वेखै सभु सोई ॥

ਨਾਨਕ ਸਾਚਾ ਸਾਹਿਬੁ ਸਾਚੀ ਨਾਈ ਸਚੁ ਨਿਸਤਾਰਾ ਹੋਈ ॥੧॥ (769-9)
नानक साचा साहिबु साची नाई सचु निसतारा होई ॥१॥

ਸਾਚੈ ਸਤਿਗੁਰਿ ਸਾਚੁ ਬੁਝਾਇਆ ਪਤਿ ਰਾਖੈ ਸਚੁ ਸੋਈ ਰਾਮ ॥ (769-9)
साचै सतिगुरि साचु बुझाइआ पति राखै सचु सोई राम ॥

ਸਚਾ ਭੋਜਨੁ ਭਾਉ ਸਚਾ ਹੈ ਸਚੈ ਨਾਮਿ ਸੁਖੁ ਹੋਈ ਰਾਮ ॥ (769-10)
सचा भोजनु भाउ सचा है सचै नामि सुखु होई राम ॥

ਸਾਚੈ ਨਾਮਿ ਸੁਖੁ ਹੋਈ ਮਰੈ ਨ ਕੋਈ ਗਰਭਿ ਨ ਜੂਨੀ ਵਾਸਾ ॥ (769-10)
साचै नामि सुखु होई मरै न कोई गरभि न जूनी वासा ॥

ਜੋਤੀ ਜੋਤਿ ਮਿਲਾਈ ਸਚਿ ਸਮਾਈ ਸਚਿ ਨਾਇ ਪਰਗਾਸਾ ॥ (769-11)
जोती जोति मिलाई सचि समाई सचि नाइ परगासा ॥

ਜਿਨੀ ਸਚੁ ਜਾਤਾ ਸੇ ਸਚੇ ਹੋਏ ਅਨਦਿਨੁ ਸਚੁ ਧਿਆਇਨਿ ॥ (769-11)
जिनी सचु जाता से सचे होए अनदिनु सचु धिआइनि ॥

ਨਾਨਕ ਸਚੁ ਨਾਮੁ ਜਿਨ ਹਿਰਦੈ ਵਸਿਆ ਨਾ ਵੀਛੁੜਿ ਦੁਖੁ ਪਾਇਨਿ ॥੨॥ (769-12)
नानक सचु नामु जिन हिरदै वसिआ ना वीछुड़ि दुखु पाइनि ॥२॥

ਸਚੀ ਬਾਣੀ ਸਚੇ ਗੁਣ ਗਾਵਹਿ ਤਿਤੁ ਘਰਿ ਸੋਹਿਲਾ ਹੋਈ ਰਾਮ ॥ (769-13)
सची बाणी सचे गुण गावहि तितु घरि सोहिला होई राम ॥

ਨਿਰਮਲ ਗੁਣ ਸਾਚੇ ਤਨੁ ਮਨੁ ਸਾਚਾ ਵਿਚਿ ਸਾਚਾ ਪੁਰਖੁ ਪ੍ਰਭੁ ਸੋਈ ਰਾਮ ॥ (769-13)
निरमल गुण साचे तनु मनु साचा विचि साचा पुरखु प्रभु सोई राम ॥

ਸਭੁ ਸਚੁ ਵਰਤੈ ਸਚੋ ਬੋਲੈ ਜੋ ਸਚੁ ਕਰੈ ਸੁ ਹੋਈ ॥ (769-14)
सभु सचु वरतै सचो बोलै जो सचु करै सु होई ॥

ਜਹ ਦੇਖਾ ਤਹ ਸਚੁ ਪਸਰਿਆ ਅਵਰੁ ਨ ਦੂਜਾ ਕੋਈ ॥ (769-14)
जह देखा तह सचु पसरिआ अवरु न दूजा कोई ॥

ਸਚੇ ਉਪਜੈ ਸਚਿ ਸਮਾਵੈ ਮਰਿ ਜਨਮੈ ਦੂਜਾ ਹੋਈ ॥ (769-15)
सचे उपजै सचि समावै मरि जनमै दूजा होई ॥

ਨਾਨਕ ਸਭੁ ਕਿਛੁ ਆਪੇ ਕਰਤਾ ਆਪਿ ਕਰਾਵੈ ਸੋਈ ॥੩॥ (769-15)
नानक सभु किछु आपे करता आपि करावै सोई ॥३॥

ਸਚੇ ਭਗਤ ਸੋਹਹਿ ਦਰਵਾਰੇ ਸਚੋ ਸਚੁ ਵਖਾਣੇ ਰਾਮ ॥ (769-16)
सचे भगत सोहहि दरवारे सचो सचु वखाणे राम ॥

ਘਟ ਅੰਤਰੇ ਸਾਚੀ ਬਾਣੀ ਸਾਚੋ ਆਪਿ ਪਛਾਣੇ ਰਾਮ ॥ (769-16)
घट अंतरे साची बाणी साचो आपि पछाणे राम ॥

ਆਪੁ ਪਛਾਣਹਿ ਤਾ ਸਚੁ ਜਾਣਹਿ ਸਾਚੇ ਸੋਝੀ ਹੋਈ ॥ (769-17)
आपु पछाणहि ता सचु जाणहि साचे सोझी होई ॥

ਸਚਾ ਸਬਦੁ ਸਚੀ ਹੈ ਸੋਭਾ ਸਾਚੇ ਹੀ ਸੁਖੁ ਹੋਈ ॥ (769-17)
सचा सबदु सची है सोभा साचे ही सुखु होई ॥

ਸਾਚਿ ਰਤੇ ਭਗਤ ਇਕ ਰੰਗੀ ਦੂਜਾ ਰੰਗੁ ਨ ਕੋਈ ॥ (769-18)
साचि रते भगत इक रंगी दूजा रंगु न कोई ॥

ਨਾਨਕ ਜਿਸ ਕਉ ਮਸਤਕਿ ਲਿਖਿਆ ਤਿਸੁ ਸਚੁ ਪਰਾਪਤਿ ਹੋਈ ॥੪॥੨॥੩॥ (769-18)
नानक जिस कउ मसतकि लिखिआ तिसु सचु परापति होई ॥४॥२॥३॥

ਸੂਹੀ ਮਹਲਾ ੩ ॥ (769-19)
सूही महला ३ ॥

ਜੁਗ ਚਾਰੇ ਧਨ ਜੇ ਭਵੈ ਬਿਨੁ ਸਤਿਗੁਰ ਸੋਹਾਗੁ ਨ ਹੋਈ ਰਾਮ ॥ (769-19)
जुग चारे धन जे भवै बिनु सतिगुर सोहागु न होई राम ॥

ਨਿਹਚਲੁ ਰਾਜੁ ਸਦਾ ਹਰਿ ਕੇਰਾ ਤਿਸੁ ਬਿਨੁ ਅਵਰੁ ਨ ਕੋਈ ਰਾਮ ॥ (770-1)
निहचलु राजु सदा हरि केरा तिसु बिनु अवरु न कोई राम ॥

ਤਿਸੁ ਬਿਨੁ ਅਵਰੁ ਨ ਕੋਈ ਸਦਾ ਸਚੁ ਸੋਈ ਗੁਰਮੁਖਿ ਏਕੋ ਜਾਣਿਆ ॥ (770-1)
तिसु बिनु अवरु न कोई सदा सचु सोई गुरमुखि एको जाणिआ ॥

ਧਨ ਪਿਰ ਮੇਲਾਵਾ ਹੋਆ ਗੁਰਮਤੀ ਮਨੁ ਮਾਨਿਆ ॥ (770-2)
धन पिर मेलावा होआ गुरमती मनु मानिआ ॥

ਸਤਿਗੁਰੁ ਮਿਲਿਆ ਤਾ ਹਰਿ ਪਾਇਆ ਬਿਨੁ ਹਰਿ ਨਾਵੈ ਮੁਕਤਿ ਨ ਹੋਈ ॥ (770-2)
सतिगुरु मिलिआ ता हरि पाइआ बिनु हरि नावै मुकति न होई ॥

ਨਾਨਕ ਕਾਮਣਿ ਕੰਤੈ ਰਾਵੇ ਮਨਿ ਮਾਨਿਐ ਸੁਖੁ ਹੋਈ ॥੧॥ (770-3)
नानक कामणि कंतै रावे मनि मानिऐ सुखु होई ॥१॥

ਸਤਿਗੁਰੁ ਸੇਵਿ ਧਨ ਬਾਲੜੀਏ ਹਰਿ ਵਰੁ ਪਾਵਹਿ ਸੋਈ ਰਾਮ ॥ (770-4)
सतिगुरु सेवि धन बालड़ीए हरि वरु पावहि सोई राम ॥

ਸਦਾ ਹੋਵਹਿ ਸੋਹਾਗਣੀ ਫਿਰਿ ਮੈਲਾ ਵੇਸੁ ਨ ਹੋਈ ਰਾਮ ॥ (770-4)
सदा होवहि सोहागणी फिरि मैला वेसु न होई राम ॥

ਫਿਰਿ ਮੈਲਾ ਵੇਸੁ ਨ ਹੋਈ ਗੁਰਮੁਖਿ ਬੂਝੈ ਕੋਈ ਹਉਮੈ ਮਾਰਿ ਪਛਾਣਿਆ ॥ (770-5)
फिरि मैला वेसु न होई गुरमुखि बूझै कोई हउमै मारि पछाणिआ ॥

ਕਰਣੀ ਕਾਰ ਕਮਾਵੈ ਸਬਦਿ ਸਮਾਵੈ ਅੰਤਰਿ ਏਕੋ ਜਾਣਿਆ ॥ (770-5)
करणी कार कमावै सबदि समावै अंतरि एको जाणिआ ॥

ਗੁਰਮੁਖਿ ਪ੍ਰਭੁ ਰਾਵੇ ਦਿਨੁ ਰਾਤੀ ਆਪਣਾ ਸਾਚੀ ਸੋਭਾ ਹੋਈ ॥ (770-6)
गुरमुखि प्रभु रावे दिनु राती आपणा साची सोभा होई ॥

ਨਾਨਕ ਕਾਮਣਿ ਪਿਰੁ ਰਾਵੇ ਆਪਣਾ ਰਵਿ ਰਹਿਆ ਪ੍ਰਭੁ ਸੋਈ ॥੨॥ (770-6)
नानक कामणि पिरु रावे आपणा रवि रहिआ प्रभु सोई ॥२॥

ਗੁਰ ਕੀ ਕਾਰ ਕਰੇ ਧਨ ਬਾਲੜੀਏ ਹਰਿ ਵਰੁ ਦੇਇ ਮਿਲਾਏ ਰਾਮ ॥ (770-7)
गुर की कार करे धन बालड़ीए हरि वरु देइ मिलाए राम ॥

ਹਰਿ ਕੈ ਰੰਗਿ ਰਤੀ ਹੈ ਕਾਮਣਿ ਮਿਲਿ ਪ੍ਰੀਤਮ ਸੁਖੁ ਪਾਏ ਰਾਮ ॥ (770-8)
हरि कै रंगि रती है कामणि मिलि प्रीतम सुखु पाए राम ॥

ਮਿਲਿ ਪ੍ਰੀਤਮ ਸੁਖੁ ਪਾਏ ਸਚਿ ਸਮਾਏ ਸਚੁ ਵਰਤੈ ਸਭ ਥਾਈ ॥ (770-8)
मिलि प्रीतम सुखु पाए सचि समाए सचु वरतै सभ थाई ॥

ਸਚਾ ਸੀਗਾਰੁ ਕਰੇ ਦਿਨੁ ਰਾਤੀ ਕਾਮਣਿ ਸਚਿ ਸਮਾਈ ॥ (770-9)
सचा सीगारु करे दिनु राती कामणि सचि समाई ॥

ਹਰਿ ਸੁਖਦਾਤਾ ਸਬਦਿ ਪਛਾਤਾ ਕਾਮਣਿ ਲਇਆ ਕੰਠਿ ਲਾਏ ॥ (770-9)
हरि सुखदाता सबदि पछाता कामणि लइआ कंठि लाए ॥

ਨਾਨਕ ਮਹਲੀ ਮਹਲੁ ਪਛਾਣੈ ਗੁਰਮਤੀ ਹਰਿ ਪਾਏ ॥੩॥ (770-10)
नानक महली महलु पछाणै गुरमती हरि पाए ॥३॥

ਸਾ ਧਨ ਬਾਲੀ ਧੁਰਿ ਮੇਲੀ ਮੇਰੈ ਪ੍ਰਭਿ ਆਪਿ ਮਿਲਾਈ ਰਾਮ ॥ (770-10)
सा धन बाली धुरि मेली मेरै प्रभि आपि मिलाई राम ॥

ਗੁਰਮਤੀ ਘਟਿ ਚਾਨਣੁ ਹੋਆ ਪ੍ਰਭੁ ਰਵਿ ਰਹਿਆ ਸਭ ਥਾਈ ਰਾਮ ॥ (770-11)
गुरमती घटि चानणु होआ प्रभु रवि रहिआ सभ थाई राम ॥

ਪ੍ਰਭੁ ਰਵਿ ਰਹਿਆ ਸਭ ਥਾਈ ਮੰਨਿ ਵਸਾਈ ਪੂਰਬਿ ਲਿਖਿਆ ਪਾਇਆ ॥ (770-12)
प्रभु रवि रहिआ सभ थाई मंनि वसाई पूरबि लिखिआ पाइआ ॥

ਸੇਜ ਸੁਖਾਲੀ ਮੇਰੇ ਪ੍ਰਭ ਭਾਣੀ ਸਚੁ ਸੀਗਾਰੁ ਬਣਾਇਆ ॥ (770-12)
सेज सुखाली मेरे प्रभ भाणी सचु सीगारु बणाइआ ॥

ਕਾਮਣਿ ਨਿਰਮਲ ਹਉਮੈ ਮਲੁ ਖੋਈ ਗੁਰਮਤਿ ਸਚਿ ਸਮਾਈ ॥ (770-13)
कामणि निरमल हउमै मलु खोई गुरमति सचि समाई ॥

ਨਾਨਕ ਆਪਿ ਮਿਲਾਈ ਕਰਤੈ ਨਾਮੁ ਨਵੈ ਨਿਧਿ ਪਾਈ ॥੪॥੩॥੪॥ (770-13)
नानक आपि मिलाई करतै नामु नवै निधि पाई ॥४॥३॥४॥

ਸੂਹੀ ਮਹਲਾ ੩ ॥ (770-14)
सूही महला ३ ॥

ਹਰਿ ਹਰੇ ਹਰਿ ਗੁਣ ਗਾਵਹੁ ਹਰਿ ਗੁਰਮੁਖੇ ਪਾਏ ਰਾਮ ॥ (770-14)
हरि हरे हरि गुण गावहु हरि गुरमुखे पाए राम ॥

ਅਨਦਿਨੋ ਸਬਦਿ ਰਵਹੁ ਅਨਹਦ ਸਬਦ ਵਜਾਏ ਰਾਮ ॥ (770-15)
अनदिनो सबदि रवहु अनहद सबद वजाए राम ॥

ਅਨਹਦ ਸਬਦ ਵਜਾਏ ਹਰਿ ਜੀਉ ਘਰਿ ਆਏ ਹਰਿ ਗੁਣ ਗਾਵਹੁ ਨਾਰੀ ॥ (770-15)
अनहद सबद वजाए हरि जीउ घरि आए हरि गुण गावहु नारी ॥

ਅਨਦਿਨੁ ਭਗਤਿ ਕਰਹਿ ਗੁਰ ਆਗੈ ਸਾ ਧਨ ਕੰਤ ਪਿਆਰੀ ॥ (770-16)
अनदिनु भगति करहि गुर आगै सा धन कंत पिआरी ॥

ਗੁਰ ਕਾ ਸਬਦੁ ਵਸਿਆ ਘਟ ਅੰਤਰਿ ਸੇ ਜਨ ਸਬਦਿ ਸੁਹਾਏ ॥ (770-16)
गुर का सबदु वसिआ घट अंतरि से जन सबदि सुहाए ॥

ਨਾਨਕ ਤਿਨ ਘਰਿ ਸਦ ਹੀ ਸੋਹਿਲਾ ਹਰਿ ਕਰਿ ਕਿਰਪਾ ਘਰਿ ਆਏ ॥੧॥ (770-17)
नानक तिन घरि सद ही सोहिला हरि करि किरपा घरि आए ॥१॥

ਭਗਤਾ ਮਨਿ ਆਨੰਦੁ ਭਇਆ ਹਰਿ ਨਾਮਿ ਰਹੇ ਲਿਵ ਲਾਏ ਰਾਮ ॥ (770-17)
भगता मनि आनंदु भइआ हरि नामि रहे लिव लाए राम ॥

ਗੁਰਮੁਖੇ ਮਨੁ ਨਿਰਮਲੁ ਹੋਆ ਨਿਰਮਲ ਹਰਿ ਗੁਣ ਗਾਏ ਰਾਮ ॥ (770-18)
गुरमुखे मनु निरमलु होआ निरमल हरि गुण गाए राम ॥

ਨਿਰਮਲ ਗੁਣ ਗਾਏ ਨਾਮੁ ਮੰਨਿ ਵਸਾਏ ਹਰਿ ਕੀ ਅੰਮ੍ਰਿਤ ਬਾਣੀ ॥ (770-19)
निरमल गुण गाए नामु मंनि वसाए हरि की अमृत बाणी ॥

ਜਿਨ੍ਹ ਮਨਿ ਵਸਿਆ ਸੇਈ ਜਨ ਨਿਸਤਰੇ ਘਟਿ ਘਟਿ ਸਬਦਿ ਸਮਾਣੀ ॥ (770-19)
जिन्ह मनि वसिआ सेई जन निसतरे घटि घटि सबदि समाणी ॥

ਤੇਰੇ ਗੁਣ ਗਾਵਹਿ ਸਹਜਿ ਸਮਾਵਹਿ ਸਬਦੇ ਮੇਲਿ ਮਿਲਾਏ ॥ (771-1)
तेरे गुण गावहि सहजि समावहि सबदे मेलि मिलाए ॥

ਨਾਨਕ ਸਫਲ ਜਨਮੁ ਤਿਨ ਕੇਰਾ ਜਿ ਸਤਿਗੁਰਿ ਹਰਿ ਮਾਰਗਿ ਪਾਏ ॥੨॥ (771-1)
नानक सफल जनमु तिन केरा जि सतिगुरि हरि मारगि पाए ॥२॥

ਸੰਤਸੰਗਤਿ ਸਿਉ ਮੇਲੁ ਭਇਆ ਹਰਿ ਹਰਿ ਨਾਮਿ ਸਮਾਏ ਰਾਮ ॥ (771-2)
संतसंगति सिउ मेलु भइआ हरि हरि नामि समाए राम ॥

ਗੁਰ ਕੈ ਸਬਦਿ ਸਦ ਜੀਵਨ ਮੁਕਤ ਭਏ ਹਰਿ ਕੈ ਨਾਮਿ ਲਿਵ ਲਾਏ ਰਾਮ ॥ (771-3)
गुर कै सबदि सद जीवन मुकत भए हरि कै नामि लिव लाए राम ॥

ਹਰਿ ਨਾਮਿ ਚਿਤੁ ਲਾਏ ਗੁਰਿ ਮੇਲਿ ਮਿਲਾਏ ਮਨੂਆ ਰਤਾ ਹਰਿ ਨਾਲੇ ॥ (771-3)
हरि नामि चितु लाए गुरि मेलि मिलाए मनूआ रता हरि नाले ॥

ਸੁਖਦਾਤਾ ਪਾਇਆ ਮੋਹੁ ਚੁਕਾਇਆ ਅਨਦਿਨੁ ਨਾਮੁ ਸਮ੍ਹਾਲੇ ॥ (771-4)
सुखदाता पाइआ मोहु चुकाइआ अनदिनु नामु सम्हाले ॥

ਗੁਰ ਸਬਦੇ ਰਾਤਾ ਸਹਜੇ ਮਾਤਾ ਨਾਮੁ ਮਨਿ ਵਸਾਏ ॥ (771-5)
गुर सबदे राता सहजे माता नामु मनि वसाए ॥

ਨਾਨਕ ਤਿਨ ਘਰਿ ਸਦ ਹੀ ਸੋਹਿਲਾ ਜਿ ਸਤਿਗੁਰ ਸੇਵਿ ਸਮਾਏ ॥੩॥ (771-5)
नानक तिन घरि सद ही सोहिला जि सतिगुर सेवि समाए ॥३॥

ਬਿਨੁ ਸਤਿਗੁਰ ਜਗੁ ਭਰਮਿ ਭੁਲਾਇਆ ਹਰਿ ਕਾ ਮਹਲੁ ਨ ਪਾਇਆ ਰਾਮ ॥ (771-6)
बिनु सतिगुर जगु भरमि भुलाइआ हरि का महलु न पाइआ राम ॥

ਗੁਰਮੁਖੇ ਇਕਿ ਮੇਲਿ ਮਿਲਾਇਆ ਤਿਨ ਕੇ ਦੂਖ ਗਵਾਇਆ ਰਾਮ ॥ (771-6)
गुरमुखे इकि मेलि मिलाइआ तिन के दूख गवाइआ राम ॥

ਤਿਨ ਕੇ ਦੂਖ ਗਵਾਇਆ ਜਾ ਹਰਿ ਮਨਿ ਭਾਇਆ ਸਦਾ ਗਾਵਹਿ ਰੰਗਿ ਰਾਤੇ ॥ (771-7)
तिन के दूख गवाइआ जा हरि मनि भाइआ सदा गावहि रंगि राते ॥

ਹਰਿ ਕੇ ਭਗਤ ਸਦਾ ਜਨ ਨਿਰਮਲ ਜੁਗਿ ਜੁਗਿ ਸਦ ਹੀ ਜਾਤੇ ॥ (771-8)
हरि के भगत सदा जन निरमल जुगि जुगि सद ही जाते ॥

ਸਾਚੀ ਭਗਤਿ ਕਰਹਿ ਦਰਿ ਜਾਪਹਿ ਘਰਿ ਦਰਿ ਸਚਾ ਸੋਈ ॥ (771-8)
साची भगति करहि दरि जापहि घरि दरि सचा सोई ॥

ਨਾਨਕ ਸਚਾ ਸੋਹਿਲਾ ਸਚੀ ਸਚੁ ਬਾਣੀ ਸਬਦੇ ਹੀ ਸੁਖੁ ਹੋਈ ॥੪॥੪॥੫॥ (771-9)
नानक सचा सोहिला सची सचु बाणी सबदे ही सुखु होई ॥४॥४॥५॥

ਸੂਹੀ ਮਹਲਾ ੩ ॥ (771-10)
सूही महला ३ ॥

ਜੇ ਲੋੜਹਿ ਵਰੁ ਬਾਲੜੀਏ ਤਾ ਗੁਰ ਚਰਣੀ ਚਿਤੁ ਲਾਏ ਰਾਮ ॥ (771-10)
जे लोड़हि वरु बालड़ीए ता गुर चरणी चितु लाए राम ॥

ਸਦਾ ਹੋਵਹਿ ਸੋਹਾਗਣੀ ਹਰਿ ਜੀਉ ਮਰੈ ਨ ਜਾਏ ਰਾਮ ॥ (771-10)
सदा होवहि सोहागणी हरि जीउ मरै न जाए राम ॥

ਹਰਿ ਜੀਉ ਮਰੈ ਨ ਜਾਏ ਗੁਰ ਕੈ ਸਹਜਿ ਸੁਭਾਏ ਸਾ ਧਨ ਕੰਤ ਪਿਆਰੀ ॥ (771-11)
हरि जीउ मरै न जाए गुर कै सहजि सुभाए सा धन कंत पिआरी ॥

ਸਚਿ ਸੰਜਮਿ ਸਦਾ ਹੈ ਨਿਰਮਲ ਗੁਰ ਕੈ ਸਬਦਿ ਸੀਗਾਰੀ ॥ (771-11)
सचि संजमि सदा है निरमल गुर कै सबदि सीगारी ॥

ਮੇਰਾ ਪ੍ਰਭੁ ਸਾਚਾ ਸਦ ਹੀ ਸਾਚਾ ਜਿਨਿ ਆਪੇ ਆਪੁ ਉਪਾਇਆ ॥ (771-12)
मेरा प्रभु साचा सद ही साचा जिनि आपे आपु उपाइआ ॥

ਨਾਨਕ ਸਦਾ ਪਿਰੁ ਰਾਵੇ ਆਪਣਾ ਜਿਨਿ ਗੁਰ ਚਰਣੀ ਚਿਤੁ ਲਾਇਆ ॥੧॥ (771-13)
नानक सदा पिरु रावे आपणा जिनि गुर चरणी चितु लाइआ ॥१॥

ਪਿਰੁ ਪਾਇਅੜਾ ਬਾਲੜੀਏ ਅਨਦਿਨੁ ਸਹਜੇ ਮਾਤੀ ਰਾਮ ॥ (771-13)
पिरु पाइअड़ा बालड़ीए अनदिनु सहजे माती राम ॥

ਗੁਰਮਤੀ ਮਨਿ ਅਨਦੁ ਭਇਆ ਤਿਤੁ ਤਨਿ ਮੈਲੁ ਨ ਰਾਤੀ ਰਾਮ ॥ (771-14)
गुरमती मनि अनदु भइआ तितु तनि मैलु न राती राम ॥

ਤਿਤੁ ਤਨਿ ਮੈਲੁ ਨ ਰਾਤੀ ਹਰਿ ਪ੍ਰਭਿ ਰਾਤੀ ਮੇਰਾ ਪ੍ਰਭੁ ਮੇਲਿ ਮਿਲਾਏ ॥ (771-14)
तितु तनि मैलु न राती हरि प्रभि राती मेरा प्रभु मेलि मिलाए ॥

ਅਨਦਿਨੁ ਰਾਵੇ ਹਰਿ ਪ੍ਰਭੁ ਅਪਣਾ ਵਿਚਹੁ ਆਪੁ ਗਵਾਏ ॥ (771-15)
अनदिनु रावे हरि प्रभु अपणा विचहु आपु गवाए ॥

ਗੁਰਮਤਿ ਪਾਇਆ ਸਹਜਿ ਮਿਲਾਇਆ ਅਪਣੇ ਪ੍ਰੀਤਮ ਰਾਤੀ ॥ (771-15)
गुरमति पाइआ सहजि मिलाइआ अपणे प्रीतम राती ॥

ਨਾਨਕ ਨਾਮੁ ਮਿਲੈ ਵਡਿਆਈ ਪ੍ਰਭੁ ਰਾਵੇ ਰੰਗਿ ਰਾਤੀ ॥੨॥ (771-16)
नानक नामु मिलै वडिआई प्रभु रावे रंगि राती ॥२॥

ਪਿਰੁ ਰਾਵੇ ਰੰਗਿ ਰਾਤੜੀਏ ਪਿਰ ਕਾ ਮਹਲੁ ਤਿਨ ਪਾਇਆ ਰਾਮ ॥ (771-17)
पिरु रावे रंगि रातड़ीए पिर का महलु तिन पाइआ राम ॥

ਸੋ ਸਹੋ ਅਤਿ ਨਿਰਮਲੁ ਦਾਤਾ ਜਿਨਿ ਵਿਚਹੁ ਆਪੁ ਗਵਾਇਆ ਰਾਮ ॥ (771-17)
सो सहो अति निरमलु दाता जिनि विचहु आपु गवाइआ राम ॥

ਵਿਚਹੁ ਮੋਹੁ ਚੁਕਾਇਆ ਜਾ ਹਰਿ ਭਾਇਆ ਹਰਿ ਕਾਮਣਿ ਮਨਿ ਭਾਣੀ ॥ (771-18)
विचहु मोहु चुकाइआ जा हरि भाइआ हरि कामणि मनि भाणी ॥

ਅਨਦਿਨੁ ਗੁਣ ਗਾਵੈ ਨਿਤ ਸਾਚੇ ਕਥੇ ਅਕਥ ਕਹਾਣੀ ॥ (771-19)
अनदिनु गुण गावै नित साचे कथे अकथ कहाणी ॥

ਜੁਗ ਚਾਰੇ ਸਾਚਾ ਏਕੋ ਵਰਤੈ ਬਿਨੁ ਗੁਰ ਕਿਨੈ ਨ ਪਾਇਆ ॥ (771-19)
जुग चारे साचा एको वरतै बिनु गुर किनै न पाइआ ॥

ਨਾਨਕ ਰੰਗਿ ਰਵੈ ਰੰਗਿ ਰਾਤੀ ਜਿਨਿ ਹਰਿ ਸੇਤੀ ਚਿਤੁ ਲਾਇਆ ॥੩॥ (772-1)
नानक रंगि रवै रंगि राती जिनि हरि सेती चितु लाइआ ॥३॥

ਕਾਮਣਿ ਮਨਿ ਸੋਹਿਲੜਾ ਸਾਜਨ ਮਿਲੇ ਪਿਆਰੇ ਰਾਮ ॥ (772-1)
कामणि मनि सोहिलड़ा साजन मिले पिआरे राम ॥

ਗੁਰਮਤੀ ਮਨੁ ਨਿਰਮਲੁ ਹੋਆ ਹਰਿ ਰਾਖਿਆ ਉਰਿ ਧਾਰੇ ਰਾਮ ॥ (772-2)
गुरमती मनु निरमलु होआ हरि राखिआ उरि धारे राम ॥

ਹਰਿ ਰਾਖਿਆ ਉਰਿ ਧਾਰੇ ਅਪਨਾ ਕਾਰਜੁ ਸਵਾਰੇ ਗੁਰਮਤੀ ਹਰਿ ਜਾਤਾ ॥ (772-2)
हरि राखिआ उरि धारे अपना कारजु सवारे गुरमती हरि जाता ॥

ਪ੍ਰੀਤਮਿ ਮੋਹਿ ਲਇਆ ਮਨੁ ਮੇਰਾ ਪਾਇਆ ਕਰਮ ਬਿਧਾਤਾ ॥ (772-3)
प्रीतमि मोहि लइआ मनु मेरा पाइआ करम बिधाता ॥

ਸਤਿਗੁਰ ਸੇਵਿ ਸਦਾ ਸੁਖੁ ਪਾਇਆ ਹਰਿ ਵਸਿਆ ਮੰਨਿ ਮੁਰਾਰੇ ॥ (772-4)
सतिगुरु सेवि सदा सुखु पाइआ हरि वसिआ मंनि मुरारे ॥

ਨਾਨਕ ਮੇਲਿ ਲਈ ਗੁਰਿ ਅਪੁਨੈ ਗੁਰ ਕੈ ਸਬਦਿ ਸਵਾਰੇ ॥੪॥੫॥੬॥ (772-4)
नानक मेलि लई गुरि अपुनै गुर कै सबदि सवारे ॥४॥५॥६॥

ਸੂਹੀ ਮਹਲਾ ੩ ॥ (772-5)
सूही महला ३ ॥

ਸੋਹਿਲੜਾ ਹਰਿ ਰਾਮ ਨਾਮੁ ਗੁਰ ਸਬਦੀ ਵੀਚਾਰੇ ਰਾਮ ॥ (772-5)
सोहिलड़ा हरि राम नामु गुर सबदी वीचारे राम ॥

ਹਰਿ ਮਨੁ ਤਨੋ ਗੁਰਮੁਖਿ ਭੀਜੈ ਰਾਮ ਨਾਮੁ ਪਿਆਰੇ ਰਾਮ ॥ (772-6)
हरि मनु तनो गुरमुखि भीजै राम नामु पिआरे राम ॥

ਰਾਮ ਨਾਮੁ ਪਿਆਰੇ ਸਭਿ ਕੁਲ ਉਧਾਰੇ ਰਾਮ ਨਾਮੁ ਮੁਖਿ ਬਾਣੀ ॥ (772-6)
राम नामु पिआरे सभि कुल उधारे राम नामु मुखि बाणी ॥

ਆਵਣ ਜਾਣ ਰਹੇ ਸੁਖੁ ਪਾਇਆ ਘਰਿ ਅਨਹਦ ਸੁਰਤਿ ਸਮਾਣੀ ॥ (772-7)
आवण जाण रहे सुखु पाइआ घरि अनहद सुरति समाणी ॥

ਹਰਿ ਹਰਿ ਏਕੋ ਪਾਇਆ ਹਰਿ ਪ੍ਰਭੁ ਨਾਨਕ ਕਿਰਪਾ ਧਾਰੇ ॥ (772-7)
हरि हरि एको पाइआ हरि प्रभु नानक किरपा धारे ॥

ਸੋਹਿਲੜਾ ਹਰਿ ਰਾਮ ਨਾਮੁ ਗੁਰ ਸਬਦੀ ਵੀਚਾਰੇ ॥੧॥ (772-8)
सोहिलड़ा हरि राम नामु गुर सबदी वीचारे ॥१॥

ਹਮ ਨੀਵੀ ਪ੍ਰਭੁ ਅਤਿ ਊਚਾ ਕਿਉ ਕਰਿ ਮਿਲਿਆ ਜਾਏ ਰਾਮ ॥ (772-8)
हम नीवी प्रभु अति ऊचा किउ करि मिलिआ जाए राम ॥

ਗੁਰਿ ਮੇਲੀ ਬਹੁ ਕਿਰਪਾ ਧਾਰੀ ਹਰਿ ਕੈ ਸਬਦਿ ਸੁਭਾਏ ਰਾਮ ॥ (772-9)
गुरि मेली बहु किरपा धारी हरि कै सबदि सुभाए राम ॥

ਮਿਲੁ ਸਬਦਿ ਸੁਭਾਏ ਆਪੁ ਗਵਾਏ ਰੰਗ ਸਿਉ ਰਲੀਆ ਮਾਣੇ ॥ (772-9)
मिलु सबदि सुभाए आपु गवाए रंग सिउ रलीआ माणे ॥

ਸੇਜ ਸੁਖਾਲੀ ਜਾ ਪ੍ਰਭੁ ਭਾਇਆ ਹਰਿ ਹਰਿ ਨਾਮਿ ਸਮਾਣੇ ॥ (772-10)
सेज सुखाली जा प्रभु भाइआ हरि हरि नामि समाणे ॥

ਨਾਨਕ ਸੋਹਾਗਣਿ ਸਾ ਵਡਭਾਗੀ ਜੇ ਚਲੈ ਸਤਿਗੁਰ ਭਾਏ ॥ (772-11)
नानक सोहागणि सा वडभागी जे चलै सतिगुर भाए ॥

ਹਮ ਨੀਵੀ ਪ੍ਰਭੁ ਅਤਿ ਊਚਾ ਕਿਉ ਕਰਿ ਮਿਲਿਆ ਜਾਏ ਰਾਮ ॥੨॥ (772-11)
हम नीवी प्रभु अति ऊचा किउ करि मिलिआ जाए राम ॥२॥

ਘਟਿ ਘਟੇ ਸਭਨਾ ਵਿਚਿ ਏਕੋ ਏਕੋ ਰਾਮ ਭਤਾਰੋ ਰਾਮ ॥ (772-12)
घटि घटे सभना विचि एको एको राम भतारो राम ॥

ਇਕਨਾ ਪ੍ਰਭੁ ਦੂਰਿ ਵਸੈ ਇਕਨਾ ਮਨਿ ਆਧਾਰੋ ਰਾਮ ॥ (772-12)
इकना प्रभु दूरि वसै इकना मनि आधारो राम ॥

ਇਕਨਾ ਮਨ ਆਧਾਰੋ ਸਿਰਜਣਹਾਰੋ ਵਡਭਾਗੀ ਗੁਰੁ ਪਾਇਆ ॥ (772-13)
इकना मन आधारो सिरजणहारो वडभागी गुरु पाइआ ॥

ਘਟਿ ਘਟਿ ਹਰਿ ਪ੍ਰਭੁ ਏਕੋ ਸੁਆਮੀ ਗੁਰਮੁਖਿ ਅਲਖੁ ਲਖਾਇਆ ॥ (772-13)
घटि घटि हरि प्रभु एको सुआमी गुरमुखि अलखु लखाइआ ॥

ਸਹਜੇ ਅਨਦੁ ਹੋਆ ਮਨੁ ਮਾਨਿਆ ਨਾਨਕ ਬ੍ਰਹਮ ਬੀਚਾਰੋ ॥ (772-14)
सहजे अनदु होआ मनु मानिआ नानक ब्रहम बीचारो ॥

ਘਟਿ ਘਟੇ ਸਭਨਾ ਵਿਚਿ ਏਕੋ ਏਕੋ ਰਾਮ ਭਤਾਰੋ ਰਾਮ ॥੩॥ (772-14)
घटि घटे सभना विचि एको एको राम भतारो राम ॥३॥

ਗੁਰੁ ਸੇਵਨਿ ਸਤਿਗੁਰੁ ਦਾਤਾ ਹਰਿ ਹਰਿ ਨਾਮਿ ਸਮਾਇਆ ਰਾਮ ॥ (772-15)
गुरु सेवनि सतिगुरु दाता हरि हरि नामि समाइआ राम ॥

ਹਰਿ ਧੂੜਿ ਦੇਵਹੁ ਮੈ ਪੂਰੇ ਗੁਰ ਕੀ ਹਮ ਪਾਪੀ ਮੁਕਤੁ ਕਰਾਇਆ ਰਾਮ ॥ (772-16)
हरि धूड़ि देवहु मै पूरे गुर की हम पापी मुकतु कराइआ राम ॥

ਪਾਪੀ ਮੁਕਤੁ ਕਰਾਏ ਆਪੁ ਗਵਾਏ ਨਿਜ ਘਰਿ ਪਾਇਆ ਵਾਸਾ ॥ (772-16)
पापी मुकतु कराए आपु गवाए निज घरि पाइआ वासा ॥

ਬਿਬੇਕ ਬੁਧੀ ਸੁਖਿ ਰੈਣਿ ਵਿਹਾਣੀ ਗੁਰਮਤਿ ਨਾਮਿ ਪ੍ਰਗਾਸਾ ॥ (772-17)
बिबेक बुधी सुखि रैणि विहाणी गुरमति नामि प्रगासा ॥

ਹਰਿ ਹਰਿ ਅਨਦੁ ਭਇਆ ਦਿਨੁ ਰਾਤੀ ਨਾਨਕ ਹਰਿ ਮੀਠ ਲਗਾਏ ॥ (772-17)
हरि हरि अनदु भइआ दिनु राती नानक हरि मीठ लगाए ॥

ਗੁਰੁ ਸੇਵਨਿ ਸਤਿਗੁਰੁ ਦਾਤਾ ਹਰਿ ਹਰਿ ਨਾਮਿ ਸਮਾਏ ॥੪॥੬॥੭॥੫॥੭॥੧੨॥ (772-18)
गुरु सेवनि सतिगुरु दाता हरि हरि नामि समाए ॥४॥६॥७॥५॥७॥१२॥

ਰਾਗੁ ਸੂਹੀ ਮਹਲਾ ੪ ਛੰਤ ਘਰੁ ੧ (773-1)
रागु सूही महला ४ छंत घरु १

ੴ ਸਤਿਗੁਰ ਪ੍ਰਸਾਦਿ ॥ (773-1)
ੴ सतिगुर प्रसादि ॥

ਸਤਿਗੁਰੁ ਪੁਰਖੁ ਮਿਲਾਇ ਅਵਗਣ ਵਿਕਣਾ ਗੁਣ ਰਵਾ ਬਲਿ ਰਾਮ ਜੀਉ ॥ (773-2)
सतिगुरु पुरखु मिलाइ अवगण विकणा गुण रवा बलि राम जीउ ॥

ਹਰਿ ਹਰਿ ਨਾਮੁ ਧਿਆਇ ਗੁਰਬਾਣੀ ਨਿਤ ਨਿਤ ਚਵਾ ਬਲਿ ਰਾਮ ਜੀਉ ॥ (773-2)
हरि हरि नामु धिआइ गुरबाणी नित नित चवा बलि राम जीउ ॥

ਗੁਰਬਾਣੀ ਸਦ ਮੀਠੀ ਲਾਗੀ ਪਾਪ ਵਿਕਾਰ ਗਵਾਇਆ ॥ (773-3)
गुरबाणी सद मीठी लागी पाप विकार गवाइआ ॥

ਹਉਮੈ ਰੋਗੁ ਗਇਆ ਭਉ ਭਾਗਾ ਸਹਜੇ ਸਹਜਿ ਮਿਲਾਇਆ ॥ (773-3)
हउमै रोगु गइआ भउ भागा सहजे सहजि मिलाइआ ॥

ਕਾਇਆ ਸੇਜ ਗੁਰ ਸਬਦਿ ਸੁਖਾਲੀ ਗਿਆਨ ਤਤਿ ਕਰਿ ਭੋਗੋ ॥ (773-4)
काइआ सेज गुर सबदि सुखाली गिआन तति करि भोगो ॥

ਅਨਦਿਨੁ ਸੁਖਿ ਮਾਣੇ ਨਿਤ ਰਲੀਆ ਨਾਨਕ ਧੁਰਿ ਸੰਜੋਗੋ ॥੧॥ (773-5)
अनदिनु सुखि माणे नित रलीआ नानक धुरि संजोगो ॥१॥

ਸਤੁ ਸੰਤੋਖੁ ਕਰਿ ਭਾਉ ਕੁੜਮੁ ਕੁੜਮਾਈ ਆਇਆ ਬਲਿ ਰਾਮ ਜੀਉ ॥ (773-5)
सतु संतोखु करि भाउ कुड़मु कुड़माई आइआ बलि राम जीउ ॥

ਸੰਤ ਜਨਾ ਕਰਿ ਮੇਲੁ ਗੁਰਬਾਣੀ ਗਾਵਾਈਆ ਬਲਿ ਰਾਮ ਜੀਉ ॥ (773-6)
संत जना करि मेलु गुरबाणी गावाईआ बलि राम जीउ ॥

ਬਾਣੀ ਗੁਰ ਗਾਈ ਪਰਮ ਗਤਿ ਪਾਈ ਪੰਚ ਮਿਲੇ ਸੋਹਾਇਆ ॥ (773-6)
बाणी गुर गाई परम गति पाई पंच मिले सोहाइआ ॥

ਗਇਆ ਕਰੋਧੁ ਮਮਤਾ ਤਨਿ ਨਾਠੀ ਪਾਖੰਡੁ ਭਰਮੁ ਗਵਾਇਆ ॥ (773-7)
गइआ करोधु ममता तनि नाठी पाखंडु भरमु गवाइआ ॥

ਹਉਮੈ ਪੀਰ ਗਈ ਸੁਖੁ ਪਾਇਆ ਆਰੋਗਤ ਭਏ ਸਰੀਰਾ ॥ (773-8)
हउमै पीर गई सुखु पाइआ आरोगत भए सरीरा ॥

ਗੁਰ ਪਰਸਾਦੀ ਬ੍ਰਹਮੁ ਪਛਾਤਾ ਨਾਨਕ ਗੁਣੀ ਗਹੀਰਾ ॥੨॥ (773-8)
गुर परसादी ब्रहमु पछाता नानक गुणी गहीरा ॥२॥

ਮਨਮੁਖਿ ਵਿਛੁੜੀ ਦੂਰਿ ਮਹਲੁ ਨ ਪਾਏ ਬਲਿ ਗਈ ਬਲਿ ਰਾਮ ਜੀਉ ॥ (773-9)
मनमुखि विछुड़ी दूरि महलु न पाए बलि गई बलि राम जीउ ॥

ਅੰਤਰਿ ਮਮਤਾ ਕੂਰਿ ਕੂੜੁ ਵਿਹਾਝੇ ਕੂੜਿ ਲਈ ਬਲਿ ਰਾਮ ਜੀਉ ॥ (773-9)
अंतरि ममता कूरि कूड़ु विहाझे कूड़ि लई बलि राम जीउ ॥

ਕੂੜੁ ਕਪਟੁ ਕਮਾਵੈ ਮਹਾ ਦੁਖੁ ਪਾਵੈ ਵਿਣੁ ਸਤਿਗੁਰ ਮਗੁ ਨ ਪਾਇਆ ॥ (773-10)
कूड़ु कपटु कमावै महा दुखु पावै विणु सतिगुर मगु न पाइआ ॥

ਉਝੜ ਪੰਥਿ ਭ੍ਰਮੈ ਗਾਵਾਰੀ ਖਿਨੁ ਖਿਨੁ ਧਕੇ ਖਾਇਆ ॥ (773-10)
उझड़ पंथि भ्रमै गावारी खिनु खिनु धके खाइआ ॥

ਆਪੇ ਦਇਆ ਕਰੇ ਪ੍ਰਭੁ ਦਾਤਾ ਸਤਿਗੁਰੁ ਪੁਰਖੁ ਮਿਲਾਏ ॥ (773-11)
आपे दइआ करे प्रभु दाता सतिगुरु पुरखु मिलाए ॥

ਜਨਮ ਜਨਮ ਕੇ ਵਿਛੁੜੇ ਜਨ ਮੇਲੇ ਨਾਨਕ ਸਹਜਿ ਸੁਭਾਏ ॥੩॥ (773-12)
जनम जनम के विछुड़े जन मेले नानक सहजि सुभाए ॥३॥

ਆਇਆ ਲਗਨੁ ਗਣਾਇ ਹਿਰਦੈ ਧਨ ਓਮਾਹੀਆ ਬਲਿ ਰਾਮ ਜੀਉ ॥ (773-12)
आइआ लगनु गणाइ हिरदै धन ओमाहीआ बलि राम जीउ ॥

ਪੰਡਿਤ ਪਾਧੇ ਆਣਿ ਪਤੀ ਬਹਿ ਵਾਚਾਈਆ ਬਲਿ ਰਾਮ ਜੀਉ ॥ (773-13)
पंडित पाधे आणि पती बहि वाचाईआ बलि राम जीउ ॥

ਪਤੀ ਵਾਚਾਈ ਮਨਿ ਵਜੀ ਵਧਾਈ ਜਬ ਸਾਜਨ ਸੁਣੇ ਘਰਿ ਆਏ ॥ (773-13)
पती वाचाई मनि वजी वधाई जब साजन सुणे घरि आए ॥

ਗੁਣੀ ਗਿਆਨੀ ਬਹਿ ਮਤਾ ਪਕਾਇਆ ਫੇਰੇ ਤਤੁ ਦਿਵਾਏ ॥ (773-14)
गुणी गिआनी बहि मता पकाइआ फेरे ततु दिवाए ॥

ਵਰੁ ਪਾਇਆ ਪੁਰਖੁ ਅਗੰਮੁ ਅਗੋਚਰੁ ਸਦ ਨਵਤਨੁ ਬਾਲ ਸਖਾਈ ॥ (773-15)
वरु पाइआ पुरखु अगंमु अगोचरु सद नवतनु बाल सखाई ॥

ਨਾਨਕ ਕਿਰਪਾ ਕਰਿ ਕੈ ਮੇਲੇ ਵਿਛੁੜਿ ਕਦੇ ਨ ਜਾਈ ॥੪॥੧॥ (773-15)
नानक किरपा करि कै मेले विछुड़ि कदे न जाई ॥४॥१॥

ਸੂਹੀ ਮਹਲਾ ੪ ॥ (773-16)
सूही महला ४ ॥

ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥ (773-16)
हरि पहिलड़ी लाव परविरती करम द्रिड़ाइआ बलि राम जीउ ॥

ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ ॥ (773-17)
बाणी ब्रहमा वेदु धरमु द्रिड़हु पाप तजाइआ बलि राम जीउ ॥

ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ ॥ (773-17)
धरमु द्रिड़हु हरि नामु धिआवहु सिम्रिति नामु द्रिड़ाइआ ॥

ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ ॥ (773-18)
सतिगुरु गुरु पूरा आराधहु सभि किलविख पाप गवाइआ ॥

ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ ॥ (773-18)
सहज अनंदु होआ वडभागी मनि हरि हरि मीठा लाइआ ॥

ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ ॥੧॥ (774-1)
जनु कहै नानकु लाव पहिली आर्मभु काजु रचाइआ ॥१॥

ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ ॥ (774-2)
हरि दूजड़ी लाव सतिगुरु पुरखु मिलाइआ बलि राम जीउ ॥

ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ ॥ (774-2)
निरभउ भै मनु होइ हउमै मैलु गवाइआ बलि राम जीउ ॥

ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹਦੂਰੇ ॥ (774-3)
निरमलु भउ पाइआ हरि गुण गाइआ हरि वेखै रामु हदूरे ॥

ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ ॥ (774-3)
हरि आतम रामु पसारिआ सुआमी सरब रहिआ भरपूरे ॥

ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ ॥ (774-4)
अंतरि बाहरि हरि प्रभु एको मिलि हरि जन मंगल गाए ॥

ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ ॥੨॥ (774-5)
जन नानक दूजी लाव चलाई अनहद सबद वजाए ॥२॥

ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ ॥ (774-5)
हरि तीजड़ी लाव मनि चाउ भइआ बैरागीआ बलि राम जीउ ॥

ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ ॥ (774-6)
संत जना हरि मेलु हरि पाइआ वडभागीआ बलि राम जीउ ॥

ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ ॥ (774-7)
निरमलु हरि पाइआ हरि गुण गाइआ मुखि बोली हरि बाणी ॥

ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ ॥ (774-7)
संत जना वडभागी पाइआ हरि कथीऐ अकथ कहाणी ॥

ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗੁ ਜੀਉ ॥ (774-8)
हिरदै हरि हरि हरि धुनि उपजी हरि जपीऐ मसतकि भागु जीउ ॥

ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ ॥੩॥ (774-8)
जनु नानकु बोले तीजी लावै हरि उपजै मनि बैरागु जीउ ॥३॥

ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ ॥ (774-9)
हरि चउथड़ी लाव मनि सहजु भइआ हरि पाइआ बलि राम जीउ ॥

ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ ॥ (774-10)
गुरमुखि मिलिआ सुभाइ हरि मनि तनि मीठा लाइआ बलि राम जीउ ॥

ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ ॥ (774-10)
हरि मीठा लाइआ मेरे प्रभ भाइआ अनदिनु हरि लिव लाई ॥

ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ ॥ (774-11)
मन चिंदिआ फलु पाइआ सुआमी हरि नामि वजी वाधाई ॥

ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ ॥ (774-12)
हरि प्रभि ठाकुरि काजु रचाइआ धन हिरदै नामि विगासी ॥

ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ ॥੪॥੨॥ (774-12)
जनु नानकु बोले चउथी लावै हरि पाइआ प्रभु अविनासी ॥४॥२॥

ੴ ਸਤਿਗੁਰ ਪ੍ਰਸਾਦਿ ॥ (774-14)
ੴ सतिगुर प्रसादि ॥

ਰਾਗੁ ਸੂਹੀ ਛੰਤ ਮਹਲਾ ੪ ਘਰੁ ੨ ॥ (774-15)
रागु सूही छंत महला ४ घरु २ ॥

ਗੁਰਮੁਖਿ ਹਰਿ ਗੁਣ ਗਾਏ ॥ (774-15)
गुरमुखि हरि गुण गाए ॥

ਹਿਰਦੈ ਰਸਨ ਰਸਾਏ ॥ (774-15)
हिरदै रसन रसाए ॥

ਹਰਿ ਰਸਨ ਰਸਾਏ ਮੇਰੇ ਪ੍ਰਭ ਭਾਏ ਮਿਲਿਆ ਸਹਜਿ ਸੁਭਾਏ ॥ (774-15)
हरि रसन रसाए मेरे प्रभ भाए मिलिआ सहजि सुभाए ॥

ਅਨਦਿਨੁ ਭੋਗ ਭੋਗੇ ਸੁਖਿ ਸੋਵੈ ਸਬਦਿ ਰਹੈ ਲਿਵ ਲਾਏ ॥ (774-16)
अनदिनु भोग भोगे सुखि सोवै सबदि रहै लिव लाए ॥

ਵਡੈ ਭਾਗਿ ਗੁਰੁ ਪੂਰਾ ਪਾਈਐ ਅਨਦਿਨੁ ਨਾਮੁ ਧਿਆਏ ॥ (774-16)
वडै भागि गुरु पूरा पाईऐ अनदिनु नामु धिआए ॥

ਸਹਜੇ ਸਹਜਿ ਮਿਲਿਆ ਜਗਜੀਵਨੁ ਨਾਨਕ ਸੁੰਨਿ ਸਮਾਏ ॥੧॥ (774-17)
सहजे सहजि मिलिआ जगजीवनु नानक सुंनि समाए ॥१॥

ਸੰਗਤਿ ਸੰਤ ਮਿਲਾਏ ॥ (774-18)
संगति संत मिलाए ॥

ਹਰਿ ਸਰਿ ਨਿਰਮਲਿ ਨਾਏ ॥ (774-18)
हरि सरि निरमलि नाए ॥

ਨਿਰਮਲਿ ਜਲਿ ਨਾਏ ਮੈਲੁ ਗਵਾਏ ਭਏ ਪਵਿਤੁ ਸਰੀਰਾ ॥ (774-18)
निरमलि जलि नाए मैलु गवाए भए पवितु सरीरा ॥

ਦੁਰਮਤਿ ਮੈਲੁ ਗਈ ਭ੍ਰਮੁ ਭਾਗਾ ਹਉਮੈ ਬਿਨਠੀ ਪੀਰਾ ॥ (774-19)
दुरमति मैलु गई भ्रमु भागा हउमै बिनठी पीरा ॥

ਨਦਰਿ ਪ੍ਰਭੂ ਸਤਸੰਗਤਿ ਪਾਈ ਨਿਜ ਘਰਿ ਹੋਆ ਵਾਸਾ ॥ (774-19)
नदरि प्रभू सतसंगति पाई निज घरि होआ वासा ॥

ਹਰਿ ਮੰਗਲ ਰਸਿ ਰਸਨ ਰਸਾਏ ਨਾਨਕ ਨਾਮੁ ਪ੍ਰਗਾਸਾ ॥੨॥ (775-1)
हरि मंगल रसि रसन रसाए नानक नामु प्रगासा ॥२॥

ਅੰਤਰਿ ਰਤਨੁ ਬੀਚਾਰੇ ॥ (775-1)
अंतरि रतनु बीचारे ॥

ਗੁਰਮੁਖਿ ਨਾਮੁ ਪਿਆਰੇ ॥ (775-1)
गुरमुखि नामु पिआरे ॥

ਹਰਿ ਨਾਮੁ ਪਿਆਰੇ ਸਬਦਿ ਨਿਸਤਾਰੇ ਅਗਿਆਨੁ ਅਧੇਰੁ ਗਵਾਇਆ ॥ (775-2)
हरि नामु पिआरे सबदि निसतारे अगिआनु अधेरु गवाइआ ॥

ਗਿਆਨੁ ਪ੍ਰਚੰਡੁ ਬਲਿਆ ਘਟਿ ਚਾਨਣੁ ਘਰ ਮੰਦਰ ਸੋਹਾਇਆ ॥ (775-2)
गिआनु प्रचंडु बलिआ घटि चानणु घर मंदर सोहाइआ ॥

ਤਨੁ ਮਨੁ ਅਰਪਿ ਸੀਗਾਰ ਬਣਾਏ ਹਰਿ ਪ੍ਰਭ ਸਾਚੇ ਭਾਇਆ ॥ (775-3)
तनु मनु अरपि सीगार बणाए हरि प्रभ साचे भाइआ ॥

ਜੋ ਪ੍ਰਭੁ ਕਹੈ ਸੋਈ ਪਰੁ ਕੀਜੈ ਨਾਨਕ ਅੰਕਿ ਸਮਾਇਆ ॥੩॥ (775-4)
जो प्रभु कहै सोई परु कीजै नानक अंकि समाइआ ॥३॥

ਹਰਿ ਪ੍ਰਭਿ ਕਾਜੁ ਰਚਾਇਆ ॥ (775-4)
हरि प्रभि काजु रचाइआ ॥

ਗੁਰਮੁਖਿ ਵੀਆਹਣਿ ਆਇਆ ॥ (775-4)
गुरमुखि वीआहणि आइआ ॥

ਵੀਆਹਣਿ ਆਇਆ ਗੁਰਮੁਖਿ ਹਰਿ ਪਾਇਆ ਸਾ ਧਨ ਕੰਤ ਪਿਆਰੀ ॥ (775-5)
वीआहणि आइआ गुरमुखि हरि पाइआ सा धन कंत पिआरी ॥

ਸੰਤ ਜਨਾ ਮਿਲਿ ਮੰਗਲ ਗਾਏ ਹਰਿ ਜੀਉ ਆਪਿ ਸਵਾਰੀ ॥ (775-5)
संत जना मिलि मंगल गाए हरि जीउ आपि सवारी ॥

ਸੁਰਿ ਨਰ ਗਣ ਗੰਧਰਬ ਮਿਲਿ ਆਏ ਅਪੂਰਬ ਜੰਞ ਬਣਾਈ ॥ (775-6)
सुरि नर गण गंधरब मिलि आए अपूरब जंञ बणाई ॥

ਨਾਨਕ ਪ੍ਰਭੁ ਪਾਇਆ ਮੈ ਸਾਚਾ ਨਾ ਕਦੇ ਮਰੈ ਨ ਜਾਈ ॥੪॥੧॥੩॥ (775-6)
नानक प्रभु पाइआ मै साचा ना कदे मरै न जाई ॥४॥१॥३॥

ਰਾਗੁ ਸੂਹੀ ਛੰਤ ਮਹਲਾ ੪ ਘਰੁ ੩ (775-8)
रागु सूही छंत महला ४ घरु ३

ੴ ਸਤਿਗੁਰ ਪ੍ਰਸਾਦਿ ॥ (775-8)
ੴ सतिगुर प्रसादि ॥

ਆਵਹੋ ਸੰਤ ਜਨਹੁ ਗੁਣ ਗਾਵਹ ਗੋਵਿੰਦ ਕੇਰੇ ਰਾਮ ॥ (775-9)
आवहो संत जनहु गुण गावह गोविंद केरे राम ॥

ਗੁਰਮੁਖਿ ਮਿਲਿ ਰਹੀਐ ਘਰਿ ਵਾਜਹਿ ਸਬਦ ਘਨੇਰੇ ਰਾਮ ॥ (775-9)
गुरमुखि मिलि रहीऐ घरि वाजहि सबद घनेरे राम ॥

ਸਬਦ ਘਨੇਰੇ ਹਰਿ ਪ੍ਰਭ ਤੇਰੇ ਤੂ ਕਰਤਾ ਸਭ ਥਾਈ ॥ (775-10)
सबद घनेरे हरि प्रभ तेरे तू करता सभ थाई ॥

ਅਹਿਨਿਸਿ ਜਪੀ ਸਦਾ ਸਾਲਾਹੀ ਸਾਚ ਸਬਦਿ ਲਿਵ ਲਾਈ ॥ (775-10)
अहिनिसि जपी सदा सालाही साच सबदि लिव लाई ॥

ਅਨਦਿਨੁ ਸਹਜਿ ਰਹੈ ਰੰਗਿ ਰਾਤਾ ਰਾਮ ਨਾਮੁ ਰਿਦ ਪੂਜਾ ॥ (775-11)
अनदिनु सहजि रहै रंगि राता राम नामु रिद पूजा ॥

ਨਾਨਕ ਗੁਰਮੁਖਿ ਏਕੁ ਪਛਾਣੈ ਅਵਰੁ ਨ ਜਾਣੈ ਦੂਜਾ ॥੧॥ (775-11)
नानक गुरमुखि एकु पछाणै अवरु न जाणै दूजा ॥१॥

ਸਭ ਮਹਿ ਰਵਿ ਰਹਿਆ ਸੋ ਪ੍ਰਭੁ ਅੰਤਰਜਾਮੀ ਰਾਮ ॥ (775-12)
सभ महि रवि रहिआ सो प्रभु अंतरजामी राम ॥

ਗੁਰ ਸਬਦਿ ਰਵੈ ਰਵਿ ਰਹਿਆ ਸੋ ਪ੍ਰਭੁ ਮੇਰਾ ਸੁਆਮੀ ਰਾਮ ॥ (775-12)
गुर सबदि रवै रवि रहिआ सो प्रभु मेरा सुआमी राम ॥

ਪ੍ਰਭੁ ਮੇਰਾ ਸੁਆਮੀ ਅੰਤਰਜਾਮੀ ਘਟਿ ਘਟਿ ਰਵਿਆ ਸੋਈ ॥ (775-13)
प्रभु मेरा सुआमी अंतरजामी घटि घटि रविआ सोई ॥

ਗੁਰਮਤਿ ਸਚੁ ਪਾਈਐ ਸਹਜਿ ਸਮਾਈਐ ਤਿਸੁ ਬਿਨੁ ਅਵਰੁ ਨ ਕੋਈ ॥ (775-13)
गुरमति सचु पाईऐ सहजि समाईऐ तिसु बिनु अवरु न कोई ॥

ਸਹਜੇ ਗੁਣ ਗਾਵਾ ਜੇ ਪ੍ਰਭ ਭਾਵਾ ਆਪੇ ਲਏ ਮਿਲਾਏ ॥ (775-14)
सहजे गुण गावा जे प्रभ भावा आपे लए मिलाए ॥

ਨਾਨਕ ਸੋ ਪ੍ਰਭੁ ਸਬਦੇ ਜਾਪੈ ਅਹਿਨਿਸਿ ਨਾਮੁ ਧਿਆਏ ॥੨॥ (775-14)
नानक सो प्रभु सबदे जापै अहिनिसि नामु धिआए ॥२॥

ਇਹੁ ਜਗੋ ਦੁਤਰੁ ਮਨਮੁਖੁ ਪਾਰਿ ਨ ਪਾਈ ਰਾਮ ॥ (775-15)
इहु जगो दुतरु मनमुखु पारि न पाई राम ॥

ਅੰਤਰੇ ਹਉਮੈ ਮਮਤਾ ਕਾਮੁ ਕ੍ਰੋਧੁ ਚਤੁਰਾਈ ਰਾਮ ॥ (775-15)
अंतरे हउमै ममता कामु क्रोधु चतुराई राम ॥

ਅੰਤਰਿ ਚਤੁਰਾਈ ਥਾਇ ਨ ਪਾਈ ਬਿਰਥਾ ਜਨਮੁ ਗਵਾਇਆ ॥ (775-16)
अंतरि चतुराई थाइ न पाई बिरथा जनमु गवाइआ ॥

ਜਮ ਮਗਿ ਦੁਖੁ ਪਾਵੈ ਚੋਟਾ ਖਾਵੈ ਅੰਤਿ ਗਇਆ ਪਛੁਤਾਇਆ ॥ (775-17)
जम मगि दुखु पावै चोटा खावै अंति गइआ पछुताइआ ॥

ਬਿਨੁ ਨਾਵੈ ਕੋ ਬੇਲੀ ਨਾਹੀ ਪੁਤੁ ਕੁਟੰਬੁ ਸੁਤੁ ਭਾਈ ॥ (775-17)
बिनु नावै को बेली नाही पुतु कुट्मबु सुतु भाई ॥

ਨਾਨਕ ਮਾਇਆ ਮੋਹੁ ਪਸਾਰਾ ਆਗੈ ਸਾਥਿ ਨ ਜਾਈ ॥੩॥ (775-18)
नानक माइआ मोहु पसारा आगै साथि न जाई ॥३॥

ਹਉ ਪੂਛਉ ਅਪਨਾ ਸਤਿਗੁਰੁ ਦਾਤਾ ਕਿਨ ਬਿਧਿ ਦੁਤਰੁ ਤਰੀਐ ਰਾਮ ॥ (775-18)
हउ पूछउ अपना सतिगुरु दाता किन बिधि दुतरु तरीऐ राम ॥

ਸਤਿਗੁਰ ਭਾਇ ਚਲਹੁ ਜੀਵਤਿਆ ਇਵ ਮਰੀਐ ਰਾਮ ॥ (775-19)
सतिगुर भाइ चलहु जीवतिआ इव मरीऐ राम ॥

ਜੀਵਤਿਆ ਮਰੀਐ ਭਉਜਲੁ ਤਰੀਐ ਗੁਰਮੁਖਿ ਨਾਮਿ ਸਮਾਵੈ ॥ (775-19)
जीवतिआ मरीऐ भउजलु तरीऐ गुरमुखि नामि समावै ॥

ਪੂਰਾ ਪੁਰਖੁ ਪਾਇਆ ਵਡਭਾਗੀ ਸਚਿ ਨਾਮਿ ਲਿਵ ਲਾਵੈ ॥ (776-1)
पूरा पुरखु पाइआ वडभागी सचि नामि लिव लावै ॥

ਮਤਿ ਪਰਗਾਸੁ ਭਈ ਮਨੁ ਮਾਨਿਆ ਰਾਮ ਨਾਮਿ ਵਡਿਆਈ ॥ (776-1)
मति परगासु भई मनु मानिआ राम नामि वडिआई ॥

ਨਾਨਕ ਪ੍ਰਭੁ ਪਾਇਆ ਸਬਦਿ ਮਿਲਾਇਆ ਜੋਤੀ ਜੋਤਿ ਮਿਲਾਈ ॥੪॥੧॥੪॥ (776-2)
नानक प्रभु पाइआ सबदि मिलाइआ जोती जोति मिलाई ॥४॥१॥४॥

ਸੂਹੀ ਮਹਲਾ ੪ ਘਰੁ ੫ (776-4)
सूही महला ४ घरु ५

ੴ ਸਤਿਗੁਰ ਪ੍ਰਸਾਦਿ ॥ (776-4)
ੴ सतिगुर प्रसादि ॥

ਗੁਰੁ ਸੰਤ ਜਨੋ ਪਿਆਰਾ ਮੈ ਮਿਲਿਆ ਮੇਰੀ ਤ੍ਰਿਸਨਾ ਬੁਝਿ ਗਈਆਸੇ ॥ (776-5)
गुरु संत जनो पिआरा मै मिलिआ मेरी त्रिसना बुझि गईआसे ॥

ਹਉ ਮਨੁ ਤਨੁ ਦੇਵਾ ਸਤਿਗੁਰੈ ਮੈ ਮੇਲੇ ਪ੍ਰਭ ਗੁਣਤਾਸੇ ॥ (776-5)
हउ मनु तनु देवा सतिगुरै मै मेले प्रभ गुणतासे ॥

ਧਨੁ ਧੰਨੁ ਗੁਰੂ ਵਡ ਪੁਰਖੁ ਹੈ ਮੈ ਦਸੇ ਹਰਿ ਸਾਬਾਸੇ ॥ (776-6)
धनु धंनु गुरू वड पुरखु है मै दसे हरि साबासे ॥

ਵਡਭਾਗੀ ਹਰਿ ਪਾਇਆ ਜਨ ਨਾਨਕ ਨਾਮਿ ਵਿਗਾਸੇ ॥੧॥ (776-6)
वडभागी हरि पाइआ जन नानक नामि विगासे ॥१॥

ਗੁਰੁ ਸਜਣੁ ਪਿਆਰਾ ਮੈ ਮਿਲਿਆ ਹਰਿ ਮਾਰਗੁ ਪੰਥੁ ਦਸਾਹਾ ॥ (776-7)
गुरु सजणु पिआरा मै मिलिआ हरि मारगु पंथु दसाहा ॥

ਘਰਿ ਆਵਹੁ ਚਿਰੀ ਵਿਛੁੰਨਿਆ ਮਿਲੁ ਸਬਦਿ ਗੁਰੂ ਪ੍ਰਭ ਨਾਹਾ ॥ (776-7)
घरि आवहु चिरी विछुंनिआ मिलु सबदि गुरू प्रभ नाहा ॥

ਹਉ ਤੁਝੁ ਬਾਝਹੁ ਖਰੀ ਉਡੀਣੀਆ ਜਿਉ ਜਲ ਬਿਨੁ ਮੀਨੁ ਮਰਾਹਾ ॥ (776-8)
हउ तुझु बाझहु खरी उडीणीआ जिउ जल बिनु मीनु मराहा ॥

ਵਡਭਾਗੀ ਹਰਿ ਧਿਆਇਆ ਜਨ ਨਾਨਕ ਨਾਮਿ ਸਮਾਹਾ ॥੨॥ (776-9)
वडभागी हरि धिआइआ जन नानक नामि समाहा ॥२॥

ਮਨੁ ਦਹ ਦਿਸਿ ਚਲਿ ਚਲਿ ਭਰਮਿਆ ਮਨਮੁਖੁ ਭਰਮਿ ਭੁਲਾਇਆ ॥ (776-9)
मनु दह दिसि चलि चलि भरमिआ मनमुखु भरमि भुलाइआ ॥

ਨਿਤ ਆਸਾ ਮਨਿ ਚਿਤਵੈ ਮਨ ਤ੍ਰਿਸਨਾ ਭੁਖ ਲਗਾਇਆ ॥ (776-10)
नित आसा मनि चितवै मन त्रिसना भुख लगाइआ ॥

ਅਨਤਾ ਧਨੁ ਧਰਿ ਦਬਿਆ ਫਿਰਿ ਬਿਖੁ ਭਾਲਣ ਗਇਆ ॥ (776-10)
अनता धनु धरि दबिआ फिरि बिखु भालण गइआ ॥

ਜਨ ਨਾਨਕ ਨਾਮੁ ਸਲਾਹਿ ਤੂ ਬਿਨੁ ਨਾਵੈ ਪਚਿ ਪਚਿ ਮੁਇਆ ॥੩॥ (776-11)
जन नानक नामु सलाहि तू बिनु नावै पचि पचि मुइआ ॥३॥

ਗੁਰੁ ਸੁੰਦਰੁ ਮੋਹਨੁ ਪਾਇ ਕਰੇ ਹਰਿ ਪ੍ਰੇਮ ਬਾਣੀ ਮਨੁ ਮਾਰਿਆ ॥ (776-11)
गुरु सुंदरु मोहनु पाइ करे हरि प्रेम बाणी मनु मारिआ ॥

ਮੇਰੈ ਹਿਰਦੈ ਸੁਧਿ ਬੁਧਿ ਵਿਸਰਿ ਗਈ ਮਨ ਆਸਾ ਚਿੰਤ ਵਿਸਾਰਿਆ ॥ (776-12)
मेरै हिरदै सुधि बुधि विसरि गई मन आसा चिंत विसारिआ ॥

ਮੈ ਅੰਤਰਿ ਵੇਦਨ ਪ੍ਰੇਮ ਕੀ ਗੁਰ ਦੇਖਤ ਮਨੁ ਸਾਧਾਰਿਆ ॥ (776-13)
मै अंतरि वेदन प्रेम की गुर देखत मनु साधारिआ ॥

ਵਡਭਾਗੀ ਪ੍ਰਭ ਆਇ ਮਿਲੁ ਜਨੁ ਨਾਨਕੁ ਖਿਨੁ ਖਿਨੁ ਵਾਰਿਆ ॥੪॥੧॥੫॥ (776-13)
वडभागी प्रभ आइ मिलु जनु नानकु खिनु खिनु वारिआ ॥४॥१॥५॥

ਸੂਹੀ ਛੰਤ ਮਹਲਾ ੪ ॥ (776-14)
सूही छंत महला ४ ॥

ਮਾਰੇਹਿਸੁ ਵੇ ਜਨ ਹਉਮੈ ਬਿਖਿਆ ਜਿਨਿ ਹਰਿ ਪ੍ਰਭ ਮਿਲਣ ਨ ਦਿਤੀਆ ॥ (776-14)
मारेहिसु वे जन हउमै बिखिआ जिनि हरि प्रभ मिलण न दितीआ ॥

ਦੇਹ ਕੰਚਨ ਵੇ ਵੰਨੀਆ ਇਨਿ ਹਉਮੈ ਮਾਰਿ ਵਿਗੁਤੀਆ ॥ (776-15)
देह कंचन वे वंनीआ इनि हउमै मारि विगुतीआ ॥

ਮੋਹੁ ਮਾਇਆ ਵੇ ਸਭ ਕਾਲਖਾ ਇਨਿ ਮਨਮੁਖਿ ਮੂੜਿ ਸਜੁਤੀਆ ॥ (776-15)
मोहु माइआ वे सभ कालखा इनि मनमुखि मूड़ि सजुतीआ ॥

ਜਨ ਨਾਨਕ ਗੁਰਮੁਖਿ ਉਬਰੇ ਗੁਰ ਸਬਦੀ ਹਉਮੈ ਛੁਟੀਆ ॥੧॥ (776-16)
जन नानक गुरमुखि उबरे गुर सबदी हउमै छुटीआ ॥१॥

ਵਸਿ ਆਣਿਹੁ ਵੇ ਜਨ ਇਸੁ ਮਨ ਕਉ ਮਨੁ ਬਾਸੇ ਜਿਉ ਨਿਤ ਭਉਦਿਆ ॥ (776-16)
वसि आणिहु वे जन इसु मन कउ मनु बासे जिउ नित भउदिआ ॥

ਦੁਖਿ ਰੈਣਿ ਵੇ ਵਿਹਾਣੀਆ ਨਿਤ ਆਸਾ ਆਸ ਕਰੇਦਿਆ ॥ (776-17)
दुखि रैणि वे विहाणीआ नित आसा आस करेदिआ ॥

ਗੁਰੁ ਪਾਇਆ ਵੇ ਸੰਤ ਜਨੋ ਮਨਿ ਆਸ ਪੂਰੀ ਹਰਿ ਚਉਦਿਆ ॥ (776-18)
गुरु पाइआ वे संत जनो मनि आस पूरी हरि चउदिआ ॥

ਜਨ ਨਾਨਕ ਪ੍ਰਭ ਦੇਹੁ ਮਤੀ ਛਡਿ ਆਸਾ ਨਿਤ ਸੁਖਿ ਸਉਦਿਆ ॥੨॥ (776-18)
जन नानक प्रभ देहु मती छडि आसा नित सुखि सउदिआ ॥२॥

ਸਾ ਧਨ ਆਸਾ ਚਿਤਿ ਕਰੇ ਰਾਮ ਰਾਜਿਆ ਹਰਿ ਪ੍ਰਭ ਸੇਜੜੀਐ ਆਈ ॥ (776-19)
सा धन आसा चिति करे राम राजिआ हरि प्रभ सेजड़ीऐ आई ॥

ਮੇਰਾ ਠਾਕੁਰੁ ਅਗਮ ਦਇਆਲੁ ਹੈ ਰਾਮ ਰਾਜਿਆ ਕਰਿ ਕਿਰਪਾ ਲੇਹੁ ਮਿਲਾਈ ॥ (776-19)
मेरा ठाकुरु अगम दइआलु है राम राजिआ करि किरपा लेहु मिलाई ॥

ਮੇਰੈ ਮਨਿ ਤਨਿ ਲੋਚਾ ਗੁਰਮੁਖੇ ਰਾਮ ਰਾਜਿਆ ਹਰਿ ਸਰਧਾ ਸੇਜ ਵਿਛਾਈ ॥ (777-1)
मेरै मनि तनि लोचा गुरमुखे राम राजिआ हरि सरधा सेज विछाई ॥

ਜਨ ਨਾਨਕ ਹਰਿ ਪ੍ਰਭ ਭਾਣੀਆ ਰਾਮ ਰਾਜਿਆ ਮਿਲਿਆ ਸਹਜਿ ਸੁਭਾਈ ॥੩॥ (777-2)
जन नानक हरि प्रभ भाणीआ राम राजिआ मिलिआ सहजि सुभाई ॥३॥

ਇਕਤੁ ਸੇਜੈ ਹਰਿ ਪ੍ਰਭੋ ਰਾਮ ਰਾਜਿਆ ਗੁਰੁ ਦਸੇ ਹਰਿ ਮੇਲੇਈ ॥ (777-3)
इकतु सेजै हरि प्रभो राम राजिआ गुरु दसे हरि मेलेई ॥

ਮੈ ਮਨਿ ਤਨਿ ਪ੍ਰੇਮ ਬੈਰਾਗੁ ਹੈ ਰਾਮ ਰਾਜਿਆ ਗੁਰੁ ਮੇਲੇ ਕਿਰਪਾ ਕਰੇਈ ॥ (777-3)
मै मनि तनि प्रेम बैरागु है राम राजिआ गुरु मेले किरपा करेई ॥

ਹਉ ਗੁਰ ਵਿਟਹੁ ਘੋਲਿ ਘੁਮਾਇਆ ਰਾਮ ਰਾਜਿਆ ਜੀਉ ਸਤਿਗੁਰ ਆਗੈ ਦੇਈ ॥ (777-4)
हउ गुर विटहु घोलि घुमाइआ राम राजिआ जीउ सतिगुर आगै देई ॥

ਗੁਰੁ ਤੁਠਾ ਜੀਉ ਰਾਮ ਰਾਜਿਆ ਜਨ ਨਾਨਕ ਹਰਿ ਮੇਲੇਈ ॥੪॥੨॥੬॥੫॥੭॥੬॥੧੮॥ (777-4)
गुरु तुठा जीउ राम राजिआ जन नानक हरि मेलेई ॥४॥२॥६॥५॥७॥६॥१८॥

ਰਾਗੁ ਸੂਹੀ ਛੰਤ ਮਹਲਾ ੫ ਘਰੁ ੧ (777-6)
रागु सूही छंत महला ५ घरु १

ੴ ਸਤਿਗੁਰ ਪ੍ਰਸਾਦਿ ॥ (777-6)
ੴ सतिगुर प्रसादि ॥

ਸੁਣਿ ਬਾਵਰੇ ਤੂ ਕਾਏ ਦੇਖਿ ਭੁਲਾਨਾ ॥ (777-7)
सुणि बावरे तू काए देखि भुलाना ॥

ਸੁਣਿ ਬਾਵਰੇ ਨੇਹੁ ਕੂੜਾ ਲਾਇਓ ਕੁਸੰਭ ਰੰਗਾਨਾ ॥ (777-7)
सुणि बावरे नेहु कूड़ा लाइओ कुसम्भ रंगाना ॥

ਕੂੜੀ ਡੇਖਿ ਭੁਲੋ ਅਢੁ ਲਹੈ ਨ ਮੁਲੋ ਗੋਵਿਦ ਨਾਮੁ ਮਜੀਠਾ ॥ (777-7)
कूड़ी डेखि भुलो अढु लहै न मुलो गोविद नामु मजीठा ॥

ਥੀਵਹਿ ਲਾਲਾ ਅਤਿ ਗੁਲਾਲਾ ਸਬਦੁ ਚੀਨਿ ਗੁਰ ਮੀਠਾ ॥ (777-8)
थीवहि लाला अति गुलाला सबदु चीनि गुर मीठा ॥

ਮਿਥਿਆ ਮੋਹਿ ਮਗਨੁ ਥੀ ਰਹਿਆ ਝੂਠ ਸੰਗਿ ਲਪਟਾਨਾ ॥ (777-8)
मिथिआ मोहि मगनु थी रहिआ झूठ संगि लपटाना ॥

ਨਾਨਕ ਦੀਨ ਸਰਣਿ ਕਿਰਪਾ ਨਿਧਿ ਰਾਖੁ ਲਾਜ ਭਗਤਾਨਾ ॥੧॥ (777-9)
नानक दीन सरणि किरपा निधि राखु लाज भगताना ॥१॥

ਸੁਣਿ ਬਾਵਰੇ ਸੇਵਿ ਠਾਕੁਰੁ ਨਾਥੁ ਪਰਾਣਾ ॥ (777-10)
सुणि बावरे सेवि ठाकुरु नाथु पराणा ॥

ਸੁਣਿ ਬਾਵਰੇ ਜੋ ਆਇਆ ਤਿਸੁ ਜਾਣਾ ॥ (777-10)
सुणि बावरे जो आइआ तिसु जाणा ॥

ਨਿਹਚਲੁ ਹਭ ਵੈਸੀ ਸੁਣਿ ਪਰਦੇਸੀ ਸੰਤਸੰਗਿ ਮਿਲਿ ਰਹੀਐ ॥ (777-10)
निहचलु हभ वैसी सुणि परदेसी संतसंगि मिलि रहीऐ ॥

ਹਰਿ ਪਾਈਐ ਭਾਗੀ ਸੁਣਿ ਬੈਰਾਗੀ ਚਰਣ ਪ੍ਰਭੂ ਗਹਿ ਰਹੀਐ ॥ (777-11)
हरि पाईऐ भागी सुणि बैरागी चरण प्रभू गहि रहीऐ ॥

ਏਹੁ ਮਨੁ ਦੀਜੈ ਸੰਕ ਨ ਕੀਜੈ ਗੁਰਮੁਖਿ ਤਜਿ ਬਹੁ ਮਾਣਾ ॥ (777-11)
एहु मनु दीजै संक न कीजै गुरमुखि तजि बहु माणा ॥

ਨਾਨਕ ਦੀਨ ਭਗਤ ਭਵ ਤਾਰਣ ਤੇਰੇ ਕਿਆ ਗੁਣ ਆਖਿ ਵਖਾਣਾ ॥੨॥ (777-12)
नानक दीन भगत भव तारण तेरे किआ गुण आखि वखाणा ॥२॥

ਸੁਣਿ ਬਾਵਰੇ ਕਿਆ ਕੀਚੈ ਕੂੜਾ ਮਾਨੋ ॥ (777-13)
सुणि बावरे किआ कीचै कूड़ा मानो ॥

ਸੁਣਿ ਬਾਵਰੇ ਹਭੁ ਵੈਸੀ ਗਰਬੁ ਗੁਮਾਨੋ ॥ (777-13)
सुणि बावरे हभु वैसी गरबु गुमानो ॥

ਨਿਹਚਲੁ ਹਭ ਜਾਣਾ ਮਿਥਿਆ ਮਾਣਾ ਸੰਤ ਪ੍ਰਭੂ ਹੋਇ ਦਾਸਾ ॥ (777-13)
निहचलु हभ जाणा मिथिआ माणा संत प्रभू होइ दासा ॥

ਜੀਵਤ ਮਰੀਐ ਭਉਜਲੁ ਤਰੀਐ ਜੇ ਥੀਵੈ ਕਰਮਿ ਲਿਖਿਆਸਾ ॥ (777-14)
जीवत मरीऐ भउजलु तरीऐ जे थीवै करमि लिखिआसा ॥

ਗੁਰੁ ਸੇਵੀਜੈ ਅੰਮ੍ਰਿਤੁ ਪੀਜੈ ਜਿਸੁ ਲਾਵਹਿ ਸਹਜਿ ਧਿਆਨੋ ॥ (777-14)
गुरु सेवीजै अमृतु पीजै जिसु लावहि सहजि धिआनो ॥

ਨਾਨਕੁ ਸਰਣਿ ਪਇਆ ਹਰਿ ਦੁਆਰੈ ਹਉ ਬਲਿ ਬਲਿ ਸਦ ਕੁਰਬਾਨੋ ॥੩॥ (777-15)
नानकु सरणि पइआ हरि दुआरै हउ बलि बलि सद कुरबानो ॥३॥

ਸੁਣਿ ਬਾਵਰੇ ਮਤੁ ਜਾਣਹਿ ਪ੍ਰਭੁ ਮੈ ਪਾਇਆ ॥ (777-16)
सुणि बावरे मतु जाणहि प्रभु मै पाइआ ॥

ਸੁਣਿ ਬਾਵਰੇ ਥੀਉ ਰੇਣੁ ਜਿਨੀ ਪ੍ਰਭੁ ਧਿਆਇਆ ॥ (777-16)
सुणि बावरे थीउ रेणु जिनी प्रभु धिआइआ ॥

ਜਿਨਿ ਪ੍ਰਭੁ ਧਿਆਇਆ ਤਿਨਿ ਸੁਖੁ ਪਾਇਆ ਵਡਭਾਗੀ ਦਰਸਨੁ ਪਾਈਐ ॥ (777-17)
जिनि प्रभु धिआइआ तिनि सुखु पाइआ वडभागी दरसनु पाईऐ ॥

ਥੀਉ ਨਿਮਾਣਾ ਸਦ ਕੁਰਬਾਣਾ ਸਗਲਾ ਆਪੁ ਮਿਟਾਈਐ ॥ (777-17)
थीउ निमाणा सद कुरबाणा सगला आपु मिटाईऐ ॥

ਓਹੁ ਧਨੁ ਭਾਗ ਸੁਧਾ ਜਿਨਿ ਪ੍ਰਭੁ ਲਧਾ ਹਮ ਤਿਸੁ ਪਹਿ ਆਪੁ ਵੇਚਾਇਆ ॥ (777-18)
ओहु धनु भाग सुधा जिनि प्रभु लधा हम तिसु पहि आपु वेचाइआ ॥

ਨਾਨਕ ਦੀਨ ਸਰਣਿ ਸੁਖ ਸਾਗਰ ਰਾਖੁ ਲਾਜ ਅਪਨਾਇਆ ॥੪॥੧॥ (777-19)
नानक दीन सरणि सुख सागर राखु लाज अपनाइआ ॥४॥१॥

ਸੂਹੀ ਮਹਲਾ ੫ ॥ (777-19)
सूही महला ५ ॥

ਹਰਿ ਚਰਣ ਕਮਲ ਕੀ ਟੇਕ ਸਤਿਗੁਰਿ ਦਿਤੀ ਤੁਸਿ ਕੈ ਬਲਿ ਰਾਮ ਜੀਉ ॥ (777-19)
हरि चरण कमल की टेक सतिगुरि दिती तुसि कै बलि राम जीउ ॥

ਹਰਿ ਅੰਮ੍ਰਿਤਿ ਭਰੇ ਭੰਡਾਰ ਸਭੁ ਕਿਛੁ ਹੈ ਘਰਿ ਤਿਸ ਕੈ ਬਲਿ ਰਾਮ ਜੀਉ ॥ (778-1)
हरि अमृति भरे भंडार सभु किछु है घरि तिस कै बलि राम जीउ ॥

ਬਾਬੁਲੁ ਮੇਰਾ ਵਡ ਸਮਰਥਾ ਕਰਣ ਕਾਰਣ ਪ੍ਰਭੁ ਹਾਰਾ ॥ (778-2)
बाबुलु मेरा वड समरथा करण कारण प्रभु हारा ॥

ਜਿਸੁ ਸਿਮਰਤ ਦੁਖੁ ਕੋਈ ਨ ਲਾਗੈ ਭਉਜਲੁ ਪਾਰਿ ਉਤਾਰਾ ॥ (778-2)
जिसु सिमरत दुखु कोई न लागै भउजलु पारि उतारा ॥

ਆਦਿ ਜੁਗਾਦਿ ਭਗਤਨ ਕਾ ਰਾਖਾ ਉਸਤਤਿ ਕਰਿ ਕਰਿ ਜੀਵਾ ॥ (778-3)
आदि जुगादि भगतन का राखा उसतति करि करि जीवा ॥

ਨਾਨਕ ਨਾਮੁ ਮਹਾ ਰਸੁ ਮੀਠਾ ਅਨਦਿਨੁ ਮਨਿ ਤਨਿ ਪੀਵਾ ॥੧॥ (778-3)
नानक नामु महा रसु मीठा अनदिनु मनि तनि पीवा ॥१॥

ਹਰਿ ਆਪੇ ਲਏ ਮਿਲਾਇ ਕਿਉ ਵੇਛੋੜਾ ਥੀਵਈ ਬਲਿ ਰਾਮ ਜੀਉ ॥ (778-4)
हरि आपे लए मिलाइ किउ वेछोड़ा थीवई बलि राम जीउ ॥

ਜਿਸ ਨੋ ਤੇਰੀ ਟੇਕ ਸੋ ਸਦਾ ਸਦ ਜੀਵਈ ਬਲਿ ਰਾਮ ਜੀਉ ॥ (778-5)
जिस नो तेरी टेक सो सदा सद जीवई बलि राम जीउ ॥

ਤੇਰੀ ਟੇਕ ਤੁਝੈ ਤੇ ਪਾਈ ਸਾਚੇ ਸਿਰਜਣਹਾਰਾ ॥ (778-5)
तेरी टेक तुझै ते पाई साचे सिरजणहारा ॥

ਜਿਸ ਤੇ ਖਾਲੀ ਕੋਈ ਨਾਹੀ ਐਸਾ ਪ੍ਰਭੂ ਹਮਾਰਾ ॥ (778-6)
जिस ते खाली कोई नाही ऐसा प्रभू हमारा ॥

ਸੰਤ ਜਨਾ ਮਿਲਿ ਮੰਗਲੁ ਗਾਇਆ ਦਿਨੁ ਰੈਨਿ ਆਸ ਤੁਮ੍ਹ੍ਹਾਰੀ ॥ (778-6)
संत जना मिलि मंगलु गाइआ दिनु रैनि आस तुम्हारी ॥

ਸਫਲੁ ਦਰਸੁ ਭੇਟਿਆ ਗੁਰੁ ਪੂਰਾ ਨਾਨਕ ਸਦ ਬਲਿਹਾਰੀ ॥੨॥ (778-7)
सफलु दरसु भेटिआ गुरु पूरा नानक सद बलिहारी ॥२॥

ਸੰਮ੍ਹ੍ਹਲਿਆ ਸਚੁ ਥਾਨੁ ਮਾਨੁ ਮਹਤੁ ਸਚੁ ਪਾਇਆ ਬਲਿ ਰਾਮ ਜੀਉ ॥ (778-7)
संम्हलिआ सचु थानु मानु महतु सचु पाइआ बलि राम जीउ ॥

ਸਤਿਗੁਰੁ ਮਿਲਿਆ ਦਇਆਲੁ ਗੁਣ ਅਬਿਨਾਸੀ ਗਾਇਆ ਬਲਿ ਰਾਮ ਜੀਉ ॥ (778-8)
सतिगुरु मिलिआ दइआलु गुण अबिनासी गाइआ बलि राम जीउ ॥

ਗੁਣ ਗੋਵਿੰਦ ਗਾਉ ਨਿਤ ਨਿਤ ਪ੍ਰਾਣ ਪ੍ਰੀਤਮ ਸੁਆਮੀਆ ॥ (778-8)
गुण गोविंद गाउ नित नित प्राण प्रीतम सुआमीआ ॥

ਸੁਭ ਦਿਵਸ ਆਏ ਗਹਿ ਕੰਠਿ ਲਾਏ ਮਿਲੇ ਅੰਤਰਜਾਮੀਆ ॥ (778-9)
सुभ दिवस आए गहि कंठि लाए मिले अंतरजामीआ ॥

ਸਤੁ ਸੰਤੋਖੁ ਵਜਹਿ ਵਾਜੇ ਅਨਹਦਾ ਝੁਣਕਾਰੇ ॥ (778-9)
सतु संतोखु वजहि वाजे अनहदा झुणकारे ॥

ਸੁਣਿ ਭੈ ਬਿਨਾਸੇ ਸਗਲ ਨਾਨਕ ਪ੍ਰਭ ਪੁਰਖ ਕਰਣੈਹਾਰੇ ॥੩॥ (778-10)
सुणि भै बिनासे सगल नानक प्रभ पुरख करणैहारे ॥३॥

ਉਪਜਿਆ ਤਤੁ ਗਿਆਨੁ ਸਾਹੁਰੈ ਪੇਈਐ ਇਕੁ ਹਰਿ ਬਲਿ ਰਾਮ ਜੀਉ ॥ (778-10)
उपजिआ ततु गिआनु साहुरै पेईऐ इकु हरि बलि राम जीउ ॥

ਬ੍ਰਹਮੈ ਬ੍ਰਹਮੁ ਮਿਲਿਆ ਕੋਇ ਨ ਸਾਕੈ ਭਿੰਨ ਕਰਿ ਬਲਿ ਰਾਮ ਜੀਉ ॥ (778-11)
ब्रहमै ब्रहमु मिलिआ कोइ न साकै भिंन करि बलि राम जीउ ॥

ਬਿਸਮੁ ਪੇਖੈ ਬਿਸਮੁ ਸੁਣੀਐ ਬਿਸਮਾਦੁ ਨਦਰੀ ਆਇਆ ॥ (778-12)
बिसमु पेखै बिसमु सुणीऐ बिसमादु नदरी आइआ ॥

ਜਲਿ ਥਲਿ ਮਹੀਅਲਿ ਪੂਰਨ ਸੁਆਮੀ ਘਟਿ ਘਟਿ ਰਹਿਆ ਸਮਾਇਆ ॥ (778-12)
जलि थलि महीअलि पूरन सुआमी घटि घटि रहिआ समाइआ ॥

ਜਿਸ ਤੇ ਉਪਜਿਆ ਤਿਸੁ ਮਾਹਿ ਸਮਾਇਆ ਕੀਮਤਿ ਕਹਣੁ ਨ ਜਾਏ ॥ (778-13)
जिस ते उपजिआ तिसु माहि समाइआ कीमति कहणु न जाए ॥

ਜਿਸ ਕੇ ਚਲਤ ਨ ਜਾਹੀ ਲਖਣੇ ਨਾਨਕ ਤਿਸਹਿ ਧਿਆਏ ॥੪॥੨॥ (778-14)
जिस के चलत न जाही लखणे नानक तिसहि धिआए ॥४॥२॥

ਰਾਗੁ ਸੂਹੀ ਛੰਤ ਮਹਲਾ ੫ ਘਰੁ ੨ (778-15)
रागु सूही छंत महला ५ घरु २

ੴ ਸਤਿਗੁਰ ਪ੍ਰਸਾਦਿ ॥ (778-15)
ੴ सतिगुर प्रसादि ॥

ਗੋਬਿੰਦ ਗੁਣ ਗਾਵਣ ਲਾਗੇ ॥ (778-16)
गोबिंद गुण गावण लागे ॥

ਹਰਿ ਰੰਗਿ ਅਨਦਿਨੁ ਜਾਗੇ ॥ (778-16)
हरि रंगि अनदिनु जागे ॥

ਹਰਿ ਰੰਗਿ ਜਾਗੇ ਪਾਪ ਭਾਗੇ ਮਿਲੇ ਸੰਤ ਪਿਆਰਿਆ ॥ (778-16)
हरि रंगि जागे पाप भागे मिले संत पिआरिआ ॥

ਗੁਰ ਚਰਣ ਲਾਗੇ ਭਰਮ ਭਾਗੇ ਕਾਜ ਸਗਲ ਸਵਾਰਿਆ ॥ (778-17)
गुर चरण लागे भरम भागे काज सगल सवारिआ ॥

ਸੁਣਿ ਸ੍ਰਵਣ ਬਾਣੀ ਸਹਜਿ ਜਾਣੀ ਹਰਿ ਨਾਮੁ ਜਪਿ ਵਡਭਾਗੈ ॥ (778-17)
सुणि स्रवण बाणी सहजि जाणी हरि नामु जपि वडभागै ॥

ਬਿਨਵੰਤਿ ਨਾਨਕ ਸਰਣਿ ਸੁਆਮੀ ਜੀਉ ਪਿੰਡੁ ਪ੍ਰਭ ਆਗੈ ॥੧॥ (778-18)
बिनवंति नानक सरणि सुआमी जीउ पिंडु प्रभ आगै ॥१॥

ਅਨਹਤ ਸਬਦੁ ਸੁਹਾਵਾ ॥ (778-18)
अनहत सबदु सुहावा ॥

ਸਚੁ ਮੰਗਲੁ ਹਰਿ ਜਸੁ ਗਾਵਾ ॥ (778-18)
सचु मंगलु हरि जसु गावा ॥

ਗੁਣ ਗਾਇ ਹਰਿ ਹਰਿ ਦੂਖ ਨਾਸੇ ਰਹਸੁ ਉਪਜੈ ਮਨਿ ਘਣਾ ॥ (778-19)
गुण गाइ हरि हरि दूख नासे रहसु उपजै मनि घणा ॥

ਮਨੁ ਤੰਨੁ ਨਿਰਮਲੁ ਦੇਖਿ ਦਰਸਨੁ ਨਾਮੁ ਪ੍ਰਭ ਕਾ ਮੁਖਿ ਭਣਾ ॥ (778-19)
मनु तंनु निरमलु देखि दरसनु नामु प्रभ का मुखि भणा ॥

ਹੋਇ ਰੇਣ ਸਾਧੂ ਪ੍ਰਭ ਅਰਾਧੂ ਆਪਣੇ ਪ੍ਰਭ ਭਾਵਾ ॥ (779-1)
होइ रेण साधू प्रभ अराधू आपणे प्रभ भावा ॥

ਬਿਨਵੰਤਿ ਨਾਨਕ ਦਇਆ ਧਾਰਹੁ ਸਦਾ ਹਰਿ ਗੁਣ ਗਾਵਾ ॥੨॥ (779-1)
बिनवंति नानक दइआ धारहु सदा हरि गुण गावा ॥२॥

ਗੁਰ ਮਿਲਿ ਸਾਗਰੁ ਤਰਿਆ ॥ (779-2)
गुर मिलि सागरु तरिआ ॥

ਹਰਿ ਚਰਣ ਜਪਤ ਨਿਸਤਰਿਆ ॥ (779-2)
हरि चरण जपत निसतरिआ ॥

ਹਰਿ ਚਰਣ ਧਿਆਏ ਸਭਿ ਫਲ ਪਾਏ ਮਿਟੇ ਆਵਣ ਜਾਣਾ ॥ (779-3)
हरि चरण धिआए सभि फल पाए मिटे आवण जाणा ॥

ਭਾਇ ਭਗਤਿ ਸੁਭਾਇ ਹਰਿ ਜਪਿ ਆਪਣੇ ਪ੍ਰਭ ਭਾਵਾ ॥ (779-3)
भाइ भगति सुभाइ हरि जपि आपणे प्रभ भावा ॥

ਜਪਿ ਏਕੁ ਅਲਖ ਅਪਾਰ ਪੂਰਨ ਤਿਸੁ ਬਿਨਾ ਨਹੀ ਕੋਈ ॥ (779-4)
जपि एकु अलख अपार पूरन तिसु बिना नही कोई ॥

ਬਿਨਵੰਤਿ ਨਾਨਕ ਗੁਰਿ ਭਰਮੁ ਖੋਇਆ ਜਤ ਦੇਖਾ ਤਤ ਸੋਈ ॥੩॥ (779-4)
बिनवंति नानक गुरि भरमु खोइआ जत देखा तत सोई ॥३॥

ਪਤਿਤ ਪਾਵਨ ਹਰਿ ਨਾਮਾ ॥ (779-5)
पतित पावन हरि नामा ॥

ਪੂਰਨ ਸੰਤ ਜਨਾ ਕੇ ਕਾਮਾ ॥ (779-5)
पूरन संत जना के कामा ॥

ਗੁਰੁ ਸੰਤੁ ਪਾਇਆ ਪ੍ਰਭੁ ਧਿਆਇਆ ਸਗਲ ਇਛਾ ਪੁੰਨੀਆ ॥ (779-5)
गुरु संतु पाइआ प्रभु धिआइआ सगल इछा पुंनीआ ॥

ਹਉ ਤਾਪ ਬਿਨਸੇ ਸਦਾ ਸਰਸੇ ਪ੍ਰਭ ਮਿਲੇ ਚਿਰੀ ਵਿਛੁੰਨਿਆ ॥ (779-6)
हउ ताप बिनसे सदा सरसे प्रभ मिले चिरी विछुंनिआ ॥

ਮਨਿ ਸਾਤਿ ਆਈ ਵਜੀ ਵਧਾਈ ਮਨਹੁ ਕਦੇ ਨ ਵੀਸਰੈ ॥ (779-7)
मनि साति आई वजी वधाई मनहु कदे न वीसरै ॥

ਬਿਨਵੰਤਿ ਨਾਨਕ ਸਤਿਗੁਰਿ ਦ੍ਰਿੜਾਇਆ ਸਦਾ ਭਜੁ ਜਗਦੀਸਰੈ ॥੪॥੧॥੩॥ (779-7)
बिनवंति नानक सतिगुरि द्रिड़ाइआ सदा भजु जगदीसरै ॥४॥१॥३॥

ਰਾਗੁ ਸੂਹੀ ਛੰਤ ਮਹਲਾ ੫ ਘਰੁ ੩ (779-9)
रागु सूही छंत महला ५ घरु ३

ੴ ਸਤਿਗੁਰ ਪ੍ਰਸਾਦਿ ॥ (779-9)
ੴ सतिगुर प्रसादि ॥

ਤੂ ਠਾਕੁਰੋ ਬੈਰਾਗਰੋ ਮੈ ਜੇਹੀ ਘਣ ਚੇਰੀ ਰਾਮ ॥ (779-10)
तू ठाकुरो बैरागरो मै जेही घण चेरी राम ॥

ਤੂੰ ਸਾਗਰੋ ਰਤਨਾਗਰੋ ਹਉ ਸਾਰ ਨ ਜਾਣਾ ਤੇਰੀ ਰਾਮ ॥ (779-10)
तूं सागरो रतनागरो हउ सार न जाणा तेरी राम ॥

ਸਾਰ ਨ ਜਾਣਾ ਤੂ ਵਡ ਦਾਣਾ ਕਰਿ ਮਿਹਰੰਮਤਿ ਸਾਂਈ ॥ (779-10)
सार न जाणा तू वड दाणा करि मिहरंमति सांई ॥

ਕਿਰਪਾ ਕੀਜੈ ਸਾ ਮਤਿ ਦੀਜੈ ਆਠ ਪਹਰ ਤੁਧੁ ਧਿਆਈ ॥ (779-11)
किरपा कीजै सा मति दीजै आठ पहर तुधु धिआई ॥

ਗਰਬੁ ਨ ਕੀਜੈ ਰੇਣ ਹੋਵੀਜੈ ਤਾ ਗਤਿ ਜੀਅਰੇ ਤੇਰੀ ॥ (779-11)
गरबु न कीजै रेण होवीजै ता गति जीअरे तेरी ॥

ਸਭ ਊਪਰਿ ਨਾਨਕ ਕਾ ਠਾਕੁਰੁ ਮੈ ਜੇਹੀ ਘਣ ਚੇਰੀ ਰਾਮ ॥੧॥ (779-12)
सभ ऊपरि नानक का ठाकुरु मै जेही घण चेरी राम ॥१॥

ਤੁਮ੍ਹ ਗਉਹਰ ਅਤਿ ਗਹਿਰ ਗੰਭੀਰਾ ਤੁਮ ਪਿਰ ਹਮ ਬਹੁਰੀਆ ਰਾਮ ॥ (779-12)
तुम्ह गउहर अति गहिर ग्मभीरा तुम पिर हम बहुरीआ राम ॥

ਤੁਮ ਵਡੇ ਵਡੇ ਵਡ ਊਚੇ ਹਉ ਇਤਨੀਕ ਲਹੁਰੀਆ ਰਾਮ ॥ (779-13)
तुम वडे वडे वड ऊचे हउ इतनीक लहुरीआ राम ॥

ਹਉ ਕਿਛੁ ਨਾਹੀ ਏਕੋ ਤੂਹੈ ਆਪੇ ਆਪਿ ਸੁਜਾਨਾ ॥ (779-14)
हउ किछु नाही एको तूहै आपे आपि सुजाना ॥

ਅੰਮ੍ਰਿਤ ਦ੍ਰਿਸਟਿ ਨਿਮਖ ਪ੍ਰਭ ਜੀਵਾ ਸਰਬ ਰੰਗ ਰਸ ਮਾਨਾ ॥ (779-14)
अमृत द्रिसटि निमख प्रभ जीवा सरब रंग रस माना ॥

ਚਰਣਹ ਸਰਨੀ ਦਾਸਹ ਦਾਸੀ ਮਨਿ ਮਉਲੈ ਤਨੁ ਹਰੀਆ ॥ (779-15)
चरणह सरनी दासह दासी मनि मउलै तनु हरीआ ॥

ਨਾਨਕ ਠਾਕੁਰੁ ਸਰਬ ਸਮਾਣਾ ਆਪਨ ਭਾਵਨ ਕਰੀਆ ॥੨॥ (779-15)
नानक ठाकुरु सरब समाणा आपन भावन करीआ ॥२॥

ਤੁਝੁ ਊਪਰਿ ਮੇਰਾ ਹੈ ਮਾਣਾ ਤੂਹੈ ਮੇਰਾ ਤਾਣਾ ਰਾਮ ॥ (779-16)
तुझु ऊपरि मेरा है माणा तूहै मेरा ताणा राम ॥

ਸੁਰਤਿ ਮਤਿ ਚਤੁਰਾਈ ਤੇਰੀ ਤੂ ਜਾਣਾਇਹਿ ਜਾਣਾ ਰਾਮ ॥ (779-16)
सुरति मति चतुराई तेरी तू जाणाइहि जाणा राम ॥

ਸੋਈ ਜਾਣੈ ਸੋਈ ਪਛਾਣੈ ਜਾ ਕਉ ਨਦਰਿ ਸਿਰੰਦੇ ॥ (779-17)
सोई जाणै सोई पछाणै जा कउ नदरि सिरंदे ॥

ਮਨਮੁਖਿ ਭੂਲੀ ਬਹੁਤੀ ਰਾਹੀ ਫਾਥੀ ਮਾਇਆ ਫੰਦੇ ॥ (779-17)
मनमुखि भूली बहुती राही फाथी माइआ फंदे ॥

ਠਾਕੁਰ ਭਾਣੀ ਸਾ ਗੁਣਵੰਤੀ ਤਿਨ ਹੀ ਸਭ ਰੰਗ ਮਾਣਾ ॥ (779-18)
ठाकुर भाणी सा गुणवंती तिन ही सभ रंग माणा ॥

ਨਾਨਕ ਕੀ ਧਰ ਤੂਹੈ ਠਾਕੁਰ ਤੂ ਨਾਨਕ ਕਾ ਮਾਣਾ ॥੩॥ (779-18)
नानक की धर तूहै ठाकुर तू नानक का माणा ॥३॥

ਹਉ ਵਾਰੀ ਵੰਞਾ ਘੋਲੀ ਵੰਞਾ ਤੂ ਪਰਬਤੁ ਮੇਰਾ ਓਲ੍ਹਾ ਰਾਮ ॥ (779-19)
हउ वारी वंञा घोली वंञा तू परबतु मेरा ओल्हा राम ॥

ਹਉ ਬਲਿ ਜਾਈ ਲਖ ਲਖ ਲਖ ਬਰੀਆ ਜਿਨਿ ਭ੍ਰਮੁ ਪਰਦਾ ਖੋਲ੍ਹਾ ਰਾਮ ॥ (779-19)
हउ बलि जाई लख लख लख बरीआ जिनि भ्रमु परदा खोल्हा राम ॥

ਮਿਟੇ ਅੰਧਾਰੇ ਤਜੇ ਬਿਕਾਰੇ ਠਾਕੁਰ ਸਿਉ ਮਨੁ ਮਾਨਾ ॥ (780-1)
मिटे अंधारे तजे बिकारे ठाकुर सिउ मनु माना ॥

ਪ੍ਰਭ ਜੀ ਭਾਣੀ ਭਈ ਨਿਕਾਣੀ ਸਫਲ ਜਨਮੁ ਪਰਵਾਨਾ ॥ (780-1)
प्रभ जी भाणी भई निकाणी सफल जनमु परवाना ॥

ਭਈ ਅਮੋਲੀ ਭਾਰਾ ਤੋਲੀ ਮੁਕਤਿ ਜੁਗਤਿ ਦਰੁ ਖੋਲ੍ਹਾ ॥ (780-2)
भई अमोली भारा तोली मुकति जुगति दरु खोल्हा ॥

ਕਹੁ ਨਾਨਕ ਹਉ ਨਿਰਭਉ ਹੋਈ ਸੋ ਪ੍ਰਭੁ ਮੇਰਾ ਓਲ੍ਹਾ ॥੪॥੧॥੪॥ (780-2)
कहु नानक हउ निरभउ होई सो प्रभु मेरा ओल्हा ॥४॥१॥४॥

ਸੂਹੀ ਮਹਲਾ ੫ ॥ (780-3)
सूही महला ५ ॥

ਸਾਜਨੁ ਪੁਰਖੁ ਸਤਿਗੁਰੁ ਮੇਰਾ ਪੂਰਾ ਤਿਸੁ ਬਿਨੁ ਅਵਰੁ ਨ ਜਾਣਾ ਰਾਮ ॥ (780-3)
साजनु पुरखु सतिगुरु मेरा पूरा तिसु बिनु अवरु न जाणा राम ॥

ਮਾਤ ਪਿਤਾ ਭਾਈ ਸੁਤ ਬੰਧਪ ਜੀਅ ਪ੍ਰਾਣ ਮਨਿ ਭਾਣਾ ਰਾਮ ॥ (780-4)
मात पिता भाई सुत बंधप जीअ प्राण मनि भाणा राम ॥

ਜੀਉ ਪਿੰਡੁ ਸਭੁ ਤਿਸ ਕਾ ਦੀਆ ਸਰਬ ਗੁਣਾ ਭਰਪੂਰੇ ॥ (780-4)
जीउ पिंडु सभु तिस का दीआ सरब गुणा भरपूरे ॥

ਅੰਤਰਜਾਮੀ ਸੋ ਪ੍ਰਭੁ ਮੇਰਾ ਸਰਬ ਰਹਿਆ ਭਰਪੂਰੇ ॥ (780-5)
अंतरजामी सो प्रभु मेरा सरब रहिआ भरपूरे ॥

ਤਾ ਕੀ ਸਰਣਿ ਸਰਬ ਸੁਖ ਪਾਏ ਹੋਏ ਸਰਬ ਕਲਿਆਣਾ ॥ (780-5)
ता की सरणि सरब सुख पाए होए सरब कलिआणा ॥

ਸਦਾ ਸਦਾ ਪ੍ਰਭ ਕਉ ਬਲਿਹਾਰੈ ਨਾਨਕ ਸਦ ਕੁਰਬਾਣਾ ॥੧॥ (780-6)
सदा सदा प्रभ कउ बलिहारै नानक सद कुरबाणा ॥१॥

ਐਸਾ ਗੁਰੁ ਵਡਭਾਗੀ ਪਾਈਐ ਜਿਤੁ ਮਿਲਿਐ ਪ੍ਰਭੁ ਜਾਪੈ ਰਾਮ ॥ (780-6)
ऐसा गुरु वडभागी पाईऐ जितु मिलिऐ प्रभु जापै राम ॥

ਜਨਮ ਜਨਮ ਕੇ ਕਿਲਵਿਖ ਉਤਰਹਿ ਹਰਿ ਸੰਤ ਧੂੜੀ ਨਿਤ ਨਾਪੈ ਰਾਮ ॥ (780-7)
जनम जनम के किलविख उतरहि हरि संत धूड़ी नित नापै राम ॥

ਹਰਿ ਧੂੜੀ ਨਾਈਐ ਪ੍ਰਭੂ ਧਿਆਈਐ ਬਾਹੁੜਿ ਜੋਨਿ ਨ ਆਈਐ ॥ (780-8)
हरि धूड़ी नाईऐ प्रभू धिआईऐ बाहुड़ि जोनि न आईऐ ॥

ਗੁਰ ਚਰਣੀ ਲਾਗੇ ਭ੍ਰਮ ਭਉ ਭਾਗੇ ਮਨਿ ਚਿੰਦਿਆ ਫਲੁ ਪਾਈਐ ॥ (780-8)
गुर चरणी लागे भ्रम भउ भागे मनि चिंदिआ फलु पाईऐ ॥

ਹਰਿ ਗੁਣ ਨਿਤ ਗਾਏ ਨਾਮੁ ਧਿਆਏ ਫਿਰਿ ਸੋਗੁ ਨਾਹੀ ਸੰਤਾਪੈ ॥ (780-9)
हरि गुण नित गाए नामु धिआए फिरि सोगु नाही संतापै ॥

ਨਾਨਕ ਸੋ ਪ੍ਰਭੁ ਜੀਅ ਕਾ ਦਾਤਾ ਪੂਰਾ ਜਿਸੁ ਪਰਤਾਪੈ ॥੨॥ (780-10)
नानक सो प्रभु जीअ का दाता पूरा जिसु परतापै ॥२॥

ਹਰਿ ਹਰੇ ਹਰਿ ਗੁਣ ਨਿਧੇ ਹਰਿ ਸੰਤਨ ਕੈ ਵਸਿ ਆਏ ਰਾਮ ॥ (780-10)
हरि हरे हरि गुण निधे हरि संतन कै वसि आए राम ॥

ਸੰਤ ਚਰਣ ਗੁਰ ਸੇਵਾ ਲਾਗੇ ਤਿਨੀ ਪਰਮ ਪਦ ਪਾਏ ਰਾਮ ॥ (780-11)
संत चरण गुर सेवा लागे तिनी परम पद पाए राम ॥

ਪਰਮ ਪਦੁ ਪਾਇਆ ਆਪੁ ਮਿਟਾਇਆ ਹਰਿ ਪੂਰਨ ਕਿਰਪਾ ਧਾਰੀ ॥ (780-11)
परम पदु पाइआ आपु मिटाइआ हरि पूरन किरपा धारी ॥

ਸਫਲ ਜਨਮੁ ਹੋਆ ਭਉ ਭਾਗਾ ਹਰਿ ਭੇਟਿਆ ਏਕੁ ਮੁਰਾਰੀ ॥ (780-12)
सफल जनमु होआ भउ भागा हरि भेटिआ एकु मुरारी ॥

ਜਿਸ ਕਾ ਸਾ ਤਿਨ ਹੀ ਮੇਲਿ ਲੀਆ ਜੋਤੀ ਜੋਤਿ ਸਮਾਇਆ ॥ (780-12)
जिस का सा तिन ही मेलि लीआ जोती जोति समाइआ ॥

ਨਾਨਕ ਨਾਮੁ ਨਿਰੰਜਨ ਜਪੀਐ ਮਿਲਿ ਸਤਿਗੁਰ ਸੁਖੁ ਪਾਇਆ ॥੩॥ (780-13)
नानक नामु निरंजन जपीऐ मिलि सतिगुर सुखु पाइआ ॥३॥

ਗਾਉ ਮੰਗਲੋ ਨਿਤ ਹਰਿ ਜਨਹੁ ਪੁੰਨੀ ਇਛ ਸਬਾਈ ਰਾਮ ॥ (780-13)
गाउ मंगलो नित हरि जनहु पुंनी इछ सबाई राम ॥

ਰੰਗਿ ਰਤੇ ਅਪੁਨੇ ਸੁਆਮੀ ਸੇਤੀ ਮਰੈ ਨ ਆਵੈ ਜਾਈ ਰਾਮ ॥ (780-14)
रंगि रते अपुने सुआमी सेती मरै न आवै जाई राम ॥

ਅਬਿਨਾਸੀ ਪਾਇਆ ਨਾਮੁ ਧਿਆਇਆ ਸਗਲ ਮਨੋਰਥ ਪਾਏ ॥ (780-15)
अबिनासी पाइआ नामु धिआइआ सगल मनोरथ पाए ॥

ਸਾਂਤਿ ਸਹਜ ਆਨੰਦ ਘਨੇਰੇ ਗੁਰ ਚਰਣੀ ਮਨੁ ਲਾਏ ॥ (780-15)
सांति सहज आनंद घनेरे गुर चरणी मनु लाए ॥

ਪੂਰਿ ਰਹਿਆ ਘਟਿ ਘਟਿ ਅਬਿਨਾਸੀ ਥਾਨ ਥਨੰਤਰਿ ਸਾਈ ॥ (780-16)
पूरि रहिआ घटि घटि अबिनासी थान थनंतरि साई ॥

ਕਹੁ ਨਾਨਕ ਕਾਰਜ ਸਗਲੇ ਪੂਰੇ ਗੁਰ ਚਰਣੀ ਮਨੁ ਲਾਈ ॥੪॥੨॥੫॥ (780-16)
कहु नानक कारज सगले पूरे गुर चरणी मनु लाई ॥४॥२॥५॥

ਸੂਹੀ ਮਹਲਾ ੫ ॥ (780-17)
सूही महला ५ ॥

ਕਰਿ ਕਿਰਪਾ ਮੇਰੇ ਪ੍ਰੀਤਮ ਸੁਆਮੀ ਨੇਤ੍ਰ ਦੇਖਹਿ ਦਰਸੁ ਤੇਰਾ ਰਾਮ ॥ (780-17)
करि किरपा मेरे प्रीतम सुआमी नेत्र देखहि दरसु तेरा राम ॥

ਲਾਖ ਜਿਹਵਾ ਦੇਹੁ ਮੇਰੇ ਪਿਆਰੇ ਮੁਖੁ ਹਰਿ ਆਰਾਧੇ ਮੇਰਾ ਰਾਮ ॥ (780-18)
लाख जिहवा देहु मेरे पिआरे मुखु हरि आराधे मेरा राम ॥

ਹਰਿ ਆਰਾਧੇ ਜਮ ਪੰਥੁ ਸਾਧੇ ਦੂਖੁ ਨ ਵਿਆਪੈ ਕੋਈ ॥ (780-18)
हरि आराधे जम पंथु साधे दूखु न विआपै कोई ॥

ਜਲਿ ਥਲਿ ਮਹੀਅਲਿ ਪੂਰਨ ਸੁਆਮੀ ਜਤ ਦੇਖਾ ਤਤ ਸੋਈ ॥ (780-19)
जलि थलि महीअलि पूरन सुआमी जत देखा तत सोई ॥

ਭਰਮ ਮੋਹ ਬਿਕਾਰ ਨਾਠੇ ਪ੍ਰਭੁ ਨੇਰ ਹੂ ਤੇ ਨੇਰਾ ॥ (780-19)
भरम मोह बिकार नाठे प्रभु नेर हू ते नेरा ॥

ਨਾਨਕ ਕਉ ਪ੍ਰਭ ਕਿਰਪਾ ਕੀਜੈ ਨੇਤ੍ਰ ਦੇਖਹਿ ਦਰਸੁ ਤੇਰਾ ॥੧॥ (781-1)
नानक कउ प्रभ किरपा कीजै नेत्र देखहि दरसु तेरा ॥१॥

ਕੋਟਿ ਕਰਨ ਦੀਜਹਿ ਪ੍ਰਭ ਪ੍ਰੀਤਮ ਹਰਿ ਗੁਣ ਸੁਣੀਅਹਿ ਅਬਿਨਾਸੀ ਰਾਮ ॥ (781-1)
कोटि करन दीजहि प्रभ प्रीतम हरि गुण सुणीअहि अबिनासी राम ॥

ਸੁਣਿ ਸੁਣਿ ਇਹੁ ਮਨੁ ਨਿਰਮਲੁ ਹੋਵੈ ਕਟੀਐ ਕਾਲ ਕੀ ਫਾਸੀ ਰਾਮ ॥ (781-2)
सुणि सुणि इहु मनु निरमलु होवै कटीऐ काल की फासी राम ॥

ਕਟੀਐ ਜਮ ਫਾਸੀ ਸਿਮਰਿ ਅਬਿਨਾਸੀ ਸਗਲ ਮੰਗਲ ਸੁਗਿਆਨਾ ॥ (781-3)
कटीऐ जम फासी सिमरि अबिनासी सगल मंगल सुगिआना ॥

ਹਰਿ ਹਰਿ ਜਪੁ ਜਪੀਐ ਦਿਨੁ ਰਾਤੀ ਲਾਗੈ ਸਹਜਿ ਧਿਆਨਾ ॥ (781-3)
हरि हरि जपु जपीऐ दिनु राती लागै सहजि धिआना ॥

ਕਲਮਲ ਦੁਖ ਜਾਰੇ ਪ੍ਰਭੂ ਚਿਤਾਰੇ ਮਨ ਕੀ ਦੁਰਮਤਿ ਨਾਸੀ ॥ (781-4)
कलमल दुख जारे प्रभू चितारे मन की दुरमति नासी ॥

ਕਹੁ ਨਾਨਕ ਪ੍ਰਭ ਕਿਰਪਾ ਕੀਜੈ ਹਰਿ ਗੁਣ ਸੁਣੀਅਹਿ ਅਵਿਨਾਸੀ ॥੨॥ (781-4)
कहु नानक प्रभ किरपा कीजै हरि गुण सुणीअहि अविनासी ॥२॥

ਕਰੋੜਿ ਹਸਤ ਤੇਰੀ ਟਹਲ ਕਮਾਵਹਿ ਚਰਣ ਚਲਹਿ ਪ੍ਰਭ ਮਾਰਗਿ ਰਾਮ ॥ (781-5)
करोड़ि हसत तेरी टहल कमावहि चरण चलहि प्रभ मारगि राम ॥

ਭਵ ਸਾਗਰ ਨਾਵ ਹਰਿ ਸੇਵਾ ਜੋ ਚੜੈ ਤਿਸੁ ਤਾਰਗਿ ਰਾਮ ॥ (781-6)
भव सागर नाव हरि सेवा जो चड़ै तिसु तारगि राम ॥

ਭਵਜਲੁ ਤਰਿਆ ਹਰਿ ਹਰਿ ਸਿਮਰਿਆ ਸਗਲ ਮਨੋਰਥ ਪੂਰੇ ॥ (781-6)
भवजलु तरिआ हरि हरि सिमरिआ सगल मनोरथ पूरे ॥

ਮਹਾ ਬਿਕਾਰ ਗਏ ਸੁਖ ਉਪਜੇ ਬਾਜੇ ਅਨਹਦ ਤੂਰੇ ॥ (781-7)
महा बिकार गए सुख उपजे बाजे अनहद तूरे ॥

ਮਨ ਬਾਂਛਤ ਫਲ ਪਾਏ ਸਗਲੇ ਕੁਦਰਤਿ ਕੀਮ ਅਪਾਰਗਿ ॥ (781-7)
मन बांछत फल पाए सगले कुदरति कीम अपारगि ॥

ਕਹੁ ਨਾਨਕ ਪ੍ਰਭ ਕਿਰਪਾ ਕੀਜੈ ਮਨੁ ਸਦਾ ਚਲੈ ਤੇਰੈ ਮਾਰਗਿ ॥੩॥ (781-8)
कहु नानक प्रभ किरपा कीजै मनु सदा चलै तेरै मारगि ॥३॥

ਏਹੋ ਵਰੁ ਏਹਾ ਵਡਿਆਈ ਇਹੁ ਧਨੁ ਹੋਇ ਵਡਭਾਗਾ ਰਾਮ ॥ (781-8)
एहो वरु एहा वडिआई इहु धनु होइ वडभागा राम ॥

ਏਹੋ ਰੰਗੁ ਏਹੋ ਰਸ ਭੋਗਾ ਹਰਿ ਚਰਣੀ ਮਨੁ ਲਾਗਾ ਰਾਮ ॥ (781-9)
एहो रंगु एहो रस भोगा हरि चरणी मनु लागा राम ॥

ਮਨੁ ਲਾਗਾ ਚਰਣੇ ਪ੍ਰਭ ਕੀ ਸਰਣੇ ਕਰਣ ਕਾਰਣ ਗੋਪਾਲਾ ॥ (781-9)
मनु लागा चरणे प्रभ की सरणे करण कारण गोपाला ॥

ਸਭੁ ਕਿਛੁ ਤੇਰਾ ਤੂ ਪ੍ਰਭੁ ਮੇਰਾ ਮੇਰੇ ਠਾਕੁਰ ਦੀਨ ਦਇਆਲਾ ॥ (781-10)
सभु किछु तेरा तू प्रभु मेरा मेरे ठाकुर दीन दइआला ॥

ਮੋਹਿ ਨਿਰਗੁਣ ਪ੍ਰੀਤਮ ਸੁਖ ਸਾਗਰ ਸੰਤਸੰਗਿ ਮਨੁ ਜਾਗਾ ॥ (781-10)
मोहि निरगुण प्रीतम सुख सागर संतसंगि मनु जागा ॥

ਕਹੁ ਨਾਨਕ ਪ੍ਰਭਿ ਕਿਰਪਾ ਕੀਨ੍ਹ੍ਹੀ ਚਰਣ ਕਮਲ ਮਨੁ ਲਾਗਾ ॥੪॥੩॥੬॥ (781-11)
कहु नानक प्रभि किरपा कीन्ही चरण कमल मनु लागा ॥४॥३॥६॥

ਸੂਹੀ ਮਹਲਾ ੫ ॥ (781-12)
सूही महला ५ ॥

ਹਰਿ ਜਪੇ ਹਰਿ ਮੰਦਰੁ ਸਾਜਿਆ ਸੰਤ ਭਗਤ ਗੁਣ ਗਾਵਹਿ ਰਾਮ ॥ (781-12)
हरि जपे हरि मंदरु साजिआ संत भगत गुण गावहि राम ॥

ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਸਗਲੇ ਪਾਪ ਤਜਾਵਹਿ ਰਾਮ ॥ (781-12)
सिमरि सिमरि सुआमी प्रभु अपना सगले पाप तजावहि राम ॥

ਹਰਿ ਗੁਣ ਗਾਇ ਪਰਮ ਪਦੁ ਪਾਇਆ ਪ੍ਰਭ ਕੀ ਊਤਮ ਬਾਣੀ ॥ (781-13)
हरि गुण गाइ परम पदु पाइआ प्रभ की ऊतम बाणी ॥

ਸਹਜ ਕਥਾ ਪ੍ਰਭ ਕੀ ਅਤਿ ਮੀਠੀ ਕਥੀ ਅਕਥ ਕਹਾਣੀ ॥ (781-14)
सहज कथा प्रभ की अति मीठी कथी अकथ कहाणी ॥

ਭਲਾ ਸੰਜੋਗੁ ਮੂਰਤੁ ਪਲੁ ਸਾਚਾ ਅਬਿਚਲ ਨੀਵ ਰਖਾਈ ॥ (781-14)
भला संजोगु मूरतु पलु साचा अबिचल नीव रखाई ॥

ਜਨ ਨਾਨਕ ਪ੍ਰਭ ਭਏ ਦਇਆਲਾ ਸਰਬ ਕਲਾ ਬਣਿ ਆਈ ॥੧॥ (781-15)
जन नानक प्रभ भए दइआला सरब कला बणि आई ॥१॥

ਆਨੰਦਾ ਵਜਹਿ ਨਿਤ ਵਾਜੇ ਪਾਰਬ੍ਰਹਮੁ ਮਨਿ ਵੂਠਾ ਰਾਮ ॥ (781-15)
आनंदा वजहि नित वाजे पारब्रहमु मनि वूठा राम ॥

ਗੁਰਮੁਖੇ ਸਚੁ ਕਰਣੀ ਸਾਰੀ ਬਿਨਸੇ ਭ੍ਰਮ ਭੈ ਝੂਠਾ ਰਾਮ ॥ (781-16)
गुरमुखे सचु करणी सारी बिनसे भ्रम भै झूठा राम ॥

ਅਨਹਦ ਬਾਣੀ ਗੁਰਮੁਖਿ ਵਖਾਣੀ ਜਸੁ ਸੁਣਿ ਸੁਣਿ ਮਨੁ ਤਨੁ ਹਰਿਆ ॥ (781-16)
अनहद बाणी गुरमुखि वखाणी जसु सुणि सुणि मनु तनु हरिआ ॥

ਸਰਬ ਸੁਖਾ ਤਿਸ ਹੀ ਬਣਿ ਆਏ ਜੋ ਪ੍ਰਭਿ ਅਪਨਾ ਕਰਿਆ ॥ (781-17)
सरब सुखा तिस ही बणि आए जो प्रभि अपना करिआ ॥

ਘਰ ਮਹਿ ਨਵ ਨਿਧਿ ਭਰੇ ਭੰਡਾਰਾ ਰਾਮ ਨਾਮਿ ਰੰਗੁ ਲਾਗਾ ॥ (781-17)
घर महि नव निधि भरे भंडारा राम नामि रंगु लागा ॥

ਨਾਨਕ ਜਨ ਪ੍ਰਭੁ ਕਦੇ ਨ ਵਿਸਰੈ ਪੂਰਨ ਜਾ ਕੇ ਭਾਗਾ ॥੨॥ (781-18)
नानक जन प्रभु कदे न विसरै पूरन जा के भागा ॥२॥

ਛਾਇਆ ਪ੍ਰਭਿ ਛਤ੍ਰਪਤਿ ਕੀਨ੍ਹੀ ਸਗਲੀ ਤਪਤਿ ਬਿਨਾਸੀ ਰਾਮ ॥ (781-18)
छाइआ प्रभि छत्रपति कीन्ही सगली तपति बिनासी राम ॥

ਦੂਖ ਪਾਪ ਕਾ ਡੇਰਾ ਢਾਠਾ ਕਾਰਜੁ ਆਇਆ ਰਾਸੀ ਰਾਮ ॥ (781-19)
दूख पाप का डेरा ढाठा कारजु आइआ रासी राम ॥

ਹਰਿ ਪ੍ਰਭਿ ਫੁਰਮਾਇਆ ਮਿਟੀ ਬਲਾਇਆ ਸਾਚੁ ਧਰਮੁ ਪੁੰਨੁ ਫਲਿਆ ॥ (781-19)
हरि प्रभि फुरमाइआ मिटी बलाइआ साचु धरमु पुंनु फलिआ ॥

ਸੋ ਪ੍ਰਭੁ ਅਪੁਨਾ ਸਦਾ ਧਿਆਈਐ ਸੋਵਤ ਬੈਸਤ ਖਲਿਆ ॥ (782-1)
सो प्रभु अपुना सदा धिआईऐ सोवत बैसत खलिआ ॥

ਗੁਣ ਨਿਧਾਨ ਸੁਖ ਸਾਗਰ ਸੁਆਮੀ ਜਲਿ ਥਲਿ ਮਹੀਅਲਿ ਸੋਈ ॥ (782-2)
गुण निधान सुख सागर सुआमी जलि थलि महीअलि सोई ॥

ਜਨ ਨਾਨਕ ਪ੍ਰਭ ਕੀ ਸਰਣਾਈ ਤਿਸੁ ਬਿਨੁ ਅਵਰੁ ਨ ਕੋਈ ॥੩॥ (782-2)
जन नानक प्रभ की सरणाई तिसु बिनु अवरु न कोई ॥३॥

ਮੇਰਾ ਘਰੁ ਬਨਿਆ ਬਨੁ ਤਾਲੁ ਬਨਿਆ ਪ੍ਰਭ ਪਰਸੇ ਹਰਿ ਰਾਇਆ ਰਾਮ ॥ (782-3)
मेरा घरु बनिआ बनु तालु बनिआ प्रभ परसे हरि राइआ राम ॥

ਮੇਰਾ ਮਨੁ ਸੋਹਿਆ ਮੀਤ ਸਾਜਨ ਸਰਸੇ ਗੁਣ ਮੰਗਲ ਹਰਿ ਗਾਇਆ ਰਾਮ ॥ (782-3)
मेरा मनु सोहिआ मीत साजन सरसे गुण मंगल हरि गाइआ राम ॥

ਗੁਣ ਗਾਇ ਪ੍ਰਭੂ ਧਿਆਇ ਸਾਚਾ ਸਗਲ ਇਛਾ ਪਾਈਆ ॥ (782-4)
गुण गाइ प्रभू धिआइ साचा सगल इछा पाईआ ॥

ਗੁਰ ਚਰਣ ਲਾਗੇ ਸਦਾ ਜਾਗੇ ਮਨਿ ਵਜੀਆ ਵਾਧਾਈਆ ॥ (782-5)
गुर चरण लागे सदा जागे मनि वजीआ वाधाईआ ॥

ਕਰੀ ਨਦਰਿ ਸੁਆਮੀ ਸੁਖਹ ਗਾਮੀ ਹਲਤੁ ਪਲਤੁ ਸਵਾਰਿਆ ॥ (782-5)
करी नदरि सुआमी सुखह गामी हलतु पलतु सवारिआ ॥

ਬਿਨਵੰਤਿ ਨਾਨਕ ਨਿਤ ਨਾਮੁ ਜਪੀਐ ਜੀਉ ਪਿੰਡੁ ਜਿਨਿ ਧਾਰਿਆ ॥੪॥੪॥੭॥ (782-6)
बिनवंति नानक नित नामु जपीऐ जीउ पिंडु जिनि धारिआ ॥४॥४॥७॥

ਸੂਹੀ ਮਹਲਾ ੫ ॥ (782-7)
सूही महला ५ ॥

ਭੈ ਸਾਗਰੋ ਭੈ ਸਾਗਰੁ ਤਰਿਆ ਹਰਿ ਹਰਿ ਨਾਮੁ ਧਿਆਏ ਰਾਮ ॥ (782-7)
भै सागरो भै सागरु तरिआ हरि हरि नामु धिआए राम ॥

ਬੋਹਿਥੜਾ ਹਰਿ ਚਰਣ ਅਰਾਧੇ ਮਿਲਿ ਸਤਿਗੁਰ ਪਾਰਿ ਲਘਾਏ ਰਾਮ ॥ (782-7)
बोहिथड़ा हरि चरण अराधे मिलि सतिगुर पारि लघाए राम ॥

ਗੁਰ ਸਬਦੀ ਤਰੀਐ ਬਹੁੜਿ ਨ ਮਰੀਐ ਚੂਕੈ ਆਵਣ ਜਾਣਾ ॥ (782-8)
गुर सबदी तरीऐ बहुड़ि न मरीऐ चूकै आवण जाणा ॥

ਜੋ ਕਿਛੁ ਕਰੈ ਸੋਈ ਭਲ ਮਾਨਉ ਤਾ ਮਨੁ ਸਹਜਿ ਸਮਾਣਾ ॥ (782-8)
जो किछु करै सोई भल मानउ ता मनु सहजि समाणा ॥

ਦੂਖ ਨ ਭੂਖ ਨ ਰੋਗੁ ਨ ਬਿਆਪੈ ਸੁਖ ਸਾਗਰ ਸਰਣੀ ਪਾਏ ॥ (782-9)
दूख न भूख न रोगु न बिआपै सुख सागर सरणी पाए ॥

ਹਰਿ ਸਿਮਰਿ ਸਿਮਰਿ ਨਾਨਕ ਰੰਗਿ ਰਾਤਾ ਮਨ ਕੀ ਚਿੰਤ ਮਿਟਾਏ ॥੧॥ (782-10)
हरि सिमरि सिमरि नानक रंगि राता मन की चिंत मिटाए ॥१॥

ਸੰਤ ਜਨਾ ਹਰਿ ਮੰਤ੍ਰੁ ਦ੍ਰਿੜਾਇਆ ਹਰਿ ਸਾਜਨ ਵਸਗਤਿ ਕੀਨੇ ਰਾਮ ॥ (782-10)
संत जना हरि मंत्रु द्रिड़ाइआ हरि साजन वसगति कीने राम ॥

ਆਪਨੜਾ ਮਨੁ ਆਗੈ ਧਰਿਆ ਸਰਬਸੁ ਠਾਕੁਰਿ ਦੀਨੇ ਰਾਮ ॥ (782-11)
आपनड़ा मनु आगै धरिआ सरबसु ठाकुरि दीने राम ॥

ਕਰਿ ਅਪੁਨੀ ਦਾਸੀ ਮਿਟੀ ਉਦਾਸੀ ਹਰਿ ਮੰਦਰਿ ਥਿਤਿ ਪਾਈ ॥ (782-11)
करि अपुनी दासी मिटी उदासी हरि मंदरि थिति पाई ॥

ਅਨਦ ਬਿਨੋਦ ਸਿਮਰਹੁ ਪ੍ਰਭੁ ਸਾਚਾ ਵਿਛੁੜਿ ਕਬਹੂ ਨ ਜਾਈ ॥ (782-12)
अनद बिनोद सिमरहु प्रभु साचा विछुड़ि कबहू न जाई ॥

ਸਾ ਵਡਭਾਗਣਿ ਸਦਾ ਸੋਹਾਗਣਿ ਰਾਮ ਨਾਮ ਗੁਣ ਚੀਨ੍ਹੇ ॥ (782-12)
सा वडभागणि सदा सोहागणि राम नाम गुण चीन्हे ॥

ਕਹੁ ਨਾਨਕ ਰਵਹਿ ਰੰਗਿ ਰਾਤੇ ਪ੍ਰੇਮ ਮਹਾ ਰਸਿ ਭੀਨੇ ॥੨॥ (782-13)
कहु नानक रवहि रंगि राते प्रेम महा रसि भीने ॥२॥

ਅਨਦ ਬਿਨੋਦ ਭਏ ਨਿਤ ਸਖੀਏ ਮੰਗਲ ਸਦਾ ਹਮਾਰੈ ਰਾਮ ॥ (782-14)
अनद बिनोद भए नित सखीए मंगल सदा हमारै राम ॥

ਆਪਨੜੈ ਪ੍ਰਭਿ ਆਪਿ ਸੀਗਾਰੀ ਸੋਭਾਵੰਤੀ ਨਾਰੇ ਰਾਮ ॥ (782-14)
आपनड़ै प्रभि आपि सीगारी सोभावंती नारे राम ॥

ਸਹਜ ਸੁਭਾਇ ਭਏ ਕਿਰਪਾਲਾ ਗੁਣ ਅਵਗਣ ਨ ਬੀਚਾਰਿਆ ॥ (782-15)
सहज सुभाइ भए किरपाला गुण अवगण न बीचारिआ ॥

ਕੰਠਿ ਲਗਾਇ ਲੀਏ ਜਨ ਅਪੁਨੇ ਰਾਮ ਨਾਮ ਉਰਿ ਧਾਰਿਆ ॥ (782-15)
कंठि लगाइ लीए जन अपुने राम नाम उरि धारिआ ॥

ਮਾਨ ਮੋਹ ਮਦ ਸਗਲ ਬਿਆਪੀ ਕਰਿ ਕਿਰਪਾ ਆਪਿ ਨਿਵਾਰੇ ॥ (782-16)
मान मोह मद सगल बिआपी करि किरपा आपि निवारे ॥

ਕਹੁ ਨਾਨਕ ਭੈ ਸਾਗਰੁ ਤਰਿਆ ਪੂਰਨ ਕਾਜ ਹਮਾਰੇ ॥੩॥ (782-16)
कहु नानक भै सागरु तरिआ पूरन काज हमारे ॥३॥

ਗੁਣ ਗੋਪਾਲ ਗਾਵਹੁ ਨਿਤ ਸਖੀਹੋ ਸਗਲ ਮਨੋਰਥ ਪਾਏ ਰਾਮ ॥ (782-17)
गुण गोपाल गावहु नित सखीहो सगल मनोरथ पाए राम ॥

ਸਫਲ ਜਨਮੁ ਹੋਆ ਮਿਲਿ ਸਾਧੂ ਏਕੰਕਾਰੁ ਧਿਆਏ ਰਾਮ ॥ (782-17)
सफल जनमु होआ मिलि साधू एकंकारु धिआए राम ॥

ਜਪਿ ਏਕ ਪ੍ਰਭੂ ਅਨੇਕ ਰਵਿਆ ਸਰਬ ਮੰਡਲਿ ਛਾਇਆ ॥ (782-18)
जपि एक प्रभू अनेक रविआ सरब मंडलि छाइआ ॥

ਬ੍ਰਹਮੋ ਪਸਾਰਾ ਬ੍ਰਹਮੁ ਪਸਰਿਆ ਸਭੁ ਬ੍ਰਹਮੁ ਦ੍ਰਿਸਟੀ ਆਇਆ ॥ (782-18)
ब्रहमो पसारा ब्रहमु पसरिआ सभु ब्रहमु द्रिसटी आइआ ॥

ਜਲਿ ਥਲਿ ਮਹੀਅਲਿ ਪੂਰਿ ਪੂਰਨ ਤਿਸੁ ਬਿਨਾ ਨਹੀ ਜਾਏ ॥ (782-19)
जलि थलि महीअलि पूरि पूरन तिसु बिना नही जाए ॥

ਪੇਖਿ ਦਰਸਨੁ ਨਾਨਕ ਬਿਗਸੇ ਆਪਿ ਲਏ ਮਿਲਾਏ ॥੪॥੫॥੮॥ (783-1)
पेखि दरसनु नानक बिगसे आपि लए मिलाए ॥४॥५॥८॥

ਸੂਹੀ ਮਹਲਾ ੫ ॥ (783-1)
सूही महला ५ ॥

ਅਬਿਚਲ ਨਗਰੁ ਗੋਬਿੰਦ ਗੁਰੂ ਕਾ ਨਾਮੁ ਜਪਤ ਸੁਖੁ ਪਾਇਆ ਰਾਮ ॥ (783-1)
अबिचल नगरु गोबिंद गुरू का नामु जपत सुखु पाइआ राम ॥

ਮਨ ਇਛੇ ਸੇਈ ਫਲ ਪਾਏ ਕਰਤੈ ਆਪਿ ਵਸਾਇਆ ਰਾਮ ॥ (783-2)
मन इछे सेई फल पाए करतै आपि वसाइआ राम ॥

ਕਰਤੈ ਆਪਿ ਵਸਾਇਆ ਸਰਬ ਸੁਖ ਪਾਇਆ ਪੁਤ ਭਾਈ ਸਿਖ ਬਿਗਾਸੇ ॥ (783-3)
करतै आपि वसाइआ सरब सुख पाइआ पुत भाई सिख बिगासे ॥

ਗੁਣ ਗਾਵਹਿ ਪੂਰਨ ਪਰਮੇਸੁਰ ਕਾਰਜੁ ਆਇਆ ਰਾਸੇ ॥ (783-3)
गुण गावहि पूरन परमेसुर कारजु आइआ रासे ॥

ਪ੍ਰਭੁ ਆਪਿ ਸੁਆਮੀ ਆਪੇ ਰਖਾ ਆਪਿ ਪਿਤਾ ਆਪਿ ਮਾਇਆ ॥ (783-4)
प्रभु आपि सुआमी आपे रखा आपि पिता आपि माइआ ॥

ਕਹੁ ਨਾਨਕ ਸਤਿਗੁਰ ਬਲਿਹਾਰੀ ਜਿਨਿ ਏਹੁ ਥਾਨੁ ਸੁਹਾਇਆ ॥੧॥ (783-4)
कहु नानक सतिगुर बलिहारी जिनि एहु थानु सुहाइआ ॥१॥

ਘਰ ਮੰਦਰ ਹਟਨਾਲੇ ਸੋਹੇ ਜਿਸੁ ਵਿਚਿ ਨਾਮੁ ਨਿਵਾਸੀ ਰਾਮ ॥ (783-5)
घर मंदर हटनाले सोहे जिसु विचि नामु निवासी राम ॥

ਸੰਤ ਭਗਤ ਹਰਿ ਨਾਮੁ ਅਰਾਧਹਿ ਕਟੀਐ ਜਮ ਕੀ ਫਾਸੀ ਰਾਮ ॥ (783-5)
संत भगत हरि नामु अराधहि कटीऐ जम की फासी राम ॥

ਕਾਟੀ ਜਮ ਫਾਸੀ ਪ੍ਰਭਿ ਅਬਿਨਾਸੀ ਹਰਿ ਹਰਿ ਨਾਮੁ ਧਿਆਏ ॥ (783-6)
काटी जम फासी प्रभि अबिनासी हरि हरि नामु धिआए ॥

ਸਗਲ ਸਮਗ੍ਰੀ ਪੂਰਨ ਹੋਈ ਮਨ ਇਛੇ ਫਲ ਪਾਏ ॥ (783-7)
सगल समग्री पूरन होई मन इछे फल पाए ॥

ਸੰਤ ਸਜਨ ਸੁਖਿ ਮਾਣਹਿ ਰਲੀਆ ਦੂਖ ਦਰਦ ਭ੍ਰਮ ਨਾਸੀ ॥ (783-7)
संत सजन सुखि माणहि रलीआ दूख दरद भ्रम नासी ॥

ਸਬਦਿ ਸਵਾਰੇ ਸਤਿਗੁਰਿ ਪੂਰੈ ਨਾਨਕ ਸਦ ਬਲਿ ਜਾਸੀ ॥੨॥ (783-8)
सबदि सवारे सतिगुरि पूरै नानक सद बलि जासी ॥२॥

ਦਾਤਿ ਖਸਮ ਕੀ ਪੂਰੀ ਹੋਈ ਨਿਤ ਨਿਤ ਚੜੈ ਸਵਾਈ ਰਾਮ ॥ (783-8)
दाति खसम की पूरी होई नित नित चड़ै सवाई राम ॥

ਪਾਰਬ੍ਰਹਮਿ ਖਸਮਾਨਾ ਕੀਆ ਜਿਸ ਦੀ ਵਡੀ ਵਡਿਆਈ ਰਾਮ ॥ (783-9)
पारब्रहमि खसमाना कीआ जिस दी वडी वडिआई राम ॥

ਆਦਿ ਜੁਗਾਦਿ ਭਗਤਨ ਕਾ ਰਾਖਾ ਸੋ ਪ੍ਰਭੁ ਭਇਆ ਦਇਆਲਾ ॥ (783-9)
आदि जुगादि भगतन का राखा सो प्रभु भइआ दइआला ॥

ਜੀਅ ਜੰਤ ਸਭਿ ਸੁਖੀ ਵਸਾਏ ਪ੍ਰਭਿ ਆਪੇ ਕਰਿ ਪ੍ਰਤਿਪਾਲਾ ॥ (783-10)
जीअ जंत सभि सुखी वसाए प्रभि आपे करि प्रतिपाला ॥

ਦਹ ਦਿਸ ਪੂਰਿ ਰਹਿਆ ਜਸੁ ਸੁਆਮੀ ਕੀਮਤਿ ਕਹਣੁ ਨ ਜਾਈ ॥ (783-11)
दह दिस पूरि रहिआ जसु सुआमी कीमति कहणु न जाई ॥

ਕਹੁ ਨਾਨਕ ਸਤਿਗੁਰ ਬਲਿਹਾਰੀ ਜਿਨਿ ਅਬਿਚਲ ਨੀਵ ਰਖਾਈ ॥੩॥ (783-11)
कहु नानक सतिगुर बलिहारी जिनि अबिचल नीव रखाई ॥३॥

ਗਿਆਨ ਧਿਆਨ ਪੂਰਨ ਪਰਮੇਸੁਰ ਹਰਿ ਹਰਿ ਕਥਾ ਨਿਤ ਸੁਣੀਐ ਰਾਮ ॥ (783-12)
गिआन धिआन पूरन परमेसुर हरि हरि कथा नित सुणीऐ राम ॥

ਅਨਹਦ ਚੋਜ ਭਗਤ ਭਵ ਭੰਜਨ ਅਨਹਦ ਵਾਜੇ ਧੁਨੀਐ ਰਾਮ ॥ (783-12)
अनहद चोज भगत भव भंजन अनहद वाजे धुनीऐ राम ॥

ਅਨਹਦ ਝੁਣਕਾਰੇ ਤਤੁ ਬੀਚਾਰੇ ਸੰਤ ਗੋਸਟਿ ਨਿਤ ਹੋਵੈ ॥ (783-13)
अनहद झुणकारे ततु बीचारे संत गोसटि नित होवै ॥

ਹਰਿ ਨਾਮੁ ਅਰਾਧਹਿ ਮੈਲੁ ਸਭ ਕਾਟਹਿ ਕਿਲਵਿਖ ਸਗਲੇ ਖੋਵੈ ॥ (783-14)
हरि नामु अराधहि मैलु सभ काटहि किलविख सगले खोवै ॥

ਤਹ ਜਨਮ ਨ ਮਰਣਾ ਆਵਣ ਜਾਣਾ ਬਹੁੜਿ ਨ ਪਾਈਐ ਜੋੁਨੀਐ ॥ (783-14)
तह जनम न मरणा आवण जाणा बहुड़ि न पाईऐ जुोनीऐ ॥

ਨਾਨਕ ਗੁਰੁ ਪਰਮੇਸਰੁ ਪਾਇਆ ਜਿਸੁ ਪ੍ਰਸਾਦਿ ਇਛ ਪੁਨੀਐ ॥੪॥੬॥੯॥ (783-15)
नानक गुरु परमेसरु पाइआ जिसु प्रसादि इछ पुनीऐ ॥४॥६॥९॥

ਸੂਹੀ ਮਹਲਾ ੫ ॥ (783-15)
सूही महला ५ ॥

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥ (783-16)
संता के कारजि आपि खलोइआ हरि कंमु करावणि आइआ राम ॥

ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥ (783-16)
धरति सुहावी तालु सुहावा विचि अमृत जलु छाइआ राम ॥

ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥ (783-17)
अमृत जलु छाइआ पूरन साजु कराइआ सगल मनोरथ पूरे ॥

ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥ (783-17)
जै जै कारु भइआ जग अंतरि लाथे सगल विसूरे ॥

ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ ॥ (783-18)
पूरन पुरख अचुत अबिनासी जसु वेद पुराणी गाइआ ॥

ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥੧॥ (783-19)
अपना बिरदु रखिआ परमेसरि नानक नामु धिआइआ ॥१॥

ਨਵ ਨਿਧਿ ਸਿਧਿ ਰਿਧਿ ਦੀਨੇ ਕਰਤੇ ਤੋਟਿ ਨ ਆਵੈ ਕਾਈ ਰਾਮ ॥ (783-19)
नव निधि सिधि रिधि दीने करते तोटि न आवै काई राम ॥

ਖਾਤ ਖਰਚਤ ਬਿਲਛਤ ਸੁਖੁ ਪਾਇਆ ਕਰਤੇ ਕੀ ਦਾਤਿ ਸਵਾਈ ਰਾਮ ॥ (784-1)
खात खरचत बिलछत सुखु पाइआ करते की दाति सवाई राम ॥

ਦਾਤਿ ਸਵਾਈ ਨਿਖੁਟਿ ਨ ਜਾਈ ਅੰਤਰਜਾਮੀ ਪਾਇਆ ॥ (784-1)
दाति सवाई निखुटि न जाई अंतरजामी पाइआ ॥

ਕੋਟਿ ਬਿਘਨ ਸਗਲੇ ਉਠਿ ਨਾਠੇ ਦੂਖੁ ਨ ਨੇੜੈ ਆਇਆ ॥ (784-2)
कोटि बिघन सगले उठि नाठे दूखु न नेड़ै आइआ ॥

ਸਾਂਤਿ ਸਹਜ ਆਨੰਦ ਘਨੇਰੇ ਬਿਨਸੀ ਭੂਖ ਸਬਾਈ ॥ (784-2)
सांति सहज आनंद घनेरे बिनसी भूख सबाई ॥

ਨਾਨਕ ਗੁਣ ਗਾਵਹਿ ਸੁਆਮੀ ਕੇ ਅਚਰਜੁ ਜਿਸੁ ਵਡਿਆਈ ਰਾਮ ॥੨॥ (784-3)
नानक गुण गावहि सुआमी के अचरजु जिसु वडिआई राम ॥२॥

ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ ॥ (784-4)
जिस का कारजु तिन ही कीआ माणसु किआ वेचारा राम ॥

ਭਗਤ ਸੋਹਨਿ ਹਰਿ ਕੇ ਗੁਣ ਗਾਵਹਿ ਸਦਾ ਕਰਹਿ ਜੈਕਾਰਾ ਰਾਮ ॥ (784-4)
भगत सोहनि हरि के गुण गावहि सदा करहि जैकारा राम ॥

ਗੁਣ ਗਾਇ ਗੋਬਿੰਦ ਅਨਦ ਉਪਜੇ ਸਾਧਸੰਗਤਿ ਸੰਗਿ ਬਨੀ ॥ (784-5)
गुण गाइ गोबिंद अनद उपजे साधसंगति संगि बनी ॥

ਜਿਨਿ ਉਦਮੁ ਕੀਆ ਤਾਲ ਕੇਰਾ ਤਿਸ ਕੀ ਉਪਮਾ ਕਿਆ ਗਨੀ ॥ (784-5)
जिनि उदमु कीआ ताल केरा तिस की उपमा किआ गनी ॥

ਅਠਸਠਿ ਤੀਰਥ ਪੁੰਨ ਕਿਰਿਆ ਮਹਾ ਨਿਰਮਲ ਚਾਰਾ ॥ (784-6)
अठसठि तीरथ पुंन किरिआ महा निरमल चारा ॥

ਪਤਿਤ ਪਾਵਨੁ ਬਿਰਦੁ ਸੁਆਮੀ ਨਾਨਕ ਸਬਦ ਅਧਾਰਾ ॥੩॥ (784-6)
पतित पावनु बिरदु सुआमी नानक सबद अधारा ॥३॥

ਗੁਣ ਨਿਧਾਨ ਮੇਰਾ ਪ੍ਰਭੁ ਕਰਤਾ ਉਸਤਤਿ ਕਉਨੁ ਕਰੀਜੈ ਰਾਮ ॥ (784-7)
गुण निधान मेरा प्रभु करता उसतति कउनु करीजै राम ॥

ਸੰਤਾ ਕੀ ਬੇਨੰਤੀ ਸੁਆਮੀ ਨਾਮੁ ਮਹਾ ਰਸੁ ਦੀਜੈ ਰਾਮ ॥ (784-8)
संता की बेनंती सुआमी नामु महा रसु दीजै राम ॥

ਨਾਮੁ ਦੀਜੈ ਦਾਨੁ ਕੀਜੈ ਬਿਸਰੁ ਨਾਹੀ ਇਕ ਖਿਨੋ ॥ (784-8)
नामु दीजै दानु कीजै बिसरु नाही इक खिनो ॥

ਗੁਣ ਗੋਪਾਲ ਉਚਰੁ ਰਸਨਾ ਸਦਾ ਗਾਈਐ ਅਨਦਿਨੋ ॥ (784-9)
गुण गोपाल उचरु रसना सदा गाईऐ अनदिनो ॥

ਜਿਸੁ ਪ੍ਰੀਤਿ ਲਾਗੀ ਨਾਮ ਸੇਤੀ ਮਨੁ ਤਨੁ ਅੰਮ੍ਰਿਤ ਭੀਜੈ ॥ (784-9)
जिसु प्रीति लागी नाम सेती मनु तनु अमृत भीजै ॥

ਬਿਨਵੰਤਿ ਨਾਨਕ ਇਛ ਪੁੰਨੀ ਪੇਖਿ ਦਰਸਨੁ ਜੀਜੈ ॥੪॥੭॥੧੦॥ (784-10)
बिनवंति नानक इछ पुंनी पेखि दरसनु जीजै ॥४॥७॥१०॥

ਰਾਗੁ ਸੂਹੀ ਮਹਲਾ ੫ ਛੰਤ (784-11)
रागु सूही महला ५ छंत

ੴ ਸਤਿਗੁਰ ਪ੍ਰਸਾਦਿ ॥ (784-11)
ੴ सतिगुर प्रसादि ॥

ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ॥ (784-12)
मिठ बोलड़ा जी हरि सजणु सुआमी मोरा ॥

ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ ॥ (784-12)
हउ संमलि थकी जी ओहु कदे न बोलै कउरा ॥

ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣੁ ਕੋ ਨ ਚਿਤਾਰੇ ॥ (784-12)
कउड़ा बोलि न जानै पूरन भगवानै अउगणु को न चितारे ॥

ਪਤਿਤ ਪਾਵਨੁ ਹਰਿ ਬਿਰਦੁ ਸਦਾਏ ਇਕੁ ਤਿਲੁ ਨਹੀ ਭੰਨੈ ਘਾਲੇ ॥ (784-13)
पतित पावनु हरि बिरदु सदाए इकु तिलु नही भंनै घाले ॥

ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ ॥ (784-14)
घट घट वासी सरब निवासी नेरै ही ते नेरा ॥

ਨਾਨਕ ਦਾਸੁ ਸਦਾ ਸਰਣਾਗਤਿ ਹਰਿ ਅੰਮ੍ਰਿਤ ਸਜਣੁ ਮੇਰਾ ॥੧॥ (784-14)
नानक दासु सदा सरणागति हरि अमृत सजणु मेरा ॥१॥

ਹਉ ਬਿਸਮੁ ਭਈ ਜੀ ਹਰਿ ਦਰਸਨੁ ਦੇਖਿ ਅਪਾਰਾ ॥ (784-15)
हउ बिसमु भई जी हरि दरसनु देखि अपारा ॥

ਮੇਰਾ ਸੁੰਦਰੁ ਸੁਆਮੀ ਜੀ ਹਉ ਚਰਨ ਕਮਲ ਪਗ ਛਾਰਾ ॥ (784-15)
मेरा सुंदरु सुआमी जी हउ चरन कमल पग छारा ॥

ਪ੍ਰਭ ਪੇਖਤ ਜੀਵਾ ਠੰਢੀ ਥੀਵਾ ਤਿਸੁ ਜੇਵਡੁ ਅਵਰੁ ਨ ਕੋਈ ॥ (784-16)
प्रभ पेखत जीवा ठंढी थीवा तिसु जेवडु अवरु न कोई ॥

ਆਦਿ ਅੰਤਿ ਮਧਿ ਪ੍ਰਭੁ ਰਵਿਆ ਜਲਿ ਥਲਿ ਮਹੀਅਲਿ ਸੋਈ ॥ (784-16)
आदि अंति मधि प्रभु रविआ जलि थलि महीअलि सोई ॥

ਚਰਨ ਕਮਲ ਜਪਿ ਸਾਗਰੁ ਤਰਿਆ ਭਵਜਲ ਉਤਰੇ ਪਾਰਾ ॥ (784-17)
चरन कमल जपि सागरु तरिआ भवजल उतरे पारा ॥

ਨਾਨਕ ਸਰਣਿ ਪੂਰਨ ਪਰਮੇਸੁਰ ਤੇਰਾ ਅੰਤੁ ਨ ਪਾਰਾਵਾਰਾ ॥੨॥ (784-17)
नानक सरणि पूरन परमेसुर तेरा अंतु न पारावारा ॥२॥

ਹਉ ਨਿਮਖ ਨ ਛੋਡਾ ਜੀ ਹਰਿ ਪ੍ਰੀਤਮ ਪ੍ਰਾਨ ਅਧਾਰੋ ॥ (784-18)
हउ निमख न छोडा जी हरि प्रीतम प्रान अधारो ॥

ਗੁਰਿ ਸਤਿਗੁਰ ਕਹਿਆ ਜੀ ਸਾਚਾ ਅਗਮ ਬੀਚਾਰੋ ॥ (784-18)
गुरि सतिगुर कहिआ जी साचा अगम बीचारो ॥

ਮਿਲਿ ਸਾਧੂ ਦੀਨਾ ਤਾ ਨਾਮੁ ਲੀਨਾ ਜਨਮ ਮਰਣ ਦੁਖ ਨਾਠੇ ॥ (784-19)
मिलि साधू दीना ता नामु लीना जनम मरण दुख नाठे ॥

ਸਹਜ ਸੂਖ ਆਨੰਦ ਘਨੇਰੇ ਹਉਮੈ ਬਿਨਠੀ ਗਾਠੇ ॥ (784-19)
सहज सूख आनंद घनेरे हउमै बिनठी गाठे ॥

ਸਭ ਕੈ ਮਧਿ ਸਭ ਹੂ ਤੇ ਬਾਹਰਿ ਰਾਗ ਦੋਖ ਤੇ ਨਿਆਰੋ ॥ (785-1)
सभ कै मधि सभ हू ते बाहरि राग दोख ते निआरो ॥

ਨਾਨਕ ਦਾਸ ਗੋਬਿੰਦ ਸਰਣਾਈ ਹਰਿ ਪ੍ਰੀਤਮੁ ਮਨਹਿ ਸਧਾਰੋ ॥੩॥ (785-1)
नानक दास गोबिंद सरणाई हरि प्रीतमु मनहि सधारो ॥३॥

ਮੈ ਖੋਜਤ ਖੋਜਤ ਜੀ ਹਰਿ ਨਿਹਚਲੁ ਸੁ ਘਰੁ ਪਾਇਆ ॥ (785-2)
मै खोजत खोजत जी हरि निहचलु सु घरु पाइआ ॥

ਸਭਿ ਅਧ੍ਰੁਵ ਡਿਠੇ ਜੀਉ ਤਾ ਚਰਨ ਕਮਲ ਚਿਤੁ ਲਾਇਆ ॥ (785-2)
सभि अध्रुव डिठे जीउ ता चरन कमल चितु लाइआ ॥

ਪ੍ਰਭੁ ਅਬਿਨਾਸੀ ਹਉ ਤਿਸ ਕੀ ਦਾਸੀ ਮਰੈ ਨ ਆਵੈ ਜਾਏ ॥ (785-3)
प्रभु अबिनासी हउ तिस की दासी मरै न आवै जाए ॥

ਧਰਮ ਅਰਥ ਕਾਮ ਸਭਿ ਪੂਰਨ ਮਨਿ ਚਿੰਦੀ ਇਛ ਪੁਜਾਏ ॥ (785-4)
धरम अरथ काम सभि पूरन मनि चिंदी इछ पुजाए ॥

ਸ੍ਰੁਤਿ ਸਿਮ੍ਰਿਤਿ ਗੁਨ ਗਾਵਹਿ ਕਰਤੇ ਸਿਧ ਸਾਧਿਕ ਮੁਨਿ ਜਨ ਧਿਆਇਆ ॥ (785-4)
स्रुति सिम्रिति गुन गावहि करते सिध साधिक मुनि जन धिआइआ ॥

ਨਾਨਕ ਸਰਨਿ ਕ੍ਰਿਪਾ ਨਿਧਿ ਸੁਆਮੀ ਵਡਭਾਗੀ ਹਰਿ ਹਰਿ ਗਾਇਆ ॥੪॥੧॥੧੧॥ (785-5)
नानक सरनि क्रिपा निधि सुआमी वडभागी हरि हरि गाइआ ॥४॥१॥११॥

ੴ ਸਤਿਗੁਰ ਪ੍ਰਸਾਦਿ ॥ (785-6)
ੴ सतिगुर प्रसादि ॥

ਵਾਰ ਸੂਹੀ ਕੀ ਸਲੋਕਾ ਨਾਲਿ ਮਹਲਾ ੩ ॥ (785-6)
वार सूही की सलोका नालि महला ३ ॥

ਸਲੋਕੁ ਮਃ ੩ ॥ (785-6)
सलोकु मः ३ ॥

ਸੂਹੈ ਵੇਸਿ ਦੋਹਾਗਣੀ ਪਰ ਪਿਰੁ ਰਾਵਣ ਜਾਇ ॥ (785-6)
सूहै वेसि दोहागणी पर पिरु रावण जाइ ॥

ਪਿਰੁ ਛੋਡਿਆ ਘਰਿ ਆਪਣੈ ਮੋਹੀ ਦੂਜੈ ਭਾਇ ॥ (785-7)
पिरु छोडिआ घरि आपणै मोही दूजै भाइ ॥

ਮਿਠਾ ਕਰਿ ਕੈ ਖਾਇਆ ਬਹੁ ਸਾਦਹੁ ਵਧਿਆ ਰੋਗੁ ॥ (785-7)
मिठा करि कै खाइआ बहु सादहु वधिआ रोगु ॥

ਸੁਧੁ ਭਤਾਰੁ ਹਰਿ ਛੋਡਿਆ ਫਿਰਿ ਲਗਾ ਜਾਇ ਵਿਜੋਗੁ ॥ (785-8)
सुधु भतारु हरि छोडिआ फिरि लगा जाइ विजोगु ॥

ਗੁਰਮੁਖਿ ਹੋਵੈ ਸੁ ਪਲਟਿਆ ਹਰਿ ਰਾਤੀ ਸਾਜਿ ਸੀਗਾਰਿ ॥ (785-8)
गुरमुखि होवै सु पलटिआ हरि राती साजि सीगारि ॥

ਸਹਜਿ ਸਚੁ ਪਿਰੁ ਰਾਵਿਆ ਹਰਿ ਨਾਮਾ ਉਰ ਧਾਰਿ ॥ (785-9)
सहजि सचु पिरु राविआ हरि नामा उर धारि ॥

ਆਗਿਆਕਾਰੀ ਸਦਾ ਸੋੁਹਾਗਣਿ ਆਪਿ ਮੇਲੀ ਕਰਤਾਰਿ ॥ (785-9)
आगिआकारी सदा सुोहागणि आपि मेली करतारि ॥

ਨਾਨਕ ਪਿਰੁ ਪਾਇਆ ਹਰਿ ਸਾਚਾ ਸਦਾ ਸੋੁਹਾਗਣਿ ਨਾਰਿ ॥੧॥ (785-10)
नानक पिरु पाइआ हरि साचा सदा सुोहागणि नारि ॥१॥

ਮਃ ੩ ॥ (785-10)
मः ३ ॥

ਸੂਹਵੀਏ ਨਿਮਾਣੀਏ ਸੋ ਸਹੁ ਸਦਾ ਸਮ੍ਹ੍ਹਾਲਿ ॥ (785-10)
सूहवीए निमाणीए सो सहु सदा सम्हालि ॥

ਨਾਨਕ ਜਨਮੁ ਸਵਾਰਹਿ ਆਪਣਾ ਕੁਲੁ ਭੀ ਛੁਟੀ ਨਾਲਿ ॥੨॥ (785-11)
नानक जनमु सवारहि आपणा कुलु भी छुटी नालि ॥२॥

ਪਉੜੀ ॥ (785-11)
पउड़ी ॥

ਆਪੇ ਤਖਤੁ ਰਚਾਇਓਨੁ ਆਕਾਸ ਪਤਾਲਾ ॥ (785-12)
आपे तखतु रचाइओनु आकास पताला ॥

ਹੁਕਮੇ ਧਰਤੀ ਸਾਜੀਅਨੁ ਸਚੀ ਧਰਮ ਸਾਲਾ ॥ (785-12)
हुकमे धरती साजीअनु सची धरम साला ॥

ਆਪਿ ਉਪਾਇ ਖਪਾਇਦਾ ਸਚੇ ਦੀਨ ਦਇਆਲਾ ॥ (785-12)
आपि उपाइ खपाइदा सचे दीन दइआला ॥

ਸਭਨਾ ਰਿਜਕੁ ਸੰਬਾਹਿਦਾ ਤੇਰਾ ਹੁਕਮੁ ਨਿਰਾਲਾ ॥ (785-13)
सभना रिजकु स्मबाहिदा तेरा हुकमु निराला ॥

ਆਪੇ ਆਪਿ ਵਰਤਦਾ ਆਪੇ ਪ੍ਰਤਿਪਾਲਾ ॥੧॥ (785-13)
आपे आपि वरतदा आपे प्रतिपाला ॥१॥

ਸਲੋਕੁ ਮਃ ੩ ॥ (785-14)
सलोकु मः ३ ॥

ਸੂਹਬ ਤਾ ਸੋਹਾਗਣੀ ਜਾ ਮੰਨਿ ਲੈਹਿ ਸਚੁ ਨਾਉ ॥ (785-14)
सूहब ता सोहागणी जा मंनि लैहि सचु नाउ ॥

ਸਤਿਗੁਰੁ ਅਪਣਾ ਮਨਾਇ ਲੈ ਰੂਪੁ ਚੜੀ ਤਾ ਅਗਲਾ ਦੂਜਾ ਨਾਹੀ ਥਾਉ ॥ (785-14)
सतिगुरु अपणा मनाइ लै रूपु चड़ी ता अगला दूजा नाही थाउ ॥

ਐਸਾ ਸੀਗਾਰੁ ਬਣਾਇ ਤੂ ਮੈਲਾ ਕਦੇ ਨ ਹੋਵਈ ਅਹਿਨਿਸਿ ਲਾਗੈ ਭਾਉ ॥ (785-15)
ऐसा सीगारु बणाइ तू मैला कदे न होवई अहिनिसि लागै भाउ ॥

ਨਾਨਕ ਸੋਹਾਗਣਿ ਕਾ ਕਿਆ ਚਿਹਨੁ ਹੈ ਅੰਦਰਿ ਸਚੁ ਮੁਖੁ ਉਜਲਾ ਖਸਮੈ ਮਾਹਿ ਸਮਾਇ ॥੧॥
(785-16)
नानक सोहागणि का किआ चिहनु है अंदरि सचु मुखु उजला खसमै माहि समाइ ॥१॥

ਮਃ ੩ ॥ (785-17)
मः ३ ॥

ਲੋਕਾ ਵੇ ਹਉ ਸੂਹਵੀ ਸੂਹਾ ਵੇਸੁ ਕਰੀ ॥ (785-17)
लोका वे हउ सूहवी सूहा वेसु करी ॥

ਵੇਸੀ ਸਹੁ ਨ ਪਾਈਐ ਕਰਿ ਕਰਿ ਵੇਸ ਰਹੀ ॥ (785-17)
वेसी सहु न पाईऐ करि करि वेस रही ॥

ਨਾਨਕ ਤਿਨੀ ਸਹੁ ਪਾਇਆ ਜਿਨੀ ਗੁਰ ਕੀ ਸਿਖ ਸੁਣੀ ॥ (785-18)
नानक तिनी सहु पाइआ जिनी गुर की सिख सुणी ॥

ਜੋ ਤਿਸੁ ਭਾਵੈ ਸੋ ਥੀਐ ਇਨ ਬਿਧਿ ਕੰਤ ਮਿਲੀ ॥੨॥ (785-18)
जो तिसु भावै सो थीऐ इन बिधि कंत मिली ॥२॥

ਪਉੜੀ ॥ (786-1)
पउड़ी ॥

ਹੁਕਮੀ ਸ੍ਰਿਸਟਿ ਸਾਜੀਅਨੁ ਬਹੁ ਭਿਤਿ ਸੰਸਾਰਾ ॥ (786-1)
हुकमी स्रिसटि साजीअनु बहु भिति संसारा ॥

ਤੇਰਾ ਹੁਕਮੁ ਨ ਜਾਪੀ ਕੇਤੜਾ ਸਚੇ ਅਲਖ ਅਪਾਰਾ ॥ (786-1)
तेरा हुकमु न जापी केतड़ा सचे अलख अपारा ॥

ਇਕਨਾ ਨੋ ਤੂ ਮੇਲਿ ਲੈਹਿ ਗੁਰ ਸਬਦਿ ਬੀਚਾਰਾ ॥ (786-2)
इकना नो तू मेलि लैहि गुर सबदि बीचारा ॥

ਸਚਿ ਰਤੇ ਸੇ ਨਿਰਮਲੇ ਹਉਮੈ ਤਜਿ ਵਿਕਾਰਾ ॥ (786-2)
सचि रते से निरमले हउमै तजि विकारा ॥

ਜਿਸੁ ਤੂ ਮੇਲਹਿ ਸੋ ਤੁਧੁ ਮਿਲੈ ਸੋਈ ਸਚਿਆਰਾ ॥੨॥ (786-2)
जिसु तू मेलहि सो तुधु मिलै सोई सचिआरा ॥२॥

ਸਲੋਕੁ ਮਃ ੩ ॥ (786-3)
सलोकु मः ३ ॥

ਸੂਹਵੀਏ ਸੂਹਾ ਸਭੁ ਸੰਸਾਰੁ ਹੈ ਜਿਨ ਦੁਰਮਤਿ ਦੂਜਾ ਭਾਉ ॥ (786-3)
सूहवीए सूहा सभु संसारु है जिन दुरमति दूजा भाउ ॥

ਖਿਨ ਮਹਿ ਝੂਠੁ ਸਭੁ ਬਿਨਸਿ ਜਾਇ ਜਿਉ ਟਿਕੈ ਨ ਬਿਰਖ ਕੀ ਛਾਉ ॥ (786-4)
खिन महि झूठु सभु बिनसि जाइ जिउ टिकै न बिरख की छाउ ॥

ਗੁਰਮੁਖਿ ਲਾਲੋ ਲਾਲੁ ਹੈ ਜਿਉ ਰੰਗਿ ਮਜੀਠ ਸਚੜਾਉ ॥ (786-4)
गुरमुखि लालो लालु है जिउ रंगि मजीठ सचड़ाउ ॥

ਉਲਟੀ ਸਕਤਿ ਸਿਵੈ ਘਰਿ ਆਈ ਮਨਿ ਵਸਿਆ ਹਰਿ ਅੰਮ੍ਰਿਤ ਨਾਉ ॥ (786-5)
उलटी सकति सिवै घरि आई मनि वसिआ हरि अमृत नाउ ॥

ਨਾਨਕ ਬਲਿਹਾਰੀ ਗੁਰ ਆਪਣੇ ਜਿਤੁ ਮਿਲਿਐ ਹਰਿ ਗੁਣ ਗਾਉ ॥੧॥ (786-6)
नानक बलिहारी गुर आपणे जितु मिलिऐ हरि गुण गाउ ॥१॥

ਮः ੩ ॥ (786-6)
मः ३ ॥

ਸੂਹਾ ਰੰਗੁ ਵਿਕਾਰੁ ਹੈ ਕੰਤੁ ਨ ਪਾਇਆ ਜਾਇ ॥ (786-6)
सूहा रंगु विकारु है कंतु न पाइआ जाइ ॥

ਇਸੁ ਲਹਦੇ ਬਿਲਮ ਨ ਹੋਵਈ ਰੰਡ ਬੈਠੀ ਦੂਜੈ ਭਾਇ ॥ (786-7)
इसु लहदे बिलम न होवई रंड बैठी दूजै भाइ ॥

ਮੁੰਧ ਇਆਣੀ ਦੁੰਮਣੀ ਸੂਹੈ ਵੇਸਿ ਲੋੁਭਾਇ ॥ (786-7)
मुंध इआणी दुंमणी सूहै वेसि लोुभाइ ॥

ਸਬਦਿ ਸਚੈ ਰੰਗੁ ਲਾਲੁ ਕਰਿ ਭੈ ਭਾਇ ਸੀਗਾਰੁ ਬਣਾਇ ॥ (786-8)
सबदि सचै रंगु लालु करि भै भाइ सीगारु बणाइ ॥

ਨਾਨਕ ਸਦਾ ਸੋਹਾਗਣੀ ਜਿ ਚਲਨਿ ਸਤਿਗੁਰ ਭਾਇ ॥੨॥ (786-8)
नानक सदा सोहागणी जि चलनि सतिगुर भाइ ॥२॥

ਪਉੜੀ ॥ (786-9)
पउड़ी ॥

ਆਪੇ ਆਪਿ ਉਪਾਇਅਨੁ ਆਪਿ ਕੀਮਤਿ ਪਾਈ ॥ (786-9)
आपे आपि उपाइअनु आपि कीमति पाई ॥

ਤਿਸ ਦਾ ਅੰਤੁ ਨ ਜਾਪਈ ਗੁਰ ਸਬਦਿ ਬੁਝਾਈ ॥ (786-9)
तिस दा अंतु न जापई गुर सबदि बुझाई ॥

ਮਾਇਆ ਮੋਹੁ ਗੁਬਾਰੁ ਹੈ ਦੂਜੈ ਭਰਮਾਈ ॥ (786-10)
माइआ मोहु गुबारु है दूजै भरमाई ॥

ਮਨਮੁਖ ਠਉਰ ਨ ਪਾਇਨ੍ਹ੍ਹੀ ਫਿਰਿ ਆਵੈ ਜਾਈ ॥ (786-10)
मनमुख ठउर न पाइन्ही फिरि आवै जाई ॥

ਜੋ ਤਿਸੁ ਭਾਵੈ ਸੋ ਥੀਐ ਸਭ ਚਲੈ ਰਜਾਈ ॥੩॥ (786-11)
जो तिसु भावै सो थीऐ सभ चलै रजाई ॥३॥

ਸਲੋਕੁ ਮਃ ੩ ॥ (786-11)
सलोकु मः ३ ॥

ਸੂਹੈ ਵੇਸਿ ਕਾਮਣਿ ਕੁਲਖਣੀ ਜੋ ਪ੍ਰਭ ਛੋਡਿ ਪਰ ਪੁਰਖ ਧਰੇ ਪਿਆਰੁ ॥ (786-11)
सूहै वेसि कामणि कुलखणी जो प्रभ छोडि पर पुरख धरे पिआरु ॥

ਓਸੁ ਸੀਲੁ ਨ ਸੰਜਮੁ ਸਦਾ ਝੂਠੁ ਬੋਲੈ ਮਨਮੁਖਿ ਕਰਮ ਖੁਆਰੁ ॥ (786-12)
ओसु सीलु न संजमु सदा झूठु बोलै मनमुखि करम खुआरु ॥

ਜਿਸੁ ਪੂਰਬਿ ਹੋਵੈ ਲਿਖਿਆ ਤਿਸੁ ਸਤਿਗੁਰੁ ਮਿਲੈ ਭਤਾਰੁ ॥ (786-12)
जिसु पूरबि होवै लिखिआ तिसु सतिगुरु मिलै भतारु ॥

ਸੂਹਾ ਵੇਸੁ ਸਭੁ ਉਤਾਰਿ ਧਰੇ ਗਲਿ ਪਹਿਰੈ ਖਿਮਾ ਸੀਗਾਰੁ ॥ (786-13)
सूहा वेसु सभु उतारि धरे गलि पहिरै खिमा सीगारु ॥

ਪੇਈਐ ਸਾਹੁਰੈ ਬਹੁ ਸੋਭਾ ਪਾਏ ਤਿਸੁ ਪੂਜ ਕਰੇ ਸਭੁ ਸੈਸਾਰੁ ॥ (786-14)
पेईऐ साहुरै बहु सोभा पाए तिसु पूज करे सभु सैसारु ॥

ਓਹ ਰਲਾਈ ਕਿਸੈ ਦੀ ਨਾ ਰਲੈ ਜਿਸੁ ਰਾਵੇ ਸਿਰਜਨਹਾਰੁ ॥ (786-14)
ओह रलाई किसै दी ना रलै जिसु रावे सिरजनहारु ॥

ਨਾਨਕ ਗੁਰਮੁਖਿ ਸਦਾ ਸੁਹਾਗਣੀ ਜਿਸੁ ਅਵਿਨਾਸੀ ਪੁਰਖੁ ਭਰਤਾਰੁ ॥੧॥ (786-15)
नानक गुरमुखि सदा सुहागणी जिसु अविनासी पुरखु भरतारु ॥१॥

ਮਃ ੧ ॥ (786-15)
मः १ ॥

ਸੂਹਾ ਰੰਗੁ ਸੁਪਨੈ ਨਿਸੀ ਬਿਨੁ ਤਾਗੇ ਗਲਿ ਹਾਰੁ ॥ (786-15)
सूहा रंगु सुपनै निसी बिनु तागे गलि हारु ॥

ਸਚਾ ਰੰਗੁ ਮਜੀਠ ਕਾ ਗੁਰਮੁਖਿ ਬ੍ਰਹਮ ਬੀਚਾਰੁ ॥ (786-16)
सचा रंगु मजीठ का गुरमुखि ब्रहम बीचारु ॥

ਨਾਨਕ ਪ੍ਰੇਮ ਮਹਾ ਰਸੀ ਸਭਿ ਬੁਰਿਆਈਆ ਛਾਰੁ ॥੨॥ (786-16)
नानक प्रेम महा रसी सभि बुरिआईआ छारु ॥२॥

ਪਉੜੀ ॥ (786-17)
पउड़ी ॥

ਇਹੁ ਜਗੁ ਆਪਿ ਉਪਾਇਓਨੁ ਕਰਿ ਚੋਜ ਵਿਡਾਨੁ ॥ (786-17)
इहु जगु आपि उपाइओनु करि चोज विडानु ॥

ਪੰਚ ਧਾਤੁ ਵਿਚਿ ਪਾਈਅਨੁ ਮੋਹੁ ਝੂਠੁ ਗੁਮਾਨੁ ॥ (786-17)
पंच धातु विचि पाईअनु मोहु झूठु गुमानु ॥

ਆਵੈ ਜਾਇ ਭਵਾਈਐ ਮਨਮੁਖੁ ਅਗਿਆਨੁ ॥ (786-18)
आवै जाइ भवाईऐ मनमुखु अगिआनु ॥

ਇਕਨਾ ਆਪਿ ਬੁਝਾਇਓਨੁ ਗੁਰਮੁਖਿ ਹਰਿ ਗਿਆਨੁ ॥ (786-18)
इकना आपि बुझाइओनु गुरमुखि हरि गिआनु ॥

ਭਗਤਿ ਖਜਾਨਾ ਬਖਸਿਓਨੁ ਹਰਿ ਨਾਮੁ ਨਿਧਾਨੁ ॥੪॥ (786-19)
भगति खजाना बखसिओनु हरि नामु निधानु ॥४॥

ਸਲੋਕੁ ਮਃ ੩ ॥ (786-19)
सलोकु मः ३ ॥

ਸੂਹਵੀਏ ਸੂਹਾ ਵੇਸੁ ਛਡਿ ਤੂ ਤਾ ਪਿਰ ਲਗੀ ਪਿਆਰੁ ॥ (786-19)
सूहवीए सूहा वेसु छडि तू ता पिर लगी पिआरु ॥

ਸੂਹੈ ਵੇਸਿ ਪਿਰੁ ਕਿਨੈ ਨ ਪਾਇਓ ਮਨਮੁਖਿ ਦਝਿ ਮੁਈ ਗਾਵਾਰਿ ॥ (787-1)
सूहै वेसि पिरु किनै न पाइओ मनमुखि दझि मुई गावारि ॥

ਸਤਿਗੁਰਿ ਮਿਲਿਐ ਸੂਹਾ ਵੇਸੁ ਗਇਆ ਹਉਮੈ ਵਿਚਹੁ ਮਾਰਿ ॥ (787-2)
सतिगुरि मिलिऐ सूहा वेसु गइआ हउमै विचहु मारि ॥

ਮਨੁ ਤਨੁ ਰਤਾ ਲਾਲੁ ਹੋਆ ਰਸਨਾ ਰਤੀ ਗੁਣ ਸਾਰਿ ॥ (787-2)
मनु तनु रता लालु होआ रसना रती गुण सारि ॥

ਸਦਾ ਸੋਹਾਗਣਿ ਸਬਦੁ ਮਨਿ ਭੈ ਭਾਇ ਕਰੇ ਸੀਗਾਰੁ ॥ (787-3)
सदा सोहागणि सबदु मनि भै भाइ करे सीगारु ॥

ਨਾਨਕ ਕਰਮੀ ਮਹਲੁ ਪਾਇਆ ਪਿਰੁ ਰਾਖਿਆ ਉਰ ਧਾਰਿ ॥੧॥ (787-3)
नानक करमी महलु पाइआ पिरु राखिआ उर धारि ॥१॥

ਮਃ ੩ ॥ (787-4)
मः ३ ॥

ਮੁੰਧੇ ਸੂਹਾ ਪਰਹਰਹੁ ਲਾਲੁ ਕਰਹੁ ਸੀਗਾਰੁ ॥ (787-4)
मुंधे सूहा परहरहु लालु करहु सीगारु ॥

ਆਵਣ ਜਾਣਾ ਵੀਸਰੈ ਗੁਰ ਸਬਦੀ ਵੀਚਾਰੁ ॥ (787-4)
आवण जाणा वीसरै गुर सबदी वीचारु ॥

ਮੁੰਧ ਸੁਹਾਵੀ ਸੋਹਣੀ ਜਿਸੁ ਘਰਿ ਸਹਜਿ ਭਤਾਰੁ ॥ (787-5)
मुंध सुहावी सोहणी जिसु घरि सहजि भतारु ॥

ਨਾਨਕ ਸਾ ਧਨ ਰਾਵੀਐ ਰਾਵੇ ਰਾਵਣਹਾਰੁ ॥੨॥ (787-5)
नानक सा धन रावीऐ रावे रावणहारु ॥२॥

ਪਉੜੀ ॥ (787-6)
पउड़ी ॥

ਮੋਹੁ ਕੂੜੁ ਕੁਟੰਬੁ ਹੈ ਮਨਮੁਖੁ ਮੁਗਧੁ ਰਤਾ ॥ (787-6)
मोहु कूड़ु कुट्मबु है मनमुखु मुगधु रता ॥

ਹਉਮੈ ਮੇਰਾ ਕਰਿ ਮੁਏ ਕਿਛੁ ਸਾਥਿ ਨ ਲਿਤਾ ॥ (787-6)
हउमै मेरा करि मुए किछु साथि न लिता ॥

ਸਿਰ ਉਪਰਿ ਜਮਕਾਲੁ ਨ ਸੁਝਈ ਦੂਜੈ ਭਰਮਿਤਾ ॥ (787-6)
सिर उपरि जमकालु न सुझई दूजै भरमिता ॥

ਫਿਰਿ ਵੇਲਾ ਹਥਿ ਨ ਆਵਈ ਜਮਕਾਲਿ ਵਸਿ ਕਿਤਾ ॥ (787-7)
फिरि वेला हथि न आवई जमकालि वसि किता ॥

ਜੇਹਾ ਧੁਰਿ ਲਿਖਿ ਪਾਇਓਨੁ ਸੇ ਕਰਮ ਕਮਿਤਾ ॥੫॥ (787-7)
जेहा धुरि लिखि पाइओनु से करम कमिता ॥५॥

ਸਲੋਕੁ ਮਃ ੩ ॥ (787-8)
सलोकु मः ३ ॥

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ ॥ (787-8)
सतीआ एहि न आखीअनि जो मड़िआ लगि जलंन्हि ॥

ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ ॥੧॥ (787-9)
नानक सतीआ जाणीअन्हि जि बिरहे चोट मरंन्हि ॥१॥

ਮਃ ੩ ॥ (787-9)
मः ३ ॥

ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨ੍ਹਿ ॥ (787-9)
भी सो सतीआ जाणीअनि सील संतोखि रहंन्हि ॥

ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਹਾਲੰਨ੍ਹਿ ॥੨॥ (787-10)
सेवनि साई आपणा नित उठि संम्हालंन्हि ॥२॥

ਮਃ ੩ ॥ (787-10)
मः ३ ॥

ਕੰਤਾ ਨਾਲਿ ਮਹੇਲੀਆ ਸੇਤੀ ਅਗਿ ਜਲਾਹਿ ॥ (787-10)
कंता नालि महेलीआ सेती अगि जलाहि ॥

ਜੇ ਜਾਣਹਿ ਪਿਰੁ ਆਪਣਾ ਤਾ ਤਨਿ ਦੁਖ ਸਹਾਹਿ ॥ (787-11)
जे जाणहि पिरु आपणा ता तनि दुख सहाहि ॥

ਨਾਨਕ ਕੰਤ ਨ ਜਾਣਨੀ ਸੇ ਕਿਉ ਅਗਿ ਜਲਾਹਿ ॥ (787-11)
नानक कंत न जाणनी से किउ अगि जलाहि ॥

ਭਾਵੈ ਜੀਵਉ ਕੈ ਮਰਉ ਦੂਰਹੁ ਹੀ ਭਜਿ ਜਾਹਿ ॥੩॥ (787-12)
भावै जीवउ कै मरउ दूरहु ही भजि जाहि ॥३॥

ਪਉੜੀ ॥ (787-12)
पउड़ी ॥

ਤੁਧੁ ਦੁਖੁ ਸੁਖੁ ਨਾਲਿ ਉਪਾਇਆ ਲੇਖੁ ਕਰਤੈ ਲਿਖਿਆ ॥ (787-12)
तुधु दुखु सुखु नालि उपाइआ लेखु करतै लिखिआ ॥

ਨਾਵੈ ਜੇਵਡ ਹੋਰ ਦਾਤਿ ਨਾਹੀ ਤਿਸੁ ਰੂਪੁ ਨ ਰਿਖਿਆ ॥ (787-13)
नावै जेवड होर दाति नाही तिसु रूपु न रिखिआ ॥

ਨਾਮੁ ਅਖੁਟੁ ਨਿਧਾਨੁ ਹੈ ਗੁਰਮੁਖਿ ਮਨਿ ਵਸਿਆ ॥ (787-13)
नामु अखुटु निधानु है गुरमुखि मनि वसिआ ॥

ਕਰਿ ਕਿਰਪਾ ਨਾਮੁ ਦੇਵਸੀ ਫਿਰਿ ਲੇਖੁ ਨ ਲਿਖਿਆ ॥ (787-14)
करि किरपा नामु देवसी फिरि लेखु न लिखिआ ॥

ਸੇਵਕ ਭਾਇ ਸੇ ਜਨ ਮਿਲੇ ਜਿਨ ਹਰਿ ਜਪੁ ਜਪਿਆ ॥੬॥ (787-14)
सेवक भाइ से जन मिले जिन हरि जपु जपिआ ॥६॥

ਸਲੋਕੁ ਮਃ ੨ ॥ (787-15)
सलोकु मः २ ॥

ਜਿਨੀ ਚਲਣੁ ਜਾਣਿਆ ਸੇ ਕਿਉ ਕਰਹਿ ਵਿਥਾਰ ॥ (787-15)
जिनी चलणु जाणिआ से किउ करहि विथार ॥

ਚਲਣ ਸਾਰ ਨ ਜਾਣਨੀ ਕਾਜ ਸਵਾਰਣਹਾਰ ॥੧॥ (787-15)
चलण सार न जाणनी काज सवारणहार ॥१॥

ਮਃ ੨ ॥ (787-16)
मः २ ॥

ਰਾਤਿ ਕਾਰਣਿ ਧਨੁ ਸੰਚੀਐ ਭਲਕੇ ਚਲਣੁ ਹੋਇ ॥ (787-16)
राति कारणि धनु संचीऐ भलके चलणु होइ ॥

ਨਾਨਕ ਨਾਲਿ ਨ ਚਲਈ ਫਿਰਿ ਪਛੁਤਾਵਾ ਹੋਇ ॥੨॥ (787-16)
नानक नालि न चलई फिरि पछुतावा होइ ॥२॥

ਮਃ ੨ ॥ (787-17)
मः २ ॥

ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ ॥ (787-17)
बधा चटी जो भरे ना गुणु ना उपकारु ॥

ਸੇਤੀ ਖੁਸੀ ਸਵਾਰੀਐ ਨਾਨਕ ਕਾਰਜੁ ਸਾਰੁ ॥੩॥ (787-17)
सेती खुसी सवारीऐ नानक कारजु सारु ॥३॥

ਮਃ ੨ ॥ (787-18)
मः २ ॥

ਮਨਹਠਿ ਤਰਫ ਨ ਜਿਪਈ ਜੇ ਬਹੁਤਾ ਘਾਲੇ ॥ (787-18)
मनहठि तरफ न जिपई जे बहुता घाले ॥

ਤਰਫ ਜਿਣੈ ਸਤ ਭਾਉ ਦੇ ਜਨ ਨਾਨਕ ਸਬਦੁ ਵੀਚਾਰੇ ॥੪॥ (787-18)
तरफ जिणै सत भाउ दे जन नानक सबदु वीचारे ॥४॥

ਪਉੜੀ ॥ (787-19)
पउड़ी ॥

ਕਰਤੈ ਕਾਰਣੁ ਜਿਨਿ ਕੀਆ ਸੋ ਜਾਣੈ ਸੋਈ ॥ (787-19)
करतै कारणु जिनि कीआ सो जाणै सोई ॥

ਆਪੇ ਸ੍ਰਿਸਟਿ ਉਪਾਈਅਨੁ ਆਪੇ ਫੁਨਿ ਗੋਈ ॥ (787-19)
आपे स्रिसटि उपाईअनु आपे फुनि गोई ॥

ਜੁਗ ਚਾਰੇ ਸਭ ਭਵਿ ਥਕੀ ਕਿਨਿ ਕੀਮਤਿ ਹੋਈ ॥ (788-1)
जुग चारे सभ भवि थकी किनि कीमति होई ॥

ਸਤਿਗੁਰਿ ਏਕੁ ਵਿਖਾਲਿਆ ਮਨਿ ਤਨਿ ਸੁਖੁ ਹੋਈ ॥ (788-1)
सतिगुरि एकु विखालिआ मनि तनि सुखु होई ॥

ਗੁਰਮੁਖਿ ਸਦਾ ਸਲਾਹੀਐ ਕਰਤਾ ਕਰੇ ਸੁ ਹੋਈ ॥੭॥ (788-2)
गुरमुखि सदा सलाहीऐ करता करे सु होई ॥७॥

ਸਲੋਕ ਮਹਲਾ ੨ ॥ (788-2)
सलोक महला २ ॥

ਜਿਨਾ ਭਉ ਤਿਨ੍ਹ ਨਾਹਿ ਭਉ ਮੁਚੁ ਭਉ ਨਿਭਵਿਆਹ ॥ (788-2)
जिना भउ तिन्ह नाहि भउ मुचु भउ निभविआह ॥

ਨਾਨਕ ਏਹੁ ਪਟੰਤਰਾ ਤਿਤੁ ਦੀਬਾਣਿ ਗਇਆਹ ॥੧॥ (788-3)
नानक एहु पटंतरा तितु दीबाणि गइआह ॥१॥

ਮਃ ੨ ॥ (788-3)
मः २ ॥

ਤੁਰਦੇ ਕਉ ਤੁਰਦਾ ਮਿਲੈ ਉਡਤੇ ਕਉ ਉਡਤਾ ॥ (788-3)
तुरदे कउ तुरदा मिलै उडते कउ उडता ॥

ਜੀਵਤੇ ਕਉ ਜੀਵਤਾ ਮਿਲੈ ਮੂਏ ਕਉ ਮੂਆ ॥ (788-4)
जीवते कउ जीवता मिलै मूए कउ मूआ ॥

ਨਾਨਕ ਸੋ ਸਾਲਾਹੀਐ ਜਿਨਿ ਕਾਰਣੁ ਕੀਆ ॥੨॥ (788-4)
नानक सो सालाहीऐ जिनि कारणु कीआ ॥२॥

ਪਉੜੀ ॥ (788-5)
पउड़ी ॥

ਸਚੁ ਧਿਆਇਨਿ ਸੇ ਸਚੇ ਗੁਰ ਸਬਦਿ ਵੀਚਾਰੀ ॥ (788-5)
सचु धिआइनि से सचे गुर सबदि वीचारी ॥

ਹਉਮੈ ਮਾਰਿ ਮਨੁ ਨਿਰਮਲਾ ਹਰਿ ਨਾਮੁ ਉਰਿ ਧਾਰੀ ॥ (788-5)
हउमै मारि मनु निरमला हरि नामु उरि धारी ॥

ਕੋਠੇ ਮੰਡਪ ਮਾੜੀਆ ਲਗਿ ਪਏ ਗਾਵਾਰੀ ॥ (788-6)
कोठे मंडप माड़ीआ लगि पए गावारी ॥

ਜਿਨ੍ਹਿ ਕੀਏ ਤਿਸਹਿ ਨ ਜਾਣਨੀ ਮਨਮੁਖਿ ਗੁਬਾਰੀ ॥ (788-6)
जिन्हि कीए तिसहि न जाणनी मनमुखि गुबारी ॥

ਜਿਸੁ ਬੁਝਾਇਹਿ ਸੋ ਬੁਝਸੀ ਸਚਿਆ ਕਿਆ ਜੰਤ ਵਿਚਾਰੀ ॥੮॥ (788-7)
जिसु बुझाइहि सो बुझसी सचिआ किआ जंत विचारी ॥८॥

ਸਲੋਕ ਮਃ ੩ ॥ (788-7)
सलोक मः ३ ॥

ਕਾਮਣਿ ਤਉ ਸੀਗਾਰੁ ਕਰਿ ਜਾ ਪਹਿਲਾਂ ਕੰਤੁ ਮਨਾਇ ॥ (788-7)
कामणि तउ सीगारु करि जा पहिलां कंतु मनाइ ॥

ਮਤੁ ਸੇਜੈ ਕੰਤੁ ਨ ਆਵਈ ਏਵੈ ਬਿਰਥਾ ਜਾਇ ॥ (788-8)
मतु सेजै कंतु न आवई एवै बिरथा जाइ ॥

ਕਾਮਣਿ ਪਿਰ ਮਨੁ ਮਾਨਿਆ ਤਉ ਬਣਿਆ ਸੀਗਾਰੁ ॥ (788-8)
कामणि पिर मनु मानिआ तउ बणिआ सीगारु ॥

ਕੀਆ ਤਉ ਪਰਵਾਣੁ ਹੈ ਜਾ ਸਹੁ ਧਰੇ ਪਿਆਰੁ ॥ (788-9)
कीआ तउ परवाणु है जा सहु धरे पिआरु ॥

ਭਉ ਸੀਗਾਰੁ ਤਬੋਲ ਰਸੁ ਭੋਜਨੁ ਭਾਉ ਕਰੇਇ ॥ (788-9)
भउ सीगारु तबोल रसु भोजनु भाउ करेइ ॥

ਤਨੁ ਮਨੁ ਸਉਪੇ ਕੰਤ ਕਉ ਤਉ ਨਾਨਕ ਭੋਗੁ ਕਰੇਇ ॥੧॥ (788-10)
तनु मनु सउपे कंत कउ तउ नानक भोगु करेइ ॥१॥

ਮਃ ੩ ॥ (788-10)
मः ३ ॥

ਕਾਜਲ ਫੂਲ ਤੰਬੋਲ ਰਸੁ ਲੇ ਧਨ ਕੀਆ ਸੀਗਾਰੁ ॥ (788-10)
काजल फूल त्मबोल रसु ले धन कीआ सीगारु ॥

ਸੇਜੈ ਕੰਤੁ ਨ ਆਇਓ ਏਵੈ ਭਇਆ ਵਿਕਾਰੁ ॥੨॥ (788-11)
सेजै कंतु न आइओ एवै भइआ विकारु ॥२॥

ਮਃ ੩ ॥ (788-11)
मः ३ ॥

ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥ (788-11)
धन पिरु एहि न आखीअनि बहनि इकठे होइ ॥

ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥੩॥ (788-12)
एक जोति दुइ मूरती धन पिरु कहीऐ सोइ ॥३॥

ਪਉੜੀ ॥ (788-12)
पउड़ी ॥

ਭੈ ਬਿਨੁ ਭਗਤਿ ਨ ਹੋਵਈ ਨਾਮਿ ਨ ਲਗੈ ਪਿਆਰੁ ॥ (788-13)
भै बिनु भगति न होवई नामि न लगै पिआरु ॥

ਸਤਿਗੁਰਿ ਮਿਲਿਐ ਭਉ ਊਪਜੈ ਭੈ ਭਾਇ ਰੰਗੁ ਸਵਾਰਿ ॥ (788-13)
सतिगुरि मिलिऐ भउ ऊपजै भै भाइ रंगु सवारि ॥

ਤਨੁ ਮਨੁ ਰਤਾ ਰੰਗ ਸਿਉ ਹਉਮੈ ਤ੍ਰਿਸਨਾ ਮਾਰਿ ॥ (788-14)
तनु मनु रता रंग सिउ हउमै त्रिसना मारि ॥

ਮਨੁ ਤਨੁ ਨਿਰਮਲੁ ਅਤਿ ਸੋਹਣਾ ਭੇਟਿਆ ਕ੍ਰਿਸਨ ਮੁਰਾਰਿ ॥ (788-14)
मनु तनु निरमलु अति सोहणा भेटिआ क्रिसन मुरारि ॥

ਭਉ ਭਾਉ ਸਭੁ ਤਿਸ ਦਾ ਸੋ ਸਚੁ ਵਰਤੈ ਸੰਸਾਰਿ ॥੯॥ (788-15)
भउ भाउ सभु तिस दा सो सचु वरतै संसारि ॥९॥

ਸਲੋਕ ਮਃ ੧ ॥ (788-15)
सलोक मः १ ॥

ਵਾਹੁ ਖਸਮ ਤੂ ਵਾਹੁ ਜਿਨਿ ਰਚਿ ਰਚਨਾ ਹਮ ਕੀਏ ॥ (788-15)
वाहु खसम तू वाहु जिनि रचि रचना हम कीए ॥

ਸਾਗਰ ਲਹਰਿ ਸਮੁੰਦ ਸਰ ਵੇਲਿ ਵਰਸ ਵਰਾਹੁ ॥ (788-16)
सागर लहरि समुंद सर वेलि वरस वराहु ॥

ਆਪਿ ਖੜੋਵਹਿ ਆਪਿ ਕਰਿ ਆਪੀਣੈ ਆਪਾਹੁ ॥ (788-16)
आपि खड़ोवहि आपि करि आपीणै आपाहु ॥

ਗੁਰਮੁਖਿ ਸੇਵਾ ਥਾਇ ਪਵੈ ਉਨਮਨਿ ਤਤੁ ਕਮਾਹੁ ॥ (788-17)
गुरमुखि सेवा थाइ पवै उनमनि ततु कमाहु ॥

ਮਸਕਤਿ ਲਹਹੁ ਮਜੂਰੀਆ ਮੰਗਿ ਮੰਗਿ ਖਸਮ ਦਰਾਹੁ ॥ (788-17)
मसकति लहहु मजूरीआ मंगि मंगि खसम दराहु ॥

ਨਾਨਕ ਪੁਰ ਦਰ ਵੇਪਰਵਾਹ ਤਉ ਦਰਿ ਊਣਾ ਨਾਹਿ ਕੋ ਸਚਾ ਵੇਪਰਵਾਹੁ ॥੧॥ (788-18)
नानक पुर दर वेपरवाह तउ दरि ऊणा नाहि को सचा वेपरवाहु ॥१॥

ਮਹਲਾ ੧ ॥ (788-19)
महला १ ॥

ਉਜਲ ਮੋਤੀ ਸੋਹਣੇ ਰਤਨਾ ਨਾਲਿ ਜੁੜੰਨਿ ॥ (788-19)
उजल मोती सोहणे रतना नालि जुड़ंनि ॥

ਤਿਨ ਜਰੁ ਵੈਰੀ ਨਾਨਕਾ ਜਿ ਬੁਢੇ ਥੀਇ ਮਰੰਨਿ ॥੨॥ (788-19)
तिन जरु वैरी नानका जि बुढे थीइ मरंनि ॥२॥

ਪਉੜੀ ॥ (789-1)
पउड़ी ॥

ਹਰਿ ਸਾਲਾਹੀ ਸਦਾ ਸਦਾ ਤਨੁ ਮਨੁ ਸਉਪਿ ਸਰੀਰੁ ॥ (789-1)
हरि सालाही सदा सदा तनु मनु सउपि सरीरु ॥

ਗੁਰ ਸਬਦੀ ਸਚੁ ਪਾਇਆ ਸਚਾ ਗਹਿਰ ਗੰਭੀਰੁ ॥ (789-1)
गुर सबदी सचु पाइआ सचा गहिर ग्मभीरु ॥

ਮਨਿ ਤਨਿ ਹਿਰਦੈ ਰਵਿ ਰਹਿਆ ਹਰਿ ਹੀਰਾ ਹੀਰੁ ॥ (789-2)
मनि तनि हिरदै रवि रहिआ हरि हीरा हीरु ॥

ਜਨਮ ਮਰਣ ਕਾ ਦੁਖੁ ਗਇਆ ਫਿਰਿ ਪਵੈ ਨ ਫੀਰੁ ॥ (789-2)
जनम मरण का दुखु गइआ फिरि पवै न फीरु ॥

ਨਾਨਕ ਨਾਮੁ ਸਲਾਹਿ ਤੂ ਹਰਿ ਗੁਣੀ ਗਹੀਰੁ ॥੧੦॥ (789-3)
नानक नामु सलाहि तू हरि गुणी गहीरु ॥१० ॥

ਸਲੋਕ ਮਃ ੧ ॥ (789-3)
सलोक मः १ ॥

ਨਾਨਕ ਇਹੁ ਤਨੁ ਜਾਲਿ ਜਿਨਿ ਜਲਿਐ ਨਾਮੁ ਵਿਸਾਰਿਆ ॥ (789-3)
नानक इहु तनु जालि जिनि जलिऐ नामु विसारिआ ॥

ਪਉਦੀ ਜਾਇ ਪਰਾਲਿ ਪਿਛੈ ਹਥੁ ਨ ਅੰਬੜੈ ਤਿਤੁ ਨਿਵੰਧੈ ਤਾਲਿ ॥੧॥ (789-4)
पउदी जाइ परालि पिछै हथु न अ्मबड़ै तितु निवंधै तालि ॥१ ॥

ਮਃ ੧ ॥ (789-4)
मः १ ॥

ਨਾਨਕ ਮਨ ਕੇ ਕੰਮ ਫਿਟਿਆ ਗਣਤ ਨ ਆਵਹੀ ॥ (789-5)
नानक मन के कंम फिटिआ गणत न आवही ॥

ਕਿਤੀ ਲਹਾ ਸਹੰਮ ਜਾ ਬਖਸੇ ਤਾ ਧਕਾ ਨਹੀ ॥੨॥ (789-5)
किती लहा सहंम जा बखसे ता धका नही ॥२ ॥

ਪਉੜੀ ॥ (789-5)
पउड़ी ॥

ਸਚਾ ਅਮਰੁ ਚਲਾਇਓਨੁ ਕਰਿ ਸਚੁ ਫੁਰਮਾਣੁ ॥ (789-6)
सचा अमरु चलाइओनु करि सचु फुरमाणु ॥

ਸਦਾ ਨਿਹਚਲੁ ਰਵਿ ਰਹਿਆ ਸੋ ਪੁਰਖੁ ਸੁਜਾਣੁ ॥ (789-6)
सदा निहचलु रवि रहिआ सो पुरखु सुजाणु ॥

ਗੁਰ ਪਰਸਾਦੀ ਸੇਵੀਐ ਸਚੁ ਸਬਦਿ ਨੀਸਾਣੁ ॥ (789-6)
गुर परसादी सेवीऐ सचु सबदि नीसाणु ॥

ਪੂਰਾ ਥਾਟੁ ਬਣਾਇਆ ਰੰਗੁ ਗੁਰਮਤਿ ਮਾਣੁ ॥ (789-7)
पूरा थाटु बणाइआ रंगु गुरमति माणु ॥

ਅਗਮ ਅਗੋਚਰੁ ਅਲਖੁ ਹੈ ਗੁਰਮੁਖਿ ਹਰਿ ਜਾਣੁ ॥੧੧॥ (789-7)
अगम अगोचरु अलखु है गुरमुखि हरि जाणु ॥११॥

ਸਲੋਕ ਮਃ ੧ ॥ (789-8)
सलोक मः १ ॥

ਨਾਨਕ ਬਦਰਾ ਮਾਲ ਕਾ ਭੀਤਰਿ ਧਰਿਆ ਆਣਿ ॥ (789-8)
नानक बदरा माल का भीतरि धरिआ आणि ॥

ਖੋਟੇ ਖਰੇ ਪਰਖੀਅਨਿ ਸਾਹਿਬ ਕੈ ਦੀਬਾਣਿ ॥੧॥ (789-8)
खोटे खरे परखीअनि साहिब कै दीबाणि ॥१॥

ਮਃ ੧ ॥ (789-9)
मः १ ॥

ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥ (789-9)
नावण चले तीरथी मनि खोटै तनि चोर ॥

ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥ (789-9)
इकु भाउ लथी नातिआ दुइ भा चड़ीअसु होर ॥

ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ ॥ (789-10)
बाहरि धोती तूमड़ी अंदरि विसु निकोर ॥

ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ ॥੨॥ (789-10)
साध भले अणनातिआ चोर सि चोरा चोर ॥२॥

ਪਉੜੀ ॥ (789-11)
पउड़ी ॥

ਆਪੇ ਹੁਕਮੁ ਚਲਾਇਦਾ ਜਗੁ ਧੰਧੈ ਲਾਇਆ ॥ (789-11)
आपे हुकमु चलाइदा जगु धंधै लाइआ ॥

ਇਕਿ ਆਪੇ ਹੀ ਆਪਿ ਲਾਇਅਨੁ ਗੁਰ ਤੇ ਸੁਖੁ ਪਾਇਆ ॥ (789-11)
इकि आपे ही आपि लाइअनु गुर ते सुखु पाइआ ॥

ਦਹ ਦਿਸ ਇਹੁ ਮਨੁ ਧਾਵਦਾ ਗੁਰਿ ਠਾਕਿ ਰਹਾਇਆ ॥ (789-12)
दह दिस इहु मनु धावदा गुरि ठाकि रहाइआ ॥

ਨਾਵੈ ਨੋ ਸਭ ਲੋਚਦੀ ਗੁਰਮਤੀ ਪਾਇਆ ॥ (789-12)
नावै नो सभ लोचदी गुरमती पाइआ ॥

ਧੁਰਿ ਲਿਖਿਆ ਮੇਟਿ ਨ ਸਕੀਐ ਜੋ ਹਰਿ ਲਿਖਿ ਪਾਇਆ ॥੧੨॥ (789-13)
धुरि लिखिआ मेटि न सकीऐ जो हरि लिखि पाइआ ॥१२॥

ਸਲੋਕ ਮਃ ੧ ॥ (789-13)
सलोक मः १ ॥

ਦੁਇ ਦੀਵੇ ਚਉਦਹ ਹਟਨਾਲੇ ॥ (789-13)
दुइ दीवे चउदह हटनाले ॥

ਜੇਤੇ ਜੀਅ ਤੇਤੇ ਵਣਜਾਰੇ ॥ (789-14)
जेते जीअ तेते वणजारे ॥

ਖੁਲ੍ਹ੍ਹੇ ਹਟ ਹੋਆ ਵਾਪਾਰੁ ॥ (789-14)
खुल्हे हट होआ वापारु ॥

ਜੋ ਪਹੁਚੈ ਸੋ ਚਲਣਹਾਰੁ ॥ (789-14)
जो पहुचै सो चलणहारु ॥

ਧਰਮੁ ਦਲਾਲੁ ਪਾਏ ਨੀਸਾਣੁ ॥ (789-14)
धरमु दलालु पाए नीसाणु ॥

ਨਾਨਕ ਨਾਮੁ ਲਾਹਾ ਪਰਵਾਣੁ ॥ (789-15)
नानक नामु लाहा परवाणु ॥

ਘਰਿ ਆਏ ਵਜੀ ਵਾਧਾਈ ॥ (789-15)
घरि आए वजी वाधाई ॥

ਸਚ ਨਾਮ ਕੀ ਮਿਲੀ ਵਡਿਆਈ ॥੧॥ (789-15)
सच नाम की मिली वडिआई ॥१॥

ਮਃ ੧ ॥ (789-16)
मः १ ॥

ਰਾਤੀ ਹੋਵਨਿ ਕਾਲੀਆ ਸੁਪੇਦਾ ਸੇ ਵੰਨ ॥ (789-16)
राती होवनि कालीआ सुपेदा से वंन ॥

ਦਿਹੁ ਬਗਾ ਤਪੈ ਘਣਾ ਕਾਲਿਆ ਕਾਲੇ ਵੰਨ ॥ (789-16)
दिहु बगा तपै घणा कालिआ काले वंन ॥

ਅੰਧੇ ਅਕਲੀ ਬਾਹਰੇ ਮੂਰਖ ਅੰਧ ਗਿਆਨੁ ॥ (789-16)
अंधे अकली बाहरे मूरख अंध गिआनु ॥

ਨਾਨਕ ਨਦਰੀ ਬਾਹਰੇ ਕਬਹਿ ਨ ਪਾਵਹਿ ਮਾਨੁ ॥੨॥ (789-17)
नानक नदरी बाहरे कबहि न पावहि मानु ॥२॥

ਪਉੜੀ ॥ (789-17)
पउड़ी ॥

ਕਾਇਆ ਕੋਟੁ ਰਚਾਇਆ ਹਰਿ ਸਚੈ ਆਪੇ ॥ (789-17)
काइआ कोटु रचाइआ हरि सचै आपे ॥

ਇਕਿ ਦੂਜੈ ਭਾਇ ਖੁਆਇਅਨੁ ਹਉਮੈ ਵਿਚਿ ਵਿਆਪੇ ॥ (789-18)
इकि दूजै भाइ खुआइअनु हउमै विचि विआपे ॥

ਇਹੁ ਮਾਨਸ ਜਨਮੁ ਦੁਲੰਭੁ ਸਾ ਮਨਮੁਖ ਸੰਤਾਪੇ ॥ (789-18)
इहु मानस जनमु दुल्मभु सा मनमुख संतापे ॥

ਜਿਸੁ ਆਪਿ ਬੁਝਾਏ ਸੋ ਬੁਝਸੀ ਜਿਸੁ ਸਤਿਗੁਰੁ ਥਾਪੇ ॥ (789-19)
जिसु आपि बुझाए सो बुझसी जिसु सतिगुरु थापे ॥

ਸਭੁ ਜਗੁ ਖੇਲੁ ਰਚਾਇਓਨੁ ਸਭ ਵਰਤੈ ਆਪੇ ॥੧੩॥ (789-19)
सभु जगु खेलु रचाइओनु सभ वरतै आपे ॥१३॥

ਸਲੋਕ ਮਃ ੧ ॥ (790-1)
सलोक मः १ ॥

ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ ॥ (790-1)
चोरा जारा रंडीआ कुटणीआ दीबाणु ॥

ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ ॥ (790-1)
वेदीना की दोसती वेदीना का खाणु ॥

ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ ॥ (790-2)
सिफती सार न जाणनी सदा वसै सैतानु ॥

ਗਦਹੁ ਚੰਦਨਿ ਖਉਲੀਐ ਭੀ ਸਾਹੂ ਸਿਉ ਪਾਣੁ ॥ (790-2)
गदहु चंदनि खउलीऐ भी साहू सिउ पाणु ॥

ਨਾਨਕ ਕੂੜੈ ਕਤਿਐ ਕੂੜਾ ਤਣੀਐ ਤਾਣੁ ॥ (790-3)
नानक कूड़ै कतिऐ कूड़ा तणीऐ ताणु ॥

ਕੂੜਾ ਕਪੜੁ ਕਛੀਐ ਕੂੜਾ ਪੈਨਣੁ ਮਾਣੁ ॥੧॥ (790-3)
कूड़ा कपड़ु कछीऐ कूड़ा पैनणु माणु ॥१॥

ਮਃ ੧ ॥ (790-4)
मः १ ॥

ਬਾਂਗਾ ਬੁਰਗੂ ਸਿੰਙੀਆ ਨਾਲੇ ਮਿਲੀ ਕਲਾਣ ॥ (790-4)
बांगा बुरगू सिंङीआ नाले मिली कलाण ॥

ਇਕਿ ਦਾਤੇ ਇਕਿ ਮੰਗਤੇ ਨਾਮੁ ਤੇਰਾ ਪਰਵਾਣੁ ॥ (790-4)
इकि दाते इकि मंगते नामु तेरा परवाणु ॥

ਨਾਨਕ ਜਿਨ੍ਹ੍ਹੀ ਸੁਣਿ ਕੈ ਮੰਨਿਆ ਹਉ ਤਿਨਾ ਵਿਟਹੁ ਕੁਰਬਾਣੁ ॥੨॥ (790-5)
नानक जिन्ही सुणि कै मंनिआ हउ तिना विटहु कुरबाणु ॥२॥

ਪਉੜੀ ॥ (790-5)
पउड़ी ॥

ਮਾਇਆ ਮੋਹੁ ਸਭੁ ਕੂੜੁ ਹੈ ਕੂੜੋ ਹੋਇ ਗਇਆ ॥ (790-5)
माइआ मोहु सभु कूड़ु है कूड़ो होइ गइआ ॥

ਹਉਮੈ ਝਗੜਾ ਪਾਇਓਨੁ ਝਗੜੈ ਜਗੁ ਮੁਇਆ ॥ (790-6)
हउमै झगड़ा पाइओनु झगड़ै जगु मुइआ ॥

ਗੁਰਮੁਖਿ ਝਗੜੁ ਚੁਕਾਇਓਨੁ ਇਕੋ ਰਵਿ ਰਹਿਆ ॥ (790-6)
गुरमुखि झगड़ु चुकाइओनु इको रवि रहिआ ॥

ਸਭੁ ਆਤਮ ਰਾਮੁ ਪਛਾਣਿਆ ਭਉਜਲੁ ਤਰਿ ਗਇਆ ॥ (790-7)
सभु आतम रामु पछाणिआ भउजलु तरि गइआ ॥

ਜੋਤਿ ਸਮਾਣੀ ਜੋਤਿ ਵਿਚਿ ਹਰਿ ਨਾਮਿ ਸਮਇਆ ॥੧੪॥ (790-7)
जोति समाणी जोति विचि हरि नामि समइआ ॥१४॥

ਸਲੋਕ ਮਃ ੧ ॥ (790-8)
सलोक मः १ ॥

ਸਤਿਗੁਰ ਭੀਖਿਆ ਦੇਹਿ ਮੈ ਤੂੰ ਸੰਮ੍ਰਥੁ ਦਾਤਾਰੁ ॥ (790-8)
सतिगुर भीखिआ देहि मै तूं संम्रथु दातारु ॥

ਹਉਮੈ ਗਰਬੁ ਨਿਵਾਰੀਐ ਕਾਮੁ ਕ੍ਰੋਧੁ ਅਹੰਕਾਰੁ ॥ (790-8)
हउमै गरबु निवारीऐ कामु क्रोधु अहंकारु ॥

ਲਬੁ ਲੋਭੁ ਪਰਜਾਲੀਐ ਨਾਮੁ ਮਿਲੈ ਆਧਾਰੁ ॥ (790-9)
लबु लोभु परजालीऐ नामु मिलै आधारु ॥

ਅਹਿਨਿਸਿ ਨਵਤਨ ਨਿਰਮਲਾ ਮੈਲਾ ਕਬਹੂੰ ਨ ਹੋਇ ॥ (790-9)
अहिनिसि नवतन निरमला मैला कबहूं न होइ ॥

ਨਾਨਕ ਇਹ ਬਿਧਿ ਛੁਟੀਐ ਨਦਰਿ ਤੇਰੀ ਸੁਖੁ ਹੋਇ ॥੧॥ (790-10)
नानक इह बिधि छुटीऐ नदरि तेरी सुखु होइ ॥१॥

ਮਃ ੧ ॥ (790-10)
मः १ ॥

ਇਕੋ ਕੰਤੁ ਸਬਾਈਆ ਜਿਤੀ ਦਰਿ ਖੜੀਆਹ ॥ (790-10)
इको कंतु सबाईआ जिती दरि खड़ीआह ॥

ਨਾਨਕ ਕੰਤੈ ਰਤੀਆ ਪੁਛਹਿ ਬਾਤੜੀਆਹ ॥੨॥ (790-11)
नानक कंतै रतीआ पुछहि बातड़ीआह ॥२॥

ਮਃ ੧ ॥ (790-11)
मः १ ॥

ਸਭੇ ਕੰਤੈ ਰਤੀਆ ਮੈ ਦੋਹਾਗਣਿ ਕਿਤੁ ॥ (790-11)
सभे कंतै रतीआ मै दोहागणि कितु ॥

ਮੈ ਤਨਿ ਅਵਗਣ ਏਤੜੇ ਖਸਮੁ ਨ ਫੇਰੇ ਚਿਤੁ ॥੩॥ (790-12)
मै तनि अवगण एतड़े खसमु न फेरे चितु ॥३॥

ਮਃ ੧ ॥ (790-12)
मः १ ॥

ਹਉ ਬਲਿਹਾਰੀ ਤਿਨ ਕਉ ਸਿਫਤਿ ਜਿਨਾ ਦੈ ਵਾਤਿ ॥ (790-12)
हउ बलिहारी तिन कउ सिफति जिना दै वाति ॥

ਸਭਿ ਰਾਤੀ ਸੋਹਾਗਣੀ ਇਕ ਮੈ ਦੋਹਾਗਣਿ ਰਾਤਿ ॥੪॥ (790-13)
सभि राती सोहागणी इक मै दोहागणि राति ॥४॥

ਪਉੜੀ ॥ (790-13)
पउड़ी ॥

ਦਰਿ ਮੰਗਤੁ ਜਾਚੈ ਦਾਨੁ ਹਰਿ ਦੀਜੈ ਕ੍ਰਿਪਾ ਕਰਿ ॥ (790-13)
दरि मंगतु जाचै दानु हरि दीजै क्रिपा करि ॥

ਗੁਰਮੁਖਿ ਲੇਹੁ ਮਿਲਾਇ ਜਨੁ ਪਾਵੈ ਨਾਮੁ ਹਰਿ ॥ (790-14)
गुरमुखि लेहु मिलाइ जनु पावै नामु हरि ॥

ਅਨਹਦ ਸਬਦੁ ਵਜਾਇ ਜੋਤੀ ਜੋਤਿ ਧਰਿ ॥ (790-14)
अनहद सबदु वजाइ जोती जोति धरि ॥

ਹਿਰਦੈ ਹਰਿ ਗੁਣ ਗਾਇ ਜੈ ਜੈ ਸਬਦੁ ਹਰਿ ॥ (790-15)
हिरदै हरि गुण गाइ जै जै सबदु हरि ॥

ਜਗ ਮਹਿ ਵਰਤੈ ਆਪਿ ਹਰਿ ਸੇਤੀ ਪ੍ਰੀਤਿ ਕਰਿ ॥੧੫॥ (790-15)
जग महि वरतै आपि हरि सेती प्रीति करि ॥१५॥

ਸਲੋਕ ਮਃ ੧ ॥ (790-16)
सलोक मः १ ॥

ਜਿਨੀ ਨ ਪਾਇਓ ਪ੍ਰੇਮ ਰਸੁ ਕੰਤ ਨ ਪਾਇਓ ਸਾਉ ॥ (790-16)
जिनी न पाइओ प्रेम रसु कंत न पाइओ साउ ॥

ਸੁੰਞੇ ਘਰ ਕਾ ਪਾਹੁਣਾ ਜਿਉ ਆਇਆ ਤਿਉ ਜਾਉ ॥੧॥ (790-16)
सुंञे घर का पाहुणा जिउ आइआ तिउ जाउ ॥१॥

ਮਃ ੧ ॥ (790-17)
मः १ ॥

ਸਉ ਓਲਾਮ੍ਹ੍ਹੇ ਦਿਨੈ ਕੇ ਰਾਤੀ ਮਿਲਨ੍ਹ੍ਹਿ ਸਹੰਸ ॥ (790-17)
सउ ओलाम्हे दिनै के राती मिलन्हि सहंस ॥

ਸਿਫਤਿ ਸਲਾਹਣੁ ਛਡਿ ਕੈ ਕਰੰਗੀ ਲਗਾ ਹੰਸੁ ॥ (790-17)
सिफति सलाहणु छडि कै करंगी लगा हंसु ॥

ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ ॥ (790-18)
फिटु इवेहा जीविआ जितु खाइ वधाइआ पेटु ॥

ਨਾਨਕ ਸਚੇ ਨਾਮ ਵਿਣੁ ਸਭੋ ਦੁਸਮਨੁ ਹੇਤੁ ॥੨॥ (790-18)
नानक सचे नाम विणु सभो दुसमनु हेतु ॥२॥

ਪਉੜੀ ॥ (790-19)
पउड़ी ॥

ਢਾਢੀ ਗੁਣ ਗਾਵੈ ਨਿਤ ਜਨਮੁ ਸਵਾਰਿਆ ॥ (790-19)
ढाढी गुण गावै नित जनमु सवारिआ ॥

ਗੁਰਮੁਖਿ ਸੇਵਿ ਸਲਾਹਿ ਸਚਾ ਉਰ ਧਾਰਿਆ ॥ (790-19)
गुरमुखि सेवि सलाहि सचा उर धारिआ ॥

ਘਰੁ ਦਰੁ ਪਾਵੈ ਮਹਲੁ ਨਾਮੁ ਪਿਆਰਿਆ ॥ (791-1)
घरु दरु पावै महलु नामु पिआरिआ ॥

ਗੁਰਮੁਖਿ ਪਾਇਆ ਨਾਮੁ ਹਉ ਗੁਰ ਕਉ ਵਾਰਿਆ ॥ (791-1)
गुरमुखि पाइआ नामु हउ गुर कउ वारिआ ॥

ਤੂ ਆਪਿ ਸਵਾਰਹਿ ਆਪਿ ਸਿਰਜਨਹਾਰਿਆ ॥੧੬॥ (791-2)
तू आपि सवारहि आपि सिरजनहारिआ ॥१६॥

ਸਲੋਕ ਮਃ ੧ ॥ (791-2)
सलोक मः १ ॥

ਦੀਵਾ ਬਲੈ ਅੰਧੇਰਾ ਜਾਇ ॥ (791-2)
दीवा बलै अंधेरा जाइ ॥

ਬੇਦ ਪਾਠ ਮਤਿ ਪਾਪਾ ਖਾਇ ॥ (791-3)
बेद पाठ मति पापा खाइ ॥

ਉਗਵੈ ਸੂਰੁ ਨ ਜਾਪੈ ਚੰਦੁ ॥ (791-3)
उगवै सूरु न जापै चंदु ॥

ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ ॥ (791-3)
जह गिआन प्रगासु अगिआनु मिटंतु ॥

ਬੇਦ ਪਾਠ ਸੰਸਾਰ ਕੀ ਕਾਰ ॥ (791-3)
बेद पाठ संसार की कार ॥

ਪੜ੍ਹਿ ਪੜ੍ਹਿ ਪੰਡਿਤ ਕਰਹਿ ਬੀਚਾਰ ॥ (791-4)
पड़्हि पड़्हि पंडित करहि बीचार ॥

ਬਿਨੁ ਬੂਝੇ ਸਭ ਹੋਇ ਖੁਆਰ ॥ (791-4)
बिनु बूझे सभ होइ खुआर ॥

ਨਾਨਕ ਗੁਰਮੁਖਿ ਉਤਰਸਿ ਪਾਰਿ ॥੧॥ (791-4)
नानक गुरमुखि उतरसि पारि ॥१॥

ਮਃ ੧ ॥ (791-5)
मः १ ॥

ਸਬਦੈ ਸਾਦੁ ਨ ਆਇਓ ਨਾਮਿ ਨ ਲਗੋ ਪਿਆਰੁ ॥ (791-5)
सबदै सादु न आइओ नामि न लगो पिआरु ॥

ਰਸਨਾ ਫਿਕਾ ਬੋਲਣਾ ਨਿਤ ਨਿਤ ਹੋਇ ਖੁਆਰੁ ॥ (791-5)
रसना फिका बोलणा नित नित होइ खुआरु ॥

ਨਾਨਕ ਪਇਐ ਕਿਰਤਿ ਕਮਾਵਣਾ ਕੋਇ ਨ ਮੇਟਣਹਾਰੁ ॥੨॥ (791-6)
नानक पइऐ किरति कमावणा कोइ न मेटणहारु ॥२॥

ਪਉੜੀ ॥ (791-6)
पउड़ी ॥

ਜਿ ਪ੍ਰਭੁ ਸਾਲਾਹੇ ਆਪਣਾ ਸੋ ਸੋਭਾ ਪਾਏ ॥ (791-6)
जि प्रभु सालाहे आपणा सो सोभा पाए ॥

ਹਉਮੈ ਵਿਚਹੁ ਦੂਰਿ ਕਰਿ ਸਚੁ ਮੰਨਿ ਵਸਾਏ ॥ (791-7)
हउमै विचहु दूरि करि सचु मंनि वसाए ॥

ਸਚੁ ਬਾਣੀ ਗੁਣ ਉਚਰੈ ਸਚਾ ਸੁਖੁ ਪਾਏ ॥ (791-7)
सचु बाणी गुण उचरै सचा सुखु पाए ॥

ਮੇਲੁ ਭਇਆ ਚਿਰੀ ਵਿਛੁੰਨਿਆ ਗੁਰ ਪੁਰਖਿ ਮਿਲਾਏ ॥ (791-8)
मेलु भइआ चिरी विछुंनिआ गुर पुरखि मिलाए ॥

ਮਨੁ ਮੈਲਾ ਇਵ ਸੁਧੁ ਹੈ ਹਰਿ ਨਾਮੁ ਧਿਆਏ ॥੧੭॥ (791-8)
मनु मैला इव सुधु है हरि नामु धिआए ॥१७॥

ਸਲੋਕ ਮਃ ੧ ॥ (791-9)
सलोक मः १ ॥

ਕਾਇਆ ਕੂਮਲ ਫੁਲ ਗੁਣ ਨਾਨਕ ਗੁਪਸਿ ਮਾਲ ॥ (791-9)
काइआ कूमल फुल गुण नानक गुपसि माल ॥

ਏਨੀ ਫੁਲੀ ਰਉ ਕਰੇ ਅਵਰ ਕਿ ਚੁਣੀਅਹਿ ਡਾਲ ॥੧॥ (791-9)
एनी फुली रउ करे अवर कि चुणीअहि डाल ॥१॥

ਮਹਲਾ ੨ ॥ (791-10)
महला २ ॥

ਨਾਨਕ ਤਿਨਾ ਬਸੰਤੁ ਹੈ ਜਿਨ੍ ਘਰਿ ਵਸਿਆ ਕੰਤੁ ॥ (791-10)
नानक तिना बसंतु है जिन्ह घरि वसिआ कंतु ॥

ਜਿਨ ਕੇ ਕੰਤ ਦਿਸਾਪੁਰੀ ਸੇ ਅਹਿਨਿਸਿ ਫਿਰਹਿ ਜਲੰਤ ॥੨॥ (791-10)
जिन के कंत दिसापुरी से अहिनिसि फिरहि जलंत ॥२॥

ਪਉੜੀ ॥ (791-11)
पउड़ी ॥

ਆਪੇ ਬਖਸੇ ਦਇਆ ਕਰਿ ਗੁਰ ਸਤਿਗੁਰ ਬਚਨੀ ॥ (791-11)
आपे बखसे दइआ करि गुर सतिगुर बचनी ॥

ਅਨਦਿਨੁ ਸੇਵੀ ਗੁਣ ਰਵਾ ਮਨੁ ਸਚੈ ਰਚਨੀ ॥ (791-11)
अनदिनु सेवी गुण रवा मनु सचै रचनी ॥

ਪ੍ਰਭੁ ਮੇਰਾ ਬੇਅੰਤੁ ਹੈ ਅੰਤੁ ਕਿਨੈ ਨ ਲਖਨੀ ॥ (791-12)
प्रभु मेरा बेअंतु है अंतु किनै न लखनी ॥

ਸਤਿਗੁਰ ਚਰਣੀ ਲਗਿਆ ਹਰਿ ਨਾਮੁ ਨਿਤ ਜਪਨੀ ॥ (791-12)
सतिगुर चरणी लगिआ हरि नामु नित जपनी ॥

ਜੋ ਇਛੈ ਸੋ ਫਲੁ ਪਾਇਸੀ ਸਭਿ ਘਰੈ ਵਿਚਿ ਜਚਨੀ ॥੧੮॥ (791-13)
जो इछै सो फलु पाइसी सभि घरै विचि जचनी ॥१८॥

ਸਲੋਕ ਮਃ ੧ ॥ (791-13)
सलोक मः १ ॥

ਪਹਿਲ ਬਸੰਤੈ ਆਗਮਨਿ ਪਹਿਲਾ ਮਉਲਿਓ ਸੋਇ ॥ (791-13)
पहिल बसंतै आगमनि पहिला मउलिओ सोइ ॥

ਜਿਤੁ ਮਉਲਿਐ ਸਭ ਮਉਲੀਐ ਤਿਸਹਿ ਨ ਮਉਲਿਹੁ ਕੋਇ ॥੧॥ (791-14)
जितु मउलिऐ सभ मउलीऐ तिसहि न मउलिहु कोइ ॥१॥

ਮਃ ੨ ॥ (791-15)
मः २ ॥

ਪਹਿਲ ਬਸੰਤੈ ਆਗਮਨਿ ਤਿਸ ਕਾ ਕਰਹੁ ਬੀਚਾਰੁ ॥ (791-15)
पहिल बसंतै आगमनि तिस का करहु बीचारु ॥

ਨਾਨਕ ਸੋ ਸਾਲਾਹੀਐ ਜਿ ਸਭਸੈ ਦੇ ਆਧਾਰੁ ॥੨॥ (791-15)
नानक सो सालाहीऐ जि सभसै दे आधारु ॥२॥

ਮਃ ੨ ॥ (791-16)
मः २ ॥

ਮਿਲਿਐ ਮਿਲਿਆ ਨਾ ਮਿਲੈ ਮਿਲੈ ਮਿਲਿਆ ਜੇ ਹੋਇ ॥ (791-16)
मिलिऐ मिलिआ ना मिलै मिलै मिलिआ जे होइ ॥

ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ ॥੩॥ (791-16)
अंतर आतमै जो मिलै मिलिआ कहीऐ सोइ ॥३॥

ਪਉੜੀ ॥ (791-17)
पउड़ी ॥

ਹਰਿ ਹਰਿ ਨਾਮੁ ਸਲਾਹੀਐ ਸਚੁ ਕਾਰ ਕਮਾਵੈ ॥ (791-17)
हरि हरि नामु सलाहीऐ सचु कार कमावै ॥

ਦੂਜੀ ਕਾਰੈ ਲਗਿਆ ਫਿਰਿ ਜੋਨੀ ਪਾਵੈ ॥ (791-17)
दूजी कारै लगिआ फिरि जोनी पावै ॥

ਨਾਮਿ ਰਤਿਆ ਨਾਮੁ ਪਾਈਐ ਨਾਮੇ ਗੁਣ ਗਾਵੈ ॥ (791-18)
नामि रतिआ नामु पाईऐ नामे गुण गावै ॥

ਗੁਰ ਕੈ ਸਬਦਿ ਸਲਾਹੀਐ ਹਰਿ ਨਾਮਿ ਸਮਾਵੈ ॥ (791-18)
गुर कै सबदि सलाहीऐ हरि नामि समावै ॥

ਸਤਿਗੁਰ ਸੇਵਾ ਸਫਲ ਹੈ ਸੇਵਿਐ ਫਲ ਪਾਵੈ ॥੧੯॥ (791-19)
सतिगुर सेवा सफल है सेविऐ फल पावै ॥१९॥

ਸਲੋਕ ਮਃ ੨ ॥ (791-19)
सलोक मः २ ॥

ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ ॥ (791-19)
किस ही कोई कोइ मंञु निमाणी इकु तू ॥

ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ ॥੧॥ (792-1)
किउ न मरीजै रोइ जा लगु चिति न आवही ॥१॥

ਮਃ ੨ ॥ (792-1)
मः २ ॥

ਜਾਂ ਸੁਖੁ ਤਾ ਸਹੁ ਰਾਵਿਓ ਦੁਖਿ ਭੀ ਸੰਮ੍ਹ੍ਹਾਲਿਓਇ ॥ (792-1)
जां सुखु ता सहु राविओ दुखि भी संम्हालिओइ ॥

ਨਾਨਕੁ ਕਹੈ ਸਿਆਣੀਏ ਇਉ ਕੰਤ ਮਿਲਾਵਾ ਹੋਇ ॥੨॥ (792-2)
नानकु कहै सिआणीए इउ कंत मिलावा होइ ॥२॥

ਪਉੜੀ ॥ (792-2)
पउड़ी ॥

ਹਉ ਕਿਆ ਸਾਲਾਹੀ ਕਿਰਮ ਜੰਤੁ ਵਡੀ ਤੇਰੀ ਵਡਿਆਈ ॥ (792-2)
हउ किआ सालाही किरम जंतु वडी तेरी वडिआई ॥

ਤੂ ਅਗਮ ਦਇਆਲੁ ਅਗੰਮੁ ਹੈ ਆਪਿ ਲੈਹਿ ਮਿਲਾਈ ॥ (792-3)
तू अगम दइआलु अगंमु है आपि लैहि मिलाई ॥

ਮੈ ਤੁਝ ਬਿਨੁ ਬੇਲੀ ਕੋ ਨਹੀ ਤੂ ਅੰਤਿ ਸਖਾਈ ॥ (792-3)
मै तुझ बिनु बेली को नही तू अंति सखाई ॥

ਜੋ ਤੇਰੀ ਸਰਣਾਗਤੀ ਤਿਨ ਲੈਹਿ ਛਡਾਈ ॥ (792-4)
जो तेरी सरणागती तिन लैहि छडाई ॥

ਨਾਨਕ ਵੇਪਰਵਾਹੁ ਹੈ ਤਿਸੁ ਤਿਲੁ ਨ ਤਮਾਈ ॥੨੦॥੧॥ (792-4)
नानक वेपरवाहु है तिसु तिलु न तमाई ॥२० ॥१ ॥

ਰਾਗੁ ਸੂਹੀ ਬਾਣੀ ਸ੍ਰੀ ਕਬੀਰ ਜੀਉ ਤਥਾ ਸਭਨਾ ਭਗਤਾ ਕੀ ॥ (792-6)
रागु सूही बाणी स्री कबीर जीउ तथा सभना भगता की ॥

ਕਬੀਰ ਕੇ (792-6)
कबीर के

ੴ ਸਤਿਗੁਰ ਪ੍ਰਸਾਦਿ ॥ (792-6)
ੴ सतिगुर प्रसादि ॥

ਅਵਤਰਿ ਆਇ ਕਹਾ ਤੁਮ ਕੀਨਾ ॥ (792-7)
अवतरि आइ कहा तुम कीना ॥

ਰਾਮ ਕੋ ਨਾਮੁ ਨ ਕਬਹੂ ਲੀਨਾ ॥੧॥ (792-7)
राम को नामु न कबहू लीना ॥१ ॥

ਰਾਮ ਨ ਜਪਹੁ ਕਵਨ ਮਤਿ ਲਾਗੇ ॥ (792-7)
राम न जपहु कवन मति लागे ॥

ਮਰਿ ਜਇਬੇ ਕਉ ਕਿਆ ਕਰਹੁ ਅਭਾਗੇ ॥੧॥ ਰਹਾਉ ॥ (792-8)
मरि जइबे कउ किआ करहु अभागे ॥१ ॥ रहाउ ॥

ਦੁਖ ਸੁਖ ਕਰਿ ਕੈ ਕੁਟੰਬੁ ਜੀਵਾਇਆ ॥ (792-8)
दुख सुख करि कै कुटम्बु जीवाइआ ॥

ਮਰਤੀ ਬਾਰ ਇਕਸਰ ਦੁਖੁ ਪਾਇਆ ॥੨॥ (792-8)
मरती बार इकसर दुखु पाइआ ॥२ ॥

ਕੰਠ ਗਹਨ ਤਬ ਕਰਨ ਪੁਕਾਰਾ ॥ (792-9)
कंठ गहन तब करन पुकारा ॥

ਕਹਿ ਕਬੀਰ ਆਗੇ ਤੇ ਨ ਸੰਮ੍ਹਾਰਾ ॥੩॥੧॥ (792-9)
कहि कबीर आगे ते न सम्हारा ॥३ ॥१ ॥

ਸੂਹੀ ਕਬੀਰ ਜੀ ॥ (792-10)
सूही कबीर जी ॥

ਥਰਹਰ ਕੰਪੈ ਬਾਲਾ ਜੀਉ ॥ (792-10)
थरहर क्मपै बाला जीउ ॥

ਨਾ ਜਾਨਉ ਕਿਆ ਕਰਸੀ ਪੀਉ ॥੧॥ (792-10)
ना जानउ किआ करसी पीउ ॥१॥

ਰੈਨਿ ਗਈ ਮਤ ਦਿਨੁ ਭੀ ਜਾਇ ॥ (792-10)
रैनि गई मत दिनु भी जाइ ॥

ਭਵਰ ਗਏ ਬਗ ਬੈਠੇ ਆਇ ॥੧॥ ਰਹਾਉ ॥ (792-11)
भवर गए बग बैठे आइ ॥१॥ रहाउ ॥

ਕਾਚੈ ਕਰਵੈ ਰਹੈ ਨ ਪਾਨੀ ॥ (792-11)
काचै करवै रहै न पानी ॥

ਹੰਸੁ ਚਲਿਆ ਕਾਇਆ ਕੁਮਲਾਨੀ ॥੨॥ (792-11)
हंसु चलिआ काइआ कुमलानी ॥२॥

ਕੁਆਰ ਕੰਨਿਆ ਜੈਸੇ ਕਰਤ ਸੀਗਾਰਾ ॥ (792-12)
कुआर कंनिआ जैसे करत सीगारा ॥

ਕਿਉ ਰਲੀਆ ਮਾਨੈ ਬਾਝੁ ਭਤਾਰਾ ॥੩॥ (792-12)
किउ रलीआ मानै बाझु भतारा ॥३॥

ਕਾਗ ਉਡਾਵਤ ਭੁਜਾ ਪਿਰਾਨੀ ॥ (792-12)
काग उडावत भुजा पिरानी ॥

ਕਹਿ ਕਬੀਰ ਇਹ ਕਥਾ ਸਿਰਾਨੀ ॥੪॥੨॥ (792-13)
कहि कबीर इह कथा सिरानी ॥४॥२॥

ਸੂਹੀ ਕਬੀਰ ਜੀਉ ॥ (792-13)
सूही कबीर जीउ ॥

ਅਮਲੁ ਸਿਰਾਨੋ ਲੇਖਾ ਦੇਨਾ ॥ (792-13)
अमलु सिरानो लेखा देना ॥

ਆਏ ਕਠਿਨ ਦੂਤ ਜਮ ਲੇਨਾ ॥ (792-14)
आए कठिन दूत जम लेना ॥

ਕਿਆ ਤੈ ਖਟਿਆ ਕਹਾ ਗਵਾਇਆ ॥ (792-14)
किआ तै खटिआ कहा गवाइआ ॥

ਚਲਹੁ ਸਿਤਾਬ ਦੀਬਾਨਿ ਬੁਲਾਇਆ ॥੧॥ (792-14)
चलहु सिताब दीबानि बुलाइआ ॥१॥

ਚਲੁ ਦਰਹਾਲੁ ਦੀਵਾਨਿ ਬੁਲਾਇਆ ॥ (792-15)
चलु दरहालु दीवानि बुलाइआ ॥

ਹਰਿ ਫੁਰਮਾਨੁ ਦਰਗਹ ਕਾ ਆਇਆ ॥੧॥ ਰਹਾਉ ॥ (792-15)
हरि फुरमानु दरगह का आइआ ॥१॥ रहाउ ॥

ਕਰਉ ਅਰਦਾਸਿ ਗਾਵ ਕਿਛੁ ਬਾਕੀ ॥ (792-16)
करउ अरदासि गाव किछु बाकी ॥

ਲੇਉ ਨਿਬੇਰਿ ਆਜੁ ਕੀ ਰਾਤੀ ॥ (792-16)
लेउ निबेरि आजु की राती ॥

ਕਿਛੁ ਭੀ ਖਰਚੁ ਤੁਮ੍ਹਾਰਾ ਸਾਰਉ ॥ (792-16)
किछु भी खरचु तुम्हारा सारउ ॥

ਸੁਬਹ ਨਿਵਾਜ ਸਰਾਇ ਗੁਜਾਰਉ ॥੨॥ (792-17)
सुबह निवाज सराइ गुजारउ ॥२॥

ਸਾਧਸੰਗਿ ਜਾ ਕਉ ਹਰਿ ਰੰਗੁ ਲਾਗਾ ॥ (792-17)
साधसंगि जा कउ हरि रंगु लागा ॥

ਧਨੁ ਧਨੁ ਸੋ ਜਨੁ ਪੁਰਖੁ ਸਭਾਗਾ ॥ (792-17)
धनु धनु सो जनु पुरखु सभागा ॥

ਈਤ ਊਤ ਜਨ ਸਦਾ ਸੁਹੇਲੇ ॥ (792-18)
ईत ऊत जन सदा सुहेले ॥

ਜਨਮੁ ਪਦਾਰਥੁ ਜੀਤਿ ਅਮੋਲੇ ॥੩॥ (792-18)
जनमु पदारथु जीति अमोले ॥३॥

ਜਾਗਤੁ ਸੋਇਆ ਜਨਮੁ ਗਵਾਇਆ ॥ (792-18)
जागतु सोइआ जनमु गवाइआ ॥

ਮਾਲੁ ਧਨੁ ਜੋਰਿਆ ਭਇਆ ਪਰਾਇਆ ॥ (792-19)
मालु धनु जोरिआ भइआ पराइआ ॥

ਕਹੁ ਕਬੀਰ ਤੇਈ ਨਰ ਭੂਲੇ ॥ (792-19)
कहु कबीर तेई नर भूले ॥

ਖਸਮੁ ਬਿਸਾਰਿ ਮਾਟੀ ਸੰਗਿ ਰੂਲੇ ॥੪॥੩॥ (792-19)
खसमु बिसारि माटी संगि रूले ॥४॥३॥

ਸੂਹੀ ਕਬੀਰ ਜੀਉ ਲਲਿਤ ॥ (793-1)
सूही कबीर जीउ ललित ॥

ਥਾਕੇ ਨੈਨ ਸ੍ਰਵਨ ਸੁਨਿ ਥਾਕੇ ਥਾਕੀ ਸੁੰਦਰਿ ਕਾਇਆ ॥ (793-1)
थाके नैन स्रवन सुनि थाके थाकी सुंदरि काइआ ॥

ਜਰਾ ਹਾਕ ਦੀ ਸਭ ਮਤਿ ਥਾਕੀ ਏਕ ਨ ਥਾਕਸਿ ਮਾਇਆ ॥੧॥ (793-1)
जरा हाक दी सभ मति थाकी एक न थाकसि माइआ ॥१॥

ਬਾਵਰੇ ਤੈ ਗਿਆਨ ਬੀਚਾਰੁ ਨ ਪਾਇਆ ॥ (793-2)
बावरे तै गिआन बीचारु न पाइआ ॥

ਬਿਰਥਾ ਜਨਮੁ ਗਵਾਇਆ ॥੧॥ ਰਹਾਉ ॥ (793-2)
बिरथा जनमु गवाइआ ॥१॥ रहाउ ॥

ਤਬ ਲਗੁ ਪ੍ਰਾਣੀ ਤਿਸੈ ਸਰੇਵਹੁ ਜਬ ਲਗੁ ਘਟ ਮਹਿ ਸਾਸਾ ॥ (793-3)
तब लगु प्रानी तिसै सरेवहु जब लगु घट महि सासा ॥

ਜੇ ਘਟੁ ਜਾਇ ਤ ਭਾਉ ਨ ਜਾਸੀ ਹਰਿ ਕੇ ਚਰਨ ਨਿਵਾਸਾ ॥੨॥ (793-3)
जे घटु जाइ त भाउ न जासी हरि के चरन निवासा ॥२॥

ਜਿਸ ਕਉ ਸਬਦੁ ਬਸਾਵੈ ਅੰਤਰਿ ਚੂਕੈ ਤਿਸਹਿ ਪਿਆਸਾ ॥ (793-4)
जिस कउ सबदु बसावै अंतरि चूकै तिसहि पिआसा ॥

ਹੁਕਮੈ ਬੂਝੈ ਚਉਪੜਿ ਖੇਲੈ ਮਨੁ ਜਿਣਿ ਢਾਲੇ ਪਾਸਾ ॥੩॥ (793-4)
हुकमै बूझै चउपड़ि खेलै मनु जिणि ढाले पासा ॥३॥

ਜੋ ਜਨ ਜਾਨਿ ਭਜਹਿ ਅਬਿਗਤ ਕਉ ਤਿਨ ਕਾ ਕਛੂ ਨ ਨਾਸਾ ॥ (793-5)
जो जन जानि भजहि अबिगत कउ तिन का कछू न नासा ॥

ਕਹੁ ਕਬੀਰ ਤੇ ਜਨ ਕਬਹੁ ਨ ਹਾਰਹਿ ਢਾਲਿ ਜੁ ਜਾਨਹਿ ਪਾਸਾ ॥੪॥੪॥ (793-6)
कहु कबीर ते जन कबहु न हारहि ढालि जु जानहि पासा ॥४॥४॥

ਸੂਹੀ ਲਲਿਤ ਕਬੀਰ ਜੀਉ ॥ (793-6)
सूही ललित कबीर जीउ ॥

ਏਕੁ ਕੋਟੁ ਪੰਚ ਸਿਕਦਾਰਾ ਪੰਚੇ ਮਾਗਹਿ ਹਾਲਾ ॥ (793-6)
एकु कोटु पंच सिकदारा पंचे मागहि हाला ॥

ਜਿਮੀ ਨਾਹੀ ਮੈ ਕਿਸੀ ਕੀ ਬੋਈ ਐਸਾ ਦੇਨੁ ਦੁਖਾਲਾ ॥੧॥ (793-7)
जिमी नाही मै किसी की बोई ऐसा देनु दुखाला ॥१॥

ਹਰਿ ਕੇ ਲੋਗਾ ਮੋ ਕਉ ਨੀਤਿ ਡਸੈ ਪਟਵਾਰੀ ॥ (793-8)
हरि के लोगा मो कउ नीति डसै पटवारी ॥

ਊਪਰਿ ਭੁਜਾ ਕਰਿ ਮੈ ਗੁਰ ਪਹਿ ਪੁਕਾਰਿਆ ਤਿਨਿ ਹਉ ਲੀਆ ਉਬਾਰੀ ॥੧॥ ਰਹਾਉ ॥ (793-8)
ऊपरि भुजा करि मै गुर पहि पुकारिआ तिनि हउ लीआ उबारी ॥१॥ रहाउ ॥

ਨਉ ਡਾਡੀ ਦਸ ਮੁੰਸਫ ਧਾਵਹਿ ਰਈਅਤਿ ਬਸਨ ਨ ਦੇਹੀ ॥ (793-9)
नउ डाडी दस मुंसफ धावहि रईअति बसन न देही ॥

ਡੋਰੀ ਪੂਰੀ ਮਾਪਹਿ ਨਾਹੀ ਬਹੁ ਬਿਸਟਾਲਾ ਲੇਹੀ ॥੨॥ (793-9)
डोरी पूरी मापहि नाही बहु बिसटाला लेही ॥२॥

ਬਹਤਰਿ ਘਰ ਇਕੁ ਪੁਰਖੁ ਸਮਾਇਆ ਉਨਿ ਦੀਆ ਨਾਮੁ ਲਿਖਾਈ ॥ (793-10)
बहतरि घर इकु पुरखु समाइआ उनि दीआ नामु लिखाई ॥

ਧਰਮ ਰਾਇ ਕਾ ਦਫਤਰੁ ਸੋਧਿਆ ਬਾਕੀ ਰਿਜਮ ਨ ਕਾਈ ॥੩॥ (793-10)
धरम राइ का दफतरु सोधिआ बाकी रिजम न काई ॥३॥

ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋੁ ॥ (793-11)
संता कउ मति कोई निंदहु संत रामु है एको ॥

ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੋੁ ॥੪॥੫॥ (793-11)
कहु कबीर मै सो गुरु पाइआ जा का नाउ बिबेको ॥४॥५॥

ਰਾਗੁ ਸੂਹੀ ਬਾਣੀ ਸ੍ਰੀ ਰਵਿਦਾਸ ਜੀਉ ਕੀ (793-13)
रागु सूही बाणी स्री रविदास जीउ की

ੴ ਸਤਿਗੁਰ ਪ੍ਰਸਾਦਿ ॥ (793-13)
ੴ सतिगुर प्रसादि ॥

ਸਹ ਕੀ ਸਾਰ ਸੁਹਾਗਨਿ ਜਾਨੈ ॥ (793-14)
सह की सार सुहागनि जानै ॥

ਤਜਿ ਅਭਿਮਾਨੁ ਸੁਖ ਰਲੀਆ ਮਾਨੈ ॥ (793-14)
तजि अभिमानु सुख रलीआ मानै ॥

ਤਨੁ ਮਨੁ ਦੇਇ ਨ ਅੰਤਰੁ ਰਾਖੈ ॥ (793-14)
तनु मनु देइ न अंतरु राखै ॥

ਅਵਰਾ ਦੇਖਿ ਨ ਸੁਨੈ ਅਭਾਖੈ ॥੧॥ (793-14)
अवरा देखि न सुनै अभाखै ॥१॥

ਸੋ ਕਤ ਜਾਨੈ ਪੀਰ ਪਰਾਈ ॥ (793-15)
सो कत जानै पीर पराई ॥

ਜਾ ਕੈ ਅੰਤਰਿ ਦਰਦੁ ਨ ਪਾਈ ॥੧॥ ਰਹਾਉ ॥ (793-15)
जा कै अंतरि दरदु न पाई ॥१॥ रहाउ ॥

ਦੁਖੀ ਦੁਹਾਗਨਿ ਦੁਇ ਪਖ ਹੀਨੀ ॥ (793-15)
दुखी दुहागनि दुइ पख हीनी ॥

ਜਿਨਿ ਨਾਹ ਨਿਰੰਤਰਿ ਭਗਤਿ ਨ ਕੀਨੀ ॥ (793-16)
जिनि नाह निरंतरि भगति न कीनी ॥

ਪੁਰ ਸਲਾਤ ਕਾ ਪੰਥੁ ਦੁਹੇਲਾ ॥ (793-16)
पुर सलात का पंथु दुहेला ॥

ਸੰਗਿ ਨ ਸਾਥੀ ਗਵਨੁ ਇਕੇਲਾ ॥੨॥ (793-16)
संगि न साथी गवनु इकेला ॥२॥

ਦੁਖੀਆ ਦਰਦਵੰਦੁ ਦਰਿ ਆਇਆ ॥ (793-17)
दुखीआ दरदवंदु दरि आइआ ॥

ਬਹੁਤੁ ਪਿਆਸ ਜਬਾਬੁ ਨ ਪਾਇਆ ॥ (793-17)
बहुतु पिआस जबाबु न पाइआ ॥

ਕਹਿ ਰਵਿਦਾਸ ਸਰਨਿ ਪ੍ਰਭ ਤੇਰੀ ॥ (793-18)
कहि रविदास सरनि प्रभ तेरी ॥

ਜਿਉ ਜਾਨਹੁ ਤਿਉ ਕਰੁ ਗਤਿ ਮੇਰੀ ॥੩॥੧॥ (793-18)
जिउ जानहु तिउ करु गति मेरी ॥३॥१॥

ਸੂਹੀ ॥ (793-18)
सूही ॥

ਜੋ ਦਿਨ ਆਵਹਿ ਸੋ ਦਿਨ ਜਾਹੀ ॥ (793-18)
जो दिन आवहि सो दिन जाही ॥

ਕਰਨਾ ਕੂਚੁ ਰਹਨੁ ਥਿਰੁ ਨਾਹੀ ॥ (793-19)
करना कूचु रहनु थिरु नाही ॥

ਸੰਗੁ ਚਲਤ ਹੈ ਹਮ ਭੀ ਚਲਨਾ ॥ (793-19)
संगु चलत है हम भी चलना ॥

ਦੂਰਿ ਗਵਨੁ ਸਿਰ ਊਪਰਿ ਮਰਨਾ ॥੧॥ (793-19)
दूरि गवनु सिर ऊपरि मरना ॥१॥

ਕਿਆ ਤੂ ਸੋਇਆ ਜਾਗੁ ਇਆਨਾ ॥ (794-1)
किआ तू सोइआ जागु इआना ॥

ਤੈ ਜੀਵਨੁ ਜਗਿ ਸਚੁ ਕਰਿ ਜਾਨਾ ॥੧॥ ਰਹਾਉ ॥ (794-1)
तै जीवनु जगि सचु करि जाना ॥१॥ रहाउ ॥

ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ ॥ (794-1)
जिनि जीउ दीआ सु रिजकु अ्मबरावै ॥

ਸਭ ਘਟ ਭੀਤਰਿ ਹਾਟੁ ਚਲਾਵੈ ॥ (794-2)
सभ घट भीतरि हाटु चलावै ॥

ਕਰਿ ਬੰਦਿਗੀ ਛਾਡਿ ਮੈ ਮੇਰਾ ॥ (794-2)
करि बंदिगी छाडि मै मेरा ॥

ਹਿਰਦੈ ਨਾਮੁ ਸਮ੍ਹਾਰਿ ਸਵੇਰਾ ॥੨॥ (794-2)
हिरदै नामु सम्हारि सवेरा ॥२॥

ਜਨਮੁ ਸਿਰਾਨੋ ਪੰਥੁ ਨ ਸਵਾਰਾ ॥ (794-3)
जनमु सिरानो पंथु न सवारा ॥

ਸਾਂਝ ਪਰੀ ਦਹ ਦਿਸ ਅੰਧਿਆਰਾ ॥ (794-3)
सांझ परी दह दिस अंधिआरा ॥

ਕਹਿ ਰਵਿਦਾਸ ਨਿਦਾਨਿ ਦਿਵਾਨੇ ॥ (794-3)
कहि रविदास निदानि दिवाने ॥

ਚੇਤਸਿ ਨਾਹੀ ਦੁਨੀਆ ਫਨ ਖਾਨੇ ॥੩॥੨॥ (794-4)
चेतसि नाही दुनीआ फन खाने ॥३॥२॥

ਸੂਹੀ ॥ (794-4)
सूही ॥

ਊਚੇ ਮੰਦਰ ਸਾਲ ਰਸੋਈ ॥ (794-4)
ऊचे मंदर साल रसोई ॥

ਏਕ ਘਰੀ ਫੁਨਿ ਰਹਨੁ ਨ ਹੋਈ ॥੧॥ (794-5)
एक घरी फुनि रहनु न होई ॥१॥

ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ ॥ (794-5)
इहु तनु ऐसा जैसे घास की टाटी ॥

ਜਲਿ ਗਇਓ ਘਾਸੁ ਰਲਿ ਗਇਓ ਮਾਟੀ ॥੧॥ ਰਹਾਉ ॥ (794-5)
जलि गइओ घासु रलि गइओ माटी ॥१॥ रहाउ ॥

ਭਾਈ ਬੰਧ ਕੁਟੰਬ ਸਹੇਰਾ ॥ (794-6)
भाई बंध कुट्मब सहेरा ॥

ਓਇ ਭੀ ਲਾਗੇ ਕਾਢੁ ਸਵੇਰਾ ॥੨॥ (794-6)
ओइ भी लागे काढु सवेरा ॥२॥

ਘਰ ਕੀ ਨਾਰਿ ਉਰਹਿ ਤਨ ਲਾਗੀ ॥ (794-6)
घर की नारि उरहि तन लागी ॥

ਉਹ ਤਉ ਭੂਤੁ ਭੂਤੁ ਕਰਿ ਭਾਗੀ ॥੩॥ (794-7)
उह तउ भूतु भूतु करि भागी ॥३॥

ਕਹਿ ਰਵਿਦਾਸ ਸਭੈ ਜਗੁ ਲੂਟਿਆ ॥ (794-7)
कहि रविदास सभै जगु लूटिआ ॥

ਹਮ ਤਉ ਏਕ ਰਾਮੁ ਕਹਿ ਛੂਟਿਆ ॥੪॥੩॥ (794-7)
हम तउ एक रामु कहि छूटिआ ॥४॥३॥

ੴ ਸਤਿਗੁਰ ਪ੍ਰਸਾਦਿ ॥ (794-9)
ੴ सतिगुर प्रसादि ॥

ਰਾਗੁ ਸੂਹੀ ਬਾਣੀ ਸੇਖ ਫਰੀਦ ਜੀ ਕੀ ॥ (794-10)
रागु सूही बाणी सेख फरीद जी की ॥

ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥ (794-10)
तपि तपि लुहि लुहि हाथ मरोरउ ॥

ਬਾਵਲਿ ਹੋਈ ਸੋ ਸਹੁ ਲੋਰਉ ॥ (794-10)
बावलि होई सो सहु लोरउ ॥

ਤੈ ਸਹਿ ਮਨ ਮਹਿ ਕੀਆ ਰੋਸੁ ॥ (794-11)
तै सहि मन महि कीआ रोसु ॥

ਮੁਝੁ ਅਵਗਨ ਸਹ ਨਾਹੀ ਦੋਸੁ ॥੧॥ (794-11)
मुझु अवगन सह नाही दोसु ॥१॥

ਤੈ ਸਾਹਿਬ ਕੀ ਮੈ ਸਾਰ ਨ ਜਾਨੀ ॥ (794-11)
तै साहिब की मै सार न जानी ॥

ਜੋਬਨੁ ਖੋਇ ਪਾਛੈ ਪਛੁਤਾਨੀ ॥੧॥ ਰਹਾਉ ॥ (794-11)
जोबनु खोइ पाछै पछुतानी ॥१॥ रहाउ ॥

ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥ (794-12)
काली कोइल तू कित गुन काली ॥

ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥ (794-12)
अपने प्रीतम के हउ बिरहै जाली ॥

ਪਿਰਹਿ ਬਿਹੂਨ ਕਤਹਿ ਸੁਖੁ ਪਾਏ ॥ (794-13)
पिरहि बिहून कतहि सुखु पाए ॥

ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ ॥੨॥ (794-13)
जा होइ क्रिपालु ता प्रभू मिलाए ॥२॥

ਵਿਧਣ ਖੂਹੀ ਮੁੰਧ ਇਕੇਲੀ ॥ (794-13)
विधण खूही मुंध इकेली ॥

ਨਾ ਕੋ ਸਾਥੀ ਨਾ ਕੋ ਬੇਲੀ ॥ (794-14)
ना को साथी ना को बेली ॥

ਕਰਿ ਕਿਰਪਾ ਪ੍ਰਭਿ ਸਾਧਸੰਗਿ ਮੇਲੀ ॥ (794-14)
करि किरपा प्रभि साधसंगि मेली ॥

ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ ॥੩॥ (794-14)
जा फिरि देखा ता मेरा अलहु बेली ॥३॥

ਵਾਟ ਹਮਾਰੀ ਖਰੀ ਉਡੀਣੀ ॥ (794-15)
वाट हमारी खरी उडीणी ॥

ਖੰਨਿਅਹੁ ਤਿਖੀ ਬਹੁਤੁ ਪਿਈਣੀ ॥ (794-15)
खंनिअहु तिखी बहुतु पिईणी ॥

ਉਸੁ ਊਪਰਿ ਹੈ ਮਾਰਗੁ ਮੇਰਾ ॥ (794-15)
उसु ऊपरि है मारगु मेरा ॥

ਸੇਖ ਫਰੀਦਾ ਪੰਥੁ ਸਮ੍ਹਾਰਿ ਸਵੇਰਾ ॥੪॥੧॥ (794-16)
सेख फरीदा पंथु सम्हारि सवेरा ॥४॥१॥

ਸੂਹੀ ਲਲਿਤ ॥ (794-16)
सूही ललित ॥

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ॥ (794-16)
बेड़ा बंधि न सकिओ बंधन की वेला ॥

ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥੧॥ (794-17)
भरि सरवरु जब ऊछलै तब तरणु दुहेला ॥१॥

ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ ॥੧॥ ਰਹਾਉ ॥ (794-17)
हथु न लाइ कसुमभड़ै जलि जासी ढोला ॥१॥ रहाउ ॥

ਇਕ ਆਪੀਨ੍ਹੈ ਪਤਲੀ ਸਹ ਕੇਰੇ ਬੋਲਾ ॥ (794-18)
इक आपीन्है पतली सह केरे बोला ॥

ਦੁਧਾ ਥਣੀ ਨ ਆਵਈ ਫਿਰਿ ਹੋਇ ਨ ਮੇਲਾ ॥੨॥ (794-18)
दुधा थणी न आवई फिरि होइ न मेला ॥२॥

ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ ॥ (794-19)
कहै फरीदु सहेलीहो सहु अलाएसी ॥

ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ ॥੩॥੨॥ (794-19)
हंसु चलसी डुंमणा अहि तनु ढेरी थीसी ॥३॥२॥

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ (795-1)
ੴ सति नामु करता पुरखु निरभउ निरवैरु अकाल मूरति अजूनी सैभं गुर प्रसादि ॥

ਰਾਗੁ ਬਿਲਾਵਲੁ ਮਹਲਾ ੧ ਚਉਪਦੇ ਘਰੁ ੧ ॥ (795-3)
रागु बिलावलु महला १ चउपदे घरु १ ॥

ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥ (795-4)
तू सुलतानु कहा हउ मीआ तेरी कवन वडाई ॥

ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥੧॥ (795-4)
जो तू देहि सु कहा सुआमी मै मूरख कहणु न जाई ॥१॥

ਤੇਰੇ ਗੁਣ ਗਾਵਾ ਦੇਹਿ ਬੁਝਾਈ ॥ (795-5)
तेरे गुण गावा देहि बुझाई ॥

ਜੈਸੇ ਸਚ ਮਹਿ ਰਹਉ ਰਜਾਈ ॥੧॥ ਰਹਾਉ ॥ (795-5)
जैसे सच महि रहउ रजाई ॥१॥ रहाउ ॥

ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ ॥ (795-5)
जो किछु होआ सभु किछु तुझ ते तेरी सभ असनाई ॥

ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ ਮੈ ਅੰਧੁਲੇ ਕਿਆ ਚਤੁਰਾਈ ॥੨॥ (795-6)
तेरा अंतु न जाणा मेरे साहिब मै अंधुले किआ चतुराई ॥२॥

ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ ॥ (795-6)
किआ हउ कथी कथे कथि देखा मै अकथु न कथना जाई ॥

ਜੋ ਤੁਧੁ ਭਾਵੈ ਸੋਈ ਆਖਾ ਤਿਲੁ ਤੇਰੀ ਵਡਿਆਈ ॥੩॥ (795-7)
जो तुधु भावै सोई आखा तिलु तेरी वडिआई ॥३॥

ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ ॥ (795-7)
एते कूकर हउ बेगाना भउका इसु तन ताई ॥

ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ ॥੪॥੧॥ (795-8)
भगति हीणु नानकु जे होइगा ता खसमै नाउ न जाई ॥४॥१॥

ਬਿਲਾਵਲੁ ਮਹਲਾ ੧ ॥ (795-9)
बिलावलु महला १ ॥

ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ ॥ (795-9)
मनु मंदरु तनु वेस कलंदरु घट ही तीरथि नावा ॥

ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ ॥੧॥ (795-9)
एकु सबदु मेरै प्रानि बसतु है बाहुड़ि जनमि न आवा ॥१॥

ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ ॥ (795-10)
मनु बेधिआ दइआल सेती मेरी माई ॥

ਕਉਣੁ ਜਾਣੈ ਪੀਰ ਪਰਾਈ ॥ (795-10)
कउणु जाणै पीर पराई ॥

ਹਮ ਨਾਹੀ ਚਿੰਤ ਪਰਾਈ ॥੧॥ ਰਹਾਉ ॥ (795-11)
हम नाही चिंत पराई ॥१॥ रहाउ ॥

ਅਗਮ ਅਗੋਚਰ ਅਲਖ ਅਪਾਰਾ ਚਿੰਤਾ ਕਰਹੁ ਹਮਾਰੀ ॥ (795-11)
अगम अगोचर अलख अपारा चिंता करहु हमारी ॥

ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਘਟਿ ਘਟਿ ਜੋਤਿ ਤੁਮ੍ਾਰੀ ॥੨॥ (795-12)
जलि थलि महीअलि भरिपुरि लीणा घटि घटि जोति तुम्हारी ॥२॥

ਸਿਖ ਮਤਿ ਸਭ ਬੁਧਿ ਤੁਮ੍ਾਰੀ ਮੰਦਿਰ ਛਾਵਾ ਤੇਰੇ ॥ (795-12)
सिख मति सभ बुधि तुम्हारी मंदिर छावा तेरे ॥

ਤੁਝ ਬਿਨੁ ਅਵਰੁ ਨ ਜਾਣਾ ਮੇਰੇ ਸਾਹਿਬਾ ਗੁਣ ਗਾਵਾ ਨਿਤ ਤੇਰੇ ॥੩॥ (795-13)
तुझ बिनु अवरु न जाणा मेरे साहिबा गुण गावा नित तेरे ॥३॥

ਜੀਅ ਜੰਤ ਸਭਿ ਸਰਣਿ ਤੁਮ੍ਹ੍ਹਾਰੀ ਸਰਬ ਚਿੰਤ ਤੁਧੁ ਪਾਸੇ ॥ (795-13)
जीअ जंत सभि सरणि तुम्हारी सरब चिंत तुधु पासे ॥

ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ ॥੪॥੨॥ (795-14)
जो तुधु भावै सोई चंगा इक नानक की अरदासे ॥४॥२॥

ਬਿਲਾਵਲੁ ਮਹਲਾ ੧ ॥ (795-14)
बिलावलु महला १ ॥

ਆਪੇ ਸਬਦੁ ਆਪੇ ਨੀਸਾਨੁ ॥ (795-15)
आपे सबदु आपे नीसानु ॥

ਆਪੇ ਸੁਰਤਾ ਆਪੇ ਜਾਨੁ ॥ (795-15)
आपे सुरता आपे जानु ॥

ਆਪੇ ਕਰਿ ਕਰਿ ਵੇਖੈ ਤਾਣੁ ॥ (795-15)
आपे करि करि वेखै ताणु ॥

ਤੂ ਦਾਤਾ ਨਾਮੁ ਪਰਵਾਣੁ ॥੧॥ (795-15)
तू दाता नामु परवाणु ॥१॥

ਐਸਾ ਨਾਮੁ ਨਿਰੰਜਨ ਦੇਉ ॥ (796-1)
ऐसा नामु निरंजन देउ ॥

ਹਉ ਜਾਚਿਕੁ ਤੂ ਅਲਖ ਅਭੇਉ ॥੧॥ ਰਹਾਉ ॥ (796-1)
हउ जाचिकु तू अलख अभेउ ॥१॥ रहाउ ॥

ਮਾਇਆ ਮੋਹੁ ਧਰਕਟੀ ਨਾਰਿ ॥ (796-1)
माइआ मोहु धरकटी नारि ॥

ਭੂੰਡੀ ਕਾਮਣਿ ਕਾਮਣਿਆਰਿ ॥ (796-2)
भूंडी कामणि कामणिआरि ॥

ਰਾਜੁ ਰੂਪੁ ਝੂਠਾ ਦਿਨ ਚਾਰਿ ॥ (796-2)
राजु रूपु झूठा दिन चारि ॥

ਨਾਮੁ ਮਿਲੈ ਚਾਨਣੁ ਅੰਧਿਆਰਿ ॥੨॥ (796-2)
नामु मिलै चानणु अंधिआरि ॥२॥

ਚਖਿ ਛੋਡੀ ਸਹਸਾ ਨਹੀ ਕੋਇ ॥ (796-3)
चखि छोडी सहसा नही कोइ ॥

ਬਾਪੁ ਦਿਸੈ ਵੇਜਾਤਿ ਨ ਹੋਇ ॥ (796-3)
बापु दिसै वेजाति न होइ ॥

ਏਕੇ ਕਉ ਨਾਹੀ ਭਉ ਕੋਇ ॥ (796-3)
एके कउ नाही भउ कोइ ॥

ਕਰਤਾ ਕਰੇ ਕਰਾਵੈ ਸੋਇ ॥੩॥ (796-3)
करता करे करावै सोइ ॥३॥

ਸਬਦਿ ਮੁਏ ਮਨੁ ਮਨ ਤੇ ਮਾਰਿਆ ॥ (796-4)
सबदि मुए मनु मन ते मारिआ ॥

ਠਾਕਿ ਰਹੇ ਮਨੁ ਸਾਚੈ ਧਾਰਿਆ ॥ (796-4)
ठाकि रहे मनु साचै धारिआ ॥

ਅਵਰੁ ਨ ਸੂਝੈ ਗੁਰ ਕਉ ਵਾਰਿਆ ॥ (796-4)
अवरु न सूझै गुर कउ वारिआ ॥

ਨਾਨਕ ਨਾਮਿ ਰਤੇ ਨਿਸਤਾਰਿਆ ॥੪॥੩॥ (796-5)
नानक नामि रते निसतारिआ ॥४॥३॥

ਬਿਲਾਵਲੁ ਮਹਲਾ ੧ ॥ (796-5)
बिलावलु महला १ ॥

ਗੁਰ ਬਚਨੀ ਮਨੁ ਸਹਜ ਧਿਆਨੇ ॥ (796-5)
गुर बचनी मनु सहज धिआने ॥

ਹਰਿ ਕੈ ਰੰਗਿ ਰਤਾ ਮਨੁ ਮਾਨੇ ॥ (796-6)
हरि कै रंगि रता मनु माने ॥

ਮਨਮੁਖ ਭਰਮਿ ਭੁਲੇ ਬਉਰਾਨੇ ॥ (796-6)
मनमुख भरमि भुले बउराने ॥

ਹਰਿ ਬਿਨੁ ਕਿਉ ਰਹੀਐ ਗੁਰ ਸਬਦਿ ਪਛਾਨੇ ॥੧॥ (796-6)
हरि बिनु किउ रहीऐ गुर सबदि पछाने ॥१॥

ਬਿਨੁ ਦਰਸਨ ਕੈਸੇ ਜੀਵਉ ਮੇਰੀ ਮਾਈ ॥ (796-7)
बिनु दरसन कैसे जीवउ मेरी माई ॥

ਹਰਿ ਬਿਨੁ ਜੀਅਰਾ ਰਹਿ ਨ ਸਕੈ ਖਿਨੁ ਸਤਿਗੁਰਿ ਬੂਝ ਬੁਝਾਈ ॥੧॥ ਰਹਾਉ ॥ (796-7)
हरि बिनु जीअरा रहि न सकै खिनु सतिगुरि बूझ बुझाई ॥१॥ रहाउ ॥

ਮੇਰਾ ਪ੍ਰਭੁ ਬਿਸਰੈ ਹਉ ਮਰਉ ਦੁਖਾਲੀ ॥ (796-8)
मेरा प्रभु बिसरै हउ मरउ दुखाली ॥

ਸਾਸਿ ਗਿਰਾਸਿ ਜਪਉ ਅਪੁਨੇ ਹਰਿ ਭਾਲੀ ॥ (796-8)
सासि गिरासि जपउ अपुने हरि भाली ॥

ਸਦ ਬੈਰਾਗਨਿ ਹਰਿ ਨਾਮੁ ਨਿਹਾਲੀ ॥ (796-9)
सद बैरागनि हरि नामु निहाली ॥

ਅਬ ਜਾਨੇ ਗੁਰਮੁਖਿ ਹਰਿ ਨਾਲੀ ॥੨॥ (796-9)
अब जाने गुरमुखि हरि नाली ॥२॥

ਅਕਥ ਕਥਾ ਕਹੀਐ ਗੁਰ ਭਾਇ ॥ (796-9)
अकथ कथा कहीऐ गुर भाइ ॥

ਪ੍ਰਭੁ ਅਗਮ ਅਗੋਚਰੁ ਦੇਇ ਦਿਖਾਇ ॥ (796-10)
प्रभु अगम अगोचरु देइ दिखाइ ॥

ਬਿਨੁ ਗੁਰ ਕਰਣੀ ਕਿਆ ਕਾਰ ਕਮਾਇ ॥ (796-10)
बिनु गुर करणी किआ कार कमाइ ॥

ਹਉਮੈ ਮੇਟਿ ਚਲੈ ਗੁਰ ਸਬਦਿ ਸਮਾਇ ॥੩॥ (796-10)
हउमै मेटि चलै गुर सबदि समाइ ॥३॥

ਮਨਮੁਖ ਵਿਛੁੜੈ ਖੋਟੀ ਰਾਸਿ ॥ (796-11)
मनमुखु विछुड़ै खोटी रासि ॥

ਗੁਰਮੁਖਿ ਨਾਮਿ ਮਿਲੈ ਸਾਬਾਸਿ ॥ (796-11)
गुरमुखि नामि मिलै साबासि ॥

ਹਰਿ ਕਿਰਪਾ ਧਾਰੀ ਦਾਸਨਿ ਦਾਸ ॥ (796-11)
हरि किरपा धारी दासनि दास ॥

ਜਨ ਨਾਨਕ ਹਰਿ ਨਾਮ ਧਨੁ ਰਾਸਿ ॥੪॥੪॥ (796-12)
जन नानक हरि नाम धनु रासि ॥४॥४॥

ਬਿਲਾਵਲੁ ਮਹਲਾ ੩ ਘਰੁ ੧ (796-13)
बिलावलु महला ३ घरु १

ੴ ਸਤਿਗੁਰ ਪ੍ਰਸਾਦਿ ॥ (796-13)
ੴ सतिगुर प्रसादि ॥

ਧ੍ਰਿਗੁ ਧ੍ਰਿਗੁ ਖਾਇਆ ਧ੍ਰਿਗੁ ਧ੍ਰਿਗੁ ਸੋਇਆ ਧ੍ਰਿਗੁ ਧ੍ਰਿਗੁ ਕਾਪੜੁ ਅੰਗਿ ਚੜਾਇਆ ॥ (796-14)
ध्रिगु ध्रिगु खाइआ ध्रिगु ध्रिगु सोइआ ध्रिगु ध्रिगु कापड़ु अंगि चड़ाइआ ॥

ਧ੍ਰਿਗੁ ਸਰੀਰੁ ਕੁਟੰਬ ਸਹਿਤ ਸਿਉ ਜਿਤੁ ਹੁਣਿ ਖਸਮੁ ਨ ਪਾਇਆ ॥ (796-14)
ध्रिगु सरीरु कुट्मब सहित सिउ जितु हुणि खसमु न पाइआ ॥

ਪਉੜੀ ਛੁੜਕੀ ਫਿਰਿ ਹਾਥਿ ਨ ਆਵੈ ਅਹਿਲਾ ਜਨਮੁ ਗਵਾਇਆ ॥੧॥ (796-15)
पउड़ी छुड़की फिरि हाथि न आवै अहिला जनमु गवाइआ ॥१॥

ਦੂਜਾ ਭਾਉ ਨ ਦੇਈ ਲਿਵ ਲਾਗਣਿ ਜਿਨਿ ਹਰਿ ਕੇ ਚਰਣ ਵਿਸਾਰੇ ॥ (796-16)
दूजा भाउ न देई लिव लागणि जिनि हरि के चरण विसारे ॥

ਜਗਜੀਵਨ ਦਾਤਾ ਜਨ ਸੇਵਕ ਤੇਰੇ ਤਿਨ ਕੇ ਤੈ ਦੂਖ ਨਿਵਾਰੇ ॥੧॥ ਰਹਾਉ ॥ (796-16)
जगजीवन दाता जन सेवक तेरे तिन के तै दूख निवारे ॥१॥ रहाउ ॥

ਤੂ ਦਇਆਲੁ ਦਇਆਪਤਿ ਦਾਤਾ ਕਿਆ ਏਹਿ ਜੰਤ ਵਿਚਾਰੇ ॥ (796-17)
तू दइआलु दइआपति दाता किआ एहि जंत विचारे ॥

ਮੁਕਤ ਬੰਧ ਸਭਿ ਤੁਝ ਤੇ ਹੋਏ ਐਸਾ ਆਖਿ ਵਖਾਣੇ ॥ (796-17)
मुकत बंध सभि तुझ ते होए ऐसा आखि वखाणे ॥

ਗੁਰਮੁਖਿ ਹੋਵੈ ਸੋ ਮੁਕਤੁ ਕਹੀਐ ਮਨਮੁਖ ਬੰਧ ਵਿਚਾਰੇ ॥੨॥ (796-18)
गुरमुखि होवै सो मुकतु कहीऐ मनमुख बंध विचारे ॥२॥

ਸੋ ਜਨੁ ਮੁਕਤੁ ਜਿਸੁ ਏਕ ਲਿਵ ਲਾਗੀ ਸਦਾ ਰਹੈ ਹਰਿ ਨਾਲੇ ॥ (796-19)
सो जनु मुकतु जिसु एक लिव लागी सदा रहै हरि नाले ॥

ਤਿਨ ਕੀ ਗਹਣ ਗਤਿ ਕਹੀ ਨ ਜਾਈ ਸਚੈ ਆਪਿ ਸਵਾਰੇ ॥ (796-19)
तिन की गहण गति कही न जाई सचै आपि सवारे ॥

ਭਰਮਿ ਭੁਲਾਣੇ ਸਿ ਮਨਮੁਖ ਕਹੀਅਹਿ ਨਾ ਉਰਵਾਰਿ ਨ ਪਾਰੇ ॥੩॥ (797-1)
भरमि भुलाणे सि मनमुख कहीअहि ना उरवारि न पारे ॥३॥

ਜਿਸ ਨੋ ਨਦਰਿ ਕਰੇ ਸੋਈ ਜਨੁ ਪਾਏ ਗੁਰ ਕਾ ਸਬਦੁ ਸਮ੍ਹਾਲੇ ॥ (797-1)
जिस नो नदरि करे सोई जनु पाए गुर का सबदु सम्हाले ॥

ਹਰਿ ਜਨ ਮਾਇਆ ਮਾਹਿ ਨਿਸਤਾਰੇ ॥ (797-2)
हरि जन माइआ माहि निसतारे ॥

ਨਾਨਕ ਭਾਗੁ ਹੋਵੈ ਜਿਸੁ ਮਸਤਕਿ ਕਾਲਹਿ ਮਾਰਿ ਬਿਦਾਰੇ ॥੪॥੧॥ (797-2)
नानक भागु होवै जिसु मसतकि कालहि मारि बिदारे ॥४॥१॥

ਬਿਲਾਵਲੁ ਮਹਲਾ ੩ ॥ (797-3)
बिलावलु महला ३ ॥

ਅਤੁਲੁ ਕਿਉ ਤੋਲਿਆ ਜਾਇ ॥ (797-3)
अतुलु किउ तोलिआ जाइ ॥

ਦੂਜਾ ਹੋਇ ਤ ਸੋਝੀ ਪਾਇ ॥ (797-3)
दूजा होइ त सोझी पाइ ॥

ਤਿਸ ਤੇ ਦੂਜਾ ਨਾਹੀ ਕੋਇ ॥ (797-4)
तिस ते दूजा नाही कोइ ॥

ਤਿਸ ਦੀ ਕੀਮਤਿ ਕਿਕੂ ਹੋਇ ॥੧॥ (797-4)
तिस दी कीमति किकू होइ ॥१॥

ਗੁਰ ਪਰਸਾਦਿ ਵਸੈ ਮਨਿ ਆਇ ॥ (797-4)
गुर परसादि वसै मनि आइ ॥

ਤਾ ਕੋ ਜਾਣੈ ਦੁਬਿਧਾ ਜਾਇ ॥੧॥ ਰਹਾਉ ॥ (797-5)
ता को जाणै दुबिधा जाइ ॥१॥ रहाउ ॥

ਆਪਿ ਸਰਾਫੁ ਕਸਵਟੀ ਲਾਏ ॥ (797-5)
आपि सराफु कसवटी लाए ॥

ਆਪੇ ਪਰਖੇ ਆਪਿ ਚਲਾਏ ॥ (797-5)
आपे परखे आपि चलाए ॥

ਆਪੇ ਤੋਲੇ ਪੂਰਾ ਹੋਇ ॥ (797-5)
आपे तोले पूरा होइ ॥

ਆਪੇ ਜਾਣੈ ਏਕੋ ਸੋਇ ॥੨॥ (797-6)
आपे जाणै एको सोइ ॥२॥

ਮਾਇਆ ਕਾ ਰੂਪੁ ਸਭੁ ਤਿਸ ਤੇ ਹੋਇ ॥ (797-6)
माइआ का रूपु सभु तिस ते होइ ॥

ਜਿਸ ਨੋ ਮੇਲੇ ਸੁ ਨਿਰਮਲੁ ਹੋਇ ॥ (797-6)
जिस नो मेले सु निरमलु होइ ॥

ਜਿਸ ਨੋ ਲਾਏ ਲਗੈ ਤਿਸੁ ਆਇ ॥ (797-7)
जिस नो लाए लगै तिसु आइ ॥

ਸਭੁ ਸਚੁ ਦਿਖਾਲੇ ਤਾ ਸਚਿ ਸਮਾਇ ॥੩॥ (797-7)
सभु सचु दिखाले ता सचि समाइ ॥३॥

ਆਪੇ ਲਿਵ ਧਾਤੁ ਹੈ ਆਪੇ ॥ (797-7)
आपे लिव धातु है आपे ॥

ਆਪਿ ਬੁਝਾਏ ਆਪੇ ਜਾਪੇ ॥ (797-8)
आपि बुझाए आपे जापे ॥

ਆਪੇ ਸਤਿਗੁਰੁ ਸਬਦੁ ਹੈ ਆਪੇ ॥ (797-8)
आपे सतिगुरु सबदु है आपे ॥

ਨਾਨਕ ਆਖਿ ਸੁਣਾਏ ਆਪੇ ॥੪॥੨॥ (797-8)
नानक आखि सुणाए आपे ॥४॥२॥

ਬਿਲਾਵਲੁ ਮਹਲਾ ੩ ॥ (797-9)
बिलावलु महला ३ ॥

ਸਾਹਿਬ ਤੇ ਸੇਵਕੁ ਸੇਵ ਸਾਹਿਬ ਤੇ ਕਿਆ ਕੋ ਕਹੈ ਬਹਾਨਾ ॥ (797-9)
साहिब ते सेवकु सेव साहिब ते किआ को कहै बहाना ॥

ਐਸਾ ਇਕੁ ਤੇਰਾ ਖੇਲੁ ਬਨਿਆ ਹੈ ਸਭ ਮਹਿ ਏਕੁ ਸਮਾਨਾ ॥੧॥ (797-9)
ऐसा इकु तेरा खेलु बनिआ है सभ महि एकु समाना ॥१॥

ਸਤਿਗੁਰਿ ਪਰਚੈ ਹਰਿ ਨਾਮਿ ਸਮਾਨਾ ॥ (797-10)
सतिगुरि परचै हरि नामि समाना ॥

ਜਿਸੁ ਕਰਮੁ ਹੋਵੈ ਸੋ ਸਤਿਗੁਰੁ ਪਾਏ ਅਨਦਿਨੁ ਲਾਗੈ ਸਹਜ ਧਿਆਨਾ ॥੧॥ ਰਹਾਉ ॥ (797-10)
जिसु करमु होवै सो सतिगुरु पाए अनदिनु लागै सहज धिआना ॥१॥ रहाउ ॥

ਕਿਆ ਕੋਈ ਤੇਰੀ ਸੇਵਾ ਕਰੇ ਕਿਆ ਕੋ ਕਰੇ ਅਭਿਮਾਨਾ ॥ (797-11)
किआ कोई तेरी सेवा करे किआ को करे अभिमाना ॥

ਜਬ ਅਪੁਨੀ ਜੋਤਿ ਖਿੰਚਹਿ ਤੂ ਸੁਆਮੀ ਤਬ ਕੋਈ ਕਰਉ ਦਿਖਾ ਵਖਿਆਨਾ ॥੨॥ (797-12)
जब अपुनी जोति खिंचहि तू सुआमी तब कोई करउ दिखा वखिआना ॥२॥

ਆਪੇ ਗੁਰੁ ਚੇਲਾ ਹੈ ਆਪੇ ਆਪੇ ਗੁਣੀ ਨਿਧਾਨਾ ॥ (797-12)
आपे गुरु चेला है आपे आपे गुणी निधाना ॥

ਜਿਉ ਆਪਿ ਚਲਾਏ ਤਿਵੈ ਕੋਈ ਚਾਲੈ ਜਿਉ ਹਰਿ ਭਾਵੈ ਭਗਵਾਨਾ ॥੩॥ (797-13)
जिउ आपि चलाए तिवै कोई चालै जिउ हरि भावै भगवाना ॥३॥

ਕਹਤ ਨਾਨਕੁ ਤੂ ਸਾਚਾ ਸਾਹਿਬੁ ਕਉਣੁ ਜਾਣੈ ਤੇਰੇ ਕਾਮਾਂ ॥ (797-13)
कहत नानकु तू साचा साहिबु कउणु जाणै तेरे कामां ॥

ਇਕਨਾ ਘਰ ਮਹਿ ਦੇ ਵਡਿਆਈ ਇਕਿ ਭਰਮਿ ਭਵਹਿ ਅਭਿਮਾਨਾ ॥੪॥੩॥ (797-14)
इकना घर महि दे वडिआई इकि भरमि भवहि अभिमाना ॥४॥३॥

ਬਿਲਾਵਲੁ ਮਹਲਾ ੩ ॥ (797-15)
बिलावलु महला ३ ॥

ਪੂਰਾ ਥਾਟੁ ਬਣਾਇਆ ਪੂਰੈ ਵੇਖਹੁ ਏਕ ਸਮਾਨਾ ॥ (797-15)
पूरा थाटु बणाइआ पूरै वेखहु एक समाना ॥

ਇਸੁ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ ਮਤੁ ਕੋ ਧਰਹੁ ਗੁਮਾਨਾ ॥੧॥ (797-15)
इसु परपंच महि साचे नाम की वडिआई मतु को धरहु गुमाना ॥१॥

ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ ॥ (797-16)
सतिगुर की जिस नो मति आवै सो सतिगुर माहि समाना ॥

ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ ॥੧॥ ਰਹਾਉ ॥ (797-17)
इह बाणी जो जीअहु जाणै तिसु अंतरि रवै हरि नामा ॥१॥ रहाउ ॥

ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ ॥ (797-17)
चहु जुगा का हुणि निबेड़ा नर मनुखा नो एकु निधाना ॥

ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ ਕਲਿ ਮਹਿ ਕੀਰਤਿ ਹਰਿ ਨਾਮਾ ॥੨॥ (797-18)
जतु संजम तीरथ ओना जुगा का धरमु है कलि महि कीरति हरि नामा ॥२॥

ਜੁਗਿ ਜੁਗਿ ਆਪੋ ਆਪਣਾ ਧਰਮੁ ਹੈ ਸੋਧਿ ਦੇਖਹੁ ਬੇਦ ਪੁਰਾਣਾ ॥ (797-19)
जुगि जुगि आपो आपणा धरमु है सोधि देखहु बेद पुराना ॥

ਗੁਰਮੁਖਿ ਜਿਨੀ ਧਿਆਇਆ ਹਰਿ ਹਰਿ ਜਗਿ ਤੇ ਪੂਰੇ ਪਰਵਾਣਾ ॥੩॥ (797-19)
गुरमुखि जिनी धिआइआ हरि हरि जगि ते पूरे परवाना ॥३॥

ਕਹਤ ਨਾਨਕੁ ਸਚੇ ਸਿਉ ਪ੍ਰੀਤਿ ਲਾਏ ਚੂਕੈ ਮਨਿ ਅਭਿਮਾਨਾ ॥ (798-1)
कहत नानकु सचे सिउ प्रीति लाए चूकै मनि अभिमाना ॥

ਕਹਤ ਸੁਣਤ ਸਭੇ ਸੁਖ ਪਾਵਹਿ ਮਾਨਤ ਪਾਹਿ ਨਿਧਾਨਾ ॥੪॥੪॥ (798-1)
कहत सुणत सभे सुख पावहि मानत पाहि निधाना ॥४॥४॥

ਬਿਲਾਵਲੁ ਮਹਲਾ ੩ ॥ (798-2)
बिलावलु महला ३ ॥

ਗੁਰਮੁਖਿ ਪ੍ਰੀਤਿ ਜਿਸ ਨੋ ਆਪੇ ਲਾਏ ॥ (798-2)
गुरमुखि प्रीति जिस नो आपे लाए ॥

ਤਿਤੁ ਘਰਿ ਬਿਲਾਵਲੁ ਗੁਰ ਸਬਦਿ ਸੁਹਾਏ ॥ (798-3)
तितु घरि बिलावलु गुर सबदि सुहाए ॥

ਮੰਗਲੁ ਨਾਰੀ ਗਾਵਹਿ ਆਏ ॥ (798-3)
मंगलु नारी गावहि आए ॥

ਮਿਲਿ ਪ੍ਰੀਤਮ ਸਦਾ ਸੁਖੁ ਪਾਏ ॥੧॥ (798-3)
मिलि प्रीतम सदा सुखु पाए ॥१॥

ਹਉ ਤਿਨ ਬਲਿਹਾਰੈ ਜਿਨ੍ਹ ਹਰਿ ਮੰਨਿ ਵਸਾਏ ॥ (798-4)
हउ तिन बलिहारै जिन्ह हरि मंनि वसाए ॥

ਹਰਿ ਜਨ ਕਉ ਮਿਲਿਆ ਸੁਖੁ ਪਾਈਐ ਹਰਿ ਗੁਣ ਗਾਵੈ ਸਹਜਿ ਸੁਭਾਏ ॥੧॥ ਰਹਾਉ ॥ (798-4)
हरि जन कउ मिलिआ सुखु पाईऐ हरि गुण गावै सहजि सुभाए ॥१॥ रहाउ ॥

ਸਦਾ ਰੰਗਿ ਰਾਤੇ ਤੇਰੈ ਚਾਏ ॥ (798-5)
सदा रंगि राते तेरै चाए ॥

ਹਰਿ ਜੀਉ ਆਪਿ ਵਸੈ ਮਨਿ ਆਏ ॥ (798-5)
हरि जीउ आपि वसै मनि आए ॥

ਆਪੇ ਸੋਭਾ ਸਦ ਹੀ ਪਾਏ ॥ (798-5)
आपे सोभा सद ही पाए ॥

ਗੁਰਮੁਖਿ ਮੇਲੈ ਮੇਲਿ ਮਿਲਾਏ ॥੨॥ (798-6)
गुरमुखि मेलै मेलि मिलाए ॥२॥

ਗੁਰਮੁਖਿ ਰਾਤੇ ਸਬਦਿ ਰੰਗਾਏ ॥ (798-6)
गुरमुखि राते सबदि रंगाए ॥

ਨਿਜ ਘਰਿ ਵਾਸਾ ਹਰਿ ਗੁਣ ਗਾਏ ॥ (798-6)
निज घरि वासा हरि गुण गाए ॥

ਰੰਗਿ ਚਲੂਲੈ ਹਰਿ ਰਸਿ ਭਾਏ ॥ (798-7)
रंगि चलूलै हरि रसि भाए ॥

ਇਹੁ ਰੰਗੁ ਕਦੇ ਨ ਉਤਰੈ ਸਾਚਿ ਸਮਾਏ ॥੩॥ (798-7)
इहु रंगु कदे न उतरै साचि समाए ॥३॥

ਅੰਤਰਿ ਸਬਦੁ ਮਿਟਿਆ ਅਗਿਆਨੁ ਅੰਧੇਰਾ ॥ (798-7)
अंतरि सबदु मिटिआ अगिआनु अंधेरा ॥

ਸਤਿਗੁਰ ਗਿਆਨੁ ਮਿਲਿਆ ਪ੍ਰੀਤਮੁ ਮੇਰਾ ॥ (798-8)
सतिगुर गिआनु मिलिआ प्रीतमु मेरा ॥

ਜੋ ਸਚਿ ਰਾਤੇ ਤਿਨ ਬਹੁੜਿ ਨ ਫੇਰਾ ॥ (798-8)
जो सचि राते तिन बहुड़ि न फेरा ॥

ਨਾਨਕ ਨਾਮੁ ਦ੍ਰਿੜਾਏ ਪੂਰਾ ਗੁਰੁ ਮੇਰਾ ॥੪॥੫॥ (798-8)
नानक नामु द्रिड़ाए पूरा गुरु मेरा ॥४॥५॥

ਬਿਲਾਵਲੁ ਮਹਲਾ ੩ ॥ (798-9)
बिलावलु महला ३ ॥

ਪੂਰੇ ਗੁਰ ਤੇ ਵਡਿਆਈ ਪਾਈ ॥ (798-9)
पूरे गुर ते वडिआई पाई ॥

ਅਚਿੰਤ ਨਾਮੁ ਵਸਿਆ ਮਨਿ ਆਈ ॥ (798-9)
अचिंत नामु वसिआ मनि आई ॥

ਹਉਮੈ ਮਾਇਆ ਸਬਦਿ ਜਲਾਈ ॥ (798-10)
हउमै माइआ सबदि जलाई ॥

ਦਰਿ ਸਾਚੈ ਗੁਰ ਤੇ ਸੋਭਾ ਪਾਈ ॥੧॥ (798-10)
दरि साचै गुर ते सोभा पाई ॥१॥

ਜਗਦੀਸ ਸੇਵਉ ਮੈ ਅਵਰੁ ਨ ਕਾਜਾ ॥ (798-10)
जगदीस सेवउ मै अवरु न काजा ॥

ਅਨਦਿਨੁ ਅਨਦੁ ਹੋਵੈ ਮਨਿ ਮੇਰੈ ਗੁਰਮੁਖਿ ਮਾਗਉ ਤੇਰਾ ਨਾਮੁ ਨਿਵਾਜਾ ॥੧॥ ਰਹਾਉ ॥ (798-11)
अनदिनु अनदु होवै मनि मेरै गुरमुखि मागउ तेरा नामु निवाजा ॥१॥ रहाउ ॥

ਮਨ ਕੀ ਪਰਤੀਤਿ ਮਨ ਤੇ ਪਾਈ ॥ (798-12)
मन की परतीति मन ते पाई ॥

ਪੂਰੇ ਗੁਰ ਤੇ ਸਬਦਿ ਬੁਝਾਈ ॥ (798-12)
पूरे गुर ते सबदि बुझाई ॥

ਜੀਵਣ ਮਰਣੁ ਕੋ ਸਮਸਰਿ ਵੇਖੈ ॥ (798-12)
जीवण मरणु को समसरि वेखै ॥

ਬਹੁੜਿ ਨ ਮਰੈ ਨਾ ਜਮੁ ਪੇਖੈ ॥੨॥ (798-13)
बहुड़ि न मरै ना जमु पेखै ॥२॥

ਘਰ ਹੀ ਮਹਿ ਸਭਿ ਕੋਟ ਨਿਧਾਨ ॥ (798-13)
घर ही महि सभि कोट निधान ॥

ਸਤਿਗੁਰਿ ਦਿਖਾਏ ਗਇਆ ਅਭਿਮਾਨੁ ॥ (798-13)
सतिगुरि दिखाए गइआ अभिमानु ॥

ਸਦ ਹੀ ਲਾਗਾ ਸਹਜਿ ਧਿਆਨ ॥ (798-14)
सद ही लागा सहजि धिआन ॥

ਅਨਦਿਨੁ ਗਾਵੈ ਏਕੋ ਨਾਮ ॥੩॥ (798-14)
अनदिनु गावै एको नाम ॥३॥

ਇਸੁ ਜੁਗ ਮਹਿ ਵਡਿਆਈ ਪਾਈ ॥ (798-14)
इसु जुग महि वडिआई पाई ॥

ਪੂਰੇ ਗੁਰ ਤੇ ਨਾਮੁ ਧਿਆਈ ॥ (798-15)
पूरे गुर ते नामु धिआई ॥

ਜਹ ਦੇਖਾ ਤਹ ਰਹਿਆ ਸਮਾਈ ॥ (798-15)
जह देखा तह रहिआ समाई ॥

ਸਦਾ ਸੁਖਦਾਤਾ ਕੀਮਤਿ ਨਹੀ ਪਾਈ ॥੪॥ (798-15)
सदा सुखदाता कीमति नही पाई ॥४॥

ਪੂਰੈ ਭਾਗਿ ਗੁਰੁ ਪੂਰਾ ਪਾਇਆ ॥ (798-16)
पूरै भागि गुरु पूरा पाइआ ॥

ਅੰਤਰਿ ਨਾਮੁ ਨਿਧਾਨੁ ਦਿਖਾਇਆ ॥ (798-16)
अंतरि नामु निधानु दिखाइआ ॥

ਗੁਰ ਕਾ ਸਬਦੁ ਅਤਿ ਮੀਠਾ ਲਾਇਆ ॥ (798-16)
गुर का सबदु अति मीठा लाइआ ॥

ਨਾਨਕ ਤ੍ਰਿਸਨ ਬੁਝੀ ਮਨਿ ਤਨਿ ਸੁਖੁ ਪਾਇਆ ॥੫॥੬॥੪॥੬॥੧੦॥ (798-17)
नानक त्रिसन बुझी मनि तनि सुखु पाइआ ॥५॥६॥४॥६॥१०॥

ਰਾਗੁ ਬਿਲਾਵਲੁ ਮਹਲਾ ੪ ਘਰੁ ੩ (798-18)
रागु बिलावलु महला ४ घरु ३

ੴ ਸਤਿਗੁਰ ਪ੍ਰਸਾਦਿ ॥ (798-18)
ੴ सतिगुर प्रसादि ॥

ਉਦਮ ਮਤਿ ਪ੍ਰਭ ਅੰਤਰਜਾਮੀ ਜਿਉ ਪ੍ਰੇਰੇ ਤਿਉ ਕਰਨਾ ॥ (798-19)
उदम मति प्रभ अंतरजामी जिउ प्रेरे तिउ करना ॥

ਜਿਉ ਨਟੂਆ ਤੰਤੁ ਵਜਾਏ ਤੰਤੀ ਤਿਉ ਵਾਜਹਿ ਜੰਤ ਜਨਾ ॥੧॥ (798-19)
जिउ नटूआ तंतु वजाए तंती तिउ वाजहि जंत जना ॥१॥

ਜਪਿ ਮਨ ਰਾਮ ਨਾਮੁ ਰਸਨਾ ॥ (799-1)
जपि मन राम नामु रसना ॥

ਮਸਤਕਿ ਲਿਖਤ ਲਿਖੇ ਗੁਰੁ ਪਾਇਆ ਹਰਿ ਹਿਰਦੈ ਹਰਿ ਬਸਨਾ ॥੧॥ ਰਹਾਉ ॥ (799-1)
मसतकि लिखत लिखे गुरु पाइआ हरि हिरदै हरि बसना ॥१॥ रहाउ ॥

ਮਾਇਆ ਗਿਰਸਤਿ ਭ੍ਰਮਤੁ ਹੈ ਪ੍ਰਾਨੀ ਰਖਿ ਲੇਵਹੁ ਜਨੁ ਅਪਨਾ ॥ (799-2)
माइआ गिरसति भ्रमतु है प्रानी रखि लेवहु जनु अपना ॥

ਜਿਉ ਪ੍ਰਹਿਲਾਦੁ ਹਰਣਾਖਸਿ ਗ੍ਰਸਿਓ ਹਰਿ ਰਾਖਿਓ ਹਰਿ ਸਰਨਾ ॥੨॥ (799-2)
जिउ प्रहिलादु हरणाखसि ग्रसिओ हरि राखिओ हरि सरना ॥२॥

ਕਵਨ ਕਵਨ ਕੀ ਗਤਿ ਮਿਤਿ ਕਹੀਐ ਹਰਿ ਕੀਏ ਪਤਿਤ ਪਵੰਨਾ ॥ (799-3)
कवन कवन की गति मिति कहीऐ हरि कीए पतित पवंना ॥

ਓਹੁ ਢੋਵੈ ਢੋਰ ਹਾਥਿ ਚਮੁ ਚਮਰੇ ਹਰਿ ਉਧਰਿਓ ਪਰਿਓ ਸਰਨਾ ॥੩॥ (799-4)
ओहु ढोवै ढोर हाथि चमु चमरे हरि उधरिओ परिओ सरना ॥३॥

ਪ੍ਰਭ ਦੀਨ ਦਇਆਲ ਭਗਤ ਭਵ ਤਾਰਨ ਹਮ ਪਾਪੀ ਰਾਖੁ ਪਪਨਾ ॥ (799-4)
प्रभ दीन दइआल भगत भव तारन हम पापी राखु पपना ॥

ਹਰਿ ਦਾਸਨ ਦਾਸ ਦਾਸ ਹਮ ਕਰੀਅਹੁ ਜਨ ਨਾਨਕ ਦਾਸ ਦਾਸੰਨਾ ॥੪॥੧॥ (799-5)
हरि दासन दास दास हम करीअहु जन नानक दास दासंना ॥४॥१॥

ਬਿਲਾਵਲੁ ਮਹਲਾ ੪ ॥ (799-5)
बिलावलु महला ४ ॥

ਹਮ ਮੂਰਖ ਮੁਗਧ ਅਗਿਆਨ ਮਤੀ ਸਰਣਾਗਤਿ ਪੁਰਖ ਅਜਨਮਾ ॥ (799-6)
हम मूरख मुगध अगिआन मती सरणागति पुरख अजनमा ॥

ਕਰਿ ਕਿਰਪਾ ਰਖਿ ਲੇਵਹੁ ਮੇਰੇ ਠਾਕੁਰ ਹਮ ਪਾਥਰ ਹੀਨ ਅਕਰਮਾ ॥੧॥ (799-6)
करि किरपा रखि लेवहु मेरे ठाकुर हम पाथर हीन अकरमा ॥१॥

ਮੇਰੇ ਮਨ ਭਜੁ ਰਾਮ ਨਾਮੈ ਰਾਮਾ ॥ (799-7)
मेरे मन भजु राम नामै रामा ॥

ਗੁਰਮਤਿ ਹਰਿ ਰਸੁ ਪਾਈਐ ਹੋਰਿ ਤਿਆਗਹੁ ਨਿਹਫਲ ਕਾਮਾ ॥੧॥ ਰਹਾਉ ॥ (799-7)
गुरमति हरि रसु पाईऐ होरि तिआगहु निहफल कामा ॥१॥ रहाउ ॥

ਹਰਿ ਜਨ ਸੇਵਕ ਸੇ ਹਰਿ ਤਾਰੇ ਹਮ ਨਿਰਗੁਨ ਰਾਖੁ ਉਪਮਾ ॥ (799-8)
हरि जन सेवक से हरि तारे हम निरगुन राखु उपमा ॥

ਤੁਝ ਬਿਨੁ ਅਵਰੁ ਨ ਕੋਈ ਮੇਰੇ ਠਾਕੁਰ ਹਰਿ ਜਪੀਐ ਵਡੇ ਕਰੰਮਾ ॥੨॥ (799-8)
तुझ बिनु अवरु न कोई मेरे ठाकुर हरि जपीऐ वडे करंमा ॥२॥

ਨਾਮਹੀਨ ਧ੍ਰਿਗੁ ਜੀਵਤੇ ਤਿਨ ਵਡ ਦੂਖ ਸਹੰਮਾ ॥ (799-9)
नामहीन ध्रिगु जीवते तिन वड दूख सहंमा ॥

ਓਇ ਫਿਰਿ ਫਿਰਿ ਜੋਨਿ ਭਵਾਈਅਹਿ ਮੰਦਭਾਗੀ ਮੂੜ ਅਕਰਮਾ ॥੩॥ (799-10)
ओइ फिरि फिरि जोनि भवाईअहि मंदभागी मूड़ अकरमा ॥३॥

ਹਰਿ ਜਨ ਨਾਮੁ ਅਧਾਰੁ ਹੈ ਧੁਰਿ ਪੂਰਬਿ ਲਿਖੇ ਵਡ ਕਰਮਾ ॥ (799-10)
हरि जन नामु अधारु है धुरि पूरबि लिखे वड करमा ॥

ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਜਨ ਨਾਨਕ ਸਫਲੁ ਜਨੰਮਾ ॥੪॥੨॥ (799-11)
गुरि सतिगुरि नामु द्रिड़ाइआ जन नानक सफलु जनंमा ॥४॥२॥

ਬਿਲਾਵਲੁ ਮਹਲਾ ੪ ॥ (799-11)
बिलावलु महला ४ ॥

ਹਮਰਾ ਚਿਤੁ ਲੁਭਤ ਮੋਹਿ ਬਿਖਿਆ ਬਹੁ ਦੁਰਮਤਿ ਮੈਲੁ ਭਰਾ ॥ (799-12)
हमरा चितु लुभत मोहि बिखिआ बहु दुरमति मैलु भरा ॥

ਤੁਮ੍ਹ੍ਰੀ ਸੇਵਾ ਕਰਿ ਨ ਸਕਹ ਪ੍ਰਭ ਹਮ ਕਿਉ ਕਰਿ ਮੁਗਧ ਤਰਾ ॥੧॥ (799-12)
तुम्हरी सेवा करि न सकह प्रभ हम किउ करि मुगध तरा ॥१॥

ਮੇਰੇ ਮਨ ਜਪਿ ਨਰਹਰ ਨਾਮੁ ਨਰਹਰਾ ॥ (799-13)
मेरे मन जपि नरहर नामु नरहरा ॥

ਜਨ ਊਪਰਿ ਕਿਰਪਾ ਪ੍ਰਭਿ ਧਾਰੀ ਮਿਲਿ ਸਤਿਗੁਰ ਪਾਰਿ ਪਰਾ ॥੧॥ ਰਹਾਉ ॥ (799-13)
जन ऊपरि किरपा प्रभि धारी मिलि सतिगुर पारि परा ॥१॥ रहाउ ॥

ਹਮਰੇ ਪਿਤਾ ਠਾਕੁਰ ਪ੍ਰਭ ਸੁਆਮੀ ਹਰਿ ਦੇਹੁ ਮਤੀ ਜਸੁ ਕਰਾ ॥ (799-14)
हमरे पिता ठाकुर प्रभ सुआमी हरि देहु मती जसु करा ॥

ਤੁਮ੍ਹ੍ਹਰੈ ਸੰਗਿ ਲਗੇ ਸੇ ਉਧਰੇ ਜਿਉ ਸੰਗਿ ਕਾਸਟ ਲੋਹ ਤਰਾ ॥੨॥ (799-14)
तुम्हरै संगि लगे से उधरे जिउ संगि कासट लोह तरा ॥२॥

ਸਾਕਤ ਨਰ ਹੋਛੀ ਮਤਿ ਮਧਿਮ ਜਿਨ੍ਹ੍ਹ ਹਰਿ ਹਰਿ ਸੇਵ ਨ ਕਰਾ ॥ (799-15)
साकत नर होछी मति मधिम जिन्ह हरि हरि सेव न करा ॥

ਤੇ ਨਰ ਭਾਗਹੀਨ ਦੁਹਚਾਰੀ ਓਇ ਜਨਮਿ ਮੁਏ ਫਿਰਿ ਮਰਾ ॥੩॥ (799-16)
ते नर भागहीन दुहचारी ओइ जनमि मुए फिरि मरा ॥३॥

ਜਿਨ ਕਉ ਤੁਮ੍ਹ੍ਹ ਹਰਿ ਮੇਲਹੁ ਸੁਆਮੀ ਤੇ ਨ੍ਹ੍ਹਾਏ ਸੰਤੋਖ ਗੁਰ ਸਰਾ ॥ (799-16)
जिन कउ तुम्ह हरि मेलहु सुआमी ते न्हाए संतोख गुर सरा ॥

ਦੁਰਮਤਿ ਮੈਲੁ ਗਈ ਹਰਿ ਭਜਿਆ ਜਨ ਨਾਨਕ ਪਾਰਿ ਪਰਾ ॥੪॥੩॥ (799-17)
दुरमति मैलु गई हरि भजिआ जन नानक पारि परा ॥४॥३॥

ਬਿਲਾਵਲੁ ਮਹਲਾ ੪ ॥ (799-17)
बिलावलु महला ४ ॥

ਆਵਹੁ ਸੰਤ ਮਿਲਹੁ ਮੇਰੇ ਭਾਈ ਮਿਲਿ ਹਰਿ ਹਰਿ ਕਥਾ ਕਰਹੁ ॥ (799-18)
आवहु संत मिलहु मेरे भाई मिलि हरि हरि कथा करहु ॥

ਹਰਿ ਹਰਿ ਨਾਮੁ ਬੋਹਿਥੁ ਹੈ ਕਲਜੁਗਿ ਖੇਵਟੁ ਗੁਰ ਸਬਦਿ ਤਰਹੁ ॥੧॥ (799-18)
हरि हरि नामु बोहिथु है कलजुगि खेवटु गुर सबदि तरहु ॥१॥

ਮੇਰੇ ਮਨ ਹਰਿ ਗੁਣ ਹਰਿ ਉਚਰਹੁ ॥ (799-19)
मेरे मन हरि गुण हरि उचरहु ॥

ਮਸਤਕਿ ਲਿਖਤ ਲਿਖੇ ਗੁਨ ਗਾਏ ਮਿਲਿ ਸੰਗਤਿ ਪਾਰਿ ਪਰਹੁ ॥੧॥ ਰਹਾਉ ॥ (799-19)
मसतकि लिखत लिखे गुन गाए मिलि संगति पारि परहु ॥१॥ रहाउ ॥

ਕਾਇਆ ਨਗਰ ਮਹਿ ਰਾਮ ਰਸੁ ਊਤਮੁ ਕਿਉ ਪਾਈਐ ਉਪਦੇਸੁ ਜਨ ਕਰਹੁ ॥ (800-1)
काइआ नगर महि राम रसु ऊतमु किउ पाईऐ उपदेसु जन करहु ॥

ਸਤਿਗੁਰੁ ਸੇਵਿ ਸਫਲ ਹਰਿ ਦਰਸਨੁ ਮਿਲਿ ਅੰਮ੍ਰਿਤੁ ਹਰਿ ਰਸੁ ਪੀਅਹੁ ॥੨॥ (800-2)
सतिगुरु सेवि सफल हरि दरसनु मिलि अमृतु हरि रसु पीअहु ॥२॥

ਹਰਿ ਹਰਿ ਨਾਮੁ ਅੰਮ੍ਰਿਤੁ ਹਰਿ ਮੀਠਾ ਹਰਿ ਸੰਤਹੁ ਚਾਖਿ ਦਿਖਹੁ ॥ (800-2)
हरि हरि नामु अमृतु हरि मीठा हरि संतहु चाखि दिखहु ॥

ਗੁਰਮਤਿ ਹਰਿ ਰਸੁ ਮੀਠਾ ਲਾਗਾ ਤਿਨ ਬਿਸਰੇ ਸਭਿ ਬਿਖ ਰਸਹੁ ॥੩॥ (800-3)
गुरमति हरि रसु मीठा लागा तिन बिसरे सभि बिख रसहु ॥३॥

ਰਾਮ ਨਾਮੁ ਰਸੁ ਰਾਮ ਰਸਾਇਣੁ ਹਰਿ ਸੇਵਹੁ ਸੰਤ ਜਨਹੁ ॥ (800-4)
राम नामु रसु राम रसाइणु हरि सेवहु संत जनहु ॥

ਚਾਰਿ ਪਦਾਰਥ ਚਾਰੇ ਪਾਏ ਗੁਰਮਤਿ ਨਾਨਕ ਹਰਿ ਭਜਹੁ ॥੪॥੪॥ (800-4)
चारि पदारथ चारे पाए गुरमति नानक हरि भजहु ॥४॥४॥

ਬਿਲਾਵਲੁ ਮਹਲਾ ੪ ॥ (800-5)
बिलावलु महला ४ ॥

ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਕੋ ਜਾਪੈ ਹਰਿ ਮੰਤ੍ਰੁ ਜਪੈਨੀ ॥ (800-5)
खत्री ब्राहमणु सूदु वैसु को जापै हरि मंत्रु जपैनी ॥

ਗੁਰੁ ਸਤਿਗੁਰੁ ਪਾਰਬ੍ਰਹਮੁ ਕਰਿ ਪੂਜਹੁ ਨਿਤ ਸੇਵਹੁ ਦਿਨਸੁ ਸਭ ਰੈਨੀ ॥੧॥ (800-5)
गुरु सतिगुरु पारब्रहमु करि पूजहु नित सेवहु दिनसु सभ रैनी ॥१॥

ਹਰਿ ਜਨ ਦੇਖਹੁ ਸਤਿਗੁਰੁ ਨੈਨੀ ॥ (800-6)
हरि जन देखहु सतिगुरु नैनी ॥

ਜੋ ਇਛਹੁ ਸੋਈ ਫਲੁ ਪਾਵਹੁ ਹਰਿ ਬੋਲਹੁ ਗੁਰਮਤਿ ਬੈਨੀ ॥੧॥ ਰਹਾਉ ॥ (800-6)
जो इछहु सोई फलु पावहु हरि बोलहु गुरमति बैनी ॥१॥ रहाउ ॥

ਅਨਿਕ ਉਪਾਵ ਚਿਤਵੀਅਹਿ ਬਹੁਤੇਰੇ ਸਾ ਹੋਵੈ ਜਿ ਬਾਤ ਹੋਵੈਨੀ ॥ (800-7)
अनिक उपाव चितवीअहि बहुतेरे सा होवै जि बात होवैनी ॥

ਅਪਨਾ ਭਲਾ ਸਭੁ ਕੋਈ ਬਾਛੈ ਸੋ ਕਰੇ ਜਿ ਮੇਰੈ ਚਿਤਿ ਨ ਚਿਤੈਨੀ ॥੨॥ (800-8)
अपना भला सभु कोई बाछै सो करे जि मेरै चिति न चितैनी ॥२॥

ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ ॥ (800-8)
मन की मति तिआगहु हरि जन एहा बात कठैनी ॥

ਅਨਦਿਨੁ ਹਰਿ ਹਰਿ ਨਾਮੁ ਧਿਆਵਹੁ ਗੁਰ ਸਤਿਗੁਰ ਕੀ ਮਤਿ ਲੈਨੀ ॥੩॥ (800-9)
अनदिनु हरि हरि नामु धिआवहु गुर सतिगुर की मति लैनी ॥३॥

ਮਤਿ ਸੁਮਤਿ ਤੇਰੈ ਵਸਿ ਸੁਆਮੀ ਹਮ ਜੰਤ ਤੂ ਪੁਰਖੁ ਜੰਤੈਨੀ ॥ (800-10)
मति सुमति तेरै वसि सुआमी हम जंत तू पुरखु जंतैनी ॥

ਜਨ ਨਾਨਕ ਕੇ ਪ੍ਰਭ ਕਰਤੇ ਸੁਆਮੀ ਜਿਉ ਭਾਵੈ ਤਿਵੈ ਬੁਲੈਨੀ ॥੪॥੫॥ (800-10)
जन नानक के प्रभ करते सुआमी जिउ भावै तिवै बुलैनी ॥४॥५॥

ਬਿਲਾਵਲੁ ਮਹਲਾ ੪ ॥ (800-11)
बिलावलु महला ४ ॥

ਅਨਦ ਮੂਲੁ ਧਿਆਇਓ ਪੁਰਖੋਤਮੁ ਅਨਦਿਨੁ ਅਨਦ ਅਨੰਦੇ ॥ (800-11)
अनद मूलु धिआइओ पुरखोतमु अनदिनु अनद अनंदे ॥

ਧਰਮ ਰਾਇ ਕੀ ਕਾਣਿ ਚੁਕਾਈ ਸਭਿ ਚੂਕੇ ਜਮ ਕੇ ਛੰਦੇ ॥੧॥ (800-12)
धरम राइ की काणि चुकाई सभि चूके जम के छंदे ॥१॥

ਜਪਿ ਮਨ ਹਰਿ ਹਰਿ ਨਾਮੁ ਗੁੋਬਿੰਦੇ ॥ (800-12)
जपि मन हरि हरि नामु गुोबिंदे ॥

ਵਡਭਾਗੀ ਗੁਰੁ ਸਤਿਗੁਰੁ ਪਾਇਆ ਗੁਣ ਗਾਏ ਪਰਮਾਨੰਦੇ ॥੧॥ ਰਹਾਉ ॥ (800-13)
वडभागी गुरु सतिगुरु पाइआ गुण गाए परमानंदे ॥१॥ रहाउ ॥

ਸਾਕਤ ਮੂੜ ਮਾਇਆ ਕੇ ਬਧਿਕ ਵਿਚਿ ਮਾਇਆ ਫਿਰਹਿ ਫਿਰੰਦੇ ॥ (800-13)
साकत मूड़ माइआ के बधिक विचि माइआ फिरहि फिरंदे ॥

ਤ੍ਰਿਸਨਾ ਜਲਤ ਕਿਰਤ ਕੇ ਬਾਧੇ ਜਿਉ ਤੇਲੀ ਬਲਦ ਭਵੰਦੇ ॥੨॥ (800-14)
त्रिसना जलत किरत के बाधे जिउ तेली बलद भवंदे ॥२॥

ਗੁਰਮੁਖਿ ਸੇਵ ਲਗੇ ਸੇ ਉਧਰੇ ਵਡਭਾਗੀ ਸੇਵ ਕਰੰਦੇ ॥ (800-15)
गुरमुखि सेव लगे से उधरे वडभागी सेव करंदे ॥

ਜਿਨ ਹਰਿ ਜਪਿਆ ਤਿਨ ਫਲੁ ਪਾਇਆ ਸਭਿ ਤੂਟੇ ਮਾਇਆ ਫੰਦੇ ॥੩॥ (800-15)
जिन हरि जपिआ तिन फलु पाइआ सभि तूटे माइआ फंदे ॥३॥

ਆਪੇ ਠਾਕੁਰੁ ਆਪੇ ਸੇਵਕੁ ਸਭੁ ਆਪੇ ਆਪਿ ਗੋੱਵਿੰਦੇ ॥ (800-16)
आपे ठाकुरु आपे सेवकु सभु आपे आपि गोविंदे ॥

ਜਨ ਨਾਨਕ ਆਪੇ ਆਪਿ ਸਭੁ ਵਰਤੈ ਜਿਉ ਰਾਖੈ ਤਿਵੈ ਰਹੰਦੇ ॥੪॥੬॥ (800-16)
जन नानक आपे आपि सभु वरतै जिउ राखै तिवै रहंदे ॥४॥६॥

ੴ ਸਤਿਗੁਰ ਪ੍ਰਸਾਦਿ ॥ (800-18)
ੴ सतिगुर प्रसादि ॥

ਰਾਗੁ ਬਿਲਾਵਲੁ ਮਹਲਾ ੪ ਪੜਤਾਲ ਘਰੁ ੧੩ ॥ (800-19)
रागु बिलावलु महला ४ पड़ताल घरु १३ ॥

ਬੋੱਲਹੁ ਭਈਆ ਰਾਮ ਨਾਮੁ ਪਤਿਤ ਪਾਵਨੋੱ ॥ (800-19)
बोलहु भईआ राम नामु पतित पावनो ॥

ਹਰਿ ਸੰਤ ਭਗਤ ਤਾਰਨੋੱ ॥ (800-19)
हरि संत भगत तारनो ॥

ਹਰਿ ਭਰਿਪੁਰੇ ਰਹਿਆ ॥ (801-1)
हरि भरिपुरे रहिआ ॥

ਜਲਿ ਥਲੇ ਰਾਮ ਨਾਮੁ ॥ (801-1)
जलि थले राम नामु ॥

ਨਿਤ ਗਾਈਐ ਹਰਿ ਦੂਖ ਬਿਸਾਰਨੋੱ ॥੧॥ ਰਹਾਉ ॥ (801-1)
नित गाईऐ हरि दूख बिसारनो ॥१॥ रहाउ ॥

ਹਰਿ ਕੀਆ ਹੈ ਸਫਲ ਜਨਮੁ ਹਮਾਰਾ ॥ (801-2)
हरि कीआ है सफल जनमु हमारा ॥

ਹਰਿ ਜਪਿਆ ਹਰਿ ਦੂਖ ਬਿਸਾਰਨਹਾਰਾ ॥ (801-2)
हरि जपिआ हरि दूख बिसारनहारा ॥

ਗੁਰੁ ਭੇਟਿਆ ਹੈ ਮੁਕਤਿ ਦਾਤਾ ॥ (801-2)
गुरु भेटिआ है मुकति दाता ॥

ਹਰਿ ਕੀਈ ਹਮਾਰੀ ਸਫਲ ਜਾਤਾ ॥ (801-3)
हरि कीई हमारी सफल जाता ॥

ਮਿਲਿ ਸੰਗਤੀ ਗੁਨ ਗਾਵਨੋ ॥੧॥ (801-3)
मिलि संगती गुन गावनो ॥१॥

ਮਨ ਰਾਮ ਨਾਮ ਕਰਿ ਆਸਾ ॥ (801-3)
मन राम नाम करि आसा ॥

ਭਾਉ ਦੂਜਾ ਬਿਨਸਿ ਬਿਨਾਸਾ ॥ (801-3)
भाउ दूजा बिनसि बिनासा ॥

ਵਿਚਿ ਆਸਾ ਹੋਇ ਨਿਰਾਸੀ ॥ (801-4)
विचि आसा होइ निरासी ॥

ਸੋ ਜਨੁ ਮਿਲਿਆ ਹਰਿ ਪਾਸੀ ॥ (801-4)
सो जनु मिलिआ हरि पासी ॥

ਕੋਈ ਰਾਮ ਨਾਮ ਗੁਨ ਗਾਵਨੋ ॥ (801-4)
कोई राम नाम गुन गावनो ॥

ਜਨੁ ਨਾਨਕੁ ਤਿਸੁ ਪਗਿ ਲਾਵਨੋ ॥੨॥੧॥੭॥੪॥੬॥੭॥੧੭॥ (801-5)
जनु नानकु तिसु पगि लावनो ॥२॥१॥७॥४॥६॥७॥१७॥

ਰਾਗੁ ਬਿਲਾਵਲੁ ਮਹਲਾ ੫ ਚਉਪਦੇ ਘਰੁ ੧ (801-6)
रागु बिलावलु महला ५ चउपदे घरु १

ੴ ਸਤਿਗੁਰ ਪ੍ਰਸਾਦਿ ॥ (801-6)
ੴ सतिगुर प्रसादि ॥

ਨਦਰੀ ਆਵੈ ਤਿਸੁ ਸਿਉ ਮੋਹੁ ॥ (801-7)
नदरी आवै तिसु सिउ मोहु ॥

ਕਿਉ ਮਿਲੀਐ ਪ੍ਰਭ ਅਬਿਨਾਸੀ ਤੋਹਿ ॥ (801-7)
किउ मिलीऐ प्रभ अबिनासी तोहि ॥

ਕਰਿ ਕਿਰਪਾ ਮੋਹਿ ਮਾਰਗਿ ਪਾਵਹੁ ॥ (801-7)
करि किरपा मोहि मारगि पावहु ॥

ਸਾਧਸੰਗਤਿ ਕੈ ਅੰਚਲਿ ਲਾਵਹੁ ॥੧॥ (801-8)
साधसंगति कै अंचलि लावहु ॥१॥

ਕਿਉ ਤਰੀਐ ਬਿਖਿਆ ਸੰਸਾਰੁ ॥ (801-8)
किउ तरीऐ बिखिआ संसारु ॥

ਸਤਿਗੁਰੁ ਬੋਹਿਥੁ ਪਾਵੈ ਪਾਰਿ ॥੧॥ ਰਹਾਉ ॥ (801-8)
सतिगुरु बोहिथु पावै पारि ॥१॥ रहाउ ॥

ਪਵਨ ਝੁਲਾਰੇ ਮਾਇਆ ਦੇਇ ॥ (801-9)
पवन झुलारे माइआ देइ ॥

ਹਰਿ ਕੇ ਭਗਤ ਸਦਾ ਥਿਰੁ ਸੇਇ ॥ (801-9)
हरि के भगत सदा थिरु सेइ ॥

ਹਰਖ ਸੋਗ ਤੇ ਰਹਹਿ ਨਿਰਾਰਾ ॥ (801-9)
हरख सोग ते रहहि निरारा ॥

ਸਿਰ ਊਪਰਿ ਆਪਿ ਗੁਰੂ ਰਖਵਾਰਾ ॥੨॥ (801-9)
सिर ऊपरि आपि गुरू रखवारा ॥२॥

ਪਾਇਆ ਵੇੜੁ ਮਾਇਆ ਸਰਬ ਭੁਇਅੰਗਾ ॥ (801-10)
पाइआ वेड़ु माइआ सरब भुइअंगा ॥

ਹਉਮੈ ਪਚੇ ਦੀਪਕ ਦੇਖਿ ਪਤੰਗਾ ॥ (801-10)
हउमै पचे दीपक देखि पतंगा ॥

ਸਗਲ ਸੀਗਾਰ ਕਰੇ ਨਹੀ ਪਾਵੈ ॥ (801-11)
सगल सीगार करे नही पावै ॥

ਜਾ ਹੋਇ ਕ੍ਰਿਪਾਲੁ ਤਾ ਗੁਰੂ ਮਿਲਾਵੈ ॥੩॥ (801-11)
जा होइ क्रिपालु ता गुरू मिलावै ॥३॥

ਹਉ ਫਿਰਉ ਉਦਾਸੀ ਮੈ ਇਕੁ ਰਤਨੁ ਦਸਾਇਆ ॥ (801-11)
हउ फिरउ उदासी मै इकु रतनु दसाइआ ॥

ਨਿਰਮੋਲਕੁ ਹੀਰਾ ਮਿਲੈ ਨ ਉਪਾਇਆ ॥ (801-12)
निरमोलकु हीरा मिलै न उपाइआ ॥

ਹਰਿ ਕਾ ਮੰਦਰੁ ਤਿਸੁ ਮਹਿ ਲਾਲੁ ॥ (801-12)
हरि का मंदरु तिसु महि लालु ॥

ਗੁਰਿ ਖੋਲਿਆ ਪੜਦਾ ਦੇਖਿ ਭਈ ਨਿਹਾਲੁ ॥੪॥ (801-12)
गुरि खोलिआ पड़दा देखि भई निहालु ॥४॥

ਜਿਨਿ ਚਾਖਿਆ ਤਿਸੁ ਆਇਆ ਸਾਦੁ ॥ (801-13)
जिनि चाखिआ तिसु आइआ सादु ॥

ਜਿਉ ਗੂੰਗਾ ਮਨ ਮਹਿ ਬਿਸਮਾਦੁ ॥ (801-13)
जिउ गूंगा मन महि बिसमादु ॥

ਆਨਦ ਰੂਪੁ ਸਭੁ ਨਦਰੀ ਆਇਆ ॥ (801-14)
आनद रूपु सभु नदरी आइआ ॥

ਜਨ ਨਾਨਕ ਹਰਿ ਗੁਣ ਆਖਿ ਸਮਾਇਆ ॥੫॥੧॥ (801-14)
जन नानक हरि गुण आखि समाइआ ॥५॥१॥

ਬਿਲਾਵਲੁ ਮਹਲਾ ੫ ॥ (801-14)
बिलावलु महला ५ ॥

ਸਰਬ ਕਲਿਆਣ ਕੀਏ ਗੁਰਦੇਵ ॥ (801-15)
सरब कलिआण कीए गुरदेव ॥

ਸੇਵਕੁ ਅਪਨੀ ਲਾਇਓ ਸੇਵ ॥ (801-15)
सेवकु अपनी लाइओ सेव ॥

ਬਿਘਨੁ ਨ ਲਾਗੈ ਜਪਿ ਅਲਖ ਅਭੇਵ ॥੧॥ (801-15)
बिघनु न लागै जपि अलख अभेव ॥१॥

ਧਰਤਿ ਪੁਨੀਤ ਭਈ ਗੁਨ ਗਾਏ ॥ (801-16)
धरति पुनीत भई गुन गाए ॥

ਦੁਰਤੁ ਗਇਆ ਹਰਿ ਨਾਮੁ ਧਿਆਏ ॥੧॥ ਰਹਾਉ ॥ (801-16)
दुरतु गइआ हरि नामु धिआए ॥१॥ रहाउ ॥

ਸਭਨੀ ਥਾਂਈ ਰਵਿਆ ਆਪਿ ॥ (801-16)
सभनी थांई रविआ आपि ॥

ਆਦਿ ਜੁਗਾਦਿ ਜਾ ਕਾ ਵਡ ਪਰਤਾਪੁ ॥ (801-17)
आदि जुगादि जा का वड परतापु ॥

ਗੁਰ ਪਰਸਾਦਿ ਨ ਹੋਇ ਸੰਤਾਪੁ ॥੨॥ (801-17)
गुर परसादि न होइ संतापु ॥२॥

ਗੁਰ ਕੇ ਚਰਨ ਲਗੇ ਮਨਿ ਮੀਠੇ ॥ (801-17)
गुर के चरन लगे मनि मीठे ॥

ਨਿਰਬਿਘਨ ਹੋਇ ਸਭ ਥਾਂਈ ਵੂਠੇ ॥ (801-18)
निरबिघन होइ सभ थांई वूठे ॥

ਸਭਿ ਸੁਖ ਪਾਏ ਸਤਿਗੁਰ ਤੂਠੇ ॥੩॥ (801-18)
सभि सुख पाए सतिगुर तूठे ॥३॥

ਪਾਰਬ੍ਰਹਮ ਪ੍ਰਭ ਭਏ ਰਖਵਾਲੇ ॥ (801-18)
पारब्रहम प्रभ भए रखवाले ॥

ਜਿਥੈ ਕਿਥੈ ਦੀਸਹਿ ਨਾਲੇ ॥ (801-19)
जिथै किथै दीसहि नाले ॥

ਨਾਨਕ ਦਾਸ ਖਸਮਿ ਪ੍ਰਤਿਪਾਲੇ ॥੪॥੨॥ (801-19)
नानक दास खसमि प्रतिपाले ॥४॥२॥

ਬਿਲਾਵਲੁ ਮਹਲਾ ੫ ॥ (801-19)
बिलावलु महला ५ ॥

ਸੁਖ ਨਿਧਾਨ ਪ੍ਰੀਤਮ ਪ੍ਰਭ ਮੇਰੇ ॥ (801-19)
सुख निधान प्रीतम प्रभ मेरे ॥

ਅਗਨਤ ਗੁਣ ਠਾਕੁਰ ਪ੍ਰਭ ਤੇਰੇ ॥ (802-1)
अगनत गुण ठाकुर प्रभ तेरे ॥

ਮੋਹਿ ਅਨਾਥ ਤੁਮਰੀ ਸਰਣਾਈ ॥ (802-1)
मोहि अनाथ तुमरी सरणाई ॥

ਕਰਿ ਕਿਰਪਾ ਹਰਿ ਚਰਨ ਧਿਆਈ ॥੧॥ (802-1)
करि किरपा हरि चरन धिआई ॥१॥

ਦਇਆ ਕਰਹੁ ਬਸਹੁ ਮਨਿ ਆਇ ॥ (802-2)
दइआ करहु बसहु मनि आइ ॥

ਮੋਹਿ ਨਿਰਗੁਨ ਲੀਜੈ ਲੜਿ ਲਾਇ ॥ ਰਹਾਉ ॥ (802-2)
मोहि निरगुन लीजै लड़ि लाइ ॥ रहाउ ॥

ਪ੍ਰਭੁ ਚਿਤਿ ਆਵੈ ਤਾ ਕੈਸੀ ਭੀੜ ॥ (802-2)
प्रभु चिति आवै ता कैसी भीड़ ॥

ਹਰਿ ਸੇਵਕ ਨਾਹੀ ਜਮ ਪੀੜ ॥ (802-3)
हरि सेवक नाही जम पीड़ ॥

ਸਰਬ ਦੂਖ ਹਰਿ ਸਿਮਰਤ ਨਸੇ ॥ (802-3)
सरब दूख हरि सिमरत नसे ॥

ਜਾ ਕੈ ਸੰਗਿ ਸਦਾ ਪ੍ਰਭੁ ਬਸੈ ॥੨॥ (802-3)
जा कै संगि सदा प्रभु बसै ॥२॥

ਪ੍ਰਭ ਕਾ ਨਾਮੁ ਮਨਿ ਤਨਿ ਆਧਾਰੁ ॥ (802-4)
प्रभ का नामु मनि तनि आधारु ॥

ਬਿਸਰਤ ਨਾਮੁ ਹੋਵਤ ਤਨੁ ਛਾਰੁ ॥ (802-4)
बिसरत नामु होवत तनु छारु ॥

ਪ੍ਰਭ ਚਿਤਿ ਆਏ ਪੂਰਨ ਸਭ ਕਾਜ ॥ (802-4)
प्रभ चिति आए पूरन सभ काज ॥

ਹਰਿ ਬਿਸਰਤ ਸਭ ਕਾ ਮੁਹਤਾਜ ॥੩॥ (802-5)
हरि बिसरत सभ का मुहताज ॥३॥

ਚਰਨ ਕਮਲ ਸੰਗਿ ਲਾਗੀ ਪ੍ਰੀਤਿ ॥ (802-5)
चरन कमल संगि लागी प्रीति ॥

ਬਿਸਰਿ ਗਈ ਸਭ ਦੁਰਮਤਿ ਰੀਤਿ ॥ (802-5)
बिसरि गई सभ दुरमति रीति ॥

ਮਨ ਤਨ ਅੰਤਰਿ ਹਰਿ ਹਰਿ ਮੰਤ ॥ (802-6)
मन तन अंतरि हरि हरि मंत ॥

ਨਾਨਕ ਭਗਤਨ ਕੈ ਘਰਿ ਸਦਾ ਅਨੰਦ ॥੪॥੩॥ (802-6)
नानक भगतन कै घरि सदा अनंद ॥४॥३॥

ਰਾਗੁ ਬਿਲਾਵਲੁ ਮਹਲਾ ੫ ਘਰੁ ੨ ਯਾਨੜੀਏ ਕੈ ਘਰਿ ਗਾਵਣਾ (802-7)
रागु बिलावलु महला ५ घरु २ यानड़ीए कै घरि गावणा

ੴ ਸਤਿਗੁਰ ਪ੍ਰਸਾਦਿ ॥ (802-7)
ੴ सतिगुर प्रसादि ॥

ਮੈ ਮਨਿ ਤੇਰੀ ਟੇਕ ਮੇਰੇ ਪਿਆਰੇ ਮੈ ਮਨਿ ਤੇਰੀ ਟੇਕ ॥ (802-8)
मै मनि तेरी टेक मेरे पिआरे मै मनि तेरी टेक ॥

ਅਵਰ ਸਿਆਣਪਾ ਬਿਰਥੀਆ ਪਿਆਰੇ ਰਾਖਨ ਕਉ ਤੁਮ ਏਕ ॥੧॥ ਰਹਾਉ ॥ (802-8)
अवर सिआणपा बिरथीआ पिआरे राखन कउ तुम एक ॥१॥ रहाउ ॥

ਸਤਿਗੁਰੁ ਪੂਰਾ ਜੇ ਮਿਲੈ ਪਿਆਰੇ ਸੋ ਜਨੁ ਹੋਤ ਨਿਹਾਲਾ ॥ (802-9)
सतिगुरु पूरा जे मिलै पिआरे सो जनु होत निहाला ॥

ਗੁਰ ਕੀ ਸੇਵਾ ਸੋ ਕਰੇ ਪਿਆਰੇ ਜਿਸ ਨੋ ਹੋਇ ਦਇਆਲਾ ॥ (802-9)
गुर की सेवा सो करे पिआरे जिस नो होइ दइआला ॥

ਸਫਲ ਮੂਰਤਿ ਗੁਰਦੇਉ ਸੁਆਮੀ ਸਰਬ ਕਲਾ ਭਰਪੂਰੇ ॥ (802-10)
सफल मूरति गुरदेउ सुआमी सरब कला भरपूरे ॥

ਨਾਨਕ ਗੁਰੁ ਪਾਰਬ੍ਰਹਮੁ ਪਰਮੇਸਰੁ ਸਦਾ ਸਦਾ ਹਜੂਰੇ ॥੧॥ (802-10)
नानक गुरु पारब्रहमु परमेसरु सदा सदा हजूरे ॥१॥

ਸੁਣਿ ਸੁਣਿ ਜੀਵਾ ਸੋਇ ਤਿਨਾ ਕੀ ਜਿਨ੍ਹ ਅਪੁਨਾ ਪ੍ਰਭੁ ਜਾਤਾ ॥ (802-11)
सुणि सुणि जीवा सोइ तिना की जिन्ह अपुना प्रभु जाता ॥

ਹਰਿ ਨਾਮੁ ਅਰਾਧਹਿ ਨਾਮੁ ਵਖਾਣਹਿ ਹਰਿ ਨਾਮੇ ਹੀ ਮਨੁ ਰਾਤਾ ॥ (802-11)
हरि नामु अराधहि नामु वखाणहि हरि नामे ही मनु राता ॥

ਸੇਵਕੁ ਜਨ ਕੀ ਸੇਵਾ ਮਾਗੈ ਪੂਰੈ ਕਰਮਿ ਕਮਾਵਾ ॥ (802-12)
सेवकु जन की सेवा मागै पूरै करमि कमावा ॥

ਨਾਨਕ ਕੀ ਬੇਨੰਤੀ ਸੁਆਮੀ ਤੇਰੇ ਜਨ ਦੇਖਣੁ ਪਾਵਾ ॥੨॥ (802-13)
नानक की बेनंती सुआमी तेरे जन देखणु पावा ॥२॥

ਵਡਭਾਗੀ ਸੇ ਕਾਢੀਅਹਿ ਪਿਆਰੇ ਸੰਤਸੰਗਤਿ ਜਿਨਾ ਵਾਸੋ ॥ (802-13)
वडभागी से काढीअहि पिआरे संतसंगति जिना वासो ॥

ਅੰਮ੍ਰਿਤ ਨਾਮੁ ਅਰਾਧੀਐ ਨਿਰਮਲੁ ਮਨੈ ਹੋਵੈ ਪਰਗਾਸੋ ॥ (802-14)
अमृत नामु अराधीऐ निरमलु मनै होवै परगासो ॥

ਜਨਮ ਮਰਣ ਦੁਖੁ ਕਾਟੀਐ ਪਿਆਰੇ ਚੂਕੈ ਜਮ ਕੀ ਕਾਣੇ ॥ (802-14)
जनम मरण दुखु काटीऐ पिआरे चूकै जम की काणे ॥

ਤਿਨਾ ਪਰਾਪਤਿ ਦਰਸਨੁ ਨਾਨਕ ਜੋ ਪ੍ਰਭ ਅਪਣੇ ਭਾਣੇ ॥੩॥ (802-15)
तिना परापति दरसनु नानक जो प्रभ अपणे भाणे ॥३॥

ਊਚ ਅਪਾਰ ਬੇਅੰਤ ਸੁਆਮੀ ਕਉਣੁ ਜਾਣੈ ਗੁਣ ਤੇਰੇ ॥ (802-16)
ऊच अपार बेअंत सुआमी कउणु जाणै गुण तेरे ॥

ਗਾਵਤੇ ਉਧਰਹਿ ਸੁਣਤੇ ਉਧਰਹਿ ਬਿਨਸਹਿ ਪਾਪ ਘਨੇਰੇ ॥ (802-16)
गावते उधरहि सुणते उधरहि बिनसहि पाप घनेरे ॥

ਪਸੂ ਪਰੇਤ ਮੁਗਧ ਕਉ ਤਾਰੇ ਪਾਹਨ ਪਾਰਿ ਉਤਾਰੈ ॥ (802-17)
पसू परेत मुगध कउ तारे पाहन पारि उतारै ॥

ਨਾਨਕ ਦਾਸ ਤੇਰੀ ਸਰਣਾਈ ਸਦਾ ਸਦਾ ਬਲਿਹਾਰੈ ॥੪॥੧॥੪॥ (802-17)
नानक दास तेरी सरणाई सदा सदा बलिहारै ॥४॥१॥४॥

ਬਿਲਾਵਲੁ ਮਹਲਾ ੫ ॥ (802-18)
बिलावलु महला ५ ॥

ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ ਨਾਮੁ ਮਹਾ ਰਸੁ ਪੀਓ ॥ (802-18)
बिखै बनु फीका तिआगि री सखीए नामु महा रसु पीओ ॥

ਬਿਨੁ ਰਸ ਚਾਖੇ ਬੁਡਿ ਗਈ ਸਗਲੀ ਸੁਖੀ ਨ ਹੋਵਤ ਜੀਓ ॥ (802-19)
बिनु रस चाखे बुडि गई सगली सुखी न होवत जीओ ॥

ਮਾਨੁ ਮਹਤੁ ਨ ਸਕਤਿ ਹੀ ਕਾਈ ਸਾਧਾ ਦਾਸੀ ਥੀਓ ॥ (802-19)
मानु महतु न सकति ही काई साधा दासी थीओ ॥

ਨਾਨਕ ਸੇ ਦਰਿ ਸੋਭਾਵੰਤੇ ਜੋ ਪ੍ਰਭਿ ਅਪੁਨੈ ਕੀਓ ॥੧॥ (803-1)
नानक से दरि सोभावंते जो प्रभि अपुनै कीओ ॥१॥

ਹਰਿਚੰਦਉਰੀ ਚਿਤ ਭ੍ਰਮੁ ਸਖੀਏ ਮ੍ਰਿਗ ਤ੍ਰਿਸਨਾ ਦ੍ਰੁਮ ਛਾਇਆ ॥ (803-1)
हरिचंदउरी चित भ्रमु सखीए म्रिग त्रिसना द्रुम छाइआ ॥

ਚੰਚਲਿ ਸੰਗਿ ਨ ਚਾਲਤੀ ਸਖੀਏ ਅੰਤਿ ਤਜਿ ਜਾਵਤ ਮਾਇਆ ॥ (803-2)
चंचलि संगि न चालती सखीए अंति तजि जावत माइआ ॥

ਰਸਿ ਭੋਗਣ ਅਤਿ ਰੂਪ ਰਸ ਮਾਤੇ ਇਨ ਸੰਗਿ ਸੂਖੁ ਨ ਪਾਇਆ ॥ (803-3)
रसि भोगण अति रूप रस माते इन संगि सूखु न पाइआ ॥

ਧੰਨਿ ਧੰਨਿ ਹਰਿ ਸਾਧ ਜਨ ਸਖੀਏ ਨਾਨਕ ਜਿਨੀ ਨਾਮੁ ਧਿਆਇਆ ॥੨॥ (803-3)
धंनि धंनि हरि साध जन सखीए नानक जिनी नामु धिआइआ ॥२॥

ਜਾਇ ਬਸਹੁ ਵਡਭਾਗਣੀ ਸਖੀਏ ਸੰਤਾ ਸੰਗਿ ਸਮਾਈਐ ॥ (803-4)
जाइ बसहु वडभागणी सखीए संता संगि समाईऐ ॥

ਤਹ ਦੂਖ ਨ ਭੂਖ ਨ ਰੋਗੁ ਬਿਆਪੈ ਚਰਨ ਕਮਲ ਲਿਵ ਲਾਈਐ ॥ (803-5)
तह दूख न भूख न रोगु बिआपै चरन कमल लिव लाईऐ ॥

ਤਹ ਜਨਮ ਨ ਮਰਣੁ ਨ ਆਵਣ ਜਾਣਾ ਨਿਹਚਲੁ ਸਰਣੀ ਪਾਈਐ ॥ (803-5)
तह जनम न मरणु न आवण जाणा निहचलु सरणी पाईऐ ॥

ਪ੍ਰੇਮ ਬਿਛੋਹੁ ਨ ਮੋਹੁ ਬਿਆਪੈ ਨਾਨਕ ਹਰਿ ਏਕੁ ਧਿਆਈਐ ॥੩॥ (803-6)
प्रेम बिछोहु न मोहु बिआपै नानक हरि एकु धिआईऐ ॥३॥

ਦ੍ਰਿਸਟਿ ਧਾਰਿ ਮਨੁ ਬੇਧਿਆ ਪਿਆਰੇ ਰਤੜੇ ਸਹਜਿ ਸੁਭਾਏ ॥ (803-6)
द्रिसटि धारि मनु बेधिआ पिआरे रतड़े सहजि सुभाए ॥

ਸੇਜ ਸੁਹਾਵੀ ਸੰਗਿ ਮਿਲਿ ਪ੍ਰੀਤਮ ਅਨਦ ਮੰਗਲ ਗੁਣ ਗਾਏ ॥ (803-7)
सेज सुहावी संगि मिलि प्रीतम अनद मंगल गुण गाए ॥

ਸਖੀ ਸਹੇਲੀ ਰਾਮ ਰੰਗਿ ਰਾਤੀ ਮਨ ਤਨ ਇਛ ਪੁਜਾਏ ॥ (803-8)
सखी सहेली राम रंगि राती मन तन इछ पुजाए ॥

ਨਾਨਕ ਅਚਰਜੁ ਅਚਰਜ ਸਿਉ ਮਿਲਿਆ ਕਹਣਾ ਕਛੂ ਨ ਜਾਏ ॥੪॥੨॥੫॥ (803-8)
नानक अचरजु अचरज सिउ मिलिआ कहणा कछू न जाए ॥४॥२॥५॥

ਰਾਗੁ ਬਿਲਾਵਲੁ ਮਹਲਾ ੫ ਘਰੁ ੪ (803-10)
रागु बिलावलु महला ५ घरु ४

ੴ ਸਤਿਗੁਰ ਪ੍ਰਸਾਦਿ ॥ (803-10)
ੴ सतिगुर प्रसादि ॥

ਏਕ ਰੂਪ ਸਗਲੋ ਪਾਸਾਰਾ ॥ (803-11)
एक रूप सगलो पासारा ॥

ਆਪੇ ਬਨਜੁ ਆਪਿ ਬਿਉਹਾਰਾ ॥੧॥ (803-11)
आपे बनजु आपि बिउहारा ॥१॥

ਐਸੋ ਗਿਆਨੁ ਬਿਰਲੋ ਈ ਪਾਏ ॥ (803-11)
ऐसो गिआनु बिरलो ई पाए ॥

ਜਤ ਜਤ ਜਾਈਐ ਤਤ ਦ੍ਰਿਸਟਾਏ ॥੧॥ ਰਹਾਉ ॥ (803-11)
जत जत जाईऐ तत द्रिसटाए ॥१॥ रहाउ ॥

ਅਨਿਕ ਰੰਗ ਨਿਰਗੁਨ ਇਕ ਰੰਗਾ ॥ (803-12)
अनिक रंग निरगुन इक रंगा ॥

ਆਪੇ ਜਲੁ ਆਪ ਹੀ ਤਰੰਗਾ ॥੨॥ (803-12)
आपे जलु आप ही तरंगा ॥२॥

ਆਪ ਹੀ ਮੰਦਰੁ ਆਪਹਿ ਸੇਵਾ ॥ (803-13)
आप ही मंदरु आपहि सेवा ॥

ਆਪ ਹੀ ਪੂਜਾਰੀ ਆਪ ਹੀ ਦੇਵਾ ॥੩॥ (803-13)
आप ही पूजारी आप ही देवा ॥३॥

ਆਪਹਿ ਜੋਗ ਆਪ ਹੀ ਜੁਗਤਾ ॥ (803-13)
आपहि जोग आप ही जुगता ॥

ਨਾਨਕ ਕੇ ਪ੍ਰਭ ਸਦ ਹੀ ਮੁਕਤਾ ॥੪॥੧॥੬॥ (803-14)
नानक के प्रभ सद ही मुकता ॥४॥१॥६॥

ਬਿਲਾਵਲੁ ਮਹਲਾ ੫ ॥ (803-14)
बिलावलु महला ५ ॥

ਆਪਿ ਉਪਾਵਨ ਆਪਿ ਸਧਰਨਾ ॥ (803-14)
आपि उपावन आपि सधरना ॥

ਆਪਿ ਕਰਾਵਨ ਦੋਸੁ ਨ ਲੈਨਾ ॥੧॥ (803-15)
आपि करावन दोसु न लैना ॥१॥

ਆਪਨ ਬਚਨੁ ਆਪ ਹੀ ਕਰਨਾ ॥ (803-15)
आपन बचनु आप ही करना ॥

ਆਪਨ ਬਿਭਉ ਆਪ ਹੀ ਜਰਨਾ ॥੧॥ ਰਹਾਉ ॥ (803-15)
आपन बिभउ आप ही जरना ॥१॥ रहाउ ॥

ਆਪ ਹੀ ਮਸਟਿ ਆਪ ਹੀ ਬੁਲਨਾ ॥ (803-16)
आप ही मसटि आप ही बुलना ॥

ਆਪ ਹੀ ਅਛਲੁ ਨ ਜਾਈ ਛਲਨਾ ॥੨॥ (803-16)
आप ही अछलु न जाई छलना ॥२॥

ਆਪ ਹੀ ਗੁਪਤ ਆਪਿ ਪਰਗਟਨਾ ॥ (803-16)
आप ही गुपत आपि परगटना ॥

ਆਪ ਹੀ ਘਟਿ ਘਟਿ ਆਪਿ ਅਲਿਪਨਾ ॥੩॥ (803-17)
आप ही घटि घटि आपि अलिपना ॥३॥

ਆਪੇ ਅਵਿਗਤੁ ਆਪ ਸੰਗਿ ਰਚਨਾ ॥ (803-17)
आपे अविगतु आप संगि रचना ॥

ਕਹੁ ਨਾਨਕ ਪ੍ਰਭ ਕੇ ਸਭਿ ਜਚਨਾ ॥੪॥੨॥੭॥ (803-18)
कहु नानक प्रभ के सभि जचना ॥४॥२॥७॥

ਬਿਲਾਵਲੁ ਮਹਲਾ ੫ ॥ (803-18)
बिलावलु महला ५ ॥

ਭੂਲੇ ਮਾਰਗੁ ਜਿਨਹਿ ਬਤਾਇਆ ॥ (803-18)
भूले मारगु जिनहि बताइआ ॥

ਐਸਾ ਗੁਰੁ ਵਡਭਾਗੀ ਪਾਇਆ ॥੧॥ (803-19)
ऐसा गुरु वडभागी पाइआ ॥१॥

ਸਿਮਰਿ ਮਨਾ ਰਾਮ ਨਾਮੁ ਚਿਤਾਰੇ ॥ (803-19)
सिमरि मना राम नामु चितारे ॥

ਬਸਿ ਰਹੇ ਹਿਰਦੈ ਗੁਰ ਚਰਨ ਪਿਆਰੇ ॥੧॥ ਰਹਾਉ ॥ (803-19)
बसि रहे हिरदै गुर चरन पिआरे ॥१॥ रहाउ ॥

ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨਾ ॥ (804-1)
कामि क्रोधि लोभि मोहि मनु लीना ॥

ਬੰਧਨ ਕਾਟਿ ਮੁਕਤਿ ਗੁਰਿ ਕੀਨਾ ॥੨॥ (804-1)
बंधन काटि मुकति गुरि कीना ॥२॥

ਦੁਖ ਸੁਖ ਕਰਤ ਜਨਮਿ ਫੁਨਿ ਮੂਆ ॥ (804-2)
दुख सुख करत जनमि फुनि मूआ ॥

ਚਰਨ ਕਮਲ ਗੁਰਿ ਆਸ੍ਰਮੁ ਦੀਆ ॥੩॥ (804-2)
चरन कमल गुरि आस्रमु दीआ ॥३॥

ਅਗਨਿ ਸਾਗਰ ਬੂਡਤ ਸੰਸਾਰਾ ॥ (804-2)
अगनि सागर बूडत संसारा ॥

ਨਾਨਕ ਬਾਹ ਪਕਰਿ ਸਤਿਗੁਰਿ ਨਿਸਤਾਰਾ ॥੪॥੩॥੮॥ (804-3)
नानक बाह पकरि सतिगुरि निसतारा ॥४॥३॥८॥

ਬਿਲਾਵਲੁ ਮਹਲਾ ੫ ॥ (804-3)
बिलावलु महला ५ ॥

ਤਨੁ ਮਨੁ ਧਨੁ ਅਰਪਉ ਸਭੁ ਅਪਨਾ ॥ (804-3)
तनु मनु धनु अरपउ सभु अपना ॥

ਕਵਨ ਸੁ ਮਤਿ ਜਿਤੁ ਹਰਿ ਹਰਿ ਜਪਨਾ ॥੧॥ (804-4)
कवन सु मति जितु हरि हरि जपना ॥१॥

ਕਰਿ ਆਸਾ ਆਇਓ ਪ੍ਰਭ ਮਾਗਨਿ ॥ (804-4)
करि आसा आइओ प्रभ मागनि ॥

ਤੁਮ੍ਹ ਪੇਖਤ ਸੋਭਾ ਮੇਰੈ ਆਗਨਿ ॥੧॥ ਰਹਾਉ ॥ (804-5)
तुम्ह पेखत सोभा मेरै आगनि ॥१॥ रहाउ ॥

ਅਨਿਕ ਜੁਗਤਿ ਕਰਿ ਬਹੁਤੁ ਬੀਚਾਰਉ ॥ (804-5)
अनिक जुगति करि बहुतु बीचारउ ॥

ਸਾਧਸੰਗਿ ਇਸੁ ਮਨਹਿ ਉਧਾਰਉ ॥੨॥ (804-5)
साधसंगि इसु मनहि उधारउ ॥२॥

ਮਤਿ ਬੁਧਿ ਸੁਰਤਿ ਨਾਹੀ ਚਤੁਰਾਈ ॥ (804-6)
मति बुधि सुरति नाही चतुराई ॥

ਤਾ ਮਿਲੀਐ ਜਾ ਲਏ ਮਿਲਾਈ ॥੩॥ (804-6)
ता मिलीऐ जा लए मिलाई ॥३॥

ਨੈਨ ਸੰਤੋਖੇ ਪ੍ਰਭ ਦਰਸਨੁ ਪਾਇਆ ॥ (804-6)
नैन संतोखे प्रभ दरसनु पाइआ ॥

ਕਹੁ ਨਾਨਕ ਸਫਲੁ ਸੋ ਆਇਆ ॥੪॥੪॥੯॥ (804-7)
कहु नानक सफलु सो आइआ ॥४॥४॥९॥

ਬਿਲਾਵਲੁ ਮਹਲਾ ੫ ॥ (804-7)
बिलावलु महला ५ ॥

ਮਾਤ ਪਿਤਾ ਸੁਤ ਸਾਥਿ ਨ ਮਾਇਆ ॥ (804-7)
मात पिता सुत साथि न माइआ ॥

ਸਾਧਸੰਗਿ ਸਭੁ ਦੂਖੁ ਮਿਟਾਇਆ ॥੧॥ (804-8)
साधसंगि सभु दूखु मिटाइआ ॥१॥

ਰਵਿ ਰਹਿਆ ਪ੍ਰਭੁ ਸਭ ਮਹਿ ਆਪੇ ॥ (804-8)
रवि रहिआ प्रभु सभ महि आपे ॥

ਹਰਿ ਜਪੁ ਰਸਨਾ ਦੁਖੁ ਨ ਵਿਆਪੇ ॥੧॥ ਰਹਾਉ ॥ (804-8)
हरि जपु रसना दुखु न विआपे ॥१॥ रहाउ ॥

ਤਿਖਾ ਭੂਖ ਬਹੁ ਤਪਤਿ ਵਿਆਪਿਆ ॥ (804-9)
तिखा भूख बहु तपति विआपिआ ॥

ਸੀਤਲ ਭਏ ਹਰਿ ਹਰਿ ਜਸੁ ਜਾਪਿਆ ॥੨॥ (804-9)
सीतल भए हरि हरि जसु जापिआ ॥२॥

ਕੋਟਿ ਜਤਨ ਸੰਤੋਖੁ ਨ ਪਾਇਆ ॥ (804-10)
कोटि जतन संतोखु न पाइआ ॥

ਮਨੁ ਤ੍ਰਿਪਤਾਨਾ ਹਰਿ ਗੁਣ ਗਾਇਆ ॥੩॥ (804-10)
मनु त्रिपताना हरि गुण गाइआ ॥३॥

ਦੇਹੁ ਭਗਤਿ ਪ੍ਰਭ ਅੰਤਰਜਾਮੀ ॥ (804-10)
देहु भगति प्रभ अंतरजामी ॥

ਨਾਨਕ ਕੀ ਬੇਨੰਤੀ ਸੁਆਮੀ ॥੪॥੫॥੧੦॥ (804-11)
नानक की बेनंती सुआमी ॥४॥५॥१०॥

ਬਿਲਾਵਲੁ ਮਹਲਾ ੫ ॥ (804-11)
बिलावलु महला ५ ॥

ਗੁਰੁ ਪੂਰਾ ਵਡਭਾਗੀ ਪਾਈਐ ॥ (804-11)
गुरु पूरा वडभागी पाईऐ ॥

ਮਿਲਿ ਸਾਧੂ ਹਰਿ ਨਾਮੁ ਧਿਆਈਐ ॥੧॥ (804-12)
मिलि साधू हरि नामु धिआईऐ ॥१॥

ਪਾਰਬ੍ਰਹਮ ਪ੍ਰਭ ਤੇਰੀ ਸਰਨਾ ॥ (804-12)
पारब्रहम प्रभ तेरी सरना ॥

ਕਿਲਬਿਖ ਕਾਟੈ ਭਜੁ ਗੁਰ ਕੇ ਚਰਨਾ ॥੧॥ ਰਹਾਉ ॥ (804-12)
किलबिख काटै भजु गुर के चरना ॥१॥ रहाउ ॥

ਅਵਰਿ ਕਰਮ ਸਭਿ ਲੋਕਾਚਾਰ ॥ (804-13)
अवरि करम सभि लोकाचार ॥

ਮਿਲਿ ਸਾਧੂ ਸੰਗਿ ਹੋਇ ਉਧਾਰ ॥੨॥ (804-13)
मिलि साधू संगि होइ उधार ॥२॥

ਸਿੰਮ੍ਰਿਤਿ ਸਾਸਤ ਬੇਦ ਬੀਚਾਰੇ ॥ (804-14)
सिंम्रिति सासत बेद बीचारे ॥

ਜਪੀਐ ਨਾਮੁ ਜਿਤੁ ਪਾਰਿ ਉਤਾਰੇ ॥੩॥ (804-14)
जपीऐ नामु जितु पारि उतारे ॥३॥

ਜਨ ਨਾਨਕ ਕਉ ਪ੍ਰਭ ਕਿਰਪਾ ਕਰੀਐ ॥ (804-14)
जन नानक कउ प्रभ किरपा करीऐ ॥

ਸਾਧੂ ਧੂਰਿ ਮਿਲੈ ਨਿਸਤਰੀਐ ॥੪॥੬॥੧੧॥ (804-15)
साधू धूरि मिलै निसतरीऐ ॥४॥६॥११॥

ਬਿਲਾਵਲੁ ਮਹਲਾ ੫ ॥ (804-15)
बिलावलु महला ५ ॥

ਗੁਰ ਕਾ ਸਬਦੁ ਰਿਦੇ ਮਹਿ ਚੀਨਾ ॥ (804-15)
गुर का सबदु रिदे महि चीना ॥

ਸਗਲ ਮਨੋਰਥ ਪੂਰਨ ਆਸੀਨਾ ॥੧॥ (804-16)
सगल मनोरथ पूरन आसीना ॥१॥

ਸੰਤ ਜਨਾ ਕਾ ਮੁਖੁ ਊਜਲੁ ਕੀਨਾ ॥ (804-16)
संत जना का मुखु ऊजलु कीना ॥

ਕਰਿ ਕਿਰਪਾ ਅਪੁਨਾ ਨਾਮੁ ਦੀਨਾ ॥੧॥ ਰਹਾਉ ॥ (804-16)
करि किरपा अपुना नामु दीना ॥१॥ रहाउ ॥

ਅੰਧ ਕੂਪ ਤੇ ਕਰੁ ਗਹਿ ਲੀਨਾ ॥ (804-17)
अंध कूप ते करु गहि लीना ॥

ਜੈ ਜੈ ਕਾਰੁ ਜਗਤਿ ਪ੍ਰਗਟੀਨਾ ॥੨॥ (804-17)
जै जै कारु जगति प्रगटीना ॥२॥

ਨੀਚਾ ਤੇ ਊਚ ਊਨ ਪੂਰੀਨਾ ॥ (804-17)
नीचा ते ऊच ऊन पूरीना ॥

ਅੰਮ੍ਰਿਤ ਨਾਮੁ ਮਹਾ ਰਸੁ ਲੀਨਾ ॥੩॥ (804-18)
अमृत नामु महा रसु लीना ॥३॥

ਮਨ ਤਨ ਨਿਰਮਲ ਪਾਪ ਜਲਿ ਖੀਨਾ ॥ (804-18)
मन तन निरमल पाप जलि खीना ॥

ਕਹੁ ਨਾਨਕ ਪ੍ਰਭ ਭਏ ਪ੍ਰਸੀਨਾ ॥੪॥੭॥੧੨॥ (804-18)
कहु नानक प्रभ भए प्रसीना ॥४॥७॥१२॥

ਬਿਲਾਵਲੁ ਮਹਲਾ ੫ ॥ (804-19)
बिलावलु महला ५ ॥

ਸਗਲ ਮਨੋਰਥ ਪਾਈਅਹਿ ਮੀਤਾ ॥ (804-19)
सगल मनोरथ पाईअहि मीता ॥

ਚਰਨ ਕਮਲ ਸਿਉ ਲਾਈਐ ਚੀਤਾ ॥੧॥ (805-1)
चरन कमल सिउ लाईऐ चीता ॥१॥

ਹਉ ਬਲਿਹਾਰੀ ਜੋ ਪ੍ਰਭੂ ਧਿਆਵਤ ॥ (805-1)
हउ बलिहारी जो प्रभू धिआवत ॥

ਜਲਨਿ ਬੁਝੈ ਹਰਿ ਹਰਿ ਗੁਨ ਗਾਵਤ ॥੧॥ ਰਹਾਉ ॥ (805-1)
जलनि बुझै हरि हरि गुन गावत ॥१॥ रहाउ ॥

ਸਫਲ ਜਨਮੁ ਹੋਵਤ ਵਡਭਾਗੀ ॥ (805-2)
सफल जनमु होवत वडभागी ॥

ਸਾਧਸੰਗਿ ਰਾਮਹਿ ਲਿਵ ਲਾਗੀ ॥੨॥ (805-2)
साधसंगि रामहि लिव लागी ॥२॥

ਮਤਿ ਪਤਿ ਧਨੁ ਸੁਖ ਸਹਜ ਅਨੰਦਾ ॥ (805-2)
मति पति धनु सुख सहज अनंदा ॥

ਇਕ ਨਿਮਖ ਨ ਵਿਸਰਹੁ ਪਰਮਾਨੰਦਾ ॥੩॥ (805-3)
इक निमख न विसरहु परमानंदा ॥३॥

ਹਰਿ ਦਰਸਨ ਕੀ ਮਨਿ ਪਿਆਸ ਘਨੇਰੀ ॥ (805-3)
हरि दरसन की मनि पिआस घनेरी ॥

ਭਨਤਿ ਨਾਨਕ ਸਰਣਿ ਪ੍ਰਭ ਤੇਰੀ ॥੪॥੮॥੧੩॥ (805-4)
भनति नानक सरणि प्रभ तेरी ॥४॥८॥१३॥

ਬਿਲਾਵਲੁ ਮਹਲਾ ੫ ॥ (805-4)
बिलावलु महला ५ ॥

ਮੋਹਿ ਨਿਰਗੁਨ ਸਭ ਗੁਣਹ ਬਿਹੂਨਾ ॥ (805-4)
मोहि निरगुन सभ गुणह बिहूना ॥

ਦਇਆ ਧਾਰਿ ਅਪੁਨਾ ਕਰਿ ਲੀਨਾ ॥੧॥ (805-5)
दइआ धारि अपुना करि लीना ॥१॥

ਮੇਰਾ ਮਨੁ ਤਨੁ ਹਰਿ ਗੋਪਾਲਿ ਸੁਹਾਇਆ ॥ (805-5)
मेरा मनु तनु हरि गोपालि सुहाइआ ॥

ਕਰਿ ਕਿਰਪਾ ਪ੍ਰਭੁ ਘਰ ਮਹਿ ਆਇਆ ॥੧॥ ਰਹਾਉ ॥ (805-6)
करि किरपा प्रभु घर महि आइआ ॥१॥ रहाउ ॥

ਭਗਤਿ ਵਛਲ ਭੈ ਕਾਟਨਹਾਰੇ ॥ (805-6)
भगति वछल भै काटनहारे ॥

ਸੰਸਾਰ ਸਾਗਰ ਅਬ ਉਤਰੇ ਪਾਰੇ ॥੨॥ (805-6)
संसार सागर अब उतरे पारे ॥२॥

ਪਤਿਤ ਪਾਵਨ ਪ੍ਰਭ ਬਿਰਦੁ ਬੇਦਿ ਲੇਖਿਆ ॥ (805-7)
पतित पावन प्रभ बिरदु बेदि लेखिआ ॥

ਪਾਰਬ੍ਰਹਮੁ ਸੋ ਨੈਨਹੁ ਪੇਖਿਆ ॥੩॥ (805-7)
पारब्रहमु सो नैनहु पेखिआ ॥३॥

ਸਾਧਸੰਗਿ ਪ੍ਰਗਟੇ ਨਾਰਾਇਣ ॥ (805-7)
साधसंगि प्रगटे नाराइण ॥

ਨਾਨਕ ਦਾਸ ਸਭਿ ਦੂਖ ਪਲਾਇਣ ॥੪॥੯॥੧੪॥ (805-8)
नानक दास सभि दूख पलाइण ॥४॥९॥१४॥

ਬਿਲਾਵਲੁ ਮਹਲਾ ੫ ॥ (805-8)
बिलावलु महला ५ ॥

ਕਵਨੁ ਜਾਨੈ ਪ੍ਰਭ ਤੁਮ੍ਹ੍ਹਰੀ ਸੇਵਾ ॥ (805-8)
कवनु जानै प्रभ तुम्हरी सेवा ॥

ਪ੍ਰਭ ਅਵਿਨਾਸੀ ਅਲਖ ਅਭੇਵਾ ॥੧॥ (805-9)
प्रभ अविनासी अलख अभेवा ॥१॥

ਗੁਣ ਬੇਅੰਤ ਪ੍ਰਭ ਗਹਿਰ ਗੰਭੀਰੇ ॥ (805-9)
गुण बेअंत प्रभ गहिर ग्मभीरे ॥

ਊਚ ਮਹਲ ਸੁਆਮੀ ਪ੍ਰਭ ਮੇਰੇ ॥ (805-9)
ऊच महल सुआमी प्रभ मेरे ॥

ਤੂ ਅਪਰੰਪਰ ਠਾਕੁਰ ਮੇਰੇ ॥੧॥ ਰਹਾਉ ॥ (805-10)
तू अपर्मपर ठाकुर मेरे ॥१॥ रहाउ ॥

ਏਕਸ ਬਿਨੁ ਨਾਹੀ ਕੋ ਦੂਜਾ ॥ (805-10)
एकस बिनु नाही को दूजा ॥

ਤੁਮ੍ਹ੍ਹ ਹੀ ਜਾਨਹੁ ਅਪਨੀ ਪੂਜਾ ॥੨॥ (805-10)
तुम्ह ही जानहु अपनी पूजा ॥२॥

ਆਪਹੁ ਕਛੂ ਨ ਹੋਵਤ ਭਾਈ ॥ (805-11)
आपहु कछू न होवत भाई ॥

ਜਿਸੁ ਪ੍ਰਭੁ ਦੇਵੈ ਸੋ ਨਾਮੁ ਪਾਈ ॥੩॥ (805-11)
जिसु प्रभु देवै सो नामु पाई ॥३॥

ਕਹੁ ਨਾਨਕ ਜੋ ਜਨੁ ਪ੍ਰਭ ਭਾਇਆ ॥ (805-11)
कहु नानक जो जनु प्रभ भाइआ ॥

ਗੁਣ ਨਿਧਾਨ ਪ੍ਰਭੁ ਤਿਨ ਹੀ ਪਾਇਆ ॥੪॥੧੦॥੧੫॥ (805-12)
गुण निधान प्रभु तिन ही पाइआ ॥४॥१०॥१५॥

ਬਿਲਾਵਲੁ ਮਹਲਾ ੫ ॥ (805-12)
बिलावलु महला ५ ॥

ਮਾਤ ਗਰਭ ਮਹਿ ਹਾਥ ਦੇ ਰਾਖਿਆ ॥ (805-12)
मात गरभ महि हाथ दे राखिआ ॥

ਹਰਿ ਰਸੁ ਛੋਡਿ ਬਿਖਿਆ ਫਲੁ ਚਾਖਿਆ ॥੧॥ (805-13)
हरि रसु छोडि बिखिआ फलु चाखिआ ॥१॥

ਭਜੁ ਗੋਬਿਦ ਸਭ ਛੋਡਿ ਜੰਜਾਲ ॥ (805-13)
भजु गोबिद सभ छोडि जंजाल ॥

ਜਬ ਜਮੁ ਆਇ ਸੰਘਾਰੈ ਮੂੜੇ ਤਬ ਤਨੁ ਬਿਨਸਿ ਜਾਇ ਬੇਹਾਲ ॥੧॥ ਰਹਾਉ ॥ (805-14)
जब जमु आइ संघारै मूड़े तब तनु बिनसि जाइ बेहाल ॥१॥ रहाउ ॥

ਤਨੁ ਮਨੁ ਧਨੁ ਅਪਨਾ ਕਰਿ ਥਾਪਿਆ ॥ (805-14)
तनु मनु धनु अपना करि थापिआ ॥

ਕਰਨਹਾਰੁ ਇਕ ਨਿਮਖ ਨ ਜਾਪਿਆ ॥੨॥ (805-15)
करनहारु इक निमख न जापिआ ॥२॥

ਮਹਾ ਮੋਹ ਅੰਧ ਕੂਪ ਪਰਿਆ ॥ (805-15)
महा मोह अंध कूप परिआ ॥

ਪਾਰਬ੍ਰਹਮੁ ਮਾਇਆ ਪਟਲਿ ਬਿਸਰਿਆ ॥੩॥ (805-15)
पारब्रहमु माइआ पटलि बिसरिआ ॥३॥

ਵਡੈ ਭਾਗਿ ਪ੍ਰਭ ਕੀਰਤਨੁ ਗਾਇਆ ॥ (805-16)
वडै भागि प्रभ कीरतनु गाइआ ॥

ਸੰਤਸੰਗਿ ਨਾਨਕ ਪ੍ਰਭੁ ਪਾਇਆ ॥੪॥੧੧॥੧੬॥ (805-16)
संतसंगि नानक प्रभु पाइआ ॥४॥११॥१६॥

ਬਿਲਾਵਲੁ ਮਹਲਾ ੫ ॥ (805-17)
बिलावलु महला ५ ॥

ਮਾਤ ਪਿਤਾ ਸੁਤ ਬੰਧਪ ਭਾਈ ॥ (805-17)
मात पिता सुत बंधप भाई ॥

ਨਾਨਕ ਹੋਆ ਪਾਰਬ੍ਰਹਮੁ ਸਹਾਈ ॥੧॥ (805-17)
नानक होआ पारब्रहमु सहाई ॥१॥

ਸੂਖ ਸਹਜ ਆਨੰਦ ਘਣੇ ॥ (805-18)
सूख सहज आनंद घणे ॥

ਗੁਰੁ ਪੂਰਾ ਪੂਰੀ ਜਾ ਕੀ ਬਾਣੀ ਅਨਿਕ ਗੁਣਾ ਜਾ ਕੇ ਜਾਹਿ ਨ ਗਣੇ ॥੧॥ ਰਹਾਉ ॥ (805-18)
गुरु पूरा पूरी जा की बाणी अनिक गुणा जा के जाहि न गणे ॥१॥ रहाउ ॥

ਸਗਲ ਸਰੰਜਾਮ ਕਰੇ ਪ੍ਰਭੁ ਆਪੇ ॥ (805-19)
सगल सरंजाम करे प्रभु आपे ॥

ਭਏ ਮਨੋਰਥ ਸੋ ਪ੍ਰਭੁ ਜਾਪੇ ॥੨॥ (805-19)
भए मनोरथ सो प्रभु जापे ॥२॥

ਅਰਥ ਧਰਮ ਕਾਮ ਮੋਖ ਕਾ ਦਾਤਾ ॥ (805-19)
अरथ धरम काम मोख का दाता ॥

ਪੂਰੀ ਭਈ ਸਿਮਰਿ ਸਿਮਰਿ ਬਿਧਾਤਾ ॥੩॥ (806-1)
पूरी भई सिमरि सिमरि बिधाता ॥३॥

ਸਾਧਸੰਗਿ ਨਾਨਕਿ ਰੰਗੁ ਮਾਣਿਆ ॥ (806-1)
साधसंगि नानकि रंगु माणिआ ॥

ਘਰਿ ਆਇਆ ਪੂਰੈ ਗੁਰਿ ਆਣਿਆ ॥੪॥੧੨॥੧੭॥ (806-1)
घरि आइआ पूरै गुरि आणिआ ॥४॥१२॥१७॥

ਬਿਲਾਵਲੁ ਮਹਲਾ ੫ ॥ (806-2)
बिलावलु महला ५ ॥

ਸ੍ਰਬ ਨਿਧਾਨ ਪੂਰਨ ਗੁਰਦੇਵ ॥੧॥ ਰਹਾਉ ॥ (806-2)
स्रब निधान पूरन गुरदेव ॥१॥ रहाउ ॥

ਹਰਿ ਹਰਿ ਨਾਮੁ ਜਪਤ ਨਰ ਜੀਵੇ ॥ (806-2)
हरि हरि नामु जपत नर जीवे ॥

ਮਰਿ ਖੁਆਰੁ ਸਾਕਤ ਨਰ ਥੀਵੇ ॥੧॥ (806-3)
मरि खुआरु साकत नर थीवे ॥१॥

ਰਾਮ ਨਾਮੁ ਹੋਆ ਰਖਵਾਰਾ ॥ (806-3)
राम नामु होआ रखवारा ॥

ਝਖ ਮਾਰਉ ਸਾਕਤੁ ਵੇਚਾਰਾ ॥੨॥ (806-3)
झख मारउ साकतु वेचारा ॥२॥

ਨਿੰਦਾ ਕਰਿ ਕਰਿ ਪਚਹਿ ਘਨੇਰੇ ॥ (806-4)
निंदा करि करि पचहि घनेरे ॥

ਮਿਰਤਕ ਫਾਸ ਗਲੈ ਸਿਰਿ ਪੈਰੇ ॥੩॥ (806-4)
मिरतक फास गलै सिरि पैरे ॥३॥

ਕਹੁ ਨਾਨਕ ਜਪਹਿ ਜਨ ਨਾਮ ॥ (806-4)
कहु नानक जपहि जन नाम ॥

ਤਾ ਕੇ ਨਿਕਟਿ ਨ ਆਵੈ ਜਾਮ ॥੪॥੧੩॥੧੮॥ (806-5)
ता के निकटि न आवै जाम ॥४॥१३॥१८॥

ਰਾਗੁ ਬਿਲਾਵਲੁ ਮਹਲਾ ੫ ਘਰੁ ੪ ਦੁਪਦੇ (806-6)
रागु बिलावलु महला ५ घरु ४ दुपदे

ੴ ਸਤਿਗੁਰ ਪ੍ਰਸਾਦਿ ॥ (806-6)
ੴ सतिगुर प्रसादि ॥

ਕਵਨ ਸੰਜੋਗ ਮਿਲਉ ਪ੍ਰਭ ਅਪਨੇ ॥ (806-7)
कवन संजोग मिलउ प्रभ अपने ॥

ਪਲੁ ਪਲੁ ਨਿਮਖ ਸਦਾ ਹਰਿ ਜਪਨੇ ॥੧॥ (806-7)
पलु पलु निमख सदा हरि जपने ॥१॥

ਚਰਨ ਕਮਲ ਪ੍ਰਭ ਕੇ ਨਿਤ ਧਿਆਵਉ ॥ (806-7)
चरन कमल प्रभ के नित धिआवउ ॥

ਕਵਨ ਸੁ ਮਤਿ ਜਿਤੁ ਪ੍ਰੀਤਮੁ ਪਾਵਉ ॥੧॥ ਰਹਾਉ ॥ (806-8)
कवन सु मति जितु प्रीतमु पावउ ॥१॥ रहाउ ॥

ਐਸੀ ਕ੍ਰਿਪਾ ਕਰਹੁ ਪ੍ਰਭ ਮੇਰੇ ॥ (806-8)
ऐसी क्रिपा करहु प्रभ मेरे ॥

ਹਰਿ ਨਾਨਕ ਬਿਸਰੁ ਨ ਕਾਹੂ ਬੇਰੇ ॥੨॥੧॥੧੯॥ (806-8)
हरि नानक बिसरु न काहू बेरे ॥२॥१॥१९॥

ਬਿਲਾਵਲੁ ਮਹਲਾ ੫ ॥ (806-9)
बिलावलु महला ५ ॥

ਚਰਨ ਕਮਲ ਪ੍ਰਭ ਹਿਰਦੈ ਧਿਆਏ ॥ (806-9)
चरन कमल प्रभ हिरदै धिआए ॥

ਰੋਗ ਗਏ ਸਗਲੇ ਸੁਖ ਪਾਏ ॥੧॥ (806-9)
रोग गए सगले सुख पाए ॥१॥

ਗੁਰਿ ਦੁਖੁ ਕਾਟਿਆ ਦੀਨੋ ਦਾਨੁ ॥ (806-10)
गुरि दुखु काटिआ दीनो दानु ॥

ਸਫਲ ਜਨਮੁ ਜੀਵਨ ਪਰਵਾਨੁ ॥੧॥ ਰਹਾਉ ॥ (806-10)
सफल जनमु जीवन परवानु ॥१॥ रहाउ ॥

ਅਕਥ ਕਥਾ ਅੰਮ੍ਰਿਤ ਪ੍ਰਭ ਬਾਨੀ ॥ (806-11)
अकथ कथा अमृत प्रभ बानी ॥

ਕਹੁ ਨਾਨਕ ਜਪਿ ਜੀਵੇ ਗਿਆਨੀ ॥੨॥੨॥੨੦॥ (806-11)
कहु नानक जपि जीवे गिआनी ॥२॥२॥२०॥

ਬਿਲਾਵਲੁ ਮਹਲਾ ੫ ॥ (806-11)
बिलावलु महला ५ ॥

ਸਾਂਤਿ ਪਾਈ ਗੁਰਿ ਸਤਿਗੁਰਿ ਪੂਰੇ ॥ (806-12)
सांति पाई गुरि सतिगुरि पूरे ॥

ਸੁਖ ਉਪਜੇ ਬਾਜੇ ਅਨਹਦ ਤੂਰੇ ॥੧॥ ਰਹਾਉ ॥ (806-12)
सुख उपजे बाजे अनहद तूरे ॥१॥ रहाउ ॥

ਤਾਪ ਪਾਪ ਸੰਤਾਪ ਬਿਨਾਸੇ ॥ (806-12)
ताप पाप संताप बिनासे ॥

ਹਰਿ ਸਿਮਰਤ ਕਿਲਵਿਖ ਸਭਿ ਨਾਸੇ ॥੧॥ (806-13)
हरि सिमरत किलविख सभि नासे ॥१॥

ਅਨਦੁ ਕਰਹੁ ਮਿਲਿ ਸੁੰਦਰ ਨਾਰੀ ॥ (806-13)
अनदु करहु मिलि सुंदर नारी ॥

ਗੁਰਿ ਨਾਨਕਿ ਮੇਰੀ ਪੈਜ ਸਵਾਰੀ ॥੨॥੩॥੨੧॥ (806-13)
गुरि नानकि मेरी पैज सवारी ॥२॥३॥२१॥

ਬਿਲਾਵਲੁ ਮਹਲਾ ੫ ॥ (806-14)
बिलावलु महला ५ ॥

ਮਮਤਾ ਮੋਹ ਧ੍ਰੋਹ ਮਦਿ ਮਾਤਾ ਬੰਧਨਿ ਬਾਧਿਆ ਅਤਿ ਬਿਕਰਾਲ ॥ (806-14)
ममता मोह ध्रोह मदि माता बंधनि बाधिआ अति बिकराल ॥

ਦਿਨੁ ਦਿਨੁ ਛਿਜਤ ਬਿਕਾਰ ਕਰਤ ਅਉਧ ਫਾਹੀ ਫਾਥਾ ਜਮ ਕੈ ਜਾਲ ॥੧॥ (806-15)
दिनु दिनु छिजत बिकार करत अउध फाही फाथा जम कै जाल ॥१॥

ਤੇਰੀ ਸਰਣਿ ਪ੍ਰਭ ਦੀਨ ਦਇਆਲਾ ॥ (806-15)
तेरी सरणि प्रभ दीन दइआला ॥

ਮਹਾ ਬਿਖਮ ਸਾਗਰੁ ਅਤਿ ਭਾਰੀ ਉਧਰਹੁ ਸਾਧੂ ਸੰਗਿ ਰਵਾਲਾ ॥੧॥ ਰਹਾਉ ॥ (806-16)
महा बिखम सागरु अति भारी उधरहु साधू संगि रवाला ॥१॥ रहाउ ॥

ਪ੍ਰਭ ਸੁਖਦਾਤੇ ਸਮਰਥ ਸੁਆਮੀ ਜੀਉ ਪਿੰਡੁ ਸਭੁ ਤੁਮਰਾ ਮਾਲ ॥ (806-16)
प्रभ सुखदाते समरथ सुआमी जीउ पिंडु सभु तुमरा माल ॥

ਭ੍ਰਮ ਕੇ ਬੰਧਨ ਕਾਟਹੁ ਪਰਮੇਸਰ ਨਾਨਕ ਕੇ ਪ੍ਰਭ ਸਦਾ ਕ੍ਰਿਪਾਲ ॥੨॥੪॥੨੨॥ (806-17)
भ्रम के बंधन काटहु परमेसर नानक के प्रभ सदा क्रिपाल ॥२॥४॥२२॥

ਬਿਲਾਵਲੁ ਮਹਲਾ ੫ ॥ (806-18)
बिलावलु महला ५ ॥

ਸਗਲ ਅਨੰਦੁ ਕੀਆ ਪਰਮੇਸਰਿ ਅਪਣਾ ਬਿਰਦੁ ਸਮ੍ਹ੍ਹਾਰਿਆ ॥ (806-18)
सगल अनंदु कीआ परमेसरि अपणा बिरदु सम्हारिआ ॥

ਸਾਧ ਜਨਾ ਹੋਏ ਕਿਰਪਾਲਾ ਬਿਗਸੇ ਸਭਿ ਪਰਵਾਰਿਆ ॥੧॥ (806-19)
साध जना होए किरपाला बिगसे सभि परवारिआ ॥१॥

ਕਾਰਜੁ ਸਤਿਗੁਰਿ ਆਪਿ ਸਵਾਰਿਆ ॥ (806-19)
कारजु सतिगुरि आपि सवारिआ ॥

ਵਡੀ ਆਰਜਾ ਹਰਿ ਗੋਬਿੰਦ ਕੀ ਸੂਖ ਮੰਗਲ ਕਲਿਆਣ ਬੀਚਾਰਿਆ ॥੧॥ ਰਹਾਉ ॥ (807-1)
वडी आरजा हरि गोबिंद की सूख मंगल कलिआण बीचारिआ ॥१॥ रहाउ ॥

ਵਣ ਤ੍ਰਿਣ ਤ੍ਰਿਭਵਣ ਹਰਿਆ ਹੋਏ ਸਗਲੇ ਜੀਅ ਸਾਧਾਰਿਆ ॥ (807-1)
वण त्रिण त्रिभवण हरिआ होए सगले जीअ साधारिआ ॥

ਮਨ ਇਛੇ ਨਾਨਕ ਫਲ ਪਾਏ ਪੂਰਨ ਇਛ ਪੁਜਾਰਿਆ ॥੨॥੫॥੨੩॥ (807-2)
मन इछे नानक फल पाए पूरन इछ पुजारिआ ॥२॥५॥२३॥

ਬਿਲਾਵਲੁ ਮਹਲਾ ੫ ॥ (807-3)
बिलावलु महला ५ ॥

ਜਿਸੁ ਊਪਰਿ ਹੋਵਤ ਦਇਆਲੁ ॥ (807-3)
जिसु ऊपरि होवत दइआलु ॥

ਹਰਿ ਸਿਮਰਤ ਕਾਟੈ ਸੋ ਕਾਲੁ ॥੧॥ ਰਹਾਉ ॥ (807-3)
हरि सिमरत काटै सो कालु ॥१॥ रहाउ ॥

ਸਾਧਸੰਗਿ ਭਜੀਐ ਗੋਪਾਲੁ ॥ (807-4)
साधसंगि भजीऐ गोपालु ॥

ਗੁਨ ਗਾਵਤ ਤੂਟੈ ਜਮ ਜਾਲੁ ॥੧॥ (807-4)
गुन गावत तूटै जम जालु ॥१॥

ਆਪੇ ਸਤਿਗੁਰੁ ਆਪੇ ਪ੍ਰਤਿਪਾਲ ॥ (807-4)
आपे सतिगुरु आपे प्रतिपाल ॥

ਨਾਨਕੁ ਜਾਚੈ ਸਾਧ ਰਵਾਲ ॥੨॥੬॥੨੪॥ (807-4)
नानकु जाचै साध रवाल ॥२॥६॥२४॥

ਬਿਲਾਵਲੁ ਮਹਲਾ ੫ ॥ (807-5)
बिलावलु महला ५ ॥

ਮਨ ਮਹਿ ਸਿੰਚਹੁ ਹਰਿ ਹਰਿ ਨਾਮ ॥ (807-5)
मन महि सिंचहु हरि हरि नाम ॥

ਅਨਦਿਨੁ ਕੀਰਤਨੁ ਹਰਿ ਗੁਣ ਗਾਮ ॥੧॥ (807-5)
अनदिनु कीरतनु हरि गुण गाम ॥१॥

ਐਸੀ ਪ੍ਰੀਤਿ ਕਰਹੁ ਮਨ ਮੇਰੇ ॥ (807-6)
ऐसी प्रीति करहु मन मेरे ॥

ਆਠ ਪਹਰ ਪ੍ਰਭ ਜਾਨਹੁ ਨੇਰੇ ॥੧॥ ਰਹਾਉ ॥ (807-6)
आठ पहर प्रभ जानहु नेरे ॥१॥ रहाउ ॥

ਕਹੁ ਨਾਨਕ ਜਾ ਕੇ ਨਿਰਮਲ ਭਾਗ ॥ (807-7)
कहु नानक जा के निरमल भाग ॥

ਹਰਿ ਚਰਨੀ ਤਾ ਕਾ ਮਨੁ ਲਾਗ ॥੨॥੭॥੨੫॥ (807-7)
हरि चरनी ता का मनु लाग ॥२॥७॥२५॥

ਬਿਲਾਵਲੁ ਮਹਲਾ ੫ ॥ (807-7)
बिलावलु महला ५ ॥

ਰੋਗੁ ਗਇਆ ਪ੍ਰਭਿ ਆਪਿ ਗਵਾਇਆ ॥ (807-8)
रोगु गइआ प्रभि आपि गवाइआ ॥

ਨੀਦ ਪਈ ਸੁਖ ਸਹਜ ਘਰੁ ਆਇਆ ॥੧॥ ਰਹਾਉ ॥ (807-8)
नीद पई सुख सहज घरु आइआ ॥१॥ रहाउ ॥

ਰਜਿ ਰਜਿ ਭੋਜਨੁ ਖਾਵਹੁ ਮੇਰੇ ਭਾਈ ॥ (807-8)
रजि रजि भोजनु खावहु मेरे भाई ॥

ਅੰਮ੍ਰਿਤ ਨਾਮੁ ਰਿਦ ਮਾਹਿ ਧਿਆਈ ॥੧॥ (807-9)
अमृत नामु रिद माहि धिआई ॥१॥

ਨਾਨਕ ਗੁਰ ਪੂਰੇ ਸਰਨਾਈ ॥ (807-9)
नानक गुर पूरे सरनाई ॥

ਜਿਨਿ ਅਪਨੇ ਨਾਮ ਕੀ ਪੈਜ ਰਖਾਈ ॥੨॥੮॥੨੬॥ (807-9)
जिनि अपने नाम की पैज रखाई ॥२॥८॥२६॥

ਬਿਲਾਵਲੁ ਮਹਲਾ ੫ ॥ (807-10)
बिलावलु महला ५ ॥

ਸਤਿਗੁਰ ਕਰਿ ਦੀਨੇ ਅਸਥਿਰ ਘਰ ਬਾਰ ॥ ਰਹਾਉ ॥ (807-10)
सतिगुर करि दीने असथिर घर बार ॥ रहाउ ॥

ਜੋ ਜੋ ਨਿੰਦ ਕਰੈ ਇਨ ਗ੍ਰਿਹਨ ਕੀ ਤਿਸੁ ਆਗੈ ਹੀ ਮਾਰੈ ਕਰਤਾਰ ॥੧॥ (807-11)
जो जो निंद करै इन ग्रिहन की तिसु आगै ही मारै करतार ॥१॥

ਨਾਨਕ ਦਾਸ ਤਾ ਕੀ ਸਰਨਾਈ ਜਾ ਕੋ ਸਬਦੁ ਅਖੰਡ ਅਪਾਰ ॥੨॥੯॥੨੭॥ (807-11)
नानक दास ता की सरनाई जा को सबदु अखंड अपार ॥२॥९॥२७॥

ਬਿਲਾਵਲੁ ਮਹਲਾ ੫ ॥ (807-12)
बिलावलु महला ५ ॥

ਤਾਪ ਸੰਤਾਪ ਸਗਲੇ ਗਏ ਬਿਨਸੇ ਤੇ ਰੋਗ ॥ (807-12)
ताप संताप सगले गए बिनसे ते रोग ॥

ਪਾਰਬ੍ਰਹਮਿ ਤੂ ਬਖਸਿਆ ਸੰਤਨ ਰਸ ਭੋਗ ॥ ਰਹਾਉ ॥ (807-13)
पारब्रहमि तू बखसिआ संतन रस भोग ॥ रहाउ ॥

ਸਰਬ ਸੁਖਾ ਤੇਰੀ ਮੰਡਲੀ ਤੇਰਾ ਮਨੁ ਤਨੁ ਆਰੋਗ ॥ (807-13)
सरब सुखा तेरी मंडली तेरा मनु तनु आरोग ॥

ਗੁਨ ਗਾਵਹੁ ਨਿਤ ਰਾਮ ਕੇ ਇਹ ਅਵਖਦ ਜੋਗ ॥੧॥ (807-14)
गुन गावहु नित राम के इह अवखद जोग ॥१॥

ਆਇ ਬਸਹੁ ਘਰ ਦੇਸ ਮਹਿ ਇਹ ਭਲੇ ਸੰਜੋਗ ॥ (807-14)
आइ बसहु घर देस महि इह भले संजोग ॥

ਨਾਨਕ ਪ੍ਰਭ ਸੁਪ੍ਰਸੰਨ ਭਏ ਲਹਿ ਗਏ ਬਿਓਗ ॥੨॥੧੦॥੨੮॥ (807-15)
नानक प्रभ सुप्रसंन भए लहि गए बिओग ॥२॥१०॥२८॥

ਬਿਲਾਵਲੁ ਮਹਲਾ ੫ ॥ (807-15)
बिलावलु महला ५ ॥

ਕਾਹੂ ਸੰਗਿ ਨ ਚਾਲਹੀ ਮਾਇਆ ਜੰਜਾਲ ॥ (807-15)
काहू संगि न चालही माइआ जंजाल ॥

ਊਠਿ ਸਿਧਾਰੇ ਛਤ੍ਰਪਤਿ ਸੰਤਨ ਕੈ ਖਿਆਲ ॥ ਰਹਾਉ ॥ (807-16)
ऊठि सिधारे छत्रपति संतन कै खिआल ॥ रहाउ ॥

ਅਹੰਬੁਧਿ ਕਉ ਬਿਨਸਨਾ ਇਹ ਧੁਰ ਕੀ ਢਾਲ ॥ (807-16)
अह्मबुधि कउ बिनसना इह धुर की ढाल ॥

ਬਹੁ ਜੋਨੀ ਜਨਮਹਿ ਮਰਹਿ ਬਿਖਿਆ ਬਿਕਰਾਲ ॥੧॥ (807-17)
बहु जोनी जनमहि मरहि बिखिआ बिकराल ॥१॥

ਸਤਿ ਬਚਨ ਸਾਧੂ ਕਹਹਿ ਨਿਤ ਜਪਹਿ ਗੁਪਾਲ ॥ (807-17)
सति बचन साधू कहहि नित जपहि गुपाल ॥

ਸਿਮਰਿ ਸਿਮਰਿ ਨਾਨਕ ਤਰੇ ਹਰਿ ਕੇ ਰੰਗ ਲਾਲ ॥੨॥੧੧॥੨੯॥ (807-18)
सिमरि सिमरि नानक तरे हरि के रंग लाल ॥२॥११॥२९॥

ਬਿਲਾਵਲੁ ਮਹਲਾ ੫ ॥ (807-18)
बिलावलु महला ५ ॥

ਸਹਜ ਸਮਾਧਿ ਅਨੰਦ ਸੂਖ ਪੂਰੇ ਗੁਰਿ ਦੀਨ ॥ (807-19)
सहज समाधि अनंद सूख पूरे गुरि दीन ॥

ਸਦਾ ਸਹਾਈ ਸੰਗਿ ਪ੍ਰਭ ਅੰਮ੍ਰਿਤ ਗੁਣ ਚੀਨ ॥ ਰਹਾਉ ॥ (807-19)
सदा सहाई संगि प्रभ अमृत गुण चीन ॥ रहाउ ॥

ਜੈ ਜੈ ਕਾਰੁ ਜਗਤ੍ਰ ਮਹਿ ਲੋਚਹਿ ਸਭਿ ਜੀਆ ॥ (808-1)
जै जै कारु जगत्र महि लोचहि सभि जीआ ॥

ਸੁਪ੍ਰਸੰਨ ਭਏ ਸਤਿਗੁਰ ਪ੍ਰਭੂ ਕਛੁ ਬਿਘਨੁ ਨ ਥੀਆ ॥੧॥ (808-1)
सुप्रसंन भए सतिगुर प्रभू कछु बिघनु न थीआ ॥१॥

ਜਾ ਕਾ ਅੰਗੁ ਦਇਆਲ ਪ੍ਰਭ ਤਾ ਕੇ ਸਭ ਦਾਸ ॥ (808-1)
जा का अंगु दइआल प्रभ ता के सभ दास ॥

ਸਦਾ ਸਦਾ ਵਡਿਆਈਆ ਨਾਨਕ ਗੁਰ ਪਾਸਿ ॥੨॥੧੨॥੩੦॥ (808-2)
सदा सदा वडिआईआ नानक गुर पासि ॥२॥१२॥३०॥

ਰਾਗੁ ਬਿਲਾਵਲੁ ਮਹਲਾ ੫ ਘਰੁ ੫ ਚਉਪਦੇ (808-3)
रागु बिलावलु महला ५ घरु ५ चउपदे

ੴ ਸਤਿਗੁਰ ਪ੍ਰਸਾਦਿ ॥ (808-3)
ੴ सतिगुर प्रसादि ॥

ਮ੍ਰਿਤ ਮੰਡਲ ਜਗੁ ਸਾਜਿਆ ਜਿਉ ਬਾਲੂ ਘਰ ਬਾਰ ॥ (808-4)
म्रित मंडल जगु साजिआ जिउ बालू घर बार ॥

ਬਿਨਸਤ ਬਾਰ ਨ ਲਾਗਈ ਜਿਉ ਕਾਗਦ ਬੂੰਦਾਰ ॥੧॥ (808-4)
बिनसत बार न लागई जिउ कागद बूंदार ॥१॥

ਸੁਨਿ ਮੇਰੀ ਮਨਸਾ ਮਨੈ ਮਾਹਿ ਸਤਿ ਦੇਖੁ ਬੀਚਾਰਿ ॥ (808-5)
सुनि मेरी मनसा मनै माहि सति देखु बीचारि ॥

ਸਿਧ ਸਾਧਿਕ ਗਿਰਹੀ ਜੋਗੀ ਤਜਿ ਗਏ ਘਰ ਬਾਰ ॥੧॥ ਰਹਾਉ ॥ (808-5)
सिध साधिक गिरही जोगी तजि गए घर बार ॥१॥ रहाउ ॥

ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥ (808-6)
जैसा सुपना रैनि का तैसा संसार ॥

ਦ੍ਰਿਸਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ ॥੨॥ (808-6)
द्रिसटिमान सभु बिनसीऐ किआ लगहि गवार ॥२॥

ਕਹਾ ਸੁ ਭਾਈ ਮੀਤ ਹੈ ਦੇਖੁ ਨੈਨ ਪਸਾਰਿ ॥ (808-7)
कहा सु भाई मीत है देखु नैन पसारि ॥

ਇਕਿ ਚਾਲੇ ਇਕਿ ਚਾਲਸਹਿ ਸਭਿ ਅਪਨੀ ਵਾਰ ॥੩॥ (808-7)
इकि चाले इकि चालसहि सभि अपनी वार ॥३॥

ਜਿਨ ਪੂਰਾ ਸਤਿਗੁਰੁ ਸੇਵਿਆ ਸੇ ਅਸਥਿਰੁ ਹਰਿ ਦੁਆਰਿ ॥ (808-7)
जिन पूरा सतिगुरु सेविआ से असथिरु हरि दुआरि ॥

ਜਨੁ ਨਾਨਕੁ ਹਰਿ ਕਾ ਦਾਸੁ ਹੈ ਰਾਖੁ ਪੈਜ ਮੁਰਾਰਿ ॥੪॥੧॥੩੧॥ (808-8)
जनु नानकु हरि का दासु है राखु पैज मुरारि ॥४॥१॥३१॥

ਬਿਲਾਵਲੁ ਮਹਲਾ ੫ ॥ (808-9)
बिलावलु महला ५ ॥

ਲੋਕਨ ਕੀਆ ਵਡਿਆਈਆ ਬੈਸੰਤਰਿ ਪਾਗਉ ॥ (808-9)
लोकन कीआ वडिआईआ बैसंतरि पागउ ॥

ਜਿਉ ਮਿਲੈ ਪਿਆਰਾ ਆਪਨਾ ਤੇ ਬੋਲ ਕਰਾਗਉ ॥੧॥ (808-9)
जिउ मिलै पिआरा आपना ते बोल करागउ ॥१॥

ਜਉ ਪ੍ਰਭ ਜੀਉ ਦਇਆਲ ਹੋਇ ਤਉ ਭਗਤੀ ਲਾਗਉ ॥ (808-10)
जउ प्रभ जीउ दइआल होइ तउ भगती लागउ ॥

ਲਪਟਿ ਰਹਿਓ ਮਨੁ ਬਾਸਨਾ ਗੁਰ ਮਿਲਿ ਇਹ ਤਿਆਗਉ ॥੧॥ ਰਹਾਉ ॥ (808-10)
लपटि रहिओ मनु बासना गुर मिलि इह तिआगउ ॥१॥ रहाउ ॥

ਕਰਉ ਬੇਨਤੀ ਅਤਿ ਘਨੀ ਇਹੁ ਜੀਉ ਹੋਮਾਗਉ ॥ (808-11)
करउ बेनती अति घनी इहु जीउ होमागउ ॥

ਅਰਥ ਆਨ ਸਭਿ ਵਾਰਿਆ ਪ੍ਰਿਅ ਨਿਮਖ ਸੋਹਾਗਉ ॥੨॥ (808-11)
अरथ आन सभि वारिआ प्रिअ निमख सोहागउ ॥२॥

ਪੰਚ ਸੰਗੁ ਗੁਰ ਤੇ ਛੁਟੇ ਦੋਖ ਅਰੁ ਰਾਗਉ ॥ (808-12)
पंच संगु गुर ते छुटे दोख अरु रागउ ॥

ਰਿਦੈ ਪ੍ਰਗਾਸੁ ਪ੍ਰਗਟ ਭਇਆ ਨਿਸਿ ਬਾਸੁਰ ਜਾਗਉ ॥੩॥ (808-12)
रिदै प्रगासु प्रगट भइआ निसि बासुर जागउ ॥३॥

ਸਰਣਿ ਸੋਹਾਗਨਿ ਆਇਆ ਜਿਸੁ ਮਸਤਕਿ ਭਾਗਉ ॥ (808-13)
सरणि सोहागनि आइआ जिसु मसतकि भागउ ॥

ਕਹੁ ਨਾਨਕ ਤਿਨਿ ਪਾਇਆ ਤਨੁ ਮਨੁ ਸੀਤਲਾਗਉ ॥੪॥੨॥੩੨॥ (808-13)
कहु नानक तिनि पाइआ तनु मनु सीतलागउ ॥४॥२॥३२॥

ਬਿਲਾਵਲੁ ਮਹਲਾ ੫ ॥ (808-14)
बिलावलु महला ५ ॥

ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥ (808-14)
लाल रंगु तिस कउ लगा जिस के वडभागा ॥

ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥੧॥ (808-15)
मैला कदे न होवई नह लागै दागा ॥१॥

ਪ੍ਰਭੁ ਪਾਇਆ ਸੁਖਦਾਈਆ ਮਿਲਿਆ ਸੁਖ ਭਾਇ ॥ (808-15)
प्रभु पाइआ सुखदाईआ मिलिआ सुख भाइ ॥

ਸਹਜਿ ਸਮਾਨਾ ਭੀਤਰੇ ਛੋਡਿਆ ਨਹ ਜਾਇ ॥੧॥ ਰਹਾਉ ॥ (808-16)
सहजि समाना भीतरे छोडिआ नह जाइ ॥१॥ रहाउ ॥

ਜਰਾ ਮਰਾ ਨਹ ਵਿਆਪਈ ਫਿਰਿ ਦੂਖੁ ਨ ਪਾਇਆ ॥ (808-16)
जरा मरा नह विआपई फिरि दूखु न पाइआ ॥

ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ ॥੨॥ (808-17)
पी अमृतु आघानिआ गुरि अमरु कराइआ ॥२॥

ਸੋ ਜਾਨੈ ਜਿਨਿ ਚਾਖਿਆ ਹਰਿ ਨਾਮੁ ਅਮੋਲਾ ॥ (808-17)
सो जानै जिनि चाखिआ हरि नामु अमोला ॥

ਕੀਮਤਿ ਕਹੀ ਨ ਜਾਈਐ ਕਿਆ ਕਹਿ ਮੁਖਿ ਬੋਲਾ ॥੩॥ (808-18)
कीमति कही न जाईऐ किआ कहि मुखि बोला ॥३॥

ਸਫਲ ਦਰਸੁ ਤੇਰਾ ਪਾਰਬ੍ਰਹਮ ਗੁਣ ਨਿਧਿ ਤੇਰੀ ਬਾਣੀ ॥ (808-18)
सफल दरसु तेरा पारब्रहम गुण निधि तेरी बाणी ॥

ਪਾਵਉ ਧੂਰਿ ਤੇਰੇ ਦਾਸ ਕੀ ਨਾਨਕ ਕੁਰਬਾਣੀ ॥੪॥੩॥੩੩॥ (809-1)
पावउ धूरि तेरे दास की नानक कुरबाणी ॥४॥३॥३३॥

ਬਿਲਾਵਲੁ ਮਹਲਾ ੫ ॥ (809-1)
बिलावलु महला ५ ॥

ਰਾਖਹੁ ਅਪਨੀ ਸਰਣਿ ਪ੍ਰਭ ਮੋਹਿ ਕਿਰਪਾ ਧਾਰੇ ॥ (809-2)
राखहु अपनी सरणि प्रभ मोहि किरपा धारे ॥

ਸੇਵਾ ਕਛੂ ਨ ਜਾਨਊ ਨੀਚੁ ਮੂਰਖਾਰੇ ॥੧॥ (809-2)
सेवा कछू न जानऊ नीचु मूरखारे ॥१॥

ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ ॥ (809-2)
मानु करउ तुधु ऊपरे मेरे प्रीतम पिआरे ॥

ਹਮ ਅਪਰਾਧੀ ਸਦ ਭੂਲਤੇ ਤੁਮ੍ਹ ਬਖਸਨਹਾਰੇ ॥੧॥ ਰਹਾਉ ॥ (809-3)
हम अपराधी सद भूलते तुम्ह बखसनहारे ॥१॥ रहाउ ॥

ਹਮ ਅਵਗਨ ਕਰਹ ਅਸੰਖ ਨੀਤਿ ਤੁਮ੍ਹ ਨਿਰਗੁਨ ਦਾਤਾਰੇ ॥ (809-3)
हम अवगन करह असंख नीति तुम्ह निरगुन दातारे ॥

ਦਾਸੀ ਸੰਗਤਿ ਪ੍ਰਭੂ ਤਿਆਗਿ ਏ ਕਰਮ ਹਮਾਰੇ ॥੨॥ (809-4)
दासी संगति प्रभू तिआगि ए करम हमारे ॥२॥

ਤੁਮ੍ਹ ਦੇਵਹੁ ਸਭੁ ਕਿਛੁ ਦਇਆ ਧਾਰਿ ਹਮ ਅਕਿਰਤਘਨਾਰੇ ॥ (809-4)
तुम्ह देवहु सभु किछु दइआ धारि हम अकिरतघनारे ॥

ਲਾਗਿ ਪਰੇ ਤੇਰੇ ਦਾਨ ਸਿਉ ਨਹ ਚਿਤਿ ਖਸਮਾਰੇ ॥੩॥ (809-5)
लागि परे तेरे दान सिउ नह चिति खसमारे ॥३॥

ਤੁਝ ਤੇ ਬਾਹਰਿ ਕਿਛੁ ਨਹੀ ਭਵ ਕਾਟਨਹਾਰੇ ॥ (809-5)
तुझ ते बाहरि किछु नही भव काटनहारे ॥

ਕਹੁ ਨਾਨਕ ਸਰਣਿ ਦਇਆਲ ਗੁਰ ਲੇਹੁ ਮੁਗਧ ਉਧਾਰੇ ॥੪॥੪॥੩੪॥ (809-6)
कहु नानक सरणि दइआल गुर लेहु मुगध उधारे ॥४॥४॥३४॥

ਬਿਲਾਵਲੁ ਮਹਲਾ ੫ ॥ (809-7)
बिलावलु महला ५ ॥

ਦੋਸੁ ਨ ਕਾਹੂ ਦੀਜੀਐ ਪ੍ਰਭੁ ਅਪਨਾ ਧਿਆਈਐ ॥ (809-7)
दोसु न काहू दीजीऐ प्रभु अपना धिआईऐ ॥

ਜਿਤੁ ਸੇਵਿਐ ਸੁਖੁ ਹੋਇ ਘਨਾ ਮਨ ਸੋਈ ਗਾਈਐ ॥੧॥ (809-7)
जितु सेविऐ सुखु होइ घना मन सोई गाईऐ ॥१॥

ਕਹੀਐ ਕਾਇ ਪਿਆਰੇ ਤੁਝੁ ਬਿਨਾ ॥ (809-8)
कहीऐ काइ पिआरे तुझु बिना ॥

ਤੁਮ੍ਹ ਦਇਆਲ ਸੁਆਮੀ ਸਭ ਅਵਗਨ ਹਮਾ ॥੧॥ ਰਹਾਉ ॥ (809-8)
तुम्ह दइआल सुआमी सभ अवगन हमा ॥१॥ रहाउ ॥

ਜਿਉ ਤੁਮ੍ਹ ਰਾਖਹੁ ਤਿਉ ਰਹਾ ਅਵਰੁ ਨਹੀ ਚਾਰਾ ॥ (809-9)
जिउ तुम्ह राखहु तिउ रहा अवरु नही चारा ॥

ਨੀਧਰਿਆ ਧਰ ਤੇਰੀਆ ਇਕ ਨਾਮ ਅਧਾਰਾ ॥੨॥ (809-9)
नीधरिआ धर तेरीआ इक नाम अधारा ॥२॥

ਜੋ ਤੁਮ੍ਹ ਕਰਹੁ ਸੋਈ ਭਲਾ ਮਨਿ ਲੇਤਾ ਮੁਕਤਾ ॥ (809-10)
जो तुम्ह करहु सोई भला मनि लेता मुकता ॥

ਸਗਲ ਸਮਗ੍ਰੀ ਤੇਰੀਆ ਸਭ ਤੇਰੀ ਜੁਗਤਾ ॥੩॥ (809-10)
सगल समग्री तेरीआ सभ तेरी जुगता ॥३॥

ਚਰਨ ਪਖਾਰਉ ਕਰਿ ਸੇਵਾ ਜੇ ਠਾਕੁਰ ਭਾਵੈ ॥ (809-10)
चरन पखारउ करि सेवा जे ठाकुर भावै ॥

ਹੋਹੁ ਕ੍ਰਿਪਾਲ ਦਇਆਲ ਪ੍ਰਭ ਨਾਨਕੁ ਗੁਣ ਗਾਵੈ ॥੪॥੫॥੩੫॥ (809-11)
होहु क्रिपाल दइआल प्रभ नानकु गुण गावै ॥४॥५॥३५॥

ਬਿਲਾਵਲੁ ਮਹਲਾ ੫ ॥ (809-11)
बिलावलु महला ५ ॥

ਮਿਰਤੁ ਹਸੈ ਸਿਰ ਊਪਰੇ ਪਸੂਆ ਨਹੀ ਬੂਝੈ ॥ (809-12)
मिरतु हसै सिर ऊपरे पसूआ नही बूझै ॥

ਬਾਦ ਸਾਦ ਅਹੰਕਾਰ ਮਹਿ ਮਰਣਾ ਨਹੀ ਸੂਝੈ ॥੧॥ (809-12)
बाद साद अहंकार महि मरणा नही सूझै ॥१॥

ਸਤਿਗੁਰੁ ਸੇਵਹੁ ਆਪਨਾ ਕਾਹੇ ਫਿਰਹੁ ਅਭਾਗੇ ॥ (809-13)
सतिगुरु सेवहु आपना काहे फिरहु अभागे ॥

ਦੇਖਿ ਕਸੁੰਭਾ ਰੰਗੁਲਾ ਕਾਹੇ ਭੂਲਿ ਲਾਗੇ ॥੧॥ ਰਹਾਉ ॥ (809-13)
देखि कसुमभा रंगुला काहे भूलि लागे ॥१॥ रहाउ ॥

ਕਰਿ ਕਰਿ ਪਾਪ ਦਰਬੁ ਕੀਆ ਵਰਤਣ ਕੈ ਤਾਈ ॥ (809-14)
करि करि पाप दरबु कीआ वरतण कै ताई ॥

ਮਾਟੀ ਸਿਉ ਮਾਟੀ ਰਲੀ ਨਾਗਾ ਉਠਿ ਜਾਈ ॥੨॥ (809-14)
माटी सिउ माटी रली नागा उठि जाई ॥२॥

ਜਾ ਕੈ ਕੀਐ ਸ੍ਰਮੁ ਕਰੈ ਤੇ ਬੈਰ ਬਿਰੋਧੀ ॥ (809-14)
जा कै कीऐ स्रमु करै ते बैर बिरोधी ॥

ਅੰਤ ਕਾਲਿ ਭਜਿ ਜਾਹਿਗੇ ਕਾਹੇ ਜਲਹੁ ਕਰੋਧੀ ॥੩॥ (809-15)
अंत कालि भजि जाहिगे काहे जलहु करोधी ॥३॥

ਦਾਸ ਰੇਣੁ ਸੋਈ ਹੋਆ ਜਿਸੁ ਮਸਤਕਿ ਕਰਮਾ ॥ (809-15)
दास रेणु सोई होआ जिसु मसतकि करमा ॥

ਕਹੁ ਨਾਨਕ ਬੰਧਨ ਛੁਟੇ ਸਤਿਗੁਰ ਕੀ ਸਰਨਾ ॥੪॥੬॥੩੬॥ (809-16)
कहु नानक बंधन छुटे सतिगुर की सरना ॥४॥६॥३६॥

ਬਿਲਾਵਲੁ ਮਹਲਾ ੫ ॥ (809-16)
बिलावलु महला ५ ॥

ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ ॥ (809-17)
पिंगुल परबत पारि परे खल चतुर बकीता ॥

ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ ॥੧॥ (809-17)
अंधुले त्रिभवण सूझिआ गुर भेटि पुनीता ॥१॥

ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥ (809-17)
महिमा साधू संग की सुनहु मेरे मीता ॥

ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥੧॥ ਰਹਾਉ ॥ (809-18)
मैलु खोई कोटि अघ हरे निरमल भए चीता ॥१॥ रहाउ ॥

ਐਸੀ ਭਗਤਿ ਗੋਵਿੰਦ ਕੀ ਕੀਟਿ ਹਸਤੀ ਜੀਤਾ ॥ (809-18)
ऐसी भगति गोविंद की कीटि हसती जीता ॥

ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨੁ ਦੀਤਾ ॥੨॥ (809-19)
जो जो कीनो आपनो तिसु अभै दानु दीता ॥२॥

ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ ॥ (809-19)
सिंघु बिलाई होइ गइओ त्रिणु मेरु दिखीता ॥

ਸ੍ਰਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ ॥੩॥ (810-1)
स्रमु करते दम आढ कउ ते गनी धनीता ॥३॥

ਕਵਨ ਵਡਾਈ ਕਹਿ ਸਕਉ ਬੇਅੰਤ ਗੁਨੀਤਾ ॥ (810-1)
कवन वडाई कहि सकउ बेअंत गुनीता ॥

ਕਰਿ ਕਿਰਪਾ ਮੋਹਿ ਨਾਮੁ ਦੇਹੁ ਨਾਨਕ ਦਰ ਸਰੀਤਾ ॥੪॥੭॥੩੭॥ (810-2)
करि किरपा मोहि नामु देहु नानक दर सरीता ॥४॥७॥३७॥

ਬਿਲਾਵਲੁ ਮਹਲਾ ੫ ॥ (810-2)
बिलावलु महला ५ ॥

ਅਹੰਬੁਧਿ ਪਰਬਾਦ ਨੀਤ ਲੋਭ ਰਸਨਾ ਸਾਦਿ ॥ (810-3)
अह्मबुधि परबाद नीत लोभ रसना सादि ॥

ਲਪਟਿ ਕਪਟਿ ਗ੍ਰਿਹਿ ਬੇਧਿਆ ਮਿਥਿਆ ਬਿਖਿਆਦਿ ॥੧॥ (810-3)
लपटि कपटि ग्रिहि बेधिआ मिथिआ बिखिआदि ॥१॥

ਐਸੀ ਪੇਖੀ ਨੇਤ੍ਰ ਮਹਿ ਪੂਰੇ ਗੁਰ ਪਰਸਾਦਿ ॥ (810-4)
ऐसी पेखी नेत्र महि पूरे गुर परसादि ॥

ਰਾਜ ਮਿਲਖ ਧਨ ਜੋਬਨਾ ਨਾਮੈ ਬਿਨੁ ਬਾਦਿ ॥੧॥ ਰਹਾਉ ॥ (810-4)
राज मिलख धन जोबना नामै बिनु बादि ॥१॥ रहाउ ॥

ਰੂਪ ਧੂਪ ਸੋਗੰਧਤਾ ਕਾਪਰ ਭੋਗਾਦਿ ॥ (810-5)
रूप धूप सोगंधता कापर भोगादि ॥

ਮਿਲਤ ਸੰਗਿ ਪਾਪਿਸਟ ਤਨ ਹੋਏ ਦੁਰਗਾਦਿ ॥੨॥ (810-5)
मिलत संगि पापिसट तन होए दुरगादि ॥२॥

ਫਿਰਤ ਫਿਰਤ ਮਾਨੁਖੁ ਭਇਆ ਖਿਨ ਭੰਗਨ ਦੇਹਾਦਿ ॥ (810-6)
फिरत फिरत मानुखु भइआ खिन भंगन देहादि ॥

ਇਹ ਅਉਸਰ ਤੇ ਚੂਕਿਆ ਬਹੁ ਜੋਨਿ ਭ੍ਰਮਾਦਿ ॥੩॥ (810-6)
इह अउसर ते चूकिआ बहु जोनि भ्रमादि ॥३॥

ਪ੍ਰਭ ਕਿਰਪਾ ਤੇ ਗੁਰ ਮਿਲੇ ਹਰਿ ਹਰਿ ਬਿਸਮਾਦ ॥ (810-6)
प्रभ किरपा ते गुर मिले हरि हरि बिसमाद ॥

ਸੂਖ ਸਹਜ ਨਾਨਕ ਅਨੰਦ ਤਾ ਕੈ ਪੂਰਨ ਨਾਦ ॥੪॥੮॥੩੮॥ (810-7)
सूख सहज नानक अनंद ता कै पूरन नाद ॥४॥८॥३८॥

ਬਿਲਾਵਲੁ ਮਹਲਾ ੫ ॥ (810-8)
बिलावलु महला ५ ॥

ਚਰਨ ਭਏ ਸੰਤ ਬੋਹਿਥਾ ਤਰੇ ਸਾਗਰੁ ਜੇਤ ॥ (810-8)
चरन भए संत बोहिथा तरे सागरु जेत ॥

ਮਾਰਗ ਪਾਏ ਉਦਿਆਨ ਮਹਿ ਗੁਰਿ ਦਸੇ ਭੇਤ ॥੧॥ (810-8)
मारग पाए उदिआन महि गुरि दसे भेत ॥१॥

ਹਰਿ ਹਰਿ ਹਰਿ ਹਰਿ ਹਰਿ ਹਰੇ ਹਰਿ ਹਰਿ ਹਰਿ ਹੇਤ ॥ (810-9)
हरि हरि हरि हरि हरि हरे हरि हरि हरि हेत ॥

ਊਠਤ ਬੈਠਤ ਸੋਵਤੇ ਹਰਿ ਹਰਿ ਹਰਿ ਚੇਤ ॥੧॥ ਰਹਾਉ ॥ (810-9)
ऊठत बैठत सोवते हरि हरि हरि चेत ॥१॥ रहाउ ॥

ਪੰਚ ਚੋਰ ਆਗੈ ਭਗੇ ਜਬ ਸਾਧਸੰਗੇਤ ॥ (810-10)
पंच चोर आगै भगे जब साधसंगेत ॥

ਪੂੰਜੀ ਸਾਬਤੁ ਘਣੋ ਲਾਭੁ ਗ੍ਰਿਹਿ ਸੋਭਾ ਸੇਤ ॥੨॥ (810-10)
पूंजी साबतु घणो लाभु ग्रिहि सोभा सेत ॥२॥

ਨਿਹਚਲ ਆਸਣੁ ਮਿਟੀ ਚਿੰਤ ਨਾਹੀ ਡੋਲੇਤ ॥ (810-10)
निहचल आसणु मिटी चिंत नाही डोलेत ॥

ਭਰਮੁ ਭੁਲਾਵਾ ਮਿਟਿ ਗਇਆ ਪ੍ਰਭ ਪੇਖਤ ਨੇਤ ॥੩॥ (810-11)
भरमु भुलावा मिटि गइआ प्रभ पेखत नेत ॥३॥

ਗੁਣ ਗਭੀਰ ਗੁਨ ਨਾਇਕਾ ਗੁਣ ਕਹੀਅਹਿ ਕੇਤ ॥ (810-11)
गुण गभीर गुन नाइका गुण कहीअहि केत ॥

ਨਾਨਕ ਪਾਇਆ ਸਾਧਸੰਗਿ ਹਰਿ ਹਰਿ ਅੰਮ੍ਰੇਤ ॥੪॥੯॥੩੯॥ (810-12)
नानक पाइआ साधसंगि हरि हरि अंम्रेत ॥४॥९॥३९॥

ਬਿਲਾਵਲੁ ਮਹਲਾ ੫ ॥ (810-12)
बिलावलु महला ५ ॥

ਬਿਨੁ ਸਾਧੂ ਜੋ ਜੀਵਨਾ ਤੇਤੋ ਬਿਰਥਾਰੀ ॥ (810-13)
बिनु साधू जो जीवना तेतो बिरथारी ॥

ਮਿਲਤ ਸੰਗਿ ਸਭਿ ਭ੍ਰਮ ਮਿਟੇ ਗਤਿ ਭਈ ਹਮਾਰੀ ॥੧॥ (810-13)
मिलत संगि सभि भ्रम मिटे गति भई हमारी ॥१॥

ਜਾ ਦਿਨ ਭੇਟੇ ਸਾਧ ਮੋਹਿ ਉਆ ਦਿਨ ਬਲਿਹਾਰੀ ॥ (810-14)
जा दिन भेटे साध मोहि उआ दिन बलिहारी ॥

ਤਨੁ ਮਨੁ ਅਪਨੋ ਜੀਅਰਾ ਫਿਰਿ ਫਿਰਿ ਹਉ ਵਾਰੀ ॥੧॥ ਰਹਾਉ ॥ (810-14)
तनु मनु अपनो जीअरा फिरि फिरि हउ वारी ॥१॥ रहाउ ॥

ਏਤ ਛਡਾਈ ਮੋਹਿ ਤੇ ਇਤਨੀ ਦ੍ਰਿੜਤਾਰੀ ॥ (810-15)
एत छडाई मोहि ते इतनी द्रिड़तारी ॥

ਸਗਲ ਰੇਨ ਇਹੁ ਮਨੁ ਭਇਆ ਬਿਨਸੀ ਅਪਧਾਰੀ ॥੨॥ (810-15)
सगल रेन इहु मनु भइआ बिनसी अपधारी ॥२॥

ਨਿੰਦ ਚਿੰਦ ਪਰ ਦੂਖਨਾ ਏ ਖਿਨ ਮਹਿ ਜਾਰੀ ॥ (810-16)
निंद चिंद पर दूखना ए खिन महि जारी ॥

ਦਇਆ ਮਇਆ ਅਰੁ ਨਿਕਟਿ ਪੇਖੁ ਨਾਹੀ ਦੂਰਾਰੀ ॥੩॥ (810-16)
दइआ मइआ अरु निकटि पेखु नाही दूरारी ॥३॥

ਤਨ ਮਨ ਸੀਤਲ ਭਏ ਅਬ ਮੁਕਤੇ ਸੰਸਾਰੀ ॥ (810-17)
तन मन सीतल भए अब मुकते संसारी ॥

ਹੀਤ ਚੀਤ ਸਭ ਪ੍ਰਾਨ ਧਨ ਨਾਨਕ ਦਰਸਾਰੀ ॥੪॥੧੦॥੪੦॥ (810-17)
हीत चीत सभ प्रान धन नानक दरसारी ॥४॥१०॥४०॥

ਬਿਲਾਵਲੁ ਮਹਲਾ ੫ ॥ (810-18)
बिलावलु महला ५ ॥

ਟਹਲ ਕਰਉ ਤੇਰੇ ਦਾਸ ਕੀ ਪਗ ਝਾਰਉ ਬਾਲ ॥ (810-18)
टहल करउ तेरे दास की पग झारउ बाल ॥

ਮਸਤਕੁ ਅਪਨਾ ਭੇਟ ਦੇਉ ਗੁਨ ਸੁਨਉ ਰਸਾਲ ॥੧॥ (810-18)
मसतकु अपना भेट देउ गुन सुनउ रसाल ॥१॥

ਤੁਮ੍ ਮਿਲਤੇ ਮੇਰਾ ਮਨੁ ਜੀਓ ਤੁਮ੍ ਮਿਲਹੁ ਦਇਆਲ ॥ (810-19)
तुम्ह मिलते मेरा मनु जीओ तुम्ह मिलहु दइआल ॥

ਨਿਸਿ ਬਾਸੁਰ ਮਨਿ ਅਨਦੁ ਹੋਤ ਚਿਤਵਤ ਕਿਰਪਾਲ ॥੧॥ ਰਹਾਉ ॥ (810-19)
निसि बासुर मनि अनदु होत चितवत किरपाल ॥१॥ रहाउ ॥

ਜਗਤ ਉਧਾਰਨ ਸਾਧ ਪ੍ਰਭ ਤਿਨ੍ ਲਾਗਹੁ ਪਾਲ ॥ (811-1)
जगत उधारन साध प्रभ तिन्ह लागहु पाल ॥

ਮੋ ਕਉ ਦੀਜੈ ਦਾਨੁ ਪ੍ਰਭ ਸੰਤਨ ਪਗ ਰਾਲ ॥੨॥ (811-1)
मो कउ दीजै दानु प्रभ संतन पग राल ॥२॥

ਉਕਤਿ ਸਿਆਨਪ ਕਛੁ ਨਹੀ ਨਾਹੀ ਕਛੁ ਘਾਲ ॥ (811-2)
उकति सिआनप कछु नही नाही कछु घाल ॥

ਭ੍ਰਮ ਭੈ ਰਾਖਹੁ ਮੋਹ ਤੇ ਕਾਟਹੁ ਜਮ ਜਾਲ ॥੩॥ (811-2)
भ्रम भै राखहु मोह ते काटहु जम जाल ॥३॥

ਬਿਨਉ ਕਰਉ ਕਰੁਣਾਪਤੇ ਪਿਤਾ ਪ੍ਰਤਿਪਾਲ ॥ (811-3)
बिनउ करउ करुणापते पिता प्रतिपाल ॥

ਗੁਣ ਗਾਵਉ ਤੇਰੇ ਸਾਧਸੰਗਿ ਨਾਨਕ ਸੁਖ ਸਾਲ ॥੪॥੧੧॥੪੧॥ (811-3)
गुण गावउ तेरे साधसंगि नानक सुख साल ॥४॥११॥४१॥

ਬਿਲਾਵਲੁ ਮਹਲਾ ੫ ॥ (811-4)
बिलावलु महला ५ ॥

ਕੀਤਾ ਲੋੜਹਿ ਸੋ ਕਰਹਿ ਤੁਝ ਬਿਨੁ ਕਛੁ ਨਾਹਿ ॥ (811-4)
कीता लोड़हि सो करहि तुझ बिनु कछु नाहि ॥

ਪਰਤਾਪੁ ਤੁਮ੍ਾਰਾ ਦੇਖਿ ਕੈ ਜਮਦੂਤ ਛਡਿ ਜਾਹਿ ॥੧॥ (811-4)
परतापु तुम्हारा देखि कै जमदूत छडि जाहि ॥१॥

ਤੁਮ੍ਰੀ ਕ੍ਰਿਪਾ ਤੇ ਛੂਟੀਐ ਬਿਨਸੈ ਅਹੰਮੇਵ ॥ (811-5)
तुम्हरी क्रिपा ते छूटीऐ बिनसै अहंमेव ॥

ਸਰਬ ਕਲਾ ਸਮਰਥ ਪ੍ਰਭ ਪੂਰੇ ਗੁਰਦੇਵ ॥੧॥ ਰਹਾਉ ॥ (811-5)
सरब कला समरथ प्रभ पूरे गुरदेव ॥१॥ रहाउ ॥

ਖੋਜਤ ਖੋਜਤ ਖੋਜਿਆ ਨਾਮੈ ਬਿਨੁ ਕੂਰੁ ॥ (811-6)
खोजत खोजत खोजिआ नामै बिनु कूरु ॥

ਜੀਵਨ ਸੁਖੁ ਸਭੁ ਸਾਧਸੰਗਿ ਪ੍ਰਭ ਮਨਸਾ ਪੂਰੁ ॥੨॥ (811-6)
जीवन सुखु सभु साधसंगि प्रभ मनसा पूरु ॥२॥

ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਹਿ ਸਿਆਨਪ ਸਭ ਜਾਲੀ ॥ (811-7)
जितु जितु लावहु तितु तितु लगहि सिआनप सभ जाली ॥

ਜਤ ਕਤ ਤੁਮ੍ਹ ਭਰਪੂਰ ਹਹੁ ਮੇਰੇ ਦੀਨ ਦਇਆਲੀ ॥੩॥ (811-7)
जत कत तुम्ह भरपूर हहु मेरे दीन दइआली ॥३॥

ਸਭੁ ਕਿਛੁ ਤੁਮ ਤੇ ਮਾਗਨਾ ਵਡਭਾਗੀ ਪਾਏ ॥ (811-8)
सभु किछु तुम ते मागना वडभागी पाए ॥

ਨਾਨਕ ਕੀ ਅਰਦਾਸਿ ਪ੍ਰਭ ਜੀਵਾ ਗੁਨ ਗਾਏ ॥੪॥੧੨॥੪੨॥ (811-8)
नानक की अरदासि प्रभ जीवा गुन गाए ॥४॥१२॥४२॥

ਬਿਲਾਵਲੁ ਮਹਲਾ ੫ ॥ (811-9)
बिलावलु महला ५ ॥

ਸਾਧਸੰਗਤਿ ਕੈ ਬਾਸਬੈ ਕਲਮਲ ਸਭਿ ਨਸਨਾ ॥ (811-9)
साधसंगति कै बासबै कलमल सभि नसना ॥

ਪ੍ਰਭ ਸੇਤੀ ਰੰਗਿ ਰਾਤਿਆ ਤਾ ਤੇ ਗਰਭਿ ਨ ਗ੍ਰਸਨਾ ॥੧॥ (811-9)
प्रभ सेती रंगि रातिआ ता ते गरभि न ग्रसना ॥१॥

ਨਾਮੁ ਕਹਤ ਗੋਵਿੰਦ ਕਾ ਸੂਚੀ ਭਈ ਰਸਨਾ ॥ (811-10)
नामु कहत गोविंद का सूची भई रसना ॥

ਮਨ ਤਨ ਨਿਰਮਲ ਹੋਈ ਹੈ ਗੁਰ ਕਾ ਜਪੁ ਜਪਨਾ ॥੧॥ ਰਹਾਉ ॥ (811-10)
मन तन निरमल होई है गुर का जपु जपना ॥१॥ रहाउ ॥

ਹਰਿ ਰਸੁ ਚਾਖਤ ਧ੍ਰਾਪਿਆ ਮਨਿ ਰਸੁ ਲੈ ਹਸਨਾ ॥ (811-11)
हरि रसु चाखत ध्रापिआ मनि रसु लै हसना ॥

ਬੁਧਿ ਪ੍ਰਗਾਸ ਪ੍ਰਗਟ ਭਈ ਉਲਟਿ ਕਮਲੁ ਬਿਗਸਨਾ ॥੨॥ (811-11)
बुधि प्रगास प्रगट भई उलटि कमलु बिगसना ॥२॥

ਸੀਤਲ ਸਾਂਤਿ ਸੰਤੋਖੁ ਹੋਇ ਸਭ ਬੂਝੀ ਤ੍ਰਿਸਨਾ ॥ (811-12)
सीतल सांति संतोखु होइ सभ बूझी त्रिसना ॥

ਦਹ ਦਿਸ ਧਾਵਤ ਮਿਟਿ ਗਏ ਨਿਰਮਲ ਥਾਨਿ ਬਸਨਾ ॥੩॥ (811-12)
दह दिस धावत मिटि गए निरमल थानि बसना ॥३॥

ਰਾਖਨਹਾਰੈ ਰਾਖਿਆ ਭਏ ਭ੍ਰਮ ਭਸਨਾ ॥ (811-13)
राखनहारै राखिआ भए भ्रम भसना ॥

ਨਾਮੁ ਨਿਧਾਨ ਨਾਨਕ ਸੁਖੀ ਪੇਖਿ ਸਾਧ ਦਰਸਨਾ ॥੪॥੧੩॥੪੩॥ (811-13)
नामु निधान नानक सुखी पेखि साध दरसना ॥४॥१३॥४३॥

ਬਿਲਾਵਲੁ ਮਹਲਾ ੫ ॥ (811-14)
बिलावलु महला ५ ॥

ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ ॥ (811-14)
पाणी पखा पीसु दास कै तब होहि निहालु ॥

ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ ॥੧॥ (811-15)
राज मिलख सिकदारीआ अगनी महि जालु ॥१॥

ਸੰਤ ਜਨਾ ਕਾ ਛੋਹਰਾ ਤਿਸੁ ਚਰਣੀ ਲਾਗਿ ॥ (811-15)
संत जना का छोहरा तिसु चरणी लागि ॥

ਮਾਇਆਧਾਰੀ ਛਤ੍ਰਪਤਿ ਤਿਨ੍ਹ੍ਹ ਛੋਡਉ ਤਿਆਗਿ ॥੧॥ ਰਹਾਉ ॥ (811-15)
माइआधारी छत्रपति तिन्ह छोडउ तिआगि ॥१॥ रहाउ ॥

ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ ॥ (811-16)
संतन का दाना रूखा सो सरब निधान ॥

ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੂ ਸਮਾਨ ॥੨॥ (811-16)
ग्रिहि साकत छतीह प्रकार ते बिखू समान ॥२॥

ਭਗਤ ਜਨਾ ਕਾ ਲੂਗਰਾ ਓਢਿ ਨਗਨ ਨ ਹੋਈ ॥ (811-17)
भगत जना का लूगरा ओढि नगन न होई ॥

ਸਾਕਤ ਸਿਰਪਾਉ ਰੇਸਮੀ ਪਹਿਰਤ ਪਤਿ ਖੋਈ ॥੩॥ (811-17)
साकत सिरपाउ रेसमी पहिरत पति खोई ॥३॥

ਸਾਕਤ ਸਿਉ ਮੁਖਿ ਜੋਰਿਐ ਅਧ ਵੀਚਹੁ ਟੂਟੈ ॥ (811-18)
साकत सिउ मुखि जोरिऐ अध वीचहु टूटै ॥

ਹਰਿ ਜਨ ਕੀ ਸੇਵਾ ਜੋ ਕਰੇ ਇਤ ਊਤਹਿ ਛੂਟੈ ॥੪॥ (811-18)
हरि जन की सेवा जो करे इत ऊतहि छूटै ॥४॥

ਸਭ ਕਿਛੁ ਤੁਮ੍ ਹੀ ਤੇ ਹੋਆ ਆਪਿ ਬਣਤ ਬਣਾਈ ॥ (811-19)
सभ किछु तुम्ह ही ते होआ आपि बणत बणाई ॥

ਦਰਸਨੁ ਭੇਟਤ ਸਾਧ ਕਾ ਨਾਨਕ ਗੁਣ ਗਾਈ ॥੫॥੧੪॥੪੪॥ (811-19)
दरसनु भेटत साध का नानक गुण गाई ॥५॥१४॥४४॥

ਬਿਲਾਵਲੁ ਮਹਲਾ ੫ ॥ (812-1)
बिलावलु महला ५ ॥

ਸ੍ਰਵਨੀ ਸੁਨਉ ਹਰਿ ਹਰਿ ਹਰੇ ਠਾਕੁਰ ਜਸੁ ਗਾਵਉ ॥ (812-1)
स्रवनी सुनउ हरि हरि हरे ठाकुर जसु गावउ ॥

ਸੰਤ ਚਰਣ ਕਰ ਸੀਸੁ ਧਰਿ ਹਰਿ ਨਾਮੁ ਧਿਆਵਉ ॥੧॥ (812-2)
संत चरण कर सीसु धरि हरि नामु धिआवउ ॥१॥

ਕਰਿ ਕਿਰਪਾ ਦਇਆਲ ਪ੍ਰਭ ਇਹ ਨਿਧਿ ਸਿਧਿ ਪਾਵਉ ॥ (812-2)
करि किरपा दइआल प्रभ इह निधि सिधि पावउ ॥

ਸੰਤ ਜਨਾ ਕੀ ਰੇਣੁਕਾ ਲੈ ਮਾਥੈ ਲਾਵਉ ॥੧॥ ਰਹਾਉ ॥ (812-3)
संत जना की रेणुका लै माथै लावउ ॥१॥ रहाउ ॥

ਨੀਚ ਤੇ ਨੀਚੁ ਅਤਿ ਨੀਚੁ ਹੋਇ ਕਰਿ ਬਿਨਉ ਬੁਲਾਵਉ ॥ (812-3)
नीच ते नीचु अति नीचु होइ करि बिनउ बुलावउ ॥

ਪਾਵ ਮਲੋਵਾ ਆਪੁ ਤਿਆਗਿ ਸੰਤਸੰਗਿ ਸਮਾਵਉ ॥੨॥ (812-4)
पाव मलोवा आपु तिआगि संतसंगि समावउ ॥२॥

ਸਾਸਿ ਸਾਸਿ ਨਹ ਵੀਸਰੈ ਅਨ ਕਤਹਿ ਨ ਧਾਵਉ ॥ (812-4)
सासि सासि नह वीसरै अन कतहि न धावउ ॥

ਸਫਲ ਦਰਸਨ ਗੁਰੁ ਭੇਟੀਐ ਮਾਨੁ ਮੋਹੁ ਮਿਟਾਵਉ ॥੩॥ (812-5)
सफल दरसन गुरु भेटीऐ मानु मोहु मिटावउ ॥३॥

ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ ॥ (812-5)
सतु संतोखु दइआ धरमु सीगारु बनावउ ॥

ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ ॥੪॥੧੫॥੪੫॥ (812-6)
सफल सुहागणि नानका अपुने प्रभ भावउ ॥४॥१५॥४५॥

ਬਿਲਾਵਲੁ ਮਹਲਾ ੫ ॥ (812-6)
बिलावलु महला ५ ॥

ਅਟਲ ਬਚਨ ਸਾਧੂ ਜਨਾ ਸਭ ਮਹਿ ਪ੍ਰਗਟਾਇਆ ॥ (812-7)
अटल बचन साधू जना सभ महि प्रगटाइआ ॥

ਜਿਸੁ ਜਨ ਹੋਆ ਸਾਧਸੰਗੁ ਤਿਸੁ ਭੇਟੈ ਹਰਿ ਰਾਇਆ ॥੧॥ (812-7)
जिसु जन होआ साधसंगु तिसु भेटै हरि राइआ ॥१॥

ਇਹ ਪਰਤੀਤਿ ਗੋਵਿੰਦ ਕੀ ਜਪਿ ਹਰਿ ਸੁਖੁ ਪਾਇਆ ॥ (812-8)
इह परतीति गोविंद की जपि हरि सुखु पाइआ ॥

ਅਨਿਕ ਬਾਤਾ ਸਭਿ ਕਰਿ ਰਹੇ ਗੁਰੁ ਘਰਿ ਲੈ ਆਇਆ ॥੧॥ ਰਹਾਉ ॥ (812-8)
अनिक बाता सभि करि रहे गुरु घरि लै आइआ ॥१॥ रहाउ ॥

ਸਰਣਿ ਪਰੇ ਕੀ ਰਾਖਤਾ ਨਾਹੀ ਸਹਸਾਇਆ ॥ (812-9)
सरणि परे की राखता नाही सहसाइआ ॥

ਕਰਮ ਭੂਮਿ ਹਰਿ ਨਾਮੁ ਬੋਇ ਅਉਸਰੁ ਦੁਲਭਾਇਆ ॥੨॥ (812-9)
करम भूमि हरि नामु बोइ अउसरु दुलभाइआ ॥२॥

ਅੰਤਰਜਾਮੀ ਆਪਿ ਪ੍ਰਭੁ ਸਭ ਕਰੇ ਕਰਾਇਆ ॥ (812-10)
अंतरजामी आपि प्रभु सभ करे कराइआ ॥

ਪਤਿਤ ਪੁਨੀਤ ਘਣੇ ਕਰੇ ਠਾਕੁਰ ਬਿਰਦਾਇਆ ॥੩॥ (812-10)
पतित पुनीत घणे करे ठाकुर बिरदाइआ ॥३॥

ਮਤ ਭੂਲਹੁ ਮਾਨੁਖ ਜਨ ਮਾਇਆ ਭਰਮਾਇਆ ॥ (812-11)
मत भूलहु मानुख जन माइआ भरमाइआ ॥

ਨਾਨਕ ਤਿਸੁ ਪਤਿ ਰਾਖਸੀ ਜੋ ਪ੍ਰਭਿ ਪਹਿਰਾਇਆ ॥੪॥੧੬॥੪੬॥ (812-11)
नानक तिसु पति राखसी जो प्रभि पहिराइआ ॥४॥१६॥४६॥

ਬਿਲਾਵਲੁ ਮਹਲਾ ੫ ॥ (812-12)
बिलावलु महला ५ ॥

ਮਾਟੀ ਤੇ ਜਿਨਿ ਸਾਜਿਆ ਕਰਿ ਦੁਰਲਭ ਦੇਹ ॥ (812-12)
माटी ते जिनि साजिआ करि दुरलभ देह ॥

ਅਨਿਕ ਛਿਦ੍ਰ ਮਨ ਮਹਿ ਢਕੇ ਨਿਰਮਲ ਦ੍ਰਿਸਟੇਹ ॥੧॥ (812-13)
अनिक छिद्र मन महि ढके निरमल द्रिसटेह ॥१॥

ਕਿਉ ਬਿਸਰੈ ਪ੍ਰਭੁ ਮਨੈ ਤੇ ਜਿਸ ਕੇ ਗੁਣ ਏਹ ॥ (812-13)
किउ बिसरै प्रभु मनै ते जिस के गुण एह ॥

ਪ੍ਰਭ ਤਜਿ ਰਚੇ ਜਿ ਆਨ ਸਿਉ ਸੋ ਰਲੀਐ ਖੇਹ ॥੧॥ ਰਹਾਉ ॥ (812-14)
प्रभ तजि रचे जि आन सिउ सो रलीऐ खेह ॥१॥ रहाउ ॥

ਸਿਮਰਹੁ ਸਿਮਰਹੁ ਸਾਸਿ ਸਾਸਿ ਮਤ ਬਿਲਮ ਕਰੇਹ ॥ (812-14)
सिमरहु सिमरहु सासि सासि मत बिलम करेह ॥

ਛੋਡਿ ਪ੍ਰਪੰਚੁ ਪ੍ਰਭ ਸਿਉ ਰਚਹੁ ਤਜਿ ਕੂੜੇ ਨੇਹ ॥੨॥ (812-15)
छोडि प्रपंचु प्रभ सिउ रचहु तजि कूड़े नेह ॥२॥

ਜਿਨਿ ਅਨਿਕ ਏਕ ਬਹੁ ਰੰਗ ਕੀਏ ਹੈ ਹੋਸੀ ਏਹ ॥ (812-15)
जिनि अनिक एक बहु रंग कीए है होसी एह ॥

ਕਰਿ ਸੇਵਾ ਤਿਸੁ ਪਾਰਬ੍ਰਹਮ ਗੁਰ ਤੇ ਮਤਿ ਲੇਹ ॥੩॥ (812-16)
करि सेवा तिसु पारब्रहम गुर ते मति लेह ॥३॥

ਊਚੇ ਤੇ ਊਚਾ ਵਡਾ ਸਭ ਸੰਗਿ ਬਰਨੇਹ ॥ (812-16)
ऊचे ते ऊचा वडा सभ संगि बरनेह ॥

ਦਾਸ ਦਾਸ ਕੌ ਦਾਸਰਾ ਨਾਨਕ ਕਰਿ ਲੇਹ ॥੪॥੧੭॥੪੭॥ (812-17)
दास दास को दासरा नानक करि लेह ॥४॥१७॥४७॥

ਬਿਲਾਵਲੁ ਮਹਲਾ ੫ ॥ (812-17)
बिलावलु महला ५ ॥

ਏਕ ਟੇਕ ਗੋੁਵਿੰਦ ਕੀ ਤਿਆਗੀ ਅਨ ਆਸ ॥ (812-17)
एक टेक गोविंद की तिआगी अन आस ॥

ਸਭ ਊਪਰਿ ਸਮਰਥ ਪ੍ਰਭ ਪੂਰਨ ਗੁਣਤਾਸ ॥੧॥ (812-18)
सभ ऊपरि समरथ प्रभ पूरन गुणतास ॥१॥

ਜਨ ਕਾ ਨਾਮੁ ਅਧਾਰੁ ਹੈ ਪ੍ਰਭ ਸਰਣੀ ਪਾਹਿ ॥ (812-18)
जन का नामु अधारु है प्रभ सरणी पाहि ॥

ਪਰਮੇਸਰ ਕਾ ਆਸਰਾ ਸੰਤਨ ਮਨ ਮਾਹਿ ॥੧॥ ਰਹਾਉ ॥ (812-19)
परमेसर का आसरा संतन मन माहि ॥१॥ रहाउ ॥

ਆਪਿ ਰਖੈ ਆਪਿ ਦੇਵਸੀ ਆਪੇ ਪ੍ਰਤਿਪਾਰੈ ॥ (812-19)
आपि रखै आपि देवसी आपे प्रतिपारै ॥

ਦੀਨ ਦਇਆਲ ਕ੍ਰਿਪਾ ਨਿਧੇ ਸਾਸਿ ਸਾਸਿ ਸਮ੍ਹਾਰੈ ॥੨॥ (813-1)
दीन दइआल क्रिपा निधे सासि सासि सम्हारै ॥२॥

ਕਰਣਹਾਰੁ ਜੋ ਕਰਿ ਰਹਿਆ ਸਾਈ ਵਡਿਆਈ ॥ (813-1)
करणहारु जो करि रहिआ साई वडिआई ॥

ਗੁਰਿ ਪੂਰੈ ਉਪਦੇਸਿਆ ਸੁਖੁ ਖਸਮ ਰਜਾਈ ॥੩॥ (813-2)
गुरि पूरै उपदेसिआ सुखु खसम रजाई ॥३॥

ਚਿੰਤ ਅੰਦੇਸਾ ਗਣਤ ਤਜਿ ਜਨਿ ਹੁਕਮੁ ਪਛਾਤਾ ॥ (813-2)
चिंत अंदेसा गणत तजि जनि हुकमु पछाता ॥

ਨਹ ਬਿਨਸੈ ਨਹ ਛੋਡਿ ਜਾਇ ਨਾਨਕ ਰੰਗਿ ਰਾਤਾ ॥੪॥੧੮॥੪੮॥ (813-3)
नह बिनसै नह छोडि जाइ नानक रंगि राता ॥४॥१८॥४८॥

ਬਿਲਾਵਲੁ ਮਹਲਾ ੫ ॥ (813-3)
बिलावलु महला ५ ॥

ਮਹਾ ਤਪਤਿ ਤੇ ਭਈ ਸਾਂਤਿ ਪਰਸਤ ਪਾਪ ਨਾਠੇ ॥ (813-3)
महा तपति ते भई सांति परसत पाप नाठे ॥

ਅੰਧ ਕੂਪ ਮਹਿ ਗਲਤ ਥੇ ਕਾਢੇ ਦੇ ਹਾਥੇ ॥੧॥ (813-4)
अंध कूप महि गलत थे काढे दे हाथे ॥१॥

ਓਇ ਹਮਾਰੇ ਸਾਜਨਾ ਹਮ ਉਨ ਕੀ ਰੇਨ ॥ (813-4)
ओइ हमारे साजना हम उन की रेन ॥

ਜਿਨ ਭੇਟਤ ਹੋਵਤ ਸੁਖੀ ਜੀਅ ਦਾਨੁ ਦੇਨ ॥੧॥ ਰਹਾਉ ॥ (813-5)
जिन भेटत होवत सुखी जीअ दानु देन ॥१॥ रहाउ ॥

ਪਰਾ ਪੂਰਬਲਾ ਲੀਖਿਆ ਮਿਲਿਆ ਅਬ ਆਇ ॥ (813-5)
परा पूरबला लीखिआ मिलिआ अब आइ ॥

ਬਸਤ ਸੰਗਿ ਹਰਿ ਸਾਧ ਕੈ ਪੂਰਨ ਆਸਾਇ ॥੨॥ (813-6)
बसत संगि हरि साध कै पूरन आसाइ ॥२॥

ਭੈ ਬਿਨਸੇ ਤਿਹੁ ਲੋਕ ਕੇ ਪਾਏ ਸੁਖ ਥਾਨ ॥ (813-6)
भै बिनसे तिहु लोक के पाए सुख थान ॥

ਦਇਆ ਕਰੀ ਸਮਰਥ ਗੁਰਿ ਬਸਿਆ ਮਨਿ ਨਾਮ ॥੩॥ (813-7)
दइआ करी समरथ गुरि बसिआ मनि नाम ॥३॥

ਨਾਨਕ ਕੀ ਤੂ ਟੇਕ ਪ੍ਰਭ ਤੇਰਾ ਆਧਾਰ ॥ (813-7)
नानक की तू टेक प्रभ तेरा आधार ॥

ਕਰਣ ਕਾਰਣ ਸਮਰਥ ਪ੍ਰਭ ਹਰਿ ਅਗਮ ਅਪਾਰ ॥੪॥੧੯॥੪੯॥ (813-7)
करण कारण समरथ प्रभ हरि अगम अपार ॥४॥१९॥४९॥

ਬਿਲਾਵਲੁ ਮਹਲਾ ੫ ॥ (813-8)
बिलावलु महला ५ ॥

ਸੋਈ ਮਲੀਨੁ ਦੀਨੁ ਹੀਨੁ ਜਿਸੁ ਪ੍ਰਭੁ ਬਿਸਰਾਨਾ ॥ (813-8)
सोई मलीनु दीनु हीनु जिसु प्रभु बिसराना ॥

ਕਰਨੈਹਾਰੁ ਨ ਬੂਝਈ ਆਪੁ ਗਨੈ ਬਿਗਾਨਾ ॥੧॥ (813-9)
करनैहारु न बूझई आपु गनै बिगाना ॥१॥

ਦੂਖੁ ਤਦੇ ਜਦਿ ਵੀਸਰੈ ਸੁਖੁ ਪ੍ਰਭ ਚਿਤਿ ਆਏ ॥ (813-9)
दूखु तदे जदि वीसरै सुखु प्रभ चिति आए ॥

ਸੰਤਨ ਕੈ ਆਨੰਦੁ ਏਹੁ ਨਿਤ ਹਰਿ ਗੁਣ ਗਾਏ ॥੧॥ ਰਹਾਉ ॥ (813-10)
संतन कै आनंदु एहु नित हरि गुण गाए ॥१॥ रहाउ ॥

ਊਚੇ ਤੇ ਨੀਚਾ ਕਰੈ ਨੀਚ ਖਿਨ ਮਹਿ ਥਾਪੈ ॥ (813-10)
ऊचे ते नीचा करै नीच खिन महि थापै ॥

ਕੀਮਤਿ ਕਹੀ ਨ ਜਾਈਐ ਠਾਕੁਰ ਪਰਤਾਪੈ ॥੨॥ (813-11)
कीमति कही न जाईऐ ठाकुर परतापै ॥२॥

ਪੇਖਤ ਲੀਲਾ ਰੰਗ ਰੂਪ ਚਲਨੈ ਦਿਨੁ ਆਇਆ ॥ (813-11)
पेखत लीला रंग रूप चलनै दिनु आइआ ॥

ਸੁਪਨੇ ਕਾ ਸੁਪਨਾ ਭਇਆ ਸੰਗਿ ਚਲਿਆ ਕਮਾਇਆ ॥੩॥ (813-12)
सुपने का सुपना भइआ संगि चलिआ कमाइआ ॥३॥

ਕਰਣ ਕਾਰਣ ਸਮਰਥ ਪ੍ਰਭ ਤੇਰੀ ਸਰਣਾਈ ॥ (813-12)
करण कारण समरथ प्रभ तेरी सरणाई ॥

ਹਰਿ ਦਿਨਸੁ ਰੈਣਿ ਨਾਨਕੁ ਜਪੈ ਸਦ ਸਦ ਬਲਿ ਜਾਈ ॥੪॥੨੦॥੫੦॥ (813-13)
हरि दिनसु रैणि नानकु जपै सद सद बलि जाई ॥४॥२०॥५०॥

ਬਿਲਾਵਲੁ ਮਹਲਾ ੫ ॥ (813-13)
बिलावलु महला ५ ॥

ਜਲੁ ਢੋਵਉ ਇਹ ਸੀਸ ਕਰਿ ਕਰ ਪਗ ਪਖਲਾਵਉ ॥ (813-13)
जलु ढोवउ इह सीस करि कर पग पखलावउ ॥

ਬਾਰਿ ਜਾਉ ਲਖ ਬੇਰੀਆ ਦਰਸੁ ਪੇਖਿ ਜੀਵਾਵਉ ॥੧॥ (813-14)
बारि जाउ लख बेरीआ दरसु पेखि जीवावउ ॥१॥

ਕਰਉ ਮਨੋਰਥ ਮਨੈ ਮਾਹਿ ਅਪਨੇ ਪ੍ਰਭ ਤੇ ਪਾਵਉ ॥ (813-14)
करउ मनोरथ मनै माहि अपने प्रभ ते पावउ ॥

ਦੇਉ ਸੂਹਨੀ ਸਾਧ ਕੈ ਬੀਜਨੁ ਢੋਲਾਵਉ ॥੧॥ ਰਹਾਉ ॥ (813-15)
देउ सूहनी साध कै बीजनु ढोलावउ ॥१॥ रहाउ ॥

ਅੰਮ੍ਰਿਤ ਗੁਣ ਸੰਤ ਬੋਲਤੇ ਸੁਣਿ ਮਨਹਿ ਪੀਲਾਵਉ ॥ (813-15)
अमृत गुण संत बोलते सुणि मनहि पीलावउ ॥

ਉਆ ਰਸ ਮਹਿ ਸਾਂਤਿ ਤ੍ਰਿਪਤਿ ਹੋਇ ਬਿਖੈ ਜਲਨਿ ਬੁਝਾਵਉ ॥੨॥ (813-16)
उआ रस महि सांति त्रिपति होइ बिखै जलनि बुझावउ ॥२॥

ਜਬ ਭਗਤਿ ਕਰਹਿ ਸੰਤ ਮੰਡਲੀ ਤਿਨ੍ਹ੍ਹ ਮਿਲਿ ਹਰਿ ਗਾਵਉ ॥ (813-17)
जब भगति करहि संत मंडली तिन्ह मिलि हरि गावउ ॥

ਕਰਉ ਨਮਸਕਾਰ ਭਗਤ ਜਨ ਧੂਰਿ ਮੁਖਿ ਲਾਵਉ ॥੩॥ (813-17)
करउ नमसकार भगत जन धूरि मुखि लावउ ॥३॥

ਊਠਤ ਬੈਠਤ ਜਪਉ ਨਾਮੁ ਇਹੁ ਕਰਮੁ ਕਮਾਵਉ ॥ (813-18)
ऊठत बैठत जपउ नामु इहु करमु कमावउ ॥

ਨਾਨਕ ਕੀ ਪ੍ਰਭ ਬੇਨਤੀ ਹਰਿ ਸਰਨਿ ਸਮਾਵਉ ॥੪॥੨੧॥੫੧॥ (813-18)
नानक की प्रभ बेनती हरि सरनि समावउ ॥४॥२१॥५१॥

ਬਿਲਾਵਲੁ ਮਹਲਾ ੫ ॥ (813-19)
बिलावलु महला ५ ॥

ਇਹੁ ਸਾਗਰੁ ਸੋਈ ਤਰੈ ਜੋ ਹਰਿ ਗੁਣ ਗਾਏ ॥ (813-19)
इहु सागरु सोई तरै जो हरि गुण गाए ॥

ਸਾਧਸੰਗਤਿ ਕੈ ਸੰਗਿ ਵਸੈ ਵਡਭਾਗੀ ਪਾਏ ॥੧॥ (813-19)
साधसंगति कै संगि वसै वडभागी पाए ॥१॥

ਸੁਣਿ ਸੁਣਿ ਜੀਵੈ ਦਾਸੁ ਤੁਮ੍ਹ ਬਾਣੀ ਜਨ ਆਖੀ ॥ (814-1)
सुणि सुणि जीवै दासु तुम्ह बाणी जन आखी ॥

ਪ੍ਰਗਟ ਭਈ ਸਭ ਲੋਅ ਮਹਿ ਸੇਵਕ ਕੀ ਰਾਖੀ ॥੧॥ ਰਹਾਉ ॥ (814-1)
प्रगट भई सभ लोअ महि सेवक की राखी ॥१॥ रहाउ ॥

ਅਗਨਿ ਸਾਗਰ ਤੇ ਕਾਢਿਆ ਪ੍ਰਭਿ ਜਲਨਿ ਬੁਝਾਈ ॥ (814-2)
अगनि सागर ते काढिआ प्रभि जलनि बुझाई ॥

ਅੰਮ੍ਰਿਤ ਨਾਮੁ ਜਲੁ ਸੰਚਿਆ ਗੁਰ ਭਏ ਸਹਾਈ ॥੨॥ (814-2)
अमृत नामु जलु संचिआ गुर भए सहाई ॥२॥

ਜਨਮ ਮਰਣ ਦੁਖ ਕਾਟਿਆ ਸੁਖ ਕਾ ਥਾਨੁ ਪਾਇਆ ॥ (814-3)
जनम मरण दुख काटिआ सुख का थानु पाइआ ॥

ਕਾਟੀ ਸਿਲਕ ਭ੍ਰਮ ਮੋਹ ਕੀ ਅਪਨੇ ਪ੍ਰਭ ਭਾਇਆ ॥੩॥ (814-3)
काटी सिलक भ्रम मोह की अपने प्रभ भाइआ ॥३॥

ਮਤ ਕੋਈ ਜਾਣਹੁ ਅਵਰੁ ਕਛੁ ਸਭ ਪ੍ਰਭ ਕੈ ਹਾਥਿ ॥ (814-4)
मत कोई जाणहु अवरु कछु सभ प्रभ कै हाथि ॥

ਸਰਬ ਸੂਖ ਨਾਨਕ ਪਾਏ ਸੰਗਿ ਸੰਤਨ ਸਾਥਿ ॥੪॥੨੨॥੫੨॥ (814-4)
सरब सूख नानक पाए संगि संतन साथि ॥४॥२२॥५२॥

ਬਿਲਾਵਲੁ ਮਹਲਾ ੫ ॥ (814-5)
बिलावलु महला ५ ॥

ਬੰਧਨ ਕਾਟੇ ਆਪਿ ਪ੍ਰਭਿ ਹੋਆ ਕਿਰਪਾਲ ॥ (814-5)
बंधन काटे आपि प्रभि होआ किरपाल ॥

ਦੀਨ ਦਇਆਲ ਪ੍ਰਭ ਪਾਰਬ੍ਰਹਮ ਤਾ ਕੀ ਨਦਰਿ ਨਿਹਾਲ ॥੧॥ (814-5)
दीन दइआल प्रभ पारब्रहम ता की नदरि निहाल ॥१॥

ਗੁਰਿ ਪੂਰੈ ਕਿਰਪਾ ਕਰੀ ਕਾਟਿਆ ਦੁਖੁ ਰੋਗੁ ॥ (814-6)
गुरि पूरै किरपा करी काटिआ दुखु रोगु ॥

ਮਨੁ ਤਨੁ ਸੀਤਲੁ ਸੁਖੀ ਭਇਆ ਪ੍ਰਭ ਧਿਆਵਨ ਜੋਗੁ ॥੧॥ ਰਹਾਉ ॥ (814-6)
मनु तनु सीतलु सुखी भइआ प्रभ धिआवन जोगु ॥१॥ रहाउ ॥

ਅਉਖਧੁ ਹਰਿ ਕਾ ਨਾਮੁ ਹੈ ਜਿਤੁ ਰੋਗੁ ਨ ਵਿਆਪੈ ॥ (814-7)
अउखधु हरि का नामु है जितु रोगु न विआपै ॥

ਸਾਧਸੰਗਿ ਮਨਿ ਤਨਿ ਹਿਤੈ ਫਿਰਿ ਦੂਖੁ ਨ ਜਾਪੈ ॥੨॥ (814-8)
साधसंगि मनि तनि हितै फिरि दूखु न जापै ॥२॥

ਹਰਿ ਹਰਿ ਹਰਿ ਹਰਿ ਜਾਪੀਐ ਅੰਤਰਿ ਲਿਵ ਲਾਈ ॥ (814-8)
हरि हरि हरि हरि जापीऐ अंतरि लिव लाई ॥

ਕਿਲਵਿਖ ਉਤਰਹਿ ਸੁਧੁ ਹੋਇ ਸਾਧੂ ਸਰਣਾਈ ॥੩॥ (814-9)
किलविख उतरहि सुधु होइ साधू सरणाई ॥३॥

ਸੁਨਤ ਜਪਤ ਹਰਿ ਨਾਮ ਜਸੁ ਤਾ ਕੀ ਦੂਰਿ ਬਲਾਈ ॥ (814-9)
सुनत जपत हरि नाम जसु ता की दूरि बलाई ॥

ਮਹਾ ਮੰਤ੍ਰੁ ਨਾਨਕੁ ਕਥੈ ਹਰਿ ਕੇ ਗੁਣ ਗਾਈ ॥੪॥੨੩॥੫੩॥ (814-10)
महा मंत्रु नानकु कथै हरि के गुण गाई ॥४॥२३॥५३॥

ਬਿਲਾਵਲੁ ਮਹਲਾ ੫ ॥ (814-10)
बिलावलु महला ५ ॥

ਭੈ ਤੇ ਉਪਜੈ ਭਗਤਿ ਪ੍ਰਭ ਅੰਤਰਿ ਹੋਇ ਸਾਂਤਿ ॥ (814-10)
भै ते उपजै भगति प्रभ अंतरि होइ सांति ॥

ਨਾਮੁ ਜਪਤ ਗੋਵਿੰਦ ਕਾ ਬਿਨਸੈ ਭ੍ਰਮ ਭ੍ਰਾਂਤਿ ॥੧॥ (814-11)
नामु जपत गोविंद का बिनसै भ्रम भ्रांति ॥१॥

ਗੁਰੁ ਪੂਰਾ ਜਿਸੁ ਭੇਟਿਆ ਤਾ ਕੈ ਸੁਖਿ ਪਰਵੇਸੁ ॥ (814-11)
गुरु पूरा जिसु भेटिआ ता कै सुखि परवेसु ॥

ਮਨ ਕੀ ਮਤਿ ਤਿਆਗੀਐ ਸੁਣੀਐ ਉਪਦੇਸੁ ॥੧॥ ਰਹਾਉ ॥ (814-12)
मन की मति तिआगीऐ सुणीऐ उपदेसु ॥१॥ रहाउ ॥

ਸਿਮਰਤ ਸਿਮਰਤ ਸਿਮਰੀਐ ਸੋ ਪੁਰਖੁ ਦਾਤਾਰੁ ॥ (814-12)
सिमरत सिमरत सिमरीऐ सो पुरखु दातारु ॥

ਮਨ ਤੇ ਕਬਹੁ ਨ ਵੀਸਰੈ ਸੋ ਪੁਰਖੁ ਅਪਾਰੁ ॥੨॥ (814-13)
मन ते कबहु न वीसरै सो पुरखु अपारु ॥२॥

ਚਰਨ ਕਮਲ ਸਿਉ ਰੰਗੁ ਲਗਾ ਅਚਰਜ ਗੁਰਦੇਵ ॥ (814-13)
चरन कमल सिउ रंगु लगा अचरज गुरदेव ॥

ਜਾ ਕਉ ਕਿਰਪਾ ਕਰਹੁ ਪ੍ਰਭ ਤਾ ਕਉ ਲਾਵਹੁ ਸੇਵ ॥੩॥ (814-14)
जा कउ किरपा करहु प्रभ ता कउ लावहु सेव ॥३॥

ਨਿਧਿ ਨਿਧਾਨ ਅੰਮ੍ਰਿਤੁ ਪੀਆ ਮਨਿ ਤਨਿ ਆਨੰਦ ॥ (814-14)
निधि निधान अमृतु पीआ मनि तनि आनंद ॥

ਨਾਨਕ ਕਬਹੁ ਨ ਵੀਸਰੈ ਪ੍ਰਭ ਪਰਮਾਨੰਦ ॥੪॥੨੪॥੫੪॥ (814-15)
नानक कबहु न वीसरै प्रभ परमानंद ॥४॥२४॥५४॥

ਬਿਲਾਵਲੁ ਮਹਲਾ ੫ ॥ (814-15)
बिलावलु महला ५ ॥

ਤ੍ਰਿਸਨ ਬੁਝੀ ਮਮਤਾ ਗਈ ਨਾਠੇ ਭੈ ਭਰਮਾ ॥ (814-15)
त्रिसन बुझी ममता गई नाठे भै भरमा ॥

ਥਿਤਿ ਪਾਈ ਆਨਦੁ ਭਇਆ ਗੁਰਿ ਕੀਨੇ ਧਰਮਾ ॥੧॥ (814-16)
थिति पाई आनदु भइआ गुरि कीने धरमा ॥१॥

ਗੁਰੁ ਪੂਰਾ ਆਰਾਧਿਆ ਬਿਨਸੀ ਮੇਰੀ ਪੀਰ ॥ (814-16)
गुरु पूरा आराधिआ बिनसी मेरी पीर ॥

ਤਨੁ ਮਨੁ ਸਭੁ ਸੀਤਲੁ ਭਇਆ ਪਾਇਆ ਸੁਖੁ ਬੀਰ ॥੧॥ ਰਹਾਉ ॥ (814-17)
तनु मनु सभु सीतलु भइआ पाइआ सुखु बीर ॥१॥ रहाउ ॥

ਸੋਵਤ ਹਰਿ ਜਪਿ ਜਾਗਿਆ ਪੇਖਿਆ ਬਿਸਮਾਦੁ ॥ (814-17)
सोवत हरि जपि जागिआ पेखिआ बिसमादु ॥

ਪੀ ਅੰਮ੍ਰਿਤੁ ਤ੍ਰਿਪਤਾਸਿਆ ਤਾ ਕਾ ਅਚਰਜ ਸੁਆਦੁ ॥੨॥ (814-18)
पी अमृतु त्रिपतासिआ ता का अचरज सुआदु ॥२॥

ਆਪਿ ਮੁਕਤੁ ਸੰਗੀ ਤਰੇ ਕੁਲ ਕੁਟੰਬ ਉਧਾਰੇ ॥ (814-18)
आपि मुकतु संगी तरे कुल कुटम्ब उधारे ॥

ਸਫਲ ਸੇਵਾ ਗੁਰਦੇਵ ਕੀ ਨਿਰਮਲ ਦਰਬਾਰੇ ॥੩॥ (814-19)
सफल सेवा गुरदेव की निरमल दरबारे ॥३॥

ਨੀਚੁ ਅਨਾਥੁ ਅਜਾਨੁ ਮੈ ਨਿਰਗੁਨੁ ਗੁਣਹੀਨੁ ॥ (814-19)
नीचु अनाथु अजानु मै निरगुनु गुणहीनु ॥

ਨਾਨਕ ਕਉ ਕਿਰਪਾ ਭਈ ਦਾਸੁ ਅਪਨਾ ਕੀਨੁ ॥੪॥੨੫॥੫੫॥ (815-1)
नानक कउ किरपा भई दासु अपना कीनु ॥४॥२५॥५५॥

ਬਿਲਾਵਲੁ ਮਹਲਾ ੫ ॥ (815-1)
बिलावलु महला ५ ॥

ਹਰਿ ਭਗਤਾ ਕਾ ਆਸਰਾ ਅਨ ਨਾਹੀ ਠਾਉ ॥ (815-1)
हरि भगता का आसरा अन नाही ठाउ ॥

ਤਾਣੁ ਦੀਬਾਣੁ ਪਰਵਾਰ ਧਨੁ ਪ੍ਰਭ ਤੇਰਾ ਨਾਉ ॥੧॥ (815-2)
ताणु दीबाणु परवार धनु प्रभ तेरा नाउ ॥१॥

ਕਰਿ ਕਿਰਪਾ ਪ੍ਰਭਿ ਆਪਣੀ ਅਪਨੇ ਦਾਸ ਰਖਿ ਲੀਏ ॥ (815-2)
करि किरपा प्रभि आपणी अपने दास रखि लीए ॥

ਨਿੰਦਕ ਨਿੰਦਾ ਕਰਿ ਪਚੇ ਜਮਕਾਲਿ ਗ੍ਰਸੀਏ ॥੧॥ ਰਹਾਉ ॥ (815-3)
निंदक निंदा करि पचे जमकालि ग्रसीए ॥१॥ रहाउ ॥

ਸੰਤਾ ਏਕੁ ਧਿਆਵਨਾ ਦੂਸਰ ਕੋ ਨਾਹਿ ॥ (815-3)
संता एकु धिआवना दूसर को नाहि ॥

ਏਕਸੁ ਆਗੈ ਬੇਨਤੀ ਰਵਿਆ ਸ੍ਰਬ ਥਾਇ ॥੨॥ (815-4)
एकसु आगै बेनती रविआ स्रब थाइ ॥२॥

ਕਥਾ ਪੁਰਾਤਨ ਇਉ ਸੁਣੀ ਭਗਤਨ ਕੀ ਬਾਨੀ ॥ (815-4)
कथा पुरातन इउ सुणी भगतन की बानी ॥

ਸਗਲ ਦੁਸਟ ਖੰਡ ਖੰਡ ਕੀਏ ਜਨ ਲੀਏ ਮਾਨੀ ॥੩॥ (815-5)
सगल दुसट खंड खंड कीए जन लीए मानी ॥३॥

ਸਤਿ ਬਚਨ ਨਾਨਕੁ ਕਹੈ ਪਰਗਟ ਸਭ ਮਾਹਿ ॥ (815-5)
सति बचन नानकु कहै परगट सभ माहि ॥

ਪ੍ਰਭ ਕੇ ਸੇਵਕ ਸਰਣਿ ਪ੍ਰਭ ਤਿਨ ਕਉ ਭਉ ਨਾਹਿ ॥੪॥੨੬॥੫੬॥ (815-6)
प्रभ के सेवक सरणि प्रभ तिन कउ भउ नाहि ॥४॥२६॥५६॥

ਬਿਲਾਵਲੁ ਮਹਲਾ ੫ ॥ (815-6)
बिलावलु महला ५ ॥

ਬੰਧਨ ਕਾਟੈ ਸੋ ਪ੍ਰਭੂ ਜਾ ਕੈ ਕਲ ਹਾਥ ॥ (815-7)
बंधन काटै सो प्रभू जा कै कल हाथ ॥

ਅਵਰ ਕਰਮ ਨਹੀ ਛੂਟੀਐ ਰਾਖਹੁ ਹਰਿ ਨਾਥ ॥੧॥ (815-7)
अवर करम नही छूटीऐ राखहु हरि नाथ ॥१॥

ਤਉ ਸਰਣਾਗਤਿ ਮਾਧਵੇ ਪੂਰਨ ਦਇਆਲ ॥ (815-7)
तउ सरणागति माधवे पूरन दइआल ॥

ਛੂਟਿ ਜਾਇ ਸੰਸਾਰ ਤੇ ਰਾਖੈ ਗੋਪਾਲ ॥੧॥ ਰਹਾਉ ॥ (815-8)
छूटि जाइ संसार ते राखै गोपाल ॥१॥ रहाउ ॥

ਆਸਾ ਭਰਮ ਬਿਕਾਰ ਮੋਹ ਇਨ ਮਹਿ ਲੋਭਾਨਾ ॥ (815-8)
आसा भरम बिकार मोह इन महि लोभाना ॥

ਝੂਠੁ ਸਮਗ੍ਰੀ ਮਨਿ ਵਸੀ ਪਾਰਬ੍ਰਹਮੁ ਨ ਜਾਨਾ ॥੨॥ (815-9)
झूठु समग्री मनि वसी पारब्रहमु न जाना ॥२॥

ਪਰਮ ਜੋਤਿ ਪੂਰਨ ਪੁਰਖ ਸਭਿ ਜੀਅ ਤੁਮ੍ਹ੍ਹਾਰੇ ॥ (815-9)
परम जोति पूरन पुरख सभि जीअ तुम्हारे ॥

ਜਿਉ ਤੂ ਰਾਖਹਿ ਤਿਉ ਰਹਾ ਪ੍ਰਭ ਅਗਮ ਅਪਾਰੇ ॥੩॥ (815-10)
जिउ तू राखहि तिउ रहा प्रभ अगम अपारे ॥३॥

ਕਰਣ ਕਾਰਣ ਸਮਰਥ ਪ੍ਰਭ ਦੇਹਿ ਅਪਨਾ ਨਾਉ ॥ (815-10)
करण कारण समरथ प्रभ देहि अपना नाउ ॥

ਨਾਨਕ ਤਰੀਐ ਸਾਧਸੰਗਿ ਹਰਿ ਹਰਿ ਗੁਣ ਗਾਉ ॥੪॥੨੭॥੫੭॥ (815-11)
नानक तरीऐ साधसंगि हरि हरि गुण गाउ ॥४॥२७॥५७॥

ਬਿਲਾਵਲੁ ਮਹਲਾ ੫ ॥ (815-11)
बिलावलु महला ५ ॥

ਕਵਨੁ ਕਵਨੁ ਨਹੀ ਪਤਰਿਆ ਤੁਮ੍ਹ੍ਹਰੀ ਪਰਤੀਤਿ ॥ (815-11)
कवनु कवनु नही पतरिआ तुम्हरी परतीति ॥

ਮਹਾ ਮੋਹਨੀ ਮੋਹਿਆ ਨਰਕ ਕੀ ਰੀਤਿ ॥੧॥ (815-12)
महा मोहनी मोहिआ नरक की रीति ॥१॥

ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ ॥ (815-12)
मन खुटहर तेरा नही बिसासु तू महा उदमादा ॥

ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ ॥੧॥ ਰਹਾਉ ॥ (815-13)
खर का पैखरु तउ छुटै जउ ऊपरि लादा ॥१॥ रहाउ ॥

ਜਪ ਤਪ ਸੰਜਮ ਤੁਮ੍ਹ੍ਹ ਖੰਡੇ ਜਮ ਕੇ ਦੁਖ ਡਾਂਡ ॥ (815-13)
जप तप संजम तुम्ह खंडे जम के दुख डांड ॥

ਸਿਮਰਹਿ ਨਾਹੀ ਜੋਨਿ ਦੁਖ ਨਿਰਲਜੇ ਭਾਂਡ ॥੨॥ (815-14)
सिमरहि नाही जोनि दुख निरलजे भांड ॥२॥

ਹਰਿ ਸੰਗਿ ਸਹਾਈ ਮਹਾ ਮੀਤੁ ਤਿਸ ਸਿਉ ਤੇਰਾ ਭੇਦੁ ॥ (815-14)
हरि संगि सहाई महा मीतु तिस सिउ तेरा भेदु ॥

ਬੀਧਾ ਪੰਚ ਬਟਵਾਰਈ ਉਪਜਿਓ ਮਹਾ ਖੇਦੁ ॥੩॥ (815-15)
बीधा पंच बटवारई उपजिओ महा खेदु ॥३॥

ਨਾਨਕ ਤਿਨ ਸੰਤਨ ਸਰਣਾਗਤੀ ਜਿਨ ਮਨੁ ਵਸਿ ਕੀਨਾ ॥ (815-15)
नानक तिन संतन सरणागती जिन मनु वसि कीना ॥

ਤਨੁ ਧਨੁ ਸਰਬਸੁ ਆਪਣਾ ਪ੍ਰਭਿ ਜਨ ਕਉ ਦੀਨ੍ਹ੍ਹਾ ॥੪॥੨੮॥੫੮॥ (815-16)
तनु धनु सरबसु आपणा प्रभि जन कउ दीन्हा ॥४॥२८॥५८॥

ਬਿਲਾਵਲੁ ਮਹਲਾ ੫ ॥ (815-16)
बिलावलु महला ५ ॥

ਉਦਮੁ ਕਰਤ ਆਨਦੁ ਭਇਆ ਸਿਮਰਤ ਸੁਖ ਸਾਰੁ ॥ (815-17)
उदमु करत आनदु भइआ सिमरत सुख सारु ॥

ਜਪਿ ਜਪਿ ਨਾਮੁ ਗੋਬਿੰਦ ਕਾ ਪੂਰਨ ਬੀਚਾਰੁ ॥੧॥ (815-17)
जपि जपि नामु गोबिंद का पूरन बीचारु ॥१॥

ਚਰਨ ਕਮਲ ਗੁਰ ਕੇ ਜਪਤ ਹਰਿ ਜਪਿ ਹਉ ਜੀਵਾ ॥ (815-18)
चरन कमल गुर के जपत हरि जपि हउ जीवा ॥

ਪਾਰਬ੍ਰਹਮੁ ਆਰਾਧਤੇ ਮੁਖਿ ਅੰਮ੍ਰਿਤੁ ਪੀਵਾ ॥੧॥ ਰਹਾਉ ॥ (815-18)
पारब्रहमु आराधते मुखि अमृतु पीवा ॥१॥ रहाउ ॥

ਜੀਅ ਜੰਤ ਸਭਿ ਸੁਖਿ ਬਸੇ ਸਭ ਕੈ ਮਨਿ ਲੋਚ ॥ (815-19)
जीअ जंत सभि सुखि बसे सभ कै मनि लोच ॥

ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ ॥੨॥ (815-19)
परउपकारु नित चितवते नाही कछु पोच ॥२॥

ਧੰਨੁ ਸੁ ਥਾਨੁ ਬਸੰਤ ਧੰਨੁ ਜਹ ਜਪੀਐ ਨਾਮੁ ॥ (816-1)
धंनु सु थानु बसंत धंनु जह जपीऐ नामु ॥

ਕਥਾ ਕੀਰਤਨੁ ਹਰਿ ਅਤਿ ਘਨਾ ਸੁਖ ਸਹਜ ਬਿਸ੍ਰਾਮੁ ॥੩॥ (816-1)
कथा कीरतनु हरि अति घना सुख सहज बिस्रामु ॥३॥

ਮਨ ਤੇ ਕਦੇ ਨ ਵੀਸਰੈ ਅਨਾਥ ਕੋ ਨਾਥ ॥ (816-2)
मन ते कदे न वीसरै अनाथ को नाथ ॥

ਨਾਨਕ ਪ੍ਰਭ ਸਰਣਾਗਤੀ ਜਾ ਕੈ ਸਭੁ ਕਿਛੁ ਹਾਥ ॥੪॥੨੯॥੫੯॥ (816-2)
नानक प्रभ सरणागती जा कै सभु किछु हाथ ॥४॥२९॥५९॥

ਬਿਲਾਵਲੁ ਮਹਲਾ ੫ ॥ (816-3)
बिलावलु महला ५ ॥

ਜਿਨਿ ਤੂ ਬੰਧਿ ਕਰਿ ਛੋਡਿਆ ਫੁਨਿ ਸੁਖ ਮਹਿ ਪਾਇਆ ॥ (816-3)
जिनि तू बंधि करि छोडिआ फुनि सुख महि पाइआ ॥

ਸਦਾ ਸਿਮਰਿ ਚਰਣਾਰਬਿੰਦ ਸੀਤਲ ਹੋਤਾਇਆ ॥੧॥ (816-3)
सदा सिमरि चरणारबिंद सीतल होताइआ ॥१॥

ਜੀਵਤਿਆ ਅਥਵਾ ਮੁਇਆ ਕਿਛੁ ਕਾਮਿ ਨ ਆਵੈ ॥ (816-4)
जीवतिआ अथवा मुइआ किछु कामि न आवै ॥

ਜਿਨਿ ਏਹੁ ਰਚਨੁ ਰਚਾਇਆ ਕੋਊ ਤਿਸ ਸਿਉ ਰੰਗੁ ਲਾਵੈ ॥੧॥ ਰਹਾਉ ॥ (816-4)
जिनि एहु रचनु रचाइआ कोऊ तिस सिउ रंगु लावै ॥१॥ रहाउ ॥

ਰੇ ਪ੍ਰਾਣੀ ਉਸਨ ਸੀਤ ਕਰਤਾ ਕਰੈ ਘਾਮ ਤੇ ਕਾਢੈ ॥ (816-5)
रे प्राणी उसन सीत करता करै घाम ते काढै ॥

ਕੀਰੀ ਤੇ ਹਸਤੀ ਕਰੈ ਟੂਟਾ ਲੇ ਗਾਢੈ ॥੨॥ (816-5)
कीरी ते हसती करै टूटा ले गाढै ॥२॥

ਅੰਡਜ ਜੇਰਜ ਸੇਤਜ ਉਤਭੁਜਾ ਪ੍ਰਭ ਕੀ ਇਹ ਕਿਰਤਿ ॥ (816-6)
अंडज जेरज सेतज उतभुजा प्रभ की इह किरति ॥

ਕਿਰਤ ਕਮਾਵਨ ਸਰਬ ਫਲ ਰਵੀਐ ਹਰਿ ਨਿਰਤਿ ॥੩॥ (816-6)
किरत कमावन सरब फल रवीऐ हरि निरति ॥३॥

ਹਮ ਤੇ ਕਛੂ ਨ ਹੋਵਨਾ ਸਰਣਿ ਪ੍ਰਭ ਸਾਧ ॥ (816-7)
हम ते कछू न होवना सरणि प्रभ साध ॥

ਮੋਹ ਮਗਨ ਕੂਪ ਅੰਧ ਤੇ ਨਾਨਕ ਗੁਰ ਕਾਢ ॥੪॥੩੦॥੬੦॥ (816-7)
मोह मगन कूप अंध ते नानक गुर काढ ॥४॥३०॥६०॥

ਬਿਲਾਵਲੁ ਮਹਲਾ ੫ ॥ (816-8)
बिलावलु महला ५ ॥

ਖੋਜਤ ਖੋਜਤ ਮੈ ਫਿਰਾ ਖੋਜਉ ਬਨ ਥਾਨ ॥ (816-8)
खोजत खोजत मै फिरा खोजउ बन थान ॥

ਅਛਲ ਅਛੇਦ ਅਭੇਦ ਪ੍ਰਭ ਐਸੇ ਭਗਵਾਨ ॥੧॥ (816-8)
अछल अछेद अभेद प्रभ ऐसे भगवान ॥१॥

ਕਬ ਦੇਖਉ ਪ੍ਰਭੁ ਆਪਨਾ ਆਤਮ ਕੈ ਰੰਗਿ ॥ (816-9)
कब देखउ प्रभु आपना आतम कै रंगि ॥

ਜਾਗਨ ਤੇ ਸੁਪਨਾ ਭਲਾ ਬਸੀਐ ਪ੍ਰਭ ਸੰਗਿ ॥੧॥ ਰਹਾਉ ॥ (816-9)
जागन ते सुपना भला बसीऐ प्रभ संगि ॥१॥ रहाउ ॥

ਬਰਨ ਆਸ੍ਰਮ ਸਾਸਤ੍ਰ ਸੁਨਉ ਦਰਸਨ ਕੀ ਪਿਆਸ ॥ (816-10)
बरन आस्रम सासत्र सुनउ दरसन की पिआस ॥

ਰੂਪੁ ਨ ਰੇਖ ਨ ਪੰਚ ਤਤ ਠਾਕੁਰ ਅਬਿਨਾਸ ॥੨॥ (816-10)
रूपु न रेख न पंच तत ठाकुर अबिनास ॥२॥

ਓਹੁ ਸਰੂਪੁ ਸੰਤਨ ਕਹਹਿ ਵਿਰਲੇ ਜੋਗੀਸੁਰ ॥ (816-11)
ओहु सरूपु संतन कहहि विरले जोगीसुर ॥

ਕਰਿ ਕਿਰਪਾ ਜਾ ਕਉ ਮਿਲੇ ਧਨਿ ਧਨਿ ਤੇ ਈਸੁਰ ॥੩॥ (816-11)
करि किरपा जा कउ मिले धनि धनि ते ईसुर ॥३॥

ਸੋ ਅੰਤਰਿ ਸੋ ਬਾਹਰੇ ਬਿਨਸੇ ਤਹ ਭਰਮਾ ॥ (816-12)
सो अंतरि सो बाहरे बिनसे तह भरमा ॥

ਨਾਨਕ ਤਿਸੁ ਪ੍ਰਭੁ ਭੇਟਿਆ ਜਾ ਕੇ ਪੂਰਨ ਕਰਮਾ ॥੪॥੩੧॥੬੧॥ (816-12)
नानक तिसु प्रभु भेटिआ जा के पूरन करमा ॥४॥३१॥६१॥

ਬਿਲਾਵਲੁ ਮਹਲਾ ੫ ॥ (816-13)
बिलावलु महला ५ ॥

ਜੀਅ ਜੰਤ ਸੁਪ੍ਰਸੰਨ ਭਏ ਦੇਖਿ ਪ੍ਰਭ ਪਰਤਾਪ ॥ (816-13)
जीअ जंत सुप्रसंन भए देखि प्रभ परताप ॥

ਕਰਜੁ ਉਤਾਰਿਆ ਸਤਿਗੁਰੂ ਕਰਿ ਆਹਰੁ ਆਪ ॥੧॥ (816-13)
करजु उतारिआ सतिगुरू करि आहरु आप ॥१॥

ਖਾਤ ਖਰਚਤ ਨਿਬਹਤ ਰਹੈ ਗੁਰ ਸਬਦੁ ਅਖੂਟ ॥ (816-14)
खात खरचत निबहत रहै गुर सबदु अखूट ॥

ਪੂਰਨ ਭਈ ਸਮਗਰੀ ਕਬਹੂ ਨਹੀ ਤੂਟ ॥੧॥ ਰਹਾਉ ॥ (816-14)
पूरन भई समगरी कबहू नही तूट ॥१॥ रहाउ ॥

ਸਾਧਸੰਗਿ ਆਰਾਧਨਾ ਹਰਿ ਨਿਧਿ ਆਪਾਰ ॥ (816-15)
साधसंगि आराधना हरि निधि आपार ॥

ਧਰਮ ਅਰਥ ਅਰੁ ਕਾਮ ਮੋਖ ਦੇਤੇ ਨਹੀ ਬਾਰ ॥੨॥ (816-15)
धरम अरथ अरु काम मोख देते नही बार ॥२॥

ਭਗਤ ਅਰਾਧਹਿ ਏਕ ਰੰਗਿ ਗੋਬਿੰਦ ਗੁਪਾਲ ॥ (816-16)
भगत अराधहि एक रंगि गोबिंद गुपाल ॥

ਰਾਮ ਨਾਮ ਧਨੁ ਸੰਚਿਆ ਜਾ ਕਾ ਨਹੀ ਸੁਮਾਰੁ ॥੩॥ (816-16)
राम नाम धनु संचिआ जा का नही सुमारु ॥३॥

ਸਰਨਿ ਪਰੇ ਪ੍ਰਭ ਤੇਰੀਆ ਪ੍ਰਭ ਕੀ ਵਡਿਆਈ ॥ (816-17)
सरनि परे प्रभ तेरीआ प्रभ की वडिआई ॥

ਨਾਨਕ ਅੰਤੁ ਨ ਪਾਈਐ ਬੇਅੰਤ ਗੁਸਾਈ ॥੪॥੩੨॥੬੨॥ (816-17)
नानक अंतु न पाईऐ बेअंत गुसाई ॥४॥३२॥६२॥

ਬਿਲਾਵਲੁ ਮਹਲਾ ੫ ॥ (816-18)
बिलावलु महला ५ ॥

ਸਿਮਰਿ ਸਿਮਰਿ ਪੂਰਨ ਪ੍ਰਭੂ ਕਾਰਜ ਭਏ ਰਾਸਿ ॥ (816-18)
सिमरि सिमरि पूरन प्रभू कारज भए रासि ॥

ਕਰਤਾਰ ਪੁਰਿ ਕਰਤਾ ਵਸੈ ਸੰਤਨ ਕੈ ਪਾਸਿ ॥੧॥ ਰਹਾਉ ॥ (816-18)
करतार पुरि करता वसै संतन कै पासि ॥१॥ रहाउ ॥

ਬਿਘਨੁ ਨ ਕੋਊ ਲਾਗਤਾ ਗੁਰ ਪਹਿ ਅਰਦਾਸਿ ॥ (816-19)
बिघनु न कोऊ लागता गुर पहि अरदासि ॥

ਰਖਵਾਲਾ ਗੋਬਿੰਦ ਰਾਇ ਭਗਤਨ ਕੀ ਰਾਸਿ ॥੧॥ (816-19)
रखवाला गोबिंद राइ भगतन की रासि ॥१॥

ਤੋਟਿ ਨ ਆਵੈ ਕਦੇ ਮੂਲਿ ਪੂਰਨ ਭੰਡਾਰ ॥ (817-1)
तोटि न आवै कदे मूलि पूरन भंडार ॥

ਚਰਨ ਕਮਲ ਮਨਿ ਤਨਿ ਬਸੇ ਪ੍ਰਭ ਅਗਮ ਅਪਾਰ ॥੨॥ (817-1)
चरन कमल मनि तनि बसे प्रभ अगम अपार ॥२॥

ਬਸਤ ਕਮਾਵਤ ਸਭਿ ਸੁਖੀ ਕਿਛੁ ਊਨ ਨ ਦੀਸੈ ॥ (817-2)
बसत कमावत सभि सुखी किछु ऊन न दीसै ॥

ਸੰਤ ਪ੍ਰਸਾਦਿ ਭੇਟੇ ਪ੍ਰਭੂ ਪੂਰਨ ਜਗਦੀਸੈ ॥੩॥ (817-2)
संत प्रसादि भेटे प्रभू पूरन जगदीसै ॥३॥

ਜੈ ਜੈ ਕਾਰੁ ਸਭੈ ਕਰਹਿ ਸਚੁ ਥਾਨੁ ਸੁਹਾਇਆ ॥ (817-3)
जै जै कारु सभै करहि सचु थानु सुहाइआ ॥

ਜਪਿ ਨਾਨਕ ਨਾਮੁ ਨਿਧਾਨ ਸੁਖ ਪੂਰਾ ਗੁਰੁ ਪਾਇਆ ॥੪॥੩੩॥੬੩॥ (817-3)
जपि नानक नामु निधान सुख पूरा गुरु पाइआ ॥४॥३३॥६३॥

ਬਿਲਾਵਲੁ ਮਹਲਾ ੫ ॥ (817-4)
बिलावलु महला ५ ॥

ਹਰਿ ਹਰਿ ਹਰਿ ਆਰਾਧੀਐ ਹੋਈਐ ਆਰੋਗ ॥ (817-4)
हरि हरि हरि आराधीऐ होईऐ आरोग ॥

ਰਾਮਚੰਦ ਕੀ ਲਸਟਿਕਾ ਜਿਨਿ ਮਾਰਿਆ ਰੋਗੁ ॥੧॥ ਰਹਾਉ ॥ (817-4)
रामचंद की लसटिका जिनि मारिआ रोगु ॥१॥ रहाउ ॥

ਗੁਰੁ ਪੂਰਾ ਹਰਿ ਜਾਪੀਐ ਨਿਤ ਕੀਚੈ ਭੋਗੁ ॥ (817-5)
गुरु पूरा हरि जापीऐ नित कीचै भोगु ॥

ਸਾਧਸੰਗਤਿ ਕੈ ਵਾਰਣੈ ਮਿਲਿਆ ਸੰਜੋਗੁ ॥੧॥ (817-5)
साधसंगति कै वारणै मिलिआ संजोगु ॥१॥

ਜਿਸੁ ਸਿਮਰਤ ਸੁਖੁ ਪਾਈਐ ਬਿਨਸੈ ਬਿਓਗੁ ॥ (817-6)
जिसु सिमरत सुखु पाईऐ बिनसै बिओगु ॥

ਨਾਨਕ ਪ੍ਰਭ ਸਰਣਾਗਤੀ ਕਰਣ ਕਾਰਣ ਜੋਗੁ ॥੨॥੩੪॥੬੪॥ (817-6)
नानक प्रभ सरणागती करण कारण जोगु ॥२॥३४॥६४॥

ਰਾਗੁ ਬਿਲਾਵਲੁ ਮਹਲਾ ੫ ਦੁਪਦੇ ਘਰੁ ੫ (817-8)
रागु बिलावलु महला ५ दुपदे घरु ५

ੴ ਸਤਿਗੁਰ ਪ੍ਰਸਾਦਿ ॥ (817-8)
ੴ सतिगुर प्रसादि ॥

ਅਵਰਿ ਉਪਾਵ ਸਭਿ ਤਿਆਗਿਆ ਦਾਰੂ ਨਾਮੁ ਲਇਆ ॥ (817-9)
अवरि उपाव सभि तिआगिआ दारू नामु लइआ ॥

ਤਾਪ ਪਾਪ ਸਭਿ ਮਿਟੇ ਰੋਗ ਸੀਤਲ ਮਨੁ ਭਇਆ ॥੧॥ (817-9)
ताप पाप सभि मिटे रोग सीतल मनु भइआ ॥१॥

ਗੁਰੁ ਪੂਰਾ ਆਰਾਧਿਆ ਸਗਲਾ ਦੁਖੁ ਗਇਆ ॥ (817-10)
गुरु पूरा आराधिआ सगला दुखु गइआ ॥

ਰਾਖਨਹਾਰੈ ਰਾਖਿਆ ਅਪਨੀ ਕਰਿ ਮਇਆ ॥੧॥ ਰਹਾਉ ॥ (817-10)
राखनहारै राखिआ अपनी करि मइआ ॥१॥ रहाउ ॥

ਬਾਹ ਪਕੜਿ ਪ੍ਰਭਿ ਕਾਢਿਆ ਕੀਨਾ ਅਪਨਇਆ ॥ (817-11)
बाह पकड़ि प्रभि काढिआ कीना अपनइआ ॥

ਸਿਮਰਿ ਸਿਮਰਿ ਮਨ ਤਨ ਸੁਖੀ ਨਾਨਕ ਨਿਰਭਇਆ ॥੨॥੧॥੬੫॥ (817-11)
सिमरि सिमरि मन तन सुखी नानक निरभइआ ॥२॥१॥६५॥

ਬਿਲਾਵਲੁ ਮਹਲਾ ੫ ॥ (817-12)
बिलावलु महला ५ ॥

ਕਰੁ ਧਰਿ ਮਸਤਕਿ ਥਾਪਿਆ ਨਾਮੁ ਦੀਨੋ ਦਾਨਿ ॥ (817-12)
करु धरि मसतकि थापिआ नामु दीनो दानि ॥

ਸਫਲ ਸੇਵਾ ਪਾਰਬ੍ਰਹਮ ਕੀ ਤਾ ਕੀ ਨਹੀ ਹਾਨਿ ॥੧॥ (817-13)
सफल सेवा पारब्रहम की ता की नही हानि ॥१॥

ਆਪੇ ਹੀ ਪ੍ਰਭੁ ਰਾਖਤਾ ਭਗਤਨ ਕੀ ਆਨਿ ॥ (817-13)
आपे ही प्रभु राखता भगतन की आनि ॥

ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ ॥੧॥ ਰਹਾਉ ॥ (817-13)
जो जो चितवहि साध जन सो लेता मानि ॥१॥ रहाउ ॥

ਸਰਣਿ ਪਰੇ ਚਰਣਾਰਬਿੰਦ ਜਨ ਪ੍ਰਭ ਕੇ ਪ੍ਰਾਨ ॥ (817-14)
सरणि परे चरणारबिंद जन प्रभ के प्रान ॥

ਸਹਜਿ ਸੁਭਾਇ ਨਾਨਕ ਮਿਲੇ ਜੋਤੀ ਜੋਤਿ ਸਮਾਨ ॥੨॥੨॥੬੬॥ (817-14)
सहजि सुभाइ नानक मिले जोती जोति समान ॥२॥२॥६६॥

ਬਿਲਾਵਲੁ ਮਹਲਾ ੫ ॥ (817-15)
बिलावलु महला ५ ॥

ਚਰਣ ਕਮਲ ਕਾ ਆਸਰਾ ਦੀਨੋ ਪ੍ਰਭਿ ਆਪਿ ॥ (817-15)
चरण कमल का आसरा दीनो प्रभि आपि ॥

ਪ੍ਰਭ ਸਰਣਾਗਤਿ ਜਨ ਪਰੇ ਤਾ ਕਾ ਸਦ ਪਰਤਾਪੁ ॥੧॥ (817-16)
प्रभ सरणागति जन परे ता का सद परतापु ॥१॥

ਰਾਖਨਹਾਰ ਅਪਾਰ ਪ੍ਰਭ ਤਾ ਕੀ ਨਿਰਮਲ ਸੇਵ ॥ (817-16)
राखनहार अपार प्रभ ता की निरमल सेव ॥

ਰਾਮ ਰਾਜ ਰਾਮਦਾਸ ਪੁਰਿ ਕੀਨ੍ਹੇ ਗੁਰਦੇਵ ॥੧॥ ਰਹਾਉ ॥ (817-17)
राम राज रामदास पुरि कीन्हे गुरदेव ॥१॥ रहाउ ॥

ਸਦਾ ਸਦਾ ਹਰਿ ਧਿਆਈਐ ਕਿਛੁ ਬਿਘਨੁ ਨ ਲਾਗੈ ॥ (817-17)
सदा सदा हरि धिआईऐ किछु बिघनु न लागै ॥

ਨਾਨਕ ਨਾਮੁ ਸਲਾਹੀਐ ਭਇ ਦੁਸਮਨ ਭਾਗੈ ॥੨॥੩॥੬੭॥ (817-18)
नानक नामु सलाहीऐ भइ दुसमन भागै ॥२॥३॥६७॥

ਬਿਲਾਵਲੁ ਮਹਲਾ ੫ ॥ (817-18)
बिलावलु महला ५ ॥

ਮਨਿ ਤਨਿ ਪ੍ਰਭੁ ਆਰਾਧੀਐ ਮਿਲਿ ਸਾਧ ਸਮਾਗੈ ॥ (817-19)
मनि तनि प्रभु आराधीऐ मिलि साध समागै ॥

ਉਚਰਤ ਗੁਨ ਗੋਪਾਲ ਜਸੁ ਦੂਰ ਤੇ ਜਮੁ ਭਾਗੈ ॥੧॥ (817-19)
उचरत गुन गोपाल जसु दूर ते जमु भागै ॥१॥

ਰਾਮ ਨਾਮੁ ਜੋ ਜਨੁ ਜਪੈ ਅਨਦਿਨੁ ਸਦ ਜਾਗੈ ॥ (817-19)
राम नामु जो जनु जपै अनदिनु सद जागै ॥

ਤੰਤੁ ਮੰਤੁ ਨਹ ਜੋਹਈ ਤਿਤੁ ਚਾਖੁ ਨ ਲਾਗੈ ॥੧॥ ਰਹਾਉ ॥ (818-1)
तंतु मंतु नह जोहई तितु चाखु न लागै ॥१॥ रहाउ ॥

ਕਾਮ ਕ੍ਰੋਧ ਮਦ ਮਾਨ ਮੋਹ ਬਿਨਸੇ ਅਨਰਾਗੈ ॥ (818-1)
काम क्रोध मद मान मोह बिनसे अनरागै ॥

ਆਨੰਦ ਮਗਨ ਰਸਿ ਰਾਮ ਰੰਗਿ ਨਾਨਕ ਸਰਨਾਗੈ ॥੨॥੪॥੬੮॥ (818-2)
आनंद मगन रसि राम रंगि नानक सरनागै ॥२॥४॥६८॥

ਬਿਲਾਵਲੁ ਮਹਲਾ ੫ ॥ (818-3)
बिलावलु महला ५ ॥

ਜੀਅ ਜੁਗਤਿ ਵਸਿ ਪ੍ਰਭੂ ਕੈ ਜੋ ਕਹੈ ਸੁ ਕਰਨਾ ॥ (818-3)
जीअ जुगति वसि प्रभू कै जो कहै सु करना ॥

ਭਏ ਪ੍ਰਸੰਨ ਗੋਪਾਲ ਰਾਇ ਭਉ ਕਿਛੁ ਨਹੀ ਕਰਨਾ ॥੧॥ (818-3)
भए प्रसंन गोपाल राइ भउ किछु नही करना ॥१॥

ਦੂਖੁ ਨ ਲਾਗੈ ਕਦੇ ਤੁਧੁ ਪਾਰਬ੍ਰਹਮੁ ਚਿਤਾਰੇ ॥ (818-4)
दूखु न लागै कदे तुधु पारब्रहमु चितारे ॥

ਜਮਕੰਕਰੁ ਨੇੜਿ ਨ ਆਵਈ ਗੁਰਸਿਖ ਪਿਆਰੇ ॥੧॥ ਰਹਾਉ ॥ (818-4)
जमकंकरु नेड़ि न आवई गुरसिख पिआरे ॥१॥ रहाउ ॥

ਕਰਣ ਕਾਰਣ ਸਮਰਥੁ ਹੈ ਤਿਸੁ ਬਿਨੁ ਨਹੀ ਹੋਰੁ ॥ (818-5)
करण कारण समरथु है तिसु बिनु नही होरु ॥

ਨਾਨਕ ਪ੍ਰਭ ਸਰਣਾਗਤੀ ਸਾਚਾ ਮਨਿ ਜੋਰੁ ॥੨॥੫॥੬੯॥ (818-5)
नानक प्रभ सरणागती साचा मनि जोरु ॥२॥५॥६९॥

ਬਿਲਾਵਲੁ ਮਹਲਾ ੫ ॥ (818-6)
बिलावलु महला ५ ॥

ਸਿਮਰਿ ਸਿਮਰਿ ਪ੍ਰਭੁ ਆਪਨਾ ਨਾਠਾ ਦੁਖ ਠਾਉ ॥ (818-6)
सिमरि सिमरि प्रभु आपना नाठा दुख ठाउ ॥

ਬਿਸ੍ਰਾਮ ਪਾਏ ਮਿਲਿ ਸਾਧਸੰਗਿ ਤਾ ਤੇ ਬਹੁੜਿ ਨ ਧਾਉ ॥੧॥ (818-6)
बिस्राम पाए मिलि साधसंगि ता ते बहुड़ि न धाउ ॥१॥

ਬਲਿਹਾਰੀ ਗੁਰ ਆਪਨੇ ਚਰਨਨ੍ਹ੍ਹ ਬਲਿ ਜਾਉ ॥ (818-7)
बलिहारी गुर आपने चरनन्ह बलि जाउ ॥

ਅਨਦ ਸੂਖ ਮੰਗਲ ਬਨੇ ਪੇਖਤ ਗੁਨ ਗਾਉ ॥੧॥ ਰਹਾਉ ॥ (818-7)
अनद सूख मंगल बने पेखत गुन गाउ ॥१॥ रहाउ ॥

ਕਥਾ ਕੀਰਤਨੁ ਰਾਗ ਨਾਦ ਧੁਨਿ ਇਹੁ ਬਨਿਓ ਸੁਆਉ ॥ (818-8)
कथा कीरतनु राग नाद धुनि इहु बनिओ सुआउ ॥

ਨਾਨਕ ਪ੍ਰਭ ਸੁਪ੍ਰਸੰਨ ਭਏ ਬਾਂਛਤ ਫਲ ਪਾਉ ॥੨॥੬॥੭੦॥ (818-8)
नानक प्रभ सुप्रसंन भए बांछत फल पाउ ॥२॥६॥७०॥

ਬਿਲਾਵਲੁ ਮਹਲਾ ੫ ॥ (818-9)
बिलावलु महला ५ ॥

ਦਾਸ ਤੇਰੇ ਕੀ ਬੇਨਤੀ ਰਿਦ ਕਰਿ ਪਰਗਾਸੁ ॥ (818-9)
दास तेरे की बेनती रिद करि परगासु ॥

ਤੁਮ੍ਹ੍ਹਰੀ ਕ੍ਰਿਪਾ ਤੇ ਪਾਰਬ੍ਰਹਮ ਦੋਖਨ ਕੋ ਨਾਸੁ ॥੧॥ (818-10)
तुम्हरी क्रिपा ते पारब्रहम दोखन को नासु ॥१॥

ਚਰਨ ਕਮਲ ਕਾ ਆਸਰਾ ਪ੍ਰਭ ਪੁਰਖ ਗੁਣਤਾਸੁ ॥ (818-10)
चरन कमल का आसरा प्रभ पुरख गुणतासु ॥

ਕੀਰਤਨ ਨਾਮੁ ਸਿਮਰਤ ਰਹਉ ਜਬ ਲਗੁ ਘਟਿ ਸਾਸੁ ॥੧॥ ਰਹਾਉ ॥ (818-10)
कीरतन नामु सिमरत रहउ जब लगु घटि सासु ॥१॥ रहाउ ॥

ਮਾਤ ਪਿਤਾ ਬੰਧਪ ਤੂਹੈ ਤੂ ਸਰਬ ਨਿਵਾਸੁ ॥ (818-11)
मात पिता बंधप तूहै तू सरब निवासु ॥

ਨਾਨਕ ਪ੍ਰਭ ਸਰਣਾਗਤੀ ਜਾ ਕੋ ਨਿਰਮਲ ਜਾਸੁ ॥੨॥੭॥੭੧॥ (818-11)
नानक प्रभ सरणागती जा को निरमल जासु ॥२॥७॥७१॥

ਬਿਲਾਵਲੁ ਮਹਲਾ ੫ ॥ (818-12)
बिलावलु महला ५ ॥

ਸਰਬ ਸਿਧਿ ਹਰਿ ਗਾਈਐ ਸਭਿ ਭਲਾ ਮਨਾਵਹਿ ॥ (818-12)
सरब सिधि हरि गाईऐ सभि भला मनावहि ॥

ਸਾਧੁ ਸਾਧੁ ਮੁਖ ਤੇ ਕਹਹਿ ਸੁਣਿ ਦਾਸ ਮਿਲਾਵਹਿ ॥੧॥ (818-13)
साधु साधु मुख ते कहहि सुणि दास मिलावहि ॥१॥

ਸੂਖ ਸਹਜ ਕਲਿਆਣ ਰਸ ਪੂਰੈ ਗੁਰਿ ਕੀਨ੍ ॥ (818-13)
सूख सहज कलिआण रस पूरै गुरि कीन्ह ॥

ਜੀਅ ਸਗਲ ਦਇਆਲ ਭਏ ਹਰਿ ਹਰਿ ਨਾਮੁ ਚੀਨ੍ ॥੧॥ ਰਹਾਉ ॥ (818-14)
जीअ सगल दइआल भए हरि हरि नामु चीन्ह ॥१॥ रहाउ ॥

ਪੂਰਿ ਰਹਿਓ ਸਰਬਤ੍ਰ ਮਹਿ ਪ੍ਰਭ ਗੁਣੀ ਗਹੀਰ ॥ (818-14)
पूरि रहिओ सरबत्र महि प्रभ गुणी गहीर ॥

ਨਾਨਕ ਭਗਤ ਆਨੰਦ ਮੈ ਪੇਖਿ ਪ੍ਰਭ ਕੀ ਧੀਰ ॥੨॥੮॥੭੨॥ (818-15)
नानक भगत आनंद मै पेखि प्रभ की धीर ॥२॥८॥७२॥

ਬਿਲਾਵਲੁ ਮਹਲਾ ੫ ॥ (818-15)
बिलावलु महला ५ ॥

ਅਰਦਾਸਿ ਸੁਣੀ ਦਾਤਾਰਿ ਪ੍ਰਭਿ ਹੋਏ ਕਿਰਪਾਲ ॥ (818-16)
अरदासि सुणी दातारि प्रभि होए किरपाल ॥

ਰਾਖਿ ਲੀਆ ਅਪਨਾ ਸੇਵਕੋ ਮੁਖਿ ਨਿੰਦਕ ਛਾਰੁ ॥੧॥ (818-16)
राखि लीआ अपना सेवको मुखि निंदक छारु ॥१॥

ਤੁਝਹਿ ਨ ਜੋਹੈ ਕੋ ਮੀਤ ਜਨ ਤੂੰ ਗੁਰ ਕਾ ਦਾਸ ॥ (818-16)
तुझहि न जोहै को मीत जन तूं गुर का दास ॥

ਪਾਰਬ੍ਰਹਮਿ ਤੂ ਰਾਖਿਆ ਦੇ ਅਪਨੇ ਹਾਥ ॥੧॥ ਰਹਾਉ ॥ (818-17)
पारब्रहमि तू राखिआ दे अपने हाथ ॥१॥ रहाउ ॥

ਜੀਅਨ ਕਾ ਦਾਤਾ ਏਕੁ ਹੈ ਬੀਆ ਨਹੀ ਹੋਰੁ ॥ (818-17)
जीअन का दाता एकु है बीआ नही होरु ॥

ਨਾਨਕ ਕੀ ਬੇਨੰਤੀਆ ਮੈ ਤੇਰਾ ਜੋਰੁ ॥੨॥੯॥੭੩॥ (818-18)
नानक की बेनंतीआ मै तेरा जोरु ॥२॥९॥७३॥

ਬਿਲਾਵਲੁ ਮਹਲਾ ੫ ॥ (818-18)
बिलावलु महला ५ ॥

ਮੀਤ ਹਮਾਰੇ ਸਾਜਨਾ ਰਾਖੇ ਗੋਵਿੰਦ ॥ (818-19)
मीत हमारे साजना राखे गोविंद ॥

ਨਿੰਦਕ ਮਿਰਤਕ ਹੋਇ ਗਏ ਤੁਮ੍ਹ੍ਹ ਹੋਹੁ ਨਿਚਿੰਦ ॥੧॥ ਰਹਾਉ ॥ (818-19)
निंदक मिरतक होइ गए तुम्ह होहु निचिंद ॥१॥ रहाउ ॥

ਸਗਲ ਮਨੋਰਥ ਪ੍ਰਭਿ ਕੀਏ ਭੇਟੇ ਗੁਰਦੇਵ ॥ (818-19)
सगल मनोरथ प्रभि कीए भेटे गुरदेव ॥

ਜੈ ਜੈ ਕਾਰੁ ਜਗਤ ਮਹਿ ਸਫਲ ਜਾ ਕੀ ਸੇਵ ॥੧॥ (819-1)
जै जै कारु जगत महि सफल जा की सेव ॥१॥

ਊਚ ਅਪਾਰ ਅਗਨਤ ਹਰਿ ਸਭਿ ਜੀਅ ਜਿਸੁ ਹਾਥਿ ॥ (819-1)
ऊच अपार अगनत हरि सभि जीअ जिसु हाथि ॥

ਨਾਨਕ ਪ੍ਰਭ ਸਰਣਾਗਤੀ ਜਤ ਕਤ ਮੇਰੈ ਸਾਥਿ ॥੨॥੧੦॥੭੪॥ (819-2)
नानक प्रभ सरणागती जत कत मेरै साथि ॥२॥१०॥७४॥

ਬਿਲਾਵਲੁ ਮਹਲਾ ੫ ॥ (819-2)
बिलावलु महला ५ ॥

ਗੁਰੁ ਪੂਰਾ ਆਰਾਧਿਆ ਹੋਏ ਕਿਰਪਾਲ ॥ (819-3)
गुरु पूरा आराधिआ होए किरपाल ॥

ਮਾਰਗੁ ਸੰਤਿ ਬਤਾਇਆ ਤੂਟੇ ਜਮ ਜਾਲ ॥੧॥ (819-3)
मारगु संति बताइआ तूटे जम जाल ॥१॥

ਦੂਖ ਭੂਖ ਸੰਸਾ ਮਿਟਿਆ ਗਾਵਤ ਪ੍ਰਭ ਨਾਮ ॥ (819-3)
दूख भूख संसा मिटिआ गावत प्रभ नाम ॥

ਸਹਜ ਸੂਖ ਆਨੰਦ ਰਸ ਪੂਰਨ ਸਭਿ ਕਾਮ ॥੧॥ ਰਹਾਉ ॥ (819-4)
सहज सूख आनंद रस पूरन सभि काम ॥१॥ रहाउ ॥

ਜਲਨਿ ਬੁਝੀ ਸੀਤਲ ਭਏ ਰਾਖੇ ਪ੍ਰਭਿ ਆਪ ॥ (819-4)
जलनि बुझी सीतल भए राखे प्रभि आप ॥

ਨਾਨਕ ਪ੍ਰਭ ਸਰਣਾਗਤੀ ਜਾ ਕਾ ਵਡ ਪਰਤਾਪੁ ॥੨॥੧੧॥੭੫॥ (819-5)
नानक प्रभ सरणागती जा का वड परताप ॥२॥११॥७५॥

ਬਿਲਾਵਲੁ ਮਹਲਾ ੫ ॥ (819-6)
बिलावलु महला ५ ॥

ਧਰਤਿ ਸੁਹਾਵੀ ਸਫਲ ਥਾਨੁ ਪੂਰਨ ਭਏ ਕਾਮ ॥ (819-6)
धरति सुहावी सफल थानु पूरन भए काम ॥

ਭਉ ਨਾਠਾ ਭ੍ਰਮੁ ਮਿਟਿ ਗਇਆ ਰਵਿਆ ਨਿਤ ਰਾਮ ॥੧॥ (819-6)
भउ नाठा भ्रमु मिटि गइआ रविआ नित राम ॥१॥

ਸਾਧ ਜਨਾ ਕੈ ਸੰਗਿ ਬਸਤ ਸੁਖ ਸਹਜ ਬਿਸ੍ਰਾਮ ॥ (819-7)
साध जना कै संगि बसत सुख सहज बिस्राम ॥

ਸਾਈ ਘੜੀ ਸੁਲਖਣੀ ਸਿਮਰਤ ਹਰਿ ਨਾਮ ॥੧॥ ਰਹਾਉ ॥ (819-7)
साई घड़ी सुलखणी सिमरत हरि नाम ॥१॥ रहाउ ॥

ਪ੍ਰਗਟ ਭਏ ਸੰਸਾਰ ਮਹਿ ਫਿਰਤੇ ਪਹਨਾਮ ॥ (819-8)
प्रगट भए संसार महि फिरते पहनाम ॥

ਨਾਨਕ ਤਿਸੁ ਸਰਣਾਗਤੀ ਘਟ ਘਟ ਸਭ ਜਾਨ ॥੨॥੧੨॥੭੬॥ (819-8)
नानक तिसु सरणागती घट घट सभ जान ॥२॥१२॥७६॥

ਬਿਲਾਵਲੁ ਮਹਲਾ ੫ ॥ (819-9)
बिलावलु महला ५ ॥

ਰੋਗੁ ਮਿਟਾਇਆ ਆਪਿ ਪ੍ਰਭਿ ਉਪਜਿਆ ਸੁਖੁ ਸਾਂਤਿ ॥ (819-9)
रोगु मिटाइआ आपि प्रभि उपजिआ सुखु सांति ॥

ਵਡ ਪਰਤਾਪੁ ਅਚਰਜ ਰੂਪੁ ਹਰਿ ਕੀਨ੍ਹੀ ਦਾਤਿ ॥੧॥ (819-10)
वड परतापु अचरज रूपु हरि कीन्ही दाति ॥१॥

ਗੁਰਿ ਗੋਵਿੰਦਿ ਕ੍ਰਿਪਾ ਕਰੀ ਰਾਖਿਆ ਮੇਰਾ ਭਾਈ ॥ (819-10)
गुरि गोविंदि क्रिपा करी राखिआ मेरा भाई ॥

ਹਮ ਤਿਸ ਕੀ ਸਰਣਾਗਤੀ ਜੋ ਸਦਾ ਸਹਾਈ ॥੧॥ ਰਹਾਉ ॥ (819-10)
हम तिस की सरणागती जो सदा सहाई ॥१॥ रहाउ ॥

ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥ (819-11)
बिरथी कदे न होवई जन की अरदासि ॥

ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ ॥੨॥੧੩॥੭੭॥ (819-11)
नानक जोरु गोविंद का पूरन गुणतासि ॥२॥१३॥७७॥

ਬਿਲਾਵਲੁ ਮਹਲਾ ੫ ॥ (819-12)
बिलावलु महला ५ ॥

ਮਰਿ ਮਰਿ ਜਨਮੇ ਜਿਨ ਬਿਸਰਿਆ ਜੀਵਨ ਕਾ ਦਾਤਾ ॥ (819-12)
मरि मरि जनमे जिन बिसरिआ जीवन का दाता ॥

ਪਾਰਬ੍ਰਹਮੁ ਜਨਿ ਸੇਵਿਆ ਅਨਦਿਨੁ ਰੰਗਿ ਰਾਤਾ ॥੧॥ (819-13)
पारब्रहमु जनि सेविआ अनदिनु रंगि राता ॥१॥

ਸਾਂਤਿ ਸਹਜੁ ਆਨਦੁ ਘਨਾ ਪੂਰਨ ਭਈ ਆਸ ॥ (819-13)
सांति सहजु आनदु घना पूरन भई आस ॥

ਸੁਖੁ ਪਾਇਆ ਹਰਿ ਸਾਧਸੰਗਿ ਸਿਮਰਤ ਗੁਣਤਾਸ ॥੧॥ ਰਹਾਉ ॥ (819-14)
सुखु पाइआ हरि साधसंगि सिमरत गुणतास ॥१॥ रहाउ ॥

ਸੁਣਿ ਸੁਆਮੀ ਅਰਦਾਸਿ ਜਨ ਤੁਮ੍ਹ ਅੰਤਰਜਾਮੀ ॥ (819-14)
सुणि सुआमी अरदासि जन तुम्ह अंतरजामी ॥

ਥਾਨ ਥਨੰਤਰਿ ਰਵਿ ਰਹੇ ਨਾਨਕ ਕੇ ਸੁਆਮੀ ॥੨॥੧੪॥੭੮॥ (819-15)
थान थनंतरि रवि रहे नानक के सुआमी ॥२॥१४॥७८॥

ਬਿਲਾਵਲੁ ਮਹਲਾ ੫ ॥ (819-15)
बिलावलु महला ५ ॥

ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ ॥ (819-16)
ताती वाउ न लगई पारब्रहम सरणाई ॥

ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ ॥੧॥ (819-16)
चउगिरद हमारै राम कार दुखु लगै न भाई ॥१॥

ਸਤਿਗੁਰੁ ਪੂਰਾ ਭੇਟਿਆ ਜਿਨਿ ਬਣਤ ਬਣਾਈ ॥ (819-17)
सतिगुरु पूरा भेटिआ जिनि बणत बणाई ॥

ਰਾਮ ਨਾਮੁ ਅਉਖਧੁ ਦੀਆ ਏਕਾ ਲਿਵ ਲਾਈ ॥੧॥ ਰਹਾਉ ॥ (819-17)
राम नामु अउखधु दीआ एका लिव लाई ॥१॥ रहाउ ॥

ਰਾਖਿ ਲੀਏ ਤਿਨਿ ਰਖਨਹਾਰਿ ਸਭ ਬਿਆਧਿ ਮਿਟਾਈ ॥ (819-18)
राखि लीए तिनि रखनहारि सभ बिआधि मिटाई ॥

ਕਹੁ ਨਾਨਕ ਕਿਰਪਾ ਭਈ ਪ੍ਰਭ ਭਏ ਸਹਾਈ ॥੨॥੧੫॥੭੯॥ (819-18)
कहु नानक किरपा भई प्रभ भए सहाई ॥२॥१५॥७९॥

ਬਿਲਾਵਲੁ ਮਹਲਾ ੫ ॥ (819-19)
बिलावलु महला ५ ॥

ਅਪਣੇ ਬਾਲਕ ਆਪਿ ਰਖਿਅਨੁ ਪਾਰਬ੍ਰਹਮ ਗੁਰਦੇਵ ॥ (819-19)
अपणे बालक आपि रखिअनु पारब्रहम गुरदेव ॥

ਸੁਖ ਸਾਂਤਿ ਸਹਜ ਆਨਦ ਭਏ ਪੂਰਨ ਭਈ ਸੇਵ ॥੧॥ ਰਹਾਉ ॥ (819-19)
सुख सांति सहज आनद भए पूरन भई सेव ॥१॥ रहाउ ॥

ਭਗਤ ਜਨਾ ਕੀ ਬੇਨਤੀ ਸੁਣੀ ਪ੍ਰਭਿ ਆਪਿ ॥ (820-1)
भगत जना की बेनती सुणी प्रभि आपि ॥

ਰੋਗ ਮਿਟਾਇ ਜੀਵਾਲਿਅਨੁ ਜਾ ਕਾ ਵਡ ਪਰਤਾਪੁ ॥੧॥ (820-1)
रोग मिटाइ जीवालिअनु जा का वड परतापु ॥१॥

ਦੋਖ ਹਮਾਰੇ ਬਖਸਿਅਨੁ ਅਪਣੀ ਕਲ ਧਾਰੀ ॥ (820-2)
दोख हमारे बखसिअनु अपणी कल धारी ॥

ਮਨ ਬਾਂਛਤ ਫਲ ਦਿਤਿਅਨੁ ਨਾਨਕ ਬਲਿਹਾਰੀ ॥੨॥੧੬॥੮੦॥ (820-2)
मन बांछत फल दितिअनु नानक बलिहारी ॥२॥१६॥८०॥

ਰਾਗੁ ਬਿਲਾਵਲੁ ਮਹਲਾ ੫ ਚਉਪਦੇ ਦੁਪਦੇ ਘਰੁ ੬ (820-4)
रागु बिलावलु महला ५ चउपदे दुपदे घरु ६

ੴ ਸਤਿਗੁਰ ਪ੍ਰਸਾਦਿ ॥ (820-4)
ੴ सतिगुर प्रसादि ॥

ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ ॥ (820-5)
मेरे मोहन स्रवनी इह न सुनाए ॥

ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ ॥੧॥ ਰਹਾਉ ॥ (820-5)
साकत गीत नाद धुनि गावत बोलत बोल अजाए ॥१॥ रहाउ ॥

ਸੇਵਤ ਸੇਵਿ ਸੇਵਿ ਸਾਧ ਸੇਵਉ ਸਦਾ ਕਰਉ ਕਿਰਤਾਏ ॥ (820-6)
सेवत सेवि सेवि साध सेवउ सदा करउ किरताए ॥

ਅਭੈ ਦਾਨੁ ਪਾਵਉ ਪੁਰਖ ਦਾਤੇ ਮਿਲਿ ਸੰਗਤਿ ਹਰਿ ਗੁਣ ਗਾਏ ॥੧॥ (820-6)
अभै दानु पावउ पुरख दाते मिलि संगति हरि गुण गाए ॥१॥

ਰਸਨਾ ਅਗਹ ਅਗਹ ਗੁਨ ਰਾਤੀ ਨੈਨ ਦਰਸ ਰੰਗੁ ਲਾਏ ॥ (820-7)
रसना अगह अगह गुन राती नैन दरस रंगु लाए ॥

ਹੋਹੁ ਕ੍ਰਿਪਾਲ ਦੀਨ ਦੁਖ ਭੰਜਨ ਮੋਹਿ ਚਰਣ ਰਿਦੈ ਵਸਾਏ ॥੨॥ (820-7)
होहु क्रिपाल दीन दुख भंजन मोहि चरण रिदै वसाए ॥२॥

ਸਭਹੂ ਤਲੈ ਤਲੈ ਸਭ ਊਪਰਿ ਏਹ ਦ੍ਰਿਸਟਿ ਦ੍ਰਿਸਟਾਏ ॥ (820-8)
सभहू तलै तलै सभ ऊपरि एह द्रिसटि द्रिसटाए ॥

ਅਭਿਮਾਨੁ ਖੋਇ ਖੋਇ ਖੋਇ ਖੋਈ ਹਉ ਮੋ ਕਉ ਸਤਿਗੁਰ ਮੰਤ੍ਰੁ ਦ੍ਰਿੜਾਏ ॥੩॥ (820-8)
अभिमानु खोइ खोइ खोइ खोई हउ मो कउ सतिगुर मंत्रु द्रिड़ाए ॥३॥

ਅਤੁਲੁ ਅਤੁਲੁ ਅਤੁਲੁ ਨਹ ਤੁਲੀਐ ਭਗਤਿ ਵਛਲੁ ਕਿਰਪਾਏ ॥ (820-9)
अतुलु अतुलु अतुलु नह तुलीऐ भगति वछलु किरपाए ॥

ਜੋ ਜੋ ਸਰਣਿ ਪਰਿਓ ਗੁਰ ਨਾਨਕ ਅਭੈ ਦਾਨੁ ਸੁਖ ਪਾਏ ॥੪॥੧॥੮੧॥ (820-10)
जो जो सरणि परिओ गुर नानक अभै दानु सुख पाए ॥४॥१॥८१॥

ਬਿਲਾਵਲੁ ਮਹਲਾ ੫ ॥ (820-10)
बिलावलु महला ५ ॥

ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ ॥ (820-10)
प्रभ जी तू मेरे प्रान अधारै ॥

ਨਮਸਕਾਰ ਡੰਡਉਤਿ ਬੰਦਨਾ ਅਨਿਕ ਬਾਰ ਜਾਉ ਬਾਰੈ ॥੧॥ ਰਹਾਉ ॥ (820-11)
नमसकार डंडउति बंदना अनिक बार जाउ बारै ॥१॥ रहाउ ॥

ਊਠਤ ਬੈਠਤ ਸੋਵਤ ਜਾਗਤ ਇਹੁ ਮਨੁ ਤੁਝਹਿ ਚਿਤਾਰੈ ॥ (820-11)
ऊठत बैठत सोवत जागत इहु मनु तुझहि चितारै ॥

ਸੂਖ ਦੂਖ ਇਸੁ ਮਨ ਕੀ ਬਿਰਥਾ ਤੁਝ ਹੀ ਆਗੈ ਸਾਰੈ ॥੧॥ (820-12)
सूख दूख इसु मन की बिरथा तुझ ही आगै सारै ॥१॥

ਤੂ ਮੇਰੀ ਓਟ ਬਲ ਬੁਧਿ ਧਨੁ ਤੁਮ ਹੀ ਤੁਮਹਿ ਮੇਰੈ ਪਰਵਾਰੈ ॥ (820-12)
तू मेरी ओट बल बुधि धनु तुम ही तुमहि मेरै परवारै ॥

ਜੋ ਤੁਮ ਕਰਹੁ ਸੋਈ ਭਲ ਹਮਰੈ ਪੇਖਿ ਨਾਨਕ ਸੁਖ ਚਰਨਾਰੈ ॥੨॥੨॥੮੨॥ (820-13)
जो तुम करहु सोई भल हमरै पेखि नानक सुख चरनारै ॥२॥२॥८२॥

ਬਿਲਾਵਲੁ ਮਹਲਾ ੫ ॥ (820-14)
बिलावलु महला ५ ॥

ਸੁਨੀਅਤ ਪ੍ਰਭ ਤਉ ਸਗਲ ਉਧਾਰਨ ॥ (820-14)
सुनीअत प्रभ तउ सगल उधारन ॥

ਮੋਹ ਮਗਨ ਪਤਿਤ ਸੰਗਿ ਪ੍ਰਾਨੀ ਐਸੇ ਮਨਹਿ ਬਿਸਾਰਨ ॥੧॥ ਰਹਾਉ ॥ (820-14)
मोह मगन पतित संगि प्रानी ऐसे मनहि बिसारन ॥१॥ रहाउ ॥

ਸੰਚਿ ਬਿਖਿਆ ਲੇ ਗ੍ਰਾਹਜੁ ਕੀਨੀ ਅੰਮ੍ਰਿਤੁ ਮਨ ਤੇ ਡਾਰਨ ॥ (820-15)
संचि बिखिआ ले ग्राहजु कीनी अमृतु मन ते डारन ॥

ਕਾਮ ਕ੍ਰੋਧ ਲੋਭ ਰਤੁ ਨਿੰਦਾ ਸਤੁ ਸੰਤੋਖੁ ਬਿਦਾਰਨ ॥੧॥ (820-16)
काम क्रोध लोभ रतु निंदा सतु संतोखु बिदारन ॥१॥

ਇਨ ਤੇ ਕਾਢਿ ਲੇਹੁ ਮੇਰੇ ਸੁਆਮੀ ਹਾਰਿ ਪਰੇ ਤੁਮ੍ਹ੍ਹ ਸਾਰਨ ॥ (820-16)
इन ते काढि लेहु मेरे सुआमी हारि परे तुम्ह सारन ॥

ਨਾਨਕ ਕੀ ਬੇਨੰਤੀ ਪ੍ਰਭ ਪਹਿ ਸਾਧਸੰਗਿ ਰੰਕ ਤਾਰਨ ॥੨॥੩॥੮੩॥ (820-17)
नानक की बेनंती प्रभ पहि साधसंगि रंक तारन ॥२॥३॥८३॥

ਬਿਲਾਵਲੁ ਮਹਲਾ ੫ ॥ (820-17)
बिलावलु महला ५ ॥

ਸੰਤਨ ਕੈ ਸੁਨੀਅਤ ਪ੍ਰਭ ਕੀ ਬਾਤ ॥ (820-17)
संतन कै सुनीअत प्रभ की बात ॥

ਕਥਾ ਕੀਰਤਨੁ ਆਨੰਦ ਮੰਗਲ ਧੁਨਿ ਪੂਰਿ ਰਹੀ ਦਿਨਸੁ ਅਰੁ ਰਾਤਿ ॥੧॥ ਰਹਾਉ ॥ (820-18)
कथा कीरतनु आनंद मंगल धुनि पूरि रही दिनसु अरु राति ॥१॥ रहाउ ॥

ਕਰਿ ਕਿਰਪਾ ਅਪਨੇ ਪ੍ਰਭਿ ਕੀਨੇ ਨਾਮ ਅਪੁਨੇ ਕੀ ਕੀਨੀ ਦਾਤਿ ॥ (820-19)
करि किरपा अपने प्रभि कीने नाम अपुने की कीनी दाति ॥

ਆਠ ਪਹਰ ਗੁਨ ਗਾਵਤ ਪ੍ਰਭ ਕੇ ਕਾਮ ਕ੍ਰੋਧ ਇਸੁ ਤਨ ਤੇ ਜਾਤ ॥੧॥ (820-19)
आठ पहर गुन गावत प्रभ के काम क्रोध इसु तन ते जात ॥१॥

ਤ੍ਰਿਪਤਿ ਅਘਾਏ ਪੇਖਿ ਪ੍ਰਭ ਦਰਸਨੁ ਅੰਮ੍ਰਿਤ ਹਰਿ ਰਸੁ ਭੋਜਨੁ ਖਾਤ ॥ (821-1)
त्रिपति अघाए पेखि प्रभ दरसनु अमृत हरि रसु भोजनु खात ॥

ਚਰਨ ਸਰਨ ਨਾਨਕ ਪ੍ਰਭ ਤੇਰੀ ਕਰਿ ਕਿਰਪਾ ਸੰਤਸੰਗਿ ਮਿਲਾਤ ॥੨॥੪॥੮੪॥ (821-1)
चरन सरन नानक प्रभ तेरी करि किरपा संतसंगि मिलात ॥२॥४॥८४॥

ਬਿਲਾਵਲੁ ਮਹਲਾ ੫ ॥ (821-2)
बिलावलु महला ५ ॥

ਰਾਖਿ ਲੀਏ ਅਪਨੇ ਜਨ ਆਪ ॥ (821-2)
राखि लीए अपने जन आप ॥

ਕਰਿ ਕਿਰਪਾ ਹਰਿ ਹਰਿ ਨਾਮੁ ਦੀਨੋ ਬਿਨਸਿ ਗਏ ਸਭ ਸੋਗ ਸੰਤਾਪ ॥੧॥ ਰਹਾਉ ॥ (821-3)
करि किरपा हरि हरि नामु दीनो बिनसि गए सभ सोग संताप ॥१॥ रहाउ ॥

ਗੁਣ ਗੋਵਿੰਦ ਗਾਵਹੁ ਸਭਿ ਹਰਿ ਜਨ ਰਾਗ ਰਤਨ ਰਸਨਾ ਆਲਾਪ ॥ (821-3)
गुण गोविंद गावहु सभि हरि जन राग रतन रसना आलाप ॥

ਕੋਟਿ ਜਨਮ ਕੀ ਤ੍ਰਿਸਨਾ ਨਿਵਰੀ ਰਾਮ ਰਸਾਇਣਿ ਆਤਮ ਧ੍ਰਾਪ ॥੧॥ (821-4)
कोटि जनम की त्रिसना निवरी राम रसाइणि आतम ध्राप ॥१॥

ਚਰਣ ਗਹੇ ਸਰਣਿ ਸੁਖਦਾਤੇ ਗੁਰ ਕੈ ਬਚਨਿ ਜਪੇ ਹਰਿ ਜਾਪ ॥ (821-5)
चरण गहे सरणि सुखदाते गुर कै बचनि जपे हरि जाप ॥

ਸਾਗਰ ਤਰੇ ਭਰਮ ਭੈ ਬਿਨਸੇ ਕਹੁ ਨਾਨਕ ਠਾਕੁਰ ਪਰਤਾਪ ॥੨॥੫॥੮੫॥ (821-5)
सागर तरे भरम भै बिनसे कहु नानक ठाकुर परताप ॥२॥५॥८५॥

ਬਿਲਾਵਲੁ ਮਹਲਾ ੫ ॥ (821-6)
बिलावलु महला ५ ॥

ਤਾਪੁ ਲਾਹਿਆ ਗੁਰ ਸਿਰਜਨਹਾਰਿ ॥ (821-6)
तापु लाहिआ गुर सिरजनहारि ॥

ਸਤਿਗੁਰ ਅਪਨੇ ਕਉ ਬਲਿ ਜਾਈ ਜਿਨਿ ਪੈਜ ਰਖੀ ਸਾਰੈ ਸੰਸਾਰਿ ॥੧॥ ਰਹਾਉ ॥ (821-7)
सतिगुर अपने कउ बलि जाई जिनि पैज रखी सारै संसारि ॥१॥ रहाउ ॥

ਕਰੁ ਮਸਤਕਿ ਧਾਰਿ ਬਾਲਿਕੁ ਰਖਿ ਲੀਨੋ ॥ (821-7)
करु मसतकि धारि बालिकु रखि लीनो ॥

ਪ੍ਰਭਿ ਅੰਮ੍ਰਿਤ ਨਾਮੁ ਮਹਾ ਰਸੁ ਦੀਨੋ ॥੧॥ (821-8)
प्रभि अमृत नामु महा रसु दीनो ॥१॥

ਦਾਸ ਕੀ ਲਾਜ ਰਖੈ ਮਿਹਰਵਾਨੁ ॥ (821-8)
दास की लाज रखै मिहरवानु ॥

ਗੁਰੁ ਨਾਨਕੁ ਬੋਲੈ ਦਰਗਹ ਪਰਵਾਨੁ ॥੨॥੬॥੮੬॥ (821-8)
गुरु नानकु बोलै दरगह परवानु ॥२॥६॥८६॥

ਰਾਗੁ ਬਿਲਾਵਲੁ ਮਹਲਾ ੫ ਚਉਪਦੇ ਦੁਪਦੇ ਘਰੁ ੭ (821-10)
रागु बिलावलु महला ५ चउपदे दुपदे घरु ७

ੴ ਸਤਿਗੁਰ ਪ੍ਰਸਾਦਿ ॥ (821-10)
ੴ सतिगुर प्रसादि ॥

ਸਤਿਗੁਰ ਸਬਦਿ ਉਜਾਰੋ ਦੀਪਾ ॥ (821-11)
सतिगुर सबदि उजारो दीपा ॥

ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹ੍ਹੀ ਅਨੂਪਾ ॥੧॥ ਰਹਾਉ ॥ (821-11)
बिनसिओ अंधकार तिह मंदरि रतन कोठड़ी खुल्ही अनूपा ॥१॥ रहाउ ॥

ਬਿਸਮਨ ਬਿਸਮ ਭਏ ਜਉ ਪੇਖਿਓ ਕਹਨੁ ਨ ਜਾਇ ਵਡਿਆਈ ॥ (821-12)
बिसमन बिसम भए जउ पेखिओ कहनु न जाइ वडिआई ॥

ਮਗਨ ਭਏ ਊਹਾ ਸੰਗਿ ਮਾਤੇ ਓਤਿ ਪੋਤਿ ਲਪਟਾਈ ॥੧॥ (821-12)
मगन भए ऊहा संगि माते ओति पोति लपटाई ॥१॥

ਆਲ ਜਾਲ ਨਹੀ ਕਛੂ ਜੰਜਾਰਾ ਅਹੰਬੁਧਿ ਨਹੀ ਭੋਰਾ ॥ (821-13)
आल जाल नही कछू जंजारा अह्मबुधि नही भोरा ॥

ਊਚਨ ਊਚਾ ਬੀਚੁ ਨ ਖੀਚਾ ਹਉ ਤੇਰਾ ਤੂੰ ਮੋਰਾ ॥੨॥ (821-13)
ऊचन ऊचा बीचु न खीचा हउ तेरा तूं मोरा ॥२॥

ਏਕੰਕਾਰੁ ਏਕੁ ਪਾਸਾਰਾ ਏਕੈ ਅਪਰ ਅਪਾਰਾ ॥ (821-14)
एकंकारु एकु पासारा एकै अपर अपारा ॥

ਏਕੁ ਬਿਸਥੀਰਨੁ ਏਕੁ ਸੰਪੂਰਨੁ ਏਕੈ ਪ੍ਰਾਨ ਅਧਾਰਾ ॥੩॥ (821-14)
एकु बिसथीरनु एकु स्मपूरनु एकै प्रान अधारा ॥३॥

ਨਿਰਮਲ ਨਿਰਮਲ ਸੂਚਾ ਸੂਚੋ ਸੂਚਾ ਸੂਚੋ ਸੂਚਾ ॥ (821-15)
निरमल निरमल सूचा सूचो सूचा सूचो सूचा ॥

ਅੰਤ ਨ ਅੰਤਾ ਸਦਾ ਬੇਅੰਤਾ ਕਹੁ ਨਾਨਕ ਊਚੋ ਊਚਾ ॥੪॥੧॥੮੭॥ (821-15)
अंत न अंता सदा बेअंता कहु नानक ऊचो ऊचा ॥४॥१॥८७॥

ਬਿਲਾਵਲੁ ਮਹਲਾ ੫ ॥ (821-16)
बिलावलु महला ५ ॥

ਬਿਨੁ ਹਰਿ ਕਾਮਿ ਨ ਆਵਤ ਹੇ ॥ (821-16)
बिनु हरि कामि न आवत हे ॥

ਜਾ ਸਿਉ ਰਾਚਿ ਮਾਚਿ ਤੁਮ੍ਹ ਲਾਗੇ ਓਹ ਮੋਹਨੀ ਮੋਹਾਵਤ ਹੇ ॥੧॥ ਰਹਾਉ ॥ (821-16)
जा सिउ राचि माचि तुम्ह लागे ओह मोहनी मोहावत हे ॥१॥ रहाउ ॥

ਕਨਿਕ ਕਾਮਿਨੀ ਸੇਜ ਸੋਹਨੀ ਛੋਡਿ ਖਿਨੈ ਮਹਿ ਜਾਵਤ ਹੇ ॥ (821-17)
कनिक कामिनी सेज सोहनी छोडि खिनै महि जावत हे ॥

ਉਰਝਿ ਰਹਿਓ ਇੰਦ੍ਰੀ ਰਸ ਪ੍ਰੇਰਿਓ ਬਿਖੈ ਠਗਉਰੀ ਖਾਵਤ ਹੇ ॥੧॥ (821-18)
उरझि रहिओ इंद्री रस प्रेरिओ बिखै ठगउरी खावत हे ॥१॥

ਤ੍ਰਿਣ ਕੋ ਮੰਦਰੁ ਸਾਜਿ ਸਵਾਰਿਓ ਪਾਵਕੁ ਤਲੈ ਜਰਾਵਤ ਹੇ ॥ (821-18)
त्रिण को मंदरु साजि सवारिओ पावकु तलै जरावत हे ॥

ਐਸੇ ਗੜ੍ਹ ਮਹਿ ਐਠਿ ਹਠੀਲੋ ਫੂਲਿ ਫੂਲਿ ਕਿਆ ਪਾਵਤ ਹੇ ॥੨॥ (821-19)
ऐसे गड़ महि ऐठि हठीलो फूलि फूलि किआ पावत हे ॥२॥

ਪੰਚ ਦੂਤ ਮੂਡ ਪਰਿ ਠਾਢੇ ਕੇਸ ਗਹੇ ਫੇਰਾਵਤ ਹੇ ॥ (821-19)
पंच दूत मूड परि ठाढे केस गहे फेरावत हे ॥

ਦ੍ਰਿਸਟਿ ਨ ਆਵਹਿ ਅੰਧ ਅਗਿਆਨੀ ਸੋਇ ਰਹਿਓ ਮਦ ਮਾਵਤ ਹੇ ॥੩॥ (822-1)
द्रिसटि न आवहि अंध अगिआनी सोइ रहिओ मद मावत हे ॥३॥

ਜਾਲੁ ਪਸਾਰਿ ਚੋਗ ਬਿਸਥਾਰੀ ਪੰਖੀ ਜਿਉ ਫਾਹਾਵਤ ਹੇ ॥ (822-1)
जालु पसारि चोग बिसथारी पंखी जिउ फाहावत हे ॥

ਕਹੁ ਨਾਨਕ ਬੰਧਨ ਕਾਟਨ ਕਉ ਮੈ ਸਤਿਗੁਰੁ ਪੁਰਖੁ ਧਿਆਵਤ ਹੇ ॥੪॥੨॥੮੮॥ (822-2)
कहु नानक बंधन काटन कउ मै सतिगुरु पुरखु धिआवत हे ॥४॥२॥८८॥

ਬਿਲਾਵਲੁ ਮਹਲਾ ੫ ॥ (822-3)
बिलावलु महला ५ ॥

ਹਰਿ ਹਰਿ ਨਾਮੁ ਅਪਾਰ ਅਮੋਲੀ ॥ (822-3)
हरि हरि नामु अपार अमोली ॥

ਪ੍ਰਾਨ ਪਿਆਰੋ ਮਨਹਿ ਅਧਾਰੋ ਚੀਤਿ ਚਿਤਵਉ ਜੈਸੇ ਪਾਨ ਤੰਬੋਲੀ ॥੧॥ ਰਹਾਉ ॥ (822-3)
प्रान पिआरो मनहि अधारो चीति चितवउ जैसे पान त्मबोली ॥१॥ रहाउ ॥

ਸਹਜਿ ਸਮਾਇਓ ਗੁਰਹਿ ਬਤਾਇਓ ਰੰਗਿ ਰੰਗੀ ਮੇਰੇ ਤਨ ਕੀ ਚੋਲੀ ॥ (822-4)
सहजि समाइओ गुरहि बताइओ रंगि रंगी मेरे तन की चोली ॥

ਪ੍ਰਿਅ ਮੁਖਿ ਲਾਗੋ ਜਉ ਵਡਭਾਗੋ ਸੁਹਾਗੁ ਹਮਾਰੋ ਕਤਹੁ ਨ ਡੋਲੀ ॥੧॥ (822-5)
प्रिअ मुखि लागो जउ वडभागो सुहागु हमारो कतहु न डोली ॥१॥

ਰੂਪ ਨ ਧੂਪ ਨ ਗੰਧ ਨ ਦੀਪਾ ਓਤਿ ਪੋਤਿ ਅੰਗ ਅੰਗ ਸੰਗਿ ਮਉਲੀ ॥ (822-5)
रूप न धूप न गंध न दीपा ओति पोति अंग अंग संगि मउली ॥

ਕਹੁ ਨਾਨਕ ਪ੍ਰਿਅ ਰਵੀ ਸੁਹਾਗਨਿ ਅਤਿ ਨੀਕੀ ਮੇਰੀ ਬਨੀ ਖਟੋਲੀ ॥੨॥੩॥੮੯॥ (822-6)
कहु नानक प्रिअ रवी सुहागनि अति नीकी मेरी बनी खटोली ॥२॥३॥८९॥

ਬਿਲਾਵਲੁ ਮਹਲਾ ੫ ॥ (822-7)
बिलावलु महला ५ ॥

ਗੋਬਿੰਦ ਗੋਬਿੰਦ ਗੋਬਿੰਦ ਮਈ ॥ (822-7)
गोबिंद गोबिंद गोबिंद मई ॥

ਜਬ ਤੇ ਭੇਟੇ ਸਾਧ ਦਇਆਰਾ ਤਬ ਤੇ ਦੁਰਮਤਿ ਦੂਰਿ ਭਈ ॥੧॥ ਰਹਾਉ ॥ (822-7)
जब ते भेटे साध दइआरा तब ते दुरमति दूरि भई ॥१॥ रहाउ ॥

ਪੂਰਨ ਪੂਰਿ ਰਹਿਓ ਸੰਪੂਰਨ ਸੀਤਲ ਸਾਂਤਿ ਦਇਆਲ ਦਈ ॥ (822-8)
पूरन पूरि रहिओ स्मपूरन सीतल सांति दइआल दई ॥

ਕਾਮ ਕ੍ਰੋਧ ਤ੍ਰਿਸਨਾ ਅਹੰਕਾਰਾ ਤਨ ਤੇ ਹੋਏ ਸਗਲ ਖਈ ॥੧॥ (822-8)
काम क्रोध त्रिसना अहंकारा तन ते होए सगल खई ॥१॥

ਸਤੁ ਸੰਤੋਖੁ ਦਇਆ ਧਰਮੁ ਸੁਚਿ ਸੰਤਨ ਤੇ ਇਹੁ ਮੰਤੁ ਲਈ ॥ (822-9)
सतु संतोखु दइआ धरमु सुचि संतन ते इहु मंतु लई ॥

ਕਹੁ ਨਾਨਕ ਜਿਨਿ ਮਨਹੁ ਪਛਾਨਿਆ ਤਿਨ ਕਉ ਸਗਲੀ ਸੋਝ ਪਈ ॥੨॥੪॥੯੦॥ (822-10)
कहु नानक जिनि मनहु पछानिआ तिन कउ सगली सोझ पई ॥२॥४॥९०॥

ਬਿਲਾਵਲੁ ਮਹਲਾ ੫ ॥ (822-10)
बिलावलु महला ५ ॥

ਕਿਆ ਹਮ ਜੀਅ ਜੰਤ ਬੇਚਾਰੇ ਬਰਨਿ ਨ ਸਾਕਹ ਏਕ ਰੋਮਾਈ ॥ (822-11)
किआ हम जीअ जंत बेचारे बरनि न साकह एक रोमाई ॥

ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਬੇਅੰਤ ਠਾਕੁਰ ਤੇਰੀ ਗਤਿ ਨਹੀ ਪਾਈ ॥੧॥ (822-11)
ब्रहम महेस सिध मुनि इंद्रा बेअंत ठाकुर तेरी गति नही पाई ॥१॥

ਕਿਆ ਕਥੀਐ ਕਿਛੁ ਕਥਨੁ ਨ ਜਾਈ ॥ (822-12)
किआ कथीऐ किछु कथनु न जाई ॥

ਜਹ ਜਹ ਦੇਖਾ ਤਹ ਰਹਿਆ ਸਮਾਈ ॥੧॥ ਰਹਾਉ ॥ (822-12)
जह जह देखा तह रहिआ समाई ॥१॥ रहाउ ॥

ਜਹ ਮਹਾ ਭਇਆਨ ਦੂਖ ਜਮ ਸੁਨੀਐ ਤਹ ਮੇਰੇ ਪ੍ਰਭ ਤੂਹੈ ਸਹਾਈ ॥ (822-13)
जह महा भइआन दूख जम सुनीऐ तह मेरे प्रभ तूहै सहाई ॥

ਸਰਨਿ ਪਰਿਓ ਹਰਿ ਚਰਨ ਗਹੇ ਪ੍ਰਭ ਗੁਰਿ ਨਾਨਕ ਕਉ ਬੂਝ ਬੁਝਾਈ ॥੨॥੫॥੯੧॥ (822-13)
सरनि परिओ हरि चरन गहे प्रभ गुरि नानक कउ बूझ बुझाई ॥२॥५॥९१॥

ਬਿਲਾਵਲੁ ਮਹਲਾ ੫ ॥ (822-14)
बिलावलु महला ५ ॥

ਅਗਮ ਰੂਪ ਅਬਿਨਾਸੀ ਕਰਤਾ ਪਤਿਤ ਪਵਿਤ ਇਕ ਨਿਮਖ ਜਪਾਈਐ ॥ (822-14)
अगम रूप अबिनासी करता पतित पवित इक निमख जपाईऐ ॥

ਅਚਰਜੁ ਸੁਨਿਓ ਪਰਾਪਤਿ ਭੇਟੁਲੇ ਸੰਤ ਚਰਨ ਚਰਨ ਮਨੁ ਲਾਈਐ ॥੧॥ (822-15)
अचरजु सुनिओ परापति भेटुले संत चरन चरन मनु लाईऐ ॥१॥

ਕਿਤੁ ਬਿਧੀਐ ਕਿਤੁ ਸੰਜਮਿ ਪਾਈਐ ॥ (822-16)
कितु बिधीऐ कितु संजमि पाईऐ ॥

ਕਹੁ ਸੁਰਜਨ ਕਿਤੁ ਜੁਗਤੀ ਧਿਆਈਐ ॥੧॥ ਰਹਾਉ ॥ (822-16)
कहु सुरजन कितु जुगती धिआईऐ ॥१॥ रहाउ ॥

ਜੋ ਮਾਨੁਖੁ ਮਾਨੁਖ ਕੀ ਸੇਵਾ ਓਹੁ ਤਿਸ ਕੀ ਲਈ ਲਈ ਫੁਨਿ ਜਾਈਐ ॥ (822-17)
जो मानुखु मानुख की सेवा ओहु तिस की लई लई फुनि जाईऐ ॥

ਨਾਨਕ ਸਰਨਿ ਸਰਣਿ ਸੁਖ ਸਾਗਰ ਮੋਹਿ ਟੇਕ ਤੇਰੋ ਇਕ ਨਾਈਐ ॥੨॥੬॥੯੨॥ (822-17)
नानक सरनि सरणि सुख सागर मोहि टेक तेरो इक नाईऐ ॥२॥६॥९२॥

ਬਿਲਾਵਲੁ ਮਹਲਾ ੫ ॥ (822-18)
बिलावलु महला ५ ॥

ਸੰਤ ਸਰਣਿ ਸੰਤ ਟਹਲ ਕਰੀ ॥ (822-18)
संत सरणि संत टहल करी ॥

ਧੰਧੁ ਬੰਧੁ ਅਰੁ ਸਗਲ ਜੰਜਾਰੋ ਅਵਰ ਕਾਜ ਤੇ ਛੂਟਿ ਪਰੀ ॥੧॥ ਰਹਾਉ ॥ (822-18)
धंधु बंधु अरु सगल जंजारो अवर काज ते छूटि परी ॥१॥ रहाउ ॥

ਸੂਖ ਸਹਜ ਅਰੁ ਘਨੋ ਅਨੰਦਾ ਗੁਰ ਤੇ ਪਾਇਓ ਨਾਮੁ ਹਰੀ ॥ (822-19)
सूख सहज अरु घनो अनंदा गुर ते पाइओ नामु हरी ॥

ਐਸੋ ਹਰਿ ਰਸੁ ਬਰਨਿ ਨ ਸਾਕਉ ਗੁਰਿ ਪੂਰੈ ਮੇਰੀ ਉਲਟਿ ਧਰੀ ॥੧॥ (823-1)
ऐसो हरि रसु बरनि न साकउ गुरि पूरै मेरी उलटि धरी ॥१॥

ਪੇਖਿਓ ਮੋਹਨੁ ਸਭ ਕੈ ਸੰਗੇ ਊਨ ਨ ਕਾਹੂ ਸਗਲ ਭਰੀ ॥ (823-1)
पेखिओ मोहनु सभ कै संगे ऊन न काहू सगल भरी ॥

ਪੂਰਨ ਪੂਰਿ ਰਹਿਓ ਕਿਰਪਾ ਨਿਧਿ ਕਹੁ ਨਾਨਕ ਮੇਰੀ ਪੂਰੀ ਪਰੀ ॥੨॥੭॥੯੩॥ (823-2)
पूरन पूरि रहिओ किरपा निधि कहु नानक मेरी पूरी परी ॥२॥७॥९३॥

ਬਿਲਾਵਲੁ ਮਹਲਾ ੫ ॥ (823-3)
बिलावलु महला ५ ॥

ਮਨ ਕਿਆ ਕਹਤਾ ਹਉ ਕਿਆ ਕਹਤਾ ॥ (823-3)
मन किआ कहता हउ किआ कहता ॥

ਜਾਨ ਪ੍ਰਬੀਨ ਠਾਕੁਰ ਪ੍ਰਭ ਮੇਰੇ ਤਿਸੁ ਆਗੈ ਕਿਆ ਕਹਤਾ ॥੧॥ ਰਹਾਉ ॥ (823-3)
जान प्रबीन ठाकुर प्रभ मेरे तिसु आगै किआ कहता ॥१॥ रहाउ ॥

ਅਨਬੋਲੇ ਕਉ ਤੁਹੀ ਪਛਾਨਹਿ ਜੋ ਜੀਅਨ ਮਹਿ ਹੋਤਾ ॥ (823-4)
अनबोले कउ तुही पछानहि जो जीअन महि होता ॥

ਰੇ ਮਨ ਕਾਇ ਕਹਾ ਲਉ ਡਹਕਹਿ ਜਉ ਪੇਖਤ ਹੀ ਸੰਗਿ ਸੁਨਤਾ ॥੧॥ (823-4)
रे मन काइ कहा लउ डहकहि जउ पेखत ही संगि सुनता ॥१॥

ਐਸੋ ਜਾਨਿ ਭਏ ਮਨਿ ਆਨਦ ਆਨ ਨ ਬੀਓ ਕਰਤਾ ॥ (823-5)
ऐसो जानि भए मनि आनद आन न बीओ करता ॥

ਕਹੁ ਨਾਨਕ ਗੁਰ ਭਏ ਦਇਆਰਾ ਹਰਿ ਰੰਗੁ ਨ ਕਬਹੂ ਲਹਤਾ ॥੨॥੮॥੯੪॥ (823-5)
कहु नानक गुर भए दइआरा हरि रंगु न कबहू लहता ॥२॥८॥९४॥

ਬਿਲਾਵਲੁ ਮਹਲਾ ੫ ॥ (823-6)
बिलावलु महला ५ ॥

ਨਿੰਦਕੁ ਐਸੇ ਹੀ ਝਰਿ ਪਰੀਐ ॥ (823-6)
निंदकु ऐसे ही झरि परीऐ ॥

ਇਹ ਨੀਸਾਨੀ ਸੁਨਹੁ ਤੁਮ ਭਾਈ ਜਿਉ ਕਾਲਰ ਭੀਤਿ ਗਿਰੀਐ ॥੧॥ ਰਹਾਉ ॥ (823-7)
इह नीसानी सुनहु तुम भाई जिउ कालर भीति गिरीऐ ॥१॥ रहाउ ॥

ਜਉ ਦੇਖੈ ਛਿਦ੍ਰੁ ਤਉ ਨਿੰਦਕੁ ਉਮਾਹੈ ਭਲੋ ਦੇਖਿ ਦੁਖ ਭਰੀਐ ॥ (823-7)
जउ देखै छिद्रु तउ निंदकु उमाहै भलो देखि दुख भरीऐ ॥

ਆਠ ਪਹਰ ਚਿਤਵੈ ਨਹੀ ਪਹੁਚੈ ਬੁਰਾ ਚਿਤਵਤ ਚਿਤਵਤ ਮਰੀਐ ॥੧॥ (823-8)
आठ पहर चितवै नही पहुचै बुरा चितवत चितवत मरीऐ ॥१॥

ਨਿੰਦਕੁ ਪ੍ਰਭੂ ਭੁਲਾਇਆ ਕਾਲੁ ਨੇਰੈ ਆਇਆ ਹਰਿ ਜਨ ਸਿਉ ਬਾਦੁ ਉਠਰੀਐ ॥ (823-9)
निंदकु प्रभू भुलाइआ कालु नेरै आइआ हरि जन सिउ बादु उठरीऐ ॥

ਨਾਨਕ ਕਾ ਰਾਖਾ ਆਪਿ ਪ੍ਰਭੁ ਸੁਆਮੀ ਕਿਆ ਮਾਨਸ ਬਪੁਰੇ ਕਰੀਐ ॥੨॥੯॥੯੫॥ (823-10)
नानक का राखा आपि प्रभु सुआमी किआ मानस बपुरे करीऐ ॥२॥९॥९५॥

ਬਿਲਾਵਲੁ ਮਹਲਾ ੫ ॥ (823-10)
बिलावलु महला ५ ॥

ਐਸੇ ਕਾਹੇ ਭੂਲਿ ਪਰੇ ॥ (823-11)
ऐसे काहे भूलि परे ॥

ਕਰਹਿ ਕਰਾਵਹਿ ਮੂਕਰਿ ਪਾਵਹਿ ਪੇਖਤ ਸੁਨਤ ਸਦਾ ਸੰਗਿ ਹਰੇ ॥੧॥ ਰਹਾਉ ॥ (823-11)
करहि करावहि मूकरि पावहि पेखत सुनत सदा संगि हरे ॥१॥ रहाउ ॥

ਕਾਚ ਬਿਹਾਝਨ ਕੰਚਨ ਛਾਡਨ ਬੈਰੀ ਸੰਗਿ ਹੇਤੁ ਸਾਜਨ ਤਿਆਗਿ ਖਰੇ ॥ (823-11)
काच बिहाझन कंचन छाडन बैरी संगि हेतु साजन तिआगि खरे ॥

ਹੋਵਨੁ ਕਉਰਾ ਅਨਹੋਵਨੁ ਮੀਠਾ ਬਿਖਿਆ ਮਹਿ ਲਪਟਾਇ ਜਰੇ ॥੧॥ (823-12)
होवनु कउरा अनहोवनु मीठा बिखिआ महि लपटाइ जरे ॥१॥

ਅੰਧ ਕੂਪ ਮਹਿ ਪਰਿਓ ਪਰਾਨੀ ਭਰਮ ਗੁਬਾਰ ਮੋਹ ਬੰਧਿ ਪਰੇ ॥ (823-13)
अंध कूप महि परिओ परानी भरम गुबार मोह बंधि परे ॥

ਕਹੁ ਨਾਨਕ ਪ੍ਰਭ ਹੋਤ ਦਇਆਰਾ ਗੁਰੁ ਭੇਟੈ ਕਾਢੈ ਬਾਹ ਫਰੇ ॥੨॥੧੦॥੯੬॥ (823-13)
कहु नानक प्रभ होत दइआरा गुरु भेटै काढै बाह फरे ॥२॥१०॥९६॥

ਬਿਲਾਵਲੁ ਮਹਲਾ ੫ ॥ (823-14)
बिलावलु महला ५ ॥

ਮਨ ਤਨ ਰਸਨਾ ਹਰਿ ਚੀਨ੍ਹਾ ॥ (823-14)
मन तन रसना हरि चीन्हा ॥

ਭਏ ਅਨੰਦਾ ਮਿਟੇ ਅੰਦੇਸੇ ਸਰਬ ਸੂਖ ਮੋ ਕਉ ਗੁਰਿ ਦੀਨ੍ਹਾ ॥੧॥ ਰਹਾਉ ॥ (823-15)
भए अनंदा मिटे अंदेसे सरब सूख मो कउ गुरि दीन्हा ॥१॥ रहाउ ॥

ਇਆਨਪ ਤੇ ਸਭ ਭਈ ਸਿਆਨਪ ਪ੍ਰਭੁ ਮੇਰਾ ਦਾਨਾ ਬੀਨਾ ॥ (823-15)
इआनप ते सभ भई सिआनप प्रभु मेरा दाना बीना ॥

ਹਾਥ ਦੇਇ ਰਾਖੈ ਅਪਨੇ ਕਉ ਕਾਹੂ ਨ ਕਰਤੇ ਕਛੁ ਖੀਨਾ ॥੧॥ (823-16)
हाथ देइ राखै अपने कउ काहू न करते कछु खीना ॥१॥

ਬਲਿ ਜਾਵਉ ਦਰਸਨ ਸਾਧੂ ਕੈ ਜਿਹ ਪ੍ਰਸਾਦਿ ਹਰਿ ਨਾਮੁ ਲੀਨਾ ॥ (823-17)
बलि जावउ दरसन साधू कै जिह प्रसादि हरि नामु लीना ॥

ਕਹੁ ਨਾਨਕ ਠਾਕੁਰ ਭਾਰੋਸੈ ਕਹੂ ਨ ਮਾਨਿਓ ਮਨਿ ਛੀਨਾ ॥੨॥੧੧॥੯੭॥ (823-17)
कहु नानक ठाकुर भारोसै कहू न मानिओ मनि छीना ॥२॥११॥९७॥

ਬਿਲਾਵਲੁ ਮਹਲਾ ੫ ॥ (823-18)
बिलावलु महला ५ ॥

ਗੁਰਿ ਪੂਰੈ ਮੇਰੀ ਰਾਖਿ ਲਈ ॥ (823-18)
गुरि पूरै मेरी राखि लई ॥

ਅੰਮ੍ਰਿਤ ਨਾਮੁ ਰਿਦੇ ਮਹਿ ਦੀਨੋ ਜਨਮ ਜਨਮ ਕੀ ਮੈਲੁ ਗਈ ॥੧॥ ਰਹਾਉ ॥ (823-18)
अमृत नामु रिदे महि दीनो जनम जनम की मैलु गई ॥१॥ रहाउ ॥

ਨਿਵਰੇ ਦੂਤ ਦੁਸਟ ਬੈਰਾਈ ਗੁਰ ਪੂਰੇ ਕਾ ਜਪਿਆ ਜਾਪੁ ॥ (823-19)
निवरे दूत दुसट बैराई गुर पूरे का जपिआ जापु ॥

ਕਹਾ ਕਰੈ ਕੋਈ ਬੇਚਾਰਾ ਪ੍ਰਭ ਮੇਰੇ ਕਾ ਬਡ ਪਰਤਾਪੁ ॥੧॥ (824-1)
कहा करै कोई बेचारा प्रभ मेरे का बड परतापु ॥१॥

ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ ਚਰਨ ਕਮਲ ਰਖੁ ਮਨ ਮਾਹੀ ॥ (824-1)
सिमरि सिमरि सिमरि सुखु पाइआ चरन कमल रखु मन माही ॥

ਤਾ ਕੀ ਸਰਨਿ ਪਰਿਓ ਨਾਨਕ ਦਾਸੁ ਜਾ ਤੇ ਊਪਰਿ ਕੋ ਨਾਹੀ ॥੨॥੧੨॥੯੮॥ (824-2)
ता की सरनि परिओ नानक दासु जा ते ऊपरि को नाही ॥२॥१२॥९८॥

ਬਿਲਾਵਲੁ ਮਹਲਾ ੫ ॥ (824-3)
बिलावलु महला ५ ॥

ਸਦਾ ਸਦਾ ਜਪੀਐ ਪ੍ਰਭ ਨਾਮ ॥ (824-3)
सदा सदा जपीऐ प्रभ नाम ॥

ਜਰਾ ਮਰਾ ਕਛੁ ਦੂਖੁ ਨ ਬਿਆਪੈ ਆਗੈ ਦਰਗਹ ਪੂਰਨ ਕਾਮ ॥੧॥ ਰਹਾਉ ॥ (824-3)
जरा मरा कछु दूखु न बिआपै आगै दरगह पूरन काम ॥१॥ रहाउ ॥

ਆਪੁ ਤਿਆਗਿ ਪਰੀਐ ਨਿਤ ਸਰਨੀ ਗੁਰ ਤੇ ਪਾਈਐ ਏਹੁ ਨਿਧਾਨੁ ॥ (824-4)
आपु तिआगि परीऐ नित सरनी गुर ते पाईऐ एहु निधानु ॥

ਜਨਮ ਮਰਣ ਕੀ ਕਟੀਐ ਫਾਸੀ ਸਾਚੀ ਦਰਗਹ ਕਾ ਨੀਸਾਨੁ ॥੧॥ (824-4)
जनम मरण की कटीऐ फासी साची दरगह का नीसानु ॥१॥

ਜੋ ਤੁਮ੍ਹ ਕਰਹੁ ਸੋਈ ਭਲ ਮਾਨਉ ਮਨ ਤੇ ਛੂਟੈ ਸਗਲ ਗੁਮਾਨੁ ॥ (824-5)
जो तुम्ह करहु सोई भल मानउ मन ते छूटै सगल गुमानु ॥

ਕਹੁ ਨਾਨਕ ਤਾ ਕੀ ਸਰਣਾਈ ਜਾ ਕਾ ਕੀਆ ਸਗਲ ਜਹਾਨੁ ॥੨॥੧੩॥੯੯॥ (824-6)
कहु नानक ता की सरणाई जा का कीआ सगल जहानु ॥२॥१३॥९९॥

ਬਿਲਾਵਲੁ ਮਹਲਾ ੫ ॥ (824-6)
बिलावलु महला ५ ॥

ਮਨ ਤਨ ਅੰਤਰਿ ਪ੍ਰਭੁ ਆਹੀ ॥ (824-7)
मन तन अंतरि प्रभु आही ॥

ਹਰਿ ਗੁਨ ਗਾਵਤ ਪਰਉਪਕਾਰ ਨਿਤ ਤਿਸੁ ਰਸਨਾ ਕਾ ਮੋਲੁ ਕਿਛੁ ਨਾਹੀ ॥੧॥ ਰਹਾਉ ॥ (824-7)
हरि गुन गावत परउपकार नित तिसु रसना का मोलु किछु नाही ॥१॥ रहाउ ॥

ਕੁਲ ਸਮੂਹ ਉਧਰੇ ਖਿਨ ਭੀਤਰਿ ਜਨਮ ਜਨਮ ਕੀ ਮਲੁ ਲਾਹੀ ॥ (824-8)
कुल समूह उधरे खिन भीतरि जनम जनम की मलु लाही ॥

ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਅਨਦ ਸੇਤੀ ਬਿਖਿਆ ਬਨੁ ਗਾਹੀ ॥੧॥ (824-8)
सिमरि सिमरि सुआमी प्रभु अपना अनद सेती बिखिआ बनु गाही ॥१॥

ਚਰਨ ਪ੍ਰਭੂ ਕੇ ਬੋਹਿਥੁ ਪਾਏ ਭਵ ਸਾਗਰੁ ਪਾਰਿ ਪਰਾਹੀ ॥ (824-9)
चरन प्रभू के बोहिथु पाए भव सागरु पारि पराही ॥

ਸੰਤ ਸੇਵਕ ਭਗਤ ਹਰਿ ਤਾ ਕੇ ਨਾਨਕ ਮਨੁ ਲਾਗਾ ਹੈ ਤਾਹੀ ॥੨॥੧੪॥੧੦੦॥ (824-10)
संत सेवक भगत हरि ता के नानक मनु लागा है ताही ॥२॥१४॥१००॥

ਬਿਲਾਵਲੁ ਮਹਲਾ ੫ ॥ (824-10)
बिलावलु महला ५ ॥

ਧੀਰਉ ਦੇਖਿ ਤੁਮ੍ਹਾਰੇ ਰੰਗਾ ॥ (824-11)
धीरउ देखि तुम्हारे रंगा ॥

ਤੂਹੀ ਸੁਆਮੀ ਅੰਤਰਜਾਮੀ ਤੂਹੀ ਵਸਹਿ ਸਾਧ ਕੈ ਸੰਗਾ ॥੧॥ ਰਹਾਉ ॥ (824-11)
तुही सुआमी अंतरजामी तूही वसहि साध कै संगा ॥१॥ रहाउ ॥

ਖਿਨ ਮਹਿ ਥਾਪਿ ਨਿਵਾਜੇ ਠਾਕੁਰ ਨੀਚ ਕੀਟ ਤੇ ਕਰਹਿ ਰਾਜੰਗਾ ॥੧॥ (824-11)
खिन महि थापि निवाजे ठाकुर नीच कीट ते करहि राजंगा ॥१॥

ਕਬਹੂ ਨ ਬਿਸਰੈ ਹੀਏ ਮੋਰੇ ਤੇ ਨਾਨਕ ਦਾਸ ਇਹੀ ਦਾਨੁ ਮੰਗਾ ॥੨॥੧੫॥੧੦੧॥ (824-12)
कबहू न बिसरै हीए मोरे ते नानक दास इही दानु मंगा ॥२॥१५॥१०१॥

ਬਿਲਾਵਲੁ ਮਹਲਾ ੫ ॥ (824-13)
बिलावलु महला ५ ॥

ਅਚੁਤ ਪੂਜਾ ਜੋਗ ਗੋਪਾਲ ॥ (824-13)
अचुत पूजा जोग गोपाल ॥

ਮਨੁ ਤਨੁ ਅਰਪਿ ਰਖਉ ਹਰਿ ਆਗੈ ਸਰਬ ਜੀਆ ਕਾ ਹੈ ਪ੍ਰਤਿਪਾਲ ॥੧॥ ਰਹਾਉ ॥ (824-13)
मनु तनु अरपि रखउ हरि आगै सरब जीआ का है प्रतिपाल ॥१॥ रहाउ ॥

ਸਰਨਿ ਸਮ੍ਰਥ ਅਕਥ ਸੁਖਦਾਤਾ ਕਿਰਪਾ ਸਿੰਧੁ ਬਡੋ ਦਇਆਲ ॥ (824-14)
सरनि सम्रथ अकथ सुखदाता किरपा सिंधु बडो दइआल ॥

ਕੰਠਿ ਲਾਇ ਰਾਖੈ ਅਪਨੇ ਕਉ ਤਿਸ ਨੋ ਲਗੈ ਨ ਤਾਤੀ ਬਾਲ ॥੧॥ (824-15)
कंठि लाइ राखै अपने कउ तिस नो लगै न ताती बाल ॥१॥

ਦਾਮੋਦਰ ਦਇਆਲ ਸੁਆਮੀ ਸਰਬਸੁ ਸੰਤ ਜਨਾ ਧਨ ਮਾਲ ॥ (824-15)
दामोदर दइआल सुआमी सरबसु संत जना धन माल ॥

ਨਾਨਕ ਜਾਚਿਕ ਦਰਸੁ ਪ੍ਰਭ ਮਾਗੈ ਸੰਤ ਜਨਾ ਕੀ ਮਿਲੈ ਰਵਾਲ ॥੨॥੧੬॥੧੦੨॥ (824-16)
नानक जाचिक दरसु प्रभ मागै संत जना की मिलै रवाल ॥२॥१६॥१०२॥

ਬਿਲਾਵਲੁ ਮਹਲਾ ੫ ॥ (824-17)
बिलावलु महला ५ ॥

ਸਿਮਰਤ ਨਾਮੁ ਕੋਟਿ ਜਤਨ ਭਏ ॥ (824-17)
सिमरत नामु कोटि जतन भए ॥

ਸਾਧਸੰਗਿ ਮਿਲਿ ਹਰਿ ਗੁਨ ਗਾਏ ਜਮਦੂਤਨ ਕਉ ਤ੍ਰਾਸ ਅਹੇ ॥੧॥ ਰਹਾਉ ॥ (824-17)
साधसंगि मिलि हरि गुन गाए जमदूतन कउ त्रास अहे ॥१॥ रहाउ ॥

ਜੇਤੇ ਪੁਨਹਚਰਨ ਸੇ ਕੀਨ੍ਹੇ ਮਨਿ ਤਨਿ ਪ੍ਰਭ ਕੇ ਚਰਣ ਗਹੇ ॥ (824-18)
जेते पुनहचरन से कीन्हे मनि तनि प्रभ के चरण गहे ॥

ਆਵਣ ਜਾਣੁ ਭਰਮੁ ਭਉ ਨਾਠਾ ਜਨਮ ਜਨਮ ਕੇ ਕਿਲਵਿਖ ਦਹੇ ॥੧॥ (824-18)
आवण जाणु भरमु भउ नाठा जनम जनम के किलविख दहे ॥१॥

ਨਿਰਭਉ ਹੋਇ ਭਜਹੁ ਜਗਦੀਸੈ ਏਹੁ ਪਦਾਰਥੁ ਵਡਭਾਗਿ ਲਹੇ ॥ (824-19)
निरभउ होइ भजहु जगदीसै एहु पदारथु वडभागि लहे ॥

ਕਰਿ ਕਿਰਪਾ ਪੂਰਨ ਪ੍ਰਭ ਦਾਤੇ ਨਿਰਮਲ ਜਸੁ ਨਾਨਕ ਦਾਸ ਕਹੇ ॥੨॥੧੭॥੧੦੩॥ (825-1)
करि किरपा पूरन प्रभ दाते निरमल जसु नानक दास कहे ॥२॥१७॥१०३॥

ਬਿਲਾਵਲੁ ਮਹਲਾ ੫ ॥ (825-1)
बिलावलु महला ५ ॥

ਸੁਲਹੀ ਤੇ ਨਾਰਾਇਣ ਰਾਖੁ ॥ (825-2)
सुलही ते नाराइण राखु ॥

ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ ॥੧॥ ਰਹਾਉ ॥ (825-2)
सुलही का हाथु कही न पहुचै सुलही होइ मूआ नापाकु ॥१॥ रहाउ ॥

ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ ਖਿਨ ਮਹਿ ਹੋਇ ਗਇਆ ਹੈ ਖਾਕੁ ॥ (825-3)
काढि कुठारु खसमि सिरु काटिआ खिन महि होइ गइआ है खाकु ॥

ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ ਧਾਕੁ ॥੧॥ (825-3)
मंदा चितवत चितवत पचिआ जिनि रचिआ तिनि दीना धाकु ॥१॥

ਪੁਤ੍ਰ ਮੀਤ ਧਨੁ ਕਿਛੂ ਨ ਰਹਿਓ ਸੁ ਛੋਡਿ ਗਇਆ ਸਭ ਭਾਈ ਸਾਕੁ ॥ (825-4)
पुत्र मीत धनु किछू न रहिओ सु छोडि गइआ सभ भाई साकु ॥

ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ ਜਿਨਿ ਜਨ ਕਾ ਕੀਨੋ ਪੂਰਨ ਵਾਕੁ ॥੨॥੧੮॥੧੦੪॥ (825-5)
कहु नानक तिसु प्रभ बलिहारी जिनि जन का कीनो पूरन वाकु ॥२॥१८॥१०४॥

ਬਿਲਾਵਲੁ ਮਹਲਾ ੫ ॥ (825-5)
बिलावलु महला ५ ॥

ਪੂਰੇ ਗੁਰ ਕੀ ਪੂਰੀ ਸੇਵ ॥ (825-6)
पूरे गुर की पूरी सेव ॥

ਆਪੇ ਆਪਿ ਵਰਤੈ ਸੁਆਮੀ ਕਾਰਜੁ ਰਾਸਿ ਕੀਆ ਗੁਰਦੇਵ ॥੧॥ ਰਹਾਉ ॥ (825-6)
आपे आपि वरतै सुआमी कारजु रासि कीआ गुरदेव ॥१॥ रहाउ ॥

ਆਦਿ ਮਧਿ ਪ੍ਰਭੁ ਅੰਤਿ ਸੁਆਮੀ ਅਪਨਾ ਥਾਟੁ ਬਨਾਇਓ ਆਪਿ ॥ (825-6)
आदि मधि प्रभु अंति सुआमी अपना थाटु बनाइओ आपि ॥

ਅਪਨੇ ਸੇਵਕ ਕੀ ਆਪੇ ਰਾਖੈ ਪ੍ਰਭ ਮੇਰੇ ਕੋ ਵਡ ਪਰਤਾਪੁ ॥੧॥ (825-7)
अपने सेवक की आपे राखै प्रभ मेरे को वड परतापु ॥१॥

ਪਾਰਬ੍ਰਹਮ ਪਰਮੇਸੁਰ ਸਤਿਗੁਰ ਵਸਿ ਕੀਨ੍ਹੇ ਜਿਨਿ ਸਗਲੇ ਜੰਤ ॥ (825-8)
पारब्रहम परमेसुर सतिगुर वसि कीन्हे जिनि सगले जंत ॥

ਚਰਨ ਕਮਲ ਨਾਨਕ ਸਰਣਾਈ ਰਾਮ ਨਾਮ ਜਪਿ ਨਿਰਮਲ ਮੰਤ ॥੨॥੧੯॥੧੦੫॥ (825-8)
चरन कमल नानक सरणाई राम नाम जपि निरमल मंत ॥२॥१९॥१०५॥

ਬਿਲਾਵਲੁ ਮਹਲਾ ੫ ॥ (825-9)
बिलावलु महला ५ ॥

ਤਾਪ ਪਾਪ ਤੇ ਰਾਖੇ ਆਪ ॥ (825-9)
ताप पाप ते राखे आप ॥

ਸੀਤਲ ਭਏ ਗੁਰ ਚਰਨੀ ਲਾਗੇ ਰਾਮ ਨਾਮ ਹਿਰਦੇ ਮਹਿ ਜਾਪ ॥੧॥ ਰਹਾਉ ॥ (825-10)
सीतल भए गुर चरनी लागे राम नाम हिरदे महि जाप ॥१॥ रहाउ ॥

ਕਰਿ ਕਿਰਪਾ ਹਸਤ ਪ੍ਰਭਿ ਦੀਨੇ ਜਗਤ ਉਧਾਰ ਨਵ ਖੰਡ ਪ੍ਰਤਾਪ ॥ (825-10)
करि किरपा हसत प्रभि दीने जगत उधार नव खंड प्रताप ॥

ਦੁਖ ਬਿਨਸੇ ਸੁਖ ਅਨਦ ਪ੍ਰਵੇਸਾ ਤ੍ਰਿਸਨ ਬੁਝੀ ਮਨ ਤਨ ਸਚੁ ਧ੍ਰਾਪ ॥੧॥ (825-11)
दुख बिनसे सुख अनद प्रवेसा त्रिसन बुझी मन तन सचु ध्राप ॥१॥

ਅਨਾਥ ਕੋ ਨਾਥੁ ਸਰਣਿ ਸਮਰਥਾ ਸਗਲ ਸ੍ਰਿਸਟਿ ਕੋ ਮਾਈ ਬਾਪੁ ॥ (825-12)
अनाथ को नाथु सरणि समरथा सगल स्रिसटि को माई बापु ॥

ਭਗਤਿ ਵਛਲ ਭੈ ਭੰਜਨ ਸੁਆਮੀ ਗੁਣ ਗਾਵਤ ਨਾਨਕ ਆਲਾਪ ॥੨॥੨੦॥੧੦੬॥ (825-12)
भगति वछल भै भंजन सुआमी गुण गावत नानक आलाप ॥२॥२०॥१०६॥

ਬਿਲਾਵਲੁ ਮਹਲਾ ੫ ॥ (825-13)
बिलावलु महला ५ ॥

ਜਿਸ ਤੇ ਉਪਜਿਆ ਤਿਸਹਿ ਪਛਾਨੁ ॥ (825-13)
जिस ते उपजिआ तिसहि पछानु ॥

ਪਾਰਬ੍ਰਹਮੁ ਪਰਮੇਸਰੁ ਧਿਆਇਆ ਕੁਸਲ ਖੇਮ ਹੋਏ ਕਲਿਆਨ ॥੧॥ ਰਹਾਉ ॥ (825-14)
पारब्रहमु परमेसरु धिआइआ कुसल खेम होए कलिआन ॥१॥ रहाउ ॥

ਗੁਰੁ ਪੂਰਾ ਭੇਟਿਓ ਬਡ ਭਾਗੀ ਅੰਤਰਜਾਮੀ ਸੁਘੜੁ ਸੁਜਾਨੁ ॥ (825-14)
गुरु पूरा भेटिओ बड भागी अंतरजामी सुघड़ु सुजानु ॥

ਹਾਥ ਦੇਇ ਰਾਖੇ ਕਰਿ ਅਪਨੇ ਬਡ ਸਮਰਥੁ ਨਿਮਾਣਿਆ ਕੋ ਮਾਨੁ ॥੧॥ (825-15)
हाथ देइ राखे करि अपने बड समरथु निमाणिआ को मानु ॥१॥

ਭ੍ਰਮ ਭੈ ਬਿਨਸਿ ਗਏ ਖਿਨ ਭੀਤਰਿ ਅੰਧਕਾਰ ਪ੍ਰਗਟੇ ਚਾਨਾਣੁ ॥ (825-15)
भ्रम भै बिनसि गए खिन भीतरि अंधकार प्रगटे चानाणु ॥

ਸਾਸਿ ਸਾਸਿ ਆਰਾਧੈ ਨਾਨਕੁ ਸਦਾ ਸਦਾ ਜਾਈਐ ਕੁਰਬਾਣੁ ॥੨॥੨੧॥੧੦੭॥ (825-16)
सासि सासि आराधै नानकु सदा सदा जाईऐ कुरबाणु ॥२॥२१॥१०७॥

ਬਿਲਾਵਲੁ ਮਹਲਾ ੫ ॥ (825-17)
बिलावलु महला ५ ॥

ਦੋਵੈ ਥਾਵ ਰਖੇ ਗੁਰ ਸੂਰੇ ॥ (825-17)
दोवै थाव रखे गुर सूरे ॥

ਹਲਤ ਪਲਤ ਪਾਰਬ੍ਰਹਮਿ ਸਵਾਰੇ ਕਾਰਜ ਹੋਏ ਸਗਲੇ ਪੂਰੇ ॥੧॥ ਰਹਾਉ ॥ (825-17)
हलत पलत पारब्रहमि सवारे कारज होए सगले पूरे ॥१॥ रहाउ ॥

ਹਰਿ ਹਰਿ ਨਾਮੁ ਜਪਤ ਸੁਖ ਸਹਜੇ ਮਜਨੁ ਹੋਵਤ ਸਾਧੂ ਧੂਰੇ ॥ (825-18)
हरि हरि नामु जपत सुख सहजे मजनु होवत साधू धूरे ॥

ਆਵਣ ਜਾਣ ਰਹੇ ਥਿਤਿ ਪਾਈ ਜਨਮ ਮਰਣ ਕੇ ਮਿਟੇ ਬਿਸੂਰੇ ॥੧॥ (825-19)
आवण जाण रहे थिति पाई जनम मरण के मिटे बिसूरे ॥१॥

ਭ੍ਰਮ ਭੈ ਤਰੇ ਛੁਟੇ ਭੈ ਜਮ ਕੇ ਘਟਿ ਘਟਿ ਏਕੁ ਰਹਿਆ ਭਰਪੂਰੇ ॥ (825-19)
भ्रम भै तरे छुटे भै जम के घटि घटि एकु रहिआ भरपूरे ॥

ਨਾਨਕ ਸਰਣਿ ਪਰਿਓ ਦੁਖ ਭੰਜਨ ਅੰਤਰਿ ਬਾਹਰਿ ਪੇਖਿ ਹਜੂਰੇ ॥੨॥੨੨॥੧੦੮॥ (826-1)
नानक सरणि परिओ दुख भंजन अंतरि बाहरि पेखि हजूरे ॥२॥२२॥१०८॥

ਬਿਲਾਵਲੁ ਮਹਲਾ ੫ ॥ (826-2)
बिलावलु महला ५ ॥

ਦਰਸਨੁ ਦੇਖਤ ਦੋਖ ਨਸੇ ॥ (826-2)
दरसनु देखत दोख नसे ॥

ਕਬਹੁ ਨ ਹੋਵਹੁ ਦ੍ਰਿਸਟਿ ਅਗੋਚਰ ਜੀਅ ਕੈ ਸੰਗਿ ਬਸੇ ॥੧॥ ਰਹਾਉ ॥ (826-2)
कबहु न होवहु द्रिसटि अगोचर जीअ कै संगि बसे ॥१॥ रहाउ ॥

ਪ੍ਰੀਤਮ ਪ੍ਰਾਨ ਅਧਾਰ ਸੁਆਮੀ ॥ (826-3)
प्रीतम प्रान अधार सुआमी ॥

ਪੂਰਿ ਰਹੇ ਪ੍ਰਭ ਅੰਤਰਜਾਮੀ ॥੧॥ (826-3)
पूरि रहे प्रभ अंतरजामी ॥१॥

ਕਿਆ ਗੁਣ ਤੇਰੇ ਸਾਰਿ ਸਮ੍ਹਾਰੀ ॥ (826-3)
किआ गुण तेरे सारि सम्हारी ॥

ਸਾਸਿ ਸਾਸਿ ਪ੍ਰਭ ਤੁਝਹਿ ਚਿਤਾਰੀ ॥੨॥ (826-4)
सासि सासि प्रभ तुझहि चितारी ॥२॥

ਕਿਰਪਾ ਨਿਧਿ ਪ੍ਰਭ ਦੀਨ ਦਇਆਲਾ ॥ (826-4)
किरपा निधि प्रभ दीन दइआला ॥

ਜੀਅ ਜੰਤ ਕੀ ਕਰਹੁ ਪ੍ਰਤਿਪਾਲਾ ॥੩॥ (826-4)
जीअ जंत की करहु प्रतिपाला ॥३॥

ਆਠ ਪਹਰ ਤੇਰਾ ਨਾਮੁ ਜਨੁ ਜਾਪੇ ॥ (826-5)
आठ पहर तेरा नामु जनु जापे ॥

ਨਾਨਕ ਪ੍ਰੀਤਿ ਲਾਈ ਪ੍ਰਭਿ ਆਪੇ ॥੪॥੨੩॥੧੦੯॥ (826-5)
नानक प्रीति लाई प्रभि आपे ॥४॥२३॥१०९॥

ਬਿਲਾਵਲੁ ਮਹਲਾ ੫ ॥ (826-6)
बिलावलु महला ५ ॥

ਤਨੁ ਧਨੁ ਜੋਬਨੁ ਚਲਤ ਗਇਆ ॥ (826-6)
तनु धनु जोबनु चलत गइआ ॥

ਰਾਮ ਨਾਮ ਕਾ ਭਜਨੁ ਨ ਕੀਨੋ ਕਰਤ ਬਿਕਾਰ ਨਿਸਿ ਭੋਰੁ ਭਇਆ ॥੧॥ ਰਹਾਉ ॥ (826-6)
राम नाम का भजनु न कीनो करत बिकार निसि भोरु भइआ ॥१॥ रहाउ ॥

ਅਨਿਕ ਪ੍ਰਕਾਰ ਭੋਜਨ ਨਿਤ ਖਾਤੇ ਮੁਖ ਦੰਤਾ ਘਸਿ ਖੀਨ ਖਇਆ ॥ (826-7)
अनिक प्रकार भोजन नित खाते मुख दंता घसि खीन खइआ ॥

ਮੇਰੀ ਮੇਰੀ ਕਰਿ ਕਰਿ ਮੂਠਉ ਪਾਪ ਕਰਤ ਨਹ ਪਰੀ ਦਇਆ ॥੧॥ (826-8)
मेरी मेरी करि करि मूठउ पाप करत नह परी दइआ ॥१॥

ਮਹਾ ਬਿਕਾਰ ਘੋਰ ਦੁਖ ਸਾਗਰ ਤਿਸੁ ਮਹਿ ਪ੍ਰਾਣੀ ਗਲਤੁ ਪਇਆ ॥ (826-8)
महा बिकार घोर दुख सागर तिसु महि प्राणी गलतु पइआ ॥

ਸਰਨਿ ਪਰੇ ਨਾਨਕ ਸੁਆਮੀ ਕੀ ਬਾਹ ਪਕਰਿ ਪ੍ਰਭਿ ਕਾਢਿ ਲਇਆ ॥੨॥੨੪॥੧੧੦॥ (826-9)
सरनि परे नानक सुआमी की बाह पकरि प्रभि काढि लइआ ॥२॥२४॥११०॥

ਬਿਲਾਵਲੁ ਮਹਲਾ ੫ ॥ (826-10)
बिलावलु महला ५ ॥

ਆਪਨਾ ਪ੍ਰਭੁ ਆਇਆ ਚੀਤਿ ॥ (826-10)
आपना प्रभु आइआ चीति ॥

ਦੁਸਮਨ ਦੁਸਟ ਰਹੇ ਝਖ ਮਾਰਤ ਕੁਸਲੁ ਭਇਆ ਮੇਰੇ ਭਾਈ ਮੀਤ ॥੧॥ ਰਹਾਉ ॥ (826-10)
दुसमन दुसट रहे झख मारत कुसलु भइआ मेरे भाई मीत ॥१॥ रहाउ ॥

ਗਈ ਬਿਆਧਿ ਉਪਾਧਿ ਸਭ ਨਾਸੀ ਅੰਗੀਕਾਰੁ ਕੀਓ ਕਰਤਾਰਿ ॥ (826-11)
गई बिआधि उपाधि सभ नासी अंगीकारु कीओ करतारि ॥

ਸਾਂਤਿ ਸੂਖ ਅਰੁ ਅਨਦ ਘਨੇਰੇ ਪ੍ਰੀਤਮ ਨਾਮੁ ਰਿਦੈ ਉਰ ਹਾਰਿ ॥੧॥ (826-12)
सांति सूख अरु अनद घनेरे प्रीतम नामु रिदै उर हारि ॥१॥

ਜੀਉ ਪਿੰਡੁ ਧਨੁ ਰਾਸਿ ਪ੍ਰਭ ਤੇਰੀ ਤੂੰ ਸਮਰਥੁ ਸੁਆਮੀ ਮੇਰਾ ॥ (826-12)
जीउ पिंडु धनु रासि प्रभ तेरी तूं समरथु सुआमी मेरा ॥

ਦਾਸ ਅਪੁਨੇ ਕਉ ਰਾਖਨਹਾਰਾ ਨਾਨਕ ਦਾਸ ਸਦਾ ਹੈ ਚੇਰਾ ॥੨॥੨੫॥੧੧੧॥ (826-13)
दास अपुने कउ राखनहारा नानक दास सदा है चेरा ॥२॥२५॥१११॥

ਬਿਲਾਵਲੁ ਮਹਲਾ ੫ ॥ (826-14)
बिलावलु महला ५ ॥

ਗੋਬਿਦੁ ਸਿਮਰਿ ਹੋਆ ਕਲਿਆਣੁ ॥ (826-14)
गोबिदु सिमरि होआ कलिआणु ॥

ਮਿਟੀ ਉਪਾਧਿ ਭਇਆ ਸੁਖੁ ਸਾਚਾ ਅੰਤਰਜਾਮੀ ਸਿਮਰਿਆ ਜਾਣੁ ॥੧॥ ਰਹਾਉ ॥ (826-14)
मिटी उपाधि भइआ सुखु साचा अंतरजामी सिमरिआ जाणु ॥१॥ रहाउ ॥

ਜਿਸ ਕੇ ਜੀਅ ਤਿਨਿ ਕੀਏ ਸੁਖਾਲੇ ਭਗਤ ਜਨਾ ਕਉ ਸਾਚਾ ਤਾਣੁ ॥ (826-15)
जिस के जीअ तिनि कीए सुखाले भगत जना कउ साचा ताणु ॥

ਦਾਸ ਅਪੁਨੇ ਕੀ ਆਪੇ ਰਾਖੀ ਭੈ ਭੰਜਨ ਊਪਰਿ ਕਰਤੇ ਮਾਣੁ ॥੧॥ (826-15)
दास अपुने की आपे राखी भै भंजन ऊपरि करते माणु ॥१॥

ਭਈ ਮਿਤ੍ਰਾਈ ਮਿਟੀ ਬੁਰਾਈ ਦ੍ਰੁਸਟ ਦੂਤ ਹਰਿ ਕਾਢੇ ਛਾਣਿ ॥ (826-16)
भई मित्राई मिटी बुराई द्रुसट दूत हरि काढे छाणि ॥

ਸੂਖ ਸਹਜ ਆਨੰਦ ਘਨੇਰੇ ਨਾਨਕ ਜੀਵੈ ਹਰਿ ਗੁਣਹ ਵਖਾਣਿ ॥੨॥੨੬॥੧੧੨॥ (826-17)
सूख सहज आनंद घनेरे नानक जीवै हरि गुणह वखाणि ॥२॥२६॥११२॥

ਬਿਲਾਵਲੁ ਮਹਲਾ ੫ ॥ (826-18)
बिलावलु महला ५ ॥

ਪਾਰਬ੍ਰਹਮ ਪ੍ਰਭ ਭਏ ਕ੍ਰਿਪਾਲ ॥ (826-18)
पारब्रहम प्रभ भए क्रिपाल ॥

ਕਾਰਜ ਸਗਲ ਸਵਾਰੇ ਸਤਿਗੁਰ ਜਪਿ ਜਪਿ ਸਾਧੂ ਭਏ ਨਿਹਾਲ ॥੧॥ ਰਹਾਉ ॥ (826-18)
कारज सगल सवारे सतिगुर जपि जपि साधू भए निहाल ॥१॥ रहाउ ॥

ਅੰਗੀਕਾਰੁ ਕੀਆ ਪ੍ਰਭਿ ਅਪਨੈ ਦੋਖੀ ਸਗਲੇ ਭਏ ਰਵਾਲ ॥ (826-19)
अंगीकारु कीआ प्रभि अपनै दोखी सगले भए रवाल ॥

ਕੰਠਿ ਲਾਇ ਰਾਖੇ ਜਨ ਅਪਨੇ ਉਧਰਿ ਲੀਏ ਲਾਇ ਅਪਨੈ ਪਾਲ ॥੧॥ (826-19)
कंठि लाइ राखे जन अपने उधरि लीए लाइ अपनै पाल ॥१॥

ਸਹੀ ਸਲਾਮਤਿ ਮਿਲਿ ਘਰਿ ਆਏ ਨਿੰਦਕ ਕੇ ਮੁਖ ਹੋਏ ਕਾਲ ॥ (827-1)
सही सलामति मिलि घरि आए निंदक के मुख होए काल ॥

ਕਹੁ ਨਾਨਕ ਮੇਰਾ ਸਤਿਗੁਰੁ ਪੂਰਾ ਗੁਰ ਪ੍ਰਸਾਦਿ ਪ੍ਰਭ ਭਏ ਨਿਹਾਲ ॥੨॥੨੭॥੧੧੩॥ (827-2)
कहु नानक मेरा सतिगुरु पूरा गुर प्रसादि प्रभ भए निहाल ॥२॥२७॥११३॥

ਬਿਲਾਵਲੁ ਮਹਲਾ ੫ ॥ (827-3)
बिलावलु महला ५ ॥

ਮੂ ਲਾਲਨ ਸਿਉ ਪ੍ਰੀਤਿ ਬਨੀ ॥ ਰਹਾਉ ॥ (827-3)
मू लालन सिउ प्रीति बनी ॥ रहाउ ॥

ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ ॥੧॥ (827-3)
तोरी न तूटै छोरी न छूटै ऐसी माधो खिंच तनी ॥१॥

ਦਿਨਸੁ ਰੈਨਿ ਮਨ ਮਾਹਿ ਬਸਤੁ ਹੈ ਤੂ ਕਰਿ ਕਿਰਪਾ ਪ੍ਰਭ ਅਪਨੀ ॥੨॥ (827-4)
दिनसु रैनि मन माहि बसतु है तू करि किरपा प्रभ अपनी ॥२॥

ਬਲਿ ਬਲਿ ਜਾਉ ਸਿਆਮ ਸੁੰਦਰ ਕਉ ਅਕਥ ਕਥਾ ਜਾ ਕੀ ਬਾਤ ਸੁਨੀ ॥੩॥ (827-4)
बलि बलि जाउ सिआम सुंदर कउ अकथ कथा जा की बात सुनी ॥३॥

ਜਨ ਨਾਨਕ ਦਾਸਨਿ ਦਾਸੁ ਕਹੀਅਤ ਹੈ ਮੋਹਿ ਕਰਹੁ ਕ੍ਰਿਪਾ ਠਾਕੁਰ ਅਪੁਨੀ ॥੪॥੨੮॥੧੧੪॥ (827-5)
जन नानक दासनि दासु कहीअत है मोहि करहु क्रिपा ठाकुर अपुनी ॥४॥२८॥११४॥

ਬਿਲਾਵਲੁ ਮਹਲਾ ੫ ॥ (827-6)
बिलावलु महला ५ ॥

ਹਰਿ ਕੇ ਚਰਨ ਜਪਿ ਜਾਂਉ ਕੁਰਬਾਨੁ ॥ (827-6)
हरि के चरन जपि जांउ कुरबानु ॥

ਗੁਰੁ ਮੇਰਾ ਪਾਰਬ੍ਰਹਮ ਪਰਮੇਸੁਰੁ ਤਾ ਕਾ ਹਿਰਦੈ ਧਰਿ ਮਨ ਧਿਆਨੁ ॥੧॥ ਰਹਾਉ ॥ (827-6)
गुरु मेरा पारब्रहम परमेसुरु ता का हिरदै धरि मन धिआनु ॥१॥ रहाउ ॥

ਸਿਮਰਿ ਸਿਮਰਿ ਸਿਮਰਿ ਸੁਖਦਾਤਾ ਜਾ ਕਾ ਕੀਆ ਸਗਲ ਜਹਾਨੁ ॥ (827-7)
सिमरि सिमरि सिमरि सुखदाता जा का कीआ सगल जहानु ॥

ਰਸਨਾ ਰਵਹੁ ਏਕੁ ਨਾਰਾਇਣੁ ਸਾਚੀ ਦਰਗਹ ਪਾਵਹੁ ਮਾਨੁ ॥੧॥ (827-8)
रसना रवहु एकु नाराइणु साची दरगह पावहु मानु ॥१॥

ਸਾਧੂ ਸੰਗੁ ਪਰਾਪਤਿ ਜਾ ਕਉ ਤਿਨ ਹੀ ਪਾਇਆ ਏਹੁ ਨਿਧਾਨੁ ॥ (827-8)
साधू संगु परापति जा कउ तिन ही पाइआ एहु निधानु ॥

ਗਾਵਉ ਗੁਣ ਕੀਰਤਨੁ ਨਿਤ ਸੁਆਮੀ ਕਰਿ ਕਿਰਪਾ ਨਾਨਕ ਦੀਜੈ ਦਾਨੁ ॥੨॥੨੯॥੧੧੫॥ (827-9)
गावउ गुण कीरतनु नित सुआमी करि किरपा नानक दीजै दानु ॥२॥२९॥११५॥

ਬਿਲਾਵਲੁ ਮਹਲਾ ੫ ॥ (827-10)
बिलावलु महला ५ ॥

ਰਾਖਿ ਲੀਏ ਸਤਿਗੁਰ ਕੀ ਸਰਣ ॥ (827-10)
राखि लीए सतिगुर की सरण ॥

ਜੈ ਜੈ ਕਾਰੁ ਹੋਆ ਜਗ ਅੰਤਰਿ ਪਾਰਬ੍ਰਹਮੁ ਮੇਰੋ ਤਾਰਣ ਤਰਣ ॥੧॥ ਰਹਾਉ ॥ (827-10)
जै जै कारु होआ जग अंतरि पारब्रहमु मेरो तारण तरण ॥१॥ रहाउ ॥

ਬਿਸੰ੍ਭਰ ਪੂਰਨ ਸੁਖਦਾਤਾ ਸਗਲ ਸਮਗ੍ਰੀ ਪੋਖਣ ਭਰਣ ॥ (827-11)
बिस्म्भर पूरन सुखदाता सगल समग्री पोखण भरण ॥

ਥਾਨ ਥਨੰਤਰਿ ਸਰਬ ਨਿਰੰਤਰਿ ਬਲਿ ਬਲਿ ਜਾਂਈ ਹਰਿ ਕੇ ਚਰਣ ॥੧॥ (827-12)
थान थनंतरि सरब निरंतरि बलि बलि जांई हरि के चरण ॥१॥

ਜੀਅ ਜੁਗਤਿ ਵਸਿ ਮੇਰੇ ਸੁਆਮੀ ਸਰਬ ਸਿਧਿ ਤੁਮ ਕਾਰਣ ਕਰਣ ॥ (827-12)
जीअ जुगति वसि मेरे सुआमी सरब सिधि तुम कारण करण ॥

ਆਦਿ ਜੁਗਾਦਿ ਪ੍ਰਭੁ ਰਖਦਾ ਆਇਆ ਹਰਿ ਸਿਮਰਤ ਨਾਨਕ ਨਹੀ ਡਰਣ ॥੨॥੩੦॥੧੧੬॥ (827-13)
आदि जुगादि प्रभु रखदा आइआ हरि सिमरत नानक नही डरण ॥२॥३०॥११६॥

ਰਾਗੁ ਬਿਲਾਵਲੁ ਮਹਲਾ ੫ ਦੁਪਦੇ ਘਰੁ ੮ (827-15)
रागु बिलावलु महला ५ दुपदे घरु ८

ੴ ਸਤਿਗੁਰ ਪ੍ਰਸਾਦਿ ॥ (827-15)
ੴ सतिगुर प्रसादि ॥

ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥ (827-16)
मै नाही प्रभ सभु किछु तेरा ॥

ਈਘੈ ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ ॥੧॥ ਰਹਾਉ ॥ (827-16)
ईघै निरगुन ऊघै सरगुन केल करत बिचि सुआमी मेरा ॥१॥ रहाउ ॥

ਨਗਰ ਮਹਿ ਆਪਿ ਬਾਹਰਿ ਫੁਨਿ ਆਪਨ ਪ੍ਰਭ ਮੇਰੇ ਕੋ ਸਗਲ ਬਸੇਰਾ ॥ (827-17)
नगर महि आपि बाहरि फुनि आपन प्रभ मेरे को सगल बसेरा ॥

ਆਪੇ ਹੀ ਰਾਜਨੁ ਆਪੇ ਹੀ ਰਾਇਆ ਕਹ ਕਹ ਠਾਕੁਰੁ ਕਹ ਕਹ ਚੇਰਾ ॥੧॥ (827-17)
आपे ही राजनु आपे ही राइआ कह कह ठाकुरु कह कह चेरा ॥१॥

ਕਾ ਕਉ ਦੁਰਾਉ ਕਾ ਸਿਉ ਬਲਬੰਚਾ ਜਹ ਜਹ ਪੇਖਉ ਤਹ ਤਹ ਨੇਰਾ ॥ (827-18)
का कउ दुराउ का सिउ बलबंचा जह जह पेखउ तह तह नेरा ॥

ਸਾਧ ਮੂਰਤਿ ਗੁਰੁ ਭੇਟਿਓ ਨਾਨਕ ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥੨॥੧॥੧੧੭॥ (827-18)
साध मूरति गुरु भेटिओ नानक मिलि सागर बूंद नही अन हेरा ॥२॥१॥११७॥

ਬਿਲਾਵਲੁ ਮਹਲਾ ੫ ॥ (827-19)
बिलावलु महला ५ ॥

ਤੁਮ੍ਹ੍ਹ ਸਮਰਥਾ ਕਾਰਨ ਕਰਨ ॥ (828-1)
तुम्ह समरथा कारन करन ॥

ਢਾਕਨ ਢਾਕਿ ਗੋਬਿਦ ਗੁਰ ਮੇਰੇ ਮੋਹਿ ਅਪਰਾਧੀ ਸਰਨ ਚਰਨ ॥੧॥ ਰਹਾਉ ॥ (828-1)
ढाकन ढाकि गोबिद गुर मेरे मोहि अपराधी सरन चरन ॥१॥ रहाउ ॥

ਜੋ ਜੋ ਕੀਨੋ ਸੋ ਤੁਮ੍ਹ੍ਹ ਜਾਨਿਓ ਪੇਖਿਓ ਠਉਰ ਨਾਹੀ ਕਛੁ ਢੀਠ ਮੁਕਰਨ ॥ (828-2)
जो जो कीनो सो तुम्ह जानिओ पेखिओ ठउर नाही कछु ढीठ मुकरन ॥

ਬਡ ਪਰਤਾਪੁ ਸੁਨਿਓ ਪ੍ਰਭ ਤੁਮ੍ਹ੍ਹਰੋ ਕੋਟਿ ਅਘਾ ਤੇਰੋ ਨਾਮ ਹਰਨ ॥੧॥ (828-2)
बड परतापु सुनिओ प्रभ तुम्हरो कोटि अघा तेरो नाम हरन ॥१॥

ਹਮਰੋ ਸਹਾਉ ਸਦਾ ਸਦ ਭੂਲਨ ਤੁਮ੍ਹ੍ਹਰੋ ਬਿਰਦੁ ਪਤਿਤ ਉਧਰਨ ॥ (828-3)
हमरो सहाउ सदा सद भूलन तुम्हरो बिरदु पतित उधरन ॥

ਕਰੁਣਾ ਮੈ ਕਿਰਪਾਲ ਕ੍ਰਿਪਾ ਨਿਧਿ ਜੀਵਨ ਪਦ ਨਾਨਕ ਹਰਿ ਦਰਸਨ ॥੨॥੨॥੧੧੮॥ (828-3)
करुणा मै किरपाल क्रिपा निधि जीवन पद नानक हरि दरसन ॥२॥२॥११८॥

ਬਿਲਾਵਲੁ ਮਹਲਾ ੫ ॥ (828-4)
बिलावलु महला ५ ॥

ਐਸੀ ਕਿਰਪਾ ਮੋਹਿ ਕਰਹੁ ॥ (828-4)
ऐसी किरपा मोहि करहु ॥

ਸੰਤਹ ਚਰਣ ਹਮਾਰੋ ਮਾਥਾ ਨੈਨ ਦਰਸੁ ਤਨਿ ਧੂਰਿ ਪਰਹੁ ॥੧॥ ਰਹਾਉ ॥ (828-5)
संतह चरण हमारो माथा नैन दरसु तनि धूरि परहु ॥१॥ रहाउ ॥

ਗੁਰ ਕੋ ਸਬਦੁ ਮੇਰੈ ਹੀਅਰੈ ਬਾਸੈ ਹਰਿ ਨਾਮਾ ਮਨ ਸੰਗਿ ਧਰਹੁ ॥ (828-5)
गुर को सबदु मेरै हीअरै बासै हरि नामा मन संगि धरहु ॥

ਤਸਕਰ ਪੰਚ ਨਿਵਾਰਹੁ ਠਾਕੁਰ ਸਗਲੋ ਭਰਮਾ ਹੋਮਿ ਜਰਹੁ ॥੧॥ (828-6)
तसकर पंच निवारहु ठाकुर सगलो भरमा होमि जरहु ॥१॥

ਜੋ ਤੁਮ੍ ਕਰਹੁ ਸੋਈ ਭਲ ਮਾਨੈ ਭਾਵਨੁ ਦੁਬਿਧਾ ਦੂਰਿ ਟਰਹੁ ॥ (828-7)
जो तुम्ह करहु सोई भल मानै भावनु दुबिधा दूरि टरहु ॥

ਨਾਨਕ ਕੇ ਪ੍ਰਭ ਤੁਮ ਹੀ ਦਾਤੇ ਸੰਤਸੰਗਿ ਲੇ ਮੋਹਿ ਉਧਰਹੁ ॥੨॥੩॥੧੧੯॥ (828-7)
नानक के प्रभ तुम ही दाते संतसंगि ले मोहि उधरहु ॥२॥३॥११९॥

ਬਿਲਾਵਲੁ ਮਹਲਾ ੫ ॥ (828-8)
बिलावलु महला ५ ॥

ਐਸੀ ਦੀਖਿਆ ਜਨ ਸਿਉ ਮੰਗਾ ॥ (828-8)
ऐसी दीखिआ जन सिउ मंगा ॥

ਤੁਮ੍ਰੋ ਧਿਆਨੁ ਤੁਮ੍ਾਰੋ ਰੰਗਾ ॥ (828-8)
तुम्हरो धिआनु तुम्हारो रंगा ॥

ਤੁਮ੍ਰੀ ਸੇਵਾ ਤੁਮ੍ਾਰੇ ਅੰਗਾ ॥੧॥ ਰਹਾਉ ॥ (828-9)
तुम्हरी सेवा तुम्हारे अंगा ॥१॥ रहाउ ॥

ਜਨ ਕੀ ਟਹਲ ਸੰਭਾਖਨੁ ਜਨ ਸਿਉ ਊਠਨੁ ਬੈਠਨੁ ਜਨ ਕੈ ਸੰਗਾ ॥ (828-9)
जन की टहल स्मभाखनु जन सिउ ऊठनु बैठनु जन कै संगा ॥

ਜਨ ਚਰ ਰਜ ਮੁਖਿ ਮਾਥੈ ਲਾਗੀ ਆਸਾ ਪੂਰਨ ਅਨੰਤ ਤਰੰਗਾ ॥੧॥ (828-10)
जन चर रज मुखि माथै लागी आसा पूरन अनंत तरंगा ॥१॥

ਜਨ ਪਾਰਬ੍ਰਹਮ ਜਾ ਕੀ ਨਿਰਮਲ ਮਹਿਮਾ ਜਨ ਕੇ ਚਰਨ ਤੀਰਥ ਕੋਟਿ ਗੰਗਾ ॥ (828-10)
जन पारब्रहम जा की निरमल महिमा जन के चरन तीरथ कोटि गंगा ॥

ਜਨ ਕੀ ਧੂਰਿ ਕੀਓ ਮਜਨੁ ਨਾਨਕ ਜਨਮ ਜਨਮ ਕੇ ਹਰੇ ਕਲੰਗਾ ॥੨॥੪॥੧੨੦॥ (828-11)
जन की धूरि कीओ मजनु नानक जनम जनम के हरे कलंगा ॥२॥४॥१२०॥

ਬਿਲਾਵਲੁ ਮਹਲਾ ੫ ॥ (828-12)
बिलावलु महला ५ ॥

ਜਿਉ ਭਾਵੈ ਤਿਉ ਮੋਹਿ ਪ੍ਰਤਿਪਾਲ ॥ (828-12)
जिउ भावै तिउ मोहि प्रतिपाल ॥

ਪਾਰਬ੍ਰਹਮ ਪਰਮੇਸਰ ਸਤਿਗੁਰ ਹਮ ਬਾਰਿਕ ਤੁਮ੍ਹ ਪਿਤਾ ਕਿਰਪਾਲ ॥੧॥ ਰਹਾਉ ॥ (828-12)
पारब्रहम परमेसर सतिगुर हम बारिक तुम्ह पिता किरपाल ॥१॥ रहाउ ॥

ਮੋਹਿ ਨਿਰਗੁਣ ਗੁਣੁ ਨਾਹੀ ਕੋਈ ਪਹੁਚਿ ਨ ਸਾਕਉ ਤੁਮ੍ਹਰੀ ਘਾਲ ॥ (828-13)
मोहि निरगुण गुणु नाही कोई पहुचि न साकउ तुम्हरी घाल ॥

ਤੁਮਰੀ ਗਤਿ ਮਿਤਿ ਤੁਮ ਹੀ ਜਾਨਹੁ ਜੀਉ ਪਿੰਡੁ ਸਭੁ ਤੁਮਰੋ ਮਾਲ ॥੧॥ (828-14)
तुमरी गति मिति तुम ही जानहु जीउ पिंडु सभु तुमरो माल ॥१॥

ਅੰਤਰਜਾਮੀ ਪੁਰਖ ਸੁਆਮੀ ਅਨਬੋਲਤ ਹੀ ਜਾਨਹੁ ਹਾਲ ॥ (828-14)
अंतरजामी पुरख सुआमी अनबोलत ही जानहु हाल ॥

ਤਨੁ ਮਨੁ ਸੀਤਲੁ ਹੋਇ ਹਮਾਰੋ ਨਾਨਕ ਪ੍ਰਭ ਜੀਉ ਨਦਰਿ ਨਿਹਾਲ ॥੨॥੫॥੧੨੧॥ (828-15)
तनु मनु सीतलु होइ हमारो नानक प्रभ जीउ नदरि निहाल ॥२॥५॥१२१॥

ਬਿਲਾਵਲੁ ਮਹਲਾ ੫ ॥ (828-16)
बिलावलु महला ५ ॥

ਰਾਖੁ ਸਦਾ ਪ੍ਰਭ ਅਪਨੈ ਸਾਥ ॥ (828-16)
राखु सदा प्रभ अपनै साथ ॥

ਤੂ ਹਮਰੋ ਪ੍ਰੀਤਮੁ ਮਨਮੋਹਨੁ ਤੁਝ ਬਿਨੁ ਜੀਵਨੁ ਸਗਲ ਅਕਾਥ ॥੧॥ ਰਹਾਉ ॥ (828-16)
तू हमरो प्रीतमु मनमोहनु तुझ बिनु जीवनु सगल अकाथ ॥१॥ रहाउ ॥

ਰੰਕ ਤੇ ਰਾਉ ਕਰਤ ਖਿਨ ਭੀਤਰਿ ਪ੍ਰਭੁ ਮੇਰੋ ਅਨਾਥ ਕੋ ਨਾਥ ॥ (828-17)
रंक ते राउ करत खिन भीतरि प्रभु मेरो अनाथ को नाथ ॥

ਜਲਤ ਅਗਨਿ ਮਹਿ ਜਨ ਆਪਿ ਉਧਾਰੇ ਕਰਿ ਅਪੁਨੇ ਦੇ ਰਾਖੇ ਹਾਥ ॥੧॥ (828-17)
जलत अगनि महि जन आपि उधारे करि अपुने दे राखे हाथ ॥१॥

ਸੀਤਲ ਸੁਖੁ ਪਾਇਓ ਮਨ ਤ੍ਰਿਪਤੇ ਹਰਿ ਸਿਮਰਤ ਸ੍ਰਮ ਸਗਲੇ ਲਾਥ ॥ (828-18)
सीतल सुखु पाइओ मन त्रिपते हरि सिमरत स्रम सगले लाथ ॥

ਨਿਧਿ ਨਿਧਾਨ ਨਾਨਕ ਹਰਿ ਸੇਵਾ ਅਵਰ ਸਿਆਨਪ ਸਗਲ ਅਕਾਥ ॥੨॥੬॥੧੨੨॥ (828-19)
निधि निधान नानक हरि सेवा अवर सिआनप सगल अकाथ ॥२॥६॥१२२॥

ਬਿਲਾਵਲੁ ਮਹਲਾ ੫ ॥ (829-1)
बिलावलु महला ५ ॥

ਅਪਨੇ ਸੇਵਕ ਕਉ ਕਬਹੁ ਨ ਬਿਸਾਰਹੁ ॥ (829-1)
अपने सेवक कउ कबहु न बिसारहु ॥

ਉਰਿ ਲਾਗਹੁ ਸੁਆਮੀ ਪ੍ਰਭ ਮੇਰੇ ਪੂਰਬ ਪ੍ਰੀਤਿ ਗੋਬਿੰਦ ਬੀਚਾਰਹੁ ॥੧॥ ਰਹਾਉ ॥ (829-1)
उरि लागहु सुआमी प्रभ मेरे पूरब प्रीति गोबिंद बीचारहु ॥१॥ रहाउ ॥

ਪਤਿਤ ਪਾਵਨ ਪ੍ਰਭ ਬਿਰਦੁ ਤੁਮ੍ਹ੍ਹਾਰੋ ਹਮਰੇ ਦੋਖ ਰਿਦੈ ਮਤ ਧਾਰਹੁ ॥ (829-2)
पतित पावन प्रभ बिरदु तुम्हारो हमरे दोख रिदै मत धारहु ॥

ਜੀਵਨ ਪ੍ਰਾਨ ਹਰਿ ਧਨੁ ਸੁਖੁ ਤੁਮ ਹੀ ਹਉਮੈ ਪਟਲੁ ਕ੍ਰਿਪਾ ਕਰਿ ਜਾਰਹੁ ॥੧॥ (829-3)
जीवन प्रान हरि धनु सुखु तुम ही हउमै पटलु क्रिपा करि जारहु ॥१॥

ਜਲ ਬਿਹੂਨ ਮੀਨ ਕਤ ਜੀਵਨ ਦੂਧ ਬਿਨਾ ਰਹਨੁ ਕਤ ਬਾਰੋ ॥ (829-3)
जल बिहून मीन कत जीवन दूध बिना रहनु कत बारो ॥

ਜਨ ਨਾਨਕ ਪਿਆਸ ਚਰਨ ਕਮਲਨ੍ਹ੍ਹ ਕੀ ਪੇਖਿ ਦਰਸੁ ਸੁਆਮੀ ਸੁਖ ਸਾਰੋ ॥੨॥੭॥੧੨੩॥ (829-4)
जन नानक पिआस चरन कमलन्ह की पेखि दरसु सुआमी सुख सारो ॥२॥७॥१२३॥

ਬਿਲਾਵਲੁ ਮਹਲਾ ੫ ॥ (829-5)
बिलावलु महला ५ ॥

ਆਗੈ ਪਾਛੈ ਕੁਸਲੁ ਭਇਆ ॥ (829-5)
आगै पाछै कुसलु भइआ ॥

ਗੁਰਿ ਪੂਰੈ ਪੂਰੀ ਸਭ ਰਾਖੀ ਪਾਰਬ੍ਰਹਮਿ ਪ੍ਰਭਿ ਕੀਨੀ ਮਇਆ ॥੧॥ ਰਹਾਉ ॥ (829-5)
गुरि पूरै पूरी सभ राखी पारब्रहमि प्रभि कीनी मइआ ॥१॥ रहाउ ॥

ਮਨਿ ਤਨਿ ਰਵਿ ਰਹਿਆ ਹਰਿ ਪ੍ਰੀਤਮੁ ਦੂਖ ਦਰਦ ਸਗਲਾ ਮਿਟਿ ਗਇਆ ॥ (829-6)
मनि तनि रवि रहिआ हरि प्रीतमु दूख दरद सगला मिटि गइआ ॥

ਸਾਂਤਿ ਸਹਜ ਆਨਦ ਗੁਣ ਗਾਏ ਦੂਤ ਦੁਸਟ ਸਭਿ ਹੋਏ ਖਇਆ ॥੧॥ (829-7)
सांति सहज आनद गुण गाए दूत दुसट सभि होए खइआ ॥१॥

ਗੁਨੁ ਅਵਗੁਨੁ ਪ੍ਰਭਿ ਕਛੁ ਨ ਬੀਚਾਰਿਓ ਕਰਿ ਕਿਰਪਾ ਅਪੁਨਾ ਕਰਿ ਲਇਆ ॥ (829-7)
गुनु अवगुनु प्रभि कछु न बीचारिओ करि किरपा अपुना करि लइआ ॥

ਅਤੁਲ ਬਡਾਈ ਅਚੁਤ ਅਬਿਨਾਸੀ ਨਾਨਕੁ ਉਚਰੈ ਹਰਿ ਕੀ ਜਇਆ ॥੨॥੮॥੧੨੪॥ (829-8)
अतुल बडाई अचुत अबिनासी नानकु उचरै हरि की जइआ ॥२॥८॥१२४॥

ਬਿਲਾਵਲੁ ਮਹਲਾ ੫ ॥ (829-9)
बिलावलु महला ५ ॥

ਬਿਨੁ ਭੈ ਭਗਤੀ ਤਰਨੁ ਕੈਸੇ ॥ (829-9)
बिनु भै भगती तरनु कैसे ॥

ਕਰਹੁ ਅਨੁਗ੍ਰਹੁ ਪਤਿਤ ਉਧਾਰਨ ਰਾਖੁ ਸੁਆਮੀ ਆਪ ਭਰੋਸੇ ॥੧॥ ਰਹਾਉ ॥ (829-9)
करहु अनुग्रहु पतित उधारन राखु सुआमी आप भरोसे ॥१॥ रहाउ ॥

ਸਿਮਰਨੁ ਨਹੀ ਆਵਤ ਫਿਰਤ ਮਦ ਮਾਵਤ ਬਿਖਿਆ ਰਾਤਾ ਸੁਆਨ ਜੈਸੇ ॥ (829-10)
सिमरनु नही आवत फिरत मद मावत बिखिआ राता सुआन जैसे ॥

ਅਉਧ ਬਿਹਾਵਤ ਅਧਿਕ ਮੋਹਾਵਤ ਪਾਪ ਕਮਾਵਤ ਬੁਡੇ ਐਸੇ ॥੧॥ (829-11)
अउध बिहावत अधिक मोहावत पाप कमावत बुडे ऐसे ॥१॥

ਸਰਨਿ ਦੁਖ ਭੰਜਨ ਪੁਰਖ ਨਿਰੰਜਨ ਸਾਧੂ ਸੰਗਤਿ ਰਵਣੁ ਜੈਸੇ ॥ (829-11)
सरनि दुख भंजन पुरख निरंजन साधू संगति रवणु जैसे ॥

ਕੇਸਵ ਕਲੇਸ ਨਾਸ ਅਘ ਖੰਡਨ ਨਾਨਕ ਜੀਵਤ ਦਰਸ ਦਿਸੇ ॥੨॥੯॥੧੨੫॥ (829-12)
केसव कलेस नास अघ खंडन नानक जीवत दरस दिसे ॥२॥९॥१२५॥

ਰਾਗੁ ਬਿਲਾਵਲੁ ਮਹਲਾ ੫ ਦੁਪਦੇ ਘਰੁ ੯ (829-14)
रागु बिलावलु महला ५ दुपदे घरु ९

ੴ ਸਤਿਗੁਰ ਪ੍ਰਸਾਦਿ ॥ (829-14)
ੴ सतिगुर प्रसादि ॥

ਆਪਹਿ ਮੇਲਿ ਲਏ ॥ (829-15)
आपहि मेलि लए ॥

ਜਬ ਤੇ ਸਰਨਿ ਤੁਮਾਰੀ ਆਏ ਤਬ ਤੇ ਦੋਖ ਗਏ ॥੧॥ ਰਹਾਉ ॥ (829-15)
जब ते सरनि तुमारी आए तब ते दोख गए ॥१॥ रहाउ ॥

ਤਜਿ ਅਭਿਮਾਨੁ ਅਰੁ ਚਿੰਤ ਬਿਰਾਨੀ ਸਾਧਹ ਸਰਨ ਪਏ ॥ (829-15)
तजि अभिमानु अरु चिंत बिरानी साधह सरन पए ॥

ਜਪਿ ਜਪਿ ਨਾਮੁ ਤੁਮ੍ਹਾਰੋ ਪ੍ਰੀਤਮ ਤਨ ਤੇ ਰੋਗ ਖਏ ॥੧॥ (829-16)
जपि जपि नामु तुम्हारो प्रीतम तन ते रोग खए ॥१॥

ਮਹਾ ਮੁਗਧ ਅਜਾਨ ਅਗਿਆਨੀ ਰਾਖੇ ਧਾਰਿ ਦਏ ॥ (829-16)
महा मुगध अजान अगिआनी राखे धारि दए ॥

ਕਹੁ ਨਾਨਕ ਗੁਰੁ ਪੂਰਾ ਭੇਟਿਓ ਆਵਨ ਜਾਨ ਰਹੇ ॥੨॥੧॥੧੨੬॥ (829-17)
कहु नानक गुरु पूरा भेटिओ आवन जान रहे ॥२॥१॥१२६॥

ਬਿਲਾਵਲੁ ਮਹਲਾ ੫ ॥ (829-18)
बिलावलु महला ५ ॥

ਜੀਵਉ ਨਾਮੁ ਸੁਨੀ ॥ (829-18)
जीवउ नामु सुनी ॥

ਜਉ ਸੁਪ੍ਰਸੰਨ ਭਏ ਗੁਰ ਪੂਰੇ ਤਬ ਮੇਰੀ ਆਸ ਪੁਨੀ ॥੧॥ ਰਹਾਉ ॥ (829-18)
जउ सुप्रसंन भए गुर पूरे तब मेरी आस पुनी ॥१॥ रहाउ ॥

ਪੀਰ ਗਈ ਬਾਧੀ ਮਨਿ ਧੀਰਾ ਮੋਹਿਓ ਅਨਦ ਧੁਨੀ ॥ (829-19)
पीर गई बाधी मनि धीरा मोहिओ अनद धुनी ॥

ਉਪਜਿਓ ਚਾਉ ਮਿਲਨ ਪ੍ਰਭ ਪ੍ਰੀਤਮ ਰਹਨੁ ਨ ਜਾਇ ਖਿਨੀ ॥੧॥ (829-19)
उपजिओ चाउ मिलन प्रभ प्रीतम रहनु न जाइ खिनी ॥१॥

ਅਨਿਕ ਭਗਤ ਅਨਿਕ ਜਨ ਤਾਰੇ ਸਿਮਰਹਿ ਅਨਿਕ ਮੁਨੀ ॥ (830-1)
अनिक भगत अनिक जन तारे सिमरहि अनिक मुनी ॥

ਅੰਧੁਲੇ ਟਿਕ ਨਿਰਧਨ ਧਨੁ ਪਾਇਓ ਪ੍ਰਭ ਨਾਨਕ ਅਨਿਕ ਗੁਨੀ ॥੨॥੨॥੧੨੭॥ (830-1)
अंधुले टिक निरधन धनु पाइओ प्रभ नानक अनिक गुनी ॥२॥२॥१२७॥

ਰਾਗੁ ਬਿਲਾਵਲੁ ਮਹਲਾ ੫ ਘਰੁ ੧੩ ਪੜਤਾਲ (830-3)
रागु बिलावलु महला ५ घरु १३ पड़ताल

ੴ ਸਤਿਗੁਰ ਪ੍ਰਸਾਦਿ ॥ (830-3)
ੴ सतिगुर प्रसादि ॥

ਮੋਹਨ ਨੀਦ ਨ ਆਵੈ ਹਾਵੈ ਹਾਰ ਕਜਰ ਬਸਤ੍ਰ ਅਭਰਨ ਕੀਨੇ ॥ (830-4)
मोहन नीद न आवै हावै हार कजर बसत्र अभरन कीने ॥

ਉਡੀਨੀ ਉਡੀਨੀ ਉਡੀਨੀ ॥ (830-4)
उडीनी उडीनी उडीनी ॥

ਕਬ ਘਰਿ ਆਵੈ ਰੀ ॥੧॥ ਰਹਾਉ ॥ (830-4)
कब घरि आवै री ॥१॥ रहाउ ॥

ਸਰਨਿ ਸੁਹਾਗਨਿ ਚਰਨ ਸੀਸੁ ਧਰਿ ॥ (830-5)
सरनि सुहागनि चरन सीसु धरि ॥

ਲਾਲਨੁ ਮੋਹਿ ਮਿਲਾਵਹੁ ॥ (830-5)
लालनु मोहि मिलावहु ॥

ਕਬ ਘਰਿ ਆਵੈ ਰੀ ॥੧॥ (830-5)
कब घरि आवै री ॥१॥

ਸੁਨਹੁ ਸਹੇਰੀ ਮਿਲਨ ਬਾਤ ਕਹਉ ਸਗਰੋ ਅਹੰ ਮਿਟਾਵਹੁ ਤਉ ਘਰ ਹੀ ਲਾਲਨੁ ਪਾਵਹੁ ॥ (830-5)
सुनहु सहेरी मिलन बात कहउ सगरो अहं मिटावहु तउ घर ही लालनु पावहु ॥

ਤਬ ਰਸ ਮੰਗਲ ਗੁਨ ਗਾਵਹੁ ॥ (830-7)
तब रस मंगल गुन गावहु ॥

ਆਨਦ ਰੂਪ ਧਿਆਵਹੁ ॥ (830-7)
आनद रूप धिआवहु ॥

ਨਾਨਕੁ ਦੁਆਰੈ ਆਇਓ ॥ (830-7)
नानकु दुआरै आइओ ॥

ਤਉ ਮੈ ਲਾਲਨੁ ਪਾਇਓ ਰੀ ॥੨॥ (830-7)
तउ मै लालनु पाइओ री ॥२॥

ਮੋਹਨ ਰੂਪੁ ਦਿਖਾਵੈ ॥ (830-8)
मोहन रूपु दिखावै ॥

ਅਬ ਮੋਹਿ ਨੀਦ ਸੁਹਾਵੈ ॥ (830-8)
अब मोहि नीद सुहावै ॥

ਸਭ ਮੇਰੀ ਤਿਖਾ ਬੁਝਾਨੀ ॥ (830-8)
सभ मेरी तिखा बुझानी ॥

ਅਬ ਮੈ ਸਹਜਿ ਸਮਾਨੀ ॥ (830-8)
अब मै सहजि समानी ॥

ਮੀਠੀ ਪਿਰਹਿ ਕਹਾਨੀ ॥ (830-9)
मीठी पिरहि कहानी ॥

ਮੋਹਨੁ ਲਾਲਨੁ ਪਾਇਓ ਰੀ ॥ ਰਹਾਉ ਦੂਜਾ ॥੧॥੧੨੮॥ (830-9)
मोहनु लालनु पाइओ री ॥ रहाउ दूजा ॥१॥१२८॥

ਬਿਲਾਵਲੁ ਮਹਲਾ ੫ ॥ (830-9)
बिलावलु महला ५ ॥

ਮੋਰੀ ਅਹੰ ਜਾਇ ਦਰਸਨ ਪਾਵਤ ਹੇ ॥ (830-9)
मोरी अहं जाइ दरसन पावत हे ॥

ਰਾਚਹੁ ਨਾਥ ਹੀ ਸਹਾਈ ਸੰਤਨਾ ॥ (830-10)
राचहु नाथ ही सहाई संतना ॥

ਅਬ ਚਰਨ ਗਹੇ ॥੧॥ ਰਹਾਉ ॥ (830-10)
अब चरन गहे ॥१॥ रहाउ ॥

ਆਹੇ ਮਨ ਅਵਰੁ ਨ ਭਾਵੈ ਚਰਨਾਵੈ ਚਰਨਾਵੈ ਉਲਝਿਓ ਅਲਿ ਮਕਰੰਦ ਕਮਲ ਜਿਉ ॥ (830-10)
आहे मन अवरु न भावै चरनावै चरनावै उलझिओ अलि मकरंद कमल जिउ ॥

ਅਨ ਰਸ ਨਹੀ ਚਾਹੈ ਏਕੈ ਹਰਿ ਲਾਹੈ ॥੧॥ (830-11)
अन रस नही चाहै एकै हरि लाहै ॥१॥

ਅਨ ਤੇ ਟੂਟੀਐ ਰਿਖ ਤੇ ਛੂਟੀਐ ॥ (830-12)
अन ते टूटीऐ रिख ते छूटीऐ ॥

ਮਨ ਹਰਿ ਰਸ ਘੂਟੀਐ ਸੰਗਿ ਸਾਧੂ ਉਲਟੀਐ ॥ (830-12)
मन हरि रस घूटीऐ संगि साधू उलटीऐ ॥

ਅਨ ਨਾਹੀ ਨਾਹੀ ਰੇ ॥ (830-12)
अन नाही नाही रे ॥

ਨਾਨਕ ਪ੍ਰੀਤਿ ਚਰਨ ਚਰਨ ਹੇ ॥੨॥੨॥੧੨੯॥ (830-13)
नानक प्रीति चरन चरन हे ॥२॥२॥१२९॥

ਰਾਗੁ ਬਿਲਾਵਲੁ ਮਹਲਾ ੯ ਦੁਪਦੇ (830-14)
रागु बिलावलु महला ९ दुपदे

ੴ ਸਤਿਗੁਰ ਪ੍ਰਸਾਦਿ ॥ (830-14)
ੴ सतिगुर प्रसादि ॥

ਦੁਖ ਹਰਤਾ ਹਰਿ ਨਾਮੁ ਪਛਾਨੋ ॥ (830-15)
दुख हरता हरि नामु पछानो ॥

ਅਜਾਮਲੁ ਗਨਿਕਾ ਜਿਹ ਸਿਮਰਤ ਮੁਕਤ ਭਏ ਜੀਅ ਜਾਨੋ ॥੧॥ ਰਹਾਉ ॥ (830-15)
अजामलु गनिका जिह सिमरत मुकत भए जीअ जानो ॥१॥ रहाउ ॥

ਗਜ ਕੀ ਤ੍ਰਾਸ ਮਿਟੀ ਛਿਨਹੂ ਮਹਿ ਜਬ ਹੀ ਰਾਮੁ ਬਖਾਨੋ ॥ (830-16)
गज की त्रास मिटी छिनहू महि जब ही रामु बखानो ॥

ਨਾਰਦ ਕਹਤ ਸੁਨਤ ਧ੍ਰੂਅ ਬਾਰਿਕ ਭਜਨ ਮਾਹਿ ਲਪਟਾਨੋ ॥੧॥ (830-16)
नारद कहत सुनत ध्रूअ बारिक भजन माहि लपटानो ॥१॥

ਅਚਲ ਅਮਰ ਨਿਰਭੈ ਪਦੁ ਪਾਇਓ ਜਗਤ ਜਾਹਿ ਹੈਰਾਨੋ ॥ (830-17)
अचल अमर निरभै पदु पाइओ जगत जाहि हैरानो ॥

ਨਾਨਕ ਕਹਤ ਭਗਤ ਰਛਕ ਹਰਿ ਨਿਕਟਿ ਤਾਹਿ ਤੁਮ ਮਾਨੋ ॥੨॥੧॥ (830-17)
नानक कहत भगत रछक हरि निकटि ताहि तुम मानो ॥२॥१॥

ਬਿਲਾਵਲੁ ਮਹਲਾ ੯ ॥ (830-18)
बिलावलु महला ९ ॥

ਹਰਿ ਕੇ ਨਾਮ ਬਿਨਾ ਦੁਖੁ ਪਾਵੈ ॥ (830-18)
हरि के नाम बिना दुखु पावै ॥

ਭਗਤਿ ਬਿਨਾ ਸਹਸਾ ਨਹ ਚੂਕੈ ਗੁਰੁ ਇਹੁ ਭੇਦੁ ਬਤਾਵੈ ॥੧॥ ਰਹਾਉ ॥ (830-18)
भगति बिना सहसा नह चूकै गुरु इहु भेदु बतावै ॥१॥ रहाउ ॥

ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀ ਆਵੈ ॥ (830-19)
कहा भइओ तीरथ ब्रत कीए राम सरनि नही आवै ॥

ਜੋਗ ਜਗ ਨਿਹਫਲ ਤਿਹ ਮਾਨਉ ਜੋ ਪ੍ਰਭ ਜਸੁ ਬਿਸਰਾਵੈ ॥੧॥ (831-1)
जोग जग निहफल तिह मानउ जो प्रभ जसु बिसरावै ॥१॥

ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ ॥ (831-1)
मान मोह दोनो कउ परहरि गोबिंद के गुन गावै ॥

ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ ॥੨॥੨॥ (831-2)
कहु नानक इह बिधि को प्रानी जीवन मुकति कहावै ॥२॥२॥

ਬਿਲਾਵਲੁ ਮਹਲਾ ੯ ॥ (831-2)
बिलावलु महला ९ ॥

ਜਾ ਮੈ ਭਜਨੁ ਰਾਮ ਕੋ ਨਾਹੀ ॥ (831-2)
जा मै भजनु राम को नाही ॥

ਤਿਹ ਨਰ ਜਨਮੁ ਅਕਾਰਥੁ ਖੋਇਆ ਯਹ ਰਾਖਹੁ ਮਨ ਮਾਹੀ ॥੧॥ ਰਹਾਉ ॥ (831-3)
तिह नर जनमु अकारथु खोइआ यह राखहु मन माही ॥१॥ रहाउ ॥

ਤੀਰਥੁ ਕਰੈ ਬ੍ਰਤ ਫੁਨਿ ਰਾਖੈ ਨਹ ਮਨੂਆ ਬਸਿ ਜਾ ਕੋ ॥ (831-3)
तीरथ करै ब्रत फुनि राखै नह मनूआ बसि जा को ॥

ਨਿਹਫਲ ਧਰਮੁ ਤਾਹਿ ਤੁਮ ਮਾਨਹੁ ਸਾਚੁ ਕਹਤ ਮੈ ਯਾ ਕਉ ॥੧॥ (831-4)
निहफल धरमु ताहि तुम मानहु साचु कहत मै या कउ ॥१॥

ਜੈਸੇ ਪਾਹਨੁ ਜਲ ਮਹਿ ਰਾਖਿਓ ਭੇਦੈ ਨਾਹਿ ਤਿਹ ਪਾਨੀ ॥ (831-5)
जैसे पाहनु जल महि राखिओ भेदै नाहि तिह पानी ॥

ਤੈਸੇ ਹੀ ਤੁਮ ਤਾਹਿ ਪਛਾਨਹੁ ਭਗਤਿ ਹੀਨ ਜੋ ਪ੍ਰਾਨੀ ॥੨॥ (831-5)
तैसे ही तुम ताहि पछानहु भगति हीन जो प्रानी ॥२॥

ਕਲ ਮੈ ਮੁਕਤਿ ਨਾਮ ਤੇ ਪਾਵਤ ਗੁਰੁ ਯਹ ਭੇਦੁ ਬਤਾਵੈ ॥ (831-6)
कल मै मुकति नाम ते पावत गुरु यह भेदु बतावै ॥

ਕਹੁ ਨਾਨਕ ਸੋਈ ਨਰੁ ਗਰੂਆ ਜੋ ਪ੍ਰਭ ਕੇ ਗੁਨ ਗਾਵੈ ॥੩॥੩॥ (831-6)
कहु नानक सोई नरु गरूआ जो प्रभ के गुन गावै ॥३॥३॥

ਬਿਲਾਵਲੁ ਅਸਟਪਦੀਆ ਮਹਲਾ ੧ ਘਰੁ ੧੦ (831-8)
बिलावलु असटपदीआ महला १ घरु १०

ੴ ਸਤਿਗੁਰ ਪ੍ਰਸਾਦਿ ॥ (831-8)
ੴ सतिगुर प्रसादि ॥

ਨਿਕਟਿ ਵਸੈ ਦੇਖੈ ਸਭੁ ਸੋਈ ॥ (831-9)
निकटि वसै देखै सभु सोई ॥

ਗੁਰਮੁਖਿ ਵਿਰਲਾ ਬੂਝੈ ਕੋਈ ॥ (831-9)
गुरमुखि विरला बूझै कोई ॥

ਵਿਣੁ ਭੈ ਪਇਐ ਭਗਤਿ ਨ ਹੋਈ ॥ (831-9)
विणु भै पइऐ भगति न होई ॥

ਸਬਦਿ ਰਤੇ ਸਦਾ ਸੁਖੁ ਹੋਈ ॥੧॥ (831-9)
सबदि रते सदा सुखु होई ॥१॥

ਐਸਾ ਗਿਆਨੁ ਪਦਾਰਥੁ ਨਾਮੁ ॥ (831-10)
ऐसा गिआनु पदारथु नामु ॥

ਗੁਰਮੁਖਿ ਪਾਵਸਿ ਰਸਿ ਰਸਿ ਮਾਨੁ ॥੧॥ ਰਹਾਉ ॥ (831-10)
गुरमुखि पावसि रसि रसि मानु ॥१॥ रहाउ ॥

ਗਿਆਨੁ ਗਿਆਨੁ ਕਥੈ ਸਭੁ ਕੋਈ ॥ (831-11)
गिआनु गिआनु कथै सभु कोई ॥

ਕਥਿ ਕਥਿ ਬਾਦੁ ਕਰੇ ਦੁਖੁ ਹੋਈ ॥ (831-11)
कथि कथि बादु करे दुखु होई ॥

ਕਥਿ ਕਹਣੈ ਤੇ ਰਹੈ ਨ ਕੋਈ ॥ (831-11)
कथि कहणै ते रहै न कोई ॥

ਬਿਨੁ ਰਸ ਰਾਤੇ ਮੁਕਤਿ ਨ ਹੋਈ ॥੨॥ (831-11)
बिनु रस राते मुकति न होई ॥२॥

ਗਿਆਨੁ ਧਿਆਨੁ ਸਭੁ ਗੁਰ ਤੇ ਹੋਈ ॥ (831-12)
गिआनु धिआनु सभु गुर ते होई ॥

ਸਾਚੀ ਰਹਤ ਸਾਚਾ ਮਨਿ ਸੋਈ ॥ (831-12)
साची रहत साचा मनि सोई ॥

ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ ॥ (831-12)
मनमुख कथनी है परु रहत न होई ॥

ਨਾਵਹੁ ਭੂਲੇ ਥਾਉ ਨ ਕੋਈ ॥੩॥ (831-13)
नावहु भूले थाउ न कोई ॥३॥

ਮਨੁ ਮਾਇਆ ਬੰਧਿਓ ਸਰ ਜਾਲਿ ॥ (831-13)
मनु माइआ बंधिओ सर जालि ॥

ਘਟਿ ਘਟਿ ਬਿਆਪਿ ਰਹਿਓ ਬਿਖੁ ਨਾਲਿ ॥ (831-13)
घटि घटि बिआपि रहिओ बिखु नालि ॥

ਜੋ ਆਂਜੈ ਸੋ ਦੀਸੈ ਕਾਲਿ ॥ (831-14)
जो आंजै सो दीसै कालि ॥

ਕਾਰਜੁ ਸੀਧੋ ਰਿਦੈ ਸਮ੍ਹ੍ਹਾਲਿ ॥੪॥ (831-14)
कारजु सीधो रिदै सम्हालि ॥४॥

ਸੋ ਗਿਆਨੀ ਜਿਨਿ ਸਬਦਿ ਲਿਵ ਲਾਈ ॥ (831-15)
सो गिआनी जिनि सबदि लिव लाई ॥

ਮਨਮੁਖਿ ਹਉਮੈ ਪਤਿ ਗਵਾਈ ॥ (831-15)
मनमुखि हउमै पति गवाई ॥

ਆਪੇ ਕਰਤੈ ਭਗਤਿ ਕਰਾਈ ॥ (831-15)
आपे करतै भगति कराई ॥

ਗੁਰਮੁਖਿ ਆਪੇ ਦੇ ਵਡਿਆਈ ॥੫॥ (831-16)
गुरमुखि आपे दे वडिआई ॥५॥

ਰੈਣਿ ਅੰਧਾਰੀ ਨਿਰਮਲ ਜੋਤਿ ॥ (831-16)
रैणि अंधारी निरमल जोति ॥

ਨਾਮ ਬਿਨਾ ਝੂਠੇ ਕੁਚਲ ਕਛੋਤਿ ॥ (831-16)
नाम बिना झूठे कुचल कछोति ॥

ਬੇਦੁ ਪੁਕਾਰੈ ਭਗਤਿ ਸਰੋਤਿ ॥ (831-17)
बेदु पुकारै भगति सरोति ॥

ਸੁਣਿ ਸੁਣਿ ਮਾਨੈ ਵੇਖੈ ਜੋਤਿ ॥੬॥ (831-17)
सुणि सुणि मानै वेखै जोति ॥६॥

ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ ॥ (831-17)
सासत्र सिम्रिति नामु द्रिड़ामं ॥

ਗੁਰਮੁਖਿ ਸਾਂਤਿ ਊਤਮ ਕਰਾਮੰ ॥ (831-18)
गुरमुखि सांति ऊतम करामं ॥

ਮਨਮੁਖਿ ਜੋਨੀ ਦੂਖ ਸਹਾਮੰ ॥ (831-18)
मनमुखि जोनी दूख सहामं ॥

ਬੰਧਨ ਤੂਟੇ ਇਕੁ ਨਾਮੁ ਵਸਾਮੰ ॥੭॥ (831-18)
बंधन तूटे इकु नामु वसामं ॥७॥

ਮੰਨੇ ਨਾਮੁ ਸਚੀ ਪਤਿ ਪੂਜਾ ॥ (831-19)
मंने नामु सची पति पूजा ॥

ਕਿਸੁ ਵੇਖਾ ਨਾਹੀ ਕੋ ਦੂਜਾ ॥ (831-19)
किसु वेखा नाही को दूजा ॥

ਦੇਖਿ ਕਹਉ ਭਾਵੈ ਮਨਿ ਸੋਇ ॥ (831-19)
देखि कहउ भावै मनि सोइ ॥

ਨਾਨਕੁ ਕਹੈ ਅਵਰੁ ਨਹੀ ਕੋਇ ॥੮॥੧॥ (831-19)
नानकु कहै अवरु नही कोइ ॥८॥१॥

ਬਿਲਾਵਲੁ ਮਹਲਾ ੧ ॥ (832-1)
बिलावलु महला १ ॥

ਮਨ ਕਾ ਕਹਿਆ ਮਨਸਾ ਕਰੈ ॥ (832-1)
मन का कहिआ मनसा करै ॥

ਇਹੁ ਮਨੁ ਪੁੰਨੁ ਪਾਪੁ ਉਚਰੈ ॥ (832-1)
इहु मनु पुंनु पापु उचरै ॥

ਮਾਇਆ ਮਦਿ ਮਾਤੇ ਤ੍ਰਿਪਤਿ ਨ ਆਵੈ ॥ (832-2)
माइआ मदि माते त्रिपति न आवै ॥

ਤ੍ਰਿਪਤਿ ਮੁਕਤਿ ਮਨਿ ਸਾਚਾ ਭਾਵੈ ॥੧॥ (832-2)
त्रिपति मुकति मनि साचा भावै ॥१॥

ਤਨੁ ਧਨੁ ਕਲਤੁ ਸਭੁ ਦੇਖੁ ਅਭਿਮਾਨਾ ॥ (832-2)
तनु धनु कलतु सभु देखु अभिमाना ॥

ਬਿਨੁ ਨਾਵੈ ਕਿਛੁ ਸੰਗਿ ਨ ਜਾਣਾ ॥੧॥ ਰਹਾਉ ॥ (832-3)
बिनु नावै किछु संगि न जाना ॥१॥ रहाउ ॥

ਕੀਚਹਿ ਰਸ ਭੋਗ ਖੁਸੀਆ ਮਨ ਕੇਰੀ ॥ (832-3)
कीचहि रस भोग खुसीआ मन केरी ॥

ਧਨੁ ਲੋਕਾਂ ਤਨੁ ਭਸਮੈ ਢੇਰੀ ॥ (832-4)
धनु लोकां तनु भसमै ढेरी ॥

ਖਾਕੂ ਖਾਕੁ ਰਲੈ ਸਭੁ ਫੈਲੁ ॥ (832-4)
खाकू खाकु रलै सभु फैलु ॥

ਬਿਨੁ ਸਬਦੈ ਨਹੀ ਉਤਰੈ ਮੈਲੁ ॥੨॥ (832-4)
बिनु सबदै नही उतरै मैलु ॥२॥

ਗੀਤ ਰਾਗ ਘਨ ਤਾਲ ਸਿ ਕੂਰੇ ॥ (832-5)
गीत राग घन ताल सि कूरे ॥

ਤ੍ਰਿਹੁ ਗੁਣ ਉਪਜੈ ਬਿਨਸੈ ਦੂਰੇ ॥ (832-5)
त्रिहु गुण उपजै बिनसै दूरे ॥

ਦੂਜੀ ਦੁਰਮਤਿ ਦਰਦੁ ਨ ਜਾਇ ॥ (832-5)
दूजी दुरमति दरदु न जाइ ॥

ਛੂਟੈ ਗੁਰਮੁਖਿ ਦਾਰੂ ਗੁਣ ਗਾਇ ॥੩॥ (832-5)
छूटै गुरमुखि दारू गुण गाइ ॥३॥

ਧੋਤੀ ਊਜਲ ਤਿਲਕੁ ਗਲਿ ਮਾਲਾ ॥ (832-6)
धोती ऊजल तिलकु गलि माला ॥

ਅੰਤਰਿ ਕ੍ਰੋਧੁ ਪੜਹਿ ਨਾਟ ਸਾਲਾ ॥ (832-6)
अंतरि क्रोधु पड़हि नाट साला ॥

ਨਾਮੁ ਵਿਸਾਰਿ ਮਾਇਆ ਮਦੁ ਪੀਆ ॥ (832-7)
नामु विसारि माइआ मदु पीआ ॥

ਬਿਨੁ ਗੁਰ ਭਗਤਿ ਨਾਹੀ ਸੁਖੁ ਥੀਆ ॥੪॥ (832-7)
बिनु गुर भगति नाही सुखु थीआ ॥४॥

ਸੂਕਰ ਸੁਆਨ ਗਰਧਭ ਮੰਜਾਰਾ ॥ (832-7)
सूकर सुआन गरधभ मंजारा ॥

ਪਸੂ ਮਲੇਛ ਨੀਚ ਚੰਡਾਲਾ ॥ (832-8)
पसू मलेछ नीच चंडाला ॥

ਗੁਰ ਤੇ ਮੁਹੁ ਫੇਰੇ ਤਿਨ੍ਹ ਜੋਨਿ ਭਵਾਈਐ ॥ (832-8)
गुर ते मुहु फेरे तिन्ह जोनि भवाईऐ ॥

ਬੰਧਨਿ ਬਾਧਿਆ ਆਈਐ ਜਾਈਐ ॥੫॥ (832-8)
बंधनि बाधिआ आईऐ जाईऐ ॥५॥

ਗੁਰ ਸੇਵਾ ਤੇ ਲਹੈ ਪਦਾਰਥੁ ॥ (832-9)
गुर सेवा ते लहै पदारथु ॥

ਹਿਰਦੈ ਨਾਮੁ ਸਦਾ ਕਿਰਤਾਰਥੁ ॥ (832-9)
हिरदै नामु सदा किरतारथु ॥

ਸਾਚੀ ਦਰਗਹ ਪੂਛ ਨ ਹੋਇ ॥ (832-9)
साची दरगह पूछ न होइ ॥

ਮਾਨੇ ਹੁਕਮੁ ਸੀਝੈ ਦਰਿ ਸੋਇ ॥੬॥ (832-10)
माने हुकमु सीझै दरि सोइ ॥६॥

ਸਤਿਗੁਰੁ ਮਿਲੈ ਤ ਤਿਸ ਕਉ ਜਾਣੈ ॥ (832-10)
सतिगुरु मिलै त तिस कउ जाणै ॥

ਰਹੈ ਰਜਾਈ ਹੁਕਮੁ ਪਛਾਣੈ ॥ (832-10)
रहै रजाई हुकमु पछाणै ॥

ਹੁਕਮੁ ਪਛਾਣਿ ਸਚੈ ਦਰਿ ਵਾਸੁ ॥ (832-10)
हुकमु पछाणि सचै दरि वासु ॥

ਕਾਲ ਬਿਕਾਲ ਸਬਦਿ ਭਏ ਨਾਸੁ ॥੭॥ (832-11)
काल बिकाल सबदि भए नासु ॥७॥

ਰਹੈ ਅਤੀਤੁ ਜਾਣੈ ਸਭੁ ਤਿਸ ਕਾ ॥ (832-11)
रहै अतीतु जाणै सभु तिस का ॥

ਤਨੁ ਮਨੁ ਅਰਪੈ ਹੈ ਇਹੁ ਜਿਸ ਕਾ ॥ (832-11)
तनु मनु अरपै है इहु जिस का ॥

ਨਾ ਓਹੁ ਆਵੈ ਨਾ ਓਹੁ ਜਾਇ ॥ (832-12)
ना ओहु आवै ना ओहु जाइ ॥

ਨਾਨਕ ਸਾਚੇ ਸਾਚਿ ਸਮਾਇ ॥੮॥੨॥ (832-12)
नानक साचे साचि समाइ ॥८॥२॥

ਬਿਲਾਵਲੁ ਮਹਲਾ ੩ ਅਸਟਪਦੀ ਘਰੁ ੧੦ (832-13)
बिलावलु महला ३ असटपदी घरु १०

ੴ ਸਤਿਗੁਰ ਪ੍ਰਸਾਦਿ ॥ (832-13)
ੴ सतिगुर प्रसादि ॥

ਜਗੁ ਕਊਆ ਮੁਖਿ ਚੁੰਚ ਗਿਆਨੁ ॥ (832-14)
जगु कऊआ मुखि चुंच गिआनु ॥

ਅੰਤਰਿ ਲੋਭੁ ਝੂਠੁ ਅਭਿਮਾਨੁ ॥ (832-14)
अंतरि लोभु झूठु अभिमानु ॥

ਬਿਨੁ ਨਾਵੈ ਪਾਜੁ ਲਹਗੁ ਨਿਦਾਨਿ ॥੧॥ (832-14)
बिनु नावै पाजु लहगु निदानि ॥१॥

ਸਤਿਗੁਰ ਸੇਵਿ ਨਾਮੁ ਵਸੈ ਮਨਿ ਚੀਤਿ ॥ (832-15)
सतिगुर सेवि नामु वसै मनि चीति ॥

ਗੁਰੁ ਭੇਟੇ ਹਰਿ ਨਾਮੁ ਚੇਤਾਵੈ ਬਿਨੁ ਨਾਵੈ ਹੋਰ ਝੂਠੁ ਪਰੀਤਿ ॥੧॥ ਰਹਾਉ ॥ (832-15)
गुरु भेटे हरि नामु चेतावै बिनु नावै होर झूठु परीति ॥१॥ रहाउ ॥

ਗੁਰਿ ਕਹਿਆ ਸਾ ਕਾਰ ਕਮਾਵਹੁ ॥ (832-16)
गुरि कहिआ सा कार कमावहु ॥

ਸਬਦੁ ਚੀਨ੍ਹ੍ਹਿ ਸਹਜ ਘਰਿ ਆਵਹੁ ॥ (832-16)
सबदु चीन्हि सहज घरि आवहु ॥

ਸਾਚੈ ਨਾਇ ਵਡਾਈ ਪਾਵਹੁ ॥੨॥ (832-16)
साचै नाइ वडाई पावहु ॥२॥

ਆਪਿ ਨ ਬੂਝੈ ਲੋਕ ਬੁਝਾਵੈ ॥ (832-17)
आपि न बूझै लोक बुझावै ॥

ਮਨ ਕਾ ਅੰਧਾ ਅੰਧੁ ਕਮਾਵੈ ॥ (832-17)
मन का अंधा अंधु कमावै ॥

ਦਰੁ ਘਰੁ ਮਹਲੁ ਠਉਰੁ ਕੈਸੇ ਪਾਵੈ ॥੩॥ (832-17)
दरु घरु महलु ठउरु कैसे पावै ॥३॥

ਹਰਿ ਜੀਉ ਸੇਵੀਐ ਅੰਤਰਜਾਮੀ ॥ (832-18)
हरि जीउ सेवीऐ अंतरजामी ॥

ਘਟ ਘਟ ਅੰਤਰਿ ਜਿਸ ਕੀ ਜੋਤਿ ਸਮਾਨੀ ॥ (832-18)
घट घट अंतरि जिस की जोति समानी ॥

ਤਿਸੁ ਨਾਲਿ ਕਿਆ ਚਲੈ ਪਹਨਾਮੀ ॥੪॥ (832-18)
तिसु नालि किआ चलै पहनामी ॥४॥

ਸਾਚਾ ਨਾਮੁ ਸਾਚੈ ਸਬਦਿ ਜਾਨੈ ॥ (833-1)
साचा नामु साचै सबदि जानै ॥

ਆਪੈ ਆਪੁ ਮਿਲੈ ਚੂਕੈ ਅਭਿਮਾਨੈ ॥ (833-1)
आपै आपु मिलै चूकै अभिमानै ॥

ਗੁਰਮੁਖਿ ਨਾਮੁ ਸਦਾ ਸਦਾ ਵਖਾਨੈ ॥੫॥ (833-1)
गुरमुखि नामु सदा सदा वखानै ॥५॥

ਸਤਿਗੁਰਿ ਸੇਵਿਐ ਦੂਜੀ ਦੁਰਮਤਿ ਜਾਈ ॥ (833-2)
सतिगुरि सेविऐ दूजी दुरमति जाई ॥

ਅਉਗਣ ਕਾਟਿ ਪਾਪਾ ਮਤਿ ਖਾਈ ॥ (833-2)
अउगण काटि पापा मति खाई ॥

ਕੰਚਨ ਕਾਇਆ ਜੋਤੀ ਜੋਤਿ ਸਮਾਈ ॥੬॥ (833-2)
कंचन काइआ जोती जोति समाई ॥६॥

ਸਤਿਗੁਰਿ ਮਿਲਿਐ ਵਡੀ ਵਡਿਆਈ ॥ (833-3)
सतिगुरि मिलिऐ वडी वडिआई ॥

ਦੁਖੁ ਕਾਟੈ ਹਿਰਦੈ ਨਾਮੁ ਵਸਾਈ ॥ (833-3)
दुखु काटै हिरदै नामु वसाई ॥

ਨਾਮਿ ਰਤੇ ਸਦਾ ਸੁਖੁ ਪਾਈ ॥੭॥ (833-4)
नामि रते सदा सुखु पाई ॥७॥

ਗੁਰਮਤਿ ਮਾਨਿਆ ਕਰਣੀ ਸਾਰੁ ॥ (833-4)
गुरमति मानिआ करणी सारु ॥

ਗੁਰਮਤਿ ਮਾਨਿਆ ਮੋਖ ਦੁਆਰੁ ॥ (833-4)
गुरमति मानिआ मोख दुआरु ॥

ਨਾਨਕ ਗੁਰਮਤਿ ਮਾਨਿਆ ਪਰਵਾਰੈ ਸਾਧਾਰੁ ॥੮॥੧॥੩॥ (833-5)
नानक गुरमति मानिआ परवारै साधारु ॥८॥१॥३॥

ਬਿਲਾਵਲੁ ਮਹਲਾ ੪ ਅਸਟਪਦੀਆ ਘਰੁ ੧੧ (833-6)
बिलावलु महला ४ असटपदीआ घरु ११

ੴ ਸਤਿਗੁਰ ਪ੍ਰਸਾਦਿ ॥ (833-6)
ੴ सतिगुर प्रसादि ॥

ਆਪੈ ਆਪੁ ਖਾਇ ਹਉ ਮੇਟੈ ਅਨਦਿਨੁ ਹਰਿ ਰਸ ਗੀਤ ਗਵਈਆ ॥ (833-7)
आपै आपु खाइ हउ मेटै अनदिनु हरि रस गीत गवईआ ॥

ਗੁਰਮੁਖਿ ਪਰਚੈ ਕੰਚਨ ਕਾਇਆ ਨਿਰਭਉ ਜੋਤੀ ਜੋਤਿ ਮਿਲਈਆ ॥੧॥ (833-7)
गुरमुखि परचै कंचन काइआ निरभउ जोती जोति मिलईआ ॥१॥

ਮੈ ਹਰਿ ਹਰਿ ਨਾਮੁ ਅਧਾਰੁ ਰਮਈਆ ॥ (833-8)
मै हरि हरि नामु अधारु रमईआ ॥

ਖਿਨੁ ਪਲੁ ਰਹਿ ਨ ਸਕਉ ਬਿਨੁ ਨਾਵੈ ਗੁਰਮੁਖਿ ਹਰਿ ਹਰਿ ਪਾਠ ਪੜਈਆ ॥੧॥ ਰਹਾਉ ॥ (833-8)
खिनु पलु रहि न सकउ बिनु नावै गुरमुखि हरि हरि पाठ पड़ईआ ॥१॥ रहाउ ॥

ਏਕੁ ਗਿਰਹੁ ਦਸ ਦੁਆਰ ਹੈ ਜਾ ਕੇ ਅਹਿਨਿਸਿ ਤਸਕਰ ਪੰਚ ਚੋਰ ਲਗਈਆ ॥ (833-9)
एकु गिरहु दस दुआर है जा के अहिनिसि तसकर पंच चोर लगईआ ॥

ਧਰਮੁ ਅਰਥੁ ਸਭੁ ਹਿਰਿ ਲੇ ਜਾਵਹਿ ਮਨਮੁਖ ਅੰਧੁਲੇ ਖਬਰਿ ਨ ਪਈਆ ॥੨॥ (833-10)
धरमु अरथु सभु हिरि ले जावहि मनमुख अंधुले खबरि न पईआ ॥२॥

ਕੰਚਨ ਕੋਟੁ ਬਹੁ ਮਾਣਕਿ ਭਰਿਆ ਜਾਗੇ ਗਿਆਨ ਤਤਿ ਲਿਵ ਲਈਆ ॥ (833-10)
कंचन कोटु बहु माणकि भरिआ जागे गिआन तति लिव लईआ ॥

ਤਸਕਰ ਹੇਰੂ ਆਇ ਲੁਕਾਨੇ ਗੁਰ ਕੈ ਸਬਦਿ ਪਕੜਿ ਬੰਧਿ ਪਈਆ ॥੩॥ (833-11)
तसकर हेरू आइ लुकाने गुर कै सबदि पकड़ि बंधि पईआ ॥३॥

ਹਰਿ ਹਰਿ ਨਾਮੁ ਪੋਤੁ ਬੋਹਿਥਾ ਖੇਵਟੁ ਸਬਦੁ ਗੁਰੁ ਪਾਰਿ ਲੰਘਈਆ ॥ (833-12)
हरि हरि नामु पोतु बोहिथा खेवटु सबदु गुरु पारि लंघईआ ॥

ਜਮੁ ਜਾਗਾਤੀ ਨੇੜਿ ਨ ਆਵੈ ਨਾ ਕੋ ਤਸਕਰੁ ਚੋਰੁ ਲਗਈਆ ॥੪॥ (833-12)
जमु जागाती नेड़ि न आवै ना को तसकरु चोरु लगईआ ॥४॥

ਹਰਿ ਗੁਣ ਗਾਵੈ ਸਦਾ ਦਿਨੁ ਰਾਤੀ ਮੈ ਹਰਿ ਜਸੁ ਕਹਤੇ ਅੰਤੁ ਨ ਲਹੀਆ ॥ (833-13)
हरि गुण गावै सदा दिनु राती मै हरि जसु कहते अंतु न लहीआ ॥

ਗੁਰਮੁਖਿ ਮਨੂਆ ਇਕਤੁ ਘਰਿ ਆਵੈ ਮਿਲਉ ਗੋੁਪਾਲ ਨੀਸਾਨੁ ਬਜਈਆ ॥੫॥ (833-14)
गुरमुखि मनूआ इकतु घरि आवै मिलउ गोुपाल नीसानु बजईआ ॥५॥

ਨੈਨੀ ਦੇਖਿ ਦਰਸੁ ਮਨੁ ਤ੍ਰਿਪਤੈ ਸ੍ਰਵਨ ਬਾਣੀ ਗੁਰ ਸਬਦੁ ਸੁਣਈਆ ॥ (833-14)
नैनी देखि दरसु मनु त्रिपतै स्रवन बाणी गुर सबदु सुणईआ ॥

ਸੁਣਿ ਸੁਣਿ ਆਤਮ ਦੇਵ ਹੈ ਭੀਨੇ ਰਸਿ ਰਸਿ ਰਾਮ ਗੋਪਾਲ ਰਵਈਆ ॥੬॥ (833-15)
सुनि सुनि आतम देव है भीने रसि रसि राम गोपाल रवईआ ॥६॥

ਤ੍ਰੈ ਗੁਣ ਮਾਇਆ ਮੋਹਿ ਵਿਆਪੇ ਤੁਰੀਆ ਗੁਣੁ ਹੈ ਗੁਰਮੁਖਿ ਲਹੀਆ ॥ (833-16)
त्रै गुण माइआ मोहि विआपे तुरीआ गुणु है गुरमुखि लहीआ ॥

ਏਕ ਦ੍ਰਿਸਟਿ ਸਭ ਸਮ ਕਰਿ ਜਾਣੈ ਨਦਰੀ ਆਵੈ ਸਭੁ ਬ੍ਰਹਮੁ ਪਸਰਈਆ ॥੭॥ (833-16)
एक द्रिसटि सभ सम करि जाणै नदरी आवै सभु ब्रहमु पसरईआ ॥७॥

ਰਾਮ ਨਾਮੁ ਹੈ ਜੋਤਿ ਸਬਾਈ ਗੁਰਮੁਖਿ ਆਪੇ ਅਲਖੁ ਲਖਈਆ ॥ (833-17)
राम नामु है जोति सबाई गुरमुखि आपे अलखु लखईआ ॥

ਨਾਨਕ ਦੀਨ ਦਇਆਲ ਭਏ ਹੈ ਭਗਤਿ ਭਾਇ ਹਰਿ ਨਾਮਿ ਸਮਈਆ ॥੮॥੧॥੪॥ (833-18)
नानक दीन दइआल भए है भगति भाइ हरि नामि समईआ ॥८॥१॥४॥

ਬਿਲਾਵਲੁ ਮਹਲਾ ੪ ॥ (833-19)
बिलावलु महला ४ ॥

ਹਰਿ ਹਰਿ ਨਾਮੁ ਸੀਤਲ ਜਲੁ ਧਿਆਵਹੁ ਹਰਿ ਚੰਦਨ ਵਾਸੁ ਸੁਗੰਧ ਗੰਧਈਆ ॥ (833-19)
हरि हरि नामु सीतल जलु धिआवहु हरि चंदन वासु सुगंध गंधईआ ॥

ਮਿਲਿ ਸਤਸੰਗਤਿ ਪਰਮ ਪਦੁ ਪਾਇਆ ਮੈ ਹਿਰਡ ਪਲਾਸ ਸੰਗਿ ਹਰਿ ਬੁਹੀਆ ॥੧॥ (834-1)
मिलि सतसंगति परम पदु पाइआ मै हिरड पलास संगि हरि बुहीआ ॥१॥

ਜਪਿ ਜਗੰਨਾਥ ਜਗਦੀਸ ਗੁਸਈਆ ॥ (834-1)
जपि जगंनाथ जगदीस गुसईआ ॥

ਸਰਣਿ ਪਰੇ ਸੇਈ ਜਨ ਉਬਰੇ ਜਿਉ ਪ੍ਰਹਿਲਾਦ ਉਧਾਰਿ ਸਮਈਆ ॥੧॥ ਰਹਾਉ ॥ (834-2)
सरणि परे सेई जन उबरे जिउ प्रहिलाद उधारि समईआ ॥१॥ रहाउ ॥

ਭਾਰ ਅਠਾਰਹ ਮਹਿ ਚੰਦਨੁ ਊਤਮ ਚੰਦਨ ਨਿਕਟਿ ਸਭ ਚੰਦਨੁ ਹੁਈਆ ॥ (834-2)
भार अठारह महि चंदनु ऊतम चंदन निकटि सभ चंदनु हुईआ ॥

ਸਾਕਤ ਕੂੜੇ ਊਭ ਸੁਕ ਹੂਏ ਮਨਿ ਅਭਿਮਾਨੁ ਵਿਛੁੜਿ ਦੂਰਿ ਗਈਆ ॥੨॥ (834-3)
साकत कूड़े ऊभ सुक हूए मनि अभिमानु विछुड़ि दूरि गईआ ॥२॥

ਹਰਿ ਗਤਿ ਮਿਤਿ ਕਰਤਾ ਆਪੇ ਜਾਣੈ ਸਭ ਬਿਧਿ ਹਰਿ ਹਰਿ ਆਪਿ ਬਨਈਆ ॥ (834-4)
हरि गति मिति करता आपे जाणै सभ बिधि हरि हरि आपि बनईआ ॥

ਜਿਸੁ ਸਤਿਗੁਰੁ ਭੇਟੇ ਸੁ ਕੰਚਨੁ ਹੋਵੈ ਜੋ ਧੁਰਿ ਲਿਖਿਆ ਸੁ ਮਿਟੈ ਨ ਮਿਟਈਆ ॥੩॥ (834-4)
जिसु सतिगुरु भेटे सु कंचनु होवै जो धुरि लिखिआ सु मिटै न मिटईआ ॥३॥

ਰਤਨ ਪਦਾਰਥ ਗੁਰਮਤਿ ਪਾਵੈ ਸਾਗਰ ਭਗਤਿ ਭੰਡਾਰ ਖੁਲ੍ਹਈਆ ॥ (834-5)
रतन पदारथ गुरमति पावै सागर भगति भंडार खुल्हईआ ॥

ਗੁਰ ਚਰਣੀ ਇਕ ਸਰਧਾ ਉਪਜੀ ਮੈ ਹਰਿ ਗੁਣ ਕਹਤੇ ਤ੍ਰਿਪਤਿ ਨ ਭਈਆ ॥੪॥ (834-6)
गुर चरणी इक सरधा उपजी मै हरि गुण कहते त्रिपति न भईआ ॥४॥

ਪਰਮ ਬੈਰਾਗੁ ਨਿਤ ਨਿਤ ਹਰਿ ਧਿਆਏ ਮੈ ਹਰਿ ਗੁਣ ਕਹਤੇ ਭਾਵਨੀ ਕਹੀਆ ॥ (834-7)
परम बैरागु नित नित हरि धिआए मै हरि गुण कहते भावनी कहीआ ॥

ਬਾਰ ਬਾਰ ਖਿਨੁ ਖਿਨੁ ਪਲੁ ਕਹੀਐ ਹਰਿ ਪਾਰੁ ਨ ਪਾਵੈ ਪਰੈ ਪਰਈਆ ॥੫॥ (834-7)
बार बार खिनु खिनु पलु कहीऐ हरि पारु न पावै परै परईआ ॥५॥

ਸਾਸਤ ਬੇਦ ਪੁਰਾਣ ਪੁਕਾਰਹਿ ਧਰਮੁ ਕਰਹੁ ਖਟੁ ਕਰਮ ਦ੍ਰਿੜਈਆ ॥ (834-8)
सासत बेद पुराण पुकारहि धरमु करहु खटु करम द्रिड़ईआ ॥

ਮਨਮੁਖ ਪਾਖੰਡਿ ਭਰਮਿ ਵਿਗੂਤੇ ਲੋਭ ਲਹਰਿ ਨਾਵ ਭਾਰਿ ਬੁਡਈਆ ॥੬॥ (834-9)
मनमुख पाखंडि भरमि विगूते लोभ लहरि नाव भारि बुडईआ ॥६॥

ਨਾਮੁ ਜਪਹੁ ਨਾਮੇ ਗਤਿ ਪਾਵਹੁ ਸਿਮ੍ਰਿਤਿ ਸਾਸਤ੍ਰ ਨਾਮੁ ਦ੍ਰਿੜਈਆ ॥ (834-9)
नामु जपहु नामे गति पावहु सिम्रिति सासत्र नामु द्रिड़ईआ ॥

ਹਉਮੈ ਜਾਇ ਤ ਨਿਰਮਲੁ ਹੋਵੈ ਗੁਰਮੁਖਿ ਪਰਚੈ ਪਰਮ ਪਦੁ ਪਈਆ ॥੭॥ (834-10)
हउमै जाइ त निरमलु होवै गुरमुखि परचै परम पदु पईआ ॥७॥

ਇਹੁ ਜਗੁ ਵਰਨੁ ਰੂਪੁ ਸਭੁ ਤੇਰਾ ਜਿਤੁ ਲਾਵਹਿ ਸੇ ਕਰਮ ਕਮਈਆ ॥ (834-11)
इहु जगु वरनु रूपु सभु तेरा जितु लावहि से करम कमईआ ॥

ਨਾਨਕ ਜੰਤ ਵਜਾਏ ਵਾਜਹਿ ਜਿਤੁ ਭਾਵੈ ਤਿਤੁ ਰਾਹਿ ਚਲਈਆ ॥੮॥੨॥੫॥ (834-11)
नानक जंत वजाए वाजहि जितु भावै तितु राहि चलईआ ॥८॥२॥५॥

ਬਿਲਾਵਲੁ ਮਹਲਾ ੪ ॥ (834-12)
बिलावलु महला ४ ॥

ਗੁਰਮੁਖਿ ਅਗਮ ਅਗੋਚਰੁ ਧਿਆਇਆ ਹਉ ਬਲਿ ਬਲਿ ਸਤਿਗੁਰ ਸਤਿ ਪੁਰਖਈਆ ॥ (834-12)
गुरमुखि अगम अगोचरु धिआइआ हउ बलि बलि सतिगुर सति पुरखईआ ॥

ਰਾਮ ਨਾਮੁ ਮੇਰੈ ਪ੍ਰਾਣਿ ਵਸਾਏ ਸਤਿਗੁਰ ਪਰਸਿ ਹਰਿ ਨਾਮਿ ਸਮਈਆ ॥੧॥ (834-13)
राम नामु मेरै प्राणि वसाए सतिगुर परसि हरि नामि समईआ ॥१॥

ਜਨ ਕੀ ਟੇਕ ਹਰਿ ਨਾਮੁ ਟਿਕਈਆ ॥ (834-14)
जन की टेक हरि नामु टिकईआ ॥

ਸਤਿਗੁਰ ਕੀ ਧਰ ਲਾਗਾ ਜਾਵਾ ਗੁਰ ਕਿਰਪਾ ਤੇ ਹਰਿ ਦਰੁ ਲਹੀਆ ॥੧॥ ਰਹਾਉ ॥ (834-14)
सतिगुर की धर लागा जावा गुर किरपा ते हरि दरु लहीआ ॥१॥ रहाउ ॥

ਇਹੁ ਸਰੀਰੁ ਕਰਮ ਕੀ ਧਰਤੀ ਗੁਰਮੁਖਿ ਮਥਿ ਮਥਿ ਤਤੁ ਕਢਈਆ ॥ (834-15)
इहु सरीरु करम की धरती गुरमुखि मथि मथि ततु कढईआ ॥

ਲਾਲੁ ਜਵੇਹਰ ਨਾਮੁ ਪ੍ਰਗਾਸਿਆ ਭਾਂਡੈ ਭਾਉ ਪਵੈ ਤਿਤੁ ਅਈਆ ॥੨॥ (834-16)
लालु जवेहर नामु प्रगासिआ भांडै भाउ पवै तितु अईआ ॥२॥

ਦਾਸਨਿ ਦਾਸ ਦਾਸ ਹੋਇ ਰਹੀਐ ਜੋ ਜਨ ਰਾਮ ਭਗਤ ਨਿਜ ਭਈਆ ॥ (834-16)
दासनि दास दास होइ रहीऐ जो जन राम भगत निज भईआ ॥

ਮਨੁ ਬੁਧਿ ਅਰਪਿ ਧਰਉ ਗੁਰ ਆਗੈ ਗੁਰ ਪਰਸਾਦੀ ਮੈ ਅਕਥੁ ਕਥਈਆ ॥੩॥ (834-17)
मनु बुधि अरपि धरउ गुर आगै गुर परसादी मै अकथु कथईआ ॥३॥

ਮਨਮੁਖ ਮਾਇਆ ਮੋਹਿ ਵਿਆਪੇ ਇਹੁ ਮਨੁ ਤ੍ਰਿਸਨਾ ਜਲਤ ਤਿਖਈਆ ॥ (834-18)
मनमुख माइआ मोहि विआपे इहु मनु त्रिसना जलत तिखईआ ॥

ਗੁਰਮਤਿ ਨਾਮੁ ਅੰਮ੍ਰਿਤ ਜਲੁ ਪਾਇਆ ਅਗਨਿ ਬੁਝੀ ਗੁਰ ਸਬਦਿ ਬੁਝਈਆ ॥੪॥ (834-18)
गुरमति नामु अमृत जलु पाइआ अगनि बुझी गुर सबदि बुझईआ ॥४॥

ਇਹੁ ਮਨੁ ਨਾਚੈ ਸਤਿਗੁਰ ਆਗੈ ਅਨਹਦ ਸਬਦ ਧੁਨਿ ਤੂਰ ਵਜਈਆ ॥ (834-19)
इहु मनु नाचै सतिगुर आगै अनहद सबद धुनि तूर वजईआ ॥

ਹਰਿ ਹਰਿ ਉਸਤਤਿ ਕਰੈ ਦਿਨੁ ਰਾਤੀ ਰਖਿ ਰਖਿ ਚਰਣ ਹਰਿ ਤਾਲ ਪੂਰਈਆ ॥੫॥ (835-1)
हरि हरि उसतति करै दिनु राती रखि रखि चरण हरि ताल पूरईआ ॥५॥

ਹਰਿ ਕੈ ਰੰਗਿ ਰਤਾ ਮਨੁ ਗਾਵੈ ਰਸਿ ਰਸਾਲ ਰਸਿ ਸਬਦੁ ਰਵਈਆ ॥ (835-2)
हरि कै रंगि रता मनु गावै रसि रसाल रसि सबदु रवईआ ॥

ਨਿਜ ਘਰਿ ਧਾਰ ਚੁਐ ਅਤਿ ਨਿਰਮਲ ਜਿਨਿ ਪੀਆ ਤਿਨ ਹੀ ਸੁਖੁ ਲਹੀਆ ॥੬॥ (835-2)
निज घरि धार चुऐ अति निरमल जिनि पीआ तिन ही सुखु लहीआ ॥६॥

ਮਨਹਠਿ ਕਰਮ ਕਰੈ ਅਭਿਮਾਨੀ ਜਿਉ ਬਾਲਕ ਬਾਲੂ ਘਰ ਉਸਰਈਆ ॥ (835-3)
मनहठि करम करै अभिमानी जिउ बालक बालू घर उसरईआ ॥

ਆਵੈ ਲਹਰਿ ਸਮੁੰਦ ਸਾਗਰ ਕੀ ਖਿਨ ਮਹਿ ਭਿੰਨ ਭਿੰਨ ਢਹਿ ਪਈਆ ॥੭॥ (835-4)
आवै लहरि समुंद सागर की खिन महि भिंन भिंन ढहि पईआ ॥७॥

ਹਰਿ ਸਰੁ ਸਾਗਰੁ ਹਰਿ ਹੈ ਆਪੇ ਇਹੁ ਜਗੁ ਹੈ ਸਭੁ ਖੇਲੁ ਖੇਲਈਆ ॥ (835-4)
हरि सरु सागरु हरि है आपे इहु जगु है सभु खेलु खेलईआ ॥

ਜਿਉ ਜਲ ਤਰੰਗ ਜਲੁ ਜਲਹਿ ਸਮਾਵਹਿ ਨਾਨਕ ਆਪੇ ਆਪਿ ਰਮਈਆ ॥੮॥੩॥੬॥ (835-5)
जिउ जल तरंग जलु जलहि समावहि नानक आपे आपि रमईआ ॥८॥३॥६॥

ਬਿਲਾਵਲੁ ਮਹਲਾ ੪ ॥ (835-6)
बिलावलु महला ४ ॥

ਸਤਿਗੁਰੁ ਪਰਚੈ ਮਨਿ ਮੁੰਦ੍ਰਾ ਪਾਈ ਗੁਰ ਕਾ ਸਬਦੁ ਤਨਿ ਭਸਮ ਦ੍ਰਿੜਈਆ ॥ (835-6)
सतिगुरु परचै मनि मुंद्रा पाई गुर का सबदु तनि भसम द्रिड़ईआ ॥

ਅਮਰ ਪਿੰਡ ਭਏ ਸਾਧੂ ਸੰਗਿ ਜਨਮ ਮਰਣ ਦੋਊ ਮਿਟਿ ਗਈਆ ॥੧॥ (835-7)
अमर पिंड भए साधू संगि जनम मरण दोऊ मिटि गईआ ॥१॥

ਮੇਰੇ ਮਨ ਸਾਧਸੰਗਤਿ ਮਿਲਿ ਰਹੀਆ ॥ (835-7)
मेरे मन साधसंगति मिलि रहीआ ॥

ਕ੍ਰਿਪਾ ਕਰਹੁ ਮਧਸੂਦਨ ਮਾਧਉ ਮੈ ਖਿਨੁ ਖਿਨੁ ਸਾਧੂ ਚਰਣ ਪਖਈਆ ॥੧॥ ਰਹਾਉ ॥ (835-8)
क्रिपा करहु मधसूदन माधउ मै खिनु खिनु साधू चरण पखईआ ॥१॥ रहाउ ॥

ਤਜੈ ਗਿਰਸਤੁ ਭਇਆ ਬਨ ਵਾਸੀ ਇਕੁ ਖਿਨੁ ਮਨੂਆ ਟਿਕੈ ਨ ਟਿਕਈਆ ॥ (835-9)
तजै गिरसतु भइआ बन वासी इकु खिनु मनूआ टिकै न टिकईआ ॥

ਧਾਵਤੁ ਧਾਇ ਤਦੇ ਘਰਿ ਆਵੈ ਹਰਿ ਹਰਿ ਸਾਧੂ ਸਰਣਿ ਪਵਈਆ ॥੨॥ (835-9)
धावतु धाइ तदे घरि आवै हरि हरि साधू सरणि पवईआ ॥२॥

ਧੀਆ ਪੂਤ ਛੋਡਿ ਸੰਨਿਆਸੀ ਆਸਾ ਆਸ ਮਨਿ ਬਹੁਤੁ ਕਰਈਆ ॥ (835-10)
धीआ पूत छोडि संनिआसी आसा आस मनि बहुतु करईआ ॥

ਆਸਾ ਆਸ ਕਰੈ ਨਹੀ ਬੂਝੈ ਗੁਰ ਕੈ ਸਬਦਿ ਨਿਰਾਸ ਸੁਖੁ ਲਹੀਆ ॥੩॥ (835-11)
आसा आस करै नही बूझै गुर कै सबदि निरास सुखु लहीआ ॥३॥

ਉਪਜੀ ਤਰਕ ਦਿਗੰਬਰੁ ਹੋਆ ਮਨੁ ਦਹ ਦਿਸ ਚਲਿ ਚਲਿ ਗਵਨੁ ਕਰਈਆ ॥ (835-11)
उपजी तरक दिग्मबरु होआ मनु दह दिस चलि चलि गवनु करईआ ॥

ਪ੍ਰਭਵਨੁ ਕਰੈ ਬੂਝੈ ਨਹੀ ਤ੍ਰਿਸਨਾ ਮਿਲਿ ਸੰਗਿ ਸਾਧ ਦਇਆ ਘਰੁ ਲਹੀਆ ॥੪॥ (835-12)
प्रभवनु करै बूझै नही त्रिसना मिलि संगि साध दइआ घरु लहीआ ॥४॥

ਆਸਣ ਸਿਧ ਸਿਖਹਿ ਬਹੁਤੇਰੇ ਮਨਿ ਮਾਗਹਿ ਰਿਧਿ ਸਿਧਿ ਚੇਟਕ ਚੇਟਕਈਆ ॥ (835-13)
आसण सिध सिखहि बहुतेरे मनि मागहि रिधि सिधि चेटक चेटकईआ ॥

ਤ੍ਰਿਪਤਿ ਸੰਤੋਖੁ ਮਨਿ ਸਾਂਤਿ ਨ ਆਵੈ ਮਿਲਿ ਸਾਧੂ ਤ੍ਰਿਪਤਿ ਹਰਿ ਨਾਮਿ ਸਿਧਿ ਪਈਆ ॥੫॥ (835-14)
त्रिपति संतोखु मनि सांति न आवै मिलि साधू त्रिपति हरि नामि सिधि पईआ ॥५॥

ਅੰਡਜ ਜੇਰਜ ਸੇਤਜ ਉਤਭੁਜ ਸਭਿ ਵਰਨ ਰੂਪ ਜੀਅ ਜੰਤ ਉਪਈਆ ॥ (835-14)
अंडज जेरज सेतज उतभुज सभि वरन रूप जीअ जंत उपईआ ॥

ਸਾਧੂ ਸਰਣਿ ਪਰੈ ਸੋ ਉਬਰੈ ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਚੰਡਾਲੁ ਚੰਡਈਆ ॥੬॥ (835-15)
साधू सरणि परै सो उबरै खत्री ब्राहमणु सूदु वैसु चंडालु चंडईआ ॥६॥

ਨਾਮਾ ਜੈਦੇਉ ਕੰਬੀਰੁ ਤ੍ਰਿਲੋਚਨੁ ਅਉਜਾਤਿ ਰਵਿਦਾਸੁ ਚਮਿਆਰੁ ਚਮਈਆ ॥ (835-16)
नामा जैदेउ कमबीरु त्रिलोचनु अउजाति रविदासु चमिआरु चमईआ ॥

ਜੋ ਜੋ ਮਿਲੈ ਸਾਧੂ ਜਨ ਸੰਗਤਿ ਧਨੁ ਧੰਨਾ ਜਟੁ ਸੈਣੁ ਮਿਲਿਆ ਹਰਿ ਦਈਆ ॥੭॥ (835-16)
जो जो मिलै साधू जन संगति धनु धंना जटु सैणु मिलिआ हरि दईआ ॥७॥

ਸੰਤ ਜਨਾ ਕੀ ਹਰਿ ਪੈਜ ਰਖਾਈ ਭਗਤਿ ਵਛਲੁ ਅੰਗੀਕਾਰੁ ਕਰਈਆ ॥ (835-17)
संत जना की हरि पैज रखाई भगति वछलु अंगीकारु करईआ ॥

ਨਾਨਕ ਸਰਣਿ ਪਰੇ ਜਗਜੀਵਨ ਹਰਿ ਹਰਿ ਕਿਰਪਾ ਧਾਰਿ ਰਖਈਆ ॥੮॥੪॥੭॥ (835-18)
नानक सरणि परे जगजीवन हरि हरि किरपा धारि रखईआ ॥८॥४॥७॥

ਬਿਲਾਵਲੁ ਮਹਲਾ ੪ ॥ (835-19)
बिलावलु महला ४ ॥

ਅੰਤਰਿ ਪਿਆਸ ਉਠੀ ਪ੍ਰਭ ਕੇਰੀ ਸੁਣਿ ਗੁਰ ਬਚਨ ਮਨਿ ਤੀਰ ਲਗਈਆ ॥ (835-19)
अंतरि पिआस उठी प्रभ केरी सुणि गुर बचन मनि तीर लगईआ ॥

ਮਨ ਕੀ ਬਿਰਥਾ ਮਨ ਹੀ ਜਾਣੈ ਅਵਰੁ ਕਿ ਜਾਣੈ ਕੋ ਪੀਰ ਪਰਈਆ ॥੧॥ (836-1)
मन की बिरथा मन ही जाणै अवरु कि जाणै को पीर परईआ ॥१॥

ਰਾਮ ਗੁਰਿ ਮੋਹਨਿ ਮੋਹਿ ਮਨੁ ਲਈਆ ॥ (836-1)
राम गुरि मोहनि मोहि मनु लईआ ॥

ਹਉ ਆਕਲ ਬਿਕਲ ਭਈ ਗੁਰ ਦੇਖੇ ਹਉ ਲੋਟ ਪੋਟ ਹੋਇ ਪਈਆ ॥੧॥ ਰਹਾਉ ॥ (836-2)
हउ आकल बिकल भई गुर देखे हउ लोट पोट होइ पईआ ॥१॥ रहाउ ॥

ਹਉ ਨਿਰਖਤ ਫਿਰਉ ਸਭਿ ਦੇਸ ਦਿਸੰਤਰ ਮੈ ਪ੍ਰਭ ਦੇਖਨ ਕੋ ਬਹੁਤੁ ਮਨਿ ਚਈਆ ॥ (836-2)
हउ निरखत फिरउ सभि देस दिसंतर मै प्रभ देखन को बहुतु मनि चईआ ॥

ਮਨੁ ਤਨੁ ਕਾਟਿ ਦੇਉ ਗੁਰ ਆਗੈ ਜਿਨਿ ਹਰਿ ਪ੍ਰਭ ਮਾਰਗੁ ਪੰਥੁ ਦਿਖਈਆ ॥੨॥ (836-3)
मनु तनु काटि देउ गुर आगै जिनि हरि प्रभ मारगु पंथु दिखईआ ॥२॥

ਕੋਈ ਆਣਿ ਸਦੇਸਾ ਦੇਇ ਪ੍ਰਭ ਕੇਰਾ ਰਿਦ ਅੰਤਰਿ ਮਨਿ ਤਨਿ ਮੀਠ ਲਗਈਆ ॥ (836-4)
कोई आणि सदेसा देइ प्रभ केरा रिद अंतरि मनि तनि मीठ लगईआ ॥

ਮਸਤਕੁ ਕਾਟਿ ਦੇਉ ਚਰਣਾ ਤਲਿ ਜੋ ਹਰਿ ਪ੍ਰਭੁ ਮੇਲੇ ਮੇਲਿ ਮਿਲਈਆ ॥੩॥ (836-5)
मसतकु काटि देउ चरणा तलि जो हरि प्रभु मेले मेलि मिलईआ ॥३॥

ਚਲੁ ਚਲੁ ਸਖੀ ਹਮ ਪ੍ਰਭੁ ਪਰਬੋਧਹ ਗੁਣ ਕਾਮਣ ਕਰਿ ਹਰਿ ਪ੍ਰਭੁ ਲਹੀਆ ॥ (836-5)
चलु चलु सखी हम प्रभु परबोधह गुण कामण करि हरि प्रभु लहीआ ॥

ਭਗਤਿ ਵਛਲੁ ਉਆ ਕੋ ਨਾਮੁ ਕਹੀਅਤੁ ਹੈ ਸਰਣਿ ਪ੍ਰਭੂ ਤਿਸੁ ਪਾਛੈ ਪਈਆ ॥੪॥ (836-6)
भगति वछलु उआ को नामु कहीअतु है सरणि प्रभू तिसु पाछै पईआ ॥४॥

ਖਿਮਾ ਸੀਗਾਰ ਕਰੇ ਪ੍ਰਭ ਖੁਸੀਆ ਮਨਿ ਦੀਪਕ ਗੁਰ ਗਿਆਨੁ ਬਲਈਆ ॥ (836-7)
खिमा सीगार करे प्रभ खुसीआ मनि दीपक गुर गिआनु बलईआ ॥

ਰਸਿ ਰਸਿ ਭੋਗ ਕਰੇ ਪ੍ਰਭੁ ਮੇਰਾ ਹਮ ਤਿਸੁ ਆਗੈ ਜੀਉ ਕਟਿ ਕਟਿ ਪਈਆ ॥੫॥ (836-8)
रसि रसि भोग करे प्रभु मेरा हम तिसु आगै जीउ कटि कटि पईआ ॥५॥

ਹਰਿ ਹਰਿ ਹਾਰੁ ਕੰਠਿ ਹੈ ਬਨਿਆ ਮਨੁ ਮੋਤੀਚੂਰੁ ਵਡ ਗਹਨ ਗਹਨਈਆ ॥ (836-8)
हरि हरि हारु कंठि है बनिआ मनु मोतीचूरु वड गहन गहनईआ ॥

ਹਰਿ ਹਰਿ ਸਰਧਾ ਸੇਜ ਵਿਛਾਈ ਪ੍ਰਭੁ ਛੋਡਿ ਨ ਸਕੈ ਬਹੁਤੁ ਮਨਿ ਭਈਆ ॥੬॥ (836-9)
हरि हरि सरधा सेज विछाई प्रभु छोडि न सकै बहुतु मनि भईआ ॥६॥

ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ ॥ (836-10)
कहै प्रभु अवरु अवरु किछु कीजै सभु बादि सीगारु फोकट फोकटईआ ॥

ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭੁ ਲੀਓ ਸੁਹਾਗਨਿ ਥੂਕ ਮੁਖਿ ਪਈਆ ॥੭॥ (836-10)
कीओ सीगारु मिलण कै ताई प्रभु लीओ सुहागनि थूक मुखि पईआ ॥७॥

ਹਮ ਚੇਰੀ ਤੂ ਅਗਮ ਗੁਸਾਈ ਕਿਆ ਹਮ ਕਰਹ ਤੇਰੈ ਵਸਿ ਪਈਆ ॥ (836-11)
हम चेरी तू अगम गुसाई किआ हम करह तेरै वसि पईआ ॥

ਦਇਆ ਦੀਨ ਕਰਹੁ ਰਖਿ ਲੇਵਹੁ ਨਾਨਕ ਹਰਿ ਗੁਰ ਸਰਣਿ ਸਮਈਆ ॥੮॥੫॥੮॥ (836-12)
दइआ दीन करहु रखि लेवहु नानक हरि गुर सरणि समईआ ॥८॥५॥८॥

ਬਿਲਾਵਲੁ ਮਹਲਾ ੪ ॥ (836-13)
बिलावलु महला ४ ॥

ਮੈ ਮਨਿ ਤਨਿ ਪ੍ਰੇਮੁ ਅਗਮ ਠਾਕੁਰ ਕਾ ਖਿਨੁ ਖਿਨੁ ਸਰਧਾ ਮਨਿ ਬਹੁਤੁ ਉਠਈਆ ॥ (836-13)
मै मनि तनि प्रेमु अगम ठाकुर का खिनु खिनु सरधा मनि बहुतु उठईआ ॥

ਗੁਰ ਦੇਖੇ ਸਰਧਾ ਮਨ ਪੂਰੀ ਜਿਉ ਚਾਤ੍ਰਿਕ ਪ੍ਰਿਉ ਪ੍ਰਿਉ ਬੂੰਦ ਮੁਖਿ ਪਈਆ ॥੧॥ (836-14)
गुर देखे सरधा मन पूरी जिउ चात्रिक प्रिउ प्रिउ बूंद मुखि पईआ ॥१॥

ਮਿਲੁ ਮਿਲੁ ਸਖੀ ਹਰਿ ਕਥਾ ਸੁਨਈਆ ॥ (836-14)
मिलु मिलु सखी हरि कथा सुनईआ ॥

ਸਤਿਗੁਰੁ ਦਇਆ ਕਰੇ ਪ੍ਰਭੁ ਮੇਲੇ ਮੈ ਤਿਸੁ ਆਗੈ ਸਿਰੁ ਕਟਿ ਕਟਿ ਪਈਆ ॥੧॥ ਰਹਾਉ ॥ (836-15)
सतिगुरु दइआ करे प्रभु मेले मै तिसु आगै सिरु कटि कटि पईआ ॥१॥ रहाउ ॥

ਰੋਮਿ ਰੋਮਿ ਮਨਿ ਤਨਿ ਇਕ ਬੇਦਨ ਮੈ ਪ੍ਰਭ ਦੇਖੇ ਬਿਨੁ ਨੀਦ ਨ ਪਈਆ ॥ (836-16)
रोमि रोमि मनि तनि इक बेदन मै प्रभ देखे बिनु नीद न पईआ ॥

ਬੈਦਕ ਨਾਟਿਕ ਦੇਖਿ ਭੁਲਾਨੇ ਮੈ ਹਿਰਦੈ ਮਨਿ ਤਨਿ ਪ੍ਰੇਮ ਪੀਰ ਲਗਈਆ ॥੨॥ (836-16)
बैदक नाटिक देखि भुलाने मै हिरदै मनि तनि प्रेम पीर लगईआ ॥२॥

ਹਉ ਖਿਨੁ ਪਲੁ ਰਹਿ ਨ ਸਕਉ ਬਿਨੁ ਪ੍ਰੀਤਮ ਜਿਉ ਬਿਨੁ ਅਮਲੈ ਅਮਲੀ ਮਰਿ ਗਈਆ ॥ (836-17)
हउ खिनु पलु रहि न सकउ बिनु प्रीतम जिउ बिनु अमलै अमली मरि गईआ ॥

ਜਿਨ ਕਉ ਪਿਆਸ ਹੋਇ ਪ੍ਰਭ ਕੇਰੀ ਤਿਨ੍ ਅਵਰੁ ਨ ਭਾਵੈ ਬਿਨੁ ਹਰਿ ਕੋ ਦੁਈਆ ॥੩॥ (836-18)
जिन कउ पिआस होइ प्रभ केरी तिन्ह अवरु न भावै बिनु हरि को दुईआ ॥३॥

ਕੋਈ ਆਨਿ ਆਨਿ ਮੇਰਾ ਪ੍ਰਭੂ ਮਿਲਾਵੈ ਹਉ ਤਿਸੁ ਵਿਟਹੁ ਬਲਿ ਬਲਿ ਘੁਮਿ ਗਈਆ ॥ (836-19)
कोई आनि आनि मेरा प्रभू मिलावै हउ तिसु विटहु बलि बलि घुमि गईआ ॥

ਅਨੇਕ ਜਨਮ ਕੇ ਵਿਛੁੜੇ ਜਨ ਮੇਲੇ ਜਾ ਸਤਿ ਸਤਿ ਸਤਿਗੁਰ ਸਰਣਿ ਪਵਈਆ ॥੪॥ (836-19)
अनेक जनम के विछुड़े जन मेले जा सति सति सतिगुर सरणि पवईआ ॥४॥

ਸੇਜ ਏਕ ਏਕੋ ਪ੍ਰਭੁ ਠਾਕੁਰੁ ਮਹਲੁ ਨ ਪਾਵੈ ਮਨਮੁਖ ਭਰਮਈਆ ॥ (837-1)
सेज एक एको प्रभु ठाकुरु महलु न पावै मनमुख भरमईआ ॥

ਗੁਰੁ ਗੁਰੁ ਕਰਤ ਸਰਣਿ ਜੇ ਆਵੈ ਪ੍ਰਭੁ ਆਇ ਮਿਲੈ ਖਿਨੁ ਢੀਲ ਨ ਪਈਆ ॥੫॥ (837-2)
गुरु गुरु करत सरणि जे आवै प्रभु आइ मिलै खिनु ढील न पईआ ॥५॥

ਕਰਿ ਕਰਿ ਕਿਰਿਆਚਾਰ ਵਧਾਏ ਮਨਿ ਪਾਖੰਡ ਕਰਮੁ ਕਪਟ ਲੋਭਈਆ ॥ (837-3)
करि करि किरिआचार वधाए मनि पाखंड करमु कपट लोभईआ ॥

ਬੇਸੁਆ ਕੈ ਘਰਿ ਬੇਟਾ ਜਨਮਿਆ ਪਿਤਾ ਤਾਹਿ ਕਿਆ ਨਾਮੁ ਸਦਈਆ ॥੬॥ (837-3)
बेसुआ कै घरि बेटा जनमिआ पिता ताहि किआ नामु सदईआ ॥६॥

ਪੂਰਬ ਜਨਮਿ ਭਗਤਿ ਕਰਿ ਆਏ ਗੁਰਿ ਹਰਿ ਹਰਿ ਹਰਿ ਹਰਿ ਭਗਤਿ ਜਮਈਆ ॥ (837-4)
पूरब जनमि भगति करि आए गुरि हरि हरि हरि हरि भगति जमईआ ॥

ਭਗਤਿ ਭਗਤਿ ਕਰਤੇ ਹਰਿ ਪਾਇਆ ਜਾ ਹਰਿ ਹਰਿ ਹਰਿ ਹਰਿ ਨਾਮਿ ਸਮਈਆ ॥੭॥ (837-5)
भगति भगति करते हरि पाइआ जा हरि हरि हरि हरि नामि समईआ ॥७॥

ਪ੍ਰਭਿ ਆਣਿ ਆਣਿ ਮਹਿੰਦੀ ਪੀਸਾਈ ਆਪੇ ਘੋਲਿ ਘੋਲਿ ਅੰਗਿ ਲਈਆ ॥ (837-6)
प्रभि आणि आणि महिंदी पीसाई आपे घोलि घोलि अंगि लईआ ॥

ਜਿਨ ਕਉ ਠਾਕੁਰਿ ਕਿਰਪਾ ਧਾਰੀ ਬਾਹ ਪਕਰਿ ਨਾਨਕ ਕਢਿ ਲਈਆ ॥੮॥੬॥੨॥੧॥੬॥੯॥ (837-6)
जिन कउ ठाकुरि किरपा धारी बाह पकरि नानक कढि लईआ ॥८॥६॥२॥१॥६॥९॥

ਰਾਗੁ ਬਿਲਾਵਲੁ ਮਹਲਾ ੫ ਅਸਟਪਦੀ ਘਰੁ ੧੨ (837-8)
रागु बिलावलु महला ५ असटपदी घरु १२

ੴ ਸਤਿਗੁਰ ਪ੍ਰਸਾਦਿ ॥ (837-8)
ੴ सतिगुर प्रसादि ॥

ਉਪਮਾ ਜਾਤ ਨ ਕਹੀ ਮੇਰੇ ਪ੍ਰਭ ਕੀ ਉਪਮਾ ਜਾਤ ਨ ਕਹੀ ॥ (837-9)
उपमा जात न कही मेरे प्रभ की उपमा जात न कही ॥

ਤਜਿ ਆਨ ਸਰਣਿ ਗਹੀ ॥੧॥ ਰਹਾਉ ॥ (837-9)
तजि आन सरणि गही ॥१॥ रहाउ ॥

ਪ੍ਰਭ ਚਰਨ ਕਮਲ ਅਪਾਰ ॥ (837-9)
प्रभ चरन कमल अपार ॥

ਹਉ ਜਾਉ ਸਦ ਬਲਿਹਾਰ ॥ (837-10)
हउ जाउ सद बलिहार ॥

ਮਨਿ ਪ੍ਰੀਤਿ ਲਾਗੀ ਤਾਹਿ ॥ (837-10)
मनि प्रीति लागी ताहि ॥

ਤਜਿ ਆਨ ਕਤਹਿ ਨ ਜਾਹਿ ॥੧॥ (837-10)
तजि आन कतहि न जाहि ॥१॥

ਹਰਿ ਨਾਮ ਰਸਨਾ ਕਹਨ ॥ (837-11)
हरि नाम रसना कहन ॥

ਮਲ ਪਾਪ ਕਲਮਲ ਦਹਨ ॥ (837-11)
मल पाप कलमल दहन ॥

ਚੜਿ ਨਾਵ ਸੰਤ ਉਧਾਰਿ ॥ (837-11)
चड़ि नाव संत उधारि ॥

ਭੈ ਤਰੇ ਸਾਗਰ ਪਾਰਿ ॥੨॥ (837-11)
भै तरे सागर पारि ॥२॥

ਮਨਿ ਡੋਰਿ ਪ੍ਰੇਮ ਪਰੀਤਿ ॥ (837-12)
मनि डोरि प्रेम परीति ॥

ਇਹ ਸੰਤ ਨਿਰਮਲ ਰੀਤਿ ॥ (837-12)
इह संत निरमल रीति ॥

ਤਜਿ ਗਏ ਪਾਪ ਬਿਕਾਰ ॥ (837-12)
तजि गए पाप बिकार ॥

ਹਰਿ ਮਿਲੇ ਪ੍ਰਭ ਨਿਰੰਕਾਰ ॥੩॥ (837-12)
हरि मिले प्रभ निरंकार ॥३॥

ਪ੍ਰਭ ਪੇਖੀਐ ਬਿਸਮਾਦ ॥ (837-13)
प्रभ पेखीऐ बिसमाद ॥

ਚਖਿ ਅਨਦ ਪੂਰਨ ਸਾਦ ॥ (837-13)
चखि अनद पूरन साद ॥

ਨਹ ਡੋਲੀਐ ਇਤ ਊਤ ॥ (837-13)
नह डोलीऐ इत ऊत ॥

ਪ੍ਰਭ ਬਸੇ ਹਰਿ ਹਰਿ ਚੀਤ ॥੪॥ (837-13)
प्रभ बसे हरि हरि चीत ॥४॥

ਤਿਨ੍ਹ ਨਾਹਿ ਨਰਕ ਨਿਵਾਸੁ ॥ (837-14)
तिन्ह नाहि नरक निवासु ॥

ਨਿਤ ਸਿਮਰਿ ਪ੍ਰਭ ਗੁਣਤਾਸੁ ॥ (837-14)
नित सिमरि प्रभ गुणतासु ॥

ਤੇ ਜਮੁ ਨ ਪੇਖਹਿ ਨੈਨ ॥ (837-14)
ते जमु न पेखहि नैन ॥

ਸੁਨਿ ਮੋਹੇ ਅਨਹਤ ਬੈਨ ॥੫॥ (837-15)
सुनि मोहे अनहत बैन ॥५॥

ਹਰਿ ਸਰਣਿ ਸੂਰ ਗੁਪਾਲ ॥ (837-15)
हरि सरणि सूर गुपाल ॥

ਪ੍ਰਭ ਭਗਤ ਵਸਿ ਦਇਆਲ ॥ (837-15)
प्रभ भगत वसि दइआल ॥

ਹਰਿ ਨਿਗਮ ਲਹਹਿ ਨ ਭੇਵ ॥ (837-15)
हरि निगम लहहि न भेव ॥

ਨਿਤ ਕਰਹਿ ਮੁਨਿ ਜਨ ਸੇਵ ॥੬॥ (837-16)
नित करहि मुनि जन सेव ॥६॥

ਦੁਖ ਦੀਨ ਦਰਦ ਨਿਵਾਰ ॥ (837-16)
दुख दीन दरद निवार ॥

ਜਾ ਕੀ ਮਹਾ ਬਿਖੜੀ ਕਾਰ ॥ (837-16)
जा की महा बिखड़ी कार ॥

ਤਾ ਕੀ ਮਿਤਿ ਨ ਜਾਨੈ ਕੋਇ ॥ (837-17)
ता की मिति न जानै कोइ ॥

ਜਲਿ ਥਲਿ ਮਹੀਅਲਿ ਸੋਇ ॥੭॥ (837-17)
जलि थलि महीअलि सोइ ॥७॥

ਕਰਿ ਬੰਦਨਾ ਲਖ ਬਾਰ ॥ (837-17)
करि बंदना लख बार ॥

ਥਕਿ ਪਰਿਓ ਪ੍ਰਭ ਦਰਬਾਰ ॥ (837-17)
थकि परिओ प्रभ दरबार ॥

ਪ੍ਰਭ ਕਰਹੁ ਸਾਧੂ ਧੂਰਿ ॥ (837-18)
प्रभ करहु साधू धूरि ॥

ਨਾਨਕ ਮਨਸਾ ਪੂਰਿ ॥੮॥੧॥ (837-18)
नानक मनसा पूरि ॥८॥१॥

ਬਿਲਾਵਲੁ ਮਹਲਾ ੫ ॥ (837-18)
बिलावलु महला ५ ॥

ਪ੍ਰਭ ਜਨਮ ਮਰਨ ਨਿਵਾਰਿ ॥ (837-19)
प्रभ जनम मरन निवारि ॥

ਹਾਰਿ ਪਰਿਓ ਦੁਆਰਿ ॥ (837-19)
हारि परिओ दुआरि ॥

ਗਹਿ ਚਰਨ ਸਾਧੂ ਸੰਗ ॥ (837-19)
गहि चरन साधू संग ॥

ਮਨ ਮਿਸਟ ਹਰਿ ਹਰਿ ਰੰਗ ॥ (837-19)
मन मिसट हरि हरि रंग ॥

ਕਰਿ ਦਇਆ ਲੇਹੁ ਲੜਿ ਲਾਇ ॥ (838-1)
करि दइआ लेहु लड़ि लाइ ॥

ਨਾਨਕਾ ਨਾਮੁ ਧਿਆਇ ॥੧॥ (838-1)
नानका नामु धिआइ ॥१॥

ਦੀਨਾ ਨਾਥ ਦਇਆਲ ਮੇਰੇ ਸੁਆਮੀ ਦੀਨਾ ਨਾਥ ਦਇਆਲ ॥ (838-1)
दीना नाथ दइआल मेरे सुआमी दीना नाथ दइआल ॥

ਜਾਚਉ ਸੰਤ ਰਵਾਲ ॥੧॥ ਰਹਾਉ ॥ (838-2)
जाचउ संत रवाल ॥१॥ रहाउ ॥

ਸੰਸਾਰੁ ਬਿਖਿਆ ਕੂਪ ॥ (838-2)
संसारु बिखिआ कूप ॥

ਤਮ ਅਗਿਆਨ ਮੋਹਤ ਘੂਪ ॥ (838-2)
तम अगिआन मोहत घूप ॥

ਗਹਿ ਭੁਜਾ ਪ੍ਰਭ ਜੀ ਲੇਹੁ ॥ (838-3)
गहि भुजा प्रभ जी लेहु ॥

ਹਰਿ ਨਾਮੁ ਅਪੁਨਾ ਦੇਹੁ ॥ (838-3)
हरि नामु अपुना देहु ॥

ਪ੍ਰਭ ਤੁਝ ਬਿਨਾ ਨਹੀ ਠਾਉ ॥ (838-3)
प्रभ तुझ बिना नही ठाउ ॥

ਨਾਨਕਾ ਬਲਿ ਬਲਿ ਜਾਉ ॥੨॥ (838-3)
नानका बलि बलि जाउ ॥२॥

ਲੋਭਿ ਮੋਹਿ ਬਾਧੀ ਦੇਹ ॥ (838-4)
लोभि मोहि बाधी देह ॥

ਬਿਨੁ ਭਜਨ ਹੋਵਤ ਖੇਹ ॥ (838-4)
बिनु भजन होवत खेह ॥

ਜਮਦੂਤ ਮਹਾ ਭਇਆਨ ॥ (838-4)
जमदूत महा भइआन ॥

ਚਿਤ ਗੁਪਤ ਕਰਮਹਿ ਜਾਨ ॥ (838-4)
चित गुपत करमहि जान ॥

ਦਿਨੁ ਰੈਨਿ ਸਾਖਿ ਸੁਨਾਇ ॥ (838-5)
दिनु रैनि साखि सुनाइ ॥

ਨਾਨਕਾ ਹਰਿ ਸਰਨਾਇ ॥੩॥ (838-5)
नानका हरि सरनाइ ॥३॥

ਭੈ ਭੰਜਨਾ ਮੁਰਾਰਿ ॥ (838-5)
भै भंजना मुरारि ॥

ਕਰਿ ਦਇਆ ਪਤਿਤ ਉਧਾਰਿ ॥ (838-5)
करि दइआ पतित उधारि ॥

ਮੇਰੇ ਦੋਖ ਗਨੇ ਨ ਜਾਹਿ ॥ (838-6)
मेरे दोख गने न जाहि ॥

ਹਰਿ ਬਿਨਾ ਕਤਹਿ ਸਮਾਹਿ ॥ (838-6)
हरि बिना कतहि समाहि ॥

ਗਹਿ ਓਟ ਚਿਤਵੀ ਨਾਥ ॥ (838-6)
गहि ओट चितवी नाथ ॥

ਨਾਨਕਾ ਦੇ ਰਖੁ ਹਾਥ ॥੪॥ (838-7)
नानका दे रखु हाथ ॥४॥

ਹਰਿ ਗੁਣ ਨਿਧੇ ਗੋਪਾਲ ॥ (838-7)
हरि गुण निधे गोपाल ॥

ਸਰਬ ਘਟ ਪ੍ਰਤਿਪਾਲ ॥ (838-7)
सरब घट प्रतिपाल ॥

ਮਨਿ ਪ੍ਰੀਤਿ ਦਰਸਨ ਪਿਆਸ ॥ (838-7)
मनि प्रीति दरसन पिआस ॥

ਗੋਬਿੰਦ ਪੂਰਨ ਆਸ ॥ (838-8)
गोबिंद पूरन आस ॥

ਇਕ ਨਿਮਖ ਰਹਨੁ ਨ ਜਾਇ ॥ (838-8)
इक निमख रहनु न जाइ ॥

ਵਡ ਭਾਗਿ ਨਾਨਕ ਪਾਇ ॥੫॥ (838-8)
वड भागि नानक पाइ ॥५॥

ਪ੍ਰਭ ਤੁਝ ਬਿਨਾ ਨਹੀ ਹੋਰ ॥ (838-8)
प्रभ तुझ बिना नही होर ॥

ਮਨਿ ਪ੍ਰੀਤਿ ਚੰਦ ਚਕੋਰ ॥ (838-9)
मनि प्रीति चंद चकोर ॥

ਜਿਉ ਮੀਨ ਜਲ ਸਿਉ ਹੇਤੁ ॥ (838-9)
जिउ मीन जल सिउ हेतु ॥

ਅਲਿ ਕਮਲ ਭਿੰਨੁ ਨ ਭੇਤੁ ॥ (838-9)
अलि कमल भिंनु न भेतु ॥

ਜਿਉ ਚਕਵੀ ਸੂਰਜ ਆਸ ॥ (838-9)
जिउ चकवी सूरज आस ॥

ਨਾਨਕ ਚਰਨ ਪਿਆਸ ॥੬॥ (838-10)
नानक चरन पिआस ॥६॥

ਜਿਉ ਤਰੁਨਿ ਭਰਤ ਪਰਾਨ ॥ (838-10)
जिउ तरुनि भरत परान ॥

ਜਿਉ ਲੋਭੀਐ ਧਨੁ ਦਾਨੁ ॥ (838-10)
जिउ लोभीऐ धनु दानु ॥

ਜਿਉ ਦੂਧ ਜਲਹਿ ਸੰਜੋਗੁ ॥ (838-11)
जिउ दूध जलहि संजोगु ॥

ਜਿਉ ਮਹਾ ਖੁਧਿਆਰਥ ਭੋਗੁ ॥ (838-11)
जिउ महा खुधिआरथ भोगु ॥

ਜਿਉ ਮਾਤ ਪੂਤਹਿ ਹੇਤੁ ॥ (838-11)
जिउ मात पूतहि हेतु ॥

ਹਰਿ ਸਿਮਰਿ ਨਾਨਕ ਨੇਤ ॥੭॥ (838-11)
हरि सिमरि नानक नेत ॥७॥

ਜਿਉ ਦੀਪ ਪਤਨ ਪਤੰਗ ॥ (838-12)
जिउ दीप पतन पतंग ॥

ਜਿਉ ਚੋਰੁ ਹਿਰਤ ਨਿਸੰਗ ॥ (838-12)
जिउ चोरु हिरत निसंग ॥

ਮੈਗਲਹਿ ਕਾਮੈ ਬੰਧੁ ॥ (838-12)
मैगलहि कामै बंधु ॥

ਜਿਉ ਗ੍ਰਸਤ ਬਿਖਈ ਧੰਧੁ ॥ (838-12)
जिउ ग्रसत बिखई धंधु ॥

ਜਿਉ ਜੂਆਰ ਬਿਸਨੁ ਨ ਜਾਇ ॥ (838-13)
जिउ जूआर बिसनु न जाइ ॥

ਹਰਿ ਨਾਨਕ ਇਹੁ ਮਨੁ ਲਾਇ ॥੮॥ (838-13)
हरि नानक इहु मनु लाइ ॥८॥

ਕੁਰੰਕ ਨਾਦੈ ਨੇਹੁ ॥ (838-13)
कुरंक नादै नेहु ॥

ਚਾਤ੍ਰਿਕੁ ਚਾਹਤ ਮੇਹੁ ॥ (838-14)
चात्रिकु चाहत मेहु ॥

ਜਨ ਜੀਵਨਾ ਸਤਸੰਗਿ ॥ (838-14)
जन जीवना सतसंगि ॥

ਗੋਬਿਦੁ ਭਜਨਾ ਰੰਗਿ ॥ (838-14)
गोबिदु भजना रंगि ॥

ਰਸਨਾ ਬਖਾਨੈ ਨਾਮੁ ॥ (838-14)
रसना बखानै नामु ॥

ਨਾਨਕ ਦਰਸਨ ਦਾਨੁ ॥੯॥ (838-14)
नानक दरसन दानु ॥९॥

ਗੁਨ ਗਾਇ ਸੁਨਿ ਲਿਖਿ ਦੇਇ ॥ (838-15)
गुन गाइ सुनि लिखि देइ ॥

ਸੋ ਸਰਬ ਫਲ ਹਰਿ ਲੇਇ ॥ (838-15)
सो सरब फल हरि लेइ ॥

ਕੁਲ ਸਮੂਹ ਕਰਤ ਉਧਾਰੁ ॥ (838-15)
कुल समूह करत उधारु ॥

ਸੰਸਾਰੁ ਉਤਰਸਿ ਪਾਰਿ ॥ (838-16)
संसारु उतरसि पारि ॥

ਹਰਿ ਚਰਨ ਬੋਹਿਥ ਤਾਹਿ ॥ (838-16)
हरि चरन बोहिथ ताहि ॥

ਮਿਲਿ ਸਾਧਸੰਗਿ ਜਸੁ ਗਾਹਿ ॥ (838-16)
मिलि साधसंगि जसु गाहि ॥

ਹਰਿ ਪੈਜ ਰਖੈ ਮੁਰਾਰਿ ॥ (838-16)
हरि पैज रखै मुरारि ॥

ਹਰਿ ਨਾਨਕ ਸਰਨਿ ਦੁਆਰਿ ॥੧੦॥੨॥ (838-17)
हरि नानक सरनि दुआरि ॥१०॥२॥

ਬਿਲਾਵਲੁ ਮਹਲਾ ੧ ਥਿਤੀ ਘਰੁ ੧੦ ਜਤਿ (838-18)
बिलावलु महला १ थिती घरु १० जति

ੴ ਸਤਿਗੁਰ ਪ੍ਰਸਾਦਿ ॥ (838-18)
ੴ सतिगुर प्रसादि ॥

ਏਕਮ ਏਕੰਕਾਰੁ ਨਿਰਾਲਾ ॥ (838-19)
एकम एकंकारु निराला ॥

ਅਮਰੁ ਅਜੋਨੀ ਜਾਤਿ ਨ ਜਾਲਾ ॥ (838-19)
अमरु अजोनी जाति न जाला ॥

ਅਗਮ ਅਗੋਚਰੁ ਰੂਪੁ ਨ ਰੇਖਿਆ ॥ (838-19)
अगम अगोचरु रूपु न रेखिआ ॥

ਖੋਜਤ ਖੋਜਤ ਘਟਿ ਘਟਿ ਦੇਖਿਆ ॥ (838-19)
खोजत खोजत घटि घटि देखिआ ॥

ਜੋ ਦੇਖਿ ਦਿਖਾਵੈ ਤਿਸ ਕਉ ਬਲਿ ਜਾਈ ॥ (839-1)
जो देखि दिखावै तिस कउ बलि जाई ॥

ਗੁਰ ਪਰਸਾਦਿ ਪਰਮ ਪਦੁ ਪਾਈ ॥੧॥ (839-1)
गुर परसादि परम पदु पाई ॥१॥

ਕਿਆ ਜਪੁ ਜਾਪਉ ਬਿਨੁ ਜਗਦੀਸੈ ॥ (839-2)
किआ जपु जापउ बिनु जगदीसै ॥

ਗੁਰ ਕੈ ਸਬਦਿ ਮਹਲੁ ਘਰੁ ਦੀਸੈ ॥੧॥ ਰਹਾਉ ॥ (839-2)
गुर कै सबदि महलु घरु दीसै ॥१॥ रहाउ ॥

ਦੂਜੈ ਭਾਇ ਲਗੇ ਪਛੁਤਾਣੇ ॥ (839-2)
दूजै भाइ लगे पछुताणे ॥

ਜਮ ਦਰਿ ਬਾਧੇ ਆਵਣ ਜਾਣੇ ॥ (839-3)
जम दरि बाधे आवण जाणे ॥

ਕਿਆ ਲੈ ਆਵਹਿ ਕਿਆ ਲੇ ਜਾਹਿ ॥ (839-3)
किआ लै आवहि किआ ले जाहि ॥

ਸਿਰਿ ਜਮਕਾਲੁ ਸਿ ਚੋਟਾ ਖਾਹਿ ॥ (839-3)
सिरि जमकालु सि चोटा खाहि ॥

ਬਿਨੁ ਗੁਰ ਸਬਦ ਨ ਛੂਟਸਿ ਕੋਇ ॥ (839-4)
बिनु गुर सबद न छूटसि कोइ ॥

ਪਾਖੰਡਿ ਕੀਨੈ ਮੁਕਤਿ ਨ ਹੋਇ ॥੨॥ (839-4)
पाखंडि कीन्है मुकति न होइ ॥२ ॥

ਆਪੇ ਸਚੁ ਕੀਆ ਕਰ ਜੋੜਿ ॥ (839-4)
आपे सचु कीआ कर जोड़ि ॥

ਅੰਡਜ ਫੋੜਿ ਜੋੜਿ ਵਿਛੋੜਿ ॥ (839-5)
अंडज फोड़ि जोड़ि विछोड़ि ॥

ਧਰਤਿ ਅਕਾਸੁ ਕੀਏ ਬੈਸਣ ਕਉ ਥਾਉ ॥ (839-5)
धरति अकासु कीए बैसण कउ थाउ ॥

ਰਾਤਿ ਦਿਨੰਤੁ ਕੀਏ ਭਉ ਭਾਉ ॥ (839-5)
राति दिनंतु कीए भउ भाउ ॥

ਜਿਨਿ ਕੀਏ ਕਰਿ ਵੇਖਣਹਾਰਾ ॥ (839-5)
जिनि कीए करि वेखणहारा ॥

ਅਵਰੁ ਨ ਦੂਜਾ ਸਿਰਜਣਹਾਰਾ ॥੩॥ (839-6)
अवरु न दूजा सिरजणहारा ॥३ ॥

ਤ੍ਰਿਤੀਆ ਬ੍ਰਹਮਾ ਬਿਸਨੁ ਮਹੇਸਾ ॥ (839-6)
त्रितीआ ब्रहमा बिसनु महेसा ॥

ਦੇਵੀ ਦੇਵ ਉਪਾਏ ਵੇਸਾ ॥ (839-6)
देवी देव उपाए वेसा ॥

ਜੋਤੀ ਜਾਤੀ ਗਣਤ ਨ ਆਵੈ ॥ (839-7)
जोती जाती गणत न आवै ॥

ਜਿਨਿ ਸਾਜੀ ਸੋ ਕੀਮਤਿ ਪਾਵੈ ॥ (839-7)
जिनि साजी सो कीमति पावै ॥

ਕੀਮਤਿ ਪਾਇ ਰਹਿਆ ਭਰਪੂਰਿ ॥ (839-7)
कीमति पाइ रहिआ भरपूरि ॥

ਕਿਸੁ ਨੇੜੈ ਕਿਸੁ ਆਖਾ ਦੂਰਿ ॥੪॥ (839-8)
किसु नेड़ै किसु आखा दूरि ॥४॥

ਚਉਥਿ ਉਪਾਏ ਚਾਰੇ ਬੇਦਾ ॥ (839-8)
चउथि उपाए चारे बेदा ॥

ਖਾਣੀ ਚਾਰੇ ਬਾਣੀ ਭੇਦਾ ॥ (839-8)
खाणी चारे बाणी भेदा ॥

ਅਸਟ ਦਸਾ ਖਟੁ ਤੀਨਿ ਉਪਾਏ ॥ (839-8)
असट दसा खटु तीनि उपाए ॥

ਸੋ ਬੂਝੈ ਜਿਸੁ ਆਪਿ ਬੁਝਾਏ ॥ (839-9)
सो बूझै जिसु आपि बुझाए ॥

ਤੀਨਿ ਸਮਾਵੈ ਚਉਥੈ ਵਾਸਾ ॥ (839-9)
तीनि समावै चउथै वासा ॥

ਪ੍ਰਣਵਤਿ ਨਾਨਕ ਹਮ ਤਾ ਕੇ ਦਾਸਾ ॥੫॥ (839-9)
प्रणवति नानक हम ता के दासा ॥५॥

ਪੰਚਮੀ ਪੰਚ ਭੂਤ ਬੇਤਾਲਾ ॥ (839-10)
पंचमी पंच भूत बेताला ॥

ਆਪਿ ਅਗੋਚਰੁ ਪੁਰਖੁ ਨਿਰਾਲਾ ॥ (839-10)
आपि अगोचरु पुरखु निराला ॥

ਇਕਿ ਭ੍ਰਮਿ ਭੂਖੇ ਮੋਹ ਪਿਆਸੇ ॥ (839-10)
इकि भ्रमि भूखे मोह पिआसे ॥

ਇਕਿ ਰਸੁ ਚਾਖਿ ਸਬਦਿ ਤ੍ਰਿਪਤਾਸੇ ॥ (839-10)
इकि रसु चाखि सबदि त्रिपतासे ॥

ਇਕਿ ਰੰਗਿ ਰਾਤੇ ਇਕਿ ਮਰਿ ਧੂਰਿ ॥ (839-11)
इकि रंगि राते इकि मरि धूरि ॥

ਇਕਿ ਦਰਿ ਘਰਿ ਸਾਚੈ ਦੇਖਿ ਹਦੂਰਿ ॥੬॥ (839-11)
इकि दरि घरि साचै देखि हदूरि ॥६॥

ਝੂਠੇ ਕਉ ਨਾਹੀ ਪਤਿ ਨਾਉ ॥ (839-11)
झूठे कउ नाही पति नाउ ॥

ਕਬਹੁ ਨ ਸੂਚਾ ਕਾਲਾ ਕਾਉ ॥ (839-12)
कबहु न सूचा काला काउ ॥

ਪਿੰਜਰਿ ਪੰਖੀ ਬੰਧਿਆ ਕੋਇ ॥ (839-12)
पिंजरि पंखी बंधिआ कोइ ॥

ਛੇਰੀਂ ਭਰਮੈ ਮੁਕਤਿ ਨ ਹੋਇ ॥ (839-12)
छेरीं भरमै मुकति न होइ ॥

ਤਉ ਛੂਟੈ ਜਾ ਖਸਮੁ ਛਡਾਏ ॥ (839-13)
तउ छूटै जा खसमु छडाए ॥

ਗੁਰਮਤਿ ਮੇਲੇ ਭਗਤਿ ਦ੍ਰਿੜਾਏ ॥੭॥ (839-13)
गुरमति मेले भगति द्रिड़ाए ॥७॥

ਖਸਟੀ ਖਟੁ ਦਰਸਨ ਪ੍ਰਭ ਸਾਜੇ ॥ (839-13)
खसटी खटु दरसन प्रभ साजे ॥

ਅਨਹਦ ਸਬਦੁ ਨਿਰਾਲਾ ਵਾਜੇ ॥ (839-14)
अनहद सबदु निराला वाजे ॥

ਜੇ ਪ੍ਰਭ ਭਾਵੈ ਤਾ ਮਹਲਿ ਬੁਲਾਵੈ ॥ (839-14)
जे प्रभ भावै ता महलि बुलावै ॥

ਸਬਦੇ ਭੇਦੇ ਤਉ ਪਤਿ ਪਾਵੈ ॥ (839-14)
सबदे भेदे तउ पति पावै ॥

ਕਰਿ ਕਰਿ ਵੇਸ ਖਪਹਿ ਜਲਿ ਜਾਵਹਿ ॥ (839-14)
करि करि वेस खपहि जलि जावहि ॥

ਸਾਚੈ ਸਾਚੇ ਸਾਚਿ ਸਮਾਵਹਿ ॥੮॥ (839-15)
साचै साचे साचि समावहि ॥८॥

ਸਪਤਮੀ ਸਤੁ ਸੰਤੋਖੁ ਸਰੀਰਿ ॥ (839-15)
सपतमी सतु संतोखु सरीरि ॥

ਸਾਤ ਸਮੁੰਦ ਭਰੇ ਨਿਰਮਲ ਨੀਰਿ ॥ (839-15)
सात समुंद भरे निरमल नीरि ॥

ਮਜਨੁ ਸੀਲੁ ਸਚੁ ਰਿਦੈ ਵੀਚਾਰਿ ॥ (839-16)
मजनु सीलु सचु रिदै वीचारि ॥

ਗੁਰ ਕੈ ਸਬਦਿ ਪਾਵੈ ਸਭਿ ਪਾਰਿ ॥ (839-16)
गुर कै सबदि पावै सभि पारि ॥

ਮਨਿ ਸਾਚਾ ਮੁਖਿ ਸਾਚਉ ਭਾਇ ॥ (839-16)
मनि साचा मुखि साचउ भाइ ॥

ਸਚੁ ਨੀਸਾਣੈ ਠਾਕ ਨ ਪਾਇ ॥੯॥ (839-17)
सचु नीसाणै ठाक न पाइ ॥९॥

ਅਸਟਮੀ ਅਸਟ ਸਿਧਿ ਬੁਧਿ ਸਾਧੈ ॥ (839-17)
असटमी असट सिधि बुधि साधै ॥

ਸਚੁ ਨਿਹਕੇਵਲੁ ਕਰਮਿ ਅਰਾਧੈ ॥ (839-17)
सचु निहकेवलु करमि अराधै ॥

ਪਉਣ ਪਾਣੀ ਅਗਨੀ ਬਿਸਰਾਉ ॥ (839-18)
पउण पाणी अगनी बिसराउ ॥

ਤਹੀ ਨਿਰੰਜਨੁ ਸਾਚੋ ਨਾਉ ॥ (839-18)
तही निरंजनु साचो नाउ ॥

ਤਿਸੁ ਮਹਿ ਮਨੂਆ ਰਹਿਆ ਲਿਵ ਲਾਇ ॥ (839-18)
तिसु महि मनूआ रहिआ लिव लाइ ॥

ਪ੍ਰਣਵਤਿ ਨਾਨਕੁ ਕਾਲੁ ਨ ਖਾਇ ॥੧੦॥ (839-19)
प्रणवति नानकु कालु न खाइ ॥१०॥

ਨਾਉ ਨਉਮੀ ਨਵੇ ਨਾਥ ਨਵ ਖੰਡਾ ॥ (839-19)
नाउ नउमी नवे नाथ नव खंडा ॥

ਘਟਿ ਘਟਿ ਨਾਥੁ ਮਹਾ ਬਲਵੰਡਾ ॥ (839-19)
घटि घटि नाथु महा बलवंडा ॥

ਆਈ ਪੂਤਾ ਇਹੁ ਜਗੁ ਸਾਰਾ ॥ (840-1)
आई पूता इहु जगु सारा ॥

ਪ੍ਰਭ ਆਦੇਸੁ ਆਦਿ ਰਖਵਾਰਾ ॥ (840-1)
प्रभ आदेसु आदि रखवारा ॥

ਆਦਿ ਜੁਗਾਦੀ ਹੈ ਭੀ ਹੋਗੁ ॥ (840-1)
आदि जुगादी है भी होगु ॥

ਓਹੁ ਅਪਰੰਪਰੁ ਕਰਣੈ ਜੋਗੁ ॥੧੧॥ (840-2)
ओहु अपर्मपरु करणै जोगु ॥११॥

ਦਸਮੀ ਨਾਮੁ ਦਾਨੁ ਇਸਨਾਨੁ ॥ (840-2)
दसमी नामु दानु इसनानु ॥

ਅਨਦਿਨੁ ਮਜਨੁ ਸਚਾ ਗੁਣ ਗਿਆਨੁ ॥ (840-2)
अनदिनु मजनु सचा गुण गिआनु ॥

ਸਚਿ ਮੈਲੁ ਨ ਲਾਗੈ ਭ੍ਰਮੁ ਭਉ ਭਾਗੈ ॥ (840-3)
सचि मैलु न लागै भ्रमु भउ भागै ॥

ਬਿਲਮੁ ਨ ਤੂਟਸਿ ਕਾਚੈ ਤਾਗੈ ॥ (840-3)
बिलमु न तूटसि काचै तागै ॥

ਜਿਉ ਤਾਗਾ ਜਗੁ ਏਵੈ ਜਾਣਹੁ ॥ (840-3)
जिउ तागा जगु एवै जाणहु ॥

ਅਸਥਿਰੁ ਚੀਤੁ ਸਾਚਿ ਰੰਗੁ ਮਾਣਹੁ ॥੧੨॥ (840-3)
असथिरु चीतु साचि रंगु माणहु ॥१२॥

ਏਕਾਦਸੀ ਇਕੁ ਰਿਦੈ ਵਸਾਵੈ ॥ (840-4)
एकादसी इकु रिदै वसावै ॥

ਹਿੰਸਾ ਮਮਤਾ ਮੋਹੁ ਚੁਕਾਵੈ ॥ (840-4)
हिंसा ममता मोहु चुकावै ॥

ਫਲੁ ਪਾਵੈ ਬ੍ਰਤੁ ਆਤਮ ਚੀਨੈ ॥ (840-4)
फलु पावै ब्रतु आतम चीनै ॥

ਪਾਖੰਡਿ ਰਾਚਿ ਤਤੁ ਨਹੀ ਬੀਨੈ ॥ (840-5)
पाखंडि राचि ततु नही बीनै ॥

ਨਿਰਮਲੁ ਨਿਰਾਹਾਰੁ ਨਿਹਕੇਵਲੁ ॥ (840-5)
निरमलु निराहारु निहकेवलु ॥

ਸੂਚੈ ਸਾਚੇ ਨਾ ਲਾਗੈ ਮਲੁ ॥੧੩॥ (840-5)
सूचै साचे ना लागै मलु ॥१३॥

ਜਹ ਦੇਖਉ ਤਹ ਏਕੋ ਏਕਾ ॥ (840-6)
जह देखउ तह एको एका ॥

ਹੋਰਿ ਜੀਅ ਉਪਾਏ ਵੇਕੋ ਵੇਕਾ ॥ (840-6)
होरि जीअ उपाए वेको वेका ॥

ਫਲੋਹਾਰ ਕੀਏ ਫਲੁ ਜਾਇ ॥ (840-6)
फलोहार कीए फलु जाइ ॥

ਰਸ ਕਸ ਖਾਏ ਸਾਦੁ ਗਵਾਇ ॥ (840-6)
रस कस खाए सादु गवाइ ॥

ਕੂੜੈ ਲਾਲਚਿ ਲਪਟੈ ਲਪਟਾਇ ॥ (840-7)
कूड़ै लालचि लपटै लपटाइ ॥

ਛੂਟੈ ਗੁਰਮੁਖਿ ਸਾਚੁ ਕਮਾਇ ॥੧੪॥ (840-7)
छूटै गुरमुखि साचु कमाइ ॥१४॥

ਦੁਆਦਸਿ ਮੁਦ੍ਰਾ ਮਨੁ ਅਉਧੂਤਾ ॥ (840-7)
दुआदसि मुद्रा मनु अउधूता ॥

ਅਹਿਨਿਸਿ ਜਾਗਹਿ ਕਬਹਿ ਨ ਸੂਤਾ ॥ (840-8)
अहिनिसि जागहि कबहि न सूता ॥

ਜਾਗਤੁ ਜਾਗਿ ਰਹੈ ਲਿਵ ਲਾਇ ॥ (840-8)
जागतु जागि रहै लिव लाइ ॥

ਗੁਰ ਪਰਚੈ ਤਿਸੁ ਕਾਲੁ ਨ ਖਾਇ ॥ (840-8)
गुर परचै तिसु कालु न खाइ ॥

ਅਤੀਤ ਭਏ ਮਾਰੇ ਬੈਰਾਈ ॥ (840-9)
अतीत भए मारे बैराई ॥

ਪ੍ਰਣਵਤਿ ਨਾਨਕ ਤਹ ਲਿਵ ਲਾਈ ॥੧੫॥ (840-9)
प्रणवति नानक तह लिव लाई ॥१५॥

ਦੁਆਦਸੀ ਦਇਆ ਦਾਨੁ ਕਰਿ ਜਾਣੈ ॥ (840-9)
दुआदसी दइआ दानु करि जाणै ॥

ਬਾਹਰਿ ਜਾਤੋ ਭੀਤਰਿ ਆਣੈ ॥ (840-10)
बाहरि जातो भीतरि आणै ॥

ਬ੍ਰਤੀ ਬ੍ਰਤ ਰਹੈ ਨਿਹਕਾਮ ॥ (840-10)
बरती बरत रहै निहकाम ॥

ਅਜਪਾ ਜਾਪੁ ਜਪੈ ਮੁਖਿ ਨਾਮ ॥ (840-10)
अजपा जापु जपै मुखि नाम ॥

ਤੀਨਿ ਭਵਣ ਮਹਿ ਏਕੋ ਜਾਣੈ ॥ (840-10)
तीनि भवण महि एको जाणै ॥

ਸਭਿ ਸੁਚਿ ਸੰਜਮ ਸਾਚੁ ਪਛਾਣੈ ॥੧੬॥ (840-11)
सभि सुचि संजम साचु पछाणै ॥१६॥

ਤੇਰਸਿ ਤਰਵਰ ਸਮੁਦ ਕਨਾਰੈ ॥ (840-11)
तेरसि तरवर समुद कनारै ॥

ਅੰਮ੍ਰਿਤੁ ਮੂਲੁ ਸਿਖਰਿ ਲਿਵ ਤਾਰੈ ॥ (840-11)
अमृतु मूलु सिखरि लिव तारै ॥

ਡਰ ਡਰਿ ਮਰੈ ਨ ਬੂਡੈ ਕੋਇ ॥ (840-12)
डर डरि मरै न बूडै कोइ ॥

ਨਿਡਰੁ ਬੂਡਿ ਮਰੈ ਪਤਿ ਖੋਇ ॥ (840-12)
निडरु बूडि मरै पति खोइ ॥

ਡਰ ਮਹਿ ਘਰੁ ਘਰ ਮਹਿ ਡਰੁ ਜਾਣੈ ॥ (840-12)
डर महि घरु घर महि डरु जाणै ॥

ਤਖਤਿ ਨਿਵਾਸੁ ਸਚੁ ਮਨਿ ਭਾਣੈ ॥੧੭॥ (840-13)
तखति निवासु सचु मनि भाणै ॥१७॥

ਚਉਦਸਿ ਚਉਥੇ ਥਾਵਹਿ ਲਹਿ ਪਾਵੈ ॥ (840-13)
चउदसि चउथे थावहि लहि पावै ॥

ਰਾਜਸ ਤਾਮਸ ਸਤ ਕਾਲ ਸਮਾਵੈ ॥ (840-13)
राजस तामस सत काल समावै ॥

ਸਸੀਅਰ ਕੈ ਘਰਿ ਸੂਰੁ ਸਮਾਵੈ ॥ (840-14)
ससीअर कै घरि सूरु समावै ॥

ਜੋਗ ਜੁਗਤਿ ਕੀ ਕੀਮਤਿ ਪਾਵੈ ॥ (840-14)
जोग जुगति की कीमति पावै ॥

ਚਉਦਸਿ ਭਵਨ ਪਾਤਾਲ ਸਮਾਏ ॥ (840-14)
चउदसि भवन पाताल समाए ॥

ਖੰਡ ਬ੍ਰਹਮੰਡ ਰਹਿਆ ਲਿਵ ਲਾਏ ॥੧੮॥ (840-15)
खंड ब्रहमंड रहिआ लिव लाए ॥१८॥

ਅਮਾਵਸਿਆ ਚੰਦੁ ਗੁਪਤੁ ਗੈਣਾਰਿ ॥ (840-15)
अमावसिआ चंदु गुपतु गैणारि ॥

ਬੂਝਹੁ ਗਿਆਨੀ ਸਬਦੁ ਬੀਚਾਰਿ ॥ (840-15)
बूझहु गिआनी सबदु बीचारि ॥

ਸਸੀਅਰੁ ਗਗਨਿ ਜੋਤਿ ਤਿਹੁ ਲੋਈ ॥ (840-16)
ससीअरु गगनि जोति तिहु लोई ॥

ਕਰਿ ਕਰਿ ਵੇਖੈ ਕਰਤਾ ਸੋਈ ॥ (840-16)
करि करि वेखै करता सोई ॥

ਗੁਰ ਤੇ ਦੀਸੈ ਸੋ ਤਿਸ ਹੀ ਮਾਹਿ ॥ (840-16)
गुर ते दीसै सो तिस ही माहि ॥

ਮਨਮੁਖਿ ਭੂਲੇ ਆਵਹਿ ਜਾਹਿ ॥੧੯॥ (840-17)
मनमुखि भूले आवहि जाहि ॥१९॥

ਘਰੁ ਦਰੁ ਥਾਪਿ ਥਿਰੁ ਥਾਨਿ ਸੁਹਾਵੈ ॥ (840-17)
घरु दरु थापि थिरु थानि सुहावै ॥

ਆਪੁ ਪਛਾਣੈ ਜਾ ਸਤਿਗੁਰੁ ਪਾਵੈ ॥ (840-17)
आपु पछाणै जा सतिगुरु पावै ॥

ਜਹ ਆਸਾ ਤਹ ਬਿਨਸਿ ਬਿਨਾਸਾ ॥ (840-18)
जह आसा तह बिनसि बिनासा ॥

ਫੂਟੈ ਖਪਰੁ ਦੁਬਿਧਾ ਮਨਸਾ ॥ (840-18)
फूटै खपरु दुबिधा मनसा ॥

ਮਮਤਾ ਜਾਲ ਤੇ ਰਹੈ ਉਦਾਸਾ ॥ (840-18)
ममता जाल ते रहै उदासा ॥

ਪ੍ਰਣਵਤਿ ਨਾਨਕ ਹਮ ਤਾ ਕੇ ਦਾਸਾ ॥੨੦॥੧॥ (840-19)
प्रणवति नानक हम ता के दासा ॥२०॥१॥

ਬਿਲਾਵਲੁ ਮਹਲਾ ੩ ਵਾਰ ਸਤ ਘਰੁ ੧੦ (841-1)
बिलावलु महला ३ वार सत घरु १०

ੴ ਸਤਿਗੁਰ ਪ੍ਰਸਾਦਿ ॥ (841-1)
ੴ सतिगुर प्रसादि ॥

ਆਦਿਤ ਵਾਰਿ ਆਦਿ ਪੁਰਖੁ ਹੈ ਸੋਈ ॥ (841-2)
आदित वारि आदि पुरखु है सोई ॥

ਆਪੇ ਵਰਤੈ ਅਵਰੁ ਨ ਕੋਈ ॥ (841-2)
आपे वरतै अवरु न कोई ॥

ਓਤਿ ਪੋਤਿ ਜਗੁ ਰਹਿਆ ਪਰੋਈ ॥ (841-2)
ओति पोति जगु रहिआ परोई ॥

ਆਪੇ ਕਰਤਾ ਕਰੈ ਸੁ ਹੋਈ ॥ (841-2)
आपे करता करै सु होई ॥

ਨਾਮਿ ਰਤੇ ਸਦਾ ਸੁਖੁ ਹੋਈ ॥ (841-3)
नामि रते सदा सुखु होई ॥

ਗੁਰਮੁਖਿ ਵਿਰਲਾ ਬੂਝੈ ਕੋਈ ॥੧॥ (841-3)
गुरमुखि विरला बूझै कोई ॥१॥

ਹਿਰਦੈ ਜਪਨੀ ਜਪਉ ਗੁਣਤਾਸਾ ॥ (841-3)
हिरदै जपनी जपउ गुणतासा ॥

ਹਰਿ ਅਗਮ ਅਗੋਚਰੁ ਅਪਰੰਪਰ ਸੁਆਮੀ ਜਨ ਪਗਿ ਲਗਿ ਧਿਆਵਉ ਹੋਇ ਦਾਸਨਿ ਦਾਸਾ ॥੧॥ ਰਹਾਉ ॥ (841-4)
हरि अगम अगोचरु अपर्मपर सुआमी जन पगि लगि धिआवउ होइ दासनि दासा ॥१॥ रहाउ ॥

ਸੋਮਵਾਰਿ ਸਚਿ ਰਹਿਆ ਸਮਾਇ ॥ (841-5)
सोमवारि सचि रहिआ समाइ ॥

ਤਿਸ ਕੀ ਕੀਮਤਿ ਕਹੀ ਨ ਜਾਇ ॥ (841-5)
तिस की कीमति कही न जाइ ॥

ਆਖਿ ਆਖਿ ਰਹੇ ਸਭਿ ਲਿਵ ਲਾਇ ॥ (841-5)
आखि आखि रहे सभि लिव लाइ ॥

ਜਿਸੁ ਦੇਵੈ ਤਿਸੁ ਪਲੈ ਪਾਇ ॥ (841-6)
जिसु देवै तिसु पलै पाइ ॥

ਅਗਮ ਅਗੋਚਰੁ ਲਖਿਆ ਨ ਜਾਇ ॥ (841-6)
अगम अगोचरु लखिआ न जाइ ॥

ਗੁਰ ਕੈ ਸਬਦਿ ਹਰਿ ਰਹਿਆ ਸਮਾਇ ॥੨॥ (841-6)
गुर कै सबदि हरि रहिआ समाइ ॥२॥

ਮੰਗਲਿ ਮਾਇਆ ਮੋਹੁ ਉਪਾਇਆ ॥ (841-7)
मंगलि माइआ मोहु उपाइआ ॥

ਆਪੇ ਸਿਰਿ ਸਿਰਿ ਧੰਧੈ ਲਾਇਆ ॥ (841-7)
आपे सिरि सिरि धंधै लाइआ ॥

ਆਪਿ ਬੁਝਾਏ ਸੋਈ ਬੂਝੈ ॥ (841-7)
आपि बुझाए सोई बूझै ॥

ਗੁਰ ਕੈ ਸਬਦਿ ਦਰੁ ਘਰੁ ਸੂਝੈ ॥ (841-8)
गुर कै सबदि दरु घरु सूझै ॥

ਪ੍ਰੇਮ ਭਗਤਿ ਕਰੇ ਲਿਵ ਲਾਇ ॥ (841-8)
प्रेम भगति करे लिव लाइ ॥

ਹਉਮੈ ਮਮਤਾ ਸਬਦਿ ਜਲਾਇ ॥੩॥ (841-8)
हउमै ममता सबदि जलाइ ॥३॥

ਬੁਧਵਾਰਿ ਆਪੇ ਬੁਧਿ ਸਾਰੁ ॥ (841-9)
बुधवारि आपे बुधि सारु ॥

ਗੁਰਮੁਖਿ ਕਰਣੀ ਸਬਦੁ ਵੀਚਾਰੁ ॥ (841-9)
गुरमुखि करणी सबदु वीचारु ॥

ਨਾਮਿ ਰਤੇ ਮਨੁ ਨਿਰਮਲੁ ਹੋਇ ॥ (841-9)
नामि रते मनु निरमलु होइ ॥

ਹਰਿ ਗੁਣ ਗਾਵੈ ਹਉਮੈ ਮਲੁ ਖੋਇ ॥ (841-9)
हरि गुण गावै हउमै मलु खोइ ॥

ਦਰਿ ਸਚੈ ਸਦ ਸੋਭਾ ਪਾਏ ॥ (841-10)
दरि सचै सद सोभा पाए ॥

ਨਾਮਿ ਰਤੇ ਗੁਰ ਸਬਦਿ ਸੁਹਾਏ ॥੪॥ (841-10)
नामि रते गुर सबदि सुहाए ॥४॥

ਲਾਹਾ ਨਾਮੁ ਪਾਏ ਗੁਰ ਦੁਆਰਿ ॥ (841-10)
लाहा नामु पाए गुर दुआरि ॥

ਆਪੇ ਦੇਵੈ ਦੇਵਣਹਾਰੁ ॥ (841-11)
आपे देवै देवणहारु ॥

ਜੋ ਦੇਵੈ ਤਿਸ ਕਉ ਬਲਿ ਜਾਈਐ ॥ (841-11)
जो देवै तिस कउ बलि जाईऐ ॥

ਗੁਰ ਪਰਸਾਦੀ ਆਪੁ ਗਵਾਈਐ ॥ (841-11)
गुर परसादी आपु गवाईऐ ॥

ਨਾਨਕ ਨਾਮੁ ਰਖਹੁ ਉਰ ਧਾਰਿ ॥ (841-12)
नानक नामु रखहु उर धारि ॥

ਦੇਵਣਹਾਰੇ ਕਉ ਜੈਕਾਰੁ ॥੫॥ (841-12)
देवणहारे कउ जैकारु ॥५॥

ਵੀਰਵਾਰਿ ਵੀਰ ਭਰਮਿ ਭੁਲਾਏ ॥ (841-12)
वीरवारि वीर भरमि भुलाए ॥

ਪ੍ਰੇਤ ਭੂਤ ਸਭਿ ਦੂਜੈ ਲਾਏ ॥ (841-12)
प्रेत भूत सभि दूजै लाए ॥

ਆਪਿ ਉਪਾਏ ਕਰਿ ਵੇਖੈ ਵੇਕਾ ॥ (841-13)
आपि उपाए करि वेखै वेका ॥

ਸਭਨਾ ਕਰਤੇ ਤੇਰੀ ਟੇਕਾ ॥ (841-13)
सभना करते तेरी टेका ॥

ਜੀਅ ਜੰਤ ਤੇਰੀ ਸਰਣਾਈ ॥ (841-13)
जीअ जंत तेरी सरणाई ॥

ਸੋ ਮਿਲੈ ਜਿਸੁ ਲੈਹਿ ਮਿਲਾਈ ॥੬॥ (841-13)
सो मिलै जिसु लैहि मिलाई ॥६॥

ਸੁਕ੍ਰਵਾਰਿ ਪ੍ਰਭੁ ਰਹਿਆ ਸਮਾਈ ॥ (841-14)
सुक्रवारि प्रभु रहिआ समाई ॥

ਆਪਿ ਉਪਾਇ ਸਭ ਕੀਮਤਿ ਪਾਈ ॥ (841-14)
आपि उपाइ सभ कीमति पाई ॥

ਗੁਰਮੁਖਿ ਹੋਵੈ ਸੁ ਕਰੈ ਬੀਚਾਰੁ ॥ (841-15)
गुरमुखि होवै सु करै बीचारु ॥

ਸਚੁ ਸੰਜਮੁ ਕਰਣੀ ਹੈ ਕਾਰ ॥ (841-15)
सचु संजमु करणी है कार ॥

ਵਰਤੁ ਨੇਮੁ ਨਿਤਾਪ੍ਰਤਿ ਪੂਜਾ ॥ (841-15)
वरतु नेमु निताप्रति पूजा ॥

ਬਿਨੁ ਬੂਝੇ ਸਭੁ ਭਾਉ ਹੈ ਦੂਜਾ ॥੭॥ (841-15)
बिनु बूझे सभु भाउ है दूजा ॥७॥

ਛਨਿਛਰਵਾਰਿ ਸਉਣ ਸਾਸਤ ਬੀਚਾਰੁ ॥ (841-16)
छनिछरवारि सउण सासत बीचारु ॥

ਹਉਮੈ ਮੇਰਾ ਭਰਮੈ ਸੰਸਾਰੁ ॥ (841-16)
हउमै मेरा भरमै संसारु ॥

ਮਨਮੁਖੁ ਅੰਧਾ ਦੂਜੈ ਭਾਇ ॥ (841-16)
मनमुखु अंधा दूजै भाइ ॥

ਜਮ ਦਰਿ ਬਾਧਾ ਚੋਟਾ ਖਾਇ ॥ (841-17)
जम दरि बाधा चोटा खाइ ॥

ਗੁਰ ਪਰਸਾਦੀ ਸਦਾ ਸੁਖੁ ਪਾਏ ॥ (841-17)
गुर परसादी सदा सुखु पाए ॥

ਸਚੁ ਕਰਣੀ ਸਾਚਿ ਲਿਵ ਲਾਏ ॥੮॥ (841-17)
सचु करणी साचि लिव लाए ॥८॥

ਸਤਿਗੁਰੁ ਸੇਵਹਿ ਸੇ ਵਡਭਾਗੀ ॥ (841-18)
सतिगुरु सेवहि से वडभागी ॥

ਹਉਮੈ ਮਾਰਿ ਸਚਿ ਲਿਵ ਲਾਗੀ ॥ (841-18)
हउमै मारि सचि लिव लागी ॥

ਤੇਰੈ ਰੰਗਿ ਰਾਤੇ ਸਹਜਿ ਸੁਭਾਇ ॥ (841-18)
तेरै रंगि राते सहजि सुभाइ ॥

ਤੂ ਸੁਖਦਾਤਾ ਲੈਹਿ ਮਿਲਾਇ ॥ (842-1)
तू सुखदाता लैहि मिलाइ ॥

ਏਕਸ ਤੇ ਦੂਜਾ ਨਾਹੀ ਕੋਇ ॥ (842-1)
एकस ते दूजा नाही कोइ ॥

ਗੁਰਮੁਖਿ ਬੂਝੈ ਸੋਝੀ ਹੋਇ ॥੯॥ (842-1)
गुरमुखि बूझै सोझी होइ ॥९॥

ਪੰਦ੍ਰਹ ਥਿਤੀ ਤੈ ਸਤ ਵਾਰ ॥ (842-1)
पंद्रह थिती� तै सत वार ॥

ਮਾਹਾ ਰੁਤੀ ਆਵਹਿ ਵਾਰ ਵਾਰ ॥ (842-2)
माहा रुती आवहि वार वार ॥

ਦਿਨਸੁ ਰੈਣਿ ਤਿਵੈ ਸੰਸਾਰੁ ॥ (842-2)
दिनसु रैणि तिवै संसारु ॥

ਆਵਾ ਗਉਣੁ ਕੀਆ ਕਰਤਾਰਿ ॥ (842-2)
आवा गउणु कीआ करतारि ॥

ਨਿਹਚਲੁ ਸਾਚੁ ਰਹਿਆ ਕਲ ਧਾਰਿ ॥ (842-3)
निहचलु साचु रहिआ कल धारि ॥

ਨਾਨਕ ਗੁਰਮੁਖਿ ਬੂਝੈ ਕੋ ਸਬਦੁ ਵੀਚਾਰਿ ॥੧੦॥੧॥ (842-3)
नानक गुरमुखि बूझै को सबदु वीचारि ॥१० ॥१ ॥

ਬਿਲਾਵਲੁ ਮਹਲਾ ੩ ॥ (842-3)
बिलावलु महला ३ ॥

ਆਦਿ ਪੁਰਖੁ ਆਪੇ ਸ੍ਰਿਸਟਿ ਸਾਜੇ ॥ (842-4)
आदि पुरखु आपे स्रिसटि साजे ॥

ਜੀਅ ਜੰਤ ਮਾਇਆ ਮੋਹਿ ਪਾਜੇ ॥ (842-4)
जीअ जंत माइआ मोहि पाजे ॥

ਦੂਜੈ ਭਾਇ ਪਰਪੰਚਿ ਲਾਗੇ ॥ (842-4)

दूजै भाइ परपंचि लागे ॥

ਆਵਹਿ ਜਾਵਹਿ ਮਰਹਿ ਅਭਾਗੇ ॥ (842-5)

आवहि जावहि मरहि अभागे ॥

ਸਤਿਗੁਰਿ ਭੇਟਿਐ ਸੋਝੀ ਪਾਇ ॥ (842-5)

सतिगुरि भेटिऐ सोझी पाइ ॥

ਪਰਪੰਚੁ ਚੂਕੈ ਸਚਿ ਸਮਾਇ ॥੧॥ (842-5)

परपंचु चूकै सचि समाइ ॥१॥

ਜਾ ਕੈ ਮਸਤਕਿ ਲਿਖਿਆ ਲੇਖੁ ॥ (842-5)

जा कै मसतकि लिखिआ लेखु ॥

ਤਾ ਕੈ ਮਨਿ ਵਸਿਆ ਪ੍ਰਭੁ ਏਕੁ ॥੧॥ ਰਹਾਉ ॥ (842-6)

ता कै मनि वसिआ प्रभु एकु ॥१॥ रहाउ ॥

ਸ੍ਰਿਸਟਿ ਉਪਾਇ ਆਪੇ ਸਭੁ ਵੇਖੈ ॥ (842-6)

स्रिसटि उपाइ आपे सभु वेखै ॥

ਕੋਇ ਨ ਮੇਟੈ ਤੇਰੈ ਲੇਖੈ ॥ (842-7)

कोइ न मेटै तेरै लेखै ॥

ਸਿਧ ਸਾਧਿਕ ਜੇ ਕੋ ਕਹੈ ਕਹਾਏ ॥ (842-7)

सिध साधिक जे को कहै कहाए ॥

ਭਰਮੇ ਭੂਲਾ ਆਵੈ ਜਾਏ ॥ (842-7)

भरमे भूला आवै जाए ॥

ਸਤਿਗੁਰੁ ਸੇਵੈ ਸੋ ਜਨੁ ਬੂਝੈ ॥ (842-7)

सतिगुरु सेवै सो जनु बूझै ॥

ਹਉਮੈ ਮਾਰੇ ਤਾ ਦਰੁ ਸੂਝੈ ॥੨॥ (842-8)

हउमै मारे ता दरु सूझै ॥२॥

ਏਕਸੁ ਤੇ ਸਭੁ ਦੂਜਾ ਹੂਆ ॥ (842-8)
एकसु ते सभु दूजा हूआ ॥

ਏਕੋ ਵਰਤੈ ਅਵਰੁ ਨ ਬੀਆ ॥ (842-8)
एको वरतै अवरु न बीआ ॥

ਦੂਜੇ ਤੇ ਜੇ ਏਕੋ ਜਾਣੈ ॥ (842-8)
दूजे ते जे एको जाणै ॥

ਗੁਰ ਕੈ ਸਬਦਿ ਹਰਿ ਦਰਿ ਨੀਸਾਣੈ ॥ (842-9)
गुर कै सबदि हरि दरि नीसाणै ॥

ਸਤਿਗੁਰੁ ਭੇਟੇ ਤਾ ਏਕੋ ਪਾਏ ॥ (842-9)
सतिगुरु भेटे ता एको पाए ॥

ਵਿਚਹੁ ਦੂਜਾ ਠਾਕਿ ਰਹਾਏ ॥੩॥ (842-9)
विचहु दूजा ठाकि रहाए ॥३॥

ਜਿਸ ਦਾ ਸਾਹਿਬੁ ਡਾਢਾ ਹੋਇ ॥ (842-10)
जिस दा साहिबु डाढा होइ ॥

ਤਿਸ ਨੋ ਮਾਰਿ ਨ ਸਾਕੈ ਕੋਇ ॥ (842-10)
तिस नो मारि न साकै कोइ ॥

ਸਾਹਿਬ ਕੀ ਸੇਵਕੁ ਰਹੈ ਸਰਣਾਈ ॥ (842-10)
साहिब की सेवकु रहै सरणाई ॥

ਆਪੇ ਬਖਸੇ ਦੇ ਵਡਿਆਈ ॥ (842-10)
आपे बखसे दे वडिआई ॥

ਤਿਸ ਤੇ ਊਪਰਿ ਨਾਹੀ ਕੋਇ ॥ (842-11)
तिस ते ऊपरि नाही कोइ ॥

ਕਉਣੁ ਡਰੈ ਡਰੁ ਕਿਸ ਕਾ ਹੋਇ ॥੪॥ (842-11)
कउणु डरै डरु किस का होइ ॥४॥

ਗੁਰਮਤੀ ਸਾਂਤਿ ਵਸੈ ਸਰੀਰ ॥ (842-11)
गुरमती सांति वसै सरीर ॥

ਸਬਦੁ ਚੀਨ੍ਹਿ ਫਿਰਿ ਲਗੈ ਨ ਪੀਰ ॥ (842-12)
सबदु चीन्हि फिरि लगै न पीर ॥

ਆਵੈ ਨ ਜਾਇ ਨਾ ਦੁਖੁ ਪਾਏ ॥ (842-12)
आवै न जाइ ना दुखु पाए ॥

ਨਾਮੇ ਰਾਤੇ ਸਹਜਿ ਸਮਾਏ ॥ (842-12)
नामे राते सहजि समाए ॥

ਨਾਨਕ ਗੁਰਮੁਖਿ ਵੇਖੈ ਹਦੂਰਿ ॥ (842-13)
नानक गुरमुखि वेखै हदूरि ॥

ਮੇਰਾ ਪ੍ਰਭੁ ਸਦ ਰਹਿਆ ਭਰਪੂਰਿ ॥੫॥ (842-13)
मेरा प्रभु सद रहिआ भरपूरि ॥५॥

ਇਕਿ ਸੇਵਕ ਇਕਿ ਭਰਮਿ ਭੁਲਾਏ ॥ (842-13)
इकि सेवक इकि भरमि भुलाए ॥

ਆਪੇ ਕਰੇ ਹਰਿ ਆਪਿ ਕਰਾਏ ॥ (842-14)
आपे करे हरि आपि कराए ॥

ਏਕੋ ਵਰਤੈ ਅਵਰੁ ਨ ਕੋਇ ॥ (842-14)
एको वरतै अवरु न कोइ ॥

ਮਨਿ ਰੋਸੁ ਕੀਜੈ ਜੇ ਦੂਜਾ ਹੋਇ ॥ (842-14)
मनि रोसु कीजै जे दूजा होइ ॥

ਸਤਿਗੁਰੁ ਸੇਵੇ ਕਰਣੀ ਸਾਰੀ ॥ (842-14)
सतिगुरु सेवे करणी सारी ॥

ਦਰਿ ਸਾਚੈ ਸਾਚੇ ਵੀਚਾਰੀ ॥੬॥ (842-15)
दरि साचै साचे वीचारी ॥६॥

ਥਿਤੀ ਵਾਰ ਸਭਿ ਸਬਦਿ ਸੁਹਾਏ ॥ (842-15)
थिती वार सभि सबदि सुहाए ॥

ਸਤਿਗੁਰੁ ਸੇਵੇ ਤਾ ਫਲੁ ਪਾਏ ॥ (842-15)
सतिगुरु सेवे ता फलु पाए ॥

ਥਿਤੀ ਵਾਰ ਸਭਿ ਆਵਹਿ ਜਾਹਿ ॥ (842-16)
थिती वार सभि आवहि जाहि ॥

ਗੁਰ ਸਬਦੁ ਨਿਹਚਲੁ ਸਦਾ ਸਚਿ ਸਮਾਹਿ ॥ (842-16)
गुर सबदु निहचलु सदा सचि समाहि ॥

ਥਿਤੀ ਵਾਰ ਤਾ ਜਾ ਸਚਿ ਰਾਤੇ ॥ (842-16)
थिती वार ता जा सचि राते ॥

ਬਿਨੁ ਨਾਵੈ ਸਭਿ ਭਰਮਹਿ ਕਾਚੇ ॥੭॥ (842-17)
बिनु नावै सभि भरमहि काचे ॥७॥

ਮਨਮੁਖ ਮਰਹਿ ਮਰਿ ਬਿਗਤੀ ਜਾਹਿ ॥ (842-17)
मनमुख मरहि मरि बिगती जाहि ॥

ਏਕੁ ਨ ਚੇਤਹਿ ਦੂਜੈ ਲੋਭਾਹਿ ॥ (842-17)
एकु न चेतहि दूजै लोभाहि ॥

ਅਚੇਤ ਪਿੰਡੀ ਅਗਿਆਨ ਅੰਧਾਰੁ ॥ (842-18)
अचेत पिंडी अगिआन अंधारु ॥

ਬਿਨੁ ਸਬਦੈ ਕਿਉ ਪਾਏ ਪਾਰੁ ॥ (842-18)
बिनु सबदै किउ पाए पारु ॥

ਆਪਿ ਉਪਾਏ ਉਪਾਵਣਹਾਰੁ ॥ (842-18)
आपि उपाए उपावणहारु ॥

ਆਪੇ ਕੀਤੋਨੁ ਗੁਰ ਵੀਚਾਰੁ ॥੮॥ (842-19)
आपे कीतोनु गुर वीचारु ॥८॥

ਬਹੁਤੇ ਭੇਖ ਕਰਹਿ ਭੇਖਧਾਰੀ ॥ (842-19)
बहुते भेख करहि भेखधारी ॥

ਭਵਿ ਭਵਿ ਭਰਮਹਿ ਕਾਚੀ ਸਾਰੀ ॥ (842-19)
भवि भवि भरमहि काची सारी ॥

ਐਥੈ ਸੁਖੁ ਨ ਆਗੈ ਹੋਇ ॥ (842-19)
ऐथै सुखु न आगै होइ ॥

ਮਨਮੁਖ ਮੁਏ ਅਪਣਾ ਜਨਮੁ ਖੋਇ ॥ (843-1)
मनमुख मुए अपणा जनमु खोइ ॥

ਸਤਿਗੁਰੁ ਸੇਵੇ ਭਰਮੁ ਚੁਕਾਏ ॥ (843-1)
सतिगुरु सेवे भरमु चुकाए ॥

ਘਰ ਹੀ ਅੰਦਰਿ ਸਚੁ ਮਹਲੁ ਪਾਏ ॥੯॥ (843-1)
घर ही अंदरि सचु महलु पाए ॥९॥

ਆਪੇ ਪੂਰਾ ਕਰੇ ਸੁ ਹੋਇ ॥ (843-2)
आपे पूरा करे सु होइ ॥

ਏਹਿ ਥਿਤੀ ਵਾਰ ਦੂਜਾ ਦੋਇ ॥ (843-2)
एहि थिती वार दूजा दोइ ॥

ਸਤਿਗੁਰ ਬਾਝਹੁ ਅੰਧੁ ਗੁਬਾਰੁ ॥ (843-2)
सतिगुर बाझहु अंधु गुबारु ॥

ਥਿਤੀ ਵਾਰ ਸੇਵਹਿ ਮੁਗਧ ਗਵਾਰ ॥ (843-3)
थिती वार सेवहि मुगध गवार ॥

ਨਾਨਕ ਗੁਰਮੁਖਿ ਬੂਝੈ ਸੋਝੀ ਪਾਇ ॥ (843-3)
नानक गुरमुखि बूझै सोझी पाइ ॥

ਇਕਤੁ ਨਾਮਿ ਸਦਾ ਰਹਿਆ ਸਮਾਇ ॥੧੦॥੨॥ (843-3)
इकतु नामि सदा रहिआ समाइ ॥१० ॥२ ॥

ਬਿਲਾਵਲੁ ਮਹਲਾ ੧ ਛੰਤ ਦਖਣੀ (843-5)
बिलावलु महला १ छंत दखणी

ੴ ਸਤਿਗੁਰ ਪ੍ਰਸਾਦਿ ॥ (843-5)
ੴ सतिगुर प्रसादि ॥

ਮੁੰਧ ਨਵੇਲੜੀਆ ਗੋਇਲਿ ਆਈ ਰਾਮ ॥ (843-6)
मुंध नवेलड़ीआ गोइलि आई राम ॥

ਮਟੁਕੀ ਡਾਰਿ ਧਰੀ ਹਰਿ ਲਿਵ ਲਾਈ ਰਾਮ ॥ (843-6)
मटुकी डारि धरी हरि लिव लाई राम ॥

ਲਿਵ ਲਾਇ ਹਰਿ ਸਿਉ ਰਹੀ ਗੋਇਲਿ ਸਹਜਿ ਸਬਦਿ ਸੀਗਾਰੀਆ ॥ (843-6)
लिव लाइ हरि सिउ रही गोइलि सहजि सबदि सीगारीआ ॥

ਕਰ ਜੋੜਿ ਗੁਰ ਪਹਿ ਕਰਿ ਬਿਨੰਤੀ ਮਿਲਹੁ ਸਾਚਿ ਪਿਆਰੀਆ ॥ (843-7)
कर जोड़ि गुर पहि करि बिनंती मिलहु साचि पिआरीआ ॥

ਧਨ ਭਾਇ ਭਗਤੀ ਦੇਖਿ ਪ੍ਰੀਤਮ ਕਾਮ ਕ੍ਰੋਧੁ ਨਿਵਾਰਿਆ ॥ (843-8)
धन भाइ भगती देखि प्रीतम काम क्रोधु निवारिआ ॥

ਨਾਨਕ ਮੁੰਧ ਨਵੇਲ ਸੁੰਦਰਿ ਦੇਖਿ ਪਿਰੁ ਸਾਧਾਰਿਆ ॥੧॥ (843-8)
नानक मुंध नवेल सुंदरि देखि पिरु साधारिआ ॥१॥

ਸਚਿ ਨਵੇਲੜੀਏ ਜੋਬਨਿ ਬਾਲੀ ਰਾਮ ॥ (843-9)
सचि नवेलड़ीए जोबनि बाली राम ॥

ਆਉ ਨ ਜਾਉ ਕਹੀ ਅਪਨੇ ਸਹ ਨਾਲੀ ਰਾਮ ॥ (843-9)
आउ न जाउ कही अपने सह नाली राम ॥

ਨਾਹ ਅਪਨੇ ਸੰਗਿ ਦਾਸੀ ਮੈ ਭਗਤਿ ਹਰਿ ਕੀ ਭਾਵਏ ॥ (843-9)
नाह अपने संगि दासी मै भगति हरि की भावए ॥

ਅਗਾਧਿ ਬੋਧਿ ਅਕਥੁ ਕਥੀਐ ਸਹਜਿ ਪ੍ਰਭ ਗੁਣ ਗਾਵਏ ॥ (843-10)
अगाधि बोधि अकथु कथीऐ सहजि प्रभ गुण गावए ॥

ਰਾਮ ਨਾਮੁ ਰਸਾਲੁ ਰਸੀਆ ਰਵੈ ਸਾਚਿ ਪਿਆਰੀਆ ॥ (843-10)
राम नाम रसाल रसीआ रवै साचि पिआरीआ ॥

ਗੁਰਿ ਸਬਦੁ ਦੀਆ ਦਾਨੁ ਕੀਆ ਨਾਨਕਾ ਵੀਚਾਰੀਆ ॥੨॥ (843-11)
गुरि सबदु दीआ दानु कीआ नानका वीचारीआ ॥२॥

ਸ੍ਰੀਧਰ ਮੋਹਿਅੜੀ ਪਿਰ ਸੰਗਿ ਸੂਤੀ ਰਾਮ ॥ (843-11)
स्रीधर मोहिअड़ी पिर संगि सूती राम ॥

ਗੁਰ ਕੈ ਭਾਇ ਚਲੋ ਸਾਚਿ ਸੰਗੂਤੀ ਰਾਮ ॥ (843-12)
गुर कै भाइ चलो साचि संगूती राम ॥

ਧਨ ਸਾਚਿ ਸੰਗੂਤੀ ਹਰਿ ਸੰਗਿ ਸੂਤੀ ਸੰਗਿ ਸਖੀ ਸਹੇਲੀਆ ॥ (843-12)
धन साचि संगूती हरि संगि सूती संगि सखी सहेलीआ ॥

ਇਕ ਭਾਇ ਇਕ ਮਨਿ ਨਾਮੁ ਵਸਿਆ ਸਤਿਗੁਰੂ ਹਮ ਮੇਲੀਆ ॥ (843-13)
इक भाइ इक मनि नामु वसिआ सतिगुरू हम मेलीआ ॥

ਦਿਨੁ ਰੈਣਿ ਘੜੀ ਨ ਚਸਾ ਵਿਸਰੈ ਸਾਸਿ ਸਾਸਿ ਨਿਰੰਜਨੋ ॥ (843-13)
दिनु रैणि घड़ी न चसा विसरै सासि सासि निरंजनो ॥

ਸਬਦਿ ਜੋਤਿ ਜਗਾਇ ਦੀਪਕੁ ਨਾਨਕਾ ਭਉ ਭੰਜਨੋ ॥੩॥ (843-14)
सबदि जोति जगाइ दीपकु नानका भउ भंजनो ॥३॥

ਜੋਤਿ ਸਬਾਇੜੀਏ ਤ੍ਰਿਭਵਣ ਸਾਰੇ ਰਾਮ ॥ (843-15)
जोति सबाइड़ीए त्रिभवण सारे राम ॥

ਘਟਿ ਘਟਿ ਰਵਿ ਰਹਿਆ ਅਲਖ ਅਪਾਰੇ ਰਾਮ ॥ (843-15)
घटि घटि रवि रहिआ अलख अपारे राम ॥

ਅਲਖ ਅਪਾਰ ਅਪਾਰੁ ਸਾਚਾ ਆਪੁ ਮਾਰਿ ਮਿਲਾਈਐ ॥ (843-15)
अलख अपार अपारु साचा आपु मारि मिलाईऐ ॥

ਹਉਮੈ ਮਮਤਾ ਲੋਭੁ ਜਾਲਹੁ ਸਬਦਿ ਮੈਲੁ ਚੁਕਾਈਐ ॥ (843-16)
हउमै ममता लोभु जालहु सबदि मैलु चुकाईऐ ॥

ਦਰਿ ਜਾਇ ਦਰਸਨੁ ਕਰੀ ਭਾਣੈ ਤਾਰਿ ਤਾਰਣਹਾਰਿਆ ॥ (843-16)
दरि जाइ दरसनु करी भाणै तारि तारणहारिआ ॥

ਹਰਿ ਨਾਮੁ ਅੰਮ੍ਰਿਤੁ ਚਾਖਿ ਤ੍ਰਿਪਤੀ ਨਾਨਕਾ ਉਰ ਧਾਰਿਆ ॥੪॥੧॥ (843-17)
हरि नामु अमृतु चाखि त्रिपती नानका उर धारिआ ॥४॥१॥

ਬਿਲਾਵਲੁ ਮਹਲਾ ੧ ॥ (843-18)
बिलावलु महला १ ॥

ਮੈ ਮਨਿ ਚਾਉ ਘਣਾ ਸਾਚਿ ਵਿਗਾਸੀ ਰਾਮ ॥ (843-18)
मै मनि चाउ घणा साचि विगासी राम ॥

ਮੋਹੀ ਪ੍ਰੇਮ ਪਿਰੇ ਪ੍ਰਭਿ ਅਬਿਨਾਸੀ ਰਾਮ ॥ (843-18)
मोही प्रेम पिरे प्रभि अबिनासी राम ॥

ਅਵਿਗਤੋ ਹਰਿ ਨਾਥੁ ਨਾਥਹ ਤਿਸੈ ਭਾਵੈ ਸੋ ਥੀਐ ॥ (843-19)
अविगतो हरि नाथु नाथह तिसै भावै सो थीऐ ॥

ਕਿਰਪਾਲੁ ਸਦਾ ਦਇਆਲੁ ਦਾਤਾ ਜੀਆ ਅੰਦਰਿ ਤੂੰ ਜੀਐ ॥ (843-19)
किरपालु सदा दइआलु दाता जीआ अंदरि तूं जीऐ ॥

ਮੈ ਅਵਰੁ ਗਿਆਨੁ ਨ ਧਿਆਨੁ ਪੂਜਾ ਹਰਿ ਨਾਮੁ ਅੰਤਰਿ ਵਸਿ ਰਹੇ ॥ (844-1)
मै अवरु गिआनु न धिआनु पूजा हरि नामु अंतरि वसि रहे ॥

ਭੇਖੁ ਭਵਨੀ ਹਠੁ ਨ ਜਾਨਾ ਨਾਨਕਾ ਸਚੁ ਗਹਿ ਰਹੇ ॥੧॥ (844-1)
भेखु भवनी हठु न जाना नानका सचु गहि रहे ॥१॥

ਭਿੰਨੜੀ ਰੈਣਿ ਭਲੀ ਦਿਨਸ ਸੁਹਾਏ ਰਾਮ ॥ (844-2)
भिंनड़ी रैणि भली दिनस सुहाए राम ॥

ਨਿਜ ਘਰਿ ਸੂਤੜੀਏ ਪਿਰਮੁ ਜਗਾਏ ਰਾਮ ॥ (844-2)
निज घरि सूतड़ीए पिरमु जगाए राम ॥

ਨਵ ਹਾਣਿ ਨਵ ਧਨ ਸਬਦਿ ਜਾਗੀ ਆਪਣੇ ਪਿਰ ਭਾਣੀਆ ॥ (844-3)
नव हाणि नव धन सबदि जागी आपणे पिर भाणीआ ॥

ਤਜਿ ਕੂੜੁ ਕਪਟੁ ਸੁਭਾਉ ਦੂਜਾ ਚਾਕਰੀ ਲੋਕਾਣੀਆ ॥ (844-3)
तजि कूड़ु कपटु सुभाउ दूजा चाकरी लोकाणीआ ॥

ਮੈ ਨਾਮੁ ਹਰਿ ਕਾ ਹਾਰੁ ਕੰਠੇ ਸਾਚ ਸਬਦੁ ਨੀਸਾਣਿਆ ॥ (844-4)
मै नामु हरि का हारु कंठे साच सबदु नीसाणिआ ॥

ਕਰ ਜੋੜਿ ਨਾਨਕੁ ਸਾਚੁ ਮਾਗੈ ਨਦਰਿ ਕਰਿ ਤੁਧੁ ਭਾਣਿਆ ॥੨॥ (844-4)
कर जोड़ि नानकु साचु मागै नदरि करि तुधु भाणिआ ॥२॥

ਜਾਗੁ ਸਲੋਨੜੀਏ ਬੋਲੈ ਗੁਰਬਾਣੀ ਰਾਮ ॥ (844-5)
जागु सलोनड़ीए बोलै गुरबाणी राम ॥

ਜਿਨਿ ਸੁਣਿ ਮੰਨਿਅੜੀ ਅਕਥ ਕਹਾਣੀ ਰਾਮ ॥ (844-5)
जिनि सुणि मंनिअड़ी अकथ कहाणी राम ॥

ਅਕਥ ਕਹਾਣੀ ਪਦੁ ਨਿਰਬਾਣੀ ਕੋ ਵਿਰਲਾ ਗੁਰਮੁਖਿ ਬੂਝਏ ॥ (844-6)
अकथ कहाणी पदु निरबाणी को विरला गुरमुखि बूझए ॥

ਓਹੁ ਸਬਦਿ ਸਮਾਏ ਆਪੁ ਗਵਾਏ ਤ੍ਰਿਭਵਣ ਸੋਝੀ ਸੂਝਏ ॥ (844-6)
ओहु सबदि समाए आपु गवाए त्रिभवण सोझी सूझए ॥

ਰਹੈ ਅਤੀਤੁ ਅਪਰੰਪਰਿ ਰਾਤਾ ਸਾਚੁ ਮਨਿ ਗੁਣ ਸਾਰਿਆ ॥ (844-7)
रहै अतीतु अपर्मपरि राता साचु मनि गुण सारिआ ॥

ਓਹੁ ਪੂਰਿ ਰਹਿਆ ਸਰਬ ਠਾਈ ਨਾਨਕਾ ਉਰਿ ਧਾਰਿਆ ॥੩॥ (844-7)
ओहु पूरि रहिआ सरब ठाई नानका उरि धारिआ ॥३॥

ਮਹਲਿ ਬੁਲਾਇੜੀਏ ਭਗਤਿ ਸਨੇਹੀ ਰਾਮ ॥ (844-8)
महलि बुलाइड़ीए भगति सनेही राम ॥

ਗੁਰਮਤਿ ਮਨਿ ਰਹਸੀ ਸੀਝਸਿ ਦੇਹੀ ਰਾਮ ॥ (844-8)
गुरमति मनि रहसी सीझसि देही राम ॥

ਮਨੁ ਮਾਰਿ ਰੀਝੈ ਸਬਦਿ ਸੀਝੈ ਤ੍ਰੈ ਲੋਕ ਨਾਥੁ ਪਛਾਣਏ ॥ (844-9)
मनु मारि रीझै सबदि सीझै त्रै लोक नाथु पछाणए ॥

ਮਨੁ ਡੀਗਿ ਡੋਲਿ ਨ ਜਾਇ ਕਤ ਹੀ ਆਪਣਾ ਪਿਰੁ ਜਾਣਏ ॥ (844-9)
मनु डीगि डोलि न जाइ कत ही आपणा पिरु जाणए ॥

ਮੈ ਆਧਾਰੁ ਤੇਰਾ ਤੂ ਖਸਮੁ ਮੇਰਾ ਮੈ ਤਾਣੁ ਤਕੀਆ ਤੇਰਓ ॥ (844-10)
मै आधारु तेरा तू खसमु मेरा मै ताणु तकीआ तेरओ ॥

ਸਾਚਿ ਸੂਚਾ ਸਦਾ ਨਾਨਕ ਗੁਰ ਸਬਦਿ ਝਗਰੁ ਨਿਬੇਰਓ ॥੪॥੨॥ (844-10)
साचि सूचा सदा नानक गुर सबदि झगरु निबेरओ ॥४॥२॥

ਛੰਤ ਬਿਲਾਵਲੁ ਮਹਲਾ ੪ ਮੰਗਲ (844-12)
छंत बिलावलु महला ४ मंगल

ੴ ਸਤਿਗੁਰ ਪ੍ਰਸਾਦਿ ॥ (844-12)
ੴ सतिगुर प्रसादि ॥

ਮੇਰਾ ਹਰਿ ਪ੍ਰਭੁ ਸੇਜੈ ਆਇਆ ਮਨੁ ਸੁਖਿ ਸਮਾਣਾ ਰਾਮ ॥ (844-13)
मेरा हरि प्रभु सेजै आइआ मनु सुखि समाणा राम ॥

ਗੁਰਿ ਤੁਠੈ ਹਰਿ ਪ੍ਰਭੁ ਪਾਇਆ ਰੰਗਿ ਰਲੀਆ ਮਾਣਾ ਰਾਮ ॥ (844-13)
गुरि तुठै हरि प्रभु पाइआ रंगि रलीआ माणा राम ॥

ਵਡਭਾਗੀਆ ਸੋਹਾਗਣੀ ਹਰਿ ਮਸਤਕਿ ਮਾਣਾ ਰਾਮ ॥ (844-14)
वडभागीआ सोहागणी हरि मसतकि माणा राम ॥

ਹਰਿ ਪ੍ਰਭੁ ਹਰਿ ਸੋਹਾਗੁ ਹੈ ਨਾਨਕ ਮਨਿ ਭਾਣਾ ਰਾਮ ॥੧॥ (844-14)
हरि प्रभु हरि सोहागु है नानक मनि भाणा राम ॥१॥

ਨਿੰਮਾਣਿਆ ਹਰਿ ਮਾਣੁ ਹੈ ਹਰਿ ਪ੍ਰਭੁ ਹਰਿ ਆਪੈ ਰਾਮ ॥ (844-15)
निंमाणिआ हरि माणु है हरि प्रभु हरि आपै राम ॥

ਗੁਰਮੁਖਿ ਆਪੁ ਗਵਾਇਆ ਨਿਤ ਹਰਿ ਹਰਿ ਜਾਪੈ ਰਾਮ ॥ (844-15)
गुरमुखि आपु गवाइआ नित हरि हरि जापै राम ॥

ਮੇਰੇ ਹਰਿ ਪ੍ਰਭ ਭਾਵੈ ਸੋ ਕਰੈ ਹਰਿ ਰੰਗਿ ਹਰਿ ਰਾਪੈ ਰਾਮ ॥ (844-16)
मेरे हरि प्रभ भावै सो करै हरि रंगि हरि रापै राम ॥

ਜਨੁ ਨਾਨਕੁ ਸਹਜਿ ਮਿਲਾਇਆ ਹਰਿ ਰਸਿ ਹਰਿ ਧ੍ਰਾਪੈ ਰਾਮ ॥੨॥ (844-16)
जनु नानकु सहजि मिलाइआ हरि रसि हरि ध्रापै राम ॥२॥

ਮਾਣਸ ਜਨਮਿ ਹਰਿ ਪਾਈਐ ਹਰਿ ਰਾਵਣ ਵੇਰਾ ਰਾਮ ॥ (844-17)
माणस जनमि हरि पाईऐ हरि रावण वेरा राम ॥

ਗੁਰਮੁਖਿ ਮਿਲੁ ਸੋੁਹਾਗਣੀ ਰੰਗੁ ਹੋਇ ਘਣੇਰਾ ਰਾਮ ॥ (844-17)
गुरमुखि मिलु सोहागणी रंगु होइ घणेरा राम ॥

ਜਿਨ ਮਾਣਸ ਜਨਮਿ ਨ ਪਾਇਆ ਤਿਨ੍ਹ ਭਾਗੁ ਮੰਦੇਰਾ ਰਾਮ ॥ (844-18)
जिन माणस जनमि न पाइआ तिन्ह भागु मंदेरा राम ॥

ਹਰਿ ਹਰਿ ਹਰਿ ਹਰਿ ਰਾਖੁ ਪ੍ਰਭ ਨਾਨਕੁ ਜਨੁ ਤੇਰਾ ਰਾਮ ॥੩॥ (844-18)
हरि हरि हरि हरि राखु प्रभ नानकु जनु तेरा राम ॥३॥

ਗੁਰਿ ਹਰਿ ਪ੍ਰਭੁ ਅਗਮੁ ਦ੍ਰਿੜਾਇਆ ਮਨੁ ਤਨੁ ਰੰਗਿ ਭੀਨਾ ਰਾਮ ॥ (844-19)
गुरि हरि प्रभु अगमु द्रिड़ाइआ मनु तनु रंगि भीना राम ॥

ਭਗਤਿ ਵਛਲੁ ਹਰਿ ਨਾਮੁ ਹੈ ਗੁਰਮੁਖਿ ਹਰਿ ਲੀਨਾ ਰਾਮ ॥ (845-1)
भगति वछलु हरि नामु है गुरमुखि हरि लीना राम ॥

ਬਿਨੁ ਹਰਿ ਨਾਮ ਨ ਜੀਵਦੇ ਜਿਉ ਜਲ ਬਿਨੁ ਮੀਨਾ ਰਾਮ ॥ (845-1)
बिनु हरि नाम न जीवदे जिउ जल बिनु मीना राम ॥

ਸਫਲ ਜਨਮੁ ਹਰਿ ਪਾਇਆ ਨਾਨਕ ਪ੍ਰਭਿ ਕੀਨਾ ਰਾਮ ॥੪॥੧॥੩॥ (845-2)
सफल जनमु हरि पाइआ नानक प्रभि कीना राम ॥४॥१॥३॥

ਬਿਲਾਵਲੁ ਮਹਲਾ ੪ ਸਲੋਕੁ ॥ (845-2)
बिलावलु महला ४ सलोकु ॥

ਹਰਿ ਪ੍ਰਭੁ ਸਜਣੁ ਲੋੜਿ ਲਹੁ ਮਨਿ ਵਸੈ ਵਡਭਾਗੁ ॥ (845-3)
हरि प्रभु सजणु लोड़ि लहु मनि वसै वडभागु ॥

ਗੁਰਿ ਪੂਰੈ ਵੇਖਾਲਿਆ ਨਾਨਕ ਹਰਿ ਲਿਵ ਲਾਗੁ ॥੧॥ (845-3)
गुरि पूरै वेखालिआ नानक हरि लिव लागु ॥१॥

ਛੰਤ ॥ (845-3)
छंत ॥

ਮੇਰਾ ਹਰਿ ਪ੍ਰਭੁ ਰਾਵਣਿ ਆਈਆ ਹਉਮੈ ਬਿਖੁ ਝਾਗੇ ਰਾਮ ॥ (845-4)
मेरा हरि प्रभु रावणि आईआ हउमै बिखु झागे राम ॥

ਗੁਰਮਤਿ ਆਪੁ ਮਿਟਾਇਆ ਹਰਿ ਹਰਿ ਲਿਵ ਲਾਗੇ ਰਾਮ ॥ (845-4)
गुरमति आपु मिटाइआ हरि हरि लिव लागे राम ॥

ਅੰਤਰਿ ਕਮਲੁ ਪਰਗਾਸਿਆ ਗੁਰ ਗਿਆਨੀ ਜਾਗੇ ਰਾਮ ॥ (845-5)
अंतरि कमलु परगासिआ गुर गिआनी जागे राम ॥

ਜਨ ਨਾਨਕ ਹਰਿ ਪ੍ਰਭੁ ਪਾਇਆ ਪੂਰੈ ਵਡਭਾਗੇ ਰਾਮ ॥੧॥ (845-5)
जन नानक हरि प्रभु पाइआ पूरै वडभागे राम ॥१॥

ਹਰਿ ਪ੍ਰਭੁ ਹਰਿ ਮਨਿ ਭਾਇਆ ਹਰਿ ਨਾਮਿ ਵਧਾਈ ਰਾਮ ॥ (845-6)
हरि प्रभु हरि मनि भाइआ हरि नामि वधाई राम ॥

ਗੁਰਿ ਪੂਰੈ ਪ੍ਰਭੁ ਪਾਇਆ ਹਰਿ ਹਰਿ ਲਿਵ ਲਾਈ ਰਾਮ ॥ (845-6)
गुरि पूरै प्रभु पाइआ हरि हरि लिव लाई राम ॥

ਅਗਿਆਨੁ ਅੰਧੇਰਾ ਕਟਿਆ ਜੋਤਿ ਪਰਗਟਿਆਈ ਰਾਮ ॥ (845-7)
अगिआनु अंधेरा कटिआ जोति परगटिआई राम ॥

ਜਨ ਨਾਨਕ ਨਾਮੁ ਅਧਾਰੁ ਹੈ ਹਰਿ ਨਾਮਿ ਸਮਾਈ ਰਾਮ ॥੨॥ (845-7)
जन नानक नामु अधारु है हरि नामि समाई राम ॥२॥

ਧਨ ਹਰਿ ਪ੍ਰਭਿ ਪਿਆਰੈ ਰਾਵੀਆ ਜਾਂ ਹਰਿ ਪ੍ਰਭ ਭਾਈ ਰਾਮ ॥ (845-8)
धन हरि प्रभि पिआरै रावीआ जां हरि प्रभ भाई राम ॥

ਅਖੀ ਪ੍ਰੇਮ ਕਸਾਈਆ ਜਿਉ ਬਿਲਕ ਮਸਾਈ ਰਾਮ ॥ (845-8)
अखी प्रेम कसाईआ जिउ बिलक मसाई राम ॥

ਗੁਰਿ ਪੂਰੈ ਹਰਿ ਮੇਲਿਆ ਹਰਿ ਰਸਿ ਆਘਾਈ ਰਾਮ ॥ (845-9)
गुरि पूरै हरि मेलिआ हरि रसि आघाई राम ॥

ਜਨ ਨਾਨਕ ਨਾਮਿ ਵਿਗਸਿਆ ਹਰਿ ਹਰਿ ਲਿਵ ਲਾਈ ਰਾਮ ॥੩॥ (845-9)
जन नानक नामि विगसिआ हरि हरि लिव लाई राम ॥३ ॥

ਹਮ ਮੂਰਖ ਮੁਗਧ ਮਿਲਾਇਆ ਹਰਿ ਕਿਰਪਾ ਧਾਰੀ ਰਾਮ ॥ (845-10)
हम मूरख मुगध मिलाइआ हरि किरपा धारी राम ॥

ਧਨੁ ਧੰਨੁ ਗੁਰੂ ਸਾਬਾਸਿ ਹੈ ਜਿਨਿ ਹਉਮੈ ਮਾਰੀ ਰਾਮ ॥ (845-10)
धनु धंनु गुरू साबासि है जिनि हउमै मारी राम ॥

ਜਿਨ੍ਹ ਵਡਭਾਗੀਆ ਵਡਭਾਗੁ ਹੈ ਹਰਿ ਹਰਿ ਉਰ ਧਾਰੀ ਰਾਮ ॥ (845-11)
जिन्ह वडभागीआ वडभागु है हरि हरि उर धारी राम ॥

ਜਨ ਨਾਨਕ ਨਾਮੁ ਸਲਾਹਿ ਤੂ ਨਾਮੇ ਬਲਿਹਾਰੀ ਰਾਮ ॥੪॥੨॥੪॥ (845-12)
जन नानक नामु सलाहि तू नामे बलिहारी राम ॥४ ॥२ ॥४ ॥

ਬਿਲਾਵਲੁ ਮਹਲਾ ੫ ਛੰਤ (845-13)
बिलावलु महला ५ छंत

ੴ ਸਤਿਗੁਰ ਪ੍ਰਸਾਦਿ ॥ (845-13)
ੴ सतिगुर प्रसादि ॥

ਮੰਗਲ ਸਾਜੁ ਭਇਆ ਪ੍ਰਭੁ ਅਪਨਾ ਗਾਇਆ ਰਾਮ ॥ (845-14)
मंगल साजु भइआ प्रभु अपना गाइआ राम ॥

ਅਬਿਨਾਸੀ ਵਰੁ ਸੁਣਿਆ ਮਨਿ ਉਪਜਿਆ ਚਾਇਆ ਰਾਮ ॥ (845-14)
अबिनासी वरु सुणिआ मनि उपजिआ चाइआ राम ॥

ਮਨਿ ਪ੍ਰੀਤਿ ਲਾਗੈ ਵਡੈ ਭਾਗੈ ਕਬ ਮਿਲੀਐ ਪੂਰਨ ਪਤੇ ॥ (845-15)
मनि प्रीति लागै वडै भागै कब मिलीऐ पूरन पते ॥

ਸਹਜੇ ਸਮਾਈਐ ਗੋਵਿੰਦੁ ਪਾਈਐ ਦੇਹੁ ਸਖੀਏ ਮੋਹਿ ਮਤੇ ॥ (845-15)
सहजे समाईऐ गोविंदु पाईऐ देहु सखीए मोहि मते ॥

ਦਿਨੁ ਰੈਣਿ ਠਾਢੀ ਕਰਉ ਸੇਵਾ ਪ੍ਰਭੁ ਕਵਨ ਜੁਗਤੀ ਪਾਇਆ ॥ (845-16)
दिनु रैणि ठाढी करउ सेवा प्रभु कवन जुगती पाइआ ॥

ਬਿਨਵੰਤਿ ਨਾਨਕ ਕਰਹੁ ਕਿਰਪਾ ਲੈਹੁ ਮੋਹਿ ਲੜਿ ਲਾਇਆ ॥੧॥ (845-16)
बिनवंति नानक करहु किरपा लैहु मोहि लड़ि लाइआ ॥१॥

ਭਇਆ ਸਮਾਹੜਾ ਹਰਿ ਰਤਨੁ ਵਿਸਾਹਾ ਰਾਮ ॥ (845-17)
भइआ समाहड़ा हरि रतनु विसाहा राम ॥

ਖੋਜੀ ਖੋਜਿ ਲਧਾ ਹਰਿ ਸੰਤਨ ਪਾਹਾ ਰਾਮ ॥ (845-17)
खोजी खोजि लधा हरि संतन पाहा राम ॥

ਮਿਲੇ ਸੰਤ ਪਿਆਰੇ ਦਇਆ ਧਾਰੇ ਕਥਹਿ ਅਕਥ ਬੀਚਾਰੋ ॥ (845-18)
मिले संत पिआरे दइआ धारे कथहि अकथ बीचारो ॥

ਇਕ ਚਿਤਿ ਇਕ ਮਨਿ ਧਿਆਇ ਸੁਆਮੀ ਲਾਇ ਪ੍ਰੀਤਿ ਪਿਆਰੋ ॥ (845-18)
इक चिति इक मनि धिआइ सुआमी लाइ प्रीति पिआरो ॥

ਕਰ ਜੋੜਿ ਪ੍ਰਭ ਪਹਿ ਕਰਿ ਬਿਨੰਤੀ ਮਿਲੈ ਹਰਿ ਜਸੁ ਲਾਹਾ ॥ (845-19)
कर जोड़ि प्रभ पहि करि बिनंती मिलै हरि जसु लाहा ॥

ਬਿਨਵੰਤਿ ਨਾਨਕ ਦਾਸੁ ਤੇਰਾ ਮੇਰਾ ਪ੍ਰਭੁ ਅਗਮ ਅਥਾਹਾ ॥੨॥ (845-19)
बिनवंति नानक दासु तेरा मेरा प्रभु अगम अथाहा ॥२॥

ਸਾਹਾ ਅਟਲੁ ਗਣਿਆ ਪੂਰਨ ਸੰਜੋਗੋ ਰਾਮ ॥ (846-1)
साहा अटलु गणिआ पूरन संजोगो राम ॥

ਸੁਖਹ ਸਮੂਹ ਭਇਆ ਗਇਆ ਵਿਜੋਗੋ ਰਾਮ ॥ (846-1)
सुखह समूह भइआ गइआ विजोगो राम ॥

ਮਿਲਿ ਸੰਤ ਆਏ ਪ੍ਰਭ ਧਿਆਏ ਬਣੇ ਅਚਰਜ ਜਾਞੀਆਂ ॥ (846-2)
मिलि संत आए प्रभ धिआए बणे अचरज जाञीआं ॥

ਮਿਲਿ ਇਕਤ੍ਰ ਹੋਏ ਸਹਜਿ ਢੋਏ ਮਨਿ ਪ੍ਰੀਤਿ ਉਪਜੀ ਮਾਞੀਆ ॥ (846-2)
मिलि इकत्र होए सहजि ढोए मनि प्रीति उपजी माञीआ ॥

ਮਿਲਿ ਜੋਤਿ ਜੋਤੀ ਓਤਿ ਪੋਤੀ ਹਰਿ ਨਾਮੁ ਸਭਿ ਰਸ ਭੋਗੋ ॥ (846-3)
मिलि जोति जोती ओति पोती हरि नामु सभि रस भोगो ॥

ਬਿਨਵੰਤਿ ਨਾਨਕ ਸਭ ਸੰਤਿ ਮੇਲੀ ਪ੍ਰਭੁ ਕਰਣ ਕਾਰਣ ਜੋਗੋ ॥੩॥ (846-3)
बिनवंति नानक सभ संति मेली प्रभु करण कारण जोगो ॥३॥

ਭਵਨੁ ਸੁਹਾਵੜਾ ਧਰਤਿ ਸਭਾਗੀ ਰਾਮ ॥ (846-4)
भवनु सुहावड़ा धरति सभागी राम ॥

ਪ੍ਰਭੁ ਘਰਿ ਆਇਅੜਾ ਗੁਰ ਚਰਣੀ ਲਾਗੀ ਰਾਮ ॥ (846-4)
प्रभु घरि आइअड़ा गुर चरणी लागी राम ॥

ਗੁਰ ਚਰਣ ਲਾਗੀ ਸਹਜਿ ਜਾਗੀ ਸਗਲ ਇਛਾ ਪੁੰਨੀਆ ॥ (846-5)
गुर चरण लागी सहजि जागी सगल इछा पुंनीआ ॥

ਮੇਰੀ ਆਸ ਪੂਰੀ ਸੰਤ ਧੂਰੀ ਹਰਿ ਮਿਲੇ ਕੰਤ ਵਿਛੁੰਨਿਆ ॥ (846-5)
मेरी आस पूरी संत धूरी हरि मिले कंत विछुंनिआ ॥

ਆਨੰਦ ਅਨਦਿਨੁ ਵਜਹਿ ਵਾਜੇ ਅਹੰ ਮਤਿ ਮਨ ਕੀ ਤਿਆਗੀ ॥ (846-6)
आनंद अनदिनु वजहि वाजे अहं मति मन की तिआगी ॥

ਬਿਨਵੰਤਿ ਨਾਨਕ ਸਰਣਿ ਸੁਆਮੀ ਸੰਤਸੰਗਿ ਲਿਵ ਲਾਗੀ ॥੪॥੧॥ (846-6)
बिनवंति नानक सरणि सुआमी संतसंगि लिव लागी ॥४॥१॥

ਬਿਲਾਵਲੁ ਮਹਲਾ ੫ ॥ (846-7)
बिलावलु महला ५ ॥

ਭਾਗ ਸੁਲਖਣਾ ਹਰਿ ਕੰਤੁ ਹਮਾਰਾ ਰਾਮ ॥ (846-7)
भाग सुलखणा हरि कंतु हमारा राम ॥

ਅਨਹਦ ਬਾਜਿਤ੍ਰਾ ਤਿਸੁ ਧੁਨਿ ਦਰਬਾਰਾ ਰਾਮ ॥ (846-8)
अनहद बाजित्रा तिसु धुनि दरबारा राम ॥

ਆਨੰਦ ਅਨਦਿਨੁ ਵਜਹਿ ਵਾਜੇ ਦਿਨਸੁ ਰੈਣਿ ਉਮਾਹਾ ॥ (846-8)
आनंद अनदिनु वजहि वाजे दिनसु रैणि उमाहा ॥

ਤਹ ਰੋਗ ਸੋਗ ਨ ਦੂਖੁ ਬਿਆਪੈ ਜਨਮ ਮਰਣੁ ਨ ਤਾਹਾ ॥ (846-8)
तह रोग सोग न दूखु बिआपै जनम मरणु न ताहा ॥

ਰਿਧਿ ਸਿਧਿ ਸੁਧਾ ਰਸੁ ਅੰਮ੍ਰਿਤੁ ਭਗਤਿ ਭਰੇ ਭੰਡਾਰਾ ॥ (846-9)
रिधि सिधि सुधा रसु अमृतु भगति भरे भंडारा ॥

ਬਿਨਵੰਤਿ ਨਾਨਕ ਬਲਿਹਾਰਿ ਵੰਞਾ ਪਾਰਬ੍ਰਹਮ ਪ੍ਰਾਨ ਅਧਾਰਾ ॥੧॥ (846-10)
बिनवंति नानक बलिहारि वंञा पारब्रहम प्रान अधारा ॥१॥

ਸੁਣਿ ਸਖੀਅ ਸਹੇਲੜੀਹੋ ਮਿਲਿ ਮੰਗਲੁ ਗਾਵਹ ਰਾਮ ॥ (846-10)
सुणि सखीअ सहेलड़ीहो मिलि मंगलु गावह राम ॥

ਮਨਿ ਤਨਿ ਪ੍ਰੇਮੁ ਕਰੇ ਤਿਸੁ ਪ੍ਰਭ ਕਉ ਰਾਵਹ ਰਾਮ ॥ (846-11)
मनि तनि प्रेमु करे तिसु प्रभ कउ रावह राम ॥

ਕਰਿ ਪ੍ਰੇਮੁ ਰਾਵਹ ਤਿਸੈ ਭਾਵਹ ਇਕ ਨਿਮਖ ਪਲਕ ਨ ਤਿਆਗੀਐ ॥ (846-11)
करि प्रेमु रावह तिसै भावह इक निमख पलक न तिआगीऐ ॥

ਗਹਿ ਕੰਠਿ ਲਾਈਐ ਨਹ ਲਜਾਈਐ ਚਰਨ ਰਜ ਮਨੁ ਪਾਗੀਐ ॥ (846-12)
गहि कंठि लाईऐ नह लजाईऐ चरन रज मनु पागीऐ ॥

ਭਗਤਿ ਠਗਉਰੀ ਪਾਇ ਮੋਹਹ ਅਨਤ ਕਤਹੂ ਨ ਧਾਵਹ ॥ (846-12)
भगति ठगउरी पाइ मोहह अनत कतहू न धावह ॥

ਬਿਨਵੰਤਿ ਨਾਨਕ ਮਿਲਿ ਸੰਗਿ ਸਾਜਨ ਅਮਰ ਪਦਵੀ ਪਾਵਹ ॥੨॥ (846-13)
बिनवंति नानक मिलि संगि साजन अमर पदवी पावह ॥२॥

ਬਿਸਮਨ ਬਿਸਮ ਭਈ ਪੇਖਿ ਗੁਣ ਅਬਿਨਾਸੀ ਰਾਮ ॥ (846-13)
बिसमन बिसम भई पेखि गुण अबिनासी राम ॥

ਕਰੁ ਗਹਿ ਭੁਜਾ ਗਹੀ ਕਟਿ ਜਮ ਕੀ ਫਾਸੀ ਰਾਮ ॥ (846-14)
करु गहि भुजा गही कटि जम की फासी राम ॥

ਗਹਿ ਭੁਜਾ ਲੀਨ੍ਹ੍ਹੀ ਦਾਸਿ ਕੀਨ੍ਹ੍ਹੀ ਅੰਕੁਰਿ ਉਦੋਤੁ ਜਣਾਇਆ ॥ (846-14)
गहि भुजा लीन्ही दासि कीन्ही अंकुरि उदोतु जणाइआ ॥

ਮਲਨ ਮੋਹ ਬਿਕਾਰ ਨਾਠੇ ਦਿਵਸ ਨਿਰਮਲ ਆਇਆ ॥ (846-15)
मलन मोह बिकार नाठे दिवस निरमल आइआ ॥

ਦ੍ਰਿਸਟਿ ਧਾਰੀ ਮਨਿ ਪਿਆਰੀ ਮਹਾ ਦੁਰਮਤਿ ਨਾਸੀ ॥ (846-16)
द्रिसटि धारी मनि पिआरी महा दुरमति नासी ॥

ਬਿਨਵੰਤਿ ਨਾਨਕ ਭਈ ਨਿਰਮਲ ਪ੍ਰਭ ਮਿਲੇ ਅਬਿਨਾਸੀ ॥੩॥ (846-16)
बिनवंति नानक भई निरमल प्रभ मिले अबिनासी ॥३॥

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥ (846-17)
सूरज किरणि मिले जल का जलु हूआ राम ॥

ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥ (846-17)
जोती जोति रली स्मपूरनु थीआ राम ॥

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥ (846-17)
ब्रहमु दीसै ब्रहमु सुणीऐ एकु एकु वखाणीऐ ॥

ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥ (846-18)
आतम पसारा करणहारा प्रभ बिना नही जाणीऐ ॥

ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ ॥ (846-18)
आपि करता आपि भुगता आपि कारणु कीआ ॥

ਬਿਨਵੰਤਿ ਨਾਨਕ ਸੇਈ ਜਾਣਹਿ ਜਿਨ੍ਹੀ ਹਰਿ ਰਸੁ ਪੀਆ ॥੪॥੨॥ (846-19)
बिनवंति नानक सेई जाणहि जिन्ही हरि रसु पीआ ॥४॥२॥

ਬਿਲਾਵਲੁ ਮਹਲਾ ੫ ਛੰਤ (847-1)
बिलावलु महला ५ छंत

ੴ ਸਤਿਗੁਰ ਪ੍ਰਸਾਦਿ ॥ (847-1)
ੴ सतिगुर प्रसादि ॥

ਸਖੀ ਆਉ ਸਖੀ ਵਸਿ ਆਉ ਸਖੀ ਅਸੀ ਪਿਰ ਕਾ ਮੰਗਲੁ ਗਾਵਹ ॥ (847-2)
सखी आउ सखी वसि आउ सखी असी पिर का मंगलु गावह ॥

ਤਜਿ ਮਾਨੁ ਸਖੀ ਤਜਿ ਮਾਨੁ ਸਖੀ ਮਤੁ ਆਪਣੇ ਪ੍ਰੀਤਮ ਭਾਵਹ ॥ (847-2)
तजि मानु सखी तजि मानु सखी मतु आपणे प्रीतम भावह ॥

ਤਜਿ ਮਾਨੁ ਮੋਹੁ ਬਿਕਾਰੁ ਦੂਜਾ ਸੇਵਿ ਏਕੁ ਨਿਰੰਜਨੋ ॥ (847-3)
तजि मानु मोहु बिकारु दूजा सेवि एकु निरंजनो ॥

ਲਗੁ ਚਰਣ ਸਰਣ ਦਇਆਲ ਪ੍ਰੀਤਮ ਸਗਲ ਦੁਰਤ ਬਿਖੰਡਨੋ ॥ (847-3)
लगु चरण सरण दइआल प्रीतम सगल दुरत बिखंडनो ॥

ਹੋਇ ਦਾਸ ਦਾਸੀ ਤਜਿ ਉਦਾਸੀ ਬਹੁੜਿ ਬਿਧੀ ਨ ਧਾਵਾ ॥ (847-4)
होइ दास दासी तजि उदासी बहुड़ि बिधी न धावा ॥

ਨਾਨਕੁ ਪਇਅੰਪੈ ਕਰਹੁ ਕਿਰਪਾ ਤਾਮਿ ਮੰਗਲੁ ਗਾਵਾ ॥੧॥ (847-4)
नानकु पइअ्मपै करहु किरपा तामि मंगलु गावा ॥१॥

ਅੰਮ੍ਰਿਤੁ ਪ੍ਰਿਅ ਕਾ ਨਾਮੁ ਮੈ ਅੰਧੁਲੇ ਟੋਹਨੀ ॥ (847-5)
अमृतु प्रिअ का नामु मै अंधुले टोहनी ॥

ਓਹ ਜੋਹੈ ਬਹੁ ਪਰਕਾਰ ਸੁੰਦਰਿ ਮੋਹਨੀ ॥ (847-5)
ओह जोहै बहु परकार सुंदरि मोहनी ॥

ਮੋਹਨੀ ਮਹਾ ਬਚਿਤ੍ਰਿ ਚੰਚਲਿ ਅਨਿਕ ਭਾਵ ਦਿਖਾਵਏ ॥ (847-6)
मोहनी महा बचित्रि चंचलि अनिक भाव दिखावए ॥

ਹੋਇ ਢੀਠ ਮੀਠੀ ਮਨਹਿ ਲਾਗੈ ਨਾਮੁ ਲੈਣ ਨ ਆਵਏ ॥ (847-6)
होइ ढीठ मीठी मनहि लागै नामु लैण न आवए ॥

ਗ੍ਰਿਹ ਬਨਹਿ ਤੀਰੈ ਬਰਤ ਪੂਜਾ ਬਾਟ ਘਾਟੈ ਜੋਹਨੀ ॥ (847-7)
ग्रिह बनहि तीरै बरत पूजा बाट घाटै जोहनी ॥

ਨਾਨਕੁ ਪਇਅੰਪੈ ਦਇਆ ਧਾਰਹੁ ਮੈ ਨਾਮੁ ਅੰਧੁਲੇ ਟੋਹਨੀ ॥੨॥ (847-7)
नानकु पइअ्मपै दइआ धारहु मै नामु अंधुले टोहनी ॥२॥

ਮੋਹਿ ਅਨਾਥ ਪ੍ਰਿਅ ਨਾਥ ਜਿਉ ਜਾਨਹੁ ਤਿਉ ਰਖਹੁ ॥ (847-8)
मोहि अनाथ प्रिअ नाथ जिउ जानहु तिउ रखहु ॥

ਚਤੁਰਾਈ ਮੋਹਿ ਨਾਹਿ ਰੀਝਾਵਉ ਕਹਿ ਮੁਖਹੁ ॥ (847-8)
चतुराई मोहि नाहि रीझावउ कहि मुखहु ॥

ਨਹ ਚਤੁਰਿ ਸੁਘਰਿ ਸੁਜਾਨ ਬੇਤੀ ਮੋਹਿ ਨਿਰਗੁਨਿ ਗੁਨੁ ਨਹੀ ॥ (847-9)
ਛਿਅ ਦਰਸਨ ਕੀ ਸੋਝੀ ਪਾਇ ॥੪॥੫॥ (878-1)
छिअ दरसन की सोझी पाइ ॥४॥५॥

ਰਾਮਕਲੀ ਮਹਲਾ ੧ ॥ (878-1)
रामकली महला १ ॥

ਹਮ ਡੋਲਤ ਬੇੜੀ ਪਾਪ ਭਰੀ ਹੈ ਪਵਣੁ ਲਗੈ ਮਤੁ ਜਾਈ ॥ (878-1)
हम डोलत बेड़ी पाप भरी है पवणु लगै मतु जाई ॥

ਸਨਮੁਖ ਸਿਧ ਭੇਟਣ ਕਉ ਆਏ ਨਿਹਚਉ ਦੇਹਿ ਵਡਿਆਈ ॥੧॥ (878-2)
सनमुख सिध भेटण कउ आए निहचउ देहि वडिआई ॥१॥

ਗੁਰ ਤਾਰਿ ਤਾਰਣਹਾਰਿਆ ॥ (878-2)
गुर तारि तारणहारिआ ॥

ਦੇਹਿ ਭਗਤਿ ਪੂਰਨ ਅਵਿਨਾਸੀ ਹਉ ਤੁਝ ਕਉ ਬਲਿਹਾਰਿਆ ॥੧॥ ਰਹਾਉ ॥ (878-3)
देहि भगति पूरन अविनासी हउ तुझ कउ बलिहारिआ ॥१॥ रहाउ ॥

ਸਿਧ ਸਾਧਿਕ ਜੋਗੀ ਅਰੁ ਜੰਗਮ ਏਕੁ ਸਿਧੁ ਜਿਨੀ ਧਿਆਇਆ ॥ (878-3)
सिध साधिक जोगी अरु जंगम एकु सिधु जिनी धिआइआ ॥

ਪਰਸਤ ਪੈਰ ਸਿਝਤ ਤੇ ਸੁਆਮੀ ਅਖਰੁ ਜਿਨ ਕਉ ਆਇਆ ॥੨॥ (878-4)
परसत पैर सिझत ते सुआमी अखरु जिन कउ आइआ ॥२॥

ਜਪ ਤਪ ਸੰਜਮ ਕਰਮ ਨ ਜਾਨਾ ਨਾਮੁ ਜਪੀ ਪ੍ਰਭ ਤੇਰਾ ॥ (878-5)
जप तप संजम करम न जाना नामु जपी प्रभ तेरा ॥

ਗੁਰੁ ਪਰਮੇਸਰੁ ਨਾਨਕ ਭੇਟਿਓ ਸਾਚੈ ਸਬਦਿ ਨਿਬੇਰਾ ॥੩॥੬॥ (878-5)
गुरु परमेसरु नानक भेटिओ साचै सबदि निबेरा ॥३॥६॥

ਰਾਮਕਲੀ ਮਹਲਾ ੧ ॥ (878-6)
रामकली महला १ ॥

ਸੁਰਤੀ ਸੁਰਤਿ ਰਲਾਈਐ ਏਤੁ ॥ (878-6)
सुरती सुरति रलाईऐ एतु ॥

ਤਨੁ ਕਰਿ ਤੁਲਹਾ ਲੰਘਹਿ ਜੇਤੁ ॥ (878-6)
तनु करि तुलहा लंघहि जेतु ॥

ਅੰਤਰਿ ਭਾਹਿ ਤਿਸੈ ਤੂ ਰਖੁ ॥ (878-7)
अंतरि भाहि तिसै तू रखु ॥

ਅਹਿਨਿਸਿ ਦੀਵਾ ਬਲੈ ਅਥਕੁ ॥੧॥ (878-7)
अहिनिसि दीवा बलै अथकु ॥१॥

ਐਸਾ ਦੀਵਾ ਨੀਰਿ ਤਰਾਇ ॥ (878-7)
ऐसा दीवा नीरि तराइ ॥

ਜਿਤੁ ਦੀਵੈ ਸਭ ਸੋਝੀ ਪਾਇ ॥੧॥ ਰਹਾਉ ॥ (878-7)
जितु दीवै सभ सोझी पाइ ॥१॥ रहाउ ॥

ਹਛੀ ਮਿਟੀ ਸੋਝੀ ਹੋਇ ॥ (878-8)
हछी मिटी सोझी होइ ॥

ਤਾ ਕਾ ਕੀਆ ਮਾਨੈ ਸੋਇ ॥ (878-8)
ता का कीआ मानै सोइ ॥

ਕਰਣੀ ਤੇ ਕਰਿ ਚਕਹੁ ਢਾਲਿ ॥ (878-8)
करणी ते करि चकहु ढालि ॥

ਐਥੈ ਓਥੈ ਨਿਬਹੀ ਨਾਲਿ ॥੨॥ (878-9)
ऐथै ओथै निबही नालि ॥२॥

ਆਪੇ ਨਦਰਿ ਕਰੇ ਜਾ ਸੋਇ ॥ (878-9)
आपे नदरि करे जा सोइ ॥

ਗੁਰਮੁਖਿ ਵਿਰਲਾ ਬੂਝੈ ਕੋਇ ॥ (878-9)
गुरमुखि विरला बूझै कोइ ॥

ਤਿਤੁ ਘਟਿ ਦੀਵਾ ਨਿਹਚਲੁ ਹੋਇ ॥ (878-9)
तितु घटि दीवा निहचलु होइ ॥

ਪਾਣੀ ਮਰੈ ਨ ਬੁਝਾਇਆ ਜਾਇ ॥ (878-10)
पाणी मरै न बुझाइआ जाइ ॥

ਐਸਾ ਦੀਵਾ ਨੀਰਿ ਤਰਾਇ ॥੩॥ (878-10)
ऐसा दीवा नीरि तराइ ॥३॥

ਡੋਲੈ ਵਾਉ ਨ ਵਡਾ ਹੋਇ ॥ (878-10)
डोलै वाउ न वडा होइ ॥

ਜਾਪੈ ਜਿਉ ਸਿੰਘਾਸਣਿ ਲੋਇ ॥ (878-11)
जापै जिउ सिंघासणि लोइ ॥

ਖਤ੍ਰੀ ਬ੍ਰਾਹਮਣੁ ਸੂਦੁ ਕਿ ਵੈਸੁ ॥ (878-11)
खत्री ब्राहमणु सूदु कि वैसु ॥

ਨਿਰਤਿ ਨ ਪਾਈਆ ਗਣੀ ਸਹੰਸ ॥ (878-11)
निरति न पाईआ गणी सहंस ॥

ਐਸਾ ਦੀਵਾ ਬਾਲੇ ਕੋਇ ॥ (878-12)
ऐसा दीवा बाले कोइ ॥

ਨਾਨਕ ਸੋ ਪਾਰੰਗਤਿ ਹੋਇ ॥੪॥੭॥ (878-12)
नानक सो पारंगति होइ ॥४॥७॥

ਰਾਮਕਲੀ ਮਹਲਾ ੧ ॥ (878-12)
रामकली महला १ ॥

ਤੁਧਨੋ ਨਿਵਣੁ ਮੰਨਣੁ ਤੇਰਾ ਨਾਉ ॥ (878-12)
तुधनो निवणु मंनणु तेरा नाउ ॥

ਸਾਚੁ ਭੇਟ ਬੈਸਣ ਕਉ ਥਾਉ ॥ (878-13)
साचु भेट बैसण कउ थाउ ॥

ਸਤੁ ਸੰਤੋਖੁ ਹੋਵੈ ਅਰਦਾਸਿ ॥ (878-13)
सतु संतोखु होवै अरदासि ॥

ਤਾ ਸੁਣਿ ਸਦਿ ਬਹਾਲੇ ਪਾਸਿ ॥੧॥ (878-13)
ता सुणि सदि बहाले पासि ॥१॥

ਨਾਨਕ ਬਿਰਥਾ ਕੋਇ ਨ ਹੋਇ ॥ (878-14)
नानक बिरथा कोइ न होइ ॥

ਐਸੀ ਦਰਗਹ ਸਾਚਾ ਸੋਇ ॥੧॥ ਰਹਾਉ ॥ (878-14)
ऐसी दरगह साचा सोइ ॥१॥ रहाउ ॥

ਪ੍ਰਾਪਤਿ ਪੋਤਾ ਕਰਮੁ ਪਸਾਉ ॥ (878-14)
प्रापति पोता करमु पसाउ ॥

ਤੂ ਦੇਵਹਿ ਮੰਗਤ ਜਨ ਚਾਉ ॥ (878-15)
तू देवहि मंगत जन चाउ ॥

ਭਾਡੈ ਭਾਉ ਪਵੈ ਤਿਤੁ ਆਇ ॥ (878-15)
भाडै भाउ पवै तितु आइ ॥

ਧੁਰਿ ਤੈ ਛੋਡੀ ਕੀਮਤਿ ਪਾਇ ॥੨॥ (878-15)
धुरि तै छोडी कीमति पाइ ॥२॥

ਜਿਨਿ ਕਿਛੁ ਕੀਆ ਸੋ ਕਿਛੁ ਕਰੈ ॥ (878-16)
जिनि किछु कीआ सो किछु करै ॥

ਅਪਨੀ ਕੀਮਤਿ ਆਪੇ ਧਰੈ ॥ (878-16)
अपनी कीमति आपे धरै ॥

ਗੁਰਮੁਖਿ ਪਰਗਟੁ ਹੋਆ ਹਰਿ ਰਾਇ ॥ (878-16)
गुरमुखि परगटु होआ हरि राइ ॥

ਨਾ ਕੋ ਆਵੈ ਨਾ ਕੋ ਜਾਇ ॥੩॥ (878-17)
ना को आवै ना को जाइ ॥३॥

ਲੋਕੁ ਧਿਕਾਰੁ ਕਹੈ ਮੰਗਤ ਜਨ ਮਾਗਤ ਮਾਨੁ ਨ ਪਾਇਆ ॥ (878-17)
लोकु धिकारु कहै मंगत जन मागत मानु न पाइआ ॥

ਸਹ ਕੀਆ ਗਲਾ ਦਰ ਕੀਆ ਬਾਤਾ ਤੈ ਤਾ ਕਹਣੁ ਕਹਾਇਆ ॥੪॥੮॥ (878-18)
सह कीआ गला दर कीआ बाता तै ता कहणु कहाइआ ॥४॥८॥

ਰਾਮਕਲੀ ਮਹਲਾ ੧ ॥ (878-18)
रामकली महला १ ॥

ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧਿ ਜਾਣੈ ॥ (878-18)
सागर महि बूंद बूंद महि सागरु कवणु बुझै बिधि जाणै ॥

ਉਤਭੁਜ ਚਲਤ ਆਪਿ ਕਰਿ ਚੀਨੈ ਆਪੇ ਤਤੁ ਪਛਾਣੈ ॥੧॥ (878-19)
उतभुज चलत आपि करि चीनै आपे ततु पछाणै ॥१॥

ਐਸਾ ਗਿਆਨੁ ਬੀਚਾਰੈ ਕੋਈ ॥ (879-1)
ऐसा गिआनु बीचारै कोई ॥

ਤਿਸ ਤੇ ਮੁਕਤਿ ਪਰਮ ਗਤਿ ਹੋਈ ॥੧॥ ਰਹਾਉ ॥ (879-1)
तिस ते मुकति परम गति होई ॥१॥ रहाउ ॥

ਦਿਨ ਮਹਿ ਰੈਣਿ ਰੈਣਿ ਮਹਿ ਦਿਨੀਅਰੁ ਉਸਨ ਸੀਤ ਬਿਧਿ ਸੋਈ ॥ (879-1)
दिन महि रैणि रैणि महि दिनीअरु उसन सीत बिधि सोई ॥

ਤਾ ਕੀ ਗਤਿ ਮਿਤਿ ਅਵਰੁ ਨ ਜਾਣੈ ਗੁਰ ਬਿਨੁ ਸਮਝ ਨ ਹੋਈ ॥੨॥ (879-2)
ता की गति मिति अवरु न जाणै गुर बिनु समझ न होई ॥२॥

ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ ॥ (879-3)
पुरख महि नारि नारि महि पुरखा बूझहु ब्रहम गिआनी ॥

ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ ॥੩॥ (879-3)
धुनि महि धिआनु धिआन महि जानिआ गुरमुखि अकथ कहानी ॥३॥

ਮਨ ਮਹਿ ਜੋਤਿ ਜੋਤਿ ਮਹਿ ਮਨੂਆ ਪੰਚ ਮਿਲੇ ਗੁਰ ਭਾਈ ॥ (879-4)
मन महि जोति जोति महि मनूआ पंच मिले गुर भाई ॥

ਨਾਨਕ ਤਿਨ ਕੈ ਸਦ ਬਲਿਹਾਰੀ ਜਿਨ ਏਕ ਸਬਦਿ ਲਿਵ ਲਾਈ ॥੪॥੯॥ (879-5)
नानक तिन कै सद बलिहारी जिन एक सबदि लिव लाई ॥४॥९॥

ਰਾਮਕਲੀ ਮਹਲਾ ੧ ॥ (879-5)
रामकली महला १ ॥

ਜਾ ਹਰਿ ਪ੍ਰਭਿ ਕਿਰਪਾ ਧਾਰੀ ॥ (879-5)
जा हरि प्रभि किरपा धारी ॥

ਤਾ ਹਉਮੈ ਵਿਚਹੁ ਮਾਰੀ ॥ (879-6)
ता हउमै विचहु मारी ॥

ਸੋ ਸੇਵਕਿ ਰਾਮ ਪਿਆਰੀ ॥ (879-6)
सो सेवकि राम पिआरी ॥

ਜੋ ਗੁਰ ਸਬਦੀ ਬੀਚਾਰੀ ॥੧॥ (879-6)
जो गुर सबदी बीचारी ॥१॥

ਸੋ ਹਰਿ ਜਨੁ ਹਰਿ ਪ੍ਰਭ ਭਾਵੈ ॥ (879-7)
सो हरि जनु हरि प्रभ भावै ॥

ਅਹਿਨਿਸਿ ਭਗਤਿ ਕਰੇ ਦਿਨੁ ਰਾਤੀ ਲਾਜ ਛੋਡਿ ਹਰਿ ਕੇ ਗੁਣ ਗਾਵੈ ॥੧॥ ਰਹਾਉ ॥ (879-7)
अहिनिसि भगति करे दिनु राती लाज छोडि हरि के गुण गावै ॥१॥ रहाउ ॥

ਧੁਨਿ ਵਾਜੇ ਅਨਹਦ ਘੋਰਾ ॥ (879-8)
धुनि वाजे अनहद घोरा ॥

ਮਨੁ ਮਾਨਿਆ ਹਰਿ ਰਸਿ ਮੋਰਾ ॥ (879-8)
मनु मानिआ हरि रसि मोरा ॥

ਗੁਰ ਪੂਰੈ ਸਚੁ ਸਮਾਇਆ ॥ (879-8)
गुर पूरै सचु समाइआ ॥

ਗੁਰੁ ਆਦਿ ਪੁਰਖੁ ਹਰਿ ਪਾਇਆ ॥੨॥ (879-9)
गुरु आदि पुरखु हरि पाइआ ॥२॥

ਸਭਿ ਨਾਦ ਬੇਦ ਗੁਰਬਾਣੀ ॥ (879-9)
सभि नाद बेद गुरबाणी ॥

ਮਨੁ ਰਾਤਾ ਸਾਰਿਗਪਾਣੀ ॥ (879-9)
मनु राता सारिगपाणी ॥

ਤਹ ਤੀਰਥ ਵਰਤ ਤਪ ਸਾਰੇ ॥ (879-10)
तह तीरथ वरत तप सारे ॥

ਗੁਰ ਮਿਲਿਆ ਹਰਿ ਨਿਸਤਾਰੇ ॥੩॥ (879-10)
गुर मिलिआ हरि निसतारे ॥३॥

ਜਹ ਆਪੁ ਗਇਆ ਭਉ ਭਾਗਾ ॥ (879-10)
जह आपु गइआ भउ भागा ॥

ਗੁਰ ਚਰਣੀ ਸੇਵਕੁ ਲਾਗਾ ॥ (879-11)
गुर चरणी सेवकु लागा ॥

ਗੁਰਿ ਸਤਿਗੁਰਿ ਭਰਮੁ ਚੁਕਾਇਆ ॥ (879-11)
गुरि सतिगुरि भरमु चुकाइआ ॥

ਕਹੁ ਨਾਨਕ ਸਬਦਿ ਮਿਲਾਇਆ ॥੪॥੧੦॥ (879-11)
कहु नानक सबदि मिलाइआ ॥४॥१०॥

ਰਾਮਕਲੀ ਮਹਲਾ ੧ ॥ (879-12)
रामकली महला १ ॥

ਛਾਦਨੁ ਭੋਜਨੁ ਮਾਗਤੁ ਭਾਗੈ ॥ (879-12)
छादनु भोजनु मागतु भागै ॥

ਖੁਧਿਆ ਦੁਸਟ ਜਲੈ ਦੁਖੁ ਆਗੈ ॥ (879-12)
खुधिआ दुसट जलै दुखु आगै ॥

ਗੁਰਮਤਿ ਨਹੀ ਲੀਨੀ ਦੁਰਮਤਿ ਪਤਿ ਖੋਈ ॥ (879-13)
गुरमति नही लीनी दुरमति पति खोई ॥

ਗੁਰਮਤਿ ਭਗਤਿ ਪਾਵੈ ਜਨੁ ਕੋਈ ॥੧॥ (879-13)
गुरमति भगति पावै जनु कोई ॥१॥

ਜੋਗੀ ਜੁਗਤਿ ਸਹਜ ਘਰਿ ਵਾਸੈ ॥ (879-13)
जोगी जुगति सहज घरि वासै ॥

ਏਕ ਦ੍ਰਿਸਟਿ ਏਕੋ ਕਰਿ ਦੇਖਿਆ ਭੀਖਿਆ ਭਾਇ ਸਬਦਿ ਤ੍ਰਿਪਤਾਸੈ ॥੧॥ ਰਹਾਉ ॥ (879-14)
एक द्रिसटि एको करि देखिआ भीखिआ भाइ सबदि त्रिपतासै ॥१॥ रहाउ ॥

ਪੰਚ ਬੈਲ ਗਡੀਆ ਦੇਹ ਧਾਰੀ ॥ (879-15)
पंच बैल गडीआ देह धारी ॥

ਰਾਮ ਕਲਾ ਨਿਬਹੈ ਪਤਿ ਸਾਰੀ ॥ (879-15)
राम कला निबहै पति सारी ॥

ਧਰ ਤੂਟੀ ਗਾਡੋ ਸਿਰ ਭਾਰਿ ॥ (879-15)
धर तूटी गाडो सिर भारि ॥

ਲਕਰੀ ਬਿਖਰਿ ਜਰੀ ਮੰਝ ਭਾਰਿ ॥੨॥ (879-16)
लकरी बिखरि जरी मंझ भारि ॥२॥

ਗੁਰ ਕਾ ਸਬਦੁ ਵੀਚਾਰਿ ਜੋਗੀ ॥ (879-16)
गुर का सबदु वीचारि जोगी ॥

ਦੁਖੁ ਸੁਖੁ ਸਮ ਕਰਣਾ ਸੋਗ ਬਿਓਗੀ ॥ (879-16)
दुखु सुखु सम करणा सोग बिओगी ॥

ਭੁਗਤਿ ਨਾਮੁ ਗੁਰ ਸਬਦਿ ਬੀਚਾਰੀ ॥ (879-17)
भुगति नामु गुर सबदि बीचारी ॥

ਅਸਥਿਰੁ ਕੰਧੁ ਜਪੈ ਨਿਰੰਕਾਰੀ ॥੩॥ (879-17)
असथिरु कंधु जपै निरंकारी ॥३॥

ਸਹਜ ਜਗੋਟਾ ਬੰਧਨ ਤੇ ਛੂਟਾ ॥ (879-17)
सहज जगोटा बंधन ते छूटा ॥

ਕਾਮੁ ਕ੍ਰੋਧੁ ਗੁਰ ਸਬਦੀ ਲੂਟਾ ॥ (879-18)
कामु क्रोधु गुर सबदी लूटा ॥

ਮਨ ਮਹਿ ਮੁੰਦ੍ਰਾ ਹਰਿ ਗੁਰ ਸਰਣਾ ॥ (879-18)
मन महि मुंद्रा हरि गुर सरणा ॥

ਨਾਨਕ ਰਾਮ ਭਗਤਿ ਜਨ ਤਰਣਾ ॥੪॥੧੧॥ (879-18)
नानक राम भगति जन तरणा ॥४॥११॥

ੴ ਸਤਿਗੁਰ ਪ੍ਰਸਾਦਿ ॥ (880-1)
ੴ सतिगुर प्रसादि ॥

ਰਾਮਕਲੀ ਮਹਲਾ ੩ ਘਰੁ ੧ ॥ (880-1)
रामकली महला ३ घरु १ ॥

ਸਤਜੁਗਿ ਸਚੁ ਕਹੈ ਸਭੁ ਕੋਈ ॥ (880-1)
सतजुगि सचु कहै सभु कोई ॥

ਘਰਿ ਘਰਿ ਭਗਤਿ ਗੁਰਮੁਖਿ ਹੋਈ ॥ (880-1)
घरि घरि भगति गुरमुखि होई ॥

ਸਤਜੁਗਿ ਧਰਮੁ ਪੈਰ ਹੈ ਚਾਰਿ ॥ (880-2)
सतजुगि धरमु पैर है चारि ॥

ਗੁਰਮੁਖਿ ਬੂਝੈ ਕੋ ਬੀਚਾਰਿ ॥੧॥ (880-2)
गुरमुखि बूझै को बीचारि ॥१॥

ਜੁਗ ਚਾਰੇ ਨਾਮਿ ਵਡਿਆਈ ਹੋਈ ॥ (880-2)
जुग चारे नामि वडिआई होई ॥

ਜਿ ਨਾਮਿ ਲਾਗੈ ਸੋ ਮੁਕਤਿ ਹੋਵੈ ਗੁਰ ਬਿਨੁ ਨਾਮੁ ਨ ਪਾਵੈ ਕੋਈ ॥੧॥ ਰਹਾਉ ॥ (880-3)
जि नामि लागै सो मुकति होवै गुर बिनु नामु न पावै कोई ॥१॥ रहाउ ॥

ਤ੍ਰੇਤੈ ਇਕ ਕਲ ਕੀਨੀ ਦੂਰਿ ॥ (880-3)
त्रेतै इक कल कीनी दूरि ॥

ਪਾਖੰਡੁ ਵਰਤਿਆ ਹਰਿ ਜਾਣਨਿ ਦੂਰਿ ॥ (880-4)
पाखंडु वरतिआ हरि जाणनि दूरि ॥

ਗੁਰਮੁਖਿ ਬੂਝੈ ਸੋਝੀ ਹੋਈ ॥ (880-4)
गुरमुखि बूझै सोझी होई ॥

ਅੰਤਰਿ ਨਾਮੁ ਵਸੈ ਸੁਖੁ ਹੋਈ ॥੨॥ (880-4)
अंतरि नामु वसै सुखु होई ॥२॥

ਦੁਆਪੁਰਿ ਦੂਜੈ ਦੁਬਿਧਾ ਹੋਇ ॥ (880-5)
दुआपुरि दूजै दुबिधा होइ ॥

ਭਰਮਿ ਭੁਲਾਨੇ ਜਾਣਹਿ ਦੋਇ ॥ (880-5)
भरमि भुलाने जाणहि दोइ ॥

ਦੁਆਪੁਰਿ ਧਰਮਿ ਦੁਇ ਪੈਰ ਰਖਾਏ ॥ (880-5)
दुआपुरि धरमि दुइ पैर रखाए ॥

ਗੁਰਮੁਖਿ ਹੋਵੈ ਤ ਨਾਮੁ ਦ੍ਰਿੜਾਏ ॥੩॥ (880-6)
गुरमुखि होवै त नामु द्रिड़ाए ॥३॥

ਕਲਜੁਗਿ ਧਰਮ ਕਲਾ ਇਕ ਰਹਾਏ ॥ (880-6)
कलजुगि धरम कला इक रहाए ॥

ਇਕ ਪੈਰਿ ਚਲੈ ਮਾਇਆ ਮੋਹੁ ਵਧਾਏ ॥ (880-6)
इक पैरि चलै माइआ मोहु वधाए ॥

ਮਾਇਆ ਮੋਹੁ ਅਤਿ ਗੁਬਾਰੁ ॥ (880-7)
माइआ मोहु अति गुबारु ॥

ਸਤਗੁਰੁ ਭੇਟੈ ਨਾਮਿ ਉਧਾਰੁ ॥੪॥ (880-7)
सतगुरु भेटै नामि उधारु ॥४॥

ਸਭ ਜੁਗ ਮਹਿ ਸਾਚਾ ਏਕੋ ਸੋਈ ॥ (880-7)
सभ जुग महि साचा एको सोई ॥

ਸਭ ਮਹਿ ਸਚੁ ਦੂਜਾ ਨਹੀ ਕੋਈ ॥ (880-8)
सभ महि सचु दूजा नही कोई ॥

ਸਾਚੀ ਕੀਰਤਿ ਸਚੁ ਸੁਖੁ ਹੋਈ ॥ (880-8)
साची कीरति सचु सुखु होई ॥

ਗੁਰਮੁਖਿ ਨਾਮੁ ਵਖਾਣੈ ਕੋਈ ॥੫॥ (880-8)
गुरमुखि नामु वखाणै कोई ॥५॥

ਸਭ ਜੁਗ ਮਹਿ ਨਾਮੁ ਊਤਮੁ ਹੋਈ ॥ (880-9)
सभ जुग महि नामु ऊतमु होई ॥

ਗੁਰਮੁਖਿ ਵਿਰਲਾ ਬੂਝੈ ਕੋਈ ॥ (880-9)
गुरमुखि विरला बूझै कोई ॥

ਹਰਿ ਨਾਮੁ ਧਿਆਏ ਭਗਤੁ ਜਨੁ ਸੋਈ ॥ (880-9)
हरि नामु धिआए भगतु जनु सोई ॥

ਨਾਨਕ ਜੁਗਿ ਜੁਗਿ ਨਾਮਿ ਵਡਿਆਈ ਹੋਈ ॥੬॥੧॥ (880-10)
नानक जुगि जुगि नामि वडिआई होई ॥६॥१॥

ਰਾਮਕਲੀ ਮਹਲਾ ੪ ਘਰੁ ੧ (880-11)
रामकली महला ४ घरु १

ੴ ਸਤਿਗੁਰ ਪ੍ਰਸਾਦਿ ॥ (880-11)
ੴ सतिगुर प्रसादि ॥

ਜੇ ਵਡ ਭਾਗ ਹੋਵਹਿ ਵਡਭਾਗੀ ਤਾ ਹਰਿ ਹਰਿ ਨਾਮੁ ਧਿਆਵੈ ॥ (880-12)
जे वड भाग होवहि वडभागी ता हरि हरि नामु धिआवै ॥

ਨਾਮੁ ਜਪਤ ਨਾਮੇ ਸੁਖੁ ਪਾਵੈ ਹਰਿ ਨਾਮੇ ਨਾਮਿ ਸਮਾਵੈ ॥੧॥ (880-12)
नामु जपत नामे सुखु पावै हरि नामे नामि समावै ॥१॥

ਗੁਰਮੁਖਿ ਭਗਤਿ ਕਰਹੁ ਸਦ ਪ੍ਰਾਣੀ ॥ (880-13)
गुरमुखि भगति करहु सद प्राणी ॥

ਹਿਰਦੈ ਪ੍ਰਗਾਸੁ ਹੋਵੈ ਲਿਵ ਲਾਗੈ ਗੁਰਮਤਿ ਹਰਿ ਹਰਿ ਨਾਮਿ ਸਮਾਣੀ ॥੧॥ ਰਹਾਉ ॥ (880-13)
हिरदै प्रगासु होवै लिव लागै गुरमति हरि हरि नामि समाणी ॥१॥ रहाउ ॥

ਹੀਰਾ ਰਤਨ ਜਵੇਹਰ ਮਾਣਕ ਬਹੁ ਸਾਗਰ ਭਰਪੂਰੁ ਕੀਆ ॥ (880-14)
हीरा रतन जवेहर माणक बहु सागर भरपूरु कीआ ॥

ਜਿਸੁ ਵਡ ਭਾਗੁ ਹੋਵੈ ਵਡ ਮਸਤਕਿ ਤਿਨਿ ਗੁਰਮਤਿ ਕਢਿ ਕਢਿ ਲੀਆ ॥੨॥ (880-14)
जिसु वड भागु होवै वड मसतकि तिनि गुरमति कढि कढि लीआ ॥२॥

ਰਤਨੁ ਜਵੇਹਰੁ ਲਾਲੁ ਹਰਿ ਨਾਮਾ ਗੁਰਿ ਕਾਢਿ ਤਲੀ ਦਿਖਲਾਇਆ ॥ (880-15)
रतनु जवेहरु लालु हरि नामा गुरि काढि तली दिखलाइआ ॥

ਭਾਗਹੀਣ ਮਨਮੁਖਿ ਨਹੀ ਲੀਆ ਤ੍ਰਿਣ ਓਲੈ ਲਾਖੁ ਛਪਾਇਆ ॥੩॥ (880-16)
भागहीण मनमुखि नही लीआ त्रिण ओलै लाखु छपाइआ ॥३॥

ਮਸਤਕਿ ਭਾਗੁ ਹੋਵੈ ਧੁਰਿ ਲਿਖਿਆ ਤਾ ਸਤਗੁਰੁ ਸੇਵਾ ਲਾਏ ॥ (880-16)
मसतकि भागु होवै धुरि लिखिआ ता सतगुरु सेवा लाए ॥

ਨਾਨਕ ਰਤਨ ਜਵੇਹਰ ਪਾਵੈ ਧਨੁ ਧਨੁ ਗੁਰਮਤਿ ਹਰਿ ਪਾਏ ॥੪॥੧॥ (880-17)
नानक रतन जवेहर पावै धनु धनु गुरमति हरि पाए ॥४॥१॥

ਰਾਮਕਲੀ ਮਹਲਾ ੪ ॥ (880-18)
रामकली महला ४ ॥

ਰਾਮ ਜਨਾ ਮਿਲਿ ਭਇਆ ਅਨੰਦਾ ਹਰਿ ਨੀਕੀ ਕਥਾ ਸੁਨਾਇ ॥ (880-18)
राम जना मिलि भइआ अनंदा हरि नीकी कथा सुनाइ ॥

ਦੁਰਮਤਿ ਮੈਲੁ ਗਈ ਸਭ ਨੀਕਲਿ ਸਤਸੰਗਤਿ ਮਿਲਿ ਬੁਧਿ ਪਾਇ ॥੧॥ (880-18)
दुरमति मैलु गई सभ नीकलि सतसंगति मिलि बुधि पाइ ॥१॥

ਰਾਮ ਜਨ ਗੁਰਮਤਿ ਰਾਮੁ ਬੋਲਾਇ ॥ (881-1)
राम जन गुरमति रामु बोलाइ ॥

ਜੋ ਜੋ ਸੁਣੈ ਕਹੈ ਸੋ ਮੁਕਤਾ ਰਾਮ ਜਪਤ ਸੋਹਾਇ ॥੧॥ ਰਹਾਉ ॥ (881-1)
जो जो सुणै कहै सो मुकता राम जपत सोहाइ ॥१॥ रहाउ ॥

ਜੇ ਵਡ ਭਾਗ ਹੋਵਹਿ ਮੁਖਿ ਮਸਤਕਿ ਹਰਿ ਰਾਮ ਜਨਾ ਭੇਟਾਇ ॥ (881-2)
जे वड भाग होवहि मुखि मसतकि हरि राम जना भेटाइ ॥

ਦਰਸਨੁ ਸੰਤ ਦੇਹੁ ਕਰਿ ਕਿਰਪਾ ਸਭੁ ਦਾਲਦੁ ਦੁਖੁ ਲਹਿ ਜਾਇ ॥੨॥ (881-3)
दरसनु संत देहु करि किरपा सभु दालदु दुखु लहि जाइ ॥२॥

ਹਰਿ ਕੇ ਲੋਗ ਰਾਮ ਜਨ ਨੀਕੇ ਭਾਗਹੀਣ ਨ ਸੁਖਾਇ ॥ (881-3)
हरि के लोग राम जन नीके भागहीण न सुखाइ ॥

ਜਿਉ ਜਿਉ ਰਾਮ ਕਹਹਿ ਜਨ ਊਚੇ ਨਰ ਨਿੰਦਕ ਡੰਸੁ ਲਗਾਇ ॥੩॥ (881-4)
जिउ जिउ राम कहहि जन ऊचे नर निंदक डंसु लगाइ ॥३॥

ਧ੍ਰਿਗੁ ਧ੍ਰਿਗੁ ਨਰ ਨਿੰਦਕ ਜਿਨ ਜਨ ਨਹੀ ਭਾਏ ਹਰਿ ਕੇ ਸਖਾ ਸਖਾਇ ॥ (881-4)
ध्रिगु ध्रिगु नर निंदक जिन जन नही भाए हरि के सखा सखाइ ॥

ਸੇ ਹਰਿ ਕੇ ਚੋਰ ਵੇਮੁਖ ਮੁਖ ਕਾਲੇ ਜਿਨ ਗੁਰ ਕੀ ਪੈਜ ਨ ਭਾਇ ॥੪॥ (881-5)
से हरि के चोर वेमुख मुख काले जिन गुर की पैज न भाइ ॥४॥

ਦਇਆ ਦਇਆ ਕਰਿ ਰਾਖਹੁ ਹਰਿ ਜੀਉ ਹਮ ਦੀਨ ਤੇਰੀ ਸਰਣਾਇ ॥ (881-6)
दइआ दइआ करि राखहु हरि जीउ हम दीन तेरी सरणाइ ॥

ਹਮ ਬਾਰਿਕ ਤੁਮ ਪਿਤਾ ਪ੍ਰਭ ਮੇਰੇ ਜਨ ਨਾਨਕ ਬਖਸਿ ਮਿਲਾਇ ॥੫॥੨॥ (881-6)
हम बारिक तुम पिता प्रभ मेरे जन नानक बखसि मिलाइ ॥५॥२॥

ਰਾਮਕਲੀ ਮਹਲਾ ੪ ॥ (881-7)
रामकली महला ४ ॥

ਹਰਿ ਕੇ ਸਖਾ ਸਾਧ ਜਨ ਨੀਕੇ ਤਿਨ ਊਪਰਿ ਹਾਥੁ ਵਤਾਵੈ ॥ (881-7)
हरि के सखा साध जन नीके तिन ऊपरि हाथु वतावै ॥

ਗੁਰਮੁਖਿ ਸਾਧ ਸੇਈ ਪ੍ਰਭ ਭਾਏ ਕਰਿ ਕਿਰਪਾ ਆਪਿ ਮਿਲਾਵੈ ॥੧॥ (881-8)
गुरमुखि साध सेई प्रभ भाए करि किरपा आपि मिलावै ॥१॥

ਰਾਮ ਮੋ ਕਉ ਹਰਿ ਜਨ ਮੇਲਿ ਮਨਿ ਭਾਵੈ ॥ (881-8)
राम मो कउ हरि जन मेलि मनि भावै ॥

ਅਮਿਉ ਅਮਿਉ ਹਰਿ ਰਸੁ ਹੈ ਮੀਠਾ ਮਿਲਿ ਸੰਤ ਜਨਾ ਮੁਖਿ ਪਾਵੈ ॥੧॥ ਰਹਾਉ ॥ (881-9)
अमिउ अमिउ हरि रसु है मीठा मिलि संत जना मुखि पावै ॥१॥ रहाउ ॥

ਹਰਿ ਕੇ ਲੋਗ ਰਾਮ ਜਨ ਊਤਮ ਮਿਲਿ ਊਤਮ ਪਦਵੀ ਪਾਵੈ ॥ (881-9)
हरि के लोग राम जन ऊतम मिलि ऊतम पदवी पावै ॥

ਹਮ ਹੋਵਤ ਚੇਰੀ ਦਾਸ ਦਾਸਨ ਕੀ ਮੇਰਾ ਠਾਕੁਰੁ ਖੁਸੀ ਕਰਾਵੈ ॥੨॥ (881-10)
हम होवत चेरी दास दासन की मेरा ठाकुरु खुसी करावै ॥२॥

ਸੇਵਕ ਜਨ ਸੇਵਹਿ ਸੇ ਵਡਭਾਗੀ ਰਿਦ ਮਨਿ ਤਨਿ ਪ੍ਰੀਤਿ ਲਗਾਵੈ ॥ (881-11)
सेवक जन सेवहि से वडभागी रिद मनि तनि प्रीति लगावै ॥

ਬਿਨੁ ਪ੍ਰੀਤੀ ਕਰਹਿ ਬਹੁ ਬਾਤਾ ਕੂੜੁ ਬੋਲਿ ਕੂੜੋ ਫਲੁ ਪਾਵੈ ॥੩॥ (881-11)
बिनु प्रीती करहि बहु बाता कूड़ु बोलि कूड़ो फलु पावै ॥३॥

ਮੋ ਕਉ ਧਾਰਿ ਕ੍ਰਿਪਾ ਜਗਜੀਵਨ ਦਾਤੇ ਹਰਿ ਸੰਤ ਪਗੀ ਲੇ ਪਾਵੈ ॥ (881-12)
मो कउ धारि क्रिपा जगजीवन दाते हरि संत पगी ले पावै ॥

ਹਉ ਕਾਟਉ ਕਾਟਿ ਬਾਢਿ ਸਿਰੁ ਰਾਖਉ ਜਿਤੁ ਨਾਨਕ ਸੰਤੁ ਚੜਿ ਆਵੈ ॥੪॥੩॥ (881-12)
हउ काटउ काटि बाढि सिरु राखउ जितु नानक संतु चड़ि आवै ॥४॥३॥

ਰਾਮਕਲੀ ਮਹਲਾ ੪ ॥ (881-13)
रामकली महला ४ ॥

ਜੇ ਵਡ ਭਾਗ ਹੋਵਹਿ ਵਡ ਮੇਰੇ ਜਨ ਮਿਲਦਿਆ ਢਿਲ ਨ ਲਾਈਐ ॥ (881-13)
जे वड भाग होवहि वड मेरे जन मिलदिआ ढिल न लाईऐ ॥

ਹਰਿ ਜਨ ਅੰਮ੍ਰਿਤ ਕੁੰਟ ਸਰ ਨੀਕੇ ਵਡਭਾਗੀ ਤਿਤੁ ਨਾਵਾਈਐ ॥੧॥ (881-14)
हरि जन अमृत कुंट सर नीके वडभागी तितु नावाईऐ ॥१॥

ਰਾਮ ਮੋ ਕਉ ਹਰਿ ਜਨ ਕਾਰੈ ਲਾਈਐ ॥ (881-15)
राम मो कउ हरि जन कारै लाईऐ ॥

ਹਉ ਪਾਣੀ ਪਖਾ ਪੀਸਉ ਸੰਤ ਆਗੈ ਪਗ ਮਲਿ ਮਲਿ ਧੂਰਿ ਮੁਖਿ ਲਾਈਐ ॥੧॥ ਰਹਾਉ ॥ (881-15)
हउ पाणी पखा पीसउ संत आगै पग मलि मलि धूरि मुखि लाईऐ ॥१॥ रहाउ ॥

ਹਰਿ ਜਨ ਵਡੇ ਵਡੇ ਵਡ ਊਚੇ ਜੋ ਸਤਗੁਰ ਮੇਲਿ ਮਿਲਾਈਐ ॥ (881-16)
हरि जन वडे वडे वड ऊचे जो सतगुर मेलि मिलाईऐ ॥

ਸਤਗੁਰ ਜੇਵਡੁ ਅਵਰੁ ਨ ਕੋਈ ਮਿਲਿ ਸਤਗੁਰ ਪੁਰਖ ਧਿਆਈਐ ॥੨॥ (881-16)
सतगुर जेवडु अवरु न कोई मिलि सतगुर पुरख धिआईऐ ॥२॥

ਸਤਗੁਰ ਸਰਣਿ ਪਰੇ ਤਿਨ ਪਾਇਆ ਮੇਰੇ ਠਾਕੁਰ ਲਾਜ ਰਖਾਈਐ ॥ (881-17)
सतगुर सरणि परे तिन पाइआ मेरे ठाकुर लाज रखाईऐ ॥

ਇਕਿ ਅਪਣੈ ਸੁਆਇ ਆਇ ਬਹਹਿ ਗੁਰ ਆਗੈ ਜਿਉ ਬਗੁਲ ਸਮਾਧਿ ਲਗਾਈਐ ॥੩॥ (881-18)
इकि अपणै सुआइ आइ बहहि गुर आगै जिउ बगुल समाधि लगाईऐ ॥३॥

ਬਗੁਲਾ ਕਾਗ ਨੀਚ ਕੀ ਸੰਗਤਿ ਜਾਇ ਕਰੰਗ ਬਿਖੂ ਮੁਖਿ ਲਾਈਐ ॥ (881-18)
बगुला काग नीच की संगति जाइ करंग बिखू मुखि लाईऐ ॥

ਨਾਨਕ ਮੇਲਿ ਮੇਲਿ ਪ੍ਰਭ ਸੰਗਤਿ ਮਿਲਿ ਸੰਗਤਿ ਹੰਸੁ ਕਰਾਈਐ ॥੪॥੪॥ (881-19)
नानक मेलि मेलि प्रभ संगति मिलि संगति हंसु कराईऐ ॥४॥४॥

ਰਾਮਕਲੀ ਮਹਲਾ ੪ ॥ (882-1)
रामकली महला ४ ॥

ਸਤਗੁਰ ਦਇਆ ਕਰਹੁ ਹਰਿ ਮੇਲਹੁ ਮੇਰੇ ਪ੍ਰੀਤਮ ਪ੍ਰਾਣ ਹਰਿ ਰਾਇਆ ॥ (882-1)
सतगुर दइआ करहु हरि मेलहु मेरे प्रीतम प्राण हरि राइआ ॥

ਹਮ ਚੇਰੀ ਹੋਇ ਲਗਹ ਗੁਰ ਚਰਣੀ ਜਿਨਿ ਹਰਿ ਪ੍ਰਭ ਮਾਰਗੁ ਪੰਥੁ ਦਿਖਾਇਆ ॥੧॥ (882-2)
हम चेरी होइ लगह गुर चरणी जिनि हरि प्रभ मारगु पंथु दिखाइआ ॥१॥

ਰਾਮ ਮੈ ਹਰਿ ਹਰਿ ਨਾਮੁ ਮਨਿ ਭਾਇਆ ॥ (882-2)
राम मै हरि हरि नामु मनि भाइआ ॥

ਮੈ ਹਰਿ ਬਿਨੁ ਅਵਰੁ ਨ ਕੋਈ ਬੇਲੀ ਮੇਰਾ ਪਿਤਾ ਮਾਤਾ ਹਰਿ ਸਖਾਇਆ ॥੧॥ ਰਹਾਉ ॥ (882-3)
मै हरि बिनु अवरु न कोई बेली मेरा पिता माता हरि सखाइआ ॥१॥ रहाउ ॥

ਮੇਰੇ ਇਕੁ ਖਿਨੁ ਪ੍ਰਾਨ ਨ ਰਹਹਿ ਬਿਨੁ ਪ੍ਰੀਤਮ ਬਿਨੁ ਦੇਖੇ ਮਰਹਿ ਮੇਰੀ ਮਾਇਆ ॥ (882-3)
मेरे इकु खिनु प्रान न रहहि बिनु प्रीतम बिनु देखे मरहि मेरी माइआ ॥

ਧਨੁ ਧਨੁ ਵਡ ਭਾਗ ਗੁਰ ਸਰਣੀ ਆਏ ਹਰਿ ਗੁਰ ਮਿਲਿ ਦਰਸਨੁ ਪਾਇਆ ॥੨॥ (882-4)
धनु धनु वड भाग गुर सरणी आए हरि गुर मिलि दरसनु पाइआ ॥२॥

ਮੈ ਅਵਰੁ ਨ ਕੋਈ ਸੂਝੈ ਬੂਝੈ ਮਨਿ ਹਰਿ ਜਪੁ ਜਪਉ ਜਪਾਇਆ ॥ (882-5)
मै अवरु न कोई सूझै बूझै मनि हरि जपु जपउ जपाइआ ॥

ਨਾਮਹੀਣ ਫਿਰਹਿ ਸੇ ਨਕਟੇ ਤਿਨ ਘਸਿ ਘਸਿ ਨਕ ਵਢਾਇਆ ॥੩॥ (882-6)
नामहीण फिरहि से नकटे तिन घसि घसि नक वढाइआ ॥३॥

ਮੋ ਕਉ ਜਗਜੀਵਨ ਜੀਵਾਲਿ ਲੈ ਸੁਆਮੀ ਰਿਦ ਅੰਤਰਿ ਨਾਮੁ ਵਸਾਇਆ ॥ (882-6)
मो कउ जगजीवन जीवालि लै सुआमी रिद अंतरि नामु वसाइआ ॥

ਨਾਨਕ ਗੁਰੂ ਗੁਰੂ ਹੈ ਪੂਰਾ ਮਿਲਿ ਸਤਿਗੁਰ ਨਾਮੁ ਧਿਆਇਆ ॥੪॥੫॥ (882-7)
नानक गुरू गुरू है पूरा मिलि सतिगुर नामु धिआइआ ॥४॥५॥

ਰਾਮਕਲੀ ਮਹਲਾ ੪ ॥ (882-8)
रामकली महला ४ ॥

ਸਤਗੁਰੁ ਦਾਤਾ ਵਡਾ ਵਡ ਪੁਰਖੁ ਹੈ ਜਿਤੁ ਮਿਲਿਐ ਹਰਿ ਉਰ ਧਾਰੇ ॥ (882-8)
सतगुरु दाता वडा वड पुरखु है जितु मिलिऐ हरि उर धारे ॥

ਜੀਅ ਦਾਨੁ ਗੁਰਿ ਪੂਰੈ ਦੀਆ ਹਰਿ ਅੰਮ੍ਰਿਤ ਨਾਮੁ ਸਮਾਰੇ ॥੧॥ (882-8)
जीअ दानु गुरि पूरै दीआ हरि अमृत नामु समारे ॥१॥

ਰਾਮ ਗੁਰਿ ਹਰਿ ਹਰਿ ਨਾਮੁ ਕੰਠਿ ਧਾਰੇ ॥ (882-9)
राम गुरि हरि हरि नामु कंठि धारे ॥

ਗੁਰਮੁਖਿ ਕਥਾ ਸੁਣੀ ਮਨਿ ਭਾਈ ਧਨੁ ਧਨੁ ਵਡ ਭਾਗ ਹਮਾਰੇ ॥੧॥ ਰਹਾਉ ॥ (882-9)
गुरमुखि कथा सुणी मनि भाई धनु धनु वड भाग हमारे ॥१॥ रहाउ ॥

ਕੋਟਿ ਕੋਟਿ ਤੇਤੀਸ ਧਿਆਵਹਿ ਤਾ ਕਾ ਅੰਤੁ ਨ ਪਾਵਹਿ ਪਾਰੇ ॥ (882-10)
कोटि कोटि तेतीस धिआवहि ता का अंतु न पावहि पारे ॥

ਹਿਰਦੈ ਕਾਮ ਕਾਮਨੀ ਮਾਗਹਿ ਰਿਧਿ ਮਾਗਹਿ ਹਾਥੁ ਪਸਾਰੇ ॥੨॥ (882-11)
हिरदै काम कामनी मागहि रिधि मागहि हाथु पसारे ॥२॥

ਹਰਿ ਜਸੁ ਜਪਿ ਜਪੁ ਵਡਾ ਵਡੇਰਾ ਗੁਰਮੁਖਿ ਰਖਉ ਉਰਿ ਧਾਰੇ ॥ (882-11)
हरि जसु जपि जपु वडा वडेरा गुरमुखि रखउ उरि धारे ॥

ਜੇ ਵਡ ਭਾਗ ਹੋਵਹਿ ਤਾ ਜਪੀਐ ਹਰਿ ਭਉਜਲੁ ਪਾਰਿ ਉਤਾਰੇ ॥੩॥ (882-12)
जे वड भाग होवहि ता जपीऐ हरि भउजलु पारि उतारे ॥३॥

ਹਰਿ ਜਨ ਨਿਕਟਿ ਨਿਕਟਿ ਹਰਿ ਜਨ ਹੈ ਹਰਿ ਰਾਖੈ ਕੰਠਿ ਜਨ ਧਾਰੇ ॥ (882-13)
हरि जन निकटि निकटि हरि जन है हरि राखै कंठि जन धारे ॥

ਨਾਨਕ ਪਿਤਾ ਮਾਤਾ ਹੈ ਹਰਿ ਪ੍ਰਭੁ ਹਮ ਬਾਰਿਕ ਹਰਿ ਪ੍ਰਤਿਪਾਰੇ ॥੪॥੬॥੧੮॥ (882-13)
नानक पिता माता है हरि प्रभु हम बारिक हरि प्रतिपारे ॥४॥६॥१८॥

ਰਾਗੁ ਰਾਮਕਲੀ ਮਹਲਾ ੫ ਘਰੁ ੧ (882-15)
रागु रामकली महला ५ घरु १

ੴ ਸਤਿਗੁਰ ਪ੍ਰਸਾਦਿ ॥ (882-15)
१ੴ सतिगुर प्रसादि ॥

ਕਿਰਪਾ ਕਰਹੁ ਦੀਨ ਕੇ ਦਾਤੇ ਮੇਰਾ ਗੁਣੁ ਅਵਗਣੁ ਨ ਬੀਚਾਰਹੁ ਕੋਈ ॥ (882-16)
किरपा करहु दीन के दाते मेरा गुणु अवगणु न बीचारहु कोई ॥

ਮਾਟੀ ਕਾ ਕਿਆ ਧੋਪੈ ਸੁਆਮੀ ਮਾਣਸ ਕੀ ਗਤਿ ਏਹੀ ॥੧॥ (882-16)
माटी का किआ धोपै सुआमी माणस की गति एही ॥१॥

ਮੇਰੇ ਮਨ ਸਤਿਗੁਰੁ ਸੇਵਿ ਸੁਖੁ ਹੋਈ ॥ (882-17)
मेरे मन सतिगुरु सेवि सुखु होई ॥

ਜੋ ਇਛਹੁ ਸੋਈ ਫਲੁ ਪਾਵਹੁ ਫਿਰਿ ਦੂਖੁ ਨ ਵਿਆਪੈ ਕੋਈ ॥੧॥ ਰਹਾਉ ॥ (882-17)
जो इछहु सोई फलु पावहु फिरि दूखु न विआपै कोई ॥१॥ रहाउ ॥

ਕਾਚੇ ਭਾਡੇ ਸਾਜਿ ਨਿਵਾਜੇ ਅੰਤਰਿ ਜੋਤਿ ਸਮਾਈ ॥ (882-18)
काचे भाडे साजि निवाजे अंतरि जोति समाई ॥

ਜੈਸਾ ਲਿਖਤੁ ਲਿਖਿਆ ਧੁਰਿ ਕਰਤੈ ਹਮ ਤੈਸੀ ਕਿਰਤਿ ਕਮਾਈ ॥੨॥ (882-18)
जैसा लिखतु लिखिआ धुरि करतै हम तैसी किरति कमाई ॥२॥

ਮਨੁ ਤਨੁ ਥਾਪਿ ਕੀਆ ਸਭੁ ਅਪਨਾ ਏਹੋ ਆਵਣ ਜਾਣਾ ॥ (882-19)
मनु तनु थापि कीआ सभु अपना एहो आवण जाणा ॥

ਜਿਨਿ ਦੀਆ ਸੋ ਚਿਤਿ ਨ ਆਵੈ ਮੋਹਿ ਅੰਧੁ ਲਪਟਾਣਾ ॥੩॥ (882-19)
जिनि दीआ सो चिति न आवै मोहि अंधु लपटाणा ॥३॥

ਜਿਨਿ ਕੀਆ ਸੋਈ ਪ੍ਰਭੁ ਜਾਣੈ ਹਰਿ ਕਾ ਮਹਲੁ ਅਪਾਰਾ ॥ (883-1)
जिनि कीआ सोई प्रभु जाणै हरि का महलु अपारा ॥

ਭਗਤਿ ਕਰੀ ਹਰਿ ਕੇ ਗੁਣ ਗਾਵਾ ਨਾਨਕ ਦਾਸੁ ਤੁਮਾਰਾ ॥੪॥੧॥ (883-1)
भगति करी हरि के गुण गावा नानक दासु तुमारा ॥४॥१॥

ਰਾਮਕਲੀ ਮਹਲਾ ੫ ॥ (883-2)
रामकली महला ५ ॥

ਪਵਹੁ ਚਰਣਾ ਤਲਿ ਊਪਰਿ ਆਵਹੁ ਐਸੀ ਸੇਵ ਕਮਾਵਹੁ ॥ (883-2)
पवहु चरणा तलि ऊपरि आवहु ऐसी सेव कमावहु ॥

ਆਪਸ ਤੇ ਊਪਰਿ ਸਭ ਜਾਣਹੁ ਤਉ ਦਰਗਹ ਸੁਖੁ ਪਾਵਹੁ ॥੧॥ (883-3)
आपस ते ऊपरि सभ जाणहु तउ दरगह सुखु पावहु ॥१॥

ਸੰਤਹੁ ਐਸੀ ਕਥਹੁ ਕਹਾਣੀ ॥ (883-3)
संतहु ऐसी कथहु कहाणी ॥

ਸੁਰ ਪਵਿਤ੍ਰ ਨਰ ਦੇਵ ਪਵਿਤ੍ਰਾ ਖਿਨੁ ਬੋਲਹੁ ਗੁਰਮੁਖਿ ਬਾਣੀ ॥੧॥ ਰਹਾਉ ॥ (883-4)
सुर पवित्र नर देव पवित्रा खिनु बोलहु गुरमुखि बाणी ॥१॥ रहाउ ॥

ਪਰਪੰਚੁ ਛੋਡਿ ਸਹਜ ਘਰਿ ਬੈਸਹੁ ਝੂਠਾ ਕਹਹੁ ਨ ਕੋਈ ॥ (883-4)
परपंचु छोडि सहज घरि बैसहु झूठा कहहु न कोई ॥

ਸਤਿਗੁਰ ਮਿਲਹੁ ਨਵੈ ਨਿਧਿ ਪਾਵਹੁ ਇਨ ਬਿਧਿ ਤਤੁ ਬਿਲੋਈ ॥੨॥ (883-5)
सतिगुर मिलहु नवै निधि पावहु इन बिधि ततु बिलोई ॥२॥

ਭਰਮੁ ਚੁਕਾਵਹੁ ਗੁਰਮੁਖਿ ਲਿਵ ਲਾਵਹੁ ਆਤਮੁ ਚੀਨਹੁ ਭਾਈ ॥ (883-6)
भरमु चुकावहु गुरमुखि लिव लावहु आतमु चीनहु भाई ॥

ਨਿਕਟਿ ਕਰਿ ਜਾਣਹੁ ਸਦਾ ਪ੍ਰਭੁ ਹਾਜਰੁ ਕਿਸੁ ਸਿਉ ਕਰਹੁ ਬੁਰਾਈ ॥੩॥ (883-6)
निकटि करि जाणहु सदा प्रभु हाजरु किसु सिउ करहु बुराई ॥३॥

ਸਤਿਗੁਰਿ ਮਿਲਿਐ ਮਾਰਗੁ ਮੁਕਤਾ ਸਹਜੇ ਮਿਲੇ ਸੁਆਮੀ ॥ (883-7)
सतिगुरि मिलिऐ मारगु मुकता सहजे मिले सुआमी ॥

ਧਨੁ ਧਨੁ ਸੇ ਜਨ ਜਿਨੀ ਕਲਿ ਮਹਿ ਹਰਿ ਪਾਇਆ ਜਨ ਨਾਨਕ ਸਦ ਕੁਰਬਾਨੀ ॥੪॥੨॥ (883-7)
धनु धनु से जन जिनी कलि महि हरि पाइआ जन नानक सद कुरबानी ॥४॥२॥

ਰਾਮਕਲੀ ਮਹਲਾ ੫ ॥ (883-8)
रामकली महला ५ ॥

ਆਵਤ ਹਰਖ ਨ ਜਾਵਤ ਦੂਖਾ ਨਹ ਬਿਆਪੈ ਮਨ ਰੋਗਨੀ ॥ (883-8)
आवत हरख न जावत दूखा नह बिआपै मन रोगनी ॥

ਸਦਾ ਅਨੰਦੁ ਗੁਰੁ ਪੂਰਾ ਪਾਇਆ ਤਉ ਉਤਰੀ ਸਗਲ ਬਿਓਗਨੀ ॥੧॥ (883-9)
सदा अनंदु गुरु पूरा पाइआ तउ उतरी सगल बिओगनी ॥१॥

ਇਹ ਬਿਧਿ ਹੈ ਮਨੁ ਜੋਗਨੀ ॥ (883-10)
इह बिधि है मनु जोगनी ॥

ਮੋਹੁ ਸੋਗੁ ਰੋਗੁ ਲੋਗੁ ਨ ਬਿਆਪੈ ਤਹ ਹਰਿ ਹਰਿ ਹਰਿ ਰਸ ਭੋਗਨੀ ॥੧॥ ਰਹਾਉ ॥ (883-10)
मोहु सोगु रोगु लोगु न बिआपै तह हरि हरि हरि रस भोगनी ॥१॥ रहाउ ॥

ਸੁਰਗ ਪਵਿਤ੍ਰਾ ਮਿਰਤ ਪਵਿਤ੍ਰਾ ਪਇਆਲ ਪਵਿਤ੍ਰ ਅਲੋਗਨੀ ॥ (883-11)
सुरग पवित्रा मिरत पवित्रा पइआल पवित्र अलोगनी ॥

ਆਗਿਆਕਾਰੀ ਸਦਾ ਸੁਖੁ ਭੁੰਚੈ ਜਤ ਕਤ ਪੇਖਉ ਹਰਿ ਗੁਨੀ ॥੨॥ (883-11)
आगिआकारी सदा सुखु भुंचै जत कत पेखउ हरि गुनी ॥२॥

ਨਹ ਸਿਵ ਸਕਤੀ ਜਲੁ ਨਹੀ ਪਵਨਾ ਤਹ ਅਕਾਰੁ ਨਹੀ ਮੇਦਨੀ ॥ (883-12)
नह सिव सकती जलु नही पवना तह अकारु नही मेदनी ॥

ਸਤਿਗੁਰ ਜੋਗ ਕਾ ਤਹਾ ਨਿਵਾਸਾ ਜਹ ਅਵਿਗਤ ਨਾਥੁ ਅਗਮ ਧਨੀ ॥੩॥ (883-12)
सतिगुर जोग का तहा निवासा जह अविगत नाथु अगम धनी ॥३॥

ਤਨੁ ਮਨੁ ਹਰਿ ਕਾ ਧਨੁ ਸਭੁ ਹਰਿ ਕਾ ਹਰਿ ਕੇ ਗੁਣ ਹਉ ਕਿਆ ਗਨੀ ॥ (883-13)
तनु मनु हरि का धनु सभु हरि का हरि के गुण हउ किआ गनी ॥

ਕਹੁ ਨਾਨਕ ਹਮ ਤੁਮ ਗੁਰਿ ਖੋਈ ਹੈ ਅੰਭੈ ਅੰਭੁ ਮਿਲੋਗਨੀ ॥੪॥੩॥ (883-14)
कहु नानक हम तुम गुरि खोई है अ्मभै अ्मभु मिलोगनी ॥४॥३॥

ਰਾਮਕਲੀ ਮਹਲਾ ੫ ॥ (883-15)
रामकली महला ५ ॥

ਤ੍ਰੈ ਗੁਣ ਰਹਤ ਰਹੈ ਨਿਰਾਰੀ ਸਾਧਿਕ ਸਿਧ ਨ ਜਾਨੈ ॥ (883-15)
त्रै गुण रहत रहै निरारी साधिक सिध न जानै ॥

ਰਤਨ ਕੋਠੜੀ ਅੰਮ੍ਰਿਤ ਸੰਪੂਰਨ ਸਤਿਗੁਰ ਕੈ ਖਜਾਨੈ ॥੧॥ (883-15)
रतन कोठड़ी अमृत स्मपूरन सतिगुर कै खजानै ॥१॥

ਅਚਰਜੁ ਕਿਛੁ ਕਹਣੁ ਨ ਜਾਈ ॥ (883-16)
अचरजु किछु कहणु न जाई ॥

ਬਸਤੁ ਅਗੋਚਰ ਭਾਈ ॥੧॥ ਰਹਾਉ ॥ (883-16)
बसतु अगोचर भाई ॥१॥ रहाउ ॥

ਮੋਲੁ ਨਾਹੀ ਕਛੁ ਕਰਣੈ ਜੋਗਾ ਕਿਆ ਕੋ ਕਹੈ ਸੁਣਾਵੈ ॥ (883-16)
मोलु नाही कछु करणै जोगा किआ को कहै सुणावै ॥

ਕਥਨ ਕਹਣ ਕਉ ਸੋਝੀ ਨਾਹੀ ਜੋ ਪੇਖੈ ਤਿਸੁ ਬਣਿ ਆਵੈ ॥੨॥ (883-17)
कथन कहण कउ सोझी नाही जो पेखै तिसु बणि आवै ॥२॥

ਸੋਈ ਜਾਣੈ ਕਰਣੈਹਾਰਾ ਕੀਤਾ ਕਿਆ ਬੇਚਾਰਾ ॥ (883-18)
सोई जाणै करणैहारा कीता किआ बेचारा ॥

ਆਪਣੀ ਗਤਿ ਮਿਤਿ ਆਪੇ ਜਾਣੈ ਹਰਿ ਆਪੇ ਪੂਰ ਭੰਡਾਰਾ ॥੩॥ (883-18)
आपणी गति मिति आपे जाणै हरि आपे पूर भंडारा ॥३॥

ਐਸਾ ਰਸੁ ਅੰਮ੍ਰਿਤੁ ਮਨਿ ਚਾਖਿਆ ਤ੍ਰਿਪਤਿ ਰਹੇ ਆਘਾਈ ॥ (883-19)
ऐसा रसु अमृतु मनि चाखिआ त्रिपति रहे आघाई ॥

ਕਹੁ ਨਾਨਕ ਮੇਰੀ ਆਸਾ ਪੂਰੀ ਸਤਿਗੁਰ ਕੀ ਸਰਣਾਈ ॥੪॥੪॥ (883-19)
कहु नानक मेरी आसा पूरी सतिगुर की सरणाई ॥४॥४॥

ਰਾਮਕਲੀ ਮਹਲਾ ੫ ॥ (884-1)
रामकली महला ५ ॥

ਅੰਗੀਕਾਰੁ ਕੀਆ ਪ੍ਰਭਿ ਅਪਨੈ ਬੈਰੀ ਸਗਲੇ ਸਾਧੇ ॥ (884-1)
अंगीकारु कीआ प्रभि अपनै बैरी सगले साधे ॥

ਜਿਨਿ ਬੈਰੀ ਹੈ ਇਹੁ ਜਗੁ ਲੂਟਿਆ ਤੇ ਬੈਰੀ ਲੈ ਬਾਧੇ ॥੧॥ (884-2)
जिनि बैरी है इहु जगु लूटिआ ते बैरी लै बाधे ॥१॥

ਸਤਿਗੁਰੁ ਪਰਮੇਸਰੁ ਮੇਰਾ ॥ (884-2)
सतिगुरु परमेसरु मेरा ॥

ਅਨਿਕ ਰਾਜ ਭੋਗ ਰਸ ਮਾਣੀ ਨਾਉ ਜਪੀ ਭਰਵਾਸਾ ਤੇਰਾ ॥੧॥ ਰਹਾਉ ॥ (884-2)
अनिक राज भोग रस माणी नाउ जपी भरवासा तेरा ॥१॥ रहाउ ॥

ਚੀਤਿ ਨ ਆਵਸਿ ਦੂਜੀ ਬਾਤਾ ਸਿਰ ਊਪਰਿ ਰਖਵਾਰਾ ॥ (884-3)
चीति न आवसि दूजी बाता सिर ऊपरि रखवारा ॥

ਬੇਪਰਵਾਹੁ ਰਹਤ ਹੈ ਸੁਆਮੀ ਇਕ ਨਾਮ ਕੈ ਆਧਾਰਾ ॥੨॥ (884-4)
बेपरवाहु रहत है सुआमी इक नाम कै आधारा ॥२॥

ਪੂਰਨ ਹੋਇ ਮਿਲਿਓ ਸੁਖਦਾਈ ਊਨ ਨ ਕਾਈ ਬਾਤਾ ॥ (884-4)
पूरन होइ मिलिओ सुखदाई ऊन न काई बाता ॥

ਤਤੁ ਸਾਰੁ ਪਰਮ ਪਦੁ ਪਾਇਆ ਛੋਡਿ ਨ ਕਤਹੂ ਜਾਤਾ ॥੩॥ (884-5)
ततु सारु परम पदु पाइआ छोडि न कतहू जाता ॥३॥

ਬਰਨਿ ਨ ਸਾਕਉ ਜੈਸਾ ਤੂ ਹੈ ਸਾਚੇ ਅਲਖ ਅਪਾਰਾ ॥ (884-5)
बरनि न साकउ जैसा तू है साचे अलख अपारा ॥

ਅਤੁਲ ਅਥਾਹ ਅਡੋਲ ਸੁਆਮੀ ਨਾਨਕ ਖਸਮੁ ਹਮਾਰਾ ॥੪॥੫॥ (884-6)
अतुल अथाह अडोल सुआमी नानक खसमु हमारा ॥४॥५॥

ਰਾਮਕਲੀ ਮਹਲਾ ੫ ॥ (884-7)
रामकली महला ५ ॥

ਤੂ ਦਾਨਾ ਤੂ ਅਬਿਚਲੁ ਤੂਹੀ ਤੂ ਜਾਤਿ ਮੇਰੀ ਪਾਤੀ ॥ (884-7)
तू दाना तू अबिचलु तूही तू जाति मेरी पाती ॥

ਤੂ ਅਡੋਲੁ ਕਦੇ ਡੋਲਹਿ ਨਾਹੀ ਤਾ ਹਮ ਕੈਸੀ ਤਾਤੀ ॥੧॥ (884-7)
तू अडोलु कदे डोलहि नाही ता हम कैसी ताती ॥१॥

ਏਕੈ ਏਕੈ ਏਕ ਤੂਹੀ ॥ (884-8)
एकै एकै एक तूही ॥

ਏਕੈ ਏਕੈ ਤੂ ਰਾਇਆ ॥ (884-8)
एकै एकै तू राइआ ॥

ਤਉ ਕਿਰਪਾ ਤੇ ਸੁਖੁ ਪਾਇਆ ॥੧॥ ਰਹਾਉ ॥ (884-8)
तउ किरपा ते सुखु पाइआ ॥१॥ रहाउ ॥

ਤੂ ਸਾਗਰੁ ਹਮ ਹੰਸ ਤੁਮਾਰੇ ਤੁਮ ਮਹਿ ਮਾਣਕ ਲਾਲਾ ॥ (884-9)
तू सागरु हम हंस तुमारे तुम महि माणक लाला ॥

ਤੁਮ ਦੇਵਹੁ ਤਿਲੁ ਸੰਕ ਨ ਮਾਨਹੁ ਹਮ ਭੁੰਚਹ ਸਦਾ ਨਿਹਾਲਾ ॥੨॥ (884-9)
तुम देवहु तिलु संक न मानहु हम भुंचह सदा निहाला ॥२॥

ਹਮ ਬਾਰਿਕ ਤੁਮ ਪਿਤਾ ਹਮਾਰੇ ਤੁਮ ਮੁਖਿ ਦੇਵਹੁ ਖੀਰਾ ॥ (884-10)
हम बारिक तुम पिता हमारे तुम मुखि देवहु खीरा ॥

ਹਮ ਖੇਲਹ ਸਭਿ ਲਾਡ ਲਡਾਵਹ ਤੁਮ ਸਦ ਗੁਣੀ ਗਹੀਰਾ ॥੩॥ (884-10)
हम खेलह सभि लाड लडावह तुम सद गुणी गहीरा ॥३॥

ਤੁਮ ਪੂਰਨ ਪੂਰਿ ਰਹੇ ਸੰਪੂਰਨ ਹਮ ਭੀ ਸੰਗਿ ਅਘਾਏ ॥ (884-11)
तुम पूरन पूरि रहे स्मपूरन हम भी संगि अघाए ॥

ਮਿਲਤ ਮਿਲਤ ਮਿਲਤ ਮਿਲਿ ਰਹਿਆ ਨਾਨਕ ਕਹਣੁ ਨ ਜਾਏ ॥੪॥੬॥ (884-11)
मिलत मिलत मिलत मिलि रहिआ नानक कहणु न जाए ॥४॥६॥

ਰਾਮਕਲੀ ਮਹਲਾ ੫ ॥ (884-12)
रामकली महला ५ ॥

ਕਰ ਕਰਿ ਤਾਲ ਪਖਾਵਜੁ ਨੈਨਹੁ ਮਾਥੈ ਵਜਹਿ ਰਬਾਬਾ ॥ (884-12)
कर करि ताल पखावजु नैनहु माथै वजहि रबाबा ॥

ਕਰਨਹੁ ਮਧੁ ਬਾਸੁਰੀ ਬਾਜੈ ਜਿਹਵਾ ਧੁਨਿ ਆਗਾਜਾ ॥ (884-13)
करनहु मधु बासुरी बाजै जिहवा धुनि आगाजा ॥

ਨਿਰਤਿ ਕਰੇ ਕਰਿ ਮਨੂਆ ਨਾਚੈ ਆਣੇ ਘੂਘਰ ਸਾਜਾ ॥੧॥ (884-13)
निरति करे करि मनूआ नाचै आणे घूघर साजा ॥१॥

ਰਾਮ ਕੋ ਨਿਰਤਿਕਾਰੀ ॥ (884-14)
राम को निरतिकारी ॥

ਪੇਖੈ ਪੇਖਨਹਾਰੁ ਦਇਆਲਾ ਜੇਤਾ ਸਾਜੁ ਸੀਗਾਰੀ ॥੧॥ ਰਹਾਉ ॥ (884-14)
पेखै पेखनहारु दइआला जेता साजु सीगारी ॥१॥ रहाउ ॥

ਆਖਾਰ ਮੰਡਲੀ ਧਰਣਿ ਸਬਾਈ ਊਪਰਿ ਗਗਨੁ ਚੰਦੋਆ ॥ (884-15)
आखार मंडली धरणि सबाई ऊपरि गगनु चंदोआ ॥

ਪਵਨੁ ਵਿਚੋਲਾ ਕਰਤ ਇਕੇਲਾ ਜਲ ਤੇ ਓਪਤਿ ਹੋਆ ॥ (884-15)
पवनु विचोला करत इकेला जल ते ओपति होआ ॥

ਪੰਚ ਤਤੁ ਕਰਿ ਪੁਤਰਾ ਕੀਨਾ ਕਿਰਤ ਮਿਲਾਵਾ ਹੋਆ ॥੨॥ (884-16)
पंच ततु करि पुतरा कीना किरत मिलावा होआ ॥२॥

ਚੰਦੁ ਸੂਰਜੁ ਦੁਇ ਜਰੇ ਚਰਾਗਾ ਚਹੁ ਕੁੰਟ ਭੀਤਰਿ ਰਾਖੇ ॥ (884-16)
चंदु सूरजु दुइ जरे चरागा चहु कुंट भीतरि राखे ॥

ਦਸ ਪਾਤਉ ਪੰਚ ਸੰਗੀਤਾ ਏਕੈ ਭੀਤਰਿ ਸਾਥੇ ॥ (884-17)
दस पातउ पंच संगीता एकै भीतरि साथे ॥

ਭਿੰਨ ਭਿੰਨ ਹੋਇ ਭਾਵ ਦਿਖਾਵਹਿ ਸਭਹੁ ਨਿਰਾਰੀ ਭਾਖੇ ॥੩॥ (884-17)
भिंन भिंन होइ भाव दिखावहि सभहु निरारी भाखे ॥३॥

ਘਰਿ ਘਰਿ ਨਿਰਤਿ ਹੋਵੈ ਦਿਨੁ ਰਾਤੀ ਘਟਿ ਘਟਿ ਵਾਜੈ ਤੂਰਾ ॥ (884-18)
घरि घरि निरति होवै दिनु राती घटि घटि वाजै तूरा ॥

ਏਕਿ ਨਚਾਵਹਿ ਏਕਿ ਭਵਾਵਹਿ ਇਕਿ ਆਇ ਜਾਇ ਹੋਇ ਧੂਰਾ ॥ (884-19)
एकि नचावहि एकि भवावहि इकि आइ जाइ होइ धूरा ॥

ਕਹੁ ਨਾਨਕ ਸੋ ਬਹੁਰਿ ਨ ਨਾਚੈ ਜਿਸੁ ਗੁਰੁ ਭੇਟੈ ਪੂਰਾ ॥੪॥੭॥ (884-19)
कहु नानक सो बहुरि न नाचै जिसु गुरु भेटै पूरा ॥४॥७॥

ਰਾਮਕਲੀ ਮਹਲਾ ੫ ॥ (885-1)
रामकली महला ५ ॥

ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗੁ ਅਲਾਪੈ ॥ (885-1)
ओअंकारि एक धुनि एकै एकै रागु अलापै ॥

ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ ॥ (885-1)
एका देसी एकु दिखावै एको रहिआ बिआपै ॥

ਏਕਾ ਸੁਰਤਿ ਏਕਾ ਹੀ ਸੇਵਾ ਏਕੋ ਗੁਰ ਤੇ ਜਾਪੈ ॥੧॥ (885-2)
एका सुरति एका ही सेवा एको गुर ते जापै ॥१॥

ਭਲੋ ਭਲੋ ਰੇ ਕੀਰਤਨੀਆ ॥ (885-2)
भलो भलो रे कीरतनीआ ॥

ਰਾਮ ਰਮਾ ਰਾਮਾ ਗੁਨ ਗਾਉ ॥ (885-3)
राम रमा रामा गुन गाउ ॥

ਛੋਡਿ ਮਾਇਆ ਕੇ ਧੰਧ ਸੁਆਉ ॥੧॥ ਰਹਾਉ ॥ (885-3)
छोडि माइआ के धंध सुआउ ॥१॥ रहाउ ॥

ਪੰਚ ਬਜਿਤ੍ਰ ਕਰੇ ਸੰਤੋਖਾ ਸਾਤ ਸੁਰਾ ਲੈ ਚਾਲੈ ॥ (885-3)
पंच बजित्र करे संतोखा सात सुरा लै चालै ॥

ਬਾਜਾ ਮਾਣੁ ਤਾਣੁ ਤਜਿ ਤਾਨਾ ਪਾਉ ਨ ਬੀਗਾ ਘਾਲੈ ॥ (885-4)
बाजा माणु ताणु तजि ताना पाउ न बीगा घालै ॥

ਫੇਰੀ ਫੇਰੁ ਨ ਹੋਵੈ ਕਬ ਹੀ ਏਕੁ ਸਬਦੁ ਬੰਧਿ ਪਾਲੈ ॥੨॥ (885-4)
फेरी फेरु न होवै कब ही एकु सबदु बंधि पालै ॥२॥

ਨਾਰਦੀ ਨਰਹਰ ਜਾਣਿ ਹਦੂਰੇ ॥ (885-5)
नारदी नरहर जाणि हदूरे ॥

ਘੂੰਘਰ ਖੜਕੁ ਤਿਆਗਿ ਵਿਸੂਰੇ ॥ (885-5)
घूंघर खड़कु तिआगि विसूरे ॥

ਸਹਜ ਅਨੰਦ ਦਿਖਾਵੈ ਭਾਵੈ ॥ (885-5)
सहज अनंद दिखावै भावै ॥

ਏਹੁ ਨਿਰਤਿਕਾਰੀ ਜਨਮਿ ਨ ਆਵੈ ॥੩॥ (885-6)
एहु निरतिकारी जनमि न आवै ॥३॥

ਜੇ ਕੋ ਅਪਨੇ ਠਾਕੁਰ ਭਾਵੈ ॥ (885-6)
जे को अपने ठाकुर भावै ॥

ਕੋਟਿ ਮਧਿ ਏਹੁ ਕੀਰਤਨੁ ਗਾਵੈ ॥ (885-6)
कोटि मधि एहु कीरतनु गावै ॥

ਸਾਧਸੰਗਤਿ ਕੀ ਜਾਵਉ ਟੇਕ ॥ (885-7)
साधसंगति की जावउ टेक ॥

ਕਹੁ ਨਾਨਕ ਤਿਸੁ ਕੀਰਤਨੁ ਏਕ ॥੪॥੮॥ (885-7)
कहु नानक तिसु कीरतनु एक ॥४॥८॥

ਰਾਮਕਲੀ ਮਹਲਾ ੫ ॥ (885-7)
रामकली महला ५ ॥

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥ (885-8)
कोई बोलै राम राम कोई खुदाइ ॥

ਕੋਈ ਸੇਵੈ ਗੁਸਈਆ ਕੋਈ ਅਲਾਹਿ ॥੧॥ (885-8)
कोई सेवै गुसईआ कोई अलाहि ॥१॥

ਕਾਰਣ ਕਰਣ ਕਰੀਮ ॥ (885-8)
कारण करण करीम ॥

ਕਿਰਪਾ ਧਾਰਿ ਰਹੀਮ ॥੧॥ ਰਹਾਉ ॥ (885-9)
किरपा धारि रहीम ॥१॥ रहाउ ॥

ਕੋਈ ਨਾਵੈ ਤੀਰਥਿ ਕੋਈ ਹਜ ਜਾਇ ॥ (885-9)
कोई नावै तीरथि कोई हज जाइ ॥

ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ ॥੨॥ (885-9)
कोई करै पूजा कोई सिरु निवाइ ॥२॥

ਕੋਈ ਪੜੈ ਬੇਦ ਕੋਈ ਕਤੇਬ ॥ (885-10)
कोई पड़ै बेद कोई कतेब ॥

ਕੋਈ ਓਢੈ ਨੀਲ ਕੋਈ ਸੁਪੇਦ ॥੩॥ (885-10)
कोई ओढै नील कोई सुपेद ॥३॥

ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥ (885-10)
कोई कहै तुरकु कोई कहै हिंदू ॥

ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥੪॥ (885-11)
कोई बाछै भिसतु कोई सुरगिंदू ॥४॥

ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥ (885-11)
कहु नानक जिनि हुकमु पछाता ॥

ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥੫॥੯॥ (885-11)
प्रभ साहिब का तिनि भेदु जाता ॥५॥९॥

ਰਾਮਕਲੀ ਮਹਲਾ ੫ ॥ (885-12)
रामकली महला ५ ॥

ਪਵਨੈ ਮਹਿ ਪਵਨੁ ਸਮਾਇਆ ॥ (885-12)
पवनै महि पवनु समाइआ ॥

ਜੋਤੀ ਮਹਿ ਜੋਤਿ ਰਲਿ ਜਾਇਆ ॥ (885-12)
जोती महि जोति रलि जाइआ ॥

ਮਾਟੀ ਮਾਟੀ ਹੋਈ ਏਕ ॥ (885-13)
माटी माटी होई एक ॥

ਰੋਵਨਹਾਰੇ ਕੀ ਕਵਨ ਟੇਕ ॥੧॥ (885-13)
रोवनहारे की कवन टेक ॥१॥

ਕਉਨੁ ਮੂਆ ਰੇ ਕਉਨੁ ਮੂਆ ॥ (885-13)
कउनु मूआ रे कउनु मूआ ॥

ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ ॥੧॥ ਰਹਾਉ ॥ (885-14)
ब्रहम गिआनी मिलि करहु बीचारा इहु तउ चलतु भइआ ॥१॥ रहाउ ॥

ਅਗਲੀ ਕਿਛੁ ਖਬਰਿ ਨ ਪਾਈ ॥ (885-14)
अगली किछु खबरि न पाई ॥

ਰੋਵਨਹਾਰੁ ਭਿ ਊਠਿ ਸਿਧਾਈ ॥ (885-15)
रोवनहारु भि ऊठि सिधाई ॥

ਭਰਮ ਮੋਹ ਕੇ ਬਾਂਧੇ ਬੰਧ ॥ (885-15)
भरम मोह के बांधे बंध ॥

ਸੁਪਨੁ ਭਇਆ ਭਖਲਾਏ ਅੰਧ ॥੨॥ (885-15)
सुपनु भइआ भखलाए अंध ॥२॥

ਇਹੁ ਤਉ ਰਚਨੁ ਰਚਿਆ ਕਰਤਾਰਿ ॥ (885-15)
इहु तउ रचनु रचिआ करतारि ॥

ਆਵਤ ਜਾਵਤ ਹੁਕਮਿ ਅਪਾਰਿ ॥ (885-16)
आवत जावत हुकमि अपारि ॥

ਨਹ ਕੋ ਮੂਆ ਨ ਮਰਣੈ ਜੋਗੁ ॥ (885-16)
नह को मूआ न मरणै जोगु ॥

ਨਹ ਬਿਨਸੈ ਅਬਿਨਾਸੀ ਹੋਗੁ ॥੩॥ (885-16)
नह बिनसै अबिनासी होगु ॥३॥

ਜੋ ਇਹੁ ਜਾਣਹੁ ਸੋ ਇਹੁ ਨਾਹਿ ॥ (885-17)
जो इहु जाणहु सो इहु नाहि ॥

ਜਾਨਣਹਾਰੇ ਕਉ ਬਲਿ ਜਾਉ ॥ (885-17)
जानणहारे कउ बलि जाउ ॥

ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥ (885-17)
कहु नानक गुरि भरमु चुकाइआ ॥

ਨਾ ਕੋਈ ਮਰੈ ਨ ਆਵੈ ਜਾਇਆ ॥੪॥੧੦॥ (885-18)
ना कोई मरै न आवै जाइआ ॥४॥१०॥

ਰਾਮਕਲੀ ਮਹਲਾ ੫ ॥ (885-18)
रामकली महला ५ ॥

ਜਪਿ ਗੋਬਿੰਦੁ ਗੋਪਾਲ ਲਾਲੁ ॥ (885-18)
जपि गोबिंदु गोपाल लालु ॥

ਰਾਮ ਨਾਮ ਸਿਮਰਿ ਤੂ ਜੀਵਹਿ ਫਿਰਿ ਨ ਖਾਈ ਮਹਾ ਕਾਲੁ ॥੧॥ ਰਹਾਉ ॥ (885-19)
राम नाम सिमरि तू जीवहि फिरि न खाई महा कालु ॥१॥ रहाउ ॥

ਕੋਟਿ ਜਨਮ ਭ੍ਰਮਿ ਭ੍ਰਮਿ ਭ੍ਰਮਿ ਆਇਓ ॥ (885-19)
कोटि जनम भ्रमि भ्रमि भ्रमि आइओ ॥

ਬਡੈ ਭਾਗਿ ਸਾਧਸੰਗੁ ਪਾਇਓ ॥੧॥ (886-1)
बडै भागि साधसंगु पाइओ ॥१॥

ਬਿਨੁ ਗੁਰ ਪੂਰੇ ਨਾਹੀ ਉਧਾਰੁ ॥ (886-1)
बिनु गुर पूरे नाही उधारु ॥

ਬਾਬਾ ਨਾਨਕੁ ਆਖੈ ਏਹੁ ਬੀਚਾਰੁ ॥੨॥੧੧॥ (886-1)
बाबा नानकु आखै एहु बीचारु ॥२॥११॥

ਰਾਗੁ ਰਾਮਕਲੀ ਮਹਲਾ ੫ ਘਰੁ ੨ (886-3)
रागु रामकली महला ५ घरु २

ੴ ਸਤਿਗੁਰ ਪ੍ਰਸਾਦਿ ॥ (886-3)
ੴ सतिगुर प्रसादि ॥

ਚਾਰਿ ਪੁਕਾਰਹਿ ਨਾ ਤੂ ਮਾਨਹਿ ॥ (886-4)
चारि पुकारहि ना तू मानहि ॥

ਖਟੁ ਭੀ ਏਕਾ ਬਾਤ ਵਖਾਨਹਿ ॥ (886-4)
खटु भी एका बात वखानहि ॥

ਦਸ ਅਸਟੀ ਮਿਲਿ ਏਕੋ ਕਹਿਆ ॥ (886-4)
दस असटी मिलि एको कहिआ ॥

ਤਾ ਭੀ ਜੋਗੀ ਭੇਦੁ ਨ ਲਹਿਆ ॥੧॥ (886-4)
ता भी जोगी भेदु न लहिआ ॥१॥

ਕਿੰਕੁਰੀ ਅਨੂਪ ਵਾਜੈ ॥ (886-5)
किंकुरी अनूप वाजै ॥

ਜੋਗੀਆ ਮਤਵਾਰੋ ਰੇ ॥੧॥ ਰਹਾਉ ॥ (886-5)
जोगीआ मतवारो रे ॥१॥ रहाउ ॥

ਪ੍ਰਥਮੇ ਵਸਿਆ ਸਤ ਕਾ ਖੇੜਾ ॥ (886-5)
प्रथमे वसिआ सत का खेड़ा ॥

ਤ੍ਰਿਤੀਏ ਮਹਿ ਕਿਛੁ ਭਇਆ ਦੁਤੇੜਾ ॥ (886-6)
त्रितीए महि किछु भइआ दुतेड़ा ॥

ਦੁਤੀਆ ਅਰਧੋ ਅਰਧਿ ਸਮਾਇਆ ॥ (886-6)
दुतीआ अरधो अरधि समाइआ ॥

ਏਕੁ ਰਹਿਆ ਤਾ ਏਕੁ ਦਿਖਾਇਆ ॥੨॥ (886-6)
एकु रहिआ ता एकु दिखाइआ ॥२॥

ਏਕੈ ਸੂਤਿ ਪਰੋਏ ਮਣੀਏ ॥ (886-7)
एकै सूति परोए मणीए ॥

ਗਾਠੀ ਭਿਨਿ ਭਿਨਿ ਭਿਨਿ ਭਿਨਿ ਤਣੀਏ ॥ (886-7)
गाठी भिनि भिनि भिनि भिनि तणीए ॥

ਫਿਰਤੀ ਮਾਲਾ ਬਹੁ ਬਿਧਿ ਭਾਇ ॥ (886-7)
फिरती माला बहु बिधि भाइ ॥

ਖਿੰਚਿਆ ਸੂਤੁ ਤ ਆਈ ਥਾਇ ॥੩॥ (886-8)
खिंचिआ सूतु त आई थाइ ॥३॥

ਚਹੁ ਮਹਿ ਏਕੈ ਮਟੁ ਹੈ ਕੀਆ ॥ (886-8)
चहु महि एकै मटु है कीआ ॥

ਤਹ ਬਿਖੜੇ ਥਾਨ ਅਨਿਕ ਖਿੜਕੀਆ ॥ (886-8)
तह बिखड़े थान अनिक खिड़कीआ ॥

ਖੋਜਤ ਖੋਜਤ ਦੁਆਰੇ ਆਇਆ ॥ (886-9)
खोजत खोजत दुआरे आइआ ॥

ਤਾ ਨਾਨਕ ਜੋਗੀ ਮਹਲੁ ਘਰੁ ਪਾਇਆ ॥੪॥ (886-9)
ता नानक जोगी महलु घरु पाइआ ॥४॥

ਇਉ ਕਿੰਕੁਰੀ ਆਨੂਪ ਵਾਜੈ ॥ (886-9)
इउ किंकुरी आनूप वाजै ॥

ਸੁਣਿ ਜੋਗੀ ਕੈ ਮਨਿ ਮੀਠੀ ਲਾਗੈ ॥੧॥ ਰਹਾਉ ਦੂਜਾ ॥੧॥੧੨॥ (886-10)
सुणि जोगी कै मनि मीठी लागै ॥१॥ रहाउ दूजा ॥१॥१२॥

ਰਾਮਕਲੀ ਮਹਲਾ ੫ ॥ (886-10)
रामकली महला ५ ॥

ਤਾਗਾ ਕਰਿ ਕੈ ਲਾਈ ਥਿਗਲੀ ॥ (886-11)
तागा करि कै लाई थिगली ॥

ਲਉ ਨਾੜੀ ਸੂਆ ਹੈ ਅਸਤੀ ॥ (886-11)
लउ नाड़ी सूआ है असती ॥

ਅੰਭੈ ਕਾ ਕਰਿ ਡੰਡਾ ਧਰਿਆ ॥ (886-11)
अ्मभै का करि डंडा धरिआ ॥

ਕਿਆ ਤੂ ਜੋਗੀ ਗਰਬਹਿ ਪਰਿਆ ॥੧॥ (886-12)
किआ तू जोगी गरबहि परिआ ॥१॥

ਜਪਿ ਨਾਥੁ ਦਿਨੁ ਰੈਨਾਈ ॥ (886-12)
जपि नाथु दिनु रैनाई ॥

ਤੇਰੀ ਖਿੰਥਾ ਦੋ ਦਿਹਾਈ ॥੧॥ ਰਹਾਉ ॥ (886-12)
तेरी खिंथा दो दिहाई ॥१॥ रहाउ ॥

ਗਹਰੀ ਬਿਭੂਤ ਲਾਇ ਬੈਠਾ ਤਾੜੀ ॥ (886-13)
गहरी बिभूत लाइ बैठा ताड़ी ॥

ਮੇਰੀ ਤੇਰੀ ਮੁੰਦ੍ਰਾ ਧਾਰੀ ॥ (886-13)
मेरी तेरी मुंद्रा धारी ॥

ਮਾਗਹਿ ਟੂਕਾ ਤ੍ਰਿਪਤਿ ਨ ਪਾਵੈ ॥ (886-13)
मागहि टूका त्रिपति न पावै ॥

ਨਾਥੁ ਛੋਡਿ ਜਾਚਹਿ ਲਾਜ ਨ ਆਵੈ ॥੨॥ (886-13)
नाथु छोडि जाचहि लाज न आवै ॥२॥

ਚਲ ਚਿਤ ਜੋਗੀ ਆਸਣੁ ਤੇਰਾ ॥ (886-14)
चल चित जोगी आसणु तेरा ॥

ਸਿੰਙੀ ਵਾਜੈ ਨਿਤ ਉਦਾਸੇਰਾ ॥ (886-14)
सिंङी वाजै नित उदासेरा ॥

ਗੁਰ ਗੋਰਖ ਕੀ ਤੈ ਬੂਝ ਨ ਪਾਈ ॥ (886-14)
गुर गोरख की तै बूझ न पाई ॥

ਫਿਰਿ ਫਿਰਿ ਜੋਗੀ ਆਵੈ ਜਾਈ ॥੩॥ (886-15)
फिरि फिरि जोगी आवै जाई ॥३॥

ਜਿਸ ਨੋ ਹੋਆ ਨਾਥੁ ਕ੍ਰਿਪਾਲਾ ॥ (886-15)
जिस नो होआ नाथु क्रिपाला ॥

ਰਹਰਾਸਿ ਹਮਾਰੀ ਗੁਰ ਗੋਪਾਲਾ ॥ (886-15)
रहरासि हमारी गुर गोपाला ॥

ਨਾਮੈ ਖਿੰਥਾ ਨਾਮੈ ਬਸਤਰੁ ॥ (886-16)
नामै खिंथा नामै बसतरु ॥

ਜਨ ਨਾਨਕ ਜੋਗੀ ਹੋਆ ਅਸਥਿਰੁ ॥੪॥ (886-16)
जन नानक जोगी होआ असथिरु ॥४॥

ਇਉ ਜਪਿਆ ਨਾਥੁ ਦਿਨੁ ਰੈਨਾਈ ॥ (886-16)
इउ जपिआ नाथु दिनु रैनाई ॥

ਹੁਣਿ ਪਾਇਆ ਗੁਰੁ ਗੋਸਾਈ ॥੧॥ ਰਹਾਉ ਦੂਜਾ ॥੨॥੧੩॥ (886-17)
हुणि पाइआ गुरु गोसाई ॥१॥ रहाउ दूजा ॥२॥१३॥

ਰਾਮਕਲੀ ਮਹਲਾ ੫ ॥ (886-17)
रामकली महला ५ ॥

ਕਰਨ ਕਰਾਵਨ ਸੋਈ ॥ (886-17)
करन करावन सोई ॥

ਆਨ ਨ ਦੀਸੈ ਕੋਈ ॥ (886-18)
आन न दीसै कोई ॥

ਠਾਕੁਰੁ ਮੇਰਾ ਸੁਘੜੁ ਸੁਜਾਨਾ ॥ (886-18)
ठाकुरु मेरा सुघड़ु सुजाना ॥

ਗੁਰਮੁਖਿ ਮਿਲਿਆ ਰੰਗੁ ਮਾਨਾ ॥੧॥ (886-18)
गुरमुखि मिलिआ रंगु माना ॥१॥

ਐਸੋ ਰੇ ਹਰਿ ਰਸੁ ਮੀਠਾ ॥ (886-19)
ऐसो रे हरि रसु मीठा ॥

ਗੁਰਮੁਖਿ ਕਿਨੈ ਵਿਰਲੈ ਡੀਠਾ ॥੧॥ ਰਹਾਉ ॥ (886-19)
गुरमुखि किनै विरलै डीठा ॥१॥ रहाउ ॥

ਨਿਰਮਲ ਜੋਤਿ ਅੰਮ੍ਰਿਤੁ ਹਰਿ ਨਾਮ ॥ (886-19)
निरमल जोति अमृतु हरि नाम ॥

ਪੀਵਤ ਅਮਰ ਭਏ ਨਿਹਕਾਮ ॥ (887-1)
पीवत अमर भए निहकाम ॥

ਤਨੁ ਮਨੁ ਸੀਤਲੁ ਅਗਨਿ ਨਿਵਾਰੀ ॥ (887-1)
तनु मनु सीतलु अगनि निवारी ॥

ਅਨਦ ਰੂਪ ਪ੍ਰਗਟੇ ਸੰਸਾਰੀ ॥੨॥ (887-1)
अनद रूप प्रगटे संसारी ॥२॥

ਕਿਆ ਦੇਵਉ ਜਾ ਸਭੁ ਕਿਛੁ ਤੇਰਾ ॥ (887-2)
किआ देवउ जा सभु किछु तेरा ॥

ਸਦ ਬਲਿਹਾਰਿ ਜਾਉ ਲਖ ਬੇਰਾ ॥ (887-2)
सद बलिहारि जाउ लख बेरा ॥

ਤਨੁ ਮਨੁ ਜੀਉ ਪਿੰਡੁ ਦੇ ਸਾਜਿਆ ॥ (887-2)
तनु मनु जीउ पिंडु दे साजिआ ॥

ਗੁਰ ਕਿਰਪਾ ਤੇ ਨੀਚੁ ਨਿਵਾਜਿਆ ॥੩॥ (887-3)
गुर किरपा ते नीचु निवाजिआ ॥३॥

ਖੋਲਿ ਕਿਵਾਰਾ ਮਹਲਿ ਬੁਲਾਇਆ ॥ (887-3)
खोलि किवारा महलि बुलाइआ ॥

ਜੈਸਾ ਸਾ ਤੈਸਾ ਦਿਖਲਾਇਆ ॥ (887-3)
जैसा सा तैसा दिखलाइआ ॥

ਕਹੁ ਨਾਨਕ ਸਭੁ ਪੜਦਾ ਤੂਟਾ ॥ (887-4)
कहु नानक सभु पड़दा तूटा ॥

ਹਉ ਤੇਰਾ ਤੂ ਮੈ ਮਨਿ ਵੂਠਾ ॥੪॥੩॥੧੪॥ (887-4)
हउ तेरा तू मै मनि वूठा ॥४॥३॥१४॥

ਰਾਮਕਲੀ ਮਹਲਾ ੫ ॥ (887-4)
रामकली महला ५ ॥

ਸੇਵਕੁ ਲਾਇਓ ਅਪੁਨੀ ਸੇਵ ॥ (887-5)
सेवकु लाइओ अपुनी सेव ॥

ਅੰਮ੍ਰਿਤੁ ਨਾਮੁ ਦੀਓ ਮੁਖਿ ਦੇਵ ॥ (887-5)
अमृतु नामु दीओ मुखि देव ॥

ਸਗਲੀ ਚਿੰਤਾ ਆਪਿ ਨਿਵਾਰੀ ॥ (887-5)
सगली चिंता आपि निवारी ॥

ਤਿਸੁ ਗੁਰ ਕਉ ਹਉ ਸਦ ਬਲਿਹਾਰੀ ॥੧॥ (887-5)
तिसु गुर कउ हउ सद बलिहारी ॥१॥

ਕਾਜ ਹਮਾਰੇ ਪੂਰੇ ਸਤਗੁਰ ॥ (887-6)
काज हमारे पूरे सतगुर ॥

ਬਾਜੇ ਅਨਹਦ ਤੂਰੇ ਸਤਗੁਰ ॥੧॥ ਰਹਾਉ ॥ (887-6)
बाजे अनहद तूरे सतगुर ॥१॥ रहाउ ॥

ਮਹਿਮਾ ਜਾ ਕੀ ਗਹਿਰ ਗੰਭੀਰ ॥ (887-7)
महिमा जा की गहिर ग्मभीर ॥

ਹੋਇ ਨਿਹਾਲੁ ਦੇਇ ਜਿਸੁ ਧੀਰ ॥ (887-7)
होइ निहालु देइ जिसु धीर ॥

ਜਾ ਕੇ ਬੰਧਨ ਕਾਟੇ ਰਾਇ ॥ (887-7)
जा के बंधन काटे राइ ॥

ਸੋ ਨਰੁ ਬਹੁਰਿ ਨ ਜੋਨੀ ਪਾਇ ॥੨॥ (887-7)
सो नरु बहुरि न जोनी पाइ ॥२॥

ਜਾ ਕੈ ਅੰਤਰਿ ਪ੍ਰਗਟਿਓ ਆਪ ॥ (887-8)
जा कै अंतरि प्रगटिओ आप ॥

ਤਾ ਕਉ ਨਾਹੀ ਦੂਖ ਸੰਤਾਪ ॥ (887-8)
ता कउ नाही दूख संताप ॥

ਲਾਲੁ ਰਤਨੁ ਤਿਸੁ ਪਾਲੈ ਪਰਿਆ ॥ (887-8)
लालु रतनु तिसु पालै परिआ ॥

ਸਗਲ ਕੁਟੰਬ ਓਹੁ ਜਨੁ ਲੈ ਤਰਿਆ ॥੩॥ (887-9)
सगल कुट्मब ओहु जनु लै तरिआ ॥३॥

ਨਾ ਕਿਛੁ ਭਰਮੁ ਨ ਦੁਬਿਧਾ ਦੂਜਾ ॥ (887-9)
ना किछु भरमु न दुबिधा दूजा ॥

ਏਕੋ ਏਕੁ ਨਿਰੰਜਨ ਪੂਜਾ ॥ (887-9)
एको एकु निरंजन पूजा ॥

ਜਤ ਕਤ ਦੇਖਉ ਆਪਿ ਦਇਆਲ ॥ (887-10)
जत कत देखउ आपि दइआल ॥

ਕਹੁ ਨਾਨਕ ਪ੍ਰਭ ਮਿਲੇ ਰਸਾਲ ॥੪॥੪॥੧੫॥ (887-10)
कहु नानक प्रभ मिले रसाल ॥४॥४॥१५॥

ਰਾਮਕਲੀ ਮਹਲਾ ੫ ॥ (887-10)
रामकली महला ५ ॥

ਤਨ ਤੇ ਛੁਟਕੀ ਅਪਨੀ ਧਾਰੀ ॥ (887-11)
तन ते छुटकी अपनी धारी ॥

ਪ੍ਰਭ ਕੀ ਆਗਿਆ ਲਗੀ ਪਿਆਰੀ ॥ (887-11)
प्रभ की आगिआ लगी पिआरी ॥

ਜੋ ਕਿਛੁ ਕਰੈ ਸੁ ਮਨਿ ਮੇਰੈ ਮੀਠਾ ॥ (887-11)
जो किछु करै सु मनि मेरै मीठा ॥

ਤਾ ਇਹੁ ਅਚਰਜੁ ਨੈਨਹੁ ਡੀਠਾ ॥੧॥ (887-12)
ता इहु अचरजु नैनहु डीठा ॥१॥

ਅਬ ਮੋਹਿ ਜਾਨੀ ਰੇ ਮੇਰੀ ਗਈ ਬਲਾਇ ॥ (887-12)
अब मोहि जानी रे मेरी गई बलाइ ॥

ਬੁਝਿ ਗਈ ਤ੍ਰਿਸਨ ਨਿਵਾਰੀ ਮਮਤਾ ਗੁਰਿ ਪੂਰੈ ਲੀਓ ਸਮਝਾਇ ॥੧॥ ਰਹਾਉ ॥ (887-12)
बुझि गई त्रिसन निवारी ममता गुरि पूरै लीओ समझाइ ॥१॥ रहाउ ॥

ਕਰਿ ਕਿਰਪਾ ਰਾਖਿਓ ਗੁਰਿ ਸਰਨਾ ॥ (887-13)
करि किरपा राखिओ गुरि सरना ॥

ਗੁਰਿ ਪਕਰਾਏ ਹਰਿ ਕੇ ਚਰਨਾ ॥ (887-14)
गुरि पकराए हरि के चरना ॥

ਬੀਸ ਬਿਸੁਏ ਜਾ ਮਨ ਠਹਰਾਨੇ ॥ (887-14)
बीस बिसुए जा मन ठहराने ॥

ਗੁਰ ਪਾਰਬ੍ਰਹਮ ਏਕੈ ਹੀ ਜਾਨੇ ॥੨॥ (887-14)
गुर पारब्रहम एकै ही जाने ॥२॥

ਜੋ ਜੋ ਕੀਨੋ ਹਮ ਤਿਸ ਕੇ ਦਾਸ ॥ (887-14)
जो जो कीनो हम तिस के दास ॥

ਪ੍ਰਭ ਮੇਰੇ ਕੋ ਸਗਲ ਨਿਵਾਸ ॥ (887-15)
प्रभ मेरे को सगल निवास ॥

ਨਾ ਕੋ ਦੂਤੁ ਨਹੀ ਬੈਰਾਈ ॥ (887-15)
ना को दूतु नही बैराई ॥

ਗਲਿ ਮਿਲਿ ਚਾਲੇ ਏਕੈ ਭਾਈ ॥੩॥ (887-15)
गलि मिलि चाले एकै भाई ॥३॥

ਜਾ ਕਉ ਗੁਰਿ ਹਰਿ ਦੀਏ ਸੂਖਾ ॥ (887-16)
जा कउ गुरि हरि दीए सूखा ॥

ਤਾ ਕਉ ਬਹੁਰਿ ਨ ਲਾਗਹਿ ਦੂਖਾ ॥ (887-16)
ता कउ बहुरि न लागहि दूखा ॥

ਆਪੇ ਆਪਿ ਸਰਬ ਪ੍ਰਤਿਪਾਲ ॥ (887-16)
आपे आपि सरब प्रतिपाल ॥

ਨਾਨਕ ਰਾਤਉ ਰੰਗਿ ਗੋਪਾਲ ॥੪॥੫॥੧੬॥ (887-17)
नानक रातउ रंगि गोपाल ॥४॥५॥१६॥

ਰਾਮਕਲੀ ਮਹਲਾ ੫ ॥ (887-17)
रामकली महला ५ ॥

ਮੁਖ ਤੇ ਪੜਤਾ ਟੀਕਾ ਸਹਿਤ ॥ (887-17)
मुख ते पड़ता टीका सहित ॥

ਹਿਰਦੈ ਰਾਮੁ ਨਹੀ ਪੂਰਨ ਰਹਤ ॥ (887-18)
हिरदै रामु नही पूरन रहत ॥

ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ ॥ (887-18)
उपदेसु करे करि लोक द्रिड़ावै ॥

ਅਪਨਾ ਕਹਿਆ ਆਪਿ ਨ ਕਮਾਵੈ ॥੧॥ (887-18)
अपना कहिआ आपि न कमावै ॥१॥

ਪੰਡਿਤ ਬੇਦੁ ਬੀਚਾਰਿ ਪੰਡਿਤ ॥ (887-19)
पंडित बेदु बीचारि पंडित ॥

ਮਨ ਕਾ ਕ੍ਰੋਧੁ ਨਿਵਾਰਿ ਪੰਡਿਤ ॥੧॥ ਰਹਾਉ ॥ (887-19)
मन का क्रोधु निवारि पंडित ॥१॥ रहाउ ॥

ਆਗੈ ਰਾਖਿਓ ਸਾਲ ਗਿਰਾਮੁ ॥ (887-19)
आगै राखिओ साल गिरामु ॥

ਮਨੁ ਕੀਨੋ ਦਹ ਦਿਸ ਬਿਸ੍ਰਾਮੁ ॥ (888-1)
मनु कीनो दह दिस बिस्रामु ॥

ਤਿਲਕੁ ਚਰਾਵੈ ਪਾਈ ਪਾਇ ॥ (888-1)
तिलकु चरावै पाई पाइ ॥

ਲੋਕ ਪਚਾਰਾ ਅੰਧੁ ਕਮਾਇ ॥੨॥ (888-1)
लोक पचारा अंधु कमाइ ॥२॥

ਖਟੁ ਕਰਮਾ ਅਰੁ ਆਸਣੁ ਧੋਤੀ ॥ (888-2)
खटु करमा अरु आसणु धोती ॥

ਭਾਗਠਿ ਗ੍ਰਿਹਿ ਪੜੈ ਨਿਤ ਪੋਥੀ ॥ (888-2)
भागठि ग्रिहि पड़ै नित पोथी ॥

ਮਾਲਾ ਫੇਰੈ ਮੰਗੈ ਬਿਭੂਤ ॥ (888-2)
माला फेरै मंगै बिभूत ॥

ਇਹ ਬਿਧਿ ਕੋਇ ਨ ਤਰਿਓ ਮੀਤ ॥੩॥ (888-3)
इह बिधि कोइ न तरिओ मीत ॥३॥

ਸੋ ਪੰਡਿਤੁ ਗੁਰ ਸਬਦੁ ਕਮਾਇ ॥ (888-3)
सो पंडितु गुर सबदु कमाइ ॥

ਤ੍ਰੈ ਗੁਣ ਕੀ ਓਸੁ ਉਤਰੀ ਮਾਇ ॥ (888-3)
त्रै गुण की ओसु उतरी माइ ॥

ਚਤੁਰ ਬੇਦ ਪੂਰਨ ਹਰਿ ਨਾਇ ॥ (888-3)
चतुर बेद पूरन हरि नाइ ॥

ਨਾਨਕ ਤਿਸ ਕੀ ਸਰਣੀ ਪਾਇ ॥੪॥੬॥੧੭॥ (888-4)
नानक तिस की सरणी पाइ ॥४॥६॥१७॥

ਰਾਮਕਲੀ ਮਹਲਾ ੫ ॥ (888-4)
रामकली महला ५ ॥

ਕੋਟਿ ਬਿਘਨ ਨਹੀ ਆਵਹਿ ਨੇਰਿ ॥ (888-4)
कोटि बिघन नही आवहि नेरि ॥

ਅਨਿਕ ਮਾਇਆ ਹੈ ਤਾ ਕੀ ਚੇਰਿ ॥ (888-5)
अनिक माइआ है ता की चेरि ॥

ਅਨਿਕ ਪਾਪ ਤਾ ਕੇ ਪਾਨੀਹਾਰ ॥ (888-5)
अनिक पाप ता के पानीहार ॥

ਜਾ ਕਉ ਮਇਆ ਭਈ ਕਰਤਾਰ ॥੧॥ (888-5)
जा कउ मइआ भई करतार ॥१॥

ਜਿਸਹਿ ਸਹਾਈ ਹੋਇ ਭਗਵਾਨ ॥ (888-6)
जिसहि सहाई होइ भगवान ॥

ਅਨਿਕ ਜਤਨ ਉਆ ਕੈ ਸਰੰਜਾਮ ॥੧॥ ਰਹਾਉ ॥ (888-6)
अनिक जतन उआ कै सरंजाम ॥१॥ रहाउ ॥

ਕਰਤਾ ਰਾਖੈ ਕੀਤਾ ਕਉਨੁ ॥ (888-6)
करता राखै कीता कउनु ॥

ਕੀਰੀ ਜੀਤੋ ਸਗਲਾ ਭਵਨੁ ॥ (888-7)
कीरी जीतो सगला भवनु ॥

ਬੇਅੰਤ ਮਹਿਮਾ ਤਾ ਕੀ ਕੇਤਕ ਬਰਨ ॥ (888-7)
बेअंत महिमा ता की केतक बरन ॥

ਬਲਿ ਬਲਿ ਜਾਈਐ ਤਾ ਕੇ ਚਰਨ ॥੨॥ (888-7)
बलि बलि जाईऐ ता के चरन ॥२॥

ਤਿਨ ਹੀ ਕੀਆ ਜਪੁ ਤਪੁ ਧਿਆਨੁ ॥ (888-8)
तिन ही कीआ जपु तपु धिआनु ॥

ਅਨਿਕ ਪ੍ਰਕਾਰ ਕੀਆ ਤਿਨਿ ਦਾਨੁ ॥ (888-8)
अनिक प्रकार कीआ तिनि दानु ॥

ਭਗਤੁ ਸੋਈ ਕਲਿ ਮਹਿ ਪਰਵਾਨੁ ॥ (888-8)
भगतु सोई कलि महि परवानु ॥

ਜਾ ਕਉ ਠਾਕੁਰਿ ਦੀਆ ਮਾਨੁ ॥੩॥ (888-9)
जा कउ ठाकुरि दीआ मानु ॥३॥

ਸਾਧਸੰਗਿ ਮਿਲਿ ਭਏ ਪ੍ਰਗਾਸ ॥ (888-9)
साधसंगि मिलि भए प्रगास ॥

ਸਹਜ ਸੂਖ ਆਸ ਨਿਵਾਸ ॥ (888-9)
सहज सूख आस निवास ॥

ਪੂਰੈ ਸਤਿਗੁਰਿ ਦੀਆ ਬਿਸਾਸ ॥ (888-10)
पूरै सतिगुरि दीआ बिसास ॥

ਨਾਨਕ ਹੋਏ ਦਾਸਨਿ ਦਾਸ ॥੪॥੭॥੧੮॥ (888-10)
नानक होए दासनि दास ॥४॥७॥१८॥

ਰਾਮਕਲੀ ਮਹਲਾ ੫ ॥ (888-10)
रामकली महला ५ ॥

ਦੋਸੁ ਨ ਦੀਜੈ ਕਾਹੂ ਲੋਗ ॥ (888-10)
दोसु न दीजै काहू लोग ॥

ਜੋ ਕਮਾਵਨੁ ਸੋਈ ਭੋਗ ॥ (888-11)
जो कमावनु सोई भोग ॥

ਆਪਨ ਕਰਮ ਆਪੇ ਹੀ ਬੰਧ ॥ (888-11)
आपन करम आपे ही बंध ॥

ਆਵਨੁ ਜਾਵਨੁ ਮਾਇਆ ਧੰਧ ॥੧॥ (888-11)
आवनु जावनु माइआ धंध ॥१॥

ਐਸੀ ਜਾਨੀ ਸੰਤ ਜਨੀ ॥ (888-12)
ऐसी जानी संत जनी ॥

ਪਰਗਾਸੁ ਭਇਆ ਪੂਰੇ ਗੁਰ ਬਚਨੀ ॥੧॥ ਰਹਾਉ ॥ (888-12)
परगासु भइआ पूरे गुर बचनी ॥१॥ रहाउ ॥

ਤਨੁ ਧਨੁ ਕਲਤੁ ਮਿਥਿਆ ਬਿਸਥਾਰ ॥ (888-12)
तनु धनु कलतु मिथिआ बिसथार ॥

ਹੈਵਰ ਗੈਵਰ ਚਾਲਨਹਾਰ ॥ (888-13)
हैवर गैवर चालनहार ॥

ਰਾਜ ਰੰਗ ਰੂਪ ਸਭਿ ਕੂਰ ॥ (888-13)
राज रंग रूप सभि कूर ॥

ਨਾਮ ਬਿਨਾ ਹੋਇ ਜਾਸੀ ਧੂਰ ॥੨॥ (888-13)
नाम बिना होइ जासी धूर ॥२॥

ਭਰਮਿ ਭੂਲੇ ਬਾਦਿ ਅਹੰਕਾਰੀ ॥ (888-13)
भरमि भूले बादि अहंकारी ॥

ਸੰਗਿ ਨਾਹੀ ਰੇ ਸਗਲ ਪਸਾਰੀ ॥ (888-14)
संगि नाही रे सगल पसारी ॥

ਸੋਗ ਹਰਖ ਮਹਿ ਦੇਹ ਬਿਰਧਾਨੀ ॥ (888-14)
सोग हरख महि देह बिरधानी ॥

ਸਾਕਤ ਇਵ ਹੀ ਕਰਤ ਬਿਹਾਨੀ ॥੩॥ (888-14)
साकत इव ही करत बिहानी ॥३॥

ਹਰਿ ਕਾ ਨਾਮੁ ਅੰਮ੍ਰਿਤੁ ਕਲਿ ਮਾਹਿ ॥ (888-15)
हरि का नामु अमृतु कलि माहि ॥

ਏਹੁ ਨਿਧਾਨਾ ਸਾਧੂ ਪਾਹਿ ॥ (888-15)
एहु निधाना साधू पाहि ॥

ਨਾਨਕ ਗੁਰੁ ਗੋਵਿਦੁ ਜਿਸੁ ਤੂਠਾ ॥ (888-15)
नानक गुरु गोविदु जिसु तूठा ॥

ਘਟਿ ਘਟਿ ਰਮਈਆ ਤਿਨ ਹੀ ਡੀਠਾ ॥੪॥੮॥੧੯॥ (888-16)
घटि घटि रमईआ तिन ही डीठा ॥४॥८॥१९॥

ਰਾਮਕਲੀ ਮਹਲਾ ੫ ॥ (888-16)
रामकली महला ५ ॥

ਪੰਚ ਸਬਦ ਤਹ ਪੂਰਨ ਨਾਦ ॥ (888-16)
पंच सबद तह पूरन नाद ॥

ਅਨਹਦ ਬਾਜੇ ਅਚਰਜ ਬਿਸਮਾਦ ॥ (888-17)
अनहद बाजे अचरज बिसमाद ॥

ਕੇਲ ਕਰਹਿ ਸੰਤ ਹਰਿ ਲੋਗ ॥ (888-17)
केल करहि संत हरि लोग ॥

ਪਾਰਬ੍ਰਹਮ ਪੂਰਨ ਨਿਰਜੋਗ ॥੧॥ (888-17)
पारब्रहम पूरन निरजोग ॥१॥

ਸੂਖ ਸਹਜ ਆਨੰਦ ਭਵਨ ॥ (888-18)
सूख सहज आनंद भवन ॥

ਸਾਧਸੰਗਿ ਬੈਸਿ ਗੁਣ ਗਾਵਹਿ ਤਹ ਰੋਗ ਸੋਗ ਨਹੀ ਜਨਮ ਮਰਨ ॥੧॥ ਰਹਾਉ ॥ (888-18)
साधसंगि बैसि गुण गावहि तह रोग सोग नही जनम मरन ॥१॥ रहाउ ॥

ਊਹਾ ਸਿਮਰਹਿ ਕੇਵਲ ਨਾਮੁ ॥ (888-19)
ऊहा सिमरहि केवल नामु ॥

ਬਿਰਲੇ ਪਾਵਹਿ ਓਹੁ ਬਿਸ੍ਰਾਮੁ ॥ (888-19)
बिरले पावहि ओहु बिस्रामु ॥

ਭੋਜਨੁ ਭਾਉ ਕੀਰਤਨ ਆਧਾਰੁ ॥ (888-19)
भोजनु भाउ कीरतन आधारु ॥

ਨਿਹਚਲ ਆਸਨੁ ਬੇਸੁਮਾਰੁ ॥੨॥ (889-1)
निहचल आसनु बेसुमारु ॥२॥

ਡਿਗਿ ਨ ਡੋਲੈ ਕਤਹੂ ਨ ਧਾਵੈ ॥ (889-1)
डिगि न डोलै कतहू न धावै ॥

ਗੁਰ ਪ੍ਰਸਾਦਿ ਕੋ ਇਹੁ ਮਹਲੁ ਪਾਵੈ ॥ (889-1)
गुर प्रसादि को इहु महलु पावै ॥

ਭ੍ਰਮ ਭੈ ਮੋਹ ਨ ਮਾਇਆ ਜਾਲ ॥ (889-2)
भ्रम भै मोह न माइआ जाल ॥

ਸੁੰਨ ਸਮਾਧਿ ਪ੍ਰਭੂ ਕਿਰਪਾਲ ॥੩॥ (889-2)
संुन समाधि प्रभू किरपाल ॥३॥

ਤਾ ਕਾ ਅੰਤੁ ਨ ਪਾਰਾਵਾਰੁ ॥ (889-2)
ता का अंतु न पारावारु ॥

ਆਪੇ ਗੁਪਤੁ ਆਪੇ ਪਾਸਾਰੁ ॥ (889-3)
आपे गुपतु आपे पासारु ॥

ਜਾ ਕੈ ਅੰਤਰਿ ਹਰਿ ਹਰਿ ਸੁਆਦੁ ॥ (889-3)
जा कै अंतरि हरि हरि सुआदु ॥

ਕਹਨੁ ਨ ਜਾਈ ਨਾਨਕ ਬਿਸਮਾਦੁ ॥੪॥੯॥੨੦॥ (889-3)
कहनु न जाई नानक बिसमादु ॥४॥९॥२०॥

ਰਾਮਕਲੀ ਮਹਲਾ ੫ ॥ (889-4)
रामकली महला ५ ॥

ਭੇਟਤ ਸੰਗਿ ਪਾਰਬ੍ਰਹਮੁ ਚਿਤਿ ਆਇਆ ॥ (889-4)
भेटत संगि पारब्रहमु चिति आइआ ॥

ਸੰਗਤਿ ਕਰਤ ਸੰਤੋਖੁ ਮਨਿ ਪਾਇਆ ॥ (889-4)
संगति करत संतोखु मनि पाइआ ॥

ਸੰਤਹ ਚਰਨ ਮਾਥਾ ਮੇਰੋ ਪਉਤ ॥ (889-5)
संतह चरन माथा मेरो पउत ॥

ਅਨਿਕ ਬਾਰ ਸੰਤਹ ਡੰਡਉਤ ॥੧॥ (889-5)
अनिक बार संतह डंडउत ॥१॥

ਇਹੁ ਮਨੁ ਸੰਤਨ ਕੈ ਬਲਿਹਾਰੀ ॥ (889-5)
इहु मनु संतन कै बलिहारी ॥

ਜਾ ਕੀ ਓਟ ਗਹੀ ਸੁਖੁ ਪਾਇਆ ਰਾਖੇ ਕਿਰਪਾ ਧਾਰੀ ॥੧॥ ਰਹਾਉ ॥ (889-6)
जा की ओट गही सुखु पाइआ राखे किरपा धारी ॥१॥ रहाउ ॥

ਸੰਤਹ ਚਰਣ ਧੋਇ ਧੋਇ ਪੀਵਾ ॥ (889-6)
संतह चरण धोइ धोइ पीवा ॥

ਸੰਤਹ ਦਰਸੁ ਪੇਖਿ ਪੇਖਿ ਜੀਵਾ ॥ (889-6)
संतह दरसु पेखि पेखि जीवा ॥

ਸੰਤਹ ਕੀ ਮੇਰੈ ਮਨਿ ਆਸ ॥ (889-7)
संतह की मेरै मनि आस ॥

ਸੰਤ ਹਮਾਰੀ ਨਿਰਮਲ ਰਾਸਿ ॥੨॥ (889-7)
संत हमारी निरमल रासि ॥२॥

ਸੰਤ ਹਮਾਰਾ ਰਾਖਿਆ ਪੜਦਾ ॥ (889-7)
संत हमारा राखिआ पड़दा ॥

ਸੰਤ ਪ੍ਰਸਾਦਿ ਮੋਹਿ ਕਬਹੂ ਨ ਕੜਦਾ ॥ (889-8)
संत प्रसादि मोहि कबहू न कड़दा ॥

ਸੰਤਹ ਸੰਗੁ ਦੀਆ ਕਿਰਪਾਲ ॥ (889-8)
संतह संगु दीआ किरपाल ॥

ਸੰਤ ਸਹਾਈ ਭਏ ਦਇਆਲ ॥੩॥ (889-8)
संत सहाई भए दइआल ॥३॥

ਸੁਰਤਿ ਮਤਿ ਬੁਧਿ ਪਰਗਾਸੁ ॥ (889-9)
सुरति मति बुधि परगासु ॥

ਗਹਿਰ ਗੰਭੀਰ ਅਪਾਰ ਗੁਣਤਾਸੁ ॥ (889-9)
गहिर ग्मभीर अपार गुणतासु ॥

ਜੀਅ ਜੰਤ ਸਗਲੇ ਪ੍ਰਤਿਪਾਲ ॥ (889-9)
जीअ जंत सगले प्रतिपाल ॥

ਨਾਨਕ ਸੰਤਹ ਦੇਖਿ ਨਿਹਾਲ ॥੪॥੧੦॥੨੧॥ (889-10)
नानक संतह देखि निहाल ॥४॥१०॥२१॥

ਰਾਮਕਲੀ ਮਹਲਾ ੫ ॥ (889-10)
रामकली महला ५ ॥

ਤੇਰੈ ਕਾਜਿ ਨ ਗ੍ਰਿਹੁ ਰਾਜੁ ਮਾਲੁ ॥ (889-10)
तेरै काजि न ग्रिहु राजु मालु ॥

ਤੇਰੈ ਕਾਜਿ ਨ ਬਿਖੈ ਜੰਜਾਲੁ ॥ (889-10)
तेरै काजि न बिखै जंजालु ॥

ਇਸਟ ਮੀਤ ਜਾਣੁ ਸਭ ਛਲੈ ॥ (889-11)
इसट मीत जाणु सभ छलै ॥

ਹਰਿ ਹਰਿ ਨਾਮੁ ਸੰਗਿ ਤੇਰੈ ਚਲੈ ॥੧॥ (889-11)
हरि हरि नामु संगि तेरै चलै ॥१॥

ਰਾਮ ਨਾਮ ਗੁਣ ਗਾਇ ਲੇ ਮੀਤਾ ਹਰਿ ਸਿਮਰਤ ਤੇਰੀ ਲਾਜ ਰਹੈ ॥ (889-11)
राम नाम गुण गाइ ले मीता हरि सिमरत तेरी लाज रहै ॥

ਹਰਿ ਸਿਮਰਤ ਜਮੁ ਕਛੁ ਨ ਕਹੈ ॥੧॥ ਰਹਾਉ ॥ (889-12)
हरि सिमरत जमु कछु न कहै ॥१॥ रहाउ ॥

ਬਿਨੁ ਹਰਿ ਸਗਲ ਨਿਰਾਰਥ ਕਾਮ ॥ (889-12)
बिनु हरि सगल निरारथ काम ॥

ਸੁਇਨਾ ਰੁਪਾ ਮਾਟੀ ਦਾਮ ॥ (889-13)
सुइना रुपा माटी दाम ॥

ਗੁਰ ਕਾ ਸਬਦੁ ਜਾਪਿ ਮਨ ਸੁਖਾ ॥ (889-13)
गुर का सबदु जापि मन सुखा ॥

ਈਹਾ ਊਹਾ ਤੇਰੋ ਊਜਲ ਮੁਖਾ ॥੨॥ (889-13)
ईहा ऊहा तेरो ऊजल मुखा ॥२॥

ਕਰਿ ਕਰਿ ਥਾਕੇ ਵਡੇ ਵਡੇਰੇ ॥ (889-14)
करि करि थाके वडे वडेरे ॥

ਕਿਨ ਹੀ ਨ ਕੀਏ ਕਾਜ ਮਾਇਆ ਪੂਰੇ ॥ (889-14)
किन ही न कीए काज माइआ पूरे ॥

ਹਰਿ ਹਰਿ ਨਾਮੁ ਜਪੈ ਜਨੁ ਕੋਇ ॥ (889-14)
हरि हरि नामु जपै जनु कोइ ॥

ਤਾ ਕੀ ਆਸਾ ਪੂਰਨ ਹੋਇ ॥੩॥ (889-15)
ता की आसा पूरन होइ ॥३॥

ਹਰਿ ਭਗਤਨ ਕੋ ਨਾਮੁ ਅਧਾਰੁ ॥ (889-15)
हरि भगतन को नामु अधारु ॥

ਸੰਤੀ ਜੀਤਾ ਜਨਮੁ ਅਪਾਰੁ ॥ (889-15)
संती जीता जनमु अपारु ॥

ਹਰਿ ਸੰਤੁ ਕਰੇ ਸੋਈ ਪਰਵਾਣੁ ॥ (889-16)
हरि संतु करे सोई परवाणु ॥

ਨਾਨਕ ਦਾਸੁ ਤਾ ਕੈ ਕੁਰਬਾਣੁ ॥੪॥੧੧॥੨੨॥ (889-16)
नानक दासु ता कै कुरबाणु ॥४॥११॥२२॥

ਰਾਮਕਲੀ ਮਹਲਾ ੫ ॥ (889-16)
रामकली महला ५ ॥

ਸਿੰਚਹਿ ਦਰਬੁ ਦੇਹਿ ਦੁਖੁ ਲੋਗ ॥ (889-17)
सिंचहि दरबु देहि दुखु लोग ॥

ਤੇਰੈ ਕਾਜਿ ਨ ਅਵਰਾ ਜੋਗ ॥ (889-17)
तेरै काजि न अवरा जोग ॥

ਕਰਿ ਅਹੰਕਾਰੁ ਹੋਇ ਵਰਤਹਿ ਅੰਧ ॥ (889-17)
करि अहंकारु होइ वरतहि अंध ॥

ਜਮ ਕੀ ਜੇਵੜੀ ਤੂ ਆਗੈ ਬੰਧ ॥੧॥ (889-17)
जम की जेवड़ी तू आगै बंध ॥१॥

ਛਾਡਿ ਵਿਡਾਣੀ ਤਾਤਿ ਮੂੜੇ ॥ (889-18)
छाडि विडाणी ताति मूड़े ॥

ਈਹਾ ਬਸਨਾ ਰਾਤਿ ਮੂੜੇ ॥ (889-18)
ईहा बसना राति मूड़े ॥

ਮਾਇਆ ਕੇ ਮਾਤੇ ਤੈ ਉਠਿ ਚਲਨਾ ॥ (889-18)
माइआ के माते तै उठि चलना ॥

ਰਾਚਿ ਰਹਿਓ ਤੂ ਸੰਗਿ ਸੁਪਨਾ ॥੧॥ ਰਹਾਉ ॥ (889-19)
राचि रहिओ तू संगि सुपना ॥१॥ रहाउ ॥

ਬਾਲ ਬਿਵਸਥਾ ਬਾਰਿਕੁ ਅੰਧ ॥ (889-19)
बाल बिवसथा बारिकु अंध ॥

ਭਰਿ ਜੋਬਨਿ ਲਾਗਾ ਦੁਰਗੰਧ ॥ (889-19)
भरि जोबनि लागा दुरगंध ॥

ਤ੍ਰਿਤੀਅ ਬਿਵਸਥਾ ਸਿੰਚੇ ਮਾਇ ॥ (890-1)
त्रितीअ बिवसथा सिंचे माइ ॥

ਬਿਰਧਿ ਭਇਆ ਛੋਡਿ ਚਲਿਓ ਪਛੁਤਾਇ ॥੨॥ (890-1)
बिरधि भइआ छोडि चलिओ पछुताइ ॥२॥

ਚਿਰੰਕਾਲ ਪਾਈ ਦ੍ਰੁਲਭ ਦੇਹ ॥ (890-1)
चिरंकाल पाई द्रुलभ देह ॥

ਨਾਮ ਬਿਹੂਣੀ ਹੋਈ ਖੇਹ ॥ (890-2)
नाम बिहूणी होई खेह ॥

ਪਸੂ ਪਰੇਤ ਮੁਗਧ ਤੇ ਬੁਰੀ ॥ (890-2)
पसू परेत मुगध ते बुरी ॥

ਤਿਸਹਿ ਨ ਬੂਝੈ ਜਿਨਿ ਏਹ ਸਿਰੀ ॥੩॥ (890-2)
तिसहि न बूझै जिनि एह सिरी ॥३॥

ਸੁਣਿ ਕਰਤਾਰ ਗੋਵਿੰਦ ਗੋਪਾਲ ॥ (890-3)
सुणि करतार गोविंद गोपाल ॥

ਦੀਨ ਦਇਆਲ ਸਦਾ ਕਿਰਪਾਲ ॥ (890-3)
दीन दइआल सदा किरपाल ॥

ਤੁਮਹਿ ਛਡਾਵਹੁ ਛੁਟਕਹਿ ਬੰਧ ॥ (890-3)
तुमहि छडावहु छुटकहि बंध ॥

ਬਖਸਿ ਮਿਲਾਵਹੁ ਨਾਨਕ ਜਗ ਅੰਧ ॥੪॥੧੨॥੨੩॥ (890-4)
बखसि मिलावहु नानक जग अंध ॥४॥१२॥२३॥

ਰਾਮਕਲੀ ਮਹਲਾ ੫ ॥ (890-4)
रामकली महला ५ ॥

ਕਰਿ ਸੰਜੋਗੁ ਬਨਾਈ ਕਾਛਿ ॥ (890-4)
करि संजोगु बनाई काछि ॥

ਤਿਸੁ ਸੰਗਿ ਰਹਿਓ ਇਆਨਾ ਰਾਚਿ ॥ (890-5)
तिसु संगि रहिओ इआना राचि ॥

ਪ੍ਰਤਿਪਾਰੈ ਨਿਤ ਸਾਰਿ ਸਮਾਰੈ ॥ (890-5)
प्रतिपारै नित सारि समारै ॥

ਅੰਤ ਕੀ ਬਾਰ ਊਠਿ ਸਿਧਾਰੈ ॥੧॥ (890-5)
अंत की बार ऊठि सिधारै ॥१॥

ਨਾਮ ਬਿਨਾ ਸਭੁ ਝੂਠੁ ਪਰਾਨੀ ॥ (890-6)
नाम बिना सभु झूठु परानी ॥

ਗੋਵਿਦ ਭਜਨ ਬਿਨੁ ਅਵਰ ਸੰਗਿ ਰਾਤੇ ਤੇ ਸਭਿ ਮਾਇਆ ਮੂਠੁ ਪਰਾਨੀ ॥੧॥ ਰਹਾਉ ॥ (890-6)
गोविद भजन बिनु अवर संगि राते ते सभि माइआ मूठु परानी ॥१॥ रहाउ ॥

ਤੀਰਥ ਨਾਇ ਨ ਉਤਰਸਿ ਮੈਲੁ ॥ (890-7)
तीरथ नाइ न उतरसि मैलु ॥

ਕਰਮ ਧਰਮ ਸਭਿ ਹਉਮੈ ਫੈਲੁ ॥ (890-7)
करम धरम सभि हउमै फैलु ॥

ਲੋਕ ਪਚਾਰੈ ਗਤਿ ਨਹੀ ਹੋਇ ॥ (890-7)
लोक पचारै गति नही होइ ॥

ਨਾਮ ਬਿਹੂਣੇ ਚਲਸਹਿ ਰੋਇ ॥੨॥ (890-8)
नाम बिहूणे चलसहि रोइ ॥२॥

ਬਿਨੁ ਹਰਿ ਨਾਮ ਨ ਟੂਟਸਿ ਪਟਲ ॥ (890-8)
बिनु हरि नाम न टूटसि पटल ॥

ਸੋਧੇ ਸਾਸਤ੍ਰ ਸਿਮ੍ਰਿਤਿ ਸਗਲ ॥ (890-8)
सोधे सासत्र सिम्रिति सगल ॥

ਸੋ ਨਾਮੁ ਜਪੈ ਜਿਸੁ ਆਪਿ ਜਪਾਏ ॥ (890-8)
सो नामु जपै जिसु आपि जपाए ॥

ਸਗਲ ਫਲਾ ਸੇ ਸੂਖਿ ਸਮਾਏ ॥੩॥ (890-9)
सगल फला से सूखि समाए ॥३॥

ਰਾਖਨਹਾਰੇ ਰਾਖਹੁ ਆਪਿ ॥ (890-9)
राखनहारे राखहु आपि ॥

ਸਗਲ ਸੁਖਾ ਪ੍ਰਭ ਤੁਮਰੈ ਹਾਥਿ ॥ (890-9)
सगल सुखा प्रभ तुमरै हाथि ॥

ਜਿਤੁ ਲਾਵਹਿ ਤਿਤੁ ਲਾਗਹ ਸੁਆਮੀ ॥ (890-10)
जितु लावहि तितु लागह सुआमी ॥

ਨਾਨਕ ਸਾਹਿਬੁ ਅੰਤਰਜਾਮੀ ॥੪॥੧੩॥੨੪॥ (890-10)
नानक साहिबु अंतरजामी ॥४॥१३॥२४॥

ਰਾਮਕਲੀ ਮਹਲਾ ੫ ॥ (890-11)
रामकली महला ५ ॥

ਜੋ ਕਿਛੁ ਕਰੈ ਸੋਈ ਸੁਖੁ ਜਾਨਾ ॥ (890-11)
जो किछु करै सोई सुखु जाना ॥

ਮਨੁ ਅਸਮਝੁ ਸਾਧਸੰਗਿ ਪਤੀਆਨਾ ॥ (890-11)
मनु असमझु साधसंगि पतीआना ॥

ਡੋਲਨ ਤੇ ਚੂਕਾ ਠਹਰਾਇਆ ॥ (890-11)
डोलन ते चूका ठहराइआ ॥

ਸਤਿ ਮਾਹਿ ਲੇ ਸਤਿ ਸਮਾਇਆ ॥੧॥ (890-12)
सति माहि ले सति समाइआ ॥१॥

ਦੂਖੁ ਗਇਆ ਸਭੁ ਰੋਗੁ ਗਇਆ ॥ (890-12)
दूखु गइआ सभु रोगु गइआ ॥

ਪ੍ਰਭ ਕੀ ਆਗਿਆ ਮਨ ਮਹਿ ਮਾਨੀ ਮਹਾ ਪੁਰਖ ਕਾ ਸੰਗੁ ਭਇਆ ॥੧॥ ਰਹਾਉ ॥ (890-12)
प्रभ की आगिआ मन महि मानी महा पुरख का संगु भइआ ॥१॥ रहाउ ॥

ਸਗਲ ਪਵਿਤ੍ਰ ਸਰਬ ਨਿਰਮਲਾ ॥ (890-13)
सगल पवित्र सरब निरमला ॥

ਜੋ ਵਰਤਾਏ ਸੋਈ ਭਲਾ ॥ (890-13)
जो वरताए सोई भला ॥

ਜਹ ਰਾਖੈ ਸੋਈ ਮੁਕਤਿ ਥਾਨੁ ॥ (890-14)
जह राखै सोई मुकति थानु ॥

ਜੋ ਜਪਾਏ ਸੋਈ ਨਾਮੁ ॥੨॥ (890-14)
जो जपाए सोई नामु ॥२॥

ਅਠਸਠਿ ਤੀਰਥ ਜਹ ਸਾਧ ਪਗ ਧਰਹਿ ॥ (890-14)
अठसठि तीरथ जह साध पग धरहि ॥

ਤਹ ਬੈਕੁੰਠੁ ਜਹ ਨਾਮੁ ਉਚਰਹਿ ॥ (890-15)
तह बैकुंठु जह नामु उचरहि ॥

ਸਰਬ ਅਨੰਦ ਜਬ ਦਰਸਨੁ ਪਾਈਐ ॥ (890-15)
सरब अनंद जब दरसनु पाईऐ ॥

ਰਾਮ ਗੁਣਾ ਨਿਤ ਨਿਤ ਹਰਿ ਗਾਈਐ ॥੩॥ (890-15)
राम गुणा नित नित हरि गाईऐ ॥३॥

ਆਪੇ ਘਟਿ ਘਟਿ ਰਹਿਆ ਬਿਆਪਿ ॥ (890-16)
आपे घटि घटि रहिआ बिआपि ॥

ਦਇਆਲ ਪੁਰਖ ਪਰਗਟ ਪਰਤਾਪ ॥ (890-16)
दइआल पुरख परगट परताप ॥

ਕਪਟ ਖੁਲਾਨੇ ਭ੍ਰਮ ਨਾਠੇ ਦੂਰੇ ॥ (890-16)
कपट खुलाने भ्रम नाठे दूरे ॥

ਨਾਨਕ ਕਉ ਗੁਰ ਭੇਟੇ ਪੂਰੇ ॥੪॥੧੪॥੨੫॥ (890-17)
नानक कउ गुर भेटे पूरे ॥४॥१४॥२५॥

ਰਾਮਕਲੀ ਮਹਲਾ ੫ ॥ (890-17)
रामकली महला ५ ॥

ਕੋਟਿ ਜਾਪ ਤਾਪ ਬਿਸ੍ਰਾਮ ॥ (890-17)
कोटि जाप ताप बिस्राम ॥

ਰਿਧਿ ਬੁਧਿ ਸਿਧਿ ਸੁਰ ਗਿਆਨ ॥ (890-18)
रिधि बुधि सिधि सुर गिआन ॥

ਅਨਿਕ ਰੂਪ ਰੰਗ ਭੋਗ ਰਸੈ ॥ (890-18)
अनिक रूप रंग भोग रसै ॥

ਗੁਰਮੁਖਿ ਨਾਮੁ ਨਿਮਖ ਰਿਦੈ ਵਸੈ ॥੧॥ (890-18)
गुरमुखि नामु निमख रिदै वसै ॥१॥

ਹਰਿ ਕੇ ਨਾਮ ਕੀ ਵਡਿਆਈ ॥ (890-19)
हरि के नाम की वडिआई ॥

ਕੀਮਤਿ ਕਹਣੁ ਨ ਜਾਈ ॥੧॥ ਰਹਾਉ ॥ (890-19)
कीमति कहणु न जाई ॥१॥ रहाउ ॥

ਸੂਰਬੀਰ ਧੀਰਜ ਮਤਿ ਪੂਰਾ ॥ (890-19)
सूरबीर धीरज मति पूरा ॥

ਸਹਜ ਸਮਾਧਿ ਧੁਨਿ ਗਹਿਰ ਗੰਭੀਰਾ ॥ (891-1)
सहज समाधि धुनि गहिर ग्मभीरा ॥

ਸਦਾ ਮੁਕਤੁ ਤਾ ਕੇ ਪੂਰੇ ਕਾਮ ॥ (891-1)
सदा मुकतु ता के पूरे काम ॥

ਜਾ ਕੈ ਰਿਦੈ ਵਸੈ ਹਰਿ ਨਾਮ ॥੨॥ (891-1)
जा कै रिदै वसै हरि नाम ॥२॥

ਸਗਲ ਸੂਖ ਆਨੰਦ ਅਰੋਗ ॥ (891-2)
सगल सूख आनंद अरोग ॥

ਸਮਦਰਸੀ ਪੂਰਨ ਨਿਰਜੋਗ ॥ (891-2)
समदरसी पूरन निरजोग ॥

ਆਇ ਨ ਜਾਇ ਡੋਲੈ ਕਤ ਨਾਹੀ ॥ (891-2)
आइ न जाइ डोलै कत नाही ॥

ਜਾ ਕੈ ਨਾਮੁ ਬਸੈ ਮਨ ਮਾਹੀ ॥੩॥ (891-2)
जा कै नामु बसै मन माही ॥३॥

ਦੀਨ ਦਇਆਲ ਗੁੋਪਾਲ ਗੋੁਵਿੰਦ ॥ (891-3)
दीन दइआल गुोपाल गोविंद ॥

ਗੁਰਮੁਖਿ ਜਪੀਐ ਉਤਰੈ ਚਿੰਦ ॥ (891-3)
गुरमुखि जपीऐ उतरै चिंद ॥

ਨਾਨਕ ਕਉ ਗੁਰਿ ਦੀਆ ਨਾਮੁ ॥ (891-3)
नानक कउ गुरि दीआ नामु ॥

ਸੰਤਨ ਕੀ ਟਹਲ ਸੰਤ ਕਾ ਕਾਮੁ ॥੪॥੧੫॥੨੬॥ (891-4)
संतन की टहल संत का कामु ॥४॥१५॥२६॥

ਰਾਮਕਲੀ ਮਹਲਾ ੫ ॥ (891-4)
रामकली महला ५ ॥

ਬੀਜ ਮੰਤ੍ਰੁ ਹਰਿ ਕੀਰਤਨੁ ਗਾਉ ॥ (891-4)
बीज मंत्रु हरि कीरतनु गाउ ॥

ਆਗੈ ਮਿਲੀ ਨਿਥਾਵੇ ਥਾਉ ॥ (891-5)
आगै मिली निथावे थाउ ॥

ਗੁਰ ਪੂਰੇ ਕੀ ਚਰਣੀ ਲਾਗੁ ॥ (891-5)
गुर पूरे की चरणी लागु ॥

ਜਨਮ ਜਨਮ ਕਾ ਸੋਇਆ ਜਾਗੁ ॥੧॥ (891-5)
जनम जनम का सोइआ जागु ॥१॥

ਹਰਿ ਹਰਿ ਜਾਪੁ ਜਪਲਾ ॥ (891-6)
हरि हरि जापु जपला ॥

ਗੁਰ ਕਿਰਪਾ ਤੇ ਹਿਰਦੈ ਵਾਸੈ ਭਉਜਲੁ ਪਾਰਿ ਪਰਲਾ ॥੧॥ ਰਹਾਉ ॥ (891-6)
गुर किरपा ते हिरदै वासै भउजलु पारि परला ॥१॥ रहाउ ॥

ਨਾਮੁ ਨਿਧਾਨੁ ਧਿਆਇ ਮਨ ਅਟਲ ॥ (891-6)
नामु निधानु धिआइ मन अटल ॥

ਤਾ ਛੂਟਹਿ ਮਾਇਆ ਕੇ ਪਟਲ ॥ (891-7)
ता छूटहि माइआ के पटल ॥

ਗੁਰ ਕਾ ਸਬਦੁ ਅੰਮ੍ਰਿਤ ਰਸੁ ਪੀਉ ॥ (891-7)
गुर का सबदु अमृत रसु पीउ ॥

ਤਾ ਤੇਰਾ ਹੋਇ ਨਿਰਮਲ ਜੀਉ ॥੨॥ (891-7)
ता तेरा होइ निरमल जीउ ॥२॥

ਸੋਧਤ ਸੋਧਤ ਸੋਧਿ ਬੀਚਾਰਾ ॥ (891-8)
सोधत सोधत सोधि बीचारा ॥

ਬਿਨੁ ਹਰਿ ਭਗਤਿ ਨਹੀ ਛੁਟਕਾਰਾ ॥ (891-8)
बिनु हरि भगति नही छुटकारा ॥

ਸੋ ਹਰਿ ਭਜਨੁ ਸਾਧ ਕੈ ਸੰਗਿ ॥ (891-8)
सो हरि भजनु साध कै संगि ॥

ਮਨੁ ਤਨੁ ਰਾਪੈ ਹਰਿ ਕੈ ਰੰਗਿ ॥੩॥ (891-9)
मनु तनु रापै हरि कै रंगि ॥३ ॥

ਛੋਡਿ ਸਿਆਣਪ ਬਹੁ ਚਤੁਰਾਈ ॥ (891-9)
छोडि सिआणप बहु चतुराई ॥

ਮਨ ਬਿਨੁ ਹਰਿ ਨਾਵੈ ਜਾਇ ਨ ਕਾਈ ॥ (891-9)
मन बिनु हरि नावै जाइ न काई ॥

ਦਇਆ ਧਾਰੀ ਗੋਵਿਦ ਗੋੁਸਾਈ ॥ (891-10)
दइआ धारी गोविद गोुसाई ॥

ਹਰਿ ਹਰਿ ਨਾਨਕ ਟੇਕ ਟਿਕਾਈ ॥੪॥੧੬॥੨੭॥ (891-10)
हरि हरि नानक टेक टिकाई ॥४ ॥१६ ॥२७ ॥

ਰਾਮਕਲੀ ਮਹਲਾ ੫ ॥ (891-11)
रामकली महला ५ ॥

ਸੰਤ ਕੈ ਸੰਗਿ ਰਾਮ ਰੰਗ ਕੇਲ ॥ (891-11)
संत कै संगि राम रंग केल ॥

ਆਗੈ ਜਮ ਸਿਉ ਹੋਇ ਨ ਮੇਲ ॥ (891-11)
आगै जम सिउ होइ न मेल ॥

ਅਹੰਬੁਧਿ ਕਾ ਭਇਆ ਬਿਨਾਸ ॥ (891-11)
अहम्बुधि का भइआ बिनास ॥

ਦੁਰਮਤਿ ਹੋਈ ਸਗਲੀ ਨਾਸ ॥੧॥ (891-12)
दुरमति होई सगली नास ॥१ ॥

ਰਾਮ ਨਾਮ ਗੁਣ ਗਾਇ ਪੰਡਿਤ ॥ (891-12)
राम नाम गुण गाइ पंडित ॥

ਕਰਮ ਕਾਂਡ ਅਹੰਕਾਰੁ ਨ ਕਾਜੈ ਕੁਸਲ ਸੇਤੀ ਘਰਿ ਜਾਹਿ ਪੰਡਿਤ ॥੧॥ ਰਹਾਉ ॥ (891-12)
करम कांड अहंकारु न काजै कुसल सेती घरि जाहि पंडित ॥१॥ रहाउ ॥

ਹਰਿ ਕਾ ਜਸੁ ਨਿਧਿ ਲੀਆ ਲਾਭ ॥ (891-13)
हरि का जसु निधि लीआ लाभ ॥

ਪੂਰਨ ਭਏ ਮਨੋਰਥ ਸਾਭ ॥ (891-13)
पूरन भए मनोरथ साभ ॥

ਦੁਖੁ ਨਾਠਾ ਸੁਖੁ ਘਰ ਮਹਿ ਆਇਆ ॥ (891-14)
दुखु नाठा सुखु घर महि आइआ ॥

ਸੰਤ ਪ੍ਰਸਾਦਿ ਕਮਲੁ ਬਿਗਸਾਇਆ ॥੨॥ (891-14)
संत प्रसादि कमलु बिगसाइआ ॥२॥

ਨਾਮ ਰਤਨੁ ਜਿਨਿ ਪਾਇਆ ਦਾਨੁ ॥ (891-14)
नाम रतनु जिनि पाइआ दानु ॥

ਤਿਸੁ ਜਨ ਹੋਏ ਸਗਲ ਨਿਧਾਨ ॥ (891-15)
तिसु जन होए सगल निधान ॥

ਸੰਤੋਖੁ ਆਇਆ ਮਨਿ ਪੂਰਾ ਪਾਇ ॥ (891-15)
संतोखु आइआ मनि पूरा पाइ ॥

ਫਿਰਿ ਫਿਰਿ ਮਾਗਨ ਕਾਹੇ ਜਾਇ ॥੩॥ (891-15)
फिरि फिरि मागन काहे जाइ ॥३॥

ਹਰਿ ਕੀ ਕਥਾ ਸੁਨਤ ਪਵਿਤ ॥ (891-16)
हरि की कथा सुनत पवित ॥

ਜਿਹਵਾ ਬਕਤ ਪਾਈ ਗਤਿ ਮਤਿ ॥ (891-16)
जिहवा बकत पाई गति मति ॥

ਸੋ ਪਰਵਾਣੁ ਜਿਸੁ ਰਿਦੈ ਵਸਾਈ ॥ (891-16)
सो परवाणु जिसु रिदै वसाई ॥

ਨਾਨਕ ਤੇ ਜਨ ਊਤਮ ਭਾਈ ॥੪॥੧੭॥੨੮॥ (891-17)
नानक ते जन ऊतम भाई ॥४॥१७॥२८॥

ਰਾਮਕਲੀ ਮਹਲਾ ੫ ॥ (891-17)
रामकली महला ५ ॥

ਗਹੁ ਕਰਿ ਪਕਰੀ ਨ ਆਈ ਹਾਥਿ ॥ (891-17)
गहु करि पकरी न आई हाथि ॥

ਪ੍ਰੀਤਿ ਕਰੀ ਚਾਲੀ ਨਹੀ ਸਾਥਿ ॥ (891-18)
प्रीति करी चाली नही साथि ॥

ਕਹੁ ਨਾਨਕ ਜਉ ਤਿਆਗਿ ਦਈ ॥ (891-18)
कहु नानक जउ तिआगि दई ॥

ਤਬ ਓਹ ਚਰਣੀ ਆਇ ਪਈ ॥੧॥ (891-18)
तब ओह चरणी आइ पई ॥१॥

ਸੁਣਿ ਸੰਤਹੁ ਨਿਰਮਲ ਬੀਚਾਰ ॥ (891-19)
सुणि संतहु निरमल बीचार ॥

ਰਾਮ ਨਾਮ ਬਿਨੁ ਗਤਿ ਨਹੀ ਕਾਈ ਗੁਰੁ ਪੂਰਾ ਭੇਟਤ ਉਧਾਰ ॥੧॥ ਰਹਾਉ ॥ (891-19)
राम नाम बिनु गति नही काई गुरु पूरा भेटत उधार ॥१॥ रहाउ ॥

ਜਬ ਉਸ ਕਉ ਕੋਈ ਦੇਵੈ ਮਾਨੁ ॥ (892-1)
जब उस कउ कोई देवै मानु ॥

ਤਬ ਆਪਸ ਊਪਰਿ ਰਖੈ ਗੁਮਾਨੁ ॥ (892-1)
तब आपस ऊपरि रखै गुमानु ॥

ਜਬ ਉਸ ਕਉ ਕੋਈ ਮਨਿ ਪਰਹਰੈ ॥ (892-1)
जब उस कउ कोई मनि परहरै ॥

ਤਬ ਓਹ ਸੇਵਕਿ ਸੇਵਾ ਕਰੈ ॥੨॥ (892-2)
तब ओह सेवकि सेवा करै ॥२॥

ਮੁਖਿ ਬੇਰਾਵੈ ਅੰਤਿ ਠਗਾਵੈ ॥ (892-2)
मुखि बेरावै अंति ठगावै ॥

ਇਕਤੁ ਠਉਰ ਓਹ ਕਹੀ ਨ ਸਮਾਵੈ ॥ (892-2)
इकतु ठउर ओह कही न समावै ॥

ਉਨਿ ਮੋਹੇ ਬਹੁਤੇ ਬ੍ਰਹਮੰਡ ॥ (892-3)
उनि मोहे बहुते ब्रहमंड ॥

ਰਾਮ ਜਨੀ ਕੀਨੀ ਖੰਡ ਖੰਡ ॥੩॥ (892-3)
राम जनी कीनी खंड खंड ॥३॥

ਜੋ ਮਾਗੈ ਸੋ ਭੂਖਾ ਰਹੈ ॥ (892-3)
जो मागै सो भूखा रहै ॥

ਇਸੁ ਸੰਗਿ ਰਾਚੈ ਸੁ ਕਛੂ ਨ ਲਹੈ ॥ (892-3)
इसु संगि राचै सु कछू न लहै ॥

ਇਸਹਿ ਤਿਆਗਿ ਸਤਸੰਗਤਿ ਕਰੈ ॥ (892-4)
इसहि तिआगि सतसंगति करै ॥

ਵਡਭਾਗੀ ਨਾਨਕ ਓਹੁ ਤਰੈ ॥੪॥੧੮॥੨੯॥ (892-4)
वडभागी नानक ओहु तरै ॥४॥१८॥२९॥

ਰਾਮਕਲੀ ਮਹਲਾ ੫ ॥ (892-4)
रामकली महला ५ ॥

ਆਤਮ ਰਾਮੁ ਸਰਬ ਮਹਿ ਪੇਖੁ ॥ (892-5)
आतम रामु सरब महि पेखु ॥

ਪੂਰਨ ਪੂਰਿ ਰਹਿਆ ਪ੍ਰਭ ਏਕੁ ॥ (892-5)
पूरन पूरि रहिआ प्रभ एकु ॥

ਰਤਨੁ ਅਮੋਲੁ ਰਿਦੇ ਮਹਿ ਜਾਨੁ ॥ (892-5)
रतनु अमोलु रिदे महि जानु ॥

ਅਪਨੀ ਵਸਤੁ ਤੂ ਆਪਿ ਪਛਾਨੁ ॥੧॥ (892-6)
अपनी वसतु तू आपि पछानु ॥१॥

ਪੀ ਅੰਮ੍ਰਿਤੁ ਸੰਤਨ ਪਰਸਾਦਿ ॥ (892-6)
पी अमृतु संतन परसादि ॥

ਵਡੇ ਭਾਗ ਹੋਵਹਿ ਤਉ ਪਾਈਐ ਬਿਨੁ ਜਿਹਵਾ ਕਿਆ ਜਾਣੈ ਸੁਆਦੁ ॥੧॥ ਰਹਾਉ ॥ (892-6)
वडे भाग होवहि तउ पाईऐ बिनु जिहवा किआ जाणै सुआदु ॥१॥ रहाउ ॥

ਅਠ ਦਸ ਬੇਦ ਸੁਨੇ ਕਹ ਡੋਰਾ ॥ (892-7)
अठ दस बेद सुने कह डोरा ॥

ਕੋਟਿ ਪ੍ਰਗਾਸ ਨ ਦਿਸੈ ਅੰਧੇਰਾ ॥ (892-7)
कोटि प्रगास न दिसै अंधेरा ॥

ਪਸੂ ਪਰੀਤਿ ਘਾਸ ਸੰਗਿ ਰਚੈ ॥ (892-8)
पसू परीति घास संगि रचै ॥

ਜਿਸੁ ਨਹੀ ਬੁਝਾਵੈ ਸੋ ਕਿਤੁ ਬਿਧਿ ਬੁਝੈ ॥੨॥ (892-8)
जिसु नही बुझावै सो कितु बिधि बुझै ॥२॥

ਜਾਨਣਹਾਰੁ ਰਹਿਆ ਪ੍ਰਭੁ ਜਾਨਿ ॥ (892-8)
जानणहारु रहिआ प्रभु जानि ॥

ਓਤਿ ਪੋਤਿ ਭਗਤਨ ਸੰਗਾਨਿ ॥ (892-9)
ओति पोति भगतन संगानि ॥

ਬਿਗਸਿ ਬਿਗਸਿ ਅਪੁਨਾ ਪ੍ਰਭੁ ਗਾਵਹਿ ॥ (892-9)
बिगसि बिगसि अपुना प्रभु गावहि ॥

ਨਾਨਕ ਤਿਨ ਜਮ ਨੇੜਿ ਨ ਆਵਹਿ ॥੩॥੧੯॥੩੦॥ (892-9)
नानक तिन जम नेड़ि न आवहि ॥३॥१९॥३०॥

ਰਾਮਕਲੀ ਮਹਲਾ ੫ ॥ (892-10)
रामकली महला ५ ॥

ਦੀਨੋ ਨਾਮੁ ਕੀਓ ਪਵਿਤੁ ॥ (892-10)
दीनो नामु कीओ पवितु ॥

ਹਰਿ ਧਨੁ ਰਾਸਿ ਨਿਰਾਸ ਇਹ ਬਿਤੁ ॥ (892-10)
हरि धनु रासि निरास इह बितु ॥

ਕਾਟੀ ਬੰਧਿ ਹਰਿ ਸੇਵਾ ਲਾਏ ॥ (892-11)
काटी बंधि हरि सेवा लाए ॥

ਹਰਿ ਹਰਿ ਭਗਤਿ ਰਾਮ ਗੁਣ ਗਾਏ ॥੧॥ (892-11)
हरि हरि भगति राम गुण गाए ॥१॥

ਬਾਜੇ ਅਨਹਦ ਬਾਜਾ ॥ (892-11)
बाजे अनहद बाजा ॥

ਰਸਕਿ ਰਸਕਿ ਗੁਣ ਗਾਵਹਿ ਹਰਿ ਜਨ ਅਪਨੈ ਗੁਰਦੇਵਿ ਨਿਵਾਜਾ ॥੧॥ ਰਹਾਉ ॥ (892-12)
रसकि रसकि गुण गावहि हरि जन अपनै गुरदेवि निवाजा ॥१॥ रहाउ ॥

ਆਇ ਬਨਿਓ ਪੂਰਬਲਾ ਭਾਗੁ ॥ (892-12)
आइ बनिओ पूरबला भागु ॥

ਜਨਮ ਜਨਮ ਕਾ ਸੋਇਆ ਜਾਗੁ ॥ (892-13)
जनम जनम का सोइआ जागु ॥

ਗਈ ਗਿਲਾਨਿ ਸਾਧ ਕੈ ਸੰਗਿ ॥ (892-13)
ਗੁਰ ਪਰਸਾਦੀ ਹਰਿ ਮੰਨਿ ਵਸਿਆ ਪੂਰਬਿ ਲਿਖਿਆ ਪਾਇਆ ॥ (922-3)
गुर परसादी हरि मंनि वसिआ पूरबि लिखिआ पाइआ ॥

ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ ਜਿਨਿ ਸਤਿਗੁਰ ਸਿਉ ਚਿਤੁ ਲਾਇਆ ॥੩੫॥ (922-4)
कहै नानकु एहु सरीरु परवाणु होआ जिनि सतिगुर सिउ चितु लाइआ ॥३५॥

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥ (922-4)
ए नेत्रहु मेरिहो हरि तुम महि जोति धरी हरि बिनु अवरु न देखहु कोई ॥

ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ ॥ (922-5)
हरि बिनु अवरु न देखहु कोई नदरी हरि निहालिआ ॥

ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥ (922-6)
एहु विसु संसारु तुम देखदे एहु हरि का रूपु है हरि रूपु नदरी आइआ ॥

ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ ਹਰਿ ਬਿਨੁ ਅਵਰੁ ਨ ਕੋਈ ॥ (922-7)
गुर परसादी बुझिआ जा वेखा हरि इकु है हरि बिनु अवरु न कोई ॥

ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ ॥੩੬॥ (922-7)
कहै नानकु एहि नेत्र अंध से सतिगुरि मिलिऐ दिब द्रिसटि होई ॥३६॥

ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥ (922-8)
ए स्रवणहु मेरिहो साचै सुनणै नो पठाए ॥

ਸਾਚੈ ਸੁਨਣੈ ਨੋੁ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ ॥ (922-8)
साचै सुनणै नो पठाए सरीरि लाए सुणहु सति बाणी ॥

ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ ॥ (922-9)
जितु सुणी मनु तनु हरिआ होआ रसना रसि समाणी ॥

ਸਚੁ ਅਲਖ ਵਿਡਾਣੀ ਤਾ ਕੀ ਗਤਿ ਕਹੀ ਨ ਜਾਏ ॥ (922-9)
सचु अलख विडाणी ता की गति कही न जाए ॥

ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ ਪਵਿਤ੍ਰ ਹੋਵਹੁ ਸਾਚੈ ਸੁਨਣੈ ਨੋੁ ਪਠਾਏ ॥੩੭॥ (922-10)
कहै नानकु अमृत नामु सुणहु पवित्र होवहु साचै सुनणै नो पठाए ॥३७॥

ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥ (922-11)
हरि जीउ गुफा अंदरि रखि कै वाजा पवणु वजाइआ ॥

ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ ॥ (922-11)
वजाइआ वाजा पउण नउ दुआरे परगटु कीए दसवा गुपतु रखाइआ ॥

ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ ॥ (922-12)
गुरदुआरै लाइ भावनी इकना दसवा दुआरु दिखाइआ ॥

ਤਹ ਅਨੇਕ ਰੂਪ ਨਾਉ ਨਵ ਨਿਧਿ ਤਿਸ ਦਾ ਅੰਤੁ ਨ ਜਾਈ ਪਾਇਆ ॥ (922-13)
तह अनेक रूप नाउ नव निधि तिस दा अंतु न जाई पाइआ ॥

ਕਹੈ ਨਾਨਕੁ ਹਰਿ ਪਿਆਰੈ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ ॥੩੮॥ (922-13)
कहै नानकु हरि पिआरै जीउ गुफा अंदरि रखि कै वाजा पवणु वजाइआ ॥३८॥

ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ ॥ (922-14)
एहु साचा सोहिला साचै घरि गावहु ॥

ਗਾਵਹੁ ਤ ਸੋਹਿਲਾ ਘਰਿ ਸਾਚੈ ਜਿਥੈ ਸਦਾ ਸਚੁ ਧਿਆਵਹੇ ॥ (922-15)
गावहु त सोहिला घरि साचै जिथै सदा सचु धिआवहे ॥

ਸਚੋ ਧਿਆਵਹਿ ਜਾ ਤੁਧੁ ਭਾਵਹਿ ਗੁਰਮੁਖਿ ਜਿਨਾ ਬੁਝਾਵਹੇ ॥ (922-15)
सचो धिआवहि जा तुधु भावहि गुरमुखि जिना बुझावहे ॥

ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ ॥ (922-16)
इहु सचु सभना का खसमु है जिसु बखसे सो जनु पावहे ॥

ਕਹੈ ਨਾਨਕੁ ਸਚੁ ਸੋਹਿਲਾ ਸਚੈ ਘਰਿ ਗਾਵਹੇ ॥੩੯॥ (922-16)
कहै नानकु सचु सोहिला सचै घरि गावहे ॥३९॥

ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥ (922-17)
अनदु सुणहु वडभागीहो सगल मनोरथ पूरे ॥

ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥ (922-17)
पारब्रहमु प्रभु पाइआ उतरे सगल विसूरे ॥

ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥ (922-18)
दूख रोग संताप उतरे सुणी सची बाणी ॥

ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥ (922-18)
संत साजन भए सरसे पूरे गुर ते जाणी ॥

ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥ (922-18)
सुणते पुनीत कहते पवितु सतिगुरु रहिआ भरपूरे ॥

ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ ॥੪੦॥੧॥ (922-19)
बिनवंति नानकु गुर चरण लागे वाजे अनहद तूरे ॥४०॥१॥

ਰਾਮਕਲੀ ਸਦੁ (923-1)
रामकली सदु

ੴ ਸਤਿਗੁਰ ਪ੍ਰਸਾਦਿ ॥ (923-1)
ੴ सतिगुर प्रसादि ॥

ਜਗਿ ਦਾਤਾ ਸੋਇ ਭਗਤਿ ਵਛਲੁ ਤਿਹੁ ਲੋਇ ਜੀਉ ॥ (923-2)
जगि दाता सोइ भगति वछलु तिहु लोइ जीउ ॥

ਗੁਰ ਸਬਦਿ ਸਮਾਵਏ ਅਵਰੁ ਨ ਜਾਣੈ ਕੋਇ ਜੀਉ ॥ (923-2)
गुर सबदि समावए अवरु न जाणै कोइ जीउ ॥

ਅਵਰੋ ਨ ਜਾਣਹਿ ਸਬਦਿ ਗੁਰ ਕੈ ਏਕੁ ਨਾਮੁ ਧਿਆਵਹੇ ॥ (923-2)
अवरो न जाणहि सबदि गुर कै एकु नामु धिआवहे ॥

ਪਰਸਾਦਿ ਨਾਨਕ ਗੁਰੂ ਅੰਗਦ ਪਰਮ ਪਦਵੀ ਪਾਵਹੇ ॥ (923-3)
परसादि नानक गुरू अंगद परम पदवी पावहे ॥

ਆਇਆ ਹਕਾਰਾ ਚਲਣਵਾਰਾ ਹਰਿ ਰਾਮ ਨਾਮਿ ਸਮਾਇਆ ॥ (923-4)
आइआ हकारा चलणवारा हरि राम नामि समाइआ ॥

ਜਗਿ ਅਮਰੁ ਅਟਲੁ ਅਤੋਲੁ ਠਾਕੁਰੁ ਭਗਤਿ ਤੇ ਹਰਿ ਪਾਇਆ ॥੧॥ (923-4)
जगि अमरु अटलु अतोलु ठाकुरु भगति ते हरि पाइआ ॥१॥

ਹਰਿ ਭਾਣਾ ਗੁਰ ਭਾਇਆ ਗੁਰੁ ਜਾਵੈ ਹਰਿ ਪ੍ਰਭ ਪਾਸਿ ਜੀਉ ॥ (923-5)
हरि भाणा गुर भाइआ गुरु जावै हरि प्रभ पासि जीउ ॥

ਸਤਿਗੁਰੁ ਕਰੇ ਹਰਿ ਪਹਿ ਬੇਨਤੀ ਮੇਰੀ ਪੈਜ ਰਖਹੁ ਅਰਦਾਸਿ ਜੀਉ ॥ (923-5)
सतिगुरु करे हरि पहि बेनती मेरी पैज रखहु अरदासि जीउ ॥

ਪੈਜ ਰਾਖਹੁ ਹਰਿ ਜਨਹ ਕੇਰੀ ਹਰਿ ਦੇਹੁ ਨਾਮੁ ਨਿਰੰਜਨੋ ॥ (923-6)
पैज राखहु हरि जनह केरी हरि देहु नामु निरंजनो ॥

ਅੰਤਿ ਚਲਦਿਆ ਹੋਇ ਬੇਲੀ ਜਮਦੂਤ ਕਾਲੁ ਨਿਖੰਜਨੋ ॥ (923-6)
अंति चलदिआ होइ बेली जमदूत कालु निखंजनो ॥

ਸਤਿਗੁਰੂ ਕੀ ਬੇਨਤੀ ਪਾਈ ਹਰਿ ਪ੍ਰਭਿ ਸੁਣੀ ਅਰਦਾਸਿ ਜੀਉ ॥ (923-7)
सतिगुरू की बेनती पाई हरि प्रभि सुणी अरदासि जीउ ॥

ਹਰਿ ਧਾਰਿ ਕਿਰਪਾ ਸਤਿਗੁਰੁ ਮਿਲਾਇਆ ਧਨੁ ਧਨੁ ਕਹੈ ਸਾਬਾਸਿ ਜੀਉ ॥੨॥ (923-8)
हरि धारि किरपा सतिगुरु मिलाइआ धनु धनु कहै साबासि जीउ ॥२॥

ਮੇਰੇ ਸਿਖ ਸੁਣਹੁ ਪੁਤ ਭਾਈਹੋ ਮੇਰੈ ਹਰਿ ਭਾਣਾ ਆਉ ਮੈ ਪਾਸਿ ਜੀਉ ॥ (923-8)
मेरे सिख सुणहु पुत भाईहो मेरै हरि भाणा आउ मै पासि जीउ ॥

ਹਰਿ ਭਾਣਾ ਗੁਰ ਭਾਇਆ ਮੇਰਾ ਹਰਿ ਪ੍ਰਭੁ ਕਰੇ ਸਾਬਾਸਿ ਜੀਉ ॥ (923-9)
हरि भाणा गुर भाइआ मेरा हरि प्रभु करे साबासि जीउ ॥

ਭਗਤੁ ਸਤਿਗੁਰੁ ਪੁਰਖੁ ਸੋਈ ਜਿਸੁ ਹਰਿ ਪ੍ਰਭ ਭਾਣਾ ਭਾਵਏ ॥ (923-9)
भगतु सतिगुरु पुरखु सोई जिसु हरि प्रभ भाणा भावए ॥

ਆਨੰਦ ਅਨਹਦ ਵਜਹਿ ਵਾਜੇ ਹਰਿ ਆਪਿ ਗਲਿ ਮੇਲਾਵਏ ॥ (923-10)
आनंद अनहद वजहि वाजे हरि आपि गलि मेलावए ॥

ਤੁਸੀ ਪੁਤ ਭਾਈ ਪਰਵਾਰੁ ਮੇਰਾ ਮਨਿ ਵੇਖਹੁ ਕਰਿ ਨਿਰਜਾਸਿ ਜੀਉ ॥ (923-11)
तुसी पुत भाई परवारु मेरा मनि वेखहु करि निरजासि जीउ ॥

ਧੁਰਿ ਲਿਖਿਆ ਪਰਵਾਣਾ ਫਿਰੈ ਨਾਹੀ ਗੁਰੁ ਜਾਇ ਹਰਿ ਪ੍ਰਭ ਪਾਸਿ ਜੀਉ ॥੩॥ (923-11)
धुरि लिखिआ परवाणा फिरै नाही गुरु जाइ हरि प्रभ पासि जीउ ॥३॥

ਸਤਿਗੁਰਿ ਭਾਣੈ ਆਪਣੈ ਬਹਿ ਪਰਵਾਰੁ ਸਦਾਇਆ ॥ (923-12)
सतिगुरि भाणै आपणै बहि परवारु सदाइआ ॥

ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ ॥ (923-12)
मत मै पिछै कोई रोवसी सो मै मूलि न भाइआ ॥

ਮਿਤੁ ਪੈਝੈ ਮਿਤੁ ਬਿਗਸੈ ਜਿਸੁ ਮਿਤ ਕੀ ਪੈਜ ਭਾਵਏ ॥ (923-13)
मितु पैझै मितु बिगसै जिसु मित की पैज भावए ॥

ਤੁਸੀ ਵੀਚਾਰਿ ਦੇਖਹੁ ਪੁਤ ਭਾਈ ਹਰਿ ਸਤਿਗੁਰੂ ਪੈਨਾਵਏ ॥ (923-13)
तुसी वीचारि देखहु पुत भाई हरि सतिगुरू पैनावए ॥

ਸਤਿਗੁਰੂ ਪਰਤਖਿ ਹੋਦੈ ਬਹਿ ਰਾਜੁ ਆਪਿ ਟਿਕਾਇਆ ॥ (923-14)
सतिगुरू परतखि होदै बहि राजु आपि टिकाइआ ॥

ਸਭਿ ਸਿਖ ਬੰਧਪ ਪੁਤ ਭਾਈ ਰਾਮਦਾਸ ਪੈਰੀ ਪਾਇਆ ॥੪॥ (923-15)
सभि सिख बंधप पुत भाई रामदास पैरी पाइआ ॥४॥

ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ ॥ (923-15)
अंते सतिगुरु बोलिआ मै पिछै कीरतनु करिअहु निरबाणु जीउ ॥

ਕੇਸੋ ਗੋਪਾਲ ਪੰਡਿਤ ਸਦਿਅਹੁ ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ ॥ (923-16)
केसो गोपाल पंडित सदिअहु हरि हरि कथा पड़हि पुराणु जीउ ॥

ਹਰਿ ਕਥਾ ਪੜੀਐ ਹਰਿ ਨਾਮੁ ਸੁਣੀਐ ਬੇਬਾਣੁ ਹਰਿ ਰੰਗੁ ਗੁਰ ਭਾਵਏ ॥ (923-16)
हरि कथा पड़ीऐ हरि नामु सुणीऐ बेबाणु हरि रंगु गुर भावए ॥

ਪਿੰਡੁ ਪਤਲਿ ਕਿਰਿਆ ਦੀਵਾ ਫੁਲ ਹਰਿ ਸਰਿ ਪਾਵਏ ॥ (923-17)
पिंडु पतलि किरिआ दीवा फुल हरि सरि पावए ॥

ਹਰਿ ਭਾਇਆ ਸਤਿਗੁਰੁ ਬੋਲਿਆ ਹਰਿ ਮਿਲਿਆ ਪੁਰਖੁ ਸੁਜਾਣੁ ਜੀਉ ॥ (923-18)
हरि भाइआ सतिगुरु बोलिआ हरि मिलिआ पुरखु सुजाणु जीउ ॥

ਰਾਮਦਾਸ ਸੋਢੀ ਤਿਲਕੁ ਦੀਆ ਗੁਰ ਸਬਦੁ ਸਚੁ ਨੀਸਾਣੁ ਜੀਉ ॥੫॥ (923-18)
रामदास सोढी तिलकु दीआ गुर सबदु सचु नीसाणु जीउ ॥५॥

ਸਤਿਗੁਰੁ ਪੁਰਖੁ ਜਿ ਬੋਲਿਆ ਗੁਰਸਿਖਾ ਮੰਨਿ ਲਈ ਰਜਾਇ ਜੀਉ ॥ (924-1)
सतिगुरु पुरखु जि बोलिआ गुरसिखा मंनि लई रजाइ जीउ ॥

ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ ॥ (924-2)
मोहरी पुतु सनमुखु होइआ रामदासै पैरी पाइ जीउ ॥

ਸਭ ਪਵੈ ਪੈਰੀ ਸਤਿਗੁਰੂ ਕੇਰੀ ਜਿਥੈ ਗੁਰੂ ਆਪੁ ਰਖਿਆ ॥ (924-2)
सभ पवै पैरी सतिगुरू केरी जिथै गुरू आपु रखिआ ॥

ਕੋਈ ਕਰਿ ਬਖੀਲੀ ਨਿਵੈ ਨਾਹੀ ਫਿਰਿ ਸਤਿਗੁਰੂ ਆਣਿ ਨਿਵਾਇਆ ॥ (924-3)
कोई करि बखीली निवै नाही फिरि सतिगुरू आणि निवाइआ ॥

ਹਰਿ ਗੁਰਹਿ ਭਾਣਾ ਦੀਈ ਵਡਿਆਈ ਧੁਰਿ ਲਿਖਿਆ ਲੇਖੁ ਰਜਾਇ ਜੀਉ ॥ (924-3)
हरि गुरहि भाणा दीई वडिआई धुरि लिखिआ लेखु रजाइ जीउ ॥

ਕਹੈ ਸੁੰਦਰੁ ਸੁਣਹੁ ਸੰਤਹੁ ਸਭੁ ਜਗਤੁ ਪੈਰੀ ਪਾਇ ਜੀਉ ॥੬॥੧॥ (924-4)
कहै सुंदरु सुणहु संतहु सभु जगतु पैरी पाइ जीउ ॥६॥१॥

ਰਾਮਕਲੀ ਮਹਲਾ ੫ ਛੰਤ (924-6)
रामकली महला ५ छंत

ੴ ਸਤਿਗੁਰ ਪ੍ਰਸਾਦਿ ॥ (924-6)
ੴ सतिगुर प्रसादि ॥

ਸਾਜਨੜਾ ਮੇਰਾ ਸਾਜਨੜਾ ਨਿਕਟਿ ਖਲੋਇਅੜਾ ਮੇਰਾ ਸਾਜਨੜਾ ॥ (924-6)
साजनड़ा मेरा साजनड़ा निकटि खलोइअड़ा मेरा साजनड़ा ॥

ਜਾਨੀਅੜਾ ਹਰਿ ਜਾਨੀਅੜਾ ਨੈਣ ਅਲੋਇਅੜਾ ਹਰਿ ਜਾਨੀਅੜਾ ॥ (924-7)
जानीअड़ा हरि जानीअड़ा नैण अलोइअड़ा हरि जानीअड़ा ॥

ਨੈਣ ਅਲੋਇਆ ਘਟਿ ਘਟਿ ਸੋਇਆ ਅਤਿ ਅੰਮ੍ਰਿਤ ਪ੍ਰਿਅ ਗੂੜਾ ॥ (924-8)
नैण अलोइआ घटि घटि सोइआ अति अमृत प्रिअ गूड़ा ॥

ਨਾਲਿ ਹੋਵੰਦਾ ਲਹਿ ਨ ਸਕੰਦਾ ਸੁਆਉ ਨ ਜਾਣੈ ਮੂੜਾ ॥ (924-8)
नालि होवंदा लहि न सकंदा सुआउ न जाणै मूड़ा ॥

ਮਾਇਆ ਮਦਿ ਮਾਤਾ ਹੋਛੀ ਬਾਤਾ ਮਿਲਣੁ ਨ ਜਾਈ ਭਰਮ ਧੜਾ ॥ (924-9)
माइआ मदि माता होछी बाता मिलणु न जाई भरम धड़ा ॥

ਕਹੁ ਨਾਨਕ ਗੁਰ ਬਿਨੁ ਨਾਹੀ ਸੂਝੈ ਹਰਿ ਸਾਜਨੁ ਸਭ ਕੈ ਨਿਕਟਿ ਖੜਾ ॥੧॥ (924-9)
कहु नानक गुर बिनु नाही सूझै हरि साजनु सभ कै निकटि खड़ा ॥१॥

ਗੋਬਿੰਦਾ ਮੇਰੇ ਗੋਬਿੰਦਾ ਪ੍ਰਾਣ ਅਧਾਰਾ ਮੇਰੇ ਗੋਬਿੰਦਾ ॥ (924-10)
गोबिंदा मेरे गोबिंदा प्राण अधारा मेरे गोबिंदा ॥

ਕਿਰਪਾਲਾ ਮੇਰੇ ਕਿਰਪਾਲਾ ਦਾਨ ਦਾਤਾਰਾ ਮੇਰੇ ਕਿਰਪਾਲਾ ॥ (924-11)
किरपाला मेरे किरपाला दान दातारा मेरे किरपाला ॥

ਦਾਨ ਦਾਤਾਰਾ ਅਪਰ ਅਪਾਰਾ ਘਟ ਘਟ ਅੰਤਰਿ ਸੋਹਨਿਆ ॥ (924-11)
दान दातारा अपर अपारा घट घट अंतरि सोहनिआ ॥

ਇਕ ਦਾਸੀ ਧਾਰੀ ਸਬਲ ਪਸਾਰੀ ਜੀਅ ਜੰਤ ਲੈ ਮੋਹਨਿਆ ॥ (924-12)
इक दासी धारी सबल पसारी जीअ जंत लै मोहनिआ ॥

ਜਿਸ ਨੋ ਰਾਖੈ ਸੋ ਸਚੁ ਭਾਖੈ ਗੁਰ ਕਾ ਸਬਦੁ ਬੀਚਾਰਾ ॥ (924-12)
जिस नो राखै सो सचु भाखै गुर का सबदु बीचारा ॥

ਕਹੁ ਨਾਨਕ ਜੋ ਪ੍ਰਭ ਕਉ ਭਾਣਾ ਤਿਸ ਹੀ ਕਉ ਪ੍ਰਭੁ ਪਿਆਰਾ ॥੨॥ (924-13)
कहु नानक जो प्रभ कउ भाणा तिस ही कउ प्रभु पिआरा ॥२॥

ਮਾਣੋ ਪ੍ਰਭ ਮਾਣੋ ਮੇਰੇ ਪ੍ਰਭ ਕਾ ਮਾਣੋ ॥ (924-13)
माणो प्रभ माणो मेरे प्रभ का माणो ॥

ਜਾਣੋ ਪ੍ਰਭੁ ਜਾਣੋ ਸੁਆਮੀ ਸੁਘੜੁ ਸੁਜਾਣੋ ॥ (924-14)
जाणो प्रभु जाणो सुआमी सुघड़ु सुजाणो ॥

ਸੁਘੜ ਸੁਜਾਣਾ ਸਦ ਪਰਧਾਨਾ ਅੰਮ੍ਰਿਤੁ ਹਰਿ ਕਾ ਨਾਮਾ ॥ (924-14)
सुघड़ सुजाना सद परधाना अमृतु हरि का नामा ॥

ਚਾਖਿ ਅਘਾਣੇ ਸਾਰਿਗਪਾਣੇ ਜਿਨ ਕੈ ਭਾਗ ਮਥਾਣਾ ॥ (924-15)
चाखि अघाणे सारिगपाणे जिन कै भाग मथाना ॥

ਤਿਨ ਹੀ ਪਾਇਆ ਤਿਨਹਿ ਧਿਆਇਆ ਸਗਲ ਤਿਸੈ ਕਾ ਮਾਣੋ ॥ (924-15)
तिन ही पाइआ तिनहि धिआइआ सगल तिसै का माणो ॥

ਕਹੁ ਨਾਨਕ ਥਿਰੁ ਤਖਤਿ ਨਿਵਾਸੀ ਸਚੁ ਤਿਸੈ ਦੀਬਾਣੋ ॥੩॥ (924-16)
कहु नानक थिरु तखति निवासी सचु तिसै दीबाणो ॥३॥

ਮੰਗਲਾ ਹਰਿ ਮੰਗਲਾ ਮੇਰੇ ਪ੍ਰਭ ਕੈ ਸੁਣੀਐ ਮੰਗਲਾ ॥ (924-16)
मंगला हरि मंगला मेरे प्रभ कै सुणीऐ मंगला ॥

ਸੋਹਿਲੜਾ ਪ੍ਰਭ ਸੋਹਿਲੜਾ ਅਨਹਦ ਧੁਨੀਐ ਸੋਹਿਲੜਾ ॥ (924-17)
सोहिलड़ा प्रभ सोहिलड़ा अनहद धुनीऐ सोहिलड़ा ॥

ਅਨਹਦ ਵਾਜੇ ਸਬਦ ਅਗਾਜੇ ਨਿਤ ਨਿਤ ਜਿਸਹਿ ਵਧਾਈ ॥ (924-17)
अनहद वाजे सबद अगाजे नित नित जिसहि वधाई ॥

ਸੋ ਪ੍ਰਭੁ ਧਿਆਈਐ ਸਭੁ ਕਿਛੁ ਪਾਈਐ ਮਰੈ ਨ ਆਵੈ ਜਾਈ ॥ (924-18)
सो प्रभु धिआईऐ सभु किछु पाईऐ मरै न आवै जाई ॥

ਚੂਕੀ ਪਿਆਸਾ ਪੂਰਨ ਆਸਾ ਗੁਰਮੁਖਿ ਮਿਲੁ ਨਿਰਗੁਣੀਐ ॥ (924-18)
चूकी पिआसा पूरन आसा गुरमुखि मिलु निरगुनीऐ ॥

ਕਹੁ ਨਾਨਕ ਘਰਿ ਪ੍ਰਭ ਮੇਰੇ ਕੈ ਨਿਤ ਨਿਤ ਮੰਗਲੁ ਸੁਣੀਐ ॥੪॥੧॥ (924-19)
कहु नानक घरि प्रभ मेरे कै नित नित मंगलु सुनीऐ ॥४॥१॥

ਰਾਮਕਲੀ ਮਹਲਾ ੫ ॥ (925-1)
रामकली महला ५ ॥

ਹਰਿ ਹਰਿ ਧਿਆਇ ਮਨਾ ਖਿਨੁ ਨ ਵਿਸਾਰੀਐ ॥ (925-1)
हरि हरि धिआइ मना खिनु न विसारीऐ ॥

ਰਾਮ ਰਾਮਾ ਰਾਮ ਰਮਾ ਕੰਠਿ ਉਰ ਧਾਰੀਐ ॥ (925-2)
राम रामा राम रमा कंठि उर धारीऐ ॥

ਉਰ ਧਾਰਿ ਹਰਿ ਹਰਿ ਪੁਰਖੁ ਪੂਰਨੁ ਪਾਰਬ੍ਰਹਮੁ ਨਿਰੰਜਨੋ ॥ (925-2)
उर धारि हरि हरि पुरखु पूरनु पारब्रहमु निरंजनो ॥

ਭੈ ਦੂਰਿ ਕਰਤਾ ਪਾਪ ਹਰਤਾ ਦੁਸਹ ਦੁਖ ਭਵ ਖੰਡਨੋ ॥ (925-3)
भै दूरि करता पाप हरता दुसह दुख भव खंडनो ॥

ਜਗਦੀਸ ਈਸ ਗੁੋਪਾਲ ਮਾਧੋ ਗੁਣ ਗੋਵਿੰਦ ਵੀਚਾਰੀਐ ॥ (925-3)
जगदीस ईस गुोपाल माधो गुण गोविंद वीचारीऐ ॥

ਬਿਨਵੰਤਿ ਨਾਨਕ ਮਿਲਿ ਸੰਗਿ ਸਾਧੂ ਦਿਨਸੁ ਰੈਣਿ ਚਿਤਾਰੀਐ ॥੧॥ (925-4)
बिनवंति नानक मिलि संगि साधू दिनसु रैणि चितारीऐ ॥१॥

ਚਰਨ ਕਮਲ ਆਧਾਰੁ ਜਨ ਕਾ ਆਸਰਾ ॥ (925-4)
चरन कमल आधारु जन का आसरा ॥

ਮਾਲੁ ਮਿਲਖ ਭੰਡਾਰ ਨਾਮੁ ਅਨੰਤ ਧਰਾ ॥ (925-5)
मालु मिलख भंडार नामु अनंत धरा ॥

ਨਾਮੁ ਨਰਹਰ ਨਿਧਾਨੁ ਜਿਨ ਕੈ ਰਸ ਭੋਗ ਏਕ ਨਰਾਇਣਾ ॥ (925-5)
नामु नरहर निधानु जिन कै रस भोग एक नराइणा ॥

ਰਸ ਰੂਪ ਰੰਗ ਅਨੰਤ ਬੀਠਲ ਸਾਸਿ ਸਾਸਿ ਧਿਆਇਣਾ ॥ (925-5)
रस रूप रंग अनंत बीठल सासि सासि धिआइणा ॥

ਕਿਲਵਿਖ ਹਰਣਾ ਨਾਮ ਪੁਨਹਚਰਣਾ ਨਾਮੁ ਜਮ ਕੀ ਤ੍ਰਾਸ ਹਰਾ ॥ (925-6)
किलविख हरणा नाम पुनहचरणा नामु जम की त्रास हरा ॥

ਬਿਨਵੰਤਿ ਨਾਨਕ ਰਾਸਿ ਜਨ ਕੀ ਚਰਨ ਕਮਲਹ ਆਸਰਾ ॥੨॥ (925-7)
बिनवंति नानक रासि जन की चरन कमलह आसरा ॥२॥

ਗੁਣ ਬੇਅੰਤ ਸੁਆਮੀ ਤੇਰੇ ਕੋਇ ਨ ਜਾਨਈ ॥ (925-7)
गुण बेअंत सुआमी तेरे कोइ न जानई ॥

ਦੇਖਿ ਚਲਤ ਦਇਆਲ ਸੁਣਿ ਭਗਤ ਵਖਾਨਈ ॥ (925-8)
देखि चलत दइआल सुणि भगत वखानई ॥

ਜੀਅ ਜੰਤ ਸਭਿ ਤੁਝੁ ਧਿਆਵਹਿ ਪੁਰਖਪਤਿ ਪਰਮੇਸਰਾ ॥ (925-8)
जीअ जंत सभि तुझु धिआवहि पुरखपति परमेसरा ॥

ਸਰਬ ਜਾਚਿਕ ਏਕੁ ਦਾਤਾ ਕਰੁਣਾ ਮੈ ਜਗਦੀਸਰਾ ॥ (925-9)
सरब जाचिक एकु दाता करुणा मै जगदीसरा ॥

ਸਾਧੂ ਸੰਤੁ ਸੁਜਾਣੁ ਸੋਈ ਜਿਸਹਿ ਪ੍ਰਭ ਜੀ ਮਾਨਈ ॥ (925-9)
साधू संतु सुजाणु सोई जिसहि प्रभ जी मानई ॥

ਬਿਨਵੰਤਿ ਨਾਨਕ ਕਰਹੁ ਕਿਰਪਾ ਸੋਇ ਤੁਝਹਿ ਪਛਾਨਈ ॥੩॥ (925-10)
बिनवंति नानक करहु किरपा सोइ तुझहि पछानई ॥३॥

ਮੋਹਿ ਨਿਰਗੁਣ ਅਨਾਥੁ ਸਰਣੀ ਆਇਆ ॥ (925-10)
मोहि निरगुण अनाथु सरणी आइआ ॥

ਬਲਿ ਬਲਿ ਬਲਿ ਗੁਰਦੇਵ ਜਿਨਿ ਨਾਮੁ ਦ੍ਰਿੜਾਇਆ ॥ (925-11)
बलि बलि बलि गुरदेव जिनि नामु द्रिड़ाइआ ॥

ਗੁਰਿ ਨਾਮੁ ਦੀਆ ਕੁਸਲੁ ਥੀਆ ਸਰਬ ਇਛਾ ਪੁੰਨੀਆ ॥ (925-11)
गुरि नामु दीआ कुसलु थीआ सरब इछा पुंनीआ ॥

ਜਲਨੇ ਬੁਝਾਈ ਸਾਂਤਿ ਆਈ ਮਿਲੇ ਚਿਰੀ ਵਿਛੁੰਨਿਆ ॥ (925-12)
जलने बुझाई सांति आई मिले चिरी विछुंनिआ ॥

ਆਨੰਦ ਹਰਖ ਸਹਜ ਸਾਚੇ ਮਹਾ ਮੰਗਲ ਗੁਣ ਗਾਇਆ ॥ (925-12)
आनंद हरख सहज साचे महा मंगल गुण गाइआ ॥

ਬਿਨਵੰਤਿ ਨਾਨਕ ਨਾਮੁ ਪ੍ਰਭ ਕਾ ਗੁਰ ਪੂਰੇ ਤੇ ਪਾਇਆ ॥੪॥੨॥ (925-13)
बिनवंति नानक नामु प्रभ का गुर पूरे ते पाइआ ॥४॥२॥

ਰਾਮਕਲੀ ਮਹਲਾ ੫ ॥ (925-13)
रामकली महला ५ ॥

ਰੁਣ ਝੁਣੋ ਸਬਦੁ ਅਨਾਹਦੁ ਨਿਤ ਉਠਿ ਗਾਈਐ ਸੰਤਨ ਕੈ ॥ (925-14)
रुण झुणो सबदु अनाहदु नित उठि गाईऐ संतन कै ॥

ਕਿਲਵਿਖ ਸਭਿ ਦੋਖ ਬਿਨਾਸਨੁ ਹਰਿ ਨਾਮੁ ਜਪੀਐ ਗੁਰ ਮੰਤਨ ਕੈ ॥ (925-14)
किलविख सभि दोख बिनासनु हरि नामु जपीऐ गुर मंतन कै ॥

ਹਰਿ ਨਾਮੁ ਲੀਜੈ ਅਮਿਉ ਪੀਜੈ ਰੈਣਿ ਦਿਨਸੁ ਅਰਾਧੀਐ ॥ (925-15)
हरि नामु लीजै अमिउ पीजै रैणि दिनसु अराधीऐ ॥

ਜੋਗ ਦਾਨ ਅਨੇਕ ਕਿਰਿਆ ਲਗਿ ਚਰਣ ਕਮਲਹ ਸਾਧੀਐ ॥ (925-15)
जोग दान अनेक किरिआ लगि चरण कमलह साधीऐ ॥

ਭਾਉ ਭਗਤਿ ਦਇਆਲ ਮੋਹਨ ਦੂਖ ਸਗਲੇ ਪਰਹਰੈ ॥ (925-16)
भाउ भगति दइआल मोहन दूख सगले परहरै ॥

ਬਿਨਵੰਤਿ ਨਾਨਕ ਤਰੈ ਸਾਗਰੁ ਧਿਆਇ ਸੁਆਮੀ ਨਰਹਰੈ ॥੧॥ (925-16)
बिनवंति नानक तरै सागरु धिआइ सुआमी नरहरै ॥१॥

ਸੁਖ ਸਾਗਰ ਗੋਬਿੰਦ ਸਿਮਰਣੁ ਭਗਤ ਗਾਵਹਿ ਗੁਣ ਤੇਰੇ ਰਾਮ ॥ (925-17)
सुख सागर गोबिंद सिमरणु भगत गावहि गुण तेरे राम ॥

ਅਨਦ ਮੰਗਲ ਗੁਰ ਚਰਣੀ ਲਾਗੇ ਪਾਏ ਸੂਖ ਘਨੇਰੇ ਰਾਮ ॥ (925-18)
अनद मंगल गुर चरणी लागे पाए सूख घनेरे राम ॥

ਸੁਖ ਨਿਧਾਨੁ ਮਿਲਿਆ ਦੂਖ ਹਰਿਆ ਕ੍ਰਿਪਾ ਕਰਿ ਪ੍ਰਭਿ ਰਾਖਿਆ ॥ (925-18)
सुख निधानु मिलिआ दूख हरिआ क्रिपा करि प्रभि राखिआ ॥

ਹਰਿ ਚਰਣ ਲਾਗਾ ਭ੍ਰਮੁ ਭਉ ਭਾਗਾ ਹਰਿ ਨਾਮੁ ਰਸਨਾ ਭਾਖਿਆ ॥ (925-19)
हरि चरण लागा भ्रमु भउ भागा हरि नामु रसना भाखिआ ॥

ਹਰਿ ਏਕੁ ਚਿਤਵੈ ਪ੍ਰਭੁ ਏਕੁ ਗਾਵੈ ਹਰਿ ਏਕੁ ਦ੍ਰਿਸਟੀ ਆਇਆ ॥ (925-19)
हरि एकु चितवै प्रभु एकु गावै हरि एकु द्रिसटी आइआ ॥

ਬਿਨਵੰਤਿ ਨਾਨਕ ਪ੍ਰਭਿ ਕਰੀ ਕਿਰਪਾ ਪੂਰਾ ਸਤਿਗੁਰੁ ਪਾਇਆ ॥੨॥ (926-1)
बिनवंति नानक प्रभि करी किरपा पूरा सतिगुरु पाइआ ॥२॥

ਮਿਲਿ ਰਹੀਐ ਪ੍ਰਭ ਸਾਧ ਜਨਾ ਮਿਲਿ ਹਰਿ ਕੀਰਤਨੁ ਸੁਨੀਐ ਰਾਮ ॥ (926-2)
मिलि रहीऐ प्रभ साध जना मिलि हरि कीरतनु सुनीऐ राम ॥

ਦਇਆਲ ਪ੍ਰਭੂ ਦਾਮੋਦਰ ਮਾਧੋ ਅੰਤੁ ਨ ਪਾਈਐ ਗੁਨੀਐ ਰਾਮ ॥ (926-2)
दइआल प्रभू दामोदर माधो अंतु न पाईऐ गुनीऐ राम ॥

ਦਇਆਲ ਦੁਖ ਹਰ ਸਰਣਿ ਦਾਤਾ ਸਗਲ ਦੋਖ ਨਿਵਾਰਣੋ ॥ (926-3)
दइआल दुख हर सरणि दाता सगल दोख निवारणो ॥

ਮੋਹ ਸੋਗ ਵਿਕਾਰ ਬਿਖੜੇ ਜਪਤ ਨਾਮ ਉਧਾਰਣੋ ॥ (926-3)
मोह सोग विकार बिखड़े जपत नाम उधारणो ॥

ਸਭਿ ਜੀਅ ਤੇਰੇ ਪ੍ਰਭੂ ਮੇਰੇ ਕਰਿ ਕਿਰਪਾ ਸਭ ਰੇਣ ਥੀਵਾ ॥ (926-4)
सभि जीअ तेरे प्रभू मेरे करि किरपा सभ रेण थीवा ॥

ਬਿਨਵੰਤਿ ਨਾਨਕ ਪ੍ਰਭ ਮਇਆ ਕੀਜੈ ਨਾਮੁ ਤੇਰਾ ਜਪਿ ਜੀਵਾ ॥੩॥ (926-4)
बिनवंति नानक प्रभ मइआ कीजै नामु तेरा जपि जीवा ॥३॥

ਰਾਖਿ ਲੀਏ ਪ੍ਰਭਿ ਭਗਤ ਜਨਾ ਅਪਣੀ ਚਰਣੀ ਲਾਏ ਰਾਮ ॥ (926-5)
राखि लीए प्रभि भगत जना अपणी चरणी लाए राम ॥

ਆਠ ਪਹਰ ਅਪਨਾ ਪ੍ਰਭੁ ਸਿਮਰਹ ਏਕੋ ਨਾਮੁ ਧਿਆਏ ਰਾਮ ॥ (926-6)
आठ पहर अपना प्रभु सिमरह एको नामु धिआए राम ॥

ਧਿਆਇ ਸੋ ਪ੍ਰਭੁ ਤਰੇ ਭਵਜਲ ਰਹੇ ਆਵਣ ਜਾਣਾ ॥ (926-6)
धिआइ सो प्रभु तरे भवजल रहे आवण जाणा ॥

ਸਦਾ ਸੁਖੁ ਕਲਿਆਣ ਕੀਰਤਨੁ ਪ੍ਰਭ ਲਗਾ ਮੀਠਾ ਭਾਣਾ ॥ (926-7)
सदा सुखु कलिआण कीरतनु प्रभ लगा मीठा भाणा ॥

ਸਭ ਇਛ ਪੁੰਨੀ ਆਸ ਪੂਰੀ ਮਿਲੇ ਸਤਿਗੁਰ ਪੂਰਿਆ ॥ (926-7)
सभ इछ पुंनी आस पूरी मिले सतिगुर पूरिआ ॥

ਬਿਨਵੰਤਿ ਨਾਨਕ ਪ੍ਰਭਿ ਆਪਿ ਮੇਲੇ ਫਿਰਿ ਨਾਹੀ ਦੂਖ ਵਿਸੂਰਿਆ ॥੪॥੩॥ (926-8)
बिनवंति नानक प्रभि आपि मेले फिरि नाही दूख विसूरिआ ॥४॥३॥

ਰਾਮਕਲੀ ਮਹਲਾ ੫ ਛੰਤ ॥ (926-8)
रामकली महला ५ छंत ॥

ਸਲੋਕੁ ॥ (926-9)
सलोकु ॥

ਚਰਨ ਕਮਲ ਸਰਣਾਗਤੀ ਅਨਦ ਮੰਗਲ ਗੁਣ ਗਾਮ ॥ (926-9)
चरन कमल सरणागती अनद मंगल गुण गाम ॥

ਨਾਨਕ ਪ੍ਰਭੁ ਆਰਾਧੀਐ ਬਿਪਤਿ ਨਿਵਾਰਣ ਰਾਮ ॥੧॥ (926-9)
नानक प्रभु आराधीऐ बिपति निवारण राम ॥१॥

ਛੰਤੁ ॥ (926-10)
छंतु ॥

ਪ੍ਰਭ ਬਿਪਤਿ ਨਿਵਾਰਣੋ ਤਿਸੁ ਬਿਨੁ ਅਵਰੁ ਨ ਕੋਇ ਜੀਉ ॥ (926-10)
प्रभ बिपति निवारणो तिसु बिनु अवरु न कोइ जीउ ॥

ਸਦਾ ਸਦਾ ਹਰਿ ਸਿਮਰੀਐ ਜਲਿ ਥਲਿ ਮਹੀਅਲਿ ਸੋਇ ਜੀਉ ॥ (926-10)
सदा सदा हरि सिमरीऐ जलि थलि महीअलि सोइ जीउ ॥

ਜਲਿ ਥਲਿ ਮਹੀਅਲਿ ਪੂਰਿ ਰਹਿਆ ਇਕ ਨਿਮਖ ਮਨਹੁ ਨ ਵੀਸਰੈ ॥ (926-11)
जलि थलि महीअलि पूरि रहिआ इक निमख मनहु न वीसरै ॥

ਗੁਰ ਚਰਨ ਲਾਗੇ ਦਿਨ ਸਭਾਗੇ ਸਰਬ ਗੁਣ ਜਗਦੀਸਰੈ ॥ (926-12)
गुर चरन लागे दिन सभागे सरब गुण जगदीसरै ॥

ਕਰਿ ਸੇਵ ਸੇਵਕ ਦਿਨਸੁ ਰੈਣੀ ਤਿਸੁ ਭਾਵੈ ਸੋ ਹੋਇ ਜੀਉ ॥ (926-12)
करि सेव सेवक दिनसु रैणी तिसु भावै सो होइ जीउ ॥

ਬਲਿ ਜਾਇ ਨਾਨਕੁ ਸੁਖਹ ਦਾਤੇ ਪਰਗਾਸੁ ਮਨਿ ਤਨਿ ਹੋਇ ਜੀਉ ॥੧॥ (926-13)
बलि जाइ नानकु सुखह दाते परगासु मनि तनि होइ जीउ ॥१॥

ਸਲੋਕੁ ॥ (926-13)
सलोकु ॥

ਹਰਿ ਸਿਮਰਤ ਮਨੁ ਤਨੁ ਸੁਖੀ ਬਿਨਸੀ ਦੁਤੀਆ ਸੋਚ ॥ (926-13)
हरि सिमरत मनु तनु सुखी बिनसी दुतीआ सोच ॥

ਨਾਨਕ ਟੇਕ ਗੋੁਪਾਲ ਕੀ ਗੋਵਿੰਦ ਸੰਕਟ ਮੋਚ ॥੧॥ (926-14)
नानक टेक गोुपाल की गोविंद संकट मोच ॥१॥

ਛੰਤੁ ॥ (926-14)
छंतु ॥

ਭੈ ਸੰਕਟ ਕਾਟੇ ਨਾਰਾਇਣ ਦਇਆਲ ਜੀਉ ॥ (926-14)
भै संकट काटे नाराइण दइआल जीउ ॥

ਹਰਿ ਗੁਣ ਆਨੰਦ ਗਾਏ ਪ੍ਰਭ ਦੀਨਾ ਨਾਥ ਪ੍ਰਤਿਪਾਲ ਜੀਉ ॥ (926-15)
हरि गुण आनंद गाए प्रभ दीना नाथ प्रतिपाल जीउ ॥

ਪ੍ਰਤਿਪਾਲ ਅਚੁਤ ਪੁਰਖੁ ਏਕੋ ਤਿਸਹਿ ਸਿਉ ਰੰਗੁ ਲਾਗਾ ॥ (926-15)
प्रतिपाल अचुत पुरखु एको तिसहि सिउ रंगु लागा ॥

ਕਰ ਚਰਨ ਮਸਤਕੁ ਮੇਲਿ ਲੀਨੇ ਸਦਾ ਅਨਦਿਨੁ ਜਾਗਾ ॥ (926-16)
कर चरन मसतकु मेलि लीने सदा अनदिनु जागा ॥

ਜੀਉ ਪਿੰਡੁ ਗ੍ਰਿਹੁ ਥਾਨੁ ਤਿਸ ਕਾ ਤਨੁ ਜੋਬਨੁ ਧਨੁ ਮਾਲੁ ਜੀਉ ॥ (926-16)
जीउ पिंडु ग्रिहु थानु तिस का तनु जोबनु धनु मालु जीउ ॥

ਸਦ ਸਦਾ ਬਲਿ ਜਾਇ ਨਾਨਕੁ ਸਰਬ ਜੀਆ ਪ੍ਰਤਿਪਾਲ ਜੀਉ ॥੨॥ (926-17)
सद सदा बलि जाइ नानकु सरब जीआ प्रतिपाल जीउ ॥२॥

ਸਲੋਕੁ ॥ (926-18)
सलोकु ॥

ਰਸਨਾ ਉਚਰੈ ਹਰਿ ਹਰੇ ਗੁਣ ਗੋੱਿਵੰਦ ਵਖਿਆਨ ॥ (926-18)
रसना उचरै हरि हरे गुण गोविंद वखिआन ॥

ਨਾਨਕ ਪਕੜੀ ਟੇਕ ਏਕ ਪਰਮੇਸਰੁ ਰਖੈ ਨਿਦਾਨ ॥੧॥ (926-18)
नानक पकड़ी टेक एक परमेसरु रखै निदान ॥१॥

ਛੰਤੁ ॥ (926-19)
छंतु ॥

ਸੋ ਸੁਆਮੀ ਪ੍ਰਭੁ ਰਖਕੋ ਅੰਚਲਿ ਤਾ ਕੈ ਲਾਗੁ ਜੀਉ ॥ (926-19)
सो सुआमी प्रभु रखको अंचलि ता कै लागु जीउ ॥

ਭਜੁ ਸਾਧੂ ਸੰਗਿ ਦਇਆਲ ਦੇਵ ਮਨ ਕੀ ਮਤਿ ਤਿਆਗੁ ਜੀਉ ॥ (926-19)
भजु साधू संगि दइआल देव मन की मति तिआगु जीउ ॥

ਇਕ ਓਟ ਕੀਜੈ ਜੀਉ ਦੀਜੈ ਆਸ ਇਕ ਧਰਣੀਧਰੈ ॥ (927-1)
इक ओट कीजै जीउ दीजै आस इक धरणीधरै ॥

ਸਾਧਸੰਗੇ ਹਰਿ ਨਾਮ ਰੰਗੇ ਸੰਸਾਰੁ ਸਾਗਰੁ ਸਭੁ ਤਰੈ ॥ (927-1)
साधसंगे हरि नाम रंगे संसारु सागरु सभु तरै ॥

ਜਨਮ ਮਰਣ ਬਿਕਾਰ ਛੂਟੇ ਫਿਰਿ ਨ ਲਾਗੈ ਦਾਗੁ ਜੀਉ ॥ (927-2)
जनम मरण बिकार छूटे फिरि न लागै दागु जीउ ॥

ਬਲਿ ਜਾਇ ਨਾਨਕੁ ਪੁਰਖ ਪੂਰਨ ਥਿਰੁ ਜਾ ਕਾ ਸੋਹਾਗੁ ਜੀਉ ॥੩॥ (927-2)
बलि जाइ नानकु पुरख पूरन थिरु जा का सोहागु जीउ ॥३॥

ਸਲੋਕੁ ॥ (927-3)
सलोकु ॥

ਧਰਮ ਅਰਥ ਅਰੁ ਕਾਮ ਮੋਖ ਮੁਕਤਿ ਪਦਾਰਥ ਨਾਥ ॥ (927-3)
धरम अरथ अरु काम मोख मुकति पदारथ नाथ ॥

ਸਗਲ ਮਨੋਰਥ ਪੂਰਿਆ ਨਾਨਕ ਲਿਖਿਆ ਮਾਥ ॥੧॥ (927-4)
सगल मनोरथ पूरिआ नानक लिखिआ माथ ॥१॥

ਛੰਤੁ ॥ (927-4)
छंतु ॥

ਸਗਲ ਇਛ ਮੇਰੀ ਪੁੰਨੀਆ ਮਿਲਿਆ ਨਿਰੰਜਨ ਰਾਇ ਜੀਉ ॥ (927-4)
सगल इछ मेरी पुंनीआ मिलिआ निरंजन राइ जीउ ॥

ਅਨਦੁ ਭਇਆ ਵਡਭਾਗੀਹੋ ਗ੍ਰਿਹਿ ਪ੍ਰਗਟੇ ਪ੍ਰਭ ਆਇ ਜੀਉ ॥ (927-5)
अनदु भइआ वडभागीहो ग्रिहि प्रगटे प्रभ आइ जीउ ॥

ਗ੍ਰਿਹਿ ਲਾਲ ਆਏ ਪੁਰਬਿ ਕਮਾਏ ਤਾ ਕੀ ਉਪਮਾ ਕਿਆ ਗਣਾ ॥ (927-5)
ग्रिहि लाल आए पुरबि कमाए ता की उपमा किआ गणा ॥

ਬੇਅੰਤ ਪੂਰਨ ਸੁਖ ਸਹਜ ਦਾਤਾ ਕਵਨ ਰਸਨਾ ਗੁਣ ਭਣਾ ॥ (927-6)
बेअंत पूरन सुख सहज दाता कवन रसना गुण भणा ॥

ਆਪੇ ਮਿਲਾਏ ਗਹਿ ਕੰਠਿ ਲਾਏ ਤਿਸੁ ਬਿਨਾ ਨਹੀ ਜਾਇ ਜੀਉ ॥ (927-6)
आपे मिलाए गहि कंठि लाए तिसु बिना नही जाइ जीउ ॥

ਬਲਿ ਜਾਇ ਨਾਨਕੁ ਸਦਾ ਕਰਤੇ ਸਭ ਮਹਿ ਰਹਿਆ ਸਮਾਇ ਜੀਉ ॥੪॥੪॥ (927-7)
बलि जाइ नानकु सदा करते सभ महि रहिआ समाइ जीउ ॥४॥४॥

ਰਾਗੁ ਰਾਮਕਲੀ ਮਹਲਾ ੫ ॥ (927-8)
रागु रामकली महला ५ ॥

ਰਣ ਝੁੰਝਨੜਾ ਗਾਉ ਸਖੀ ਹਰਿ ਏਕੁ ਧਿਆਵਹੁ ॥ (927-8)
रण झुंझनड़ा गाउ सखी हरि एकु धिआवहु ॥

ਸਤਿਗੁਰੁ ਤੁਮ ਸੇਵਿ ਸਖੀ ਮਨਿ ਚਿੰਦਿਅੜਾ ਫਲੁ ਪਾਵਹੁ ॥ (927-9)
सतिगुरु तुम सेवि सखी मनि चिंदिअड़ा फलु पावहु ॥

ਰਾਮਕਲੀ ਮਹਲਾ ੫ ਰੁਤੀ ਸਲੋਕੁ (927-10)
रामकली महला ५ रुती सलोकु

ੴ ਸਤਿਗੁਰ ਪ੍ਰਸਾਦਿ ॥ (927-10)
ੴ सतिगुर प्रसादि ॥

ਕਰਿ ਬੰਦਨ ਪ੍ਰਭ ਪਾਰਬ੍ਰਹਮ ਬਾਛਉ ਸਾਧਹ ਧੂਰਿ ॥ (927-11)
करि बंदन प्रभ पारब्रहम बाछउ साधह धूरि ॥

ਆਪੁ ਨਿਵਾਰਿ ਹਰਿ ਹਰਿ ਭਜਉ ਨਾਨਕ ਪ੍ਰਭ ਭਰਪੂਰਿ ॥੧॥ (927-11)
आपु निवारि हरि हरि भजउ नानक प्रभ भरपूरि ॥१॥

ਕਿਲਵਿਖ ਕਾਟਣ ਭੈ ਹਰਣ ਸੁਖ ਸਾਗਰ ਹਰਿ ਰਾਇ ॥ (927-12)
किलविख काटण भै हरण सुख सागर हरि राइ ॥

ਦੀਨ ਦਇਆਲ ਦੁਖ ਭੰਜਨੋ ਨਾਨਕ ਨੀਤ ਧਿਆਇ ॥੨॥ (927-12)
दीन दइआल दुख भंजनो नानक नीत धिआइ ॥२॥

ਛੰਤੁ ॥ (927-13)
छंतु ॥

ਜਸੁ ਗਾਵਹੁ ਵਡਭਾਗੀਹੋ ਕਰਿ ਕਿਰਪਾ ਭਗਵੰਤ ਜੀਉ ॥ (927-13)
जसु गावहु वडभागीहो करि किरपा भगवंत जीउ ॥

ਰੁਤੀ ਮਾਹ ਮੂਰਤ ਘੜੀ ਗੁਣ ਉਚਰਤ ਸੋਭਾਵੰਤ ਜੀਉ ॥ (927-13)
रुती माह मूरत घड़ी गुण उचरत सोभावंत जीउ ॥

ਗੁਣ ਰੰਗਿ ਰਾਤੇ ਧੰਨਿ ਤੇ ਜਨ ਜਿਨੀ ਇਕ ਮਨਿ ਧਿਆਇਆ ॥ (927-14)
गुण रंगि राते धंनि ते जन जिनी इक मनि धिआइआ ॥

ਸਫਲ ਜਨਮੁ ਭਇਆ ਤਿਨ ਕਾ ਜਿਨੀ ਸੋ ਪ੍ਰਭੁ ਪਾਇਆ ॥ (927-14)
सफल जनमु भइआ तिन का जिनी सो प्रभु पाइआ ॥

ਪੁੰਨ ਦਾਨ ਨ ਤੁਲਿ ਕਿਰਿਆ ਹਰਿ ਸਰਬ ਪਾਪਾ ਹੰਤ ਜੀਉ ॥ (927-15)
पुंन दान न तुलि किरिआ हरि सरब पापा हंत जीउ ॥

ਬਿਨਵੰਤਿ ਨਾਨਕ ਸਿਮਰਿ ਜੀਵਾ ਜਨਮ ਮਰਣ ਰਹੰਤ ਜੀਉ ॥੧॥ (927-15)
बिनवंति नानक सिमरि जीवा जनम मरण रहंत जीउ ॥१॥

ਸਲੋਕ ॥ (927-16)
सलोक ॥

ਉਦਮੁ ਅਗਮੁ ਅਗੋਚਰੋ ਚਰਨ ਕਮਲ ਨਮਸਕਾਰ ॥ (927-16)
उदमु अगमु अगोचरो चरन कमल नमसकार ॥

ਕਥਨੀ ਸਾ ਤੁਧੁ ਭਾਵਸੀ ਨਾਨਕ ਨਾਮ ਅਧਾਰ ॥੧॥ (927-17)
कथनी सा तुधु भावसी नानक नाम अधार ॥१॥

ਸੰਤ ਸਰਣਿ ਸਾਜਨ ਪਰਹੁ ਸੁਆਮੀ ਸਿਮਰਿ ਅਨੰਤ ॥ (927-17)
संत सरणि साजन परहु सुआमी सिमरि अनंत ॥

ਸੂਕੇ ਤੇ ਹਰਿਆ ਥੀਆ ਨਾਨਕ ਜਪਿ ਭਗਵੰਤ ॥੨॥ (927-18)
सूके ते हरिआ थीआ नानक जपि भगवंत ॥२॥

ਛੰਤੁ ॥ (927-18)
छंतु ॥

ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ ॥ (927-18)
रुति सरस बसंत माह चेतु वैसाख सुख मासु जीउ ॥

ਹਰਿ ਜੀਉ ਨਾਹੁ ਮਿਲਿਆ ਮਉਲਿਆ ਮਨੁ ਤਨੁ ਸਾਸੁ ਜੀਉ ॥ (927-19)
हरि जीउ नाहु मिलिआ मउलिआ मनु तनु सासु जीउ ॥

ਘਰਿ ਨਾਹੁ ਨਿਹਚਲੁ ਅਨਦੁ ਸਖੀਏ ਚਰਨ ਕਮਲ ਪ੍ਰਫੁਲਿਆ ॥ (927-19)
घरि नाहु निहचलु अनदु सखीए चरन कमल प्रफुलिआ ॥

ਸੁੰਦਰੁ ਸੁਘੜੁ ਸੁਜਾਣੁ ਬੇਤਾ ਗੁਣ ਗੋਵਿੰਦ ਅਮੁਲਿਆ ॥ (928-1)
सुंदरु सुघड़ु सुजाणु बेता गुण गोविंद अमुलिआ ॥

ਵਡਭਾਗਿ ਪਾਇਆ ਦੁਖੁ ਗਵਾਇਆ ਭਈ ਪੂਰਨ ਆਸ ਜੀਉ ॥ (928-1)
वडभागि पाइआ दुखु गवाइआ भई पूरन आस जीउ ॥

ਬਿਨਵੰਤਿ ਨਾਨਕ ਸਰਣਿ ਤੇਰੀ ਮਿਟੀ ਜਮ ਕੀ ਤ੍ਰਾਸ ਜੀਉ ॥੨॥ (928-2)
बिनवंति नानक सरणि तेरी मिटी जम की त्रास जीउ ॥२॥

ਸਲੋਕ ॥ (928-2)
सलोक ॥

ਸਾਧਸੰਗਤਿ ਬਿਨੁ ਭ੍ਰਮਿ ਮੁਈ ਕਰਤੀ ਕਰਮ ਅਨੇਕ ॥ (928-3)
साधसंगति बिनु भ्रमि मुई करती करम अनेक ॥

ਕੋਮਲ ਬੰਧਨ ਬਾਧੀਆ ਨਾਨਕ ਕਰਮਹਿ ਲੇਖ ॥੧॥ (928-3)
कोमल बंधन बाधीआ नानक करमहि लेख ॥१॥

ਜੋ ਭਾਣੇ ਸੇ ਮੇਲਿਆ ਵਿਛੋੜੇ ਭੀ ਆਪਿ ॥ (928-3)
जो भाणे से मेलिआ विछोड़े भी आपि ॥

ਨਾਨਕ ਪ੍ਰਭ ਸਰਣਾਗਤੀ ਜਾ ਕਾ ਵਡ ਪਰਤਾਪੁ ॥੨॥ (928-4)
नानक प्रभ सरणागती जा का वड परतापु ॥२॥

ਛੰਤੁ ॥ (928-4)
छंतु ॥

ਗ੍ਰੀਖਮ ਰੁਤਿ ਅਤਿ ਗਾਖੜੀ ਜੇਠ ਅਖਾੜੈ ਘਾਮ ਜੀਉ ॥ (928-4)
ग्रीखम रुति अति गाखड़ी जेठ अखाड़ै घाम जीउ ॥

ਪ੍ਰੇਮ ਬਿਛੋਹੁ ਦੁਹਾਗਣੀ ਦ੍ਰਿਸਟਿ ਨ ਕਰੀ ਰਾਮ ਜੀਉ ॥ (928-5)
प्रेम बिछोहु दुहागणी द्रिसटि न करी राम जीउ ॥

ਨਹ ਦ੍ਰਿਸਟਿ ਆਵੈ ਮਰਤ ਹਾਵੈ ਮਹਾ ਗਾਰਬਿ ਮੁਠੀਆ ॥ (928-5)
नह द्रिसटि आवै मरत हावै महा गारबि मुठीआ ॥

ਜਲ ਬਾਝੁ ਮਛੁਲੀ ਤੜਫੜਾਵੈ ਸੰਗਿ ਮਾਇਆ ਰੁਠੀਆ ॥ (928-6)
जल बाझु मछुली तड़फड़ावै संगि माइआ रुठीआ ॥

ਕਰਿ ਪਾਪ ਜੋਨੀ ਭੈ ਭੀਤ ਹੋਈ ਦੇਇ ਸਾਸਨ ਜਾਮ ਜੀਉ ॥ (928-7)
करि पाप जोनी भै भीत होई देइ सासन जाम जीउ ॥

ਬਿਨਵੰਤਿ ਨਾਨਕ ਓਟ ਤੇਰੀ ਰਾਖੁ ਪੂਰਨ ਕਾਮ ਜੀਉ ॥੩॥ (928-7)
बिनवंति नानक ओट तेरी राखु पूरन काम जीउ ॥३॥

ਸਲੋਕ ॥ (928-8)
सलोक ॥

ਸਰਧਾ ਲਾਗੀ ਸੰਗਿ ਪ੍ਰੀਤਮੈ ਇਕੁ ਤਿਲੁ ਰਹਣੁ ਨ ਜਾਇ ॥ (928-8)
सरधा लागी संगि प्रीतमै इकु तिलु रहणु न जाइ ॥

ਮਨ ਤਨ ਅੰਤਰਿ ਰਵਿ ਰਹੇ ਨਾਨਕ ਸਹਜਿ ਸੁਭਾਇ ॥੧॥ (928-8)
मन तन अंतरि रवि रहे नानक सहजि सुभाइ ॥१॥

ਕਰੁ ਗਹਿ ਲੀਨੀ ਸਾਜਨਹਿ ਜਨਮ ਜਨਮ ਕੇ ਮੀਤ ॥ (928-9)
करु गहि लीनी साजनहि जनम जनम के मीत ॥

ਚਰਨਹ ਦਾਸੀ ਕਰਿ ਲਈ ਨਾਨਕ ਪ੍ਰਭ ਹਿਤ ਚੀਤ ॥੨॥ (928-9)
चरनह दासी करि लई नानक प्रभ हित चीत ॥२॥

ਛੰਤੁ ॥ (928-10)
छंतु ॥

ਰੁਤਿ ਬਰਸੁ ਸੁਹੇਲੀਆ ਸਾਵਣ ਭਾਦਵੇ ਆਨੰਦ ਜੀਉ ॥ (928-10)
रुति बरसु सुहेलीआ सावण भादवे आनंद जीउ ॥

ਘਣ ਉਨਵਿ ਵੁਠੇ ਜਲ ਥਲ ਪੂਰਿਆ ਮਕਰੰਦ ਜੀਉ ॥ (928-10)
घण उनवि वुठे जल थल पूरिआ मकरंद जीउ ॥

ਪ੍ਰਭੁ ਪੂਰਿ ਰਹਿਆ ਸਰਬ ਠਾਈ ਹਰਿ ਨਾਮ ਨਵ ਨਿਧਿ ਗ੍ਰਿਹ ਭਰੇ ॥ (928-11)
प्रभु पूरि रहिआ सरब ठाई हरि नाम नव निधि ग्रिह भरे ॥

ਸਿਮਰਿ ਸੁਆਮੀ ਅੰਤਰਜਾਮੀ ਕੁਲ ਸਮੂਹਾ ਸਭਿ ਤਰੇ ॥ (928-11)
सिमरि सुआमी अंतरजामी कुल समूहा सभि तरे ॥

ਪ੍ਰਿਅ ਰੰਗਿ ਜਾਗੇ ਨਹ ਛਿਦ੍ਰ ਲਾਗੇ ਕ੍ਰਿਪਾਲੁ ਸਦ ਬਖਸਿੰਦੁ ਜੀਉ ॥ (928-12)
प्रिअ रंगि जागे नह छिद्र लागे क्रिपालु सद बखसिंदु जीउ ॥

ਬਿਨਵੰਤਿ ਨਾਨਕ ਹਰਿ ਕੰਤੁ ਪਾਇਆ ਸਦਾ ਮਨਿ ਭਾਵੰਦੁ ਜੀਉ ॥੪॥ (928-13)
बिनवंति नानक हरि कंतु पाइआ सदा मनि भावंदु जीउ ॥४॥

ਸਲੋਕ ॥ (928-13)
सलोक ॥

ਆਸ ਪਿਆਸੀ ਮੈ ਫਿਰਉ ਕਬ ਪੇਖਉ ਗੋਪਾਲ ॥ (928-13)
आस पिआसी मै फिरउ कब पेखउ गोपाल ॥

ਹੈ ਕੋਈ ਸਾਜਨੁ ਸੰਤ ਜਨੁ ਨਾਨਕ ਪ੍ਰਭ ਮੇਲਣਹਾਰ ॥੧॥ (928-14)
है कोई साजनु संत जनु नानक प्रभ मेलणहार ॥१॥

ਬਿਨੁ ਮਿਲਬੇ ਸਾਂਤਿ ਨ ਊਪਜੈ ਤਿਲੁ ਪਲੁ ਰਹਣੁ ਨ ਜਾਇ ॥ (928-14)
बिनु मिलबे सांति न ऊपजै तिलु पलु रहणु न जाइ ॥

ਹਰਿ ਸਾਧਹ ਸਰਣਾਗਤੀ ਨਾਨਕ ਆਸ ਪੁਜਾਇ ॥੨॥ (928-15)
हरि साधह सरणागती नानक आस पुजाइ ॥२॥

ਛੰਤੁ ॥ (928-15)
छंतु ॥

ਰੁਤਿ ਸਰਦ ਅਡੰਬਰੋ ਅਸੂ ਕਤਕੇ ਹਰਿ ਪਿਆਸ ਜੀਉ ॥ (928-15)
रुति सरद अड्मबरो असू कतके हरि पिआस जीउ ॥

ਖੋਜੰਤੀ ਦਰਸਨੁ ਫਿਰਤ ਕਬ ਮਿਲੀਐ ਗੁਣਤਾਸ ਜੀਉ ॥ (928-16)
खोजंती दरसनु फिरत कब मिलीऐ गुणतास जीउ ॥

ਬਿਨੁ ਕੰਤ ਪਿਆਰੇ ਨਹ ਸੂਖ ਸਾਰੇ ਹਾਰ ਕੰਙਣ ਧ੍ਰਿਗੁ ਬਨਾ ॥ (928-16)
बिनु कंत पिआरे नह सूख सारे हार कंङण ध्रिगु बना ॥

ਸੁੰਦਰਿ ਸੁਜਾਣਿ ਚਤੁਰਿ ਬੇਤੀ ਸਾਸ ਬਿਨੁ ਜੈਸੇ ਤਨਾ ॥ (928-17)
सुंदरि सुजाणि चतुरि बेती सास बिनु जैसे तना ॥

ਈਤ ਉਤ ਦਹ ਦਿਸ ਅਲੋਕਨ ਮਨਿ ਮਿਲਨ ਕੀ ਪ੍ਰਭ ਪਿਆਸ ਜੀਉ ॥ (928-17)
ईत उत दह दिस अलोकन मनि मिलन की प्रभ पिआस जीउ ॥

ਬਿਨਵੰਤਿ ਨਾਨਕ ਧਾਰਿ ਕਿਰਪਾ ਮੇਲਹੁ ਪ੍ਰਭ ਗੁਣਤਾਸ ਜੀਉ ॥੫॥ (928-18)
बिनवंति नानक धारि किरपा मेलहु प्रभ गुणतास जीउ ॥५॥

ਸਲੋਕ ॥ (928-19)
सलोक ॥

ਜਲਣਿ ਬੁਝੀ ਸੀਤਲ ਭਏ ਮਨਿ ਤਨਿ ਉਪਜੀ ਸਾਂਤਿ ॥ (928-19)
जलणि बुझी सीतल भए मनि तनि उपजी सांति ॥

ਨਾਨਕ ਪ੍ਰਭ ਪੂਰਨ ਮਿਲੇ ਦੁਤੀਆ ਬਿਨਸੀ ਭ੍ਰਾਂਤਿ ॥੧॥ (928-19)
नानक प्रभ पूरन मिले दुतीआ बिनसी भ्रांति ॥१॥

ਸਾਧ ਪਠਾਏ ਆਪਿ ਹਰਿ ਹਮ ਤੁਮ ਤੇ ਨਾਹੀ ਦੂਰਿ ॥ (929-1)
साध पठाए आपि हरि हम तुम ते नाही दूरि ॥

ਨਾਨਕ ਭ੍ਰਮ ਭੈ ਮਿਟਿ ਗਏ ਰਮਣ ਰਾਮ ਭਰਪੂਰਿ ॥੨॥ (929-1)
नानक भ्रम भै मिटि गए रमण राम भरपूरि ॥२॥

ਛੰਤੁ ॥ (929-2)
छंतु ॥

ਰੁਤਿ ਸਿਸੀਅਰ ਸੀਤਲ ਹਰਿ ਪ੍ਰਗਟੇ ਮੰਘਰ ਪੋਹਿ ਜੀਉ ॥ (929-2)
रुति सिसीअर सीतल हरि प्रगटे मंघर पोहि जीउ ॥

ਜਲਨਿ ਬੁਝੀ ਦਰਸੁ ਪਾਇਆ ਬਿਨਸੇ ਮਾਇਆ ਧ੍ਰੋਹ ਜੀਉ ॥ (929-3)
जलनि बुझी दरसु पाइआ बिनसे माइआ ध्रोह जीउ ॥

ਸਭਿ ਕਾਮ ਪੂਰੇ ਮਿਲਿ ਹਜੂਰੇ ਹਰਿ ਚਰਣ ਸੇਵਕਿ ਸੇਵਿਆ ॥ (929-3)
सभि काम पूरे मिलि हजूरे हरि चरण सेवकि सेविआ ॥

ਹਾਰ ਡੋਰ ਸੀਗਾਰ ਸਭਿ ਰਸ ਗੁਣ ਗਾਉ ਅਲਖ ਅਭੇਵਿਆ ॥ (929-4)
हार डोर सीगार सभि रस गुण गाउ अलख अभेविआ ॥

ਭਾਉ ਭਗਤਿ ਗੋਵਿੰਦ ਬਾਂਛਤ ਜਮੁ ਨ ਸਾਕੈ ਜੋਹਿ ਜੀਉ ॥ (929-4)
भाउ भगति गोविंद बांछत जमु न साकै जोहि जीउ ॥

ਬਿਨਵੰਤਿ ਨਾਨਕ ਪ੍ਰਭਿ ਆਪਿ ਮੇਲੀ ਤਹ ਨ ਪ੍ਰੇਮ ਬਿਛੋਹ ਜੀਉ ॥੬॥ (929-5)
बिनवंति नानक प्रभि आपि मेली तह न प्रेम बिछोह जीउ ॥६॥

ਸਲੋਕ ॥ (929-5)
सलोक ॥

ਹਰਿ ਧਨੁ ਪਾਇਆ ਸੋਹਾਗਣੀ ਡੋਲਤ ਨਾਹੀ ਚੀਤ ॥ (929-5)
हरि धनु पाइआ सोहागणी डोलत नाही चीत ॥

ਸੰਤ ਸੰਜੋਗੀ ਨਾਨਕਾ ਗ੍ਰਿਹਿ ਪ੍ਰਗਟੇ ਪ੍ਰਭ ਮੀਤ ॥੧॥ (929-6)
संत संजोगी नानका ग्रिहि प्रगटे प्रभ मीत ॥१॥

ਨਾਦ ਬਿਨੋਦ ਅਨੰਦ ਕੋਡ ਪ੍ਰਿਅ ਪ੍ਰੀਤਮ ਸੰਗਿ ਬਨੇ ॥ (929-6)
नाद बिनोद अनंद कोड प्रिअ प्रीतम संगि बने ॥

ਮਨ ਬਾਂਛਤ ਫਲ ਪਾਇਆ ਹਰਿ ਨਾਨਕ ਨਾਮ ਭਨੇ ॥੨॥ (929-7)
मन बांछत फल पाइआ हरि नानक नाम भने ॥२॥

ਛੰਤੁ ॥ (929-7)
छंतु ॥

ਹਿਮਕਰ ਰੁਤਿ ਮਨਿ ਭਾਵਤੀ ਮਾਘੁ ਫਗਣੁ ਗੁਣਵੰਤ ਜੀਉ ॥ (929-7)
हिमकर रुति मनि भावती माघु फगणु गुणवंत जीउ ॥

ਸਖੀ ਸਹੇਲੀ ਗਾਉ ਮੰਗਲੋ ਗ੍ਰਿਹਿ ਆਏ ਹਰਿ ਕੰਤ ਜੀਉ ॥ (929-8)
सखी सहेली गाउ मंगलो ग्रिहि आए हरि कंत जीउ ॥

ਗ੍ਰਿਹਿ ਲਾਲ ਆਏ ਮਨਿ ਧਿਆਏ ਸੇਜ ਸੁੰਦਰਿ ਸੋਹੀਆ ॥ (929-9)
ग्रिहि लाल आए मनि धिआए सेज सुंदरि सोहीआ ॥

ਵਣੁ ਤ੍ਰਿਣੁ ਤ੍ਰਿਭਵਣ ਭਏ ਹਰਿਆ ਦੇਖਿ ਦਰਸਨ ਮੋਹੀਆ ॥ (929-9)
वणु त्रिणु त्रिभवण भए हरिआ देखि दरसन मोहीआ ॥

ਮਿਲੇ ਸੁਆਮੀ ਇਛ ਪੁੰਨੀ ਮਨਿ ਜਪਿਆ ਨਿਰਮਲ ਮੰਤ ਜੀਉ ॥ (929-10)
मिले सुआमी इछ पुंनी मनि जपिआ निरमल मंत जीउ ॥

ਬਿਨਵੰਤਿ ਨਾਨਕ ਨਿਤ ਕਰਹੁ ਰਲੀਆ ਹਰਿ ਮਿਲੇ ਸ੍ਰੀਧਰ ਕੰਤ ਜੀਉ ॥੭॥ (929-10)
बिनवंति नानक नित करहु रलीआ हरि मिले स्रीधर कंत जीउ ॥७॥

ਸਲੋਕ ॥ (929-11)
सलोक ॥

ਸੰਤ ਸਹਾਈ ਜੀਅ ਕੇ ਭਵਜਲ ਤਾਰਣਹਾਰ ॥ (929-11)
संत सहाई जीअ के भवजल तारणहार ॥

ਸਭ ਤੇ ਊਚੇ ਜਾਣੀਅਹਿ ਨਾਨਕ ਨਾਮ ਪਿਆਰ ॥੧॥ (929-11)
सभ ते ऊचे जाणीअहि नानक नाम पिआर ॥१॥

ਜਿਨ ਜਾਨਿਆ ਸੇਈ ਤਰੇ ਸੇ ਸੂਰੇ ਸੇ ਬੀਰ ॥ (929-12)
जिन जानिआ सेई तरे से सूरे से बीर ॥

ਨਾਨਕ ਤਿਨ ਬਲਿਹਾਰਣੈ ਹਰਿ ਜਪਿ ਉਤਰੇ ਤੀਰ ॥੨॥ (929-12)
नानक तिन बलिहारणै हरि जपि उतरे तीर ॥२॥

ਛੰਤੁ ॥ (929-13)
छंतु ॥

ਚਰਣ ਬਿਰਾਜਿਤ ਸਭ ਊਪਰੇ ਮਿਟਿਆ ਸਗਲ ਕਲੇਸੁ ਜੀਉ ॥ (929-13)
चरण बिराजित सभ ऊपरे मिटिआ सगल कलेसु जीउ ॥

ਆਵਣ ਜਾਵਣ ਦੁਖ ਹਰੇ ਹਰਿ ਭਗਤਿ ਕੀਆ ਪਰਵੇਸੁ ਜੀਉ ॥ (929-14)
आवण जावण दुख हरे हरि भगति कीआ परवेसु जीउ ॥

ਹਰਿ ਰੰਗਿ ਰਾਤੇ ਸਹਜਿ ਮਾਤੇ ਤਿਲੁ ਨ ਮਨ ਤੇ ਬੀਸਰੈ ॥ (929-14)
हरि रंगि राते सहजि माते तिलु न मन ते बीसरै ॥

ਤਜਿ ਆਪੁ ਸਰਣੀ ਪਰੇ ਚਰਨੀ ਸਰਬ ਗੁਣ ਜਗਦੀਸਰੈ ॥ (929-15)
तजि आपु सरणी परे चरनी सरब गुण जगदीसरै ॥

ਗੋਵਿੰਦ ਗੁਣ ਨਿਧਿ ਸ੍ਰੀਰੰਗ ਸੁਆਮੀ ਆਦਿ ਕਉ ਆਦੇਸੁ ਜੀਉ ॥ (929-15)
गोविंद गुण निधि स्रीरंग सुआमी आदि कउ आदेसु जीउ ॥

ਬਿਨਵੰਤਿ ਨਾਨਕ ਮਇਆ ਧਾਰਹੁ ਜੁਗੁ ਜੁਗੋ ਇਕ ਵੇਸੁ ਜੀਉ ॥੮॥੧॥੬॥੮॥ (929-16)
बिनवंति नानक मइआ धारहु जुगु जुगो इक वेसु जीउ ॥८॥१॥६॥८॥

ਰਾਮਕਲੀ ਮਹਲਾ ੧ ਦਖਣੀ ਓਅੰਕਾਰੁ (929-17)
रामकली महला १ दखणी ओअंकारु

ੴ ਸਤਿਗੁਰ ਪ੍ਰਸਾਦਿ ॥ (929-17)
ੴ सतिगुर प्रसादि ॥

ਓਅੰਕਾਰਿ ਬ੍ਰਹਮਾ ਉਤਪਤਿ ॥ (929-18)
ओअंकारि ब्रहमा उतपति ॥

ਓਅੰਕਾਰੁ ਕੀਆ ਜਿਨਿ ਚਿਤਿ ॥ (929-18)
ओअंकारु कीआ जिनि चिति ॥

ਓਅੰਕਾਰਿ ਸੈਲ ਜੁਗ ਭਏ ॥ (929-18)
ओअंकारि सैल जुग भए ॥

ਓਅੰਕਾਰਿ ਬੇਦ ਨਿਰਮਏ ॥ (929-18)
ओअंकारि बेद निरमए ॥

ਓਅੰਕਾਰਿ ਸਬਦਿ ਉਧਰੇ ॥ (930-1)
ओअंकारि सबदि उधरे ॥

ਓਅੰਕਾਰਿ ਗੁਰਮੁਖਿ ਤਰੇ ॥ (930-1)
ओअंकारि गुरमुखि तरे ॥

ਓਨਮ ਅਖਰ ਸੁਣਹੁ ਬੀਚਾਰੁ ॥ (930-1)
ओनम अखर सुणहु बीचारु ॥

ਓਨਮ ਅਖਰੁ ਤ੍ਰਿਭਵਣ ਸਾਰੁ ॥੧॥ (930-1)
ओनम अखरु त्रिभवण सारु ॥१॥

ਸੁਣਿ ਪਾਡੇ ਕਿਆ ਲਿਖਹੁ ਜੰਜਾਲਾ ॥ (930-2)
सुणि पाडे किआ लिखहु जंजाला ॥

ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ ॥੧॥ ਰਹਾਉ ॥ (930-2)
लिखु राम नाम गुरमुखि गोपाला ॥१॥ रहाउ ॥

ਸਸੈ ਸਭੁ ਜਗੁ ਸਹਜਿ ਉਪਾਇਆ ਤੀਨਿ ਭਵਨ ਇਕ ਜੋਤੀ ॥ (930-3)
ससै सभु जगु सहजि उपाइआ तीनि भवन इक जोती ॥

ਗੁਰਮੁਖਿ ਵਸਤੁ ਪਰਾਪਤਿ ਹੋਵੈ ਚੁਣਿ ਲੈ ਮਾਣਕ ਮੋਤੀ ॥ (930-3)
गुरमुखि वसतु परापति होवै चुणि लै माणक मोती ॥

ਸਮਝੈ ਸੂਝੈ ਪੜਿ ਪੜਿ ਬੂਝੈ ਅੰਤਿ ਨਿਰੰਤਰਿ ਸਾਚਾ ॥ (930-4)
समझै सूझै पड़ि पड़ि बूझै अंति निरंतरि साचा ॥

ਗੁਰਮੁਖਿ ਦੇਖੈ ਸਾਚੁ ਸਮਾਲੇ ਬਿਨੁ ਸਾਚੇ ਜਗੁ ਕਾਚਾ ॥੨॥ (930-4)
गुरमुखि देखै साचु समाले बिनु साचे जगु काचा ॥२॥

ਧਧੈ ਧਰਮੁ ਧਰੇ ਧਰਮਾ ਪੁਰਿ ਗੁਣਕਾਰੀ ਮਨੁ ਧੀਰਾ ॥ (930-5)
धधै धरमु धरे धरमा पुरि गुणकारी मनु धीरा ॥

ਧਧੈ ਧੂਲਿ ਪੜੈ ਮੁਖਿ ਮਸਤਕਿ ਕੰਚਨ ਭਏ ਮਨੂਰਾ ॥ (930-5)
धधै धूलि पड़ै मुखि मसतकि कंचन भए मनूरा ॥

ਧਨੁ ਧਰਣੀਧਰੁ ਆਪਿ ਅਜੋਨੀ ਤੋਲਿ ਬੋਲਿ ਸਚੁ ਪੂਰਾ ॥ (930-6)
धनु धरणीधरु आपि अजोनी तोलि बोलि सचु पूरा ॥

ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ ॥੩॥ (930-6)
करते की मिति करता जाणै कै जाणै गुरु सूरा ॥३॥

ਙਿਆਨੁ ਗਵਾਇਆ ਦੂਜਾ ਭਾਇਆ ਗਰਬਿ ਗਲੇ ਬਿਖੁ ਖਾਇਆ ॥ (930-7)
ङिआनु गवाइआ दूजा भाइआ गरबि गले बिखु खाइआ ॥

ਗੁਰ ਰਸੁ ਗੀਤ ਬਾਦ ਨਹੀ ਭਾਵੈ ਸੁਣੀਐ ਗਹਿਰ ਗੰਭੀਰੁ ਗਵਾਇਆ ॥ (930-7)
गुर रसु गीत बाद नही भावै सुणीऐ गहिर ग्मभीरु गवाइआ ॥

ਗੁਰਿ ਸਚੁ ਕਹਿਆ ਅੰਮ੍ਰਿਤੁ ਲਹਿਆ ਮਨਿ ਤਨਿ ਸਾਚੁ ਸੁਖਾਇਆ ॥ (930-8)
गुरि सचु कहिआ अमृतु लहिआ मनि तनि साचु सुखाइआ ॥

ਆਪੇ ਗੁਰਮੁਖਿ ਆਪੇ ਦੇਵੈ ਆਪੇ ਅੰਮ੍ਰਿਤੁ ਪੀਆਇਆ ॥੪॥ (930-9)
आपे गुरमुखि आपे देवै आपे अमृतु पीआइआ ॥४॥

ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ ॥ (930-9)
एको एकु कहै सभु कोई हउमै गरबु विआपै ॥

ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ ॥ (930-10)
अंतरि बाहरि एकु पछाणै इउ घरु महलु सिञापै ॥

ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸ੍ਰਿਸਟਿ ਸਬਾਈ ॥ (930-10)
प्रभु नेड़ै हरि दूरि न जाणहु एको स्रिसटि सबाई ॥

ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ ॥੫॥ (930-11)
एकंकारु अवरु नही दूजा नानक एकु समाई ॥५॥

ਇਸੁ ਕਰਤੇ ਕਉ ਕਿਉ ਗਹਿ ਰਾਖਉ ਅਫਰਿਓ ਤੁਲਿਓ ਨ ਜਾਈ ॥ (930-11)
इसु करते कउ किउ गहि राखउ अफरिओ तुलिओ न जाई ॥

ਮਾਇਆ ਕੇ ਦੇਵਾਨੇ ਪ੍ਰਾਣੀ ਝੂਠਿ ਠਗਉਰੀ ਪਾਈ ॥ (930-12)
माइआ के देवाने प्राणी झूठि ठगउरी पाई ॥

ਲਬਿ ਲੋਭਿ ਮੁਹਤਾਜਿ ਵਿਗੂਤੇ ਇਬ ਤਬ ਫਿਰਿ ਪਛੁਤਾਈ ॥ (930-12)
लबि लोभि मुहताजि विगूते इब तब फिरि पछुताई ॥

ਏਕੁ ਸਰੇਵੈ ਤਾ ਗਤਿ ਮਿਤਿ ਪਾਵੈ ਆਵਣੁ ਜਾਣੁ ਰਹਾਈ ॥੬॥ (930-13)
एकु सरेवै ता गति मिति पावै आवणु जाणु रहाई ॥६॥

ਏਕੁ ਅਚਾਰੁ ਰੰਗੁ ਇਕੁ ਰੂਪੁ ॥ (930-13)
एकु अचारु रंगु इकु रूपु ॥

ਪਉਣ ਪਾਣੀ ਅਗਨੀ ਅਸਰੂਪੁ ॥ (930-14)
पउण पाणी अगनी असरूपु ॥

ਏਕੋ ਭਵਰੁ ਭਵੈ ਤਿਹੁ ਲੋਇ ॥ (930-14)
एको भवरु भवै तिहु लोइ ॥

ਏਕੋ ਬੂਝੈ ਸੂਝੈ ਪਤਿ ਹੋਇ ॥ (930-14)
एको बूझै सूझै पति होइ ॥

ਗਿਆਨੁ ਧਿਆਨੁ ਲੇ ਸਮਸਰਿ ਰਹੈ ॥ (930-15)
गिआनु धिआनु ले समसरि रहै ॥

ਗੁਰਮੁਖਿ ਏਕੁ ਵਿਰਲਾ ਕੋ ਲਹੈ ॥ (930-15)
गुरमुखि एकु विरला को लहै ॥

ਜਿਸ ਨੋ ਦੇਇ ਕਿਰਪਾ ਤੇ ਸੁਖੁ ਪਾਏ ॥ (930-15)
जिस नो देइ किरपा ते सुखु पाए ॥

ਗੁਰੂ ਦੁਆਰੈ ਆਖਿ ਸੁਣਾਏ ॥੭॥ (930-16)
गुरू दुआरै आखि सुणाए ॥७॥

ਊਰਮ ਧੂਰਮ ਜੋਤਿ ਉਜਾਲਾ ॥ (930-16)
ऊरम धूरम जोति उजाला ॥

ਤੀਨਿ ਭਵਣ ਮਹਿ ਗੁਰ ਗੋਪਾਲਾ ॥ (930-16)
तीनि भवण महि गुर गोपाला ॥

ਊਗਵਿਆ ਅਸਰੂਪੁ ਦਿਖਾਵੈ ॥ (930-17)
ऊगविआ असरूपु दिखावै ॥

ਕਰਿ ਕਿਰਪਾ ਅਪੁਨੈ ਘਰਿ ਆਵੈ ॥ (930-17)
करि किरपा अपुनै घरि आवै ॥

ਊਨਵਿ ਬਰਸੈ ਨੀਝਰ ਧਾਰਾ ॥ (930-17)
ऊनवि बरसै नीझर धारा ॥

ਊਤਮ ਸਬਦਿ ਸਵਾਰਣਹਾਰਾ ॥ (930-18)
ऊतम सबदि सवारणहारा ॥

ਇਸੁ ਏਕੇ ਕਾ ਜਾਣੈ ਭੇਉ ॥ (930-18)
इसु एके का जाणै भेउ ॥

ਆਪੇ ਕਰਤਾ ਆਪੇ ਦੇਉ ॥੮॥ (930-18)
आपे करता आपे देउ ॥८॥

ਉਗਵੈ ਸੂਰੁ ਅਸੁਰ ਸੰਘਾਰੈ ॥ (930-18)
उगवै सूरु असुर संघारै ॥

ਊਚਉ ਦੇਖਿ ਸਬਦਿ ਬੀਚਾਰੈ ॥ (930-19)
ऊचउ देखि सबदि बीचारै ॥

ਊਪਰਿ ਆਦਿ ਅੰਤਿ ਤਿਹੁ ਲੋਇ ॥ (930-19)
ऊपरि आदि अंति तिहु लोइ ॥

ਆਪੇ ਕਰੈ ਕਥੈ ਸੁਣੈ ਸੋਇ ॥ (930-19)
आपे करै कथै सुणै सोइ ॥

ਓਹੁ ਬਿਧਾਤਾ ਮਨੁ ਤਨੁ ਦੇਇ ॥ (931-1)
ओहु बिधाता मनु तनु देइ ॥

ਓਹੁ ਬਿਧਾਤਾ ਮਨਿ ਮੁਖਿ ਸੋਇ ॥ (931-1)
ओहु बिधाता मनि मुखि सोइ ॥

ਪ੍ਰਭੁ ਜਗਜੀਵਨੁ ਅਵਰੁ ਨ ਕੋਇ ॥ (931-1)
प्रभु जगजीवनु अवरु न कोइ ॥

ਨਾਨਕ ਨਾਮਿ ਰਤੇ ਪਤਿ ਹੋਇ ॥੯॥ (931-2)
नानक नामि रते पति होइ ॥९॥

ਰਾਜਨ ਰਾਮ ਰਵੈ ਹਿਤਕਾਰਿ ॥ (931-2)
राजन राम रवै हितकारि ॥

ਰਣ ਮਹਿ ਲੂਝੈ ਮਨੂਆ ਮਾਰਿ ॥ (931-2)
रण महि लूझै मनूआ मारि ॥

ਰਾਤਿ ਦਿਨੰਤਿ ਰਹੈ ਰੰਗਿ ਰਾਤਾ ॥ (931-2)
राति दिनंति रहै रंगि राता ॥

ਤੀਨਿ ਭਵਨ ਜੁਗ ਚਾਰੇ ਜਾਤਾ ॥ (931-3)
तीनि भवन जुग चारे जाता ॥

ਜਿਨਿ ਜਾਤਾ ਸੋ ਤਿਸ ਹੀ ਜੇਹਾ ॥ (931-3)
जिनि जाता सो तिस ही जेहा ॥

ਅਤਿ ਨਿਰਮਾਇਲੁ ਸੀਝਸਿ ਦੇਹਾ ॥ (931-3)
अति निरमाइलु सीझसि देहा ॥

ਰਹਸੀ ਰਾਮੁ ਰਿਦੈ ਇਕ ਭਾਇ ॥ (931-4)
रहसी रामु रिदै इक भाइ ॥

ਅੰਤਰਿ ਸਬਦੁ ਸਾਚਿ ਲਿਵ ਲਾਇ ॥੧੦॥ (931-4)
अंतरि सबदु साचि लिव लाइ ॥१०॥

ਰੋਸੁ ਨ ਕੀਜੈ ਅੰਮ੍ਰਿਤੁ ਪੀਜੈ ਰਹਣੁ ਨਹੀ ਸੰਸਾਰੇ ॥ (931-4)
रोसु न कीजै अमृतु पीजै रहणु नही संसारे ॥

ਰਾਜੇ ਰਾਇ ਰੰਕ ਨਹੀ ਰਹਣਾ ਆਇ ਜਾਇ ਜੁਗ ਚਾਰੇ ॥ (931-5)
राजे राइ रंक नही रहणा आइ जाइ जुग चारे ॥

ਰਹਣ ਕਹਣ ਤੇ ਰਹੈ ਨ ਕੋਈ ਕਿਸੁ ਪਹਿ ਕਰਉ ਬਿਨੰਤੀ ॥ (931-5)
रहण कहण ते रहै न कोई किसु पहि करउ बिनंती ॥

ਏਕੁ ਸਬਦੁ ਰਾਮ ਨਾਮ ਨਿਰੋਧਰੁ ਗੁਰੁ ਦੇਵੈ ਪਤਿ ਮਤੀ ॥੧੧॥ (931-6)
एकु सबदु राम नाम निरोधरु गुरु देवै पति मती ॥११॥

ਲਾਜ ਮਰੰਤੀ ਮਰਿ ਗਈ ਘੂਘਟੁ ਖੋਲਿ ਚਲੀ ॥ (931-6)
लाज मरंती मरि गई घूघटु खोलि चली ॥

ਸਾਸੁ ਦਿਵਾਨੀ ਬਾਵਰੀ ਸਿਰ ਤੇ ਸੰਕ ਟਲੀ ॥ (931-7)
सासु दिवानी बावरी सिर ते संक टली ॥

ਪ੍ਰੇਮਿ ਬੁਲਾਈ ਰਲੀ ਸਿਉ ਮਨ ਮਹਿ ਸਬਦੁ ਅਨੰਦੁ ॥ (931-7)
प्रेमि बुलाई रली सिउ मन महि सबदु अनंदु ॥

ਲਾਲਿ ਰਤੀ ਲਾਲੀ ਭਈ ਗੁਰਮੁਖਿ ਭਈ ਨਿਚਿੰਦੁ ॥੧੨॥ (931-8)
लालि रती लाली भई गुरमुखि भई निचिंदु ॥१२॥

ਲਾਹਾ ਨਾਮੁ ਰਤਨੁ ਜਪਿ ਸਾਰੁ ॥ (931-8)
लाहा नामु रतनु जपि सारु ॥

ਲਬੁ ਲੋਭੁ ਬੁਰਾ ਅਹੰਕਾਰੁ ॥ (931-9)
लबु लोभु बुरा अहंकारु ॥

ਲਾੜੀ ਚਾੜੀ ਲਾਇਤਬਾਰੁ ॥ (931-9)
लाड़ी चाड़ी लाइतबारु ॥

ਮਨਮੁਖੁ ਅੰਧਾ ਮੁਗਧੁ ਗਵਾਰੁ ॥ (931-9)
मनमुखु अंधा मुगधु गवारु ॥

ਲਾਹੇ ਕਾਰਣਿ ਆਇਆ ਜਗਿ ॥ (931-9)
लाहे कारणि आइआ जगि ॥

ਹੋਇ ਮਜੂਰੁ ਗਇਆ ਠਗਾਇ ਠਗਿ ॥ (931-10)
होइ मजूरु गइआ ठगाइ ठगि ॥

ਲਾਹਾ ਨਾਮੁ ਪੂੰਜੀ ਵੇਸਾਹੁ ॥ (931-10)
लाहा नामु पूंजी वेसाहु ॥

ਨਾਨਕ ਸਚੀ ਪਤਿ ਸਚਾ ਪਾਤਿਸਾਹੁ ॥੧੩॥ (931-10)
नानक सची पति सचा पातिसाहु ॥१३॥

ਆਇ ਵਿਗੂਤਾ ਜਗੁ ਜਮ ਪੰਥੁ ॥ (931-11)
आइ विगूता जगु जम पंथु ॥

ਆਈ ਨ ਮੇਟਣ ਕੋ ਸਮਰਥੁ ॥ (931-11)
आई न मेटण को समरथु ॥

ਆਥਿ ਸੈਲ ਨੀਚ ਘਰਿ ਹੋਇ ॥ (931-11)
आथि सैल नीच घरि होइ ॥

ਆਥਿ ਦੇਖਿ ਨਿਵੈ ਜਿਸੁ ਦੋਇ ॥ (931-12)
आथि देखि निवै जिसु दोइ ॥

ਆਥਿ ਹੋਇ ਤਾ ਮੁਗਧੁ ਸਿਆਨਾ ॥ (931-12)
आथि होइ ता मुगधु सिआना ॥

ਭਗਤਿ ਬਿਹੂਨਾ ਜਗੁ ਬਉਰਾਨਾ ॥ (931-12)
भगति बिहूना जगु बउराना ॥

ਸਭ ਮਹਿ ਵਰਤੈ ਏਕੋ ਸੋਇ ॥ (931-13)
सभ महि वरतै एको सोइ ॥

ਜਿਸ ਨੋ ਕਿਰਪਾ ਕਰੇ ਤਿਸੁ ਪਰਗਟੁ ਹੋਇ ॥੧੪॥ (931-13)
जिस नो किरपा करे तिसु परगटु होइ ॥१४॥

ਜੁਗਿ ਜੁਗਿ ਥਾਪਿ ਸਦਾ ਨਿਰਵੈਰੁ ॥ (931-13)
जुगि जुगि थापि सदा निरवैरु ॥

ਜਨਮਿ ਮਰਣਿ ਨਹੀ ਧੰਧਾ ਧੈਰੁ ॥ (931-14)
जनमि मरणि नही धंधा धैरु ॥

ਜੋ ਦੀਸੈ ਸੋ ਆਪੇ ਆਪਿ ॥ (931-14)
जो दीसै सो आपे आपि ॥

ਆਪਿ ਉਪਾਇ ਆਪੇ ਘਟ ਥਾਪਿ ॥ (931-14)
आपि उपाइ आपे घट थापि ॥

ਆਪਿ ਅਗੋਚਰੁ ਧੰਧੈ ਲੋਈ ॥ (931-15)
आपि अगोचरु धंधै लोई ॥

ਜੋਗ ਜੁਗਤਿ ਜਗਜੀਵਨੁ ਸੋਈ ॥ (931-15)
जोग जुगति जगजीवनु सोई ॥

ਕਰਿ ਆਚਾਰੁ ਸਚੁ ਸੁਖੁ ਹੋਈ ॥ (931-15)
करि आचारु सचु सुखु होई ॥

ਨਾਮ ਵਿਹੂਣਾ ਮੁਕਤਿ ਕਿਵ ਹੋਈ ॥੧੫॥ (931-15)
नाम विहूणा मुकति किव होई ॥१५॥

ਵਿਣੁ ਨਾਵੈ ਵੇਰੋਧੁ ਸਰੀਰ ॥ (931-16)
विणु नावै वेरोधु सरीर ॥

ਕਿਉ ਨ ਮਿਲਹਿ ਕਾਟਹਿ ਮਨ ਪੀਰ ॥ (931-16)
किउ न मिलहि काटहि मन पीर ॥

ਵਾਟ ਵਟਾਊ ਆਵੈ ਜਾਇ ॥ (931-16)
वाट वटाऊ आवै जाइ ॥

ਕਿਆ ਲੇ ਆਇਆ ਕਿਆ ਪਲੈ ਪਾਇ ॥ (931-17)
किआ ले आइआ किआ पलै पाइ ॥

ਵਿਣੁ ਨਾਵੈ ਤੋਟਾ ਸਭ ਥਾਇ ॥ (931-17)
विणु नावै तोटा सभ थाइ ॥

ਲਾਹਾ ਮਿਲੈ ਜਾ ਦੇਇ ਬੁਝਾਇ ॥ (931-17)
लाहा मिलै जा देइ बुझाइ ॥

ਵਣਜੁ ਵਾਪਾਰੁ ਵਣਜੈ ਵਾਪਾਰੀ ॥ (931-18)
वणजु वापारु वणजै वापारी ॥

ਵਿਣੁ ਨਾਵੈ ਕੈਸੀ ਪਤਿ ਸਾਰੀ ॥੧੬॥ (931-18)
विणु नावै कैसी पति सारी ॥१६॥

ਗੁਣ ਵੀਚਾਰੇ ਗਿਆਨੀ ਸੋਇ ॥ (931-18)
गुण वीचारे गिआनी सोइ ॥

ਗੁਣ ਮਹਿ ਗਿਆਨੁ ਪਰਾਪਤਿ ਹੋਇ ॥ (931-19)
गुण महि गिआनु परापति होइ ॥

ਗੁਣਦਾਤਾ ਵਿਰਲਾ ਸੰਸਾਰਿ ॥ (931-19)
गुणदाता विरला संसारि ॥

ਸਾਚੀ ਕਰਣੀ ਗੁਰ ਵੀਚਾਰਿ ॥ (931-19)
साची करणी गुर वीचारि ॥

ਅਗਮ ਅਗੋਚਰੁ ਕੀਮਤਿ ਨਹੀ ਪਾਇ ॥ (931-19)
अगम अगोचरु कीमति नही पाइ ॥

ਤਾ ਮਿਲੀਐ ਜਾ ਲਏ ਮਿਲਾਇ ॥ (932-1)
ता मिलीऐ जा लए मिलाइ ॥

ਗੁਣਵੰਤੀ ਗੁਣ ਸਾਰੇ ਨੀਤ ॥ (932-1)
गुणवंती गुण सारे नीत ॥

ਨਾਨਕ ਗੁਰਮਤਿ ਮਿਲੀਐ ਮੀਤ ॥੧੭॥ (932-1)
नानक गुरमति मिलीऐ मीत ॥१७॥

ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥ (932-2)
कामु क्रोधु काइआ कउ गालै ॥

ਜਿਉ ਕੰਚਨ ਸੋਹਾਗਾ ਢਾਲੈ ॥ (932-2)
जिउ कंचन सोहागा ढालै ॥

ਕਸਿ ਕਸਵਟੀ ਸਹੈ ਸੁ ਤਾਉ ॥ (932-2)
कसि कसवटी सहै सु ताउ ॥

ਨਦਰਿ ਸਰਾਫ ਵੰਨੀ ਸਚੜਾਉ ॥ (932-3)
नदरि सराफ वंनी सचड़ाउ ॥

ਜਗਤੁ ਪਸੂ ਅਹੰ ਕਾਲੁ ਕਸਾਈ ॥ (932-3)
जगतु पसू अहं कालु कसाई ॥

ਕਰਿ ਕਰਤੈ ਕਰਣੀ ਕਰਿ ਪਾਈ ॥ (932-3)
करि करतै करणी करि पाई ॥

ਜਿਨਿ ਕੀਤੀ ਤਿਨਿ ਕੀਮਤਿ ਪਾਈ ॥ (932-4)
जिनि कीती तिनि कीमति पाई ॥

ਹੋਰ ਕਿਆ ਕਹੀਐ ਕਿਛੁ ਕਹਣੁ ਨ ਜਾਈ ॥੧੮॥ (932-4)
होर किआ कहीऐ किछु कहणु न जाई ॥१८॥

ਖੋਜਤ ਖੋਜਤ ਅੰਮ੍ਰਿਤੁ ਪੀਆ ॥ (932-4)
खोजत खोजत अमृतु पीआ ॥

ਖਿਮਾ ਗਹੀ ਮਨੁ ਸਤਗੁਰਿ ਦੀਆ ॥ (932-5)
खिमा गही मनु सतगुरि दीआ ॥

ਖਰਾ ਖਰਾ ਆਖੈ ਸਭੁ ਕੋਇ ॥ (932-5)
खरा खरा आखै सभु कोइ ॥

ਖਰਾ ਰਤਨੁ ਜੁਗ ਚਾਰੇ ਹੋਇ ॥ (932-5)
खरा रतनु जुग चारे होइ ॥

ਖਾਤ ਪੀਅੰਤ ਮੂਏ ਨਹੀ ਜਾਨਿਆ ॥ (932-6)
खात पीअंत मूए नही जानिआ ॥

ਖਿਨ ਮਹਿ ਮੂਏ ਜਾ ਸਬਦੁ ਪਛਾਨਿਆ ॥ (932-6)
खिन महि मूए जा सबदु पछानिआ ॥

ਅਸਥਿਰੁ ਚੀਤੁ ਮਰਨਿ ਮਨੁ ਮਾਨਿਆ ॥ (932-6)
असथिरु चीतु मरनि मनु मानिआ ॥

ਗੁਰ ਕਿਰਪਾ ਤੇ ਨਾਮੁ ਪਛਾਨਿਆ ॥੧੯॥ (932-7)
गुर किरपा ते नामु पछानिआ ॥१९॥

ਗਗਨ ਗੰਭੀਰੁ ਗਗਨੰਤਰਿ ਵਾਸੁ ॥ (932-7)
गगन ग्मभीरु गगनंतरि वासु ॥

ਗੁਣ ਗਾਵੈ ਸੁਖ ਸਹਜਿ ਨਿਵਾਸੁ ॥ (932-7)
गुण गावै सुख सहजि निवासु ॥

ਗਇਆ ਨ ਆਵੈ ਆਇ ਨ ਜਾਇ ॥ (932-8)
गइआ न आवै आइ न जाइ ॥

ਗੁਰ ਪਰਸਾਦਿ ਰਹੈ ਲਿਵ ਲਾਇ ॥ (932-8)
गुर परसादि रहै लिव लाइ ॥

ਗਗਨੁ ਅਗੰਮੁ ਅਨਾਥੁ ਅਜੋਨੀ ॥ (932-8)
गगनु अगंमु अनाथु अजोनी ॥

ਅਸਥਿਰੁ ਚੀਤੁ ਸਮਾਧਿ ਸਗੋਨੀ ॥ (932-9)
असथिरु चीतु समाधि सगोनी ॥

ਹਰਿ ਨਾਮੁ ਚੇਤਿ ਫਿਰਿ ਪਵਹਿ ਨ ਜੂਨੀ ॥ (932-9)
हरि नामु चेति फिरि पवहि न जूनी ॥

ਗੁਰਮਤਿ ਸਾਰੁ ਹੋਰ ਨਾਮ ਬਿਹੂਨੀ ॥੨੦॥ (932-9)
गुरमति सारु होर नाम बिहूनी ॥२०॥

ਘਰ ਦਰ ਫਿਰਿ ਥਾਕੀ ਬਹੁਤੇਰੇ ॥ (932-10)
घर दर फिरि थाकी बहुतेरे ॥

ਜਾਤਿ ਅਸੰਖ ਅੰਤ ਨਹੀ ਮੇਰੇ ॥ (932-10)
जाति असंख अंत नही मेरे ॥

ਕੇਤੇ ਮਾਤ ਪਿਤਾ ਸੁਤ ਧੀਆ ॥ (932-10)
केते मात पिता सुत धीआ ॥

ਕੇਤੇ ਗੁਰ ਚੇਲੇ ਫੁਨਿ ਹੂਆ ॥ (932-11)
केते गुर चेले फुनि हूआ ॥

ਕਾਚੇ ਗੁਰ ਤੇ ਮੁਕਤਿ ਨ ਹੂਆ ॥ (932-11)
काचे गुर ते मुकति न हूआ ॥

ਕੇਤੀ ਨਾਰਿ ਵਰੁ ਏਕੁ ਸਮਾਲਿ ॥ (932-11)
केती नारि वरु एकु समालि ॥

ਗੁਰਮੁਖਿ ਮਰਣੁ ਜੀਵਣੁ ਪ੍ਰਭ ਨਾਲਿ ॥ (932-11)
गुरमुखि मरणु जीवणु प्रभ नालि ॥

ਦਹ ਦਿਸ ਢੂਢਿ ਘਰੈ ਮਹਿ ਪਾਇਆ ॥ (932-12)
दह दिस ढूढि घरै महि पाइआ ॥

ਮੇਲੁ ਭਇਆ ਸਤਿਗੁਰੂ ਮਿਲਾਇਆ ॥੨੧॥ (932-12)
मेलु भइआ सतिगुरू मिलाइआ ॥२१॥

ਗੁਰਮੁਖਿ ਗਾਵੈ ਗੁਰਮੁਖਿ ਬੋਲੈ ॥ (932-13)
गुरमुखि गावै गुरमुखि बोलै ॥

ਗੁਰਮੁਖਿ ਤੋਲਿ ਤੁੋਲਾਵੈ ਤੋਲੈ ॥ (932-13)
गुरमुखि तोलि तुोलावै तोलै ॥

ਗੁਰਮੁਖਿ ਆਵੈ ਜਾਇ ਨਿਸੰਗੁ ॥ (932-13)
गुरमुखि आवै जाइ निसंगु ॥

ਪਰਹਰਿ ਮੈਲੁ ਜਲਾਇ ਕਲੰਕੁ ॥ (932-13)
परहरि मैलु जलाइ कलंकु ॥

ਗੁਰਮੁਖਿ ਨਾਦ ਬੇਦ ਬੀਚਾਰੁ ॥ (932-14)
गुरमुखि नाद बेद बीचारु ॥

ਗੁਰਮੁਖਿ ਮਜਨੁ ਚਜੁ ਅਚਾਰੁ ॥ (932-14)
गुरमुखि मजनु चजु अचारु ॥

ਗੁਰਮੁਖਿ ਸਬਦੁ ਅੰਮ੍ਰਿਤੁ ਹੈ ਸਾਰੁ ॥ (932-14)
गुरमुखि सबदु अमृतु है सारु ॥

ਨਾਨਕ ਗੁਰਮੁਖਿ ਪਾਵੈ ਪਾਰੁ ॥੨੨॥ (932-15)
नानक गुरमुखि पावै पारु ॥२२॥

ਚੰਚਲੁ ਚੀਤੁ ਨ ਰਹਈ ਠਾਇ ॥ (932-15)
चंचलु चीतु न रहई ठाइ ॥

ਚੋਰੀ ਮਿਰਗੁ ਅੰਗੂਰੀ ਖਾਇ ॥ (932-15)
चोरी मिरगु अंगूरी खाइ ॥

ਚਰਨ ਕਮਲ ਉਰ ਧਾਰੇ ਚੀਤ ॥ (932-16)
चरन कमल उर धारे चीत ॥

ਚਿਰੁ ਜੀਵਨੁ ਚੇਤਨੁ ਨਿਤ ਨੀਤ ॥ (932-16)
चिरु जीवनु चेतनु नित नीत ॥

ਚਿੰਤਤ ਹੀ ਦੀਸੈ ਸਭੁ ਕੋਇ ॥ (932-16)
चिंतत ही दीसै सभु कोइ ॥

ਚੇਤਹਿ ਏਕੁ ਤਹੀ ਸੁਖੁ ਹੋਇ ॥ (932-16)
चेतहि एकु तही सुखु होइ ॥

ਚਿਤਿ ਵਸੈ ਰਾਚੈ ਹਰਿ ਨਾਇ ॥ (932-17)
चिति वसै राचै हरि नाइ ॥

ਮੁਕਤਿ ਭਇਆ ਪਤਿ ਸਿਉ ਘਰਿ ਜਾਇ ॥੨੩॥ (932-17)
मुकति भइआ पति सिउ घरि जाइ ॥२३॥

ਛੀਜੈ ਦੇਹ ਖੁਲੈ ਇਕ ਗੰਢਿ ॥ (932-17)
छीजै देह खुलै इक गंढि ॥

ਛੇਆ ਨਿਤ ਦੇਖਹੁ ਜਗਿ ਹੰਢਿ ॥ (932-18)
छेआ नित देखहु जगि हंढि ॥

ਧੂਪ ਛਾਵ ਜੇ ਸਮ ਕਰਿ ਜਾਣੈ ॥ (932-18)
धूप छाव जे सम करि जाणै ॥

ਬੰਧਨ ਕਾਟਿ ਮੁਕਤਿ ਘਰਿ ਆਣੈ ॥ (932-18)
बंधन काटि मुकति घरि आणै ॥

ਛਾਇਆ ਛੂਛੀ ਜਗਤੁ ਭੁਲਾਨਾ ॥ (932-19)
छाइआ छूछी जगतु भुलाना ॥

ਲਿਖਿਆ ਕਿਰਤੁ ਧੁਰੇ ਪਰਵਾਨਾ ॥ (932-19)
लिखिआ किरतु धुरे परवाना ॥

ਛੀਜੈ ਜੋਬਨੁ ਜਰੂਆ ਸਿਰਿ ਕਾਲੁ ॥ (932-19)
छीजै जोबनु जरूआ सिरि कालु ॥

ਕਾਇਆ ਛੀਜੈ ਭਈ ਸਿਬਾਲੁ ॥੨੪॥ (933-1)
काइआ छीजै भई सिबालु ॥२४॥

ਜਾਪੈ ਆਪਿ ਪ੍ਰਭੂ ਤਿਹੁ ਲੋਇ ॥ (933-1)
जापै आपि प्रभू तिहु लोइ ॥

ਜੁਗਿ ਜੁਗਿ ਦਾਤਾ ਅਵਰੁ ਨ ਕੋਇ ॥ (933-1)
जुगि जुगि दाता अवरु न कोइ ॥

ਜਿਉ ਭਾਵੈ ਤਿਉ ਰਾਖਹਿ ਰਾਖੁ ॥ (933-2)
जिउ भावै तिउ राखहि राखु ॥

ਜਸੁ ਜਾਚਉ ਦੇਵੈ ਪਤਿ ਸਾਖੁ ॥ (933-2)
जसु जाचउ देवै पति साखु ॥

ਜਾਗਤੁ ਜਾਗਿ ਰਹਾ ਤੁਧੁ ਭਾਵਾ ॥ (933-2)
जागतु जागि रहा तुधु भावा ॥

ਜਾ ਤੂ ਮੇਲਹਿ ਤਾ ਤੁਝੈ ਸਮਾਵਾ ॥ (933-3)
जा तू मेलहि ता तुझै समावा ॥

ਜੈ ਜੈ ਕਾਰੁ ਜਪਉ ਜਗਦੀਸ ॥ (933-3)
जै जै कारु जपउ जगदीस ॥

ਗੁਰਮਤਿ ਮਿਲੀਐ ਬੀਸ ਇਕੀਸ ॥੨੫॥ (933-3)
गुरमति मिलीऐ बीस इकीस ॥२५॥

ਝਖਿ ਬੋਲਣੁ ਕਿਆ ਜਗ ਸਿਉ ਵਾਦੁ ॥ (933-3)
झखि बोलणु किआ जग सिउ वादु ॥

ਝੂਰਿ ਮਰੈ ਦੇਖੈ ਪਰਮਾਦੁ ॥ (933-4)
झूरि मरै देखै परमादु ॥

ਜਨਮਿ ਮੂਏ ਨਹੀ ਜੀਵਣ ਆਸਾ ॥ (933-4)
जनमि मूए नही जीवण आसा ॥

ਆਇ ਚਲੇ ਭਏ ਆਸ ਨਿਰਾਸਾ ॥ (933-4)
आइ चले भए आस निरासा ॥

ਝੂਰਿ ਝੂਰਿ ਝਖਿ ਮਾਟੀ ਰਲਿ ਜਾਇ ॥ (933-5)
झुरि झुरि झखि माटी रलि जाइ ॥

ਕਾਲੁ ਨ ਚਾਂਪੈ ਹਰਿ ਗੁਣ ਗਾਇ ॥ (933-5)
कालु न चांपै हरि गुण गाइ ॥

ਪਾਈ ਨਵ ਨਿਧਿ ਹਰਿ ਕੈ ਨਾਇ ॥ (933-5)
पाई नव निधि हरि कै नाइ ॥

ਆਪੇ ਦੇਵੈ ਸਹਜਿ ਸੁਭਾਇ ॥੨੬॥ (933-6)
आपे देवै सहजि सुभाइ ॥२६॥

ਞਿਆਨੋ ਬੋਲੈ ਆਪੇ ਬੂਝੈ ॥ (933-6)
ञिआनो बोलै आपे बूझै ॥

ਆਪੇ ਸਮਝੈ ਆਪੇ ਸੂਝੈ ॥ (933-6)
आपे समझै आपे सूझै ॥

ਗੁਰ ਕਾ ਕਹਿਆ ਅੰਕਿ ਸਮਾਵੈ ॥ (933-6)
गुर का कहिआ अंकि समावै ॥

ਨਿਰਮਲ ਸੂਚੇ ਸਾਚੋ ਭਾਵੈ ॥ (933-7)
निरमल सूचे साचो भावै ॥

ਗੁਰੁ ਸਾਗਰੁ ਰਤਨੀ ਨਹੀ ਤੋਟ ॥ (933-7)
गुरु सागरु रतनी नही तोट ॥

ਲਾਲ ਪਦਾਰਥ ਸਾਚੁ ਅਖੋਟ ॥ (933-7)
लाल पदारथ साचु अखोट ॥

ਗੁਰਿ ਕਹਿਆ ਸਾ ਕਾਰ ਕਮਾਵਹੁ ॥ (933-8)
गुरि कहिआ सा कार कमावहु ॥

ਗੁਰ ਕੀ ਕਰਣੀ ਕਾਹੇ ਧਾਵਹੁ ॥ (933-8)
गुर की करणी काहे धावहु ॥

ਨਾਨਕ ਗੁਰਮਤਿ ਸਾਚਿ ਸਮਾਵਹੁ ॥੨੭॥ (933-8)
नानक गुरमति साचि समावहु ॥२७॥

ਤੂਟੈ ਨੇਹੁ ਕਿ ਬੋਲਹਿ ਸਹੀ ॥ (933-9)
टूटै नेहु कि बोलहि सही ॥

ਤੂਟੈ ਬਾਹ ਦੁਹੂ ਦਿਸ ਗਹੀ ॥ (933-9)
टूटै बाह दुहू दिस गही ॥

ਤੂਟਿ ਪਰੀਤਿ ਗਈ ਬੁਰ ਬੋਲਿ ॥ (933-9)
टूटि परीति गई बुर बोलि ॥

ਦੁਰਮਤਿ ਪਰਹਰਿ ਛਾਡੀ ਢੋਲਿ ॥ (933-9)
दुरमति परहरि छाडी ढोलि ॥

ਤੂਟੈ ਗੰਠਿ ਪੜੈ ਵੀਚਾਰਿ ॥ (933-10)
टूटै गंठि पड़ै वीचारि ॥

ਗੁਰ ਸਬਦੀ ਘਰਿ ਕਾਰਜੁ ਸਾਰਿ ॥ (933-10)
गुर सबदी घरि कारजु सारि ॥

ਲਾਹਾ ਸਾਚੁ ਨ ਆਵੈ ਤੋਟਾ ॥ (933-10)
लाहा साचु न आवै तोटा ॥

ਤ੍ਰਿਭਵਣ ਠਾਕੁਰੁ ਪ੍ਰੀਤਮੁ ਮੋਟਾ ॥੨੮॥ (933-11)
त्रिभवण ठाकुरु प्रीतमु मोटा ॥२८॥

ਠਾਕਹੁ ਮਨੂਆ ਰਾਖਹੁ ਠਾਇ ॥ (933-11)
ठाकहु मनूआ राखहु ठाइ ॥

ਠਹਕਿ ਮੁਈ ਅਵਗੁਣਿ ਪਛੁਤਾਇ ॥ (933-11)
ठहकि मुई अवगुणि पछुताइ ॥

ਠਾਕੁਰੁ ਏਕੁ ਸਬਾਈ ਨਾਰਿ ॥ (933-12)
ठाकुरु एकु सबाई नारि ॥

ਬਹੁਤੇ ਵੇਸ ਕਰੇ ਕੂੜਿਆਰਿ ॥ (933-12)
बहुते वेस करे कूड़िआरि ॥

ਪਰ ਘਰਿ ਜਾਤੀ ਠਾਕਿ ਰਹਾਈ ॥ (933-12)
पर घरि जाती ठाकि रहाई ॥

ਮਹਲਿ ਬੁਲਾਈ ਠਾਕ ਨ ਪਾਈ ॥ (933-12)
महलि बुलाई ठाक न पाई ॥

ਸਬਦਿ ਸਵਾਰੀ ਸਾਚਿ ਪਿਆਰੀ ॥ (933-13)
सबदि सवारी साचि पिआरी ॥

ਸਾਈ ਸੋੁਹਾਗਣਿ ਠਾਕੁਰਿ ਧਾਰੀ ॥੨੯॥ (933-13)
साई सोहागणि ठाकुरि धारी ॥२९॥

ਡੋਲਤ ਡੋਲਤ ਹੇ ਸਖੀ ਫਾਟੇ ਚੀਰ ਸੀਗਾਰ ॥ (933-13)
डोलत डोलत हे सखी फाटे चीर सीगार ॥

ਡਾਹਪਣਿ ਤਨਿ ਸੁਖੁ ਨਹੀ ਬਿਨੁ ਡਰ ਬਿਣਠੀ ਡਾਰ ॥ (933-14)
डाहपणि तनि सुखु नही बिनु डर बिणठी डार ॥

ਡਰਪਿ ਮੁਈ ਘਰਿ ਆਪਣੈ ਡੀਠੀ ਕੰਤਿ ਸੁਜਾਣਿ ॥ (933-14)
डरपि मुई घरि आपणै डीठी कंति सुजाणि ॥

ਡਰੁ ਰਾਖਿਆ ਗੁਰਿ ਆਪਣੈ ਨਿਰਭਉ ਨਾਮੁ ਵਖਾਣਿ ॥ (933-15)
डरु राखिआ गुरि आपणै निरभउ नामु वखाणि ॥

ਡੂਗਰਿ ਵਾਸੁ ਤਿਖਾ ਘਣੀ ਜਬ ਦੇਖਾ ਨਹੀ ਦੂਰਿ ॥ (933-15)
डूगरि वासु तिखा घणी जब देखा नही दूरि ॥

ਤਿਖਾ ਨਿਵਾਰੀ ਸਬਦੁ ਮੰਨਿ ਅੰਮ੍ਰਿਤੁ ਪੀਆ ਭਰਪੂਰਿ ॥ (933-16)
तिखा निवारी सबदु मंनि अमृतु पीआ भरपूरि ॥

ਦੇਹਿ ਦੇਹਿ ਆਖੈ ਸਭੁ ਕੋਈ ਜੈ ਭਾਵੈ ਤੈ ਦੇਇ ॥ (933-16)
देहि देहि आखै सभु कोई जै भावै तै देइ ॥

ਗੁਰੂ ਦੁਆਰੈ ਦੇਵਸੀ ਤਿਖਾ ਨਿਵਾਰੈ ਸੋਇ ॥੩੦॥ (933-17)
गुरू दुआरै देवसी तिखा निवारै सोइ ॥३०॥

ਢੰਢੋਲਤ ਢੂਢਤ ਹਉ ਫਿਰੀ ਢਹਿ ਢਹਿ ਪਵਨਿ ਕਰਾਰਿ ॥ (933-17)
ढंढोलत ढूढत हउ फिरी ढहि ढहि पवनि करारि ॥

ਭਾਰੇ ਢਹਤੇ ਢਹਿ ਪਏ ਹਉਲੇ ਨਿਕਸੇ ਪਾਰਿ ॥ (933-18)
भारे ढहते ढहि पए हउले निकसे पारि ॥

ਅਮਰ ਅਜਾਚੀ ਹਰਿ ਮਿਲੇ ਤਿਨ ਕੈ ਹਉ ਬਲਿ ਜਾਉ ॥ (933-18)
अमर अजाची हरि मिले तिन कै हउ बलि जाउ ॥

ਤਿਨ ਕੀ ਧੂੜਿ ਅਘੁਲੀਐ ਸੰਗਤਿ ਮੇਲਿ ਮਿਲਾਉ ॥ (933-19)
तिन की धूड़ि अघुलीऐ संगति मेलि मिलाउ ॥

ਮਨੁ ਦੀਆ ਗੁਰਿ ਆਪਣੈ ਪਾਇਆ ਨਿਰਮਲ ਨਾਉ ॥ (933-19)
मनु दीआ गुरि आपणै पाइआ निरमल नाउ ॥

ਜਿਨਿ ਨਾਮੁ ਦੀਆ ਤਿਸੁ ਸੇਵਸਾ ਤਿਸੁ ਬਲਿਹਾਰੈ ਜਾਉ ॥ (934-1)
जिनि नामु दीआ तिसु सेवसा तिसु बलिहारै जाउ ॥

ਜੋ ਉਸਾਰੇ ਸੋ ਢਾਹਸੀ ਤਿਸੁ ਬਿਨੁ ਅਵਰੁ ਨ ਕੋਇ ॥ (934-1)
जो उसारे सो ढाहसी तिसु बिनु अवरु न कोइ ॥

ਗੁਰ ਪਰਸਾਦੀ ਤਿਸੁ ਸੰਮ੍ਹਲਾ ਤਾ ਤਨਿ ਦੂਖੁ ਨ ਹੋਇ ॥੩੧॥ (934-2)
गुर परसादी तिसु संम्हला ता तनि दूखु न होइ ॥३१॥

ਣਾ ਕੋ ਮੇਰਾ ਕਿਸੁ ਗਹੀ ਣਾ ਕੋ ਹੋਆ ਨ ਹੋਗੁ ॥ (934-2)
णा को मेरा किसु गही णा को होआ न होगु ॥

ਆਵਣਿ ਜਾਣਿ ਵਿਗੁਚੀਐ ਦੁਬਿਧਾ ਵਿਆਪੈ ਰੋਗੁ ॥ (934-3)
आवणि जाणि विगुचीऐ दुबिधा विआपै रोगु ॥

ਣਾਮ ਵਿਹੂਣੇ ਆਦਮੀ ਕਲਰ ਕੰਧ ਗਿਰੰਤਿ ॥ (934-3)
णाम विहूणे आदमी कलर कंध गिरंति ॥

ਵਿਣੁ ਨਾਵੈ ਕਿਉ ਛੂਟੀਐ ਜਾਇ ਰਸਾਤਲਿ ਅੰਤਿ ॥ (934-3)
विणु नावै किउ छूटीऐ जाइ रसातलि अंति ॥

ਗਣਤ ਗਣਾਵੈ ਅਖਰੀ ਅਗਣਤੁ ਸਾਚਾ ਸੋਇ ॥ (934-4)
गणत गणावै अखरी अगणतु साचा सोइ ॥

ਅਗਿਆਨੀ ਮਤਿਹੀਣੁ ਹੈ ਗੁਰ ਬਿਨੁ ਗਿਆਨੁ ਨ ਹੋਇ ॥ (934-4)
अगिआनी मतिहीणु है गुर बिनु गिआनु न होइ ॥

ਤੂਟੀ ਤੰਤੁ ਰਬਾਬ ਕੀ ਵਾਜੈ ਨਹੀ ਵਿਜੋਗਿ ॥ (934-5)
तूटी तंतु रबाब की वाजै नही विजोगि ॥

ਵਿਛੁੜਿਆ ਮੇਲੈ ਪ੍ਰਭੂ ਨਾਨਕ ਕਰਿ ਸੰਜੋਗ ॥੩੨॥ (934-5)
विछुड़िआ मेलै प्रभू नानक करि संजोग ॥३२॥

ਤਰਵਰੁ ਕਾਇਆ ਪੰਖਿ ਮਨੁ ਤਰਵਰਿ ਪੰਖੀ ਪੰਚ ॥ (934-6)
तरवरु काइआ पंखि मनु तरवरि पंखी पंच ॥

ਤਤੁ ਚੁਗਹਿ ਮਿਲਿ ਏਕਸੇ ਤਿਨ ਕਉ ਫਾਸ ਨ ਰੰਚ ॥ (934-6)
ततु चुगहि मिलि एकसे तिन कउ फास न रंच ॥

ਉਡਹਿ ਤ ਬੇਗੁਲ ਬੇਗੁਲੇ ਤਾਕਹਿ ਚੋਗ ਘਣੀ ॥ (934-7)
उडहि त बेगुल बेगुले ताकहि चोग घणी ॥

ਪੰਖ ਤੁਟੇ ਫਾਹੀ ਪੜੀ ਅਵਗੁਣਿ ਭੀੜ ਬਣੀ ॥ (934-7)
पंख तुटे फाही पड़ी अवगुणि भीड़ बणी ॥

ਬਿਨੁ ਸਾਚੇ ਕਿਉ ਛੂਟੀਐ ਹਰਿ ਗੁਣ ਕਰਮਿ ਮਣੀ ॥ (934-8)
बिनु साचे किउ छूटीऐ हरि गुण करमि मणी ॥

ਆਪਿ ਛਡਾਏ ਛੂਟੀਐ ਵਡਾ ਆਪਿ ਧਣੀ ॥ (934-8)
आपि छडाए छूटीऐ वडा आपि धणी ॥

ਗੁਰ ਪਰਸਾਦੀ ਛੂਟੀਐ ਕਿਰਪਾ ਆਪਿ ਕਰੇਇ ॥ (934-8)
गुर परसादी छूटीऐ किरपा आपि करेइ ॥

ਅਪਣੈ ਹਾਥਿ ਵਡਾਈਆ ਜੈ ਭਾਵੈ ਤੈ ਦੇਇ ॥੩੩॥ (934-9)
अपणै हाथि वडाईआ जै भावै तै देइ ॥३३॥

ਥਰ ਥਰ ਕੰਪੈ ਜੀਅੜਾ ਥਾਨ ਵਿਹੂਣਾ ਹੋਇ ॥ (934-9)
थर थर कम्पै जीअड़ा थान विहूणा होइ ॥

ਥਾਨਿ ਮਾਨਿ ਸਚੁ ਏਕੁ ਹੈ ਕਾਜੁ ਨ ਫੀਟੈ ਕੋਇ ॥ (934-10)
थानि मानि सचु एकु है काजु न फीटै कोइ ॥

ਥਿਰੁ ਨਾਰਾਇਣੁ ਥਿਰੁ ਗੁਰੂ ਥਿਰੁ ਸਾਚਾ ਬੀਚਾਰੁ ॥ (934-10)
थिरु नाराइणु थिरु गुरू थिरु साचा बीचारु ॥

ਸੁਰਿ ਨਰ ਨਾਥਹ ਨਾਥੁ ਤੂ ਨਿਧਾਰਾ ਆਧਾਰੁ ॥ (934-11)
सुरि नर नाथह नाथु तू निधारा आधारु ॥

ਸਰਬੇ ਥਾਨ ਥਨੰਤਰੀ ਤੂ ਦਾਤਾ ਦਾਤਾਰੁ ॥ (934-11)
सरबे थान थनंतरी तू दाता दातारु ॥

ਜਹ ਦੇਖਾ ਤਹ ਏਕੁ ਤੂ ਅੰਤੁ ਨ ਪਾਰਾਵਾਰੁ ॥ (934-11)
जह देखा तह एकु तू अंतु न पारावारु ॥

ਥਾਨ ਥਨੰਤਰਿ ਰਵਿ ਰਹਿਆ ਗੁਰ ਸਬਦੀ ਵੀਚਾਰਿ ॥ (934-12)
थान थनंतरि रवि रहिआ गुर सबदी वीचारि ॥

ਅਣਮੰਗਿਆ ਦਾਨੁ ਦੇਵਸੀ ਵਡਾ ਅਗਮ ਅਪਾਰੁ ॥੩੪॥ (934-12)
अणमंगिआ दानु देवसी वडा अगम अपारु ॥३४॥

ਦਇਆ ਦਾਨੁ ਦਇਆਲੁ ਤੂ ਕਰਿ ਕਰਿ ਦੇਖਣਹਾਰੁ ॥ (934-13)
दइआ दानु दइआलु तू करि करि देखणहारु ॥

ਦਇਆ ਕਰਹਿ ਪ੍ਰਭ ਮੇਲਿ ਲੈਹਿ ਖਿਨ ਮਹਿ ਢਾਹਿ ਉਸਾਰਿ ॥ (934-13)
दइआ करहि प्रभ मेलि लैहि खिन महि ढाहि उसारि ॥

ਦਾਨਾ ਤੂ ਬੀਨਾ ਤੁਹੀ ਦਾਨਾ ਕੈ ਸਿਰਿ ਦਾਨੁ ॥ (934-14)
दाना तू बीना तुही दाना कै सिरि दानु ॥

ਦਾਲਦ ਭੰਜਨ ਦੁਖ ਦਲਣ ਗੁਰਮੁਖਿ ਗਿਆਨੁ ਧਿਆਨੁ ॥੩੫॥ (934-14)
दालद भंजन दुख दलण गुरमुखि गिआनु धिआनु ॥३५॥

ਧਨਿ ਗਇਐ ਬਹਿ ਝੂਰੀਐ ਧਨ ਮਹਿ ਚੀਤੁ ਗਵਾਰ ॥ (934-15)
धनि गइऐ बहि झूरीऐ धन महि चीतु गवार ॥

ਧਨੁ ਵਿਰਲੀ ਸਚੁ ਸੰਚਿਆ ਨਿਰਮਲੁ ਨਾਮੁ ਪਿਆਰਿ ॥ (934-15)
धनु विरली सचु संचिआ निरमलु नामु पिआरि ॥

ਧਨੁ ਗਇਆ ਤਾ ਜਾਣ ਦੇਹਿ ਜੇ ਰਾਚਹਿ ਰੰਗਿ ਏਕ ॥ (934-16)
धनु गइआ ता जाण देहि जे राचहि रंगि एक ॥

ਮਨੁ ਦੀਜੈ ਸਿਰੁ ਸਉਪੀਐ ਭੀ ਕਰਤੇ ਕੀ ਟੇਕ ॥ (934-16)
मनु दीजै सिरु सउपीऐ भी करते की टेक ॥

ਧੰਧਾ ਧਾਵਤ ਰਹਿ ਗਏ ਮਨ ਮਹਿ ਸਬਦੁ ਅਨੰਦੁ ॥ (934-17)
धंधा धावत रहि गए मन महि सबदु अनंदु ॥

ਦੁਰਜਨ ਤੇ ਸਾਜਨ ਭਏ ਭੇਟੇ ਗੁਰ ਗੋਵਿੰਦ ॥ (934-17)
दुरजन ते साजन भए भेटे गुर गोविंद ॥

ਬਨੁ ਬਨੁ ਫਿਰਤੀ ਢੂਢਤੀ ਬਸਤੁ ਰਹੀ ਘਰਿ ਬਾਰਿ ॥ (934-18)
बनु बनु फिरती ढूढती बसतु रही घरि बारि ॥

ਸਤਿਗੁਰਿ ਮੇਲੀ ਮਿਲਿ ਰਹੀ ਜਨਮ ਮਰਣ ਦੁਖੁ ਨਿਵਾਰਿ ॥੩੬॥ (934-18)
सतिगुरि मेली मिलि रही जनम मरण दुखु निवारि ॥३६॥

ਨਾਨਾ ਕਰਤ ਨ ਛੂਟੀਐ ਵਿਣੁ ਗੁਣ ਜਮ ਪੁਰਿ ਜਾਹਿ ॥ (934-19)
नाना करत न छूटीऐ विणु गुण जम पुरि जाहि ॥

ਨਾ ਤਿਸੁ ਏਹੁ ਨ ਓਹੁ ਹੈ ਅਵਗੁਣਿ ਫਿਰਿ ਪਛੁਤਾਹਿ ॥ (934-19)
ना तिसु एहु न ओहु है अवगुणि फिरि पछुताहि ॥

ਨਾ ਤਿਸੁ ਗਿਆਨੁ ਨ ਧਿਆਨੁ ਹੈ ਨਾ ਤਿਸੁ ਧਰਮੁ ਧਿਆਨੁ ॥ (935-1)
ना तिसु गिआनु न धिआनु है ना तिसु धरमु धिआनु ॥

ਵਿਣੁ ਨਾਵੈ ਨਿਰਭਉ ਕਹਾ ਕਿਆ ਜਾਣਾ ਅਭਿਮਾਨੁ ॥ (935-1)
विणु नावै निरभउ कहा किआ जाणा अभिमानु ॥

ਥਾਕਿ ਰਹੀ ਕਿਵ ਅਪੜਾ ਹਾਥ ਨਹੀ ਨਾ ਪਾਰੁ ॥ (935-2)
थाकि रही किव अपड़ा हाथ नही ना पारु ॥

ਨਾ ਸਾਜਨ ਸੇ ਰੰਗੁਲੇ ਕਿਸੁ ਪਹਿ ਕਰੀ ਪੁਕਾਰ ॥ (935-2)
ना साजन से रंगुले किसु पहि करी पुकार ॥

ਨਾਨਕ ਪ੍ਰਿਉ ਪ੍ਰਿਉ ਜੇ ਕਰੀ ਮੇਲੇ ਮੇਲਣਹਾਰੁ ॥ (935-3)
नानक प्रिउ प्रिउ जे करी मेले मेलणहारु ॥

ਜਿਨਿ ਵਿਛੋੜੀ ਸੋ ਮੇਲਸੀ ਗੁਰ ਕੈ ਹੇਤਿ ਅਪਾਰਿ ॥੩੭॥ (935-3)
जिनि विछोड़ी सो मेलसी गुर कै हेति अपारि ॥३७॥

ਪਾਪੁ ਬੁਰਾ ਪਾਪੀ ਕਉ ਪਿਆਰਾ ॥ (935-4)
पापु बुरा पापी कउ पिआरा ॥

ਪਾਪਿ ਲਦੇ ਪਾਪੇ ਪਾਸਾਰਾ ॥ (935-4)
पापि लदे पापे पासारा ॥

ਪਰਹਰਿ ਪਾਪੁ ਪਛਾਣੈ ਆਪੁ ॥ (935-4)
परहरि पापु पछाणै आपु ॥

ਨਾ ਤਿਸੁ ਸੋਗੁ ਵਿਜੋਗੁ ਸੰਤਾਪੁ ॥ (935-5)
ना तिसु सोगु विजोगु संतापु ॥

ਨਰਕਿ ਪੜੰਤਉ ਕਿਉ ਰਹੈ ਕਿਉ ਬੰਚੈ ਜਮਕਾਲੁ ॥ (935-5)
नरकि पड़ंतउ किउ रहै किउ बंचै जमकालु ॥

ਕਿਉ ਆਵਣ ਜਾਣਾ ਵੀਸਰੈ ਝੂਠੁ ਬੁਰਾ ਖੈ ਕਾਲੁ ॥ (935-5)
किउ आवण जाणा वीसरै झूठु बुरा खै कालु ॥

ਮਨੁ ਜੰਜਾਲੀ ਵੇੜਿਆ ਭੀ ਜੰਜਾਲਾ ਮਾਹਿ ॥ (935-6)
मनु जंजाली वेड़िआ भी जंजाला माहि ॥

ਵਿਣੁ ਨਾਵੈ ਕਿਉ ਛੂਟੀਐ ਪਾਪੇ ਪਚਹਿ ਪਚਾਹਿ ॥੩੮॥ (935-6)
विणु नावै किउ छूटीऐ पापे पचहि पचाहि ॥३८॥

ਫਿਰਿ ਫਿਰਿ ਫਾਹੀ ਫਾਸੈ ਕਊਆ ॥ (935-7)
फिरि फिरि फाही फासै कऊआ ॥

ਫਿਰਿ ਪਛੁਤਾਨਾ ਅਬ ਕਿਆ ਹੂਆ ॥ (935-7)
फिरि पछुताना अब किआ हूआ ॥

ਫਾਥਾ ਚੋਗ ਚੁਗੈ ਨਹੀ ਬੂਝੈ ॥ (935-7)
फाथा चोग चुगै नही बूझै ॥

ਸਤਗੁਰੁ ਮਿਲੈ ਤ ਆਖੀ ਸੂਝੈ ॥ (935-8)
सतगुरु मिलै त आखी सूझै ॥

ਜਿਉ ਮਛੁਲੀ ਫਾਥੀ ਜਮ ਜਾਲਿ ॥ (935-8)
जिउ मछुली फाथी जम जालि ॥

ਵਿਣੁ ਗੁਰ ਦਾਤੇ ਮੁਕਤਿ ਨ ਭਾਲਿ ॥ (935-8)
विणु गुर दाते मुकति न भालि ॥

ਫਿਰਿ ਫਿਰਿ ਆਵੈ ਫਿਰਿ ਫਿਰਿ ਜਾਇ ॥ (935-8)
फिरि फिरि आवै फिरि फिरि जाइ ॥

ਇਕ ਰੰਗਿ ਰਚੈ ਰਹੈ ਲਿਵ ਲਾਇ ॥ (935-9)
इक रंगि रचै रहै लिव लाइ ॥

ਇਵ ਛੂਟੈ ਫਿਰਿ ਫਾਸ ਨ ਪਾਇ ॥੩੯॥ (935-9)
इव छूटै फिरि फास न पाइ ॥३९॥

ਬੀਰਾ ਬੀਰਾ ਕਰਿ ਰਹੀ ਬੀਰ ਭਏ ਬੈਰਾਇ ॥ (935-10)
बीरा बीरा करि रही बीर भए बैराइ ॥

ਬੀਰ ਚਲੇ ਘਰਿ ਆਪਣੈ ਬਹਿਣ ਬਿਰਹਿ ਜਲਿ ਜਾਇ ॥ (935-10)
बीर चले घरि आपणै बहिण बिरहि जलि जाइ ॥

ਬਾਬੁਲ ਕੈ ਘਰਿ ਬੇਟੜੀ ਬਾਲੀ ਬਾਲੈ ਨੇਹਿ ॥ (935-10)
बाबुल कै घरि बेटड़ी बाली बालै नेहि ॥

ਜੇ ਲੋੜਹਿ ਵਰੁ ਕਾਮਣੀ ਸਤਿਗੁਰੁ ਸੇਵਹਿ ਤੇਹਿ ॥ (935-11)
जे लोड़हि वरु कामणी सतिगुरु सेवहि तेहि ॥

ਬਿਰਲੋ ਗਿਆਨੀ ਬੂਝਣਉ ਸਤਿਗੁਰੁ ਸਾਚਿ ਮਿਲੇਇ ॥ (935-11)
बिरलो गिआनी बूझणउ सतिगुरु साचि मिलेइ ॥

ਠਾਕੁਰ ਹਾਥਿ ਵਡਾਈਆ ਜੈ ਭਾਵੈ ਤੈ ਦੇਇ ॥ (935-12)
ठाकुर हाथि वडाईआ जै भावै तै देइ ॥

ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥ (935-12)
बाणी बिरलउ बीचारसी जे को गुरमुखि होइ ॥

ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥੪੦॥ (935-13)
इह बाणी महा पुरख की निज घरि वासा होइ ॥४० ॥

ਭਨਿ ਭਨਿ ਘੜੀਐ ਘੜਿ ਘੜਿ ਭਜੈ ਢਾਹਿ ਉਸਾਰੈ ਉਸਰੇ ਢਾਹੈ ॥ (935-13)
भनि भनि घड़ीऐ घड़ि घड़ि भजै ढाहि उसारै उसरे ढाहै ॥

ਸਰ ਭਰਿ ਸੋਖੈ ਭੀ ਭਰਿ ਪੋਖੈ ਸਮਰਥ ਵੇਪਰਵਾਹੈ ॥ (935-14)
सर भरि सोखै भी भरि पोखै समरथ वेपरवाहै ॥

ਭਰਮਿ ਭੁਲਾਨੇ ਭਏ ਦਿਵਾਨੇ ਵਿਣੁ ਭਾਗਾ ਕਿਆ ਪਾਈਐ ॥ (935-15)
भरमि भुलाने भए दिवाने विणु भागा किआ पाईऐ ॥

ਗੁਰਮੁਖਿ ਗਿਆਨੁ ਡੋਰੀ ਪ੍ਰਭਿ ਪਕੜੀ ਜਿਨ ਖਿੰਚੈ ਤਿਨ ਜਾਈਐ ॥ (935-16)
गुरमुखि गिआनु डोरी प्रभि पकड़ी जिन खिंचै तिन जाईऐ ॥

ਹਰਿ ਗੁਣ ਗਾਇ ਸਦਾ ਰੰਗਿ ਰਾਤੇ ਬਹੁੜਿ ਨ ਪਛੋਤਾਈਐ ॥ (935-16)
हरि गुण गाइ सदा रंगि राते बहुड़ि न पछोताईऐ ॥

ਭਭੈ ਭਾਲਹਿ ਗੁਰਮੁਖਿ ਬੂਝਹਿ ਤਾ ਨਿਜ ਘਰਿ ਵਾਸਾ ਪਾਈਐ ॥ (935-17)
भभै भालहि गुरमुखि बूझहि ता निज घरि वासा पाईऐ ॥

ਭਭੈ ਭਉਜਲੁ ਮਾਰਗੁ ਵਿਖੜਾ ਆਸ ਨਿਰਾਸਾ ਤਰੀਐ ॥ (935-17)
भभै भउजलु मारगु विखड़ा आस निरासा तरीऐ ॥

ਗੁਰ ਪਰਸਾਦੀ ਆਪੋ ਚੀਨ੍ਹੈ ਜੀਵਤਿਆ ਇਵ ਮਰੀਐ ॥੪੧॥ (935-18)
गुर परसादी आपो चीन्है जीवतिआ इव मरीऐ ॥४१॥

ਮਾਇਆ ਮਾਇਆ ਕਰਿ ਮੁਏ ਮਾਇਆ ਕਿਸੈ ਨ ਸਾਥਿ ॥ (935-18)
माइआ माइआ करि मुए माइआ किसै न साथि ॥

ਹੰਸੁ ਚਲੈ ਉਠਿ ਡੁਮਣੋ ਮਾਇਆ ਭੂਲੀ ਆਥਿ ॥ (935-19)
हंसु चलै उठि डुमणो माइआ भूली आथि ॥

ਮਨੁ ਝੂਠਾ ਜਮਿ ਜੋਹਿਆ ਅਵਗੁਣ ਚਲਹਿ ਨਾਲਿ ॥ (935-19)
मनु झूठा जमि जोहिआ अवगुण चलहि नालि ॥

ਮਨ ਮਹਿ ਮਨੁ ਉਲਟੋ ਮਰੈ ਜੇ ਗੁਣ ਹੋਵਹਿ ਨਾਲਿ ॥ (935-19)
मन महि मनु उलटो मरै जे गुण होवहि नालि ॥

ਮੇਰੀ ਮੇਰੀ ਕਰਿ ਮੁਏ ਵਿਣੁ ਨਾਵੈ ਦੁਖੁ ਭਾਲਿ ॥ (936-1)
मेरी मेरी करि मुए विणु नावै दुखु भालि ॥

ਗੜ ਮੰਦਰ ਮਹਲਾ ਕਹਾ ਜਿਉ ਬਾਜੀ ਦੀਬਾਣੁ ॥ (936-1)
गड़ मंदर महला कहा जिउ बाजी दीबाणु ॥

ਨਾਨਕ ਸਚੇ ਨਾਮ ਵਿਣੁ ਝੂਠਾ ਆਵਣ ਜਾਣੁ ॥ (936-2)
नानक सचे नाम विणु झूठा आवण जाणु ॥

ਆਪੇ ਚਤੁਰੁ ਸਰੂਪੁ ਹੈ ਆਪੇ ਜਾਣੁ ਸੁਜਾਣੁ ॥੪੨॥ (936-2)
आपे चतुरु सरूपु है आपे जाणु सुजाणु ॥४२॥

ਜੋ ਆਵਹਿ ਸੇ ਜਾਹਿ ਫੁਨਿ ਆਇ ਗਏ ਪਛੁਤਾਹਿ ॥ (936-3)
जो आवहि से जाहि फुनि आइ गए पछुताहि ॥

ਲਖ ਚਉਰਾਸੀਹ ਮੇਦਨੀ ਘਟੈ ਨ ਵਧੈ ਉਤਾਹਿ ॥ (936-3)
लख चउरासीह मेदनी घटै न वधै उताहि ॥

ਸੇ ਜਨ ਉਬਰੇ ਜਿਨ ਹਰਿ ਭਾਇਆ ॥ (936-3)
से जन उबरे जिन हरि भाइआ ॥

ਧੰਧਾ ਮੁਆ ਵਿਗੂਤੀ ਮਾਇਆ ॥ (936-4)
धंधा मुआ विगूती माइआ ॥

ਜੋ ਦੀਸੈ ਸੋ ਚਾਲਸੀ ਕਿਸ ਕਉ ਮੀਤੁ ਕਰੇਉ ॥ (936-4)
जो दीसै सो चालसी किस कउ मीतु करेउ ॥

ਜੀਉ ਸਮਪਉ ਆਪਣਾ ਤਨੁ ਮਨੁ ਆਗੈ ਦੇਉ ॥ (936-5)
जीउ समपउ आपणा तनु मनु आगै देउ ॥

ਅਸਥਿਰੁ ਕਰਤਾ ਤੂ ਧਣੀ ਤਿਸ ਹੀ ਕੀ ਮੈ ਓਟ ॥ (936-5)
असथिरु करता तू धणी तिस ही की मै ओट ॥

ਗੁਣ ਕੀ ਮਾਰੀ ਹਉ ਮੁਈ ਸਬਦਿ ਰਤੀ ਮਨਿ ਚੋਟ ॥੪੩॥ (936-5)
गुण की मारी हउ मुई सबदि रती मनि चोट ॥४३॥

ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ ॥ (936-6)
राणा राउ न को रहै रंगु न तुंगु फकीरु ॥

ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ ॥ (936-6)
वारी आपो आपणी कोइ न बंधै धीर ॥

ਰਾਹੁ ਬੁਰਾ ਭੀਹਾਵਲਾ ਸਰ ਡੂਗਰ ਅਸਗਾਹ ॥ (936-7)
राहु बुरा भीहावला सर डूगर असगाह ॥

ਮੈ ਤਨਿ ਅਵਗਣ ਝੁਰਿ ਮੁਈ ਵਿਣੁ ਗੁਣ ਕਿਉ ਘਰਿ ਜਾਹ ॥ (936-7)
मै तनि अवगण झुरि मुई विणु गुण किउ घरि जाह ॥

ਗੁਣੀਆ ਗੁਣ ਲੇ ਪ੍ਰਭ ਮਿਲੇ ਕਿਉ ਤਿਨ ਮਿਲਉ ਪਿਆਰਿ ॥ (936-8)
गुणीआ गुण ले प्रभ मिले किउ तिन मिलउ पिआरि ॥

ਤਿਨ ਹੀ ਜੈਸੀ ਥੀ ਰਹਾਂ ਜਪਿ ਜਪਿ ਰਿਦੈ ਮੁਰਾਰਿ ॥ (936-8)
तिन ही जैसी थी रहां जपि जपि रिदै मुरारि ॥

ਅਵਗੁਣੀ ਭਰਪੂਰ ਹੈ ਗੁਣ ਭੀ ਵਸਹਿ ਨਾਲਿ ॥ (936-9)
अवगुणी भरपूर है गुण भी वसहि नालि ॥

ਵਿਣੁ ਸਤਗੁਰ ਗੁਣ ਨ ਜਾਪਨੀ ਜਿਚਰੁ ਸਬਦਿ ਨ ਕਰੇ ਬੀਚਾਰੁ ॥੪੪॥ (936-9)
विणु सतगुर गुण न जापनी जिचरु सबदि न करे बीचारु ॥४४॥

ਲਸਕਰੀਆ ਘਰ ਸੰਮਲੇ ਆਏ ਵਜਹੁ ਲਿਖਾਇ ॥ (936-10)
लसकरीआ घर संमले आए वजहु लिखाइ ॥

ਕਾਰ ਕਮਾਵਹਿ ਸਿਰਿ ਧਣੀ ਲਾਹਾ ਪਲੈ ਪਾਇ ॥ (936-10)
कार कमावहि सिरि धणी लाहा पलै पाइ ॥

ਲਬੁ ਲੋਭੁ ਬੁਰਿਆਈਆ ਛੋਡੇ ਮਨਹੁ ਵਿਸਾਰਿ ॥ (936-11)
लबु लोभु बुरिआईआ छोडे मनहु विसारि ॥

ਗੜਿ ਦੋਹੀ ਪਾਤਿਸਾਹ ਕੀ ਕਦੇ ਨ ਆਵੈ ਹਾਰਿ ॥ (936-11)
गड़ि दोही पातिसाह की कदे न आवै हारि ॥

ਚਾਕਰੁ ਕਹੀਐ ਖਸਮ ਕਾ ਸਉਹੇ ਉਤਰ ਦੇਇ ॥ (936-12)
चाकरु कहीऐ खसम का सउहे उतर देइ ॥

ਵਜਹੁ ਗਵਾਏ ਆਪਣਾ ਤਖਤਿ ਨ ਬੈਸਹਿ ਸੇਇ ॥ (936-12)
वजहु गवाए आपणा तखति न बैसहि सेइ ॥

ਪ੍ਰੀਤਮ ਹਥਿ ਵਡਿਆਈਆ ਜੈ ਭਾਵੈ ਤੈ ਦੇਇ ॥ (936-13)
प्रीतम हथि वडिआईआ जै भावै तै देइ ॥

ਆਪਿ ਕਰੇ ਕਿਸੁ ਆਖੀਐ ਅਵਰੁ ਨ ਕੋਇ ਕਰੇਇ ॥੪੫॥ (936-13)
आपि करे किसु आखीऐ अवरु न कोइ करेइ ॥४५॥

ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ ॥ (936-14)
बीजउ सूझै को नही बहै दुलीचा पाइ ॥

ਨਰਕ ਨਿਵਾਰਣੁ ਨਰਹ ਨਰੁ ਸਾਚਉ ਸਾਚੈ ਨਾਇ ॥ (936-14)
नरक निवारणु नरह नरु साचउ साचै नाइ ॥

ਵਣੁ ਤ੍ਰਿਣੁ ਢੂਢਤ ਫਿਰਿ ਰਹੀ ਮਨ ਮਹਿ ਕਰਉ ਬੀਚਾਰੁ ॥ (936-14)
वणु त्रिणु ढूढत फिरि रही मन महि करउ बीचारु ॥

ਲਾਲ ਰਤਨ ਬਹੁ ਮਾਣਕੀ ਸਤਿਗੁਰ ਹਾਥਿ ਭੰਡਾਰੁ ॥ (936-15)
लाल रतन बहु माणकी सतिगुर हाथि भंडारु ॥

ਊਤਮੁ ਹੋਵਾ ਪ੍ਰਭੁ ਮਿਲੈ ਇਕ ਮਨਿ ਏਕੈ ਭਾਇ ॥ (936-15)
ऊतमु होवा प्रभु मिलै इक मनि एकै भाइ ॥

ਨਾਨਕ ਪ੍ਰੀਤਮ ਰਸਿ ਮਿਲੇ ਲਾਹਾ ਲੈ ਪਰਥਾਇ ॥ (936-16)
नानक प्रीतम रसि मिले लाहा लै परथाइ ॥

ਰਚਨਾ ਰਾਚਿ ਜਿਨਿ ਰਚੀ ਜਿਨਿ ਸਿਰਿਆ ਆਕਾਰੁ ॥ (936-16)
रचना राचि जिनि रची जिनि सिरिआ आकारु ॥

ਗੁਰਮੁਖਿ ਬੇਅੰਤੁ ਧਿਆਈਐ ਅੰਤੁ ਨ ਪਾਰਾਵਾਰੁ ॥੪੬॥ (936-17)
गुरमुखि बेअंतु धिआईऐ अंतु न पारावारु ॥४६॥

ੜਾੜੈ ਰੂੜਾ ਹਰਿ ਜੀਉ ਸੋਈ ॥ (936-17)
ड़ाड़ै रूड़ा हरि जीउ सोई ॥

ਤਿਸੁ ਬਿਨੁ ਰਾਜਾ ਅਵਰੁ ਨ ਕੋਈ ॥ (936-18)
तिसु बिनु राजा अवरु न कोई ॥

ੜਾੜੈ ਗਾਰੁੜੁ ਤੁਮ ਸੁਣਹੁ ਹਰਿ ਵਸੈ ਮਨ ਮਾਹਿ ॥ (936-18)
ड़ाड़ै गारुड़ु तुम सुणहु हरि वसै मन माहि ॥

ਗੁਰ ਪਰਸਾਦੀ ਹਰਿ ਪਾਈਐ ਮਤੁ ਕੋ ਭਰਮਿ ਭੁਲਾਹਿ ॥ (936-18)
गुर परसादी हरि पाईऐ मतु को भरमि भुलाहि ॥

ਸੋ ਸਾਹੁ ਸਾਚਾ ਜਿਸੁ ਹਰਿ ਧਨੁ ਰਾਸਿ ॥ (936-19)
सो साहु साचा जिसु हरि धनु रासि ॥

ਗੁਰਮੁਖਿ ਪੂਰਾ ਤਿਸੁ ਸਾਬਾਸਿ ॥ (936-19)
गुरमुखि पूरा तिसु साबासि ॥

ਰੂੜੀ ਬਾਣੀ ਹਰਿ ਪਾਇਆ ਗੁਰ ਸਬਦੀ ਬੀਚਾਰਿ ॥ (936-19)
रूड़ी बाणी हरि पाइआ गुर सबदी बीचारि ॥

ਆਪੁ ਗਇਆ ਦੁਖੁ ਕਟਿਆ ਹਰਿ ਵਰੁ ਪਾਇਆ ਨਾਰਿ ॥੪੭॥ (937-1)
आपु गइआ दुखु कटिआ हरि वरु पाइआ नारि ॥४७॥

ਸੁਇਨਾ ਰੁਪਾ ਸੰਚੀਐ ਧਨੁ ਕਾਚਾ ਬਿਖੁ ਛਾਰੁ ॥ (937-2)
सुइना रुपा संचीऐ धनु काचा बिखु छारु ॥

ਸਾਹੁ ਸਦਾਏ ਸੰਚਿ ਧਨੁ ਦੁਬਿਧਾ ਹੋਇ ਖੁਆਰੁ ॥ (937-2)
साहु सदाए संचि धनु दुबिधा होइ खुआरु ॥

ਸਚਿਆਰੀ ਸਚੁ ਸੰਚਿਆ ਸਾਚਉ ਨਾਮੁ ਅਮੋਲੁ ॥ (937-2)
सचिआरी सचु संचिआ साचउ नामु अमोलु ॥

ਹਰਿ ਨਿਰਮਾਇਲੁ ਊਜਲੋ ਪਤਿ ਸਾਚੀ ਸਚੁ ਬੋਲੁ ॥ (937-3)
हरि निरमाइलु ऊजलो पति साची सचु बोलु ॥

ਸਾਜਨੁ ਮੀਤੁ ਸੁਜਾਣੁ ਤੂ ਤੂ ਸਰਵਰੁ ਤੂ ਹੰਸੁ ॥ (937-3)
साजनु मीतु सुजाणु तू तू सरवरु तू हंसु ॥

ਸਾਚਉ ਠਾਕੁਰੁ ਮਨਿ ਵਸੈ ਹਉ ਬਲਿਹਾਰੀ ਤਿਸੁ ॥ (937-4)
साचउ ठाकुरु मनि वसै हउ बलिहारी तिसु ॥

ਮਾਇਆ ਮਮਤਾ ਮੋਹਣੀ ਜਿਨਿ ਕੀਤੀ ਸੋ ਜਾਣੁ ॥ (937-4)
माइआ ममता मोहणी जिनि कीती सो जाणु ॥

ਬਿਖਿਆ ਅੰਮ੍ਰਿਤੁ ਏਕੁ ਹੈ ਬੂਝੈ ਪੁਰਖੁ ਸੁਜਾਣੁ ॥੪੮॥ (937-5)
बिखिआ अमृतु एकु है बूझै पुरखु सुजाणु ॥४८॥

ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ ॥ (937-5)
खिमा विहूणे खपि गए खूहणि लख असंख ॥

ਗਣਤ ਨ ਆਵੈ ਕਿਉ ਗਣੀ ਖਪਿ ਖਪਿ ਮੁਏ ਬਿਸੰਖ ॥ (937-6)
गणत न आवै किउ गणी खपि खपि मुए बिसंख ॥

ਖਸਮੁ ਪਛਾਣੈ ਆਪਣਾ ਖੂਲੈ ਬੰਧੁ ਨ ਪਾਇ ॥ (937-6)
खसमु पछाणै आपणा खूलै बंधु न पाइ ॥

ਸਬਦਿ ਮਹਲੀ ਖਰਾ ਤੂ ਖਿਮਾ ਸਚੁ ਸੁਖ ਭਾਇ ॥ (937-6)
सबदि महली खरा तू खिमा सचु सुख भाइ ॥

ਖਰਚੁ ਖਰਾ ਧਨੁ ਧਿਆਨੁ ਤੂ ਆਪੇ ਵਸਹਿ ਸਰੀਰਿ ॥ (937-7)
खरचु खरा धनु धिआनु तू आपे वसहि सरीरि ॥

ਮਨਿ ਤਨਿ ਮੁਖਿ ਜਾਪੈ ਸਦਾ ਗੁਣ ਅੰਤਰਿ ਮਨਿ ਧੀਰ ॥ (937-7)
मनि तनि मुखि जापै सदा गुण अंतरि मनि धीर ॥

ਹਉਮੈ ਖਪੈ ਖਪਾਇਸੀ ਬੀਜਉ ਵਥੁ ਵਿਕਾਰੁ ॥ (937-8)
हउमै खपै खपाइसी बीजउ वथु विकारु ॥

ਜੰਤ ਉਪਾਇ ਵਿਚਿ ਪਾਇਅਨੁ ਕਰਤਾ ਅਲਗੁ ਅਪਾਰੁ ॥੪੯॥ (937-8)
जंत उपाइ विचि पाइअनु करता अलगु अपारु ॥४९॥

ਸ੍ਰਿਸਟੇ ਭੇਉ ਨ ਜਾਣੈ ਕੋਇ ॥ (937-9)
स्रिसटे भेउ न जाणै कोइ ॥

ਸ੍ਰਿਸਟਾ ਕਰੈ ਸੁ ਨਿਹਚਉ ਹੋਇ ॥ (937-9)
स्रिसटा करै सु निहचउ होइ ॥

ਸੰਪੈ ਕਉ ਈਸਰੁ ਧਿਆਈਐ ॥ (937-9)
स्मपै कउ ईसरु धिआईऐ ॥

ਸੰਪੈ ਪੁਰਬਿ ਲਿਖੇ ਕੀ ਪਾਈਐ ॥ (937-10)
स्मपै पुरबि लिखे की पाईऐ ॥

ਸੰਪੈ ਕਾਰਣਿ ਚਾਕਰ ਚੋਰ ॥ (937-10)
स्मपै कारणि चाकर चोर ॥

ਸੰਪੈ ਸਾਥਿ ਨ ਚਾਲੈ ਹੋਰ ॥ (937-10)
स्मपै साथि न चालै होर ॥

ਬਿਨੁ ਸਾਚੇ ਨਹੀ ਦਰਗਹ ਮਾਨੁ ॥ (937-11)
बिनु साचे नही दरगह मानु ॥

ਹਰਿ ਰਸੁ ਪੀਵੈ ਛੁਟੈ ਨਿਦਾਨਿ ॥੫੦॥ (937-11)
हरि रसु पीवै छुटै निदानि ॥५०॥

ਹੇਰਤ ਹੇਰਤ ਹੇ ਸਖੀ ਹੋਇ ਰਹੀ ਹੈਰਾਨੁ ॥ (937-11)
हेरत हेरत हे सखी होइ रही हैरानु ॥

ਹਉ ਹਉ ਕਰਤੀ ਮੈ ਮੁਈ ਸਬਦਿ ਰਵੈ ਮਨਿ ਗਿਆਨੁ ॥ (937-12)
हउ हउ करती मै मुई सबदि रवै मनि गिआनु ॥

ਹਾਰ ਡੋਰ ਕੰਕਨ ਘਣੇ ਕਰਿ ਥਾਕੀ ਸੀਗਾਰੁ ॥ (937-12)
हार डोर कंकन घणे करि थाकी सीगारु ॥

ਮਿਲਿ ਪ੍ਰੀਤਮ ਸੁਖੁ ਪਾਇਆ ਸਗਲ ਗੁਣਾ ਗਲਿ ਹਾਰੁ ॥ (937-13)
मिलि प्रीतम सुखु पाइआ सगल गुणा गलि हारु ॥

ਨਾਨਕ ਗੁਰਮੁਖਿ ਪਾਈਐ ਹਰਿ ਸਿਉ ਪ੍ਰੀਤਿ ਪਿਆਰੁ ॥ (937-13)
नानक गुरमुखि पाईऐ हरि सिउ प्रीति पिआरु ॥

ਹਰਿ ਬਿਨੁ ਕਿਨਿ ਸੁਖੁ ਪਾਇਆ ਦੇਖਹੁ ਮਨਿ ਬੀਚਾਰਿ ॥ (937-14)
हरि बिनु किनि सुखु पाइआ देखहु मनि बीचारि ॥

ਹਰਿ ਪੜਣਾ ਹਰਿ ਬੁਝਣਾ ਹਰਿ ਸਿਉ ਰਖਹੁ ਪਿਆਰੁ ॥ (937-14)
हरि पड़णा हरि बुझणा हरि सिउ रखहु पिआरु ॥

ਹਰਿ ਜਪੀਐ ਹਰਿ ਧਿਆਈਐ ਹਰਿ ਕਾ ਨਾਮੁ ਅਧਾਰੁ ॥੫੧॥ (937-15)
हरि जपीऐ हरि धिआईऐ हरि का नामु अधारु ॥५१॥

ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥ (937-15)
लेखु न मिटई हे सखी जो लिखिआ करतारि ॥

ਆਪੇ ਕਾਰਣੁ ਜਿਨਿ ਕੀਆ ਕਰਿ ਕਿਰਪਾ ਪਗੁ ਧਾਰਿ ॥ (937-16)
आपे कारणु जिनि कीआ करि किरपा पगु धारि ॥

ਕਰਤੇ ਹਥਿ ਵਡਿਆਈਆ ਬੂਝਹੁ ਗੁਰ ਬੀਚਾਰਿ ॥ (937-16)
करते हथि वडिआईआ बूझहु गुर बीचारि ॥

ਲਿਖਿਆ ਫੇਰਿ ਨ ਸਕੀਐ ਜਿਉ ਭਾਵੀ ਤਿਉ ਸਾਰਿ ॥ (937-17)
लिखिआ फेरि न सकीऐ जिउ भावी तिउ सारि ॥

ਨਦਰਿ ਤੇਰੀ ਸੁਖੁ ਪਾਇਆ ਨਾਨਕ ਸਬਦੁ ਵੀਚਾਰਿ ॥ (937-17)
नदरि तेरी सुखु पाइआ नानक सबदु वीचारि ॥

ਮਨਮੁਖ ਭੂਲੇ ਪਚਿ ਮੁਏ ਉਬਰੇ ਗੁਰ ਬੀਚਾਰਿ ॥ (937-18)
मनमुख भूले पचि मुए उबरे गुर बीचारि ॥

ਜਿ ਪੁਰਖੁ ਨਦਰਿ ਨ ਆਵਈ ਤਿਸ ਕਾ ਕਿਆ ਕਰਿ ਕਹਿਆ ਜਾਇ ॥ (937-18)
जि पुरखु नदरि न आवई तिस का किआ करि कहिआ जाइ ॥

ਬਲਿਹਾਰੀ ਗੁਰ ਆਪਣੇ ਜਿਨਿ ਹਿਰਦੈ ਦਿਤਾ ਦਿਖਾਇ ॥੫੨॥ (937-19)
बलिहारी गुर आपणे जिनि हिरदै दिता दिखाइ ॥५२॥

ਪਾਧਾ ਪੜਿਆ ਆਖੀਐ ਬਿਦਿਆ ਬਿਚਰੈ ਸਹਜਿ ਸੁਭਾਇ ॥ (937-19)
पाधा पड़िआ आखीऐ बिदिआ बिचरै सहजि सुभाइ ॥

ਬਿਦਿਆ ਸੋਧੈ ਤਤੁ ਲਹੈ ਰਾਮ ਨਾਮ ਲਿਵ ਲਾਇ ॥ (938-1)
बिदिआ सोधै ततु लहै राम नाम लिव लाइ ॥

ਮਨਮੁਖੁ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ ॥ (938-1)
मनमुखु बिदिआ बिक्रदा बिखु खटे बिखु खाइ ॥

ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ ॥੫੩॥ (938-2)
मूरखु सबदु न चीनई सूझ बूझ नह काइ ॥५३॥

ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ ॥ (938-2)
पाधा गुरमुखि आखीऐ चाटड़िआ मति देइ ॥

ਨਾਮੁ ਸਮਾਲਹੁ ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ ॥ (938-3)
नामु समालहु नामु संगरहु लाहा जग महि लेइ ॥

ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ ॥ (938-3)
सची पटी सचु मनि पड़ीऐ सबदु सु सारु ॥

ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ ਜਿਸੁ ਰਾਮ ਨਾਮੁ ਗਲਿ ਹਾਰੁ ॥੫੪॥੧॥ (938-4)
नानक सो पड़िआ सो पंडितु बीना जिसु राम नामु गलि हारु ॥५४॥१॥

ਰਾਮਕਲੀ ਮਹਲਾ ੧ ਸਿਧ ਗੋਸਟਿ (938-5)
रामकली महला १ सिध गोसटि

ੴ ਸਤਿਗੁਰ ਪ੍ਰਸਾਦਿ ॥ (938-5)
ੴ सतिगुर प्रसादि ॥

ਸਿਧ ਸਭਾ ਕਰਿ ਆਸਣਿ ਬੈਠੇ ਸੰਤ ਸਭਾ ਜੈਕਾਰੋ ॥ (938-6)
सिध सभा करि आसणि बैठे संत सभा जैकारो ॥

ਤਿਸੁ ਆਗੈ ਰਹਰਾਸਿ ਹਮਾਰੀ ਸਾਚਾ ਅਪਰ ਅਪਾਰੋ ॥ (938-6)
तिसु आगै रहरासि हमारी साचा अपर अपारो ॥

ਮਸਤਕੁ ਕਾਟਿ ਧਰੀ ਤਿਸੁ ਆਗੈ ਤਨੁ ਮਨੁ ਆਗੈ ਦੇਉ ॥ (938-7)
मसतकु काटि धरी तिसु आगै तनु मनु आगै देउ ॥

ਨਾਨਕ ਸੰਤੁ ਮਿਲੈ ਸਚੁ ਪਾਈਐ ਸਹਜ ਭਾਇ ਜਸੁ ਲੇਉ ॥੧॥ (938-7)
नानक संतु मिलै सचु पाईऐ सहज भाइ जसु लेउ ॥१॥

ਕਿਆ ਭਵੀਐ ਸਚਿ ਸੂਚਾ ਹੋਇ ॥ (938-8)
किआ भवीऐ सचि सूचा होइ ॥

ਸਾਚ ਸਬਦ ਬਿਨੁ ਮੁਕਤਿ ਨ ਕੋਇ ॥੧॥ ਰਹਾਉ ॥ (938-8)
साच सबद बिनु मुकति न कोइ ॥१॥ रहाउ ॥

ਕਵਨ ਤੁਮੇ ਕਿਆ ਨਾਉ ਤੁਮਾਰਾ ਕਉਨੁ ਮਾਰਗੁ ਕਉਨੁ ਸੁਆਓ ॥ (938-8)
कवन तुमे किआ नाउ तुमारा कउनु मारगु कउनु सुआओ ॥

ਸਾਚੁ ਕਹਉ ਅਰਦਾਸਿ ਹਮਾਰੀ ਹਉ ਸੰਤ ਜਨਾ ਬਲਿ ਜਾਓ ॥ (938-9)
साचु कहउ अरदासि हमारी हउ संत जना बलि जाओ ॥

ਕਹ ਬੈਸਹੁ ਕਹ ਰਹੀਐ ਬਾਲੇ ਕਹ ਆਵਹੁ ਕਹ ਜਾਹੋ ॥ (938-9)
कह बैसहु कह रहीऐ बाले कह आवहु कह जाहो ॥

ਨਾਨਕੁ ਬੋਲੈ ਸੁਣਿ ਬੈਰਾਗੀ ਕਿਆ ਤੁਮਾਰਾ ਰਾਹੋ ॥੨॥ (938-10)
नानकु बोलै सुणि बैरागी किआ तुमारा राहो ॥२॥

ਘਟਿ ਘਟਿ ਬੈਸਿ ਨਿਰੰਤਰਿ ਰਹੀਐ ਚਾਲਹਿ ਸਤਿਗੁਰ ਭਾਏ ॥ (938-10)
घटि घटि बैसि निरंतरि रहीऐ चालहि सतिगुर भाए ॥

ਸਹਜੇ ਆਏ ਹੁਕਮਿ ਸਿਧਾਏ ਨਾਨਕ ਸਦਾ ਰਜਾਏ ॥ (938-11)
सहजे आए हुकमि सिधाए नानक सदा रजाए ॥

ਆਸਣਿ ਬੈਸਣਿ ਥਿਰੁ ਨਾਰਾਇਣੁ ਐਸੀ ਗੁਰਮਤਿ ਪਾਏ ॥ (938-12)
आसणि बैसणि थिरु नाराइणु ऐसी गुरमति पाए ॥

ਗੁਰਮੁਖਿ ਬੂਝੈ ਆਪੁ ਪਛਾਣੈ ਸਚੇ ਸਚਿ ਸਮਾਏ ॥੩॥ (938-12)
गुरमुखि बूझै आपु पछाणै सचे सचि समाए ॥३॥

ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ ॥ (938-13)
दुनीआ सागरु दुतरु कहीऐ किउ करि पाईऐ पारो ॥

ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ ॥ (938-13)
चरपटु बोलै अउधू नानक देहु सचा बीचारो ॥

ਆਪੇ ਆਖੈ ਆਪੇ ਸਮਝੈ ਤਿਸੁ ਕਿਆ ਉਤਰੁ ਦੀਜੈ ॥ (938-14)
आपे आखै आपे समझै तिसु किआ उतरु दीजै ॥

ਸਾਚੁ ਕਹਹੁ ਤੁਮ ਪਾਰਗਰਾਮੀ ਤੁਝੁ ਕਿਆ ਬੈਸਣੁ ਦੀਜੈ ॥੪॥ (938-14)
साचु कहहु तुम पारगरामी तुझु किआ बैसणु दीजै ॥४॥

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥ (938-15)
जैसे जल महि कमलु निरालमु मुरगाई नै साणे ॥

ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥ (938-15)
सुरति सबदि भव सागरु तरीऐ नानक नामु वखाणे ॥

ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ॥ (938-16)
रहहि इकांति एको मनि वसिआ आसा माहि निरासो ॥

ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ ॥੫॥ (938-16)
अगमु अगोचरु देखि दिखाए नानकु ता का दासो ॥५॥

ਸੁਣਿ ਸੁਆਮੀ ਅਰਦਾਸਿ ਹਮਾਰੀ ਪੂਛਉ ਸਾਚੁ ਬੀਚਾਰੋ ॥ (938-17)
सुणि सुआमी अरदासि हमारी पूछउ साचु बीचारो ॥

ਰੋਸੁ ਨ ਕੀਜੈ ਉਤਰੁ ਦੀਜੈ ਕਿਉ ਪਾਈਐ ਗੁਰ ਦੁਆਰੋ ॥ (938-17)
रोसु न कीजै उतरु दीजै किउ पाईऐ गुर दुआरो ॥

ਇਹੁ ਮਨੁ ਚਲਤਉ ਸਚ ਘਰਿ ਬੈਸੈ ਨਾਨਕ ਨਾਮੁ ਅਧਾਰੋ ॥ (938-18)
इहु मनु चलतउ सच घरि बैसै नानक नामु अधारो ॥

ਆਪੇ ਮੇਲਿ ਮਿਲਾਏ ਕਰਤਾ ਲਾਗੈ ਸਾਚਿ ਪਿਆਰੋ ॥੬॥ (938-18)
आपे मेलि मिलाए करता लागै साचि पिआरो ॥६॥

ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ ॥ (938-19)
हाटी बाटी रहहि निराले रूखि बिरखि उदिआने ॥

ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ ॥ (938-19)
कंद मूलु अहारो खाईऐ अउधू बोलै गिआने ॥

ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੈ ਕਾਈ ॥ (939-1)
तीरथि नाईऐ सुखु फलु पाईऐ मैलु न लागै काई ॥

ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ ॥੭॥ (939-1)
गोरख पूतु लोहारीपा बोलै जोग जुगति बिधि साई ॥७॥

ਹਾਟੀ ਬਾਟੀ ਨੀਦ ਨ ਆਵੈ ਪਰ ਘਰਿ ਚਿਤੁ ਨ ਡੋੁਲਾਈ ॥ (939-2)
हाटी बाटी नीद न आवै पर घरि चितु न डुोलाई ॥

ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ ॥ (939-3)
बिनु नावै मनु टेक न टिकई नानक भूख न जाई ॥

ਹਾਟੁ ਪਟਣੁ ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ ॥ (939-3)
हाटु पटणु घरु गुरू दिखाइआ सहजे सचु वापारो ॥

ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ ॥੮॥ (939-4)
खंडित निद्रा अलप अहारं नानक ततु बीचारो ॥८॥

ਦਰਸਨੁ ਭੇਖ ਕਰਹੁ ਜੋਗਿੰਦ੍ਰਾ ਮੁੰਦ੍ਰਾ ਝੋਲੀ ਖਿੰਥਾ ॥ (939-4)
दरसनु भेख करहु जोगिंद्रा मुंद्रा झोली खिंथा ॥

ਬਾਰਹ ਅੰਤਰਿ ਏਕੁ ਸਰੇਵਹੁ ਖਟੁ ਦਰਸਨ ਇਕ ਪੰਥਾ ॥ (939-5)
बारह अंतरि एकु सरेवहु खटु दरसन इक पंथा ॥

ਇਨ ਬਿਧਿ ਮਨੁ ਸਮਝਾਈਐ ਪੁਰਖਾ ਬਾਹੁੜਿ ਚੋਟ ਨ ਖਾਈਐ ॥ (939-5)
इन बिधि मनु समझाईऐ पुरखा बाहुड़ि चोट न खाईऐ ॥

ਨਾਨਕੁ ਬੋਲੈ ਗੁਰਮੁਖਿ ਬੂਝੈ ਜੋਗ ਜੁਗਤਿ ਇਵ ਪਾਈਐ ॥੯॥ (939-6)
नानकु बोलै गुरमुखि बूझै जोग जुगति इव पाईऐ ॥९॥

ਅੰਤਰਿ ਸਬਦੁ ਨਿਰੰਤਰਿ ਮੁਦ੍ਰਾ ਹਉਮੈ ਮਮਤਾ ਦੂਰਿ ਕਰੀ ॥ (939-6)
अंतरि सबदु निरंतरि मुद्रा हउमै ममता दूरि करी ॥

ਕਾਮੁ ਕ੍ਰੋਧੁ ਅਹੰਕਾਰੁ ਨਿਵਾਰੈ ਗੁਰ ਕੈ ਸਬਦਿ ਸੁ ਸਮਝ ਪਰੀ ॥ (939-7)
कामु क्रोधु अहंकारु निवारै गुर कै सबदि सु समझ परी ॥

ਖਿੰਥਾ ਝੋਲੀ ਭਰਿਪੁਰਿ ਰਹਿਆ ਨਾਨਕ ਤਾਰੈ ਏਕੁ ਹਰੀ ॥ (939-7)
खिंथा झोली भरिपुरि रहिआ नानक तारै एकु हरी ॥

ਸਾਚਾ ਸਾਹਿਬੁ ਸਾਚੀ ਨਾਈ ਪਰਖੈ ਗੁਰ ਕੀ ਬਾਤ ਖਰੀ ॥੧੦॥ (939-8)
साचा साहिबु साची नाई परखै गुर की बात खरी ॥१०॥

ਊਂਧਉ ਖਪਰੁ ਪੰਚ ਭੂ ਟੋਪੀ ॥ (939-8)
ऊंधउ खपरु पंच भू टोपी ॥

ਕਾਂਇਆ ਕੜਾਸਣੁ ਮਨੁ ਜਾਗੋਟੀ ॥ (939-9)
कांइआ कड़ासणु मनु जागोटी ॥

ਸਤੁ ਸੰਤੋਖੁ ਸੰਜਮੁ ਹੈ ਨਾਲਿ ॥ (939-9)
सतु संतोखु संजमु है नालि ॥

ਨਾਨਕ ਗੁਰਮੁਖਿ ਨਾਮੁ ਸਮਾਲਿ ॥੧੧॥ (939-9)
नानक गुरमुखि नामु समालि ॥११॥

ਕਵਨੁ ਸੁ ਗੁਪਤਾ ਕਵਨੁ ਸੁ ਮੁਕਤਾ ॥ (939-10)
कवनु सु गुपता कवनु सु मुकता ॥

ਕਵਨੁ ਸੁ ਅੰਤਰਿ ਬਾਹਰਿ ਜੁਗਤਾ ॥ (939-10)
कवनु सु अंतरि बाहरि जुगता ॥

ਕਵਨੁ ਸੁ ਆਵੈ ਕਵਨੁ ਸੁ ਜਾਇ ॥ (939-10)
कवनु सु आवै कवनु सु जाइ ॥

ਕਵਨੁ ਸੁ ਤ੍ਰਿਭਵਣਿ ਰਹਿਆ ਸਮਾਇ ॥੧੨॥ (939-11)
कवनु सु त्रिभवणि रहिआ समाइ ॥१२॥

ਘਟਿ ਘਟਿ ਗੁਪਤਾ ਗੁਰਮੁਖਿ ਮੁਕਤਾ ॥ (939-11)
घटि घटि गुपता गुरमुखि मुकता ॥

ਅੰਤਰਿ ਬਾਹਰਿ ਸਬਦਿ ਸੁ ਜੁਗਤਾ ॥ (939-11)
अंतरि बाहरि सबदि सु जुगता ॥

ਮਨਮੁਖਿ ਬਿਨਸੈ ਆਵੈ ਜਾਇ ॥ (939-12)
मनमुखि बिनसै आवै जाइ ॥

ਨਾਨਕ ਗੁਰਮੁਖਿ ਸਾਚਿ ਸਮਾਇ ॥੧੩॥ (939-12)
नानक गुरमुखि साचि समाइ ॥१३॥

ਕਿਉ ਕਰਿ ਬਾਧਾ ਸਰਪਨਿ ਖਾਧਾ ॥ (939-12)
किउ करि बाधा सरपनि खाधा ॥

ਕਿਉ ਕਰਿ ਖੋਇਆ ਕਿਉ ਕਰਿ ਲਾਧਾ ॥ (939-13)
किउ करि खोइआ किउ करि लाधा ॥

ਕਿਉ ਕਰਿ ਨਿਰਮਲੁ ਕਿਉ ਕਰਿ ਅੰਧਿਆਰਾ ॥ (939-13)
किउ करि निरमलु किउ करि अंधिआरा ॥

ਇਹੁ ਤਤੁ ਬੀਚਾਰੈ ਸੁ ਗੁਰੂ ਹਮਾਰਾ ॥੧੪॥ (939-13)
इहु ततु बीचारै सु गुरू हमारा ॥१४॥

ਦੁਰਮਤਿ ਬਾਧਾ ਸਰਪਨਿ ਖਾਧਾ ॥ (939-14)
दुरमति बाधा सरपनि खाधा ॥

ਮਨਮੁਖਿ ਖੋਇਆ ਗੁਰਮੁਖਿ ਲਾਧਾ ॥ (939-14)
मनमुखि खोइआ गुरमुखि लाधा ॥

ਸਤਿਗੁਰੁ ਮਿਲੈ ਅੰਧੇਰਾ ਜਾਇ ॥ (939-15)
सतिगुरु मिलै अंधेरा जाइ ॥

ਨਾਨਕ ਹਉਮੈ ਮੇਟਿ ਸਮਾਇ ॥੧੫॥ (939-15)
नानक हउमै मेटि समाइ ॥१५॥

ਸੁੰਨ ਨਿਰੰਤਰਿ ਦੀਜੈ ਬੰਧੁ ॥ (939-15)
सुंन निरंतरि दीजै बंधु ॥

ਉਡੈ ਨ ਹੰਸਾ ਪੜੈ ਨ ਕੰਧੁ ॥ (939-15)
उडै न हंसा पड़ै न कंधु ॥

ਸਹਜ ਗੁਫਾ ਘਰੁ ਜਾਣੈ ਸਾਚਾ ॥ (939-16)
सहज गुफा घरु जाणै साचा ॥

ਨਾਨਕ ਸਾਚੇ ਭਾਵੈ ਸਾਚਾ ॥੧੬॥ (939-16)
नानक साचे भावै साचा ॥१६॥

ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ ॥ (939-16)
किसु कारणि ग्रिहु तजिओ उदासी ॥

ਕਿਸੁ ਕਾਰਣਿ ਇਹੁ ਭੇਖੁ ਨਿਵਾਸੀ ॥ (939-17)
किसु कारणि इहु भेखु निवासी ॥

ਕਿਸੁ ਵਖਰ ਕੇ ਤੁਮ ਵਣਜਾਰੇ ॥ (939-17)
किसु वखर के तुम वणजारे ॥

ਕਿਉ ਕਰਿ ਸਾਥੁ ਲੰਘਾਵਹੁ ਪਾਰੇ ॥੧੭॥ (939-17)
किउ करि साथु लंघावहु पारे ॥१७॥

ਗੁਰਮੁਖਿ ਖੋਜਤ ਭਏ ਉਦਾਸੀ ॥ (939-18)
गुरमुखि खोजत भए उदासी ॥

ਦਰਸਨ ਕੈ ਤਾਈ ਭੇਖ ਨਿਵਾਸੀ ॥ (939-18)
दरसन कै ताई भेख निवासी ॥

ਸਾਚ ਵਖਰ ਕੇ ਹਮ ਵਣਜਾਰੇ ॥ (939-18)
साच वखर के हम वणजारे ॥

ਨਾਨਕ ਗੁਰਮੁਖਿ ਉਤਰਸਿ ਪਾਰੇ ॥੧੮॥ (939-19)
नानक गुरमुखि उतरसि पारे ॥१८॥

ਕਿਤੁ ਬਿਧਿ ਪੁਰਖਾ ਜਨਮੁ ਵਟਾਇਆ ॥ (939-19)
कितु बिधि पुरखा जनमु वटाइआ ॥

ਕਾਹੇ ਕਉ ਤੁਝੁ ਇਹੁ ਮਨੁ ਲਾਇਆ ॥ (939-19)
काहे कउ तुझु इहु मनु लाइआ ॥

ਕਿਤੁ ਬਿਧਿ ਆਸਾ ਮਨਸਾ ਖਾਈ ॥ (940-1)
कितु बिधि आसा मनसा खाई ॥

ਕਿਤੁ ਬਿਧਿ ਜੋਤਿ ਨਿਰੰਤਰਿ ਪਾਈ ॥ (940-1)
कितु बिधि जोति निरंतरि पाई ॥

ਬਿਨੁ ਦੰਤਾ ਕਿਉ ਖਾਈਐ ਸਾਰੁ ॥ (940-1)
बिनु दंता किउ खाईऐ सारु ॥

ਨਾਨਕ ਸਾਚਾ ਕਰਹੁ ਬੀਚਾਰੁ ॥੧੯॥ (940-2)
नानक साचा करहु बीचारु ॥१९॥

ਸਤਿਗੁਰ ਕੈ ਜਨਮੇ ਗਵਨੁ ਮਿਟਾਇਆ ॥ (940-2)
सतिगुर कै जनमे गवनु मिटाइआ ॥

ਅਨਹਤਿ ਰਾਤੇ ਇਹੁ ਮਨੁ ਲਾਇਆ ॥ (940-2)
अनहति राते इहु मनु लाइआ ॥

ਮਨਸਾ ਆਸਾ ਸਬਦਿ ਜਲਾਈ ॥ (940-3)
मनसा आसा सबदि जलाई ॥

ਗੁਰਮੁਖਿ ਜੋਤਿ ਨਿਰੰਤਰਿ ਪਾਈ ॥ (940-3)
गुरमुखि जोति निरंतरि पाई ॥

ਤ੍ਰੈ ਗੁਣ ਮੇਟੇ ਖਾਈਐ ਸਾਰੁ ॥ (940-3)
त्रै गुण मेटे खाईऐ सारु ॥

ਨਾਨਕ ਤਾਰੇ ਤਾਰਣਹਾਰੁ ॥੨੦॥ (940-4)
नानक तारे तारणहारु ॥२०॥

ਆਦਿ ਕਉ ਕਵਨੁ ਬੀਚਾਰੁ ਕਥੀਅਲੇ ਸੁੰਨ ਕਹਾ ਘਰ ਵਾਸੋ ॥ (940-4)
आदि कउ कवनु बीचारु कथीअले सुंन कहा घर वासो ॥

ਗਿਆਨ ਕੀ ਮੁਦ੍ਰਾ ਕਵਨ ਕਥੀਅਲੇ ਘਟਿ ਘਟਿ ਕਵਨ ਨਿਵਾਸੋ ॥ (940-5)
गिआन की मुद्रा कवन कथीअले घटि घटि कवन निवासो ॥

ਕਾਲ ਕਾ ਠੀਗਾ ਕਿਉ ਜਲਾਈਅਲੇ ਕਿਉ ਨਿਰਭਉ ਘਰਿ ਜਾਈਐ ॥ (940-5)
काल का ठीगा किउ जलाईअले किउ निरभउ घरि जाईऐ ॥

ਸਹਜ ਸੰਤੋਖ ਕਾ ਆਸਣੁ ਜਾਣੈ ਕਿਉ ਛੇਦੇ ਬੈਰਾਈਐ ॥ (940-6)
सहज संतोख का आसणु जाणै किउ छेदे बैराईऐ ॥

ਗੁਰ ਕੈ ਸਬਦਿ ਹਉਮੈ ਬਿਖੁ ਮਾਰੈ ਤਾ ਨਿਜ ਘਰਿ ਹੋਵੈ ਵਾਸੋ ॥ (940-6)
गुर कै सबदि हउमै बिखु मारै ता निज घरि होवै वासो ॥

ਜਿਨਿ ਰਚਿ ਰਚਿਆ ਤਿਸੁ ਸਬਦਿ ਪਛਾਣੈ ਨਾਨਕੁ ਤਾ ਕਾ ਦਾਸੋ ॥੨੧॥ (940-7)
जिनि रचि रचिआ तिसु सबदि पछाणै नानकु ता का दासो ॥२१॥

ਕਹਾ ਤੇ ਆਵੈ ਕਹਾ ਇਹੁ ਜਾਵੈ ਕਹਾ ਇਹੁ ਰਹੈ ਸਮਾਈ ॥ (940-7)
कहा ते आवै कहा इहु जावै कहा इहु रहै समाई ॥

ਏਸੁ ਸਬਦ ਕਉ ਜੋ ਅਰਥਾਵੈ ਤਿਸੁ ਗੁਰ ਤਿਲੁ ਨ ਤਮਾਈ ॥ (940-8)
एसु सबद कउ जो अरथावै तिसु गुर तिलु न तमाई ॥

ਕਿਉ ਤਤੈ ਅਵਿਗਤੈ ਪਾਵੈ ਗੁਰਮੁਖਿ ਲਗੈ ਪਿਆਰੋ ॥ (940-9)
किउ ततै अविगतै पावै गुरमुखि लगै पिआरो ॥

ਆਪੇ ਸੁਰਤਾ ਆਪੇ ਕਰਤਾ ਕਹੁ ਨਾਨਕ ਬੀਚਾਰੋ ॥ (940-9)
आपे सुरता आपे करता कहु नानक बीचारो ॥

ਹੁਕਮੇ ਆਵੈ ਹੁਕਮੇ ਜਾਵੈ ਹੁਕਮੇ ਰਹੈ ਸਮਾਈ ॥ (940-10)
हुकमे आवै हुकमे जावै हुकमे रहै समाई ॥

ਪੂਰੇ ਗੁਰ ਤੇ ਸਾਚੁ ਕਮਾਵੈ ਗਤਿ ਮਿਤਿ ਸਬਦੇ ਪਾਈ ॥੨੨॥ (940-10)
पूरे गुर ते साचु कमावै गति मिति सबदे पाई ॥२२॥

ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਿਰੰਤਰਿ ਵਾਸੁ ਲੀਆ ॥ (940-11)
आदि कउ बिसमादु बीचारु कथीअले सुंन निरंतरि वासु लीआ ॥

ਅਕਲਪਤ ਮੁਦ੍ਰਾ ਗੁਰ ਗਿਆਨੁ ਬੀਚਾਰੀਅਲੇ ਘਟਿ ਘਟਿ ਸਾਚਾ ਸਰਬ ਜੀਆ ॥ (940-11)
अकलपत मुद्रा गुर गिआनु बीचारीअले घटि घटि साचा सरब जीआ ॥

ਗੁਰ ਬਚਨੀ ਅਵਿਗਤਿ ਸਮਾਈਐ ਤਤੁ ਨਿਰੰਜਨੁ ਸਹਜਿ ਲਹੈ ॥ (940-12)
गुर बचनी अविगति समाईऐ ततु निरंजनु सहजि लहै ॥

ਨਾਨਕ ਦੂਜੀ ਕਾਰ ਨ ਕਰਣੀ ਸੇਵੈ ਸਿਖੁ ਸੁ ਖੋਜਿ ਲਹੈ ॥ (940-13)
नानक दूजी कार न करणी सेवै सिखु सु खोजि लहै ॥

ਹੁਕਮੁ ਬਿਸਮਾਦੁ ਹੁਕਮਿ ਪਛਾਣੈ ਜੀਅ ਜੁਗਤਿ ਸਚੁ ਜਾਣੈ ਸੋਈ ॥ (940-13)
हुकमु बिसमादु हुकमि पछाणै जीअ जुगति सचु जाणै सोई ॥

ਆਪੁ ਮੇਟਿ ਨਿਰਾਲਮੁ ਹੋਵੈ ਅੰਤਰਿ ਸਾਚੁ ਜੋਗੀ ਕਹੀਐ ਸੋਈ ॥੨੩॥ (940-14)
आपु मेटि निरालमु होवै अंतरि साचु जोगी कहीऐ सोई ॥२३॥

ਅਵਿਗਤੋਂ ਨਿਰਮਾਇਲੁ ਉਪਜੇ ਨਿਰਗੁਣ ਤੇ ਸਰਗੁਣੁ ਥੀਆ ॥ (940-14)
अविगतो निरमाइलु उपजे निरगुण ते सरगुणु थीआ ॥

ਸਤਿਗੁਰ ਪਰਚੈ ਪਰਮ ਪਦੁ ਪਾਈਐ ਸਾਚੈ ਸਬਦਿ ਸਮਾਇ ਲੀਆ ॥ (940-15)
सतिगुर परचै परम पदु पाईऐ साचै सबदि समाइ लीआ ॥

ਏਕੇ ਕਉ ਸਚੁ ਏਕਾ ਜਾਣੈ ਹਉਮੈ ਦੂਜਾ ਦੂਰਿ ਕੀਆ ॥ (940-16)
एके कउ सचु एका जाणै हउमै दूजा दूरि कीआ ॥

ਸੋ ਜੋਗੀ ਗੁਰ ਸਬਦੁ ਪਛਾਣੈ ਅੰਤਰਿ ਕਮਲੁ ਪ੍ਰਗਾਸੁ ਥੀਆ ॥ (940-16)
सो जोगी गुर सबदु पछाणै अंतरि कमलु प्रगासु थीआ ॥

ਜੀਵਤੁ ਮਰੈ ਤਾ ਸਭੁ ਕਿਛੁ ਸੂਝੈ ਅੰਤਰਿ ਜਾਣੈ ਸਰਬ ਦਇਆ ॥ (940-17)
जीवतु मरै ता सभु किछु सूझै अंतरि जाणै सरब दइआ ॥

ਨਾਨਕ ਤਾ ਕਉ ਮਿਲੈ ਵਡਾਈ ਆਪੁ ਪਛਾਣੈ ਸਰਬ ਜੀਆ ॥੨੪॥ (940-17)
नानक ता कउ मिलै वडाई आपु पछाणै सरब जीआ ॥२४॥

ਸਾਚੌ ਉਪਜੈ ਸਾਚਿ ਸਮਾਵੈ ਸਾਚੇ ਸੂਚੇ ਏਕ ਮਇਆ ॥ (940-18)
साचौ उपजै साचि समावै साचे सूचे एक मइआ ॥

ਝੂਠੇ ਆਵਹਿ ਠਵਰ ਨ ਪਾਵਹਿ ਦੂਜੈ ਆਵਾ ਗਉਣੁ ਭਇਆ ॥ (940-18)
झूठे आवहि ठवर न पावहि दूजै आवा गउणु भइआ ॥

ਆਵਾ ਗਉਣੁ ਮਿਟੈ ਗੁਰ ਸਬਦੀ ਆਪੇ ਪਰਖੈ ਬਖਸਿ ਲਇਆ ॥ (940-19)
आवा गउणु मिटै गुर सबदी आपे परखै बखसि लइआ ॥

ਏਕਾ ਬੇਦਨ ਦੂਜੈ ਬਿਆਪੀ ਨਾਮੁ ਰਸਾਇਣੁ ਵੀਸਰਿਆ ॥ (940-19)
एका बेदन दूजै बिआपी नामु रसाइणु वीसरिआ ॥

ਸੋ ਬੂਝੈ ਜਿਸੁ ਆਪਿ ਬੁਝਾਏ ਗੁਰ ਕੈ ਸਬਦਿ ਸੁ ਮੁਕਤੁ ਭਇਆ ॥ (941-1)
सो बूझै जिसु आपि बुझाए गुर कै सबदि सु मुकतु भइआ ॥

ਨਾਨਕ ਤਾਰੇ ਤਾਰਣਹਾਰਾ ਹਉਮੈ ਦੂਜਾ ਪਰਹਰਿਆ ॥੨੫॥ (941-2)
नानक तारे तारणहारा हउमै दूजा परहरिआ ॥२५॥

ਮਨਮੁਖਿ ਭੂਲੈ ਜਮ ਕੀ ਕਾਣਿ ॥ (941-2)
मनमुखि भूलै जम की काणि ॥

ਪਰ ਘਰੁ ਜੋਹੈ ਹਾਣੇ ਹਾਣਿ ॥ (941-2)
पर घरु जोहै हाणे हाणि ॥

ਮਨਮੁਖਿ ਭਰਮਿ ਭਵੈ ਬੇਬਾਣਿ ॥ (941-3)
मनमुखि भरमि भवै बेबाणि ॥

ਵੇਮਾਰਗਿ ਮੂਸੈ ਮੰਤ੍ਰਿ ਮਸਾਣਿ ॥ (941-3)
वेमारगि मूसै मंत्रि मसाणि ॥

ਸਬਦੁ ਨ ਚੀਨੈ ਲਵੈ ਕੁਬਾਣਿ ॥ (941-3)
सबदु न चीनै लवै कुबाणि ॥

ਨਾਨਕ ਸਾਚਿ ਰਤੇ ਸੁਖੁ ਜਾਣਿ ॥੨੬॥ (941-4)
नानक साचि रते सुखु जाणि ॥२६॥

ਗੁਰਮੁਖਿ ਸਾਚੇ ਕਾ ਭਉ ਪਾਵੈ ॥ (941-4)
गुरमुखि साचे का भउ पावै ॥

ਗੁਰਮੁਖਿ ਬਾਣੀ ਅਘੜੁ ਘੜਾਵੈ ॥ (941-4)
गुरमुखि बाणी अघड़ु घड़ावै ॥

ਗੁਰਮੁਖਿ ਨਿਰਮਲ ਹਰਿ ਗੁਣ ਗਾਵੈ ॥ (941-5)
गुरमुखि निरमल हरि गुण गावै ॥

ਗੁਰਮੁਖਿ ਪਵਿਤ੍ਰੁ ਪਰਮ ਪਦੁ ਪਾਵੈ ॥ (941-5)
गुरमुखि पवित्रु परम पदु पावै ॥

ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥ (941-5)
गुरमुखि रोमि रोमि हरि धिआवै ॥

ਨਾਨਕ ਗੁਰਮੁਖਿ ਸਾਚਿ ਸਮਾਵੈ ॥੨੭॥ (941-6)
नानक गुरमुखि साचि समावै ॥२७॥

ਗੁਰਮੁਖਿ ਪਰਚੈ ਬੇਦ ਬੀਚਾਰੀ ॥ (941-6)
गुरमुखि परचै बेद बीचारी ॥

ਗੁਰਮੁਖਿ ਪਰਚੈ ਤਰੀਐ ਤਾਰੀ ॥ (941-6)
गुरमुखि परचै तरीऐ तारी ॥

ਗੁਰਮੁਖਿ ਪਰਚੈ ਸੁ ਸਬਦਿ ਗਿਆਨੀ ॥ (941-7)
गुरमुखि परचै सु सबदि गिआनी ॥

ਗੁਰਮੁਖਿ ਪਰਚੈ ਅੰਤਰ ਬਿਧਿ ਜਾਨੀ ॥ (941-7)
गुरमुखि परचै अंतर बिधि जानी ॥

ਗੁਰਮੁਖਿ ਪਾਈਐ ਅਲਖ ਅਪਾਰੁ ॥ (941-7)
गुरमुखि पाईऐ अलख अपारु ॥

ਨਾਨਕ ਗੁਰਮੁਖਿ ਮੁਕਤਿ ਦੁਆਰੁ ॥੨੮॥ (941-8)
नानक गुरमुखि मुकति दुआरु ॥२८॥

ਗੁਰਮੁਖਿ ਅਕਥੁ ਕਥੈ ਬੀਚਾਰਿ ॥ (941-8)
गुरमुखि अकथु कथै बीचारि ॥

ਗੁਰਮੁਖਿ ਨਿਬਹੈ ਸਪਰਵਾਰਿ ॥ (941-8)
गुरमुखि निबहै सपरवारि ॥

ਗੁਰਮੁਖਿ ਜਪੀਐ ਅੰਤਰਿ ਪਿਆਰਿ ॥ (941-9)
गुरमुखि जपीऐ अंतरि पिआरि ॥

ਗੁਰਮੁਖਿ ਪਾਈਐ ਸਬਦਿ ਅਚਾਰਿ ॥ (941-9)
गुरमुखि पाईऐ सबदि अचारि ॥

ਸਬਦਿ ਭੇਦਿ ਜਾਣੈ ਜਾਣਾਈ ॥ (941-9)
सबदि भेदि जाणै जाणाई ॥

ਨਾਨਕ ਹਉਮੈ ਜਾਲਿ ਸਮਾਈ ॥੨੯॥ (941-10)
नानक हउमै जालि समाई ॥२९॥

ਗੁਰਮੁਖਿ ਧਰਤੀ ਸਾਚੈ ਸਾਜੀ ॥ (941-10)
गुरमुखि धरती साचै साजी ॥

ਤਿਸ ਮਹਿ ਓਪਤਿ ਖਪਤਿ ਸੁ ਬਾਜੀ ॥ (941-10)
तिस महि ओपति खपति सु बाजी ॥

ਗੁਰ ਕੈ ਸਬਦਿ ਰਪੈ ਰੰਗੁ ਲਾਇ ॥ (941-11)
गुर कै सबदि रपै रंगु लाइ ॥

ਸਾਚਿ ਰਤਉ ਪਤਿ ਸਿਉ ਘਰਿ ਜਾਇ ॥ (941-11)
साचि रतउ पति सिउ घरि जाइ ॥

ਸਾਚ ਸਬਦ ਬਿਨੁ ਪਤਿ ਨਹੀ ਪਾਵੈ ॥ (941-11)
साच सबद बिनु पति नही पावै ॥

ਨਾਨਕ ਬਿਨੁ ਨਾਵੈ ਕਿਉ ਸਾਚਿ ਸਮਾਵੈ ॥੩੦॥ (941-12)
नानक बिनु नावै किउ साचि समावै ॥३०॥

ਗੁਰਮੁਖਿ ਅਸਟ ਸਿਧੀ ਸਭਿ ਬੁਧੀ ॥ (941-12)
गुरमुखि असट सिधी सभि बुधी ॥

ਗੁਰਮੁਖਿ ਭਵਜਲੁ ਤਰੀਐ ਸਚ ਸੁਧੀ ॥ (941-12)
गुरमुखि भवजलु तरीऐ सच सुधी ॥

ਗੁਰਮੁਖਿ ਸਰ ਅਪਸਰ ਬਿਧਿ ਜਾਣੈ ॥ (941-13)
गुरमुखि सर अपसर बिधि जाणै ॥

ਗੁਰਮੁਖਿ ਪਰਵਿਰਤਿ ਨਰਵਿਰਤਿ ਪਛਾਣੈ ॥ (941-13)
गुरमुखि परविरति नरविरति पछाणै ॥

ਗੁਰਮੁਖਿ ਤਾਰੇ ਪਾਰਿ ਉਤਾਰੇ ॥ (941-14)
गुरमुखि तारे पारि उतारे ॥

ਨਾਨਕ ਗੁਰਮੁਖਿ ਸਬਦਿ ਨਿਸਤਾਰੇ ॥੩੧॥ (941-14)
नानक गुरमुखि सबदि निसतारे ॥३१॥

ਨਾਮੇ ਰਾਤੇ ਹਉਮੈ ਜਾਇ ॥ (941-14)
नामे राते हउमै जाइ ॥

ਨਾਮਿ ਰਤੇ ਸਚਿ ਰਹੇ ਸਮਾਇ ॥ (941-15)
नामि रते सचि रहे समाइ ॥

ਨਾਮਿ ਰਤੇ ਜੋਗ ਜੁਗਤਿ ਬੀਚਾਰੁ ॥ (941-15)
नामि रते जोग जुगति बीचारु ॥

ਨਾਮਿ ਰਤੇ ਪਾਵਹਿ ਮੋਖ ਦੁਆਰੁ ॥ (941-15)
नामि रते पावहि मोख दुआरु ॥

ਨਾਮਿ ਰਤੇ ਤ੍ਰਿਭਵਣ ਸੋਝੀ ਹੋਇ ॥ (941-15)
नामि रते त्रिभवण सोझी होइ ॥

ਨਾਨਕ ਨਾਮਿ ਰਤੇ ਸਦਾ ਸੁਖੁ ਹੋਇ ॥੩੨॥ (941-16)
नानक नामि रते सदा सुखु होइ ॥३२॥

ਨਾਮਿ ਰਤੇ ਸਿਧ ਗੋਸਟਿ ਹੋਇ ॥ (941-16)
नामि रते सिध गोसटि होइ ॥

ਨਾਮਿ ਰਤੇ ਸਦਾ ਤਪੁ ਹੋਇ ॥ (941-17)
नामि रते सदा तपु होइ ॥

ਨਾਮਿ ਰਤੇ ਸਚੁ ਕਰਣੀ ਸਾਰੁ ॥ (941-17)
नामि रते सचु करणी सारु ॥

ਨਾਮਿ ਰਤੇ ਗੁਣ ਗਿਆਨ ਬੀਚਾਰੁ ॥ (941-17)
नामि रते गुण गिआन बीचारु ॥

ਬਿਨੁ ਨਾਵੈ ਬੋਲੈ ਸਭੁ ਵੇਕਾਰੁ ॥ (941-17)
बिनु नावै बोलै सभु वेकारु ॥

ਨਾਨਕ ਨਾਮਿ ਰਤੇ ਤਿਨ ਕਉ ਜੈਕਾਰੁ ॥੩੩॥ (941-18)
नानक नामि रते तिन कउ जैकारु ॥३३॥

ਪੂਰੇ ਗੁਰ ਤੇ ਨਾਮੁ ਪਾਇਆ ਜਾਇ ॥ (941-18)
पूरे गुर ते नामु पाइआ जाइ ॥

ਜੋਗ ਜੁਗਤਿ ਸਚਿ ਰਹੈ ਸਮਾਇ ॥ (941-19)
जोग जुगति सचि रहै समाइ ॥

ਬਾਰਹ ਮਹਿ ਜੋਗੀ ਭਰਮਾਏ ਸੰਨਿਆਸੀ ਛਿਅ ਚਾਰਿ ॥ (941-19)
बारह महि जोगी भरमाए संनिआसी छिअ चारि ॥

ਗੁਰ ਕੈ ਸਬਦਿ ਜੋ ਮਰਿ ਜੀਵੈ ਸੋ ਪਾਏ ਮੋਖ ਦੁਆਰੁ ॥ (941-19)
गुर कै सबदि जो मरि जीवै सो पाए मोख दुआरु ॥

ਬਿਨੁ ਸਬਦੈ ਸਭਿ ਦੂਜੈ ਲਾਗੇ ਦੇਖਹੁ ਰਿਦੈ ਬੀਚਾਰਿ ॥ (942-1)
बिनु सबदै सभि दूजै लागे देखहु रिदै बीचारि ॥

ਨਾਨਕ ਵਡੇ ਸੇ ਵਡਭਾਗੀ ਜਿਨੀ ਸਚੁ ਰਖਿਆ ਉਰ ਧਾਰਿ ॥੩੪॥ (942-1)
नानक वडे से वडभागी जिनी सचु रखिआ उर धारि ॥३४॥

ਗੁਰਮੁਖਿ ਰਤਨੁ ਲਹੈ ਲਿਵ ਲਾਇ ॥ (942-2)
गुरमुखि रतनु लहै लिव लाइ ॥

ਗੁਰਮੁਖਿ ਪਰਖੈ ਰਤਨੁ ਸੁਭਾਇ ॥ (942-2)
गुरमुखि परखै रतनु सुभाइ ॥

ਗੁਰਮੁਖਿ ਸਾਚੀ ਕਾਰ ਕਮਾਇ ॥ (942-3)
गुरमुखि साची कार कमाइ ॥

ਗੁਰਮੁਖਿ ਸਾਚੇ ਮਨੁ ਪਤੀਆਇ ॥ (942-3)
गुरमुखि साचे मनु पतीआइ ॥

ਗੁਰਮੁਖਿ ਅਲਖੁ ਲਖਾਏ ਤਿਸੁ ਭਾਵੈ ॥ (942-3)
गुरमुखि अलखु लखाए तिसु भावै ॥

ਨਾਨਕ ਗੁਰਮੁਖਿ ਚੋਟ ਨ ਖਾਵੈ ॥੩੫॥ (942-4)
नानक गुरमुखि चोट न खावै ॥३५॥

ਗੁਰਮੁਖਿ ਨਾਮੁ ਦਾਨੁ ਇਸਨਾਨੁ ॥ (942-4)
गुरमुखि नामु दानु इसनानु ॥

ਗੁਰਮੁਖਿ ਲਾਗੈ ਸਹਜਿ ਧਿਆਨੁ ॥ (942-4)
गुरमुखि लागै सहजि धिआनु ॥

ਗੁਰਮੁਖਿ ਪਾਵੈ ਦਰਗਹ ਮਾਨੁ ॥ (942-5)
गुरमुखि पावै दरगह मानु ॥

ਗੁਰਮੁਖਿ ਭਉ ਭੰਜਨੁ ਪਰਧਾਨੁ ॥ (942-5)
गुरमुखि भउ भंजनु परधानु ॥

ਗੁਰਮੁਖਿ ਕਰਣੀ ਕਾਰ ਕਰਾਏ ॥ (942-5)
गुरमुखि करणी कार कराए ॥

ਨਾਨਕ ਗੁਰਮੁਖਿ ਮੇਲਿ ਮਿਲਾਏ ॥੩੬॥ (942-6)
नानक गुरमुखि मेलि मिलाए ॥३६॥

ਗੁਰਮੁਖਿ ਸਾਸਤ੍ਰ ਸਿਮ੍ਰਿਤਿ ਬੇਦ ॥ (942-6)
गुरमुखि सासत्र सिम्रिति बेद ॥

ਗੁਰਮੁਖਿ ਪਾਵੈ ਘਟਿ ਘਟਿ ਭੇਦ ॥ (942-6)
गुरमुखि पावै घटि घटि भेद ॥

ਗੁਰਮੁਖਿ ਵੈਰ ਵਿਰੋਧ ਗਵਾਵੈ ॥ (942-7)
गुरमुखि वैर विरोध गवावै ॥

ਗੁਰਮੁਖਿ ਸਗਲੀ ਗਣਤ ਮਿਟਾਵੈ ॥ (942-7)
गुरमुखि सगली गणत मिटावै ॥

ਗੁਰਮੁਖਿ ਰਾਮ ਨਾਮ ਰੰਗਿ ਰਾਤਾ ॥ (942-7)
गुरमुखि राम नाम रंगि राता ॥

ਨਾਨਕ ਗੁਰਮੁਖਿ ਖਸਮੁ ਪਛਾਤਾ ॥੩੭॥ (942-8)
नानक गुरमुखि खसमु पछाता ॥३७॥

ਬਿਨੁ ਗੁਰ ਭਰਮੈ ਆਵੈ ਜਾਇ ॥ (942-8)
बिनु गुर भरमै आवै जाइ ॥

ਬਿਨੁ ਗੁਰ ਘਾਲ ਨ ਪਵਈ ਥਾਇ ॥ (942-8)
बिनु गुर घाल न पवई थाइ ॥

ਬਿਨੁ ਗੁਰ ਮਨੂਆ ਅਤਿ ਡੋਲਾਇ ॥ (942-9)
बिनु गुर मनूआ अति डोलाइ ॥

ਬਿਨੁ ਗੁਰ ਤ੍ਰਿਪਤਿ ਨਹੀ ਬਿਖੁ ਖਾਇ ॥ (942-9)
बिनु गुर त्रिपति नही बिखु खाइ ॥

ਬਿਨੁ ਗੁਰ ਬਿਸੀਅਰੁ ਡਸੈ ਮਰਿ ਵਾਟ ॥ (942-9)
बिनु गुर बिसीअरु डसै मरि वाट ॥

ਨਾਨਕ ਗੁਰ ਬਿਨੁ ਘਾਟੇ ਘਾਟ ॥੩੮॥ (942-10)
नानक गुर बिनु घाटे घाट ॥३८॥

ਜਿਸੁ ਗੁਰੁ ਮਿਲੈ ਤਿਸੁ ਪਾਰਿ ਉਤਾਰੈ ॥ (942-10)
जिसु गुरु मिलै तिसु पारि उतारै ॥

ਅਵਗਣ ਮੇਟੈ ਗੁਣਿ ਨਿਸਤਾਰੈ ॥ (942-10)
अवगण मेटै गुणि निसतारै ॥

ਮੁਕਤਿ ਮਹਾ ਸੁਖ ਗੁਰ ਸਬਦੁ ਬੀਚਾਰਿ ॥ (942-11)
मुकति महा सुख गुर सबदु बीचारि ॥

ਗੁਰਮੁਖਿ ਕਦੇ ਨ ਆਵੈ ਹਾਰਿ ॥ (942-11)
गुरमुखि कदे न आवै हारि ॥

ਤਨੁ ਹਟੜੀ ਇਹੁ ਮਨੁ ਵਣਜਾਰਾ ॥ (942-11)
तनु हटड़ी इहु मनु वणजारा ॥

ਨਾਨਕ ਸਹਜੇ ਸਚੁ ਵਾਪਾਰਾ ॥੩੯॥ (942-12)
नानक सहजे सचु वापारा ॥३९॥

ਗੁਰਮੁਖਿ ਬਾਂਧਿਓ ਸੇਤੁ ਬਿਧਾਤੈ ॥ (942-12)
गुरमुखि बांधिओ सेतु बिधातै ॥

ਲੰਕਾ ਲੂਟੀ ਦੈਤ ਸੰਤਾਪੈ ॥ (942-12)
लंका लूटी दैत संतापै ॥

ਰਾਮਚੰਦਿ ਮਾਰਿਓ ਅਹਿ ਰਾਵਣੁ ॥ (942-13)
रामचंदि मारिओ अहि रावणु ॥

ਭੇਦੁ ਬਭੀਖਣ ਗੁਰਮੁਖਿ ਪਰਚਾਇਣੁ ॥ (942-13)
भेदु बभीखण गुरमुखि परचाइणु ॥

ਗੁਰਮੁਖਿ ਸਾਇਰਿ ਪਾਹਣ ਤਾਰੇ ॥ (942-13)
गुरमुखि साइरि पाहण तारे ॥

ਗੁਰਮੁਖਿ ਕੋਟਿ ਤੇਤੀਸ ਉਧਾਰੇ ॥੪੦॥ (942-14)
गुरमुखि कोटि तेतीस उधारे ॥४० ॥

ਗੁਰਮੁਖਿ ਚੂਕੈ ਆਵਣ ਜਾਣੁ ॥ (942-14)
गुरमुखि चूकै आवण जाणु ॥

ਗੁਰਮੁਖਿ ਦਰਗਹ ਪਾਵੈ ਮਾਣੁ ॥ (942-14)
गुरमुखि दरगह पावै माणु ॥

ਗੁਰਮੁਖਿ ਖੋਟੇ ਖਰੇ ਪਛਾਣੁ ॥ (942-14)
गुरमुखि खोटे खरे पछाणु ॥

ਗੁਰਮੁਖਿ ਲਾਗੈ ਸਹਜਿ ਧਿਆਨੁ ॥ (942-15)
गुरमुखि लागै सहजि धिआनु ॥

ਗੁਰਮੁਖਿ ਦਰਗਹ ਸਿਫਤਿ ਸਮਾਇ ॥ (942-15)
गुरमुखि दरगह सिफति समाइ ॥

ਨਾਨਕ ਗੁਰਮੁਖਿ ਬੰਧੁ ਨ ਪਾਇ ॥੪੧॥ (942-15)
नानक गुरमुखि बंधु न पाइ ॥४१ ॥

ਗੁਰਮੁਖਿ ਨਾਮੁ ਨਿਰੰਜਨ ਪਾਏ ॥ (942-16)
गुरमुखि नामु निरंजन पाए ॥

ਗੁਰਮੁਖਿ ਹਉਮੈ ਸਬਦਿ ਜਲਾਏ ॥ (942-16)
गुरमुखि हउमै सबदि जलाए ॥

ਗੁਰਮੁਖਿ ਸਾਚੇ ਕੇ ਗੁਣ ਗਾਏ ॥ (942-16)
गुरमुखि साचे के गुण गाए ॥

ਗੁਰਮੁਖਿ ਸਾਚੈ ਰਹੈ ਸਮਾਏ ॥ (942-17)
गुरमुखि साचै रहै समाए ॥

ਗੁਰਮੁਖਿ ਸਾਚਿ ਨਾਮਿ ਪਤਿ ਊਤਮ ਹੋਇ ॥ (942-17)
गुरमुखि साचि नामि पति ऊतम होइ ॥

ਨਾਨਕ ਗੁਰਮੁਖਿ ਸਗਲ ਭਵਣ ਕੀ ਸੋਝੀ ਹੋਇ ॥੪੨॥ (942-17)
नानक गुरमुखि सगल भवण की सोझी होइ ॥४२॥

ਕਵਣ ਮੂਲੁ ਕਵਣ ਮਤਿ ਵੇਲਾ ॥ (942-18)
कवण मूलु कवण मति वेला ॥

ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥ (942-18)
तेरा कवणु गुरू जिस का तू चेला ॥

ਕਵਣ ਕਥਾ ਲੇ ਰਹਹੁ ਨਿਰਾਲੇ ॥ (942-19)
कवण कथा ले रहहु निराले ॥

ਬੋਲੈ ਨਾਨਕੁ ਸੁਣਹੁ ਤੁਮ ਬਾਲੇ ॥ (942-19)
बोलै नानकु सुणहु तुम बाले ॥

ਏਸੁ ਕਥਾ ਕਾ ਦੇਇ ਬੀਚਾਰੁ ॥ (942-19)
एसु कथा का देइ बीचारु ॥

ਭਵਜਲੁ ਸਬਦਿ ਲੰਘਾਵਣਹਾਰੁ ॥੪੩॥ (942-19)
भवजलु सबदि लंघावणहारु ॥४३॥

ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥ (943-1)
पवन अर्मभु सतिगुर मति वेला ॥

ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ (943-1)
सबदु गुरू सुरति धुनि चेला ॥

ਅਕਥ ਕਥਾ ਲੇ ਰਹਉ ਨਿਰਾਲਾ ॥ (943-1)
अकथ कथा ले रहउ निराला ॥

ਨਾਨਕ ਜੁਗਿ ਜੁਗਿ ਗੁਰ ਗੋਪਾਲਾ ॥ (943-2)
नानक जुगि जुगि गुर गोपाला ॥

ਏਕੁ ਸਬਦੁ ਜਿਤੁ ਕਥਾ ਵੀਚਾਰੀ ॥ (943-2)
एकु सबदु जितु कथा वीचारी ॥

ਗੁਰਮੁਖਿ ਹਉਮੈ ਅਗਨਿ ਨਿਵਾਰੀ ॥੪੪॥ (943-2)
गुरमुखि हउमै अगनि निवारी ॥४४॥

ਮੈਣ ਕੇ ਦੰਤ ਕਿਉ ਖਾਈਐ ਸਾਰੁ ॥ (943-3)
मैण के दंत किउ खाईऐ सारु ॥

ਜਿਤੁ ਗਰਬੁ ਜਾਇ ਸੁ ਕਵਣੁ ਆਹਾਰੁ ॥ (943-3)
जितु गरबु जाइ सु कवणु आहारु ॥

ਹਿਵੈ ਕਾ ਘਰੁ ਮੰਦਰੁ ਅਗਨਿ ਪਿਰਾਹਨੁ ॥ (943-4)
हिवै का घरु मंदरु अगनि पिराहनु ॥

ਕਵਨ ਗੁਫਾ ਜਿਤੁ ਰਹੈ ਅਵਾਹਨੁ ॥ (943-4)
कवन गुफा जितु रहै अवाहनु ॥

ਇਤ ਉਤ ਕਿਸ ਕਉ ਜਾਣਿ ਸਮਾਵੈ ॥ (943-4)
इत उत किस कउ जाणि समावै ॥

ਕਵਨ ਧਿਆਨੁ ਮਨੁ ਮਨਹਿ ਸਮਾਵੈ ॥੪੫॥ (943-5)
कवन धिआनु मनु मनहि समावै ॥४५॥

ਹਉ ਹਉ ਮੈ ਮੈ ਵਿਚਹੁ ਖੋਵੈ ॥ (943-5)
हउ हउ मै मै विचहु खोवै ॥

ਦੂਜਾ ਮੇਟੈ ਏਕੋ ਹੋਵੈ ॥ (943-5)
दूजा मेटै एको होवै ॥

ਜਗੁ ਕਰੜਾ ਮਨਮੁਖੁ ਗਾਵਾਰੁ ॥ (943-6)
जगु करड़ा मनमुखु गावारु ॥

ਸਬਦੁ ਕਮਾਈਐ ਖਾਈਐ ਸਾਰੁ ॥ (943-6)
सबदु कमाईऐ खाईऐ सारु ॥

ਅੰਤਰਿ ਬਾਹਰਿ ਏਕੋ ਜਾਣੈ ॥ (943-6)
अंतरि बाहरि एको जाणै ॥

ਨਾਨਕ ਅਗਨਿ ਮਰੈ ਸਤਿਗੁਰ ਕੈ ਭਾਣੈ ॥੪੬॥ (943-6)
नानक अगनि मरै सतिगुर कै भाणै ॥४६॥

ਸਚ ਭੈ ਰਾਤਾ ਗਰਬੁ ਨਿਵਾਰੈ ॥ (943-7)
सच भै राता गरबु निवारै ॥

ਏਕੋ ਜਾਤਾ ਸਬਦੁ ਵੀਚਾਰੈ ॥ (943-7)
एको जाता सबदु वीचारै ॥

ਸਬਦੁ ਵਸੈ ਸਚੁ ਅੰਤਰਿ ਹੀਆ ॥ (943-7)
सबदु वसै सचु अंतरि हीआ ॥

ਤਨੁ ਮਨੁ ਸੀਤਲੁ ਰੰਗਿ ਰੰਗੀਆ ॥ (943-8)
तनु मनु सीतलु रंगि रंगीआ ॥

ਕਾਮੁ ਕ੍ਰੋਧੁ ਬਿਖੁ ਅਗਨਿ ਨਿਵਾਰੇ ॥ (943-8)
कामु क्रोधु बिखु अगनि निवारे ॥

ਨਾਨਕ ਨਦਰੀ ਨਦਰਿ ਪਿਆਰੇ ॥੪੭॥ (943-8)
नानक नदरी नदरि पिआरे ॥४७॥

ਕਵਨ ਮੁਖਿ ਚੰਦੁ ਹਿਵੈ ਘਰੁ ਛਾਇਆ ॥ (943-9)
कवन मुखि चंदु हिवै घरु छाइआ ॥

ਕਵਨ ਮੁਖਿ ਸੂਰਜੁ ਤਪੈ ਤਪਾਇਆ ॥ (943-9)
कवन मुखि सूरजु तपै तपाइआ ॥

ਕਵਨ ਮੁਖਿ ਕਾਲੁ ਜੋਹਤ ਨਿਤ ਰਹੈ ॥ (943-9)
कवन मुखि कालु जोहत नित रहै ॥

ਕਵਨ ਬੁਧਿ ਗੁਰਮੁਖਿ ਪਤਿ ਰਹੈ ॥ (943-10)
कवन बुधि गुरमुखि पति रहै ॥

ਕਵਨੁ ਜੋਧੁ ਜੋ ਕਾਲੁ ਸੰਘਾਰੈ ॥ (943-10)
कवनु जोधु जो कालु संघारै ॥

ਬੋਲੈ ਬਾਣੀ ਨਾਨਕੁ ਬੀਚਾਰੈ ॥੪੮॥ (943-10)
बोलै बाणी नानकु बीचारै ॥४८॥

ਸਬਦੁ ਭਾਖਤ ਸਸਿ ਜੋਤਿ ਅਪਾਰਾ ॥ (943-11)
सबदु भाखत ससि जोति अपारा ॥

ਸਸਿ ਘਰਿ ਸੂਰੁ ਵਸੈ ਮਿਟੈ ਅੰਧਿਆਰਾ ॥ (943-11)
ससि घरि सूरु वसै मिटै अंधिआरा ॥

ਸੁਖੁ ਦੁਖੁ ਸਮ ਕਰਿ ਨਾਮੁ ਅਧਾਰਾ ॥ (943-11)
सुखु दुखु सम करि नामु अधारा ॥

ਆਪੇ ਪਾਰਿ ਉਤਾਰਣਹਾਰਾ ॥ (943-12)
आपे पारि उतारणहारा ॥

ਗੁਰ ਪਰਚੈ ਮਨੁ ਸਾਚਿ ਸਮਾਇ ॥ (943-12)
गुर परचै मनु साचि समाइ ॥

ਪ੍ਰਣਵਤਿ ਨਾਨਕੁ ਕਾਲੁ ਨ ਖਾਇ ॥੪੯॥ (943-12)
प्रणवति नानकु कालु न खाइ ॥४९॥

ਨਾਮ ਤਤੁ ਸਭ ਹੀ ਸਿਰਿ ਜਾਪੈ ॥ (943-13)
नाम ततु सभ ही सिरि जापै ॥

ਬਿਨੁ ਨਾਵੈ ਦੁਖੁ ਕਾਲੁ ਸੰਤਾਪੈ ॥ (943-13)
बिनु नावै दुखु कालु संतापै ॥

ਤਤੋ ਤਤੁ ਮਿਲੈ ਮਨੁ ਮਾਨੈ ॥ (943-13)
ततो ततु मिलै मनु मानै ॥

ਦੂਜਾ ਜਾਇ ਇਕਤੁ ਘਰਿ ਆਨੈ ॥ (943-14)
दूजा जाइ इकतु घरि आनै ॥

ਬੋਲੈ ਪਵਨਾ ਗਗਨੁ ਗਰਜੈ ॥ (943-14)
बोलै पवना गगनु गरजै ॥

ਨਾਨਕ ਨਿਹਚਲੁ ਮਿਲਣੁ ਸਹਜੈ ॥੫੦॥ (943-14)
नानक निहचलु मिलणु सहजै ॥५०॥

ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ ॥ (943-15)
अंतरि सुंनं बाहरि सुंनं त्रिभवण सुंन मसुंनं ॥

ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ ॥ (943-15)
चउथे सुंनै जो नरु जाणै ता कउ पापु न पुंनं ॥

ਘਟਿ ਘਟਿ ਸੁੰਨ ਕਾ ਜਾਣੈ ਭੇਉ ॥ (943-16)
घटि घटि सुंन का जाणै भेउ ॥

ਆਦਿ ਪੁਰਖੁ ਨਿਰੰਜਨ ਦੇਉ ॥ (943-16)
आदि पुरखु निरंजन देउ ॥

ਜੋ ਜਨੁ ਨਾਮ ਨਿਰੰਜਨ ਰਾਤਾ ॥ (943-16)
जो जनु नाम निरंजन राता ॥

ਨਾਨਕ ਸੋਈ ਪੁਰਖੁ ਬਿਧਾਤਾ ॥੫੧॥ (943-16)
नानक सोई पुरखु बिधाता ॥५१॥

ਸੁੰਨੋ ਸੁੰਨੁ ਕਹੈ ਸਭੁ ਕੋਈ ॥ (943-17)
सुंनो सुंनु कहै सभु कोई ॥

ਅਨਹਤ ਸੁੰਨੁ ਕਹਾ ਤੇ ਹੋਈ ॥ (943-17)
अनहत सुंनु कहा ते होई ॥

ਅਨਹਤ ਸੁੰਨਿ ਰਤੇ ਸੇ ਕੈਸੇ ॥ (943-17)
अनहत सुंनि रते से कैसे ॥

ਜਿਸ ਤੇ ਉਪਜੇ ਤਿਸ ਹੀ ਜੈਸੇ ॥ (943-18)
जिस ते उपजे तिस ही जैसे ॥

ਓਇ ਜਨਮਿ ਨ ਮਰਹਿ ਨ ਆਵਹਿ ਜਾਹਿ ॥ (943-18)
ओइ जनमि न मरहि न आवहि जाहि ॥

ਨਾਨਕ ਗੁਰਮੁਖਿ ਮਨੁ ਸਮਝਾਹਿ ॥੫੨॥ (943-18)
नानक गुरमुखि मनु समझाहि ॥५२॥

ਨਉ ਸਰ ਸੁਭਰ ਦਸਵੈ ਪੂਰੇ ॥ (943-19)
नउ सर सुभर दसवै पूरे ॥

ਤਹ ਅਨਹਤ ਸੁੰਨ ਵਜਾਵਹਿ ਤੂਰੇ ॥ (943-19)
तह अनहत सुंन वजावहि तूरे ॥

ਸਾਚੈ ਰਾਚੇ ਦੇਖਿ ਹਜੂਰੇ ॥ (943-19)
साचै राचे देखि हजूरे ॥

ਘਟਿ ਘਟਿ ਸਾਚੁ ਰਹਿਆ ਭਰਪੂਰੇ ॥ (943-19)
घटि घटि साचु रहिआ भरपूरे ॥

ਗੁਪਤੀ ਬਾਣੀ ਪਰਗਟੁ ਹੋਇ ॥ (944-1)
गुपती बाणी परगटु होइ ॥

ਨਾਨਕ ਪਰਖਿ ਲਏ ਸਚੁ ਸੋਇ ॥੫੩॥ (944-1)
नानक परखि लए सचु सोइ ॥५३॥

ਸਹਜ ਭਾਇ ਮਿਲੀਐ ਸੁਖੁ ਹੋਵੈ ॥ (944-1)
सहज भाइ मिलीऐ सुखु होवै ॥

ਗੁਰਮੁਖਿ ਜਾਗੈ ਨੀਦ ਨ ਸੋਵੈ ॥ (944-2)
गुरमुखि जागै नीद न सोवै ॥

ਸੁੰਨ ਸਬਦੁ ਅਪਰੰਪਰਿ ਧਾਰੈ ॥ (944-2)
सुंन सबदु अपर्मपरि धारै ॥

ਕਹਤੇ ਮੁਕਤੁ ਸਬਦਿ ਨਿਸਤਾਰੈ ॥ (944-2)
कहते मुकतु सबदि निसतारै ॥

ਗੁਰ ਕੀ ਦੀਖਿਆ ਸੇ ਸਚਿ ਰਾਤੇ ॥ (944-3)
गुर की दीखिआ से सचि राते ॥

ਨਾਨਕ ਆਪੁ ਗਵਾਇ ਮਿਲਣ ਨਹੀ ਭ੍ਰਾਤੇ ॥੫੪॥ (944-3)
नानक आपु गवाइ मिलण नही भ्राते ॥५४॥

ਕੁਬੁਧਿ ਚਵਾਵੈ ਸੋ ਕਿਤੁ ਠਾਇ ॥ (944-3)
कुबुधि चवावै सो कितु ठाइ ॥

ਕਿਉ ਤਤੁ ਨ ਬੂਝੈ ਚੋਟਾ ਖਾਇ ॥ (944-4)
किउ ततु न बूझै चोटा खाइ ॥

ਜਮ ਦਰਿ ਬਾਧੇ ਕੋਇ ਨ ਰਾਖੈ ॥ (944-4)
जम दरि बाधे कोइ न राखै ॥

ਬਿਨੁ ਸਬਦੈ ਨਾਹੀ ਪਤਿ ਸਾਖੈ ॥ (944-4)
बिनु सबदै नाही पति साखै ॥

ਕਿਉ ਕਰਿ ਬੂਝੈ ਪਾਵੈ ਪਾਰੁ ॥ (944-5)
किउ करि बूझै पावै पारु ॥

ਨਾਨਕ ਮਨਮੁਖਿ ਨ ਬੁਝੈ ਗਵਾਰੁ ॥੫੫॥ (944-5)
नानक मनमुखि न बुझै गवारु ॥५५॥

ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ ॥ (944-5)
कुबुधि मिटै गुर सबदु बीचारि ॥

ਸਤਿਗੁਰੁ ਭੇਟੈ ਮੋਖ ਦੁਆਰ ॥ (944-6)
सतिगुरु भेटै मोख दुआर ॥

ਤਤੁ ਨ ਚੀਨੈ ਮਨਮੁਖੁ ਜਲਿ ਜਾਇ ॥ (944-6)
ततु न चीनै मनमुखु जलि जाइ ॥

ਦੁਰਮਤਿ ਵਿਛੁੜਿ ਚੋਟਾ ਖਾਇ ॥ (944-6)
दुरमति विछुड़ि चोटा खाइ ॥

ਮਾਨੈ ਹੁਕਮੁ ਸਭੇ ਗੁਣ ਗਿਆਨ ॥ (944-7)
मानै हुकमु सभे गुण गिआन ॥

ਨਾਨਕ ਦਰਗਹ ਪਾਵੈ ਮਾਨੁ ॥੫੬॥ (944-7)
नानक दरगह पावै मानु ॥५६॥

ਸਾਚੁ ਵਖਰੁ ਧਨੁ ਪਲੈ ਹੋਇ ॥ (944-7)
साचु वखरु धनु पलै होइ ॥

ਆਪਿ ਤਰੈ ਤਾਰੇ ਭੀ ਸੋਇ ॥ (944-7)
आपि तरै तारे भी सोइ ॥

ਸਹਜਿ ਰਤਾ ਬੂਝੈ ਪਤਿ ਹੋਇ ॥ (944-8)
सहजि रता बूझै पति होइ ॥

ਤਾ ਕੀ ਕੀਮਤਿ ਕਰੈ ਨ ਕੋਇ ॥ (944-8)
ता की कीमति करै न कोइ ॥

ਜਹ ਦੇਖਾ ਤਹ ਰਹਿਆ ਸਮਾਇ ॥ (944-8)
जह देखा तह रहिआ समाइ ॥

ਨਾਨਕ ਪਾਰਿ ਪਰੈ ਸਚ ਭਾਇ ॥੫੭॥ (944-9)
नानक पारि परै सच भाइ ॥५७॥

ਸੁ ਸਬਦ ਕਾ ਕਹਾ ਵਾਸੁ ਕਥੀਅਲੇ ਜਿਤੁ ਤਰੀਐ ਭਵਜਲੁ ਸੰਸਾਰੋ ॥ (944-9)
सु सबद का कहा वासु कथीअले जितु तरीऐ भवजलु संसारो ॥

ਤ੍ਰੈ ਸਤ ਅੰਗੁਲ ਵਾਈ ਕਹੀਐ ਤਿਸੁ ਕਹੁ ਕਵਨੁ ਅਧਾਰੋ ॥ (944-10)
त्रै सत अंगुल वाई कहीऐ तिसु कहु कवनु अधारो ॥

ਬੋਲੈ ਖੇਲੈ ਅਸਥਿਰੁ ਹੋਵੈ ਕਿਉ ਕਰਿ ਅਲਖੁ ਲਖਾਏ ॥ (944-10)
बोलै खेलै असथिरु होवै किउ करि अलखु लखाए ॥

ਸੁਣਿ ਸੁਆਮੀ ਸਚੁ ਨਾਨਕੁ ਪ੍ਰਣਵੈ ਅਪਣੇ ਮਨ ਸਮਝਾਏ ॥ (944-11)
सुणि सुआमी सचु नानकु प्रणवै अपणे मन समझाए ॥

ਗੁਰਮੁਖਿ ਸਬਦੇ ਸਚਿ ਲਿਵ ਲਾਗੈ ਕਰਿ ਨਦਰੀ ਮੇਲਿ ਮਿਲਾਏ ॥ (944-11)
गुरमुखि सबदे सचि लिव लागै करि नदरी मेलि मिलाए ॥

ਆਪੇ ਦਾਨਾ ਆਪੇ ਬੀਨਾ ਪੂਰੈ ਭਾਗਿ ਸਮਾਏ ॥੫੮॥ (944-12)
आपे दाना आपे बीना पूरै भागि समाए ॥५८॥

ਸੁ ਸਬਦ ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ ॥ (944-12)
सु सबद कउ निरंतरि वासु अलखं जह देखा तह सोई ॥

ਪਵਨ ਕਾ ਵਾਸਾ ਸੁੰਨ ਨਿਵਾਸਾ ਅਕਲ ਕਲਾ ਧਰ ਸੋਈ ॥ (944-13)
पवन का वासा सुंन निवासा अकल कला धर सोई ॥

ਨਦਰਿ ਕਰੇ ਸਬਦੁ ਘਟ ਮਹਿ ਵਸੈ ਵਿਚਹੁ ਭਰਮੁ ਗਵਾਏ ॥ (944-13)
नदरि करे सबदु घट महि वसै विचहु भरमु गवाए ॥

ਤਨੁ ਮਨੁ ਨਿਰਮਲੁ ਨਿਰਮਲ ਬਾਣੀ ਨਾਮੋੁ ਮੰਨਿ ਵਸਾਏ ॥ (944-14)
तनु मनु निरमलु निरमल बाणी नामो मंनि वसाए ॥

ਸਬਦਿ ਗੁਰੂ ਭਵਸਾਗਰੁ ਤਰੀਐ ਇਤ ਉਤ ਏਕੋ ਜਾਣੈ ॥ (944-14)
सबदि गुरू भवसागरु तरीऐ इत उत एको जाणै ॥

ਚਿਹਨੁ ਵਰਨੁ ਨਹੀ ਛਾਇਆ ਮਾਇਆ ਨਾਨਕ ਸਬਦੁ ਪਛਾਣੈ ॥੫੯॥ (944-15)
चिहनु वरनु नही छाइआ माइआ नानक सबदु पछाणै ॥५९॥

ਤ੍ਰੈ ਸਤ ਅੰਗੁਲ ਵਾਈ ਅਉਧੂ ਸੁੰਨ ਸਚੁ ਆਹਾਰੋ ॥ (944-16)
त्रै सत अंगुल वाई अउधू सुंन सचु आहारो ॥

ਗੁਰਮੁਖਿ ਬੋਲੈ ਤਤੁ ਬਿਰੋਲੈ ਚੀਨੈ ਅਲਖ ਅਪਾਰੋ ॥ (944-16)
गुरमुखि बोलै ततु बिरोलै चीनै अलख अपारो ॥

ਤ੍ਰੈ ਗੁਣ ਮੇਟੈ ਸਬਦੁ ਵਸਾਏ ਤਾ ਮਨਿ ਚੂਕੈ ਅਹੰਕਾਰੋ ॥ (944-17)
त्रै गुण मेटै सबदु वसाए ता मनि चूकै अहंकारो ॥

ਅੰਤਰਿ ਬਾਹਰਿ ਏਕੋ ਜਾਣੈ ਤਾ ਹਰਿ ਨਾਮਿ ਲਗੈ ਪਿਆਰੋ ॥ (944-17)
अंतरि बाहरि एको जाणै ता हरि नामि लगै पिआरो ॥

ਸੁਖਮਨਾ ਇੜਾ ਪਿੰਗੁਲਾ ਬੂਝੈ ਜਾ ਆਪੇ ਅਲਖੁ ਲਖਾਏ ॥ (944-18)
सुखमना इड़ा पिंगुला बूझै जा आपे अलखु लखाए ॥

ਨਾਨਕ ਤਿਹੁ ਤੇ ਊਪਰਿ ਸਾਚਾ ਸਤਿਗੁਰ ਸਬਦਿ ਸਮਾਏ ॥੬੦॥ (944-18)
नानक तिहु ते ऊपरि साचा सतिगुर सबदि समाए ॥६०॥

ਮਨ ਕਾ ਜੀਉ ਪਵਨੁ ਕਥੀਅਲੇ ਪਵਨੁ ਕਹਾ ਰਸੁ ਖਾਈ ॥ (944-19)
मन का जीउ पवनु कथीअले पवनु कहा रसु खाई ॥

ਗਿਆਨ ਕੀ ਮੁਦ੍ਰਾ ਕਵਨ ਅਉਧੂ ਸਿਧ ਕੀ ਕਵਨ ਕਮਾਈ ॥ (944-19)
गिआन की मुद्रा कवन अउधू सिध की कवन कमाई ॥

ਬਿਨੁ ਸਬਦੈ ਰਸੁ ਨ ਆਵੈ ਅਉਧੂ ਹਉਮੈ ਪਿਆਸ ਨ ਜਾਈ ॥ (945-1)
बिनु सबदै रसु न आवै अउधू हउमै पिआस न जाई ॥

ਸਬਦਿ ਰਤੇ ਅੰਮ੍ਰਿਤ ਰਸੁ ਪਾਇਆ ਸਾਚੇ ਰਹੇ ਅਘਾਈ ॥ (945-1)
सबदि रते अमृत रसु पाइआ साचे रहे अघाई ॥

ਕਵਨ ਬੁਧਿ ਜਿਤੁ ਅਸਥਿਰੁ ਰਹੀਐ ਕਿਤੁ ਭੋਜਨਿ ਤ੍ਰਿਪਤਾਸੈ ॥ (945-2)
कवन बुधि जितु असथिरु रहीऐ कितु भोजनि त्रिपतासै ॥

ਨਾਨਕ ਦੁਖੁ ਸੁਖੁ ਸਮ ਕਰਿ ਜਾਪੈ ਸਤਿਗੁਰ ਤੇ ਕਾਲੁ ਨ ਗ੍ਰਾਸੈ ॥੬੧॥ (945-2)
नानक दुखु सुखु सम करि जापै सतिगुर ते कालु न ग्रासै ॥६१॥

ਰੰਗਿ ਨ ਰਾਤਾ ਰਸਿ ਨਹੀ ਮਾਤਾ ॥ (945-3)
रंगि न राता रसि नही माता ॥

ਬਿਨੁ ਗੁਰ ਸਬਦੈ ਜਲਿ ਬਲਿ ਤਾਤਾ ॥ (945-3)
बिनु गुर सबदै जलि बलि ताता ॥

ਬਿੰਦੁ ਨ ਰਾਖਿਆ ਸਬਦੁ ਨ ਭਾਖਿਆ ॥ (945-4)
बिंदु न राखिआ सबदु न भाखिआ ॥

ਪਵਨੁ ਨ ਸਾਧਿਆ ਸਚੁ ਨ ਅਰਾਧਿਆ ॥ (945-4)
पवनु न साधिआ सचु न अराधिआ ॥

ਅਕਥ ਕਥਾ ਲੇ ਸਮ ਕਰਿ ਰਹੈ ॥ (945-4)
अकथ कथा ले सम करि रहै ॥

ਤਉ ਨਾਨਕ ਆਤਮ ਰਾਮ ਕਉ ਲਹੈ ॥੬੨॥ (945-5)
तउ नानक आतम राम कउ लहै ॥६२॥

ਗੁਰ ਪਰਸਾਦੀ ਰੰਗੇ ਰਾਤਾ ॥ (945-5)
गुर परसादी रंगे राता ॥

ਅੰਮ੍ਰਿਤੁ ਪੀਆ ਸਾਚੇ ਮਾਤਾ ॥ (945-5)
अमृतु पीआ साचे माता ॥

ਗੁਰ ਵੀਚਾਰੀ ਅਗਨਿ ਨਿਵਾਰੀ ॥ (945-6)
गुर वीचारी अगनि निवारी ॥

ਅਪਿਉ ਪੀਓ ਆਤਮ ਸੁਖੁ ਧਾਰੀ ॥ (945-6)
अपिउ पीओ आतम सुखु धारी ॥

ਸਚੁ ਅਰਾਧਿਆ ਗੁਰਮੁਖਿ ਤਰੁ ਤਾਰੀ ॥ (945-6)
सचु अराधिआ गुरमुखि तरु तारी ॥

ਨਾਨਕ ਬੂਝੈ ਕੋ ਵੀਚਾਰੀ ॥੬੩॥ (945-7)
नानक बूझै को वीचारी ॥६३॥

ਇਹੁ ਮਨੁ ਮੈਗਲੁ ਕਹਾ ਬਸੀਅਲੇ ਕਹਾ ਬਸੈ ਇਹੁ ਪਵਨਾ ॥ (945-7)
इहु मनु मैगलु कहा बसीअले कहा बसै इहु पवना ॥

ਕਹਾ ਬਸੈ ਸੁ ਸਬਦੁ ਅਉਧੂ ਤਾ ਕਉ ਚੂਕੈ ਮਨ ਕਾ ਭਵਨਾ ॥ (945-8)
कहा बसै सु सबदु अउधू ता कउ चूकै मन का भवना ॥

ਨਦਰਿ ਕਰੇ ਤਾ ਸਤਿਗੁਰੁ ਮੇਲੇ ਤਾ ਨਿਜ ਘਰਿ ਵਾਸਾ ਇਹੁ ਮਨੁ ਪਾਏ ॥ (945-8)
नदरि करे ता सतिगुरु मेले ता निज घरि वासा इहु मनु पाए ॥

ਆਪੈ ਆਪੁ ਖਾਇ ਤਾ ਨਿਰਮਲੁ ਹੋਵੈ ਧਾਵਤੁ ਵਰਜਿ ਰਹਾਏ ॥ (945-9)
आपै आपु खाइ ता निरमलु होवै धावतु वरजि रहाए ॥

ਕਿਉ ਮੂਲੁ ਪਛਾਣੈ ਆਤਮੁ ਜਾਣੈ ਕਿਉ ਸਸਿ ਘਰਿ ਸੂਰੁ ਸਮਾਵੈ ॥ (945-9)
किउ मूलु पछाणै आतमु जाणै किउ ससि घरि सूरु समावै ॥

ਗੁਰਮੁਖਿ ਹਉਮੈ ਵਿਚਹੁ ਖੋਵੈ ਤਉ ਨਾਨਕ ਸਹਜਿ ਸਮਾਵੈ ॥੬੪॥ (945-10)
गुरमुखि हउमै विचहु खोवै तउ नानक सहजि समावै ॥६४॥

ਇਹੁ ਮਨੁ ਨਿਹਚਲੁ ਹਿਰਦੈ ਵਸੀਅਲੇ ਗੁਰਮੁਖਿ ਮੂਲੁ ਪਛਾਣਿ ਰਹੈ ॥ (945-11)
इहु मनु निहचलु हिरदै वसीअले गुरमुखि मूलु पछाणि रहै ॥

ਨਾਭਿ ਪਵਨੁ ਘਰਿ ਆਸਣਿ ਬੈਸੈ ਗੁਰਮੁਖਿ ਖੋਜਤ ਤਤੁ ਲਹੈ ॥ (945-11)
नाभि पवनु घरि आसणि बैसै गुरमुखि खोजत ततु लहै ॥

ਸੁ ਸਬਦੁ ਨਿਰੰਤਰਿ ਨਿਜ ਘਰਿ ਆਛੈ ਤ੍ਰਿਭਵਣ ਜੋਤਿ ਸੁ ਸਬਦਿ ਲਹੈ ॥ (945-12)
सु सबदु निरंतरि निज घरि आछै त्रिभवण जोति सु सबदि लहै ॥

ਖਾਵੈ ਦੂਖ ਭੂਖ ਸਾਚੇ ਕੀ ਸਾਚੇ ਹੀ ਤ੍ਰਿਪਤਾਸਿ ਰਹੈ ॥ (945-12)
खावै दूख भूख साचे की साचे ही त्रिपतासि रहै ॥

ਅਨਹਦ ਬਾਣੀ ਗੁਰਮੁਖਿ ਜਾਣੀ ਬਿਰਲੋ ਕੋ ਅਰਥਾਵੈ ॥ (945-13)
अनहद बाणी गुरमुखि जाणी बिरलो को अरथावै ॥

ਨਾਨਕੁ ਆਖੈ ਸਚੁ ਸੁਭਾਖੈ ਸਚਿ ਰਪੈ ਰੰਗੁ ਕਬਹੂ ਨ ਜਾਵੈ ॥੬੫॥ (945-13)
नानकु आखै सचु सुभाखै सचि रपै रंगु कबहू न जावै ॥६५॥

ਜਾ ਇਹੁ ਹਿਰਦਾ ਦੇਹ ਨ ਹੋਤੀ ਤਉ ਮਨੁ ਕੈਠੈ ਰਹਤਾ ॥ (945-14)
जा इहु हिरदा देह न होती तउ मनु कैठै रहता ॥

ਨਾਭਿ ਕਮਲ ਅਸਥੰਭੁ ਨ ਹੋਤੋ ਤਾ ਪਵਨੁ ਕਵਨ ਘਰਿ ਸਹਤਾ ॥ (945-15)
नाभि कमल असथ्मभु न होतो ता पवनु कवन घरि सहता ॥

ਰੂਪੁ ਨ ਹੋਤੋ ਰੇਖ ਨ ਕਾਈ ਤਾ ਸਬਦਿ ਕਹਾ ਲਿਵ ਲਾਈ ॥ (945-15)
रूपु न होतो रेख न काई ता सबदि कहा लिव लाई ॥

ਰਕਤੁ ਬਿੰਦੁ ਕੀ ਮੜੀ ਨ ਹੋਤੀ ਮਿਤਿ ਕੀਮਤਿ ਨਹੀ ਪਾਈ ॥ (945-16)
रकतु बिंदु की मड़ी न होती मिति कीमति नही पाई ॥

ਵਰਨੁ ਭੇਖੁ ਅਸਰੂਪੁ ਨ ਜਾਪੀ ਕਿਉ ਕਰਿ ਜਾਪਸਿ ਸਾਚਾ ॥ (945-16)
वरनु भेखु असरूपु न जापी किउ करि जापसि साचा ॥

ਨਾਨਕ ਨਾਮਿ ਰਤੇ ਬੈਰਾਗੀ ਇਬ ਤਬ ਸਾਚੋ ਸਾਚਾ ॥੬੬॥ (945-17)
नानक नामि रते बैरागी इब तब साचो साचा ॥६६॥

ਹਿਰਦਾ ਦੇਹ ਨ ਹੋਤੀ ਅਉਧੂ ਤਉ ਮਨੁ ਸੁੰਨਿ ਰਹੈ ਬੈਰਾਗੀ ॥ (945-17)
हिरदा देह न होती अउधू तउ मनु सुंनि रहै बैरागी ॥

ਨਾਭਿ ਕਮਲੁ ਅਸਥੰਭੁ ਨ ਹੋਤੋ ਤਾ ਨਿਜ ਘਰਿ ਬਸਤਉ ਪਵਨੁ ਅਨਰਾਗੀ ॥ (945-18)
नाभि कमलु असथ्मभु न होतो ता निज घरि बसतउ पवनु अनरागी ॥

ਰੂਪੁ ਨ ਰੇਖਿਆ ਜਾਤਿ ਨ ਹੋਤੀ ਤਉ ਅਕੁਲੀਣਿ ਰਹਤਉ ਸਬਦੁ ਸੁ ਸਾਰੁ ॥ (945-19)
रूपु न रेखिआ जाति न होती तउ अकुलीणि रहतउ सबदु सु सारु ॥

ਗਉਨੁ ਗਗਨੁ ਜਬ ਤਬਹਿ ਨ ਹੋਤਉ ਤ੍ਰਿਭਵਣ ਜੋਤਿ ਆਪੇ ਨਿਰੰਕਾਰੁ ॥ (945-19)
गउनु गगनु जब तबहि न होतउ त्रिभवण जोति आपे निरंकारु ॥

ਵਰਨੁ ਭੇਖੁ ਅਸਰੂਪੁ ਸੁ ਏਕੋ ਏਕੋ ਸਬਦੁ ਵਿਡਾਣੀ ॥ (946-1)
वरनु भेखु असरूपु सु एको एको सबदु विडाणी ॥

ਸਾਚ ਬਿਨਾ ਸੂਚਾ ਕੋ ਨਾਹੀ ਨਾਨਕ ਅਕਥ ਕਹਾਣੀ ॥੬੭॥ (946-1)
साच बिना सूचा को नाही नानक अकथ कहाणी ॥६७॥

ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ ॥ (946-2)
कितु कितु बिधि जगु उपजै पुरखा कितु कितु दुखि बिनसि जाई ॥

ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ ॥ (946-3)
हउमै विचि जगु उपजै पुरखा नामि विसरिऐ दुखु पाई ॥

ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ ॥ (946-3)
गुरमुखि होवै सु गिआनु ततु बीचारै हउमै सबदि जलाए ॥

ਤਨੁ ਮਨੁ ਨਿਰਮਲੁ ਨਿਰਮਲ ਬਾਣੀ ਸਾਚੈ ਰਹੈ ਸਮਾਏ ॥ (946-4)
तनु मनु निरमलु निरमल बाणी साचै रहै समाए ॥

ਨਾਮੇ ਨਾਮਿ ਰਹੈ ਬੈਰਾਗੀ ਸਾਚੁ ਰਖਿਆ ਉਰਿ ਧਾਰੇ ॥ (946-4)
नामे नामि रहै बैरागी साचु रखिआ उरि धारे ॥

ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ ਦੇਖਹੁ ਰਿਦੈ ਬੀਚਾਰੇ ॥੬੮॥ (946-5)
नानक बिनु नावै जोगु कदे न होवै देखहु रिदै बीचारे ॥६८॥

ਗੁਰਮੁਖਿ ਸਾਚੁ ਸਬਦੁ ਬੀਚਾਰੈ ਕੋਇ ॥ (946-6)
गुरमुखि साचु सबदु बीचारै कोइ ॥

ਗੁਰਮੁਖਿ ਸਚੁ ਬਾਣੀ ਪਰਗਟੁ ਹੋਇ ॥ (946-6)
गुरमुखि सचु बाणी परगटु होइ ॥

ਗੁਰਮੁਖਿ ਮਨੁ ਭੀਜੈ ਵਿਰਲਾ ਬੂਝੈ ਕੋਇ ॥ (946-6)
गुरमुखि मनु भीजै विरला बूझै कोइ ॥

ਗੁਰਮੁਖਿ ਨਿਜ ਘਰਿ ਵਾਸਾ ਹੋਇ ॥ (946-7)
गुरमुखि निज घरि वासा होइ ॥

ਗੁਰਮੁਖਿ ਜੋਗੀ ਜੁਗਤਿ ਪਛਾਣੈ ॥ (946-7)
गुरमुखि जोगी जुगति पछाणै ॥

ਗੁਰਮੁਖਿ ਨਾਨਕ ਏਕੋ ਜਾਣੈ ॥੬੯॥ (946-7)
गुरमुखि नानक एको जाणै ॥६९॥

ਬਿਨੁ ਸਤਿਗੁਰ ਸੇਵੇ ਜੋਗੁ ਨ ਹੋਈ ॥ (946-8)
बिनु सतिगुर सेवे जोगु न होई ॥

ਬਿਨੁ ਸਤਿਗੁਰ ਭੇਟੇ ਮੁਕਤਿ ਨ ਕੋਈ ॥ (946-8)
बिनु सतिगुर भेटे मुकति न कोई ॥

ਬਿਨੁ ਸਤਿਗੁਰ ਭੇਟੇ ਨਾਮੁ ਪਾਇਆ ਨ ਜਾਇ ॥ (946-8)
बिनु सतिगुर भेटे नामु पाइआ न जाइ ॥

ਬਿਨੁ ਸਤਿਗੁਰ ਭੇਟੇ ਮਹਾ ਦੁਖੁ ਪਾਇ ॥ (946-9)
बिनु सतिगुर भेटे महा दुखु पाइ ॥

ਬਿਨੁ ਸਤਿਗੁਰ ਭੇਟੇ ਮਹਾ ਗਰਬਿ ਗੁਬਾਰਿ ॥ (946-9)
बिनु सतिगुर भेटे महा गरबि गुबारि ॥

ਨਾਨਕ ਬਿਨੁ ਗੁਰ ਮੁਆ ਜਨਮੁ ਹਾਰਿ ॥੭੦॥ (946-10)
नानक बिनु गुर मुआ जनमु हारि ॥७० ॥

ਗੁਰਮੁਖਿ ਮਨੁ ਜੀਤਾ ਹਉਮੈ ਮਾਰਿ ॥ (946-10)
गुरमुखि मनु जीता हउमै मारि ॥

ਗੁਰਮੁਖਿ ਸਾਚੁ ਰਖਿਆ ਉਰ ਧਾਰਿ ॥ (946-10)
गुरमुखि साचु रखिआ उर धारि ॥

ਗੁਰਮੁਖਿ ਜਗੁ ਜੀਤਾ ਜਮਕਾਲੁ ਮਾਰਿ ਬਿਦਾਰਿ ॥ (946-11)
गुरमुखि जगु जीता जमकालु मारि बिदारि ॥

ਗੁਰਮੁਖਿ ਦਰਗਹ ਨ ਆਵੈ ਹਾਰਿ ॥ (946-11)
गुरमुखि दरगह न आवै हारि ॥

ਗੁਰਮੁਖਿ ਮੇਲਿ ਮਿਲਾਏ ਸੁੋ ਜਾਣੈ ॥ (946-11)
गुरमुखि मेलि मिलाए सुो जाणै ॥

ਨਾਨਕ ਗੁਰਮੁਖਿ ਸਬਦਿ ਪਛਾਣੈ ॥੭੧॥ (946-12)
नानक गुरमुखि सबदि पछाणै ॥७१ ॥

ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ ॥ (946-12)
सबदै का निबेड़ा सुणि तू अउधू बिनु नावै जोगु न होई ॥

ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ ॥ (946-13)
नामे राते अनदिनु माते नामै ते सुखु होई ॥

ਨਾਮੈ ਹੀ ਤੇ ਸਭੁ ਪਰਗਟੁ ਹੋਵੈ ਨਾਮੇ ਸੋਝੀ ਪਾਈ ॥ (946-13)
नामै ही ते सभु परगटु होवै नामे सोझी पाई ॥

ਬਿਨੁ ਨਾਵੈ ਭੇਖ ਕਰਹਿ ਬਹੁਤੇਰੇ ਸਚੈ ਆਪਿ ਖੁਆਈ ॥ (946-14)
बिनु नावै भेख करहि बहुतेरे सचै आपि खुआई ॥

ਸਤਿਗੁਰ ਤੇ ਨਾਮੁ ਪਾਈਐ ਅਉਧੂ ਜੋਗ ਜੁਗਤਿ ਤਾ ਹੋਈ ॥ (946-14)
सतिगुर ते नामु पाईऐ अउधू जोग जुगति ता होई ॥

ਕਰਿ ਬੀਚਾਰੁ ਮਨਿ ਦੇਖਹੁ ਨਾਨਕ ਬਿਨੁ ਨਾਵੈ ਮੁਕਤਿ ਨ ਹੋਈ ॥੭੨॥ (946-15)
करि बीचारु मनि देखहु नानक बिनु नावै मुकति न होई ॥७२॥

ਤੇਰੀ ਗਤਿ ਮਿਤਿ ਤੂਹੈ ਜਾਣਹਿ ਕਿਆ ਕੋ ਆਖਿ ਵਖਾਣੈ ॥ (946-16)
तेरी गति मिति तूहै जाणहि किआ को आखि वखाणै ॥

ਤੂ ਆਪੇ ਗੁਪਤਾ ਆਪੇ ਪਰਗਟੁ ਆਪੇ ਸਭਿ ਰੰਗ ਮਾਣੈ ॥ (946-16)
तू आपे गुपता आपे परगटु आपे सभि रंग माणै ॥

ਸਾਧਿਕ ਸਿਧ ਗੁਰੂ ਬਹੁ ਚੇਲੇ ਖੋਜਤ ਫਿਰਹਿ ਫੁਰਮਾਣੈ ॥ (946-17)
साधिक सिध गुरू बहु चेले खोजत फिरहि फुरमाणै ॥

ਮਾਗਹਿ ਨਾਮੁ ਪਾਇ ਇਹ ਭਿਖਿਆ ਤੇਰੇ ਦਰਸਨ ਕਉ ਕੁਰਬਾਣੈ ॥ (946-17)
मागहि नामु पाइ इह भिखिआ तेरे दरसन कउ कुरबाणै ॥

ਅਬਿਨਾਸੀ ਪ੍ਰਭਿ ਖੇਲੁ ਰਚਾਇਆ ਗੁਰਮੁਖਿ ਸੋਝੀ ਹੋਈ ॥ (946-18)
अबिनासी प्रभि खेलु रचाइआ गुरमुखि सोझी होई ॥

ਨਾਨਕ ਸਭਿ ਜੁਗ ਆਪੇ ਵਰਤੈ ਦੂਜਾ ਅਵਰੁ ਨ ਕੋਈ ॥੭੩॥੧॥ (946-19)
नानक सभि जुग आपे वरतै दूजा अवरु न कोई ॥७३॥१॥

ੴ ਸਤਿਗੁਰ ਪ੍ਰਸਾਦਿ ॥ (947-1)
ੴ सतिगुर प्रसादि ॥

ਰਾਮਕਲੀ ਕੀ ਵਾਰ ਮਹਲਾ ੩ ॥ (947-2)
रामकली की वार महला ३ ॥

ਜੋਧੈ ਵੀਰੈ ਪੂਰਬਾਣੀ ਕੀ ਧੁਨੀ ॥ (947-2)
जोधै वीरै पूरबाणी की धुनी ॥

ਸਲੋਕੁ ਮਃ ੩ ॥ (947-2)
सलोकु मः ३ ॥

ਸਤਿਗੁਰੁ ਸਹਜੈ ਦਾ ਖੇਤੁ ਹੈ ਜਿਸ ਨੋ ਲਾਏ ਭਾਉ ॥ (947-2)
सतिगुरु सहजै दा खेतु है जिस नो लाए भाउ ॥

ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ ॥ (947-3)
नाउ बीजे नाउ उगवै नामे रहै समाइ ॥

ਹਉਮੈ ਏਹੋ ਬੀਜੁ ਹੈ ਸਹਸਾ ਗਇਆ ਵਿਲਾਇ ॥ (947-3)
हउमै एहो बीजु है सहसा गइआ विलाइ ॥

ਨਾ ਕਿਛੁ ਬੀਜੇ ਨ ਉਗਵੈ ਜੋ ਬਖਸੇ ਸੋ ਖਾਇ ॥ (947-4)
ना किछु बीजे न उगवै जो बखसे सो खाइ ॥

ਅੰਭੈ ਸੇਤੀ ਅੰਭੁ ਰਲਿਆ ਬਹੁੜਿ ਨ ਨਿਕਸਿਆ ਜਾਇ ॥ (947-4)
अम्भै सेती अम्भु रलिआ बहुड़ि न निकसिआ जाइ ॥

ਨਾਨਕ ਗੁਰਮੁਖਿ ਚਲਤੁ ਹੈ ਵੇਖਹੁ ਲੋਕਾ ਆਇ ॥ (947-5)
नानक गुरमुखि चलतु है वेखहु लोका आइ ॥

ਲੋਕੁ ਕਿ ਵੇਖੈ ਬਪੁੜਾ ਜਿਸ ਨੋ ਸੋਝੀ ਨਾਹਿ ॥ (947-5)
लोकु कि वेखै बपुड़ा जिस नो सोझी नाहि ॥

ਜਿਸੁ ਵੇਖਾਲੇ ਸੋ ਵੇਖੈ ਜਿਸੁ ਵਸਿਆ ਮਨ ਮਾਹਿ ॥੧॥ (947-5)
जिसु वेखाले सो वेखै जिसु वसिआ मन माहि ॥१॥

ਮਃ ੩ ॥ (947-6)
मः ३ ॥

ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ ॥ (947-6)
मनमुखु दुख का खेतु है दुखु बीजे दुखु खाइ ॥

ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ ॥ (947-6)
दुख विचि जंमै दुखि मरै हउमै करत विहाइ ॥

ਆਵਣੁ ਜਾਣੁ ਨ ਸੁਝਈ ਅੰਧਾ ਅੰਧੁ ਕਮਾਇ ॥ (947-7)
आवणु जाणु न सुझई अंधा अंधु कमाइ ॥

ਜੋ ਦੇਵੈ ਤਿਸੈ ਨ ਜਾਣਈ ਦਿਤੇ ਕਉ ਲਪਟਾਇ ॥ (947-7)
जो देवै तिसै न जाणई दिते कउ लपटाइ ॥

ਨਾਨਕ ਪੂਰਬਿ ਲਿਖਿਆ ਕਮਾਵਣਾ ਅਵਰੁ ਨ ਕਰਣਾ ਜਾਇ ॥੨॥ (947-8)
नानक पूरबि लिखिआ कमावणा अवरु न करणा जाइ ॥२॥

ਮਃ ੩ ॥ (947-8)
मः ३ ॥

ਸਤਿਗੁਰਿ ਮਿਲਿਐ ਸਦਾ ਸੁਖੁ ਜਿਸ ਨੋ ਆਪੇ ਮੇਲੇ ਸੋਇ ॥ (947-8)
सतिगुरि मिलिऐ सदा सुखु जिस नो आपे मेले सोइ ॥

ਸੁਖੈ ਏਹੁ ਬਿਬੇਕੁ ਹੈ ਅੰਤਰੁ ਨਿਰਮਲੁ ਹੋਇ ॥ (947-9)
सुखै एहु बिबेकु है अंतरु निरमलु होइ ॥

ਅਗਿਆਨ ਕਾ ਭ੍ਰਮੁ ਕਟੀਐ ਗਿਆਨੁ ਪਰਾਪਤਿ ਹੋਇ ॥ (947-9)
अगिआन का भ्रमु कटीऐ गिआनु परापति होइ ॥

ਨਾਨਕ ਏਕੋ ਨਦਰੀ ਆਇਆ ਜਹ ਦੇਖਾ ਤਹ ਸੋਇ ॥੩॥ (947-10)
नानक एको नदरी आइआ जह देखा तह सोइ ॥३॥

ਪਉੜੀ ॥ (947-10)
पउड़ी ॥

ਸਚੈ ਤਖਤੁ ਰਚਾਇਆ ਬੈਸਣ ਕਉ ਜਾਂਈ ॥ (947-10)
सचै तखतु रचाइआ बैसण कउ जांई ॥

ਸਭੁ ਕਿਛੁ ਆਪੇ ਆਪਿ ਹੈ ਗੁਰ ਸਬਦਿ ਸੁਣਾਈ ॥ (947-11)
सभु किछु आपे आपि है गुर सबदि सुणाई ॥

ਆਪੇ ਕੁਦਰਤਿ ਸਾਜੀਅਨੁ ਕਰਿ ਮਹਲ ਸਰਾਈ ॥ (947-11)
आपे कुदरति साजीअनु करि महल सराई ॥

ਚੰਦੁ ਸੂਰਜੁ ਦੁਇ ਚਾਨਣੇ ਪੂਰੀ ਬਣਤ ਬਣਾਈ ॥ (947-12)
चंदु सूरजु दुइ चानणे पूरी बणत बणाई ॥

ਆਪੇ ਵੇਖੈ ਸੁਣੇ ਆਪਿ ਗੁਰ ਸਬਦਿ ਧਿਆਈ ॥੧॥ (947-12)
आपे वेखै सुणे आपि गुर सबदि धिआई ॥१॥

ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥੧॥ ਰਹਾਉ ॥ (947-13)
वाहु वाहु सचे पातिसाह तू सची नाई ॥१॥ रहाउ ॥

ਸਲੋਕੁ ॥ (947-13)
सलोकु ॥

ਕਬੀਰ ਮਹਿਦੀ ਕਰਿ ਕੈ ਘਾਲਿਆ ਆਪੁ ਪੀਸਾਇ ਪੀਸਾਇ ॥ (947-13)
कबीर महिदी करि कै घालिआ आपु पीसाइ पीसाइ ॥

ਤੈ ਸਹ ਬਾਤ ਨ ਪੁਛੀਆ ਕਬਹੂ ਨ ਲਾਈ ਪਾਇ ॥੧॥ (947-14)
तै सह बात न पुछीआ कबहू न लाई पाइ ॥१॥

ਮਃ ੩ ॥ (947-14)
मः ३ ॥

ਨਾਨਕ ਮਹਿਦੀ ਕਰਿ ਕੈ ਰਖਿਆ ਸੋ ਸਹੁ ਨਦਰਿ ਕਰੇਇ ॥ (947-14)
नानक महिदी करि कै रखिआ सो सहु नदरि करेइ ॥

ਆਪੇ ਪੀਸੈ ਆਪੇ ਘਸੈ ਆਪੇ ਹੀ ਲਾਇ ਲਏਇ ॥ (947-15)
आपे पीसै आपे घसै आपे ही लाइ लएइ ॥

ਇਹੁ ਪਿਰਮ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥੨॥ (947-15)
इहु पिरम पिआला खसम का जै भावै तै देइ ॥२॥

ਪਉੜੀ ॥ (947-16)
पउड़ी ॥

ਵੇਕੀ ਸ੍ਰਿਸਟਿ ਉਪਾਈਅਨੁ ਸਭ ਹੁਕਮਿ ਆਵੈ ਜਾਇ ਸਮਾਹੀ ॥ (947-16)
वेकी स्रिसटि उपाईअनु सभ हुकमि आवै जाइ समाही ॥

ਆਪੇ ਵੇਖਿ ਵਿਗਸਦਾ ਦੂਜਾ ਕੋ ਨਾਹੀ ॥ (947-17)
आपे वेखि विगसदा दूजा को नाही ॥

ਜਿਉ ਭਾਵੈ ਤਿਉ ਰਖੁ ਤੂ ਗੁਰ ਸਬਦਿ ਬੁਝਾਹੀ ॥ (947-17)
जिउ भावै तिउ रखु तू गुर सबदि बुझाही ॥

ਸਭਨਾ ਤੇਰਾ ਜੋਰੁ ਹੈ ਜਿਉ ਭਾਵੈ ਤਿਵੈ ਚਲਾਹੀ ॥ (947-17)
सभना तेरा जोरु है जिउ भावै तिवै चलाही ॥

ਤੁਧੁ ਜੇਵਡ ਮੈ ਨਾਹਿ ਕੋ ਕਿਸੁ ਆਖਿ ਸੁਣਾਈ ॥੨॥ (947-18)
तुधु जेवड मै नाहि को किसु आखि सुणाई ॥२॥

ਸਲੋਕੁ ਮਃ ੩ ॥ (947-18)
सलोकु मः ३ ॥

ਭਰਮਿ ਭੁਲਾਈ ਸਭੁ ਜਗੁ ਫਿਰੀ ਫਾਵੀ ਹੋਈ ਭਾਲਿ ॥ (947-18)
भरमि भुलाई सभु जगु फिरी फावी होई भालि ॥

ਸੋ ਸਹੁ ਸਾਂਤਿ ਨ ਦੇਵਈ ਕਿਆ ਚਲੈ ਤਿਸੁ ਨਾਲਿ ॥ (948-1)
सो सहु सांति न देवई किआ चलै तिसु नालि ॥

ਗੁਰ ਪਰਸਾਦੀ ਹਰਿ ਧਿਆਈਐ ਅੰਤਰਿ ਰਖੀਐ ਉਰ ਧਾਰਿ ॥ (948-1)
गुर परसादी हरि धिआईऐ अंतरि रखीऐ उर धारि ॥

ਨਾਨਕ ਘਰਿ ਬੈਠਿਆ ਸਹੁ ਪਾਇਆ ਜਾ ਕਿਰਪਾ ਕੀਤੀ ਕਰਤਾਰਿ ॥੧॥ (948-2)
नानक घरि बैठिआ सहु पाइआ जा किरपा कीती करतारि ॥१॥

ਮਃ ੩ ॥ (948-3)
मः ३ ॥

ਧੰਧਾ ਧਾਵਤ ਦਿਨੁ ਗਇਆ ਰੈਣਿ ਗਵਾਈ ਸੋਇ ॥ (948-3)
धंधा धावत दिनु गइआ रैणि गवाई सोइ ॥

ਕੂੜੁ ਬੋਲਿ ਬਿਖੁ ਖਾਇਆ ਮਨਮੁਖਿ ਚਲਿਆ ਰੋਇ ॥ (948-3)
कूड़ु बोलि बिखु खाइआ मनमुखि चलिआ रोइ ॥

ਸਿਰੈ ਉਪਰਿ ਜਮ ਡੰਡੁ ਹੈ ਦੂਜੈ ਭਾਇ ਪਤਿ ਖੋਇ ॥ (948-4)
सिरै उपरि जम डंडु है दूजै भाइ पति खोइ ॥

ਹਰਿ ਨਾਮੁ ਕਦੇ ਨ ਚੇਤਿਓ ਫਿਰਿ ਆਵਣ ਜਾਣਾ ਹੋਇ ॥ (948-4)
हरि नामु कदे न चेतिओ फिरि आवण जाणा होइ ॥

ਗੁਰ ਪਰਸਾਦੀ ਹਰਿ ਮਨਿ ਵਸੈ ਜਮ ਡੰਡੁ ਨ ਲਾਗੈ ਕੋਇ ॥ (948-5)
गुर परसादी हरि मनि वसै जम डंडु न लागै कोइ ॥

ਨਾਨਕ ਸਹਜੇ ਮਿਲਿ ਰਹੈ ਕਰਮਿ ਪਰਾਪਤਿ ਹੋਇ ॥੨॥ (948-5)
नानक सहजे मिलि रहै करमि परापति होइ ॥२॥

ਪਉੜੀ ॥ (948-6)
पउड़ी ॥

ਇਕਿ ਆਪਣੀ ਸਿਫਤੀ ਲਾਇਅਨੁ ਦੇ ਸਤਿਗੁਰ ਮਤੀ ॥ (948-6)
इकि आपणी सिफती लाइअनु दे सतिगुर मती ॥

ਇਕਨਾ ਨੋ ਨਾਉ ਬਖਸਿਓਨੁ ਅਸਥਿਰੁ ਹਰਿ ਸਤੀ ॥ (948-6)
इकना नो नाउ बखसिओनु असथिरु हरि सती ॥

ਪਉਣੁ ਪਾਣੀ ਬੈਸੰਤਰੋ ਹੁਕਮਿ ਕਰਹਿ ਭਗਤੀ ॥ (948-7)
पउणु पाणी बैसंतरो हुकमि करहि भगती ॥

ਏਨਾ ਨੋ ਭਉ ਅਗਲਾ ਪੂਰੀ ਬਣਤ ਬਣਤੀ ॥ (948-7)
एना नो भउ अगला पूरी बणत बणती ॥

ਸਭੁ ਇਕੋ ਹੁਕਮੁ ਵਰਤਦਾ ਮੰਨਿਐ ਸੁਖੁ ਪਾਈ ॥੩॥ (948-7)
सभु इको हुकमु वरतदा मंनिऐ सुखु पाई ॥३॥

ਸਲੋਕੁ ॥ (948-8)
सलोकु ॥

ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥ (948-8)
कबीर कसउटी राम की झूठा टिकै न कोइ ॥

ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ ॥੧॥ (948-8)
राम कसउटी सो सहै जो मरजीवा होइ ॥१॥

ਮਃ ੩ ॥ (948-9)
मः ३ ॥

ਕਿਉ ਕਰਿ ਇਹੁ ਮਨੁ ਮਾਰੀਐ ਕਿਉ ਕਰਿ ਮਿਰਤਕੁ ਹੋਇ ॥ (948-9)
किउ करि इहु मनु मारीऐ किउ करि मिरतकु होइ ॥

ਕਹਿਆ ਸਬਦੁ ਨ ਮਾਨਈ ਹਉਮੈ ਛਡੈ ਨ ਕੋਇ ॥ (948-10)
कहिआ सबदु न मानई हउमै छडै न कोइ ॥

ਗੁਰ ਪਰਸਾਦੀ ਹਉਮੈ ਛੁਟੈ ਜੀਵਨ ਮੁਕਤੁ ਸੋ ਹੋਇ ॥ (948-10)
गुर परसादी हउमै छुटै जीवन मुकतु सो होइ ॥

ਨਾਨਕ ਜਿਸ ਨੋ ਬਖਸੇ ਤਿਸੁ ਮਿਲੈ ਤਿਸੁ ਬਿਘਨੁ ਨ ਲਾਗੈ ਕੋਇ ॥੨॥ (948-10)
नानक जिस नो बखसे तिसु मिलै तिसु बिघनु न लागै कोइ ॥२॥

ਮਃ ੩ ॥ (948-11)
मः ३ ॥

ਜੀਵਤ ਮਰਣਾ ਸਭੁ ਕੋ ਕਹੈ ਜੀਵਨ ਮੁਕਤਿ ਕਿਉ ਹੋਇ ॥ (948-11)
जीवत मरणा सभु को कहै जीवन मुकति किउ होइ ॥

ਭੈ ਕਾ ਸੰਜਮੁ ਜੇ ਕਰੇ ਦਾਰੂ ਭਾਉ ਲਾਏਇ ॥ (948-12)
भै का संजमु जे करे दारू भाउ लाएइ ॥

ਅਨਦਿਨੁ ਗੁਣ ਗਾਵੈ ਸੁਖ ਸਹਜੇ ਬਿਖੁ ਭਵਜਲੁ ਨਾਮਿ ਤਰੇਇ ॥ (948-12)
अनदिनु गुण गावै सुख सहजे बिखु भवजलु नामि तरेइ ॥

ਨਾਨਕ ਗੁਰਮੁਖਿ ਪਾਈਐ ਜਾ ਕਉ ਨਦਰਿ ਕਰੇਇ ॥੩॥ (948-13)
नानक गुरमुखि पाईऐ जा कउ नदरि करेइ ॥३॥

ਪਉੜੀ ॥ (948-13)
पउड़ी ॥

ਦੂਜਾ ਭਾਉ ਰਚਾਇਓਨੁ ਤ੍ਰੈ ਗੁਣ ਵਰਤਾਰਾ ॥ (948-13)
दूजा भाउ रचाइओनु त्रै गुण वरतारा ॥

ਬ੍ਰਹਮਾ ਬਿਸਨੁ ਮਹੇਸੁ ਉਪਾਇਅਨੁ ਹੁਕਮਿ ਕਮਾਵਨਿ ਕਾਰਾ ॥ (948-14)
ब्रहमा बिसनु महेसु उपाइअनु हुकमि कमावनि कारा ॥

ਪੰਡਿਤ ਪੜਦੇ ਜੋਤਕੀ ਨਾ ਬੂਝਹਿ ਬੀਚਾਰਾ ॥ (948-14)
पंडित पड़दे जोतकी ना बूझहि बीचारा ॥

ਸਭੁ ਕਿਛੁ ਤੇਰਾ ਖੇਲੁ ਹੈ ਸਚੁ ਸਿਰਜਣਹਾਰਾ ॥ (948-15)
सभु किछु तेरा खेलु है सचु सिरजणहारा ॥

ਜਿਸੁ ਭਾਵੈ ਤਿਸੁ ਬਖਸਿ ਲੈਹਿ ਸਚਿ ਸਬਦਿ ਸਮਾਈ ॥੪॥ (948-15)
जिसु भावै तिसु बखसि लैहि सचि सबदि समाई ॥४॥

ਸਲੋਕੁ ਮਃ ੩ ॥ (948-16)
सलोकु मः ३ ॥

ਮਨ ਕਾ ਝੂਠਾ ਝੂਠੁ ਕਮਾਵੈ ॥ (948-16)
मन का झूठा झूठु कमावै ॥

ਮਾਇਆ ਨੋ ਫਿਰੈ ਤਪਾ ਸਦਾਵੈ ॥ (948-16)
माइआ नो फिरै तपा सदावै ॥

ਭਰਮੇ ਭੂਲਾ ਸਭਿ ਤੀਰਥ ਗਹੈ ॥ (948-16)
भरमे भूला सभि तीरथ गहै ॥

ਓਹੁ ਤਪਾ ਕੈਸੇ ਪਰਮ ਗਤਿ ਲਹੈ ॥ (948-17)

ओहु तपा कैसे परम गति लहै ॥

ਗੁਰ ਪਰਸਾਦੀ ਕੋ ਸਚੁ ਕਮਾਵੈ ॥ (948-17)

गुर परसादी को सचु कमावै ॥

ਨਾਨਕ ਸੋ ਤਪਾ ਮੋਖੰਤਰੁ ਪਾਵੈ ॥੧॥ (948-17)

नानक सो तपा मोखंतरु पावै ॥१॥

ਮਃ ੩ ॥ (948-18)

मः ३ ॥

ਸੋ ਤਪਾ ਜਿ ਇਹੁ ਤਪੁ ਘਾਲੇ ॥ (948-18)

सो तपा जि इहु तपु घाले ॥

ਸਤਿਗੁਰ ਨੋ ਮਿਲੈ ਸਬਦੁ ਸਮਾਲੇ ॥ (948-18)

सतिगुर नो मिलै सबदु समाले ॥

ਸਤਿਗੁਰ ਕੀ ਸੇਵਾ ਇਹੁ ਤਪੁ ਪਰਵਾਣੁ ॥ (948-18)

सतिगुर की सेवा इहु तपु परवाणु ॥

ਨਾਨਕ ਸੋ ਤਪਾ ਦਰਗਹਿ ਪਾਵੈ ਮਾਣੁ ॥੨॥ (948-19)

नानक सो तपा दरगहि पावै माणु ॥२॥

ਪਉੜੀ ॥ (948-19)

पउड़ी ॥

ਰਾਤਿ ਦਿਨਸੁ ਉਪਾਇਅਨੁ ਸੰਸਾਰ ਕੀ ਵਰਤਣਿ ॥ (948-19)

राति दिनसु उपाइअनु संसार की वरतणि ॥

ਗੁਰਮਤੀ ਘਟਿ ਚਾਨਣਾ ਆਨੇਰੁ ਬਿਨਾਸਣਿ ॥ (949-1)

गुरमती घटि चानणा आनेरु बिनासणि ॥

ਹੁਕਮੇ ਹੀ ਸਭ ਸਾਜੀਅਨੁ ਰਵਿਆ ਸਭ ਵਣਿ ਤ੍ਰਿਣਿ ॥ (949-1)

हुकमे ही सभ साजीअनु रविआ सभ वणि त्रिणि ॥

ਸਭੁ ਕਿਛੁ ਆਪੇ ਆਪਿ ਹੈ ਗੁਰਮੁਖਿ ਸਦਾ ਹਰਿ ਭਣਿ ॥ (949-2)
सभु किछु आपे आपि है गुरमुखि सदा हरि भणि ॥

ਸਬਦੇ ਹੀ ਸੋਝੀ ਪਈ ਸਚੈ ਆਪਿ ਬੁਝਾਈ ॥੫॥ (949-2)
सबदे ही सोझी पई सचै आपि बुझाई ॥५॥

ਸਲੋਕ ਮਃ ੩ ॥ (949-3)
सलोक मः ३ ॥

ਅਭਿਆਗਤ ਏਹਿ ਨ ਆਖੀਅਨਿ ਜਿਨ ਕੇ ਚਿਤ ਮਹਿ ਭਰਮੁ ॥ (949-3)
अभिआगत एहि न आखीअनि जिन के चित महि भरमु ॥

ਤਿਸ ਦੈ ਦਿਤੈ ਨਾਨਕਾ ਤੇਹੋ ਜੇਹਾ ਧਰਮੁ ॥ (949-3)
तिस दै दितै नानका तेहो जेहा धरमु ॥

ਅਭੈ ਨਿਰੰਜਨੁ ਪਰਮ ਪਦੁ ਤਾ ਕਾ ਭੂਖਾ ਹੋਇ ॥ (949-4)
अभै निरंजनु परम पदु ता का भूखा होइ ॥

ਤਿਸ ਕਾ ਭੋਜਨੁ ਨਾਨਕਾ ਵਿਰਲਾ ਪਾਏ ਕੋਇ ॥੧॥ (949-4)
तिस का भोजनु नानका विरला पाए कोइ ॥१॥

ਮਃ ੩ ॥ (949-5)
मः ३ ॥

ਅਭਿਆਗਤ ਏਹਿ ਨ ਆਖੀਅਨਿ ਜਿ ਪਰ ਘਰਿ ਭੋਜਨੁ ਕਰੇਨਿ ॥ (949-5)
अभिआगत एहि न आखीअनि जि पर घरि भोजनु करेनि ॥

ਉਦਰੈ ਕਾਰਣਿ ਆਪਣੇ ਬਹਲੇ ਭੇਖ ਕਰੇਨਿ ॥ (949-5)
उदरै कारणि आपणे बहले भेख करेनि ॥

ਅਭਿਆਗਤ ਸੇਈ ਨਾਨਕਾ ਜਿ ਆਤਮ ਗਉਣੁ ਕਰੇਨਿ ॥ (949-6)
अभिआगत सेई नानका जि आतम गउणु करेनि ॥

ਭਾਲਿ ਲਹਨਿ ਸਹੁ ਆਪਣਾ ਨਿਜ ਘਰਿ ਰਹਣੁ ਕਰੇਨਿ ॥੨॥ (949-6)
भालि लहनि सहु आपणा निज घरि रहणु करेनि ॥२॥

ਪਉੜੀ ॥ (949-7)
पउड़ी ॥

ਅੰਬਰੁ ਧਰਤਿ ਵਿਛੋੜਿਅਨੁ ਵਿਚਿ ਸਚਾ ਅਸਰਾਉ ॥ (949-7)
अमबरु धरति विछोड़िअनु विचि सचा असराउ ॥

ਘਰੁ ਦਰੁ ਸਭੋ ਸਚੁ ਹੈ ਜਿਸੁ ਵਿਚਿ ਸਚਾ ਨਾਉ ॥ (949-7)
घरु दरु सभो सचु है जिसु विचि सचा नाउ ॥

ਸਭੁ ਸਚਾ ਹੁਕਮੁ ਵਰਤਦਾ ਗੁਰਮੁਖਿ ਸਚਿ ਸਮਾਉ ॥ (949-8)
सभु सचा हुकमु वरतदा गुरमुखि सचि समाउ ॥

ਸਚਾ ਆਪਿ ਤਖਤੁ ਸਚਾ ਬਹਿ ਸਚਾ ਕਰੇ ਨਿਆਉ ॥ (949-8)
सचा आपि तखतु सचा बहि सचा करे निआउ ॥

ਸਭੁ ਸਚੋ ਸਚੁ ਵਰਤਦਾ ਗੁਰਮੁਖਿ ਅਲਖੁ ਲਖਾਈ ॥੬॥ (949-9)
सभु सचो सचु वरतदा गुरमुखि अलखु लखाई ॥६॥

ਸਲੋਕੁ ਮਃ ੩ ॥ (949-9)
सलोकु मः ३ ॥

ਰੈਣਾਇਰ ਮਾਹਿ ਅਨੰਤੁ ਹੈ ਕੂੜੀ ਆਵੈ ਜਾਇ ॥ (949-9)
रैणाइर माहि अनंतु है कूड़ी आवै जाइ ॥

ਭਾਣੈ ਚਲੈ ਆਪਣੈ ਬਹੁਤੀ ਲਹੈ ਸਜਾਇ ॥ (949-10)
भाणै चलै आपणै बहुती लहै सजाइ ॥

ਰੈਣਾਇਰ ਮਹਿ ਸਭੁ ਕਿਛੁ ਹੈ ਕਰਮੀ ਪਲੈ ਪਾਇ ॥ (949-10)
रैणाइर महि सभु किछु है करमी पलै पाइ ॥

ਨਾਨਕ ਨਉ ਨਿਧਿ ਪਾਈਐ ਜੇ ਚਲੈ ਤਿਸੈ ਰਜਾਇ ॥੧॥ (949-11)
नानक नउ निधि पाईऐ जे चलै तिसै रजाइ ॥१॥

ਮਃ ੩ ॥ (949-11)
मः ३ ॥

ਸਹਜੇ ਸਤਿਗੁਰੁ ਨ ਸੇਵਿਓ ਵਿਚਿ ਹਉਮੈ ਜਨਮਿ ਬਿਨਾਸੁ ॥ (949-11)
सहजे सतिगुरु न सेविओ विचि हउमै जनमि बिनासु ॥

ਰਸਨਾ ਹਰਿ ਰਸੁ ਨ ਚਖਿਓ ਕਮਲੁ ਨ ਹੋਇਓ ਪਰਗਾਸੁ ॥ (949-12)
रसना हरि रसु न चखिओ कमलु न होइओ परगासु ॥

ਬਿਖੁ ਖਾਧੀ ਮਨਮੁਖੁ ਮੁਆ ਮਾਇਆ ਮੋਹਿ ਵਿਣਾਸੁ ॥ (949-12)
बिखु खाधी मनमुखु मुआ माइआ मोहि विणासु ॥

ਇਕਸੁ ਹਰਿ ਕੇ ਨਾਮ ਵਿਣੁ ਧ੍ਰਿਗੁ ਜੀਵਣੁ ਧ੍ਰਿਗੁ ਵਾਸੁ ॥ (949-13)
इकसु हरि के नाम विणु ध्रिगु जीवणु ध्रिगु वासु ॥

ਜਾ ਆਪੇ ਨਦਰਿ ਕਰੇ ਪ੍ਰਭੁ ਸਚਾ ਤਾ ਹੋਵੈ ਦਾਸਨਿ ਦਾਸੁ ॥ (949-13)
जा आपे नदरि करे प्रभु सचा ता होवै दासनि दासु ॥

ਤਾ ਅਨਦਿਨੁ ਸੇਵਾ ਕਰੇ ਸਤਿਗੁਰੂ ਕੀ ਕਬਹਿ ਨ ਛੋਡੈ ਪਾਸੁ ॥ (949-14)
ता अनदिनु सेवा करे सतिगुरू की कबहि न छोडै पासु ॥

ਜਿਉ ਜਲ ਮਹਿ ਕਮਲੁ ਅਲਿਪਤੋ ਵਰਤੈ ਤਿਉ ਵਿਚੇ ਗਿਰਹ ਉਦਾਸੁ ॥ (949-14)
जिउ जल महि कमलु अलिपतो वरतै तिउ विचे गिरह उदासु ॥

ਜਨ ਨਾਨਕ ਕਰੇ ਕਰਾਇਆ ਸਭੁ ਕੋ ਜਿਉ ਭਾਵੈ ਤਿਵ ਹਰਿ ਗੁਣਤਾਸੁ ॥੨॥ (949-15)
जन नानक करे कराइआ सभु को जिउ भावै तिव हरि गुणतासु ॥२॥

ਪਉੜੀ ॥ (949-16)
पउड़ी ॥

ਛਤੀਹ ਜੁਗ ਗੁਬਾਰੁ ਸਾ ਆਪੇ ਗਣਤ ਕੀਨੀ ॥ (949-16)
छतीह जुग गुबारु सा आपे गणत कीनी ॥

ਆਪੇ ਸ੍ਰਿਸਟਿ ਸਭ ਸਾਜੀਅਨੁ ਆਪਿ ਮਤਿ ਦੀਨੀ ॥ (949-16)
आपे स्रिसटि सभ साजीअनु आपि मति दीनी ॥

ਸਿਮ੍ਰਿਤਿ ਸਾਸਤ ਸਾਜਿਅਨੁ ਪਾਪ ਪੁੰਨ ਗਣਤ ਗਣੀਨੀ ॥ (949-17)
सिम्रिति सासत साजिअनु पाप पुंन गणत गणीनी ॥

ਜਿਸੁ ਬੁਝਾਏ ਸੋ ਬੁਝਸੀ ਸਚੈ ਸਬਦਿ ਪਤੀਨੀ ॥ (949-17)
जिसु बुझाए सो बुझसी सचै सबदि पतीनी ॥

ਸਭੁ ਆਪੇ ਆਪਿ ਵਰਤਦਾ ਆਪੇ ਬਖਸਿ ਮਿਲਾਈ ॥੭॥ (949-18)
सभु आपे आपि वरतदा आपे बखसि मिलाई ॥७॥

ਸਲੋਕ ਮਃ ੩ ॥ (949-18)
सलोक मः ३ ॥

ਇਹੁ ਤਨੁ ਸਭੋ ਰਤੁ ਹੈ ਰਤੁ ਬਿਨੁ ਤੰਨੁ ਨ ਹੋਇ ॥ (949-18)
इहु तनु सभो रतु है रतु बिनु तंनु न होइ ॥

ਜੋ ਸਹਿ ਰਤੇ ਆਪਣੈ ਤਿਨ ਤਨਿ ਲੋਭ ਰਤੁ ਨ ਹੋਇ ॥ (949-19)
जो सहि रते आपणै तिन तनि लोभ रतु न होइ ॥

ਭੈ ਪਇਐ ਤਨੁ ਖੀਣੁ ਹੋਇ ਲੋਭ ਰਤੁ ਵਿਚਹੁ ਜਾਇ ॥ (949-19)
भै पइऐ तनु खीणु होइ लोभ रतु विचहु जाइ ॥

ਜਿਉ ਬੈਸੰਤਰਿ ਧਾਤੁ ਸੁਧੁ ਹੋਇ ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ ॥ (950-1)
जिउ बैसंतरि धातु सुधु होइ तिउ हरि का भउ दुरमति मैलु गवाइ ॥

ਨਾਨਕ ਤੇ ਜਨ ਸੋਹਣੇ ਜੋ ਰਤੇ ਹਰਿ ਰੰਗੁ ਲਾਇ ॥੧॥ (950-2)
नानक ते जन सोहणे जो रते हरि रंगु लाइ ॥१॥

ਮਃ ੩ ॥ (950-2)
मः ३ ॥

ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ ॥ (950-2)
रामकली रामु मनि वसिआ ता बनिआ सीगारु ॥

ਗੁਰ ਕੈ ਸਬਦਿ ਕਮਲੁ ਬਿਗਸਿਆ ਤਾ ਸਉਪਿਆ ਭਗਤਿ ਭੰਡਾਰੁ ॥ (950-3)
गुर कै सबदि कमलु बिगसिआ ता सउपिआ भगति भंडारु ॥

ਭਰਮੁ ਗਇਆ ਤਾ ਜਾਗਿਆ ਚੂਕਾ ਅਗਿਆਨ ਅੰਧਾਰੁ ॥ (950-3)
भरमु गइआ ता जागिआ चूका अगिआन अंधारु ॥

ਤਿਸ ਨੋ ਰੂਪੁ ਅਤਿ ਅਗਲਾ ਜਿਸੁ ਹਰਿ ਨਾਲਿ ਪਿਆਰੁ ॥ (950-4)
तिस नो रूपु अति अगला जिसु हरि नालि पिआरु ॥

ਸਦਾ ਰਵੈ ਪਿਰੁ ਆਪਣਾ ਸੋਭਾਵੰਤੀ ਨਾਰਿ ॥ (950-4)
सदा रवै पिरु आपणा सोभावंती नारि ॥

ਮਨਮੁਖਿ ਸੀਗਾਰੁ ਨ ਜਾਣਨੀ ਜਾਸਨਿ ਜਨਮੁ ਸਭੁ ਹਾਰਿ ॥ (950-5)
मनमुखि सीगारु न जाणनी जासनि जनमु सभु हारि ॥

ਬਿਨੁ ਹਰਿ ਭਗਤੀ ਸੀਗਾਰੁ ਕਰਹਿ ਨਿਤ ਜੰਮਹਿ ਹੋਇ ਖੁਆਰੁ ॥ (950-5)
बिनु हरि भगती सीगारु करहि नित जंमहि होइ खुआरु ॥

ਸੈਸਾਰੈ ਵਿਚਿ ਸੋਭ ਨ ਪਾਇਨੀ ਅਗੈ ਜਿ ਕਰੇ ਸੁ ਜਾਣੈ ਕਰਤਾਰੁ ॥ (950-6)
सैसारै विचि सोभ न पाइनी अगै जि करे सु जाणै करतारु ॥

ਨਾਨਕ ਸਚਾ ਏਕੁ ਹੈ ਦੁਹੁ ਵਿਚਿ ਹੈ ਸੰਸਾਰੁ ॥ (950-6)
नानक सचा एकु है दुहु विचि है संसारु ॥

ਚੰਗੈ ਮੰਦੈ ਆਪਿ ਲਾਇਅਨੁ ਸੋ ਕਰਨਿ ਜਿ ਆਪਿ ਕਰਾਏ ਕਰਤਾਰੁ ॥੨॥ (950-7)
चंगै मंदै आपि लाइअनु सो करनि जि आपि कराए करतारु ॥२॥

ਮਃ ੩ ॥ (950-7)
मः ३ ॥

ਬਿਨੁ ਸਤਿਗੁਰ ਸੇਵੇ ਸਾਂਤਿ ਨ ਆਵਈ ਦੂਜੀ ਨਾਹੀ ਜਾਇ ॥ (950-8)
बिनु सतिगुर सेवे सांति न आवई दूजी नाही जाइ ॥

ਜੇ ਬਹੁਤੇਰਾ ਲੋਚੀਐ ਵਿਣੁ ਕਰਮਾ ਪਾਇਆ ਨ ਜਾਇ ॥ (950-8)
जे बहुतेरा लोचीऐ विणु करमा पाइआ न जाइ ॥

ਅੰਤਰਿ ਲੋਭੁ ਵਿਕਾਰੁ ਹੈ ਦੂਜੈ ਭਾਇ ਖੁਆਇ ॥ (950-9)
अंतरि लोभु विकारु है दूजै भाइ खुआइ ॥

ਤਿਨ ਜੰਮਣੁ ਮਰਣੁ ਨ ਚੁਕਈ ਹਉਮੈ ਵਿਚਿ ਦੁਖੁ ਪਾਇ ॥ (950-9)
तिन जंमणु मरणु न चुकई हउमै विचि दुखु पाइ ॥

ਜਿਨੀ ਸਤਿਗੁਰ ਸਿਉ ਚਿਤੁ ਲਾਇਆ ਸੋ ਖਾਲੀ ਕੋਈ ਨਾਹਿ ॥ (950-10)
जिनी सतिगुर सिउ चितु लाइआ सो खाली कोई नाहि ॥

ਤਿਨ ਜਮ ਕੀ ਤਲਬ ਨ ਹੋਵਈ ਨਾ ਓਇ ਦੁਖ ਸਹਾਹਿ ॥ (950-10)
तिन जम की तलब न होवई ना ओइ दुख सहाहि ॥

ਨਾਨਕ ਗੁਰਮੁਖਿ ਉਬਰੇ ਸਚੈ ਸਬਦਿ ਸਮਾਹਿ ॥੩॥ (950-11)
नानक गुरमुखि उबरे सचै सबदि समाहि ॥३॥

ਪਉੜੀ ॥ (950-11)
पउड़ी ॥

ਆਪਿ ਅਲਿਪਤੁ ਸਦਾ ਰਹੈ ਹੋਰਿ ਧੰਧੈ ਸਭਿ ਧਾਵਹਿ ॥ (950-11)
आपि अलिपतु सदा रहै होरि धंधै सभि धावहि ॥

ਆਪਿ ਨਿਹਚਲੁ ਅਚਲੁ ਹੈ ਹੋਰਿ ਆਵਹਿ ਜਾਵਹਿ ॥ (950-12)
आपि निहचलु अचलु है होरि आवहि जावहि ॥

ਸਦਾ ਸਦਾ ਹਰਿ ਧਿਆਈਐ ਗੁਰਮੁਖਿ ਸੁਖੁ ਪਾਵਹਿ ॥ (950-12)
सदा सदा हरि धिआईऐ गुरमुखि सुखु पावहि ॥

ਨਿਜ ਘਰਿ ਵਾਸਾ ਪਾਈਐ ਸਚਿ ਸਿਫਤਿ ਸਮਾਵਹਿ ॥ (950-13)
निज घरि वासा पाईऐ सचि सिफति समावहि ॥

ਸਚਾ ਗਹਿਰ ਗੰਭੀਰੁ ਹੈ ਗੁਰ ਸਬਦਿ ਬੁਝਾਈ ॥੮॥ (950-13)
सचा गहिर ग्मभीरु है गुर सबदि बुझाई ॥८॥

ਸਲੋਕ ਮਃ ੩ ॥ (950-14)
सलोक मः ३ ॥

ਸਚਾ ਨਾਮੁ ਧਿਆਇ ਤੂ ਸਭੋ ਵਰਤੈ ਸਚੁ ॥ (950-14)
सचा नामु धिआइ तू सभो वरतै सचु ॥

ਨਾਨਕ ਹੁਕਮੈ ਜੋ ਬੁਝੈ ਸੋ ਫਲੁ ਪਾਏ ਸਚੁ ॥ (950-14)
नानक हुकमै जो बुझै सो फलु पाए सचु ॥

ਕਥਨੀ ਬਦਨੀ ਕਰਤਾ ਫਿਰੈ ਹੁਕਮੁ ਨ ਬੂਝੈ ਸਚੁ ॥ (950-15)
कथनी बदनी करता फिरै हुकमु न बूझै सचु ॥

ਨਾਨਕ ਹਰਿ ਕਾ ਭਾਣਾ ਮੰਨੇ ਸੋ ਭਗਤੁ ਹੋਇ ਵਿਣੁ ਮੰਨੇ ਕਚੁ ਨਿਕਚੁ ॥੧॥ (950-15)
नानक हरि का भाणा मंने सो भगतु होइ विणु मंने कचु निकचु ॥१॥

ਮਃ ੩ ॥ (950-16)
मः ३ ॥

ਮਨਮੁਖ ਬੋਲਿ ਨ ਜਾਣਨੀ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ ॥ (950-16)
मनमुख बोलि न जाणनी ओना अंदरि कामु क्रोधु अहंकारु ॥

ਓਇ ਥਾਉ ਕੁਥਾਉ ਨ ਜਾਣਨੀ ਉਨ ਅੰਤਰਿ ਲੋਭੁ ਵਿਕਾਰੁ ॥ (950-16)
ओइ थाउ कुथाउ न जाणनी उन अंतरि लोभु विकारु ॥

ਓਇ ਆਪਣੈ ਸੁਆਇ ਆਇ ਬਹਿ ਗਲਾ ਕਰਹਿ ਓਨਾ ਮਾਰੇ ਜਮੁ ਜੰਦਾਰੁ ॥ (950-17)
ओइ आपणै सुआइ आइ बहि गला करहि ओना मारे जमु जंदारु ॥

ਅਗੈ ਦਰਗਹ ਲੇਖੈ ਮੰਗਿਐ ਮਾਰਿ ਖੁਆਰੁ ਕੀਚਹਿ ਕੂੜਿਆਰ ॥ (950-18)
अगै दरगह लेखै मंगिऐ मारि खुआरु कीचहि कूड़िआर ॥

ਏਹ ਕੂੜੈ ਕੀ ਮਲੁ ਕਿਉ ਉਤਰੈ ਕੋਈ ਕਢਹੁ ਇਹੁ ਵੀਚਾਰੁ ॥ (950-18)
एह कूड़ै की मलु किउ उतरै कोई कढहु इहु वीचारु ॥

ਸਤਿਗੁਰੁ ਮਿਲੈ ਤਾ ਨਾਮੁ ਦਿੜਾਏ ਸਭਿ ਕਿਲਵਿਖ ਕਟਣਹਾਰੁ ॥ (950-19)
सतिगुरु मिलै ता नामु दिड़ाए सभि किलविख कटणहारु ॥

ਨਾਮੁ ਜਪੇ ਨਾਮੋ ਆਰਾਧੇ ਤਿਸੁ ਜਨ ਕਉ ਕਰਹੁ ਸਭਿ ਨਮਸਕਾਰੁ ॥ (950-19)
नामु जपे नामो आराधे तिसु जन कउ करहु सभि नमसकारु ॥

ਮਲੁ ਕੂੜੀ ਨਾਮਿ ਉਤਾਰੀਅਨੁ ਜਪਿ ਨਾਮੁ ਹੋਆ ਸਚਿਆਰੁ ॥ (951-1)
मलु कूड़ी नामि उतारीअनु जपि नामु होआ सचिआरु ॥

ਜਨ ਨਾਨਕ ਜਿਸ ਦੇ ਏਹਿ ਚਲਤ ਹਹਿ ਸੋ ਜੀਵਉ ਦੇਵਣਹਾਰੁ ॥੨॥ (951-1)
जन नानक जिस दे एहि चलत हहि सो जीवउ देवणहारु ॥२॥

ਪਉੜੀ ॥ (951-2)
पउड़ी ॥

ਤੁਧੁ ਜੇਵਡੁ ਦਾਤਾ ਨਾਹਿ ਕਿਸੁ ਆਖਿ ਸੁਣਾਈਐ ॥ (951-2)
तुधु जेवडु दाता नाहि किसु आखि सुणाईऐ ॥

ਗੁਰ ਪਰਸਾਦੀ ਪਾਇ ਜਿਥਹੁ ਹਉਮੈ ਜਾਈਐ ॥ (951-3)
गुर परसादी पाइ जिथहु हउमै जाईऐ ॥

ਨਾਨਕ ਤਿਸੁ ਬਲਿਹਾਰਣੈ ਜਿਸੁ ਏਵਡ ਭਾਗਾ ॥੧੭॥ (965-3)
नानक तिसु बलिहारणै जिसु एवड भागा ॥१७॥

ਸਲੋਕ ਮਃ ੫ ॥ (965-3)
सलोक मः ५ ॥

ਜਾਂ ਪਿਰੁ ਅੰਦਰਿ ਤਾਂ ਧਨ ਬਾਹਰਿ ॥ (965-3)
जां पिरु अंदरि तां धन बाहरि ॥

ਜਾਂ ਪਿਰੁ ਬਾਹਰਿ ਤਾਂ ਧਨ ਮਾਹਰਿ ॥ (965-4)
जां पिरु बाहरि तां धन माहरि ॥

ਬਿਨੁ ਨਾਵੈ ਬਹੁ ਫੇਰ ਫਿਰਾਹਰਿ ॥ (965-4)
बिनु नावै बहु फेर फिराहरि ॥

ਸਤਿਗੁਰਿ ਸੰਗਿ ਦਿਖਾਇਆ ਜਾਹਰਿ ॥ (965-4)
सतिगुरि संगि दिखाइआ जाहरि ॥

ਜਨ ਨਾਨਕ ਸਚੇ ਸਚਿ ਸਮਾਹਰਿ ॥੧॥ (965-5)
जन नानक सचे सचि समाहरि ॥१॥

ਮਃ ੫ ॥ (965-5)
मः ५ ॥

ਆਹਰ ਸਭਿ ਕਰਦਾ ਫਿਰੈ ਆਹਰੁ ਇਕੁ ਨ ਹੋਇ ॥ (965-5)
आहर सभि करदा फिरै आहरु इकु न होइ ॥

ਨਾਨਕ ਜਿਤੁ ਆਹਰਿ ਜਗੁ ਉਧਰੈ ਵਿਰਲਾ ਬੂਝੈ ਕੋਇ ॥੨॥ (965-6)
नानक जितु आहरि जगु उधरै विरला बूझै कोइ ॥२॥

ਪਉੜੀ ॥ (965-6)
पउड़ी ॥

ਵਡੀ ਹੂ ਵਡਾ ਅਪਾਰੁ ਤੇਰਾ ਮਰਤਬਾ ॥ (965-6)
वडी हू वडा अपारु तेरा मरतबा ॥

ਰੰਗ ਪਰੰਗ ਅਨੇਕ ਨ ਜਾਪਨ੍ਹਿ ਕਰਤਬਾ ॥ (965-7)
रंग परंग अनेक न जापन्हि करतबा ॥

ਜੀਆ ਅੰਦਰਿ ਜੀਉ ਸਭੁ ਕਿਛੁ ਜਾਣਲਾ ॥ (965-7)
जीआ अंदरि जीउ सभु किछु जाणला ॥

ਸਭੁ ਕਿਛੁ ਤੇਰੈ ਵਸਿ ਤੇਰਾ ਘਰੁ ਭਲਾ ॥ (965-7)
सभु किछु तेरै वसि तेरा घरु भला ॥

ਤੇਰੈ ਘਰਿ ਆਨੰਦੁ ਵਧਾਈ ਤੁਧੁ ਘਰਿ ॥ (965-8)
तेरै घरि आनंदु वधाई तुधु घरि ॥

ਮਾਣੁ ਮਹਤਾ ਤੇਜੁ ਆਪਣਾ ਆਪਿ ਜਰਿ ॥ (965-8)
माणु महता तेजु आपणा आपि जरि ॥

ਸਰਬ ਕਲਾ ਭਰਪੂਰੁ ਦਿਸੈ ਜਤ ਕਤਾ ॥ (965-9)
सरब कला भरपूरु दिसै जत कता ॥

ਨਾਨਕ ਦਾਸਨਿ ਦਾਸੁ ਤੁਧੁ ਆਗੈ ਬਿਨਵਤਾ ॥੧੮॥ (965-9)
नानक दासनि दासु तुधु आगै बिनवता ॥१८॥

ਸਲੋਕ ਮਃ ੫ ॥ (965-9)
सलोक मः ५ ॥

ਛਤੜੇ ਬਾਜਾਰ ਸੋਹਨਿ ਵਿਚਿ ਵਪਾਰੀਏ ॥ (965-10)
छतड़े बाजार सोहनि विचि वपारीए ॥

ਵਖਰੁ ਹਿਕੁ ਅਪਾਰੁ ਨਾਨਕ ਖਟੇ ਸੋ ਧਣੀ ॥੧॥ (965-10)
वखरु हिकु अपारु नानक खटे सो धणी ॥१॥

ਮਹਲਾ ੫ ॥ (965-10)
महला ५ ॥

ਕਬੀਰਾ ਹਮਰਾ ਕੋ ਨਹੀ ਹਮ ਕਿਸ ਹੂ ਕੇ ਨਾਹਿ ॥ (965-10)
कबीरा हमरा को नही हम किस हू के नाहि ॥

ਜਿਨਿ ਇਹੁ ਰਚਨੁ ਰਚਾਇਆ ਤਿਸ ਹੀ ਮਾਹਿ ਸਮਾਹਿ ॥੨॥ (965-11)
जिनि इहु रचनु रचाइआ तिस ही माहि समाहि ॥२॥

ਪਉੜੀ ॥ (965-11)
पउड़ी ॥

ਸਫਲਿਉ ਬਿਰਖੁ ਸੁਹਾਵੜਾ ਹਰਿ ਸਫਲ ਅੰਮ੍ਰਿਤਾ ॥ (965-12)
सफलिउ बिरखु सुहावड़ा हरि सफल अमृता ॥

ਮਨੁ ਲੋਚੈ ਉਨ੍ਹ ਮਿਲਣ ਕਉ ਕਿਉ ਵੰਞੈ ਘਿਤਾ ॥ (965-12)
मनु लोचै उन्ह मिलण कउ किउ वंञै घिता ॥

ਵਰਨਾ ਚਿਹਨਾ ਬਾਹਰਾ ਓਹੁ ਅਗਮੁ ਅਜਿਤਾ ॥ (965-12)
वरना चिहना बाहरा ओहु अगमु अजिता ॥

ਓਹੁ ਪਿਆਰਾ ਜੀਅ ਕਾ ਜੋ ਖੋਲ੍ਹੈ ਭਿਤਾ ॥ (965-13)
ओहु पिआरा जीअ का जो खोल्है भिता ॥

ਸੇਵਾ ਕਰੀ ਤੁਸਾੜੀਆ ਮੈ ਦਸਿਹੁ ਮਿਤਾ ॥ (965-13)
सेवा करी तुसाड़ीआ मै दसिहु मिता ॥

ਕੁਰਬਾਣੀ ਵੰਞਾ ਵਾਰਣੈ ਬਲੇ ਬਲਿ ਕਿਤਾ ॥ (965-14)
कुरबाणी वंञा वारणै बले बलि किता ॥

ਦਸਨਿ ਸੰਤ ਪਿਆਰਿਆ ਸੁਣਹੁ ਲਾਇ ਚਿਤਾ ॥ (965-14)
दसनि संत पिआरिआ सुणहु लाइ चिता ॥

ਜਿਸੁ ਲਿਖਿਆ ਨਾਨਕ ਦਾਸ ਤਿਸੁ ਨਾਉ ਅੰਮ੍ਰਿਤੁ ਸਤਿਗੁਰਿ ਦਿਤਾ ॥੧੯॥ (965-15)
जिसु लिखिआ नानक दास तिसु नाउ अमृतु सतिगुरि दिता ॥१९॥

ਸਲੋਕ ਮਹਲਾ ੫ ॥ (965-15)
सलोक महला ५ ॥

ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ ॥ (965-15)
कबीर धरती साध की तसकर बैसहि गाहि ॥

ਧਰਤੀ ਭਾਰਿ ਨ ਬਿਆਪਈ ਉਨ ਕਉ ਲਾਹੂ ਲਾਹਿ ॥੧॥ (965-16)
धरती भारि न बिआपई उन कउ लाहू लाहि ॥१॥

ਮਹਲਾ ੫ ॥ (965-16)
महला ५ ॥

ਕਬੀਰ ਚਾਵਲ ਕਾਰਣੇ ਤੁਖ ਕਉ ਮੁਹਲੀ ਲਾਇ ॥ (965-17)
कबीर चावल कारणे तुख कउ मुहली लाइ ॥

ਸੰਗਿ ਕੁਸੰਗੀ ਬੈਸਤੇ ਤਬ ਪੂਛੇ ਧਰਮ ਰਾਇ ॥੨॥ (965-17)
संगि कुसंगी बैसते तब पूछे धरम राइ ॥२॥

ਪਉੜੀ ॥ (965-17)
पउड़ी ॥

ਆਪੇ ਹੀ ਵਡ ਪਰਵਾਰੁ ਆਪਿ ਇਕਾਤੀਆ ॥ (965-18)
आपे ही वड परवारु आपि इकातीआ ॥

ਆਪਣੀ ਕੀਮਤਿ ਆਪਿ ਆਪੇ ਹੀ ਜਾਤੀਆ ॥ (965-18)
आपणी कीमति आपि आपे ही जातीआ ॥

ਸਭੁ ਕਿਛੁ ਆਪੇ ਆਪਿ ਆਪਿ ਉਪੰਨਿਆ ॥ (965-18)
सभु किछु आपे आपि आपि उपंनिआ ॥

ਆਪਣਾ ਕੀਤਾ ਆਪਿ ਆਪਿ ਵਰੰਨਿਆ ॥ (965-19)
आपणा कीता आपि आपि वरंनिआ ॥

ਧੰਨੁ ਸੁ ਤੇਰਾ ਥਾਨੁ ਜਿਥੈ ਤੂ ਵੁਠਾ ॥ (965-19)
धंनु सु तेरा थानु जिथै तू वुठा ॥

ਧੰਨੁ ਸੁ ਤੇਰੇ ਭਗਤ ਜਿਨ੍ਹੀ ਸਚੁ ਤੂੰ ਡਿਠਾ ॥ (966-1)
धंनु सु तेरे भगत जिन्ही सचु तूं डिठा ॥

ਜਿਸ ਨੋ ਤੇਰੀ ਦਇਆ ਸਲਾਹੇ ਸੋਇ ਤੁਧੁ ॥ (966-1)
जिस नो तेरी दइआ सलाहे सोइ तुधु ॥

ਜਿਸੁ ਗੁਰ ਭੇਟੇ ਨਾਨਕ ਨਿਰਮਲ ਸੋਈ ਸੁਧੁ ॥੨੦॥ (966-1)
जिसु गुर भेटे नानक निरमल सोई सुधु ॥२०॥

ਸਲੋਕ ਮਃ ੫ ॥ (966-2)
सलोक मः ५ ॥

ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗੁ ॥ (966-2)
फरीदा भूमि रंगावली मंझि विसूला बागु ॥

ਜੋ ਨਰ ਪੀਰਿ ਨਿਵਾਜਿਆ ਤਿਨ੍ਹਾ ਅੰਚ ਨ ਲਾਗ ॥੧॥ (966-2)
जो नर पीरि निवाजिआ तिन्हा अंच न लाग ॥१॥

ਮਃ ੫ ॥ (966-3)
मः ५ ॥

ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ ॥ (966-3)
फरीदा उमर सुहावड़ी संगि सुवंनड़ी देह ॥

ਵਿਰਲੇ ਕੇਈ ਪਾਈਅਨ੍ਹਿ ਜਿਨ੍ਹਾ ਪਿਆਰੇ ਨੇਹ ॥੨॥ (966-3)
विरले केई पाईअन्हि जिन्हा पिआरे नेह ॥२॥

ਪਉੜੀ ॥ (966-4)
पउड़ी ॥

ਜਪੁ ਤਪੁ ਸੰਜਮੁ ਦਇਆ ਧਰਮੁ ਜਿਸੁ ਦੇਹਿ ਸੁ ਪਾਏ ॥ (966-4)
जपु तपु संजमु दइआ धरमु जिसु देहि सु पाए ॥

ਜਿਸੁ ਬੁਝਾਇਹਿ ਅਗਨਿ ਆਪਿ ਸੋ ਨਾਮੁ ਧਿਆਏ ॥ (966-4)
जिसु बुझाइहि अगनि आपि सो नामु धिआए ॥

ਅੰਤਰਜਾਮੀ ਅਗਮ ਪੁਰਖੁ ਇਕ ਦ੍ਰਿਸਟਿ ਦਿਖਾਏ ॥ (966-5)
अंतरजामी अगम पुरखु इक द्रिसटि दिखाए ॥

ਸਾਧਸੰਗਤਿ ਕੈ ਆਸਰੈ ਪ੍ਰਭ ਸਿਉ ਰੰਗੁ ਲਾਏ ॥ (966-5)
साधसंगति कै आसरै प्रभ सिउ रंगु लाए ॥

ਅਉਗਣ ਕਟਿ ਮੁਖੁ ਉਜਲਾ ਹਰਿ ਨਾਮਿ ਤਰਾਏ ॥ (966-6)
अउगण कटि मुखु उजला हरि नामि तराए ॥

ਜਨਮ ਮਰਣ ਭਉ ਕਟਿਓਨੁ ਫਿਰਿ ਜੋਨਿ ਨ ਪਾਏ ॥ (966-6)
जनम मरण भउ कटिओनु फिरि जोनि न पाए ॥

ਅੰਧ ਕੂਪ ਤੇ ਕਾਢਿਅਨੁ ਲੜੁ ਆਪਿ ਫੜਾਏ ॥ (966-7)
अंध कूप ते काढिअनु लड़ु आपि फड़ाए ॥

ਨਾਨਕ ਬਖਸਿ ਮਿਲਾਇਅਨੁ ਰਖੇ ਗਲਿ ਲਾਏ ॥੨੧॥ (966-7)
नानक बखसि मिलाइअनु रखे गलि लाए ॥२१॥

ਸਲੋਕ ਮਃ ੫ ॥ (966-8)
सलोक मः ५ ॥

ਮੁਹਬਤਿ ਜਿਸੁ ਖੁਦਾਇ ਦੀ ਰਤਾ ਰੰਗਿ ਚਲੂਲਿ ॥ (966-8)
मुहबति जिसु खुदाइ दी रता रंगि चलूलि ॥

ਨਾਨਕ ਵਿਰਲੇ ਪਾਈਅਹਿ ਤਿਸੁ ਜਨ ਕੀਮ ਨ ਮੂਲਿ ॥੧॥ (966-8)
नानक विरले पाईअहि तिसु जन कीम न मूलि ॥१॥

ਮਃ ੫ ॥ (966-9)
मः ५ ॥

ਅੰਦਰੁ ਵਿਧਾ ਸਚਿ ਨਾਇ ਬਾਹਰਿ ਭੀ ਸਚੁ ਡਿਠੋਮਿ ॥ (966-9)
अंदरु विधा सचि नाइ बाहरि भी सचु डिठोमि ॥

ਨਾਨਕ ਰਵਿਆ ਹਭ ਥਾਇ ਵਣਿ ਤ੍ਰਿਣਿ ਤ੍ਰਿਭਵਣਿ ਰੋਮਿ ॥੨॥ (966-9)
नानक रविआ हभ थाइ वणि त्रिणि त्रिभवणि रोमि ॥२॥

ਪਉੜੀ ॥ (966-10)
पउड़ी ॥

ਆਪੇ ਕੀਤੋ ਰਚਨੁ ਆਪੇ ਹੀ ਰਤਿਆ ॥ (966-10)
आपे कीतो रचनु आपे ही रतिआ ॥

ਆਪੇ ਹੋਇਓ ਇਕੁ ਆਪੇ ਬਹੁ ਭਤਿਆ ॥ (966-10)
आपे होइओ इकु आपे बहु भतिआ ॥

ਆਪੇ ਸਭਨਾ ਮੰਝਿ ਆਪੇ ਬਾਹਰਾ ॥ (966-11)
आपे सभना मंझि आपे बाहरा ॥

ਆਪੇ ਜਾਣਹਿ ਦੂਰਿ ਆਪੇ ਹੀ ਜਾਹਰਾ ॥ (966-11)
आपे जाणहि दूरि आपे ही जाहरा ॥

ਆਪੇ ਹੋਵਹਿ ਗੁਪਤੁ ਆਪੇ ਪਰਗਟੀਐ ॥ (966-11)
आपे होवहि गुपतु आपे परगटीऐ ॥

ਕੀਮਤਿ ਕਿਸੈ ਨ ਪਾਇ ਤੇਰੀ ਥਟੀਐ ॥ (966-12)
कीमति किसै न पाइ तेरी थटीऐ ॥

ਗਹਿਰ ਗੰਭੀਰੁ ਅਥਾਹੁ ਅਪਾਰੁ ਅਗਣਤੁ ਤੂੰ ॥ (966-12)
गहिर ग्मभीरु अथाहु अपारु अगणतु तूं ॥

ਨਾਨਕ ਵਰਤੈ ਇਕੁ ਇਕੋ ਇਕੁ ਤੂੰ ॥੨੨॥੧॥੨॥ ਸੁਧੁ ॥ (966-13)
नानक वरतै इकु इको इकु तूं ॥२२॥१॥२॥ सुधु ॥

ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ (966-14)
रामकली की वार राइ बलवंडि तथा सतै डूमि आखी

ੴ ਸਤਿਗੁਰ ਪ੍ਰਸਾਦਿ ॥ (966-14)
१ੴ सतिगुर प्रसादि ॥

ਨਾਉ ਕਰਤਾ ਕਾਦਰੁ ਕਰੇ ਕਿਉ ਬੋਲੁ ਹੋਵੈ ਜੋਖੀਵਦੈ ॥ (966-15)
नाउ करता कादरु करे किउ बोलु होवै जोखीवदै ॥

ਦੇ ਗੁਨਾ ਸਤਿ ਭੈਣ ਭਰਾਵ ਹੈ ਪਾਰੰਗਤਿ ਦਾਨੁ ਪੜੀਵਦੈ ॥ (966-15)
दे गुना सति भैण भराव है पारंगति दानु पड़ीवदै ॥

ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ ॥ (966-16)
नानकि राजु चलाइआ सचु कोटु सताणी नीव दै ॥

ਲਹਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ ॥ (966-16)
लहणे धरिओनु छतु सिरि करि सिफती अमृतु पीवदै ॥

ਮਤਿ ਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾਕੁਇ ਜੀਅ ਦੈ ॥ (966-17)
मति गुर आतम देव दी खड़गि जोरि पराकुइ जीअ दै ॥

ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ ॥ (966-17)
गुरि चेले रहरासि कीई नानकि सलामति थीवदै ॥

ਸਹਿ ਟਿਕਾ ਦਿਤੋਸੁ ਜੀਵਦੈ ॥੧॥ (966-18)
सहि टिका दितोसु जीवदै ॥१॥

ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ ॥ (966-18)
लहणे दी फेराईऐ नानका दोही खटीऐ ॥

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥ (966-18)
जोति ओहा जुगति साइ सहि काइआ फेरि पलटीऐ ॥

ਝੁਲੈ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ ॥ (966-19)
झुलै सु छतु निरंजनी मलि तखतु बैठा गुर हटीऐ ॥

ਕਰਹਿ ਜਿ ਗੁਰ ਫੁਰਮਾਇਆ ਸਿਲ ਜੋਗੁ ਅਲੂਣੀ ਚਟੀਐ ॥ (966-19)
करहि जि गुर फुरमाइआ सिल जोगु अलूणी चटीऐ ॥

ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥ (967-1)
लंगरु चलै गुर सबदि हरि तोटि न आवी खटीऐ ॥

ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ ॥ (967-2)
खरचे दिति खसंम दी आप खहदी खैरि दबटीऐ ॥

ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ ॥ (967-2)
होवै सिफति खसंम दी नूरु अरसहु कुरसहु झटीऐ ॥

ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ ॥ (967-3)
तुधु डिठे सचे पातिसाह मलु जनम जनम दी कटीऐ ॥

ਸਚੁ ਜਿ ਗੁਰਿ ਫੁਰਮਾਇਆ ਕਿਉ ਏਦੂ ਬੋਲਹੁ ਹਟੀਐ ॥ (967-3)
सचु जि गुरि फुरमाइआ किउ एदू बोलहु हटीऐ ॥

ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ਹ੍ਹ ਮੁਰਟੀਐ ॥ (967-4)
पुत्री कउलु न पालिओ करि पीरहु कंन्ह मुरटीऐ ॥

ਦਿਲਿ ਖੋਟੈ ਆਕੀ ਫਿਰਨ੍ਹ੍ਹਿ ਬੰਨ੍ਹ੍ਹਿ ਭਾਰੁ ਉਚਾਇਨ੍ਹ੍ਹਿ ਛਟੀਐ ॥ (967-4)
दिलि खोटै आकी फिरन्हि बंन्हि भारु उचाइन्हि छटीऐ ॥

ਜਿਨਿ ਆਖੀ ਸੋਈ ਕਰੇ ਜਿਨਿ ਕੀਤੀ ਤਿਨੈ ਥਟੀਐ ॥ (967-5)
जिनि आखी सोई करे जिनि कीती तिनै थटीऐ ॥

ਕਉਣੁ ਹਾਰੇ ਕਿਨਿ ਉਵਟੀਐ ॥੨॥ (967-5)
कउणु हारे किनि उवटीऐ ॥२॥

ਜਿਨਿ ਕੀਤੀ ਸੋ ਮੰਨਣਾ ਕੋ ਸਾਲੁ ਜਿਵਾਹੇ ਸਾਲੀ ॥ (967-5)
जिनि कीती सो मंनणा को सालु जिवाहे साली ॥

ਧਰਮ ਰਾਇ ਹੈ ਦੇਵਤਾ ਲੈ ਗਲਾ ਕਰੇ ਦਲਾਲੀ ॥ (967-6)
धरम राइ है देवता लै गला करे दलाली ॥

ਸਤਿਗੁਰੁ ਆਖੈ ਸਚਾ ਕਰੇ ਸਾ ਬਾਤ ਹੋਵੈ ਦਰਹਾਲੀ ॥ (967-6)
सतिगुरु आखै सचा करे सा बात होवै दरहाली ॥

ਗੁਰ ਅੰਗਦ ਦੀ ਦੋਹੀ ਫਿਰੀ ਸਚੁ ਕਰਤੈ ਬੰਧਿ ਬਹਾਲੀ ॥ (967-7)
गुर अंगद दी दोही फिरी सचु करतै बंधि बहाली ॥

ਨਾਨਕੁ ਕਾਇਆ ਪਲਟੁ ਕਰਿ ਮਲਿ ਤਖਤੁ ਬੈਠਾ ਸੈ ਡਾਲੀ ॥ (967-7)
नानकु काइआ पलटु करि मलि तखतु बैठा सै डाली ॥

ਦਰੁ ਸੇਵੇ ਉਮਤਿ ਖੜੀ ਮਸਕਲੈ ਹੋਇ ਜੰਗਾਲੀ ॥ (967-8)
दरु सेवे उमति खड़ी मसकलै होइ जंगाली ॥

ਦਰਿ ਦਰਵੇਸੁ ਖਸੰਮ ਦੈ ਨਾਇ ਸਚੈ ਬਾਣੀ ਲਾਲੀ ॥ (967-8)
दरि दरवेसु खसंम दै नाइ सचै बाणी लाली ॥

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ ॥ (967-9)
बलवंड खीवी नेक जन जिसु बहुती छाउ पत्राली ॥

ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥ (967-9)
लंगरि दउलति वंडीऐ रसु अमृतु खीरि घिआली ॥

ਗੁਰਸਿਖਾ ਕੇ ਮੁਖ ਉਜਲੇ ਮਨਮੁਖ ਥੀਏ ਪਰਾਲੀ ॥ (967-10)
गुरसिखा के मुख उजले मनमुख थीए पराली ॥

ਪਏ ਕਬੂਲੁ ਖਸੰਮ ਨਾਲਿ ਜਾਂ ਘਾਲ ਮਰਦੀ ਘਾਲੀ ॥ (967-10)
पए कबूलु खसंम नालि जां घाल मरदी घाली ॥

ਮਾਤਾ ਖੀਵੀ ਸਹੁ ਸੋਇ ਜਿਨਿ ਗੋਇ ਉਠਾਲੀ ॥੩॥ (967-11)
माता खीवी सहु सोइ जिनि गोइ उठाली ॥३॥

ਹੋਰਿੰਓ ਗੰਗ ਵਹਾਈਐ ਦੁਨਿਆਈ ਆਖੈ ਕਿ ਕਿਓਨੁ ॥ (967-11)
होरिंओ गंग वहाईऐ दुनिआई आखै कि किओनु ॥

ਨਾਨਕ ਈਸਰਿ ਜਗਨਾਥਿ ਉਚਹਦੀ ਵੈਣੁ ਵਿਰਿਕਿਓਨੁ ॥ (967-12)
नानक ईसरि जगनाथि उचहदी वैणु विरिकिओनु ॥

ਮਾਧਾਣਾ ਪਰਬਤੁ ਕਰਿ ਨੇਤ੍ਰਿ ਬਾਸਕੁ ਸਬਦਿ ਰਿੜਕਿਓਨੁ ॥ (967-12)
माधाणा परबतु करि नेत्रि बासकु सबदि रिड़किओनु ॥

ਚਉਦਹ ਰਤਨ ਨਿਕਾਲਿਅਨੁ ਕਰਿ ਆਵਾ ਗਉਣੁ ਚਿਲਕਿਓਨੁ ॥ (967-13)
चउदह रतन निकालिअनु करि आवा गउणु चिलकिओनु ॥

ਕੁਦਰਤਿ ਅਹਿ ਵੇਖਾਲੀਅਨੁ ਜਿਣਿ ਐਵਡ ਪਿਡ ਠਿਣਕਿਓਨੁ ॥ (967-14)
कुदरति अहि वेखालीअनु जिणि ऐवड पिड ठिणकिओनु ॥

ਲਹਣੇ ਧਰਿਓਨੁ ਛਤ੍ਰੁ ਸਿਰਿ ਅਸਮਾਨਿ ਕਿਆੜਾ ਛਿਕਿਓਨੁ ॥ (967-14)
लहणे धरिओनु छत्रु सिरि असमानि किआड़ा छिकिओनु ॥

ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨੁ ॥ (967-15)
जोति समाणी जोति माहि आपु आपै सेती मिकिओनु ॥

ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ ॥ (967-15)
सिखां पुत्रां घोखि कै सभ उमति वेखहु जि किओनु ॥

ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ ॥੪॥ (967-16)
जां सुधोसु तां लहणा टिकिओनु ॥४॥

ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ ॥ (967-16)
फेरि वसाइआ फेरुआणि सतिगुरि खाडूरु ॥

ਜਪੁ ਤਪੁ ਸੰਜਮੁ ਨਾਲਿ ਤੁਧੁ ਹੋਰੁ ਮੁਚੁ ਗਰੂਰੁ ॥ (967-17)
जपु तपु संजमु नालि तुधु होरु मुचु गरूरु ॥

ਲਬੁ ਵਿਣਾਹੇ ਮਾਣਸਾ ਜਿਉ ਪਾਣੀ ਬੂਰੁ ॥ (967-17)
लबु विणाहे माणसा जिउ पाणी बूरु ॥

ਵਰ੍ਹਿਐ ਦਰਗਹ ਗੁਰੂ ਕੀ ਕੁਦਰਤੀ ਨੂਰੁ ॥ (967-17)
वर्हिऐ दरगह गुरू की कुदरती नूरु ॥

ਜਿਤੁ ਸੁ ਹਾਥ ਨ ਲਭਈ ਤੂੰ ਓਹੁ ਠਰੂਰੁ ॥ (967-18)
जितु सु हाथ न लभई तूं ओहु ठरूरु ॥

ਨਉ ਨਿਧਿ ਨਾਮੁ ਨਿਧਾਨੁ ਹੈ ਤੁਧੁ ਵਿਚਿ ਭਰਪੂਰੁ ॥ (967-18)
नउ निधि नामु निधानु है तुधु विचि भरपूरु ॥

ਨਿੰਦਾ ਤੇਰੀ ਜੋ ਕਰੇ ਸੋ ਵੰਞੈ ਚੂਰੁ ॥ (967-19)
निंदा तेरी जो करे सो वंञै चूरु ॥

ਨੇੜੈ ਦਿਸੈ ਮਾਤ ਲੋਕ ਤੁਧੁ ਸੁਝੈ ਦੂਰੁ ॥ (967-19)
नेड़ै दिसै मात लोक तुधु सुझै दूरु ॥

ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ ॥੫॥ (967-19)
फेरि वसाइआ फेरुआणि सतिगुरि खाडूरु ॥५॥

ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ ॥ (968-1)
सो टिका सो बैहणा सोई दीबाणु ॥

ਪਿਯੂ ਦਾਦੇ ਜੇਵਿਹਾ ਪੋਤਾ ਪਰਵਾਣੁ ॥ (968-1)
पियू दादे जेविहा पोता परवाणु ॥

ਜਿਨਿ ਬਾਸਕੁ ਨੇਤ੍ਰੈ ਘਤਿਆ ਕਰਿ ਨੇਹੀ ਤਾਣੁ ॥ (968-2)
जिनि बासकु नेत्रै घतिआ करि नेही ताणु ॥

ਜਿਨਿ ਸਮੁੰਦੁ ਵਿਰੋਲਿਆ ਕਰਿ ਮੇਰੁ ਮਧਾਣੁ ॥ (968-2)
जिनि समुंदु विरोलिआ करि मेरु मधाणु ॥

ਚਉਦਹ ਰਤਨ ਨਿਕਾਲਿਅਨੁ ਕੀਤੋਨੁ ਚਾਨਾਣੁ ॥ (968-2)
चउदह रतन निकालिअनु कीतोनु चानाणु ॥

ਘੋੜਾ ਕੀਤੋ ਸਹਜ ਦਾ ਜਤੁ ਕੀਓ ਪਲਾਣੁ ॥ (968-3)
घोड़ा कीतो सहज दा जतु कीओ पलाणु ॥

ਧਣਖੁ ਚੜਾਇਓ ਸਤ ਦਾ ਜਸ ਹੰਦਾ ਬਾਣੁ ॥ (968-3)
धणखु चड़ाइओ सत दा जस हंदा बाणु ॥

ਕਲਿ ਵਿਚਿ ਧੂ ਅੰਧਾਰੁ ਸਾ ਚੜਿਆ ਰੈ ਭਾਣੁ ॥ (968-4)
कलि विचि धू अंधारु सा चड़िआ रै भाणु ॥

ਸਤਹੁ ਖੇਤੁ ਜਮਾਇਓ ਸਤਹੁ ਛਾਵਾਣੁ ॥ (968-4)
सतहु खेतु जमाइओ सतहु छावाणु ॥

ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ ॥ (968-4)
नित रसोई तेरीऐ घिउ मैदा खाणु ॥

ਚਾਰੇ ਕੁੰਡਾਂ ਸੁਝੀਓਸੁ ਮਨ ਮਹਿ ਸਬਦੁ ਪਰਵਾਣੁ ॥ (968-5)
चारे कुंडां सुझीओसु मन महि सबदु परवाणु ॥

ਆਵਾ ਗਉਣੁ ਨਿਵਾਰਿਓ ਕਰਿ ਨਦਰਿ ਨੀਸਾਣੁ ॥ (968-5)
आवा गउणु निवारिओ करि नदरि नीसाणु ॥

ਅਉਤਰਿਆ ਅਉਤਾਰੁ ਲੈ ਸੋ ਪੁਰਖੁ ਸੁਜਾਣੁ ॥ (968-6)
अउतरिआ अउतारु लै सो पुरखु सुजाणु ॥

ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ ॥ (968-6)
झखड़ि वाउ न डोलई परबतु मेराणु ॥

ਜਾਣੈ ਬਿਰਥਾ ਜੀਅ ਕੀ ਜਾਣੀ ਹੂ ਜਾਣੁ ॥ (968-7)
जाणै बिरथा जीअ की जाणी हू जाणु ॥

ਕਿਆ ਸਾਲਾਹੀ ਸਚੇ ਪਾਤਿਸਾਹ ਜਾਂ ਤੂ ਸੁਘੜੁ ਸੁਜਾਣੁ ॥ (968-7)
किआ सालाही सचे पातिसाह जां तू सुघड़ु सुजाणु ॥

ਦਾਨੁ ਜਿ ਸਤਿਗੁਰ ਭਾਵਸੀ ਸੋ ਸਤੇ ਦਾਣੁ ॥ (968-7)
दानु जि सतिगुर भावसी सो सते दाणु ॥

ਨਾਨਕ ਹੰਦਾ ਛਤ੍ਰੁ ਸਿਰਿ ਉਮਤਿ ਹੈਰਾਣੁ ॥ (968-8)
नानक हंदा छत्रु सिरि उमति हैराणु ॥

ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ ॥ (968-8)
सो टिका सो बैहणा सोई दीबाणु ॥

ਪਿਯੂ ਦਾਦੇ ਜੇਵਿਹਾ ਪੋਤ੍ਰਾ ਪਰਵਾਣੁ ॥੬॥ (968-9)
पियू दादे जेविहा पोत्रा परवाणु ॥६॥

ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥ (968-9)
धंनु धंनु रामदास गुरु जिनि सिरिआ तिनै सवारिआ ॥

ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ ॥ (968-9)
पूरी होई करामाति आपि सिरजणहारै धारिआ ॥

ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ ॥ (968-10)
सिखी अतै संगती पारब्रहमु करि नमसकारिआ ॥

ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ ॥ (968-10)
अटलु अथाहु अतोलु तू तेरा अंतु न पारावारिआ ॥

ਜਿਨ੍ਹ੍ਹੀ ਤੂੰ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ ॥ (968-11)
जिन्ही तूं सेविआ भाउ करि से तुधु पारि उतारिआ ॥

ਲਬੁ ਲੋਭੁ ਕਾਮੁ ਕ੍ਰੋਧੁ ਮੋਹੁ ਮਾਰਿ ਕਢੇ ਤੁਧੁ ਸਪਰਵਾਰਿਆ ॥ (968-11)
लबु लोभु कामु क्रोधु मोहु मारि कढे तुधु सपरवारिआ ॥

ਧੰਨੁ ਸੁ ਤੇਰਾ ਥਾਨੁ ਹੈ ਸਚੁ ਤੇਰਾ ਪੈਸਕਾਰਿਆ ॥ (968-12)
धंनु सु तेरा थानु है सचु तेरा पैसकारिआ ॥

ਨਾਨਕੁ ਤੂ ਲਹਣਾ ਤੂਹੈ ਗੁਰੁ ਅਮਰੁ ਤੂ ਵੀਚਾਰਿਆ ॥ (968-12)
नानकु तू लहणा तूहै गुरु अमरु तू वीचारिआ ॥

ਗੁਰੁ ਡਿਠਾ ਤਾਂ ਮਨੁ ਸਾਧਾਰਿਆ ॥੭॥ (968-13)
गुरु डिठा तां मनु साधारिआ ॥७॥

ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ ॥ (968-13)
चारे जागे चहु जुगी पंचाइणु आपे होआ ॥

ਆਪੀਨ੍ਹ੍ਹੈ ਆਪੁ ਸਾਜਿਓਨੁ ਆਪੇ ਹੀ ਥੰਮ੍ਹ੍ਹਿ ਖਲੋਆ ॥ (968-14)
आपीन्है आपु साजिओनु आपे ही थंम्हि खलोआ ॥

ਆਪੇ ਪਟੀ ਕਲਮ ਆਪਿ ਆਪਿ ਲਿਖਣਹਾਰਾ ਹੋਆ ॥ (968-14)
आपे पटी कलम आपि आपि लिखणहारा होआ ॥

ਸਭ ਉਮਤਿ ਆਵਣ ਜਾਵਣੀ ਆਪੇ ਹੀ ਨਵਾ ਨਿਰੋਆ ॥ (968-15)
सभ उमति आवण जावणी आपे ही नवा निरोआ ॥

ਤਖਤਿ ਬੈਠਾ ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ ॥ (968-15)
तखति बैठा अरजन गुरू सतिगुर का खिवै चंदोआ ॥

ਉਗਵਣਹੁ ਤੈ ਆਥਵਣਹੁ ਚਹੁ ਚਕੀ ਕੀਅਨੁ ਲੋਆ ॥ (968-16)
उगवणहु तै आथवणहु चहु चकी कीअनु लोआ ॥

ਜਿਨ੍ਹ੍ਹੀ ਗੁਰੂ ਨ ਸੇਵਿਓ ਮਨਮੁਖਾ ਪਇਆ ਮੋਆ ॥ (968-16)
जिन्ही गुरू न सेविओ मनमुखा पइआ मोआ ॥

ਦੂਣੀ ਚਉਣੀ ਕਰਾਮਾਤਿ ਸਚੇ ਕਾ ਸਚਾ ਢੋਆ ॥ (968-17)
दूणी चउणी करामाति सचे का सचा ढोआ ॥

ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ ॥੮॥੧॥ (968-17)
चारे जागे चहु जुगी पंचाइणु आपे होआ ॥८॥१॥

ਰਾਮਕਲੀ ਬਾਣੀ ਭਗਤਾ ਕੀ ॥ (968-19)
रामकली बाणी भगता की ॥

ਕਬੀਰ ਜੀਉ (968-19)
कबीर जीउ

ੴ ਸਤਿਗੁਰ ਪ੍ਰਸਾਦਿ ॥ (968-19)
ੴ सतिगुर प्रसादि ॥

ਕਾਇਆ ਕਲਾਲਨਿ ਲਾਹਨਿ ਮੇਲਉ ਗੁਰ ਕਾ ਸਬਦੁ ਗੁੜੁ ਕੀਨੁ ਰੇ ॥ (968-19)
काइआ कलालनि लाहनि मेलउ गुर का सबदु गुड़ु कीनु रे ॥

ਤ੍ਰਿਸਨਾ ਕਾਮੁ ਕ੍ਰੋਧੁ ਮਦ ਮਤਸਰ ਕਾਟਿ ਕਾਟਿ ਕਸੁ ਦੀਨੁ ਰੇ ॥੧॥ (969-1)
त्रिसना कामु क्रोधु मद मतसर काटि काटि कसु दीनु रे ॥१॥

ਕੋਈ ਹੈ ਰੇ ਸੰਤੁ ਸਹਜ ਸੁਖ ਅੰਤਰਿ ਜਾ ਕਉ ਜਪੁ ਤਪੁ ਦੇਉ ਦਲਾਲੀ ਰੇ ॥ (969-1)
कोई है रे संतु सहज सुख अंतरि जा कउ जपु तपु देउ दलाली रे ॥

ਏਕ ਬੂੰਦ ਭਰਿ ਤਨੁ ਮਨੁ ਦੇਵਉ ਜੋ ਮਦੁ ਦੇਇ ਕਲਾਲੀ ਰੇ ॥੧॥ ਰਹਾਉ ॥ (969-2)
एक बूंद भरि तनु मनु देवउ जो मदु देइ कलाली रे ॥१॥ रहाउ ॥

ਭਵਨ ਚਤੁਰ ਦਸ ਭਾਠੀ ਕੀਨ੍ਹ੍ਹੀ ਬ੍ਰਹਮ ਅਗਨਿ ਤਨਿ ਜਾਰੀ ਰੇ ॥ (969-3)
भवन चतुर दस भाठी कीन्ही ब्रहम अगनि तनि जारी रे ॥

ਮੁਦ੍ਰਾ ਮਦਕ ਸਹਜ ਧੁਨਿ ਲਾਗੀ ਸੁਖਮਨ ਪੋਚਨਹਾਰੀ ਰੇ ॥੨॥ (969-3)
मुद्रा मदक सहज धुनि लागी सुखमन पोचनहारी रे ॥२॥

ਤੀਰਥ ਬਰਤ ਨੇਮ ਸੁਚਿ ਸੰਜਮ ਰਵਿ ਸਸਿ ਗਹਨੈ ਦੇਉ ਰੇ ॥ (969-4)
तीरथ बरत नेम सुचि संजम रवि ससि गहनै देउ रे ॥

ਸੁਰਤਿ ਪਿਆਲ ਸੁਧਾ ਰਸੁ ਅੰਮ੍ਰਿਤੁ ਏਹੁ ਮਹਾ ਰਸੁ ਪੇਉ ਰੇ ॥੩॥ (969-5)
सुरति पिआल सुधा रसु अमृतु एहु महा रसु पेउ रे ॥३॥

ਨਿਝਰ ਧਾਰ ਚੁਐ ਅਤਿ ਨਿਰਮਲ ਇਹ ਰਸ ਮਨੂਆ ਰਾਤੋ ਰੇ ॥ (969-5)
निझर धार चुऐ अति निरमल इह रस मनूआ रातो रे ॥

ਕਹਿ ਕਬੀਰ ਸਗਲੇ ਮਦ ਛੂਛੇ ਇਹੈ ਮਹਾ ਰਸੁ ਸਾਚੋ ਰੇ ॥੪॥੧॥ (969-6)
कहि कबीर सगले मद छूछे इहै महा रसु साचो रे ॥४॥१॥

ਗੁੜੁ ਕਰਿ ਗਿਆਨੁ ਧਿਆਨੁ ਕਰਿ ਮਹੂਆ ਭਉ ਭਾਠੀ ਮਨ ਧਾਰਾ ॥ (969-6)
गुड़ु करि गिआनु धिआनु करि महूआ भउ भाठी मन धारा ॥

ਸੁਖਮਨ ਨਾਰੀ ਸਹਜ ਸਮਾਨੀ ਪੀਵੈ ਪੀਵਨਹਾਰਾ ॥੧॥ (969-7)
सुखमन नारी सहज समानी पीवै पीवनहारा ॥१॥

ਅਉਧੂ ਮੇਰਾ ਮਨੁ ਮਤਵਾਰਾ ॥ (969-7)
अउधू मेरा मनु मतवारा ॥

ਉਨਮਦ ਚਢਾ ਮਦਨ ਰਸੁ ਚਾਖਿਆ ਤ੍ਰਿਭਵਨ ਭਇਆ ਉਜਿਆਰਾ ॥੧॥ ਰਹਾਉ ॥ (969-8)
उनमद चढा मदन रसु चाखिआ त्रिभवन भइआ उजिआरा ॥१॥ रहाउ ॥

ਦੁਇ ਪੁਰ ਜੋਰਿ ਰਸਾਈ ਭਾਠੀ ਪੀਉ ਮਹਾ ਰਸੁ ਭਾਰੀ ॥ (969-8)
दुइ पुर जोरि रसाई भाठी पीउ महा रसु भारी ॥

ਕਾਮੁ ਕ੍ਰੋਧੁ ਦੁਇ ਕੀਏ ਜਲੇਤਾ ਛੂਟਿ ਗਈ ਸੰਸਾਰੀ ॥੨॥ (969-9)
कामु क्रोधु दुइ कीए जलेता छूटि गई संसारी ॥२॥

ਪ੍ਰਗਟ ਪ੍ਰਗਾਸ ਗਿਆਨ ਗੁਰ ਗੰਮਿਤ ਸਤਿਗੁਰ ਤੇ ਸੁਧਿ ਪਾਈ ॥ (969-10)
प्रगट प्रगास गिआन गुर गंमित सतिगुर ते सुधि पाई ॥

ਦਾਸੁ ਕਬੀਰੁ ਤਾਸੁ ਮਦ ਮਾਤਾ ਉਚਕਿ ਨ ਕਬਹੂ ਜਾਈ ॥੩॥੨॥ (969-10)
दासु कबीरु तासु मद माता उचकि न कबहू जाई ॥३॥२॥

ਤੂੰ ਮੇਰੋ ਮੇਰੁ ਪਰਬਤੁ ਸੁਆਮੀ ਓਟ ਗਹੀ ਮੈ ਤੇਰੀ ॥ (969-11)
तूं मेरो मेरु परबतु सुआमी ओट गही मै तेरी ॥

ਨਾ ਤੁਮ ਡੋਲਹੁ ਨਾ ਹਮ ਗਿਰਤੇ ਰਖਿ ਲੀਨੀ ਹਰਿ ਮੇਰੀ ॥੧॥ (969-11)
ना तुम डोलहु ना हम गिरते रखि लीनी हरि मेरी ॥१॥

ਅਬ ਤਬ ਜਬ ਕਬ ਤੁਹੀ ਤੁਹੀ ॥ (969-12)
अब तब जब कब तुही तुही ॥

ਹਮ ਤੁਅ ਪਰਸਾਦਿ ਸੁਖੀ ਸਦ ਹੀ ॥੧॥ ਰਹਾਉ ॥ (969-12)
हम तुअ परसादि सुखी सद ही ॥१॥ रहाउ ॥

ਤੋਰੇ ਭਰੋਸੇ ਮਗਹਰ ਬਸਿਓ ਮੇਰੇ ਤਨ ਕੀ ਤਪਤਿ ਬੁਝਾਈ ॥ (969-13)
तोरे भरोसे मगहर बसिओ मेरे तन की तपति बुझाई ॥

ਪਹਿਲੇ ਦਰਸਨੁ ਮਗਹਰ ਪਾਇਓ ਫੁਨਿ ਕਾਸੀ ਬਸੇ ਆਈ ॥੨॥ (969-13)
पहिले दरसनु मगहर पाइओ फुनि कासी बसे आई ॥२॥

ਜੈਸਾ ਮਗਹਰੁ ਤੈਸੀ ਕਾਸੀ ਹਮ ਏਕੈ ਕਰਿ ਜਾਨੀ ॥ (969-14)
जैसा मगहरु तैसी कासी हम एकै करि जानी ॥

ਹਮ ਨਿਰਧਨ ਜਿਉ ਇਹੁ ਧਨੁ ਪਾਇਆ ਮਰਤੇ ਫੂਟਿ ਗੁਮਾਨੀ ॥੩॥ (969-14)
हम निरधन जिउ इहु धनु पाइआ मरते फूटि गुमानी ॥३॥

ਕਰੈ ਗੁਮਾਨੁ ਚੁਭਹਿ ਤਿਸੁ ਸੂਲਾ ਕੋ ਕਾਢਨ ਕਉ ਨਾਹੀ ॥ (969-15)
करै गुमानु चुभहि तिसु सूला को काढन कउ नाही ॥

ਅਜੈ ਸੁ ਚੋਭ ਕਉ ਬਿਲਲ ਬਿਲਾਤੇ ਨਰਕੇ ਘੋਰ ਪਚਾਹੀ ॥੪॥ (969-15)
अजै सु चोभ कउ बिलल बिलाते नरके घोर पचाही ॥४॥

ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ ॥ (969-16)
कवनु नरकु किआ सुरगु बिचारा संतन दोऊ रादे ॥

ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ ॥੫॥ (969-16)
हम काहू की काणि न कढते अपने गुर परसादे ॥५॥

ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ ॥ (969-17)
अब तउ जाइ चढे सिंघासनि मिले है सारिंगपानी ॥

ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥੬॥੩॥ (969-18)
राम कबीरा एक भए है कोइ न सकै पछानी ॥६॥३॥

ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ ॥ (969-18)
संता मानउ दूता डानउ इह कुटवारी मेरी ॥

ਦਿਵਸ ਰੈਨਿ ਤੇਰੇ ਪਾਉ ਪਲੋਸਉ ਕੇਸ ਚਵਰ ਕਰਿ ਫੇਰੀ ॥੧॥ (969-19)
दिवस रैनि तेरे पाउ पलोसउ केस चवर करि फेरी ॥१॥

ਹਮ ਕੂਕਰ ਤੇਰੇ ਦਰਬਾਰਿ ॥ (969-19)
हम कूकर तेरे दरबारि ॥

ਭਉਕਹਿ ਆਗੈ ਬਦਨੁ ਪਸਾਰਿ ॥੧॥ ਰਹਾਉ ॥ (969-19)
भउकहि आगै बदनु पसारि ॥१॥ रहाउ ॥

ਪੂਰਬ ਜਨਮ ਹਮ ਤੁਮ੍ਹ੍ਹਰੇ ਸੇਵਕ ਅਬ ਤਉ ਮਿਟਿਆ ਨ ਜਾਈ ॥ (970-1)
पूरब जनम हम तुम्हरे सेवक अब तउ मिटिआ न जाई ॥

ਤੇਰੇ ਦੁਆਰੈ ਧੁਨਿ ਸਹਜ ਕੀ ਮਾਥੈ ਮੇਰੇ ਦਗਾਈ ॥੨॥ (970-1)
तेरे दुआरै धुनि सहज की माथै मेरे दगाई ॥२॥

ਦਾਗੇ ਹੋਹਿ ਸੁ ਰਨ ਮਹਿ ਜੂਝਹਿ ਬਿਨੁ ਦਾਗੇ ਭਗਿ ਜਾਈ ॥ (970-2)
दागे होहि सु रन महि जूझहि बिनु दागे भगि जाई ॥

ਸਾਧੂ ਹੋਇ ਸੁ ਭਗਤਿ ਪਛਾਨੈ ਹਰਿ ਲਏ ਖਜਾਨੈ ਪਾਈ ॥੩॥ (970-2)
साधू होइ सु भगति पछानै हरि लए खजानै पाई ॥३॥

ਕੋਠਰੇ ਮਹਿ ਕੋਠਰੀ ਪਰਮ ਕੋਠੀ ਬੀਚਾਰਿ ॥ (970-3)
कोठरे महि कोठरी परम कोठी बीचारि ॥

ਗੁਰਿ ਦੀਨੀ ਬਸਤੁ ਕਬੀਰ ਕਉ ਲੇਵਹੁ ਬਸਤੁ ਸਮ੍ਹ੍ਹਾਰਿ ॥੪॥ (970-3)
गुरि दीनी बसतु कबीर कउ लेवहु बसतु सम्हारि ॥४॥

ਕਬੀਰਿ ਦੀਈ ਸੰਸਾਰ ਕਉ ਲੀਨੀ ਜਿਸੁ ਮਸਤਕਿ ਭਾਗੁ ॥ (970-4)
कबीरि दीई संसार कउ लीनी जिसु मसतकि भागु ॥

ਅੰਮ੍ਰਿਤ ਰਸੁ ਜਿਨਿ ਪਾਇਆ ਥਿਰੁ ਤਾ ਕਾ ਸੋਹਾਗੁ ॥੫॥੪॥ (970-5)
अमृत रसु जिनि पाइआ थिरु ता का सोहागु ॥५॥४॥

ਜਿਹ ਮੁਖ ਬੇਦੁ ਗਾਇਤ੍ਰੀ ਨਿਕਸੈ ਸੋ ਕਿਉ ਬ੍ਰਹਮਨੁ ਬਿਸਰੁ ਕਰੈ ॥ (970-5)
जिह मुख बेदु गाइत्री निकसै सो किउ ब्रहमनु बिसरु करै ॥

ਜਾ ਕੈ ਪਾਇ ਜਗਤੁ ਸਭੁ ਲਾਗੈ ਸੋ ਕਿਉ ਪੰਡਿਤੁ ਹਰਿ ਨ ਕਹੈ ॥੧॥ (970-6)
जा कै पाइ जगतु सभु लागै सो किउ पंडितु हरि न कहै ॥१॥

ਕਾਹੇ ਮੇਰੇ ਬਾਮ੍ਹ੍ਹਨ ਹਰਿ ਨ ਕਹਹਿ ॥ (970-6)
काहे मेरे बाम्हन हरि न कहहि ॥

ਰਾਮੁ ਨ ਬੋਲਹਿ ਪਾਡੇ ਦੋਜਕੁ ਭਰਹਿ ॥੧॥ ਰਹਾਉ ॥ (970-7)
रामु न बोलहि पाडे दोजकु भरहि ॥१॥ रहाउ ॥

ਆਪਨ ਊਚ ਨੀਚ ਘਰਿ ਭੋਜਨੁ ਹਠੇ ਕਰਮ ਕਰਿ ਉਦਰੁ ਭਰਹਿ ॥ (970-7)
आपन ऊच नीच घरि भोजनु हठे करम करि उदरु भरहि ॥

ਚਉਦਸ ਅਮਾਵਸ ਰਚਿ ਰਚਿ ਮਾਂਗਹਿ ਕਰ ਦੀਪਕੁ ਲੈ ਕੂਪਿ ਪਰਹਿ ॥੨॥ (970-8)
चउदस अमावस रचि रचि मांगहि कर दीपकु लै कूपि परहि ॥२॥

ਤੂੰ ਬ੍ਰਹਮਨੁ ਮੈ ਕਾਸੀਕ ਜੁਲਹਾ ਮੁਹਿ ਤੋਹਿ ਬਰਾਬਰੀ ਕੈਸੇ ਕੈ ਬਨਹਿ ॥ (970-8)
तूं ब्रहमनु मै कासीक जुलहा मुहि तोहि बराबरी कैसे कै बनहि ॥

ਹਮਰੇ ਰਾਮ ਨਾਮ ਕਹਿ ਉਬਰੇ ਬੇਦ ਭਰੋਸੇ ਪਾਂਡੇ ਡੂਬਿ ਮਰਹਿ ॥੩॥੫॥ (970-9)
हमरे राम नाम कहि उबरे बेद भरोसे पांडे डूबि मरहि ॥३॥५॥

ਤਰਵਰੁ ਏਕੁ ਅਨੰਤ ਡਾਰ ਸਾਖਾ ਪੁਹਪ ਪਤ੍ਰ ਰਸ ਭਰੀਆ ॥ (970-10)
तरवरु एकु अनंत डार साखा पुहप पत्र रस भरीआ ॥

ਇਹ ਅੰਮ੍ਰਿਤ ਕੀ ਬਾੜੀ ਹੈ ਰੇ ਤਿਨਿ ਹਰਿ ਪੂਰੈ ਕਰੀਆ ॥੧॥ (970-10)
इह अमृत की बाड़ी है रे तिनि हरि पूरै करीआ ॥१॥

ਜਾਨੀ ਜਾਨੀ ਰੇ ਰਾਜਾ ਰਾਮ ਕੀ ਕਹਾਨੀ ॥ (970-11)
जानी जानी रे राजा राम की कहानी ॥

ਅੰਤਰਿ ਜੋਤਿ ਰਾਮ ਪਰਗਾਸਾ ਗੁਰਮੁਖਿ ਬਿਰਲੈ ਜਾਨੀ ॥੧॥ ਰਹਾਉ ॥ (970-11)
अंतरि जोति राम परगासा गुरमुखि बिरलै जानी ॥१॥ रहाउ ॥

ਭਵਰੁ ਏਕੁ ਪੁਹਪ ਰਸ ਬੀਧਾ ਬਾਰਹ ਲੇ ਉਰ ਧਰਿਆ ॥ (970-12)
भवरु एकु पुहप रस बीधा बारह ले उर धरिआ ॥

ਸੋਰਹ ਮਧੇ ਪਵਨੁ ਝਕੋਰਿਆ ਆਕਾਸੇ ਫਰੁ ਫਰਿਆ ॥੨॥ (970-12)
सोरह मधे पवनु झकोरिआ आकासे फरु फरिआ ॥२॥

ਸਹਜ ਸੁੰਨਿ ਇਕੁ ਬਿਰਵਾ ਉਪਜਿਆ ਧਰਤੀ ਜਲਹਰੁ ਸੋਖਿਆ ॥ (970-13)
सहज सुंनि इकु बिरवा उपजिआ धरती जलहरु सोखिआ ॥

ਕਹਿ ਕਬੀਰ ਹਉ ਤਾ ਕਾ ਸੇਵਕੁ ਜਿਨਿ ਇਹੁ ਬਿਰਵਾ ਦੇਖਿਆ ॥੩॥੬॥ (970-14)
कहि कबीर हउ ता का सेवकु जिनि इहु बिरवा देखिआ ॥३॥६॥

ਮੁੰਦ੍ਰਾ ਮੋਨਿ ਦਇਆ ਕਰਿ ਝੋਲੀ ਪਤ੍ਰ ਕਾ ਕਰਹੁ ਬੀਚਾਰੁ ਰੇ ॥ (970-14)
मुंद्रा मोनि दइआ करि झोली पत्र का करहु बीचारु रे ॥

ਖਿੰਥਾ ਇਹੁ ਤਨੁ ਸੀਅਉ ਅਪਨਾ ਨਾਮੁ ਕਰਉ ਆਧਾਰੁ ਰੇ ॥੧॥ (970-15)
खिंथा इहु तनु सीअउ अपना नामु करउ आधारु रे ॥१॥

ਐਸਾ ਜੋਗੁ ਕਮਾਵਹੁ ਜੋਗੀ ॥ (970-15)
ऐसा जोगु कमावहु जोगी ॥

ਜਪ ਤਪ ਸੰਜਮੁ ਗੁਰਮੁਖਿ ਭੋਗੀ ॥੧॥ ਰਹਾਉ ॥ (970-16)
जप तप संजमु गुरमुखि भोगी ॥१॥ रहाउ ॥

ਬੁਧਿ ਬਿਭੂਤਿ ਚਢਾਵਉ ਅਪੁਨੀ ਸਿੰਗੀ ਸੁਰਤਿ ਮਿਲਾਈ ॥ (970-16)
बुधि बिभूति चढावउ अपुनी सिंगी सुरति मिलाई ॥

ਕਰਿ ਬੈਰਾਗੁ ਫਿਰਉ ਤਨਿ ਨਗਰੀ ਮਨ ਕੀ ਕਿੰਗੁਰੀ ਬਜਾਈ ॥੨॥ (970-17)
करि बैरागु फिरउ तनि नगरी मन की किंगुरी बजाई ॥२॥

ਪੰਚ ਤਤੁ ਲੈ ਹਿਰਦੈ ਰਾਖਹੁ ਰਹੈ ਨਿਰਾਲਮ ਤਾੜੀ ॥ (970-17)
पंच ततु लै हिरदै राखहु रहै निरालम ताड़ी ॥

ਕਹਤੁ ਕਬੀਰੁ ਸੁਨਹੁ ਰੇ ਸੰਤਹੁ ਧਰਮੁ ਦਇਆ ਕਰਿ ਬਾੜੀ ॥੩॥੭॥ (970-18)
कहतु कबीरु सुनहु रे संतहु धरमु दइआ करि बाड़ी ॥३॥७॥

ਕਵਨ ਕਾਜ ਸਿਰਜੇ ਜਗ ਭੀਤਰਿ ਜਨਮਿ ਕਵਨ ਫਲੁ ਪਾਇਆ ॥ (970-19)
कवन काज सिरजे जग भीतरि जनमि कवन फलु पाइआ ॥

ਭਵ ਨਿਧਿ ਤਰਨ ਤਾਰਨ ਚਿੰਤਾਮਨਿ ਇਕ ਨਿਮਖ ਨ ਇਹੁ ਮਨੁ ਲਾਇਆ ॥੧॥ (970-19)
भव निधि तरन तारन चिंतामनि इक निमख न इहु मनु लाइआ ॥१॥

ਗੋਬਿੰਦ ਹਮ ਐਸੇ ਅਪਰਾਧੀ ॥ (971-1)
गोबिंद हम ऐसे अपराधी ॥

ਜਿਨਿ ਪ੍ਰਭਿ ਜੀਉ ਪਿੰਡੁ ਥਾ ਦੀਆ ਤਿਸ ਕੀ ਭਾਉ ਭਗਤਿ ਨਹੀ ਸਾਧੀ ॥੧॥ ਰਹਾਉ ॥ (971-1)
जिनि प्रभि जीउ पिंडु था दीआ तिस की भाउ भगति नही साधी ॥१॥ रहाउ ॥

ਪਰ ਧਨ ਪਰ ਤਨ ਪਰ ਤੀ ਨਿੰਦਾ ਪਰ ਅਪਬਾਦੁ ਨ ਛੂਟੈ ॥ (971-2)
पर धन पर तन पर ती निंदा पर अपबादु न छूटै ॥

ਆਵਾ ਗਵਨੁ ਹੋਤੁ ਹੈ ਫੁਨਿ ਫੁਨਿ ਇਹੁ ਪਰਸੰਗੁ ਨ ਤੂਟੈ ॥੨॥ (971-3)
आवा गवनु होतु है फुनि फुनि इहु परसंगु न तूटै ॥२॥

ਜਿਹ ਘਰਿ ਕਥਾ ਹੋਤ ਹਰਿ ਸੰਤਨ ਇਕ ਨਿਮਖ ਨ ਕੀਨੑੋ ਮੈ ਫੇਰਾ ॥ (971-3)
जिह घरि कथा होत हरि संतन इक निमख न कीन्हो मै फेरा ॥

ਲੰਪਟ ਚੋਰ ਦੂਤ ਮਤਵਾਰੇ ਤਿਨ ਸੰਗਿ ਸਦਾ ਬਸੇਰਾ ॥੩॥ (971-4)
ल्मपट चोर दूत मतवारे तिन संगि सदा बसेरा ॥३॥

ਕਾਮ ਕ੍ਰੋਧ ਮਾਇਆ ਮਦ ਮਤਸਰ ਏ ਸੰਪੈ ਮੋ ਮਾਹੀ ॥ (971-4)
काम क्रोध माइआ मद मतसर ए समपै मो माही ॥

ਦਇਆ ਧਰਮੁ ਅਰੁ ਗੁਰ ਕੀ ਸੇਵਾ ਏ ਸੁਪਨੰਤਰਿ ਨਾਹੀ ॥੪॥ (971-5)
दइआ धरमु अरु गुर की सेवा ए सुपनंतरि नाही ॥४॥

ਦੀਨ ਦਇਆਲ ਕ੍ਰਿਪਾਲ ਦਮੋਦਰ ਭਗਤਿ ਬਛਲ ਭੈ ਹਾਰੀ ॥ (971-5)
दीन दइआल क्रिपाल दमोदर भगति बछल भै हारी ॥

ਕਹਤ ਕਬੀਰ ਭੀਰ ਜਨ ਰਾਖਹੁ ਹਰਿ ਸੇਵਾ ਕਰਉ ਤੁਮ੍ਹ੍ਹਾਰੀ ॥੫॥੮॥ (971-6)
कहत कबीर भीर जन राखहु हरि सेवा करउ तुम्हारी ॥५॥८॥

ਜਿਹ ਸਿਮਰਨਿ ਹੋਇ ਮੁਕਤਿ ਦੁਆਰੁ ॥ (971-7)
जिह सिमरनि होइ मुकति दुआरु ॥

ਜਾਹਿ ਬੈਕੁੰਠਿ ਨਹੀ ਸੰਸਾਰਿ ॥ (971-7)
जाहि बैकुंठि नही संसारि ॥

ਨਿਰਭਉ ਕੈ ਘਰਿ ਬਜਾਵਹਿ ਤੂਰ ॥ (971-7)
निरभउ कै घरि बजावहि तूर ॥

ਅਨਹਦ ਬਜਹਿ ਸਦਾ ਭਰਪੂਰ ॥੧॥ (971-8)
अनहद बजहि सदा भरपूर ॥१॥

ਐਸਾ ਸਿਮਰਨੁ ਕਰਿ ਮਨ ਮਾਹਿ ॥ (971-8)
ऐसा सिमरनु करि मन माहि ॥

ਬਿਨੁ ਸਿਮਰਨ ਮੁਕਤਿ ਕਤ ਨਾਹਿ ॥੧॥ ਰਹਾਉ ॥ (971-8)
बिनु सिमरन मुकति कत नाहि ॥१॥ रहाउ ॥

ਜਿਹ ਸਿਮਰਨਿ ਨਾਹੀ ਨਨਕਾਰੁ ॥ (971-9)
जिह सिमरनि नाही ननकारु ॥

ਮੁਕਤਿ ਕਰੈ ਉਤਰੈ ਬਹੁ ਭਾਰੁ ॥ (971-9)
मुकति करै उतरै बहु भारु ॥

ਨਮਸਕਾਰੁ ਕਰਿ ਹਿਰਦੈ ਮਾਹਿ ॥ (971-9)
नमसकारु करि हिरदै माहि ॥

ਫਿਰਿ ਫਿਰਿ ਤੇਰਾ ਆਵਨੁ ਨਾਹਿ ॥੨॥ (971-10)
फिरि फिरि तेरा आवनु नाहि ॥२॥

ਜਿਹ ਸਿਮਰਨਿ ਕਰਹਿ ਤੂ ਕੇਲ ॥ (971-10)
जिह सिमरनि करहि तू केल ॥

ਦੀਪਕੁ ਬਾਂਧਿ ਧਰਿਓ ਬਿਨੁ ਤੇਲ ॥ (971-10)
दीपकु बांधि धरिओ बिनु तेल ॥

ਸੋ ਦੀਪਕੁ ਅਮਰਕੁ ਸੰਸਾਰਿ ॥ (971-11)
सो दीपकु अमरकु संसारि ॥

ਕਾਮ ਕ੍ਰੋਧ ਬਿਖੁ ਕਾਢੀਲੇ ਮਾਰਿ ॥੩॥ (971-11)
काम क्रोध बिखु काढीले मारि ॥३॥

ਜਿਹ ਸਿਮਰਨਿ ਤੇਰੀ ਗਤਿ ਹੋਇ ॥ (971-11)
जिह सिमरनि तेरी गति होइ ॥

ਸੋ ਸਿਮਰਨੁ ਰਖੁ ਕੰਠਿ ਪਰੋਇ ॥ (971-12)
सो सिमरनु रखु कंठि परोइ ॥

ਸੋ ਸਿਮਰਨੁ ਕਰਿ ਨਹੀ ਰਾਖੁ ਉਤਾਰਿ ॥ (971-12)
सो सिमरनु करि नही राखु उतारि ॥

ਗੁਰ ਪਰਸਾਦੀ ਉਤਰਹਿ ਪਾਰਿ ॥੪॥ (971-12)
गुर परसादी उतरहि पारि ॥४॥

ਜਿਹ ਸਿਮਰਨਿ ਨਾਹੀ ਤੁਹਿ ਕਾਨਿ ॥ (971-13)
जिह सिमरनि नाही तुहि कानि ॥

ਮੰਦਰਿ ਸੋਵਹਿ ਪਟੰਬਰ ਤਾਨਿ ॥ (971-13)
मंदरि सोवहि पट्मबर तानि ॥

ਸੇਜ ਸੁਖਾਲੀ ਬਿਗਸੈ ਜੀਉ ॥ (971-13)
सेज सुखाली बिगसै जीउ ॥

ਸੋ ਸਿਮਰਨੁ ਤੂ ਅਨਦਿਨੁ ਪੀਉ ॥੫॥ (971-13)
सो सिमरनु तू अनदिनु पीउ ॥५॥

ਜਿਹ ਸਿਮਰਨਿ ਤੇਰੀ ਜਾਇ ਬਲਾਇ ॥ (971-14)
जिह सिमरनि तेरी जाइ बलाइ ॥

ਜਿਹ ਸਿਮਰਨਿ ਤੁਝੁ ਪੋਹੈ ਨ ਮਾਇ ॥ (971-14)
जिह सिमरनि तुझु पोहै न माइ ॥

ਸਿਮਰਿ ਸਿਮਰਿ ਹਰਿ ਹਰਿ ਮਨਿ ਗਾਈਐ ॥ (971-14)
सिमरि सिमरि हरि हरि मनि गाईऐ ॥

ਇਹੁ ਸਿਮਰਨੁ ਸਤਿਗੁਰ ਤੇ ਪਾਈਐ ॥੬॥ (971-15)
इहु सिमरनु सतिगुर ते पाईऐ ॥६॥

ਸਦਾ ਸਦਾ ਸਿਮਰਿ ਦਿਨੁ ਰਾਤਿ ॥ (971-15)
सदा सदा सिमरि दिनु राति ॥

ਊਠਤ ਬੈਠਤ ਸਾਸਿ ਗਿਰਾਸਿ ॥ (971-16)
ऊठत बैठत सासि गिरासि ॥

ਜਾਗੁ ਸੋਇ ਸਿਮਰਨ ਰਸ ਭੋਗ ॥ (971-16)
जागु सोइ सिमरन रस भोग ॥

ਹਰਿ ਸਿਮਰਨੁ ਪਾਈਐ ਸੰਜੋਗ ॥੭॥ (971-16)
हरि सिमरनु पाईऐ संजोग ॥७॥

ਜਿਹ ਸਿਮਰਨਿ ਨਾਹੀ ਤੁਝੁ ਭਾਰ ॥ (971-17)
जिह सिमरनि नाही तुझु भार ॥

ਸੋ ਸਿਮਰਨੁ ਰਾਮ ਨਾਮ ਅਧਾਰੁ ॥ (971-17)
सो सिमरनु राम नाम अधारु ॥

ਕਹਿ ਕਬੀਰ ਜਾ ਕਾ ਨਹੀ ਅੰਤੁ ॥ (971-17)
कहि कबीर जा का नही अंतु ॥

ਤਿਸ ਕੇ ਆਗੇ ਤੰਤੁ ਨ ਮੰਤੁ ॥੮॥੯॥ (971-17)
तिस के आगे तंतु न मंतु ॥८॥९॥

ਰਾਮਕਲੀ ਘਰੁ ੨ ਬਾਣੀ ਕਬੀਰ ਜੀ ਕੀ (971-19)
रामकली घरु २ बाणी कबीर जी की

ੴ ਸਤਿਗੁਰ ਪ੍ਰਸਾਦਿ ॥ (971-19)
ੴ सतिगुर प्रसादि ॥

ਬੰਧਚਿ ਬੰਧਨੁ ਪਾਇਆ ॥ (971-19)
बंधचि बंधनु पाइआ ॥

ਮੁਕਤੈ ਗੁਰਿ ਅਨਲੁ ਬੁਝਾਇਆ ॥ (971-19)
मुकतै गुरि अनलु बुझाइआ ॥

ਜਬ ਨਖ ਸਿਖ ਇਹੁ ਮਨੁ ਚੀਨ੍ਹ੍ਹਾ ॥ (972-1)
जब नख सिख इहु मनु चीन्हा ॥

ਤਬ ਅੰਤਰਿ ਮਜਨੁ ਕੀਨ੍ਹ੍ਹਾ ॥੧॥ (972-1)
तब अंतरि मजनु कीन्हा ॥१॥

ਪਵਨਪਤਿ ਉਨਮਨਿ ਰਹਨੁ ਖਰਾ ॥ (972-1)
पवनपति उनमनि रहनु खरा ॥

ਨਹੀ ਮਿਰਤੁ ਨ ਜਨਮੁ ਜਰਾ ॥੧॥ ਰਹਾਉ ॥ (972-2)
नही मिरतु न जनमु जरा ॥१॥ रहाउ ॥

ਉਲਟੀ ਲੇ ਸਕਤਿ ਸਹਾਰੰ ॥ (972-2)
उलटी ले सकति सहारं ॥

ਪੈਸੀਲੇ ਗਗਨ ਮਝਾਰੰ ॥ (972-2)
पैसीले गगन मझारं ॥

ਬੇਧੀਅਲੇ ਚਕ੍ਰ ਭੁਅੰਗਾ ॥ (972-3)
बेधीअले चक्र भुअंगा ॥

ਭੇਟੀਅਲੇ ਰਾਇ ਨਿਸੰਗਾ ॥੨॥ (972-3)
भेटीअले राइ निसंगा ॥२॥

ਚੂਕੀਅਲੇ ਮੋਹ ਮਇਆਸਾ ॥ (972-3)
चूकीअले मोह मइआसा ॥

ਸਸਿ ਕੀਨੋ ਸੂਰ ਗਿਰਾਸਾ ॥ (972-4)
ससि कीनो सूर गिरासा ॥

ਜਬ ਕੁੰਭਕੁ ਭਰਿਪੁਰਿ ਲੀਣਾ ॥ (972-4)
जब कुमभकु भरिपुरि लीणा ॥

ਤਹ ਬਾਜੇ ਅਨਹਦ ਬੀਣਾ ॥੩॥ (972-4)
तह बाजे अनहद बीणा ॥३॥

ਬਕਤੈ ਬਕਿ ਸਬਦੁ ਸੁਨਾਇਆ ॥ (972-4)
बकतै बकि सबदु सुनाइआ ॥

ਸੁਨਤੈ ਸੁਨਿ ਮੰਨਿ ਬਸਾਇਆ ॥ (972-5)
सुनतै सुनि मंनि बसाइआ ॥

ਕਰਿ ਕਰਤਾ ਉਤਰਸਿ ਪਾਰੰ ॥ (972-5)
करि करता उतरसि पारं ॥

ਕਹੈ ਕਬੀਰਾ ਸਾਰੰ ॥੪॥੧॥੧੦॥ (972-5)
कहै कबीरा सारं ॥४॥१॥१०॥

ਚੰਦੁ ਸੂਰਜੁ ਦੁਇ ਜੋਤਿ ਸਰੂਪੁ ॥ (972-6)
चंदु सूरजु दुइ जोति सरूपु ॥

ਜੋਤੀ ਅੰਤਰਿ ਬ੍ਰਹਮੁ ਅਨੂਪੁ ॥੧॥ (972-6)
जोती अंतरि ब्रहमु अनूपु ॥१॥

ਕਰੁ ਰੇ ਗਿਆਨੀ ਬ੍ਰਹਮ ਬੀਚਾਰੁ ॥ (972-6)
करु रे गिआनी ब्रहम बीचारु ॥

ਜੋਤੀ ਅੰਤਰਿ ਧਰਿਆ ਪਸਾਰੁ ॥੧॥ ਰਹਾਉ ॥ (972-6)
जोती अंतरि धरिआ पसारु ॥१॥ रहाउ ॥

ਹੀਰਾ ਦੇਖਿ ਹੀਰੇ ਕਰਉ ਆਦੇਸੁ ॥ (972-7)
हीरा देखि हीरे करउ आदेसु ॥

ਕਹੈ ਕਬੀਰੁ ਨਿਰੰਜਨ ਅਲੇਖੁ ॥੨॥੨॥੧੧॥ (972-7)
कहै कबीरु निरंजन अलेखु ॥२॥२॥११॥

ਦੁਨੀਆ ਹੁਸੀਆਰ ਬੇਦਾਰ ਜਾਗਤ ਮੁਸੀਅਤ ਹਉ ਰੇ ਭਾਈ ॥ (972-8)
दुनीआ हुसीआर बेदार जागत मुसीअत हउ रे भाई ॥

ਨਿਗਮ ਹੁਸੀਆਰ ਪਹਰੂਆ ਦੇਖਤ ਜਮੁ ਲੇ ਜਾਈ ॥੧॥ ਰਹਾਉ ॥ (972-8)
निगम हुसीआर पहरूआ देखत जमु ले जाई ॥१॥ रहाउ ॥

ਨੀਬੁ ਭਇਓ ਆਂਬੁ ਆਂਬੁ ਭਇਓ ਨੀਬਾ ਕੇਲਾ ਪਾਕਾ ਝਾਰਿ ॥ (972-9)
नी�बु भइओ आंबु आंबु भइओ नी�बा केला पाका झारि ॥

ਨਾਲੀਏਰ ਫਲੁ ਸੇਬਰਿ ਪਾਕਾ ਮੂਰਖ ਮੁਗਧ ਗਵਾਰ ॥੧॥ (972-10)
नालीएर फलु सेबरि पाका मूरख मुगध गवार ॥१॥

ਹਰਿ ਭਇਓ ਖਾਂਡੁ ਰੇਤੁ ਮਹਿ ਬਿਖਰਿਓ ਹਸਤੀ ਚੁਨਿਓ ਨ ਜਾਈ ॥ (972-10)
हरि भइओ खांडु रेतु महि बिखरिओ हसती� चुनिओ न जाई ॥

ਕਹਿ ਕਮੀਰ ਕੁਲ ਜਾਤਿ ਪਾਂਤਿ ਤਜਿ ਚੀਟੀ ਹੋਇ ਚੁਨਿ ਖਾਈ ॥੨॥੩॥੧੨॥ (972-11)
कहि कमीर कुल जाति पांति तजि चीटी होइ चुनि खाई ॥२॥३॥१२॥

ਬਾਣੀ ਨਾਮਦੇਉ ਜੀਉ ਕੀ ਰਾਮਕਲੀ ਘਰੁ ੧ (972-12)
बाणी नामदेउ जीउ की रामकली घरु १

ੴ ਸਤਿਗੁਰ ਪ੍ਰਸਾਦਿ ॥ (972-12)
ੴ सतिगुर प्रसादि ॥

ਆਨੀਲੇ ਕਾਗਦੁ ਕਾਟੀਲੇ ਗੂਡੀ ਆਕਾਸ ਮਧੇ ਭਰਮੀਅਲੇ ॥ (972-13)
आनीले कागदु काटीले गूडी आकास मधे भरमीअले ॥

ਪੰਚ ਜਨਾ ਸਿਉ ਬਾਤ ਬਤਊਆ ਚੀਤੁ ਸੁ ਡੋਰੀ ਰਾਖੀਅਲੇ ॥੧॥ (972-13)
पंच जना सिउ बात बतऊआ चीतु सु डोरी राखीअले ॥१॥

ਮਨੁ ਰਾਮ ਨਾਮਾ ਬੇਧੀਅਲੇ ॥ (972-14)
मनु राम नामा बेधीअले ॥

ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ ॥੧॥ ਰਹਾਉ ॥ (972-14)
जैसे कनिक कला चितु मांडीअले ॥१॥ रहाउ ॥

ਆਨੀਲੇ ਕੁੰਭੁ ਭਰਾਈਲੇ ਊਦਕ ਰਾਜ ਕੁਆਰਿ ਪੁਰੰਦਰੀਏ ॥ (972-14)
आनीले कुमभु भराईले ऊदक राज कुआरि पुरंदरीए ॥

ਹਸਤ ਬਿਨੋਦ ਬੀਚਾਰ ਕਰਤੀ ਹੈ ਚੀਤੁ ਸੁ ਗਾਗਰਿ ਰਾਖੀਅਲੇ ॥੨॥ (972-15)
हसत बिनोद बीचार करती है चीतु सु गागरि राखीअले ॥२॥

ਮੰਦਰੁ ਏਕੁ ਦੁਆਰ ਦਸ ਜਾ ਕੇ ਗਊ ਚਰਾਵਨ ਛਾਡੀਅਲੇ ॥ (972-16)
मंदरु एकु दुआर दस जा के गऊ चरावन छाडीअले ॥

ਪਾਂਚ ਕੋਸ ਪਰ ਗਊ ਚਰਾਵਤ ਚੀਤੁ ਸੁ ਬਛਰਾ ਰਾਖੀਅਲੇ ॥੩॥ (972-16)
पांच कोस पर गऊ चरावत चीतु सु बछरा राखीअले ॥३॥

ਕਹਤ ਨਾਮਦੇਉ ਸੁਨਹੁ ਤਿਲੋਚਨ ਬਾਲਕੁ ਪਾਲਨ ਪਉਢੀਅਲੇ ॥ (972-17)
कहत नामदेउ सुनहु तिलोचन बालकु पालन पउढीअले ॥

ਅੰਤਰਿ ਬਾਹਰਿ ਕਾਜ ਬਿਰੂਧੀ ਚੀਤੁ ਸੁ ਬਾਰਿਕ ਰਾਖੀਅਲੇ ॥੪॥੧॥ (972-17)
अंतरि बाहरि काज बिरूधी चीतु सु बारिक राखीअले ॥४॥१॥

ਬੇਦ ਪੁਰਾਨ ਸਾਸਤ੍ਰ ਆਨੰਤਾ ਗੀਤ ਕਬਿਤ ਨ ਗਾਵਉਗੋ ॥ (972-18)
बेद पुरान सासत्र आनंता गीत कबित न गावउगो ॥

ਅਖੰਡ ਮੰਡਲ ਨਿਰੰਕਾਰ ਮਹਿ ਅਨਹਦ ਬੇਨੁ ਬਜਾਵਉਗੋ ॥੧॥ (973-1)
अखंड मंडल निरंकार महि अनहद बेनु बजावउगो ॥१॥

ਬੈਰਾਗੀ ਰਾਮਹਿ ਗਾਵਉਗੋ ॥ (973-1)
बैरागी रामहि गावउगो ॥

ਸਬਦਿ ਅਤੀਤ ਅਨਾਹਦਿ ਰਾਤਾ ਆਕੁਲ ਕੈ ਘਰਿ ਜਾਉਗੋ ॥੧॥ ਰਹਾਉ ॥ (973-1)
सबदि अतीत अनाहदि राता आकुल कै घरि जाउगो ॥१॥ रहाउ ॥

ਇੜਾ ਪਿੰਗੁਲਾ ਅਉਰੁ ਸੁਖਮਨਾ ਪਉਨੈ ਬੰਧਿ ਰਹਾਉਗੋ ॥ (973-2)
इड़ा पिंगुला अउरु सुखमना पउनै बंधि रहाउगो ॥

ਚੰਦੁ ਸੂਰਜੁ ਦੁਇ ਸਮ ਕਰਿ ਰਾਖਉ ਬ੍ਰਹਮ ਜੋਤਿ ਮਿਲਿ ਜਾਉਗੋ ॥੨॥ (973-3)
चंदु सूरजु दुइ सम करि राखउ ब्रहम जोति मिलि जाउगो ॥२॥

ਤੀਰਥੁ ਦੇਖਿ ਨ ਜਲ ਮਹਿ ਪੈਸਉ ਜੀਅ ਜੰਤ ਨ ਸਤਾਵਉਗੋ ॥ (973-3)
तीरथ देखि न जल महि पैसउ जीअ जंत न सतावउगो ॥

ਅਠਸਠਿ ਤੀਰਥੁ ਗੁਰੂ ਦਿਖਾਏ ਘਟ ਹੀ ਭੀਤਰਿ ਨ੍ਹਾਉਗੋ ॥੩॥ (973-4)
अठसठि तीरथ गुरू दिखाए घट ही भीतरि न्हाउगो ॥३॥

ਪੰਚ ਸਹਾਈ ਜਨ ਕੀ ਸੋਭਾ ਭਲੋ ਭਲੋ ਨ ਕਹਾਵਉਗੋ ॥ (973-4)
पंच सहाई जन की सोभा भलो भलो न कहावउगो ॥

ਨਾਮਾ ਕਹੈ ਚਿਤੁ ਹਰਿ ਸਿਉ ਰਾਤਾ ਸੁੰਨ ਸਮਾਧਿ ਸਮਾਉਗੋ ॥੪॥੨॥ (973-5)
नामा कहै चितु हरि सिउ राता सुंन समाधि समाउगो ॥४॥२॥

ਮਾਇ ਨ ਹੋਤੀ ਬਾਪੁ ਨ ਹੋਤਾ ਕਰਮੁ ਨ ਹੋਤੀ ਕਾਇਆ ॥ (973-6)
माइ न होती बापु न होता करमु न होती काइआ ॥

ਹਮ ਨਹੀ ਹੋਤੇ ਤੁਮ ਨਹੀ ਹੋਤੇ ਕਵਨੁ ਕਹਾਂ ਤੇ ਆਇਆ ॥੧॥ (973-6)
हम नही होते तुम नही होते कवनु कहां ते आइआ ॥१॥

ਰਾਮ ਕੋਇ ਨ ਕਿਸ ਹੀ ਕੇਰਾ ॥ (973-7)
राम कोइ न किस ही केरा ॥

ਜੈਸੇ ਤਰਵਰਿ ਪੰਖਿ ਬਸੇਰਾ ॥੧॥ ਰਹਾਉ ॥ (973-7)
जैसे तरवरि पंखि बसेरा ॥१॥ रहाउ ॥

ਚੰਦੁ ਨ ਹੋਤਾ ਸੂਰੁ ਨ ਹੋਤਾ ਪਾਨੀ ਪਵਨੁ ਮਿਲਾਇਆ ॥ (973-7)
चंदु न होता सूरु न होता पानी पवनु मिलाइआ ॥

ਸਾਸਤੁ ਨ ਹੋਤਾ ਬੇਦੁ ਨ ਹੋਤਾ ਕਰਮੁ ਕਹਾਂ ਤੇ ਆਇਆ ॥੨॥ (973-8)
सासतु न होता बेदु न होता करमु कहां ते आइआ ॥२॥

ਖੇਚਰ ਭੂਚਰ ਤੁਲਸੀ ਮਾਲਾ ਗੁਰ ਪਰਸਾਦੀ ਪਾਇਆ ॥ (973-8)
खेचर भूचर तुलसी माला गुर परसादी पाइआ ॥

ਨਾਮਾ ਪ੍ਰਣਵੈ ਪਰਮ ਤਤੁ ਹੈ ਸਤਿਗੁਰ ਹੋਇ ਲਖਾਇਆ ॥੩॥੩॥ (973-9)
नामा प्रणवै परम ततु है सतिगुर होइ लखाइआ ॥३॥३॥

ਰਾਮਕਲੀ ਘਰੁ ੨ ॥ (973-10)
रामकली घरु २ ॥

ਬਾਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ ਅਗਨਿ ਦਹੈ ਕਾਇਆ ਕਲਪੁ ਕੀਜੈ ॥ (973-10)
बानारसी तपु करै उलटि तीरथ मरै अगनि दहै काइआ कलपु कीजै ॥

ਅਸੁਮੇਧ ਜਗੁ ਕੀਜੈ ਸੋਨਾ ਗਰਭ ਦਾਨੁ ਦੀਜੈ ਰਾਮ ਨਾਮ ਸਰਿ ਤਊ ਨ ਪੂਜੈ ॥੧॥ (973-10)
असुमेध जगु कीजै सोना गरभ दानु दीजै राम नाम सरि तऊ न पूजै ॥१॥

ਛੋਡਿ ਛੋਡਿ ਰੇ ਪਾਖੰਡੀ ਮਨ ਕਪਟੁ ਨ ਕੀਜੈ ॥ (973-11)
छोडि छोडि रे पाखंडी मन कपटु न कीजै ॥

ਹਰਿ ਕਾ ਨਾਮੁ ਨਿਤ ਨਿਤਹਿ ਲੀਜੈ ॥੧॥ ਰਹਾਉ ॥ (973-12)
हरि का नामु नित नितहि लीजै ॥१॥ रहाउ ॥

ਗੰਗਾ ਜਉ ਗੋਦਾਵਰਿ ਜਾਈਐ ਕੁੰਭਿ ਜਉ ਕੇਦਾਰ ਨ੍ਹਾਈਐ ਗੋਮਤੀ ਸਹਸ ਗਊ ਦਾਨੁ ਕੀਜੈ ॥ (973-12)
गंगा जउ गोदावरि जाईऐ कुमभि जउ केदार न्हाईऐ गोमती सहस गऊ दानु कीजै ॥

ਕੋਟਿ ਜਉ ਤੀਰਥ ਕਰੈ ਤਨੁ ਜਉ ਹਿਵਾਲੇ ਗਾਰੈ ਰਾਮ ਨਾਮ ਸਰਿ ਤਊ ਨ ਪੂਜੈ ॥੨॥ (973-13)
कोटि जउ तीरथ करै तनु जउ हिवाले गारै राम नाम सरि तऊ न पूजै ॥२॥

ਅਸੁ ਦਾਨ ਗਜ ਦਾਨ ਸਿਹਜਾ ਨਾਰੀ ਭੂਮਿ ਦਾਨ ਐਸੋ ਦਾਨੁ ਨਿਤ ਨਿਤਹਿ ਕੀਜੈ ॥ (973-14)
असु दान गज दान सिहजा नारी भूमि दान ऐसो दानु नित नितहि कीजै ॥

ਆਤਮ ਜਉ ਨਿਰਮਾਇਲੁ ਕੀਜੈ ਆਪ ਬਰਾਬਰਿ ਕੰਚਨੁ ਦੀਜੈ ਰਾਮ ਨਾਮ ਸਰਿ ਤਊ ਨ ਪੂਜੈ ॥੩॥

(973-14)
आतम जउ निरमाइलु कीजै आप बराबरि कंचनु दीजै राम नाम सरि तऊ न पूजै ॥३॥

ਮਨਹਿ ਨ ਕੀਜੈ ਰੋਸੁ ਜਮਹਿ ਨ ਦੀਜੈ ਦੋਸੁ ਨਿਰਮਲ ਨਿਰਬਾਣ ਪਦੁ ਚੀਨ੍ਹਿ ਲੀਜੈ ॥ (973-15)
मनहि न कीजै रोसु जमहि न दीजै दोसु निरमल निरबाण पदु चीन्हि लीजै ॥

ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮ ਚੰਦੁ ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤੁ ਪੀਜੈ ॥੪॥੪॥ (973-16)
जसरथ राइ नंदु राजा मेरा राम चंदु प्रणवै नामा ततु रसु अमृतु पीजै ॥४॥४॥

ਰਾਮਕਲੀ ਬਾਣੀ ਰਵਿਦਾਸ ਜੀ ਕੀ (973-18)
रामकली बाणी रविदास जी की

ੴ ਸਤਿਗੁਰ ਪ੍ਰਸਾਦਿ ॥ (973-18)
ੴ सतिगुर प्रसादि ॥

ਪੜੀਐ ਗੁਨੀਐ ਨਾਮੁ ਸਭੁ ਸੁਨੀਐ ਅਨਭਉ ਭਾਉ ਨ ਦਰਸੈ ॥ (973-19)
पड़ीऐ गुनीऐ नामु सभु सुनीऐ अनभउ भाउ न दरसै ॥

ਲੋਹਾ ਕੰਚਨੁ ਹਿਰਨ ਹੋਇ ਕੈਸੇ ਜਉ ਪਾਰਸਹਿ ਨ ਪਰਸੈ ॥੧॥ (973-19)
लोहा कंचनु हिरन होइ कैसे जउ पारसहि न परसै ॥१॥

ਦੇਵ ਸੰਸੈ ਗਾਂਠਿ ਨ ਛੂਟੈ ॥ (974-1)
देव संसै गांठि न छूटै ॥

ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੇ ॥੧॥ ਰਹਾਉ ॥ (974-1)
काम क्रोध माइआ मद मतसर इन पंचहु मिलि लूटे ॥१॥ रहाउ ॥

ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ ॥ (974-2)
हम बड कबि कुलीन हम पंडित हम जोगी संनिआसी ॥

ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ ॥੨॥ (974-2)
गिआनी गुनी सूर हम दाते इह बुधि कबहि न नासी ॥२॥

ਕਹੁ ਰਵਿਦਾਸ ਸਭੈ ਨਹੀ ਸਮਝਸਿ ਭੂਲਿ ਪਰੇ ਜੈਸੇ ਬਉਰੇ ॥ (974-3)
कहु रविदास सभै नही समझसि भूलि परे जैसे बउरे ॥

ਮੋਹਿ ਅਧਾਰੁ ਨਾਮੁ ਨਾਰਾਇਨ ਜੀਵਨ ਪ੍ਰਾਨ ਧਨ ਮੋਰੇ ॥੩॥੧॥ (974-3)
मोहि अधारु नामु नाराइन जीवन प्रान धन मोरे ॥३॥१॥

ਰਾਮਕਲੀ ਬਾਣੀ ਬੇਣੀ ਜੀਉ ਕੀ (974-5)
रामकली बाणी बेणी जीउ की

ੴ ਸਤਿਗੁਰ ਪ੍ਰਸਾਦਿ ॥ (974-5)
ੴ सतिगुर प्रसादि ॥

ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ ॥ (974-6)
इड़ा पिंगुला अउर सुखमना तीनि बसहि इक ठाई ॥

ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ ॥੧॥ (974-6)
बेणी संगमु तह पिरागु मनु मजनु करे तिथाई ॥१॥

ਸੰਤਹੁ ਤਹਾ ਨਿਰੰਜਨ ਰਾਮੁ ਹੈ ॥ (974-7)
संतहु तहा निरंजन रामु है ॥

ਗੁਰ ਗਮਿ ਚੀਨੈ ਬਿਰਲਾ ਕੋਇ ॥ (974-7)
गुर गमि चीनै बिरला कोइ ॥

ਤਹਾਂ ਨਿਰੰਜਨੁ ਰਮਈਆ ਹੋਇ ॥੧॥ ਰਹਾਉ ॥ (974-7)
तहां निरंजनु रमईआ होइ ॥१॥ रहाउ ॥

ਦੇਵ ਸਥਾਨੈ ਕਿਆ ਨੀਸਾਣੀ ॥ (974-8)
देव सथानै किआ नीसाणी ॥

ਤਹ ਬਾਜੇ ਸਬਦ ਅਨਾਹਦ ਬਾਣੀ ॥ (974-8)
तह बाजे सबद अनाहद बाणी ॥

ਤਹ ਚੰਦੁ ਨ ਸੂਰਜੁ ਪਉਣੁ ਨ ਪਾਣੀ ॥ (974-9)
तह चंदु न सूरजु पउणु न पाणी ॥

ਸਾਖੀ ਜਾਗੀ ਗੁਰਮੁਖਿ ਜਾਣੀ ॥੨॥ (974-9)
साखी जागी गुरमुखि जाणी ॥२॥

ਉਪਜੈ ਗਿਆਨੁ ਦੁਰਮਤਿ ਛੀਜੈ ॥ (974-9)
उपजै गिआनु दुरमति छीजै ॥

ਅੰਮ੍ਰਿਤ ਰਸਿ ਗਗਨੰਤਰਿ ਭੀਜੈ ॥ (974-10)
अमृत रसि गगनंतरि भीजै ॥

ਏਸੁ ਕਲਾ ਜੋ ਜਾਣੈ ਭੇਉ ॥ (974-10)
एसु कला जो जाणै भेउ ॥

ਭੇਟੈ ਤਾਸੁ ਪਰਮ ਗੁਰਦੇਉ ॥੩॥ (974-10)
भेटै तासु परम गुरदेउ ॥३॥

ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ ॥ (974-11)
दसम दुआरा अगम अपारा परम पुरख की घाटी ॥

ਊਪਰਿ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ ॥੪॥ (974-11)
ऊपरि हाटु हाट परि आला आले भीतरि थाती ॥४॥

ਜਾਗਤੁ ਰਹੈ ਸੁ ਕਬਹੁ ਨ ਸੋਵੈ ॥ (974-12)
जागतु रहै सु कबहु न सोवै ॥

ਤੀਨਿ ਤਿਲੋਕ ਸਮਾਧਿ ਪਲੋਵੈ ॥ (974-12)
तीनि तिलोक समाधि पलोवै ॥

ਬੀਜ ਮੰਤ੍ਰੁ ਲੈ ਹਿਰਦੈ ਰਹੈ ॥ (974-12)
बीज मंत्रु लै हिरदै रहै ॥

ਮਨੂਆ ਉਲਟਿ ਸੁੰਨ ਮਹਿ ਗਹੈ ॥੫॥ (974-13)
मनूआ उलटि सुंन महि गहै ॥५॥

ਜਾਗਤੁ ਰਹੈ ਨ ਅਲੀਆ ਭਾਖੈ ॥ (974-13)
जागतु रहै न अलीआ भाखै ॥

ਪਾਚਉ ਇੰਦ੍ਰੀ ਬਸਿ ਕਰਿ ਰਾਖੈ ॥ (974-13)
पाचउ इंद्री बसि करि राखै ॥

ਗੁਰ ਕੀ ਸਾਖੀ ਰਾਖੈ ਚੀਤਿ ॥ (974-14)
गुर की साखी राखै चीति ॥

ਮਨੁ ਤਨੁ ਅਰਪੈ ਕ੍ਰਿਸਨ ਪਰੀਤਿ ॥੬॥ (974-14)
मनु तनु अरपै क्रिसन परीति ॥६॥

ਕਰ ਪਲਵ ਸਾਖਾ ਬੀਚਾਰੇ ॥ (974-14)
कर पलव साखा बीचारे ॥

ਅਪਨਾ ਜਨਮੁ ਨ ਜੂਐ ਹਾਰੇ ॥ (974-15)
अपना जनमु न जूऐ हारे ॥

ਅਸੁਰ ਨਦੀ ਕਾ ਬੰਧੈ ਮੂਲੁ ॥ (974-15)
असुर नदी का बंधै मूलु ॥

ਪਛਿਮ ਫੇਰਿ ਚੜਾਵੈ ਸੂਰੁ ॥ (974-15)
पछिम फेरि चड़ावै सूरु ॥

ਅਜਰੁ ਜਰੈ ਸੁ ਨਿਝਰੁ ਝਰੈ ॥ (974-15)
अजरु जरै सु निझरु झरै ॥

ਜਗੰਨਾਥ ਸਿਉ ਗੋਸਟਿ ਕਰੈ ॥੭॥ (974-16)
जगंनाथ सिउ गोसटि करै ॥७॥

ਚਉਮੁਖ ਦੀਵਾ ਜੋਤਿ ਦੁਆਰ ॥ (974-16)
चउमुख दीवा जोति दुआर ॥

ਪਲੂ ਅਨਤ ਮੂਲੁ ਬਿਚਕਾਰਿ ॥ (974-16)
पलू अनत मूलु बिचकारि ॥

ਸਰਬ ਕਲਾ ਲੇ ਆਪੇ ਰਹੈ ॥ (974-17)
सरब कला ले आपे रहै ॥

ਮਨੁ ਮਾਣਕੁ ਰਤਨਾ ਮਹਿ ਗੁਹੈ ॥੮॥ (974-17)
मनु माणकु रतना महि गुहै ॥८॥

ਮਸਤਕਿ ਪਦਮੁ ਦੁਆਲੈ ਮਣੀ ॥ (974-17)
मसतकि पदमु दुआलै मणी ॥

ਮਾਹਿ ਨਿਰੰਜਨੁ ਤ੍ਰਿਭਵਣ ਧਣੀ ॥ (974-18)
माहि निरंजनु त्रिभवण धणी ॥

ਪੰਚ ਸਬਦ ਨਿਰਮਾਇਲ ਬਾਜੇ ॥ (974-18)
पंच सबद निरमाइल बाजे ॥

ਢੁਲਕੇ ਚਵਰ ਸੰਖ ਘਨ ਗਾਜੇ ॥ (974-18)
ढुलके चवर संख घन गाजे ॥

ਦਲਿ ਮਲਿ ਦੈਤਹੁ ਗੁਰਮੁਖਿ ਗਿਆਨੁ ॥ (974-19)
दलि मलि दैतहु गुरमुखि गिआनु ॥

ਬੇਣੀ ਜਾਚੈ ਤੇਰਾ ਨਾਮੁ ॥੯॥੧॥ (974-19)
बेणी जाचै तेरा नामु ॥९॥१॥

ਰਾਗੁ ਨਟ ਨਾਰਾਇਨ ਮਹਲਾ ੪ (975-1)
रागु नट नाराइन महला ४

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ (975-2)
ੴ सति नामु करता पुरखु निरभउ निरवैरु अकाल मूरति अजूनी सैभं गुर प्रसादि ॥

ਮੇਰੇ ਮਨ ਜਪਿ ਅਹਿਨਿਸਿ ਨਾਮੁ ਹਰੇ ॥ (975-4)
मेरे मन जपि अहिनिसि नामु हरे ॥

ਕੋਟਿ ਕੋਟਿ ਦੋਖ ਬਹੁ ਕੀਨੇ ਸਭ ਪਰਹਰਿ ਪਾਸਿ ਧਰੇ ॥੧॥ ਰਹਾਉ ॥ (975-4)
कोटि कोटि दोख बहु कीने सभ परहरि पासि धरे ॥१॥ रहाउ ॥

ਹਰਿ ਹਰਿ ਨਾਮੁ ਜਪਹਿ ਆਰਾਧਹਿ ਸੇਵਕ ਭਾਇ ਖਰੇ ॥ (975-5)
हरि हरि नामु जपहि आराधहि सेवक भाइ खरे ॥

ਕਿਲਬਿਖ ਦੋਖ ਗਏ ਸਭ ਨੀਕਰਿ ਜਿਉ ਪਾਨੀ ਮੈਲੁ ਹਰੇ ॥੧॥ (975-5)
किलबिख दोख गए सभ नीकरि जिउ पानी मैलु हरे ॥१॥

ਖਿਨੁ ਖਿਨੁ ਨਰੁ ਨਾਰਾਇਨੁ ਗਾਵਹਿ ਮੁਖਿ ਬੋਲਹਿ ਨਰ ਨਰਹਰੇ ॥ (975-6)
खिनु खिनु नरु नाराइनु गावहि मुखि बोलहि नर नरहरे ॥

ਪੰਚ ਦੋਖ ਅਸਾਧ ਨਗਰ ਮਹਿ ਇਕੁ ਖਿਨੁ ਪਲੁ ਦੂਰਿ ਕਰੇ ॥੨॥ (975-6)
पंच दोख असाध नगर महि इकु खिनु पलु दूरि करे ॥२॥

ਵਡਭਾਗੀ ਹਰਿ ਨਾਮੁ ਧਿਆਵਹਿ ਹਰਿ ਕੇ ਭਗਤ ਹਰੇ ॥ (975-7)
वडभागी हरि नामु धिआवहि हरि के भगत हरे ॥

ਤਿਨ ਕੀ ਸੰਗਤਿ ਦੇਹਿ ਪ੍ਰਭ ਜਾਚਉ ਮੈ ਮੂੜ ਮੁਗਧ ਨਿਸਤਰੇ ॥੩॥ (975-7)
तिन की संगति देहि प्रभ जाचउ मै मूड़ मुगध निसतरे ॥३॥

ਕ੍ਰਿਪਾ ਕ੍ਰਿਪਾ ਧਾਰਿ ਜਗਜੀਵਨ ਰਖਿ ਲੇਵਹੁ ਸਰਨਿ ਪਰੇ ॥ (975-8)
क्रिपा क्रिपा धारि जगजीवन रखि लेवहु सरनि परे ॥

ਨਾਨਕੁ ਜਨੁ ਤੁਮਰੀ ਸਰਨਾਈ ਹਰਿ ਰਾਖਹੁ ਲਾਜ ਹਰੇ ॥੪॥੧॥ (975-9)
नानकु जनु तुमरी सरनाई हरि राखहु लाज हरे ॥४॥१॥

ਨਟ ਮਹਲਾ ੪ ॥ (975-9)
नट महला ४ ॥

ਰਾਮ ਜਪਿ ਜਨ ਰਾਮੈ ਨਾਮਿ ਰਲੇ ॥ (975-9)
राम जपि जन रामै नामि रले ॥

ਰਾਮ ਨਾਮੁ ਜਪਿਓ ਗੁਰ ਬਚਨੀ ਹਰਿ ਧਾਰੀ ਹਰਿ ਕ੍ਰਿਪਲੇ ॥੧॥ ਰਹਾਉ ॥ (975-10)
राम नामु जपिओ गुर बचनी हरि धारी हरि क्रिपले ॥१॥ रहाउ ॥

ਹਰਿ ਹਰਿ ਅਗਮ ਅਗੋਚਰੁ ਸੁਆਮੀ ਜਨ ਜਪਿ ਮਿਲਿ ਸਲਲ ਸਲਲੇ ॥ (975-10)
हरि हरि अगम अगोचरु सुआमी जन जपि मिलि सलल सलले ॥

ਹਰਿ ਕੇ ਸੰਤ ਮਿਲਿ ਰਾਮ ਰਸੁ ਪਾਇਆ ਹਮ ਜਨ ਕੈ ਬਲਿ ਬਲਲੇ ॥੧॥ (975-11)
हरि के संत मिलि राम रसु पाइआ हम जन कै बलि बलले ॥१॥

ਪੁਰਖੋਤਮੁ ਹਰਿ ਨਾਮੁ ਜਨਿ ਗਾਇਓ ਸਭਿ ਦਾਲਦ ਦੁਖ ਦਲਲੇ ॥ (975-12)
पुरखोतमु हरि नामु जनि गाइओ सभि दालद दुख दलले ॥

ਵਿਚਿ ਦੇਹੀ ਦੋਖ ਅਸਾਧ ਪੰਚ ਧਾਤੂ ਹਰਿ ਕੀਏ ਖਿਨ ਪਰਲੇ ॥੨॥ (975-12)
विचि देही दोख असाध पंच धातू हरि कीए खिन परले ॥२॥

ਹਰਿ ਕੇ ਸੰਤ ਮਨਿ ਪ੍ਰੀਤਿ ਲਗਾਈ ਜਿਉ ਦੇਖੈ ਸਸਿ ਕਮਲੇ ॥ (975-13)
हरि के संत मनि प्रीति लगाई जिउ देखै ससि कमले ॥

ਉਨਵੈ ਘਨੁ ਘਨ ਘਨਿਹਰੁ ਗਰਜੈ ਮਨਿ ਬਿਗਸੈ ਮੋਰ ਮੁਰਲੇ ॥੩॥ (975-13)
उनवै घनु घन घनिहरु गरजै मनि बिगसै मोर मुरले ॥३॥

ਹਮਰੈ ਸੁਆਮੀ ਲੋਚ ਹਮ ਲਾਈ ਹਮ ਜੀਵਹ ਦੇਖਿ ਹਰਿ ਮਿਲੇ ॥ (975-14)
हमरै सुआमी लोच हम लाई हम जीवह देखि हरि मिले ॥

ਜਨ ਨਾਨਕ ਹਰਿ ਅਮਲ ਹਰਿ ਲਾਏ ਹਰਿ ਮੇਲਹੁ ਅਨਦ ਭਲੇ ॥੪॥੨॥ (975-15)
जन नानक हरि अमल हरि लाए हरि मेलहु अनद भले ॥४॥२॥

ਨਟ ਮਹਲਾ ੪ ॥ (975-15)
नट महला ४ ॥

ਮੇਰੇ ਮਨ ਜਪਿ ਹਰਿ ਹਰਿ ਨਾਮੁ ਸਖੇ ॥ (975-15)
मेरे मन जपि हरि हरि नामु सखे ॥

ਗੁਰ ਪਰਸਾਦੀ ਹਰਿ ਨਾਮੁ ਧਿਆਇਓ ਹਮ ਸਤਿਗੁਰ ਚਰਨ ਪਖੇ ॥੧॥ ਰਹਾਉ ॥ (976-1)
गुर परसादी हरि नामु धिआइओ हम सतिगुर चरन पखे ॥१॥ रहाउ ॥

ਊਤਮ ਜਗੰਨਾਥ ਜਗਦੀਸੁਰ ਹਮ ਪਾਪੀ ਸਰਨਿ ਰਖੇ ॥ (976-2)
ऊतम जगंनाथ जगदीसुर हम पापी सरनि रखे ॥

ਤੁਮ ਵਡ ਪੁਰਖ ਦੀਨ ਦੁਖ ਭੰਜਨ ਹਰਿ ਦੀਓ ਨਾਮੁ ਮੁਖੇ ॥੧॥ (976-2)
तुम वड पुरख दीन दुख भंजन हरि दीओ नामु मुखे ॥१॥

ਹਰਿ ਗੁਨ ਊਚ ਨੀਚ ਹਮ ਗਾਏ ਗੁਰ ਸਤਿਗੁਰ ਸੰਗਿ ਸਖੇ ॥ (976-3)
हरि गुन ऊच नीच हम गाए गुर सतिगुर संगि सखे ॥

ਜਿਉ ਚੰਦਨ ਸੰਗਿ ਬਸੈ ਨਿੰਮੁ ਬਿਰਖਾ ਗੁਨ ਚੰਦਨ ਕੇ ਬਸਖੇ ॥੨॥ (976-3)
जिउ चंदन संगि बसै निंमु बिरखा गुन चंदन के बसखे ॥२॥

ਹਮਰੇ ਅਵਗਨ ਬਿਖਿਆ ਬਿਖੈ ਕੇ ਬਹੁ ਬਾਰ ਬਾਰ ਨਿਮਖੇ ॥ (976-4)
हमरे अवगन बिखिआ बिखै के बहु बार बार निमखे ॥

ਅਵਗਨਿਆਰੇ ਪਾਥਰ ਭਾਰੇ ਹਰਿ ਤਾਰੇ ਸੰਗਿ ਜਨਖੇ ॥੩॥ (976-5)
अवगनिआरे पाथर भारे हरि तारे संगि जनखे ॥३॥

ਜਿਨ ਕਉ ਤੁਮ ਹਰਿ ਰਾਖਹੁ ਸੁਆਮੀ ਸਭ ਤਿਨ ਕੇ ਪਾਪ ਕ੍ਰਿਖੇ ॥ (976-5)
जिन कउ तुम हरि राखहु सुआमी सभ तिन के पाप क्रिखे ॥

ਜਨ ਨਾਨਕ ਕੇ ਦਇਆਲ ਪ੍ਰਭ ਸੁਆਮੀ ਤੁਮ ਦੁਸਟ ਤਾਰੇ ਹਰਣਖੇ ॥੪॥੩॥ (976-6)
जन नानक के दइआल प्रभ सुआमी तुम दुसट तारे हरणखे ॥४॥३॥

ਨਟ ਮਹਲਾ ੪ ॥ (976-7)
नट महला ४ ॥

ਮੇਰੇ ਮਨ ਜਪਿ ਹਰਿ ਹਰਿ ਰਾਮ ਰੰਗੇ ॥ (976-7)
मेरे मन जपि हरि हरि राम रंगे ॥

ਹਰਿ ਹਰਿ ਕ੍ਰਿਪਾ ਕਰੀ ਜਗਦੀਸੁਰਿ ਹਰਿ ਧਿਆਇਓ ਜਨ ਪਗਿ ਲਗੇ ॥੧॥ ਰਹਾਉ ॥ (976-7)
हरि हरि क्रिपा करी जगदीसुरि हरि धिआइओ जन पगि लगे ॥१॥ रहाउ ॥

ਜਨਮ ਜਨਮ ਕੇ ਭੂਲ ਚੂਕ ਹਮ ਅਬ ਆਏ ਪ੍ਰਭ ਸਰਨਗੇ ॥ (976-8)
जनम जनम के भूल चूक हम अब आए प्रभ सरनगे ॥

ਤੁਮ ਸਰਣਾਗਤਿ ਪ੍ਰਤਿਪਾਲਕ ਸੁਆਮੀ ਹਮ ਰਾਖਹੁ ਵਡ ਪਾਪਗੇ ॥੧॥ (976-8)
तुम सरणागति प्रतिपालक सुआमी हम राखहु वड पापगे ॥१॥

ਤੁਮਰੀ ਸੰਗਤਿ ਹਰਿ ਕੋ ਕੋ ਨ ਉਧਰਿਓ ਪ੍ਰਭ ਕੀਏ ਪਤਿਤ ਪਵਗੇ ॥ (976-9)
तुमरी संगति हरि को को न उधरिओ प्रभ कीए पतित पवगे ॥

ਗੁਨ ਗਾਵਤ ਛੀਪਾ ਦੁਸਟਾਰਿਓ ਪ੍ਰਭਿ ਰਾਖੀ ਪੈਜ ਜਨਗੇ ॥੨॥ (976-10)
गुन गावत छीपा दुसटारिओ प्रभि राखी पैज जनगे ॥२॥

ਜੋ ਤੁਮਰੇ ਗੁਨ ਗਾਵਹਿ ਸੁਆਮੀ ਹਉ ਬਲਿ ਬਲਿ ਬਲਿ ਤਿਨਗੇ ॥ (976-10)
जो तुमरे गुन गावहि सुआमी हउ बलि बलि बलि तिनगे ॥

ਭਵਨ ਭਵਨ ਪਵਿਤ੍ਰ ਸਭਿ ਕੀਏ ਜਹ ਧੂਰਿ ਪਰੀ ਜਨ ਪਗੇ ॥੩॥ (976-11)
भवन भवन पवित्र सभि कीए जह धूरि परी जन पगे ॥३॥

ਤੁਮਰੇ ਗੁਨ ਪ੍ਰਭ ਕਹਿ ਨ ਸਕਹਿ ਹਮ ਤੁਮ ਵਡ ਵਡ ਪੁਰਖ ਵਡਗੇ ॥ (976-12)
तुमरे गुन प्रभ कहि न सकहि हम तुम वड वड पुरख वडगे ॥

ਜਨ ਨਾਨਕ ਕਉ ਦਇਆ ਪ੍ਰਭ ਧਾਰਹੁ ਹਮ ਸੇਵਹ ਤੁਮ ਜਨ ਪਗੇ ॥੪॥੪॥ (976-12)
जन नानक कउ दइआ प्रभ धारहु हम सेवह तुम जन पगे ॥४॥४॥

ਨਟ ਮਹਲਾ ੪ ॥ (976-13)
नट महला ४ ॥

ਮੇਰੇ ਮਨ ਜਪਿ ਹਰਿ ਹਰਿ ਨਾਮੁ ਮਨੇ ॥ (976-13)
मेरे मन जपि हरि हरि नामु मने ॥

ਜਗੰਨਾਥਿ ਕਿਰਪਾ ਪ੍ਰਭਿ ਧਾਰੀ ਮਤਿ ਗੁਰਮਤਿ ਨਾਮ ਬਨੇ ॥੧॥ ਰਹਾਉ ॥ (976-13)
जगंनाथि किरपा प्रभि धारी मति गुरमति नाम बने ॥१॥ रहाउ ॥

ਹਰਿ ਜਨ ਹਰਿ ਜਸੁ ਹਰਿ ਹਰਿ ਗਾਇਓ ਉਪਦੇਸਿ ਗੁਰੂ ਗੁਰ ਸੁਨੇ ॥ (976-14)
हरि जन हरि जसु हरि हरि गाइओ उपदेसि गुरू गुर सुने ॥

ਕਿਲਬਿਖ ਪਾਪ ਨਾਮ ਹਰਿ ਕਾਟੇ ਜਿਵ ਖੇਤ ਕ੍ਰਿਸਾਨਿ ਲੁਨੇ ॥੧॥ (976-15)
किलबिख पाप नाम हरि काटे जिव खेत क्रिसानि लुने ॥१॥

ਤੁਮਰੀ ਉਪਮਾ ਤੁਮ ਹੀ ਪ੍ਰਭ ਜਾਨਹੁ ਹਮ ਕਹਿ ਨ ਸਕਹਿ ਹਰਿ ਗੁਨੇ ॥ (976-15)
तुमरी उपमा तुम ही प्रभ जानहु हम कहि न सकहि हरि गुने ॥

ਜੈਸੇ ਤੁਮ ਤੈਸੇ ਪ੍ਰਭ ਤੁਮ ਹੀ ਗੁਨ ਜਾਨਹੁ ਪ੍ਰਭ ਅਪੁਨੇ ॥੨॥ (976-16)
जैसे तुम तैसे प्रभ तुम ही गुन जानहु प्रभ अपुने ॥२॥

ਮਾਇਆ ਫਾਸ ਬੰਧ ਬਹੁ ਬੰਧੇ ਹਰਿ ਜਪਿਓ ਖੁਲ ਖੁਲਨੇ ॥ (976-17)
माइआ फास बंध बहु बंधे हरि जपिओ खुल खुलने ॥

ਜਿਉ ਜਲ ਕੁੰਚਰੁ ਤਦੂਐ ਬਾਂਧਿਓ ਹਰਿ ਚੇਤਿਓ ਮੋਖ ਮੁਖਨੇ ॥੩॥ (976-17)
जिउ जल कुंचरु तदूऐ बांधिओ हरि चेतिओ मोख मुखने ॥३॥

ਸੁਆਮੀ ਪਾਰਬ੍ਰਹਮ ਪਰਮੇਸਰੁ ਤੁਮ ਖੋਜਹੁ ਜੁਗ ਜੁਗਨੇ ॥ (976-18)
सुआमी पारब्रहम परमेसरु तुम खोजहु जुग जुगने ॥

ਤੁਮਰੀ ਥਾਹ ਪਾਈ ਨਹੀ ਪਾਵੈ ਜਨ ਨਾਨਕ ਕੇ ਪ੍ਰਭ ਵਡਨੇ ॥੪॥੫॥ (976-18)
तुमरी थाह पाई नही पावै जन नानक के प्रभ वडने ॥४॥५॥

ਨਟ ਮਹਲਾ ੪ ॥ (976-19)
नट महला ४ ॥

ਮੇਰੇ ਮਨ ਕਲਿ ਕੀਰਤਿ ਹਰਿ ਪ੍ਰਵਣੇ ॥ (976-19)
मेरे मन कलि कीरति हरि प्रवणे ॥

ਹਰਿ ਹਰਿ ਦਇਆਲਿ ਦਇਆ ਪ੍ਰਭ ਧਾਰੀ ਲਗਿ ਸਤਿਗੁਰ ਹਰਿ ਜਪਣੇ ॥੧॥ ਰਹਾਉ ॥ (976-19)
हरि हरि दइआलि दइआ प्रभ धारी लगि सतिगुर हरि जपणे ॥१॥ रहाउ ॥

ਹਰਿ ਤੁਮ ਵਡ ਅਗਮ ਅਗੋਚਰ ਸੁਆਮੀ ਸਭਿ ਧਿਆਵਹਿ ਹਰਿ ਰੁੜਣੇ ॥ (977-1)
हरि तुम वड अगम अगोचर सुआमी सभि धिआवहि हरि रुड़णे ॥

ਜਿਨ ਕਉ ਤੁਮ੍ਹ੍ਰੇ ਵਡ ਕਟਾਖ ਹੈ ਤੇ ਗੁਰਮੁਖਿ ਹਰਿ ਸਿਮਰਣੇ ॥੧॥ (977-2)
जिन कउ तुम्हरे वड कटाख है ते गुरमुखि हरि सिमरणे ॥१॥

ਇਹੁ ਪਰਪੰਚੁ ਕੀਆ ਪ੍ਰਭ ਸੁਆਮੀ ਸਭੁ ਜਗਜੀਵਨੁ ਜੁਗਣੇ ॥ (977-3)
इहु परपंचु कीआ प्रभ सुआमी सभु जगजीवनु जुगणे ॥

ਜਿਉ ਸਲਲੈ ਸਲਲ ਉਠਹਿ ਬਹੁ ਲਹਰੀ ਮਿਲਿ ਸਲਲੈ ਸਲਲ ਸਮਣੇ ॥੨॥ (977-3)
जिउ सललै सलल उठहि बहु लहरी मिलि सललै सलल समणे ॥२॥

ਜੋ ਪ੍ਰਭ ਕੀਆ ਸੁ ਤੁਮ ਹੀ ਜਾਨਹੁ ਹਮ ਨਹ ਜਾਣੀ ਹਰਿ ਗਹਣੇ ॥ (977-4)
जो प्रभ कीआ सु तुम ही जानहु हम नह जाणी हरि गहणे ॥

ਹਮ ਬਾਰਿਕ ਕਉ ਰਿਦ ਉਸਤਤਿ ਧਾਰਹੁ ਹਮ ਕਰਹ ਪ੍ਰਭੂ ਸਿਮਰਣੇ ॥੩॥ (977-4)
हम बारिक कउ रिद उसतति धारहु हम करह प्रभू सिमरणे ॥३॥

ਤੁਮ ਜਲ ਨਿਧਿ ਹਰਿ ਮਾਨ ਸਰੋਵਰ ਜੋ ਸੇਵੈ ਸਭ ਫਲਣੇ ॥ (977-5)
तुम जल निधि हरि मान सरोवर जो सेवै सभ फलणे ॥

ਜਨੁ ਨਾਨਕੁ ਹਰਿ ਹਰਿ ਹਰਿ ਹਰਿ ਬਾਂਛੈ ਹਰਿ ਦੇਵਹੁ ਕਰਿ ਕ੍ਰਿਪਣੇ ॥੪॥੬॥ (977-6)
जनु नानकु हरि हरि हरि हरि बांछै हरि देवहु करि क्रिपणे ॥४॥६॥

ਨਟ ਨਾਰਾਇਨ ਮਹਲਾ ੪ ਪੜਤਾਲ (977-7)
नट नाराइन महला ४ पड़ताल

ੴ ਸਤਿਗੁਰ ਪ੍ਰਸਾਦਿ ॥ (977-7)
ੴ सतिगुर प्रसादि ॥

ਮੇਰੇ ਮਨ ਸੇਵ ਸਫਲ ਹਰਿ ਘਾਲ ॥ (977-8)
मेरे मन सेव सफल हरि घाल ॥

ਲੇ ਗੁਰ ਪਗ ਰੇਨ ਰਵਾਲ ॥ (977-8)
ले गुर पग रेन रवाल ॥

ਸਭਿ ਦਾਲਿਦ ਭੰਜਿ ਦੁਖ ਦਾਲ ॥ (977-8)
सभि दालिद भंजि दुख दाल ॥

ਹਰਿ ਹੋ ਹੋ ਹੋ ਨਦਰਿ ਨਿਹਾਲ ॥੧॥ ਰਹਾਉ ॥ (977-8)
हरि हो हो हो नदरि निहाल ॥१॥ रहाउ ॥

ਹਰਿ ਕਾ ਗ੍ਰਿਹੁ ਹਰਿ ਆਪਿ ਸਵਾਰਿਓ ਹਰਿ ਰੰਗ ਰੰਗ ਮਹਲ ਬੇਅੰਤ ਲਾਲ ਲਾਲ ਹਰਿ ਲਾਲ ॥ (977-9)
हरि का ग्रिहु हरि आपि सवारिओ हरि रंग रंग महल बेअंत लाल लाल हरि लाल ॥

ਹਰਿ ਆਪਨੀ ਕ੍ਰਿਪਾ ਕਰੀ ਆਪਿ ਗ੍ਰਿਹਿ ਆਇਓ ਹਮ ਹਰਿ ਕੀ ਗੁਰ ਕੀਈ ਹੈ ਬਸੀਠੀ ਹਮ ਹਰਿ ਦੇਖੇ ਭਈ ਨਿਹਾਲ ਨਿਹਾਲ ਨਿਹਾਲ ਨਿਹਾਲ ॥੧॥ (977-10)
हरि आपनी क्रिपा करी आपि ग्रिहि आइओ हम हरि की गुर कीई है बसीठी हम हरि देखे भई निहाल निहाल निहाल निहाल ॥१॥

ਹਰਿ ਆਵਤੇ ਕੀ ਖਬਰਿ ਗੁਰਿ ਪਾਈ ਮਨਿ ਤਨਿ ਆਨਦੋ ਆਨੰਦ ਭਏ ਹਰਿ ਆਵਤੇ ਸੁਨੇ ਮੇਰੇ ਲਾਲ ਹਰਿ ਲਾਲ ॥ (977-11)
हरि आवते की खबरि गुरि पाई मनि तनि आनदो आनंद भए हरि आवते सुने मेरे लाल हरि लाल ॥

ਜਨੁ ਨਾਨਕੁ ਹਰਿ ਹਰਿ ਮਿਲੇ ਭਏ ਗਲਤਾਨ ਹਾਲ ਨਿਹਾਲ ਨਿਹਾਲ ॥੨॥੧॥੭॥ (977-12)
जनु नानकु हरि हरि मिले भए गलतान हाल निहाल निहाल ॥२॥१॥७॥

ਨਟ ਮਹਲਾ ੪ ॥ (977-13)
नट महला ४ ॥

ਮਨ ਮਿਲੁ ਸੰਤਸੰਗਤਿ ਸੁਭਵੰਤੀ ॥ (977-13)
मन मिलु संतसंगति सुभवंती ॥

ਸੁਨਿ ਅਕਥ ਕਥਾ ਸੁਖਵੰਤੀ ॥ (977-13)
सुनि अकथ कथा सुखवंती ॥

ਸਭ ਕਿਲਬਿਖ ਪਾਪ ਲਹੰਤੀ ॥ (977-14)
सभ किलबिख पाप लहंती ॥

ਹਰਿ ਹੋ ਹੋ ਹੋ ਲਿਖਤੁ ਲਿਖੰਤੀ ॥੧॥ ਰਹਾਉ ॥ (977-14)
हरि हो हो हो लिखतु लिखंती ॥१॥ रहाउ ॥

ਹਰਿ ਕੀਰਤਿ ਕਲਜੁਗ ਵਿਚਿ ਊਤਮ ਮਤਿ ਗੁਰਮਤਿ ਕਥਾ ਭਜੰਤੀ ॥ (977-14)
हरि कीरति कलजुग विचि ऊतम मति गुरमति कथा भजंती ॥

ਜਿਨਿ ਜਨਿ ਸੁਣੀ ਮਨੀ ਹੈ ਜਿਨਿ ਜਨਿ ਤਿਸੁ ਜਨ ਕੈ ਹਉ ਕੁਰਬਾਨੰਤੀ ॥੧॥ (977-15)
जिनि जनि सुणी मनी है जिनि जनि तिसु जन कै हउ कुरबानंती ॥१॥

ਹਰਿ ਅਕਥ ਕਥਾ ਕਾ ਜਿਨਿ ਰਸੁ ਚਾਖਿਆ ਤਿਸੁ ਜਨ ਸਭ ਭੂਖ ਲਹੰਤੀ ॥ (977-16)
हरि अकथ कथा का जिनि रसु चाखिआ तिसु जन सभ भूख लहंती ॥

ਨਾਨਕ ਜਨ ਹਰਿ ਕਥਾ ਸੁਣਿ ਤ੍ਰਿਪਤੇ ਜਪਿ ਹਰਿ ਹਰਿ ਹਰਿ ਹੋਵੰਤੀ ॥੨॥੨॥੮॥ (977-17)
नानक जन हरि कथा सुणि त्रिपते जपि हरि हरि हरि होवंती ॥२॥२॥८॥

ਨਟ ਮਹਲਾ ੪ ॥ (977-17)
नट महला ४ ॥

ਕੋਈ ਆਨਿ ਸੁਨਾਵੈ ਹਰਿ ਕੀ ਹਰਿ ਗਾਲ ॥ (977-18)
कोई आनि सुनावै हरि की हरि गाल ॥

ਤਿਸ ਕਉ ਹਉ ਬਲਿ ਬਲਿ ਬਾਲ ॥ (977-18)
तिस कउ हउ बलि बलि बाल ॥

ਸੋ ਹਰਿ ਜਨੁ ਹੈ ਭਲ ਭਾਲ ॥ (977-18)
सो हरि जनु है भल भाल ॥

ਹਰਿ ਹੋ ਹੋ ਹੋ ਮੇਲਿ ਨਿਹਾਲ ॥੧॥ ਰਹਾਉ ॥ (978-1)
हरि हो हो हो मेलि निहाल ॥१॥ रहाउ ॥

ਹਰਿ ਕਾ ਮਾਰਗੁ ਗੁਰ ਸੰਤਿ ਬਤਾਇਓ ਗੁਰਿ ਚਾਲ ਦਿਖਾਈ ਹਰਿ ਚਾਲ ॥ (978-1)
हरि का मारगु गुर संति बताइओ गुरि चाल दिखाई हरि चाल ॥

ਅੰਤਰਿ ਕਪਟੁ ਚੁਕਾਵਹੁ ਮੇਰੇ ਗੁਰਸਿਖਹੁ ਨਿਹਕਪਟ ਕਮਾਵਹੁ ਹਰਿ ਕੀ ਹਰਿ ਘਾਲ ਨਿਹਾਲ ਨਿਹਾਲ ਨਿਹਾਲ ॥੧॥ (978-2)
अंतरि कपटु चुकावहु मेरे गुरसिखहु निहकपट कमावहु हरि की हरि घाल निहाल निहाल निहाल ॥१॥

ਤੇ ਗੁਰ ਕੇ ਸਿਖ ਮੇਰੇ ਹਰਿ ਪ੍ਰਭਿ ਭਾਏ ਜਿਨਾ ਹਰਿ ਪ੍ਰਭੁ ਜਾਨਿਓ ਮੇਰਾ ਨਾਲਿ ॥ (978-3)
ते गुर के सिख मेरे हरि प्रभि भाए जिना हरि प्रभु जानिओ मेरा नालि ॥

ਜਨ ਨਾਨਕ ਕਉ ਮਤਿ ਹਰਿ ਪ੍ਰਭਿ ਦੀਨੀ ਹਰਿ ਦੇਖਿ ਨਿਕਟਿ ਹਦੂਰਿ ਨਿਹਾਲ ਨਿਹਾਲ ਨਿਹਾਲ ਨਿਹਾਲ ॥੨॥੩॥੯॥ (978-4)
जन नानक कउ मति हरि प्रभि दीनी हरि देखि निकटि हदूरि निहाल निहाल निहाल निहाल ॥२॥३॥९॥

ਰਾਗੁ ਨਟ ਨਾਰਾਇਨ ਮਹਲਾ ੫ (978-6)
रागु नट नाराइन महला ५

ੴ ਸਤਿਗੁਰ ਪ੍ਰਸਾਦਿ ॥ (978-6)
ੴ सतिगुर प्रसादि ॥

ਰਾਮ ਹਉ ਕਿਆ ਜਾਨਾ ਕਿਆ ਭਾਵੈ ॥ (978-7)
राम हउ किआ जाना किआ भावै ॥

ਮਨਿ ਪਿਆਸ ਬਹੁਤੁ ਦਰਸਾਵੈ ॥੧॥ ਰਹਾਉ ॥ (978-7)
मनि पिआस बहुतु दरसावै ॥१॥ रहाउ ॥

ਸੋਈ ਗਿਆਨੀ ਸੋਈ ਜਨੁ ਤੇਰਾ ਜਿਸੁ ਊਪਰਿ ਰੁਚ ਆਵੈ ॥ (978-7)
सोई गिआनी सोई जनु तेरा जिसु ऊपरि रुच आवै ॥

ਕ੍ਰਿਪਾ ਕਰਹੁ ਜਿਸੁ ਪੁਰਖ ਬਿਧਾਤੇ ਸੋ ਸਦਾ ਸਦਾ ਤੁਧੁ ਧਿਆਵੈ ॥੧॥ (978-8)
क्रिपा करहु जिसु पुरख बिधाते सो सदा सदा तुधु धिआवै ॥१॥

ਕਵਨ ਜੋਗ ਕਵਨ ਗਿਆਨ ਧਿਆਨਾ ਕਵਨ ਗੁਨੀ ਰੀਝਾਵੈ ॥ (978-9)
कवन जोग कवन गिआन धिआना कवन गुनी रीझावै ॥

ਸੋਈ ਜਨੁ ਸੋਈ ਨਿਜ ਭਗਤਾ ਜਿਸੁ ਊਪਰਿ ਰੰਗੁ ਲਾਵੈ ॥੨॥ (978-9)
सोई जनु सोई निज भगता जिसु ऊपरि रंगु लावै ॥२॥

ਸਾਈ ਮਤਿ ਸਾਈ ਬੁਧਿ ਸਿਆਨਪ ਜਿਤੁ ਨਿਮਖ ਨ ਪ੍ਰਭੁ ਬਿਸਰਾਵੈ ॥ (978-10)
साई मति साई बुधि सिआनप जितु निमख न प्रभु बिसरावै ॥

ਸੰਤਸੰਗਿ ਲਗਿ ਏਹੁ ਸੁਖੁ ਪਾਇਓ ਹਰਿ ਗੁਨ ਸਦ ਹੀ ਗਾਵੈ ॥੩॥ (978-10)
संतसंगि लगि एहु सुखु पाइओ हरि गुन सद ही गावै ॥३॥

ਦੇਖਿਓ ਅਚਰਜੁ ਮਹਾ ਮੰਗਲ ਰੂਪ ਕਿਛੁ ਆਨ ਨਹੀ ਦਿਸਟਾਵੈ ॥ (978-11)
देखिओ अचरजु महा मंगल रूप किछु आन नही दिसटावै ॥

ਕਹੁ ਨਾਨਕ ਮੋਰਚਾ ਗੁਰਿ ਲਾਹਿਓ ਤਹ ਗਰਭ ਜੋਨਿ ਕਹ ਆਵੈ ॥੪॥੧॥ (978-12)
कहु नानक मोरचा गुरि लाहिओ तह गरभ जोनि कह आवै ॥४॥१॥

ਨਟ ਨਾਰਾਇਨ ਮਹਲਾ ੫ ਦੁਪਦੇ (978-13)
नट नाराइन महला ५ दुपदे

ੴ ਸਤਿਗੁਰ ਪ੍ਰਸਾਦਿ ॥ (978-13)
ੴ सतिगुर प्रसादि ॥

ਉਲਾਹਨੋ ਮੈ ਕਾਹੂ ਨ ਦੀਓ ॥ (978-14)
उलाहनो मै काहू न दीओ ॥

ਮਨ ਮੀਠ ਤੁਹਾਰੋ ਕੀਓ ॥੧॥ ਰਹਾਉ ॥ (978-14)
मन मीठ तुहारो कीओ ॥१॥ रहाउ ॥

ਆਗਿਆ ਮਾਨਿ ਜਾਨਿ ਸੁਖੁ ਪਾਇਆ ਸੁਨਿ ਸੁਨਿ ਨਾਮੁ ਤੁਹਾਰੋ ਜੀਓ ॥ (978-14)
आगिआ मानि जानि सुखु पाइआ सुनि सुनि नामु तुहारो जीओ ॥

ਈਹਾਂ ਊਹਾ ਹਰਿ ਤੁਮ ਹੀ ਤੁਮ ਹੀ ਇਹੁ ਗੁਰ ਤੇ ਮੰਤ੍ਰੁ ਦ੍ਰਿੜੀਓ ॥੧॥ (978-15)
ईहां ऊहा हरि तुम ही तुम ही इहु गुर ते मंत्रु द्रिड़ीओ ॥१॥

ਜਬ ਤੇ ਜਾਨਿ ਪਾਈ ਏਹ ਬਾਤਾ ਤਬ ਕੁਸਲ ਖੇਮ ਸਭ ਥੀਓ ॥ (978-15)
जब ते जानि पाई एह बाता तब कुसल खेम सभ थीओ ॥

ਸਾਧਸੰਗਿ ਨਾਨਕ ਪਰਗਾਸਿਓ ਆਨ ਨਾਹੀ ਰੇ ਬੀਓ ॥੨॥੧॥੨॥ (978-16)
साधसंगि नानक परगासिओ आन नाही रे बीओ ॥२॥१॥२॥

ਨਟ ਮਹਲਾ ੫ ॥ (978-17)
नट महला ५ ॥

ਜਾ ਕਉ ਭਈ ਤੁਮਾਰੀ ਧੀਰ ॥ (978-17)
जा कउ भई तुमारी धीर ॥

ਜਮ ਕੀ ਤ੍ਰਾਸ ਮਿਟੀ ਸੁਖੁ ਪਾਇਆ ਨਿਕਸੀ ਹਉਮੈ ਪੀਰ ॥੧॥ ਰਹਾਉ ॥ (978-17)
जम की त्रास मिटी सुखु पाइआ निकसी हउमै पीर ॥१॥ रहाउ ॥

ਤਪਤਿ ਬੁਝਾਨੀ ਅੰਮ੍ਰਿਤ ਬਾਨੀ ਤ੍ਰਿਪਤੇ ਜਿਉ ਬਾਰਿਕ ਖੀਰ ॥ (978-18)
तपति बुझानी अमृत बानी त्रिपते जिउ बारिक खीर ॥

ਮਾਤ ਪਿਤਾ ਸਾਜਨ ਸੰਤ ਮੇਰੇ ਸੰਤ ਸਹਾਈ ਬੀਰ ॥੧॥ (978-18)
मात पिता साजन संत मेरे संत सहाई बीर ॥१॥

ਖੁਲੇ ਭ੍ਰਮ ਭੀਤਿ ਮਿਲੇ ਗੋਪਾਲਾ ਹੀਰੈ ਬੇਧੇ ਹੀਰ ॥ (979-1)
खुले भ्रम भीति मिले गोपाला हीरै बेधे हीर ॥

ਬਿਸਮ ਭਏ ਨਾਨਕ ਜਸੁ ਗਾਵਤ ਠਾਕੁਰ ਗੁਨੀ ਗਹੀਰ ॥੨॥੨॥੩॥ (979-1)
बिसम भए नानक जसु गावत ठाकुर गुनी गहीर ॥२॥२॥३॥

ਨਟ ਮਹਲਾ ੫ ॥ (979-2)
नट महला ५ ॥

ਅਪਨਾ ਜਨੁ ਆਪਹਿ ਆਪਿ ਉਧਾਰਿਓ ॥ (979-2)
अपना जनु आपहि आपि उधारिओ ॥

ਆਠ ਪਹਰ ਜਨ ਕੈ ਸੰਗਿ ਬਸਿਓ ਮਨ ਤੇ ਨਾਹਿ ਬਿਸਾਰਿਓ ॥੧॥ ਰਹਾਉ ॥ (979-2)
आठ पहर जन कै संगि बसिओ मन ते नाहि बिसारिओ ॥१॥ रहाउ ॥

ਬਰਨੁ ਚਿਹਨੁ ਨਾਹੀ ਕਿਛੁ ਪੇਖਿਓ ਦਾਸ ਕਾ ਕੁਲੁ ਨ ਬਿਚਾਰਿਓ ॥ (979-3)
बरनु चिहनु नाही किछु पेखिओ दास का कुलु न बिचारिओ ॥

ਕਰਿ ਕਿਰਪਾ ਨਾਮੁ ਹਰਿ ਦੀਓ ਸਹਜਿ ਸੁਭਾਇ ਸਵਾਰਿਓ ॥੧॥ (979-4)
करि किरपा नामु हरि दीओ सहजि सुभाइ सवारिओ ॥१॥

ਮਹਾ ਬਿਖਮੁ ਅਗਨਿ ਕਾ ਸਾਗਰੁ ਤਿਸ ਤੇ ਪਾਰਿ ਉਤਾਰਿਓ ॥ (979-4)
महा बिखमु अगनि का सागरु तिस ते पारि उतारिओ ॥

ਪੇਖਿ ਪੇਖਿ ਨਾਨਕ ਬਿਗਸਾਨੋ ਪੁਨਹ ਪੁਨਹ ਬਲਿਹਾਰਿਓ ॥੨॥੩॥੪॥ (979-5)
पेखि पेखि नानक बिगसानो पुनह पुनह बलिहारिओ ॥२॥३॥४॥

ਨਟ ਮਹਲਾ ੫ ॥ (979-6)
नट महला ५ ॥

ਹਰਿ ਹਰਿ ਮਨ ਮਹਿ ਨਾਮੁ ਕਹਿਓ ॥ (979-6)
हरि हरि मन महि नामु कहिओ ॥

ਕੋਟਿ ਅਪ੍ਰਾਧ ਮਿਟਹਿ ਖਿਨ ਭੀਤਰਿ ਤਾ ਕਾ ਦੁਖੁ ਨ ਰਹਿਓ ॥੧॥ ਰਹਾਉ ॥ (979-6)
कोटि अप्राध मिटहि खिन भीतरि ता का दुखु न रहिओ ॥१॥ रहाउ ॥

ਖੋਜਤ ਖੋਜਤ ਭਇਓ ਬੈਰਾਗੀ ਸਾਧੂ ਸੰਗਿ ਲਹਿਓ ॥ (979-7)
खोजत खोजत भइओ बैरागी साधू संगि लहिओ ॥

ਸਗਲ ਤਿਆਗਿ ਏਕ ਲਿਵ ਲਾਗੀ ਹਰਿ ਹਰਿ ਚਰਨ ਗਹਿਓ ॥੧॥ (979-7)
सगल तिआगि एक लिव लागी हरि हरि चरन गहिओ ॥१॥

ਕਹਤ ਮੁਕਤ ਸੁਨਤੇ ਨਿਸਤਾਰੇ ਜੋ ਜੋ ਸਰਨਿ ਪਇਓ ॥ (979-8)
कहत मुकत सुनते निसतारे जो जो सरनि पइओ ॥

ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪੁਨਾ ਕਹੁ ਨਾਨਕ ਅਨਦੁ ਭਇਓ ॥੨॥੪॥੫॥ (979-8)
सिमरि सिमरि सुआमी प्रभु अपुना कहु नानक अनदु भइओ ॥२॥४॥५॥

ਨਟ ਮਹਲਾ ੫ ॥ (979-9)
नट महला ५ ॥

ਚਰਨ ਕਮਲ ਸੰਗਿ ਲਾਗੀ ਡੋਰੀ ॥ (979-9)
चरन कमल संगि लागी डोरी ॥

ਸੁਖ ਸਾਗਰ ਕਰਿ ਪਰਮ ਗਤਿ ਮੋਰੀ ॥੧॥ ਰਹਾਉ ॥ (979-10)
सुख सागर करि परम गति मोरी ॥१॥ रहाउ ॥

ਅੰਚਲਾ ਗਹਾਇਓ ਜਨ ਅਪੁਨੇ ਕਉ ਮਨੁ ਬੀਧੋ ਪ੍ਰੇਮ ਕੀ ਖੋਰੀ ॥ (979-10)
अंचला गहाइओ जन अपुने कउ मनु बीधो प्रेम की खोरी ॥

ਜਸੁ ਗਾਵਤ ਭਗਤਿ ਰਸੁ ਉਪਜਿਓ ਮਾਇਆ ਕੀ ਜਾਲੀ ਤੋਰੀ ॥੧॥ (979-11)
जसु गावत भगति रसु उपजिओ माइआ की जाली तोरी ॥१॥

ਪੂਰਨ ਪੂਰਿ ਰਹੇ ਕਿਰਪਾ ਨਿਧਿ ਆਨ ਨ ਪੇਖਉ ਹੋਰੀ ॥ (979-11)
पूरन पूरि रहे किरपा निधि आन न पेखउ होरी ॥

ਨਾਨਕ ਮੇਲਿ ਲੀਓ ਦਾਸੁ ਅਪੁਨਾ ਪ੍ਰੀਤਿ ਨ ਕਬਹੂ ਥੋਰੀ ॥੨॥੫॥੬॥ (979-12)
नानक मेलि लीओ दासु अपुना प्रीति न कबहू थोरी ॥२॥५॥६॥

ਨਟ ਮਹਲਾ ੫ ॥ (979-12)
नट महला ५ ॥

ਮੇਰੇ ਮਨ ਜਪੁ ਜਪਿ ਹਰਿ ਨਾਰਾਇਣ ॥ (979-13)
मेरे मन जपु जपि हरि नाराइण ॥

ਕਬਹੂ ਨ ਬਿਸਰਹੁ ਮਨ ਮੇਰੇ ਤੇ ਆਠ ਪਹਰ ਗੁਨ ਗਾਇਣ ॥੧॥ ਰਹਾਉ ॥ (979-13)
कबहू न बिसरहु मन मेरे ते आठ पहर गुन गाइण ॥१॥ रहाउ ॥

ਸਾਧੂ ਧੂਰਿ ਕਰਉ ਨਿਤ ਮਜਨੁ ਸਭ ਕਿਲਬਿਖ ਪਾਪ ਗਵਾਇਣ ॥ (979-14)
साधू धूरि करउ नित मजनु सभ किलबिख पाप गवाइण ॥

ਪੂਰਨ ਪੂਰਿ ਰਹੇ ਕਿਰਪਾ ਨਿਧਿ ਘਟਿ ਘਟਿ ਦਿਸਟਿ ਸਮਾਇਣੁ ॥੧॥ (979-14)
पूरन पूरि रहे किरपा निधि घटि घटि दिसटि समाइणु ॥१॥

ਜਾਪ ਤਾਪ ਕੋਟਿ ਲਖ ਪੂਜਾ ਹਰਿ ਸਿਮਰਣ ਤੁਲਿ ਨ ਲਾਇਣ ॥ (979-15)
जाप ताप कोटि लख पूजा हरि सिमरण तुलि न लाइण ॥

ਦੁਇ ਕਰ ਜੋੜਿ ਨਾਨਕੁ ਦਾਨੁ ਮਾਂਗੈ ਤੇਰੇ ਦਾਸਨਿ ਦਾਸ ਦਸਾਇਣੁ ॥੨॥੬॥੭॥ (979-15)
दुइ कर जोड़ि नानकु दानु मांगै तेरे दासनि दास दसाइणु ॥२॥६॥७॥

ਨਟ ਮਹਲਾ ੫ ॥ (979-16)
नट महला ५ ॥

ਮੇਰੈ ਸਰਬਸੁ ਨਾਮੁ ਨਿਧਾਨੁ ॥ (979-16)
मेरै सरबसु नामु निधानु ॥

ਕਰਿ ਕਿਰਪਾ ਸਾਧੂ ਸੰਗਿ ਮਿਲਿਓ ਸਤਿਗੁਰਿ ਦੀਨੋ ਦਾਨੁ ॥੧॥ ਰਹਾਉ ॥ (979-17)
करि किरपा साधू संगि मिलिओ सतिगुरि दीनो दानु ॥१॥ रहाउ ॥

ਸੁਖਦਾਤਾ ਦੁਖ ਭੰਜਨਹਾਰਾ ਗਾਉ ਕੀਰਤਨੁ ਪੂਰਨ ਗਿਆਨੁ ॥ (979-17)
सुखदाता दुख भंजनहारा गाउ कीरतनु पूरन गिआनु ॥

ਕਾਮੁ ਕ੍ਰੋਧੁ ਲੋਭੁ ਖੰਡ ਖੰਡ ਕੀਨ੍ਹੇ ਬਿਨਸਿਓ ਮੂੜ ਅਭਿਮਾਨੁ ॥੧॥ (979-18)
कामु क्रोधु लोभु खंड खंड कीन्हे बिनसिओ मूड़ अभिमानु ॥१॥

ਕਿਆ ਗੁਣ ਤੇਰੇ ਆਖਿ ਵਖਾਣਾ ਪ੍ਰਭ ਅੰਤਰਜਾਮੀ ਜਾਨੁ ॥ (979-18)
किआ गुण तेरे आखि वखाणा प्रभ अंतरजामी जानु ॥

ਚਰਨ ਕਮਲ ਸਰਨਿ ਸੁਖ ਸਾਗਰ ਨਾਨਕੁ ਸਦ ਕੁਰਬਾਨੁ ॥੨॥੭॥੮॥ (979-19)
चरन कमल सरनि सुख सागर नानकु सद कुरबानु ॥२॥७॥८॥

ਨਟ ਮਹਲਾ ੫ ॥ (980-1)
नट महला ५ ॥

ਹਉ ਵਾਰਿ ਵਾਰਿ ਜਾਉ ਗੁਰ ਗੋਪਾਲ ॥੧॥ ਰਹਾਉ ॥ (980-1)
हउ वारि वारि जाउ गुर गोपाल ॥१॥ रहाउ ॥

ਮੋਹਿ ਨਿਰਗੁਨ ਤੁਮ ਪੂਰਨ ਦਾਤੇ ਦੀਨਾ ਨਾਥ ਦਇਆਲ ॥੧॥ (980-1)
मोहि निरगुन तुम पूरन दाते दीना नाथ दइआल ॥१॥

ਊਠਤ ਬੈਠਤ ਸੋਵਤ ਜਾਗਤ ਜੀਅ ਪ੍ਰਾਨ ਧਨ ਮਾਲ ॥੨॥ (980-2)
ऊठत बैठत सोवत जागत जीअ प्रान धन माल ॥२॥

ਦਰਸਨ ਪਿਆਸ ਬਹੁਤੁ ਮਨਿ ਮੇਰੈ ਨਾਨਕ ਦਰਸ ਨਿਹਾਲ ॥੩॥੮॥੯॥ (980-2)
दरसन पिआस बहुतु मनि मेरै नानक दरस निहाल ॥३॥८॥९॥

ਨਟ ਪੜਤਾਲ ਮਹਲਾ ੫ (980-4)
नट पड़ताल महला ५

ੴ ਸਤਿਗੁਰ ਪ੍ਰਸਾਦਿ ॥ (980-4)
ੴ सतिगुर प्रसादि ॥

ਕੋਊ ਹੈ ਮੇਰੋ ਸਾਜਨੁ ਮੀਤੁ ॥ (980-5)
कोऊ है मेरो साजनु मीतु ॥

ਹਰਿ ਨਾਮੁ ਸੁਨਾਵੈ ਨੀਤ ॥ (980-5)
हरि नामु सुनावै नीत ॥

ਬਿਨਸੈ ਦੁਖੁ ਬਿਪਰੀਤਿ ॥ (980-5)
बिनसै दुखु बिपरीति ॥

ਸਭੁ ਅਰਪਉ ਮਨੁ ਤਨੁ ਚੀਤੁ ॥੧॥ ਰਹਾਉ ॥ (980-5)
सभु अरपउ मनु तनु चीतु ॥१॥ रहाउ ॥

ਕੋਈ ਵਿਰਲਾ ਆਪਨ ਕੀਤ ॥ (980-6)
कोई विरला आपन कीत ॥

ਸੰਗਿ ਚਰਨ ਕਮਲ ਮਨੁ ਸੀਤ ॥ (980-6)
संगि चरन कमल मनु सीत ॥

ਕਰਿ ਕਿਰਪਾ ਹਰਿ ਜਸੁ ਦੀਤ ॥੧॥ (980-6)
करि किरपा हरि जसु दीत ॥१॥

ਹਰਿ ਭਜਿ ਜਨਮੁ ਪਦਾਰਥੁ ਜੀਤ ॥ (980-7)
हरि भजि जनमु पदारथु जीत ॥

ਕੋਟਿ ਪਤਿਤ ਹੋਹਿ ਪੁਨੀਤ ॥ (980-7)
कोटि पतित होहि पुनीत ॥

ਨਾਨਕ ਦਾਸ ਬਲਿ ਬਲਿ ਕੀਤ ॥੨॥੧॥੧੦॥੧੯॥ (980-7)
नानक दास बलि बलि कीत ॥२॥१॥१०॥१९॥

ਨਟ ਅਸਟਪਦੀਆ ਮਹਲਾ ੪ (980-9)
नट असटपदीआ महला ४

ੴ ਸਤਿਗੁਰ ਪ੍ਰਸਾਦਿ ॥ (980-9)
ੴ सतिगुर प्रसादि ॥

ਰਾਮ ਮੇਰੇ ਮਨਿ ਤਨਿ ਨਾਮੁ ਅਧਾਰੇ ॥ (980-10)
राम मेरे मनि तनि नामु अधारे ॥

ਖਿਨੁ ਪਲੁ ਰਹਿ ਨ ਸਕਉ ਬਿਨੁ ਸੇਵਾ ਮੈ ਗੁਰਮਤਿ ਨਾਮੁ ਸਮ੍ਹ੍ਹਾਰੇ ॥੧॥ ਰਹਾਉ ॥ (980-10)
खिनु पलु रहि न सकउ बिनु सेवा मै गुरमति नामु सम्हारे ॥१॥ रहाउ ॥

ਹਰਿ ਹਰਿ ਹਰਿ ਹਰਿ ਹਰਿ ਮਨਿ ਧਿਆਵਹੁ ਮੈ ਹਰਿ ਹਰਿ ਨਾਮੁ ਪਿਆਰੇ ॥ (980-11)
हरि हरि हरि हरि हरि मनि धिआवहु मै हरि हरि नामु पिआरे ॥

ਦੀਨ ਦਇਆਲ ਭਏ ਪ੍ਰਭ ਠਾਕੁਰ ਗੁਰ ਕੈ ਸਬਦਿ ਸਵਾਰੇ ॥੧॥ (980-11)
दीन दइआल भए प्रभ ठाकुर गुर कै सबदि सवारे ॥१॥

ਮਧਸੂਦਨ ਜਗਜੀਵਨ ਮਾਧੋ ਮੇਰੇ ਠਾਕੁਰ ਅਗਮ ਅਪਾਰੇ ॥ (980-12)
मधसूदन जगजीवन माधो मेरे ठाकुर अगम अपारे ॥

ਇਕ ਬਿਨਉ ਬੇਨਤੀ ਕਰਉ ਗੁਰ ਆਗੈ ਮੈ ਸਾਧੂ ਚਰਨ ਪਖਾਰੇ ॥੨॥ (980-12)
इक बिनउ बेनती करउ गुर आगै मै साधू चरन पखारे ॥२॥

ਸਹਸ ਨੇਤ੍ਰ ਨੇਤ੍ਰ ਹੈ ਪ੍ਰਭ ਕਉ ਪ੍ਰਭ ਏਕੋ ਪੁਰਖੁ ਨਿਰਾਰੇ ॥ (980-13)
सहस नेत्र नेत्र है प्रभ कउ प्रभ एको पुरखु निरारे ॥

ਸਹਸ ਮੂਰਤਿ ਏਕੋ ਪ੍ਰਭੁ ਠਾਕੁਰੁ ਪ੍ਰਭੁ ਏਕੋ ਗੁਰਮਤਿ ਤਾਰੇ ॥੩॥ (980-14)
सहस मूरति एको प्रभु ठाकुरु प्रभु एको गुरमति तारे ॥३॥

ਗੁਰਮਤਿ ਨਾਮੁ ਦਮੋਦਰੁ ਪਾਇਆ ਹਰਿ ਹਰਿ ਨਾਮੁ ਉਰਿ ਧਾਰੇ ॥ (980-14)
गुरमति नामु दमोदरु पाइआ हरि हरि नामु उरि धारे ॥

ਹਰਿ ਹਰਿ ਕਥਾ ਬਨੀ ਅਤਿ ਮੀਠੀ ਜਿਉ ਗੂੰਗਾ ਗਟਕ ਸਮ੍ਹਾਰੇ ॥੪॥ (980-15)
हरि हरि कथा बनी अति मीठी जिउ गूंगा गटक सम्हारे ॥४॥

ਰਸਨਾ ਸਾਦ ਚਖੈ ਭਾਇ ਦੂਜੈ ਅਤਿ ਫੀਕੇ ਲੋਭ ਬਿਕਾਰੇ ॥ (980-15)
रसना साद चखै भाइ दूजै अति फीके लोभ बिकारे ॥

ਜੋ ਗੁਰਮੁਖਿ ਸਾਦ ਚਖਹਿ ਰਾਮ ਨਾਮਾ ਸਭ ਅਨ ਰਸ ਸਾਦ ਬਿਸਾਰੇ ॥੫॥ (980-16)
जो गुरमुखि साद चखहि राम नामा सभ अन रस साद बिसारे ॥५॥

ਗੁਰਮਤਿ ਰਾਮ ਨਾਮੁ ਧਨੁ ਪਾਇਆ ਸੁਣਿ ਕਹਤਿਆ ਪਾਪ ਨਿਵਾਰੇ ॥ (980-17)
गुरमति राम नामु धनु पाइआ सुणि कहतिआ पाप निवारे ॥

ਧਰਮ ਰਾਇ ਜਮੁ ਨੇੜਿ ਨ ਆਵੈ ਮੇਰੇ ਠਾਕੁਰ ਕੇ ਜਨ ਪਿਆਰੇ ॥੬॥ (980-17)
धरम राइ जमु नेड़ि न आवै मेरे ठाकुर के जन पिआरे ॥६॥

ਸਾਸ ਸਾਸ ਸਾਸ ਹੈ ਜੇਤੇ ਮੈ ਗੁਰਮਤਿ ਨਾਮੁ ਸਮ੍ਹਾਰੇ ॥ (980-18)
सास सास सास है जेते मै गुरमति नामु सम्हारे ॥

ਸਾਸੁ ਸਾਸੁ ਜਾਇ ਨਾਮੈ ਬਿਨੁ ਸੋ ਬਿਰਥਾ ਸਾਸੁ ਬਿਕਾਰੇ ॥੭॥ (980-19)
सासु सासु जाइ नामै बिनु सो बिरथा सासु बिकारे ॥७॥

ਕ੍ਰਿਪਾ ਕ੍ਰਿਪਾ ਕਰਿ ਦੀਨ ਪ੍ਰਭ ਸਰਨੀ ਮੋ ਕਉ ਹਰਿ ਜਨ ਮੇਲਿ ਪਿਆਰੇ ॥ (980-19)
क्रिपा क्रिपा करि दीन प्रभ सरनी मो कउ हरि जन मेलि पिआरे ॥

ਨਾਨਕ ਦਾਸਨਿ ਦਾਸੁ ਕਹਤੁ ਹੈ ਹਮ ਦਾਸਨ ਕੇ ਪਨਿਹਾਰੇ ॥੮॥੧॥ (981-1)
नानक दासनि दासु कहतु है हम दासन के पनिहारे ॥८॥१॥

ਨਟ ਮਹਲਾ ੪ ॥ (981-1)
नट महला ४ ॥

ਰਾਮ ਹਮ ਪਾਥਰ ਨਿਰਗੁਨੀਆਰੇ ॥ (981-2)
राम हम पाथर निरगुनीआरे ॥

ਕ੍ਰਿਪਾ ਕ੍ਰਿਪਾ ਕਰਿ ਗੁਰੂ ਮਿਲਾਏ ਹਮ ਪਾਹਨ ਸਬਦਿ ਗੁਰ ਤਾਰੇ ॥੧॥ ਰਹਾਉ ॥ (981-2)
क्रिपा क्रिपा करि गुरू मिलाए हम पाहन सबदि गुर तारे ॥१॥ रहाउ ॥

ਸਤਿਗੁਰ ਨਾਮੁ ਦ੍ਰਿੜਾਏ ਅਤਿ ਮੀਠਾ ਮੈਲਾਗਰੁ ਮਲਗਾਰੇ ॥ (981-3)
सतिगुर नामु द्रिड़ाए अति मीठा मैलागरु मलगारे ॥

ਨਾਮੈ ਸੁਰਤਿ ਵਜੀ ਹੈ ਦਹ ਦਿਸਿ ਹਰਿ ਮੁਸਕੀ ਮੁਸਕ ਗੰਧਾਰੇ ॥੧॥ (981-3)
नामै सुरति वजी है दह दिसि हरि मुसकी मुसक गंधारे ॥१॥

ਤੇਰੀ ਨਿਰਗੁਣ ਕਥਾ ਕਥਾ ਹੈ ਮੀਠੀ ਗੁਰਿ ਨੀਕੇ ਬਚਨ ਸਮਾਰੇ ॥ (981-4)
तेरी निरगुण कथा कथा है मीठी गुरि नीके बचन समारे ॥

ਗਾਵਤ ਗਾਵਤ ਹਰਿ ਗੁਨ ਗਾਏ ਗੁਨ ਗਾਵਤ ਗੁਰਿ ਨਿਸਤਾਰੇ ॥੨॥ (981-4)
गावत गावत हरि गुन गाए गुन गावत गुरि निसतारे ॥२॥

ਬਿਬੇਕੁ ਗੁਰੂ ਗੁਰੂ ਸਮਦਰਸੀ ਤਿਸੁ ਮਿਲੀਐ ਸੰਕ ਉਤਾਰੇ ॥ (981-5)
बिबेकु गुरू गुरू समदरसी तिसु मिलीऐ संक उतारे ॥

ਸਤਿਗੁਰ ਮਿਲਿਐ ਪਰਮ ਪਦੁ ਪਾਇਆ ਹਉ ਸਤਿਗੁਰ ਕੈ ਬਲਿਹਾਰੇ ॥੩॥ (981-6)
सतिगुर मिलिऐ परम पदु पाइआ हउ सतिगुर कै बलिहारे ॥३॥

ਪਾਖੰਡ ਪਾਖੰਡ ਕਰਿ ਕਰਿ ਭਰਮੇ ਲੋਭੁ ਪਾਖੰਡੁ ਜਗਿ ਬੁਰਿਆਰੇ ॥ (981-6)
पाखंड पाखंड करि करि भरमे लोभु पाखंडु जगि बुरिआरे ॥

ਹਲਤਿ ਪਲਤਿ ਦੁਖਦਾਈ ਹੋਵਹਿ ਜਮਕਾਲੁ ਖੜਾ ਸਿਰਿ ਮਾਰੇ ॥੪॥ (981-7)
हलति पलति दुखदाई होवहि जमकालु खड़ा सिरि मारे ॥४॥

ਉਗਵੈ ਦਿਨਸੁ ਆਲੁ ਜਾਲੁ ਸਮ੍ਹਾਲੈ ਬਿਖੁ ਮਾਇਆ ਕੇ ਬਿਸਥਾਰੇ ॥ (981-7)
उगवै दिनसु आलु जालु सम्हालै बिखु माइआ के बिसथारे ॥

ਆਈ ਰੈਨਿ ਭਇਆ ਸੁਪਨੰਤਰੁ ਬਿਖੁ ਸੁਪਨੈ ਭੀ ਦੁਖ ਸਾਰੇ ॥੫॥ (981-8)
आई रैनि भइआ सुपनंतरु बिखु सुपनै भी दुख सारे ॥५॥

ਕਲਰੁ ਖੇਤੁ ਲੈ ਕੂੜੁ ਜਮਾਇਆ ਸਭ ਕੂੜੈ ਕੇ ਖਲਵਾਰੇ ॥ (981-9)
कलरु खेतु लै कूड़ु जमाइआ सभ कूड़ै के खलवारे ॥

ਸਾਕਤ ਨਰ ਸਭਿ ਭੂਖ ਭੁਖਾਨੇ ਦਰਿ ਠਾਢੇ ਜਮ ਜੰਦਾਰੇ ॥੬॥ (981-9)
साकत नर सभि भूख भुखाने दरि ठाढे जम जंदारे ॥६॥

ਮਨਮੁਖ ਕਰਜੁ ਚੜਿਆ ਬਿਖੁ ਭਾਰੀ ਉਤਰੈ ਸਬਦੁ ਵੀਚਾਰੇ ॥ (981-10)
मनमुख करजु चड़िआ बिखु भारी उतरै सबदु वीचारे ॥

ਜਿਤਨੇ ਕਰਜ ਕਰਜ ਕੇ ਮੰਗੀਏ ਕਰਿ ਸੇਵਕ ਪਗਿ ਲਗਿ ਵਾਰੇ ॥੭॥ (981-10)
जितने करज करज के मंगीए करि सेवक पगि लगि वारे ॥७॥

ਜਗੰਨਾਥ ਸਭਿ ਜੰਤ੍ਰ ਉਪਾਏ ਨਕਿ ਖੀਨੀ ਸਭ ਨਥਹਾਰੇ ॥ (981-11)
जगंनाथ सभि जंत्र उपाए नकि खीनी सभ नथहारे ॥

ਨਾਨਕ ਪ੍ਰਭੁ ਖਿੰਚੈ ਤਿਵ ਚਲੀਐ ਜਿਉ ਭਾਵੈ ਰਾਮ ਪਿਆਰੇ ॥੮॥੨॥ (981-12)
नानक प्रभु खिंचै तिव चलीऐ जिउ भावै राम पिआरे ॥८॥२॥

ਨਟ ਮਹਲਾ ੪ ॥ (981-12)
नट महला ४ ॥

ਰਾਮ ਹਰਿ ਅੰਮ੍ਰਿਤ ਸਰਿ ਨਾਵਾਰੇ ॥ (981-12)
राम हरि अमृत सरि नावारे ॥

ਸਤਿਗੁਰਿ ਗਿਆਨੁ ਮਜਨੁ ਹੈ ਨੀਕੋ ਮਿਲਿ ਕਲਮਲ ਪਾਪ ਉਤਾਰੇ ॥੧॥ ਰਹਾਉ ॥ (981-13)
सतिगुरि गिआनु मजनु है नीको मिलि कलमल पाप उतारे ॥१॥ रहाउ ॥

ਸੰਗਤਿ ਕਾ ਗੁਨੁ ਬਹੁਤੁ ਅਧਿਕਾਈ ਪੜਿ ਸੂਆ ਗਨਕ ਉਧਾਰੇ ॥ (981-13)
संगति का गुनु बहुतु अधिकाई पड़ि सूआ गनक उधारे ॥

ਪਰਸ ਨਪਰਸ ਭਏ ਕੁਬਿਜਾ ਕਉ ਲੈ ਬੈਕੁੰਠਿ ਸਿਧਾਰੇ ॥੧॥ (981-14)
परस नपरस भए कुबिजा कउ लै बैकुंठि सिधारे ॥१॥

ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ ॥ (981-15)
अजामल प्रीति पुत्र प्रति कीनी करि नाराइण बोलारे ॥

ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ ਜਮਕੰਕਰ ਮਾਰਿ ਬਿਦਾਰੇ ॥੨॥ (981-15)
मेरे ठाकुर कै मनि भाइ भावनी जमकंकर मारि बिदारे ॥२॥

ਮਾਨੁਖੁ ਕਥੈ ਕਥਿ ਲੋਕ ਸੁਨਾਵੈ ਜੋ ਬੋਲੈ ਸੋ ਨ ਬੀਚਾਰੇ ॥ (981-16)
मानुखु कथै कथि लोक सुनावै जो बोलै सो न बीचारे ॥

ਸਤਸੰਗਤਿ ਮਿਲੈ ਤ ਦਿੜਤਾ ਆਵੈ ਹਰਿ ਰਾਮ ਨਾਮਿ ਨਿਸਤਾਰੇ ॥੩॥ (981-16)
सतसंगति मिलै त दिड़ता आवै हरि राम नामि निसतारे ॥३॥

ਜਬ ਲਗੁ ਜੀਉ ਪਿੰਡੁ ਹੈ ਸਾਬਤੁ ਤਬ ਲਗਿ ਕਿਛੁ ਨ ਸਮਾਰੇ ॥ (981-17)
जब लगु जीउ पिंडु है साबतु तब लगि किछु न समारे ॥

ਜਬ ਘਰ ਮੰਦਰਿ ਆਗਿ ਲਗਾਨੀ ਕਢਿ ਕੂਪੁ ਕਢੈ ਪਨਿਹਾਰੇ ॥੪॥ (981-18)
जब घर मंदरि आगि लगानी कढि कूपु कढै पनिहारे ॥४॥

ਸਾਕਤ ਸਿਉ ਮਨ ਮੇਲੁ ਨ ਕਰੀਅਹੁ ਜਿਨਿ ਹਰਿ ਹਰਿ ਨਾਮੁ ਬਿਸਾਰੇ ॥ (981-18)
साकत सिउ मन मेलु न करीअहु जिनि हरि हरि नामु बिसारे ॥

ਸਾਕਤ ਬਚਨ ਬਿਛੂਆ ਜਿਉ ਡਸੀਐ ਤਜਿ ਸਾਕਤ ਪਰੈ ਪਰਾਰੇ ॥੫॥ (981-19)
साकत बचन बिछूआ जिउ डसीऐ तजि साकत परै परारे ॥५॥

ਲਗਿ ਲਗਿ ਪ੍ਰੀਤਿ ਬਹੁ ਪ੍ਰੀਤਿ ਲਗਾਈ ਲਗਿ ਸਾਧੂ ਸੰਗਿ ਸਵਾਰੇ ॥ (982-1)
लगि लगि प्रीति बहु प्रीति लगाई लगि साधू संगि सवारे ॥

ਗੁਰ ਕੇ ਬਚਨ ਸਤਿ ਸਤਿ ਕਰਿ ਮਾਨੇ ਮੇਰੇ ਠਾਕੁਰ ਬਹੁਤੁ ਪਿਆਰੇ ॥੬॥ (982-1)
गुर के बचन सति सति करि माने मेरे ठाकुर बहुतु पिआरे ॥६॥

ਪੂਰਬਿ ਜਨਮਿ ਪਰਚੂਨ ਕਮਾਏ ਹਰਿ ਹਰਿ ਹਰਿ ਨਾਮਿ ਪਿਆਰੇ ॥ (982-2)
पूरबि जनमि परचून कमाए हरि हरि हरि नामि पिआरे ॥

ਗੁਰ ਪ੍ਰਸਾਦਿ ਅੰਮ੍ਰਿਤ ਰਸੁ ਪਾਇਆ ਰਸੁ ਗਾਵੈ ਰਸੁ ਵੀਚਾਰੇ ॥੭॥ (982-3)
गुर प्रसादि अमृत रसु पाइआ रसु गावै रसु वीचारे ॥७॥

ਹਰਿ ਹਰਿ ਰੂਪ ਰੰਗ ਸਭਿ ਤੇਰੇ ਮੇਰੇ ਲਾਲਨ ਲਾਲ ਗੁਲਾਰੇ ॥ (982-3)
हरि हरि रूप रंग सभि तेरे मेरे लालन लाल गुलारे ॥

ਜੈਸਾ ਰੰਗੁ ਦੇਹਿ ਸੋ ਹੋਵੈ ਕਿਆ ਨਾਨਕ ਜੰਤ ਵਿਚਾਰੇ ॥੮॥੩॥ (982-4)
जैसा रंगु देहि सो होवै किआ नानक जंत विचारे ॥८॥३॥

ਨਟ ਮਹਲਾ ੪ ॥ (982-4)
नट महला ४ ॥

ਰਾਮ ਗੁਰ ਸਰਨਿ ਪ੍ਰਭੂ ਰਖਵਾਰੇ ॥ (982-4)
राम गुर सरनि प्रभू रखवारे ॥

ਜਿਉ ਕੁੰਚਰੁ ਤਦੂਐ ਪਕਰਿ ਚਲਾਇਓ ਕਰਿ ਊਪਰੁ ਕਢਿ ਨਿਸਤਾਰੇ ॥੧॥ ਰਹਾਉ ॥ (982-5)
जिउ कुंचरु तदूऐ पकरि चलाइओ करि ऊपरु कढि निसतारे ॥१॥ रहाउ ॥

ਪ੍ਰਭ ਕੇ ਸੇਵਕ ਬਹੁਤੁ ਅਤਿ ਨੀਕੇ ਮਨਿ ਸਰਧਾ ਕਰਿ ਹਰਿ ਧਾਰੇ ॥ (982-6)
प्रभ के सेवक बहुतु अति नीके मनि सरधा करि हरि धारे ॥

ਮੇਰੈ ਪ੍ਰਭਿ ਸਰਧਾ ਭਗਤਿ ਮਨਿ ਭਾਵੈ ਜਨ ਕੀ ਪੈਜ ਸਵਾਰੇ ॥੧॥ (982-6)
मेरे प्रभि सरधा भगति मनि भावै जन की पैज सवारे ॥१॥

ਹਰਿ ਹਰਿ ਸੇਵਕੁ ਸੇਵਾ ਲਾਗੈ ਸਭੁ ਦੇਖੈ ਬ੍ਰਹਮ ਪਸਾਰੇ ॥ (982-7)
हरि हरि सेवकु सेवा लागै सभु देखै ब्रहम पसारे ॥

ਏਕੁ ਪੁਰਖੁ ਇਕੁ ਨਦਰੀ ਆਵੈ ਸਭ ਏਕਾ ਨਦਰਿ ਨਿਹਾਰੇ ॥੨॥ (982-7)
एकु पुरखु इकु नदरी आवै सभ एका नदरि निहारे ॥२॥

ਹਰਿ ਪ੍ਰਭੁ ਠਾਕੁਰੁ ਰਵਿਆ ਸਭ ਠਾਈ ਸਭੁ ਚੇਰੀ ਜਗਤੁ ਸਮਾਰੇ ॥ (982-8)
हरि प्रभु ठाकुरु रविआ सभ ठाई सभु चेरी जगतु समारे ॥

ਆਪਿ ਦਇਆਲੁ ਦਇਆ ਦਾਨੁ ਦੇਵੈ ਵਿਚਿ ਪਾਥਰ ਕੀਰੇ ਕਾਰੇ ॥੩॥ (982-8)
आपि दइआलु दइआ दानु देवै विचि पाथर कीरे कारे ॥३॥

ਅੰਤਰਿ ਵਾਸੁ ਬਹੁਤੁ ਮੁਸਕਾਈ ਭ੍ਰਮਿ ਭੂਲਾ ਮਿਰਗੁ ਸਿੰਙ੍ਹਾਰੇ ॥ (982-9)
अंतरि वासु बहुतु मुसकाई भ्रमि भूला मिरगु सिंङ्हारे ॥

ਬਨੁ ਬਨੁ ਢੂਢਿ ਢੂਢਿ ਫਿਰਿ ਥਾਕੀ ਗੁਰਿ ਪੂਰੈ ਘਰਿ ਨਿਸਤਾਰੇ ॥੪॥ (982-10)
बनु बनु ढूढि ढूढि फिरि थाकी गुरि पूरै घरि निसतारे ॥४॥

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥ (982-10)
बाणी गुरू गुरू है बाणी विचि बाणी अमृतु सारे ॥

ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥ (982-11)
गुरु बाणी कहै सेवकु जनु मानै परतखि गुरू निसतारे ॥५॥

ਸਭੁ ਹੈ ਬ੍ਰਹਮੁ ਬ੍ਰਹਮੁ ਹੈ ਪਸਰਿਆ ਮਨਿ ਬੀਜਿਆ ਖਾਵਾਰੇ ॥ (982-12)
सभु है ब्रहमु ब्रहमु है पसरिआ मनि बीजिआ खावारे ॥

ਜਿਉ ਜਨ ਚੰਦ੍ਰਹਾਂਸੁ ਦੁਖਿਆ ਧ੍ਰਿਸਟਬੁਧੀ ਅਪੁਨਾ ਘਰੁ ਲੂਕੀ ਜਾਰੇ ॥੬॥ (982-12)
जिउ जन चंद्रहांसु दुखिआ ध्रिसटबुधी अपुना घरु लूकी जारे ॥६॥

ਪ੍ਰਭ ਕਉ ਜਨੁ ਅੰਤਰਿ ਰਿਦ ਲੋਚੈ ਪ੍ਰਭ ਜਨ ਕੇ ਸਾਸ ਨਿਹਾਰੇ ॥ (982-13)
प्रभ कउ जनु अंतरि रिद लोचै प्रभ जन के सास निहारे ॥

ਕ੍ਰਿਪਾ ਕ੍ਰਿਪਾ ਕਰਿ ਭਗਤਿ ਦ੍ਰਿੜਾਏ ਜਨ ਪੀਛੈ ਜਗੁ ਨਿਸਤਾਰੇ ॥੭॥ (982-13)
क्रिपा क्रिपा करि भगति द्रिड़ाए जन पीछै जगु निसतारे ॥७॥

ਆਪਨ ਆਪਿ ਆਪਿ ਪ੍ਰਭੁ ਠਾਕੁਰੁ ਪ੍ਰਭੁ ਆਪੇ ਸ੍ਰਿਸਟਿ ਸਵਾਰੇ ॥ (982-14)
आपन आपि आपि प्रभु ठाकुरु प्रभु आपे स्रिसटि सवारे ॥

ਜਨ ਨਾਨਕ ਆਪੇ ਆਪਿ ਸਭੁ ਵਰਤੈ ਕਰਿ ਕ੍ਰਿਪਾ ਆਪਿ ਨਿਸਤਾਰੇ ॥੮॥੪॥ (982-15)
जन नानक आपे आपि सभु वरतै करि क्रिपा आपि निसतारे ॥८॥४॥

ਨਟ ਮਹਲਾ ੪ ॥ (982-15)
नट महला ४ ॥

ਰਾਮ ਕਰਿ ਕਿਰਪਾ ਲੇਹੁ ਉਬਾਰੇ ॥ (982-16)
राम करि किरपा लेहु उबारे ॥

ਜਿਉ ਪਕਰਿ ਦ੍ਰੋਪਤੀ ਦੁਸਟਾਂ ਆਨੀ ਹਰਿ ਹਰਿ ਲਾਜ ਨਿਵਾਰੇ ॥੧॥ ਰਹਾਉ ॥ (982-16)
जिउ पकरि द्रोपती दुसटां आनी हरि हरि लाज निवारे ॥१॥ रहाउ ॥

ਕਰਿ ਕਿਰਪਾ ਜਾਚਿਕ ਜਨ ਤੇਰੇ ਇਕੁ ਮਾਗਉ ਦਾਨੁ ਪਿਆਰੇ ॥ (982-17)
करि किरपा जाचिक जन तेरे इकु मागउ दानु पिआरे ॥

ਸਤਿਗੁਰ ਕੀ ਨਿਤ ਸਰਧਾ ਲਾਗੀ ਮੋ ਕਉ ਹਰਿ ਗੁਰੁ ਮੇਲਿ ਸਵਾਰੇ ॥੧॥ (982-17)
सतिगुर की नित सरधा लागी मो कउ हरि गुरु मेलि सवारे ॥१॥

ਸਾਕਤ ਕਰਮ ਪਾਣੀ ਜਿਉ ਮਥੀਐ ਨਿਤ ਪਾਣੀ ਝੋਲ ਝੁਲਾਰੇ ॥ (982-18)
साकत करम पाणी जिउ मथीऐ नित पाणी झोल झुलारे ॥

ਮਿਲਿ ਸਤਸੰਗਤਿ ਪਰਮ ਪਦੁ ਪਾਇਆ ਕਢਿ ਮਾਖਨ ਕੇ ਗਟਕਾਰੇ ॥੨॥ (982-18)
मिलि सतसंगति परम पदु पाइआ कढि माखन के गटकारे ॥२॥

ਨਿਤ ਨਿਤ ਕਾਇਆ ਮਜਨੁ ਕੀਆ ਨਿਤ ਮਲਿ ਮਲਿ ਦੇਹ ਸਵਾਰੇ ॥ (982-19)
नित नित काइआ मजनु कीआ नित मलि मलि देह सवारे ॥

ਮੇਰੇ ਸਤਿਗੁਰ ਕੇ ਮਨਿ ਬਚਨ ਨ ਭਾਏ ਸਭ ਫੋਕਟ ਚਾਰ ਸੀਗਾਰੇ ॥੩॥ (983-1)
मेरे सतिगुर के मनि बचन न भाए सभ फोकट चार सीगारे ॥३॥

ਮਟਕਿ ਮਟਕਿ ਚਲੁ ਸਖੀ ਸਹੇਲੀ ਮੇਰੇ ਠਾਕੁਰ ਕੇ ਗੁਨ ਸਾਰੇ ॥ (983-1)
मटकि मटकि चलु सखी सहेली मेरे ठाकुर के गुन सारे ॥

ਗੁਰਮੁਖਿ ਸੇਵਾ ਮੇਰੇ ਪ੍ਰਭ ਭਾਈ ਮੈ ਸਤਿਗੁਰ ਅਲਖੁ ਲਖਾਰੇ ॥੪॥ (983-2)
गुरमुखि सेवा मेरे प्रभ भाई मै सतिगुर अलखु लखारे ॥४॥

ਨਾਰੀ ਪੁਰਖੁ ਪੁਰਖੁ ਸਭ ਨਾਰੀ ਸਭੁ ਏਕੋ ਪੁਰਖੁ ਮੁਰਾਰੇ ॥ (983-3)
नारी पुरखु पुरखु सभ नारी सभु एको पुरखु मुरारे ॥

ਸੰਤ ਜਨਾ ਕੀ ਰੇਨੁ ਮਨਿ ਭਾਈ ਮਿਲਿ ਹਰਿ ਜਨ ਹਰਿ ਨਿਸਤਾਰੇ ॥੫॥ (983-3)
संत जना की रेनु मनि भाई मिलि हरि जन हरि निसतारे ॥५॥

ਗ੍ਰਾਮ ਗ੍ਰਾਮ ਨਗਰ ਸਭ ਫਿਰਿਆ ਰਿਦ ਅੰਤਰਿ ਹਰਿ ਜਨ ਭਾਰੇ ॥ (983-4)
ग्राम ग्राम नगर सभ फिरिआ रिद अंतरि हरि जन भारे ॥

ਸਰਧਾ ਸਰਧਾ ਉਪਾਇ ਮਿਲਾਏ ਮੋ ਕਉ ਹਰਿ ਗੁਰ ਗੁਰਿ ਨਿਸਤਾਰੇ ॥੬॥ (983-4)
सरधा सरधा उपाइ मिलाए मो कउ हरि गुर गुरि निसतारे ॥६॥

ਪਵਨ ਸੂਤੁ ਸਭੁ ਨੀਕਾ ਕਰਿਆ ਸਤਿਗੁਰਿ ਸਬਦੁ ਵੀਚਾਰੇ ॥ (983-5)
पवन सूतु सभु नीका करिआ सतिगुरि सबदु वीचारे ॥

ਨਿਜ ਘਰਿ ਜਾਇ ਅੰਮ੍ਰਿਤ ਰਸੁ ਪੀਆ ਬਿਨੁ ਨੈਨਾ ਜਗਤੁ ਨਿਹਾਰੇ ॥੭॥ (983-6)
निज घरि जाइ अमृत रसु पीआ बिनु नैना जगतु निहारे ॥७॥

ਤਉ ਗੁਨ ਈਸ ਬਰਨਿ ਨਹੀ ਸਾਕਉ ਤੁਮ ਮੰਦਰ ਹਮ ਨਿਕ ਕੀਰੇ ॥ (983-6)
तउ गुन ईस बरनि नही साकउ तुम मंदर हम निक कीरे ॥

ਨਾਨਕ ਕ੍ਰਿਪਾ ਕਰਹੁ ਗੁਰ ਮੇਲਹੁ ਮੈ ਰਾਮੁ ਜਪਤ ਮਨੁ ਧੀਰੇ ॥੮॥੫॥ (983-7)
नानक क्रिपा करहु गुर मेलहु मै रामु जपत मनु धीरे ॥८॥५॥

ਨਟ ਮਹਲਾ ੪ ॥ (983-8)
नट महला ४ ॥

ਮੇਰੇ ਮਨ ਭਜੁ ਠਾਕੁਰ ਅਗਮ ਅਪਾਰੇ ॥ (983-8)
मेरे मन भजु ठाकुर अगम अपारे ॥

ਹਮ ਪਾਪੀ ਬਹੁ ਨਿਰਗੁਣੀਆਰੇ ਕਰਿ ਕਿਰਪਾ ਗੁਰਿ ਨਿਸਤਾਰੇ ॥੧॥ ਰਹਾਉ ॥ (983-8)
हम पापी बहु निरगुणीआरे करि किरपा गुरि निसतारे ॥१॥ रहाउ ॥

ਸਾਧੂ ਪੁਰਖ ਸਾਧ ਜਨ ਪਾਏ ਇਕ ਬਿਨਉ ਕਰਉ ਗੁਰ ਪਿਆਰੇ ॥ (983-9)
साधू पुरख साध जन पाए इक बिनउ करउ गुर पिआरे ॥

ਰਾਮ ਨਾਮੁ ਧਨੁ ਪੂਜੀ ਦੇਵਹੁ ਸਭੁ ਤਿਸਨਾ ਭੂਖ ਨਿਵਾਰੇ ॥੧॥ (983-10)
राम नामु धनु पूजी देवहु सभु तिसना भूख निवारे ॥१॥

ਪਚੈ ਪਤੰਗੁ ਮ੍ਰਿਗ ਭ੍ਰਿੰਗ ਕੁੰਚਰ ਮੀਨ ਇਕ ਇੰਦ੍ਰੀ ਪਕਰਿ ਸਘਾਰੇ ॥ (983-10)
पचै पतंगु म्रिग भ्रिंग कुंचर मीन इक इंद्री पकरि सघारे ॥

ਪੰਚ ਭੂਤ ਸਬਲ ਹੈ ਦੇਹੀ ਗੁਰੁ ਸਤਿਗੁਰੁ ਪਾਪ ਨਿਵਾਰੇ ॥੨॥ (983-11)
पंच भूत सबल है देही गुरु सतिगुरु पाप निवारे ॥२॥

ਸਾਸਤ੍ਰ ਬੇਦ ਸੋਧਿ ਸੋਧਿ ਦੇਖੇ ਮੁਨਿ ਨਾਰਦ ਬਚਨ ਪੁਕਾਰੇ ॥ (983-12)
सासत्र बेद सोधि सोधि देखे मुनि नारद बचन पुकारे ॥

ਰਾਮ ਨਾਮੁ ਪੜਹੁ ਗਤਿ ਪਾਵਹੁ ਸਤਸੰਗਤਿ ਗੁਰਿ ਨਿਸਤਾਰੇ ॥੩॥ (983-12)
राम नामु पड़हु गति पावहु सतसंगति गुरि निसतारे ॥३॥

ਪ੍ਰੀਤਮ ਪ੍ਰੀਤਿ ਲਗੀ ਪ੍ਰਭ ਕੇਰੀ ਜਿਵ ਸੂਰਜੁ ਕਮਲੁ ਨਿਹਾਰੇ ॥ (983-13)
प्रीतम प्रीति लगी प्रभ केरी जिव सूरजु कमलु निहारे ॥

ਮੇਰ ਸੁਮੇਰ ਮੋਰੁ ਬਹੁ ਨਾਚੈ ਜਬ ਉਨਵੈ ਘਨ ਘਨਹਾਰੇ ॥੪॥ (983-14)
मेर सुमेर मोरु बहु नाचै जब उनवै घन घनहारे ॥४॥

ਸਾਕਤ ਕਉ ਅੰਮ੍ਰਿਤ ਬਹੁ ਸਿੰਚਹੁ ਸਭ ਡਾਲ ਫੂਲ ਬਿਸੁਕਾਰੇ ॥ (983-14)
साकत कउ अमृत बहु सिंचहु सभ डाल फूल बिसुकारे ॥

ਜਿਉ ਜਿਉ ਨਿਵਹਿ ਸਾਕਤ ਨਰ ਸੇਤੀ ਛੇੜਿ ਛੇੜਿ ਕਢੈ ਬਿਖੁ ਖਾਰੇ ॥੫॥ (983-15)
जिउ जिउ निवहि साकत नर सेती छेड़ि छेड़ि कढै बिखु खारे ॥५॥

ਸੰਤਨ ਸੰਤ ਸਾਧ ਮਿਲਿ ਰਹੀਐ ਗੁਣ ਬੋਲਹਿ ਪਰਉਪਕਾਰੇ ॥ (983-16)
संतन संत साध मिलि रहीऐ गुण बोलहि परउपकारे ॥

ਸੰਤੈ ਸੰਤੁ ਮਿਲੈ ਮਨੁ ਬਿਗਸੈ ਜਿਉ ਜਲ ਮਿਲਿ ਕਮਲ ਸਵਾਰੇ ॥੬॥ (983-16)
संतै संतु मिलै मनु बिगसै जिउ जल मिलि कमल सवारे ॥६॥

ਲੋਭ ਲਹਰਿ ਸਭੁ ਸੁਆਨੁ ਹਲਕੁ ਹੈ ਹਲਕਿਓ ਸਭਹਿ ਬਿਗਾਰੇ ॥ (983-17)
लोभ लहरि सभु सुआनु हलकु है हलकिओ सभहि बिगारे ॥

ਮੇਰੇ ਠਾਕੁਰ ਕੈ ਦੀਬਾਨਿ ਖਬਰਿ ਹੋਈ ਗੁਰਿ ਗਿਆਨੁ ਖੜਗੁ ਲੈ ਮਾਰੇ ॥੭॥ (983-17)
मेरे ठाकुर कै दीबानि खबरि होई गुरि गिआनु खड़गु लै मारे ॥७॥

ਰਾਖੁ ਰਾਖੁ ਰਾਖੁ ਪ੍ਰਭ ਮੇਰੇ ਮੈ ਰਾਖਹੁ ਕਿਰਪਾ ਧਾਰੇ ॥ (983-18)
राखु राखु राखु प्रभ मेरे मै राखहु किरपा धारे ॥

ਨਾਨਕ ਮੈ ਧਰ ਅਵਰ ਨ ਕਾਈ ਮੈ ਸਤਿਗੁਰੁ ਗੁਰੁ ਨਿਸਤਾਰੇ ॥੮॥੬॥ ਛਕਾ ੧ ॥ (983-19)
नानक मै धर अवर न काई मै सतिगुरु गुरु निसतारे ॥८॥६॥ छका १ ॥

ਰਾਗੁ ਮਾਲੀ ਗਉੜਾ ਮਹਲਾ ੪ (984-1)
रागु माली गउड़ा महला ४

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ (984-2)
ੴ सति नामु करता पुरखु निरभउ निरवैरु अकाल मूरति अजूनी सैभं गुर प्रसादि ॥

ਅਨਿਕ ਜਤਨ ਕਰਿ ਰਹੇ ਹਰਿ ਅੰਤੁ ਨਾਹੀ ਪਾਇਆ ॥ (984-4)
अनिक जतन करि रहे हरि अंतु नाही पाइआ ॥

ਹਰਿ ਅਗਮ ਅਗਮ ਅਗਾਧਿ ਬੋਧਿ ਆਦੇਸੁ ਹਰਿ ਪ੍ਰਭ ਰਾਇਆ ॥੧॥ ਰਹਾਉ ॥ (984-4)
हरि अगम अगम अगाधि बोधि आदेसु हरि प्रभ राइआ ॥१॥ रहाउ ॥

ਕਾਮੁ ਕ੍ਰੋਧੁ ਲੋਭੁ ਮੋਹੁ ਨਿਤ ਝਗਰਤੇ ਝਗਰਾਇਆ ॥ (984-5)
कामु क्रोधु लोभु मोहु नित झगरते झगराइआ ॥

ਹਮ ਰਾਖੁ ਰਾਖੁ ਦੀਨ ਤੇਰੇ ਹਰਿ ਸਰਨਿ ਹਰਿ ਪ੍ਰਭ ਆਇਆ ॥੧॥ (984-5)
हम राखु राखु दीन तेरे हरि सरनि हरि प्रभ आइआ ॥१॥

ਸਰਣਾਗਤੀ ਪ੍ਰਭ ਪਾਲਤੇ ਹਰਿ ਭਗਤਿ ਵਛਲੁ ਨਾਇਆ ॥ (984-6)
सरणागती प्रभ पालते हरि भगति वछलु नाइआ ॥

ਪ੍ਰਹਿਲਾਦੁ ਜਨੁ ਹਰਨਾਖਿ ਪਕਰਿਆ ਹਰਿ ਰਾਖਿ ਲੀਓ ਤਰਾਇਆ ॥੨॥ (984-6)
प्रहिलादु जनु हरनाखि पकरिआ हरि राखि लीओ तराइआ ॥२॥

ਹਰਿ ਚੇਤਿ ਰੇ ਮਨ ਮਹਲੁ ਪਾਵਣ ਸਭ ਦੂਖ ਭੰਜਨੁ ਰਾਇਆ ॥ (984-7)
हरि चेति रे मन महलु पावण सभ दूख भंजनु राइआ ॥

ਭਉ ਜਨਮ ਮਰਨ ਨਿਵਾਰਿ ਠਾਕੁਰ ਹਰਿ ਗੁਰਮਤੀ ਪ੍ਰਭੁ ਪਾਇਆ ॥੩॥ (984-8)
भउ जनम मरन निवारि ठाकुर हरि गुरमती प्रभु पाइआ ॥३॥

ਹਰਿ ਪਤਿਤ ਪਾਵਨ ਨਾਮੁ ਸੁਆਮੀ ਭਉ ਭਗਤ ਭੰਜਨੁ ਗਾਇਆ ॥ (984-8)
हरि पतित पावन नामु सुआमी भउ भगत भंजनु गाइआ ॥

ਹਰਿ ਹਾਰੁ ਹਰਿ ਉਰਿ ਧਾਰਿਓ ਜਨ ਨਾਨਕ ਨਾਮਿ ਸਮਾਇਆ ॥੪॥੧॥ (984-9)
हरि हारु हरि उरि धारिओ जन नानक नामि समाइआ ॥४॥१॥

ਮਾਲੀ ਗਉੜਾ ਮਹਲਾ ੪ ॥ (984-10)
माली गउड़ा महला ४ ॥

ਜਪਿ ਮਨ ਰਾਮ ਨਾਮੁ ਸੁਖਦਾਤਾ ॥ (984-10)
जपि मन राम नामु सुखदाता ॥

ਸਤਸੰਗਤਿ ਮਿਲਿ ਹਰਿ ਸਾਦੁ ਆਇਆ ਗੁਰਮੁਖਿ ਬ੍ਰਹਮੁ ਪਛਾਤਾ ॥੧॥ ਰਹਾਉ ॥ (984-10)
सतसंगति मिलि हरि सादु आइआ गुरमुखि ब्रहमु पछाता ॥१॥ रहाउ ॥

ਵਡਭਾਗੀ ਗੁਰ ਦਰਸਨੁ ਪਾਇਆ ਗੁਰਿ ਮਿਲਿਐ ਹਰਿ ਪ੍ਰਭੁ ਜਾਤਾ ॥ (984-11)
वडभागी गुर दरसनु पाइआ गुरि मिलिऐ हरि प्रभु जाता ॥

ਦੁਰਮਤਿ ਮੈਲੁ ਗਈ ਸਭ ਨੀਕਰਿ ਹਰਿ ਅੰਮ੍ਰਿਤਿ ਹਰਿ ਸਰਿ ਨਾਤਾ ॥੧॥ (984-12)
दुरमति मैलु गई सभ नीकरि हरि अमृति हरि सरि नाता ॥१॥

ਧਨੁ ਧਨੁ ਸਾਧ ਜਿਨੀ ਹਰਿ ਪ੍ਰਭੁ ਪਾਇਆ ਤਿਨ੍ ਪੂਛਉ ਹਰਿ ਕੀ ਬਾਤਾ ॥ (984-12)
धनु धनु साध जिन्ही हरि प्रभु पाइआ तिन्ह पूछउ हरि की बाता ॥

ਪਾਇ ਲਗਉ ਨਿਤ ਕਰਉ ਜੁਦਰੀਆ ਹਰਿ ਮੇਲਹੁ ਕਰਮਿ ਬਿਧਾਤਾ ॥੨॥ (984-13)
पाइ लगउ नित करउ जुदरीआ हरि मेलहु करमि बिधाता ॥२॥

ਲਿਲਾਟ ਲਿਖੇ ਪਾਇਆ ਗੁਰੁ ਸਾਧੂ ਗੁਰ ਬਚਨੀ ਮਨੁ ਤਨੁ ਰਾਤਾ ॥ (984-14)
लिलाट लिखे पाइआ गुरु साधू गुर बचनी मनु तनु राता ॥

ਹਰਿ ਪ੍ਰਭ ਆਇ ਮਿਲੇ ਸੁਖੁ ਪਾਇਆ ਸਭ ਕਿਲਵਿਖ ਪਾਪ ਗਵਾਤਾ ॥੩॥ (984-14)
हरि प्रभ आइ मिले सुखु पाइआ सभ किलविख पाप गवाता ॥३॥

ਰਾਮ ਰਸਾਇਣੁ ਜਿਨ੍ ਗੁਰਮਤਿ ਪਾਇਆ ਤਿਨ੍ ਕੀ ਊਤਮ ਬਾਤਾ ॥ (984-15)
राम रसाइणु जिन्ह गुरमति पाइआ तिन्ह की ऊतम बाता ॥

ਤਿਨ ਕੀ ਪੰਕ ਪਾਈਐ ਵਡਭਾਗੀ ਜਨ ਨਾਨਕੁ ਚਰਨਿ ਪਰਾਤਾ ॥੪॥੨॥ (984-16)
तिन की पंक पाईऐ वडभागी जन नानकु चरनि पराता ॥४॥२॥

ਮਾਲੀ ਗਉੜਾ ਮਹਲਾ ੪ ॥ (985-1)
माली गउड़ा महला ४ ॥

ਸਭਿ ਸਿਧ ਸਾਧਿਕ ਮੁਨਿ ਜਨਾ ਮਨਿ ਭਾਵਨੀ ਹਰਿ ਧਿਆਇਓ ॥ (985-1)
सभि सिध साधिक मुनि जना मनि भावनी हरि धिआइओ ॥

ਅਪਰੰਪਰੋ ਪਾਰਬ੍ਰਹਮੁ ਸੁਆਮੀ ਹਰਿ ਅਲਖੁ ਗੁਰੂ ਲਖਾਇਓ ॥੧॥ ਰਹਾਉ ॥ (985-1)
अपर्मपरो पारब्रहमु सुआमी हरि अलखु गुरू लखाइओ ॥१॥ रहाउ ॥

ਹਮ ਨੀਚ ਮਧਿਮ ਕਰਮ ਕੀਏ ਨਹੀ ਚੇਤਿਓ ਹਰਿ ਰਾਇਓ ॥ (985-2)
हम नीच मधिम करम कीए नही चेतिओ हरि राइओ ॥

ਹਰਿ ਆਨਿ ਮੇਲਿਓ ਸਤਿਗੁਰੂ ਖਿਨੁ ਬੰਧ ਮੁਕਤਿ ਕਰਾਇਓ ॥੧॥ (985-3)
हरि आनि मेलिओ सतिगुरू खिनु बंध मुकति कराइओ ॥१॥

ਪ੍ਰਭਿ ਮਸਤਕੇ ਧੁਰਿ ਲੀਖਿਆ ਗੁਰਮਤੀ ਹਰਿ ਲਿਵ ਲਾਇਓ ॥ (985-3)
प्रभि मसतके धुरि लीखिआ गुरमती हरि लिव लाइओ ॥

ਪੰਚ ਸਬਦ ਦਰਗਹ ਬਾਜਿਆ ਹਰਿ ਮਿਲਿਓ ਮੰਗਲੁ ਗਾਇਓ ॥੨॥ (985-4)
पंच सबद दरगह बाजिआ हरि मिलिओ मंगलु गाइओ ॥२॥

ਪਤਿਤ ਪਾਵਨੁ ਨਾਮੁ ਨਰਹਰਿ ਮੰਦਭਾਗੀਆਂ ਨਹੀ ਭਾਇਓ ॥ (985-4)
पतित पावनु नामु नरहरि मंदभागीआं नही भाइओ ॥

ਤੇ ਗਰਭ ਜੋਨੀ ਗਾਲੀਅਹਿ ਜਿਉ ਲੋਨੁ ਜਲਹਿ ਗਲਾਇਓ ॥੩॥ (985-5)
ते गरभ जोनी गालीअहि जिउ लोनु जलहि गलाइओ ॥३॥

ਮਤਿ ਦੇਹਿ ਹਰਿ ਪ੍ਰਭ ਅਗਮ ਠਾਕੁਰ ਗੁਰ ਚਰਨ ਮਨੁ ਮੈ ਲਾਇਓ ॥ (985-5)
मति देहि हरि प्रभ अगम ठाकुर गुर चरन मनु मै लाइओ ॥

ਹਰਿ ਰਾਮ ਨਾਮੈ ਰਹਉ ਲਾਗੋ ਜਨ ਨਾਨਕ ਨਾਮਿ ਸਮਾਇਓ ॥੪॥੩॥ (985-6)
हरि राम नामै रहउ लागो जन नानक नामि समाइओ ॥४॥३॥

ਮਾਲੀ ਗਉੜਾ ਮਹਲਾ ੪ ॥ (985-7)
माली गउड़ा महला ४ ॥

ਮੇਰਾ ਮਨੁ ਰਾਮ ਨਾਮਿ ਰਸਿ ਲਾਗਾ ॥ (985-7)
मेरा मनु राम नामि रसि लागा ॥

ਕਮਲ ਪ੍ਰਗਾਸੁ ਭਇਆ ਗੁਰੁ ਪਾਇਆ ਹਰਿ ਜਪਿਓ ਭ੍ਰਮੁ ਭਉ ਭਾਗਾ ॥੧॥ ਰਹਾਉ ॥ (985-7)
कमल प्रगासु भइआ गुरु पाइआ हरि जपिओ भ्रमु भउ भागा ॥१॥ रहाउ ॥

ਭੈ ਭਾਇ ਭਗਤਿ ਲਾਗੋ ਮੇਰਾ ਹੀਅਰਾ ਮਨੁ ਸੋਇਓ ਗੁਰਮਤਿ ਜਾਗਾ ॥ (985-8)
भै भाइ भगति लागो मेरा हीअरा मनु सोइओ गुरमति जागा ॥

ਕਿਲਬਿਖ ਖੀਨ ਭਏ ਸਾਂਤਿ ਆਈ ਹਰਿ ਉਰ ਧਾਰਿਓ ਵਡਭਾਗਾ ॥੧॥ (985-9)
किलबिख खीन भए सांति आई हरि उर धारिओ वडभागा ॥१॥

ਮਨਮੁਖ ਰੰਗੁ ਕਸੁੰਭੁ ਹੈ ਕਚੂਆ ਜਿਉ ਕੁਸਮ ਚਾਰਿ ਦਿਨ ਚਾਗਾ ॥ (985-9)
मनमुखु रंगु कसुमभु है कचूआ जिउ कुसम चारि दिन चागा ॥

ਖਿਨ ਮਹਿ ਬਿਨਸਿ ਜਾਇ ਪਰਤਾਪੈ ਡੰਡੁ ਧਰਮ ਰਾਇ ਕਾ ਲਾਗਾ ॥੨॥ (985-10)
खिन महि बिनसि जाइ परतापै डंडु धरम राइ का लागा ॥२॥

ਸਤਸੰਗਤਿ ਪ੍ਰੀਤਿ ਸਾਧ ਅਤਿ ਗੂੜੀ ਜਿਉ ਰੰਗੁ ਮਜੀਠ ਬਹੁ ਲਾਗਾ ॥ (985-11)
सतसंगति प्रीति साध अति गूड़ी जिउ रंगु मजीठ बहु लागा ॥

ਕਾਇਆ ਕਾਪਰੁ ਚੀਰ ਬਹੁ ਫਾਰੇ ਹਰਿ ਰੰਗੁ ਨ ਲਹੈ ਸਭਾਗਾ ॥੩॥ (985-11)
काइआ कापरु चीर बहु फारे हरि रंगु न लहै सभागा ॥३॥

ਹਰਿ ਚਾਰ੍ਹਿਓ ਰੰਗੁ ਮਿਲੈ ਗੁਰੁ ਸੋਭਾ ਹਰਿ ਰੰਗਿ ਚਲੂਲੈ ਰਾਂਗਾ ॥ (985-12)
हरि चार्हिओ रंगु मिलै गुरु सोभा हरि रंगि चलूलै रांगा ॥

ਜਨ ਨਾਨਕੁ ਤਿਨ ਕੇ ਚਰਨ ਪਖਾਰੈ ਜੋ ਹਰਿ ਚਰਨੀ ਜਨੁ ਲਾਗਾ ॥੪॥੪॥ (985-12)
जन नानकु तिन के चरन पखारै जो हरि चरनी जनु लागा ॥४॥४॥

ਮਾਲੀ ਗਉੜਾ ਮਹਲਾ ੪ ॥ (985-13)
माली गउड़ा महला ४ ॥

ਮੇਰੇ ਮਨ ਭਜੁ ਹਰਿ ਹਰਿ ਨਾਮੁ ਗੁਪਾਲਾ ॥ (985-13)
मेरे मन भजु हरि हरि नामु गुपाला ॥

ਮੇਰਾ ਮਨੁ ਤਨੁ ਲੀਨੁ ਭਇਆ ਰਾਮ ਨਾਮੈ ਮਤਿ ਗੁਰਮਤਿ ਰਾਮ ਰਸਾਲਾ ॥੧॥ ਰਹਾਉ ॥ (985-14)
मेरा मनु तनु लीनु भइआ राम नामै मति गुरमति राम रसाला ॥१॥ रहाउ ॥

ਗੁਰਮਤਿ ਨਾਮੁ ਧਿਆਈਐ ਹਰਿ ਹਰਿ ਮਨਿ ਜਪੀਐ ਹਰਿ ਜਪਮਾਲਾ ॥ (985-15)
गुरमति नामु धिआईऐ हरि हरि मनि जपीऐ हरि जपमाला ॥

ਜਿਨ੍ ਕੈ ਮਸਤਕਿ ਲੀਖਿਆ ਹਰਿ ਮਿਲਿਆ ਹਰਿ ਬਨਮਾਲਾ ॥੧॥ (985-15)
जिन्ह कै मसतकि लीखिआ हरि मिलिआ हरि बनमाला ॥१॥

ਜਿਨ੍ ਹਰਿ ਨਾਮੁ ਧਿਆਇਆ ਤਿਨ੍ ਚੂਕੇ ਸਰਬ ਜੰਜਾਲਾ ॥ (985-16)
जिन्ह हरि नामु धिआइआ तिन्ह चूके सरब जंजाला ॥

ਤਿਨ੍ ਜਮੁ ਨੇੜਿ ਨ ਆਵਈ ਗੁਰਿ ਰਾਖੇ ਹਰਿ ਰਖਵਾਲਾ ॥੨॥ (985-16)
तिन्ह जमु नेड़ि न आवई गुरि राखे हरि रखवाला ॥२॥

ਹਮ ਬਾਰਿਕ ਕਿਛੂ ਨ ਜਾਣਹੂ ਹਰਿ ਮਾਤ ਪਿਤਾ ਪ੍ਰਤਿਪਾਲਾ ॥ (985-17)
हम बारिक किछू न जाणहू हरि मात पिता प्रतिपाला ॥

ਕਰੁ ਮਾਇਆ ਅਗਨਿ ਨਿਤ ਮੇਲਤੇ ਗੁਰਿ ਰਾਖੇ ਦੀਨ ਦਇਆਲਾ ॥੩॥ (985-17)
करु माइआ अगनि नित मेलते गुरि राखे दीन दइआला ॥३॥

ਬਹੁ ਮੈਲੇ ਨਿਰਮਲ ਹੋਇਆ ਸਭ ਕਿਲਬਿਖ ਹਰਿ ਜਸਿ ਜਾਲਾ ॥ (985-18)
बहु मैले निरमल होइआ सभ किलबिख हरि जसि जाला ॥

ਮਨਿ ਅਨਦੁ ਭਇਆ ਗੁਰੁ ਪਾਇਆ ਜਨ ਨਾਨਕ ਸਬਦਿ ਨਿਹਾਲਾ ॥੪॥੫॥ (985-19)
मनि अनदु भइआ गुरु पाइआ जन नानक सबदि निहाला ॥४॥५॥

ਮਾਲੀ ਗਉੜਾ ਮਹਲਾ ੪ ॥ (985-19)
माली गउड़ा महला ४ ॥

ਮੇਰੇ ਮਨ ਹਰਿ ਭਜੁ ਸਭ ਕਿਲਬਿਖ ਕਾਟ ॥ (986-1)
मेरे मन हरि भजु सभ किलबिख काट ॥

ਹਰਿ ਹਰਿ ਉਰ ਧਾਰਿਓ ਗੁਰਿ ਪੂਰੈ ਮੇਰਾ ਸੀਸੁ ਕੀਜੈ ਗੁਰ ਵਾਟ ॥੧॥ ਰਹਾਉ ॥ (986-1)
हरि हरि उर धारिओ गुरि पूरै मेरा सीसु कीजै गुर वाट ॥१॥ रहाउ ॥

ਮੇਰੇ ਹਰਿ ਪ੍ਰਭ ਕੀ ਮੈ ਬਾਤ ਸੁਨਾਵੈ ਤਿਸੁ ਮਨੁ ਦੇਵਉ ਕਟਿ ਕਾਟ ॥ (986-2)
मेरे हरि प्रभ की मै बात सुनावै तिसु मनु देवउ कटि काट ॥

ਹਰਿ ਸਾਜਨੁ ਮੇਲਿਓ ਗੁਰਿ ਪੂਰੈ ਗੁਰ ਬਚਨਿ ਬਿਕਾਨੋ ਹਟਿ ਹਾਟ ॥੧॥ (986-2)
हरि साजनु मेलिओ गुरि पूरै गुर बचनि बिकानो हटि हाट ॥१॥

ਮਕਰ ਪ੍ਰਾਗਿ ਦਾਨੁ ਬਹੁ ਕੀਆ ਸਰੀਰੁ ਦੀਓ ਅਧ ਕਾਟਿ ॥ (986-3)
मकर प्रागि दानु बहु कीआ सरीरु दीओ अध काटि ॥

ਬਿਨੁ ਹਰਿ ਨਾਮ ਕੋ ਮੁਕਤਿ ਨ ਪਾਵੈ ਬਹੁ ਕੰਚਨੁ ਦੀਜੈ ਕਟਿ ਕਾਟ ॥੨॥ (986-3)
बिनु हरि नाम को मुकति न पावै बहु कंचनु दीजै कटि काट ॥२॥

ਹਰਿ ਕੀਰਤਿ ਗੁਰਮਤਿ ਜਸੁ ਗਾਇਓ ਮਨਿ ਉਘਰੇ ਕਪਟ ਕਪਾਟ ॥ (986-4)
हरि कीरति गुरमति जसु गाइओ मनि उघरे कपट कपाट ॥

ਤ੍ਰਿਕੁਟੀ ਫੋਰਿ ਭਰਮੁ ਭਉ ਭਾਗਾ ਲਜ ਭਾਨੀ ਮਟੁਕੀ ਮਾਟ ॥੩॥ (986-5)
त्रिकुटी फोरि भरमु भउ भागा लज भानी मटुकी माट ॥३॥

ਕਲਜੁਗਿ ਗੁਰੁ ਪੂਰਾ ਤਿਨ ਪਾਇਆ ਜਿਨ ਧੁਰਿ ਮਸਤਕਿ ਲਿਖੇ ਲਿਲਾਟ ॥ (986-5)
कलजुगि गुरु पूरा तिन पाइआ जिन धुरि मसतकि लिखे लिलाट ॥

ਜਨ ਨਾਨਕ ਰਸੁ ਅੰਮ੍ਰਿਤੁ ਪੀਆ ਸਭ ਲਾਥੀ ਭੂਖ ਤਿਖਾਟ ॥੪॥੬॥ ਛਕਾ ੧ ॥ (986-6)
जन नानक रसु अमृतु पीआ सभ लाथी भूख तिखाट ॥४॥६॥ छका १ ॥

ਮਾਲੀ ਗਉੜਾ ਮਹਲਾ ੫ (986-7)
माली गउड़ा महला ५

ੴ ਸਤਿਗੁਰ ਪ੍ਰਸਾਦਿ ॥ (986-8)
ੴ सतिगुर प्रसादि ॥

ਰੇ ਮਨ ਟਹਲ ਹਰਿ ਸੁਖ ਸਾਰ ॥ (986-8)
रे मन टहल हरि सुख सार ॥

ਅਵਰ ਟਹਲਾ ਝੂਠੀਆ ਨਿਤ ਕਰੈ ਜਮੁ ਸਿਰਿ ਮਾਰ ॥੧॥ ਰਹਾਉ ॥ (986-8)
अवर टहला झूठीआ नित करै जमु सिरि मार ॥१॥ रहाउ ॥

ਜਿਨਾ ਮਸਤਕਿ ਲੀਖਿਆ ਤੇ ਮਿਲੇ ਸੰਗਾਰ ॥ (986-9)
जिना मसतकि लीखिआ ते मिले संगार ॥

ਸੰਸਾਰੁ ਭਉਜਲੁ ਤਾਰਿਆ ਹਰਿ ਸੰਤ ਪੁਰਖ ਅਪਾਰ ॥੧॥ (986-9)
संसारु भउजलु तारिआ हरि संत पुरख अपार ॥१॥

ਨਿਤ ਚਰਨ ਸੇਵਹੁ ਸਾਧ ਕੇ ਤਜਿ ਲੋਭ ਮੋਹ ਬਿਕਾਰ ॥ (986-10)
नित चरन सेवहु साध के तजि लोभ मोह बिकार ॥

ਸਭ ਤਜਹੁ ਦੂਜੀ ਆਸੜੀ ਰਖੁ ਆਸ ਇਕ ਨਿਰੰਕਾਰ ॥੨॥ (986-10)
सभ तजहु दूजी आसड़ी रखु आस इक निरंकार ॥२॥

ਇਕਿ ਭਰਮਿ ਭੂਲੇ ਸਾਕਤਾ ਬਿਨੁ ਗੁਰ ਅੰਧ ਅੰਧਾਰ ॥ (986-11)
इकि भरमि भूले साकता बिनु गुर अंध अंधार ॥

ਧੁਰਿ ਹੋਵਨਾ ਸੁ ਹੋਇਆ ਕੋ ਨ ਮੇਟਣਹਾਰ ॥੩॥ (986-11)
धुरि होवना सु होइआ को न मेटणहार ॥३॥

ਅਗਮ ਰੂਪੁ ਗੋਬਿੰਦ ਕਾ ਅਨਿਕ ਨਾਮ ਅਪਾਰ ॥ (986-12)
अगम रूपु गोबिंद का अनिक नाम अपार ॥

ਧਨੁ ਧੰਨੁ ਤੇ ਜਨ ਨਾਨਕਾ ਜਿਨ ਹਰਿ ਨਾਮਾ ਉਰਿ ਧਾਰ ॥੪॥੧॥ (986-12)
धनु धंनु ते जन नानका जिन हरि नामा उरि धार ॥४॥१॥

ਮਾਲੀ ਗਉੜਾ ਮਹਲਾ ੫ ॥ (986-13)
माली गउड़ा महला ५ ॥

ਰਾਮ ਨਾਮ ਕਉ ਨਮਸਕਾਰ ॥ (986-13)
राम नाम कउ नमसकार ॥

ਜਾਸੁ ਜਪਤ ਹੋਵਤ ਉਧਾਰ ॥੧॥ ਰਹਾਉ ॥ (986-13)
जासु जपत होवत उधार ॥१॥ रहाउ ॥

ਜਾ ਕੈ ਸਿਮਰਨਿ ਮਿਟਹਿ ਧੰਧ ॥ (986-14)
जा कै सिमरनि मिटहि धंध ॥

ਜਾ ਕੈ ਸਿਮਰਨਿ ਛੂਟਹਿ ਬੰਧ ॥ (986-14)
जा कै सिमरनि छूटहि बंध ॥

ਜਾ ਕੈ ਸਿਮਰਨਿ ਮੂਰਖ ਚਤੁਰ ॥ (986-14)
जा कै सिमरनि मूरख चतुर ॥

ਜਾ ਕੈ ਸਿਮਰਨਿ ਕੁਲਹ ਉਧਰ ॥੧॥ (986-14)
जा कै सिमरनि कुलह उधर ॥१॥

ਜਾ ਕੈ ਸਿਮਰਨਿ ਭਉ ਦੁਖ ਹਰੈ ॥ (986-15)
जा कै सिमरनि भउ दुख हरै ॥

ਜਾ ਕੈ ਸਿਮਰਨਿ ਅਪਦਾ ਟਰੈ ॥ (986-15)
जा कै सिमरनि अपदा टरै ॥

ਜਾ ਕੈ ਸਿਮਰਨਿ ਮੁਚਤ ਪਾਪ ॥ (986-15)
जा कै सिमरनि मुचत पाप ॥

ਜਾ ਕੈ ਸਿਮਰਨਿ ਨਹੀ ਸੰਤਾਪ ॥੨॥ (986-16)
जा कै सिमरनि नही संताप ॥२॥

ਜਾ ਕੈ ਸਿਮਰਨਿ ਰਿਦ ਬਿਗਾਸ ॥ (986-16)
जा कै सिमरनि रिद बिगास ॥

ਜਾ ਕੈ ਸਿਮਰਨਿ ਕਵਲਾ ਦਾਸਿ ॥ (986-16)
जा कै सिमरनि कवला दासि ॥

ਜਾ ਕੈ ਸਿਮਰਨਿ ਨਿਧਿ ਨਿਧਾਨ ॥ (986-17)
जा कै सिमरनि निधि निधान ॥

ਜਾ ਕੈ ਸਿਮਰਨਿ ਤਰੇ ਨਿਦਾਨ ॥੩॥ (986-17)
जा कै सिमरनि तरे निदान ॥३॥

ਪਤਿਤ ਪਾਵਨੁ ਨਾਮੁ ਹਰੀ ॥ (986-17)
पतित पावनु नामु हरी ॥

ਕੋਟਿ ਭਗਤ ਉਧਾਰੁ ਕਰੀ ॥ (986-17)
कोटि भगत उधारु करी ॥

ਹਰਿ ਦਾਸ ਦਾਸਾ ਦੀਨੁ ਸਰਨ ॥ (986-18)
हरि दास दासा दीनु सरन ॥

ਨਾਨਕ ਮਾਥਾ ਸੰਤ ਚਰਨ ॥੪॥੨॥ (986-18)
नानक माथा संत चरन ॥४॥२॥

ਮਾਲੀ ਗਉੜਾ ਮਹਲਾ ੫ ॥ (986-18)
माली गउड़ा महला ५ ॥

ਐਸੋ ਸਹਾਈ ਹਰਿ ਕੋ ਨਾਮ ॥ (986-19)
ऐसो सहाई हरि को नाम ॥

ਸਾਧਸੰਗਤਿ ਭਜੁ ਪੂਰਨ ਕਾਮ ॥੧॥ ਰਹਾਉ ॥ (986-19)
साधसंगति भजु पूरन काम ॥१॥ रहाउ ॥

ਬੂਡਤ ਕਉ ਜੈਸੇ ਬੇੜੀ ਮਿਲਤ ॥ (986-19)
बूडत कउ जैसे बेड़ी मिलत ॥

ਬੂਝਤ ਦੀਪਕ ਮਿਲਤ ਤਿਲਤ ॥ (987-1)
बूझत दीपक मिलत तिलत ॥

ਜਲਤ ਅਗਨੀ ਮਿਲਤ ਨੀਰ ॥ (987-1)
जलत अगनी मिलत नीर ॥

ਜੈਸੇ ਬਾਰਿਕ ਮੁਖਹਿ ਖੀਰ ॥੧॥ (987-1)
जैसे बारिक मुखहि खीर ॥१॥

ਜੈਸੇ ਰਣ ਮਹਿ ਸਖਾ ਭ੍ਰਾਤ ॥ (987-1)
जैसे रण महि सखा भ्रात ॥

ਜੈਸੇ ਭੂਖੇ ਭੋਜਨ ਮਾਤ ॥ (987-2)
जैसे भूखे भोजन मात ॥

ਜੈਸੇ ਕਿਰਖਹਿ ਬਰਸ ਮੇਘ ॥ (987-2)
जैसे किरखहि बरस मेघ ॥

ਜੈਸੇ ਪਾਲਨ ਸਰਨਿ ਸੇਂਘ ॥੨॥ (987-2)
जैसे पालन सरनि सेंघ ॥२॥

ਗਰੁੜ ਮੁਖਿ ਨਹੀ ਸਰਪ ਤ੍ਰਾਸ ॥ (987-3)
गरुड़ मुखि नही सरप त्रास ॥

ਸੂਆ ਪਿੰਜਰਿ ਨਹੀ ਖਾਇ ਬਿਲਾਸੁ ॥ (987-3)
सूआ पिंजरि नही खाइ बिलासु ॥

ਜੈਸੋ ਆਂਡੋ ਹਿਰਦੇ ਮਾਹਿ ॥ (987-3)
जैसो आंडो हिरदे माहि ॥

ਜੈਸੋ ਦਾਨੋ ਚਕੀ ਦਰਾਹਿ ॥੩॥ (987-3)
जैसो दानो चकी दराहि ॥३॥

ਬਹੁਤੁ ਓਪਮਾ ਥੋਰ ਕਹੀ ॥ (987-4)
बहुतु ओपमा थोर कही ॥

ਹਰਿ ਅਗਮ ਅਗਮ ਅਗਾਧਿ ਤੁਹੀ ॥ (987-4)
हरि अगम अगम अगाधि तुही ॥

ਊਚ ਮੂਚੌ ਬਹੁ ਅਪਾਰ ॥ (987-4)
ऊच मूचौ बहु अपार ॥

ਸਿਮਰਤ ਨਾਨਕ ਤਰੇ ਸਾਰ ॥੪॥੩॥ (987-5)
सिमरत नानक तरे सार ॥४॥३॥

ਮਾਲੀ ਗਉੜਾ ਮਹਲਾ ੫ ॥ (987-5)
माली गउड़ा महला ५ ॥

ਇਹੀ ਹਮਾਰੈ ਸਫਲ ਕਾਜ ॥ (987-5)
इही हमारै सफल काज ॥

ਅਪੁਨੇ ਦਾਸ ਕਉ ਲੇਹੁ ਨਿਵਾਜਿ ॥੧॥ ਰਹਾਉ ॥ (987-5)
अपुने दास कउ लेहु निवाजि ॥१॥ रहाउ ॥

ਚਰਨ ਸੰਤਹ ਮਾਥ ਮੋਰ ॥ (987-6)
चरन संतह माथ मोर ॥

ਨੈਨਿ ਦਰਸੁ ਪੇਖਉ ਨਿਸਿ ਭੋਰ ॥ (987-6)
नैनि दरसु पेखउ निसि भोर ॥

ਹਸਤ ਹਮਰੇ ਸੰਤ ਟਹਲ ॥ (987-6)
हसत हमरे संत टहल ॥

ਪ੍ਰਾਨ ਮਨੁ ਧਨੁ ਸੰਤ ਬਹਲ ॥੧॥ (987-7)
प्रान मनु धनु संत बहल ॥१॥

ਸੰਤਸੰਗਿ ਮੇਰੇ ਮਨ ਕੀ ਪ੍ਰੀਤਿ ॥ (987-7)
संतसंगि मेरे मन की प्रीति ॥

ਸੰਤ ਗੁਨ ਬਸਹਿ ਮੇਰੈ ਚੀਤਿ ॥ (987-7)
संत गुन बसहि मेरै चीति ॥

ਸੰਤ ਆਗਿਆ ਮਨਹਿ ਮੀਠ ॥ (987-8)
संत आगिआ मनहि मीठ ॥

ਮੇਰਾ ਕਮਲੁ ਬਿਗਸੈ ਸੰਤ ਡੀਠ ॥੨॥ (987-8)
मेरा कमलु बिगसै संत डीठ ॥२॥

ਸੰਤਸੰਗਿ ਮੇਰਾ ਹੋਇ ਨਿਵਾਸੁ ॥ (987-8)
संतसंगि मेरा होइ निवासु ॥

ਸੰਤਨ ਕੀ ਮੋਹਿ ਬਹੁਤੁ ਪਿਆਸ ॥ (987-8)
संतन की मोहि बहुतु पिआस ॥

ਸੰਤ ਬਚਨ ਮੇਰੇ ਮਨਹਿ ਮੰਤ ॥ (987-9)
संत बचन मेरे मनहि मंत ॥

ਸੰਤ ਪ੍ਰਸਾਦਿ ਮੇਰੇ ਬਿਖੈ ਹੰਤ ॥੩॥ (987-9)
संत प्रसादि मेरे बिखै हंत ॥३॥

ਮੁਕਤਿ ਜੁਗਤਿ ਏਹਾ ਨਿਧਾਨ ॥ (987-9)
मुकति जुगति एहा निधान ॥

ਪ੍ਰਭ ਦਇਆਲ ਮੋਹਿ ਦੇਵਹੁ ਦਾਨ ॥ (987-10)
प्रभ दइआल मोहि देवहु दान ॥

ਨਾਨਕ ਕਉ ਪ੍ਰਭ ਦਇਆ ਧਾਰਿ ॥ (987-10)
नानक कउ प्रभ दइआ धारि ॥

ਚਰਨ ਸੰਤਨ ਕੇ ਮੇਰੇ ਰਿਦੇ ਮਝਾਰਿ ॥੪॥੪॥ (987-10)
चरन संतन के मेरे रिदे मझारि ॥४॥४॥

ਮਾਲੀ ਗਉੜਾ ਮਹਲਾ ੫ ॥ (987-11)
माली गउड़ा महला ५ ॥

ਸਭ ਕੈ ਸੰਗੀ ਨਾਹੀ ਦੂਰਿ ॥ (987-11)
सभ कै संगी नाही दूरि ॥

ਕਰਨ ਕਰਾਵਨ ਹਾਜਰਾ ਹਜੂਰਿ ॥੧॥ ਰਹਾਉ ॥ (987-11)
करन करावन हाजरा हजूरि ॥१॥ रहाउ ॥

ਸੁਨਤ ਜੀਓ ਜਾਸੁ ਨਾਮੁ ॥ (987-12)
सुनत जीओ जासु नामु ॥

ਦੁਖ ਬਿਨਸੇ ਸੁਖ ਕੀਓ ਬਿਸ੍ਰਾਮੁ ॥ (987-12)
दुख बिनसे सुख कीओ बिस्रामु ॥

ਸਗਲ ਨਿਧਿ ਹਰਿ ਹਰਿ ਹਰੇ ॥ (987-12)
सगल निधि हरि हरि हरे ॥

ਮੁਨਿ ਜਨ ਤਾ ਕੀ ਸੇਵ ਕਰੇ ॥੧॥ (987-13)
मुनि जन ता की सेव करे ॥१॥

ਜਾ ਕੈ ਘਰਿ ਸਗਲੇ ਸਮਾਹਿ ॥ (987-13)
जा कै घरि सगले समाहि ॥

ਜਿਸ ਤੇ ਬਿਰਥਾ ਕੋਇ ਨਾਹਿ ॥ (987-13)
जिस ते बिरथा कोइ नाहि ॥

ਜੀਅ ਜੰਤ੍ਰ ਕਰੇ ਪ੍ਰਤਿਪਾਲ ॥ (987-13)
जीअ जंत्र करे प्रतिपाल ॥

ਸਦਾ ਸਦਾ ਸੇਵਹੁ ਕਿਰਪਾਲ ॥੨॥ (987-14)
सदा सदा सेवहु किरपाल ॥२॥

ਸਦਾ ਧਰਮੁ ਜਾ ਕੈ ਦੀਬਾਣਿ ॥ (987-14)
सदा धरमु जा कै दीबाणि ॥

ਬੇਮੁਹਤਾਜ ਨਹੀ ਕਿਛੁ ਕਾਣਿ ॥ (987-14)
बेमुहताज नही किछु काणि ॥

ਸਭ ਕਿਛੁ ਕਰਨਾ ਆਪਨ ਆਪਿ ॥ (987-15)
सभ किछु करना आपन आपि ॥

ਰੇ ਮਨ ਮੇਰੇ ਤੂ ਤਾ ਕਉ ਜਾਪਿ ॥੩॥ (987-15)
रे मन मेरे तू ता कउ जापि ॥३॥

ਸਾਧਸੰਗਤਿ ਕਉ ਹਉ ਬਲਿਹਾਰ ॥ (987-15)
साधसंगति कउ हउ बलिहार ॥

ਜਾਸੁ ਮਿਲਿ ਹੋਵੈ ਉਧਾਰੁ ॥ (987-16)
जासु मिलि होवै उधारु ॥

ਨਾਮ ਸੰਗਿ ਮਨ ਤਨਹਿ ਰਾਤ ॥ (987-16)
नाम संगि मन तनहि रात ॥

ਨਾਨਕ ਕਉ ਪ੍ਰਭਿ ਕਰੀ ਦਾਤਿ ॥੪॥੫॥ (987-16)
नानक कउ प्रभि करी दाति ॥४॥५॥

ਮਾਲੀ ਗਉੜਾ ਮਹਲਾ ੫ ਦੁਪਦੇ (987-17)
माली गउड़ा महला ५ दुपदे

ੴ ਸਤਿਗੁਰ ਪ੍ਰਸਾਦਿ ॥ (987-18)
ੴ सतिगुर प्रसादि ॥

ਹਰਿ ਸਮਰਥ ਕੀ ਸਰਨਾ ॥ (987-18)
हरि समरथ की सरना ॥

ਜੀਉ ਪਿੰਡੁ ਧਨੁ ਰਾਸਿ ਮੇਰੀ ਪ੍ਰਭ ਏਕ ਕਾਰਨ ਕਰਨਾ ॥੧॥ ਰਹਾਉ ॥ (987-18)
जीउ पिंडु धनु रासि मेरी प्रभ एक कारन करना ॥१॥ रहाउ ॥

ਸਿਮਰਿ ਸਿਮਰਿ ਸਦਾ ਸੁਖੁ ਪਾਈਐ ਜੀਵਣੈ ਕਾ ਮੂਲੁ ॥ (987-19)
सिमरि सिमरि सदा सुखु पाईऐ जीवणै का मूलु ॥

ਰਵਿ ਰਹਿਆ ਸਰਬਤ ਠਾਈ ਸੂਖਮੋ ਅਸਥੂਲ ॥੧॥ (987-19)
रवि रहिआ सरबत ठाई सूखमो असथूल ॥१॥

ਆਲ ਜਾਲ ਬਿਕਾਰ ਤਜਿ ਸਭਿ ਹਰਿ ਗੁਨਾ ਨਿਤਿ ਗਾਉ ॥ (988-1)
आल जाल बिकार तजि सभि हरि गुना निति गाउ ॥

ਕਰ ਜੋੜਿ ਨਾਨਕੁ ਦਾਨੁ ਮਾਂਗੈ ਦੇਹੁ ਅਪਨਾ ਨਾਉ ॥੨॥੧॥੬॥ (988-1)
कर जोड़ि नानकु दानु मांगै देहु अपना नाउ ॥२॥१॥६॥

ਮਾਲੀ ਗਉੜਾ ਮਹਲਾ ੫ ॥ (988-2)
माली गउड़ा महला ५ ॥

ਪ੍ਰਭ ਸਮਰਥ ਦੇਵ ਅਪਾਰ ॥ (988-2)
प्रभ समरथ देव अपार ॥

ਕਉਨੁ ਜਾਨੈ ਚਲਿਤ ਤੇਰੇ ਕਿਛੁ ਅੰਤੁ ਨਾਹੀ ਪਾਰ ॥੧॥ ਰਹਾਉ ॥ (988-2)
कउनु जानै चलित तेरे किछु अंतु नाही पार ॥१॥ रहाउ ॥

ਇਕ ਖਿਨਹਿ ਥਾਪਿ ਉਥਾਪਦਾ ਘੜਿ ਭੰਨਿ ਕਰਨੈਹਾਰੁ ॥ (988-3)
इक खिनहि थापि उथापदा घड़ि भंनि करनैहारु ॥

ਜੇਤ ਕੀਨ ਉਪਾਰਜਨਾ ਪ੍ਰਭੁ ਦਾਨੁ ਦੇਇ ਦਾਤਾਰ ॥੧॥ (988-3)
जेत कीन उपारजना प्रभु दानु देइ दातार ॥१॥

ਹਰਿ ਸਰਨਿ ਆਇਓ ਦਾਸੁ ਤੇਰਾ ਪ੍ਰਭ ਊਚ ਅਗਮ ਮੁਰਾਰ ॥ (988-4)
हरि सरनि आइओ दासु तेरा प्रभ ऊच अगम मुरार ॥

ਕਢਿ ਲੇਹੁ ਭਉਜਲ ਬਿਖਮ ਤੇ ਜਨੁ ਨਾਨਕੁ ਸਦ ਬਲਿਹਾਰ ॥੨॥੨॥੭॥ (988-4)
कढि लेहु भउजल बिखम ते जनु नानकु सद बलिहार ॥२॥२॥७॥

ਮਾਲੀ ਗਉੜਾ ਮਹਲਾ ੫ ॥ (988-5)
माली गउड़ा महला ५ ॥

ਮਨਿ ਤਨਿ ਬਸਿ ਰਹੇ ਗੋਪਾਲ ॥ (988-5)
मनि तनि बसि रहे गोपाल ॥

ਦੀਨ ਬਾਂਧਵ ਭਗਤਿ ਵਛਲ ਸਦਾ ਸਦਾ ਕ੍ਰਿਪਾਲ ॥੧॥ ਰਹਾਉ ॥ (988-6)
दीन बांधव भगति वछल सदा सदा क्रिपाल ॥१॥ रहाउ ॥

ਆਦਿ ਅੰਤੇ ਮਧਿ ਤੂਹੈ ਪ੍ਰਭ ਬਿਨਾ ਨਾਹੀ ਕੋਇ ॥ (988-6)
आदि अंते मधि तूहै प्रभ बिना नाही कोइ ॥

ਪੂਰਿ ਰਹਿਆ ਸਗਲ ਮੰਡਲ ਏਕੁ ਸੁਆਮੀ ਸੋਇ ॥੧॥ (988-7)
पूरि रहिआ सगल मंडल एकु सुआमी सोइ ॥१॥

ਕਰਨਿ ਹਰਿ ਜਸੁ ਨੇਤ੍ਰ ਦਰਸਨੁ ਰਸਨਿ ਹਰਿ ਗੁਨ ਗਾਉ ॥ (988-7)
करनि हरि जसु नेत्र दरसनु रसनि हरि गुन गाउ ॥

ਬਲਿਹਾਰਿ ਜਾਏ ਸਦਾ ਨਾਨਕੁ ਦੇਹੁ ਅਪਣਾ ਨਾਉ ॥੨॥੩॥੮॥੬॥੧੪॥ (988-8)
बलिहारि जाए सदा नानकु देहु अपणा नाउ ॥२॥३॥८॥६॥१४॥

ਮਾਲੀ ਗਉੜਾ ਬਾਣੀ ਭਗਤ ਨਾਮਦੇਵ ਜੀ ਕੀ (988-9)
माली गउड़ा बाणी भगत नामदेव जी की

ੴ ਸਤਿਗੁਰ ਪ੍ਰਸਾਦਿ ॥ (988-9)
ੴ सतिगुर प्रसादि ॥

ਧਨਿ ਧੰਨਿ ਓ ਰਾਮ ਬੇਨੁ ਬਾਜੈ ॥ (988-10)
धनि धंनि ओ राम बेनु बाजै ॥

ਮਧੁਰ ਮਧੁਰ ਧੁਨਿ ਅਨਹਤ ਗਾਜੈ ॥੧॥ ਰਹਾਉ ॥ (988-10)
मधुर मधुर धुनि अनहत गाजै ॥१॥ रहाउ ॥

ਧਨਿ ਧਨਿ ਮੇਘਾ ਰੋਮਾਵਲੀ ॥ (988-10)
धनि धनि मेघा रोमावली ॥

ਧਨਿ ਧਨਿ ਕ੍ਰਿਸਨ ਓਢੈ ਕਾਂਬਲੀ ॥੧॥ (988-11)
धनि धनि क्रिसन ओढै कांबली ॥१॥

ਧਨਿ ਧਨਿ ਤੂ ਮਾਤਾ ਦੇਵਕੀ ॥ (988-11)
धनि धनि तू माता देवकी ॥

ਜਿਹ ਗ੍ਰਿਹ ਰਮਈਆ ਕਵਲਾਪਤੀ ॥੨॥ (988-11)
जिह ग्रिह रमईआ कवलापती ॥२॥

ਧਨਿ ਧਨਿ ਬਨ ਖੰਡ ਬਿੰਦ੍ਰਾਬਨਾ ॥ (988-12)
धनि धनि बन खंड बिंद्राबना ॥

ਜਹ ਖੇਲੈ ਸ੍ਰੀ ਨਾਰਾਇਨਾ ॥੩॥ (988-12)
जह खेलै स्री नाराइना ॥३॥

ਬੇਨੁ ਬਜਾਵੈ ਗੋਧਨੁ ਚਰੈ ॥ (988-12)
बेनु बजावै गोधनु चरै ॥

ਨਾਮੇ ਕਾ ਸੁਆਮੀ ਆਨਦ ਕਰੈ ॥੪॥੧॥ (988-13)
नामे का सुआमी आनद करै ॥४॥१॥

ਮੇਰੋ ਬਾਪੁ ਮਾਧਉ ਤੂ ਧਨੁ ਕੇਸੌ ਸਾਂਵਲੀਓ ਬੀਠੁਲਾਇ ॥੧॥ ਰਹਾਉ ॥ (988-13)
मेरो बापु माधउ तू धनु केसौ सांवलीओ बीठुलाइ ॥१॥ रहाउ ॥

ਕਰ ਧਰੇ ਚਕ੍ਰ ਬੈਕੁੰਠ ਤੇ ਆਏ ਗਜ ਹਸਤੀ ਕੇ ਪ੍ਰਾਨ ਉਧਾਰੀਅਲੇ ॥ (988-14)
कर धरे चक्र बैकुंठ ते आए गज हसती के प्रान उधारीअले ॥

ਦੁਹਸਾਸਨ ਕੀ ਸਭਾ ਦ੍ਰੋਪਤੀ ਅੰਬਰ ਲੇਤ ਉਬਾਰੀਅਲੇ ॥੧॥ (988-14)
दुहसासन की सभा द्रोपती अ्मबर लेत उबारीअले ॥१॥

ਗੋਤਮ ਨਾਰਿ ਅਹਲਿਆ ਤਾਰੀ ਪਾਵਨ ਕੇਤਕ ਤਾਰੀਅਲੇ ॥ (988-15)
गोतम नारि अहलिआ तारी पावन केतक तारीअले ॥

ਐਸਾ ਅਧਮੁ ਅਜਾਤਿ ਨਾਮਦੇਉ ਤਉ ਸਰਨਾਗਤਿ ਆਈਅਲੇ ॥੨॥੨॥ (988-15)
ऐसा अधमु अजाति नामदेउ तउ सरनागति आईअले ॥२॥२॥

ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥ (988-16)
सभै घट रामु बोलै रामा बोलै ॥

ਰਾਮ ਬਿਨਾ ਕੋ ਬੋਲੈ ਰੇ ॥੧॥ ਰਹਾਉ ॥ (988-16)
राम बिना को बोलै रे ॥१॥ रहाउ ॥

ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ ॥ (988-17)
एकल माटी कुंजर चीटी भाजन हैं बहु नाना रे ॥

ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ ॥੧॥ (988-17)
असथावर जंगम कीट पतंगम घटि घटि रामु समाना रे ॥१॥

ਏਕਲ ਚਿੰਤਾ ਰਾਖੁ ਅਨੰਤਾ ਅਉਰ ਤਜਹੁ ਸਭ ਆਸਾ ਰੇ ॥ (988-18)
एकल चिंता राखु अनंता अउर तजहु सभ आसा रे ॥

ਪ੍ਰਣਵੈ ਨਾਮਾ ਭਏ ਨਿਹਕਾਮਾ ਕੋ ਠਾਕੁਰੁ ਕੋ ਦਾਸਾ ਰੇ ॥੨॥੩॥ (988-19)
प्रणवै नामा भए निहकामा को ठाकुरु को दासा रे ॥२॥३॥

ਰਾਗੁ ਮਾਰੂ ਮਹਲਾ ੧ ਘਰੁ ੧ ਚਉਪਦੇ (989-1)
रागु मारू महला १ घरु १ चउपदे

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥
(989-2)
ੴ सति नामु करता पुरखु निरभउ निरवैरु अकाल मूरति अजूनी सैभं गुर प्रसादि ॥

ਸਲੋਕੁ ॥ (989-4)
सलोकु ॥

ਸਾਜਨ ਤੇਰੇ ਚਰਨ ਕੀ ਹੋਇ ਰਹਾ ਸਦ ਧੂਰਿ ॥ (989-4)
साजन तेरे चरन की होइ रहा सद धूरि ॥

ਨਾਨਕ ਸਰਣਿ ਤੁਹਾਰੀਆ ਪੇਖਉ ਸਦਾ ਹਜੂਰਿ ॥੧॥ (989-4)
नानक सरणि तुहारीआ पेखउ सदा हजूरि ॥१॥

ਸਬਦ ॥ (989-5)
सबद ॥

ਪਿਛਹੁ ਰਾਤੀ ਸਦੜਾ ਨਾਮੁ ਖਸਮ ਕਾ ਲੇਹਿ ॥ (989-5)
पिछहु राती सदड़ा नामु खसम का लेहि ॥

ਖੇਮੇ ਛਤ੍ਰ ਸਰਾਇਚੇ ਦਿਸਨਿ ਰਥ ਪੀੜੇ ॥ (989-5)
खेमे छत्र सराइचे दिसनि रथ पीड़े ॥

ਜਿਨੀ ਤੇਰਾ ਨਾਮੁ ਧਿਆਇਆ ਤਿਨ ਕਉ ਸਦਿ ਮਿਲੇ ॥੧॥ (989-5)
जिनी तेरा नामु धिआइआ तिन कउ सदि मिले ॥१॥

ਬਾਬਾ ਮੈ ਕਰਮਹੀਣ ਕੂੜਿਆਰ ॥ (989-6)
बाबा मै करमहीण कूड़िआर ॥

ਨਾਮੁ ਨ ਪਾਇਆ ਤੇਰਾ ਅੰਧਾ ਭਰਮਿ ਭੂਲਾ ਮਨੁ ਮੇਰਾ ॥੧॥ ਰਹਾਉ ॥ (989-6)
नामु न पाइआ तेरा अंधा भरमि भूला मनु मेरा ॥१॥ रहाउ ॥

ਸਾਦ ਕੀਤੇ ਦੁਖ ਪਰਫੁੜੇ ਪੂਰਬਿ ਲਿਖੇ ਮਾਇ ॥ (989-7)
साद कीते दुख परफुड़े पूरबि लिखे माइ ॥

ਸੁਖ ਥੋੜੇ ਦੁਖ ਅਗਲੇ ਦੂਖੇ ਦੂਖਿ ਵਿਹਾਇ ॥੨॥ (989-7)
सुख थोड़े दुख अगले दूखे दूखि विहाइ ॥२॥

ਵਿਛੁੜਿਆ ਕਾ ਕਿਆ ਵੀਛੁੜੈ ਮਿਲਿਆ ਕਾ ਕਿਆ ਮੇਲੁ ॥ (989-8)
विछुड़िआ का किआ वीछुड़ै मिलिआ का किआ मेलु ॥

ਸਾਹਿਬੁ ਸੋ ਸਾਲਾਹੀਐ ਜਿਨਿ ਕਰਿ ਦੇਖਿਆ ਖੇਲੁ ॥੩॥ (989-8)
साहिबु सो सालाहीऐ जिनि करि देखिआ खेलु ॥३॥

ਸੰਜੋਗੀ ਮੇਲਾਵੜਾ ਇਨਿ ਤਨਿ ਕੀਤੇ ਭੋਗ ॥ (989-9)
संजोगी मेलावड़ा इनि तनि कीते भोग ॥

ਵਿਜੋਗੀ ਮਿਲਿ ਵਿਛੁੜੇ ਨਾਨਕ ਭੀ ਸੰਜੋਗ ॥੪॥੧॥ (989-9)
विजोगी मिलि विछुड़े नानक भी संजोग ॥४॥१॥

ਮਾਰੂ ਮਹਲਾ ੧ ॥ (989-10)
मारू महला १ ॥

ਮਿਲਿ ਮਾਤ ਪਿਤਾ ਪਿੰਡੁ ਕਮਾਇਆ ॥ (989-10)
मिलि मात पिता पिंडु कमाइआ ॥

ਤਿਨਿ ਕਰਤੈ ਲੇਖੁ ਲਿਖਾਇਆ ॥ (989-10)
तिनि करतै लेखु लिखाइआ ॥

ਲਿਖੁ ਦਾਤਿ ਜੋਤਿ ਵਡਿਆਈ ॥ (989-11)
लिखु दाति जोति वडिआई ॥

ਮਿਲਿ ਮਾਇਆ ਸੁਰਤਿ ਗਵਾਈ ॥੧॥ (989-11)
मिलि माइआ सुरति गवाई ॥१॥

ਮੂਰਖ ਮਨ ਕਾਹੇ ਕਰਸਹਿ ਮਾਣਾ ॥ (989-11)
मूरख मन काहे करसहि माणा ॥

ਉਠਿ ਚਲਣਾ ਖਸਮੈ ਭਾਣਾ ॥੧॥ ਰਹਾਉ ॥ (989-12)
उठि चलणा खसमै भाणा ॥१॥ रहाउ ॥

ਤਜਿ ਸਾਦ ਸਹਜ ਸੁਖੁ ਹੋਈ ॥ (989-12)
तजि साद सहज सुखु होई ॥

ਘਰ ਛਡਣੇ ਰਹੈ ਨ ਕੋਈ ॥ (989-12)
घर छडणे रहै न कोई ॥

ਕਿਛੁ ਖਾਜੈ ਕਿਛੁ ਧਰਿ ਜਾਈਐ ॥ (989-13)
किछु खाजै किछु धरि जाईऐ ॥

ਜੇ ਬਾਹੁੜਿ ਦੁਨੀਆ ਆਈਐ ॥੨॥ (989-13)
जे बाहुड़ि दुनीआ आईऐ ॥२॥

ਸਜੁ ਕਾਇਆ ਪਟੁ ਹਢਾਏ ॥ (989-13)
सजु काइआ पटु हढाए ॥

ਫੁਰਮਾਇਸਿ ਬਹੁਤੁ ਚਲਾਏ ॥ (989-14)
फुरमाइसि बहुतु चलाए ॥

ਕਰਿ ਸੇਜ ਸੁਖਾਲੀ ਸੋਵੈ ॥ (989-14)
करि सेज सुखाली सोवै ॥

ਹਥੀ ਪਉਦੀ ਕਾਹੇ ਰੋਵੈ ॥੩॥ (989-14)
हथी पउदी काहे रोवै ॥३॥

ਘਰ ਘੁੰਮਣਵਾਣੀ ਭਾਈ ॥ (989-14)
घर घुंमणवाणी भाई ॥

ਪਾਪ ਪਥਰ ਤਰਣੁ ਨ ਜਾਈ ॥ (990-1)
पाप पथर तरणु न जाई ॥

ਭਉ ਬੇੜਾ ਜੀਉ ਚੜਾਉ ॥ (990-1)
भउ बेड़ा जीउ चड़ाऊ ॥

ਕਹੁ ਨਾਨਕ ਦੇਵੈ ਕਾਹੂ ॥੪॥੨॥ (990-1)
कहु नानक देवै काहू ॥४॥२॥

ਮਾਰੂ ਮਹਲਾ ੧ ਘਰੁ ੧ ॥ (990-2)
मारू महला १ घरु १ ॥

ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ ॥ (990-2)
करणी कागदु मनु मसवाणी बुरा भला दुइ लेख पए ॥

ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ ॥੧॥ (990-2)
जिउ जिउ किरतु चलाए तिउ चलीऐ तउ गुण नाही अंतु हरे ॥१॥

ਚਿਤ ਚੇਤਸਿ ਕੀ ਨਹੀ ਬਾਵਰਿਆ ॥ (990-3)
चित चेतसि की नही बावरिआ ॥

ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ ਰਹਾਉ ॥ (990-3)
हरि बिसरत तेरे गुण गलिआ ॥१॥ रहाउ ॥

ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ ॥ (990-4)
जाली रैनि जालु दिनु हूआ जेती घड़ी फाही तेती ॥

ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ ਛੂਟਸਿ ਮੂੜੇ ਕਵਨ ਗੁਣੀ ॥੨॥ (990-4)
रसि रसि चोग चुगहि नित फासहि छूटसि मूड़े कवन गुणी ॥२॥

ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ ॥ (990-5)
काइआ आरणु मनु विचि लोहा पंच अगनि तितु लागि रही ॥

ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨ੍ਹੀ ਚਿੰਤ ਭਈ ॥੩॥ (990-6)
कोइले पाप पड़े तिसु ऊपरि मनु जलिआ संन्ही चिंत भई ॥३॥

ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ ॥ (990-6)
भइआ मनूरु कंचनु फिरि होवै जे गुरु मिलै तिनेहा ॥

ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ ॥੪॥੩॥ (990-7)
एकु नामु अमृतु ओहु देवै तउ नानक त्रिसटसि देहा ॥४॥३॥

ਮਾਰੂ ਮਹਲਾ ੧ ॥ (990-8)
मारू महला १ ॥

ਬਿਮਲ ਮਝਾਰਿ ਬਸਸਿ ਨਿਰਮਲ ਜਲ ਪਦਮਨਿ ਜਾਵਲ ਰੇ ॥ (990-8)
बिमल मझारि बससि निरमल जल पदमनि जावल रे ॥

ਪਦਮਨਿ ਜਾਵਲ ਜਲ ਰਸ ਸੰਗਤਿ ਸੰਗਿ ਦੋਖ ਨਹੀ ਰੇ ॥੧॥ (990-8)
पदमनि जावल जल रस संगति संगि दोख नही रे ॥१॥

ਦਾਦਰ ਤੂ ਕਬਹਿ ਨ ਜਾਨਸਿ ਰੇ ॥ (990-9)
दादर तू कबहि न जानसि रे ॥

ਭਖਸਿ ਸਿਬਾਲੁ ਬਸਸਿ ਨਿਰਮਲ ਜਲ ਅੰਮ੍ਰਿਤੁ ਨ ਲਖਸਿ ਰੇ ॥੧॥ ਰਹਾਉ ॥ (990-9)
भखसि सिबालु बससि निरमल जल अमृतु न लखसि रे ॥१॥ रहाउ ॥

ਬਸੁ ਜਲ ਨਿਤ ਨ ਵਸਤ ਅਲੀਅਲ ਮੇਰ ਚਚਾ ਗੁਨ ਰੇ ॥ (990-10)
बसु जल नित न वसत अलीअल मेर चचा गुन रे ॥

ਚੰਦ ਕੁਮੁਦਨੀ ਦੂਰਹੁ ਨਿਵਸਸਿ ਅਨਭਉ ਕਾਰਨਿ ਰੇ ॥੨॥ (990-10)
चंद कुमुदनी दूरहु निवससि अनभउ कारनि रे ॥२॥

ਅੰਮ੍ਰਿਤ ਖੰਡੁ ਦੂਧਿ ਮਧੁ ਸੰਚਸਿ ਤੂ ਬਨ ਚਾਤੁਰ ਰੇ ॥ (990-11)
अमृत खंडु दूधि मधु संचसि तू बन चातुर रे ॥

ਅਪਨਾ ਆਪੁ ਤੂ ਕਬਹੁ ਨ ਛੋਡਸਿ ਪਿਸਨ ਪ੍ਰੀਤਿ ਜਿਉ ਰੇ ॥੩॥ (990-12)
अपना आपु तू कबहु न छोडसि पिसन प्रीति जिउ रे ॥३॥

ਪੰਡਿਤ ਸੰਗਿ ਵਸਹਿ ਜਨ ਮੂਰਖ ਆਗਮ ਸਾਸ ਸੁਨੇ ॥ (990-12)
पंडित संगि वसहि जन मूरख आगम सास सुने ॥

ਅਪਨਾ ਆਪੁ ਤੂ ਕਬਹੁ ਨ ਛੋਡਸਿ ਸੁਆਨ ਪੂਛਿ ਜਿਉ ਰੇ ॥੪॥ (990-13)
अपना आपु तू कबहु न छोडसि सुआन पूछि जिउ रे ॥४॥

ਇਕਿ ਪਾਖੰਡੀ ਨਾਮਿ ਨ ਰਾਚਹਿ ਇਕਿ ਹਰਿ ਹਰਿ ਚਰਣੀ ਰੇ ॥ (990-13)
इकि पाखंडी नामि न राचहि इकि हरि हरि चरणी रे ॥

ਪੂਰਬਿ ਲਿਖਿਆ ਪਾਵਸਿ ਨਾਨਕ ਰਸਨਾ ਨਾਮੁ ਜਪਿ ਰੇ ॥੫॥੪॥ (990-14)
पूरबि लिखिआ पावसि नानक रसना नामु जपि रे ॥५॥४॥

ਮਾਰੂ ਮਹਲਾ ੧ ॥ (990-15)
मारू महला १ ॥

ਸਲੋਕੁ ॥ (990-15)
सलोकु ॥

ਪਤਿਤ ਪੁਨੀਤ ਅਸੰਖ ਹੋਹਿ ਹਰਿ ਚਰਨੀ ਮਨੁ ਲਾਗ ॥ (990-15)
पतित पुनीत असंख होहि हरि चरनी मनु लाग ॥

ਅਠਸਠਿ ਤੀਰਥ ਨਾਮੁ ਪ੍ਰਭ ਨਾਨਕ ਜਿਸੁ ਮਸਤਕਿ ਭਾਗ ॥੧॥ (990-15)
अठसठि तीरथ नामु प्रभ नानक जिसु मसतकि भाग ॥१॥

ਸਬਦੁ ॥ (990-16)
सबदु ॥

ਸਖੀ ਸਹੇਲੀ ਗਰਬਿ ਗਹੇਲੀ ॥ (990-16)
सखी सहेली गरबि गहेली ॥

ਸੁਣਿ ਸਹ ਕੀ ਇਕ ਬਾਤ ਸੁਹੇਲੀ ॥੧॥ (990-16)
सुणि सह की इक बात सुहेली ॥१॥

ਜੋ ਮੈ ਬੇਦਨ ਸਾ ਕਿਸੁ ਆਖਾ ਮਾਈ ॥ (990-17)
जो मै बेदन सा किसु आखा माई ॥

ਹਰਿ ਬਿਨੁ ਜੀਉ ਨ ਰਹੈ ਕੈਸੇ ਰਾਖਾ ਮਾਈ ॥੧॥ ਰਹਾਉ ॥ (990-17)
हरि बिनु जीउ न रहै कैसे राखा माई ॥१॥ रहाउ ॥

ਹਉ ਦੋਹਾਗਣਿ ਖਰੀ ਰੰਞਾਣੀ ॥ (990-17)
हउ दोहागणि खरी रंञाणी ॥

ਗਇਆ ਸੁ ਜੋਬਨੁ ਧਨ ਪਛੁਤਾਣੀ ॥੨॥ (990-18)
गइआ सु जोबनु धन पछुताणी ॥२॥

ਤੂ ਦਾਨਾ ਸਾਹਿਬੁ ਸਿਰਿ ਮੇਰਾ ॥ (990-18)
तू दाना साहिबु सिरि मेरा ॥

ਖਿਜਮਤਿ ਕਰੀ ਜਨੁ ਬੰਦਾ ਤੇਰਾ ॥੩॥ (990-18)
खिजमति करी जनु बंदा तेरा ॥३॥

ਭਣਤਿ ਨਾਨਕੁ ਅੰਦੇਸਾ ਏਹੀ ॥ (990-19)
भणति नानकु अंदेसा एही ॥

ਬਿਨੁ ਦਰਸਨ ਕੈਸੇ ਰਵਉ ਸਨੇਹੀ ॥੪॥੫॥ (990-19)
बिनु दरसन कैसे रवउ सनेही ॥४॥५॥

ਮਾਰੂ ਮਹਲਾ ੧ ॥ (991-1)
मारू महला १ ॥

ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ ॥ (991-1)
मुल खरीदी लाला गोला मेरा नाउ सभागा ॥

ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ ॥੧॥ (991-1)
गुर की बचनी हाटि बिकाना जितु लाइआ तितु लागा ॥१॥

ਤੇਰੇ ਲਾਲੇ ਕਿਆ ਚਤੁਰਾਈ ॥ (991-2)
तेरे लाले किआ चतुराई ॥

ਸਾਹਿਬ ਕਾ ਹੁਕਮੁ ਨ ਕਰਣਾ ਜਾਈ ॥੧॥ ਰਹਾਉ ॥ (991-2)
साहिब का हुकमु न करणा जाई ॥१॥ रहाउ ॥

ਮਾ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ ਜਾਇਆ ॥ (991-3)
मा लाली पिउ लाला मेरा हउ लाले का जाइआ ॥

ਲਾਲੀ ਨਾਚੈ ਲਾਲਾ ਗਾਵੈ ਭਗਤਿ ਕਰਉ ਤੇਰੀ ਰਾਇਆ ॥੨॥ (991-3)
लाली नाचै लाला गावै भगति करउ तेरी राइआ ॥२॥

ਪੀਅਹਿ ਤ ਪਾਣੀ ਆਣੀ ਮੀਰਾ ਖਾਹਿ ਤ ਪੀਸਣ ਜਾਉ ॥ (991-4)
पीअहि त पाणी आणी मीरा खाहि त पीसण जाउ ॥

ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ ॥੩॥ (991-4)
पखा फेरी पैर मलोवा जपत रहा तेरा नाउ ॥३॥

ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ ॥ (991-5)
लूण हरामी नानकु लाला बखसिहि तुधु वडिआई ॥

ਆਦਿ ਜੁਗਾਦਿ ਦਇਆਪਤਿ ਦਾਤਾ ਤੁਧੁ ਵਿਣੁ ਮੁਕਤਿ ਨ ਪਾਈ ॥੪॥੬॥ (991-5)
आदि जुगादि दइआपति दाता तुधु विणु मुकति न पाई ॥४॥६॥

ਮਾਰੂ ਮਹਲਾ ੧ ॥ (991-6)
मारू महला १ ॥

ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥ (991-6)
कोई आखै भूतना को कहै बेताला ॥

ਕੋਈ ਆਖੈ ਆਦਮੀ ਨਾਨਕੁ ਵੇਚਾਰਾ ॥੧॥ (991-7)
कोई आखै आदमी नानकु वेचारा ॥१॥

ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ ॥ (991-7)
भइआ दिवाना साह का नानकु बउराना ॥

ਹਉ ਹਰਿ ਬਿਨੁ ਅਵਰੁ ਨ ਜਾਨਾ ॥੧॥ ਰਹਾਉ ॥ (991-8)
हउ हरि बिनु अवरु न जाना ॥१॥ रहाउ ॥

ਤਉ ਦੇਵਾਨਾ ਜਾਣੀਐ ਜਾ ਭੈ ਦੇਵਾਨਾ ਹੋਇ ॥ (991-8)
तउ देवाना जाणीऐ जा भै देवाना होइ ॥

ਏਕੀ ਸਾਹਿਬ ਬਾਹਰਾ ਦੂਜਾ ਅਵਰੁ ਨ ਜਾਣੈ ਕੋਇ ॥੨॥ (991-8)
एकी साहिब बाहरा दूजा अवरु न जाणै कोइ ॥२॥

ਤਉ ਦੇਵਾਨਾ ਜਾਣੀਐ ਜਾ ਏਕਾ ਕਾਰ ਕਮਾਇ ॥ (991-9)
तउ देवाना जाणीऐ जा एका कार कमाइ ॥

ਹੁਕਮੁ ਪਛਾਣੈ ਖਸਮ ਕਾ ਦੂਜੀ ਅਵਰ ਸਿਆਣਪ ਕਾਇ ॥੩॥ (991-9)
हुकमु पछाणै खसम का दूजी अवर सिआणप काइ ॥३॥

ਤਉ ਦੇਵਾਨਾ ਜਾਣੀਐ ਜਾ ਸਾਹਿਬ ਧਰੇ ਪਿਆਰੁ ॥ (991-10)
तउ देवाना जाणीऐ जा साहिब धरे पिआरु ॥

ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ ॥੪॥੭॥ (991-11)
मंदा जाणै आप कउ अवरु भला संसारु ॥४॥७॥

ਮਾਰੂ ਮਹਲਾ ੧ ॥ (991-11)
मारू महला १ ॥

ਇਹੁ ਧਨੁ ਸਰਬ ਰਹਿਆ ਭਰਪੂਰਿ ॥ (991-11)
इहु धनु सरब रहिआ भरपूरि ॥

ਮਨਮੁਖ ਫਿਰਹਿ ਸਿ ਜਾਣਹਿ ਦੂਰਿ ॥੧॥ (991-12)
मनमुख फिरहि सि जाणहि दूरि ॥१॥

ਸੋ ਧਨੁ ਵਖਰੁ ਨਾਮੁ ਰਿਦੈ ਹਮਾਰੈ ॥ (991-12)
सो धनु वखरु नामु रिदै हमारै ॥

ਜਿਸੁ ਤੂ ਦੇਹਿ ਤਿਸੈ ਨਿਸਤਾਰੈ ॥੧॥ ਰਹਾਉ ॥ (991-12)
जिसु तू देहि तिसै निसतारै ॥१॥ रहाउ ॥

ਨ ਇਹੁ ਧਨੁ ਜਲੈ ਨ ਤਸਕਰੁ ਲੈ ਜਾਇ ॥ (991-13)
न इहु धनु जलै न तसकरु लै जाइ ॥

ਨ ਇਹੁ ਧਨੁ ਡੂਬੈ ਨ ਇਸੁ ਧਨ ਕਉ ਮਿਲੈ ਸਜਾਇ ॥੨॥ (991-13)
न इहु धनु डूबै न इसु धन कउ मिलै सजाइ ॥२॥

ਇਸੁ ਧਨ ਕੀ ਦੇਖਹੁ ਵਡਿਆਈ ॥ (991-14)
इसु धन की देखहु वडिआई ॥

ਸਹਜੇ ਮਾਤੇ ਅਨਦਿਨੁ ਜਾਈ ॥੩॥ (991-14)
सहजे माते अनदिनु जाई ॥३॥

ਇਕ ਬਾਤ ਅਨੂਪ ਸੁਨਹੁ ਨਰ ਭਾਈ ॥ (991-14)
इक बात अनूप सुनहु नर भाई ॥

ਇਸੁ ਧਨ ਬਿਨੁ ਕਹਹੁ ਕਿਨੈ ਪਰਮ ਗਤਿ ਪਾਈ ॥੪॥ (991-15)
इसु धन बिनु कहहु किनै परम गति पाई ॥४॥

ਭਣਤਿ ਨਾਨਕੁ ਅਕਥ ਕੀ ਕਥਾ ਸੁਣਾਏ ॥ (991-15)
भणति नानकु अकथ की कथा सुणाए ॥

ਸਤਿਗੁਰੁ ਮਿਲੈ ਤ ਇਹੁ ਧਨੁ ਪਾਏ ॥੫॥੮॥ (991-16)
सतिगुरु मिलै त इहु धनु पाए ॥५॥८॥

ਮਾਰੂ ਮਹਲਾ ੧ ॥ (991-16)
मारू महला १ ॥

ਸੂਰ ਸਰੁ ਸੋਸਿ ਲੈ ਸੋਮ ਸਰੁ ਪੋਖਿ ਲੈ ਜੁਗਤਿ ਕਰਿ ਮਰਤੁ ਸੁ ਸਨਬੰਧੁ ਕੀਜੈ ॥ (991-16)
सूर सरु सोसि लै सोम सरु पोखि लै जुगति करि मरतु सु सनबंधु कीजै ॥

ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ ॥੧॥ (991-17)
मीन की चपल सिउ जुगति मनु राखीऐ उडै नह हंसु नह कंधु छीजै ॥१॥

ਮੂੜੇ ਕਾਇਚੇ ਭਰਮਿ ਭੁਲਾ ॥ (991-18)
मूड़े काइचे भरमि भुला ॥

ਨਹ ਚੀਨਿਆ ਪਰਮਾਨੰਦੁ ਬੈਰਾਗੀ ॥੧॥ ਰਹਾਉ ॥ (991-18)
नह चीनिआ परमानंदु बैरागी ॥१॥ रहाउ ॥

ਅਜਰ ਗਹੁ ਜਾਰਿ ਲੈ ਅਮਰ ਗਹੁ ਮਾਰਿ ਲੈ ਭ੍ਰਾਤਿ ਤਜਿ ਛੋਡਿ ਤਉ ਅਪਿਉ ਪੀਜੈ ॥ (991-18)
अजर गहु जारि लै अमर गहु मारि लै भ्राति तजि छोडि तउ अपिउ पीजै ॥

ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ ॥੨॥ (991-19)
मीन की चपल सिउ जुगति मनु राखीऐ उडै नह हंसु नह कंधु छीजै ॥२॥

ਭਣਤਿ ਨਾਨਕੁ ਜਨੋ ਰਵੈ ਜੇ ਹਰਿ ਮਨੋ ਮਨ ਪਵਨ ਸਿਉ ਅੰਮ੍ਰਿਤੁ ਪੀਜੈ ॥ (992-1)
भणति नानकु जनो रवै जे हरि मनो मन पवन सिउ अमृतु पीजै ॥

ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ ॥੩॥੯॥ (992-2)
मीन की चपल सिउ जुगति मनु राखीऐ उडै नह हंसु नह कंधु छीजै ॥३॥९॥

ਮਾਰੂ ਮਹਲਾ ੧ ॥ (992-3)
मारू महला १ ॥

ਮਾਇਆ ਮੁਈ ਨ ਮਨੁ ਮੁਆ ਸਰੁ ਲਹਰੀ ਮੈ ਮਤੁ ॥ (992-3)
माइआ मुई न मनु मुआ सरु लहरी मै मतु ॥

ਬੋਹਿਥੁ ਜਲ ਸਿਰਿ ਤਰਿ ਟਿਕੈ ਸਾਚਾ ਵਖਰੁ ਜਿਤੁ ॥ (992-3)
बोहिथु जल सिरि तरि टिकै साचा वखरु जितु ॥

ਮਾਣਕੁ ਮਨ ਮਹਿ ਮਨੁ ਮਾਰਸੀ ਸਚਿ ਨ ਲਾਗੈ ਕਤੁ ॥ (992-4)
माणकु मन महि मनु मारसी सचि न लागै कतु ॥

ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ ॥੧॥ (992-4)
राजा तखति टिकै गुणी भै पंचाइण रतु ॥१॥

ਬਾਬਾ ਸਾਚਾ ਸਾਹਿਬੁ ਦੂਰਿ ਨ ਦੇਖੁ ॥ (992-5)
बाबा साचा साहिबु दूरि न देखु ॥

ਸਰਬ ਜੋਤਿ ਜਗਜੀਵਨਾ ਸਿਰਿ ਸਿਰਿ ਸਾਚਾ ਲੇਖੁ ॥੧॥ ਰਹਾਉ ॥ (992-5)
सरब जोति जगजीवना सिरि सिरि साचा लेखु ॥१॥ रहाउ ॥

ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ ॥ (992-6)
ब्रहमा बिसनु रिखी मुनी संकरु इंदु तपै भेखारी ॥

ਮਾਨੈ ਹੁਕਮੁ ਸੋਹੈ ਦਰਿ ਸਾਚੈ ਆਕੀ ਮਰਹਿ ਅਫਾਰੀ ॥ (992-6)
मानै हुकमु सोहै दरि साचै आकी मरहि अफारी ॥

ਜੰਗਮ ਜੋਧ ਜਤੀ ਸੰਨਿਆਸੀ ਗੁਰਿ ਪੂਰੈ ਵੀਚਾਰੀ ॥ (992-7)
जंगम जोध जती संनिआसी गुरि पूरै वीचारी ॥

ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ ॥੨॥ (992-7)
बिनु सेवा फलु कबहु न पावसि सेवा करणी सारी ॥२॥

ਨਿਧਨਿਆ ਧਨੁ ਨਿਗੁਰਿਆ ਗੁਰੁ ਨਿੰਮਾਣਿਆ ਤੂ ਮਾਣੁ ॥ (992-8)
निधनिआ धनु निगुरिआ गुरु निंमाणिआ तू माणु ॥

ਅੰਧੁਲੈ ਮਾਣਕੁ ਗੁਰੁ ਪਕੜਿਆ ਨਿਤਾਣਿਆ ਤੂ ਤਾਣੁ ॥ (992-8)
अंधुलै माणकु गुरु पकड़िआ निताणिआ तू ताणु ॥

ਹੋਮ ਜਪਾ ਨਹੀ ਜਾਣਿਆ ਗੁਰਮਤੀ ਸਾਚੁ ਪਛਾਣੁ ॥ (992-9)
होम जपा नही जाणिआ गुरमती साचु पछाणु ॥

ਨਾਮ ਬਿਨਾ ਨਾਹੀ ਦਰਿ ਢੋਈ ਝੂਠਾ ਆਵਣ ਜਾਣੁ ॥੩॥ (992-9)
नाम बिना नाही दरि ढोई झूठा आवण जाणु ॥३॥

ਸਾਚਾ ਨਾਮੁ ਸਲਾਹੀਐ ਸਾਚੇ ਤੇ ਤ੍ਰਿਪਤਿ ਹੋਇ ॥ (992-10)
साचा नामु सलाहीऐ साचे ते त्रिपति होइ ॥

ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ ॥ (992-10)
गिआन रतनि मनु माजीऐ बहुड़ि न मैला होइ ॥

ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨੁ ਨ ਹੋਇ ॥ (992-11)
जब लगु साहिबु मनि वसै तब लगु बिघनु न होइ ॥

ਨਾਨਕ ਸਿਰੁ ਦੇ ਛੁਟੀਐ ਮਨਿ ਤਨਿ ਸਾਚਾ ਸੋਇ ॥੪॥੧੦॥ (992-11)
नानक सिरु दे छुटीऐ मनि तनि साचा सोइ ॥४॥१०॥

ਮਾਰੂ ਮਹਲਾ ੧ ॥ (992-12)
मारू महला १ ॥

ਜੋਗੀ ਜੁਗਤਿ ਨਾਮੁ ਨਿਰਮਾਇਲੁ ਤਾ ਕੈ ਮੈਲੁ ਨ ਰਾਤੀ ॥ (992-12)
जोगी जुगति नामु निरमाइलु ता कै मैलु न राती ॥

ਪ੍ਰੀਤਮ ਨਾਥੁ ਸਦਾ ਸਚੁ ਸੰਗੇ ਜਨਮ ਮਰਣ ਗਤਿ ਬੀਤੀ ॥੧॥ (992-13)
प्रीतम नाथु सदा सचु संगे जनम मरण गति बीती ॥१॥

ਗੁਸਾਈ ਤੇਰਾ ਕਹਾ ਨਾਮੁ ਕੈਸੇ ਜਾਤੀ ॥ (992-13)
गुसाई तेरा कहा नामु कैसे जाती ॥

ਜਾ ਤਉ ਭੀਤਰਿ ਮਹਲਿ ਬੁਲਾਵਹਿ ਪੂਛਉ ਬਾਤ ਨਿਰੰਤੀ ॥੧॥ ਰਹਾਉ ॥ (992-14)
जा तउ भीतरि महलि बुलावहि पूछउ बात निरंती ॥१॥ रहाउ ॥

ਬ੍ਰਹਮਣੁ ਬ੍ਰਹਮ ਗਿਆਨ ਇਸਨਾਨੀ ਹਰਿ ਗੁਣ ਪੂਜੇ ਪਾਤੀ ॥ (992-14)
ब्रहमणु ब्रहम गिआन इसनानी हरि गुण पूजे पाती ॥

ਏਕੋ ਨਾਮੁ ਏਕੁ ਨਾਰਾਇਣੁ ਤ੍ਰਿਭਵਣ ਏਕਾ ਜੋਤੀ ॥੨॥ (992-15)
एको नामु एकु नाराइणु त्रिभवण एका जोती ॥२॥

ਜਿਹਵਾ ਡੰਡੀ ਇਹੁ ਘਟੁ ਛਾਬਾ ਤੋਲਉ ਨਾਮੁ ਅਜਾਚੀ ॥ (992-15)
जिहवा डंडी इहु घटु छाबा तोलउ नामु अजाची ॥

ਏਕੋ ਹਾਟੁ ਸਾਹੁ ਸਭਨਾ ਸਿਰਿ ਵਣਜਾਰੇ ਇਕ ਭਾਤੀ ॥੩॥ (992-16)
एको हाटु साहु सभना सिरि वणजारे इक भाती ॥३॥

ਦੋਵੈ ਸਿਰੇ ਸਤਿਗੁਰੂ ਨਿਬੇੜੇ ਸੋ ਬੂਝੈ ਜਿਸੁ ਏਕ ਲਿਵ ਲਾਗੀ ਜੀਅਹੁ ਰਹੈ ਨਿਭਰਾਤੀ ॥ (992-17)
दोवै सिरे सतिगुरू निबेड़े सो बूझै जिसु एक लिव लागी जीअहु रहै निभराती ॥

ਸਬਦੁ ਵਸਾਏ ਭਰਮੁ ਚੁਕਾਏ ਸਦਾ ਸੇਵਕੁ ਦਿਨੁ ਰਾਤੀ ॥੪॥ (992-17)
सबदु वसाए भरमु चुकाए सदा सेवकु दिनु राती ॥४॥

ਊਪਰਿ ਗਗਨੁ ਗਗਨ ਪਰਿ ਗੋਰਖੁ ਤਾ ਕਾ ਅਗਮੁ ਗੁਰੂ ਪੁਨਿ ਵਾਸੀ ॥ (992-18)
ऊपरि गगनु गगन परि गोरखु ता का अगमु गुरू पुनि वासी ॥

ਗੁਰ ਬਚਨੀ ਬਾਹਰਿ ਘਰਿ ਏਕੋ ਨਾਨਕੁ ਭਇਆ ਉਦਾਸੀ ॥੫॥੧੧॥ (992-19)
गुर बचनी बाहरि घरि एको नानकु भइआ उदासी ॥५॥११॥

ਰਾਗੁ ਮਾਰੂ ਮਹਲਾ ੧ ਘਰੁ ੫ (993-1)
रागु मारू महला १ घरु ५

ੴ ਸਤਿਗੁਰ ਪ੍ਰਸਾਦਿ ॥ (993-1)
ੴ सतिगुर प्रसादि ॥

ਅਹਿਨਿਸਿ ਜਾਗੈ ਨੀਦ ਨ ਸੋਵੈ ॥ (993-2)
अहिनिसि जागै नीद न सोवै ॥

ਸੋ ਜਾਣੈ ਜਿਸੁ ਵੇਦਨ ਹੋਵੈ ॥ (993-2)
सो जाणै जिसु वेदन होवै ॥

ਪ੍ਰੇਮ ਕੇ ਕਾਨ ਲਗੇ ਤਨ ਭੀਤਰਿ ਵੈਦੁ ਕਿ ਜਾਣੈ ਕਾਰੀ ਜੀਉ ॥੧॥ (993-2)
प्रेम के कान लगे तन भीतरि वैदु कि जाणै कारी जीउ ॥१॥

ਜਿਸ ਨੋ ਸਾਚਾ ਸਿਫਤੀ ਲਾਏ ॥ (993-3)
जिस नो साचा सिफती लाए ॥

ਗੁਰਮੁਖਿ ਵਿਰਲੇ ਕਿਸੈ ਬੁਝਾਏ ॥ (993-3)
गुरमुखि विरले किसै बुझाए ॥

ਅੰਮ੍ਰਿਤ ਕੀ ਸਾਰ ਸੋਈ ਜਾਣੈ ਜਿ ਅੰਮ੍ਰਿਤ ਕਾ ਵਾਪਾਰੀ ਜੀਉ ॥੧॥ ਰਹਾਉ ॥ (993-3)
अमृत की सार सोई जाणै जि अमृत का वापारी जीउ ॥१॥ रहाउ ॥

ਪਿਰ ਸੇਤੀ ਧਨ ਪ੍ਰੇਮੁ ਰਚਾਏ ॥ (993-4)
पिर सेती धन प्रेमु रचाए ॥

ਗੁਰ ਕੈ ਸਬਦਿ ਤਥਾ ਚਿਤੁ ਲਾਏ ॥ (993-4)
गुर कै सबदि तथा चितु लाए ॥

ਸਹਜ ਸੇਤੀ ਧਨ ਖਰੀ ਸੁਹੇਲੀ ਤ੍ਰਿਸਨਾ ਤਿਖਾ ਨਿਵਾਰੀ ਜੀਉ ॥੨॥ (993-5)
सहज सेती धन खरी सुहेली त्रिसना तिखा निवारी जीउ ॥२॥

ਸਹਸਾ ਤੋੜੇ ਭਰਮੁ ਚੁਕਾਏ ॥ (993-5)
सहसा तोड़े भरमु चुकाए ॥

ਸਹਜੇ ਸਿਫਤੀ ਧਣਖੁ ਚੜਾਏ ॥ (993-6)
सहजे सिफती धणखु चड़ाए ॥

ਗੁਰ ਕੈ ਸਬਦਿ ਮਰੈ ਮਨੁ ਮਾਰੇ ਸੁੰਦਰਿ ਜੋਗਾਧਾਰੀ ਜੀਉ ॥੩॥ (993-6)
गुर कै सबदि मरै मनु मारे सुंदरि जोगाधारी जीउ ॥३॥

ਹਉਮੈ ਜਲਿਆ ਮਨਹੁ ਵਿਸਾਰੇ ॥ (993-6)
हउमै जलिआ मनहु विसारे ॥

ਜਮ ਪੁਰਿ ਵਜਹਿ ਖੜਗ ਕਰਾਰੇ ॥ (993-7)
जम पुरि वजहि खड़ग करारे ॥

ਅਬ ਕੈ ਕਹਿਐ ਨਾਮੁ ਨ ਮਿਲਈ ਤੂ ਸਹੁ ਜੀਅੜੇ ਭਾਰੀ ਜੀਉ ॥੪॥ (993-7)
अब कै कहिऐ नामु न मिलई तू सहु जीअड़े भारी जीउ ॥४॥

ਮਾਇਆ ਮਮਤਾ ਪਵਹਿ ਖਿਆਲੀ ॥ (993-8)
माइआ ममता पवहि खिआली ॥

ਜਮ ਪੁਰਿ ਫਾਸਹਿਗਾ ਜਮ ਜਾਲੀ ॥ (993-8)
जम पुरि फासहिगा जम जाली ॥

ਹੇਤ ਕੇ ਬੰਧਨ ਤੋੜਿ ਨ ਸਾਕਹਿ ਤਾ ਜਮੁ ਕਰੇ ਖੁਆਰੀ ਜੀਉ ॥੫॥ (993-8)
हेत के बंधन तोड़ि न साकहि ता जमु करे खुआरी जीउ ॥५॥

ਨਾ ਹਉ ਕਰਤਾ ਨਾ ਮੈ ਕੀਆ ॥ (993-9)
ना हउ करता ना मै कीआ ॥

ਅੰਮ੍ਰਿਤੁ ਨਾਮੁ ਸਤਿਗੁਰਿ ਦੀਆ ॥ (993-9)
अमृतु नामु सतिगुरि दीआ ॥

ਜਿਸੁ ਤੂ ਦੇਹਿ ਤਿਸੈ ਕਿਆ ਚਾਰਾ ਨਾਨਕ ਸਰਣਿ ਤੁਮਾਰੀ ਜੀਉ ॥੬॥੧॥੧੨॥ (993-10)
जिसु तू देहि तिसै किआ चारा नानक सरणि तुमारी जीउ ॥६॥१॥१२॥

ਮਾਰੂ ਮਹਲਾ ੩ ਘਰੁ ੧ (993-11)
मारू महला ३ घरु १

ੴ ਸਤਿਗੁਰ ਪ੍ਰਸਾਦਿ ॥ (993-11)
ੴ सतिगुर प्रसादि ॥

ਜਹ ਬੈਸਾਲਹਿ ਤਹ ਬੈਸਾ ਸੁਆਮੀ ਜਹ ਭੇਜਹਿ ਤਹ ਜਾਵਾ ॥ (993-12)
जह बैसालहि तह बैसा सुआमी जह भेजहि तह जावा ॥

ਸਭ ਨਗਰੀ ਮਹਿ ਏਕੋ ਰਾਜਾ ਸਭੇ ਪਵਿਤੁ ਹਹਿ ਥਾਵਾ ॥੧॥ (993-12)
सभ नगरी महि एको राजा सभे पवितु हहि थावा ॥१॥

ਬਾਬਾ ਦੇਹਿ ਵਸਾ ਸਚ ਗਾਵਾ ॥ (993-13)
बाबा देहि वसा सच गावा ॥

ਜਾ ਤੇ ਸਹਜੇ ਸਹਜਿ ਸਮਾਵਾ ॥੧॥ ਰਹਾਉ ॥ (993-13)
जा ते सहजे सहजि समावा ॥१॥ रहाउ ॥

ਬੁਰਾ ਭਲਾ ਕਿਛੁ ਆਪਸ ਤੇ ਜਾਨਿਆ ਏਈ ਸਗਲ ਵਿਕਾਰਾ ॥ (993-13)
बुरा भला किछु आपस ते जानिआ एई सगल विकारा ॥

ਇਹੁ ਫੁਰਮਾਇਆ ਖਸਮ ਕਾ ਹੋਆ ਵਰਤੈ ਇਹੁ ਸੰਸਾਰਾ ॥੨॥ (993-14)
इहु फुरमाइआ खसम का होआ वरतै इहु संसारा ॥२॥

ਇੰਦ੍ਰੀ ਧਾਤੁ ਸਬਲ ਕਹੀਅਤ ਹੈ ਇੰਦ੍ਰੀ ਕਿਸ ਤੇ ਹੋਈ ॥ (993-15)
इंद्री धातु सबल कहीअत है इंद्री किस ते होई ॥

ਆਪੇ ਖੇਲ ਕਰੈ ਸਭਿ ਕਰਤਾ ਐਸਾ ਬੂਝੈ ਕੋਈ ॥੩॥ (993-15)
आपे खेल करै सभि करता ऐसा बूझै कोई ॥३॥

ਗੁਰ ਪਰਸਾਦੀ ਏਕ ਲਿਵ ਲਾਗੀ ਦੁਬਿਧਾ ਤਦੇ ਬਿਨਾਸੀ ॥ (993-16)
गुर परसादी एक लिव लागी दुबिधा तदे बिनासी ॥

ਜੋ ਤਿਸੁ ਭਾਣਾ ਸੋ ਸਤਿ ਕਰਿ ਮਾਨਿਆ ਕਾਟੀ ਜਮ ਕੀ ਫਾਸੀ ॥੪॥ (993-16)
जो तिसु भाणा सो सति करि मानिआ काटी जम की फासी ॥४॥

ਭਣਤਿ ਨਾਨਕੁ ਲੇਖਾ ਮਾਗੈ ਕਵਨਾ ਜਾ ਚੂਕਾ ਮਨਿ ਅਭਿਮਾਨਾ ॥ (993-17)
भणति नानकु लेखा मागै कवना जा चूका मनि अभिमाना ॥

ਤਾਸੁ ਤਾਸੁ ਧਰਮ ਰਾਇ ਜਪਤੁ ਹੈ ਪਏ ਸਚੇ ਕੀ ਸਰਨਾ ॥੫॥੧॥ (993-17)
तासु तासु धरम राइ जपतु है पए सचे की सरना ॥५॥१॥

ਮਾਰੂ ਮਹਲਾ ੩ ॥ (993-18)
मारू महला ३ ॥

ਆਵਣ ਜਾਣਾ ਨਾ ਥੀਐ ਨਿਜ ਘਰਿ ਵਾਸਾ ਹੋਇ ॥ (993-18)
आवण जाणा ना थीऐ निज घरि वासा होइ ॥

ਸਚੁ ਖਜਾਨਾ ਬਖਸਿਆ ਆਪੇ ਜਾਣੈ ਸੋਇ ॥੧॥ (993-18)
सचु खजाना बखसिआ आपे जाणै सोइ ॥१॥

ਏ ਮਨ ਹਰਿ ਜੀਉ ਚੇਤਿ ਤੂ ਮਨਹੁ ਤਜਿ ਵਿਕਾਰ ॥ (994-1)
ए मन हरि जीउ चेति तू मनहु तजि विकार ॥

ਗੁਰ ਕੈ ਸਬਦਿ ਧਿਆਇ ਤੂ ਸਚਿ ਲਗੀ ਪਿਆਰੁ ॥੧॥ ਰਹਾਉ ॥ (994-1)
गुर कै सबदि धिआइ तू सचि लगी पिआरु ॥१॥ रहाउ ॥

ਐਥੈ ਨਾਵਹੁ ਭੁਲਿਆ ਫਿਰਿ ਹਥੁ ਕਿਥਾਊ ਨ ਪਾਇ ॥ (994-2)
ऐथै नावहु भुलिआ फिरि हथु किथाऊ न पाइ ॥

ਜੋਨੀ ਸਭਿ ਭਵਾਈਅਨਿ ਬਿਸਟਾ ਮਾਹਿ ਸਮਾਇ ॥੨॥ (994-2)
जोनी सभि भवाईअनि बिसटा माहि समाइ ॥२॥

ਵਡਭਾਗੀ ਗੁਰੁ ਪਾਇਆ ਪੂਰਬਿ ਲਿਖਿਆ ਮਾਇ ॥ (994-3)
वडभागी गुरु पाइआ पूरबि लिखिआ माइ ॥

ਅਨਦਿਨੁ ਸਚੀ ਭਗਤਿ ਕਰਿ ਸਚਾ ਲਏ ਮਿਲਾਇ ॥੩॥ (994-3)
अनदिनु सची भगति करि सचा लए मिलाइ ॥३॥

ਆਪੇ ਸ੍ਰਿਸਟਿ ਸਭ ਸਾਜੀਅਨੁ ਆਪੇ ਨਦਰਿ ਕਰੇਇ ॥ (994-4)
आपे स्रिसटि सभ साजीअनु आपे नदरि करेइ ॥

ਨਾਨਕ ਨਾਮਿ ਵਡਿਆਈਆ ਜੈ ਭਾਵੈ ਤੈ ਦੇਇ ॥੪॥੨॥ (994-4)
नानक नामि वडिआईआ जै भावै तै देइ ॥४॥२॥

ਮਾਰੂ ਮਹਲਾ ੩ ॥ (994-5)
मारू महला ३ ॥

ਪਿਛਲੇ ਗੁਨਹ ਬਖਸਾਇ ਜੀਉ ਅਬ ਤੂ ਮਾਰਗਿ ਪਾਇ ॥ (994-5)
पिछले गुनह बखसाइ जीउ अब तू मारगि पाइ ॥

ਹਰਿ ਕੀ ਚਰਣੀ ਲਾਗਿ ਰਹਾ ਵਿਚਹੁ ਆਪੁ ਗਵਾਇ ॥੧॥ (994-6)
हरि की चरणी लागि रहा विचहु आपु गवाइ ॥१॥

ਮੇਰੇ ਮਨ ਗੁਰਮੁਖਿ ਨਾਮੁ ਹਰਿ ਧਿਆਇ ॥ (994-6)
मेरे मन गुरमुखि नामु हरि धिआइ ॥

ਸਦਾ ਹਰਿ ਚਰਣੀ ਲਾਗਿ ਰਹਾ ਇਕ ਮਨਿ ਏਕੈ ਭਾਇ ॥੧॥ ਰਹਾਉ ॥ (994-7)
सदा हरि चरणी लागि रहा इक मनि एकै भाइ ॥१॥ रहाउ ॥

ਨਾ ਮੈ ਜਾਤਿ ਨ ਪਤਿ ਹੈ ਨਾ ਮੈ ਥੇਹੁ ਨ ਥਾਉ ॥ (994-7)
ना मै जाति न पति है ना मै थेहु न थाउ ॥

ਸਬਦਿ ਭੇਦਿ ਭ੍ਰਮੁ ਕਟਿਆ ਗੁਰਿ ਨਾਮੁ ਦੀਆ ਸਮਝਾਇ ॥੨॥ (994-8)
सबदि भेदि भ्रमु कटिआ गुरि नामु दीआ समझाइ ॥२॥

ਇਹੁ ਮਨੁ ਲਾਲਚ ਕਰਦਾ ਫਿਰੈ ਲਾਲਚਿ ਲਾਗਾ ਜਾਇ ॥ (994-8)
इहु मनु लालच करदा फिरै लालचि लागा जाइ ॥

ਧੰਧੈ ਕੂੜਿ ਵਿਆਪਿਆ ਜਮ ਪੁਰਿ ਚੋਟਾ ਖਾਇ ॥੩॥ (994-9)
धंधै कूड़ि विआपिआ जम पुरि चोटा खाइ ॥३॥

ਨਾਨਕ ਸਭੁ ਕਿਛੁ ਆਪੇ ਆਪਿ ਹੈ ਦੂਜਾ ਨਾਹੀ ਕੋਇ ॥ (994-9)
नानक सभु किछु आपे आपि है दूजा नाही कोइ ॥

ਭਗਤਿ ਖਜਾਨਾ ਬਖਸਿਓਨੁ ਗੁਰਮੁਖਾ ਸੁਖੁ ਹੋਇ ॥੪॥੩॥ (994-10)
भगति खजाना बखसिओनु गुरमुखा सुखु होइ ॥४॥३॥

ਮਾਰੂ ਮਹਲਾ ੩ ॥ (994-10)
मारू महला ३ ॥

ਸਚਿ ਰਤੇ ਸੇ ਟੋਲਿ ਲਹੁ ਸੇ ਵਿਰਲੇ ਸੰਸਾਰਿ ॥ (994-10)
सचि रते से टोलि लहु से विरले संसारि ॥

ਤਿਨ ਮਿਲਿਆ ਮੁਖੁ ਉਜਲਾ ਜਪਿ ਨਾਮੁ ਮੁਰਾਰਿ ॥੧॥ (994-11)
तिन मिलिआ मुखु उजला जपि नामु मुरारि ॥१॥

ਬਾਬਾ ਸਾਚਾ ਸਾਹਿਬੁ ਰਿਦੈ ਸਮਾਲਿ ॥ (994-11)
बाबा साचा साहिबु रिदै समालि ॥

ਸਤਿਗੁਰੁ ਅਪਨਾ ਪੁਛਿ ਦੇਖੁ ਲੇਹੁ ਵਖਰੁ ਭਾਲਿ ॥੧॥ ਰਹਾਉ ॥ (994-12)
सतिगुरु अपना पुछि देखु लेहु वखरु भालि ॥१॥ रहाउ ॥

ਇਕੁ ਸਚਾ ਸਭ ਸੇਵਦੀ ਧੁਰਿ ਭਾਗਿ ਮਿਲਾਵਾ ਹੋਇ ॥ (994-12)
इकु सचा सभ सेवदी धुरि भागि मिलावा होइ ॥

ਗੁਰਮੁਖਿ ਮਿਲੇ ਸੇ ਨ ਵਿਛੁੜਹਿ ਪਾਵਹਿ ਸਚੁ ਸੋਇ ॥੨॥ (994-13)
गुरमुखि मिले से न विछुड़हि पावहि सचु सोइ ॥२॥

ਇਕਿ ਭਗਤੀ ਸਾਰ ਨ ਜਾਣਨੀ ਮਨਮੁਖ ਭਰਮਿ ਭੁਲਾਇ ॥ (994-13)
इकि भगती सार न जाणनी मनमुख भरमि भुलाइ ॥

ਓਨਾ ਵਿਚਿ ਆਪਿ ਵਰਤਦਾ ਕਰਣਾ ਕਿਛੂ ਨ ਜਾਇ ॥੩॥ (994-14)
ओना विचि आपि वरतदा करणा किछू न जाइ ॥३॥

ਜਿਸੁ ਨਾਲਿ ਜੋਰੁ ਨ ਚਲਈ ਖਲੇ ਕੀਚੈ ਅਰਦਾਸਿ ॥ (994-14)
जिसु नालि जोरु न चलई खले कीचै अरदासि ॥

ਨਾਨਕ ਗੁਰਮੁਖਿ ਨਾਮੁ ਮਨਿ ਵਸੈ ਤਾ ਸੁਣਿ ਕਰੇ ਸਾਬਾਸਿ ॥੪॥੪॥ (994-15)
नानक गुरमुखि नामु मनि वसै ता सुणि करे साबासि ॥४॥४॥

ਮਾਰੂ ਮਹਲਾ ੩ ॥ (994-16)
मारू महला ३ ॥

ਮਾਰੂ ਤੇ ਸੀਤਲੁ ਕਰੇ ਮਨੂਰਹੁ ਕੰਚਨੁ ਹੋਇ ॥ (994-16)
मारू ते सीतलु करे मनूरहु कंचनु होइ ॥

ਸੋ ਸਾਚਾ ਸਾਲਾਹੀਐ ਤਿਸੁ ਜੇਵਡੁ ਅਵਰੁ ਨ ਕੋਇ ॥੧॥ (994-16)
सो साचा सालाहीऐ तिसु जेवडु अवरु न कोइ ॥१॥

ਮੇਰੇ ਮਨ ਅਨਦਿਨੁ ਧਿਆਇ ਹਰਿ ਨਾਉ ॥ (994-17)
मेरे मन अनदिनु धिआइ हरि नाउ ॥

ਸਤਿਗੁਰ ਕੈ ਬਚਨਿ ਅਰਾਧਿ ਤੂ ਅਨਦਿਨੁ ਗੁਣ ਗਾਉ ॥੧॥ ਰਹਾਉ ॥ (994-17)
सतिगुर कै बचनि अराधि तू अनदिनु गुण गाउ ॥१॥ रहाउ ॥

ਗੁਰਮੁਖਿ ਏਕੋ ਜਾਣੀਐ ਜਾ ਸਤਿਗੁਰੁ ਦੇਇ ਬੁਝਾਇ ॥ (994-18)
गुरमुखि एको जाणीऐ जा सतिगुरु देइ बुझाइ ॥

ਸੋ ਸਤਿਗੁਰੁ ਸਾਲਾਹੀਐ ਜਿਦੂ ਏਹ ਸੋਝੀ ਪਾਇ ॥੨॥ (994-18)
सो सतिगुरु सालाहीऐ जिदू एह सोझी पाइ ॥२॥

ਸਤਿਗੁਰੁ ਛੋਡਿ ਦੂਜੈ ਲਗੇ ਕਿਆ ਕਰਨਿ ਅਗੈ ਜਾਇ ॥ (994-19)
सतिगुरु छोडि दूजै लगे किआ करनि अगै जाइ ॥

ਜਮ ਪੁਰਿ ਬਧੇ ਮਾਰੀਅਹਿ ਬਹੁਤੀ ਮਿਲੈ ਸਜਾਇ ॥੩॥ (994-19)
जम पुरि बधे मारीअहि बहुती मिलै सजाइ ॥३॥

ਮੇਰਾ ਪ੍ਰਭੁ ਵੇਪਰਵਾਹੁ ਹੈ ਨਾ ਤਿਸੁ ਤਿਲੁ ਨ ਤਮਾਇ ॥ (995-1)
मेरा प्रभु वेपरवाहु है ना तिसु तिलु न तमाइ ॥

ਨਾਨਕ ਤਿਸੁ ਸਰਣਾਈ ਭਜਿ ਪਉ ਆਪੇ ਬਖਸਿ ਮਿਲਾਇ ॥੪॥੫॥ (995-1)
नानक तिसु सरणाई भजि पउ आपे बखसि मिलाइ ॥४॥५॥

ਮਾਰੂ ਮਹਲਾ ੪ ਘਰੁ ੨ (995-3)
मारू महला ४ घरु २

ੴ ਸਤਿਗੁਰ ਪ੍ਰਸਾਦਿ ॥ (995-3)
ੴ सतिगुर प्रसादि ॥

ਜਪਿਓ ਨਾਮੁ ਸੁਕ ਜਨਕ ਗੁਰ ਬਚਨੀ ਹਰਿ ਹਰਿ ਸਰਣਿ ਪਰੇ ॥ (995-4)
जपिओ नामु सुक जनक गुर बचनी हरि हरि सरणि परे ॥

ਦਾਲਦੁ ਭੰਜਿ ਸੁਦਾਮੇ ਮਿਲਿਓ ਭਗਤੀ ਭਾਇ ਤਰੇ ॥ (995-4)
दालदु भंजि सुदामे मिलिओ भगती भाइ तरे ॥

ਭਗਤਿ ਵਛਲੁ ਹਰਿ ਨਾਮੁ ਕ੍ਰਿਤਾਰਥੁ ਗੁਰਮੁਖਿ ਕ੍ਰਿਪਾ ਕਰੇ ॥੧॥ (995-5)
भगति वछलु हरि नामु क्रितारथु गुरमुखि क्रिपा करे ॥१॥

ਮੇਰੇ ਮਨ ਨਾਮੁ ਜਪਤ ਉਧਰੇ ॥ (995-5)
मेरे मन नामु जपत उधरे ॥

ਧ੍ਰੂ ਪ੍ਰਹਿਲਾਦੁ ਬਿਦਰੁ ਦਾਸੀ ਸੁਤੁ ਗੁਰਮੁਖਿ ਨਾਮਿ ਤਰੇ ॥੧॥ ਰਹਾਉ ॥ (995-5)
ध्रू प्रहिलादु बिदरु दासी सुतु गुरमुखि नामि तरे ॥१॥ रहाउ ॥

ਕਲਜੁਗਿ ਨਾਮੁ ਪ੍ਰਧਾਨੁ ਪਦਾਰਥੁ ਭਗਤ ਜਨਾ ਉਧਰੇ ॥ (995-6)
कलजुगि नामु प्रधानु पदारथु भगत जना उधरे ॥

ਨਾਮਾ ਜੈਦੇਉ ਕਬੀਰੁ ਤ੍ਰਿਲੋਚਨੁ ਸਭਿ ਦੋਖ ਗਏ ਚਮਰੇ ॥ (995-7)
नामा जैदेउ कबीरु त्रिलोचनु सभि दोख गए चमरे ॥

ਗੁਰਮੁਖਿ ਨਾਮਿ ਲਗੇ ਸੇ ਉਧਰੇ ਸਭਿ ਕਿਲਬਿਖ ਪਾਪ ਟਰੇ ॥੨॥ (995-7)
गुरमुखि नामि लगे से उधरे सभि किलबिख पाप टरे ॥२॥

ਜੋ ਜੋ ਨਾਮੁ ਜਪੈ ਅਪਰਾਧੀ ਸਭਿ ਤਿਨ ਕੇ ਦੋਖ ਪਰਹਰੇ ॥ (995-8)
जो जो नामु जपै अपराधी सभि तिन के दोख परहरे ॥

ਬੇਸੁਆ ਰਵਤ ਅਜਾਮਲੁ ਉਧਰਿਓ ਮੁਖਿ ਬੋਲੈ ਨਾਰਾਇਣੁ ਨਰਹਰੇ ॥ (995-8)
बेसुआ रवत अजामलु उधरिओ मुखि बोलै नाराइणु नरहरे ॥

ਨਾਮੁ ਜਪਤ ਉਗ੍ਰਸੈਣਿ ਗਤਿ ਪਾਈ ਤੋੜਿ ਬੰਧਨ ਮੁਕਤਿ ਕਰੇ ॥੩॥ (995-9)
नामु जपत उग्रसैणि गति पाई तोड़ि बंधन मुकति करे ॥३॥

ਜਨ ਕਉ ਆਪਿ ਅਨੁਗ੍ਰਹੁ ਕੀਆ ਹਰਿ ਅੰਗੀਕਾਰੁ ਕਰੇ ॥ (995-9)
जन कउ आपि अनुग्रहु कीआ हरि अंगीकारु करे ॥

ਸੇਵਕ ਪੈਜ ਰਖੈ ਮੇਰਾ ਗੋਵਿਦੁ ਸਰਣਿ ਪਰੇ ਉਧਰੇ ॥ (995-10)
सेवक पैज रखै मेरा गोविदु सरणि परे उधरे ॥

ਜਨ ਨਾਨਕ ਹਰਿ ਕਿਰਪਾ ਧਾਰੀ ਉਰ ਧਰਿਓ ਨਾਮੁ ਹਰੇ ॥੪॥੧॥ (995-10)
जन नानक हरि किरपा धारी उर धरिओ नामु हरे ॥४॥१॥

ਮਾਰੂ ਮਹਲਾ ੪ ॥ (995-11)
मारू महला ४ ॥

ਸਿਧ ਸਮਾਧਿ ਜਪਿਓ ਲਿਵ ਲਾਈ ਸਾਧਿਕ ਮੁਨਿ ਜਪਿਆ ॥ (995-11)
सिध समाधि जपिओ लिव लाई साधिक मुनि जपिआ ॥

ਜਤੀ ਸਤੀ ਸੰਤੋਖੀ ਧਿਆਇਆ ਮੁਖਿ ਇੰਦ੍ਰਾਦਿਕ ਰਵਿਆ ॥ (995-12)
जती सती संतोखी धिआइआ मुखि इंद्रादिक रविआ ॥

ਸਰਣਿ ਪਰੇ ਜਪਿਓ ਤੇ ਭਾਏ ਗੁਰਮੁਖਿ ਪਾਰਿ ਪਇਆ ॥੧॥ (995-12)
सरणि परे जपिओ ते भाए गुरमुखि पारि पइआ ॥१॥

ਮੇਰੇ ਮਨ ਨਾਮੁ ਜਪਤ ਤਰਿਆ ॥ (995-13)
मेरे मन नामु जपत तरिआ ॥

ਧੰਨਾ ਜਟੁ ਬਾਲਮੀਕੁ ਬਟਵਾਰਾ ਗੁਰਮੁਖਿ ਪਾਰਿ ਪਇਆ ॥੧॥ ਰਹਾਉ ॥ (995-13)
धंना जटु बालमीकु बटवारा गुरमुखि पारि पइआ ॥१॥ रहाउ ॥

ਸੁਰਿ ਨਰ ਗਣ ਗੰਧਰਬੇ ਜਪਿਓ ਰਿਖਿ ਬਪੁਰੈ ਹਰਿ ਗਾਇਆ ॥ (995-14)
सुरि नर गण गंधरबे जपिओ रिखि बपुरै हरि गाइआ ॥

ਸੰਕਰਿ ਬ੍ਰਹਮੈ ਦੇਵੀ ਜਪਿਓ ਮੁਖਿ ਹਰਿ ਹਰਿ ਨਾਮੁ ਜਪਿਆ ॥ (995-14)
संकरि ब्रहमै देवी जपिओ मुखि हरि हरि नामु जपिआ ॥

ਹਰਿ ਹਰਿ ਨਾਮਿ ਜਿਨਾ ਮਨੁ ਭੀਨਾ ਤੇ ਗੁਰਮੁਖਿ ਪਾਰਿ ਪਇਆ ॥੨॥ (995-15)
हरि हरि नामि जिना मनु भीना ते गुरमुखि पारि पइआ ॥२॥

ਕੋਟਿ ਕੋਟਿ ਤੇਤੀਸ ਧਿਆਇਓ ਹਰਿ ਜਪਤਿਆ ਅੰਤੁ ਨ ਪਾਇਆ ॥ (995-16)
कोटि कोटि तेतीस धिआइओ हरि जपतिआ अंतु न पाइआ ॥

ਬੇਦ ਪੁਰਾਣ ਸਿਮ੍ਰਿਤਿ ਹਰਿ ਜਪਿਆ ਮੁਖਿ ਪੰਡਿਤ ਹਰਿ ਗਾਇਆ ॥ (995-16)
बेद पुराण सिम्रिति हरि जपिआ मुखि पंडित हरि गाइआ ॥

ਨਾਮੁ ਰਸਾਲੁ ਜਿਨਾ ਮਨਿ ਵਸਿਆ ਤੇ ਗੁਰਮੁਖਿ ਪਾਰਿ ਪਇਆ ॥੩॥ (995-17)
नामु रसालु जिना मनि वसिआ ते गुरमुखि पारि पइआ ॥३॥

ਅਨਤ ਤਰੰਗੀ ਨਾਮੁ ਜਿਨ ਜਪਿਆ ਮੈ ਗਣਤ ਨ ਕਰਿ ਸਕਿਆ ॥ (995-18)
अनत तरंगी नामु जिन जपिआ मै गणत न करि सकिआ ॥

ਗੋਬਿਦੁ ਕ੍ਰਿਪਾ ਕਰੇ ਥਾਇ ਪਾਏ ਜੋ ਹਰਿ ਪ੍ਰਭ ਮਨਿ ਭਾਇਆ ॥ (995-18)
गोबिदु क्रिपा करे थाइ पाए जो हरि प्रभ मनि भाइआ ॥

ਗੁਰਿ ਧਾਰਿ ਕ੍ਰਿਪਾ ਹਰਿ ਨਾਮੁ ਦ੍ਰਿੜਾਇਓ ਜਨ ਨਾਨਕ ਨਾਮੁ ਲਇਆ ॥੪॥੨॥ (995-19)
गुरि धारि क्रिपा हरि नामु द्रिड़ाइओ जन नानक नामु लइआ ॥४॥२॥

ਮਾਰੂ ਮਹਲਾ ੪ ਘਰੁ ੩ (996-1)
मारू महला ४ घरु ३

ੴ ਸਤਿਗੁਰ ਪ੍ਰਸਾਦਿ ॥ (996-1)
ੴ सतिगुर प्रसादि ॥

ਹਰਿ ਹਰਿ ਨਾਮੁ ਨਿਧਾਨੁ ਲੈ ਗੁਰਮਤਿ ਹਰਿ ਪਤਿ ਪਾਇ ॥ (996-2)
हरि हरि नामु निधानु लै गुरमति हरि पति पाइ ॥

ਹਲਤਿ ਪਲਤਿ ਨਾਲਿ ਚਲਦਾ ਹਰਿ ਅੰਤੇ ਲਏ ਛਡਾਇ ॥ (996-2)
हलति पलति नालि चलदा हरि अंते लए छडाइ ॥

ਜਿਥੈ ਅਵਘਟ ਗਲੀਆ ਭੀੜੀਆ ਤਿਥੈ ਹਰਿ ਹਰਿ ਮੁਕਤਿ ਕਰਾਇ ॥੧॥ (996-3)
जिथै अवघट गलीआ भीड़ीआ तिथै हरि हरि मुकति कराइ ॥१॥

ਮੇਰੇ ਸਤਿਗੁਰਾ ਮੈ ਹਰਿ ਹਰਿ ਨਾਮੁ ਦ੍ਰਿੜਾਇ ॥ (996-3)
मेरे सतिगुरा मै हरि हरि नामु द्रिड़ाइ ॥

ਮੇਰਾ ਮਾਤ ਪਿਤਾ ਸੁਤ ਬੰਧਪੋ ਮੈ ਹਰਿ ਬਿਨੁ ਅਵਰੁ ਨ ਮਾਇ ॥੧॥ ਰਹਾਉ ॥ (996-4)
मेरा मात पिता सुत बंधपो मै हरि बिनु अवरु न माइ ॥१॥ रहाउ ॥

ਮੈ ਹਰਿ ਬਿਰਹੀ ਹਰਿ ਨਾਮੁ ਹੈ ਕੋਈ ਆਣਿ ਮਿਲਾਵੈ ਮਾਇ ॥ (996-4)
मै हरि बिरही हरि नामु है कोई आणि मिलावै माइ ॥

ਤਿਸੁ ਆਗੈ ਮੈ ਜੋਦੜੀ ਮੇਰਾ ਪ੍ਰੀਤਮੁ ਦੇਇ ਮਿਲਾਇ ॥ (996-5)
तिसु आगै मै जोदड़ी मेरा प्रीतमु देइ मिलाइ ॥

ਸਤਿਗੁਰੁ ਪੁਰਖੁ ਦਇਆਲ ਪ੍ਰਭੁ ਹਰਿ ਮੇਲੇ ਢਿਲ ਨ ਪਾਇ ॥੨॥ (996-5)
सतिगुरु पुरखु दइआल प्रभु हरि मेले ढिल न पाइ ॥२॥

ਜਿਨ ਹਰਿ ਹਰਿ ਨਾਮੁ ਨ ਚੇਤਿਓ ਸੇ ਭਾਗਹੀਣ ਮਰਿ ਜਾਇ ॥ (996-6)
जिन हरि हरि नामु न चेतिओ से भागहीण मरि जाइ ॥

ਓਇ ਫਿਰਿ ਫਿਰਿ ਜੋਨਿ ਭਵਾਈਅਹਿ ਮਰਿ ਜੰਮਹਿ ਆਵੈ ਜਾਇ ॥ (996-7)
ओइ फिरि फिरि जोनि भवाईअहि मरि जंमहि आवै जाइ ॥

ਓਇ ਜਮ ਦਰਿ ਬਧੇ ਮਾਰੀਅਹਿ ਹਰਿ ਦਰਗਹ ਮਿਲੈ ਸਜਾਇ ॥੩॥ (996-7)
ओइ जम दरि बधे मारीअहि हरि दरगह मिलै सजाइ ॥३॥

ਤੂ ਪ੍ਰਭੁ ਹਮ ਸਰਣਾਗਤੀ ਮੋ ਕਉ ਮੇਲਿ ਲੈਹੁ ਹਰਿ ਰਾਇ ॥ (996-8)
तू प्रभु हम सरणागती मो कउ मेलि लैहु हरि राइ ॥

ਹਰਿ ਧਾਰਿ ਕ੍ਰਿਪਾ ਜਗਜੀਵਨਾ ਗੁਰ ਸਤਿਗੁਰ ਕੀ ਸਰਣਾਇ ॥ (996-8)
हरि धारि क्रिपा जगजीवना गुर सतिगुर की सरणाइ ॥

ਹਰਿ ਜੀਉ ਆਪਿ ਦਇਆਲੁ ਹੋਇ ਜਨ ਨਾਨਕ ਹਰਿ ਮੇਲਾਇ ॥੪॥੧॥੩॥ (996-9)
हरि जीउ आपि दइआलु होइ जन नानक हरि मेलाइ ॥४॥१॥३॥

ਮਾਰੂ ਮਹਲਾ ੪ ॥ (996-10)
मारू महला ४ ॥

ਹਉ ਪੂੰਜੀ ਨਾਮੁ ਦਸਾਇਦਾ ਕੋ ਦਸੇ ਹਰਿ ਧਨੁ ਰਾਸਿ ॥ (996-10)
हउ पूंजी नामु दसाइदा को दसे हरि धनु रासि ॥

ਹਉ ਤਿਸੁ ਵਿਟਹੁ ਖਨ ਖੰਨੀਐ ਮੈ ਮੇਲੇ ਹਰਿ ਪ੍ਰਭ ਪਾਸਿ ॥ (996-10)
हउ तिसु विटहु खन खंनीऐ मै मेले हरि प्रभ पासि ॥

ਮੈ ਅੰਤਰਿ ਪ੍ਰੇਮੁ ਪਿਰੰਮ ਕਾ ਕਿਉ ਸਜਣੁ ਮਿਲੈ ਮਿਲਾਸਿ ॥੧॥ (996-11)
मै अंतरि प्रेमु पिरंम का किउ सजणु मिलै मिलासि ॥१॥

ਮਨ ਪਿਆਰਿਆ ਮਿਤ੍ਰਾ ਮੈ ਹਰਿ ਹਰਿ ਨਾਮੁ ਧਨੁ ਰਾਸਿ ॥ (996-11)
मन पिआरिआ मित्रा मै हरि हरि नामु धनु रासि ॥

ਗੁਰਿ ਪੂਰੈ ਨਾਮੁ ਦ੍ਰਿੜਾਇਆ ਹਰਿ ਧੀਰਕ ਹਰਿ ਸਾਬਾਸਿ ॥੧॥ ਰਹਾਉ ॥ (996-12)
गुरि पूरै नामु द्रिड़ाइआ हरि धीरक हरि साबासि ॥१॥ रहाउ ॥

ਹਰਿ ਹਰਿ ਆਪਿ ਮਿਲਾਇ ਗੁਰੁ ਮੈ ਦਸੇ ਹਰਿ ਧਨੁ ਰਾਸਿ ॥ (996-12)
हरि हरि आपि मिलाइ गुरु मै दसे हरि धनु रासि ॥

ਬਿਨੁ ਗੁਰ ਪ੍ਰੇਮੁ ਨ ਲਭਈ ਜਨ ਵੇਖਹੁ ਮਨਿ ਨਿਰਜਾਸਿ ॥ (996-13)
बिनु गुर प्रेमु न लभई जन वेखहु मनि निरजासि ॥

ਹਰਿ ਗੁਰ ਵਿਚਿ ਆਪੁ ਰਖਿਆ ਹਰਿ ਮੇਲੇ ਗੁਰ ਸਾਬਾਸਿ ॥੨॥ (996-14)
हरि गुर विचि आपु रखिआ हरि मेले गुर साबासि ॥२॥

ਸਾਗਰ ਭਗਤਿ ਭੰਡਾਰ ਹਰਿ ਪੂਰੇ ਸਤਿਗੁਰ ਪਾਸਿ ॥ (996-14)
सागर भगति भंडार हरि पूरे सतिगुर पासि ॥

ਸਤਿਗੁਰੁ ਤੁਠਾ ਖੋਲਿ ਦੇਇ ਮੁਖਿ ਗੁਰਮੁਖਿ ਹਰਿ ਪਰਗਾਸਿ ॥ (996-15)
सतिगुरु तुठा खोलि देइ मुखि गुरमुखि हरि परगासि ॥

ਮਨਮੁਖਿ ਭਾਗ ਵਿਹੂਣਿਆ ਤਿਖ ਮੁਈਆ ਕੰਧੀ ਪਾਸਿ ॥੩॥ (996-15)
मनमुखि भाग विहूणिआ तिख मुईआ कंधी पासि ॥३॥

ਗੁਰੁ ਦਾਤਾ ਦਾਤਾਰੁ ਹੈ ਹਉ ਮਾਗਉ ਦਾਨੁ ਗੁਰ ਪਾਸਿ ॥ (996-16)
गुरु दाता दातारु है हउ मागउ दानु गुर पासि ॥

ਚਿਰੀ ਵਿਛੁੰਨਾ ਮੇਲਿ ਪ੍ਰਭ ਮੈ ਮਨਿ ਤਨਿ ਵਡੜੀ ਆਸ ॥ (996-16)
चिरी विछुंना मेलि प्रभ मै मनि तनि वडड़ी आस ॥

ਗੁਰ ਭਾਵੈ ਸੁਣਿ ਬੇਨਤੀ ਜਨ ਨਾਨਕ ਕੀ ਅਰਦਾਸਿ ॥੪॥੨॥੪॥ (996-17)
गुर भावै सुणि बेनती जन नानक की अरदासि ॥४॥२॥४॥

ਮਾਰੂ ਮਹਲਾ ੪ ॥ (996-17)
मारू महला ४ ॥

ਹਰਿ ਹਰਿ ਕਥਾ ਸੁਣਾਇ ਪ੍ਰਭ ਗੁਰਮਤਿ ਹਰਿ ਰਿਦੈ ਸਮਾਣੀ ॥ (996-17)
हरि हरि कथा सुणाइ प्रभ गुरमति हरि रिदै समाणी ॥

ਜਪਿ ਹਰਿ ਹਰਿ ਕਥਾ ਵਡਭਾਗੀਆ ਹਰਿ ਉਤਮ ਪਦੁ ਨਿਰਬਾਣੀ ॥ (996-18)
जपि हरि हरि कथा वडभागीआ हरि उतम पदु निरबाणी ॥

ਗੁਰਮੁਖਾ ਮਨਿ ਪਰਤੀਤਿ ਹੈ ਗੁਰਿ ਪੂਰੈ ਨਾਮਿ ਸਮਾਣੀ ॥੧॥ (997-1)
गुरमुखा मनि परतीति है गुरि पूरै नामि समाणी ॥१॥

ਮਨ ਮੇਰੇ ਮੈ ਹਰਿ ਹਰਿ ਕਥਾ ਮਨਿ ਭਾਣੀ ॥ (997-1)
मन मेरे मै हरि हरि कथा मनि भाणी ॥

ਹਰਿ ਹਰਿ ਕਥਾ ਨਿਤ ਸਦਾ ਕਰਿ ਗੁਰਮੁਖਿ ਅਕਥ ਕਹਾਣੀ ॥੧॥ ਰਹਾਉ ॥ (997-2)
हरि हरि कथा नित सदा करि गुरमुखि अकथ कहाणी ॥१॥ रहाउ ॥

ਮੈ ਮਨੁ ਤਨੁ ਖੋਜਿ ਢੰਢੋਲਿਆ ਕਿਉ ਪਾਈਐ ਅਕਥ ਕਹਾਣੀ ॥ (997-2)
मै मनु तनु खोजि ढंढोलिआ किउ पाईऐ अकथ कहाणी ॥

ਸੰਤ ਜਨਾ ਮਿਲਿ ਪਾਇਆ ਸੁਣਿ ਅਕਥ ਕਥਾ ਮਨਿ ਭਾਣੀ ॥ (997-3)
संत जना मिलि पाइआ सुणि अकथ कथा मनि भाणी ॥

ਮੇਰੈ ਮਨਿ ਤਨਿ ਨਾਮੁ ਅਧਾਰੁ ਹਰਿ ਮੈ ਮੇਲੇ ਪੁਰਖੁ ਸੁਜਾਣੀ ॥੨॥ (997-3)
मेरै मनि तनि नामु अधारु हरि मै मेले पुरखु सुजाणी ॥२॥

ਗੁਰ ਪੁਰਖੈ ਪੁਰਖੁ ਮਿਲਾਇ ਪ੍ਰਭ ਮਿਲਿ ਸੁਰਤੀ ਸੁਰਤਿ ਸਮਾਣੀ ॥ (997-4)
गुर पुरखै पुरखु मिलाइ प्रभ मिलि सुरती सुरति समाणी ॥

ਵਡਭਾਗੀ ਗੁਰੁ ਸੇਵਿਆ ਹਰਿ ਪਾਇਆ ਸੁਘੜ ਸੁਜਾਣੀ ॥ (997-5)
वडभागी गुरु सेविआ हरि पाइआ सुघड़ सुजाणी ॥

ਮਨਮੁਖ ਭਾਗ ਵਿਹੂਣਿਆ ਤਿਨ ਦੁਖੀ ਰੈਣਿ ਵਿਹਾਣੀ ॥੩॥ (997-5)
मनमुख भाग विहूणिआ तिन दुखी रैणि विहाणी ॥३॥

ਹਮ ਜਾਚਿਕ ਦੀਨ ਪ੍ਰਭ ਤੇਰਿਆ ਮੁਖਿ ਦੀਜੈ ਅੰਮ੍ਰਿਤ ਬਾਣੀ ॥ (997-6)
हम जाचिक दीन प्रभ तेरिआ मुखि दीजै अमृत बाणी ॥

ਸਤਿਗੁਰੁ ਮੇਰਾ ਮਿਤ੍ਰੁ ਪ੍ਰਭ ਹਰਿ ਮੇਲਹੁ ਸੁਘੜ ਸੁਜਾਣੀ ॥ (997-6)
सतिगुरु मेरा मित्रु प्रभ हरि मेलहु सुघड़ सुजाणी ॥

ਜਨ ਨਾਨਕ ਸਰਣਾਗਤੀ ਕਰਿ ਕਿਰਪਾ ਨਾਮਿ ਸਮਾਣੀ ॥੪॥੩॥੫॥ (997-7)
जन नानक सरणागती करि किरपा नामि समाणी ॥४॥३॥५॥

ਮਾਰੂ ਮਹਲਾ ੪ ॥ (997-8)
मारू महला ४ ॥

ਹਰਿ ਭਾਉ ਲਗਾ ਬੈਰਾਗੀਆ ਵਡਭਾਗੀ ਹਰਿ ਮਨਿ ਰਾਖੁ ॥ (997-8)
हरि भाउ लगा बैरागीआ वडभागी हरि मनि राखु ॥

ਮਿਲਿ ਸੰਗਤਿ ਸਰਧਾ ਊਪਜੈ ਗੁਰ ਸਬਦੀ ਹਰਿ ਰਸੁ ਚਾਖੁ ॥ (997-8)
मिलि संगति सरधा ऊपजै गुर सबदी हरि रसु चाखु ॥

ਸਭੁ ਮਨੁ ਤਨੁ ਹਰਿਆ ਹੋਇਆ ਗੁਰਬਾਣੀ ਹਰਿ ਗੁਣ ਭਾਖੁ ॥੧॥ (997-9)
सभु मनु तनु हरिआ होइआ गुरबाणी हरि गुण भाखु ॥१॥

ਮਨ ਪਿਆਰਿਆ ਮਿਤ੍ਰਾ ਹਰਿ ਹਰਿ ਨਾਮ ਰਸੁ ਚਾਖੁ ॥ (997-9)
मन पिआरिआ मित्रा हरि हरि नाम रसु चाखु ॥

ਗੁਰਿ ਪੂਰੈ ਹਰਿ ਪਾਇਆ ਹਲਤਿ ਪਲਤਿ ਪਤਿ ਰਾਖੁ ॥੧॥ ਰਹਾਉ ॥ (997-10)
गुरि पूरै हरि पाइआ हलति पलति पति राखु ॥१॥ रहाउ ॥

ਹਰਿ ਹਰਿ ਨਾਮੁ ਧਿਆਈਐ ਹਰਿ ਕੀਰਤਿ ਗੁਰਮੁਖਿ ਚਾਖੁ ॥ (997-11)
हरि हरि नामु धिआईऐ हरि कीरति गुरमुखि चाखु ॥

ਤਨੁ ਧਰਤੀ ਹਰਿ ਬੀਜੀਐ ਵਿਚਿ ਸੰਗਤਿ ਹਰਿ ਪ੍ਰਭ ਰਾਖੁ ॥ (997-11)
तनु धरती हरि बीजीऐ विचि संगति हरि प्रभ राखु ॥

ਅੰਮ੍ਰਿਤੁ ਹਰਿ ਹਰਿ ਨਾਮੁ ਹੈ ਗੁਰਿ ਪੂਰੈ ਹਰਿ ਰਸੁ ਚਾਖੁ ॥੨॥ (997-12)
अम्रितु हरि हरि नामु है गुरि पूरै हरि रसु चाखु ॥२॥

ਮਨਮੁਖ ਤ੍ਰਿਸਨਾ ਭਰਿ ਰਹੇ ਮਨਿ ਆਸਾ ਦਹ ਦਿਸ ਬਹੁ ਲਾਖੁ ॥ (997-12)
मनमुख त्रिसना भरि रहे मनि आसा दह दिस बहु लाखु ॥

ਬਿਨੁ ਨਾਵੈ ਧ੍ਰਿਗੁ ਜੀਵਦੇ ਵਿਚਿ ਬਿਸਟਾ ਮਨਮੁਖ ਰਾਖੁ ॥ (997-13)
बिनु नावै ध्रिगु जीवदे विचि बिसटा मनमुख राखु ॥

ਓਇ ਆਵਹਿ ਜਾਹਿ ਭਵਾਈਅਹਿ ਬਹੁ ਜੋਨੀ ਦੁਰਗੰਧ ਭਾਖੁ ॥੩॥ (997-13)
ओइ आवहि जाहि भवाईअहि बहु जोनी दुरगंध भाखु ॥३॥

ਤ੍ਰਾਹਿ ਤ੍ਰਾਹਿ ਸਰਣਾਗਤੀ ਹਰਿ ਦਇਆ ਧਾਰਿ ਪ੍ਰਭ ਰਾਖੁ ॥ (997-14)
त्राहि त्राहि सरणागती हरि दइआ धारि प्रभ राखु ॥

ਸੰਤਸੰਗਤਿ ਮੇਲਾਪੁ ਕਰਿ ਹਰਿ ਨਾਮੁ ਮਿਲੈ ਪਤਿ ਸਾਖੁ ॥ (997-15)
संतसंगति मेलापु करि हरि नामु मिलै पति साखु ॥

ਹਰਿ ਹਰਿ ਨਾਮੁ ਧਨੁ ਪਾਇਆ ਜਨ ਨਾਨਕ ਗੁਰਮਤਿ ਭਾਖੁ ॥੪॥੪॥੬॥ (997-15)
हरि हरि नामु धनु पाइआ जन नानक गुरमति भाखु ॥४॥४॥६॥

ਮਾਰੂ ਮਹਲਾ ੪ ਘਰੁ ੫ (997-17)
मारू महला ४ घरु ५

ੴ ਸਤਿਗੁਰ ਪ੍ਰਸਾਦਿ ॥ (997-17)
ੴ सतिगुर प्रसादि ॥

ਹਰਿ ਹਰਿ ਭਗਤਿ ਭਰੇ ਭੰਡਾਰਾ ॥ (997-18)
हरि हरि भगति भरे भंडारा ॥

ਗੁਰਮੁਖਿ ਰਾਮੁ ਕਰੇ ਨਿਸਤਾਰਾ ॥ (997-18)
गुरमुखि रामु करे निसतारा ॥

ਜਿਸ ਨੋ ਕ੍ਰਿਪਾ ਕਰੇ ਮੇਰਾ ਸੁਆਮੀ ਸੋ ਹਰਿ ਕੇ ਗੁਣ ਗਾਵੈ ਜੀਉ ॥੧॥ (997-18)
जिस नो क्रिपा करे मेरा सुआमी सो हरि के गुण गावै जीउ ॥१॥

ਹਰਿ ਹਰਿ ਕ੍ਰਿਪਾ ਕਰੇ ਬਨਵਾਲੀ ॥ (997-19)
हरि हरि क्रिपा करे बनवाली ॥

ਹਰਿ ਹਿਰਦੈ ਸਦਾ ਸਦਾ ਸਮਾਲੀ ॥ (997-19)
हरि हिरदै सदा सदा समाली ॥

ਹਰਿ ਹਰਿ ਨਾਮੁ ਜਪਹੁ ਮੇਰੇ ਜੀਅੜੇ ਜਪਿ ਹਰਿ ਹਰਿ ਨਾਮੁ ਛਡਾਵੈ ਜੀਉ ॥੧॥ ਰਹਾਉ ॥ (997-19)
हरि हरि नामु जपहु मेरे जीअड़े जपि हरि हरि नामु छडावै जीउ ॥१॥ रहाउ ॥

ਸੁਖ ਸਾਗਰੁ ਅੰਮ੍ਰਿਤੁ ਹਰਿ ਨਾਉ ॥ (998-1)
सुख सागरु अमृतु हरि नाउ ॥

ਮੰਗਤ ਜਨੁ ਜਾਚੈ ਹਰਿ ਦੇਹੁ ਪਸਾਉ ॥ (998-2)
मंगत जनु जाचै हरि देहु पसाउ ॥

ਹਰਿ ਸਤਿ ਸਤਿ ਸਦਾ ਹਰਿ ਸਤਿ ਹਰਿ ਸਤਿ ਮੇਰੈ ਮਨਿ ਭਾਵੈ ਜੀਉ ॥੨॥ (998-2)
हरि सति सति सदा हरि सति हरि सति मेरै मनि भावै जीउ ॥२॥

ਨਵੇ ਛਿਦ੍ਰ ਸ੍ਰਵਹਿ ਅਪਵਿਤ੍ਰਾ ॥ (998-3)
नवे छिद्र स्रवहि अपवित्रा ॥

ਬੋਲਿ ਹਰਿ ਨਾਮ ਪਵਿਤ੍ਰ ਸਭਿ ਕਿਤਾ ॥ (998-3)
बोलि हरि नाम पवित्र सभि किता ॥

ਜੇ ਹਰਿ ਸੁਪ੍ਰਸੰਨੁ ਹੋਵੈ ਮੇਰਾ ਸੁਆਮੀ ਹਰਿ ਸਿਮਰਤ ਮਲੁ ਲਹਿ ਜਾਵੈ ਜੀਉ ॥੩॥ (998-3)
जे हरि सुप्रसंनु होवै मेरा सुआमी हरि सिमरत मलु लहि जावै जीउ ॥३॥

ਮਾਇਆ ਮੋਹੁ ਬਿਖਮੁ ਹੈ ਭਾਰੀ ॥ (998-4)
माइआ मोहु बिखमु है भारी ॥

ਕਿਉ ਤਰੀਐ ਦੁਤਰੁ ਸੰਸਾਰੀ ॥ (998-4)
किउ तरीऐ दुतरु संसारी ॥

ਸਤਿਗੁਰੁ ਬੋਹਿਥੁ ਦੇਇ ਪ੍ਰਭੁ ਸਾਚਾ ਜਪਿ ਹਰਿ ਹਰਿ ਪਾਰਿ ਲੰਘਾਵੈ ਜੀਉ ॥੪॥ (998-4)
सतिगुरु बोहिथु देइ प्रभु साचा जपि हरि हरि पारि लंघावै जीउ ॥४॥

ਤੂ ਸਰਬਤ੍ਰ ਤੇਰਾ ਸਭੁ ਕੋਈ ॥ (998-5)
तू सरबत्र तेरा सभु कोई ॥

ਜੋ ਤੂ ਕਰਹਿ ਸੋਈ ਪ੍ਰਭ ਹੋਈ ॥ (998-5)
जो तू करहि सोई प्रभ होई ॥

ਜਨੁ ਨਾਨਕੁ ਗੁਣ ਗਾਵੈ ਬੇਚਾਰਾ ਹਰਿ ਭਾਵੈ ਹਰਿ ਥਾਇ ਪਾਵੈ ਜੀਉ ॥੫॥੧॥੭॥ (998-6)
जनु नानकु गुण गावै बेचारा हरि भावै हरि थाइ पावै जीउ ॥५॥१॥७॥

ਮਾਰੂ ਮਹਲਾ ੪ ॥ (998-7)
मारू महला ४ ॥

ਹਰਿ ਹਰਿ ਨਾਮੁ ਜਪਹੁ ਮਨ ਮੇਰੇ ॥ (998-7)
हरि हरि नामु जपहु मन मेरे ॥

ਸਭਿ ਕਿਲਵਿਖ ਕਾਟੈ ਹਰਿ ਤੇਰੇ ॥ (998-7)
सभि किलविख काटै हरि तेरे ॥

ਹਰਿ ਧਨੁ ਰਾਖਹੁ ਹਰਿ ਧਨੁ ਸੰਚਹੁ ਹਰਿ ਚਲਦਿਆ ਨਾਲਿ ਸਖਾਈ ਜੀਉ ॥੧॥ (998-7)
हरि धनु राखहु हरि धनु संचहु हरि चलदिआ नालि सखाई जीउ ॥१॥

ਜਿਸ ਨੋ ਕ੍ਰਿਪਾ ਕਰੇ ਸੋ ਧਿਆਵੈ ॥ (998-8)
जिस नो क्रिपा करे सो धिआवै ॥

ਨਿਤ ਹਰਿ ਜਪੁ ਜਾਪੈ ਜਪਿ ਹਰਿ ਸੁਖੁ ਪਾਵੈ ॥ (998-8)
नित हरि जपु जापै जपि हरि सुखु पावै ॥

ਗੁਰ ਪਰਸਾਦੀ ਹਰਿ ਰਸੁ ਆਵੈ ਜਪਿ ਹਰਿ ਹਰਿ ਪਾਰਿ ਲੰਘਾਈ ਜੀਉ ॥੧॥ ਰਹਾਉ ॥ (998-9)
गुर परसादी हरि रसु आवै जपि हरि हरि पारि लंघाई जीउ ॥१॥ रहाउ ॥

ਨਿਰਭਉ ਨਿਰੰਕਾਰੁ ਸਤਿ ਨਾਮੁ ॥ (998-10)
निरभउ निरंकारु सति नामु ॥

ਜਗ ਮਹਿ ਸ੍ਰੇਸਟੁ ਊਤਮ ਕਾਮੁ ॥ (998-10)
जग महि स्रेसटु ऊतम कामु ॥

ਦੁਸਮਨ ਦੂਤ ਜਮਕਾਲੁ ਠੇਹ ਮਾਰਉ ਹਰਿ ਸੇਵਕ ਨੇੜਿ ਨ ਜਾਈ ਜੀਉ ॥੨॥ (998-10)
दुसमन दूत जमकालु ठेह मारउ हरि सेवक नेड़ि न जाई जीउ ॥२॥

ਜਿਸੁ ਉਪਰਿ ਹਰਿ ਕਾ ਮਨੁ ਮਾਨਿਆ ॥ (998-11)
जिसु उपरि हरि का मनु मानिआ ॥

ਸੋ ਸੇਵਕੁ ਚਹੁ ਜੁਗ ਚਹੁ ਕੁੰਟ ਜਾਨਿਆ ॥ (998-11)
सो सेवकु चहु जुग चहु कुंट जानिआ ॥

ਜੇ ਉਸ ਕਾ ਬੁਰਾ ਕਹੈ ਕੋਈ ਪਾਪੀ ਤਿਸੁ ਜਮਕੰਕਰੁ ਖਾਈ ਜੀਉ ॥੩॥ (998-12)
जे उस का बुरा कहै कोई पापी तिसु जमकंकरु खाई जीउ ॥३॥

ਸਭ ਮਹਿ ਏਕੁ ਨਿਰੰਜਨ ਕਰਤਾ ॥ (998-12)
सभ महि एकु निरंजन करता ॥

ਸਭਿ ਕਰਿ ਕਰਿ ਵੇਖੈ ਅਪਣੇ ਚਲਤਾ ॥ (998-13)
सभि करि करि वेखै अपणे चलता ॥

ਜਿਸੁ ਹਰਿ ਰਾਖੈ ਤਿਸੁ ਕਉਣੁ ਮਾਰੈ ਜਿਸੁ ਕਰਤਾ ਆਪਿ ਛਡਾਈ ਜੀਉ ॥੪॥ (998-13)
जिसु हरि राखै तिसु कउणु मारै जिसु करता आपि छडाई जीउ ॥४॥

ਹਉ ਅਨਦਿਨੁ ਨਾਮੁ ਲਈ ਕਰਤਾਰੇ ॥ (998-14)
हउ अनदिनु नामु लई करतारे ॥

ਜਿਨਿ ਸੇਵਕ ਭਗਤ ਸਭੇ ਨਿਸਤਾਰੇ ॥ (998-14)
जिनि सेवक भगत सभे निसतारे ॥

ਦਸ ਅਠ ਚਾਰਿ ਵੇਦ ਸਭਿ ਪੂਛਹੁ ਜਨ ਨਾਨਕ ਨਾਮੁ ਛਡਾਈ ਜੀਉ ॥੫॥੨॥੮॥ (998-14)
दस अठ चारि वेद सभि पूछहु जन नानक नामु छडाई जीउ ॥५॥२॥८॥

ਮਾਰੂ ਮਹਲਾ ੫ ਘਰੁ ੨ (998-16)
मारू महला ५ घरु २

ੴ ਸਤਿਗੁਰ ਪ੍ਰਸਾਦਿ ॥ (998-16)
ੴ सतिगुर प्रसादि ॥

ਡਰਪੈ ਧਰਤਿ ਅਕਾਸੁ ਨਖ੍ਯ੍ਯਤ੍ਰਾ ਸਿਰ ਊਪਰਿ ਅਮਰੁ ਕਰਾਰਾ ॥ (998-17)
डरपै धरति अकासु नख्यत्रा सिर ऊपरि अमरु करारा ॥

ਪਉਣੁ ਪਾਣੀ ਬੈਸੰਤਰੁ ਡਰਪੈ ਡਰਪੈ ਇੰਦ੍ਰੁ ਬਿਚਾਰਾ ॥੧॥ (998-17)
पउणु पाणी बैसंतरु डरपै डरपै इंद्रु बिचारा ॥१॥

ਏਕਾ ਨਿਰਭਉ ਬਾਤ ਸੁਨੀ ॥ (998-18)
एका निरभउ बात सुनी ॥

ਸੋ ਸੁਖੀਆ ਸੋ ਸਦਾ ਸੁਹੇਲਾ ਜੋ ਗੁਰ ਮਿਲਿ ਗਾਇ ਗੁਨੀ ॥੧॥ ਰਹਾਉ ॥ (998-18)
सो सुखीआ सो सदा सुहेला जो गुर मिलि गाइ गुनी ॥१॥ रहाउ ॥

ਦੇਹਧਾਰ ਅਰੁ ਦੇਵਾ ਡਰਪਹਿ ਸਿਧ ਸਾਧਿਕ ਡਰਿ ਮੁਇਆ ॥ (998-19)
देहधार अरु देवा डरपहि सिध साधिक डरि मुइआ ॥

ਲਖ ਚਉਰਾਸੀਹ ਮਰਿ ਮਰਿ ਜਨਮੇ ਫਿਰਿ ਫਿਰਿ ਜੋਨੀ ਜੋਇਆ ॥੨॥ (998-19)
लख चउरासीह मरि मरि जनमे फिरि फिरि जोनी जोइआ ॥२॥

ਰਾਜਸੁ ਸਾਤਕੁ ਤਾਮਸੁ ਡਰਪਹਿ ਕੇਤੇ ਰੂਪ ਉਪਾਇਆ ॥ (999-1)
राजसु सातकु तामसु डरपहि केते रूप उपाइआ ॥

ਛਲ ਬਪੁਰੀ ਇਹ ਕਉਲਾ ਡਰਪੈ ਅਤਿ ਡਰਪੈ ਧਰਮ ਰਾਇਆ ॥੩॥ (999-1)
छल बपुरी इह कउला डरपै अति डरपै धरम राइआ ॥३॥

ਸਗਲ ਸਮਗ੍ਰੀ ਡਰਹਿ ਬਿਆਪੀ ਬਿਨੁ ਡਰ ਕਰਣੈਹਾਰਾ ॥ (999-2)
सगल समग्री डरहि बिआपी बिनु डर करणैहारा ॥

ਕਹੁ ਨਾਨਕ ਭਗਤਨ ਕਾ ਸੰਗੀ ਭਗਤ ਸੋਹਹਿ ਦਰਬਾਰਾ ॥੪॥੧॥ (999-2)
कहु नानक भगतन का संगी भगत सोहहि दरबारा ॥४॥१॥

ਮਾਰੂ ਮਹਲਾ ੫ ॥ (999-3)
मारू महला ५ ॥

ਪਾਂਚ ਬਰਖ ਕੋ ਅਨਾਥੁ ਧ੍ਰੂ ਬਾਰਿਕੁ ਹਰਿ ਸਿਮਰਤ ਅਮਰ ਅਟਾਰੇ ॥ (999-3)
पांच बरख को अनाथु ध्रू बारिकु हरि सिमरत अमर अटारे ॥

ਪੁਤ੍ਰ ਹੇਤਿ ਨਾਰਾਇਣੁ ਕਹਿਓ ਜਮਕੰਕਰ ਮਾਰਿ ਬਿਦਾਰੇ ॥੧॥ (999-4)
पुत्र हेति नाराइणु कहिओ जमकंकर मारि बिदारे ॥१॥

ਮੇਰੇ ਠਾਕੁਰ ਕੇਤੇ ਅਗਨਤ ਉਧਾਰੇ ॥ (999-4)
मेरे ठाकुर केते अगनत उधारे ॥

ਮੋਹਿ ਦੀਨ ਅਲਪ ਮਤਿ ਨਿਰਗੁਣ ਪਰਿਓ ਸਰਣਿ ਦੁਆਰੇ ॥੧॥ ਰਹਾਉ ॥ (999-5)
मोहि दीन अलप मति निरगुण परिओ सरणि दुआरे ॥१॥ रहाउ ॥

ਬਾਲਮੀਕੁ ਸੁਪਚਾਰੋ ਤਰਿਓ ਬਧਿਕ ਤਰੇ ਬਿਚਾਰੇ ॥ (999-5)
बालमीकु सुपचारो तरिओ बधिक तरे बिचारे ॥

ਏਕ ਨਿਮਖ ਮਨ ਮਾਹਿ ਅਰਾਧਿਓ ਗਜਪਤਿ ਪਾਰਿ ਉਤਾਰੇ ॥੨॥ (999-6)
एक निमख मन माहि अराधिओ गजपति पारि उतारे ॥२॥

ਕੀਨੀ ਰਖਿਆ ਭਗਤ ਪ੍ਰਹਿਲਾਦੈ ਹਰਨਾਖਸ ਨਖਹਿ ਬਿਦਾਰੇ ॥ (999-6)
कीनी रखिआ भगत प्रहिलादै हरनाखस नखहि बिदारे ॥

ਬਿਦਰੁ ਦਾਸੀ ਸੁਤੁ ਭਇਓ ਪੁਨੀਤਾ ਸਗਲੇ ਕੁਲ ਉਜਾਰੇ ॥੩॥ (999-7)
बिदरु दासी सुतु भइओ पुनीता सगले कुल उजारे ॥३॥

ਕਵਨ ਪਰਾਧ ਬਤਾਵਉ ਅਪੁਨੇ ਮਿਥਿਆ ਮੋਹ ਮਗਨਾਰੇ ॥ (999-7)
कवन पराध बतावउ अपुने मिथिआ मोह मगनारे ॥

ਆਇਓ ਸਾਮ ਨਾਨਕ ਓਟ ਹਰਿ ਕੀ ਲੀਜੈ ਭੁਜਾ ਪਸਾਰੇ ॥੪॥੨॥ (999-8)
आइओ साम नानक ओट हरि की लीजै भुजा पसारे ॥४॥२॥

ਮਾਰੂ ਮਹਲਾ ੫ ॥ (999-9)
मारू महला ५ ॥

ਵਿਤ ਨਵਿਤ ਭ੍ਰਮਿਓ ਬਹੁ ਭਾਤੀ ਅਨਿਕ ਜਤਨ ਕਰਿ ਧਾਏ ॥ (999-9)
वित नवित भ्रमिओ बहु भाती अनिक जतन करि धाए ॥

ਜੋ ਜੋ ਕਰਮ ਕੀਏ ਹਉ ਹਉਮੈ ਤੇ ਤੇ ਭਏ ਅਜਾਏ ॥੧॥ (999-9)
जो जो करम कीए हउ हउमै ते ते भए अजाए ॥१॥

ਅਵਰ ਦਿਨ ਕਾਹੂ ਕਾਜ ਨ ਲਾਏ ॥ (999-10)
अवर दिन काहू काज न लाए ॥

ਸੋ ਦਿਨੁ ਮੋ ਕਉ ਦੀਜੈ ਪ੍ਰਭ ਜੀਉ ਜਾ ਦਿਨ ਹਰਿ ਜਸੁ ਗਾਏ ॥੧॥ ਰਹਾਉ ॥ (999-10)
सो दिनु मो कउ दीजै प्रभ जीउ जा दिन हरि जसु गाए ॥१॥ रहाउ ॥

ਪੁਤ੍ਰ ਕਲਤ੍ਰ ਗ੍ਰਿਹ ਦੇਖਿ ਪਸਾਰਾ ਇਸ ਹੀ ਮਹਿ ਉਰਝਾਏ ॥ (999-11)
पुत्र कलत्र ग्रिह देखि पसारा इस ही महि उरझाए ॥

ਮਾਇਆ ਮਦ ਚਾਖਿ ਭਏ ਉਦਮਾਤੇ ਹਰਿ ਹਰਿ ਕਬਹੁ ਨ ਗਾਏ ॥੨॥ (999-11)
माइआ मद चाखि भए उदमाते हरि हरि कबहु न गाए ॥२॥

ਇਹ ਬਿਧਿ ਖੋਜੀ ਬਹੁ ਪਰਕਾਰਾ ਬਿਨੁ ਸੰਤਨ ਨਹੀ ਪਾਏ ॥ (999-12)
इह बिधि खोजी बहु परकारा बिनु संतन नही पाए ॥

ਤੁਮ ਦਾਤਾਰ ਵਡੇ ਪ੍ਰਭ ਸੰਮ੍ਰਥ ਮਾਗਨ ਕਉ ਦਾਨੁ ਆਏ ॥੩॥ (999-13)
तुम दातार वडे प्रभ सम्रथ मागन कउ दानु आए ॥३॥

ਤਿਆਗਿਓ ਸਗਲਾ ਮਾਨੁ ਮਹਤਾ ਦਾਸ ਰੇਣ ਸਰਣਾਏ ॥ (999-13)
तिआगिओ सगला मानु महता दास रेण सरणाए ॥

ਕਹੁ ਨਾਨਕ ਹਰਿ ਮਿਲਿ ਭਏ ਏਕੈ ਮਹਾ ਅਨੰਦ ਸੁਖ ਪਾਏ ॥੪॥੩॥ (999-14)
कहु नानक हरि मिलि भए एकै महा अनंद सुख पाए ॥४॥३॥

ਮਾਰੂ ਮਹਲਾ ੫ ॥ (999-14)
मारू महला ५ ॥

ਕਵਨ ਥਾਨ ਧੀਰਿਓ ਹੈ ਨਾਮਾ ਕਵਨ ਬਸਤੁ ਅਹੰਕਾਰਾ ॥ (999-14)
कवन थान धीरिओ है नामा कवन बसतु अहंकारा ॥

ਕਵਨ ਚਿਹਨ ਸੁਨਿ ਊਪਰਿ ਛੋਹਿਓ ਮੁਖ ਤੇ ਸੁਨਿ ਕਰਿ ਗਾਰਾ ॥੧॥ (999-15)
कवन चिहन सुनि ऊपरि छोहिओ मुख ते सुनि करि गारा ॥१॥

ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥ (999-16)
सुनहु रे तू कउनु कहा ते आइओ ॥

ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ ॥੧॥ ਰਹਾਉ ॥ (999-16)
एती न जानउ केतीक मुदति चलते खबरि न पाइओ ॥१॥ रहाउ ॥

ਸਹਨ ਸੀਲ ਪਵਨ ਅਰੁ ਪਾਣੀ ਬਸੁਧਾ ਖਿਮਾ ਨਿਭਰਾਤੇ ॥ (999-17)
सहन सील पवन अरु पाणी बसुधा खिमा निभराते ॥

ਪੰਚ ਤਤ ਮਿਲਿ ਭਇਓ ਸੰਜੋਗਾ ਇਨ ਮਹਿ ਕਵਨ ਦੁਰਾਤੇ ॥੨॥ (999-17)
पंच तत मिलि भइओ संजोगा इन महि कवन दुराते ॥२॥

ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥ (999-18)
जिनि रचि रचिआ पुरखि बिधातै नाले हउमै पाई ॥

ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥੩॥ (999-18)
जनम मरणु उस ही कउ है रे ओहा आवै जाई ॥३॥

ਬਰਨੁ ਚਿਹਨੁ ਨਾਹੀ ਕਿਛੁ ਰਚਨਾ ਮਿਥਿਆ ਸਗਲ ਪਸਾਰਾ ॥ (999-19)
बरनु चिहनु नाही किछु रचना मिथिआ सगल पसारा ॥

ਭਣਤਿ ਨਾਨਕੁ ਜਬ ਖੇਲੁ ਉਝਾਰੈ ਤਬ ਏਕੈ ਏਕੰਕਾਰਾ ॥੪॥੪॥ (999-19)
भणति नानकु जब खेलु उझारै तब एकै एकंकारा ॥४॥४॥

ਮਾਰੂ ਮਹਲਾ ੫ ॥ (1000-1)
मारू महला ५ ॥

ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ ॥ (1000-1)
मान मोह अरु लोभ विकारा बीओ चीति न घालिओ ॥

ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ ॥੧॥ (1000-2)
नाम रतनु गुणा हरि बणजे लादि वखरु लै चालिओ ॥१॥

ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥ (1000-2)
सेवक की ओड़कि निबही प्रीति ॥

ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥੧॥ ਰਹਾਉ ॥ (1000-2)
जीवत साहिबु सेविओ अपना चलते राखिओ चीति ॥१॥ रहाउ ॥

ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ ॥ (1000-3)
जैसी आगिआ कीनी ठाकुरि तिस ते मुखु नही मोरिओ ॥

ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ ॥੨॥ (1000-4)
सहजु अनंदु रखिओ ग्रिह भीतरि उठि उआहू कउ दउरिओ ॥२॥

ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ ॥ (1000-4)
आगिआ महि भूख सोई करि सूखा सोग हरख नही जानिओ ॥

ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ ॥੩॥ (1000-5)
जो जो हुकमु भइओ साहिब का सो माथै ले मानिओ ॥३॥

ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ ਸਵਰੇ ਹਲਤ ਪਲਾਤਾ ॥ (1000-6)
भइओ क्रिपालु ठाकुरु सेवक कउ सवरे हलत पलाता ॥

ਧੰਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕ ਖਸਮੁ ਪਛਾਤਾ ॥੪॥੫॥ (1000-6)
धंनु सेवकु सफलु ओहु आइआ जिनि नानक खसमु पछाता ॥४॥५॥

ਮਾਰੂ ਮਹਲਾ ੫ ॥ (1000-7)
मारू महला ५ ॥

ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ ॥ (1000-7)
खुलिआ करमु क्रिपा भई ठाकुर कीरतनु हरि हरि गाई ॥

ਸ੍ਰਮੁ ਥਾਕਾ ਪਾਏ ਬਿਸ੍ਰਾਮਾ ਮਿਟਿ ਗਈ ਸਗਲੀ ਧਾਈ ॥੧॥ (1000-8)
स्रमु थाका पाए बिस्रामा मिटि गई सगली धाई ॥१॥

ਅਬ ਮੋਹਿ ਜੀਵਨ ਪਦਵੀ ਪਾਈ ॥ (1000-8)
अब मोहि जीवन पदवी पाई ॥

ਚੀਤਿ ਆਇਓ ਮਨਿ ਪੁਰਖੁ ਬਿਧਾਤਾ ਸੰਤਨ ਕੀ ਸਰਣਾਈ ॥੧॥ ਰਹਾਉ ॥ (1000-8)
चीति आइओ मनि पुरखु बिधाता संतन की सरणाई ॥१॥ रहाउ ॥

ਕਾਮੁ ਕ੍ਰੋਧੁ ਲੋਭੁ ਮੋਹੁ ਨਿਵਾਰੇ ਨਿਵਰੇ ਸਗਲ ਬੈਰਾਈ ॥ (1000-9)
कामु क्रोधु लोभु मोहु निवारे निवरे सगल बैराई ॥

ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ ॥੨॥ (1000-10)
सद हजूरि हाजरु है नाजरु कतहि न भइओ दूराई ॥२॥

ਸੁਖ ਸੀਤਲ ਸਰਧਾ ਸਭ ਪੂਰੀ ਹੋਏ ਸੰਤ ਸਹਾਈ ॥ (1000-10)
सुख सीतल सरधा सभ पूरी होए संत सहाई ॥

ਪਾਵਨ ਪਤਿਤ ਕੀਏ ਖਿਨ ਭੀਤਰਿ ਮਹਿਮਾ ਕਥਨੁ ਨ ਜਾਈ ॥੩॥ (1000-11)
पावन पतित कीए खिन भीतरि महिमा कथनु न जाई ॥३॥

ਨਿਰਭਉ ਭਏ ਸਗਲ ਭੈ ਖੋਏ ਗੋਬਿਦ ਚਰਣ ਓਟਾਈ ॥ (1000-11)
निरभउ भए सगल भै खोए गोबिद चरण ओटाई ॥

ਨਾਨਕੁ ਜਸੁ ਗਾਵੈ ਠਾਕੁਰ ਕਾ ਰੈਣਿ ਦਿਨਸੁ ਲਿਵ ਲਾਈ ॥੪॥੬॥ (1000-12)
नानकु जसु गावै ठाकुर का रैणि दिनसु लिव लाई ॥४॥६॥

ਮਾਰੂ ਮਹਲਾ ੫ ॥ (1000-12)
मारू महला ५ ॥

ਜੋ ਸਮਰਥੁ ਸਰਬ ਗੁਣ ਨਾਇਕੁ ਤਿਸ ਕਉ ਕਬਹੁ ਨ ਗਾਵਸਿ ਰੇ ॥ (1000-13)
जो समरथु सरब गुण नाइकु तिस कउ कबहु न गावसि रे ॥

ਛੋਡਿ ਜਾਇ ਖਿਨ ਭੀਤਰਿ ਤਾ ਕਉ ਉਆ ਕਉ ਫਿਰਿ ਫਿਰਿ ਧਾਵਸਿ ਰੇ ॥੧॥ (1000-13)
छोडि जाइ खिन भीतरि ता कउ उआ कउ फिरि फिरि धावसि रे ॥१॥

ਅਪੁਨੇ ਪ੍ਰਭ ਕਉ ਕਿਉ ਨ ਸਮਾਰਸਿ ਰੇ ॥ (1000-14)
अपुने प्रभ कउ किउ न समारसि रे ॥

ਬੈਰੀ ਸੰਗਿ ਰੰਗ ਰਸਿ ਰਚਿਆ ਤਿਸੁ ਸਿਉ ਜੀਅਰਾ ਜਾਰਸਿ ਰੇ ॥੧॥ ਰਹਾਉ ॥ (1000-14)
बैरी संगि रंग रसि रचिआ तिसु सिउ जीअरा जारसि रे ॥१॥ रहाउ ॥

ਜਾ ਕੈ ਨਾਮਿ ਸੁਨਿਐ ਜਮੁ ਛੋਡੈ ਤਾ ਕੀ ਸਰਣਿ ਨ ਪਾਵਸਿ ਰੇ ॥ (1000-15)
जा कै नामि सुनिऐ जमु छोडै ता की सरणि न पावसि रे ॥

ਕਾਢਿ ਦੇਇ ਸਿਆਲ ਬਪੁਰੇ ਕਉ ਤਾ ਕੀ ਓਟ ਟਿਕਾਵਸਿ ਰੇ ॥੨॥ (1000-15)
काढि देइ सिआल बपुरे कउ ता की ओट टिकावसि रे ॥२॥

ਜਿਸ ਕਾ ਜਾਸੁ ਸੁਨਤ ਭਵ ਤਰੀਐ ਤਾ ਸਿਉ ਰੰਗੁ ਨ ਲਾਵਸਿ ਰੇ ॥ (1000-16)
जिस का जासु सुनत भव तरीऐ ता सिउ रंगु न लावसि रे ॥

ਥੋਰੀ ਬਾਤ ਅਲਪ ਸੁਪਨੇ ਕੀ ਬਹੁਰਿ ਬਹੁਰਿ ਅਟਕਾਵਸਿ ਰੇ ॥੩॥ (1000-17)
थोरी बात अलप सुपने की बहुरि बहुरि अटकावसि रे ॥३॥

ਭਇਓ ਪ੍ਰਸਾਦੁ ਕ੍ਰਿਪਾ ਨਿਧਿ ਠਾਕੁਰ ਸੰਤਸੰਗਿ ਪਤਿ ਪਾਈ ॥ (1000-17)
भइओ प्रसादु क्रिपा निधि ठाकुर संतसंगि पति पाई ॥

ਕਹੁ ਨਾਨਕ ਤ੍ਰੈ ਗੁਣ ਭ੍ਰਮੁ ਛੂਟਾ ਜਉ ਪ੍ਰਭ ਭਏ ਸਹਾਈ ॥੪॥੭॥ (1000-18)
कहु नानक त्रै गुण भ्रमु छूटा जउ प्रभ भए सहाई ॥४॥७॥

ਮਾਰੂ ਮਹਲਾ ੫ ॥ (1000-19)
मारू महला ५ ॥

ਅੰਤਰਜਾਮੀ ਸਭ ਬਿਧਿ ਜਾਨੈ ਤਿਸ ਤੇ ਕਹਾ ਦੁਲਾਰਿਓ ॥ (1000-19)
अंतरजामी सभ बिधि जानै तिस ते कहा दुलारिओ ॥

ਹਸਤ ਪਾਵ ਝਰੇ ਖਿਨ ਭੀਤਰਿ ਅਗਨਿ ਸੰਗਿ ਲੈ ਜਾਰਿਓ ॥੧॥ (1000-19)
हसत पाव झरे खिन भीतरि अगनि संगि लै जारिओ ॥१॥

ਮੂੜੇ ਤੈ ਮਨ ਤੇ ਰਾਮੁ ਬਿਸਾਰਿਓ ॥ (1001-1)
मूड़े तै मन ते रामु बिसारिओ ॥

ਲੂਣੁ ਖਾਇ ਕਰਹਿ ਹਰਾਮਖੋਰੀ ਪੇਖਤ ਨੈਨ ਬਿਦਾਰਿਓ ॥੧॥ ਰਹਾਉ ॥ (1001-1)
लूणु खाइ करहि हरामखोरी पेखत नैन बिदारिओ ॥१॥ रहाउ ॥

ਅਸਾਧ ਰੋਗੁ ਉਪਜਿਓ ਤਨ ਭੀਤਰਿ ਟਰਤ ਨ ਕਾਹੂ ਟਾਰਿਓ ॥ (1001-2)
असाध रोगु उपजिओ तन भीतरि टरत न काहू टारिओ ॥

ਪ੍ਰਭ ਬਿਸਰਤ ਮਹਾ ਦੁਖੁ ਪਾਇਓ ਇਹੁ ਨਾਨਕ ਤਤੁ ਬੀਚਾਰਿਓ ॥੨॥੮॥ (1001-2)
प्रभ बिसरत महा दुखु पाइओ इहु नानक ततु बीचारिओ ॥२॥८॥

ਮਾਰੂ ਮਹਲਾ ੫ ॥ (1001-3)
मारू महला ५ ॥

ਚਰਨ ਕਮਲ ਪ੍ਰਭ ਰਾਖੇ ਚੀਤਿ ॥ (1001-3)
चरन कमल प्रभ राखे चीति ॥

ਹਰਿ ਗੁਣ ਗਾਵਹ ਨੀਤਾ ਨੀਤ ॥ (1001-3)
हरि गुण गावह नीता नीत ॥

ਤਿਸੁ ਬਿਨੁ ਦੂਜਾ ਅਵਰੁ ਨ ਕੋਊ ॥ (1001-4)
तिसु बिनु दूजा अवरु न कोऊ ॥

ਆਦਿ ਮਧਿ ਅੰਤਿ ਹੈ ਸੋਊ ॥੧॥ (1001-4)
आदि मधि अंति है सोऊ ॥१॥

ਸੰਤਨ ਕੀ ਓਟ ਆਪੇ ਆਪਿ ॥੧॥ ਰਹਾਉ ॥ (1001-4)
संतन की ओट आपे आपि ॥१॥ रहाउ ॥

ਜਾ ਕੈ ਵਸਿ ਹੈ ਸਗਲ ਸੰਸਾਰੁ ॥ (1001-5)
जा कै वसि है सगल संसारु ॥

ਆਪੇ ਆਪਿ ਆਪਿ ਨਿਰੰਕਾਰੁ ॥ (1001-5)
आपे आपि आपि निरंकारु ॥

ਨਾਨਕ ਗਹਿਓ ਸਾਚਾ ਸੋਇ ॥ (1001-5)
नानक गहिओ साचा सोइ ॥

ਸੁਖੁ ਪਾਇਆ ਫਿਰਿ ਦੂਖੁ ਨ ਹੋਇ ॥੨॥੯॥ (1001-6)
सुखु पाइआ फिरि दूखु न होइ ॥२॥९॥

ਮਾਰੂ ਮਹਲਾ ੫ ਘਰੁ ੩ (1001-7)
मारू महला ५ घरु ३

ੴ ਸਤਿਗੁਰ ਪ੍ਰਸਾਦਿ ॥ (1001-7)
ੴ सतिगुर प्रसादि ॥

ਪ੍ਰਾਨ ਸੁਖਦਾਤਾ ਜੀਅ ਸੁਖਦਾਤਾ ਤੁਮ ਕਾਹੇ ਬਿਸਾਰਿਓ ਅਗਿਆਨਥ ॥ (1001-8)
प्रान सुखदाता जीअ सुखदाता तुम काहे बिसारिओ अगिआनथ ॥

ਹੋਛਾ ਮਦੁ ਚਾਖਿ ਹੋਏ ਤੁਮ ਬਾਵਰ ਦੁਲਭ ਜਨਮੁ ਅਕਾਰਥ ॥੧॥ (1001-8)
होछा मदु चाखि होए तुम बावर दुलभ जनमु अकारथ ॥१॥

ਰੇ ਨਰ ਐਸੀ ਕਰਹਿ ਇਆਨਥ ॥ (1001-9)
रे नर ऐसी करहि इआनथ ॥

ਤਜਿ ਸਾਰੰਗਧਰ ਭ੍ਰਮਿ ਤੂ ਭੂਲਾ ਮੋਹਿ ਲਪਟਿਓ ਦਾਸੀ ਸੰਗਿ ਸਾਨਥ ॥੧॥ ਰਹਾਉ ॥ (1001-9)
तजि सारंगधर भ्रमि तू भूला मोहि लपटिओ दासी संगि सानथ ॥१॥ रहाउ ॥

ਧਰਣੀਧਰੁ ਤਿਆਗਿ ਨੀਚ ਕੁਲ ਸੇਵਹਿ ਹਉ ਹਉ ਕਰਤ ਬਿਹਾਵਥ ॥ (1001-10)
धरणीधरु तिआगि नीच कुल सेवहि हउ हउ करत बिहावथ ॥

ਫੋਕਟ ਕਰਮ ਕਰਹਿ ਅਗਿਆਨੀ ਮਨਮੁਖਿ ਅੰਧ ਕਹਾਵਥ ॥੨॥ (1001-11)
फोकट करम करहि अगिआनी मनमुखि अंध कहावथ ॥२॥

ਸਤਿ ਹੋਤਾ ਅਸਤਿ ਕਰਿ ਮਾਨਿਆ ਜੋ ਬਿਨਸਤ ਸੋ ਨਿਹਚਲੁ ਜਾਨਥ ॥ (1001-11)
सति होता असति करि मानिआ जो बिनसत सो निहचलु जानथ ॥

ਪਰ ਕੀ ਕਉ ਅਪਨੀ ਕਰਿ ਪਕਰੀ ਐਸੇ ਭੂਲ ਭੁਲਾਨਥ ॥੩॥ (1001-12)
पर की कउ अपनी करि पकरी ऐसे भूल भुलानथ ॥३॥

ਖਤ੍ਰੀ ਬ੍ਰਾਹਮਣ ਸੂਦ ਵੈਸ ਸਭ ਏਕੈ ਨਾਮਿ ਤਰਾਨਥ ॥ (1001-12)
खत्री ब्राहमण सूद वैस सभ एकै नामि तरानथ ॥

ਗੁਰੁ ਨਾਨਕੁ ਉਪਦੇਸੁ ਕਹਤੁ ਹੈ ਜੋ ਸੁਨੈ ਸੋ ਪਾਰਿ ਪਰਾਨਥ ॥੪॥੧॥੧੦॥ (1001-13)
गुरु नानकु उपदेसु कहतु है जो सुनै सो पारि परानथ ॥४॥१॥१०॥

ਮਾਰੂ ਮਹਲਾ ੫ ॥ (1001-14)
मारू महला ५ ॥

ਗੁਪਤੁ ਕਰਤਾ ਸੰਗਿ ਸੋ ਪ੍ਰਭੁ ਡਹਕਾਵਏ ਮਨੁਖਾਇ ॥ (1001-14)
गुपतु करता संगि सो प्रभु डहकावए मनुखाइ ॥

ਬਿਸਾਰਿ ਹਰਿ ਜੀਉ ਬਿਖੈ ਭੋਗਹਿ ਤਪਤ ਥੰਮ ਗਲਿ ਲਾਇ ॥੧॥ (1001-14)
बिसारि हरि जीउ बिखै भोगहि तपत थंम गलि लाइ ॥१॥

ਰੇ ਨਰ ਕਾਇ ਪਰ ਗ੍ਰਿਹਿ ਜਾਇ ॥ (1001-15)
रे नर काइ पर ग्रिहि जाइ ॥

ਕੁਚਲ ਕਠੋਰ ਕਾਮਿ ਗਰਧਭ ਤੁਮ ਨਹੀ ਸੁਨਿਓ ਧਰਮ ਰਾਇ ॥੧॥ ਰਹਾਉ ॥ (1001-15)
कुचल कठोर कामि गरधभ तुम नही सुनिओ धरम राइ ॥१॥ रहाउ ॥

ਬਿਕਾਰ ਪਾਥਰ ਗਲਹਿ ਬਾਧੇ ਨਿੰਦ ਪੋਟ ਸਿਰਾਇ ॥ (1001-16)
बिकार पाथर गलहि बाधे निंद पोट सिराइ ॥

ਮਹਾ ਸਾਗਰੁ ਸਮੁਦੁ ਲੰਘਨਾ ਪਾਰਿ ਨ ਪਰਨਾ ਜਾਇ ॥੨॥ (1001-16)
महा सागरु समुदु लंघना पारि न परना जाइ ॥२॥

ਕਾਮਿ ਕ੍ਰੋਧਿ ਲੋਭਿ ਮੋਹਿ ਬਿਆਪਿਓ ਨੇਤ੍ਰ ਰਖੇ ਫਿਰਾਇ ॥ (1001-17)
कामि क्रोधि लोभि मोहि बिआपिओ नेत्र रखे फिराइ ॥

ਸੀਸੁ ਉਠਾਵਨ ਨ ਕਬਹੂ ਮਿਲਈ ਮਹਾ ਦੁਤਰ ਮਾਇ ॥੩॥ (1001-17)
सीसु उठावन न कबहू मिलई महा दुतर माइ ॥३॥

ਸੂਰੁ ਮੁਕਤਾ ਸਸੀ ਮੁਕਤਾ ਬ੍ਰਹਮ ਗਿਆਨੀ ਅਲਿਪਾਇ ॥ (1001-18)
सूरु मुकता ससी मुकता ब्रहम गिआनी अलिपाइ ॥

ਸੁਭਾਵਤ ਜੈਸੇ ਬੈਸੰਤਰ ਅਲਿਪਤ ਸਦਾ ਨਿਰਮਲਾਇ ॥੪॥ (1001-18)
सुभावत जैसे बैसंतर अलिपत सदा निरमलाइ ॥४॥

ਜਿਸੁ ਕਰਮੁ ਖੁਲਿਆ ਤਿਸੁ ਲਹਿਆ ਪੜਦਾ ਜਿਨਿ ਗੁਰ ਪਹਿ ਮੰਨਿਆ ਸੁਭਾਇ ॥ (1001-19)
जिसु करमु खुलिआ तिसु लहिआ पड़दा जिनि गुर पहि मंनिआ सुभाइ ॥

ਗੁਰਿ ਮੰਤ੍ਰੁ ਅਵਖਧੁ ਨਾਮੁ ਦੀਨਾ ਜਨ ਨਾਨਕ ਸੰਕਟ ਜੋਨਿ ਨ ਪਾਇ ॥੫॥੨॥ (1002-1)
गुरि मंत्रु अवखधु नामु दीना जन नानक संकट जोनि न पाइ ॥५॥२॥

ਰੇ ਨਰ ਇਨ ਬਿਧਿ ਪਾਰਿ ਪਰਾਇ ॥ (1002-1)
रे नर इन बिधि पारि पराइ ॥

ਧਿਆਇ ਹਰਿ ਜੀਉ ਹੋਇ ਮਿਰਤਕੁ ਤਿਆਗਿ ਦੂਜਾ ਭਾਉ ॥ ਰਹਾਉ ਦੂਜਾ ॥੨॥੧੧॥ (1002-2)
धिआइ हरि जीउ होइ मिरतकु तिआगि दूजा भाउ ॥ रहाउ दूजा ॥२॥११॥

ਮਾਰੂ ਮਹਲਾ ੫ ॥ (1002-3)
मारू महला ५ ॥

ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥ (1002-3)
बाहरि ढूढन ते छूटि परे गुरि घर ही माहि दिखाइआ था ॥

ਅਨਭਉ ਅਚਰਜ ਰੂਪੁ ਪ੍ਰਭ ਪੇਖਿਆ ਮੇਰਾ ਮਨੁ ਛੋਡਿ ਨ ਕਤਹੂ ਜਾਇਆ ਥਾ ॥੧॥ (1002-3)
अनभउ अचरज रूपु प्रभ पेखिआ मेरा मनु छोडि न कतहू जाइआ था ॥१॥

ਮਾਨਕੁ ਪਾਇਓ ਰੇ ਪਾਇਓ ਹਰਿ ਪੂਰਾ ਪਾਇਆ ਥਾ ॥ (1002-4)
मानकु पाइओ रे पाइओ हरि पूरा पाइआ था ॥

ਮੋਲਿ ਅਮੋਲੁ ਨ ਪਾਇਆ ਜਾਈ ਕਰਿ ਕਿਰਪਾ ਗੁਰੂ ਦਿਵਾਇਆ ਥਾ ॥੧॥ ਰਹਾਉ ॥ (1002-5)
मोलि अमोलु न पाइआ जाई करि किरपा गुरू दिवाइआ था ॥१॥ रहाउ ॥

ਅਦਿਸਟੁ ਅਗੋਚਰੁ ਪਾਰਬ੍ਰਹਮੁ ਮਿਲਿ ਸਾਧੂ ਅਕਥੁ ਕਥਾਇਆ ਥਾ ॥ (1002-5)
अदिसटु अगोचरु पारब्रहमु मिलि साधू अकथु कथाइआ था ॥

ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥੨॥ (1002-6)
अनहद सबदु दसम दुआरि वजिओ तह अमृत नामु चुआइआ था ॥२॥

ਤੋਟਿ ਨਾਹੀ ਮਨਿ ਤ੍ਰਿਸਨਾ ਬੂਝੀ ਅਖੁਟ ਭੰਡਾਰ ਸਮਾਇਆ ਥਾ ॥ (1002-7)
तोटि नाही मनि त्रिसना बूझी अखुट भंडार समाइआ था ॥

ਚਰਣ ਚਰਣ ਚਰਣ ਗੁਰ ਸੇਵੇ ਅਘੜੁ ਘੜਿਓ ਰਸੁ ਪਾਇਆ ਥਾ ॥੩॥ (1002-7)
चरण चरण चरण गुर सेवे अघड़ु घड़िओ रसु पाइआ था ॥३॥

ਸਹਜੇ ਆਵਾ ਸਹਜੇ ਜਾਵਾ ਸਹਜੇ ਮਨੁ ਖੇਲਾਇਆ ਥਾ ॥ (1002-8)
सहजे आवा सहजे जावा सहजे मनु खेलाइआ था ॥

ਕਹੁ ਨਾਨਕ ਭਰਮੁ ਗੁਰਿ ਖੋਇਆ ਤਾ ਹਰਿ ਮਹਲੀ ਮਹਲੁ ਪਾਇਆ ਥਾ ॥੪॥੩॥੧੨॥ (1002-9)
कहु नानक भरमु गुरि खोइआ ता हरि महली महलु पाइआ था ॥४॥३॥१२॥

ਮਾਰੂ ਮਹਲਾ ੫ ॥ (1002-9)
मारू महला ५ ॥

ਜਿਸਹਿ ਸਾਜਿ ਨਿਵਾਜਿਆ ਤਿਸਹਿ ਸਿਉ ਰੁਚ ਨਾਹਿ ॥ (1002-10)
जिसहि साजि निवाजिआ तिसहि सिउ रुच नाहि ॥

ਆਨ ਰੂਤੀ ਆਨ ਬੋਈਐ ਫਲੁ ਨ ਫੂਲੈ ਤਾਹਿ ॥੧॥ (1002-10)
आन रूती आन बोईऐ फलु न फूलै ताहि ॥१॥

ਰੇ ਮਨ ਵਤ੍ਰ ਬੀਜਣ ਨਾਉ ॥ (1002-11)
रे मन वत्र बीजण नाउ ॥

ਬੋਇ ਖੇਤੀ ਲਾਇ ਮਨੂਆ ਭਲੋ ਸਮਉ ਸੁਆਉ ॥੧॥ ਰਹਾਉ ॥ (1002-11)
बोइ खेती लाइ मनूआ भलो समउ सुआउ ॥१॥ रहाउ ॥

ਖੋਇ ਖਹੜਾ ਭਰਮੁ ਮਨ ਕਾ ਸਤਿਗੁਰ ਸਰਣੀ ਜਾਇ ॥ (1002-11)
खोइ खहड़ा भरमु मन का सतिगुर सरणी जाइ ॥

ਕਰਮੁ ਜਿਸ ਕਉ ਧੁਰਹੁ ਲਿਖਿਆ ਸੋਈ ਕਾਰ ਕਮਾਇ ॥੨॥ (1002-12)
करमु जिस कउ धुरहु लिखिआ सोई कार कमाइ ॥२॥

ਭਾਉ ਲਾਗਾ ਗੋਬਿਦ ਸਿਉ ਘਾਲ ਪਾਈ ਥਾਇ ॥ (1002-12)
भाउ लागा गोबिद सिउ घाल पाई थाइ ॥

ਖੇਤਿ ਮੇਰੈ ਜੰਮਿਆ ਨਿਖੁਟਿ ਨ ਕਬਹੂ ਜਾਇ ॥੩॥ (1002-13)
खेति मेरै जंमिआ निखुटि न कबहू जाइ ॥३॥

ਪਾਇਆ ਅਮੋਲੁ ਪਦਾਰਥੋ ਛੋਡਿ ਨ ਕਤਹੂ ਜਾਇ ॥ (1002-13)
पाइआ अमोलु पदारथो छोडि न कतहू जाइ ॥

ਕਹੁ ਨਾਨਕ ਸੁਖੁ ਪਾਇਆ ਤ੍ਰਿਪਤਿ ਰਹੇ ਆਘਾਇ ॥੪॥੪॥੧੩॥ (1002-14)
कहु नानक सुखु पाइआ त्रिपति रहे आघाइ ॥४॥४॥१३॥

ਮਾਰੂ ਮਹਲਾ ੫ ॥ (1002-15)
मारू महला ५ ॥

ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ ॥ (1002-15)
फूटो आंडा भरम का मनहि भइओ परगासु ॥

ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥੧॥ (1002-15)
काटी बेरी पगह ते गुरि कीनी बंदि खलासु ॥१॥

ਆਵਣ ਜਾਣੁ ਰਹਿਓ ॥ (1002-16)
आवण जाणु रहिओ ॥

ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ ॥੧॥ ਰਹਾਉ ॥ (1002-16)
तपत कड़ाहा बुझि गइआ गुरि सीतल नामु दीओ ॥१॥ रहाउ ॥

ਜਬ ਤੇ ਸਾਧੂ ਸੰਗੁ ਭਇਆ ਤਉ ਛੋਡਿ ਗਏ ਨਿਗਹਾਰ ॥ (1002-17)
जब ते साधू संगु भइआ तउ छोडि गए निगहार ॥

ਜਿਸ ਕੀ ਅਟਕ ਤਿਸ ਤੇ ਛੁਟੀ ਤਉ ਕਹਾ ਕਰੈ ਕੋਟਵਾਰ ॥੨॥ (1002-17)
जिस की अटक तिस ते छुटी तउ कहा करै कोटवार ॥२॥

ਚੂਕਾ ਭਾਰਾ ਕਰਮ ਕਾ ਹੋਏ ਨਿਹਕਰਮਾ ॥ (1002-18)
चूका भारा करम का होए निहकरमा ॥

ਸਾਗਰ ਤੇ ਕੰਢੈ ਚੜੇ ਗੁਰਿ ਕੀਨੇ ਧਰਮਾ ॥੩॥ (1002-18)
सागर ते कंढै चड़े गुरि कीने धरमा ॥३॥

ਸਚੁ ਥਾਨੁ ਸਚੁ ਬੈਠਕਾ ਸਚੁ ਸੁਆਉ ਬਣਾਇਆ ॥ (1002-18)
सचु थानु सचु बैठका सचु सुआउ बणाइआ ॥

ਸਚੁ ਪੂੰਜੀ ਸਚੁ ਵਖਰੋ ਨਾਨਕ ਘਰਿ ਪਾਇਆ ॥੪॥੫॥੧੪॥ (1002-19)
सचु पूंजी सचु वखरो नानक घरि पाइआ ॥४॥५॥१४॥

ਮਾਰੂ ਮਹਲਾ ੫ ॥ (1002-19)
मारू महला ५ ॥

ਬੇਦੁ ਪੁਕਾਰੈ ਮੁਖ ਤੇ ਪੰਡਤ ਕਾਮਾਮਨ ਕਾ ਮਾਠਾ ॥ (1003-1)
बेदु पुकारै मुख ते पंडत कामामन का माठा ॥

ਮੋਨੀ ਹੋਇ ਬੈਠਾ ਇਕਾਂਤੀ ਹਿਰਦੈ ਕਲਪਨ ਗਾਠਾ ॥ (1003-1)
मोनी होइ बैठा इकांती हिरदै कलपन गाठा ॥

ਹੋਇ ਉਦਾਸੀ ਗ੍ਰਿਹੁ ਤਜਿ ਚਲਿਓ ਛੁਟਕੈ ਨਾਹੀ ਨਾਠਾ ॥੧॥ (1003-1)
होइ उदासी ग्रिहु तजि चलिओ छुटकै नाही नाठा ॥१॥

ਜੀਅ ਕੀ ਕੈ ਪਹਿ ਬਾਤ ਕਹਾ ॥ (1003-2)
जीअ की कै पहि बात कहा ॥

ਆਪਿ ਮੁਕਤੁ ਮੋ ਕਉ ਪ੍ਰਭੁ ਮੇਲੇ ਐਸੋ ਕਹਾ ਲਹਾ ॥੧॥ ਰਹਾਉ ॥ (1003-2)
आपि मुकतु मो कउ प्रभु मेले ऐसो कहा लहा ॥१॥ रहाउ ॥

ਤਪਸੀ ਕਰਿ ਕੈ ਦੇਹੀ ਸਾਧੀ ਮਨੂਆ ਦਹ ਦਿਸ ਧਾਨਾ ॥ (1003-3)
तपसी करि कै देही साधी मनूआ दह दिस धाना ॥

ਬ੍ਰਹਮਚਾਰਿ ਬ੍ਰਹਮਚਜੁ ਕੀਨਾ ਹਿਰਦੈ ਭਇਆ ਗੁਮਾਨਾ ॥ (1003-3)
ब्रहमचारि ब्रहमचजु कीना हिरदै भइआ गुमाना ॥

ਸੰਨਿਆਸੀ ਹੋਇ ਕੈ ਤੀਰਥਿ ਭ੍ਰਮਿਓ ਉਸੁ ਮਹਿ ਕ੍ਰੋਧੁ ਬਿਗਾਨਾ ॥੨॥ (1003-4)
संनिआसी होइ कै तीरथि भ्रमिओ उसु महि क्रोधु बिगाना ॥२॥

ਘੂੰਘਰ ਬਾਧਿ ਭਏ ਰਾਮਦਾਸਾ ਰੋਟੀਅਨ ਕੇ ਓਪਾਵਾ ॥ (1003-5)
घूंघर बाधि भए रामदासा रोटीअन के ओपावा ॥

ਬਰਤ ਨੇਮ ਕਰਮ ਖਟ ਕੀਨੇ ਬਾਹਰਿ ਭੇਖ ਦਿਖਾਵਾ ॥ (1003-5)
बरत नेम करम खट कीने बाहरि भेख दिखावा ॥

ਗੀਤ ਨਾਦ ਮੁਖਿ ਰਾਗ ਅਲਾਪੇ ਮਨਿ ਨਹੀ ਹਰਿ ਹਰਿ ਗਾਵਾ ॥੩॥ (1003-5)
गीत नाद मुखि राग अलापे मनि नही हरि हरि गावा ॥३॥

ਹਰਖ ਸੋਗ ਲੋਭ ਮੋਹ ਰਹਤ ਹਹਿ ਨਿਰਮਲ ਹਰਿ ਕੇ ਸੰਤਾ ॥ (1003-6)
हरख सोग लोभ मोह रहत हहि निरमल हरि के संता ॥

ਤਿਨ ਕੀ ਧੂੜਿ ਪਾਏ ਮਨੁ ਮੇਰਾ ਜਾ ਦਇਆ ਕਰੇ ਭਗਵੰਤਾ ॥ (1003-7)
तिन की धूड़ि पाए मनु मेरा जा दइआ करे भगवंता ॥

ਕਹੁ ਨਾਨਕ ਗੁਰੁ ਪੂਰਾ ਮਿਲਿਆ ਤਾਂ ਉਤਰੀ ਮਨ ਕੀ ਚਿੰਤਾ ॥੪॥ (1003-7)
कहु नानक गुरु पूरा मिलिआ तां उतरी मन की चिंता ॥४॥

ਮੇਰਾ ਅੰਤਰਜਾਮੀ ਹਰਿ ਰਾਇਆ ॥ (1003-8)
मेरा अंतरजामी हरि राइआ ॥

ਸਭੁ ਕਿਛੁ ਜਾਣੈ ਮੇਰੇ ਜੀਅ ਕਾ ਪ੍ਰੀਤਮੁ ਬਿਸਰਿ ਗਏ ਬਕਬਾਇਆ ॥੧॥ ਰਹਾਉ ਦੂਜਾ ॥੬॥੧੫॥ (1003-8)
सभु किछु जाणै मेरे जीअ का प्रीतमु बिसरि गए बकबाइआ ॥१॥ रहाउ दूजा ॥६॥१५॥

ਮਾਰੂ ਮਹਲਾ ੫ ॥ (1003-9)
मारू महला ५ ॥

ਕੋਟਿ ਲਾਖ ਸਰਬ ਕੋ ਰਾਜਾ ਜਿਸੁ ਹਿਰਦੈ ਨਾਮੁ ਤੁਮਾਰਾ ॥ (1003-9)
कोटि लाख सरब को राजा जिसु हिरदै नामु तुमारा ॥

ਜਾ ਕਉ ਨਾਮੁ ਨ ਦੀਆ ਮੇਰੈ ਸਤਿਗੁਰਿ ਸੇ ਮਰਿ ਜਨਮਹਿ ਗਾਵਾਰਾ ॥੧॥ (1003-10)
जा कउ नामु न दीआ मेरै सतिगुरि से मरि जनमहि गावारा ॥१॥

ਮੇਰੇ ਸਤਿਗੁਰ ਹੀ ਪਤਿ ਰਾਖੁ ॥ (1003-10)
मेरे सतिगुर ही पति राखु ॥

ਚੀਤਿ ਆਵਹਿ ਤਬ ਹੀ ਪਤਿ ਪੂਰੀ ਬਿਸਰਤ ਰਲੀਐ ਖਾਕੁ ॥੧॥ ਰਹਾਉ ॥ (1003-11)
चीति आवहि तब ही पति पूरी बिसरत रलीऐ खाकु ॥१॥ रहाउ ॥

ਰੂਪ ਰੰਗ ਖੁਸੀਆ ਮਨ ਭੋਗਣ ਤੇ ਤੇ ਛਿਦ੍ਰ ਵਿਕਾਰਾ ॥ (1003-11)
रूप रंग खुसीआ मन भोगण ते ते छिद्र विकारा ॥

ਹਰਿ ਕਾ ਨਾਮੁ ਨਿਧਾਨੁ ਕਲਿਆਣਾ ਸੂਖ ਸਹਜੁ ਇਹੁ ਸਾਰਾ ॥੨॥ (1003-12)
हरि का नामु निधानु कलिआणा सूख सहजु इहु सारा ॥२॥

ਮਾਇਆ ਰੰਗ ਬਿਰੰਗ ਖਿਨੈ ਮਹਿ ਜਿਉ ਬਾਦਰ ਕੀ ਛਾਇਆ ॥ (1003-13)
माइआ रंग बिरंग खिनै महि जिउ बादर की छाइआ ॥

ਸੇ ਲਾਲ ਭਏ ਗੂੜੈ ਰੰਗਿ ਰਾਤੇ ਜਿਨ ਗੁਰ ਮਿਲਿ ਹਰਿ ਹਰਿ ਗਾਇਆ ॥੩॥ (1003-13)
से लाल भए गूड़ै रंगि राते जिन गुर मिलि हरि हरि गाइआ ॥३॥

ਊਚ ਮੂਚ ਅਪਾਰ ਸੁਆਮੀ ਅਗਮ ਦਰਬਾਰਾ ॥ (1003-14)
ऊच मूच अपार सुआमी अगम दरबारा ॥

ਨਾਮੋ ਵਡਿਆਈ ਸੋਭਾ ਨਾਨਕ ਖਸਮੁ ਪਿਆਰਾ ॥੪॥੭॥੧੬॥ (1003-14)
नामो वडिआई सोभा नानक खसमु पिआरा ॥४॥७॥१६॥

ਮਾਰੂ ਮਹਲਾ ੫ ਘਰੁ ੪ (1003-16)
मारू महला ५ घरु ४

ੴ ਸਤਿਗੁਰ ਪ੍ਰਸਾਦਿ ॥ (1003-16)
ੴ सतिगुर प्रसादि ॥

ਓਅੰਕਾਰਿ ਉਤਪਾਤੀ ॥ (1003-17)
ओअंकारि उतपाती ॥

ਕੀਆ ਦਿਨਸੁ ਸਭ ਰਾਤੀ ॥ (1003-17)
कीआ दिनसु सभ राती ॥

ਵਣੁ ਤ੍ਰਿਣੁ ਤ੍ਰਿਭਵਣ ਪਾਣੀ ॥ (1003-17)
वणु त्रिणु त्रिभवण पाणी ॥

ਚਾਰਿ ਬੇਦ ਚਾਰੇ ਖਾਣੀ ॥ (1003-17)
चारि बेद चारे खाणी ॥

ਖੰਡ ਦੀਪ ਸਭਿ ਲੋਆ ॥ (1003-18)
खंड दीप सभि लोआ ॥

ਏਕ ਕਵਾਵੈ ਤੇ ਸਭਿ ਹੋਆ ॥੧॥ (1003-18)
एक कवावै ते सभि होआ ॥१॥

ਕਰਣੈਹਾਰਾ ਬੂਝਹੁ ਰੇ ॥ (1003-18)
करणैहारा बूझहु रे ॥

ਸਤਿਗੁਰੁ ਮਿਲੈ ਤ ਸੂਝੈ ਰੇ ॥੧॥ ਰਹਾਉ ॥ (1003-18)
सतिगुरु मिलै त सूझै रे ॥१॥ रहाउ ॥

ਤ੍ਰੈ ਗੁਣ ਕੀਆ ਪਸਾਰਾ ॥ (1003-19)
त्रै गुण कीआ पसारा ॥

ਨਰਕ ਸੁਰਗ ਅਵਤਾਰਾ ॥ (1003-19)
नरक सुरग अवतारा ॥

ਹਉਮੈ ਆਵੈ ਜਾਈ ॥ (1003-19)
हउमै आवै जाई ॥

ਮਨੁ ਟਿਕਣੁ ਨ ਪਾਵੈ ਰਾਈ ॥ (1003-19)
मनु टिकणु न पावै राई ॥

ਬਾਝੁ ਗੁਰੂ ਗੁਬਾਰਾ ॥ (1004-1)
बाझु गुरू गुबारा ॥

ਮਿਲਿ ਸਤਿਗੁਰ ਨਿਸਤਾਰਾ ॥੨॥ (1004-1)
मिलि सतिगुर निसतारा ॥२॥

ਹਉ ਹਉ ਕਰਮ ਕਮਾਣੇ ॥ (1004-1)
हउ हउ करम कमाणे ॥

ਤੇ ਤੇ ਬੰਧ ਗਲਾਣੇ ॥ (1004-1)
ते ते बंध गलाणे ॥

ਮੇਰੀ ਮੇਰੀ ਧਾਰੀ ॥ (1004-2)
मेरी मेरी धारी ॥

ਓਹਾ ਪੈਰਿ ਲੋਹਾਰੀ ॥ (1004-2)
ओहा पैरि लोहारी ॥

ਸੋ ਗੁਰ ਮਿਲਿ ਏਕੁ ਪਛਾਣੈ ॥ (1004-2)
सो गुर मिलि एकु पछाणै ॥

ਜਿਸੁ ਹੋਵੈ ਭਾਗੁ ਮਥਾਣੈ ॥੩॥ (1004-2)
जिसु होवै भागु मथाणै ॥३ ॥

ਸੋ ਮਿਲਿਆ ਜਿ ਹਰਿ ਮਨਿ ਭਾਇਆ ॥ (1004-3)
सो मिलिआ जि हरि मनि भाइआ ॥

ਸੋ ਭੂਲਾ ਜਿ ਪ੍ਰਭੂ ਭੁਲਾਇਆ ॥ (1004-3)
सो भूला जि प्रभू भुलाइआ ॥

ਨਹ ਆਪਹੁ ਮੂਰਖੁ ਗਿਆਨੀ ॥ (1004-3)
नह आपहु मूरखु गिआनी ॥

ਜਿ ਕਰਾਵੈ ਸੁ ਨਾਮੁ ਵਖਾਨੀ ॥ (1004-4)
जि करावै सु नामु वखानी ॥

ਤੇਰਾ ਅੰਤੁ ਨ ਪਾਰਾਵਾਰਾ ॥ (1004-4)
तेरा अंतु न पारावारा ॥

ਜਨ ਨਾਨਕ ਸਦ ਬਲਿਹਾਰਾ ॥੪॥੧॥੧੭॥ (1004-4)
जन नानक सद बलिहारा ॥४ ॥१ ॥१७ ॥

ਮਾਰੂ ਮਹਲਾ ੫ ॥ (1004-5)
मारू महला ५ ॥

ਮੋਹਨੀ ਮੋਹਿ ਲੀਏ ਤ੍ਰੈ ਗੁਨੀਆ ॥ (1004-5)
मोहनी मोहि लीए त्रै गुनीआ ॥

ਲੋਭਿ ਵਿਆਪੀ ਝੂਠੀ ਦੁਨੀਆ ॥ (1004-5)
लोभि विआपी झूठी दुनीआ ॥

ਮੇਰੀ ਮੇਰੀ ਕਰਿ ਕੈ ਸੰਚੀ ਅੰਤ ਕੀ ਬਾਰ ਸਗਲ ਲੇ ਛਲੀਆ ॥੧॥ (1004-5)
मेरी मेरी करि कै संची अंत की बार सगल ले छलीआ ॥१॥

ਨਿਰਭਉ ਨਿਰੰਕਾਰੁ ਦਇਅਲੀਆ ॥ (1004-6)
निरभउ निरंकारु दइअलीआ ॥

ਜੀਅ ਜੰਤ ਸਗਲੇ ਪ੍ਰਤਿਪਲੀਆ ॥੧॥ ਰਹਾਉ ॥ (1004-6)
जीअ जंत सगले प्रतिपलीआ ॥१॥ रहाउ ॥

ਏਕੈ ਸ੍ਰਮੁ ਕਰਿ ਗਾਡੀ ਗਡਹੈ ॥ (1004-7)
एकै स्रमु करि गाडी गडहै ॥

ਏਕਹਿ ਸੁਪਨੈ ਦਾਮੁ ਨ ਛਡਹੈ ॥ (1004-7)
एकहि सुपनै दामु न छडहै ॥

ਰਾਜੁ ਕਮਾਇ ਕਰੀ ਜਿਨਿ ਥੈਲੀ ਤਾ ਕੈ ਸੰਗਿ ਨ ਚੰਚਲਿ ਚਲੀਆ ॥੨॥ (1004-7)
राजु कमाइ करी जिनि थैली ता कै संगि न चंचलि चलीआ ॥२॥

ਏਕਹਿ ਪ੍ਰਾਣ ਪਿੰਡ ਤੇ ਪਿਆਰੀ ॥ (1004-8)
एकहि प्राण पिंड ते पिआरी ॥

ਏਕ ਸੰਚੀ ਤਜਿ ਬਾਪ ਮਹਤਾਰੀ ॥ (1004-8)
एक संची तजि बाप महतारी ॥

ਸੁਤ ਮੀਤ ਭ੍ਰਾਤ ਤੇ ਗੁਹਜੀ ਤਾ ਕੈ ਨਿਕਟਿ ਨ ਹੋਈ ਖਲੀਆ ॥੩॥ (1004-9)
सुत मीत भ्रात ते गुहजी ता कै निकटि न होई खलीआ ॥३॥

ਹੋਇ ਅਉਧੂਤ ਬੈਠੇ ਲਾਇ ਤਾਰੀ ॥ (1004-9)
होइ अउधूत बैठे लाइ तारी ॥

ਜੋਗੀ ਜਤੀ ਪੰਡਿਤ ਬੀਚਾਰੀ ॥ (1004-9)
जोगी जती पंडित बीचारी ॥

ਗ੍ਰਿਹਿ ਮੜੀ ਮਸਾਣੀ ਬਨ ਮਹਿ ਬਸਤੇ ਊਠਿ ਤਿਨਾ ਕੈ ਲਾਗੀ ਪਲੀਆ ॥੪॥ (1004-10)
ग्रिहि मड़ी मसाणी बन महि बसते ऊठि तिना कै लागी पलीआ ॥४॥

ਕਾਟੇ ਬੰਧਨ ਠਾਕੁਰਿ ਜਾ ਕੇ ॥ (1004-10)
काटे बंधन ठाकुरि जा के ॥

ਹਰਿ ਹਰਿ ਨਾਮੁ ਬਸਿਓ ਜੀਅ ਤਾ ਕੈ ॥ (1004-11)
हरि हरि नामु बसिओ जीअ ता कै ॥

ਸਾਧਸੰਗਿ ਭਏ ਜਨ ਮੁਕਤੇ ਗਤਿ ਪਾਈ ਨਾਨਕ ਨਦਰਿ ਨਿਹਾਲੀਆ ॥੫॥੨॥੧੮॥ (1004-11)
साधसंगि भए जन मुकते गति पाई नानक नदरि निहालीआ ॥५॥२॥१८॥

ਮਾਰੂ ਮਹਲਾ ੫ ॥ (1004-12)
मारू महला ५ ॥

ਸਿਮਰਹੁ ਏਕੁ ਨਿਰੰਜਨ ਸੋਊ ॥ (1004-12)
सिमरहु एकु निरंजन सोऊ ॥

ਜਾ ਤੇ ਬਿਰਥਾ ਜਾਤ ਨ ਕੋਊ ॥ (1004-12)
जा ते बिरथा जात न कोऊ ॥

ਮਾਤ ਗਰਭ ਮਹਿ ਜਿਨਿ ਪ੍ਰਤਿਪਾਰਿਆ ॥ (1004-13)
मात गरभ महि जिनि प्रतिपारिआ ॥

ਜੀਉ ਪਿੰਡੁ ਦੇ ਸਾਜਿ ਸਵਾਰਿਆ ॥ (1004-13)
जीउ पिंडु दे साजि सवारिआ ॥

ਸੋਈ ਬਿਧਾਤਾ ਖਿਨੁ ਖਿਨੁ ਜਪੀਐ ॥ (1004-13)
सोई बिधाता खिनु खिनु जपीऐ ॥

ਜਿਸੁ ਸਿਮਰਤ ਅਵਗੁਣ ਸਭਿ ਢਕੀਐ ॥ (1004-14)
जिसु सिमरत अवगुण सभि ढकीऐ ॥

ਚਰਣ ਕਮਲ ਉਰ ਅੰਤਰਿ ਧਾਰਹੁ ॥ (1004-14)
चरण कमल उर अंतरि धारहु ॥

ਬਿਖਿਆ ਬਨ ਤੇ ਜੀਉ ਉਧਾਰਹੁ ॥ (1004-14)
बिखिआ बन ते जीउ उधारहु ॥

ਕਰਣ ਪਲਾਹ ਮਿਟਹਿ ਬਿਲਲਾਟਾ ॥ (1004-15)
करण पलाह मिटहि बिललाटा ॥

ਜਪਿ ਗੋਵਿਦ ਭਰਮੁ ਭਉ ਫਾਟਾ ॥ (1004-15)
जपि गोविद भरमु भउ फाटा ॥

ਸਾਧਸੰਗਿ ਵਿਰਲਾ ਕੋ ਪਾਏ ॥ (1004-15)
साधसंगि विरला को पाए ॥

ਨਾਨਕੁ ਤਾ ਕੈ ਬਲਿ ਬਲਿ ਜਾਏ ॥੧॥ (1004-16)
नानकु ता कै बलि बलि जाए ॥१॥

ਰਾਮ ਨਾਮੁ ਮਨਿ ਤਨਿ ਆਧਾਰਾ ॥ (1004-16)
राम नामु मनि तनि आधारा ॥

ਜੋ ਸਿਮਰੈ ਤਿਸ ਕਾ ਨਿਸਤਾਰਾ ॥੧॥ ਰਹਾਉ ॥ (1004-16)
जो सिमरै तिस का निसतारा ॥१॥ रहाउ ॥

ਮਿਥਿਆ ਵਸਤੁ ਸਤਿ ਕਰਿ ਮਾਨੀ ॥ (1004-17)
मिथिआ वसतु सति करि मानी ॥

ਹਿਤੁ ਲਾਇਓ ਸਠ ਮੂੜ ਅਗਿਆਨੀ ॥ (1004-17)
हितु लाइओ सठ मूड़ अगिआनी ॥

ਕਾਮ ਕ੍ਰੋਧ ਲੋਭ ਮਦ ਮਾਤਾ ॥ (1004-17)
काम क्रोध लोभ मद माता ॥

ਕਉਡੀ ਬਦਲੈ ਜਨਮੁ ਗਵਾਤਾ ॥ (1004-18)
कउडी बदलै जनमु गवाता ॥

ਅਪਨਾ ਛੋਡਿ ਪਰਾਇਐ ਰਾਤਾ ॥ (1004-18)
अपना छोडि पराइऐ राता ॥

ਮਾਇਆ ਮਦ ਮਨ ਤਨ ਸੰਗਿ ਜਾਤਾ ॥ (1004-18)
माइआ मद मन तन संगि जाता ॥

ਤ੍ਰਿਸਨ ਨ ਬੂਝੈ ਕਰਤ ਕਲੋਲਾ ॥ (1004-19)
त्रिसन न बूझै करत कलोला ॥

ਊਣੀ ਆਸ ਮਿਥਿਆ ਸਭਿ ਬੋਲਾ ॥ (1004-19)
ऊणी आस मिथिआ सभि बोला ॥

ਆਵਤ ਇਕੇਲਾ ਜਾਤ ਇਕੇਲਾ ॥ (1004-19)
आवत इकेला जात इकेला ॥

ਹਮ ਤੁਮ ਸੰਗਿ ਝੂਠੇ ਸਭਿ ਬੋਲਾ ॥ (1005-1)
हम तुम संगि झूठे सभि बोला ॥

ਪਾਇ ਠਗਉਰੀ ਆਪਿ ਭੁਲਾਇਓ ॥ (1005-1)
पाइ ठगउरी आपि भुलाइओ ॥

ਨਾਨਕ ਕਿਰਤੁ ਨ ਜਾਇ ਮਿਟਾਇਓ ॥੨॥ (1005-1)
नानक किरतु न जाइ मिटाइओ ॥२॥

ਪਸੁ ਪੰਖੀ ਭੂਤ ਅਰੁ ਪ੍ਰੇਤਾ ॥ (1005-2)
पसु पंखी भूत अरु प्रेता ॥

ਬਹੁ ਬਿਧਿ ਜੋਨੀ ਫਿਰਤ ਅਨੇਤਾ ॥ (1005-2)
बहु बिधि जोनी फिरत अनेता ॥

ਜਹ ਜਾਨੋ ਤਹ ਰਹਨੁ ਨ ਪਾਵੈ ॥ (1005-2)
जह जानो तह रहनु न पावै ॥

ਥਾਨ ਬਿਹੂਨ ਉਠਿ ਉਠਿ ਫਿਰਿ ਧਾਵੈ ॥ (1005-2)
थान बिहून उठि उठि फिरि धावै ॥

ਮਨਿ ਤਨਿ ਬਾਸਨਾ ਬਹੁਤੁ ਬਿਸਥਾਰਾ ॥ (1005-3)
मनि तनि बासना बहुतु बिसथारा ॥

ਅਹੰਮੇਵ ਮੂਠੋ ਬੇਚਾਰਾ ॥ (1005-3)
अहंमेव मूठो बेचारा ॥

ਅਨਿਕ ਦੋਖ ਅਰੁ ਬਹੁਤੁ ਸਜਾਈ ॥ (1005-3)
अनिक दोख अरु बहुतु सजाई ॥

ਤਾ ਕੀ ਕੀਮਤਿ ਕਹਣੁ ਨ ਜਾਈ ॥ (1005-4)
ता की कीमति कहणु न जाई ॥

ਪ੍ਰਭ ਬਿਸਰਤ ਨਰਕ ਮਹਿ ਪਾਇਆ ॥ (1005-4)
प्रभ बिसरत नरक महि पाइआ ॥

ਤਹ ਮਾਤ ਨ ਬੰਧੁ ਨ ਮੀਤ ਨ ਜਾਇਆ ॥ (1005-4)
तह मात न बंधु न मीत न जाइआ ॥

ਜਿਸ ਕਉ ਹੋਤ ਕ੍ਰਿਪਾਲ ਸੁਆਮੀ ॥ (1005-5)
जिस कउ होत क्रिपाल सुआमी ॥

ਸੋ ਜਨੁ ਨਾਨਕ ਪਾਰਗਰਾਮੀ ॥੩॥ (1005-5)
सो जनु नानक पारगरामी ॥३॥

ਭ੍ਰਮਤ ਭ੍ਰਮਤ ਪ੍ਰਭ ਸਰਨੀ ਆਇਆ ॥ (1005-5)
भ्रमत भ्रमत प्रभ सरनी आइआ ॥

ਦੀਨਾ ਨਾਥ ਜਗਤ ਪਿਤ ਮਾਇਆ ॥ (1005-6)
दीना नाथ जगत पित माइआ ॥

ਪ੍ਰਭ ਦਇਆਲ ਦੁਖ ਦਰਦ ਬਿਦਾਰਣ ॥ (1005-6)
प्रभ दइआल दुख दरद बिदारण ॥

ਜਿਸੁ ਭਾਵੈ ਤਿਸ ਹੀ ਨਿਸਤਾਰਣ ॥ (1005-7)
जिसु भावै तिस ही निसतारण ॥

ਅੰਧ ਕੂਪ ਤੇ ਕਾਢਨਹਾਰਾ ॥ (1005-7)
अंध कूप ते काढनहारा ॥

ਪ੍ਰੇਮ ਭਗਤਿ ਹੋਵਤ ਨਿਸਤਾਰਾ ॥ (1005-7)
प्रेम भगति होवत निसतारा ॥

ਸਾਧ ਰੂਪ ਅਪਨਾ ਤਨੁ ਧਾਰਿਆ ॥ (1005-7)
साध रूप अपना तनु धारिआ ॥

ਮਹਾ ਅਗਨਿ ਤੇ ਆਪਿ ਉਬਾਰਿਆ ॥ (1005-8)
महा अगनि ते आपि उबारिआ ॥

ਜਪ ਤਪ ਸੰਜਮ ਇਸ ਤੇ ਕਿਛੁ ਨਾਹੀ ॥ (1005-8)
जप तप संजम इस ते किछु नाही ॥

ਆਦਿ ਅੰਤਿ ਪ੍ਰਭ ਅਗਮ ਅਗਾਹੀ ॥ (1005-8)
आदि अंति प्रभ अगम अगाही ॥

ਨਾਮੁ ਦੇਹਿ ਮਾਗੈ ਦਾਸੁ ਤੇਰਾ ॥ (1005-9)
नामु देहि मागै दासु तेरा ॥

ਹਰਿ ਜੀਵਨ ਪਦੁ ਨਾਨਕ ਪ੍ਰਭੁ ਮੇਰਾ ॥੪॥੩॥੧੯॥ (1005-9)
हरि जीवन पदु नानक प्रभु मेरा ॥४॥३॥१९॥

ਮਾਰੂ ਮਹਲਾ ੫ ॥ (1005-10)
मारू महला ५ ॥

ਕਤ ਕਉ ਡਹਕਾਵਹੁ ਲੋਗਾ ਮੋਹਨ ਦੀਨ ਕਿਰਪਾਈ ॥੧॥ (1005-10)
कत कउ डहकावहु लोगा मोहन दीन किरपाई ॥१॥

ਐਸੀ ਜਾਨਿ ਪਾਈ ॥ (1005-10)
ऐसी जानि पाई ॥

ਸਰਣਿ ਸੂਰੋ ਗੁਰ ਦਾਤਾ ਰਾਖੈ ਆਪਿ ਵਡਾਈ ॥੧॥ ਰਹਾਉ ॥ (1005-10)
सरणि सूरो गुर दाता राखै आपि वडाई ॥१॥ रहाउ ॥

ਭਗਤਾ ਕਾ ਆਗਿਆਕਾਰੀ ਸਦਾ ਸਦਾ ਸੁਖਦਾਈ ॥੨॥ (1005-11)
भगता का आगिआकारी सदा सदा सुखदाई ॥२॥

ਅਪਨੇ ਕਉ ਕਿਰਪਾ ਕਰੀਅਹੁ ਇਕੁ ਨਾਮੁ ਧਿਆਈ ॥੩॥ (1005-12)
अपने कउ किरपा करीअहु इकु नामु धिआई ॥३॥

ਨਾਨਕੁ ਦੀਨੁ ਨਾਮੁ ਮਾਗੈ ਦੁਤੀਆ ਭਰਮੁ ਚੁਕਾਈ ॥੪॥੪॥੨੦॥ (1005-12)
नानकु दीनु नामु मागै दुतीआ भरमु चुकाई ॥४॥४॥२०॥

ਮਾਰੂ ਮਹਲਾ ੫ ॥ (1005-13)
मारू महला ५ ॥

ਮੇਰਾ ਠਾਕੁਰੁ ਅਤਿ ਭਾਰਾ ॥ (1005-13)
मेरा ठाकुरु अति भारा ॥

ਮੋਹਿ ਸੇਵਕੁ ਬੇਚਾਰਾ ॥੧॥ (1005-13)
मोहि सेवकु बेचारा ॥१॥

ਮੋਹਨੁ ਲਾਲੁ ਮੇਰਾ ਪ੍ਰੀਤਮ ਮਨ ਪ੍ਰਾਨਾ ॥ (1005-13)
मोहनु लालु मेरा प्रीतम मन प्राना ॥

ਮੋ ਕਉ ਦੇਹੁ ਦਾਨਾ ॥੧॥ ਰਹਾਉ ॥ (1005-14)
मो कउ देहु दाना ॥१॥ रहाउ ॥

ਸਗਲੇ ਮੈ ਦੇਖੇ ਜੋਈ ॥ (1005-14)
सगले मै देखे जोई ॥

ਬੀਜਉ ਅਵਰੁ ਨ ਕੋਈ ॥੨॥ (1005-14)
बीजउ अवरु न कोई ॥२॥

ਜੀਅਨ ਪ੍ਰਤਿਪਾਲਿ ਸਮਾਹੈ ॥ (1005-15)
जीअन प्रतिपालि समाहै ॥

ਹੈ ਹੋਸੀ ਆਹੇ ॥੩॥ (1005-15)
है होसी आहे ॥३॥

ਦਇਆ ਮੋਹਿ ਕੀਜੈ ਦੇਵਾ ॥ (1005-15)
दइआ मोहि कीजै देवा ॥

ਨਾਨਕ ਲਾਗੋ ਸੇਵਾ ॥੪॥੫॥੨੧॥ (1005-15)
नानक लागो सेवा ॥४॥५॥२१॥

ਮਾਰੂ ਮਹਲਾ ੫ ॥ (1005-16)
मारू महला ५ ॥

ਪਤਿਤ ਉਧਾਰਨ ਤਾਰਨ ਬਲਿ ਬਲਿ ਬਲੇ ਬਲਿ ਜਾਈਐ ॥ (1005-16)
पतित उधारन तारन बलि बलि बले बलि जाईऐ ॥

ਐਸਾ ਕੋਈ ਭੇਟੈ ਸੰਤੁ ਜਿਤੁ ਹਰਿ ਹਰੇ ਹਰਿ ਧਿਆਈਐ ॥੧॥ (1005-16)
ऐसा कोई भेटै संतु जितु हरि हरे हरि धिआईऐ ॥१॥

ਮੋ ਕਉ ਕੋਇ ਨ ਜਾਨਤ ਕਹੀਅਤ ਦਾਸੁ ਤੁਮਾਰਾ ॥ (1005-17)
मो कउ कोइ न जानत कहीअत दासु तुमारा ॥

ਏਹਾ ਓਟ ਆਧਾਰਾ ॥੧॥ ਰਹਾਉ ॥ (1005-17)
एहा ओट आधारा ॥१॥ रहाउ ॥

ਸਰਬ ਧਾਰਨ ਪ੍ਰਤਿਪਾਰਨ ਇਕ ਬਿਨਉ ਦੀਨਾ ॥ (1005-18)
सरब धारन प्रतिपारन इक बिनउ दीना ॥

ਤੁਮਰੀ ਬਿਧਿ ਤੁਮ ਹੀ ਜਾਨਹੁ ਤੁਮ ਜਲ ਹਮ ਮੀਨਾ ॥੨॥ (1005-18)
तुमरी बिधि तुम ही जानहु तुम जल हम मीना ॥२॥

ਪੂਰਨ ਬਿਸਥੀਰਨ ਸੁਆਮੀ ਆਹਿ ਆਇਓ ਪਾਛੈ ॥ (1005-19)
पूरन बिसथीरन सुआमी आहि आइओ पाछै ॥

ਸਗਲੋ ਭੂ ਮੰਡਲ ਖੰਡਲ ਪ੍ਰਭ ਤੁਮ ਹੀ ਆਛੈ ॥੩॥ (1005-19)
सगलो भू मंडल खंडल प्रभ तुम ही आछै ॥३॥

ਅਟਲ ਅਖਇਓ ਦੇਵਾ ਮੋਹਨ ਅਲਖ ਅਪਾਰਾ ॥ (1006-1)
अटल अखइओ देवा मोहन अलख अपारा ॥

ਦਾਨੁ ਪਾਵਉ ਸੰਤਾ ਸੰਗੁ ਨਾਨਕ ਰੇਨੁ ਦਾਸਾਰਾ ॥੪॥੬॥੨੨॥ (1006-1)
दानु पावउ संता संगु नानक रेनु दासारा ॥४॥६॥२२॥

ਮਾਰੂ ਮਹਲਾ ੫ ॥ (1006-2)
मारू महला ५ ॥

ਤ੍ਰਿਪਤਿ ਆਘਾਏ ਸੰਤਾ ॥ (1006-2)
त्रिपति आघाए संता ॥

ਗੁਰ ਜਾਨੇ ਜਿਨ ਮੰਤਾ ॥ (1006-2)
गुर जाने जिन मंता ॥

ਤਾ ਕੀ ਕਿਛੁ ਕਹਨੁ ਨ ਜਾਈ ॥ (1006-2)
ता की किछु कहनु न जाई ॥

ਜਾ ਕਉ ਨਾਮ ਬਡਾਈ ॥੧॥ (1006-3)
जा कउ नाम बडाई ॥१॥

ਲਾਲੁ ਅਮੋਲਾ ਲਾਲੋ ॥ (1006-3)
लालु अमोला लालो ॥

ਅਗਹ ਅਤੋਲਾ ਨਾਮੋ ॥੧॥ ਰਹਾਉ ॥ (1006-3)
अगह अतोला नामो ॥१॥ रहाउ ॥

ਅਵਿਗਤ ਸਿਉ ਮਾਨਿਆ ਮਾਨੋ ॥ (1006-4)
अविगत सिउ मानिआ मानो ॥

ਗੁਰਮੁਖਿ ਤਤੁ ਗਿਆਨੋ ॥ (1006-4)
गुरमुखि ततु गिआनो ॥

ਪੇਖਤ ਸਗਲ ਧਿਆਨੋ ॥ (1006-4)
पेखत सगल धिआनो ॥

ਤਜਿਓ ਮਨ ਤੇ ਅਭਿਮਾਨੋ ॥੨॥ (1006-4)
तजिओ मन ते अभिमानो ॥२॥

ਨਿਹਚਲੁ ਤਿਨ ਕਾ ਠਾਣਾ ॥ (1006-5)
निहचलु तिन का ठाणा ॥

ਗੁਰ ਤੇ ਮਹਲੁ ਪਛਾਣਾ ॥ (1006-5)
गुर ते महलु पछाणा ॥

ਅਨਦਿਨੁ ਗੁਰ ਮਿਲਿ ਜਾਗੇ ॥ (1006-5)
अनदिनु गुर मिलि जागे ॥

ਹਰਿ ਕੀ ਸੇਵਾ ਲਾਗੇ ॥੩॥ (1006-6)
हरि की सेवा लागे ॥३॥

ਪੂਰਨ ਤ੍ਰਿਪਤਿ ਅਘਾਏ ॥ (1006-6)
पूरन त्रिपति अघाए ॥

ਸਹਜ ਸਮਾਧਿ ਸੁਭਾਏ ॥ (1006-6)
सहज समाधि सुभाए ॥

ਹਰਿ ਭੰਡਾਰੁ ਹਾਥਿ ਆਇਆ ॥ (1006-6)
हरि भंडारु हाथि आइआ ॥

ਨਾਨਕ ਗੁਰ ਤੇ ਪਾਇਆ ॥੪॥੭॥੨੩॥ (1006-7)
नानक गुर ते पाइआ ॥४॥७॥२३॥

ਮਾਰੂ ਮਹਲਾ ੫ ਘਰੁ ੬ ਦੁਪਦੇ (1006-8)
मारू महला ५ घरु ६ दुपदे

ੴ ਸਤਿਗੁਰ ਪ੍ਰਸਾਦਿ ॥ (1006-8)
ੴ सतिगुर प्रसादि ॥

ਛੋਡਿ ਸਗਲ ਸਿਆਣਪਾ ਮਿਲਿ ਸਾਧ ਤਿਆਗਿ ਗੁਮਾਨੁ ॥ (1006-9)
छोडि सगल सिआणपा मिलि साध तिआगि गुमानु ॥

ਅਵਰੁ ਸਭੁ ਕਿਛੁ ਮਿਥਿਆ ਰਸਨਾ ਰਾਮ ਰਾਮ ਵਖਾਨੁ ॥੧॥ (1006-9)
अवरु सभु किछु मिथिआ रसना राम राम वखानु ॥१॥

ਮੇਰੇ ਮਨ ਕਰਨ ਸੁਣਿ ਹਰਿ ਨਾਮੁ ॥ (1006-10)
मेरे मन करन सुणि हरि नामु ॥

ਮਿਟਹਿ ਅਘ ਤੇਰੇ ਜਨਮ ਜਨਮ ਕੇ ਕਵਨੁ ਬਪੁਰੋ ਜਾਮੁ ॥੧॥ ਰਹਾਉ ॥ (1006-10)
मिटहि अघ तेरे जनम जनम के कवनु बपुरो जामु ॥१॥ रहाउ ॥

ਦੂਖ ਦੀਨ ਨ ਭਉ ਬਿਆਪੈ ਮਿਲੈ ਸੁਖ ਬਿਸ੍ਰਾਮੁ ॥ (1006-11)
दूख दीन न भउ बिआपै मिलै सुख बिस्रामु ॥

ਗੁਰ ਪ੍ਰਸਾਦਿ ਨਾਨਕੁ ਬਖਾਨੈ ਹਰਿ ਭਜਨੁ ਤਤੁ ਗਿਆਨੁ ॥੨॥੧॥੨੪॥ (1006-11)
गुर प्रसादि नानकु बखानै हरि भजनु ततु गिआनु ॥२॥१॥२४॥

ਮਾਰੂ ਮਹਲਾ ੫ ॥ (1006-12)
मारू महला ५ ॥

ਜਿਨੀ ਨਾਮੁ ਵਿਸਾਰਿਆ ਸੇ ਹੋਤ ਦੇਖੇ ਖੇਹ ॥ (1006-12)
जिनी नामु विसारिआ से होत देखे खेह ॥

ਪੁਤ੍ਰ ਮਿਤ੍ਰ ਬਿਲਾਸ ਬਨਿਤਾ ਤੂਟਤੇ ਏ ਨੇਹ ॥੧॥ (1006-12)
पुत्र मित्र बिलास बनिता तूटते ए नेह ॥१॥

ਮੇਰੇ ਮਨ ਨਾਮੁ ਨਿਤ ਨਿਤ ਲੇਹ ॥ (1006-13)
मेरे मन नामु नित नित लेह ॥

ਜਲਤ ਨਾਹੀ ਅਗਨਿ ਸਾਗਰ ਸੂਖੁ ਮਨਿ ਤਨਿ ਦੇਹ ॥੧॥ ਰਹਾਉ ॥ (1006-13)
जलत नाही अगनि सागर सूखु मनि तनि देह ॥१॥ रहाउ ॥

ਬਿਰਖ ਛਾਇਆ ਜੈਸੇ ਬਿਨਸਤ ਪਵਨ ਝੂਲਤ ਮੇਹ ॥ (1006-14)
बिरख छाइआ जैसे बिनसत पवन झूलत मेह ॥

ਹਰਿ ਭਗਤਿ ਦ੍ਰਿੜੁ ਮਿਲੁ ਸਾਧ ਨਾਨਕ ਤੇਰੈ ਕਾਮਿ ਆਵਤ ਏਹ ॥੨॥੨॥੨੫॥ (1006-14)
हरि भगति द्रिड़ु मिलु साध नानक तेरै कामि आवत एह ॥२॥२॥२५॥

ਮਾਰੂ ਮਹਲਾ ੫ ॥ (1006-15)
मारू महला ५ ॥

ਪੁਰਖੁ ਪੂਰਨ ਸੁਖਹ ਦਾਤਾ ਸੰਗਿ ਬਸਤੋ ਨੀਤ ॥ (1006-15)
पुरखु पूरन सुखह दाता संगि बसतो नीत ॥

ਮਰੈ ਨ ਆਵੈ ਨ ਜਾਇ ਬਿਨਸੈ ਬਿਆਪਤ ਉਸਨ ਨ ਸੀਤ ॥੧॥ (1006-16)
मरै न आवै न जाइ बिनसै बिआपत उसन न सीत ॥१॥

ਮੇਰੇ ਮਨ ਨਾਮ ਸਿਉ ਕਰਿ ਪ੍ਰੀਤਿ ॥ (1006-16)
मेरे मन नाम सिउ करि प्रीति ॥

ਚੇਤਿ ਮਨ ਮਹਿ ਹਰਿ ਹਰਿ ਨਿਧਾਨਾ ਏਹ ਨਿਰਮਲ ਰੀਤਿ ॥੧॥ ਰਹਾਉ ॥ (1006-17)
चेति मन महि हरि हरि निधाना एह निरमल रीति ॥१॥ रहाउ ॥

ਕ੍ਰਿਪਾਲ ਦਇਆਲ ਗੋਪਾਲ ਗੋਬਿਦ ਜੋ ਜਪੈ ਤਿਸੁ ਸੀਧਿ ॥ (1006-17)
क्रिपाल दइआल गोपाल गोबिद जो जपै तिसु सीधि ॥

ਨਵਲ ਨਵਤਨ ਚਤੁਰ ਸੁੰਦਰ ਮਨੁ ਨਾਨਕ ਤਿਸੁ ਸੰਗਿ ਬੀਧਿ ॥੨॥੩॥੨੬॥ (1006-18)
नवल नवतन चतुर सुंदर मनु नानक तिसु संगि बीधि ॥२॥३॥२६॥

ਮਾਰੂ ਮਹਲਾ ੫ ॥ (1006-19)
मारू महला ५ ॥

ਚਲਤ ਬੈਸਤ ਸੋਵਤ ਜਾਗਤ ਗੁਰ ਮੰਤ੍ਰੁ ਰਿਦੈ ਚਿਤਾਰਿ ॥ (1006-19)
चलत बैसत सोवत जागत गुर मंत्रु रिदै चितारि ॥

ਚਰਣ ਸਰਣ ਭਜੁ ਸੰਗਿ ਸਾਧੂ ਭਵ ਸਾਗਰ ਉਤਰਹਿ ਪਾਰਿ ॥੧॥ (1006-19)
चरण सरण भजु संगि साधू भव सागर उतरहि पारि ॥१॥

ਮੇਰੇ ਮਨ ਨਾਮੁ ਹਿਰਦੈ ਧਾਰਿ ॥ (1007-1)
मेरे मन नामु हिरदै धारि ॥

ਕਰਿ ਪ੍ਰੀਤਿ ਮਨੁ ਤਨੁ ਲਾਇ ਹਰਿ ਸਿਉ ਅਵਰ ਸਗਲ ਵਿਸਾਰਿ ॥੧॥ ਰਹਾਉ ॥ (1007-1)
करि प्रीति मनु तनु लाइ हरि सिउ अवर सगल विसारि ॥१॥ रहाउ ॥

ਜੀਉ ਮਨੁ ਤਨੁ ਪ੍ਰਾਣ ਪ੍ਰਭ ਕੇ ਤੂ ਆਪਨ ਆਪੁ ਨਿਵਾਰਿ ॥ (1007-2)
जीउ मनु तनु प्राण प्रभ के तू आपन आपु निवारि ॥

ਗੋਵਿਦ ਭਜੁ ਸਭਿ ਸੁਆਰਥ ਪੂਰੇ ਨਾਨਕ ਕਬਹੁ ਨ ਹਾਰਿ ॥੨॥੪॥੨੭॥ (1007-3)
गोविद भजु सभि सुआरथ पूरे नानक कबहु न हारि ॥२॥४॥२७॥

ਮਾਰੂ ਮਹਲਾ ੫ ॥ (1007-3)
मारू महला ५ ॥

ਤਜਿ ਆਪੁ ਬਿਨਸੀ ਤਾਪੁ ਰੇਣ ਸਾਧੂ ਥੀਉ ॥ (1007-3)
तजि आपु बिनसी तापु रेण साधू थीउ ॥

ਤਿਸਹਿ ਪਰਾਪਤਿ ਨਾਮੁ ਤੇਰਾ ਕਰਿ ਕ੍ਰਿਪਾ ਜਿਸੁ ਦੀਉ ॥੧॥ (1007-4)
तिसहि परापति नामु तेरा करि क्रिपा जिसु दीउ ॥१॥

ਮੇਰੇ ਮਨ ਨਾਮੁ ਅੰਮ੍ਰਿਤੁ ਪੀਉ ॥ (1007-4)
मेरे मन नामु अमृतु पीउ ॥

ਆਨ ਸਾਦ ਬਿਸਾਰਿ ਹੋਛੇ ਅਮਰੁ ਜੁਗੁ ਜੁਗੁ ਜੀਉ ॥੧॥ ਰਹਾਉ ॥ (1007-5)
आन साद बिसारि होछे अमरु जुगु जुगु जीउ ॥१॥ रहाउ ॥

ਨਾਮੁ ਇਕ ਰਸ ਰੰਗ ਨਾਮਾ ਨਾਮਿ ਲਾਗੀ ਲੀਉ ॥ (1007-5)
नामु इक रस रंग नामा नामि लागी लीउ ॥

ਮੀਤੁ ਸਾਜਨੁ ਸਖਾ ਬੰਧਪੁ ਹਰਿ ਏਕੁ ਨਾਨਕ ਕੀਉ ॥੨॥੫॥੨੮॥ (1007-6)
मीतु साजनु सखा बंधपु हरि एकु नानक कीउ ॥२॥५॥२८॥

ਮਾਰੂ ਮਹਲਾ ੫ ॥ (1007-7)
मारू महला ५ ॥

ਪ੍ਰਤਿਪਾਲਿ ਮਾਤਾ ਉਦਰਿ ਰਾਖੈ ਲਗਨਿ ਦੇਤ ਨ ਸੇਕ ॥ (1007-7)
प्रतिपालि माता उदरि राखै लगनि देत न सेक ॥

ਸੋਈ ਸੁਆਮੀ ਈਹਾ ਰਾਖੈ ਬੂਝੁ ਬੁਧਿ ਬਿਬੇਕ ॥੧॥ (1007-7)
सोई सुआमी ईहा राखै बूझु बुधि बिबेक ॥१॥

ਮੇਰੇ ਮਨ ਨਾਮ ਕੀ ਕਰਿ ਟੇਕ ॥ (1007-8)
मेरे मन नाम की करि टेक ॥

ਤਿਸਹਿ ਬੂਝੁ ਜਿਨਿ ਤੂ ਕੀਆ ਪ੍ਰਭੁ ਕਰਣ ਕਾਰਣ ਏਕ ॥੧॥ ਰਹਾਉ ॥ (1007-8)
तिसहि बूझु जिनि तू कीआ प्रभु करण कारण एक ॥१॥ रहाउ ॥

ਚੇਤਿ ਮਨ ਮਹਿ ਤਜਿ ਸਿਆਣਪ ਛੋਡਿ ਸਗਲੇ ਭੇਖ ॥ (1007-9)
चेति मन महि तजि सिआणप छोडि सगले भेख ॥

ਸਿਮਰਿ ਹਰਿ ਹਰਿ ਸਦਾ ਨਾਨਕ ਤਰੇ ਕਈ ਅਨੇਕ ॥੨॥੬॥੨੯॥ (1007-9)
सिमरि हरि हरि सदा नानक तरे कई अनेक ॥२॥६॥२९॥

ਮਾਰੂ ਮਹਲਾ ੫ ॥ (1007-10)
मारू महला ५ ॥

ਪਤਿਤ ਪਾਵਨ ਨਾਮੁ ਜਾ ਕੋ ਅਨਾਥ ਕੋ ਹੈ ਨਾਥੁ ॥ (1007-10)
पतित पावन नामु जा को अनाथ को है नाथु ॥

ਮਹਾ ਭਉਜਲ ਮਾਹਿ ਤੁਲਹੋ ਜਾ ਕੋ ਲਿਖਿਓ ਮਾਥ ॥੧॥ (1007-10)
महा भउजल माहि तुलहो जा को लिखिओ माथ ॥१॥

ਡੂਬੇ ਨਾਮ ਬਿਨੁ ਘਨ ਸਾਥ ॥ (1007-11)
डूबे नाम बिनु घन साथ ॥

ਕਰਣ ਕਾਰਣੁ ਚਿਤਿ ਨ ਆਵੈ ਦੇ ਕਰਿ ਰਾਖੈ ਹਾਥ ॥੧॥ ਰਹਾਉ ॥ (1007-11)
करण कारणु चिति न आवै दे करि राखै हाथ ॥१॥ रहाउ ॥

ਸਾਧਸੰਗਤਿ ਗੁਣ ਉਚਾਰਣ ਹਰਿ ਨਾਮ ਅੰਮ੍ਰਿਤ ਪਾਥ ॥ (1007-12)
साधसंगति गुण उचारण हरि नाम अमृत पाथ ॥

ਕਰਹੁ ਕ੍ਰਿਪਾ ਮੁਰਾਰਿ ਮਾਧਉ ਸੁਣਿ ਨਾਨਕ ਜੀਵੈ ਗਾਥ ॥੨॥੭॥੩੦॥ (1007-12)
करहु क्रिपा मुरारि माधउ सुणि नानक जीवै गाथ ॥२॥७॥३०॥

ਮਾਰੂ ਅੰਜੁਲੀ ਮਹਲਾ ੫ ਘਰੁ ੭ (1007-14)
मारू अंजुली महला ५ घरु ७

ੴ ਸਤਿਗੁਰ ਪ੍ਰਸਾਦਿ ॥ (1007-14)
ੴ सतिगुर प्रसादि ॥

ਸੰਜੋਗੁ ਵਿਜੋਗੁ ਧੁਰਹੁ ਹੀ ਹੂਆ ॥ (1007-15)
संजोगु विजोगु धुरहु ही हूआ ॥

ਪੰਚ ਧਾਤੁ ਕਰਿ ਪੁਤਲਾ ਕੀਆ ॥ (1007-15)
पंच धातु करि पुतला कीआ ॥

ਸਾਹੈ ਕੈ ਫੁਰਮਾਇਅੜੈ ਜੀ ਦੇਹੀ ਵਿਚਿ ਜੀਉ ਆਇ ਪਇਆ ॥੧॥ (1007-15)
साहै कै फुरमाइअड़ै जी देही विचि जीउ आइ पइआ ॥१॥

ਜਿਥੈ ਅਗਨਿ ਭਖੈ ਭੜਹਾਰੇ ॥ (1007-16)
जिथै अगनि भखै भड़हारे ॥

ਊਰਧ ਮੁਖ ਮਹਾ ਗੁਬਾਰੇ ॥ (1007-16)
ऊरध मुख महा गुबारे ॥

ਸਾਸਿ ਸਾਸਿ ਸਮਾਲੇ ਸੋਈ ਓਥੈ ਖਸਮਿ ਛਡਾਇ ਲਇਆ ॥੨॥ (1007-16)
सासि सासि समाले सोई ओथै खसमि छडाइ लइआ ॥२॥

ਵਿਚਹੁ ਗਰਭੈ ਨਿਕਲਿ ਆਇਆ ॥ (1007-17)
विचहु गरभै निकलि आइआ ॥

ਖਸਮੁ ਵਿਸਾਰਿ ਦੁਨੀ ਚਿਤੁ ਲਾਇਆ ॥ (1007-17)
खसमु विसारि दुनी चितु लाइआ ॥

ਆਵੈ ਜਾਇ ਭਵਾਈਐ ਜੋਨੀ ਰਹਣੁ ਨ ਕਿਤਹੀ ਥਾਇ ਭਇਆ ॥੩॥ (1007-18)
आवै जाइ भवाईऐ जोनी रहणु न कितही थाइ भइआ ॥३॥

ਮਿਹਰਵਾਨਿ ਰਖਿ ਲਇਅਨੁ ਆਪੇ ॥ (1007-18)
मिहरवानि रखि लइअनु आपे ॥

ਜੀਅ ਜੰਤ ਸਭਿ ਤਿਸ ਕੇ ਥਾਪੇ ॥ (1007-19)
जीअ जंत सभि तिस के थापे ॥

ਜਨਮੁ ਪਦਾਰਥੁ ਜਿਣਿ ਚਲਿਆ ਨਾਨਕ ਆਇਆ ਸੋ ਪਰਵਾਣੁ ਥਿਆ ॥੪॥੧॥੩੧॥ (1007-19)
जनमु पदारथु जिणि चलिआ नानक आइआ सो परवाणु थिआ ॥४॥१॥३१॥

ਮਾਰੂ ਮਹਲਾ ੫ ॥ (1008-1)
मारू महला ५ ॥

ਵੈਦੋ ਨ ਵਾਈ ਭੈਣੋ ਨ ਭਾਈ ਏਕੋ ਸਹਾਈ ਰਾਮੁ ਹੇ ॥੧॥ (1008-1)
वैदो न वाई भैणो न भाई एको सहाई रामु हे ॥१॥

ਕੀਤਾ ਜਿਸੋ ਹੋਵੈ ਪਾਪਾਂ ਮਲੋ ਧੋਵੈ ਸੋ ਸਿਮਰਹੁ ਪਰਧਾਨੁ ਹੇ ॥੨॥ (1008-2)
कीता जिसो होवै पापां मलो धोवै सो सिमरहु परधानु हे ॥२॥

ਘਟਿ ਘਟੇ ਵਾਸੀ ਸਰਬ ਨਿਵਾਸੀ ਅਸਥਿਰੁ ਜਾ ਕਾ ਥਾਨੁ ਹੇ ॥੩॥ (1008-2)
घटि घटे वासी सरब निवासी असथिरु जा का थानु हे ॥३॥

ਆਵੈ ਨ ਜਾਵੈ ਸੰਗੇ ਸਮਾਵੈ ਪੂਰਨ ਜਾ ਕਾ ਕਾਮੁ ਹੇ ॥੪॥ (1008-3)
आवै न जावै संगे समावै पूरन जा का कामु हे ॥४॥

ਭਗਤ ਜਨਾ ਕਾ ਰਾਖਣਹਾਰਾ ॥ (1008-3)
भगत जना का राखणहारा ॥

ਸੰਤ ਜੀਵਹਿ ਜਪਿ ਪ੍ਰਾਨ ਅਧਾਰਾ ॥ (1008-4)
संत जीवहि जपि प्रान अधारा ॥

ਕਰਨ ਕਾਰਨ ਸਮਰਥੁ ਸੁਆਮੀ ਨਾਨਕੁ ਤਿਸੁ ਕੁਰਬਾਨੁ ਹੇ ॥੫॥੨॥੩੨॥ (1008-4)
करन कारन समरथु सुआमी नानकु तिसु कुरबानु हे ॥५॥२॥३२॥

ੴ ਸਤਿਗੁਰ ਪ੍ਰਸਾਦਿ ॥ (1008-5)
ੴ सतिगुर प्रसादि ॥

ਮਾਰੂ ਮਹਲਾ ੯ ॥ (1008-5)
मारू महला ९ ॥

ਹਰਿ ਕੋ ਨਾਮੁ ਸਦਾ ਸੁਖਦਾਈ ॥ (1008-5)
हरि को नामु सदा सुखदाई ॥

ਜਾ ਕਉ ਸਿਮਰਿ ਅਜਾਮਲੁ ਉਧਰਿਓ ਗਨਿਕਾ ਹੂ ਗਤਿ ਪਾਈ ॥੧॥ ਰਹਾਉ ॥ (1008-5)
जा कउ सिमरि अजामलु उधरिओ गनिका हू गति पाई ॥१॥ रहाउ ॥

ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ ॥ (1008-6)
पंचाली कउ राज सभा महि राम नाम सुधि आई ॥

ਤਾ ਕੋ ਦੂਖੁ ਹਰਿਓ ਕਰੁਣਾ ਮੈ ਅਪਨੀ ਪੈਜ ਬਢਾਈ ॥੧॥ (1008-6)
ता को दूखु हरिओ करुणा मै अपनी पैज बढाई ॥१॥

ਜਿਹ ਨਰ ਜਸੁ ਕਿਰਪਾ ਨਿਧਿ ਗਾਇਓ ਤਾ ਕਉ ਭਇਓ ਸਹਾਈ ॥ (1008-7)
जिह नर जसु किरपा निधि गाइओ ता कउ भइओ सहाई ॥

ਕਹੁ ਨਾਨਕ ਮੈ ਇਹੀ ਭਰੋਸੈ ਗਹੀ ਆਨਿ ਸਰਨਾਈ ॥੨॥੧॥ (1008-8)
कहु नानक मै इही भरोसै गही आनि सरनाई ॥२॥१॥

ਮਾਰੂ ਮਹਲਾ ੯ ॥ (1008-8)
मारू महला ९ ॥

ਅਬ ਮੈ ਕਹਾ ਕਰਉ ਰੀ ਮਾਈ ॥ (1008-8)
अब मै कहा करउ री माई ॥

ਸਗਲ ਜਨਮੁ ਬਿਖਿਅਨ ਸਿਉ ਖੋਇਆ ਸਿਮਰਿਓ ਨਾਹਿ ਕਨ੍ਹ੍ਹਾਈ ॥੧॥ ਰਹਾਉ ॥ (1008-9)
सगल जनमु बिखिअन सिउ खोइआ सिमरिओ नाहि कन्हाई ॥१॥ रहाउ ॥

ਕਾਲ ਫਾਸ ਜਬ ਗਰ ਮਹਿ ਮੇਲੀ ਤਿਹ ਸੁਧਿ ਸਭ ਬਿਸਰਾਈ ॥ (1008-9)
काल फास जब गर महि मेली तिह सुधि सभ बिसराई ॥

ਰਾਮ ਨਾਮ ਬਿਨੁ ਯਾ ਸੰਕਟ ਮਹਿ ਕੋ ਅਬ ਹੋਤ ਸਹਾਈ ॥੧॥ (1008-10)
राम नाम बिनु या संकट महि को अब होत सहाई ॥१॥

ਜੋ ਸੰਪਤਿ ਅਪਨੀ ਕਰਿ ਮਾਨੀ ਛਿਨ ਮਹਿ ਭਈ ਪਰਾਈ ॥ (1008-10)
जो स्मपति अपनी करि मानी छिन महि भई पराई ॥

ਕਹੁ ਨਾਨਕ ਯਹ ਸੋਚ ਰਹੀ ਮਨਿ ਹਰਿ ਜਸੁ ਕਬਹੂ ਨ ਗਾਈ ॥੨॥੨॥ (1008-11)
कहु नानक यह सोच रही मनि हरि जसु कबहू न गाई ॥२॥२॥

ਮਾਰੂ ਮਹਲਾ ੯ ॥ (1008-12)
मारू महला ९ ॥

ਮਾਈ ਮੈ ਮਨ ਕੋ ਮਾਨੁ ਨ ਤਿਆਗਿਓ ॥ (1008-12)
माई मै मन को मानु न तिआगिओ ॥

ਮਾਇਆ ਕੇ ਮਦਿ ਜਨਮੁ ਸਿਰਾਇਓ ਰਾਮ ਭਜਨਿ ਨਹੀ ਲਾਗਿਓ ॥੧॥ ਰਹਾਉ ॥ (1008-12)
माइआ के मदि जनमु सिराइओ राम भजनि नही लागिओ ॥१॥ रहाउ ॥

ਜਮ ਕੋ ਡੰਡੁ ਪਰਿਓ ਸਿਰ ਊਪਰਿ ਤਬ ਸੋਵਤ ਤੈ ਜਾਗਿਓ ॥ (1008-13)
जम को डंडु परिओ सिर ऊपरि तब सोवत तै जागिओ ॥

ਕਹਾ ਹੋਤ ਅਬ ਕੈ ਪਛੁਤਾਏ ਛੂਟਤ ਨਾਹਿਨ ਭਾਗਿਓ ॥੧॥ (1008-13)
कहा होत अब कै पछुताए छूटत नाहिन भागिओ ॥१॥

ਇਹ ਚਿੰਤਾ ਉਪਜੀ ਘਟ ਮਹਿ ਜਬ ਗੁਰ ਚਰਨਨ ਅਨੁਰਾਗਿਓ ॥ (1008-14)
इह चिंता उपजी घट महि जब गुर चरनन अनुरागिओ ॥

ਸੁਫਲੁ ਜਨਮੁ ਨਾਨਕ ਤਬ ਹੂਆ ਜਉ ਪ੍ਰਭ ਜਸ ਮਹਿ ਪਾਗਿਓ ॥੨॥੩॥ (1008-15)
सुफलु जनमु नानक तब हूआ जउ प्रभ जस महि पागिओ ॥२॥३॥

ਮਾਰੂ ਅਸਟਪਦੀਆ ਮਹਲਾ ੧ ਘਰੁ ੧ (1008-16)
मारू असटपदीआ महला १ घरु १

ੴ ਸਤਿਗੁਰ ਪ੍ਰਸਾਦਿ ॥ (1008-16)
ੴ सतिगुर प्रसादि ॥

ਬੇਦ ਪੁਰਾਣ ਕਥੇ ਸੁਣੇ ਹਾਰੇ ਮੁਨੀ ਅਨੇਕਾ ॥ (1008-17)
बेद पुराण कथे सुणे हारे मुनी अनेका ॥

ਅਠਸਠਿ ਤੀਰਥ ਬਹੁ ਘਣਾ ਭ੍ਰਮਿ ਥਾਕੇ ਭੇਖਾ ॥ (1008-17)
अठसठि तीरथ बहु घणा भ्रमि थाके भेखा ॥

ਸਾਚੋ ਸਾਹਿਬੁ ਨਿਰਮਲੋ ਮਨਿ ਮਾਨੈ ਏਕਾ ॥੧॥ (1008-17)
साचो साहिबु निरमलो मनि मानै एका ॥१॥

ਤੂ ਅਜਰਾਵਰੁ ਅਮਰੁ ਤੂ ਸਭ ਚਾਲਣਹਾਰੀ ॥ (1008-18)
तू अजरावरु अमरु तू सभ चालणहारी ॥

ਨਾਮੁ ਰਸਾਇਣੁ ਭਾਇ ਲੈ ਪਰਹਰਿ ਦੁਖੁ ਭਾਰੀ ॥੧॥ ਰਹਾਉ ॥ (1008-18)
नामु रसाइणु भाइ लै परहरि दुखु भारी ॥१॥ रहाउ ॥

ਹਰਿ ਪੜੀਐ ਹਰਿ ਬੁਝੀਐ ਗੁਰਮਤੀ ਨਾਮਿ ਉਧਾਰਾ ॥ (1009-1)
हरि पड़ीऐ हरि बुझीऐ गुरमती नामि उधारा ॥

ਗੁਰਿ ਪੂਰੈ ਪੂਰੀ ਮਤਿ ਹੈ ਪੂਰੈ ਸਬਦਿ ਬੀਚਾਰਾ ॥ (1009-1)
गुरि पूरै पूरी मति है पूरै सबदि बीचारा ॥

ਅਠਸਠਿ ਤੀਰਥ ਹਰਿ ਨਾਮੁ ਹੈ ਕਿਲਵਿਖ ਕਾਟਣਹਾਰਾ ॥੨॥ (1009-2)
अठसठि तीरथ हरि नामु है किलविख काटणहारा ॥२॥

ਜਲੁ ਬਿਲੋਵੈ ਜਲੁ ਮਥੈ ਤਤੁ ਲੋੜੈ ਅੰਧੁ ਅਗਿਆਨਾ ॥ (1009-2)
जलु बिलोवै जलु मथै ततु लोड़ै अंधु अगिआना ॥

ਗੁਰਮਤੀ ਦਧਿ ਮਥੀਐ ਅੰਮ੍ਰਿਤੁ ਪਾਈਐ ਨਾਮੁ ਨਿਧਾਨਾ ॥ (1009-3)
गुरमती दधि मथीऐ अमृतु पाईऐ नामु निधाना ॥

ਮਨਮੁਖ ਤਤੁ ਨ ਜਾਣਨੀ ਪਸੂ ਮਾਹਿ ਸਮਾਨਾ ॥੩॥ (1009-3)
मनमुख ततु न जाणनी पसू माहि समाना ॥३॥

ਹਉਮੈ ਮੇਰਾ ਮਰੀ ਮਰੁ ਮਰਿ ਜੰਮੈ ਵਾਰੋ ਵਾਰ ॥ (1009-4)
हउमै मेरा मरी मरु मरि जंमै वारो वार ॥

ਗੁਰ ਕੈ ਸਬਦੇ ਜੇ ਮਰੈ ਫਿਰਿ ਮਰੈ ਨ ਦੂਜੀ ਵਾਰ ॥ (1009-4)
गुर कै सबदे जे मरै फिरि मरै न दूजी वार ॥

ਗੁਰਮਤੀ ਜਗਜੀਵਨੁ ਮਨਿ ਵਸੈ ਸਭਿ ਕੁਲ ਉਧਾਰਣਹਾਰ ॥੪॥ (1009-5)
गुरमती जगजीवनु मनि वसै सभि कुल उधारणहार ॥४॥

ਸਚਾ ਵਖਰੁ ਨਾਮੁ ਹੈ ਸਚਾ ਵਾਪਾਰਾ ॥ (1009-5)
सचा वखरु नामु है सचा वापारा ॥

ਲਾਹਾ ਨਾਮੁ ਸੰਸਾਰਿ ਹੈ ਗੁਰਮਤੀ ਵੀਚਾਰਾ ॥ (1009-6)
लाहा नामु संसारि है गुरमती वीचारा ॥

ਦੂਜੈ ਭਾਇ ਕਾਰ ਕਮਾਵਣੀ ਨਿਤ ਤੋਟਾ ਸੈਸਾਰਾ ॥੫॥ (1009-6)
दूजै भाइ कार कमावणी नित तोटा सैसारा ॥५॥

ਸਾਚੀ ਸੰਗਤਿ ਥਾਨੁ ਸਚੁ ਸਚੇ ਘਰ ਬਾਰਾ ॥ (1009-7)
साची संगति थानु सचु सचे घर बारा ॥

ਸਚਾ ਭੋਜਨੁ ਭਾਉ ਸਚੁ ਸਚੁ ਨਾਮੁ ਅਧਾਰਾ ॥ (1009-7)
सचा भोजनु भाउ सचु सचु नामु अधारा ॥

ਸਚੀ ਬਾਣੀ ਸੰਤੋਖਿਆ ਸਚਾ ਸਬਦੁ ਵੀਚਾਰਾ ॥੬॥ (1009-7)
सची बाणी संतोखिआ सचा सबदु वीचारा ॥६॥

ਰਸ ਭੋਗਣ ਪਾਤਿਸਾਹੀਆ ਦੁਖ ਸੁਖ ਸੰਘਾਰਾ ॥ (1009-8)
रस भोगण पातिसाहीआ दुख सुख संघारा ॥

ਮੋਟਾ ਨਾਉ ਧਰਾਈਐ ਗਲਿ ਅਉਗਣ ਭਾਰਾ ॥ (1009-8)
मोटा नाउ धराईऐ गलि अउगण भारा ॥

ਮਾਣਸ ਦਾਤਿ ਨ ਹੋਵਈ ਤੂ ਦਾਤਾ ਸਾਰਾ ॥੭॥ (1009-9)
माणस दाति न होवई तू दाता सारा ॥७॥

ਅਗਮ ਅਗੋਚਰੁ ਤੂ ਧਣੀ ਅਵਿਗਤੁ ਅਪਾਰਾ ॥ (1009-9)
अगम अगोचरु तू धणी अविगतु अपारा ॥

ਗੁਰ ਸਬਦੀ ਦਰੁ ਜੋਈਐ ਮੁਕਤੇ ਭੰਡਾਰਾ ॥ (1009-10)
गुर सबदी दरु जोईऐ मुकते भंडारा ॥

ਨਾਨਕ ਮੇਲੁ ਨ ਚੂਕਈ ਸਾਚੇ ਵਾਪਾਰਾ ॥੮॥੧॥ (1009-10)
नानक मेलु न चूकई साचे वापारा ॥८॥१॥

ਮਾਰੂ ਮਹਲਾ ੧ ॥ (1009-11)
मारू महला १ ॥

ਬਿਖੁ ਬੋਹਿਥਾ ਲਾਦਿਆ ਦੀਆ ਸਮੁੰਦ ਮੰਝਾਰਿ ॥ (1009-11)
बिखु बोहिथा लादिआ दीआ समुंद मंझारि ॥

ਕੰਧੀ ਦਿਸਿ ਨ ਆਵਈ ਨਾ ਉਰਵਾਰੁ ਨ ਪਾਰੁ ॥ (1009-11)
कंधी दिसि न आवई ना उरवारु न पारु ॥

ਵੰਝੀ ਹਾਥਿ ਨ ਖੇਵਟੂ ਜਲੁ ਸਾਗਰੁ ਅਸਰਾਲੁ ॥੧॥ (1009-12)
वंझी हाथि न खेवटू जलु सागरु असरालु ॥१॥

ਬਾਬਾ ਜਗੁ ਫਾਥਾ ਮਹਾ ਜਾਲਿ ॥ (1009-12)
बाबा जगु फाथा महा जालि ॥

ਗੁਰ ਪਰਸਾਦੀ ਉਬਰੇ ਸਚਾ ਨਾਮੁ ਸਮਾਲਿ ॥੧॥ ਰਹਾਉ ॥ (1009-12)
गुर परसादी उबरे सचा नामु समालि ॥१॥ रहाउ ॥

ਸਤਿਗੁਰੂ ਹੈ ਬੋਹਿਥਾ ਸਬਦਿ ਲੰਘਾਵਣਹਾਰੁ ॥ (1009-13)
सतिगुरू है बोहिथा सबदि लंघावणहारु ॥

ਤਿਥੈ ਪਵਣੁ ਨ ਪਾਵਕੋ ਨਾ ਜਲੁ ਨਾ ਆਕਾਰੁ ॥ (1009-13)
तिथै पवणु न पावको ना जलु ना आकारु ॥

ਤਿਥੈ ਸਚਾ ਸਚਿ ਨਾਇ ਭਵਜਲ ਤਾਰਣਹਾਰੁ ॥੨॥ (1009-14)
तिथै सचा सचि नाइ भवजल तारणहारु ॥२॥

ਗੁਰਮੁਖਿ ਲੰਘੇ ਸੇ ਪਾਰਿ ਪਏ ਸਚੇ ਸਿਉ ਲਿਵ ਲਾਇ ॥ (1009-14)
गुरमुखि लंघे से पारि पए सचे सिउ लिव लाइ ॥

ਆਵਾ ਗਉਣੁ ਨਿਵਾਰਿਆ ਜੋਤੀ ਜੋਤਿ ਮਿਲਾਇ ॥ (1009-15)
आवा गउणु निवारिआ जोती जोति मिलाइ ॥

ਗੁਰਮਤੀ ਸਹਜੁ ਊਪਜੈ ਸਚੇ ਰਹੈ ਸਮਾਇ ॥੩॥ (1009-15)
गुरमती सहजु ऊपजै सचे रहै समाइ ॥३॥

ਸਪੁ ਪਿੜਾਈ ਪਾਈਐ ਬਿਖੁ ਅੰਤਰਿ ਮਨਿ ਰੋਸੁ ॥ (1009-16)
सपु पिड़ाई पाईऐ बिखु अंतरि मनि रोसु ॥

ਪੂਰਬਿ ਲਿਖਿਆ ਪਾਈਐ ਕਿਸ ਨੋ ਦੀਜੈ ਦੋਸੁ ॥ (1009-16)
पूरबि लिखिआ पाईऐ किस नो दीजै दोसु ॥

ਗੁਰਮੁਖਿ ਗਾਰੜੂ ਜੇ ਸੁਣੇ ਮੰਨੇ ਨਾਉ ਸੰਤੋਸੁ ॥੪॥ (1009-17)
गुरमुखि गारड़ु जे सुणे मंने नाउ संतोसु ॥४॥

ਮਾਗਰਮਛੁ ਫਹਾਈਐ ਕੁੰਡੀ ਜਾਲੁ ਵਤਾਇ ॥ (1009-17)
मागरमछु फहाईऐ कुंडी जालु वताइ ॥

ਦੁਰਮਤਿ ਫਾਥਾ ਫਾਹੀਐ ਫਿਰਿ ਫਿਰਿ ਪਛੋਤਾਇ ॥ (1009-17)
दुरमति फाथा फाहीऐ फिरि फिरि पछोताइ ॥

ਜੰਮਣ ਮਰਣੁ ਨ ਸੁਝਈ ਕਿਰਤੁ ਨ ਮੇਟਿਆ ਜਾਇ ॥੫॥ (1009-18)
जंमण मरणु न सुझई किरतु न मेटिआ जाइ ॥५॥

ਹਉਮੈ ਬਿਖੁ ਪਾਇ ਜਗਤੁ ਉਪਾਇਆ ਸਬਦੁ ਵਸੈ ਬਿਖੁ ਜਾਇ ॥ (1009-18)
हउमै बिखु पाइ जगतु उपाइआ सबदु वसै बिखु जाइ ॥

ਜਰਾ ਜੋਹਿ ਨ ਸਕਈ ਸਚਿ ਰਹੈ ਲਿਵ ਲਾਇ ॥ (1009-19)
जरा जोहि न सकई सचि रहै लिव लाइ ॥

ਜੀਵਨ ਮੁਕਤੁ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ ॥੬॥ (1009-19)
जीवन मुकतु सो आखीऐ जिसु विचहु हउमै जाइ ॥६॥

ਧੰਧੈ ਧਾਵਤ ਜਗੁ ਬਾਧਿਆ ਨਾ ਬੂਝੈ ਵੀਚਾਰੁ ॥ (1010-1)
धंधै धावत जगु बाधिआ ना बूझै वीचारु ॥

ਜੰਮਣ ਮਰਣੁ ਵਿਸਾਰਿਆ ਮਨਮੁਖ ਮੁਗਧੁ ਗਵਾਰੁ ॥ (1010-1)
जंमण मरणु विसारिआ मनमुख मुगधु गवारु ॥

ਗੁਰਿ ਰਾਖੇ ਸੇ ਉਬਰੇ ਸਚਾ ਸਬਦੁ ਵੀਚਾਰਿ ॥੭॥ (1010-2)
गुरि राखे से उबरे सचा सबदु वीचारि ॥७॥

ਸੂਹਟੁ ਪਿੰਜਰਿ ਪ੍ਰੇਮ ਕੈ ਬੋਲੈ ਬੋਲਣਹਾਰੁ ॥ (1010-2)
सूहटु पिंजरि प्रेम कै बोलै बोलणहारु ॥

ਸਚੁ ਚੁਗੈ ਅੰਮ੍ਰਿਤੁ ਪੀਐ ਉਡੈ ਤ ਏਕਾ ਵਾਰ ॥ (1010-3)
सचु चुगै अमृतु पीऐ उडै त एका वार ॥

ਗੁਰਿ ਮਿਲਿਐ ਖਸਮੁ ਪਛਾਣੀਐ ਕਹੁ ਨਾਨਕ ਮੋਖ ਦੁਆਰੁ ॥੮॥੨॥ (1010-3)
गुरि मिलिऐ खसमु पछाणीऐ कहु नानक मोख दुआरु ॥८॥२॥

ਮਾਰੂ ਮਹਲਾ ੧ ॥ (1010-4)
मारू महला १ ॥

ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ ॥ (1010-4)
सबदि मरै ता मारि मरु भागो किसु पहि जाउ ॥

ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ ॥ (1010-4)
जिस कै डरि भै भागीऐ अमृतु ता को नाउ ॥

ਮਾਰਹਿ ਰਾਖਹਿ ਏਕੁ ਤੂ ਬੀਜਉ ਨਾਹੀ ਥਾਉ ॥੧॥ (1010-5)
मारहि राखहि एकु तू बीजउ नाही थाउ ॥१॥

ਬਾਬਾ ਮੈ ਕੁਚੀਲੁ ਕਾਚਉ ਮਤਿਹੀਨ ॥ (1010-5)
बाबा मै कुचीलु काचउ मतिहीन ॥

ਨਾਮ ਬਿਨਾ ਕੋ ਕਛੁ ਨਹੀ ਗੁਰਿ ਪੂਰੈ ਪੂਰੀ ਮਤਿ ਕੀਨ ॥੧॥ ਰਹਾਉ ॥ (1010-6)
नाम बिना को कछु नही गुरि पूरै पूरी मति कीन ॥१॥ रहाउ ॥

ਅਵਗਣਿ ਸੁਭਰ ਗੁਣ ਨਹੀ ਬਿਨੁ ਗੁਣ ਕਿਉ ਘਰਿ ਜਾਉ ॥ (1010-6)
अवगणि सुभर गुण नही बिनु गुण किउ घरि जाउ ॥

ਸਹਜਿ ਸਬਦਿ ਸੁਖੁ ਊਪਜੈ ਬਿਨੁ ਭਾਗਾ ਧਨੁ ਨਾਹਿ ॥ (1010-7)
सहजि सबदि सुखु ऊपजै बिनु भागा धनु नाहि ॥

ਜਿਨ ਕੈ ਨਾਮੁ ਨ ਮਨਿ ਵਸੈ ਸੇ ਬਾਧੇ ਦੂਖ ਸਹਾਹਿ ॥੨॥ (1010-7)
जिन कै नामु न मनि वसै से बाधे दूख सहाहि ॥२॥

ਜਿਨੀ ਨਾਮੁ ਵਿਸਾਰਿਆ ਸੇ ਕਿਤੁ ਆਏ ਸੰਸਾਰਿ ॥ (1010-8)
जिनी नामु विसारिआ से कितु आए संसारि ॥

ਆਗੈ ਪਾਛੈ ਸੁਖੁ ਨਹੀ ਗਾਡੇ ਲਾਦੇ ਛਾਰੁ ॥ (1010-8)
आगै पाछै सुखु नही गाडे लादे छारु ॥

ਵਿਛੁੜਿਆ ਮੇਲਾ ਨਹੀ ਦੂਖੁ ਘਣੋ ਜਮ ਦੁਆਰਿ ॥੩॥ (1010-9)
विछुड़िआ मेला नही दूखु घणो जम दुआरि ॥३॥

ਅਗੈ ਕਿਆ ਜਾਣਾ ਨਾਹਿ ਮੈ ਭੂਲੇ ਤੂ ਸਮਝਾਇ ॥ (1010-9)
अगै किआ जाणा नाहि मै भूले तू समझाइ ॥

ਭੂਲੇ ਮਾਰਗੁ ਜੋ ਦਸੇ ਤਿਸ ਕੈ ਲਾਗਉ ਪਾਇ ॥ (1010-10)
भूले मारगु जो दसे तिस कै लागउ पाइ ॥

ਗੁਰ ਬਿਨੁ ਦਾਤਾ ਕੋ ਨਹੀ ਕੀਮਤਿ ਕਹਣੁ ਨ ਜਾਇ ॥੪॥ (1010-10)
गुर बिनु दाता को नही कीमति कहणु न जाइ ॥४॥

ਸਾਜਨੁ ਦੇਖਾ ਤਾ ਗਲਿ ਮਿਲਾ ਸਾਚੁ ਪਠਾਇਓ ਲੇਖੁ ॥ (1010-11)
साजनु देखा ता गलि मिला साचु पठाइओ लेखु ॥

ਮੁਖਿ ਧਿਮਾਣੈ ਧਨ ਖੜੀ ਗੁਰਮੁਖਿ ਆਖੀ ਦੇਖੁ ॥ (1010-11)
मुखि धिमाणै धन खड़ी गुरमुखि आखी देखु ॥

ਤੁਧੁ ਭਾਵੈ ਤੂ ਮਨਿ ਵਸਹਿ ਨਦਰੀ ਕਰਮਿ ਵਿਸੇਖੁ ॥੫॥ (1010-12)
तुधु भावै तू मनि वसहि नदरी करमि विसेखु ॥५॥

ਭੂਖ ਪਿਆਸੋ ਜੇ ਭਵੈ ਕਿਆ ਤਿਸੁ ਮਾਗਉ ਦੇਇ ॥ (1010-12)
भूख पिआसो जे भवै किआ तिसु मागउ देइ ॥

ਬੀਜਉ ਸੂਝੈ ਕੋ ਨਹੀ ਮਨਿ ਤਨਿ ਪੂਰਨੁ ਦੇਇ ॥ (1010-13)
बीजउ सूझै को नही मनि तनि पूरनु देइ ॥

ਜਿਨਿ ਕੀਆ ਤਿਨਿ ਦੇਖਿਆ ਆਪਿ ਵਡਾਈ ਦੇਇ ॥੬॥ (1010-13)
जिनि कीआ तिनि देखिआ आपि वडाई देइ ॥६॥

ਨਗਰੀ ਨਾਇਕੁ ਨਵਤਨੋ ਬਾਲਕੁ ਲੀਲ ਅਨੂਪੁ ॥ (1010-13)
नगरी नाइकु नवतनो बालकु लील अनूपु ॥

ਨਾਰਿ ਨ ਪੁਰਖੁ ਨ ਪੰਖਣੂ ਸਾਚਉ ਚਤੁਰੁ ਸਰੂਪੁ ॥ (1010-14)
नारि न पुरखु न पंखणू साचउ चतुरु सरूपु ॥

ਜੋ ਤਿਸੁ ਭਾਵੈ ਸੋ ਥੀਐ ਤੂ ਦੀਪਕੁ ਤੂ ਧੂਪੁ ॥੭॥ (1010-14)
जो तिसु भावै सो थीऐ तू दीपकु तू धूपु ॥७॥

ਗੀਤ ਸਾਦ ਚਾਖੇ ਸੁਣੇ ਬਾਦ ਸਾਦ ਤਨਿ ਰੋਗੁ ॥ (1010-15)
गीत साद चाखे सुणे बाद साद तनि रोगु ॥

ਸਚੁ ਭਾਵੈ ਸਾਚਉ ਚਵੈ ਛੂਟੈ ਸੋਗ ਵਿਜੋਗੁ ॥ (1010-15)
सचु भावै साचउ चवै छूटै सोग विजोगु ॥

ਨਾਨਕ ਨਾਮੁ ਨ ਵੀਸਰੈ ਜੋ ਤਿਸੁ ਭਾਵੈ ਸੁ ਹੋਗੁ ॥੮॥੩॥ (1010-16)
नानक नामु न वीसरै जो तिसु भावै सु होगु ॥८॥३॥

ਮਾਰੂ ਮਹਲਾ ੧ ॥ (1010-16)
मारू महला १ ॥

ਸਾਚੀ ਕਾਰ ਕਮਾਵਣੀ ਹੋਰਿ ਲਾਲਚ ਬਾਦਿ ॥ (1010-16)
साची कार कमावणी होरि लालच बादि ॥

ਇਹੁ ਮਨੁ ਸਾਚੈ ਮੋਹਿਆ ਜਿਹਵਾ ਸਚਿ ਸਾਦਿ ॥ (1010-17)
इहु मनु साचै मोहिआ जिहवा सचि सादि ॥

ਬਿਨੁ ਨਾਵੈ ਕੋ ਰਸੁ ਨਹੀ ਹੋਰਿ ਚਲਹਿ ਬਿਖੁ ਲਾਦਿ ॥੧॥ (1010-17)
बिनु नावै को रसु नही होरि चलहि बिखु लादि ॥१॥

ਐਸਾ ਲਾਲਾ ਮੇਰੇ ਲਾਲ ਕੋ ਸੁਣਿ ਖਸਮ ਹਮਾਰੇ ॥ (1010-18)
ऐसा लाला मेरे लाल को सुणि खसम हमारे ॥

ਜਿਉ ਫੁਰਮਾਵਹਿ ਤਿਉ ਚਲਾ ਸਚੁ ਲਾਲ ਪਿਆਰੇ ॥੧॥ ਰਹਾਉ ॥ (1010-18)
जिउ फुरमावहि तिउ चला सचु लाल पिआरे ॥१॥ रहाउ ॥

ਅਨਦਿਨੁ ਲਾਲੇ ਚਾਕਰੀ ਗੋਲੇ ਸਿਰਿ ਮੀਰਾ ॥ (1010-19)
अनदिनु लाले चाकरी गोले सिरि मीरा ॥

ਗੁਰ ਬਚਨੀ ਮਨੁ ਵੇਚਿਆ ਸਬਦਿ ਮਨੁ ਧੀਰਾ ॥ (1010-19)
गुर बचनी मनु वेचिआ सबदि मनु धीरा ॥

ਗੁਰ ਪੂਰੇ ਸਾਬਾਸਿ ਹੈ ਕਾਟੈ ਮਨ ਪੀਰਾ ॥੨॥ (1011-1)
गुर पूरे साबासि है काटै मन पीरा ॥२॥

ਲਾਲਾ ਗੋਲਾ ਧਣੀ ਕੋ ਕਿਆ ਕਹਉ ਵਡਿਆਈਐ ॥ (1011-1)
लाला गोला धणी को किआ कहउ वडिआईऐ ॥

ਭਾਣੈ ਬਖਸੇ ਪੂਰਾ ਧਣੀ ਸਚੁ ਕਾਰ ਕਮਾਈਐ ॥ (1011-2)
भाणै बखसे पूरा धणी सचु कार कमाईऐ ॥

ਵਿਛੁੜਿਆ ਕਉ ਮੇਲਿ ਲਏ ਗੁਰ ਕਉ ਬਲਿ ਜਾਈਐ ॥੩॥ (1011-2)
विछुड़िआ कउ मेलि लए गुर कउ बलि जाईऐ ॥३॥

ਲਾਲੇ ਗੋਲੇ ਮਤਿ ਖਰੀ ਗੁਰ ਕੀ ਮਤਿ ਨੀਕੀ ॥ (1011-3)
लाले गोले मति खरी गुर की मति नीकी ॥

ਸਾਚੀ ਸੁਰਤਿ ਸੁਹਾਵਣੀ ਮਨਮੁਖ ਮਤਿ ਫੀਕੀ ॥ (1011-3)
साची सुरति सुहावणी मनमुख मति फीकी ॥

ਮਨੁ ਤਨੁ ਤੇਰਾ ਤੂ ਪ੍ਰਭੂ ਸਚੁ ਧੀਰਕ ਧੁਰ ਕੀ ॥੪॥ (1011-3)
मनु तनु तेरा तू प्रभू सचु धीरक धुर की ॥४॥

ਸਾਚੈ ਬੈਸਣੁ ਉਠਣਾ ਸਚੁ ਭੋਜਨੁ ਭਾਖਿਆ ॥ (1011-4)
साचै बैसणु उठणा सचु भोजनु भाखिआ ॥

ਚਿਤਿ ਸਚੈ ਵਿਤੋ ਸਚਾ ਸਾਚਾ ਰਸੁ ਚਾਖਿਆ ॥ (1011-4)
चिति सचै वितो सचा साचा रसु चाखिआ ॥

ਸਾਚੈ ਘਰਿ ਸਾਚੈ ਰਖੇ ਗੁਰ ਬਚਨਿ ਸੁਭਾਖਿਆ ॥੫॥ (1011-5)
साचै घरि साचै रखे गुर बचनि सुभाखिआ ॥५॥

ਮਨਮੁਖ ਕਉ ਆਲਸੁ ਘਣੋ ਫਾਥੇ ਓਜਾੜੀ ॥ (1011-5)
मनमुख कउ आलसु घणो फाथे ओजाड़ी ॥

ਫਾਥਾ ਚੁਗੈ ਨਿਤ ਚੋਗੜੀ ਲਗਿ ਬੰਧੁ ਵਿਗਾੜੀ ॥ (1011-6)
फाथा चुगै नित चोगड़ी लगि बंधु विगाड़ी ॥

ਗੁਰ ਪਰਸਾਦੀ ਮੁਕਤੁ ਹੋਇ ਸਾਚੇ ਨਿਜ ਤਾੜੀ ॥੬॥ (1011-6)
गुर परसादी मुकतु होइ साचे निज ताड़ी ॥६॥

ਅਨਹਤਿ ਲਾਲਾ ਬੇਧਿਆ ਪ੍ਰਭ ਹੇਤਿ ਪਿਆਰੀ ॥ (1011-6)
अनहति लाला बेधिआ प्रभ हेति पिआरी ॥

ਬਿਨੁ ਸਾਚੇ ਜੀਉ ਜਲਿ ਬਲਉ ਝੂਠੇ ਵੇਕਾਰੀ ॥ (1011-7)
बिनु साचे जीउ जलि बलउ झूठे वेकारी ॥

ਬਾਦਿ ਕਾਰਾ ਸਭਿ ਛੋਡੀਆ ਸਾਚੀ ਤਰੁ ਤਾਰੀ ॥੭॥ (1011-7)
बादि कारा सभि छोडीआ साची तरु तारी ॥७॥

ਜਿਨੀ ਨਾਮੁ ਵਿਸਾਰਿਆ ਤਿਨਾ ਠਉਰ ਨ ਠਾਉ ॥ (1011-8)
जिनी नामु विसारिआ तिना ठउर न ठाउ ॥

ਲਾਲੈ ਲਾਲਚੁ ਤਿਆਗਿਆ ਪਾਇਆ ਹਰਿ ਨਾਉ ॥ (1011-8)
लालै लालचु तिआगिआ पाइआ हरि नाउ ॥

ਤੂ ਬਖਸਹਿ ਤਾ ਮੇਲਿ ਲੈਹਿ ਨਾਨਕ ਬਲਿ ਜਾਉ ॥੮॥੪॥ (1011-9)
तू बखसहि ता मेलि लैहि नानक बलि जाउ ॥८॥४॥

ਮਾਰੂ ਮਹਲਾ ੧ ॥ (1011-9)
मारू महला १ ॥

ਲਾਲੈ ਗਾਰਬੁ ਛੋਡਿਆ ਗੁਰ ਕੈ ਭੈ ਸਹਜਿ ਸੁਭਾਈ ॥ (1011-9)
लालै गारबु छोडिआ गुर कै भै सहजि सुभाई ॥

ਲਾਲੈ ਖਸਮੁ ਪਛਾਣਿਆ ਵਡੀ ਵਡਿਆਈ ॥ (1011-10)
लालै खसमु पछाणिआ वडी वडिआई ॥

ਖਸਮਿ ਮਿਲਿਐ ਸੁਖੁ ਪਾਇਆ ਕੀਮਤਿ ਕਹਣੁ ਨ ਜਾਈ ॥੧॥ (1011-10)
खसमि मिलिऐ सुखु पाइआ कीमति कहणु न जाई ॥१॥

ਲਾਲਾ ਗੋਲਾ ਖਸਮ ਕਾ ਖਸਮੈ ਵਡਿਆਈ ॥ (1011-11)
लाला गोला खसम का खसमै वडिआई ॥

ਗੁਰ ਪਰਸਾਦੀ ਉਬਰੇ ਹਰਿ ਕੀ ਸਰਣਾਈ ॥੧॥ ਰਹਾਉ ॥ (1011-11)
गुर परसादी उबरे हरि की सरणाई ॥१॥ रहाउ ॥

ਲਾਲੇ ਨੋ ਸਿਰਿ ਕਾਰ ਹੈ ਧੁਰਿ ਖਸਮਿ ਫੁਰਮਾਈ ॥ (1011-12)
लाले नो सिरि कार है धुरि खसमि फुरमाई ॥

ਲਾਲੈ ਹੁਕਮੁ ਪਛਾਣਿਆ ਸਦਾ ਰਹੈ ਰਜਾਈ ॥ (1011-12)
लालै हुकमु पछाणिआ सदा रहै रजाई ॥

ਆਪੇ ਮੀਰਾ ਬਖਸਿ ਲਏ ਵਡੀ ਵਡਿਆਈ ॥੨॥ (1011-13)
आपे मीरा बखसि लए वडी वडिआई ॥२॥

ਆਪਿ ਸਚਾ ਸਭੁ ਸਚੁ ਹੈ ਗੁਰ ਸਬਦਿ ਬੁਝਾਈ ॥ (1011-13)
आपि सचा सभु सचु है गुर सबदि बुझाई ॥

ਤੇਰੀ ਸੇਵਾ ਸੋ ਕਰੇ ਜਿਸ ਨੋ ਲੈਹਿ ਤੂ ਲਾਈ ॥ (1011-14)
तेरी सेवा सो करे जिस नो लैहि तू लाई ॥

ਬਿਨੁ ਸੇਵਾ ਕਿਨੈ ਨ ਪਾਇਆ ਦੂਜੈ ਭਰਮਿ ਖੁਆਈ ॥੩॥ (1011-14)
बिनु सेवा किनै न पाइआ दूजै भरमि खुआई ॥३॥

ਸੋ ਕਿਉ ਮਨਹੁ ਵਿਸਾਰੀਐ ਨਿਤ ਦੇਵੈ ਚੜੈ ਸਵਾਇਆ ॥ (1011-15)
सो किउ मनहु विसारीऐ नित देवै चड़ै सवाइआ ॥

ਜੀਉ ਪਿੰਡੁ ਸਭੁ ਤਿਸ ਦਾ ਸਾਹੁ ਤਿਨੈ ਵਿਚਿ ਪਾਇਆ ॥ (1011-15)
जीउ पिंडु सभु तिस दा साहु तिनै विचि पाइआ ॥

ਜਾ ਕ੍ਰਿਪਾ ਕਰੇ ਤਾ ਸੇਵੀਐ ਸੇਵਿ ਸਚਿ ਸਮਾਇਆ ॥੪॥ (1011-16)
जा क्रिपा करे ता सेवीऐ सेवि सचि समाइआ ॥४॥

ਲਾਲਾ ਸੋ ਜੀਵਤੁ ਮਰੈ ਮਰਿ ਵਿਚਹੁ ਆਪੁ ਗਵਾਏ ॥ (1011-16)
लाला सो जीवतु मरै मरि विचहु आपु गवाए ॥

ਬੰਧਨ ਤੂਟਹਿ ਮੁਕਤਿ ਹੋਇ ਤ੍ਰਿਸਨਾ ਅਗਨਿ ਬੁਝਾਏ ॥ (1011-17)
बंधन तूटहि मुकति होइ त्रिसना अगनि बुझाए ॥

ਸਭ ਮਹਿ ਨਾਮੁ ਨਿਧਾਨੁ ਹੈ ਗੁਰਮੁਖਿ ਕੋ ਪਾਏ ॥੫॥ (1011-17)
सभ महि नामु निधानु है गुरमुखि को पाए ॥५॥

ਲਾਲੇ ਵਿਚਿ ਗੁਣੁ ਕਿਛੁ ਨਹੀ ਲਾਲਾ ਅਵਗਣਿਆਰੁ ॥ (1011-18)
लाले विचि गुणु किछु नही लाला अवगणिआरु ॥

ਤੁਧੁ ਜੇਵਡੁ ਦਾਤਾ ਕੋ ਨਹੀ ਤੂ ਬਖਸਣਹਾਰੁ ॥ (1011-18)
तुधु जेवडु दाता को नही तू बखसणहारु ॥

ਤੇਰਾ ਹੁਕਮੁ ਲਾਲਾ ਮੰਨੇ ਏਹ ਕਰਣੀ ਸਾਰੁ ॥੬॥ (1011-19)
तेरा हुकमु लाला मंने एह करणी सारु ॥६॥

ਗੁਰੁ ਸਾਗਰੁ ਅੰਮ੍ਰਿਤ ਸਰੁ ਜੋ ਇਛੇ ਸੋ ਫਲੁ ਪਾਏ ॥ (1011-19)
गुरु सागरु अमृत सरु जो इछे सो फलु पाए ॥

ਨਾਮੁ ਪਦਾਰਥੁ ਅਮਰੁ ਹੈ ਹਿਰਦੈ ਮੰਨਿ ਵਸਾਏ ॥ (1011-19)
नामु पदारथु अमरु है हिरदै मंनि वसाए ॥

ਗੁਰ ਸੇਵਾ ਸਦਾ ਸੁਖੁ ਹੈ ਜਿਸ ਨੋ ਹੁਕਮੁ ਮਨਾਏ ॥੭॥ (1012-1)
गुर सेवा सदा सुखु है जिस नो हुकमु मनाए ॥७॥

ਸੁਇਨਾ ਰੁਪਾ ਸਭ ਧਾਤੁ ਹੈ ਮਾਟੀ ਰਲਿ ਜਾਈ ॥ (1012-1)
सुइना रुपा सभ धातु है माटी रलि जाई ॥

ਬਿਨੁ ਨਾਵੈ ਨਾਲਿ ਨ ਚਲਈ ਸਤਿਗੁਰਿ ਬੂਝ ਬੁਝਾਈ ॥ (1012-2)
बिनु नावै नालि न चलई सतिगुरि बूझ बुझाई ॥

ਨਾਨਕ ਨਾਮਿ ਰਤੇ ਸੇ ਨਿਰਮਲੇ ਸਾਚੈ ਰਹੇ ਸਮਾਈ ॥੮॥੫॥ (1012-2)
नानक नामि रते से निरमले साचै रहे समाई ॥८॥५॥

ਮਾਰੂ ਮਹਲਾ ੧ ॥ (1012-3)
मारू महला १ ॥

ਹੁਕਮੁ ਭਇਆ ਰਹਣਾ ਨਹੀ ਧੁਰਿ ਫਾਟੇ ਚੀਰੈ ॥ (1012-3)
हुकमु भइआ रहणा नही धुरि फाटे चीरै ॥

ਏਹੁ ਮਨੁ ਅਵਗਣਿ ਬਾਧਿਆ ਸਹੁ ਦੇਹ ਸਰੀਰੈ ॥ (1012-3)
एहु मनु अवगणि बाधिआ सहु देह सरीरै ॥

ਪੂਰੈ ਗੁਰਿ ਬਖਸਾਈਅਹਿ ਸਭਿ ਗੁਨਹ ਫਕੀਰੈ ॥੧॥ (1012-4)
पूरै गुरि बखसाईअहि सभि गुनह फकीरै ॥१॥

ਕਿਉ ਰਹੀਐ ਉਠਿ ਚਲਣਾ ਬੁਝੁ ਸਬਦ ਬੀਚਾਰਾ ॥ (1012-4)
किउ रहीऐ उठि चलणा बुझु सबद बीचारा ॥

ਜਿਸੁ ਤੂ ਮੇਲਹਿ ਸੋ ਮਿਲੈ ਧੁਰਿ ਹੁਕਮੁ ਅਪਾਰਾ ॥੧॥ ਰਹਾਉ ॥ (1012-5)
जिसु तू मेलहि सो मिलै धुरि हुकमु अपारा ॥१॥ रहाउ ॥

ਜਿਉ ਤੂ ਰਾਖਹਿ ਤਿਉ ਰਹਾ ਜੋ ਦੇਹਿ ਸੁ ਖਾਉ ॥ (1012-5)
जिउ तू राखहि तिउ रहा जो देहि सु खाउ ॥

ਜਿਉ ਤੂ ਚਲਾਵਹਿ ਤਿਉ ਚਲਾ ਮੁਖਿ ਅੰਮ੍ਰਿਤ ਨਾਉ ॥ (1012-6)
जिउ तू चलावहि तिउ चला मुखि अमृत नाउ ॥

ਮੇਰੇ ਠਾਕੁਰ ਹਥਿ ਵਡਿਆਈਆ ਮੇਲਹਿ ਮਨਿ ਚਾਉ ॥੨॥ (1012-6)
मेरे ठाकुर हथि वडिआईआ मेलहि मनि चाउ ॥२॥

ਕੀਤਾ ਕਿਆ ਸਾਲਾਹੀਐ ਕਰਿ ਦੇਖੈ ਸੋਈ ॥ (1012-7)
कीता किआ सालाहीऐ करि देखै सोई ॥

ਜਿਨਿ ਕੀਆ ਸੋ ਮਨਿ ਵਸੈ ਮੈ ਅਵਰੁ ਨ ਕੋਈ ॥ (1012-7)
जिनि कीआ सो मनि वसै मै अवरु न कोई ॥

ਸੋ ਸਾਚਾ ਸਾਲਾਹੀਐ ਸਾਚੀ ਪਤਿ ਹੋਈ ॥੩॥ (1012-8)
सो साचा सालाहीऐ साची पति होई ॥३॥

ਪੰਡਿਤੁ ਪੜਿ ਨ ਪਹੁਚਈ ਬਹੁ ਆਲ ਜੰਜਾਲਾ ॥ (1012-8)
पंडितु पड़ि न पहुचई बहु आल जंजाला ॥

ਪਾਪ ਪੁੰਨ ਦੁਇ ਸੰਗਮੇ ਖੁਧਿਆ ਜਮਕਾਲਾ ॥ (1012-9)
पाप पुंन दुइ संगमे खुधिआ जमकाला ॥

ਵਿਛੋੜਾ ਭਉ ਵੀਸਰੈ ਪੂਰਾ ਰਖਵਾਲਾ ॥੪॥ (1012-9)
विछोड़ा भउ वीसरै पूरा रखवाला ॥४॥

ਜਿਨ ਕੀ ਲੇਖੈ ਪਤਿ ਪਵੈ ਸੇ ਪੂਰੇ ਭਾਈ ॥ (1012-9)
जिन की लेखै पति पवै से पूरे भाई ॥

ਪੂਰੇ ਪੂਰੀ ਮਤਿ ਹੈ ਸਚੀ ਵਡਿਆਈ ॥ (1012-10)
पूरे पूरी मति है सची वडिआई ॥

ਦੇਦੇ ਤੋਟਿ ਨ ਆਵਈ ਲੈ ਲੈ ਥਕਿ ਪਾਈ ॥੫॥ (1012-10)
देदे तोटि न आवई लै लै थकि पाई ॥५॥

ਖਾਰ ਸਮੁਦ੍ਰੁ ਢੰਢੋਲੀਐ ਇਕੁ ਮਣੀਆ ਪਾਵੈ ॥ (1012-10)
खार समुद्रु ढंढोलीऐ इकु मणीआ पावै ॥

ਦੁਇ ਦਿਨ ਚਾਰਿ ਸੁਹਾਵਣਾ ਮਾਟੀ ਤਿਸੁ ਖਾਵੈ ॥ (1012-11)
दुइ दिन चारि सुहावणा माटी तिसु खावै ॥

ਗੁਰੁ ਸਾਗਰੁ ਸਤਿ ਸੇਵੀਐ ਦੇ ਤੋਟਿ ਨ ਆਵੈ ॥੬॥ (1012-11)
गुरु सागरु सति सेवीऐ दे तोटि न आवै ॥६॥

ਮੇਰੇ ਪ੍ਰਭ ਭਾਵਨਿ ਸੇ ਊਜਲੇ ਸਭ ਮੈਲੁ ਭਰੀਜੈ ॥ (1012-12)
मेरे प्रभ भावनि से ऊजले सभ मैलु भरीजै ॥

ਮੈਲਾ ਊਜਲੁ ਤਾ ਥੀਐ ਪਾਰਸ ਸੰਗਿ ਭੀਜੈ ॥ (1012-12)
मैला ऊजलु ता थीऐ पारस संगि भीजै ॥

ਵੰਨੀ ਸਾਚੇ ਲਾਲ ਕੀ ਕਿਨਿ ਕੀਮਤਿ ਕੀਜੈ ॥੭॥ (1012-13)
वंनी साचे लाल की किनि कीमति कीजै ॥७॥

ਭੇਖੀ ਹਾਥ ਨ ਲਭਈ ਤੀਰਥਿ ਨਹੀ ਦਾਨੇ ॥ (1012-13)
भेखी हाथ न लभई तीरथि नही दाने ॥

ਪੂਛਉ ਬੇਦ ਪੜੰਤਿਆ ਮੂਠੀ ਵਿਣੁ ਮਾਨੇ ॥ (1012-13)
पूछउ बेद पड़ंतिआ मूठी विणु माने ॥

ਨਾਨਕ ਕੀਮਤਿ ਸੋ ਕਰੇ ਪੂਰਾ ਗੁਰੁ ਗਿਆਨੇ ॥੮॥੬॥ (1012-14)
नानक कीमति सो करे पूरा गुरु गिआने ॥८॥६॥

ਮਾਰੂ ਮਹਲਾ ੧ ॥ (1012-14)
मारू महला १ ॥

ਮਨਮੁਖੁ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ ॥ (1012-15)
मनमुखु लहरि घरु तजि विगूचै अवरा के घर हेरै ॥

ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ ਦੁਰਮਤਿ ਘੂਮਨ ਘੇਰੈ ॥ (1012-15)
ग्रिह धरमु गवाए सतिगुरु न भेटै दुरमति घूमन घेरै ॥

ਦਿਸੰਤਰੁ ਭਵੈ ਪਾਠ ਪੜਿ ਥਾਕਾ ਤ੍ਰਿਸਨਾ ਹੋਇ ਵਧੇਰੈ ॥ (1012-16)
दिसंतरु भवै पाठ पड़ि थाका त्रिसना होइ वधेरै ॥

ਕਾਚੀ ਪਿੰਡੀ ਸਬਦੁ ਨ ਚੀਨੈ ਉਦਰੁ ਭਰੈ ਜੈਸੇ ਢੋਰੈ ॥੧॥ (1012-16)
काची पिंडी सबदु न चीनै उदरु भरै जैसे ढोरै ॥१॥

ਬਾਬਾ ਐਸੀ ਰਵਤ ਰਵੈ ਸੰਨਿਆਸੀ ॥ (1012-17)
बाबा ऐसी रवत रवै संनिआसी ॥

ਗੁਰ ਕੈ ਸਬਦਿ ਏਕ ਲਿਵ ਲਾਗੀ ਤੇਰੈ ਨਾਮਿ ਰਤੇ ਤ੍ਰਿਪਤਾਸੀ ॥੧॥ ਰਹਾਉ ॥ (1012-17)
गुर कै सबदि एक लिव लागी तेरै नामि रते त्रिपतासी ॥१॥ रहाउ ॥

ਘੋਲੀ ਗੇਰੂ ਰੰਗੁ ਚੜਾਇਆ ਵਸਤ੍ਰ ਭੇਖ ਭੇਖਾਰੀ ॥ (1012-18)
घोली गेरू रंगु चड़ाइआ वसत्र भेख भेखारी ॥

ਕਾਪੜ ਫਾਰਿ ਬਨਾਈ ਖਿੰਥਾ ਝੋਲੀ ਮਾਇਆਧਾਰੀ ॥ (1012-18)
कापड़ फारि बनाई खिंथा झोली माइआधारी ॥

ਘਰਿ ਘਰਿ ਮਾਗੈ ਜਗੁ ਪਰਬੋਧੈ ਮਨਿ ਅੰਧੈ ਪਤਿ ਹਾਰੀ ॥ (1012-19)
घरि घरि मागै जगु परबोधै मनि अंधै पति हारी ॥

ਭਰਮਿ ਭੁਲਾਣਾ ਸਬਦੁ ਨ ਚੀਨੈ ਜੂਐ ਬਾਜੀ ਹਾਰੀ ॥੨॥ (1012-19)
भरमि भुलाणा सबदु न चीनै जूऐ बाजी हारी ॥२॥

ਅੰਤਰਿ ਅਗਨਿ ਨ ਗੁਰ ਬਿਨੁ ਬੂਝੈ ਬਾਹਰਿ ਪੂਅਰ ਤਾਪੈ ॥ (1013-1)
अंतरि अगनि न गुर बिनु बूझै बाहरि पूअर तापै ॥

ਗੁਰ ਸੇਵਾ ਬਿਨੁ ਭਗਤਿ ਨ ਹੋਵੀ ਕਿਉ ਕਰਿ ਚੀਨਸਿ ਆਪੈ ॥ (1013-1)
गुर सेवा बिनु भगति न होवी किउ करि चीनसि आपै ॥

ਨਿੰਦਾ ਕਰਿ ਕਰਿ ਨਰਕ ਨਿਵਾਸੀ ਅੰਤਰਿ ਆਤਮ ਜਾਪੈ ॥ (1013-2)
निंदा करि करि नरक निवासी अंतरि आतम जापै ॥

ਅਠਸਠਿ ਤੀਰਥ ਭਰਮਿ ਵਿਗੂਚਹਿ ਕਿਉ ਮਲੁ ਧੋਪੈ ਪਾਪੈ ॥੩॥ (1013-2)
अठसठि तीरथ भरमि विगूचहि किउ मलु धोपै पापै ॥३॥

ਛਾਣੀ ਖਾਕੁ ਬਿਭੂਤ ਚੜਾਈ ਮਾਇਆ ਕਾ ਮਗੁ ਜੋਹੈ ॥ (1013-3)
छाणी खाकु बिभूत चड़ाई माइआ का मगु जोहै ॥

ਅੰਤਰਿ ਬਾਹਰਿ ਏਕੁ ਨ ਜਾਣੈ ਸਾਚੁ ਕਹੇ ਤੇ ਛੋਹੈ ॥ (1013-3)
अंतरि बाहरि एकु न जाणै साचु कहे ते छोहै ॥

ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ ॥ (1013-4)
पाठु पड़ै मुखि झूठो बोलै निगुरे की मति ओहै ॥

ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ ॥੪॥ (1013-4)
नामु न जपई किउ सुखु पावै बिनु नावै किउ सोहै ॥४॥

ਮੂੰਡੁ ਮੁਡਾਇ ਜਟਾ ਸਿਖ ਬਾਧੀ ਮੋਨਿ ਰਹੈ ਅਭਿਮਾਨਾ ॥ (1013-5)
मूंडु मुडाइ जटा सिख बाधी मोनि रहै अभिमाना ॥

ਮਨੂਆ ਡੋਲੈ ਦਹ ਦਿਸ ਧਾਵੈ ਬਿਨੁ ਰਤ ਆਤਮ ਗਿਆਨਾ ॥ (1013-5)
मनूआ डोलै दह दिस धावै बिनु रत आतम गिआना ॥

ਅੰਮ੍ਰਿਤੁ ਛੋਡਿ ਮਹਾ ਬਿਖੁ ਪੀਵੈ ਮਾਇਆ ਕਾ ਦੇਵਾਨਾ ॥ (1013-6)
अमृतु छोडि महा बिखु पीवै माइआ का देवाना ॥

ਕਿਰਤੁ ਨ ਮਿਟਈ ਹੁਕਮੁ ਨ ਬੂਝੈ ਪਸੂਆ ਮਾਹਿ ਸਮਾਨਾ ॥੫॥ (1013-7)
किरतु न मिटई हुकमु न बूझै पसूआ माहि समाना ॥५॥

ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ ॥ (1013-7)
हाथ कमंडलु कापड़ीआ मनि त्रिसना उपजी भारी ॥

ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ ॥ (1013-8)
इसत्री तजि करि कामि विआपिआ चितु लाइआ पर नारी ॥

ਸਿਖ ਕਰੇ ਕਰਿ ਸਬਦੁ ਨ ਚੀਨੈ ਲੰਪਟੁ ਹੈ ਬਾਜਾਰੀ ॥ (1013-8)
सिख करे करि सबदु न चीनै ल्मपटु है बाजारी ॥

ਅੰਤਰਿ ਬਿਖੁ ਬਾਹਰਿ ਨਿਭਰਾਤੀ ਤਾ ਜਮੁ ਕਰੇ ਖੁਆਰੀ ॥੬॥ (1013-9)
अंतरि बिखु बाहरि निभराती ता जमु करे खुआरी ॥६॥

ਸੋ ਸੰਨਿਆਸੀ ਜੋ ਸਤਿਗੁਰ ਸੇਵੈ ਵਿਚਹੁ ਆਪੁ ਗਵਾਏ ॥ (1013-9)
सो संनिआसी जो सतिगुर सेवै विचहु आपु गवाए ॥

ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਸੋ ਪਾਏ ॥ (1013-10)
छादन भोजन की आस न करई अचिंतु मिलै सो पाए ॥

ਬਕੈ ਨ ਬੋਲੈ ਖਿਮਾ ਧਨੁ ਸੰਗ੍ਰਹੈ ਤਾਮਸੁ ਨਾਮਿ ਜਲਾਏ ॥ (1013-10)
बकै न बोलै खिमा धनु संग्रहै तामसु नामि जलाए ॥

ਧਨੁ ਗਿਰਹੀ ਸੰਨਿਆਸੀ ਜੋਗੀ ਜਿ ਹਰਿ ਚਰਣੀ ਚਿਤੁ ਲਾਏ ॥੭॥ (1013-11)
धनु गिरही संनिआसी जोगी जि हरि चरणी चितु लाए ॥७॥

ਆਸ ਨਿਰਾਸ ਰਹੈ ਸੰਨਿਆਸੀ ਏਕਸੁ ਸਿਉ ਲਿਵ ਲਾਏ ॥ (1013-11)
आस निरास रहै संनिआसी एकसु सिउ लिव लाए ॥

ਹਰਿ ਰਸੁ ਪੀਵੈ ਤਾ ਸਾਤਿ ਆਵੈ ਨਿਜ ਘਰਿ ਤਾੜੀ ਲਾਏ ॥ (1013-12)
हरि रसु पीवै ता साति आवै निज घरि ताड़ी लाए ॥

ਮਨੂਆ ਨ ਡੋਲੈ ਗੁਰਮੁਖਿ ਬੂਝੈ ਧਾਵਤੁ ਵਰਜਿ ਰਹਾਏ ॥ (1013-13)
मनूआ न डोलै गुरमुखि बूझै धावतु वरजि रहाए ॥

ਗ੍ਰਿਹੁ ਸਰੀਰੁ ਗੁਰਮਤੀ ਖੋਜੇ ਨਾਮੁ ਪਦਾਰਥੁ ਪਾਏ ॥੮॥ (1013-13)
ग्रिहु सरीरु गुरमती खोजे नामु पदारथु पाए ॥८॥

ਬ੍ਰਹਮਾ ਬਿਸਨੁ ਮਹੇਸੁ ਸਰੇਸਟ ਨਾਮਿ ਰਤੇ ਵੀਚਾਰੀ ॥ (1013-14)
ब्रहमा बिसनु महेसु सरेसट नामि रते वीचारी ॥

ਖਾਣੀ ਬਾਣੀ ਗਗਨ ਪਤਾਲੀ ਜੰਤਾ ਜੋਤਿ ਤੁਮਾਰੀ ॥ (1013-14)
खाणी बाणी गगन पताली जंता जोति तुमारी ॥

ਸਭਿ ਸੁਖ ਮੁਕਤਿ ਨਾਮ ਧੁਨਿ ਬਾਣੀ ਸਚੁ ਨਾਮੁ ਉਰ ਧਾਰੀ ॥ (1013-14)
सभि सुख मुकति नाम धुनि बाणी सचु नामु उर धारी ॥

ਨਾਮ ਬਿਨਾ ਨਹੀ ਛੂਟਸਿ ਨਾਨਕ ਸਾਚੀ ਤਰੁ ਤੂ ਤਾਰੀ ॥੯॥੭॥ (1013-15)
नाम बिना नही छूटसि नानक साची तरु तू तारी ॥९॥७॥

ਮਾਰੂ ਮਹਲਾ ੧ ॥ (1013-16)
मारू महला १ ॥

ਮਾਤ ਪਿਤਾ ਸੰਜੋਗਿ ਉਪਾਏ ਰਕਤੁ ਬਿੰਦੁ ਮਿਲਿ ਪਿੰਡੁ ਕਰੇ ॥ (1013-16)
मात पिता संजोगि उपाए रकतु बिंदु मिलि पिंडु करे ॥

ਅੰਤਰਿ ਗਰਭ ਉਰਧਿ ਲਿਵ ਲਾਗੀ ਸੋ ਪ੍ਰਭੁ ਸਾਰੇ ਦਾਤਿ ਕਰੇ ॥੧॥ (1013-16)
अंतरि गरभ उरधि लिव लागी सो प्रभु सारे दाति करे ॥१॥

ਸੰਸਾਰੁ ਭਵਜਲੁ ਕਿਉ ਤਰੈ ॥ (1013-17)
संसारु भवजलु किउ तरै ॥

ਗੁਰਮੁਖਿ ਨਾਮੁ ਨਿਰੰਜਨੁ ਪਾਈਐ ਅਫਰਿਓ ਭਾਰੁ ਅਫਾਰੁ ਟਰੈ ॥੧॥ ਰਹਾਉ ॥ (1013-17)
गुरमुखि नामु निरंजनु पाईऐ अफरिओ भारु अफारु टरै ॥१॥ रहाउ ॥

ਤੇ ਗੁਣ ਵਿਸਰਿ ਗਏ ਅਪਰਾਧੀ ਮੈ ਬਉਰਾ ਕਿਆ ਕਰਉ ਹਰੇ ॥ (1013-18)
ते गुण विसरि गए अपराधी मै बउरा किआ करउ हरे ॥

ਤੂ ਦਾਤਾ ਦਇਆਲੁ ਸਭੈ ਸਿਰਿ ਅਹਿਨਿਸਿ ਦਾਤਿ ਸਮਾਰਿ ਕਰੇ ॥੨॥ (1013-19)
तू दाता दइआलु सभै सिरि अहिनिसि दाति समारि करे ॥२॥

ਚਾਰਿ ਪਦਾਰਥ ਲੈ ਜਗਿ ਜਨਮਿਆ ਸਿਵ ਸਕਤੀ ਘਰਿ ਵਾਸੁ ਧਰੇ ॥ (1013-19)
चारि पदारथ लै जगि जनमिआ सिव सकती घरि वासु धरे ॥

ਲਾਗੀ ਭੂਖ ਮਾਇਆ ਮਗੁ ਜੋਹੈ ਮੁਕਤਿ ਪਦਾਰਥੁ ਮੋਹਿ ਖਰੇ ॥੩॥ (1014-1)
लागी भूख माइआ मगु जोहै मुकति पदारथु मोहि खरे ॥३॥

ਕਰਣ ਪਲਾਵ ਕਰੇ ਨਹੀ ਪਾਵੈ ਇਤ ਉਤ ਢੂਢਤ ਥਾਕਿ ਪਰੇ ॥ (1014-1)
करण पलाव करे नही पावै इत उत ढूढत थाकि परे ॥

ਕਾਮਿ ਕ੍ਰੋਧਿ ਅਹੰਕਾਰਿ ਵਿਆਪੇ ਕੂੜ ਕੁਟੰਬ ਸਿਉ ਪ੍ਰੀਤਿ ਕਰੇ ॥੪॥ (1014-2)
कामि क्रोधि अहंकारि विआपे कूड़ कुट्मब सिउ प्रीति करे ॥४॥

ਖਾਵੈ ਭੋਗੈ ਸੁਣਿ ਸੁਣਿ ਦੇਖੈ ਪਹਿਰਿ ਦਿਖਾਵੈ ਕਾਲ ਘਰੇ ॥ (1014-3)
खावै भोगै सुणि सुणि देखै पहिरि दिखावै काल घरे ॥

ਬਿਨੁ ਗੁਰ ਸਬਦ ਨ ਆਪੁ ਪਛਾਣੈ ਬਿਨੁ ਹਰਿ ਨਾਮ ਨ ਕਾਲੁ ਟਰੇ ॥੫॥ (1014-3)
बिनु गुर सबद न आपु पछाणै बिनु हरि नाम न कालु टरे ॥५॥

ਜੇਤਾ ਮੋਹੁ ਹਉਮੈ ਕਰਿ ਭੂਲੇ ਮੇਰੀ ਮੇਰੀ ਕਰਤੇ ਛੀਨਿ ਖਰੇ ॥ (1014-4)
जेता मोहु हउमै करि भूले मेरी मेरी करते छीनि खरे ॥

ਤਨੁ ਧਨੁ ਬਿਨਸੈ ਸਹਸੈ ਸਹਸਾ ਫਿਰਿ ਪਛੁਤਾਵੈ ਮੁਖਿ ਧੂਰਿ ਪਰੇ ॥੬॥ (1014-4)
तनु धनु बिनसै सहसै सहसा फिरि पछुतावै मुखि धूरि परे ॥६॥

ਬਿਰਧਿ ਭਇਆ ਜੋਬਨੁ ਤਨੁ ਖਿਸਿਆ ਕਫੁ ਕੰਠੁ ਬਿਰੂਧੋ ਨੈਨਹੁ ਨੀਰੁ ਢਰੇ ॥ (1014-5)
बिरधि भइआ जोबनु तनु खिसिआ कफु कंठु बिरूधो नैनहु नीरु ढरे ॥

ਚਰਣ ਰਹੇ ਕਰ ਕੰਪਣ ਲਾਗੇ ਸਾਕਤ ਰਾਮੁ ਨ ਰਿਦੈ ਹਰੇ ॥੭॥ (1014-6)
चरण रहे कर क्मपण लागे साकत रामु न रिदै हरे ॥७॥

ਸੁਰਤਿ ਗਈ ਕਾਲੀ ਹੂ ਧਉਲੇ ਕਿਸੈ ਨ ਭਾਵੈ ਰਖਿਓ ਘਰੇ ॥ (1014-6)
सुरति गई काली हू धउले किसै न भावै रखिओ घरे ॥

ਬਿਸਰਤ ਨਾਮ ਐਸੇ ਦੋਖ ਲਾਗਹਿ ਜਮੁ ਮਾਰਿ ਸਮਾਰੇ ਨਰਕਿ ਖਰੇ ॥੮॥ (1014-7)
बिसरत नाम ऐसे दोख लागहि जमु मारि समारे नरकि खरे ॥८॥

ਪੂਰਬ ਜਨਮ ਕੋ ਲੇਖੁ ਨ ਮਿਟਈ ਜਨਮਿ ਮਰੈ ਕਾ ਕਉ ਦੋਸੁ ਧਰੇ ॥ (1014-8)
पूरब जनम को लेखु न मिटई जनमि मरै का कउ दोसु धरे ॥

ਬਿਨੁ ਗੁਰ ਬਾਦਿ ਜੀਵਣੁ ਹੋਰੁ ਮਰਣਾ ਬਿਨੁ ਗੁਰ ਸਬਦੈ ਜਨਮੁ ਜਰੇ ॥੯॥ (1014-8)
बिनु गुर बादि जीवणु होरु मरणा बिनु गुर सबदै जनमु जरे ॥९॥

ਖੁਸੀ ਖੁਆਰ ਭਏ ਰਸ ਭੋਗਣ ਫੋਕਟ ਕਰਮ ਵਿਕਾਰ ਕਰੇ ॥ (1014-9)
खुसी खुआर भए रस भोगण फोकट करम विकार करे ॥

ਨਾਮੁ ਬਿਸਾਰਿ ਲੋਭਿ ਮੂਲੁ ਖੋਇਓ ਸਿਰਿ ਧਰਮ ਰਾਇ ਕਾ ਡੰਡੁ ਪਰੇ ॥੧੦॥ (1014-9)
नामु बिसारि लोभि मूलु खोइओ सिरि धरम राइ का डंडु परे ॥१०॥

ਗੁਰਮੁਖਿ ਰਾਮ ਨਾਮ ਗੁਣ ਗਾਵਹਿ ਜਾ ਕਉ ਹਰਿ ਪ੍ਰਭੁ ਨਦਰਿ ਕਰੇ ॥ (1014-10)
गुरमुखि राम नाम गुण गावहि जा कउ हरि प्रभु नदरि करे ॥

ਤੇ ਨਿਰਮਲ ਪੁਰਖ ਅਪਰੰਪਰ ਪੂਰੇ ਤੇ ਜਗ ਮਹਿ ਗੁਰ ਗੋਵਿੰਦ ਹਰੇ ॥੧੧॥ (1014-11)
ते निरमल पुरख अपर्मपर पूरे ते जग महि गुर गोविंद हरे ॥११॥

ਹਰਿ ਸਿਮਰਹੁ ਗੁਰ ਬਚਨ ਸਮਾਰਹੁ ਸੰਗਤਿ ਹਰਿ ਜਨ ਭਾਉ ਕਰੇ ॥ (1014-11)
हरि सिमरहु गुर बचन समारहु संगति हरि जन भाउ करे ॥

ਹਰਿ ਜਨ ਗੁਰੁ ਪਰਧਾਨੁ ਦੁਆਰੈ ਨਾਨਕ ਤਿਨ ਜਨ ਕੀ ਰੇਣੁ ਹਰੇ ॥੧੨॥੮॥ (1014-12)
हरि जन गुरु परधानु दुआरै नानक तिन जन की रेणु हरे ॥१२॥८॥

ੴ ਸਤਿਗੁਰ ਪ੍ਰਸਾਦਿ ॥ (1014-14)
ੴ सतिगुर प्रसादि ॥

ਮਾਰੂ ਕਾਫੀ ਮਹਲਾ ੧ ਘਰੁ ੨ ॥ (1014-15)
मारू काफी महला १ घरु २ ॥

ਆਵਉ ਵੰਞਉ ਡੁੰਮਣੀ ਕਿਤੀ ਮਿਤ੍ਰ ਕਰੇਉ ॥ (1014-15)
आवउ वंञउ डुंमणी किती मित्र करेउ ॥

ਸਾ ਧਨ ਢੋਈ ਨ ਲਹੈ ਵਾਢੀ ਕਿਉ ਧੀਰੇਉ ॥੧॥ (1014-15)
सा धन ढोई न लहै वाढी किउ धीरेउ ॥१॥

ਮੈਡਾ ਮਨੁ ਰਤਾ ਆਪਨੜੇ ਪਿਰ ਨਾਲਿ ॥ (1014-16)
मैडा मनु रता आपनड़े पिर नालि ॥

ਹਉ ਘੋਲਿ ਘੁਮਾਈ ਖੰਨੀਐ ਕੀਤੀ ਹਿਕ ਭੋਰੀ ਨਦਰਿ ਨਿਹਾਲਿ ॥੧॥ ਰਹਾਉ ॥ (1014-16)
हउ घोलि घुमाई खंनीऐ कीती हिक भोरी नदरि निहालि ॥१॥ रहाउ ॥

ਪੇਈਅੜੈ ਡੋਹਾਗਣੀ ਸਾਹੁਰੜੈ ਕਿਉ ਜਾਉ ॥ (1014-17)
पेईअड़ै डोहागणी साहुरड़ै किउ जाउ ॥

ਮੈ ਗਲਿ ਅਉਗਣ ਮੁਠੜੀ ਬਿਨੁ ਪਿਰ ਝੂਰਿ ਮਰਾਉ ॥੨॥ (1014-17)
मै गलि अउगण मुठड़ी बिनु पिर झूरि मराउ ॥२॥

ਪੇਈਅੜੈ ਪਿਰੁ ਸੰਮਲਾ ਸਾਹੁਰੜੈ ਘਰਿ ਵਾਸੁ ॥ (1014-18)
पेईअड़ै पिरु संमला साहुरड़ै घरि वासु ॥

ਸੁਖਿ ਸਵੰਧਿ ਸੋਹਾਗਣੀ ਪਿਰੁ ਪਾਇਆ ਗੁਣਤਾਸੁ ॥੩॥ (1014-18)
सुखि सवंधि सोहागणी पिरु पाइआ गुणतासु ॥३॥

ਲੇਫੁ ਨਿਹਾਲੀ ਪਟ ਕੀ ਕਾਪੜੁ ਅੰਗਿ ਬਣਾਇ ॥ (1014-19)
लेफु निहाली पट की कापड़ु अंगि बणाइ ॥

ਪਿਰੁ ਮੁਤੀ ਡੋਹਾਗਣੀ ਤਿਨ ਡੁਖੀ ਰੈਣਿ ਵਿਹਾਇ ॥੪॥ (1014-19)
पिरु मुती डोहागणी तिन डुखी रैणि विहाइ ॥४॥

ਕਿਤੀ ਚਖਉ ਸਾਡੜੇ ਕਿਤੀ ਵੇਸ ਕਰੇਉ ॥ (1015-1)
किती चखउ साडड़े किती वेस करेउ ॥

ਪਿਰ ਬਿਨੁ ਜੋਬਨੁ ਬਾਦਿ ਗਇਅਮੁ ਵਾਢੀ ਝੂਰੇਦੀ ਝੂਰੇਉ ॥੫॥ (1015-1)
पिर बिनु जोबनु बादि गइअमु वाढी झूरेदी झूरेउ ॥५॥

ਸਚੇ ਸੰਦਾ ਸਦੜਾ ਸੁਣੀਐ ਗੁਰ ਵੀਚਾਰਿ ॥ (1015-2)
सचे संदा सदड़ा सुणीऐ गुर वीचारि ॥

ਸਚੇ ਸਚਾ ਬੈਹਣਾ ਨਦਰੀ ਨਦਰਿ ਪਿਆਰਿ ॥੬॥ (1015-2)
सचे सचा बैहणा नदरी नदरि पिआरि ॥६॥

ਗਿਆਨੀ ਅੰਜਨੁ ਸਚ ਕਾ ਡੇਖੈ ਡੇਖਣਹਾਰੁ ॥ (1015-3)
गिआनी अंजनु सच का डेखै डेखणहारु ॥

ਗੁਰਮੁਖਿ ਬੂਝੈ ਜਾਣੀਐ ਹਉਮੈ ਗਰਬੁ ਨਿਵਾਰਿ ॥੭॥ (1015-3)
गुरमुखि बूझै जाणीऐ हउमै गरबु निवारि ॥७॥

ਤਉ ਭਾਵਨਿ ਤਉ ਜੇਹੀਆ ਮੂ ਜੇਹੀਆ ਕਿਤੀਆਹ ॥ (1015-3)
तउ भावनि तउ जेहीआ मू जेहीआ कितीआह ॥

ਨਾਨਕ ਨਾਹੁ ਨ ਵੀਛੁੜੈ ਤਿਨ ਸਚੈ ਰਤੜੀਆਹ ॥੮॥੧॥੯॥ (1015-4)
नानक नाहु न वीछुड़ै तिन सचै रतड़ीआह ॥८॥१॥९॥

ਮਾਰੂ ਮਹਲਾ ੧ ॥ (1015-5)
मारू महला १ ॥

ਨਾ ਭੈਣਾ ਭਰਜਾਈਆ ਨਾ ਸੇ ਸਸੁੜੀਆਹ ॥ (1015-5)
ना भैणा भरजाईआ ना से ससुड़ीआह ॥

ਸਚਾ ਸਾਕੁ ਨ ਤੁਟਈ ਗੁਰੁ ਮੇਲੇ ਸਹੀਆਹ ॥੧॥ (1015-5)
सचा साकु न तुटई गुरु मेले सहीआह ॥१॥

ਬਲਿਹਾਰੀ ਗੁਰ ਆਪਣੇ ਸਦ ਬਲਿਹਾਰੈ ਜਾਉ ॥ (1015-6)
बलिहारी गुर आपणे सद बलिहारै जाउ ॥

ਗੁਰ ਬਿਨੁ ਏਤਾ ਭਵਿ ਥਕੀ ਗੁਰਿ ਪਿਰੁ ਮੇਲਿਮੁ ਦਿਤਮੁ ਮਿਲਾਇ ॥੧॥ ਰਹਾਉ ॥ (1015-6)
गुर बिनु एता भवि थकी गुरि पिरु मेलिमु दितमु मिलाइ ॥१॥ रहाउ ॥

ਫੁਫੀ ਨਾਨੀ ਮਾਸੀਆ ਦੇਰ ਜੇਠਾਨੜੀਆਹ ॥ (1015-7)
फुफी नानी मासीआ देर जेठानड़ीआह ॥

ਆਵਨਿ ਵੰਞਨਿ ਨਾ ਰਹਨਿ ਪੂਰ ਭਰੇ ਪਹੀਆਹ ॥੨॥ (1015-7)
आवनि वंञनि ना रहनि पूर भरे पहीआह ॥२॥

ਮਾਮੇ ਤੈ ਮਾਮਾਣੀਆ ਭਾਇਰ ਬਾਪ ਨ ਮਾਉ ॥ (1015-8)
मामे तै मामाणीआ भाइर बाप न माउ ॥

ਸਾਥ ਲਡੇ ਤਿਨ ਨਾਠੀਆ ਭੀੜ ਘਣੀ ਦਰੀਆਉ ॥੩॥ (1015-8)
साथ लडे तिन नाठीआ भीड़ घणी दरीआउ ॥३॥

ਸਾਚਉ ਰੰਗਿ ਰੰਗਾਵਲੋ ਸਖੀ ਹਮਾਰੋ ਕੰਤੁ ॥ (1015-9)
साचउ रंगि रंगावलो सखी हमारो कंतु ॥

ਸਚਿ ਵਿਛੋੜਾ ਨਾ ਥੀਐ ਸੋ ਸਹੁ ਰੰਗਿ ਰਵੰਤੁ ॥੪॥ (1015-9)
सचि विछोड़ा ना थीऐ सो सहु रंगि रवंतु ॥४॥

ਸਭੇ ਰੁਤੀ ਚੰਗੀਆ ਜਿਤੁ ਸਚੇ ਸਿਉ ਨੇਹੁ ॥ (1015-10)
सभे रुती चंगीआ जितु सचे सिउ नेहु ॥

ਸਾ ਧਨ ਕੰਤੁ ਪਛਾਣਿਆ ਸੁਖਿ ਸੁਤੀ ਨਿਸਿ ਡੇਹੁ ॥੫॥ (1015-10)
सा धन कंतु पछाणिआ सुखि सुती निसि डेहु ॥५॥

ਪਤਣਿ ਕੂਕੇ ਪਾਤਣੀ ਵੰਞਹੁ ਧ੍ਰੁਕਿ ਵਿਲਾੜਿ ॥ (1015-11)
पतणि कूके पातणी वंञहु ध्रुकि विलाड़ि ॥

ਪਾਰਿ ਪਵੰਦੜੇ ਡਿਠੁ ਮੈ ਸਤਿਗੁਰ ਬੋਹਿਥਿ ਚਾੜਿ ॥੬॥ (1015-11)
पारि पवंदड़े डिठु मै सतिगुर बोहिथि चाड़ि ॥६॥

ਹਿਕਨੀ ਲਦਿਆ ਹਿਕਿ ਲਦਿ ਗਏ ਹਿਕਿ ਭਾਰੇ ਭਰ ਨਾਲਿ ॥ (1015-11)
हिकनी लदिआ हिकि लदि गए हिकि भारे भर नालि ॥

ਜਿਨੀ ਸਚੁ ਵਣੰਜਿਆ ਸੇ ਸਚੇ ਪ੍ਰਭ ਨਾਲਿ ॥੭॥ (1015-12)
जिनी सचु वणंजिआ से सचे प्रभ नालि ॥७॥

ਨਾ ਹਮ ਚੰਗੇ ਆਖੀਅਹ ਬੁਰਾ ਨ ਦਿਸੈ ਕੋਇ ॥ (1015-12)
ना हम चंगे आखीअह बुरा न दिसै कोइ ॥

ਨਾਨਕ ਹਉਮੈ ਮਾਰੀਐ ਸਚੇ ਜੇਹੜਾ ਸੋਇ ॥੮॥੨॥੧੦॥ (1015-13)
नानक हउमै मारीऐ सचे जेहड़ा सोइ ॥८॥२॥१०॥

ਮਾਰੂ ਮਹਲਾ ੧ ॥ (1015-14)
मारू महला १ ॥

ਨਾ ਜਾਣਾ ਮੂਰਖੁ ਹੈ ਕੋਈ ਨਾ ਜਾਣਾ ਸਿਆਣਾ ॥ (1015-14)
ना जाणा मूरखु है कोई ना जाणा सिआणा ॥

ਸਦਾ ਸਾਹਿਬ ਕੈ ਰੰਗੇ ਰਾਤਾ ਅਨਦਿਨੁ ਨਾਮੁ ਵਖਾਣਾ ॥੧॥ (1015-14)
सदा साहिब कै रंगे राता अनदिनु नामु वखाणा ॥१॥

ਬਾਬਾ ਮੂਰਖੁ ਹਾ ਨਾਵੈ ਬਲਿ ਜਾਉ ॥ (1015-15)
बाबा मूरखु हा नावै बलि जाउ ॥

ਤੂ ਕਰਤਾ ਤੂ ਦਾਨਾ ਬੀਨਾ ਤੇਰੈ ਨਾਮਿ ਤਰਾਉ ॥੧॥ ਰਹਾਉ ॥ (1015-15)
तू करता तू दाना बीना तेरै नामि तराउ ॥१॥ रहाउ ॥

ਮੂਰਖੁ ਸਿਆਣਾ ਏਕੁ ਹੈ ਏਕ ਜੋਤਿ ਦੁਇ ਨਾਉ ॥ (1015-16)
मूरखु सिआणा एकु है एक जोति दुइ नाउ ॥

ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ ॥੨॥ (1015-16)
मूरखा सिरि मूरखु है जि मंने नाही नाउ ॥२॥

ਗੁਰ ਦੁਆਰੈ ਨਾਉ ਪਾਈਐ ਬਿਨੁ ਸਤਿਗੁਰ ਪਲੈ ਨ ਪਾਇ ॥ (1015-17)
गुर दुआरै नाउ पाईऐ बिनु सतिगुर पलै न पाइ ॥

ਸਤਿਗੁਰ ਕੈ ਭਾਣੈ ਮਨਿ ਵਸੈ ਤਾ ਅਹਿਨਿਸਿ ਰਹੈ ਲਿਵ ਲਾਇ ॥੩॥ (1015-17)
सतिगुर कै भाणै मनि वसै ता अहिनिसि रहै लिव लाइ ॥३॥

ਰਾਜੰ ਰੰਗੰ ਰੂਪੰ ਮਾਲੰ ਜੋਬਨੁ ਤੇ ਜੂਆਰੀ ॥ (1015-18)
राजं रंगं रूपं मालं जोबनु ते जूआरी ॥

ਹੁਕਮੀ ਬਾਧੇ ਪਾਸੈ ਖੇਲਹਿ ਚਉਪੜਿ ਏਕਾ ਸਾਰੀ ॥੪॥ (1015-18)
हुकमी बाधे पासै खेलहि चउपड़ि एका सारी ॥४॥

ਜਗਿ ਚਤੁਰੁ ਸਿਆਣਾ ਭਰਮਿ ਭੁਲਾਣਾ ਨਾਉ ਪੰਡਿਤ ਪੜਹਿ ਗਾਵਾਰੀ ॥ (1015-19)
जगि चतुरु सिआणा भरमि भुलाणा नाउ पंडित पड़हि गावारी ॥

ਨਾਉ ਵਿਸਾਰਹਿ ਬੇਦੁ ਸਮਾਲਹਿ ਬਿਖੁ ਭੂਲੇ ਲੇਖਾਰੀ ॥੫॥ (1015-19)
नाउ विसारहि बेदु समालहि बिखु भूले लेखारी ॥५॥

ਕਲਰ ਖੇਤੀ ਤਰਵਰ ਕੰਠੇ ਬਾਗਾ ਪਹਿਰਹਿ ਕਜਲੁ ਝਰੈ ॥ (1016-1)
कलर खेती तरवर कंठे बागा पहिरहि कजलु झरै ॥

ਏਹੁ ਸੰਸਾਰੁ ਤਿਸੈ ਕੀ ਕੋਠੀ ਜੋ ਪੈਸੈ ਸੋ ਗਰਬਿ ਜਰੈ ॥੬॥ (1016-1)
एहु संसारु तिसै की कोठी जो पैसै सो गरबि जरै ॥६॥

ਰਯਤਿ ਰਾਜੇ ਕਹਾ ਸਬਾਏ ਦੁਹੁ ਅੰਤਰਿ ਸੋ ਜਾਸੀ ॥ (1016-2)
रयति राजे कहा सबाए दुहु अंतरि सो जासी ॥

ਕਹਤ ਨਾਨਕੁ ਗੁਰ ਸਚੇ ਕੀ ਪਉੜੀ ਰਹਸੀ ਅਲਖੁ ਨਿਵਾਸੀ ॥੭॥੩॥੧੧॥ (1016-2)
कहत नानकु गुर सचे की पउड़ी रहसी अलखु निवासी ॥७॥३॥११॥

ਮਾਰੂ ਮਹਲਾ ੩ ਘਰੁ ੫ ਅਸਟਪਦੀ (1016-4)
मारू महला ३ घरु ५ असटपदी

ੴ ਸਤਿਗੁਰ ਪ੍ਰਸਾਦਿ ॥ (1016-4)
ੴ सतिगुर प्रसादि ॥

ਜਿਸ ਨੋ ਪ੍ਰੇਮੁ ਮੰਨਿ ਵਸਾਏ ॥ (1016-5)
जिस नो प्रेमु मंनि वसाए ॥

ਸਾਚੈ ਸਬਦਿ ਸਹਜਿ ਸੁਭਾਏ ॥ (1016-5)
साचै सबदि सहजि सुभाए ॥

ਏਹਾ ਵੇਦਨ ਸੋਈ ਜਾਣੈ ਅਵਰੁ ਕਿ ਜਾਣੈ ਕਾਰੀ ਜੀਉ ॥੧॥ (1016-5)
एहा वेदन सोई जाणै अवरु कि जाणै कारी जीउ ॥१॥

ਆਪੇ ਮੇਲੇ ਆਪਿ ਮਿਲਾਏ ॥ (1016-6)
आपे मेले आपि मिलाए ॥

ਆਪਣਾ ਪਿਆਰੁ ਆਪੇ ਲਾਏ ॥ (1016-6)
आपणा पिआरु आपे लाए ॥

ਪ੍ਰੇਮ ਕੀ ਸਾਰ ਸੋਈ ਜਾਣੈ ਜਿਸ ਨੋ ਨਦਰਿ ਤੁਮਾਰੀ ਜੀਉ ॥੧॥ ਰਹਾਉ ॥ (1016-6)
प्रेम की सार सोई जाणै जिस नो नदरि तुमारी जीउ ॥१॥ रहाउ ॥

ਦਿਬ ਦ੍ਰਿਸਟਿ ਜਾਗੈ ਭਰਮੁ ਚੁਕਾਏ ॥ (1016-7)
दिब द्रिसटि जागै भरमु चुकाए ॥

ਗੁਰ ਪਰਸਾਦਿ ਪਰਮ ਪਦੁ ਪਾਏ ॥ (1016-7)
गुर परसादि परम पदु पाए ॥

ਸੋ ਜੋਗੀ ਇਹ ਜੁਗਤਿ ਪਛਾਣੈ ਗੁਰ ਕੈ ਸਬਦਿ ਬੀਚਾਰੀ ਜੀਉ ॥੨॥ (1016-8)
सो जोगी इह जुगति पछाणै गुर कै सबदि बीचारी जीउ ॥२॥

ਸੰਜੋਗੀ ਧਨ ਪਿਰ ਮੇਲਾ ਹੋਵੈ ॥ (1016-8)
संजोगी धन पिर मेला होवै ॥

ਗੁਰਮਤਿ ਵਿਚਹੁ ਦੁਰਮਤਿ ਖੋਵੈ ॥ (1016-9)
गुरमति विचहु दुरमति खोवै ॥

ਰੰਗ ਸਿਉ ਨਿਤ ਰਲੀਆ ਮਾਣੈ ਅਪਣੇ ਕੰਤ ਪਿਆਰੀ ਜੀਉ ॥੩॥ (1016-9)
रंग सिउ नित रलीआ माणै अपणे कंत पिआरी जीउ ॥३॥

ਸਤਿਗੁਰ ਬਾਝਹੁ ਵੈਦੁ ਨ ਕੋਈ ॥ (1016-10)
सतिगुर बाझहु वैदु न कोई ॥

ਆਪੇ ਆਪਿ ਨਿਰੰਜਨੁ ਸੋਈ ॥ (1016-10)
आपे आपि निरंजनु सोई ॥

ਸਤਿਗੁਰ ਮਿਲਿਐ ਮਰੈ ਮੰਦਾ ਹੋਵੈ ਗਿਆਨ ਬੀਚਾਰੀ ਜੀਉ ॥੪॥ (1016-10)
सतिगुर मिलिऐ मरै मंदा होवै गिआन बीचारी जीउ ॥४॥

ਏਹੁ ਸਬਦੁ ਸਾਰੁ ਜਿਸ ਨੋ ਲਾਏ ॥ (1016-11)
एहु सबदु सारु जिस नो लाए ॥

ਗੁਰਮੁਖਿ ਤ੍ਰਿਸਨਾ ਭੁਖ ਗਵਾਏ ॥ (1016-11)
गुरमुखि त्रिसना भुख गवाए ॥

ਆਪਣ ਲੀਆ ਕਿਛੂ ਨ ਪਾਈਐ ਕਰਿ ਕਿਰਪਾ ਕਲ ਧਾਰੀ ਜੀਉ ॥੫॥ (1016-12)
आपण लीआ किछू न पाईऐ करि किरपा कल धारी जीउ ॥५॥

ਅਗਮ ਨਿਗਮੁ ਸਤਿਗੁਰੂ ਦਿਖਾਇਆ ॥ (1016-12)
अगम निगमु सतिगुरू दिखाइआ ॥

ਕਰਿ ਕਿਰਪਾ ਅਪਨੈ ਘਰਿ ਆਇਆ ॥ (1016-13)
करि किरपा अपनै घरि आइआ ॥

ਅੰਜਨ ਮਾਹਿ ਨਿਰੰਜਨੁ ਜਾਤਾ ਜਿਨ ਕਉ ਨਦਰਿ ਤੁਮਾਰੀ ਜੀਉ ॥੬॥ (1016-13)
अंजन माहि निरंजनु जाता जिन कउ नदरि तुमारी जीउ ॥६॥

ਗੁਰਮੁਖਿ ਹੋਵੈ ਸੋ ਤਤੁ ਪਾਏ ॥ (1016-14)
गुरमुखि होवै सो ततु पाए ॥

ਆਪਣਾ ਆਪੁ ਵਿਚਹੁ ਗਵਾਏ ॥ (1016-14)
आपणा आपु विचहु गवाए ॥

ਸਤਿਗੁਰ ਬਾਝਹੁ ਸਭੁ ਧੰਧੁ ਕਮਾਵੈ ਵੇਖਹੁ ਮਨਿ ਵੀਚਾਰੀ ਜੀਉ ॥੭॥ (1016-14)
सतिगुर बाझहु सभु धंधु कमावै वेखहु मनि वीचारी जीउ ॥७॥

ਇਕਿ ਭ੍ਰਮਿ ਭੂਲੇ ਫਿਰਹਿ ਅਹੰਕਾਰੀ ॥ (1016-15)
इकि भ्रमि भूले फिरहि अहंकारी ॥

ਇਕਨਾ ਗੁਰਮੁਖਿ ਹਉਮੈ ਮਾਰੀ ॥ (1016-15)
इकना गुरमुखि हउमै मारी ॥

ਸਚੈ ਸਬਦਿ ਰਤੇ ਬੈਰਾਗੀ ਹੋਰਿ ਭਰਮਿ ਭੁਲੇ ਗਾਵਾਰੀ ਜੀਉ ॥੮॥ (1016-16)
सचै सबदि रते बैरागी होरि भरमि भुले गावारी जीउ ॥८॥

ਗੁਰਮੁਖਿ ਜਿਨੀ ਨਾਮੁ ਨ ਪਾਇਆ ॥ (1016-16)
गुरमुखि जिनी नामु न पाइआ ॥

ਮਨਮੁਖਿ ਬਿਰਥਾ ਜਨਮੁ ਗਵਾਇਆ ॥ (1016-17)
मनमुखि बिरथा जनमु गवाइआ ॥

ਅਗੈ ਵਿਣੁ ਨਾਵੈ ਕੋ ਬੇਲੀ ਨਾਹੀ ਬੂਝੈ ਗੁਰ ਬੀਚਾਰੀ ਜੀਉ ॥੯॥ (1016-17)
अगै विणु नावै को बेली नाही बूझै गुर बीचारी जीउ ॥९॥

ਅੰਮ੍ਰਿਤ ਨਾਮੁ ਸਦਾ ਸੁਖਦਾਤਾ ॥ (1016-18)
अमृत नामु सदा सुखदाता ॥

ਗੁਰਿ ਪੂਰੈ ਜੁਗ ਚਾਰੇ ਜਾਤਾ ॥ (1016-18)
गुरि पूरै जुग चारे जाता ॥

ਜਿਸੁ ਤੂ ਦੇਵਹਿ ਸੋਈ ਪਾਏ ਨਾਨਕ ਤਤੁ ਬੀਚਾਰੀ ਜੀਉ ॥੧੦॥੧॥ (1016-18)
जिसु तू देवहि सोई पाए नानक ततु बीचारी जीउ ॥१० ॥१॥

ਮਾਰੂ ਮਹਲਾ ੫ ਘਰੁ ੩ ਅਸਟਪਦੀਆ (1017-1)
मारू महला ५ घरु ३ असटपदीआ

ੴ ਸਤਿਗੁਰ ਪ੍ਰਸਾਦਿ ॥ (1017-1)
ੴ सतिगुर प्रसादि ॥

ਲਖ ਚਉਰਾਸੀਹ ਭ੍ਰਮਤੇ ਭ੍ਰਮਤੇ ਦੁਲਭ ਜਨਮੁ ਅਬ ਪਾਇਓ ॥੧॥ (1017-2)
लख चउरासीह भ्रमते भ्रमते दुलभ जनमु अब पाइओ ॥१॥

ਰੇ ਮੂੜੇ ਤੂ ਹੋਛੈ ਰਸਿ ਲਪਟਾਇਓ ॥ (1017-2)
रे मूड़े तू होछै रसि लपटाइओ ॥

ਅੰਮ੍ਰਿਤੁ ਸੰਗਿ ਬਸਤੁ ਹੈ ਤੇਰੈ ਬਿਖਿਆ ਸਿਉ ਉਰਝਾਇਓ ॥੧॥ ਰਹਾਉ ॥ (1017-2)
अमृतु संगि बसतु है तेरै बिखिआ सिउ उरझाइओ ॥१॥ रहाउ ॥

ਰਤਨ ਜਵੇਹਰ ਬਨਜਨਿ ਆਇਓ ਕਾਲਰੁ ਲਾਦਿ ਚਲਾਇਓ ॥੨॥ (1017-3)
रतन जवेहर बनजनि आइओ कालरु लादि चलाइओ ॥२॥

ਜਿਹ ਘਰ ਮਹਿ ਤੁਧੁ ਰਹਨਾ ਬਸਨਾ ਸੋ ਘਰੁ ਚੀਤਿ ਨ ਆਇਓ ॥੩॥ (1017-4)
जिह घर महि तुधु रहना बसना सो घरु चीति न आइओ ॥३॥

ਅਟਲ ਅਖੰਡ ਪ੍ਰਾਣ ਸੁਖਦਾਈ ਇਕ ਨਿਮਖ ਨਹੀ ਤੁਝੁ ਗਾਇਓ ॥੪॥ (1017-4)
अटल अखंड प्राण सुखदाई इक निमख नही तुझु गाइओ ॥४॥

ਜਹਾ ਜਾਣਾ ਸੋ ਥਾਨੁ ਵਿਸਾਰਿਓ ਇਕ ਨਿਮਖ ਨਹੀ ਮਨੁ ਲਾਇਓ ॥੫॥ (1017-5)
जहा जाणा सो थानु विसारिओ इक निमख नही मनु लाइओ ॥५॥

ਪੁਤ੍ਰ ਕਲਤ੍ਰ ਗ੍ਰਿਹ ਦੇਖਿ ਸਮਗ੍ਰੀ ਇਸ ਹੀ ਮਹਿ ਉਰਝਾਇਓ ॥੬॥ (1017-6)
पुत्र कलत्र ग्रिह देखि समग्री इस ही महि उरझाइओ ॥६॥

ਜਿਤੁ ਕੋ ਲਾਇਓ ਤਿਤ ਹੀ ਲਾਗਾ ਤੈਸੇ ਕਰਮ ਕਮਾਇਓ ॥੭॥ (1017-6)
जितु को लाइओ तित ही लागा तैसे करम कमाइओ ॥७॥

ਜਉ ਭਇਓ ਕ੍ਰਿਪਾਲੁ ਤਾ ਸਾਧਸੰਗੁ ਪਾਇਆ ਜਨ ਨਾਨਕ ਬ੍ਰਹਮੁ ਧਿਆਇਓ ॥੮॥੧॥ (1017-7)
जउ भइओ क्रिपालु ता साधसंगु पाइआ जन नानक ब्रहमु धिआइओ ॥८॥१॥

ਮਾਰੂ ਮਹਲਾ ੫ ॥ (1017-8)
मारू महला ५ ॥

ਕਰਿ ਅਨੁਗ੍ਰਹੁ ਰਾਖਿ ਲੀਨੋ ਭਇਓ ਸਾਧੂ ਸੰਗੁ ॥ (1017-8)
करि अनुग्रहु राखि लीनो भइओ साधू संगु ॥

ਹਰਿ ਨਾਮ ਰਸੁ ਰਸਨਾ ਉਚਾਰੈ ਮਿਸਟ ਗੂੜਾ ਰੰਗੁ ॥੧॥ (1017-8)
हरि नाम रसु रसना उचारै मिसट गूड़ा रंगु ॥१॥

ਮੇਰੇ ਮਾਨ ਕੋ ਅਸਥਾਨੁ ॥ (1017-9)
मेरे मान को असथानु ॥

ਮੀਤ ਸਾਜਨ ਸਖਾ ਬੰਧਪੁ ਅੰਤਰਜਾਮੀ ਜਾਨੁ ॥੧॥ ਰਹਾਉ ॥ (1017-9)
मीत साजन सखा बंधपु अंतरजामी जानु ॥१॥ रहाउ ॥

ਸੰਸਾਰ ਸਾਗਰੁ ਜਿਨਿ ਉਪਾਇਓ ਸਰਣਿ ਪ੍ਰਭ ਕੀ ਗਹੀ ॥ (1017-10)
संसार सागरु जिनि उपाइओ सरणि प्रभ की गही ॥

ਗੁਰ ਪ੍ਰਸਾਦੀ ਪ੍ਰਭੁ ਅਰਾਧੇ ਜਮਕੰਕਰੁ ਕਿਛੁ ਨ ਕਹੀ ॥੨॥ (1017-10)
गुर प्रसादी प्रभु अराधे जमकंकरु किछु न कही ॥२॥

ਮੋਖ ਮੁਕਤਿ ਦੁਆਰਿ ਜਾ ਕੈ ਸੰਤ ਰਿਦਾ ਭੰਡਾਰੁ ॥ (1017-11)
मोख मुकति दुआरि जा कै संत रिदा भंडारु ॥

ਜੀਅ ਜੁਗਤਿ ਸੁਜਾਣੁ ਸੁਆਮੀ ਸਦਾ ਰਾਖਣਹਾਰੁ ॥੩॥ (1017-11)
जीअ जुगति सुजाणु सुआमी सदा राखणहारु ॥३॥

ਦੂਖ ਦਰਦ ਕਲੇਸ ਬਿਨਸਹਿ ਜਿਸੁ ਬਸੈ ਮਨ ਮਾਹਿ ॥ (1017-12)
दूख दरद कलेस बिनसहि जिसु बसै मन माहि ॥

ਮਿਰਤੁ ਨਰਕੁ ਅਸਥਾਨ ਬਿਖੜੇ ਬਿਖੁ ਨ ਪੋਹੈ ਤਾਹਿ ॥੪॥ (1017-12)
मिरतु नरकु असथान बिखड़े बिखु न पोहै ताहि ॥४॥

ਰਿਧਿ ਸਿਧਿ ਨਵ ਨਿਧਿ ਜਾ ਕੈ ਅੰਮ੍ਰਿਤਾ ਪਰਵਾਹ ॥ (1017-13)
रिधि सिधि नव निधि जा कै अमृता परवाह ॥

ਆਦਿ ਅੰਤੇ ਮਧਿ ਪੂਰਨ ਊਚ ਅਗਮ ਅਗਾਹ ॥੫॥ (1017-13)
आदि अंते मधि पूरन ऊच अगम अगाह ॥५॥

ਸਿਧ ਸਾਧਿਕ ਦੇਵ ਮੁਨਿ ਜਨ ਬੇਦ ਕਰਹਿ ਉਚਾਰੁ ॥ (1017-13)
सिध साधिक देव मुनि जन बेद करहि उचारु ॥

ਸਿਮਰਿ ਸੁਆਮੀ ਸੁਖ ਸਹਜਿ ਭੁੰਚਹਿ ਨਹੀ ਅੰਤੁ ਪਾਰਾਵਾਰੁ ॥੬॥ (1017-14)
सिमरि सुआमी सुख सहजि भुंचहि नही अंतु पारावारु ॥६॥

ਅਨਿਕ ਪ੍ਰਾਛਤ ਮਿਟਹਿ ਖਿਨ ਮਹਿ ਰਿਦੈ ਜਪਿ ਭਗਵਾਨ ॥ (1017-15)
अनिक प्राछत मिटहि खिन महि रिदै जपि भगवान ॥

ਪਾਵਨਾ ਤੇ ਮਹਾ ਪਾਵਨ ਕੋਟਿ ਦਾਨ ਇਸਨਾਨ ॥੭॥ (1017-15)
पावना ते महा पावन कोटि दान इसनान ॥७॥

ਬਲ ਬੁਧਿ ਸੁਧਿ ਪਰਾਣ ਸਰਬਸੁ ਸੰਤਨਾ ਕੀ ਰਾਸਿ ॥ (1017-16)
बल बुधि सुधि पराण सरबसु संतना की रासि ॥

ਬਿਸਰੁ ਨਾਹੀ ਨਿਮਖ ਮਨ ਤੇ ਨਾਨਕ ਕੀ ਅਰਦਾਸਿ ॥੮॥੨॥ (1017-16)
बिसरु नाही निमख मन ते नानक की अरदासि ॥८॥२॥

ਮਾਰੂ ਮਹਲਾ ੫ ॥ (1017-17)
मारू महला ५ ॥

ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ ॥ (1017-17)
ससत्रि तीखणि काटि डारिओ मनि न कीनो रोसु ॥

ਕਾਜੁ ਉਆ ਕੋ ਲੇ ਸਵਾਰਿਓ ਤਿਲੁ ਨ ਦੀਨੋ ਦੋਸੁ ॥੧॥ (1017-17)
काजु उआ को ले सवारिओ तिलु न दीनो दोसु ॥१॥

ਮਨ ਮੇਰੇ ਰਾਮ ਰਉ ਨਿਤ ਨੀਤਿ ॥ (1017-18)
मन मेरे राम रउ नित नीति ॥

ਦਇਆਲ ਦੇਵ ਕ੍ਰਿਪਾਲ ਗੋਬਿੰਦ ਸੁਨਿ ਸੰਤਨਾ ਕੀ ਰੀਤਿ ॥੧॥ ਰਹਾਉ ॥ (1017-18)
दइआल देव क्रिपाल गोबिंद सुनि संतना की रीति ॥१॥ रहाउ ॥

ਚਰਣ ਤਲੈ ਉਗਾਹਿ ਬੈਸਿਓ ਸ੍ਰਮੁ ਨ ਰਹਿਓ ਸਰੀਰਿ ॥ (1018-1)

चरण तलै उगाहि बैसिओ स्रमु न रहिओ सरीरि ॥

ਮਹਾ ਸਾਗਰੁ ਨਹ ਵਿਆਪੈ ਖਿਨਹਿ ਉਤਰਿਓ ਤੀਰਿ ॥੨॥ (1018-1)

महा सागरु नह विआपै खिनहि उतरिओ तीरि ॥२॥

ਚੰਦਨ ਅਗਰ ਕਪੂਰ ਲੇਪਨ ਤਿਸੁ ਸੰਗੇ ਨਹੀ ਪ੍ਰੀਤਿ ॥ (1018-2)

चंदन अगर कपूर लेपन तिसु संगे नही प्रीति ॥

ਬਿਸਟਾ ਮੂਤ੍ਰ ਖੋਦਿ ਤਿਲੁ ਤਿਲੁ ਮਨਿ ਨ ਮਨੀ ਬਿਪਰੀਤਿ ॥੩॥ (1018-2)

बिसटा मूत्र खोदि तिलु तिलु मनि न मनी बिपरीति ॥३॥

ਊਚ ਨੀਚ ਬਿਕਾਰ ਸੁਕ੍ਰਿਤ ਸੰਲਗਨ ਸਭ ਸੁਖ ਛਤ੍ਰ ॥ (1018-3)

ऊच नीच बिकार सुक्रित संलगन सभ सुख छत्र ॥

ਮਿਤ੍ਰ ਸਤ੍ਰੁ ਨ ਕਛੂ ਜਾਨੈ ਸਰਬ ਜੀਅ ਸਮਤ ॥੪॥ (1018-3)

मित्र सत्रु न कछू जानै सरब जीअ समत ॥४॥

ਕਰਿ ਪ੍ਰਗਾਸੁ ਪ੍ਰਚੰਡ ਪ੍ਰਗਟਿਓ ਅੰਧਕਾਰ ਬਿਨਾਸ ॥ (1018-4)

करि प्रगासु प्रचंड प्रगटिओ अंधकार बिनास ॥

ਪਵਿਤ੍ਰ ਅਪਵਿਤ੍ਰਹ ਕਿਰਣ ਲਾਗੇ ਮਨਿ ਨ ਭਇਓ ਬਿਖਾਦੁ ॥੫॥ (1018-4)

पवित्र अपवित्रह किरण लागे मनि न भइओ बिखादु ॥५॥

ਸੀਤ ਮੰਦ ਸੁਗੰਧ ਚਲਿਓ ਸਰਬ ਥਾਨ ਸਮਾਨ ॥ (1018-5)

सीत मंद सुगंध चलिओ सरब थान समान ॥

ਜਹਾ ਸਾ ਕਿਛੁ ਤਹਾ ਲਾਗਿਓ ਤਿਲੁ ਨ ਸੰਕਾ ਮਾਨ ॥੬॥ (1018-5)

जहा सा किछु तहा लागिओ तिलु न संका मान ॥६॥

ਸੁਭਾਇ ਅਭਾਇ ਜੁ ਨਿਕਟਿ ਆਵੈ ਸੀਤੁ ਤਾ ਕਾ ਜਾਇ ॥ (1018-6)

सुभाइ अभाइ जु निकटि आवै सीतु ता का जाइ ॥

ਆਪ ਪਰ ਕਾ ਕਛੁ ਨ ਜਾਣੈ ਸਦਾ ਸਹਜਿ ਸੁਭਾਇ ॥੭॥ (1018-6)

आप पर का कछु न जाणै सदा सहजि सुभाइ ॥७॥

ਚਰਣ ਸਰਣ ਸਨਾਥ ਇਹੁ ਮਨੁ ਰੰਗਿ ਰਾਤੇ ਲਾਲ ॥ (1018-7)
चरण सरण सनाथ इहु मनु रंगि राते लाल ॥

ਗੋਪਾਲ ਗੁਣ ਨਿਤ ਗਾਉ ਨਾਨਕ ਭਏ ਪ੍ਰਭ ਕਿਰਪਾਲ ॥੮॥੩॥ (1018-8)
गोपाल गुण नित गाउ नानक भए प्रभ किरपाल ॥८॥३॥

ਮਾਰੂ ਮਹਲਾ ੫ ਘਰੁ ੪ ਅਸਟਪਦੀਆ (1018-9)
मारू महला ५ घरु ४ असटपदीआ

ੴ ਸਤਿਗੁਰ ਪ੍ਰਸਾਦਿ ॥ (1018-9)
ੴ सतिगुर प्रसादि ॥

ਚਾਦਨਾ ਚਾਦਨੁ ਆਂਗਨਿ ਪ੍ਰਭ ਜੀਉ ਅੰਤਰਿ ਚਾਦਨਾ ॥੧॥ (1018-10)
चादना चादनु आंगनि प्रभ जीउ अंतरि चादना ॥१॥

ਆਰਾਧਨਾ ਅਰਾਧਨੁ ਨੀਕਾ ਹਰਿ ਹਰਿ ਨਾਮੁ ਅਰਾਧਨਾ ॥੨॥ (1018-10)
आराधना अराधनु नीका हरि हरि नामु अराधना ॥२॥

ਤਿਆਗਨਾ ਤਿਆਗਨੁ ਨੀਕਾ ਕਾਮੁ ਕ੍ਰੋਧੁ ਲੋਭੁ ਤਿਆਗਨਾ ॥੩॥ (1018-11)
तिआगना तिआगनु नीका कामु क्रोधु लोभु तिआगना ॥३॥

ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ ॥੪॥ (1018-11)
मागना मागनु नीका हरि जसु गुर ते मागना ॥४॥

ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ ॥੫॥ (1018-12)
जागना जागनु नीका हरि कीरतन महि जागना ॥५॥

ਲਾਗਨਾ ਲਾਗਨੁ ਨੀਕਾ ਗੁਰ ਚਰਣੀ ਮਨੁ ਲਾਗਨਾ ॥੬॥ (1018-12)
लागना लागनु नीका गुर चरणी मनु लागना ॥६॥

ਇਹ ਬਿਧਿ ਤਿਸਹਿ ਪਰਾਪਤੇ ਜਾ ਕੈ ਮਸਤਕਿ ਭਾਗਨਾ ॥੭॥ (1018-13)
इह बिधि तिसहि परापते जा कै मसतकि भागना ॥७॥

ਕਹੁ ਨਾਨਕ ਤਿਸੁ ਸਭੁ ਕਿਛੁ ਨੀਕਾ ਜੋ ਪ੍ਰਭ ਕੀ ਸਰਨਾਗਨਾ ॥੮॥੧॥੪॥ (1018-13)
कहु नानक तिसु सभु किछु नीका जो प्रभ की सरनागना ॥८॥१॥४॥

ਮਾਰੂ ਮਹਲਾ ੫ ॥ (1018-14)
मारू महला ५ ॥

ਆਉ ਜੀ ਤੂ ਆਉ ਹਮਾਰੈ ਹਰਿ ਜਸੁ ਸ੍ਰਵਨ ਸੁਨਾਵਨਾ ॥੧॥ ਰਹਾਉ ॥ (1018-14)
आउ जी तू आउ हमारै हरि जसु स्रवन सुनावना ॥१॥ रहाउ ॥

ਤੁਧੁ ਆਵਤ ਮੇਰਾ ਮਨੁ ਤਨੁ ਹਰਿਆ ਹਰਿ ਜਸੁ ਤੁਮ ਸੰਗਿ ਗਾਵਨਾ ॥੧॥ (1018-15)
तुधु आवत मेरा मनु तनु हरिआ हरि जसु तुम संगि गावना ॥१॥

ਸੰਤ ਕ੍ਰਿਪਾ ਤੇ ਹਿਰਦੈ ਵਾਸੈ ਦੂਜਾ ਭਾਉ ਮਿਟਾਵਨਾ ॥੨॥ (1018-15)
संत क्रिपा ते हिरदै वासै दूजा भाउ मिटावना ॥२॥

ਭਗਤ ਦਇਆ ਤੇ ਬੁਧਿ ਪਰਗਾਸੈ ਦੁਰਮਤਿ ਦੂਖ ਤਜਾਵਨਾ ॥੩॥ (1018-16)
भगत दइआ ते बुधि परगासै दुरमति दूख तजावना ॥३॥

ਦਰਸਨੁ ਭੇਟਤ ਹੋਤ ਪੁਨੀਤਾ ਪੁਨਰਪਿ ਗਰਭਿ ਨ ਪਾਵਨਾ ॥੪॥ (1018-17)
दरसनु भेटत होत पुनीता पुनरपि गरभि न पावना ॥४॥

ਨਉ ਨਿਧਿ ਰਿਧਿ ਸਿਧਿ ਪਾਈ ਜੋ ਤੁਮਰੈ ਮਨਿ ਭਾਵਨਾ ॥੫॥ (1018-17)
नउ निधि रिधि सिधि पाई जो तुमरै मनि भावना ॥५॥

ਸੰਤ ਬਿਨਾ ਮੈ ਥਾਉ ਨ ਕੋਈ ਅਵਰ ਨ ਸੂਝੈ ਜਾਵਨਾ ॥੬॥ (1018-18)
संत बिना मै थाउ न कोई अवर न सूझै जावना ॥६॥

ਮੋਹਿ ਨਿਰਗੁਨ ਕਉ ਕੋਇ ਨ ਰਾਖੈ ਸੰਤਾ ਸੰਗਿ ਸਮਾਵਨਾ ॥੭॥ (1018-18)
मोहि निरगुन कउ कोइ न राखै संता संगि समावना ॥७॥

ਕਹੁ ਨਾਨਕ ਗੁਰਿ ਚਲਤੁ ਦਿਖਾਇਆ ਮਨ ਮਧੇ ਹਰਿ ਹਰਿ ਰਾਵਨਾ ॥੮॥੨॥੫॥ (1018-19)
कहु नानक गुरि चलतु दिखाइआ मन मधे हरि हरि रावना ॥८॥२॥५॥

ਮਾਰੂ ਮਹਲਾ ੫ ॥ (1019-1)
मारू महला ५ ॥

ਜੀਵਨਾ ਸਫਲ ਜੀਵਨ ਸੁਨਿ ਹਰਿ ਜਪਿ ਜਪਿ ਸਦ ਜੀਵਨਾ ॥੧॥ ਰਹਾਉ ॥ (1019-1)
जीवना सफल जीवन सुनि हरि जपि जपि सद जीवना ॥१॥ रहाउ ॥

ਪੀਵਣਾ ਜਿਤੁ ਮਨੁ ਆਘਾਵੈ ਨਾਮੁ ਅੰਮ੍ਰਿਤ ਰਸੁ ਪੀਵਣਾ ॥੧॥ (1019-1)
पीवना जितु मनु आघावै नामु अमृत रसु पीवना ॥१॥

ਖਾਵਣਾ ਜਿਤੁ ਭੂਖ ਨ ਲਾਗੈ ਸੰਤੋਖਿ ਸਦਾ ਤ੍ਰਿਪਤੀਵਣਾ ॥੨॥ (1019-2)
खावना जितु भूख न लागै संतोखि सदा त्रिपतीवना ॥२॥

ਪੈਨਣਾ ਰਖੁ ਪਤਿ ਪਰਮੇਸੁਰ ਫਿਰਿ ਨਾਗੇ ਨਹੀ ਥੀਵਣਾ ॥੩॥ (1019-3)
पैनणा रखु पति परमेसुर फिरि नागे नही थीवना ॥३॥

ਭੋਗਣਾ ਮਨ ਮਧੇ ਹਰਿ ਰਸੁ ਸੰਤਸੰਗਤਿ ਮਹਿ ਲੀਵਣਾ ॥੪॥ (1019-3)
भोगना मन मधे हरि रसु संतसंगति महि लीवना ॥४॥

ਬਿਨੁ ਤਾਗੇ ਬਿਨੁ ਸੂਈ ਆਨੀ ਮਨੁ ਹਰਿ ਭਗਤੀ ਸੰਗਿ ਸੀਵਣਾ ॥੫॥ (1019-4)
बिनु तागे बिनु सूई आनी मनु हरि भगती संगि सीवना ॥५॥

ਮਾਤਿਆ ਹਰਿ ਰਸ ਮਹਿ ਰਾਤੇ ਤਿਸੁ ਬਹੁੜਿ ਨ ਕਬਹੂ ਅਉਖੀਵਣਾ ॥੬॥ (1019-4)
मातिआ हरि रस महि राते तिसु बहुड़ि न कबहू अउखीवना ॥६॥

ਮਿਲਿਓ ਤਿਸੁ ਸਰਬ ਨਿਧਾਨਾ ਪ੍ਰਭਿ ਕ੍ਰਿਪਾਲਿ ਜਿਸੁ ਦੀਵਣਾ ॥੭॥ (1019-5)
मिलिओ तिसु सरब निधाना प्रभि क्रिपालि जिसु दीवना ॥७॥

ਸੁਖੁ ਨਾਨਕ ਸੰਤਨ ਕੀ ਸੇਵਾ ਚਰਣ ਸੰਤ ਧੋਇ ਪੀਵਣਾ ॥੮॥੩॥੬॥ (1019-6)
सुखु नानक संतन की सेवा चरण संत धोइ पीवना ॥८॥३॥६॥

ਮਾਰੂ ਮਹਲਾ ੫ ਘਰੁ ੮ ਅੰਜੁਲੀਆ (1019-7)
मारू महला ५ घरु ८ अंजुलीआ

ੴ ਸਤਿਗੁਰ ਪ੍ਰਸਾਦਿ ॥ (1019-7)
ੴ सतिगुर प्रसादि ॥

ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ ॥ (1019-8)
जिसु ग्रिहि बहुतु तिसै ग्रिहि चिंता ॥

ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ ॥ (1019-8)
जिसु ग्रिहि थोरी सु फिरै भ्रमंता ॥

ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ ॥੧॥ (1019-8)
दुहू बिवसथा ते जो मुकता सोई सुहेला भालीऐ ॥१॥

ਗ੍ਰਿਹ ਰਾਜ ਮਹਿ ਨਰਕੁ ਉਦਾਸ ਕਰੋਧਾ ॥ (1019-9)
ग्रिह राज महि नरकु उदास करोधा ॥

ਬਹੁ ਬਿਧਿ ਬੇਦ ਪਾਠ ਸਭਿ ਸੋਧਾ ॥ (1019-9)
बहु बिधि बेद पाठ सभि सोधा ॥

ਦੇਹੀ ਮਹਿ ਜੋ ਰਹੈ ਅਲਿਪਤਾ ਤਿਸੁ ਜਨ ਕੀ ਪੂਰਨ ਘਾਲੀਐ ॥੨॥ (1019-9)
देही महि जो रहै अलिपता तिसु जन की पूरन घालीऐ ॥२॥

ਜਾਗਤ ਸੂਤਾ ਭਰਮਿ ਵਿਗੂਤਾ ॥ (1019-10)
जागत सूता भरमि विगूता ॥

ਬਿਨੁ ਗੁਰ ਮੁਕਤਿ ਨ ਹੋਈਐ ਮੀਤਾ ॥ (1019-10)
बिनु गुर मुकति न होईऐ मीता ॥

ਸਾਧਸੰਗਿ ਤੁਟਹਿ ਹਉ ਬੰਧਨ ਏਕੋ ਏਕੁ ਨਿਹਾਲੀਐ ॥੩॥ (1019-11)
साधसंगि तुटहि हउ बंधन एको एकु निहालीऐ ॥३॥

ਕਰਮ ਕਰੈ ਤ ਬੰਧਾ ਨਹ ਕਰੈ ਤ ਨਿੰਦਾ ॥ (1019-11)
करम करै त बंधा नह करै त निंदा ॥

ਮੋਹ ਮਗਨ ਮਨੁ ਵਿਆਪਿਆ ਚਿੰਦਾ ॥ (1019-12)
मोह मगन मनु विआपिआ चिंदा ॥

ਗੁਰ ਪ੍ਰਸਾਦਿ ਸੁਖੁ ਦੁਖੁ ਸਮ ਜਾਣੈ ਘਟਿ ਘਟਿ ਰਾਮੁ ਹਿਆਲੀਐ ॥੪॥ (1019-12)
गुर प्रसादि सुखु दुखु सम जाणै घटि घटि रामु हिआलीऐ ॥४॥

ਸੰਸਾਰੈ ਮਹਿ ਸਹਸਾ ਬਿਆਪੈ ॥ (1019-13)
संसारै महि सहसा बिआपै ॥

ਅਕਥ ਕਥਾ ਅਗੋਚਰ ਨਹੀ ਜਾਪੈ ॥ (1019-13)
अकथ कथा अगोचर नही जापै ॥

ਜਿਸਹਿ ਬੁਝਾਏ ਸੋਈ ਬੂਝੈ ਓਹੁ ਬਾਲਕ ਵਾਗੀ ਪਾਲੀਐ ॥੫॥ (1019-13)
जिसहि बुझाए सोई बूझै ओहु बालक वागी पालीऐ ॥५॥

ਛੋਡਿ ਬਹੈ ਤਉ ਛੂਟੈ ਨਾਹੀ ॥ (1019-14)
छोडि बहै तउ छूटै नाही ॥

ਜਉ ਸੰਚੈ ਤਉ ਭਉ ਮਨ ਮਾਹੀ ॥ (1019-14)
जउ संचै तउ भउ मन माही ॥

ਇਸ ਹੀ ਮਹਿ ਜਿਸ ਕੀ ਪਤਿ ਰਾਖੈ ਤਿਸੁ ਸਾਧੂ ਚਉਰੁ ਢਾਲੀਐ ॥੬॥ (1019-14)
इस ही महि जिस की पति राखै तिसु साधू चउरु ढालीऐ ॥६॥

ਜੋ ਸੂਰਾ ਤਿਸ ਹੀ ਹੋਇ ਮਰਣਾ ॥ (1019-15)
जो सूरा तिस ही होइ मरणा ॥

ਜੋ ਭਾਗੈ ਤਿਸੁ ਜੋਨੀ ਫਿਰਣਾ ॥ (1019-15)
जो भागै तिसु जोनी फिरणा ॥

ਜੋ ਵਰਤਾਏ ਸੋਈ ਭਲ ਮਾਨੈ ਬੁਝਿ ਹੁਕਮੈ ਦੁਰਮਤਿ ਜਾਲੀਐ ॥੭॥ (1019-16)
जो वरताए सोई भल मानै बुझि हुकमै दुरमति जालीऐ ॥७॥

ਜਿਤੁ ਜਿਤੁ ਲਾਵਹਿ ਤਿਤੁ ਤਿਤੁ ਲਗਨਾ ॥ (1019-16)
जितु जितु लावहि तितु तितु लगना ॥

ਕਰਿ ਕਰਿ ਵੇਖੈ ਅਪਣੇ ਜਚਨਾ ॥ (1019-17)
करि करि वेखै अपणे जचना ॥

ਨਾਨਕ ਕੇ ਪੂਰਨ ਸੁਖਦਾਤੇ ਤੂ ਦੇਹਿ ਤ ਨਾਮੁ ਸਮਾਲੀਐ ॥੮॥੧॥੭॥ (1019-17)
नानक के पूरन सुखदाते तू देहि त नामु समालीऐ ॥८॥१॥७॥

ਮਾਰੂ ਮਹਲਾ ੫ ॥ (1019-18)
मारू महला ५ ॥

ਬਿਰਖੈ ਹੇਠਿ ਸਭਿ ਜੰਤ ਇਕਠੇ ॥ (1019-18)
बिरखै हेठि सभि जंत इकठे ॥

ਇਕਿ ਤਤੇ ਇਕਿ ਬੋਲਨਿ ਮਿਠੇ ॥ (1019-18)
इकि तते इकि बोलनि मिठे ॥

ਅਸਤੁ ਉਦੋਤੁ ਭਇਆ ਉਠਿ ਚਲੇ ਜਿਉ ਜਿਉ ਅਉਧ ਵਿਹਾਣੀਆ ॥੧॥ (1019-18)
असतु उदोतु भइआ उठि चले जिउ जिउ अउध विहाणीआ ॥१॥

ਪਾਪ ਕਰੇਦੜ ਸਰਪਰ ਮੁਠੇ ॥ (1019-19)
पाप करेदड़ सरपर मुठे ॥

ਅਜਰਾਈਲਿ ਫੜੇ ਫੜਿ ਕੁਠੇ ॥ (1019-19)
अजराईलि फड़े फड़ि कुठे ॥

ਦੋਜਕਿ ਪਾਏ ਸਿਰਜਣਹਾਰੈ ਲੇਖਾ ਮੰਗੈ ਬਾਣੀਆ ॥੨॥ (1020-1)
दोजकि पाए सिरजणहारै लेखा मंगै बाणीआ ॥२॥

ਸੰਗਿ ਨ ਕੋਈ ਭਈਆ ਬੇਬਾ ॥ (1020-1)
संगि न कोई भईआ बेबा ॥

ਮਾਲੁ ਜੋਬਨੁ ਧਨੁ ਛੋਡਿ ਵਞੇਸਾ ॥ (1020-1)
मालु जोबनु धनु छोडि वञेसा ॥

ਕਰਣ ਕਰੀਮ ਨ ਜਾਤੋ ਕਰਤਾ ਤਿਲ ਪੀੜੇ ਜਿਉ ਘਾਣੀਆ ॥੩॥ (1020-2)
करण करीम न जातो करता तिल पीड़े जिउ घाणीआ ॥३॥

ਖੁਸਿ ਖੁਸਿ ਲੈਦਾ ਵਸਤੁ ਪਰਾਈ ॥ (1020-2)
खुसि खुसि लैदा वसतु पराई ॥

ਵੇਖੈ ਸੁਣੇ ਤੇਰੈ ਨਾਲਿ ਖੁਦਾਈ ॥ (1020-3)
वेखै सुणे तेरै नालि खुदाई ॥

ਦੁਨੀਆ ਲਬਿ ਪਇਆ ਖਾਤ ਅੰਦਰਿ ਅਗਲੀ ਗਲ ਨ ਜਾਣੀਆ ॥੪॥ (1020-3)
दुनीआ लबि पइआ खात अंदरि अगली गल न जाणीआ ॥४॥

ਜਮਿ ਜਮਿ ਮਰੈ ਮਰੈ ਫਿਰਿ ਜੰਮੈ ॥ (1020-4)
जमि जमि मरै मरै फिरि जंमै ॥

ਬਹੁਤੁ ਸਜਾਇ ਪਇਆ ਦੇਸਿ ਲੰਮੈ ॥ (1020-4)
बहुतु सजाइ पइआ देसि लंमै ॥

ਜਿਨਿ ਕੀਤਾ ਤਿਸੈ ਨ ਜਾਣੀ ਅੰਧਾ ਤਾ ਦੁਖੁ ਸਹੈ ਪਰਾਣੀਆ ॥੫॥ (1020-4)
जिनि कीता तिसै न जाणी अंधा ता दुखु सहै पराणीआ ॥५॥

ਖਾਲਕ ਥਾਵਹੁ ਭੁਲਾ ਮੁਠਾ ॥ (1020-5)
खालक थावहु भुला मुठा ॥

ਦੁਨੀਆ ਖੇਲੁ ਬੁਰਾ ਰੁਠ ਤੁਠਾ ॥ (1020-5)
दुनीआ खेलु बुरा रुठ तुठा ॥

ਸਿਦਕੁ ਸਬੂਰੀ ਸੰਤੁ ਨ ਮਿਲਿਓ ਵਤੈ ਆਪਣ ਭਾਣੀਆ ॥੬॥ (1020-6)
सिदकु सबूरी संतु न मिलिओ वतै आपण भाणीआ ॥६॥

ਮਉਲਾ ਖੇਲ ਕਰੇ ਸਭਿ ਆਪੇ ॥ (1020-6)
मउला खेल करे सभि आपे ॥

ਇਕਿ ਕਢੇ ਇਕਿ ਲਹਰਿ ਵਿਆਪੇ ॥ (1020-7)
इकि कढे इकि लहरि विआपे ॥

ਜਿਉ ਨਚਾਏ ਤਿਉ ਤਿਉ ਨਚਨਿ ਸਿਰਿ ਸਿਰਿ ਕਿਰਤ ਵਿਹਾਣੀਆ ॥੭॥ (1020-7)
जिउ नचाए तिउ तिउ नचनि सिरि सिरि किरत विहाणीआ ॥७॥

ਮਿਹਰ ਕਰੇ ਤਾ ਖਸਮੁ ਧਿਆਈ ॥ (1020-8)
मिहर करे ता खसमु धिआई ॥

ਸੰਤਾ ਸੰਗਤਿ ਨਰਕਿ ਨ ਪਾਈ ॥ (1020-8)
संता संगति नरकि न पाई ॥

ਅੰਮ੍ਰਿਤ ਨਾਮ ਦਾਨੁ ਨਾਨਕ ਕਉ ਗੁਣ ਗੀਤਾ ਨਿਤ ਵਖਾਣੀਆ ॥੮॥੨॥੮॥੧੨॥੨੦॥ (1020-8)
अमृत नाम दानु नानक कउ गुण गीता नित वखाणीआ ॥८॥२॥८॥१२॥२०॥

ਮਾਰੂ ਸੋਲਹੇ ਮਹਲਾ ੧ (1020-10)
मारू सोलहे महला १

ੴ ਸਤਿਗੁਰ ਪ੍ਰਸਾਦਿ ॥ (1020-10)
१ਓ सतिगुर प्रसादि ॥

ਸਾਚਾ ਸਚੁ ਸੋਈ ਅਵਰੁ ਨ ਕੋਈ ॥ (1020-11)
साचा सचु सोई अवरु न कोई ॥

ਜਿਨਿ ਸਿਰਜੀ ਤਿਨ ਹੀ ਫੁਨਿ ਗੋਈ ॥ (1020-11)
जिनि सिरजी तिन ही फुनि गोई ॥

ਜਿਉ ਭਾਵੈ ਤਿਉ ਰਾਖਹੁ ਰਹਣਾ ਤੁਮ ਸਿਉ ਕਿਆ ਮੁਕਰਾਈ ਹੇ ॥੧॥ (1020-11)
जिउ भावै तिउ राखहु रहणा तुम सिउ किआ मुकराई हे ॥१॥

ਆਪਿ ਉਪਾਏ ਆਪਿ ਖਪਾਏ ॥ (1020-12)
आपि उपाए आपि खपाए ॥

ਆਪੇ ਸਿਰਿ ਸਿਰਿ ਧੰਧੈ ਲਾਏ ॥ (1020-12)
आपे सिरि सिरि धंधै लाए ॥

ਆਪੇ ਵੀਚਾਰੀ ਗੁਣਕਾਰੀ ਆਪੇ ਮਾਰਗਿ ਲਾਈ ਹੇ ॥੨॥ (1020-12)
आपे वीचारी गुणकारी आपे मारगि लाई हे ॥२॥

ਆਪੇ ਦਾਨਾ ਆਪੇ ਬੀਨਾ ॥ (1020-13)
आपे दाना आपे बीना ॥

ਆਪੇ ਆਪੁ ਉਪਾਇ ਪਤੀਨਾ ॥ (1020-13)
आपे आपु उपाइ पतीना ॥

ਆਪੇ ਪਉਣੁ ਪਾਣੀ ਬੈਸੰਤਰੁ ਆਪੇ ਮੇਲਿ ਮਿਲਾਈ ਹੇ ॥੩॥ (1020-14)
आपे पउणु पाणी बैसंतरु आपे मेलि मिलाई हे ॥३॥

ਆਪੇ ਸਸਿ ਸੂਰਾ ਪੂਰੋ ਪੂਰਾ ॥ (1020-14)
आपे ससि सूरा पूरो पूरा ॥

ਆਪੇ ਗਿਆਨਿ ਧਿਆਨਿ ਗੁਰੁ ਸੂਰਾ ॥ (1020-14)
आपे गिआनि धिआनि गुरु सूरा ॥

ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਾਚੇ ਸਿਉ ਲਿਵ ਲਾਈ ਹੇ ॥੪॥ (1020-15)
कालु जालु जमु जोहि न साकै साचे सिउ लिव लाई हे ॥४॥

ਆਪੇ ਪੁਰਖੁ ਆਪੇ ਹੀ ਨਾਰੀ ॥ (1020-15)
आपे पुरखु आपे ही नारी ॥

ਆਪੇ ਪਾਸਾ ਆਪੇ ਸਾਰੀ ॥ (1020-16)
आपे पासा आपे सारी ॥

ਆਪੇ ਪਿੜ ਬਾਧੀ ਜਗੁ ਖੇਲੈ ਆਪੇ ਕੀਮਤਿ ਪਾਈ ਹੇ ॥੫॥ (1020-16)
आपे पिड़ बाधी जगु खेलै आपे कीमति पाई हे ॥५॥

ਆਪੇ ਭਵਰੁ ਫੁਲੁ ਫਲੁ ਤਰਵਰੁ ॥ (1020-16)
आपे भवरु फुलु फलु तरवरु ॥

ਆਪੇ ਜਲੁ ਥਲੁ ਸਾਗਰੁ ਸਰਵਰੁ ॥ (1020-17)
आपे जलु थलु सागरु सरवरु ॥

ਆਪੇ ਮਛੁ ਕਛੁ ਕਰਣੀਕਰੁ ਤੇਰਾ ਰੂਪੁ ਨ ਲਖਣਾ ਜਾਈ ਹੇ ॥੬॥ (1020-17)
आपे मछु कछु करणीकरु तेरा रूपु न लखणा जाई हे ॥६॥

ਆਪੇ ਦਿਨਸੁ ਆਪੇ ਹੀ ਰੈਣੀ ॥ (1020-18)
आपे दिनसु आपे ही रैणी ॥

ਆਪਿ ਪਤੀਜੈ ਗੁਰ ਕੀ ਬੈਣੀ ॥ (1020-18)
आपि पतीजै गुर की बैणी ॥

ਆਦਿ ਜੁਗਾਦਿ ਅਨਾਹਦਿ ਅਨਦਿਨੁ ਘਟਿ ਘਟਿ ਸਬਦੁ ਰਜਾਈ ਹੇ ॥੭॥ (1020-18)
आदि जुगादि अनाहदि अनदिनु घटि घटि सबदु रजाई हे ॥७॥

ਆਪੇ ਰਤਨੁ ਅਨੂਪੁ ਅਮੋਲੋ ॥ (1020-19)
आपे रतनु अनूपु अमोलो ॥

ਆਪੇ ਪਰਖੇ ਪੂਰਾ ਤੋਲੋ ॥ (1020-19)
आपे परखे पूरा तोलो ॥

ਆਪੇ ਕਿਸ ਹੀ ਕਸਿ ਬਖਸੇ ਆਪੇ ਦੇ ਲੈ ਭਾਈ ਹੇ ॥੮॥ (1021-1)
आपे किस ही कसि बखसे आपे दे लै भाई हे ॥८॥

ਆਪੇ ਧਨਖੁ ਆਪੇ ਸਰਬਾਣਾ ॥ (1021-1)
आपे धनखु आपे सरबाणा ॥

ਆਪੇ ਸੁਘੜੁ ਸਰੂਪੁ ਸਿਆਣਾ ॥ (1021-1)
आपे सुघड़ु सरूपु सिआणा ॥

ਕਹਤਾ ਬਕਤਾ ਸੁਣਤਾ ਸੋਈ ਆਪੇ ਬਣਤ ਬਣਾਈ ਹੇ ॥੯॥ (1021-2)
कहता बकता सुणता सोई आपे बणत बणाई हे ॥९॥

ਪਉਣੁ ਗੁਰੂ ਪਾਣੀ ਪਿਤ ਜਾਤਾ ॥ (1021-2)
पउणु गुरू पाणी पित जाता ॥

ਉਦਰ ਸੰਜੋਗੀ ਧਰਤੀ ਮਾਤਾ ॥ (1021-2)
उदर संजोगी धरती माता ॥

ਰੈਣਿ ਦਿਨਸੁ ਦੁਇ ਦਾਈ ਦਾਇਆ ਜਗੁ ਖੇਲੈ ਖੇਲਾਈ ਹੇ ॥੧੦॥ (1021-3)
रैणि दिनसु दुइ दाई दाइआ जगु खेलै खेलाई हे ॥१०॥

ਆਪੇ ਮਛੁਲੀ ਆਪੇ ਜਾਲਾ ॥ (1021-3)
आपे मछुली आपे जाला ॥

ਆਪੇ ਗਊ ਆਪੇ ਰਖਵਾਲਾ ॥ (1021-4)
आपे गऊ आपे रखवाला ॥

ਸਰਬ ਜੀਆ ਜਗਿ ਜੋਤਿ ਤੁਮਾਰੀ ਜੈਸੀ ਪ੍ਰਭਿ ਫੁਰਮਾਈ ਹੇ ॥੧੧॥ (1021-4)
सरब जीआ जगि जोति तुमारी जैसी प्रभि फुरमाई हे ॥११॥

ਆਪੇ ਜੋਗੀ ਆਪੇ ਭੋਗੀ ॥ (1021-4)
आपे जोगी आपे भोगी ॥

ਆਪੇ ਰਸੀਆ ਪਰਮ ਸੰਜੋਗੀ ॥ (1021-5)
आपे रसीआ परम संजोगी ॥

ਆਪੇ ਵੇਬਾਣੀ ਨਿਰੰਕਾਰੀ ਨਿਰਭਉ ਤਾੜੀ ਲਾਈ ਹੇ ॥੧੨॥ (1021-5)
आपे वेबाणी निरंकारी निरभउ ताड़ी लाई हे ॥१२॥

ਖਾਣੀ ਬਾਣੀ ਤੁਝਹਿ ਸਮਾਣੀ ॥ (1021-6)
खाणी बाणी तुझहि समाणी ॥

ਜੋ ਦੀਸੈ ਸਭ ਆਵਣ ਜਾਣੀ ॥ (1021-6)
जो दीसै सभ आवण जाणी ॥

ਸੇਈ ਸਾਹ ਸਚੇ ਵਾਪਾਰੀ ਸਤਿਗੁਰਿ ਬੂਝ ਬੁਝਾਈ ਹੇ ॥੧੩॥ (1021-6)
सेई साह सचे वापारी सतिगुरि बूझ बुझाई हे ॥१३॥

ਸਬਦੁ ਬੁਝਾਏ ਸਤਿਗੁਰੁ ਪੂਰਾ ॥ (1021-7)
सबदु बुझाए सतिगुरु पूरा ॥

ਸਰਬ ਕਲਾ ਸਾਚੇ ਭਰਪੂਰਾ ॥ (1021-7)
सरब कला साचे भरपूरा ॥

ਅਫਰਿਓ ਵੇਪਰਵਾਹੁ ਸਦਾ ਤੂ ਨਾ ਤਿਸੁ ਤਿਲੁ ਨ ਤਮਾਈ ਹੇ ॥੧੪॥ (1021-7)
अफरिओ वेपरवाहु सदा तू ना तिसु तिलु न तमाई हे ॥१४॥

ਕਾਲੁ ਬਿਕਾਲੁ ਭਏ ਦੇਵਾਨੇ ॥ (1021-8)
कालु बिकालु भए देवाने ॥

ਸਬਦੁ ਸਹਜ ਰਸੁ ਅੰਤਰਿ ਮਾਨੇ ॥ (1021-8)
सबदु सहज रसु अंतरि माने ॥

ਆਪੇ ਮੁਕਤਿ ਤ੍ਰਿਪਤਿ ਵਰਦਾਤਾ ਭਗਤਿ ਭਾਇ ਮਨਿ ਭਾਈ ਹੇ ॥੧੫॥ (1021-8)
आपे मुकति त्रिपति वरदाता भगति भाइ मनि भाई हे ॥१५॥

ਆਪਿ ਨਿਰਾਲਮੁ ਗੁਰ ਗਮ ਗਿਆਨਾ ॥ (1021-9)
आपि निरालमु गुर गम गिआना ॥

ਜੋ ਦੀਸੈ ਤੁਝ ਮਾਹਿ ਸਮਾਨਾ ॥ (1021-9)
जो दीसै तुझ माहि समाना ॥

ਨਾਨਕੁ ਨੀਚੁ ਭਿਖਿਆ ਦਰਿ ਜਾਚੈ ਮੈ ਦੀਜੈ ਨਾਮੁ ਵਡਾਈ ਹੇ ॥੧੬॥੧॥ (1021-10)
नानकु नीचु भिखिआ दरि जाचै मै दीजै नामु वडाई हे ॥१६॥१॥

ਮਾਰੂ ਮਹਲਾ ੧ ॥ (1021-10)
मारू महला १ ॥

ਆਪੇ ਧਰਤੀ ਧਉਲੁ ਅਕਾਸੰ ॥ (1021-11)
आपे धरती धउलु अकासं ॥

ਆਪੇ ਸਾਚੇ ਗੁਣ ਪਰਗਾਸੰ ॥ (1021-11)
आपे साचे गुण परगासं ॥

ਜਤੀ ਸਤੀ ਸੰਤੋਖੀ ਆਪੇ ਆਪੇ ਕਾਰ ਕਮਾਈ ਹੇ ॥੧॥ (1021-11)
जती सती संतोखी आपे आपे कार कमाई हे ॥१॥

ਜਿਸੁ ਕਰਣਾ ਸੋ ਕਰਿ ਕਰਿ ਵੇਖੈ ॥ (1021-12)
जिसु करणा सो करि करि वेखै ॥

ਕੋਇ ਨ ਮੇਟੈ ਸਾਚੇ ਲੇਖੈ ॥ (1021-12)
कोइ न मेटै साचे लेखै ॥

ਆਪੇ ਕਰੇ ਕਰਾਏ ਆਪੇ ਆਪੇ ਦੇ ਵਡਿਆਈ ਹੇ ॥੨॥ (1021-12)
आपे करे कराए आपे आपे दे वडिआई हे ॥२॥

ਪੰਚ ਚੋਰ ਚੰਚਲ ਚਿਤੁ ਚਾਲਹਿ ॥ (1021-13)
पंच चोर चंचल चितु चालहि ॥

ਪਰ ਘਰ ਜੋਹਹਿ ਘਰੁ ਨਹੀ ਭਾਲਹਿ ॥ (1021-13)
पर घर जोहहि घरु नही भालहि ॥

ਕਾਇਆ ਨਗਰੁ ਢਹੈ ਢਹਿ ਢੇਰੀ ਬਿਨੁ ਸਬਦੈ ਪਤਿ ਜਾਈ ਹੇ ॥੩॥ (1021-13)
काइआ नगरु ढहै ढहि ढेरी बिनु सबदै पति जाई हे ॥३॥

ਗੁਰ ਤੇ ਬੂਝੈ ਤ੍ਰਿਭਵਣੁ ਸੂਝੈ ॥ (1021-14)
गुर ते बूझै त्रिभवणु सूझै ॥

ਮਨਸਾ ਮਾਰਿ ਮਨੈ ਸਿਉ ਲੂਝੈ ॥ (1021-14)
मनसा मारि मनै सिउ लूझै ॥

ਜੋ ਤੁਧੁ ਸੇਵਹਿ ਸੇ ਤੁਧ ਹੀ ਜੇਹੇ ਨਿਰਭਉ ਬਾਲ ਸਖਾਈ ਹੇ ॥੪॥ (1021-14)
जो तुधु सेवहि से तुध ही जेहे निरभउ बाल सखाई हे ॥४॥

ਆਪੇ ਸੁਰਗੁ ਮਛੁ ਪਇਆਲਾ ॥ (1021-15)
आपे सुरगु मछु पइआला ॥

ਆਪੇ ਜੋਤਿ ਸਰੂਪੀ ਬਾਲਾ ॥ (1021-15)
आपे जोति सरूपी बाला ॥

ਜਟਾ ਬਿਕਟ ਬਿਕਰਾਲ ਸਰੂਪੀ ਰੂਪੁ ਨ ਰੇਖਿਆ ਕਾਈ ਹੇ ॥੫॥ (1021-16)
जटा बिकट बिकराल सरूपी रूपु न रेखिआ काई हे ॥५॥

ਬੇਦ ਕਤੇਬੀ ਭੇਦੁ ਨ ਜਾਤਾ ॥ (1021-16)
बेद कतेबी भेदु न जाता ॥

ਨਾ ਤਿਸੁ ਮਾਤ ਪਿਤਾ ਸੁਤ ਭ੍ਰਾਤਾ ॥ (1021-16)
ना तिसु मात पिता सुत भ्राता ॥

ਸਗਲੇ ਸੈਲ ਉਪਾਇ ਸਮਾਏ ਅਲਖੁ ਨ ਲਖਣਾ ਜਾਈ ਹੇ ॥੬॥ (1021-17)
सगले सैल उपाइ समाए अलखु न लखणा जाई हे ॥६॥

ਕਰਿ ਕਰਿ ਥਾਕੀ ਮੀਤ ਘਨੇਰੇ ॥ (1021-17)
करि करि थाकी मीत घनेरे ॥

ਕੋਇ ਨ ਕਾਟੈ ਅਵਗੁਣ ਮੇਰੇ ॥ (1021-18)
कोइ न काटै अवगुण मेरे ॥

ਸੁਰਿ ਨਰ ਨਾਥੁ ਸਾਹਿਬੁ ਸਭਨਾ ਸਿਰਿ ਭਾਇ ਮਿਲੈ ਭਉ ਜਾਈ ਹੇ ॥੭॥ (1021-18)
सुरि नर नाथु साहिबु सभना सिरि भाइ मिलै भउ जाई हे ॥७॥

ਭੂਲੇ ਚੂਕੇ ਮਾਰਗਿ ਪਾਵਹਿ ॥ (1021-19)
भूले चूके मारगि पावहि ॥

ਆਪਿ ਭੁਲਾਇ ਤੂਹੈ ਸਮਝਾਵਹਿ ॥ (1021-19)
आपि भुलाइ तूहै समझावहि ॥

ਬਿਨੁ ਨਾਵੈ ਮੈ ਅਵਰੁ ਨ ਦੀਸੈ ਨਾਵਹੁ ਗਤਿ ਮਿਤਿ ਪਾਈ ਹੇ ॥੮॥ (1021-19)
बिनु नावै मै अवरु न दीसै नावहु गति मिति पाई हे ॥८॥

ਗੰਗਾ ਜਮੁਨਾ ਕੇਲ ਕੇਦਾਰਾ ॥ (1022-1)
गंगा जमुना केल केदारा ॥

ਕਾਸੀ ਕਾਂਤੀ ਪੁਰੀ ਦੁਆਰਾ ॥ (1022-1)
कासी कांती पुरी दुआरा ॥

ਗੰਗਾ ਸਾਗਰੁ ਬੇਣੀ ਸੰਗਮੁ ਅਠਸਠਿ ਅੰਕਿ ਸਮਾਈ ਹੇ ॥੯॥ (1022-1)
गंगा सागरु बेणी संगमु अठसठि अंकि समाई हे ॥९॥

ਆਪੇ ਸਿਧ ਸਾਧਿਕੁ ਵੀਚਾਰੀ ॥ (1022-2)
आपे सिध साधिकु वीचारी ॥

ਆਪੇ ਰਾਜਨੁ ਪੰਚਾ ਕਾਰੀ ॥ (1022-2)
आपे राजनु पंचा कारी ॥

ਤਖਤਿ ਬਹੈ ਅਦਲੀ ਪ੍ਰਭੁ ਆਪੇ ਭਰਮੁ ਭੇਦੁ ਭਉ ਜਾਈ ਹੇ ॥੧੦॥ (1022-3)
तखति बहै अदली प्रभु आपे भरमु भेदु भउ जाई हे ॥१०॥

ਆਪੇ ਕਾਜੀ ਆਪੇ ਮੁਲਾ ॥ (1022-3)
आपे काजी आपे मुला ॥

ਆਪਿ ਅਭੁਲੁ ਨ ਕਬਹੂ ਭੁਲਾ ॥ (1022-3)
आपि अभुलु न कबहू भुला ॥

ਆਪੇ ਮਿਹਰ ਦਇਆਪਤਿ ਦਾਤਾ ਨਾ ਕਿਸੈ ਕੋ ਬੈਰਾਈ ਹੇ ॥੧੧॥ (1022-4)
आपे मिहर दइआपति दाता ना किसै को बैराई हे ॥११॥

ਜਿਸੁ ਬਖਸੇ ਤਿਸੁ ਦੇ ਵਡਿਆਈ ॥ (1022-4)
जिसु बखसे तिसु दे वडिआई ॥

ਸਭਸੈ ਦਾਤਾ ਤਿਲੁ ਨ ਤਮਾਈ ॥ (1022-5)
सभसै दाता तिलु न तमाई ॥

ਭਰਪੁਰਿ ਧਾਰਿ ਰਹਿਆ ਨਿਹਕੇਵਲੁ ਗੁਪਤੁ ਪ੍ਰਗਟੁ ਸਭ ਠਾਈ ਹੇ ॥੧੨॥ (1022-5)
भरपुरि धारि रहिआ निहकेवलु गुपतु प्रगटु सभ ठाई हे ॥१२॥

ਕਿਆ ਸਾਲਾਹੀ ਅਗਮ ਅਪਾਰੈ ॥ (1022-6)
किआ सालाही अगम अपारै ॥

ਸਾਚੇ ਸਿਰਜਣਹਾਰ ਮੁਰਾਰੈ ॥ (1022-6)
साचे सिरजणहार मुरारै ॥

ਜਿਸ ਨੋ ਨਦਰਿ ਕਰੇ ਤਿਸੁ ਮੇਲੇ ਮੇਲਿ ਮਿਲੈ ਮੇਲਾਈ ਹੇ ॥੧੩॥ (1022-6)
जिस नो नदरि करे तिसु मेले मेलि मिलै मेलाई हे ॥१३॥

ਬ੍ਰਹਮਾ ਬਿਸਨੁ ਮਹੇਸੁ ਦੁਆਰੈ ॥ (1022-7)
ब्रहमा बिसनु महेसु दुआरै ॥

ਊਭੇ ਸੇਵਹਿ ਅਲਖ ਅਪਾਰੈ ॥ (1022-7)
ऊभे सेवहि अलख अपारै ॥

ਹੋਰ ਕੇਤੀ ਦਰਿ ਦੀਸੈ ਬਿਲਲਾਦੀ ਮੈ ਗਣਤ ਨ ਆਵੈ ਕਾਈ ਹੇ ॥੧੪॥ (1022-7)
होर केती दरि दीसै बिललादी मै गणत न आवै काई हे ॥१४॥

ਸਾਚੀ ਕੀਰਤਿ ਸਾਚੀ ਬਾਣੀ ॥ (1022-8)
साची कीरति साची बाणी ॥

ਹੋਰ ਨ ਦੀਸੈ ਬੇਦ ਪੁਰਾਣੀ ॥ (1022-8)
होर न दीसै बेद पुराणी ॥

ਪੂੰਜੀ ਸਾਚੁ ਸਚੇ ਗੁਣ ਗਾਵਾ ਮੈ ਧਰ ਹੋਰ ਨ ਕਾਈ ਹੇ ॥੧੫॥ (1022-9)
पूंजी साचु सचे गुण गावा मै धर होर न काई हे ॥१५॥

ਜੁਗੁ ਜੁਗੁ ਸਾਚਾ ਹੈ ਭੀ ਹੋਸੀ ॥ (1022-9)
जुगु जुगु साचा है भी होसी ॥

ਕਉਣੁ ਨ ਮੂਆ ਕਉਣੁ ਨ ਮਰਸੀ ॥ (1022-9)
कउणु न मूआ कउणु न मरसी ॥

ਨਾਨਕੁ ਨੀਚੁ ਕਹੈ ਬੇਨੰਤੀ ਦਰਿ ਦੇਖਹੁ ਲਿਵ ਲਾਈ ਹੇ ॥੧੬॥੨॥ (1022-10)
नानकु नीचु कहै बेनंती दरि देखहु लिव लाई हे ॥१६॥२॥

ਮਾਰੂ ਮਹਲਾ ੧ ॥ (1022-10)
मारू महला १ ॥

ਦੂਜੀ ਦੁਰਮਤਿ ਅੰਨੀ ਬੋਲੀ ॥ (1022-11)
दूजी दुरमति अंनी बोली ॥

ਕਾਮ ਕ੍ਰੋਧ ਕੀ ਕਚੀ ਚੋਲੀ ॥ (1022-11)
काम क्रोध की कची चोली ॥

ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ ॥੧॥ (1022-11)
घरि वरु सहजु न जाणै छोहरि बिनु पिर नीद न पाई हे ॥१॥

ਅੰਤਰਿ ਅਗਨਿ ਜਲੈ ਭੜਕਾਰੇ ॥ (1022-12)
अंतरि अगनि जलै भड़कारे ॥

ਮਨਮੁਖੁ ਤਕੇ ਕੁੰਡਾ ਚਾਰੇ ॥ (1022-12)
मनमुखु तके कुंडा चारे ॥

ਬਿਨੁ ਸਤਿਗੁਰ ਸੇਵੇ ਕਿਉ ਸੁਖੁ ਪਾਈਐ ਸਾਚੇ ਹਾਥਿ ਵਡਾਈ ਹੇ ॥੨॥ (1022-12)
बिनु सतिगुर सेवे किउ सुखु पाईऐ साचे हाथि वडाई हे ॥२॥

ਕਾਮੁ ਕ੍ਰੋਧੁ ਅਹੰਕਾਰੁ ਨਿਵਾਰੇ ॥ (1022-13)
कामु क्रोधु अहंकारु निवारे ॥

ਤਸਕਰ ਪੰਚ ਸਬਦਿ ਸੰਘਾਰੇ ॥ (1022-13)
तसकर पंच सबदि संघारे ॥

ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ ॥੩॥ (1022-13)
गिआन खड़गु लै मन सिउ लूझै मनसा मनहि समाई हे ॥३॥

ਮਾ ਕੀ ਰਕਤੁ ਪਿਤਾ ਬਿਦੁ ਧਾਰਾ ॥ (1022-14)
मा की रकतु पिता बिदु धारा ॥

ਮੂਰਤਿ ਸੂਰਤਿ ਕਰਿ ਆਪਾਰਾ ॥ (1022-14)
मूरति सूरति करि आपारा ॥

ਜੋਤਿ ਦਾਤਿ ਜੇਤੀ ਸਭ ਤੇਰੀ ਤੂ ਕਰਤਾ ਸਭ ਠਾਈ ਹੇ ॥੪॥ (1022-15)
जोति दाति जेती सभ तेरी तू करता सभ ठाई हे ॥४॥

ਤੁਝ ਹੀ ਕੀਆ ਜੰਮਣ ਮਰਣਾ ॥ (1022-15)
तुझ ही कीआ जंमण मरणा ॥

ਗੁਰ ਤੇ ਸਮਝ ਪੜੀ ਕਿਆ ਡਰਣਾ ॥ (1022-16)
गुर ते समझ पड़ी किआ डरणा ॥

ਤੂ ਦਇਆਲੁ ਦਇਆ ਕਰਿ ਦੇਖਹਿ ਦੁਖੁ ਦਰਦੁ ਸਰੀਰਹੁ ਜਾਈ ਹੇ ॥੫॥ (1022-16)
तू दइआलु दइआ करि देखहि दुखु दरदु सरीरहु जाई हे ॥५॥

ਨਿਜ ਘਰਿ ਬੈਸਿ ਰਹੇ ਭਉ ਖਾਇਆ ॥ (1022-17)
निज घरि बैसि रहे भउ खाइआ ॥

ਧਾਵਤ ਰਾਖੇ ਠਾਕਿ ਰਹਾਇਆ ॥ (1022-17)
धावत राखे ठाकि रहाइआ ॥

ਕਮਲ ਬਿਗਾਸ ਹਰੇ ਸਰ ਸੁਭਰ ਆਤਮ ਰਾਮੁ ਸਖਾਈ ਹੇ ॥੬॥ (1022-17)
कमल बिगास हरे सर सुभर आतम रामु सखाई हे ॥६॥

ਮਰਣੁ ਲਿਖਾਇ ਮੰਡਲ ਮਹਿ ਆਏ ॥ (1022-18)
मरणु लिखाइ मंडल महि आए ॥

ਕਿਉ ਰਹੀਐ ਚਲਣਾ ਪਰਥਾਏ ॥ (1022-18)
किउ रहीऐ चलणा परथाए ॥

ਸਚਾ ਅਮਰੁ ਸਚੇ ਅਮਰਾ ਪੁਰਿ ਸੋ ਸਚੁ ਮਿਲੈ ਵਡਾਈ ਹੇ ॥੭॥ (1022-18)
सचा अमरु सचे अमरा पुरि सो सचु मिलै वडाई हे ॥७॥

ਆਪਿ ਉਪਾਇਆ ਜਗਤੁ ਸਬਾਇਆ ॥ (1022-19)
आपि उपाइआ जगतु सबाइआ ॥

ਜਿਨਿ ਸਿਰਿਆ ਤਿਨਿ ਧੰਧੈ ਲਾਇਆ ॥ (1022-19)
जिनि सिरिआ तिनि धंधै लाइआ ॥

ਸਚੈ ਊਪਰਿ ਅਵਰ ਨ ਦੀਸੈ ਸਾਚੇ ਕੀਮਤਿ ਪਾਈ ਹੇ ॥੮॥ (1023-1)
सचै ऊपरि अवर न दीसै साचे कीमति पाई हे ॥८॥

ਐਥੈ ਗੋਇਲੜਾ ਦਿਨ ਚਾਰੇ ॥ (1023-1)
ऐथै गोइलड़ा दिन चारे ॥

ਖੇਲੁ ਤਮਾਸਾ ਧੁੰਧੂਕਾਰੇ ॥ (1023-2)
खेलु तमासा धुंधूकारे ॥

ਬਾਜੀ ਖੇਲਿ ਗਏ ਬਾਜੀਗਰ ਜਿਉ ਨਿਸਿ ਸੁਪਨੈ ਭਖਲਾਈ ਹੇ ॥੯॥ (1023-2)
बाजी खेलि गए बाजीगर जिउ निसि सुपनै भखलाई हे ॥९॥

ਤਿਨ ਕਉ ਤਖਤਿ ਮਿਲੀ ਵਡਿਆਈ ॥ (1023-2)
तिन कउ तखति मिली वडिआई ॥

ਨਿਰਭਉ ਮਨਿ ਵਸਿਆ ਲਿਵ ਲਾਈ ॥ (1023-3)
निरभउ मनि वसिआ लिव लाई ॥

ਖੰਡੀ ਬ੍ਰਹਮੰਡੀ ਪਾਤਾਲੀ ਪੁਰੀਈ ਤ੍ਰਿਭਵਣ ਤਾੜੀ ਲਾਈ ਹੇ ॥੧੦॥ (1023-3)
खंडी ब्रहमंडी पाताली पुरीई त्रिभवण ताड़ी लाई हे ॥१०॥

ਸਾਚੀ ਨਗਰੀ ਤਖਤੁ ਸਚਾਵਾ ॥ (1023-4)
साची नगरी तखतु सचावा ॥

ਗੁਰਮੁਖਿ ਸਾਚੁ ਮਿਲੈ ਸੁਖੁ ਪਾਵਾ ॥ (1023-4)
गुरमुखि साचु मिलै सुखु पावा ॥

ਸਾਚੇ ਸਾਚੈ ਤਖਤਿ ਵਡਾਈ ਹਉਮੈ ਗਣਤ ਗਵਾਈ ਹੇ ॥੧੧॥ (1023-4)
साचे साचै तखति वडाई हउमै गणत गवाई हे ॥११॥

ਗਣਤ ਗਣੀਐ ਸਹਸਾ ਜੀਐ ॥ (1023-5)
गणत गणीऐ सहसा जीऐ ॥

ਕਿਉ ਸੁਖੁ ਪਾਵੈ ਦੂਐ ਤੀਐ ॥ (1023-5)
किउ सुखु पावै दूऐ तीऐ ॥

ਨਿਰਮਲੁ ਏਕੁ ਨਿਰੰਜਨੁ ਦਾਤਾ ਗੁਰ ਪੂਰੇ ਤੇ ਪਤਿ ਪਾਈ ਹੇ ॥੧੨॥ (1023-6)
निरमलु एकु निरंजनु दाता गुर पूरे ते पति पाई हे ॥१२॥

ਜੁਗਿ ਜੁਗਿ ਵਿਰਲੀ ਗੁਰਮੁਖਿ ਜਾਤਾ ॥ (1023-6)
जुगि जुगि विरली गुरमुखि जाता ॥

ਸਾਚਾ ਰਵਿ ਰਹਿਆ ਮਨੁ ਰਾਤਾ ॥ (1023-6)
साचा रवि रहिआ मनु राता ॥

ਤਿਸ ਕੀ ਓਟ ਗਹੀ ਸੁਖੁ ਪਾਇਆ ਮਨਿ ਤਨਿ ਮੈਲੁ ਨ ਕਾਈ ਹੇ ॥੧੩॥ (1023-7)
तिस की ओट गही सुखु पाइआ मनि तनि मैलु न काई हे ॥१३॥

ਜੀਭ ਰਸਾਇਣਿ ਸਾਚੈ ਰਾਤੀ ॥ (1023-7)
जीभ रसाइणि साचै राती ॥

ਹਰਿ ਪ੍ਰਭੁ ਸੰਗੀ ਭਉ ਨ ਭਰਾਤੀ ॥ (1023-8)
हरि प्रभु संगी भउ न भराती ॥

ਸ੍ਰਵਣ ਸ੍ਰੋਤ ਰਜੇ ਗੁਰਬਾਣੀ ਜੋਤੀ ਜੋਤਿ ਮਿਲਾਈ ਹੇ ॥੧੪॥ (1023-8)
स्रवण स्रोत रजे गुरबाणी जोती जोति मिलाई हे ॥१४॥

ਰਖਿ ਰਖਿ ਪੈਰ ਧਰੇ ਪਉ ਧਰਣਾ ॥ (1023-9)
रखि रखि पैर धरे पउ धरणा ॥

ਜਤ ਕਤ ਦੇਖਉ ਤੇਰੀ ਸਰਣਾ ॥ (1023-9)
जत कत देखउ तेरी सरणा ॥

ਦੁਖੁ ਸੁਖੁ ਦੇਹਿ ਤੂਹੈ ਮਨਿ ਭਾਵਹਿ ਤੁਝ ਹੀ ਸਿਉ ਬਣਿ ਆਈ ਹੇ ॥੧੫॥ (1023-9)
दुखु सुखु देहि तूहै मनि भावहि तुझ ही सिउ बणि आई हे ॥१५॥

ਅੰਤ ਕਾਲਿ ਕੋ ਬੇਲੀ ਨਾਹੀ ॥ (1023-10)
अंत कालि को बेली नाही ॥

ਗੁਰਮੁਖਿ ਜਾਤਾ ਤੁਧੁ ਸਾਲਾਹੀ ॥ (1023-10)
गुरमुखि जाता तुधु सालाही ॥

ਨਾਨਕ ਨਾਮਿ ਰਤੇ ਬੈਰਾਗੀ ਨਿਜ ਘਰਿ ਤਾੜੀ ਲਾਈ ਹੇ ॥੧੬॥੩॥ (1023-10)
नानक नामि रते बैरागी निज घरि ताड़ी लाई हे ॥१६॥३॥

ਮਾਰੂ ਮਹਲਾ ੧ ॥ (1023-11)
मारू महला १ ॥

ਆਦਿ ਜੁਗਾਦੀ ਅਪਰ ਅਪਾਰੇ ॥ (1023-11)
आदि जुगादी अपर अपारे ॥

ਆਦਿ ਨਿਰੰਜਨ ਖਸਮ ਹਮਾਰੇ ॥ (1023-12)
आदि निरंजन खसम हमारे ॥

ਸਾਚੇ ਜੋਗ ਜੁਗਤਿ ਵੀਚਾਰੀ ਸਾਚੇ ਤਾੜੀ ਲਾਈ ਹੇ ॥੧॥ (1023-12)
साचे जोग जुगति वीचारी साचे ताड़ी लाई हे ॥१॥

ਕੇਤੜਿਆ ਜੁਗ ਧੁੰਧੂਕਾਰੈ ॥ (1023-12)
केतड़िआ जुग धुंधूकारै ॥

ਤਾੜੀ ਲਾਈ ਸਿਰਜਣਹਾਰੈ ॥ (1023-13)
ताड़ी लाई सिरजणहारै ॥

ਸਚੁ ਨਾਮੁ ਸਚੀ ਵਡਿਆਈ ਸਾਚੈ ਤਖਤਿ ਵਡਾਈ ਹੇ ॥੨॥ (1023-13)
सचु नामु सची वडिआई साचै तखति वडाई हे ॥२॥

ਸਤਜੁਗਿ ਸਤੁ ਸੰਤੋਖੁ ਸਰੀਰਾ ॥ (1023-13)
सतजुगि सतु संतोखु सरीरा ॥

ਸਤਿ ਸਤਿ ਵਰਤੈ ਗਹਿਰ ਗੰਭੀਰਾ ॥ (1023-14)
सति सति वरतै गहिर ग्मभीरा ॥

ਸਚਾ ਸਾਹਿਬੁ ਸਚੁ ਪਰਖੈ ਸਾਚੈ ਹੁਕਮਿ ਚਲਾਈ ਹੇ ॥੩॥ (1023-14)
सचा साहिबु सचु परखै साचै हुकमि चलाई हे ॥३॥

ਸਤ ਸੰਤੋਖੀ ਸਤਿਗੁਰੁ ਪੂਰਾ ॥ (1023-15)
सत संतोखी सतिगुरु पूरा ॥

ਗੁਰ ਕਾ ਸਬਦੁ ਮਨੇ ਸੋ ਸੂਰਾ ॥ (1023-15)
गुर का सबदु मने सो सूरा ॥

ਸਾਚੀ ਦਰਗਹ ਸਾਚੁ ਨਿਵਾਸਾ ਮਾਨੈ ਹੁਕਮੁ ਰਜਾਈ ਹੇ ॥੪॥ (1023-15)
साची दरगह साचु निवासा मानै हुकमु रजाई हे ॥४॥

ਸਤਜੁਗਿ ਸਾਚੁ ਕਹੈ ਸਭੁ ਕੋਈ ॥ (1023-16)
सतजुगि साचु कहै सभु कोई ॥

ਸਚਿ ਵਰਤੈ ਸਾਚਾ ਸੋਈ ॥ (1023-16)
सचि वरतै साचा सोई ॥

ਮਨਿ ਮੁਖਿ ਸਾਚੁ ਭਰਮ ਭਉ ਭੰਜਨੁ ਗੁਰਮੁਖਿ ਸਾਚੁ ਸਖਾਈ ਹੇ ॥੫॥ (1023-16)
मनि मुखि साचु भरम भउ भंजनु गुरमुखि साचु सखाई हे ॥५॥

ਤ੍ਰੇਤੈ ਧਰਮ ਕਲਾ ਇਕ ਚੂਕੀ ॥ (1023-17)
त्रेतै धरम कला इक चूकी ॥

ਤੀਨਿ ਚਰਣ ਇਕ ਦੁਬਿਧਾ ਸੂਕੀ ॥ (1023-17)
तीनि चरण इक दुबिधा सूकी ॥

ਗੁਰਮੁਖਿ ਹੋਵੈ ਸੁ ਸਾਚੁ ਵਖਾਣੈ ਮਨਮੁਖਿ ਪਚੈ ਅਵਾਈ ਹੇ ॥੬॥ (1023-17)
गुरमुखि होवै सु साचु वखाणै मनमुखि पचै अवाई हे ॥६॥

ਮਨਮੁਖਿ ਕਦੇ ਨ ਦਰਗਹ ਸੀਝੈ ॥ (1023-18)
मनमुखि कदे न दरगह सीझै ॥

ਬਿਨੁ ਸਬਦੈ ਕਿਉ ਅੰਤਰੁ ਰੀਝੈ ॥ (1023-18)
बिनु सबदै किउ अंतरु रीझै ॥

ਬਾਧੇ ਆਵਹਿ ਬਾਧੇ ਜਾਵਹਿ ਸੋਝੀ ਬੂਝ ਨ ਕਾਈ ਹੇ ॥੭॥ (1023-19)
बाधे आवहि बाधे जावहि सोझी बूझ न काई हे ॥७॥

ਦਇਆ ਦੁਆਪੁਰਿ ਅਧੀ ਹੋਈ ॥ (1023-19)
दइआ दुआपुरि अधी होई ॥

ਗੁਰਮੁਖਿ ਵਿਰਲਾ ਚੀਨੈ ਕੋਈ ॥ (1024-1)
गुरमुखि विरला चीनै कोई ॥

ਦੁਇ ਪਗ ਧਰਮੁ ਧਰੇ ਧਰਣੀਧਰ ਗੁਰਮੁਖਿ ਸਾਚੁ ਤਿਥਾਈ ਹੇ ॥੮॥ (1024-1)
दुइ पग धरमु धरे धरणीधर गुरमुखि साचु तिथाई हे ॥८॥

ਰਾਜੇ ਧਰਮੁ ਕਰਹਿ ਪਰਥਾਏ ॥ (1024-1)
राजे धरमु करहि परथाए ॥

ਆਸਾ ਬੰਧੇ ਦਾਨੁ ਕਰਾਏ ॥ (1024-2)
आसा बंधे दानु कराए ॥

ਰਾਮ ਨਾਮ ਬਿਨੁ ਮੁਕਤਿ ਨ ਹੋਈ ਥਾਕੇ ਕਰਮ ਕਮਾਈ ਹੇ ॥੯॥ (1024-2)
राम नाम बिनु मुकति न होई थाके करम कमाई हे ॥९॥

ਕਰਮ ਧਰਮ ਕਰਿ ਮੁਕਤਿ ਮੰਗਾਹੀ ॥ (1024-3)
करम धरम करि मुकति मंगाही ॥

ਮੁਕਤਿ ਪਦਾਰਥੁ ਸਬਦਿ ਸਲਾਹੀ ॥ (1024-3)
मुकति पदारथु सबदि सलाही ॥

ਬਿਨੁ ਗੁਰ ਸਬਦੈ ਮੁਕਤਿ ਨ ਹੋਈ ਪਰਪੰਚੁ ਕਰਿ ਭਰਮਾਈ ਹੇ ॥੧੦॥ (1024-3)
बिनु गुर सबदै मुकति न होई परपंचु करि भरमाई हे ॥१०॥

ਮਾਇਆ ਮਮਤਾ ਛੋਡੀ ਨ ਜਾਈ ॥ (1024-4)
माइआ ममता छोडी न जाई ॥

ਸੇ ਛੂਟੇ ਸਚੁ ਕਾਰ ਕਮਾਈ ॥ (1024-4)
से छूटे सचु कार कमाई ॥

ਅਹਿਨਿਸਿ ਭਗਤਿ ਰਤੇ ਵੀਚਾਰੀ ਠਾਕੁਰ ਸਿਉ ਬਣਿ ਆਈ ਹੇ ॥੧੧॥ (1024-4)
अहिनिसि भगति रते वीचारी ठाकुर सिउ बणि आई हे ॥११॥

ਇਕਿ ਜਪ ਤਪ ਕਰਿ ਕਰਿ ਤੀਰਥ ਨਾਵਹਿ ॥ (1024-5)
इकि जप तप करि करि तीरथ नावहि ॥

ਜਿਉ ਤੁਧੁ ਭਾਵੈ ਤਿਵੈ ਚਲਾਵਹਿ ॥ (1024-5)
जिउ तुधु भावै तिवै चलावहि ॥

ਹਠਿ ਨਿਗ੍ਰਹਿ ਅਪਤੀਜੁ ਨ ਭੀਜੈ ਬਿਨੁ ਹਰਿ ਗੁਰ ਕਿਨਿ ਪਤਿ ਪਾਈ ਹੇ ॥੧੨॥ (1024-6)
हठि निग्रहि अपतीजु न भीजै बिनु हरि गुर किनि पति पाई हे ॥१२॥

ਕਲੀ ਕਾਲ ਮਹਿ ਇਕ ਕਲ ਰਾਖੀ ॥ (1024-7)
कली काल महि इक कल राखी ॥

ਬਿਨੁ ਗੁਰ ਪੂਰੇ ਕਿਨੈ ਨ ਭਾਖੀ ॥ (1024-7)
बिनु गुर पूरे किनै न भाखी ॥

ਮਨਮੁਖਿ ਕੂੜੁ ਵਰਤੈ ਵਰਤਾਰਾ ਬਿਨੁ ਸਤਿਗੁਰ ਭਰਮੁ ਨ ਜਾਈ ਹੇ ॥੧੩॥ (1024-7)
मनमुखि कूड़ु वरतै वरतारा बिनु सतिगुर भरमु न जाई हे ॥१३॥

ਸਤਿਗੁਰੁ ਵੇਪਰਵਾਹੁ ਸਿਰੰਦਾ ॥ (1024-8)
सतिगुरु वेपरवाहु सिरंदा ॥

ਨਾ ਜਮ ਕਾਣਿ ਨ ਛੰਦਾ ਬੰਦਾ ॥ (1024-8)
ना जम काणि न छंदा बंदा ॥

ਜੋ ਤਿਸੁ ਸੇਵੇ ਸੋ ਅਬਿਨਾਸੀ ਨਾ ਤਿਸੁ ਕਾਲੁ ਸੰਤਾਈ ਹੇ ॥੧੪॥ (1024-8)
जो तिसु सेवे सो अबिनासी ना तिसु कालु संताई हे ॥१४॥

ਗੁਰ ਮਹਿ ਆਪੁ ਰਖਿਆ ਕਰਤਾਰੇ ॥ (1024-9)
गुर महि आपु रखिआ करतारे ॥

ਗੁਰਮੁਖਿ ਕੋਟਿ ਅਸੰਖ ਉਧਾਰੇ ॥ (1024-9)
गुरमुखि कोटि असंख उधारे ॥

ਸਰਬ ਜੀਆ ਜਗਜੀਵਨੁ ਦਾਤਾ ਨਿਰਭਉ ਮੈਲੁ ਨ ਕਾਈ ਹੇ ॥੧੫॥ (1024-10)
सरब जीआ जगजीवनु दाता निरभउ मैलु न काई हे ॥१५॥

ਸਗਲੇ ਜਾਚਹਿ ਗੁਰ ਭੰਡਾਰੀ ॥ (1024-10)
सगले जाचहि गुर भंडारी ॥

ਆਪਿ ਨਿਰੰਜਨੁ ਅਲਖ ਅਪਾਰੀ ॥ (1024-11)
आपि निरंजनु अलख अपारी ॥

ਨਾਨਕੁ ਸਾਚੁ ਕਹੈ ਪ੍ਰਭ ਜਾਚੈ ਮੈ ਦੀਜੈ ਸਾਚੁ ਰਜਾਈ ਹੇ ॥੧੬॥੪॥ (1024-11)
नानकु साचु कहै प्रभ जाचै मै दीजै साचु रजाई हे ॥१६॥४॥

ਮਾਰੂ ਮਹਲਾ ੧ ॥ (1024-12)
मारू महला १ ॥

ਸਾਚੈ ਮੇਲੇ ਸਬਦਿ ਮਿਲਾਏ ॥ (1024-12)
साचै मेले सबदि मिलाए ॥

ਜਾ ਤਿਸੁ ਭਾਣਾ ਸਹਜਿ ਸਮਾਏ ॥ (1024-12)
जा तिसु भाणा सहजि समाए ॥

ਤ੍ਰਿਭਵਣ ਜੋਤਿ ਧਰੀ ਪਰਮੇਸਰਿ ਅਵਰੁ ਨ ਦੂਜਾ ਭਾਈ ਹੇ ॥੧॥ (1024-12)
त्रिभवण जोति धरी परमेसरि अवरु न दूजा भाई हे ॥१॥

ਜਿਸ ਕੇ ਚਾਕਰ ਤਿਸ ਕੀ ਸੇਵਾ ॥ (1024-13)
जिस के चाकर तिस की सेवा ॥

ਸਬਦਿ ਪਤੀਜੈ ਅਲਖ ਅਭੇਵਾ ॥ (1024-13)
सबदि पतीजै अलख अभेवा ॥

ਭਗਤਾ ਕਾ ਗੁਣਕਾਰੀ ਕਰਤਾ ਬਖਸਿ ਲਏ ਵਡਿਆਈ ਹੇ ॥੨॥ (1024-14)
भगता का गुणकारी करता बखसि लए वडिआई हे ॥२॥

ਦੇਦੇ ਤੋਟਿ ਨ ਆਵੈ ਸਾਚੇ ॥ (1024-14)
देदे तोटि न आवै साचे ॥

ਲੈ ਲੈ ਮੁਕਰਿ ਪਉਦੇ ਕਾਚੇ ॥ (1024-14)
लै लै मुकरि पउदे काचे ॥

ਮੂਲੁ ਨ ਬੂਝਹਿ ਸਾਚਿ ਨ ਰੀਝਹਿ ਦੂਜੈ ਭਰਮਿ ਭੁਲਾਈ ਹੇ ॥੩॥ (1024-15)
मूलु न बूझहि साचि न रीझहि दूजै भरमि भुलाई हे ॥३॥

ਗੁਰਮੁਖਿ ਜਾਗਿ ਰਹੇ ਦਿਨ ਰਾਤੀ ॥ (1024-15)
गुरमुखि जागि रहे दिन राती ॥

ਸਾਚੇ ਕੀ ਲਿਵ ਗੁਰਮਤਿ ਜਾਤੀ ॥ (1024-15)
साचे की लिव गुरमति जाती ॥

ਮਨਮੁਖ ਸੋਇ ਰਹੇ ਸੇ ਲੂਟੇ ਗੁਰਮੁਖਿ ਸਾਬਤੁ ਭਾਈ ਹੇ ॥੪॥ (1024-16)
मनमुख सोइ रहे से लूटे गुरमुखि साबतु भाई हे ॥४॥

ਕੂੜੇ ਆਵੈ ਕੂੜੇ ਜਾਵੈ ॥ (1024-16)
कूड़े आवै कूड़े जावै ॥

ਕੂੜੇ ਰਾਤੀ ਕੂੜੁ ਕਮਾਵੈ ॥ (1024-17)
कूड़े राती कूड़ु कमावै ॥

ਸਬਦਿ ਮਿਲੇ ਸੇ ਦਰਗਹ ਪੈਧੇ ਗੁਰਮੁਖਿ ਸੁਰਤਿ ਸਮਾਈ ਹੇ ॥੫॥ (1024-17)
सबदि मिले से दरगह पैधे गुरमुखि सुरति समाई हे ॥५॥

ਕੂੜਿ ਮੁਠੀ ਠਗੀ ਠਗਵਾੜੀ ॥ (1024-17)
कूड़ि मुठी ठगी ठगवाड़ी ॥

ਜਿਉ ਵਾੜੀ ਓਜਾੜਿ ਉਜਾੜੀ ॥ (1024-18)
जिउ वाड़ी ओजाड़ि उजाड़ी ॥

ਨਾਮ ਬਿਨਾ ਕਿਛੁ ਸਾਦਿ ਨ ਲਾਗੈ ਹਰਿ ਬਿਸਰਿਐ ਦੁਖੁ ਪਾਈ ਹੇ ॥੬॥ (1024-18)
नाम बिना किछु सादि न लागै हरि बिसरिऐ दुखु पाई हे ॥६॥

ਭੋਜਨੁ ਸਾਚੁ ਮਿਲੈ ਆਘਾਈ ॥ (1024-19)
भोजनु साचु मिलै आघाई ॥

ਨਾਮ ਰਤਨੁ ਸਾਚੀ ਵਡਿਆਈ ॥ (1024-19)
नाम रतनु साची वडिआई ॥

ਚੀਨੈ ਆਪੁ ਪਛਾਣੈ ਸੋਈ ਜੋਤੀ ਜੋਤਿ ਮਿਲਾਈ ਹੇ ॥੭॥ (1024-19)
चीनै आपु पछाणै सोई जोती जोति मिलाई हे ॥७॥

ਨਾਵਹੁ ਭੁਲੀ ਚੋਟਾ ਖਾਏ ॥ (1025-1)
नावहु भुली चोटा खाए ॥

ਬਹੁਤੁ ਸਿਆਣਪ ਭਰਮੁ ਨ ਜਾਏ ॥ (1025-1)
बहुतु सिआणप भरमु न जाए ॥

ਪਚਿ ਪਚਿ ਮੁਏ ਅਚੇਤ ਨ ਚੇਤਹਿ ਅਜਗਰਿ ਭਾਰਿ ਲਦਾਈ ਹੇ ॥੮॥ (1025-1)
पचि पचि मुए अचेत न चेतहि अजगरि भारि लदाई हे ॥८॥

ਬਿਨੁ ਬਾਦ ਬਿਰੋਧਹਿ ਕੋਈ ਨਾਹੀ ॥ (1025-2)
बिनु बाद बिरोधहि कोई नाही ॥

ਮੈ ਦੇਖਾਲਿਹੁ ਤਿਸੁ ਸਾਲਾਹੀ ॥ (1025-2)
मै देखालिहु तिसु सालाही ॥

ਮਨੁ ਤਨੁ ਅਰਪਿ ਮਿਲੈ ਜਗਜੀਵਨੁ ਹਰਿ ਸਿਉ ਬਣਤ ਬਣਾਈ ਹੇ ॥੯॥ (1025-3)
मनु तनु अरपि मिलै जगजीवनु हरि सिउ बणत बणाई हे ॥९॥

ਪ੍ਰਭ ਕੀ ਗਤਿ ਮਿਤਿ ਕੋਇ ਨ ਪਾਵੈ ॥ (1025-3)
प्रभ की गति मिति कोइ न पावै ॥

ਜੇ ਕੋ ਵਡਾ ਕਹਾਇ ਵਡਾਈ ਖਾਵੈ ॥ (1025-4)
जे को वडा कहाइ वडाई खावै ॥

ਸਾਚੇ ਸਾਹਿਬ ਤੋਟਿ ਨ ਦਾਤੀ ਸਗਲੀ ਤਿਨਹਿ ਉਪਾਈ ਹੇ ॥੧੦॥ (1025-4)
साचे साहिब तोटि न दाती सगली तिनहि उपाई हे ॥१०॥

ਵਡੀ ਵਡਿਆਈ ਵੇਪਰਵਾਹੇ ॥ (1025-4)
वडी वडिआई वेपरवाहे ॥

ਆਪਿ ਉਪਾਏ ਦਾਨੁ ਸਮਾਹੇ ॥ (1025-5)
आपि उपाए दानु समाहे ॥

ਆਪਿ ਦਇਆਲੁ ਦੂਰਿ ਨਹੀ ਦਾਤਾ ਮਿਲਿਆ ਸਹਜਿ ਰਜਾਈ ਹੇ ॥੧੧॥ (1025-5)
आपि दइआलु दूरि नही दाता मिलिआ सहजि रजाई हे ॥११॥

ਇਕਿ ਸੋਗੀ ਇਕਿ ਰੋਗਿ ਵਿਆਪੇ ॥ (1025-6)
इकि सोगी इकि रोगि विआपे ॥

ਜੋ ਕਿਛੁ ਕਰੇ ਸੁ ਆਪੇ ਆਪੇ ॥ (1025-6)
जो किछु करे सु आपे आपे ॥

ਭਗਤਿ ਭਾਉ ਗੁਰ ਕੀ ਮਤਿ ਪੂਰੀ ਅਨਹਦਿ ਸਬਦਿ ਲਖਾਈ ਹੇ ॥੧੨॥ (1025-6)
भगति भाउ गुर की मति पूरी अनहदि सबदि लखाई हे ॥१२॥

ਇਕਿ ਨਾਗੇ ਭੂਖੇ ਭਵਹਿ ਭਵਾਏ ॥ (1025-7)
इकि नागे भूखे भवहि भवाए ॥

ਇਕਿ ਹਠੁ ਕਰਿ ਮਰਹਿ ਨ ਕੀਮਤਿ ਪਾਏ ॥ (1025-7)
इकि हठु करि मरहि न कीमति पाए ॥

ਗਤਿ ਅਵਿਗਤ ਕੀ ਸਾਰ ਨ ਜਾਣੈ ਬੂਝੈ ਸਬਦੁ ਕਮਾਈ ਹੇ ॥੧੩॥ (1025-8)
गति अविगत की सार न जाणै बूझै सबदु कमाई हे ॥१३॥

ਇਕਿ ਤੀਰਥਿ ਨਾਵਹਿ ਅੰਨੁ ਨ ਖਾਵਹਿ ॥ (1025-8)
इकि तीरथि नावहि अंनु न खावहि ॥

ਇਕਿ ਅਗਨਿ ਜਲਾਵਹਿ ਦੇਹ ਖਪਾਵਹਿ ॥ (1025-9)
इकि अगनि जलावहि देह खपावहि ॥

ਰਾਮ ਨਾਮ ਬਿਨੁ ਮੁਕਤਿ ਨ ਹੋਈ ਕਿਤੁ ਬਿਧਿ ਪਾਰਿ ਲੰਘਾਈ ਹੇ ॥੧੪॥ (1025-9)
राम नाम बिनु मुकति न होई कितु बिधि पारि लंघाई हे ॥१४॥

ਗੁਰਮਤਿ ਛੋਡਹਿ ਉਝੜਿ ਜਾਈ ॥ (1025-10)
गुरमति छोडहि उझड़ि जाई ॥

ਮਨਮੁਖਿ ਰਾਮੁ ਨ ਜਪੈ ਅਵਾਈ ॥ (1025-10)
मनमुखि रामु न जपै अवाई ॥

ਪਚਿ ਪਚਿ ਬੂਡਹਿ ਕੂੜੁ ਕਮਾਵਹਿ ਕੂੜਿ ਕਾਲੁ ਬੈਰਾਈ ਹੇ ॥੧੫॥ (1025-10)
पचि पचि बूडहि कूड़ु कमावहि कूड़ि कालु बैराई हे ॥१५॥

ਹੁਕਮੇ ਆਵੈ ਹੁਕਮੇ ਜਾਵੈ ॥ (1025-11)
हुकमे आवै हुकमे जावै ॥

ਬੂਝੈ ਹੁਕਮੁ ਸੋ ਸਾਚਿ ਸਮਾਵੈ ॥ (1025-11)
बूझै हुकमु सो साचि समावै ॥

ਨਾਨਕ ਸਾਚੁ ਮਿਲੈ ਮਨਿ ਭਾਵੈ ਗੁਰਮੁਖਿ ਕਾਰ ਕਮਾਈ ਹੇ ॥੧੬॥੫॥ (1025-12)
नानक साचु मिलै मनि भावै गुरमुखि कार कमाई हे ॥१६॥५॥

ਮਾਰੂ ਮਹਲਾ ੧ ॥ (1025-12)
मारू महला १ ॥

ਆਪੇ ਕਰਤਾ ਪੁਰਖੁ ਬਿਧਾਤਾ ॥ (1025-12)
आपे करता पुरखु बिधाता ॥

ਜਿਨਿ ਆਪੇ ਆਪਿ ਉਪਾਇ ਪਛਾਤਾ ॥ (1025-13)
जिनि आपे आपि उपाइ पछाता ॥

ਆਪੇ ਸਤਿਗੁਰੁ ਆਪੇ ਸੇਵਕੁ ਆਪੇ ਸ੍ਰਿਸਟਿ ਉਪਾਈ ਹੇ ॥੧॥ (1025-13)
आपे सतिगुरु आपे सेवकु आपे स्रिसटि उपाई हे ॥१॥

ਆਪੇ ਨੇੜੈ ਨਾਹੀ ਦੂਰੇ ॥ (1025-14)
आपे नेड़ै नाही दूरे ॥

ਬੂਝਹਿ ਗੁਰਮੁਖਿ ਸੇ ਜਨ ਪੂਰੇ ॥ (1025-14)
बूझहि गुरमुखि से जन पूरे ॥

ਤਿਨ ਕੀ ਸੰਗਤਿ ਅਹਿਨਿਸਿ ਲਾਹਾ ਗੁਰ ਸੰਗਤਿ ਏਹ ਵਡਾਈ ਹੇ ॥੨॥ (1025-14)
तिन की संगति अहिनिसि लाहा गुर संगति एह वडाई हे ॥२॥

ਜੁਗਿ ਜੁਗਿ ਸੰਤ ਭਲੇ ਪ੍ਰਭ ਤੇਰੇ ॥ (1025-15)
जुगि जुगि संत भले प्रभ तेरे ॥

ਹਰਿ ਗੁਣ ਗਾਵਹਿ ਰਸਨ ਰਸੇਰੇ ॥ (1025-15)
हरि गुण गावहि रसन रसेरे ॥

ਉਸਤਤਿ ਕਰਹਿ ਪਰਹਰਿ ਦੁਖੁ ਦਾਲਦੁ ਜਿਨ ਨਾਹੀ ਚਿੰਤ ਪਰਾਈ ਹੇ ॥੩॥ (1025-15)
उसतति करहि परहरि दुखु दालदु जिन नाही चिंत पराई हे ॥३॥

ਓਇ ਜਾਗਤ ਰਹਹਿ ਨ ਸੂਤੇ ਦੀਸਹਿ ॥ (1025-16)
ओइ जागत रहहि न सूते दीसहि ॥

ਸੰਗਤਿ ਕੁਲ ਤਾਰੇ ਸਾਚੁ ਪਰੀਸਹਿ ॥ (1025-16)
संगति कुल तारे साचु परीसहि ॥

ਕਲਿਮਲ ਮੈਲੁ ਨਾਹੀ ਤੇ ਨਿਰਮਲ ਓਇ ਰਹਹਿ ਭਗਤਿ ਲਿਵ ਲਾਈ ਹੇ ॥੪॥ (1025-17)
कलिमल मैलु नाही ते निरमल ओइ रहहि भगति लिव लाई हे ॥४॥

ਬੂਝਹੁ ਹਰਿ ਜਨ ਸਤਿਗੁਰ ਬਾਣੀ ॥ (1025-17)
बूझहु हरि जन सतिगुर बाणी ॥

ਏਹੁ ਜੋਬਨੁ ਸਾਸੁ ਹੈ ਦੇਹ ਪੁਰਾਣੀ ॥ (1025-18)
एहु जोबनु सासु है देह पुराणी ॥

ਆਜੁ ਕਾਲਿ ਮਰਿ ਜਾਈਐ ਪ੍ਰਾਣੀ ਹਰਿ ਜਪੁ ਜਪਿ ਰਿਦੈ ਧਿਆਈ ਹੇ ॥੫॥ (1025-18)
आजु कालि मरि जाईऐ प्राणी हरि जपु जपि रिदै धिआई हे ॥५॥

ਛੋਡਹੁ ਪ੍ਰਾਣੀ ਕੂੜ ਕਬਾੜਾ ॥ (1025-19)
छोडहु प्राणी कूड़ कबाड़ा ॥

ਕੂੜੁ ਮਾਰੇ ਕਾਲੁ ਉਛਾਹਾੜਾ ॥ (1025-19)
कूड़ु मारे कालु उछाहाड़ा ॥

ਸਾਕਤ ਕੂੜਿ ਪਚਹਿ ਮਨਿ ਹਉਮੈ ਦੁਹੁ ਮਾਰਗਿ ਪਚੈ ਪਚਾਈ ਹੇ ॥੬॥ (1025-19)
साकत कूड़ि पचहि मनि हउमै दुहु मारगि पचै पचाई हे ॥६॥

ਛੋਡਿਹੁ ਨਿੰਦਾ ਤਾਤਿ ਪਰਾਈ ॥ (1026-1)
छोडिहु निंदा ताति पराई ॥

ਪੜਿ ਪੜਿ ਦਝਹਿ ਸਾਤਿ ਨ ਆਈ ॥ (1026-1)
पड़ि पड़ि दझहि साति न आई ॥

ਮਿਲਿ ਸਤਸੰਗਤਿ ਨਾਮੁ ਸਲਾਹਹੁ ਆਤਮ ਰਾਮੁ ਸਖਾਈ ਹੇ ॥੭॥ (1026-1)
मिलि सतसंगति नामु सलाहहु आतम रामु सखाई हे ॥७॥

ਛੋਡਹੁ ਕਾਮ ਕ੍ਰੋਧੁ ਬੁਰਿਆਈ ॥ (1026-2)
छोडहु काम क्रोधु बुरिआई ॥

ਹਉਮੈ ਧੰਧੁ ਛੋਡਹੁ ਲੰਪਟਾਈ ॥ (1026-2)
हउमै धंधु छोडहु ल्मपटाई ॥

ਸਤਿਗੁਰ ਸਰਣਿ ਪਰਹੁ ਤਾ ਉਬਰਹੁ ਇਉ ਤਰੀਐ ਭਵਜਲੁ ਭਾਈ ਹੇ ॥੮॥ (1026-3)
सतिगुर सरणि परहु ता उबरहु इउ तरीऐ भवजलु भाई हे ॥८॥

ਆਗੈ ਬਿਮਲ ਨਦੀ ਅਗਨਿ ਬਿਖੁ ਝੇਲਾ ॥ (1026-3)
आगै बिमल नदी अगनि बिखु झेला ॥

ਤਿਥੈ ਅਵਰੁ ਨ ਕੋਈ ਜੀਉ ਇਕੇਲਾ ॥ (1026-4)
तिथै अवरु न कोई जीउ इकेला ॥

ਭੜ ਭੜ ਅਗਨਿ ਸਾਗਰੁ ਦੇ ਲਹਰੀ ਪੜਿ ਦਝਹਿ ਮਨਮੁਖ ਤਾਈ ਹੇ ॥੯॥ (1026-4)
भड़ भड़ अगनि सागरु दे लहरी पड़ि दझहि मनमुख ताई हे ॥९॥

ਗੁਰ ਪਹਿ ਮੁਕਤਿ ਦਾਨੁ ਦੇ ਭਾਣੈ ॥ (1026-5)
गुर पहि मुकति दानु दे भाणै ॥

ਜਿਨਿ ਪਾਇਆ ਸੋਈ ਬਿਧਿ ਜਾਣੈ ॥ (1026-5)
जिनि पाइआ सोई बिधि जाणै ॥

ਜਿਨ ਪਾਇਆ ਤਿਨ ਪੂਛਹੁ ਭਾਈ ਸੁਖੁ ਸਤਿਗੁਰ ਸੇਵ ਕਮਾਈ ਹੇ ॥੧੦॥ (1026-5)
जिन पाइआ तिन पूछहु भाई सुखु सतिगुर सेव कमाई हे ॥१०॥

ਗੁਰ ਬਿਨੁ ਉਰਝਿ ਮਰਹਿ ਬੇਕਾਰਾ ॥ (1026-6)
गुर बिनु उरझि मरहि बेकारा ॥

ਜਮੁ ਸਿਰਿ ਮਾਰੇ ਕਰੇ ਖੁਆਰਾ ॥ (1026-6)
जमु सिरि मारे करे खुआरा ॥

ਬਾਧੇ ਮੁਕਤਿ ਨਾਹੀ ਨਰ ਨਿੰਦਕ ਡੂਬਹਿ ਨਿੰਦ ਪਰਾਈ ਹੇ ॥੧੧॥ (1026-7)
बाधे मुकति नाही नर निंदक डूबहि निंद पराई हे ॥११॥

ਬੋਲਹੁ ਸਾਚੁ ਪਛਾਣਹੁ ਅੰਦਰਿ ॥ (1026-7)
बोलहु साचु पछाणहु अंदरि ॥

ਦੂਰਿ ਨਾਹੀ ਦੇਖਹੁ ਕਰਿ ਨੰਦਰਿ ॥ (1026-8)
दूरि नाही देखहु करि नंदरि ॥

ਬਿਘਨੁ ਨਾਹੀ ਗੁਰਮੁਖਿ ਤਰੁ ਤਾਰੀ ਇਉ ਭਵਜਲੁ ਪਾਰਿ ਲੰਘਾਈ ਹੇ ॥੧੨॥ (1026-8)
बिघनु नाही गुरमुखि तरु तारी इउ भवजलु पारि लंघाई हे ॥१२॥

ਦੇਹੀ ਅੰਦਰਿ ਨਾਮੁ ਨਿਵਾਸੀ ॥ (1026-9)
देही अंदरि नामु निवासी ॥

ਆਪੇ ਕਰਤਾ ਹੈ ਅਬਿਨਾਸੀ ॥ (1026-9)
आपे करता है अबिनासी ॥

ਨਾ ਜੀਉ ਮਰੈ ਨ ਮਾਰਿਆ ਜਾਈ ਕਰਿ ਦੇਖੈ ਸਬਦਿ ਰਜਾਈ ਹੇ ॥੧੩॥ (1026-9)
ना जीउ मरै न मारिआ जाई करि देखै सबदि रजाई हे ॥१३॥

ਓਹੁ ਨਿਰਮਲੁ ਹੈ ਨਾਹੀ ਅੰਧਿਆਰਾ ॥ (1026-10)
ओहु निरमलु है नाही अंधिआरा ॥

ਓਹੁ ਆਪੇ ਤਖਤਿ ਬਹੈ ਸਚਿਆਰਾ ॥ (1026-10)
ओहु आपे तखति बहै सचिआरा ॥

ਸਾਕਤ ਕੂੜੇ ਬੰਧਿ ਭਵਾਈਅਹਿ ਮਰਿ ਜਨਮਹਿ ਆਈ ਜਾਈ ਹੇ ॥੧੪॥ (1026-11)
साकत कूड़े बंधि भवाईअहि मरि जनमहि आई जाई हे ॥१४॥

ਗੁਰ ਕੇ ਸੇਵਕ ਸਤਿਗੁਰ ਪਿਆਰੇ ॥ (1026-11)
गुर के सेवक सतिगुर पिआरे ॥

ਓਇ ਬੈਸਹਿ ਤਖਤਿ ਸੁ ਸਬਦੁ ਵੀਚਾਰੇ ॥ (1026-12)
ओइ बैसहि तखति सु सबदु वीचारे ॥

ਤਤੁ ਲਹਹਿ ਅੰਤਰਗਤਿ ਜਾਣਹਿ ਸਤਸੰਗਤਿ ਸਾਚੁ ਵਡਾਈ ਹੇ ॥੧੫॥ (1026-12)
ततु लहहि अंतरगति जाणहि सतसंगति साचु वडाई हे ॥१५॥

ਆਪਿ ਤਰੈ ਜਨੁ ਪਿਤਰਾ ਤਾਰੇ ॥ (1026-13)
आपि तरै जनु पितरा तारे ॥

ਸੰਗਤਿ ਮੁਕਤਿ ਸੁ ਪਾਰਿ ਉਤਾਰੇ ॥ (1026-13)
संगति मुकति सु पारि उतारे ॥

ਨਾਨਕੁ ਤਿਸ ਕਾ ਲਾਲਾ ਗੋਲਾ ਜਿਨਿ ਗੁਰਮੁਖਿ ਹਰਿ ਲਿਵ ਲਾਈ ਹੇ ॥੧੬॥੬॥ (1026-13)
नानकु तिस का लाला गोला जिनि गुरमुखि हरि लिव लाई हे ॥१६॥६॥

ਮਾਰੂ ਮਹਲਾ ੧ ॥ (1026-14)
मारू महला १ ॥

ਕੇਤੇ ਜੁਗ ਵਰਤੇ ਗੁਬਾਰੈ ॥ (1026-14)
केते जुग वरते गुबारै ॥

ਤਾੜੀ ਲਾਈ ਅਪਰ ਅਪਾਰੈ ॥ (1026-14)
ताड़ी लाई अपर अपारै ॥

ਧੁੰਧੂਕਾਰਿ ਨਿਰਾਲਮੁ ਬੈਠਾ ਨਾ ਤਦਿ ਧੰਧੁ ਪਸਾਰਾ ਹੇ ॥੧॥ (1026-15)
धुंधूकारि निरालमु बैठा ना तदि धंधु पसारा हे ॥१॥

ਜੁਗ ਛਤੀਹ ਤਿਨੈ ਵਰਤਾਏ ॥ (1026-15)
जुग छतीह तिनै वरताए ॥

ਜਿਉ ਤਿਸੁ ਭਾਣਾ ਤਿਵੈ ਚਲਾਏ ॥ (1026-16)
जिउ तिसु भाणा तिवै चलाए ॥

ਤਿਸਹਿ ਸਰੀਕੁ ਨ ਦੀਸੈ ਕੋਈ ਆਪੇ ਅਪਰ ਅਪਾਰਾ ਹੇ ॥੨॥ (1026-16)
तिसहि सरीकु न दीसै कोई आपे अपर अपारा हे ॥२॥

ਗੁਪਤੇ ਬੂਝਹੁ ਜੁਗ ਚਤੁਆਰੇ ॥ (1026-16)
गुपते बूझहु जुग चतुआरे ॥

ਘਟਿ ਘਟਿ ਵਰਤੈ ਉਦਰ ਮਝਾਰੇ ॥ (1026-17)
घटि घटि वरतै उदर मझारे ॥

ਜੁਗੁ ਜੁਗੁ ਏਕਾ ਏਕੀ ਵਰਤੈ ਕੋਈ ਬੂਝੈ ਗੁਰ ਵੀਚਾਰਾ ਹੇ ॥੩॥ (1026-17)
जुगु जुगु एका एकी वरतै कोई बूझै गुर वीचारा हे ॥३॥

ਬਿੰਦੁ ਰਕਤੁ ਮਿਲਿ ਪਿੰਡੁ ਸਰੀਆ ॥ (1026-18)
बिंदु रकतु मिलि पिंडु सरीआ ॥

ਪਉਣੁ ਪਾਣੀ ਅਗਨੀ ਮਿਲਿ ਜੀਆ ॥ (1026-18)
पउणु पाणी अगनी मिलि जीआ ॥

ਆਪੇ ਚੋਜ ਕਰੇ ਰੰਗ ਮਹਲੀ ਹੋਰ ਮਾਇਆ ਮੋਹ ਪਸਾਰਾ ਹੇ ॥੪॥ (1026-18)
आपे चोज करे रंग महली होर माइआ मोह पसारा हे ॥४॥

ਗਰਭ ਕੁੰਡਲ ਮਹਿ ਉਰਧ ਧਿਆਨੀ ॥ (1026-19)
गरभ कुंडल महि उरध धिआनी ॥

ਆਪੇ ਜਾਣੈ ਅੰਤਰਜਾਮੀ ॥ (1026-19)
आपे जाणै अंतरजामी ॥

ਸਾਸਿ ਸਾਸਿ ਸਚੁ ਨਾਮੁ ਸਮਾਲੇ ਅੰਤਰਿ ਉਦਰ ਮਝਾਰਾ ਹੇ ॥੫॥ (1026-19)
सासि सासि सचु नामु समाले अंतरि उदर मझारा हे ॥५॥

ਚਾਰਿ ਪਦਾਰਥ ਲੈ ਜਗਿ ਆਇਆ ॥ (1027-1)
चारि पदारथ लै जगि आइआ ॥

ਸਿਵ ਸਕਤੀ ਘਰਿ ਵਾਸਾ ਪਾਇਆ ॥ (1027-1)
सिव सकती घरि वासा पाइआ ॥

ਏਕੁ ਵਿਸਾਰੇ ਤਾ ਪਿੜ ਹਾਰੇ ਅੰਧੁਲੈ ਨਾਮੁ ਵਿਸਾਰਾ ਹੇ ॥੬॥ (1027-2)
एकु विसारे ता पिड़ हारे अंधुलै नामु विसारा हे ॥६॥

ਬਾਲਕੁ ਮਰੈ ਬਾਲਕ ਕੀ ਲੀਲਾ ॥ (1027-2)
बालकु मरै बालक की लीला ॥

ਕਹਿ ਕਹਿ ਰੋਵਹਿ ਬਾਲੁ ਰੰਗੀਲਾ ॥ (1027-3)
कहि कहि रोवहि बालु रंगीला ॥

ਜਿਸ ਕਾ ਸਾ ਸੋ ਤਿਨ ਹੀ ਲੀਆ ਭੂਲਾ ਰੋਵਣਹਾਰਾ ਹੇ ॥੭॥ (1027-3)
जिस का सा सो तिन ही लीआ भूला रोवणहारा हे ॥७॥

ਭਰਿ ਜੋਬਨਿ ਮਰਿ ਜਾਹਿ ਕਿ ਕੀਜੈ ॥ (1027-3)
भरि जोबनि मरि जाहि कि कीजै ॥

ਮੇਰਾ ਮੇਰਾ ਕਰਿ ਰੋਵੀਜੈ ॥ (1027-4)
मेरा मेरा करि रोवीजै ॥

ਮਾਇਆ ਕਾਰਣਿ ਰੋਇ ਵਿਗੂਚਹਿ ਧ੍ਰਿਗੁ ਜੀਵਣੁ ਸੰਸਾਰਾ ਹੇ ॥੮॥ (1027-4)
माइआ कारणि रोइ विगूचहि ध्रिगु जीवणु संसारा हे ॥८॥

ਕਾਲੀ ਹੂ ਫੁਨਿ ਧਉਲੇ ਆਏ ॥ (1027-5)
काली हू फुनि धउले आए ॥

ਵਿਣੁ ਨਾਵੈ ਗਥੁ ਗਇਆ ਗਵਾਏ ॥ (1027-5)
विणु नावै गथु गइआ गवाए ॥

ਦੁਰਮਤਿ ਅੰਧੁਲਾ ਬਿਨਸਿ ਬਿਨਾਸੈ ਮੂਠੇ ਰੋਇ ਪੂਕਾਰਾ ਹੇ ॥੯॥ (1027-5)
दुरमति अंधुला बिनसि बिनासै मूठे रोइ पूकारा हे ॥९॥

ਆਪੁ ਵੀਚਾਰਿ ਨ ਰੋਵੈ ਕੋਈ ॥ (1027-6)
आपु वीचारि न रोवै कोई ॥

ਸਤਿਗੁਰੁ ਮਿਲੈ ਤ ਸੋਝੀ ਹੋਈ ॥ (1027-6)
सतिगुरु मिलै त सोझी होई ॥

ਬਿਨੁ ਗੁਰ ਬਜਰ ਕਪਾਟ ਨ ਖੂਲਹਿ ਸਬਦਿ ਮਿਲੈ ਨਿਸਤਾਰਾ ਹੇ ॥੧੦॥ (1027-6)
बिनु गुर बजर कपाट न खूलहि सबदि मिलै निसतारा हे ॥१०॥

ਬਿਰਧਿ ਭਇਆ ਤਨੁ ਛੀਜੈ ਦੇਹੀ ॥ (1027-7)
बिरधि भइआ तनु छीजै देही ॥

ਰਾਮੁ ਨ ਜਪਈ ਅੰਤਿ ਸਨੇਹੀ ॥ (1027-7)
रामु न जपई अंति सनेही ॥

ਨਾਮੁ ਵਿਸਾਰਿ ਚਲੈ ਮੁਹਿ ਕਾਲੈ ਦਰਗਹ ਝੂਠੁ ਖੁਆਰਾ ਹੇ ॥੧੧॥ (1027-8)
नामु विसारि चलै मुहि कालै दरगह झूठु खुआरा हे ॥११॥

ਨਾਮੁ ਵਿਸਾਰਿ ਚਲੈ ਕੂੜਿਆਰੋ ॥ (1027-8)
नामु विसारि चलै कूड़िआरो ॥

ਆਵਤ ਜਾਤ ਪੜੈ ਸਿਰਿ ਛਾਰੋ ॥ (1027-9)
आवत जात पड़ै सिरि छारो ॥

ਸਾਹੁਰੜੈ ਘਰਿ ਵਾਸੁ ਨ ਪਾਏ ਪੇਈਅੜੈ ਸਿਰਿ ਮਾਰਾ ਹੇ ॥੧੨॥ (1027-9)
साहुरड़ै घरि वासु न पाए पेईअड़ै सिरि मारा हे ॥१२॥

ਖਾਜੈ ਪੈਝੈ ਰਲੀ ਕਰੀਜੈ ॥ (1027-10)
खाजै पैझै रली करीजै ॥

ਬਿਨੁ ਅਭ ਭਗਤੀ ਬਾਦਿ ਮਰੀਜੈ ॥ (1027-10)
बिनु अभ भगती बादि मरीजै ॥

ਸਰ ਅਪਸਰ ਕੀ ਸਾਰ ਨ ਜਾਣੈ ਜਮੁ ਮਾਰੇ ਕਿਆ ਚਾਰਾ ਹੇ ॥੧੩॥ (1027-10)
सर अपसर की सार न जाणै जमु मारे किआ चारा हे ॥१३॥

ਪਰਵਿਰਤੀ ਨਰਵਿਰਤਿ ਪਛਾਣੈ ॥ (1027-11)
परविरती नरविरति पछाणै ॥

ਗੁਰ ਕੈ ਸੰਗਿ ਸਬਦਿ ਘਰੁ ਜਾਣੈ ॥ (1027-11)
गुर कै संगि सबदि घरु जाणै ॥

ਕਿਸ ਹੀ ਮੰਦਾ ਆਖਿ ਨ ਚਲੈ ਸਚਿ ਖਰਾ ਸਚਿਆਰਾ ਹੇ ॥੧੪॥ (1027-11)
किस ही मंदा आखि न चलै सचि खरा सचिआरा हे ॥१४॥

ਸਾਚ ਬਿਨਾ ਦਰਿ ਸਿਝੈ ਨ ਕੋਈ ॥ (1027-12)
साच बिना दरि सिझै न कोई ॥

ਸਾਚ ਸਬਦਿ ਪੈਝੈ ਪਤਿ ਹੋਈ ॥ (1027-12)
साच सबदि पैझै पति होई ॥

ਆਪੇ ਬਖਸਿ ਲਏ ਤਿਸੁ ਭਾਵੈ ਹਉਮੈ ਗਰਬੁ ਨਿਵਾਰਾ ਹੇ ॥੧੫॥ (1027-13)
आपे बखसि लए तिसु भावै हउमै गरबु निवारा हे ॥१५॥

ਗੁਰ ਕਿਰਪਾ ਤੇ ਹੁਕਮੁ ਪਛਾਣੈ ॥ (1027-13)
गुर किरपा ते हुकमु पछाणै ॥

ਜੁਗਹ ਜੁਗੰਤਰ ਕੀ ਬਿਧਿ ਜਾਣੈ ॥ (1027-13)
जुगह जुगंतर की बिधि जाणै ॥

ਨਾਨਕ ਨਾਮੁ ਜਪਹੁ ਤਰੁ ਤਾਰੀ ਸਚੁ ਤਾਰੇ ਤਾਰਣਹਾਰਾ ਹੇ ॥੧੬॥੧॥੭॥ (1027-14)
नानक नामु जपहु तरु तारी सचु तारे तारणहारा हे ॥१६॥१॥७॥

ਮਾਰੂ ਮਹਲਾ ੧ ॥ (1027-15)
मारू महला १ ॥

ਹਰਿ ਸਾ ਮੀਤੁ ਨਾਹੀ ਮੈ ਕੋਈ ॥ (1027-15)
हरि सा मीतु नाही मै कोई ॥

ਜਿਨਿ ਤਨੁ ਮਨੁ ਦੀਆ ਸੁਰਤਿ ਸਮੋਈ ॥ (1027-15)
जिनि तनु मनु दीआ सुरति समोई ॥

ਸਰਬ ਜੀਆ ਪ੍ਰਤਿਪਾਲਿ ਸਮਾਲੇ ਸੋ ਅੰਤਰਿ ਦਾਨਾ ਬੀਨਾ ਹੇ ॥੧॥ (1027-15)
सरब जीआ प्रतिपालि समाले सो अंतरि दाना बीना हे ॥१॥

ਗੁਰੁ ਸਰਵਰੁ ਹਮ ਹੰਸ ਪਿਆਰੇ ॥ (1027-16)
गुरु सरवरु हम हंस पिआरे ॥

ਸਾਗਰ ਮਹਿ ਰਤਨ ਲਾਲ ਬਹੁ ਸਾਰੇ ॥ (1027-16)
सागर महि रतन लाल बहु सारे ॥

ਮੋਤੀ ਮਾਣਕ ਹੀਰਾ ਹਰਿ ਜਸੁ ਗਾਵਤ ਮਨੁ ਤਨੁ ਭੀਨਾ ਹੇ ॥੨॥ (1027-17)
मोती माणक हीरा हरि जसु गावत मनु तनु भीना हे ॥२॥

ਹਰਿ ਅਗਮ ਅਗਾਹੁ ਅਗਾਧਿ ਨਿਰਾਲਾ ॥ (1027-17)
हरि अगम अगाहु अगाधि निराला ॥

ਹਰਿ ਅੰਤੁ ਨ ਪਾਈਐ ਗੁਰ ਗੋਪਾਲਾ ॥ (1027-18)
हरि अंतु न पाईऐ गुर गोपाला ॥

ਸਤਿਗੁਰ ਮਤਿ ਤਾਰੇ ਤਾਰਣਹਾਰਾ ਮੇਲਿ ਲਏ ਰੰਗਿ ਲੀਨਾ ਹੇ ॥੩॥ (1027-18)
सतिगुर मति तारे तारणहारा मेलि लए रंगि लीना हे ॥३॥

ਸਤਿਗੁਰ ਬਾਝਹੁ ਮੁਕਤਿ ਕਿਨੇਹੀ ॥ (1027-19)
सतिगुर बाझहु मुकति किनेही ॥

ਓਹੁ ਆਦਿ ਜੁਗਾਦੀ ਰਾਮ ਸਨੇਹੀ ॥ (1027-19)
ओहु आदि जुगादी राम सनेही ॥

ਦਰਗਹ ਮੁਕਤਿ ਕਰੇ ਕਰਿ ਕਿਰਪਾ ਬਖਸੇ ਅਵਗੁਣ ਕੀਨਾ ਹੇ ॥੪॥ (1027-19)
दरगह मुकति करे करि किरपा बखसे अवगुण कीना हे ॥४॥

ਸਤਿਗੁਰੁ ਦਾਤਾ ਮੁਕਤਿ ਕਰਾਏ ॥ (1028-1)
सतिगुरु दाता मुकति कराए ॥

ਸਭਿ ਰੋਗ ਗਵਾਏ ਅੰਮ੍ਰਿਤ ਰਸੁ ਪਾਏ ॥ (1028-1)
सभि रोग गवाए अमृत रसु पाए ॥

ਜਮੁ ਜਾਗਾਤਿ ਨਾਹੀ ਕਰੁ ਲਾਗੈ ਜਿਸੁ ਅਗਨਿ ਬੁਝੀ ਠਰੁ ਸੀਨਾ ਹੇ ॥੫॥ (1028-2)
जमु जागाति नाही करु लागै जिसु अगनि बुझी ठरु सीना हे ॥५॥

ਕਾਇਆ ਹੰਸ ਪ੍ਰੀਤਿ ਬਹੁ ਧਾਰੀ ॥ (1028-2)
काइआ हंस प्रीति बहु धारी ॥

ਓਹੁ ਜੋਗੀ ਪੁਰਖੁ ਓਹ ਸੁੰਦਰਿ ਨਾਰੀ ॥ (1028-3)
ओहु जोगी पुरखु ओह सुंदरि नारी ॥

ਅਹਿਨਿਸਿ ਭੋਗੈ ਚੋਜ ਬਿਨੋਦੀ ਉਠਿ ਚਲਤੈ ਮਤਾ ਨ ਕੀਨਾ ਹੇ ॥੬॥ (1028-3)
अहिनिसि भोगै चोज बिनोदी उठि चलतै मता न कीना हे ॥६॥

ਸ੍ਰਿਸਟਿ ਉਪਾਇ ਰਹੇ ਪ੍ਰਭ ਛਾਜੈ ॥ (1028-4)
स्रिसटि उपाइ रहे प्रभ छाजै ॥

ਪਉਣ ਪਾਣੀ ਬੈਸੰਤਰੁ ਗਾਜੈ ॥ (1028-4)
पउण पाणी बैसंतरु गाजै ॥

ਮਨੂਆ ਡੋਲੈ ਦੂਤ ਸੰਗਤਿ ਮਿਲਿ ਸੋ ਪਾਏ ਜੋ ਕਿਛੁ ਕੀਨਾ ਹੇ ॥੭॥ (1028-4)
मनूआ डोलै दूत संगति मिलि सो पाए जो किछु कीना हे ॥७॥

ਨਾਮੁ ਵਿਸਾਰਿ ਦੋਖ ਦੁਖ ਸਹੀਐ ॥ (1028-5)
नामु विसारि दोख दुख सहीऐ ॥

ਹੁਕਮੁ ਭਇਆ ਚਲਣਾ ਕਿਉ ਰਹੀਐ ॥ (1028-5)
हुकमु भइआ चलणा किउ रहीऐ ॥

ਨਰਕ ਕੂਪ ਮਹਿ ਗੋਤੇ ਖਾਵੈ ਜਿਉ ਜਲ ਤੇ ਬਾਹਰਿ ਮੀਨਾ ਹੇ ॥੮॥ (1028-5)
नरक कूप महि गोते खावै जिउ जल ते बाहरि मीना हे ॥८॥

ਚਉਰਾਸੀਹ ਨਰਕ ਸਾਕਤੁ ਭੋਗਾਈਐ ॥ (1028-6)
चउरासीह नरक साकतु भोगाईऐ ॥

ਜੈਸਾ ਕੀਚੈ ਤੈਸੋ ਪਾਈਐ ॥ (1028-6)
जैसा कीचै तैसो पाईऐ ॥

ਸਤਿਗੁਰ ਬਾਝਹੁ ਮੁਕਤਿ ਨ ਹੋਈ ਕਿਰਤਿ ਬਾਧਾ ਗ੍ਰਸਿ ਦੀਨਾ ਹੇ ॥੯॥ (1028-7)
सतिगुर बाझहु मुकति न होई किरति बाधा ग्रसि दीना हे ॥९॥

ਖੰਡੇ ਧਾਰ ਗਲੀ ਅਤਿ ਭੀੜੀ ॥ (1028-7)
खंडे धार गली अति भीड़ी ॥

ਲੇਖਾ ਲੀਜੈ ਤਿਲ ਜਿਉ ਪੀੜੀ ॥ (1028-8)
लेखा लीजै तिल जिउ पीड़ी ॥

ਮਾਤ ਪਿਤਾ ਕਲਤ੍ਰ ਸੁਤ ਬੇਲੀ ਨਾਹੀ ਬਿਨੁ ਹਰਿ ਰਸ ਮੁਕਤਿ ਨ ਕੀਨਾ ਹੇ ॥੧੦॥ (1028-8)
मात पिता कलत्र सुत बेली नाही बिनु हरि रस मुकति न कीना हे ॥१०॥

ਮੀਤ ਸਖੇ ਕੇਤੇ ਜਗ ਮਾਹੀ ॥ (1028-9)
मीत सखे केते जग माही ॥

ਬਿਨੁ ਗੁਰ ਪਰਮੇਸਰ ਕੋਈ ਨਾਹੀ ॥ (1028-9)
बिनु गुर परमेसर कोई नाही ॥

ਗੁਰ ਕੀ ਸੇਵਾ ਮੁਕਤਿ ਪਰਾਇਣਿ ਅਨਦਿਨੁ ਕੀਰਤਨੁ ਕੀਨਾ ਹੇ ॥੧੧॥ (1028-9)
गुर की सेवा मुकति पराइणि अनदिनु कीरतनु कीना हे ॥११॥

ਕੂੜੁ ਛੋਡਿ ਸਾਚੇ ਕਉ ਧਾਵਹੁ ॥ (1028-10)
कूड़ु छोडि साचे कउ धावहु ॥

ਜੋ ਇਛਹੁ ਸੋਈ ਫਲੁ ਪਾਵਹੁ ॥ (1028-10)
जो इछहु सोई फलु पावहु ॥

ਸਾਚ ਵਖਰ ਕੇ ਵਾਪਾਰੀ ਵਿਰਲੇ ਲੈ ਲਾਹਾ ਸਉਦਾ ਕੀਨਾ ਹੇ ॥੧੨॥ (1028-10)
साच वखर के वापारी विरले लै लाहा सउदा कीना हे ॥१२॥

ਹਰਿ ਹਰਿ ਨਾਮੁ ਵਖਰੁ ਲੈ ਚਲਹੁ ॥ (1028-11)
हरि हरि नामु वखरु लै चलहु ॥

ਦਰਸਨੁ ਪਾਵਹੁ ਸਹਜਿ ਮਹਲਹੁ ॥ (1028-11)
दरसनु पावहु सहजि महलहु ॥

ਗੁਰਮੁਖਿ ਖੋਜਿ ਲਹਹਿ ਜਨ ਪੂਰੇ ਇਉ ਸਮਦਰਸੀ ਚੀਨਾ ਹੇ ॥੧੩॥ (1028-12)
गुरमुखि खोजि लहहि जन पूरे इउ समदरसी चीना हे ॥१३॥

ਪ੍ਰਭ ਬੇਅੰਤ ਗੁਰਮਤਿ ਕੋ ਪਾਵਹਿ ॥ (1028-12)
प्रभ बेअंत गुरमति को पावहि ॥

ਗੁਰ ਕੈ ਸਬਦਿ ਮਨ ਕਉ ਸਮਝਾਵਹਿ ॥ (1028-13)
गुर कै सबदि मन कउ समझावहि ॥

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ ਇਉ ਆਤਮ ਰਾਮੈ ਲੀਨਾ ਹੇ ॥੧੪॥ (1028-13)
सतिगुर की बाणी सति सति करि मानहु इउ आतम रामै लीना हे ॥१४॥

ਨਾਰਦ ਸਾਰਦ ਸੇਵਕ ਤੇਰੇ ॥ (1028-14)
नारद सारद सेवक तेरे ॥

ਤ੍ਰਿਭਵਣਿ ਸੇਵਕ ਵਡਹੁ ਵਡੇਰੇ ॥ (1028-14)
त्रिभवणि सेवक वडहु वडेरे ॥

ਸਭ ਤੇਰੀ ਕੁਦਰਤਿ ਤੂ ਸਿਰਿ ਸਿਰਿ ਦਾਤਾ ਸਭੁ ਤੇਰੋ ਕਾਰਣੁ ਕੀਨਾ ਹੇ ॥੧੫॥ (1028-14)
सभ तेरी कुदरति तू सिरि सिरि दाता सभु तेरो कारणु कीना हे ॥१५॥

ਇਕਿ ਦਰਿ ਸੇਵਹਿ ਦਰਦੁ ਵਞਾਏ ॥ (1028-15)
इकि दरि सेवहि दरदु वञाए ॥

ਓਇ ਦਰਗਹ ਪੈਧੇ ਸਤਿਗੁਰੂ ਛਡਾਏ ॥ (1028-15)
ओइ दरगह पैधे सतिगुरू छडाए ॥

ਹਉਮੈ ਬੰਧਨ ਸਤਿਗੁਰਿ ਤੋੜੇ ਚਿਤੁ ਚੰਚਲੁ ਚਲਣਿ ਨ ਦੀਨਾ ਹੇ ॥੧੬॥ (1028-16)
हउमै बंधन सतिगुरि तोड़े चितु चंचलु चलणि न दीना हे ॥१६॥

ਸਤਿਗੁਰ ਮਿਲਹੁ ਚੀਨਹੁ ਬਿਧਿ ਸਾਈ ॥ (1028-17)
सतिगुर मिलहु चीनहु बिधि साई ॥

ਜਿਤੁ ਪ੍ਰਭੁ ਪਾਵਹੁ ਗਣਤ ਨ ਕਾਈ ॥ (1028-17)
जितु प्रभु पावहु गणत न काई ॥

ਹਉਮੈ ਮਾਰਿ ਕਰਹੁ ਗੁਰ ਸੇਵਾ ਜਨ ਨਾਨਕ ਹਰਿ ਰੰਗਿ ਭੀਨਾ ਹੇ ॥੧੭॥੨॥੮॥ (1028-17)
हउमै मारि करहु गुर सेवा जन नानक हरि रंगि भीना हे ॥१७॥२॥८॥

ਮਾਰੂ ਮਹਲਾ ੧ ॥ (1028-18)
मारू महला १ ॥

ਅਸੁਰ ਸਘਾਰਣ ਰਾਮੁ ਹਮਾਰਾ ॥ (1028-18)
असुर सघारण रामु हमारा ॥

ਘਟਿ ਘਟਿ ਰਮਈਆ ਰਾਮੁ ਪਿਆਰਾ ॥ (1028-18)
घटि घटि रमईआ रामु पिआरा ॥

ਨਾਲੇ ਅਲਖੁ ਨ ਲਖੀਐ ਮੂਲੇ ਗੁਰਮੁਖਿ ਲਿਖੁ ਵੀਚਾਰਾ ਹੇ ॥੧॥ (1028-19)
नाले अलखु न लखीऐ मूले गुरमुखि लिखु वीचारा हे ॥१॥

ਗੁਰਮੁਖਿ ਸਾਧੂ ਸਰਣਿ ਤੁਮਾਰੀ ॥ (1028-19)
गुरमुखि साधू सरणि तुमारी ॥

ਕਰਿ ਕਿਰਪਾ ਪ੍ਰਭਿ ਪਾਰਿ ਉਤਾਰੀ ॥ (1029-1)
करि किरपा प्रभि पारि उतारी ॥

ਅਗਨਿ ਪਾਣੀ ਸਾਗਰੁ ਅਤਿ ਗਹਰਾ ਗੁਰੁ ਸਤਿਗੁਰੁ ਪਾਰਿ ਉਤਾਰਾ ਹੇ ॥੨॥ (1029-1)
अगनि पाणी सागरु अति गहरा गुरु सतिगुरु पारि उतारा हे ॥२॥

ਮਨਮੁਖ ਅੰਧੁਲੇ ਸੋਝੀ ਨਾਹੀ ॥ (1029-2)
मनमुख अंधुले सोझी नाही ॥

ਆਵਹਿ ਜਾਹਿ ਮਰਹਿ ਮਰਿ ਜਾਹੀ ॥ (1029-2)
आवहि जाहि मरहि मरि जाही ॥

ਪੂਰਬਿ ਲਿਖਿਆ ਲੇਖੁ ਨ ਮਿਟਈ ਜਮ ਦਰਿ ਅੰਧੁ ਖੁਆਰਾ ਹੇ ॥੩॥ (1029-2)
पूरबि लिखिआ लेखु न मिटई जम दरि अंधु खुआरा हे ॥३॥

ਇਕਿ ਆਵਹਿ ਜਾਵਹਿ ਘਰਿ ਵਾਸੁ ਨ ਪਾਵਹਿ ॥ (1029-3)
इकि आवहि जावहि घरि वासु न पावहि ॥

ਕਿਰਤ ਕੇ ਬਾਧੇ ਪਾਪ ਕਮਾਵਹਿ ॥ (1029-3)
किरत के बाधे पाप कमावहि ॥

ਅੰਧੁਲੇ ਸੋਝੀ ਬੂਝ ਨ ਕਾਈ ਲੋਭੁ ਬੁਰਾ ਅਹੰਕਾਰਾ ਹੇ ॥੪॥ (1029-4)
अंधुले सोझी बूझ न काई लोभु बुरा अहंकारा हे ॥४॥

ਪਿਰ ਬਿਨੁ ਕਿਆ ਤਿਸੁ ਧਨ ਸੀਗਾਰਾ ॥ (1029-4)
पिर बिनु किआ तिसु धन सीगारा ॥

ਪਰ ਪਿਰ ਰਾਤੀ ਖਸਮੁ ਵਿਸਾਰਾ ॥ (1029-5)
पर पिर राती खसमु विसारा ॥

ਜਿਉ ਬੇਸੁਆ ਪੂਤ ਬਾਪੁ ਕੋ ਕਹੀਐ ਤਿਉ ਫੋਕਟ ਕਾਰ ਵਿਕਾਰਾ ਹੇ ॥੫॥ (1029-5)
जिउ बेसुआ पूत बापु को कहीऐ तिउ फोकट कार विकारा हे ॥५॥

ਪ੍ਰੇਤ ਪਿੰਜਰ ਮਹਿ ਦੂਖ ਘਨੇਰੇ ॥ (1029-6)
प्रेत पिंजर महि दूख घनेरे ॥

ਨਰਕਿ ਪਚਹਿ ਅਗਿਆਨ ਅੰਧੇਰੇ ॥ (1029-6)
नरकि पचहि अगिआन अंधेरे ॥

ਧਰਮ ਰਾਇ ਕੀ ਬਾਕੀ ਲੀਜੈ ਜਿਨਿ ਹਰਿ ਕਾ ਨਾਮੁ ਵਿਸਾਰਾ ਹੇ ॥੬॥ (1029-6)
धरम राइ की बाकी लीजै जिनि हरि का नामु विसारा हे ॥६॥

ਸੂਰਜੁ ਤਪੈ ਅਗਨਿ ਬਿਖੁ ਝਾਲਾ ॥ (1029-7)
सूरजु तपै अगनि बिखु झाला ॥

ਅਪਤੁ ਪਸੂ ਮਨਮੁਖੁ ਬੇਤਾਲਾ ॥ (1029-7)
अपतु पसू मनमुखु बेताला ॥

ਆਸਾ ਮਨਸਾ ਕੂੜੁ ਕਮਾਵਹਿ ਰੋਗੁ ਬੁਰਾ ਬੁਰਿਆਰਾ ਹੇ ॥੭॥ (1029-8)
आसा मनसा कूड़ु कमावहि रोगु बुरा बुरिआरा हे ॥७॥

ਮਸਤਕਿ ਭਾਰੁ ਕਲਰ ਸਿਰਿ ਭਾਰਾ ॥ (1029-8)
मसतकि भारु कलर सिरि भारा ॥

ਕਿਉ ਕਰਿ ਭਵਜਲੁ ਲੰਘਸਿ ਪਾਰਾ ॥ (1029-8)
किउ करि भवजलु लंघसि पारा ॥

ਸਤਿਗੁਰੁ ਬੋਹਿਥੁ ਆਦਿ ਜੁਗਾਦੀ ਰਾਮ ਨਾਮਿ ਨਿਸਤਾਰਾ ਹੇ ॥੮॥ (1029-9)
सतिगुरु बोहिथु आदि जुगादी राम नामि निसतारा हे ॥८॥

ਪੁਤ੍ਰ ਕਲਤ੍ਰ ਜਗਿ ਹੇਤੁ ਪਿਆਰਾ ॥ (1029-9)
पुत्र कलत्र जगि हेतु पिआरा ॥

ਮਾਇਆ ਮੋਹੁ ਪਸਰਿਆ ਪਾਸਾਰਾ ॥ (1029-10)
माइआ मोहु पसरिआ पासारा ॥

ਜਮ ਕੇ ਫਾਹੇ ਸਤਿਗੁਰਿ ਤੋੜੇ ਗੁਰਮੁਖਿ ਤਤੁ ਬੀਚਾਰਾ ਹੇ ॥੯॥ (1029-10)
जम के फाहे सतिगुरि तोड़े गुरमुखि ततु बीचारा हे ॥९॥

ਕੂੜਿ ਮੁਠੀ ਚਾਲੈ ਬਹੁ ਰਾਹੀ ॥ (1029-11)
कूड़ि मुठी चालै बहु राही ॥

ਮਨਮੁਖੁ ਦਾਝੈ ਪੜਿ ਪੜਿ ਭਾਹੀ ॥ (1029-11)
मनमुखु दाझै पड़ि पड़ि भाही ॥

ਅੰਮ੍ਰਿਤ ਨਾਮੁ ਗੁਰੂ ਵਡ ਦਾਣਾ ਨਾਮੁ ਜਪਹੁ ਸੁਖ ਸਾਰਾ ਹੇ ॥੧੦॥ (1029-11)
अमृत नामु गुरू वड दाणा नामु जपहु सुख सारा हे ॥१०॥

ਸਤਿਗੁਰੁ ਤੁਠਾ ਸਚੁ ਦ੍ਰਿੜਾਏ ॥ (1029-12)
सतिगुरु तुठा सचु द्रिड़ाए ॥

ਸਭਿ ਦੁਖ ਮੇਟੇ ਮਾਰਗਿ ਪਾਏ ॥ (1029-12)
सभि दुख मेटे मारगि पाए ॥

ਕੰਡਾ ਪਾਇ ਨ ਗਡਈ ਮੂਲੇ ਜਿਸੁ ਸਤਿਗੁਰੁ ਰਾਖਣਹਾਰਾ ਹੇ ॥੧੧॥ (1029-12)
कंडा पाइ न गडई मूले जिसु सतिगुरु राखणहारा हे ॥११॥

ਖੇਹੂ ਖੇਹ ਰਲੈ ਤਨੁ ਛੀਜੈ ॥ (1029-13)
खेहू खेह रलै तनु छीजै ॥

ਮਨਮੁਖੁ ਪਾਥਰੁ ਸੈਲੁ ਨ ਭੀਜੈ ॥ (1029-13)
मनमुखु पाथरु सैलु न भीजै ॥

ਕਰਣ ਪਲਾਵ ਕਰੇ ਬਹੁਤੇਰੇ ਨਰਕਿ ਸੁਰਗਿ ਅਵਤਾਰਾ ਹੇ ॥੧੨॥ (1029-14)
करण पलाव करे बहुतेरे नरकि सुरगि अवतारा हे ॥१२॥

ਮਾਇਆ ਬਿਖੁ ਭੁਇਅੰਗਮ ਨਾਲੇ ॥ (1029-14)
माइआ बिखु भुइअंगम नाले ॥

ਇਨਿ ਦੁਬਿਧਾ ਘਰ ਬਹੁਤੇ ਗਾਲੇ ॥ (1029-14)
इनि दुबिधा घर बहुते गाले ॥

ਸਤਿਗੁਰ ਬਾਝਹੁ ਪ੍ਰੀਤਿ ਨ ਉਪਜੈ ਭਗਤਿ ਰਤੇ ਪਤੀਆਰਾ ਹੇ ॥੧੩॥ (1029-15)
सतिगुर बाझहु प्रीति न उपजै भगति रते पतीआरा हे ॥१३॥

ਸਾਕਤ ਮਾਇਆ ਕਉ ਬਹੁ ਧਾਵਹਿ ॥ (1029-15)
साकत माइआ कउ बहु धावहि ॥

ਨਾਮੁ ਵਿਸਾਰਿ ਕਹਾ ਸੁਖੁ ਪਾਵਹਿ ॥ (1029-16)
नामु विसारि कहा सुखु पावहि ॥

ਤ੍ਰਿਹੁ ਗੁਣ ਅੰਤਰਿ ਖਪਹਿ ਖਪਾਵਹਿ ਨਾਹੀ ਪਾਰਿ ਉਤਾਰਾ ਹੇ ॥੧੪॥ (1029-16)
त्रिहु गुण अंतरि खपहि खपावहि नाही पारि उतारा हे ॥१४॥

ਕੂਕਰ ਸੂਕਰ ਕਹੀਅਹਿ ਕੂੜਿਆਰਾ ॥ (1029-17)
कूकर सूकर कहीअहि कूड़िआरा ॥

ਭਉਕਿ ਮਰਹਿ ਭਉ ਭਉ ਭਉ ਹਾਰਾ ॥ (1029-17)
भउकि मरहि भउ भउ भउ हारा ॥

ਮਨਿ ਤਨਿ ਝੂਠੇ ਕੂੜੁ ਕਮਾਵਹਿ ਦੁਰਮਤਿ ਦਰਗਹ ਹਾਰਾ ਹੇ ॥੧੫॥ (1029-18)
मनि तनि झूठे कूड़ु कमावहि दुरमति दरगह हारा हे ॥१५॥

ਸਤਿਗੁਰੁ ਮਿਲੈ ਤ ਮਨੂਆ ਟੇਕੈ ॥ (1029-18)
सतिगुरु मिलै त मनूआ टेकै ॥

ਰਾਮ ਨਾਮੁ ਦੇ ਸਰਣਿ ਪਰੇਕੈ ॥ (1029-19)
राम नामु दे सरणि परेकै ॥

ਹਰਿ ਧਨੁ ਨਾਮੁ ਅਮੋਲਕੁ ਦੇਵੈ ਹਰਿ ਜਸੁ ਦਰਗਹ ਪਿਆਰਾ ਹੇ ॥੧੬॥ (1029-19)
हरि धनु नामु अमोलकु देवै हरि जसु दरगह पिआरा हे ॥१६॥

ਰਾਮ ਨਾਮੁ ਸਾਧੂ ਸਰਣਾਈ ॥ (1030-1)
राम नामु साधू सरणाई ॥

ਸਤਿਗੁਰ ਬਚਨੀ ਗਤਿ ਮਿਤਿ ਪਾਈ ॥ (1030-1)
सतिगुर बचनी गति मिति पाई ॥

ਨਾਨਕ ਹਰਿ ਜਪਿ ਹਰਿ ਮਨ ਮੇਰੇ ਹਰਿ ਮੇਲੇ ਮੇਲਣਹਾਰਾ ਹੇ ॥੧੭॥੩॥੯॥ (1030-1)
नानक हरि जपि हरि मन मेरे हरि मेले मेलणहारा हे ॥१७॥३॥९॥

ਮਾਰੂ ਮਹਲਾ ੧ ॥ (1030-2)
मारू महला १ ॥

ਘਰਿ ਰਹੁ ਰੇ ਮਨ ਮੁਗਧ ਇਆਨੇ ॥ (1030-2)
घरि रहु रे मन मुगध इआने ॥

ਰਾਮੁ ਜਪਹੁ ਅੰਤਰਗਤਿ ਧਿਆਨੇ ॥ (1030-2)
रामु जपहु अंतरगति धिआने ॥

ਲਾਲਚ ਛੋਡਿ ਰਚਹੁ ਅਪਰੰਪਰਿ ਇਉ ਪਾਵਹੁ ਮੁਕਤਿ ਦੁਆਰਾ ਹੇ ॥੧॥ (1030-3)
लालच छोडि रचहु अपर्मपरि इउ पावहु मुकति दुआरा हे ॥१॥

ਜਿਸੁ ਬਿਸਰਿਐ ਜਮੁ ਜੋਹਣਿ ਲਾਗੈ ॥ (1030-3)
जिसु बिसरिऐ जमु जोहणि लागै ॥

ਸਭਿ ਸੁਖ ਜਾਹਿ ਦੁਖਾ ਫੁਨਿ ਆਗੈ ॥ (1030-4)
सभि सुख जाहि दुखा फुनि आगै ॥

ਰਾਮ ਨਾਮੁ ਜਪਿ ਗੁਰਮੁਖਿ ਜੀਅੜੇ ਏਹੁ ਪਰਮ ਤਤੁ ਵੀਚਾਰਾ ਹੇ ॥੨॥ (1030-4)
राम नामु जपि गुरमुखि जीअड़े एहु परम ततु वीचारा हे ॥२॥

ਹਰਿ ਹਰਿ ਨਾਮੁ ਜਪਹੁ ਰਸੁ ਮੀਠਾ ॥ (1030-5)
हरि हरि नामु जपहु रसु मीठा ॥

ਗੁਰਮੁਖਿ ਹਰਿ ਰਸੁ ਅੰਤਰਿ ਡੀਠਾ ॥ (1030-5)
गुरमुखि हरि रसु अंतरि डीठा ॥

ਅਹਿਨਿਸਿ ਰਾਮ ਰਹਹੁ ਰੰਗਿ ਰਾਤੇ ਏਹੁ ਜਪੁ ਤਪੁ ਸੰਜਮੁ ਸਾਰਾ ਹੇ ॥੩॥ (1030-5)
अहिनिसि राम रहहु रंगि राते एहु जपु तपु संजमु सारा हे ॥३॥

ਰਾਮ ਨਾਮੁ ਗੁਰ ਬਚਨੀ ਬੋਲਹੁ ॥ (1030-6)
राम नामु गुर बचनी बोलहु ॥

ਸੰਤ ਸਭਾ ਮਹਿ ਇਹੁ ਰਸੁ ਟੋਲਹੁ ॥ (1030-6)
संत सभा महि इहु रसु टोलहु ॥

ਗੁਰਮਤਿ ਖੋਜਿ ਲਹਹੁ ਘਰੁ ਅਪਨਾ ਬਹੁੜਿ ਨ ਗਰਭ ਮਝਾਰਾ ਹੇ ॥੪॥ (1030-7)
गुरमति खोजि लहहु घरु अपना बहुड़ि न गरभ मझारा हे ॥४॥

ਸਚੁ ਤੀਰਥਿ ਨਾਵਹੁ ਹਰਿ ਗੁਣ ਗਾਵਹੁ ॥ (1030-7)
सचु तीरथि नावहु हरि गुण गावहु ॥

ਤਤੁ ਵੀਚਾਰਹੁ ਹਰਿ ਲਿਵ ਲਾਵਹੁ ॥ (1030-8)
ततु वीचारहु हरि लिव लावहु ॥

ਅੰਤ ਕਾਲਿ ਜਮੁ ਜੋਹਿ ਨ ਸਾਕੈ ਹਰਿ ਬੋਲਹੁ ਰਾਮੁ ਪਿਆਰਾ ਹੇ ॥੫॥ (1030-8)
अंत कालि जमु जोहि न साकै हरि बोलहु रामु पिआरा हे ॥५॥

ਸਤਿਗੁਰੁ ਪੁਰਖੁ ਦਾਤਾ ਵਡ ਦਾਣਾ ॥ (1030-8)
सतिगुरु पुरखु दाता वड दाणा ॥

ਜਿਸੁ ਅੰਤਰਿ ਸਾਚੁ ਸੁ ਸਬਦਿ ਸਮਾਣਾ ॥ (1030-9)
जिसु अंतरि साचु सु सबदि समाणा ॥

ਜਿਸ ਕਉ ਸਤਿਗੁਰੁ ਮੇਲਿ ਮਿਲਾਏ ਤਿਸੁ ਚੂਕਾ ਜਮ ਭੈ ਭਾਰਾ ਹੇ ॥੬॥ (1030-9)
जिस कउ सतिगुरु मेलि मिलाए तिसु चूका जम भै भारा हे ॥६॥

ਪੰਚ ਤਤੁ ਮਿਲਿ ਕਾਇਆ ਕੀਨੀ ॥ (1030-10)
पंच ततु मिलि काइआ कीनी ॥

ਤਿਸ ਮਹਿ ਰਾਮ ਰਤਨੁ ਲੈ ਚੀਨੀ ॥ (1030-10)
तिस महि राम रतनु लै चीनी ॥

ਆਤਮ ਰਾਮੁ ਰਾਮੁ ਹੈ ਆਤਮ ਹਰਿ ਪਾਈਐ ਸਬਦਿ ਵੀਚਾਰਾ ਹੇ ॥੭॥ (1030-10)
आतम रामु रामु है आतम हरि पाईऐ सबदि वीचारा हे ॥७॥

ਸਤ ਸੰਤੋਖਿ ਰਹਹੁ ਜਨ ਭਾਈ ॥ (1030-11)
सत संतोखि रहहु जन भाई ॥

ਖਿਮਾ ਗਹਹੁ ਸਤਿਗੁਰ ਸਰਣਾਈ ॥ (1030-11)
खिमा गहहु सतिगुर सरणाई ॥

ਆਤਮੁ ਚੀਨਿ ਪਰਾਤਮੁ ਚੀਨਹੁ ਗੁਰ ਸੰਗਤਿ ਇਹੁ ਨਿਸਤਾਰਾ ਹੇ ॥੮॥ (1030-12)
आतमु चीनि परातमु चीनहु गुर संगति इहु निसतारा हे ॥८॥

ਸਾਕਤ ਕੂੜ ਕਪਟ ਮਹਿ ਟੇਕਾ ॥ (1030-12)
साकत कूड़ कपट महि टेका ॥

ਅਹਿਨਿਸਿ ਨਿੰਦਾ ਕਰਹਿ ਅਨੇਕਾ ॥ (1030-13)
अहिनिसि निंदा करहि अनेका ॥

ਬਿਨੁ ਸਿਮਰਨ ਆਵਹਿ ਫੁਨਿ ਜਾਵਹਿ ਗ੍ਰਭ ਜੋਨੀ ਨਰਕ ਮਝਾਰਾ ਹੇ ॥੯॥ (1030-13)
बिनु सिमरन आवहि फुनि जावहि ग्रभ जोनी नरक मझारा हे ॥९॥

ਸਾਕਤ ਜਮ ਕੀ ਕਾਣਿ ਨ ਚੂਕੈ ॥ (1030-14)
साकत जम की काणि न चूकै ॥

ਜਮ ਕਾ ਡੰਡੁ ਨ ਕਬਹੂ ਮੂਕੈ ॥ (1030-14)
जम का डंडु न कबहू मूकै ॥

ਬਾਕੀ ਧਰਮ ਰਾਇ ਕੀ ਲੀਜੈ ਸਿਰਿ ਅਫਰਿਓ ਭਾਰੁ ਅਫਾਰਾ ਹੇ ॥੧੦॥ (1030-14)
बाकी धरम राइ की लीजै सिरि अफरिओ भारु अफारा हे ॥१०॥

ਬਿਨੁ ਗੁਰ ਸਾਕਤੁ ਕਹਹੁ ਕੋ ਤਰਿਆ ॥ (1030-15)
बिनु गुर साकतु कहहु को तरिआ ॥

ਹਉਮੈ ਕਰਤਾ ਭਵਜਲਿ ਪਰਿਆ ॥ (1030-15)
हउमै करता भवजलि परिआ ॥

ਬਿਨੁ ਗੁਰ ਪਾਰੁ ਨ ਪਾਵੈ ਕੋਈ ਹਰਿ ਜਪੀਐ ਪਾਰਿ ਉਤਾਰਾ ਹੇ ॥੧੧॥ (1030-15)
बिनु गुर पारु न पावै कोई हरि जपीऐ पारि उतारा हे ॥११॥

ਗੁਰ ਕੀ ਦਾਤਿ ਨ ਮੇਟੈ ਕੋਈ ॥ (1030-16)
गुर की दाति न मेटै कोई ॥

ਜਿਸੁ ਬਖਸੇ ਤਿਸੁ ਤਾਰੇ ਸੋਈ ॥ (1030-16)
जिसु बखसे तिसु तारे सोई ॥

ਜਨਮ ਮਰਣ ਦੁਖੁ ਨੇੜਿ ਨ ਆਵੈ ਮਨਿ ਸੋ ਪ੍ਰਭੁ ਅਪਰ ਅਪਾਰਾ ਹੇ ॥੧੨॥ (1030-17)
जनम मरण दुखु नेड़ि न आवै मनि सो प्रभु अपर अपारा हे ॥१२॥

ਗੁਰ ਤੇ ਭੂਲੇ ਆਵਹੁ ਜਾਵਹੁ ॥ (1030-17)
गुर ते भूले आवहु जावहु ॥

ਜਨਮਿ ਮਰਹੁ ਫੁਨਿ ਪਾਪ ਕਮਾਵਹੁ ॥ (1030-18)
जनमि मरहु फुनि पाप कमावहु ॥

ਸਾਕਤ ਮੂੜ ਅਚੇਤ ਨ ਚੇਤਹਿ ਦੁਖੁ ਲਾਗੈ ਤਾ ਰਾਮੁ ਪੁਕਾਰਾ ਹੇ ॥੧੩॥ (1030-18)
साकत मूड़ अचेत न चेतहि दुखु लागै ता रामु पुकारा हे ॥१३॥

ਸੁਖੁ ਦੁਖੁ ਪੁਰਬ ਜਨਮ ਕੇ ਕੀਏ ॥ (1030-19)
सुखु दुखु पुरब जनम के कीए ॥

ਸੋ ਜਾਣੈ ਜਿਨਿ ਦਾਤੈ ਦੀਏ ॥ (1030-19)
सो जाणै जिनि दातै दीए ॥

ਕਿਸ ਕਉ ਦੋਸੁ ਦੇਹਿ ਤੂ ਪ੍ਰਾਣੀ ਸਹੁ ਅਪਣਾ ਕੀਆ ਕਰਾਰਾ ਹੇ ॥੧੪॥ (1030-19)
किस कउ दोसु देहि तू प्राणी सहु अपणा कीआ करारा हे ॥१४॥

ਹਉਮੈ ਮਮਤਾ ਕਰਦਾ ਆਇਆ ॥ (1031-1)
हउमै ममता करदा आइआ ॥

ਆਸਾ ਮਨਸਾ ਬੰਧਿ ਚਲਾਇਆ ॥ (1031-1)
आसा मनसा बंधि चलाइआ ॥

ਮੇਰੀ ਮੇਰੀ ਕਰਤ ਕਿਆ ਲੇ ਚਾਲੇ ਬਿਖੁ ਲਾਦੇ ਛਾਰ ਬਿਕਾਰਾ ਹੇ ॥੧੫॥ (1031-2)
मेरी मेरी करत किआ ले चाले बिखु लादे छार बिकारा हे ॥१५॥

ਹਰਿ ਕੀ ਭਗਤਿ ਕਰਹੁ ਜਨ ਭਾਈ ॥ (1031-2)
हरि की भगति करहु जन भाई ॥

ਅਕਥੁ ਕਥਹੁ ਮਨੁ ਮਨਹਿ ਸਮਾਈ ॥ (1031-3)
अकथु कथहु मनु मनहि समाई ॥

ਉਠਿ ਚਲਤਾ ਠਾਕਿ ਰਖਹੁ ਘਰਿ ਅਪੁਨੈ ਦੁਖੁ ਕਾਟੇ ਕਾਟਣਹਾਰਾ ਹੇ ॥੧੬॥ (1031-3)
उठि चलता ठाकि रखहु घरि अपुनै दुखु काटे काटणहारा हे ॥१६॥

ਹਰਿ ਗੁਰ ਪੂਰੇ ਕੀ ਓਟ ਪਰਾਤੀ ॥ (1031-4)
हरि गुर पूरे की ओट पराती ॥

ਗੁਰਮੁਖਿ ਹਰਿ ਲਿਵ ਗੁਰਮੁਖਿ ਜਾਤੀ ॥ (1031-4)
गुरमुखि हरि लिव गुरमुखि जाती ॥

ਨਾਨਕ ਰਾਮ ਨਾਮਿ ਮਤਿ ਊਤਮ ਹਰਿ ਬਖਸੇ ਪਾਰਿ ਉਤਾਰਾ ਹੇ ॥੧੭॥੪॥੧੦॥ (1031-4)
नानक राम नामि मति ऊतम हरि बखसे पारि उतारा हे ॥१७॥४॥१०॥

ਮਾਰੂ ਮਹਲਾ ੧ ॥ (1031-5)
मारू महला १ ॥

ਸਰਣਿ ਪਰੇ ਗੁਰਦੇਵ ਤੁਮਾਰੀ ॥ (1031-5)
सरणि परे गुरदेव तुमारी ॥

ਤੂ ਸਮਰਥੁ ਦਇਆਲੁ ਮੁਰਾਰੀ ॥ (1031-6)
तू समरथु दइआलु मुरारी ॥

ਤੇਰੇ ਚੋਜ ਨ ਜਾਣੈ ਕੋਈ ਤੂ ਪੂਰਾ ਪੁਰਖੁ ਬਿਧਾਤਾ ਹੇ ॥੧॥ (1031-6)
तेरे चोज न जाणै कोई तू पूरा पुरखु बिधाता हे ॥१॥

ਤੂ ਆਦਿ ਜੁਗਾਦਿ ਕਰਹਿ ਪ੍ਰਤਿਪਾਲਾ ॥ (1031-6)
तू आदि जुगादि करहि प्रतिपाला ॥

ਘਟਿ ਘਟਿ ਰੂਪੁ ਅਨੂਪੁ ਦਇਆਲਾ ॥ (1031-7)
घटि घटि रूपु अनूपु दइआला ॥

ਜਿਉ ਤੁਧੁ ਭਾਵੈ ਤਿਵੈ ਚਲਾਵਹਿ ਸਭੁ ਤੇਰੋ ਕੀਆ ਕਮਾਤਾ ਹੇ ॥੨॥ (1031-7)
जिउ तुधु भावै तिवै चलावहि सभु तेरो कीआ कमाता हे ॥२॥

ਅੰਤਰਿ ਜੋਤਿ ਭਲੀ ਜਗਜੀਵਨ ॥ (1031-8)
अंतरि जोति भली जगजीवन ॥

ਸਭਿ ਘਟ ਭੋਗੈ ਹਰਿ ਰਸੁ ਪੀਵਨ ॥ (1031-8)
सभि घट भोगै हरि रसु पीवन ॥

ਆਪੇ ਲੇਵੈ ਆਪੇ ਦੇਵੈ ਤਿਹੁ ਲੋਈ ਜਗਤ ਪਿਤ ਦਾਤਾ ਹੇ ॥੩॥ (1031-8)
आपे लेवै आपे देवै तिहु लोई जगत पित दाता हे ॥३॥

ਜਗਤੁ ਉਪਾਇ ਖੇਲੁ ਰਚਾਇਆ ॥ (1031-9)
जगतु उपाइ खेलु रचाइआ ॥

ਪਵਣੈ ਪਾਣੀ ਅਗਨੀ ਜੀਉ ਪਾਇਆ ॥ (1031-9)
पवणै पाणी अगनी जीउ पाइआ ॥

ਦੇਹੀ ਨਗਰੀ ਨਉ ਦਰਵਾਜੇ ਸੋ ਦਸਵਾ ਗੁਪਤੁ ਰਹਾਤਾ ਹੇ ॥੪॥ (1031-10)
देही नगरी नउ दरवाजे सो दसवा गुपतु रहाता हे ॥४॥

ਚਾਰਿ ਨਦੀ ਅਗਨੀ ਅਸਰਾਲਾ ॥ (1031-10)
चारि नदी अगनी असराला ॥

ਕੋਈ ਗੁਰਮੁਖਿ ਬੂਝੈ ਸਬਦਿ ਨਿਰਾਲਾ ॥ (1031-10)
कोई गुरमुखि बूझै सबदि निराला ॥

ਸਾਕਤ ਦੁਰਮਤਿ ਡੂਬਹਿ ਦਾਝਹਿ ਗੁਰਿ ਰਾਖੇ ਹਰਿ ਲਿਵ ਰਾਤਾ ਹੇ ॥੫॥ (1031-11)
साकत दुरमति डूबहि दाझहि गुरि राखे हरि लिव राता हे ॥५॥

ਅਪੁ ਤੇਜੁ ਵਾਇ ਪ੍ਰਿਥਮੀ ਆਕਾਸਾ ॥ (1031-11)
अपु तेजु वाइ प्रिथमी आकासा ॥

ਤਿਨ ਮਹਿ ਪੰਚ ਤਤੁ ਘਰਿ ਵਾਸਾ ॥ (1031-12)
तिन महि पंच ततु घरि वासा ॥

ਸਤਿਗੁਰ ਸਬਦਿ ਰਹਹਿ ਰੰਗਿ ਰਾਤਾ ਤਜਿ ਮਾਇਆ ਹਉਮੈ ਭ੍ਰਾਤਾ ਹੇ ॥੬॥ (1031-12)
सतिगुर सबदि रहहि रंगि राता तजि माइआ हउमै भ्राता हे ॥६॥

ਇਹੁ ਮਨੁ ਭੀਜੈ ਸਬਦਿ ਪਤੀਜੈ ॥ (1031-13)
इहु मनु भीजै सबदि पतीजै ॥

ਬਿਨੁ ਨਾਵੈ ਕਿਆ ਟੇਕ ਟਿਕੀਜੈ ॥ (1031-13)
बिनु नावै किआ टेक टिकीजै ॥

ਅੰਤਰਿ ਚੋਰੁ ਮੁਹੈ ਘਰੁ ਮੰਦਰੁ ਇਨਿ ਸਾਕਤਿ ਦੂਤੁ ਨ ਜਾਤਾ ਹੇ ॥੭॥ (1031-13)
अंतरि चोरु मुहै घरु मंदरु इनि साकति दूतु न जाता हे ॥७॥

ਦੁੰਦਰ ਦੂਤ ਭੂਤ ਭੀਹਾਲੇ ॥ (1031-14)
दुंदर दूत भूत भीहाले ॥

ਖਿੰਚੋਤਾਣਿ ਕਰਹਿ ਬੇਤਾਲੇ ॥ (1031-14)
खिंचोताणि करहि बेताले ॥

ਸਬਦ ਸੁਰਤਿ ਬਿਨੁ ਆਵੈ ਜਾਵੈ ਪਤਿ ਖੋਈ ਆਵਤ ਜਾਤਾ ਹੇ ॥੮॥ (1031-15)
सबद सुरति बिनु आवै जावै पति खोई आवत जाता हे ॥८॥

ਕੂੜੁ ਕਲਰੁ ਤਨੁ ਭਸਮੈ ਢੇਰੀ ॥ (1031-15)
कूड़ु कलरु तनु भसमै ढेरी ॥

ਬਿਨੁ ਨਾਵੈ ਕੈਸੀ ਪਤਿ ਤੇਰੀ ॥ (1031-15)
बिनु नावै कैसी पति तेरी ॥

ਬਾਧੇ ਮੁਕਤਿ ਨਾਹੀ ਜੁਗ ਚਾਰੇ ਜਮਕੰਕਰਿ ਕਾਲਿ ਪਰਾਤਾ ਹੇ ॥੯॥ (1031-16)
बाधे मुकति नाही जुग चारे जमकंकरि कालि पराता हे ॥९॥

ਜਮ ਦਰਿ ਬਾਧੇ ਮਿਲਹਿ ਸਜਾਈ ॥ (1031-16)
जम दरि बाधे मिलहि सजाई ॥

ਤਿਸੁ ਅਪਰਾਧੀ ਗਤਿ ਨਹੀ ਕਾਈ ॥ (1031-17)
तिसु अपराधी गति नही काई ॥

ਕਰਣ ਪਲਾਵ ਕਰੇ ਬਿਲਲਾਵੈ ਜਿਉ ਕੁੰਡੀ ਮੀਨੁ ਪਰਾਤਾ ਹੇ ॥੧੦॥ (1031-17)
करण पलाव करे बिललावै जिउ कुंडी मीनु पराता हे ॥१० ॥

ਸਾਕਤੁ ਫਾਸੀ ਪੜੈ ਇਕੇਲਾ ॥ (1031-18)
साकतु फासी पड़ै इकेला ॥

ਜਮ ਵਸਿ ਕੀਆ ਅੰਧੁ ਦੁਹੇਲਾ ॥ (1031-18)
जम वसि कीआ अंधु दुहेला ॥

ਰਾਮ ਨਾਮ ਬਿਨੁ ਮੁਕਤਿ ਨ ਸੂਝੈ ਆਜੁ ਕਾਲਿ ਪਚਿ ਜਾਤਾ ਹੇ ॥੧੧॥ (1031-18)
राम नाम बिनु मुकति न सूझै आजु कालि पचि जाता हे ॥११ ॥

ਸਤਿਗੁਰ ਬਾਝੁ ਨ ਬੇਲੀ ਕੋਈ ॥ (1031-19)
सतिगुर बाझु न बेली कोई ॥

ਐਥੈ ਓਥੈ ਰਾਖਾ ਪ੍ਰਭੁ ਸੋਈ ॥ (1031-19)
ऐथै ओथै राखा प्रभु सोई ॥

ਰਾਮ ਨਾਮੁ ਦੇਵੈ ਕਰਿ ਕਿਰਪਾ ਇਉ ਸਲਲੈ ਸਲਲ ਮਿਲਾਤਾ ਹੇ ॥੧੨॥ (1031-19)
राम नामु देवै करि किरपा इउ सललै सलल मिलाता हे ॥१२ ॥

ਭੂਲੇ ਸਿਖ ਗੁਰੂ ਸਮਝਾਏ ॥ (1032-1)
भूले सिख गुरू समझाए ॥

ਉਝੜਿ ਜਾਦੇ ਮਾਰਗਿ ਪਾਏ ॥ (1032-1)
उझड़ि जादे मारगि पाए ॥

ਤਿਸੁ ਗੁਰ ਸੇਵਿ ਸਦਾ ਦਿਨੁ ਰਾਤੀ ਦੁਖ ਭੰਜਨ ਸੰਗਿ ਸਖਾਤਾ ਹੇ ॥੧੩॥ (1032-1)
तिसु गुर सेवि सदा दिनु राती दुख भंजन संगि सखाता हे ॥१३ ॥

ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥ (1032-2)
गुर की भगति करहि किआ प्राणी ॥

ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥ (1032-2)
ब्रहमै इंद्रि महेसि न जाणी ॥

ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ ॥੧੪॥ (1032-3)
सतिगुरु अलखु कहहु किउ लखीऐ जिसु बखसे तिसहि पछाता हे ॥१४॥

ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ (1032-4)
अंतरि प्रेमु परापति दरसनु ॥

ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥ (1032-4)
गुरबाणी सिउ प्रीति सु परसनु ॥

ਅਹਿਨਿਸਿ ਨਿਰਮਲ ਜੋਤਿ ਸਬਾਈ ਘਟਿ ਦੀਪਕੁ ਗੁਰਮੁਖਿ ਜਾਤਾ ਹੇ ॥੧੫॥ (1032-4)
अहिनिसि निरमल जोति सबाई घटि दीपकु गुरमुखि जाता हे ॥१५॥

ਭੋਜਨ ਗਿਆਨੁ ਮਹਾ ਰਸੁ ਮੀਠਾ ॥ (1032-5)
भोजन गिआनु महा रसु मीठा ॥

ਜਿਨਿ ਚਾਖਿਆ ਤਿਨਿ ਦਰਸਨੁ ਡੀਠਾ ॥ (1032-5)
जिनि चाखिआ तिनि दरसनु डीठा ॥

ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ ॥੧੬॥ (1032-6)
दरसनु देखि मिले बैरागी मनु मनसा मारि समाता हे ॥१६॥

ਸਤਿਗੁਰੁ ਸੇਵਹਿ ਸੇ ਪਰਧਾਨਾ ॥ (1032-6)
सतिगुरु सेवहि से परधाना ॥

ਤਿਨ ਘਟ ਘਟ ਅੰਤਰਿ ਬ੍ਰਹਮੁ ਪਛਾਨਾ ॥ (1032-7)
तिन घट घट अंतरि ब्रहमु पछाना ॥

ਨਾਨਕ ਹਰਿ ਜਸੁ ਹਰਿ ਜਨ ਕੀ ਸੰਗਤਿ ਦੀਜੈ ਜਿਨ ਸਤਿਗੁਰੁ ਹਰਿ ਪ੍ਰਭੁ ਜਾਤਾ ਹੇ ॥੧੭॥੫॥੧੧॥
(1032-7)
नानक हरि जसु हरि जन की संगति दीजै जिन सतिगुरु हरि प्रभु जाता हे ॥१७॥५॥११॥

ਮਾਰੂ ਮਹਲਾ ੧ ॥ (1032-8)
मारू महला १ ॥

ਸਾਚੇ ਸਾਹਿਬ ਸਿਰਜਣਹਾਰੇ ॥ (1032-8)
साचे साहिब सिरजणहारे ॥

ਜਿਨਿ ਧਰ ਚਕ੍ਰ ਧਰੇ ਵੀਚਾਰੇ ॥ (1032-8)
जिनि धर चक्र धरे वीचारे ॥

ਆਪੇ ਕਰਤਾ ਕਰਿ ਕਰਿ ਵੇਖੈ ਸਾਚਾ ਵੇਪਰਵਾਹਾ ਹੇ ॥੧॥ (1032-9)
आपे करता करि करि वेखै साचा वेपरवाहा हे ॥१॥

ਵੇਕੀ ਵੇਕੀ ਜੰਤ ਉਪਾਏ ॥ (1032-9)
वेकी वेकी जंत उपाए ॥

ਦੁਇ ਪੰਦੀ ਦੁਇ ਰਾਹ ਚਲਾਏ ॥ (1032-9)
दुइ पंदी दुइ राह चलाए ॥

ਗੁਰ ਪੂਰੇ ਵਿਣੁ ਮੁਕਤਿ ਨ ਹੋਈ ਸਚੁ ਨਾਮੁ ਜਪਿ ਲਾਹਾ ਹੇ ॥੨॥ (1032-10)
गुर पूरे विणु मुकति न होई सचु नामु जपि लाहा हे ॥२॥

ਪੜਹਿ ਮਨਮੁਖ ਪਰੁ ਬਿਧਿ ਨਹੀ ਜਾਨਾ ॥ (1032-10)
पड़हि मनमुख परु बिधि नही जाना ॥

ਨਾਮੁ ਨ ਬੂਝਹਿ ਭਰਮਿ ਭੁਲਾਨਾ ॥ (1032-11)
नामु न बूझहि भरमि भुलाना ॥

ਲੈ ਕੈ ਵਢੀ ਦੇਨਿ ਉਗਾਹੀ ਦੁਰਮਤਿ ਕਾ ਗਲਿ ਫਾਹਾ ਹੇ ॥੩॥ (1032-11)
लै कै वढी देनि उगाही दुरमति का गलि फाहा हे ॥३॥

ਸਿਮ੍ਰਿਤਿ ਸਾਸਤ੍ਰ ਪੜਹਿ ਪੁਰਾਣਾ ॥ (1032-12)
सिम्रिति सासत्र पड़हि पुराणा ॥

ਵਾਦੁ ਵਖਾਣਹਿ ਤਤੁ ਨ ਜਾਣਾ ॥ (1032-12)
वादु वखाणहि ततु न जाणा ॥

ਵਿਣੁ ਗੁਰ ਪੂਰੇ ਤਤੁ ਨ ਪਾਈਐ ਸਚ ਸੂਚੇ ਸਚੁ ਰਾਹਾ ਹੇ ॥੪॥ (1032-12)
विणु गुर पूरे ततु न पाईऐ सच सूचे सचु राहा हे ॥४॥

ਸਭ ਸਾਲਾਹੇ ਸੁਣਿ ਸੁਣਿ ਆਖੈ ॥ (1032-13)
सभ सालाहे सुणि सुणि आखै ॥

ਆਪੇ ਦਾਨਾ ਸਚੁ ਪਰਾਖੈ ॥ (1032-13)
आपे दाना सचु पराखै ॥

ਜਿਨ ਕਉ ਨਦਰਿ ਕਰੇ ਪ੍ਰਭੁ ਅਪਨੀ ਗੁਰਮੁਖਿ ਸਬਦੁ ਸਲਾਹਾ ਹੇ ॥੫॥ (1032-13)
जिन कउ नदरि करे प्रभु अपनी गुरमुखि सबदु सलाहा हे ॥५॥

ਸੁਣਿ ਸੁਣਿ ਆਖੈ ਕੇਤੀ ਬਾਣੀ ॥ (1032-14)
सुणि सुणि आखै केती बाणी ॥

ਸੁਣਿ ਕਹੀਐ ਕੋ ਅੰਤੁ ਨ ਜਾਣੀ ॥ (1032-14)
सुणि कहीऐ को अंतु न जाणी ॥

ਜਾ ਕਉ ਅਲਖੁ ਲਖਾਏ ਆਪੇ ਅਕਥ ਕਥਾ ਬੁਧਿ ਤਾਹਾ ਹੇ ॥੬॥ (1032-15)
जा कउ अलखु लखाए आपे अकथ कथा बुधि ताहा हे ॥६॥

ਜਨਮੇ ਕਉ ਵਾਜਹਿ ਵਾਧਾਏ ॥ (1032-15)
जनमे कउ वाजहि वाधाए ॥

ਸੋਹਿਲੜੇ ਅਗਿਆਨੀ ਗਾਏ ॥ (1032-15)
सोहिलड़े अगिआनी गाए ॥

ਜੋ ਜਨਮੈ ਤਿਸੁ ਸਰਪਰ ਮਰਣਾ ਕਿਰਤੁ ਪਇਆ ਸਿਰਿ ਸਾਹਾ ਹੇ ॥੭॥ (1032-16)
जो जनमै तिसु सरपर मरणा किरतु पइआ सिरि साहा हे ॥७॥

ਸੰਜੋਗੁ ਵਿਜੋਗੁ ਮੇਰੈ ਪ੍ਰਭਿ ਕੀਏ ॥ (1032-16)
संजोगु विजोगु मेरै प्रभि कीए ॥

ਸ੍ਰਿਸਟਿ ਉਪਾਇ ਦੁਖਾ ਸੁਖ ਦੀਏ ॥ (1032-17)
स्रिसटि उपाइ दुखा सुख दीए ॥

ਦੁਖ ਸੁਖ ਹੀ ਤੇ ਭਏ ਨਿਰਾਲੇ ਗੁਰਮੁਖਿ ਸੀਲੁ ਸਨਾਹਾ ਹੇ ॥੮॥ (1032-17)
दुख सुख ही ते भए निराले गुरमुखि सीलु सनाहा हे ॥८॥

ਨੀਕੇ ਸਾਚੇ ਕੇ ਵਾਪਾਰੀ ॥ (1032-18)
नीके साचे के वापारी ॥

ਸਚੁ ਸਉਦਾ ਲੈ ਗੁਰ ਵੀਚਾਰੀ ॥ (1032-18)
सचु सउदा लै गुर वीचारी ॥

ਸਚਾ ਵਖਰੁ ਜਿਸੁ ਧਨੁ ਪਲੈ ਸਬਦਿ ਸਚੈ ਓਮਾਹਾ ਹੇ ॥੯॥ (1032-18)
सचा वखरु जिसु धनु पलै सबदि सचै ओमाहा हे ॥९॥

ਕਾਚੀ ਸਉਦੀ ਤੋਟਾ ਆਵੈ ॥ (1032-19)
काची सउदी तोटा आवै ॥

ਗੁਰਮੁਖਿ ਵਣਜੁ ਕਰੇ ਪ੍ਰਭ ਭਾਵੈ ॥ (1032-19)
गुरमुखि वणजु करे प्रभ भावै ॥

ਪੂੰਜੀ ਸਾਬਤੁ ਰਾਸਿ ਸਲਾਮਤਿ ਚੂਕਾ ਜਮ ਕਾ ਫਾਹਾ ਹੇ ॥੧੦॥ (1032-19)
पूंजी साबतु रासि सलामति चूका जम का फाहा हे ॥१०॥

ਸਭੁ ਕੋ ਬੋਲੈ ਆਪਣ ਭਾਣੈ ॥ (1033-1)
सभु को बोलै आपण भाणै ॥

ਮਨਮੁਖੁ ਦੂਜੈ ਬੋਲਿ ਨ ਜਾਣੈ ॥ (1033-1)
मनमुखु दूजै बोलि न जाणै ॥

ਅੰਧੁਲੇ ਕੀ ਮਤਿ ਅੰਧਲੀ ਬੋਲੀ ਆਇ ਗਇਆ ਦੁਖੁ ਤਾਹਾ ਹੇ ॥੧੧॥ (1033-1)
अंधुले की मति अंधली बोली आइ गइआ दुखु ताहा हे ॥११॥

ਦੁਖ ਮਹਿ ਜਨਮੈ ਦੁਖ ਮਹਿ ਮਰਣਾ ॥ (1033-2)
दुख महि जनमै दुख महि मरणा ॥

ਦੂਖੁ ਨ ਮਿਟੈ ਬਿਨੁ ਗੁਰ ਕੀ ਸਰਣਾ ॥ (1033-2)
दूखु न मिटै बिनु गुर की सरणा ॥

ਦੂਖੀ ਉਪਜੈ ਦੂਖੀ ਬਿਨਸੈ ਕਿਆ ਲੈ ਆਇਆ ਕਿਆ ਲੈ ਜਾਹਾ ਹੇ ॥੧੨॥ (1033-3)
दूखी उपजै दूखी बिनसै किआ लै आइआ किआ लै जाहा हे ॥१२॥

ਸਚੀ ਕਰਣੀ ਗੁਰ ਕੀ ਸਿਰਕਾਰਾ ॥ (1033-3)
सची करणी गुर की सिरकारा ॥

ਆਵਣੁ ਜਾਣੁ ਨਹੀ ਜਮ ਧਾਰਾ ॥ (1033-4)
आवणु जाणु नही जम धारा ॥

ਡਾਲ ਛੋਡਿ ਤਤੁ ਮੂਲੁ ਪਰਾਤਾ ਮਨਿ ਸਾਚਾ ਓਮਾਹਾ ਹੇ ॥੧੩॥ (1033-4)
डाल छोडि ततु मूलु पराता मनि साचा ओमाहा हे ॥१३॥

ਹਰਿ ਕੇ ਲੋਗ ਨਹੀ ਜਮੁ ਮਾਰੈ ॥ (1033-5)
हरि के लोग नही जमु मारै ॥

ਨਾ ਦੁਖੁ ਦੇਖਹਿ ਪੰਥਿ ਕਰਾਰੈ ॥ (1033-5)
ना दुखु देखहि पंथि करारै ॥

ਰਾਮ ਨਾਮੁ ਘਟ ਅੰਤਰਿ ਪੂਜਾ ਅਵਰੁ ਨ ਦੂਜਾ ਕਾਹਾ ਹੇ ॥੧੪॥ (1033-5)
राम नामु घट अंतरि पूजा अवरु न दूजा काहा हे ॥१४॥

ਓੜੁ ਨ ਕਥਨੈ ਸਿਫਤਿ ਸਜਾਈ ॥ (1033-6)
ओड़ु न कथनै सिफति सजाई ॥

ਜਿਉ ਤੁਧੁ ਭਾਵਹਿ ਰਹਹਿ ਰਜਾਈ ॥ (1033-6)
जिउ तुधु भावहि रहहि रजाई ॥

ਦਰਗਹ ਪੈਧੇ ਜਾਨਿ ਸੁਹੇਲੇ ਹੁਕਮਿ ਸਚੇ ਪਾਤਿਸਾਹਾ ਹੇ ॥੧੫॥ (1033-6)
दरगह पैधे जानि सुहेले हुकमि सचे पातिसाहा हे ॥१५॥

ਕਿਆ ਕਹੀਐ ਗੁਣ ਕਥਹਿ ਘਨੇਰੇ ॥ (1033-7)
किआ कहीऐ गुण कथहि घनेरे ॥

ਅੰਤੁ ਨ ਪਾਵਹਿ ਵਡੇ ਵਡੇਰੇ ॥ (1033-7)
अंतु न पावहि वडे वडेरे ॥

ਨਾਨਕ ਸਾਚੁ ਮਿਲੈ ਪਤਿ ਰਾਖਹੁ ਤੂ ਸਿਰਿ ਸਾਹਾ ਪਾਤਿਸਾਹਾ ਹੇ ॥੧੬॥੬॥੧੨॥ (1033-8)
नानक साचु मिलै पति राखहु तू सिरि साहा पातिसाहा हे ॥१६॥६॥१२॥

ਮਾਰੂ ਮਹਲਾ ੧ ਦਖਣੀ ॥ (1033-8)
मारू महला १ दखणी ॥

ਕਾਇਆ ਨਗਰੁ ਨਗਰ ਗੜ ਅੰਦਰਿ ॥ (1033-9)
काइआ नगरु नगर गड़ अंदरि ॥

ਸਾਚਾ ਵਾਸਾ ਪੁਰਿ ਗਗਨੰਦਰਿ ॥ (1033-9)
साचा वासा पुरि गगनंदरि ॥

ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ ॥੧॥ (1033-9)
असथिरु थानु सदा निरमाइलु आपे आपु उपाइदा ॥१॥

ਅੰਦਰਿ ਕੋਟ ਛਜੇ ਹਟਨਾਲੇ ॥ (1033-10)
अंदरि कोट छजे हटनाले ॥

ਆਪੇ ਲੇਵੈ ਵਸਤੁ ਸਮਾਲੇ ॥ (1033-10)
आपे लेवै वसतु समाले ॥

ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ ॥੨॥ (1033-10)
बजर कपाट जड़े जड़ि जाणै गुर सबदी खोलाइदा ॥२॥

ਭੀਤਰਿ ਕੋਟ ਗੁਫਾ ਘਰ ਜਾਈ ॥ (1033-11)
भीतरि कोट गुफा घर जाई ॥

ਨਉ ਘਰ ਥਾਪੇ ਹੁਕਮਿ ਰਜਾਈ ॥ (1033-11)
नउ घर थापे हुकमि रजाई ॥

ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ ॥੩॥ (1033-11)
दसवै पुरखु अलेखु अपारी आपे अलखु लखाइदा ॥३॥

ਪਉਣ ਪਾਣੀ ਅਗਨੀ ਇਕ ਵਾਸਾ ॥ (1033-12)
पउण पाणी अगनी इक वासा ॥

ਆਪੇ ਕੀਤੋ ਖੇਲੁ ਤਮਾਸਾ ॥ (1033-12)
आपे कीतो खेलु तमासा ॥

ਬਲਦੀ ਜਲਿ ਨਿਵਰੈ ਕਿਰਪਾ ਤੇ ਆਪੇ ਜਲ ਨਿਧਿ ਪਾਇਦਾ ॥੪॥ (1033-13)
बलदी जलि निवरै किरपा ते आपे जल निधि पाइदा ॥४॥

ਧਰਤਿ ਉਪਾਇ ਧਰੀ ਧਰਮ ਸਾਲਾ ॥ (1033-13)
धरति उपाइ धरी धरम साला ॥

ਉਤਪਤਿ ਪਰਲਉ ਆਪਿ ਨਿਰਾਲਾ ॥ (1033-14)
उतपति परलउ आपि निराला ॥

ਪਵਣੈ ਖੇਲੁ ਕੀਆ ਸਭ ਥਾਈ ਕਲਾ ਖਿੰਚਿ ਢਾਹਾਇਦਾ ॥੫॥ (1033-14)
पवणै खेलु कीआ सभ थाई कला खिंचि ढाहाइदा ॥५॥

ਭਾਰ ਅਠਾਰਹ ਮਾਲਣਿ ਤੇਰੀ ॥ (1033-14)
भार अठारह मालणि तेरी ॥

ਚਉਰੁ ਢੁਲੈ ਪਵਣੈ ਲੈ ਫੇਰੀ ॥ (1033-15)
चउरु ढुलै पवणै लै फेरी ॥

ਚੰਦੁ ਸੂਰਜੁ ਦੁਇ ਦੀਪਕ ਰਾਖੇ ਸਸਿ ਘਰਿ ਸੂਰੁ ਸਮਾਇਦਾ ॥੬॥ (1033-15)
चंदु सूरजु दुइ दीपक राखे ससि घरि सूरु समाइदा ॥६॥

ਪੰਖੀ ਪੰਚ ਉਡਰਿ ਨਹੀ ਧਾਵਹਿ ॥ (1033-16)
पंखी पंच उडरि नही धावहि ॥

ਸਫਲਿਓ ਬਿਰਖੁ ਅੰਮ੍ਰਿਤ ਫਲੁ ਪਾਵਹਿ ॥ (1033-16)
सफलिओ बिरखु अमृत फलु पावहि ॥

ਗੁਰਮੁਖਿ ਸਹਜਿ ਰਵੈ ਗੁਣ ਗਾਵੈ ਹਰਿ ਰਸੁ ਚੋਗ ਚੁਗਾਇਦਾ ॥੭॥ (1033-16)
गुरमुखि सहजि रवै गुण गावै हरि रसु चोग चुगाइदा ॥७॥

ਝਿਲਮਿਲਿ ਝਿਲਕੈ ਚੰਦੁ ਨ ਤਾਰਾ ॥ (1033-17)
झिलमिलि झिलकै चंदु न तारा ॥

ਸੂਰਜ ਕਿਰਣਿ ਨ ਬਿਜੁਲਿ ਗੈਣਾਰਾ ॥ (1033-17)
सूरज किरणि न बिजुलि गैणारा ॥

ਅਕਥੀ ਕਥਉ ਚਿਹਨੁ ਨਹੀ ਕੋਈ ਪੂਰਿ ਰਹਿਆ ਮਨਿ ਭਾਇਦਾ ॥੮॥ (1033-18)
अकथी कथउ चिहनु नही कोई पूरि रहिआ मनि भाइदा ॥८॥

ਪਸਰੀ ਕਿਰਣਿ ਜੋਤਿ ਉਜਿਆਲਾ ॥ (1033-18)
पसरी किरणि जोति उजिआला ॥

ਕਰਿ ਕਰਿ ਦੇਖੈ ਆਪਿ ਦਇਆਲਾ ॥ (1033-19)
करि करि देखै आपि दइआला ॥

ਅਨਹਦ ਰੁਣ ਝੁਣਕਾਰੁ ਸਦਾ ਧੁਨਿ ਨਿਰਭਉ ਕੈ ਘਰਿ ਵਾਇਦਾ ॥੯॥ (1033-19)
अनहद रुण झुणकारु सदा धुनि निरभउ कै घरि वाइदा ॥९॥

ਅਨਹਦੁ ਵਾਜੈ ਭ੍ਰਮੁ ਭਉ ਭਾਜੈ ॥ (1034-1)
अनहदु वाजै भ्रमु भउ भाजै ॥

ਸਗਲ ਬਿਆਪਿ ਰਹਿਆ ਪ੍ਰਭੁ ਛਾਜੈ ॥ (1034-1)
सगल बिआपि रहिआ प्रभु छाजै ॥

ਸਭ ਤੇਰੀ ਤੂ ਗੁਰਮੁਖਿ ਜਾਤਾ ਦਰਿ ਸੋਹੈ ਗੁਣ ਗਾਇਦਾ ॥੧੦॥ (1034-1)
सभ तेरी तू गुरमुखि जाता दरि सोहै गुण गाइदा ॥१०॥

ਆਦਿ ਨਿਰੰਜਨੁ ਨਿਰਮਲੁ ਸੋਈ ॥ (1034-2)
आदि निरंजनु निरमलु सोई ॥

ਅਵਰੁ ਨ ਜਾਣਾ ਦੂਜਾ ਕੋਈ ॥ (1034-2)
अवरु न जाणा दूजा कोई ॥

ਏਕੰਕਾਰੁ ਵਸੈ ਮਨਿ ਭਾਵੈ ਹਉਮੈ ਗਰਬੁ ਗਵਾਇਦਾ ॥੧੧॥ (1034-3)
एकंकारु वसै मनि भावै हउमै गरबु गवाइदा ॥११॥

ਅੰਮ੍ਰਿਤੁ ਪੀਆ ਸਤਿਗੁਰਿ ਦੀਆ ॥ (1034-3)
अमृतु पीआ सतिगुरि दीआ ॥

ਅਵਰੁ ਨ ਜਾਣਾ ਦੂਆ ਤੀਆ ॥ (1034-3)
अवरु न जाणा दूआ तीआ ॥

ਏਕੋ ਏਕੁ ਸੁ ਅਪਰ ਪਰੰਪਰੁ ਪਰਖਿ ਖਜਾਨੈ ਪਾਇਦਾ ॥੧੨॥ (1034-4)
एको एकु सु अपर पर्मपरु परखि खजानै पाइदा ॥१२॥

ਗਿਆਨੁ ਧਿਆਨੁ ਸਚੁ ਗਹਿਰ ਗੰਭੀਰਾ ॥ (1034-4)
गिआनु धिआनु सचु गहिर ग्मभीरा ॥

ਕੋਇ ਨ ਜਾਣੈ ਤੇਰਾ ਚੀਰਾ ॥ (1034-5)
कोइ न जाणै तेरा चीरा ॥

ਜੇਤੀ ਹੈ ਤੇਤੀ ਤੁਧੁ ਜਾਚੈ ਕਰਮਿ ਮਿਲੈ ਸੋ ਪਾਇਦਾ ॥੧੩॥ (1034-5)
जेती है तेती तुधु जाचै करमि मिलै सो पाइदा ॥१३॥

ਕਰਮੁ ਧਰਮੁ ਸਚੁ ਹਾਥਿ ਤੁਮਾਰੈ ॥ (1034-5)
करमु धरमु सचु हाथि तुमारै ॥

ਵੇਪਰਵਾਹ ਅਖੁਟ ਭੰਡਾਰੈ ॥ (1034-6)
वेपरवाह अखुट भंडारै ॥

ਤੂ ਦਇਆਲੁ ਕਿਰਪਾਲੁ ਸਦਾ ਪ੍ਰਭੁ ਆਪੇ ਮੇਲਿ ਮਿਲਾਇਦਾ ॥੧੪॥ (1034-6)
तू दइआलु किरपालु सदा प्रभु आपे मेलि मिलाइदा ॥१४॥

ਆਪੇ ਦੇਖਿ ਦਿਖਾਵੈ ਆਪੇ ॥ (1034-7)
आपे देखि दिखावै आपे ॥

ਆਪੇ ਥਾਪਿ ਉਥਾਪੇ ਆਪੇ ॥ (1034-7)
आपे थापि उथापे आपे ॥

ਆਪੇ ਜੋੜਿ ਵਿਛੋੜੇ ਕਰਤਾ ਆਪੇ ਮਾਰਿ ਜੀਵਾਇਦਾ ॥੧੫॥ (1034-7)
आपे जोड़ि विछोड़े करता आपे मारि जीवाइदा ॥१५॥

ਜੇਤੀ ਹੈ ਤੇਤੀ ਤੁਧੁ ਅੰਦਰਿ ॥ (1034-8)
जेती है तेती तुधु अंदरि ॥

ਦੇਖਹਿ ਆਪਿ ਬੈਸਿ ਬਿਜ ਮੰਦਰਿ ॥ (1034-8)
देखहि आपि बैसि बिज मंदरि ॥

ਨਾਨਕੁ ਸਾਚੁ ਕਹੈ ਬੇਨੰਤੀ ਹਰਿ ਦਰਸਨਿ ਸੁਖੁ ਪਾਇਦਾ ॥੧੬॥੧॥੧੩॥ (1034-8)
नानकु साचु कहै बेनंती हरि दरसनि सुखु पाइदा ॥१६॥१॥१३॥

ਮਾਰੂ ਮਹਲਾ ੧ ॥ (1034-9)
मारू महला १ ॥

ਦਰਸਨੁ ਪਾਵਾ ਜੇ ਤੁਧੁ ਭਾਵਾ ॥ (1034-9)
दरसनु पावा जे तुधु भावा ॥

ਭਾਇ ਭਗਤਿ ਸਾਚੇ ਗੁਣ ਗਾਵਾ ॥ (1034-9)
भाइ भगति साचे गुण गावा ॥

ਤੁਧੁ ਭਾਣੇ ਤੂ ਭਾਵਹਿ ਕਰਤੇ ਆਪੇ ਰਸਨ ਰਸਾਇਦਾ ॥੧॥ (1034-10)
तुधु भाणे तू भावहि करते आपे रसन रसाइदा ॥१॥

ਸੋਹਨਿ ਭਗਤ ਪ੍ਰਭੂ ਦਰਬਾਰੇ ॥ (1034-10)
सोहनि भगत प्रभू दरबारे ॥

ਮੁਕਤੁ ਭਏ ਹਰਿ ਦਾਸ ਤੁਮਾਰੇ ॥ (1034-11)
मुकतु भए हरि दास तुमारे ॥

ਆਪੁ ਗਵਾਇ ਤੇਰੈ ਰੰਗਿ ਰਾਤੇ ਅਨਦਿਨੁ ਨਾਮੁ ਧਿਆਇਦਾ ॥੨॥ (1034-11)
आपु गवाइ तेरै रंगि राते अनदिनु नामु धिआइदा ॥२॥

ਈਸਰੁ ਬ੍ਰਹਮਾ ਦੇਵੀ ਦੇਵਾ ॥ (1034-11)
ईसरु ब्रहमा देवी देवा ॥

ਇੰਦ੍ਰ ਤਪੇ ਮੁਨਿ ਤੇਰੀ ਸੇਵਾ ॥ (1034-12)
इंद्र तपे मुनि तेरी सेवा ॥

ਜਤੀ ਸਤੀ ਕੇਤੇ ਬਨਵਾਸੀ ਅੰਤੁ ਨ ਕੋਈ ਪਾਇਦਾ ॥੩॥ (1034-12)
जती सती केते बनवासी अंतु न कोई पाइदा ॥३॥

ਵਿਣੁ ਜਾਣਾਏ ਕੋਇ ਨ ਜਾਣੈ ॥ (1034-13)
विणु जाणाए कोइ न जाणै ॥

ਜੋ ਕਿਛੁ ਕਰੇ ਸੁ ਆਪਣ ਭਾਣੈ ॥ (1034-13)
जो किछु करे सु आपण भाणै ॥

ਲਖ ਚਉਰਾਸੀਹ ਜੀਅ ਉਪਾਏ ਭਾਣੈ ਸਾਹ ਲਵਾਇਦਾ ॥੪॥ (1034-13)
लख चउरासीह जीअ उपाए भाणै साह लवाइदा ॥४॥

ਜੋ ਤਿਸੁ ਭਾਵੈ ਸੋ ਨਿਹਚਉ ਹੋਵੈ ॥ (1034-14)
जो तिसु भावै सो निहचउ होवै ॥

ਮਨਮੁਖੁ ਆਪੁ ਗਣਾਏ ਰੋਵੈ ॥ (1034-14)
मनमुखु आपु गणाए रोवै ॥

ਨਾਵਹੁ ਭੁਲਾ ਠਉਰ ਨ ਪਾਏ ਆਇ ਜਾਇ ਦੁਖੁ ਪਾਇਦਾ ॥੫॥ (1034-14)
नावहु भुला ठउर न पाए आइ जाइ दुखु पाइदा ॥५॥

ਨਿਰਮਲ ਕਾਇਆ ਊਜਲ ਹੰਸਾ ॥ (1034-15)
निरमल काइआ ऊजल हंसा ॥

ਤਿਸੁ ਵਿਚਿ ਨਾਮੁ ਨਿਰੰਜਨ ਅੰਸਾ ॥ (1034-15)
तिसु विचि नामु निरंजन अंसा ॥

ਸਗਲੇ ਦੂਖ ਅੰਮ੍ਰਿਤੁ ਕਰਿ ਪੀਵੈ ਬਾਹੁੜਿ ਦੂਖੁ ਨ ਪਾਇਦਾ ॥੬॥ (1034-16)
सगले दूख अमृतु करि पीवै बाहुड़ि दूखु न पाइदा ॥६॥

ਬਹੁ ਸਾਦਹੁ ਦੂਖੁ ਪਰਾਪਤਿ ਹੋਵੈ ॥ (1034-16)
बहु सादहु दूखु परापति होवै ॥

ਭੋਗਹੁ ਰੋਗ ਸੁ ਅੰਤਿ ਵਿਗੋਵੈ ॥ (1034-16)
भोगहु रोग सु अंति विगोवै ॥

ਹਰਖਹੁ ਸੋਗੁ ਨ ਮਿਟਈ ਕਬਹੂ ਵਿਣੁ ਭਾਣੇ ਭਰਮਾਇਦਾ ॥੭॥ (1034-17)
हरखहु सोगु न मिटई कबहू विणु भाणे भरमाइदा ॥७॥

ਗਿਆਨ ਵਿਹੂਣੀ ਭਵੈ ਸਬਾਈ ॥ (1034-17)
गिआन विहूणी भवै सबाई ॥

ਸਾਚਾ ਰਵਿ ਰਹਿਆ ਲਿਵ ਲਾਈ ॥ (1034-18)
साचा रवि रहिआ लिव लाई ॥

ਨਿਰਭਉ ਸਬਦੁ ਗੁਰੂ ਸਚੁ ਜਾਤਾ ਜੋਤੀ ਜੋਤਿ ਮਿਲਾਇਦਾ ॥੮॥ (1034-18)
निरभउ सबदु गुरू सचु जाता जोती जोति मिलाइदा ॥८॥

ਅਟਲੁ ਅਡੋਲੁ ਅਤੋਲੁ ਮੁਰਾਰੇ ॥ (1034-19)
अटलु अडोलु अतोलु मुरारे ॥

ਖਿਨ ਮਹਿ ਢਾਹੇ ਫੇਰਿ ਉਸਾਰੇ ॥ (1034-19)
खिन महि ढाहे फेरि उसारे ॥

ਰੂਪੁ ਨ ਰੇਖਿਆ ਮਿਤਿ ਨਹੀ ਕੀਮਤਿ ਸਬਦਿ ਭੇਦਿ ਪਤੀਆਇਦਾ ॥੯॥ (1034-19)
रूपु न रेखिआ मिति नही कीमति सबदि भेदि पतीआइदा ॥९॥

ਹਮ ਦਾਸਨ ਕੇ ਦਾਸ ਪਿਆਰੇ ॥ (1035-1)
हम दासन के दास पिआरे ॥

ਸਾਧਿਕ ਸਾਚ ਭਲੇ ਵੀਚਾਰੇ ॥ (1035-1)
साधिक साच भले वीचारे ॥

ਮੰਨੇ ਨਾਉ ਸੋਈ ਜਿਣਿ ਜਾਸੀ ਆਪੇ ਸਾਚੁ ਦ੍ਰਿੜਾਇਦਾ ॥੧੦॥ (1035-1)
मंने नाउ सोई जिणि जासी आपे साचु द्रिड़ाइदा ॥१०॥

ਪਲੈ ਸਾਚੁ ਸਚੇ ਸਚਿਆਰਾ ॥ (1035-2)
पलै साचु सचे सचिआरा ॥

ਸਾਚੇ ਭਾਵੈ ਸਬਦੁ ਪਿਆਰਾ ॥ (1035-2)
साचे भावै सबदु पिआरा ॥

ਤ੍ਰਿਭਵਣਿ ਸਾਚੁ ਕਲਾ ਧਰਿ ਥਾਪੀ ਸਾਚੇ ਹੀ ਪਤੀਆਇਦਾ ॥੧੧॥ (1035-3)
त्रिभवणि साचु कला धरि थापी साचे ही पतीआइदा ॥११॥

ਵਡਾ ਵਡਾ ਆਖੈ ਸਭੁ ਕੋਈ ॥ (1035-3)
वडा वडा आखै सभु कोई ॥

ਗੁਰ ਬਿਨੁ ਸੋਝੀ ਕਿਨੈ ਨ ਹੋਈ ॥ (1035-3)
गुर बिनु सोझी किनै न होई ॥

ਸਾਚਿ ਮਿਲੈ ਸੋ ਸਾਚੇ ਭਾਏ ਨਾ ਵੀਛੁੜਿ ਦੁਖੁ ਪਾਇਦਾ ॥੧੨॥ (1035-4)
साचि मिलै सो साचे भाए ना वीछुड़ि दुखु पाइदा ॥१२॥

ਧੁਰਹੁ ਵਿਛੁੰਨੇ ਧਾਹੀ ਰੁੰਨੇ ॥ (1035-4)
धुरहु विछुंने धाही रुंने ॥

ਮਰਿ ਮਰਿ ਜਨਮਹਿ ਮੁਹਲਤਿ ਪੁੰਨੇ ॥ (1035-5)
मरि मरि जनमहि मुहलति पुंने ॥

ਜਿਸੁ ਬਖਸੇ ਤਿਸੁ ਦੇ ਵਡਿਆਈ ਮੇਲਿ ਨ ਪਛੋਤਾਇਦਾ ॥੧੩॥ (1035-5)
जिसु बखसे तिसु दे वडिआई मेलि न पछोताइदा ॥१३॥

ਆਪੇ ਕਰਤਾ ਆਪੇ ਭੁਗਤਾ ॥ (1035-5)
आपे करता आपे भुगता ॥

ਆਪੇ ਤ੍ਰਿਪਤਾ ਆਪੇ ਮੁਕਤਾ ॥ (1035-6)
आपे त्रिपता आपे मुकता ॥

ਆਪੇ ਮੁਕਤਿ ਦਾਨੁ ਮੁਕਤੀਸਰੁ ਮਮਤਾ ਮੋਹੁ ਚੁਕਾਇਦਾ ॥੧੪॥ (1035-6)
आपे मुकति दानु मुकतीसरु ममता मोहु चुकाइदा ॥१४॥

ਦਾਨਾ ਕੈ ਸਿਰਿ ਦਾਨੁ ਵੀਚਾਰਾ ॥ (1035-7)
दाना कै सिरि दानु वीचारा ॥

ਕਰਣ ਕਾਰਣ ਸਮਰਥੁ ਅਪਾਰਾ ॥ (1035-7)
करण कारण समरथु अपारा ॥

ਕਰਿ ਕਰਿ ਵੇਖੈ ਕੀਤਾ ਅਪਣਾ ਕਰਣੀ ਕਾਰ ਕਰਾਇਦਾ ॥੧੫॥ (1035-7)
करि करि वेखै कीता अपणा करणी कार कराइदा ॥१५॥

ਸੇ ਗੁਣ ਗਾਵਹਿ ਸਾਚੇ ਭਾਵਹਿ ॥ (1035-8)
से गुण गावहि साचे भावहि ॥

ਤੁਝ ਤੇ ਉਪਜਹਿ ਤੁਝ ਮਾਹਿ ਸਮਾਵਹਿ ॥ (1035-8)
तुझ ते उपजहि तुझ माहि समावहि ॥

ਨਾਨਕੁ ਸਾਚੁ ਕਹੈ ਬੇਨੰਤੀ ਮਿਲਿ ਸਾਚੇ ਸੁਖੁ ਪਾਇਦਾ ॥੧੬॥੨॥੧੪॥ (1035-9)
नानकु साचु कहै बेनंती मिलि साचे सुखु पाइदा ॥१६॥२॥१४॥

ਮਾਰੂ ਮਹਲਾ ੧ ॥ (1035-9)
मारू महला १ ॥

ਅਰਬਦ ਨਰਬਦ ਧੁੰਧੂਕਾਰਾ ॥ (1035-9)
अरबद नरबद धुंधूकारा ॥

ਧਰਣਿ ਨ ਗਗਨਾ ਹੁਕਮੁ ਅਪਾਰਾ ॥ (1035-10)
धरणि न गगना हुकमु अपारा ॥

ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥੧॥ (1035-10)
ना दिनु रैनि न चंदु न सूरजु सुंन समाधि लगाइदा ॥१॥

ਖਾਣੀ ਨ ਬਾਣੀ ਪਉਣ ਨ ਪਾਣੀ ॥ (1035-11)
खाणी न बाणी पउण न पाणी ॥

ਓਪਤਿ ਖਪਤਿ ਨ ਆਵਣ ਜਾਣੀ ॥ (1035-11)
ओपति खपति न आवण जाणी ॥

ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ ॥੨॥ (1035-11)
खंड पताल सपत नही सागर नदी न नीरु वहाइदा ॥२॥

ਨਾ ਤਦਿ ਸੁਰਗੁ ਮਛੁ ਪਇਆਲਾ ॥ (1035-12)
ना तदि सुरगु मछु पइआला ॥

ਦੋਜਕੁ ਭਿਸਤੁ ਨਹੀ ਖੈ ਕਾਲਾ ॥ (1035-12)
दोजकु भिसतु नही खै काला ॥

ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ ॥੩॥ (1035-12)
नरकु सुरगु नही जंमणु मरणा ना को आइ न जाइदा ॥३॥

ਬ੍ਰਹਮਾ ਬਿਸਨੁ ਮਹੇਸੁ ਨ ਕੋਈ ॥ (1035-13)
ब्रहमा बिसनु महेसु न कोई ॥

ਅਵਰੁ ਨ ਦੀਸੈ ਏਕੋ ਸੋਈ ॥ (1035-13)
अवरु न दीसै एको सोई ॥

ਨਾਰਿ ਪੁਰਖੁ ਨਹੀ ਜਾਤਿ ਨ ਜਨਮਾ ਨਾ ਕੋ ਦੁਖੁ ਸੁਖੁ ਪਾਇਦਾ ॥੪॥ (1035-14)
नारि पुरखु नही जाति न जनमा ना को दुखु सुखु पाइदा ॥४॥

ਨਾ ਤਦਿ ਜਤੀ ਸਤੀ ਬਨਵਾਸੀ ॥ (1035-14)
ना तदि जती सती बनवासी ॥

ਨਾ ਤਦਿ ਸਿਧ ਸਾਧਿਕ ਸੁਖਵਾਸੀ ॥ (1035-15)
ना तदि सिध साधिक सुखवासी ॥

ਜੋਗੀ ਜੰਗਮ ਭੇਖੁ ਨ ਕੋਈ ਨਾ ਕੋ ਨਾਥੁ ਕਹਾਇਦਾ ॥੫॥ (1035-15)
जोगी जंगम भेखु न कोई ना को नाथु कहाइदा ॥५॥

ਜਪ ਤਪ ਸੰਜਮ ਨਾ ਬ੍ਰਤ ਪੂਜਾ ॥ (1035-15)
जप तप संजम ना ब्रत पूजा ॥

ਨਾ ਕੋ ਆਖਿ ਵਖਾਣੈ ਦੂਜਾ ॥ (1035-16)
ना को आखि वखाणै दूजा ॥

ਆਪੇ ਆਪਿ ਉਪਾਇ ਵਿਗਸੈ ਆਪੇ ਕੀਮਤਿ ਪਾਇਦਾ ॥੬॥ (1035-16)
आपे आपि उपाइ विगसै आपे कीमति पाइदा ॥६॥

ਨਾ ਸੁਚਿ ਸੰਜਮੁ ਤੁਲਸੀ ਮਾਲਾ ॥ (1035-16)
ना सुचि संजमु तुलसी माला ॥

ਗੋਪੀ ਕਾਨੁ ਨ ਗਊ ਗੁੋਆਲਾ ॥ (1035-17)
गोपी कानु न गऊ गुोआला ॥

ਤੰਤੁ ਮੰਤੁ ਪਾਖੰਡੁ ਨ ਕੋਈ ਨਾ ਕੋ ਵੰਸੁ ਵਜਾਇਦਾ ॥੭॥ (1035-17)
तंतु मंतु पाखंडु न कोई ना को वंसु वजाइदा ॥७॥

ਕਰਮ ਧਰਮ ਨਹੀ ਮਾਇਆ ਮਾਖੀ ॥ (1035-18)
करम धरम नही माइआ माखी ॥

ਜਾਤਿ ਜਨਮੁ ਨਹੀ ਦੀਸੈ ਆਖੀ ॥ (1035-18)
जाति जनमु नही दीसै आखी ॥

ਮਮਤਾ ਜਾਲੁ ਕਾਲੁ ਨਹੀ ਮਾਥੈ ਨਾ ਕੋ ਕਿਸੈ ਧਿਆਇਦਾ ॥੮॥ (1035-18)
ममता जालु कालु नही माथै ना को किसै धिआइदा ॥८॥

ਨਿੰਦੁ ਬਿੰਦੁ ਨਹੀ ਜੀਉ ਨ ਜਿੰਦੋ ॥ (1035-19)
निंदु बिंदु नही जीउ न जिंदो ॥

ਨਾ ਤਦਿ ਗੋਰਖੁ ਨਾ ਮਾਛਿੰਦੋ ॥ (1035-19)
ना तदि गोरखु ना माछिंदो ॥

ਨਾ ਤਦਿ ਗਿਆਨੁ ਧਿਆਨੁ ਕੁਲ ਓਪਤਿ ਨਾ ਕੋ ਗਣਤ ਗਣਾਇਦਾ ॥੯॥ (1035-19)
ना तदि गिआनु धिआनु कुल ओपति ना को गणत गणाइदा ॥९॥

ਵਰਨ ਭੇਖ ਨਹੀ ਬ੍ਰਹਮਣ ਖਤ੍ਰੀ ॥ (1036-1)
वरन भेख नही ब्रहमण खत्री ॥

ਦੇਉ ਨ ਦੇਹੁਰਾ ਗਊ ਗਾਇਤ੍ਰੀ ॥ (1036-1)
देउ न देहुरा गऊ गाइत्री ॥

ਹੋਮ ਜਗ ਨਹੀ ਤੀਰਥਿ ਨਾਵਣੁ ਨਾ ਕੋ ਪੂਜਾ ਲਾਇਦਾ ॥੧੦॥ (1036-2)
होम जग नही तीरथि नावणु ना को पूजा लाइदा ॥१०॥

ਨਾ ਕੋ ਮੁਲਾ ਨਾ ਕੋ ਕਾਜੀ ॥ (1036-2)
ना को मुला ना को काजी ॥

ਨਾ ਕੋ ਸੇਖੁ ਮਸਾਇਕੁ ਹਾਜੀ ॥ (1036-3)
ना को सेखु मसाइकु हाजी ॥

ਰਈਅਤਿ ਰਾਉ ਨ ਹਉਮੈ ਦੁਨੀਆ ਨਾ ਕੋ ਕਹਣੁ ਕਹਾਇਦਾ ॥੧੧॥ (1036-3)
रईअति राउ न हउमै दुनीआ ना को कहणु कहाइदा ॥११॥

ਭਾਉ ਨ ਭਗਤੀ ਨਾ ਸਿਵ ਸਕਤੀ ॥ (1036-4)
भाउ न भगती ना सिव सकती ॥

ਸਾਜਨੁ ਮੀਤੁ ਬਿੰਦੁ ਨਹੀ ਰਕਤੀ ॥ (1036-4)
साजनु मीतु बिंदु नही रकती ॥

ਆਪੇ ਸਾਹੁ ਆਪੇ ਵਣਜਾਰਾ ਸਾਚੇ ਏਹੋ ਭਾਇਦਾ ॥੧੨॥ (1036-4)
आपे साहु आपे वणजारा साचे एहो भाइदा ॥१२॥

ਬੇਦ ਕਤੇਬ ਨ ਸਿੰਮ੍ਰਿਤਿ ਸਾਸਤ ॥ (1036-5)
बेद कतेब न सिंम्रिति सासत ॥

ਪਾਠ ਪੁਰਾਣ ਉਦੈ ਨਹੀ ਆਸਤ ॥ (1036-5)
पाठ पुराण उदै नही आसत ॥

ਕਹਤਾ ਬਕਤਾ ਆਪਿ ਅਗੋਚਰੁ ਆਪੇ ਅਲਖੁ ਲਖਾਇਦਾ ॥੧੩॥ (1036-5)
कहता बकता आपि अगोचरु आपे अलखु लखाइदा ॥१३॥

ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥ (1036-6)
जा तिसु भाणा ता जगतु उपाइआ ॥

ਬਾਝੁ ਕਲਾ ਆਡਾਣੁ ਰਹਾਇਆ ॥ (1036-6)
बाझु कला आडाणु रहाइआ ॥

ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ ॥੧੪॥ (1036-7)
ब्रहमा बिसनु महेसु उपाए माइआ मोहु वधाइदा ॥१४॥

ਵਿਰਲੇ ਕਉ ਗੁਰਿ ਸਬਦੁ ਸੁਣਾਇਆ ॥ (1036-7)
विरले कउ गुरि सबदु सुणाइआ ॥

ਕਰਿ ਕਰਿ ਦੇਖੈ ਹੁਕਮੁ ਸਬਾਇਆ ॥ (1036-8)
करि करि देखै हुकमु सबाइआ ॥

ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ ॥੧੫॥ (1036-8)
खंड ब्रहमंड पाताल अर्मभे गुपतहु परगटी आइदा ॥१५॥

ਤਾ ਕਾ ਅੰਤੁ ਨ ਜਾਣੈ ਕੋਈ ॥ (1036-9)
ता का अंतु न जाणै कोई ॥

ਪੂਰੇ ਗੁਰ ਤੇ ਸੋਝੀ ਹੋਈ ॥ (1036-9)
पूरे गुर ते सोझी होई ॥

ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ ॥੧੬॥੩॥੧੫॥ (1036-9)
नानक साचि रते बिसमादी बिसम भए गुण गाइदा ॥१६॥३॥१५॥

ਮਾਰੂ ਮਹਲਾ ੧ ॥ (1036-10)
मारू महला १ ॥

ਆਪੇ ਆਪੁ ਉਪਾਇ ਨਿਰਾਲਾ ॥ (1036-10)
आपे आपु उपाइ निराला ॥

ਸਾਚਾ ਥਾਨੁ ਕੀਓ ਦਇਆਲਾ ॥ (1036-10)
साचा थानु कीओ दइआला ॥

ਪਉਣ ਪਾਣੀ ਅਗਨੀ ਕਾ ਬੰਧਨੁ ਕਾਇਆ ਕੋਟੁ ਰਚਾਇਦਾ ॥੧॥ (1036-11)
पउण पाणी अगनी का बंधनु काइआ कोटु रचाइदा ॥१॥

ਨਉ ਘਰ ਥਾਪੇ ਥਾਪਣਹਾਰੈ ॥ (1036-11)
नउ घर थापे थापणहारै ॥

ਦਸਵੈ ਵਾਸਾ ਅਲਖ ਅਪਾਰੈ ॥ (1036-11)
दसवै वासा अलख अपारै ॥

ਸਾਇਰ ਸਪਤ ਭਰੇ ਜਲਿ ਨਿਰਮਲਿ ਗੁਰਮੁਖਿ ਮੈਲੁ ਨ ਲਾਇਦਾ ॥੨॥ (1036-12)
साइर सपत भरे जलि निरमलि गुरमुखि मैलु न लाइदा ॥२॥

ਰਵਿ ਸਸਿ ਦੀਪਕ ਜੋਤਿ ਸਬਾਈ ॥ (1036-12)
रवि ससि दीपक जोति सबाई ॥

ਆਪੇ ਕਰਿ ਵੇਖੈ ਵਡਿਆਈ ॥ (1036-13)
आपे करि वेखै वडिआई ॥

ਜੋਤਿ ਸਰੂਪ ਸਦਾ ਸੁਖਦਾਤਾ ਸਚੇ ਸੋਭਾ ਪਾਇਦਾ ॥੩॥ (1036-13)
जोति सरूप सदा सुखदाता सचे सोभा पाइदा ॥३॥

ਗੜ੍ਹ ਮਹਿ ਹਾਟ ਪਟਣ ਵਾਪਾਰਾ ॥ (1036-13)
गड़ महि हाट पटण वापारा ॥

ਪੂਰੈ ਤੋਲਿ ਤੋਲੈ ਵਣਜਾਰਾ ॥ (1036-14)
पूरै तोलि तोलै वणजारा ॥

ਆਪੇ ਰਤਨੁ ਵਿਸਾਹੇ ਲੇਵੈ ਆਪੇ ਕੀਮਤਿ ਪਾਇਦਾ ॥੪॥ (1036-14)
आपे रतनु विसाहे लेवै आपे कीमति पाइदा ॥४॥

ਕੀਮਤਿ ਪਾਈ ਪਾਵਣਹਾਰੈ ॥ (1036-15)
कीमति पाई पावणहारै ॥

ਵੇਪਰਵਾਹ ਪੂਰੇ ਭੰਡਾਰੈ ॥ (1036-15)
वेपरवाह पूरे भंडारै ॥

ਸਰਬ ਕਲਾ ਲੇ ਆਪੇ ਰਹਿਆ ਗੁਰਮੁਖਿ ਕਿਸੈ ਬੁਝਾਇਦਾ ॥੫॥ (1036-15)
सरब कला ले आपे रहिआ गुरमुखि किसै बुझाइदा ॥५॥

ਨਦਰਿ ਕਰੇ ਪੂਰਾ ਗੁਰੁ ਭੇਟੈ ॥ (1036-16)
नदरि करे पूरा गुरु भेटै ॥

ਜਮ ਜੰਦਾਰੁ ਨ ਮਾਰੈ ਫੇਟੈ ॥ (1036-16)
जम जंदारु न मारै फेटै ॥

ਜਿਉ ਜਲ ਅੰਤਰਿ ਕਮਲੁ ਬਿਗਾਸੀ ਆਪੇ ਬਿਗਸਿ ਧਿਆਇਦਾ ॥੬॥ (1036-16)
जिउ जल अंतरि कमलु बिगासी आपे बिगसि धिआइदा ॥६॥

ਆਪੇ ਵਰਖੈ ਅੰਮ੍ਰਿਤ ਧਾਰਾ ॥ (1036-17)
आपे वरखै अमृत धारा ॥

ਰਤਨ ਜਵੇਹਰ ਲਾਲ ਅਪਾਰਾ ॥ (1036-17)
रतन जवेहर लाल अपारा ॥

ਸਤਿਗੁਰੁ ਮਿਲੈ ਤ ਪੂਰਾ ਪਾਈਐ ਪ੍ਰੇਮ ਪਦਾਰਥੁ ਪਾਇਦਾ ॥੭॥ (1036-17)
सतिगुरु मिलै त पूरा पाईऐ प्रेम पदारथु पाइदा ॥७॥

ਪ੍ਰੇਮ ਪਦਾਰਥੁ ਲਹੈ ਅਮੋਲੋ ॥ (1036-18)
प्रेम पदारथु लहै अमोलो ॥

ਕਬ ਹੀ ਨ ਘਾਟਸਿ ਪੂਰਾ ਤੋਲੋ ॥ (1036-18)
कब ही न घाटसि पूरा तोलो ॥

ਸਚੇ ਕਾ ਵਾਪਾਰੀ ਹੋਵੈ ਸਚੋ ਸਉਦਾ ਪਾਇਦਾ ॥੮॥ (1036-19)
सचे का वापारी होवै सचो सउदा पाइदा ॥८॥

ਸਚਾ ਸਉਦਾ ਵਿਰਲਾ ਕੋ ਪਾਏ ॥ (1036-19)
सचा सउदा विरला को पाए ॥

ਪੂਰਾ ਸਤਿਗੁਰੁ ਮਿਲੈ ਮਿਲਾਏ ॥ (1036-19)
पूरा सतिगुरु मिलै मिलाए ॥

ਗੁਰਮੁਖਿ ਹੋਇ ਸੁ ਹੁਕਮੁ ਪਛਾਣੈ ਮਾਨੈ ਹੁਕਮੁ ਸਮਾਇਦਾ ॥੯॥ (1037-1)
गुरमुखि होइ सु हुकमु पछाणै मानै हुकमु समाइदा ॥९॥

ਹੁਕਮੇ ਆਇਆ ਹੁਕਮਿ ਸਮਾਇਆ ॥ (1037-1)
हुकमे आइआ हुकमि समाइआ ॥

ਹੁਕਮੇ ਦੀਸੈ ਜਗਤੁ ਉਪਾਇਆ ॥ (1037-2)
हुकमे दीसै जगतु उपाइआ ॥

ਹੁਕਮੇ ਸੁਰਗੁ ਮਛੁ ਪਇਆਲਾ ਹੁਕਮੇ ਕਲਾ ਰਹਾਇਦਾ ॥੧੦॥ (1037-2)
हुकमे सुरगु मछु पइआला हुकमे कला रहाइदा ॥१०॥

ਹੁਕਮੇ ਧਰਤੀ ਧਉਲ ਸਿਰਿ ਭਾਰੰ ॥ (1037-3)
हुकमे धरती धउल सिरि भारं ॥

ਹੁਕਮੇ ਪਉਣ ਪਾਣੀ ਗੈਣਾਰੰ ॥ (1037-3)
हुकमे पउण पाणी गैणारं ॥

ਹੁਕਮੇ ਸਿਵ ਸਕਤੀ ਘਰਿ ਵਾਸਾ ਹੁਕਮੇ ਖੇਲ ਖੇਲਾਇਦਾ ॥੧੧॥ (1037-3)
हुकमे सिव सकती घरि वासा हुकमे खेल खेलाइदा ॥११॥

ਹੁਕਮੇ ਆਡਾਣੇ ਆਗਾਸੀ ॥ (1037-4)
हुकमे आडाणे आगासी ॥

ਹੁਕਮੇ ਜਲ ਥਲ ਤ੍ਰਿਭਵਣ ਵਾਸੀ ॥ (1037-4)
हुकमे जल थल त्रिभवण वासी ॥

ਹੁਕਮੇ ਸਾਸ ਗਿਰਾਸ ਸਦਾ ਫੁਨਿ ਹੁਕਮੇ ਦੇਖਿ ਦਿਖਾਇਦਾ ॥੧੨॥ (1037-4)
हुकमे सास गिरास सदा फुनि हुकमे देखि दिखाइदा ॥१२॥

ਹੁਕਮਿ ਉਪਾਏ ਦਸ ਅਉਤਾਰਾ ॥ (1037-5)
हुकमि उपाए दस अउतारा ॥

ਦੇਵ ਦਾਨਵ ਅਗਣਤ ਅਪਾਰਾ ॥ (1037-5)
देव दानव अगणत अपारा ॥

ਮਾਨੈ ਹੁਕਮੁ ਸੁ ਦਰਗਹ ਪੈਝੈ ਸਾਚਿ ਮਿਲਾਇ ਸਮਾਇਦਾ ॥੧੩॥ (1037-6)
मानै हुकमु सु दरगह पैझै साचि मिलाइ समाइदा ॥१३॥

ਹੁਕਮੇ ਜੁਗ ਛਤੀਹ ਗੁਦਾਰੇ ॥ (1037-6)
हुकमे जुग छतीह गुदारे ॥

ਹੁਕਮੇ ਸਿਧ ਸਾਧਿਕ ਵੀਚਾਰੇ ॥ (1037-6)
हुकमे सिध साधिक वीचारे ॥

ਆਪਿ ਨਾਥੁ ਨਥੀ ਸਭ ਜਾ ਕੀ ਬਖਸੇ ਮੁਕਤਿ ਕਰਾਇਦਾ ॥੧੪॥ (1037-7)
आपि नाथु नथी� सभ जा की बखसे मुकति कराइदा ॥१४॥

ਕਾਇਆ ਕੋਟੁ ਗੜੈ ਮਹਿ ਰਾਜਾ ॥ (1037-7)
काइआ कोटु गड़ै महि राजा ॥

ਨੇਬ ਖਵਾਸ ਭਲਾ ਦਰਵਾਜਾ ॥ (1037-8)
नेब खवास भला दरवाजा ॥

ਮਿਥਿਆ ਲੋਭੁ ਨਾਹੀ ਘਰਿ ਵਾਸਾ ਲਬਿ ਪਾਪਿ ਪਛੁਤਾਇਦਾ ॥੧੫॥ (1037-8)
मिथिआ लोभु नाही घरि वासा लबि पापि पछुताइदा ॥१५॥

ਸਤੁ ਸੰਤੋਖੁ ਨਗਰ ਮਹਿ ਕਾਰੀ ॥ (1037-9)
सतु संतोखु नगर महि कारी ॥

ਜਤੁ ਸਤੁ ਸੰਜਮੁ ਸਰਣਿ ਮੁਰਾਰੀ ॥ (1037-9)
जतु सतु संजमु सरणि मुरारी ॥

ਨਾਨਕ ਸਹਜਿ ਮਿਲੈ ਜਗਜੀਵਨੁ ਗੁਰ ਸਬਦੀ ਪਤਿ ਪਾਇਦਾ ॥੧੬॥੪॥੧੬॥ (1037-9)
नानक सहजि मिलै जगजीवनु गुर सबदी पति पाइदा ॥१६॥४॥१६॥

ਮਾਰੂ ਮਹਲਾ ੧ ॥ (1037-10)
मारू महला १ ॥

ਸੁੰਨ ਕਲਾ ਅਪਰੰਪਰਿ ਧਾਰੀ ॥ (1037-10)
सुंन कला अपर्मपरि धारी ॥

ਆਪਿ ਨਿਰਾਲਮੁ ਅਪਰ ਅਪਾਰੀ ॥ (1037-10)
आपि निरालमु अपर अपारी ॥

ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨੁ ਉਪਾਇਦਾ ॥੧॥ (1037-11)
आपे कुदरति करि करि देखै सुंनहु सुंनु उपाइदा ॥१॥

ਪਉਣੁ ਪਾਣੀ ਸੁੰਨੈ ਤੇ ਸਾਜੇ ॥ (1037-11)
पउणु पाणी सुंनै ते साजे ॥

ਸ੍ਰਿਸਟਿ ਉਪਾਇ ਕਾਇਆ ਗੜ੍ਹ ਰਾਜੇ ॥ (1037-11)
स्रिसटि उपाइ काइआ गड़ राजे ॥

ਅਗਨਿ ਪਾਣੀ ਜੀਉ ਜੋਤਿ ਤੁਮਾਰੀ ਸੁੰਨੇ ਕਲਾ ਰਹਾਇਦਾ ॥੨॥ (1037-12)
अगनि पाणी जीउ जोति तुमारी सुंने कला रहाइदा ॥२॥

ਸੁੰਨਹੁ ਬ੍ਰਹਮਾ ਬਿਸਨੁ ਮਹੇਸੁ ਉਪਾਏ ॥ (1037-12)
सुंनहु ब्रहमा बिसनु महेसु उपाए ॥

ਸੁੰਨੇ ਵਰਤੇ ਜੁਗ ਸਬਾਏ ॥ (1037-13)
सुंने वरते जुग सबाए ॥

ਇਸੁ ਪਦ ਵੀਚਾਰੇ ਸੋ ਜਨੁ ਪੂਰਾ ਤਿਸੁ ਮਿਲੀਐ ਭਰਮੁ ਚੁਕਾਇਦਾ ॥੩॥ (1037-13)
इसु पद वीचारे सो जनु पूरा तिसु मिलीऐ भरमु चुकाइदा ॥३॥

ਸੁੰਨਹੁ ਸਪਤ ਸਰੋਵਰ ਥਾਪੇ ॥ (1037-14)
सुंनहु सपत सरोवर थापे ॥

ਜਿਨਿ ਸਾਜੇ ਵੀਚਾਰੇ ਆਪੇ ॥ (1037-14)
जिनि साजे वीचारे आपे ॥

ਤਿਤੁ ਸਤ ਸਰਿ ਮਨੂਆ ਗੁਰਮੁਖਿ ਨਾਵੈ ਫਿਰਿ ਬਾਹੁੜਿ ਜੋਨਿ ਨ ਪਾਇਦਾ ॥੪॥ (1037-14)
तितु सत सरि मनूआ गुरमुखि नावै फिरि बाहुड़ि जोनि न पाइदा ॥४॥

ਸੁੰਨਹੁ ਚੰਦੁ ਸੂਰਜੁ ਗੈਣਾਰੇ ॥ (1037-15)
सुंनहु चंदु सूरजु गैणारे ॥

ਤਿਸ ਕੀ ਜੋਤਿ ਤ੍ਰਿਭਵਣ ਸਾਰੇ ॥ (1037-15)
तिस की जोति त्रिभवण सारे ॥

ਸੁੰਨੇ ਅਲਖ ਅਪਾਰ ਨਿਰਾਲਮੁ ਸੁੰਨੇ ਤਾੜੀ ਲਾਇਦਾ ॥੫॥ (1037-16)
सुंने अलख अपार निरालमु सुंने ताड़ी लाइदा ॥५॥

ਸੁੰਨਹੁ ਧਰਤਿ ਅਕਾਸੁ ਉਪਾਏ ॥ (1037-16)
सुंनहु धरति अकासु उपाए ॥

ਬਿਨੁ ਥੰਮਾ ਰਾਖੇ ਸਚੁ ਕਲ ਪਾਏ ॥ (1037-16)
बिनु थंमा राखे सचु कल पाए ॥

ਤ੍ਰਿਭਵਣ ਸਾਜਿ ਮੇਖੁਲੀ ਮਾਇਆ ਆਪਿ ਉਪਾਇ ਖਪਾਇਦਾ ॥੬॥ (1037-17)
त्रिभवण साजि मेखुली माइआ आपि उपाइ खपाइदा ॥६॥

ਸੁੰਨਹੁ ਖਾਣੀ ਸੁੰਨਹੁ ਬਾਣੀ ॥ (1037-17)
सुंनहु खाणी सुंनहु बाणी ॥

ਸੁੰਨਹੁ ਉਪਜੀ ਸੁੰਨਿ ਸਮਾਣੀ ॥ (1037-18)
सुंनहु उपजी सुंनि समाणी ॥

ਉਤਭੁਜੁ ਚਲਤੁ ਕੀਆ ਸਿਰਿ ਕਰਤੈ ਬਿਸਮਾਦੁ ਸਬਦਿ ਦੇਖਾਇਦਾ ॥੭॥ (1037-18)
उतभुजु चलतु कीआ सिरि करतै बिसमादु सबदि देखाइदा ॥७॥

ਸੁੰਨਹੁ ਰਾਤਿ ਦਿਨਸੁ ਦੁਇ ਕੀਏ ॥ (1037-19)
सुंनहु राति दिनसु दुइ कीए ॥

ਓਪਤਿ ਖਪਤਿ ਸੁਖਾ ਦੁਖ ਦੀਏ ॥ (1037-19)
ओपति खपति सुखा दुख दीए ॥

ਸੁਖ ਦੁਖ ਹੀ ਤੇ ਅਮਰੁ ਅਤੀਤਾ ਗੁਰਮੁਖਿ ਨਿਜ ਘਰੁ ਪਾਇਦਾ ॥੮॥ (1037-19)
सुख दुख ही ते अमरु अतीता गुरमुखि निज घरु पाइदा ॥८॥

ਸਾਮ ਵੇਦੁ ਰਿਗੁ ਜੁਜਰੁ ਅਥਰਬਣੁ ॥ (1038-1)
साम वेदु रिगु जुजरु अथरबणु ॥

ਬ੍ਰਹਮੇ ਮੁਖਿ ਮਾਇਆ ਹੈ ਤ੍ਰੈ ਗੁਣ ॥ (1038-1)
ब्रहमे मुखि माइआ है त्रै गुण ॥

ਤਾ ਕੀ ਕੀਮਤਿ ਕਹਿ ਨ ਸਕੈ ਕੋ ਤਿਉ ਬੋਲੇ ਜਿਉ ਬੋਲਾਇਦਾ ॥੯॥ (1038-1)
ता की कीमति कहि न सकै को तिउ बोले जिउ बोलाइदा ॥९॥

ਸੁੰਨਹੁ ਸਪਤ ਪਾਤਾਲ ਉਪਾਏ ॥ (1038-2)
सुंनहु सपत पाताल उपाए ॥

ਸੁੰਨਹੁ ਭਵਣ ਰਖੇ ਲਿਵ ਲਾਏ ॥ (1038-2)
सुंनहु भवण रखे लिव लाए ॥

ਆਪੇ ਕਾਰਣੁ ਕੀਆ ਅਪਰੰਪਰਿ ਸਭੁ ਤੇਰੋ ਕੀਆ ਕਮਾਇਦਾ ॥੧੦॥ (1038-3)
आपे कारणु कीआ अपर्मपरि सभु तेरो कीआ कमाइदा ॥१०॥

ਰਜ ਤਮ ਸਤ ਕਲ ਤੇਰੀ ਛਾਇਆ ॥ (1038-3)
रज तम सत कल तेरी छाइआ ॥

ਜਨਮ ਮਰਣ ਹਉਮੈ ਦੁਖੁ ਪਾਇਆ ॥ (1038-4)
जनम मरण हउमै दुखु पाइआ ॥

ਜਿਸ ਨੋ ਕ੍ਰਿਪਾ ਕਰੇ ਹਰਿ ਗੁਰਮੁਖਿ ਗੁਣਿ ਚਉਥੈ ਮੁਕਤਿ ਕਰਾਇਦਾ ॥੧੧॥ (1038-4)
जिस नो क्रिपा करे हरि गुरमुखि गुणि चउथै मुकति कराइदा ॥११॥

ਸੁੰਨਹੁ ਉਪਜੇ ਦਸ ਅਵਤਾਰਾ ॥ (1038-5)
सुंनहु उपजे दस अवतारा ॥

ਸ੍ਰਿਸਟਿ ਉਪਾਇ ਕੀਆ ਪਾਸਾਰਾ ॥ (1038-5)
स्रिसटि उपाइ कीआ पासारा ॥

ਦੇਵ ਦਾਨਵ ਗਣ ਗੰਧਰਬ ਸਾਜੇ ਸਭਿ ਲਿਖਿਆ ਕਰਮ ਕਮਾਇਦਾ ॥੧੨॥ (1038-5)
देव दानव गण गंधरब साजे सभि लिखिआ करम कमाइदा ॥१२॥

ਗੁਰਮੁਖਿ ਸਮਝੈ ਰੋਗੁ ਨ ਹੋਈ ॥ (1038-6)
गुरमुखि समझै रोगु न होई ॥

ਇਹ ਗੁਰ ਕੀ ਪਉੜੀ ਜਾਣੈ ਜਨੁ ਕੋਈ ॥ (1038-6)
इह गुर की पउड़ी जाणै जनु कोई ॥

ਜੁਗਹ ਜੁਗੰਤਰਿ ਮੁਕਤਿ ਪਰਾਇਣ ਸੋ ਮੁਕਤਿ ਭਇਆ ਪਤਿ ਪਾਇਦਾ ॥੧੩॥ (1038-7)
जुगह जुगंतरि मुकति पराइण सो मुकति भइआ पति पाइदा ॥१३॥

ਪੰਚ ਤਤੁ ਸੁੰਨਹੁ ਪਰਗਾਸਾ ॥ (1038-7)
पंच ततु सुंनहु परगासा ॥

ਦੇਹ ਸੰਜੋਗੀ ਕਰਮ ਅਭਿਆਸਾ ॥ (1038-8)
देह संजोगी करम अभिआसा ॥

ਬੁਰਾ ਭਲਾ ਦੁਇ ਮਸਤਕਿ ਲੀਖੇ ਪਾਪੁ ਪੁੰਨੁ ਬੀਜਾਇਦਾ ॥੧੪॥ (1038-8)
बुरा भला दुइ मसतकि लीखे पापु पुंनु बीजाइदा ॥१४॥

ਊਤਮ ਸਤਿਗੁਰ ਪੁਰਖ ਨਿਰਾਲੇ ॥ (1038-9)
ऊतम सतिगुर पुरख निराले ॥

ਸਬਦਿ ਰਤੇ ਹਰਿ ਰਸਿ ਮਤਵਾਲੇ ॥ (1038-9)
सबदि रते हरि रसि मतवाले ॥

ਰਿਧਿ ਬੁਧਿ ਸਿਧਿ ਗਿਆਨੁ ਗੁਰੂ ਤੇ ਪਾਈਐ ਪੂਰੈ ਭਾਗਿ ਮਿਲਾਇਦਾ ॥੧੫॥ (1038-9)
रिधि बुधि सिधि गिआनु गुरू ते पाईऐ पूरै भागि मिलाइदा ॥१५॥

ਇਸੁ ਮਨ ਮਾਇਆ ਕਉ ਨੇਹੁ ਘਨੇਰਾ ॥ (1038-10)
इसु मन माइआ कउ नेहु घनेरा ॥

ਕੋਈ ਬੂਝਹੁ ਗਿਆਨੀ ਕਰਹੁ ਨਿਬੇਰਾ ॥ (1038-10)
कोई बूझहु गिआनी करहु निबेरा ॥

ਆਸਾ ਮਨਸਾ ਹਉਮੈ ਸਹਸਾ ਨਰੁ ਲੋਭੀ ਕੂੜੁ ਕਮਾਇਦਾ ॥੧੬॥ (1038-11)
आसा मनसा हउमै सहसा नरु लोभी कूड़ु कमाइदा ॥१६॥

ਸਤਿਗੁਰ ਤੇ ਪਾਏ ਵੀਚਾਰਾ ॥ (1038-11)
सतिगुर ते पाए वीचारा ॥

ਸੁੰਨ ਸਮਾਧਿ ਸਚੇ ਘਰ ਬਾਰਾ ॥ (1038-11)
सुंन समाधि सचे घर बारा ॥

ਨਾਨਕ ਨਿਰਮਲ ਨਾਦੁ ਸਬਦ ਧੁਨਿ ਸਚੁ ਰਾਮੈ ਨਾਮਿ ਸਮਾਇਦਾ ॥੧੭॥੫॥੧੭॥ (1038-12)
नानक निरमल नादु सबद धुनि सचु रामै नामि समाइदा ॥१७॥५॥१७॥

ਮਾਰੂ ਮਹਲਾ ੧ ॥ (1038-13)
मारू महला १ ॥

ਜਹ ਦੇਖਾ ਤਹ ਦੀਨ ਦਇਆਲਾ ॥ (1038-13)
जह देखा तह दीन दइआला ॥

ਆਇ ਨ ਜਾਈ ਪ੍ਰਭੁ ਕਿਰਪਾਲਾ ॥ (1038-13)
आइ न जाई प्रभु किरपाला ॥

ਜੀਆ ਅੰਦਰਿ ਜੁਗਤਿ ਸਮਾਈ ਰਹਿਓ ਨਿਰਾਲਮੁ ਰਾਇਆ ॥੧॥ (1038-13)
जीआ अंदरि जुगति समाई रहिओ निरालमु राइआ ॥१॥

ਜਗੁ ਤਿਸ ਕੀ ਛਾਇਆ ਜਿਸੁ ਬਾਪੁ ਨ ਮਾਇਆ ॥ (1038-14)
जगु तिस की छाइआ जिसु बापु न माइआ ॥

ਨਾ ਤਿਸੁ ਭੈਣ ਨ ਭਰਾਉ ਕਮਾਇਆ ॥ (1038-14)
ना तिसु भैण न भराउ कमाइआ ॥

ਨਾ ਤਿਸੁ ਓਪਤਿ ਖਪਤਿ ਕੁਲ ਜਾਤੀ ਓਹੁ ਅਜਰਾਵਰੁ ਮਨਿ ਭਾਇਆ ॥੨॥ (1038-15)
ना तिसु ओपति खपति कुल जाती ओहु अजरावरु मनि भाइआ ॥२॥

ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ ॥ (1038-15)
तू अकाल पुरखु नाही सिरि काला ॥

ਤੂ ਪੁਰਖੁ ਅਲੇਖ ਅਗੰਮ ਨਿਰਾਲਾ ॥ (1038-16)
तू पुरखु अलेख अगंम निराला ॥

ਸਤ ਸੰਤੋਖਿ ਸਬਦਿ ਅਤਿ ਸੀਤਲੁ ਸਹਜ ਭਾਇ ਲਿਵ ਲਾਇਆ ॥੩॥ (1038-16)
सत संतोखि सबदि अति सीतलु सहज भाइ लिव लाइआ ॥३॥

ਤ੍ਰੈ ਵਰਤਾਇ ਚਉਥੈ ਘਰਿ ਵਾਸਾ ॥ (1038-17)
त्रै वरताइ चउथै घरि वासा ॥

ਕਾਲ ਬਿਕਾਲ ਕੀਏ ਇਕ ਗ੍ਰਾਸਾ ॥ (1038-17)
काल बिकाल कीए इक ग्रासा ॥

ਨਿਰਮਲ ਜੋਤਿ ਸਰਬ ਜਗਜੀਵਨੁ ਗੁਰਿ ਅਨਹਦ ਸਬਦਿ ਦਿਖਾਇਆ ॥੪॥ (1038-17)
निरमल जोति सरब जगजीवनु गुरि अनहद सबदि दिखाइआ ॥४॥

ਊਤਮ ਜਨ ਸੰਤ ਭਲੇ ਹਰਿ ਪਿਆਰੇ ॥ (1038-18)
ऊतम जन संत भले हरि पिआरे ॥

ਹਰਿ ਰਸ ਮਾਤੇ ਪਾਰਿ ਉਤਾਰੇ ॥ (1038-19)
हरि रस माते पारि उतारे ॥

ਨਾਨਕ ਰੇਣ ਸੰਤ ਜਨ ਸੰਗਤਿ ਹਰਿ ਗੁਰ ਪਰਸਾਦੀ ਪਾਇਆ ॥੫॥ (1038-19)
नानक रेण संत जन संगति हरि गुर परसादी पाइआ ॥५॥

ਤੂ ਅੰਤਰਜਾਮੀ ਜੀਅ ਸਭਿ ਤੇਰੇ ॥ (1038-19)
तू अंतरजामी जीअ सभि तेरे ॥

ਤੂ ਦਾਤਾ ਹਮ ਸੇਵਕ ਤੇਰੇ ॥ (1039-1)
तू दाता हम सेवक तेरे ॥

ਅੰਮ੍ਰਿਤ ਨਾਮੁ ਕ੍ਰਿਪਾ ਕਰਿ ਦੀਜੈ ਗੁਰਿ ਗਿਆਨ ਰਤਨੁ ਦੀਪਾਇਆ ॥੬॥ (1039-1)
अमृत नामु क्रिपा करि दीजै गुरि गिआन रतनु दीपाइआ ॥६॥

ਪੰਚ ਤਤੁ ਮਿਲਿ ਇਹੁ ਤਨੁ ਕੀਆ ॥ (1039-2)
पंच ततु मिलि इहु तनु कीआ ॥

ਆਤਮ ਰਾਮ ਪਾਏ ਸੁਖੁ ਥੀਆ ॥ (1039-2)
आतम राम पाए सुखु थीआ ॥

ਕਰਮ ਕਰਤੂਤਿ ਅੰਮ੍ਰਿਤ ਫਲੁ ਲਾਗਾ ਹਰਿ ਨਾਮ ਰਤਨੁ ਮਨਿ ਪਾਇਆ ॥੭॥ (1039-2)
करम करतूति अमृत फलु लागा हरि नाम रतनु मनि पाइआ ॥७॥

ਨਾ ਤਿਸੁ ਭੂਖ ਪਿਆਸ ਮਨੁ ਮਾਨਿਆ ॥ (1039-3)
ना तिसु भूख पिआस मनु मानिआ ॥

ਸਰਬ ਨਿਰੰਜਨੁ ਘਟਿ ਘਟਿ ਜਾਨਿਆ ॥ (1039-3)
सरब निरंजनु घटि घटि जानिआ ॥

ਅੰਮ੍ਰਿਤ ਰਸਿ ਰਾਤਾ ਕੇਵਲ ਬੈਰਾਗੀ ਗੁਰਮਤਿ ਭਾਇ ਸੁਭਾਇਆ ॥੮॥ (1039-4)
अमृत रसि राता केवल बैरागी गुरमति भाइ सुभाइआ ॥८॥

ਅਧਿਆਤਮ ਕਰਮ ਕਰੇ ਦਿਨੁ ਰਾਤੀ ॥ (1039-4)
अधिआतम करम करे दिनु राती ॥

ਨਿਰਮਲ ਜੋਤਿ ਨਿਰੰਤਰਿ ਜਾਤੀ ॥ (1039-5)
निरमल जोति निरंतरि जाती ॥

ਸਬਦੁ ਰਸਾਲੁ ਰਸਨ ਰਸਿ ਰਸਨਾ ਬੇਣੁ ਰਸਾਲੁ ਵਜਾਇਆ ॥੯॥ (1039-5)
सबदु रसालु रसन रसि रसना बेणु रसालु वजाइआ ॥९॥

ਬੇਣੁ ਰਸਾਲ ਵਜਾਵੈ ਸੋਈ ॥ (1039-6)
बेणु रसाल वजावै सोई ॥

ਜਾ ਕੀ ਤ੍ਰਿਭਵਣ ਸੋਝੀ ਹੋਈ ॥ (1039-6)
जा की त्रिभवण सोझी होई ॥

ਨਾਨਕ ਬੂਝਹੁ ਇਹ ਬਿਧਿ ਗੁਰਮਤਿ ਹਰਿ ਰਾਮ ਨਾਮਿ ਲਿਵ ਲਾਇਆ ॥੧੦॥ (1039-6)
नानक बूझहु इह बिधि गुरमति हरि राम नामि लिव लाइआ ॥१०॥

ਐਸੇ ਜਨ ਵਿਰਲੇ ਸੰਸਾਰੇ ॥ (1039-7)
ऐसे जन विरले संसारे ॥

ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ ॥ (1039-7)
गुर सबदु वीचारहि रहहि निरारे ॥

ਆਪਿ ਤਰਹਿ ਸੰਗਤਿ ਕੁਲ ਤਾਰਹਿ ਤਿਨ ਸਫਲ ਜਨਮੁ ਜਗਿ ਆਇਆ ॥੧੧॥ (1039-8)
आपि तरहि संगति कुल तारहि तिन सफल जनमु जगि आइआ ॥११॥

ਘਰੁ ਦਰੁ ਮੰਦਰੁ ਜਾਣੈ ਸੋਈ ॥ (1039-8)
घरु दरु मंदरु जाणै सोई ॥

ਜਿਸੁ ਪੂਰੇ ਗੁਰ ਤੇ ਸੋਝੀ ਹੋਈ ॥ (1039-9)
जिसु पूरे गुर ते सोझी होई ॥

ਕਾਇਆ ਗੜ ਮਹਲ ਮਹਲੀ ਪ੍ਰਭੁ ਸਾਚਾ ਸਚੁ ਸਾਚਾ ਤਖਤੁ ਰਚਾਇਆ ॥੧੨॥ (1039-9)
काइआ गड़ महल महली प्रभु साचा सचु साचा तखतु रचाइआ ॥१२॥

ਚਤੁਰ ਦਸ ਹਾਟ ਦੀਵੇ ਦੁਇ ਸਾਖੀ ॥ (1039-10)
चतुर दस हाट दीवे दुइ साखी ॥

ਸੇਵਕ ਪੰਚ ਨਾਹੀ ਬਿਖੁ ਚਾਖੀ ॥ (1039-10)
सेवक पंच नाही बिखु चाखी ॥

ਅੰਤਰਿ ਵਸਤੁ ਅਨੂਪ ਨਿਰਮੋਲਕ ਗੁਰਿ ਮਿਲਿਐ ਹਰਿ ਧਨੁ ਪਾਇਆ ॥੧੩॥ (1039-10)
अंतरि वसतु अनूप निरमोलक गुरि मिलिऐ हरि धनु पाइआ ॥१३॥

ਤਖਤਿ ਬਹੈ ਤਖਤੈ ਕੀ ਲਾਇਕ ॥ (1039-11)
तखति बहै तखतै की लाइक ॥

ਪੰਚ ਸਮਾਏ ਗੁਰਮਤਿ ਪਾਇਕ ॥ (1039-11)
पंच समाए गुरमति पाइक ॥

ਆਦਿ ਜੁਗਾਦੀ ਹੈ ਭੀ ਹੋਸੀ ਸਹਸਾ ਭਰਮੁ ਚੁਕਾਇਆ ॥੧੪॥ (1039-12)
आदि जुगादी है भी होसी सहसा भरमु चुकाइआ ॥१४॥

ਤਖਤਿ ਸਲਾਮੁ ਹੋਵੈ ਦਿਨੁ ਰਾਤੀ ॥ (1039-12)
तखति सलामु होवै दिनु राती ॥

ਇਹੁ ਸਾਚੁ ਵਡਾਈ ਗੁਰਮਤਿ ਲਿਵ ਜਾਤੀ ॥ (1039-12)
इहु साचु वडाई गुरमति लिव जाती ॥

ਨਾਨਕ ਰਾਮੁ ਜਪਹੁ ਤਰੁ ਤਾਰੀ ਹਰਿ ਅੰਤਿ ਸਖਾਈ ਪਾਇਆ ॥੧੫॥੧॥੧੮॥ (1039-13)
नानक रामु जपहु तरु तारी हरि अंति सखाई पाइआ ॥१५॥१॥१८॥

ਮਾਰੂ ਮਹਲਾ ੧ ॥ (1039-14)
मारू महला १ ॥

ਹਰਿ ਧਨੁ ਸੰਚਹੁ ਰੇ ਜਨ ਭਾਈ ॥ (1039-14)
हरि धनु संचहु रे जन भाई ॥

ਸਤਿਗੁਰ ਸੇਵਿ ਰਹਹੁ ਸਰਣਾਈ ॥ (1039-14)
सतिगुर सेवि रहहु सरणाई ॥

ਤਸਕਰੁ ਚੋਰੁ ਨ ਲਾਗੈ ਤਾ ਕਉ ਧੁਨਿ ਉਪਜੈ ਸਬਦਿ ਜਗਾਇਆ ॥੧॥ (1039-14)
तसकरु चोरु न लागै ता कउ धुनि उपजै सबदि जगाइआ ॥१॥

ਤੂ ਏਕੰਕਾਰੁ ਨਿਰਾਲਮੁ ਰਾਜਾ ॥ (1039-15)
तू एकंकारु निरालमु राजा ॥

ਤੂ ਆਪਿ ਸਵਾਰਹਿ ਜਨ ਕੇ ਕਾਜਾ ॥ (1039-15)
तू आपि सवारहि जन के काजा ॥

ਅਮਰੁ ਅਡੋਲੁ ਅਪਾਰੁ ਅਮੋਲਕੁ ਹਰਿ ਅਸਥਿਰ ਥਾਨਿ ਸੁਹਾਇਆ ॥੨॥ (1039-16)
अमरु अडोलु अपारु अमोलकु हरि असथिर थानि सुहाइआ ॥२॥

ਦੇਹੀ ਨਗਰੀ ਊਤਮ ਥਾਨਾ ॥ (1039-16)
देही नगरी ऊतम थाना ॥

ਪੰਚ ਲੋਕ ਵਸਹਿ ਪਰਧਾਨਾ ॥ (1039-17)
पंच लोक वसहि परधाना ॥

ਊਪਰਿ ਏਕੰਕਾਰੁ ਨਿਰਾਲਮੁ ਸੁੰਨ ਸਮਾਧਿ ਲਗਾਇਆ ॥੩॥ (1039-17)
ऊपरि एकंकारु निरालमु सुंन समाधि लगाइआ ॥३॥

ਦੇਹੀ ਨਗਰੀ ਨਉ ਦਰਵਾਜੇ ॥ (1039-17)
देही नगरी नउ दरवाजे ॥

ਸਿਰਿ ਸਿਰਿ ਕਰਣੈਹਾਰੈ ਸਾਜੇ ॥ (1039-18)
सिरि सिरि करणैहारै साजे ॥

ਦਸਵੈ ਪੁਰਖੁ ਅਤੀਤੁ ਨਿਰਾਲਾ ਆਪੇ ਅਲਖੁ ਲਖਾਇਆ ॥੪॥ (1039-18)
दसवै पुरखु अतीतु निराला आपे अलखु लखाइआ ॥४॥

ਪੁਰਖੁ ਅਲੇਖੁ ਸਚੇ ਦੀਵਾਨਾ ॥ (1039-19)
पुरखु अलेखु सचे दीवाना ॥

ਹੁਕਮਿ ਚਲਾਏ ਸਚੁ ਨੀਸਾਨਾ ॥ (1039-19)
हुकमि चलाए सचु नीसाना ॥

ਨਾਨਕ ਖੋਜਿ ਲਹਹੁ ਘਰੁ ਅਪਨਾ ਹਰਿ ਆਤਮ ਰਾਮ ਨਾਮੁ ਪਾਇਆ ॥੫॥ (1039-19)
नानक खोजि लहहु घरु अपना हरि आतम राम नामु पाइआ ॥५॥

ਸਰਬ ਨਿਰੰਜਨ ਪੁਰਖੁ ਸੁਜਾਨਾ ॥ (1040-1)
सरब निरंजन पुरखु सुजाना ॥

ਅਦਲੁ ਕਰੇ ਗੁਰ ਗਿਆਨ ਸਮਾਨਾ ॥ (1040-1)
अदलु करे गुर गिआन समाना ॥

ਕਾਮੁ ਕ੍ਰੋਧੁ ਲੈ ਗਰਦਨਿ ਮਾਰੇ ਹਉਮੈ ਲੋਭੁ ਚੁਕਾਇਆ ॥੬॥ (1040-2)
कामु क्रोधु लै गरदनि मारे हउमै लोभु चुकाइआ ॥६॥

ਸਚੈ ਥਾਨਿ ਵਸੈ ਨਿਰੰਕਾਰਾ ॥ (1040-2)
सचै थानि वसै निरंकारा ॥

ਆਪਿ ਪਛਾਣੈ ਸਬਦੁ ਵੀਚਾਰਾ ॥ (1040-2)
आपि पछाणै सबदु वीचारा ॥

ਸਚੈ ਮਹਲਿ ਨਿਵਾਸੁ ਨਿਰੰਤਰਿ ਆਵਣ ਜਾਣੁ ਚੁਕਾਇਆ ॥੭॥ (1040-3)
सचै महलि निवासु निरंतरि आवण जाणु चुकाइआ ॥७॥

ਨਾ ਮਨੁ ਚਲੈ ਨ ਪਉਣੁ ਉਡਾਵੈ ॥ (1040-3)
ना मनु चलै न पउणु उडावै ॥

ਜੋਗੀ ਸਬਦੁ ਅਨਾਹਦੁ ਵਾਵੈ ॥ (1040-4)
जोगी सबदु अनाहदु वावै ॥

ਪੰਚ ਸਬਦ ਝੁਣਕਾਰੁ ਨਿਰਾਲਮੁ ਪ੍ਰਭਿ ਆਪੇ ਵਾਇ ਸੁਣਾਇਆ ॥੮॥ (1040-4)
पंच सबद झुणकारु निरालमु प्रभि आपे वाइ सुणाइआ ॥८॥

ਭਉ ਬੈਰਾਗਾ ਸਹਜਿ ਸਮਾਤਾ ॥ (1040-4)
भउ बैरागा सहजि समाता ॥

ਹਉਮੈ ਤਿਆਗੀ ਅਨਹਦਿ ਰਾਤਾ ॥ (1040-5)
हउमै तिआगी अनहदि राता ॥

ਅੰਜਨੁ ਸਾਰਿ ਨਿਰੰਜਨੁ ਜਾਣੈ ਸਰਬ ਨਿਰੰਜਨੁ ਰਾਇਆ ॥੯॥ (1040-5)
अंजनु सारि निरंजनु जाणै सरब निरंजनु राइआ ॥९॥

ਦੁਖ ਭੈ ਭੰਜਨੁ ਪ੍ਰਭੁ ਅਬਿਨਾਸੀ ॥ (1040-6)
दुख भै भंजनु प्रभु अबिनासी ॥

ਰੋਗ ਕਟੇ ਕਾਟੀ ਜਮ ਫਾਸੀ ॥ (1040-6)
रोग कटे काटी जम फासी ॥

ਨਾਨਕ ਹਰਿ ਪ੍ਰਭੁ ਸੋ ਭਉ ਭੰਜਨੁ ਗੁਰਿ ਮਿਲਿਐ ਹਰਿ ਪ੍ਰਭੁ ਪਾਇਆ ॥੧੦॥ (1040-6)
नानक हरि प्रभु सो भउ भंजनु गुरि मिलिऐ हरि प्रभु पाइआ ॥१० ॥

ਕਾਲੈ ਕਵਲੁ ਨਿਰੰਜਨੁ ਜਾਣੈ ॥ (1040-7)
कालै कवलु निरंजनु जाणै ॥

ਬੂਝੈ ਕਰਮੁ ਸੁ ਸਬਦੁ ਪਛਾਣੈ ॥ (1040-7)
बूझै करमु सु सबदु पछाणै ॥

ਆਪੇ ਜਾਣੈ ਆਪਿ ਪਛਾਣੈ ਸਭੁ ਤਿਸ ਕਾ ਚੋਜੁ ਸਬਾਇਆ ॥੧੧॥ (1040-7)
आपे जाणै आपि पछाणै सभु तिस का चोजु सबाइआ ॥११ ॥

ਆਪੇ ਸਾਹੁ ਆਪੇ ਵਣਜਾਰਾ ॥ (1040-8)
आपे साहु आपे वणजारा ॥

ਆਪੇ ਪਰਖੇ ਪਰਖਣਹਾਰਾ ॥ (1040-8)
आपे परखे परखणहारा ॥

ਆਪੇ ਕਸਿ ਕਸਵਟੀ ਲਾਏ ਆਪੇ ਕੀਮਤਿ ਪਾਇਆ ॥੧੨॥ (1040-9)
आपे कसि कसवटी लाए आपे कीमति पाइआ ॥१२ ॥

ਆਪਿ ਦਇਆਲਿ ਦਇਆ ਪ੍ਰਭਿ ਧਾਰੀ ॥ (1040-9)
आपि दइआलि दइआ प्रभि धारी ॥

ਘਟਿ ਘਟਿ ਰਵਿ ਰਹਿਆ ਬਨਵਾਰੀ ॥ (1040-10)
घटि घटि रवि रहिआ बनवारी ॥

ਪੁਰਖੁ ਅਤੀਤੁ ਵਸੈ ਨਿਹਕੇਵਲੁ ਗੁਰ ਪੁਰਖੈ ਪੁਰਖੁ ਮਿਲਾਇਆ ॥੧੩॥ (1040-10)
पुरखु अतीतु वसै निहकेवलु गुर पुरखै पुरखु मिलाइआ ॥१३ ॥

ਪ੍ਰਭੁ ਦਾਨਾ ਬੀਨਾ ਗਰਬੁ ਗਵਾਏ ॥ (1040-11)
प्रभु दाना बीना गरबु गवाए ॥

ਦੂਜਾ ਮੇਟੈ ਏਕੁ ਦਿਖਾਏ ॥ (1040-11)
दूजा मेटै एकु दिखाए ॥

ਆਸਾ ਮਾਹਿ ਨਿਰਾਲਮੁ ਜੋਨੀ ਅਕੁਲ ਨਿਰੰਜਨੁ ਗਾਇਆ ॥੧੪॥ (1040-11)
आसा माहि निरालमु जोनी अकुल निरंजनु गाइआ ॥१४॥

ਹਉਮੈ ਮੇਟਿ ਸਬਦਿ ਸੁਖੁ ਹੋਈ ॥ (1040-12)
हउमै मेटि सबदि सुखु होई ॥

ਆਪੁ ਵੀਚਾਰੇ ਗਿਆਨੀ ਸੋਈ ॥ (1040-12)
आपु वीचारे गिआनी सोई ॥

ਨਾਨਕ ਹਰਿ ਜਸੁ ਹਰਿ ਗੁਣ ਲਾਹਾ ਸਤਸੰਗਤਿ ਸਚੁ ਫਲੁ ਪਾਇਆ ॥੧੫॥੨॥੧੯॥ (1040-12)
नानक हरि जसु हरि गुण लाहा सतसंगति सचु फलु पाइआ ॥१५॥२॥१९॥

ਮਾਰੂ ਮਹਲਾ ੧ ॥ (1040-13)
मारू महला १ ॥

ਸਚੁ ਕਹਹੁ ਸਚੈ ਘਰਿ ਰਹਣਾ ॥ (1040-13)
सचु कहहु सचै घरि रहणा ॥

ਜੀਵਤ ਮਰਹੁ ਭਵਜਲੁ ਜਗੁ ਤਰਣਾ ॥ (1040-14)
जीवत मरहु भवजलु जगु तरणा ॥

ਗੁਰੁ ਬੋਹਿਥੁ ਗੁਰੁ ਬੇੜੀ ਤੁਲਹਾ ਮਨ ਹਰਿ ਜਪਿ ਪਾਰਿ ਲੰਘਾਇਆ ॥੧॥ (1040-14)
गुरु बोहिथु गुरु बेड़ी तुलहा मन हरि जपि पारि लंघाइआ ॥१॥

ਹਉਮੈ ਮਮਤਾ ਲੋਭ ਬਿਨਾਸਨੁ ॥ (1040-15)
हउमै ममता लोभ बिनासनु ॥

ਨਉ ਦਰ ਮੁਕਤੇ ਦਸਵੈ ਆਸਨੁ ॥ (1040-15)
नउ दर मुकते दसवै आसनु ॥

ਊਪਰਿ ਪਰੈ ਪਰੈ ਅਪਰੰਪਰੁ ਜਿਨਿ ਆਪੇ ਆਪੁ ਉਪਾਇਆ ॥੨॥ (1040-15)
ऊपरि परै परै अपर्मपरु जिनि आपे आपु उपाइआ ॥२॥

ਗੁਰਮਤਿ ਲੇਵਹੁ ਹਰਿ ਲਿਵ ਤਰੀਐ ॥ (1040-16)
गुरमति लेवहु हरि लिव तरीऐ ॥

ਅਕਲੁ ਗਾਇ ਜਮ ਤੇ ਕਿਆ ਡਰੀਐ ॥ (1040-16)
अकलु गाइ जम ते किआ डरीऐ ॥

ਜਤ ਜਤ ਦੇਖਉ ਤਤ ਤਤ ਤੁਮ ਹੀ ਅਵਰੁ ਨ ਦੁਤੀਆ ਗਾਇਆ ॥੩॥ (1040-17)
जत जत देखउ तत तत तुम ही अवरु न दुतीआ गाइआ ॥३॥

ਸਚੁ ਹਰਿ ਨਾਮੁ ਸਚੁ ਹੈ ਸਰਣਾ ॥ (1040-17)
सचु हरि नामु सचु है सरणा ॥

ਸਚੁ ਗੁਰ ਸਬਦੁ ਜਿਤੈ ਲਗਿ ਤਰਣਾ ॥ (1040-17)
सचु गुर सबदु जितै लगि तरणा ॥

ਅਕਥੁ ਕਥੈ ਦੇਖੈ ਅਪਰੰਪਰੁ ਫੁਨਿ ਗਰਭਿ ਨ ਜੋਨੀ ਜਾਇਆ ॥੪॥ (1040-18)
अकथु कथै देखै अपर्मपरु फुनि गरभि न जोनी जाइआ ॥४॥

ਸਚ ਬਿਨੁ ਸਤੁ ਸੰਤੋਖੁ ਨ ਪਾਵੈ ॥ (1040-18)
सच बिनु सतु संतोखु न पावै ॥

ਬਿਨੁ ਗੁਰ ਮੁਕਤਿ ਨ ਆਵੈ ਜਾਵੈ ॥ (1040-19)
बिनु गुर मुकति न आवै जावै ॥

ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ ॥੫॥ (1040-19)
मूल मंत्रु हरि नामु रसाइणु कहु नानक पूरा पाइआ ॥५॥

ਸਚ ਬਿਨੁ ਭਵਜਲੁ ਜਾਇ ਨ ਤਰਿਆ ॥ (1041-1)
सच बिनु भवजलु जाइ न तरिआ ॥

ਏਹੁ ਸਮੁੰਦੁ ਅਥਾਹੁ ਮਹਾ ਬਿਖੁ ਭਰਿਆ ॥ (1041-1)
एहु समुंदु अथाहु महा बिखु भरिआ ॥

ਰਹੈ ਅਤੀਤੁ ਗੁਰਮਤਿ ਲੇ ਊਪਰਿ ਹਰਿ ਨਿਰਭਉ ਕੈ ਘਰਿ ਪਾਇਆ ॥੬॥ (1041-1)
रहै अतीतु गुरमति ले ऊपरि हरि निरभउ कै घरि पाइआ ॥६॥

ਝੂਠੀ ਜਗ ਹਿਤ ਕੀ ਚਤੁਰਾਈ ॥ (1041-2)
झूठी जग हित की चतुराई ॥

ਬਿਲਮ ਨ ਲਾਗੈ ਆਵੈ ਜਾਈ ॥ (1041-2)
बिलम न लागै आवै जाई ॥

ਨਾਮੁ ਵਿਸਾਰਿ ਚਲਹਿ ਅਭਿਮਾਨੀ ਉਪਜੈ ਬਿਨਸਿ ਖਪਾਇਆ ॥੭॥ (1041-3)
नामु विसारि चलहि अभिमानी उपजै बिनसि खपाइआ ॥७॥

ਉਪਜਹਿ ਬਿਨਸਹਿ ਬੰਧਨ ਬੰਧੇ ॥ (1041-3)
उपजहि बिनसहि बंधन बंधे ॥

ਹਉਮੈ ਮਾਇਆ ਕੇ ਗਲਿ ਫੰਧੇ ॥ (1041-4)
हउमै माइआ के गलि फंधे ॥

ਜਿਸੁ ਰਾਮ ਨਾਮੁ ਨਾਹੀ ਮਤਿ ਗੁਰਮਤਿ ਸੋ ਜਮ ਪੁਰਿ ਬੰਧਿ ਚਲਾਇਆ ॥੮॥ (1041-4)
जिसु राम नामु नाही मति गुरमति सो जम पुरि बंधि चलाइआ ॥८॥

ਗੁਰ ਬਿਨੁ ਮੋਖ ਮੁਕਤਿ ਕਿਉ ਪਾਈਐ ॥ (1041-5)
गुर बिनु मोख मुकति किउ पाईऐ ॥

ਬਿਨੁ ਗੁਰ ਰਾਮ ਨਾਮੁ ਕਿਉ ਧਿਆਈਐ ॥ (1041-5)
बिनु गुर राम नामु किउ धिआईऐ ॥

ਗੁਰਮਤਿ ਲੇਹੁ ਤਰਹੁ ਭਵ ਦੁਤਰੁ ਮੁਕਤਿ ਭਏ ਸੁਖੁ ਪਾਇਆ ॥੯॥ (1041-5)
गुरमति लेहु तरहु भव दुतरु मुकति भए सुखु पाइआ ॥९॥

ਗੁਰਮਤਿ ਕ੍ਰਿਸਨਿ ਗੋਵਰਧਨ ਧਾਰੇ ॥ (1041-6)
गुरमति क्रिसनि गोवरधन धारे ॥

ਗੁਰਮਤਿ ਸਾਇਰਿ ਪਾਹਣ ਤਾਰੇ ॥ (1041-6)
गुरमति साइरि पाहण तारे ॥

ਗੁਰਮਤਿ ਲੇਹੁ ਪਰਮ ਪਦੁ ਪਾਈਐ ਨਾਨਕ ਗੁਰਿ ਭਰਮੁ ਚੁਕਾਇਆ ॥੧੦॥ (1041-7)
गुरमति लेहु परम पदु पाईऐ नानक गुरि भरमु चुकाइआ ॥१०॥

ਗੁਰਮਤਿ ਲੇਹੁ ਤਰਹੁ ਸਚੁ ਤਾਰੀ ॥ (1041-7)
गुरमति लेहु तरहु सचु तारी ॥

ਆਤਮ ਚੀਨਹੁ ਰਿਦੈ ਮੁਰਾਰੀ ॥ (1041-8)
आतम चीनहु रिदै मुरारी ॥

ਜਮ ਕੇ ਫਾਹੇ ਕਾਟਹਿ ਹਰਿ ਜਪਿ ਅਕੁਲ ਨਿਰੰਜਨੁ ਪਾਇਆ ॥੧੧॥ (1041-8)
जम के फाहे काटहि हरि जपि अकुल निरंजनु पाइआ ॥११॥

ਗੁਰਮਤਿ ਪੰਚ ਸਖੇ ਗੁਰ ਭਾਈ ॥ (1041-9)
गुरमति पंच सखे गुर भाई ॥

ਗੁਰਮਤਿ ਅਗਨਿ ਨਿਵਾਰਿ ਸਮਾਈ ॥ (1041-9)
गुरमति अगनि निवारि समाई ॥

ਮਨਿ ਮੁਖਿ ਨਾਮੁ ਜਪਹੁ ਜਗਜੀਵਨ ਰਿਦ ਅੰਤਰਿ ਅਲਖੁ ਲਖਾਇਆ ॥੧੨॥ (1041-9)
मनि मुखि नामु जपहु जगजीवन रिद अंतरि अलखु लखाइआ ॥१२॥

ਗੁਰਮੁਖਿ ਬੂਝੈ ਸਬਦਿ ਪਤੀਜੈ ॥ (1041-10)
गुरमुखि बूझै सबदि पतीजै ॥

ਉਸਤਤਿ ਨਿੰਦਾ ਕਿਸ ਕੀ ਕੀਜੈ ॥ (1041-10)
उसतति निंदा किस की कीजै ॥

ਚੀਨਹੁ ਆਪੁ ਜਪਹੁ ਜਗਦੀਸਰੁ ਹਰਿ ਜਗੰਨਾਥੁ ਮਨਿ ਭਾਇਆ ॥੧੩॥ (1041-11)
चीनहु आपु जपहु जगदीसरु हरि जगंनाथु मनि भाइआ ॥१३॥

ਜੋ ਬ੍ਰਹਮੰਡਿ ਖੰਡਿ ਸੋ ਜਾਣਹੁ ॥ (1041-11)
जो ब्रहमंडि खंडि सो जाणहु ॥

ਗੁਰਮੁਖਿ ਬੂਝਹੁ ਸਬਦਿ ਪਛਾਣਹੁ ॥ (1041-12)
गुरमुखि बूझहु सबदि पछाणहु ॥

ਘਟਿ ਘਟਿ ਭੋਗੇ ਭੋਗਣਹਾਰਾ ਰਹੈ ਅਤੀਤੁ ਸਬਾਇਆ ॥੧੪॥ (1041-12)
घटि घटि भोगे भोगणहारा रहै अतीतु सबाइआ ॥१४॥

ਗੁਰਮਤਿ ਬੋਲਹੁ ਹਰਿ ਜਸੁ ਸੂਚਾ ॥ (1041-12)
गुरमति बोलहु हरि जसु सूचा ॥

ਗੁਰਮਤਿ ਆਖੀ ਦੇਖਹੁ ਊਚਾ ॥ (1041-13)
गुरमति आखी देखहु ऊचा ॥

ਸ੍ਰਵਣੀ ਨਾਮੁ ਸੁਣੈ ਹਰਿ ਬਾਣੀ ਨਾਨਕ ਹਰਿ ਰੰਗਿ ਰੰਗਾਇਆ ॥੧੫॥੩॥੨੦॥ (1041-13)
स्रवणी नामु सुणै हरि बाणी नानक हरि रंगि रंगाइआ ॥१५॥३॥२०॥

ਮਾਰੂ ਮਹਲਾ ੧ ॥ (1041-14)
मारू महला १ ॥

ਕਾਮੁ ਕ੍ਰੋਧੁ ਪਰਹਰੁ ਪਰ ਨਿੰਦਾ ॥ (1041-14)
कामु क्रोधु परहरु पर निंदा ॥

ਲਬੁ ਲੋਭੁ ਤਜਿ ਹੋਹੁ ਨਿਚਿੰਦਾ ॥ (1041-14)
लबु लोभु तजि होहु निचिंदा ॥

ਭ੍ਰਮ ਕਾ ਸੰਗਲੁ ਤੋੜਿ ਨਿਰਾਲਾ ਹਰਿ ਅੰਤਰਿ ਹਰਿ ਰਸੁ ਪਾਇਆ ॥੧॥ (1041-15)
भ्रम का संगलु तोड़ि निराला हरि अंतरि हरि रसु पाइआ ॥१॥

ਨਿਸਿ ਦਾਮਨਿ ਜਿਉ ਚਮਕਿ ਚੰਦਾਇਣੁ ਦੇਖੈ ॥ (1041-15)
निसि दामनि जिउ चमकि चंदाइणु देखै ॥

ਅਹਿਨਿਸਿ ਜੋਤਿ ਨਿਰੰਤਰਿ ਪੇਖੈ ॥ (1041-16)
अहिनिसि जोति निरंतरि पेखै ॥

ਆਨੰਦ ਰੂਪੁ ਅਨੂਪੁ ਸਰੂਪਾ ਗੁਰਿ ਪੂਰੈ ਦੇਖਾਇਆ ॥੨॥ (1041-16)
आनंद रूपु अनूपु सरूपा गुरि पूरै देखाइआ ॥२॥

ਸਤਿਗੁਰ ਮਿਲਹੁ ਆਪੇ ਪ੍ਰਭੁ ਤਾਰੇ ॥ (1041-17)
सतिगुर मिलहु आपे प्रभु तारे ॥

ਸਸਿ ਘਰਿ ਸੂਰੁ ਦੀਪਕੁ ਗੈਣਾਰੇ ॥ (1041-17)
ससि घरि सूरु दीपकु गैणारे ॥

ਦੇਖਿ ਅਦਿਸਟੁ ਰਹਹੁ ਲਿਵ ਲਾਗੀ ਸਭੁ ਤ੍ਰਿਭਵਣਿ ਬ੍ਰਹਮੁ ਸਬਾਇਆ ॥੩॥ (1041-17)
देखि अदिसटु रहहु लिव लागी सभु त्रिभवणि ब्रहमु सबाइआ ॥३॥

ਅੰਮ੍ਰਿਤ ਰਸੁ ਪਾਏ ਤ੍ਰਿਸਨਾ ਭਉ ਜਾਏ ॥ (1041-18)
अमृत रसु पाए त्रिसना भउ जाए ॥

ਅਨਭਉ ਪਦੁ ਪਾਵੈ ਆਪੁ ਗਵਾਏ ॥ (1041-18)
अनभउ पदु पावै आपु गवाए ॥

ਊਚੀ ਪਦਵੀ ਊਚੋ ਊਚਾ ਨਿਰਮਲ ਸਬਦੁ ਕਮਾਇਆ ॥੪॥ (1041-19)
ऊची पदवी ऊचो ऊचा निरमल सबदु कमाइआ ॥४॥

ਅਦ੍ਰਿਸਟ ਅਗੋਚਰੁ ਨਾਮੁ ਅਪਾਰਾ ॥ (1041-19)
अद्रिसट अगोचरु नामु अपारा ॥

ਅਤਿ ਰਸੁ ਮੀਠਾ ਨਾਮੁ ਪਿਆਰਾ ॥ (1042-1)
अति रसु मीठा नामु पिआरा ॥

ਨਾਨਕ ਕਉ ਜੁਗਿ ਜੁਗਿ ਹਰਿ ਜਸੁ ਦੀਜੈ ਹਰਿ ਜਪੀਐ ਅੰਤੁ ਨ ਪਾਇਆ ॥੫॥ (1042-1)
नानक कउ जुगि जुगि हरि जसु दीजै हरि जपीऐ अंतु न पाइआ ॥५॥

ਅੰਤਰਿ ਨਾਮੁ ਪਰਾਪਤਿ ਹੀਰਾ ॥ (1042-2)
अंतरि नामु परापति हीरा ॥

ਹਰਿ ਜਪਤੇ ਮਨੁ ਮਨ ਤੇ ਧੀਰਾ ॥ (1042-2)
हरि जपते मनु मन ते धीरा ॥

ਦੁਘਟ ਘਟ ਭਉ ਭੰਜਨੁ ਪਾਈਐ ਬਾਹੁੜਿ ਜਨਮਿ ਨ ਜਾਇਆ ॥੬॥ (1042-2)
दुघट घट भउ भंजनु पाईऐ बाहुड़ि जनमि न जाइआ ॥६॥

ਭਗਤਿ ਹੇਤਿ ਗੁਰ ਸਬਦਿ ਤਰੰਗਾ ॥ (1042-3)
भगति हेति गुर सबदि तरंगा ॥

ਹਰਿ ਜਸੁ ਨਾਮੁ ਪਦਾਰਥੁ ਮੰਗਾ ॥ (1042-3)
हरि जसु नामु पदारथु मंगा ॥

ਹਰਿ ਭਾਵੈ ਗੁਰ ਮੇਲਿ ਮਿਲਾਏ ਹਰਿ ਤਾਰੇ ਜਗਤੁ ਸਬਾਇਆ ॥੭॥ (1042-4)
हरि भावै गुर मेलि मिलाए हरि तारे जगतु सबाइआ ॥७॥

ਜਿਨਿ ਜਪੁ ਜਪਿਓ ਸਤਿਗੁਰ ਮਤਿ ਵਾ ਕੇ ॥ (1042-4)
जिनि जपु जपिओ सतिगुर मति वा के ॥

ਜਮਕੰਕਰ ਕਾਲੁ ਸੇਵਕ ਪਗ ਤਾ ਕੇ ॥ (1042-5)
जमकंकर कालु सेवक पग ता के ॥

ਊਤਮ ਸੰਗਤਿ ਗਤਿ ਮਿਤਿ ਊਤਮ ਜਗੁ ਭਉਜਲੁ ਪਾਰਿ ਤਰਾਇਆ ॥੮॥ (1042-5)
ऊतम संगति गति मिति ऊतम जगु भउजलु पारि तराइआ ॥८॥

ਇਹੁ ਭਵਜਲੁ ਜਗਤੁ ਸਬਦਿ ਗੁਰ ਤਰੀਐ ॥ (1042-6)
इहु भवजलु जगतु सबदि गुर तरीऐ ॥

ਅੰਤਰ ਕੀ ਦੁਬਿਧਾ ਅੰਤਰਿ ਜਰੀਐ ॥ (1042-6)
अंतर की दुबिधा अंतरि जरीऐ ॥

ਪੰਚ ਬਾਣ ਲੇ ਜਮ ਕਉ ਮਾਰੈ ਗਗਨੰਤਰਿ ਧਣਖੁ ਚੜਾਇਆ ॥੯॥ (1042-6)
पंच बाण ले जम कउ मारै गगनंतरि धणखु चड़ाइआ ॥९॥

ਸਾਕਤ ਨਰਿ ਸਬਦ ਸੁਰਤਿ ਕਿਉ ਪਾਈਐ ॥ (1042-7)
साकत नरि सबद सुरति किउ पाईऐ ॥

ਸਬਦ ਸੁਰਤਿ ਬਿਨੁ ਆਈਐ ਜਾਈਐ ॥ (1042-7)
सबद सुरति बिनु आईऐ जाईऐ ॥

ਨਾਨਕ ਗੁਰਮੁਖਿ ਮੁਕਤਿ ਪਰਾਇਣੁ ਹਰਿ ਪੂਰੈ ਭਾਗਿ ਮਿਲਾਇਆ ॥੧੦॥ (1042-8)
नानक गुरमुखि मुकति पराइणु हरि पूरै भागि मिलाइआ ॥१०॥

ਨਿਰਭਉ ਸਤਿਗੁਰੁ ਹੈ ਰਖਵਾਲਾ ॥ (1042-8)
निरभउ सतिगुरु है रखवाला ॥

ਭਗਤਿ ਪਰਾਪਤਿ ਗੁਰ ਗੋਪਾਲਾ ॥ (1042-9)
भगति परापति गुर गोपाला ॥

ਧੁਨਿ ਅਨੰਦ ਅਨਾਹਦੁ ਵਾਜੈ ਗੁਰ ਸਬਦਿ ਨਿਰੰਜਨੁ ਪਾਇਆ ॥੧੧॥ (1042-9)
धुनि अनंद अनाहदु वाजै गुर सबदि निरंजनु पाइआ ॥११॥

ਨਿਰਭਉ ਸੋ ਸਿਰਿ ਨਾਹੀ ਲੇਖਾ ॥ (1042-10)
निरभउ सो सिरि नाही लेखा ॥

ਆਪਿ ਅਲੇਖੁ ਕੁਦਰਤਿ ਹੈ ਦੇਖਾ ॥ (1042-10)
आपि अलेखु कुदरति है देखा ॥

ਆਪਿ ਅਤੀਤੁ ਅਜੋਨੀ ਸੰਭਉ ਨਾਨਕ ਗੁਰਮਤਿ ਸੋ ਪਾਇਆ ॥੧੨॥ (1042-10)
आपि अतीतु अजोनी स्मभउ नानक गुरमति सो पाइआ ॥१२॥

ਅੰਤਰ ਕੀ ਗਤਿ ਸਤਿਗੁਰੁ ਜਾਣੈ ॥ (1042-11)
अंतर की गति सतिगुरु जाणै ॥

ਸੋ ਨਿਰਭਉ ਗੁਰ ਸਬਦਿ ਪਛਾਣੈ ॥ (1042-11)
सो निरभउ गुर सबदि पछाणै ॥

ਅੰਤਰੁ ਦੇਖਿ ਨਿਰੰਤਰਿ ਬੂਝੈ ਅਨਤ ਨ ਮਨੁ ਡੋਲਾਇਆ ॥੧੩॥ (1042-12)
अंतरु देखि निरंतरि बूझै अनत न मनु डोलाइआ ॥१३॥

ਨਿਰਭਉ ਸੋ ਅਭ ਅੰਤਰਿ ਵਸਿਆ ॥ (1042-12)
निरभउ सो अभ अंतरि वसिआ ॥

ਅਹਿਨਿਸਿ ਨਾਮਿ ਨਿਰੰਜਨ ਰਸਿਆ ॥ (1042-13)
अहिनिसि नामि निरंजन रसिआ ॥

ਨਾਨਕ ਹਰਿ ਜਸੁ ਸੰਗਤਿ ਪਾਈਐ ਹਰਿ ਸਹਜੇ ਸਹਜਿ ਮਿਲਾਇਆ ॥੧੪॥ (1042-13)
नानक हरि जसु संगति पाईऐ हरि सहजे सहजि मिलाइआ ॥१४॥

ਅੰਤਰਿ ਬਾਹਰਿ ਸੋ ਪ੍ਰਭੁ ਜਾਣੈ ॥ (1042-14)
अंतरि बाहरि सो प्रभु जाणै ॥

ਰਹੈ ਅਲਿਪਤੁ ਚਲਤੇ ਘਰਿ ਆਣੈ ॥ (1042-14)
रहै अलिपतु चलते घरि आणै ॥

ਊਪਰਿ ਆਦਿ ਸਰਬ ਤਿਹੁ ਲੋਈ ਸਚੁ ਨਾਨਕ ਅੰਮ੍ਰਿਤ ਰਸੁ ਪਾਇਆ ॥੧੫॥੪॥੨੧॥ (1042-14)
ऊपरि आदि सरब तिहु लोई सचु नानक अमृत रसु पाइआ ॥१५॥४॥२१॥

ਮਾਰੂ ਮਹਲਾ ੧ ॥ (1042-15)
मारू महला १ ॥

ਕੁਦਰਤਿ ਕਰਨੈਹਾਰ ਅਪਾਰਾ ॥ (1042-15)
कुदरति करनैहार अपारा ॥

ਕੀਤੇ ਕਾ ਨਾਹੀ ਕਿਹੁ ਚਾਰਾ ॥ (1042-16)
कीते का नाही किहु चारा ॥

ਜੀਅ ਉਪਾਇ ਰਿਜਕੁ ਦੇ ਆਪੇ ਸਿਰਿ ਸਿਰਿ ਹੁਕਮੁ ਚਲਾਇਆ ॥੧॥ (1042-16)
जीअ उपाइ रिजकु दे आपे सिरि सिरि हुकमु चलाइआ ॥१॥

ਹੁਕਮੁ ਚਲਾਇ ਰਹਿਆ ਭਰਪੂਰੇ ॥ (1042-16)
हुकमु चलाइ रहिआ भरपूरे ॥

ਕਿਸੁ ਨੇੜੈ ਕਿਸੁ ਆਖਾਂ ਦੂਰੇ ॥ (1042-17)
किसु नेड़ै किसु आखां दूरे ॥

ਗੁਪਤ ਪ੍ਰਗਟ ਹਰਿ ਘਟਿ ਘਟਿ ਦੇਖਹੁ ਵਰਤੈ ਤਾਕੁ ਸਬਾਇਆ ॥੨॥ (1042-17)
गुपत प्रगट हरि घटि घटि देखहु वरतै ताकु सबाइआ ॥२॥

ਜਿਸ ਕਉ ਮੇਲੇ ਸੁਰਤਿ ਸਮਾਏ ॥ (1042-18)
जिस कउ मेले सुरति समाए ॥

ਗੁਰ ਸਬਦੀ ਹਰਿ ਨਾਮੁ ਧਿਆਏ ॥ (1042-18)
गुर सबदी हरि नामु धिआए ॥

ਆਨਦ ਰੂਪ ਅਨੂਪ ਅਗੋਚਰ ਗੁਰ ਮਿਲਿਐ ਭਰਮੁ ਜਾਇਆ ॥੩॥ (1042-18)
आनद रूप अनूप अगोचर गुर मिलिऐ भरमु जाइआ ॥३॥

ਮਨ ਤਨ ਧਨ ਤੇ ਨਾਮੁ ਪਿਆਰਾ ॥ (1042-19)
मन तन धन ते नामु पिआरा ॥

ਅੰਤਿ ਸਖਾਈ ਚਲਣਵਾਰਾ ॥ (1042-19)
अंति सखाई चलणवारा ॥

ਮੋਹ ਪਸਾਰ ਨਹੀ ਸੰਗਿ ਬੇਲੀ ਬਿਨੁ ਹਰਿ ਗੁਰ ਕਿਨਿ ਸੁਖੁ ਪਾਇਆ ॥੪॥ (1043-1)
मोह पसार नही संगि बेली बिनु हरि गुर किनि सुखु पाइआ ॥४॥

ਜਿਸ ਕਉ ਨਦਰਿ ਕਰੇ ਗੁਰੁ ਪੂਰਾ ॥ (1043-1)
जिस कउ नदरि करे गुरु पूरा ॥

ਸਬਦਿ ਮਿਲਾਏ ਗੁਰਮਤਿ ਸੂਰਾ ॥ (1043-2)
सबदि मिलाए गुरमति सूरा ॥

ਨਾਨਕ ਗੁਰ ਕੇ ਚਰਨ ਸਰੇਵਹੁ ਜਿਨਿ ਭੂਲਾ ਮਾਰਗਿ ਪਾਇਆ ॥੫॥ (1043-2)
नानक गुर के चरन सरेवहु जिनि भूला मारगि पाइआ ॥५॥

ਸੰਤ ਜਨਾਂ ਹਰਿ ਧਨੁ ਜਸੁ ਪਿਆਰਾ ॥ (1043-3)
संत जनां हरि धनु जसु पिआरा ॥

ਗੁਰਮਤਿ ਪਾਇਆ ਨਾਮੁ ਤੁਮਾਰਾ ॥ (1043-3)
गुरमति पाइआ नामु तुमारा ॥

ਜਾਚਿਕੁ ਸੇਵ ਕਰੇ ਦਰਿ ਹਰਿ ਕੈ ਹਰਿ ਦਰਗਹ ਜਸੁ ਗਾਇਆ ॥੬॥ (1043-3)
जाचिकु सेव करे दरि हरि कै हरि दरगह जसु गाइआ ॥६॥

ਸਤਿਗੁਰੁ ਮਿਲੈ ਤ ਮਹਲਿ ਬੁਲਾਏ ॥ (1043-4)
सतिगुरु मिलै त महलि बुलाए ॥

ਸਾਚੀ ਦਰਗਹ ਗਤਿ ਪਤਿ ਪਾਏ ॥ (1043-4)
साची दरगह गति पति पाए ॥

ਸਾਕਤ ਠਉਰ ਨਾਹੀ ਹਰਿ ਮੰਦਰ ਜਨਮ ਮਰੈ ਦੁਖੁ ਪਾਇਆ ॥੭॥ (1043-4)
साकत ठउर नाही हरि मंदर जनम मरै दुखु पाइआ ॥७॥

ਸੇਵਹੁ ਸਤਿਗੁਰ ਸਮੁੰਦੁ ਅਥਾਹਾ ॥ (1043-5)
सेवहु सतिगुर समुंदु अथाहा ॥

ਪਾਵਹੁ ਨਾਮੁ ਰਤਨੁ ਧਨੁ ਲਾਹਾ ॥ (1043-5)
पावहु नामु रतनु धनु लाहा ॥

ਬਿਖਿਆ ਮਲੁ ਜਾਇ ਅੰਮ੍ਰਿਤ ਸਰਿ ਨਾਵਹੁ ਗੁਰ ਸਰ ਸੰਤੋਖੁ ਪਾਇਆ ॥੮॥ (1043-6)
बिखिआ मलु जाइ अमृत सरि नावहु गुर सर संतोखु पाइआ ॥८॥

ਸਤਿਗੁਰ ਸੇਵਹੁ ਸੰਕ ਨ ਕੀਜੈ ॥ (1043-6)
सतिगुर सेवहु संक न कीजै ॥

ਆਸਾ ਮਾਹਿ ਨਿਰਾਸੁ ਰਹੀਜੈ ॥ (1043-7)
आसा माहि निरासु रहीजै ॥

ਸੰਸਾ ਦੂਖ ਬਿਨਾਸਨੁ ਸੇਵਹੁ ਫਿਰਿ ਬਾਹੁੜਿ ਰੋਗੁ ਨ ਲਾਇਆ ॥੯॥ (1043-7)
संसा दूख बिनासनु सेवहु फिरि बाहुड़ि रोगु न लाइआ ॥९॥

ਸਾਚੇ ਭਾਵੈ ਤਿਸੁ ਵਡੀਆਏ ॥ (1043-8)
साचे भावै तिसु वडीआए ॥

ਕਉਨੁ ਸੁ ਦੂਜਾ ਤਿਸੁ ਸਮਝਾਏ ॥ (1043-8)
कउनु सु दूजा तिसु समझाए ॥

ਹਰਿ ਗੁਰ ਮੂਰਤਿ ਏਕਾ ਵਰਤੈ ਨਾਨਕ ਹਰਿ ਗੁਰ ਭਾਇਆ ॥੧੦॥ (1043-8)
हरि गुर मूरति एका वरतै नानक हरि गुर भाइआ ॥१०॥

ਵਾਚਹਿ ਪੁਸਤਕ ਵੇਦ ਪੁਰਾਨਾਂ ॥ (1043-9)
वाचहि पुसतक वेद पुरानां ॥

ਇਕ ਬਹਿ ਸੁਨਹਿ ਸੁਨਾਵਹਿ ਕਾਨਾਂ ॥ (1043-9)
इक बहि सुनहि सुनावहि कानां ॥

ਅਜਗਰ ਕਪਟੁ ਕਹਹੁ ਕਿਉ ਖੁਲ੍ਹੈ ਬਿਨੁ ਸਤਿਗੁਰ ਤਤੁ ਨ ਪਾਇਆ ॥੧੧॥ (1043-9)
अजगर कपटु कहहु किउ खुल्है बिनु सतिगुर ततु न पाइआ ॥११॥

ਕਰਹਿ ਬਿਭੂਤਿ ਲਗਾਵਹਿ ਭਸਮੈ ॥ (1043-10)
करहि बिभूति लगावहि भसमै ॥

ਅੰਤਰਿ ਕ੍ਰੋਧੁ ਚੰਡਾਲੁ ਸੁ ਹਉਮੈ ॥ (1043-10)
अंतरि क्रोधु चंडालु सु हउमै ॥

ਪਾਖੰਡ ਕੀਨੇ ਜੋਗੁ ਨ ਪਾਈਐ ਬਿਨੁ ਸਤਿਗੁਰ ਅਲਖੁ ਨ ਪਾਇਆ ॥੧੨॥ (1043-11)
पाखंड कीने जोगु न पाईऐ बिनु सतिगुर अलखु न पाइआ ॥१२॥

ਤੀਰਥ ਵਰਤ ਨੇਮ ਕਰਹਿ ਉਦਿਆਨਾ ॥ (1043-11)
तीरथ वरत नेम करहि उदिआना ॥

ਜਤੁ ਸਤੁ ਸੰਜਮੁ ਕਥਹਿ ਗਿਆਨਾ ॥ (1043-12)
जतु सतु संजमु कथहि गिआना ॥

ਰਾਮ ਨਾਮ ਬਿਨੁ ਕਿਉ ਸੁਖੁ ਪਾਈਐ ਬਿਨੁ ਸਤਿਗੁਰ ਭਰਮੁ ਨ ਜਾਇਆ ॥੧੩॥ (1043-12)
राम नाम बिनु किउ सुखु पाईऐ बिनु सतिगुर भरमु न जाइआ ॥१३॥

ਨਿਉਲੀ ਕਰਮ ਭੁਇਅੰਗਮ ਭਾਠੀ ॥ (1043-13)
निउली करम भुइअंगम भाठी ॥

ਰੇਚਕ ਕੁੰਭਕ ਪੂਰਕ ਮਨ ਹਾਠੀ ॥ (1043-13)
रेचक कुमभक पूरक मन हाठी ॥

ਪਾਖੰਡ ਧਰਮੁ ਪ੍ਰੀਤਿ ਨਹੀ ਹਰਿ ਸਉ ਗੁਰ ਸਬਦ ਮਹਾ ਰਸੁ ਪਾਇਆ ॥੧੪॥ (1043-14)
पाखंड धरमु प्रीति नही हरि सउ गुर सबद महा रसु पाइआ ॥१४॥

ਕੁਦਰਤਿ ਦੇਖਿ ਰਹੇ ਮਨੁ ਮਾਨਿਆ ॥ (1043-14)
कुदरति देखि रहे मनु मानिआ ॥

ਗੁਰ ਸਬਦੀ ਸਭੁ ਬ੍ਰਹਮੁ ਪਛਾਨਿਆ ॥ (1043-15)
गुर सबदी सभु ब्रहमु पछानिआ ॥

ਨਾਨਕ ਆਤਮ ਰਾਮੁ ਸਬਾਇਆ ਗੁਰ ਸਤਿਗੁਰ ਅਲਖੁ ਲਖਾਇਆ ॥੧੫॥੫॥੨੨॥ (1043-15)
नानक आतम रामु सबाइआ गुर सतिगुर अलखु लखाइआ ॥१५॥५॥२२॥

ਮਾਰੂ ਸੋਲਹੇ ਮਹਲਾ ੩ (1043-17)
मारू सोलहे महला ३

ੴ ਸਤਿਗੁਰ ਪ੍ਰਸਾਦਿ ॥ (1043-17)
१ੴ सतिगुर प्रसादि ॥

ਹੁਕਮੀ ਸਹਜੇ ਸ੍ਰਿਸਟਿ ਉਪਾਈ ॥ (1043-18)
हुकमी सहजे स्रिसटि उपाई ॥

ਕਰਿ ਕਰਿ ਵੇਖੈ ਅਪਣੀ ਵਡਿਆਈ ॥ (1043-18)
करि करि वेखै अपणी वडिआई ॥

ਆਪੇ ਕਰੇ ਕਰਾਏ ਆਪੇ ਹੁਕਮੇ ਰਹਿਆ ਸਮਾਈ ਹੇ ॥੧॥ (1043-18)
आपे करे कराए आपे हुकमे रहिआ समाई हे ॥१॥

ਮਾਇਆ ਮੋਹੁ ਜਗਤੁ ਗੁਬਾਰਾ ॥ (1043-19)
माइआ मोहु जगतु गुबारा ॥

ਗੁਰਮੁਖਿ ਬੂਝੈ ਕੋ ਵੀਚਾਰਾ ॥ (1043-19)
गुरमुखि बूझै को वीचारा ॥

ਆਪੇ ਨਦਰਿ ਕਰੇ ਸੋ ਪਾਏ ਆਪੇ ਮੇਲਿ ਮਿਲਾਈ ਹੇ ॥੨॥ (1043-19)
आपे नदरि करे सो पाए आपे मेलि मिलाई हे ॥२॥

ਆਪੇ ਮੇਲੇ ਦੇ ਵਡਿਆਈ ॥ (1044-1)
आपे मेले दे वडिआई ॥

ਗੁਰ ਪਰਸਾਦੀ ਕੀਮਤਿ ਪਾਈ ॥ (1044-1)
गुर परसादी कीमति पाई ॥

ਮਨਮੁਖਿ ਬਹੁਤੁ ਫਿਰੈ ਬਿਲਲਾਦੀ ਦੂਜੈ ਭਾਇ ਖੁਆਈ ਹੇ ॥੩॥ (1044-1)
मनमुखि बहुतु फिरै बिललादी दूजै भाइ खुआई हे ॥३॥

ਹਉਮੈ ਮਾਇਆ ਵਿਚੇ ਪਾਈ ॥ (1044-2)
हउमै माइआ विचे पाई ॥

ਮਨਮੁਖ ਭੂਲੇ ਪਤਿ ਗਵਾਈ ॥ (1044-2)
मनमुख भूले पति गवाई ॥

ਗੁਰਮੁਖਿ ਹੋਵੈ ਸੋ ਨਾਇ ਰਾਚੈ ਸਾਚੈ ਰਹਿਆ ਸਮਾਈ ਹੇ ॥੪॥ (1044-3)
गुरमुखि होवै सो नाइ राचै साचै रहिआ समाई हे ॥४॥

ਗੁਰ ਤੇ ਗਿਆਨੁ ਨਾਮ ਰਤਨੁ ਪਾਇਆ ॥ (1044-3)
गुर ते गिआनु नाम रतनु पाइआ ॥

ਮਨਸਾ ਮਾਰਿ ਮਨ ਮਾਹਿ ਸਮਾਇਆ ॥ (1044-4)
मनसा मारि मन माहि समाइआ ॥

ਆਪੇ ਖੇਲੁ ਕਰੇ ਸਭਿ ਕਰਤਾ ਆਪੇ ਦੇਇ ਬੁਝਾਈ ਹੇ ॥੫॥ (1044-4)
आपे खेल करे सभि करता आपे देइ बुझाई हे ॥५॥

ਸਤਿਗੁਰੁ ਸੇਵੇ ਆਪੁ ਗਵਾਏ ॥ (1044-5)
सतिगुरु सेवे आपु गवाए ॥

ਮਿਲਿ ਪ੍ਰੀਤਮ ਸਬਦਿ ਸੁਖੁ ਪਾਏ ॥ (1044-5)
मिलि प्रीतम सबदि सुखु पाए ॥

ਅੰਤਰਿ ਪਿਆਰੁ ਭਗਤੀ ਰਾਤਾ ਸਹਜਿ ਮਤੇ ਬਣਿ ਆਈ ਹੇ ॥੬॥ (1044-5)
अंतरि पिआरु भगती राता सहजि मते बणि आई हे ॥६॥

ਦੂਖ ਨਿਵਾਰਣੁ ਗੁਰ ਤੇ ਜਾਤਾ ॥ (1044-6)
दूख निवारणु गुर ते जाता ॥

ਆਪਿ ਮਿਲਿਆ ਜਗਜੀਵਨੁ ਦਾਤਾ ॥ (1044-6)
आपि मिलिआ जगजीवनु दाता ॥

ਜਿਸ ਨੋ ਲਾਏ ਸੋਈ ਬੂਝੈ ਭਉ ਭਰਮੁ ਸਰੀਰਹੁ ਜਾਈ ਹੇ ॥੭॥ (1044-6)
जिस नो लाए सोई बूझै भउ भरमु सरीरहु जाई हे ॥७॥

ਆਪੇ ਗੁਰਮੁਖਿ ਆਪੇ ਦੇਵੈ ॥ (1044-7)
आपे गुरमुखि आपे देवै ॥

ਸਚੈ ਸਬਦਿ ਸਤਿਗੁਰੁ ਸੇਵੈ ॥ (1044-7)
सचै सबदि सतिगुरु सेवै ॥

ਜਰਾ ਜਮੁ ਤਿਸੁ ਜੋਹਿ ਨ ਸਾਕੈ ਸਾਚੇ ਸਿਉ ਬਣਿ ਆਈ ਹੇ ॥੮॥ (1044-7)
जरा जमु तिसु जोहि न साकै साचे सिउ बणि आई हे ॥८॥

ਤ੍ਰਿਸਨਾ ਅਗਨਿ ਜਲੈ ਸੰਸਾਰਾ ॥ (1044-8)
त्रिसना अगनि जलै संसारा ॥

ਜਲਿ ਜਲਿ ਖਪੈ ਬਹੁਤੁ ਵਿਕਾਰਾ ॥ (1044-8)
जलि जलि खपै बहुतु विकारा ॥

ਮਨਮੁਖੁ ਠਉਰ ਨ ਪਾਏ ਕਬਹੂ ਸਤਿਗੁਰ ਬੂਝ ਬੁਝਾਈ ਹੇ ॥੯॥ (1044-9)
मनमुखु ठउर न पाए कबहू सतिगुर बूझ बुझाई हे ॥९॥

ਸਤਿਗੁਰੁ ਸੇਵਨਿ ਸੇ ਵਡਭਾਗੀ ॥ (1044-9)
सतिगुरु सेवनि से वडभागी ॥

ਸਾਚੈ ਨਾਮਿ ਸਦਾ ਲਿਵ ਲਾਗੀ ॥ (1044-10)
साचै नामि सदा लिव लागी ॥

ਅੰਤਰਿ ਨਾਮੁ ਰਵਿਆ ਨਿਹਕੇਵਲੁ ਤ੍ਰਿਸਨਾ ਸਬਦਿ ਬੁਝਾਈ ਹੇ ॥੧੦॥ (1044-10)
अंतरि नामु रविआ निहकेवलु त्रिसना सबदि बुझाई हे ॥१०॥

ਸਚਾ ਸਬਦੁ ਸਚੀ ਹੈ ਬਾਣੀ ॥ (1044-10)
सचा सबदु सची है बाणी ॥

ਗੁਰਮੁਖਿ ਵਿਰਲੈ ਕਿਨੈ ਪਛਾਣੀ ॥ (1044-11)
गुरमुखि विरलै किनै पछाणी ॥

ਸਚੈ ਸਬਦਿ ਰਤੇ ਬੈਰਾਗੀ ਆਵਣੁ ਜਾਣੁ ਰਹਾਈ ਹੇ ॥੧੧॥ (1044-11)
सचै सबदि रते बैरागी आवणु जाणु रहाई हे ॥११॥

ਸਬਦੁ ਬੁਝੈ ਸੋ ਮੈਲੁ ਚੁਕਾਏ ॥ (1044-12)
सबदु बुझै सो मैलु चुकाए ॥

ਨਿਰਮਲ ਨਾਮੁ ਵਸੈ ਮਨਿ ਆਏ ॥ (1044-12)
निरमल नामु वसै मनि आए ॥

ਸਤਿਗੁਰੁ ਅਪਣਾ ਸਦ ਹੀ ਸੇਵਹਿ ਹਉਮੈ ਵਿਚਹੁ ਜਾਈ ਹੇ ॥੧੨॥ (1044-12)
सतिगुरु अपणा सद ही सेवहि हउमै विचहु जाई हे ॥१२॥

ਗੁਰ ਤੇ ਬੂਝੈ ਤਾ ਦਰੁ ਸੂਝੈ ॥ (1044-13)
गुर ते बूझै ता दरु सूझै ॥

ਨਾਮ ਵਿਹੂਣਾ ਕਥਿ ਕਥਿ ਲੂਝੈ ॥ (1044-13)
नाम विहूणा कथि कथि लूझै ॥

ਸਤਿਗੁਰ ਸੇਵੇ ਕੀ ਵਡਿਆਈ ਤ੍ਰਿਸਨਾ ਭੂਖ ਗਵਾਈ ਹੇ ॥੧੩॥ (1044-13)
सतिगुर सेवे की वडिआई त्रिसना भूख गवाई हे ॥१३॥

ਆਪੇ ਆਪਿ ਮਿਲੈ ਤਾ ਬੂਝੈ ॥ (1044-14)
आपे आपि मिलै ता बूझै ॥

ਗਿਆਨ ਵਿਹੂਣਾ ਕਿਛੂ ਨ ਸੂਝੈ ॥ (1044-14)
गिआन विहूणा किछू न सूझै ॥

ਗੁਰ ਕੀ ਦਾਤਿ ਸਦਾ ਮਨ ਅੰਤਰਿ ਬਾਣੀ ਸਬਦਿ ਵਜਾਈ ਹੇ ॥੧੪॥ (1044-15)
गुर की दाति सदा मन अंतरि बाणी सबदि वजाई हे ॥१४॥

ਜੋ ਧੁਰਿ ਲਿਖਿਆ ਸੁ ਕਰਮ ਕਮਾਇਆ ॥ (1044-15)
जो धुरि लिखिआ सु करम कमाइआ ॥

ਕੋਇ ਨ ਮੇਟੈ ਧੁਰਿ ਫੁਰਮਾਇਆ ॥ (1044-16)
कोइ न मेटै धुरि फुरमाइआ ॥

ਸਤਸੰਗਤਿ ਮਹਿ ਤਿਨ ਹੀ ਵਾਸਾ ਜਿਨ ਕਉ ਧੁਰਿ ਲਿਖਿ ਪਾਈ ਹੇ ॥੧੫॥ (1044-16)
सतसंगति महि तिन ही वासा जिन कउ धुरि लिखि पाई हे ॥१५॥

ਅਪਣੀ ਨਦਰਿ ਕਰੇ ਸੋ ਪਾਏ ॥ (1044-17)
अपणी नदरि करे सो पाए ॥

ਸਚੈ ਸਬਦਿ ਤਾੜੀ ਚਿਤੁ ਲਾਏ ॥ (1044-17)
सचै सबदि ताड़ी चितु लाए ॥

ਨਾਨਕ ਦਾਸੁ ਕਹੈ ਬੇਨੰਤੀ ਭੀਖਿਆ ਨਾਮੁ ਦਰਿ ਪਾਈ ਹੇ ॥੧੬॥੧॥ (1044-17)
नानक दासु कहै बेनंती भीखिआ नामु दरि पाई हे ॥१६॥१॥

ਮਾਰੂ ਮਹਲਾ ੩ ॥ (1044-18)
मारू महला ३ ॥

ਏਕੋ ਏਕੁ ਵਰਤੈ ਸਭੁ ਸੋਈ ॥ (1044-18)
एको एकु वरतै सभु सोई ॥

ਗੁਰਮੁਖਿ ਵਿਰਲਾ ਬੂਝੈ ਕੋਈ ॥ (1044-18)
गुरमुखि विरला बूझै कोई ॥

ਏਕੋ ਰਵਿ ਰਹਿਆ ਸਭ ਅੰਤਰਿ ਤਿਸੁ ਬਿਨੁ ਅਵਰੁ ਨ ਕੋਈ ਹੇ ॥੧॥ (1044-19)
एको रवि रहिआ सभ अंतरि तिसु बिनु अवरु न कोई हे ॥१॥

ਲਖ ਚਉਰਾਸੀਹ ਜੀਅ ਉਪਾਏ ॥ (1044-19)
लख चउरासीह जीअ उपाए ॥

ਗਿਆਨੀ ਧਿਆਨੀ ਆਖਿ ਸੁਣਾਏ ॥ (1045-1)
गिआनी धिआनी आखि सुणाए ॥

ਸਭਨਾ ਰਿਜਕੁ ਸਮਾਹੇ ਆਪੇ ਕੀਮਤਿ ਹੋਰ ਨ ਹੋਈ ਹੇ ॥੨॥ (1045-1)
सभना रिजकु समाहे आपे कीमति होर न होई हे ॥२॥

ਮਾਇਆ ਮੋਹੁ ਅੰਧੁ ਅੰਧਾਰਾ ॥ (1045-2)
माइआ मोहु अंधु अंधारा ॥

ਹਉਮੈ ਮੇਰਾ ਪਸਰਿਆ ਪਾਸਾਰਾ ॥ (1045-2)
हउमै मेरा पसरिआ पासारा ॥

ਅਨਦਿਨੁ ਜਲਤ ਰਹੈ ਦਿਨੁ ਰਾਤੀ ਗੁਰ ਬਿਨੁ ਸਾਂਤਿ ਨ ਹੋਈ ਹੇ ॥੩॥ (1045-2)
अनदिनु जलत रहै दिनु राती गुर बिनु सांति न होई हे ॥३॥

ਆਪੇ ਜੋੜਿ ਵਿਛੋੜੇ ਆਪੇ ॥ (1045-3)
आपे जोड़ि विछोड़े आपे ॥

ਆਪੇ ਥਾਪਿ ਉਥਾਪੇ ਆਪੇ ॥ (1045-3)
आपे थापि उथापे आपे ॥

ਸਚਾ ਹੁਕਮੁ ਸਚਾ ਪਾਸਾਰਾ ਹੋਰਨਿ ਹੁਕਮੁ ਨ ਹੋਈ ਹੇ ॥੪॥ (1045-3)
सचा हुकमु सचा पासारा होरनि हुकमु न होई हे ॥४॥

ਆਪੇ ਲਾਇ ਲਏ ਸੋ ਲਾਗੈ ॥ (1045-4)
आपे लाइ लए सो लागै ॥

ਗੁਰ ਪਰਸਾਦੀ ਜਮ ਕਾ ਭਉ ਭਾਗੈ ॥ (1045-4)
गुर परसादी जम का भउ भागै ॥

ਅੰਤਰਿ ਸਬਦੁ ਸਦਾ ਸੁਖਦਾਤਾ ਗੁਰਮੁਖਿ ਬੂਝੈ ਕੋਈ ਹੇ ॥੫॥ (1045-5)
अंतरि सबदु सदा सुखदाता गुरमुखि बूझै कोई हे ॥५॥

ਆਪੇ ਮੇਲੇ ਮੇਲਿ ਮਿਲਾਏ ॥ (1045-5)
आपे मेले मेलि मिलाए ॥

ਪੁਰਬਿ ਲਿਖਿਆ ਸੋ ਮੇਟਣਾ ਨ ਜਾਏ ॥ (1045-5)
पुरबि लिखिआ सो मेटणा न जाए ॥

ਅਨਦਿਨੁ ਭਗਤਿ ਕਰੇ ਦਿਨੁ ਰਾਤੀ ਗੁਰਮੁਖਿ ਸੇਵਾ ਹੋਈ ਹੇ ॥੬॥ (1045-6)
अनदिनु भगति करे दिनु राती गुरमुखि सेवा होई हे ॥६॥

ਸਤਿਗੁਰੁ ਸੇਵਿ ਸਦਾ ਸੁਖੁ ਜਾਤਾ ॥ (1045-6)
सतिगुरु सेवि सदा सुखु जाता ॥

ਆਪੇ ਆਇ ਮਿਲਿਆ ਸਭਨਾ ਕਾ ਦਾਤਾ ॥ (1045-7)
आपे आइ मिलिआ सभना का दाता ॥

ਹਉਮੈ ਮਾਰਿ ਤ੍ਰਿਸਨਾ ਅਗਨਿ ਨਿਵਾਰੀ ਸਬਦੁ ਚੀਨਿ ਸੁਖੁ ਹੋਈ ਹੇ ॥੭॥ (1045-7)
हउमै मारि त्रिसना अगनि निवारी सबदु चीनि सुखु होई हे ॥७॥

ਕਾਇਆ ਕੁਟੰਬੁ ਮੋਹੁ ਨ ਬੂਝੈ ॥ (1045-8)
काइआ कुट्मबु मोहु न बूझै ॥

ਗੁਰਮੁਖਿ ਹੋਵੈ ਤ ਆਖੀ ਸੂਝੈ ॥ (1045-8)
गुरमुखि होवै त आखी सूझै ॥

ਅਨਦਿਨੁ ਨਾਮੁ ਰਵੈ ਦਿਨੁ ਰਾਤੀ ਮਿਲਿ ਪ੍ਰੀਤਮ ਸੁਖੁ ਹੋਈ ਹੇ ॥੮॥ (1045-8)
अनदिनु नामु रवै दिनु राती मिलि प्रीतम सुखु होई हे ॥८॥

ਮਨਮੁਖ ਧਾਤੁ ਦੂਜੈ ਹੈ ਲਾਗਾ ॥ (1045-9)
मनमुख धातु दूजै है लागा ॥

ਜਨਮਤ ਕੀ ਨ ਮੂਓ ਆਭਾਗਾ ॥ (1045-9)
जनमत की न मूओ आभागा ॥

ਆਵਤ ਜਾਤ ਬਿਰਥਾ ਜਨਮੁ ਗਵਾਇਆ ਬਿਨੁ ਗੁਰ ਮੁਕਤਿ ਨ ਹੋਈ ਹੇ ॥੯॥ (1045-10)
आवत जात बिरथा जनमु गवाइआ बिनु गुर मुकति न होई हे ॥९॥

ਕਾਇਆ ਕੁਸੁਧ ਹਉਮੈ ਮਲੁ ਲਾਈ ॥ (1045-10)
काइआ कुसुध हउमै मलु लाई ॥

ਜੇ ਸਉ ਧੋਵਹਿ ਤਾ ਮੈਲੁ ਨ ਜਾਈ ॥ (1045-11)
जे सउ धोवहि ता मैलु न जाई ॥

ਸਬਦਿ ਧੋਪੈ ਤਾ ਹਛੀ ਹੋਵੈ ਫਿਰਿ ਮੈਲੀ ਮੂਲਿ ਨ ਹੋਈ ਹੇ ॥੧੦॥ (1045-11)
सबदि धोपै ता हछी होवै फिरि मैली मूलि न होई हे ॥१०॥

ਪੰਚ ਦੂਤ ਕਾਇਆ ਸੰਘਾਰਹਿ ॥ (1045-12)
पंच दूत काइआ संघारहि ॥

ਮਰਿ ਮਰਿ ਜੰਮਹਿ ਸਬਦੁ ਨ ਵੀਚਾਰਹਿ ॥ (1045-12)
मरि मरि जंमहि सबदु न वीचारहि ॥

ਅੰਤਰਿ ਮਾਇਆ ਮੋਹ ਗੁਬਾਰਾ ਜਿਉ ਸੁਪਨੈ ਸੁਧਿ ਨ ਹੋਈ ਹੇ ॥੧੧॥ (1045-12)
अंतरि माइआ मोह गुबारा जिउ सुपनै सुधि न होई हे ॥११॥

ਇਕਿ ਪੰਚਾ ਮਾਰਿ ਸਬਦਿ ਹੈ ਲਾਗੇ ॥ (1045-13)
इकि पंचा मारि सबदि है लागे ॥

ਸਤਿਗੁਰੁ ਆਇ ਮਿਲਿਆ ਵਡਭਾਗੇ ॥ (1045-13)
सतिगुरु आइ मिलिआ वडभागे ॥

ਅੰਤਰਿ ਸਾਚੁ ਰਵਹਿ ਰੰਗਿ ਰਾਤੇ ਸਹਜਿ ਸਮਾਵੈ ਸੋਈ ਹੇ ॥੧੨॥ (1045-14)
अंतरि साचु रवहि रंगि राते सहजि समावै सोई हे ॥१२॥

ਗੁਰ ਕੀ ਚਾਲ ਗੁਰੂ ਤੇ ਜਾਪੈ ॥ (1045-14)
गुर की चाल गुरू ते जापै ॥

ਪੂਰਾ ਸੇਵਕੁ ਸਬਦਿ ਸਿਞਾਪੈ ॥ (1045-14)
पूरा सेवकु सबदि सिञापै ॥

ਸਦਾ ਸਬਦੁ ਰਵੈ ਘਟ ਅੰਤਰਿ ਰਸਨਾ ਰਸੁ ਚਾਖੈ ਸਚੁ ਸੋਈ ਹੇ ॥੧੩॥ (1045-15)
सदा सबदु रवै घट अंतरि रसना रसु चाखै सचु सोई हे ॥१३॥

ਹਉਮੈ ਮਾਰੇ ਸਬਦਿ ਨਿਵਾਰੇ ॥ (1045-15)
हउमै मारे सबदि निवारे ॥

ਹਰਿ ਕਾ ਨਾਮੁ ਰਖੈ ਉਰਿ ਧਾਰੇ ॥ (1045-16)
हरि का नामु रखै उरि धारे ॥

ਏਕਸੁ ਬਿਨੁ ਹਉ ਹੋਰੁ ਨ ਜਾਣਾ ਸਹਜੇ ਹੋਇ ਸੁ ਹੋਈ ਹੇ ॥੧੪॥ (1045-16)
एकसु बिनु हउ होरु न जाणा सहजे होइ सु होई हे ॥१४॥

ਬਿਨੁ ਸਤਿਗੁਰ ਸਹਜੁ ਕਿਨੈ ਨਹੀ ਪਾਇਆ ॥ (1045-17)
बिनु सतिगुर सहजु किनै नही पाइआ ॥

ਗੁਰਮੁਖਿ ਬੂਝੈ ਸਚਿ ਸਮਾਇਆ ॥ (1045-17)
गुरमुखि बूझै सचि समाइआ ॥

ਸਚਾ ਸੇਵਿ ਸਬਦਿ ਸਚ ਰਾਤੇ ਹਉਮੈ ਸਬਦੇ ਖੋਈ ਹੇ ॥੧੫॥ (1045-17)
सचा सेवि सबदि सच राते हउमै सबदे खोई हे ॥१५॥

ਆਪੇ ਗੁਣਦਾਤਾ ਬੀਚਾਰੀ ॥ (1045-18)
आपे गुणदाता बीचारी ॥

ਗੁਰਮੁਖਿ ਦੇਵਹਿ ਪਕੀ ਸਾਰੀ ॥ (1045-18)
गुरमुखि देवहि पकी सारी ॥

ਨਾਨਕ ਨਾਮਿ ਸਮਾਵਹਿ ਸਾਚੈ ਸਾਚੇ ਤੇ ਪਤਿ ਹੋਈ ਹੇ ॥੧੬॥੨॥ (1045-18)
नानक नामि समावहि साचै साचे ते पति होई हे ॥१६॥२॥

ਮਾਰੂ ਮਹਲਾ ੩ ॥ (1045-19)
मारू महला ३ ॥

ਜਗਜੀਵਨੁ ਸਾਚਾ ਏਕੋ ਦਾਤਾ ॥ (1045-19)
जगजीवनु साचा एको दाता ॥

ਗੁਰ ਸੇਵਾ ਤੇ ਸਬਦਿ ਪਛਾਤਾ ॥ (1045-19)
गुर सेवा ते सबदि पछाता ॥

ਏਕੋ ਅਮਰੁ ਏਕਾ ਪਤਿਸਾਹੀ ਜੁਗੁ ਜੁਗੁ ਸਿਰਿ ਕਾਰ ਬਣਾਈ ਹੇ ॥੧॥ (1046-1)
एको अमरु एका पतिसाही जुगु जुगु सिरि कार बणाई हे ॥१॥

ਸੋ ਜਨੁ ਨਿਰਮਲੁ ਜਿਨਿ ਆਪੁ ਪਛਾਤਾ ॥ (1046-1)
सो जनु निरमलु जिनि आपु पछाता ॥

ਆਪੇ ਆਇ ਮਿਲਿਆ ਸੁਖਦਾਤਾ ॥ (1046-2)
आपे आइ मिलिआ सुखदाता ॥

ਰਸਨਾ ਸਬਦਿ ਰਤੀ ਗੁਣ ਗਾਵੈ ਦਰਿ ਸਾਚੈ ਪਤਿ ਪਾਈ ਹੇ ॥੨॥ (1046-2)
रसना सबदि रती गुण गावै दरि साचै पति पाई हे ॥२॥

ਗੁਰਮੁਖਿ ਨਾਮਿ ਮਿਲੈ ਵਡਿਆਈ ॥ (1046-3)
गुरमुखि नामि मिलै वडिआई ॥

ਮਨਮੁਖਿ ਨਿੰਦਕਿ ਪਤਿ ਗਵਾਈ ॥ (1046-3)
मनमुखि निंदकि पति गवाई ॥

ਨਾਮਿ ਰਤੇ ਪਰਮ ਹੰਸ ਬੈਰਾਗੀ ਨਿਜ ਘਰਿ ਤਾੜੀ ਲਾਈ ਹੇ ॥੩॥ (1046-3)
नामि रते परम हंस बैरागी निज घरि ताड़ी लाई हे ॥३॥

ਸਬਦਿ ਮਰੈ ਸੋਈ ਜਨੁ ਪੂਰਾ ॥ (1046-4)
सबदि मरै सोई जनु पूरा ॥

ਸਤਿਗੁਰੁ ਆਖਿ ਸੁਣਾਏ ਸੂਰਾ ॥ (1046-4)
सतिगुरु आखि सुणाए सूरा ॥

ਕਾਇਆ ਅੰਦਰਿ ਅੰਮ੍ਰਿਤ ਸਰੁ ਸਾਚਾ ਮਨੁ ਪੀਵੈ ਭਾਇ ਸੁਭਾਈ ਹੇ ॥੪॥ (1046-5)
काइआ अंदरि अमृत सरु साचा मनु पीवै भाइ सुभाई हे ॥४॥

ਪੜਿ ਪੰਡਿਤੁ ਅਵਰਾ ਸਮਝਾਏ ॥ (1046-5)
पड़ि पंडितु अवरा समझाए ॥

ਘਰ ਜਲਤੇ ਕੀ ਖਬਰਿ ਨ ਪਾਏ ॥ (1046-5)
घर जलते की खबरि न पाए ॥

ਬਿਨੁ ਸਤਿਗੁਰ ਸੇਵੇ ਨਾਮੁ ਨ ਪਾਈਐ ਪੜਿ ਥਾਕੇ ਸਾਂਤਿ ਨ ਆਈ ਹੇ ॥੫॥ (1046-6)
बिनु सतिगुर सेवे नामु न पाईऐ पड़ि थाके सांति न आई हे ॥५॥

ਇਕਿ ਭਸਮ ਲਗਾਇ ਫਿਰਹਿ ਭੇਖਧਾਰੀ ॥ (1046-6)
इकि भसम लगाइ फिरहि भेखधारी ॥

ਬਿਨੁ ਸਬਦੈ ਹਉਮੈ ਕਿਨਿ ਮਾਰੀ ॥ (1046-7)
बिनु सबदै हउमै किनि मारी ॥

ਅਨਦਿਨੁ ਜਲਤ ਰਹਹਿ ਦਿਨੁ ਰਾਤੀ ਭਰਮਿ ਭੇਖਿ ਭਰਮਾਈ ਹੇ ॥੬॥ (1046-7)
अनदिनु जलत रहहि दिनु राती भरमि भेखि भरमाई हे ॥६॥

ਇਕਿ ਗ੍ਰਿਹ ਕੁਟੰਬ ਮਹਿ ਸਦਾ ਉਦਾਸੀ ॥ (1046-8)
इकि ग्रिह कुट्मब महि सदा उदासी ॥

ਸਬਦਿ ਮੁਏ ਹਰਿ ਨਾਮਿ ਨਿਵਾਸੀ ॥ (1046-8)
सबदि मुए हरि नामि निवासी ॥

ਅਨਦਿਨੁ ਸਦਾ ਰਹਹਿ ਰੰਗਿ ਰਾਤੇ ਭੈ ਭਾਇ ਭਗਤਿ ਚਿਤੁ ਲਾਈ ਹੇ ॥੭॥ (1046-9)
अनदिनु सदा रहहि रंगि राते भै भाइ भगति चितु लाई हे ॥७॥

ਮਨਮੁਖੁ ਨਿੰਦਾ ਕਰਿ ਕਰਿ ਵਿਗੁਤਾ ॥ (1046-9)
मनमुखु निंदा करि करि विगुता ॥

ਅੰਤਰਿ ਲੋਭੁ ਭਉਕੈ ਜਿਸੁ ਕੁਤਾ ॥ (1046-10)
अंतरि लोभु भउकै जिसु कुता ॥

ਜਮਕਾਲੁ ਤਿਸੁ ਕਦੇ ਨ ਛੋਡੈ ਅੰਤਿ ਗਇਆ ਪਛੁਤਾਈ ਹੇ ॥੮॥ (1046-10)
जमकालु तिसु कदे न छोडै अंति गइआ पछुताई हे ॥८॥

ਸਚੈ ਸਬਦਿ ਸਚੀ ਪਤਿ ਹੋਈ ॥ (1046-10)
सचै सबदि सची पति होई ॥

ਬਿਨੁ ਨਾਵੈ ਮੁਕਤਿ ਨ ਪਾਵੈ ਕੋਈ ॥ (1046-11)
बिनु नावै मुकति न पावै कोई ॥

ਬਿਨੁ ਸਤਿਗੁਰ ਕੋ ਨਾਉ ਨ ਪਾਏ ਪ੍ਰਭਿ ਐਸੀ ਬਣਤ ਬਣਾਈ ਹੇ ॥੯॥ (1046-11)
बिनु सतिगुर को नाउ न पाए प्रभि ऐसी बणत बणाई हे ॥९॥

ਇਕਿ ਸਿਧ ਸਾਧਿਕ ਬਹੁਤੁ ਵੀਚਾਰੀ ॥ (1046-12)
इकि सिध साधिक बहुतु वीचारी ॥

ਇਕਿ ਅਹਿਨਿਸਿ ਨਾਮਿ ਰਤੇ ਨਿਰੰਕਾਰੀ ॥ (1046-12)
इकि अहिनिसि नामि रते निरंकारी ॥

ਜਿਸ ਨੋ ਆਪਿ ਮਿਲਾਏ ਸੋ ਬੂਝੈ ਭਗਤਿ ਭਾਇ ਭਉ ਜਾਈ ਹੇ ॥੧੦॥ (1046-12)
जिस नो आपि मिलाए सो बूझै भगति भाइ भउ जाई हे ॥१०॥

ਇਸਨਾਨੁ ਦਾਨੁ ਕਰਹਿ ਨਹੀ ਬੂਝਹਿ ॥ (1046-13)
इसनानु दानु करहि नही बूझहि ॥

ਇਕਿ ਮਨੂਆ ਮਾਰਿ ਮਨੈ ਸਿਉ ਲੂਝਹਿ ॥ (1046-13)
इकि मनूआ मारि मनै सिउ लूझहि ॥

ਸਾਚੈ ਸਬਦਿ ਰਤੇ ਇਕ ਰੰਗੀ ਸਾਚੈ ਸਬਦਿ ਮਿਲਾਈ ਹੇ ॥੧੧॥ (1046-14)
साचै सबदि रते इक रंगी साचै सबदि मिलाई हे ॥११॥

ਆਪੇ ਸਿਰਜੇ ਦੇ ਵਡਿਆਈ ॥ (1046-14)
आपे सिरजे दे वडिआई ॥

ਆਪੇ ਭਾਣੈ ਦੇਇ ਮਿਲਾਈ ॥ (1046-15)
आपे भाणै देइ मिलाई ॥

ਆਪੇ ਨਦਰਿ ਕਰੇ ਮਨਿ ਵਸਿਆ ਮੇਰੈ ਪ੍ਰਭਿ ਇਉ ਫੁਰਮਾਈ ਹੇ ॥੧੨॥ (1046-15)
आपे नदरि करे मनि वसिआ मेरै प्रभि इउ फुरमाई हे ॥१२॥

ਸਤਿਗੁਰੁ ਸੇਵਹਿ ਸੇ ਜਨ ਸਾਚੇ ॥ (1046-16)
सतिगुरु सेवहि से जन साचे ॥

ਮਨਮੁਖ ਸੇਵਿ ਨ ਜਾਣਨਿ ਕਾਚੇ ॥ (1046-16)
मनमुख सेवि न जाणनि काचे ॥

ਆਪੇ ਕਰਤਾ ਕਰਿ ਕਰਿ ਵੇਖੈ ਜਿਉ ਭਾਵੈ ਤਿਉ ਲਾਈ ਹੇ ॥੧੩॥ (1046-16)
आपे करता करि करि वेखै जिउ भावै तिउ लाई हे ॥१३॥

ਜੁਗਿ ਜੁਗਿ ਸਾਚਾ ਏਕੋ ਦਾਤਾ ॥ (1046-17)
जुगि जुगि साचा एको दाता ॥

ਪੂਰੈ ਭਾਗਿ ਗੁਰ ਸਬਦੁ ਪਛਾਤਾ ॥ (1046-17)
पूरै भागि गुर सबदु पछाता ॥

ਸਬਦਿ ਮਿਲੇ ਸੇ ਵਿਛੁੜੇ ਨਾਹੀ ਨਦਰੀ ਸਹਜਿ ਮਿਲਾਈ ਹੇ ॥੧੪॥ (1046-18)
सबदि मिले से विछुड़े नाही नदरी सहजि मिलाई हे ॥१४॥

ਹਉਮੈ ਮਾਇਆ ਮੈਲੁ ਕਮਾਇਆ ॥ (1046-18)
हउमै माइआ मैलु कमाइआ ॥

ਮਰਿ ਮਰਿ ਜੰਮਹਿ ਦੂਜਾ ਭਾਇਆ ॥ (1046-19)
मरि मरि जंमहि दूजा भाइआ ॥

ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ ਮਨਿ ਦੇਖਹੁ ਲਿਵ ਲਾਈ ਹੇ ॥੧੫॥ (1046-19)
बिनु सतिगुर सेवे मुकति न होई मनि देखहु लिव लाई हे ॥१५॥

ਜੋ ਤਿਸੁ ਭਾਵੈ ਸੋਈ ਕਰਸੀ ॥ (1047-1)
जो तिसु भावै सोई करसी ॥

ਆਪਹੁ ਹੋਆ ਨਾ ਕਿਛੁ ਹੋਸੀ ॥ (1047-1)
आपहु होआ ना किछु होसी ॥

ਨਾਨਕ ਨਾਮੁ ਮਿਲੈ ਵਡਿਆਈ ਦਰਿ ਸਾਚੈ ਪਤਿ ਪਾਈ ਹੇ ॥੧੬॥੩॥ (1047-1)
नानक नामु मिलै वडिआई दरि साचै पति पाई हे ॥१६॥३॥

ਮਾਰੂ ਮਹਲਾ ੩ ॥ (1047-2)
मारू महला ३ ॥

ਜੋ ਆਇਆ ਸੋ ਸਭੁ ਕੋ ਜਾਸੀ ॥ (1047-2)
जो आइआ सो सभु को जासी ॥

ਦੂਜੈ ਭਾਇ ਬਾਧਾ ਜਮ ਫਾਸੀ ॥ (1047-2)
दूजै भाइ बाधा जम फासी ॥

ਸਤਿਗੁਰਿ ਰਾਖੇ ਸੇ ਜਨ ਉਬਰੇ ਸਾਚੇ ਸਾਚਿ ਸਮਾਈ ਹੇ ॥੧॥ (1047-3)
सतिगुरि राखे से जन उबरे साचे साचि समाई हे ॥१॥

ਆਪੇ ਕਰਤਾ ਕਰਿ ਕਰਿ ਵੇਖੈ ॥ (1047-3)
आपे करता करि करि वेखै ॥

ਜਿਸ ਨੋ ਨਦਰਿ ਕਰੇ ਸੋਈ ਜਨੁ ਲੇਖੈ ॥ (1047-3)
जिस नो नदरि करे सोई जनु लेखै ॥

ਗੁਰਮੁਖਿ ਗਿਆਨੁ ਤਿਸੁ ਸਭੁ ਕਿਛੁ ਸੂਝੈ ਅਗਿਆਨੀ ਅੰਧੁ ਕਮਾਈ ਹੇ ॥੨॥ (1047-4)
गुरमुखि गिआनु तिसु सभु किछु सूझै अगिआनी अंधु कमाई हे ॥२॥

ਮਨਮੁਖ ਸਹਸਾ ਬੂਝ ਨ ਪਾਈ ॥ (1047-4)
मनमुख सहसा बूझ न पाई ॥

ਮਰਿ ਮਰਿ ਜੰਮੈ ਜਨਮੁ ਗਵਾਈ ॥ (1047-5)
मरि मरि जंमै जनमु गवाई ॥

ਗੁਰਮੁਖਿ ਨਾਮਿ ਰਤੇ ਸੁਖੁ ਪਾਇਆ ਸਹਜੇ ਸਾਚਿ ਸਮਾਈ ਹੇ ॥੩॥ (1047-5)
गुरमुखि नामि रते सुखु पाइआ सहजे साचि समाई हे ॥३॥

ਧੰਧੈ ਧਾਵਤ ਮਨੁ ਭਇਆ ਮਨੂਰਾ ॥ (1047-6)
धंधै धावत मनु भइआ मनूरा ॥

ਫਿਰਿ ਹੋਵੈ ਕੰਚਨੁ ਭੇਟੈ ਗੁਰੁ ਪੂਰਾ ॥ (1047-6)
फिरि होवै कंचनु भेटै गुरु पूरा ॥

ਆਪੇ ਬਖਸਿ ਲਏ ਸੁਖੁ ਪਾਏ ਪੂਰੈ ਸਬਦਿ ਮਿਲਾਈ ਹੇ ॥੪॥ (1047-6)
आपे बखसि लए सुखु पाए पूरै सबदि मिलाई हे ॥४॥

ਦੁਰਮਤਿ ਝੂਠੀ ਬੁਰੀ ਬੁਰਿਆਰਿ ॥ (1047-7)
दुरमति झूठी बुरी बुरिआरि ॥

ਅਉਗਣਿਆਰੀ ਅਉਗਣਿਆਰਿ ॥ (1047-7)
अउगणिआरी अउगणिआरि ॥

ਕਚੀ ਮਤਿ ਫੀਕਾ ਮੁਖਿ ਬੋਲੈ ਦੁਰਮਤਿ ਨਾਮੁ ਨ ਪਾਈ ਹੇ ॥੫॥ (1047-8)
कची मति फीका मुखि बोलै दुरमति नामु न पाई हे ॥५॥

ਅਉਗਣਿਆਰੀ ਕੰਤ ਨ ਭਾਵੈ ॥ (1047-8)
अउगणिआरी कंत न भावै ॥

ਮਨ ਕੀ ਜੂਠੀ ਜੂਠੁ ਕਮਾਵੈ ॥ (1047-8)
मन की जूठी जूठु कमावै ॥

ਪਿਰ ਕਾ ਸਾਉ ਨ ਜਾਣੈ ਮੂਰਖਿ ਬਿਨੁ ਗੁਰ ਬੂਝ ਨ ਪਾਈ ਹੇ ॥੬॥ (1047-9)
पिर का साउ न जाणै मूरखि बिनु गुर बूझ न पाई हे ॥६॥

ਦੁਰਮਤਿ ਖੋਟੀ ਖੋਟੁ ਕਮਾਵੈ ॥ (1047-9)
दुरमति खोटी खोटु कमावै ॥

ਸੀਗਾਰੁ ਕਰੇ ਪਿਰ ਖਸਮ ਨ ਭਾਵੈ ॥ (1047-10)
सीगारु करे पिर खसम न भावै ॥

ਗੁਣਵੰਤੀ ਸਦਾ ਪਿਰੁ ਰਾਵੈ ਸਤਿਗੁਰਿ ਮੇਲਿ ਮਿਲਾਈ ਹੇ ॥੭॥ (1047-10)
गुणवंती सदा पिरु रावै सतिगुरि मेलि मिलाई हे ॥७॥

ਆਪੇ ਹੁਕਮੁ ਕਰੇ ਸਭੁ ਵੇਖੈ ॥ (1047-10)
आपे हुकमु करे सभु वेखै ॥

ਇਕਨਾ ਬਖਸਿ ਲਏ ਧੁਰਿ ਲੇਖੈ ॥ (1047-11)
इकना बखसि लए धुरि लेखै ॥

ਅਨਦਿਨੁ ਨਾਮਿ ਰਤੇ ਸਚੁ ਪਾਇਆ ਆਪੇ ਮੇਲਿ ਮਿਲਾਈ ਹੇ ॥੮॥ (1047-11)
अनदिनु नामि रते सचु पाइआ आपे मेलि मिलाई हे ॥८॥

ਹਉਮੈ ਧਾਤੁ ਮੋਹ ਰਸਿ ਲਾਈ ॥ (1047-12)
हउमै धातु मोह रसि लाई ॥

ਗੁਰਮੁਖਿ ਲਿਵ ਸਾਚੀ ਸਹਜਿ ਸਮਾਈ ॥ (1047-12)
गुरमुखि लिव साची सहजि समाई ॥

ਆਪੇ ਮੇਲੈ ਆਪੇ ਕਰਿ ਵੇਖੈ ਬਿਨੁ ਸਤਿਗੁਰ ਬੂਝ ਨ ਪਾਈ ਹੇ ॥੯॥ (1047-12)
आपे मेलै आपे करि वेखै बिनु सतिगुर बूझ न पाई हे ॥९॥

ਇਕਿ ਸਬਦੁ ਵੀਚਾਰਿ ਸਦਾ ਜਨ ਜਾਗੇ ॥ (1047-13)
इकि सबदु वीचारि सदा जन जागे ॥

ਇਕਿ ਮਾਇਆ ਮੋਹਿ ਸੋਇ ਰਹੇ ਅਭਾਗੇ ॥ (1047-13)
इकि माइआ मोहि सोइ रहे अभागे ॥

ਆਪੇ ਕਰੇ ਕਰਾਏ ਆਪੇ ਹੋਰੁ ਕਰਣਾ ਕਿਛੂ ਨ ਜਾਈ ਹੇ ॥੧੦॥ (1047-14)
आपे करे कराए आपे होरु करणा किछू न जाई हे ॥१०॥

ਕਾਲੁ ਮਾਰਿ ਗੁਰ ਸਬਦਿ ਨਿਵਾਰੇ ॥ (1047-14)
कालु मारि गुर सबदि निवारे ॥

ਹਰਿ ਕਾ ਨਾਮੁ ਰਖੈ ਉਰ ਧਾਰੇ ॥ (1047-15)
हरि का नामु रखै उर धारे ॥

ਸਤਿਗੁਰ ਸੇਵਾ ਤੇ ਸੁਖੁ ਪਾਇਆ ਹਰਿ ਕੈ ਨਾਮਿ ਸਮਾਈ ਹੇ ॥੧੧॥ (1047-15)
सतिगुर सेवा ते सुखु पाइआ हरि कै नामि समाई हे ॥११॥

ਦੂਜੈ ਭਾਇ ਫਿਰੈ ਦੇਵਾਨੀ ॥ (1047-16)
दूजै भाइ फिरै देवानी ॥

ਮਾਇਆ ਮੋਹਿ ਦੁਖ ਮਾਹਿ ਸਮਾਨੀ ॥ (1047-16)
माइआ मोहि दुख माहि समानी ॥

ਬਹੁਤੇ ਭੇਖ ਕਰੈ ਨਹ ਪਾਏ ਬਿਨੁ ਸਤਿਗੁਰ ਸੁਖੁ ਨ ਪਾਈ ਹੇ ॥੧੨॥ (1047-16)
बहुते भेख करै नह पाए बिनु सतिगुर सुखु न पाई हे ॥१२॥

ਕਿਸ ਨੋ ਕਹੀਐ ਜਾ ਆਪਿ ਕਰਾਏ ॥ (1047-17)
किस नो कहीऐ जा आपि कराए ॥

ਜਿਤੁ ਭਾਵੈ ਤਿਤੁ ਰਾਹਿ ਚਲਾਏ ॥ (1047-17)
जितु भावै तितु राहि चलाए ॥

ਆਪੇ ਮਿਹਰਵਾਨੁ ਸੁਖਦਾਤਾ ਜਿਉ ਭਾਵੈ ਤਿਵੈ ਚਲਾਈ ਹੇ ॥੧੩॥ (1047-17)
आपे मिहरवानु सुखदाता जिउ भावै तिवै चलाई हे ॥१३॥

ਆਪੇ ਕਰਤਾ ਆਪੇ ਭੁਗਤਾ ॥ (1047-18)
आपे करता आपे भुगता ॥

ਆਪੇ ਸੰਜਮੁ ਆਪੇ ਜੁਗਤਾ ॥ (1047-18)
आपे संजमु आपे जुगता ॥

ਆਪੇ ਨਿਰਮਲੁ ਮਿਹਰਵਾਨੁ ਮਧੁਸੂਦਨੁ ਜਿਸ ਦਾ ਹੁਕਮੁ ਨ ਮੇਟਿਆ ਜਾਈ ਹੇ ॥੧੪॥ (1047-18)
आपे निरमलु मिहरवानु मधुसूदनु जिस दा हुकमु न मेटिआ जाई हे ॥१४॥

ਸੇ ਵਡਭਾਗੀ ਜਿਨੀ ਏਕੋ ਜਾਤਾ ॥ (1047-19)
से वडभागी जिनी एको जाता ॥

ਘਟਿ ਘਟਿ ਵਸਿ ਰਹਿਆ ਜਗਜੀਵਨੁ ਦਾਤਾ ॥ (1048-1)
घटि घटि वसि रहिआ जगजीवनु दाता ॥

ਇਕ ਥੈ ਗੁਪਤੁ ਪਰਗਟੁ ਹੈ ਆਪੇ ਗੁਰਮੁਖਿ ਭ੍ਰਮੁ ਭਉ ਜਾਈ ਹੇ ॥੧੫॥ (1048-1)
इक थै गुपतु परगटु है आपे गुरमुखि भ्रमु भउ जाई हे ॥१५॥

ਗੁਰਮੁਖਿ ਹਰਿ ਜੀਉ ਏਕੋ ਜਾਤਾ ॥ (1048-2)
गुरमुखि हरि जीउ एको जाता ॥

ਅੰਤਰਿ ਨਾਮੁ ਸਬਦਿ ਪਛਾਤਾ ॥ (1048-2)
अंतरि नामु सबदि पछाता ॥

ਜਿਸੁ ਤੂ ਦੇਹਿ ਸੋਈ ਜਨੁ ਪਾਏ ਨਾਨਕ ਨਾਮਿ ਵਡਾਈ ਹੇ ॥੧੬॥੪॥ (1048-2)
जिसु तू देहि सोई जनु पाए नानक नामि वडाई हे ॥१६॥४॥

ਮਾਰੂ ਮਹਲਾ ੩ ॥ (1048-3)
मारू महला ३ ॥

ਸਚੁ ਸਾਲਾਹੀ ਗਹਿਰ ਗੰਭੀਰੈ ॥ (1048-3)
सचु सालाही गहिर ग्मभीरै ॥

ਸਭੁ ਜਗੁ ਹੈ ਤਿਸ ਹੀ ਕੈ ਚੀਰੈ ॥ (1048-3)
सभु जगु है तिस ही कै चीरै ॥

ਸਭਿ ਘਟ ਭੋਗਵੈ ਸਦਾ ਦਿਨੁ ਰਾਤੀ ਆਪੇ ਸੂਖ ਨਿਵਾਸੀ ਹੇ ॥੧॥ (1048-4)
सभि घट भोगवै सदा दिनु राती आपे सूख निवासी हे ॥१॥

ਸਚਾ ਸਾਹਿਬੁ ਸਚੀ ਨਾਈ ॥ (1048-4)
सचा साहिबु सची नाई ॥

ਗੁਰ ਪਰਸਾਦੀ ਮੰਨਿ ਵਸਾਈ ॥ (1048-5)
गुर परसादी मंनि वसाई ॥

ਆਪੇ ਆਇ ਵਸਿਆ ਘਟ ਅੰਤਰਿ ਤੂਟੀ ਜਮ ਕੀ ਫਾਸੀ ਹੇ ॥੨॥ (1048-5)
आपे आइ वसिआ घट अंतरि तूटी जम की फासी हे ॥२॥

ਕਿਸੁ ਸੇਵੀ ਤੈ ਕਿਸੁ ਸਾਲਾਹੀ ॥ (1048-5)
किसु सेवी तै किसु सालाही ॥

ਸਤਿਗੁਰੁ ਸੇਵੀ ਸਬਦਿ ਸਾਲਾਹੀ ॥ (1048-6)
सतिगुरु सेवी सबदि सालाही ॥

ਸਚੈ ਸਬਦਿ ਸਦਾ ਮਤਿ ਊਤਮ ਅੰਤਰਿ ਕਮਲੁ ਪ੍ਰਗਾਸੀ ਹੇ ॥੩॥ (1048-6)
सचै सबदि सदा मति ऊतम अंतरि कमलु प्रगासी हे ॥३॥

ਦੇਹੀ ਕਾਚੀ ਕਾਗਦ ਮਿਕਦਾਰਾ ॥ (1048-7)
देही काची कागद मिकदारा ॥

ਬੂੰਦ ਪਵੈ ਬਿਨਸੈ ਢਹਤ ਨ ਲਾਗੈ ਬਾਰਾ ॥ (1048-7)
बूंद पवै बिनसै ढहत न लागै बारा ॥

ਕੰਚਨ ਕਾਇਆ ਗੁਰਮੁਖਿ ਬੂਝੈ ਜਿਸੁ ਅੰਤਰਿ ਨਾਮੁ ਨਿਵਾਸੀ ਹੇ ॥੪॥ (1048-7)
कंचन काइआ गुरमुखि बूझै जिसु अंतरि नामु निवासी हे ॥४॥

ਸਚਾ ਚਉਕਾ ਸੁਰਤਿ ਕੀ ਕਾਰਾ ॥ (1048-8)
सचा चउका सुरति की कारा ॥

ਹਰਿ ਨਾਮੁ ਭੋਜਨੁ ਸਚੁ ਆਧਾਰਾ ॥ (1048-8)
हरि नामु भोजनु सचु आधारा ॥

ਸਦਾ ਤ੍ਰਿਪਤਿ ਪਵਿਤ੍ਰੁ ਹੈ ਪਾਵਨੁ ਜਿਤੁ ਘਟਿ ਹਰਿ ਨਾਮੁ ਨਿਵਾਸੀ ਹੇ ॥੫॥ (1048-9)
सदा त्रिपति पवित्रु है पावनु जितु घटि हरि नामु निवासी हे ॥५॥

ਹਉ ਤਿਨ ਬਲਿਹਾਰੀ ਜੋ ਸਾਚੈ ਲਾਗੇ ॥ (1048-9)
हउ तिन बलिहारी जो साचै लागे ॥

ਹਰਿ ਗੁਣ ਗਾਵਹਿ ਅਨਦਿਨੁ ਜਾਗੇ ॥ (1048-10)
हरि गुण गावहि अनदिनु जागे ॥

ਸਾਚਾ ਸੂਖੁ ਸਦਾ ਤਿਨ ਅੰਤਰਿ ਰਸਨਾ ਹਰਿ ਰਸਿ ਰਾਸੀ ਹੇ ॥੬॥ (1048-10)
साचा सूखु सदा तिन अंतरि रसना हरि रसि रासी हे ॥६॥

ਹਰਿ ਨਾਮੁ ਚੇਤਾ ਅਵਰੁ ਨ ਪੂਜਾ ॥ (1048-10)
हरि नामु चेता अवरु न पूजा ॥

ਏਕੋ ਸੇਵੀ ਅਵਰੁ ਨ ਦੂਜਾ ॥ (1048-11)
एको सेवी अवरु न दूजा ॥

ਪੂਰੈ ਗੁਰਿ ਸਭੁ ਸਚੁ ਦਿਖਾਇਆ ਸਚੈ ਨਾਮਿ ਨਿਵਾਸੀ ਹੇ ॥੭॥ (1048-11)
पूरै गुरि सभु सचु दिखाइआ सचै नामि निवासी हे ॥७॥

ਭ੍ਰਮਿ ਭ੍ਰਮਿ ਜੋਨੀ ਫਿਰਿ ਫਿਰਿ ਆਇਆ ॥ (1048-12)
भ्रमि भ्रमि जोनी फिरि फिरि आइआ ॥

ਆਪਿ ਭੂਲਾ ਜਾ ਖਸਮਿ ਭੁਲਾਇਆ ॥ (1048-12)
आपि भूला जा खसमि भुलाइआ ॥

ਹਰਿ ਜੀਉ ਮਿਲੈ ਤਾ ਗੁਰਮੁਖਿ ਬੂਝੈ ਚੀਨੈ ਸਬਦੁ ਅਬਿਨਾਸੀ ਹੇ ॥੮॥ (1048-12)
हरि जीउ मिलै ता गुरमुखि बूझै चीनै सबदु अबिनासी हे ॥८॥

ਕਾਮਿ ਕ੍ਰੋਧਿ ਭਰੇ ਹਮ ਅਪਰਾਧੀ ॥ (1048-13)
कामि क्रोधि भरे हम अपराधी ॥

ਕਿਆ ਮੁਹੁ ਲੈ ਬੋਲਹ ਨਾ ਹਮ ਗੁਣ ਨ ਸੇਵਾ ਸਾਧੀ ॥ (1048-13)
किआ मुहु लै बोलह ना हम गुण न सेवा साधी ॥

ਡੁਬਦੇ ਪਾਥਰ ਮੇਲਿ ਲੈਹੁ ਤੁਮ ਆਪੇ ਸਾਚੁ ਨਾਮੁ ਅਬਿਨਾਸੀ ਹੇ ॥੯॥ (1048-14)
डुबदे पाथर मेलि लैहु तुम आपे साचु नामु अबिनासी हे ॥९॥

ਨਾ ਕੋਈ ਕਰੇ ਨ ਕਰਣੈ ਜੋਗਾ ॥ (1048-14)
ना कोई करे न करणै जोगा ॥

ਆਪੇ ਕਰਹਿ ਕਰਾਵਹਿ ਸੁ ਹੋਇਗਾ ॥ (1048-15)
आपे करहि करावहि सु होइगा ॥

ਆਪੇ ਬਖਸਿ ਲੈਹਿ ਸੁਖੁ ਪਾਏ ਸਦ ਹੀ ਨਾਮਿ ਨਿਵਾਸੀ ਹੇ ॥੧੦॥ (1048-15)
आपे बखसि लैहि सुखु पाए सद ही नामि निवासी हे ॥१०॥

ਇਹੁ ਤਨੁ ਧਰਤੀ ਸਬਦੁ ਬੀਜਿ ਅਪਾਰਾ ॥ (1048-16)
इहु तनु धरती सबदु बीजि अपारा ॥

ਹਰਿ ਸਾਚੇ ਸੇਤੀ ਵਣਜੁ ਵਾਪਾਰਾ ॥ (1048-16)
हरि साचे सेती वणजु वापारा ॥

ਸਚੁ ਧਨੁ ਜੰਮਿਆ ਤੋਟਿ ਨ ਆਵੈ ਅੰਤਰਿ ਨਾਮੁ ਨਿਵਾਸੀ ਹੇ ॥੧੧॥ (1048-16)
सचु धनु जंमिआ तोटि न आवै अंतरि नामु निवासी हे ॥११॥

ਹਰਿ ਜੀਉ ਅਵਗਣਿਆਰੇ ਨੋ ਗੁਣੁ ਕੀਜੈ ॥ (1048-17)
हरि जीउ अवगणिआरे नो गुणु कीजै ॥

ਆਪੇ ਬਖਸਿ ਲੈਹਿ ਨਾਮੁ ਦੀਜੈ ॥ (1048-17)
आपे बखसि लैहि नामु दीजै ॥

ਗੁਰਮੁਖਿ ਹੋਵੈ ਸੋ ਪਤਿ ਪਾਏ ਇਕਤੁ ਨਾਮਿ ਨਿਵਾਸੀ ਹੇ ॥੧੨॥ (1048-18)
गुरमुखि होवै सो पति पाए इकतु नामि निवासी हे ॥१२॥

ਅੰਤਰਿ ਹਰਿ ਧਨੁ ਸਮਝ ਨ ਹੋਈ ॥ (1048-18)
अंतरि हरि धनु समझ न होई ॥

ਗੁਰ ਪਰਸਾਦੀ ਬੂਝੈ ਕੋਈ ॥ (1048-18)
गुर परसादी बूझै कोई ॥

ਗੁਰਮੁਖਿ ਹੋਵੈ ਸੋ ਧਨੁ ਪਾਏ ਸਦ ਹੀ ਨਾਮਿ ਨਿਵਾਸੀ ਹੇ ॥੧੩॥ (1048-19)
गुरमुखि होवै सो धनु पाए सद ही नामि निवासी हे ॥१३॥

ਅਨਲ ਵਾਉ ਭਰਮਿ ਭੁਲਾਈ ॥ (1048-19)
अनल वाउ भरमि भुलाई ॥

ਮਾਇਆ ਮੋਹਿ ਸੁਧਿ ਨ ਕਾਈ ॥ (1049-1)
माइआ मोहि सुधि न काई ॥

ਮਨਮੁਖ ਅੰਧੇ ਕਿਛੂ ਨ ਸੂਝੈ ਗੁਰਮਤਿ ਨਾਮੁ ਪ੍ਰਗਾਸੀ ਹੇ ॥੧੪॥ (1049-1)
मनमुख अंधे किछू न सूझै गुरमति नामु प्रगासी हे ॥१४॥

ਮਨਮੁਖ ਹਉਮੈ ਮਾਇਆ ਸੂਤੇ ॥ (1049-2)
मनमुख हउमै माइआ सूते ॥

ਅਪਣਾ ਘਰੁ ਨ ਸਮਾਲਹਿ ਅੰਤਿ ਵਿਗੂਤੇ ॥ (1049-2)
अपणा घरु न समालहि अंति विगूते ॥

ਪਰ ਨਿੰਦਾ ਕਰਹਿ ਬਹੁ ਚਿੰਤਾ ਜਾਲੈ ਦੁਖੇ ਦੁਖਿ ਨਿਵਾਸੀ ਹੇ ॥੧੫॥ (1049-2)
पर निंदा करहि बहु चिंता जालै दुखे दुखि निवासी हे ॥१५॥

ਆਪੇ ਕਰਤੈ ਕਾਰ ਕਰਾਈ ॥ (1049-3)
आपे करतै कार कराई ॥

ਆਪੇ ਗੁਰਮੁਖਿ ਦੇਇ ਬੁਝਾਈ ॥ (1049-3)
आपे गुरमुखि देइ बुझाई ॥

ਨਾਨਕ ਨਾਮਿ ਰਤੇ ਮਨੁ ਨਿਰਮਲੁ ਨਾਮੇ ਨਾਮਿ ਨਿਵਾਸੀ ਹੇ ॥੧੬॥੫॥ (1049-3)
नानक नामि रते मनु निरमलु नामे नामि निवासी हे ॥१६॥५॥

ਮਾਰੂ ਮਹਲਾ ੩ ॥ (1049-4)
मारू महला ३ ॥

ਏਕੋ ਸੇਵੀ ਸਦਾ ਥਿਰੁ ਸਾਚਾ ॥ (1049-4)
एको सेवी सदा थिरु साचा ॥

ਦੂਜੈ ਲਾਗਾ ਸਭੁ ਜਗੁ ਕਾਚਾ ॥ (1049-5)
दूजै लागा सभु जगु काचा ॥

ਗੁਰਮਤੀ ਸਦਾ ਸਚੁ ਸਾਲਾਹੀ ਸਾਚੇ ਹੀ ਸਾਚਿ ਪਤੀਜੈ ਹੇ ॥੧॥ (1049-5)
गुरमती सदा सचु सालाही साचे ही साचि पतीजै हे ॥१॥

ਤੇਰੇ ਗੁਣ ਬਹੁਤੇ ਮੈ ਏਕੁ ਨ ਜਾਤਾ ॥ (1049-5)
तेरे गुण बहुते मै एकु न जाता ॥

ਆਪੇ ਲਾਇ ਲਏ ਜਗਜੀਵਨੁ ਦਾਤਾ ॥ (1049-6)
आपे लाइ लए जगजीवनु दाता ॥

ਆਪੇ ਬਖਸੇ ਦੇ ਵਡਿਆਈ ਗੁਰਮਤਿ ਇਹੁ ਮਨੁ ਭੀਜੈ ਹੇ ॥੨॥ (1049-6)
आपे बखसे दे वडिआई गुरमति इहु मनु भीजै हे ॥२॥

ਮਾਇਆ ਲਹਰਿ ਸਬਦਿ ਨਿਵਾਰੀ ॥ (1049-7)
माइआ लहरि सबदि निवारी ॥

ਇਹੁ ਮਨੁ ਨਿਰਮਲੁ ਹਉਮੈ ਮਾਰੀ ॥ (1049-7)
इहु मनु निरमलु हउमै मारी ॥

ਸਹਜੇ ਗੁਣ ਗਾਵੈ ਰੰਗਿ ਰਾਤਾ ਰਸਨਾ ਰਾਮੁ ਰਵੀਜੈ ਹੇ ॥੩॥ (1049-7)
सहजे गुण गावै रंगि राता रसना रामु रवीजै हे ॥३॥

ਮੇਰੀ ਮੇਰੀ ਕਰਤ ਵਿਹਾਣੀ ॥ (1049-8)
मेरी मेरी करत विहाणी ॥

ਮਨਮੁਖਿ ਨ ਬੂਝੈ ਫਿਰੈ ਇਆਣੀ ॥ (1049-8)
मनमुखि न बूझै फिरै इआणी ॥

ਜਮਕਾਲੁ ਘੜੀ ਮੁਹਤੁ ਨਿਹਾਲੇ ਅਨਦਿਨੁ ਆਰਜਾ ਛੀਜੈ ਹੇ ॥੪॥ (1049-8)
जमकालु घड़ी मुहतु निहाले अनदिनु आरजा छीजै हे ॥४॥

ਅੰਤਰਿ ਲੋਭੁ ਕਰੈ ਨਹੀ ਬੂਝੈ ॥ (1049-9)
अंतरि लोभु करै नही बूझै ॥

ਸਿਰ ਊਪਰਿ ਜਮਕਾਲੁ ਨ ਸੂਝੈ ॥ (1049-9)
सिर ऊपरि जमकालु न सूझै ॥

ਐਥੈ ਕਮਾਣਾ ਸੁ ਅਗੈ ਆਇਆ ਅੰਤਕਾਲਿ ਕਿਆ ਕੀਜੈ ਹੇ ॥੫॥ (1049-10)
ऐथै कमाणा सु अगै आइआ अंतकालि किआ कीजै हे ॥५॥

ਜੋ ਸਚਿ ਲਾਗੇ ਤਿਨ ਸਾਚੀ ਸੋਇ ॥ (1049-10)
जो सचि लागे तिन साची सोइ ॥

ਦੂਜੈ ਲਾਗੇ ਮਨਮੁਖਿ ਰੋਇ ॥ (1049-11)
दूजै लागे मनमुखि रोइ ॥

ਦੁਹਾ ਸਿਰਿਆ ਕਾ ਖਸਮੁ ਹੈ ਆਪੇ ਆਪੇ ਗੁਣ ਮਹਿ ਭੀਜੈ ਹੇ ॥੬॥ (1049-11)
दुहा सिरिआ का खसमु है आपे आपे गुण महि भीजै हे ॥६॥

ਗੁਰ ਕੈ ਸਬਦਿ ਸਦਾ ਜਨੁ ਸੋਹੈ ॥ (1049-11)
गुर कै सबदि सदा जनु सोहै ॥

ਨਾਮ ਰਸਾਇਣਿ ਇਹੁ ਮਨੁ ਮੋਹੈ ॥ (1049-12)
नाम रसाइणि इहु मनु मोहै ॥

ਮਾਇਆ ਮੋਹ ਮੈਲੁ ਪਤੰਗੁ ਨ ਲਾਗੈ ਗੁਰਮਤੀ ਹਰਿ ਨਾਮਿ ਭੀਜੈ ਹੇ ॥੭॥ (1049-12)
माइआ मोह मैलु पतंगु न लागै गुरमती हरि नामि भीजै हे ॥७॥

ਸਭਨਾ ਵਿਚਿ ਵਰਤੈ ਇਕੁ ਸੋਈ ॥ (1049-13)
सभना विचि वरतै इकु सोई ॥

ਗੁਰ ਪਰਸਾਦੀ ਪਰਗਟੁ ਹੋਈ ॥ (1049-13)
गुर परसादी परगटु होई ॥

ਹਉਮੈ ਮਾਰਿ ਸਦਾ ਸੁਖੁ ਪਾਇਆ ਨਾਇ ਸਾਚੈ ਅੰਮ੍ਰਿਤੁ ਪੀਜੈ ਹੇ ॥੮॥ (1049-13)
हउमै मारि सदा सुखु पाइआ नाइ साचै अमृतु पीजै हे ॥८॥

ਕਿਲਬਿਖ ਦੂਖ ਨਿਵਾਰਣਹਾਰਾ ॥ (1049-14)
किलबिख दूख निवारणहारा ॥

ਗੁਰਮੁਖਿ ਸੇਵਿਆ ਸਬਦਿ ਵੀਚਾਰਾ ॥ (1049-14)
गुरमुखि सेविआ सबदि वीचारा ॥

ਸਭੁ ਕਿਛੁ ਆਪੇ ਆਪਿ ਵਰਤੈ ਗੁਰਮੁਖਿ ਤਨੁ ਮਨੁ ਭੀਜੈ ਹੇ ॥੯॥ (1049-15)
सभु किछु आपे आपि वरतै गुरमुखि तनु मनु भीजै हे ॥९॥

ਮਾਇਆ ਅਗਨਿ ਜਲੈ ਸੰਸਾਰੇ ॥ (1049-15)
माइआ अगनि जलै संसारे ॥

ਗੁਰਮੁਖਿ ਨਿਵਾਰੈ ਸਬਦਿ ਵੀਚਾਰੇ ॥ (1049-16)
गुरमुखि निवारै सबदि वीचारे ॥

ਅੰਤਰਿ ਸਾਂਤਿ ਸਦਾ ਸੁਖੁ ਪਾਇਆ ਗੁਰਮਤੀ ਨਾਮੁ ਲੀਜੈ ਹੇ ॥੧੦॥ (1049-16)
अंतरि सांति सदा सुखु पाइआ गुरमती नामु लीजै हे ॥१०॥

ਇੰਦ੍ਰ ਇੰਦ੍ਰਾਸਣਿ ਬੈਠੇ ਜਮ ਕਾ ਭਉ ਪਾਵਹਿ ॥ (1049-16)
इंद्र इंद्रासणि बैठे जम का भउ पावहि ॥

ਜਮੁ ਨ ਛੋਡੈ ਬਹੁ ਕਰਮ ਕਮਾਵਹਿ ॥ (1049-17)
जमु न छोडै बहु करम कमावहि ॥

ਸਤਿਗੁਰੁ ਭੇਟੈ ਤਾ ਮੁਕਤਿ ਪਾਈਐ ਹਰਿ ਹਰਿ ਰਸਨਾ ਪੀਜੈ ਹੇ ॥੧੧॥ (1049-17)
सतिगुरु भेटै ता मुकति पाईऐ हरि हरि रसना पीजै हे ॥११॥

ਮਨਮੁਖਿ ਅੰਤਰਿ ਭਗਤਿ ਨ ਹੋਈ ॥ (1049-18)
मनमुखि अंतरि भगति न होई ॥

ਗੁਰਮੁਖਿ ਭਗਤਿ ਸਾਂਤਿ ਸੁਖੁ ਹੋਈ ॥ (1049-18)
गुरमुखि भगति सांति सुखु होई ॥

ਪਵਿਤ੍ਰ ਪਾਵਨ ਸਦਾ ਹੈ ਬਾਣੀ ਗੁਰਮਤਿ ਅੰਤਰੁ ਭੀਜੈ ਹੇ ॥੧੨॥ (1049-19)
पवित्र पावन सदा है बाणी गुरमति अंतरु भीजै हे ॥१२॥

ਬ੍ਰਹਮਾ ਬਿਸਨੁ ਮਹੇਸੁ ਵੀਚਾਰੀ ॥ (1049-19)
ब्रहमा बिसनु महेसु वीचारी ॥

ਤ੍ਰੈ ਗੁਣ ਬਧਕ ਮੁਕਤਿ ਨਿਰਾਰੀ ॥ (1049-19)
त्रै गुण बधक मुकति निरारी ॥

ਗੁਰਮੁਖਿ ਗਿਆਨੁ ਏਕੋ ਹੈ ਜਾਤਾ ਅਨਦਿਨੁ ਨਾਮੁ ਰਵੀਜੈ ਹੇ ॥੧੩॥ (1050-1)
गुरमुखि गिआनु एको है जाता अनदिनु नामु रवीजै हे ॥१३॥

ਬੇਦ ਪੜਹਿ ਹਰਿ ਨਾਮੁ ਨ ਬੂਝਹਿ ॥ (1050-1)
बेद पड़हि हरि नामु न बूझहि ॥

ਮਾਇਆ ਕਾਰਣਿ ਪੜਿ ਪੜਿ ਲੂਝਹਿ ॥ (1050-2)
माइआ कारणि पड़ि पड़ि लूझहि ॥

ਅੰਤਰਿ ਮੈਲੁ ਅਗਿਆਨੀ ਅੰਧਾ ਕਿਉ ਕਰਿ ਦੁਤਰੁ ਤਰੀਜੈ ਹੇ ॥੧੪॥ (1050-2)
अंतरि मैलु अगिआनी अंधा किउ करि दुतरु तरीजै हे ॥१४॥

ਬੇਦ ਬਾਦ ਸਭਿ ਆਖਿ ਵਖਾਣਹਿ ॥ (1050-3)
बेद बाद सभि आखि वखाणहि ॥

ਨ ਅੰਤਰੁ ਭੀਜੈ ਨ ਸਬਦੁ ਪਛਾਣਹਿ ॥ (1050-3)
न अंतरु भीजै न सबदु पछाणहि ॥

ਪੁੰਨੁ ਪਾਪੁ ਸਭੁ ਬੇਦਿ ਦ੍ਰਿੜਾਇਆ ਗੁਰਮੁਖਿ ਅੰਮ੍ਰਿਤੁ ਪੀਜੈ ਹੇ ॥੧੫॥ (1050-3)
पुंनु पापु सभु बेदि द्रिड़ाइआ गुरमुखि अमृतु पीजै हे ॥१५॥

ਆਪੇ ਸਾਚਾ ਏਕੋ ਸੋਈ ॥ (1050-4)
आपे साचा एको सोई ॥

ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥ (1050-4)
तिसु बिनु दूजा अवरु न कोई ॥

ਨਾਨਕ ਨਾਮਿ ਰਤੇ ਮਨੁ ਸਾਚਾ ਸਚੋ ਸਚੁ ਰਵੀਜੈ ਹੇ ॥੧੬॥੬॥ (1050-5)
नानक नामि रते मनु साचा सचो सचु रवीजै हे ॥१६॥६॥

ਮਾਰੂ ਮਹਲਾ ੩ ॥ (1050-5)
मारू महला ३ ॥

ਸਚੈ ਸਚਾ ਤਖਤੁ ਰਚਾਇਆ ॥ (1050-5)
सचै सचा तखतु रचाइआ ॥

ਨਿਜ ਘਰਿ ਵਸਿਆ ਤਿਥੈ ਮੋਹੁ ਨ ਮਾਇਆ ॥ (1050-6)
निज घरि वसिआ तिथै मोहु न माइआ ॥

ਸਦ ਹੀ ਸਾਚੁ ਵਸਿਆ ਘਟ ਅੰਤਰਿ ਗੁਰਮੁਖਿ ਕਰਣੀ ਸਾਰੀ ਹੇ ॥੧॥ (1050-6)
सद ही साचु वसिआ घट अंतरि गुरमुखि करणी सारी हे ॥१॥

ਸਚਾ ਸਉਦਾ ਸਚੁ ਵਾਪਾਰਾ ॥ (1050-7)
सचा सउदा सचु वापारा ॥

ਨ ਤਿਥੈ ਭਰਮੁ ਨ ਦੂਜਾ ਪਸਾਰਾ ॥ (1050-7)
न तिथै भरमु न दूजा पसारा ॥

ਸਚਾ ਧਨੁ ਖਟਿਆ ਕਦੇ ਤੋਟਿ ਨ ਆਵੈ ਬੂਝੈ ਕੋ ਵੀਚਾਰੀ ਹੇ ॥੨॥ (1050-7)
सचा धनु खटिआ कदे तोटि न आवै बूझै को वीचारी हे ॥२॥

ਸਚੈ ਲਾਏ ਸੇ ਜਨ ਲਾਗੇ ॥ (1050-8)
सचै लाए से जन लागे ॥

ਅੰਤਰਿ ਸਬਦੁ ਮਸਤਕਿ ਵਡਭਾਗੇ ॥ (1050-8)
अंतरि सबदु मसतकि वडभागे ॥

ਸਚੈ ਸਬਦਿ ਸਦਾ ਗੁਣ ਗਾਵਹਿ ਸਬਦਿ ਰਤੇ ਵੀਚਾਰੀ ਹੇ ॥੩॥ (1050-8)
सचै सबदि सदा गुण गावहि सबदि रते वीचारी हे ॥३॥

ਸਚੋ ਸਚਾ ਸਚੁ ਸਾਲਾਹੀ ॥ (1050-9)
सचो सचा सचु सालाही ॥

ਏਕੋ ਵੇਖਾ ਦੂਜਾ ਨਾਹੀ ॥ (1050-9)
एको वेखा दूजा नाही ॥

ਗੁਰਮਤਿ ਊਚੋ ਊਚੀ ਪਉੜੀ ਗਿਆਨਿ ਰਤਨਿ ਹਉਮੈ ਮਾਰੀ ਹੇ ॥੪॥ (1050-10)
गुरमति ऊचो ऊची पउड़ी गिआनि रतनि हउमै मारी हे ॥४॥

ਮਾਇਆ ਮੋਹੁ ਸਬਦਿ ਜਲਾਇਆ ॥ (1050-10)
माइआ मोहु सबदि जलाइआ ॥

ਸਚੁ ਮਨਿ ਵਸਿਆ ਜਾ ਤੁਧੁ ਭਾਇਆ ॥ (1050-11)
सचु मनि वसिआ जा तुधु भाइआ ॥

ਸਚੇ ਕੀ ਸਭ ਸਚੀ ਕਰਣੀ ਹਉਮੈ ਤਿਖਾ ਨਿਵਾਰੀ ਹੇ ॥੫॥ (1050-11)
सचे की सभ सची करणी हउमै तिखा निवारी हे ॥५॥

ਮਾਇਆ ਮੋਹੁ ਸਭੁ ਆਪੇ ਕੀਨਾ ॥ (1050-11)
माइआ मोहु सभु आपे कीना ॥

ਗੁਰਮੁਖਿ ਵਿਰਲੈ ਕਿਨ ਹੀ ਚੀਨਾ ॥ (1050-12)
गुरमुखि विरलै किन ही चीना ॥

ਗੁਰਮੁਖਿ ਹੋਵੈ ਸੁ ਸਚੁ ਕਮਾਵੈ ਸਾਚੀ ਕਰਣੀ ਸਾਰੀ ਹੇ ॥੬॥ (1050-12)
गुरमुखि होवै सु सचु कमावै साची करणी सारी हे ॥६॥

ਕਾਰ ਕਮਾਈ ਜੋ ਮੇਰੇ ਪ੍ਰਭ ਭਾਈ ॥ (1050-13)
कार कमाई जो मेरे प्रभ भाई ॥

ਹਉਮੈ ਤ੍ਰਿਸਨਾ ਸਬਦਿ ਬੁਝਾਈ ॥ (1050-13)
हउमै त्रिसना सबदि बुझाई ॥

ਗੁਰਮਤਿ ਸਦ ਹੀ ਅੰਤਰੁ ਸੀਤਲੁ ਹਉਮੈ ਮਾਰਿ ਨਿਵਾਰੀ ਹੇ ॥੭॥ (1050-13)
गुरमति सद ही अंतरु सीतलु हउमै मारि निवारी हे ॥७॥

ਸਚਿ ਲਗੇ ਤਿਨ ਸਭੁ ਕਿਛੁ ਭਾਵੈ ॥ (1050-14)
सचि लगे तिन सभु किछु भावै ॥

ਸਚੈ ਸਬਦੇ ਸਚਿ ਸੁਹਾਵੈ ॥ (1050-14)
सचै सबदे सचि सुहावै ॥

ਐਥੈ ਸਾਚੇ ਸੇ ਦਰਿ ਸਾਚੇ ਨਦਰੀ ਨਦਰਿ ਸਵਾਰੀ ਹੇ ॥੮॥ (1050-14)
ऐथै साचे से दरि साचे नदरी नदरि सवारी हे ॥८॥

ਬਿਨੁ ਸਾਚੇ ਜੋ ਦੂਜੈ ਲਾਇਆ ॥ (1050-15)
बिनु साचे जो दूजै लाइआ ॥

ਮਾਇਆ ਮੋਹ ਦੁਖ ਸਬਾਇਆ ॥ (1050-15)
माइआ मोह दुख सबाइआ ॥

ਬਿਨੁ ਗੁਰ ਦੁਖੁ ਸੁਖੁ ਜਾਪੈ ਨਾਹੀ ਮਾਇਆ ਮੋਹ ਦੁਖੁ ਭਾਰੀ ਹੇ ॥੯॥ (1050-16)
बिनु गुर दुखु सुखु जापै नाही माइआ मोह दुखु भारी हे ॥९॥

ਸਾਚਾ ਸਬਦੁ ਜਿਨਾ ਮਨਿ ਭਾਇਆ ॥ (1050-16)
साचा सबदु जिना मनि भाइआ ॥

ਪੂਰਬਿ ਲਿਖਿਆ ਤਿਨੀ ਕਮਾਇਆ ॥ (1050-16)
पूरबि लिखिआ तिनी कमाइआ ॥

ਸਚੋ ਸੇਵਹਿ ਸਚੁ ਧਿਆਵਹਿ ਸਚਿ ਰਤੇ ਵੀਚਾਰੀ ਹੇ ॥੧੦॥ (1050-17)
सचो सेवहि सचु धिआवहि सचि रते वीचारी हे ॥१० ॥

ਗੁਰ ਕੀ ਸੇਵਾ ਮੀਠੀ ਲਾਗੀ ॥ (1050-17)
गुर की सेवा मीठी लागी ॥

ਅਨਦਿਨੁ ਸੂਖ ਸਹਜ ਸਮਾਧੀ ॥ (1050-18)
अनदिनु सूख सहज समाधी ॥

ਹਰਿ ਹਰਿ ਕਰਤਿਆ ਮਨੁ ਨਿਰਮਲੁ ਹੋਆ ਗੁਰ ਕੀ ਸੇਵ ਪਿਆਰੀ ਹੇ ॥੧੧॥ (1050-18)
हरि हरि करतिआ मनु निरमलु होआ गुर की सेव पिआरी हे ॥११ ॥

ਸੇ ਜਨ ਸੁਖੀਏ ਸਤਿਗੁਰਿ ਸਚੇ ਲਾਏ ॥ (1050-19)
से जन सुखीए सतिगुरि सचे लाए ॥

ਆਪੇ ਭਾਣੇ ਆਪਿ ਮਿਲਾਏ ॥ (1050-19)
आपे भाणे आपि मिलाए ॥

ਸਤਿਗੁਰਿ ਰਾਖੇ ਸੇ ਜਨ ਉਬਰੇ ਹੋਰ ਮਾਇਆ ਮੋਹ ਖੁਆਰੀ ਹੇ ॥੧੨॥ (1050-19)
सतिगुरि राखे से जन उबरे होर माइआ मोह खुआरी हे ॥१२ ॥

ਗੁਰਮੁਖਿ ਸਾਚਾ ਸਬਦਿ ਪਛਾਤਾ ॥ (1051-1)
गुरमुखि साचा सबदि पछाता ॥

ਨਾ ਤਿਸੁ ਕੁਟੰਬੁ ਨਾ ਤਿਸੁ ਮਾਤਾ ॥ (1051-1)
ना तिसु कुटम्बु ना तिसु माता ॥

ਏਕੋ ਏਕੁ ਰਵਿਆ ਸਭ ਅੰਤਰਿ ਸਭਨਾ ਜੀਆ ਕਾ ਆਧਾਰੀ ਹੇ ॥੧੩॥ (1051-1)
एको एकु रविआ सभ अंतरि सभना जीआ का आधारी हे ॥१३ ॥

ਹਉਮੈ ਮੇਰਾ ਦੂਜਾ ਭਾਇਆ ॥ (1051-2)
हउमै मेरा दूजा भाइआ ॥

ਕਿਛੁ ਨ ਚਲੈ ਧੁਰਿ ਖਸਮਿ ਲਿਖਿ ਪਾਇਆ ॥ (1051-2)
किछु न चलै धुरि खसमि लिखि पाइआ ॥

ਗੁਰ ਸਾਚੇ ਤੇ ਸਾਚੁ ਕਮਾਵਹਿ ਸਾਚੈ ਦੂਖ ਨਿਵਾਰੀ ਹੇ ॥੧੪॥ (1051-3)
गुर साचे ते साचु कमावहि साचै दूख निवारी हे ॥१४॥

ਜਾ ਤੂ ਦੇਹਿ ਸਦਾ ਸੁਖੁ ਪਾਏ ॥ (1051-3)
जा तू देहि सदा सुखु पाए ॥

ਸਾਚੈ ਸਬਦੇ ਸਾਚੁ ਕਮਾਏ ॥ (1051-4)
साचै सबदे साचु कमाए ॥

ਅੰਦਰੁ ਸਾਚਾ ਮਨੁ ਤਨੁ ਸਾਚਾ ਭਗਤਿ ਭਰੇ ਭੰਡਾਰੀ ਹੇ ॥੧੫॥ (1051-4)
अंदरु साचा मनु तनु साचा भगति भरे भंडारी हे ॥१५॥

ਆਪੇ ਵੇਖੈ ਹੁਕਮਿ ਚਲਾਏ ॥ (1051-4)
आपे वेखै हुकमि चलाए ॥

ਅਪਣਾ ਭਾਣਾ ਆਪਿ ਕਰਾਏ ॥ (1051-5)
अपणा भाणा आपि कराए ॥

ਨਾਨਕ ਨਾਮਿ ਰਤੇ ਬੈਰਾਗੀ ਮਨੁ ਤਨੁ ਰਸਨਾ ਨਾਮਿ ਸਵਾਰੀ ਹੇ ॥੧੬॥੭॥ (1051-5)
नानक नामि रते बैरागी मनु तनु रसना नामि सवारी हे ॥१६॥७॥

ਮਾਰੂ ਮਹਲਾ ੩ ॥ (1051-6)
मारू महला ३ ॥

ਆਪੇ ਆਪੁ ਉਪਾਇ ਉਪੰਨਾ ॥ (1051-6)
आपे आपु उपाइ उपंना ॥

ਸਭ ਮਹਿ ਵਰਤੈ ਏਕੁ ਪਰਛੰਨਾ ॥ (1051-6)
सभ महि वरतै एकु परछंना ॥

ਸਭਨਾ ਸਾਰ ਕਰੇ ਜਗਜੀਵਨੁ ਜਿਨਿ ਅਪਣਾ ਆਪੁ ਪਛਾਤਾ ਹੇ ॥੧॥ (1051-6)
सभना सार करे जगजीवनु जिनि अपणा आपु पछाता हे ॥१॥

ਜਿਨਿ ਬ੍ਰਹਮਾ ਬਿਸਨੁ ਮਹੇਸੁ ਉਪਾਏ ॥ (1051-7)
जिनि ब्रहमा बिसनु महेसु उपाए ॥

ਸਿਰਿ ਸਿਰਿ ਧੰਧੈ ਆਪੇ ਲਾਏ ॥ (1051-7)
सिरि सिरि धंधै आपे लाए ॥

ਜਿਸੁ ਭਾਵੈ ਤਿਸੁ ਆਪੇ ਮੇਲੇ ਜਿਨਿ ਗੁਰਮੁਖਿ ਏਕੋ ਜਾਤਾ ਹੇ ॥੨॥ (1051-8)
जिसु भावै तिसु आपे मेले जिनि गुरमुखि एको जाता हे ॥२॥

ਆਵਾ ਗਉਣੁ ਹੈ ਸੰਸਾਰਾ ॥ (1051-8)
आवा गउणु है संसारा ॥

ਮਾਇਆ ਮੋਹੁ ਬਹੁ ਚਿਤੈ ਬਿਕਾਰਾ ॥ (1051-9)
माइआ मोहु बहु चितै बिकारा ॥

ਥਿਰੁ ਸਾਚਾ ਸਾਲਾਹੀ ਸਦ ਹੀ ਜਿਨਿ ਗੁਰ ਕਾ ਸਬਦੁ ਪਛਾਤਾ ਹੇ ॥੩॥ (1051-9)
थिरु साचा सालाही सद ही जिनि गुर का सबदु पछाता हे ॥३॥

ਇਕਿ ਮੂਲਿ ਲਗੇ ਓਨੀ ਸੁਖੁ ਪਾਇਆ ॥ (1051-10)
इकि मूलि लगे ओनी सुखु पाइआ ॥

ਡਾਲੀ ਲਾਗੇ ਤਿਨੀ ਜਨਮੁ ਗਵਾਇਆ ॥ (1051-10)
डाली लागे तिनी जनमु गवाइआ ॥

ਅੰਮ੍ਰਿਤ ਫਲ ਤਿਨ ਜਨ ਕਉ ਲਾਗੇ ਜੋ ਬੋਲਹਿ ਅੰਮ੍ਰਿਤ ਬਾਤਾ ਹੇ ॥੪॥ (1051-10)
अमृत फल तिन जन कउ लागे जो बोलहि अमृत बाता हे ॥४॥

ਹਮ ਗੁਣ ਨਾਹੀ ਕਿਆ ਬੋਲਹ ਬੋਲ ॥ (1051-11)
हम गुण नाही किआ बोलह बोल ॥

ਤੂ ਸਭਨਾ ਦੇਖਹਿ ਤੋਲਹਿ ਤੋਲ ॥ (1051-11)
तू सभना देखहि तोलहि तोल ॥

ਜਿਉ ਭਾਵੈ ਤਿਉ ਰਾਖਹਿ ਰਹਣਾ ਗੁਰਮੁਖਿ ਏਕੋ ਜਾਤਾ ਹੇ ॥੫॥ (1051-12)
जिउ भावै तिउ राखहि रहणा गुरमुखि एको जाता हे ॥५॥

ਜਾ ਤੁਧੁ ਭਾਣਾ ਤਾ ਸਚੀ ਕਾਰੈ ਲਾਏ ॥ (1051-12)
जा तुधु भाणा ता सची कारै लाए ॥

ਅਵਗਣ ਛੋਡਿ ਗੁਣ ਮਾਹਿ ਸਮਾਏ ॥ (1051-13)
अवगण छोडि गुण माहि समाए ॥

ਗੁਣ ਮਹਿ ਏਕੋ ਨਿਰਮਲੁ ਸਾਚਾ ਗੁਰ ਕੈ ਸਬਦਿ ਪਛਾਤਾ ਹੇ ॥੬॥ (1051-13)
गुण महि एको निरमलु साचा गुर कै सबदि पछाता हे ॥६॥

ਜਹ ਦੇਖਾ ਤਹ ਏਕੋ ਸੋਈ ॥ (1051-14)
जह देखा तह एको सोई ॥

ਦੂਜੀ ਦੁਰਮਤਿ ਸਬਦੇ ਖੋਈ ॥ (1051-14)
दूजी दुरमति सबदे खोई ॥

ਏਕਸੁ ਮਹਿ ਪ੍ਰਭੁ ਏਕੁ ਸਮਾਣਾ ਅਪਣੈ ਰੰਗਿ ਸਦ ਰਾਤਾ ਹੇ ॥੭॥ (1051-14)
एकसु महि प्रभु एकु समाणा अपणै रंगि सद राता हे ॥७॥

ਕਾਇਆ ਕਮਲੁ ਹੈ ਕੁਮਲਾਣਾ ॥ (1051-15)
काइआ कमलु है कुमलाणा ॥

ਮਨਮੁਖੁ ਸਬਦੁ ਨ ਬੁਝੈ ਇਆਣਾ ॥ (1051-15)
मनमुखु सबदु न बुझै इआणा ॥

ਗੁਰ ਪਰਸਾਦੀ ਕਾਇਆ ਖੋਜੇ ਪਾਏ ਜਗਜੀਵਨੁ ਦਾਤਾ ਹੇ ॥੮॥ (1051-15)
गुर परसादी काइआ खोजे पाए जगजीवनु दाता हे ॥८॥

ਕੋਟ ਗਹੀ ਕੇ ਪਾਪ ਨਿਵਾਰੇ ॥ (1051-16)
कोट गही के पाप निवारे ॥

ਸਦਾ ਹਰਿ ਜੀਉ ਰਾਖੈ ਉਰ ਧਾਰੇ ॥ (1051-16)
सदा हरि जीउ राखै उर धारे ॥

ਜੋ ਇਛੇ ਸੋਈ ਫਲੁ ਪਾਏ ਜਿਉ ਰੰਗੁ ਮਜੀਠੈ ਰਾਤਾ ਹੇ ॥੯॥ (1051-16)
जो इछे सोई फलु पाए जिउ रंगु मजीठै राता हे ॥९॥

ਮਨਮੁਖੁ ਗਿਆਨੁ ਕਥੇ ਨ ਹੋਈ ॥ (1051-17)
मनमुखु गिआनु कथे न होई ॥

ਫਿਰਿ ਫਿਰਿ ਆਵੈ ਠਉਰ ਨ ਕੋਈ ॥ (1051-17)
फिरि फिरि आवै ठउर न कोई ॥

ਗੁਰਮੁਖਿ ਗਿਆਨੁ ਸਦਾ ਸਾਲਾਹੇ ਜੁਗਿ ਜੁਗਿ ਏਕੋ ਜਾਤਾ ਹੇ ॥੧੦॥ (1051-18)
गुरमुखि गिआनु सदा सालाहे जुगि जुगि एको जाता हे ॥१०॥

ਮਨਮੁਖੁ ਕਾਰ ਕਰੇ ਸਭਿ ਦੁਖ ਸਬਾਏ ॥ (1051-18)
मनमुखु कार करे सभि दुख सबाए ॥

ਅੰਤਰਿ ਸਬਦੁ ਨਾਹੀ ਕਿਉ ਦਰਿ ਜਾਏ ॥ (1051-19)
अंतरि सबदु नाही किउ दरि जाए ॥

ਗੁਰਮੁਖਿ ਸਬਦੁ ਵਸੈ ਮਨਿ ਸਾਚਾ ਸਦ ਸੇਵੇ ਸੁਖਦਾਤਾ ਹੇ ॥੧੧॥ (1051-19)
गुरमुखि सबदु वसै मनि साचा सद सेवे सुखदाता हे ॥११॥

ਜਹ ਦੇਖਾ ਤੂ ਸਭਨੀ ਥਾਈ ॥ (1052-1)
जह देखा तू सभनी थाई ॥

ਪੂਰੈ ਗੁਰਿ ਸਭ ਸੋਝੀ ਪਾਈ ॥ (1052-1)
पूरै गुरि सभ सोझी पाई ॥

ਨਾਮੋ ਨਾਮੁ ਧਿਆਈਐ ਸਦਾ ਸਦ ਇਹੁ ਮਨੁ ਨਾਮੇ ਰਾਤਾ ਹੇ ॥੧੨॥ (1052-1)
नामो नामु धिआईऐ सदा सद इहु मनु नामे राता हे ॥१२॥

ਨਾਮੇ ਰਾਤਾ ਪਵਿਤੁ ਸਰੀਰਾ ॥ (1052-2)
नामे राता पवितु सरीरा ॥

ਬਿਨੁ ਨਾਵੈ ਡੂਬਿ ਮੁਏ ਬਿਨੁ ਨੀਰਾ ॥ (1052-2)
बिनु नावै डूबि मुए बिनु नीरा ॥

ਆਵਹਿ ਜਾਵਹਿ ਨਾਮੁ ਨਹੀ ਬੂਝਹਿ ਇਕਨਾ ਗੁਰਮੁਖਿ ਸਬਦੁ ਪਛਾਤਾ ਹੇ ॥੧੩॥ (1052-2)
आवहि जावहि नामु नही बूझहि इकना गुरमुखि सबदु पछाता हे ॥१३॥

ਪੂਰੈ ਸਤਿਗੁਰਿ ਬੂਝ ਬੁਝਾਈ ॥ (1052-3)
पूरै सतिगुरि बूझ बुझाई ॥

ਵਿਣੁ ਨਾਵੈ ਮੁਕਤਿ ਕਿਨੈ ਨ ਪਾਈ ॥ (1052-3)
विणु नावै मुकति किनै न पाई ॥

ਨਾਮੇ ਨਾਮਿ ਮਿਲੈ ਵਡਿਆਈ ਸਹਜਿ ਰਹੈ ਰੰਗਿ ਰਾਤਾ ਹੇ ॥੧੪॥ (1052-4)
नामे नामि मिलै वडिआई सहजि रहै रंगि राता हे ॥१४॥

ਕਾਇਆ ਨਗਰੁ ਢਹੈ ਢਹਿ ਢੇਰੀ ॥ (1052-4)
काइआ नगरु ढहै ढहि ढेरी ॥

ਬਿਨੁ ਸਬਦੈ ਚੂਕੈ ਨਹੀ ਫੇਰੀ ॥ (1052-5)
बिनु सबदै चूकै नही फेरी ॥

ਸਾਚੁ ਸਲਾਹੇ ਸਾਚਿ ਸਮਾਵੈ ਜਿਨਿ ਗੁਰਮੁਖਿ ਏਕੋ ਜਾਤਾ ਹੇ ॥੧੫॥ (1052-5)
साचु सलाहे साचि समावै जिनि गुरमुखि एको जाता हे ॥१५॥

ਜਿਸ ਨੋ ਨਦਰਿ ਕਰੇ ਸੋ ਪਾਏ ॥ (1052-6)
जिस नो नदरि करे सो पाए ॥

ਸਾਚਾ ਸਬਦੁ ਵਸੈ ਮਨਿ ਆਏ ॥ (1052-6)
साचा सबदु वसै मनि आए ॥

ਨਾਨਕ ਨਾਮਿ ਰਤੇ ਨਿਰੰਕਾਰੀ ਦਰਿ ਸਾਚੈ ਸਾਚੁ ਪਛਾਤਾ ਹੇ ॥੧੬॥੮॥ (1052-6)
नानक नामि रते निरंकारी दरि साचै साचु पछाता हे ॥१६॥८॥

ਮਾਰੂ ਸੋਲਹੇ ੩ ॥ (1052-7)
मारू सोलहे ३ ॥

ਆਪੇ ਕਰਤਾ ਸਭੁ ਜਿਸੁ ਕਰਣਾ ॥ (1052-7)
आपे करता सभु जिसु करणा ॥

ਜੀਅ ਜੰਤ ਸਭਿ ਤੇਰੀ ਸਰਣਾ ॥ (1052-7)
जीअ जंत सभि तेरी सरणा ॥

ਆਪੇ ਗੁਪਤੁ ਵਰਤੈ ਸਭ ਅੰਤਰਿ ਗੁਰ ਕੈ ਸਬਦਿ ਪਛਾਤਾ ਹੇ ॥੧॥ (1052-8)
आपे गुपतु वरतै सभ अंतरि गुर कै सबदि पछाता हे ॥१॥

ਹਰਿ ਕੇ ਭਗਤਿ ਭਰੇ ਭੰਡਾਰਾ ॥ (1052-8)
हरि के भगति भरे भंडारा ॥

ਆਪੇ ਬਖਸੇ ਸਬਦਿ ਵੀਚਾਰਾ ॥ (1052-8)
आपे बखसे सबदि वीचारा ॥

ਜੋ ਤੁਧੁ ਭਾਵੈ ਸੋਈ ਕਰਸਹਿ ਸਚੇ ਸਿਉ ਮਨੁ ਰਾਤਾ ਹੇ ॥੨॥ (1052-9)
जो तुधु भावै सोई करसहि सचे सिउ मनु राता हे ॥२॥

ਆਪੇ ਹੀਰਾ ਰਤਨੁ ਅਮੋਲੋ ॥ (1052-9)
आपे हीरा रतनु अमोलो ॥

ਆਪੇ ਨਦਰੀ ਤੋਲੇ ਤੋਲੋ ॥ (1052-9)
आपे नदरी तोले तोलो ॥

ਜੀਅ ਜੰਤ ਸਭਿ ਸਰਣਿ ਤੁਮਾਰੀ ਕਰਿ ਕਿਰਪਾ ਆਪਿ ਪਛਾਤਾ ਹੇ ॥੩॥ (1052-10)
जीअ जंत सभि सरणि तुमारी करि किरपा आपि पछाता हे ॥३॥

ਜਿਸ ਨੋ ਨਦਰਿ ਹੋਵੈ ਧੁਰਿ ਤੇਰੀ ॥ (1052-10)
जिस नो नदरि होवै धुरि तेरी ॥

ਮਰੈ ਨ ਜੰਮੈ ਚੂਕੈ ਫੇਰੀ ॥ (1052-11)
मरै न जंमै चूकै फेरी ॥

ਸਾਚੇ ਗੁਣ ਗਾਵੈ ਦਿਨੁ ਰਾਤੀ ਜੁਗਿ ਜੁਗਿ ਏਕੋ ਜਾਤਾ ਹੇ ॥੪॥ (1052-11)
साचे गुण गावै दिनु राती जुगि जुगि एको जाता हे ॥४॥

ਮਾਇਆ ਮੋਹਿ ਸਭੁ ਜਗਤੁ ਉਪਾਇਆ ॥ (1052-11)
माइआ मोहि सभु जगतु उपाइआ ॥

ਬ੍ਰਹਮਾ ਬਿਸਨੁ ਦੇਵ ਸਬਾਇਆ ॥ (1052-12)
ब्रहमा बिसनु देव सबाइआ ॥

ਜੋ ਤੁਧੁ ਭਾਣੇ ਸੇ ਨਾਮਿ ਲਾਗੇ ਗਿਆਨ ਮਤੀ ਪਛਾਤਾ ਹੇ ॥੫॥ (1052-12)
जो तुधु भाणे से नामि लागे गिआन मती पछाता हे ॥५॥

ਪਾਪ ਪੁੰਨ ਵਰਤੈ ਸੰਸਾਰਾ ॥ (1052-13)
पाप पुंन वरतै संसारा ॥

ਹਰਖੁ ਸੋਗੁ ਸਭੁ ਦੁਖੁ ਹੈ ਭਾਰਾ ॥ (1052-13)
हरखु सोगु सभु दुखु है भारा ॥

ਗੁਰਮੁਖਿ ਹੋਵੈ ਸੋ ਸੁਖੁ ਪਾਏ ਜਿਨਿ ਗੁਰਮੁਖਿ ਨਾਮੁ ਪਛਾਤਾ ਹੇ ॥੬॥ (1052-13)
गुरमुखि होवै सो सुखु पाए जिनि गुरमुखि नामु पछाता हे ॥६॥

ਕਿਰਤੁ ਨ ਕੋਈ ਮੇਟਣਹਾਰਾ ॥ (1052-14)
किरतु न कोई मेटणहारा ॥

ਗੁਰ ਕੈ ਸਬਦੇ ਮੋਖ ਦੁਆਰਾ ॥ (1052-14)
गुर कै सबदे मोख दुआरा ॥

ਪੂਰਬਿ ਲਿਖਿਆ ਸੋ ਫਲੁ ਪਾਇਆ ਜਿਨਿ ਆਪੁ ਮਾਰਿ ਪਛਾਤਾ ਹੇ ॥੭॥ (1052-14)
पूरबि लिखिआ सो फलु पाइआ जिनि आपु मारि पछाता हे ॥७॥

ਮਾਇਆ ਮੋਹਿ ਹਰਿ ਸਿਉ ਚਿਤੁ ਨ ਲਾਗੈ ॥ (1052-15)
माइआ मोहि हरि सिउ चितु न लागै ॥

ਦੂਜੈ ਭਾਇ ਘਣਾ ਦੁਖੁ ਆਗੈ ॥ (1052-15)
दूजै भाइ घणा दुखु आगै ॥

ਮਨਮੁਖ ਭਰਮਿ ਭੁਲੇ ਭੇਖਧਾਰੀ ਅੰਤ ਕਾਲਿ ਪਛੁਤਾਤਾ ਹੇ ॥੮॥ (1052-16)
मनमुख भरमि भुले भेखधारी अंत कालि पछुताता हे ॥८॥

ਹਰਿ ਕੈ ਭਾਣੈ ਹਰਿ ਗੁਣ ਗਾਏ ॥ (1052-16)
हरि कै भाणै हरि गुण गाए ॥

ਸਭਿ ਕਿਲਬਿਖ ਕਾਟੇ ਦੂਖ ਸਬਾਏ ॥ (1052-17)
सभि किलबिख काटे दूख सबाए ॥

ਹਰਿ ਨਿਰਮਲੁ ਨਿਰਮਲ ਹੈ ਬਾਣੀ ਹਰਿ ਸੇਤੀ ਮਨੁ ਰਾਤਾ ਹੇ ॥੯॥ (1052-17)
हरि निरमलु निरमल है बाणी हरि सेती मनु राता हे ॥९॥

ਜਿਸ ਨੋ ਨਦਰਿ ਕਰੇ ਸੋ ਗੁਣ ਨਿਧਿ ਪਾਏ ॥ (1052-18)
जिस नो नदरि करे सो गुण निधि पाए ॥

ਹਉਮੈ ਮੇਰਾ ਠਾਕਿ ਰਹਾਏ ॥ (1052-18)
हउमै मेरा ठाकि रहाए ॥

ਗੁਣ ਅਵਗਣ ਕਾ ਏਕੋ ਦਾਤਾ ਗੁਰਮੁਖਿ ਵਿਰਲੀ ਜਾਤਾ ਹੇ ॥੧੦॥ (1052-18)
गुण अवगण का एको दाता गुरमुखि विरली जाता हे ॥१० ॥

ਮੇਰਾ ਪ੍ਰਭੁ ਨਿਰਮਲੁ ਅਤਿ ਅਪਾਰਾ ॥ (1052-19)
मेरा प्रभु निरमलु अति अपारा ॥

ਆਪੇ ਮੇਲੈ ਗੁਰ ਸਬਦਿ ਵੀਚਾਰਾ ॥ (1052-19)
आपे मेलै गुर सबदि वीचारा ॥

ਆਪੇ ਬਖਸੇ ਸਚੁ ਦ੍ਰਿੜਾਏ ਮਨੁ ਤਨੁ ਸਾਚੈ ਰਾਤਾ ਹੇ ॥੧੧॥ (1053-1)
आपे बखसे सचु द्रिड़ाए मनु तनु साचै राता हे ॥११ ॥

ਮਨੁ ਤਨੁ ਮੈਲਾ ਵਿਚਿ ਜੋਤਿ ਅਪਾਰਾ ॥ (1053-1)
मनु तनु मैला विचि जोति अपारा ॥

ਗੁਰਮਤਿ ਬੂਝੈ ਕਰਿ ਵੀਚਾਰਾ ॥ (1053-2)
गुरमति बूझै करि वीचारा ॥

ਹਉਮੈ ਮਾਰਿ ਸਦਾ ਮਨੁ ਨਿਰਮਲੁ ਰਸਨਾ ਸੇਵਿ ਸੁਖਦਾਤਾ ਹੇ ॥੧੨॥ (1053-2)
हउमै मारि सदा मनु निरमलु रसना सेवि सुखदाता हे ॥१२ ॥

ਗੜ੍ਹ ਕਾਇਆ ਅੰਦਰਿ ਬਹੁ ਹਟ ਬਾਜਾਰਾ ॥ (1053-2)
गड़ काइआ अंदरि बहु हट बाजारा ॥

ਤਿਸੁ ਵਿਚਿ ਨਾਮੁ ਹੈ ਅਤਿ ਅਪਾਰਾ ॥ (1053-3)
तिसु विचि नामु है अति अपारा ॥

ਗੁਰ ਕੈ ਸਬਦਿ ਸਦਾ ਦਰਿ ਸੋਹੈ ਹਉਮੈ ਮਾਰਿ ਪਛਾਤਾ ਹੇ ॥੧੩॥ (1053-3)
गुर कै सबदि सदा दरि सोहै हउमै मारि पछाता हे ॥१३ ॥

ਰਤਨੁ ਅਮੋਲਕੁ ਅਗਮ ਅਪਾਰਾ ॥ (1053-4)
रतनु अमोलकु अगम अपारा ॥

ਕੀਮਤਿ ਕਵਣੁ ਕਰੇ ਵੇਚਾਰਾ ॥ (1053-4)
कीमति कवणु करे वेचारा ॥

ਗੁਰ ਕੈ ਸਬਦੇ ਤੋਲਿ ਤੋਲਾਏ ਅੰਤਰਿ ਸਬਦਿ ਪਛਾਤਾ ਹੇ ॥੧੪॥ (1053-4)
गुर कै सबदे तोलि तोलाए अंतरि सबदि पछाता हे ॥१४॥

ਸਿਮ੍ਰਿਤਿ ਸਾਸਤ੍ਰ ਬਹੁਤੁ ਬਿਸਥਾਰਾ ॥ (1053-5)
सिम्रिति सासत्र बहुतु बिसथारा ॥

ਮਾਇਆ ਮੋਹੁ ਪਸਰਿਆ ਪਾਸਾਰਾ ॥ (1053-5)
माइआ मोहु पसरिआ पासारा ॥

ਮੂਰਖ ਪੜਹਿ ਸਬਦੁ ਨ ਬੂਝਹਿ ਗੁਰਮੁਖਿ ਵਿਰਲੈ ਜਾਤਾ ਹੇ ॥੧੫॥ (1053-6)
मूरख पड़हि सबदु न बूझहि गुरमुखि विरलै जाता हे ॥१५॥

ਆਪੇ ਕਰਤਾ ਕਰੇ ਕਰਾਏ ॥ (1053-6)
आपे करता करे कराए ॥

ਸਚੀ ਬਾਣੀ ਸਚੁ ਦ੍ਰਿੜਾਏ ॥ (1053-7)
सची बाणी सचु द्रिड़ाए ॥

ਨਾਨਕ ਨਾਮੁ ਮਿਲੈ ਵਡਿਆਈ ਜੁਗਿ ਜੁਗਿ ਏਕੋ ਜਾਤਾ ਹੇ ॥੧੬॥੯॥ (1053-7)
नानक नामु मिलै वडिआई जुगि जुगि एको जाता हे ॥१६॥९॥

ਮਾਰੂ ਮਹਲਾ ੩ ॥ (1053-8)
मारू महला ३ ॥

ਸੋ ਸਚੁ ਸੇਵਿਹੁ ਸਿਰਜਣਹਾਰਾ ॥ (1053-8)
सो सचु सेविहु सिरजणहारा ॥

ਸਬਦੇ ਦੂਖ ਨਿਵਾਰਣਹਾਰਾ ॥ (1053-8)
सबदे दूख निवारणहारा ॥

ਅਗਮੁ ਅਗੋਚਰੁ ਕੀਮਤਿ ਨਹੀ ਪਾਈ ਆਪੇ ਅਗਮ ਅਥਾਹਾ ਹੇ ॥੧॥ (1053-8)
अगमु अगोचरु कीमति नही पाई आपे अगम अथाहा हे ॥१॥

ਆਪੇ ਸਚਾ ਸਚੁ ਵਰਤਾਏ ॥ (1053-9)
आपे सचा सचु वरताए ॥

ਇਕਿ ਜਨ ਸਾਚੈ ਆਪੇ ਲਾਏ ॥ (1053-9)
इकि जन साचै आपे लाए ॥

ਸਾਚੋ ਸੇਵਹਿ ਸਾਚੁ ਕਮਾਵਹਿ ਨਾਮੇ ਸਚਿ ਸਮਾਹਾ ਹੇ ॥੨॥ (1053-9)
साचो सेवहि साचु कमावहि नामे सचि समाहा हे ॥२॥

ਧੁਰਿ ਭਗਤਾ ਮੇਲੇ ਆਪਿ ਮਿਲਾਏ ॥ (1053-10)
धुरि भगता मेले आपि मिलाए ॥

ਸਚੀ ਭਗਤੀ ਆਪੇ ਲਾਏ ॥ (1053-10)
सची भगती आपे लाए ॥

ਸਾਚੀ ਬਾਣੀ ਸਦਾ ਗੁਣ ਗਾਵੈ ਇਸੁ ਜਨਮੈ ਕਾ ਲਾਹਾ ਹੇ ॥੩॥ (1053-11)
साची बाणी सदा गुण गावै इसु जनमै का लाहा हे ॥३॥

ਗੁਰਮੁਖਿ ਵਣਜੁ ਕਰਹਿ ਪਰੁ ਆਪੁ ਪਛਾਣਹਿ ॥ (1053-11)
गुरमुखि वणजु करहि परु आपु पछाणहि ॥

ਏਕਸ ਬਿਨੁ ਕੋ ਅਵਰੁ ਨ ਜਾਣਹਿ ॥ (1053-12)
एकस बिनु को अवरु न जाणहि ॥

ਸਚਾ ਸਾਹੁ ਸਚੇ ਵਣਜਾਰੇ ਪੂੰਜੀ ਨਾਮੁ ਵਿਸਾਹਾ ਹੇ ॥੪॥ (1053-12)
सचा साहु सचे वणजारे पूंजी नामु विसाहा हे ॥४॥

ਆਪੇ ਸਾਜੇ ਸ੍ਰਿਸਟਿ ਉਪਾਏ ॥ (1053-12)
आपे साजे स्रिसटि उपाए ॥

ਵਿਰਲੇ ਕਉ ਗੁਰ ਸਬਦੁ ਬੁਝਾਏ ॥ (1053-13)
विरले कउ गुर सबदु बुझाए ॥

ਸਤਿਗੁਰੁ ਸੇਵਹਿ ਸੇ ਜਨ ਸਾਚੇ ਕਾਟੇ ਜਮ ਕਾ ਫਾਹਾ ਹੇ ॥੫॥ (1053-13)
सतिगुरु सेवहि से जन साचे काटे जम का फाहा हे ॥५॥

ਭੰਨੈ ਘੜੇ ਸਵਾਰੇ ਸਾਜੇ ॥ (1053-14)
भंनै घड़े सवारे साजे ॥

ਮਾਇਆ ਮੋਹਿ ਦੂਜੈ ਜੰਤ ਪਾਜੇ ॥ (1053-14)
माइआ मोहि दूजै जंत पाजे ॥

ਮਨਮੁਖ ਫਿਰਹਿ ਸਦਾ ਅੰਧੁ ਕਮਾਵਹਿ ਜਮ ਕਾ ਜੇਵੜਾ ਗਲਿ ਫਾਹਾ ਹੇ ॥੬॥ (1053-14)
मनमुख फिरहि सदा अंधु कमावहि जम का जेवड़ा गलि फाहा हे ॥६॥

ਆਪੇ ਬਖਸੇ ਗੁਰ ਸੇਵਾ ਲਾਏ ॥ (1053-15)
आपे बखसे गुर सेवा लाए ॥

ਗੁਰਮਤੀ ਨਾਮੁ ਮੰਨਿ ਵਸਾਏ ॥ (1053-15)
गुरमती नामु मंनि वसाए ॥

ਅਨਦਿਨੁ ਨਾਮੁ ਧਿਆਏ ਸਾਚਾ ਇਸੁ ਜਗ ਮਹਿ ਨਾਮੋ ਲਾਹਾ ਹੇ ॥੭॥ (1053-15)
अनदिनु नामु धिआए साचा इसु जग महि नामो लाहा हे ॥७॥

ਆਪੇ ਸਚਾ ਸਚੀ ਨਾਈ ॥ (1053-16)
आपे सचा सची नाई ॥

ਗੁਰਮੁਖਿ ਦੇਵੈ ਮੰਨਿ ਵਸਾਈ ॥ (1053-16)
गुरमुखि देवै मंनि वसाई ॥

ਜਿਨ ਮਨਿ ਵਸਿਆ ਸੇ ਜਨ ਸੋਹਹਿ ਤਿਨ ਸਿਰਿ ਚੂਕਾ ਕਾਹਾ ਹੇ ॥੮॥ (1053-17)
जिन मनि वसिआ से जन सोहहि तिन सिरि चूका काहा हे ॥८॥

ਅਗਮ ਅਗੋਚਰੁ ਕੀਮਤਿ ਨਹੀ ਪਾਈ ॥ (1053-17)
अगम अगोचरु कीमति नही पाई ॥

ਗੁਰ ਪਰਸਾਦੀ ਮੰਨਿ ਵਸਾਈ ॥ (1053-18)
गुर परसादी मंनि वसाई ॥

ਸਦਾ ਸਬਦਿ ਸਾਲਾਹੀ ਗੁਣਦਾਤਾ ਲੇਖਾ ਕੋਇ ਨ ਮੰਗੈ ਤਾਹਾ ਹੇ ॥੯॥ (1053-18)
सदा सबदि सालाही गुणदाता लेखा कोइ न मंगै ताहा हे ॥९॥

ਬ੍ਰਹਮਾ ਬਿਸਨੁ ਰੁਦ੍ਰੁ ਤਿਸ ਕੀ ਸੇਵਾ ॥ (1053-18)
ब्रहमा बिसनु रुद्रु तिस की सेवा ॥

ਅੰਤੁ ਨ ਪਾਵਹਿ ਅਲਖ ਅਭੇਵਾ ॥ (1053-19)
अंतु न पावहि अलख अभेवा ॥

ਜਿਨ ਕਉ ਨਦਰਿ ਕਰਹਿ ਤੂ ਅਪਣੀ ਗੁਰਮੁਖਿ ਅਲਖੁ ਲਖਾਹਾ ਹੇ ॥੧੦॥ (1053-19)
जिन कउ नदरि करहि तू अपणी गुरमुखि अलखु लखाहा हे ॥१०॥

ਪੂਰੈ ਸਤਿਗੁਰਿ ਸੋਝੀ ਪਾਈ ॥ (1054-1)
पूरै सतिगुरि सोझी पाई ॥

ਏਕੋ ਨਾਮੁ ਮੰਨਿ ਵਸਾਈ ॥ (1054-1)
एको नामु मंनि वसाई ॥

ਨਾਮੁ ਜਪੀ ਤੈ ਨਾਮੁ ਧਿਆਈ ਮਹਲੁ ਪਾਇ ਗੁਣ ਗਾਹਾ ਹੇ ॥੧੧॥ (1054-1)
नामु जपी तै नामु धिआई महलु पाइ गुण गाहा हे ॥११॥

ਸੇਵਕ ਸੇਵਹਿ ਮੰਨਿ ਹੁਕਮੁ ਅਪਾਰਾ ॥ (1054-2)
सेवक सेवहि मंनि हुकमु अपारा ॥

ਮਨਮੁਖ ਹੁਕਮੁ ਨ ਜਾਣਹਿ ਸਾਰਾ ॥ (1054-2)
मनमुख हुकमु न जाणहि सारा ॥

ਹੁਕਮੇ ਮੰਨੇ ਹੁਕਮੇ ਵਡਿਆਈ ਹੁਕਮੇ ਵੇਪਰਵਾਹਾ ਹੇ ॥੧੨॥ (1054-3)
हुकमे मंने हुकमे वडिआई हुकमे वेपरवाहा हे ॥१२॥

ਗੁਰ ਪਰਸਾਦੀ ਹੁਕਮੁ ਪਛਾਣੈ ॥ (1054-3)
गुर परसादी हुकमु पछाणै ॥

ਧਾਵਤੁ ਰਾਖੈ ਇਕਤੁ ਘਰਿ ਆਣੈ ॥ (1054-3)
धावतु राखै इकतु घरि आणै ॥

ਨਾਮੇ ਰਾਤਾ ਸਦਾ ਬੈਰਾਗੀ ਨਾਮੁ ਰਤਨੁ ਮਨਿ ਤਾਹਾ ਹੇ ॥੧੩॥ (1054-4)
नामे राता सदा बैरागी नामु रतनु मनि ताहा हे ॥१३॥

ਸਭ ਜਗ ਮਹਿ ਵਰਤੈ ਏਕੋ ਸੋਈ ॥ (1054-4)
सभ जग महि वरतै एको सोई ॥

ਗੁਰ ਪਰਸਾਦੀ ਪਰਗਟੁ ਹੋਈ ॥ (1054-5)
गुर परसादी परगटु होई ॥

ਸਬਦੁ ਸਲਾਹਹਿ ਸੇ ਜਨ ਨਿਰਮਲ ਨਿਜ ਘਰਿ ਵਾਸਾ ਤਾਹਾ ਹੇ ॥੧੪॥ (1054-5)
सबदु सलाहहि से जन निरमल निज घरि वासा ताहा हे ॥१४॥

ਸਦਾ ਭਗਤ ਤੇਰੀ ਸਰਣਾਈ ॥ (1054-5)
सदा भगत तेरी सरणाई ॥

ਅਗਮ ਅਗੋਚਰ ਕੀਮਤਿ ਨਹੀ ਪਾਈ ॥ (1054-6)
अगम अगोचर कीमति नही पाई ॥

ਜਿਉ ਤੁਧੁ ਭਾਵਹਿ ਤਿਉ ਤੂ ਰਾਖਹਿ ਗੁਰਮੁਖਿ ਨਾਮੁ ਧਿਆਹਾ ਹੇ ॥੧੫॥ (1054-6)
जिउ तुधु भावहि तिउ तू राखहि गुरमुखि नामु धिआहा हे ॥१५॥

ਸਦਾ ਸਦਾ ਤੇਰੇ ਗੁਣ ਗਾਵਾ ॥ (1054-7)
सदा सदा तेरे गुण गावा ॥

ਸਚੇ ਸਾਹਿਬ ਤੇਰੈ ਮਨਿ ਭਾਵਾ ॥ (1054-7)
सचे साहिब तेरै मनि भावा ॥

ਨਾਨਕੁ ਸਾਚੁ ਕਹੈ ਬੇਨੰਤੀ ਸਚੁ ਦੇਵਹੁ ਸਚਿ ਸਮਾਹਾ ਹੇ ॥੧੬॥੧॥੧੦॥ (1054-7)
नानकु साचु कहै बेनंती सचु देवहु सचि समाहा हे ॥१६॥१॥१०॥

ਮਾਰੂ ਮਹਲਾ ੩ ॥ (1054-8)
मारू महला ३ ॥

ਸਤਿਗੁਰੁ ਸੇਵਨਿ ਸੇ ਵਡਭਾਗੀ ॥ (1054-8)
सतिगुरु सेवनि से वडभागी ॥

ਅਨਦਿਨੁ ਸਾਚਿ ਨਾਮਿ ਲਿਵ ਲਾਗੀ ॥ (1054-9)
अनदिनु साचि नामि लिव लागी ॥

ਸਦਾ ਸੁਖਦਾਤਾ ਰਵਿਆ ਘਟ ਅੰਤਰਿ ਸਬਦਿ ਸਚੈ ਓਮਾਹਾ ਹੇ ॥੧॥ (1054-9)
सदा सुखदाता रविआ घट अंतरि सबदि सचै ओमाहा हे ॥१॥

ਨਦਰਿ ਕਰੇ ਤਾ ਗੁਰੂ ਮਿਲਾਏ ॥ (1054-10)
नदरि करे ता गुरू मिलाए ॥

ਹਰਿ ਕਾ ਨਾਮੁ ਮੰਨਿ ਵਸਾਏ ॥ (1054-10)
हरि का नामु मंनि वसाए ॥

ਹਰਿ ਮਨਿ ਵਸਿਆ ਸਦਾ ਸੁਖਦਾਤਾ ਸਬਦੇ ਮਨਿ ਓਮਾਹਾ ਹੇ ॥੨॥ (1054-10)
हरि मनि वसिआ सदा सुखदाता सबदे मनि ओमाहा हे ॥२॥

ਕ੍ਰਿਪਾ ਕਰੇ ਤਾ ਮੇਲਿ ਮਿਲਾਏ ॥ (1054-11)
क्रिपा करे ता मेलि मिलाए ॥

ਹਉਮੈ ਮਮਤਾ ਸਬਦਿ ਜਲਾਏ ॥ (1054-11)
हउमै ममता सबदि जलाए ॥

ਸਦਾ ਮੁਕਤੁ ਰਹੈ ਇਕ ਰੰਗੀ ਨਾਹੀ ਕਿਸੈ ਨਾਲਿ ਕਾਹਾ ਹੇ ॥੩॥ (1054-11)
सदा मुकतु रहै इक रंगी नाही किसै नालि काहा हे ॥३॥

ਬਿਨੁ ਸਤਿਗੁਰ ਸੇਵੇ ਘੋਰ ਅੰਧਾਰਾ ॥ (1054-12)
बिनु सतिगुर सेवे घोर अंधारा ॥

ਬਿਨੁ ਸਬਦੈ ਕੋਇ ਨ ਪਾਵੈ ਪਾਰਾ ॥ (1054-12)
बिनु सबदै कोइ न पावै पारा ॥

ਜੋ ਸਬਦਿ ਰਾਤੇ ਮਹਾ ਬੈਰਾਗੀ ਸੋ ਸਚੁ ਸਬਦੇ ਲਾਹਾ ਹੇ ॥੪॥ (1054-12)
जो सबदि राते महा बैरागी सो सचु सबदे लाहा हे ॥४॥

ਦੁਖੁ ਸੁਖੁ ਕਰਤੈ ਧੁਰਿ ਲਿਖਿ ਪਾਇਆ ॥ (1054-13)
दुखु सुखु करतै धुरि लिखि पाइआ ॥

ਦੂਜਾ ਭਾਉ ਆਪਿ ਵਰਤਾਇਆ ॥ (1054-13)
दूजा भाउ आपि वरताइआ ॥

ਗੁਰਮੁਖਿ ਹੋਵੈ ਸੁ ਅਲਿਪਤੋ ਵਰਤੈ ਮਨਮੁਖ ਕਾ ਕਿਆ ਵੇਸਾਹਾ ਹੇ ॥੫॥ (1054-14)
गुरमुखि होवै सु अलिपतो वरतै मनमुख का किआ वेसाहा हे ॥५॥

ਸੇ ਮਨਮੁਖ ਜੋ ਸਬਦੁ ਨ ਪਛਾਣਹਿ ॥ (1054-14)
से मनमुख जो सबदु न पछाणहि ॥

ਗੁਰ ਕੇ ਭੈ ਕੀ ਸਾਰ ਨ ਜਾਣਹਿ ॥ (1054-15)
गुर के भै की सार न जाणहि ॥

ਭੈ ਬਿਨੁ ਕਿਉ ਨਿਰਭਉ ਸਚੁ ਪਾਈਐ ਜਮੁ ਕਾਢਿ ਲਏਗਾ ਸਾਹਾ ਹੇ ॥੬॥ (1054-15)
भै बिनु किउ निरभउ सचु पाईऐ जमु काढि लएगा साहा हे ॥६॥

ਅਫਰਿਓ ਜਮੁ ਮਾਰਿਆ ਨ ਜਾਈ ॥ (1054-16)
अफरिओ जमु मारिआ न जाई ॥

ਗੁਰ ਕੈ ਸਬਦੇ ਨੇੜਿ ਨ ਆਈ ॥ (1054-16)
गुर कै सबदे नेड़ि न आई ॥

ਸਬਦੁ ਸੁਣੇ ਤਾ ਦੂਰਹੁ ਭਾਗੈ ਮਤੁ ਮਾਰੇ ਹਰਿ ਜੀਉ ਵੇਪਰਵਾਹਾ ਹੇ ॥੭॥ (1054-16)
सबदु सुणे ता दूरहु भागै मतु मारे हरि जीउ वेपरवाहा हे ॥७॥

ਹਰਿ ਜੀਉ ਕੀ ਹੈ ਸਭ ਸਿਰਕਾਰਾ ॥ (1054-17)
हरि जीउ की है सभ सिरकारा ॥

ਏਹੁ ਜਮੁ ਕਿਆ ਕਰੇ ਵਿਚਾਰਾ ॥ (1054-17)
एहु जमु किआ करे विचारा ॥

ਹੁਕਮੀ ਬੰਦਾ ਹੁਕਮੁ ਕਮਾਵੈ ਹੁਕਮੇ ਕਢਦਾ ਸਾਹਾ ਹੇ ॥੮॥ (1054-18)
हुकमी बंदा हुकमु कमावै हुकमे कढदा साहा हे ॥८॥

ਗੁਰਮੁਖਿ ਸਾਚੈ ਕੀਆ ਅਕਾਰਾ ॥ (1054-18)
गुरमुखि साचै कीआ अकारा ॥

ਗੁਰਮੁਖਿ ਪਸਰਿਆ ਸਭੁ ਪਾਸਾਰਾ ॥ (1054-19)
गुरमुखि पसरिआ सभु पासारा ॥

ਗੁਰਮੁਖਿ ਹੋਵੈ ਸੋ ਸਚੁ ਬੂਝੈ ਸਬਦਿ ਸਚੈ ਸੁਖੁ ਤਾਹਾ ਹੇ ॥੯॥ (1054-19)
गुरमुखि होवै सो सचु बूझै सबदि सचै सुखु ताहा हे ॥९॥

ਗੁਰਮੁਖਿ ਜਾਤਾ ਕਰਮਿ ਬਿਧਾਤਾ ॥ (1054-19)
गुरमुखि जाता करमि बिधाता ॥

ਜੁਗ ਚਾਰੇ ਗੁਰ ਸਬਦਿ ਪਛਾਤਾ ॥ (1055-1)
जुग चारे गुर सबदि पछाता ॥

ਗੁਰਮੁਖਿ ਮਰੈ ਨ ਜਨਮੈ ਗੁਰਮੁਖਿ ਗੁਰਮੁਖਿ ਸਬਦਿ ਸਮਾਹਾ ਹੇ ॥੧੦॥ (1055-1)
गुरमुखि मरै न जनमै गुरमुखि गुरमुखि सबदि समाहा हे ॥१०॥

ਗੁਰਮੁਖਿ ਨਾਮਿ ਸਬਦਿ ਸਾਲਾਹੇ ॥ (1055-2)
गुरमुखि नामि सबदि सालाहे ॥

ਅਗਮ ਅਗੋਚਰ ਵੇਪਰਵਾਹੇ ॥ (1055-2)
अगम अगोचर वेपरवाहे ॥

ਏਕ ਨਾਮਿ ਜੁਗ ਚਾਰਿ ਉਧਾਰੇ ਸਬਦੇ ਨਾਮ ਵਿਸਾਹਾ ਹੇ ॥੧੧॥ (1055-2)
एक नामि जुग चारि उधारे सबदे नाम विसाहा हे ॥११॥

ਗੁਰਮੁਖਿ ਸਾਂਤਿ ਸਦਾ ਸੁਖੁ ਪਾਏ ॥ (1055-3)
गुरमुखि सांति सदा सुखु पाए ॥

ਗੁਰਮੁਖਿ ਹਿਰਦੈ ਨਾਮੁ ਵਸਾਏ ॥ (1055-3)
गुरमुखि हिरदै नामु वसाए ॥

ਗੁਰਮੁਖਿ ਹੋਵੈ ਸੋ ਨਾਮੁ ਬੂਝੈ ਕਾਟੇ ਦੁਰਮਤਿ ਫਾਹਾ ਹੇ ॥੧੨॥ (1055-4)
गुरमुखि होवै सो नामु बूझै काटे दुरमति फाहा हे ॥१२॥

ਗੁਰਮੁਖਿ ਉਪਜੈ ਸਾਚਿ ਸਮਾਵੈ ॥ (1055-4)
गुरमुखि उपजै साचि समावै ॥

ਨਾ ਮਰਿ ਜੰਮੈ ਨ ਜੂਨੀ ਪਾਵੈ ॥ (1055-4)
ना मरि जंमै न जूनी पावै ॥

ਗੁਰਮੁਖਿ ਸਦਾ ਰਹਹਿ ਰੰਗਿ ਰਾਤੇ ਅਨਦਿਨੁ ਲੈਦੇ ਲਾਹਾ ਹੇ ॥੧੩॥ (1055-5)
गुरमुखि सदा रहहि रंगि राते अनदिनु लैदे लाहा हे ॥१३॥

ਗੁਰਮੁਖਿ ਭਗਤ ਸੋਹਹਿ ਦਰਬਾਰੇ ॥ (1055-5)
गुरमुखि भगत सोहहि दरबारे ॥

ਸਚੀ ਬਾਣੀ ਸਬਦਿ ਸਵਾਰੇ ॥ (1055-6)
सची बाणी सबदि सवारे ॥

ਅਨਦਿਨੁ ਗੁਣ ਗਾਵੈ ਦਿਨੁ ਰਾਤੀ ਸਹਜ ਸੇਤੀ ਘਰਿ ਜਾਹਾ ਹੇ ॥੧੪॥ (1055-6)
अनदिनु गुण गावै दिनु राती सहज सेती घरि जाहा हे ॥१४॥

ਸਤਿਗੁਰੁ ਪੂਰਾ ਸਬਦੁ ਸੁਣਾਏ ॥ (1055-7)
सतिगुरु पूरा सबदु सुणाए ॥

ਅਨਦਿਨੁ ਭਗਤਿ ਕਰਹੁ ਲਿਵ ਲਾਏ ॥ (1055-7)
अनदिनु भगति करहु लिव लाए ॥

ਹਰਿ ਗੁਣ ਗਾਵਹਿ ਸਦ ਹੀ ਨਿਰਮਲ ਨਿਰਮਲ ਗੁਣ ਪਾਤਿਸਾਹਾ ਹੇ ॥੧੫॥ (1055-7)
हरि गुण गावहि सद ही निरमल निरमल गुण पातिसाहा हे ॥१५॥

ਗੁਣ ਕਾ ਦਾਤਾ ਸਚਾ ਸੋਈ ॥ (1055-8)
गुण का दाता सचा सोई ॥

ਗੁਰਮੁਖਿ ਵਿਰਲਾ ਬੂਝੈ ਕੋਈ ॥ (1055-8)
गुरमुखि विरला बूझै कोई ॥

ਨਾਨਕ ਜਨੁ ਨਾਮੁ ਸਲਾਹੇ ਬਿਗਸੈ ਸੋ ਨਾਮੁ ਬੇਪਰਵਾਹਾ ਹੇ ॥੧੬॥੨॥੧੧॥ (1055-8)
नानक जनु नामु सलाहे बिगसै सो नामु बेपरवाहा हे ॥१६॥२॥११॥

ਮਾਰੂ ਮਹਲਾ ੩ ॥ (1055-9)
मारू महला ३ ॥

ਹਰਿ ਜੀਉ ਸੇਵਿਹੁ ਅਗਮ ਅਪਾਰਾ ॥ (1055-9)
हरि जीउ सेविहु अगम अपारा ॥

ਤਿਸ ਦਾ ਅੰਤੁ ਨ ਪਾਈਐ ਪਾਰਾਵਾਰਾ ॥ (1055-10)
तिस दा अंतु न पाईऐ पारावारा ॥

ਗੁਰ ਪਰਸਾਦਿ ਰਵਿਆ ਘਟ ਅੰਤਰਿ ਤਿਤੁ ਘਟਿ ਮਤਿ ਅਗਾਹਾ ਹੇ ॥੧॥ (1055-10)
गुर परसादि रविआ घट अंतरि तितु घटि मति अगाहा हे ॥१॥

ਸਭ ਮਹਿ ਵਰਤੈ ਏਕੋ ਸੋਈ ॥ (1055-11)
सभ महि वरतै एको सोई ॥

ਗੁਰ ਪਰਸਾਦੀ ਪਰਗਟੁ ਹੋਈ ॥ (1055-11)
गुर परसादी परगटु होई ॥

ਸਭਨਾ ਪ੍ਰਤਿਪਾਲ ਕਰੇ ਜਗਜੀਵਨੁ ਦੇਦਾ ਰਿਜਕੁ ਸੰਬਾਹਾ ਹੇ ॥੨॥ (1055-11)
सभना प्रतिपाल करे जगजीवनु देदा रिजकु स्मबाहा हे ॥२॥

ਪੂਰੈ ਸਤਿਗੁਰਿ ਬੂਝਿ ਬੁਝਾਇਆ ॥ (1055-12)
पूरै सतिगुरि बूझि बुझाइआ ॥

ਹੁਕਮੇ ਹੀ ਸਭੁ ਜਗਤੁ ਉਪਾਇਆ ॥ (1055-12)
हुकमे ही सभु जगतु उपाइआ ॥

ਹੁਕਮੁ ਮੰਨੇ ਸੋਈ ਸੁਖੁ ਪਾਏ ਹੁਕਮੁ ਸਿਰਿ ਸਾਹਾ ਪਾਤਿਸਾਹਾ ਹੇ ॥੩॥ (1055-12)
हुकमु मंने सोई सुखु पाए हुकमु सिरि साहा पातिसाहा हे ॥३॥

ਸਚਾ ਸਤਿਗੁਰੁ ਸਬਦੁ ਅਪਾਰਾ ॥ (1055-13)
सचा सतिगुरु सबदु अपारा ॥

ਤਿਸ ਦੈ ਸਬਦਿ ਨਿਸਤਰੈ ਸੰਸਾਰਾ ॥ (1055-13)
तिस दै सबदि निसतरै संसारा ॥

ਆਪੇ ਕਰਤਾ ਕਰਿ ਕਰਿ ਵੇਖੈ ਦੇਦਾ ਸਾਸ ਗਿਰਾਹਾ ਹੇ ॥੪॥ (1055-14)
आपे करता करि करि वेखै देदा सास गिराहा हे ॥४॥

ਕੋਟਿ ਮਧੇ ਕਿਸਹਿ ਬੁਝਾਏ ॥ (1055-14)
कोटि मधे किसहि बुझाए ॥

ਗੁਰ ਕੈ ਸਬਦਿ ਰਤੇ ਰੰਗੁ ਲਾਏ ॥ (1055-14)
गुर कै सबदि रते रंगु लाए ॥

ਹਰਿ ਸਾਲਾਹਹਿ ਸਦਾ ਸੁਖਦਾਤਾ ਹਰਿ ਬਖਸੇ ਭਗਤਿ ਸਲਾਹਾ ਹੇ ॥੫॥ (1055-15)
हरि सालाहहि सदा सुखदाता हरि बखसे भगति सलाहा हे ॥५॥

ਸਤਿਗੁਰੁ ਸੇਵਹਿ ਸੇ ਜਨ ਸਾਚੇ ॥ (1055-15)
सतिगुरु सेवहि से जन साचे ॥

ਜੋ ਮਰਿ ਜੰਮਹਿ ਕਾਚਨਿ ਕਾਚੇ ॥ (1055-16)
जो मरि जंमहि काचनि काचे ॥

ਅਗਮ ਅਗੋਚਰੁ ਵੇਪਰਵਾਹਾ ਭਗਤਿ ਵਛਲੁ ਅਥਾਹਾ ਹੇ ॥੬॥ (1055-16)
अगम अगोचरु वेपरवाहा भगति वछलु अथाहा हे ॥६॥

ਸਤਿਗੁਰੁ ਪੂਰਾ ਸਾਚੁ ਦ੍ਰਿੜਾਏ ॥ (1055-17)
सतिगुरु पूरा साचु द्रिड़ाए ॥

ਸਚੈ ਸਬਦਿ ਸਦਾ ਗੁਣ ਗਾਏ ॥ (1055-17)
सचै सबदि सदा गुण गाए ॥

ਗੁਣਦਾਤਾ ਵਰਤੈ ਸਭ ਅੰਤਰਿ ਸਿਰਿ ਸਿਰਿ ਲਿਖਦਾ ਸਾਹਾ ਹੇ ॥੭॥ (1055-17)
गुणदाता वरतै सभ अंतरि सिरि सिरि लिखदा साहा हे ॥७॥

ਸਦਾ ਹਦੂਰਿ ਗੁਰਮੁਖਿ ਜਾਪੈ ॥ (1055-18)
सदा हदूरि गुरमुखि जापै ॥

ਸਬਦੇ ਸੇਵੈ ਸੋ ਜਨੁ ਧ੍ਰਾਪੈ ॥ (1055-18)
सबदे सेवै सो जनु ध्रापै ॥

ਅਨਦਿਨੁ ਸੇਵਹਿ ਸਚੀ ਬਾਣੀ ਸਬਦਿ ਸਚੈ ਓਮਾਹਾ ਹੇ ॥੮॥ (1055-18)
अनदिनु सेवहि सची बाणी सबदि सचै ओमाहा हे ॥८॥

ਅਗਿਆਨੀ ਅੰਧਾ ਬਹੁ ਕਰਮ ਦ੍ਰਿੜਾਏ ॥ (1055-19)
अगिआनी अंधा बहु करम द्रिड़ाए ॥

ਮਨਹਠਿ ਕਰਮ ਫਿਰਿ ਜੋਨੀ ਪਾਏ ॥ (1055-19)
मनहठि करम फिरि जोनी पाए ॥

ਬਿਖਿਆ ਕਾਰਣਿ ਲਬੁ ਲੋਭੁ ਕਮਾਵਹਿ ਦੁਰਮਤਿ ਕਾ ਦੋਰਾਹਾ ਹੇ ॥੯॥ (1056-1)
बिखिआ कारणि लबु लोभु कमावहि दुरमति का दोराहा हे ॥९॥

ਪੂਰਾ ਸਤਿਗੁਰੁ ਭਗਤਿ ਦ੍ਰਿੜਾਏ ॥ (1056-1)
पूरा सतिगुरु भगति द्रिड़ाए ॥

ਗੁਰ ਕੈ ਸਬਦਿ ਹਰਿ ਨਾਮਿ ਚਿਤੁ ਲਾਏ ॥ (1056-2)
गुर कै सबदि हरि नामि चितु लाए ॥

ਮਨਿ ਤਨਿ ਹਰਿ ਰਵਿਆ ਘਟ ਅੰਤਰਿ ਮਨਿ ਭੀਨੈ ਭਗਤਿ ਸਲਾਹਾ ਹੇ ॥੧੦॥ (1056-2)
मनि तनि हरि रविआ घट अंतरि मनि भीनै भगति सलाहा हे ॥१०॥

ਮੇਰਾ ਪ੍ਰਭੁ ਸਾਚਾ ਅਸੁਰ ਸੰਘਾਰਣੁ ॥ (1056-3)
मेरा प्रभु साचा असुर संघारणु ॥

ਗੁਰ ਕੈ ਸਬਦਿ ਭਗਤਿ ਨਿਸਤਾਰਣੁ ॥ (1056-3)
गुर कै सबदि भगति निसतारणु ॥

ਮੇਰਾ ਪ੍ਰਭੁ ਸਾਚਾ ਸਦ ਹੀ ਸਾਚਾ ਸਿਰਿ ਸਾਹਾ ਪਾਤਿਸਾਹਾ ਹੇ ॥੧੧॥ (1056-3)
मेरा प्रभु साचा सद ही साचा सिरि साहा पातिसाहा हे ॥११॥

ਸੇ ਭਗਤ ਸਚੇ ਤੇਰੈ ਮਨਿ ਭਾਏ ॥ (1056-4)
से भगत सचे तेरै मनि भाए ॥

ਦਰਿ ਕੀਰਤਨੁ ਕਰਹਿ ਗੁਰ ਸਬਦਿ ਸੁਹਾਏ ॥ (1056-4)
दरि कीरतनु करहि गुर सबदि सुहाए ॥

ਸਾਚੀ ਬਾਣੀ ਅਨਦਿਨੁ ਗਾਵਹਿ ਨਿਰਧਨ ਕਾ ਨਾਮੁ ਵੇਸਾਹਾ ਹੇ ॥੧੨॥ (1056-5)
साची बाणी अनदिनु गावहि निरधन का नामु वेसाहा हे ॥१२॥

ਜਿਨ ਆਪੇ ਮੇਲਿ ਵਿਛੋੜਹਿ ਨਾਹੀ ॥ (1056-5)
जिन आपे मेलि विछोड़हि नाही ॥

ਗੁਰ ਕੈ ਸਬਦਿ ਸਦਾ ਸਾਲਾਹੀ ॥ (1056-6)
गुर कै सबदि सदा सालाही ॥

ਸਭਨਾ ਸਿਰਿ ਤੂ ਏਕੋ ਸਾਹਿਬੁ ਸਬਦੇ ਨਾਮੁ ਸਲਾਹਾ ਹੇ ॥੧੩॥ (1056-6)
सभना सिरि तू एको साहिबु सबदे नामु सलाहा हे ॥१३॥

ਬਿਨੁ ਸਬਦੈ ਤੁਧੁਨੋ ਕੋਈ ਨ ਜਾਣੀ ॥ (1056-6)
बिनु सबदै तुधुनो कोई न जाणी ॥

ਤੁਧੁ ਆਪੇ ਕਥੀ ਅਕਥ ਕਹਾਣੀ ॥ (1056-7)
तुधु आपे कथी अकथ कहाणी ॥

ਆਪੇ ਸਬਦੁ ਸਦਾ ਗੁਰੁ ਦਾਤਾ ਹਰਿ ਨਾਮੁ ਜਪਿ ਸੰਬਾਹਾ ਹੇ ॥੧੪॥ (1056-7)
आपे सबदु सदा गुरु दाता हरि नामु जपि स्मबाहा हे ॥१४॥

ਤੂ ਆਪੇ ਕਰਤਾ ਸਿਰਜਣਹਾਰਾ ॥ (1056-8)
तू आपे करता सिरजणहारा ॥

ਤੇਰਾ ਲਿਖਿਆ ਕੋਇ ਨ ਮੇਟਣਹਾਰਾ ॥ (1056-8)
तेरा लिखिआ कोइ न मेटणहारा ॥

ਗੁਰਮੁਖਿ ਨਾਮੁ ਦੇਵਹਿ ਤੂ ਆਪੇ ਸਹਸਾ ਗਣਤ ਨ ਤਾਹਾ ਹੇ ॥੧੫॥ (1056-8)
गुरमुखि नामु देवहि तू आपे सहसा गणत न ताहा हे ॥१५॥

ਭਗਤ ਸਚੇ ਤੇਰੈ ਦਰਵਾਰੇ ॥ (1056-9)
भगत सचे तेरै दरवारे ॥

ਸਬਦੇ ਸੇਵਨਿ ਭਾਇ ਪਿਆਰੇ ॥ (1056-9)
सबदे सेवनि भाइ पिआरे ॥

ਨਾਨਕ ਨਾਮਿ ਰਤੇ ਬੈਰਾਗੀ ਨਾਮੇ ਕਾਰਜੁ ਸੋਹਾ ਹੇ ॥੧੬॥੩॥੧੨॥ (1056-10)
नानक नामि रते बैरागी नामे कारजु सोहा हे ॥१६॥३॥१२॥

ਮਾਰੂ ਮਹਲਾ ੩ ॥ (1056-10)
मारू महला ३ ॥

ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ ॥ (1056-10)
मेरै प्रभि साचै इकु खेलु रचाइआ ॥

ਕੋਇ ਨ ਕਿਸ ਹੀ ਜੇਹਾ ਉਪਾਇਆ ॥ (1056-11)
कोइ न किस ही जेहा उपाइआ ॥

ਆਪੇ ਫਰਕੁ ਕਰੇ ਵੇਖਿ ਵਿਗਸੈ ਸਭਿ ਰਸ ਦੇਹੀ ਮਾਹਾ ਹੇ ॥੧॥ (1056-11)
आपे फरकु करे वेखि विगसै सभि रस देही माहा हे ॥१॥

ਵਾਜੈ ਪਉਣੁ ਤੈ ਆਪਿ ਵਜਾਏ ॥ (1056-12)
वाजै पउणु तै आपि वजाए ॥

ਸਿਵ ਸਕਤੀ ਦੇਹੀ ਮਹਿ ਪਾਏ ॥ (1056-12)
सिव सकती देही महि पाए ॥

ਗੁਰ ਪਰਸਾਦੀ ਉਲਟੀ ਹੋਵੈ ਗਿਆਨ ਰਤਨੁ ਸਬਦੁ ਤਾਹਾ ਹੇ ॥੨॥ (1056-12)
गुर परसादी उलटी होवै गिआन रतनु सबदु ताहा हे ॥२॥

ਅੰਧੇਰਾ ਚਾਨਣੁ ਆਪੇ ਕੀਆ ॥ (1056-13)
अंधेरा चानणु आपे कीआ ॥

ਏਕੋ ਵਰਤੈ ਅਵਰੁ ਨ ਬੀਆ ॥ (1056-13)
एको वरतै अवरु न बीआ ॥

ਗੁਰ ਪਰਸਾਦੀ ਆਪੁ ਪਛਾਣੈ ਕਮਲੁ ਬਿਗਸੈ ਬੁਧਿ ਤਾਹਾ ਹੇ ॥੩॥ (1056-14)
गुर परसादी आपु पछाणै कमलु बिगसै बुधि ताहा हे ॥३॥

ਅਪਣੀ ਗਹਣ ਗਤਿ ਆਪੇ ਜਾਣੈ ॥ (1056-14)
अपणी गहण गति आपे जाणै ॥

ਹੋਰੁ ਲੋਕੁ ਸੁਣਿ ਸੁਣਿ ਆਖਿ ਵਖਾਣੈ ॥ (1056-14)
होरु लोकु सुणि सुणि आखि वखाणै ॥

ਗਿਆਨੀ ਹੋਵੈ ਸੁ ਗੁਰਮੁਖਿ ਬੂਝੈ ਸਾਚੀ ਸਿਫਤਿ ਸਲਾਹਾ ਹੇ ॥੪॥ (1056-15)
गिआनी होवै सु गुरमुखि बूझै साची सिफति सलाहा हे ॥४॥

ਦੇਹੀ ਅੰਦਰਿ ਵਸਤੁ ਅਪਾਰਾ ॥ (1056-16)
देही अंदरि वसतु अपारा ॥

ਆਪੇ ਕਪਟ ਖੁਲਾਵਣਹਾਰਾ ॥ (1056-16)
आपे कपट खुलावणहारा ॥

ਗੁਰਮੁਖਿ ਸਹਜੇ ਅੰਮ੍ਰਿਤੁ ਪੀਵੈ ਤ੍ਰਿਸਨਾ ਅਗਨਿ ਬੁਝਾਹਾ ਹੇ ॥੫॥ (1056-16)
गुरमुखि सहजे अमृतु पीवै त्रिसना अगनि बुझाहा हे ॥५॥

ਸਭਿ ਰਸ ਦੇਹੀ ਅੰਦਰਿ ਪਾਏ ॥ (1056-17)
सभि रस देही अंदरि पाए ॥

ਵਿਰਲੇ ਕਉ ਗੁਰੁ ਸਬਦੁ ਬੁਝਾਏ ॥ (1056-17)
विरले कउ गुरु सबदु बुझाए ॥

ਅੰਦਰੁ ਖੋਜੇ ਸਬਦੁ ਸਾਲਾਹੇ ਬਾਹਰਿ ਕਾਹੇ ਜਾਹਾ ਹੇ ॥੬॥ (1056-17)
अंदरु खोजे सबदु सालाहे बाहरि काहे जाहा हे ॥६॥

ਵਿਣੁ ਚਾਖੇ ਸਾਦੁ ਕਿਸੈ ਨ ਆਇਆ ॥ (1056-18)
विणु चाखे सादु किसै न आइआ ॥

ਗੁਰ ਕੈ ਸਬਦਿ ਅੰਮ੍ਰਿਤੁ ਪੀਆਇਆ ॥ (1056-18)
गुर कै सबदि अमृतु पीआइआ ॥

ਅੰਮ੍ਰਿਤੁ ਪੀ ਅਮਰਾ ਪਦੁ ਹੋਏ ਗੁਰ ਕੈ ਸਬਦਿ ਰਸੁ ਤਾਹਾ ਹੇ ॥੭॥ (1056-19)
अमृतु पी अमरा पदु होए गुर कै सबदि रसु ताहा हे ॥७॥

ਆਪੁ ਪਛਾਣੈ ਸੋ ਸਭਿ ਗੁਣ ਜਾਣੈ ॥ (1056-19)
आपु पछाणै सो सभि गुण जाणै ॥

ਗੁਰ ਕੈ ਸਬਦਿ ਹਰਿ ਨਾਮੁ ਵਖਾਣੈ ॥ (1057-1)
गुर कै सबदि हरि नामु वखाणै ॥

ਅਨਦਿਨੁ ਨਾਮਿ ਰਤਾ ਦਿਨੁ ਰਾਤੀ ਮਾਇਆ ਮੋਹੁ ਚੁਕਾਹਾ ਹੇ ॥੮॥ (1057-1)
अनदिनु नामि रता दिनु राती माइआ मोहु चुकाहा हे ॥८॥

ਗੁਰ ਸੇਵਾ ਤੇ ਸਭੁ ਕਿਛੁ ਪਾਏ ॥ (1057-2)
गुर सेवा ते सभु किछु पाए ॥

ਹਉਮੈ ਮੇਰਾ ਆਪੁ ਗਵਾਏ ॥ (1057-2)
हउमै मेरा आपु गवाए ॥

ਆਪੇ ਕ੍ਰਿਪਾ ਕਰੇ ਸੁਖਦਾਤਾ ਗੁਰ ਕੈ ਸਬਦੇ ਸੋਹਾ ਹੇ ॥੯॥ (1057-2)
आपे क्रिपा करे सुखदाता गुर कै सबदे सोहा हे ॥९॥

ਗੁਰ ਕਾ ਸਬਦੁ ਅੰਮ੍ਰਿਤ ਹੈ ਬਾਣੀ ॥ (1057-3)
गुर का सबदु अमृत है बाणी ॥

ਅਨਦਿਨੁ ਹਰਿ ਕਾ ਨਾਮੁ ਵਖਾਣੀ ॥ (1057-3)
अनदिनु हरि का नामु वखाणी ॥

ਹਰਿ ਹਰਿ ਸਚਾ ਵਸੈ ਘਟ ਅੰਤਰਿ ਸੋ ਘਟੁ ਨਿਰਮਲੁ ਤਾਹਾ ਹੇ ॥੧੦॥ (1057-3)
हरि हरि सचा वसै घट अंतरि सो घटु निरमलु ताहा हे ॥१०॥

ਸੇਵਕ ਸੇਵਹਿ ਸਬਦਿ ਸਲਾਹਹਿ ॥ (1057-4)
सेवक सेवहि सबदि सलाहहि ॥

ਸਦਾ ਰੰਗਿ ਰਾਤੇ ਹਰਿ ਗੁਣ ਗਾਵਹਿ ॥ (1057-4)
सदा रंगि राते हरि गुण गावहि ॥

ਆਪੇ ਬਖਸੇ ਸਬਦਿ ਮਿਲਾਏ ਪਰਮਲ ਵਾਸੁ ਮਨਿ ਤਾਹਾ ਹੇ ॥੧੧॥ (1057-5)
आपे बखसे सबदि मिलाए परमल वासु मनि ताहा हे ॥११॥

ਸਬਦੇ ਅਕਥੁ ਕਥੇ ਸਾਲਾਹੇ ॥ (1057-5)
सबदे अकथु कथे सालाहे ॥

ਮੇਰੇ ਪ੍ਰਭ ਸਾਚੇ ਵੇਪਰਵਾਹੇ ॥ (1057-6)
मेरे प्रभ साचे वेपरवाहे ॥

ਆਪੇ ਗੁਣਦਾਤਾ ਸਬਦਿ ਮਿਲਾਏ ਸਬਦੈ ਕਾ ਰਸੁ ਤਾਹਾ ਹੇ ॥੧੨॥ (1057-6)
आपे गुणदाता सबदि मिलाए सबदै का रसु ताहा हे ॥१२॥

ਮਨਮੁਖੁ ਭੂਲਾ ਠਉਰ ਨ ਪਾਏ ॥ (1057-6)
मनमुखु भूला ठउर न पाए ॥

ਜੋ ਧੁਰਿ ਲਿਖਿਆ ਸੁ ਕਰਮ ਕਮਾਏ ॥ (1057-7)
जो धुरि लिखिआ सु करम कमाए ॥

ਬਿਖਿਆ ਰਾਤੇ ਬਿਖਿਆ ਖੋਜੈ ਮਰਿ ਜਨਮੈ ਦੁਖੁ ਤਾਹਾ ਹੇ ॥੧੩॥ (1057-7)
बिखिआ राते बिखिआ खोजै मरि जनमै दुखु ताहा हे ॥१३॥

ਆਪੇ ਆਪਿ ਆਪਿ ਸਾਲਾਹੇ ॥ (1057-8)
आपे आपि आपि सालाहे ॥

ਤੇਰੇ ਗੁਣ ਪ੍ਰਭ ਤੁਝ ਹੀ ਮਾਹੇ ॥ (1057-8)
तेरे गुण प्रभ तुझ ही माहे ॥

ਤੂ ਆਪਿ ਸਚਾ ਤੇਰੀ ਬਾਣੀ ਸਚੀ ਆਪੇ ਅਲਖੁ ਅਥਾਹਾ ਹੇ ॥੧੪॥ (1057-8)
तू आपि सचा तेरी बाणी सची आपे अलखु अथाहा हे ॥१४॥

ਬਿਨੁ ਗੁਰ ਦਾਤੇ ਕੋਇ ਨ ਪਾਏ ॥ (1057-9)
बिनु गुर दाते कोइ न पाए ॥

ਲਖ ਕੋਟੀ ਜੇ ਕਰਮ ਕਮਾਏ ॥ (1057-9)
लख कोटी जे करम कमाए ॥

ਗੁਰ ਕਿਰਪਾ ਤੇ ਘਟ ਅੰਤਰਿ ਵਸਿਆ ਸਬਦੇ ਸਚੁ ਸਾਲਾਹਾ ਹੇ ॥੧੫॥ (1057-9)
गुर किरपा ते घट अंतरि वसिआ सबदे सचु सालाहा हे ॥१५॥

ਸੇ ਜਨ ਮਿਲੇ ਧੁਰਿ ਆਪਿ ਮਿਲਾਏ ॥ (1057-10)
से जन मिले धुरि आपि मिलाए ॥

ਸਾਚੀ ਬਾਣੀ ਸਬਦਿ ਸੁਹਾਏ ॥ (1057-10)
साची बाणी सबदि सुहाए ॥

ਨਾਨਕ ਜਨੁ ਗੁਣ ਗਾਵੈ ਨਿਤ ਸਾਚੇ ਗੁਣ ਗਾਵਹ ਗੁਣੀ ਸਮਾਹਾ ਹੇ ॥੧੬॥੪॥੧੩॥ (1057-11)
नानक जनु गुण गावै नित साचे गुण गावह गुणी समाहा हे ॥१६॥४॥१३॥

ਮਾਰੂ ਮਹਲਾ ੩ ॥ (1057-11)
मारू महला ३ ॥

ਨਿਹਚਲੁ ਏਕੁ ਸਦਾ ਸਚੁ ਸੋਈ ॥ (1057-12)
निहचलु एकु सदा सचु सोई ॥

ਪੂਰੇ ਗੁਰ ਤੇ ਸੋਝੀ ਹੋਈ ॥ (1057-12)
पूरे गुर ते सोझी होई ॥

ਹਰਿ ਰਸਿ ਭੀਨੇ ਸਦਾ ਧਿਆਇਨਿ ਗੁਰਮਤਿ ਸੀਲੁ ਸੰਨਾਹਾ ਹੇ ॥੧॥ (1057-12)
हरि रसि भीने सदा धिआइनि गुरमति सीलु संनाहा हे ॥१॥

ਅੰਦਰਿ ਰੰਗੁ ਸਦਾ ਸਚਿਆਰਾ ॥ (1057-13)
अंदरि रंगु सदा सचिआरा ॥

ਗੁਰ ਕੈ ਸਬਦਿ ਹਰਿ ਨਾਮਿ ਪਿਆਰਾ ॥ (1057-13)
गुर कै सबदि हरि नामि पिआरा ॥

ਨਉ ਨਿਧਿ ਨਾਮੁ ਵਸਿਆ ਘਟ ਅੰਤਰਿ ਛੋਡਿਆ ਮਾਇਆ ਕਾ ਲਾਹਾ ਹੇ ॥੨॥ (1057-13)
नउ निधि नामु वसिआ घट अंतरि छोडिआ माइआ का लाहा हे ॥२॥

ਰਈਅਤਿ ਰਾਜੇ ਦੁਰਮਤਿ ਦੋਈ ॥ (1057-14)
रईअति राजे दुरमति दोई ॥

ਬਿਨੁ ਸਤਿਗੁਰ ਸੇਵੇ ਏਕੁ ਨ ਹੋਈ ॥ (1057-14)
बिनु सतिगुर सेवे एकु न होई ॥

ਏਕੁ ਧਿਆਇਨਿ ਸਦਾ ਸੁਖੁ ਪਾਇਨਿ ਨਿਹਚਲੁ ਰਾਜੁ ਤਿਨਾਹਾ ਹੇ ॥੩॥ (1057-15)
एकु धिआइनि सदा सुखु पाइनि निहचलु राजु तिनाहा हे ॥३॥

ਆਵਣੁ ਜਾਣਾ ਰਖੈ ਨ ਕੋਈ ॥ (1057-15)
आवणु जाणा रखै न कोई ॥

ਜੰਮਣੁ ਮਰਣੁ ਤਿਸੈ ਤੇ ਹੋਈ ॥ (1057-16)
जंमणु मरणु तिसै ते होई ॥

ਗੁਰਮੁਖਿ ਸਾਚਾ ਸਦਾ ਧਿਆਵਹੁ ਗਤਿ ਮੁਕਤਿ ਤਿਸੈ ਤੇ ਪਾਹਾ ਹੇ ॥੪॥ (1057-16)
गुरमुखि साचा सदा धिआवहु गति मुकति तिसै ते पाहा हे ॥४॥

ਸਚੁ ਸੰਜਮੁ ਸਤਿਗੁਰੂ ਦੁਆਰੈ ॥ (1057-17)
सचु संजमु सतिगुरू दुआरै ॥

ਹਉਮੈ ਕ੍ਰੋਧੁ ਸਬਦਿ ਨਿਵਾਰੈ ॥ (1057-17)
हउमै क्रोधु सबदि निवारै ॥

ਸਤਿਗੁਰੁ ਸੇਵਿ ਸਦਾ ਸੁਖੁ ਪਾਈਐ ਸੀਲੁ ਸੰਤੋਖੁ ਸਭੁ ਤਾਹਾ ਹੇ ॥੫॥ (1057-17)
सतिगुरु सेवि सदा सुखु पाईऐ सीलु संतोखु सभु ताहा हे ॥५॥

ਹਉਮੈ ਮੋਹੁ ਉਪਜੈ ਸੰਸਾਰਾ ॥ (1057-18)
हउमै मोहु उपजै संसारा ॥

ਸਭੁ ਜਗੁ ਬਿਨਸੈ ਨਾਮੁ ਵਿਸਾਰਾ ॥ (1057-18)
सभु जगु बिनसै नामु विसारा ॥

ਬਿਨੁ ਸਤਿਗੁਰ ਸੇਵੇ ਨਾਮੁ ਨ ਪਾਈਐ ਨਾਮੁ ਸਚਾ ਜਗਿ ਲਾਹਾ ਹੇ ॥੬॥ (1057-18)
बिनु सतिगुर सेवे नामु न पाईऐ नामु सचा जगि लाहा हे ॥६॥

ਸਚਾ ਅਮਰੁ ਸਬਦਿ ਸੁਹਾਇਆ ॥ (1057-19)
सचा अमरु सबदि सुहाइआ ॥

ਪੰਚ ਸਬਦ ਮਿਲਿ ਵਾਜਾ ਵਾਇਆ ॥ (1057-19)
पंच सबद मिलि वाजा वाइआ ॥

ਸਦਾ ਕਾਰਜੁ ਸਚਿ ਨਾਮਿ ਸੁਹੇਲਾ ਬਿਨੁ ਸਬਦੈ ਕਾਰਜੁ ਕੇਹਾ ਹੇ ॥੭॥ (1058-1)
सदा कारजु सचि नामि सुहेला बिनु सबदै कारजु केहा हे ॥७॥

ਖਿਨ ਮਹਿ ਹਸੈ ਖਿਨ ਮਹਿ ਰੋਵੈ ॥ (1058-1)
खिन महि हसै खिन महि रोवै ॥

ਦੂਜੀ ਦੁਰਮਤਿ ਕਾਰਜੁ ਨ ਹੋਵੈ ॥ (1058-2)
दूजी दुरमति कारजु न होवै ॥

ਸੰਜੋਗੁ ਵਿਜੋਗੁ ਕਰਤੈ ਲਿਖਿ ਪਾਏ ਕਿਰਤੁ ਨ ਚਲੈ ਚਲਾਹਾ ਹੇ ॥੮॥ (1058-2)
संजोगु विजोगु करतै लिखि पाए किरतु न चलै चलाहा हे ॥८॥

ਜੀਵਨ ਮੁਕਤਿ ਗੁਰ ਸਬਦੁ ਕਮਾਏ ॥ (1058-3)
जीवन मुकति गुर सबदु कमाए ॥

ਹਰਿ ਸਿਉ ਸਦ ਹੀ ਰਹੈ ਸਮਾਏ ॥ (1058-3)
हरि सिउ सद ही रहै समाए ॥

ਗੁਰ ਕਿਰਪਾ ਤੇ ਮਿਲੈ ਵਡਿਆਈ ਹਉਮੈ ਰੋਗੁ ਨ ਤਾਹਾ ਹੇ ॥੯॥ (1058-3)
गुर किरपा ते मिलै वडिआई हउमै रोगु न ताहा हे ॥९॥

ਰਸ ਕਸ ਖਾਏ ਪਿੰਡੁ ਵਧਾਏ ॥ (1058-4)
रस कस खाए पिंडु वधाए ॥

ਭੇਖ ਕਰੈ ਗੁਰ ਸਬਦੁ ਨ ਕਮਾਏ ॥ (1058-4)
भेख करै गुर सबदु न कमाए ॥

ਅੰਤਰਿ ਰੋਗੁ ਮਹਾ ਦੁਖੁ ਭਾਰੀ ਬਿਸਟਾ ਮਾਹਿ ਸਮਾਹਾ ਹੇ ॥੧੦॥ (1058-4)
अंतरि रोगु महा दुखु भारी बिसटा माहि समाहा हे ॥१०॥

ਬੇਦ ਪੜਹਿ ਪੜਿ ਬਾਦੁ ਵਖਾਣਹਿ ॥ (1058-5)
बेद पड़हि पड़ि बादु वखाणहि ॥

ਘਟ ਮਹਿ ਬ੍ਰਹਮੁ ਤਿਸੁ ਸਬਦਿ ਨ ਪਛਾਣਹਿ ॥ (1058-5)
घट महि ब्रहमु तिसु सबदि न पछाणहि ॥

ਗੁਰਮੁਖਿ ਹੋਵੈ ਸੁ ਤਤੁ ਬਿਲੋਵੈ ਰਸਨਾ ਹਰਿ ਰਸੁ ਤਾਹਾ ਹੇ ॥੧੧॥ (1058-6)
गुरमुखि होवै सु ततु बिलोवै रसना हरि रसु ताहा हे ॥११॥

ਘਰਿ ਵਥੁ ਛੋਡਹਿ ਬਾਹਰਿ ਧਾਵਹਿ ॥ (1058-6)
घरि वथु छोडहि बाहरि धावहि ॥

ਮਨਮੁਖ ਅੰਧੇ ਸਾਦੁ ਨ ਪਾਵਹਿ ॥ (1058-7)
मनमुख अंधे सादु न पावहि ॥

ਅਨ ਰਸ ਰਾਤੀ ਰਸਨਾ ਫੀਕੀ ਬੋਲੇ ਹਰਿ ਰਸੁ ਮੂਲਿ ਨ ਤਾਹਾ ਹੇ ॥੧੨॥ (1058-7)
अन रस राती रसना फीकी बोले हरि रसु मूलि न ताहा हे ॥१२॥

ਮਨਮੁਖ ਦੇਹੀ ਭਰਮੁ ਭਤਾਰੋ ॥ (1058-8)
मनमुख देही भरमु भतारो ॥

ਦੁਰਮਤਿ ਮਰੈ ਨਿਤ ਹੋਇ ਖੁਆਰੋ ॥ (1058-8)
दुरमति मरै नित होइ खुआरो ॥

ਕਾਮਿ ਕ੍ਰੋਧਿ ਮਨੁ ਦੂਜੈ ਲਾਇਆ ਸੁਪਨੈ ਸੁਖੁ ਨ ਤਾਹਾ ਹੇ ॥੧੩॥ (1058-8)
कामि क्रोधि मनु दूजै लाइआ सुपनै सुखु न ताहा हे ॥१३॥

ਕੰਚਨ ਦੇਹੀ ਸਬਦੁ ਭਤਾਰੋ ॥ (1058-9)
कंचन देही सबदु भतारो ॥

ਅਨਦਿਨੁ ਭੋਗ ਭੋਗੇ ਹਰਿ ਸਿਉ ਪਿਆਰੋ ॥ (1058-9)
अनदिनु भोग भोगे हरि सिउ पिआरो ॥

ਮਹਲਾ ਅੰਦਰਿ ਗੈਰ ਮਹਲੁ ਪਾਏ ਭਾਣਾ ਬੁਝਿ ਸਮਾਹਾ ਹੇ ॥੧੪॥ (1058-10)
महला अंदरि गैर महलु पाए भाणा बुझि समाहा हे ॥१४॥

ਆਪੇ ਦੇਵੈ ਦੇਵਣਹਾਰਾ ॥ (1058-10)
आपे देवै देवणहारा ॥

ਤਿਸੁ ਆਗੈ ਨਹੀ ਕਿਸੈ ਕਾ ਚਾਰਾ ॥ (1058-10)
तिसु आगै नही किसै का चारा ॥

ਆਪੇ ਬਖਸੇ ਸਬਦਿ ਮਿਲਾਏ ਤਿਸ ਦਾ ਸਬਦੁ ਅਥਾਹਾ ਹੇ ॥੧੫॥ (1058-11)
आपे बखसे सबदि मिलाए तिस दा सबदु अथाहा हे ॥१५॥

ਜੀਉ ਪਿੰਡੁ ਸਭੁ ਹੈ ਤਿਸੁ ਕੇਰਾ ॥ (1058-11)
जीउ पिंडु सभु है तिसु केरा ॥

ਸਚਾ ਸਾਹਿਬੁ ਠਾਕੁਰੁ ਮੇਰਾ ॥ (1058-12)
सचा साहिबु ठाकुरु मेरा ॥

ਨਾਨਕ ਗੁਰਬਾਣੀ ਹਰਿ ਪਾਇਆ ਹਰਿ ਜਪੁ ਜਾਪਿ ਸਮਾਹਾ ਹੇ ॥੧੬॥੫॥੧੪॥ (1058-12)
नानक गुरबाणी हरि पाइआ हरि जपु जापि समाहा हे ॥१६॥५॥१४॥

ਮਾਰੂ ਮਹਲਾ ੩ ॥ (1058-13)
मारू महला ३ ॥

ਗੁਰਮੁਖਿ ਨਾਦ ਬੇਦ ਬੀਚਾਰੁ ॥ (1058-13)
गुरमुखि नाद बेद बीचारु ॥

ਗੁਰਮੁਖਿ ਗਿਆਨੁ ਧਿਆਨੁ ਆਪਾਰੁ ॥ (1058-13)
गुरमुखि गिआनु धिआनु आपारु ॥

ਗੁਰਮੁਖਿ ਕਾਰ ਕਰੇ ਪ੍ਰਭ ਭਾਵੈ ਗੁਰਮੁਖਿ ਪੂਰਾ ਪਾਇਦਾ ॥੧॥ (1058-13)
गुरमुखि कार करे प्रभ भावै गुरमुखि पूरा पाइदा ॥१॥

ਗੁਰਮੁਖਿ ਮਨੂਆ ਉਲਟਿ ਪਰਾਵੈ ॥ (1058-14)
गुरमुखि मनूआ उलटि परावै ॥

ਗੁਰਮੁਖਿ ਬਾਣੀ ਨਾਦੁ ਵਜਾਵੈ ॥ (1058-14)
गुरमुखि बाणी नादु वजावै ॥

ਗੁਰਮੁਖਿ ਸਚਿ ਰਤੇ ਬੈਰਾਗੀ ਨਿਜ ਘਰਿ ਵਾਸਾ ਪਾਇਦਾ ॥੨॥ (1058-15)
गुरमुखि सचि रते बैरागी निज घरि वासा पाइदा ॥२॥

ਗੁਰ ਕੀ ਸਾਖੀ ਅੰਮ੍ਰਿਤ ਭਾਖੀ ॥ (1058-15)
गुर की साखी अमृत भाखी ॥

ਸਚੈ ਸਬਦੇ ਸਚੁ ਸੁਭਾਖੀ ॥ (1058-15)
सचै सबदे सचु सुभाखी ॥

ਸਦਾ ਸਚਿ ਰੰਗਿ ਰਾਤਾ ਮਨੁ ਮੇਰਾ ਸਚੇ ਸਚਿ ਸਮਾਇਦਾ ॥੩॥ (1058-16)
सदा सचि रंगि राता मनु मेरा सचे सचि समाइदा ॥३॥

ਗੁਰਮੁਖਿ ਮਨੁ ਨਿਰਮਲੁ ਸਤ ਸਰਿ ਨਾਵੈ ॥ (1058-16)
गुरमुखि मनु निरमलु सत सरि नावै ॥

ਮੈਲੁ ਨ ਲਾਗੈ ਸਚਿ ਸਮਾਵੈ ॥ (1058-17)
मैलु न लागै सचि समावै ॥

ਸਚੋ ਸਚੁ ਕਮਾਵੈ ਸਦ ਹੀ ਸਚੀ ਭਗਤਿ ਦ੍ਰਿੜਾਇਦਾ ॥੪॥ (1058-17)
सचो सचु कमावै सद ही सची भगति द्रिड़ाइदा ॥४॥

ਗੁਰਮੁਖਿ ਸਚੁ ਬੈਣੀ ਗੁਰਮੁਖਿ ਸਚੁ ਨੈਣੀ ॥ (1058-18)
गुरमुखि सचु बैणी गुरमुखि सचु नैणी ॥

ਗੁਰਮੁਖਿ ਸਚੁ ਕਮਾਵੈ ਕਰਣੀ ॥ (1058-18)
गुरमुखि सचु कमावै करणी ॥

ਸਦ ਹੀ ਸਚੁ ਕਹੈ ਦਿਨੁ ਰਾਤੀ ਅਵਰਾ ਸਚੁ ਕਹਾਇਦਾ ॥੫॥ (1058-18)
सद ही सचु कहै दिनु राती अवरा सचु कहाइदा ॥५॥

ਗੁਰਮੁਖਿ ਸਚੀ ਊਤਮ ਬਾਣੀ ॥ (1058-19)
गुरमुखि सची ऊतम बाणी ॥

ਗੁਰਮੁਖਿ ਸਚੋ ਸਚੁ ਵਖਾਣੀ ॥ (1058-19)
गुरमुखि सचो सचु वखाणी ॥

ਗੁਰਮੁਖਿ ਸਦ ਸੇਵਹਿ ਸਚੋ ਸਚਾ ਗੁਰਮੁਖਿ ਸਬਦੁ ਸੁਣਾਇਦਾ ॥੬॥ (1058-19)
गुरमुखि सद सेवहि सचो सचा गुरमुखि सबदु सुणाइदा ॥६॥

ਗੁਰਮੁਖਿ ਹੋਵੈ ਸੁ ਸੋਝੀ ਪਾਏ ॥ (1059-1)
गुरमुखि होवै सु सोझी पाए ॥

ਹਉਮੈ ਮਾਇਆ ਭਰਮੁ ਗਵਾਏ ॥ (1059-1)
हउमै माइआ भरमु गवाए ॥

ਗੁਰ ਕੀ ਪਉੜੀ ਊਤਮ ਊਚੀ ਦਰਿ ਸਚੈ ਹਰਿ ਗੁਣ ਗਾਇਦਾ ॥੭॥ (1059-2)
गुर की पउड़ी ऊतम ऊची दरि सचै हरि गुण गाइदा ॥७॥

ਗੁਰਮੁਖਿ ਸਚੁ ਸੰਜਮੁ ਕਰਣੀ ਸਾਰੁ ॥ (1059-2)
गुरमुखि सचु संजमु करणी सारु ॥

ਗੁਰਮੁਖਿ ਪਾਏ ਮੋਖ ਦੁਆਰੁ ॥ (1059-2)
गुरमुखि पाए मोख दुआरु ॥

ਭਾਇ ਭਗਤਿ ਸਦਾ ਰੰਗਿ ਰਾਤਾ ਆਪੁ ਗਵਾਇ ਸਮਾਇਦਾ ॥੮॥ (1059-3)
भाइ भगति सदा रंगि राता आपु गवाइ समाइदा ॥८॥

ਗੁਰਮੁਖਿ ਹੋਵੈ ਮਨੁ ਖੋਜਿ ਸੁਣਾਏ ॥ (1059-3)
गुरमुखि होवै मनु खोजि सुणाए ॥

ਸਚੈ ਨਾਮਿ ਸਦਾ ਲਿਵ ਲਾਏ ॥ (1059-4)
सचै नामि सदा लिव लाए ॥

ਜੋ ਤਿਸੁ ਭਾਵੈ ਸੋਈ ਕਰਸੀ ਜੋ ਸਚੇ ਮਨਿ ਭਾਇਦਾ ॥੯॥ (1059-4)
जो तिसु भावै सोई करसी जो सचे मनि भाइदा ॥९॥

ਜਾ ਤਿਸੁ ਭਾਵੈ ਸਤਿਗੁਰੂ ਮਿਲਾਏ ॥ (1059-4)
जा तिसु भावै सतिगुरू मिलाए ॥

ਜਾ ਤਿਸੁ ਭਾਵੈ ਤਾ ਮੰਨਿ ਵਸਾਏ ॥ (1059-5)
जा तिसु भावै ता मंनि वसाए ॥

ਆਪਣੈ ਭਾਣੈ ਸਦਾ ਰੰਗਿ ਰਾਤਾ ਭਾਣੈ ਮੰਨਿ ਵਸਾਇਦਾ ॥੧੦॥ (1059-5)
आपणै भाणै सदा रंगि राता भाणै मंनि वसाइदा ॥१०॥

ਮਨਹਠਿ ਕਰਮ ਕਰੇ ਸੋ ਛੀਜੈ ॥ (1059-6)
मनहठि करम करे सो छीजै ॥

ਬਹੁਤੇ ਭੇਖ ਕਰੇ ਨਹੀ ਭੀਜੈ ॥ (1059-6)
बहुते भेख करे नही भीजै ॥

ਬਿਖਿਆ ਰਾਤੇ ਦੁਖੁ ਕਮਾਵਹਿ ਦੁਖੇ ਦੁਖਿ ਸਮਾਇਦਾ ॥੧੧॥ (1059-6)
बिखिआ राते दुखु कमावहि दुखे दुखि समाइदा ॥११॥

ਗੁਰਮੁਖਿ ਹੋਵੈ ਸੁ ਸੁਖੁ ਕਮਾਏ ॥ (1059-7)
गुरमुखि होवै सु सुखु कमाए ॥

ਮਰਣ ਜੀਵਣ ਕੀ ਸੋਝੀ ਪਾਏ ॥ (1059-7)
मरण जीवण की सोझी पाए ॥

ਮਰਣੁ ਜੀਵਣੁ ਜੋ ਸਮ ਕਰਿ ਜਾਣੈ ਸੋ ਮੇਰੇ ਪ੍ਰਭ ਭਾਇਦਾ ॥੧੨॥ (1059-7)
मरणु जीवणु जो सम करि जाणै सो मेरे प्रभ भाइदा ॥१२॥

ਗੁਰਮੁਖਿ ਮਰਹਿ ਸੁ ਹਹਿ ਪਰਵਾਣੁ ॥ (1059-8)
गुरमुखि मरहि सु हहि परवाणु ॥

ਆਵਣ ਜਾਣਾ ਸਬਦੁ ਪਛਾਣੁ ॥ (1059-8)
आवण जाणा सबदु पछाणु ॥

ਮਰੈ ਨ ਜੰਮੈ ਨਾ ਦੁਖੁ ਪਾਏ ਮਨ ਹੀ ਮਨਹਿ ਸਮਾਇਦਾ ॥੧੩॥ (1059-9)
मरै न जंमै ना दुखु पाए मन ही मनहि समाइदा ॥१३॥

ਸੇ ਵਡਭਾਗੀ ਜਿਨੀ ਸਤਿਗੁਰੁ ਪਾਇਆ ॥ (1059-9)
से वडभागी जिनी सतिगुरु पाइआ ॥

ਹਉਮੈ ਵਿਚਹੁ ਮੋਹੁ ਚੁਕਾਇਆ ॥ (1059-10)
हउमै विचहु मोहु चुकाइआ ॥

ਮਨੁ ਨਿਰਮਲੁ ਫਿਰਿ ਮੈਲੁ ਨ ਲਾਗੈ ਦਰਿ ਸਚੈ ਸੋਭਾ ਪਾਇਦਾ ॥੧੪॥ (1059-10)
मनु निरमलु फिरि मैलु न लागै दरि सचै सोभा पाइदा ॥१४॥

ਆਪੇ ਕਰੇ ਕਰਾਏ ਆਪੇ ॥ (1059-10)
आपे करे कराए आपे ॥

ਆਪੇ ਵੇਖੈ ਥਾਪਿ ਉਥਾਪੇ ॥ (1059-11)
आपे वेखै थापि उथापे ॥

ਗੁਰਮੁਖਿ ਸੇਵਾ ਮੇਰੇ ਪ੍ਰਭ ਭਾਵੈ ਸਚੁ ਸੁਣਿ ਲੇਖੈ ਪਾਇਦਾ ॥੧੫॥ (1059-11)
गुरमुखि सेवा मेरे प्रभ भावै सचु सुणि लेखै पाइदा ॥१५॥

ਗੁਰਮੁਖਿ ਸਚੋ ਸਚੁ ਕਮਾਵੈ ॥ (1059-12)
गुरमुखि सचो सचु कमावै ॥

ਗੁਰਮੁਖਿ ਨਿਰਮਲੁ ਮੈਲੁ ਨ ਲਾਵੈ ॥ (1059-12)
गुरमुखि निरमलु मैलु न लावै ॥

ਨਾਨਕ ਨਾਮਿ ਰਤੇ ਵੀਚਾਰੀ ਨਾਮੇ ਨਾਮਿ ਸਮਾਇਦਾ ॥੧੬॥੧॥੧੫॥ (1059-12)
नानक नामि रते वीचारी नामे नामि समाइदा ॥१६॥१॥१५॥

ਮਾਰੂ ਮਹਲਾ ੩ ॥ (1059-13)
मारू महला ३ ॥

ਆਪੇ ਸ੍ਰਿਸਟਿ ਹੁਕਮਿ ਸਭ ਸਾਜੀ ॥ (1059-13)
आपे स्रिसटि हुकमि सभ साजी ॥

ਆਪੇ ਥਾਪਿ ਉਥਾਪਿ ਨਿਵਾਜੀ ॥ (1059-13)
आपे थापि उथापि निवाजी ॥

ਆਪੇ ਨਿਆਉ ਕਰੇ ਸਭੁ ਸਾਚਾ ਸਾਚੇ ਸਾਚਿ ਮਿਲਾਇਦਾ ॥੧॥ (1059-14)
आपे निआउ करे सभु साचा साचे साचि मिलाइदा ॥१॥

ਕਾਇਆ ਕੋਟੁ ਹੈ ਆਕਾਰਾ ॥ (1059-14)
काइआ कोटु है आकारा ॥

ਮਾਇਆ ਮੋਹੁ ਪਸਰਿਆ ਪਾਸਾਰਾ ॥ (1059-15)
माइआ मोहु पसरिआ पासारा ॥

ਬਿਨੁ ਸਬਦੈ ਭਸਮੈ ਕੀ ਢੇਰੀ ਖੇਹੂ ਖੇਹ ਰਲਾਇਦਾ ॥੨॥ (1059-15)
बिनु सबदै भसमै की ढेरी खेहू खेह रलाइदा ॥२॥

ਕਾਇਆ ਕੰਚਨ ਕੋਟੁ ਅਪਾਰਾ ॥ (1059-15)
काइआ कंचन कोटु अपारा ॥

ਜਿਸੁ ਵਿਚਿ ਰਵਿਆ ਸਬਦੁ ਅਪਾਰਾ ॥ (1059-16)
जिसु विचि रविआ सबदु अपारा ॥

ਗੁਰਮੁਖਿ ਗਾਵੈ ਸਦਾ ਗੁਣ ਸਾਚੇ ਮਿਲਿ ਪ੍ਰੀਤਮ ਸੁਖੁ ਪਾਇਦਾ ॥੩॥ (1059-16)
गुरमुखि गावै सदा गुण साचे मिलि प्रीतम सुखु पाइदा ॥३॥

ਕਾਇਆ ਹਰਿ ਮੰਦਰੁ ਹਰਿ ਆਪਿ ਸਵਾਰੇ ॥ (1059-17)
काइआ हरि मंदरु हरि आपि सवारे ॥

ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ ॥ (1059-17)
तिसु विचि हरि जीउ वसै मुरारे ॥

ਗੁਰ ਕੈ ਸਬਦਿ ਵਣਜਨਿ ਵਾਪਾਰੀ ਨਦਰੀ ਆਪਿ ਮਿਲਾਇਦਾ ॥੪॥ (1059-17)
गुर कै सबदि वणजनि वापारी नदरी आपि मिलाइदा ॥४॥

ਸੋ ਸੂਚਾ ਜਿ ਕਰੋਧੁ ਨਿਵਾਰੇ ॥ (1059-18)
सो सूचा जि करोधु निवारे ॥

ਸਬਦੇ ਬੂਝੈ ਆਪੁ ਸਵਾਰੇ ॥ (1059-18)
सबदे बूझै आपु सवारे ॥

ਆਪੇ ਕਰੇ ਕਰਾਏ ਕਰਤਾ ਆਪੇ ਮੰਨਿ ਵਸਾਇਦਾ ॥੫॥ (1059-19)
आपे करे कराए करता आपे मंनि वसाइदा ॥५॥

ਨਿਰਮਲ ਭਗਤਿ ਹੈ ਨਿਰਾਲੀ ॥ (1059-19)
निरमल भगति है निराली ॥

ਮਨੁ ਤਨੁ ਧੋਵਹਿ ਸਬਦਿ ਵੀਚਾਰੀ ॥ (1059-19)
मनु तनु धोवहि सबदि वीचारी ॥

ਅਨਦਿਨੁ ਸਦਾ ਰਹੈ ਰੰਗਿ ਰਾਤਾ ਕਰਿ ਕਿਰਪਾ ਭਗਤਿ ਕਰਾਇਦਾ ॥੬॥ (1060-1)
अनदिनु सदा रहै रंगि राता करि किरपा भगति कराइदा ॥६॥

ਇਸੁ ਮਨ ਮੰਦਰ ਮਹਿ ਮਨੂਆ ਧਾਵੈ ॥ (1060-1)
इसु मन मंदर महि मनूआ धावै ॥

ਸੁਖੁ ਪਲਰਿ ਤਿਆਗਿ ਮਹਾ ਦੁਖੁ ਪਾਵੈ ॥ (1060-2)
सुखु पलरि तिआगि महा दुखु पावै ॥

ਬਿਨੁ ਸਤਿਗੁਰ ਭੇਟੇ ਠਉਰ ਨ ਪਾਵੈ ਆਪੇ ਖੇਲੁ ਕਰਾਇਦਾ ॥੭॥ (1060-2)
बिनु सतिगुर भेटे ठउर न पावै आपे खेलु कराइदा ॥७॥

ਆਪਿ ਅਪਰੰਪਰੁ ਆਪਿ ਵੀਚਾਰੀ ॥ (1060-3)
आपि अपर्मपरु आपि वीचारी ॥

ਆਪੇ ਮੇਲੇ ਕਰਣੀ ਸਾਰੀ ॥ (1060-3)
आपे मेले करणी सारी ॥

ਕਿਆ ਕੋ ਕਾਰ ਕਰੇ ਵੇਚਾਰਾ ਆਪੇ ਬਖਸਿ ਮਿਲਾਇਦਾ ॥੮॥ (1060-3)
किआ को कार करे वेचारा आपे बखसि मिलाइदा ॥८॥

ਆਪੇ ਸਤਿਗੁਰੁ ਮੇਲੇ ਪੂਰਾ ॥ (1060-4)
आपे सतिगुरु मेले पूरा ॥

ਸਚੈ ਸਬਦਿ ਮਹਾਬਲ ਸੂਰਾ ॥ (1060-4)
सचै सबदि महाबल सूरा ॥

ਆਪੇ ਮੇਲੇ ਦੇ ਵਡਿਆਈ ਸਚੇ ਸਿਉ ਚਿਤੁ ਲਾਇਦਾ ॥੯॥ (1060-4)
आपे मेले दे वडिआई सचे सिउ चितु लाइदा ॥९॥

ਘਰ ਹੀ ਅੰਦਰਿ ਸਾਚਾ ਸੋਈ ॥ (1060-5)
घर ही अंदरि साचा सोई ॥

ਗੁਰਮੁਖਿ ਵਿਰਲਾ ਬੂਝੈ ਕੋਈ ॥ (1060-5)
गुरमुखि विरला बूझै कोई ॥

ਨਾਮੁ ਨਿਧਾਨੁ ਵਸਿਆ ਘਟ ਅੰਤਰਿ ਰਸਨਾ ਨਾਮੁ ਧਿਆਇਦਾ ॥੧੦॥ (1060-6)
नामु निधानु वसिआ घट अंतरि रसना नामु धिआइदा ॥१०॥

ਦਿਸੰਤਰੁ ਭਵੈ ਅੰਤਰੁ ਨਹੀ ਭਾਲੇ ॥ (1060-6)
दिसंतरु भवै अंतरु नही भाले ॥

ਮਾਇਆ ਮੋਹਿ ਬਧਾ ਜਮਕਾਲੇ ॥ (1060-7)
माइआ मोहि बधा जमकाले ॥

ਜਮ ਕੀ ਫਾਸੀ ਕਬਹੂ ਨ ਤੂਟੈ ਦੂਜੈ ਭਾਇ ਭਰਮਾਇਦਾ ॥੧੧॥ (1060-7)
जम की फासी कबहू न तूटै दूजै भाइ भरमाइदा ॥११॥

ਜਪੁ ਤਪੁ ਸੰਜਮੁ ਹੋਰੁ ਕੋਈ ਨਾਹੀ ॥ (1060-8)
जपु तपु संजमु होरु कोई नाही ॥

ਜਬ ਲਗੁ ਗੁਰ ਕਾ ਸਬਦੁ ਨ ਕਮਾਹੀ ॥ (1060-8)
जब लगु गुर का सबदु न कमाही ॥

ਗੁਰ ਕੈ ਸਬਦਿ ਮਿਲਿਆ ਸਚੁ ਪਾਇਆ ਸਚੇ ਸਚਿ ਸਮਾਇਦਾ ॥੧੨॥ (1060-8)
गुर कै सबदि मिलिआ सचु पाइआ सचे सचि समाइदा ॥१२॥

ਕਾਮ ਕਰੋਧੁ ਸਬਲ ਸੰਸਾਰਾ ॥ (1060-9)
काम करोधु सबल संसारा ॥

ਬਹੁ ਕਰਮ ਕਮਾਵਹਿ ਸਭੁ ਦੁਖ ਕਾ ਪਸਾਰਾ ॥ (1060-9)
बहु करम कमावहि सभु दुख का पसारा ॥

ਸਤਿਗੁਰ ਸੇਵਹਿ ਸੇ ਸੁਖੁ ਪਾਵਹਿ ਸਚੈ ਸਬਦਿ ਮਿਲਾਇਦਾ ॥੧੩॥ (1060-10)
सतिगुर सेवहि से सुखु पावहि सचै सबदि मिलाइदा ॥१३॥

ਪਉਣੁ ਪਾਣੀ ਹੈ ਬੈਸੰਤਰੁ ॥ (1060-10)
पउणु पाणी है बैसंतरु ॥

ਮਾਇਆ ਮੋਹੁ ਵਰਤੈ ਸਭ ਅੰਤਰਿ ॥ (1060-11)
माइआ मोहु वरतै सभ अंतरि ॥

ਜਿਨਿ ਕੀਤੇ ਜਾ ਤਿਸੈ ਪਛਾਣਹਿ ਮਾਇਆ ਮੋਹੁ ਚੁਕਾਇਦਾ ॥੧੪॥ (1060-11)
जिनि कीते जा तिसै पछाणहि माइआ मोहु चुकाइदा ॥१४॥

ਇਕਿ ਮਾਇਆ ਮੋਹਿ ਗਰਬਿ ਵਿਆਪੇ ॥ (1060-12)
इकि माइआ मोहि गरबि विआपे ॥

ਹਉਮੈ ਹੋਇ ਰਹੇ ਹੈ ਆਪੇ ॥ (1060-12)
हउमै होइ रहे है आपे ॥

ਜਮਕਾਲੈ ਕੀ ਖਬਰਿ ਨ ਪਾਈ ਅੰਤਿ ਗਇਆ ਪਛੁਤਾਇਦਾ ॥੧੫॥ (1060-12)
जमकालै की खबरि न पाई अंति गइआ पछुताइदा ॥१५॥

ਜਿਨਿ ਉਪਾਏ ਸੋ ਬਿਧਿ ਜਾਣੈ ॥ (1060-13)
जिनि उपाए सो बिधि जाणै ॥

ਗੁਰਮੁਖਿ ਦੇਵੈ ਸਬਦੁ ਪਛਾਣੈ ॥ (1060-13)
गुरमुखि देवै सबदु पछाणै ॥

ਨਾਨਕ ਦਾਸੁ ਕਹੈ ਬੇਨੰਤੀ ਸਚਿ ਨਾਮਿ ਚਿਤੁ ਲਾਇਦਾ ॥੧੬॥੨॥੧੬॥ (1060-13)
नानक दासु कहै बेनंती सचि नामि चितु लाइदा ॥१६॥२॥१६॥

ਮਾਰੂ ਮਹਲਾ ੩ ॥ (1060-14)
मारू महला ३ ॥

ਆਦਿ ਜੁਗਾਦਿ ਦਇਆਪਤਿ ਦਾਤਾ ॥ (1060-14)
आदि जुगादि दइआपति दाता ॥

ਪੂਰੇ ਗੁਰ ਕੈ ਸਬਦਿ ਪਛਾਤਾ ॥ (1060-15)
पूरे गुर कै सबदि पछाता ॥

ਤੁਧੁਨੋ ਸੇਵਹਿ ਸੇ ਤੁਝਹਿ ਸਮਾਵਹਿ ਤੂ ਆਪੇ ਮੇਲਿ ਮਿਲਾਇਦਾ ॥੧॥ (1060-15)
तुधुनो सेवहि से तुझहि समावहि तू आपे मेलि मिलाइदा ॥१॥

ਅਗਮ ਅਗੋਚਰੁ ਕੀਮਤਿ ਨਹੀ ਪਾਈ ॥ (1060-16)
अगम अगोचरु कीमति नही पाई ॥

ਜੀਅ ਜੰਤ ਤੇਰੀ ਸਰਣਾਈ ॥ (1060-16)
जीअ जंत तेरी सरणाई ॥

ਜਿਉ ਤੁਧੁ ਭਾਵੈ ਤਿਵੈ ਚਲਾਵਹਿ ਤੂ ਆਪੇ ਮਾਰਗਿ ਪਾਇਦਾ ॥੨॥ (1060-16)
जिउ तुधु भावै तिवै चलावहि तू आपे मारगि पाइदा ॥२॥

ਹੈ ਭੀ ਸਾਚਾ ਹੋਸੀ ਸੋਈ ॥ (1060-17)
है भी साचा होसी सोई ॥

ਆਪੇ ਸਾਜੇ ਅਵਰੁ ਨ ਕੋਈ ॥ (1060-17)
आपे साजे अवरु न कोई ॥

ਸਭਨਾ ਸਾਰ ਕਰੇ ਸੁਖਦਾਤਾ ਆਪੇ ਰਿਜਕੁ ਪਹੁਚਾਇਦਾ ॥੩॥ (1060-17)
सभना सार करे सुखदाता आपे रिजकु पहुचाइदा ॥३॥

ਅਗਮ ਅਗੋਚਰੁ ਅਲਖ ਅਪਾਰਾ ॥ (1060-18)
अगम अगोचरु अलख अपारा ॥

ਕੋਇ ਨ ਜਾਣੈ ਤੇਰਾ ਪਰਵਾਰਾ ॥ (1060-18)
कोइ न जाणै तेरा परवारा ॥

ਆਪਣਾ ਆਪੁ ਪਛਾਣਹਿ ਆਪੇ ਗੁਰਮਤੀ ਆਪਿ ਬੁਝਾਇਦਾ ॥੪॥ (1060-19)
आपणा आपु पछाणहि आपे गुरमती आपि बुझाइदा ॥४॥

ਪਾਤਾਲ ਪੁਰੀਆ ਲੋਅ ਆਕਾਰਾ ॥ (1060-19)
पाताल पुरीआ लोअ आकारा ॥

ਤਿਸੁ ਵਿਚਿ ਵਰਤੈ ਹੁਕਮੁ ਕਰਾਰਾ ॥ (1061-1)
तिसु विचि वरतै हुकमु करारा ॥

ਹੁਕਮੇ ਸਾਜੇ ਹੁਕਮੇ ਢਾਹੇ ਹੁਕਮੇ ਮੇਲਿ ਮਿਲਾਇਦਾ ॥੫॥ (1061-1)
हुकमे साजे हुकमे ढाहे हुकमे मेलि मिलाइदा ॥५॥

ਹੁਕਮੈ ਬੂਝੈ ਸੁ ਹੁਕਮੁ ਸਲਾਹੇ ॥ (1061-2)
हुकमै बूझै सु हुकमु सलाहे ॥

ਅਗਮ ਅਗੋਚਰ ਵੇਪਰਵਾਹੇ ॥ (1061-2)
अगम अगोचर वेपरवाहे ॥

ਜੇਹੀ ਮਤਿ ਦੇਹਿ ਸੋ ਹੋਵੈ ਤੂ ਆਪੇ ਸਬਦਿ ਬੁਝਾਇਦਾ ॥੬॥ (1061-2)
जेही मति देहि सो होवै तू आपे सबदि बुझाइदा ॥६॥

ਅਨਦਿਨੁ ਆਰਜਾ ਛਿਜਦੀ ਜਾਏ ॥ (1061-3)
अनदिनु आरजा छिजदी जाए ॥

ਰੈਣਿ ਦਿਨਸੁ ਦੁਇ ਸਾਖੀ ਆਏ ॥ (1061-3)
रैणि दिनसु दुइ साखी आए ॥

ਮਨਮੁਖ ਅੰਧੁ ਨ ਚੇਤੈ ਮੂੜਾ ਸਿਰ ਊਪਰਿ ਕਾਲੁ ਰੂਆਇਦਾ ॥੭॥ (1061-3)
मनमुखु अंधु न चेतै मूड़ा सिर ऊपरि कालु रूआइदा ॥७॥

ਮਨੁ ਤਨੁ ਸੀਤਲੁ ਗੁਰ ਚਰਣੀ ਲਾਗਾ ॥ (1061-4)
मनु तनु सीतलु गुर चरणी लागा ॥

ਅੰਤਰਿ ਭਰਮੁ ਗਇਆ ਭਉ ਭਾਗਾ ॥ (1061-4)
अंतरि भरमु गइआ भउ भागा ॥

ਸਦਾ ਅਨੰਦੁ ਸਚੇ ਗੁਣ ਗਾਵਹਿ ਸਚੁ ਬਾਣੀ ਬੋਲਾਇਦਾ ॥੮॥ (1061-5)
सदा अनंदु सचे गुण गावहि सचु बाणी बोलाइदा ॥८॥

ਜਿਨਿ ਤੂ ਜਾਤਾ ਕਰਮ ਬਿਧਾਤਾ ॥ (1061-5)
जिनि तू जाता करम बिधाता ॥

ਪੂਰੈ ਭਾਗਿ ਗੁਰ ਸਬਦਿ ਪਛਾਤਾ ॥ (1061-5)
पूरै भागि गुर सबदि पछाता ॥

ਜਤਿ ਪਤਿ ਸਚੁ ਸਚਾ ਸਚੁ ਸੋਈ ਹਉਮੈ ਮਾਰਿ ਮਿਲਾਇਦਾ ॥੯॥ (1061-6)
जति पति सचु सचा सचु सोई हउमै मारि मिलाइदा ॥९॥

ਮਨੁ ਕਠੋਰੁ ਦੂਜੈ ਭਾਇ ਲਾਗਾ ॥ (1061-6)
मनु कठोरु दूजै भाइ लागा ॥

ਭਰਮੇ ਭੂਲਾ ਫਿਰੈ ਅਭਾਗਾ ॥ (1061-7)
भरमे भूला फिरै अभागा ॥

ਕਰਮੁ ਹੋਵੈ ਤਾ ਸਤਿਗੁਰੁ ਸੇਵੇ ਸਹਜੇ ਹੀ ਸੁਖੁ ਪਾਇਦਾ ॥੧੦॥ (1061-7)
करमु होवै ता सतिगुरु सेवे सहजे ही सुखु पाइदा ॥१०॥

ਲਖ ਚਉਰਾਸੀਹ ਆਪਿ ਉਪਾਏ ॥ (1061-7)
लख चउरासीह आपि उपाए ॥

ਮਾਨਸ ਜਨਮਿ ਗੁਰ ਭਗਤਿ ਦ੍ਰਿੜਾਏ ॥ (1061-8)
मानस जनमि गुर भगति द्रिड़ाए ॥

ਬਿਨੁ ਭਗਤੀ ਬਿਸਟਾ ਵਿਚਿ ਵਾਸਾ ਬਿਸਟਾ ਵਿਚਿ ਫਿਰਿ ਪਾਇਦਾ ॥੧੧॥ (1061-8)
बिनु भगती बिसटा विचि वासा बिसटा विचि फिरि पाइदा ॥११॥

ਕਰਮੁ ਹੋਵੈ ਗੁਰੁ ਭਗਤਿ ਦ੍ਰਿੜਾਏ ॥ (1061-9)
करमु होवै गुरु भगति द्रिड़ाए ॥

ਵਿਣੁ ਕਰਮਾ ਕਿਉ ਪਾਇਆ ਜਾਏ ॥ (1061-9)
विणु करमा किउ पाइआ जाए ॥

ਆਪੇ ਕਰੇ ਕਰਾਏ ਕਰਤਾ ਜਿਉ ਭਾਵੈ ਤਿਵੈ ਚਲਾਇਦਾ ॥੧੨॥ (1061-9)
आपे करे कराए करता जिउ भावै तिवै चलाइदा ॥१२॥

ਸਿਮ੍ਰਿਤਿ ਸਾਸਤ ਅੰਤੁ ਨ ਜਾਣੈ ॥ (1061-10)
सिम्रिति सासत अंतु न जाणै ॥

ਮੂਰਖੁ ਅੰਧਾ ਤਤੁ ਨ ਪਛਾਣੈ ॥ (1061-10)
मूरखु अंधा ततु न पछाणै ॥

ਆਪੇ ਕਰੇ ਕਰਾਏ ਕਰਤਾ ਆਪੇ ਭਰਮਿ ਭੁਲਾਇਦਾ ॥੧੩॥ (1061-11)
आपे करे कराए करता आपे भरमि भुलाइदा ॥१३॥

ਸਭੁ ਕਿਛੁ ਆਪੇ ਆਪਿ ਕਰਾਏ ॥ (1061-11)
सभु किछु आपे आपि कराए ॥

ਆਪੇ ਸਿਰਿ ਸਿਰਿ ਧੰਧੈ ਲਾਏ ॥ (1061-12)
आपे सिरि सिरि धंधै लाए ॥

ਆਪੇ ਥਾਪਿ ਉਥਾਪੇ ਵੇਖੈ ਗੁਰਮੁਖਿ ਆਪਿ ਬੁਝਾਇਦਾ ॥੧੪॥ (1061-12)
आपे थापि उथापे वेखै गुरमुखि आपि बुझाइदा ॥१४॥

ਸਚਾ ਸਾਹਿਬੁ ਗਹਿਰ ਗੰਭੀਰਾ ॥ (1061-12)
सचा साहिबु गहिर ग्मभीरा ॥

ਸਦਾ ਸਲਾਹੀ ਤਾ ਮਨੁ ਧੀਰਾ ॥ (1061-13)
सदा सलाही ता मनु धीरा ॥

ਅਗਮ ਅਗੋਚਰੁ ਕੀਮਤਿ ਨਹੀ ਪਾਈ ਗੁਰਮੁਖਿ ਮੰਨਿ ਵਸਾਇਦਾ ॥੧੫॥ (1061-13)
अगम अगोचरु कीमति नही पाई गुरमुखि मंनि वसाइदा ॥१५॥

ਆਪਿ ਨਿਰਾਲਮੁ ਹੋਰ ਧੰਧੈ ਲੋਈ ॥ (1061-14)
आपि निरालमु होर धंधै लोई ॥

ਗੁਰ ਪਰਸਾਦੀ ਬੂਝੈ ਕੋਈ ॥ (1061-14)
गुर परसादी बूझै कोई ॥

ਨਾਨਕ ਨਾਮੁ ਵਸੈ ਘਟ ਅੰਤਰਿ ਗੁਰਮਤੀ ਮੇਲਿ ਮਿਲਾਇਦਾ ॥੧੬॥੩॥੧੭॥ (1061-14)
नानक नामु वसै घट अंतरि गुरमती मेलि मिलाइदा ॥१६॥३॥१७॥

ਮਾਰੂ ਮਹਲਾ ੩ ॥ (1061-15)
मारू महला ३ ॥

ਜੁਗ ਛਤੀਹ ਕੀਓ ਗੁਬਾਰਾ ॥ (1061-15)
जुग छतीह कीओ गुबारा ॥

ਤੂ ਆਪੇ ਜਾਣਹਿ ਸਿਰਜਣਹਾਰਾ ॥ (1061-15)
तू आपे जाणहि सिरजणहारा ॥

ਹੋਰ ਕਿਆ ਕੋ ਕਹੈ ਕਿ ਆਖਿ ਵਖਾਣੈ ਤੂ ਆਪੇ ਕੀਮਤਿ ਪਾਇਦਾ ॥੧॥ (1061-16)
होर किआ को कहै कि आखि वखाणै तू आपे कीमति पाइदा ॥१॥

ਓਅੰਕਾਰਿ ਸਭ ਸ੍ਰਿਸਟਿ ਉਪਾਈ ॥ (1061-16)
ओअंकारि सभ स्रिसटि उपाई ॥

ਸਭੁ ਖੇਲੁ ਤਮਾਸਾ ਤੇਰੀ ਵਡਿਆਈ ॥ (1061-17)
सभु खेलु तमासा तेरी वडिआई ॥

ਆਪੇ ਵੇਕ ਕਰੇ ਸਭਿ ਸਾਚਾ ਆਪੇ ਭੰਨਿ ਘੜਾਇਦਾ ॥੨॥ (1061-17)
आपे वेक करे सभि साचा आपे भंनि घड़ाइदा ॥२॥

ਬਾਜੀਗਰਿ ਇਕ ਬਾਜੀ ਪਾਈ ॥ (1061-18)
बाजीगरि इक बाजी पाई ॥

ਪੂਰੇ ਗੁਰ ਤੇ ਨਦਰੀ ਆਈ ॥ (1061-18)
पूरे गुर ते नदरी आई ॥

ਸਦਾ ਅਲਿਪਤੁ ਰਹੈ ਗੁਰ ਸਬਦੀ ਸਾਚੇ ਸਿਉ ਚਿਤੁ ਲਾਇਦਾ ॥੩॥ (1061-18)
सदा अलिपतु रहै गुर सबदी साचे सिउ चितु लाइदा ॥३॥

ਬਾਜਹਿ ਬਾਜੇ ਧੁਨਿ ਆਕਾਰਾ ॥ (1061-19)
बाजहि बाजे धुनि आकारा ॥

ਆਪਿ ਵਜਾਏ ਵਜਾਵਣਹਾਰਾ ॥ (1061-19)
आपि वजाए वजावणहारा ॥

ਘਟਿ ਘਟਿ ਪਉਣੁ ਵਹੈ ਇਕ ਰੰਗੀ ਮਿਲਿ ਪਵਣੈ ਸਭ ਵਜਾਇਦਾ ॥੪॥ (1061-19)
घटि घटि पउणु वहै इक रंगी मिलि पवणै सभ वजाइदा ॥४॥

ਕਰਤਾ ਕਰੇ ਸੁ ਨਿਹਚਉ ਹੋਵੈ ॥ (1062-1)
करता करे सु निहचउ होवै ॥

ਗੁਰ ਕੈ ਸਬਦੇ ਹਉਮੈ ਖੋਵੈ ॥ (1062-1)
गुर कै सबदे हउमै खोवै ॥

ਗੁਰ ਪਰਸਾਦੀ ਕਿਸੈ ਦੇ ਵਡਿਆਈ ਨਾਮੋ ਨਾਮੁ ਧਿਆਇਦਾ ॥੫॥ (1062-2)
गुर परसादी किसै दे वडिआई नामो नामु धिआइदा ॥५॥

ਗੁਰ ਸੇਵੇ ਜੇਵਡੁ ਹੋਰੁ ਲਾਹਾ ਨਾਹੀ ॥ (1062-2)
गुर सेवे जेवडु होरु लाहा नाही ॥

ਨਾਮੁ ਮੰਨਿ ਵਸੈ ਨਾਮੋ ਸਾਲਾਹੀ ॥ (1062-2)
नामु मंनि वसै नामो सालाही ॥

ਨਾਮੋ ਨਾਮੁ ਸਦਾ ਸੁਖਦਾਤਾ ਨਾਮੋ ਲਾਹਾ ਪਾਇਦਾ ॥੬॥ (1062-3)
नामो नामु सदा सुखदाता नामो लाहा पाइदा ॥६॥

ਬਿਨੁ ਨਾਵੈ ਸਭ ਦੁਖੁ ਸੰਸਾਰਾ ॥ (1062-3)
बिनु नावै सभ दुखु संसारा ॥

ਬਹੁ ਕਰਮ ਕਮਾਵਹਿ ਵਧਹਿ ਵਿਕਾਰਾ ॥ (1062-4)
बहु करम कमावहि वधहि विकारा ॥

ਨਾਮੁ ਨ ਸੇਵਹਿ ਕਿਉ ਸੁਖੁ ਪਾਈਐ ਬਿਨੁ ਨਾਵੈ ਦੁਖੁ ਪਾਇਦਾ ॥੭॥ (1062-4)
नामु न सेवहि किउ सुखु पाईऐ बिनु नावै दुखु पाइदा ॥७॥

ਆਪਿ ਕਰੇ ਤੈ ਆਪਿ ਕਰਾਏ ॥ (1062-5)
आपि करे तै आपि कराए ॥

ਗੁਰ ਪਰਸਾਦੀ ਕਿਸੈ ਬੁਝਾਏ ॥ (1062-5)
गुर परसादी किसै बुझाए ॥

ਗੁਰਮੁਖਿ ਹੋਵਹਿ ਸੇ ਬੰਧਨ ਤੋੜਹਿ ਮੁਕਤੀ ਕੈ ਘਰਿ ਪਾਇਦਾ ॥੮॥ (1062-5)
गुरमुखि होवहि से बंधन तोड़हि मुकती कै घरि पाइदा ॥८॥

ਗਣਤ ਗਣੈ ਸੋ ਜਲੈ ਸੰਸਾਰਾ ॥ (1062-6)
गणत गणै सो जलै संसारा ॥

ਸਹਸਾ ਮੂਲਿ ਨ ਚੁਕੈ ਵਿਕਾਰਾ ॥ (1062-6)
सहसा मूलि न चुकै विकारा ॥

ਗੁਰਮੁਖਿ ਹੋਵੈ ਸੁ ਗਣਤ ਚੁਕਾਏ ਸਚੇ ਸਚਿ ਸਮਾਇਦਾ ॥੯॥ (1062-6)
गुरमुखि होवै सु गणत चुकाए सचे सचि समाइदा ॥९॥

ਜੇ ਸਚੁ ਦੇਇ ਤ ਪਾਏ ਕੋਈ ॥ (1062-7)
जे सचु देइ त पाए कोई ॥

ਗੁਰ ਪਰਸਾਦੀ ਪਰਗਟੁ ਹੋਈ ॥ (1062-7)
गुर परसादी परगटु होई ॥

ਸਚੁ ਨਾਮੁ ਸਾਲਾਹੇ ਰੰਗਿ ਰਾਤਾ ਗੁਰ ਕਿਰਪਾ ਤੇ ਸੁਖੁ ਪਾਇਦਾ ॥੧੦॥ (1062-8)
सचु नामु सालाहे रंगि राता गुर किरपा ते सुखु पाइदा ॥१०॥

ਜਪੁ ਤਪੁ ਸੰਜਮੁ ਨਾਮੁ ਪਿਆਰਾ ॥ (1062-8)
जपु तपु संजमु नामु पिआरा ॥

ਕਿਲਵਿਖ ਕਾਟੇ ਕਾਟਣਹਾਰਾ ॥ (1062-9)
किलविख काटे काटणहारा ॥

ਹਰਿ ਕੈ ਨਾਮਿ ਤਨੁ ਮਨੁ ਸੀਤਲੁ ਹੋਆ ਸਹਜੇ ਸਹਜਿ ਸਮਾਇਦਾ ॥੧੧॥ (1062-9)
हरि कै नामि तनु मनु सीतलु होआ सहजे सहजि समाइदा ॥११॥

ਅੰਤਰਿ ਲੋਭੁ ਮਨਿ ਮੈਲੈ ਮਲੁ ਲਾਏ ॥ (1062-10)
अंतरि लोभु मनि मैलै मलु लाए ॥

ਮੈਲੇ ਕਰਮ ਕਰੇ ਦੁਖੁ ਪਾਏ ॥ (1062-10)
मैले करम करे दुखु पाए ॥

ਕੂੜੋ ਕੂੜੁ ਕਰੇ ਵਾਪਾਰਾ ਕੂੜੁ ਬੋਲਿ ਦੁਖੁ ਪਾਇਦਾ ॥੧੨॥ (1062-10)
कूड़ो कूड़ु करे वापारा कूड़ु बोलि दुखु पाइदा ॥१२॥

ਨਿਰਮਲ ਬਾਣੀ ਕੋ ਮੰਨਿ ਵਸਾਏ ॥ (1062-11)
निरमल बाणी को मंनि वसाए ॥

ਗੁਰ ਪਰਸਾਦੀ ਸਹਸਾ ਜਾਏ ॥ (1062-11)
गुर परसादी सहसा जाए ॥

ਗੁਰ ਕੈ ਭਾਣੈ ਚਲੈ ਦਿਨੁ ਰਾਤੀ ਨਾਮੁ ਚੇਤਿ ਸੁਖੁ ਪਾਇਦਾ ॥੧੩॥ (1062-11)
गुर कै भाणै चलै दिनु राती नामु चेति सुखु पाइदा ॥१३॥

ਆਪਿ ਸਿਰੰਦਾ ਸਚਾ ਸੋਈ ॥ (1062-12)
आपि सिरंदा सचा सोई ॥

ਆਪਿ ਉਪਾਇ ਖਪਾਏ ਸੋਈ ॥ (1062-12)
आपि उपाइ खपाए सोई ॥

ਗੁਰਮੁਖਿ ਹੋਵੈ ਸੁ ਸਦਾ ਸਲਾਹੇ ਮਿਲਿ ਸਾਚੇ ਸੁਖੁ ਪਾਇਦਾ ॥੧੪॥ (1062-12)
गुरमुखि होवै सु सदा सलाहे मिलि साचे सुखु पाइदा ॥१४॥

ਅਨੇਕ ਜਤਨ ਕਰੇ ਇੰਦ੍ਰੀ ਵਸਿ ਨ ਹੋਈ ॥ (1062-13)
अनेक जतन करे इंद्री वसि न होई ॥

ਕਾਮਿ ਕਰੋਧਿ ਜਲੈ ਸਭੁ ਕੋਈ ॥ (1062-13)
कामि करोधि जलै सभु कोई ॥

ਸਤਿਗੁਰ ਸੇਵੇ ਮਨੁ ਵਸਿ ਆਵੈ ਮਨ ਮਾਰੇ ਮਨਹਿ ਸਮਾਇਦਾ ॥੧੫॥ (1062-14)
सतिगुर सेवे मनु वसि आवै मन मारे मनहि समाइदा ॥१५॥

ਮੇਰਾ ਤੇਰਾ ਤੁਧੁ ਆਪੇ ਕੀਆ ॥ (1062-14)
मेरा तेरा तुधु आपे कीआ ॥

ਸਭਿ ਤੇਰੇ ਜੰਤ ਤੇਰੇ ਸਭਿ ਜੀਆ ॥ (1062-15)
सभि तेरे जंत तेरे सभि जीआ ॥

ਨਾਨਕ ਨਾਮੁ ਸਮਾਲਿ ਸਦਾ ਤੂ ਗੁਰਮਤੀ ਮੰਨਿ ਵਸਾਇਦਾ ॥੧੬॥੪॥੧੮॥ (1062-15)
नानक नामु समालि सदा तू गुरमती मंनि वसाइदा ॥१६॥४॥१८॥

ਮਾਰੂ ਮਹਲਾ ੩ ॥ (1062-16)
मारू महला ३ ॥

ਹਰਿ ਜੀਉ ਦਾਤਾ ਅਗਮ ਅਥਾਹਾ ॥ (1062-16)
हरि जीउ दाता अगम अथाहा ॥

ਓਸੁ ਤਿਲੁ ਨ ਤਮਾਇ ਵੇਪਰਵਾਹਾ ॥ (1062-16)
ओसु तिलु न तमाइ वेपरवाहा ॥

ਤਿਸ ਨੋ ਅਪੜਿ ਨ ਸਕੈ ਕੋਈ ਆਪੇ ਮੇਲਿ ਮਿਲਾਇਦਾ ॥੧॥ (1062-17)
तिस नो अपड़ि न सकै कोई आपे मेलि मिलाइदा ॥१॥

ਜੋ ਕਿਛੁ ਕਰੈ ਸੁ ਨਿਹਚਉ ਹੋਈ ॥ (1062-17)
जो किछु करै सु निहचउ होई ॥

ਤਿਸੁ ਬਿਨੁ ਦਾਤਾ ਅਵਰੁ ਨ ਕੋਈ ॥ (1062-17)
तिसु बिनु दाता अवरु न कोई ॥

ਜਿਸ ਨੋ ਨਾਮ ਦਾਨੁ ਕਰੇ ਸੋ ਪਾਏ ਗੁਰ ਸਬਦੀ ਮੇਲਾਇਦਾ ॥੨॥ (1062-18)
जिस नो नाम दानु करे सो पाए गुर सबदी मेलाइदा ॥२॥

ਚਉਦਹ ਭਵਣ ਤੇਰੇ ਹਟਨਾਲੇ ॥ (1062-18)
चउदह भवण तेरे हटनाले ॥

ਸਤਿਗੁਰਿ ਦਿਖਾਏ ਅੰਤਰਿ ਨਾਲੇ ॥ (1062-19)
सतिगुरि दिखाए अंतरि नाले ॥

ਨਾਵੈ ਕਾ ਵਾਪਾਰੀ ਹੋਵੈ ਗੁਰ ਸਬਦੀ ਕੋ ਪਾਇਦਾ ॥੩॥ (1062-19)
नावै का वापारी होवै गुर सबदी को पाइदा ॥३॥

ਸਤਿਗੁਰਿ ਸੇਵਿਐ ਸਹਜ ਅਨੰਦਾ ॥ (1063-1)
सतिगुरि सेविऐ सहज अनंदा ॥

ਹਿਰਦੈ ਆਇ ਵੁਠਾ ਗੋਵਿੰਦਾ ॥ (1063-1)
हिरदै आइ वुठा गोविंदा ॥

ਸਹਜੇ ਭਗਤਿ ਕਰੇ ਦਿਨੁ ਰਾਤੀ ਆਪੇ ਭਗਤਿ ਕਰਾਇਦਾ ॥੪॥ (1063-1)
सहजे भगति करे दिनु राती आपे भगति कराइदा ॥४॥

ਸਤਿਗੁਰ ਤੇ ਵਿਛੁੜੇ ਤਿਨੀ ਦੁਖੁ ਪਾਇਆ ॥ (1063-2)
सतिगुर ते विछुड़े तिनी दुखु पाइआ ॥

ਅਨਦਿਨੁ ਮਾਰੀਅਹਿ ਦੁਖੁ ਸਬਾਇਆ ॥ (1063-2)
अनदिनु मारीअहि दुखु सबाइआ ॥

ਮਥੇ ਕਾਲੇ ਮਹਲੁ ਨ ਪਾਵਹਿ ਦੁਖ ਹੀ ਵਿਚਿ ਦੁਖੁ ਪਾਇਦਾ ॥੫॥ (1063-3)
मथे काले महलु न पावहि दुख ही विचि दुखु पाइदा ॥५॥

ਸਤਿਗੁਰੁ ਸੇਵਹਿ ਸੇ ਵਡਭਾਗੀ ॥ (1063-3)
सतिगुरु सेवहि से वडभागी ॥

ਸਹਜ ਭਾਇ ਸਚੀ ਲਿਵ ਲਾਗੀ ॥ (1063-4)
सहज भाइ सची लिव लागी ॥

ਸਚੋ ਸਚੁ ਕਮਾਵਹਿ ਸਦ ਹੀ ਸਚੈ ਮੇਲਿ ਮਿਲਾਇਦਾ ॥੬॥ (1063-4)
सचो सचु कमावहि सद ही सचै मेलि मिलाइदा ॥६॥

ਜਿਸ ਨੋ ਸਚਾ ਦੇਇ ਸੁ ਪਾਏ ॥ (1063-4)
जिस नो सचा देइ सु पाए ॥

ਅੰਤਰਿ ਸਾਚੁ ਭਰਮੁ ਚੁਕਾਏ ॥ (1063-5)
अंतरि साचु भरमु चुकाए ॥

ਸਚੁ ਸਚੈ ਕਾ ਆਪੇ ਦਾਤਾ ਜਿਸੁ ਦੇਵੈ ਸੋ ਸਚੁ ਪਾਇਦਾ ॥੭॥ (1063-5)
सचु सचै का आपे दाता जिसु देवै सो सचु पाइदा ॥७॥

ਆਪੇ ਕਰਤਾ ਸਭਨਾ ਕਾ ਸੋਈ ॥ (1063-6)
आपे करता सभना का सोई ॥

ਜਿਸ ਨੋ ਆਪਿ ਬੁਝਾਏ ਬੂਝੈ ਕੋਈ ॥ (1063-6)
जिस नो आपि बुझाए बूझै कोई ॥

ਆਪੇ ਬਖਸੇ ਦੇ ਵਡਿਆਈ ਆਪੇ ਮੇਲਿ ਮਿਲਾਇਦਾ ॥੮॥ (1063-6)
आपे बखसे दे वडिआई आपे मेलि मिलाइदा ॥८॥

ਹਉਮੈ ਕਰਦਿਆ ਜਨਮੁ ਗਵਾਇਆ ॥ (1063-7)
हउमै करदिआ जनमु गवाइआ ॥

ਆਗੈ ਮੋਹੁ ਨ ਚੂਕੈ ਮਾਇਆ ॥ (1063-7)
आगै मोहु न चूकै माइआ ॥

ਅਗੈ ਜਮਕਾਲੁ ਲੇਖਾ ਲੇਵੈ ਜਿਉ ਤਿਲ ਘਾਣੀ ਪੀੜਾਇਦਾ ॥੯॥ (1063-7)
अगै जमकालु लेखा लेवै जिउ तिल घाणी पीड़ाइदा ॥९॥

ਪੂਰੈ ਭਾਗਿ ਗੁਰ ਸੇਵਾ ਹੋਈ ॥ (1063-8)
पूरै भागि गुर सेवा होई ॥

ਨਦਰਿ ਕਰੇ ਤਾ ਸੇਵੇ ਕੋਈ ॥ (1063-8)
नदरि करे ता सेवे कोई ॥

ਜਮਕਾਲੁ ਤਿਸੁ ਨੇੜਿ ਨ ਆਵੈ ਮਹਲਿ ਸਚੈ ਸੁਖੁ ਪਾਇਦਾ ॥੧੦॥ (1063-8)
जमकालु तिसु नेड़ि न आवै महलि सचै सुखु पाइदा ॥१०॥

ਤਿਨ ਸੁਖੁ ਪਾਇਆ ਜੋ ਤੁਧੁ ਭਾਏ ॥ (1063-9)
तिन सुखु पाइआ जो तुधु भाए ॥

ਪੂਰੈ ਭਾਗਿ ਗੁਰ ਸੇਵਾ ਲਾਏ ॥ (1063-9)
पूरै भागि गुर सेवा लाए ॥

ਤੇਰੈ ਹਥਿ ਹੈ ਸਭ ਵਡਿਆਈ ਜਿਸੁ ਦੇਵਹਿ ਸੋ ਪਾਇਦਾ ॥੧੧॥ (1063-10)
तेरै हथि है सभ वडिआई जिसु देवहि सो पाइदा ॥११॥

ਅੰਦਰਿ ਪਰਗਾਸੁ ਗੁਰੂ ਤੇ ਪਾਏ ॥ (1063-10)
अंदरि परगासु गुरू ते पाए ॥

ਨਾਮੁ ਪਦਾਰਥੁ ਮੰਨਿ ਵਸਾਏ ॥ (1063-10)
नामु पदारथु मंनि वसाए ॥

ਗਿਆਨ ਰਤਨੁ ਸਦਾ ਘਟਿ ਚਾਨਣੁ ਅਗਿਆਨ ਅੰਧੇਰੁ ਗਵਾਇਦਾ ॥੧੨॥ (1063-11)
गिआन रतनु सदा घटि चानणु अगिआन अंधेरु गवाइदा ॥१२॥

ਅਗਿਆਨੀ ਅੰਧੇ ਦੂਜੈ ਲਾਗੇ ॥ (1063-12)
अगिआनी अंधे दूजै लागे ॥

ਬਿਨੁ ਪਾਣੀ ਡੁਬਿ ਮੂਏ ਅਭਾਗੇ ॥ (1063-12)
बिनु पाणी डुबि मूए अभागे ॥

ਚਲਦਿਆ ਘਰੁ ਦਰੁ ਨਦਰਿ ਨ ਆਵੈ ਜਮ ਦਰਿ ਬਾਧਾ ਦੁਖੁ ਪਾਇਦਾ ॥੧੩॥ (1063-12)
चलदिआ घरु दरु नदरि न आवै जम दरि बाधा दुखु पाइदा ॥१३॥

ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ ॥ (1063-13)
बिनु सतिगुर सेवे मुकति न होई ॥

ਗਿਆਨੀ ਧਿਆਨੀ ਪੂਛਹੁ ਕੋਈ ॥ (1063-13)
गिआनी धिआनी पूछहु कोई ॥

ਸਤਿਗੁਰੁ ਸੇਵੇ ਤਿਸੁ ਮਿਲੈ ਵਡਿਆਈ ਦਰਿ ਸਚੈ ਸੋਭਾ ਪਾਇਦਾ ॥੧੪॥ (1063-14)
सतिगुरु सेवे तिसु मिलै वडिआई दरि सचै सोभा पाइदा ॥१४॥

ਸਤਿਗੁਰ ਨੋ ਸੇਵੇ ਤਿਸੁ ਆਪਿ ਮਿਲਾਏ ॥ (1063-14)
सतिगुर नो सेवे तिसु आपि मिलाए ॥

ਮਮਤਾ ਕਾਟਿ ਸਚਿ ਲਿਵ ਲਾਏ ॥ (1063-15)
ममता काटि सचि लिव लाए ॥

ਸਦਾ ਸਚੁ ਵਣਜਹਿ ਵਾਪਾਰੀ ਨਾਮੋ ਲਾਹਾ ਪਾਇਦਾ ॥੧੫॥ (1063-15)
सदा सचु वणजहि वापारी नामो लाहा पाइदा ॥१५॥

ਆਪੇ ਕਰੇ ਕਰਾਏ ਕਰਤਾ ॥ (1063-15)
आपे करे कराए करता ॥

ਸਬਦਿ ਮਰੈ ਸੋਈ ਜਨੁ ਮੁਕਤਾ ॥ (1063-16)
सबदि मरै सोई जनु मुकता ॥

ਨਾਨਕ ਨਾਮੁ ਵਸੈ ਮਨ ਅੰਤਰਿ ਨਾਮੋ ਨਾਮੁ ਧਿਆਇਦਾ ॥੧੬॥੫॥੧੯॥ (1063-16)
नानक नामु वसै मन अंतरि नामो नामु धिआइदा ॥१६॥५॥१९॥

ਮਾਰੂ ਮਹਲਾ ੩ ॥ (1063-17)
मारू महला ३ ॥

ਜੋ ਤੁਧੁ ਕਰਣਾ ਸੋ ਕਰਿ ਪਾਇਆ ॥ (1063-17)
जो तुधु करणा सो करि पाइआ ॥

ਭਾਣੇ ਵਿਚਿ ਕੋ ਵਿਰਲਾ ਆਇਆ ॥ (1063-17)
भाणे विचि को विरला आइआ ॥

ਭਾਣਾ ਮੰਨੇ ਸੋ ਸੁਖੁ ਪਾਏ ਭਾਣੇ ਵਿਚਿ ਸੁਖੁ ਪਾਇਦਾ ॥੧॥ (1063-18)
भाणा मंने सो सुखु पाए भाणे विचि सुखु पाइदा ॥१॥

ਗੁਰਮੁਖਿ ਤੇਰਾ ਭਾਣਾ ਭਾਵੈ ॥ (1063-18)
गुरमुखि तेरा भाणा भावै ॥

ਸਹਜੇ ਹੀ ਸੁਖੁ ਸਚੁ ਕਮਾਵੈ ॥ (1063-18)
सहजे ही सुखु सचु कमावै ॥

ਭਾਣੇ ਨੋ ਲੋਚੈ ਬਹੁਤੇਰੀ ਆਪਣਾ ਭਾਣਾ ਆਪਿ ਮਨਾਇਦਾ ॥੨॥ (1063-19)
भाणे नो लोचै बहुतेरी आपणा भाणा आपि मनाइदा ॥२॥

ਤੇਰਾ ਭਾਣਾ ਮੰਨੇ ਸੁ ਮਿਲੈ ਤੁਧੁ ਆਏ ॥ (1063-19)
तेरा भाणा मंने सु मिलै तुधु आए ॥

ਜਿਸੁ ਭਾਣਾ ਭਾਵੈ ਸੋ ਤੁਝਹਿ ਸਮਾਏ ॥ (1064-1)
जिसु भाणा भावै सो तुझहि समाए ॥

ਭਾਣੇ ਵਿਚਿ ਵਡੀ ਵਡਿਆਈ ਭਾਣਾ ਕਿਸਹਿ ਕਰਾਇਦਾ ॥੩॥ (1064-1)
भाणे विचि वडी वडिआई भाणा किसहि कराइदा ॥३॥

ਜਾ ਤਿਸੁ ਭਾਵੈ ਤਾ ਗੁਰੂ ਮਿਲਾਏ ॥ (1064-2)
जा तिसु भावै ता गुरू मिलाए ॥

ਗੁਰਮੁਖਿ ਨਾਮੁ ਪਦਾਰਥੁ ਪਾਏ ॥ (1064-2)
गुरमुखि नामु पदारथु पाए ॥

ਤੁਧੁ ਆਪਣੈ ਭਾਣੈ ਸਭ ਸ੍ਰਿਸਟਿ ਉਪਾਈ ਜਿਸ ਨੋ ਭਾਣਾ ਦੇਹਿ ਤਿਸੁ ਭਾਇਦਾ ॥੪॥ (1064-2)
तुधु आपणै भाणै सभ स्रिसटि उपाई जिस नो भाणा देहि तिसु भाइदा ॥४॥

ਮਨਮੁਖੁ ਅੰਧੁ ਕਰੇ ਚਤੁਰਾਈ ॥ (1064-3)
मनमुखु अंधु करे चतुराई ॥

ਭਾਣਾ ਨ ਮੰਨੇ ਬਹੁਤੁ ਦੁਖੁ ਪਾਈ ॥ (1064-3)
भाणा न मंने बहुतु दुखु पाई ॥

ਭਰਮੇ ਭੂਲਾ ਆਵੈ ਜਾਏ ਘਰੁ ਮਹਲੁ ਨ ਕਬਹੂ ਪਾਇਦਾ ॥੫॥ (1064-4)
भरमे भूला आवै जाए घरु महलु न कबहू पाइदा ॥५॥

ਸਤਿਗੁਰੁ ਮੇਲੇ ਦੇ ਵਡਿਆਈ ॥ (1064-4)
सतिगुरु मेले दे वडिआई ॥

ਸਤਿਗੁਰ ਕੀ ਸੇਵਾ ਧੁਰਿ ਫੁਰਮਾਈ ॥ (1064-4)
सतिगुर की सेवा धुरि फुरमाई ॥

ਸਤਿਗੁਰ ਸੇਵੇ ਤਾ ਨਾਮੁ ਪਾਏ ਨਾਮੇ ਹੀ ਸੁਖੁ ਪਾਇਦਾ ॥੬॥ (1064-5)
सतिगुर सेवे ता नामु पाए नामे ही सुखु पाइदा ॥६॥

ਸਭ ਨਾਵਹੁ ਉਪਜੈ ਨਾਵਹੁ ਛੀਜੈ ॥ (1064-5)
सभ नावहु उपजै नावहु छीजै ॥

ਗੁਰ ਕਿਰਪਾ ਤੇ ਮਨੁ ਤਨੁ ਭੀਜੈ ॥ (1064-6)
गुर किरपा ते मनु तनु भीजै ॥

ਰਸਨਾ ਨਾਮੁ ਧਿਆਏ ਰਸਿ ਭੀਜੈ ਰਸ ਹੀ ਤੇ ਰਸੁ ਪਾਇਦਾ ॥੭॥ (1064-6)
रसना नामु धिआए रसि भीजै रस ही ते रसु पाइदा ॥७॥

ਮਹਲੈ ਅੰਦਰਿ ਮਹਲੁ ਕੋ ਪਾਏ ॥ (1064-6)
महलै अंदरि महलु को पाए ॥

ਗੁਰ ਕੈ ਸਬਦਿ ਸਚਿ ਚਿਤੁ ਲਾਏ ॥ (1064-7)
गुर कै सबदि सचि चितु लाए ॥

ਜਿਸ ਨੋ ਸਚੁ ਦੇਇ ਸੋਈ ਸਚੁ ਪਾਏ ਸਚੇ ਸਚਿ ਮਿਲਾਇਦਾ ॥੮॥ (1064-7)
जिस नो सचु देइ सोई सचु पाए सचे सचि मिलाइदा ॥८॥

ਨਾਮੁ ਵਿਸਾਰਿ ਮਨਿ ਤਨਿ ਦੁਖੁ ਪਾਇਆ ॥ (1064-8)
नामु विसारि मनि तनि दुखु पाइआ ॥

ਮਾਇਆ ਮੋਹੁ ਸਭੁ ਰੋਗੁ ਕਮਾਇਆ ॥ (1064-8)
माइआ मोहु सभु रोगु कमाइआ ॥

ਬਿਨੁ ਨਾਵੈ ਮਨੁ ਤਨੁ ਹੈ ਕੁਸਟੀ ਨਰਕੇ ਵਾਸਾ ਪਾਇਦਾ ॥੯॥ (1064-8)
बिनु नावै मनु तनु है कुसटी नरके वासा पाइदा ॥९॥

ਨਾਮਿ ਰਤੇ ਤਿਨ ਨਿਰਮਲ ਦੇਹਾ ॥ (1064-9)
नामि रते तिन निरमल देहा ॥

ਨਿਰਮਲ ਹੰਸਾ ਸਦਾ ਸੁਖੁ ਨੇਹਾ ॥ (1064-9)
निरमल हंसा सदा सुखु नेहा ॥

ਨਾਮੁ ਸਲਾਹਿ ਸਦਾ ਸੁਖੁ ਪਾਇਆ ਨਿਜ ਘਰਿ ਵਾਸਾ ਪਾਇਦਾ ॥੧੦॥ (1064-10)
नामु सलाहि सदा सुखु पाइआ निज घरि वासा पाइदा ॥१०॥

ਸਭੁ ਕੋ ਵਣਜੁ ਕਰੇ ਵਾਪਾਰਾ ॥ (1064-10)
सभु को वणजु करे वापारा ॥

ਵਿਣੁ ਨਾਵੈ ਸਭੁ ਤੋਟਾ ਸੰਸਾਰਾ ॥ (1064-11)
विणु नावै सभु तोटा संसारा ॥

ਨਾਗੋ ਆਇਆ ਨਾਗੋ ਜਾਸੀ ਵਿਣੁ ਨਾਵੈ ਦੁਖੁ ਪਾਇਦਾ ॥੧੧॥ (1064-11)
नागो आइआ नागो जासी विणु नावै दुखु पाइदा ॥११॥

ਜਿਸ ਨੋ ਨਾਮੁ ਦੇਇ ਸੋ ਪਾਏ ॥ (1064-11)
जिस नो नामु देइ सो पाए ॥

ਗੁਰ ਕੈ ਸਬਦਿ ਹਰਿ ਮੰਨਿ ਵਸਾਏ ॥ (1064-12)
गुर कै सबदि हरि मंनि वसाए ॥

ਗੁਰ ਕਿਰਪਾ ਤੇ ਨਾਮੁ ਵਸਿਆ ਘਟ ਅੰਤਰਿ ਨਾਮੋ ਨਾਮੁ ਧਿਆਇਦਾ ॥੧੨॥ (1064-12)
गुर किरपा ते नामु वसिआ घट अंतरि नामो नामु धिआइदा ॥१२॥

ਨਾਵੈ ਨੋ ਲੋਚੈ ਜੇਤੀ ਸਭ ਆਈ ॥ (1064-13)
नावै नो लोचै जेती सभ आई ॥

ਨਾਉ ਤਿਨਾ ਮਿਲੈ ਧੁਰਿ ਪੁਰਬਿ ਕਮਾਈ ॥ (1064-13)
नाउ तिना मिलै धुरि पुरबि कमाई ॥

ਜਿਨੀ ਨਾਉ ਪਾਇਆ ਸੇ ਵਡਭਾਗੀ ਗੁਰ ਕੈ ਸਬਦਿ ਮਿਲਾਇਦਾ ॥੧੩॥ (1064-13)
जिनी नाउ पाइआ से वडभागी गुर कै सबदि मिलाइदा ॥१३॥

ਕਾਇਆ ਕੋਟੁ ਅਤਿ ਅਪਾਰਾ ॥ (1064-14)
काइआ कोटु अति अपारा ॥

ਤਿਸੁ ਵਿਚਿ ਬਹਿ ਪ੍ਰਭੁ ਕਰੇ ਵੀਚਾਰਾ ॥ (1064-14)
तिसु विचि बहि प्रभु करे वीचारा ॥

ਸਚਾ ਨਿਆਉ ਸਚੋ ਵਾਪਾਰਾ ਨਿਹਚਲੁ ਵਾਸਾ ਪਾਇਦਾ ॥੧੪॥ (1064-15)
सचा निआउ सचो वापारा निहचलु वासा पाइदा ॥१४॥

ਅੰਤਰ ਘਰ ਬੰਕੇ ਥਾਨੁ ਸੁਹਾਇਆ ॥ (1064-15)
अंतर घर बंके थानु सुहाइआ ॥

ਗੁਰਮੁਖਿ ਵਿਰਲੈ ਕਿਨੈ ਥਾਨੁ ਪਾਇਆ ॥ (1064-16)
गुरमुखि विरलै किनै थानु पाइआ ॥

ਇਤੁ ਸਾਥਿ ਨਿਬਹੈ ਸਾਲਾਹੇ ਸਚੇ ਹਰਿ ਸਚਾ ਮੰਨਿ ਵਸਾਇਦਾ ॥੧੫॥ (1064-16)
इतु साथि निबहै सालाहे सचे हरि सचा मंनि वसाइदा ॥१५॥

ਮੇਰੈ ਕਰਤੈ ਇਕ ਬਣਤ ਬਣਾਈ ॥ (1064-17)
मेरै करतै इक बणत बणाई ॥

ਇਸੁ ਦੇਹੀ ਵਿਚਿ ਸਭ ਵਥੁ ਪਾਈ ॥ (1064-17)
इसु देही विचि सभ वथु पाई ॥

ਨਾਨਕ ਨਾਮੁ ਵਣਜਹਿ ਰੰਗਿ ਰਾਤੇ ਗੁਰਮੁਖਿ ਕੋ ਨਾਮੁ ਪਾਇਦਾ ॥੧੬॥੬॥੨੦॥ (1064-17)
नानक नामु वणजहि रंगि राते गुरमुखि को नामु पाइदा ॥१६॥६॥२०॥

ਮਾਰੂ ਮਹਲਾ ੩ ॥ (1064-18)
मारू महला ३ ॥

ਕਾਇਆ ਕੰਚਨੁ ਸਬਦੁ ਵੀਚਾਰਾ ॥ (1064-18)
काइआ कंचनु सबदु वीचारा ॥

ਤਿਥੈ ਹਰਿ ਵਸੈ ਜਿਸ ਦਾ ਅੰਤੁ ਨ ਪਾਰਾਵਾਰਾ ॥ (1064-19)
तिथै हरि वसै जिस दा अंतु न पारावारा ॥

ਅਨਦਿਨੁ ਹਰਿ ਸੇਵਿਹੁ ਸਚੀ ਬਾਣੀ ਹਰਿ ਜੀਉ ਸਬਦਿ ਮਿਲਾਇਦਾ ॥੧॥ (1064-19)
अनदिनु हरि सेविहु सची बाणी हरि जीउ सबदि मिलाइदा ॥१॥

ਹਰਿ ਚੇਤਹਿ ਤਿਨ ਬਲਿਹਾਰੈ ਜਾਉ ॥ (1065-1)
हरि चेतहि तिन बलिहारै जाउ ॥

ਗੁਰ ਕੈ ਸਬਦਿ ਤਿਨ ਮੇਲਿ ਮਿਲਾਉ ॥ (1065-1)
गुर कै सबदि तिन मेलि मिलाउ ॥

ਤਿਨ ਕੀ ਧੂਰਿ ਲਾਈ ਮੁਖਿ ਮਸਤਕਿ ਸਤਸੰਗਤਿ ਬਹਿ ਗੁਣ ਗਾਇਦਾ ॥੨॥ (1065-2)
तिन की धूरि लाई मुखि मसतकि सतसंगति बहि गुण गाइदा ॥२॥

ਹਰਿ ਕੇ ਗੁਣ ਗਾਵਾ ਜੇ ਹਰਿ ਪ੍ਰਭ ਭਾਵਾ ॥ (1065-2)
हरि के गुण गावा जे हरि प्रभ भावा ॥

ਅੰਤਰਿ ਹਰਿ ਨਾਮੁ ਸਬਦਿ ਸੁਹਾਵਾ ॥ (1065-3)
अंतरि हरि नामु सबदि सुहावा ॥

ਗੁਰਬਾਣੀ ਚਹੁ ਕੁੰਡੀ ਸੁਣੀਐ ਸਾਚੈ ਨਾਮਿ ਸਮਾਇਦਾ ॥੩॥ (1065-3)
गुरबाणी चहु कुंडी सुणीऐ साचै नामि समाइदा ॥३॥

ਸੋ ਜਨੁ ਸਾਚਾ ਜਿ ਅੰਤਰੁ ਭਾਲੇ ॥ (1065-3)
सो जनु साचा जि अंतरु भाले ॥

ਗੁਰ ਕੈ ਸਬਦਿ ਹਰਿ ਨਦਰਿ ਨਿਹਾਲੇ ॥ (1065-4)
गुर कै सबदि हरि नदरि निहाले ॥

ਗਿਆਨ ਅੰਜਨੁ ਪਾਏ ਗੁਰ ਸਬਦੀ ਨਦਰੀ ਨਦਰਿ ਮਿਲਾਇਦਾ ॥੪॥ (1065-4)
गिआन अंजनु पाए गुर सबदी नदरी नदरि मिलाइदा ॥४॥

ਵਡੈ ਭਾਗਿ ਇਹੁ ਸਰੀਰੁ ਪਾਇਆ ॥ (1065-5)
वडै भागि इहु सरीरु पाइआ ॥

ਮਾਣਸ ਜਨਮਿ ਸਬਦਿ ਚਿਤੁ ਲਾਇਆ ॥ (1065-5)
माणस जनमि सबदि चितु लाइआ ॥

ਬਿਨੁ ਸਬਦੈ ਸਭੁ ਅੰਧ ਅੰਧੇਰਾ ਗੁਰਮੁਖਿ ਕਿਸਹਿ ਬੁਝਾਇਦਾ ॥੫॥ (1065-5)
बिनु सबदै सभु अंध अंधेरा गुरमुखि किसहि बुझाइदा ॥५॥

ਇਕਿ ਕਿਤੁ ਆਏ ਜਨਮੁ ਗਵਾਏ ॥ (1065-6)
इकि कितु आए जनमु गवाए ॥

ਮਨਮੁਖ ਲਾਗੇ ਦੂਜੈ ਭਾਏ ॥ (1065-6)
मनमुख लागे दूजै भाए ॥

ਏਹ ਵੇਲਾ ਫਿਰਿ ਹਾਥਿ ਨ ਆਵੈ ਪਗਿ ਖਿਸਿਐ ਪਛੁਤਾਇਦਾ ॥੬॥ (1065-7)
एह वेला फिरि हाथि न आवै पगि खिसिऐ पछुताइदा ॥६॥

ਗੁਰ ਕੈ ਸਬਦਿ ਪਵਿਤ੍ਰੁ ਸਰੀਰਾ ॥ (1065-7)
गुर कै सबदि पवित्रु सरीरा ॥

ਤਿਸੁ ਵਿਚਿ ਵਸੈ ਸਚੁ ਗੁਣੀ ਗਹੀਰਾ ॥ (1065-8)
तिसु विचि वसै सचु गुणी गहीरा ॥

ਸਚੋ ਸਚੁ ਵੇਖੈ ਸਭ ਥਾਈ ਸਚੁ ਸੁਣਿ ਮੰਨਿ ਵਸਾਇਦਾ ॥੭॥ (1065-8)
सचो सचु वेखै सभ थाई सचु सुणि मंनि वसाइदा ॥७॥

ਹਉਮੈ ਗਣਤ ਗੁਰ ਸਬਦਿ ਨਿਵਾਰੇ ॥ (1065-8)
हउमै गणत गुर सबदि निवारे ॥

ਹਰਿ ਜੀਉ ਹਿਰਦੈ ਰਖਹੁ ਉਰ ਧਾਰੇ ॥ (1065-9)
हरि जीउ हिरदै रखहु उर धारे ॥

ਗੁਰ ਕੈ ਸਬਦਿ ਸਦਾ ਸਾਲਾਹੇ ਮਿਲਿ ਸਾਚੇ ਸੁਖੁ ਪਾਇਦਾ ॥੮॥ (1065-9)
गुर कै सबदि सदा सालाहे मिलि साचे सुखु पाइदा ॥८॥

ਸੋ ਚੇਤੇ ਜਿਸੁ ਆਪਿ ਚੇਤਾਏ ॥ (1065-10)
सो चेते जिसु आपि चेताए ॥

ਗੁਰ ਕੈ ਸਬਦਿ ਵਸੈ ਮਨਿ ਆਏ ॥ (1065-10)
गुर कै सबदि वसै मनि आए ॥

ਆਪੇ ਵੇਖੈ ਆਪੇ ਬੂਝੈ ਆਪੈ ਆਪੁ ਸਮਾਇਦਾ ॥੯॥ (1065-10)
आपे वेखै आपे बूझै आपै आपु समाइदा ॥९॥

ਜਿਨਿ ਮਨ ਵਿਚਿ ਵਥੁ ਪਾਈ ਸੋਈ ਜਾਣੈ ॥ (1065-11)
जिनि मन विचि वथु पाई सोई जाणै ॥

ਗੁਰ ਕੈ ਸਬਦੇ ਆਪੁ ਪਛਾਣੈ ॥ (1065-11)
गुर कै सबदे आपु पछाणै ॥

ਆਪੁ ਪਛਾਣੈ ਸੋਈ ਜਨੁ ਨਿਰਮਲੁ ਬਾਣੀ ਸਬਦੁ ਸੁਣਾਇਦਾ ॥੧੦॥ (1065-11)
आपु पछाणै सोई जनु निरमलु बाणी सबदु सुणाइदा ॥१० ॥

ਏਹ ਕਾਇਆ ਪਵਿਤੁ ਹੈ ਸਰੀਰੁ ॥ (1065-12)
एह काइआ पवितु है सरीरु ॥

ਗੁਰ ਸਬਦੀ ਚੇਤੈ ਗੁਣੀ ਗਹੀਰੁ ॥ (1065-12)
गुर सबदी चेतै गुणी गहीरु ॥

ਅਨਦਿਨੁ ਗੁਣ ਗਾਵੈ ਰੰਗਿ ਰਾਤਾ ਗੁਣ ਕਹਿ ਗੁਣੀ ਸਮਾਇਦਾ ॥੧੧॥ (1065-13)
अनदिनु गुण गावै रंगि राता गुण कहि गुणी समाइदा ॥११ ॥

ਏਹੁ ਸਰੀਰੁ ਸਭ ਮੂਲੁ ਹੈ ਮਾਇਆ ॥ (1065-13)
एहु सरीरु सभ मूलु है माइआ ॥

ਦੂਜੈ ਭਾਇ ਭਰਮਿ ਭੁਲਾਇਆ ॥ (1065-14)
दूजै भाइ भरमि भुलाइआ ॥

ਹਰਿ ਨ ਚੇਤੈ ਸਦਾ ਦੁਖੁ ਪਾਏ ਬਿਨੁ ਹਰਿ ਚੇਤੇ ਦੁਖੁ ਪਾਇਦਾ ॥੧੨॥ (1065-14)
हरि न चेतै सदा दुखु पाए बिनु हरि चेते दुखु पाइदा ॥१२ ॥

ਜਿ ਸਤਿਗੁਰੁ ਸੇਵੇ ਸੋ ਪਰਵਾਣੁ ॥ (1065-15)
जि सतिगुरु सेवे सो परवाणु ॥

ਕਾਇਆ ਹੰਸੁ ਨਿਰਮਲੁ ਦਰਿ ਸਚੈ ਜਾਣੁ ॥ (1065-15)
काइआ हंसु निरमलु दरि सचै जाणु ॥

ਹਰਿ ਸੇਵੇ ਹਰਿ ਮੰਨਿ ਵਸਾਏ ਸੋਹੈ ਹਰਿ ਗੁਣ ਗਾਇਦਾ ॥੧੩॥ (1065-15)
हरि सेवे हरि मंनि वसाए सोहै हरि गुण गाइदा ॥१३ ॥

ਬਿਨੁ ਭਾਗਾ ਗੁਰੁ ਸੇਵਿਆ ਨ ਜਾਇ ॥ (1065-16)
बिनु भागा गुरु सेविआ न जाइ ॥

ਮਨਮੁਖ ਭੂਲੇ ਮੁਏ ਬਿਲਲਾਇ ॥ (1065-16)
मनमुख भूले मुए बिललाइ ॥

ਜਿਨ ਕਉ ਨਦਰਿ ਹੋਵੈ ਗੁਰ ਕੇਰੀ ਹਰਿ ਜੀਉ ਆਪਿ ਮਿਲਾਇਦਾ ॥੧੪॥ (1065-17)
जिन कउ नदरि होवै गुर केरी हरि जीउ आपि मिलाइदा ॥१४॥

ਕਾਇਆ ਕੋਟੁ ਪਕੇ ਹਟਨਾਲੇ ॥ (1065-17)
काइआ कोटु पके हटनाले ॥

ਗੁਰਮੁਖਿ ਲੇਵੈ ਵਸਤੁ ਸਮਾਲੇ ॥ (1065-18)
गुरमुखि लेवै वसतु समाले ॥

ਹਰਿ ਕਾ ਨਾਮੁ ਧਿਆਇ ਦਿਨੁ ਰਾਤੀ ਊਤਮ ਪਦਵੀ ਪਾਇਦਾ ॥੧੫॥ (1065-18)
हरि का नामु धिआइ दिनु राती ऊतम पदवी पाइदा ॥१५॥

ਆਪੇ ਸਚਾ ਹੈ ਸੁਖਦਾਤਾ ॥ (1065-18)
आपे सचा है सुखदाता ॥

ਪੂਰੇ ਗੁਰ ਕੈ ਸਬਦਿ ਪਛਾਤਾ ॥ (1065-19)
पूरे गुर कै सबदि पछाता ॥

ਨਾਨਕ ਨਾਮੁ ਸਲਾਹੇ ਸਾਚਾ ਪੂਰੈ ਭਾਗਿ ਕੋ ਪਾਇਦਾ ॥੧੬॥੭॥੨੧॥ (1065-19)
नानक नामु सलाहे साचा पूरै भागि को पाइदा ॥१६॥७॥२१॥

ਮਾਰੂ ਮਹਲਾ ੩ ॥ (1066-1)
मारू महला ३ ॥

ਨਿਰੰਕਾਰਿ ਆਕਾਰੁ ਉਪਾਇਆ ॥ (1066-1)
निरंकारि आकारु उपाइआ ॥

ਮਾਇਆ ਮੋਹੁ ਹੁਕਮਿ ਬਣਾਇਆ ॥ (1066-1)
माइआ मोहु हुकमि बणाइआ ॥

ਆਪੇ ਖੇਲ ਕਰੇ ਸਭਿ ਕਰਤਾ ਸੁਣਿ ਸਾਚਾ ਮੰਨਿ ਵਸਾਇਦਾ ॥੧॥ (1066-2)
आपे खेल करे सभि करता सुणि साचा मंनि वसाइदा ॥१॥

ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ ॥ (1066-2)
माइआ माई त्रै गुण परसूति जमाइआ ॥

ਚਾਰੇ ਬੇਦ ਬ੍ਰਹਮੇ ਨੋ ਫੁਰਮਾਇਆ ॥ (1066-3)
चारे बेद ब्रहमे नो फुरमाइआ ॥

ਵਰ੍ਹੇ ਮਾਹ ਵਾਰ ਥਿਤੀ ਕਰਿ ਇਸੁ ਜਗ ਮਹਿ ਸੋਝੀ ਪਾਇਦਾ ॥੨॥ (1066-3)
वर्हे माह वार थिती करि इसु जग महि सोझी पाइदा ॥२॥

ਗੁਰ ਸੇਵਾ ਤੇ ਕਰਣੀ ਸਾਰ ॥ (1066-3)
गुर सेवा ते करणी सार ॥

ਰਾਮ ਨਾਮੁ ਰਾਖਹੁ ਉਰਿ ਧਾਰ ॥ (1066-4)
राम नामु राखहु उरि धार ॥

ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ ॥੩॥ (1066-4)
गुरबाणी वरती जग अंतरि इसु बाणी ते हरि नामु पाइदा ॥३॥

ਵੇਦੁ ਪੜੈ ਅਨਦਿਨੁ ਵਾਦ ਸਮਾਲੇ ॥ (1066-5)
वेदु पड़ै अनदिनु वाद समाले ॥

ਨਾਮੁ ਨ ਚੇਤੈ ਬਧਾ ਜਮਕਾਲੇ ॥ (1066-5)
नामु न चेतै बधा जमकाले ॥

ਦੂਜੈ ਭਾਇ ਸਦਾ ਦੁਖੁ ਪਾਏ ਤ੍ਰੈ ਗੁਣ ਭਰਮਿ ਭੁਲਾਇਦਾ ॥੪॥ (1066-5)
दूजै भाइ सदा दुखु पाए त्रै गुण भरमि भुलाइदा ॥४॥

ਗੁਰਮੁਖਿ ਏਕਸੁ ਸਿਉ ਲਿਵ ਲਾਏ ॥ (1066-6)
गुरमुखि एकसु सिउ लिव लाए ॥

ਤ੍ਰਿਬਿਧਿ ਮਨਸਾ ਮਨਹਿ ਸਮਾਏ ॥ (1066-6)
त्रिबिधि मनसा मनहि समाए ॥

ਸਾਚੈ ਸਬਦਿ ਸਦਾ ਹੈ ਮੁਕਤਾ ਮਾਇਆ ਮੋਹੁ ਚੁਕਾਇਦਾ ॥੫॥ (1066-6)
साचै सबदि सदा है मुकता माइआ मोहु चुकाइदा ॥५॥

ਜੋ ਧੁਰਿ ਰਾਤੇ ਸੇ ਹੁਣਿ ਰਾਤੇ ॥ (1066-7)
जो धुरि राते से हुणि राते ॥

ਗੁਰ ਪਰਸਾਦੀ ਸਹਜੇ ਮਾਤੇ ॥ (1066-7)
गुर परसादी सहजे माते ॥

ਸਤਿਗੁਰੁ ਸੇਵਿ ਸਦਾ ਪ੍ਰਭੁ ਪਾਇਆ ਆਪੈ ਆਪੁ ਮਿਲਾਇਦਾ ॥੬॥ (1066-8)
सतिगुरु सेवि सदा प्रभु पाइआ आपै आपु मिलाइदा ॥६॥

ਮਾਇਆ ਮੋਹਿ ਭਰਮਿ ਨ ਪਾਏ ॥ (1066-8)
माइआ मोहि भरमि न पाए ॥

ਦੂਜੈ ਭਾਇ ਲਗਾ ਦੁਖੁ ਪਾਏ ॥ (1066-9)
दूजै भाइ लगा दुखु पाए ॥

ਸੂਹਾ ਰੰਗੁ ਦਿਨ ਥੋੜੇ ਹੋਵੈ ਇਸੁ ਜਾਦੇ ਬਿਲਮ ਨ ਲਾਇਦਾ ॥੭॥ (1066-9)
सूहा रंगु दिन थोड़े होवै इसु जादे बिलम न लाइदा ॥७॥

ਏਹੁ ਮਨੁ ਭੈ ਭਾਇ ਰੰਗਾਏ ॥ (1066-9)
एहु मनु भै भाइ रंगाए ॥

ਇਤੁ ਰੰਗਿ ਸਾਚੇ ਮਾਹਿ ਸਮਾਏ ॥ (1066-10)
इतु रंगि साचे माहि समाए ॥

ਪੂਰੈ ਭਾਗਿ ਕੋ ਇਹੁ ਰੰਗੁ ਪਾਏ ਗੁਰਮਤੀ ਰੰਗੁ ਚੜਾਇਦਾ ॥੮॥ (1066-10)
पूरै भागि को इहु रंगु पाए गुरमती रंगु चड़ाइदा ॥८॥

ਮਨਮੁਖੁ ਬਹੁਤੁ ਕਰੇ ਅਭਿਮਾਨੁ ॥ (1066-11)
मनमुखु बहुतु करे अभिमानु ॥

ਦਰਗਹ ਕਬ ਹੀ ਨ ਪਾਵੈ ਮਾਨੁ ॥ (1066-11)
दरगह कब ही न पावै मानु ॥

ਦੂਜੈ ਲਾਗੇ ਜਨਮੁ ਗਵਾਇਆ ਬਿਨੁ ਬੂਝੇ ਦੁਖੁ ਪਾਇਦਾ ॥੯॥ (1066-11)
दूजै लागे जनमु गवाइआ बिनु बूझे दुखु पाइदा ॥९॥

ਮੇਰੈ ਪ੍ਰਭਿ ਅੰਦਰਿ ਆਪੁ ਲੁਕਾਇਆ ॥ (1066-12)
मेरै प्रभि अंदरि आपु लुकाइआ ॥

ਗੁਰ ਪਰਸਾਦੀ ਹਰਿ ਮਿਲੈ ਮਿਲਾਇਆ ॥ (1066-12)
गुर परसादी हरि मिलै मिलाइआ ॥

ਸਚਾ ਪ੍ਰਭੁ ਸਚਾ ਵਾਪਾਰਾ ਨਾਮੁ ਅਮੋਲਕੁ ਪਾਇਦਾ ॥੧੦॥ (1066-12)
सचा प्रभु सचा वापारा नामु अमोलकु पाइदा ॥१०॥

ਇਸੁ ਕਾਇਆ ਕੀ ਕੀਮਤਿ ਕਿਨੈ ਨ ਪਾਈ ॥ (1066-13)
इसु काइआ की कीमति किनै न पाई ॥

ਮੇਰੈ ਠਾਕੁਰਿ ਇਹ ਬਣਤ ਬਣਾਈ ॥ (1066-13)
मेरै ठाकुरि इह बणत बणाई ॥

ਗੁਰਮੁਖਿ ਹੋਵੈ ਸੁ ਕਾਇਆ ਸੋਧੈ ਆਪਹਿ ਆਪੁ ਮਿਲਾਇਦਾ ॥੧੧॥ (1066-14)
गुरमुखि होवै सु काइआ सोधै आपहि आपु मिलाइदा ॥११॥

ਕਾਇਆ ਵਿਚਿ ਤੋਟਾ ਕਾਇਆ ਵਿਚਿ ਲਾਹਾ ॥ (1066-14)
काइआ विचि तोटा काइआ विचि लाहा ॥

ਗੁਰਮੁਖਿ ਖੋਜੇ ਵੇਪਰਵਾਹਾ ॥ (1066-15)
गुरमुखि खोजे वेपरवाहा ॥

ਗੁਰਮੁਖਿ ਵਣਜਿ ਸਦਾ ਸੁਖੁ ਪਾਏ ਸਹਜੇ ਸਹਜਿ ਮਿਲਾਇਦਾ ॥੧੨॥ (1066-15)
गुरमुखि वणजि सदा सुखु पाए सहजे सहजि मिलाइदा ॥१२॥

ਸਚਾ ਮਹਲੁ ਸਚੇ ਭੰਡਾਰਾ ॥ (1066-16)
सचा महलु सचे भंडारा ॥

ਆਪੇ ਦੇਵੈ ਦੇਵਣਹਾਰਾ ॥ (1066-16)
आपे देवै देवणहारा ॥

ਗੁਰਮੁਖਿ ਸਾਲਾਹੇ ਸੁਖਦਾਤੇ ਮਨਿ ਮੇਲੇ ਕੀਮਤਿ ਪਾਇਦਾ ॥੧੩॥ (1066-16)
गुरमुखि सालाहे सुखदाते मनि मेले कीमति पाइदा ॥१३॥

ਕਾਇਆ ਵਿਚਿ ਵਸਤੁ ਕੀਮਤਿ ਨਹੀ ਪਾਈ ॥ (1066-17)
काइआ विचि वसतु कीमति नही पाई ॥

ਗੁਰਮੁਖਿ ਆਪੇ ਦੇ ਵਡਿਆਈ ॥ (1066-17)
गुरमुखि आपे दे वडिआई ॥

ਜਿਸ ਦਾ ਹਟੁ ਸੋਈ ਵਥੁ ਜਾਣੈ ਗੁਰਮੁਖਿ ਦੇਇ ਨ ਪਛੋਤਾਇਦਾ ॥੧੪॥ (1066-18)
जिस दा हटु सोई वथु जाणै गुरमुखि देइ न पछोताइदा ॥१४॥

ਹਰਿ ਜੀਉ ਸਭ ਮਹਿ ਰਹਿਆ ਸਮਾਈ ॥ (1066-18)
हरि जीउ सभ महि रहिआ समाई ॥

ਗੁਰ ਪਰਸਾਦੀ ਪਾਇਆ ਜਾਈ ॥ (1066-19)
गुर परसादी पाइआ जाई ॥

ਆਪੇ ਮੇਲਿ ਮਿਲਾਏ ਆਪੇ ਸਬਦੇ ਸਹਜਿ ਸਮਾਇਦਾ ॥੧੫॥ (1066-19)
आपे मेलि मिलाए आपे सबदे सहजि समाइदा ॥१५॥

ਆਪੇ ਸਚਾ ਸਬਦਿ ਮਿਲਾਏ ॥ (1067-1)
आपे सचा सबदि मिलाए ॥

ਸਬਦੇ ਵਿਚਹੁ ਭਰਮੁ ਚੁਕਾਏ ॥ (1067-1)
सबदे विचहु भरमु चुकाए ॥

ਨਾਨਕ ਨਾਮਿ ਮਿਲੈ ਵਡਿਆਈ ਨਾਮੇ ਹੀ ਸੁਖੁ ਪਾਇਦਾ ॥੧੬॥੮॥੨੨॥ (1067-1)
नानक नामि मिलै वडिआई नामे ही सुखु पाइदा ॥१६॥८॥२२॥

ਮਾਰੂ ਮਹਲਾ ੩ ॥ (1067-2)
मारू महला ३ ॥

ਅਗਮ ਅਗੋਚਰ ਵੇਪਰਵਾਹੇ ॥ (1067-2)
अगम अगोचर वेपरवाहे ॥

ਆਪੇ ਮਿਹਰਵਾਨੁ ਅਗਮ ਅਥਾਹੇ ॥ (1067-2)
आपे मिहरवान अगम अथाहे ॥

ਅਪੜਿ ਕੋਇ ਨ ਸਕੈ ਤਿਸ ਨੋ ਗੁਰ ਸਬਦੀ ਮੇਲਾਇਆ ॥੧॥ (1067-3)
अपड़ि कोइ न सकै तिस नो गुर सबदी मेलाइआ ॥१॥

ਤੁਧੁਨੋ ਸੇਵਹਿ ਜੋ ਤੁਧੁ ਭਾਵਹਿ ॥ (1067-3)
तुधुनो सेवहि जो तुधु भावहि ॥

ਗੁਰ ਕੈ ਸਬਦੇ ਸਚਿ ਸਮਾਵਹਿ ॥ (1067-3)
गुर कै सबदे सचि समावहि ॥

ਅਨਦਿਨੁ ਗੁਣ ਰਵਹਿ ਦਿਨੁ ਰਾਤੀ ਰਸਨਾ ਹਰਿ ਰਸੁ ਭਾਇਆ ॥੨॥ (1067-4)
अनदिनु गुण रवहि दिनु राती रसना हरि रसु भाइआ ॥२॥

ਸਬਦਿ ਮਰਹਿ ਸੇ ਮਰਣੁ ਸਵਾਰਹਿ ॥ (1067-4)
सबदि मरहि से मरणु सवारहि ॥

ਹਰਿ ਕੇ ਗੁਣ ਹਿਰਦੈ ਉਰ ਧਾਰਹਿ ॥ (1067-5)
हरि के गुण हिरदै उर धारहि ॥

ਜਨਮੁ ਸਫਲੁ ਹਰਿ ਚਰਣੀ ਲਾਗੇ ਦੂਜਾ ਭਾਉ ਚੁਕਾਇਆ ॥੩॥ (1067-5)
जनमु सफलु हरि चरणी लागे दूजा भाउ चुकाइआ ॥३॥

ਹਰਿ ਜੀਉ ਮੇਲੇ ਆਪਿ ਮਿਲਾਏ ॥ (1067-6)
हरि जीउ मेले आपि मिलाए ॥

ਗੁਰ ਕੈ ਸਬਦੇ ਆਪੁ ਗਵਾਏ ॥ (1067-6)
गुर कै सबदे आपु गवाए ॥

ਅਨਦਿਨੁ ਸਦਾ ਹਰਿ ਭਗਤੀ ਰਾਤੇ ਇਸੁ ਜਗ ਮਹਿ ਲਾਹਾ ਪਾਇਆ ॥੪॥ (1067-6)
अनदिनु सदा हरि भगती राते इसु जग महि लाहा पाइआ ॥४॥

ਤੇਰੇ ਗੁਣ ਕਹਾ ਮੈ ਕਹਣੁ ਨ ਜਾਈ ॥ (1067-7)
तेरे गुण कहा मै कहणु न जाई ॥

ਅੰਤੁ ਨ ਪਾਰਾ ਕੀਮਤਿ ਨਹੀ ਪਾਈ ॥ (1067-7)
अंतु न पारा कीमति नही पाई ॥

ਆਪੇ ਦਇਆ ਕਰੇ ਸੁਖਦਾਤਾ ਗੁਣ ਮਹਿ ਗੁਣੀ ਸਮਾਇਆ ॥੫॥ (1067-7)
आपे दइआ करे सुखदाता गुण महि गुणी समाइआ ॥५॥

ਇਸੁ ਜਗ ਮਹਿ ਮੋਹੁ ਹੈ ਪਾਸਾਰਾ ॥ (1067-8)
इसु जग महि मोहु है पासारा ॥

ਮਨਮੁਖੁ ਅਗਿਆਨੀ ਅੰਧੁ ਅੰਧਾਰਾ ॥ (1067-8)
मनमुखु अगिआनी अंधु अंधारा ॥

ਧੰਧੈ ਧਾਵਤੁ ਜਨਮੁ ਗਵਾਇਆ ਬਿਨੁ ਨਾਵੈ ਦੁਖੁ ਪਾਇਆ ॥੬॥ (1067-9)
धंधै धावतु जनमु गवाइआ बिनु नावै दुखु पाइआ ॥६॥

ਕਰਮੁ ਹੋਵੈ ਤਾ ਸਤਿਗੁਰੁ ਪਾਏ ॥ (1067-9)
करमु होवै ता सतिगुरु पाए ॥

ਹਉਮੈ ਮੈਲੁ ਸਬਦਿ ਜਲਾਏ ॥ (1067-10)
हउमै मैलु सबदि जलाए ॥

ਮਨੁ ਨਿਰਮਲੁ ਗਿਆਨੁ ਰਤਨੁ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥੭॥ (1067-10)
मनु निरमलु गिआनु रतनु चानणु अगिआनु अंधेरु गवाइआ ॥७॥

ਤੇਰੇ ਨਾਮ ਅਨੇਕ ਕੀਮਤਿ ਨਹੀ ਪਾਈ ॥ (1067-11)
तेरे नाम अनेक कीमति नही पाई ॥

ਸਚੁ ਨਾਮੁ ਹਰਿ ਹਿਰਦੈ ਵਸਾਈ ॥ (1067-11)
सचु नामु हरि हिरदै वसाई ॥

ਕੀਮਤਿ ਕਉਣੁ ਕਰੇ ਪ੍ਰਭ ਤੇਰੀ ਤੂ ਆਪੇ ਸਹਜਿ ਸਮਾਇਆ ॥੮॥ (1067-11)
कीमति कउणु करे प्रभ तेरी तू आपे सहजि समाइआ ॥८॥

ਨਾਮੁ ਅਮੋਲਕੁ ਅਗਮ ਅਪਾਰਾ ॥ (1067-12)
नामु अमोलकु अगम अपारा ॥

ਨਾ ਕੋ ਹੋਆ ਤੋਲਣਹਾਰਾ ॥ (1067-12)
ना को होआ तोलणहारा ॥

ਆਪੇ ਤੋਲੇ ਤੋਲਿ ਤੋਲਾਏ ਗੁਰ ਸਬਦੀ ਮੇਲਿ ਤੋਲਾਇਆ ॥੯॥ (1067-13)
आपे तोले तोलि तोलाए गुर सबदी मेलि तोलाइआ ॥९॥

ਸੇਵਕ ਸੇਵਹਿ ਕਰਹਿ ਅਰਦਾਸਿ ॥ (1067-13)
सेवक सेवहि करहि अरदासि ॥

ਤੂ ਆਪੇ ਮੇਲਿ ਬਹਾਲਹਿ ਪਾਸਿ ॥ (1067-13)
तू आपे मेलि बहालहि पासि ॥

ਸਭਨਾ ਜੀਆ ਕਾ ਸੁਖਦਾਤਾ ਪੂਰੈ ਕਰਮਿ ਧਿਆਇਆ ॥੧੦॥ (1067-14)
सभना जीआ का सुखदाता पूरै करमि धिआइआ ॥१०॥

ਜਤੁ ਸਤੁ ਸੰਜਮੁ ਜਿ ਸਚੁ ਕਮਾਵੈ ॥ (1067-14)
जतु सतु संजमु जि सचु कमावै ॥

ਇਹੁ ਮਨੁ ਨਿਰਮਲੁ ਜਿ ਹਰਿ ਗੁਣ ਗਾਵੈ ॥ (1067-15)
इहु मनु निरमलु जि हरि गुण गावै ॥

ਇਸੁ ਬਿਖੁ ਮਹਿ ਅੰਮ੍ਰਿਤੁ ਪਰਾਪਤਿ ਹੋਵੈ ਹਰਿ ਜੀਉ ਮੇਰੇ ਭਾਇਆ ॥੧੧॥ (1067-15)
इसु बिखु महि अमृतु परापति होवै हरि जीउ मेरे भाइआ ॥११॥

ਜਿਸ ਨੋ ਬੁਝਾਏ ਸੋਈ ਬੂਝੈ ॥ (1067-16)
जिस नो बुझाए सोई बूझै ॥

ਹਰਿ ਗੁਣ ਗਾਵੈ ਅੰਦਰੁ ਸੂਝੈ ॥ (1067-16)
हरि गुण गावै अंदरु सूझै ॥

ਹਉਮੈ ਮੇਰਾ ਠਾਕਿ ਰਹਾਏ ਸਹਜੇ ਹੀ ਸਚੁ ਪਾਇਆ ॥੧੨॥ (1067-16)
हउमै मेरा ठाकि रहाए सहजे ही सचु पाइआ ॥१२॥

ਬਿਨੁ ਕਰਮਾ ਹੋਰ ਫਿਰੈ ਘਨੇਰੀ ॥ (1067-17)
बिनु करमा होर फिरै घनेरी ॥

ਮਰਿ ਮਰਿ ਜੰਮੈ ਚੁਕੈ ਨ ਫੇਰੀ ॥ (1067-17)
मरि मरि जंमै चुकै न फेरी ॥

ਬਿਖੁ ਕਾ ਰਾਤਾ ਬਿਖੁ ਕਮਾਵੈ ਸੁਖੁ ਨ ਕਬਹੂ ਪਾਇਆ ॥੧੩॥ (1067-17)
बिखु का राता बिखु कमावै सुखु न कबहू पाइआ ॥१३॥

ਬਹੁਤੇ ਭੇਖ ਕਰੇ ਭੇਖਧਾਰੀ ॥ (1067-18)
बहुते भेख करे भेखधारी ॥

ਬਿਨੁ ਸਬਦੈ ਹਉਮੈ ਕਿਨੈ ਨ ਮਾਰੀ ॥ (1067-18)
बिनु सबदै हउमै किनै न मारी ॥

ਜੀਵਤੁ ਮਰੈ ਤਾ ਮੁਕਤਿ ਪਾਏ ਸਚੈ ਨਾਇ ਸਮਾਇਆ ॥੧੪॥ (1067-19)
जीवतु मरै ता मुकति पाए सचै नाइ समाइआ ॥१४॥

ਅਗਿਆਨੁ ਤ੍ਰਿਸਨਾ ਇਸੁ ਤਨਹਿ ਜਲਾਏ ॥ (1067-19)
अगिआनु त्रिसना इसु तनहि जलाए ॥

ਤਿਸ ਦੀ ਬੂਝੈ ਜਿ ਗੁਰ ਸਬਦੁ ਕਮਾਏ ॥ (1068-1)
तिस दी बूझै जि गुर सबदु कमाए ॥

ਤਨੁ ਮਨੁ ਸੀਤਲੁ ਕ੍ਰੋਧੁ ਨਿਵਾਰੇ ਹਉਮੈ ਮਾਰਿ ਸਮਾਇਆ ॥੧੫॥ (1068-1)
तनु मनु सीतलु क्रोधु निवारे हउमै मारि समाइआ ॥१५॥

ਸਚਾ ਸਾਹਿਬੁ ਸਚੀ ਵਡਿਆਈ ॥ (1068-1)
सचा साहिबु सची वडिआई ॥

ਗੁਰ ਪਰਸਾਦੀ ਵਿਰਲੈ ਪਾਈ ॥ (1068-2)
गुर परसादी विरलै पाई ॥

ਨਾਨਕੁ ਏਕ ਕਹੈ ਬੇਨੰਤੀ ਨਾਮੇ ਨਾਮਿ ਸਮਾਇਆ ॥੧੬॥੧॥੨੩॥ (1068-2)
नानकु एक कहै बेनंती नामे नामि समाइआ ॥१६॥१॥२३॥

ਮਾਰੂ ਮਹਲਾ ੩ ॥ (1068-3)
मारू महला ३ ॥

ਨਦਰੀ ਭਗਤਾ ਲੈਹੁ ਮਿਲਾਏ ॥ (1068-3)
नदरी भगता लैहु मिलाए ॥

ਭਗਤ ਸਲਾਹਨਿ ਸਦਾ ਲਿਵ ਲਾਏ ॥ (1068-3)
भगत सलाहनि सदा लिव लाए ॥

ਤਉ ਸਰਣਾਈ ਉਬਰਹਿ ਕਰਤੇ ਆਪੇ ਮੇਲਿ ਮਿਲਾਇਆ ॥੧॥ (1068-4)
तउ सरणाई उबरहि करते आपे मेलि मिलाइआ ॥१॥

ਪੂਰੈ ਸਬਦਿ ਭਗਤਿ ਸੁਹਾਈ ॥ (1068-4)
पूरै सबदि भगति सुहाई ॥

ਅੰਤਰਿ ਸੁਖੁ ਤੇਰੈ ਮਨਿ ਭਾਈ ॥ (1068-4)
अंतरि सुखु तेरै मनि भाई ॥

ਮਨੁ ਤਨੁ ਸਚੀ ਭਗਤੀ ਰਾਤਾ ਸਚੇ ਸਿਉ ਚਿਤੁ ਲਾਇਆ ॥੨॥ (1068-5)
मनु तनु सची भगती राता सचे सिउ चितु लाइआ ॥२॥

ਹਉਮੈ ਵਿਚਿ ਸਦ ਜਲੈ ਸਰੀਰਾ ॥ (1068-5)
हउमै विचि सद जलै सरीरा ॥

ਕਰਮੁ ਹੋਵੈ ਭੇਟੇ ਗੁਰੁ ਪੂਰਾ ॥ (1068-6)
करमु होवै भेटे गुरु पूरा ॥

ਅੰਤਰਿ ਅਗਿਆਨੁ ਸਬਦਿ ਬੁਝਾਏ ਸਤਿਗੁਰ ਤੇ ਸੁਖੁ ਪਾਇਆ ॥੩॥ (1068-6)
अंतरि अगिआनु सबदि बुझाए सतिगुर ते सुखु पाइआ ॥३॥

ਮਨਮੁਖੁ ਅੰਧਾ ਅੰਧੁ ਕਮਾਏ ॥ (1068-7)
मनमुखु अंधा अंधु कमाए ॥

ਬਹੁ ਸੰਕਟ ਜੋਨੀ ਭਰਮਾਏ ॥ (1068-7)
बहु संकट जोनी भरमाए ॥

ਜਮ ਕਾ ਜੇਵੜਾ ਕਦੇ ਨ ਕਾਟੈ ਅੰਤੇ ਬਹੁ ਦੁਖੁ ਪਾਇਆ ॥੪॥ (1068-7)
जम का जेवड़ा कदे न काटै अंते बहु दुखु पाइआ ॥४॥

ਆਵਣ ਜਾਣਾ ਸਬਦਿ ਨਿਵਾਰੇ ॥ (1068-8)
आवण जाणा सबदि निवारे ॥

ਸਚੁ ਨਾਮੁ ਰਖੈ ਉਰ ਧਾਰੇ ॥ (1068-8)
सचु नामु रखै उर धारे ॥

ਗੁਰ ਕੈ ਸਬਦਿ ਮਰੈ ਮਨੁ ਮਾਰੇ ਹਉਮੈ ਜਾਇ ਸਮਾਇਆ ॥੫॥ (1068-8)
गुर कै सबदि मरै मनु मारे हउमै जाइ समाइआ ॥५॥

ਆਵਣ ਜਾਣੈ ਪਰਜ ਵਿਗੋਈ ॥ (1068-9)
आवण जाणै परज विगोई ॥

ਬਿਨੁ ਸਤਿਗੁਰ ਥਿਰੁ ਕੋਇ ਨ ਹੋਈ ॥ (1068-9)
बिनु सतिगुर थिरु कोइ न होई ॥

ਅੰਤਰਿ ਜੋਤਿ ਸਬਦਿ ਸੁਖੁ ਵਸਿਆ ਜੋਤੀ ਜੋਤਿ ਮਿਲਾਇਆ ॥੬॥ (1068-9)
अंतरि जोति सबदि सुखु वसिआ जोती जोति मिलाइआ ॥६॥

ਪੰਚ ਦੂਤ ਚਿਤਵਹਿ ਵਿਕਾਰਾ ॥ (1068-10)
पंच दूत चितवहि विकारा ॥

ਮਾਇਆ ਮੋਹ ਕਾ ਏਹੁ ਪਸਾਰਾ ॥ (1068-10)
माइआ मोह का एहु पसारा ॥

ਸਤਿਗੁਰੁ ਸੇਵੇ ਤਾ ਮੁਕਤੁ ਹੋਵੈ ਪੰਚ ਦੂਤ ਵਸਿ ਆਇਆ ॥੭॥ (1068-11)
सतिगुरु सेवे ता मुकतु होवै पंच दूत वसि आइआ ॥७॥

ਬਾਝੁ ਗੁਰੂ ਹੈ ਮੋਹੁ ਗੁਬਾਰਾ ॥ (1068-11)
बाझु गुरू है मोहु गुबारा ॥

ਫਿਰਿ ਫਿਰਿ ਡੁਬੈ ਵਾਰੋ ਵਾਰਾ ॥ (1068-11)
फिरि फिरि डुबै वारो वारा ॥

ਸਤਿਗੁਰ ਭੇਟੇ ਸਚੁ ਦ੍ਰਿੜਾਏ ਸਚੁ ਨਾਮੁ ਮਨਿ ਭਾਇਆ ॥੮॥ (1068-12)
सतिगुर भेटे सचु द्रिड़ाए सचु नामु मनि भाइआ ॥८॥

ਸਾਚਾ ਦਰੁ ਸਾਚਾ ਦਰਵਾਰਾ ॥ (1068-12)
साचा दरु साचा दरवारा ॥

ਸਚੇ ਸੇਵਹਿ ਸਬਦਿ ਪਿਆਰਾ ॥ (1068-13)
सचे सेवहि सबदि पिआरा ॥

ਸਚੀ ਧੁਨਿ ਸਚੇ ਗੁਣ ਗਾਵਾ ਸਚੇ ਮਾਹਿ ਸਮਾਇਆ ॥੯॥ (1068-13)
सची धुनि सचे गुण गावा सचे माहि समाइआ ॥९॥

ਘਰੈ ਅੰਦਰਿ ਕੋ ਘਰੁ ਪਾਏ ॥ (1068-13)
घरै अंदरि को घरु पाए ॥

ਗੁਰ ਕੈ ਸਬਦੇ ਸਹਜਿ ਸੁਭਾਏ ॥ (1068-14)
गुर कै सबदे सहजि सुभाए ॥

ਓਥੈ ਸੋਗੁ ਵਿਜੋਗੁ ਨ ਵਿਆਪੈ ਸਹਜੇ ਸਹਜਿ ਸਮਾਇਆ ॥੧੦॥ (1068-14)
ओथै सोगु विजोगु न विआपै सहजे सहजि समाइआ ॥१०॥

ਦੂਜੈ ਭਾਇ ਦੁਸਟਾ ਕਾ ਵਾਸਾ ॥ (1068-15)
दूजै भाइ दुसटा का वासा ॥

ਭਉਦੇ ਫਿਰਹਿ ਬਹੁ ਮੋਹ ਪਿਆਸਾ ॥ (1068-15)
भउदे फिरहि बहु मोह पिआसा ॥

ਕੁਸੰਗਤਿ ਬਹਹਿ ਸਦਾ ਦੁਖੁ ਪਾਵਹਿ ਦੁਖੋ ਦੁਖੁ ਕਮਾਇਆ ॥੧੧॥ (1068-15)
कुसंगति बहहि सदा दुखु पावहि दुखो दुखु कमाइआ ॥११॥

ਸਤਿਗੁਰ ਬਾਝਹੁ ਸੰਗਤਿ ਨ ਹੋਈ ॥ (1068-16)
सतिगुर बाझहु संगति न होई ॥

ਬਿਨੁ ਸਬਦੇ ਪਾਰੁ ਨ ਪਾਏ ਕੋਈ ॥ (1068-16)
बिनु सबदे पारु न पाए कोई ॥

ਸਹਜੇ ਗੁਣ ਰਵਹਿ ਦਿਨੁ ਰਾਤੀ ਜੋਤੀ ਜੋਤਿ ਮਿਲਾਇਆ ॥੧੨॥ (1068-16)
सहजे गुण रवहि दिनु राती जोती जोति मिलाइआ ॥१२॥

ਕਾਇਆ ਬਿਰਖੁ ਪੰਖੀ ਵਿਚਿ ਵਾਸਾ ॥ (1068-17)
काइआ बिरखु पंखी विचि वासा ॥

ਅੰਮ੍ਰਿਤੁ ਚੁਗਹਿ ਗੁਰ ਸਬਦਿ ਨਿਵਾਸਾ ॥ (1068-17)
अमृतु चुगहि गुर सबदि निवासा ॥

ਉਡਹਿ ਨ ਮੂਲੇ ਨ ਆਵਹਿ ਨ ਜਾਹੀ ਨਿਜ ਘਰਿ ਵਾਸਾ ਪਾਇਆ ॥੧੩॥ (1068-18)
उडहि न मूले न आवहि न जाही निज घरि वासा पाइआ ॥१३॥

ਕਾਇਆ ਸੋਧਹਿ ਸਬਦੁ ਵੀਚਾਰਹਿ ॥ (1068-18)
काइआ सोधहि सबदु वीचारहि ॥

ਮੋਹ ਠਗਉਰੀ ਭਰਮੁ ਨਿਵਾਰਹਿ ॥ (1068-19)
मोह ठगउरी भरमु निवारहि ॥

ਆਪੇ ਕ੍ਰਿਪਾ ਕਰੇ ਸੁਖਦਾਤਾ ਆਪੇ ਮੇਲਿ ਮਿਲਾਇਆ ॥੧੪॥ (1068-19)
आपे क्रिपा करे सुखदाता आपे मेलि मिलाइआ ॥१४॥

ਸਦ ਹੀ ਨੇੜੈ ਦੂਰਿ ਨ ਜਾਣਹੁ ॥ (1069-1)
सद ही नेड़ै दूरि न जाणहु ॥

ਗੁਰ ਕੈ ਸਬਦਿ ਨਜੀਕਿ ਪਛਾਣਹੁ ॥ (1069-1)
गुर कै सबदि नजीकि पछाणहु ॥

ਬਿਗਸੈ ਕਮਲੁ ਕਿਰਣਿ ਪਰਗਾਸੈ ਪਰਗਟੁ ਕਰਿ ਦੇਖਾਇਆ ॥੧੫॥ (1069-1)
बिगसै कमलु किरणि परगासै परगटु करि देखाइआ ॥१५॥

ਆਪੇ ਕਰਤਾ ਸਚਾ ਸੋਈ ॥ (1069-2)
आपे करता सचा सोई ॥

ਆਪੇ ਮਾਰਿ ਜੀਵਾਲੇ ਅਵਰੁ ਨ ਕੋਈ ॥ (1069-2)
आपे मारि जीवाले अवरु न कोई ॥

ਨਾਨਕ ਨਾਮੁ ਮਿਲੈ ਵਡਿਆਈ ਆਪੁ ਗਵਾਇ ਸੁਖੁ ਪਾਇਆ ॥੧੬॥੨॥੨੪॥ (1069-3)
नानक नामु मिलै वडिआई आपु गवाइ सुखु पाइआ ॥१६॥२॥२४॥

ਮਾਰੂ ਸੋਲਹੇ ਮਹਲਾ ੪ (1069-4)
मारू सोलहे महला ४

ੴ ਸਤਿਗੁਰ ਪ੍ਰਸਾਦਿ ॥ (1069-4)
ੴ सतिगुर प्रसादि ॥

ਸਚਾ ਆਪਿ ਸਵਾਰਣਹਾਰਾ ॥ (1069-5)
सचा आपि सवारणहारा ॥

ਅਵਰ ਨ ਸੂਝਸਿ ਬੀਜੀ ਕਾਰਾ ॥ (1069-5)
अवर न सूझसि बीजी कारा ॥

ਗੁਰਮੁਖਿ ਸਚੁ ਵਸੈ ਘਟ ਅੰਤਰਿ ਸਹਜੇ ਸਚਿ ਸਮਾਈ ਹੇ ॥੧॥ (1069-5)
गुरमुखि सचु वसै घट अंतरि सहजे सचि समाई हे ॥१॥

ਸਭਨਾ ਸਚੁ ਵਸੈ ਮਨ ਮਾਹੀ ॥ (1069-6)
सभना सचु वसै मन माही ॥

ਗੁਰ ਪਰਸਾਦੀ ਸਹਜਿ ਸਮਾਹੀ ॥ (1069-6)
गुर परसादी सहजि समाही ॥

ਗੁਰੁ ਗੁਰੁ ਕਰਤ ਸਦਾ ਸੁਖੁ ਪਾਇਆ ਗੁਰ ਚਰਣੀ ਚਿਤੁ ਲਾਈ ਹੇ ॥੨॥ (1069-6)
गुरु गुरु करत सदा सुखु पाइआ गुर चरणी चितु लाई हे ॥२॥

ਸਤਿਗੁਰੁ ਹੈ ਗਿਆਨੁ ਸਤਿਗੁਰੁ ਹੈ ਪੂਜਾ ॥ (1069-7)
सतिगुरु है गिआनु सतिगुरु है पूजा ॥

ਸਤਿਗੁਰੁ ਸੇਵੀ ਅਵਰੁ ਨ ਦੂਜਾ ॥ (1069-7)
सतिगुरु सेवी अवरु न दूजा ॥

ਸਤਿਗੁਰ ਤੇ ਨਾਮੁ ਰਤਨ ਧਨੁ ਪਾਇਆ ਸਤਿਗੁਰ ਕੀ ਸੇਵਾ ਭਾਈ ਹੇ ॥੩॥ (1069-8)
सतिगुर ते नामु रतन धनु पाइआ सतिगुर की सेवा भाई हे ॥३॥

ਬਿਨੁ ਸਤਿਗੁਰ ਜੋ ਦੂਜੈ ਲਾਗੇ ॥ (1069-8)
बिनु सतिगुर जो दूजै लागे ॥

ਆਵਹਿ ਜਾਹਿ ਭ੍ਰਮਿ ਮਰਹਿ ਅਭਾਗੇ ॥ (1069-9)
आवहि जाहि भ्रमि मरहि अभागे ॥

ਨਾਨਕ ਤਿਨ ਕੀ ਫਿਰਿ ਗਤਿ ਹੋਵੈ ਜਿ ਗੁਰਮੁਖਿ ਰਹਹਿ ਸਰਣਾਈ ਹੇ ॥੪॥ (1069-9)
नानक तिन की फिरि गति होवै जि गुरमुखि रहहि सरणाई हे ॥४॥

ਗੁਰਮੁਖਿ ਪ੍ਰੀਤਿ ਸਦਾ ਹੈ ਸਾਚੀ ॥ (1069-10)
गुरमुखि प्रीति सदा है साची ॥

ਸਤਿਗੁਰ ਤੇ ਮਾਗਉ ਨਾਮੁ ਅਜਾਚੀ ॥ (1069-10)
सतिगुर ते मागउ नामु अजाची ॥

ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ ਰਖਿ ਲੇਵਹੁ ਗੁਰ ਸਰਣਾਈ ਹੇ ॥੫॥ (1069-10)
होहु दइआलु क्रिपा करि हरि जीउ रखि लेवहु गुर सरणाई हे ॥५॥

ਅੰਮ੍ਰਿਤ ਰਸੁ ਸਤਿਗੁਰੂ ਚੁਆਇਆ ॥ (1069-11)
अमृत रसु सतिगुरू चुआइआ ॥

ਦਸਵੈ ਦੁਆਰਿ ਪ੍ਰਗਟੁ ਹੋਇ ਆਇਆ ॥ (1069-11)
दसवै दुआरि प्रगटु होइ आइआ ॥

ਤਹ ਅਨਹਦ ਸਬਦ ਵਜਹਿ ਧੁਨਿ ਬਾਣੀ ਸਹਜੇ ਸਹਜਿ ਸਮਾਈ ਹੇ ॥੬॥ (1069-12)
तह अनहद सबद वजहि धुनि बाणी सहजे सहजि समाई हे ॥६॥

ਜਿਨ ਕਉ ਕਰਤੈ ਧੁਰਿ ਲਿਖਿ ਪਾਈ ॥ (1069-12)
जिन कउ करतै धुरि लिखि पाई ॥

ਅਨਦਿਨੁ ਗੁਰੁ ਗੁਰੁ ਕਰਤ ਵਿਹਾਈ ॥ (1069-13)
अनदिनु गुरु गुरु करत विहाई ॥

ਬਿਨੁ ਸਤਿਗੁਰ ਕੋ ਸੀਝੈ ਨਾਹੀ ਗੁਰ ਚਰਣੀ ਚਿਤੁ ਲਾਈ ਹੇ ॥੭॥ (1069-13)
बिनु सतिगुर को सीझै नाही गुर चरणी चितु लाई हे ॥७॥

ਜਿਸੁ ਭਾਵੈ ਤਿਸੁ ਆਪੇ ਦੇਇ ॥ (1069-14)
जिसु भावै तिसु आपे देइ ॥

ਗੁਰਮੁਖਿ ਨਾਮੁ ਪਦਾਰਥੁ ਲੇਇ ॥ (1069-14)
गुरमुखि नामु पदारथु लेइ ॥

ਆਪੇ ਕ੍ਰਿਪਾ ਕਰੇ ਨਾਮੁ ਦੇਵੈ ਨਾਨਕ ਨਾਮਿ ਸਮਾਈ ਹੇ ॥੮॥ (1069-14)
आपे क्रिपा करे नामु देवै नानक नामि समाई हे ॥८॥

ਗਿਆਨ ਰਤਨੁ ਮਨਿ ਪਰਗਟੁ ਭਇਆ ॥ (1069-15)
गिआन रतनु मनि परगटु भइआ ॥

ਨਾਮੁ ਪਦਾਰਥੁ ਸਹਜੇ ਲਇਆ ॥ (1069-15)
नामु पदारथु सहजे लइआ ॥

ਏਹ ਵਡਿਆਈ ਗੁਰ ਤੇ ਪਾਈ ਸਤਿਗੁਰ ਕਉ ਸਦ ਬਲਿ ਜਾਈ ਹੇ ॥੯॥ (1069-16)
एह वडिआई गुर ते पाई सतिगुर कउ सद बलि जाई हे ॥९॥

ਪ੍ਰਗਟਿਆ ਸੂਰੁ ਨਿਸਿ ਮਿਟਿਆ ਅੰਧਿਆਰਾ ॥ (1069-16)
प्रगटिआ सूरु निसि मिटिआ अंधिआरा ॥

ਅਗਿਆਨੁ ਮਿਟਿਆ ਗੁਰ ਰਤਨਿ ਅਪਾਰਾ ॥ (1069-17)
अगिआनु मिटिआ गुर रतनि अपारा ॥

ਸਤਿਗੁਰ ਗਿਆਨੁ ਰਤਨੁ ਅਤਿ ਭਾਰੀ ਕਰਮਿ ਮਿਲੈ ਸੁਖੁ ਪਾਈ ਹੇ ॥੧੦॥ (1069-17)
सतिगुर गिआनु रतनु अति भारी करमि मिलै सुखु पाई हे ॥१०॥

ਗੁਰਮੁਖਿ ਨਾਮੁ ਪ੍ਰਗਟੀ ਹੈ ਸੋਇ ॥ (1069-18)
गुरमुखि नामु प्रगटी है सोइ ॥

ਚਹੁ ਜੁਗਿ ਨਿਰਮਲੁ ਹਛਾ ਲੋਇ ॥ (1069-18)
चहु जुगि निरमलु हछा लोइ ॥

ਨਾਮੇ ਨਾਮਿ ਰਤੇ ਸੁਖੁ ਪਾਇਆ ਨਾਮਿ ਰਹਿਆ ਲਿਵ ਲਾਈ ਹੇ ॥੧੧॥ (1069-18)
नामे नामि रते सुखु पाइआ नामि रहिआ लिव लाई हे ॥११॥

ਗੁਰਮੁਖਿ ਨਾਮੁ ਪਰਾਪਤਿ ਹੋਵੈ ॥ (1069-19)
गुरमुखि नामु परापति होवै ॥

ਸਹਜੇ ਜਾਗੈ ਸਹਜੇ ਸੋਵੈ ॥ (1069-19)
सहजे जागै सहजे सोवै ॥

ਗੁਰਮੁਖਿ ਨਾਮਿ ਸਮਾਇ ਸਮਾਵੈ ਨਾਨਕ ਨਾਮੁ ਧਿਆਈ ਹੇ ॥੧੨॥ (1070-1)
गुरमुखि नामि समाइ समावै नानक नामु धिआई हे ॥१२॥

ਭਗਤਾ ਮੁਖਿ ਅੰਮ੍ਰਿਤ ਹੈ ਬਾਣੀ ॥ (1070-1)
भगता मुखि अमृत है बाणी ॥

ਗੁਰਮੁਖਿ ਹਰਿ ਨਾਮੁ ਆਖਿ ਵਖਾਣੀ ॥ (1070-2)
गुरमुखि हरि नामु आखि वखाणी ॥

ਹਰਿ ਹਰਿ ਕਰਤ ਸਦਾ ਮਨੁ ਬਿਗਸੈ ਹਰਿ ਚਰਣੀ ਮਨੁ ਲਾਈ ਹੇ ॥੧੩॥ (1070-2)
हरि हरि करत सदा मनु बिगसै हरि चरणी मनु लाई हे ॥१३॥

ਹਮ ਮੂਰਖ ਅਗਿਆਨ ਗਿਆਨੁ ਕਿਛੁ ਨਾਹੀ ॥ (1070-3)
हम मूरख अगिआन गिआनु किछु नाही ॥

ਸਤਿਗੁਰ ਤੇ ਸਮਝ ਪੜੀ ਮਨ ਮਾਹੀ ॥ (1070-3)
सतिगुर ते समझ पड़ी मन माही ॥

ਹੋਹੁ ਦਇਆਲੁ ਕ੍ਰਿਪਾ ਕਰਿ ਹਰਿ ਜੀਉ ਸਤਿਗੁਰ ਕੀ ਸੇਵਾ ਲਾਈ ਹੇ ॥੧੪॥ (1070-3)
होहु दइआलु क्रिपा करि हरि जीउ सतिगुर की सेवा लाई हे ॥१४॥

ਜਿਨਿ ਸਤਿਗੁਰੁ ਜਾਤਾ ਤਿਨਿ ਏਕੁ ਪਛਾਤਾ ॥ (1070-4)
जिनि सतिगुरु जाता तिनि एकु पछाता ॥

ਸਰਬੇ ਰਵਿ ਰਹਿਆ ਸੁਖਦਾਤਾ ॥ (1070-4)
सरबे रवि रहिआ सुखदाता ॥

ਆਤਮੁ ਚੀਨਿ ਪਰਮ ਪਦੁ ਪਾਇਆ ਸੇਵਾ ਸੁਰਤਿ ਸਮਾਈ ਹੇ ॥੧੫॥ (1070-5)
आतमु चीनि परम पदु पाइआ सेवा सुरति समाई हे ॥१५॥

ਜਿਨ ਕਉ ਆਦਿ ਮਿਲੀ ਵਡਿਆਈ ॥ (1070-5)
जिन कउ आदि मिली वडिआई ॥

ਸਤਿਗੁਰੁ ਮਨਿ ਵਸਿਆ ਲਿਵ ਲਾਈ ॥ (1070-6)
सतिगुरु मनि वसिआ लिव लाई ॥

ਆਪਿ ਮਿਲਿਆ ਜਗਜੀਵਨੁ ਦਾਤਾ ਨਾਨਕ ਅੰਕਿ ਸਮਾਈ ਹੇ ॥੧੬॥੧॥ (1070-6)
आपि मिलिआ जगजीवनु दाता नानक अंकि समाई हे ॥१६॥१॥

ਮਾਰੂ ਮਹਲਾ ੪ ॥ (1070-7)
मारू महला ४ ॥

ਹਰਿ ਅਗਮ ਅਗੋਚਰੁ ਸਦਾ ਅਬਿਨਾਸੀ ॥ (1070-7)
हरि अगम अगोचरु सदा अबिनासी ॥

ਸਰਬੇ ਰਵਿ ਰਹਿਆ ਘਟ ਵਾਸੀ ॥ (1070-7)
सरबे रवि रहिआ घट वासी ॥

ਤਿਸੁ ਬਿਨੁ ਅਵਰੁ ਨ ਕੋਈ ਦਾਤਾ ਹਰਿ ਤਿਸਹਿ ਸਰੇਵਹੁ ਪ੍ਰਾਣੀ ਹੇ ॥੧॥ (1070-8)
तिसु बिनु अवरु न कोई दाता हरि तिसहि सरेवहु प्राणी हे ॥१॥

ਜਾ ਕਉ ਰਾਖੈ ਹਰਿ ਰਾਖਣਹਾਰਾ ॥ (1070-8)
जा कउ राखै हरि राखणहारा ॥

ਤਾ ਕਉ ਕੋਇ ਨ ਸਾਕਸਿ ਮਾਰਾ ॥ (1070-8)
ता कउ कोइ न साकसि मारा ॥

ਸੋ ਐਸਾ ਹਰਿ ਸੇਵਹੁ ਸੰਤਹੁ ਜਾ ਕੀ ਊਤਮ ਬਾਣੀ ਹੇ ॥੨॥ (1070-9)
सो ऐसा हरि सेवहु संतहु जा की ऊतम बाणी हे ॥२॥

ਜਾ ਜਾਪੈ ਕਿਛੁ ਕਿਥਾਊ ਨਾਹੀ ॥ (1070-9)
जा जापै किछु किथाऊ नाही ॥

ਤਾ ਕਰਤਾ ਭਰਪੂਰਿ ਸਮਾਹੀ ॥ (1070-10)
ता करता भरपूरि समाही ॥

ਸੂਕੇ ਤੇ ਫੁਨਿ ਹਰਿਆ ਕੀਤੋਨੁ ਹਰਿ ਧਿਆਵਹੁ ਚੋਜ ਵਿਡਾਣੀ ਹੇ ॥੩॥ (1070-10)
सूके ते फुनि हरिआ कीतोनु हरि धिआवहु चोज विडाणी हे ॥३॥

ਜੋ ਜੀਆ ਕੀ ਵੇਦਨ ਜਾਣੈ ॥ (1070-11)
जो जीआ की वेदन जाणै ॥

ਤਿਸੁ ਸਾਹਿਬ ਕੈ ਹਉ ਕੁਰਬਾਣੈ ॥ (1070-11)
तिसु साहिब कै हउ कुरबाणै ॥

ਤਿਸੁ ਆਗੈ ਜਨ ਕਰਿ ਬੇਨੰਤੀ ਜੋ ਸਰਬ ਸੁਖਾ ਕਾ ਦਾਣੀ ਹੇ ॥੪॥ (1070-11)
तिसु आगै जन करि बेनंती जो सरब सुखा का दाणी हे ॥४॥

ਜੋ ਜੀਐ ਕੀ ਸਾਰ ਨ ਜਾਣੈ ॥ (1070-12)
जो जीऐ की सार न जाणै ॥

ਤਿਸੁ ਸਿਉ ਕਿਛੁ ਨ ਕਹੀਐ ਅਜਾਣੈ ॥ (1070-12)
तिसु सिउ किछु न कहीऐ अजाणै ॥

ਮੂਰਖ ਸਿਉ ਨਹ ਲੂਝੁ ਪਰਾਣੀ ਹਰਿ ਜਪੀਐ ਪਦੁ ਨਿਰਬਾਣੀ ਹੇ ॥੫॥ (1070-12)
मूरख सिउ नह लूझु पराणी हरि जपीऐ पदु निरबाणी हे ॥५॥

ਨਾ ਕਰਿ ਚਿੰਤ ਚਿੰਤਾ ਹੈ ਕਰਤੇ ॥ (1070-13)
ना करि चिंत चिंता है करते ॥

ਹਰਿ ਦੇਵੈ ਜਲਿ ਥਲਿ ਜੰਤਾ ਸਭਤੈ ॥ (1070-13)
हरि देवै जलि थलि जंता सभतै ॥

ਅਚਿੰਤ ਦਾਨੁ ਦੇਇ ਪ੍ਰਭੁ ਮੇਰਾ ਵਿਚਿ ਪਾਥਰ ਕੀਟ ਪਖਾਣੀ ਹੇ ॥੬॥ (1070-14)
अचिंत दानु देइ प्रभु मेरा विचि पाथर कीट पखाणी हे ॥६॥

ਨਾ ਕਰਿ ਆਸ ਮੀਤ ਸੁਤ ਭਾਈ ॥ (1070-14)
ना करि आस मीत सुत भाई ॥

ਨਾ ਕਰਿ ਆਸ ਕਿਸੈ ਸਾਹ ਬਿਉਹਾਰ ਕੀ ਪਰਾਈ ॥ (1070-15)
ना करि आस किसै साह बिउहार की पराई ॥

ਬਿਨੁ ਹਰਿ ਨਾਵੈ ਕੋ ਬੇਲੀ ਨਾਹੀ ਹਰਿ ਜਪੀਐ ਸਾਰੰਗਪਾਣੀ ਹੇ ॥੭॥ (1070-15)
बिनु हरि नावै को बेली नाही हरि जपीऐ सारंगपाणी हे ॥७॥

ਅਨਦਿਨੁ ਨਾਮੁ ਜਪਹੁ ਬਨਵਾਰੀ ॥ (1070-16)
अनदिनु नामु जपहु बनवारी ॥

ਸਭ ਆਸਾ ਮਨਸਾ ਪੂਰੈ ਥਾਰੀ ॥ (1070-16)
सभ आसा मनसा पूरै थारी ॥

ਜਨ ਨਾਨਕ ਨਾਮੁ ਜਪਹੁ ਭਵ ਖੰਡਨੁ ਸੁਖਿ ਸਹਜੇ ਰੈਣਿ ਵਿਹਾਣੀ ਹੇ ॥੮॥ (1070-16)
जन नानक नामु जपहु भव खंडनु सुखि सहजे रैणि विहाणी हे ॥८॥

ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ ॥ (1070-17)
जिनि हरि सेविआ तिनि सुखु पाइआ ॥

ਸਹਜੇ ਹੀ ਹਰਿ ਨਾਮਿ ਸਮਾਇਆ ॥ (1070-17)
सहजे ही हरि नामि समाइआ ॥

ਜੋ ਸਰਣਿ ਪਰੈ ਤਿਸ ਕੀ ਪਤਿ ਰਾਖੈ ਜਾਇ ਪੂਛਹੁ ਵੇਦ ਪੁਰਾਣੀ ਹੇ ॥੯॥ (1070-18)
जो सरणि परै तिस की पति राखै जाइ पूछहु वेद पुराणी हे ॥९॥

ਜਿਸੁ ਹਰਿ ਸੇਵਾ ਲਾਏ ਸੋਈ ਜਨੁ ਲਾਗੈ ॥ (1070-18)
जिसु हरि सेवा लाए सोई जनु लागै ॥

ਗੁਰ ਕੈ ਸਬਦਿ ਭਰਮ ਭਉ ਭਾਗੈ ॥ (1070-19)
गुर कै सबदि भरम भउ भागै ॥

ਵਿਚੇ ਗ੍ਰਿਹ ਸਦਾ ਰਹੈ ਉਦਾਸੀ ਜਿਉ ਕਮਲੁ ਰਹੈ ਵਿਚਿ ਪਾਣੀ ਹੇ ॥੧੦॥ (1070-19)
विचे ग्रिह सदा रहै उदासी जिउ कमलु रहै विचि पाणी हे ॥१०॥

ਵਿਚਿ ਹਉਮੈ ਸੇਵਾ ਥਾਇ ਨ ਪਾਏ ॥ (1071-1)
विचि हउमै सेवा थाइ न पाए ॥

ਜਨਮਿ ਮਰੈ ਫਿਰਿ ਆਵੈ ਜਾਏ ॥ (1071-1)
जनमि मरै फिरि आवै जाए ॥

ਸੋ ਤਪੁ ਪੂਰਾ ਸਾਈ ਸੇਵਾ ਜੋ ਹਰਿ ਮੇਰੇ ਮਨਿ ਭਾਣੀ ਹੇ ॥੧੧॥ (1071-1)
सो तपु पूरा साई सेवा जो हरि मेरे मनि भाणी हे ॥११॥

ਹਉ ਕਿਆ ਗੁਣ ਤੇਰੇ ਆਖਾ ਸੁਆਮੀ ॥ (1071-2)
हउ किआ गुण तेरे आखा सुआमी ॥

ਤੂ ਸਰਬ ਜੀਆ ਕਾ ਅੰਤਰਜਾਮੀ ॥ (1071-2)
तू सरब जीआ का अंतरजामी ॥

ਹਉ ਮਾਗਉ ਦਾਨੁ ਤੁਝੈ ਪਹਿ ਕਰਤੇ ਹਰਿ ਅਨਦਿਨੁ ਨਾਮੁ ਵਖਾਣੀ ਹੇ ॥੧੨॥ (1071-3)
हउ मागउ दानु तुझै पहि करते हरि अनदिनु नामु वखाणी हे ॥१२॥

ਕਿਸ ਹੀ ਜੋਰੁ ਅਹੰਕਾਰ ਬੋਲਣ ਕਾ ॥ (1071-3)
किस ही जोरु अहंकार बोलण का ॥

ਕਿਸ ਹੀ ਜੋਰੁ ਦੀਬਾਨ ਮਾਇਆ ਕਾ ॥ (1071-4)
किस ही जोरु दीबान माइआ का ॥

ਮੈ ਹਰਿ ਬਿਨੁ ਟੇਕ ਧਰ ਅਵਰ ਨ ਕਾਈ ਤੂ ਕਰਤੇ ਰਾਖੁ ਮੈ ਨਿਮਾਣੀ ਹੇ ॥੧੩॥ (1071-4)
मै हरि बिनु टेक धर अवर न काई तू करते राखु मै निमाणी हे ॥१३॥

ਨਿਮਾਣੇ ਮਾਣੁ ਕਰਹਿ ਤੁਧੁ ਭਾਵੈ ॥ (1071-5)
निमाणे माणु करहि तुधु भावै ॥

ਹੋਰ ਕੇਤੀ ਝਖਿ ਝਖਿ ਆਵੈ ਜਾਵੈ ॥ (1071-5)
होर केती झखि झखि आवै जावै ॥

ਜਿਨ ਕਾ ਪਖੁ ਕਰਹਿ ਤੂ ਸੁਆਮੀ ਤਿਨ ਕੀ ਊਪਰਿ ਗਲ ਤੁਧੁ ਆਣੀ ਹੇ ॥੧੪॥ (1071-5)
जिन का पखु करहि तू सुआमी तिन की ऊपरि गल तुधु आणी हे ॥१४॥

ਹਰਿ ਹਰਿ ਨਾਮੁ ਜਿਨੀ ਸਦਾ ਧਿਆਇਆ ॥ (1071-6)
हरि हरि नामु जिनी सदा धिआइआ ॥

ਤਿਨੀ ਗੁਰ ਪਰਸਾਦਿ ਪਰਮ ਪਦੁ ਪਾਇਆ ॥ (1071-6)
तिनी गुर परसादि परम पदु पाइआ ॥

ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ ਬਿਨੁ ਸੇਵਾ ਪਛੋਤਾਣੀ ਹੇ ॥੧੫॥ (1071-7)
जिनि हरि सेविआ तिनि सुखु पाइआ बिनु सेवा पछोताणी हे ॥१५॥

ਤੂ ਸਭ ਮਹਿ ਵਰਤਹਿ ਹਰਿ ਜਗੰਨਾਥੁ ॥ (1071-8)
तू सभ महि वरतहि हरि जगंनाथु ॥

ਸੋ ਹਰਿ ਜਪੈ ਜਿਸੁ ਗੁਰ ਮਸਤਕਿ ਹਾਥੁ ॥ (1071-8)
सो हरि जपै जिसु गुर मसतकि हाथु ॥

ਹਰਿ ਕੀ ਸਰਣਿ ਪਇਆ ਹਰਿ ਜਾਪੀ ਜਨੁ ਨਾਨਕੁ ਦਾਸੁ ਦਸਾਣੀ ਹੇ ॥੧੬॥੨॥ (1071-8)
हरि की सरणि पइआ हरि जापी जनु नानकु दासु दसाणी हे ॥१६॥२॥

ਮਾਰੂ ਸੋਲਹੇ ਮਹਲਾ ੫ (1071-10)
मारू सोलहे महला ५

ੴ ਸਤਿਗੁਰ ਪ੍ਰਸਾਦਿ ॥ (1071-10)
ੴ सतिगुर प्रसादि ॥

ਕਲਾ ਉਪਾਇ ਧਰੀ ਜਿਨਿ ਧਰਣਾ ॥ (1071-11)
कला उपाइ धरी जिनि धरणा ॥

ਗਗਨੁ ਰਹਾਇਆ ਹੁਕਮੇ ਚਰਣਾ ॥ (1071-11)
गगनु रहाइआ हुकमे चरणा ॥

ਅਗਨਿ ਉਪਾਇ ਈਧਨ ਮਹਿ ਬਾਧੀ ਸੋ ਪ੍ਰਭੁ ਰਾਖੈ ਭਾਈ ਹੇ ॥੧॥ (1071-11)
अगनि उपाइ ईधन महि बाधी सो प्रभु राखै भाई हे ॥१॥

ਜੀਅ ਜੰਤ ਕਉ ਰਿਜਕੁ ਸੰਬਾਹੇ ॥ (1071-12)
जीअ जंत कउ रिजकु समबाहे ॥

ਕਰਣ ਕਾਰਣ ਸਮਰਥ ਆਪਾਹੇ ॥ (1071-12)
करण कारण समरथ आपाहे ॥

ਖਿਨ ਮਹਿ ਥਾਪਿ ਉਥਾਪਨਹਾਰਾ ਸੋਈ ਤੇਰਾ ਸਹਾਈ ਹੇ ॥੨॥ (1071-12)
खिन महि थापि उथापनहारा सोई तेरा सहाई हे ॥२॥

ਮਾਤ ਗਰਭ ਮਹਿ ਜਿਨਿ ਪ੍ਰਤਿਪਾਲਿਆ ॥ (1071-13)
मात गरभ महि जिनि प्रतिपालिआ ॥

ਸਾਸਿ ਗ੍ਰਾਸਿ ਹੋਇ ਸੰਗਿ ਸਮਾਲਿਆ ॥ (1071-13)
सासि ग्रासि होइ संगि समालिआ ॥

ਸਦਾ ਸਦਾ ਜਪੀਐ ਸੋ ਪ੍ਰੀਤਮੁ ਵਡੀ ਜਿਸੁ ਵਡਿਆਈ ਹੇ ॥੩॥ (1071-14)
सदा सदा जपीऐ सो प्रीतमु वडी जिसु वडिआई हे ॥३॥

ਸੁਲਤਾਨ ਖਾਨ ਕਰੇ ਖਿਨ ਕੀਰੇ ॥ (1071-14)
सुलतान खान करे खिन कीरे ॥

ਗਰੀਬ ਨਿਵਾਜਿ ਕਰੇ ਪ੍ਰਭੁ ਮੀਰੇ ॥ (1071-15)
गरीब निवाजि करे प्रभु मीरे ॥

ਗਰਬ ਨਿਵਾਰਣ ਸਰਬ ਸਧਾਰਣ ਕਿਛੁ ਕੀਮਤਿ ਕਹੀ ਨ ਜਾਈ ਹੇ ॥੪॥ (1071-15)
गरब निवारण सरब सधारण किछु कीमति कही न जाई हे ॥४॥

ਸੋ ਪਤਿਵੰਤਾ ਸੋ ਧਨਵੰਤਾ ॥ (1071-16)
सो पतिवंता सो धनवंता ॥

ਜਿਸੁ ਮਨਿ ਵਸਿਆ ਹਰਿ ਭਗਵੰਤਾ ॥ (1071-16)
जिसु मनि वसिआ हरि भगवंता ॥

ਮਾਤ ਪਿਤਾ ਸੁਤ ਬੰਧਪ ਭਾਈ ਜਿਨਿ ਇਹ ਸ੍ਰਿਸਟਿ ਉਪਾਈ ਹੇ ॥੫॥ (1071-16)
मात पिता सुत बंधप भाई जिनि इह स्रिसटि उपाई हे ॥५॥

ਪ੍ਰਭ ਆਏ ਸਰਣਾ ਭਉ ਨਹੀ ਕਰਣਾ ॥ (1071-17)
प्रभ आए सरणा भउ नही करणा ॥

ਸਾਧਸੰਗਤਿ ਨਿਹਚਉ ਹੈ ਤਰਣਾ ॥ (1071-17)
साधसंगति निहचउ है तरणा ॥

ਮਨ ਬਚ ਕਰਮ ਅਰਾਧੇ ਕਰਤਾ ਤਿਸੁ ਨਾਹੀ ਕਦੇ ਸਜਾਈ ਹੇ ॥੬॥ (1071-17)
मन बच करम अराधे करता तिसु नाही कदे सजाई हे ॥६॥

ਗੁਣ ਨਿਧਾਨ ਮਨ ਤਨ ਮਹਿ ਰਵਿਆ ॥ (1071-18)
गुण निधान मन तन महि रविआ ॥

ਜਨਮ ਮਰਣ ਕੀ ਜੋਨਿ ਨ ਭਵਿਆ ॥ (1071-18)
जनम मरण की जोनि न भविआ ॥

ਦੂਖ ਬਿਨਾਸ ਕੀਆ ਸੁਖਿ ਡੇਰਾ ਜਾ ਤ੍ਰਿਪਤਿ ਰਹੇ ਆਘਾਈ ਹੇ ॥੭॥ (1071-19)
दूख बिनास कीआ सुखि डेरा जा त्रिपति रहे आघाई हे ॥७॥

ਮੀਤੁ ਹਮਾਰਾ ਸੋਈ ਸੁਆਮੀ ॥ (1071-19)
मीतु हमारा सोई सुआमी ॥

ਥਾਨ ਥਨੰਤਰਿ ਅੰਤਰਜਾਮੀ ॥ (1072-1)
थान थनंतरि अंतरजामी ॥

ਸਿਮਰਿ ਸਿਮਰਿ ਪੂਰਨ ਪਰਮੇਸੁਰ ਚਿੰਤਾ ਗਣਤ ਮਿਟਾਈ ਹੇ ॥੮॥ (1072-1)
सिमरि सिमरि पूरन परमेसुर चिंता गणत मिटाई हे ॥८॥

ਹਰਿ ਕਾ ਨਾਮੁ ਕੋਟਿ ਲਖ ਬਾਹਾ ॥ (1072-2)
हरि का नामु कोटि लख बाहा ॥

ਹਰਿ ਜਸੁ ਕੀਰਤਨੁ ਸੰਗਿ ਧਨੁ ਤਾਹਾ ॥ (1072-2)
हरि जसु कीरतनु संगि धनु ताहा ॥

ਗਿਆਨ ਖੜਗੁ ਕਰਿ ਕਿਰਪਾ ਦੀਨਾ ਦੂਤ ਮਾਰੇ ਕਰਿ ਧਾਈ ਹੇ ॥੯॥ (1072-2)
गिआन खड़गु करि किरपा दीना दूत मारे करि धाई हे ॥९॥

ਹਰਿ ਕਾ ਜਾਪੁ ਜਪਹੁ ਜਪੁ ਜਪਨੇ ॥ (1072-3)
हरि का जापु जपहु जपु जपने ॥

ਜੀਤਿ ਆਵਹੁ ਵਸਹੁ ਘਰਿ ਅਪਨੇ ॥ (1072-3)
जीति आवहु वसहु घरि अपने ॥

ਲਖ ਚਉਰਾਸੀਹ ਨਰਕ ਨ ਦੇਖਹੁ ਰਸਕਿ ਰਸਕਿ ਗੁਣ ਗਾਈ ਹੇ ॥੧੦॥ (1072-3)
लख चउरासीह नरक न देखहु रसकि रसकि गुण गाई हे ॥१०॥

ਖੰਡ ਬ੍ਰਹਮੰਡ ਉਧਾਰਣਹਾਰਾ ॥ (1072-4)
खंड ब्रहमंड उधारणहारा ॥

ਊਚ ਅਥਾਹ ਅਗੰਮ ਅਪਾਰਾ ॥ (1072-4)
ऊच अथाह अगंम अपारा ॥

ਜਿਸ ਨੋ ਕ੍ਰਿਪਾ ਕਰੇ ਪ੍ਰਭੁ ਅਪਨੀ ਸੋ ਜਨੁ ਤਿਸਹਿ ਧਿਆਈ ਹੇ ॥੧੧॥ (1072-5)
जिस नो क्रिपा करे प्रभु अपनी सो जनु तिसहि धिआई हे ॥११॥

ਬੰਧਨ ਤੋੜਿ ਲੀਏ ਪ੍ਰਭਿ ਮੋਲੇ ॥ (1072-5)
बंधन तोड़ि लीए प्रभि मोले ॥

ਕਰਿ ਕਿਰਪਾ ਕੀਨੇ ਘਰ ਗੋਲੇ ॥ (1072-6)
करि किरपा कीने घर गोले ॥

ਅਨਹਦ ਰੁਣ ਝੁਣਕਾਰੁ ਸਹਜ ਧੁਨਿ ਸਾਚੀ ਕਾਰ ਕਮਾਈ ਹੇ ॥੧੨॥ (1072-6)
अनहद रुण झुणकारु सहज धुनि साची कार कमाई हे ॥१२॥

ਮਨਿ ਪਰਤੀਤਿ ਬਨੀ ਪ੍ਰਭ ਤੇਰੀ ॥ (1072-7)
मनि परतीति बनी प्रभ तेरी ॥

ਬਿਨਸਿ ਗਈ ਹਉਮੈ ਮਤਿ ਮੇਰੀ ॥ (1072-7)
बिनसि गई हउमै मति मेरी ॥

ਅੰਗੀਕਾਰੁ ਕੀਆ ਪ੍ਰਭਿ ਅਪਨੈ ਜਗ ਮਹਿ ਸੋਭ ਸੁਹਾਈ ਹੇ ॥੧੩॥ (1072-7)
अंगीकारु कीआ प्रभि अपनै जग महि सोभ सुहाई हे ॥१३॥

ਜੈ ਜੈ ਕਾਰੁ ਜਪਹੁ ਜਗਦੀਸੈ ॥ (1072-8)
जै जै कारु जपहु जगदीसै ॥

ਬਲਿ ਬਲਿ ਜਾਈ ਪ੍ਰਭ ਅਪੁਨੇ ਈਸੈ ॥ (1072-8)
बलि बलि जाई प्रभ अपुने ईसै ॥

ਤਿਸੁ ਬਿਨੁ ਦੂਜਾ ਅਵਰੁ ਨ ਦੀਸੈ ਏਕਾ ਜਗਤਿ ਸਬਾਈ ਹੇ ॥੧੪॥ (1072-8)
तिसु बिनु दूजा अवरु न दीसै एका जगति सबाई हे ॥१४॥

ਸਤਿ ਸਤਿ ਸਤਿ ਪ੍ਰਭੁ ਜਾਤਾ ॥ (1072-9)
सति सति सति प्रभु जाता ॥

ਗੁਰ ਪਰਸਾਦਿ ਸਦਾ ਮਨੁ ਰਾਤਾ ॥ (1072-9)
गुर परसादि सदा मनु राता ॥

ਸਿਮਰਿ ਸਿਮਰਿ ਜੀਵਹਿ ਜਨ ਤੇਰੇ ਏਕੰਕਾਰਿ ਸਮਾਈ ਹੇ ॥੧੫॥ (1072-10)
सिमरि सिमरि जीवहि जन तेरे एकंकारि समाई हे ॥१५॥

ਭਗਤ ਜਨਾ ਕਾ ਪ੍ਰੀਤਮੁ ਪਿਆਰਾ ॥ (1072-10)
भगत जना का प्रीतमु पिआरा ॥

ਸਭੈ ਉਧਾਰਣੁ ਖਸਮੁ ਹਮਾਰਾ ॥ (1072-11)
सभै उधारणु खसमु हमारा ॥

ਸਿਮਰਿ ਨਾਮੁ ਪੁੰਨੀ ਸਭ ਇਛਾ ਜਨ ਨਾਨਕ ਪੈਜ ਰਖਾਈ ਹੇ ॥੧੬॥੧॥ (1072-11)
सिमरि नामु पुंनी सभ इछा जन नानक पैज रखाई हे ॥१६॥१॥

ਮਾਰੂ ਸੋਲਹੇ ਮਹਲਾ ੫ (1072-12)
मारू सोलहे महला ५

ੴ ਸਤਿਗੁਰ ਪ੍ਰਸਾਦਿ ॥ (1072-12)
ੴ सतिगुर प्रसादि ॥

ਸੰਗੀ ਜੋਗੀ ਨਾਰਿ ਲਪਟਾਣੀ ॥ (1072-13)
संगी जोगी नारि लपटाणी ॥

ਉਰਝਿ ਰਹੀ ਰੰਗ ਰਸ ਮਾਣੀ ॥ (1072-13)
उरझि रही रंग रस माणी ॥

ਕਿਰਤ ਸੰਜੋਗੀ ਭਏ ਇਕਤ੍ਰਾ ਕਰਤੇ ਭੋਗ ਬਿਲਾਸਾ ਹੇ ॥੧॥ (1072-13)
किरत संजोगी भए इकत्रा करते भोग बिलासा हे ॥१॥

ਜੋ ਪਿਰੁ ਕਰੈ ਸੁ ਧਨ ਤਤੁ ਮਾਨੈ ॥ (1072-14)
जो पिरु करै सु धन ततु मानै ॥

ਪਿਰੁ ਧਨਹਿ ਸੀਗਾਰਿ ਰਖੈ ਸੰਗਾਨੈ ॥ (1072-14)
पिरु धनहि सीगारि रखै संगानै ॥

ਮਿਲਿ ਏਕਤ੍ਰ ਵਸਹਿ ਦਿਨੁ ਰਾਤੀ ਪ੍ਰਿਉ ਦੇ ਧਨਹਿ ਦਿਲਾਸਾ ਹੇ ॥੨॥ (1072-14)
मिलि एकत्र वसहि दिनु राती प्रिउ दे धनहि दिलासा हे ॥२॥

ਧਨ ਮਾਗੈ ਪ੍ਰਿਉ ਬਹੁ ਬਿਧਿ ਧਾਵੈ ॥ (1072-15)
धन मागै प्रिउ बहु बिधि धावै ॥

ਜੋ ਪਾਵੈ ਸੋ ਆਣਿ ਦਿਖਾਵੈ ॥ (1072-15)
जो पावै सो आणि दिखावै ॥

ਏਕ ਵਸਤੁ ਕਉ ਪਹੁਚਿ ਨ ਸਾਕੈ ਧਨ ਰਹਤੀ ਭੂਖ ਪਿਆਸਾ ਹੇ ॥੩॥ (1072-16)
एक वसतु कउ पहुचि न साकै धन रहती भूख पिआसा हे ॥३॥

ਧਨ ਕਰੈ ਬਿਨਉ ਦੋਊ ਕਰ ਜੋਰੈ ॥ (1072-16)
धन करै बिनउ दोऊ कर जोरै ॥

ਪ੍ਰਿਅ ਪਰਦੇਸਿ ਨ ਜਾਹੁ ਵਸਹੁ ਘਰਿ ਮੋਰੈ ॥ (1072-16)
प्रिअ परदेसि न जाहु वसहु घरि मोरै ॥

ਐਸਾ ਬਣਜੁ ਕਰਹੁ ਗ੍ਰਿਹ ਭੀਤਰਿ ਜਿਤੁ ਉਤਰੈ ਭੂਖ ਪਿਆਸਾ ਹੇ ॥੪॥ (1072-17)
ऐसा बणजु करहु ग्रिह भीतरि जितु उतरै भूख पिआसा हे ॥४॥

ਸਗਲੇ ਕਰਮ ਧਰਮ ਜੁਗ ਸਾਧਾ ॥ (1072-18)
सगले करम धरम जुग साधा ॥

ਬਿਨੁ ਹਰਿ ਰਸ ਸੁਖੁ ਤਿਲੁ ਨਹੀ ਲਾਧਾ ॥ (1072-18)
बिनु हरि रस सुखु तिलु नही लाधा ॥

ਭਈ ਕ੍ਰਿਪਾ ਨਾਨਕ ਸਤਸੰਗੇ ਤਉ ਧਨ ਪਿਰ ਅਨੰਦ ਉਲਾਸਾ ਹੇ ॥੫॥ (1072-18)
भई क्रिपा नानक सतसंगे तउ धन पिर अनंद उलासा हे ॥५॥

ਧਨ ਅੰਧੀ ਪਿਰੁ ਚਪਲੁ ਸਿਆਨਾ ॥ (1073-1)
धन अंधी पिरु चपलु सिआना ॥

ਪੰਚ ਤਤੁ ਕਾ ਰਚਨੁ ਰਚਾਨਾ ॥ (1073-1)
पंच ततु का रचनु रचाना ॥

ਜਿਸੁ ਵਖਰ ਕਉ ਤੁਮ ਆਏ ਹਹੁ ਸੋ ਪਾਇਓ ਸਤਿਗੁਰ ਪਾਸਾ ਹੇ ॥੬॥ (1073-1)
जिसु वखर कउ तुम आए हहु सो पाइओ सतिगुर पासा हे ॥६॥

ਧਨ ਕਹੈ ਤੂ ਵਸੁ ਮੈ ਨਾਲੇ ॥ (1073-2)
धन कहै तू वसु मै नाले ॥

ਪ੍ਰਿਅ ਸੁਖਵਾਸੀ ਬਾਲ ਗੁਪਾਲੇ ॥ (1073-2)
प्रिअ सुखवासी बाल गुपाले ॥

ਤੁਝੈ ਬਿਨਾ ਹਉ ਕਿਤ ਹੀ ਨ ਲੇਖੈ ਵਚਨੁ ਦੇਹਿ ਛੋਡਿ ਨ ਜਾਸਾ ਹੇ ॥੭॥ (1073-3)
तुझै बिना हउ कित ही न लेखै वचनु देहि छोडि न जासा हे ॥७॥

ਪਿਰਿ ਕਹਿਆ ਹਉ ਹੁਕਮੀ ਬੰਦਾ ॥ (1073-3)
पिरि कहिआ हउ हुकमी बंदा ॥

ਓਹੁ ਭਾਰੋ ਠਾਕੁਰੁ ਜਿਸੁ ਕਾਣਿ ਨ ਛੰਦਾ ॥ (1073-4)
ओहु भारो ठाकुरु जिसु काणि न छंदा ॥

ਜਿਚਰੁ ਰਾਖੈ ਤਿਚਰੁ ਤੁਮ ਸੰਗਿ ਰਹਣਾ ਜਾ ਸਦੇ ਤ ਊਠਿ ਸਿਧਾਸਾ ਹੇ ॥੮॥ (1073-4)
जिचरु राखै तिचरु तुम संगि रहणा जा सदे त ऊठि सिधासा हे ॥८॥

ਜਉ ਪ੍ਰਿਅ ਬਚਨ ਕਹੇ ਧਨ ਸਾਚੇ ॥ (1073-5)
जउ प्रिअ बचन कहे धन साचे ॥

ਧਨ ਕਛੂ ਨ ਸਮਝੈ ਚੰਚਲਿ ਕਾਚੇ ॥ (1073-5)
धन कछू न समझै चंचलि काचे ॥

ਬਹੁਰਿ ਬਹੁਰਿ ਪਿਰ ਹੀ ਸੰਗੁ ਮਾਗੈ ਓਹੁ ਬਾਤ ਜਾਨੈ ਕਰਿ ਹਾਸਾ ਹੇ ॥੯॥ (1073-5)
बहुरि बहुरि पिर ही संगु मागै ओहु बात जानै करि हासा हे ॥९॥

ਆਈ ਆਗਿਆ ਪਿਰਹੁ ਬੁਲਾਇਆ ॥ (1073-6)
आई आगिआ पिरहु बुलाइआ ॥

ਨਾ ਧਨ ਪੁਛੀ ਨ ਮਤਾ ਪਕਾਇਆ ॥ (1073-6)
ना धन पुछी न मता पकाइआ ॥

ਊਠਿ ਸਿਧਾਇਓ ਛੂਟਰਿ ਮਾਟੀ ਦੇਖੁ ਨਾਨਕ ਮਿਥਨ ਮੋਹਾਸਾ ਹੇ ॥੧੦॥ (1073-7)
ऊठि सिधाइओ छूटरि माटी देखु नानक मिथन मोहासा हे ॥१०॥

ਰੇ ਮਨ ਲੋਭੀ ਸੁਣਿ ਮਨ ਮੇਰੇ ॥ (1073-7)
रे मन लोभी सुणि मन मेरे ॥

ਸਤਿਗੁਰੁ ਸੇਵਿ ਦਿਨੁ ਰਾਤਿ ਸਦੇਰੇ ॥ (1073-8)
सतिगुरु सेवि दिनु राति सदेरे ॥

ਬਿਨੁ ਸਤਿਗੁਰ ਪਚਿ ਮੂਏ ਸਾਕਤ ਨਿਗੁਰੇ ਗਲਿ ਜਮ ਫਾਸਾ ਹੇ ॥੧੧॥ (1073-8)
बिनु सतिगुर पचि मूए साकत निगुरे गलि जम फासा हे ॥११॥

ਮਨਮੁਖਿ ਆਵੈ ਮਨਮੁਖਿ ਜਾਵੈ ॥ (1073-9)
मनमुखि आवै मनमुखि जावै ॥

ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥ (1073-9)
मनमुखि फिरि फिरि चोटा खावै ॥

ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ ॥੧੨॥ (1073-9)
जितने नरक से मनमुखि भोगै गुरमुखि लेपु न मासा हे ॥१२॥

ਗੁਰਮੁਖਿ ਸੋਇ ਜਿ ਹਰਿ ਜੀਉ ਭਾਇਆ ॥ (1073-10)
गुरमुखि सोइ जि हरि जीउ भाइआ ॥

ਤਿਸੁ ਕਉਣੁ ਮਿਟਾਵੈ ਜਿ ਪ੍ਰਭਿ ਪਹਿਰਾਇਆ ॥ (1073-10)
तिसु कउणु मिटावै जि प्रभि पहिराइआ ॥

ਸਦਾ ਅਨੰਦੁ ਕਰੇ ਆਨੰਦੀ ਜਿਸੁ ਸਿਰਪਾਉ ਪਇਆ ਗਲਿ ਖਾਸਾ ਹੇ ॥੧੩॥ (1073-11)
सदा अनंदु करे आनंदी जिसु सिरपाउ पइआ गलि खासा हे ॥१३॥

ਹਉ ਬਲਿਹਾਰੀ ਸਤਿਗੁਰ ਪੂਰੇ ॥ (1073-12)
हउ बलिहारी सतिगुर पूरे ॥

ਸਰਣਿ ਕੇ ਦਾਤੇ ਬਚਨ ਕੇ ਸੂਰੇ ॥ (1073-12)
सरणि के दाते बचन के सूरे ॥

ਐਸਾ ਪ੍ਰਭੁ ਮਿਲਿਆ ਸੁਖਦਾਤਾ ਵਿਛੁੜਿ ਨ ਕਤ ਹੀ ਜਾਸਾ ਹੇ ॥੧੪॥ (1073-12)
ऐसा प्रभु मिलिआ सुखदाता विछुड़ि न कत ही जासा हे ॥१४॥

ਗੁਣ ਨਿਧਾਨ ਕਿਛੁ ਕੀਮ ਨ ਪਾਈ ॥ (1073-13)
गुण निधान किछु कीम न पाई ॥

ਘਟਿ ਘਟਿ ਪੂਰਿ ਰਹਿਓ ਸਭ ਠਾਈ ॥ (1073-13)
घटि घटि पूरि रहिओ सभ ठाई ॥

ਨਾਨਕ ਸਰਣਿ ਦੀਨ ਦੁਖ ਭੰਜਨ ਹਉ ਰੇਣ ਤੇਰੇ ਜੋੁ ਦਾਸਾ ਹੇ ॥੧੫॥੧॥੨॥ (1073-13)
नानक सरणि दीन दुख भंजन हउ रेण तेरे जो दासा हे ॥१५॥१॥२॥

ਮਾਰੂ ਸੋਲਹੇ ਮਹਲਾ ੫ (1073-15)
मारू सोलहे महला ५

ੴ ਸਤਿਗੁਰ ਪ੍ਰਸਾਦਿ ॥ (1073-15)
ੴ सतिगुर प्रसादि ॥

ਕਰੈ ਅਨੰਦੁ ਅਨੰਦੀ ਮੇਰਾ ॥ (1073-16)
करै अनंदु अनंदी मेरा ॥

ਘਟਿ ਘਟਿ ਪੂਰਨੁ ਸਿਰ ਸਿਰਹਿ ਨਿਬੇਰਾ ॥ (1073-16)
घटि घटि पूरनु सिर सिरहि निबेरा ॥

ਸਿਰਿ ਸਾਹਾ ਕੈ ਸਚਾ ਸਾਹਿਬੁ ਅਵਰੁ ਨਾਹੀ ਕੋ ਦੂਜਾ ਹੇ ॥੧॥ (1073-16)
सिरि साहा कै सचा साहिबु अवरु नाही को दूजा हे ॥१॥

ਹਰਖਵੰਤ ਆਨੰਤ ਦਇਆਲਾ ॥ (1073-17)
हरखवंत आनंत दइआला ॥

ਪ੍ਰਗਟਿ ਰਹਿਓ ਪ੍ਰਭੁ ਸਰਬ ਉਜਾਲਾ ॥ (1073-17)
प्रगटि रहिओ प्रभु सरब उजाला ॥

ਰੂਪ ਕਰੇ ਕਰਿ ਵੇਖੈ ਵਿਗਸੈ ਆਪੇ ਹੀ ਆਪਿ ਪੂਜਾ ਹੇ ॥੨॥ (1073-17)
रूप करे करि वेखै विगसै आपे ही आपि पूजा हे ॥२॥

ਆਪੇ ਕੁਦਰਤਿ ਕਰੇ ਵੀਚਾਰਾ ॥ (1073-18)
आपे कुदरति करे वीचारा ॥

ਆਪੇ ਹੀ ਸਚੁ ਕਰੇ ਪਸਾਰਾ ॥ (1073-18)
आपे ही सचु करे पसारा ॥

ਆਪੇ ਖੇਲ ਖਿਲਾਵੈ ਦਿਨੁ ਰਾਤੀ ਆਪੇ ਸੁਣਿ ਸੁਣਿ ਭੀਜਾ ਹੇ ॥੩॥ (1073-18)
आपे खेल खिलावै दिनु राती आपे सुणि सुणि भीजा हे ॥३॥

ਸਾਚਾ ਤਖਤੁ ਸਚੀ ਪਾਤਿਸਾਹੀ ॥ (1073-19)
साचा तखतु सची पातिसाही ॥

ਸਚੁ ਖਜੀਨਾ ਸਾਚਾ ਸਾਹੀ ॥ (1073-19)
सचु खजीना साचा साही ॥

ਆਪੇ ਸਚੁ ਧਾਰਿਓ ਸਭੁ ਸਾਚਾ ਸਚੇ ਸਚਿ ਵਰਤੀਜਾ ਹੇ ॥੪॥ (1074-1)
आपे सचु धारिओ सभु साचा सचे सचि वरतीजा हे ॥४॥

ਸਚੁ ਤਪਾਵਸੁ ਸਚੇ ਕੇਰਾ ॥ (1074-1)
सचु तपावसु सचे केरा ॥

ਸਾਚਾ ਥਾਨੁ ਸਦਾ ਪ੍ਰਭ ਤੇਰਾ ॥ (1074-1)
साचा थानु सदा प्रभ तेरा ॥

ਸਚੀ ਕੁਦਰਤਿ ਸਚੀ ਬਾਣੀ ਸਚੁ ਸਾਹਿਬ ਸੁਖੁ ਕੀਜਾ ਹੇ ॥੫॥ (1074-2)
सची कुदरति सची बाणी सचु साहिब सुखु कीजा हे ॥५॥

ਏਕੋ ਆਪਿ ਤੂਹੈ ਵਡ ਰਾਜਾ ॥ (1074-2)
एको आपि तूहै वड राजा ॥

ਹੁਕਮਿ ਸਚੇ ਕੈ ਪੂਰੇ ਕਾਜਾ ॥ (1074-3)
हुकमि सचे कै पूरे काजा ॥

ਅੰਤਰਿ ਬਾਹਰਿ ਸਭੁ ਕਿਛੁ ਜਾਣੈ ਆਪੇ ਹੀ ਆਪਿ ਪਤੀਜਾ ਹੇ ॥੬॥ (1074-3)
अंतरि बाहरि सभु किछु जाणै आपे ही आपि पतीजा हे ॥६॥

ਤੂ ਵਡ ਰਸੀਆ ਤੂ ਵਡ ਭੋਗੀ ॥ (1074-3)
तू वड रसीआ तू वड भोगी ॥

ਤੂ ਨਿਰਬਾਣੁ ਤੂਹੈ ਹੀ ਜੋਗੀ ॥ (1074-4)
तू निरबाणु तूहै ही जोगी ॥

ਸਰਬ ਸੂਖ ਸਹਜ ਘਰਿ ਤੇਰੈ ਅਮਿਉ ਤੇਰੀ ਦ੍ਰਿਸਟੀਜਾ ਹੇ ॥੭॥ (1074-4)
सरब सूख सहज घरि तेरै अमिउ तेरी द्रिसटीजा हे ॥७॥

ਤੇਰੀ ਦਾਤਿ ਤੁਝੈ ਤੇ ਹੋਵੈ ॥ (1074-5)
तेरी दाति तुझै ते होवै ॥

ਦੇਹਿ ਦਾਨੁ ਸਭਸੈ ਜੰਤ ਲੋਐ ॥ (1074-5)
देहि दानु सभसै जंत लोऐ ॥

ਤੋਟਿ ਨ ਆਵੈ ਪੂਰ ਭੰਡਾਰੈ ਤ੍ਰਿਪਤਿ ਰਹੇ ਆਘੀਜਾ ਹੇ ॥੮॥ (1074-5)
तोटि न आवै पूर भंडारै त्रिपति रहे आघीजा हे ॥८॥

ਜਾਚਹਿ ਸਿਧ ਸਾਧਿਕ ਬਨਵਾਸੀ ॥ (1074-6)
जाचहि सिध साधिक बनवासी ॥

ਜਾਚਹਿ ਜਤੀ ਸਤੀ ਸੁਖਵਾਸੀ ॥ (1074-6)
जाचहि जती सती सुखवासी ॥

ਇਕੁ ਦਾਤਾਰੁ ਸਗਲ ਹੈ ਜਾਚਿਕ ਦੇਹਿ ਦਾਨੁ ਸ੍ਰਿਸਟੀਜਾ ਹੇ ॥੯॥ (1074-6)
इकु दातारु सगल है जाचिक देहि दानु स्रिसटीजा हे ॥९॥

ਕਰਹਿ ਭਗਤਿ ਅਰੁ ਰੰਗ ਅਪਾਰਾ ॥ (1074-7)
करहि भगति अरु रंग अपारा ॥

ਖਿਨ ਮਹਿ ਥਾਪਿ ਉਥਾਪਨਹਾਰਾ ॥ (1074-7)
खिन महि थापि उथापनहारा ॥

ਭਾਰੋ ਤੋਲੁ ਬੇਅੰਤ ਸੁਆਮੀ ਹੁਕਮੁ ਮੰਨਿ ਭਗਤੀਜਾ ਹੇ ॥੧੦॥ (1074-7)
भारो तोलु बेअंत सुआमी हुकमु मंनि भगतीजा हे ॥१०॥

ਜਿਸੁ ਦੇਹਿ ਦਰਸੁ ਸੋਈ ਤੁਧੁ ਜਾਣੈ ॥ (1074-8)
जिसु देहि दरसु सोई तुधु जाणै ॥

ਓਹੁ ਗੁਰ ਕੈ ਸਬਦਿ ਸਦਾ ਰੰਗ ਮਾਣੈ ॥ (1074-8)
ओहु गुर कै सबदि सदा रंग माणै ॥

ਚਤੁਰੁ ਸਰੂਪੁ ਸਿਆਣਾ ਸੋਈ ਜੋ ਮਨਿ ਤੇਰੈ ਭਾਵੀਜਾ ਹੇ ॥੧੧॥ (1074-9)
चतुरु सरूपु सिआणा सोई जो मनि तेरै भावीजा हे ॥११॥

ਜਿਸੁ ਚੀਤਿ ਆਵਹਿ ਸੋ ਵੇਪਰਵਾਹਾ ॥ (1074-9)
जिसु चीति आवहि सो वेपरवाहा ॥

ਜਿਸੁ ਚੀਤਿ ਆਵਹਿ ਸੋ ਸਾਚਾ ਸਾਹਾ ॥ (1074-10)
जिसु चीति आवहि सो साचा साहा ॥

ਜਿਸੁ ਚੀਤਿ ਆਵਹਿ ਤਿਸੁ ਭਉ ਕੇਹਾ ਅਵਰੁ ਕਹਾ ਕਿਛੁ ਕੀਜਾ ਹੇ ॥੧੨॥ (1074-10)
जिसु चीति आवहि तिसु भउ केहा अवरु कहा किछु कीजा हे ॥१२॥

ਤ੍ਰਿਸਨਾ ਬੂਝੀ ਅੰਤਰੁ ਠੰਢਾ ॥ (1074-11)
त्रिसना बूझी अंतरु ठंढा ॥

ਗੁਰਿ ਪੂਰੈ ਲੈ ਤੂਟਾ ਗੰਢਾ ॥ (1074-11)
गुरि पूरै लै तूटा गंढा ॥

ਸੁਰਤਿ ਸਬਦੁ ਰਿਦ ਅੰਤਰਿ ਜਾਗੀ ਅਮਿਉ ਝੋਲਿ ਝੋਲਿ ਪੀਜਾ ਹੇ ॥੧੩॥ (1074-11)
सुरति सबदु रिद अंतरि जागी अमिउ झोलि झोलि पीजा हे ॥१३॥

ਮਰੈ ਨਾਹੀ ਸਦ ਸਦ ਹੀ ਜੀਵੈ ॥ (1074-12)
मरै नाही सद सद ही जीवै ॥

ਅਮਰੁ ਭਇਆ ਅਬਿਨਾਸੀ ਥੀਵੈ ॥ (1074-12)
अमरु भइआ अबिनासी थीवै ॥

ਨਾ ਕੋ ਆਵੈ ਨਾ ਕੋ ਜਾਵੈ ਗੁਰਿ ਦੂਰਿ ਕੀਆ ਭਰਮੀਜਾ ਹੇ ॥੧੪॥ (1074-12)
ना को आवै ना को जावै गुरि दूरि कीआ भरमीजा हे ॥१४॥

ਪੂਰੇ ਗੁਰ ਕੀ ਪੂਰੀ ਬਾਣੀ ॥ (1074-13)
पूरे गुर की पूरी बाणी ॥

ਪੂਰੈ ਲਾਗਾ ਪੂਰੇ ਮਾਹਿ ਸਮਾਣੀ ॥ (1074-13)
पूरै लागा पूरे माहि समाणी ॥

ਚੜੈ ਸਵਾਇਆ ਨਿਤ ਨਿਤ ਰੰਗਾ ਘਟੈ ਨਾਹੀ ਤੋਲੀਜਾ ਹੇ ॥੧੫॥ (1074-14)
चड़ै सवाइआ नित नित रंगा घटै नाही तोलीजा हे ॥१५॥

ਬਾਰਹਾ ਕੰਚਨੁ ਸੁਧੁ ਕਰਾਇਆ ॥ (1074-14)
बारहा कंचनु सुधु कराइआ ॥

ਨਦਰਿ ਸਰਾਫ ਵੰਨੀ ਸਚੜਾਇਆ ॥ (1074-15)
नदरि सराफ वंनी सचड़ाइआ ॥

ਪਰਖਿ ਖਜਾਨੈ ਪਾਇਆ ਸਰਾਫੀ ਫਿਰਿ ਨਾਹੀ ਤਾਈਜਾ ਹੇ ॥੧੬॥ (1074-15)
परखि खजानै पाइआ सराफी फिरि नाही ताईजा हे ॥१६॥

ਅੰਮ੍ਰਿਤ ਨਾਮੁ ਤੁਮਾਰਾ ਸੁਆਮੀ ॥ (1074-16)
अमृत नामु तुमारा सुआमी ॥

ਨਾਨਕ ਦਾਸ ਸਦਾ ਕੁਰਬਾਨੀ ॥ (1074-16)
नानक दास सदा कुरबानी ॥

ਸੰਤਸੰਗਿ ਮਹਾ ਸੁਖੁ ਪਾਇਆ ਦੇਖਿ ਦਰਸਨੁ ਇਹੁ ਮਨੁ ਭੀਜਾ ਹੇ ॥੧੭॥੧॥੩॥ (1074-16)
संतसंगि महा सुखु पाइआ देखि दरसनु इहु मनु भीजा हे ॥१७॥१॥३॥

ਮਾਰੂ ਮਹਲਾ ੫ ਸੋਲਹੇ (1074-18)
मारू महला ५ सोलहे

ੴ ਸਤਿਗੁਰ ਪ੍ਰਸਾਦਿ ॥ (1074-18)
ੴ सतिगुर प्रसादि ॥

ਗੁਰੁ ਗੋਪਾਲੁ ਗੁਰੁ ਗੋਵਿੰਦਾ ॥ (1074-19)
गुरु गोपालु गुरु गोविंदा ॥

ਗੁਰੁ ਦਇਆਲੁ ਸਦਾ ਬਖਸਿੰਦਾ ॥ (1074-19)
गुरु दइआलु सदा बखसिंदा ॥

ਗੁਰੁ ਸਾਸਤ ਸਿਮ੍ਰਿਤਿ ਖਟੁ ਕਰਮਾ ਗੁਰੁ ਪਵਿਤ੍ਰੁ ਅਸਥਾਨਾ ਹੇ ॥੧॥ (1074-19)
गुरु सासत सिम्रिति खटु करमा गुरु पवित्रु असथाना हे ॥१॥

ਗੁਰੁ ਸਿਮਰਤ ਸਭਿ ਕਿਲਵਿਖ ਨਾਸਹਿ ॥ (1075-1)
गुरु सिमरत सभि किलविख नासहि ॥

ਗੁਰੁ ਸਿਮਰਤ ਜਮ ਸੰਗਿ ਨ ਫਾਸਹਿ ॥ (1075-1)
गुरु सिमरत जम संगि न फासहि ॥

ਗੁਰੁ ਸਿਮਰਤ ਮਨੁ ਨਿਰਮਲੁ ਹੋਵੈ ਗੁਰੁ ਕਾਟੇ ਅਪਮਾਨਾ ਹੇ ॥੨॥ (1075-1)
गुरु सिमरत मनु निरमलु होवै गुरु काटे अपमाना हे ॥२॥

ਗੁਰ ਕਾ ਸੇਵਕੁ ਨਰਕਿ ਨ ਜਾਏ ॥ (1075-2)
गुर का सेवकु नरकि न जाए ॥

ਗੁਰ ਕਾ ਸੇਵਕੁ ਪਾਰਬ੍ਰਹਮੁ ਧਿਆਏ ॥ (1075-2)
गुर का सेवकु पारब्रहमु धिआए ॥

ਗੁਰ ਕਾ ਸੇਵਕੁ ਸਾਧਸੰਗੁ ਪਾਏ ਗੁਰੁ ਕਰਦਾ ਨਿਤ ਜੀਅ ਦਾਨਾ ਹੇ ॥੩॥ (1075-3)
गुर का सेवकु साधसंगु पाए गुरु करदा नित जीअ दाना हे ॥३॥

ਗੁਰ ਦੁਆਰੈ ਹਰਿ ਕੀਰਤਨੁ ਸੁਣੀਐ ॥ (1075-3)
गुर दुआरै हरि कीरतनु सुणीऐ ॥

ਸਤਿਗੁਰੁ ਭੇਟਿ ਹਰਿ ਜਸੁ ਮੁਖਿ ਭਣੀਐ ॥ (1075-4)
सतिगुरु भेटि हरि जसु मुखि भणीऐ ॥

ਕਲਿ ਕਲੇਸ ਮਿਟਾਏ ਸਤਿਗੁਰੁ ਹਰਿ ਦਰਗਹ ਦੇਵੈ ਮਾਨਾਂ ਹੇ ॥੪॥ (1075-4)
कलि कलेस मिटाए सतिगुरु हरि दरगह देवै मानां हे ॥४॥

ਅਗਮੁ ਅਗੋਚਰੁ ਗੁਰੂ ਦਿਖਾਇਆ ॥ (1075-5)
अगमु अगोचरु गुरू दिखाइआ ॥

ਭੂਲਾ ਮਾਰਗਿ ਸਤਿਗੁਰਿ ਪਾਇਆ ॥ (1075-5)
भूला मारगि सतिगुरि पाइआ ॥

ਗੁਰ ਸੇਵਕ ਕਉ ਬਿਘਨੁ ਨ ਭਗਤੀ ਹਰਿ ਪੂਰ ਦ੍ਰਿੜ੍ਹਾਇਆ ਗਿਆਨਾਂ ਹੇ ॥੫॥ (1075-5)
गुर सेवक कउ बिघनु न भगती हरि पूर द्रिड़्हाइआ गिआनां हे ॥५॥

ਗੁਰਿ ਦ੍ਰਿਸਟਾਇਆ ਸਭਨੀ ਠਾਂਈ ॥ (1075-6)
गुरि द्रिसटाइआ सभनी ठांई ॥

ਜਲਿ ਥਲਿ ਪੂਰਿ ਰਹਿਆ ਗੋਸਾਈ ॥ (1075-6)
जलि थलि पूरि रहिआ गोसाई ॥

ਊਚ ਊਨ ਸਭ ਏਕ ਸਮਾਨਾਂ ਮਨਿ ਲਾਗਾ ਸਹਜਿ ਧਿਆਨਾ ਹੇ ॥੬॥ (1075-7)
ऊच ऊन सभ एक समानां मनि लागा सहजि धिआना हे ॥६॥

ਗੁਰਿ ਮਿਲਿਐ ਸਭ ਤ੍ਰਿਸਨ ਬੁਝਾਈ ॥ (1075-7)
गुरि मिलिऐ सभ त्रिसन बुझाई ॥

ਗੁਰਿ ਮਿਲਿਐ ਨਹ ਜੋਹੈ ਮਾਈ ॥ (1075-8)
गुरि मिलिऐ नह जोहै माई ॥

ਸਤੁ ਸੰਤੋਖੁ ਦੀਆ ਗੁਰਿ ਪੂਰੈ ਨਾਮੁ ਅੰਮ੍ਰਿਤੁ ਪੀ ਪਾਨਾਂ ਹੇ ॥੭॥ (1075-8)
सतु संतोखु दीआ गुरि पूरै नामु अमृतु पी पानां हे ॥७॥

ਗੁਰ ਕੀ ਬਾਣੀ ਸਭ ਮਾਹਿ ਸਮਾਣੀ ॥ (1075-9)
गुर की बाणी सभ माहि समाणी ॥

ਆਪਿ ਸੁਣੀ ਤੈ ਆਪਿ ਵਖਾਣੀ ॥ (1075-9)
आपि सुणी तै आपि वखाणी ॥

ਜਿਨਿ ਜਿਨਿ ਜਪੀ ਤੇਈ ਸਭਿ ਨਿਸਤ੍ਰੇ ਤਿਨ ਪਾਇਆ ਨਿਹਚਲ ਥਾਨਾਂ ਹੇ ॥੮॥ (1075-9)
जिनि जिनि जपी तेई सभि निसत्रे तिन पाइआ निहचल थानां हे ॥८॥

ਸਤਿਗੁਰ ਕੀ ਮਹਿਮਾ ਸਤਿਗੁਰੁ ਜਾਣੈ ॥ (1075-10)
सतिगुर की महिमा सतिगुरु जाणै ॥

ਜੋ ਕਿਛੁ ਕਰੇ ਸੁ ਆਪਣ ਭਾਣੈ ॥ (1075-10)
जो किछु करे सु आपण भाणै ॥

ਸਾਧੂ ਧੂਰਿ ਜਾਚਹਿ ਜਨ ਤੇਰੇ ਨਾਨਕ ਸਦ ਕੁਰਬਾਣਾਂ ਹੇ ॥੯॥੧॥੪॥ (1075-11)
साधू धूरि जाचहि जन तेरे नानक सद कुरबानां हे ॥९॥१॥४॥

ਮਾਰੂ ਸੋਲਹੇ ਮਹਲਾ ੫ (1075-12)
मारू सोलहे महला ५

ੴ ਸਤਿਗੁਰ ਪ੍ਰਸਾਦਿ ॥ (1075-12)
ੴ सतिगुर प्रसादि ॥

ਆਦਿ ਨਿਰੰਜਨੁ ਪ੍ਰਭੁ ਨਿਰੰਕਾਰਾ ॥ (1075-13)
आदि निरंजनु प्रभु निरंकारा ॥

ਸਭ ਮਹਿ ਵਰਤੈ ਆਪਿ ਨਿਰਾਰਾ ॥ (1075-13)
सभ महि वरतै आपि निरारा ॥

ਵਰਨੁ ਜਾਤਿ ਚਿਹਨੁ ਨਹੀ ਕੋਈ ਸਭ ਹੁਕਮੇ ਸ੍ਰਿਸਟਿ ਉਪਾਇਦਾ ॥੧॥ (1075-13)
वरनु जाति चिहनु नही कोई सभ हुकमे स्रिसटि उपाइदा ॥१॥

ਲਖ ਚਉਰਾਸੀਹ ਜੋਨਿ ਸਬਾਈ ॥ (1075-14)
लख चउरासीह जोनि सबाई ॥

ਮਾਣਸ ਕਉ ਪ੍ਰਭਿ ਦੀਈ ਵਡਿਆਈ ॥ (1075-14)
माणस कउ प्रभि दीई वडिआई ॥

ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ ॥੨॥ (1075-15)
इसु पउड़ी ते जो नरु चूकै सो आइ जाइ दुखु पाइदा ॥२॥

ਕੀਤਾ ਹੋਵੈ ਤਿਸੁ ਕਿਆ ਕਹੀਐ ॥ (1075-15)
कीता होवै तिसु किआ कहीऐ ॥

ਗੁਰਮੁਖਿ ਨਾਮੁ ਪਦਾਰਥੁ ਲਹੀਐ ॥ (1075-15)
गुरमुखि नामु पदारथु लहीऐ ॥

ਜਿਸੁ ਆਪਿ ਭੁਲਾਏ ਸੋਈ ਭੂਲੈ ਸੋ ਬੂਝੈ ਜਿਸਹਿ ਬੁਝਾਇਦਾ ॥੩॥ (1075-16)
जिसु आपि भुलाए सोई भूलै सो बूझै जिसहि बुझाइदा ॥३॥

ਹਰਖ ਸੋਗ ਕਾ ਨਗਰੁ ਇਹੁ ਕੀਆ ॥ (1075-16)
हरख सोग का नगरु इहु कीआ ॥

ਸੇ ਉਬਰੇ ਜੋ ਸਤਿਗੁਰ ਸਰਣੀਆ ॥ (1075-17)
से उबरे जो सतिगुर सरणीआ ॥

ਤ੍ਰਿਹਾ ਗੁਣਾ ਤੇ ਰਹੈ ਨਿਰਾਰਾ ਸੋ ਗੁਰਮੁਖਿ ਸੋਭਾ ਪਾਇਦਾ ॥੪॥ (1075-17)
त्रिहा गुणा ते रहै निरारा सो गुरमुखि सोभा पाइदा ॥४॥

ਅਨਿਕ ਕਰਮ ਕੀਏ ਬਹੁਤੇਰੇ ॥ (1075-18)
अनिक करम कीए बहुतेरे ॥

ਜੋ ਕੀਜੈ ਸੋ ਬੰਧਨੁ ਪੈਰੇ ॥ (1075-18)
जो कीजै सो बंधनु पैरे ॥

ਕੁਰੁਤਾ ਬੀਜੁ ਬੀਜੇ ਨਹੀ ਜੰਮੈ ਸਭੁ ਲਾਹਾ ਮੂਲੁ ਗਵਾਇਦਾ ॥੫॥ (1075-18)
कुरुता बीजु बीजे नही जंमै सभु लाहा मूलु गवाइदा ॥५॥

ਕਲਜੁਗ ਮਹਿ ਕੀਰਤਨੁ ਪਰਧਾਨਾ ॥ (1075-19)
कलजुग महि कीरतनु परधाना ॥

ਗੁਰਮੁਖਿ ਜਪੀਐ ਲਾਇ ਧਿਆਨਾ ॥ (1075-19)
गुरमुखि जपीऐ लाइ धिआना ॥

ਆਪਿ ਤਰੈ ਸਗਲੇ ਕੁਲ ਤਾਰੇ ਹਰਿ ਦਰਗਹ ਪਤਿ ਸਿਉ ਜਾਇਦਾ ॥੬॥ (1076-1)
आपि तरै सगले कुल तारे हरि दरगह पति सिउ जाइदा ॥६॥

ਖੰਡ ਪਤਾਲ ਦੀਪ ਸਭਿ ਲੋਆ ॥ (1076-1)
खंड पताल दीप सभि लोआ ॥

ਸਭਿ ਕਾਲੈ ਵਸਿ ਆਪਿ ਪ੍ਰਭਿ ਕੀਆ ॥ (1076-1)
सभि कालै वसि आपि प्रभि कीआ ॥

ਨਿਹਚਲੁ ਏਕੁ ਆਪਿ ਅਬਿਨਾਸੀ ਸੋ ਨਿਹਚਲੁ ਜੋ ਤਿਸਹਿ ਧਿਆਇਦਾ ॥੭॥ (1076-2)
निहचलु एकु आपि अबिनासी सो निहचलु जो तिसहि धिआइदा ॥७॥

ਹਰਿ ਕਾ ਸੇਵਕੁ ਸੋ ਹਰਿ ਜੇਹਾ ॥ (1076-3)
हरि का सेवकु सो हरि जेहा ॥

ਭੇਦੁ ਨ ਜਾਣਹੁ ਮਾਣਸ ਦੇਹਾ ॥ (1076-3)
भेदु न जाणहु माणस देहा ॥

ਜਿਉ ਜਲ ਤਰੰਗ ਉਠਹਿ ਬਹੁ ਭਾਤੀ ਫਿਰਿ ਸਲਲੈ ਸਲਲ ਸਮਾਇਦਾ ॥੮॥ (1076-3)
जिउ जल तरंग उठहि बहु भाती फिरि सललै सलल समाइदा ॥८॥

ਇਕੁ ਜਾਚਿਕੁ ਮੰਗੈ ਦਾਨੁ ਦੁਆਰੈ ॥ (1076-4)
इकु जाचिकु मंगै दानु दुआरै ॥

ਜਾ ਪ੍ਰਭ ਭਾਵੈ ਤਾ ਕਿਰਪਾ ਧਾਰੈ ॥ (1076-4)
जा प्रभ भावै ता किरपा धारै ॥

ਦੇਹੁ ਦਰਸੁ ਜਿਤੁ ਮਨੁ ਤ੍ਰਿਪਤਾਸੈ ਹਰਿ ਕੀਰਤਨਿ ਮਨੁ ਠਹਰਾਇਦਾ ॥੯॥ (1076-5)
देहु दरसु जितु मनु त्रिपतासै हरि कीरतनि मनु ठहराइदा ॥९॥

ਰੂੜੋ ਠਾਕੁਰੁ ਕਿਤੈ ਵਸਿ ਨ ਆਵੈ ॥ (1076-5)
रूड़ो ठाकुरु कितै वसि न आवै ॥

ਹਰਿ ਸੋ ਕਿਛੁ ਕਰੇ ਜਿ ਹਰਿ ਕਿਆ ਸੰਤਾ ਭਾਵੈ ॥ (1076-6)
हरि सो किछु करे जि हरि किआ संता भावै ॥

ਕੀਤਾ ਲੋੜਨਿ ਸੋਈ ਕਰਾਇਨਿ ਦਰਿ ਫੇਰੁ ਨ ਕੋਈ ਪਾਇਦਾ ॥੧੦॥ (1076-6)
कीता लोड़नि सोई कराइनि दरि फेरु न कोई पाइदा ॥१०॥

ਜਿਥੈ ਅਉਘਟੁ ਆਇ ਬਨਤੁ ਹੈ ਪ੍ਰਾਣੀ ॥ (1076-7)
जिथै अउघटु आइ बनतु है प्राणी ॥

ਤਿਥੈ ਹਰਿ ਧਿਆਈਐ ਸਾਰਿੰਗਪਾਣੀ ॥ (1076-7)
तिथै हरि धिआईऐ सारिंगपाणी ॥

ਜਿਥੈ ਪੁਤ੍ਰੁ ਕਲਤ੍ਰੁ ਨ ਬੇਲੀ ਕੋਈ ਤਿਥੈ ਹਰਿ ਆਪਿ ਛਡਾਇਦਾ ॥੧੧॥ (1076-8)
जिथै पुत्रु कलत्रु न बेली कोई तिथै हरि आपि छडाइदा ॥११॥

ਵਡਾ ਸਾਹਿਬੁ ਅਗਮ ਅਥਾਹਾ ॥ (1076-8)
वडा साहिबु अगम अथाहा ॥

ਕਿਉ ਮਿਲੀਐ ਪ੍ਰਭ ਵੇਪਰਵਾਹਾ ॥ (1076-9)
किउ मिलीऐ प्रभ वेपरवाहा ॥

ਕਾਟਿ ਸਿਲਕ ਜਿਸੁ ਮਾਰਗਿ ਪਾਏ ਸੋ ਵਿਚਿ ਸੰਗਤਿ ਵਾਸਾ ਪਾਇਦਾ ॥੧੨॥ (1076-9)
काटि सिलक जिसु मारगि पाए सो विचि संगति वासा पाइदा ॥१२॥

ਹੁਕਮੁ ਬੂਝੈ ਸੋ ਸੇਵਕੁ ਕਹੀਐ ॥ (1076-10)
हुकमु बूझै सो सेवकु कहीऐ ॥

ਬੁਰਾ ਭਲਾ ਦੁਇ ਸਮਸਰਿ ਸਹੀਐ ॥ (1076-10)
बुरा भला दुइ समसरि सहीऐ ॥

ਹਉਮੈ ਜਾਇ ਤ ਏਕੋ ਬੂਝੈ ਸੋ ਗੁਰਮੁਖਿ ਸਹਜਿ ਸਮਾਇਦਾ ॥੧੩॥ (1076-10)
हउमै जाइ त एको बूझै सो गुरमुखि सहजि समाइदा ॥१३॥

ਹਰਿ ਕੇ ਭਗਤ ਸਦਾ ਸੁਖਵਾਸੀ ॥ (1076-11)
हरि के भगत सदा सुखवासी ॥

ਬਾਲ ਸੁਭਾਇ ਅਤੀਤ ਉਦਾਸੀ ॥ (1076-11)
बाल सुभाइ अतीत उदासी ॥

ਅਨਿਕ ਰੰਗ ਕਰਹਿ ਬਹੁ ਭਾਤੀ ਜਿਉ ਪਿਤਾ ਪੂਤੁ ਲਾਡਾਇਦਾ ॥੧੪॥ (1076-12)
अनिक रंग करहि बहु भाती जिउ पिता पूतु लाडाइदा ॥१४॥

ਅਗਮ ਅਗੋਚਰੁ ਕੀਮਤਿ ਨਹੀ ਪਾਈ ॥ (1076-12)
अगम अगोचरु कीमति नही पाई ॥

ਤਾ ਮਿਲੀਐ ਜਾ ਲਏ ਮਿਲਾਈ ॥ (1076-13)
ता मिलीऐ जा लए मिलाई ॥

ਗੁਰਮੁਖਿ ਪ੍ਰਗਟੁ ਭਇਆ ਤਿਨ ਜਨ ਕਉ ਜਿਨ ਧੁਰਿ ਮਸਤਕਿ ਲੇਖੁ ਲਿਖਾਇਦਾ ॥੧੫॥ (1076-13)
गुरमुखि प्रगटु भइआ तिन जन कउ जिन धुरि मसतकि लेखु लिखाइदा ॥१५॥

ਤੂ ਆਪੇ ਕਰਤਾ ਕਾਰਣ ਕਰਣਾ ॥ (1076-14)
तू आपे करता कारण करणा ॥

ਸ੍ਰਿਸਟਿ ਉਪਾਇ ਧਰੀ ਸਭ ਧਰਣਾ ॥ (1076-14)
स्रिसटि उपाइ धरी सभ धरणा ॥

ਜਨ ਨਾਨਕੁ ਸਰਣਿ ਪਇਆ ਹਰਿ ਦੁਆਰੈ ਹਰਿ ਭਾਵੈ ਲਾਜ ਰਖਾਇਦਾ ॥੧੬॥੧॥੫॥ (1076-14)
जन नानकु सरणि पइआ हरि दुआरै हरि भावै लाज रखाइदा ॥१६॥१॥५॥

ਮਾਰੂ ਸੋਲਹੇ ਮਹਲਾ ੫ (1076-16)
मारू सोलहे महला ५

ੴ ਸਤਿਗੁਰ ਪ੍ਰਸਾਦਿ ॥ (1076-16)
ੴ सतिगुर प्रसादि ॥

ਜੋ ਦੀਸੈ ਸੋ ਏਕੋ ਤੂਹੈ ॥ (1076-17)
जो दीसै सो एको तूहै ॥

ਬਾਣੀ ਤੇਰੀ ਸ੍ਰਵਣਿ ਸੁਣੀਐ ॥ (1076-17)
बाणी तेरी स्रवणि सुणीऐ ॥

ਦੂਜੀ ਅਵਰ ਨ ਜਾਪਸਿ ਕਾਈ ਸਗਲ ਤੁਮਾਰੀ ਧਾਰਣਾ ॥੧॥ (1076-17)
दूजी अवर न जापसि काई सगल तुमारी धारणा ॥१॥

ਆਪਿ ਚਿਤਾਰੇ ਅਪਣਾ ਕੀਆ ॥ (1076-18)
आपि चितारे अपणा कीआ ॥

ਆਪੇ ਆਪਿ ਆਪਿ ਪ੍ਰਭੁ ਥੀਆ ॥ (1076-18)
आपे आपि आपि प्रभु थीआ ॥

ਆਪਿ ਉਪਾਇ ਰਚਿਓਨੁ ਪਸਾਰਾ ਆਪੇ ਘਟਿ ਘਟਿ ਸਾਰਣਾ ॥੨॥ (1076-18)
आपि उपाइ रचिओनु पसारा आपे घटि घटि सारणा ॥२॥

ਇਕਿ ਉਪਾਏ ਵਡ ਦਰਵਾਰੀ ॥ (1076-19)
इकि उपाए वड दरवारी ॥

ਇਕਿ ਉਦਾਸੀ ਇਕਿ ਘਰ ਬਾਰੀ ॥ (1076-19)
इकि उदासी इकि घर बारी ॥

ਇਕਿ ਭੂਖੇ ਇਕਿ ਤ੍ਰਿਪਤਿ ਅਘਾਏ ਸਭਸੈ ਤੇਰਾ ਪਾਰਣਾ ॥੩॥ (1077-1)
इकि भूखे इकि त्रिपति अघाए सभसै तेरा पारणा ॥३॥

ਆਪੇ ਸਤਿ ਸਤਿ ਸਤਿ ਸਾਚਾ ॥ (1077-1)
आपे सति सति सति साचा ॥

ਓਤਿ ਪੋਤਿ ਭਗਤਨ ਸੰਗਿ ਰਾਚਾ ॥ (1077-1)
ओति पोति भगतन संगि राचा ॥

ਆਪੇ ਗੁਪਤੁ ਆਪੇ ਹੈ ਪਰਗਟੁ ਅਪਣਾ ਆਪੁ ਪਸਾਰਣਾ ॥੪॥ (1077-2)
आपे गुपतु आपे है परगटु अपणा आपु पसारणा ॥४॥

ਸਦਾ ਸਦਾ ਸਦ ਹੋਵਣਹਾਰਾ ॥ (1077-2)
सदा सदा सद होवणहारा ॥

ਊਚਾ ਅਗਮੁ ਅਥਾਹੁ ਅਪਾਰਾ ॥ (1077-3)
ऊचा अगमु अथाहु अपारा ॥

ਊਣੇ ਭਰੇ ਭਰੇ ਭਰਿ ਊਣੇ ਏਹਿ ਚਲਤ ਸੁਆਮੀ ਕੇ ਕਾਰਣਾ ॥੫॥ (1077-3)
ऊणे भरे भरे भरि ऊणे एहि चलत सुआमी के कारणा ॥५॥

ਮੁਖਿ ਸਾਲਾਹੀ ਸਚੇ ਸਾਹਾ ॥ (1077-3)
मुखि सालाही सचे साहा ॥

ਨੈਣੀ ਪੇਖਾ ਅਗਮ ਅਥਾਹਾ ॥ (1077-4)
नैणी पेखा अगम अथाहा ॥

ਕਰਨੀ ਸੁਣਿ ਸੁਣਿ ਮਨੁ ਤਨੁ ਹਰਿਆ ਮੇਰੇ ਸਾਹਿਬ ਸਗਲ ਉਧਾਰਣਾ ॥੬॥ (1077-4)
करनी सुणि सुणि मनु तनु हरिआ मेरे साहिब सगल उधारणा ॥६॥

ਕਰਿ ਕਰਿ ਵੇਖਹਿ ਕੀਤਾ ਅਪਣਾ ॥ (1077-5)
करि करि वेखहि कीता अपणा ॥

ਜੀਅ ਜੰਤ ਸੋਈ ਹੈ ਜਪਣਾ ॥ (1077-5)
जीअ जंत सोई है जपणा ॥

ਅਪਣੀ ਕੁਦਰਤਿ ਆਪੇ ਜਾਣੈ ਨਦਰੀ ਨਦਰਿ ਨਿਹਾਲਣਾ ॥੭॥ (1077-5)
अपणी कुदरति आपे जाणै नदरी नदरि निहालणा ॥७॥

ਸੰਤ ਸਭਾ ਜਹ ਬੈਸਹਿ ਪ੍ਰਭ ਪਾਸੇ ॥ (1077-6)
संत सभा जह बैसहि प्रभ पासे ॥

ਅਨੰਦ ਮੰਗਲ ਹਰਿ ਚਲਤ ਤਮਾਸੇ ॥ (1077-6)
अनंद मंगल हरि चलत तमासे ॥

ਗੁਣ ਗਾਵਹਿ ਅਨਹਦ ਧੁਨਿ ਬਾਣੀ ਤਹ ਨਾਨਕ ਦਾਸੁ ਚਿਤਾਰਣਾ ॥੮॥ (1077-6)
गुण गावहि अनहद धुनि बाणी तह नानक दासु चितारणा ॥८॥

ਆਵਣੁ ਜਾਣਾ ਸਭੁ ਚਲਤੁ ਤੁਮਾਰਾ ॥ (1077-7)
आवणु जाणा सभु चलतु तुमारा ॥

ਕਰਿ ਕਰਿ ਦੇਖੈ ਖੇਲੁ ਅਪਾਰਾ ॥ (1077-7)
करि करि देखै खेलु अपारा ॥

ਆਪਿ ਉਪਾਏ ਉਪਾਵਣਹਾਰਾ ਅਪਣਾ ਕੀਆ ਪਾਲਣਾ ॥੯॥ (1077-8)
आपि उपाए उपावणहारा अपणा कीआ पालणा ॥९॥

ਸੁਣਿ ਸੁਣਿ ਜੀਵਾ ਸੋਇ ਤੁਮਾਰੀ ॥ (1077-8)
सुणि सुणि जीवा सोइ तुमारी ॥

ਸਦਾ ਸਦਾ ਜਾਈ ਬਲਿਹਾਰੀ ॥ (1077-9)
सदा सदा जाई बलिहारी ॥

ਦੁਇ ਕਰ ਜੋੜਿ ਸਿਮਰਉ ਦਿਨੁ ਰਾਤੀ ਮੇਰੇ ਸੁਆਮੀ ਅਗਮ ਅਪਾਰਣਾ ॥੧੦॥ (1077-9)
दुइ कर जोड़ि सिमरउ दिनु राती मेरे सुआमी अगम अपारणा ॥१०॥

ਤੁਧੁ ਬਿਨੁ ਦੂਜੇ ਕਿਸੁ ਸਾਲਾਹੀ ॥ (1077-10)
तुधु बिनु दूजे किसु सालाही ॥

ਏਕੋ ਏਕੁ ਜਪੀ ਮਨ ਮਾਹੀ ॥ (1077-10)
एको एकु जपी मन माही ॥

ਹੁਕਮੁ ਬੂਝਿ ਜਨ ਭਏ ਨਿਹਾਲਾ ਇਹ ਭਗਤਾ ਕੀ ਘਾਲਣਾ ॥੧੧॥ (1077-10)
हुकमु बूझि जन भए निहाला इह भगता की घालणा ॥११॥

ਗੁਰ ਉਪਦੇਸਿ ਜਪੀਐ ਮਨਿ ਸਾਚਾ ॥ (1077-11)
गुर उपदेसि जपीऐ मनि साचा ॥

ਗੁਰ ਉਪਦੇਸਿ ਰਾਮ ਰੰਗਿ ਰਾਚਾ ॥ (1077-11)
गुर उपदेसि राम रंगि राचा ॥

ਗੁਰ ਉਪਦੇਸਿ ਤੁਟਹਿ ਸਭਿ ਬੰਧਨ ਇਹੁ ਭਰਮੁ ਮੋਹੁ ਪਰਜਾਲਣਾ ॥੧੨॥ (1077-11)
गुर उपदेसि तुटहि सभि बंधन इहु भरमु मोहु परजालणा ॥१२॥

ਜਹ ਰਾਖੈ ਸੋਈ ਸੁਖ ਥਾਨਾ ॥ (1077-12)
जह राखै सोई सुख थाना ॥

ਸਹਜੇ ਹੋਇ ਸੋਈ ਭਲ ਮਾਨਾ ॥ (1077-12)
सहजे होइ सोई भल माना ॥

ਬਿਨਸੇ ਬੈਰ ਨਾਹੀ ਕੋ ਬੈਰੀ ਸਭੁ ਏਕੋ ਹੈ ਭਾਲਣਾ ॥੧੩॥ (1077-13)
बिनसे बैर नाही को बैरी सभु एको है भालणा ॥१३॥

ਡਰ ਚੂਕੇ ਬਿਨਸੇ ਅੰਧਿਆਰੇ ॥ (1077-13)
डर चूके बिनसे अंधिआरे ॥

ਪ੍ਰਗਟ ਭਏ ਪ੍ਰਭ ਪੁਰਖ ਨਿਰਾਰੇ ॥ (1077-14)
प्रगट भए प्रभ पुरख निरारे ॥

ਆਪੁ ਛੋਡਿ ਪਏ ਸਰਣਾਈ ਜਿਸ ਕਾ ਸਾ ਤਿਸੁ ਘਾਲਣਾ ॥੧੪॥ (1077-14)
आपु छोडि पए सरणाई जिस का सा तिसु घालणा ॥१४॥

ਐਸਾ ਕੋ ਵਡਭਾਗੀ ਆਇਆ ॥ (1077-14)
ऐसा को वडभागी आइआ ॥

ਆਠ ਪਹਰ ਜਿਨਿ ਖਸਮੁ ਧਿਆਇਆ ॥ (1077-15)
आठ पहर जिनि खसमु धिआइआ ॥

ਤਿਸੁ ਜਨ ਕੈ ਸੰਗਿ ਤਰੈ ਸਭੁ ਕੋਈ ਸੋ ਪਰਵਾਰ ਸਧਾਰਣਾ ॥੧੫॥ (1077-15)
तिसु जन कै संगि तरै सभु कोई सो परवार सधारणा ॥१५॥

ਇਹ ਬਖਸੀਸ ਖਸਮ ਤੇ ਪਾਵਾ ॥ (1077-16)
इह बखसीस खसम ते पावा ॥

ਆਠ ਪਹਰ ਕਰ ਜੋੜਿ ਧਿਆਵਾ ॥ (1077-16)
आठ पहर कर जोड़ि धिआवा ॥

ਨਾਮੁ ਜਪੀ ਨਾਮਿ ਸਹਜਿ ਸਮਾਵਾ ਨਾਮੁ ਨਾਨਕ ਮਿਲੈ ਉਚਾਰਣਾ ॥੧੬॥੧॥੬॥ (1077-16)
नामु जपी नामि सहजि समावा नामु नानक मिलै उचारणा ॥१६॥१॥६॥

ਮਾਰੂ ਮਹਲਾ ੫ ॥ (1077-17)
मारू महला ५ ॥

ਸੂਰਤਿ ਦੇਖਿ ਨ ਭੂਲੁ ਗਵਾਰਾ ॥ (1077-17)
सूरति देखि न भूलु गवारा ॥

ਮਿਥਨ ਮੋਹਾਰਾ ਝੂਠੁ ਪਸਾਰਾ ॥ (1077-18)
मिथन मोहारा झूठु पसारा ॥

ਜਗ ਮਹਿ ਕੋਈ ਰਹਣੁ ਨ ਪਾਏ ਨਿਹਚਲੁ ਏਕੁ ਨਾਰਾਇਣਾ ॥੧॥ (1077-18)
जग महि कोई रहणु न पाए निहचलु एकु नाराइणा ॥१॥

ਗੁਰ ਪੂਰੇ ਕੀ ਪਉ ਸਰਣਾਈ ॥ (1077-19)
गुर पूरे की पउ सरणाई ॥

ਮੋਹੁ ਸੋਗੁ ਸਭੁ ਭਰਮੁ ਮਿਟਾਈ ॥ (1077-19)
मोहु सोगु सभु भरमु मिटाई ॥

ਏਕੋ ਮੰਤ੍ਰੁ ਦ੍ਰਿੜਾਏ ਅਉਖਧੁ ਸਚੁ ਨਾਮੁ ਰਿਦ ਗਾਇਣਾ ॥੨॥ (1077-19)
एको मंत्रु द्रिड़ाए अउखधु सचु नामु रिद गाइणा ॥२॥

ਜਿਸੁ ਨਾਮੈ ਕਉ ਤਰਸਹਿ ਬਹੁ ਦੇਵਾ ॥ (1078-1)
जिसु नामै कउ तरसहि बहु देवा ॥

ਸਗਲ ਭਗਤ ਜਾ ਕੀ ਕਰਦੇ ਸੇਵਾ ॥ (1078-1)
सगल भगत जा की करदे सेवा ॥

ਅਨਾਥਾ ਨਾਥੁ ਦੀਨ ਦੁਖ ਭੰਜਨੁ ਸੋ ਗੁਰ ਪੂਰੇ ਤੇ ਪਾਇਣਾ ॥੩॥ (1078-1)
अनाथा नाथु दीन दुख भंजनु सो गुर पूरे ते पाइणा ॥३॥

ਹੋਰੁ ਦੁਆਰਾ ਕੋਇ ਨ ਸੂਝੈ ॥ (1078-2)
होरु दुआरा कोइ न सूझै ॥

ਤ੍ਰਿਭਵਣ ਧਾਵੈ ਤਾ ਕਿਛੂ ਨ ਬੂਝੈ ॥ (1078-2)
त्रिभवण धावै ता किछू न बूझै ॥

ਸਤਿਗੁਰੁ ਸਾਹੁ ਭੰਡਾਰੁ ਨਾਮ ਜਿਸੁ ਇਹੁ ਰਤਨੁ ਤਿਸੈ ਤੇ ਪਾਇਣਾ ॥੪॥ (1078-3)
सतिगुरु साहु भंडारु नाम जिसु इहु रतनु तिसै ते पाइणा ॥४॥

ਜਾ ਕੀ ਧੂਰਿ ਕਰੇ ਪੁਨੀਤਾ ॥ (1078-3)
जा की धूरि करे पुनीता ॥

ਸੁਰਿ ਨਰ ਦੇਵ ਨ ਪਾਵਹਿ ਮੀਤਾ ॥ (1078-3)
सुरि नर देव न पावहि मीता ॥

ਸਤਿ ਪੁਰਖੁ ਸਤਿਗੁਰੁ ਪਰਮੇਸਰੁ ਜਿਸੁ ਭੇਟਤ ਪਾਰਿ ਪਰਾਇਣਾ ॥੫॥ (1078-4)
सति पुरखु सतिगुरु परमेसरु जिसु भेटत पारि पराइणा ॥५॥

ਪਾਰਜਾਤੁ ਲੋੜਹਿ ਮਨ ਪਿਆਰੇ ॥ (1078-4)
पारजातु लोड़हि मन पिआरे ॥

ਕਾਮਧੇਨੁ ਸੋਹੀ ਦਰਬਾਰੇ ॥ (1078-5)
कामधेनु सोही दरबारे ॥

ਤ੍ਰਿਪਤਿ ਸੰਤੋਖੁ ਸੇਵਾ ਗੁਰ ਪੂਰੇ ਨਾਮੁ ਕਮਾਇ ਰਸਾਇਣਾ ॥੬॥ (1078-5)
त्रिपति संतोखु सेवा गुर पूरे नामु कमाइ रसाइणा ॥६॥

ਗੁਰ ਕੈ ਸਬਦਿ ਮਰਹਿ ਪੰਚ ਧਾਤੂ ॥ (1078-5)
गुर कै सबदि मरहि पंच धातू ॥

ਭੈ ਪਾਰਬ੍ਰਹਮ ਹੋਵਹਿ ਨਿਰਮਲਾ ਤੂ ॥ (1078-6)
भै पारब्रहम होवहि निरमला तू ॥

ਪਾਰਸੁ ਜਬ ਭੇਟੈ ਗੁਰੁ ਪੂਰਾ ਤਾ ਪਾਰਸੁ ਪਰਸਿ ਦਿਖਾਇਣਾ ॥੭॥ (1078-6)
पारसु जब भेटै गुरु पूरा ता पारसु परसि दिखाइणा ॥७॥

ਕਈ ਬੈਕੁੰਠ ਨਾਹੀ ਲਵੈ ਲਾਗੇ ॥ (1078-7)
कई बैकुंठ नाही लवै लागे ॥

ਮੁਕਤਿ ਬਪੁੜੀ ਭੀ ਗਿਆਨੀ ਤਿਆਗੇ ॥ (1078-7)
मुकति बपुड़ी भी गिआनी तिआगे ॥

ਏਕੰਕਾਰੁ ਸਤਿਗੁਰ ਤੇ ਪਾਈਐ ਹਉ ਬਲਿ ਬਲਿ ਗੁਰ ਦਰਸਾਇਣਾ ॥੮॥ (1078-7)
एकंकारु सतिगुर ते पाईऐ हउ बलि बलि गुर दरसाइणा ॥८॥

ਗੁਰ ਕੀ ਸੇਵ ਨ ਜਾਣੈ ਕੋਈ ॥ (1078-8)
गुर की सेव न जाणै कोई ॥

ਗੁਰੁ ਪਾਰਬ੍ਰਹਮੁ ਅਗੋਚਰੁ ਸੋਈ ॥ (1078-8)
गुरु पारब्रहमु अगोचरु सोई ॥

ਜਿਸ ਨੋ ਲਾਇ ਲਏ ਸੋ ਸੇਵਕੁ ਜਿਸੁ ਵਡਭਾਗ ਮਥਾਇਣਾ ॥੯॥ (1078-9)
जिस नो लाइ लए सो सेवकु जिसु वडभाग मथाइणा ॥९॥

ਗੁਰ ਕੀ ਮਹਿਮਾ ਬੇਦ ਨ ਜਾਣਹਿ ॥ (1078-9)
गुर की महिमा बेद न जाणहि ॥

ਤੁਛ ਮਾਤ ਸੁਣਿ ਸੁਣਿ ਵਖਾਣਹਿ ॥ (1078-10)
तुछ मात सुणि सुणि वखाणहि ॥

ਪਾਰਬ੍ਰਹਮ ਅਪਰੰਪਰ ਸਤਿਗੁਰ ਜਿਸੁ ਸਿਮਰਤ ਮਨੁ ਸੀਤਲਾਇਣਾ ॥੧੦॥ (1078-10)
पारब्रहम अपर्मपर सतिगुर जिसु सिमरत मनु सीतलाइणा ॥१० ॥

ਜਾ ਕੀ ਸੋਇ ਸੁਣੀ ਮਨੁ ਜੀਵੈ ॥ (1078-11)
जा की सोइ सुणी मनु जीवै ॥

ਰਿਦੈ ਵਸੈ ਤਾ ਠੰਢਾ ਥੀਵੈ ॥ (1078-11)
रिदै वसै ता ठंढा थीवै ॥

ਗੁਰੁ ਮੁਖਹੁ ਅਲਾਏ ਤਾ ਸੋਭਾ ਪਾਏ ਤਿਸੁ ਜਮ ਕੈ ਪੰਥਿ ਨ ਪਾਇਣਾ ॥੧੧॥ (1078-11)
गुरु मुखहु अलाए ता सोभा पाए तिसु जम कै पंथि न पाइणा ॥११ ॥

ਸੰਤਨ ਕੀ ਸਰਣਾਈ ਪੜਿਆ ॥ (1078-12)
संतन की सरणाई पड़िआ ॥

ਜੀਉ ਪ੍ਰਾਣ ਧਨੁ ਆਗੈ ਧਰਿਆ ॥ (1078-12)
जीउ प्राण धनु आगै धरिआ ॥

ਸੇਵਾ ਸੁਰਤਿ ਨ ਜਾਣਾ ਕਾਈ ਤੁਮ ਕਰਹੁ ਦਇਆ ਕਿਰਮਾਇਣਾ ॥੧੨॥ (1078-12)
सेवा सुरति न जाणा काई तुम करहु दइआ किरमाइणा ॥१२ ॥

ਨਿਰਗੁਣ ਕਉ ਸੰਗਿ ਲੇਹੁ ਰਲਾਏ ॥ (1078-13)
निरगुण कउ संगि लेहु रलाए ॥

ਕਰਿ ਕਿਰਪਾ ਮੋਹਿ ਟਹਲੈ ਲਾਏ ॥ (1078-13)
करि किरपा मोहि टहलै लाए ॥

ਪਖਾ ਫੇਰਉ ਪੀਸਉ ਸੰਤ ਆਗੈ ਚਰਣ ਧੋਇ ਸੁਖੁ ਪਾਇਣਾ ॥੧੩॥ (1078-14)
पखा फेरउ पीसउ संत आगै चरण धोइ सुखु पाइणा ॥१३ ॥

ਬਹੁਤੁ ਦੁਆਰੇ ਭ੍ਰਮਿ ਭ੍ਰਮਿ ਆਇਆ ॥ (1078-14)
बहुतु दुआरे भ्रमि भ्रमि आइआ ॥

ਤੁਮਰੀ ਕ੍ਰਿਪਾ ਤੇ ਤੁਮ ਸਰਣਾਇਆ ॥ (1078-15)
तुमरी क्रिपा ते तुम सरणाइआ ॥

ਸਦਾ ਸਦਾ ਸੰਤਹ ਸੰਗਿ ਰਾਖਹੁ ਏਹੁ ਨਾਮ ਦਾਨੁ ਦੇਵਾਇਣਾ ॥੧੪॥ (1078-15)
सदा सदा संतह संगि राखहु एहु नाम दानु देवाइणा ॥१४॥

ਭਏ ਕ੍ਰਿਪਾਲ ਗੁਸਾਈ ਮੇਰੇ ॥ (1078-16)
भए क्रिपाल गुसाई मेरे ॥

ਦਰਸਨੁ ਪਾਇਆ ਸਤਿਗੁਰ ਪੂਰੇ ॥ (1078-16)
दरसनु पाइआ सतिगुर पूरे ॥

ਸੂਖ ਸਹਜ ਸਦਾ ਆਨੰਦਾ ਨਾਨਕ ਦਾਸ ਦਸਾਇਣਾ ॥੧੫॥੨॥੭॥ (1078-16)
सूख सहज सदा आनंदा नानक दास दसाइणा ॥१५॥२॥७॥

ਮਾਰੂ ਸੋਲਹੇ ਮਹਲਾ ੫ (1078-18)
मारू सोलहे महला ५

ੴ ਸਤਿਗੁਰ ਪ੍ਰਸਾਦਿ ॥ (1078-18)
ੴ सतिगुर प्रसादि ॥

ਸਿਮਰੈ ਧਰਤੀ ਅਰੁ ਆਕਾਸਾ ॥ (1078-19)
सिमरै धरती अरु आकासा ॥

ਸਿਮਰਹਿ ਚੰਦ ਸੂਰਜ ਗੁਣਤਾਸਾ ॥ (1078-19)
सिमरहि चंद सूरज गुणतासा ॥

ਪਉਣ ਪਾਣੀ ਬੈਸੰਤਰ ਸਿਮਰਹਿ ਸਿਮਰੈ ਸਗਲ ਉਪਾਰਜਨਾ ॥੧॥ (1078-19)
पउण पाणी बैसंतर सिमरहि सिमरै सगल उपारजना ॥१॥

ਸਿਮਰਹਿ ਖੰਡ ਦੀਪ ਸਭਿ ਲੋਆ ॥ (1079-1)
सिमरहि खंड दीप सभि लोआ ॥

ਸਿਮਰਹਿ ਪਾਤਾਲ ਪੁਰੀਆ ਸਚੁ ਸੋਆ ॥ (1079-1)
सिमरहि पाताल पुरीआ सचु सोआ ॥

ਸਿਮਰਹਿ ਖਾਣੀ ਸਿਮਰਹਿ ਬਾਣੀ ਸਿਮਰਹਿ ਸਗਲੇ ਹਰਿ ਜਨਾ ॥੨॥ (1079-2)
सिमरहि खाणी सिमरहि बाणी सिमरहि सगले हरि जना ॥२॥

ਸਿਮਰਹਿ ਬ੍ਰਹਮੇ ਬਿਸਨ ਮਹੇਸਾ ॥ (1079-2)
सिमरहि ब्रहमे बिसन महेसा ॥

ਸਿਮਰਹਿ ਦੇਵਤੇ ਕੋੜਿ ਤੇਤੀਸਾ ॥ (1079-3)
सिमरहि देवते कोड़ि तेतीसा ॥

ਸਿਮਰਹਿ ਜਖ੍ਹ੍ਯਿ ਦੈਤ ਸਭਿ ਸਿਮਰਹਿ ਅਗਨਤੁ ਨ ਜਾਈ ਜਸੁ ਗਨਾ ॥੩॥ (1079-3)
सिमरहि जख्यि दैत सभि सिमरहि अगनतु न जाई जसु गना ॥३॥

ਸਿਮਰਹਿ ਪਸੁ ਪੰਖੀ ਸਭਿ ਭੂਤਾ ॥ (1079-4)
सिमरहि पसु पंखी सभि भूता ॥

ਸਿਮਰਹਿ ਬਨ ਪਰਬਤ ਅਉਧੂਤਾ ॥ (1079-4)
सिमरहि बन परबत अउधूता ॥

ਲਤਾ ਬਲੀ ਸਾਖ ਸਭ ਸਿਮਰਹਿ ਰਵਿ ਰਹਿਆ ਸੁਆਮੀ ਸਭ ਮਨਾ ॥੪॥ (1079-4)
लता बली साख सभ सिमरहि रवि रहिआ सुआमी सभ मना ॥४॥

ਸਿਮਰਹਿ ਥੂਲ ਸੂਖਮ ਸਭਿ ਜੰਤਾ ॥ (1079-5)
सिमरहि थूल सूखम सभि जंता ॥

ਸਿਮਰਹਿ ਸਿਧ ਸਾਧਿਕ ਹਰਿ ਮੰਤਾ ॥ (1079-5)
सिमरहि सिध साधिक हरि मंता ॥

ਗੁਪਤ ਪ੍ਰਗਟ ਸਿਮਰਹਿ ਪ੍ਰਭ ਮੇਰੇ ਸਗਲ ਭਵਨ ਕਾ ਪ੍ਰਭ ਧਨਾ ॥੫॥ (1079-6)
गुपत प्रगट सिमरहि प्रभ मेरे सगल भवन का प्रभ धना ॥५॥

ਸਿਮਰਹਿ ਨਰ ਨਾਰੀ ਆਸਰਮਾ ॥ (1079-6)
सिमरहि नर नारी आसरमा ॥

ਸਿਮਰਹਿ ਜਾਤਿ ਜੋਤਿ ਸਭਿ ਵਰਨਾ ॥ (1079-6)
सिमरहि जाति जोति सभि वरना ॥

ਸਿਮਰਹਿ ਗੁਣੀ ਚਤੁਰ ਸਭਿ ਬੇਤੇ ਸਿਮਰਹਿ ਰੈਣੀ ਅਰੁ ਦਿਨਾ ॥੬॥ (1079-7)
सिमरहि गुणी चतुर सभि बेते सिमरहि रैणी अरु दिना ॥६॥

ਸਿਮਰਹਿ ਘੜੀ ਮੂਰਤ ਪਲ ਨਿਮਖਾ ॥ (1079-7)
सिमरहि घड़ी मूरत पल निमखा ॥

ਸਿਮਰੈ ਕਾਲੁ ਅਕਾਲੁ ਸੁਚਿ ਸੋਚਾ ॥ (1079-8)
सिमरै कालु अकालु सुचि सोचा ॥

ਸਿਮਰਹਿ ਸਉਣ ਸਾਸਤ੍ਰ ਸੰਜੋਗਾ ਅਲਖੁ ਨ ਲਖੀਐ ਇਕੁ ਖਿਨਾ ॥੭॥ (1079-8)
सिमरहि सउण सासत्र संजोगा अलखु न लखीऐ इकु खिना ॥७॥

ਕਰਨ ਕਰਾਵਨਹਾਰ ਸੁਆਮੀ ॥ (1079-9)
करन करावनहार सुआमी ॥

ਸਗਲ ਘਟਾ ਕੇ ਅੰਤਰਜਾਮੀ ॥ (1079-9)
सगल घटा के अंतरजामी ॥

ਕਰਿ ਕਿਰਪਾ ਜਿਸੁ ਭਗਤੀ ਲਾਵਹੁ ਜਨਮੁ ਪਦਾਰਥੁ ਸੋ ਜਿਨਾ ॥੮॥ (1079-9)
करि किरपा जिसु भगती लावहु जनमु पदारथु सो जिना ॥८॥

ਜਾ ਕੈ ਮਨਿ ਵੂਠਾ ਪ੍ਰਭੁ ਅਪਨਾ ॥ (1079-10)
जा कै मनि वूठा प्रभु अपना ॥

ਪੂਰੈ ਕਰਮਿ ਗੁਰ ਕਾ ਜਪੁ ਜਪਨਾ ॥ (1079-10)
पूरै करमि गुर का जपु जपना ॥

ਸਰਬ ਨਿਰੰਤਰਿ ਸੋ ਪ੍ਰਭੁ ਜਾਤਾ ਬਹੁੜਿ ਨ ਜੋਨੀ ਭਰਮਿ ਰੁਨਾ ॥੯॥ (1079-11)
सरब निरंतरि सो प्रभु जाता बहुड़ि न जोनी भरमि रुना ॥९॥

ਗੁਰ ਕਾ ਸਬਦੁ ਵਸੈ ਮਨਿ ਜਾ ਕੈ ॥ (1079-11)
गुर का सबदु वसै मनि जा कै ॥

ਦੂਖੁ ਦਰਦੁ ਭ੍ਰਮੁ ਤਾ ਕਾ ਭਾਗੈ ॥ (1079-12)
दूखु दरदु भ्रमु ता का भागै ॥

ਸੂਖ ਸਹਜ ਆਨੰਦ ਨਾਮ ਰਸੁ ਅਨਹਦ ਬਾਣੀ ਸਹਜ ਧੁਨਾ ॥੧੦॥ (1079-12)
सूख सहज आनंद नाम रसु अनहद बाणी सहज धुना ॥१०॥

ਸੋ ਧਨਵੰਤਾ ਜਿਨਿ ਪ੍ਰਭੁ ਧਿਆਇਆ ॥ (1079-13)
सो धनवंता जिनि प्रभु धिआइआ ॥

ਸੋ ਪਤਿਵੰਤਾ ਜਿਨਿ ਸਾਧਸੰਗੁ ਪਾਇਆ ॥ (1079-13)
सो पतिवंता जिनि साधसंगु पाइआ ॥

ਪਾਰਬ੍ਰਹਮੁ ਜਾ ਕੈ ਮਨਿ ਵੂਠਾ ਸੋ ਪੂਰ ਕਰੰਮਾ ਨਾ ਛਿਨਾ ॥੧੧॥ (1079-13)
पारब्रहमु जा कै मनि वूठा सो पूर करंमा ना छिना ॥११॥

ਜਲਿ ਥਲਿ ਮਹੀਅਲਿ ਸੁਆਮੀ ਸੋਈ ॥ (1079-14)
जलि थलि महीअलि सुआमी सोई ॥

ਅਵਰੁ ਨ ਕਹੀਐ ਦੂਜਾ ਕੋਈ ॥ (1079-14)
अवरु न कहीऐ दूजा कोई ॥

ਗੁਰ ਗਿਆਨ ਅੰਜਨਿ ਕਾਟਿਓ ਭ੍ਰਮੁ ਸਗਲਾ ਅਵਰੁ ਨ ਦੀਸੈ ਏਕ ਬਿਨਾ ॥੧੨॥ (1079-15)
गुर गिआन अंजनि काटिओ भ्रमु सगला अवरु न दीसै एक बिना ॥१२॥

ਊਚੇ ਤੇ ਊਚਾ ਦਰਬਾਰਾ ॥ (1079-15)
ऊचे ते ऊचा दरबारा ॥

ਕਹਣੁ ਨ ਜਾਈ ਅੰਤੁ ਨ ਪਾਰਾ ॥ (1079-16)
कहणु न जाई अंतु न पारा ॥

ਗਹਿਰ ਗੰਭੀਰ ਅਥਾਹ ਸੁਆਮੀ ਅਤੁਲੁ ਨ ਜਾਈ ਕਿਆ ਮਿਨਾ ॥੧੩॥ (1079-16)
गहिर ग्मभीर अथाह सुआमी अतुलु न जाई किआ मिना ॥१३॥

ਤੂ ਕਰਤਾ ਤੇਰਾ ਸਭੁ ਕੀਆ ॥ (1079-16)
तू करता तेरा सभु कीआ ॥

ਤੁਝੁ ਬਿਨੁ ਅਵਰੁ ਨ ਕੋਈ ਬੀਆ ॥ (1079-17)
तुझु बिनु अवरु न कोई बीआ ॥

ਆਦਿ ਮਧਿ ਅੰਤਿ ਪ੍ਰਭੁ ਤੂਹੈ ਸਗਲ ਪਸਾਰਾ ਤੁਮ ਤਨਾ ॥੧੪॥ (1079-17)
आदि मधि अंति प्रभु तूहै सगल पसारा तुम तना ॥१४॥

ਜਮਦੂਤੁ ਤਿਸੁ ਨਿਕਟਿ ਨ ਆਵੈ ॥ (1079-18)
जमदूतु तिसु निकटि न आवै ॥

ਸਾਧਸੰਗਿ ਹਰਿ ਕੀਰਤਨੁ ਗਾਵੈ ॥ (1079-18)
साधसंगि हरि कीरतनु गावै ॥

ਸਗਲ ਮਨੋਰਥ ਤਾ ਕੇ ਪੂਰਨ ਜੋ ਸ੍ਰਵਣੀ ਪ੍ਰਭ ਕਾ ਜਸੁ ਸੁਨਾ ॥੧੫॥ (1079-18)
सगल मनोरथ ता के पूरन जो स्रवणी प्रभ का जसु सुना ॥१५॥

ਤੂ ਸਭਨਾ ਕਾ ਸਭੁ ਕੋ ਤੇਰਾ ॥ (1079-19)
तू सभना का सभु को तेरा ॥

ਸਾਚੇ ਸਾਹਿਬ ਗਹਿਰ ਗੰਭੀਰਾ ॥ (1079-19)
साचे साहिब गहिर ग्मभीरा ॥

ਕਹੁ ਨਾਨਕ ਸੇਈ ਜਨ ਊਤਮ ਜੋ ਭਾਵਹਿ ਸੁਆਮੀ ਤੁਮ ਮਨਾ ॥੧੬॥੧॥੮॥ (1080-1)
कहु नानक सेई जन ऊतम जो भावहि सुआमी तुम मना ॥१६॥१॥८॥

ਮਾਰੂ ਮਹਲਾ ੫ ॥ (1080-1)
मारू महला ५ ॥

ਪ੍ਰਭ ਸਮਰਥ ਸਰਬ ਸੁਖ ਦਾਨਾ ॥ (1080-1)
प्रभ समरथ सरब सुख दाना ॥

ਸਿਮਰਉ ਨਾਮੁ ਹੋਹੁ ਮਿਹਰਵਾਨਾ ॥ (1080-2)
सिमरउ नामु होहु मिहरवाना ॥

ਹਰਿ ਦਾਤਾ ਜੀਅ ਜੰਤ ਭੇਖਾਰੀ ਜਨੁ ਬਾਂਛੈ ਜਾਚੰਗਨਾ ॥੧॥ (1080-2)
हरि दाता जीअ जंत भेखारी जनु बांछै जाचंगना ॥१॥

ਮਾਗਉ ਜਨ ਧੂਰਿ ਪਰਮ ਗਤਿ ਪਾਵਉ ॥ (1080-3)
मागउ जन धूरि परम गति पावउ ॥

ਜਨਮ ਜਨਮ ਕੀ ਮੈਲੁ ਮਿਟਾਵਉ ॥ (1080-3)
जनम जनम की मैलु मिटावउ ॥

ਦੀਰਘ ਰੋਗ ਮਿਟਹਿ ਹਰਿ ਅਉਖਧਿ ਹਰਿ ਨਿਰਮਲਿ ਰਾਪੈ ਮੰਗਨਾ ॥੨॥ (1080-3)
दीरघ रोग मिटहि हरि अउखधि हरि निरमलि रापै मंगना ॥२॥

ਸ੍ਰਵਣੀ ਸੁਣਉ ਬਿਮਲ ਜਸੁ ਸੁਆਮੀ ॥ (1080-4)
स्रवणी सुणउ बिमल जसु सुआमी ॥

ਏਕਾ ਓਟ ਤਜਉ ਬਿਖੁ ਕਾਮੀ ॥ (1080-4)
एका ओट तजउ बिखु कामी ॥

ਨਿਵਿ ਨਿਵਿ ਪਾਇ ਲਗਉ ਦਾਸ ਤੇਰੇ ਕਰਿ ਸੁਕ੍ਰਿਤੁ ਨਾਹੀ ਸੰਗਨਾ ॥੩॥ (1080-5)
निवि निवि पाइ लगउ दास तेरे करि सुक्रितु नाही संगना ॥३॥

ਰਸਨਾ ਗੁਣ ਗਾਵੈ ਹਰਿ ਤੇਰੇ ॥ (1080-5)
रसना गुण गावै हरि तेरे ॥

ਮਿਟਹਿ ਕਮਾਤੇ ਅਵਗੁਣ ਮੇਰੇ ॥ (1080-6)
मिटहि कमाते अवगुण मेरे ॥

ਸਿਮਰਿ ਸਿਮਰਿ ਸੁਆਮੀ ਮਨੁ ਜੀਵੈ ਪੰਚ ਦੂਤ ਤਜਿ ਤੰਗਨਾ ॥੪॥ (1080-6)
सिमरि सिमरि सुआमी मनु जीवै पंच दूत तजि तंगना ॥४॥

ਚਰਨ ਕਮਲ ਜਪਿ ਬੋਹਿਥਿ ਚਰੀਐ ॥ (1080-7)
चरन कमल जपि बोहिथि चरीऐ ॥

ਸੰਤਸੰਗਿ ਮਿਲਿ ਸਾਗਰੁ ਤਰੀਐ ॥ (1080-7)
संतसंगि मिलि सागरु तरीऐ ॥

ਅਰਚਾ ਬੰਦਨ ਹਰਿ ਸਮਤ ਨਿਵਾਸੀ ਬਾਹੁੜਿ ਜੋਨਿ ਨ ਨੰਗਨਾ ॥੫॥ (1080-7)
अरचा बंदन हरि समत निवासी बाहुड़ि जोनि न नंगना ॥५॥

ਦਾਸ ਦਾਸਨ ਕੋ ਕਰਿ ਲੇਹੁ ਗੁੋਪਾਲਾ ॥ (1080-8)
दास दासन को करि लेहु गुोपाला ॥

ਕ੍ਰਿਪਾ ਨਿਧਾਨ ਦੀਨ ਦਇਆਲਾ ॥ (1080-8)
क्रिपा निधान दीन दइआला ॥

ਸਖਾ ਸਹਾਈ ਪੂਰਨ ਪਰਮੇਸੁਰ ਮਿਲੁ ਕਦੇ ਨ ਹੋਵੀ ਭੰਗਨਾ ॥੬॥ (1080-9)
सखा सहाई पूरन परमेसुर मिलु कदे न होवी भंगना ॥६॥

ਮਨੁ ਤਨੁ ਅਰਪਿ ਧਰੀ ਹਰਿ ਆਗੈ ॥ (1080-9)
मनु तनु अरपि धरी हरि आगै ॥

ਜਨਮ ਜਨਮ ਕਾ ਸੋਇਆ ਜਾਗੈ ॥ (1080-10)
जनम जनम का सोइआ जागै ॥

ਜਿਸ ਕਾ ਸਾ ਸੋਈ ਪ੍ਰਤਿਪਾਲਕੁ ਹਤਿ ਤਿਆਗੀ ਹਉਮੈ ਹੰਤਨਾ ॥੭॥ (1080-10)
जिस का सा सोई प्रतिपालकु हति तिआगी हउमै हंतना ॥७॥

ਜਲਿ ਥਲਿ ਪੂਰਨ ਅੰਤਰਜਾਮੀ ॥ (1080-11)
जलि थलि पूरन अंतरजामी ॥

ਘਟਿ ਘਟਿ ਰਵਿਆ ਅਛਲ ਸੁਆਮੀ ॥ (1080-11)
घटि घटि रविआ अछल सुआमी ॥

ਭਰਮ ਭੀਤਿ ਖੋਈ ਗੁਰਿ ਪੂਰੈ ਏਕੁ ਰਵਿਆ ਸਰਬੰਗਨਾ ॥੮॥ (1080-11)
भरम भीति खोई गुरि पूरै एकु रविआ सरबंगना ॥८॥

ਜਤ ਕਤ ਪੇਖਉ ਪ੍ਰਭ ਸੁਖ ਸਾਗਰ ॥ (1080-12)
जत कत पेखउ प्रभ सुख सागर ॥

ਹਰਿ ਤੋਟਿ ਭੰਡਾਰ ਨਾਹੀ ਰਤਨਾਗਰ ॥ (1080-12)
हरि तोटि भंडार नाही रतनागर ॥

ਅਗਹ ਅਗਾਹ ਕਿਛੁ ਮਿਤਿ ਨਹੀ ਪਾਈਐ ਸੋ ਬੂਝੈ ਜਿਸੁ ਕਿਰਪੰਗਨਾ ॥੯॥ (1080-13)
अगह अगाह किछु मिति नही पाईऐ सो बूझै जिसु किरपंगना ॥९॥

ਛਾਤੀ ਸੀਤਲ ਮਨੁ ਤਨੁ ਠੰਢਾ ॥ (1080-13)
छाती सीतल मनु तनु ठंढा ॥

ਜਨਮ ਮਰਣ ਕੀ ਮਿਟਵੀ ਡੰਝਾ ॥ (1080-14)
जनम मरण की मिटवी डंझा ॥

ਕਰੁ ਗਹਿ ਕਾਢਿ ਲੀਏ ਪ੍ਰਭਿ ਅਪੁਨੈ ਅਮਿਓ ਧਾਰਿ ਦ੍ਰਿਸਟੰਗਨਾ ॥੧੦॥ (1080-14)
करु गहि काढि लीए प्रभि अपुनै अमिओ धारि द्रिसटंगना ॥१०॥

ਏਕੋ ਏਕੁ ਰਵਿਆ ਸਭ ਠਾਈ ॥ (1080-15)
एको एकु रविआ सभ ठाई ॥

ਤਿਸੁ ਬਿਨੁ ਦੂਜਾ ਕੋਈ ਨਾਹੀ ॥ (1080-15)
तिसु बिनु दूजा कोई नाही ॥

ਆਦਿ ਮਧਿ ਅੰਤਿ ਪ੍ਰਭੁ ਰਵਿਆ ਤ੍ਰਿਸਨ ਬੁਝੀ ਭਰਮੰਗਨਾ ॥੧੧॥ (1080-15)
आदि मधि अंति प्रभु रविआ त्रिसन बुझी भरमंगना ॥११॥

ਗੁਰੁ ਪਰਮੇਸਰੁ ਗੁਰੁ ਗੋਬਿੰਦੁ ॥ (1080-16)
गुरु परमेसरु गुरु गोबिंदु ॥

ਗੁਰੁ ਕਰਤਾ ਗੁਰੁ ਸਦ ਬਖਸੰਦੁ ॥ (1080-16)
गुरु करता गुरु सद बखसंदु ॥

ਗੁਰ ਜਪੁ ਜਾਪਿ ਜਪਤ ਫਲੁ ਪਾਇਆ ਗਿਆਨ ਦੀਪਕੁ ਸੰਤ ਸੰਗਨਾ ॥੧੨॥ (1080-16)
गुर जपु जापि जपत फलु पाइआ गिआन दीपकु संत संगना ॥१२॥

ਜੋ ਪੇਖਾ ਸੋ ਸਭੁ ਕਿਛੁ ਸੁਆਮੀ ॥ (1080-17)
जो पेखा सो सभु किछु सुआमी ॥

ਜੋ ਸੁਨਣਾ ਸੋ ਪ੍ਰਭ ਕੀ ਬਾਣੀ ॥ (1080-17)
जो सुनणा सो प्रभ की बानी ॥

ਜੋ ਕੀਨੋ ਸੋ ਤੁਮਹਿ ਕਰਾਇਓ ਸਰਣਿ ਸਹਾਈ ਸੰਤਹ ਤਨਾ ॥੧੩॥ (1080-18)
जो कीनो सो तुमहि कराइओ सरणि सहाई संतह तना ॥१३॥

ਜਾਚਕੁ ਜਾਚੈ ਤੁਮਹਿ ਅਰਾਧੈ ॥ (1080-18)
जाचकु जाचै तुमहि अराधै ॥

ਪਤਿਤ ਪਾਵਨ ਪੂਰਨ ਪ੍ਰਭ ਸਾਧੈ ॥ (1080-19)
पतित पावन पूरन प्रभ साधै ॥

ਏਕੋ ਦਾਨੁ ਸਰਬ ਸੁਖ ਗੁਣ ਨਿਧਿ ਆਨ ਮੰਗਨ ਨਿਹਕਿੰਚਨਾ ॥੧੪॥ (1080-19)
एको दानु सरब सुख गुण निधि आन मंगन निहकिंचना ॥१४॥

ਕਾਇਆ ਪਾਤ੍ਰੁ ਪ੍ਰਭੁ ਕਰਣੈਹਾਰਾ ॥ (1081-1)
काइआ पात्रु प्रभु करणैहारा ॥

ਲਗੀ ਲਾਗਿ ਸੰਤ ਸੰਗਾਰਾ ॥ (1081-1)
लगी लागि संत संगारा ॥

ਨਿਰਮਲ ਸੋਇ ਬਣੀ ਹਰਿ ਬਾਣੀ ਮਨੁ ਨਾਮਿ ਮਜੀਠੈ ਰੰਗਨਾ ॥੧੫॥ (1081-1)
निरमल सोइ बणी हरि बाणी मनु नामि मजीठै रंगना ॥१५॥

ਸੋਲਹ ਕਲਾ ਸੰਪੂਰਨ ਫਲਿਆ ॥ (1081-2)
सोलह कला सपूरन फलिआ ॥

ਅਨਤ ਕਲਾ ਹੋਇ ਠਾਕੁਰੁ ਚੜਿਆ ॥ (1081-2)
अनत कला होइ ठाकुरु चड़िआ ॥

ਅਨਦ ਬਿਨੋਦ ਹਰਿ ਨਾਮਿ ਸੁਖ ਨਾਨਕ ਅੰਮ੍ਰਿਤ ਰਸੁ ਹਰਿ ਭੁੰਚਨਾ ॥੧੬॥੨॥੯॥ (1081-2)
अनद बिनोद हरि नामि सुख नानक अमृत रसु हरि भुंचना ॥१६॥२॥९॥

ਮਾਰੂ ਸੋਲਹੇ ਮਹਲਾ ੫ (1081-4)
मारू सोलहे महला ५

ੴ ਸਤਿਗੁਰ ਪ੍ਰਸਾਦਿ ॥ (1081-4)
ੴ सतिगुर प्रसादि ॥

ਤੂ ਸਾਹਿਬੁ ਹਉ ਸੇਵਕੁ ਕੀਤਾ ॥ (1081-5)
तू साहिबु हउ सेवकु कीता ॥

ਜੀਉ ਪਿੰਡੁ ਸਭੁ ਤੇਰਾ ਦੀਤਾ ॥ (1081-5)
जीउ पिंडु सभु तेरा दीता ॥

ਕਰਨ ਕਰਾਵਨ ਸਭੁ ਤੂਹੈ ਤੂਹੈ ਹੈ ਨਾਹੀ ਕਿਛੁ ਅਸਾੜਾ ॥੧॥ (1081-5)
करन करावन सभु तूहै तूहै है नाही किछु असाड़ा ॥१॥

ਤੁਮਹਿ ਪਠਾਏ ਤਾ ਜਗ ਮਹਿ ਆਏ ॥ (1081-6)
तुमहि पठाए ता जग महि आए ॥

ਜੋ ਤੁਧੁ ਭਾਣਾ ਸੇ ਕਰਮ ਕਮਾਏ ॥ (1081-6)
जो तुधु भाणा से करम कमाए ॥

ਤੁਝ ਤੇ ਬਾਹਰਿ ਕਿਛੂ ਨ ਹੋਆ ਤਾ ਭੀ ਨਾਹੀ ਕਿਛੁ ਕਾੜਾ ॥੨॥ (1081-6)
तुझ ते बाहरि किछू न होआ ता भी नाही किछु काड़ा ॥२॥

ਊਹਾ ਹੁਕਮੁ ਤੁਮਾਰਾ ਸੁਣੀਐ ॥ (1081-7)
ऊहा हुकमु तुमारा सुणीऐ ॥

ਈਹਾ ਹਰਿ ਜਸੁ ਤੇਰਾ ਭਣੀਐ ॥ (1081-7)
ईहा हरि जसु तेरा भणीऐ ॥

ਆਪੇ ਲੇਖ ਅਲੇਖੈ ਆਪੇ ਤੁਮ ਸਿਉ ਨਾਹੀ ਕਿਛੁ ਝਾੜਾ ॥੩॥ (1081-7)
आपे लेख अलेखै आपे तुम सिउ नाही किछु झाड़ा ॥३॥

ਤੂ ਪਿਤਾ ਸਭਿ ਬਾਰਿਕ ਥਾਰੇ ॥ (1081-8)
तू पिता सभि बारिक थारे ॥

ਜਿਉ ਖੇਲਾਵਹਿ ਤਿਉ ਖੇਲਣਹਾਰੇ ॥ (1081-8)
जिउ खेलावहि तिउ खेलणहारे ॥

ਉਝੜ ਮਾਰਗੁ ਸਭੁ ਤੁਮ ਹੀ ਕੀਨਾ ਚਲੈ ਨਾਹੀ ਕੋ ਵੇਪਾੜਾ ॥੪॥ (1081-9)
उझड़ मारगु सभु तुम ही कीना चलै नाही को वेपाड़ा ॥४॥

ਇਕਿ ਬੈਸਾਇ ਰਖੇ ਗ੍ਰਿਹ ਅੰਤਰਿ ॥ (1081-9)
इकि बैसाइ रखे ग्रिह अंतरि ॥

ਇਕਿ ਪਠਾਏ ਦੇਸ ਦਿਸੰਤਰਿ ॥ (1081-10)
इकि पठाए देस दिसंतरि ॥

ਇਕ ਹੀ ਕਉ ਘਾਸੁ ਇਕ ਹੀ ਕਉ ਰਾਜਾ ਇਨ ਮਹਿ ਕਹੀਐ ਕਿਆ ਕੂੜਾ ॥੫॥ (1081-10)
इक ही कउ घासु इक ही कउ राजा इन महि कहीऐ किआ कूड़ा ॥५॥

ਕਵਨ ਸੁ ਮੁਕਤੀ ਕਵਨ ਸੁ ਨਰਕਾ ॥ (1081-11)
कवन सु मुकती कवन सु नरका ॥

ਕਵਨੁ ਸੈਸਾਰੀ ਕਵਨੁ ਸੁ ਭਗਤਾ ॥ (1081-11)
कवनु सैसारी कवनु सु भगता ॥

ਕਵਨ ਸੁ ਦਾਨਾ ਕਵਨੁ ਸੁ ਹੋਛਾ ਕਵਨ ਸੁ ਸੁਰਤਾ ਕਵਨੁ ਜੜਾ ॥੬॥ (1081-11)
कवन सु दाना कवनु सु होछा कवन सु सुरता कवनु जड़ा ॥६॥

ਹੁਕਮੇ ਮੁਕਤੀ ਹੁਕਮੇ ਨਰਕਾ ॥ (1081-12)
हुकमे मुकती हुकमे नरका ॥

ਹੁਕਮਿ ਸੈਸਾਰੀ ਹੁਕਮੇ ਭਗਤਾ ॥ (1081-12)
हुकमि सैसारी हुकमे भगता ॥

ਹੁਕਮੇ ਹੋਛਾ ਹੁਕਮੇ ਦਾਨਾ ਦੂਜਾ ਨਾਹੀ ਅਵਰੁ ਧੜਾ ॥੭॥ (1081-12)
हुकमे होछा हुकमे दाना दूजा नाही अवरु धड़ा ॥७॥

ਸਾਗਰੁ ਕੀਨਾ ਅਤਿ ਤੁਮ ਭਾਰਾ ॥ (1081-13)
सागरु कीना अति तुम भारा ॥

ਇਕਿ ਖੜੇ ਰਸਾਤਲਿ ਕਰਿ ਮਨਮੁਖ ਗਾਵਾਰਾ ॥ (1081-13)
इकि खड़े रसातलि करि मनमुख गावारा ॥

ਇਕਨਾ ਪਾਰਿ ਲੰਘਾਵਹਿ ਆਪੇ ਸਤਿਗੁਰੁ ਜਿਨ ਕਾ ਸਚੁ ਬੇੜਾ ॥੮॥ (1081-14)
इकना पारि लंघावहि आपे सतिगुरु जिन का सचु बेड़ा ॥८॥

ਕਉਤਕੁ ਕਾਲੁ ਇਹੁ ਹੁਕਮਿ ਪਠਾਇਆ ॥ (1081-14)
कउतकु कालु इहु हुकमि पठाइआ ॥

ਜੀਅ ਜੰਤ ਓਪਾਇ ਸਮਾਇਆ ॥ (1081-15)
जीअ जंत ओपाइ समाइआ ॥

ਵੇਖੈ ਵਿਗਸੈ ਸਭਿ ਰੰਗ ਮਾਣੇ ਰਚਨੁ ਕੀਨਾ ਇਕੁ ਆਖਾੜਾ ॥੯॥ (1081-15)
वेखै विगसै सभि रंग माणे रचनु कीना इकु आखाड़ा ॥९॥

ਵਡਾ ਸਾਹਿਬੁ ਵਡੀ ਨਾਈ ॥ (1081-16)
वडा साहिबु वडी नाई ॥

ਵਡ ਦਾਤਾਰੁ ਵਡੀ ਜਿਸੁ ਜਾਈ ॥ (1081-16)
वड दातारु वडी जिसु जाई ॥

ਅਗਮ ਅਗੋਚਰੁ ਬੇਅੰਤ ਅਤੋਲਾ ਹੈ ਨਾਹੀ ਕਿਛੁ ਆਹਾੜਾ ॥੧੦॥ (1081-16)
अगम अगोचरु बेअंत अतोला है नाही किछु आहाड़ा ॥१० ॥

ਕੀਮਤਿ ਕੋਇ ਨ ਜਾਣੈ ਦੂਜਾ ॥ (1081-17)
कीमति कोइ न जाणै दूजा ॥

ਆਪੇ ਆਪਿ ਨਿਰੰਜਨ ਪੂਜਾ ॥ (1081-17)
आपे आपि निरंजन पूजा ॥

ਆਪਿ ਸੁ ਗਿਆਨੀ ਆਪਿ ਧਿਆਨੀ ਆਪਿ ਸਤਵੰਤਾ ਅਤਿ ਗਾੜਾ ॥੧੧॥ (1081-17)
आपि सु गिआनी आपि धिआनी आपि सतवंता अति गाड़ा ॥११ ॥

ਕੇਤੜਿਆ ਦਿਨ ਗੁਪਤੁ ਕਹਾਇਆ ॥ (1081-18)
केतड़िआ दिन गुपतु कहाइआ ॥

ਕੇਤੜਿਆ ਦਿਨ ਸੁੰਨਿ ਸਮਾਇਆ ॥ (1081-18)
केतड़िआ दिन सुंनि समाइआ ॥

ਕੇਤੜਿਆ ਦਿਨ ਧੁੰਧੂਕਾਰਾ ਆਪੇ ਕਰਤਾ ਪਰਗਟੜਾ ॥੧੨॥ (1081-19)
केतड़िआ दिन धुंधूकारा आपे करता परगटड़ा ॥१२ ॥

ਆਪੇ ਸਕਤੀ ਸਬਲੁ ਕਹਾਇਆ ॥ (1081-19)
आपे सकती सबलु कहाइआ ॥

ਆਪੇ ਸੂਰਾ ਅਮਰੁ ਚਲਾਇਆ ॥ (1082-1)
आपे सूरा अमरु चलाइआ ॥

ਆਪੇ ਸਿਵ ਵਰਤਾਈਅਨੁ ਅੰਤਰਿ ਆਪੇ ਸੀਤਲੁ ਠਾਰੁ ਗੜਾ ॥੧੩॥ (1082-1)
आपे सिव वरताईअनु अंतरि आपे सीतलु ठारु गड़ा ॥१३ ॥

ਜਿਸਹਿ ਨਿਵਾਜੇ ਗੁਰਮੁਖਿ ਸਾਜੇ ॥ (1082-2)
जिसहि निवाजे गुरमुखि साजे ॥

ਨਾਮੁ ਵਸੈ ਤਿਸੁ ਅਨਹਦ ਵਾਜੇ ॥ (1082-2)
नामु वसै तिसु अनहद वाजे ॥

ਤਿਸ ਹੀ ਸੁਖੁ ਤਿਸ ਹੀ ਠਕੁਰਾਈ ਤਿਸਹਿ ਨ ਆਵੈ ਜਮੁ ਨੇੜਾ ॥੧੪॥ (1082-2)
तिस ही सुखु तिस ही ठकुराई तिसहि न आवै जमु नेड़ा ॥१४॥

ਕੀਮਤਿ ਕਾਗਦ ਕਹੀ ਨ ਜਾਈ ॥ (1082-3)
कीमति कागद कही न जाई ॥

ਕਹੁ ਨਾਨਕ ਬੇਅੰਤ ਗੁਸਾਈ ॥ (1082-3)
कहु नानक बेअंत गुसाई ॥

ਆਦਿ ਮਧਿ ਅੰਤਿ ਪ੍ਰਭੁ ਸੋਈ ਹਾਥਿ ਤਿਸੈ ਕੈ ਨੇਬੇੜਾ ॥੧੫॥ (1082-3)
आदि मधि अंति प्रभु सोई हाथि तिसै कै नेबेड़ा ॥१५॥

ਤਿਸਹਿ ਸਰੀਕੁ ਨਾਹੀ ਰੇ ਕੋਈ ॥ (1082-4)
तिसहि सरीकु नाही रे कोई ॥

ਕਿਸ ਹੀ ਬੁਤੈ ਜਬਾਬੁ ਨ ਹੋਈ ॥ (1082-4)
किस ही बुतै जबाबु न होई ॥

ਨਾਨਕ ਕਾ ਪ੍ਰਭੁ ਆਪੇ ਆਪੇ ਕਰਿ ਕਰਿ ਵੇਖੈ ਚੋਜ ਖੜਾ ॥੧੬॥੧॥੧੦॥ (1082-5)
नानक का प्रभु आपे आपे करि करि वेखै चोज खड़ा ॥१६॥१॥१०॥

ਮਾਰੂ ਮਹਲਾ ੫ ॥ (1082-5)
मारू महला ५ ॥

ਅਚੁਤ ਪਾਰਬ੍ਰਹਮ ਪਰਮੇਸੁਰ ਅੰਤਰਜਾਮੀ ॥ (1082-6)
अचुत पारब्रहम परमेसुर अंतरजामी ॥

ਮਧੁਸੂਦਨ ਦਾਮੋਦਰ ਸੁਆਮੀ ॥ (1082-6)
मधुसूदन दामोदर सुआमी ॥

ਰਿਖੀਕੇਸ ਗੋਵਰਧਨ ਧਾਰੀ ਮੁਰਲੀ ਮਨੋਹਰ ਹਰਿ ਰੰਗਾ ॥੧॥ (1082-6)
रिखीकेस गोवरधन धारी मुरली मनोहर हरि रंगा ॥१॥

ਮੋਹਨ ਮਾਧਵ ਕ੍ਰਿਸ੍ਨ ਮੁਰਾਰੇ ॥ (1082-7)
मोहन माधव क्रिस्न मुरारे ॥

ਜਗਦੀਸੁਰ ਹਰਿ ਜੀਉ ਅਸੁਰ ਸੰਘਾਰੇ ॥ (1082-7)
जगदीसुर हरि जीउ असुर संघारे ॥

ਜਗਜੀਵਨ ਅਬਿਨਾਸੀ ਠਾਕੁਰ ਘਟ ਘਟ ਵਾਸੀ ਹੈ ਸੰਗਾ ॥੨॥ (1082-7)
जगजीवन अबिनासी ठाकुर घट घट वासी है संगा ॥२॥

ਧਰਣੀਧਰ ਈਸ ਨਰਸਿੰਘ ਨਾਰਾਇਣ ॥ (1082-8)
धरणीधर ईस नरसिंघ नाराइण ॥

ਦਾੜਾ ਅਗ੍ਰੇ ਪ੍ਰਿਥਮਿ ਧਰਾਇਣ ॥ (1082-8)
दाड़ा अग्रे प्रिथमि धराइण ॥

ਬਾਵਨ ਰੂਪੁ ਕੀਆ ਤੁਧੁ ਕਰਤੇ ਸਭ ਹੀ ਸੇਤੀ ਹੈ ਚੰਗਾ ॥੩॥ (1082-9)
बावन रूपु कीआ तुधु करते सभ ही सेती है चंगा ॥३॥

ਸ੍ਰੀ ਰਾਮਚੰਦ ਜਿਸੁ ਰੂਪੁ ਨ ਰੇਖਿਆ ॥ (1082-9)
स्री रामचंद जिसु रूपु न रेखिआ ॥

ਬਨਵਾਲੀ ਚਕ੍ਰਪਾਣਿ ਦਰਸਿ ਅਨੂਪਿਆ ॥ (1082-10)
बनवाली चक्रपाणि दरसि अनूपिआ ॥

ਸਹਸ ਨੇਤ੍ਰ ਮੂਰਤਿ ਹੈ ਸਹਸਾ ਇਕੁ ਦਾਤਾ ਸਭ ਹੈ ਮੰਗਾ ॥੪॥ (1082-10)
सहस नेत्र मूरति है सहसा इकु दाता सभ है मंगा ॥४॥

ਭਗਤਿ ਵਛਲੁ ਅਨਾਥਹ ਨਾਥੇ ॥ (1082-11)
भगति वछलु अनाथह नाथे ॥

ਗੋਪੀ ਨਾਥੁ ਸਗਲ ਹੈ ਸਾਥੇ ॥ (1082-11)
गोपी नाथु सगल है साथे ॥

ਬਾਸੁਦੇਵ ਨਿਰੰਜਨ ਦਾਤੇ ਬਰਨਿ ਨ ਸਾਕਉ ਗੁਣ ਅੰਗਾ ॥੫॥ (1082-11)
बासुदेव निरंजन दाते बरनि न साकउ गुण अंगा ॥५॥

ਮੁਕੰਦ ਮਨੋਹਰ ਲਖਮੀ ਨਾਰਾਇਣ ॥ (1082-12)
मुकंद मनोहर लखमी नाराइण ॥

ਦ੍ਰੋਪਤੀ ਲਜਾ ਨਿਵਾਰਿ ਉਧਾਰਣ ॥ (1082-12)
द्रोपती लजा निवारि उधारण ॥

ਕਮਲਾਕੰਤ ਕਰਹਿ ਕੰਤੂਹਲ ਅਨਦ ਬਿਨੋਦੀ ਨਿਹਸੰਗਾ ॥੬॥ (1082-12)
ਉਡਰਿ ਹੰਸੁ ਚਲਿਆ ਫੁਰਮਾਇਆ ਭਸਮੈ ਭਸਮ ਸਮਾਣੀ ॥ (1111-12)
उडरि हंसु चलिआ फुरमाइआ भसमै भसम समाणी ॥

ਨਾਨਕ ਸਚੇ ਨਾਮ ਵਿਹੂਣੀ ਭੁਲਿ ਭੁਲਿ ਪਛੋਤਾਣੀ ॥੧॥ (1111-13)
नानक सचे नाम विहूणी भुलि भुलि पछोताणी ॥१॥

ਸੁਣਿ ਨਾਹ ਪਿਆਰੇ ਇਕ ਬੇਨੰਤੀ ਮੇਰੀ ॥ (1111-13)
सुणि नाह पिआरे इक बेनंती मेरी ॥

ਤੂ ਨਿਜ ਘਰਿ ਵਸਿਅੜਾ ਹਉ ਰੁਲਿ ਭਸਮੈ ਢੇਰੀ ॥ (1111-14)
तू निज घरि वसिअड़ा हउ रुलि भसमै ढेरी ॥

ਬਿਨੁ ਅਪਨੇ ਨਾਹੈ ਕੋਇ ਨ ਚਾਹੈ ਕਿਆ ਕਹੀਐ ਕਿਆ ਕੀਜੈ ॥ (1111-14)
बिनु अपने नाहै कोइ न चाहै किआ कहीऐ किआ कीजै ॥

ਅੰਮ੍ਰਿਤ ਨਾਮੁ ਰਸਨ ਰਸੁ ਰਸਨਾ ਗੁਰ ਸਬਦੀ ਰਸੁ ਪੀਜੈ ॥ (1111-15)
अम्रित नामु रसन रसु रसना गुर सबदी रसु पीजै ॥

ਵਿਣੁ ਨਾਵੈ ਕੋ ਸੰਗਿ ਨ ਸਾਥੀ ਆਵੈ ਜਾਇ ਘਨੇਰੀ ॥ (1111-15)
विणु नावै को संगि न साथी आवै जाइ घनेरी ॥

ਨਾਨਕ ਲਾਹਾ ਲੈ ਘਰਿ ਜਾਈਐ ਸਾਚੀ ਸਚੁ ਮਤਿ ਤੇਰੀ ॥੨॥ (1111-16)
नानक लाहा लै घरि जाईऐ साची सचु मति तेरी ॥२॥

ਸਾਜਨ ਦੇਸਿ ਵਿਦੇਸੀਅੜੇ ਸਾਨੇਹੜੇ ਦੇਦੀ ॥ (1111-16)
साजन देसि विदेसीअड़े सानेहड़े देदी ॥

ਸਾਰਿ ਸਮਾਲੇ ਤਿਨ ਸਜਣਾ ਮੁੰਧ ਨੈਣ ਭਰੇਦੀ ॥ (1111-17)
सारि समाले तिन सजणा मुंध नैण भरेदी ॥

ਮੁੰਧ ਨੈਣ ਭਰੇਦੀ ਗੁਣ ਸਾਰੇਦੀ ਕਿਉ ਪ੍ਰਭ ਮਿਲਾ ਪਿਆਰੇ ॥ (1111-17)
मुंध नैण भरेदी गुण सारेदी किउ प्रभ मिला पिआरे ॥

ਮਾਰਗੁ ਪੰਥੁ ਨ ਜਾਣਉ ਵਿਖੜਾ ਕਿਉ ਪਾਈਐ ਪਿਰੁ ਪਾਰੇ ॥ (1111-18)
मारगु पंथु न जाणउ विखड़ा किउ पाईऐ पिरु पारे ॥

ਸਤਿਗੁਰ ਸਬਦੀ ਮਿਲੈ ਵਿਛੁੰਨੀ ਤਨੁ ਮਨੁ ਆਗੈ ਰਾਖੈ ॥ (1111-18)
सतिगुर सबदी मिलै विछुंनी तनु मनु आगै राखै ॥

ਨਾਨਕ ਅੰਮ੍ਰਿਤ ਬਿਰਖੁ ਮਹਾ ਰਸ ਫਲਿਆ ਮਿਲਿ ਪ੍ਰੀਤਮ ਰਸੁ ਚਾਖੈ ॥੩॥ (1111-19)
नानक अम्रित बिरखु महा रस फलिआ मिलि प्रीतम रसु चाखै ॥३॥

ਮਹਲਿ ਬੁਲਾਇੜੀਏ ਬਿਲਮੁ ਨ ਕੀਜੈ ॥ (1111-19)
महलि बुलाइड़ीए बिलमु न कीजै ॥

ਅਨਦਿਨੁ ਰਤੜੀਏ ਸਹਜਿ ਮਿਲੀਜੈ ॥ (1112-1)
अनदिनु रतड़ीए सहजि मिलीजै ॥

ਸੁਖਿ ਸਹਜਿ ਮਿਲੀਜੈ ਰੋਸੁ ਨ ਕੀਜੈ ਗਰਬੁ ਨਿਵਾਰਿ ਸਮਾਣੀ ॥ (1112-1)
सुखि सहजि मिलीजै रोसु न कीजै गरबु निवारि समाणी ॥

ਸਾਚੈ ਰਾਤੀ ਮਿਲੈ ਮਿਲਾਈ ਮਨਮੁਖਿ ਆਵਣ ਜਾਣੀ ॥ (1112-2)
साचै राती मिलै मिलाई मनमुखि आवण जाणी ॥

ਜਬ ਨਾਚੀ ਤਬ ਘੂਘਟੁ ਕੈਸਾ ਮਟੁਕੀ ਫੋੜਿ ਨਿਰਾਰੀ ॥ (1112-2)
जब नाची तब घूघटु कैसा मटुकी फोड़ि निरारी ॥

ਨਾਨਕ ਆਪੈ ਆਪੁ ਪਛਾਣੈ ਗੁਰਮੁਖਿ ਤਤੁ ਬੀਚਾਰੀ ॥੪॥੪॥ (1112-3)
नानक आपै आपु पछाणै गुरमुखि ततु बीचारी ॥४॥४॥

ਤੁਖਾਰੀ ਮਹਲਾ ੧ ॥ (1112-3)
तुखारी महला १ ॥

ਮੇਰੇ ਲਾਲ ਰੰਗੀਲੇ ਹਮ ਲਾਲਨ ਕੇ ਲਾਲੇ ॥ (1112-4)
मेरे लाल रंगीले हम लालन के लाले ॥

ਗੁਰਿ ਅਲਖੁ ਲਖਾਇਆ ਅਵਰੁ ਨ ਦੂਜਾ ਭਾਲੇ ॥ (1112-4)
गुरि अलखु लखाइआ अवरु न दूजा भाले ॥

ਗੁਰਿ ਅਲਖੁ ਲਖਾਇਆ ਜਾ ਤਿਸੁ ਭਾਇਆ ਜਾ ਪ੍ਰਭਿ ਕਿਰਪਾ ਧਾਰੀ ॥ (1112-4)
गुरि अलखु लखाइआ जा तिसु भाइआ जा प्रभि किरपा धारी ॥

ਜਗਜੀਵਨੁ ਦਾਤਾ ਪੁਰਖੁ ਬਿਧਾਤਾ ਸਹਜਿ ਮਿਲੇ ਬਨਵਾਰੀ ॥ (1112-5)
जगजीवनु दाता पुरखु बिधाता सहजि मिले बनवारी ॥

ਨਦਰਿ ਕਰਹਿ ਤੂ ਤਾਰਹਿ ਤਰੀਐ ਸਚੁ ਦੇਵਹੁ ਦੀਨ ਦਇਆਲਾ ॥ (1112-6)
नदरि करहि तू तारहि तरीऐ सचु देवहु दीन दइआला ॥

ਪ੍ਰਣਵਤਿ ਨਾਨਕ ਦਾਸਨਿ ਦਾਸਾ ਤੂ ਸਰਬ ਜੀਆ ਪ੍ਰਤਿਪਾਲਾ ॥੧॥ (1112-6)
प्रणवति नानक दासनि दासा तू सरब जीआ प्रतिपाला ॥१॥

ਭਰਿਪੁਰਿ ਧਾਰਿ ਰਹੇ ਅਤਿ ਪਿਆਰੇ ॥ (1112-7)
भरिपुरि धारि रहे अति पिआरे ॥

ਸਬਦੇ ਰਵਿ ਰਹਿਆ ਗੁਰ ਰੂਪਿ ਮੁਰਾਰੇ ॥ (1112-7)
सबदे रवि रहिआ गुर रूपि मुरारे ॥

ਗੁਰ ਰੂਪ ਮੁਰਾਰੇ ਤ੍ਰਿਭਵਣ ਧਾਰੇ ਤਾ ਕਾ ਅੰਤੁ ਨ ਪਾਇਆ ॥ (1112-8)
गुर रूप मुरारे त्रिभवण धारे ता का अंतु न पाइआ ॥

ਰੰਗੀ ਜਿਨਸੀ ਜੰਤ ਉਪਾਏ ਨਿਤ ਦੇਵੈ ਚੜੈ ਸਵਾਇਆ ॥ (1112-8)
रंगी जिनसी जंत उपाए नित देवै चड़ै सवाइआ ॥

ਅਪਰੰਪਰੁ ਆਪੇ ਥਾਪਿ ਉਥਾਪੇ ਤਿਸੁ ਭਾਵੈ ਸੋ ਹੋਵੈ ॥ (1112-9)
अपर्मपरु आपे थापि उथापे तिसु भावै सो होवै ॥

ਨਾਨਕ ਹੀਰਾ ਹੀਰੈ ਬੇਧਿਆ ਗੁਣ ਕੈ ਹਾਰਿ ਪਰੋਵੈ ॥੨॥ (1112-9)
नानक हीरा हीरै बेधिआ गुण कै हारि परोवै ॥२॥

ਗੁਣ ਗੁਣਹਿ ਸਮਾਣੇ ਮਸਤਕਿ ਨਾਮ ਨੀਸਾਣੋ ॥ (1112-10)
गुण गुणहि समाणे मसतकि नाम नीसाणो ॥

ਸਚੁ ਸਾਚਿ ਸਮਾਇਆ ਚੂਕਾ ਆਵਣ ਜਾਣੋ ॥ (1112-10)
सचु साचि समाइआ चूका आवण जाणो ॥

ਸਚੁ ਸਾਚਿ ਪਛਾਤਾ ਸਾਚੈ ਰਾਤਾ ਸਾਚੁ ਮਿਲੈ ਮਨਿ ਭਾਵੈ ॥ (1112-11)
सचु साचि पछाता साचै राता साचु मिलै मनि भावै ॥

ਸਾਚੇ ਊਪਰਿ ਅਵਰੁ ਨ ਦੀਸੈ ਸਾਚੇ ਸਾਚਿ ਸਮਾਵੈ ॥ (1112-11)
साचे ऊपरि अवरु न दीसै साचे साचि समावै ॥

ਮੋਹਨਿ ਮੋਹਿ ਲੀਆ ਮਨੁ ਮੇਰਾ ਬੰਧਨ ਖੋਲਿ ਨਿਰਾਰੇ ॥ (1112-12)
मोहनि मोहि लीआ मनु मेरा बंधन खोलि निरारे ॥

ਨਾਨਕ ਜੋਤੀ ਜੋਤਿ ਸਮਾਣੀ ਜਾ ਮਿਲਿਆ ਅਤਿ ਪਿਆਰੇ ॥੩॥ (1112-12)
नानक जोती जोति समाणी जा मिलिआ अति पिआरे ॥३॥

ਸਚ ਘਰੁ ਖੋਜਿ ਲਹੇ ਸਾਚਾ ਗੁਰ ਥਾਨੋ ॥ (1112-13)
सच घरु खोजि लहे साचा गुर थानो ॥

ਮਨਮੁਖਿ ਨਹ ਪਾਈਐ ਗੁਰਮੁਖਿ ਗਿਆਨੋ ॥ (1112-13)
मनमुखि नह पाईऐ गुरमुखि गिआनो ॥

ਦੇਵੈ ਸਚੁ ਦਾਨੋ ਸੋ ਪਰਵਾਨੋ ਸਦ ਦਾਤਾ ਵਡ ਦਾਣਾ ॥ (1112-13)
देवै सचु दानो सो परवानो सद दाता वड दाणा ॥

ਅਮਰੁ ਅਜੋਨੀ ਅਸਥਿਰੁ ਜਾਪੈ ਸਾਚਾ ਮਹਲੁ ਚਿਰਾਣਾ ॥ (1112-14)
अमरु अजोनी असथिरु जापै साचा महलु चिराणा ॥

ਦੋਤਿ ਉਚਾਪਤਿ ਲੇਖੁ ਨ ਲਿਖੀਐ ਪ੍ਰਗਟੀ ਜੋਤਿ ਮੁਰਾਰੀ ॥ (1112-14)
दोति उचापति लेखु न लिखीऐ प्रगटी जोति मुरारी ॥

ਨਾਨਕ ਸਾਚਾ ਸਾਚੈ ਰਾਚਾ ਗੁਰਮੁਖਿ ਤਰੀਐ ਤਾਰੀ ॥੪॥੫॥ (1112-15)
नानक साचा साचै राचा गुरमुखि तरीऐ तारी ॥४॥५॥

ਤੁਖਾਰੀ ਮਹਲਾ ੧ ॥ (1112-16)
तुखारी महला १ ॥

ਏ ਮਨ ਮੇਰਿਆ ਤੂ ਸਮਝੁ ਅਚੇਤ ਇਆਣਿਆ ਰਾਮ ॥ (1112-16)
ए मन मेरिआ तू समझु अचेत इआणिआ राम ॥

ਏ ਮਨ ਮੇਰਿਆ ਛਡਿ ਅਵਗਣ ਗੁਣੀ ਸਮਾਣਿਆ ਰਾਮ ॥ (1112-16)
ए मन मेरिआ छडि अवगण गुणी समाणिआ राम ॥

ਬਹੁ ਸਾਦ ਲੁਭਾਣੇ ਕਿਰਤ ਕਮਾਣੇ ਵਿਛੁੜਿਆ ਨਹੀ ਮੇਲਾ ॥ (1112-17)
बहु साद लुभाणे किरत कमाणे विछुड़िआ नही मेला ॥

ਕਿਉ ਦੁਤਰੁ ਤਰੀਐ ਜਮ ਡਰਿ ਮਰੀਐ ਜਮ ਕਾ ਪੰਥੁ ਦੁਹੇਲਾ ॥ (1112-17)
किउ दुतरु तरीऐ जम डरि मरीऐ जम का पंथु दुहेला ॥

ਮਨਿ ਰਾਮੁ ਨਹੀ ਜਾਤਾ ਸਾਝ ਪ੍ਰਭਾਤਾ ਅਵਘਟਿ ਰੁਧਾ ਕਿਆ ਕਰੇ ॥ (1112-18)
मनि रामु नही जाता साझ प्रभाता अवघटि रुधा किआ करे ॥

ਬੰਧਨਿ ਬਾਧਿਆ ਇਨ ਬਿਧਿ ਛੂਟੈ ਗੁਰਮੁਖਿ ਸੇਵੈ ਨਰਹਰੇ ॥੧॥ (1112-18)
बंधनि बाधिआ इन बिधि छूटै गुरमुखि सेवै नरहरे ॥१॥

ਏ ਮਨ ਮੇਰਿਆ ਤੂ ਛੋਡਿ ਆਲ ਜੰਜਾਲਾ ਰਾਮ ॥ (1112-19)
ए मन मेरिआ तू छोडि आल जंजाला राम ॥

ਏ ਮਨ ਮੇਰਿਆ ਹਰਿ ਸੇਵਹੁ ਪੁਰਖੁ ਨਿਰਾਲਾ ਰਾਮ ॥ (1112-19)
ए मन मेरिआ हरि सेवहु पुरखु निराला राम ॥

ਹਰਿ ਸਿਮਰਿ ਏਕੰਕਾਰੁ ਸਾਚਾ ਸਭੁ ਜਗਤੁ ਜਿੰਨਿ ਉਪਾਇਆ ॥ (1113-1)
हरि सिमरि एकंकारु साचा सभु जगतु जिंनि उपाइआ ॥

ਪਉਣੁ ਪਾਣੀ ਅਗਨਿ ਬਾਧੇ ਗੁਰਿ ਖੇਲੁ ਜਗਤਿ ਦਿਖਾਇਆ ॥ (1113-2)
पउणु पाणी अगनि बाधे गुरि खेलु जगति दिखाइआ ॥

ਆਚਾਰਿ ਤੂ ਵੀਚਾਰਿ ਆਪੇ ਹਰਿ ਨਾਮੁ ਸੰਜਮ ਜਪ ਤਪੋ ॥ (1113-2)
आचारि तू वीचारि आपे हरि नामु संजम जप तपो ॥

ਸਖਾ ਸੈਨੁ ਪਿਆਰੁ ਪ੍ਰੀਤਮੁ ਨਾਮੁ ਹਰਿ ਕਾ ਜਪੁ ਜਪੋ ॥੨॥ (1113-3)
सखा सैनु पिआरु प्रीतमु नामु हरि का जपु जपो ॥२॥

ਏ ਮਨ ਮੇਰਿਆ ਤੂ ਥਿਰੁ ਰਹੁ ਚੋਟ ਨ ਖਾਵਹੀ ਰਾਮ ॥ (1113-3)
ए मन मेरिआ तू थिरु रहु चोट न खावही राम ॥

ਏ ਮਨ ਮੇਰਿਆ ਗੁਣ ਗਾਵਹਿ ਸਹਜਿ ਸਮਾਵਹੀ ਰਾਮ ॥ (1113-4)
ए मन मेरिआ गुण गावहि सहजि समावही राम ॥

ਗੁਣ ਗਾਇ ਰਾਮ ਰਸਾਇ ਰਸੀਅਹਿ ਗੁਰ ਗਿਆਨ ਅੰਜਨੁ ਸਾਰਹੇ ॥ (1113-4)
गुण गाइ राम रसाइ रसीअहि गुर गिआन अंजनु सारहे ॥

ਤ੍ਰੈ ਲੋਕ ਦੀਪਕੁ ਸਬਦਿ ਚਾਨਣੁ ਪੰਚ ਦੂਤ ਸੰਘਾਰਹੇ ॥ (1113-5)
त्रै लोक दीपकु सबदि चानणु पंच दूत संघारहे ॥

ਭੈ ਕਾਟਿ ਨਿਰਭਉ ਤਰਹਿ ਦੁਤਰੁ ਗੁਰਿ ਮਿਲਿਐ ਕਾਰਜ ਸਾਰਏ ॥ (1113-5)
भै काटि निरभउ तरहि दुतरु गुरि मिलिऐ कारज सारए ॥

ਰੂਪੁ ਰੰਗੁ ਪਿਆਰੁ ਹਰਿ ਸਿਉ ਹਰਿ ਆਪਿ ਕਿਰਪਾ ਧਾਰਏ ॥੩॥ (1113-6)
रूपु रंगु पिआरु हरि सिउ हरि आपि किरपा धारए ॥३॥

ਏ ਮਨ ਮੇਰਿਆ ਤੂ ਕਿਆ ਲੈ ਆਇਆ ਕਿਆ ਲੈ ਜਾਇਸੀ ਰਾਮ ॥ (1113-6)
ए मन मेरिआ तू किआ लै आइआ किआ लै जाइसी राम ॥

ਏ ਮਨ ਮੇਰਿਆ ਤਾ ਛੁਟਸੀ ਜਾ ਭਰਮੁ ਚੁਕਾਇਸੀ ਰਾਮ ॥ (1113-7)
ए मन मेरिआ ता छुटसी जा भरमु चुकाइसी राम ॥

ਧਨੁ ਸੰਚਿ ਹਰਿ ਹਰਿ ਨਾਮ ਵਖਰੁ ਗੁਰ ਸਬਦਿ ਭਾਉ ਪਛਾਣਹੇ ॥ (1113-8)
धनु संचि हरि हरि नाम वखरु गुर सबदि भाउ पछाणहे ॥

ਮੈਲੁ ਪਰਹਰਿ ਸਬਦਿ ਨਿਰਮਲੁ ਮਹਲੁ ਘਰੁ ਸਚੁ ਜਾਣਹੇ ॥ (1113-8)
मैलु परहरि सबदि निरमलु महलु घरु सचु जाणहे ॥

ਪਤਿ ਨਾਮੁ ਪਾਵਹਿ ਘਰਿ ਸਿਧਾਵਹਿ ਝੋਲਿ ਅੰਮ੍ਰਿਤ ਪੀ ਰਸੋ ॥ (1113-9)
पति नामु पावहि घरि सिधावहि झोलि अमृत पी रसो ॥

ਹਰਿ ਨਾਮੁ ਧਿਆਈਐ ਸਬਦਿ ਰਸੁ ਪਾਈਐ ਵਡਭਾਗਿ ਜਪੀਐ ਹਰਿ ਜਸੋ ॥੪॥ (1113-9)
हरि नामु धिआईऐ सबदि रसु पाईऐ वडभागि जपीऐ हरि जसो ॥४॥

ਏ ਮਨ ਮੇਰਿਆ ਬਿਨੁ ਪਉੜੀਆ ਮੰਦਰਿ ਕਿਉ ਚੜੈ ਰਾਮ ॥ (1113-10)
ए मन मेरिआ बिनु पउड़ीआ मंदरि किउ चड़ै राम ॥

ਏ ਮਨ ਮੇਰਿਆ ਬਿਨੁ ਬੇੜੀ ਪਾਰਿ ਨ ਅੰਬੜੈ ਰਾਮ ॥ (1113-11)
ए मन मेरिआ बिनु बेड़ी पारि न अ्मबड़ै राम ॥

ਪਾਰਿ ਸਾਜਨੁ ਅਪਾਰੁ ਪ੍ਰੀਤਮੁ ਗੁਰ ਸਬਦ ਸੁਰਤਿ ਲੰਘਾਵਏ ॥ (1113-11)
पारि साजनु अपारु प्रीतमु गुर सबद सुरति लंघावए ॥

ਮਿਲਿ ਸਾਧਸੰਗਤਿ ਕਰਹਿ ਰਲੀਆ ਫਿਰਿ ਨ ਪਛੋਤਾਵਏ ॥ (1113-12)
मिलि साधसंगति करहि रलीआ फिरि न पछोतावए ॥

ਕਰਿ ਦਇਆ ਦਾਨੁ ਦਇਆਲ ਸਾਚਾ ਹਰਿ ਨਾਮ ਸੰਗਤਿ ਪਾਵਓ ॥ (1113-12)
करि दइआ दानु दइआल साचा हरि नाम संगति पावओ ॥

ਨਾਨਕੁ ਪਇਅੰਪੈ ਸੁਣਹੁ ਪ੍ਰੀਤਮ ਗੁਰ ਸਬਦਿ ਮਨੁ ਸਮਝਾਵਓ ॥੫॥੬॥ (1113-13)
नानकु पइअ्मपै सुणहु प्रीतम गुर सबदि मनु समझावओ ॥५॥६॥

ਤੁਖਾਰੀ ਛੰਤ ਮਹਲਾ ੪ (1113-15)
तुखारी छंत महला ४

ੴ ਸਤਿਗੁਰ ਪ੍ਰਸਾਦਿ ॥ (1113-15)
ੴ सतिगुर प्रसादि ॥

ਅੰਤਰਿ ਪਿਰੀ ਪਿਆਰੁ ਕਿਉ ਪਿਰ ਬਿਨੁ ਜੀਵੀਐ ਰਾਮ ॥ (1113-16)
अंतरि पिरी पिआरु किउ पिर बिनु जीवीऐ राम ॥

ਜਬ ਲਗੁ ਦਰਸੁ ਨ ਹੋਇ ਕਿਉ ਅੰਮ੍ਰਿਤੁ ਪੀਵੀਐ ਰਾਮ ॥ (1113-16)
जब लगु दरसु न होइ किउ अमृतु पीवीऐ राम ॥

ਕਿਉ ਅੰਮ੍ਰਿਤੁ ਪੀਵੀਐ ਹਰਿ ਬਿਨੁ ਜੀਵੀਐ ਤਿਸੁ ਬਿਨੁ ਰਹਨੁ ਨ ਜਾਏ ॥ (1113-17)
किउ अमृतु पीवीऐ हरि बिनु जीवीऐ तिसु बिनु रहनु न जाए ॥

ਅਨਦਿਨੁ ਪ੍ਰਿਉ ਪ੍ਰਿਉ ਕਰੇ ਦਿਨੁ ਰਾਤੀ ਪਿਰ ਬਿਨੁ ਪਿਆਸ ਨ ਜਾਏ ॥ (1113-17)
अनदिनु प्रिउ प्रिउ करे दिनु राती पिर बिनु पिआस न जाए ॥

ਅਪਣੀ ਕ੍ਰਿਪਾ ਕਰਹੁ ਹਰਿ ਪਿਆਰੇ ਹਰਿ ਹਰਿ ਨਾਮੁ ਸਦ ਸਾਰਿਆ ॥ (1113-18)
अपणी क्रिपा करहु हरि पिआरे हरि हरि नामु सद सारिआ ॥

ਗੁਰ ਕੈ ਸਬਦਿ ਮਿਲਿਆ ਮੈ ਪ੍ਰੀਤਮੁ ਹਉ ਸਤਿਗੁਰ ਵਿਟਹੁ ਵਾਰਿਆ ॥੧॥ (1113-19)
गुर कै सबदि मिलिआ मै प्रीतमु हउ सतिगुर विटहु वारिआ ॥१॥

ਜਬ ਦੇਖਾਂ ਪਿਰੁ ਪਿਆਰਾ ਹਰਿ ਗੁਣ ਰਸਿ ਰਵਾ ਰਾਮ ॥ (1113-19)
जब देखां पिरु पिआरा हरि गुण रसि रवा राम ॥

ਮੇਰੈ ਅੰਤਰਿ ਹੋਇ ਵਿਗਾਸੁ ਪ੍ਰਿਉ ਪ੍ਰਿਉ ਸਚੁ ਨਿਤ ਚਵਾ ਰਾਮ ॥ (1114-1)
मेरै अंतरि होइ विगासु प्रिउ प्रिउ सचु नित चवा राम ॥

ਪ੍ਰਿਉ ਚਵਾ ਪਿਆਰੇ ਸਬਦਿ ਨਿਸਤਾਰੇ ਬਿਨੁ ਦੇਖੇ ਤ੍ਰਿਪਤਿ ਨ ਆਵਏ ॥ (1114-1)
प्रिउ चवा पिआरे सबदि निसतारे बिनु देखे त्रिपति न आवए ॥

ਸਬਦਿ ਸੀਗਾਰੁ ਹੋਵੈ ਨਿਤ ਕਾਮਣਿ ਹਰਿ ਹਰਿ ਨਾਮੁ ਧਿਆਵਏ ॥ (1114-2)
सबदि सीगारु होवै नित कामणि हरि हरि नामु धिआवए ॥

ਦਇਆ ਦਾਨੁ ਮੰਗਤ ਜਨ ਦੀਜੈ ਮੈ ਪ੍ਰੀਤਮੁ ਦੇਹੁ ਮਿਲਾਏ ॥ (1114-3)
दइआ दानु मंगत जन दीजै मै प्रीतमु देहु मिलाए ॥

ਅਨਦਿਨੁ ਗੁਰੁ ਗੋਪਾਲੁ ਧਿਆਈ ਹਮ ਸਤਿਗੁਰ ਵਿਟਹੁ ਘੁਮਾਏ ॥੨॥ (1114-3)
अनदिनु गुरु गोपालु धिआई हम सतिगुर विटहु घुमाए ॥२॥

ਹਮ ਪਾਥਰ ਗੁਰੁ ਨਾਵ ਬਿਖੁ ਭਵਜਲੁ ਤਾਰੀਐ ਰਾਮ ॥ (1114-4)
हम पाथर गुरु नाव बिखु भवजलु तारीऐ राम ॥

ਗੁਰ ਦੇਵਹੁ ਸਬਦੁ ਸੁਭਾਇ ਮੈ ਮੂੜ ਨਿਸਤਾਰੀਐ ਰਾਮ ॥ (1114-4)
गुर देवहु सबदु सुभाइ मै मूड़ निसतारीऐ राम ॥

ਹਮ ਮੂੜ ਮੁਗਧ ਕਿਛੁ ਮਿਤਿ ਨਹੀ ਪਾਈ ਤੂ ਅਗੰਮੁ ਵਡ ਜਾਣਿਆ ॥ (1114-5)
हम मूड़ मुगध किछु मिति नही पाई तू अगंमु वड जाणिआ ॥

ਤੂ ਆਪਿ ਦਇਆਲੁ ਦਇਆ ਕਰਿ ਮੇਲਹਿ ਹਮ ਨਿਰਗੁਣੀ ਨਿਮਾਣਿਆ ॥ (1114-5)
तू आपि दइआलु दइआ करि मेलहि हम निरगुणी निमाणिआ ॥

ਅਨੇਕ ਜਨਮ ਪਾਪ ਕਰਿ ਭਰਮੇ ਹੁਣਿ ਤਉ ਸਰਣਾਗਤਿ ਆਏ ॥ (1114-6)
अनेक जनम पाप करि भरमे हुणि तउ सरणागति आए ॥

ਦਇਆ ਕਰਹੁ ਰਖਿ ਲੇਵਹੁ ਹਰਿ ਜੀਉ ਹਮ ਲਾਗਹ ਸਤਿਗੁਰ ਪਾਏ ॥੩॥ (1114-7)
दइआ करहु रखि लेवहु हरि जीउ हम लागह सतिगुर पाए ॥३॥

ਗੁਰ ਪਾਰਸ ਹਮ ਲੋਹ ਮਿਲਿ ਕੰਚਨੁ ਹੋਇਆ ਰਾਮ ॥ (1114-7)
गुर पारस हम लोह मिलि कंचनु होइआ राम ॥

ਜੋਤੀ ਜੋਤਿ ਮਿਲਾਇ ਕਾਇਆ ਗੜੁ ਸੋਹਿਆ ਰਾਮ ॥ (1114-8)
जोती जोति मिलाइ काइआ गड़ु सोहिआ राम ॥

ਕਾਇਆ ਗੜੁ ਸੋਹਿਆ ਮੇਰੈ ਪ੍ਰਭਿ ਮੋਹਿਆ ਕਿਉ ਸਾਸਿ ਗਿਰਾਸਿ ਵਿਸਾਰੀਐ ॥ (1114-8)
काइआ गड़ु सोहिआ मेरै प्रभि मोहिआ किउ सासि गिरासि विसारीऐ ॥

ਅਦ੍ਰਿਸਟੁ ਅਗੋਚਰੁ ਪਕੜਿਆ ਗੁਰ ਸਬਦੀ ਹਉ ਸਤਿਗੁਰ ਕੈ ਬਲਿਹਾਰੀਐ ॥ (1114-9)
अद्रिसटु अगोचरु पकड़िआ गुर सबदी हउ सतिगुर कै बलिहारीऐ ॥

ਸਤਿਗੁਰ ਆਗੈ ਸੀਸੁ ਭੇਟ ਦੇਉ ਜੇ ਸਤਿਗੁਰ ਸਾਚੇ ਭਾਵੈ ॥ (1114-10)
सतिगुर आगै सीसु भेट देउ जे सतिगुर साचे भावै ॥

ਆਪੇ ਦਇਆ ਕਰਹੁ ਪ੍ਰਭ ਦਾਤੇ ਨਾਨਕ ਅੰਕਿ ਸਮਾਵੈ ॥੪॥੧॥ (1114-10)
आपे दइआ करहु प्रभ दाते नानक अंकि समावै ॥४॥१॥

ਤੁਖਾਰੀ ਮਹਲਾ ੪ ॥ (1114-11)
तुखारी महला ४ ॥

ਹਰਿ ਹਰਿ ਅਗਮ ਅਗਾਧਿ ਅਪਰੰਪਰ ਅਪਰਪਰਾ ॥ (1114-11)
हरि हरि अगम अगाधि अपर्मपर अपरपरा ॥

ਜੋ ਤੁਮ ਧਿਆਵਹਿ ਜਗਦੀਸ ਤੇ ਜਨ ਭਉ ਬਿਖਮੁ ਤਰਾ ॥ (1114-11)
जो तुम धिआवहि जगदीस ते जन भउ बिखमु तरा ॥

ਬਿਖਮ ਭਉ ਤਿਨ ਤਰਿਆ ਸੁਹੇਲਾ ਜਿਨ ਹਰਿ ਹਰਿ ਨਾਮੁ ਧਿਆਇਆ ॥ (1114-12)
बिखम भउ तिन तरिआ सुहेला जिन हरि हरि नामु धिआइआ ॥

ਗੁਰ ਵਾਕਿ ਸਤਿਗੁਰ ਜੋ ਭਾਇ ਚਲੇ ਤਿਨ ਹਰਿ ਹਰਿ ਆਪਿ ਮਿਲਾਇਆ ॥ (1114-13)
गुर वाकि सतिगुर जो भाइ चले तिन हरि हरि आपि मिलाइआ ॥

ਜੋਤੀ ਜੋਤਿ ਮਿਲਿ ਜੋਤਿ ਸਮਾਣੀ ਹਰਿ ਕ੍ਰਿਪਾ ਕਰਿ ਧਰਣੀਧਰਾ ॥ (1114-13)
जोती जोति मिलि जोति समाणी हरि क्रिपा करि धरणीधरा ॥

ਹਰਿ ਹਰਿ ਅਗਮ ਅਗਾਧਿ ਅਪਰੰਪਰ ਅਪਰਪਰਾ ॥੧॥ (1114-14)
हरि हरि अगम अगाधि अपर्मपर अपरपरा ॥१॥

ਤੁਮ ਸੁਆਮੀ ਅਗਮ ਅਥਾਹ ਤੂ ਘਟਿ ਘਟਿ ਪੂਰਿ ਰਹਿਆ ॥ (1114-14)
तुम सुआमी अगम अथाह तू घटि घटि पूरि रहिआ ॥

ਤੂ ਅਲਖ ਅਭੇਉ ਅਗੰਮੁ ਗੁਰ ਸਤਿਗੁਰ ਬਚਨਿ ਲਹਿਆ ॥ (1114-15)
तू अलख अभेउ अगंमु गुर सतिगुर बचनि लहिआ ॥

ਧਨੁ ਧੰਨੁ ਤੇ ਜਨ ਪੁਰਖ ਪੂਰੇ ਜਿਨ ਗੁਰ ਸੰਤਸੰਗਤਿ ਮਿਲਿ ਗੁਣ ਰਵੇ ॥ (1114-15)
धनु धंनु ते जन पुरख पूरे जिन गुर संतसंगति मिलि गुण रवे ॥

ਬਿਬੇਕ ਬੁਧਿ ਬੀਚਾਰਿ ਗੁਰਮੁਖਿ ਗੁਰ ਸਬਦਿ ਖਿਨੁ ਖਿਨੁ ਹਰਿ ਨਿਤ ਚਵੇ ॥ (1114-16)
बिबेक बुधि बीचारि गुरमुखि गुर सबदि खिनु खिनु हरि नित चवे ॥

ਜਾ ਬਹਹਿ ਗੁਰਮੁਖਿ ਹਰਿ ਨਾਮੁ ਬੋਲਹਿ ਜਾ ਖੜੇ ਗੁਰਮੁਖਿ ਹਰਿ ਹਰਿ ਕਹਿਆ ॥ (1114-17)
जा बहहि गुरमुखि हरि नामु बोलहि जा खड़े गुरमुखि हरि हरि कहिआ ॥

ਤੁਮ ਸੁਆਮੀ ਅਗਮ ਅਥਾਹ ਤੂ ਘਟਿ ਘਟਿ ਪੂਰਿ ਰਹਿਆ ॥੨॥ (1114-18)
तुम सुआमी अगम अथाह तू घटि घटि पूरि रहिआ ॥२॥

ਸੇਵਕ ਜਨ ਸੇਵਹਿ ਤੇ ਪਰਵਾਣੁ ਜਿਨ ਸੇਵਿਆ ਗੁਰਮਤਿ ਹਰੇ ॥ (1114-18)
सेवक जन सेवहि ते परवाणु जिन सेविआ गुरमति हरे ॥

ਤਿਨ ਕੇ ਕੋਟਿ ਸਭਿ ਪਾਪ ਖਿਨੁ ਪਰਹਰਿ ਹਰਿ ਦੂਰਿ ਕਰੇ ॥ (1114-19)
तिन के कोटि सभि पाप खिनु परहरि हरि दूरि करे ॥

ਤਿਨ ਕੇ ਪਾਪ ਦੋਖ ਸਭਿ ਬਿਨਸੇ ਜਿਨ ਮਨਿ ਚਿਤਿ ਇਕੁ ਅਰਾਧਿਆ ॥ (1114-19)
तिन के पाप दोख सभि बिनसे जिन मनि चिति इकु अराधिआ ॥

ਤਿਨ ਕਾ ਜਨਮੁ ਸਫਲਿਓ ਸਭੁ ਕੀਆ ਕਰਤੈ ਜਿਨ ਗੁਰ ਬਚਨੀ ਸਚੁ ਭਾਖਿਆ ॥ (1115-1)
तिन का जनमु सफलिओ सभु कीआ करतै जिन गुर बचनी सचु भाखिआ ॥

ਤੇ ਧੰਨੁ ਜਨ ਵਡ ਪੁਰਖ ਪੂਰੇ ਜੋ ਗੁਰਮਤਿ ਹਰਿ ਜਪਿ ਭਉ ਬਿਖਮੁ ਤਰੇ ॥ (1115-2)
ते धंनु जन वड पुरख पूरे जो गुरमति हरि जपि भउ बिखमु तरे ॥

ਸੇਵਕ ਜਨ ਸੇਵਹਿ ਤੇ ਪਰਵਾਣੁ ਜਿਨ ਸੇਵਿਆ ਗੁਰਮਤਿ ਹਰੇ ॥੩॥ (1115-2)
सेवक जन सेवहि ते परवाणु जिन सेविआ गुरमति हरे ॥३॥

ਤੂ ਅੰਤਰਜਾਮੀ ਹਰਿ ਆਪਿ ਜਿਉ ਤੂ ਚਲਾਵਹਿ ਪਿਆਰੇ ਹਉ ਤਿਵੈ ਚਲਾ ॥ (1115-3)
तू अंतरजामी हरि आपि जिउ तू चलावहि पिआरे हउ तिवै चला ॥

ਹਮਰੈ ਹਾਥਿ ਕਿਛੁ ਨਾਹਿ ਜਾ ਤੂ ਮੇਲਹਿ ਤਾ ਹਉ ਆਇ ਮਿਲਾ ॥ (1115-3)
हमरै हाथि किछु नाहि जा तू मेलहि ता हउ आइ मिला ॥

ਜਿਨ ਕਉ ਤੂ ਹਰਿ ਮੇਲਹਿ ਸੁਆਮੀ ਸਭੁ ਤਿਨ ਕਾ ਲੇਖਾ ਛੁਟਕਿ ਗਇਆ ॥ (1115-4)
जिन कउ तू हरि मेलहि सुआमी सभु तिन का लेखा छुटकि गइआ ॥

ਤਿਨ ਕੀ ਗਣਤ ਨ ਕਰਿਅਹੁ ਕੋ ਭਾਈ ਜੋ ਗੁਰ ਬਚਨੀ ਹਰਿ ਮੇਲਿ ਲਇਆ ॥ (1115-5)
तिन की गणत न करिअहु को भाई जो गुर बचनी हरि मेलि लइआ ॥

ਨਾਨਕ ਦਇਆਲੁ ਹੋਆ ਤਿਨ ਊਪਰਿ ਜਿਨ ਗੁਰ ਕਾ ਭਾਣਾ ਮੰਨਿਆ ਭਲਾ ॥ (1115-5)
नानक दइआलु होआ तिन ऊपरि जिन गुर का भाणा मंनिआ भला ॥

ਤੂ ਅੰਤਰਜਾਮੀ ਹਰਿ ਆਪਿ ਜਿਉ ਤੂ ਚਲਾਵਹਿ ਪਿਆਰੇ ਹਉ ਤਿਵੈ ਚਲਾ ॥੪॥੨॥ (1115-6)
तू अंतरजामी हरि आपि जिउ तू चलावहि पिआरे हउ तिवै चला ॥४॥२॥

ਤੁਖਾਰੀ ਮਹਲਾ ੪ ॥ (1115-7)
तुखारी महला ४ ॥

ਤੂ ਜਗਜੀਵਨੁ ਜਗਦੀਸੁ ਸਭ ਕਰਤਾ ਸ੍ਰਿਸਟਿ ਨਾਥੁ ॥ (1115-7)
तू जगजीवनु जगदीसु सभ करता स्रिसटि नाथु ॥

ਤਿਨ ਤੂ ਧਿਆਇਆ ਮੇਰਾ ਰਾਮੁ ਜਿਨ ਕੈ ਧੁਰਿ ਲੇਖੁ ਮਾਥੁ ॥ (1115-8)
तिन तू धिआइआ मेरा रामु जिन कै धुरि लेखु माथु ॥

ਜਿਨ ਕਉ ਧੁਰਿ ਹਰਿ ਲਿਖਿਆ ਸੁਆਮੀ ਤਿਨ ਹਰਿ ਹਰਿ ਨਾਮੁ ਅਰਾਧਿਆ ॥ (1115-8)
जिन कउ धुरि हरि लिखिआ सुआमी तिन हरि हरि नामु अराधिआ ॥

ਤਿਨ ਕੇ ਪਾਪ ਇਕ ਨਿਮਖ ਸਭਿ ਲਾਥੇ ਜਿਨ ਗੁਰ ਬਚਨੀ ਹਰਿ ਜਾਪਿਆ ॥ (1115-9)
तिन के पाप इक निमख सभि लाथे जिन गुर बचनी हरि जापिआ ॥

ਧਨੁ ਧੰਨੁ ਤੇ ਜਨ ਜਿਨ ਹਰਿ ਨਾਮੁ ਜਪਿਆ ਤਿਨ ਦੇਖੇ ਹਉ ਭਇਆ ਸਨਾਥੁ ॥ (1115-10)
धनु धंनु ते जन जिन हरि नामु जपिआ तिन देखे हउ भइआ सनाथु ॥

ਤੂ ਜਗਜੀਵਨੁ ਜਗਦੀਸੁ ਸਭ ਕਰਤਾ ਸ੍ਰਿਸਟਿ ਨਾਥੁ ॥੧॥ (1115-10)
तू जगजीवनु जगदीसु सभ करता स्रिसटि नाथु ॥१॥

ਤੂ ਜਲਿ ਥਲਿ ਮਹੀਅਲਿ ਭਰਪੂਰਿ ਸਭ ਊਪਰਿ ਸਾਚੁ ਧਣੀ ॥ (1115-11)
तू जलि थलि महीअलि भरपूरि सभ ऊपरि साचु धणी ॥

ਜਿਨ ਜਪਿਆ ਹਰਿ ਮਨਿ ਚੀਤਿ ਹਰਿ ਜਪਿ ਜਪਿ ਮੁਕਤੁ ਘਣੀ ॥ (1115-11)
जिन जपिआ हरि मनि चीति हरि जपि जपि मुकतु घणी ॥

ਜਿਨ ਜਪਿਆ ਹਰਿ ਤੇ ਮੁਕਤ ਪ੍ਰਾਣੀ ਤਿਨ ਕੇ ਊਜਲ ਮੁਖ ਹਰਿ ਦੁਆਰਿ ॥ (1115-12)
जिन जपिआ हरि ते मुकत प्राणी तिन के ऊजल मुख हरि दुआरि ॥

ਓਇ ਹਲਤਿ ਪਲਤਿ ਜਨ ਭਏ ਸੁਹੇਲੇ ਹਰਿ ਰਾਖਿ ਲੀਏ ਰਖਨਹਾਰਿ ॥ (1115-13)
ओइ हलति पलति जन भए सुहेले हरि राखि लीए रखनहारि ॥

ਹਰਿ ਸੰਤਸੰਗਤਿ ਜਨ ਸੁਣਹੁ ਭਾਈ ਗੁਰਮੁਖਿ ਹਰਿ ਸੇਵਾ ਸਫਲ ਬਣੀ ॥ (1115-13)
हरि संतसंगति जन सुणहु भाई गुरमुखि हरि सेवा सफल बणी ॥

ਤੂ ਜਲਿ ਥਲਿ ਮਹੀਅਲਿ ਭਰਪੂਰਿ ਸਭ ਊਪਰਿ ਸਾਚੁ ਧਣੀ ॥੨॥ (1115-14)
तू जलि थलि महीअलि भरपूरि सभ ऊपरि साचु धणी ॥२॥

ਤੂ ਥਾਨ ਥਨੰਤਰਿ ਹਰਿ ਏਕੁ ਹਰਿ ਏਕੋ ਏਕੁ ਰਵਿਆ ॥ (1115-15)
तू थान थनंतरि हरि एकु हरि एको एकु रविआ ॥

ਵਣਿ ਤ੍ਰਿਣਿ ਤ੍ਰਿਭਵਣਿ ਸਭ ਸ੍ਰਿਸਟਿ ਮੁਖਿ ਹਰਿ ਹਰਿ ਨਾਮੁ ਚਵਿਆ ॥ (1115-15)
वणि त्रिणि त्रिभवणि सभ स्रिसटि मुखि हरि हरि नामु चविआ ॥

ਸਭਿ ਚਵਹਿ ਹਰਿ ਹਰਿ ਨਾਮੁ ਕਰਤੇ ਅਸੰਖ ਅਗਣਤ ਹਰਿ ਧਿਆਵਏ ॥ (1115-16)
सभि चवहि हरि हरि नामु करते असंख अगणत हरि धिआवए ॥

ਸੋ ਧੰਨੁ ਧਨੁ ਹਰਿ ਸੰਤੁ ਸਾਧੂ ਜੋ ਹਰਿ ਪ੍ਰਭ ਕਰਤੇ ਭਾਵਏ ॥ (1115-16)
सो धंनु धनु हरि संतु साधू जो हरि प्रभ करते भावए ॥

ਸੋ ਸਫਲੁ ਦਰਸਨੁ ਦੇਹੁ ਕਰਤੇ ਜਿਸੁ ਹਰਿ ਹਿਰਦੈ ਨਾਮੁ ਸਦ ਚਵਿਆ ॥ (1115-17)
सो सफलु दरसनु देहु करते जिसु हरि हिरदै नामु सद चविआ ॥

ਤੂ ਥਾਨ ਥਨੰਤਰਿ ਹਰਿ ਏਕੁ ਹਰਿ ਏਕੋ ਏਕੁ ਰਵਿਆ ॥੩॥ (1115-18)
तू थान थनंतरि हरि एकु हरि एको एकु रविआ ॥३॥

ਤੇਰੀ ਭਗਤਿ ਭੰਡਾਰ ਅਸੰਖ ਜਿਸੁ ਤੂ ਦੇਵਹਿ ਮੇਰੇ ਸੁਆਮੀ ਤਿਸੁ ਮਿਲਹਿ ॥ (1115-18)
तेरी भगति भंडार असंख जिसु तू देवहि मेरे सुआमी तिसु मिलहि ॥

ਜਿਸ ਕੈ ਮਸਤਕਿ ਗੁਰ ਹਾਥੁ ਤਿਸੁ ਹਿਰਦੈ ਹਰਿ ਗੁਣ ਟਿਕਹਿ ॥ (1115-19)
जिस कै मसतकि गुर हाथु तिसु हिरदै हरि गुण टिकहि ॥

ਹਰਿ ਗੁਣ ਹਿਰਦੈ ਟਿਕਹਿ ਤਿਸ ਕੈ ਜਿਸੁ ਅੰਤਰਿ ਭਉ ਭਾਵਨੀ ਹੋਈ ॥ (1115-19)
हरि गुण हिरदै टिकहि तिस कै जिसु अंतरि भउ भावनी होई ॥

ਬਿਨੁ ਭੈ ਕਿਨੈ ਨ ਪ੍ਰੇਮੁ ਪਾਇਆ ਬਿਨੁ ਭੈ ਪਾਰਿ ਨ ਉਤਰਿਆ ਕੋਈ ॥ (1116-1)
बिनु भै किनै न प्रेमु पाइआ बिनु भै पारि न उतरिआ कोई ॥

ਭਉ ਭਾਉ ਪ੍ਰੀਤਿ ਨਾਨਕ ਤਿਸਹਿ ਲਾਗੈ ਜਿਸੁ ਤੂ ਆਪਣੀ ਕਿਰਪਾ ਕਰਹਿ ॥ (1116-2)
भउ भाउ प्रीति नानक तिसहि लागै जिसु तू आपणी किरपा करहि ॥

ਤੇਰੀ ਭਗਤਿ ਭੰਡਾਰ ਅਸੰਖ ਜਿਸੁ ਤੂ ਦੇਵਹਿ ਮੇਰੇ ਸੁਆਮੀ ਤਿਸੁ ਮਿਲਹਿ ॥੪॥੩॥ (1116-2)
तेरी भगति भंडार असंख जिसु तू देवहि मेरे सुआमी तिसु मिलहि ॥४॥३॥

ਤੁਖਾਰੀ ਮਹਲਾ ੪ ॥ (1116-3)
तुखारी महला ४ ॥

ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ ॥ (1116-3)
नावणु पुरबु अभीचु गुर सतिगुर दरसु भइआ ॥

ਦੁਰਮਤਿ ਮੈਲੁ ਹਰੀ ਅਗਿਆਨੁ ਅੰਧੇਰੁ ਗਇਆ ॥ (1116-4)
दुरमति मैलु हरी अगिआनु अंधेरु गइआ ॥

ਗੁਰ ਦਰਸੁ ਪਾਇਆ ਅਗਿਆਨੁ ਗਵਾਇਆ ਅੰਤਰਿ ਜੋਤਿ ਪ੍ਰਗਾਸੀ ॥ (1116-4)
गुर दरसु पाइआ अगिआनु गवाइआ अंतरि जोति प्रगासी ॥

ਜਨਮ ਮਰਣ ਦੁਖ ਖਿਨ ਮਹਿ ਬਿਨਸੇ ਹਰਿ ਪਾਇਆ ਪ੍ਰਭੁ ਅਬਿਨਾਸੀ ॥ (1116-5)
जनम मरण दुख खिन महि बिनसे हरि पाइआ प्रभु अबिनासी ॥

ਹਰਿ ਆਪਿ ਕਰਤੈ ਪੁਰਬੁ ਕੀਆ ਸਤਿਗੁਰੂ ਕੁਲਖੇਤਿ ਨਾਵਣਿ ਗਇਆ ॥ (1116-6)
हरि आपि करतै पुरबु कीआ सतिगुरू कुलखेति नावणि गइआ ॥

ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ ॥੧॥ (1116-6)
नावणु पुरबु अभीचु गुर सतिगुर दरसु भइआ ॥१॥

ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ ॥ (1116-7)
मारगि पंथि चले गुर सतिगुर संगि सिखा ॥

ਅਨਦਿਨੁ ਭਗਤਿ ਬਣੀ ਖਿਨੁ ਖਿਨੁ ਨਿਮਖ ਵਿਖਾ ॥ (1116-7)
अनदिनु भगति बणी खिनु खिनु निमख विखा ॥

ਹਰਿ ਹਰਿ ਭਗਤਿ ਬਣੀ ਪ੍ਰਭ ਕੇਰੀ ਸਭੁ ਲੋਕੁ ਵੇਖਣਿ ਆਇਆ ॥ (1116-8)
हरि हरि भगति बणी प्रभ केरी सभु लोकु वेखणि आइआ ॥

ਜਿਨ ਦਰਸੁ ਸਤਿਗੁਰ ਗੁਰੂ ਕੀਆ ਤਿਨ ਆਪਿ ਹਰਿ ਮੇਲਾਇਆ ॥ (1116-8)
जिन दरसु सतिगुर गुरू कीआ तिन आपि हरि मेलाइआ ॥

ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ ॥ (1116-9)
तीरथ उदमु सतिगुरू कीआ सभ लोक उधरण अरथा ॥

ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ ॥੨॥ (1116-10)
मारगि पंथि चले गुर सतिगुर संगि सिखा ॥२॥

ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ ॥ (1116-10)
प्रथम आए कुलखेति गुर सतिगुर पुरबु होआ ॥

ਖਬਰਿ ਭਈ ਸੰਸਾਰਿ ਆਏ ਤ੍ਰੈ ਲੋਆ ॥ (1116-11)
खबरि भई संसारि आए त्रै लोआ ॥

ਦੇਖਣਿ ਆਏ ਤੀਨਿ ਲੋਕ ਸੁਰਿ ਨਰ ਮੁਨਿ ਜਨ ਸਭਿ ਆਇਆ ॥ (1116-11)
देखणि आए तीनि लोक सुरि नर मुनि जन सभि आइआ ॥

ਜਿਨ ਪਰਸਿਆ ਗੁਰੁ ਸਤਿਗੁਰੂ ਪੂਰਾ ਤਿਨ ਕੇ ਕਿਲਵਿਖ ਨਾਸ ਗਵਾਇਆ ॥ (1116-11)
जिन परसिआ गुरु सतिगुरू पूरा तिन के किलविख नास गवाइआ ॥

ਜੋਗੀ ਦਿਗੰਬਰ ਸੰਨਿਆਸੀ ਖਟੁ ਦਰਸਨ ਕਰਿ ਗਏ ਗੋਸਟਿ ਢੋਆ ॥ (1116-12)
जोगी दिग्मबर संनिआसी खटु दरसन करि गए गोसटि ढोआ ॥

ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ ॥੩॥ (1116-13)
प्रथम आए कुलखेति गुर सतिगुर पुरबु होआ ॥३॥

ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ ॥ (1116-13)
दुतीआ जमुन गए गुरि हरि हरि जपनु कीआ ॥

ਜਾਗਾਤੀ ਮਿਲੇ ਦੇ ਭੇਟ ਗੁਰ ਪਿਛੈ ਲੰਘਾਇ ਦੀਆ ॥ (1116-14)
जागाती मिले दे भेट गुर पिछै लंघाइ दीआ ॥

ਸਭ ਛੁਟੀ ਸਤਿਗੁਰੂ ਪਿਛੈ ਜਿਨਿ ਹਰਿ ਹਰਿ ਨਾਮੁ ਧਿਆਇਆ ॥ (1116-14)
सभ छुटी सतिगुरू पिछै जिनि हरि हरि नामु धिआइआ ॥

ਗੁਰ ਬਚਨਿ ਮਾਰਗਿ ਜੋ ਪੰਥਿ ਚਾਲੇ ਤਿਨ ਜਮੁ ਜਾਗਾਤੀ ਨੇੜਿ ਨ ਆਇਆ ॥ (1116-15)
गुर बचनि मारगि जो पंथि चाले तिन जमु जागाती नेड़ि न आइआ ॥

ਸਭ ਗੁਰੂ ਗੁਰੂ ਜਗਤੁ ਬੋਲੈ ਗੁਰ ਕੈ ਨਾਇ ਲਇਐ ਸਭਿ ਛੁਟਕਿ ਗਇਆ ॥ (1116-16)
सभ गुरू गुरू जगतु बोलै गुर कै नाइ लइऐ सभि छुटकि गइआ ॥

ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ ॥੪॥ (1116-17)
दुतीआ जमुन गए गुरि हरि हरि जपनु कीआ ॥४॥

ਤ੍ਰਿਤੀਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ ॥ (1116-17)
त्रितीआ आए सुरसरी तह कउतकु चलतु भइआ ॥

ਸਭ ਮੋਹੀ ਦੇਖਿ ਦਰਸਨੁ ਗੁਰ ਸੰਤ ਕਿਨੈ ਆਢੁ ਨ ਦਾਮੁ ਲਇਆ ॥ (1116-18)
सभ मोही देखि दरसनु गुर संत किनै आढु न दामु लइआ ॥

ਆਢੁ ਦਾਮੁ ਕਿਛੁ ਪਇਆ ਨ ਬੋਲਕ ਜਾਗਾਤੀਆ ਮੋਹਣ ਮੁੰਦਣਿ ਪਈ ॥ (1116-18)
आढु दामु किछु पइआ न बोलक जागातीआ मोहण मुंदणि पई ॥

ਭਾਈ ਹਮ ਕਰਹ ਕਿਆ ਕਿਸੁ ਪਾਸਿ ਮਾਂਗਹ ਸਭ ਭਾਗਿ ਸਤਿਗੁਰ ਪਿਛੈ ਪਈ ॥ (1116-19)
भाई हम करह किआ किसु पासि मांगह सभ भागि सतिगुर पिछै पई ॥

ਜਾਗਾਤੀਆ ਉਪਾਵ ਸਿਆਣਪ ਕਰਿ ਵੀਚਾਰੁ ਡਿਠਾ ਭੰਨਿ ਬੋਲਕਾ ਸਭਿ ਉਠਿ ਗਇਆ ॥ (1117-1)
जागातीआ उपाव सिआणप करि वीचारु डिठा भंनि बोलका सभि उठि गइआ ॥

ਤ੍ਰਿਤੀਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ ॥੫॥ (1117-2)
त्रितीआ आए सुरसरी तह कउतकु चलतु भइआ ॥५॥

ਮਿਲਿ ਆਏ ਨਗਰ ਮਹਾ ਜਨਾ ਗੁਰ ਸਤਿਗੁਰ ਓਟ ਗਹੀ ॥ (1117-2)
मिलि आए नगर महा जना गुर सतिगुर ओट गही ॥

ਗੁਰੁ ਸਤਿਗੁਰੁ ਗੁਰੁ ਗੋਵਿਦੁ ਪੁਛਿ ਸਿਮ੍ਰਿਤਿ ਕੀਤਾ ਸਹੀ ॥ (1117-3)
गुरु सतिगुरु गुरु गोविदु पुछि सिम्रिति कीता सही ॥

ਸਿਮ੍ਰਿਤਿ ਸਾਸਤ੍ਰ ਸਭਨੀ ਸਹੀ ਕੀਤਾ ਸੁਕਿ ਪ੍ਰਹਿਲਾਦਿ ਸ੍ਰੀਰਾਮਿ ਕਰਿ ਗੁਰ ਗੋਵਿਦੁ ਧਿਆਇਆ ॥ (1117-3)
सिम्रिति सासत्र सभनी सही कीता सुकि प्रहिलादि स्रीरामि करि गुर गोविदु धिआइआ ॥

ਦੇਹੀ ਨਗਰਿ ਕੋਟਿ ਪੰਚ ਚੋਰ ਵਟਵਾਰੇ ਤਿਨ ਕਾ ਥਾਉ ਥੇਹੁ ਗਵਾਇਆ ॥ (1117-4)
देही नगरि कोटि पंच चोर वटवारे तिन का थाउ थेहु गवाइआ ॥

ਕੀਰਤਨ ਪੁਰਾਣ ਨਿਤ ਪੁੰਨ ਹੋਵਹਿ ਗੁਰ ਬਚਨਿ ਨਾਨਕਿ ਹਰਿ ਭਗਤਿ ਲਹੀ ॥ (1117-5)
कीरतन पुराण नित पुंन होवहि गुर बचनि नानकि हरि भगति लही ॥

ਮਿਲਿ ਆਏ ਨਗਰ ਮਹਾ ਜਨਾ ਗੁਰ ਸਤਿਗੁਰ ਓਟ ਗਹੀ ॥੬॥੪॥੧੦॥ (1117-6)
मिलि आए नगर महा जना गुर सतिगुर ओट गही ॥६॥४॥१०॥

ਤੁਖਾਰੀ ਛੰਤ ਮਹਲਾ ੫ (1117-7)
तुखारी छंत महला ५

ੴ ਸਤਿਗੁਰ ਪ੍ਰਸਾਦਿ ॥ (1117-7)
ੴ सतिगुर प्रसादि ॥

ਘੋਲਿ ਘੁਮਾਈ ਲਾਲਨਾ ਗੁਰਿ ਮਨੁ ਦੀਨਾ ॥ (1117-8)
घोलि घुमाई लालना गुरि मनु दीना ॥

ਸੁਣਿ ਸਬਦੁ ਤੁਮਾਰਾ ਮੇਰਾ ਮਨੁ ਭੀਨਾ ॥ (1117-8)
सुणि सबदु तुमारा मेरा मनु भीना ॥

ਇਹੁ ਮਨੁ ਭੀਨਾ ਜਿਉ ਜਲ ਮੀਨਾ ਲਾਗਾ ਰੰਗੁ ਮੁਰਾਰਾ ॥ (1117-8)
इहु मनु भीना जिउ जल मीना लागा रंगु मुरारा ॥

ਕੀਮਤਿ ਕਹੀ ਨ ਜਾਈ ਠਾਕੁਰ ਤੇਰਾ ਮਹਲੁ ਅਪਾਰਾ ॥ (1117-9)
कीमति कही न जाई ठाकुर तेरा महलु अपारा ॥

ਸਗਲ ਗੁਣਾ ਕੇ ਦਾਤੇ ਸੁਆਮੀ ਬਿਨਉ ਸੁਨਹੁ ਇਕ ਦੀਨਾ ॥ (1117-9)
सगल गुणा के दाते सुआमी बिनउ सुनहु इक दीना ॥

ਦੇਹੁ ਦਰਸੁ ਨਾਨਕ ਬਲਿਹਾਰੀ ਜੀਅੜਾ ਬਲਿ ਬਲਿ ਕੀਨਾ ॥੧॥ (1117-10)
देहु दरसु नानक बलिहारी जीअड़ा बलि बलि कीना ॥१॥

ਇਹੁ ਤਨੁ ਮਨੁ ਤੇਰਾ ਸਭਿ ਗੁਣ ਤੇਰੇ ॥ (1117-10)
इहु तनु मनु तेरा सभि गुण तेरे ॥

ਖੰਨੀਐ ਵੰਞਾ ਦਰਸਨ ਤੇਰੇ ॥ (1117-11)
खंनीऐ वंञा दरसन तेरे ॥

ਦਰਸਨ ਤੇਰੇ ਸੁਣਿ ਪ੍ਰਭ ਮੇਰੇ ਨਿਮਖ ਦ੍ਰਿਸਟਿ ਪੇਖਿ ਜੀਵਾ ॥ (1117-11)
दरसन तेरे सुणि प्रभ मेरे निमख द्रिसटि पेखि जीवा ॥

ਅੰਮ੍ਰਿਤ ਨਾਮੁ ਸੁਨੀਜੈ ਤੇਰਾ ਕਿਰਪਾ ਕਰਹਿ ਤ ਪੀਵਾ ॥ (1117-12)
अमृत नामु सुनीजै तेरा किरपा करहि त पीवा ॥

ਆਸ ਪਿਆਸੀ ਪਿਰ ਕੈ ਤਾਈ ਜਿਉ ਚਾਤ੍ਰਿਕੁ ਬੂੰਦੇਰੇ ॥ (1117-12)
आस पिआसी पिर कै ताई जिउ चात्रिकु बूंदेरे ॥

ਕਹੁ ਨਾਨਕ ਜੀਅੜਾ ਬਲਿਹਾਰੀ ਦੇਹੁ ਦਰਸੁ ਪ੍ਰਭ ਮੇਰੇ ॥੨॥ (1117-13)
कहु नानक जीअड़ा बलिहारी देहु दरसु प्रभ मेरे ॥२॥

ਤੂ ਸਾਚਾ ਸਾਹਿਬੁ ਸਾਹੁ ਅਮਿਤਾ ॥ (1117-13)
तू साचा साहिबु साहु अमिता ॥

ਤੂ ਪ੍ਰੀਤਮੁ ਪਿਆਰਾ ਪ੍ਰਾਨ ਹਿਤ ਚਿਤਾ ॥ (1117-14)
तू प्रीतमु पिआरा प्रान हित चिता ॥

ਪ੍ਰਾਨ ਸੁਖਦਾਤਾ ਗੁਰਮੁਖਿ ਜਾਤਾ ਸਗਲ ਰੰਗ ਬਨਿ ਆਏ ॥ (1117-14)
प्रान सुखदाता गुरमुखि जाता सगल रंग बनि आए ॥

ਸੋਈ ਕਰਮੁ ਕਮਾਵੈ ਪ੍ਰਾਣੀ ਜੇਹਾ ਤੂ ਫੁਰਮਾਏ ॥ (1117-15)
सोई करमु कमावै प्राणी जेहा तू फुरमाए ॥

ਜਾ ਕਉ ਕ੍ਰਿਪਾ ਕਰੀ ਜਗਦੀਸੁਰਿ ਤਿਨਿ ਸਾਧਸੰਗਿ ਮਨੁ ਜਿਤਾ ॥ (1117-15)
जा कउ क्रिपा करी जगदीसुरि तिनि साधसंगि मनु जिता ॥

ਕਹੁ ਨਾਨਕ ਜੀਅੜਾ ਬਲਿਹਾਰੀ ਜੀਉ ਪਿੰਡੁ ਤਉ ਦਿਤਾ ॥੩॥ (1117-16)
कहु नानक जीअड़ा बलिहारी जीउ पिंडु तउ दिता ॥३॥

ਨਿਰਗੁਣੁ ਰਾਖਿ ਲੀਆ ਸੰਤਨ ਕਾ ਸਦਕਾ ॥ (1117-16)
निरगुणु राखि लीआ संतन का सदका ॥

ਸਤਿਗੁਰਿ ਢਾਕਿ ਲੀਆ ਮੋਹਿ ਪਾਪੀ ਪੜਦਾ ॥ (1117-17)
सतिगुरि ढाकि लीआ मोहि पापी पड़दा ॥

ਢਾਕਨਹਾਰੇ ਪ੍ਰਭੂ ਹਮਾਰੇ ਜੀਅ ਪ੍ਰਾਨ ਸੁਖਦਾਤੇ ॥ (1117-17)
ढाकनहारे प्रभू हमारे जीअ प्रान सुखदाते ॥

ਅਬਿਨਾਸੀ ਅਬਿਗਤ ਸੁਆਮੀ ਪੂਰਨ ਪੁਰਖ ਬਿਧਾਤੇ ॥ (1117-18)
अबिनासी अबिगत सुआमी पूरन पुरख बिधाते ॥

ਉਸਤਤਿ ਕਹਨੁ ਨ ਜਾਇ ਤੁਮਾਰੀ ਕਉਣੁ ਕਹੈ ਤੂ ਕਦ ਕਾ ॥ (1117-18)
उसतति कहनु न जाइ तुमारी कउणु कहै तू कद का ॥

ਨਾਨਕ ਦਾਸੁ ਤਾ ਕੈ ਬਲਿਹਾਰੀ ਮਿਲੈ ਨਾਮੁ ਹਰਿ ਨਿਮਕਾ ॥੪॥੧॥੧੧॥ (1117-19)
नानक दासु ता कै बलिहारी मिलै नामु हरि निमका ॥४॥१॥११॥

ਕੇਦਾਰਾ ਮਹਲਾ ੪ ਘਰੁ ੧ (1118-1)
केदारा महला ४ घरु १

ੴ ਸਤਿਗੁਰ ਪ੍ਰਸਾਦਿ ॥ (1118-2)
ੴ सतिगुर प्रसादि ॥

ਮੇਰੇ ਮਨ ਰਾਮ ਨਾਮ ਨਿਤ ਗਾਵੀਐ ਰੇ ॥ (1118-3)
मेरे मन राम नाम नित गावीऐ रे ॥

ਅਗਮ ਅਗੋਚਰੁ ਨ ਜਾਈ ਹਰਿ ਲਖਿਆ ਗੁਰੁ ਪੂਰਾ ਮਿਲੈ ਲਖਾਵੀਐ ਰੇ ॥ ਰਹਾਉ ॥ (1118-3)
अगम अगोचरु न जाई हरि लखिआ गुरु पूरा मिलै लखावीऐ रे ॥ रहाउ ॥

ਜਿਸੁ ਆਪੇ ਕਿਰਪਾ ਕਰੇ ਮੇਰਾ ਸੁਆਮੀ ਤਿਸੁ ਜਨ ਕਉ ਹਰਿ ਲਿਵ ਲਾਵੀਐ ਰੇ ॥ (1118-4)
जिसु आपे किरपा करे मेरा सुआमी तिसु जन कउ हरि लिव लावीऐ रे ॥

ਸਭੁ ਕੋ ਭਗਤਿ ਕਰੇ ਹਰਿ ਕੇਰੀ ਹਰਿ ਭਾਵੈ ਸੋ ਥਾਇ ਪਾਵੀਐ ਰੇ ॥੧॥ (1118-4)
सभु को भगति करे हरि केरी हरि भावै सो थाइ पावीऐ रे ॥१॥

ਹਰਿ ਹਰਿ ਨਾਮੁ ਅਮੋਲਕੁ ਹਰਿ ਪਹਿ ਹਰਿ ਦੇਵੈ ਤਾ ਨਾਮੁ ਧਿਆਵੀਐ ਰੇ ॥ (1118-5)
हरि हरि नामु अमोलकु हरि पहि हरि देवै ता नामु धिआवीऐ रे ॥

ਜਿਸ ਨੋ ਨਾਮੁ ਦੇਇ ਮੇਰਾ ਸੁਆਮੀ ਤਿਸੁ ਲੇਖਾ ਸਭੁ ਛਡਾਵੀਐ ਰੇ ॥੨॥ (1118-6)
जिस नो नामु देइ मेरा सुआमी तिसु लेखा सभु छडावीऐ रे ॥२॥

ਹਰਿ ਨਾਮੁ ਅਰਾਧਹਿ ਸੇ ਧੰਨੁ ਜਨ ਕਹੀਅਹਿ ਤਿਨ ਮਸਤਕਿ ਭਾਗੁ ਧੁਰਿ ਲਿਖਿ ਪਾਵੀਐ ਰੇ ॥ (1118-6)
हरि नामु अराधहि से धंनु जन कहीअहि तिन मसतकि भागु धुरि लिखि पावीऐ रे ॥

ਤਿਨ ਦੇਖੇ ਮੇਰਾ ਮਨੁ ਬਿਗਸੈ ਜਿਉ ਸੁਤੁ ਮਿਲਿ ਮਾਤ ਗਲਿ ਲਾਵੀਐ ਰੇ ॥੩॥ (1118-7)
तिन देखे मेरा मनु बिगसै जिउ सुतु मिलि मात गलि लावीऐ रे ॥३॥

ਹਮ ਬਾਰਿਕ ਹਰਿ ਪਿਤਾ ਪ੍ਰਭ ਮੇਰੇ ਮੋ ਕਉ ਦੇਹੁ ਮਤੀ ਜਿਤੁ ਹਰਿ ਪਾਵੀਐ ਰੇ ॥ (1118-8)
हम बारिक हरि पिता प्रभ मेरे मो कउ देहु मती जितु हरि पावीऐ रे ॥

ਜਿਉ ਬਛੁਰਾ ਦੇਖਿ ਗਊ ਸੁਖੁ ਮਾਨੈ ਤਿਉ ਨਾਨਕ ਹਰਿ ਗਲਿ ਲਾਵੀਐ ਰੇ ॥੪॥੧॥ (1118-9)
जिउ बछुरा देखि गऊ सुखु मानै तिउ नानक हरि गलि लावीऐ रे ॥४॥१॥

ਕੇਦਾਰਾ ਮਹਲਾ ੪ ਘਰੁ ੧ (1118-10)
केदारा महला ४ घरु १

ੴ ਸਤਿਗੁਰ ਪ੍ਰਸਾਦਿ ॥ (1118-10)
ੴ सतिगुर प्रसादि ॥

ਮੇਰੇ ਮਨ ਹਰਿ ਹਰਿ ਗੁਨ ਕਹੁ ਰੇ ॥ (1118-11)
मेरे मन हरि हरि गुन कहु रे ॥

ਸਤਿਗੁਰੂ ਕੇ ਚਰਨ ਧੋਇ ਧੋਇ ਪੂਜਹੁ ਇਨ ਬਿਧਿ ਮੇਰਾ ਹਰਿ ਪ੍ਰਭੁ ਲਹੁ ਰੇ ॥ ਰਹਾਉ ॥ (1118-11)
सतिगुरू के चरन धोइ धोइ पूजहु इन बिधि मेरा हरि प्रभु लहु रे ॥ रहाउ ॥

ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਬਿਖੈ ਰਸ ਇਨ ਸੰਗਤਿ ਤੇ ਤੂ ਰਹੁ ਰੇ ॥ (1118-12)
कामु क्रोधु लोभु मोहु अभिमानु बिखै रस इन संगति ते तू रहु रे ॥

ਮਿਲਿ ਸਤਸੰਗਤਿ ਕੀਜੈ ਹਰਿ ਗੋਸਟਿ ਸਾਧੂ ਸਿਉ ਗੋਸਟਿ ਹਰਿ ਪ੍ਰੇਮ ਰਸਾਇਣੁ ਰਾਮ ਨਾਮੁ ਰਸਾਇਣੁ ਹਰਿ ਰਾਮ ਨਾਮ ਰਾਮ ਰਮਹੁ ਰੇ ॥੧॥ (1118-12)
मिलि सतसंगति कीजै हरि गोसटि साधू सिउ गोसटि हरि प्रेम रसाइणु राम नामु रसाइणु हरि राम नाम राम रमहु रे ॥१॥

ਅੰਤਰ ਕਾ ਅਭਿਮਾਨੁ ਜੋਰੁ ਤੂ ਕਿਛੁ ਕਿਛੁ ਕਿਛੁ ਜਾਨਤਾ ਇਹੁ ਦੂਰਿ ਕਰਹੁ ਆਪਨ ਗਹੁ ਰੇ ॥ (1119-1)
अंतर का अभिमानु जोरु तू किछु किछु किछु जानता इहु दूरि करहु आपन गहु रे ॥

ਜਨ ਨਾਨਕ ਕਉ ਹਰਿ ਦਇਆਲ ਹੋਹੁ ਸੁਆਮੀ ਹਰਿ ਸੰਤਨ ਕੀ ਧੂਰਿ ਕਰਿ ਹਰੇ ॥੨॥੧॥੨॥ (1119-1)
जन नानक कउ हरि दइआल होहु सुआमी हरि संतन की धूरि करि हरे ॥२॥१॥२॥

ਕੇਦਾਰਾ ਮਹਲਾ ੫ ਘਰੁ ੨ (1119-3)
केदारा महला ५ घरु २

ੴ ਸਤਿਗੁਰ ਪ੍ਰਸਾਦਿ ॥ (1119-3)
ੴ सतिगुर प्रसादि ॥

ਮਾਈ ਸੰਤਸੰਗਿ ਜਾਗੀ ॥ (1119-4)
माई संतसंगि जागी ॥

ਪ੍ਰਿਅ ਰੰਗ ਦੇਖੈ ਜਪਤੀ ਨਾਮੁ ਨਿਧਾਨੀ ॥ ਰਹਾਉ ॥ (1119-4)
प्रिअ रंग देखै जपती नामु निधानी ॥ रहाउ ॥

ਦਰਸਨ ਪਿਆਸ ਲੋਚਨ ਤਾਰ ਲਾਗੀ ॥ (1119-4)
दरसन पिआस लोचन तार लागी ॥

ਬਿਸਰੀ ਤਿਆਸ ਬਿਡਾਨੀ ॥੧॥ (1119-5)
बिसरी तिआस बिडानी ॥१॥

ਅਬ ਗੁਰੁ ਪਾਇਓ ਹੈ ਸਹਜ ਸੁਖਦਾਇਕ ਦਰਸਨੁ ਪੇਖਤ ਮਨੁ ਲਪਟਾਨੀ ॥ (1119-5)
अब गुरु पाइओ है सहज सुखदाइक दरसनु पेखत मनु लपटानी ॥

ਦੇਖਿ ਦਮੋਦਰ ਰਹਸੁ ਮਨਿ ਉਪਜਿਓ ਨਾਨਕ ਪ੍ਰਿਅ ਅੰਮ੍ਰਿਤ ਬਾਨੀ ॥੨॥੧॥ (1119-6)
देखि दमोदर रहसु मनि उपजिओ नानक प्रिअ अमृत बानी ॥२॥१॥

ਕੇਦਾਰਾ ਮਹਲਾ ੫ ਘਰੁ ੩ (1119-7)
केदारा महला ५ घरु ३

ੴ ਸਤਿਗੁਰ ਪ੍ਰਸਾਦਿ ॥ (1119-7)
ੴ सतिगुर प्रसादि ॥

ਦੀਨ ਬਿਨਉ ਸੁਨੁ ਦਇਆਲ ॥ (1119-8)
दीन बिनउ सुनु दइआल ॥

ਪੰਚ ਦਾਸ ਤੀਨਿ ਦੋਖੀ ਏਕ ਮਨੁ ਅਨਾਥ ਨਾਥ ॥ (1119-8)
पंच दास तीनि दोखी एक मनु अनाथ नाथ ॥

ਰਾਖੁ ਹੋ ਕਿਰਪਾਲ ॥ ਰਹਾਉ ॥ (1119-8)
राखु हो किरपाल ॥ रहाउ ॥

ਅਨਿਕ ਜਤਨ ਗਵਨੁ ਕਰਉ ॥ (1119-9)
अनिक जतन गवनु करउ ॥

ਖਟੁ ਕਰਮ ਜੁਗਤਿ ਧਿਆਨੁ ਧਰਉ ॥ (1119-9)
खटु करम जुगति धिआनु धरउ ॥

ਉਪਾਵ ਸਗਲ ਕਰਿ ਹਾਰਿਓ ਨਹ ਨਹ ਹੁਟਹਿ ਬਿਕਰਾਲ ॥੧॥ (1119-9)
उपाव सगल करि हारिओ नह नह हुटहि बिकराल ॥१॥

ਸਰਣਿ ਬੰਦਨ ਕਰੁਣਾ ਪਤੇ ॥ (1119-10)
सरणि बंदन करुणा पते ॥

ਭਵ ਹਰਣ ਹਰਿ ਹਰਿ ਹਰਿ ਹਰੇ ॥ (1119-10)
भव हरण हरि हरि हरि हरे ॥

ਏਕ ਤੂਹੀ ਦੀਨ ਦਇਆਲ ॥ (1119-11)
एक तूही दीन दइआल ॥

ਪ੍ਰਭ ਚਰਨ ਨਾਨਕ ਆਸਰੋ ॥ (1119-11)
प्रभ चरन नानक आसरो ॥

ਉਧਰੇ ਭ੍ਰਮ ਮੋਹ ਸਾਗਰ ॥ (1119-11)
उधरे भ्रम मोह सागर ॥

ਲਗਿ ਸੰਤਨਾ ਪਗ ਪਾਲ ॥੨॥੧॥੨॥ (1119-11)
लगि संतना पग पाल ॥२॥१॥२॥

ਕੇਦਾਰਾ ਮਹਲਾ ੫ ਘਰੁ ੪ (1119-13)
केदारा महला ५ घरु ४

ੴ ਸਤਿਗੁਰ ਪ੍ਰਸਾਦਿ ॥ (1119-13)
ੴ सतिगुर प्रसादि ॥

ਸਰਨੀ ਆਇਓ ਨਾਥ ਨਿਧਾਨ ॥ (1119-14)
सरनी आइओ नाथ निधान ॥

ਨਾਮ ਪ੍ਰੀਤਿ ਲਾਗੀ ਮਨ ਭੀਤਰਿ ਮਾਗਨ ਕਉ ਹਰਿ ਦਾਨ ॥੧॥ ਰਹਾਉ ॥ (1119-14)
नाम प्रीति लागी मन भीतरि मागन कउ हरि दान ॥१॥ रहाउ ॥

ਸੁਖਦਾਈ ਪੂਰਨ ਪਰਮੇਸੁਰ ਕਰਿ ਕਿਰਪਾ ਰਾਖਹੁ ਮਾਨ ॥ (1119-15)
सुखदाई पूरन परमेसुर करि किरपा राखहु मान ॥

ਦੇਹੁ ਪ੍ਰੀਤਿ ਸਾਧੂ ਸੰਗਿ ਸੁਆਮੀ ਹਰਿ ਗੁਨ ਰਸਨ ਬਖਾਨ ॥੧॥ (1119-15)
देहु प्रीति साधू संगि सुआमी हरि गुन रसन बखान ॥१॥

ਗੋਪਾਲ ਦਇਆਲ ਗੋਬਿਦ ਦਮੋਦਰ ਨਿਰਮਲ ਕਥਾ ਗਿਆਨ ॥ (1119-16)
गोपाल दइआल गोबिद दमोदर निरमल कथा गिआन ॥

ਨਾਨਕ ਕਉ ਹਰਿ ਕੈ ਰੰਗਿ ਰਾਗਹੁ ਚਰਨ ਕਮਲ ਸੰਗਿ ਧਿਆਨ ॥੨॥੧॥੩॥ (1119-16)
नानक कउ हरि कै रंगि रागहु चरन कमल संगि धिआन ॥२॥१॥३॥

ਕੇਦਾਰਾ ਮਹਲਾ ੫ ॥ (1119-17)
केदारा महला ५ ॥

ਹਰਿ ਕੇ ਦਰਸਨ ਕੋ ਮਨਿ ਚਾਉ ॥ (1119-17)
हरि के दरसन को मनि चाउ ॥

ਕਰਿ ਕਿਰਪਾ ਸਤਸੰਗਿ ਮਿਲਾਵਹੁ ਤੁਮ ਦੇਵਹੁ ਅਪਨੋ ਨਾਉ ॥ ਰਹਾਉ ॥ (1119-18)
करि किरपा सतसंगि मिलावहु तुम देवहु अपनो नाउ ॥ रहाउ ॥

ਕਰਉ ਸੇਵਾ ਸਤ ਪੁਰਖ ਪਿਆਰੇ ਜਤ ਸੁਨੀਐ ਤਤ ਮਨਿ ਰਹਸਾਉ ॥ (1119-18)
करउ सेवा सत पुरख पिआरे जत सुनीऐ तत मनि रहसाउ ॥

ਵਾਰੀ ਫੇਰੀ ਸਦਾ ਘੁਮਾਈ ਕਵਨੁ ਅਨੂਪੁ ਤੇਰੋ ਠਾਉ ॥੧॥ (1120-1)
वारी फेरी सदा घुमाई कवनु अनूपु तेरो ठाउ ॥१॥

ਸਰਬ ਪ੍ਰਤਿਪਾਲਹਿ ਸਗਲ ਸਮਾਲਹਿ ਸਗਲਿਆ ਤੇਰੀ ਛਾਉ ॥ (1120-1)
सरब प्रतिपालहि सगल समालहि सगलिआ तेरी छाउ ॥

ਨਾਨਕ ਕੇ ਪ੍ਰਭ ਪੁਰਖ ਬਿਧਾਤੇ ਘਟਿ ਘਟਿ ਤੁਝਹਿ ਦਿਖਾਉ ॥੨॥੨॥੪॥ (1120-2)
नानक के प्रभ पुरख बिधाते घटि घटि तुझहि दिखाउ ॥२॥२॥४॥

ਕੇਦਾਰਾ ਮਹਲਾ ੫ ॥ (1120-3)
केदारा महला ५ ॥

ਪ੍ਰਿਅ ਕੀ ਪ੍ਰੀਤਿ ਪਿਆਰੀ ॥ (1120-3)
प्रिअ की प्रीति पिआरी ॥

ਮਗਨ ਮਨੈ ਮਹਿ ਚਿਤਵਉ ਆਸਾ ਨੈਨਹੁ ਤਾਰ ਤੁਹਾਰੀ ॥ ਰਹਾਉ ॥ (1120-3)
मगन मनै महि चितवउ आसा नैनहु तार तुहारी ॥ रहाउ ॥

ਓਇ ਦਿਨ ਪਹਰ ਮੂਰਤ ਪਲ ਕੈਸੇ ਓਇ ਪਲ ਘਰੀ ਕਿਹਾਰੀ ॥ (1120-4)
ओइ दिन पहर मूरत पल कैसे ओइ पल घरी किहारी ॥

ਖੂਲੇ ਕਪਟ ਧਪਟ ਬੁਝਿ ਤ੍ਰਿਸਨਾ ਜੀਵਉ ਪੇਖਿ ਦਰਸਾਰੀ ॥੧॥ (1120-4)
खूले कपट धपट बुझि त्रिसना जीवउ पेखि दरसारी ॥१॥

ਕਉਨੁ ਸੁ ਜਤਨੁ ਉਪਾਉ ਕਿਨੇਹਾ ਸੇਵਾ ਕਉਨ ਬੀਚਾਰੀ ॥ (1120-5)
कउनु सु जतनु उपाउ किनेहा सेवा कउन बीचारी ॥

ਮਾਨੁ ਅਭਿਮਾਨੁ ਮੋਹੁ ਤਜਿ ਨਾਨਕ ਸੰਤਹ ਸੰਗਿ ਉਧਾਰੀ ॥੨॥੩॥੫॥ (1120-6)
मानु अभिमानु मोहु तजि नानक संतह संगि उधारी ॥२॥३॥५॥

ਕੇਦਾਰਾ ਮਹਲਾ ੫ ॥ (1120-6)
केदारा महला ५ ॥

ਹਰਿ ਹਰਿ ਹਰਿ ਗੁਨ ਗਾਵਹੁ ॥ (1120-6)
हरि हरि हरि गुन गावहु ॥

ਕਰਹੁ ਕ੍ਰਿਪਾ ਗੋਪਾਲ ਗੋਬਿਦੇ ਅਪਨਾ ਨਾਮੁ ਜਪਾਵਹੁ ॥ ਰਹਾਉ ॥ (1120-7)
करहु क्रिपा गोपाल गोबिदे अपना नामु जपावहु ॥ रहाउ ॥

ਕਾਢਿ ਲੀਏ ਪ੍ਰਭ ਆਨ ਬਿਖੈ ਤੇ ਸਾਧਸੰਗਿ ਮਨੁ ਲਾਵਹੁ ॥ (1120-7)
काढि लीए प्रभ आन बिखै ते साधसंगि मनु लावहु ॥

ਭ੍ਰਮੁ ਭਉ ਮੋਹੁ ਕਟਿਓ ਗੁਰ ਬਚਨੀ ਅਪਨਾ ਦਰਸੁ ਦਿਖਾਵਹੁ ॥੧॥ (1120-8)
भ्रमु भउ मोहु कटिओ गुर बचनी अपना दरसु दिखावहु ॥१॥

ਸਭ ਕੀ ਰੇਨ ਹੋਇ ਮਨੁ ਮੇਰਾ ਅਹੰਬੁਧਿ ਤਜਾਵਹੁ ॥ (1120-8)
सभ की रेन होइ मनु मेरा अह्मबुधि तजावहु ॥

ਅਪਨੀ ਭਗਤਿ ਦੇਹਿ ਦਇਆਲਾ ਵਡਭਾਗੀ ਨਾਨਕ ਹਰਿ ਪਾਵਹੁ ॥੨॥੪॥੬॥ (1120-9)
अपनी भगति देहि दइआला वडभागी नानक हरि पावहु ॥२॥४॥६॥

ਕੇਦਾਰਾ ਮਹਲਾ ੫ ॥ (1120-10)
केदारा महला ५ ॥

ਹਰਿ ਬਿਨੁ ਜਨਮੁ ਅਕਾਰਥ ਜਾਤ ॥ (1120-10)
हरि बिनु जनमु अकारथ जात ॥

ਤਜਿ ਗੋਪਾਲ ਆਨ ਰੰਗਿ ਰਾਚਤ ਮਿਥਿਆ ਪਹਿਰਤ ਖਾਤ ॥ ਰਹਾਉ ॥ (1120-10)
तजि गोपाल आन रंगि राचत मिथिआ पहिरत खात ॥ रहाउ ॥

ਧਨੁ ਜੋਬਨੁ ਸੰਪੈ ਸੁਖ ਭੋੁਗਵੈ ਸੰਗਿ ਨ ਨਿਬਹਤ ਮਾਤ ॥ (1120-11)
धनु जोबनु स्मपै सुख भुोगवै संगि न निबहत मात ॥

ਮ੍ਰਿਗ ਤ੍ਰਿਸਨਾ ਦੇਖਿ ਰਚਿਓ ਬਾਵਰ ਦ੍ਰੁਮ ਛਾਇਆ ਰੰਗਿ ਰਾਤ ॥੧॥ (1120-11)
म्रिग त्रिसना देखि रचिओ बावर द्रुम छाइआ रंगि रात ॥१॥

ਮਾਨ ਮੋਹ ਮਹਾ ਮਦ ਮੋਹਤ ਕਾਮ ਕ੍ਰੋਧ ਕੈ ਖਾਤ ॥ (1120-12)
मान मोह महा मद मोहत काम क्रोध कै खात ॥

ਕਰੁ ਗਹਿ ਲੇਹੁ ਦਾਸ ਨਾਨਕ ਕਉ ਪ੍ਰਭ ਜੀਉ ਹੋਇ ਸਹਾਤ ॥੨॥੫॥੭॥ (1120-12)
करु गहि लेहु दास नानक कउ प्रभ जीउ होइ सहात ॥२॥५॥७॥

ਕੇਦਾਰਾ ਮਹਲਾ ੫ ॥ (1120-13)
केदारा महला ५ ॥

ਹਰਿ ਬਿਨੁ ਕੋਇ ਨ ਚਾਲਸਿ ਸਾਥ ॥ (1120-13)
हरि बिनु कोइ न चालसि साथ ॥

ਦੀਨਾ ਨਾਥ ਕਰੁਣਾਪਤਿ ਸੁਆਮੀ ਅਨਾਥਾ ਕੇ ਨਾਥ ॥ ਰਹਾਉ ॥ (1120-14)
दीना नाथ करुणापति सुआमी अनाथा के नाथ ॥ रहाउ ॥

ਸੁਤ ਸੰਪਤਿ ਬਿਖਿਆ ਰਸ ਭੋੁਗਵਤ ਨਹ ਨਿਬਹਤ ਜਮ ਕੈ ਪਾਥ ॥ (1120-14)
सुत स्मपति बिखिआ रस भुोगवत नह निबहत जम कै पाथ ॥

ਨਾਮੁ ਨਿਧਾਨੁ ਗਾਉ ਗੁਨ ਗੋਬਿੰਦ ਉਧਰੁ ਸਾਗਰ ਕੇ ਖਾਤ ॥੧॥ (1120-15)
नामु निधानु गाउ गुन गोबिंद उधरु सागर के खात ॥१॥

ਸਰਨਿ ਸਮਰਥ ਅਕਥ ਅਗੋਚਰ ਹਰਿ ਸਿਮਰਤ ਦੁਖ ਲਾਥ ॥ (1120-16)
सरनि समरथ अकथ अगोचर हरि सिमरत दुख लाथ ॥

ਨਾਨਕ ਦੀਨ ਧੂਰਿ ਜਨ ਬਾਂਛਤ ਮਿਲੈ ਲਿਖਤ ਧੁਰਿ ਮਾਥ ॥੨॥੬॥੮॥ (1120-16)
नानक दीन धूरि जन बांछत मिलै लिखत धुरि माथ ॥२॥६॥८॥

ਕੇਦਾਰਾ ਮਹਲਾ ੫ ਘਰੁ ੫ (1120-18)
केदारा महला ५ घरु ५

ੴ ਸਤਿਗੁਰ ਪ੍ਰਸਾਦਿ ॥ (1120-18)
ੴ सतिगुर प्रसादि ॥

ਬਿਸਰਤ ਨਾਹਿ ਮਨ ਤੇ ਹਰੀ ॥ (1120-19)
बिसरत नाहि मन ते हरी ॥

ਅਬ ਇਹ ਪ੍ਰੀਤਿ ਮਹਾ ਪ੍ਰਬਲ ਭਈ ਆਨ ਬਿਖੈ ਜਰੀ ॥ ਰਹਾਉ ॥ (1120-19)
अब इह प्रीति महा प्रबल भई आन बिखै जरी ॥ रहाउ ॥

ਬੂੰਦ ਕਹਾ ਤਿਆਗਿ ਚਾਤ੍ਰਿਕ ਮੀਨ ਰਹਤ ਨ ਘਰੀ ॥ (1120-19)
बूंद कहा तिआगि चात्रिक मीन रहत न घरी ॥

ਗੁਨ ਗੋਪਾਲ ਉਚਾਰੁ ਰਸਨਾ ਟੇਵ ਏਹ ਪਰੀ ॥੧॥ (1121-1)
गुन गोपाल उचारु रसना टेव एह परी ॥१॥

ਮਹਾ ਨਾਦ ਕੁਰੰਕ ਮੋਹਿਓ ਬੇਧਿ ਤੀਖਨ ਸਰੀ ॥ (1121-1)
महा नाद कुरंक मोहिओ बेधि तीखन सरी ॥

ਪ੍ਰਭ ਚਰਨ ਕਮਲ ਰਸਾਲ ਨਾਨਕ ਗਾਠਿ ਬਾਧਿ ਧਰੀ ॥੨॥੧॥੯॥ (1121-2)
प्रभ चरन कमल रसाल नानक गाठि बाधि धरी ॥२॥१॥९॥

ਕੇਦਾਰਾ ਮਹਲਾ ੫ ॥ (1121-3)
केदारा महला ५ ॥

ਪ੍ਰੀਤਮ ਬਸਤ ਰਿਦ ਮਹਿ ਖੋਰ ॥ (1121-3)
प्रीतम बसत रिद महि खोर ॥

ਭਰਮ ਭੀਤਿ ਨਿਵਾਰਿ ਠਾਕੁਰ ਗਹਿ ਲੇਹੁ ਅਪਨੀ ਓਰ ॥੧॥ ਰਹਾਉ ॥ (1121-3)
भरम भीति निवारि ठाकुर गहि लेहु अपनी ओर ॥१॥ रहाउ ॥

ਅਧਿਕ ਗਰਤ ਸੰਸਾਰ ਸਾਗਰ ਕਰਿ ਦਇਆ ਚਾਰਹੁ ਧੋਰ ॥ (1121-4)
अधिक गरत संसार सागर करि दइआ चारहु धोर ॥

ਸੰਤਸੰਗਿ ਹਰਿ ਚਰਨ ਬੋਹਿਥ ਉਧਰਤੇ ਲੈ ਮੋਰ ॥੧॥ (1121-4)
संतसंगि हरि चरन बोहिथ उधरते लै मोर ॥१॥

ਗਰਭ ਕੁੰਟ ਮਹਿ ਜਿਨਹਿ ਧਾਰਿਓ ਨਹੀ ਬਿਖੈ ਬਨ ਮਹਿ ਹੋਰ ॥ (1121-5)
गरभ कुंट महि जिनहि धारिओ नही बिखै बन महि होर ॥

ਹਰਿ ਸਕਤ ਸਰਨ ਸਮਰਥ ਨਾਨਕ ਆਨ ਨਹੀ ਨਿਹੋਰ ॥੨॥੨॥੧੦॥ (1121-5)
हरि सकत सरन समरथ नानक आन नही निहोर ॥२॥२॥१०॥

ਕੇਦਾਰਾ ਮਹਲਾ ੫ ॥ (1121-6)
केदारा महला ५ ॥

ਰਸਨਾ ਰਾਮ ਰਾਮ ਬਖਾਨੁ ॥ (1121-6)
रसना राम राम बखानु ॥

ਗੁਨ ਗੋੁਪਾਲ ਉਚਾਰੁ ਦਿਨੁ ਰੈਨਿ ਭਏ ਕਲਮਲ ਹਾਨ ॥ ਰਹਾਉ ॥ (1121-6)
गुन गोुपाल उचारु दिनु रैनि भए कलमल हान ॥ रहाउ ॥

ਤਿਆਗਿ ਚਲਨਾ ਸਗਲ ਸੰਪਤ ਕਾਲੁ ਸਿਰ ਪਰਿ ਜਾਨੁ ॥ (1121-7)
तिआगि चलना सगल स्मपत कालु सिर परि जानु ॥

ਮਿਥਨ ਮੋਹ ਦੁਰੰਤ ਆਸਾ ਝੂਠੁ ਸਰਪਰ ਮਾਨੁ ॥੧॥ (1121-7)
मिथन मोह दुरंत आसा झूठु सरपर मानु ॥१॥

ਸਤਿ ਪੁਰਖ ਅਕਾਲ ਮੂਰਤਿ ਰਿਦੈ ਧਾਰਹੁ ਧਿਆਨੁ ॥ (1121-8)
सति पुरख अकाल मूरति रिदै धारहु धिआनु ॥

ਨਾਮੁ ਨਿਧਾਨੁ ਲਾਭੁ ਨਾਨਕ ਬਸਤੁ ਇਹ ਪਰਵਾਨੁ ॥੨॥੩॥੧੧॥ (1121-8)
नामु निधानु लाभु नानक बसतु इह परवानु ॥२॥३॥११॥

ਕੇਦਾਰਾ ਮਹਲਾ ੫ ॥ (1121-9)
केदारा महला ५ ॥

ਹਰਿ ਕੇ ਨਾਮ ਕੋ ਆਧਾਰੁ ॥ (1121-9)
हरि के नाम को आधारु ॥

ਕਲਿ ਕਲੇਸ ਨ ਕਛੁ ਬਿਆਪੈ ਸੰਤਸੰਗਿ ਬਿਉਹਾਰੁ ॥ ਰਹਾਉ ॥ (1121-9)
कलि कलेस न कछु बिआपै संतसंगि बिउहारु ॥ रहाउ ॥

ਕਰਿ ਅਨੁਗ੍ਰਹੁ ਆਪਿ ਰਾਖਿਓ ਨਹ ਉਪਜਤਉ ਬੇਕਾਰੁ ॥ (1121-10)
करि अनुग्रहु आपि राखिओ नह उपजतउ बेकारु ॥

ਜਿਸੁ ਪਰਾਪਤਿ ਹੋਇ ਸਿਮਰੈ ਤਿਸੁ ਦਹਤ ਨਹ ਸੰਸਾਰੁ ॥੧॥ (1121-11)
जिसु परापति होइ सिमरै तिसु दहत नह संसारु ॥१॥

ਸੁਖ ਮੰਗਲ ਆਨੰਦ ਹਰਿ ਹਰਿ ਪ੍ਰਭ ਚਰਨ ਅੰਮ੍ਰਿਤ ਸਾਰੁ ॥ (1121-11)
सुख मंगल आनंद हरि हरि प्रभ चरन अमृत सारु ॥

ਨਾਨਕ ਦਾਸ ਸਰਨਾਗਤੀ ਤੇਰੇ ਸੰਤਨਾ ਕੀ ਛਾਰੁ ॥੨॥੪॥੧੨॥ (1121-12)
नानक दास सरनागती तेरे संतना की छारु ॥२॥४॥१२॥

ਕੇਦਾਰਾ ਮਹਲਾ ੫ ॥ (1121-12)
केदारा महला ५ ॥

ਹਰਿ ਕੇ ਨਾਮ ਬਿਨੁ ਧ੍ਰਿਗੁ ਸ੍ਰੋਤ ॥ (1121-13)
हरि के नाम बिनु ध्रिगु स्रोत ॥

ਜੀਵਨ ਰੂਪ ਬਿਸਾਰਿ ਜੀਵਹਿ ਤਿਹ ਕਤ ਜੀਵਨ ਹੋਤ ॥ ਰਹਾਉ ॥ (1121-13)
जीवन रूप बिसारि जीवहि तिह कत जीवन होत ॥ रहाउ ॥

ਖਾਤ ਪੀਤ ਅਨੇਕ ਬਿੰਜਨ ਜੈਸੇ ਭਾਰ ਬਾਹਕ ਖੋਤ ॥ (1121-13)
खात पीत अनेक बिंजन जैसे भार बाहक खोत ॥

ਆਠ ਪਹਰ ਮਹਾ ਸ੍ਰਮੁ ਪਾਇਆ ਜੈਸੇ ਬਿਰਖ ਜੰਤੀ ਜੋਤ ॥੧॥ (1121-14)
आठ पहर महा स्रमु पाइआ जैसे बिरख जंती जोत ॥१॥

ਤਜਿ ਗੋੁਪਾਲ ਜਿ ਆਨ ਲਾਗੇ ਸੇ ਬਹੁ ਪ੍ਰਕਾਰੀ ਰੋਤ ॥ (1121-14)
तजि गोुपाल जि आन लागे से बहु प्रकारी रोत ॥

ਕਰ ਜੋਰਿ ਨਾਨਕ ਦਾਨੁ ਮਾਗੈ ਹਰਿ ਰਖਉ ਕੰਠਿ ਪਰੋਤ ॥੨॥੫॥੧੩॥ (1121-15)
कर जोरि नानक दानु मागै हरि रखउ कंठि परोत ॥२॥५॥१३॥

ਕੇਦਾਰਾ ਮਹਲਾ ੫ ॥ (1121-16)
केदारा महला ५ ॥

ਸੰਤਹ ਧੂਰਿ ਲੇ ਮੁਖਿ ਮਲੀ ॥ (1121-16)
संतह धूरि ले मुखि मली ॥

ਗੁਣਾ ਅਚੁਤ ਸਦਾ ਪੂਰਨ ਨਹ ਦੋਖ ਬਿਆਪਹਿ ਕਲੀ ॥ ਰਹਾਉ ॥ (1121-16)
गुणा अचुत सदा पूरन नह दोख बिआपहि कली ॥ रहाउ ॥

ਗੁਰ ਬਚਨਿ ਕਾਰਜ ਸਰਬ ਪੂਰਨ ਈਤ ਊਤ ਨ ਹਲੀ ॥ (1121-17)
गुर बचनि कारज सरब पूरन ईत ऊत न हली ॥

ਪ੍ਰਭ ਏਕ ਅਨਿਕ ਸਰਬਤ ਪੂਰਨ ਬਿਖੈ ਅਗਨਿ ਨ ਜਲੀ ॥੧॥ (1121-17)
प्रभ एक अनिक सरबत पूरन बिखै अगनि न जली ॥१॥

ਗਹਿ ਭੁਜਾ ਲੀਨੋ ਦਾਸੁ ਅਪਨੋ ਜੋਤਿ ਜੋਤੀ ਰਲੀ ॥ (1121-18)
गहि भुजा लीनो दासु अपनो जोति जोती रली ॥

ਪ੍ਰਭ ਚਰਨ ਸਰਨ ਅਨਾਥੁ ਆਇਓ ਨਾਨਕ ਹਰਿ ਸੰਗਿ ਚਲੀ ॥੨॥੬॥੧੪॥ (1121-19)
प्रभ चरन सरन अनाथु आइओ नानक हरि संगि चली ॥२॥६॥१४॥

ਕੇਦਾਰਾ ਮਹਲਾ ੫ ॥ (1121-19)
केदारा महला ५ ॥

ਹਰਿ ਕੇ ਨਾਮ ਕੀ ਮਨ ਰੁਚੈ ॥ (1122-1)
हरि के नाम की मन रुचै ॥

ਕੋਟਿ ਸਾਂਤਿ ਅਨੰਦ ਪੂਰਨ ਜਲਤ ਛਾਤੀ ਬੁਝੈ ॥ ਰਹਾਉ ॥ (1122-1)
कोटि सांति अनंद पूरन जलत छाती बुझै ॥ रहाउ ॥

ਸੰਤ ਮਾਰਗਿ ਚਲਤ ਪ੍ਰਾਨੀ ਪਤਿਤ ਉਧਰੇ ਮੁਚੈ ॥ (1122-1)
संत मारगि चलत प्रानी पतित उधरे मुचै ॥

ਰੇਨੁ ਜਨ ਕੀ ਲਗੀ ਮਸਤਕਿ ਅਨਿਕ ਤੀਰਥ ਸੁਚੈ ॥੧॥ (1122-2)
रेनु जन की लगी मसतकि अनिक तीरथ सुचै ॥१॥

ਚਰਨ ਕਮਲ ਧਿਆਨ ਭੀਤਰਿ ਘਟਿ ਘਟਹਿ ਸੁਆਮੀ ਸੁਝੈ ॥ (1122-2)
चरन कमल धिआन भीतरि घटि घटहि सुआमी सुझै ॥

ਸਰਨਿ ਦੇਵ ਅਪਾਰ ਨਾਨਕ ਬਹੁਰਿ ਜਮੁ ਨਹੀ ਲੁਝੈ ॥੨॥੭॥੧੫॥ (1122-3)
सरनि देव अपार नानक बहुरि जमु नही लुझै ॥२॥७॥१५॥

ਕੇਦਾਰਾ ਛੰਤ ਮਹਲਾ ੫ (1122-4)
केदारा छंत महला ५

ੴ ਸਤਿਗੁਰ ਪ੍ਰਸਾਦਿ ॥ (1122-4)
ੴ सतिगुर प्रसादि ॥

ਮਿਲੁ ਮੇਰੇ ਪ੍ਰੀਤਮ ਪਿਆਰਿਆ ॥ ਰਹਾਉ ॥ (1122-5)
मिलु मेरे प्रीतम पिआरिआ ॥ रहाउ ॥

ਪੂਰਿ ਰਹਿਆ ਸਰਬਤ੍ਰ ਮੈ ਸੋ ਪੁਰਖੁ ਬਿਧਾਤਾ ॥ (1122-5)
पूरि रहिआ सरबत्र मै सो पुरखु बिधाता ॥

ਮਾਰਗੁ ਪ੍ਰਭ ਕਾ ਹਰਿ ਕੀਆ ਸੰਤਨ ਸੰਗਿ ਜਾਤਾ ॥ (1122-5)
मारगु प्रभ का हरि कीआ संतन संगि जाता ॥

ਸੰਤਨ ਸੰਗਿ ਜਾਤਾ ਪੁਰਖੁ ਬਿਧਾਤਾ ਘਟਿ ਘਟਿ ਨਦਰਿ ਨਿਹਾਲਿਆ ॥ (1122-6)
संतन संगि जाता पुरखु बिधाता घटि घटि नदरि निहालिआ ॥

ਜੋ ਸਰਨੀ ਆਵੈ ਸਰਬ ਸੁਖ ਪਾਵੈ ਤਿਲੁ ਨਹੀ ਭੰਨੈ ਘਾਲਿਆ ॥ (1122-6)
जो सरनी आवै सरब सुख पावै तिलु नही भंनै घालिआ ॥

ਹਰਿ ਗੁਣ ਨਿਧਿ ਗਾਏ ਸਹਜ ਸੁਭਾਏ ਪ੍ਰੇਮ ਮਹਾ ਰਸ ਮਾਤਾ ॥ (1122-7)
हरि गुण निधि गाए सहज सुभाए प्रेम महा रस माता ॥

ਨਾਨਕ ਦਾਸ ਤੇਰੀ ਸਰਣਾਈ ਤੂ ਪੂਰਨ ਪੁਰਖੁ ਬਿਧਾਤਾ ॥੧॥ (1122-8)
नानक दास तेरी सरणाई तू पूरन पुरखु बिधाता ॥१॥

ਹਰਿ ਪ੍ਰੇਮ ਭਗਤਿ ਜਨ ਬੇਧਿਆ ਸੇ ਆਨ ਕਤ ਜਾਹੀ ॥ (1122-8)
हरि प्रेम भगति जन बेधिआ से आन कत जाही ॥

ਮੀਨੁ ਬਿਛੋਹਾ ਨਾ ਸਹੈ ਜਲ ਬਿਨੁ ਮਰਿ ਪਾਹੀ ॥ (1122-9)
मीनु बिछोहा ना सहै जल बिनु मरि पाही ॥

ਹਰਿ ਬਿਨੁ ਕਿਉ ਰਹੀਐ ਦੂਖ ਕਿਨਿ ਸਹੀਐ ਚਾਤ੍ਰਿਕ ਬੂੰਦ ਪਿਆਸਿਆ ॥ (1122-9)
हरि बिनु किउ रहीऐ दूख किनि सहीऐ चात्रिक बूंद पिआसिआ ॥

ਕਬ ਰੈਨਿ ਬਿਹਾਵੈ ਚਕਵੀ ਸੁਖੁ ਪਾਵੈ ਸੂਰਜ ਕਿਰਣਿ ਪ੍ਰਗਾਸਿਆ ॥ (1122-10)
कब रैनि बिहावै चकवी सुखु पावै सूरज किरणि प्रगासिआ ॥

ਹਰਿ ਦਰਸਿ ਮਨੁ ਲਾਗਾ ਦਿਨਸੁ ਸਭਾਗਾ ਅਨਦਿਨੁ ਹਰਿ ਗੁਣ ਗਾਹੀ ॥ (1122-10)
हरि दरसि मनु लागा दिनसु सभागा अनदिनु हरि गुण गाही ॥

ਨਾਨਕ ਦਾਸੁ ਕਹੈ ਬੇਨੰਤੀ ਕਤ ਹਰਿ ਬਿਨੁ ਪ੍ਰਾਣ ਟਿਕਾਹੀ ॥੨॥ (1122-11)
नानक दासु कहै बेनंती कत हरि बिनु प्राण टिकाही ॥२॥

ਸਾਸ ਬਿਨਾ ਜਿਉ ਦੇਹੁਰੀ ਕਤ ਸੋਭਾ ਪਾਵੈ ॥ (1122-12)
सास बिना जिउ देहुरी कत सोभा पावै ॥

ਦਰਸ ਬਿਹੂਨਾ ਸਾਧ ਜਨੁ ਖਿਨੁ ਟਿਕਣੁ ਨ ਆਵੈ ॥ (1122-12)
दरस बिहूना साध जनु खिनु टिकणु न आवै ॥

ਹਰਿ ਬਿਨੁ ਜੋ ਰਹਣਾ ਨਰਕੁ ਸੋ ਸਹਣਾ ਚਰਨ ਕਮਲ ਮਨੁ ਬੇਧਿਆ ॥ (1122-12)
हरि बिनु जो रहणा नरकु सो सहणा चरन कमल मनु बेधिआ ॥

ਹਰਿ ਰਸਿਕ ਬੈਰਾਗੀ ਨਾਮਿ ਲਿਵ ਲਾਗੀ ਕਤਹੁ ਨ ਜਾਇ ਨਿਖੇਧਿਆ ॥ (1122-13)
हरि रसिक बैरागी नामि लिव लागी कतहु न जाइ निखेधिआ ॥

ਹਰਿ ਸਿਉ ਜਾਇ ਮਿਲਣਾ ਸਾਧਸੰਗਿ ਰਹਣਾ ਸੋ ਸੁਖੁ ਅੰਕਿ ਨ ਮਾਵੈ ॥ (1122-14)
हरि सिउ जाइ मिलणा साधसंगि रहणा सो सुखु अंकि न मावै ॥

ਹੋਹੁ ਕ੍ਰਿਪਾਲ ਨਾਨਕ ਕੇ ਸੁਆਮੀ ਹਰਿ ਚਰਨਹ ਸੰਗਿ ਸਮਾਵੈ ॥੩॥ (1122-14)
होहु क्रिपाल नानक के सुआमी हरि चरनह संगि समावै ॥३॥

ਖੋਜਤ ਖੋਜਤ ਪ੍ਰਭ ਮਿਲੇ ਹਰਿ ਕਰੁਣਾ ਧਾਰੇ ॥ (1122-15)
खोजत खोजत प्रभ मिले हरि करुणा धारे ॥

ਨਿਰਗੁਣੁ ਨੀਚੁ ਅਨਾਥੁ ਮੈ ਨਹੀ ਦੋਖ ਬੀਚਾਰੇ ॥ (1122-16)
निरगुणु नीचु अनाथु मै नही दोख बीचारे ॥

ਨਹੀ ਦੋਖ ਬੀਚਾਰੇ ਪੂਰਨ ਸੁਖ ਸਾਰੇ ਪਾਵਨ ਬਿਰਦੁ ਬਖਾਨਿਆ ॥ (1122-16)
नही दोख बीचारे पूरन सुख सारे पावन बिरदु बखानिआ ॥

ਭਗਤਿ ਵਛਲੁ ਸੁਨਿ ਅੰਚਲੁੋ ਗਹਿਆ ਘਟਿ ਘਟਿ ਪੂਰ ਸਮਾਨਿਆ ॥ (1122-17)
भगति वछलु सुनि अंचलुो गहिआ घटि घटि पूर समानिआ ॥

ਸੁਖ ਸਾਗਰੁੋ ਪਾਇਆ ਸਹਜ ਸੁਭਾਇਆ ਜਨਮ ਮਰਨ ਦੁਖ ਹਾਰੇ ॥ (1122-17)
सुख सागरुो पाइआ सहज सुभाइआ जनम मरन दुख हारे ॥

ਕਰੁ ਗਹਿ ਲੀਨੇ ਨਾਨਕ ਦਾਸ ਅਪਨੇ ਰਾਮ ਨਾਮ ਉਰਿ ਹਾਰੇ ॥੪॥੧॥ (1122-18)
करु गहि लीने नानक दास अपने राम नाम उरि हारे ॥४॥१॥

ਰਾਗੁ ਕੇਦਾਰਾ ਬਾਣੀ ਕਬੀਰ ਜੀਉ ਕੀ (1123-1)
रागु केदारा बाणी कबीर जीउ की

ੴ ਸਤਿਗੁਰ ਪ੍ਰਸਾਦਿ ॥ (1123-1)
ੴ सतिगुर प्रसादि ॥

ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ ॥ (1123-2)
उसतति निंदा दोऊ बिबरजित तजहु मानु अभिमाना ॥

ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ ॥੧॥ (1123-2)
लोहा कंचनु सम करि जानहि ते मूरति भगवाना ॥१॥

ਤੇਰਾ ਜਨੁ ਏਕੁ ਆਧੁ ਕੋਈ ॥ (1123-3)
तेरा जनु एकु आधु कोई ॥

ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨ੍ਹੈ ਸੋਈ ॥੧॥ ਰਹਾਉ ॥ (1123-3)
कामु क्रोधु लोभु मोहु बिबरजित हरि पदु चीन्है सोई ॥१॥ रहाउ ॥

ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ ॥ (1123-4)
रज गुण तम गुण सत गुण कहीऐ इह तेरी सभ माइआ ॥

ਚਉਥੇ ਪਦ ਕਉ ਜੋ ਨਰੁ ਚੀਨੈ ਤਿਨ੍ ਹੀ ਪਰਮ ਪਦੁ ਪਾਇਆ ॥੨॥ (1123-4)
चउथे पद कउ जो नरु चीन्है तिन्ह ही परम पदु पाइआ ॥२॥

ਤੀਰਥੁ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ ॥ (1123-5)
तीरथ बरत नेम सुचि संजम सदा रहै निहकामा ॥

ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ ਚਿਤਵਤ ਆਤਮ ਰਾਮਾ ॥੩॥ (1123-5)
त्रिसना अरु माइआ भ्रमु चूका चितवत आतम रामा ॥३॥

ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ ॥ (1123-6)
जिह मंदरि दीपकु परगासिआ अंधकारु तह नासा ॥

ਨਿਰਭਉ ਪੂਰਿ ਰਹੇ ਭ੍ਰਮੁ ਭਾਗਾ ਕਹਿ ਕਬੀਰ ਜਨ ਦਾਸਾ ॥੪॥੧॥ (1123-7)
निरभउ पूरि रहे भ्रमु भागा कहि कबीर जन दासा ॥४॥१॥

ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ ਲਉਗ ਸੁਪਾਰੀ ॥ (1123-7)
किनही बनजिआ कांसी तांबा किनही लउग सुपारी ॥

ਸੰਤਹੁ ਬਨਜਿਆ ਨਾਮੁ ਗੋਬਿਦ ਕਾ ਐਸੀ ਖੇਪ ਹਮਾਰੀ ॥੧॥ (1123-8)
संतहु बनजिआ नामु गोबिद का ऐसी खेप हमारी ॥१॥

ਹਰਿ ਕੇ ਨਾਮ ਕੇ ਬਿਆਪਾਰੀ ॥ (1123-8)
हरि के नाम के बिआपारी ॥

ਹੀਰਾ ਹਾਥਿ ਚੜਿਆ ਨਿਰਮੋਲਕੁ ਛੂਟਿ ਗਈ ਸੰਸਾਰੀ ॥੧॥ ਰਹਾਉ ॥ (1123-9)
हीरा हाथि चड़िआ निरमोलकु छूटि गई संसारी ॥१॥ रहाउ ॥

ਸਾਚੇ ਲਾਏ ਤਉ ਸਚ ਲਾਗੇ ਸਾਚੇ ਕੇ ਬਿਉਹਾਰੀ ॥ (1123-9)
साचे लाए तउ सच लागे साचे के बिउहारी ॥

ਸਾਚੀ ਬਸਤੁ ਕੇ ਭਾਰ ਚਲਾਏ ਪਹੁਚੇ ਜਾਇ ਭੰਡਾਰੀ ॥੨॥ (1123-10)
साची बसतु के भार चलाए पहुचे जाइ भंडारी ॥२॥

ਆਪਹਿ ਰਤਨ ਜਵਾਹਰ ਮਾਨਿਕ ਆਪੈ ਹੈ ਪਾਸਾਰੀ ॥ (1123-10)
आपहि रतन जवाहर मानिक आपै है पासारी ॥

ਆਪੈ ਦਹ ਦਿਸ ਆਪ ਚਲਾਵੈ ਨਿਹਚਲੁ ਹੈ ਬਿਆਪਾਰੀ ॥੩॥ (1123-11)
आपै दह दिस आप चलावै निहचलु है बिआपारी ॥३॥

ਮਨੁ ਕਰਿ ਬੈਲੁ ਸੁਰਤਿ ਕਰਿ ਪੈਡਾ ਗਿਆਨ ਗੋਨਿ ਭਰਿ ਡਾਰੀ ॥ (1123-11)
मनु करि बैलु सुरति करि पैडा गिआन गोनि भरि डारी ॥

ਕਹਤੁ ਕਬੀਰੁ ਸੁਨਹੁ ਰੇ ਸੰਤਹੁ ਨਿਬਹੀ ਖੇਪ ਹਮਾਰੀ ॥੪॥੨॥ (1123-12)
कहतु कबीरु सुनहु रे संतहु निबही खेप हमारी ॥४॥२॥

ਰੀ ਕਲਵਾਰਿ ਗਵਾਰਿ ਮੂਢ ਮਤਿ ਉਲਟੋ ਪਵਨੁ ਫਿਰਾਵਉ ॥ (1123-13)
री कलवारि गवारि मूढ मति उलटो पवनु फिरावउ ॥

ਮਨੁ ਮਤਵਾਰ ਮੇਰ ਸਰ ਭਾਠੀ ਅੰਮ੍ਰਿਤ ਧਾਰ ਚੁਆਵਉ ॥੧॥ (1123-13)
मनु मतवार मेर सर भाठी अमृत धार चुआवउ ॥१॥

ਬੋਲਹੁ ਭਈਆ ਰਾਮ ਕੀ ਦੁਹਾਈ ॥ (1123-14)
बोलहु भईआ राम की दुहाई ॥

ਪੀਵਹੁ ਸੰਤ ਸਦਾ ਮਤਿ ਦੁਰਲਭ ਸਹਜੇ ਪਿਆਸ ਬੁਝਾਈ ॥੧॥ ਰਹਾਉ ॥ (1123-14)
पीवहु संत सदा मति दुरलभ सहजे पिआस बुझाई ॥१॥ रहाउ ॥

ਭੈ ਬਿਚਿ ਭਾਉ ਭਾਇ ਕੋਊ ਬੂਝਹਿ ਹਰਿ ਰਸੁ ਪਾਵੈ ਭਾਈ ॥ (1123-15)
भै बिचि भाउ भाइ कोऊ बूझहि हरि रसु पावै भाई ॥

ਜੇਤੇ ਘਟ ਅੰਮ੍ਰਿਤੁ ਸਭ ਹੀ ਮਹਿ ਭਾਵੈ ਤਿਸਹਿ ਪੀਆਈ ॥੨॥ (1123-15)
जेते घट अमृतु सभ ही महि भावै तिसहि पीआई ॥२॥

ਨਗਰੀ ਏਕੈ ਨਉ ਦਰਵਾਜੇ ਧਾਵਤੁ ਬਰਜਿ ਰਹਾਈ ॥ (1123-16)
नगरी एकै नउ दरवाजे धावतु बरजि रहाई ॥

ਤ੍ਰਿਕੁਟੀ ਛੂਟੈ ਦਸਵਾ ਦਰੁ ਖੂਲ੍ਹੈ ਤਾ ਮਨੁ ਖੀਵਾ ਭਾਈ ॥੩॥ (1123-16)
त्रिकुटी छूटै दसवा दरु खूल्है ता मनु खीवा भाई ॥३॥

ਅਭੈ ਪਦ ਪੂਰਿ ਤਾਪ ਤਹ ਨਾਸੇ ਕਹਿ ਕਬੀਰ ਬੀਚਾਰੀ ॥ (1123-17)
अभै पद पूरि ताप तह नासे कहि कबीर बीचारी ॥

ਉਬਟ ਚਲੰਤੇ ਇਹੁ ਮਦੁ ਪਾਇਆ ਜੈਸੇ ਖੋਂਦ ਖੁਮਾਰੀ ॥੪॥੩॥ (1123-17)
उबट चलंते इहु मदु पाइआ जैसे खोंद खुमारी ॥४॥३॥

ਕਾਮ ਕ੍ਰੋਧ ਤ੍ਰਿਸਨਾ ਕੇ ਲੀਨੇ ਗਤਿ ਨਹੀ ਏਕੈ ਜਾਨੀ ॥ (1123-18)
काम क्रोध त्रिसना के लीने गति नही एकै जानी ॥

ਫੂਟੀ ਆਖੈ ਕਛੂ ਨ ਸੂਝੈ ਬੂਡਿ ਮੂਏ ਬਿਨੁ ਪਾਨੀ ॥੧॥ (1123-18)
फूटी आखै कछू न सूझै बूडि मूए बिनु पानी ॥१॥

ਚਲਤ ਕਤ ਟੇਢੇ ਟੇਢੇ ਟੇਢੇ ॥ (1124-1)
चलत कत टेढे टेढे टेढे ॥

ਅਸਤਿ ਚਰਮ ਬਿਸਟਾ ਕੇ ਮੂੰਦੇ ਦੁਰਗੰਧ ਹੀ ਕੇ ਬੇਢੇ ॥੧॥ ਰਹਾਉ ॥ (1124-1)
असति चरम बिसटा के मूंदे दुरगंध ही के बेढे ॥१॥ रहाउ ॥

ਰਾਮ ਨ ਜਪਹੁ ਕਵਨ ਭ੍ਰਮ ਭੂਲੇ ਤੁਮ ਤੇ ਕਾਲੁ ਨ ਦੂਰੇ ॥ (1124-2)
राम न जपहु कवन भ्रम भूले तुम ते कालु न दूरे ॥

ਅਨਿਕ ਜਤਨ ਕਰਿ ਇਹੁ ਤਨੁ ਰਾਖਹੁ ਰਹੈ ਅਵਸਥਾ ਪੂਰੇ ॥੨॥ (1124-2)
अनिक जतन करि इहु तनु राखहु रहै अवसथा पूरे ॥२॥

ਆਪਨ ਕੀਆ ਕਛੂ ਨ ਹੋਵੈ ਕਿਆ ਕੋ ਕਰੈ ਪਰਾਨੀ ॥ (1124-3)
आपन कीआ कछू न होवै किआ को करै परानी ॥

ਜਾ ਤਿਸੁ ਭਾਵੈ ਸਤਿਗੁਰੁ ਭੇਟੈ ਏਕੋ ਨਾਮੁ ਬਖਾਨੀ ॥੩॥ (1124-4)
जा तिसु भावै सतिगुरु भेटै एको नामु बखानी ॥३॥

ਬਲੂਆ ਕੇ ਘਰੂਆ ਮਹਿ ਬਸਤੇ ਫੁਲਵਤ ਦੇਹ ਅਇਆਨੇ ॥ (1124-4)
बलूआ के घरूआ महि बसते फुलवत देह अइआने ॥

ਕਹੁ ਕਬੀਰ ਜਿਹ ਰਾਮੁ ਨ ਚੇਤਿਓ ਬੂਡੇ ਬਹੁਤੁ ਸਿਆਨੇ ॥੪॥੪॥ (1124-5)
कहु कबीर जिह रामु न चेतिओ बूडे बहुतु सिआने ॥४॥४॥

ਟੇਢੀ ਪਾਗ ਟੇਢੇ ਚਲੇ ਲਾਗੇ ਬੀਰੇ ਖਾਨ ॥ (1124-5)
टेढी पाग टेढे चले लागे बीरे खान ॥

ਭਾਉ ਭਗਤਿ ਸਿਉ ਕਾਜੁ ਨ ਕਛੂਐ ਮੇਰੋ ਕਾਮੁ ਦੀਵਾਨ ॥੧॥ (1124-6)
भाउ भगति सिउ काजु न कछूऐ मेरो कामु दीवान ॥१॥

ਰਾਮੁ ਬਿਸਾਰਿਓ ਹੈ ਅਭਿਮਾਨਿ ॥ (1124-7)
रामु बिसारिओ है अभिमानि ॥

ਕਨਿਕ ਕਾਮਨੀ ਮਹਾ ਸੁੰਦਰੀ ਪੇਖਿ ਪੇਖਿ ਸਚੁ ਮਾਨਿ ॥੧॥ ਰਹਾਉ ॥ (1124-7)
कनिक कामनी महा सुंदरी पेखि पेखि सचु मानि ॥१॥ रहाउ ॥

ਲਾਲਚ ਝੂਠ ਬਿਕਾਰ ਮਹਾ ਮਦ ਇਹ ਬਿਧਿ ਅਉਧ ਬਿਹਾਨਿ ॥ (1124-8)
लालच झूठ बिकार महा मद इह बिधि अउध बिहानि ॥

ਕਹਿ ਕਬੀਰ ਅੰਤ ਕੀ ਬੇਰ ਆਇ ਲਾਗੋ ਕਾਲੁ ਨਿਦਾਨਿ ॥੨॥੫॥ (1124-8)
कहि कबीर अंत की बेर आइ लागो कालु निदानि ॥२॥५॥

ਚਾਰਿ ਦਿਨ ਅਪਨੀ ਨਉਬਤਿ ਚਲੇ ਬਜਾਇ ॥ (1124-9)
चारि दिन अपनी नउबति चले बजाइ ॥

ਇਤਨਕੁ ਖਟੀਆ ਗਠੀਆ ਮਟੀਆ ਸੰਗਿ ਨ ਕਛੁ ਲੈ ਜਾਇ ॥੧॥ ਰਹਾਉ ॥ (1124-9)
इतनकु खटीआ गठीआ मटीआ संगि न कछु लै जाइ ॥१॥ रहाउ ॥

ਦਿਹਰੀ ਬੈਠੀ ਮਿਹਰੀ ਰੋਵੈ ਦੁਆਰੈ ਲਉ ਸੰਗਿ ਮਾਇ ॥ (1124-10)
दिहरी बैठी मिहरी रोवै दुआरै लउ संगि माइ ॥

ਮਰਹਟ ਲਗਿ ਸਭੁ ਲੋਗੁ ਕੁਟੰਬੁ ਮਿਲਿ ਹੰਸੁ ਇਕੇਲਾ ਜਾਇ ॥੧॥ (1124-11)
मरहट लगि सभु लोगु कुटम्बु मिलि हंसु इकेला जाइ ॥१॥

ਵੈ ਸੁਤ ਵੈ ਬਿਤ ਵੈ ਪੁਰ ਪਾਟਨ ਬਹੁਰਿ ਨ ਦੇਖੈ ਆਇ ॥ (1124-11)
वै सुत वै बित वै पुर पाटन बहुरि न देखै आइ ॥

ਕਹਤੁ ਕਬੀਰੁ ਰਾਮੁ ਕੀ ਨ ਸਿਮਰਹੁ ਜਨਮੁ ਅਕਾਰਥੁ ਜਾਇ ॥੨॥੬॥ (1124-12)
कहतु कबीरु रामु की न सिमरहु जनमु अकारथु जाइ ॥२॥६॥

ਰਾਗੁ ਕੇਦਾਰਾ ਬਾਣੀ ਰਵਿਦਾਸ ਜੀਉ ਕੀ (1124-13)
रागु केदारा बाणी रविदास जीउ की

ੴ ਸਤਿਗੁਰ ਪ੍ਰਸਾਦਿ ॥ (1124-13)
ੴ सतिगुर प्रसादि ॥

ਖਟੁ ਕਰਮ ਕੁਲ ਸੰਜੁਗਤੁ ਹੈ ਹਰਿ ਭਗਤਿ ਹਿਰਦੈ ਨਾਹਿ ॥ (1124-14)
खटु करम कुल संजुगतु है हरि भगति हिरदै नाहि ॥

ਚਰਨਾਰਬਿੰਦ ਨ ਕਥਾ ਭਾਵੈ ਸੁਪਚ ਤੁਲਿ ਸਮਾਨਿ ॥੧॥ (1124-14)
चरनारबिंद न कथा भावै सुपच तुलि समानि ॥१॥

ਰੇ ਚਿਤ ਚੇਤਿ ਚੇਤ ਅਚੇਤ ॥ (1124-15)
रे चित चेति चेत अचेत ॥

ਕਾਹੇ ਨ ਬਾਲਮੀਕਹਿ ਦੇਖ ॥ (1124-15)
काहे न बालमीकहि देख ॥

ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ ॥੧॥ ਰਹਾਉ ॥ (1124-15)
किसु जाति ते किह पदहि अमरिओ राम भगति बिसेख ॥१॥ रहाउ ॥

ਸੁਆਨ ਸਤ੍ਰੁ ਅਜਾਤੁ ਸਭ ਤੇ ਕ੍ਰਿਸ੍ਨ ਲਾਵੈ ਹੇਤੁ ॥ (1124-16)
सुआन सत्रु अजातु सभ ते क्रिस्न लावै हेतु ॥

ਲੋਗੁ ਬਪੁਰਾ ਕਿਆ ਸਰਾਹੈ ਤੀਨਿ ਲੋਕ ਪ੍ਰਵੇਸ ॥੨॥ (1124-16)
लोगु बपुरा किआ सराहै तीनि लोक प्रवेस ॥२॥

ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ ॥ (1124-17)
अजामलु पिंगुला लुभतु कुंचरु गए हरि कै पासि ॥

ਐਸੇ ਦੁਰਮਤਿ ਨਿਸਤਰੇ ਤੂ ਕਿਉ ਨ ਤਰਹਿ ਰਵਿਦਾਸ ॥੩॥੧॥ (1124-17)
ऐसे दुरमति निसतरे तू किउ न तरहि रविदास ॥३॥१॥

ਰਾਗੁ ਭੈਰਉ ਮਹਲਾ ੧ ਘਰੁ ੧ ਚਉਪਦੇ (1125-1)
रागु भैरउ महला १ घरु १ चउपदे

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ (1125-2)
ੴ सति नामु करता पुरखु निरभउ निरवैरु अकाल मूरति अजूनी सैभं गुर प्रसादि ॥

ਤੁਝ ਤੇ ਬਾਹਰਿ ਕਿਛੂ ਨ ਹੋਇ ॥ (1125-4)
तुझ ते बाहरि किछू न होइ ॥

ਤੂ ਕਰਿ ਕਰਿ ਦੇਖਹਿ ਜਾਣਹਿ ਸੋਇ ॥੧॥ (1125-4)
तू करि करि देखहि जाणहि सोइ ॥१॥

ਕਿਆ ਕਹੀਐ ਕਿਛੁ ਕਹੀ ਨ ਜਾਇ ॥ (1125-4)
किआ कहीऐ किछु कही न जाइ ॥

ਜੋ ਕਿਛੁ ਅਹੈ ਸਭ ਤੇਰੀ ਰਜਾਇ ॥੧॥ ਰਹਾਉ ॥ (1125-5)
जो किछु अहै सभ तेरी रजाइ ॥१॥ रहाउ ॥

ਜੋ ਕਿਛੁ ਕਰਣਾ ਸੁ ਤੇਰੈ ਪਾਸਿ ॥ (1125-5)
जो किछु करणा सु तेरै पासि ॥

ਕਿਸੁ ਆਗੈ ਕੀਚੈ ਅਰਦਾਸਿ ॥੨॥ (1125-5)
किसु आगै कीचै अरदासि ॥२॥

ਆਖਣੁ ਸੁਨਣਾ ਤੇਰੀ ਬਾਣੀ ॥ (1125-6)
आखणु सुनणा तेरी बाणी ॥

ਤੂ ਆਪੇ ਜਾਣਹਿ ਸਰਬ ਵਿਡਾਣੀ ॥੩॥ (1125-6)
तू आपे जाणहि सरब विडाणी ॥३॥

ਕਰੇ ਕਰਾਏ ਜਾਣੈ ਆਪਿ ॥ (1125-6)
करे कराए जाणै आपि ॥

ਨਾਨਕ ਦੇਖੈ ਥਾਪਿ ਉਥਾਪਿ ॥੪॥੧॥ (1125-7)
नानक देखै थापि उथापि ॥४॥१॥

ੴ ਸਤਿਗੁਰ ਪ੍ਰਸਾਦਿ ॥ (1125-8)
१ੴ सतिगुर प्रसादि ॥

ਰਾਗੁ ਭੈਰਉ ਮਹਲਾ ੧ ਘਰੁ ੨ ॥ (1125-9)
रागु भैरउ महला १ घरु २ ॥

ਗੁਰ ਕੈ ਸਬਦਿ ਤਰੇ ਮੁਨਿ ਕੇਤੇ ਇੰਦ੍ਰਾਦਿਕ ਬ੍ਰਹਮਾਦਿ ਤਰੇ ॥ (1125-9)
गुर कै सबदि तरे मुनि केते इंद्रादिक ब्रहमादि तरे ॥

ਸਨਕ ਸਨੰਦਨ ਤਪਸੀ ਜਨ ਕੇਤੇ ਗੁਰ ਪਰਸਾਦੀ ਪਾਰਿ ਪਰੇ ॥੧॥ (1125-9)
सनक सनंदन तपसी जन केते गुर परसादी पारि परे ॥१॥

ਭਵਜਲੁ ਬਿਨੁ ਸਬਦੈ ਕਿਉ ਤਰੀਐ ॥ (1125-10)
भवजलु बिनु सबदै किउ तरीऐ ॥

ਨਾਮ ਬਿਨਾ ਜਗੁ ਰੋਗਿ ਬਿਆਪਿਆ ਦੁਬਿਧਾ ਡੁਬਿ ਡੁਬਿ ਮਰੀਐ ॥੧॥ ਰਹਾਉ ॥ (1125-10)
नाम बिना जगु रोगि बिआपिआ दुबिधा डुबि डुबि मरीऐ ॥१॥ रहाउ ॥

ਗੁਰੁ ਦੇਵਾ ਗੁਰੁ ਅਲਖ ਅਭੇਵਾ ਤ੍ਰਿਭਵਣ ਸੋਝੀ ਗੁਰ ਕੀ ਸੇਵਾ ॥ (1125-11)
गुरु देवा गुरु अलख अभेवा त्रिभवण सोझी गुर की सेवा ॥

ਆਪੇ ਦਾਤਿ ਕਰੀ ਗੁਰਿ ਦਾਤੈ ਪਾਇਆ ਅਲਖ ਅਭੇਵਾ ॥੨॥ (1125-12)
आपे दाति करी गुरि दातै पाइआ अलख अभेवा ॥२॥

ਮਨੁ ਰਾਜਾ ਮਨੁ ਮਨ ਤੇ ਮਾਨਿਆ ਮਨਸਾ ਮਨਹਿ ਸਮਾਈ ॥ (1125-12)
मनु राजा मनु मन ते मानिआ मनसा मनहि समाई ॥

ਮਨੁ ਜੋਗੀ ਮਨੁ ਬਿਨਸਿ ਬਿਓਗੀ ਮਨੁ ਸਮਝੈ ਗੁਣ ਗਾਈ ॥੩॥ (1125-13)
मनु जोगी मनु बिनसि बिओगी मनु समझै गुण गाई ॥३॥

ਗੁਰ ਤੇ ਮਨੁ ਮਾਰਿਆ ਸਬਦੁ ਵੀਚਾਰਿਆ ਤੇ ਵਿਰਲੇ ਸੰਸਾਰਾ ॥ (1125-14)
गुर ते मनु मारिआ सबदु वीचारिआ ते विरले संसारा ॥

ਨਾਨਕ ਸਾਹਿਬੁ ਭਰਿਪੁਰਿ ਲੀਣਾ ਸਾਚ ਸਬਦਿ ਨਿਸਤਾਰਾ ॥੪॥੧॥੨॥ (1125-14)
नानक साहिबु भरिपुरि लीणा साच सबदि निसतारा ॥४॥१॥२॥

ਭੈਰਉ ਮਹਲਾ ੧ ॥ (1125-15)
भैरउ महला १ ॥

ਨੈਨੀ ਦ੍ਰਿਸਟਿ ਨਹੀ ਤਨੁ ਹੀਨਾ ਜਰਿ ਜੀਤਿਆ ਸਿਰਿ ਕਾਲੋ ॥ (1125-15)
नैनी द्रिसटि नही तनु हीना जरि जीतिआ सिरि कालो ॥

ਰੂਪੁ ਰੰਗੁ ਰਹਸੁ ਨਹੀ ਸਾਚਾ ਕਿਉ ਛੋਡੈ ਜਮ ਜਾਲੋ ॥੧॥ (1125-16)
रूपु रंगु रहसु नही साचा किउ छोडै जम जालो ॥१॥

ਪ੍ਰਾਣੀ ਹਰਿ ਜਪਿ ਜਨਮੁ ਗਇਓ ॥ (1125-16)
प्राणी हरि जपि जनमु गइओ ॥

ਸਾਚ ਸਬਦ ਬਿਨੁ ਕਬਹੁ ਨ ਛੂਟਸਿ ਬਿਰਥਾ ਜਨਮੁ ਭਇਓ ॥੧॥ ਰਹਾਉ ॥ (1126-1)
साच सबद बिनु कबहु न छूटसि बिरथा जनमु भइओ ॥१॥ रहाउ ॥

ਤਨ ਮਹਿ ਕਾਮੁ ਕ੍ਰੋਧੁ ਹਉ ਮਮਤਾ ਕਠਿਨ ਪੀਰ ਅਤਿ ਭਾਰੀ ॥ (1126-1)
तन महि कामु क्रोधु हउ ममता कठिन पीर अति भारी ॥

ਗੁਰਮੁਖਿ ਰਾਮ ਜਪਹੁ ਰਸੁ ਰਸਨਾ ਇਨ ਬਿਧਿ ਤਰੁ ਤੂ ਤਾਰੀ ॥੨॥ (1126-2)
गुरमुखि राम जपहु रसु रसना इन बिधि तरु तू तारी ॥२॥

ਬਹਰੇ ਕਰਨ ਅਕਲਿ ਭਈ ਹੋਛੀ ਸਬਦ ਸਹਜੁ ਨਹੀ ਬੂਝਿਆ ॥ (1126-2)
बहरे करन अकलि भई होछी सबद सहजु नही बूझिआ ॥

ਜਨਮੁ ਪਦਾਰਥੁ ਮਨਮੁਖਿ ਹਾਰਿਆ ਬਿਨੁ ਗੁਰ ਅੰਧੁ ਨ ਸੂਝਿਆ ॥੩॥ (1126-3)
जनमु पदारथु मनमुखि हारिआ बिनु गुर अंधु न सूझिआ ॥३॥

ਰਹੈ ਉਦਾਸੁ ਆਸ ਨਿਰਾਸਾ ਸਹਜ ਧਿਆਨਿ ਬੈਰਾਗੀ ॥ (1126-4)
रहै उदासु आस निरासा सहज धिआनि बैरागी ॥

ਪ੍ਰਣਵਤਿ ਨਾਨਕ ਗੁਰਮੁਖਿ ਛੂਟਸਿ ਰਾਮ ਨਾਮਿ ਲਿਵ ਲਾਗੀ ॥੪॥੨॥੩॥ (1126-4)
प्रणवति नानक गुरमुखि छूटसि राम नामि लिव लागी ॥४॥२॥३॥

ਭੈਰਉ ਮਹਲਾ ੧ ॥ (1126-5)
भैरउ महला १ ॥

ਭੂੰਡੀ ਚਾਲ ਚਰਣ ਕਰ ਖਿਸਰੇ ਤੁਚਾ ਦੇਹ ਕੁਮਲਾਨੀ ॥ (1126-5)
भूंडी चाल चरण कर खिसरे तुचा देह कुमलानी ॥

ਨੇਤ੍ਰੀ ਧੁੰਧਿ ਕਰਨ ਭਏ ਬਹਰੇ ਮਨਮੁਖਿ ਨਾਮੁ ਨ ਜਾਨੀ ॥੧॥ (1126-5)
नेत्री धुंधि करन भए बहरे मनमुखि नामु न जानी ॥१॥

ਅੰਧੁਲੇ ਕਿਆ ਪਾਇਆ ਜਗਿ ਆਇ ॥ (1126-6)
अंधुले किआ पाइआ जगि आइ ॥

ਰਾਮੁ ਰਿਦੈ ਨਹੀ ਗੁਰ ਕੀ ਸੇਵਾ ਚਾਲੇ ਮੂਲੁ ਗਵਾਇ ॥੧॥ ਰਹਾਉ ॥ (1126-6)
रामु रिदै नही गुर की सेवा चाले मूलु गवाइ ॥१॥ रहाउ ॥

ਜਿਹਵਾ ਰੰਗਿ ਨਹੀ ਹਰਿ ਰਾਤੀ ਜਬ ਬੋਲੈ ਤਬ ਫੀਕੇ ॥ (1126-7)
जिहवा रंगि नही हरि राती जब बोलै तब फीके ॥

ਸੰਤ ਜਨਾ ਕੀ ਨਿੰਦਾ ਵਿਆਪਸਿ ਪਸੂ ਭਏ ਕਦੇ ਹੋਹਿ ਨ ਨੀਕੇ ॥੨॥ (1126-7)
संत जना की निंदा विआपसि पसू भए कदे होहि न नीके ॥२॥

ਅੰਮ੍ਰਿਤ ਕਾ ਰਸੁ ਵਿਰਲੀ ਪਾਇਆ ਸਤਿਗੁਰ ਮੇਲਿ ਮਿਲਾਏ ॥ (1126-8)
अमृत का रसु विरली पाइआ सतिगुर मेलि मिलाए ॥

ਜਬ ਲਗੁ ਸਬਦ ਭੇਦੁ ਨਹੀ ਆਇਆ ਤਬ ਲਗੁ ਕਾਲੁ ਸੰਤਾਏ ॥੩॥ (1126-9)
जब लगु सबद भेदु नही आइआ तब लगु कालु संताए ॥३॥

ਅਨ ਕੋ ਦਰੁ ਘਰੁ ਕਬਹੂ ਨ ਜਾਨਸਿ ਏਕੋ ਦਰੁ ਸਚਿਆਰਾ ॥ (1126-9)
अन को दरु घरु कबहू न जानसि एको दरु सचिआरा ॥

ਗੁਰ ਪਰਸਾਦਿ ਪਰਮ ਪਦੁ ਪਾਇਆ ਨਾਨਕੁ ਕਹੈ ਵਿਚਾਰਾ ॥੪॥੩॥੪॥ (1126-10)
गुर परसादि परम पदु पाइआ नानकु कहै विचारा ॥४॥३॥४॥

ਭੈਰਉ ਮਹਲਾ ੧ ॥ (1126-11)
भैरउ महला १ ॥

ਸਗਲੀ ਰੈਣਿ ਸੋਵਤ ਗਲਿ ਫਾਹੀ ਦਿਨਸੁ ਜੰਜਾਲਿ ਗਵਾਇਆ ॥ (1126-11)
सगली रैणि सोवत गलि फाही दिनसु जंजालि गवाइआ ॥

ਖਿਨੁ ਪਲੁ ਘੜੀ ਨਹੀ ਪ੍ਰਭੁ ਜਾਨਿਆ ਜਿਨਿ ਇਹੁ ਜਗਤੁ ਉਪਾਇਆ ॥੧॥ (1126-11)
खिनु पलु घड़ी नही प्रभु जानिआ जिनि इहु जगतु उपाइआ ॥१॥

ਮਨ ਰੇ ਕਿਉ ਛੂਟਸਿ ਦੁਖੁ ਭਾਰੀ ॥ (1126-12)
मन रे किउ छूटसि दुखु भारी ॥

ਕਿਆ ਲੇ ਆਵਸਿ ਕਿਆ ਲੇ ਜਾਵਸਿ ਰਾਮ ਜਪਹੁ ਗੁਣਕਾਰੀ ॥੧॥ ਰਹਾਉ ॥ (1126-12)
किआ ले आवसि किआ ले जावसि राम जपहु गुणकारी ॥१॥ रहाउ ॥

ਊਂਧਉ ਕਵਲੁ ਮਨਮੁਖ ਮਤਿ ਹੋਛੀ ਮਨਿ ਅੰਧੈ ਸਿਰਿ ਧੰਧਾ ॥ (1126-13)
ऊंधउ कवलु मनमुख मति होछी मनि अंधै सिरि धंधा ॥

ਕਾਲੁ ਬਿਕਾਲੁ ਸਦਾ ਸਿਰਿ ਤੇਰੈ ਬਿਨੁ ਨਾਵੈ ਗਲਿ ਫੰਧਾ ॥੨॥ (1126-14)
कालु बिकालु सदा सिरि तेरै बिनु नावै गलि फंधा ॥२॥

ਡਗਰੀ ਚਾਲ ਨੇਤ੍ਰ ਫੁਨਿ ਅੰਧੁਲੇ ਸਬਦ ਸੁਰਤਿ ਨਹੀ ਭਾਈ ॥ (1126-14)
डगरी चाल नेत्र फुनि अंधुले सबद सुरति नही भाई ॥

ਸਾਸਤ੍ਰ ਬੇਦ ਤ੍ਰੈ ਗੁਣ ਹੈ ਮਾਇਆ ਅੰਧੁਲਉ ਧੰਧੁ ਕਮਾਈ ॥੩॥ (1126-15)
सासत्र बेद त्रै गुण है माइआ अंधुलउ धंधु कमाई ॥३॥

ਖੋਇਓ ਮੂਲੁ ਲਾਭੁ ਕਹ ਪਾਵਸਿ ਦੁਰਮਤਿ ਗਿਆਨ ਵਿਹੂਣੇ ॥ (1126-15)
खोइओ मूलु लाभु कह पावसि दुरमति गिआन विहूणे ॥

ਸਬਦੁ ਬੀਚਾਰਿ ਰਾਮ ਰਸੁ ਚਾਖਿਆ ਨਾਨਕ ਸਾਚਿ ਪਤੀਣੇ ॥੪॥੪॥੫॥ (1126-16)
सबदु बीचारि राम रसु चाखिआ नानक साचि पतीणे ॥४॥४॥५॥

ਭੈਰਉ ਮਹਲਾ ੧ ॥ (1126-17)
भैरउ महला १ ॥

ਗੁਰ ਕੈ ਸੰਗਿ ਰਹੈ ਦਿਨੁ ਰਾਤੀ ਰਾਮੁ ਰਸਨਿ ਰੰਗਿ ਰਾਤਾ ॥ (1126-17)
गुर कै संगि रहै दिनु राती रामु रसनि रंगि राता ॥

ਅਵਰੁ ਨ ਜਾਣਸਿ ਸਬਦੁ ਪਛਾਣਸਿ ਅੰਤਰਿ ਜਾਣਿ ਪਛਾਤਾ ॥੧॥ (1126-17)
अवरु न जाणसि सबदु पछाणसि अंतरि जाणि पछाता ॥१॥

ਸੋ ਜਨੁ ਐਸਾ ਮੈ ਮਨਿ ਭਾਵੈ ॥ (1126-18)
सो जनु ऐसा मै मनि भावै ॥

ਆਪੁ ਮਾਰਿ ਅਪਰੰਪਰਿ ਰਾਤਾ ਗੁਰ ਕੀ ਕਾਰ ਕਮਾਵੈ ॥੧॥ ਰਹਾਉ ॥ (1126-18)
आपु मारि अपरमपरि राता गुर की कार कमावै ॥१॥ रहाउ ॥

ਅੰਤਰਿ ਬਾਹਰਿ ਪੁਰਖੁ ਨਿਰੰਜਨੁ ਆਦਿ ਪੁਰਖੁ ਆਦੇਸੋ ॥ (1126-19)
अंतरि बाहरि पुरखु निरंजनु आदि पुरखु आदेसो ॥

ਘਟ ਘਟ ਅੰਤਰਿ ਸਰਬ ਨਿਰੰਤਰਿ ਰਵਿ ਰਹਿਆ ਸਚੁ ਵੇਸੋ ॥੨॥ (1126-19)
घट घट अंतरि सरब निरंतरि रवि रहिआ सचु वेसो ॥२॥

ਸਾਚਿ ਰਤੇ ਸਚੁ ਅੰਮ੍ਰਿਤੁ ਜਿਹਵਾ ਮਿਥਿਆ ਮੈਲੁ ਨ ਰਾਈ ॥ (1127-1)
साचि रते सचु अमृतु जिहवा मिथिआ मैलु न राई ॥

ਨਿਰਮਲ ਨਾਮੁ ਅੰਮ੍ਰਿਤ ਰਸੁ ਚਾਖਿਆ ਸਬਦਿ ਰਤੇ ਪਤਿ ਪਾਈ ॥੩॥ (1127-2)
निरमल नामु अमृत रसु चाखिआ सबदि रते पति पाई ॥३॥

ਗੁਣੀ ਗੁਣੀ ਮਿਲਿ ਲਾਹਾ ਪਾਵਸਿ ਗੁਰਮੁਖਿ ਨਾਮਿ ਵਡਾਈ ॥ (1127-2)
गुणी गुणी मिलि लाहा पावसि गुरमुखि नामि वडाई ॥

ਸਗਲੇ ਦੂਖ ਮਿਟਹਿ ਗੁਰ ਸੇਵਾ ਨਾਨਕ ਨਾਮੁ ਸਖਾਈ ॥੪॥੫॥੬॥ (1127-3)
सगले दूख मिटहि गुर सेवा नानक नामु सखाई ॥४॥५॥६॥

ਭੈਰਉ ਮਹਲਾ ੧ ॥ (1127-3)
भैरउ महला १ ॥

ਹਿਰਦੈ ਨਾਮੁ ਸਰਬ ਧਨੁ ਧਾਰਣੁ ਗੁਰ ਪਰਸਾਦੀ ਪਾਈਐ ॥ (1127-4)
हिरदै नामु सरब धनु धारणु गुर परसादी पाईऐ ॥

ਅਮਰ ਪਦਾਰਥ ਤੇ ਕਿਰਤਾਰਥ ਸਹਜ ਧਿਆਨਿ ਲਿਵ ਲਾਈਐ ॥੧॥ (1127-4)
अमर पदारथ ते किरतारथ सहज धिआनि लिव लाईऐ ॥१॥

ਮਨ ਰੇ ਰਾਮ ਭਗਤਿ ਚਿਤੁ ਲਾਈਐ ॥ (1127-5)
मन रे राम भगति चितु लाईऐ ॥

ਗੁਰਮੁਖਿ ਰਾਮ ਨਾਮੁ ਜਪਿ ਹਿਰਦੈ ਸਹਜ ਸੇਤੀ ਘਰਿ ਜਾਈਐ ॥੧॥ ਰਹਾਉ ॥ (1127-5)
गुरमुखि राम नामु जपि हिरदै सहज सेती घरि जाईऐ ॥१॥ रहाउ ॥

ਭਰਮੁ ਭੇਦੁ ਭਉ ਕਬਹੁ ਨ ਛੂਟਸਿ ਆਵਤ ਜਾਤ ਨ ਜਾਨੀ ॥ (1127-6)
भरमु भेदु भउ कबहु न छूटसि आवत जात न जानी ॥

ਬਿਨੁ ਹਰਿ ਨਾਮ ਕੋ ਮੁਕਤਿ ਨ ਪਾਵਸਿ ਡੂਬਿ ਮੁਏ ਬਿਨੁ ਪਾਨੀ ॥੨॥ (1127-6)
बिनु हरि नाम को मुकति न पावसि डूबि मुए बिनु पानी ॥२॥

ਧੰਧਾ ਕਰਤ ਸਗਲੀ ਪਤਿ ਖੋਵਸਿ ਭਰਮੁ ਨ ਮਿਟਸਿ ਗਵਾਰਾ ॥ (1127-7)
धंधा करत सगली पति खोवसि भरमु न मिटसि गवारा ॥

ਬਿਨੁ ਗੁਰ ਸਬਦ ਮੁਕਤਿ ਨਹੀ ਕਬ ਹੀ ਅੰਧੁਲੇ ਧੰਧੁ ਪਸਾਰਾ ॥੩॥ (1127-8)
बिनु गुर सबद मुकति नही कब ही अंधुले धंधु पसारा ॥३॥

ਅਕੁਲ ਨਿਰੰਜਨ ਸਿਉ ਮਨੁ ਮਾਨਿਆ ਮਨ ਹੀ ਤੇ ਮਨੁ ਮੂਆ ॥ (1127-8)
अकुल निरंजन सिउ मनु मानिआ मन ही ते मनु मूआ ॥

ਅੰਤਰਿ ਬਾਹਰਿ ਏਕੋ ਜਾਨਿਆ ਨਾਨਕ ਅਵਰੁ ਨ ਦੂਆ ॥੪॥੬॥੭॥ (1127-9)
अंतरि बाहरि एको जानिआ नानक अवरु न दूआ ॥४॥६॥७॥

ਭੈਰਉ ਮਹਲਾ ੧ ॥ (1127-10)
भैरउ महला १ ॥

ਜਗਨ ਹੋਮ ਪੁੰਨ ਤਪ ਪੂਜਾ ਦੇਹ ਦੁਖੀ ਨਿਤ ਦੂਖ ਸਹੈ ॥ (1127-10)
जगन होम पुंन तप पूजा देह दुखी नित दूख सहै ॥

ਰਾਮ ਨਾਮ ਬਿਨੁ ਮੁਕਤਿ ਨ ਪਾਵਸਿ ਮੁਕਤਿ ਨਾਮਿ ਗੁਰਮੁਖਿ ਲਹੈ ॥੧॥ (1127-10)
राम नाम बिनु मुकति न पावसि मुकति नामि गुरमुखि लहै ॥१॥

ਰਾਮ ਨਾਮ ਬਿਨੁ ਬਿਰਥੇ ਜਗਿ ਜਨਮਾ ॥ (1127-11)
राम नाम बिनु बिरथे जगि जनमा ॥

ਬਿਖੁ ਖਾਵੈ ਬਿਖੁ ਬੋਲੀ ਬੋਲੈ ਬਿਨੁ ਨਾਵੈ ਨਿਹਫਲੁ ਮਰਿ ਭ੍ਰਮਨਾ ॥੧॥ ਰਹਾਉ ॥ (1127-11)
बिखु खावै बिखु बोली बोलै बिनु नावै निहफलु मरि भ्रमना ॥१॥ रहाउ ॥

ਪੁਸਤਕ ਪਾਠ ਬਿਆਕਰਣ ਵਖਾਣੈ ਸੰਧਿਆ ਕਰਮ ਤਿਕਾਲ ਕਰੈ ॥ (1127-12)
पुसतक पाठ बिआकरण वखाणै संधिआ करम तिकाल करै ॥

ਬਿਨੁ ਗੁਰ ਸਬਦ ਮੁਕਤਿ ਕਹਾ ਪ੍ਰਾਣੀ ਰਾਮ ਨਾਮ ਬਿਨੁ ਉਰਝਿ ਮਰੈ ॥੨॥ (1127-13)
बिनु गुर सबद मुकति कहा प्राणी राम नाम बिनु उरझि मरै ॥२॥

ਡੰਡ ਕਮੰਡਲ ਸਿਖਾ ਸੂਤੁ ਧੋਤੀ ਤੀਰਥਿ ਗਵਨੁ ਅਤਿ ਭ੍ਰਮਨੁ ਕਰੈ ॥ (1127-13)
डंड कमंडल सिखा सूतु धोती तीरथि गवनु अति भ्रमनु करै ॥

ਰਾਮ ਨਾਮ ਬਿਨੁ ਸਾਂਤਿ ਨ ਆਵੈ ਜਪਿ ਹਰਿ ਹਰਿ ਨਾਮੁ ਸੁ ਪਾਰਿ ਪਰੈ ॥੩॥ (1127-14)
राम नाम बिनु सांति न आवै जपि हरि हरि नामु सु पारि परै ॥३॥

ਜਟਾ ਮੁਕਟੁ ਤਨਿ ਭਸਮ ਲਗਾਈ ਬਸਤ੍ਰ ਛੋਡਿ ਤਨਿ ਨਗਨੁ ਭਇਆ ॥ (1127-15)
जटा मुकटु तनि भसम लगाई बसत्र छोडि तनि नगनु भइआ ॥

ਰਾਮ ਨਾਮ ਬਿਨੁ ਤ੍ਰਿਪਤਿ ਨ ਆਵੈ ਕਿਰਤ ਕੈ ਬਾਂਧੈ ਭੇਖੁ ਭਇਆ ॥੪॥ (1127-15)
राम नाम बिनु त्रिपति न आवै किरत कै बांधै भेखु भइआ ॥४॥

ਜੇਤੇ ਜੀਅ ਜੰਤ ਜਲਿ ਥਲਿ ਮਹੀਅਲਿ ਜਤ੍ਰ ਕਤ੍ਰ ਤੂ ਸਰਬ ਜੀਆ ॥ (1127-16)
जेते जीअ जंत जलि थलि महीअलि जत्र कत्र तू सरब जीआ ॥

ਗੁਰ ਪਰਸਾਦਿ ਰਾਖਿ ਲੇ ਜਨ ਕਉ ਹਰਿ ਰਸੁ ਨਾਨਕ ਝੋਲਿ ਪੀਆ ॥੫॥੭॥੮॥ (1127-16)
गुर परसादि राखि ले जन कउ हरि रसु नानक झोलि पीआ ॥५॥७॥८॥

ਰਾਗੁ ਭੈਰਉ ਮਹਲਾ ੩ ਚਉਪਦੇ ਘਰੁ ੧ (1127-18)
रागु भैरउ महला ३ चउपदे घरु १

ੴ ਸਤਿਗੁਰ ਪ੍ਰਸਾਦਿ ॥ (1127-18)
ੴ सतिगुर प्रसादि ॥

ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥ (1127-19)
जाति का गरबु न करीअहु कोई ॥

ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ॥੧॥ (1127-19)
ब्रहमु बिंदे सो ब्राहमणु होई ॥१॥

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥ (1127-19)
जाति का गरबु न करि मूरख गवारा ॥

ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥੧॥ ਰਹਾਉ ॥ (1128-1)
इसु गरब ते चलहि बहुतु विकारा ॥१॥ रहाउ ॥

ਚਾਰੇ ਵਰਨ ਆਖੈ ਸਭੁ ਕੋਈ ॥ (1128-1)
चारे वरन आखै सभु कोई ॥

ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ ॥੨॥ (1128-1)
ब्रहमु बिंद ते सभ ओपति होई ॥२॥

ਮਾਟੀ ਏਕ ਸਗਲ ਸੰਸਾਰਾ ॥ (1128-2)
माटी एक सगल संसारा ॥

ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ ॥੩॥ (1128-2)
बहु बिधि भांडे घड़ै कुम्हारा ॥३॥

ਪੰਚ ਤਤੁ ਮਿਲਿ ਦੇਹੀ ਕਾ ਆਕਾਰਾ ॥ (1128-2)
पंच ततु मिलि देही का आकारा ॥

ਘਟਿ ਵਧਿ ਕੋ ਕਰੈ ਬੀਚਾਰਾ ॥੪॥ (1128-3)
घटि वधि को करै बीचारा ॥४॥

ਕਹਤੁ ਨਾਨਕ ਇਹੁ ਜੀਉ ਕਰਮ ਬੰਧੁ ਹੋਈ ॥ (1128-3)
कहतु नानक इहु जीउ करम बंधु होई ॥

ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥੫॥੧॥ (1128-4)
बिनु सतिगुर भेटे मुकति न होई ॥५॥१॥

ਭੈਰਉ ਮਹਲਾ ੩ ॥ (1128-4)
भैरउ महला ३ ॥

ਜੋਗੀ ਗ੍ਰਿਹੀ ਪੰਡਿਤ ਭੇਖਧਾਰੀ ॥ (1128-4)
जोगी ग्रिही पंडित भेखधारी ॥

ਏ ਸੂਤੇ ਅਪਣੈ ਅਹੰਕਾਰੀ ॥੧॥ (1128-4)
ए सूते अपणै अहंकारी ॥१॥

ਮਾਇਆ ਮਦਿ ਮਾਤਾ ਰਹਿਆ ਸੋਇ ॥ (1128-5)
माइआ मदि माता रहिआ सोइ ॥

ਜਾਗਤੁ ਰਹੈ ਨ ਮੂਸੈ ਕੋਇ ॥੧॥ ਰਹਾਉ ॥ (1128-5)
जागतु रहै न मूसै कोइ ॥१॥ रहाउ ॥

ਸੋ ਜਾਗੈ ਜਿਸੁ ਸਤਿਗੁਰੁ ਮਿਲੈ ॥ (1128-5)
सो जागै जिसु सतिगुरु मिलै ॥

ਪੰਚ ਦੂਤ ਓਹੁ ਵਸਗਤਿ ਕਰੈ ॥੨॥ (1128-6)
पंच दूत ओहु वसगति करै ॥२॥

ਸੋ ਜਾਗੈ ਜੋ ਤਤੁ ਬੀਚਾਰੈ ॥ (1128-6)
सो जागै जो ततु बीचारै ॥

ਆਪਿ ਮਰੈ ਅਵਰਾ ਨਹ ਮਾਰੈ ॥੩॥ (1128-6)
आपि मरै अवरा नह मारै ॥३॥

ਸੋ ਜਾਗੈ ਜੋ ਏਕੋ ਜਾਣੈ ॥ (1128-7)
सो जागै जो एको जाणै ॥

ਪਰਕਿਰਤਿ ਛੋਡੈ ਤਤੁ ਪਛਾਣੈ ॥੪॥ (1128-7)
परकिरति छोडै ततु पछाणै ॥४॥

ਚਹੁ ਵਰਨਾ ਵਿਚਿ ਜਾਗੈ ਕੋਇ ॥ (1128-7)
चहु वरना विचि जागै कोइ ॥

ਜਮੈ ਕਾਲੈ ਤੇ ਛੂਟੈ ਸੋਇ ॥੫॥ (1128-8)
जमै कालै ते छूटै सोइ ॥५॥

ਕਹਤ ਨਾਨਕ ਜਨੁ ਜਾਗੈ ਸੋਇ ॥ (1128-8)
कहत नानक जनु जागै सोइ ॥

ਗਿਆਨ ਅੰਜਨੁ ਜਾ ਕੀ ਨੇਤ੍ਰੀ ਹੋਇ ॥੬॥੨॥ (1128-8)
गिआन अंजनु जा की नेत्री होइ ॥६॥२॥

ਭੈਰਉ ਮਹਲਾ ੩ ॥ (1128-9)
भैरउ महला ३ ॥

ਜਾ ਕਉ ਰਾਖੈ ਅਪਣੀ ਸਰਣਾਈ ॥ (1128-9)
जा कउ राखै अपणी सरणाई ॥

ਸਾਚੇ ਲਾਗੈ ਸਾਚਾ ਫਲੁ ਪਾਈ ॥੧॥ (1128-9)
साचे लागै साचा फलु पाई ॥१॥

ਰੇ ਜਨ ਕੈ ਸਿਉ ਕਰਹੁ ਪੁਕਾਰਾ ॥ (1128-9)
रे जन कै सिउ करहु पुकारा ॥

ਹੁਕਮੇ ਹੋਆ ਹੁਕਮੇ ਵਰਤਾਰਾ ॥੧॥ ਰਹਾਉ ॥ (1128-10)
हुकमे होआ हुकमे वरतारा ॥१॥ रहाउ ॥

ਏਹੁ ਆਕਾਰੁ ਤੇਰਾ ਹੈ ਧਾਰਾ ॥ (1128-10)
एहु आकारु तेरा है धारा ॥

ਖਿਨ ਮਹਿ ਬਿਨਸੈ ਕਰਤ ਨ ਲਾਗੈ ਬਾਰਾ ॥੨॥ (1128-10)
खिन महि बिनसै करत न लागै बारा ॥२॥

ਕਰਿ ਪ੍ਰਸਾਦੁ ਇਕੁ ਖੇਲੁ ਦਿਖਾਇਆ ॥ (1128-11)
करि प्रसादु इकु खेलु दिखाइआ ॥

ਗੁਰ ਕਿਰਪਾ ਤੇ ਪਰਮ ਪਦੁ ਪਾਇਆ ॥੩॥ (1128-11)
गुर किरपा ते परम पदु पाइआ ॥३॥

ਕਹਤ ਨਾਨਕੁ ਮਾਰਿ ਜੀਵਾਲੇ ਸੋਇ ॥ (1128-12)
कहत नानकु मारि जीवाले सोइ ॥

ਐਸਾ ਬੂਝਹੁ ਭਰਮਿ ਨ ਭੂਲਹੁ ਕੋਇ ॥੪॥੩॥ (1128-12)
ऐसा बूझहु भरमि न भूलहु कोइ ॥४॥३॥

ਭੈਰਉ ਮਹਲਾ ੩ ॥ (1128-12)
भैरउ महला ३ ॥

ਮੈ ਕਾਮਣਿ ਮੇਰਾ ਕੰਤੁ ਕਰਤਾਰੁ ॥ (1128-13)
मै कामणि मेरा कंतु करतारु ॥

ਜੇਹਾ ਕਰਾਏ ਤੇਹਾ ਕਰੀ ਸੀਗਾਰੁ ॥੧॥ (1128-13)
जेहा कराए तेहा करी सीगारु ॥१॥

ਜਾਂ ਤਿਸੁ ਭਾਵੈ ਤਾਂ ਕਰੇ ਭੋਗੁ ॥ (1128-13)
जां तिसु भावै तां करे भोगु ॥

ਤਨੁ ਮਨੁ ਸਾਚੇ ਸਾਹਿਬ ਜੋਗੁ ॥੧॥ ਰਹਾਉ ॥ (1128-14)
तनु मनु साचे साहिब जोगु ॥१॥ रहाउ ॥

ਉਸਤਤਿ ਨਿੰਦਾ ਕਰੇ ਕਿਆ ਕੋਈ ॥ (1128-14)
उसतति निंदा करे किआ कोई ॥

ਜਾਂ ਆਪੇ ਵਰਤੈ ਏਕੋ ਸੋਈ ॥੨॥ (1128-14)
जां आपे वरतै एको सोई ॥२॥

ਗੁਰ ਪਰਸਾਦੀ ਪਿਰਮ ਕਸਾਈ ॥ (1128-15)
गुर परसादी पिरम कसाई ॥

ਮਿਲਉਗੀ ਦਇਆਲ ਪੰਚ ਸਬਦ ਵਜਾਈ ॥੩॥ (1128-15)
मिलउगी दइआल पंच सबद वजाई ॥३॥

ਭਨਤਿ ਨਾਨਕੁ ਕਰੇ ਕਿਆ ਕੋਇ ॥ (1128-16)
भनति नानकु करे किआ कोइ ॥

ਜਿਸ ਨੋ ਆਪਿ ਮਿਲਾਵੈ ਸੋਇ ॥੪॥੪॥ (1128-16)
जिस नो आपि मिलावै सोइ ॥४॥४॥

ਭੈਰਉ ਮਹਲਾ ੩ ॥ (1128-16)
भैरउ महला ३ ॥

ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ ॥ (1128-16)
सो मुनि जि मन की दुबिधा मारे ॥

ਦੁਬਿਧਾ ਮਾਰਿ ਬ੍ਰਹਮੁ ਬੀਚਾਰੇ ॥੧॥ (1128-17)
दुबिधा मारि ब्रहमु बीचारे ॥१॥

ਇਸੁ ਮਨ ਕਉ ਕੋਈ ਖੋਜਹੁ ਭਾਈ ॥ (1128-17)
इसु मन कउ कोई खोजहु भाई ॥

ਮਨੁ ਖੋਜਤ ਨਾਮੁ ਨਉ ਨਿਧਿ ਪਾਈ ॥੧॥ ਰਹਾਉ ॥ (1128-17)
मनु खोजत नामु नउ निधि पाई ॥१॥ रहाउ ॥

ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ ॥ (1128-18)
मूलु मोहु करि करतै जगतु उपाइआ ॥

ਮਮਤਾ ਲਾਇ ਭਰਮਿ ਭੋੁਲਾਇਆ ॥੨॥ (1128-18)
ममता लाइ भरमि भोुलाइआ ॥२॥

ਇਸੁ ਮਨ ਤੇ ਸਭ ਪਿੰਡ ਪਰਾਣਾ ॥ (1128-19)
इसु मन ते सभ पिंड पराणा ॥

ਮਨ ਕੈ ਵੀਚਾਰਿ ਹੁਕਮੁ ਬੁਝਿ ਸਮਾਣਾ ॥੩॥ (1128-19)
मन कै वीचारि हुकमु बुझि समाणा ॥३॥

ਕਰਮੁ ਹੋਵੈ ਗੁਰੁ ਕਿਰਪਾ ਕਰੈ ॥ (1129-1)
करमु होवै गुरु किरपा करै ॥

ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ ॥੪॥ (1129-1)
इहु मनु जागै इसु मन की दुबिधा मरै ॥४॥

ਮਨ ਕਾ ਸੁਭਾਉ ਸਦਾ ਬੈਰਾਗੀ ॥ (1129-1)
मन का सुभाउ सदा बैरागी ॥

ਸਭ ਮਹਿ ਵਸੈ ਅਤੀਤੁ ਅਨਰਾਗੀ ॥੫॥ (1129-2)
सभ महि वसै अतीतु अनरागी ॥५॥

ਕਹਤ ਨਾਨਕੁ ਜੋ ਜਾਣੈ ਭੇਉ ॥ (1129-2)
कहत नानकु जो जाणै भेउ ॥

ਆਦਿ ਪੁਰਖੁ ਨਿਰੰਜਨ ਦੇਉ ॥੬॥੫॥ (1129-2)
आदि पुरखु निरंजन देउ ॥६॥५॥

ਭੈਰਉ ਮਹਲਾ ੩ ॥ (1129-3)
भैरउ महला ३ ॥

ਰਾਮ ਨਾਮੁ ਜਗਤ ਨਿਸਤਾਰਾ ॥ (1129-3)
राम नामु जगत निसतारा ॥

ਭਵਜਲੁ ਪਾਰਿ ਉਤਾਰਣਹਾਰਾ ॥੧॥ (1129-3)
भवजलु पारि उतारणहारा ॥१॥

ਗੁਰ ਪਰਸਾਦੀ ਹਰਿ ਨਾਮੁ ਸਮ੍ਹ੍ਹਾਲਿ ॥ (1129-4)
गुर परसादी हरि नामु सम्हालि ॥

ਸਦ ਹੀ ਨਿਬਹੈ ਤੇਰੈ ਨਾਲਿ ॥੧॥ ਰਹਾਉ ॥ (1129-4)
सद ही निबहै तेरै नालि ॥१॥ रहाउ ॥

ਨਾਮੁ ਨ ਚੇਤਹਿ ਮਨਮੁਖ ਗਾਵਾਰਾ ॥ (1129-4)
नामु न चेतहि मनमुख गावारा ॥

ਬਿਨੁ ਨਾਵੈ ਕੈਸੇ ਪਾਵਹਿ ਪਾਰਾ ॥੨॥ (1129-5)
बिनु नावै कैसे पावहि पारा ॥२॥

ਆਪੇ ਦਾਤਿ ਕਰੇ ਦਾਤਾਰੁ ॥ (1129-5)
आपे दाति करे दातारु ॥

ਦੇਵਣਹਾਰੇ ਕਉ ਜੈਕਾਰੁ ॥੩॥ (1129-5)
देवणहारे कउ जैकारु ॥३॥

ਨਦਰਿ ਕਰੇ ਸਤਿਗੁਰੂ ਮਿਲਾਏ ॥ (1129-6)
नदरि करे सतिगुरू मिलाए ॥

ਨਾਨਕ ਹਿਰਦੈ ਨਾਮੁ ਵਸਾਏ ॥੪॥੬॥ (1129-6)
नानक हिरदै नामु वसाए ॥४॥६॥

ਭੈਰਉ ਮਹਲਾ ੩ ॥ (1129-6)
भैरउ महला ३ ॥

ਨਾਮੇ ਉਧਰੇ ਸਭਿ ਜਿਤਨੇ ਲੋਅ ॥ (1129-6)
नामे उधरे सभि जितने लोअ ॥

ਗੁਰਮੁਖਿ ਜਿਨਾ ਪਰਾਪਤਿ ਹੋਇ ॥੧॥ (1129-7)
गुरमुखि जिना परापति होइ ॥१॥

ਹਰਿ ਜੀਉ ਅਪਣੀ ਕ੍ਰਿਪਾ ਕਰੇਇ ॥ (1129-7)
हरि जीउ अपणी क्रिपा करेइ ॥

ਗੁਰਮੁਖਿ ਨਾਮੁ ਵਡਿਆਈ ਦੇਇ ॥੧॥ ਰਹਾਉ ॥ (1129-7)
गुरमुखि नामु वडिआई देइ ॥१॥ रहाउ ॥

ਰਾਮ ਨਾਮਿ ਜਿਨ ਪ੍ਰੀਤਿ ਪਿਆਰੁ ॥ (1129-8)
राम नामि जिन प्रीति पिआरु ॥

ਆਪਿ ਉਧਰੇ ਸਭਿ ਕੁਲ ਉਧਾਰਣਹਾਰੁ ॥੨॥ (1129-8)
आपि उधरे सभि कुल उधारणहारु ॥२॥

ਬਿਨੁ ਨਾਵੈ ਮਨਮੁਖ ਜਮ ਪੁਰਿ ਜਾਹਿ ॥ (1129-9)
बिनु नावै मनमुख जम पुरि जाहि ॥

ਅਉਖੇ ਹੋਵਹਿ ਚੋਟਾ ਖਾਹਿ ॥੩॥ (1129-9)
अउखे होवहि चोटा खाहि ॥३॥

ਆਪੇ ਕਰਤਾ ਦੇਵੈ ਸੋਇ ॥ (1129-9)
आपे करता देवै सोइ ॥

ਨਾਨਕ ਨਾਮੁ ਪਰਾਪਤਿ ਹੋਇ ॥੪॥੭॥ (1129-10)
नानक नामु परापति होइ ॥४॥७॥

ਭੈਰਉ ਮਹਲਾ ੩ ॥ (1129-10)
भैरउ महला ३ ॥

ਗੋਵਿੰਦ ਪ੍ਰੀਤਿ ਸਨਕਾਦਿਕ ਉਧਾਰੇ ॥ (1129-10)
गोविंद प्रीति सनकादिक उधारे ॥

ਰਾਮ ਨਾਮ ਸਬਦਿ ਬੀਚਾਰੇ ॥੧॥ (1129-10)
राम नाम सबदि बीचारे ॥१॥

ਹਰਿ ਜੀਉ ਅਪਣੀ ਕਿਰਪਾ ਧਾਰੁ ॥ (1129-11)
हरि जीउ अपणी किरपा धारु ॥

ਗੁਰਮੁਖਿ ਨਾਮੇ ਲਗੈ ਪਿਆਰੁ ॥੧॥ ਰਹਾਉ ॥ (1129-11)
गुरमुखि नामे लगै पिआरु ॥१॥ रहाउ ॥

ਅੰਤਰਿ ਪ੍ਰੀਤਿ ਭਗਤਿ ਸਾਚੀ ਹੋਇ ॥ (1129-12)
अंतरि प्रीति भगति साची होइ ॥

ਪੂਰੈ ਗੁਰਿ ਮੇਲਾਵਾ ਹੋਇ ॥੨॥ (1129-12)
पूरै गुरि मेलावा होइ ॥२॥

ਨਿਜ ਘਰਿ ਵਸੈ ਸਹਜਿ ਸੁਭਾਇ ॥ (1129-12)
निज घरि वसै सहजि सुभाइ ॥

ਗੁਰਮੁਖਿ ਨਾਮੁ ਵਸੈ ਮਨਿ ਆਇ ॥੩॥ (1129-13)
गुरमुखि नामु वसै मनि आइ ॥३॥

ਆਪੇ ਵੇਖੈ ਵੇਖਣਹਾਰੁ ॥ (1129-13)
आपे वेखै वेखणहारु ॥

ਨਾਨਕ ਨਾਮੁ ਰਖਹੁ ਉਰ ਧਾਰਿ ॥੪॥੮॥ (1129-13)
नानक नामु रखहु उर धारि ॥४॥८॥

ਭੈਰਉ ਮਹਲਾ ੩ ॥ (1129-14)
भैरउ महला ३ ॥

ਕਲਜੁਗ ਮਹਿ ਰਾਮ ਨਾਮੁ ਉਰ ਧਾਰੁ ॥ (1129-14)
कलजुग महि राम नामु उर धारु ॥

ਬਿਨੁ ਨਾਵੈ ਮਾਥੈ ਪਾਵੈ ਛਾਰੁ ॥੧॥ (1129-14)
बिनु नावै माथै पावै छारु ॥१॥

ਰਾਮ ਨਾਮੁ ਦੁਲਭੁ ਹੈ ਭਾਈ ॥ (1129-14)
राम नामु दुलभु है भाई ॥

ਗੁਰ ਪਰਸਾਦਿ ਵਸੈ ਮਨਿ ਆਈ ॥੧॥ ਰਹਾਉ ॥ (1129-15)
गुर परसादि वसै मनि आई ॥१॥ रहाउ ॥

ਰਾਮ ਨਾਮੁ ਜਨ ਭਾਲਹਿ ਸੋਇ ॥ (1129-15)
राम नामु जन भालहि सोइ ॥

ਪੂਰੇ ਗੁਰ ਤੇ ਪ੍ਰਾਪਤਿ ਹੋਇ ॥੨॥ (1129-15)
पूरे गुर ते प्रापति होइ ॥२॥

ਹਰਿ ਕਾ ਭਾਣਾ ਮੰਨਹਿ ਸੇ ਜਨ ਪਰਵਾਣੁ ॥ (1129-16)
हरि का भाणा मंनहि से जन परवाणु ॥

ਗੁਰ ਕੈ ਸਬਦਿ ਨਾਮ ਨੀਸਾਣੁ ॥੩॥ (1129-16)
गुर कै सबदि नाम नीसाणु ॥३॥

ਸੋ ਸੇਵਹੁ ਜੋ ਕਲ ਰਹਿਆ ਧਾਰਿ ॥ (1129-16)
सो सेवहु जो कल रहिआ धारि ॥

ਨਾਨਕ ਗੁਰਮੁਖਿ ਨਾਮੁ ਪਿਆਰਿ ॥੪॥੯॥ (1129-17)
नानक गुरमुखि नामु पिआरि ॥४॥९॥

ਭੈਰਉ ਮਹਲਾ ੩ ॥ (1129-17)
भैरउ महला ३ ॥

ਕਲਜੁਗ ਮਹਿ ਬਹੁ ਕਰਮ ਕਮਾਹਿ ॥ (1129-17)
कलजुग महि बहु करम कमाहि ॥

ਨਾ ਰੁਤਿ ਨ ਕਰਮ ਥਾਇ ਪਾਹਿ ॥੧॥ (1129-18)
ना रुति न करम थाइ पाहि ॥१॥

ਕਲਜੁਗ ਮਹਿ ਰਾਮ ਨਾਮੁ ਹੈ ਸਾਰੁ ॥ (1129-18)
कलजुग महि राम नामु है सारु ॥

ਗੁਰਮੁਖਿ ਸਾਚਾ ਲਗੈ ਪਿਆਰੁ ॥੧॥ ਰਹਾਉ ॥ (1129-18)
गुरमुखि साचा लगै पिआरु ॥१॥ रहाउ ॥

ਤਨੁ ਮਨੁ ਖੋਜਿ ਘਰੈ ਮਹਿ ਪਾਇਆ ॥ (1129-19)
तनु मनु खोजि घरै महि पाइआ ॥

ਗੁਰਮੁਖਿ ਰਾਮ ਨਾਮਿ ਚਿਤੁ ਲਾਇਆ ॥੨॥ (1129-19)
गुरमुखि राम नामि चितु लाइआ ॥२॥

ਗਿਆਨ ਅੰਜਨੁ ਸਤਿਗੁਰ ਤੇ ਹੋਇ ॥ (1130-1)
गिआन अंजनु सतिगुर ते होइ ॥

ਰਾਮ ਨਾਮੁ ਰਵਿ ਰਹਿਆ ਤਿਹੁ ਲੋਇ ॥੩॥ (1130-1)
राम नामु रवि रहिआ तिहु लोइ ॥३॥

ਕਲਿਜੁਗ ਮਹਿ ਹਰਿ ਜੀਉ ਏਕੁ ਹੋਰ ਰੁਤਿ ਨ ਕਾਈ ॥ (1130-1)
कलिजुग महि हरि जीउ एकु होर रुति न काई ॥

ਨਾਨਕ ਗੁਰਮੁਖਿ ਹਿਰਦੈ ਰਾਮ ਨਾਮੁ ਲੇਹੁ ਜਮਾਈ ॥੪॥੧੦॥ (1130-2)
नानक गुरमुखि हिरदै राम नामु लेहु जमाई ॥४॥१०॥

ਭੈਰਉ ਮਹਲਾ ੩ ਘਰੁ ੨ (1130-3)
भैरउ महला ३ घरु २

ੴ ਸਤਿਗੁਰ ਪ੍ਰਸਾਦਿ ॥ (1130-4)
ੴ सतिगुर प्रसादि ॥

ਦੁਬਿਧਾ ਮਨਮੁਖ ਰੋਗਿ ਵਿਆਪੇ ਤ੍ਰਿਸਨਾ ਜਲਹਿ ਅਧਿਕਾਈ ॥ (1130-4)
दुबिधा मनमुख रोगि विआपे त्रिसना जलहि अधिकाई ॥

ਮਰਿ ਮਰਿ ਜੰਮਹਿ ਠਉਰ ਨ ਪਾਵਹਿ ਬਿਰਥਾ ਜਨਮੁ ਗਵਾਈ ॥੧॥ (1130-4)
मरि मरि जंमहि ठउर न पावहि बिरथा जनमु गवाई ॥१॥

ਮੇਰੇ ਪ੍ਰੀਤਮ ਕਰਿ ਕਿਰਪਾ ਦੇਹੁ ਬੁਝਾਈ ॥ (1130-5)
मेरे प्रीतम करि किरपा देहु बुझाई ॥

ਹਉਮੈ ਰੋਗੀ ਜਗਤੁ ਉਪਾਇਆ ਬਿਨੁ ਸਬਦੈ ਰੋਗੁ ਨ ਜਾਈ ॥੧॥ ਰਹਾਉ ॥ (1130-5)
हउमै रोगी जगतु उपाइआ बिनु सबदै रोगु न जाई ॥१॥ रहाउ ॥

ਸਿੰਮ੍ਰਿਤਿ ਸਾਸਤ੍ਰ ਪੜਹਿ ਮੁਨਿ ਕੇਤੇ ਬਿਨੁ ਸਬਦੈ ਸੁਰਤਿ ਨ ਪਾਈ ॥ (1130-6)
सिंम्रिति सासत्र पड़हि मुनि केते बिनु सबदै सुरति न पाई ॥

ਤ੍ਰੈ ਗੁਣ ਸਭੇ ਰੋਗਿ ਵਿਆਪੇ ਮਮਤਾ ਸੁਰਤਿ ਗਵਾਈ ॥੨॥ (1130-7)
त्रै गुण सभे रोगि विआपे ममता सुरति गवाई ॥२॥

ਇਕਿ ਆਪੇ ਕਾਢਿ ਲਏ ਪ੍ਰਭਿ ਆਪੇ ਗੁਰ ਸੇਵਾ ਪ੍ਰਭਿ ਲਾਏ ॥ (1130-7)
इकि आपे काढि लए प्रभि आपे गुर सेवा प्रभि लाए ॥

ਹਰਿ ਕਾ ਨਾਮੁ ਨਿਧਾਨੋ ਪਾਇਆ ਸੁਖੁ ਵਸਿਆ ਮਨਿ ਆਏ ॥੩॥ (1130-8)
हरि का नामु निधानो पाइआ सुखु वसिआ मनि आए ॥३॥

ਚਉਥੀ ਪਦਵੀ ਗੁਰਮੁਖਿ ਵਰਤਹਿ ਤਿਨ ਨਿਜ ਘਰਿ ਵਾਸਾ ਪਾਇਆ ॥ (1130-8)
चउथी पदवी गुरमुखि वरतहि तिन निज घरि वासा पाइआ ॥

ਪੂਰੈ ਸਤਿਗੁਰਿ ਕਿਰਪਾ ਕੀਨੀ ਵਿਚਹੁ ਆਪੁ ਗਵਾਇਆ ॥੪॥ (1130-9)
पूरै सतिगुरि किरपा कीनी विचहु आपु गवाइआ ॥४॥

ਏਕਸੁ ਕੀ ਸਿਰਿ ਕਾਰ ਏਕ ਜਿਨਿ ਬ੍ਰਹਮਾ ਬਿਸਨੁ ਰੁਦ੍ਰੁ ਉਪਾਇਆ ॥ (1130-10)
एकसु की सिरि कार एक जिनि ब्रहमा बिसनु रुद्रु उपाइआ ॥

ਨਾਨਕ ਨਿਹਚਲੁ ਸਾਚਾ ਏਕੋ ਨਾ ਓਹੁ ਮਰੈ ਨ ਜਾਇਆ ॥੫॥੧॥੧੧॥ (1130-10)
नानक निहचलु साचा एको ना ओहु मरै न जाइआ ॥५॥१॥११॥

ਭੈਰਉ ਮਹਲਾ ੩ ॥ (1130-11)
भैरउ महला ३ ॥

ਮਨਮੁਖਿ ਦੁਬਿਧਾ ਸਦਾ ਹੈ ਰੋਗੀ ਰੋਗੀ ਸਗਲ ਸੰਸਾਰਾ ॥ (1130-11)
मनमुखि दुबिधा सदा है रोगी रोगी सगल संसारा ॥

ਗੁਰਮੁਖਿ ਬੂਝਹਿ ਰੋਗੁ ਗਵਾਵਹਿ ਗੁਰ ਸਬਦੀ ਵੀਚਾਰਾ ॥੧॥ (1130-12)
गुरमुखि बूझहि रोगु गवावहि गुर सबदी वीचारा ॥१॥

ਹਰਿ ਜੀਉ ਸਤਸੰਗਤਿ ਮੇਲਾਇ ॥ (1130-12)
हरि जीउ सतसंगति मेलाइ ॥

ਨਾਨਕ ਤਿਸ ਨੋ ਦੇਇ ਵਡਿਆਈ ਜੋ ਰਾਮ ਨਾਮਿ ਚਿਤੁ ਲਾਇ ॥੧॥ ਰਹਾਉ ॥ (1130-12)
नानक तिस नो देइ वडिआई जो राम नामि चितु लाइ ॥१॥ रहाउ ॥

ਮਮਤਾ ਕਾਲਿ ਸਭਿ ਰੋਗਿ ਵਿਆਪੇ ਤਿਨ ਜਮ ਕੀ ਹੈ ਸਿਰਿ ਕਾਰਾ ॥ (1130-13)
ममता कालि सभि रोगि विआपे तिन जम की है सिरि कारा ॥

ਗੁਰਮੁਖਿ ਪ੍ਰਾਣੀ ਜਮੁ ਨੇੜਿ ਨ ਆਵੈ ਜਿਨ ਹਰਿ ਰਾਖਿਆ ਉਰਿ ਧਾਰਾ ॥੨॥ (1130-14)
गुरमुखि प्राणी जमु नेड़ि न आवै जिन हरि राखिआ उरि धारा ॥२॥

ਜਿਨ ਹਰਿ ਕਾ ਨਾਮੁ ਨ ਗੁਰਮੁਖਿ ਜਾਤਾ ਸੇ ਜਗ ਮਹਿ ਕਾਹੇ ਆਇਆ ॥ (1130-14)
जिन हरि का नामु न गुरमुखि जाता से जग महि काहे आइआ ॥

ਗੁਰ ਕੀ ਸੇਵਾ ਕਦੇ ਨ ਕੀਨੀ ਬਿਰਥਾ ਜਨਮੁ ਗਵਾਇਆ ॥੩॥ (1130-15)
गुर की सेवा कदे न कीनी बिरथा जनमु गवाइआ ॥३॥

ਨਾਨਕ ਸੇ ਪੂਰੇ ਵਡਭਾਗੀ ਸਤਿਗੁਰ ਸੇਵਾ ਲਾਏ ॥ (1130-16)
नानक से पूरे वडभागी सतिगुर सेवा लाए ॥

ਜੋ ਇਛਹਿ ਸੋਈ ਫਲੁ ਪਾਵਹਿ ਗੁਰਬਾਣੀ ਸੁਖੁ ਪਾਏ ॥੪॥੨॥੧੨॥ (1130-16)
जो इछहि सोई फलु पावहि गुरबाणी सुखु पाए ॥४॥२॥१२॥

ਭੈਰਉ ਮਹਲਾ ੩ ॥ (1130-17)
भैरउ महला ३ ॥

ਦੁਖ ਵਿਚਿ ਜੰਮੈ ਦੁਖਿ ਮਰੈ ਦੁਖ ਵਿਚਿ ਕਾਰ ਕਮਾਇ ॥ (1130-17)
दुख विचि जंमै दुखि मरै दुख विचि कार कमाइ ॥

ਗਰਭ ਜੋਨੀ ਵਿਚਿ ਕਦੇ ਨ ਨਿਕਲੈ ਬਿਸਟਾ ਮਾਹਿ ਸਮਾਇ ॥੧॥ (1130-17)
गरभ जोनी विचि कदे न निकलै बिसटा माहि समाइ ॥१॥

ਧ੍ਰਿਗੁ ਧ੍ਰਿਗੁ ਮਨਮੁਖਿ ਜਨਮੁ ਗਵਾਇਆ ॥ (1130-18)
ध्रिगु ध्रिगु मनमुखि जनमु गवाइआ ॥

ਪੂਰੇ ਗੁਰ ਕੀ ਸੇਵ ਨ ਕੀਨੀ ਹਰਿ ਕਾ ਨਾਮੁ ਨ ਭਾਇਆ ॥੧॥ ਰਹਾਉ ॥ (1130-18)
पूरे गुर की सेव न कीनी हरि का नामु न भाइआ ॥१॥ रहाउ ॥

ਗੁਰ ਕਾ ਸਬਦੁ ਸਭਿ ਰੋਗ ਗਵਾਏ ਜਿਸ ਨੋ ਹਰਿ ਜੀਉ ਲਾਏ ॥ (1130-19)
गुर का सबदु सभि रोग गवाए जिस नो हरि जीउ लाए ॥

ਨਾਮੇ ਨਾਮਿ ਮਿਲੈ ਵਡਿਆਈ ਜਿਸ ਨੋ ਮੰਨਿ ਵਸਾਏ ॥੨॥ (1131-1)
नामे नामि मिलै वडिआई जिस नो मंनि वसाए ॥२॥

ਸਤਿਗੁਰੁ ਭੇਟੈ ਤਾ ਫਲੁ ਪਾਏ ਸਚੁ ਕਰਣੀ ਸੁਖ ਸਾਰੁ ॥ (1131-1)
सतिगुरु भेटै ता फलु पाए सचु करणी सुख सारु ॥

ਸੇ ਜਨ ਨਿਰਮਲ ਜੋ ਹਰਿ ਲਾਗੇ ਹਰਿ ਨਾਮੇ ਧਰਹਿ ਪਿਆਰੁ ॥੩॥ (1131-2)
से जन निरमल जो हरि लागे हरि नामे धरहि पिआरु ॥३॥

ਤਿਨ ਕੀ ਰੇਣੁ ਮਿਲੈ ਤਾਂ ਮਸਤਕਿ ਲਾਈ ਜਿਨ ਸਤਿਗੁਰੁ ਪੂਰਾ ਧਿਆਇਆ ॥ (1131-2)
तिन की रेणु मिलै तां मसतकि लाई जिन सतिगुरु पूरा धिआइआ ॥

ਨਾਨਕ ਤਿਨ ਕੀ ਰੇਣੁ ਪੂਰੈ ਭਾਗਿ ਪਾਈਐ ਜਿਨੀ ਰਾਮ ਨਾਮਿ ਚਿਤੁ ਲਾਇਆ ॥੪॥੩॥੧੩॥ (1131-3)
नानक तिन की रेणु पूरै भागि पाईऐ जिनी राम नामि चितु लाइआ ॥४॥३॥१३॥

ਭੈਰਉ ਮਹਲਾ ੩ ॥ (1131-4)
भैरउ महला ३ ॥

ਸਬਦੁ ਬੀਚਾਰੇ ਸੋ ਜਨੁ ਸਾਚਾ ਜਿਨ ਕੈ ਹਿਰਦੈ ਸਾਚਾ ਸੋਈ ॥ (1131-4)
सबदु बीचारे सो जनु साचा जिन कै हिरदै साचा सोई ॥

ਸਾਚੀ ਭਗਤਿ ਕਰਹਿ ਦਿਨੁ ਰਾਤੀ ਤਾਂ ਤਨਿ ਦੂਖੁ ਨ ਹੋਈ ॥੧॥ (1131-5)
साची भगति करहि दिनु राती तां तनि दूखु न होई ॥१॥

ਭਗਤੁ ਭਗਤੁ ਕਹੈ ਸਭੁ ਕੋਈ ॥ (1131-5)
भगतु भगतु कहै सभु कोई ॥

ਬਿਨੁ ਸਤਿਗੁਰ ਸੇਵੇ ਭਗਤਿ ਨ ਪਾਈਐ ਪੂਰੈ ਭਾਗਿ ਮਿਲੈ ਪ੍ਰਭੁ ਸੋਈ ॥੧॥ ਰਹਾਉ ॥ (1131-5)
बिनु सतिगुर सेवे भगति न पाईऐ पूरै भागि मिलै प्रभु सोई ॥१॥ रहाउ ॥

ਮਨਮੁਖ ਮੂਲੁ ਗਵਾਵਹਿ ਲਾਭੁ ਮਾਗਹਿ ਲਾਹਾ ਲਾਭੁ ਕਿਦੂ ਹੋਈ ॥ (1131-6)
मनमुख मूलु गवावहि लाभु मागहि लाहा लाभु किदू होई ॥

ਜਮਕਾਲੁ ਸਦਾ ਹੈ ਸਿਰ ਊਪਰਿ ਦੂਜੈ ਭਾਇ ਪਤਿ ਖੋਈ ॥੨॥ (1131-7)
जमकालु सदा है सिर ऊपरि दूजै भाइ पति खोई ॥२॥

ਬਹਲੇ ਭੇਖ ਭਵਹਿ ਦਿਨੁ ਰਾਤੀ ਹਉਮੈ ਰੋਗੁ ਨ ਜਾਈ ॥ (1131-7)
बहले भेख भवहि दिनु राती हउमै रोगु न जाई ॥

ਪੜਿ ਪੜਿ ਲੂਝਹਿ ਬਾਦੁ ਵਖਾਣਹਿ ਮਿਲਿ ਮਾਇਆ ਸੁਰਤਿ ਗਵਾਈ ॥੩॥ (1131-8)
पड़ि पड़ि लूझहि बादु वखाणहि मिलि माइआ सुरति गवाई ॥३॥

ਸਤਿਗੁਰੁ ਸੇਵਹਿ ਪਰਮ ਗਤਿ ਪਾਵਹਿ ਨਾਮਿ ਮਿਲੈ ਵਡਿਆਈ ॥ (1131-9)
सतिगुरु सेवहि परम गति पावहि नामि मिलै वडिआई ॥

ਨਾਨਕ ਨਾਮੁ ਜਿਨਾ ਮਨਿ ਵਸਿਆ ਦਰਿ ਸਾਚੈ ਪਤਿ ਪਾਈ ॥੪॥੪॥੧੪॥ (1131-9)
नानक नामु जिना मनि वसिआ दरि साचै पति पाई ॥४॥४॥१४॥

ਭੈਰਉ ਮਹਲਾ ੩ ॥ (1131-10)
भैरउ महला ३ ॥

ਮਨਮੁਖ ਆਸਾ ਨਹੀ ਉਤਰੈ ਦੂਜੈ ਭਾਇ ਖੁਆਏ ॥ (1131-10)
मनमुख आसा नही उतरै दूजै भाइ खुआए ॥

ਉਦਰੁ ਨੈ ਸਾਣੁ ਨ ਭਰੀਐ ਕਬਹੂ ਤ੍ਰਿਸਨਾ ਅਗਨਿ ਪਚਾਏ ॥੧॥ (1131-10)
उदरु नै साणु न भरीऐ कबहू त्रिसना अगनि पचाए ॥१॥

ਸਦਾ ਅਨੰਦੁ ਰਾਮ ਰਸਿ ਰਾਤੇ ॥ (1131-11)
सदा अनंदु राम रसि राते ॥

ਹਿਰਦੈ ਨਾਮੁ ਦੁਬਿਧਾ ਮਨਿ ਭਾਗੀ ਹਰਿ ਹਰਿ ਅੰਮ੍ਰਿਤੁ ਪੀ ਤ੍ਰਿਪਤਾਤੇ ॥੧॥ ਰਹਾਉ ॥ (1131-11)
हिरदै नामु दुबिधा मनि भागी हरि हरि अमृतु पी त्रिपताते ॥१॥ रहाउ ॥

ਆਪੇ ਪਾਰਬ੍ਰਹਮੁ ਸ੍ਰਿਸਟਿ ਜਿਨਿ ਸਾਜੀ ਸਿਰਿ ਸਿਰਿ ਧੰਧੈ ਲਾਏ ॥ (1131-12)
आपे पारब्रहमु स्रिसटि जिनि साजी सिरि सिरि धंधै लाए ॥

ਮਾਇਆ ਮੋਹੁ ਕੀਆ ਜਿਨਿ ਆਪੇ ਆਪੇ ਦੂਜੈ ਲਾਏ ॥੨॥ (1131-13)
माइआ मोहु कीआ जिनि आपे आपे दूजै लाए ॥२॥

ਤਿਸ ਨੋ ਕਿਹੁ ਕਹੀਐ ਜੇ ਦੂਜਾ ਹੋਵੈ ਸਭਿ ਤੁਧੈ ਮਾਹਿ ਸਮਾਏ ॥ (1131-13)
तिस नो किहु कहीऐ जे दूजा होवै सभि तुधै माहि समाए ॥

ਗੁਰਮੁਖਿ ਗਿਆਨੁ ਤਤੁ ਬੀਚਾਰਾ ਜੋਤੀ ਜੋਤਿ ਮਿਲਾਏ ॥੩॥ (1131-14)
गुरमुखि गिआनु ततु बीचारा जोती जोति मिलाए ॥३॥

ਸੋ ਪ੍ਰਭੁ ਸਾਚਾ ਸਦ ਹੀ ਸਾਚਾ ਸਾਚਾ ਸਭੁ ਆਕਾਰਾ ॥ (1131-14)
सो प्रभु साचा सद ही साचा साचा सभु आकारा ॥

ਨਾਨਕ ਸਤਿਗੁਰਿ ਸੋਝੀ ਪਾਈ ਸਚਿ ਨਾਮਿ ਨਿਸਤਾਰਾ ॥੪॥੫॥੧੫॥ (1131-15)
नानक सतिगुरि सोझी पाई सचि नामि निसतारा ॥४॥५॥१५॥

ਭੈਰਉ ਮਹਲਾ ੩ ॥ (1131-16)
भैरउ महला ३ ॥

ਕਲਿ ਮਹਿ ਪ੍ਰੇਤ ਜਿਨ੍ਹ੍ਹੀ ਰਾਮੁ ਨ ਪਛਾਤਾ ਸਤਜੁਗਿ ਪਰਮ ਹੰਸ ਬੀਚਾਰੀ ॥ (1131-16)
कलि महि प्रेत जिन्ही रामु न पछाता सतजुगि परम हंस बीचारी ॥

ਦੁਆਪੁਰਿ ਤ੍ਰੇਤੈ ਮਾਣਸ ਵਰਤਹਿ ਵਿਰਲੈ ਹਉਮੈ ਮਾਰੀ ॥੧॥ (1131-16)
दुआपुरि त्रेतै माणस वरतहि विरलै हउमै मारी ॥१॥

ਕਲਿ ਮਹਿ ਰਾਮ ਨਾਮਿ ਵਡਿਆਈ ॥ (1131-17)
कलि महि राम नामि वडिआई ॥

ਜੁਗਿ ਜੁਗਿ ਗੁਰਮੁਖਿ ਏਕੋ ਜਾਤਾ ਵਿਣੁ ਨਾਵੈ ਮੁਕਤਿ ਨ ਪਾਈ ॥੧॥ ਰਹਾਉ ॥ (1131-17)
जुगि जुगि गुरमुखि एको जाता विणु नावै मुकति न पाई ॥१॥ रहाउ ॥

ਹਿਰਦੈ ਨਾਮੁ ਲਖੈ ਜਨੁ ਸਾਚਾ ਗੁਰਮੁਖਿ ਮੰਨਿ ਵਸਾਈ ॥ (1131-18)
हिरदै नामु लखै जनु साचा गुरमुखि मंनि वसाई ॥

ਆਪਿ ਤਰੇ ਸਗਲੇ ਕੁਲ ਤਾਰੇ ਜਿਨੀ ਰਾਮ ਨਾਮਿ ਲਿਵ ਲਾਈ ॥੨॥ (1131-19)
आपि तरे सगले कुल तारे जिनी राम नामि लिव लाई ॥२॥

ਮੇਰਾ ਪ੍ਰਭੁ ਹੈ ਗੁਣ ਕਾ ਦਾਤਾ ਅਵਗਣ ਸਬਦਿ ਜਲਾਏ ॥ (1131-19)
मेरा प्रभु है गुण का दाता अवगण सबदि जलाए ॥

ਜਿਨ ਮਨਿ ਵਸਿਆ ਸੇ ਜਨ ਸੋਹੇ ਹਿਰਦੈ ਨਾਮੁ ਵਸਾਏ ॥੩॥ (1132-1)
जिन मनि वसिआ से जन सोहे हिरदै नामु वसाए ॥३॥

ਘਰੁ ਦਰੁ ਮਹਲੁ ਸਤਿਗੁਰੂ ਦਿਖਾਇਆ ਰੰਗ ਸਿਉ ਰਲੀਆ ਮਾਣੈ ॥ (1132-1)
घरु दरु महलु सतिगुरू दिखाइआ रंग सिउ रलीआ माणै ॥

ਜੋ ਕਿਛੁ ਕਹੈ ਸੁ ਭਲਾ ਕਰਿ ਮਾਨੈ ਨਾਨਕ ਨਾਮੁ ਵਖਾਣੈ ॥੪॥੬॥੧੬॥ (1132-2)
जो किछु कहै सु भला करि मानै नानक नामु वखाणै ॥४॥६॥१६॥

ਭੈਰਉ ਮਹਲਾ ੩ ॥ (1132-3)
भैरउ महला ३ ॥

ਮਨਸਾ ਮਨਹਿ ਸਮਾਇ ਲੈ ਗੁਰ ਸਬਦੀ ਵੀਚਾਰ ॥ (1132-3)
मनसा मनहि समाइ लै गुर सबदी वीचार ॥

ਗੁਰ ਪੂਰੇ ਤੇ ਸੋਝੀ ਪਵੈ ਫਿਰਿ ਮਰੈ ਨ ਵਾਰੋ ਵਾਰ ॥੧॥ (1132-3)
गुर पूरे ते सोझी पवै फिरि मरै न वारो वार ॥१॥

ਮਨ ਮੇਰੇ ਰਾਮ ਨਾਮੁ ਆਧਾਰੁ ॥ (1132-4)
मन मेरे राम नामु आधारु ॥

ਗੁਰ ਪਰਸਾਦਿ ਪਰਮ ਪਦੁ ਪਾਇਆ ਸਭ ਇਛ ਪੁਜਾਵਣਹਾਰੁ ॥੧॥ ਰਹਾਉ ॥ (1132-4)
गुर परसादि परम पदु पाइआ सभ इछ पुजावणहारु ॥१॥ रहाउ ॥

ਸਭ ਮਹਿ ਏਕੋ ਰਵਿ ਰਹਿਆ ਗੁਰ ਬਿਨੁ ਬੂਝ ਨ ਪਾਇ ॥ (1132-5)
सभ महि एको रवि रहिआ गुर बिनु बूझ न पाइ ॥

ਗੁਰਮੁਖਿ ਪ੍ਰਗਟੁ ਹੋਆ ਮੇਰਾ ਹਰਿ ਪ੍ਰਭੁ ਅਨਦਿਨੁ ਹਰਿ ਗੁਣ ਗਾਇ ॥੨॥ (1132-5)
गुरमुखि प्रगटु होआ मेरा हरि प्रभु अनदिनु हरि गुण गाइ ॥२॥

ਸੁਖਦਾਤਾ ਹਰਿ ਏਕੁ ਹੈ ਹੋਰ ਥੈ ਸੁਖੁ ਨ ਪਾਹਿ ॥ (1132-6)
सुखदाता हरि एकु है होर थै सुखु न पाहि ॥

ਸਤਿਗੁਰੁ ਜਿਨੀ ਨ ਸੇਵਿਆ ਦਾਤਾ ਸੇ ਅੰਤਿ ਗਏ ਪਛੁਤਾਹਿ ॥੩॥ (1132-7)
सतिगुरु जिनी न सेविआ दाता से अंति गए पछुताहि ॥३॥

ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਫਿਰਿ ਦੁਖੁ ਨ ਲਾਗੈ ਧਾਇ ॥ (1132-7)
सतिगुरु सेवि सदा सुखु पाइआ फिरि दुखु न लागै धाइ ॥

ਨਾਨਕ ਹਰਿ ਭਗਤਿ ਪਰਾਪਤਿ ਹੋਈ ਜੋਤੀ ਜੋਤਿ ਸਮਾਇ ॥੪॥੭॥੧੭॥ (1132-8)
नानक हरि भगति परापति होई जोती जोति समाइ ॥४॥७॥१७॥

ਭੈਰਉ ਮਹਲਾ ੩ ॥ (1132-8)
भैरउ महला ३ ॥

ਬਾਝੁ ਗੁਰੂ ਜਗਤੁ ਬਉਰਾਨਾ ਭੂਲਾ ਚੋਟਾ ਖਾਈ ॥ (1132-9)
बाझु गुरू जगतु बउराना भूला चोटा खाई ॥

ਮਰਿ ਮਰਿ ਜੰਮੈ ਸਦਾ ਦੁਖੁ ਪਾਏ ਦਰ ਕੀ ਖਬਰਿ ਨ ਪਾਈ ॥੧॥ (1132-9)
मरि मरि जंमै सदा दुखु पाए दर की खबरि न पाई ॥१॥

ਮੇਰੇ ਮਨ ਸਦਾ ਰਹਹੁ ਸਤਿਗੁਰ ਕੀ ਸਰਣਾ ॥ (1132-10)
मेरे मन सदा रहहु सतिगुर की सरणा ॥

ਹਿਰਦੈ ਹਰਿ ਨਾਮੁ ਮੀਠਾ ਸਦ ਲਾਗਾ ਗੁਰ ਸਬਦੇ ਭਵਜਲੁ ਤਰਣਾ ॥੧॥ ਰਹਾਉ ॥ (1132-10)
हिरदै हरि नामु मीठा सद लागा गुर सबदे भवजलु तरणा ॥१॥ रहाउ ॥

ਭੇਖ ਕਰੈ ਬਹੁਤੁ ਚਿਤੁ ਡੋਲੈ ਅੰਤਰਿ ਕਾਮੁ ਕ੍ਰੋਧੁ ਅਹੰਕਾਰੁ ॥ (1132-11)
भेख करै बहुतु चितु डोलै अंतरि कामु क्रोधु अहंकारु ॥

ਅੰਤਰਿ ਤਿਸਾ ਭੂਖ ਅਤਿ ਬਹੁਤੀ ਭਉਕਤ ਫਿਰੈ ਦਰ ਬਾਰੁ ॥੨॥ (1132-11)
अंतरि तिसा भूख अति बहुती भउकत फिरै दर बारु ॥२॥

ਗੁਰ ਕੈ ਸਬਦਿ ਮਰਹਿ ਫਿਰਿ ਜੀਵਹਿ ਤਿਨ ਕਉ ਮੁਕਤਿ ਦੁਆਰਿ ॥ (1132-12)
गुर कै सबदि मरहि फिरि जीवहि तिन कउ मुकति दुआरि ॥

ਅੰਤਰਿ ਸਾਂਤਿ ਸਦਾ ਸੁਖੁ ਹੋਵੈ ਹਰਿ ਰਾਖਿਆ ਉਰ ਧਾਰਿ ॥੩॥ (1132-13)
अंतरि सांति सदा सुखु होवै हरि राखिआ उर धारि ॥३॥

ਜਿਉ ਤਿਸੁ ਭਾਵੈ ਤਿਵੈ ਚਲਾਵੈ ਕਰਣਾ ਕਿਛੂ ਨ ਜਾਈ ॥ (1132-13)
जिउ तिसु भावै तिवै चलावै करणा किछू न जाई ॥

ਨਾਨਕ ਗੁਰਮੁਖਿ ਸਬਦੁ ਸਮ੍ਹ੍ਹਾਲੇ ਰਾਮ ਨਾਮਿ ਵਡਿਆਈ ॥੪॥੮॥੧੮॥ (1132-14)
नानक गुरमुखि सबदु सम्हाले राम नामि वडिआई ॥४॥८॥१८॥

ਭੈਰਉ ਮਹਲਾ ੩ ॥ (1132-15)
भैरउ महला ३ ॥

ਹਉਮੈ ਮਾਇਆ ਮੋਹਿ ਖੁਆਇਆ ਦੁਖੁ ਖਟੇ ਦੁਖ ਖਾਇ ॥ (1132-15)
हउमै माइआ मोहि खुआइआ दुखु खटे दुख खाइ ॥

ਅੰਤਰਿ ਲੋਭ ਹਲਕੁ ਦੁਖੁ ਭਾਰੀ ਬਿਨੁ ਬਿਬੇਕ ਭਰਮਾਇ ॥੧॥ (1132-15)
अंतरि लोभ हलकु दुखु भारी बिनु बिबेक भरमाइ ॥१॥

ਮਨਮੁਖਿ ਧ੍ਰਿਗੁ ਜੀਵਣੁ ਸੈਸਾਰਿ ॥ (1132-16)
मनमुखि ध्रिगु जीवणु सैसारि ॥

ਰਾਮ ਨਾਮੁ ਸੁਪਨੈ ਨਹੀ ਚੇਤਿਆ ਹਰਿ ਸਿਉ ਕਦੇ ਨ ਲਾਗੈ ਪਿਆਰੁ ॥੧॥ ਰਹਾਉ ॥ (1132-16)
राम नामु सुपनै नही चेतिआ हरि सिउ कदे न लागै पिआरु ॥१॥ रहाउ ॥

ਪਸੂਆ ਕਰਮ ਕਰੈ ਨਹੀ ਬੂਝੈ ਕੂੜੁ ਕਮਾਵੈ ਕੂੜੋ ਹੋਇ ॥ (1132-17)
पसूआ करम करै नही बूझै कूड़ु कमावै कूड़ो होइ ॥

ਸਤਿਗੁਰੁ ਮਿਲੈ ਤ ਉਲਟੀ ਹੋਵੈ ਖੋਜਿ ਲਹੈ ਜਨੁ ਕੋਇ ॥੨॥ (1132-17)
सतिगुरु मिलै त उलटी होवै खोजि लहै जनु कोइ ॥२॥

ਹਰਿ ਹਰਿ ਨਾਮੁ ਰਿਦੈ ਸਦ ਵਸਿਆ ਪਾਇਆ ਗੁਣੀ ਨਿਧਾਨੁ ॥ (1132-18)
हरि हरि नामु रिदै सद वसिआ पाइआ गुणी निधानु ॥

ਗੁਰ ਪਰਸਾਦੀ ਪੂਰਾ ਪਾਇਆ ਚੂਕਾ ਮਨ ਅਭਿਮਾਨੁ ॥੩॥ (1132-19)
गुर परसादी पूरा पाइआ चूका मन अभिमानु ॥३॥

ਆਪੇ ਕਰਤਾ ਕਰੇ ਕਰਾਏ ਆਪੇ ਮਾਰਗਿ ਪਾਏ ॥ (1132-19)
आपे करता करे कराए आपे मारगि पाए ॥

ਆਪੇ ਗੁਰਮੁਖਿ ਦੇ ਵਡਿਆਈ ਨਾਨਕ ਨਾਮਿ ਸਮਾਏ ॥੪॥੯॥੧੯॥ (1133-1)
आपे गुरमुखि दे वडिआई नानक नामि समाए ॥४॥९॥१९॥

ਭੈਰਉ ਮਹਲਾ ੩ ॥ (1133-1)
भैरउ महला ३ ॥

ਮੇਰੀ ਪਟੀਆ ਲਿਖਹੁ ਹਰਿ ਗੋਵਿੰਦ ਗੋਪਾਲਾ ॥ (1133-1)
मेरी पटीआ लिखहु हरि गोविंद गोपाला ॥

ਦੂਜੈ ਭਾਇ ਫਾਥੇ ਜਮ ਜਾਲਾ ॥ (1133-2)
दूजै भाइ फाथे जम जाला ॥

ਸਤਿਗੁਰੁ ਕਰੇ ਮੇਰੀ ਪ੍ਰਤਿਪਾਲਾ ॥ (1133-2)
सतिगुरु करे मेरी प्रतिपाला ॥

ਹਰਿ ਸੁਖਦਾਤਾ ਮੇਰੈ ਨਾਲਾ ॥੧॥ (1133-2)
हरि सुखदाता मेरै नाला ॥१॥

ਗੁਰ ਉਪਦੇਸਿ ਪ੍ਰਹਿਲਾਦੁ ਹਰਿ ਉਚਰੈ ॥ (1133-3)
गुर उपदेसि प्रहिलादु हरि उचरै ॥

ਸਾਸਨਾ ਤੇ ਬਾਲਕੁ ਗਮੁ ਨ ਕਰੈ ॥੧॥ ਰਹਾਉ ॥ (1133-3)
सासना ते बालकु गमु न करै ॥१॥ रहाउ ॥

ਮਾਤਾ ਉਪਦੇਸੈ ਪ੍ਰਹਿਲਾਦ ਪਿਆਰੇ ॥ (1133-4)
माता उपदेसै प्रहिलाद पिआरे ॥

ਪੁਤ੍ਰ ਰਾਮ ਨਾਮੁ ਛੋਡਹੁ ਜੀਉ ਲੇਹੁ ਉਬਾਰੇ ॥ (1133-4)
पुत्र राम नामु छोडहु जीउ लेहु उबारे ॥

ਪ੍ਰਹਿਲਾਦੁ ਕਹੈ ਸੁਨਹੁ ਮੇਰੀ ਮਾਇ ॥ (1133-4)
प्रहिलादु कहै सुनहु मेरी माइ ॥

ਰਾਮ ਨਾਮੁ ਨ ਛੋਡਾ ਗੁਰਿ ਦੀਆ ਬੁਝਾਇ ॥੨॥ (1133-5)
राम नामु न छोडा गुरि दीआ बुझाइ ॥२॥

ਸੰਡਾ ਮਰਕਾ ਸਭਿ ਜਾਇ ਪੁਕਾਰੇ ॥ (1133-5)
संडा मरका सभि जाइ पुकारे ॥

ਪ੍ਰਹਿਲਾਦੁ ਆਪਿ ਵਿਗੜਿਆ ਸਭਿ ਚਾਟੜੇ ਵਿਗਾੜੇ ॥ (1133-6)
प्रहिलादु आपि विगड़िआ सभि चाटड़े विगाड़े ॥

ਦੁਸਟ ਸਭਾ ਮਹਿ ਮੰਤ੍ਰੁ ਪਕਾਇਆ ॥ (1133-6)
दुसट सभा महि मंत्रु पकाइआ ॥

ਪ੍ਰਹਲਾਦ ਕਾ ਰਾਖਾ ਹੋਇ ਰਘੁਰਾਇਆ ॥੩॥ (1133-6)
प्रहलाद का राखा होइ रघुराइआ ॥३॥

ਹਾਥਿ ਖੜਗੁ ਕਰਿ ਧਾਇਆ ਅਤਿ ਅਹੰਕਾਰਿ ॥ (1133-7)
हाथि खड़गु करि धाइआ अति अहंकारि ॥

ਹਰਿ ਤੇਰਾ ਕਹਾ ਤੁਝੁ ਲਏ ਉਬਾਰਿ ॥ (1133-7)
हरि तेरा कहा तुझु लए उबारि ॥

ਖਿਨ ਮਹਿ ਭੈਆਨ ਰੂਪੁ ਨਿਕਸਿਆ ਥੰਮ੍ਹ ਉਪਾੜਿ ॥ (1133-8)
खिन महि भैआन रूपु निकसिआ थंम्ह उपाड़ि ॥

ਹਰਣਾਖਸੁ ਨਖੀ ਬਿਦਾਰਿਆ ਪ੍ਰਹਲਾਦੁ ਲੀਆ ਉਬਾਰਿ ॥੪॥ (1133-8)
हरणाखसु नखी बिदारिआ प्रहलादु लीआ उबारि ॥४॥

ਸੰਤ ਜਨਾ ਕੇ ਹਰਿ ਜੀਉ ਕਾਰਜ ਸਵਾਰੇ ॥ (1133-9)
संत जना के हरि जीउ कारज सवारे ॥

ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ ॥ (1133-9)
प्रहलाद जन के इकीह कुल उधारे ॥

ਗੁਰ ਕੈ ਸਬਦਿ ਹਉਮੈ ਬਿਖੁ ਮਾਰੇ ॥ (1133-9)
गुर कै सबदि हउमै बिखु मारे ॥

ਨਾਨਕ ਰਾਮ ਨਾਮਿ ਸੰਤ ਨਿਸਤਾਰੇ ॥੫॥੧੦॥੨੦॥ (1133-10)
नानक राम नामि संत निसतारे ॥५॥१०॥२०॥

ਭੈਰਉ ਮਹਲਾ ੩ ॥ (1133-10)
भैरउ महला ३ ॥

ਆਪੇ ਦੈਤ ਲਾਇ ਦਿਤੇ ਸੰਤ ਜਨਾ ਕਉ ਆਪੇ ਰਾਖਾ ਸੋਈ ॥ (1133-10)
आपे दैत लाइ दिते संत जना कउ आपे राखा सोई ॥

ਜੋ ਤੇਰੀ ਸਦਾ ਸਰਣਾਈ ਤਿਨ ਮਨਿ ਦੁਖੁ ਨ ਹੋਈ ॥੧॥ (1133-11)
जो तेरी सदा सरणाई तिन मनि दुखु न होई ॥१॥

ਜੁਗਿ ਜੁਗਿ ਭਗਤਾ ਕੀ ਰਖਦਾ ਆਇਆ ॥ (1133-11)
जुगि जुगि भगता की रखदा आइआ ॥

ਦੈਤ ਪੁਤ੍ਰੁ ਪ੍ਰਹਲਾਦੁ ਗਾਇਤ੍ਰੀ ਤਰਪਣੁ ਕਿਛੂ ਨ ਜਾਣੈ ਸਬਦੇ ਮੇਲਿ ਮਿਲਾਇਆ ॥੧॥ ਰਹਾਉ ॥ (1133-12)
दैत पुत्रु प्रहलादु गाइत्री तरपणु किछू न जाणै सबदे मेलि मिलाइआ ॥१॥ रहाउ ॥

ਅਨਦਿਨੁ ਭਗਤਿ ਕਰਹਿ ਦਿਨ ਰਾਤੀ ਦੁਬਿਧਾ ਸਬਦੇ ਖੋਈ ॥ (1133-13)
अनदिनु भगति करहि दिन राती दुबिधा सबदे खोई ॥

ਸਦਾ ਨਿਰਮਲ ਹੈ ਜੋ ਸਚਿ ਰਾਤੇ ਸਚੁ ਵਸਿਆ ਮਨਿ ਸੋਈ ॥੨॥ (1133-13)
सदा निरमल है जो सचि राते सचु वसिआ मनि सोई ॥२॥

ਮੂਰਖ ਦੁਬਿਧਾ ਪੜ੍ਹਹਿ ਮੂਲੁ ਨ ਪਛਾਣਹਿ ਬਿਰਥਾ ਜਨਮੁ ਗਵਾਇਆ ॥ (1133-14)
मूरख दुबिधा पड़्हहि मूलु न पछाणहि बिरथा जनमु गवाइआ ॥

ਸੰਤ ਜਨਾ ਕੀ ਨਿੰਦਾ ਕਰਹਿ ਦੁਸਟੁ ਦੈਤੁ ਚਿੜਾਇਆ ॥੩॥ (1133-15)
संत जना की निंदा करहि दुसटु दैतु चिड़ाइआ ॥३॥

ਪ੍ਰਹਲਾਦੁ ਦੁਬਿਧਾ ਨ ਪੜੈ ਹਰਿ ਨਾਮੁ ਨ ਛੋਡੈ ਡਰੈ ਨ ਕਿਸੈ ਦਾ ਡਰਾਇਆ ॥ (1133-15)
प्रहलादु दुबिधा न पड़ै हरि नामु न छोडै डरै न किसै दा डराइआ ॥

ਸੰਤ ਜਨਾ ਕਾ ਹਰਿ ਜੀਉ ਰਾਖਾ ਦੈਤੈ ਕਾਲੁ ਨੇੜਾ ਆਇਆ ॥੪॥ (1133-16)
संत जना का हरि जीउ राखा दैतै कालु नेड़ा आइआ ॥४॥

ਆਪਣੀ ਪੈਜ ਆਪੇ ਰਾਖੈ ਭਗਤਾਂ ਦੇਇ ਵਡਿਆਈ ॥ (1133-16)
आपणी पैज आपे राखै भगतां देइ वडिआई ॥

ਨਾਨਕ ਹਰਣਾਖਸੁ ਨਖੀ ਬਿਦਾਰਿਆ ਅੰਧੈ ਦਰ ਕੀ ਖਬਰਿ ਨ ਪਾਈ ॥੫॥੧੧॥੨੧॥ (1133-17)
नानक हरणाखसु नखी बिदारिआ अंधै दर की खबरि न पाई ॥५॥११॥२१॥

ਰਾਗੁ ਭੈਰਉ ਮਹਲਾ ੪ ਚਉਪਦੇ ਘਰੁ ੧ (1133-19)
रागु भैरउ महला ४ चउपदे घरु १

ੴ ਸਤਿਗੁਰ ਪ੍ਰਸਾਦਿ ॥ (1133-19)
ੴ सतिगुर प्रसादि ॥

ਹਰਿ ਜਨ ਸੰਤ ਕਰਿ ਕਿਰਪਾ ਪਗਿ ਲਾਇਣੁ ॥ (1133-19)
हरि जन संत करि किरपा पगि लाइणु ॥

ਗੁਰ ਸਬਦੀ ਹਰਿ ਭਜੁ ਸੁਰਤਿ ਸਮਾਇਣੁ ॥੧॥ (1134-1)
गुर सबदी हरि भजु सुरति समाइणु ॥१॥

ਮੇਰੇ ਮਨ ਹਰਿ ਭਜੁ ਨਾਮੁ ਨਰਾਇਣੁ ॥ (1134-1)
मेरे मन हरि भजु नामु नराइणु ॥

ਹਰਿ ਹਰਿ ਕ੍ਰਿਪਾ ਕਰੇ ਸੁਖਦਾਤਾ ਗੁਰਮੁਖਿ ਭਵਜਲੁ ਹਰਿ ਨਾਮਿ ਤਰਾਇਣੁ ॥੧॥ ਰਹਾਉ ॥ (1134-1)
हरि हरि क्रिपा करे सुखदाता गुरमुखि भवजलु हरि नामि तराइणु ॥१॥ रहाउ ॥

ਸੰਗਤਿ ਸਾਧ ਮੇਲਿ ਹਰਿ ਗਾਇਣੁ ॥ (1134-2)
संगति साध मेलि हरि गाइणु ॥

ਗੁਰਮਤੀ ਲੇ ਰਾਮ ਰਸਾਇਣੁ ॥੨॥ (1134-3)
गुरमती ले राम रसाइणु ॥२॥

ਗੁਰ ਸਾਧੂ ਅੰਮ੍ਰਿਤ ਗਿਆਨ ਸਰਿ ਨਾਇਣੁ ॥ (1134-3)
गुर साधू अमृत गिआन सरि नाइणु ॥

ਸਭਿ ਕਿਲਵਿਖ ਪਾਪ ਗਏ ਗਾਵਾਇਣੁ ॥੩॥ (1134-3)
सभि किलविख पाप गए गावाइणु ॥३॥

ਤੂ ਆਪੇ ਕਰਤਾ ਸ੍ਰਿਸਟਿ ਧਰਾਇਣੁ ॥ (1134-4)
तू आपे करता स्रिसटि धराइणु ॥

ਜਨੁ ਨਾਨਕੁ ਮੇਲਿ ਤੇਰਾ ਦਾਸ ਦਸਾਇਣੁ ॥੪॥੧॥ (1134-4)
जनु नानकु मेलि तेरा दास दसाइणु ॥४॥१॥

ਭੈਰਉ ਮਹਲਾ ੪ ॥ (1134-5)
भैरउ महला ४ ॥

ਬੋਲਿ ਹਰਿ ਨਾਮੁ ਸਫਲ ਸਾ ਘਰੀ ॥ (1134-5)
बोलि हरि नामु सफल सा घरी ॥

ਗੁਰ ਉਪਦੇਸਿ ਸਭਿ ਦੁਖ ਪਰਹਰੀ ॥੧॥ (1134-5)
गुर उपदेसि सभि दुख परहरी ॥१॥

ਮੇਰੇ ਮਨ ਹਰਿ ਭਜੁ ਨਾਮੁ ਨਰਹਰੀ ॥ (1134-6)
मेरे मन हरि भजु नामु नरहरी ॥

ਕਰਿ ਕਿਰਪਾ ਮੇਲਹੁ ਗੁਰੁ ਪੂਰਾ ਸਤਸੰਗਤਿ ਸੰਗਿ ਸਿੰਧੁ ਭਉ ਤਰੀ ॥੧॥ ਰਹਾਉ ॥ (1134-6)
करि किरपा मेलहु गुरु पूरा सतसंगति संगि सिंधु भउ तरी ॥१॥ रहाउ ॥

ਜਗਜੀਵਨੁ ਧਿਆਇ ਮਨਿ ਹਰਿ ਸਿਮਰੀ ॥ (1134-7)
जगजीवनु धिआइ मनि हरि सिमरी ॥

ਕੋਟ ਕੋਟੰਤਰ ਤੇਰੇ ਪਾਪ ਪਰਹਰੀ ॥੨॥ (1134-7)
कोट कोटंतर तेरे पाप परहरी ॥२॥

ਸਤਸੰਗਤਿ ਸਾਧ ਧੂਰਿ ਮੁਖਿ ਪਰੀ ॥ (1134-7)
सतसंगति साध धूरि मुखि परी ॥

ਇਸਨਾਨੁ ਕੀਓ ਅਠਸਠਿ ਸੁਰਸਰੀ ॥੩॥ (1134-8)
इसनानु कीओ अठसठि सुरसरी ॥३॥

ਹਮ ਮੂਰਖ ਕਉ ਹਰਿ ਕਿਰਪਾ ਕਰੀ ॥ (1134-8)
हम मूरख कउ हरि किरपा करी ॥

ਜਨੁ ਨਾਨਕੁ ਤਾਰਿਓ ਤਾਰਣ ਹਰੀ ॥੪॥੨॥ (1134-8)
जनु नानकु तारिओ तारण हरी ॥४॥२॥

ਭੈਰਉ ਮਹਲਾ ੪ ॥ (1134-9)
भैरउ महला ४ ॥

ਸੁਕ੍ਰਿਤੁ ਕਰਣੀ ਸਾਰੁ ਜਪਮਾਲੀ ॥ (1134-9)
सुक्रितु करणी सारु जपमाली ॥

ਹਿਰਦੈ ਫੇਰਿ ਚਲੈ ਤੁਧੁ ਨਾਲੀ ॥੧॥ (1134-9)
हिरदै फेरि चलै तुधु नाली ॥१॥

ਹਰਿ ਹਰਿ ਨਾਮੁ ਜਪਹੁ ਬਨਵਾਲੀ ॥ (1134-10)
हरि हरि नामु जपहु बनवाली ॥

ਕਰਿ ਕਿਰਪਾ ਮੇਲਹੁ ਸਤਸੰਗਤਿ ਤੂਟਿ ਗਈ ਮਾਇਆ ਜਮ ਜਾਲੀ ॥੧॥ ਰਹਾਉ ॥ (1134-10)
करि किरपा मेलहु सतसंगति तूटि गई माइआ जम जाली ॥१॥ रहाउ ॥

ਗੁਰਮੁਖਿ ਸੇਵਾ ਘਾਲ ਜਿਨਿ ਘਾਲੀ ॥ (1134-11)
गुरमुखि सेवा घाल जिनि घाली ॥

ਤਿਸੁ ਘੜੀਐ ਸਬਦੁ ਸਚੀ ਟਕਸਾਲੀ ॥੨॥ (1134-11)
तिसु घड़ीऐ सबदु सची टकसाली ॥२॥

ਹਰਿ ਅਗਮ ਅਗੋਚਰੁ ਗੁਰਿ ਅਗਮ ਦਿਖਾਲੀ ॥ (1134-12)
हरि अगम अगोचरु गुरि अगम दिखाली ॥

ਵਿਚਿ ਕਾਇਆ ਨਗਰ ਲਧਾ ਹਰਿ ਭਾਲੀ ॥੩॥ (1134-12)
विचि काइआ नगर लधा हरि भाली ॥३॥

ਹਮ ਬਾਰਿਕ ਹਰਿ ਪਿਤਾ ਪ੍ਰਤਿਪਾਲੀ ॥ (1134-12)
हम बारिक हरि पिता प्रतिपाली ॥

ਜਨ ਨਾਨਕ ਤਾਰਹੁ ਨਦਰਿ ਨਿਹਾਲੀ ॥੪॥੩॥ (1134-13)
जन नानक तारहु नदरि निहाली ॥४॥३॥

ਭੈਰਉ ਮਹਲਾ ੪ ॥ (1134-13)
भैरउ महला ४ ॥

ਸਭਿ ਘਟ ਤੇਰੇ ਤੂ ਸਭਨਾ ਮਾਹਿ ॥ (1134-13)
सभि घट तेरे तू सभना माहि ॥

ਤੁਝ ਤੇ ਬਾਹਰਿ ਕੋਈ ਨਾਹਿ ॥੧॥ (1134-14)
तुझ ते बाहरि कोई नाहि ॥१॥

ਹਰਿ ਸੁਖਦਾਤਾ ਮੇਰੇ ਮਨ ਜਾਪੁ ॥ (1134-14)
हरि सुखदाता मेरे मन जापु ॥

ਹਉ ਤੁਧੁ ਸਾਲਾਹੀ ਤੂ ਮੇਰਾ ਹਰਿ ਪ੍ਰਭੁ ਬਾਪੁ ॥੧॥ ਰਹਾਉ ॥ (1134-14)
हउ तुधु सालाही तू मेरा हरि प्रभु बापु ॥१॥ रहाउ ॥

ਜਹ ਜਹ ਦੇਖਾ ਤਹ ਹਰਿ ਪ੍ਰਭੁ ਸੋਇ ॥ (1134-15)
जह जह देखा तह हरि प्रभु सोइ ॥

ਸਭ ਤੇਰੈ ਵਸਿ ਦੂਜਾ ਅਵਰੁ ਨ ਕੋਇ ॥੨॥ (1134-15)
सभ तेरै वसि दूजा अवरु न कोइ ॥२॥

ਜਿਸ ਕਉ ਤੁਮ ਹਰਿ ਰਾਖਿਆ ਭਾਵੈ ॥ (1134-16)
जिस कउ तुम हरि राखिआ भावै ॥

ਤਿਸ ਕੈ ਨੇੜੈ ਕੋਇ ਨ ਜਾਵੈ ॥੩॥ (1134-16)
तिस कै नेड़ै कोइ न जावै ॥३॥

ਤੂ ਜਲਿ ਥਲਿ ਮਹੀਅਲਿ ਸਭ ਤੈ ਭਰਪੂਰਿ ॥ (1134-16)
तू जलि थलि महीअलि सभ तै भरपूरि ॥

ਜਨ ਨਾਨਕ ਹਰਿ ਜਪਿ ਹਾਜਰਾ ਹਜੂਰਿ ॥੪॥੪॥ (1134-17)
जन नानक हरि जपि हाजरा हजूरि ॥४॥४॥

ਭੈਰਉ ਮਹਲਾ ੪ ਘਰੁ ੨ (1134-18)
भैरउ महला ४ घरु २

ੴ ਸਤਿਗੁਰ ਪ੍ਰਸਾਦਿ ॥ (1134-18)
ੴ सतिगुर प्रसादि ॥

ਹਰਿ ਕਾ ਸੰਤੁ ਹਰਿ ਕੀ ਹਰਿ ਮੂਰਤਿ ਜਿਸੁ ਹਿਰਦੈ ਹਰਿ ਨਾਮੁ ਮੁਰਾਰਿ ॥ (1134-19)
हरि का संतु हरि की हरि मूरति जिसु हिरदै हरि नामु मुरारि ॥

ਮਸਤਕਿ ਭਾਗੁ ਹੋਵੈ ਜਿਸੁ ਲਿਖਿਆ ਸੋ ਗੁਰਮਤਿ ਹਿਰਦੈ ਹਰਿ ਨਾਮੁ ਸਮ੍ਹਾਰਿ ॥੧॥ (1134-19)
मसतकि भागु होवै जिसु लिखिआ सो गुरमति हिरदै हरि नामु सम्हारि ॥१॥

ਮਧੁਸੂਦਨੁ ਜਪੀਐ ਉਰ ਧਾਰਿ ॥ (1135-1)
मधुसूदनु जपीऐ उर धारि ॥

ਦੇਹੀ ਨਗਰਿ ਤਸਕਰ ਪੰਚ ਧਾਤੂ ਗੁਰ ਸਬਦੀ ਹਰਿ ਕਾਢੇ ਮਾਰਿ ॥੧॥ ਰਹਾਉ ॥ (1135-1)
देही नगरि तसकर पंच धातू गुर सबदी हरि काढे मारि ॥१॥ रहाउ ॥

ਜਿਨ ਕਾ ਹਰਿ ਸੇਤੀ ਮਨੁ ਮਾਨਿਆ ਤਿਨ ਕਾਰਜ ਹਰਿ ਆਪਿ ਸਵਾਰਿ ॥ (1135-2)
जिन का हरि सेती मनु मानिआ तिन कारज हरि आपि सवारि ॥

ਤਿਨ ਚੂਕੀ ਮੁਹਤਾਜੀ ਲੋਕਨ ਕੀ ਹਰਿ ਅੰਗੀਕਾਰੁ ਕੀਆ ਕਰਤਾਰਿ ॥੨॥ (1135-3)
तिन चूकी मुहताजी लोकन की हरि अंगीकारु कीआ करतारि ॥२॥

ਮਤਾ ਮਸੂਰਤਿ ਤਾਂ ਕਿਛੁ ਕੀਜੈ ਜੇ ਕਿਛੁ ਹੋਵੈ ਹਰਿ ਬਾਹਰਿ ॥ (1135-3)
मता मसूरति तां किछु कीजै जे किछु होवै हरि बाहरि ॥

ਜੋ ਕਿਛੁ ਕਰੇ ਸੋਈ ਭਲ ਹੋਸੀ ਹਰਿ ਧਿਆਵਹੁ ਅਨਦਿਨੁ ਨਾਮੁ ਮੁਰਾਰਿ ॥੩॥ (1135-4)
जो किछु करे सोई भल होसी हरि धिआवहु अनदिनु नामु मुरारि ॥३॥

ਹਰਿ ਜੋ ਕਿਛੁ ਕਰੇ ਸੁ ਆਪੇ ਆਪੇ ਓਹੁ ਪੂਛਿ ਨ ਕਿਸੈ ਕਰੇ ਬੀਚਾਰਿ ॥ (1135-5)
हरि जो किछु करे सु आपे आपे ओहु पूछि न किसै करे बीचारि ॥

ਨਾਨਕ ਸੋ ਪ੍ਰਭੁ ਸਦਾ ਧਿਆਈਐ ਜਿਨਿ ਮੇਲਿਆ ਸਤਿਗੁਰੁ ਕਿਰਪਾ ਧਾਰਿ ॥੪॥੧॥੫॥ (1135-5)
नानक सो प्रभु सदा धिआईऐ जिनि मेलिआ सतिगुरु किरपा धारि ॥४॥१॥५॥

ਭੈਰਉ ਮਹਲਾ ੪ ॥ (1135-6)
भैरउ महला ४ ॥

ਤੇ ਸਾਧੂ ਹਰਿ ਮੇਲਹੁ ਸੁਆਮੀ ਜਿਨ ਜਪਿਆ ਗਤਿ ਹੋਇ ਹਮਾਰੀ ॥ (1135-6)
ते साधू हरि मेलहु सुआमी जिन जपिआ गति होइ हमारी ॥

ਤਿਨ ਕਾ ਦਰਸੁ ਦੇਖਿ ਮਨੁ ਬਿਗਸੈ ਖਿਨੁ ਖਿਨੁ ਤਿਨ ਕਉ ਹਉ ਬਲਿਹਾਰੀ ॥੧॥ (1135-7)
तिन का दरसु देखि मनु बिगसै खिनु खिनु तिन कउ हउ बलिहारी ॥१॥

ਹਰਿ ਹਿਰਦੈ ਜਪਿ ਨਾਮੁ ਮੁਰਾਰੀ ॥ (1135-8)
हरि हिरदै जपि नामु मुरारी ॥

ਕ੍ਰਿਪਾ ਕ੍ਰਿਪਾ ਕਰਿ ਜਗਤ ਪਿਤ ਸੁਆਮੀ ਹਮ ਦਾਸਨਿ ਦਾਸ ਕੀਜੈ ਪਨਿਹਾਰੀ ॥੧॥ ਰਹਾਉ ॥ (1135-8)
क्रिपा क्रिपा करि जगत पित सुआमी हम दासनि दास कीजै पनिहारी ॥१॥ रहाउ ॥

ਤਿਨ ਮਤਿ ਊਤਮ ਤਿਨ ਪਤਿ ਊਤਮ ਜਿਨ ਹਿਰਦੈ ਵਸਿਆ ਬਨਵਾਰੀ ॥ (1135-9)
तिन मति ऊतम तिन पति ऊतम जिन हिरदै वसिआ बनवारी ॥

ਤਿਨ ਕੀ ਸੇਵਾ ਲਾਇ ਹਰਿ ਸੁਆਮੀ ਤਿਨ ਸਿਮਰਤ ਗਤਿ ਹੋਇ ਹਮਾਰੀ ॥੨॥ (1135-9)
तिन की सेवा लाइ हरि सुआमी तिन सिमरत गति होइ हमारी ॥२॥

ਜਿਨ ਐਸਾ ਸਤਿਗੁਰੁ ਸਾਧੁ ਨ ਪਾਇਆ ਤੇ ਹਰਿ ਦਰਗਹ ਕਾਢੇ ਮਾਰੀ ॥ (1135-10)
जिन ऐसा सतिगुरु साधु न पाइआ ते हरि दरगह काढे मारी ॥

ਤੇ ਨਰ ਨਿੰਦਕ ਸੋਭ ਨ ਪਾਵਹਿ ਤਿਨ ਨਕ ਕਾਟੇ ਸਿਰਜਨਹਾਰੀ ॥੩॥ (1135-11)
ते नर निंदक सोभ न पावहि तिन नक काटे सिरजनहारी ॥३॥

ਹਰਿ ਆਪਿ ਬੁਲਾਵੈ ਆਪੇ ਬੋਲੈ ਹਰਿ ਆਪਿ ਨਿਰੰਜਨੁ ਨਿਰੰਕਾਰੁ ਨਿਰਾਹਾਰੀ ॥ (1135-11)
हरि आपि बुलावै आपे बोलै हरि आपि निरंजनु निरंकारु निराहारी ॥

ਹਰਿ ਜਿਸੁ ਤੂ ਮੇਲਹਿ ਸੋ ਤੁਧੁ ਮਿਲਸੀ ਜਨ ਨਾਨਕ ਕਿਆ ਏਹਿ ਜੰਤ ਵਿਚਾਰੀ ॥੪॥੨॥੬॥ (1135-12)
हरि जिसु तू मेलहि सो तुधु मिलसी जन नानक किआ एहि जंत विचारी ॥४॥२॥६॥

ਭੈਰਉ ਮਹਲਾ ੪ ॥ (1135-13)
भैरउ महला ४ ॥

ਸਤਸੰਗਤਿ ਸਾਈ ਹਰਿ ਤੇਰੀ ਜਿਤੁ ਹਰਿ ਕੀਰਤਿ ਹਰਿ ਸੁਨਣੇ ॥ (1135-13)
सतसंगति साई हरि तेरी जितु हरि कीरति हरि सुनणे ॥

ਜਿਨ ਹਰਿ ਨਾਮੁ ਸੁਣਿਆ ਮਨੁ ਭੀਨਾ ਤਿਨ ਹਮ ਸ੍ਰੇਵਹ ਨਿਤ ਚਰਣੇ ॥੧॥ (1135-14)
जिन हरि नामु सुणिआ मनु भीना तिन हम स्रेवह नित चरणे ॥१॥

ਜਗਜੀਵਨੁ ਹਰਿ ਧਿਆਇ ਤਰਣੇ ॥ (1135-14)
जगजीवनु हरि धिआइ तरणे ॥

ਅਨੇਕ ਅਸੰਖ ਨਾਮ ਹਰਿ ਤੇਰੇ ਨ ਜਾਹੀ ਜਿਹਵਾ ਇਤੁ ਗਨਣੇ ॥੧॥ ਰਹਾਉ ॥ (1135-15)
अनेक असंख नाम हरि तेरे न जाही जिहवा इतु गनणे ॥१॥ रहाउ ॥

ਗੁਰਸਿਖ ਹਰਿ ਬੋਲਹੁ ਹਰਿ ਗਾਵਹੁ ਲੇ ਗੁਰਮਤਿ ਹਰਿ ਜਪਣੇ ॥ (1135-15)
गुरसिख हरि बोलहु हरि गावहु ले गुरमति हरि जपणे ॥

ਜੋ ਉਪਦੇਸੁ ਸੁਣੇ ਗੁਰ ਕੇਰਾ ਸੋ ਜਨੁ ਪਾਵੈ ਹਰਿ ਸੁਖ ਘਣੇ ॥੨॥ (1135-16)
जो उपदेसु सुणे गुर केरा सो जनु पावै हरि सुख घणे ॥२॥

ਧੰਨੁ ਸੁ ਵੰਸੁ ਧੰਨੁ ਸੁ ਪਿਤਾ ਧੰਨੁ ਸੁ ਮਾਤਾ ਜਿਨਿ ਜਨ ਜਣੇ ॥ (1135-17)
धंनु सु वंसु धंनु सु पिता धंनु सु माता जिनि जन जणे ॥

ਜਿਨ ਸਾਸਿ ਗਿਰਾਸਿ ਧਿਆਇਆ ਮੇਰਾ ਹਰਿ ਹਰਿ ਸੇ ਸਾਚੀ ਦਰਗਹ ਹਰਿ ਜਨ ਬਣੇ ॥੩॥ (1135-17)
जिन सासि गिरासि धिआइआ मेरा हरि हरि से साची दरगह हरि जन बणे ॥३॥

ਹਰਿ ਹਰਿ ਅਗਮ ਨਾਮ ਹਰਿ ਤੇਰੇ ਵਿਚਿ ਭਗਤਾ ਹਰਿ ਧਰਣੇ ॥ (1135-18)
हरि हरि अगम नाम हरि तेरे विचि भगता हरि धरणे ॥

ਨਾਨਕ ਜਨਿ ਪਾਇਆ ਮਤਿ ਗੁਰਮਤਿ ਜਪਿ ਹਰਿ ਹਰਿ ਪਾਰਿ ਪਵਣੇ ॥੪॥੩॥੭॥ (1135-19)
नानक जनि पाइआ मति गुरमति जपि हरि हरि पारि पवणे ॥४॥३॥७॥

ਭੈਰਉ ਮਹਲਾ ੫ ਘਰੁ ੧ (1136-1)
भैरउ महला ५ घरु १

ੴ ਸਤਿਗੁਰ ਪ੍ਰਸਾਦਿ ॥ (1136-1)
ੴ सतिगुर प्रसादि ॥

ਸਗਲੀ ਥੀਤਿ ਪਾਸਿ ਡਾਰਿ ਰਾਖੀ ॥ (1136-2)
सगली थीति पासि डारि राखी ॥

ਅਸਟਮ ਥੀਤਿ ਗੋਵਿੰਦ ਜਨਮਾ ਸੀ ॥੧॥ (1136-2)
असटम थीति गोविंद जनमा सी ॥१॥

ਭਰਮਿ ਭੂਲੇ ਨਰ ਕਰਤ ਕਚਰਾਇਣ ॥ (1136-2)
भरमि भूले नर करत कचराइण ॥

ਜਨਮ ਮਰਣ ਤੇ ਰਹਤ ਨਾਰਾਇਣ ॥੧॥ ਰਹਾਉ ॥ (1136-3)
जनम मरण ते रहत नाराइण ॥१॥ रहाउ ॥

ਕਰਿ ਪੰਜੀਰੁ ਖਵਾਇਓ ਚੋਰ ॥ (1136-3)
करि पंजीरु खवाइओ चोर ॥

ਓਹੁ ਜਨਮਿ ਨ ਮਰੈ ਰੇ ਸਾਕਤ ਢੋਰ ॥੨॥ (1136-3)
ओहु जनमि न मरै रे साकत ढोर ॥२॥

ਸਗਲ ਪਰਾਧ ਦੇਹਿ ਲੋਰੋਨੀ ॥ (1136-4)
सगल पराध देहि लोरोनी ॥

ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ ॥੩॥ (1136-4)
सो मुखु जलउ जितु कहहि ठाकुरु जोनी ॥३॥

ਜਨਮਿ ਨ ਮਰੈ ਨ ਆਵੈ ਨ ਜਾਇ ॥ (1136-5)
जनमि न मरै न आवै न जाइ ॥

ਨਾਨਕ ਕਾ ਪ੍ਰਭੁ ਰਹਿਓ ਸਮਾਇ ॥੪॥੧॥ (1136-5)
नानक का प्रभु रहिओ समाइ ॥४॥१॥

ਭੈਰਉ ਮਹਲਾ ੫ ॥ (1136-5)
भैरउ महला ५ ॥

ਊਠਤ ਸੁਖੀਆ ਬੈਠਤ ਸੁਖੀਆ ॥ (1136-6)
ऊठत सुखीआ बैठत सुखीआ ॥

ਭਉ ਨਹੀ ਲਾਗੈ ਜਾਂ ਐਸੇ ਬੁਝੀਆ ॥੧॥ (1136-6)
भउ नही लागै जां ऐसे बुझीआ ॥१॥

ਰਾਖਾ ਏਕੁ ਹਮਾਰਾ ਸੁਆਮੀ ॥ (1136-6)
राखा एकु हमारा सुआमी ॥

ਸਗਲ ਘਟਾ ਕਾ ਅੰਤਰਜਾਮੀ ॥੧॥ ਰਹਾਉ ॥ (1136-7)
सगल घटा का अंतरजामी ॥१॥ रहाउ ॥

ਸੋਇ ਅਚਿੰਤਾ ਜਾਗਿ ਅਚਿੰਤਾ ॥ (1136-7)
सोइ अचिंता जागि अचिंता ॥

ਜਹਾ ਕਹਾਂ ਪ੍ਰਭੁ ਤੂੰ ਵਰਤੰਤਾ ॥੨॥ (1136-7)
जहा कहां प्रभु तूं वरतंता ॥२॥

ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ ॥ (1136-8)
घरि सुखि वसिआ बाहरि सुखु पाइआ ॥

ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ ॥੩॥੨॥ (1136-8)
कहु नानक गुरि मंत्रु द्रिड़ाइआ ॥३॥२॥

ਭੈਰਉ ਮਹਲਾ ੫ ॥ (1136-9)
भैरउ महला ५ ॥

ਵਰਤ ਨ ਰਹਉ ਨ ਮਹ ਰਮਦਾਨਾ ॥ (1136-9)
वरत न रहउ न मह रमदाना ॥

ਤਿਸੁ ਸੇਵੀ ਜੋ ਰਖੈ ਨਿਦਾਨਾ ॥੧॥ (1136-9)
तिसु सेवी जो रखै निदाना ॥१॥

ਏਕੁ ਗੁਸਾਈ ਅਲਹੁ ਮੇਰਾ ॥ (1136-9)
एकु गुसाई अलहु मेरा ॥

ਹਿੰਦੂ ਤੁਰਕ ਦੁਹਾਂ ਨੇਬੇਰਾ ॥੧॥ ਰਹਾਉ ॥ (1136-10)
हिंदू तुरक दुहां नेबेरा ॥१॥ रहाउ ॥

ਹਜ ਕਾਬੈ ਜਾਉ ਨ ਤੀਰਥ ਪੂਜਾ ॥ (1136-10)
हज काबै जाउ न तीरथ पूजा ॥

ਏਕੋ ਸੇਵੀ ਅਵਰੁ ਨ ਦੂਜਾ ॥੨॥ (1136-10)
एको सेवी अवरु न दूजा ॥२॥

ਪੂਜਾ ਕਰਉ ਨ ਨਿਵਾਜ ਗੁਜਾਰਉ ॥ (1136-11)
पूजा करउ न निवाज गुजारउ ॥

ਏਕ ਨਿਰੰਕਾਰ ਲੇ ਰਿਦੈ ਨਮਸਕਾਰਉ ॥੩॥ (1136-11)
एक निरंकार ले रिदै नमसकारउ ॥३॥

ਨਾ ਹਮ ਹਿੰਦੂ ਨ ਮੁਸਲਮਾਨ ॥ (1136-11)
ना हम हिंदू न मुसलमान ॥

ਅਲਹ ਰਾਮ ਕੇ ਪਿੰਡੁ ਪਰਾਨ ॥੪॥ (1136-12)
अलह राम के पिंडु परान ॥४॥

ਕਹੁ ਕਬੀਰ ਇਹੁ ਕੀਆ ਵਖਾਨਾ ॥ (1136-12)
कहु कबीर इहु कीआ वखाना ॥

ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ ॥੫॥੩॥ (1136-12)
गुर पीर मिलि खुदि खसमु पछाना ॥५॥३॥

ਭੈਰਉ ਮਹਲਾ ੫ ॥ (1136-13)
भैरउ महला ५ ॥

ਦਸ ਮਿਰਗੀ ਸਹਜੇ ਬੰਧਿ ਆਨੀ ॥ (1136-13)
दस मिरगी सहजे बंधि आनी ॥

ਪਾਂਚ ਮਿਰਗ ਬੇਧੇ ਸਿਵ ਕੀ ਬਾਨੀ ॥੧॥ (1136-13)
पांच मिरग बेधे सिव की बानी ॥१॥

ਸੰਤਸੰਗਿ ਲੇ ਚੜਿਓ ਸਿਕਾਰ ॥ (1136-14)
संतसंगि ले चड़िओ सिकार ॥

ਮ੍ਰਿਗ ਪਕਰੇ ਬਿਨੁ ਘੋਰ ਹਥੀਆਰ ॥੧॥ ਰਹਾਉ ॥ (1136-14)
म्रिग पकरे बिनु घोर हथीआर ॥१॥ रहाउ ॥

ਆਖੇਰ ਬਿਰਤਿ ਬਾਹਰਿ ਆਇਓ ਧਾਇ ॥ (1136-14)
आखेर बिरति बाहरि आइओ धाइ ॥

ਅਹੇਰਾ ਪਾਇਓ ਘਰ ਕੈ ਗਾਂਇ ॥੨॥ (1136-15)
अहेरा पाइओ घर कै गांइ ॥२॥

ਮ੍ਰਿਗ ਪਕਰੇ ਘਰਿ ਆਣੇ ਹਾਟਿ ॥ (1136-15)
म्रिग पकरे घरि आणे हाटि ॥

ਚੁਖ ਚੁਖ ਲੇ ਗਏ ਬਾਂਢੇ ਬਾਟਿ ॥੩॥ (1136-16)
चुख चुख ले गए बांढे बाटि ॥३॥

ਏਹੁ ਅਹੇਰਾ ਕੀਨੋ ਦਾਨੁ ॥ (1136-16)
एहु अहेरा कीनो दानु ॥

ਨਾਨਕ ਕੈ ਘਰਿ ਕੇਵਲ ਨਾਮੁ ॥੪॥੪॥ (1136-16)
नानक कै घरि केवल नामु ॥४॥४॥

ਭੈਰਉ ਮਹਲਾ ੫ ॥ (1136-17)
भैरउ महला ५ ॥

ਜੇ ਸਉ ਲੋਚਿ ਲੋਚਿ ਖਾਵਾਇਆ ॥ (1136-17)
जे सउ लोचि लोचि खावाइआ ॥

ਸਾਕਤ ਹਰਿ ਹਰਿ ਚੀਤਿ ਨ ਆਇਆ ॥੧॥ (1136-17)
साकत हरि हरि चीति न आइआ ॥१॥

ਸੰਤ ਜਨਾ ਕੀ ਲੇਹੁ ਮਤੇ ॥ (1136-17)
संत जना की लेहु मते ॥

ਸਾਧਸੰਗਿ ਪਾਵਹੁ ਪਰਮ ਗਤੇ ॥੧॥ ਰਹਾਉ ॥ (1136-18)
साधसंगि पावहु परम गते ॥१॥ रहाउ ॥

ਪਾਥਰ ਕਉ ਬਹੁ ਨੀਰੁ ਪਵਾਇਆ ॥ (1136-18)
पाथर कउ बहु नीरु पवाइआ ॥

ਨਹ ਭੀਗੈ ਅਧਿਕ ਸੂਕਾਇਆ ॥੨॥ (1136-18)
नह भीगै अधिक सूकाइआ ॥२॥

ਖਟੁ ਸਾਸਤ੍ਰ ਮੂਰਖੈ ਸੁਨਾਇਆ ॥ (1137-1)
खटु सासत्र मूरखै सुनाइआ ॥

ਜੈਸੇ ਦਹ ਦਿਸ ਪਵਨੁ ਝੁਲਾਇਆ ॥੩॥ (1137-1)
जैसे दह दिस पवनु झुलाइआ ॥३॥

ਬਿਨੁ ਕਣ ਖਲਹਾਨੁ ਜੈਸੇ ਗਾਹਨ ਪਾਇਆ ॥ (1137-2)
बिनु कण खलहानु जैसे गाहन पाइआ ॥

ਤਿਉ ਸਾਕਤ ਤੇ ਕੋ ਨ ਬਰਾਸਾਇਆ ॥੪॥ (1137-2)
तिउ साकत ते को न बरासाइआ ॥४॥

ਤਿਤ ਹੀ ਲਾਗਾ ਜਿਤੁ ਕੋ ਲਾਇਆ ॥ (1137-2)
तित ही लागा जितु को लाइआ ॥

ਕਹੁ ਨਾਨਕ ਪ੍ਰਭਿ ਬਣਤ ਬਣਾਇਆ ॥੫॥੫॥ (1137-3)
कहु नानक प्रभि बणत बणाइआ ॥५॥५॥

ਭੈਰਉ ਮਹਲਾ ੫ ॥ (1137-3)
भैरउ महला ५ ॥

ਜੀਉ ਪ੍ਰਾਣ ਜਿਨਿ ਰਚਿਓ ਸਰੀਰ ॥ (1137-3)
जीउ प्राण जिनि रचिओ सरीर ॥

ਜਿਨਹਿ ਉਪਾਏ ਤਿਸ ਕਉ ਪੀਰ ॥੧॥ (1137-4)
जिनहि उपाए तिस कउ पीर ॥१॥

ਗੁਰੁ ਗੋਬਿੰਦੁ ਜੀਅ ਕੈ ਕਾਮ ॥ (1137-4)
गुरु गोबिंदु जीअ कै काम ॥

ਹਲਤਿ ਪਲਤਿ ਜਾ ਕੀ ਸਦ ਛਾਮ ॥੧॥ ਰਹਾਉ ॥ (1137-4)
हलति पलति जा की सद छाम ॥१॥ रहाउ ॥

ਪ੍ਰਭੁ ਆਰਾਧਨ ਨਿਰਮਲ ਰੀਤਿ ॥ (1137-5)
प्रभु आराधन निरमल रीति ॥

ਸਾਧਸੰਗਿ ਬਿਨਸੀ ਬਿਪਰੀਤਿ ॥੨॥ (1137-5)
साधसंगि बिनसी बिपरीति ॥२॥

ਮੀਤ ਹੀਤ ਧਨੁ ਨਹ ਪਾਰਣਾ ॥ (1137-5)
मीत हीत धनु नह पारणा ॥

ਧੰਨਿ ਧੰਨਿ ਮੇਰੇ ਨਾਰਾਇਣਾ ॥੩॥ (1137-6)
धंनि धंनि मेरे नाराइणा ॥३॥

ਨਾਨਕੁ ਬੋਲੈ ਅੰਮ੍ਰਿਤ ਬਾਣੀ ॥ (1137-6)
नानकु बोलै अमृत बाणी ॥

ਏਕ ਬਿਨਾ ਦੂਜਾ ਨਹੀ ਜਾਣੀ ॥੪॥੬॥ (1137-6)
एक बिना दूजा नही जाणी ॥४॥६॥

ਭੈਰਉ ਮਹਲਾ ੫ ॥ (1137-7)
भैरउ महला ५ ॥

ਆਗੈ ਦਯੁ ਪਾਛੈ ਨਾਰਾਇਣ ॥ (1137-7)
आगै दयु पाछै नाराइण ॥

ਮਧਿ ਭਾਗਿ ਹਰਿ ਪ੍ਰੇਮ ਰਸਾਇਣ ॥੧॥ (1137-7)
मधि भागि हरि प्रेम रसाइण ॥१॥

ਪ੍ਰਭੂ ਹਮਾਰੈ ਸਾਸਤ੍ਰ ਸਉਣ ॥ (1137-8)
प्रभू हमारै सासत्र सउण ॥

ਸੂਖ ਸਹਜ ਆਨੰਦ ਗ੍ਰਿਹ ਭਉਣ ॥੧॥ ਰਹਾਉ ॥ (1137-8)
सूख सहज आनंद ग्रिह भउण ॥१॥ रहाउ ॥

ਰਸਨਾ ਨਾਮੁ ਕਰਨ ਸੁਣਿ ਜੀਵੇ ॥ (1137-8)
रसना नामु करन सुणि जीवे ॥

ਪ੍ਰਭੁ ਸਿਮਰਿ ਸਿਮਰਿ ਅਮਰ ਥਿਰੁ ਥੀਵੇ ॥੨॥ (1137-9)
प्रभु सिमरि सिमरि अमर थिरु थीवे ॥२॥

ਜਨਮ ਜਨਮ ਕੇ ਦੂਖ ਨਿਵਾਰੇ ॥ (1137-9)
जनम जनम के दूख निवारे ॥

ਅਨਹਦ ਸਬਦ ਵਜੇ ਦਰਬਾਰੇ ॥੩॥ (1137-9)
अनहद सबद वजे दरबारे ॥३॥

ਕਰਿ ਕਿਰਪਾ ਪ੍ਰਭਿ ਲੀਏ ਮਿਲਾਏ ॥ (1137-10)
करि किरपा प्रभि लीए मिलाए ॥

ਨਾਨਕ ਪ੍ਰਭ ਸਰਣਾਗਤਿ ਆਏ ॥੪॥੭॥ (1137-10)
नानक प्रभ सरणागति आए ॥४॥७॥

ਭੈਰਉ ਮਹਲਾ ੫ ॥ (1137-10)
भैरउ महला ५ ॥

ਕੋਟਿ ਮਨੋਰਥ ਆਵਹਿ ਹਾਥ ॥ (1137-10)
कोटि मनोरथ आवहि हाथ ॥

ਜਮ ਮਾਰਗ ਕੈ ਸੰਗੀ ਪਾਂਥ ॥੧॥ (1137-11)
जम मारग कै संगी पांथ ॥१॥

ਗੰਗਾ ਜਲੁ ਗੁਰ ਗੋਬਿੰਦ ਨਾਮ ॥ (1137-11)
गंगा जलु गुर गोबिंद नाम ॥

ਜੋ ਸਿਮਰੈ ਤਿਸ ਕੀ ਗਤਿ ਹੋਵੈ ਪੀਵਤ ਬਹੁੜਿ ਨ ਜੋਨਿ ਭ੍ਰਮਾਮ ॥੧॥ ਰਹਾਉ ॥ (1137-11)
जो सिमरै तिस की गति होवै पीवत बहुड़ि न जोनि भ्रमाम ॥१॥ रहाउ ॥

ਪੂਜਾ ਜਾਪ ਤਾਪ ਇਸਨਾਨ ॥ (1137-12)
पूजा जाप ताप इसनान ॥

ਸਿਮਰਤ ਨਾਮ ਭਏ ਨਿਹਕਾਮ ॥੨॥ (1137-12)
सिमरत नाम भए निहकाम ॥२॥

ਰਾਜ ਮਾਲ ਸਾਦਨ ਦਰਬਾਰ ॥ (1137-13)
राज माल सादन दरबार ॥

ਸਿਮਰਤ ਨਾਮ ਪੂਰਨ ਆਚਾਰ ॥੩॥ (1137-13)
सिमरत नाम पूरन आचार ॥३॥

ਨਾਨਕ ਦਾਸ ਇਹੁ ਕੀਆ ਬੀਚਾਰੁ ॥ (1137-13)
नानक दास इहु कीआ बीचारु ॥

ਬਿਨੁ ਹਰਿ ਨਾਮ ਮਿਥਿਆ ਸਭ ਛਾਰੁ ॥੪॥੮॥ (1137-14)
बिनु हरि नाम मिथिआ सभ छारु ॥४॥८॥

ਭੈਰਉ ਮਹਲਾ ੫ ॥ (1137-14)
भैरउ महला ५ ॥

ਲੇਪੁ ਨ ਲਾਗੋ ਤਿਲ ਕਾ ਮੂਲਿ ॥ (1137-14)
लेपु न लागो तिल का मूलि ॥

ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ ॥੧॥ (1137-15)
दुसटु ब्राहमणु मूआ होइ कै सूल ॥१॥

ਹਰਿ ਜਨ ਰਾਖੇ ਪਾਰਬ੍ਰਹਮਿ ਆਪਿ ॥ (1137-15)
हरि जन राखे पारब्रहमि आपि ॥

ਪਾਪੀ ਮੂਆ ਗੁਰ ਪਰਤਾਪਿ ॥੧॥ ਰਹਾਉ ॥ (1137-15)
पापी मूआ गुर परतापि ॥१॥ रहाउ ॥

ਅਪਣਾ ਖਸਮੁ ਜਨਿ ਆਪਿ ਧਿਆਇਆ ॥ (1137-16)
अपणा खसमु जनि आपि धिआइआ ॥

ਇਆਣਾ ਪਾਪੀ ਓਹੁ ਆਪਿ ਪਚਾਇਆ ॥੨॥ (1137-16)
इआणा पापी ओहु आपि पचाइआ ॥२॥

ਪ੍ਰਭ ਮਾਤ ਪਿਤਾ ਅਪਣੇ ਦਾਸ ਕਾ ਰਖਵਾਲਾ ॥ (1137-17)
प्रभ मात पिता अपणे दास का रखवाला ॥

ਨਿੰਦਕ ਕਾ ਮਾਥਾ ਈਹਾਂ ਊਹਾ ਕਾਲਾ ॥੩॥ (1137-17)
निंदक का माथा ईहां ऊहा काला ॥३॥

ਜਨ ਨਾਨਕ ਕੀ ਪਰਮੇਸਰਿ ਸੁਣੀ ਅਰਦਾਸਿ ॥ (1137-18)
जन नानक की परमेसरि सुणी अरदासि ॥

ਮਲੇਛੁ ਪਾਪੀ ਪਚਿਆ ਭਇਆ ਨਿਰਾਸੁ ॥੪॥੯॥ (1137-18)
मलेछु पापी पचिआ भइआ निरासु ॥४॥९॥

ਭੈਰਉ ਮਹਲਾ ੫ ॥ (1137-19)
भैरउ महला ५ ॥

ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ ॥ (1137-19)
खूबु खूबु खूबु खूबु खूबु तेरो नामु ॥

ਝੂਠੁ ਝੂਠੁ ਝੂਠੁ ਝੂਠੁ ਦੁਨੀ ਗੁਮਾਨੁ ॥੧॥ ਰਹਾਉ ॥ (1137-19)
झूठु झूठु झूठु झूठु दुनी गुमानु ॥१॥ रहाउ ॥

ਨਗਜ ਤੇਰੇ ਬੰਦੇ ਦੀਦਾਰੁ ਅਪਾਰੁ ॥ (1137-19)
नगज तेरे बंदे दीदारु अपारु ॥

ਨਾਮ ਬਿਨਾ ਸਭ ਦੁਨੀਆ ਛਾਰੁ ॥੧॥ (1138-1)
नाम बिना सभ दुनीआ छारु ॥१॥

ਅਚਰਜੁ ਤੇਰੀ ਕੁਦਰਤਿ ਤੇਰੇ ਕਦਮ ਸਲਾਹ ॥ (1138-1)
अचरजु तेरी कुदरति तेरे कदम सलाह ॥

ਗਨੀਵ ਤੇਰੀ ਸਿਫਤਿ ਸਚੇ ਪਾਤਿਸਾਹ ॥੨॥ (1138-2)
गनीव तेरी सिफति सचे पातिसाह ॥२॥

ਨੀਧਰਿਆ ਧਰ ਪਨਹ ਖੁਦਾਇ ॥ (1138-2)
नीधरिआ धर पनह खुदाइ ॥

ਗਰੀਬ ਨਿਵਾਜੁ ਦਿਨੁ ਰੈਣਿ ਧਿਆਇ ॥੩॥ (1138-2)
गरीब निवाजु दिनु रैणि धिआइ ॥३॥

ਨਾਨਕ ਕਉ ਖੁਦਿ ਖਸਮ ਮਿਹਰਵਾਨ ॥ (1138-3)
नानक कउ खुदि खसम मिहरवान ॥

ਅਲਹੁ ਨ ਵਿਸਰੈ ਦਿਲ ਜੀਅ ਪਰਾਨ ॥੪॥੧੦॥ (1138-3)
अलहु न विसरै दिल जीअ परान ॥४॥१०॥

ਭੈਰਉ ਮਹਲਾ ੫ ॥ (1138-4)
भैरउ महला ५ ॥

ਸਾਚ ਪਦਾਰਥੁ ਗੁਰਮੁਖਿ ਲਹਹੁ ॥ (1138-4)
साच पदारथु गुरमुखि लहहु ॥

ਪ੍ਰਭ ਕਾ ਭਾਣਾ ਸਤਿ ਕਰਿ ਸਹਹੁ ॥੧॥ (1138-4)
प्रभ का भाणा सति करि सहहु ॥१॥

ਜੀਵਤ ਜੀਵਤ ਜੀਵਤ ਰਹਹੁ ॥ (1138-4)
जीवत जीवत जीवत रहहु ॥

ਰਾਮ ਰਸਾਇਣੁ ਨਿਤ ਉਠਿ ਪੀਵਹੁ ॥ (1138-5)
राम रसाइणु नित उठि पीवहु ॥

ਹਰਿ ਹਰਿ ਹਰਿ ਹਰਿ ਰਸਨਾ ਕਹਹੁ ॥੧॥ ਰਹਾਉ ॥ (1138-5)
हरि हरि हरि हरि रसना कहहु ॥१॥ रहाउ ॥

ਕਲਿਜੁਗ ਮਹਿ ਇਕ ਨਾਮਿ ਉਧਾਰੁ ॥ (1138-6)
कलिजुग महि इक नामि उधारु ॥

ਨਾਨਕੁ ਬੋਲੈ ਬ੍ਰਹਮ ਬੀਚਾਰੁ ॥੨॥੧੧॥ (1138-6)
नानकु बोलै ब्रहम बीचारु ॥२॥११॥

ਭੈਰਉ ਮਹਲਾ ੫ ॥ (1138-6)
भैरउ महला ५ ॥

ਸਤਿਗੁਰੁ ਸੇਵਿ ਸਰਬ ਫਲ ਪਾਏ ॥ (1138-6)
सतिगुरु सेवि सरब फल पाए ॥

ਜਨਮ ਜਨਮ ਕੀ ਮੈਲੁ ਮਿਟਾਏ ॥੧॥ (1138-7)
जनम जनम की मैलु मिटाए ॥१॥

ਪਤਿਤ ਪਾਵਨ ਪ੍ਰਭ ਤੇਰੋ ਨਾਉ ॥ (1138-7)
पतित पावन प्रभ तेरो नाउ ॥

ਪੂਰਬਿ ਕਰਮ ਲਿਖੇ ਗੁਣ ਗਾਉ ॥੧॥ ਰਹਾਉ ॥ (1138-7)
पूरबि करम लिखे गुण गाउ ॥१॥ रहाउ ॥

ਸਾਧੂ ਸੰਗਿ ਹੋਵੈ ਉਧਾਰੁ ॥ (1138-8)
साधू संगि होवै उधारु ॥

ਸੋਭਾ ਪਾਵੈ ਪ੍ਰਭ ਕੈ ਦੁਆਰ ॥੨॥ (1138-8)
सोभा पावै प्रभ कै दुआर ॥२॥

ਸਰਬ ਕਲਿਆਣ ਚਰਣ ਪ੍ਰਭ ਸੇਵਾ ॥ (1138-8)
सरब कलिआण चरण प्रभ सेवा ॥

ਧੂਰਿ ਬਾਛਹਿ ਸਭਿ ਸੁਰਿ ਨਰ ਦੇਵਾ ॥੩॥ (1138-9)
धूरि बाछहि सभि सुरि नर देवा ॥३॥

ਨਾਨਕ ਪਾਇਆ ਨਾਮ ਨਿਧਾਨੁ ॥ (1138-9)
नानक पाइआ नाम निधानु ॥

ਹਰਿ ਜਪਿ ਜਪਿ ਉਧਰਿਆ ਸਗਲ ਜਹਾਨੁ ॥੪॥੧੨॥ (1138-10)
हरि जपि जपि उधरिआ सगल जहानु ॥४॥१२॥

ਭੈਰਉ ਮਹਲਾ ੫ ॥ (1138-10)
भैरउ महला ५ ॥

ਅਪਣੇ ਦਾਸ ਕਉ ਕੰਠਿ ਲਗਾਵੈ ॥ (1138-10)
अपणे दास कउ कंठि लगावै ॥

ਨਿੰਦਕ ਕਉ ਅਗਨਿ ਮਹਿ ਪਾਵੈ ॥੧॥ (1138-11)
निंदक कउ अगनि महि पावै ॥१॥

ਪਾਪੀ ਤੇ ਰਾਖੇ ਨਾਰਾਇਣ ॥ (1138-11)
पापी ते राखे नाराइण ॥

ਪਾਪੀ ਕੀ ਗਤਿ ਕਤਹੂ ਨਾਹੀ ਪਾਪੀ ਪਚਿਆ ਆਪ ਕਮਾਇਣ ॥੧॥ ਰਹਾਉ ॥ (1138-11)
पापी की गति कतहू नाही पापी पचिआ आप कमाइण ॥१॥ रहाउ ॥

ਦਾਸ ਰਾਮ ਜੀਉ ਲਾਗੀ ਪ੍ਰੀਤਿ ॥ (1138-12)
दास राम जीउ लागी प्रीति ॥

ਨਿੰਦਕ ਕੀ ਹੋਈ ਬਿਪਰੀਤਿ ॥੨॥ (1138-12)
निंदक की होई बिपरीति ॥२॥

ਪਾਰਬ੍ਰਹਮਿ ਅਪਣਾ ਬਿਰਦੁ ਪ੍ਰਗਟਾਇਆ ॥ (1138-13)
पारब्रहमि अपणा बिरदु प्रगटाइआ ॥

ਦੋਖੀ ਅਪਣਾ ਕੀਤਾ ਪਾਇਆ ॥੩॥ (1138-13)
दोखी अपणा कीता पाइआ ॥३॥

ਆਇ ਨ ਜਾਈ ਰਹਿਆ ਸਮਾਈ ॥ (1138-13)
आइ न जाई रहिआ समाई ॥

ਨਾਨਕ ਦਾਸ ਹਰਿ ਕੀ ਸਰਣਾਈ ॥੪॥੧੩॥ (1138-14)
नानक दास हरि की सरणाई ॥४॥१३॥

ਰਾਗੁ ਭੈਰਉ ਮਹਲਾ ੫ ਚਉਪਦੇ ਘਰੁ ੨ (1138-15)
रागु भैरउ महला ५ चउपदे घरु २

ੴ ਸਤਿਗੁਰ ਪ੍ਰਸਾਦਿ ॥ (1138-15)
ੴ सतिगुर प्रसादि ॥

ਸ੍ਰੀਧਰ ਮੋਹਨ ਸਗਲ ਉਪਾਵਨ ਨਿਰੰਕਾਰ ਸੁਖਦਾਤਾ ॥ (1138-16)
स्रीधर मोहन सगल उपावन निरंकार सुखदाता ॥

ਐਸਾ ਪ੍ਰਭੁ ਛੋਡਿ ਕਰਹਿ ਅਨ ਸੇਵਾ ਕਵਨ ਬਿਖਿਆ ਰਸ ਮਾਤਾ ॥੧॥ (1138-16)
ऐसा प्रभु छोडि करहि अन सेवा कवन बिखिआ रस माता ॥१॥

ਰੇ ਮਨ ਮੇਰੇ ਤੂ ਗੋਵਿਦ ਭਾਜੁ ॥ (1138-17)
रे मन मेरे तू गोविद भाजु ॥

ਅਵਰ ਉਪਾਵ ਸਗਲ ਮੈ ਦੇਖੇ ਜੋ ਚਿਤਵੀਐ ਤਿਤੁ ਬਿਗਰਸਿ ਕਾਜੁ ॥੧॥ ਰਹਾਉ ॥ (1138-17)
अवर उपाव सगल मै देखे जो चितवीऐ तितु बिगरसि काजु ॥१॥ रहाउ ॥

ਠਾਕੁਰੁ ਛੋਡਿ ਦਾਸੀ ਕਉ ਸਿਮਰਹਿ ਮਨਮੁਖ ਅੰਧ ਅਗਿਆਨਾ ॥ (1138-18)
ठाकुरु छोडि दासी कउ सिमरहि मनमुख अंध अगिआना ॥

ਹਰਿ ਕੀ ਭਗਤਿ ਕਰਹਿ ਤਿਨ ਨਿੰਦਹਿ ਨਿਗੁਰੇ ਪਸੂ ਸਮਾਨਾ ॥੨॥ (1138-18)
हरि की भगति करहि तिन निंदहि निगुरे पसू समाना ॥२॥

ਜੀਉ ਪਿੰਡੁ ਤਨੁ ਧਨੁ ਸਭੁ ਪ੍ਰਭ ਕਾ ਸਾਕਤ ਕਹਤੇ ਮੇਰਾ ॥ (1138-19)
जीउ पिंडु तनु धनु सभु प्रभ का साकत कहते मेरा ॥

ਅਹੰਬੁਧਿ ਦੁਰਮਤਿ ਹੈ ਮੈਲੀ ਬਿਨੁ ਗੁਰ ਭਵਜਲਿ ਫੇਰਾ ॥੩॥ (1139-1)
अह्मबुधि दुरमति है मैली बिनु गुर भवजलि फेरा ॥३॥

ਹੋਮ ਜਗ ਜਪ ਤਪ ਸਭਿ ਸੰਜਮ ਤਟਿ ਤੀਰਥਿ ਨਹੀ ਪਾਇਆ ॥ (1139-1)
होम जग जप तप सभि संजम तटि तीरथि नही पाइआ ॥

ਮਿਟਿਆ ਆਪੁ ਪਏ ਸਰਣਾਈ ਗੁਰਮੁਖਿ ਨਾਨਕ ਜਗਤੁ ਤਰਾਇਆ ॥੪॥੧॥੧੪॥ (1139-2)
मिटिआ आपु पए सरणाई गुरमुखि नानक जगतु तराइआ ॥४॥१॥१४॥

ਭੈਰਉ ਮਹਲਾ ੫ ॥ (1139-2)
भैरउ महला ५ ॥

ਬਨ ਮਹਿ ਪੇਖਿਓ ਤ੍ਰਿਣ ਮਹਿ ਪੇਖਿਓ ਗ੍ਰਿਹਿ ਪੇਖਿਓ ਉਦਾਸਾਏ ॥ (1139-3)
बन महि पेखिओ त्रिण महि पेखिओ ग्रिहि पेखिओ उदासाए ॥

ਦੰਡਧਾਰ ਜਟਧਾਰੈ ਪੇਖਿਓ ਵਰਤ ਨੇਮ ਤੀਰਥਾਏ ॥੧॥ (1139-3)
दंडधार जटधारै पेखिओ वरत नेम तीरथाए ॥१॥

ਸੰਤਸੰਗਿ ਪੇਖਿਓ ਮਨ ਮਾਏਂ ॥ (1139-4)
संतसंगि पेखिओ मन माएं ॥

ਊਭ ਪਇਆਲ ਸਰਬ ਮਹਿ ਪੂਰਨ ਰਸਿ ਮੰਗਲ ਗੁਣ ਗਾਏ ॥੧॥ ਰਹਾਉ ॥ (1139-4)
ऊभ पइआल सरब महि पूरन रसि मंगल गुण गाए ॥१॥ रहाउ ॥

ਜੋਗ ਭੇਖ ਸੰਨਿਆਸੈ ਪੇਖਿਓ ਜਤਿ ਜੰਗਮ ਕਾਪੜਾਏ ॥ (1139-5)
जोग भेख संनिआसै पेखिओ जति जंगम कापड़ाए ॥

ਤਪੀ ਤਪੀਸੁਰ ਮੁਨਿ ਮਹਿ ਪੇਖਿਓ ਨਟ ਨਾਟਿਕ ਨਿਰਤਾਏ ॥੨॥ (1139-5)
तपी तपीसुर मुनि महि पेखिओ नट नाटिक निरताए ॥२॥

ਚਹੁ ਮਹਿ ਪੇਖਿਓ ਖਟ ਮਹਿ ਪੇਖਿਓ ਦਸ ਅਸਟੀ ਸਿੰਮ੍ਰਿਤਾਏ ॥ (1139-6)
चहु महि पेखिओ खट महि पेखिओ दस असटी सिंम्रिताए ॥

ਸਭ ਮਿਲਿ ਏਕੋ ਏਕੁ ਵਖਾਨਹਿ ਤਉ ਕਿਸ ਤੇ ਕਹਉ ਦੁਰਾਏ ॥੩॥ (1139-6)
सभ मिलि एको एकु वखानहि तउ किस ते कहउ दुराए ॥३॥

ਅਗਹ ਅਗਹ ਬੇਅੰਤ ਸੁਆਮੀ ਨਹ ਕੀਮ ਕੀਮ ਕੀਮਾਏ ॥ (1139-7)
अगह अगह बेअंत सुआमी नह कीम कीम कीमाए ॥

ਜਨ ਨਾਨਕ ਤਿਨ ਕੈ ਬਲਿ ਬਲਿ ਜਾਈਐ ਜਿਹ ਘਟਿ ਪਰਗਟੀਆਏ ॥੪॥੨॥੧੫॥ (1139-8)
जन नानक तिन कै बलि बलि जाईऐ जिह घटि परगटीआए ॥४॥२॥१५॥

ਭੈਰਉ ਮਹਲਾ ੫ ॥ (1139-8)
भैरउ महला ५ ॥

ਨਿਕਟਿ ਬੁਝੈ ਸੋ ਬੁਰਾ ਕਿਉ ਕਰੈ ॥ (1139-9)
निकटि बुझै सो बुरा किउ करै ॥

ਬਿਖੁ ਸੰਚੈ ਨਿਤ ਡਰਤਾ ਫਿਰੈ ॥ (1139-9)
बिखु संचै नित डरता फिरै ॥

ਹੈ ਨਿਕਟੇ ਅਰੁ ਭੇਦੁ ਨ ਪਾਇਆ ॥ (1139-9)
है निकटे अरु भेदु न पाइआ ॥

ਬਿਨੁ ਸਤਿਗੁਰ ਸਭ ਮੋਹੀ ਮਾਇਆ ॥੧॥ (1139-10)
बिनु सतिगुर सभ मोही माइआ ॥१॥

ਨੇੜੈ ਨੇੜੈ ਸਭੁ ਕੋ ਕਹੈ ॥ (1139-10)
नेड़ै नेड़ै सभु को कहै ॥

ਗੁਰਮੁਖਿ ਭੇਦੁ ਵਿਰਲਾ ਕੋ ਲਹੈ ॥੧॥ ਰਹਾਉ ॥ (1139-10)
गुरमुखि भेदु विरला को लहै ॥१॥ रहाउ ॥

ਨਿਕਟਿ ਨ ਦੇਖੈ ਪਰ ਗ੍ਰਿਹਿ ਜਾਇ ॥ (1139-11)
निकटि न देखै पर ग्रिहि जाइ ॥

ਦਰਬੁ ਹਿਰੈ ਮਿਥਿਆ ਕਰਿ ਖਾਇ ॥ (1139-11)
दरबु हिरै मिथिआ करि खाइ ॥

ਪਈ ਠਗਉਰੀ ਹਰਿ ਸੰਗਿ ਨ ਜਾਨਿਆ ॥ (1139-11)
पई ठगउरी हरि संगि न जानिआ ॥

ਬਾਝੁ ਗੁਰੂ ਹੈ ਭਰਮਿ ਭੁਲਾਨਿਆ ॥੨॥ (1139-12)
बाझु गुरू है भरमि भुलानिआ ॥२॥

ਨਿਕਟਿ ਨ ਜਾਨੈ ਬੋਲੈ ਕੂੜੁ ॥ (1139-12)
निकटि न जानै बोलै कूड़ु ॥

ਮਾਇਆ ਮੋਹਿ ਮੂਠਾ ਹੈ ਮੂੜ੍ਹ ॥ (1139-12)
माइआ मोहि मूठा है मूड़्ह ॥

ਅੰਤਰਿ ਵਸਤੁ ਦਿਸੰਤਰਿ ਜਾਇ ॥ (1139-13)
अंतरि वसतु दिसंतरि जाइ ॥

ਬਾਝੁ ਗੁਰੂ ਹੈ ਭਰਮਿ ਭੁਲਾਇ ॥੩॥ (1139-13)
बाझु गुरू है भरमि भुलाइ ॥३॥

ਜਿਸੁ ਮਸਤਕਿ ਕਰਮੁ ਲਿਖਿਆ ਲਿਲਾਟ ॥ (1139-13)
जिसु मसतकि करमु लिखिआ लिलाट ॥

ਸਤਿਗੁਰੁ ਸੇਵੇ ਖੁਲ੍ਹੇ ਕਪਾਟ ॥ (1139-14)
सतिगुरु सेवे खुल्हे कपाट ॥

ਅੰਤਰਿ ਬਾਹਰਿ ਨਿਕਟੇ ਸੋਇ ॥ (1139-14)
अंतरि बाहरि निकटे सोइ ॥

ਜਨ ਨਾਨਕ ਆਵੈ ਨ ਜਾਵੈ ਕੋਇ ॥੪॥੩॥੧੬॥ (1139-14)
जन नानक आवै न जावै कोइ ॥४॥३॥१६॥

ਭੈਰਉ ਮਹਲਾ ੫ ॥ (1139-15)
भैरउ महला ५ ॥

ਜਿਸੁ ਤੂ ਰਾਖਹਿ ਤਿਸੁ ਕਉਨੁ ਮਾਰੈ ॥ (1139-15)
जिसु तू राखहि तिसु कउनु मारै ॥

ਸਭ ਤੁਝ ਹੀ ਅੰਤਰਿ ਸਗਲ ਸੰਸਾਰੈ ॥ (1139-15)
सभ तुझ ही अंतरि सगल संसारै ॥

ਕੋਟਿ ਉਪਾਵ ਚਿਤਵਤ ਹੈ ਪ੍ਰਾਣੀ ॥ (1139-16)
कोटि उपाव चितवत है प्राणी ॥

ਸੋ ਹੋਵੈ ਜਿ ਕਰੈ ਚੋਜ ਵਿਡਾਣੀ ॥੧॥ (1139-16)
सो होवै जि करै चोज विडाणी ॥१॥

ਰਾਖਹੁ ਰਾਖਹੁ ਕਿਰਪਾ ਧਾਰਿ ॥ (1139-16)
राखहु राखहु किरपा धारि ॥

ਤੇਰੀ ਸਰਣਿ ਤੇਰੈ ਦਰਵਾਰਿ ॥੧॥ ਰਹਾਉ ॥ (1139-16)
तेरी सरणि तेरै दरवारि ॥१॥ रहाउ ॥

ਜਿਨਿ ਸੇਵਿਆ ਨਿਰਭਉ ਸੁਖਦਾਤਾ ॥ (1139-17)
जिनि सेविआ निरभउ सुखदाता ॥

ਤਿਨਿ ਭਉ ਦੂਰਿ ਕੀਆ ਏਕੁ ਪਰਾਤਾ ॥ (1139-17)
तिनि भउ दूरि कीआ एकु पराता ॥

ਜੋ ਤੂ ਕਰਹਿ ਸੋਈ ਫੁਨਿ ਹੋਇ ॥ (1139-18)
जो तू करहि सोई फुनि होइ ॥

ਮਾਰੈ ਨ ਰਾਖੈ ਦੂਜਾ ਕੋਇ ॥੨॥ (1139-18)
मारै न राखै दूजा कोइ ॥२॥

ਕਿਆ ਤੂ ਸੋਚਹਿ ਮਾਣਸ ਬਾਣਿ ॥ (1139-18)
किआ तू सोचहि माणस बाणि ॥

ਅੰਤਰਜਾਮੀ ਪੁਰਖੁ ਸੁਜਾਣੁ ॥ (1139-19)
अंतरजामी पुरखु सुजाणु ॥

ਏਕ ਟੇਕ ਏਕੋ ਆਧਾਰੁ ॥ (1139-19)
एक टेक एको आधारु ॥

ਸਭ ਕਿਛੁ ਜਾਣੈ ਸਿਰਜਣਹਾਰੁ ॥੩॥ (1139-19)
सभ किछु जाणै सिरजणहारु ॥३॥

ਜਿਸੁ ਊਪਰਿ ਨਦਰਿ ਕਰੇ ਕਰਤਾਰੁ ॥ (1139-19)
जिसु ऊपरि नदरि करे करतारु ॥

ਤਿਸੁ ਜਨ ਕੇ ਸਭਿ ਕਾਜ ਸਵਾਰਿ ॥ (1140-1)
तिसु जन के सभि काज सवारि ॥

ਤਿਸ ਕਾ ਰਾਖਾ ਏਕੋ ਸੋਇ ॥ (1140-1)
तिस का राखा एको सोइ ॥

ਜਨ ਨਾਨਕ ਅਪੜਿ ਨ ਸਾਕੈ ਕੋਇ ॥੪॥੪॥੧੭॥ (1140-1)
जन नानक अपड़ि न साकै कोइ ॥४॥४॥१७॥

ਭੈਰਉ ਮਹਲਾ ੫ ॥ (1140-2)
भैरउ महला ५ ॥

ਤਉ ਕੜੀਐ ਜੇ ਹੋਵੈ ਬਾਹਰਿ ॥ (1140-2)
तउ कड़ीऐ जे होवै बाहरि ॥

ਤਉ ਕੜੀਐ ਜੇ ਵਿਸਰੈ ਨਰਹਰਿ ॥ (1140-2)
तउ कड़ीऐ जे विसरै नरहरि ॥

ਤਉ ਕੜੀਐ ਜੇ ਦੂਜਾ ਭਾਏ ॥ (1140-3)
तउ कड़ीऐ जे दूजा भाए ॥

ਕਿਆ ਕੜੀਐ ਜਾਂ ਰਹਿਆ ਸਮਾਏ ॥੧॥ (1140-3)
किआ कड़ीऐ जां रहिआ समाए ॥१॥

ਮਾਇਆ ਮੋਹਿ ਕੜੇ ਕੜਿ ਪਚਿਆ ॥ (1140-3)
माइआ मोहि कड़े कड़ि पचिआ ॥

ਬਿਨੁ ਨਾਵੈ ਭ੍ਰਮਿ ਭ੍ਰਮਿ ਭ੍ਰਮਿ ਖਪਿਆ ॥੧॥ ਰਹਾਉ ॥ (1140-4)
बिनु नावै भ्रमि भ्रमि भ्रमि खपिआ ॥१॥ रहाउ ॥

ਤਉ ਕੜੀਐ ਜੇ ਦੂਜਾ ਕਰਤਾ ॥ (1140-4)
तउ कड़ीऐ जे दूजा करता ॥

ਤਉ ਕੜੀਐ ਜੇ ਅਨਿਆਇ ਕੋ ਮਰਤਾ ॥ (1140-4)
तउ कड़ीऐ जे अनिआइ को मरता ॥

ਤਉ ਕੜੀਐ ਜੇ ਕਿਛੁ ਜਾਣੈ ਨਾਹੀ ॥ (1140-5)
तउ कड़ीऐ जे किछु जाणै नाही ॥

ਕਿਆ ਕੜੀਐ ਜਾਂ ਭਰਪੂਰਿ ਸਮਾਹੀ ॥੨॥ (1140-5)
किआ कड़ीऐ जां भरपूरि समाही ॥२॥

ਤਉ ਕੜੀਐ ਜੇ ਕਿਛੁ ਹੋਇ ਧਿਙਾਣੈ ॥ (1140-5)
तउ कड़ीऐ जे किछु होइ धिङाणै ॥

ਤਉ ਕੜੀਐ ਜੇ ਭੂਲਿ ਰੰਞਾਣੈ ॥ (1140-6)
तउ कड़ीऐ जे भूलि रंञाणै ॥

ਗੁਰਿ ਕਹਿਆ ਜੋ ਹੋਇ ਸਭੁ ਪ੍ਰਭ ਤੇ ॥ (1140-6)
गुरि कहिआ जो होइ सभु प्रभ ते ॥

ਤਬ ਕਾੜਾ ਛੋਡਿ ਅਚਿੰਤ ਹਮ ਸੋਤੇ ॥੩॥ (1140-6)
तब काड़ा छोडि अचिंत हम सोते ॥३॥

ਪ੍ਰਭ ਤੂਹੈ ਠਾਕੁਰੁ ਸਭੁ ਕੋ ਤੇਰਾ ॥ (1140-7)
प्रभ तूहै ठाकुरु सभु को तेरा ॥

ਜਿਉ ਭਾਵੈ ਤਿਉ ਕਰਹਿ ਨਿਬੇਰਾ ॥ (1140-7)
जिउ भावै तिउ करहि निबेरा ॥

ਦੁਤੀਆ ਨਾਸਤਿ ਇਕੁ ਰਹਿਆ ਸਮਾਇ ॥ (1140-8)
दुतीआ नासति इकु रहिआ समाइ ॥

ਰਾਖਹੁ ਪੈਜ ਨਾਨਕ ਸਰਣਾਇ ॥੪॥੫॥੧੮॥ (1140-8)
राखहु पैज नानक सरणाइ ॥४॥५॥१८॥

ਭੈਰਉ ਮਹਲਾ ੫ ॥ (1140-8)
भैरउ महला ५ ॥

ਬਿਨੁ ਬਾਜੇ ਕੈਸੋ ਨਿਰਤਿਕਾਰੀ ॥ (1140-9)
बिनु बाजे कैसो निरतिकारी ॥

ਬਿਨੁ ਕੰਠੈ ਕੈਸੇ ਗਾਵਨਹਾਰੀ ॥ (1140-9)
बिनु कंठै कैसे गावनहारी ॥

ਜੀਲ ਬਿਨਾ ਕੈਸੇ ਬਜੈ ਰਬਾਬ ॥ (1140-9)
जील बिना कैसे बजै रबाब ॥

ਨਾਮ ਬਿਨਾ ਬਿਰਥੇ ਸਭਿ ਕਾਜ ॥੧॥ (1140-9)
नाम बिना बिरथे सभि काज ॥१॥

ਨਾਮ ਬਿਨਾ ਕਹਹੁ ਕੋ ਤਰਿਆ ॥ (1140-10)
नाम बिना कहहु को तरिआ ॥

ਬਿਨੁ ਸਤਿਗੁਰ ਕੈਸੇ ਪਾਰਿ ਪਰਿਆ ॥੧॥ ਰਹਾਉ ॥ (1140-10)
बिनु सतिगुर कैसे पारि परिआ ॥१॥ रहाउ ॥

ਬਿਨੁ ਜਿਹਵਾ ਕਹਾ ਕੋ ਬਕਤਾ ॥ (1140-11)
बिनु जिहवा कहा को बकता ॥

ਬਿਨੁ ਸ੍ਰਵਨਾ ਕਹਾ ਕੋ ਸੁਨਤਾ ॥ (1140-11)
बिनु स्रवना कहा को सुनता ॥

ਬਿਨੁ ਨੇਤ੍ਰਾ ਕਹਾ ਕੋ ਪੇਖੈ ॥ (1140-11)
बिनु नेत्रा कहा को पेखै ॥

ਨਾਮ ਬਿਨਾ ਨਰੁ ਕਹੀ ਨ ਲੇਖੈ ॥੨॥ (1140-11)
नाम बिना नरु कही न लेखै ॥२॥

ਬਿਨੁ ਬਿਦਿਆ ਕਹਾ ਕੋਈ ਪੰਡਿਤ ॥ (1140-12)
बिनु बिदिआ कहा कोई पंडित ॥

ਬਿਨੁ ਅਮਰੈ ਕੈਸੇ ਰਾਜ ਮੰਡਿਤ ॥ (1140-12)
बिनु अमरै कैसे राज मंडित ॥

ਬਿਨੁ ਬੂਝੇ ਕਹਾ ਮਨੁ ਠਹਰਾਨਾ ॥ (1140-12)
बिनु बूझे कहा मनु ठहराना ॥

ਨਾਮ ਬਿਨਾ ਸਭੁ ਜਗੁ ਬਉਰਾਨਾ ॥੩॥ (1140-13)
नाम बिना सभु जगु बउराना ॥३॥

ਬਿਨੁ ਬੈਰਾਗ ਕਹਾ ਬੈਰਾਗੀ ॥ (1140-13)
बिनु बैराग कहा बैरागी ॥

ਬਿਨੁ ਹਉ ਤਿਆਗਿ ਕਹਾ ਕੋਊ ਤਿਆਗੀ ॥ (1140-13)
बिनु हउ तिआगि कहा कोऊ तिआगी ॥

ਬਿਨੁ ਬਸਿ ਪੰਚ ਕਹਾ ਮਨ ਚੂਰੇ ॥ (1140-14)
बिनु बसि पंच कहा मन चूरे ॥

ਨਾਮ ਬਿਨਾ ਸਦ ਸਦ ਹੀ ਝੂਰੇ ॥੪॥ (1140-14)
नाम बिना सद सद ही झूरे ॥४॥

ਬਿਨੁ ਗੁਰ ਦੀਖਿਆ ਕੈਸੇ ਗਿਆਨੁ ॥ (1140-14)
बिनु गुर दीखिआ कैसे गिआनु ॥

ਬਿਨੁ ਪੇਖੇ ਕਹੁ ਕੈਸੋ ਧਿਆਨੁ ॥ (1140-15)
बिनु पेखे कहु कैसो धिआनु ॥

ਬਿਨੁ ਭੈ ਕਥਨੀ ਸਰਬ ਬਿਕਾਰ ॥ (1140-15)
बिनु भै कथनी सरब बिकार ॥

ਕਹੁ ਨਾਨਕ ਦਰ ਕਾ ਬੀਚਾਰ ॥੫॥੬॥੧੯॥ (1140-15)
कहु नानक दर का बीचार ॥५॥६॥१९॥

ਭੈਰਉ ਮਹਲਾ ੫ ॥ (1140-16)
भैरउ महला ५ ॥

ਹਉਮੈ ਰੋਗੁ ਮਾਨੁਖ ਕਉ ਦੀਨਾ ॥ (1140-16)
हउमै रोगु मानुख कउ दीना ॥

ਕਾਮ ਰੋਗਿ ਮੈਗਲੁ ਬਸਿ ਲੀਨਾ ॥ (1140-16)
काम रोगि मैगलु बसि लीना ॥

ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ ॥ (1140-17)
द्रिसटि रोगि पचि मुए पतंगा ॥

ਨਾਦ ਰੋਗਿ ਖਪਿ ਗਏ ਕੁਰੰਗਾ ॥੧॥ (1140-17)
नाद रोगि खपि गए कुरंगा ॥१॥

ਜੋ ਜੋ ਦੀਸੈ ਸੋ ਸੋ ਰੋਗੀ ॥ (1140-17)
जो जो दीसै सो सो रोगी ॥

ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥੧॥ ਰਹਾਉ ॥ (1140-17)
रोग रहित मेरा सतिगुरु जोगी ॥१॥ रहाउ ॥

ਜਿਹਵਾ ਰੋਗਿ ਮੀਨੁ ਗ੍ਰਸਿਆਨੋ ॥ (1140-18)
जिहवा रोगि मीनु ग्रसिआनो ॥

ਬਾਸਨ ਰੋਗਿ ਭਵਰੁ ਬਿਨਸਾਨੋ ॥ (1140-18)
बासन रोगि भवरु बिनसानो ॥

ਹੇਤ ਰੋਗ ਕਾ ਸਗਲ ਸੰਸਾਰਾ ॥ (1140-19)
हेत रोग का सगल संसारा ॥

ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ ॥੨॥ (1140-19)
त्रिबिधि रोग महि बधे बिकारा ॥२॥

ਰੋਗੇ ਮਰਤਾ ਰੋਗੇ ਜਨਮੈ ॥ (1140-19)
रोगे मरता रोगे जनमै ॥

ਰੋਗੇ ਫਿਰਿ ਫਿਰਿ ਜੋਨੀ ਭਰਮੈ ॥ (1140-19)
रोगे फिरि फिरि जोनी भरमै ॥

ਰੋਗ ਬੰਧ ਰਹਨੁ ਰਤੀ ਨ ਪਾਵੈ ॥ (1141-1)
रोग बंध रहनु रती न पावै ॥

ਬਿਨੁ ਸਤਿਗੁਰ ਰੋਗੁ ਕਤਹਿ ਨ ਜਾਵੈ ॥੩॥ (1141-1)
बिनु सतिगुर रोगु कतहि न जावै ॥३॥

ਪਾਰਬ੍ਰਹਮਿ ਜਿਸੁ ਕੀਨੀ ਦਇਆ ॥ (1141-2)
पारब्रहमि जिसु कीनी दइआ ॥

ਬਾਹ ਪਕੜਿ ਰੋਗਹੁ ਕਢਿ ਲਇਆ ॥ (1141-2)
बाह पकड़ि रोगहु कढि लइआ ॥

ਤੂਟੇ ਬੰਧਨ ਸਾਧਸੰਗੁ ਪਾਇਆ ॥ (1141-2)
तूटे बंधन साधसंगु पाइआ ॥

ਕਹੁ ਨਾਨਕ ਗੁਰਿ ਰੋਗੁ ਮਿਟਾਇਆ ॥੪॥੭॥੨੦॥ (1141-2)
कहु नानक गुरि रोगु मिटाइआ ॥४॥७॥२०॥

ਭੈਰਉ ਮਹਲਾ ੫ ॥ (1141-3)
भैरउ महला ५ ॥

ਚੀਤਿ ਆਵੈ ਤਾਂ ਮਹਾ ਅਨੰਦ ॥ (1141-3)
चीति आवै तां महा अनंद ॥

ਚੀਤਿ ਆਵੈ ਤਾਂ ਸਭਿ ਦੁਖ ਭੰਜ ॥ (1141-3)
चीति आवै तां सभि दुख भंज ॥

ਚੀਤਿ ਆਵੈ ਤਾਂ ਸਰਧਾ ਪੂਰੀ ॥ (1141-4)
चीति आवै तां सरधा पूरी ॥

ਚੀਤਿ ਆਵੈ ਤਾਂ ਕਬਹਿ ਨ ਝੂਰੀ ॥੧॥ (1141-4)
चीति आवै तां कबहि न झूरी ॥१॥

ਅੰਤਰਿ ਰਾਮ ਰਾਇ ਪ੍ਰਗਟੇ ਆਇ ॥ (1141-4)
अंतरि राम राइ प्रगटे आइ ॥

ਗੁਰਿ ਪੂਰੈ ਦੀਓ ਰੰਗੁ ਲਾਇ ॥੧॥ ਰਹਾਉ ॥ (1141-5)
गुरि पूरै दीओ रंगु लाइ ॥१॥ रहाउ ॥

ਚੀਤਿ ਆਵੈ ਤਾਂ ਸਰਬ ਕੋ ਰਾਜਾ ॥ (1141-5)
चीति आवै तां सरब को राजा ॥

ਚੀਤਿ ਆਵੈ ਤਾਂ ਪੂਰੇ ਕਾਜਾ ॥ (1141-5)
चीति आवै तां पूरे काजा ॥

ਚੀਤਿ ਆਵੈ ਤਾਂ ਰੰਗਿ ਗੁਲਾਲ ॥ (1141-6)
चीति आवै तां रंगि गुलाल ॥

ਚੀਤਿ ਆਵੈ ਤਾਂ ਸਦਾ ਨਿਹਾਲ ॥੨॥ (1141-6)
चीति आवै तां सदा निहाल ॥२॥

ਚੀਤਿ ਆਵੈ ਤਾਂ ਸਦ ਧਨਵੰਤਾ ॥ (1141-6)
चीति आवै तां सद धनवंता ॥

ਚੀਤਿ ਆਵੈ ਤਾਂ ਸਦ ਨਿਭਰੰਤਾ ॥ (1141-7)
चीति आवै तां सद निभरंता ॥

ਚੀਤਿ ਆਵੈ ਤਾਂ ਸਭਿ ਰੰਗ ਮਾਣੇ ॥ (1141-7)
चीति आवै तां सभि रंग माणे ॥

ਚੀਤਿ ਆਵੈ ਤਾਂ ਚੂਕੀ ਕਾਣੇ ॥੩॥ (1141-7)
चीति आवै तां चूकी काणे ॥३॥

ਚੀਤਿ ਆਵੈ ਤਾਂ ਸਹਜ ਘਰੁ ਪਾਇਆ ॥ (1141-8)
चीति आवै तां सहज घरु पाइआ ॥

ਚੀਤਿ ਆਵੈ ਤਾਂ ਸੁੰਨਿ ਸਮਾਇਆ ॥ (1141-8)
चीति आवै तां सुंनि समाइआ ॥

ਚੀਤਿ ਆਵੈ ਸਦ ਕੀਰਤਨੁ ਕਰਤਾ ॥ (1141-8)
चीति आवै सद कीरतनु करता ॥

ਮਨੁ ਮਾਨਿਆ ਨਾਨਕ ਭਗਵੰਤਾ ॥੪॥੮॥੨੧॥ (1141-9)
मनु मानिआ नानक भगवंता ॥४॥८॥२१॥

ਭੈਰਉ ਮਹਲਾ ੫ ॥ (1141-9)
भैरउ महला ५ ॥

ਬਾਪੁ ਹਮਾਰਾ ਸਦ ਚਰੰਜੀਵੀ ॥ (1141-9)
बापु हमारा सद चरंजीवी ॥

ਭਾਈ ਹਮਾਰੇ ਸਦ ਹੀ ਜੀਵੀ ॥ (1141-10)
भाई हमारे सद ही जीवी ॥

ਮੀਤ ਹਮਾਰੇ ਸਦਾ ਅਬਿਨਾਸੀ ॥ (1141-10)
मीत हमारे सदा अबिनासी ॥

ਕੁਟੰਬੁ ਹਮਾਰਾ ਨਿਜ ਘਰਿ ਵਾਸੀ ॥੧॥ (1141-10)
कुट्मबु हमारा निज घरि वासी ॥१॥

ਹਮ ਸੁਖੁ ਪਾਇਆ ਤਾਂ ਸਭਹਿ ਸੁਹੇਲੇ ॥ (1141-10)
हम सुखु पाइआ तां सभहि सुहेले ॥

ਗੁਰਿ ਪੂਰੈ ਪਿਤਾ ਸੰਗਿ ਮੇਲੇ ॥੧॥ ਰਹਾਉ ॥ (1141-11)
गुरि पूरै पिता संगि मेले ॥१॥ रहाउ ॥

ਮੰਦਰ ਮੇਰੇ ਸਭ ਤੇ ਊਚੇ ॥ (1141-11)
मंदर मेरे सभ ते ऊचे ॥

ਦੇਸ ਮੇਰੇ ਬੇਅੰਤ ਅਪੂਛੇ ॥ (1141-11)
देस मेरे बेअंत अपूछे ॥

ਰਾਜੁ ਹਮਾਰਾ ਸਦ ਹੀ ਨਿਹਚਲੁ ॥ (1141-12)
राजु हमारा सद ही निहचलु ॥

ਮਾਲੁ ਹਮਾਰਾ ਅਖੂਟੁ ਅਬੇਚਲੁ ॥੨॥ (1141-12)
मालु हमारा अखूटु अबेचलु ॥२॥

ਸੋਭਾ ਮੇਰੀ ਸਭ ਜੁਗ ਅੰਤਰਿ ॥ (1141-12)
सोभा मेरी सभ जुग अंतरि ॥

ਬਾਜ ਹਮਾਰੀ ਥਾਨ ਥਨੰਤਰਿ ॥ (1141-13)
बाज हमारी थान थनंतरि ॥

ਕੀਰਤਿ ਹਮਰੀ ਘਰਿ ਘਰਿ ਹੋਈ ॥ (1141-13)
कीरति हमरी घरि घरि होई ॥

ਭਗਤਿ ਹਮਾਰੀ ਸਭਨੀ ਲੋਈ ॥੩॥ (1141-13)
भगति हमारी सभनी लोई ॥३॥

ਪਿਤਾ ਹਮਾਰੇ ਪ੍ਰਗਟੇ ਮਾਝ ॥ (1141-14)
पिता हमारे प्रगटे माझ ॥

ਪਿਤਾ ਪੂਤ ਰਲਿ ਕੀਨੀ ਸਾਂਝ ॥ (1141-14)
पिता पूत रलि कीनी सांझ ॥

ਕਹੁ ਨਾਨਕ ਜਉ ਪਿਤਾ ਪਤੀਨੇ ॥ (1141-14)
कहु नानक जउ पिता पतीने ॥

ਪਿਤਾ ਪੂਤ ਏਕੈ ਰੰਗਿ ਲੀਨੇ ॥੪॥੯॥੨੨॥ (1141-14)
पिता पूत एकै रंगि लीने ॥४॥९॥२२॥

ਭੈਰਉ ਮਹਲਾ ੫ ॥ (1141-15)
भैरउ महला ५ ॥

ਨਿਰਵੈਰ ਪੁਰਖ ਸਤਿਗੁਰ ਪ੍ਰਭ ਦਾਤੇ ॥ (1141-15)
निरवैर पुरख सतिगुर प्रभ दाते ॥

ਹਮ ਅਪਰਾਧੀ ਤੁਮ੍ਹ ਬਖਸਾਤੇ ॥ (1141-15)
हम अपराधी तुम्ह बखसाते ॥

ਜਿਸੁ ਪਾਪੀ ਕਉ ਮਿਲੈ ਨ ਢੋਈ ॥ (1141-16)
जिसु पापी कउ मिलै न ढोई ॥

ਸਰਣਿ ਆਵੈ ਤਾਂ ਨਿਰਮਲੁ ਹੋਈ ॥੧॥ (1141-16)
सरणि आवै तां निरमलु होई ॥१॥

ਸੁਖੁ ਪਾਇਆ ਸਤਿਗੁਰੂ ਮਨਾਇ ॥ (1141-16)
सुखु पाइआ सतिगुरू मनाइ ॥

ਸਭ ਫਲ ਪਾਏ ਗੁਰੂ ਧਿਆਇ ॥੧॥ ਰਹਾਉ ॥ (1141-17)
सभ फल पाए गुरू धिआइ ॥१॥ रहाउ ॥

ਪਾਰਬ੍ਰਹਮ ਸਤਿਗੁਰ ਆਦੇਸੁ ॥ (1141-17)
पारब्रहम सतिगुर आदेसु ॥

ਮਨੁ ਤਨੁ ਤੇਰਾ ਸਭੁ ਤੇਰਾ ਦੇਸੁ ॥ (1141-17)
मनु तनु तेरा सभु तेरा देसु ॥

ਚੂਕਾ ਪੜਦਾ ਤਾਂ ਨਦਰੀ ਆਇਆ ॥ (1141-18)
चूका पड़दा तां नदरी आइआ ॥

ਖਸਮੁ ਤੂਹੈ ਸਭਨਾ ਕੇ ਰਾਇਆ ॥੨॥ (1141-18)
खसमु तूहै सभना के राइआ ॥२॥

ਤਿਸੁ ਭਾਣਾ ਸੂਕੇ ਕਾਸਟ ਹਰਿਆ ॥ (1141-18)
तिसु भाणा सूके कासट हरिआ ॥

ਤਿਸੁ ਭਾਣਾ ਤਾਂ ਥਲ ਸਿਰਿ ਸਰਿਆ ॥ (1141-19)
तिसु भाणा तां थल सिरि सरिआ ॥

ਤਿਸੁ ਭਾਣਾ ਤਾਂ ਸਭਿ ਫਲ ਪਾਏ ॥ (1141-19)
तिसु भाणा तां सभि फल पाए ॥

ਚਿੰਤ ਗਈ ਲਗਿ ਸਤਿਗੁਰ ਪਾਏ ॥੩॥ (1141-19)
चिंत गई लगि सतिगुर पाए ॥३॥

ਹਰਾਮਖੋਰ ਨਿਰਗੁਣ ਕਉ ਤੂਠਾ ॥ (1142-1)
हरामखोर निरगुण कउ तूठा ॥

ਮਨੁ ਤਨੁ ਸੀਤਲੁ ਮਨਿ ਅੰਮ੍ਰਿਤੁ ਵੂਠਾ ॥ (1142-1)
मनु तनु सीतलु मनि अमृतु वूठा ॥

ਪਾਰਬ੍ਰਹਮ ਗੁਰ ਭਏ ਦਇਆਲਾ ॥ (1142-2)
पारब्रहम गुर भए दइआला ॥

ਨਾਨਕ ਦਾਸ ਦੇਖਿ ਭਏ ਨਿਹਾਲਾ ॥੪॥੧੦॥੨੩॥ (1142-2)
नानक दास देखि भए निहाला ॥४॥१०॥२३॥

ਭੈਰਉ ਮਹਲਾ ੫ ॥ (1142-2)
भैरउ महला ५ ॥

ਸਤਿਗੁਰੁ ਮੇਰਾ ਬੇਮੁਹਤਾਜੁ ॥ (1142-3)
सतिगुरु मेरा बेमुहताजु ॥

ਸਤਿਗੁਰ ਮੇਰੇ ਸਚਾ ਸਾਜੁ ॥ (1142-3)
सतिगुर मेरे सचा साजु ॥

ਸਤਿਗੁਰੁ ਮੇਰਾ ਸਭਸ ਕਾ ਦਾਤਾ ॥ (1142-3)
सतिगुरु मेरा सभस का दाता ॥

ਸਤਿਗੁਰੁ ਮੇਰਾ ਪੁਰਖੁ ਬਿਧਾਤਾ ॥੧॥ (1142-3)
सतिगुरु मेरा पुरखु बिधाता ॥१॥

ਗੁਰ ਜੈਸਾ ਨਾਹੀ ਕੋ ਦੇਵ ॥ (1142-4)
गुर जैसा नाही को देव ॥

ਜਿਸੁ ਮਸਤਕਿ ਭਾਗੁ ਸੁ ਲਾਗਾ ਸੇਵ ॥੧॥ ਰਹਾਉ ॥ (1142-4)
जिसु मसतकि भागु सु लागा सेव ॥१॥ रहाउ ॥

ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ ॥ (1142-4)
सतिगुरु मेरा सरब प्रतिपालै ॥

ਸਤਿਗੁਰੁ ਮੇਰਾ ਮਾਰਿ ਜੀਵਾਲੈ ॥ (1142-5)
सतिगुरु मेरा मारि जीवालै ॥

ਸਤਿਗੁਰ ਮੇਰੇ ਕੀ ਵਡਿਆਈ ॥ (1142-5)
सतिगुर मेरे की वडिआई ॥

ਪ੍ਰਗਟੁ ਭਈ ਹੈ ਸਭਨੀ ਥਾਈ ॥੨॥ (1142-5)
प्रगटु भई है सभनी थाई ॥२॥

ਸਤਿਗੁਰੁ ਮੇਰਾ ਤਾਣੁ ਨਿਤਾਣੁ ॥ (1142-6)
सतिगुरु मेरा ताणु निताणु ॥

कहतु नानकु संसार के निहफल कामा ॥

ਗੁਰ ਪ੍ਰਸਾਦਿ ਕੋ ਪਾਵੈ ਅੰਮ੍ਰਿਤ ਨਾਮਾ ॥੪॥੮॥ (1170-17)
गुर प्रसादि को पावै अमृत नामा ॥४॥८॥

ਮਹਲਾ ੧ ਬਸੰਤੁ ਹਿੰਡੋਲ ਘਰੁ ੨ (1170-18)
महला १ बसंतु हिंडोल घरु २

ੴ ਸਤਿਗੁਰ ਪ੍ਰਸਾਦਿ ॥ (1170-18)
ੴ सतिगुर प्रसादि ॥

ਸਾਲ ਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ ॥ (1170-19)
साल ग्राम बिप पूजि मनावहु सुक्रितु तुलसी माला ॥

ਰਾਮ ਨਾਮੁ ਜਪਿ ਬੇੜਾ ਬਾਂਧਹੁ ਦਇਆ ਕਰਹੁ ਦਇਆਲਾ ॥੧॥ (1170-19)
राम नामु जपि बेड़ा बांधहु दइआ करहु दइआला ॥१॥

ਕਾਹੇ ਕਲਰਾ ਸਿੰਚਹੁ ਜਨਮੁ ਗਵਾਵਹੁ ॥ (1171-1)
काहे कलरा सिंचहु जनमु गवावहु ॥

ਕਾਚੀ ਢਹਗਿ ਦਿਵਾਲ ਕਾਹੇ ਗਚੁ ਲਾਵਹੁ ॥੧॥ ਰਹਾਉ ॥ (1171-1)
काची ढहगि दिवाल काहे गचु लावहु ॥१॥ रहाउ ॥

ਕਰ ਹਰਿਹਟ ਮਾਲ ਟਿੰਡ ਪਰੋਵਹੁ ਤਿਸੁ ਭੀਤਰਿ ਮਨੁ ਜੋਵਹੁ ॥ (1171-2)
कर हरिहट माल टिंड परोवहु तिसु भीतरि मनु जोवहु ॥

ਅੰਮ੍ਰਿਤੁ ਸਿੰਚਹੁ ਭਰਹੁ ਕਿਆਰੇ ਤਉ ਮਾਲੀ ਕੇ ਹੋਵਹੁ ॥੨॥ (1171-2)
अमृतु सिंचहु भरहु किआरे तउ माली के होवहु ॥२॥

ਕਾਮੁ ਕ੍ਰੋਧੁ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ ॥ (1171-3)
कामु क्रोधु दुइ करहु बसोले गोडहु धरती भाई ॥

ਜਿਉ ਗੋਡਹੁ ਤਿਉ ਤੁਮ੍ਹ ਸੁਖ ਪਾਵਹੁ ਕਿਰਤੁ ਨ ਮੇਟਿਆ ਜਾਈ ॥੩॥ (1171-3)
जिउ गोडहु तिउ तुम्ह सुख पावहु किरतु न मेटिआ जाई ॥३॥

ਬਗੁਲੇ ਤੇ ਫੁਨਿ ਹੰਸੁਲਾ ਹੋਵੈ ਜੇ ਤੂ ਕਰਹਿ ਦਇਆਲਾ ॥ (1171-4)
बगुले ते फुनि हंसुला होवै जे तू करहि दइआला ॥

ਪ੍ਰਣਵਤਿ ਨਾਨਕੁ ਦਾਸਨਿ ਦਾਸਾ ਦਇਆ ਕਰਹੁ ਦਇਆਲਾ ॥੪॥੧॥੯॥ (1171-4)
प्रणवति नानकु दासनि दासा दइआ करहु दइआला ॥४॥१॥९॥

ਬਸੰਤੁ ਮਹਲਾ ੧ ਹਿੰਡੋਲ ॥ (1171-5)
बसंतु महला १ हिंडोल ॥

ਸਾਹੁਰੜੀ ਵਥੁ ਸਭੁ ਕਿਛੁ ਸਾਝੀ ਪੇਵਕੜੈ ਧਨ ਵਖੇ ॥ (1171-5)
साहुरड़ी वथु सभु किछु साझी पेवकड़ै धन वखे ॥

ਆਪਿ ਕੁਚਜੀ ਦੋਸੁ ਨ ਦੇਊ ਜਾਣਾ ਨਾਹੀ ਰਖੇ ॥੧॥ (1171-6)
आपि कुचजी दोसु न देऊ जाणा नाही रखे ॥१॥

ਮੇਰੇ ਸਾਹਿਬਾ ਹਉ ਆਪੇ ਭਰਮਿ ਭੁਲਾਣੀ ॥ (1171-6)
मेरे साहिबा हउ आपे भरमि भुलाणी ॥

ਅਖਰ ਲਿਖੇ ਸੇਈ ਗਾਵਾ ਅਵਰ ਨ ਜਾਣਾ ਬਾਣੀ ॥੧॥ ਰਹਾਉ ॥ (1171-7)
अखर लिखे सेई गावा अवर न जाणा बाणी ॥१॥ रहाउ ॥

ਕਢਿ ਕਸੀਦਾ ਪਹਿਰਹਿ ਚੋਲੀ ਤਾਂ ਤੁਮ੍ਹ ਜਾਣਹੁ ਨਾਰੀ ॥ (1171-7)
कढि कसीदा पहिरहि चोली तां तुम्ह जाणहु नारी ॥

ਜੇ ਘਰੁ ਰਾਖਹਿ ਬੁਰਾ ਨ ਚਾਖਹਿ ਹੋਵਹਿ ਕੰਤ ਪਿਆਰੀ ॥੨॥ (1171-8)
जे घरु राखहि बुरा न चाखहि होवहि कंत पिआरी ॥२॥

ਜੇ ਤੂੰ ਪੜਿਆ ਪੰਡਿਤੁ ਬੀਨਾ ਦੁਇ ਅਖਰ ਦੁਇ ਨਾਵਾ ॥ (1171-8)
जे तूं पड़िआ पंडितु बीना दुइ अखर दुइ नावा ॥

ਪ੍ਰਣਵਤਿ ਨਾਨਕੁ ਏਕੁ ਲੰਘਾਏ ਜੇ ਕਰਿ ਸਚਿ ਸਮਾਵਾਂ ॥੩॥੨॥੧੦॥ (1171-9)
प्रणवति नानकु एकु लंघाए जे करि सचि समावां ॥३॥२॥१०॥

ਬਸੰਤੁ ਹਿੰਡੋਲ ਮਹਲਾ ੧ ॥ (1171-9)
बसंतु हिंडोल महला १ ॥

ਰਾਜਾ ਬਾਲਕੁ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ ॥ (1171-10)
राजा बालकु नगरी काची दुसटा नालि पिआरो ॥

ਦੁਇ ਮਾਈ ਦੁਇ ਬਾਪਾ ਪੜੀਅਹਿ ਪੰਡਿਤ ਕਰਹੁ ਬੀਚਾਰੋ ॥੧॥ (1171-10)
दुइ माई दुइ बापा पड़ीअहि पंडित करहु बीचारो ॥१॥

ਸੁਆਮੀ ਪੰਡਿਤਾ ਤੁਮ੍ਹ ਦੇਹੁ ਮਤੀ ॥ (1171-11)
सुआमी पंडिता तुम्ह देहु मती ॥

ਕਿਨ ਬਿਧਿ ਪਾਵਉ ਪ੍ਰਾਨਪਤੀ ॥੧॥ ਰਹਾਉ ॥ (1171-11)
किन बिधि पावउ प्रानपती ॥१॥ रहाउ ॥

ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ ਪੰਡੈ ਪਾਇਆ ॥ (1171-12)
भीतरि अगनि बनासपति मउली सागरु पंडै पाइआ ॥

ਚੰਦੁ ਸੂਰਜੁ ਦੁਇ ਘਰ ਹੀ ਭੀਤਰਿ ਐਸਾ ਗਿਆਨੁ ਨ ਪਾਇਆ ॥੨॥ (1171-12)
चंदु सूरजु दुइ घर ही भीतरि ऐसा गिआनु न पाइआ ॥२॥

ਰਾਮ ਰਵੰਤਾ ਜਾਣੀਐ ਇਕ ਮਾਈ ਭੋਗੁ ਕਰੇਇ ॥ (1171-13)
राम रवंता जाणीऐ इक माई भोगु करेइ ॥

ਤਾ ਕੇ ਲਖਣ ਜਾਣੀਅਹਿ ਖਿਮਾ ਧਨੁ ਸੰਗ੍ਰਹੇਇ ॥੩॥ (1171-13)
ता के लखण जाणीअहि खिमा धनु संग्रहेइ ॥३॥

ਕਹਿਆ ਸੁਣਹਿ ਨ ਖਾਇਆ ਮਾਨਹਿ ਤਿਨ੍ਹਾ ਹੀ ਸੇਤੀ ਵਾਸਾ ॥ (1171-14)
कहिआ सुणहि न खाइआ मानहि तिन्हा ही सेती वासा ॥

ਪ੍ਰਣਵਤਿ ਨਾਨਕੁ ਦਾਸਨਿ ਦਾਸਾ ਖਿਨੁ ਤੋਲਾ ਖਿਨੁ ਮਾਸਾ ॥੪॥੩॥੧੧॥ (1171-14)
प्रणवति नानकु दासनि दासा खिनु तोला खिनु मासा ॥४॥३॥११॥

ਬਸੰਤੁ ਹਿੰਡੋਲ ਮਹਲਾ ੧ ॥ (1171-15)
बसंतु हिंडोल महला १ ॥

ਸਾਚਾ ਸਾਹੁ ਗੁਰੂ ਸੁਖਦਾਤਾ ਹਰਿ ਮੇਲੇ ਭੁਖ ਗਵਾਏ ॥ (1171-15)
साचा साहु गुरू सुखदाता हरि मेले भुख गवाए ॥

ਕਰਿ ਕਿਰਪਾ ਹਰਿ ਭਗਤਿ ਦ੍ਰਿੜਾਏ ਅਨਦਿਨੁ ਹਰਿ ਗੁਣ ਗਾਏ ॥੧॥ (1171-16)
करि किरपा हरि भगति द्रिड़ाए अनदिनु हरि गुण गाए ॥१॥

ਮਤ ਭੂਲਹਿ ਰੇ ਮਨ ਚੇਤਿ ਹਰੀ ॥ (1171-16)
मत भूलहि रे मन चेति हरी ॥

ਬਿਨੁ ਗੁਰ ਮੁਕਤਿ ਨਾਹੀ ਤ੍ਰੈ ਲੋਈ ਗੁਰਮੁਖਿ ਪਾਈਐ ਨਾਮੁ ਹਰੀ ॥੧॥ ਰਹਾਉ ॥ (1171-17)
बिनु गुर मुकति नाही त्रै लोई गुरमुखि पाईऐ नामु हरी ॥१॥ रहाउ ॥

ਬਿਨੁ ਭਗਤੀ ਨਹੀ ਸਤਿਗੁਰੁ ਪਾਈਐ ਬਿਨੁ ਭਾਗਾ ਨਹੀ ਭਗਤਿ ਹਰੀ ॥ (1171-17)
बिनु भगती नही सतिगुरु पाईऐ बिनु भागा नही भगति हरी ॥

ਬਿਨੁ ਭਾਗਾ ਸਤਸੰਗੁ ਨ ਪਾਈਐ ਕਰਮਿ ਮਿਲੈ ਹਰਿ ਨਾਮੁ ਹਰੀ ॥੨॥ (1171-18)
बिनु भागा सतसंगु न पाईऐ करमि मिलै हरि नामु हरी ॥२॥

ਘਟਿ ਘਟਿ ਗੁਪਤੁ ਉਪਾਏ ਵੇਖੈ ਪਰਗਟੁ ਗੁਰਮੁਖਿ ਸੰਤ ਜਨਾ ॥ (1171-19)
घटि घटि गुपतु उपाए वेखै परगटु गुरमुखि संत जना ॥

ਹਰਿ ਹਰਿ ਕਰਹਿ ਸੁ ਹਰਿ ਰੰਗਿ ਭੀਨੇ ਹਰਿ ਜਲੁ ਅੰਮ੍ਰਿਤ ਨਾਮੁ ਮਨਾ ॥੩॥ (1171-19)
हरि हरि करहि सु हरि रंगि भीने हरि जलु अमृत नामु मना ॥३॥

ਜਿਨ ਕਉ ਤਖਤਿ ਮਿਲੈ ਵਡਿਆਈ ਗੁਰਮੁਖਿ ਸੇ ਪਰਧਾਨ ਕੀਏ ॥ (1172-1)
जिन कउ तखति मिलै वडिआई गुरमुखि से परधान कीए ॥

ਪਾਰਸੁ ਭੇਟਿ ਭਏ ਸੇ ਪਾਰਸ ਨਾਨਕ ਹਰਿ ਗੁਰ ਸੰਗਿ ਥੀਏ ॥੪॥੪॥੧੨॥ (1172-1)
पारसु भेटि भए से पारस नानक हरि गुर संगि थीए ॥४॥४॥१२॥

ਬਸੰਤੁ ਮਹਲਾ ੩ ਘਰੁ ੧ ਦੁਤੁਕੇ (1172-3)
बसंतु महला ३ घरु १ दुतुके

ੴ ਸਤਿਗੁਰ ਪ੍ਰਸਾਦਿ ॥ (1172-3)
ੴ सतिगुर प्रसादि ॥

ਮਾਹਾ ਰੁਤੀ ਮਹਿ ਸਦ ਬਸੰਤੁ ॥ (1172-4)
माहा रुती महि सद बसंतु ॥

ਜਿਤੁ ਹਰਿਆ ਸਭੁ ਜੀਅ ਜੰਤੁ ॥ (1172-4)
जितु हरिआ सभु जीअ जंतु ॥

ਕਿਆ ਹਉ ਆਖਾ ਕਿਰਮ ਜੰਤੁ ॥ (1172-4)
किआ हउ आखा किरम जंतु ॥

ਤੇਰਾ ਕਿਨੈ ਨ ਪਾਇਆ ਆਦਿ ਅੰਤੁ ॥੧॥ (1172-4)
तेरा किनै न पाइआ आदि अंतु ॥१॥

ਤੈ ਸਾਹਿਬ ਕੀ ਕਰਹਿ ਸੇਵ ॥ (1172-5)
तै साहिब की करहि सेव ॥

ਪਰਮ ਸੁਖ ਪਾਵਹਿ ਆਤਮ ਦੇਵ ॥੧॥ ਰਹਾਉ ॥ (1172-5)
परम सुख पावहि आतम देव ॥१॥ रहाउ ॥

ਕਰਮੁ ਹੋਵੈ ਤਾਂ ਸੇਵਾ ਕਰੈ ॥ (1172-6)
करमु होवै तां सेवा करै ॥

ਗੁਰ ਪਰਸਾਦੀ ਜੀਵਤ ਮਰੈ ॥ (1172-6)
गुर परसादी जीवत मरै ॥

ਅਨਦਿਨੁ ਸਾਚੁ ਨਾਮੁ ਉਚਰੈ ॥ (1172-6)
अनदिनु साचु नामु उचरै ॥

ਇਨ ਬਿਧਿ ਪ੍ਰਾਣੀ ਦੁਤਰੁ ਤਰੈ ॥੨॥ (1172-6)
इन बिधि प्राणी दुतरु तरै ॥२॥

ਬਿਖੁ ਅੰਮ੍ਰਿਤੁ ਕਰਤਾਰਿ ਉਪਾਏ ॥ (1172-7)
बिखु अमृतु करतारि उपाए ॥

ਸੰਸਾਰ ਬਿਰਖ ਕਉ ਦੁਇ ਫਲ ਲਾਏ ॥ (1172-7)
संसार बिरख कउ दुइ फल लाए ॥

ਆਪੇ ਕਰਤਾ ਕਰੇ ਕਰਾਏ ॥ (1172-7)
आपे करता करे कराए ॥

ਜੋ ਤਿਸੁ ਭਾਵੈ ਤਿਸੈ ਖਵਾਏ ॥੩॥ (1172-8)
जो तिसु भावै तिसै खवाए ॥३॥

ਨਾਨਕ ਜਿਸ ਨੋ ਨਦਰਿ ਕਰੇਇ ॥ (1172-8)
नानक जिस नो नदरि करेइ ॥

ਅੰਮ੍ਰਿਤ ਨਾਮੁ ਆਪੇ ਦੇਇ ॥ (1172-8)
अमृत नामु आपे देइ ॥

ਬਿਖਿਆ ਕੀ ਬਾਸਨਾ ਮਨਹਿ ਕਰੇਇ ॥ (1172-9)
बिखिआ की बासना मनहि करेइ ॥

ਅਪਣਾ ਭਾਣਾ ਆਪਿ ਕਰੇਇ ॥੪॥੧॥ (1172-9)
अपणा भाणा आपि करेइ ॥४॥१॥

ਬਸੰਤੁ ਮਹਲਾ ੩ ॥ (1172-9)
बसंतु महला ३ ॥

ਰਾਤੇ ਸਾਚਿ ਹਰਿ ਨਾਮਿ ਨਿਹਾਲਾ ॥ (1172-9)
राते साचि हरि नामि निहाला ॥

ਦਇਆ ਕਰਹੁ ਪ੍ਰਭ ਦੀਨ ਦਇਆਲਾ ॥ (1172-10)
दइआ करहु प्रभ दीन दइआला ॥

ਤਿਸੁ ਬਿਨੁ ਅਵਰੁ ਨਹੀ ਮੈ ਕੋਇ ॥ (1172-10)
तिसु बिनु अवरु नही मै कोइ ॥

ਜਿਉ ਭਾਵੈ ਤਿਉ ਰਾਖੈ ਸੋਇ ॥੧॥ (1172-10)
जिउ भावै तिउ राखै सोइ ॥१॥

ਗੁਰ ਗੋਪਾਲ ਮੇਰੈ ਮਨਿ ਭਾਏ ॥ (1172-11)
गुर गोपाल मेरै मनि भाए ॥

ਰਹਿ ਨ ਸਕਉ ਦਰਸਨ ਦੇਖੇ ਬਿਨੁ ਸਹਜਿ ਮਿਲਉ ਗੁਰੁ ਮੇਲਿ ਮਿਲਾਏ ॥੧॥ ਰਹਾਉ ॥ (1172-11)
रहि न सकउ दरसन देखे बिनु सहजि मिलउ गुरु मेलि मिलाए ॥१॥ रहाउ ॥

ਇਹੁ ਮਨੁ ਲੋਭੀ ਲੋਭਿ ਲੁਭਾਨਾ ॥ (1172-12)
इहु मनु लोभी लोभि लुभाना ॥

ਰਾਮ ਬਿਸਾਰਿ ਬਹੁਰਿ ਪਛੁਤਾਨਾ ॥ (1172-12)
राम बिसारि बहुरि पछुताना ॥

ਬਿਛੁਰਤ ਮਿਲਾਇ ਗੁਰ ਸੇਵ ਰਾਂਗੇ ॥ (1172-12)
बिछुरत मिलाइ गुर सेव रांगे ॥

ਹਰਿ ਨਾਮੁ ਦੀਓ ਮਸਤਕਿ ਵਡਭਾਗੇ ॥੨॥ (1172-13)
हरि नामु दीओ मसतकि वडभागे ॥२॥

ਪਉਣ ਪਾਣੀ ਕੀ ਇਹ ਦੇਹ ਸਰੀਰਾ ॥ (1172-13)
पउण पाणी की इह देह सरीरा ॥

ਹਉਮੈ ਰੋਗੁ ਕਠਿਨ ਤਨਿ ਪੀਰਾ ॥ (1172-14)
हउमै रोगु कठिन तनि पीरा ॥

ਗੁਰਮੁਖਿ ਰਾਮ ਨਾਮ ਦਾਰੂ ਗੁਣ ਗਾਇਆ ॥ (1172-14)
गुरमुखि राम नाम दारू गुण गाइआ ॥

ਕਰਿ ਕਿਰਪਾ ਗੁਰਿ ਰੋਗੁ ਗਵਾਇਆ ॥੩॥ (1172-14)
करि किरपा गुरि रोगु गवाइआ ॥३॥

ਚਾਰਿ ਨਦੀਆ ਅਗਨੀ ਤਨਿ ਚਾਰੇ ॥ (1172-15)
चारि नदीआ अगनी तनि चारे ॥

ਤ੍ਰਿਸਨਾ ਜਲਤ ਜਲੇ ਅਹੰਕਾਰੇ ॥ (1172-15)
त्रिसना जलत जले अहंकारे ॥

ਗੁਰਿ ਰਾਖੇ ਵਡਭਾਗੀ ਤਾਰੇ ॥ (1172-15)
गुरि राखे वडभागी तारे ॥

ਜਨ ਨਾਨਕ ਉਰਿ ਹਰਿ ਅੰਮ੍ਰਿਤੁ ਧਾਰੇ ॥੪॥੨॥ (1172-16)
जन नानक उरि हरि अमृतु धारे ॥४॥२॥

ਬਸੰਤੁ ਮਹਲਾ ੩ ॥ (1172-16)
बसंतु महला ३ ॥

ਹਰਿ ਸੇਵੇ ਸੋ ਹਰਿ ਕਾ ਲੋਗੁ ॥ (1172-16)
हरि सेवे सो हरि का लोगु ॥

ਸਾਚੁ ਸਹਜੁ ਕਦੇ ਨ ਹੋਵੈ ਸੋਗੁ ॥ (1172-16)
साचु सहजु कदे न होवै सोगु ॥

ਮਨਮੁਖ ਮੁਏ ਨਾਹੀ ਹਰਿ ਮਨ ਮਾਹਿ ॥ (1172-17)
मनमुख मुए नाही हरि मन माहि ॥

ਮਰਿ ਮਰਿ ਜੰਮਹਿ ਭੀ ਮਰਿ ਜਾਹਿ ॥੧॥ (1172-17)
मरि मरि जंमहि भी मरि जाहि ॥१॥

ਸੇ ਜਨ ਜੀਵੇ ਜਿਨ ਹਰਿ ਮਨ ਮਾਹਿ ॥ (1172-18)
से जन जीवे जिन हरि मन माहि ॥

ਸਾਚੁ ਸਮ੍ਹ੍ਹਾਲਹਿ ਸਾਚਿ ਸਮਾਹਿ ॥੧॥ ਰਹਾਉ ॥ (1172-18)
साचु सम्हालहि साचि समाहि ॥१॥ रहाउ ॥

ਹਰਿ ਨ ਸੇਵਹਿ ਤੇ ਹਰਿ ਤੇ ਦੂਰਿ ॥ (1172-18)
हरि न सेवहि ते हरि ते दूरि ॥

ਦਿਸੰਤਰੁ ਭਵਹਿ ਸਿਰਿ ਪਾਵਹਿ ਧੂਰਿ ॥ (1172-19)
दिसंतरु भवहि सिरि पावहि धूरि ॥

ਹਰਿ ਆਪੇ ਜਨ ਲੀਏ ਲਾਇ ॥ (1172-19)
हरि आपे जन लीए लाइ ॥

ਤਿਨ ਸਦਾ ਸੁਖੁ ਹੈ ਤਿਲੁ ਨ ਤਮਾਇ ॥੨॥ (1172-19)
तिन सदा सुखु है तिलु न तमाइ ॥२॥

ਨਦਰਿ ਕਰੇ ਚੂਕੈ ਅਭਿਮਾਨੁ ॥ (1173-1)
नदरि करे चूकै अभिमानु ॥

ਸਾਚੀ ਦਰਗਹ ਪਾਵੈ ਮਾਨੁ ॥ (1173-1)
साची दरगह पावै मानु ॥

ਹਰਿ ਜੀਉ ਵੇਖੈ ਸਦ ਹਜੂਰਿ ॥ (1173-1)
हरि जीउ वेखै सद हजूरि ॥

ਗੁਰ ਕੈ ਸਬਦਿ ਰਹਿਆ ਭਰਪੂਰਿ ॥੩॥ (1173-2)
गुर कै सबदि रहिआ भरपूरि ॥३॥

ਜੀਅ ਜੰਤ ਕੀ ਕਰੇ ਪ੍ਰਤਿਪਾਲ ॥ (1173-2)
जीअ जंत की करे प्रतिपाल ॥

ਗੁਰ ਪਰਸਾਦੀ ਸਦ ਸਮ੍ਹ੍ਹਾਲ ॥ (1173-2)
गुर परसादी सद सम्हाल ॥

ਦਰਿ ਸਾਚੈ ਪਤਿ ਸਿਉ ਘਰਿ ਜਾਇ ॥ (1173-2)
दरि साचै पति सिउ घरि जाइ ॥

ਨਾਨਕ ਨਾਮਿ ਵਡਾਈ ਪਾਇ ॥੪॥੩॥ (1173-3)
नानक नामि वडाई पाइ ॥४॥३॥

ਬਸੰਤੁ ਮਹਲਾ ੩ ॥ (1173-3)
बसंतु महला ३ ॥

ਅੰਤਰਿ ਪੂਜਾ ਮਨ ਤੇ ਹੋਇ ॥ (1173-3)
अंतरि पूजा मन ते होइ ॥

ਏਕੋ ਵੇਖੈ ਅਉਰੁ ਨ ਕੋਇ ॥ (1173-4)
एको वेखै अउरु न कोइ ॥

ਦੂਜੈ ਲੋਕੀ ਬਹੁਤੁ ਦੁਖੁ ਪਾਇਆ ॥ (1173-4)
दूजै लोकी बहुतु दुखु पाइआ ॥

ਸਤਿਗੁਰਿ ਮੈਨੋ ਏਕੁ ਦਿਖਾਇਆ ॥੧॥ (1173-4)
सतिगुरि मैनो एकु दिखाइआ ॥१॥

ਮੇਰਾ ਪ੍ਰਭੁ ਮਉਲਿਆ ਸਦ ਬਸੰਤੁ ॥ (1173-5)
मेरा प्रभु मउलिआ सद बसंतु ॥

ਇਹੁ ਮਨੁ ਮਉਲਿਆ ਗਾਇ ਗੁਣ ਗੋਬਿੰਦ ॥੧॥ ਰਹਾਉ ॥ (1173-5)
इहु मनु मउलिआ गाइ गुण गोबिंद ॥१॥ रहाउ ॥

ਗੁਰ ਪੂਛਹੁ ਤੁਮ੍ਹ ਕਰਹੁ ਬੀਚਾਰੁ ॥ (1173-5)
गुर पूछहु तुम्ह करहु बीचारु ॥

ਤਾਂ ਪ੍ਰਭ ਸਾਚੇ ਲਗੈ ਪਿਆਰੁ ॥ (1173-6)
तां प्रभ साचे लगै पिआरु ॥

ਆਪੁ ਛੋਡਿ ਹੋਹਿ ਦਾਸਤ ਭਾਇ ॥ (1173-6)
आपु छोडि होहि दासत भाइ ॥

ਤਉ ਜਗਜੀਵਨੁ ਵਸੈ ਮਨਿ ਆਇ ॥੨॥ (1173-6)
तउ जगजीवनु वसै मनि आइ ॥२॥

ਭਗਤਿ ਕਰੇ ਸਦ ਵੇਖੈ ਹਜੂਰਿ ॥ (1173-7)
भगति करे सद वेखै हजूरि ॥

ਮੇਰਾ ਪ੍ਰਭੁ ਸਦ ਰਹਿਆ ਭਰਪੂਰਿ ॥ (1173-7)
मेरा प्रभु सद रहिआ भरपूरि ॥

ਇਸੁ ਭਗਤੀ ਕਾ ਕੋਈ ਜਾਣੈ ਭੇਉ ॥ (1173-7)
इसु भगती का कोई जाणै भेउ ॥

ਸਭੁ ਮੇਰਾ ਪ੍ਰਭੁ ਆਤਮ ਦੇਉ ॥੩॥ (1173-8)
सभु मेरा प्रभु आतम देउ ॥३॥

ਆਪੇ ਸਤਿਗੁਰੁ ਮੇਲਿ ਮਿਲਾਏ ॥ (1173-8)
आपे सतिगुरु मेलि मिलाए ॥

ਜਗਜੀਵਨ ਸਿਉ ਆਪਿ ਚਿਤੁ ਲਾਏ ॥ (1173-8)
जगजीवन सिउ आपि चितु लाए ॥

ਮਨੁ ਤਨੁ ਹਰਿਆ ਸਹਜਿ ਸੁਭਾਏ ॥ (1173-9)
मनु तनु हरिआ सहजि सुभाए ॥

ਨਾਨਕ ਨਾਮਿ ਰਹੇ ਲਿਵ ਲਾਏ ॥੪॥੪॥ (1173-9)
नानक नामि रहे लिव लाए ॥४॥४॥

ਬਸੰਤੁ ਮਹਲਾ ੩ ॥ (1173-9)
बसंतु महला ३ ॥

ਭਗਤਿ ਵਛਲੁ ਹਰਿ ਵਸੈ ਮਨਿ ਆਇ ॥ (1173-10)
भगति वछलु हरि वसै मनि आइ ॥

ਗੁਰ ਕਿਰਪਾ ਤੇ ਸਹਜ ਸੁਭਾਇ ॥ (1173-10)
गुर किरपा ते सहज सुभाइ ॥

ਭਗਤਿ ਕਰੇ ਵਿਚਹੁ ਆਪੁ ਖੋਇ ॥ (1173-10)
भगति करे विचहु आपु खोइ ॥

ਤਦ ਹੀ ਸਾਚਿ ਮਿਲਾਵਾ ਹੋਇ ॥੧॥ (1173-11)
तद ही साचि मिलावा होइ ॥१॥

ਭਗਤ ਸੋਹਹਿ ਸਦਾ ਹਰਿ ਪ੍ਰਭ ਦੁਆਰਿ ॥ (1173-11)
भगत सोहहि सदा हरि प्रभ दुआरि ॥

ਗੁਰ ਕੈ ਹੇਤਿ ਸਾਚੈ ਪ੍ਰੇਮ ਪਿਆਰਿ ॥੧॥ ਰਹਾਉ ॥ (1173-11)
गुर कै हेति साचै प्रेम पिआरि ॥१॥ रहाउ ॥

ਭਗਤਿ ਕਰੇ ਸੋ ਜਨੁ ਨਿਰਮਲੁ ਹੋਇ ॥ (1173-12)
भगति करे सो जनु निरमलु होइ ॥

ਗੁਰ ਸਬਦੀ ਵਿਚਹੁ ਹਉਮੈ ਖੋਇ ॥ (1173-12)
गुर सबदी विचहु हउमै खोइ ॥

ਹਰਿ ਜੀਉ ਆਪਿ ਵਸੈ ਮਨਿ ਆਇ ॥ (1173-12)
हरि जीउ आपि वसै मनि आइ ॥

ਸਦਾ ਸਾਂਤਿ ਸੁਖਿ ਸਹਜਿ ਸਮਾਇ ॥੨॥ (1173-13)
सदा सांति सुखि सहजि समाइ ॥२॥

ਸਾਚਿ ਰਤੇ ਤਿਨ ਸਦ ਬਸੰਤ ॥ (1173-13)
साचि रते तिन सद बसंत ॥

ਮਨੁ ਤਨੁ ਹਰਿਆ ਰਵਿ ਗੁਣ ਗੁਵਿੰਦ ॥ (1173-13)
मनु तनु हरिआ रवि गुण गुविंद ॥

ਬਿਨੁ ਨਾਵੈ ਸੂਕਾ ਸੰਸਾਰੁ ॥ (1173-14)
बिनु नावै सूका संसारु ॥

ਅਗਨਿ ਤ੍ਰਿਸਨਾ ਜਲੈ ਵਾਰੋ ਵਾਰ ॥੩॥ (1173-14)
अगनि त्रिसना जलै वारो वार ॥३॥

ਸੋਈ ਕਰੇ ਜਿ ਹਰਿ ਜੀਉ ਭਾਵੈ ॥ (1173-14)
सोई करे जि हरि जीउ भावै ॥

ਸਦਾ ਸੁਖੁ ਸਰੀਰਿ ਭਾਣੈ ਚਿਤੁ ਲਾਵੈ ॥ (1173-15)
सदा सुखु सरीरि भाणै चितु लावै ॥

ਅਪਣਾ ਪ੍ਰਭੁ ਸੇਵੇ ਸਹਜਿ ਸੁਭਾਇ ॥ (1173-15)
अपणा प्रभु सेवे सहजि सुभाइ ॥

ਨਾਨਕ ਨਾਮੁ ਵਸੈ ਮਨਿ ਆਇ ॥੪॥੫॥ (1173-15)
नानक नामु वसै मनि आइ ॥४॥५॥

ਬਸੰਤੁ ਮਹਲਾ ੩ ॥ (1173-16)
बसंतु महला ३ ॥

ਮਾਇਆ ਮੋਹੁ ਸਬਦਿ ਜਲਾਏ ॥ (1173-16)
माइआ मोहु सबदि जलाए ॥

ਮਨੁ ਤਨੁ ਹਰਿਆ ਸਤਿਗੁਰ ਭਾਏ ॥ (1173-16)
मनु तनु हरिआ सतिगुर भाए ॥

ਸਫਲਿਓੁ ਬਿਰਖੁ ਹਰਿ ਕੈ ਦੁਆਰਿ ॥ (1173-16)
सफलिओु बिरखु हरि कै दुआरि ॥

ਸਾਚੀ ਬਾਣੀ ਨਾਮ ਪਿਆਰਿ ॥੧॥ (1173-17)
साची बाणी नाम पिआरि ॥१॥

ਏ ਮਨ ਹਰਿਆ ਸਹਜ ਸੁਭਾਇ ॥ (1173-17)
ए मन हरिआ सहज सुभाइ ॥

ਸਚ ਫਲੁ ਲਾਗੈ ਸਤਿਗੁਰ ਭਾਇ ॥੧॥ ਰਹਾਉ ॥ (1173-17)
सच फलु लागै सतिगुर भाइ ॥१॥ रहाउ ॥

ਆਪੇ ਨੇੜੈ ਆਪੇ ਦੂਰਿ ॥ (1173-18)
आपे नेड़ै आपे दूरि ॥

ਗੁਰ ਕੈ ਸਬਦਿ ਵੇਖੈ ਸਦ ਹਜੂਰਿ ॥ (1173-18)
गुर कै सबदि वेखै सद हजूरि ॥

ਛਾਵ ਘਣੀ ਫੂਲੀ ਬਨਰਾਇ ॥ (1173-18)
छाव घणी फूली बनराइ ॥

ਗੁਰਮੁਖਿ ਬਿਗਸੈ ਸਹਜਿ ਸੁਭਾਇ ॥੨॥ (1173-19)
गुरमुखि बिगसै सहजि सुभाइ ॥२॥

ਅਨਦਿਨੁ ਕੀਰਤਨੁ ਕਰਹਿ ਦਿਨ ਰਾਤਿ ॥ (1173-19)
अनदिनु कीरतनु करहि दिन राति ॥

ਸਤਿਗੁਰਿ ਗਵਾਈ ਵਿਚਹੁ ਜੂਠਿ ਭਰਾਂਤਿ ॥ (1173-19)
सतिगुरि गवाई विचहु जूठि भरांति ॥

ਪਰਪੰਚ ਵੇਖਿ ਰਹਿਆ ਵਿਸਮਾਦੁ ॥ (1174-1)
परपंच वेखि रहिआ विसमादु ॥

ਗੁਰਮੁਖਿ ਪਾਈਐ ਨਾਮ ਪ੍ਰਸਾਦੁ ॥੩॥ (1174-1)
गुरमुखि पाईऐ नाम प्रसादु ॥३॥

ਆਪੇ ਕਰਤਾ ਸਭਿ ਰਸ ਭੋਗ ॥ (1174-2)
आपे करता सभि रस भोग ॥

ਜੋ ਕਿਛੁ ਕਰੇ ਸੋਈ ਪਰੁ ਹੋਗ ॥ (1174-2)
जो किछु करे सोई परु होग ॥

ਵਡਾ ਦਾਤਾ ਤਿਲੁ ਨ ਤਮਾਇ ॥ (1174-2)
वडा दाता तिलु न तमाइ ॥

ਨਾਨਕ ਮਿਲੀਐ ਸਬਦੁ ਕਮਾਇ ॥੪॥੬॥ (1174-2)
नानक मिलीऐ सबदु कमाइ ॥४॥६॥

ਬਸੰਤੁ ਮਹਲਾ ੩ ॥ (1174-3)
बसंतु महला ३ ॥

ਪੂਰੈ ਭਾਗਿ ਸਚੁ ਕਾਰ ਕਮਾਵੈ ॥ (1174-3)
पूरै भागि सचु कार कमावै ॥

ਏਕੋ ਚੇਤੈ ਫਿਰਿ ਜੋਨਿ ਨ ਆਵੈ ॥ (1174-3)
एको चेतै फिरि जोनि न आवै ॥

ਸਫਲ ਜਨਮੁ ਇਸੁ ਜਗ ਮਹਿ ਆਇਆ ॥ (1174-4)
सफल जनमु इसु जग महि आइआ ॥

ਸਾਚਿ ਨਾਮਿ ਸਹਜਿ ਸਮਾਇਆ ॥੧॥ (1174-4)
साचि नामि सहजि समाइआ ॥१॥

ਗੁਰਮੁਖਿ ਕਾਰ ਕਰਹੁ ਲਿਵ ਲਾਇ ॥ (1174-4)
गुरमुखि कार करहु लिव लाइ ॥

ਹਰਿ ਨਾਮੁ ਸੇਵਹੁ ਵਿਚਹੁ ਆਪੁ ਗਵਾਇ ॥੧॥ ਰਹਾਉ ॥ (1174-5)
हरि नामु सेवहु विचहु आपु गवाइ ॥१॥ रहाउ ॥

ਤਿਸੁ ਜਨ ਕੀ ਹੈ ਸਾਚੀ ਬਾਣੀ ॥ (1174-5)
तिसु जन की है साची बाणी ॥

ਗੁਰ ਕੈ ਸਬਦਿ ਜਗ ਮਾਹਿ ਸਮਾਣੀ ॥ (1174-5)
गुर कै सबदि जग माहि समाणी ॥

ਚਹੁ ਜੁਗ ਪਸਰੀ ਸਾਚੀ ਸੋਇ ॥ (1174-6)
चहु जुग पसरी साची सोइ ॥

ਨਾਮਿ ਰਤਾ ਜਨੁ ਪਰਗਟੁ ਹੋਇ ॥੨॥ (1174-6)
नामि रता जनु परगटु होइ ॥२॥

ਇਕਿ ਸਾਚੈ ਸਬਦਿ ਰਹੇ ਲਿਵ ਲਾਇ ॥ (1174-6)
इकि साचै सबदि रहे लिव लाइ ॥

ਸੇ ਜਨ ਸਾਚੇ ਸਾਚੈ ਭਾਇ ॥ (1174-7)
से जन साचे साचै भाइ ॥

ਸਾਚੁ ਧਿਆਇਨਿ ਦੇਖਿ ਹਜੂਰਿ ॥ (1174-7)
साचु धिआइनि देखि हजूरि ॥

ਸੰਤ ਜਨਾ ਕੀ ਪਗ ਪੰਕਜ ਧੂਰਿ ॥੩॥ (1174-7)
संत जना की पग पंकज धूरि ॥३॥

ਏਕੋ ਕਰਤਾ ਅਵਰੁ ਨ ਕੋਇ ॥ (1174-8)
एको करता अवरु न कोइ ॥

ਗੁਰ ਸਬਦੀ ਮੇਲਾਵਾ ਹੋਇ ॥ (1174-8)
गुर सबदी मेलावा होइ ॥

ਜਿਨਿ ਸਚੁ ਸੇਵਿਆ ਤਿਨਿ ਰਸੁ ਪਾਇਆ ॥ (1174-8)
जिनि सचु सेविआ तिनि रसु पाइआ ॥

ਨਾਨਕ ਸਹਜੇ ਨਾਮਿ ਸਮਾਇਆ ॥੪॥੭॥ (1174-9)
नानक सहजे नामि समाइआ ॥४॥७॥

ਬਸੰਤੁ ਮਹਲਾ ੩ ॥ (1174-9)
बसंतु महला ३ ॥

ਭਗਤਿ ਕਰਹਿ ਜਨ ਦੇਖਿ ਹਜੂਰਿ ॥ (1174-9)
भगति करहि जन देखि हजूरि ॥

ਸੰਤ ਜਨਾ ਕੀ ਪਗ ਪੰਕਜ ਧੂਰਿ ॥ (1174-10)
संत जना की पग पंकज धूरि ॥

ਹਰਿ ਸੇਤੀ ਸਦ ਰਹਹਿ ਲਿਵ ਲਾਇ ॥ (1174-10)
हरि सेती सद रहहि लिव लाइ ॥

ਪੂਰੈ ਸਤਿਗੁਰਿ ਦੀਆ ਬੁਝਾਇ ॥੧॥ (1174-10)
पूरै सतिगुरि दीआ बुझाइ ॥१॥

ਦਾਸਾ ਕਾ ਦਾਸੁ ਵਿਰਲਾ ਕੋਈ ਹੋਇ ॥ (1174-11)
दासा का दासु विरला कोई होइ ॥

ਊਤਮ ਪਦਵੀ ਪਾਵੈ ਸੋਇ ॥੧॥ ਰਹਾਉ ॥ (1174-11)
ऊतम पदवी पावै सोइ ॥१॥ रहाउ ॥

ਏਕੋ ਸੇਵਹੁ ਅਵਰੁ ਨ ਕੋਇ ॥ (1174-11)
एको सेवहु अवरु न कोइ ॥

ਜਿਤੁ ਸੇਵਿਐ ਸਦਾ ਸੁਖੁ ਹੋਇ ॥ (1174-12)
जितु सेविऐ सदा सुखु होइ ॥

ਨਾ ਓਹੁ ਮਰੈ ਨ ਆਵੈ ਜਾਇ ॥ (1174-12)
ना ओहु मरै न आवै जाइ ॥

ਤਿਸੁ ਬਿਨੁ ਅਵਰੁ ਸੇਵੀ ਕਿਉ ਮਾਇ ॥੨॥ (1174-12)
तिसु बिनु अवरु सेवी किउ माइ ॥२॥

ਸੇ ਜਨ ਸਾਚੇ ਜਿਨੀ ਸਾਚੁ ਪਛਾਣਿਆ ॥ (1174-13)
से जन साचे जिनी साचु पछाणिआ ॥

ਆਪੁ ਮਾਰਿ ਸਹਜੇ ਨਾਮਿ ਸਮਾਣਿਆ ॥ (1174-13)
आपु मारि सहजे नामि समाणिआ ॥

ਗੁਰਮੁਖਿ ਨਾਮੁ ਪਰਾਪਤਿ ਹੋਇ ॥ (1174-13)
गुरमुखि नामु परापति होइ ॥

ਮਨੁ ਨਿਰਮਲੁ ਨਿਰਮਲ ਸਚੁ ਸੋਇ ॥੩॥ (1174-14)
मनु निरमलु निरमल सचु सोइ ॥३॥

ਜਿਨਿ ਗਿਆਨੁ ਕੀਆ ਤਿਸੁ ਹਰਿ ਤੂ ਜਾਣੁ ॥ (1174-14)
जिनि गिआनु कीआ तिसु हरि तू जाणु ॥

ਸਾਚ ਸਬਦਿ ਪ੍ਰਭੁ ਏਕੁ ਸਿਞਾਣੁ ॥ (1174-15)
साच सबदि प्रभु एकु सिञाणु ॥

ਹਰਿ ਰਸੁ ਚਾਖੈ ਤਾਂ ਸੁਧਿ ਹੋਇ ॥ (1174-15)
हरि रसु चाखै तां सुधि होइ ॥

ਨਾਨਕ ਨਾਮਿ ਰਤੇ ਸਚੁ ਸੋਇ ॥੪॥੮॥ (1174-15)
नानक नामि रते सचु सोइ ॥४॥८॥

ਬਸੰਤੁ ਮਹਲਾ ੩ ॥ (1174-16)
बसंतु महला ३ ॥

ਨਾਮਿ ਰਤੇ ਕੁਲਾਂ ਕਾ ਕਰਹਿ ਉਧਾਰੁ ॥ (1174-16)
नामि रते कुलां का करहि उधारु ॥

ਸਾਚੀ ਬਾਣੀ ਨਾਮ ਪਿਆਰੁ ॥ (1174-16)
साची बाणी नाम पिआरु ॥

ਮਨਮੁਖ ਭੂਲੇ ਕਾਹੇ ਆਏ ॥ (1174-16)
मनमुख भूले काहे आए ॥

ਨਾਮਹੁ ਭੂਲੇ ਜਨਮੁ ਗਵਾਏ ॥੧॥ (1174-17)
नामहु भूले जनमु गवाए ॥१॥

ਜੀਵਤ ਮਰੈ ਮਰਿ ਮਰਣੁ ਸਵਾਰੈ ॥ (1174-17)
जीवत मरै मरि मरणु सवारै ॥

ਗੁਰ ਕੈ ਸਬਦਿ ਸਾਚੁ ਉਰ ਧਾਰੈ ॥੧॥ ਰਹਾਉ ॥ (1174-17)
गुर कै सबदि साचु उर धारै ॥१॥ रहाउ ॥

ਗੁਰਮੁਖਿ ਸਚੁ ਭੋਜਨੁ ਪਵਿਤੁ ਸਰੀਰਾ ॥ (1174-18)
गुरमुखि सचु भोजनु पवितु सरीरा ॥

ਮਨੁ ਨਿਰਮਲੁ ਸਦ ਗੁਣੀ ਗਹੀਰਾ ॥ (1174-18)
मनु निरमलु सद गुणी गहीरा ॥

ਜੰਮੈ ਮਰੈ ਨ ਆਵੈ ਜਾਇ ॥ (1174-19)
जंमै मरै न आवै जाइ ॥

ਗੁਰ ਪਰਸਾਦੀ ਸਾਚਿ ਸਮਾਇ ॥੨॥ (1174-19)
गुर परसादी साचि समाइ ॥२॥

ਸਾਚਾ ਸੇਵਹੁ ਸਾਚੁ ਪਛਾਣੈ ॥ (1174-19)
साचा सेवहु साचु पछाणै ॥

ਗੁਰ ਕੈ ਸਬਦਿ ਹਰਿ ਦਰਿ ਨੀਸਾਣੈ ॥ (1174-19)
गुर कै सबदि हरि दरि नीसाणै ॥

ਦਰਿ ਸਾਚੈ ਸਚੁ ਸੋਭਾ ਹੋਇ ॥ (1175-1)
दरि साचै सचु सोभा होइ ॥

ਨਿਜ ਘਰਿ ਵਾਸਾ ਪਾਵੈ ਸੋਇ ॥੩॥ (1175-1)
निज घरि वासा पावै सोइ ॥३॥

ਆਪਿ ਅਭੁਲੁ ਸਚਾ ਸਚੁ ਸੋਇ ॥ (1175-1)
आपि अभुलु सचा सचु सोइ ॥

ਹੋਰਿ ਸਭਿ ਭੂਲਹਿ ਦੂਜੈ ਪਤਿ ਖੋਇ ॥ (1175-2)
होरि सभि भूलहि दूजै पति खोइ ॥

ਸਾਚਾ ਸੇਵਹੁ ਸਾਚੀ ਬਾਣੀ ॥ (1175-2)
साचा सेवहु साची बाणी ॥

ਨਾਨਕ ਨਾਮੇ ਸਾਚਿ ਸਮਾਣੀ ॥੪॥੯॥ (1175-2)
नानक नामे साचि समाणी ॥४॥९॥

ਬਸੰਤੁ ਮਹਲਾ ੩ ॥ (1175-3)
बसंतु महला ३ ॥

ਬਿਨੁ ਕਰਮਾ ਸਭ ਭਰਮਿ ਭੁਲਾਈ ॥ (1175-3)
बिनु करमा सभ भरमि भुलाई ॥

ਮਾਇਆ ਮੋਹਿ ਬਹੁਤੁ ਦੁਖੁ ਪਾਈ ॥ (1175-3)
माइआ मोहि बहुतु दुखु पाई ॥

ਮਨਮੁਖ ਅੰਧੇ ਠਉਰ ਨ ਪਾਈ ॥ (1175-4)
मनमुख अंधे ठउर न पाई ॥

ਬਿਸਟਾ ਕਾ ਕੀੜਾ ਬਿਸਟਾ ਮਾਹਿ ਸਮਾਈ ॥੧॥ (1175-4)
बिसटा का कीड़ा बिसटा माहि समाई ॥१॥

ਹੁਕਮੁ ਮੰਨੇ ਸੋ ਜਨੁ ਪਰਵਾਣੁ ॥ (1175-4)
हुकमु मंने सो जनु परवाणु ॥

ਗੁਰ ਕੈ ਸਬਦਿ ਨਾਮਿ ਨੀਸਾਣੁ ॥੧॥ ਰਹਾਉ ॥ (1175-5)
गुर कै सबदि नामि नीसाणु ॥१॥ रहाउ ॥

ਸਾਚਿ ਰਤੇ ਜਿਨ੍ਹਾ ਧੁਰਿ ਲਿਖਿ ਪਾਇਆ ॥ (1175-5)
साचि रते जिन्हा धुरि लिखि पाइआ ॥

ਹਰਿ ਕਾ ਨਾਮੁ ਸਦਾ ਮਨਿ ਭਾਇਆ ॥ (1175-5)
हरि का नामु सदा मनि भाइआ ॥

ਸਤਿਗੁਰ ਕੀ ਬਾਣੀ ਸਦਾ ਸੁਖੁ ਹੋਇ ॥ (1175-6)
सतिगुर की बाणी सदा सुखु होइ ॥

ਜੋਤੀ ਜੋਤਿ ਮਿਲਾਏ ਸੋਇ ॥੨॥ (1175-6)
जोती जोति मिलाए सोइ ॥२॥

ਏਕੁ ਨਾਮੁ ਤਾਰੇ ਸੰਸਾਰੁ ॥ (1175-6)
एकु नामु तारे संसारु ॥

ਗੁਰ ਪਰਸਾਦੀ ਨਾਮ ਪਿਆਰੁ ॥ (1175-7)
गुर परसादी नाम पिआरु ॥

ਬਿਨੁ ਨਾਮੈ ਮੁਕਤਿ ਕਿਨੈ ਨ ਪਾਈ ॥ (1175-7)
बिनु नामै मुकति किनै न पाई ॥

ਪੂਰੇ ਗੁਰ ਤੇ ਨਾਮੁ ਪਲੈ ਪਾਈ ॥੩॥ (1175-7)
पूरे गुर ते नामु पलै पाई ॥३॥

ਸੋ ਬੂਝੈ ਜਿਸੁ ਆਪਿ ਬੁਝਾਏ ॥ (1175-8)
सो बूझै जिसु आपि बुझाए ॥

ਸਤਿਗੁਰ ਸੇਵਾ ਨਾਮੁ ਦ੍ਰਿੜ੍ਹਾਏ ॥ (1175-8)
सतिगुर सेवा नामु द्रिड़्हाए ॥

ਜਿਨ ਇਕੁ ਜਾਤਾ ਸੇ ਜਨ ਪਰਵਾਣੁ ॥ (1175-8)
जिन इकु जाता से जन परवाणु ॥

ਨਾਨਕ ਨਾਮਿ ਰਤੇ ਦਰਿ ਨੀਸਾਣੁ ॥੪॥੧੦॥ (1175-9)
नानक नामि रते दरि नीसाणु ॥४॥१०॥

ਬਸੰਤੁ ਮਹਲਾ ੩ ॥ (1175-9)
बसंतु महला ३ ॥

ਕ੍ਰਿਪਾ ਕਰੇ ਸਤਿਗੁਰੂ ਮਿਲਾਏ ॥ (1175-9)
क्रिपा करे सतिगुरू मिलाए ॥

ਆਪੇ ਆਪਿ ਵਸੈ ਮਨਿ ਆਏ ॥ (1175-10)
आपे आपि वसै मनि आए ॥

ਨਿਹਚਲ ਮਤਿ ਸਦਾ ਮਨ ਧੀਰ ॥ (1175-10)
निहचल मति सदा मन धीर ॥

ਹਰਿ ਗੁਣ ਗਾਵੈ ਗੁਣੀ ਗਹੀਰ ॥੧॥ (1175-10)
हरि गुण गावै गुणी गहीर ॥१॥

ਨਾਮਹੁ ਭੂਲੇ ਮਰਹਿ ਬਿਖੁ ਖਾਇ ॥ (1175-11)
नामहु भूले मरहि बिखु खाइ ॥

ਬ੍ਰਿਥਾ ਜਨਮੁ ਫਿਰਿ ਆਵਹਿ ਜਾਇ ॥੧॥ ਰਹਾਉ ॥ (1175-11)
ब्रिथा जनमु फिरि आवहि जाइ ॥१॥ रहाउ ॥

ਬਹੁ ਭੇਖ ਕਰਹਿ ਮਨਿ ਸਾਂਤਿ ਨ ਹੋਇ ॥ (1175-11)
बहु भेख करहि मनि सांति न होइ ॥

ਬਹੁ ਅਭਿਮਾਨਿ ਅਪਣੀ ਪਤਿ ਖੋਇ ॥ (1175-12)
बहु अभिमानि अपणी पति खोइ ॥

ਸੇ ਵਡਭਾਗੀ ਜਿਨ ਸਬਦੁ ਪਛਾਣਿਆ ॥ (1175-12)
से वडभागी जिन सबदु पछाणिआ ॥

ਬਾਹਰਿ ਜਾਦਾ ਘਰ ਮਹਿ ਆਣਿਆ ॥੨॥ (1175-12)
बाहरि जादा घर महि आणिआ ॥२॥

ਘਰ ਮਹਿ ਵਸਤੁ ਅਗਮ ਅਪਾਰਾ ॥ (1175-13)
घर महि वसतु अगम अपारा ॥

ਗੁਰਮਤਿ ਖੋਜਹਿ ਸਬਦਿ ਬੀਚਾਰਾ ॥ (1175-13)
गुरमति खोजहि सबदि बीचारा ॥

ਨਾਮੁ ਨਵ ਨਿਧਿ ਪਾਈ ਘਰ ਹੀ ਮਾਹਿ ॥ (1175-14)
नामु नव निधि पाई घर ही माहि ॥

ਸਦਾ ਰੰਗਿ ਰਾਤੇ ਸਚਿ ਸਮਾਹਿ ॥੩॥ (1175-14)
सदा रंगि राते सचि समाहि ॥३॥

ਆਪਿ ਕਰੇ ਕਿਛੁ ਕਰਣੁ ਨ ਜਾਇ ॥ (1175-14)
आपि करे किछु करणु न जाइ ॥

ਆਪੇ ਭਾਵੈ ਲਏ ਮਿਲਾਇ ॥ (1175-15)
आपे भावै लए मिलाइ ॥

ਤਿਸ ਤੇ ਨੇੜੈ ਨਾਹੀ ਕੋ ਦੂਰਿ ॥ (1175-15)
तिस ते नेड़ै नाही को दूरि ॥

ਨਾਨਕ ਨਾਮਿ ਰਹਿਆ ਭਰਪੂਰਿ ॥੪॥੧੧॥ (1175-15)
नानक नामि रहिआ भरपूरि ॥४॥११॥

ਬਸੰਤੁ ਮਹਲਾ ੩ ॥ (1175-16)
बसंतु महला ३ ॥

ਗੁਰ ਸਬਦੀ ਹਰਿ ਚੇਤਿ ਸੁਭਾਇ ॥ (1175-16)
गुर सबदी हरि चेति सुभाइ ॥

ਰਾਮ ਨਾਮ ਰਸਿ ਰਹੈ ਅਘਾਇ ॥ (1175-16)
राम नाम रसि रहै अघाइ ॥

ਕੋਟ ਕੋਟੰਤਰ ਕੇ ਪਾਪ ਜਲਿ ਜਾਹਿ ॥ (1175-16)
कोट कोटंतर के पाप जलि जाहि ॥

ਜੀਵਤ ਮਰਹਿ ਹਰਿ ਨਾਮਿ ਸਮਾਹਿ ॥੧॥ (1175-17)
जीवत मरहि हरि नामि समाहि ॥१॥

ਹਰਿ ਕੀ ਦਾਤਿ ਹਰਿ ਜੀਉ ਜਾਣੈ ॥ (1175-17)
हरि की दाति हरि जीउ जाणै ॥

ਗੁਰ ਕੈ ਸਬਦਿ ਇਹੁ ਮਨੁ ਮਉਲਿਆ ਹਰਿ ਗੁਣਦਾਤਾ ਨਾਮੁ ਵਖਾਣੈ ॥੧॥ ਰਹਾਉ ॥ (1175-17)
गुर कै सबदि इहु मनु मउलिआ हरि गुणदाता नामु वखाणै ॥१॥ रहाउ ॥

ਭਗਵੈ ਵੇਸਿ ਭ੍ਰਮਿ ਮੁਕਤਿ ਨ ਹੋਇ ॥ (1175-18)
भगवै वेसि भ्रमि मुकति न होइ ॥

ਬਹੁ ਸੰਜਮਿ ਸਾਂਤਿ ਨ ਪਾਵੈ ਕੋਇ ॥ (1175-18)
बहु संजमि सांति न पावै कोइ ॥

ਗੁਰਮਤਿ ਨਾਮੁ ਪਰਾਪਤਿ ਹੋਇ ॥ (1175-19)
गुरमति नामु परापति होइ ॥

ਵਡਭਾਗੀ ਹਰਿ ਪਾਵੈ ਸੋਇ ॥੨॥ (1175-19)
वडभागी हरि पावै सोइ ॥२॥

ਕਲਿ ਮਹਿ ਰਾਮ ਨਾਮਿ ਵਡਿਆਈ ॥ (1175-19)
कलि महि राम नामि वडिआई ॥

ਗੁਰ ਪੂਰੇ ਤੇ ਪਾਇਆ ਜਾਈ ॥ (1176-1)
गुर पूरे ते पाइआ जाई ॥

ਨਾਮਿ ਰਤੇ ਸਦਾ ਸੁਖੁ ਪਾਈ ॥ (1176-1)
नामि रते सदा सुखु पाई ॥

ਬਿਨੁ ਨਾਮੈ ਹਉਮੈ ਜਲਿ ਜਾਈ ॥੩॥ (1176-1)
बिनु नामै हउमै जलि जाई ॥३॥

ਵਡਭਾਗੀ ਹਰਿ ਨਾਮੁ ਬੀਚਾਰਾ ॥ (1176-2)
वडभागी हरि नामु बीचारा ॥

ਛੂਟੈ ਰਾਮ ਨਾਮਿ ਦੁਖੁ ਸਾਰਾ ॥ (1176-2)
छूटै राम नामि दुखु सारा ॥

ਹਿਰਦੈ ਵਸਿਆ ਸੁ ਬਾਹਰਿ ਪਾਸਾਰਾ ॥ (1176-2)
हिरदै वसिआ सु बाहरि पासारा ॥

ਨਾਨਕ ਜਾਣੈ ਸਭੁ ਉਪਾਵਣਹਾਰਾ ॥੪॥੧੨॥ (1176-3)
नानक जाणै सभु उपावणहारा ॥४॥१२॥

ਬਸੰਤੁ ਮਹਲਾ ੩ ਇਕ ਤੁਕੇ ॥ (1176-3)
बसंतु महला ३ इक तुके ॥

ਤੇਰਾ ਕੀਆ ਕਿਰਮ ਜੰਤੁ ॥ (1176-3)
तेरा कीआ किरम जंतु ॥

ਦੇਹਿ ਤ ਜਾਪੀ ਆਦਿ ਮੰਤੁ ॥੧॥ (1176-4)
देहि त जापी आदि मंतु ॥१॥

ਗੁਣ ਆਖਿ ਵੀਚਾਰੀ ਮੇਰੀ ਮਾਇ ॥ (1176-4)
गुण आखि वीचारी मेरी माइ ॥

ਹਰਿ ਜਪਿ ਹਰਿ ਕੈ ਲਗਉ ਪਾਇ ॥੧॥ ਰਹਾਉ ॥ (1176-4)
हरि जपि हरि कै लगउ पाइ ॥१॥ रहाउ ॥

ਗੁਰ ਪ੍ਰਸਾਦਿ ਲਾਗੇ ਨਾਮ ਸੁਆਦਿ ॥ (1176-5)
गुर प्रसादि लागे नाम सुआदि ॥

ਕਾਹੇ ਜਨਮੁ ਗਵਾਵਹੁ ਵੈਰਿ ਵਾਦਿ ॥੨॥ (1176-5)
काहे जनमु गवावहु वैरि वादि ॥२॥

ਗੁਰਿ ਕਿਰਪਾ ਕੀਨ੍ਹੀ ਚੂਕਾ ਅਭਿਮਾਨੁ ॥ (1176-5)
गुरि किरपा कीन्ही चूका अभिमानु ॥

ਸਹਜ ਭਾਇ ਪਾਇਆ ਹਰਿ ਨਾਮੁ ॥੩॥ (1176-6)
सहज भाइ पाइआ हरि नामु ॥३॥

ਊਤਮੁ ਊਚਾ ਸਬਦ ਕਾਮੁ ॥ (1176-6)
ऊतमु ऊचा सबद कामु ॥

ਨਾਨਕੁ ਵਖਾਣੈ ਸਾਚੁ ਨਾਮੁ ॥੪॥੧॥੧੩॥ (1176-6)
नानकु वखाणै साचु नामु ॥४॥१॥१३॥

ਬਸੰਤੁ ਮਹਲਾ ੩ ॥ (1176-7)
बसंतु महला ३ ॥

ਬਨਸਪਤਿ ਮਉਲੀ ਚੜਿਆ ਬਸੰਤੁ ॥ (1176-7)
बनसपति मउली चड़िआ बसंतु ॥

ਇਹੁ ਮਨੁ ਮਉਲਿਆ ਸਤਿਗੁਰੂ ਸੰਗਿ ॥੧॥ (1176-7)
इहु मनु मउलिआ सतिगुरू संगि ॥१॥

ਤੁਮ੍ਹ ਸਾਚੁ ਧਿਆਵਹੁ ਮੁਗਧ ਮਨਾ ॥ (1176-8)
तुम्ह साचु धिआवहु मुगध मना ॥

ਤਾਂ ਸੁਖੁ ਪਾਵਹੁ ਮੇਰੇ ਮਨਾ ॥੧॥ ਰਹਾਉ ॥ (1176-8)
तां सुखु पावहु मेरे मना ॥१॥ रहाउ ॥

ਇਤੁ ਮਨਿ ਮਉਲਿਐ ਭਇਆ ਅਨੰਦੁ ॥ (1176-8)
इतु मनि मउलिऐ भइआ अनंदु ॥

ਅੰਮ੍ਰਿਤ ਫਲੁ ਪਾਇਆ ਨਾਮੁ ਗੋਬਿੰਦ ॥੨॥ (1176-9)
अमृत फलु पाइआ नामु गोबिंद ॥२॥

ਏਕੋ ਏਕੁ ਸਭੁ ਆਖਿ ਵਖਾਣੈ ॥ (1176-9)
एको एकु सभु आखि वखाणै ॥

ਹੁਕਮੁ ਬੂਝੈ ਤਾਂ ਏਕੋ ਜਾਣੈ ॥੩॥ (1176-10)
हुकमु बूझै तां एको जाणै ॥३॥

ਕਹਤ ਨਾਨਕੁ ਹਉਮੈ ਕਹੈ ਨ ਕੋਇ ॥ (1176-10)
कहत नानकु हउमै कहै न कोइ ॥

ਆਖਣੁ ਵੇਖਣੁ ਸਭੁ ਸਾਹਿਬ ਤੇ ਹੋਇ ॥੪॥੨॥੧੪॥ (1176-10)
आखणु वेखणु सभु साहिब ते होइ ॥४॥२॥१४॥

ਬਸੰਤੁ ਮਹਲਾ ੩ ॥ (1176-11)
बसंतु महला ३ ॥

ਸਭਿ ਜੁਗ ਤੇਰੇ ਕੀਤੇ ਹੋਏ ॥ (1176-11)
सभि जुग तेरे कीते होए ॥

ਸਤਿਗੁਰੁ ਭੇਟੈ ਮਤਿ ਬੁਧਿ ਹੋਏ ॥੧॥ (1176-11)
सतिगुरु भेटै मति बुधि होए ॥१॥

ਹਰਿ ਜੀਉ ਆਪੇ ਲੈਹੁ ਮਿਲਾਇ ॥ (1176-11)
हरि जीउ आपे लैहु मिलाइ ॥

ਗੁਰ ਕੈ ਸਬਦਿ ਸਚ ਨਾਮਿ ਸਮਾਇ ॥੧॥ ਰਹਾਉ ॥ (1176-12)
गुर कै सबदि सच नामि समाइ ॥१॥ रहाउ ॥

ਮਨਿ ਬਸੰਤੁ ਹਰੇ ਸਭਿ ਲੋਇ ॥ (1176-12)
मनि बसंतु हरे सभि लोइ ॥

ਫਲਹਿ ਫੁਲੀਅਹਿ ਰਾਮ ਨਾਮਿ ਸੁਖੁ ਹੋਇ ॥੨॥ (1176-13)
फलहि फुलीअहि राम नामि सुखु होइ ॥२॥

ਸਦਾ ਬਸੰਤੁ ਗੁਰ ਸਬਦੁ ਵੀਚਾਰੇ ॥ (1176-13)
सदा बसंतु गुर सबदु वीचारे ॥

ਰਾਮ ਨਾਮੁ ਰਾਖੈ ਉਰ ਧਾਰੇ ॥੩॥ (1176-13)
राम नामु राखै उर धारे ॥३॥

ਮਨਿ ਬਸੰਤੁ ਤਨੁ ਮਨੁ ਹਰਿਆ ਹੋਇ ॥ (1176-14)
मनि बसंतु तनु मनु हरिआ होइ ॥

ਨਾਨਕ ਇਹੁ ਤਨੁ ਬਿਰਖੁ ਰਾਮ ਨਾਮੁ ਫਲੁ ਪਾਏ ਸੋਇ ॥੪॥੩॥੧੫॥ (1176-14)
नानक इहु तनु बिरखु राम नामु फलु पाए सोइ ॥४॥३॥१५॥

ਬਸੰਤੁ ਮਹਲਾ ੩ ॥ (1176-15)
बसंतु महला ३ ॥

ਤਿਨ੍ਹ੍ਹ ਬਸੰਤੁ ਜੋ ਹਰਿ ਗੁਣ ਗਾਇ ॥ (1176-15)
तिन्ह बसंतु जो हरि गुण गाइ ॥

ਪੂਰੈ ਭਾਗਿ ਹਰਿ ਭਗਤਿ ਕਰਾਇ ॥੧॥ (1176-15)
पूरै भागि हरि भगति कराइ ॥१॥

ਇਸੁ ਮਨ ਕਉ ਬਸੰਤ ਕੀ ਲਗੈ ਨ ਸੋਇ ॥ (1176-15)
इसु मन कउ बसंत की लगै न सोइ ॥

ਇਹੁ ਮਨੁ ਜਲਿਆ ਦੂਜੈ ਦੋਇ ॥੧॥ ਰਹਾਉ ॥ (1176-16)
इहु मनु जलिआ दूजै दोइ ॥१॥ रहाउ ॥

ਇਹੁ ਮਨੁ ਧੰਧੈ ਬਾਂਧਾ ਕਰਮ ਕਮਾਇ ॥ (1176-16)
इहु मनु धंधै बांधा करम कमाइ ॥

ਮਾਇਆ ਮੂਠਾ ਸਦਾ ਬਿਲਲਾਇ ॥੨॥ (1176-17)
माइआ मूठा सदा बिललाइ ॥२॥

ਇਹੁ ਮਨੁ ਛੂਟੈ ਜਾਂ ਸਤਿਗੁਰੁ ਭੇਟੈ ॥ (1176-17)
इहु मनु छूटै जां सतिगुरु भेटै ॥

ਜਮਕਾਲ ਕੀ ਫਿਰਿ ਆਵੈ ਨ ਫੇਟੈ ॥੩॥ (1176-17)
जमकाल की फिरि आवै न फेटै ॥३॥

ਇਹੁ ਮਨੁ ਛੂਟਾ ਗੁਰਿ ਲੀਆ ਛਡਾਇ ॥ (1176-18)
इहु मनु छूटा गुरि लीआ छडाइ ॥

ਨਾਨਕ ਮਾਇਆ ਮੋਹੁ ਸਬਦਿ ਜਲਾਇ ॥੪॥੪॥੧੬॥ (1176-18)
नानक माइआ मोहु सबदि जलाइ ॥४॥४॥१६॥

ਬਸੰਤੁ ਮਹਲਾ ੩ ॥ (1176-19)
बसंतु महला ३ ॥

ਬਸੰਤੁ ਚੜਿਆ ਫੂਲੀ ਬਨਰਾਇ ॥ (1176-19)
बसंतु चड़िआ फूली बनराइ ॥

ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ ॥੧॥ (1176-19)
एहि जीअ जंत फूलहि हरि चितु लाइ ॥१॥

ਇਨ ਬਿਧਿ ਇਹੁ ਮਨੁ ਹਰਿਆ ਹੋਇ ॥ (1177-1)
इन बिधि इहु मनु हरिआ होइ ॥

ਹਰਿ ਹਰਿ ਨਾਮੁ ਜਪੈ ਦਿਨੁ ਰਾਤੀ ਗੁਰਮੁਖਿ ਹਉਮੈ ਕਢੈ ਧੋਇ ॥੧॥ ਰਹਾਉ ॥ (1177-1)
हरि हरि नामु जपै दिनु राती गुरमुखि हउमै कढै धोइ ॥१॥ रहाउ ॥

ਸਤਿਗੁਰ ਬਾਣੀ ਸਬਦੁ ਸੁਣਾਏ ॥ (1177-2)
सतिगुर बाणी सबदु सुणाए ॥

ਇਹੁ ਜਗੁ ਹਰਿਆ ਸਤਿਗੁਰ ਭਾਏ ॥੨॥ (1177-2)
इहु जगु हरिआ सतिगुर भाए ॥२॥

ਫਲ ਫੂਲ ਲਾਗੇ ਜਾਂ ਆਪੇ ਲਾਏ ॥ (1177-2)
फल फूल लागे जां आपे लाए ॥

ਮੂਲਿ ਲਗੈ ਤਾਂ ਸਤਿਗੁਰੁ ਪਾਏ ॥੩॥ (1177-3)
मूलि लगै तां सतिगुरु पाए ॥३॥

ਆਪਿ ਬਸੰਤੁ ਜਗਤੁ ਸਭੁ ਵਾੜੀ ॥ (1177-3)
आपि बसंतु जगतु सभु वाड़ी ॥

ਨਾਨਕ ਪੂਰੈ ਭਾਗਿ ਭਗਤਿ ਨਿਰਾਲੀ ॥੪॥੫॥੧੭॥ (1177-3)
नानक पूरै भागि भगति निराली ॥४॥५॥१७॥

ਬਸੰਤੁ ਹਿੰਡੋਲ ਮਹਲਾ ੩ ਘਰੁ ੨ (1177-5)
बसंतु हिंडोल महला ३ घरु २

ੴ ਸਤਿਗੁਰ ਪ੍ਰਸਾਦਿ ॥ (1177-5)
ੴ सतिगुर प्रसादि ॥

ਗੁਰ ਕੀ ਬਾਣੀ ਵਿਟਹੁ ਵਾਰਿਆ ਭਾਈ ਗੁਰ ਸਬਦ ਵਿਟਹੁ ਬਲਿ ਜਾਈ ॥ (1177-6)
गुर की बाणी विटहु वारिआ भाई गुर सबद विटहु बलि जाई ॥

ਗੁਰੁ ਸਾਲਾਹੀ ਸਦ ਅਪਣਾ ਭਾਈ ਗੁਰ ਚਰਣੀ ਚਿਤੁ ਲਾਈ ॥੧॥ (1177-6)
गुरु सालाही सद अपणा भाई गुर चरणी चितु लाई ॥१॥

ਮੇਰੇ ਮਨ ਰਾਮ ਨਾਮਿ ਚਿਤੁ ਲਾਇ ॥ (1177-7)
मेरे मन राम नामि चितु लाइ ॥

ਮਨੁ ਤਨੁ ਤੇਰਾ ਹਰਿਆ ਹੋਵੈ ਇਕੁ ਹਰਿ ਨਾਮਾ ਫਲੁ ਪਾਇ ॥੧॥ ਰਹਾਉ ॥ (1177-7)
मनु तनु तेरा हरिआ होवै इकु हरि नामा फलु पाइ ॥१॥ रहाउ ॥

ਗੁਰਿ ਰਾਖੇ ਸੇ ਉਬਰੇ ਭਾਈ ਹਰਿ ਰਸੁ ਅੰਮ੍ਰਿਤੁ ਪੀਆਇ ॥ (1177-8)
गुरि राखे से उबरे भाई हरि रसु अमृतु पीआइ ॥

ਵਿਚਹੁ ਹਉਮੈ ਦੁਖੁ ਉਠਿ ਗਇਆ ਭਾਈ ਸੁਖੁ ਵੁਠਾ ਮਨਿ ਆਇ ॥੨॥ (1177-8)
विचहु हउमै दुखु उठि गइआ भाई सुखु वुठा मनि आइ ॥२॥

ਧੁਰਿ ਆਪੇ ਜਿਨ੍ਹਾ ਨੋ ਬਖਸਿਓਨੁ ਭਾਈ ਸਬਦੇ ਲਇਅਨੁ ਮਿਲਾਇ ॥ (1177-9)
धुरि आपे जिन्हा नो बखसिओनु भाई सबदे लइअनु मिलाइ ॥

ਧੂੜਿ ਤਿਨ੍ਹ੍ਹਾ ਕੀ ਅਘੁਲੀਐ ਭਾਈ ਸਤਸੰਗਤਿ ਮੇਲਿ ਮਿਲਾਇ ॥੩॥ (1177-10)
धूड़ि तिन्हा की अघुलीऐ भाई सतसंगति मेलि मिलाइ ॥३॥

ਆਪਿ ਕਰਾਏ ਕਰੇ ਆਪਿ ਭਾਈ ਜਿਨਿ ਹਰਿਆ ਕੀਆ ਸਭੁ ਕੋਇ ॥ (1177-10)
आपि कराए करे आपि भाई जिनि हरिआ कीआ सभु कोइ ॥

ਨਾਨਕ ਮਨਿ ਤਨਿ ਸੁਖੁ ਸਦ ਵਸੈ ਭਾਈ ਸਬਦਿ ਮਿਲਾਵਾ ਹੋਇ ॥੪॥੧॥੧੮॥੧੨॥੧੮॥੩੦॥ (1177-11)
नानक मनि तनि सुखु सद वसै भाई सबदि मिलावा होइ ॥४॥१॥१८॥१२॥१८॥३०॥

ਰਾਗੁ ਬਸੰਤੁ ਮਹਲਾ ੪ ਘਰੁ ੧ ਇਕ ਤੁਕੇ (1177-13)
रागु बसंतु महला ४ घरु १ इक तुके

ੴ ਸਤਿਗੁਰ ਪ੍ਰਸਾਦਿ ॥ (1177-13)
ੴ सतिगुर प्रसादि ॥

ਜਿਉ ਪਸਰੀ ਸੂਰਜ ਕਿਰਣਿ ਜੋਤਿ ॥ (1177-14)
जिउ पसरी सूरज किरणि जोति ॥

ਤਿਉ ਘਟਿ ਘਟਿ ਰਮਈਆ ਓਤਿ ਪੋਤਿ ॥੧॥ (1177-14)
तिउ घटि घटि रमईआ ओति पोति ॥१॥

ਏਕੋ ਹਰਿ ਰਵਿਆ ਸ੍ਰਬ ਥਾਇ ॥ (1177-14)
एको हरि रविआ स्रब थाइ ॥

ਗੁਰ ਸਬਦੀ ਮਿਲੀਐ ਮੇਰੀ ਮਾਇ ॥੧॥ ਰਹਾਉ ॥ (1177-15)
गुर सबदी मिलीऐ मेरी माइ ॥१॥ रहाउ ॥

ਘਟਿ ਘਟਿ ਅੰਤਰਿ ਏਕੋ ਹਰਿ ਸੋਇ ॥ (1177-15)
घटि घटि अंतरि एको हरि सोइ ॥

ਗੁਰਿ ਮਿਲਿਐ ਇਕੁ ਪ੍ਰਗਟੁ ਹੋਇ ॥੨॥ (1177-15)
गुरि मिलिऐ इकु प्रगटु होइ ॥२॥

ਏਕੋ ਏਕੁ ਰਹਿਆ ਭਰਪੂਰਿ ॥ (1177-16)
एको एकु रहिआ भरपूरि ॥

ਸਾਕਤ ਨਰ ਲੋਭੀ ਜਾਣਹਿ ਦੂਰਿ ॥੩॥ (1177-16)
साकत नर लोभी जाणहि दूरि ॥३॥

ਏਕੋ ਏਕੁ ਵਰਤੈ ਹਰਿ ਲੋਇ ॥ (1177-16)
एको एकु वरतै हरि लोइ ॥

ਨਾਨਕ ਹਰਿ ਏਕੁੋ ਕਰੇ ਸੁ ਹੋਇ ॥੪॥੧॥ (1177-17)
नानक हरि एकुो करे सु होइ ॥४॥१॥

ਬਸੰਤੁ ਮਹਲਾ ੪ ॥ (1177-17)
बसंतु महला ४ ॥

ਰੈਣਿ ਦਿਨਸੁ ਦੁਇ ਸਦੇ ਪਏ ॥ (1177-17)
रैणि दिनसु दुइ सदे पए ॥

ਮਨ ਹਰਿ ਸਿਮਰਹੁ ਅੰਤਿ ਸਦਾ ਰਖਿ ਲਏ ॥੧॥ (1177-18)
मन हरि सिमरहु अंति सदा रखि लए ॥१॥

ਹਰਿ ਹਰਿ ਚੇਤਿ ਸਦਾ ਮਨ ਮੇਰੇ ॥ (1177-18)
हरि हरि चेति सदा मन मेरे ॥

ਸਭੁ ਆਲਸੁ ਦੂਖ ਭੰਜਿ ਪ੍ਰਭੁ ਪਾਇਆ ਗੁਰਮਤਿ ਗਾਵਹੁ ਗੁਣ ਪ੍ਰਭ ਕੇਰੇ ॥੧॥ ਰਹਾਉ ॥ (1177-18)
सभु आलसु दूख भंजि प्रभु पाइआ गुरमति गावहु गुण प्रभ केरे ॥१॥ रहाउ ॥

ਮਨਮੁਖ ਫਿਰਿ ਫਿਰਿ ਹਉਮੈ ਮੁਏ ॥ (1177-19)
मनमुख फिरि फिरि हउमै मुए ॥

ਕਾਲਿ ਦੈਤਿ ਸੰਘਾਰੇ ਜਮ ਪੁਰਿ ਗਏ ॥੨॥ (1178-1)
कालि दैति संघारे जम पुरि गए ॥२॥

ਗੁਰਮੁਖਿ ਹਰਿ ਹਰਿ ਹਰਿ ਲਿਵ ਲਾਗੇ ॥ (1178-1)
गुरमुखि हरि हरि हरि लिव लागे ॥

ਜਨਮ ਮਰਣ ਦੋਊ ਦੁਖ ਭਾਗੇ ॥੩॥ (1178-1)
जनम मरण दोऊ दुख भागे ॥३॥

ਭਗਤ ਜਨਾ ਕਉ ਹਰਿ ਕਿਰਪਾ ਧਾਰੀ ॥ (1178-2)
भगत जना कउ हरि किरपा धारी ॥

ਗੁਰੁ ਨਾਨਕੁ ਤੁਠਾ ਮਿਲਿਆ ਬਨਵਾਰੀ ॥੪॥੨॥ (1178-2)
गुरु नानकु तुठा मिलिआ बनवारी ॥४॥२॥

ਬਸੰਤੁ ਹਿੰਡੋਲ ਮਹਲਾ ੪ ਘਰੁ ੨ (1178-3)
बसंतु हिंडोल महला ४ घरु २

ੴ ਸਤਿਗੁਰ ਪ੍ਰਸਾਦਿ ॥ (1178-3)
ੴ सतिगुर प्रसादि ॥

ਰਾਮ ਨਾਮੁ ਰਤਨ ਕੋਠੜੀ ਗੜ ਮੰਦਰਿ ਏਕ ਲੁਕਾਨੀ ॥ (1178-4)
राम नामु रतन कोठड़ी गड़ मंदरि एक लुकानी ॥

ਸਤਿਗੁਰੁ ਮਿਲੈ ਤ ਖੋਜੀਐ ਮਿਲਿ ਜੋਤੀ ਜੋਤਿ ਸਮਾਨੀ ॥੧॥ (1178-4)
सतिगुरु मिलै त खोजीऐ मिलि जोती जोति समानी ॥१॥

ਮਾਧੋ ਸਾਧੂ ਜਨ ਦੇਹੁ ਮਿਲਾਇ ॥ (1178-5)
माधो साधू जन देहु मिलाइ ॥

ਦੇਖਤ ਦਰਸੁ ਪਾਪ ਸਭਿ ਨਾਸਹਿ ਪਵਿਤ੍ਰ ਪਰਮ ਪਦੁ ਪਾਇ ॥੧॥ ਰਹਾਉ ॥ (1178-5)
देखत दरसु पाप सभि नासहि पवित्र परम पदु पाइ ॥१॥ रहाउ ॥

ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥ (1178-6)
पंच चोर मिलि लागे नगरीआ राम नाम धनु हिरिआ ॥

ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥੨॥ (1178-6)
गुरमति खोज परे तब पकरे धनु साबतु रासि उबरिआ ॥२॥

ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥ (1178-7)
पाखंड भरम उपाव करि थाके रिद अंतरि माइआ माइआ ॥

ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ ॥੩॥ (1178-8)
साधू पुरखु पुरखपति पाइआ अगिआन अंधेरु गवाइआ ॥३॥

ਜਗੰਨਾਥ ਜਗਦੀਸ ਗੁਸਾਈ ਕਰਿ ਕਿਰਪਾ ਸਾਧੁ ਮਿਲਾਵੈ ॥ (1178-8)
जगंनाथ जगदीस गुसाई करि किरपा साधु मिलावै ॥

ਨਾਨਕ ਸਾਂਤਿ ਹੋਵੈ ਮਨ ਅੰਤਰਿ ਨਿਤ ਹਿਰਦੈ ਹਰਿ ਗੁਣ ਗਾਵੈ ॥੪॥੧॥੩॥ (1178-9)
नानक सांति होवै मन अंतरि नित हिरदै हरि गुण गावै ॥४॥१॥३॥

ਬਸੰਤੁ ਮਹਲਾ ੪ ਹਿੰਡੋਲ ॥ (1178-10)
बसंतु महला ४ हिंडोल ॥

ਤੁਮ੍ਹ ਵਡ ਪੁਰਖ ਵਡ ਅਗਮ ਗੁਸਾਈ ਹਮ ਕੀਰੇ ਕਿਰਮ ਤੁਮਨਛੇ ॥ (1178-10)
तुम्ह वड पुरख वड अगम गुसाई हम कीरे किरम तुमनछे ॥

ਹਰਿ ਦੀਨ ਦਇਆਲ ਕਰਹੁ ਪ੍ਰਭ ਕਿਰਪਾ ਗੁਰ ਸਤਿਗੁਰ ਚਰਣ ਹਮ ਬਨਛੇ ॥੧॥ (1178-10)
हरि दीन दइआल करहु प्रभ किरपा गुर सतिगुर चरण हम बनछे ॥१॥

ਗੋਬਿੰਦ ਜੀਉ ਸਤਸੰਗਤਿ ਮੇਲਿ ਕਰਿ ਕ੍ਰਿਪਛੇ ॥ (1178-11)
गोबिंद जीउ सतसंगति मेलि करि क्रिपछे ॥

ਜਨਮ ਜਨਮ ਕੇ ਕਿਲਵਿਖ ਮਲੁ ਭਰਿਆ ਮਿਲਿ ਸੰਗਤਿ ਕਰਿ ਪ੍ਰਭ ਹਨਛੇ ॥੧॥ ਰਹਾਉ ॥ (1178-12)
जनम जनम के किलविख मलु भरिआ मिलि संगति करि प्रभ हनछे ॥१॥ रहाउ ॥

ਤੁਮ੍ਹਰਾ ਜਨੁ ਜਾਤਿ ਅਵਿਜਾਤਾ ਹਰਿ ਜਪਿਓ ਪਤਿਤ ਪਵੀਛੇ ॥ (1178-12)
तुम्हरा जनु जाति अविजाता हरि जपिओ पतित पवीछे ॥

ਹਰਿ ਕੀਓ ਸਗਲ ਭਵਨ ਤੇ ਊਪਰਿ ਹਰਿ ਸੋਭਾ ਹਰਿ ਪ੍ਰਭ ਦਿਨਛੇ ॥੨॥ (1178-13)
हरि कीओ सगल भवन ते ऊपरि हरि सोभा हरि प्रभ दिनछे ॥२॥

ਜਾਤਿ ਅਜਾਤਿ ਕੋਈ ਪ੍ਰਭ ਧਿਆਵੈ ਸਭਿ ਪੂਰੇ ਮਾਨਸ ਤਿਨਛੇ ॥ (1178-14)
जाति अजाति कोई प्रभ धिआवै सभि पूरे मानस तिनछे ॥

ਸੇ ਧੰਨਿ ਵਡੇ ਵਡ ਪੂਰੇ ਹਰਿ ਜਨ ਜਿਨ੍ਹ ਹਰਿ ਧਾਰਿਓ ਹਰਿ ਉਰਛੇ ॥੩॥ (1178-14)
से धंनि वडे वड पूरे हरि जन जिन्ह हरि धारिओ हरि उरछे ॥३॥

ਹਮ ਢੀਂਢੇ ਢੀਮ ਬਹੁਤੁ ਅਤਿ ਭਾਰੀ ਹਰਿ ਧਾਰਿ ਕ੍ਰਿਪਾ ਪ੍ਰਭ ਮਿਲਛੇ ॥ (1178-15)
हम ढींढे ढीम बहुतु अति भारी हरि धारि क्रिपा प्रभ मिलछे ॥

ਜਨ ਨਾਨਕ ਗੁਰੁ ਪਾਇਆ ਹਰਿ ਤੂਠੇ ਹਮ ਕੀਏ ਪਤਿਤ ਪਵੀਛੇ ॥੪॥੨॥੪॥ (1178-16)
जन नानक गुरु पाइआ हरि तूठे हम कीए पतित पवीछे ॥४॥२॥४॥

ਬਸੰਤੁ ਹਿੰਡੋਲ ਮਹਲਾ ੪ ॥ (1178-16)
बसंतु हिंडोल महला ४ ॥

ਮੇਰਾ ਇਕੁ ਖਿਨੁ ਮਨੂਆ ਰਹਿ ਨ ਸਕੈ ਨਿਤ ਹਰਿ ਹਰਿ ਨਾਮ ਰਸਿ ਗੀਧੇ ॥ (1178-17)
मेरा इकु खिनु मनूआ रहि न सकै नित हरि हरि नाम रसि गीधे ॥

ਜਿਉ ਬਾਰਿਕੁ ਰਸਕਿ ਪਰਿਓ ਥਨਿ ਮਾਤਾ ਥਨਿ ਕਾਢੇ ਬਿਲਲ ਬਿਲੀਧੇ ॥੧॥ (1178-17)
जिउ बारिकु रसकि परिओ थनि माता थनि काढे बिलल बिलीधे ॥१॥

ਗੋਬਿੰਦ ਜੀਉ ਮੇਰੇ ਮਨ ਤਨ ਨਾਮ ਹਰਿ ਬੀਧੇ ॥ (1178-18)
गोबिंद जीउ मेरे मन तन नाम हरि बीधे ॥

ਵਡੈ ਭਾਗਿ ਗੁਰੁ ਸਤਿਗੁਰੁ ਪਾਇਆ ਵਿਚਿ ਕਾਇਆ ਨਗਰ ਹਰਿ ਸੀਧੇ ॥੧॥ ਰਹਾਉ ॥ (1178-18)
वडै भागि गुरु सतिगुरु पाइआ विचि काइआ नगर हरि सीधे ॥१॥ रहाउ ॥

ਜਨ ਕੇ ਸਾਸ ਸਾਸ ਹੈ ਜੇਤੇ ਹਰਿ ਬਿਰਹਿ ਪ੍ਰਭੂ ਹਰਿ ਬੀਧੇ ॥ (1179-1)
जन के सास सास है जेते हरि बिरहि प्रभू हरि बीधे ॥

ਜਿਉ ਜਲ ਕਮਲ ਪ੍ਰੀਤਿ ਅਤਿ ਭਾਰੀ ਬਿਨੁ ਜਲ ਦੇਖੇ ਸੁਕਲੀਧੇ ॥੨॥ (1179-2)
जिउ जल कमल प्रीति अति भारी बिनु जल देखे सुकलीधे ॥२॥

ਜਨ ਜਪਿਓ ਨਾਮੁ ਨਿਰੰਜਨੁ ਨਰਹਰਿ ਉਪਦੇਸਿ ਗੁਰੂ ਹਰਿ ਪ੍ਰੀਧੇ ॥ (1179-2)
जन जपिओ नामु निरंजनु नरहरि उपदेसि गुरू हरि प्रीधे ॥

ਜਨਮ ਜਨਮ ਕੀ ਹਉਮੈ ਮਲੁ ਨਿਕਸੀ ਹਰਿ ਅੰਮ੍ਰਿਤਿ ਹਰਿ ਜਲਿ ਨੀਧੇ ॥੩॥ (1179-3)
जनम जनम की हउमै मलु निकसी हरि अमृति हरि जलि नीधे ॥३॥

ਹਮਰੇ ਕਰਮ ਨ ਬਿਚਰਹੁ ਠਾਕੁਰ ਤੁਮ੍ਹ ਪੈਜ ਰਖਹੁ ਅਪਨੀਧੇ ॥ (1179-4)
हमरे करम न बिचरहु ठाकुर तुम्ह पैज रखहु अपनीधे ॥

ਹਰਿ ਭਾਵੈ ਸੁਣਿ ਬਿਨਉ ਬੇਨਤੀ ਜਨ ਨਾਨਕ ਸਰਣਿ ਪਵੀਧੇ ॥੪॥੩॥੫॥ (1179-4)
हरि भावै सुणि बिनउ बेनती जन नानक सरणि पवीधे ॥४॥३॥५॥

ਬਸੰਤੁ ਹਿੰਡੋਲ ਮਹਲਾ ੪ ॥ (1179-5)
बसंतु हिंडोल महला ४ ॥

ਮਨੁ ਖਿਨੁ ਖਿਨੁ ਭਰਮਿ ਭਰਮਿ ਬਹੁ ਧਾਵੈ ਤਿਲੁ ਘਰਿ ਨਹੀ ਵਾਸਾ ਪਾਈਐ ॥ (1179-5)
मनु खिनु खिनु भरमि भरमि बहु धावै तिलु घरि नही वासा पाईऐ ॥

ਗੁਰਿ ਅੰਕਸੁ ਸਬਦੁ ਦਾਰੂ ਸਿਰਿ ਧਾਰਿਓ ਘਰਿ ਮੰਦਰਿ ਆਣਿ ਵਸਾਈਐ ॥੧॥ (1179-6)
गुरि अंकसु सबदु दारू सिरि धारिओ घरि मंदरि आणि वसाईऐ ॥१॥

ਗੋਬਿੰਦ ਜੀਉ ਸਤਸੰਗਤਿ ਮੇਲਿ ਹਰਿ ਧਿਆਈਐ ॥ (1179-7)
गोबिंद जीउ सतसंगति मेलि हरि धिआईऐ ॥

ਹਉਮੈ ਰੋਗੁ ਗਇਆ ਸੁਖੁ ਪਾਇਆ ਹਰਿ ਸਹਜਿ ਸਮਾਧਿ ਲਗਾਈਐ ॥੧॥ ਰਹਾਉ ॥ (1179-7)
हउमै रोगु गइआ सुखु पाइआ हरि सहजि समाधि लगाईऐ ॥१॥ रहाउ ॥

ਘਰਿ ਰਤਨ ਲਾਲ ਬਹੁ ਮਾਣਕ ਲਾਦੇ ਮਨੁ ਭ੍ਰਮਿਆ ਲਹਿ ਨ ਸਕਾਈਐ ॥ (1179-8)
घरि रतन लाल बहु माणक लादे मनु भ्रमिआ लहि न सकाईऐ ॥

ਜਿਉ ਓਡਾ ਕੂਪੁ ਗੁਹਜ ਖਿਨ ਕਾਢੈ ਤਿਉ ਸਤਿਗੁਰਿ ਵਸਤੁ ਲਹਾਈਐ ॥੨॥ (1179-9)
जिउ ओडा कूपु गुहज खिन काढै तिउ सतिगुरि वसतु लहाईऐ ॥२॥

ਜਿਨ ਐਸਾ ਸਤਿਗੁਰੁ ਸਾਧੁ ਨ ਪਾਇਆ ਤੇ ਧ੍ਰਿਗੁ ਧ੍ਰਿਗੁ ਨਰ ਜੀਵਾਈਐ ॥ (1179-9)
जिन ऐसा सतिगुरु साधु न पाइआ ते ध्रिगु ध्रिगु नर जीवाईऐ ॥

ਜਨਮੁ ਪਦਾਰਥੁ ਪੁੰਨਿ ਫਲੁ ਪਾਇਆ ਕਉਡੀ ਬਦਲੈ ਜਾਈਐ ॥੩॥ (1179-10)
जनमु पदारथु पुंनि फलु पाइआ कउडी बदलै जाईऐ ॥३॥

ਮਧੁਸੂਦਨ ਹਰਿ ਧਾਰਿ ਪ੍ਰਭ ਕਿਰਪਾ ਕਰਿ ਕਿਰਪਾ ਗੁਰੂ ਮਿਲਾਈਐ ॥ (1179-11)
मधुसूदन हरि धारि प्रभ किरपा करि किरपा गुरू मिलाईऐ ॥

ਜਨ ਨਾਨਕ ਨਿਰਬਾਣ ਪਦੁ ਪਾਇਆ ਮਿਲਿ ਸਾਧੂ ਹਰਿ ਗੁਣ ਗਾਈਐ ॥੪॥੪॥੬॥ (1179-11)
जन नानक निरबाण पदु पाइआ मिलि साधू हरि गुण गाईऐ ॥४॥४॥६॥

ਬਸੰਤੁ ਹਿੰਡੋਲ ਮਹਲਾ ੪ ॥ (1179-12)
बसंतु हिंडोल महला ४ ॥

ਆਵਣ ਜਾਣੁ ਭਇਆ ਦੁਖੁ ਬਿਖਿਆ ਦੇਹ ਮਨਮੁਖ ਸੁੰਞੀ ਸੁੰਞੁ ॥ (1179-12)
आवण जाणु भइआ दुखु बिखिआ देह मनमुख सुंञी सुंञु ॥

ਰਾਮ ਨਾਮੁ ਖਿਨੁ ਪਲੁ ਨਹੀ ਚੇਤਿਆ ਜਮਿ ਪਕਰੇ ਕਾਲਿ ਸਲੁੰਞੁ ॥੧॥ (1179-13)
राम नामु खिनु पलु नही चेतिआ जमि पकरे कालि सलुंञु ॥१॥

ਗੋਬਿੰਦ ਜੀਉ ਬਿਖੁ ਹਉਮੈ ਮਮਤਾ ਮੁੰਞੁ ॥ (1179-14)
गोबिंद जीउ बिखु हउमै ममता मुंञु ॥

ਸਤਸੰਗਤਿ ਗੁਰ ਕੀ ਹਰਿ ਪਿਆਰੀ ਮਿਲਿ ਸੰਗਤਿ ਹਰਿ ਰਸੁ ਭੁੰਞੁ ॥੧॥ ਰਹਾਉ ॥ (1179-14)
सतसंगति गुर की हरि पिआरी मिलि संगति हरि रसु भुंञु ॥१॥ रहाउ ॥

ਸਤਸੰਗਤਿ ਸਾਧ ਦਇਆ ਕਰਿ ਮੇਲਹੁ ਸਰਣਾਗਤਿ ਸਾਧੂ ਪੰਞੁ ॥ (1179-15)
सतसंगति साध दइआ करि मेलहु सरणागति साधू पंञु ॥

ਹਮ ਡੁਬਦੇ ਪਾਥਰ ਕਾਢਿ ਲੇਹੁ ਪ੍ਰਭ ਤੁਮ੍ਹ੍ਹ ਦੀਨ ਦਇਆਲ ਦੁਖ ਭੰਞੁ ॥੨॥ (1179-15)
हम डुबदे पाथर काढि लेहु प्रभ तुम्ह दीन दइआल दुख भंञु ॥२॥

ਹਰਿ ਉਸਤਤਿ ਧਾਰਹੁ ਰਿਦ ਅੰਤਰਿ ਸੁਆਮੀ ਸਤਸੰਗਤਿ ਮਿਲਿ ਬੁਧਿ ਲੰਞੁ ॥ (1179-16)
हरि उसतति धारहु रिद अंतरि सुआमी सतसंगति मिलि बुधि लंञु ॥

ਹਰਿ ਨਾਮੈ ਹਮ ਪ੍ਰੀਤਿ ਲਗਾਨੀ ਹਮ ਹਰਿ ਵਿਟਹੁ ਘੁਮਿ ਵੰਞੁ ॥੩॥ (1179-17)
हरि नामै हम प्रीति लगानी हम हरि विटहु घुमि वंञु ॥३॥

ਜਨ ਕੇ ਪੂਰਿ ਮਨੋਰਥ ਹਰਿ ਪ੍ਰਭ ਹਰਿ ਨਾਮੁ ਦੇਵਹੁ ਹਰਿ ਲੰਞੁ ॥ (1179-18)
जन के पूरि मनोरथ हरि प्रभ हरि नामु देवहु हरि लंञु ॥

ਜਨ ਨਾਨਕ ਮਨਿ ਤਨਿ ਅਨਦੁ ਭਇਆ ਹੈ ਗੁਰਿ ਮੰਤ੍ਰੁ ਦੀਓ ਹਰਿ ਭੰਞੁ ॥੪॥੫॥੭॥੧੨॥੧੮॥੭॥੩੭॥ (1179-18)
जन नानक मनि तनि अनदु भइआ है गुरि मंत्रु दीओ हरि भंञु ॥४॥५॥७॥१२॥१८॥७॥३७॥

ਬਸੰਤੁ ਮਹਲਾ ੫ ਘਰੁ ੧ ਦੁਤੁਕੇ (1180-1)
बसंतु महला ५ घरु १ दुतुके

ੴ ਸਤਿਗੁਰ ਪ੍ਰਸਾਦਿ ॥ (1180-1)
ੴ सतिगुर प्रसादि ॥

ਗੁਰੁ ਸੇਵਉ ਕਰਿ ਨਮਸਕਾਰ ॥ (1180-2)
गुरु सेवउ करि नमसकार ॥

ਆਜੁ ਹਮਾਰੈ ਮੰਗਲਚਾਰ ॥ (1180-2)
आजु हमारै मंगलचार ॥

ਆਜੁ ਹਮਾਰੈ ਮਹਾ ਅਨੰਦ ॥ (1180-2)
आजु हमारै महा अनंद ॥

ਚਿੰਤ ਲਥੀ ਭੇਟੇ ਗੋਬਿੰਦ ॥੧॥ (1180-2)
चिंत लथी भेटे गोबिंद ॥१॥

ਆਜੁ ਹਮਾਰੈ ਗ੍ਰਿਹਿ ਬਸੰਤ ॥ (1180-3)
आजु हमारै ग्रिहि बसंत ॥

ਗੁਨ ਗਾਏ ਪ੍ਰਭ ਤੁਮ੍ਹ ਬੇਅੰਤ ॥੧॥ ਰਹਾਉ ॥ (1180-3)
गुन गाए प्रभ तुम्ह बेअंत ॥१॥ रहाउ ॥

ਆਜੁ ਹਮਾਰੈ ਬਨੇ ਫਾਗ ॥ (1180-3)
आजु हमारै बने फाग ॥

ਪ੍ਰਭ ਸੰਗੀ ਮਿਲਿ ਖੇਲਨ ਲਾਗ ॥ (1180-4)
प्रभ संगी मिलि खेलन लाग ॥

ਹੋਲੀ ਕੀਨੀ ਸੰਤ ਸੇਵ ॥ (1180-4)
होली कीनी संत सेव ॥

ਰੰਗੁ ਲਾਗਾ ਅਤਿ ਲਾਲ ਦੇਵ ॥੨॥ (1180-4)
रंगु लागा अति लाल देव ॥२॥

ਮਨੁ ਤਨੁ ਮਉਲਿਓ ਅਤਿ ਅਨੂਪ ॥ (1180-4)
मनु तनु मउलिओ अति अनूप ॥

ਸੂਕੈ ਨਾਹੀ ਛਾਵ ਧੂਪ ॥ (1180-5)
सूकै नाही छाव धूप ॥

ਸਗਲੀ ਰੂਤੀ ਹਰਿਆ ਹੋਇ ॥ (1180-5)
सगली रूती हरिआ होइ ॥

ਸਦ ਬਸੰਤ ਗੁਰ ਮਿਲੇ ਦੇਵ ॥੩॥ (1180-5)
सद बसंत गुर मिले देव ॥३॥

ਬਿਰਖੁ ਜਮਿਓ ਹੈ ਪਾਰਜਾਤ ॥ (1180-6)
बिरखु जमिओ है पारजात ॥

ਫੂਲ ਲਗੇ ਫਲ ਰਤਨ ਭਾਂਤਿ ॥ (1180-6)
फूल लगे फल रतन भांति ॥

ਤ੍ਰਿਪਤਿ ਅਘਾਨੇ ਹਰਿ ਗੁਣਹ ਗਾਇ ॥ (1180-6)
त्रिपति अघाने हरि गुणह गाइ ॥

ਜਨ ਨਾਨਕ ਹਰਿ ਹਰਿ ਹਰਿ ਧਿਆਇ ॥੪॥੧॥ (1180-6)
जन नानक हरि हरि हरि धिआइ ॥४॥१॥

ਬਸੰਤੁ ਮਹਲਾ ੫ ॥ (1180-7)
बसंतु महला ५ ॥

ਹਟਵਾਣੀ ਧਨ ਮਾਲ ਹਾਟੁ ਕੀਤੁ ॥ (1180-7)
हटवाणी धन माल हाटु कीतु ॥

ਜੂਆਰੀ ਜੂਏ ਮਾਹਿ ਚੀਤੁ ॥ (1180-7)
जूआरी जूए माहि चीतु ॥

ਅਮਲੀ ਜੀਵੈ ਅਮਲੁ ਖਾਇ ॥ (1180-8)
अमली जीवै अमलु खाइ ॥

ਤਿਉ ਹਰਿ ਜਨੁ ਜੀਵੈ ਹਰਿ ਧਿਆਇ ॥੧॥ (1180-8)
तिउ हरि जनु जीवै हरि धिआइ ॥१॥

ਅਪਨੈ ਰੰਗਿ ਸਭੁ ਕੋ ਰਚੈ ॥ (1180-8)
अपनै रंगि सभु को रचै ॥

ਜਿਤੁ ਪ੍ਰਭਿ ਲਾਇਆ ਤਿਤੁ ਤਿਤੁ ਲਗੈ ॥੧॥ ਰਹਾਉ ॥ (1180-9)
जितु प्रभि लाइआ तितु तितु लगै ॥१॥ रहाउ ॥

ਮੇਘ ਸਮੈ ਮੋਰ ਨਿਰਤਿਕਾਰ ॥ (1180-9)
मेघ समै मोर निरतिकार ॥

ਚੰਦ ਦੇਖਿ ਬਿਗਸਹਿ ਕਉਲਾਰ ॥ (1180-9)
चंद देखि बिगसहि कउलार ॥

ਮਾਤਾ ਬਾਰਿਕ ਦੇਖਿ ਅਨੰਦ ॥ (1180-10)
माता बारिक देखि अनंद ॥

ਤਿਉ ਹਰਿ ਜਨ ਜੀਵਹਿ ਜਪਿ ਗੋਬਿੰਦ ॥੨॥ (1180-10)
तिउ हरि जन जीवहि जपि गोबिंद ॥२॥

ਸਿੰਘ ਰੁਚੈ ਸਦ ਭੋਜਨੁ ਮਾਸ ॥ (1180-10)
सिंघ रुचै सद भोजनु मास ॥

ਰਣੁ ਦੇਖਿ ਸੂਰੇ ਚਿਤ ਉਲਾਸ ॥ (1180-11)
रणु देखि सूरे चित उलास ॥

ਕਿਰਪਨ ਕਉ ਅਤਿ ਧਨ ਪਿਆਰੁ ॥ (1180-11)
किरपन कउ अति धन पिआरु ॥

ਹਰਿ ਜਨ ਕਉ ਹਰਿ ਹਰਿ ਆਧਾਰੁ ॥੩॥ (1180-11)
हरि जन कउ हरि हरि आधारु ॥३॥

ਸਰਬ ਰੰਗ ਇਕ ਰੰਗ ਮਾਹਿ ॥ (1180-12)
सरब रंग इक रंग माहि ॥

ਸਰਬ ਸੁਖਾ ਸੁਖ ਹਰਿ ਕੈ ਨਾਇ ॥ (1180-12)
सरब सुखा सुख हरि कै नाइ ॥

ਤਿਸਹਿ ਪਰਾਪਤਿ ਇਹੁ ਨਿਧਾਨੁ ॥ (1180-12)
तिसहि परापति इहु निधानु ॥

ਨਾਨਕ ਗੁਰੁ ਜਿਸੁ ਕਰੇ ਦਾਨੁ ॥੪॥੨॥ (1180-13)
नानक गुरु जिसु करे दानु ॥४॥२॥

ਬਸੰਤੁ ਮਹਲਾ ੫ ॥ (1180-13)
बसंतु महला ५ ॥

ਤਿਸੁ ਬਸੰਤੁ ਜਿਸੁ ਪ੍ਰਭੁ ਕ੍ਰਿਪਾਲੁ ॥ (1180-13)
तिसु बसंतु जिसु प्रभु क्रिपालु ॥

ਤਿਸੁ ਬਸੰਤੁ ਜਿਸੁ ਗੁਰੁ ਦਇਆਲੁ ॥ (1180-13)
तिसु बसंतु जिसु गुरु दइआलु ॥

ਮੰਗਲੁ ਤਿਸ ਕੈ ਜਿਸੁ ਏਕੁ ਕਾਮੁ ॥ (1180-14)
मंगलु तिस कै जिसु एकु कामु ॥

ਤਿਸੁ ਸਦ ਬਸੰਤੁ ਜਿਸੁ ਰਿਦੈ ਨਾਮੁ ॥੧॥ (1180-14)
तिसु सद बसंतु जिसु रिदै नामु ॥१॥

ਗ੍ਰਿਹਿ ਤਾ ਕੇ ਬਸੰਤੁ ਗਨੀ ॥ (1180-14)
ग्रिहि ता के बसंतु गनी ॥

ਜਾ ਕੈ ਕੀਰਤਨੁ ਹਰਿ ਧੁਨੀ ॥੧॥ ਰਹਾਉ ॥ (1180-15)
जा कै कीरतनु हरि धुनी ॥१॥ रहाउ ॥

ਪ੍ਰੀਤਿ ਪਾਰਬ੍ਰਹਮ ਮਉਲਿ ਮਨਾ ॥ (1180-15)
प्रीति पारब्रहम मउलि मना ॥

ਗਿਆਨੁ ਕਮਾਈਐ ਪੂਛਿ ਜਨਾਂ ॥ (1180-15)
गिआनु कमाईऐ पूछि जनां ॥

ਸੋ ਤਪਸੀ ਜਿਸੁ ਸਾਧਸੰਗੁ ॥ (1180-16)
सो तपसी जिसु साधसंगु ॥

ਸਦ ਧਿਆਨੀ ਜਿਸੁ ਗੁਰਹਿ ਰੰਗੁ ॥੨॥ (1180-16)
सद धिआनी जिसु गुरहि रंगु ॥२॥

ਸੇ ਨਿਰਭਉ ਜਿਨ੍ਹ ਭਉ ਪਇਆ ॥ (1180-16)
से निरभउ जिन्ह भउ पइआ ॥

ਸੋ ਸੁਖੀਆ ਜਿਸੁ ਭ੍ਰਮੁ ਗਇਆ ॥ (1180-17)
सो सुखीआ जिसु भ्रमु गइआ ॥

ਸੋ ਇਕਾਂਤੀ ਜਿਸੁ ਰਿਦਾ ਥਾਇ ॥ (1180-17)
सो इकांती जिसु रिदा थाइ ॥

ਸੋਈ ਨਿਹਚਲੁ ਸਾਚ ਠਾਇ ॥੩॥ (1180-17)
सोई निहचलु साच ठाइ ॥३॥

ਏਕਾ ਖੋਜੈ ਏਕ ਪ੍ਰੀਤਿ ॥ (1180-18)
एका खोजै एक प्रीति ॥

ਦਰਸਨ ਪਰਸਨ ਹੀਤ ਚੀਤਿ ॥ (1180-18)
दरसन परसन हीत चीति ॥

ਹਰਿ ਰੰਗ ਰੰਗਾ ਸਹਜਿ ਮਾਣੁ ॥ (1180-18)
हरि रंग रंगा सहजि माणु ॥

ਨਾਨਕ ਦਾਸ ਤਿਸੁ ਜਨ ਕੁਰਬਾਣੁ ॥੪॥੩॥ (1180-18)
नानक दास तिसु जन कुरबाणु ॥४॥३॥

ਬਸੰਤੁ ਮਹਲਾ ੫ ॥ (1181-1)
बसंतु महला ५ ॥

ਜੀਅ ਪ੍ਰਾਣ ਤੁਮ੍ਹ ਪਿੰਡ ਦੀਨ੍ਹ ॥ (1181-1)
जीअ प्राण तुम्ह पिंड दीन्ह ॥

ਮੁਗਧ ਸੁੰਦਰ ਧਾਰਿ ਜੋਤਿ ਕੀਨ੍ਹ ॥ (1181-1)
मुगध सुंदर धारि जोति कीन्ह ॥

ਸਭਿ ਜਾਚਿਕ ਪ੍ਰਭ ਤੁਮ੍ਹ ਦਇਆਲ ॥ (1181-1)
सभि जाचिक प्रभ तुम्ह दइआल ॥

ਨਾਮੁ ਜਪਤ ਹੋਵਤ ਨਿਹਾਲ ॥੧॥ (1181-2)
नामु जपत होवत निहाल ॥१॥

ਮੇਰੇ ਪ੍ਰੀਤਮ ਕਾਰਣ ਕਰਣ ਜੋਗ ॥ (1181-2)
मेरे प्रीतम कारण करण जोग ॥

ਹਉ ਪਾਵਉ ਤੁਮ ਤੇ ਸਗਲ ਥੋਕ ॥੧॥ ਰਹਾਉ ॥ (1181-2)
हउ पावउ तुम ते सगल थोक ॥१॥ रहाउ ॥

ਨਾਮੁ ਜਪਤ ਹੋਵਤ ਉਧਾਰ ॥ (1181-3)
नामु जपत होवत उधार ॥

ਨਾਮੁ ਜਪਤ ਸੁਖ ਸਹਜ ਸਾਰ ॥ (1181-3)
नामु जपत सुख सहज सार ॥

ਨਾਮੁ ਜਪਤ ਪਤਿ ਸੋਭਾ ਹੋਇ ॥ (1181-3)
नामु जपत पति सोभा होइ ॥

ਨਾਮੁ ਜਪਤ ਬਿਘਨੁ ਨਾਹੀ ਕੋਇ ॥੨॥ (1181-4)
नामु जपत बिघनु नाही कोइ ॥२॥

ਜਾ ਕਾਰਣਿ ਇਹ ਦੁਲਭ ਦੇਹ ॥ (1181-4)
जा कारणि इह दुलभ देह ॥

ਸੋ ਬੋਲੁ ਮੇਰੇ ਪ੍ਰਭੂ ਦੇਹਿ ॥ (1181-4)
सो बोलु मेरे प्रभू देहि ॥

ਸਾਧਸੰਗਤਿ ਮਹਿ ਇਹੁ ਬਿਸ੍ਰਾਮੁ ॥ (1181-5)
साधसंगति महि इहु बिस्रामु ॥

ਸਦਾ ਰਿਦੈ ਜਪੀ ਪ੍ਰਭ ਤੇਰੋ ਨਾਮੁ ॥੩॥ (1181-5)
सदा रिदै जपी प्रभ तेरो नामु ॥३॥

ਤੁਝ ਬਿਨੁ ਦੂਜਾ ਕੋਇ ਨਾਹਿ ॥ (1181-5)
तुझ बिनु दूजा कोइ नाहि ॥

ਸਭੁ ਤੇਰੋ ਖੇਲੁ ਤੁਝ ਮਹਿ ਸਮਾਹਿ ॥ (1181-6)
सभु तेरो खेलु तुझ महि समाहि ॥

ਜਿਉ ਭਾਵੈ ਤਿਉ ਰਾਖਿ ਲੇ ॥ (1181-6)
जिउ भावै तिउ राखि ले ॥

ਸੁਖੁ ਨਾਨਕ ਪੂਰਾ ਗੁਰੁ ਮਿਲੇ ॥੪॥੪॥ (1181-6)
सुखु नानक पूरा गुरु मिले ॥४॥४॥

ਬਸੰਤੁ ਮਹਲਾ ੫ ॥ (1181-7)
बसंतु महला ५ ॥

ਪ੍ਰਭ ਪ੍ਰੀਤਮ ਮੇਰੈ ਸੰਗਿ ਰਾਇ ॥ (1181-7)
प्रभ प्रीतम मेरै संगि राइ ॥

ਜਿਸਹਿ ਦੇਖਿ ਹਉ ਜੀਵਾ ਮਾਇ ॥ (1181-7)
जिसहि देखि हउ जीवा माइ ॥

ਜਾ ਕੈ ਸਿਮਰਨਿ ਦੁਖੁ ਨ ਹੋਇ ॥ (1181-7)
जा कै सिमरनि दुखु न होइ ॥

ਕਰਿ ਦਇਆ ਮਿਲਾਵਹੁ ਤਿਸਹਿ ਮੋਹਿ ॥੧॥ (1181-8)
करि दइआ मिलावहु तिसहि मोहि ॥१॥

ਮੇਰੇ ਪ੍ਰੀਤਮ ਪ੍ਰਾਨ ਅਧਾਰ ਮਨ ॥ (1181-8)
मेरे प्रीतम प्रान अधार मन ॥

ਜੀਉ ਪ੍ਰਾਨ ਸਭੁ ਤੇਰੋ ਧਨ ॥੧॥ ਰਹਾਉ ॥ (1181-8)
जीउ प्रान सभु तेरो धन ॥१॥ रहाउ ॥

ਜਾ ਕਉ ਖੋਜਹਿ ਸੁਰਿ ਨਰ ਦੇਵ ॥ (1181-9)
जा कउ खोजहि सुरि नर देव ॥

ਮੁਨਿ ਜਨ ਸੇਖ ਨ ਲਹਹਿ ਭੇਵ ॥ (1181-9)
मुनि जन सेख न लहहि भेव ॥

ਜਾ ਕੀ ਗਤਿ ਮਿਤਿ ਕਹੀ ਨ ਜਾਇ ॥ (1181-9)
जा की गति मिति कही न जाइ ॥

ਘਟਿ ਘਟਿ ਘਟਿ ਘਟਿ ਰਹਿਆ ਸਮਾਇ ॥੨॥ (1181-10)
घटि घटि घटि घटि रहिआ समाइ ॥२॥

ਜਾ ਕੇ ਭਗਤ ਆਨੰਦ ਮੈ ॥ (1181-10)
जा के भगत आनंद मै ॥

ਜਾ ਕੇ ਭਗਤ ਕਉ ਨਾਹੀ ਖੈ ॥ (1181-10)
जा के भगत कउ नाही खै ॥

ਜਾ ਕੇ ਭਗਤ ਕਉ ਨਾਹੀ ਭੈ ॥ (1181-11)
जा के भगत कउ नाही भै ॥

ਜਾ ਕੇ ਭਗਤ ਕਉ ਸਦਾ ਜੈ ॥੩॥ (1181-11)
जा के भगत कउ सदा जै ॥३॥

ਕਉਨ ਉਪਮਾ ਤੇਰੀ ਕਹੀ ਜਾਇ ॥ (1181-11)
कउन उपमा तेरी कही जाइ ॥

ਸੁਖਦਾਤਾ ਪ੍ਰਭੁ ਰਹਿਓ ਸਮਾਇ ॥ (1181-11)
सुखदाता प्रभु रहिओ समाइ ॥

ਨਾਨਕੁ ਜਾਚੈ ਏਕੁ ਦਾਨੁ ॥ (1181-12)
नानकु जाचै एकु दानु ॥

ਕਰਿ ਕਿਰਪਾ ਮੋਹਿ ਦੇਹੁ ਨਾਮੁ ॥੪॥੫॥ (1181-12)
करि किरपा मोहि देहु नामु ॥४॥५॥

ਬਸੰਤੁ ਮਹਲਾ ੫ ॥ (1181-12)
बसंतु महला ५ ॥

ਮਿਲਿ ਪਾਣੀ ਜਿਉ ਹਰੇ ਬੂਟ ॥ (1181-13)
मिलि पाणी जिउ हरे बूट ॥

ਸਾਧਸੰਗਤਿ ਤਿਉ ਹਉਮੈ ਛੂਟ ॥ (1181-13)
साधसंगति तिउ हउमै छूट ॥

ਜੈਸੀ ਦਾਸੇ ਧੀਰ ਮੀਰ ॥ (1181-13)
जैसी दासे धीर मीर ॥

ਤੈਸੇ ਉਧਾਰਨ ਗੁਰਹ ਪੀਰ ॥੧॥ (1181-13)
तैसे उधारन गुरह पीर ॥१॥

ਤੁਮ ਦਾਤੇ ਪ੍ਰਭ ਦੇਨਹਾਰ ॥ (1181-14)
तुम दाते प्रभ देनहार ॥

ਨਿਮਖ ਨਿਮਖ ਤਿਸੁ ਨਮਸਕਾਰ ॥੧॥ ਰਹਾਉ ॥ (1181-14)
निमख निमख तिसु नमसकार ॥१॥ रहाउ ॥

ਜਿਸਹਿ ਪਰਾਪਤਿ ਸਾਧਸੰਗੁ ॥ (1181-14)
जिसहि परापति साधसंगु ॥

ਤਿਸੁ ਜਨ ਲਾਗਾ ਪਾਰਬ੍ਰਹਮ ਰੰਗੁ ॥ (1181-15)
तिसु जन लागा पारब्रहम रंगु ॥

ਤੇ ਬੰਧਨ ਤੇ ਭਏ ਮੁਕਤਿ ॥ (1181-15)
ते बंधन ते भए मुकति ॥

ਭਗਤ ਅਰਾਧਹਿ ਜੋਗ ਜੁਗਤਿ ॥੨॥ (1181-15)
भगत अराधहि जोग जुगति ॥२॥

ਨੇਤ੍ਰ ਸੰਤੋਖੇ ਦਰਸੁ ਪੇਖਿ ॥ (1181-16)
नेत्र संतोखे दरसु पेखि ॥

ਰਸਨਾ ਗਾਏ ਗੁਣ ਅਨੇਕ ॥ (1181-16)
रसना गाए गुण अनेक ॥

ਤ੍ਰਿਸਨਾ ਬੂਝੀ ਗੁਰ ਪ੍ਰਸਾਦਿ ॥ (1181-16)
त्रिसना बूझी गुर प्रसादि ॥

ਮਨੁ ਆਘਾਨਾ ਹਰਿ ਰਸਹਿ ਸੁਆਦਿ ॥੩॥ (1181-16)
मनु आघाना हरि रसहि सुआदि ॥३॥

ਸੇਵਕੁ ਲਾਗੋ ਚਰਣ ਸੇਵ ॥ (1181-17)
सेवकु लागो चरण सेव ॥

ਆਦਿ ਪੁਰਖ ਅਪਰੰਪਰ ਦੇਵ ॥ (1181-17)
आदि पुरख अपर्मपर देव ॥

ਸਗਲ ਉਧਾਰਣ ਤੇਰੋ ਨਾਮੁ ॥ (1181-17)
सगल उधारण तेरो नामु ॥

ਨਾਨਕ ਪਾਇਓ ਇਹੁ ਨਿਧਾਨੁ ॥੪॥੬॥ (1181-18)
नानक पाइओ इहु निधानु ॥४॥६॥

ਬਸੰਤੁ ਮਹਲਾ ੫ ॥ (1181-18)
बसंतु महला ५ ॥

ਤੁਮ ਬਡ ਦਾਤੇ ਦੇ ਰਹੇ ॥ (1181-18)
तुम बड दाते दे रहे ॥

ਜੀਅ ਪ੍ਰਾਣ ਮਹਿ ਰਵਿ ਰਹੇ ॥ (1181-19)
जीअ प्राण महि रवि रहे ॥

ਦੀਨੇ ਸਗਲੇ ਭੋਜਨ ਖਾਨ ॥ (1181-19)
दीने सगले भोजन खान ॥

ਮੋਹਿ ਨਿਰਗੁਨ ਇਕੁ ਗੁਨੁ ਨ ਜਾਨ ॥੧॥ (1181-19)
मोहि निरगुन इकु गुनु न जान ॥१॥

ਹਉ ਕਛੂ ਨ ਜਾਨਉ ਤੇਰੀ ਸਾਰ ॥ (1181-19)
हउ कछू न जानउ तेरी सार ॥

ਤੂ ਕਰਿ ਗਤਿ ਮੇਰੀ ਪ੍ਰਭ ਦਇਆਰ ॥੧॥ ਰਹਾਉ ॥ (1182-1)
तू करि गति मेरी प्रभ दइआर ॥१॥ रहाउ ॥

ਜਾਪ ਨ ਤਾਪ ਨ ਕਰਮ ਕੀਤਿ ॥ (1182-1)
जाप न ताप न करम कीति ॥

ਆਵੈ ਨਾਹੀ ਕਛੂ ਰੀਤਿ ॥ (1182-2)
आवै नाही कछू रीति ॥

ਮਨ ਮਹਿ ਰਾਖਉ ਆਸ ਏਕ ॥ (1182-2)
मन महि राखउ आस एक ॥

ਨਾਮ ਤੇਰੇ ਕੀ ਤਰਉ ਟੇਕ ॥੨॥ (1182-2)
नाम तेरे की तरउ टेक ॥२॥

ਸਰਬ ਕਲਾ ਪ੍ਰਭ ਤੁਮ੍ਹ ਪ੍ਰਬੀਨ ॥ (1182-2)
सरब कला प्रभ तुम्ह प्रबीन ॥

ਅੰਤੁ ਨ ਪਾਵਹਿ ਜਲਹਿ ਮੀਨ ॥ (1182-3)
अंतु न पावहि जलहि मीन ॥

ਅਗਮ ਅਗਮ ਊਚਹ ਤੇ ਊਚ ॥ (1182-3)
अगम अगम ऊचह ते ऊच ॥

ਹਮ ਥੋਰੇ ਤੁਮ ਬਹੁਤ ਮੂਚ ॥੩॥ (1182-3)
हम थोरे तुम बहुत मूच ॥३॥

ਜਿਨ ਤੂ ਧਿਆਇਆ ਸੇ ਗਨੀ ॥ (1182-4)
जिन तू धिआइआ से गनी ॥

ਜਿਨ ਤੂ ਪਾਇਆ ਸੇ ਧਨੀ ॥ (1182-4)
जिन तू पाइआ से धनी ॥

ਜਿਨਿ ਤੂ ਸੇਵਿਆ ਸੁਖੀ ਸੇ ॥ (1182-4)
जिनि तू सेविआ सुखी से ॥

ਸੰਤ ਸਰਣਿ ਨਾਨਕ ਪਰੇ ॥੪॥੭॥ (1182-4)
संत सरणि नानक परे ॥४॥७॥

ਬਸੰਤੁ ਮਹਲਾ ੫ ॥ (1182-5)
बसंतु महला ५ ॥

ਤਿਸੁ ਤੂ ਸੇਵਿ ਜਿਨਿ ਤੂ ਕੀਆ ॥ (1182-5)
तिसु तू सेवि जिनि तू कीआ ॥

ਤਿਸੁ ਅਰਾਧਿ ਜਿਨਿ ਜੀਉ ਦੀਆ ॥ (1182-5)
तिसु अराधि जिनि जीउ दीआ ॥

ਤਿਸ ਕਾ ਚਾਕਰੁ ਹੋਹਿ ਫਿਰਿ ਡਾਨੁ ਨ ਲਾਗੈ ॥ (1182-6)
तिस का चाकरु होहि फिरि डानु न लागै ॥

ਤਿਸ ਕੀ ਕਰਿ ਪੋਤਦਾਰੀ ਫਿਰਿ ਦੂਖੁ ਨ ਲਾਗੈ ॥੧॥ (1182-6)
तिस की करि पोतदारी फिरि दूखु न लागै ॥१॥

ਏਵਡ ਭਾਗ ਹੋਹਿ ਜਿਸੁ ਪ੍ਰਾਣੀ ॥ (1182-6)
एवड भाग होहि जिसु प्राणी ॥

ਸੋ ਪਾਏ ਇਹੁ ਪਦੁ ਨਿਰਬਾਣੀ ॥੧॥ ਰਹਾਉ ॥ (1182-7)
सो पाए इहु पदु निरबाणी ॥१॥ रहाउ ॥

ਦੂਜੀ ਸੇਵਾ ਜੀਵਨੁ ਬਿਰਥਾ ॥ (1182-7)
दूजी सेवा जीवनु बिरथा ॥

ਕਛੂ ਨ ਹੋਈ ਹੈ ਪੂਰਨ ਅਰਥਾ ॥ (1182-7)
कछू न होई है पूरन अरथा ॥

ਮਾਣਸ ਸੇਵਾ ਖਰੀ ਦੁਹੇਲੀ ॥ (1182-8)
माणस सेवा खरी दुहेली ॥

ਸਾਧ ਕੀ ਸੇਵਾ ਸਦਾ ਸੁਹੇਲੀ ॥੨॥ (1182-8)
साध की सेवा सदा सुहेली ॥२॥

ਜੇ ਲੋੜਹਿ ਸਦਾ ਸੁਖੁ ਭਾਈ ॥ (1182-8)
जे लोड़हि सदा सुखु भाई ॥

ਸਾਧੂ ਸੰਗਤਿ ਗੁਰਹਿ ਬਤਾਈ ॥ (1182-9)
साधू संगति गुरहि बताई ॥

ਊਹਾ ਜਪੀਐ ਕੇਵਲ ਨਾਮ ॥ (1182-9)
ऊहा जपीऐ केवल नाम ॥

ਸਾਧੂ ਸੰਗਤਿ ਪਾਰਗਰਾਮ ॥੩॥ (1182-9)
साधू संगति पारगराम ॥३॥

ਸਗਲ ਤਤ ਮਹਿ ਤਤੁ ਗਿਆਨੁ ॥ (1182-9)
सगल तत महि ततु गिआनु ॥

ਸਰਬ ਧਿਆਨ ਮਹਿ ਏਕੁ ਧਿਆਨੁ ॥ (1182-10)
सरब धिआन महि एकु धिआनु ॥

ਹਰਿ ਕੀਰਤਨ ਮਹਿ ਊਤਮ ਧੁਨਾ ॥ (1182-10)
हरि कीरतन महि ऊतम धुना ॥

ਨਾਨਕ ਗੁਰ ਮਿਲਿ ਗਾਇ ਗੁਨਾ ॥੪॥੮॥ (1182-10)
नानक गुर मिलि गाइ गुना ॥४॥८॥

ਬਸੰਤੁ ਮਹਲਾ ੫ ॥ (1182-11)
बसंतु महला ५ ॥

ਜਿਸੁ ਬੋਲਤ ਮੁਖੁ ਪਵਿਤੁ ਹੋਇ ॥ (1182-11)
जिसु बोलत मुखु पवितु होइ ॥

ਜਿਸੁ ਸਿਮਰਤ ਨਿਰਮਲ ਹੈ ਸੋਇ ॥ (1182-11)
जिसु सिमरत निरमल है सोइ ॥

ਜਿਸੁ ਅਰਾਧੇ ਜਮੁ ਕਿਛੁ ਨ ਕਹੈ ॥ (1182-12)
जिसु अराधे जमु किछु न कहै ॥

ਜਿਸ ਕੀ ਸੇਵਾ ਸਭੁ ਕਿਛੁ ਲਹੈ ॥੧॥ (1182-12)
जिस की सेवा सभु किछु लहै ॥१॥

ਰਾਮ ਰਾਮ ਬੋਲਿ ਰਾਮ ਰਾਮ ॥ (1182-12)
राम राम बोलि राम राम ॥

ਤਿਆਗਹੁ ਮਨ ਕੇ ਸਗਲ ਕਾਮ ॥੧॥ ਰਹਾਉ ॥ (1182-13)
तिआगहु मन के सगल काम ॥१॥ रहाउ ॥

ਜਿਸ ਕੇ ਧਾਰੇ ਧਰਣਿ ਅਕਾਸੁ ॥ (1182-13)
जिस के धारे धरणि अकासु ॥

ਘਟਿ ਘਟਿ ਜਿਸ ਕਾ ਹੈ ਪ੍ਰਗਾਸੁ ॥ (1182-13)
घटि घटि जिस का है प्रगासु ॥

ਜਿਸੁ ਸਿਮਰਤ ਪਤਿਤ ਪੁਨੀਤ ਹੋਇ ॥ (1182-14)
जिसु सिमरत पतित पुनीत होइ ॥

ਅੰਤ ਕਾਲਿ ਫਿਰਿ ਫਿਰਿ ਨ ਰੋਇ ॥੨॥ (1182-14)
अंत कालि फिरि फिरि न रोइ ॥२॥

ਸਗਲ ਧਰਮ ਮਹਿ ਊਤਮ ਧਰਮ ॥ (1182-14)
सगल धरम महि ऊतम धरम ॥

ਕਰਮ ਕਰਤੂਤਿ ਕੈ ਊਪਰਿ ਕਰਮ ॥ (1182-15)
करम करतूति कै ऊपरि करम ॥

ਜਿਸ ਕਉ ਚਾਹਹਿ ਸੁਰਿ ਨਰ ਦੇਵ ॥ (1182-15)
जिस कउ चाहहि सुरि नर देव ॥

ਸੰਤ ਸਭਾ ਕੀ ਲਗਹੁ ਸੇਵ ॥੩॥ (1182-15)
संत सभा की लगहु सेव ॥३॥

ਆਦਿ ਪੁਰਖਿ ਜਿਸੁ ਕੀਆ ਦਾਨੁ ॥ (1182-16)
आदि पुरखि जिसु कीआ दानु ॥

ਤਿਸ ਕਉ ਮਿਲਿਆ ਹਰਿ ਨਿਧਾਨੁ ॥ (1182-16)
तिस कउ मिलिआ हरि निधानु ॥

ਤਿਸ ਕੀ ਗਤਿ ਮਿਤਿ ਕਹੀ ਨ ਜਾਇ ॥ (1182-16)
तिस की गति मिति कही न जाइ ॥

ਨਾਨਕ ਜਨ ਹਰਿ ਹਰਿ ਧਿਆਇ ॥੪॥੯॥ (1182-17)
नानक जन हरि हरि धिआइ ॥४॥९॥

ਬਸੰਤੁ ਮਹਲਾ ੫ ॥ (1182-17)
बसंतु महला ५ ॥

ਮਨ ਤਨ ਭੀਤਰਿ ਲਾਗੀ ਪਿਆਸ ॥ (1182-17)
मन तन भीतरि लागी पिआस ॥

ਗੁਰਿ ਦਇਆਲਿ ਪੂਰੀ ਮੇਰੀ ਆਸ ॥ (1182-18)
गुरि दइआलि पूरी मेरी आस ॥

ਕਿਲਵਿਖ ਕਾਟੇ ਸਾਧਸੰਗਿ ॥ (1182-18)
किलविख काटे साधसंगि ॥

ਨਾਮੁ ਜਪਿਓ ਹਰਿ ਨਾਮ ਰੰਗਿ ॥੧॥ (1182-18)
नामु जपिओ हरि नाम रंगि ॥१॥

ਗੁਰ ਪਰਸਾਦਿ ਬਸੰਤੁ ਬਨਾ ॥ (1182-19)
गुर परसादि बसंतु बना ॥

ਚਰਨ ਕਮਲ ਹਿਰਦੈ ਉਰਿ ਧਾਰੇ ਸਦਾ ਸਦਾ ਹਰਿ ਜਸੁ ਸੁਨਾ ॥੧॥ ਰਹਾਉ ॥ (1182-19)
चरन कमल हिरदै उरि धारे सदा सदा हरि जसु सुना ॥१॥ रहाउ ॥

ਸਮਰਥ ਸੁਆਮੀ ਕਾਰਣ ਕਰਣ ॥ (1183-1)
समरथ सुआमी कारण करण ॥

ਮੋਹਿ ਅਨਾਥ ਪ੍ਰਭ ਤੇਰੀ ਸਰਣ ॥ (1183-1)
मोहि अनाथ प्रभ तेरी सरण ॥

ਜੀਅ ਜੰਤ ਤੇਰੇ ਆਧਾਰਿ ॥ (1183-1)
जीअ जंत तेरे आधारि ॥

ਕਰਿ ਕਿਰਪਾ ਪ੍ਰਭ ਲੇਹਿ ਨਿਸਤਾਰਿ ॥੨॥ (1183-1)
करि किरपा प्रभ लेहि निसतारि ॥२॥

ਭਵ ਖੰਡਨ ਦੁਖ ਨਾਸ ਦੇਵ ॥ (1183-2)
भव खंडन दुख नास देव ॥

ਸੁਰਿ ਨਰ ਮੁਨਿ ਜਨ ਤਾ ਕੀ ਸੇਵ ॥ (1183-2)
सुरि नर मुनि जन ता की सेव ॥

ਧਰਣਿ ਅਕਾਸੁ ਜਾ ਕੀ ਕਲਾ ਮਾਹਿ ॥ (1183-2)
धरणि अकासु जा की कला माहि ॥

ਤੇਰਾ ਦੀਆ ਸਭਿ ਜੰਤ ਖਾਹਿ ॥੩॥ (1183-3)
तेरा दीआ सभि जंत खाहि ॥३॥

ਅੰਤਰਜਾਮੀ ਪ੍ਰਭ ਦਇਆਲ ॥ (1183-3)
अंतरजामी प्रभ दइआल ॥

ਅਪਣੇ ਦਾਸ ਕਉ ਨਦਰਿ ਨਿਹਾਲਿ ॥ (1183-3)
अपणे दास कउ नदरि निहालि ॥

ਕਰਿ ਕਿਰਪਾ ਮੋਹਿ ਦੇਹੁ ਦਾਨੁ ॥ (1183-4)
करि किरपा मोहि देहु दानु ॥

ਜਪਿ ਜੀਵੈ ਨਾਨਕੁ ਤੇਰੋ ਨਾਮੁ ॥੪॥੧੦॥ (1183-4)
जपि जीवै नानकु तेरो नामु ॥४॥१०॥

ਬਸੰਤੁ ਮਹਲਾ ੫ ॥ (1183-4)
बसंतु महला ५ ॥

ਰਾਮ ਰੰਗਿ ਸਭ ਗਏ ਪਾਪ ॥ (1183-5)
राम रंगि सभ गए पाप ॥

ਰਾਮ ਜਪਤ ਕਛੁ ਨਹੀ ਸੰਤਾਪ ॥ (1183-5)
राम जपत कछु नही संताप ॥

ਗੋਬਿੰਦ ਜਪਤ ਸਭਿ ਮਿਟੇ ਅੰਧੇਰ ॥ (1183-5)
गोबिंद जपत सभि मिटे अंधेर ॥

ਹਰਿ ਸਿਮਰਤ ਕਛੁ ਨਾਹਿ ਫੇਰ ॥੧॥ (1183-5)
हरि सिमरत कछु नाहि फेर ॥१॥

ਬਸੰਤੁ ਹਮਾਰੈ ਰਾਮ ਰੰਗੁ ॥ (1183-6)
बसंतु हमारै राम रंगु ॥

ਸੰਤ ਜਨਾ ਸਿਉ ਸਦਾ ਸੰਗੁ ॥੧॥ ਰਹਾਉ ॥ (1183-6)
संत जना सिउ सदा संगु ॥१॥ रहाउ ॥

ਸੰਤ ਜਨੀ ਕੀਆ ਉਪਦੇਸੁ ॥ (1183-7)
संत जनी कीआ उपदेसु ॥

ਜਹ ਗੋਬਿੰਦ ਭਗਤੁ ਸੋ ਧੰਨਿ ਦੇਸੁ ॥ (1183-7)
जह गोबिंद भगतु सो धंनि देसु ॥

ਹਰਿ ਭਗਤਿਹੀਨ ਉਦਿਆਨ ਥਾਨੁ ॥ (1183-7)
हरि भगतिहीन उदिआन थानु ॥

ਗੁਰ ਪ੍ਰਸਾਦਿ ਘਟਿ ਘਟਿ ਪਛਾਨੁ ॥੨॥ (1183-8)
गुर प्रसादि घटि घटि पछानु ॥२॥

ਹਰਿ ਕੀਰਤਨ ਰਸ ਭੋਗ ਰੰਗੁ ॥ (1183-8)
हरि कीरतन रस भोग रंगु ॥

ਮਨ ਪਾਪ ਕਰਤ ਤੂ ਸਦਾ ਸੰਗੁ ॥ (1183-8)
मन पाप करत तू सदा संगु ॥

ਨਿਕਟਿ ਪੇਖੁ ਪ੍ਰਭੁ ਕਰਣਹਾਰ ॥ (1183-9)
निकटि पेखु प्रभु करणहार ॥

ਈਤ ਊਤ ਪ੍ਰਭ ਕਾਰਜ ਸਾਰ ॥੩॥ (1183-9)
ईत ऊत प्रभ कारज सार ॥३॥

ਚਰਨ ਕਮਲ ਸਿਉ ਲਾਗੋ ਧਿਆਨੁ ॥ (1183-9)
चरन कमल सिउ लागो धिआनु ॥

ਕਰਿ ਕਿਰਪਾ ਪ੍ਰਭਿ ਕੀਨੋ ਦਾਨੁ ॥ (1183-10)
करि किरपा प्रभि कीनो दानु ॥

ਤੇਰਿਆ ਸੰਤ ਜਨਾ ਕੀ ਬਾਛਉ ਧੂਰਿ ॥ (1183-10)
तेरिआ संत जना की बाछउ धूरि ॥

ਜਪਿ ਨਾਨਕ ਸੁਆਮੀ ਸਦ ਹਜੂਰਿ ॥੪॥੧੧॥ (1183-10)
जपि नानक सुआमी सद हजूरि ॥४॥११॥

ਬਸੰਤੁ ਮਹਲਾ ੫ ॥ (1183-11)
बसंतु महला ५ ॥

ਸਚੁ ਪਰਮੇਸਰੁ ਨਿਤ ਨਵਾ ॥ (1183-11)
सचु परमेसरु नित नवा ॥

ਗੁਰ ਕਿਰਪਾ ਤੇ ਨਿਤ ਚਵਾ ॥ (1183-11)
गुर किरपा ते नित चवा ॥

ਪ੍ਰਭ ਰਖਵਾਲੇ ਮਾਈ ਬਾਪ ॥ (1183-11)
प्रभ रखवाले माई बाप ॥

ਜਾ ਕੈ ਸਿਮਰਣਿ ਨਹੀ ਸੰਤਾਪ ॥੧॥ (1183-12)
जा कै सिमरणि नही संताप ॥१॥

ਖਸਮੁ ਧਿਆਈ ਇਕ ਮਨਿ ਇਕ ਭਾਇ ॥ (1183-12)
खसमु धिआई इक मनि इक भाइ ॥

ਗੁਰ ਪੂਰੇ ਕੀ ਸਦਾ ਸਰਣਾਈ ਸਾਚੈ ਸਾਹਿਬਿ ਰਖਿਆ ਕੰਠਿ ਲਾਇ ॥੧॥ ਰਹਾਉ ॥ (1183-12)
गुर पूरे की सदा सरणाई साचै साहिबि रखिआ कंठि लाइ ॥१॥ रहाउ ॥

ਅਪਣੇ ਜਨ ਪ੍ਰਭਿ ਆਪਿ ਰਖੇ ॥ (1183-13)
अपणे जन प्रभि आपि रखे ॥

ਦੁਸਟ ਦੂਤ ਸਭਿ ਭ੍ਰਮਿ ਥਕੇ ॥ (1183-13)
दुसट दूत सभि भ्रमि थके ॥

ਬਿਨੁ ਗੁਰ ਸਾਚੇ ਨਹੀ ਜਾਇ ॥ (1183-14)
बिनु गुर साचे नही जाइ ॥

ਦੁਖੁ ਦੇਸ ਦਿਸੰਤਰਿ ਰਹੇ ਧਾਇ ॥੨॥ (1183-14)
दुखु देस दिसंतरि रहे धाइ ॥२॥

ਕਿਰਤੁ ਓਨ੍ਹਾ ਕਾ ਮਿਟਸਿ ਨਾਹਿ ॥ (1183-14)
किरतु ओन्हा का मिटसि नाहि ॥

ਓਇ ਅਪਣਾ ਬੀਜਿਆ ਆਪਿ ਖਾਹਿ ॥ (1183-15)
ओइ अपणा बीजिआ आपि खाहि ॥

ਜਨ ਕਾ ਰਖਵਾਲਾ ਆਪਿ ਸੋਇ ॥ (1183-15)
जन का रखवाला आपि सोइ ॥

ਜਨ ਕਉ ਪਹੁਚਿ ਨ ਸਕਸਿ ਕੋਇ ॥੩॥ (1183-15)
जन कउ पहुचि न सकसि कोइ ॥३॥

ਪ੍ਰਭਿ ਦਾਸ ਰਖੇ ਕਰਿ ਜਤਨੁ ਆਪਿ ॥ (1183-16)
प्रभि दास रखे करि जतनु आपि ॥

ਅਖੰਡ ਪੂਰਨ ਜਾ ਕੋ ਪ੍ਰਤਾਪੁ ॥ (1183-16)
अखंड पूरन जा को प्रतापु ॥

ਗੁਣ ਗੋਬਿੰਦ ਨਿਤ ਰਸਨ ਗਾਇ ॥ (1183-16)
गुण गोबिंद नित रसन गाइ ॥

ਨਾਨਕੁ ਜੀਵੈ ਹਰਿ ਚਰਣ ਧਿਆਇ ॥੪॥੧੨॥ (1183-17)
नानकु जीवै हरि चरण धिआइ ॥४॥१२॥

ਬਸੰਤੁ ਮਹਲਾ ੫ ॥ (1183-17)
बसंतु महला ५ ॥

ਗੁਰ ਚਰਣ ਸਰੇਵਤ ਦੁਖੁ ਗਇਆ ॥ (1183-17)
गुर चरण सरेवत दुखु गइआ ॥

ਪਾਰਬ੍ਰਹਮਿ ਪ੍ਰਭਿ ਕਰੀ ਮਇਆ ॥ (1183-18)
पारब्रहमि प्रभि करी मइआ ॥

ਸਰਬ ਮਨੋਰਥ ਪੂਰਨ ਕਾਮ ॥ (1183-18)
सरब मनोरथ पूरन काम ॥

ਜਪਿ ਜੀਵੈ ਨਾਨਕੁ ਰਾਮ ਨਾਮ ॥੧॥ (1183-18)
जपि जीवै नानकु राम नाम ॥१॥

ਸਾ ਰੁਤਿ ਸੁਹਾਵੀ ਜਿਤੁ ਹਰਿ ਚਿਤਿ ਆਵੈ ॥ (1183-19)
सा रुति सुहावी जितु हरि चिति आवै ॥

ਬਿਨੁ ਸਤਿਗੁਰ ਦੀਸੈ ਬਿਲਲਾਂਤੀ ਸਾਕਤੁ ਫਿਰਿ ਫਿਰਿ ਆਵੈ ਜਾਵੈ ॥੧॥ ਰਹਾਉ ॥ (1183-19)
बिनु सतिगुर दीसै बिललांती साकतु फिरि फिरि आवै जावै ॥१॥ रहाउ ॥

ਸੇ ਧਨਵੰਤ ਜਿਨ ਹਰਿ ਪ੍ਰਭੁ ਰਾਸਿ ॥ (1184-1)
से धनवंत जिन हरि प्रभु रासि ॥

ਕਾਮ ਕ੍ਰੋਧ ਗੁਰ ਸਬਦਿ ਨਾਸਿ ॥ (1184-1)
काम क्रोध गुर सबदि नासि ॥

ਭੈ ਬਿਨਸੇ ਨਿਰਭੈ ਪਦੁ ਪਾਇਆ ॥ (1184-1)
भै बिनसे निरभै पदु पाइआ ॥

ਗੁਰ ਮਿਲਿ ਨਾਨਕਿ ਖਸਮੁ ਧਿਆਇਆ ॥੨॥ (1184-2)
गुर मिलि नानकि खसमु धिआइआ ॥२॥

ਸਾਧਸੰਗਤਿ ਪ੍ਰਭਿ ਕੀਓ ਨਿਵਾਸ ॥ (1184-2)
साधसंगति प्रभि कीओ निवास ॥

ਹਰਿ ਜਪਿ ਜਪਿ ਹੋਈ ਪੂਰਨ ਆਸ ॥ (1184-2)
हरि जपि जपि होई पूरन आस ॥

ਜਲਿ ਥਲਿ ਮਹੀਅਲਿ ਰਵਿ ਰਹਿਆ ॥ (1184-3)
जलि थलि महीअलि रवि रहिआ ॥

ਗੁਰ ਮਿਲਿ ਨਾਨਕਿ ਹਰਿ ਹਰਿ ਕਹਿਆ ॥੩॥ (1184-3)
गुर मिलि नानकि हरि हरि कहिआ ॥३॥

ਅਸਟ ਸਿਧਿ ਨਵ ਨਿਧਿ ਏਹ ॥ (1184-4)
असट सिधि नव निधि एह ॥

ਕਰਮਿ ਪਰਾਪਤਿ ਜਿਸੁ ਨਾਮੁ ਦੇਹ ॥ (1184-4)
करमि परापति जिसु नामु देह ॥

ਪ੍ਰਭ ਜਪਿ ਜਪਿ ਜੀਵਹਿ ਤੇਰੇ ਦਾਸ ॥ (1184-4)
प्रभ जपि जपि जीवहि तेरे दास ॥

ਗੁਰ ਮਿਲਿ ਨਾਨਕ ਕਮਲ ਪ੍ਰਗਾਸ ॥੪॥੧੩॥ (1184-5)
गुर मिलि नानक कमल प्रगास ॥४॥१३॥

ਬਸੰਤੁ ਮਹਲਾ ੫ ਘਰੁ ੧ ਇਕ ਤੁਕੇ (1184-6)
बसंतु महला ५ घरु १ इक तुके

ੴ ਸਤਿਗੁਰ ਪ੍ਰਸਾਦਿ ॥ (1184-6)
ੴ सतिगुर प्रसादि ॥

ਸਗਲ ਇਛਾ ਜਪਿ ਪੁੰਨੀਆ ॥ (1184-7)
सगल इछा जपि पुंनीआ ॥

ਪ੍ਰਭਿ ਮੇਲੇ ਚਿਰੀ ਵਿਛੁੰਨਿਆ ॥੧॥ (1184-7)
प्रभि मेले चिरी विछुंनिआ ॥१॥

ਤੁਮ ਰਵਹੁ ਗੋਬਿੰਦੈ ਰਵਣ ਜੋਗੁ ॥ (1184-7)
तुम रवहु गोबिंदै रवण जोगु ॥

ਜਿਤੁ ਰਵਿਐ ਸੁਖ ਸਹਜ ਭੋਗੁ ॥੧॥ ਰਹਾਉ ॥ (1184-7)
जितु रविऐ सुख सहज भोगु ॥१॥ रहाउ ॥

ਕਰਿ ਕਿਰਪਾ ਨਦਰਿ ਨਿਹਾਲਿਆ ॥ (1184-8)
करि किरपा नदरि निहालिआ ॥

ਅਪਣਾ ਦਾਸੁ ਆਪਿ ਸਮ੍ਹ੍ਹਾਲਿਆ ॥੨॥ (1184-8)
अपणा दासु आपि सम्हालिआ ॥२॥

ਸੇਜ ਸੁਹਾਵੀ ਰਸਿ ਬਨੀ ॥ (1184-9)
सेज सुहावी रसि बनी ॥

ਆਇ ਮਿਲੇ ਪ੍ਰਭ ਸੁਖ ਧਨੀ ॥੩॥ (1184-9)
आइ मिले प्रभ सुख धनी ॥३॥

ਮੇਰਾ ਗੁਣੁ ਅਵਗਣੁ ਨ ਬੀਚਾਰਿਆ ॥ (1184-9)
मेरा गुणु अवगणु न बीचारिआ ॥

ਪ੍ਰਭ ਨਾਨਕ ਚਰਣ ਪੂਜਾਰਿਆ ॥੪॥੧॥੧੪॥ (1184-10)
प्रभ नानक चरण पूजारिआ ॥४॥१॥१४॥

ਬਸੰਤੁ ਮਹਲਾ ੫ ॥ (1184-10)
बसंतु महला ५ ॥

ਕਿਲਬਿਖ ਬਿਨਸੇ ਗਾਇ ਗੁਨਾ ॥ (1184-10)
किलबिख बिनसे गाइ गुना ॥

ਅਨਦਿਨ ਉਪਜੀ ਸਹਜ ਧੁਨਾ ॥੧॥ (1184-10)
अनदिन उपजी सहज धुना ॥१॥

ਮਨੁ ਮਉਲਿਓ ਹਰਿ ਚਰਨ ਸੰਗਿ ॥ (1184-11)
मनु मउलिओ हरि चरन संगि ॥

ਕਰਿ ਕਿਰਪਾ ਸਾਧੂ ਜਨ ਭੇਟੇ ਨਿਤ ਰਾਤੌ ਹਰਿ ਨਾਮ ਰੰਗਿ ॥੧॥ ਰਹਾਉ ॥ (1184-11)
करि किरपा साधू जन भेटे नित रातौ हरि नाम रंगि ॥१॥ रहाउ ॥

ਕਰਿ ਕਿਰਪਾ ਪ੍ਰਗਟੇ ਗੁੋਪਾਲ ॥ (1184-12)
करि किरपा प्रगटे गुोपाल ॥

ਲੜਿ ਲਾਇ ਉਧਾਰੇ ਦੀਨ ਦਇਆਲ ॥੨॥ (1184-12)
लड़ि लाइ उधारे दीन दइआल ॥२॥

ਇਹੁ ਮਨੁ ਹੋਆ ਸਾਧ ਧੂਰਿ ॥ (1184-12)
इहु मनु होआ साध धूरि ॥

ਨਿਤ ਦੇਖੈ ਸੁਆਮੀ ਹਜੂਰਿ ॥੩॥ (1184-13)
नित देखै सुआमी हजूरि ॥३॥

ਕਾਮ ਕ੍ਰੋਧ ਤ੍ਰਿਸਨਾ ਗਈ ॥ (1184-13)
काम क्रोध त्रिसना गई ॥

ਨਾਨਕ ਪ੍ਰਭ ਕਿਰਪਾ ਭਈ ॥੪॥੨॥੧੫॥ (1184-13)
नानक प्रभ किरपा भई ॥४॥२॥१५॥

ਬਸੰਤੁ ਮਹਲਾ ੫ ॥ (1184-14)
बसंतु महला ५ ॥

ਰੋਗ ਮਿਟਾਏ ਪ੍ਰਭੂ ਆਪਿ ॥ (1184-14)
रोग मिटाए प्रभू आपि ॥

ਬਾਲਕ ਰਾਖੇ ਅਪਨੇ ਕਰ ਥਾਪਿ ॥੧॥ (1184-14)
बालक राखे अपने कर थापि ॥१॥

ਸਾਂਤਿ ਸਹਜ ਗ੍ਰਿਹਿ ਸਦ ਬਸੰਤੁ ॥ (1184-15)
सांति सहज ग्रिहि सद बसंतु ॥

ਗੁਰ ਪੂਰੇ ਕੀ ਸਰਣੀ ਆਏ ਕਲਿਆਣ ਰੂਪ ਜਪਿ ਹਰਿ ਹਰਿ ਮੰਤੁ ॥੧॥ ਰਹਾਉ ॥ (1184-15)
गुर पूरे की सरणी आए कलिआण रूप जपि हरि हरि मंतु ॥१॥ रहाउ ॥

ਸੋਗ ਸੰਤਾਪ ਕਟੇ ਪ੍ਰਭਿ ਆਪਿ ॥ (1184-16)
सोग संताप कटे प्रभि आपि ॥

ਗੁਰ ਅਪੁਨੇ ਕਉ ਨਿਤ ਨਿਤ ਜਾਪਿ ॥੨॥ (1184-16)
गुर अपुने कउ नित नित जापि ॥२॥

ਜੋ ਜਨੁ ਤੇਰਾ ਜਪੇ ਨਾਉ ॥ (1184-16)
जो जनु तेरा जपे नाउ ॥

ਸਭਿ ਫਲ ਪਾਏ ਨਿਹਚਲ ਗੁਣ ਗਾਉ ॥੩॥ (1184-17)
सभि फल पाए निहचल गुण गाउ ॥३॥

ਨਾਨਕ ਭਗਤਾ ਭਲੀ ਰੀਤਿ ॥ (1184-17)
नानक भगता भली रीति ॥

ਸੁਖਦਾਤਾ ਜਪਦੇ ਨੀਤ ਨੀਤਿ ॥੪॥੩॥੧੬॥ (1184-17)
सुखदाता जपदे नीत नीति ॥४॥३॥१६॥

ਬਸੰਤੁ ਮਹਲਾ ੫ ॥ (1184-18)
बसंतु महला ५ ॥

ਹੁਕਮੁ ਕਰਿ ਕੀਨ੍ਹੇ ਨਿਹਾਲ ॥ (1184-18)
हुकमु करि कीन्हे निहाल ॥

ਅਪਨੇ ਸੇਵਕ ਕਉ ਭਇਆ ਦਇਆਲੁ ॥੧॥ (1184-18)
अपने सेवक कउ भइआ दइआलु ॥१॥

ਗੁਰਿ ਪੂਰੈ ਸਭੁ ਪੂਰਾ ਕੀਆ ॥ (1184-19)
गुरि पूरै सभु पूरा कीआ ॥

ਅੰਮ੍ਰਿਤ ਨਾਮੁ ਰਿਦ ਮਹਿ ਦੀਆ ॥੧॥ ਰਹਾਉ ॥ (1184-19)
अमृत नामु रिद महि दीआ ॥१॥ रहाउ ॥

ਕਰਮੁ ਧਰਮੁ ਮੇਰਾ ਕਛੁ ਨ ਬੀਚਾਰਿਓ ॥ (1184-19)
करमु धरमु मेरा कछु न बीचारिओ ॥

ਬਾਹ ਪਕਰਿ ਭਵਜਲੁ ਨਿਸਤਾਰਿਓ ॥੨॥ (1185-1)
बाह पकरि भवजलु निसतारिओ ॥२॥

ਪ੍ਰਭਿ ਕਾਟਿ ਮੈਲੁ ਨਿਰਮਲ ਕਰੇ ॥ (1185-1)
प्रभि काटि मैलु निरमल करे ॥

ਗੁਰ ਪੂਰੇ ਕੀ ਸਰਣੀ ਪਰੇ ॥੩॥ (1185-1)
गुर पूरे की सरणी परे ॥३॥

ਆਪਿ ਕਰਹਿ ਆਪਿ ਕਰਣੈਹਾਰੇ ॥ (1185-2)
आपि करहि आपि करणैहारे ॥

ਕਰਿ ਕਿਰਪਾ ਨਾਨਕ ਉਧਾਰੇ ॥੪॥੪॥੧੭॥ (1185-2)
करि किरपा नानक उधारे ॥४॥४॥१७॥

ਬਸੰਤੁ ਮਹਲਾ ੫ (1185-3)
बसंतु महला ५

ੴ ਸਤਿਗੁਰ ਪ੍ਰਸਾਦਿ ॥ (1185-3)
ੴ सतिगुर प्रसादि ॥

ਦੇਖੁ ਫੂਲ ਫੂਲ ਫੂਲੇ ॥ (1185-4)
देखु फूल फूल फूले ॥

ਅਹੰ ਤਿਆਗਿ ਤਿਆਗੇ ॥ (1185-4)
अहं तिआगि तिआगे ॥

ਚਰਨ ਕਮਲ ਪਾਗੇ ॥ (1185-4)
चरन कमल पागे ॥

ਤੁਮ ਮਿਲਹੁ ਪ੍ਰਭ ਸਭਾਗੇ ॥ (1185-4)
तुम मिलहु प्रभ सभागे ॥

ਹਰਿ ਚੇਤਿ ਮਨ ਮੇਰੇ ॥ ਰਹਾਉ ॥ (1185-4)
हरि चेति मन मेरे ॥ रहाउ ॥

ਸਘਨ ਬਾਸੁ ਕੂਲੇ ॥ (1185-5)
सघन बासु कूले ॥

ਇਕਿ ਰਹੇ ਸੂਕਿ ਕਠੂਲੇ ॥ (1185-5)
इकि रहे सूकि कठूले ॥

ਬਸੰਤ ਰੁਤਿ ਆਈ ॥ (1185-5)
बसंत रुति आई ॥

ਪਰਫੂਲਤਾ ਰਹੇ ॥੧॥ (1185-5)
परफूलता रहे ॥१॥

ਅਬ ਕਲੂ ਆਇਓ ਰੇ ॥ (1185-6)
अब कलू आइओ रे ॥

ਇਕੁ ਨਾਮੁ ਬੋਵਹੁ ਬੋਵਹੁ ॥ (1185-6)
इकु नामु बोवहु बोवहु ॥

ਅਨ ਰੂਤਿ ਨਾਹੀ ਨਾਹੀ ॥ (1185-6)
अन रूति नाही नाही ॥

ਮਤੁ ਭਰਮਿ ਭੂਲਹੁ ਭੂਲਹੁ ॥ (1185-6)
मतु भरमि भूलहु भूलहु ॥

ਗੁਰ ਮਿਲੇ ਹਰਿ ਪਾਏ ॥ (1185-7)
गुर मिले हरि पाए ॥

ਜਿਸੁ ਮਸਤਕਿ ਹੈ ਲੇਖਾ ॥ (1185-7)
जिसु मसतकि है लेखा ॥

ਮਨ ਰੁਤਿ ਨਾਮ ਰੇ ॥ (1185-7)
मन रुति नाम रे ॥

ਗੁਨ ਕਹੇ ਨਾਨਕ ਹਰਿ ਹਰੇ ਹਰਿ ਹਰੇ ॥੨॥੧੮॥ (1185-7)
गुन कहे नानक हरि हरे हरि हरे ॥२॥१८॥

ਬਸੰਤੁ ਮਹਲਾ ੫ ਘਰੁ ੨ ਹਿੰਡੋਲ (1185-9)
बसंतु महला ५ घरु २ हिंडोल

ੴ ਸਤਿਗੁਰ ਪ੍ਰਸਾਦਿ ॥ (1185-9)
ੴ सतिगुर प्रसादि ॥

ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥ (1185-10)
होइ इकत्र मिलहु मेरे भाई दुबिधा दूरि करहु लिव लाइ ॥

ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥੧॥ (1185-10)
हरि नामै के होवहु जोड़ी गुरमुखि बैसहु सफा विछाइ ॥१॥

ਇਨ੍ਹ ਬਿਧਿ ਪਾਸਾ ਢਾਲਹੁ ਬੀਰ ॥ (1185-11)
इन्ह बिधि पासा ढालहु बीर ॥

ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ ਅੰਤ ਕਾਲਿ ਨਹ ਲਾਗੈ ਪੀਰ ॥੧॥ ਰਹਾਉ ॥ (1185-11)
गुरमुखि नामु जपहु दिनु राती अंत कालि नह लागै पीर ॥१॥ रहाउ ॥

ਕਰਮ ਧਰਮ ਤੁਮ੍ਹ ਚਉਪੜਿ ਸਾਜਹੁ ਸਤੁ ਕਰਹੁ ਤੁਮ੍ਹ ਸਾਰੀ ॥ (1185-12)
करम धरम तुम्ह चउपड़ि साजहु सतु करहु तुम्ह सारी ॥

ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ ॥੨॥ (1185-12)
कामु क्रोधु लोभु मोहु जीतहु ऐसी खेल हरि पिआरी ॥२॥

ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ ॥ (1185-13)
उठि इसनानु करहु परभाते सोए हरि आराधे ॥

ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ ॥੩॥ (1185-13)
बिखड़े दाउ लंघावै मेरा सतिगुरु सुख सहज सेती घरि जाते ॥३॥

ਹਰਿ ਆਪੇ ਖੇਲੈ ਆਪੇ ਦੇਖੈ ਹਰਿ ਆਪੇ ਰਚਨੁ ਰਚਾਇਆ ॥ (1185-14)
हरि आपे खेलै आपे देखै हरि आपे रचनु रचाइआ ॥

ਜਨ ਨਾਨਕ ਗੁਰਮੁਖਿ ਜੋ ਨਰੁ ਖੇਲੈ ਸੋ ਜਿਣਿ ਬਾਜੀ ਘਰਿ ਆਇਆ ॥੪॥੧॥੧੯॥ (1185-15)
जन नानक गुरमुखि जो नरु खेलै सो जिणि बाजी घरि आइआ ॥४॥१॥१९॥

ਬਸੰਤੁ ਮਹਲਾ ੫ ਹਿੰਡੋਲ ॥ (1185-16)
बसंतु महला ५ हिंडोल ॥

ਤੇਰੀ ਕੁਦਰਤਿ ਤੂਹੈ ਜਾਣਹਿ ਅਉਰੁ ਨ ਦੂਜਾ ਜਾਣੈ ॥ (1185-16)
तेरी कुदरति तूहै जाणहि अउरु न दूजा जाणै ॥

ਜਿਸ ਨੋ ਕ੍ਰਿਪਾ ਕਰਹਿ ਮੇਰੇ ਪਿਆਰੇ ਸੋਈ ਤੁਝੈ ਪਛਾਣੈ ॥੧॥ (1185-16)
जिस नो क्रिपा करहि मेरे पिआरे सोई तुझै पछाणै ॥१॥

ਤੇਰਿਆ ਭਗਤਾ ਕਉ ਬਲਿਹਾਰਾ ॥ (1185-17)
तेरिआ भगता कउ बलिहारा ॥

ਥਾਨੁ ਸੁਹਾਵਾ ਸਦਾ ਪ੍ਰਭ ਤੇਰਾ ਰੰਗ ਤੇਰੇ ਆਪਾਰਾ ॥੧॥ ਰਹਾਉ ॥ (1185-17)
थानु सुहावा सदा प्रभ तेरा रंग तेरे आपारा ॥१॥ रहाउ ॥

ਤੇਰੀ ਸੇਵਾ ਤੁਝ ਤੇ ਹੋਵੈ ਅਉਰੁ ਨ ਦੂਜਾ ਕਰਤਾ ॥ (1185-18)
तेरी सेवा तुझ ते होवै अउरु न दूजा करता ॥

ਭਗਤੁ ਤੇਰਾ ਸੋਈ ਤੁਧੁ ਭਾਵੈ ਜਿਸ ਨੋ ਤੂ ਰੰਗੁ ਧਰਤਾ ॥੨॥ (1185-18)
भगतु तेरा सोई तुधु भावै जिस नो तू रंगु धरता ॥२॥

ਤੂ ਵਡ ਦਾਤਾ ਤੂ ਵਡ ਦਾਨਾ ਅਉਰੁ ਨਹੀ ਕੋ ਦੂਜਾ ॥ (1186-1)
तू वड दाता तू वड दाना अउरु नही को दूजा ॥

ਤੂ ਸਮਰਥੁ ਸੁਆਮੀ ਮੇਰਾ ਹਉ ਕਿਆ ਜਾਣਾ ਤੇਰੀ ਪੂਜਾ ॥੩॥ (1186-1)
तू समरथु सुआमी मेरा हउ किआ जाणा तेरी पूजा ॥३॥

ਤੇਰਾ ਮਹਲੁ ਅਗੋਚਰੁ ਮੇਰੇ ਪਿਆਰੇ ਬਿਖਮੁ ਤੇਰਾ ਹੈ ਭਾਣਾ ॥ (1186-2)
तेरा महलु अगोचरु मेरे पिआरे बिखमु तेरा है भाणा ॥

ਕਹੁ ਨਾਨਕ ਢਹਿ ਪਇਆ ਦੁਆਰੈ ਰਖਿ ਲੇਵਹੁ ਮੁਗਧ ਅਜਾਣਾ ॥੪॥੨॥੨੦॥ (1186-2)
कहु नानक ढहि पइआ दुआरै रखि लेवहु मुगध अजाणा ॥४॥२॥२०॥

ਬਸੰਤੁ ਹਿੰਡੋਲ ਮਹਲਾ ੫ ॥ (1186-3)
बसंतु हिंडोल महला ५ ॥

ਮੂਲੁ ਨ ਬੂਝੈ ਆਪੁ ਨ ਸੂਝੈ ਭਰਮਿ ਬਿਆਪੀ ਅਹੰ ਮਨੀ ॥੧॥ (1186-3)
मूलु न बूझै आपु न सूझै भरमि बिआपी अहं मनी ॥१॥

ਪਿਤਾ ਪਾਰਬ੍ਰਹਮ ਪ੍ਰਭ ਧਨੀ ॥ (1186-4)
पिता पारब्रहम प्रभ धनी ॥

ਮੋਹਿ ਨਿਸਤਾਰਹੁ ਨਿਰਗੁਨੀ ॥੧॥ ਰਹਾਉ ॥ (1186-4)
मोहि निसतारहु निरगुनी ॥१॥ रहाउ ॥

ਓਪਤਿ ਪਰਲਉ ਪ੍ਰਭ ਤੇ ਹੋਵੈ ਇਹ ਬੀਚਾਰੀ ਹਰਿ ਜਨੀ ॥੨॥ (1186-5)
ओपति परलउ प्रभ ते होवै इह बीचारी हरि जनी ॥२॥

ਨਾਮ ਪ੍ਰਭੂ ਕੇ ਜੋ ਰੰਗਿ ਰਾਤੇ ਕਲਿ ਮਹਿ ਸੁਖੀਏ ਸੇ ਗਨੀ ॥੩॥ (1186-5)
नाम प्रभू के जो रंगि राते कलि महि सुखीए से गनी ॥३॥

ਅਵਰੁ ਉਪਾਉ ਨ ਕੋਈ ਸੂਝੈ ਨਾਨਕ ਤਰੀਐ ਗੁਰ ਬਚਨੀ ॥੪॥੩॥੨੧॥ (1186-6)
अवरु उपाउ न कोई सूझै नानक तरीऐ गुर बचनी ॥४॥३॥२१॥

ੴ ਸਤਿਗੁਰ ਪ੍ਰਸਾਦਿ ॥ (1186-7)
ੴ सतिगुर प्रसादि ॥

ਰਾਗੁ ਬਸੰਤੁ ਹਿੰਡੋਲ ਮਹਲਾ ੯ ॥ (1186-7)
रागु बसंतु हिंडोल महला ९ ॥

ਸਾਧੋ ਇਹੁ ਤਨੁ ਮਿਥਿਆ ਜਾਨਉ ॥ (1186-7)
साधो इहु तनु मिथिआ जानउ ॥

ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ ॥੧॥ ਰਹਾਉ ॥ (1186-7)
या भीतरि जो रामु बसतु है साचो ताहि पछानो ॥१॥ रहाउ ॥

ਇਹੁ ਜਗੁ ਹੈ ਸੰਪਤਿ ਸੁਪਨੇ ਕੀ ਦੇਖਿ ਕਹਾ ਐਡਾਨੋ ॥ (1186-8)
इहु जगु है स्मपति सुपने की देखि कहा ऐडानो ॥

ਸੰਗਿ ਤਿਹਾਰੈ ਕਛੂ ਨ ਚਾਲੈ ਤਾਹਿ ਕਹਾ ਲਪਟਾਨੋ ॥੧॥ (1186-9)
संगि तिहारै कछू न चालै ताहि कहा लपटानो ॥१॥

ਉਸਤਤਿ ਨਿੰਦਾ ਦੋਊ ਪਰਹਰਿ ਹਰਿ ਕੀਰਤਿ ਉਰਿ ਆਨੋ ॥ (1186-9)
उसतति निंदा दोऊ परहरि हरि कीरति उरि आनो ॥

ਜਨ ਨਾਨਕ ਸਭ ਹੀ ਮੈ ਪੂਰਨ ਏਕ ਪੁਰਖ ਭਗਵਾਨੋ ॥੨॥੧॥ (1186-10)
जन नानक सभ ही मै पूरन एक पुरख भगवानो ॥२॥१॥

ਬਸੰਤੁ ਮਹਲਾ ੯ ॥ (1186-10)
बसंतु महला ९ ॥

ਪਾਪੀ ਹੀਐ ਮੈ ਕਾਮੁ ਬਸਾਇ ॥ (1186-10)
पापी हीऐ मै कामु बसाइ ॥

ਮਨੁ ਚੰਚਲੁ ਯਾ ਤੇ ਗਹਿਓ ਨ ਜਾਇ ॥੧॥ ਰਹਾਉ ॥ (1186-11)
मनु चंचलु या ते गहिओ न जाइ ॥१॥ रहाउ ॥

ਜੋਗੀ ਜੰਗਮ ਅਰੁ ਸੰਨਿਆਸ ॥ (1186-11)
जोगी जंगम अरु संनिआस ॥

ਸਭ ਹੀ ਪਰਿ ਡਾਰੀ ਇਹ ਫਾਸ ॥੧॥ (1186-11)
सभ ही परि डारी इह फास ॥१॥

ਜਿਹਿ ਜਿਹਿ ਹਰਿ ਕੋ ਨਾਮੁ ਸਮ੍ਹਾਰਿ ॥ (1186-12)
जिहि जिहि हरि को नामु सम्हारि ॥

ਤੇ ਭਵ ਸਾਗਰ ਉਤਰੇ ਪਾਰਿ ॥੨॥ (1186-12)
ते भव सागर उतरे पारि ॥२॥

ਜਨ ਨਾਨਕ ਹਰਿ ਕੀ ਸਰਨਾਇ ॥ (1186-12)
जन नानक हरि की सरनाइ ॥

ਦੀਜੈ ਨਾਮੁ ਰਹੈ ਗੁਨ ਗਾਇ ॥੩॥੨॥ (1186-13)
दीजै नामु रहै गुन गाइ ॥३॥२॥

ਬਸੰਤੁ ਮਹਲਾ ੯ ॥ (1186-13)
बसंतु महला ९ ॥

ਮਾਈ ਮੈ ਧਨੁ ਪਾਇਓ ਹਰਿ ਨਾਮੁ ॥ (1186-13)
माई मै धनु पाइओ हरि नामु ॥

ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥੧॥ ਰਹਾਉ ॥ (1186-13)
मनु मेरो धावन ते छूटिओ करि बैठो बिसरामु ॥१॥ रहाउ ॥

ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ ॥ (1186-14)
माइआ ममता तन ते भागी उपजिओ निरमल गिआनु ॥

ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ ॥੧॥ (1186-14)
लोभ मोह एह परसि न साकै गही भगति भगवान ॥१॥

ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ ॥ (1186-15)
जनम जनम का संसा चूका रतनु नामु जब पाइआ ॥

ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ ॥੨॥ (1186-16)
त्रिसना सकल बिनासी मन ते निज सुख माहि समाइआ ॥२॥

ਜਾ ਕਉ ਹੋਤ ਦਇਆਲੁ ਕਿਰਪਾ ਨਿਧਿ ਸੋ ਗੋਬਿੰਦ ਗੁਨ ਗਾਵੈ ॥ (1186-16)
जा कउ होत दइआलु किरपा निधि सो गोबिंद गुन गावै ॥

ਕਹੁ ਨਾਨਕ ਇਹ ਬਿਧਿ ਕੀ ਸੰਪੈ ਕੋਊ ਗੁਰਮੁਖਿ ਪਾਵੈ ॥੩॥੩॥ (1186-17)
कहु नानक इह बिधि की स्मपै कोऊ गुरमुखि पावै ॥३॥३॥

ਬਸੰਤੁ ਮਹਲਾ ੯ ॥ (1186-17)
बसंतु महला ९ ॥

ਮਨ ਕਹਾ ਬਿਸਾਰਿਓ ਰਾਮ ਨਾਮੁ ॥ (1186-17)
मन कहा बिसारिओ राम नामु ॥

ਤਨੁ ਬਿਨਸੈ ਜਮ ਸਿਉ ਪਰੈ ਕਾਮੁ ॥੧॥ ਰਹਾਉ ॥ (1186-18)
तनु बिनसै जम सिउ परै कामु ॥१॥ रहाउ ॥

ਇਹੁ ਜਗੁ ਧੂਏ ਕਾ ਪਹਾਰ ॥ (1186-18)
इहु जगु धूए का पहार ॥

ਤੈ ਸਾਚਾ ਮਾਨਿਆ ਕਿਹ ਬਿਚਾਰਿ ॥੧॥ (1187-1)
तै साचा मानिआ किह बिचारि ॥१॥

ਧਨੁ ਦਾਰਾ ਸੰਪਤਿ ਗ੍ਰੇਹ ॥ (1187-1)
धनु दारा स्मपति ग्रेह ॥

ਕਛੁ ਸੰਗਿ ਨ ਚਾਲੈ ਸਮਝ ਲੇਹ ॥੨॥ (1187-1)
कछु संगि न चालै समझ लेह ॥२॥

ਇਕ ਭਗਤਿ ਨਾਰਾਇਨ ਹੋਇ ਸੰਗਿ ॥ (1187-2)
इक भगति नाराइन होइ संगि ॥

ਕਹੁ ਨਾਨਕ ਭਜੁ ਤਿਹ ਏਕ ਰੰਗਿ ॥੩॥੪॥ (1187-2)
कहु नानक भजु तिह एक रंगि ॥३॥४॥

ਬਸੰਤੁ ਮਹਲਾ ੯ ॥ (1187-2)
बसंतु महला ९ ॥

ਕਹਾ ਭੂਲਿਓ ਰੇ ਝੂਠੇ ਲੋਭ ਲਾਗ ॥ (1187-2)
कहा भूलिओ रे झूठे लोभ लाग ॥

ਕਛੁ ਬਿਗਰਿਓ ਨਾਹਿਨ ਅਜਹੁ ਜਾਗ ॥੧॥ ਰਹਾਉ ॥ (1187-3)
कछु बिगरिओ नाहिन अजहु जाग ॥१॥ रहाउ ॥

ਸਮ ਸੁਪਨੈ ਕੈ ਇਹੁ ਜਗੁ ਜਾਨੁ ॥ (1187-3)
सम सुपनै कै इहु जगु जानु ॥

ਬਿਨਸੈ ਛਿਨ ਮੈ ਸਾਚੀ ਮਾਨੁ ॥੧॥ (1187-4)
बिनसै छिन मै साची मानु ॥१॥

ਸੰਗਿ ਤੇਰੈ ਹਰਿ ਬਸਤ ਨੀਤ ॥ (1187-4)
संगि तेरै हरि बसत नीत ॥

ਨਿਸ ਬਾਸੁਰ ਭਜੁ ਤਾਹਿ ਮੀਤ ॥੨॥ (1187-4)
निस बासुर भजु ताहि मीत ॥२॥

ਬਾਰ ਅੰਤ ਕੀ ਹੋਇ ਸਹਾਇ ॥ (1187-5)
बार अंत की होइ सहाइ ॥

ਕਹੁ ਨਾਨਕ ਗੁਨ ਤਾ ਕੇ ਗਾਇ ॥੩॥੫॥ (1187-5)
कहु नानक गुन ता के गाइ ॥३॥५॥

ਬਸੰਤੁ ਮਹਲਾ ੧ ਅਸਟਪਦੀਆ ਘਰੁ ੧ ਦੁਤੁਕੀਆ (1187-6)
बसंतु महला १ असटपदीआ घरु १ दुतुकीआ

ੴ ਸਤਿਗੁਰ ਪ੍ਰਸਾਦਿ ॥ (1187-6)
ੴ सतिगुर प्रसादि ॥

ਜਗੁ ਕਊਆ ਨਾਮੁ ਨਹੀ ਚੀਤਿ ॥ (1187-7)
जगु कऊआ नामु नही चीति ॥

ਨਾਮੁ ਬਿਸਾਰਿ ਗਿਰੈ ਦੇਖੁ ਭੀਤਿ ॥ (1187-7)
नामु बिसारि गिरै देखु भीति ॥

ਮਨੂਆ ਡੋਲੈ ਚੀਤਿ ਅਨੀਤਿ ॥ (1187-7)
मनूआ डोलै चीति अनीति ॥

ਜਗ ਸਿਉ ਤੂਟੀ ਝੂਠ ਪਰੀਤਿ ॥੧॥ (1187-7)
जग सिउ तूटी झूठ परीति ॥१॥

ਕਾਮੁ ਕ੍ਰੋਧੁ ਬਿਖੁ ਬਜਰੁ ਭਾਰੁ ॥ (1187-8)
कामु क्रोधु बिखु बजरु भारु ॥

ਨਾਮ ਬਿਨਾ ਕੈਸੇ ਗੁਨ ਚਾਰੁ ॥੧॥ ਰਹਾਉ ॥ (1187-8)
नाम बिना कैसे गुन चारु ॥१॥ रहाउ ॥

ਘਰੁ ਬਾਲੂ ਕਾ ਘੂਮਨ ਘੇਰਿ ॥ (1187-8)
घरु बालू का घूमन घेरि ॥

ਬਰਖਸਿ ਬਾਣੀ ਬੁਦਬੁਦਾ ਹੇਰਿ ॥ (1187-9)
बरखसि बाणी बुदबुदा हेरि ॥

ਮਾਤ੍ਰ ਬੂੰਦ ਤੇ ਧਰਿ ਚਕ੍ਰ ਫੇਰਿ ॥ (1187-9)
मात्र बूंद ते धरि चकु फेरि ॥

ਸਰਬ ਜੋਤਿ ਨਾਮੈ ਕੀ ਚੇਰਿ ॥੨॥ (1187-9)
सरब जोति नामै की चेरि ॥२॥

ਸਰਬ ਉਪਾਇ ਗੁਰੂ ਸਿਰਿ ਮੋਰੁ ॥ (1187-10)
सरब उपाइ गुरू सिरि मोरु ॥

ਭਗਤਿ ਕਰਉ ਪਗ ਲਾਗਉ ਤੋਰ ॥ (1187-10)
भगति करउ पग लागउ तोर ॥

ਨਾਮਿ ਰਤੋ ਚਾਹਉ ਤੁਝ ਓਰੁ ॥ (1187-10)
नामि रतो चाहउ तुझ ओरु ॥

ਨਾਮੁ ਦੁਰਾਇ ਚਲੈ ਸੋ ਚੋਰੁ ॥੩॥ (1187-11)
नामु दुराइ चलै सो चोरु ॥३॥

ਪਤਿ ਖੋਈ ਬਿਖੁ ਅੰਚਲਿ ਪਾਇ ॥ (1187-11)
पति खोई बिखु अंचलि पाइ ॥

ਸਾਚ ਨਾਮਿ ਰਤੋ ਪਤਿ ਸਿਉ ਘਰਿ ਜਾਇ ॥ (1187-11)
साच नामि रतो पति सिउ घरि जाइ ॥

ਜੋ ਕਿਛੁ ਕੀਨ੍ਹਸਿ ਪ੍ਰਭੁ ਰਜਾਇ ॥ (1187-12)
जो किछु कीन्हसि प्रभु रजाइ ॥

ਭੈ ਮਾਨੈ ਨਿਰਭਉ ਮੇਰੀ ਮਾਇ ॥੪॥ (1187-12)
भै मानै निरभउ मेरी माइ ॥४॥

ਕਾਮਨਿ ਚਾਹੈ ਸੁੰਦਰਿ ਭੋਗੁ ॥ (1187-12)
कामनि चाहै सुंदरि भोगु ॥

ਪਾਨ ਫੂਲ ਮੀਠੇ ਰਸ ਰੋਗ ॥ (1187-12)
पान फूल मीठे रस रोग ॥

ਖੀਲੈ ਬਿਗਸੈ ਤੇਤੋ ਸੋਗ ॥ (1187-13)
खीलै बिगसै तेतो सोग ॥

ਪ੍ਰਭ ਸਰਣਾਗਤਿ ਕੀਨ੍ਹਸਿ ਹੋਗ ॥੫॥ (1187-13)
प्रभ सरणागति कीन्हसि होग ॥५॥

ਕਾਪੜੁ ਪਹਿਰਸਿ ਅਧਿਕੁ ਸੀਗਾਰੁ ॥ (1187-13)
कापड़ु पहिरसि अधिकु सीगारु ॥

ਮਾਟੀ ਫੂਲੀ ਰੂਪੁ ਬਿਕਾਰੁ ॥ (1187-14)
माटी फूली रूपु बिकारु ॥

ਆਸਾ ਮਨਸਾ ਬਾਂਧੋ ਬਾਰੁ ॥ (1187-14)
आसा मनसा बांधो बारु ॥

ਨਾਮ ਬਿਨਾ ਸੂਨਾ ਘਰੁ ਬਾਰੁ ॥੬॥ (1187-14)
नाम बिना सूना घरु बारु ॥६॥

ਗਾਛਹੁ ਪੁਤ੍ਰੀ ਰਾਜ ਕੁਆਰਿ ॥ (1187-15)
गाछहु पुत्री राज कुआरि ॥

ਨਾਮੁ ਭਣਹੁ ਸਚੁ ਦੋਤੁ ਸਵਾਰਿ ॥ (1187-15)
नामु भणहु सचु दोतु सवारि ॥

ਪ੍ਰਿਉ ਸੇਵਹੁ ਪ੍ਰਭ ਪ੍ਰੇਮ ਅਧਾਰਿ ॥ (1187-15)
प्रिउ सेवहु प्रभ प्रेम अधारि ॥

ਗੁਰ ਸਬਦੀ ਬਿਖੁ ਤਿਆਸ ਨਿਵਾਰਿ ॥੭॥ (1187-15)
गुर सबदी बिखु तिआस निवारि ॥७॥

ਮੋਹਨਿ ਮੋਹਿ ਲੀਆ ਮਨੁ ਮੋਹਿ ॥ (1187-16)
मोहनि मोहि लीआ मनु मोहि ॥

ਗੁਰ ਕੈ ਸਬਦਿ ਪਛਾਨਾ ਤੋਹਿ ॥ (1187-16)
गुर कै सबदि पछाना तोहि ॥

ਨਾਨਕ ਠਾਢੇ ਚਾਹਹਿ ਪ੍ਰਭੂ ਦੁਆਰਿ ॥ (1187-16)
नानक ठाढे चाहहि प्रभू दुआरि ॥

ਤੇਰੇ ਨਾਮਿ ਸੰਤੋਖੇ ਕਿਰਪਾ ਧਾਰਿ ॥੮॥੧॥ (1187-17)
तेरे नामि संतोखे किरपा धारि ॥८॥१॥

ਬਸੰਤੁ ਮਹਲਾ ੧ ॥ (1187-17)
बसंतु महला १ ॥

ਮਨੁ ਭੂਲਉ ਭਰਮਸਿ ਆਇ ਜਾਇ ॥ (1187-17)
मनु भूलउ भरमसि आइ जाइ ॥

ਅਤਿ ਲੁਬਧ ਲੁਭਾਨਉ ਬਿਖਮ ਮਾਇ ॥ (1187-18)
अति लुबध लुभानउ बिखम माइ ॥

ਨਹ ਅਸਥਿਰੁ ਦੀਸੈ ਏਕ ਭਾਇ ॥ (1187-18)
नह असथिरु दीसै एक भाइ ॥

ਜਿਉ ਮੀਨ ਕੁੰਡਲੀਆ ਕੰਠਿ ਪਾਇ ॥੧॥ (1187-18)
जिउ मीन कुंडलीआ कंठि पाइ ॥१॥

ਮਨੁ ਭੂਲਉ ਸਮਝਸਿ ਸਾਚ ਨਾਇ ॥ (1187-19)
मनु भूलउ समझसि साच नाइ ॥

ਗੁਰ ਸਬਦੁ ਬੀਚਾਰੇ ਸਹਜ ਭਾਇ ॥੧॥ ਰਹਾਉ ॥ (1187-19)
गुर सबदु बीचारे सहज भाइ ॥१॥ रहाउ ॥

ਮਨੁ ਭੂਲਉ ਭਰਮਸਿ ਭਵਰ ਤਾਰ ॥ (1188-1)
मनु भूलउ भरमसि भवर तार ॥

ਬਿਲ ਬਿਰਥੇ ਚਾਹੈ ਬਹੁ ਬਿਕਾਰ ॥ (1188-1)
बिल बिरथे चाहै बहु बिकार ॥

ਮੈਗਲ ਜਿਉ ਫਾਸਸਿ ਕਾਮਹਾਰ ॥ (1188-1)
मैगल जिउ फाससि कामहार ॥

ਕੜਿ ਬੰਧਨਿ ਬਾਧਿਓ ਸੀਸ ਮਾਰ ॥੨॥ (1188-2)
कड़ि बंधनि बाधिओ सीस मार ॥२॥

ਮਨੁ ਮੁਗਧੌ ਦਾਦਰੁ ਭਗਤਿਹੀਨੁ ॥ (1188-2)
मनु मुगधौ दादरु भगतिहीनु ॥

ਦਰਿ ਭ੍ਰਸਟ ਸਰਾਪੀ ਨਾਮ ਬੀਨੁ ॥ (1188-2)
दरि भ्रसट सरापी नाम बीनु ॥

ਤਾ ਕੈ ਜਾਤਿ ਨ ਪਾਤੀ ਨਾਮ ਲੀਨ ॥ (1188-3)
ता कै जाति न पाती नाम लीन ॥

ਸਭਿ ਦੂਖ ਸਖਾਈ ਗੁਣਹ ਬੀਨ ॥੩॥ (1188-3)
सभि दूख सखाई गुणह बीन ॥३॥

ਮਨੁ ਚਲੈ ਨ ਜਾਈ ਠਾਕਿ ਰਾਖੁ ॥ (1188-3)
मनु चलै न जाई ठाकि राखु ॥

ਬਿਨੁ ਹਰਿ ਰਸ ਰਾਤੇ ਪਤਿ ਨ ਸਾਖੁ ॥ (1188-4)
बिनु हरि रस राते पति न साखु ॥

ਤੂ ਆਪੇ ਸੁਰਤਾ ਆਪਿ ਰਾਖੁ ॥ (1188-4)
तू आपे सुरता आपि राखु ॥

ਧਰਿ ਧਾਰਣ ਦੇਖੈ ਜਾਣੈ ਆਪਿ ॥੪॥ (1188-4)
धरि धारण देखै जाणै आपि ॥४॥

ਆਪਿ ਭੁਲਾਏ ਕਿਸੁ ਕਹਉ ਜਾਇ ॥ (1188-5)
आपि भुलाए किसु कहउ जाइ ॥

ਗੁਰੁ ਮੇਲੇ ਬਿਰਥਾ ਕਹਉ ਮਾਇ ॥ (1188-5)
गुरु मेले बिरथा कहउ माइ ॥

ਅਵਗਣ ਛੋਡਉ ਗੁਣ ਕਮਾਇ ॥ (1188-5)
अवगण छोडउ गुण कमाइ ॥

ਗੁਰ ਸਬਦੀ ਰਾਤਾ ਸਚਿ ਸਮਾਇ ॥੫॥ (1188-6)
गुर सबदी राता सचि समाइ ॥५॥

ਸਤਿਗੁਰ ਮਿਲਿਐ ਮਤਿ ਊਤਮ ਹੋਇ ॥ (1188-6)
सतिगुर मिलिऐ मति ऊतम होइ ॥

ਮਨੁ ਨਿਰਮਲੁ ਹਉਮੈ ਕਢੈ ਧੋਇ ॥ (1188-6)
मनु निरमलु हउमै कढै धोइ ॥

ਸਦਾ ਮੁਕਤੁ ਬੰਧਿ ਨ ਸਕੈ ਕੋਇ ॥ (1188-7)
सदा मुकतु बंधि न सकै कोइ ॥

ਸਦਾ ਨਾਮੁ ਵਖਾਣੈ ਅਉਰੁ ਨ ਕੋਇ ॥੬॥ (1188-7)
सदा नामु वखाणै अउरु न कोइ ॥६॥

ਮਨੁ ਹਰਿ ਕੈ ਭਾਣੈ ਆਵੈ ਜਾਇ ॥ (1188-7)
मनु हरि कै भाणै आवै जाइ ॥

ਸਭ ਮਹਿ ਏਕੋ ਕਿਛੁ ਕਹਣੁ ਨ ਜਾਇ ॥ (1188-8)
सभ महि एको किछु कहणु न जाइ ॥

ਸਭੁ ਹੁਕਮੋ ਵਰਤੈ ਹੁਕਮਿ ਸਮਾਇ ॥ (1188-8)
सभु हुकमो वरतै हुकमि समाइ ॥

ਦੂਖ ਸੂਖ ਸਭ ਤਿਸੁ ਰਜਾਇ ॥੭॥ (1188-8)
दूख सूख सभ तिसु रजाइ ॥७॥

ਤੂ ਅਭੁਲੁ ਨ ਭੂਲੌ ਕਦੇ ਨਾਹਿ ॥ (1188-9)
तू अभुलु न भूलौ कदे नाहि ॥

ਗੁਰ ਸਬਦੁ ਸੁਣਾਏ ਮਤਿ ਅਗਾਹਿ ॥ (1188-9)
गुर सबदु सुणाए मति अगाहि ॥

ਤੂ ਮੋਟਉ ਠਾਕੁਰੁ ਸਬਦ ਮਾਹਿ ॥ (1188-9)
तू मोटउ ठाकुरु सबद माहि ॥

ਮਨੁ ਨਾਨਕ ਮਾਨਿਆ ਸਚੁ ਸਲਾਹਿ ॥੮॥੨॥ (1188-10)
मनु नानक मानिआ सचु सलाहि ॥८॥२॥

ਬਸੰਤੁ ਮਹਲਾ ੧ ॥ (1188-10)
बसंतु महला १ ॥

ਦਰਸਨ ਕੀ ਪਿਆਸ ਜਿਸੁ ਨਰ ਹੋਇ ॥ (1188-10)
दरसन की पिआस जिसु नर होइ ॥

ਏਕਤੁ ਰਾਚੈ ਪਰਹਰਿ ਦੋਇ ॥ (1188-11)
एकतु राचै परहरि दोइ ॥

ਦੂਰਿ ਦਰਦੁ ਮਥਿ ਅੰਮ੍ਰਿਤੁ ਖਾਇ ॥ (1188-11)
दूरि दरदु मथि अमृतु खाइ ॥

ਗੁਰਮੁਖਿ ਬੂਝੈ ਏਕ ਸਮਾਇ ॥੧॥ (1188-11)
गुरमुखि बूझै एक समाइ ॥१॥

ਤੇਰੇ ਦਰਸਨ ਕਉ ਕੇਤੀ ਬਿਲਲਾਇ ॥ (1188-12)
तेरे दरसन कउ केती बिललाइ ॥

ਵਿਰਲਾ ਕੋ ਚੀਨਸਿ ਗੁਰ ਸਬਦਿ ਮਿਲਾਇ ॥੧॥ ਰਹਾਉ ॥ (1188-12)
विरला को चीनसि गुर सबदि मिलाइ ॥१॥ रहाउ ॥

ਬੇਦ ਵਖਾਣਿ ਕਹਹਿ ਇਕੁ ਕਹੀਐ ॥ (1188-12)
बेद वखाणि कहहि इकु कहीऐ ॥

ਓਹੁ ਬੇਅੰਤੁ ਅੰਤੁ ਕਿਨਿ ਲਹੀਐ ॥ (1188-13)
ओहु बेअंतु अंतु किनि लहीऐ ॥

ਏਕੋ ਕਰਤਾ ਜਿਨਿ ਜਗੁ ਕੀਆ ॥ (1188-13)
एको करता जिनि जगु कीआ ॥

ਬਾਝੁ ਕਲਾ ਧਰਿ ਗਗਨੁ ਧਰੀਆ ॥੨॥ (1188-13)
बाझु कला धरि गगनु धरीआ ॥२॥

ਏਕੋ ਗਿਆਨੁ ਧਿਆਨੁ ਧੁਨਿ ਬਾਣੀ ॥ (1188-14)
एको गिआनु धिआनु धुनि बाणी ॥

ਏਕੁ ਨਿਰਾਲਮੁ ਅਕਥ ਕਹਾਣੀ ॥ (1188-14)
एकु निरालमु अकथ कहाणी ॥

ਏਕੋ ਸਬਦੁ ਸਚਾ ਨੀਸਾਣੁ ॥ (1188-14)
एको सबदु सचा नीसाणु ॥

ਪੂਰੇ ਗੁਰ ਤੇ ਜਾਣੈ ਜਾਣੁ ॥੩॥ (1188-15)
पूरे गुर ते जाणै जाणु ॥३॥

ਏਕੋ ਧਰਮੁ ਦ੍ਰਿੜੈ ਸਚੁ ਕੋਈ ॥ (1188-15)
एको धरमु द्रिड़ै सचु कोई ॥

ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥ (1188-15)
गुरमति पूरा जुगि जुगि सोई ॥

ਅਨਹਦਿ ਰਾਤਾ ਏਕ ਲਿਵ ਤਾਰ ॥ (1188-16)
अनहदि राता एक लिव तार ॥

ਓਹੁ ਗੁਰਮੁਖਿ ਪਾਵੈ ਅਲਖ ਅਪਾਰ ॥੪॥ (1188-16)
ओहु गुरमुखि पावै अलख अपार ॥४॥

ਏਕੋ ਤਖਤੁ ਏਕੋ ਪਾਤਿਸਾਹੁ ॥ (1188-16)
एको तखतु एको पातिसाहु ॥

ਸਰਬੀ ਥਾਈ ਵੇਪਰਵਾਹੁ ॥ (1188-17)
सरबी थाई वेपरवाहु ॥

ਤਿਸ ਕਾ ਕੀਆ ਤ੍ਰਿਭਵਣ ਸਾਰੁ ॥ (1188-17)
तिस का कीआ त्रिभवण सारु ॥

ਓਹੁ ਅਗਮੁ ਅਗੋਚਰੁ ਏਕੰਕਾਰੁ ॥੫॥ (1188-17)
ओहु अगमु अगोचरु एकंकारु ॥५॥

ਏਕਾ ਮੂਰਤਿ ਸਾਚਾ ਨਾਉ ॥ (1188-17)
एका मूरति साचा नाउ ॥

ਤਿਥੈ ਨਿਬੜੈ ਸਾਚੁ ਨਿਆਉ ॥ (1188-18)
तिथै निबड़ै साचु निआउ ॥

ਸਾਚੀ ਕਰਣੀ ਪਤਿ ਪਰਵਾਣੁ ॥ (1188-18)
साची करणी पति परवाणु ॥

ਸਾਚੀ ਦਰਗਹ ਪਾਵੈ ਮਾਣੁ ॥੬॥ (1188-18)
साची दरगह पावै माणु ॥६॥

ਏਕਾ ਭਗਤਿ ਏਕੋ ਹੈ ਭਾਉ ॥ (1188-19)
एका भगति एको है भाउ ॥

ਬਿਨੁ ਭੈ ਭਗਤੀ ਆਵਉ ਜਾਉ ॥ (1188-19)
बिनु भै भगती आवउ जाउ ॥

ਗੁਰ ਤੇ ਸਮਝਿ ਰਹੈ ਮਿਹਮਾਣੁ ॥ (1188-19)
गुर ते समझि रहै मिहमाणु ॥

ਹਰਿ ਰਸਿ ਰਾਤਾ ਜਨੁ ਪਰਵਾਣੁ ॥੭॥ (1189-1)
हरि रसि राता जनु परवाणु ॥७॥

ਇਤ ਉਤ ਦੇਖਉ ਸਹਜੇ ਰਾਵਉ ॥ (1189-1)
इत उत देखउ सहजे रावउ ॥

ਤੁਝ ਬਿਨੁ ਠਾਕੁਰ ਕਿਸੈ ਨ ਭਾਵਉ ॥ (1189-1)
तुझ बिनु ठाकुर किसै न भावउ ॥

ਨਾਨਕ ਹਉਮੈ ਸਬਦਿ ਜਲਾਇਆ ॥ (1189-2)
नानक हउमै सबदि जलाइआ ॥

ਸਤਿਗੁਰਿ ਸਾਚਾ ਦਰਸੁ ਦਿਖਾਇਆ ॥੮॥੩॥ (1189-2)
सतिगुरि साचा दरसु दिखाइआ ॥८॥३॥

ਬਸੰਤੁ ਮਹਲਾ ੧ ॥ (1189-2)
बसंतु महला १ ॥

ਚੰਚਲੁ ਚੀਤੁ ਨ ਪਾਵੈ ਪਾਰਾ ॥ (1189-2)
चंचलु चीतु न पावै पारा ॥

ਆਵਤ ਜਾਤ ਨ ਲਾਗੈ ਬਾਰਾ ॥ (1189-3)
आवत जात न लागै बारा ॥

ਦੂਖੁ ਘਣੋ ਮਰੀਐ ਕਰਤਾਰਾ ॥ (1189-3)
दूखु घणो मरीऐ करतारा ॥

ਬਿਨੁ ਪ੍ਰੀਤਮ ਕੋ ਕਰੈ ਨ ਸਾਰਾ ॥੧॥ (1189-3)
बिनु प्रीतम को करै न सारा ॥१॥

ਸਭ ਊਤਮ ਕਿਸੁ ਆਖਉ ਹੀਨਾ ॥ (1189-4)
सभ ऊतम किसु आखउ हीना ॥

ਹਰਿ ਭਗਤੀ ਸਚਿ ਨਾਮਿ ਪਤੀਨਾ ॥੧॥ ਰਹਾਉ ॥ (1189-4)
हरि भगती सचि नामि पतीना ॥१॥ रहाउ ॥

ਅਉਖਧ ਕਰਿ ਥਾਕੀ ਬਹੁਤੇਰੇ ॥ (1189-4)
अउखध करि थाकी बहुतेरे ॥

ਕਿਉ ਦੁਖੁ ਚੂਕੈ ਬਿਨੁ ਗੁਰ ਮੇਰੇ ॥ (1189-5)
किउ दुखु चूकै बिनु गुर मेरे ॥

ਬਿਨੁ ਹਰਿ ਭਗਤੀ ਦੂਖ ਘਣੇਰੇ ॥ (1189-5)
बिनु हरि भगती दूख घणेरे ॥

ਦੁਖ ਸੁਖ ਦਾਤੇ ਠਾਕੁਰ ਮੇਰੇ ॥੨॥ (1189-5)
दुख सुख दाते ठाकुर मेरे ॥२॥

ਰੋਗੁ ਵਡੋ ਕਿਉ ਬਾਂਧਉ ਧੀਰਾ ॥ (1189-6)
रोगु वडो किउ बांधउ धीरा ॥

ਰੋਗੁ ਬੁਝੈ ਸੋ ਕਾਟੈ ਪੀਰਾ ॥ (1189-6)
रोगु बुझै सो काटै पीरा ॥

ਮੈ ਅਵਗਣ ਮਨ ਮਾਹਿ ਸਰੀਰਾ ॥ (1189-6)
मै अवगण मन माहि सरीरा ॥

ਢੂਢਤ ਖੋਜਤ ਗੁਰਿ ਮੇਲੇ ਬੀਰਾ ॥੩॥ (1189-7)
ढूढत खोजत गुरि मेले बीरा ॥३॥

ਗੁਰ ਕਾ ਸਬਦੁ ਦਾਰੂ ਹਰਿ ਨਾਉ ॥ (1189-7)
गुर का सबदु दारू हरि नाउ ॥

ਜਿਉ ਤੂ ਰਾਖਹਿ ਤਿਵੈ ਰਹਾਉ ॥ (1189-7)
जिउ तू राखहि तिवै रहाउ ॥

ਜਗੁ ਰੋਗੀ ਕਹ ਦੇਖਿ ਦਿਖਾਉ ॥ (1189-7)
जगु रोगी कह देखि दिखाउ ॥

ਹਰਿ ਨਿਰਮਾਇਲੁ ਨਿਰਮਲੁ ਨਾਉ ॥੪॥ (1189-8)
हरि निरमाइलु निरमलु नाउ ॥४॥

ਘਰ ਮਹਿ ਘਰੁ ਜੋ ਦੇਖਿ ਦਿਖਾਵੈ ॥ (1189-8)
घर महि घरु जो देखि दिखावै ॥

ਗੁਰ ਮਹਲੀ ਸੋ ਮਹਲਿ ਬੁਲਾਵੈ ॥ (1189-8)
गुर महली सो महलि बुलावै ॥

ਮਨ ਮਹਿ ਮਨੂਆ ਚਿਤ ਮਹਿ ਚੀਤਾ ॥ (1189-9)
मन महि मनूआ चित महि चीता ॥

ਐਸੇ ਹਰਿ ਕੇ ਲੋਗ ਅਤੀਤਾ ॥੫॥ (1189-9)
ऐसे हरि के लोग अतीता ॥५॥

ਹਰਖ ਸੋਗ ਤੇ ਰਹਹਿ ਨਿਰਾਸਾ ॥ (1189-9)
हरख सोग ते रहहि निरासा ॥

ਅੰਮ੍ਰਿਤੁ ਚਾਖਿ ਹਰਿ ਨਾਮਿ ਨਿਵਾਸਾ ॥ (1189-10)
अमृतु चाखि हरि नामि निवासा ॥

ਆਪੁ ਪਛਾਣਿ ਰਹੈ ਲਿਵ ਲਾਗਾ ॥ (1189-10)
आपु पछाणि रहै लिव लागा ॥

ਜਨਮੁ ਜੀਤਿ ਗੁਰਮਤਿ ਦੁਖੁ ਭਾਗਾ ॥੬॥ (1189-10)
जनमु जीति गुरमति दुखु भागा ॥६॥

ਗੁਰਿ ਦੀਆ ਸਚੁ ਅੰਮ੍ਰਿਤੁ ਪੀਵਉ ॥ (1189-11)
गुरि दीआ सचु अमृतु पीवउ ॥

ਸਹਜਿ ਮਰਉ ਜੀਵਤ ਹੀ ਜੀਵਉ ॥ (1189-11)
सहजि मरउ जीवत ही जीवउ ॥

ਅਪਣੋ ਕਰਿ ਰਾਖਹੁ ਗੁਰ ਭਾਵੈ ॥ (1189-12)
अपणो करि राखहु गुर भावै ॥

ਤੁਮਰੋ ਹੋਇ ਸੁ ਤੁਝਹਿ ਸਮਾਵੈ ॥੭॥ (1189-12)
तुमरो होइ सु तुझहि समावै ॥७॥

ਭੋਗੀ ਕਉ ਦੁਖੁ ਰੋਗ ਵਿਆਪੈ ॥ (1189-12)
भोगी कउ दुखु रोग विआपै ॥

ਘਟਿ ਘਟਿ ਰਵਿ ਰਹਿਆ ਪ੍ਰਭੁ ਜਾਪੈ ॥ (1189-12)
घटि घटि रवि रहिआ प्रभु जापै ॥

ਸੁਖ ਦੁਖ ਹੀ ਤੇ ਗੁਰ ਸਬਦਿ ਅਤੀਤਾ ॥ (1189-13)
सुख दुख ही ते गुर सबदि अतीता ॥

ਨਾਨਕ ਰਾਮੁ ਰਵੈ ਹਿਤ ਚੀਤਾ ॥੮॥੪॥ (1189-13)
नानक रामु रवै हित चीता ॥८॥४॥

ਬਸੰਤੁ ਮਹਲਾ ੧ ਇਕ ਤੁਕੀਆ ॥ (1189-14)
बसंतु महला १ इक तुकीआ ॥

ਮਤੁ ਭਸਮ ਅੰਧੂਲੇ ਗਰਬਿ ਜਾਹਿ ॥ (1189-14)
मतु भसम अंधूले गरबि जाहि ॥

ਇਨ ਬਿਧਿ ਨਾਗੇ ਜੋਗੁ ਨਾਹਿ ॥੧॥ (1189-14)
इन बिधि नागे जोगु नाहि ॥१॥

ਮੂੜ੍ਹੇ ਕਾਹੇ ਬਿਸਾਰਿਓ ਤੈ ਰਾਮ ਨਾਮ ॥ (1189-15)
मूड़्हे काहे बिसारिओ तै राम नाम ॥

ਅੰਤ ਕਾਲਿ ਤੇਰੈ ਆਵੈ ਕਾਮ ॥੧॥ ਰਹਾਉ ॥ (1189-15)
अंत कालि तेरै आवै काम ॥१॥ रहाउ ॥

ਗੁਰ ਪੂਛਿ ਤੁਮ ਕਰਹੁ ਬੀਚਾਰੁ ॥ (1189-15)
गुर पूछि तुम करहु बीचारु ॥

ਜਹ ਦੇਖਉ ਤਹ ਸਾਰਿਗਪਾਣਿ ॥੨॥ (1189-16)
जह देखउ तह सारिगपाणि ॥२॥

ਕਿਆ ਹਉ ਆਖਾ ਜਾਂ ਕਛੂ ਨਾਹਿ ॥ (1189-16)
किआ हउ आखा जां कछू नाहि ॥

ਜਾਤਿ ਪਤਿ ਸਭ ਤੇਰੈ ਨਾਇ ॥੩॥ (1189-17)
जाति पति सभ तेरै नाइ ॥३॥

ਕਾਹੇ ਮਾਲੁ ਦਰਬੁ ਦੇਖਿ ਗਰਬਿ ਜਾਹਿ ॥ (1189-17)
काहे मालु दरबु देखि गरबि जाहि ॥

ਚਲਤੀ ਬਾਰ ਤੇਰੋ ਕਛੂ ਨਾਹਿ ॥੪॥ (1189-17)
चलती बार तेरो कछू नाहि ॥४॥

ਪੰਚ ਮਾਰਿ ਚਿਤੁ ਰਖਹੁ ਥਾਇ ॥ (1189-18)
पंच मारि चितु रखहु थाइ ॥

ਜੋਗ ਜੁਗਤਿ ਕੀ ਇਹੈ ਪਾਂਇ ॥੫॥ (1189-18)
जोग जुगति की इहै पांइ ॥५॥

ਹਉਮੈ ਪੈਖੜੁ ਤੇਰੇ ਮਨੈ ਮਾਹਿ ॥ (1189-18)
हउमै पैखड़ु तेरे मनै माहि ॥

ਹਰਿ ਨ ਚੇਤਹਿ ਮੂੜੇ ਮੁਕਤਿ ਜਾਹਿ ॥੬॥ (1189-18)
हरि न चेतहि मूड़े मुकति जाहि ॥६॥

ਮਤ ਹਰਿ ਵਿਸਰਿਐ ਜਮ ਵਸਿ ਪਾਹਿ ॥ (1189-19)
मत हरि विसरिऐ जम वसि पाहि ॥

ਅੰਤ ਕਾਲਿ ਮੂੜੇ ਚੋਟ ਖਾਹਿ ॥੭॥ (1189-19)
अंत कालि मूड़े चोट खाहि ॥७॥

ਗੁਰ ਸਬਦੁ ਬੀਚਾਰਹਿ ਆਪੁ ਜਾਇ ॥ (1190-1)
गुर सबदु बीचारहि आपु जाइ ॥

ਸਾਚ ਜੋਗੁ ਮਨਿ ਵਸੈ ਆਇ ॥੮॥ (1190-1)
साच जोगु मनि वसै आइ ॥८॥

ਜਿਨਿ ਜੀਉ ਪਿੰਡੁ ਦਿਤਾ ਤਿਸੁ ਚੇਤਹਿ ਨਾਹਿ ॥ (1190-1)
जिनि जीउ पिंडु दिता तिसु चेतहि नाहि ॥

ਮੜੀ ਮਸਾਣੀ ਮੂੜੇ ਜੋਗੁ ਨਾਹਿ ॥੯॥ (1190-2)
मड़ी मसाणी मूड़े जोगु नाहि ॥९॥

ਗੁਣ ਨਾਨਕੁ ਬੋਲੈ ਭਲੀ ਬਾਣਿ ॥ (1190-2)
गुण नानकु बोलै भली बाणि ॥

ਤੁਮ ਹੋਹੁ ਸੁਜਾਖੇ ਲੇਹੁ ਪਛਾਣਿ ॥੧੦॥੫॥ (1190-2)
तुम होहु सुजाखे लेहु पछाणि ॥१०॥५॥

ਬਸੰਤੁ ਮਹਲਾ ੧ ॥ (1190-3)
बसंतु महला १ ॥

ਦੁਬਿਧਾ ਦੁਰਮਤਿ ਅਧੁਲੀ ਕਾਰ ॥ (1190-3)
दुबिधा दुरमति अधुली कार ॥

ਮਨਮੁਖਿ ਭਰਮੈ ਮਝਿ ਗੁਬਾਰ ॥੧॥ (1190-3)
मनमुखि भरमै मझि गुबार ॥१॥

ਮਨੁ ਅੰਧੁਲਾ ਅੰਧੁਲੀ ਮਤਿ ਲਾਗੈ ॥ (1190-4)
मनु अंधुला अंधुली मति लागै ॥

ਗੁਰ ਕਰਣੀ ਬਿਨੁ ਭਰਮੁ ਨ ਭਾਗੈ ॥੧॥ ਰਹਾਉ ॥ (1190-4)
गुर करणी बिनु भरमु न भागै ॥१॥ रहाउ ॥

ਮਨਮੁਖਿ ਅੰਧੁਲੇ ਗੁਰਮਤਿ ਨ ਭਾਈ ॥ (1190-4)
मनमुखि अंधुले गुरमति न भाई ॥

ਪਸੂ ਭਏ ਅਭਿਮਾਨੁ ਨ ਜਾਈ ॥੨॥ (1190-5)
पसू भए अभिमानु न जाई ॥२॥

ਲਖ ਚਉਰਾਸੀਹ ਜੰਤ ਉਪਾਏ ॥ (1190-5)
लख चउरासीह जंत उपाए ॥

ਮੇਰੇ ਠਾਕੁਰ ਭਾਣੇ ਸਿਰਜਿ ਸਮਾਏ ॥੩॥ (1190-5)
मेरे ठाकुर भाणे सिरजि समाए ॥३॥

ਸਗਲੀ ਭੂਲੈ ਨਹੀ ਸਬਦੁ ਅਚਾਰੁ ॥ (1190-6)
सगली भूलै नही सबदु अचारु ॥

ਸੋ ਸਮਝੈ ਜਿਸੁ ਗੁਰੁ ਕਰਤਾਰੁ ॥੪॥ (1190-6)
सो समझै जिसु गुरु करतारु ॥४॥

ਗੁਰ ਕੇ ਚਾਕਰ ਠਾਕੁਰ ਭਾਣੇ ॥ (1190-7)
गुर के चाकर ठाकुर भाणे ॥

ਬਖਸਿ ਲੀਏ ਨਾਹੀ ਜਮ ਕਾਣੇ ॥੫॥ (1190-7)
बखसि लीए नाही जम काणे ॥५॥

ਜਿਨ ਕੈ ਹਿਰਦੈ ਏਕੋ ਭਾਇਆ ॥ (1190-7)
जिन कै हिरदै एको भाइआ ॥

ਆਪੇ ਮੇਲੇ ਭਰਮੁ ਚੁਕਾਇਆ ॥੬॥ (1190-8)
आपे मेले भरमु चुकाइआ ॥६॥

ਬੇਮੁਹਤਾਜੁ ਬੇਅੰਤੁ ਅਪਾਰਾ ॥ (1190-8)
बेमुहताजु बेअंतु अपारा ॥

ਸਚਿ ਪਤੀਜੈ ਕਰਣੈਹਾਰਾ ॥੭॥ (1190-8)
सचि पतीजै करणैहारा ॥७॥

ਨਾਨਕ ਭੂਲੇ ਗੁਰੁ ਸਮਝਾਵੈ ॥ (1190-8)
नानक भूले गुरु समझावै ॥

ਏਕੁ ਦਿਖਾਵੈ ਸਾਚਿ ਟਿਕਾਵੈ ॥੮॥੬॥ (1190-9)
एकु दिखावै साचि टिकावै ॥८॥६॥

ਬਸੰਤੁ ਮਹਲਾ ੧ ॥ (1190-9)
बसंतु महला १ ॥

ਆਪੇ ਭਵਰਾ ਫੂਲ ਬੇਲਿ ॥ (1190-9)
आपे भवरा फूल बेलि ॥

ਆਪੇ ਸੰਗਤਿ ਮੀਤ ਮੇਲਿ ॥੧॥ (1190-10)
आपे संगति मीत मेलि ॥१॥

ਐਸੀ ਭਵਰਾ ਬਾਸੁ ਲੇ ॥ (1190-10)
ऐसी भवरा बासु ले ॥

ਤਰਵਰ ਫੂਲੇ ਬਨ ਹਰੇ ॥੧॥ ਰਹਾਉ ॥ (1190-10)
तरवर फूले बन हरे ॥१॥ रहाउ ॥

ਆਪੇ ਕਵਲਾ ਕੰਤੁ ਆਪਿ ॥ (1190-10)
आपे कवला कंतु आपि ॥

ਆਪੇ ਰਾਵੇ ਸਬਦਿ ਥਾਪਿ ॥੨॥ (1190-11)
आपे रावे सबदि थापि ॥२॥

ਆਪੇ ਬਛਰੂ ਗਊ ਖੀਰੁ ॥ (1190-11)
आपे बछरू गऊ खीरु ॥

ਆਪੇ ਮੰਦਰੁ ਥੰਮ੍ਹੁ ਸਰੀਰੁ ॥੩॥ (1190-11)
आपे मंदरु थंम्हु सरीरु ॥३॥

ਆਪੇ ਕਰਣੀ ਕਰਣਹਾਰੁ ॥ (1190-12)
आपे करणी करणहारु ॥

ਆਪੇ ਗੁਰਮੁਖਿ ਕਰਿ ਬੀਚਾਰੁ ॥੪॥ (1190-12)
आपे गुरमुखि करि बीचारु ॥४॥

ਤੂ ਕਰਿ ਕਰਿ ਦੇਖਹਿ ਕਰਣਹਾਰੁ ॥ (1190-12)
तू करि करि देखहि करणहारु ॥

ਜੋਤਿ ਜੀਅ ਅਸੰਖ ਦੇਇ ਅਧਾਰੁ ॥੫॥ (1190-13)
जोति जीअ असंख देइ अधारु ॥५॥

ਤੂ ਸਰੁ ਸਾਗਰੁ ਗੁਣ ਗਹੀਰੁ ॥ (1190-13)
तू सरु सागरु गुण गहीरु ॥

ਤੂ ਅਕੁਲ ਨਿਰੰਜਨੁ ਪਰਮ ਹੀਰੁ ॥੬॥ (1190-13)
तू अकुल निरंजनु परम हीरु ॥६॥

ਤੂ ਆਪੇ ਕਰਤਾ ਕਰਣ ਜੋਗੁ ॥ (1190-14)
तू आपे करता करण जोगु ॥

ਨਿਹਕੇਵਲੁ ਰਾਜਨ ਸੁਖੀ ਲੋਗੁ ॥੭॥ (1190-14)
निहकेवलु राजन सुखी लोगु ॥७॥

ਨਾਨਕ ਧ੍ਰਾਪੇ ਹਰਿ ਨਾਮ ਸੁਆਦਿ ॥ (1190-14)
नानक ध्रापे हरि नाम सुआदि ॥

ਬਿਨੁ ਹਰਿ ਗੁਰ ਪ੍ਰੀਤਮ ਜਨਮੁ ਬਾਦਿ ॥੮॥੭॥ (1190-15)
बिनु हरि गुर प्रीतम जनमु बादि ॥८॥७॥

ਬਸੰਤੁ ਹਿੰਡੋਲੁ ਮਹਲਾ ੧ ਘਰੁ ੨ (1190-16)
बसंतु हिंडोलु महला १ घरु २

ੴ ਸਤਿਗੁਰ ਪ੍ਰਸਾਦਿ ॥ (1190-16)
ੴ सतिगुर प्रसादि ॥

ਨਉ ਸਤ ਚਉਦਹ ਤੀਨਿ ਚਾਰਿ ਕਰਿ ਮਹਲਤਿ ਚਾਰਿ ਬਹਾਲੀ ॥ (1190-17)
नउ सत चउदह तीनि चारि करि महलति चारि बहाली ॥

ਚਾਰੇ ਦੀਵੇ ਚਹੁ ਹਥਿ ਦੀਏ ਏਕਾ ਏਕਾ ਵਾਰੀ ॥੧॥ (1190-17)
चारे दीवे चहु हथि दीए एका एका वारी ॥१॥

ਮਿਹਰਵਾਨ ਮਧੁਸੂਦਨ ਮਾਧੌ ਐਸੀ ਸਕਤਿ ਤੁਮ੍ਹ੍ਹਾਰੀ ॥੧॥ ਰਹਾਉ ॥ (1190-18)
मिहरवान मधुसूदन माधौ ऐसी सकति तुम्हारी ॥१॥ रहाउ ॥

ਘਰਿ ਘਰਿ ਲਸਕਰੁ ਪਾਵਕੁ ਤੇਰਾ ਧਰਮੁ ਕਰੇ ਸਿਕਦਾਰੀ ॥ (1190-18)
घरि घरि लसकरु पावकु तेरा धरमु करे सिकदारी ॥

ਧਰਤੀ ਦੇਗ ਮਿਲੈ ਇਕ ਵੇਰਾ ਭਾਗੁ ਤੇਰਾ ਭੰਡਾਰੀ ॥੨॥ (1190-19)
धरती देग मिलै इक वेरा भागु तेरा भंडारी ॥२॥

ਨਾ ਸਾਬੂਰੁ ਹੋਵੈ ਫਿਰਿ ਮੰਗੈ ਨਾਰਦੁ ਕਰੇ ਖੁਆਰੀ ॥ (1190-19)
ना साबूरु होवै फिरि मंगै नारदु करे खुआरी ॥

ਲਬੁ ਅਧੇਰਾ ਬੰਦੀਖਾਨਾ ਅਉਗਣ ਪੈਰਿ ਲੁਹਾਰੀ ॥੩॥ (1191-1)
लबु अधेरा बंदीखाना अउगण पैरि लुहारी ॥३॥

ਪੂੰਜੀ ਮਾਰ ਪਵੈ ਨਿਤ ਮੁਦਗਰ ਪਾਪੁ ਕਰੇ ਕੁੋਟਵਾਰੀ ॥ (1191-1)
पूंजी मार पवै नित मुदगर पापु करे कोटवारी ॥

ਭਾਵੈ ਚੰਗਾ ਭਾਵੈ ਮੰਦਾ ਜੈਸੀ ਨਦਰਿ ਤੁਮ੍ਹ੍ਹਾਰੀ ॥੪॥ (1191-2)
भावै चंगा भावै मंदा जैसी नदरि तुम्हारी ॥४॥

ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ ॥ (1191-2)
आदि पुरख कउ अलहु कहीऐ सेखां आई वारी ॥

ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ ॥੫॥ (1191-3)
देवल देवतिआ करु लागा ऐसी कीरति चाली ॥५॥

ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ ॥ (1191-3)
कूजा बांग निवाज मुसला नील रूप बनवारी ॥

ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ ॥੬॥ (1191-4)
घरि घरि मीआ सभनां जीआं बोली अवर तुमारी ॥६॥

ਜੇ ਤੂ ਮੀਰ ਮਹੀਪਤਿ ਸਾਹਿਬੁ ਕੁਦਰਤਿ ਕਉਣ ਹਮਾਰੀ ॥ (1191-4)
जे तू मीर महीपति साहिबु कुदरति कउण हमारी ॥

ਚਾਰੇ ਕੁੰਟ ਸਲਾਮੁ ਕਰਹਿਗੇ ਘਰਿ ਘਰਿ ਸਿਫਤਿ ਤੁਮ੍ਹਾਰੀ ॥੭॥ (1191-5)
चारे कुंट सलामु करहिगे घरि घरि सिफति तुम्हारी ॥७॥

ਤੀਰਥ ਸਿੰਮ੍ਰਿਤਿ ਪੁੰਨ ਦਾਨ ਕਿਛੁ ਲਾਹਾ ਮਿਲੈ ਦਿਹਾੜੀ ॥ (1191-6)
तीरथ सिंम्रिति पुंन दान किछु लाहा मिलै दिहाड़ी ॥

ਨਾਨਕ ਨਾਮੁ ਮਿਲੈ ਵਡਿਆਈ ਮੇਕਾ ਘੜੀ ਸਮ੍ਹਾਲੀ ॥੮॥੧॥੮॥ (1191-6)
नानक नामु मिलै वडिआई मेका घड़ी सम्हाली ॥८॥१॥८॥

ਬਸੰਤੁ ਹਿੰਡੋਲੁ ਘਰੁ ੨ ਮਹਲਾ ੪ (1191-8)
बसंतु हिंडोलु घरु २ महला ४

ੴ ਸਤਿਗੁਰ ਪ੍ਰਸਾਦਿ ॥ (1191-8)
१ੴ सतिगुर प्रसादि ॥

ਕਾਂਇਆ ਨਗਰਿ ਇਕੁ ਬਾਲਕੁ ਵਸਿਆ ਖਿਨੁ ਪਲੁ ਥਿਰੁ ਨ ਰਹਾਈ ॥ (1191-9)
कांइआ नगरि इकु बालकु वसिआ खिनु पलु थिरु न रहाई ॥

ਅਨਿਕ ਉਪਾਵ ਜਤਨ ਕਰਿ ਥਾਕੇ ਬਾਰੰ ਬਾਰ ਭਰਮਾਈ ॥੧॥ (1191-9)
अनिक उपाव जतन करि थाके बारं बार भरमाई ॥१॥

ਮੇਰੇ ਠਾਕੁਰ ਬਾਲਕੁ ਇਕਤੁ ਘਰਿ ਆਣੁ ॥ (1191-10)
मेरे ठाकुर बालकु इकतु घरि आणु ॥

ਸਤਿਗੁਰੁ ਮਿਲੈ ਤ ਪੂਰਾ ਪਾਈਐ ਭਜੁ ਰਾਮ ਨਾਮੁ ਨੀਸਾਣੁ ॥੧॥ ਰਹਾਉ ॥ (1191-10)
सतिगुरु मिलै त पूरा पाईऐ भजु राम नामु नीसाणु ॥१॥ रहाउ ॥

ਇਹੁ ਮਿਰਤਕੁ ਮੜਾ ਸਰੀਰੁ ਹੈ ਸਭੁ ਜਗੁ ਜਿਤੁ ਰਾਮ ਨਾਮੁ ਨਹੀ ਵਸਿਆ ॥ (1191-11)
इहु मिरतकु मड़ा सरीरु है सभु जगु जितु राम नामु नही वसिआ ॥

ਰਾਮ ਨਾਮੁ ਗੁਰਿ ਉਦਕੁ ਚੁਆਇਆ ਫਿਰਿ ਹਰਿਆ ਹੋਆ ਰਸਿਆ ॥੨॥ (1191-12)
राम नामु गुरि उदकु चुआइआ फिरि हरिआ होआ रसिआ ॥२॥

ਮੈ ਨਿਰਖਤ ਨਿਰਖਤ ਸਰੀਰੁ ਸਭੁ ਖੋਜਿਆ ਇਕੁ ਗੁਰਮੁਖਿ ਚਲਤੁ ਦਿਖਾਇਆ ॥ (1191-12)
मै निरखत निरखत सरीरु सभु खोजिआ इकु गुरमुखि चलतु दिखाइआ ॥

ਬਾਹਰੁ ਖੋਜਿ ਮੁਏ ਸਭਿ ਸਾਕਤ ਹਰਿ ਗੁਰਮਤੀ ਘਰਿ ਪਾਇਆ ॥੩॥ (1191-13)
बाहरु खोजि मुए सभि साकत हरि गुरमती घरि पाइआ ॥३॥

ਦੀਨਾ ਦੀਨ ਦਇਆਲ ਭਏ ਹੈ ਜਿਉ ਕ੍ਰਿਸਨੁ ਬਿਦਰ ਘਰਿ ਆਇਆ ॥ (1191-14)
दीना दीन दइआल भए है जिउ क्रिसनु बिदर घरि आइआ ॥

ਮਿਲਿਓ ਸੁਦਾਮਾ ਭਾਵਨੀ ਧਾਰਿ ਸਭੁ ਕਿਛੁ ਆਗੈ ਦਾਲਦੁ ਭੰਜਿ ਸਮਾਇਆ ॥੪॥ (1191-14)
मिलिओ सुदामा भावनी धारि सभु किछु आगै दालदु भंजि समाइआ ॥४॥

ਰਾਮ ਨਾਮ ਕੀ ਪੈਜ ਵਡੇਰੀ ਮੇਰੇ ਠਾਕੁਰਿ ਆਪਿ ਰਖਾਈ ॥ (1191-15)
राम नाम की पैज वडेरी मेरे ठाकुरि आपि रखाई ॥

ਜੇ ਸਭਿ ਸਾਕਤ ਕਰਹਿ ਬਖੀਲੀ ਇਕ ਰਤੀ ਤਿਲੁ ਨ ਘਟਾਈ ॥੫॥ (1191-16)
जे सभि साकत करहि बखीली इक रती तिलु न घटाई ॥५॥

ਜਨ ਕੀ ਉਸਤਤਿ ਹੈ ਰਾਮ ਨਾਮਾ ਦਹ ਦਿਸਿ ਸੋਭਾ ਪਾਈ ॥ (1191-16)
जन की उसतति है राम नामा दह दिसि सोभा पाई ॥

ਨਿੰਦਕੁ ਸਾਕਤੁ ਖਵਿ ਨ ਸਕੈ ਤਿਲੁ ਅਪਣੈ ਘਰਿ ਲੂਕੀ ਲਾਈ ॥੬॥ (1191-17)
निंदकु साकतु खवि न सकै तिलु अपणै घरि लूकी लाई ॥६॥

ਜਨ ਕਉ ਜਨੁ ਮਿਲਿ ਸੋਭਾ ਪਾਵੈ ਗੁਣ ਮਹਿ ਗੁਣ ਪਰਗਾਸਾ ॥ (1191-17)
जन कउ जनु मिलि सोभा पावै गुण महि गुण परगासा ॥

ਮੇਰੇ ਠਾਕੁਰ ਕੇ ਜਨ ਪ੍ਰੀਤਮ ਪਿਆਰੇ ਜੋ ਹੋਵਹਿ ਦਾਸਨਿ ਦਾਸਾ ॥੭॥ (1191-18)
मेरे ठाकुर के जन प्रीतम पिआरे जो होवहि दासनि दासा ॥७॥

ਆਪੇ ਜਲੁ ਅਪਰੰਪਰੁ ਕਰਤਾ ਆਪੇ ਮੇਲਿ ਮਿਲਾਵੈ ॥ (1191-19)
आपे जलु अपर्मपरु करता आपे मेलि मिलावै ॥

ਨਾਨਕ ਗੁਰਮੁਖਿ ਸਹਜਿ ਮਿਲਾਏ ਜਿਉ ਜਲੁ ਜਲਹਿ ਸਮਾਵੈ ॥੮॥੧॥੯॥ (1191-19)
नानक गुरमुखि सहजि मिलाए जिउ जलु जलहि समावै ॥८॥१॥९॥

ਬਸੰਤੁ ਮਹਲਾ ੫ ਘਰੁ ੧ ਦੁਤੁਕੀਆ (1192-2)
बसंतु महला ५ घरु १ दुतुकीआ

ੴ ਸਤਿਗੁਰ ਪ੍ਰਸਾਦਿ ॥ (1192-2)
ੴ सतिगुर प्रसादि ॥

ਸੁਣਿ ਸਾਖੀ ਮਨ ਜਪਿ ਪਿਆਰ ॥ (1192-3)
सुणि साखी मन जपि पिआर ॥

ਅਜਾਮਲੁ ਉਧਰਿਆ ਕਹਿ ਏਕ ਬਾਰ ॥ (1192-3)
अजामलु उधरिआ कहि एक बार ॥

ਬਾਲਮੀਕੈ ਹੋਆ ਸਾਧਸੰਗੁ ॥ (1192-3)
बालमीकै होआ साधसंगु ॥

ਧ੍ਰੂ ਕਉ ਮਿਲਿਆ ਹਰਿ ਨਿਸੰਗ ॥੧॥ (1192-3)
ध्रू कउ मिलिआ हरि निसंग ॥१॥

ਤੇਰਿਆ ਸੰਤਾ ਜਾਚਉ ਚਰਨ ਰੇਨ ॥ (1192-4)
तेरिआ संता जाचउ चरन रेन ॥

ਲੇ ਮਸਤਕਿ ਲਾਵਉ ਕਰਿ ਕ੍ਰਿਪਾ ਦੇਨ ॥੧॥ ਰਹਾਉ ॥ (1192-4)
ले मसतकि लावउ करि क्रिपा देन ॥१॥ रहाउ ॥

ਗਨਿਕਾ ਉਧਰੀ ਹਰਿ ਕਹੈ ਤੋਤ ॥ (1192-5)
गनिका उधरी हरि कहै तोत ॥

ਗਜਇੰਦ੍ਰ ਧਿਆਇਓ ਹਰਿ ਕੀਓ ਮੋਖ ॥ (1192-5)
गजइंद्र धिआइओ हरि कीओ मोख ॥

ਬਿਪ੍ਰ ਸੁਦਾਮੇ ਦਾਲਦੁ ਭੰਜ ॥ (1192-5)
बिप्र सुदामे दालदु भंज ॥

ਰੇ ਮਨ ਤੂ ਭੀ ਭਜੁ ਗੋਬਿੰਦ ॥੨॥ (1192-6)
रे मन तू भी भजु गोबिंद ॥२॥

ਬਧਿਕੁ ਉਧਾਰਿਓ ਖਮਿ ਪ੍ਰਹਾਰ ॥ (1192-6)
बधिकु उधारिओ खमि प्रहार ॥

ਕੁਬਿਜਾ ਉਧਰੀ ਅੰਗੁਸਟ ਧਾਰ ॥ (1192-6)
कुबिजा उधरी अंगुसट धार ॥

ਬਿਦਰੁ ਉਧਾਰਿਓ ਦਾਸਤ ਭਾਇ ॥ (1192-6)
बिदरु उधारिओ दासत भाइ ॥

ਰੇ ਮਨ ਤੂ ਭੀ ਹਰਿ ਧਿਆਇ ॥੩॥ (1192-7)
रे मन तू भी हरि धिआइ ॥३॥

ਪ੍ਰਹਲਾਦ ਰਖੀ ਹਰਿ ਪੈਜ ਆਪ ॥ (1192-7)
प्रहलाद रखी हरि पैज आप ॥

ਬਸਤ੍ਰ ਛੀਨਤ ਦ੍ਰੋਪਤੀ ਰਖੀ ਲਾਜ ॥ (1192-7)
बसत्र छीनत द्रोपती रखी लाज ॥

ਜਿਨਿ ਜਿਨਿ ਸੇਵਿਆ ਅੰਤ ਬਾਰ ॥ (1192-8)
जिनि जिनि सेविआ अंत बार ॥

ਰੇ ਮਨ ਸੇਵਿ ਤੂ ਪਰਹਿ ਪਾਰ ॥੪॥ (1192-8)
रे मन सेवि तू परहि पार ॥४॥

ਧੰਨੈ ਸੇਵਿਆ ਬਾਲ ਬੁਧਿ ॥ (1192-8)
धंनै सेविआ बाल बुधि ॥

ਤ੍ਰਿਲੋਚਨ ਗੁਰ ਮਿਲਿ ਭਈ ਸਿਧਿ ॥ (1192-9)
त्रिलोचन गुर मिलि भई सिधि ॥

ਬੇਣੀ ਕਉ ਗੁਰਿ ਕੀਓ ਪ੍ਰਗਾਸੁ ॥ (1192-9)
बेणी कउ गुरि कीओ प्रगासु ॥

ਰੇ ਮਨ ਤੂ ਭੀ ਹੋਹਿ ਦਾਸੁ ॥੫॥ (1192-9)
रे मन तू भी होहि दासु ॥५॥

ਜੈਦੇਵ ਤਿਆਗਿਓ ਅਹੰਮੇਵ ॥ (1192-10)
जैदेव तिआगिओ अहंमेव ॥

ਨਾਈ ਉਧਰਿਓ ਸੈਨੁ ਸੇਵ ॥ (1192-10)
नाई उधरिओ सैनु सेव ॥

ਮਨੁ ਡੀਗਿ ਨ ਡੋਲੈ ਕਹੂੰ ਜਾਇ ॥ (1192-10)
मनु डीगि न डोलै कहूं जाइ ॥

ਮਨ ਤੂ ਭੀ ਤਰਸਹਿ ਸਰਣਿ ਪਾਇ ॥੬॥ (1192-10)
मन तू भी तरसहि सरणि पाइ ॥६॥

ਜਿਹ ਅਨੁਗ੍ਰਹੁ ਠਾਕੁਰਿ ਕੀਓ ਆਪਿ ॥ (1192-11)
जिह अनुग्रहु ठाकुरि कीओ आपि ॥

ਸੇ ਤੈਂ ਲੀਨੇ ਭਗਤ ਰਾਖਿ ॥ (1192-11)
से तैं लीने भगत राखि ॥

ਤਿਨ ਕਾ ਗੁਣੁ ਅਵਗਣੁ ਨ ਬੀਚਾਰਿਓ ਕੋਇ ॥ (1192-11)
तिन का गुणु अवगणु न बीचारिओ कोइ ॥

ਇਹ ਬਿਧਿ ਦੇਖਿ ਮਨੁ ਲਗਾ ਸੇਵ ॥੭॥ (1192-12)
इह बिधि देखि मनु लगा सेव ॥७॥

ਕਬੀਰਿ ਧਿਆਇਓ ਏਕ ਰੰਗ ॥ (1192-12)
कबीरि धिआइओ एक रंग ॥

ਨਾਮਦੇਵ ਹਰਿ ਜੀਉ ਬਸਹਿ ਸੰਗਿ ॥ (1192-13)
नामदेव हरि जीउ बसहि संगि ॥

ਰਵਿਦਾਸ ਧਿਆਏ ਪ੍ਰਭ ਅਨੂਪ ॥ (1192-13)
रविदास धिआए प्रभ अनूप ॥

ਗੁਰ ਨਾਨਕ ਦੇਵ ਗੋੱਵਿੰਦ ਰੂਪ ॥੮॥੧॥ (1192-13)
गुर नानक देव गोविंद रूप ॥८॥१॥

ਬਸੰਤੁ ਮਹਲਾ ੫ ॥ (1192-14)
बसंतु महला ५ ॥

ਅਨਿਕ ਜਨਮ ਭ੍ਰਮੇ ਜੋਨਿ ਮਾਹਿ ॥ (1192-14)
अनिक जनम भ्रमे जोनि माहि ॥

ਹਰਿ ਸਿਮਰਨ ਬਿਨੁ ਨਰਕਿ ਪਾਹਿ ॥ (1192-14)
हरि सिमरन बिनु नरकि पाहि ॥

ਭਗਤਿ ਬਿਹੂਨਾ ਖੰਡ ਖੰਡ ॥ (1192-14)
भगति बिहूना खंड खंड ॥

ਬਿਨੁ ਬੂਝੇ ਜਮੁ ਦੇਤ ਡੰਡ ॥੧॥ (1192-15)
बिनु बूझे जमु देत डंड ॥१॥

ਗੋਬਿੰਦ ਭਜਹੁ ਮੇਰੇ ਸਦਾ ਮੀਤ ॥ (1192-15)
गोबिंद भजहु मेरे सदा मीत ॥

ਸਾਚ ਸਬਦ ਕਰਿ ਸਦਾ ਪ੍ਰੀਤਿ ॥੧॥ ਰਹਾਉ ॥ (1192-15)
साच सबद करि सदा प्रीति ॥१॥ रहाउ ॥

ਸੰਤੋਖੁ ਨ ਆਵਤ ਕਹੂੰ ਕਾਜ ॥ (1192-16)
संतोखु न आवत कहूं काज ॥

ਧੂੰਮ ਬਾਦਰ ਸਭਿ ਮਾਇਆ ਸਾਜ ॥ (1192-16)
धूंम बादर सभि माइआ साज ॥

ਪਾਪ ਕਰੰਤੌ ਨਹ ਸੰਗਾਇ ॥ (1192-16)
पाप करंतौ नह संगाइ ॥

ਬਿਖੁ ਕਾ ਮਾਤਾ ਆਵੈ ਜਾਇ ॥੨॥ (1192-17)
बिखु का माता आवै जाइ ॥२॥

ਹਉ ਹਉ ਕਰਤ ਬਧੇ ਬਿਕਾਰ ॥ (1192-17)
हउ हउ करत बधे बिकार ॥

ਮੋਹ ਲੋਭ ਡੂਬੌ ਸੰਸਾਰ ॥ (1192-17)
मोह लोभ डूबौ संसार ॥

ਕਾਮਿ ਕ੍ਰੋਧਿ ਮਨੁ ਵਸਿ ਕੀਆ ॥ (1192-17)
कामि क्रोधि मनु वसि कीआ ॥

ਸੁਪਨੈ ਨਾਮੁ ਨ ਹਰਿ ਲੀਆ ॥੩॥ (1192-18)
सुपनै नामु न हरि लीआ ॥३॥

ਕਬ ਹੀ ਰਾਜਾ ਕਬ ਮੰਗਨਹਾਰੁ ॥ (1192-18)
कब ही राजा कब मंगनहारु ॥

ਦੂਖ ਸੂਖ ਬਾਧੌ ਸੰਸਾਰ ॥ (1192-18)
दूख सूख बाधौ संसार ॥

ਮਨ ਉਧਰਣ ਕਾ ਸਾਜੁ ਨਾਹਿ ॥ (1192-19)
मन उधरण का साजु नाहि ॥

ਪਾਪ ਬੰਧਨ ਨਿਤ ਪਉਤ ਜਾਹਿ ॥੪॥ (1192-19)
पाप बंधन नित पउत जाहि ॥४॥

ਈਠ ਮੀਤ ਕੋਊ ਸਖਾ ਨਾਹਿ ॥ (1192-19)
ईठ मीत कोऊ सखा नाहि ॥

ਆਪਿ ਬੀਜਿ ਆਪੇ ਹੀ ਖਾਂਹਿ ॥ (1192-19)
आपि बीजि आपे ही खांहि ॥

ਜਾ ਕੈ ਕੀਨ੍ਹੈ ਹੋਤ ਬਿਕਾਰ ॥ (1193-1)
जा कै कीन्है होत बिकार ॥

ਸੇ ਛੋਡਿ ਚਲਿਆ ਖਿਨ ਮਹਿ ਗਵਾਰ ॥੫॥ (1193-1)
से छोडि चलिआ खिन महि गवार ॥५॥

ਮਾਇਆ ਮੋਹਿ ਬਹੁ ਭਰਮਿਆ ॥ (1193-1)
माइआ मोहि बहु भरमिआ ॥

ਕਿਰਤ ਰੇਖ ਕਰਿ ਕਰਮਿਆ ॥ (1193-2)
किरत रेख करि करमिआ ॥

ਕਰਣੈਹਾਰੁ ਅਲਿਪਤੁ ਆਪਿ ॥ (1193-2)
करणैहारु अलिपतु आपि ॥

ਨਹੀ ਲੇਪੁ ਪ੍ਰਭ ਪੁੰਨ ਪਾਪਿ ॥੬॥ (1193-2)
नही लेपु प्रभ पुंन पापि ॥६॥

ਰਾਖਿ ਲੇਹੁ ਗੋਬਿੰਦ ਦਇਆਲ ॥ (1193-3)
राखि लेहु गोबिंद दइआल ॥

ਤੇਰੀ ਸਰਣਿ ਪੂਰਨ ਕ੍ਰਿਪਾਲ ॥ (1193-3)
तेरी सरणि पूरन क्रिपाल ॥

ਤੁਝ ਬਿਨੁ ਦੂਜਾ ਨਹੀ ਠਾਉ ॥ (1193-3)
तुझ बिनु दूजा नही ठाउ ॥

ਕਰਿ ਕਿਰਪਾ ਪ੍ਰਭ ਦੇਹੁ ਨਾਉ ॥੭॥ (1193-3)
करि किरपा प्रभ देहु नाउ ॥७॥

ਤੂ ਕਰਤਾ ਤੂ ਕਰਣਹਾਰੁ ॥ (1193-4)
तू करता तू करणहारु ॥

ਤੂ ਊਚਾ ਤੂ ਬਹੁ ਅਪਾਰੁ ॥ (1193-4)
तू ऊचा तू बहु अपारु ॥

ਕਰਿ ਕਿਰਪਾ ਲੜਿ ਲੇਹੁ ਲਾਇ ॥ (1193-4)
करि किरपा लड़ि लेहु लाइ ॥

ਨਾਨਕ ਦਾਸ ਪ੍ਰਭ ਕੀ ਸਰਣਾਇ ॥੮॥੨॥ (1193-5)
नानक दास प्रभ की सरणाइ ॥८॥२॥

ਬਸੰਤ ਕੀ ਵਾਰ ਮਹਲੁ ੫ (1193-6)
बसंत की वार महलु ५

ੴ ਸਤਿਗੁਰ ਪ੍ਰਸਾਦਿ ॥ (1193-6)
ੴ सतिगुर प्रसादि ॥

ਹਰਿ ਕਾ ਨਾਮੁ ਧਿਆਇ ਕੈ ਹੋਹੁ ਹਰਿਆ ਭਾਈ ॥ (1193-7)
हरि का नामु धिआइ कै होहु हरिआ भाई ॥

ਕਰਮਿ ਲਿਖੰਤੈ ਪਾਈਐ ਇਹ ਰੁਤਿ ਸੁਹਾਈ ॥ (1193-7)
करमि लिखंतै पाईऐ इह रुति सुहाई ॥

ਵਣੁ ਤ੍ਰਿਣੁ ਤ੍ਰਿਭਵਣੁ ਮਉਲਿਆ ਅੰਮ੍ਰਿਤ ਫਲੁ ਪਾਈ ॥ (1193-7)
वणु त्रिणु त्रिभवणु मउलिआ अमृत फलु पाई ॥

ਮਿਲਿ ਸਾਧੂ ਸੁਖੁ ਊਪਜੈ ਲਥੀ ਸਭ ਛਾਈ ॥ (1193-8)
मिलि साधू सुखु ऊपजै लथी सभ छाई ॥

ਨਾਨਕੁ ਸਿਮਰੈ ਏਕੁ ਨਾਮੁ ਫਿਰਿ ਬਹੁੜਿ ਨ ਧਾਈ ॥੧॥ (1193-8)
नानकु सिमरै एकु नामु फिरि बहुड़ि न धाई ॥१॥

ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ ॥ (1193-9)
पंजे बधे महाबली करि सचा ढोआ ॥

ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ ॥ (1193-9)
आपणे चरण जपाइअनु विचि दयु खड़ोआ ॥

ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ ॥ (1193-10)
रोग सोग सभि मिटि गए नित नवा निरोआ ॥

ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ ॥ (1193-10)
दिनु रैणि नामु धिआइदा फिरि पाइ न मोआ ॥

ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ ॥੨॥ (1193-11)
जिस ते उपजिआ नानका सोई फिरि होआ ॥२॥

ਕਿਥਹੁ ਉਪਜੈ ਕਹ ਰਹੈ ਕਹ ਮਾਹਿ ਸਮਾਵੈ ॥ (1193-11)
किथहु उपजै कह रहै कह माहि समावै ॥

ਜੀਅ ਜੰਤ ਸਭਿ ਖਸਮ ਕੇ ਕਉਣੁ ਕੀਮਤਿ ਪਾਵੈ ॥ (1193-11)
जीअ जंत सभि खसम के कउणु कीमति पावै ॥

ਕਹਨਿ ਧਿਆਇਨਿ ਸੁਣਨਿ ਨਿਤ ਸੇ ਭਗਤ ਸੁਹਾਵੈ ॥ (1193-12)
कहनि धिआइनि सुणनि नित से भगत सुहावै ॥

ਅਗਮੁ ਅਗੋਚਰੁ ਸਾਹਿਬੋ ਦੂਸਰੁ ਲਵੈ ਨ ਲਾਵੈ ॥ (1193-12)
अगमु अगोचरु साहिबो दूसरु लवै न लावै ॥

ਸਚੁ ਪੂਰੈ ਗੁਰਿ ਉਪਦੇਸਿਆ ਨਾਨਕੁ ਸੁਣਾਵੈ ॥੩॥੧॥ (1193-13)
सचु पूरै गुरि उपदेसिआ नानकु सुणावै ॥३॥१॥

ਬਸੰਤੁ ਬਾਣੀ ਭਗਤਾਂ ਕੀ ॥ (1193-14)
बसंतु बाणी भगतां की ॥

ਕਬੀਰ ਜੀ ਘਰੁ ੧ (1193-14)
कबीर जी घरु १

ੴ ਸਤਿਗੁਰ ਪ੍ਰਸਾਦਿ ॥ (1193-14)
ੴ सतिगुर प्रसादि ॥

ਮਉਲੀ ਧਰਤੀ ਮਉਲਿਆ ਅਕਾਸੁ ॥ (1193-15)
मउली धरती मउलिआ अकासु ॥

ਘਟਿ ਘਟਿ ਮਉਲਿਆ ਆਤਮ ਪ੍ਰਗਾਸੁ ॥੧॥ (1193-15)
घटि घटि मउलिआ आतम प्रगासु ॥१॥

ਰਾਜਾ ਰਾਮੁ ਮਉਲਿਆ ਅਨਤ ਭਾਇ ॥ (1193-15)
राजा रामु मउलिआ अनत भाइ ॥

ਜਹ ਦੇਖਉ ਤਹ ਰਹਿਆ ਸਮਾਇ ॥੧॥ ਰਹਾਉ ॥ (1193-16)
जह देखउ तह रहिआ समाइ ॥१॥ रहाउ ॥

ਦੁਤੀਆ ਮਉਲੇ ਚਾਰਿ ਬੇਦ ॥ (1193-16)
दुतीआ मउले चारि बेद ॥

ਸਿੰਮ੍ਰਿਤਿ ਮਉਲੀ ਸਿਉ ਕਤੇਬ ॥੨॥ (1193-16)
सिंम्रिति मउली सिउ कतेब ॥२॥

ਸੰਕਰੁ ਮਉਲਿਓ ਜੋਗ ਧਿਆਨ ॥ (1193-17)
संकरु मउलिओ जोग धिआन ॥

ਕਬੀਰ ਕੋ ਸੁਆਮੀ ਸਭ ਸਮਾਨ ॥੩॥੧॥ (1193-17)
कबीर को सुआमी सभ समान ॥३॥१॥

ਪੰਡਿਤ ਜਨ ਮਾਤੇ ਪੜ੍ਹਿ ਪੁਰਾਨ ॥ (1193-17)
पंडित जन माते पड़्हि पुरान ॥

ਜੋਗੀ ਮਾਤੇ ਜੋਗ ਧਿਆਨ ॥ (1193-18)
जोगी माते जोग धिआन ॥

ਸੰਨਿਆਸੀ ਮਾਤੇ ਅਹੰਮੇਵ ॥ (1193-18)
संनिआसी माते अहंमेव ॥

ਤਪਸੀ ਮਾਤੇ ਤਪ ਕੈ ਭੇਵ ॥੧॥ (1193-18)
तपसी माते तप कै भेव ॥१॥

ਸਭ ਮਦ ਮਾਤੇ ਕੋਊ ਨ ਜਾਗ ॥ (1193-19)
सभ मद माते कोऊ न जाग ॥

ਸੰਗ ਹੀ ਚੋਰ ਘਰੁ ਮੁਸਨ ਲਾਗ ॥੧॥ ਰਹਾਉ ॥ (1193-19)
संग ही चोर घरु मुसन लाग ॥१॥ रहाउ ॥

ਜਾਗੈ ਸੁਕਦੇਉ ਅਰੁ ਅਕ੍ਰੂਰੁ ॥ (1193-19)
जागै सुकदेउ अरु अक्रूरु ॥

ਹਣਵੰਤੁ ਜਾਗੈ ਧਰਿ ਲੰਕੂਰੁ ॥ (1194-1)
हणवंतु जागै धरि लंकूरु ॥

ਸੰਕਰੁ ਜਾਗੈ ਚਰਨ ਸੇਵ ॥ (1194-1)
संकरु जागै चरन सेव ॥

ਕਲਿ ਜਾਗੇ ਨਾਮਾ ਜੈਦੇਵ ॥੨॥ (1194-1)
कलि जागे नामा जैदेव ॥२॥

ਜਾਗਤ ਸੋਵਤ ਬਹੁ ਪ੍ਰਕਾਰ ॥ (1194-1)
जागत सोवत बहु प्रकार ॥

ਗੁਰਮੁਖਿ ਜਾਗੈ ਸੋਈ ਸਾਰੁ ॥ (1194-2)
गुरमुखि जागै सोई सारु ॥

ਇਸੁ ਦੇਹੀ ਕੇ ਅਧਿਕ ਕਾਮ ॥ (1194-2)
इसु देही के अधिक काम ॥

ਕਹਿ ਕਬੀਰ ਭਜਿ ਰਾਮ ਨਾਮ ॥੩॥੨॥ (1194-2)
कहि कबीर भजि राम नाम ॥३॥२॥

ਜੋਇ ਖਸਮੁ ਹੈ ਜਾਇਆ ॥ (1194-3)
जोइ खसमु है जाइआ ॥

ਪੂਤਿ ਬਾਪੁ ਖੇਲਾਇਆ ॥ (1194-3)
पूति बापु खेलाइआ ॥

ਬਿਨੁ ਸ੍ਰਵਣਾ ਖੀਰੁ ਪਿਲਾਇਆ ॥੧॥ (1194-3)
बिनु स्रवणा खीरु पिलाइआ ॥१॥

ਦੇਖਹੁ ਲੋਗਾ ਕਲਿ ਕੋ ਭਾਉ ॥ (1194-3)
देखहु लोगा कलि को भाउ ॥

ਸੁਤਿ ਮੁਕਲਾਈ ਅਪਨੀ ਮਾਉ ॥੧॥ ਰਹਾਉ ॥ (1194-4)
सुति मुकलाई अपनी माउ ॥१॥ रहाउ ॥

ਪਗਾ ਬਿਨੁ ਹੁਰੀਆ ਮਾਰਤਾ ॥ (1194-4)
पगा बिनु हुरीआ मारता ॥

ਬਦਨੈ ਬਿਨੁ ਖਿਰ ਖਿਰ ਹਾਸਤਾ ॥ (1194-4)
बदनै बिनु खिर खिर हासता ॥

ਨਿਦ੍ਰਾ ਬਿਨੁ ਨਰੁ ਪੈ ਸੋਵੈ ॥ (1194-5)
निद्रा बिनु नरु पै सोवै ॥

ਬਿਨੁ ਬਾਸਨ ਖੀਰੁ ਬਿਲੋਵੈ ॥੨॥ (1194-5)
बिनु बासन खीरु बिलोवै ॥२॥

ਬਿਨੁ ਅਸਥਨ ਗਊ ਲਵੇਰੀ ॥ (1194-5)
बिनु असथन गऊ लवेरी ॥

ਪੈਡੇ ਬਿਨੁ ਬਾਟ ਘਨੇਰੀ ॥ (1194-5)
पैडे बिनु बाट घनेरी ॥

ਬਿਨੁ ਸਤਿਗੁਰ ਬਾਟ ਨ ਪਾਈ ॥ (1194-6)
बिनु सतिगुर बाट न पाई ॥

ਕਹੁ ਕਬੀਰ ਸਮਝਾਈ ॥੩॥੩॥ (1194-6)
कहु कबीर समझाई ॥३॥३॥

ਪ੍ਰਹਲਾਦ ਪਠਾਏ ਪੜਨ ਸਾਲ ॥ (1194-6)
प्रहलाद पठाए पड़न साल ॥

ਸੰਗਿ ਸਖਾ ਬਹੁ ਲੀਏ ਬਾਲ ॥ (1194-7)
संगि सखा बहु लीए बाल ॥

ਮੋ ਕਉ ਕਹਾ ਪੜ੍ਹਾਵਸਿ ਆਲ ਜਾਲ ॥ (1194-7)
मो कउ कहा पड़्हावसि आल जाल ॥

ਮੇਰੀ ਪਟੀਆ ਲਿਖਿ ਦੇਹੁ ਸ੍ਰੀ ਗੋੁਪਾਲ ॥੧॥ (1194-7)
मेरी पटीआ लिखि देहु स्री गोपाल ॥१॥

ਨਹੀ ਛੋਡਉ ਰੇ ਬਾਬਾ ਰਾਮ ਨਾਮ ॥ (1194-8)
नही छोडउ रे बाबा राम नाम ॥

ਮੇਰੋ ਅਉਰ ਪੜ੍ਹਨ ਸਿਉ ਨਹੀ ਕਾਮੁ ॥੧॥ ਰਹਾਉ ॥ (1194-8)
मेरो अउर पड़्हन सिउ नही कामु ॥१॥ रहाउ ॥

ਸੰਡੈ ਮਰਕੈ ਕਹਿਓ ਜਾਇ ॥ (1194-8)
संडै मरकै कहिओ जाइ ॥

ਪ੍ਰਹਲਾਦ ਬੁਲਾਏ ਬੇਗਿ ਧਾਇ ॥ (1194-9)
प्रहलाद बुलाए बेगि धाइ ॥

ਤੂ ਰਾਮ ਕਹਨ ਕੀ ਛੋਡੁ ਬਾਨਿ ॥ (1194-9)
तू राम कहन की छोडु बानि ॥

ਤੁਝੁ ਤੁਰਤੁ ਛਡਾਊ ਮੇਰੋ ਕਹਿਓ ਮਾਨਿ ॥੨॥ (1194-9)
तुझु तुरतु छडाऊ मेरो कहिओ मानि ॥२॥

ਮੋ ਕਉ ਕਹਾ ਸਤਾਵਹੁ ਬਾਰ ਬਾਰ ॥ (1194-10)
मो कउ कहा सतावहु बार बार ॥

ਪ੍ਰਭਿ ਜਲ ਥਲ ਗਿਰਿ ਕੀਏ ਪਹਾਰ ॥ (1194-10)
प्रभि जल थल गिरि कीए पहार ॥

ਇਕੁ ਰਾਮੁ ਨ ਛੋਡਉ ਗੁਰਹਿ ਗਾਰਿ ॥ (1194-10)
इकु रामु न छोडउ गुरहि गारि ॥

ਮੋ ਕਉ ਘਾਲਿ ਜਾਰਿ ਭਾਵੈ ਮਾਰਿ ਡਾਰਿ ॥੩॥ (1194-11)
मो कउ घालि जारि भावै मारि डारि ॥३॥

ਕਾਢਿ ਖੜਗੁ ਕੋਪਿਓ ਰਿਸਾਇ ॥ (1194-11)
काढि खड़गु कोपिओ रिसाइ ॥

ਤੁਝ ਰਾਖਨਹਾਰੋ ਮੋਹਿ ਬਤਾਇ ॥ (1194-11)
तुझ राखनहारो मोहि बताइ ॥

ਪ੍ਰਭ ਥੰਭ ਤੇ ਨਿਕਸੇ ਕੈ ਬਿਸਥਾਰ ॥ (1194-12)
प्रभ थ्मभ ते निकसे कै बिसथार ॥

ਹਰਨਾਖਸੁ ਛੇਦਿਓ ਨਖ ਬਿਦਾਰ ॥੪॥ (1194-12)
हरनाखसु छेदिओ नख बिदार ॥४॥

ਓਇ ਪਰਮ ਪੁਰਖ ਦੇਵਾਧਿ ਦੇਵ ॥ (1194-12)
ओइ परम पुरख देवाधि देव ॥

ਭਗਤਿ ਹੇਤਿ ਨਰਸਿੰਘ ਭੇਵ ॥ (1194-13)
भगति हेति नरसिंघ भेव ॥

ਕਹਿ ਕਬੀਰ ਕੋ ਲਖੈ ਨ ਪਾਰ ॥ (1194-13)
कहि कबीर को लखै न पार ॥

ਪ੍ਰਹਲਾਦ ਉਧਾਰੇ ਅਨਿਕ ਬਾਰ ॥੫॥੪॥ (1194-13)
प्रहलाद उधारे अनिक बार ॥५॥४॥

ਇਸੁ ਤਨ ਮਨ ਮਧੇ ਮਦਨ ਚੋਰ ॥ (1194-14)
इसु तन मन मधे मदन चोर ॥

ਜਿਨਿ ਗਿਆਨ ਰਤਨੁ ਹਿਰਿ ਲੀਨ ਮੋਰ ॥ (1194-14)
जिनि गिआन रतनु हिरि लीन मोर ॥

ਮੈ ਅਨਾਥੁ ਪ੍ਰਭ ਕਹਉ ਕਾਹਿ ॥ (1194-14)
मै अनाथु प्रभ कहउ काहि ॥

ਕੋ ਕੋ ਨ ਬਿਗੂਤੋ ਮੈ ਕੋ ਆਹਿ ॥੧॥ (1194-15)
को को न बिगूतो मै को आहि ॥१॥

ਮਾਧਉ ਦਾਰੁਨ ਦੁਖੁ ਸਹਿਓ ਨ ਜਾਇ ॥ (1194-15)
माधउ दारुन दुखु सहिओ न जाइ ॥

ਮੇਰੋ ਚਪਲ ਬੁਧਿ ਸਿਉ ਕਹਾ ਬਸਾਇ ॥੧॥ ਰਹਾਉ ॥ (1194-15)
मेरो चपल बुधि सिउ कहा बसाइ ॥१॥ रहाउ ॥

ਸਨਕ ਸਨੰਦਨ ਸਿਵ ਸੁਕਾਦਿ ॥ (1194-16)
सनक सनंदन सिव सुकादि ॥

ਨਾਭਿ ਕਮਲ ਜਾਨੇ ਬ੍ਰਹਮਾਦਿ ॥ (1194-16)
नाभि कमल जाने ब्रहमादि ॥

ਕਬਿ ਜਨ ਜੋਗੀ ਜਟਾਧਾਰਿ ॥ (1194-16)
कबि जन जोगी जटाधारि ॥

ਸਭ ਆਪਨ ਅਉਸਰ ਚਲੇ ਸਾਰਿ ॥੨॥ (1194-17)
सभ आपन अउसर चले सारि ॥२॥

ਤੂ ਅਥਾਹੁ ਮੋਹਿ ਥਾਹ ਨਾਹਿ ॥ (1194-17)
तू अथाहु मोहि थाह नाहि ॥

ਪ੍ਰਭ ਦੀਨਾ ਨਾਥ ਦੁਖੁ ਕਹਉ ਕਾਹਿ ॥ (1194-17)
प्रभ दीना नाथ दुखु कहउ काहि ॥

ਮੋਰੋ ਜਨਮ ਮਰਨ ਦੁਖੁ ਆਥਿ ਧੀਰ ॥ (1194-18)
मोरो जनम मरन दुखु आथि धीर ॥

ਸੁਖ ਸਾਗਰ ਗੁਨ ਰਉ ਕਬੀਰ ॥੩॥੫॥ (1194-18)
सुख सागर गुन रउ कबीर ॥३॥५॥

ਨਾਇਕੁ ਏਕੁ ਬਨਜਾਰੇ ਪਾਚ ॥ (1194-18)
नाइकु एकु बनजारे पाच ॥

ਬਰਧ ਪਚੀਸਕ ਸੰਗੁ ਕਾਚ ॥ (1194-19)
बरध पचीसक संगु काच ॥

ਨਉ ਬਹੀਆਂ ਦਸ ਗੋਨਿ ਆਹਿ ॥ (1194-19)
नउ बहीआं दस गोनि आहि ॥

ਕਸਨਿ ਬਹਤਰਿ ਲਾਗੀ ਤਾਹਿ ॥੧॥ (1194-19)
कसनि बहतरि लागी ताहि ॥१॥

ਮੋਹਿ ਐਸੇ ਬਨਜ ਸਿਉ ਨਹੀਨ ਕਾਜੁ ॥ (1194-19)
मोहि ऐसे बनज सिउ नहीन काजु ॥

ਜਿਹ ਘਟੈ ਮੂਲੁ ਨਿਤ ਬਢੈ ਬਿਆਜੁ ॥ ਰਹਾਉ ॥ (1195-1)
जिह घटै मूलु नित बढै बिआजु ॥ रहाउ ॥

ਸਾਤ ਸੂਤ ਮਿਲਿ ਬਨਜੁ ਕੀਨ ॥ (1195-1)
सात सूत मिलि बनजु कीन ॥

ਕਰਮ ਭਾਵਨੀ ਸੰਗ ਲੀਨ ॥ (1195-2)
करम भावनी संग लीन ॥

ਤੀਨਿ ਜਗਾਤੀ ਕਰਤ ਰਾਰਿ ॥ (1195-2)
तीनि जगाती करत रारि ॥

ਚਲੋ ਬਨਜਾਰਾ ਹਾਥ ਝਾਰਿ ॥੨॥ (1195-2)
चलो बनजारा हाथ झारि ॥२॥

ਪੂੰਜੀ ਹਿਰਾਨੀ ਬਨਜੁ ਟੂਟ ॥ (1195-2)
पूंजी हिरानी बनजु टूट ॥

ਦਹ ਦਿਸ ਟਾਂਡੋ ਗਇਓ ਫੂਟਿ ॥ (1195-3)
दह दिस टांडो गइओ फूटि ॥

ਕਹਿ ਕਬੀਰ ਮਨ ਸਰਸੀ ਕਾਜ ॥ (1195-3)
कहि कबीर मन सरसी काज ॥

ਸਹਜ ਸਮਾਨੋ ਤ ਭਰਮ ਭਾਜ ॥੩॥੬॥ (1195-3)
सहज समानो त भरम भाज ॥३॥६॥

ਬਸੰਤੁ ਹਿੰਡੋਲੁ ਘਰੁ ੨ (1195-5)
बसंतु हिंडोलु घरु २

ੴ ਸਤਿਗੁਰ ਪ੍ਰਸਾਦਿ ॥ (1195-5)
१ॵ सतिगुर प्रसादि ॥

ਮਾਤਾ ਜੂਠੀ ਪਿਤਾ ਭੀ ਜੂਠਾ ਜੂਠੇ ਹੀ ਫਲ ਲਾਗੇ ॥ (1195-5)
माता जूठी पिता भी जूठा जूठे ही फल लागे ॥

ਆਵਹਿ ਜੂਠੇ ਜਾਹਿ ਭੀ ਜੂਠੇ ਜੂਠੇ ਮਰਹਿ ਅਭਾਗੇ ॥੧॥ (1195-6)
आवहि जूठे जाहि भी जूठे जूठे मरहि अभागे ॥१॥

ਕਹੁ ਪੰਡਿਤ ਸੂਚਾ ਕਵਨੁ ਠਾਉ ॥ (1195-6)
कहु पंडित सूचा कवनु ठाउ ॥

ਜਹਾਂ ਬੈਸਿ ਹਉ ਭੋਜਨੁ ਖਾਉ ॥੧॥ ਰਹਾਉ ॥ (1195-6)
जहां बैसि हउ भोजनु खाउ ॥१॥ रहाउ ॥

ਜਿਹਬਾ ਜੂਠੀ ਬੋਲਤ ਜੂਠਾ ਕਰਨ ਨੇਤ੍ਰ ਸਭਿ ਜੂਠੇ ॥ (1195-7)
जिहबा जूठी बोलत जूठा करन नेत्र सभि जूठे ॥

ਇੰਦ੍ਰੀ ਕੀ ਜੂਠਿ ਉਤਰਸਿ ਨਾਹੀ ਬ੍ਰਹਮ ਅਗਨਿ ਕੇ ਲੂਠੇ ॥੨॥ (1195-7)
इंद्री की जूठि उतरसि नाही ब्रहम अगनि के लूठे ॥२॥

ਅਗਨਿ ਭੀ ਜੂਠੀ ਪਾਨੀ ਜੂਠਾ ਜੂਠੀ ਬੈਸਿ ਪਕਾਇਆ ॥ (1195-8)
अगनि भी जूठी पानी जूठा जूठी बैसि पकाइआ ॥

ਜੂਠੀ ਕਰਛੀ ਪਰੋਸਨ ਲਾਗਾ ਜੂਠੇ ਹੀ ਬੈਠਿ ਖਾਇਆ ॥੩॥ (1195-8)
जूठी करछी परोसन लागा जूठे ही बैठि खाइआ ॥३॥

ਗੋਬਰੁ ਜੂਠਾ ਚਉਕਾ ਜੂਠਾ ਜੂਠੀ ਦੀਨੀ ਕਾਰਾ ॥ (1195-9)
गोबरु जूठा चउका जूठा जूठी दीनी कारा ॥

ਕਹਿ ਕਬੀਰ ਤੇਈ ਨਰ ਸੂਚੇ ਸਾਚੀ ਪਰੀ ਬਿਚਾਰਾ ॥੪॥੧॥੭॥ (1195-9)
कहि कबीर तेई नर सूचे साची परी बिचारा ॥४॥१॥७॥

ਰਾਮਾਨੰਦ ਜੀ ਘਰੁ ੧ (1195-11)
रामानंद जी घरु १

ੴ ਸਤਿਗੁਰ ਪ੍ਰਸਾਦਿ ॥ (1195-11)
१ੴ सतिगुर प्रसादि ॥

ਕਤ ਜਾਈਐ ਰੇ ਘਰ ਲਾਗੋ ਰੰਗੁ ॥ (1195-11)
कत जाईऐ रे घर लागो रंगु ॥

ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ ॥੧॥ ਰਹਾਉ ॥ (1195-11)
मेरा चितु न चलै मनु भइओ पंगु ॥१॥ रहाउ ॥

ਏਕ ਦਿਵਸ ਮਨ ਭਈ ਉਮੰਗ ॥ (1195-12)
एक दिवस मन भई उमंग ॥

ਘਸਿ ਚੰਦਨ ਚੋਆ ਬਹੁ ਸੁਗੰਧ ॥ (1195-12)
घसि चंदन चोआ बहु सुगंध ॥

ਪੂਜਨ ਚਾਲੀ ਬ੍ਰਹਮ ਠਾਇ ॥ (1195-13)
पूजन चाली ब्रहम ठाइ ॥

ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ ॥੧॥ (1195-13)
सो ब्रहमु बताइओ गुर मन ही माहि ॥१॥

ਜਹਾ ਜਾਈਐ ਤਹ ਜਲ ਪਖਾਨ ॥ (1195-13)
जहा जाईऐ तह जल पखान ॥

ਤੂ ਪੂਰਿ ਰਹਿਓ ਹੈ ਸਭ ਸਮਾਨ ॥ (1195-14)
तू पूरि रहिओ है सभ समान ॥

ਬੇਦ ਪੁਰਾਨ ਸਭ ਦੇਖੇ ਜੋਇ ॥ (1195-14)
बेद पुरान सभ देखे जोइ ॥

ਊਹਾਂ ਤਉ ਜਾਈਐ ਜਉ ਈਹਾਂ ਨ ਹੋਇ ॥੨॥ (1195-14)
ऊहां तउ जाईऐ जउ ईहां न होइ ॥२॥

ਸਤਿਗੁਰ ਮੈ ਬਲਿਹਾਰੀ ਤੋਰ ॥ (1195-15)
सतिगुर मै बलिहारी तोर ॥

ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ ॥ (1195-15)
जिनि सकल बिकल भ्रम काटे मोर ॥

ਰਾਮਾਨੰਦ ਸੁਆਮੀ ਰਮਤ ਬ੍ਰਹਮ ॥ (1195-15)
रामानंद सुआमी रमत ब्रहम ॥

ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥੩॥੧॥ (1195-15)
गुर का सबदु काटै कोटि करम ॥३॥१॥

ਬਸੰਤੁ ਬਾਣੀ ਨਾਮਦੇਉ ਜੀ ਕੀ (1195-17)
बसंतु बाणी नामदेउ जी की

ੴ ਸਤਿਗੁਰ ਪ੍ਰਸਾਦਿ ॥ (1195-17)
ੴ सतिगुर प्रसादि ॥

ਸਾਹਿਬੁ ਸੰਕਟਵੈ ਸੇਵਕੁ ਭਜੈ ॥ (1195-17)
साहिबु संकटवै सेवकु भजै ॥

ਚਿਰੰਕਾਲ ਨ ਜੀਵੈ ਦੋਊ ਕੁਲ ਲਜੈ ॥੧॥ (1195-17)
चिरंकाल न जीवै दोऊ कुल लजै ॥१॥

ਤੇਰੀ ਭਗਤਿ ਨ ਛੋਡਉ ਭਾਵੈ ਲੋਗੁ ਹਸੈ ॥ (1195-18)
तेरी भगति न छोडउ भावै लोगु हसै ॥

ਚਰਨ ਕਮਲ ਮੇਰੇ ਹੀਅਰੇ ਬਸੈਂ ॥੧॥ ਰਹਾਉ ॥ (1195-18)
चरन कमल मेरे हीअरे बसैं ॥१॥ रहाउ ॥

ਜੈਸੇ ਅਪਨੇ ਧਨਹਿ ਪ੍ਰਾਨੀ ਮਰਨੁ ਮਾਂਡੈ ॥ (1195-19)
जैसे अपने धनहि प्रानी मरनु मांडै ॥

ਤੈਸੇ ਸੰਤ ਜਨਾਂ ਰਾਮ ਨਾਮੁ ਨ ਛਾਡੈਂ ॥੨॥ (1195-19)
तैसे संत जनां राम नामु न छाडैं ॥२॥

ਗੰਗਾ ਗਇਆ ਗੋਦਾਵਰੀ ਸੰਸਾਰ ਕੇ ਕਾਮਾ ॥ (1195-19)
गंगा गइआ गोदावरी संसार के कामा ॥

ਨਾਰਾਇਣੁ ਸੁਪ੍ਰਸੰਨ ਹੋਇ ਤ ਸੇਵਕੁ ਨਾਮਾ ॥੩॥੧॥ (1196-1)
नाराइणु सुप्रसंन होइ त सेवकु नामा ॥३॥१॥

ਲੋਭ ਲਹਰਿ ਅਤਿ ਨੀਝਰ ਬਾਜੈ ॥ (1196-1)
लोभ लहरि अति नीझर बाजै ॥

ਕਾਇਆ ਡੂਬੈ ਕੇਸਵਾ ॥੧॥ (1196-2)
काइआ डूबै केसवा ॥१॥

ਸੰਸਾਰੁ ਸਮੁੰਦੇ ਤਾਰਿ ਗੋੁਬਿੰਦੇ ॥ (1196-2)
संसारु समुंदे तारि गोुबिंदे ॥

ਤਾਰਿ ਲੈ ਬਾਪ ਬੀਠੁਲਾ ॥੧॥ ਰਹਾਉ ॥ (1196-2)
तारि लै बाप बीठुला ॥१॥ रहाउ ॥

ਅਨਿਲ ਬੇੜਾ ਹਉ ਖੇਵਿ ਨ ਸਾਕਉ ॥ (1196-2)
अनिल बेड़ा हउ खेवि न साकउ ॥

ਤੇਰਾ ਪਾਰੁ ਨ ਪਾਇਆ ਬੀਠੁਲਾ ॥੨॥ (1196-3)
तेरा पारु न पाइआ बीठुला ॥२॥

ਹੋਹੁ ਦਇਆਲੁ ਸਤਿਗੁਰ ਮੇਲਿ ਤੂ ਮੋ ਕਉ ॥ (1196-3)
होहु दइआलु सतिगुरु मेलि तू मो कउ ॥

ਪਾਰਿ ਉਤਾਰੇ ਕੇਸਵਾ ॥੩॥ (1196-4)
पारि उतारे केसवा ॥३॥

ਨਾਮਾ ਕਹੈ ਹਉ ਤਰਿ ਭੀ ਨ ਜਾਨਉ ॥ (1196-4)
नामा कहै हउ तरि भी न जानउ ॥

ਮੋ ਕਉ ਬਾਹ ਦੇਹਿ ਬਾਹ ਦੇਹਿ ਬੀਠੁਲਾ ॥੪॥੨॥ (1196-4)
मो कउ बाह देहि बाह देहि बीठुला ॥४॥२॥

ਸਹਜ ਅਵਲਿ ਧੂੜਿ ਮਣੀ ਗਾਡੀ ਚਾਲਤੀ ॥ (1196-5)
सहज अवलि धूड़ि मणी गाडी चालती ॥

ਪੀਛੈ ਤਿਨਕਾ ਲੈ ਕਰਿ ਹਾਂਕਤੀ ॥੧॥ (1196-5)
पीछै तिनका लै करि हांकती ॥१॥

ਜੈਸੇ ਪਨਕਤ ਥ੍ਰੂਟਿਟਿ ਹਾਂਕਤੀ ॥ (1196-5)
जैसे पनकत थ्रूटिटि हांकती ॥

ਸਰਿ ਧੋਵਨ ਚਾਲੀ ਲਾਡੁਲੀ ॥੧॥ ਰਹਾਉ ॥ (1196-6)
सरि धोवन चाली लाडुली ॥१॥ रहाउ ॥

ਧੋਬੀ ਧੋਵੈ ਬਿਰਹ ਬਿਰਾਤਾ ॥ (1196-6)
धोबी धोवै बिरह बिराता ॥

ਹਰਿ ਚਰਨ ਮੇਰਾ ਮਨੁ ਰਾਤਾ ॥੨॥ (1196-6)
हरि चरन मेरा मनु राता ॥२॥

ਭਣਤਿ ਨਾਮਦੇਉ ਰਮਿ ਰਹਿਆ ॥ (1196-7)
भणति नामदेउ रमि रहिआ ॥

ਅਪਨੇ ਭਗਤ ਪਰ ਕਰਿ ਦਇਆ ॥੩॥੩॥ (1196-7)
अपने भगत पर करि दइआ ॥३॥३॥

ਬਸੰਤੁ ਬਾਣੀ ਰਵਿਦਾਸ ਜੀ ਕੀ (1196-8)
बसंतु बाणी रविदास जी की

ੴ ਸਤਿਗੁਰ ਪ੍ਰਸਾਦਿ ॥ (1196-8)
ੴ सतिगुर प्रसादि ॥

ਤੁਝਹਿ ਸੁਝੰਤਾ ਕਛੂ ਨਾਹਿ ॥ (1196-9)
तुझहि सुझंता कछू नाहि ॥

ਪਹਿਰਾਵਾ ਦੇਖੇ ਊਭਿ ਜਾਹਿ ॥ (1196-9)
पहिरावा देखे ऊभि जाहि ॥

ਗਰਬਵਤੀ ਕਾ ਨਾਹੀ ਠਾਉ ॥ (1196-9)
गरबवती का नाही ठाउ ॥

ਤੇਰੀ ਗਰਦਨਿ ਊਪਰਿ ਲਵੈ ਕਾਉ ॥੧॥ (1196-9)
तेरी गरदनि ऊपरि लवै काउ ॥१॥

ਤੂ ਕਾਂਇ ਗਰਬਹਿ ਬਾਵਲੀ ॥ (1196-10)
तू कांइ गरबहि बावली ॥

ਜੈਸੇ ਭਾਦਉ ਖੂੰਬਰਾਜੁ ਤੂ ਤਿਸ ਤੇ ਖਰੀ ਉਤਾਵਲੀ ॥੧॥ ਰਹਾਉ ॥ (1196-10)
जैसे भादउ खूमबराजु तू तिस ते खरी उतावली ॥१॥ रहाउ ॥

ਜੈਸੇ ਕੁਰੰਕ ਨਹੀ ਪਾਇਓ ਭੇਦੁ ॥ (1196-11)
जैसे कुरंक नही पाइओ भेदु ॥

ਤਨਿ ਸੁਗੰਧ ਢੂਢੈ ਪ੍ਰਦੇਸੁ ॥ (1196-11)
तनि सुगंध ढूढै प्रदेसु ॥

ਅਪ ਤਨ ਕਾ ਜੋ ਕਰੇ ਬੀਚਾਰੁ ॥ (1196-11)
अप तन का जो करे बीचारु ॥

ਤਿਸੁ ਨਹੀ ਜਮਕੰਕਰੁ ਕਰੇ ਖੁਆਰੁ ॥੨॥ (1196-11)
तिसु नही जमकंकरु करे खुआरु ॥२॥

ਪੁਤ੍ਰ ਕਲਤ੍ਰ ਕਾ ਕਰਹਿ ਅਹੰਕਾਰੁ ॥ (1196-12)
पुत्र कलत्र का करहि अहंकारु ॥

ਠਾਕੁਰੁ ਲੇਖਾ ਮਗਨਹਾਰੁ ॥ (1196-12)
ठाकुरु लेखा मगनहारु ॥

ਫੇੜੇ ਕਾ ਦੁਖੁ ਸਹੈ ਜੀਉ ॥ (1196-12)
फेड़े का दुखु सहै जीउ ॥

ਪਾਛੇ ਕਿਸਹਿ ਪੁਕਾਰਹਿ ਪੀਉ ਪੀਉ ॥੩॥ (1196-13)
पाछे किसहि पुकारहि पीउ पीउ ॥३॥

ਸਾਧੂ ਕੀ ਜਉ ਲੇਹਿ ਓਟ ॥ (1196-13)
साधू की जउ लेहि ओट ॥

ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ ॥ (1196-13)
तेरे मिटहि पाप सभ कोटि कोटि ॥

ਕਹਿ ਰਵਿਦਾਸ ਜੁੋ ਜਪੈ ਨਾਮੁ ॥ (1196-14)
कहि रविदास जुो जपै नामु ॥

ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ ॥੪॥੧॥ (1196-14)
तिसु जाति न जनमु न जोनि कामु ॥४॥१॥

ਬਸੰਤੁ ਕਬੀਰ ਜੀਉ (1196-15)
बसंतु कबीर जीउ

ੴ ਸਤਿਗੁਰ ਪ੍ਰਸਾਦਿ ॥ (1196-15)
ੴ सतिगुर प्रसादि ॥

ਸੁਰਹ ਕੀ ਜੈਸੀ ਤੇਰੀ ਚਾਲ ॥ (1196-16)
सुरह की जैसी तेरी चाल ॥

ਤੇਰੀ ਪੂੰਛਟ ਊਪਰਿ ਝਮਕ ਬਾਲ ॥੧॥ (1196-16)
तेरी पूंछट ऊपरि झमक बाल ॥१॥

ਇਸ ਘਰ ਮਹਿ ਹੈ ਸੁ ਤੂ ਢੂੰਢਿ ਖਾਹਿ ॥ (1196-16)
इस घर महि है सु तू ढूंढि खाहि ॥

ਅਉਰ ਕਿਸ ਹੀ ਕੇ ਤੂ ਮਤਿ ਹੀ ਜਾਹਿ ॥੧॥ ਰਹਾਉ ॥ (1196-17)
अउर किस ही के तू मति ही जाहि ॥१॥ रहाउ ॥

ਚਾਕੀ ਚਾਟਹਿ ਚੂਨੁ ਖਾਹਿ ॥ (1196-17)
चाकी चाटहि चूनु खाहि ॥

ਚਾਕੀ ਕਾ ਚੀਥਰਾ ਕਹਾਂ ਲੈ ਜਾਹਿ ॥੨॥ (1196-17)
चाकी का चीथरा कहां लै जाहि ॥२॥

ਛੀਕੇ ਪਰ ਤੇਰੀ ਬਹੁਤੁ ਡੀਠਿ ॥ (1196-18)
छीके पर तेरी बहुतु डीठि ॥

ਮਤੁ ਲਕਰੀ ਸੋਟਾ ਤੇਰੀ ਪਰੈ ਪੀਠਿ ॥੩॥ (1196-18)
मतु लकरी सोटा तेरी परै पीठि ॥३॥

ਕਹਿ ਕਬੀਰ ਭੋਗ ਭਲੇ ਕੀਨ ॥ (1196-18)
कहि कबीर भोग भले कीन ॥

ਮਤਿ ਕੋਊ ਮਾਰੈ ਈਂਟ ਢੇਮ ॥੪॥੧॥ (1196-19)
मति कोऊ मारै ईंट ढेम ॥४॥१॥

ਰਾਗੁ ਸਾਰਗ ਚਉਪਦੇ ਮਹਲਾ ੧ ਘਰੁ ੧ (1197-1)
रागु सारग चउपदे महला १ घरु १

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ (1197-2)
ੴ सति नामु करता पुरखु निरभउ निरवैरु अकाल मूरति अजूनी सैभं गुर प्रसादि ॥

ਅਪੁਨੇ ਠਾਕੁਰ ਕੀ ਹਉ ਚੇਰੀ ॥ (1197-4)
अपुने ठाकुर की हउ चेरी ॥

ਚਰਨ ਗਹੇ ਜਗਜੀਵਨ ਪ੍ਰਭ ਕੇ ਹਉਮੈ ਮਾਰਿ ਨਿਬੇਰੀ ॥੧॥ ਰਹਾਉ ॥ (1197-4)
चरन गहे जगजीवन प्रभ के हउमै मारि निबेरी ॥१॥ रहाउ ॥

ਪੂਰਨ ਪਰਮ ਜੋਤਿ ਪਰਮੇਸਰ ਪ੍ਰੀਤਮ ਪ੍ਰਾਨ ਹਮਾਰੇ ॥ (1197-4)
पूरन परम जोति परमेसर प्रीतम प्रान हमारे ॥

ਮੋਹਨ ਮੋਹਿ ਲੀਆ ਮਨੁ ਮੇਰਾ ਸਮਝਸਿ ਸਬਦੁ ਬੀਚਾਰੇ ॥੧॥ (1197-5)
मोहन मोहि लीआ मनु मेरा समझसि सबदु बीचारे ॥१॥

ਮਨਮੁਖ ਹੀਨ ਹੋਛੀ ਮਤਿ ਝੂਠੀ ਮਨਿ ਤਨਿ ਪੀਰ ਸਰੀਰੇ ॥ (1197-6)
मनमुख हीन होछी मति झूठी मनि तनि पीर सरीरे ॥

ਜਬ ਕੀ ਰਾਮ ਰੰਗੀਲੈ ਰਾਤੀ ਰਾਮ ਜਪਤ ਮਨ ਧੀਰੇ ॥੨॥ (1197-6)
जब की राम रंगीलै राती राम जपत मन धीरे ॥२॥

ਹਉਮੈ ਛੋਡਿ ਭਈ ਬੈਰਾਗਨਿ ਤਬ ਸਾਚੀ ਸੁਰਤਿ ਸਮਾਨੀ ॥ (1197-7)
हउमै छोडि भई बैरागनि तब साची सुरति समानी ॥

ਅਕੁਲ ਨਿਰੰਜਨ ਸਿਉ ਮਨੁ ਮਾਨਿਆ ਬਿਸਰੀ ਲਾਜ ਲੁੋਕਾਨੀ ॥੩॥ (1197-7)
अकुल निरंजन सिउ मनु मानिआ बिसरी लाज लुोकानी ॥३॥

ਭੂਰ ਭਵਿਖ ਨਾਹੀ ਤੁਮ ਜੈਸੇ ਮੇਰੇ ਪ੍ਰੀਤਮ ਪ੍ਰਾਨ ਅਧਾਰਾ ॥ (1197-8)
भूर भविख नाही तुम जैसे मेरे प्रीतम प्रान अधारा ॥

ਹਰਿ ਕੈ ਨਾਮਿ ਰਤੀ ਸੋਹਾਗਨਿ ਨਾਨਕ ਰਾਮ ਭਤਾਰਾ ॥੪॥੧॥ (1197-8)
हरि कै नामि रती सोहागनि नानक राम भतारा ॥४॥१॥

ਸਾਰਗ ਮਹਲਾ ੧ ॥ (1197-9)
सारग महला १ ॥

ਹਰਿ ਬਿਨੁ ਕਿਉ ਰਹੀਐ ਦੁਖੁ ਬਿਆਪੈ ॥ (1197-9)
हरि बिनु किउ रहीऐ दुखु बिआपै ॥

ਜਿਹਵਾ ਸਾਦੁ ਨ ਫੀਕੀ ਰਸ ਬਿਨੁ ਬਿਨੁ ਪ੍ਰਭ ਕਾਲੁ ਸੰਤਾਪੈ ॥੧॥ ਰਹਾਉ ॥ (1197-10)
जिहवा सादु न फीकी रस बिनु बिनु प्रभ कालु संतापै ॥१॥ रहाउ ॥

ਜਬ ਲਗੁ ਦਰਸੁ ਨ ਪਰਸੈ ਪ੍ਰੀਤਮ ਤਬ ਲਗੁ ਭੂਖ ਪਿਆਸੀ ॥ (1197-10)
जब लगु दरसु न परसै प्रीतम तब लगु भूख पिआसी ॥

ਦਰਸਨੁ ਦੇਖਤ ਹੀ ਮਨੁ ਮਾਨਿਆ ਜਲ ਰਸਿ ਕਮਲ ਬਿਗਾਸੀ ॥੧॥ (1197-11)
दरसनु देखत ही मनु मानिआ जल रसि कमल बिगासी ॥१॥

ਊਨਵਿ ਘਨਹਰੁ ਗਰਜੈ ਬਰਸੈ ਕੋਕਿਲ ਮੋਰ ਬੈਰਾਗੈ ॥ (1197-11)
ऊनवि घनहरु गरजै बरसै कोकिल मोर बैरागै ॥

ਤਰਵਰ ਬਿਰਖ ਬਿਹੰਗ ਭੁਇਅੰਗਮ ਘਰਿ ਪਿਰੁ ਧਨ ਸੋਹਾਗੈ ॥੨॥ (1197-12)
तरवर बिरख बिहंग भुइअंगम घरि पिरु धन सोहागै ॥२॥

ਕੁਚਿਲ ਕੁਰੂਪਿ ਕੁਨਾਰਿ ਕੁਲਖਨੀ ਪਿਰ ਕਾ ਸਹਜੁ ਨ ਜਾਨਿਆ ॥ (1197-13)
कुचिल कुरूपि कुनारि कुलखनी पिर का सहजु न जानिआ ॥

ਹਰਿ ਰਸ ਰੰਗਿ ਰਸਨ ਨਹੀ ਤ੍ਰਿਪਤੀ ਦੁਰਮਤਿ ਦੂਖ ਸਮਾਨਿਆ ॥੩॥ (1197-13)
हरि रस रंगि रसन नही त्रिपती दुरमति दूख समानिआ ॥३॥

ਆਇ ਨ ਜਾਵੈ ਨਾ ਦੁਖੁ ਪਾਵੈ ਨਾ ਦੁਖ ਦਰਦੁ ਸਰੀਰੇ ॥ (1197-14)
आइ न जावै ना दुखु पावै ना दुख दरदु सरीरे ॥

ਨਾਨਕ ਪ੍ਰਭ ਤੇ ਸਹਜ ਸੁਹੇਲੀ ਪ੍ਰਭ ਦੇਖਤ ਹੀ ਮਨੁ ਧੀਰੇ ॥੪॥੨॥ (1197-14)
नानक प्रभ ते सहज सुहेली प्रभ देखत ही मनु धीरे ॥४॥२॥

ਸਾਰਗ ਮਹਲਾ ੧ ॥ (1197-15)
सारग महला १ ॥

ਦੂਰਿ ਨਾਹੀ ਮੇਰੋ ਪ੍ਰਭੁ ਪਿਆਰਾ ॥ (1197-15)
दूरि नाही मेरो प्रभु पिआरा ॥

ਸਤਿਗੁਰ ਬਚਨਿ ਮੇਰੋ ਮਨੁ ਮਾਨਿਆ ਹਰਿ ਪਾਏ ਪ੍ਰਾਨ ਅਧਾਰਾ ॥੧॥ ਰਹਾਉ ॥ (1197-15)
सतिगुर बचनि मेरो मनु मानिआ हरि पाए प्रान अधारा ॥१॥ रहाउ ॥

ਇਨ ਬਿਧਿ ਹਰਿ ਮਿਲੀਐ ਵਰ ਕਾਮਨਿ ਧਨ ਸੋਹਾਗੁ ਪਿਆਰੀ ॥ (1198-1)
इन बिधि हरि मिलीऐ वर कामनि धन सोहागु पिआरी ॥

ਜਾਤਿ ਬਰਨ ਕੁਲ ਸਹਸਾ ਚੂਕਾ ਗੁਰਮਤਿ ਸਬਦਿ ਬੀਚਾਰੀ ॥੧॥ (1198-2)
जाति बरन कुल सहसा चूका गुरमति सबदि बीचारी ॥१॥

ਜਿਸੁ ਮਨੁ ਮਾਨੈ ਅਭਿਮਾਨੁ ਨ ਤਾ ਕਉ ਹਿੰਸਾ ਲੋਭੁ ਵਿਸਾਰੇ ॥ (1198-2)
जिसु मनु मानै अभिमानु न ता कउ हिंसा लोभु विसारे ॥

ਸਹਜਿ ਰਵੈ ਵਰੁ ਕਾਮਣਿ ਪਿਰ ਕੀ ਗੁਰਮੁਖਿ ਰੰਗਿ ਸਵਾਰੇ ॥੨॥ (1198-3)
सहजि रवै वरु कामणि पिर की गुरमुखि रंगि सवारे ॥२॥

ਜਾਰਉ ਐਸੀ ਪ੍ਰੀਤਿ ਕੁਟੰਬ ਸਨਬੰਧੀ ਮਾਇਆ ਮੋਹ ਪਸਾਰੀ ॥ (1198-4)
जारउ ऐसी प्रीति कुटम्ब सनबंधी माइआ मोह पसारी ॥

ਜਿਸੁ ਅੰਤਰਿ ਪ੍ਰੀਤਿ ਰਾਮ ਰਸੁ ਨਾਹੀ ਦੁਬਿਧਾ ਕਰਮ ਬਿਕਾਰੀ ॥੩॥ (1198-4)
जिसु अंतरि प्रीति राम रसु नाही दुबिधा करम बिकारी ॥३॥

ਅੰਤਰਿ ਰਤਨੁ ਪਦਾਰਥੁ ਹਿਤ ਕੌ ਦੁਰੈ ਨ ਲਾਲ ਪਿਆਰੀ ॥ (1198-5)
अंतरि रतन पदारथ हित कौ दुरै न लाल पिआरी ॥

ਨਾਨਕ ਗੁਰਮੁਖਿ ਨਾਮੁ ਅਮੋਲਕੁ ਜੁਗਿ ਜੁਗਿ ਅੰਤਰਿ ਧਾਰੀ ॥੪॥੩॥ (1198-5)
नानक गुरमुखि नामु अमोलकु जुगि जुगि अंतरि धारी ॥४॥३॥

ਸਾਰੰਗ ਮਹਲਾ ੪ ਘਰੁ ੧ (1198-7)
सारंग महला ४ घरु १

ੴ ਸਤਿਗੁਰ ਪ੍ਰਸਾਦਿ ॥ (1198-7)
ੴ सतिगुर प्रसादि ॥

ਹਰਿ ਕੇ ਸੰਤ ਜਨਾ ਕੀ ਹਮ ਧੂਰਿ ॥ (1198-8)
हरि के संत जना की हम धूरि ॥

ਮਿਲਿ ਸਤਸੰਗਤਿ ਪਰਮ ਪਦੁ ਪਾਇਆ ਆਤਮ ਰਾਮੁ ਰਹਿਆ ਭਰਪੂਰਿ ॥੧॥ ਰਹਾਉ ॥ (1198-8)
मिलि सतसंगति परम पदु पाइआ आतम रामु रहिआ भरपूरि ॥१॥ रहाउ ॥

ਸਤਿਗੁਰੁ ਸੰਤੁ ਮਿਲੈ ਸਾਂਤਿ ਪਾਈਐ ਕਿਲਵਿਖ ਦੁਖ ਕਾਟੇ ਸਭਿ ਦੂਰਿ ॥ (1198-9)
सतिगुरु संतु मिलै सांति पाईऐ किलविख दुख काटे सभि दूरि ॥

ਆਤਮ ਜੋਤਿ ਭਈ ਪਰਫੂਲਿਤ ਪੁਰਖੁ ਨਿਰੰਜਨੁ ਦੇਖਿਆ ਹਜੂਰਿ ॥੧॥ (1198-9)
आतम जोति भई परफूलित पुरखु निरंजनु देखिआ हजूरि ॥१॥

ਵਡੈ ਭਾਗਿ ਸਤਸੰਗਤਿ ਪਾਈ ਹਰਿ ਹਰਿ ਨਾਮੁ ਰਹਿਆ ਭਰਪੂਰਿ ॥ (1198-10)
वडै भागि सतसंगति पाई हरि हरि नामु रहिआ भरपूरि ॥

ਅਠਸਠਿ ਤੀਰਥ ਮਜਨੁ ਕੀਆ ਸਤਸੰਗਤਿ ਪਗ ਨਾਏ ਧੂਰਿ ॥੨॥ (1198-11)
अठसठि तीरथ मजनु कीआ सतसंगति पग नाए धूरि ॥२॥

ਦੁਰਮਤਿ ਬਿਕਾਰ ਮਲੀਨ ਮਤਿ ਹੋਛੀ ਹਿਰਦਾ ਕੁਸੁਧੁ ਲਾਗਾ ਮੋਹ ਕੂਰੁ ॥ (1198-11)
दुरमति बिकार मलीन मति होछी हिरदा कुसुधु लागा मोह कूरु ॥

ਬਿਨੁ ਕਰਮਾ ਕਿਉ ਸੰਗਤਿ ਪਾਈਐ ਹਉਮੈ ਬਿਆਪਿ ਰਹਿਆ ਮਨੁ ਝੂਰਿ ॥੩॥ (1198-12)
बिनु करमा किउ संगति पाईऐ हउमै बिआपि रहिआ मनु झूरि ॥३॥

ਹੋਹੁ ਦਇਆਲ ਕ੍ਰਿਪਾ ਕਰਿ ਹਰਿ ਜੀ ਮਾਗਉ ਸਤਸੰਗਤਿ ਪਗ ਧੂਰਿ ॥ (1198-13)
होहु दइआल क्रिपा करि हरि जी मागउ सतसंगति पग धूरि ॥

ਨਾਨਕ ਸੰਤੁ ਮਿਲੈ ਹਰਿ ਪਾਈਐ ਜਨੁ ਹਰਿ ਭੇਟਿਆ ਰਾਮੁ ਹਜੂਰਿ ॥੪॥੧॥ (1198-13)
नानक संतु मिलै हरि पाईऐ जनु हरि भेटिआ रामु हजूरि ॥४॥१॥

ਸਾਰੰਗ ਮਹਲਾ ੪ ॥ (1198-14)
सारंग महला ४ ॥

ਗੋਬਿੰਦ ਚਰਨਨ ਕਉ ਬਲਿਹਾਰੀ ॥ (1198-14)
गोबिंद चरनन कउ बलिहारी ॥

ਭਵਜਲੁ ਜਗਤੁ ਨ ਜਾਈ ਤਰਣਾ ਜਪਿ ਹਰਿ ਹਰਿ ਪਾਰਿ ਉਤਾਰੀ ॥੧॥ ਰਹਾਉ ॥ (1198-14)
भवजलु जगतु न जाई तरणा जपि हरि हरि पारि उतारी ॥१॥ रहाउ ॥

ਹਿਰਦੈ ਪ੍ਰਤੀਤਿ ਬਨੀ ਪ੍ਰਭ ਕੇਰੀ ਸੇਵਾ ਸੁਰਤਿ ਬੀਚਾਰੀ ॥ (1198-15)
हिरदै प्रतीति बनी प्रभ केरी सेवा सुरति बीचारी ॥

ਅਨਦਿਨੁ ਰਾਮ ਨਾਮੁ ਜਪਿ ਹਿਰਦੈ ਸਰਬ ਕਲਾ ਗੁਣਕਾਰੀ ॥੧॥ (1198-16)
अनदिनु राम नामु जपि हिरदै सरब कला गुणकारी ॥१॥

ਪ੍ਰਭੁ ਅਗਮ ਅਗੋਚਰੁ ਰਵਿਆ ਸ੍ਰਬ ਠਾਈ ਮਨਿ ਤਨਿ ਅਲਖ ਅਪਾਰੀ ॥ (1198-16)
प्रभु अगम अगोचरु रविआ स्रब ठाई मनि तनि अलख अपारी ॥

ਗੁਰ ਕਿਰਪਾਲ ਭਏ ਤਬ ਪਾਇਆ ਹਿਰਦੈ ਅਲਖੁ ਲਖਾਰੀ ॥੨॥ (1198-17)
गुर किरपाल भए तब पाइआ हिरदै अलखु लखारी ॥२॥

ਅੰਤਰਿ ਹਰਿ ਨਾਮੁ ਸਰਬ ਧਰਣੀਧਰ ਸਾਕਤ ਕਉ ਦੂਰਿ ਭਇਆ ਅਹੰਕਾਰੀ ॥ (1198-18)
अंतरि हरि नामु सरब धरणीधर साकत कउ दूरि भइआ अहंकारी ॥

ਤ੍ਰਿਸਨਾ ਜਲਤ ਨ ਕਬਹੂ ਬੂਝਹਿ ਜੂਐ ਬਾਜੀ ਹਾਰੀ ॥੩॥ (1198-18)
त्रिसना जलत न कबहू बूझहि जूऐ बाजी हारी ॥३॥

ਊਠਤ ਬੈਠਤ ਹਰਿ ਗੁਨ ਗਾਵਹਿ ਗੁਰਿ ਕਿੰਚਤ ਕਿਰਪਾ ਧਾਰੀ ॥ (1198-19)
ऊठत बैठत हरि गुन गावहि गुरि किंचत किरपा धारी ॥

ਨਾਨਕ ਜਿਨ ਕਉ ਨਦਰਿ ਭਈ ਹੈ ਤਿਨ ਕੀ ਪੈਜ ਸਵਾਰੀ ॥੪॥੨॥ (1198-19)
नानक जिन कउ नदरि भई है तिन की पैज सवारी ॥४॥२॥

ਸਾਰਗ ਮਹਲਾ ੪ ॥ (1199-1)
सारग महला ४ ॥

ਹਰਿ ਹਰਿ ਅੰਮ੍ਰਿਤ ਨਾਮੁ ਦੇਹੁ ਪਿਆਰੇ ॥ (1199-1)
हरि हरि अमृत नामु देहु पिआरे ॥

ਜਿਨ ਊਪਰਿ ਗੁਰਮੁਖਿ ਮਨੁ ਮਾਨਿਆ ਤਿਨ ਕੇ ਕਾਜ ਸਵਾਰੇ ॥੧॥ ਰਹਾਉ ॥ (1199-2)
जिन ऊपरि गुरमुखि मनु मानिआ तिन के काज सवारे ॥१॥ रहाउ ॥

ਜੋ ਜਨ ਦੀਨ ਭਏ ਗੁਰ ਆਗੈ ਤਿਨ ਕੇ ਦੂਖ ਨਿਵਾਰੇ ॥ (1199-2)
जो जन दीन भए गुर आगै तिन के दूख निवारे ॥

ਅਨਦਿਨੁ ਭਗਤਿ ਕਰਹਿ ਗੁਰ ਆਗੈ ਗੁਰ ਕੈ ਸਬਦਿ ਸਵਾਰੇ ॥੧॥ (1199-3)
अनदिनु भगति करहि गुर आगै गुर कै सबदि सवारे ॥१॥

ਹਿਰਦੈ ਨਾਮੁ ਅੰਮ੍ਰਿਤ ਰਸੁ ਰਸਨਾ ਰਸੁ ਗਾਵਹਿ ਰਸੁ ਬੀਚਾਰੇ ॥ (1199-3)
हिरदै नामु अमृत रसु रसना रसु गावहि रसु बीचारे ॥

ਗੁਰ ਪਰਸਾਦਿ ਅੰਮ੍ਰਿਤ ਰਸੁ ਚੀਨ੍ਹਿਆ ਓਇ ਪਾਵਹਿ ਮੋਖ ਦੁਆਰੇ ॥੨॥ (1199-4)
गुर परसादि अमृत रसु चीन्हिआ ओइ पावहि मोख दुआरे ॥२॥

ਸਤਿਗੁਰੁ ਪੁਰਖੁ ਅਚਲੁ ਅਚਲਾ ਮਤਿ ਜਿਸੁ ਦ੍ਰਿੜਤਾ ਨਾਮੁ ਅਧਾਰੇ ॥ (1199-5)
सतिगुरु पुरखु अचलु अचला मति जिसु द्रिड़ता नामु अधारे ॥

ਤਿਸੁ ਆਗੈ ਜੀਉ ਦੇਵਉ ਅਪੁਨਾ ਹਉ ਸਤਿਗੁਰ ਕੈ ਬਲਿਹਾਰੇ ॥੩॥ (1199-5)
तिसु आगै जीउ देवउ अपुना हउ सतिगुर कै बलिहारे ॥३॥

ਮਨਮੁਖ ਭ੍ਰਮਿ ਦੂਜੈ ਭਾਇ ਲਾਗੇ ਅੰਤਰਿ ਅਗਿਆਨ ਗੁਬਾਰੇ ॥ (1199-6)
मनमुख भ्रमि दूजै भाइ लागे अंतरि अगिआन गुबारे ॥

ਸਤਿਗੁਰੁ ਦਾਤਾ ਨਦਰਿ ਨ ਆਵੈ ਨਾ ਉਰਵਾਰਿ ਨ ਪਾਰੇ ॥੪॥ (1199-7)
सतिगुरु दाता नदरि न आवै ना उरवारि न पारे ॥४॥

ਸਰਬੇ ਘਟਿ ਘਟਿ ਰਵਿਆ ਸੁਆਮੀ ਸਰਬ ਕਲਾ ਕਲ ਧਾਰੇ ॥ (1199-7)
सरबे घटि घटि रविआ सुआमी सरब कला कल धारे ॥

ਨਾਨਕੁ ਦਾਸਨਿ ਦਾਸੁ ਕਹਤ ਹੈ ਕਰਿ ਕਿਰਪਾ ਲੇਹੁ ਉਬਾਰੇ ॥੫॥੩॥ (1199-8)
नानकु दासनि दासु कहत है करि किरपा लेहु उबारे ॥५॥३॥

ਸਾਰਗ ਮਹਲਾ ੪ ॥ (1199-8)
सारग महला ४ ॥

ਗੋਬਿਦ ਕੀ ਐਸੀ ਕਾਰ ਕਮਾਇ ॥ (1199-8)
गोबिद की ऐसी कार कमाइ ॥

ਜੋ ਕਿਛੁ ਕਰੇ ਸੁ ਸਤਿ ਕਰਿ ਮਾਨਹੁ ਗੁਰਮੁਖਿ ਨਾਮਿ ਰਹਹੁ ਲਿਵ ਲਾਇ ॥੧॥ ਰਹਾਉ ॥ (1199-9)
जो किछु करे सु सति करि मानहु गुरमुखि नामि रहहु लिव लाइ ॥१॥ रहाउ ॥

ਗੋਬਿਦ ਪ੍ਰੀਤਿ ਲਗੀ ਅਤਿ ਮੀਠੀ ਅਵਰ ਵਿਸਰਿ ਸਭ ਜਾਇ ॥ (1199-10)
गोबिद प्रीति लगी अति मीठी अवर विसरि सभ जाइ ॥

ਅਨਦਿਨੁ ਰਹਸੁ ਭਇਆ ਮਨੁ ਮਾਨਿਆ ਜੋਤੀ ਜੋਤਿ ਮਿਲਾਇ ॥੧॥ (1199-10)
अनदिनु रहसु भइआ मनु मानिआ जोती जोति मिलाइ ॥१॥

ਜਬ ਗੁਣ ਗਾਇ ਤਬ ਹੀ ਮਨੁ ਤ੍ਰਿਪਤੈ ਸਾਂਤਿ ਵਸੈ ਮਨਿ ਆਇ ॥ (1199-11)
जब गुण गाइ तब ही मनु त्रिपतै सांति वसै मनि आइ ॥

ਗੁਰ ਕਿਰਪਾਲ ਭਏ ਤਬ ਪਾਇਆ ਹਰਿ ਚਰਣੀ ਚਿਤੁ ਲਾਇ ॥੨॥ (1199-11)
गुर किरपाल भए तब पाइआ हरि चरणी चितु लाइ ॥२॥

ਮਤਿ ਪ੍ਰਗਾਸ ਭਈ ਹਰਿ ਧਿਆਇਆ ਗਿਆਨਿ ਤਤਿ ਲਿਵ ਲਾਇ ॥ (1199-12)
मति प्रगास भई हरि धिआइआ गिआनि तति लिव लाइ ॥

ਅੰਤਰਿ ਜੋਤਿ ਪ੍ਰਗਟੀ ਮਨੁ ਮਾਨਿਆ ਹਰਿ ਸਹਜਿ ਸਮਾਧਿ ਲਗਾਇ ॥੩॥ (1199-13)
अंतरि जोति प्रगटी मनु मानिआ हरि सहजि समाधि लगाइ ॥३॥

ਹਿਰਦੈ ਕਪਟੁ ਨਿਤ ਕਪਟੁ ਕਮਾਵਹਿ ਮੁਖਹੁ ਹਰਿ ਹਰਿ ਸੁਣਾਇ ॥ (1199-13)
हिरदै कपटु नित कपटु कमावहि मुखहु हरि हरि सुणाइ ॥

ਅੰਤਰਿ ਲੋਭੁ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ ॥੪॥ (1199-14)
अंतरि लोभु महा गुबारा तुह कूटै दुख खाइ ॥४॥

ਜਬ ਸੁਪ੍ਰਸੰਨ ਭਏ ਪ੍ਰਭ ਮੇਰੇ ਗੁਰਮੁਖਿ ਪਰਚਾ ਲਾਇ ॥ (1199-14)
जब सुप्रसंन भए प्रभ मेरे गुरमुखि परचा लाइ ॥

ਨਾਨਕ ਨਾਮ ਨਿਰੰਜਨੁ ਪਾਇਆ ਨਾਮੁ ਜਪਤ ਸੁਖੁ ਪਾਇ ॥੫॥੪॥ (1199-15)
नानक नाम निरंजनु पाइआ नामु जपत सुखु पाइ ॥५॥४॥

ਸਾਰਗ ਮਹਲਾ ੪ ॥ (1199-15)
सारग महला ४ ॥

ਮੇਰਾ ਮਨੁ ਰਾਮ ਨਾਮਿ ਮਨੁ ਮਾਨੀ ॥ (1199-16)
मेरा मनु राम नामि मनु मानी ॥

ਮੇਰੈ ਹੀਅਰੈ ਸਤਿਗੁਰਿ ਪ੍ਰੀਤਿ ਲਗਾਈ ਮਨਿ ਹਰਿ ਹਰਿ ਕਥਾ ਸੁਖਾਨੀ ॥੧॥ ਰਹਾਉ ॥ (1199-16)
मेरै हीअरै सतिगुरि प्रीति लगाई मनि हरि हरि कथा सुखानी ॥१॥ रहाउ ॥

ਦੀਨ ਦਇਆਲ ਹੋਵਹੁ ਜਨ ਊਪਰਿ ਜਨ ਦੇਵਹੁ ਅਕਥ ਕਹਾਨੀ ॥ (1199-17)
दीन दइआल होवहु जन ऊपरि जन देवहु अकथ कहानी ॥

ਸੰਤ ਜਨਾ ਮਿਲਿ ਹਰਿ ਰਸੁ ਪਾਇਆ ਹਰਿ ਮਨਿ ਤਨਿ ਮੀਠ ਲਗਾਨੀ ॥੧॥ (1199-17)
संत जना मिलि हरि रसु पाइआ हरि मनि तनि मीठ लगानी ॥१॥

ਹਰਿ ਕੈ ਰੰਗਿ ਰਤੇ ਬੈਰਾਗੀ ਜਿਨ੍ਹ ਗੁਰਮਤਿ ਨਾਮੁ ਪਛਾਨੀ ॥ (1199-18)
हरि कै रंगि रते बैरागी जिन्ह गुरमति नामु पछानी ॥

ਪੁਰਖੈ ਪੁਰਖੁ ਮਿਲਿਆ ਸੁਖੁ ਪਾਇਆ ਸਭ ਚੂਕੀ ਆਵਣ ਜਾਨੀ ॥੨॥ (1199-19)
पुरखै पुरखु मिलिआ सुखु पाइआ सभ चूकी आवण जानी ॥२॥

ਨੈਣੀ ਬਿਰਹੁ ਦੇਖਾ ਪ੍ਰਭ ਸੁਆਮੀ ਰਸਨਾ ਨਾਮੁ ਵਖਾਨੀ ॥ (1199-19)
नैणी बिरहु देखा प्रभ सुआमी रसना नामु वखानी ॥

ਸ੍ਰਵਣੀ ਕੀਰਤਨੁ ਸੁਨਉ ਦਿਨੁ ਰਾਤੀ ਹਿਰਦੈ ਹਰਿ ਹਰਿ ਭਾਨੀ ॥੩॥ (1200-1)
स्रवणी कीरतनु सुनउ दिनु राती हिरदै हरि हरि भानी ॥३॥

ਪੰਚ ਜਨਾ ਗੁਰਿ ਵਸਗਤਿ ਆਣੇ ਤਉ ਉਨਮਨਿ ਨਾਮਿ ਲਗਾਨੀ ॥ (1200-2)
पंच जना गुरि वसगति आणे तउ उनमनि नामि लगानी ॥

ਜਨ ਨਾਨਕ ਹਰਿ ਕਿਰਪਾ ਧਾਰੀ ਹਰਿ ਰਾਮੈ ਨਾਮਿ ਸਮਾਨੀ ॥੪॥੫॥ (1200-2)
जन नानक हरि किरपा धारी हरि रामै नामि समानी ॥४॥५॥

ਸਾਰਗ ਮਹਲਾ ੪ ॥ (1200-3)
सारग महला ४ ॥

ਜਪਿ ਮਨ ਰਾਮ ਨਾਮੁ ਪੜ੍ਹੁ ਸਾਰੁ ॥ (1200-3)
जपि मन राम नामु पड़्हु सारु ॥

ਰਾਮ ਨਾਮ ਬਿਨੁ ਥਿਰੁ ਨਹੀ ਕੋਈ ਹੋਰੁ ਨਿਹਫਲ ਸਭੁ ਬਿਸਥਾਰੁ ॥੧॥ ਰਹਾਉ ॥ (1200-3)
राम नाम बिनु थिरु नही कोई होरु निहफल सभु बिसथारु ॥१॥ रहाउ ॥

ਕਿਆ ਲੀਜੈ ਕਿਆ ਤਜੀਐ ਬਉਰੇ ਜੋ ਦੀਸੈ ਸੋ ਛਾਰੁ ॥ (1200-4)
किआ लीजै किआ तजीऐ बउरे जो दीसै सो छारु ॥

ਸੇਵਕ ਭੈ ਦੂਰਿ ਕਰਨ ਕਲਿਮਲ ਦੋਖ ਜਾਰੇ ॥ (1230-6)
सेवक भै दूरि करन कलिमल दोख जारे ॥

ਕਹਤ ਮੁਕਤ ਸੁਨਤ ਮੁਕਤ ਰਹਤ ਜਨਮ ਰਹਤੇ ॥ (1230-6)
कहत मुकत सुनत मुकत रहत जनम रहते ॥

ਰਾਮ ਰਾਮ ਸਾਰ ਭੂਤ ਨਾਨਕ ਤਤੁ ਬੀਚਾਰੇ ॥੨॥੪॥੧੩੩॥ (1230-7)
राम राम सार भूत नानक ततु बीचारे ॥२॥४॥१३३॥

ਸਾਰਗ ਮਹਲਾ ੫ ॥ (1230-8)
सारग महला ५ ॥

ਨਾਮ ਭਗਤਿ ਮਾਗੁ ਸੰਤ ਤਿਆਗਿ ਸਗਲ ਕਾਮੀ ॥੧॥ ਰਹਾਉ ॥ (1230-8)
नाम भगति मागु संत तिआगि सगल कामी ॥१॥ रहाउ ॥

ਪ੍ਰੀਤਿ ਲਾਇ ਹਰਿ ਧਿਆਇ ਗੁਨ ਗੋੁਬਿੰਦ ਸਦਾ ਗਾਇ ॥ (1230-8)
प्रीति लाइ हरि धिआइ गुन गोुबिंद सदा गाइ ॥

ਹਰਿ ਜਨ ਕੀ ਰੇਨ ਬਾਂਛੁ ਦੈਨਹਾਰ ਸੁਆਮੀ ॥੧॥ (1230-9)
हरि जन की रेन बांछु दैनहार सुआमी ॥१॥

ਸਰਬ ਕੁਸਲ ਸੁਖ ਬਿਸ੍ਰਾਮ ਆਨਦਾ ਆਨੰਦ ਨਾਮ ਜਮ ਕੀ ਕਛੁ ਨਾਹਿ ਤ੍ਰਾਸ ਸਿਮਰਿ ਅੰਤਰਜਾਮੀ ॥ (1230-9)
सरब कुसल सुख बिस्राम आनदा आनंद नाम जम की कछु नाहि त्रास सिमरि अंतरजामी ॥

ਏਕ ਸਰਨ ਗੋਬਿੰਦ ਚਰਨ ਸੰਸਾਰ ਸਗਲ ਤਾਪ ਹਰਨ ॥ (1230-10)
एक सरन गोबिंद चरन संसार सगल ताप हरन ॥

ਨਾਵ ਰੂਪ ਸਾਧਸੰਗ ਨਾਨਕ ਪਾਰਗਰਾਮੀ ॥੨॥੫॥੧੩੪॥ (1230-11)
नाव रूप साधसंग नानक पारगरामी ॥२॥५॥१३४॥

ਸਾਰਗ ਮਹਲਾ ੫ ॥ (1230-11)
सारग महला ५ ॥

ਗੁਨ ਲਾਲ ਗਾਵਉ ਗੁਰ ਦੇਖੇ ॥ (1230-12)
गुन लाल गावउ गुर देखे ॥

ਪੰਚਾ ਤੇ ਏਕੁ ਛੂਟਾ ਜਉ ਸਾਧਸੰਗਿ ਪਗ ਰਉ ॥੧॥ ਰਹਾਉ ॥ (1230-12)
पंचा ते एकु छूटा जउ साधसंगि पग रउ ॥१॥ रहाउ ॥

ਦ੍ਰਿਸਟਉ ਕਛੁ ਸੰਗਿ ਨ ਜਾਇ ਮਾਨੁ ਤਿਆਗਿ ਮੋਹਾ ॥ (1230-12)
द्रिसटउ कछु संगि न जाइ मानु तिआगि मोहा ॥

ਏਕੈ ਹਰਿ ਪ੍ਰੀਤਿ ਲਾਇ ਮਿਲਿ ਸਾਧਸੰਗਿ ਸੋਹਾ ॥੧॥ (1230-13)
एकै हरि प्रीति लाइ मिलि साधसंगि सोहा ॥१॥

ਪਾਇਓ ਹੈ ਗੁਣ ਨਿਧਾਨੁ ਸਗਲ ਆਸ ਪੂਰੀ ॥ (1230-13)
पाइओ है गुण निधानु सगल आस पूरी ॥

ਨਾਨਕ ਮਨਿ ਅਨੰਦ ਭਏ ਗੁਰਿ ਬਿਖਮ ਗਾਰ੍ਹ ਤੋਰੀ ॥੨॥੬॥੧੩੫॥ (1230-14)
नानक मनि अनंद भए गुरि बिखम गार्ह तोरी ॥२॥६॥१३५॥

ਸਾਰਗ ਮਹਲਾ ੫ ॥ (1230-14)
सारग महला ५ ॥

ਮਨਿ ਬਿਰਾਗੈਗੀ ॥ (1230-15)
मनि बिरागैगी ॥

ਖੋਜਤੀ ਦਰਸਾਰ ॥੧॥ ਰਹਾਉ ॥ (1230-15)
खोजती दरसार ॥१॥ रहाउ ॥

ਸਾਧੂ ਸੰਤਨ ਸੇਵਿ ਕੈ ਪ੍ਰਿਉ ਹੀਅਰੈ ਧਿਆਇਓ ॥ (1230-15)
साधू संतन सेवि कै प्रिउ हीअरै धिआइओ ॥

ਆਨੰਦ ਰੂਪੀ ਪੇਖਿ ਕੈ ਹਉ ਮਹਲੁ ਪਾਵਉਗੀ ॥੧॥ (1230-15)
आनंद रूपी पेखि कै हउ महलु पावउगी ॥१॥

ਕਾਮ ਕਰੀ ਸਭ ਤਿਆਗਿ ਕੈ ਹਉ ਸਰਣਿ ਪਰਉਗੀ ॥ (1230-16)
काम करी सभ तिआगि कै हउ सरणि परउगी ॥

ਨਾਨਕ ਸੁਆਮੀ ਗਰਿ ਮਿਲੇ ਹਉ ਗੁਰ ਮਨਾਵਉਗੀ ॥੨॥੭॥੧੩੬॥ (1230-16)
नानक सुआमी गरि मिले हउ गुर मनावउगी ॥२॥७॥१३६॥

ਸਾਰਗ ਮਹਲਾ ੫ ॥ (1230-17)
सारग महला ५ ॥

ਐਸੀ ਹੋਇ ਪਰੀ ॥ (1230-17)
ऐसी होइ परी ॥

ਜਾਨਤੇ ਦਇਆਰ ॥੧॥ ਰਹਾਉ ॥ (1230-17)
जानते दइआर ॥१॥ रहाउ ॥

ਮਾਤਰ ਪਿਤਰ ਤਿਆਗਿ ਕੈ ਮਨੁ ਸੰਤਨ ਪਾਹਿ ਬੇਚਾਇਓ ॥ (1230-18)
मातर पितर तिआगि कै मनु संतन पाहि बेचाइओ ॥

ਜਾਤਿ ਜਨਮ ਕੁਲ ਖੋਈਐ ਹਉ ਗਾਵਉ ਹਰਿ ਹਰੀ ॥੧॥ (1230-18)
जाति जनम कुल खोईऐ हउ गावउ हरि हरी ॥१॥

ਲੋਕ ਕੁਟੰਬ ਤੇ ਟੂਟੀਐ ਪ੍ਰਭ ਕਿਰਤਿ ਕਿਰਤਿ ਕਰੀ ॥ (1230-19)
लोक कुद्मब ते टूटीऐ प्रभ किरति किरति करी ॥

ਗੁਰਿ ਮੋ ਕਉ ਉਪਦੇਸਿਆ ਨਾਨਕ ਸੇਵਿ ਏਕ ਹਰੀ ॥੨॥੮॥੧੩੭॥ (1230-19)
गुरि मो कउ उपदेसिआ नानक सेवि एक हरी ॥२॥८॥१३७॥

ਸਾਰਗ ਮਹਲਾ ੫ ॥ (1231-1)
सारग महला ५ ॥

ਲਾਲ ਲਾਲ ਮੋਹਨ ਗੋਪਾਲ ਤੂ ॥ (1231-1)
लाल लाल मोहन गोपाल तू ॥

ਕੀਟ ਹਸਤਿ ਪਾਖਾਣ ਜੰਤ ਸਰਬ ਮੈ ਪ੍ਰਤਿਪਾਲ ਤੂ ॥੧॥ ਰਹਾਉ ॥ (1231-1)
कीट हसति पाखाण जंत सरब मै प्रतिपाल तू ॥१॥ रहाउ ॥

ਨਹ ਦੂਰਿ ਪੂਰਿ ਹਜੂਰਿ ਸੰਗੇ ॥ (1231-2)
नह दूरि पूरि हजूरि संगे ॥

ਸੁੰਦਰ ਰਸਾਲ ਤੂ ॥੧॥ (1231-2)
सुंदर रसाल तू ॥१॥

ਨਹ ਬਰਨ ਬਰਨ ਨਹ ਕੁਲਹ ਕੁਲ ॥ (1231-3)
नह बरन बरन नह कुलह कुल ॥

ਨਾਨਕ ਪ੍ਰਭ ਕਿਰਪਾਲ ਤੂ ॥੨॥੯॥੧੩੮॥ (1231-3)
नानक प्रभ किरपाल तू ॥२॥९॥१३८॥

ਸਾਰਗ ਮਃ ੫ ॥ (1231-3)
सारग मः ५ ॥

ਕਰਤ ਕੇਲ ਬਿਖੈ ਮੇਲ ਚੰਦ੍ਰ ਸੂਰ ਮੋਹੇ ॥ (1231-3)
करत केल बिखै मेल चंद्र सूर मोहे ॥

ਉਪਜਤਾ ਬਿਕਾਰ ਦੁੰਦਰ ਨਉਪਰੀ ਝੁਨੰਤਕਾਰ ਸੁੰਦਰ ਅਨਿਗ ਭਾਉ ਕਰਤ ਫਿਰਤ ਬਿਨੁ ਗੋਪਾਲ ਧੋਹੇ ॥ ਰਹਾਉ ॥ (1231-4)
उपजता बिकार दुंदर नउपरी झुनंतकार सुंदर अनिग भाउ करत फिरत बिनु गोपाल धोहे ॥ रहाउ ॥

ਤੀਨਿ ਭਉਨੇ ਲਪਟਾਇ ਰਹੀ ਕਾਚ ਕਰਮਿ ਨ ਜਾਤ ਸਹੀ ਉਨਮਤ ਅੰਧ ਧੰਧ ਰਚਿਤ ਜੈਸੇ ਮਹਾ ਸਾਗਰ ਹੋਹੇ ॥੧॥ (1231-5)
तीनि भउने लपटाइ रही काच करमि न जात सही उनमत अंध धंध रचित जैसे महा सागर होहे ॥१॥

ਉਧਰੇ ਹਰਿ ਸੰਤ ਦਾਸ ਕਾਟਿ ਦੀਨੀ ਜਮ ਕੀ ਫਾਸ ਪਤਿਤ ਪਾਵਨ ਨਾਮੁ ਜਾ ਕੋ ਸਿਮਰਿ ਨਾਨਕ ਓਹੇ ॥੨॥੧੦॥੧੩੯॥੩॥੧੩॥੧੫੫॥ (1231-6)
उधरे हरि संत दास काटि दीनी जम की फास पतित पावन नामु जा को सिमरि नानक ओहे ॥२॥१०॥१३९॥३॥१३॥१५५॥

ੴ ਸਤਿਗੁਰ ਪ੍ਰਸਾਦਿ ॥ (1231-8)
ੴ सतिगुर प्रसादि ॥

ਰਾਗੁ ਸਾਰੰਗ ਮਹਲਾ ੯ ॥ (1231-8)
रागु सारंग महला ९ ॥

ਹਰਿ ਬਿਨੁ ਤੇਰੋ ਕੋ ਨ ਸਹਾਈ ॥ (1231-8)
हरि बिनु तेरो को न सहाई ॥

ਕਾਂ ਕੀ ਮਾਤ ਪਿਤਾ ਸੁਤ ਬਨਿਤਾ ਕੋ ਕਾਹੂ ਕੋ ਭਾਈ ॥੧॥ ਰਹਾਉ ॥ (1231-8)
कां की मात पिता सुत बनिता को काहू को भाई ॥१॥ रहाउ ॥

ਧਨੁ ਧਰਨੀ ਅਰੁ ਸੰਪਤਿ ਸਗਰੀ ਜੋ ਮਾਨਿਓ ਅਪਨਾਈ ॥ (1231-9)
धनु धरनी अरु स्मपति सगरी जो मानिओ अपनाई ॥

ਤਨ ਛੂਟੈ ਕਛੁ ਸੰਗਿ ਨ ਚਾਲੈ ਕਹਾ ਤਾਹਿ ਲਪਟਾਈ ॥੧॥ (1231-9)
तन छूटै कछु संगि न चालै कहा ताहि लपटाई ॥१॥

ਦੀਨ ਦਇਆਲ ਸਦਾ ਦੁਖ ਭੰਜਨ ਤਾ ਸਿਉ ਰੁਚਿ ਨ ਬਢਾਈ ॥ (1231-10)
दीन दइआल सदा दुख भंजन ता सिउ रुचि न बढाई ॥

ਨਾਨਕ ਕਹਤ ਜਗਤ ਸਭ ਮਿਥਿਆ ਜਿਉ ਸੁਪਨਾ ਰੈਨਾਈ ॥੨॥੧॥ (1231-11)
नानक कहत जगत सभ मिथिआ जिउ सुपना रैनाई ॥२॥१॥

ਸਾਰੰਗ ਮਹਲਾ ੯ ॥ (1231-11)
सारंग महला ९ ॥

ਕਹਾ ਮਨ ਬਿਖਿਆ ਸਿਉ ਲਪਟਾਹੀ ॥ (1231-11)
कहा मन बिखिआ सिउ लपटाही ॥

ਯਾ ਜਗ ਮਹਿ ਕੋਊ ਰਹਨੁ ਨ ਪਾਵੈ ਇਕਿ ਆਵਹਿ ਇਕਿ ਜਾਹੀ ॥੧॥ ਰਹਾਉ ॥ (1231-12)
या जग महि कोऊ रहनु न पावै इकि आवहि इकि जाही ॥१॥ रहाउ ॥

ਕਾਂ ਕੋ ਤਨੁ ਧਨੁ ਸੰਪਤਿ ਕਾਂ ਕੀ ਕਾ ਸਿਉ ਨੇਹੁ ਲਗਾਹੀ ॥ (1231-12)
कां को तनु धनु स्मपति कां की का सिउ नेहु लगाही ॥

ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਹੀ ॥੧॥ (1231-13)
जो दीसै सो सगल बिनासै जिउ बादर की छाही ॥१॥

ਤਜਿ ਅਭਿਮਾਨੁ ਸਰਣਿ ਸੰਤਨ ਗਹੁ ਮੁਕਤਿ ਹੋਹਿ ਛਿਨ ਮਾਹੀ ॥ (1231-14)
तजि अभिमानु सरणि संतन गहु मुकति होहि छिन माही ॥

ਜਨ ਨਾਨਕ ਭਗਵੰਤ ਭਜਨ ਬਿਨੁ ਸੁਖੁ ਸੁਪਨੈ ਭੀ ਨਾਹੀ ॥੨॥੨॥ (1231-14)
जन नानक भगवंत भजन बिनु सुखु सुपनै भी नाही ॥२॥२॥

ਸਾਰੰਗ ਮਹਲਾ ੯ ॥ (1231-15)
सारंग महला ९ ॥

ਕਹਾ ਨਰ ਅਪਨੋ ਜਨਮੁ ਗਵਾਵੈ ॥ (1231-15)
कहा नर अपनो जनमु गवावै ॥

ਮਾਇਆ ਮਦਿ ਬਿਖਿਆ ਰਸਿ ਰਚਿਓ ਰਾਮ ਸਰਨਿ ਨਹੀ ਆਵੈ ॥੧॥ ਰਹਾਉ ॥ (1231-15)
माइआ मदि बिखिआ रसि रचिओ राम सरनि नही आवै ॥१॥ रहाउ ॥

ਇਹੁ ਸੰਸਾਰੁ ਸਗਲ ਹੈ ਸੁਪਨੋ ਦੇਖਿ ਕਹਾ ਲੋਭਾਵੈ ॥ (1231-16)
इहु संसारु सगल है सुपनो देखि कहा लोभावै ॥

ਜੋ ਉਪਜੈ ਸੋ ਸਗਲ ਬਿਨਾਸੈ ਰਹਨੁ ਨ ਕੋਊ ਪਾਵੈ ॥੧॥ (1231-16)
जो उपजै सो सगल बिनासै रहनु न कोऊ पावै ॥१॥

ਮਿਥਿਆ ਤਨੁ ਸਾਚੋ ਕਰਿ ਮਾਨਿਓ ਇਹ ਬਿਧਿ ਆਪੁ ਬੰਧਾਵੈ ॥ (1231-17)
मिथिआ तनु साचो करि मानिओ इह बिधि आपु बंधावै ॥

ਜਨ ਨਾਨਕ ਸੋਊ ਜਨੁ ਮੁਕਤਾ ਰਾਮ ਭਜਨ ਚਿਤੁ ਲਾਵੈ ॥੨॥੩॥ (1231-18)
जन नानक सोऊ जनु मुकता राम भजन चितु लावै ॥२॥३॥

ਸਾਰੰਗ ਮਹਲਾ ੯ ॥ (1231-18)
सारंग महला ९ ॥

ਮਨ ਕਰਿ ਕਬਹੂ ਨ ਹਰਿ ਗੁਨ ਗਾਇਓ ॥ (1231-18)
मन करि कबहू न हरि गुन गाइओ ॥

ਬਿਖਿਆਸਕਤ ਰਹਿਓ ਨਿਸਿ ਬਾਸੁਰ ਕੀਨੋ ਅਪਨੋ ਭਾਇਓ ॥੧॥ ਰਹਾਉ ॥ (1232-1)
बिखिआसकत रहिओ निसि बासुर कीनो अपनो भाइओ ॥१॥ रहाउ ॥

ਗੁਰ ਉਪਦੇਸੁ ਸੁਨਿਓ ਨਹਿ ਕਾਨਨਿ ਪਰ ਦਾਰਾ ਲਪਟਾਇਓ ॥ (1232-1)
गुर उपदेसु सुनिओ नहि काननि पर दारा लपटाइओ ॥

ਪਰ ਨਿੰਦਾ ਕਾਰਨਿ ਬਹੁ ਧਾਵਤ ਸਮਝਿਓ ਨਹ ਸਮਝਾਇਓ ॥੧॥ (1232-2)
पर निंदा कारनि बहु धावत समझिओ नह समझाइओ ॥१॥

ਕਹਾ ਕਹਉ ਮੈ ਅਪੁਨੀ ਕਰਨੀ ਜਿਹ ਬਿਧਿ ਜਨਮੁ ਗਵਾਇਓ ॥ (1232-3)
कहा कहउ मै अपुनी करनी जिह बिधि जनमु गवाइओ ॥

ਕਹਿ ਨਾਨਕ ਸਭ ਅਉਗਨ ਮੋ ਮਹਿ ਰਾਖਿ ਲੇਹੁ ਸਰਨਾਇਓ ॥੨॥੪॥੩॥੧੩॥੧੩੯॥੪॥੧੫੯॥ (1232-3)
कहि नानक सभ अउगन मो महि राखि लेहु सरनाइओ ॥२॥४॥३॥१३॥१३९॥४॥१५९॥

ਰਾਗੁ ਸਾਰਗ ਅਸਟਪਦੀਆ ਮਹਲਾ ੧ ਘਰੁ ੧ (1232-5)
रागु सारग असटपदीआ महला १ घरु १

ੴ ਸਤਿਗੁਰ ਪ੍ਰਸਾਦਿ ॥ (1232-5)
ੴ सतिगुर प्रसादि ॥

ਹਰਿ ਬਿਨੁ ਕਿਉ ਜੀਵਾ ਮੇਰੀ ਮਾਈ ॥ (1232-6)
हरि बिनु किउ जीवा मेरी माई ॥

ਜੈ ਜਗਦੀਸ ਤੇਰਾ ਜਸੁ ਜਾਚਉ ਮੈ ਹਰਿ ਬਿਨੁ ਰਹਨੁ ਨ ਜਾਈ ॥੧॥ ਰਹਾਉ ॥ (1232-6)
जै जगदीस तेरा जसु जाचउ मै हरि बिनु रहनु न जाई ॥१॥ रहाउ ॥

ਹਰਿ ਕੀ ਪਿਆਸ ਪਿਆਸੀ ਕਾਮਨਿ ਦੇਖਉ ਰੈਨਿ ਸਬਾਈ ॥ (1232-7)
हरि की पिआस पिआसी कामनि देखउ रैनि सबाई ॥

ਸ੍ਰੀਧਰ ਨਾਥ ਮੇਰਾ ਮਨੁ ਲੀਨਾ ਪ੍ਰਭੁ ਜਾਨੈ ਪੀਰ ਪਰਾਈ ॥੧॥ (1232-7)
स्रीधर नाथ मेरा मनु लीना प्रभु जानै पीर पराई ॥१॥

ਗਣਤ ਸਰੀਰਿ ਪੀਰ ਹੈ ਹਰਿ ਬਿਨੁ ਗੁਰ ਸਬਦੀ ਹਰਿ ਪਾਂਈ ॥ (1232-8)
गणत सरीरि पीर है हरि बिनु गुर सबदी हरि पांई ॥

ਹੋਹੁ ਦਇਆਲ ਕ੍ਰਿਪਾ ਕਰਿ ਹਰਿ ਜੀਉ ਹਰਿ ਸਿਉ ਰਹਾਂ ਸਮਾਈ ॥੨॥ (1232-8)
होहु दइआल क्रिपा करि हरि जीउ हरि सिउ रहां समाई ॥२॥

ਐਸੀ ਰਵਤ ਰਵਹੁ ਮਨ ਮੇਰੇ ਹਰਿ ਚਰਣੀ ਚਿਤੁ ਲਾਈ ॥ (1232-9)
ऐसी रवत रवहु मन मेरे हरि चरणी चितु लाई ॥

ਬਿਸਮ ਭਏ ਗੁਣ ਗਾਇ ਮਨੋਹਰ ਨਿਰਭਉ ਸਹਜਿ ਸਮਾਈ ॥੩॥ (1232-9)
बिसम भए गुण गाइ मनोहर निरभउ सहजि समाई ॥३॥

ਹਿਰਦੈ ਨਾਮੁ ਸਦਾ ਧੁਨਿ ਨਿਹਚਲ ਘਟੈ ਨ ਕੀਮਤਿ ਪਾਈ ॥ (1232-10)
हिरदै नामु सदा धुनि निहचल घटै न कीमति पाई ॥

ਬਿਨੁ ਨਾਵੈ ਸਭੁ ਕੋਈ ਨਿਰਧਨੁ ਸਤਿਗੁਰਿ ਬੂਝ ਬੁਝਾਈ ॥੪॥ (1232-11)
बिनु नावै सभु कोई निरधनु सतिगुरि बूझ बुझाई ॥४॥

ਪ੍ਰੀਤਮ ਪ੍ਰਾਨ ਭਏ ਸੁਨਿ ਸਜਨੀ ਦੂਤ ਮੁਏ ਬਿਖੁ ਖਾਈ ॥ (1232-11)
प्रीतम प्रान भए सुनि सजनी दूत मुए बिखु खाई ॥

ਜਬ ਕੀ ਉਪਜੀ ਤਬ ਕੀ ਤੈਸੀ ਰੰਗੁਲ ਭਈ ਮਨਿ ਭਾਈ ॥੫॥ (1232-12)
जब की उपजी तब की तैसी रंगुल भई मनि भाई ॥५॥

ਸਹਜ ਸਮਾਧਿ ਸਦਾ ਲਿਵ ਹਰਿ ਸਿਉ ਜੀਵਾਂ ਹਰਿ ਗੁਨ ਗਾਈ ॥ (1232-12)
सहज समाधि सदा लिव हरि सिउ जीवां हरि गुन गाई ॥

ਗੁਰ ਕੈ ਸਬਦਿ ਰਤਾ ਬੈਰਾਗੀ ਨਿਜ ਘਰਿ ਤਾੜੀ ਲਾਈ ॥੬॥ (1232-13)
गुर कै सबदि रता बैरागी निज घरि ताड़ी लाई ॥६॥

ਸੁਧ ਰਸ ਨਾਮੁ ਮਹਾ ਰਸੁ ਮੀਠਾ ਨਿਜ ਘਰਿ ਤਤੁ ਗੁਸਾਂਈਂ ॥ (1232-13)
सुध रस नामु महा रसु मीठा निज घरि ततु गुसांईं ॥

ਤਹ ਹੀ ਮਨੁ ਜਹ ਹੀ ਤੈ ਰਾਖਿਆ ਐਸੀ ਗੁਰਮਤਿ ਪਾਈ ॥੭॥ (1232-14)
तह ही मनु जह ही तै राखिआ ऐसी गुरमति पाई ॥७॥

ਸਨਕ ਸਨਾਦਿ ਬ੍ਰਹਮਾਦਿ ਇੰਦ੍ਰਾਦਿਕ ਭਗਤਿ ਰਤੇ ਬਨਿ ਆਈ ॥ (1232-14)
सनक सनादि ब्रहमादि इंद्रादिक भगति रते बनि आई ॥

ਨਾਨਕ ਹਰਿ ਬਿਨੁ ਘਰੀ ਨ ਜੀਵਾਂ ਹਰਿ ਕਾ ਨਾਮੁ ਵਡਾਈ ॥੮॥੧॥ (1232-15)
नानक हरि बिनु घरी न जीवां हरि का नामु वडाई ॥८॥१॥

ਸਾਰਗ ਮਹਲਾ ੧ ॥ (1232-16)
सारग महला १ ॥

ਹਰਿ ਬਿਨੁ ਕਿਉ ਧੀਰੈ ਮਨੁ ਮੇਰਾ ॥ (1232-16)
हरि बिनु किउ धीरै मनु मेरा ॥

ਕੋਟਿ ਕਲਪ ਕੇ ਦੂਖ ਬਿਨਾਸਨ ਸਾਚੁ ਦ੍ਰਿੜਾਇ ਨਿਬੇਰਾ ॥੧॥ ਰਹਾਉ ॥ (1232-16)
कोटि कलप के दूख बिनासन साचु द्रिड़ाइ निबेरा ॥१॥ रहाउ ॥

ਕ੍ਰੋਧੁ ਨਿਵਾਰਿ ਜਲੇ ਹਉ ਮਮਤਾ ਪ੍ਰੇਮੁ ਸਦਾ ਨਉ ਰੰਗੀ ॥ (1232-17)
क्रोधु निवारि जले हउ ममता प्रेमु सदा नउ रंगी ॥

ਅਨਭਉ ਬਿਸਰਿ ਗਏ ਪ੍ਰਭੁ ਜਾਚਿਆ ਹਰਿ ਨਿਰਮਾਇਲੁ ਸੰਗੀ ॥੧॥ (1232-17)
अनभउ बिसरि गए प्रभु जाचिआ हरि निरमाइलु संगी ॥१॥

ਚੰਚਲ ਮਤਿ ਤਿਆਗਿ ਭਉ ਭੰਜਨੁ ਪਾਇਆ ਏਕ ਸਬਦਿ ਲਿਵ ਲਾਗੀ ॥ (1232-18)
चंचल मति तिआगि भउ भंजनु पाइआ एक सबदि लिव लागी ॥

ਹਰਿ ਰਸੁ ਚਾਖਿ ਤ੍ਰਿਖਾ ਨਿਵਾਰੀ ਹਰਿ ਮੇਲਿ ਲਏ ਬਡਭਾਗੀ ॥੨॥ (1232-19)
हरि रसु चाखि त्रिखा निवारी हरि मेलि लए बडभागी ॥२॥

ਅਭਰਤ ਸਿੰਚਿ ਭਏ ਸੁਭਰ ਸਰ ਗੁਰਮਤਿ ਸਾਚੁ ਨਿਹਾਲਾ ॥ (1232-19)
अभरत सिंचि भए सुभर सर गुरमति साचु निहाला ॥

ਮਨ ਰਤਿ ਨਾਮਿ ਰਤੇ ਨਿਹਕੇਵਲ ਆਦਿ ਜੁਗਾਦਿ ਦਇਆਲਾ ॥੩॥ (1233-1)
मन रति नामि रते निहकेवल आदि जुगादि दइआला ॥३॥

ਮੋਹਨਿ ਮੋਹਿ ਲੀਆ ਮਨੁ ਮੋਰਾ ਬਡੈ ਭਾਗ ਲਿਵ ਲਾਗੀ ॥ (1233-2)
मोहनि मोहि लीआ मनु मोरा बडै भाग लिव लागी ॥

ਸਾਚੁ ਬੀਚਾਰਿ ਕਿਲਵਿਖ ਦੁਖ ਕਾਟੇ ਮਨੁ ਨਿਰਮਲੁ ਅਨਰਾਗੀ ॥੪॥ (1233-2)
साचु बीचारि किलविख दुख काटे मनु निरमलु अनरागी ॥४॥

ਗਹਿਰ ਗੰਭੀਰ ਸਾਗਰ ਰਤਨਾਗਰ ਅਵਰ ਨਹੀ ਅਨ ਪੂਜਾ ॥ (1233-3)
गहिर ग्मभीर सागर रतनागर अवर नही अन पूजा ॥

ਸਬਦੁ ਬੀਚਾਰਿ ਭਰਮ ਭਉ ਭੰਜਨੁ ਅਵਰੁ ਨ ਜਾਨਿਆ ਦੂਜਾ ॥੫॥ (1233-3)
सबदु बीचारि भरम भउ भंजनु अवरु न जानिआ दूजा ॥५॥

ਮਨੂਆ ਮਾਰਿ ਨਿਰਮਲ ਪਦੁ ਚੀਨਿਆ ਹਰਿ ਰਸ ਰਤੇ ਅਧਿਕਾਈ ॥ (1233-4)
मनूआ मारि निरमल पदु चीनिआ हरि रस रते अधिकाई ॥

ਏਕਸ ਬਿਨੁ ਮੈ ਅਵਰੁ ਨ ਜਾਨਾਂ ਸਤਿਗੁਰਿ ਬੂਝ ਬੁਝਾਈ ॥੬॥ (1233-5)
एकस बिनु मै अवरु न जानां सतिगुरि बूझ बुझाई ॥६॥

ਅਗਮ ਅਗੋਚਰੁ ਅਨਾਥੁ ਅਜੋਨੀ ਗੁਰਮਤਿ ਏਕੋ ਜਾਨਿਆ ॥ (1233-5)
अगम अगोचरु अनाथु अजोनी गुरमति एको जानिआ ॥

ਸੁਭਰ ਭਰੇ ਨਾਹੀ ਚਿਤੁ ਡੋਲੈ ਮਨ ਹੀ ਤੇ ਮਨੁ ਮਾਨਿਆ ॥੭॥ (1233-6)
सुभर भरे नाही चितु डोलै मन ही ते मनु मानिआ ॥७॥

ਗੁਰ ਪਰਸਾਦੀ ਅਕਥਉ ਕਥੀਐ ਕਹਉ ਕਹਾਵੈ ਸੋਈ ॥ (1233-6)
गुर परसादी अकथउ कथीऐ कहउ कहावै सोई ॥

ਨਾਨਕ ਦੀਨ ਦਇਆਲ ਹਮਾਰੇ ਅਵਰੁ ਨ ਜਾਨਿਆ ਕੋਈ ॥੮॥੨॥ (1233-7)
नानक दीन दइआल हमारे अवरु न जानिआ कोई ॥८॥२॥

ਸਾਰਗ ਮਹਲਾ ੩ ਅਸਟਪਦੀਆ ਘਰੁ ੧ (1233-8)
सारग महला ३ असटपदीआ घरु १

ੴ ਸਤਿਗੁਰ ਪ੍ਰਸਾਦਿ ॥ (1233-8)
ੴ सतिगुर प्रसादि ॥

ਮਨ ਮੇਰੇ ਹਰਿ ਕੈ ਨਾਮਿ ਵਡਾਈ ॥ (1233-9)
मन मेरे हरि कै नामि वडाई ॥

ਹਰਿ ਬਿਨੁ ਅਵਰੁ ਨ ਜਾਣਾ ਕੋਈ ਹਰਿ ਕੈ ਨਾਮਿ ਮੁਕਤਿ ਗਤਿ ਪਾਈ ॥੧॥ ਰਹਾਉ ॥ (1233-9)
हरि बिनु अवरु न जाणा कोई हरि कै नामि मुकति गति पाई ॥१॥ रहाउ ॥

ਸਬਦਿ ਭਉ ਭੰਜਨੁ ਜਮਕਾਲ ਨਿਖੰਜਨੁ ਹਰਿ ਸੇਤੀ ਲਿਵ ਲਾਈ ॥ (1233-10)
सबदि भउ भंजनु जमकाल निखंजनु हरि सेती लिव लाई ॥

ਹਰਿ ਸੁਖਦਾਤਾ ਗੁਰਮੁਖਿ ਜਾਤਾ ਸਹਜੇ ਰਹਿਆ ਸਮਾਈ ॥੧॥ (1233-10)
हरि सुखदाता गुरमुखि जाता सहजे रहिआ समाई ॥१॥

ਭਗਤਾਂ ਕਾ ਭੋਜਨੁ ਹਰਿ ਨਾਮ ਨਿਰੰਜਨੁ ਪੈਨ੍ਹਣੁ ਭਗਤਿ ਬਡਾਈ ॥ (1233-11)
भगतां का भोजनु हरि नाम निरंजनु पैन्हणु भगति बडाई ॥

ਨਿਜ ਘਰਿ ਵਾਸਾ ਸਦਾ ਹਰਿ ਸੇਵਨਿ ਹਰਿ ਦਰਿ ਸੋਭਾ ਪਾਈ ॥੨॥ (1233-11)
निज घरि वासा सदा हरि सेवनि हरि दरि सोभा पाई ॥२॥

ਮਨਮੁਖ ਬੁਧਿ ਕਾਚੀ ਮਨੂਆ ਡੋਲੈ ਅਕਥੁ ਨ ਕਥੈ ਕਹਾਨੀ ॥ (1233-12)
मनमुख बुधि काची मनूआ डोलै अकथु न कथै कहानी ॥

ਗੁਰਮਤਿ ਨਿਹਚਲੁ ਹਰਿ ਮਨਿ ਵਸਿਆ ਅੰਮ੍ਰਿਤ ਸਾਚੀ ਬਾਨੀ ॥੩॥ (1233-13)
गुरमति निहचलु हरि मनि वसिआ अमृत साची बानी ॥३॥

ਮਨ ਕੇ ਤਰੰਗ ਸਬਦਿ ਨਿਵਾਰੇ ਰਸਨਾ ਸਹਜਿ ਸੁਭਾਈ ॥ (1233-13)
मन के तरंग सबदि निवारे रसना सहजि सुभाई ॥

ਸਤਿਗੁਰ ਮਿਲਿ ਰਹੀਐ ਸਦ ਅਪੁਨੇ ਜਿਨਿ ਹਰਿ ਸੇਤੀ ਲਿਵ ਲਾਈ ॥੪॥ (1233-14)
सतिगुर मिलि रहीऐ सद अपुने जिनि हरि सेती लिव लाई ॥४॥

ਮਨੁ ਸਬਦਿ ਮਰੈ ਤਾ ਮੁਕਤੋ ਹੋਵੈ ਹਰਿ ਚਰਣੀ ਚਿਤੁ ਲਾਈ ॥ (1233-14)
मनु सबदि मरै ता मुकतो होवै हरि चरणी चितु लाई ॥

ਹਰਿ ਸਰੁ ਸਾਗਰੁ ਸਦਾ ਜਲੁ ਨਿਰਮਲੁ ਨਾਵੈ ਸਹਜਿ ਸੁਭਾਈ ॥੫॥ (1233-15)
हरि सरु सागरु सदा जलु निरमलु नावै सहजि सुभाई ॥५॥

ਸਬਦੁ ਵੀਚਾਰਿ ਸਦਾ ਰੰਗਿ ਰਾਤੇ ਹਉਮੈ ਤ੍ਰਿਸਨਾ ਮਾਰੀ ॥ (1233-16)
सबदु वीचारि सदा रंगि राते हउमै त्रिसना मारी ॥

ਅੰਤਰਿ ਨਿਹਕੇਵਲੁ ਹਰਿ ਰਵਿਆ ਸਭੁ ਆਤਮ ਰਾਮੁ ਮੁਰਾਰੀ ॥੬॥ (1233-16)
अंतरि निहकेवलु हरि रविआ सभु आतम रामु मुरारी ॥६॥

ਸੇਵਕ ਸੇਵਿ ਰਹੇ ਸਚਿ ਰਾਤੇ ਜੋ ਤੇਰੈ ਮਨਿ ਭਾਣੇ ॥ (1233-17)
सेवक सेवि रहे सचि राते जो तेरै मनि भाणे ॥

ਦੁਬਿਧਾ ਮਹਲੁ ਨ ਪਾਵੈ ਜਗਿ ਝੂਠੀ ਗੁਣ ਅਵਗਣ ਨ ਪਛਾਣੇ ॥੭॥ (1233-17)
दुबिधा महलु न पावै जगि झूठी गुण अवगण न पछाणे ॥७॥

ਆਪੇ ਮੇਲਿ ਲਏ ਅਕਥੁ ਕਥੀਐ ਸਚੁ ਸਬਦੁ ਸਚੁ ਬਾਣੀ ॥ (1233-18)
आपे मेलि लए अकथु कथीऐ सचु सबदु सचु बाणी ॥

ਨਾਨਕ ਸਾਚੇ ਸਚਿ ਸਮਾਣੇ ਹਰਿ ਕਾ ਨਾਮੁ ਵਖਾਣੀ ॥੮॥੧॥ (1233-18)
नानक साचे सचि समाणे हरि का नामु वखाणी ॥८॥१॥

ਸਾਰਗ ਮਹਲਾ ੩ ॥ (1233-19)
सारग महला ३ ॥

ਮਨ ਮੇਰੇ ਹਰਿ ਕਾ ਨਾਮੁ ਅਤਿ ਮੀਠਾ ॥ (1233-19)
मन मेरे हरि का नामु अति मीठा ॥

ਜਨਮ ਜਨਮ ਕੇ ਕਿਲਵਿਖ ਭਉ ਭੰਜਨ ਗੁਰਮੁਖਿ ਏਕੋ ਡੀਠਾ ॥੧॥ ਰਹਾਉ ॥ (1234-1)
जनम जनम के किलविख भउ भंजन गुरमुखि एको डीठा ॥१॥ रहाउ ॥

ਕੋਟਿ ਕੋਟੰਤਰ ਕੇ ਪਾਪ ਬਿਨਾਸਨ ਹਰਿ ਸਾਚਾ ਮਨਿ ਭਾਇਆ ॥ (1234-1)
कोटि कोटंतर के पाप बिनासन हरि साचा मनि भाइआ ॥

ਹਰਿ ਬਿਨੁ ਅਵਰੁ ਨ ਸੂਝੈ ਦੂਜਾ ਸਤਿਗੁਰਿ ਏਕੁ ਬੁਝਾਇਆ ॥੧॥ (1234-2)
हरि बिनु अवरु न सूझै दूजा सतिगुरि एकु बुझाइआ ॥१॥

ਪ੍ਰੇਮ ਪਦਾਰਥੁ ਜਿਨ ਘਟਿ ਵਸਿਆ ਸਹਜੇ ਰਹੇ ਸਮਾਈ ॥ (1234-3)
प्रेम पदारथु जिन घटि वसिआ सहजे रहे समाई ॥

ਸਬਦਿ ਰਤੇ ਸੇ ਰੰਗਿ ਚਲੂਲੇ ਰਾਤੇ ਸਹਜਿ ਸੁਭਾਈ ॥੨॥ (1234-3)
सबदि रते से रंगि चलूले राते सहजि सुभाई ॥२॥

ਰਸਨਾ ਸਬਦੁ ਵੀਚਾਰਿ ਰਸਿ ਰਾਤੀ ਲਾਲ ਭਈ ਰੰਗੁ ਲਾਈ ॥ (1234-4)
रसना सबदु वीचारि रसि राती लाल भई रंगु लाई ॥

ਰਾਮ ਨਾਮੁ ਨਿਹਕੇਵਲੁ ਜਾਣਿਆ ਮਨੁ ਤ੍ਰਿਪਤਿਆ ਸਾਂਤਿ ਆਈ ॥੩॥ (1234-4)
राम नामु निहकेवलु जाणिआ मनु त्रिपतिआ सांति आई ॥३॥

ਪੰਡਿਤ ਪੜ੍ਹਿ ਪੜ੍ਹਿ ਮੋਨੀ ਸਭਿ ਥਾਕੇ ਭ੍ਰਮਿ ਭੇਖ ਥਕੇ ਭੇਖਧਾਰੀ ॥ (1234-5)
पंडित पड़्हि पड़्हि मोनी सभि थाके भ्रमि भेख थके भेखधारी ॥

ਗੁਰ ਪਰਸਾਦਿ ਨਿਰੰਜਨੁ ਪਾਇਆ ਸਾਚੈ ਸਬਦਿ ਵੀਚਾਰੀ ॥੪॥ (1234-5)
गुर परसादि निरंजनु पाइआ साचै सबदि वीचारी ॥४॥

ਆਵਾ ਗਉਣੁ ਨਿਵਾਰਿ ਸਚਿ ਰਾਤੇ ਸਾਚ ਸਬਦੁ ਮਨਿ ਭਾਇਆ ॥ (1234-6)
आवा गउणु निवारि सचि राते साच सबदु मनि भाइआ ॥

ਸਤਿਗੁਰੁ ਸੇਵਿ ਸਦਾ ਸੁਖੁ ਪਾਈਐ ਜਿਨਿ ਵਿਚਹੁ ਆਪੁ ਗਵਾਇਆ ॥੫॥ (1234-7)
सतिगुरु सेवि सदा सुखु पाईऐ जिनि विचहु आपु गवाइआ ॥५॥

ਸਾਚੈ ਸਬਦਿ ਸਹਜ ਧੁਨਿ ਉਪਜੈ ਮਨਿ ਸਾਚੈ ਲਿਵ ਲਾਈ ॥ (1234-7)
साचै सबदि सहज धुनि उपजै मनि साचै लिव लाई ॥

ਅਗਮ ਅਗੋਚਰੁ ਨਾਮੁ ਨਿਰੰਜਨੁ ਗੁਰਮੁਖਿ ਮੰਨਿ ਵਸਾਈ ॥੬॥ (1234-8)
अगम अगोचरु नामु निरंजनु गुरमुखि मंनि वसाई ॥६॥

ਏਕਸ ਮਹਿ ਸਭੁ ਜਗਤੋ ਵਰਤੈ ਵਿਰਲਾ ਏਕੁ ਪਛਾਣੈ ॥ (1234-8)
एकस महि सभु जगतो वरतै विरला एकु पछाणै ॥

ਸਬਦਿ ਮਰੈ ਤਾ ਸਭੁ ਕਿਛੁ ਸੂਝੈ ਅਨਦਿਨੁ ਏਕੋ ਜਾਣੈ ॥੭॥ (1234-9)
सबदि मरै ता सभु किछु सूझै अनदिनु एको जाणै ॥७॥

ਜਿਸ ਨੋ ਨਦਰਿ ਕਰੇ ਸੋਈ ਜਨੁ ਬੂਝੈ ਹੋਰੁ ਕਹਣਾ ਕਥਨੁ ਨ ਜਾਈ ॥ (1234-10)
जिस नो नदरि करे सोई जनु बूझै होरु कहणा कथनु न जाई ॥

ਨਾਨਕ ਨਾਮਿ ਰਤੇ ਸਦਾ ਬੈਰਾਗੀ ਏਕ ਸਬਦਿ ਲਿਵ ਲਾਈ ॥੮॥੨॥ (1234-10)
नानक नामि रते सदा बैरागी एक सबदि लिव लाई ॥८॥२॥

ਸਾਰਗ ਮਹਲਾ ੩ ॥ (1234-11)
सारग महला ३ ॥

ਮਨ ਮੇਰੇ ਹਰਿ ਕੀ ਅਕਥ ਕਹਾਣੀ ॥ (1234-11)
मन मेरे हरि की अकथ कहाणी ॥

ਹਰਿ ਨਦਰਿ ਕਰੇ ਸੋਈ ਜਨੁ ਪਾਏ ਗੁਰਮੁਖਿ ਵਿਰਲੈ ਜਾਣੀ ॥੧॥ ਰਹਾਉ ॥ (1234-11)
हरि नदरि करे सोई जनु पाए गुरमुखि विरलै जाणी ॥१॥ रहाउ ॥

ਹਰਿ ਗਹਿਰ ਗੰਭੀਰੁ ਗੁਣੀ ਗਹੀਰੁ ਗੁਰ ਕੈ ਸਬਦਿ ਪਛਾਨਿਆ ॥ (1234-12)
हरि गहिर ग्मभीरु गुणी गहीरु गुर कै सबदि पछानिआ ॥

ਬਹੁ ਬਿਧਿ ਕਰਮ ਕਰਹਿ ਭਾਇ ਦੂਜੈ ਬਿਨੁ ਸਬਦੈ ਬਉਰਾਨਿਆ ॥੧॥ (1234-13)
बहु बिधि करम करहि भाइ दूजै बिनु सबदै बउरानिआ ॥१॥

ਹਰਿ ਨਾਮਿ ਨਾਵੈ ਸੋਈ ਜਨੁ ਨਿਰਮਲੁ ਫਿਰਿ ਮੈਲਾ ਮੂਲਿ ਨ ਹੋਈ ॥ (1234-13)
हरि नामि नावै सोई जनु निरमलु फिरि मैला मूलि न होई ॥

ਨਾਮ ਬਿਨਾ ਸਭੁ ਜਗੁ ਹੈ ਮੈਲਾ ਦੂਜੈ ਭਰਮਿ ਪਤਿ ਖੋਈ ॥੨॥ (1234-14)
नाम बिना सभु जगु है मैला दूजै भरमि पति खोई ॥२॥

ਕਿਆ ਦ੍ਰਿੜਾਂ ਕਿਆ ਸੰਗ੍ਰਹਿ ਤਿਆਗੀ ਮੈ ਤਾ ਬੂਝ ਨ ਪਾਈ ॥ (1234-15)
किआ द्रिड़ां किआ संग्रहि तिआगी मै ता बूझ न पाई ॥

ਹੋਹਿ ਦਇਆਲੁ ਕ੍ਰਿਪਾ ਕਰਿ ਹਰਿ ਜੀਉ ਨਾਮੋ ਹੋਇ ਸਖਾਈ ॥੩॥ (1234-15)
होहि दइआलु क्रिपा करि हरि जीउ नामो होइ सखाई ॥३॥

ਸਚਾ ਸਚੁ ਦਾਤਾ ਕਰਮ ਬਿਧਾਤਾ ਜਿਸੁ ਭਾਵੈ ਤਿਸੁ ਨਾਇ ਲਾਏ ॥ (1234-16)
सचा सचु दाता करम बिधाता जिसु भावै तिसु नाइ लाए ॥

ਗੁਰੂ ਦੁਆਰੈ ਸੋਈ ਬੂਝੈ ਜਿਸ ਨੋ ਆਪਿ ਬੁਝਾਏ ॥੪॥ (1234-16)
गुरू दुआरै सोई बूझै जिस नो आपि बुझाए ॥४॥

ਦੇਖਿ ਬਿਸਮਾਦੁ ਇਹੁ ਮਨੁ ਨਹੀ ਚੇਤੇ ਆਵਾ ਗਉਣੁ ਸੰਸਾਰਾ ॥ (1234-17)
देखि बिसमादु इहु मनु नही चेते आवा गउणु संसारा ॥

ਸਤਿਗੁਰੁ ਸੇਵੇ ਸੋਈ ਬੂਝੈ ਪਾਏ ਮੋਖ ਦੁਆਰਾ ॥੫॥ (1234-17)
सतिगुरु सेवे सोई बूझै पाए मोख दुआरा ॥५॥

ਜਿਨੑ ਦਰੁ ਸੂਝੈ ਸੇ ਕਦੇ ਨ ਵਿਗਾੜਹਿ ਸਤਿਗੁਰਿ ਬੂਝ ਬੁਝਾਈ ॥ (1234-18)
जिन्ह दरु सूझै से कदे न विगाड़हि सतिगुरि बूझ बुझाई ॥

ਸਚੁ ਸੰਜਮੁ ਕਰਣੀ ਕਿਰਤਿ ਕਮਾਵਹਿ ਆਵਣ ਜਾਣੁ ਰਹਾਈ ॥੬॥ (1234-18)
सचु संजमु करणी किरति कमावहि आवण जाणु रहाई ॥६॥

ਸੇ ਦਰਿ ਸਾਚੈ ਸਾਚੁ ਕਮਾਵਹਿ ਜਿਨ ਗੁਰਮੁਖਿ ਸਾਚੁ ਅਧਾਰਾ ॥ (1234-19)
से दरि साचै साचु कमावहि जिन गुरमुखि साचु अधारा ॥

ਮਨਮੁਖ ਦੂਜੈ ਭਰਮਿ ਭੁਲਾਏ ਨਾ ਬੂਝਹਿ ਵੀਚਾਰਾ ॥੭॥ (1235-1)
मनमुख दूजै भरमि भुलाए ना बूझहि वीचारा ॥७॥

ਆਪੇ ਗੁਰਮੁਖਿ ਆਪੇ ਦੇਵੈ ਆਪੇ ਕਰਿ ਕਰਿ ਵੇਖੈ ॥ (1235-1)
आपे गुरमुखि आपे देवै आपे करि करि वेखै ॥

ਨਾਨਕ ਸੇ ਜਨ ਥਾਇ ਪਏ ਹੈ ਜਿਨ ਕੀ ਪਤਿ ਪਾਵੈ ਲੇਖੈ ॥੮॥੩॥ (1235-2)
नानक से जन थाइ पए है जिन की पति पावै लेखै ॥८॥३॥

ਸਾਰਗ ਮਹਲਾ ੫ ਅਸਟਪਦੀਆ ਘਰੁ ੧ (1235-3)
सारग महला ५ असटपदीआ घरु १

ੴ ਸਤਿਗੁਰ ਪ੍ਰਸਾਦਿ ॥ (1235-3)
ੴ सतिगुर प्रसादि ॥

ਗੁਸਾਈ ਪਰਤਾਪੁ ਤੁਹਾਰੋ ਡੀਠਾ ॥ (1235-4)
गुसाई? परतापु तुहारो डीठा ॥

ਕਰਨ ਕਰਾਵਨ ਉਪਾਇ ਸਮਾਵਨ ਸਗਲ ਛਤ੍ਰਪਤਿ ਬੀਠਾ ॥੧॥ ਰਹਾਉ ॥ (1235-4)
करन करावन उपाइ समावन सगल छत्रपति बीठा ॥१॥ रहाउ ॥

ਰਾਣਾ ਰਾਉ ਰਾਜ ਭਏ ਰੰਕਾ ਉਨਿ ਝੂਠੇ ਕਹਣੁ ਕਹਾਇਓ ॥ (1235-5)
राणा राउ राज भए रंका उनि झूठे कहणु कहाइओ ॥

ਹਮਰਾ ਰਾਜਨੁ ਸਦਾ ਸਲਾਮਤਿ ਤਾ ਕੋ ਸਗਲ ਘਟਾ ਜਸੁ ਗਾਇਓ ॥੧॥ (1235-5)
हमरा राजनु सदा सलामति ता को सगल घटा जसु गाइओ ॥१॥

ਉਪਮਾ ਸੁਨਹੁ ਰਾਜਨ ਕੀ ਸੰਤਹੁ ਕਹਤ ਜੇਤ ਪਾਹੂਚਾ ॥ (1235-6)
उपमा सुनहु राजन की संतहु कहत जेत पाहूचा ॥

ਬੇਸੁਮਾਰ ਵਡ ਸਾਹ ਦਾਤਾਰਾ ਊਚੇ ਹੀ ਤੇ ਊਚਾ ॥੨॥ (1235-6)
बेसुमार वड साह दातारा ऊचे ही ते ऊचा ॥२॥

ਪਵਨਿ ਪਰੋਇਓ ਸਗਲ ਅਕਾਰਾ ਪਾਵਕ ਕਾਸਟ ਸੰਗੇ ॥ (1235-7)
पवनि परोइओ सगल अकारा पावक कासट संगे ॥

ਨੀਰੁ ਧਰਣਿ ਕਰਿ ਰਾਖੇ ਏਕਤ ਕੋਇ ਨ ਕਿਸ ਹੀ ਸੰਗੇ ॥੩॥ (1235-7)
नीरु धरणि करि राखे एकत कोइ न किस ही संगे ॥३॥

ਘਟਿ ਘਟਿ ਕਥਾ ਰਾਜਨ ਕੀ ਚਾਲੈ ਘਰਿ ਘਰਿ ਤੁਝਹਿ ਉਮਾਹਾ ॥ (1235-8)
घटि घटि कथा राजन की चालै घरि घरि तुझहि उमाहा ॥

ਜੀਅ ਜੰਤ ਸਭਿ ਪਾਛੈ ਕਰਿਆ ਪ੍ਰਥਮੇ ਰਿਜਕੁ ਸਮਾਹਾ ॥੪॥ (1235-8)
जीअ जंत सभि पाछै करिआ प्रथमे रिजकु समाहा ॥४॥

ਜੋ ਕਿਛੁ ਕਰਣਾ ਸੁ ਆਪੇ ਕਰਣਾ ਮਸਲਤਿ ਕਾਹੂ ਦੀਨ੍ਹ੍ਹੀ ॥ (1235-9)
जो किछु करणा सु आपे करणा मसलति काहू दीन्ही ॥

ਅਨਿਕ ਜਤਨ ਕਰਿ ਕਰਹ ਦਿਖਾਏ ਸਾਚੀ ਸਾਖੀ ਚੀਨ੍ਹ੍ਹੀ ॥੫॥ (1235-10)
अनिक जतन करि करह दिखाए साची साखी चीन्ही ॥५॥

ਹਰਿ ਭਗਤਾ ਕਰਿ ਰਾਖੇ ਅਪਨੇ ਦੀਨੀ ਨਾਮੁ ਵਡਾਈ ॥ (1235-10)
हरि भगता करि राखे अपने दीनी नामु वडाई ॥

ਜਿਨਿ ਜਿਨਿ ਕਰੀ ਅਵਗਿਆ ਜਨ ਕੀ ਤੇ ਤੈਂ ਦੀਏ ਰੁੜ੍ਹ੍ਹਾਈ ॥੬॥ (1235-11)
जिनि जिनि करी अवगिआ जन की ते तैं दीए रुड़्हाई ॥६॥

ਮੁਕਤਿ ਭਏ ਸਾਧਸੰਗਤਿ ਕਰਿ ਤਿਨ ਕੇ ਅਵਗਨ ਸਭਿ ਪਰਹਰਿਆ ॥ (1235-11)
मुकति भए साधसंगति करि तिन के अवगन सभि परहरिआ ॥

ਤਿਨ ਕਉ ਦੇਖਿ ਭਏ ਕਿਰਪਾਲਾ ਤਿਨ ਭਵ ਸਾਗਰੁ ਤਰਿਆ ॥੭॥ (1235-12)
तिन कउ देखि भए किरपाला तिन भव सागरु तरिआ ॥७॥

ਹਮ ਨਾਨ੍ਹ੍ਹੇ ਨੀਚ ਤੁਮ੍ਹ੍ਹੇ ਬਡ ਸਾਹਿਬ ਕੁਦਰਤਿ ਕਉਣ ਬੀਚਾਰਾ ॥ (1235-12)
हम नान्हे नीच तुम्हे बड साहिब कुदरति कउण बीचारा ॥

ਮਨੁ ਤਨੁ ਸੀਤਲੁ ਗੁਰ ਦਰਸ ਦੇਖੇ ਨਾਨਕ ਨਾਮੁ ਅਧਾਰਾ ॥੮॥੧॥ (1235-13)
मनु तनु सीतलु गुर दरस देखे नानक नामु अधारा ॥८॥१॥

ਸਾਰਗ ਮਹਲਾ ੫ ਅਸਟਪਦੀ ਘਰੁ ੬ (1235-15)
सारग महला ५ असटपदी घरु ६

ੴ ਸਤਿਗੁਰ ਪ੍ਰਸਾਦਿ ॥ (1235-15)
ੴ सतिगुर प्रसादि ॥

ਅਗਮ ਅਗਾਧਿ ਸੁਨਹੁ ਜਨ ਕਥਾ ॥ (1235-16)
अगम अगाधि सुनहु जन कथा ॥

ਪਾਰਬ੍ਰਹਮ ਕੀ ਅਚਰਜ ਸਭਾ ॥੧॥ ਰਹਾਉ ॥ (1235-16)
पारब्रहम की अचरज सभा ॥१॥ रहाउ ॥

ਸਦਾ ਸਦਾ ਸਤਿਗੁਰ ਨਮਸਕਾਰ ॥ (1235-16)
सदा सदा सतिगुर नमसकार ॥

ਗੁਰ ਕਿਰਪਾ ਤੇ ਗੁਨ ਗਾਇ ਅਪਾਰ ॥ (1235-17)
गुर किरपा ते गुन गाइ अपार ॥

ਮਨ ਭੀਤਰਿ ਹੋਵੈ ਪਰਗਾਸੁ ॥ (1235-17)
मन भीतरि होवै परगासु ॥

ਗਿਆਨ ਅੰਜਨੁ ਅਗਿਆਨ ਬਿਨਾਸੁ ॥੧॥ (1235-17)
गिआन अंजनु अगिआन बिनासु ॥१॥

ਮਿਤਿ ਨਾਹੀ ਜਾ ਕਾ ਬਿਸਥਾਰੁ ॥ (1235-18)
मिति नाही जा का बिसथारु ॥

ਸੋਭਾ ਤਾ ਕੀ ਅਪਰ ਅਪਾਰ ॥ (1235-18)
सोभा ता की अपर अपार ॥

ਅਨਿਕ ਰੰਗ ਜਾ ਕੇ ਗਨੇ ਨ ਜਾਹਿ ॥ (1235-18)
अनिक रंग जा के गने न जाहि ॥

ਸੋਗ ਹਰਖੁ ਦੁਹਹੂ ਮਹਿ ਨਾਹਿ ॥੨॥ (1235-19)
सोग हरख दुहहू महि नाहि ॥२॥

ਅਨਿਕ ਬ੍ਰਹਮੇ ਜਾ ਕੇ ਬੇਦ ਧੁਨਿ ਕਰਹਿ ॥ (1235-19)
अनिक ब्रहमे जा के बेद धुनि करहि ॥

ਅਨਿਕ ਮਹੇਸ ਬੈਸਿ ਧਿਆਨੁ ਧਰਹਿ ॥ (1235-19)
अनिक महेस बैसि धिआनु धरहि ॥

ਅਨਿਕ ਪੁਰਖ ਅੰਸਾ ਅਵਤਾਰ ॥ (1236-1)
अनिक पुरख अंसा अवतार ॥

ਅਨਿਕ ਇੰਦ੍ਰ ਊਭੇ ਦਰਬਾਰ ॥੩॥ (1236-1)
अनिक इंद्र ऊभे दरबार ॥३॥

ਅਨਿਕ ਪਵਨ ਪਾਵਕ ਅਰੁ ਨੀਰ ॥ (1236-1)
अनिक पवन पावक अरु नीर ॥

ਅਨਿਕ ਰਤਨ ਸਾਗਰ ਦਧਿ ਖੀਰ ॥ (1236-2)
अनिक रतन सागर दधि खीर ॥

ਅਨਿਕ ਸੂਰ ਸਸੀਅਰ ਨਖਿਆਤਿ ॥ (1236-2)
अनिक सूर ससीअर नखिआति ॥

ਅਨਿਕ ਦੇਵੀ ਦੇਵਾ ਬਹੁ ਭਾਂਤਿ ॥੪॥ (1236-2)
अनिक देवी देवा बहु भांति ॥४॥

ਅਨਿਕ ਬਸੁਧਾ ਅਨਿਕ ਕਾਮਧੇਨ ॥ (1236-3)
अनिक बसुधा अनिक कामधेन ॥

ਅਨਿਕ ਪਾਰਜਾਤ ਅਨਿਕ ਮੁਖਿ ਬੇਨ ॥ (1236-3)
अनिक पारजात अनिक मुखि बेन ॥

ਅਨਿਕ ਅਕਾਸ ਅਨਿਕ ਪਾਤਾਲ ॥ (1236-3)
अनिक अकास अनिक पाताल ॥

ਅਨਿਕ ਮੁਖੀ ਜਪੀਐ ਗੋਪਾਲ ॥੫॥ (1236-4)
अनिक मुखी जपीऐ गोपाल ॥५॥

ਅਨਿਕ ਸਾਸਤ੍ਰ ਸਿਮ੍ਰਿਤਿ ਪੁਰਾਨ ॥ (1236-4)
अनिक सासत्र सिम्रिति पुरान ॥

ਅਨਿਕ ਜੁਗਤਿ ਹੋਵਤ ਬਖਿਆਨ ॥ (1236-4)
अनिक जुगति होवत बखिआन ॥

ਅਨਿਕ ਸਰੋਤੇ ਸੁਨਹਿ ਨਿਧਾਨ ॥ (1236-5)
अनिक सरोते सुनहि निधान ॥

ਸਰਬ ਜੀਅ ਪੂਰਨ ਭਗਵਾਨ ॥੬॥ (1236-5)
सरब जीअ पूरन भगवान ॥६॥

ਅਨਿਕ ਧਰਮ ਅਨਿਕ ਕੁਮੇਰ ॥ (1236-5)
अनिक धरम अनिक कुमेर ॥

ਅਨਿਕ ਬਰਨ ਅਨਿਕ ਕਨਿਕ ਸੁਮੇਰ ॥ (1236-6)
अनिक बरन अनिक कनिक सुमेर ॥

ਅਨਿਕ ਸੇਖ ਨਵਤਨ ਨਾਮੁ ਲੇਹਿ ॥ (1236-6)
अनिक सेख नवतन नामु लेहि ॥

ਪਾਰਬ੍ਰਹਮ ਕਾ ਅੰਤੁ ਨ ਤੇਹਿ ॥੭॥ (1236-6)
पारब्रहम का अंतु न तेहि ॥७॥

ਅਨਿਕ ਪੁਰੀਆ ਅਨਿਕ ਤਹ ਖੰਡ ॥ (1236-7)
अनिक पुरीआ अनिक तह खंड ॥

ਅਨਿਕ ਰੂਪ ਰੰਗ ਬ੍ਰਹਮੰਡ ॥ (1236-7)
अनिक रूप रंग ब्रहमंड ॥

ਅਨਿਕ ਬਨਾ ਅਨਿਕ ਫਲ ਮੂਲ ॥ (1236-7)
अनिक बना अनिक फल मूल ॥

ਆਪਹਿ ਸੂਖਮ ਆਪਹਿ ਅਸਥੂਲ ॥੮॥ (1236-8)
आपहि सूखम आपहि असथूल ॥८॥

ਅਨਿਕ ਜੁਗਾਦਿ ਦਿਨਸ ਅਰੁ ਰਾਤਿ ॥ (1236-8)
अनिक जुगादि दिनस अरु राति ॥

ਅਨਿਕ ਪਰਲਉ ਅਨਿਕ ਉਤਪਾਤਿ ॥ (1236-8)
अनिक परलउ अनिक उतपाति ॥

ਅਨਿਕ ਜੀਅ ਜਾ ਕੇ ਗ੍ਰਿਹ ਮਾਹਿ ॥ (1236-9)
अनिक जीअ जा के ग्रिह माहि ॥

ਰਮਤ ਰਾਮ ਪੂਰਨ ਸ੍ਰਬ ਠਾਂਇ ॥੯॥ (1236-9)
रमत राम पूरन स्रब ठांइ ॥९॥

ਅਨਿਕ ਮਾਇਆ ਜਾ ਕੀ ਲਖੀ ਨ ਜਾਇ ॥ (1236-9)
अनिक माइआ जा की लखी न जाइ ॥

ਅਨਿਕ ਕਲਾ ਖੇਲੈ ਹਰਿ ਰਾਇ ॥ (1236-10)
अनिक कला खेलै हरि राइ ॥

ਅਨਿਕ ਧੁਨਿਤ ਲਲਿਤ ਸੰਗੀਤ ॥ (1236-10)
अनिक धुनित ललित संगीत ॥

ਅਨਿਕ ਗੁਪਤ ਪ੍ਰਗਟੇ ਤਹ ਚੀਤ ॥੧੦॥ (1236-10)
अनिक गुपत प्रगटे तह चीत ॥१०॥

ਸਭ ਤੇ ਊਚ ਭਗਤ ਜਾ ਕੈ ਸੰਗਿ ॥ (1236-11)
सभ ते ऊच भगत जा कै संगि ॥

ਆਠ ਪਹਰ ਗੁਨ ਗਾਵਹਿ ਰੰਗਿ ॥ (1236-11)
आठ पहर गुन गावहि रंगि ॥

ਅਨਿਕ ਅਨਾਹਦ ਆਨੰਦ ਝੁਨਕਾਰ ॥ (1236-11)
अनिक अनाहद आनंद झुनकार ॥

ਉਆ ਰਸ ਕਾ ਕਛੁ ਅੰਤੁ ਨ ਪਾਰ ॥੧੧॥ (1236-12)
उआ रस का कछु अंतु न पार ॥११॥

ਸਤਿ ਪੁਰਖੁ ਸਤਿ ਅਸਥਾਨੁ ॥ (1236-12)
सति पुरखु सति असथानु ॥

ਊਚ ਤੇ ਊਚ ਨਿਰਮਲ ਨਿਰਬਾਨੁ ॥ (1236-12)
ऊच ते ऊच निरमल निरबानु ॥

ਅਪੁਨਾ ਕੀਆ ਜਾਨਹਿ ਆਪਿ ॥ (1236-13)
अपुना कीआ जानहि आपि ॥

ਆਪੇ ਘਟਿ ਘਟਿ ਰਹਿਓ ਬਿਆਪਿ ॥ (1236-13)
आपे घटि घटि रहिओ बिआपि ॥

ਕ੍ਰਿਪਾ ਨਿਧਾਨ ਨਾਨਕ ਦਇਆਲ ॥ (1236-13)
क्रिपा निधान नानक दइआल ॥

ਜਿਨਿ ਜਪਿਆ ਨਾਨਕ ਤੇ ਭਏ ਨਿਹਾਲ ॥੧੨॥੧॥੨॥੨॥੩॥੭॥ (1236-14)
जिनि जपिआ नानक ते भए निहाल ॥१२॥१॥२॥२॥३॥७॥

ਸਾਰਗ ਛੰਤ ਮਹਲਾ ੫ (1236-15)
सारग छंत महला ५

ੴ ਸਤਿਗੁਰ ਪ੍ਰਸਾਦਿ ॥ (1236-15)
ੴ सतिगुर प्रसादि ॥

ਸਭ ਦੇਖੀਐ ਅਨਭੈ ਕਾ ਦਾਤਾ ॥ (1236-16)
सभ देखीऐ अनभै का दाता ॥

ਘਟਿ ਘਟਿ ਪੂਰਨ ਹੈ ਅਲਿਪਾਤਾ ॥ (1236-16)
घटि घटि पूरन है अलिपाता ॥

ਘਟਿ ਘਟਿ ਪੂਰਨੁ ਕਰਿ ਬਿਸਥੀਰਨੁ ਜਲ ਤਰੰਗ ਜਿਉ ਰਚਨੁ ਕੀਆ ॥ (1236-16)
घटि घटि पूरनु करि बिसथीरनु जल तरंग जिउ रचनु कीआ ॥

ਹਭਿ ਰਸ ਮਾਣੇ ਭੋਗ ਘਟਾਣੇ ਆਨ ਨ ਬੀਆ ਕੋ ਥੀਆ ॥ (1236-17)
हभि रस माणे भोग घटाणे आन न बीआ को थीआ ॥

ਹਰਿ ਰੰਗੀ ਇਕ ਰੰਗੀ ਠਾਕੁਰੁ ਸੰਤਸੰਗਿ ਪ੍ਰਭੁ ਜਾਤਾ ॥ (1236-17)
हरि रंगी इक रंगी ठाकुरु संतसंगि प्रभु जाता ॥

ਨਾਨਕ ਦਰਸਿ ਲੀਨਾ ਜਿਉ ਜਲ ਮੀਨਾ ਸਭ ਦੇਖੀਐ ਅਨਭੈ ਕਾ ਦਾਤਾ ॥੧॥ (1236-18)
नानक दरसि लीना जिउ जल मीना सभ देखीऐ अनभै का दाता ॥१॥

ਕਉਨ ਉਪਮਾ ਦੇਉ ਕਵਨ ਵਡਾਈ ॥ (1236-19)
कउन उपमा देउ कवन वडाई ॥

ਪੂਰਨ ਪੂਰਿ ਰਹਿਓ ਸ੍ਰਬ ਠਾਈ ॥ (1236-19)
पूरन पूरि रहिओ स्रब ठाई ॥

ਪੂਰਨ ਮਨਮੋਹਨ ਘਟ ਘਟ ਸੋਹਨ ਜਬ ਖਿੰਚੈ ਤਬ ਛਾਈ ॥ (1236-19)
पूरन मनमोहन घट घट सोहन जब खिंचै तब छाई ॥

ਕਿਉ ਨ ਅਰਾਧਹੁ ਮਿਲਿ ਕਰਿ ਸਾਧਹੁ ਘਰੀ ਮੁਹਤਕ ਬੇਲਾ ਆਈ ॥ (1237-1)
किउ न अराधहु मिलि करि साधहु घरी मुहतक बेला आई ॥

ਅਰਥੁ ਦਰਬੁ ਸਭੁ ਜੋ ਕਿਛੁ ਦੀਸੈ ਸੰਗਿ ਨ ਕਛਹੂ ਜਾਈ ॥ (1237-1)
अरथु दरबु सभु जो किछु दीसै संगि न कछहू जाई ॥

ਕਹੁ ਨਾਨਕ ਹਰਿ ਹਰਿ ਆਰਾਧਹੁ ਕਵਨ ਉਪਮਾ ਦੇਉ ਕਵਨ ਵਡਾਈ ॥੨॥ (1237-2)
कहु नानक हरि हरि आराधहु कवन उपमा देउ कवन वडाई ॥२॥

ਪੂਛਉ ਸੰਤ ਮੇਰੋ ਠਾਕੁਰੁ ਕੈਸਾ ॥ (1237-3)
पूछउ संत मेरो ठाकुरु कैसा ॥

ਹੀਉ ਅਰਾਪਉਂ ਦੇਹੁ ਸਦੇਸਾ ॥ (1237-3)
ही�उ अरापउं देहु सदेसा ॥

ਦੇਹੁ ਸਦੇਸਾ ਪ੍ਰਭ ਜੀਉ ਕੈਸਾ ਕਹ ਮੋਹਨ ਪਰਵੇਸਾ ॥ (1237-3)
देहु सदेसा प्रभ जीउ कैसा कह मोहन परवेसा ॥

ਅੰਗ ਅੰਗ ਸੁਖਦਾਈ ਪੂਰਨ ਬ੍ਰਹਮਾਈ ਥਾਨ ਥਾਨੰਤਰ ਦੇਸਾ ॥ (1237-4)
अंग अंग सुखदाई पूरन ब्रहमाई थान थानंतर देसा ॥

ਬੰਧਨ ਤੇ ਮੁਕਤਾ ਘਟਿ ਘਟਿ ਜੁਗਤਾ ਕਹਿ ਨ ਸਕਉ ਹਰਿ ਜੈਸਾ ॥ (1237-4)
बंधन ते मुकता घटि घटि जुगता कहि न सकउ हरि जैसा ॥

ਦੇਖਿ ਚਰਿਤ ਨਾਨਕ ਮਨੁ ਮੋਹਿਓ ਪੂਛੈ ਦੀਨੁ ਮੇਰੋ ਠਾਕੁਰੁ ਕੈਸਾ ॥੩॥ (1237-5)
देखि चरित नानक मनु मोहिओ पूछै दीनु मेरो ठाकुरु कैसा ॥३॥

ਕਰਿ ਕਿਰਪਾ ਅਪੁਨੇ ਪਹਿ ਆਇਆ ॥ (1237-6)
करि किरपा अपुने पहि आइआ ॥

ਧੰਨਿ ਸੁ ਰਿਦਾ ਜਿਹ ਚਰਨ ਬਸਾਇਆ ॥ (1237-6)
धंनि सु रिदा जिह चरन बसाइआ ॥

ਚਰਨ ਬਸਾਇਆ ਸੰਤ ਸੰਗਾਇਆ ਅਗਿਆਨ ਅੰਧੇਰੁ ਗਵਾਇਆ ॥ (1237-6)
चरन बसाइआ संत संगाइआ अगिआन अंधेरु गवाइआ ॥

ਭਇਆ ਪ੍ਰਗਾਸੁ ਰਿਦੈ ਉਲਾਸੁ ਪ੍ਰਭੁ ਲੋੜੀਦਾ ਪਾਇਆ ॥ (1237-7)
भइआ प्रगासु रिदै उलासु प्रभु लोड़ीदा पाइआ ॥

ਦੁਖੁ ਨਾਠਾ ਸੁਖੁ ਘਰ ਮਹਿ ਵੂਠਾ ਮਹਾ ਅਨੰਦ ਸਹਜਾਇਆ ॥ (1237-7)
दुखु नाठा सुखु घर महि वूठा महा अनंद सहजाइआ ॥

ਕਹੁ ਨਾਨਕ ਮੈ ਪੂਰਾ ਪਾਇਆ ਕਰਿ ਕਿਰਪਾ ਅਪੁਨੇ ਪਹਿ ਆਇਆ ॥੪॥੧॥ (1237-8)
कहु नानक मै पूरा पाइआ करि किरपा अपुने पहि आइआ ॥४॥१॥

ਸਾਰੰਗ ਕੀ ਵਾਰ ਮਹਲਾ ੪ ਰਾਇ ਮਹਮੇ ਹਸਨੇ ਕੀ ਧੁਨਿ (1237-10)
सारंग की वार महला ४ राइ महमे हसने की धुनि

ੴ ਸਤਿਗੁਰ ਪ੍ਰਸਾਦਿ ॥ (1237-10)
ੴ सतिगुर प्रसादि ॥

ਸਲੋਕ ਮਹਲਾ ੨ ॥ (1237-11)
सलोक महला २ ॥

ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥ (1237-11)
गुरु कुंजी पाहू निवलु मनु कोठा तनु छति ॥

ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ ॥੧॥ (1237-11)
नानक गुर बिनु मन का ताकु न उघड़ै अवर न कुंजी हथि ॥१॥

ਮਹਲਾ ੧ ॥ (1237-12)
महला १ ॥

ਨ ਭੀਜੈ ਰਾਗੀ ਨਾਦੀ ਬੇਦਿ ॥ (1237-12)
न भीजै रागी नादी बेदि ॥

ਨ ਭੀਜੈ ਸੁਰਤੀ ਗਿਆਨੀ ਜੋਗਿ ॥ (1237-12)
न भीजै सुरती गिआनी जोगि ॥

ਨ ਭੀਜੈ ਸੋਗੀ ਕੀਤੈ ਰੋਜਿ ॥ (1237-13)
न भीजै सोगी कीतै रोजि ॥

ਨ ਭੀਜੈ ਰੂਪੀ ਮਾਲੀ ਰੰਗਿ ॥ (1237-13)
न भीजै रूपी? माली? रंगि ॥

ਨ ਭੀਜੈ ਤੀਰਥਿ ਭਵਿਐ ਨੰਗਿ ॥ (1237-13)
न भीजै तीरथि भविऐ नंगि ॥

ਨ ਭੀਜੈ ਦਾਤੀ ਕੀਤੈ ਪੁੰਨਿ ॥ (1237-13)
न भीजै दाती? कीतै पुंनि ॥

ਨ ਭੀਜੈ ਬਾਹਰਿ ਬੈਠਿਆ ਸੁੰਨਿ ॥ (1237-14)
न भीजै बाहरि बैठिआ सुंनि ॥

ਨ ਭੀਜੈ ਭੇੜਿ ਮਰਹਿ ਭਿੜਿ ਸੂਰ ॥ (1237-14)
न भीजै भेड़ि मरहि भिड़ि सूर ॥

ਨ ਭੀਜੈ ਕੇਤੇ ਹੋਵਹਿ ਧੂੜ ॥ (1237-14)
न भीजै केते होवहि धूड़ ॥

ਲੇਖਾ ਲਿਖੀਐ ਮਨ ਕੈ ਭਾਇ ॥ (1237-15)
लेखा लिखीऐ मन कै भाइ ॥

ਨਾਨਕ ਭੀਜੈ ਸਾਚੈ ਨਾਇ ॥੨॥ (1237-15)
नानक भीजै साचै नाइ ॥२॥

ਮਹਲਾ ੧ ॥ (1237-15)
महला १ ॥

ਨਵ ਛਿਅ ਖਟ ਕਾ ਕਰੇ ਬੀਚਾਰੁ ॥ (1237-15)
नव छिअ खट का करे बीचारु ॥

ਨਿਸਿ ਦਿਨ ਉਚਰੈ ਭਾਰ ਅਠਾਰ ॥ (1237-16)
निसि दिन उचरै भार अठार ॥

ਤਿਨਿ ਭੀ ਅੰਤੁ ਨ ਪਾਇਆ ਤੋਹਿ ॥ (1237-16)
तिनि भी अंतु न पाइआ तोहि ॥

ਨਾਮ ਬਿਹੂਣ ਮੁਕਤਿ ਕਿਉ ਹੋਇ ॥ (1237-16)
नाम बिहूण मुकति किउ होइ ॥

ਨਾਭਿ ਵਸਤ ਬ੍ਰਹਮੈ ਅੰਤੁ ਨ ਜਾਣਿਆ ॥ (1237-17)
नाभि वसत ब्रहमै अंतु न जाणिआ ॥

ਗੁਰਮੁਖਿ ਨਾਨਕ ਨਾਮੁ ਪਛਾਣਿਆ ॥੩॥ (1237-17)
गुरमुखि नानक नामु पछाणिआ ॥३॥

ਪਉੜੀ ॥ (1237-17)
पउड़ी ॥

ਆਪੇ ਆਪਿ ਨਿਰੰਜਨਾ ਜਿਨਿ ਆਪੁ ਉਪਾਇਆ ॥ (1237-17)
आपे आपि निरंजना जिनि आपु उपाइआ ॥

ਆਪੇ ਖੇਲੁ ਰਚਾਇਓਨੁ ਸਭੁ ਜਗਤੁ ਸਬਾਇਆ ॥ (1237-18)
आपे खेलु रचाइओनु सभु जगतु सबाइआ ॥

ਤ੍ਰੈ ਗੁਣ ਆਪਿ ਸਿਰਜਿਅਨੁ ਮਾਇਆ ਮੋਹੁ ਵਧਾਇਆ ॥ (1237-18)
त्रै गुण आपि सिरजिअनु माइआ मोहु वधाइआ ॥

ਗੁਰ ਪਰਸਾਦੀ ਉਬਰੇ ਜਿਨ ਭਾਣਾ ਭਾਇਆ ॥ (1237-19)
गुर परसादी उबरे जिन भाणा भाइआ ॥

ਨਾਨਕ ਸਚੁ ਵਰਤਦਾ ਸਭ ਸਚਿ ਸਮਾਇਆ ॥੧॥ (1237-19)
नानक सचु वरतदा सभ सचि समाइआ ॥१॥

ਸਲੋਕ ਮਹਲਾ ੨ ॥ (1238-1)
सलोक महला २ ॥

ਆਪਿ ਉਪਾਏ ਨਾਨਕਾ ਆਪੇ ਰਖੈ ਵੇਕ ॥ (1238-1)
आपि उपाए नानका आपे रखै वेक ॥

ਮੰਦਾ ਕਿਸ ਨੋ ਆਖੀਐ ਜਾਂ ਸਭਨਾ ਸਾਹਿਬੁ ਏਕੁ ॥ (1238-1)
मंदा किस नो आखीऐ जां सभना साहिबु एकु ॥

ਸਭਨਾ ਸਾਹਿਬੁ ਏਕੁ ਹੈ ਵੇਖੈ ਧੰਧੈ ਲਾਇ ॥ (1238-2)
सभना साहिबु एकु है वेखै धंधै लाइ ॥

ਕਿਸੈ ਥੋੜਾ ਕਿਸੈ ਅਗਲਾ ਖਾਲੀ ਕੋਈ ਨਾਹਿ ॥ (1238-2)
किसै थोड़ा किसै अगला खाली कोई नाहि ॥

ਆਵਹਿ ਨੰਗੇ ਜਾਹਿ ਨੰਗੇ ਵਿਚੇ ਕਰਹਿ ਵਿਥਾਰ ॥ (1238-3)
आवहि नंगे जाहि नंगे विचे करहि विथार ॥

ਨਾਨਕ ਹੁਕਮੁ ਨ ਜਾਣੀਐ ਅਗੈ ਕਾਈ ਕਾਰ ॥੧॥ (1238-3)
नानक हुकमु न जाणीऐ अगै काई कार ॥१॥

ਮਹਲਾ ੧ ॥ (1238-4)
महला १ ॥

ਜਿਨਸਿ ਥਾਪਿ ਜੀਆਂ ਕਉ ਭੇਜੈ ਜਿਨਸਿ ਥਾਪਿ ਲੈ ਜਾਵੈ ॥ (1238-4)
जिनसि थापि जीआं कउ भेजै जिनसि थापि लै जावै ॥

ਆਪੇ ਥਾਪਿ ਉਥਾਪੈ ਆਪੇ ਏਤੇ ਵੇਸ ਕਰਾਵੈ ॥ (1238-4)
आपे थापि उथापै आपे एते वेस करावै ॥

ਜੇਤੇ ਜੀਅ ਫਿਰਹਿ ਅਉਧੂਤੀ ਆਪੇ ਭਿਖਿਆ ਪਾਵੈ ॥ (1238-5)
जेते जीअ फिरहि अउधूती आपे भिखिआ पावै ॥

ਲੇਖੈ ਬੋਲਣੁ ਲੇਖੈ ਚਲਣੁ ਕਾਇਤੁ ਕੀਚਹਿ ਦਾਵੇ ॥ (1238-5)
लेखै बोलणु लेखै चलणु काइतु कीचहि दावे ॥

ਮੂਲੁ ਮਤਿ ਪਰਵਾਣਾ ਏਹੋ ਨਾਨਕੁ ਆਖਿ ਸੁਣਾਏ ॥ (1238-6)
मूलु मति परवाणा एहो नानकु आखि सुणाए ॥

ਕਰਣੀ ਉਪਰਿ ਹੋਇ ਤਪਾਵਸੁ ਜੇ ਕੋ ਕਹੈ ਕਹਾਏ ॥੨॥ (1238-6)
करणी उपरि होइ तपावसु जे को कहै कहाए ॥२॥

ਪਉੜੀ ॥ (1238-7)
पउड़ी ॥

ਗੁਰਮੁਖਿ ਚਲਤੁ ਰਚਾਇਓਨੁ ਗੁਣ ਪਰਗਟੀ ਆਇਆ ॥ (1238-7)
गुरमुखि चलतु रचाइओनु गुण परगटी आइआ ॥

ਗੁਰਬਾਣੀ ਸਦ ਉਚਰੈ ਹਰਿ ਮੰਨਿ ਵਸਾਇਆ ॥ (1238-7)
गुरबाणी सद उचरै हरि मंनि वसाइआ ॥

ਸਕਤਿ ਗਈ ਭ੍ਰਮੁ ਕਟਿਆ ਸਿਵ ਜੋਤਿ ਜਗਾਇਆ ॥ (1238-8)
सकति गई भ्रमु कटिआ सिव जोति जगाइआ ॥

ਜਿਨ ਕੈ ਪੋਤੈ ਪੁੰਨੁ ਹੈ ਗੁਰੁ ਪੁਰਖੁ ਮਿਲਾਇਆ ॥ (1238-8)
जिन कै पोतै पुंनु है गुरु पुरखु मिलाइआ ॥

ਨਾਨਕ ਸਹਜੇ ਮਿਲਿ ਰਹੇ ਹਰਿ ਨਾਮਿ ਸਮਾਇਆ ॥੨॥ (1238-9)
नानक सहजे मिलि रहे हरि नामि समाइआ ॥२॥

ਸਲੋਕ ਮਹਲਾ ੨ ॥ (1238-9)
सलोक महला २ ॥

ਸਾਹ ਚਲੇ ਵਣਜਾਰਿਆ ਲਿਖਿਆ ਦੇਵੈ ਨਾਲਿ ॥ (1238-9)
साह चले वणजारिआ लिखिआ देवै नालि ॥

ਲਿਖੇ ਉਪਰਿ ਹੁਕਮੁ ਹੋਇ ਲਈਐ ਵਸਤੁ ਸਮ੍ਹ੍ਹਾਲਿ ॥ (1238-10)
लिखे उपरि हुकमु होइ लईऐ वसतु सम्हालि ॥

ਵਸਤੁ ਲਈ ਵਣਜਾਰਈ ਵਖਰੁ ਬਧਾ ਪਾਇ ॥ (1238-10)
वसतु लई वणजारई वखरु बधा पाइ ॥

ਕੇਈ ਲਾਹਾ ਲੈ ਚਲੇ ਇਕਿ ਚਲੇ ਮੂਲੁ ਗਵਾਇ ॥ (1238-11)
केई लाहा लै चले इकि चले मूलु गवाइ ॥

ਥੋੜਾ ਕਿਨੈ ਨ ਮੰਗਿਓ ਕਿਸੁ ਕਹੀਐ ਸਾਬਾਸਿ ॥ (1238-11)
थोड़ा किनै न मंगिओ किसु कहीऐ साबासि ॥

ਨਦਰਿ ਤਿਨਾ ਕਉ ਨਾਨਕਾ ਜਿ ਸਾਬਤੁ ਲਾਏ ਰਾਸਿ ॥੧॥ (1238-12)
नदरि तिना कउ नानका जि साबतु लाए रासि ॥१॥

ਮਹਲਾ ੧ ॥ (1238-12)
महला १ ॥

ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ ॥ (1238-12)
जुड़ि जुड़ि विछुड़े विछुड़ि जुड़े ॥

ਜੀਵਿ ਜੀਵਿ ਮੁਏ ਮੁਏ ਜੀਵੇ ॥ (1238-13)
जीवि जीवि मुए मुए जीवे ॥

ਕੇਤਿਆ ਕੇ ਬਾਪ ਕੇਤਿਆ ਕੇ ਬੇਟੇ ਕੇਤੇ ਗੁਰ ਚੇਲੇ ਹੂਏ ॥ (1238-13)
केतिआ के बाप केतिआ के बेटे केते गुर चेले हूए ॥

ਆਗੈ ਪਾਛੈ ਗਣਤ ਨ ਆਵੈ ਕਿਆ ਜਾਤੀ ਕਿਆ ਹੁਣਿ ਹੂਏ ॥ (1238-14)
आगै पाछै गणत न आवै किआ जाती किआ हुणि हूए ॥

ਸਭੁ ਕਰਣਾ ਕਿਰਤੁ ਕਰਿ ਲਿਖੀਐ ਕਰਿ ਕਰਿ ਕਰਤਾ ਕਰੇ ਕਰੇ ॥ (1238-14)
सभु करणा किरतु करि लिखीऐ करि करि करता करे करे ॥

ਮਨਮੁਖਿ ਮਰੀਐ ਗੁਰਮੁਖਿ ਤਰੀਐ ਨਾਨਕ ਨਦਰੀ ਨਦਰਿ ਕਰੇ ॥੨॥ (1238-15)
मनमुखि मरीऐ गुरमुखि तरीऐ नानक नदरी नदरि करे ॥२॥

ਪਉੜੀ ॥ (1238-15)
पउड़ी ॥

ਮਨਮੁਖਿ ਦੂਜਾ ਭਰਮੁ ਹੈ ਦੂਜੈ ਲੋਭਾਇਆ ॥ (1238-15)
मनमुखि दूजा भरमु है दूजै लोभाइआ ॥

ਕੂੜੁ ਕਪਟੁ ਕਮਾਵਦੇ ਕੂੜੋ ਆਲਾਇਆ ॥ (1238-16)
कूड़ु कपटु कमावदे कूड़ो आलाइआ ॥

ਪੁਤ੍ਰ ਕਲਤ੍ਰੁ ਮੋਹੁ ਹੇਤੁ ਹੈ ਸਭੁ ਦੁਖੁ ਸਬਾਇਆ ॥ (1238-16)
पुत्र कलत्रु मोहु हेतु है सभु दुखु सबाइआ ॥

ਜਮ ਦਰਿ ਬਧੇ ਮਾਰੀਅਹਿ ਭਰਮਹਿ ਭਰਮਾਇਆ ॥ (1238-17)
जम दरि बधे मारीअहि भरमहि भरमाइआ ॥

ਮਨਮੁਖਿ ਜਨਮੁ ਗਵਾਇਆ ਨਾਨਕ ਹਰਿ ਭਾਇਆ ॥੩॥ (1238-17)
मनमुखि जनमु गवाइआ नानक हरि भाइआ ॥३॥

ਸਲੋਕ ਮਹਲਾ ੨ ॥ (1238-18)
सलोक महला २ ॥

ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ ॥ (1238-18)
जिन वडिआई तेरे नाम की ते रते मन माहि ॥

ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ ॥ (1238-18)
नानक अमृतु एकु है दूजा अमृतु नाहि ॥

ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ ॥ (1238-19)
नानक अमृतु मनै माहि पाईऐ गुर परसादि ॥

ਤਿਨ੍ਹ੍ਹੀ ਪੀਤਾ ਰੰਗ ਸਿਉ ਜਿਨ੍ਹ ਕਉ ਲਿਖਿਆ ਆਦਿ ॥੧॥ (1238-19)
तिन्ही पीता रंग सिउ जिन्ह कउ लिखिआ आदि ॥१॥

ਮਹਲਾ ੨ ॥ (1239-1)
महला २ ॥

ਕੀਤਾ ਕਿਆ ਸਾਲਾਹੀਐ ਕਰੇ ਸੋਇ ਸਾਲਾਹਿ ॥ (1239-1)
कीता किआ सालाहीऐ करे सोइ सालाहि ॥

ਨਾਨਕ ਏਕੀ ਬਾਹਰਾ ਦੂਜਾ ਦਾਤਾ ਨਾਹਿ ॥ (1239-1)
नानक एकी बाहरा दूजा दाता नाहि ॥

ਕਰਤਾ ਸੋ ਸਾਲਾਹੀਐ ਜਿਨਿ ਕੀਤਾ ਆਕਾਰੁ ॥ (1239-2)
करता सो सालाहीऐ जिनि कीता आकारु ॥

ਦਾਤਾ ਸੋ ਸਾਲਾਹੀਐ ਜਿ ਸਭਸੈ ਦੇ ਆਧਾਰੁ ॥ (1239-2)
दाता सो सालाहीऐ जि सभसै दे आधारु ॥

ਨਾਨਕ ਆਪਿ ਸਦੀਵ ਹੈ ਪੂਰਾ ਜਿਸੁ ਭੰਡਾਰੁ ॥ (1239-3)
नानक आपि सदीव है पूरा जिसु भंडारु ॥

ਵਡਾ ਕਰਿ ਸਾਲਾਹੀਐ ਅੰਤੁ ਨ ਪਾਰਾਵਾਰੁ ॥੨॥ (1239-3)
वडा करि सालाहीऐ अंतु न पारावारु ॥२॥

ਪਉੜੀ ॥ (1239-4)
पउड़ी ॥

ਹਰਿ ਕਾ ਨਾਮੁ ਨਿਧਾਨੁ ਹੈ ਸੇਵਿਐ ਸੁਖੁ ਪਾਈ ॥ (1239-4)
हरि का नामु निधानु है सेविऐ सुखु पाई ॥

ਨਾਮੁ ਨਿਰੰਜਨੁ ਉਚਰਾਂ ਪਤਿ ਸਿਉ ਘਰਿ ਜਾਂਈ ॥ (1239-4)
नामु निरंजनु उचरां पति सिउ घरि जांई ॥

ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ ॥ (1239-5)
गुरमुखि बाणी नामु है नामु रिदै वसाई ॥

ਮਤਿ ਪੰਖੇਰੂ ਵਸਿ ਹੋਇ ਸਤਿਗੁਰੂ ਧਿਆਈ ॥ (1239-5)
मति पंखेरू वसि होइ सतिगुरू धिआई॥ ॥

ਨਾਨਕ ਆਪਿ ਦਇਆਲੁ ਹੋਇ ਨਾਮੇ ਲਿਵ ਲਾਈ ॥੪॥ (1239-5)
नानक आपि दइआलु होइ नामे लिव लाई ॥४॥

ਸਲੋਕ ਮਹਲਾ ੨ ॥ (1239-6)
सलोक महला २ ॥

ਤਿਸੁ ਸਿਉ ਕੈਸਾ ਬੋਲਣਾ ਜਿ ਆਪੇ ਜਾਣੈ ਜਾਣੁ ॥ (1239-6)
तिसु सिउ कैसा बोलणा जि आपे जाणै जाणु ॥

ਚੀਰੀ ਜਾ ਕੀ ਨਾ ਫਿਰੈ ਸਾਹਿਬੁ ਸੋ ਪਰਵਾਣੁ ॥ (1239-7)
चीरी जा की ना फिरै साहिबु सो परवाणु ॥

ਚੀਰੀ ਜਿਸ ਕੀ ਚਲਣਾ ਮੀਰ ਮਲਕ ਸਲਾਰ ॥ (1239-7)
चीरी जिस की चलणा मीर मलक सलार ॥

ਜੋ ਤਿਸੁ ਭਾਵੈ ਨਾਨਕਾ ਸਾਈ ਭਲੀ ਕਾਰ ॥ (1239-7)
जो तिसु भावै नानका साई भली कार ॥

ਜਿਨ੍ਹਾ ਚੀਰੀ ਚਲਣਾ ਹਥਿ ਤਿਨ੍ਹਾ ਕਿਛੁ ਨਾਹਿ ॥ (1239-8)
जिन्हा चीरी चलणा हथि तिन्हा किछु नाहि ॥

ਸਾਹਿਬ ਕਾ ਫੁਰਮਾਣੁ ਹੋਇ ਉਠੀ ਕਰਲੈ ਪਾਹਿ ॥ (1239-8)
साहिब का फुरमाणु होइ उठी करलै पाहि ॥

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥ (1239-9)
जेहा चीरी लिखिआ तेहा हुकमु कमाहि ॥

ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥੧॥ (1239-9)
घले आवहि नानका सदे उठी जाहि ॥१॥

ਮਹਲਾ ੨ ॥ (1239-10)
महला २ ॥

ਸਿਫਤਿ ਜਿਨਾ ਕਉ ਬਖਸੀਐ ਸੇਈ ਪੋਤੇਦਾਰ ॥ (1239-10)
सिफति जिना कउ बखसीऐ सेई पोतेदार ॥

ਕੁੰਜੀ ਜਿਨ ਕਉ ਦਿਤੀਆ ਤਿਨ੍ਹਾ ਮਿਲੇ ਭੰਡਾਰ ॥ (1239-10)
कुंजी जिन कउ दितीआ तिन्हा मिले भंडार ॥

ਜਹ ਭੰਡਾਰੀ ਹੂ ਗੁਣ ਨਿਕਲਹਿ ਤੇ ਕੀਅਹਿ ਪਰਵਾਣੁ ॥ (1239-11)
जह भंडारी हू गुण निकलहि ते कीअहि परवाणु ॥

ਨਦਰਿ ਤਿਨ੍ਹਾ ਕਉ ਨਾਨਕਾ ਨਾਮੁ ਜਿਨ੍ਹਾ ਨੀਸਾਣੁ ॥੨॥ (1239-11)
नदरि तिन्हा कउ नानका नामु जिन्हा नीसाणु ॥२॥

ਪਉੜੀ ॥ (1239-12)
पउड़ी ॥

ਨਾਮੁ ਨਿਰੰਜਨੁ ਨਿਰਮਲਾ ਸੁਣਿਐ ਸੁਖੁ ਹੋਈ ॥ (1239-12)
नामु निरंजनु निरमला सुणिऐ सुखु होई ॥

ਸੁਣਿ ਸੁਣਿ ਮੰਨਿ ਵਸਾਈਐ ਬੂਝੈ ਜਨੁ ਕੋਈ ॥ (1239-12)
सुणि सुणि मंनि वसाईऐ बूझै जनु कोई ॥

ਬਹਦਿਆ ਉਠਦਿਆ ਨ ਵਿਸਰੈ ਸਾਚਾ ਸਚੁ ਸੋਈ ॥ (1239-13)
बहदिआ उठदिआ न विसरै साचा सचु सोई ॥

ਭਗਤਾ ਕਉ ਨਾਮ ਅਧਾਰੁ ਹੈ ਨਾਮੇ ਸੁਖੁ ਹੋਈ ॥ (1239-13)
भगता कउ नाम अधारु है नामे सुखु होई ॥

ਨਾਨਕ ਮਨਿ ਤਨਿ ਰਵਿ ਰਹਿਆ ਗੁਰਮੁਖਿ ਹਰਿ ਸੋਈ ॥੫॥ (1239-13)
नानक मनि तनि रवि रहिआ गुरमुखि हरि सोई ॥५॥

ਸਲੋਕ ਮਹਲਾ ੧ ॥ (1239-14)
सलोक महला १ ॥

ਨਾਨਕ ਤੁਲੀਅਹਿ ਤੋਲ ਜੇ ਜੀਉ ਪਿਛੈ ਪਾਈਐ ॥ (1239-14)
नानक तुलीअहि तोल जे जीउ पिछै पाईऐ ॥

ਇਕਸੁ ਨ ਪੁਜਹਿ ਬੋਲ ਜੇ ਪੂਰੇ ਪੂਰਾ ਕਰਿ ਮਿਲੈ ॥ (1239-15)
इकसु न पुजहि बोल जे पूरे पूरा करि मिलै ॥

ਵਡਾ ਆਖਣੁ ਭਾਰਾ ਤੋਲੁ ॥ (1239-15)
वडा आखणु भारा तोलु ॥

ਹੋਰ ਹਉਲੀ ਮਤੀ ਹਉਲੇ ਬੋਲ ॥ (1239-15)
होर हउली मती हउले बोल ॥

ਧਰਤੀ ਪਾਣੀ ਪਰਬਤ ਭਾਰੁ ॥ (1239-16)
धरती पाणी परबत भारु ॥

ਕਿਉ ਕੰਡੈ ਤੋਲੈ ਸੁਨਿਆਰੁ ॥ (1239-16)
किउ कंडै तोलै सुनिआरु ॥

ਤੋਲਾ ਮਾਸਾ ਰਤਕ ਪਾਇ ॥ (1239-16)
तोला मासा रतक पाइ ॥

ਨਾਨਕ ਪੁਛਿਆ ਦੇਇ ਪੁਜਾਇ ॥ (1239-16)
नानक पुछिआ देइ पुजाइ ॥

ਮੂਰਖ ਅੰਧਿਆ ਅੰਧੀ ਧਾਤੁ ॥ (1239-17)
मूरख अंधिआ अंधी धातु ॥

ਕਹਿ ਕਹਿ ਕਹਣੁ ਕਹਾਇਨਿ ਆਪੁ ॥੧॥ (1239-17)
कहि कहि कहणु कहाइनि आपु ॥१॥

ਮਹਲਾ ੧ ॥ (1239-17)
महला १ ॥

ਆਖਣਿ ਅਉਖਾ ਸੁਨਣਿ ਅਉਖਾ ਆਖਿ ਨ ਜਾਪੀ ਆਖਿ ॥ (1239-18)
आखणि अउखा सुनणि अउखा आखि न जापी आखि ॥

ਇਕਿ ਆਖਿ ਆਖਹਿ ਸਬਦੁ ਭਾਖਹਿ ਅਰਧ ਉਰਧ ਦਿਨੁ ਰਾਤਿ ॥ (1239-18)
इकि आखि आखहि सबदु भाखहि अरध उरध दिनु राति ॥

ਜੇ ਕਿਹੁ ਹੋਇ ਤ ਕਿਹੁ ਦਿਸੈ ਜਾਪੈ ਰੂਪੁ ਨ ਜਾਤਿ ॥ (1239-19)
जे किहु होइ त किहु दिसै जापै रूपु न जाति ॥

ਸਭਿ ਕਾਰਣ ਕਰਤਾ ਕਰੇ ਘਟ ਅਉਘਟ ਘਟ ਥਾਪਿ ॥ (1239-19)
सभि कारण करता करे घट अउघट घट थापि ॥

ਆਖਣਿ ਅਉਖਾ ਨਾਨਕਾ ਆਖਿ ਨ ਜਾਪੈ ਆਖਿ ॥੨॥ (1240-1)
आखणि अउखा नानका आखि न जापै आखि ॥२॥

ਪਉੜੀ ॥ (1240-1)
पउड़ी ॥

ਨਾਇ ਸੁਣਿਐ ਮਨੁ ਰਹਸੀਐ ਨਾਮੇ ਸਾਂਤਿ ਆਈ ॥ (1240-1)
नाइ सुणिऐ मनु रहसीऐ नामे सांति आई ॥

ਨਾਇ ਸੁਣਿਐ ਮਨੁ ਤ੍ਰਿਪਤੀਐ ਸਭ ਦੁਖ ਗਵਾਈ ॥ (1240-2)
नाइ सुणिऐ मनु त्रिपतीऐ सभ दुख गवाई ॥

ਨਾਇ ਸੁਣਿਐ ਨਾਉ ਊਪਜੈ ਨਾਮੇ ਵਡਿਆਈ ॥ (1240-2)
नाइ सुणिऐ नाउ ऊपजै नामे वडिआई ॥

ਨਾਮੇ ਹੀ ਸਭ ਜਾਤਿ ਪਤਿ ਨਾਮੇ ਗਤਿ ਪਾਈ ॥ (1240-3)
नामे ही सभ जाति पति नामे गति पाई ॥

ਗੁਰਮੁਖਿ ਨਾਮੁ ਧਿਆਈਐ ਨਾਨਕ ਲਿਵ ਲਾਈ ॥੬॥ (1240-3)
गुरमुखि नामु धिआईऐ नानक लिव लाई ॥६॥

ਸਲੋਕ ਮਹਲਾ ੧ ॥ (1240-4)
सलोक महला १ ॥

ਜੂਠਿ ਨ ਰਾਗੀ ਜੂਠਿ ਨ ਵੇਦੀ ॥ (1240-4)
जूठि न रागी� जूठि न वेदी� ॥

ਜੂਠਿ ਨ ਚੰਦ ਸੂਰਜ ਕੀ ਭੇਦੀ ॥ (1240-4)
जूठि न चंद सूरज की भेदी ॥

ਜੂਠਿ ਨ ਅੰਨੀ ਜੂਠਿ ਨ ਨਾਈ ॥ (1240-4)
जूठि न अंनी जूठि न नाई ॥

ਜੂਠਿ ਨ ਮੀਹੁ ਵਰ੍ਹਿਐ ਸਭ ਥਾਈ ॥ (1240-5)
जूठि न मीहु वर्हिऐ सभ थाई ॥

ਜੂਠਿ ਨ ਧਰਤੀ ਜੂਠਿ ਨ ਪਾਣੀ ॥ (1240-5)
जूठि न धरती जूठि न पाणी ॥

ਜੂਠਿ ਨ ਪਉਣੈ ਮਾਹਿ ਸਮਾਣੀ ॥ (1240-5)
जूठि न पउणै माहि समाणी ॥

ਨਾਨਕ ਨਿਗੁਰਿਆ ਗੁਣੁ ਨਾਹੀ ਕੋਇ ॥ (1240-6)
नानक निगुरिआ गुणु नाही कोइ ॥

ਮੁਹਿ ਫੇਰਿਐ ਮੁਹੁ ਜੂਠਾ ਹੋਇ ॥੧॥ (1240-6)
मुहि फेरिऐ मुहु जूठा होइ ॥१॥

ਮਹਲਾ ੧ ॥ (1240-6)
महला १ ॥

ਨਾਨਕ ਚੁਲੀਆ ਸੁਚੀਆ ਜੇ ਭਰਿ ਜਾਣੈ ਕੋਇ ॥ (1240-6)
नानक चुलीआ सुचीआ जे भरि जाणै कोइ ॥

ਸੁਰਤੇ ਚੁਲੀ ਗਿਆਨ ਕੀ ਜੋਗੀ ਕਾ ਜਤੁ ਹੋਇ ॥ (1240-7)
सुरते चुली गिआन की जोगी का जतु होइ ॥

ਬ੍ਰਹਮਣ ਚੁਲੀ ਸੰਤੋਖ ਕੀ ਗਿਰਹੀ ਕਾ ਸਤੁ ਦਾਨੁ ॥ (1240-7)
ब्रहमण चुली संतोख की गिरही का सतु दानु ॥

ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ ॥ (1240-8)
राजे चुली निआव की पड़िआ सचु धिआनु ॥

ਪਾਣੀ ਚਿਤੁ ਨ ਧੋਪਈ ਮੁਖਿ ਪੀਤੈ ਤਿਖ ਜਾਇ ॥ (1240-8)
पाणी चितु न धोपई मुखि पीतै तिख जाइ ॥

ਪਾਣੀ ਪਿਤਾ ਜਗਤ ਕਾ ਫਿਰਿ ਪਾਣੀ ਸਭੁ ਖਾਇ ॥੨॥ (1240-9)
पाणी पिता जगत का फिरि पाणी सभु खाइ ॥२॥

ਪਉੜੀ ॥ (1240-9)
पउड़ी ॥

ਨਾਇ ਸੁਣਿਐ ਸਭ ਸਿਧਿ ਹੈ ਰਿਧਿ ਪਿਛੈ ਆਵੈ ॥ (1240-9)
नाइ सुणिऐ सभ सिधि है रिधि पिछै आवै ॥

ਨਾਇ ਸੁਣਿਐ ਨਉ ਨਿਧਿ ਮਿਲੈ ਮਨ ਚਿੰਦਿਆ ਪਾਵੈ ॥ (1240-10)
नाइ सुणिऐ नउ निधि मिलै मन चिंदिआ पावै ॥

ਨਾਇ ਸੁਣਿਐ ਸੰਤੋਖੁ ਹੋਇ ਕਵਲਾ ਚਰਨ ਧਿਆਵੈ ॥ (1240-10)
नाइ सुणिऐ संतोखु होइ कवला चरन धिआवै ॥

ਨਾਇ ਸੁਣਿਐ ਸਹਜੁ ਊਪਜੈ ਸਹਜੇ ਸੁਖੁ ਪਾਵੈ ॥ (1240-11)
नाइ सुणिऐ सहजु ऊपजै सहजे सुखु पावै ॥

ਗੁਰਮਤੀ ਨਾਉ ਪਾਈਐ ਨਾਨਕ ਗੁਣ ਗਾਵੈ ॥੭॥ (1240-11)
गुरमती नाउ पाईऐ नानक गुण गावै ॥७॥

ਸਲੋਕ ਮਹਲਾ ੧ ॥ (1240-12)
सलोक महला १ ॥

ਦੁਖ ਵਿਚਿ ਜੰਮਣੁ ਦੁਖਿ ਮਰਣੁ ਦੁਖਿ ਵਰਤਣੁ ਸੰਸਾਰਿ ॥ (1240-12)
दुख विचि जंमणु दुखि मरणु दुखि वरतणु संसारि ॥

ਦੁਖੁ ਦੁਖੁ ਅਗੈ ਆਖੀਐ ਪੜ੍ਹਿ ਪੜ੍ਹਿ ਕਰਹਿ ਪੁਕਾਰ ॥ (1240-12)
दुखु दुखु अगै आखीऐ पड़्हि पड़्हि करहि पुकार ॥

ਦੁਖ ਕੀਆ ਪੰਡਾ ਖੁਲ੍ਹੀਆ ਸੁਖੁ ਨ ਨਿਕਲਿਓ ਕੋਇ ॥ (1240-13)
दुख कीआ पंडा खुल्हीआ सुखु न निकलिओ कोइ ॥

ਦੁਖ ਵਿਚਿ ਜੀਉ ਜਲਾਇਆ ਦੁਖੀਆ ਚਲਿਆ ਰੋਇ ॥ (1240-13)
दुख विचि जीउ जलाइआ दुखीआ चलिआ रोइ ॥

ਨਾਨਕ ਸਿਫਤੀ ਰਤਿਆ ਮਨੁ ਤਨੁ ਹਰਿਆ ਹੋਇ ॥ (1240-14)
नानक सिफती रतिआ मनु तनु हरिआ होइ ॥

ਦੁਖ ਕੀਆ ਅਗੀ ਮਾਰੀਅਹਿ ਭੀ ਦੁਖੁ ਦਾਰੂ ਹੋਇ ॥੧॥ (1240-14)
दुख कीआ अगी मारीअहि भी दुखु दारू होइ ॥१॥

ਮਹਲਾ ੧ ॥ (1240-15)
महला १ ॥

ਨਾਨਕ ਦੁਨੀਆ ਭਸੁ ਰੰਗੁ ਭਸੂ ਹੂ ਭਸੁ ਖੇਹ ॥ (1240-15)
नानक दुनीआ भसु रंगु भसू हू भसु खेह ॥

ਭਸੋ ਭਸੁ ਕਮਾਵਣੀ ਭੀ ਭਸੁ ਭਰੀਐ ਦੇਹ ॥ (1240-15)
भसो भसु कमावणी भी भसु भरीऐ देह ॥

ਜਾ ਜੀਉ ਵਿਚਹੁ ਕਢੀਐ ਭਸੂ ਭਰਿਆ ਜਾਇ ॥ (1240-16)
जा जीउ विचहु कढीऐ भसू भरिआ जाइ ॥

ਅਗੈ ਲੇਖੈ ਮੰਗਿਐ ਹੋਰ ਦਸੂਣੀ ਪਾਇ ॥੨॥ (1240-16)
अगै लेखै मंगिऐ होर दसूणी पाइ ॥२॥

ਪਉੜੀ ॥ (1240-17)
पउड़ी ॥

ਨਾਇ ਸੁਣਿਐ ਸੁਚਿ ਸੰਜਮੋ ਜਮੁ ਨੇੜਿ ਨ ਆਵੈ ॥ (1240-17)
नाइ सुणिऐ सुचि संजमो जमु नेड़ि न आवै ॥

ਨਾਇ ਸੁਣਿਐ ਘਟਿ ਚਾਨਣਾ ਆਨ੍ਹੇਰੁ ਗਵਾਵੈ ॥ (1240-17)
नाइ सुणिऐ घटि चानणा आन्हेरु गवावै ॥

ਨਾਇ ਸੁਣਿਐ ਆਪੁ ਬੁਝੀਐ ਲਾਹਾ ਨਾਉ ਪਾਵੈ ॥ (1240-18)
नाइ सुणिऐ आपु बुझीऐ लाहा नाउ पावै ॥

ਨਾਇ ਸੁਣਿਐ ਪਾਪ ਕਟੀਅਹਿ ਨਿਰਮਲ ਸਚੁ ਪਾਵੈ ॥ (1240-18)
नाइ सुणिऐ पाप कटीअहि निरमल सचु पावै ॥

ਨਾਨਕ ਨਾਇ ਸੁਣਿਐ ਮੁਖ ਉਜਲੇ ਨਾਉ ਗੁਰਮੁਖਿ ਧਿਆਵੈ ॥੮॥ (1240-18)
नानक नाइ सुणिऐ मुख उजले नाउ गुरमुखि धिआवै ॥८॥

ਸਲੋਕ ਮਹਲਾ ੧ ॥ (1240-19)
सलोक महला १ ॥

ਘਰਿ ਨਾਰਾਇਣੁ ਸਭਾ ਨਾਲਿ ॥ (1240-19)
घरि नाराइणु सभा नालि ॥

ਪੂਜ ਕਰੇ ਰਖੈ ਨਾਵਾਲਿ ॥ (1241-1)
पूज करे रखै नावालि ॥

ਕੁੰਗੂ ਚੰਨਣੁ ਫੁਲ ਚੜਾਏ ॥ (1241-1)
कुंगू चंनणु फुल चड़ाए ॥

ਪੈਰੀ ਪੈ ਪੈ ਬਹੁਤੁ ਮਨਾਏ ॥ (1241-1)
पैरी पै पै बहुतु मनाए ॥

ਮਾਣੂਆ ਮੰਗਿ ਮੰਗਿ ਪੈਨ੍ਹੈ ਖਾਇ ॥ (1241-1)
माणूआ मंगि मंगि पैन्है खाइ ॥

ਅੰਧੀ ਕੰਮੀ ਅੰਧ ਸਜਾਇ ॥ (1241-2)
अंधी कंमी अंध सजाइ ॥

ਭੁਖਿਆ ਦੇਇ ਨ ਮਰਦਿਆ ਰਖੈ ॥ (1241-2)
भुखिआ देइ न मरदिआ रखै ॥

ਅੰਧਾ ਝਗੜਾ ਅੰਧੀ ਸਥੈ ॥੧॥ (1241-2)
अंधा झगड़ा अंधी सथै ॥१॥

ਮਹਲਾ ੧ ॥ (1241-3)
महला १ ॥

ਸਭੇ ਸੁਰਤੀ ਜੋਗ ਸਭਿ ਸਭੇ ਬੇਦ ਪੁਰਾਣ ॥ (1241-3)
सभे सुरती जोग सभि सभे बेद पुराण ॥

ਸਭੇ ਕਰਣੇ ਤਪ ਸਭਿ ਸਭੇ ਗੀਤ ਗਿਆਨ ॥ (1241-3)
सभे करणे तप सभि सभे गीत गिआन ॥

ਸਭੇ ਬੁਧੀ ਸੁਧਿ ਸਭਿ ਸਭਿ ਤੀਰਥ ਸਭਿ ਥਾਨ ॥ (1241-3)
सभे बुधी सुधि सभि सभि तीरथ सभि थान ॥

ਸਭਿ ਪਾਤਿਸਾਹੀਆ ਅਮਰ ਸਭਿ ਸਭਿ ਖੁਸੀਆ ਸਭਿ ਖਾਨ ॥ (1241-4)
सभि पातिसाहीआ अमर सभि सभि खुसीआ सभि खान ॥

ਸਭੇ ਮਾਣਸ ਦੇਵ ਸਭਿ ਸਭੇ ਜੋਗ ਧਿਆਨ ॥ (1241-4)
सभे माणस देव सभि सभे जोग धिआन ॥

ਸਭੇ ਪੁਰੀਆ ਖੰਡ ਸਭਿ ਸਭੇ ਜੀਅ ਜਹਾਨ ॥ (1241-5)
सभे पुरीआ खंड सभि सभे जीअ जहान ॥

ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ ॥ (1241-5)
हुकमि चलाए आपणै करमी वहै कलाम ॥

ਨਾਨਕ ਸਚਾ ਸਚਿ ਨਾਇ ਸਚੁ ਸਭਾ ਦੀਬਾਨੁ ॥੨॥ (1241-6)
नानक सचा सचि नाइ सचु सभा दीबानु ॥२॥

ਪਉੜੀ ॥ (1241-6)
पउड़ी ॥

ਨਾਇ ਮੰਨਿਐ ਸੁਖੁ ਊਪਜੈ ਨਾਮੇ ਗਤਿ ਹੋਈ ॥ (1241-6)
नाइ मंनिऐ सुखु ऊपजै नामे गति होई ॥

ਨਾਇ ਮੰਨਿਐ ਪਤਿ ਪਾਈਐ ਹਿਰਦੈ ਹਰਿ ਸੋਈ ॥ (1241-7)
नाइ मंनिऐ पति पाईऐ हिरदै हरि सोई ॥

ਨਾਇ ਮੰਨਿਐ ਭਵਜਲੁ ਲੰਘੀਐ ਫਿਰਿ ਬਿਘਨੁ ਨ ਹੋਈ ॥ (1241-7)
नाइ मंनिऐ भवजलु लंघीऐ फिरि बिघनु न होई ॥

ਨਾਇ ਮੰਨਿਐ ਪੰਥੁ ਪਰਗਟਾ ਨਾਮੇ ਸਭ ਲੋਈ ॥ (1241-8)
नाइ मंनिऐ पंथु परगटा नामे सभ लोई ॥

ਨਾਨਕ ਸਤਿਗੁਰਿ ਮਿਲਿਐ ਨਾਉ ਮੰਨੀਐ ਜਿਨ ਦੇਵੈ ਸੋਈ ॥੯॥ (1241-8)
नानक सतिगुरि मिलिऐ नाउ मंनीऐ जिन देवै सोई ॥९॥

ਸਲੋਕ ਮਃ ੧ ॥ (1241-9)
सलोक मः १ ॥

ਪੁਰੀਆ ਖੰਡਾ ਸਿਰਿ ਕਰੇ ਇਕ ਪੈਰਿ ਧਿਆਏ ॥ (1241-9)
पुरीआ खंडा सिरि करे इक पैरि धिआए ॥

ਪਉਣੁ ਮਾਰਿ ਮਨਿ ਜਪੁ ਕਰੇ ਸਿਰੁ ਮੁੰਡੀ ਤਲੈ ਦੇਇ ॥ (1241-9)
पउणु मारि मनि जपु करे सिरु मुंडी तलै देइ ॥

ਕਿਸੁ ਉਪਰਿ ਓਹੁ ਟਿਕ ਟਿਕੈ ਕਿਸ ਨੋ ਜੋਰੁ ਕਰੇਇ ॥ (1241-10)
किसु उपरि ओहु टिक टिकै किस नो जोरु करेइ ॥

ਕਿਸ ਨੋ ਕਹੀਐ ਨਾਨਕਾ ਕਿਸ ਨੋ ਕਰਤਾ ਦੇਇ ॥ (1241-10)
किस नो कहीऐ नानका किस नो करता देइ ॥

ਹੁਕਮਿ ਰਹਾਏ ਆਪਣੈ ਮੂਰਖੁ ਆਪੁ ਗਣੇਇ ॥੧॥ (1241-11)
हुकमि रहाए आपणै मूरखु आपु गणेइ ॥१॥

ਮਃ ੧ ॥ (1241-11)
मः १ ॥

ਹੈ ਹੈ ਆਖਾਂ ਕੋਟਿ ਕੋਟਿ ਕੋਟੀ ਹੂ ਕੋਟਿ ਕੋਟਿ ॥ (1241-11)
है है आखां कोटि कोटि कोटी हू कोटि कोटि ॥

ਆਖੂੰ ਆਖਾਂ ਸਦਾ ਸਦਾ ਕਹਣਿ ਨ ਆਵੈ ਤੋਟਿ ॥ (1241-12)
आखूं आखां सदा सदा कहणि न आवै तोटि ॥

ਨਾ ਹਉ ਥਕਾਂ ਨ ਠਾਕੀਆ ਏਵਡ ਰਖਹਿ ਜੋਤਿ ॥ (1241-12)
ना हउ थकां न ठाकीआ एवड रखहि जोति ॥

ਨਾਨਕ ਚਸਿਅਹੁ ਚੁਖ ਬਿੰਦ ਉਪਰਿ ਆਖਣੁ ਦੋਸੁ ॥੨॥ (1241-12)
नानक चसिअहु चुख बिंद उपरि आखणु दोसु ॥२॥

ਪਉੜੀ ॥ (1241-13)

पउड़ी ॥

ਨਾਇ ਮੰਨਿਐ ਕੁਲੁ ਉਧਰੈ ਸਭੁ ਕੁਟੰਬੁ ਸਬਾਇਆ ॥ (1241-13)

नाइ मंनिऐ कुलु उधरै सभु कुट्मबु सबाइआ ॥

ਨਾਇ ਮੰਨਿਐ ਸੰਗਤਿ ਉਧਰੈ ਜਿਨ ਰਿਦੈ ਵਸਾਇਆ ॥ (1241-14)

नाइ मंनिऐ संगति उधरै जिन रिदै वसाइआ ॥

ਨਾਇ ਮੰਨਿਐ ਸੁਣਿ ਉਧਰੇ ਜਿਨ ਰਸਨ ਰਸਾਇਆ ॥ (1241-14)

नाइ मंनिऐ सुणि उधरे जिन रसन रसाइआ ॥

ਨਾਇ ਮੰਨਿਐ ਦੁਖ ਭੁਖ ਗਈ ਜਿਨ ਨਾਮਿ ਚਿਤੁ ਲਾਇਆ ॥ (1241-15)

नाइ मंनिऐ दुख भुख गई जिन नामि चितु लाइआ ॥

ਨਾਨਕ ਨਾਮੁ ਤਿਨੀ ਸਾਲਾਹਿਆ ਜਿਨ ਗੁਰੂ ਮਿਲਾਇਆ ॥੧੦॥ (1241-15)

नानक नामु तिनी सालाहिआ जिन गुरू मिलाइआ ॥१० ॥

ਸਲੋਕ ਮਃ ੧ ॥ (1241-16)

सलोक मः १ ॥

ਸਭੇ ਰਾਤੀ ਸਭਿ ਦਿਹ ਸਭਿ ਥਿਤੀ ਸਭਿ ਵਾਰ ॥ (1241-16)

सभे राती सभि दिह सभि थिती सभि वार ॥

ਸਭੇ ਰੁਤੀ ਮਾਹ ਸਭਿ ਸਭਿ ਧਰਤੀ ਸਭਿ ਭਾਰ ॥ (1241-16)

सभे रुती माह सभि सभि धरती सभि भार ॥

ਸਭੇ ਪਾਣੀ ਪਉਣ ਸਭਿ ਸਭਿ ਅਗਨੀ ਪਾਤਾਲ ॥ (1241-17)

सभे पाणी पउण सभि सभि अगनी पाताल ॥

ਸਭੇ ਪੁਰੀਆ ਖੰਡ ਸਭਿ ਸਭਿ ਲੋਅ ਲੋਅ ਆਕਾਰ ॥ (1241-17)

सभे पुरीआ खंड सभि सभि लोअ लोअ आकार ॥

ਹੁਕਮੁ ਨ ਜਾਪੀ ਕੇਤੜਾ ਕਹਿ ਨ ਸਕੀਜੈ ਕਾਰ ॥ (1241-18)

हुकमु न जापी केतड़ा कहि न सकीजै कार ॥

ਆਖਹਿ ਥਕਹਿ ਆਖਿ ਆਖਿ ਕਰਿ ਸਿਫਤੀ ਵੀਚਾਰ ॥ (1241-18)
आखहि थकहि आखि आखि करि सिफती� वीचार ॥

ਤ੍ਰਿਣੁ ਨ ਪਾਇਓ ਬਪੁੜੀ ਨਾਨਕੁ ਕਹੈ ਗਵਾਰ ॥੧॥ (1241-19)
त्रिणु न पाइओ बपुड़ी नानकु कहै गवार ॥१॥

ਮਃ ੧ ॥ (1241-19)
मः १ ॥

ਅਖੀ ਪਰਣੈ ਜੇ ਫਿਰਾਂ ਦੇਖਾਂ ਸਭੁ ਆਕਾਰੁ ॥ (1241-19)
अखी� परणै जे फिरां देखां सभु आकारु ॥

ਪੁਛਾ ਗਿਆਨੀ ਪੰਡਿਤਾਂ ਪੁਛਾ ਬੇਦ ਬੀਚਾਰ ॥ (1241-19)
पुछा गिआनी पंडितां पुछा बेद बीचार ॥

ਪੁਛਾ ਦੇਵਾਂ ਮਾਣਸਾਂ ਜੋਧ ਕਰਹਿ ਅਵਤਾਰ ॥ (1242-1)
पुछा देवां माणसां जोध करहि अवतार ॥

ਸਿਧ ਸਮਾਧੀ ਸਭਿ ਸੁਣੀ ਜਾਇ ਦੇਖਾਂ ਦਰਬਾਰੁ ॥ (1242-1)
सिध समाधी सभि सुणी जाइ देखां दरबारु ॥

ਅਗੈ ਸਚਾ ਸਚਿ ਨਾਇ ਨਿਰਭਉ ਭੈ ਵਿਣੁ ਸਾਰੁ ॥ (1242-2)
अगै सचा सचि नाइ निरभउ भै विणु सारु ॥

ਹੋਰ ਕਚੀ ਮਤੀ ਕਚੁ ਪਿਚੁ ਅੰਧਿਆ ਅੰਧੁ ਬੀਚਾਰੁ ॥ (1242-2)
होर कची मती कचु पिचु अंधिआ अंधु बीचारु ॥

ਨਾਨਕ ਕਰਮੀ ਬੰਦਗੀ ਨਦਰਿ ਲੰਘਾਏ ਪਾਰਿ ॥੨॥ (1242-3)
नानक करमी बंदगी नदरि लंघाए पारि ॥२॥

ਪਉੜੀ ॥ (1242-3)
पउड़ी ॥

ਨਾਇ ਮੰਨਿਐ ਦੁਰਮਤਿ ਗਈ ਮਤਿ ਪਰਗਟੀ ਆਇਆ ॥ (1242-3)
नाइ मंनिऐ दुरमति गई मति परगटी आइआ ॥

ਨਾਇ ਮੰਨਿਐ ਹਉਮੈ ਗਈ ਸਭਿ ਰੋਗ ਗਵਾਇਆ ॥ (1242-4)
नाउ मंनिऐ हउमै गई सभि रोग गवाइआ ॥

ਨਾਇ ਮੰਨਿਐ ਨਾਮੁ ਊਪਜੈ ਸਹਜੇ ਸੁਖੁ ਪਾਇਆ ॥ (1242-4)
नाइ मंनिऐ नामु ऊपजै सहजे सुखु पाइआ ॥

ਨਾਇ ਮੰਨਿਐ ਸਾਂਤਿ ਊਪਜੈ ਹਰਿ ਮੰਨਿ ਵਸਾਇਆ ॥ (1242-5)
नाइ मंनिऐ सांति ऊपजै हरि मंनि वसाइआ ॥

ਨਾਨਕ ਨਾਮੁ ਰਤੰਨੁ ਹੈ ਗੁਰਮੁਖਿ ਹਰਿ ਧਿਆਇਆ ॥੧੧॥ (1242-5)
नानक नामु रतंनु है गुरमुखि हरि धिआइआ ॥११॥

ਸਲੋਕ ਮਃ ੧ ॥ (1242-6)
सलोक मः १ ॥

ਹੋਰੁ ਸਰੀਕੁ ਹੋਵੈ ਕੋਈ ਤੇਰਾ ਤਿਸੁ ਅਗੈ ਤੁਧੁ ਆਖਾਂ ॥ (1242-6)
होरु सरीकु होवै कोई तेरा तिसु अगै तुधु आखां ॥

ਤੁਧੁ ਅਗੈ ਤੁਧੈ ਸਾਲਾਹੀ ਮੈ ਅੰਧੇ ਨਾਉ ਸੁਜਾਖਾ ॥ (1242-6)
तुधु अगै तुधै सालाही मै अंधे नाउ सुजाखा ॥

ਜੇਤਾ ਆਖਣੁ ਸਾਹੀ ਸਬਦੀ ਭਾਖਿਆ ਭਾਇ ਸੁਭਾਈ ॥ (1242-7)
जेता आखणु साही सबदी भाखिआ भाइ सुभाई ॥

ਨਾਨਕ ਬਹੁਤਾ ਏਹੋ ਆਖਣੁ ਸਭ ਤੇਰੀ ਵਡਿਆਈ ॥੧॥ (1242-7)
नानक बहुता एहो आखणु सभ तेरी वडिआई ॥१॥

ਮਃ ੧ ॥ (1242-8)
मः १ ॥

ਜਾਂ ਨ ਸਿਆ ਕਿਆ ਚਾਕਰੀ ਜਾਂ ਜੰਮੇ ਕਿਆ ਕਾਰ ॥ (1242-8)
जां न सिआ किआ चाकरी जां जंमे किआ कार ॥

ਸਭਿ ਕਾਰਣ ਕਰਤਾ ਕਰੇ ਦੇਖੈ ਵਾਰੋ ਵਾਰ ॥ (1242-8)
सभि कारण करता करे देखै वारो वार ॥

ਜੇ ਚੁਪੈ ਜੇ ਮੰਗਿਐ ਦਾਤਿ ਕਰੇ ਦਾਤਾਰੁ ॥ (1242-9)
जे चुपै जे मंगिऐ दाति करे दातारु ॥

ਇਕੁ ਦਾਤਾ ਸਭਿ ਮੰਗਤੇ ਫਿਰਿ ਦੇਖਹਿ ਆਕਾਰੁ ॥ (1242-9)
इकु दाता सभि मंगते फिरि देखहि आकारु ॥

ਨਾਨਕ ਏਵੈ ਜਾਣੀਐ ਜੀਵੈ ਦੇਵਣਹਾਰੁ ॥੨॥ (1242-10)
नानक एवै जाणीऐ जीवै देवणहारु ॥२॥

ਪਉੜੀ ॥ (1242-10)
पउड़ी ॥

ਨਾਇ ਮੰਨਿਐ ਸੁਰਤਿ ਊਪਜੈ ਨਾਮੇ ਮਤਿ ਹੋਈ ॥ (1242-10)
नाइ मंनिऐ सुरति ऊपजै नामे मति होई ॥

ਨਾਇ ਮੰਨਿਐ ਗੁਣ ਉਚਰੈ ਨਾਮੇ ਸੁਖਿ ਸੋਈ ॥ (1242-11)
नाइ मंनिऐ गुण उचरै नामे सुखि सोई ॥

ਨਾਇ ਮੰਨਿਐ ਭ੍ਰਮੁ ਕਟੀਐ ਫਿਰਿ ਦੁਖੁ ਨ ਹੋਈ ॥ (1242-11)
नाइ मंनिऐ भ्रमु कटीऐ फिरि दुखु न होई ॥

ਨਾਇ ਮੰਨਿਐ ਸਾਲਾਹੀਐ ਪਾਪਾਂ ਮਤਿ ਧੋਈ ॥ (1242-11)
नाइ मंनिऐ सालाहीऐ पापां मति धोई ॥

ਨਾਨਕ ਪੂਰੇ ਗੁਰ ਤੇ ਨਾਉ ਮੰਨੀਐ ਜਿਨ ਦੇਵੈ ਸੋਈ ॥੧੨॥ (1242-12)
नानक पूरे गुर ते नाउ मंनीऐ जिन देवै सोई ॥१२॥

ਸਲੋਕ ਮਃ ੧ ॥ (1242-12)
सलोक मः १ ॥

ਸਾਸਤ੍ਰ ਬੇਦ ਪੁਰਾਣ ਪੜ੍ਹੰਤਾ ॥ (1242-13)
सासत्र बेद पुराण पड़्हंता ॥

ਪੂਕਾਰੰਤਾ ਅਜਾਣੰਤਾ ॥ (1242-13)
पूकारंता अजाणंता ॥

ਜਾਂ ਬੂਝੈ ਤਾਂ ਸੂਝੈ ਸੋਈ ॥ (1242-13)
जां बूझै तां सूझै सोई ॥

ਨਾਨਕੁ ਆਖੈ ਕੂਕ ਨ ਹੋਈ ॥੧॥ (1242-13)
नानकु आखै कूक न होई ॥१॥

ਮਃ ੧ ॥ (1242-14)
मः १ ॥

ਜਾਂ ਹਉ ਤੇਰਾ ਤਾਂ ਸਭੁ ਕਿਛੁ ਮੇਰਾ ਹਉ ਨਾਹੀ ਤੂ ਹੋਵਹਿ ॥ (1242-14)
जां हउ तेरा तां सभु किछु मेरा हउ नाही तू होवहि ॥

ਆਪੇ ਸਕਤਾ ਆਪੇ ਸੁਰਤਾ ਸਕਤੀ ਜਗਤੁ ਪਰੋਵਹਿ ॥ (1242-14)
आपे सकता आपे सुरता सकती जगतु परोवहि ॥

ਆਪੇ ਭੇਜੇ ਆਪੇ ਸਦੇ ਰਚਨਾ ਰਚਿ ਰਚਿ ਵੇਖੈ ॥ (1242-15)
आपे भेजे आपे सदे रचना रचि रचि वेखै ॥

ਨਾਨਕ ਸਚਾ ਸਚੀ ਨਾਂਈ ਸਚੁ ਪਵੈ ਧੁਰਿ ਲੇਖੈ ॥੨॥ (1242-15)
नानक सचा सची नांई सचु पवै धुरि लेखै ॥२॥

ਪਉੜੀ ॥ (1242-16)
पउड़ी ॥

ਨਾਮੁ ਨਿਰੰਜਨ ਅਲਖੁ ਹੈ ਕਿਉ ਲਖਿਆ ਜਾਈ ॥ (1242-16)
नामु निरंजन अलखु है किउ लखिआ जाई ॥

ਨਾਮੁ ਨਿਰੰਜਨ ਨਾਲਿ ਹੈ ਕਿਉ ਪਾਈਐ ਭਾਈ ॥ (1242-16)
नामु निरंजन नालि है किउ पाईऐ भाई ॥

ਨਾਮੁ ਨਿਰੰਜਨ ਵਰਤਦਾ ਰਵਿਆ ਸਭ ਠਾਂਈ ॥ (1242-17)
नामु निरंजन वरतदा रविआ सभ ठांई ॥

ਗੁਰ ਪੂਰੇ ਤੇ ਪਾਈਐ ਹਿਰਦੈ ਦੇਇ ਦਿਖਾਈ ॥ (1242-17)
गुर पूरे ते पाईऐ हिरदै देइ दिखाई ॥

ਨਾਨਕ ਨਦਰੀ ਕਰਮੁ ਹੋਇ ਗੁਰ ਮਿਲੀਐ ਭਾਈ ॥੧੩॥ (1242-18)
नानक नदरी करमु होइ गुर मिलीऐ भाई ॥१३॥

ਸਲੋਕ ਮਃ ੧ ॥ (1242-18)
सलोक मः १ ॥

ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ ॥ (1242-18)
कलि होई कुते मुही खाजु होआ मुरदारु ॥

ਕੂੜੁ ਬੋਲਿ ਬੋਲਿ ਭਉਕਣਾ ਚੂਕਾ ਧਰਮੁ ਬੀਚਾਰੁ ॥ (1242-19)
कूड़ु बोलि बोलि भउकणा चूका धरमु बीचारु ॥

ਜਿਨ ਜੀਵੰਦਿਆ ਪਤਿ ਨਹੀ ਮੁਇਆ ਮੰਦੀ ਸੋਇ ॥ (1242-19)
जिन जीवंदिआ पति नही मुइआ मंदी सोइ ॥

ਲਿਖਿਆ ਹੋਵੈ ਨਾਨਕਾ ਕਰਤਾ ਕਰੇ ਸੁ ਹੋਇ ॥੧॥ (1243-1)
लिखिआ होवै नानका करता करे सु होइ ॥१॥

ਮਃ ੧ ॥ (1243-1)
मः १ ॥

ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ ॥ (1243-1)
रंना होईआ बोधीआ पुरस होए सईआद ॥

ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ ॥ (1243-2)
सीलु संजमु सुच भंनी खाणा खाजु अहाजु ॥

ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ ॥ (1243-2)
सरमु गइआ घरि आपणै पति उठि चली नालि ॥

ਨਾਨਕ ਸਚਾ ਏਕੁ ਹੈ ਅਉਰੁ ਨ ਸਚਾ ਭਾਲਿ ॥੨॥ (1243-2)
नानक सचा एकु है अउरु न सचा भालि ॥२॥

ਪਉੜੀ ॥ (1243-3)
पउड़ी ॥

ਬਾਹਰਿ ਭਸਮ ਲੇਪਨ ਕਰੇ ਅੰਤਰਿ ਗੁਬਾਰੀ ॥ (1243-3)
बाहरि भसम लेपन करे अंतरि गुबारी ॥

ਖਿੰਥਾ ਝੋਲੀ ਬਹੁ ਭੇਖ ਕਰੇ ਦੁਰਮਤਿ ਅਹੰਕਾਰੀ ॥ (1243-3)
खिंथा झोली बहु भेख करे दुरमति अहंकारी ॥

ਸਾਹਿਬ ਸਬਦੁ ਨ ਊਚਰੈ ਮਾਇਆ ਮੋਹ ਪਸਾਰੀ ॥ (1243-4)
साहिब सबदु न ऊचरै माइआ मोह पसारी ॥

ਅੰਤਰਿ ਲਾਲਚੁ ਭਰਮੁ ਹੈ ਭਰਮੈ ਗਾਵਾਰੀ ॥ (1243-4)
अंतरि लालचु भरमु है भरमै गावारी ॥

ਨਾਨਕ ਨਾਮੁ ਨ ਚੇਤਈ ਜੂਐ ਬਾਜੀ ਹਾਰੀ ॥੧੪॥ (1243-5)
नानक नामु न चेतई जूऐ बाजी हारी ॥१४॥

ਸਲੋਕ ਮਃ ੧ ॥ (1243-5)
सलोक मः १ ॥

ਲਖ ਸਿਉ ਪ੍ਰੀਤਿ ਹੋਵੈ ਲਖ ਜੀਵਣੁ ਕਿਆ ਖੁਸੀਆ ਕਿਆ ਚਾਉ ॥ (1243-5)
लख सिउ प्रीति होवै लख जीवणु किआ खुसीआ किआ चाउ ॥

ਵਿਛੁੜਿਆ ਵਿਸੁ ਹੋਇ ਵਿਛੋੜਾ ਏਕ ਘੜੀ ਮਹਿ ਜਾਇ ॥ (1243-6)
विछुड़िआ विसु होइ विछोड़ा एक घड़ी महि जाइ ॥

ਜੇ ਸਉ ਵਰ੍ਹਿਆ ਮਿਠਾ ਖਾਜੈ ਭੀ ਫਿਰਿ ਕਉੜਾ ਖਾਇ ॥ (1243-6)
जे सउ वर्हिआ मिठा खाजै भी फिरि कउड़ा खाइ ॥

ਮਿਠਾ ਖਾਧਾ ਚਿਤਿ ਨ ਆਵੈ ਕਉੜਤਣੁ ਧਾਇ ਜਾਇ ॥ (1243-7)
मिठा खाधा चिति न आवै कउड़तणु धाइ जाइ ॥

ਮਿਠਾ ਕਉੜਾ ਦੋਵੈ ਰੋਗ ॥ (1243-7)
मिठा कउड़ा दोवै रोग ॥

ਨਾਨਕ ਅੰਤਿ ਵਿਗੁਤੇ ਭੋਗ ॥ (1243-8)
नानक अंति विगुते भोग ॥

ਝਖਿ ਝਖਿ ਝਖਣਾ ਝਗੜਾ ਝਾਖ ॥ (1243-8)
झखि झखि झखणा झगड़ा झाख ॥

ਝਖਿ ਝਖਿ ਜਾਹਿ ਝਖਹਿ ਤਿਨ੍ਹ ਪਾਸਿ ॥੧॥ (1243-8)
झखि झखि जाहि झखहि तिन्ह पासि ॥१॥

ਮਃ ੧ ॥ (1243-9)
मः १ ॥

ਕਾਪੜੁ ਕਾਠੁ ਰੰਗਾਇਆ ਰਾਂਗਿ ॥ (1243-9)
कापड़ु काठु रंगाइआ रांगि ॥

ਘਰ ਗਚ ਕੀਤੇ ਬਾਗੇ ਬਾਗ ॥ (1243-9)
घर गच कीते बागे बाग ॥

ਸਾਦ ਸਹਜ ਕਰਿ ਮਨੁ ਖੇਲਾਇਆ ॥ (1243-9)
साद सहज करि मनु खेलाइआ ॥

ਤੈ ਸਹ ਪਾਸਹੁ ਕਹਣੁ ਕਹਾਇਆ ॥ (1243-10)
तै सह पासहु कहणु कहाइआ ॥

ਮਿਠਾ ਕਰਿ ਕੈ ਕਉੜਾ ਖਾਇਆ ॥ (1243-10)
मिठा करि कै कउड़ा खाइआ ॥

ਤਿਨਿ ਕਉੜੈ ਤਨਿ ਰੋਗੁ ਜਮਾਇਆ ॥ (1243-10)
तिनि कउड़ै तनि रोगु जमाइआ ॥

ਜੇ ਫਿਰਿ ਮਿਠਾ ਪੇੜੈ ਪਾਇ ॥ (1243-11)
जे फिरि मिठा पेड़ै पाइ ॥

ਤਉ ਕਉੜਤਣੁ ਚੂਕਸਿ ਮਾਇ ॥ (1243-11)
तउ कउड़तणु चूकसि माइ ॥

ਨਾਨਕ ਗੁਰਮੁਖਿ ਪਾਵੈ ਸੋਇ ॥ (1243-11)
नानक गुरमुखि पावै सोइ ॥

ਜਿਸ ਨੋ ਪ੍ਰਾਪਤਿ ਲਿਖਿਆ ਹੋਇ ॥੨॥ (1243-12)
जिस नो प्रापति लिखिआ होइ ॥२॥

ਪਉੜੀ ॥ (1243-12)
पउड़ी ॥

ਜਿਨ ਕੈ ਹਿਰਦੈ ਮੈਲੁ ਕਪਟੁ ਹੈ ਬਾਹਰੁ ਧੋਵਾਇਆ ॥ (1243-12)
जिन कै हिरदै मैलु कपटु है बाहरु धोवाइआ ॥

ਕੂੜੁ ਕਪਟੁ ਕਮਾਵਦੇ ਕੂੜੁ ਪਰਗਟੀ ਆਇਆ ॥ (1243-12)
कूड़ु कपटु कमावदे कूड़ु परगटी आइआ ॥

ਅੰਦਰਿ ਹੋਇ ਸੁ ਨਿਕਲੈ ਨਹ ਛਪੈ ਛਪਾਇਆ ॥ (1243-13)
अंदरि होइ सु निकलै नह छपै छपाइआ ॥

ਕੂੜੈ ਲਾਲਚਿ ਲਗਿਆ ਫਿਰਿ ਜੂਨੀ ਪਾਇਆ ॥ (1243-13)
कूड़ै लालचि लगिआ फिरि जूनी पाइआ ॥

ਨਾਨਕ ਜੋ ਬੀਜੈ ਸੋ ਖਾਵਣਾ ਕਰਤੈ ਲਿਖਿ ਪਾਇਆ ॥੧੫॥ (1243-14)
नानक जो बीजै सो खावणा करतै लिखि पाइआ ॥१५॥

ਸਲੋਕ ਮਃ ੨ ॥ (1243-14)
सलोक मः २ ॥

ਕਥਾ ਕਹਾਣੀ ਬੇਦੀ ਆਣੀ ਪਾਪੁ ਪੁੰਨੁ ਬੀਚਾਰੁ ॥ (1243-15)
कथा कहाणी बेदी� आणी पापु पुंनु बीचारु ॥

ਦੇ ਦੇ ਲੈਣਾ ਲੈ ਲੈ ਦੇਣਾ ਨਰਕਿ ਸੁਰਗਿ ਅਵਤਾਰ ॥ (1243-15)
दे दे लैणा लै लै देणा नरकि सुरगि अवतार ॥

ਉਤਮ ਮਧਿਮ ਜਾਤੀਂ ਜਿਨਸੀ ਭਰਮਿ ਭਵੈ ਸੰਸਾਰੁ ॥ (1243-15)
उतम मधिम जातीं जिनसी भरमि भवै संसारु ॥

ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥ (1243-16)
अमृत बाणी ततु वखाणी गिआन धिआन विचि आई ॥

ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੀ ਕਰਮਿ ਧਿਆਈ ॥ (1243-17)
गुरमुखि आखी गुरमुखि जाती सुरती करमि धिआई ॥

ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ ॥ (1243-17)
हुकमु साजि हुकमै विचि रखै हुकमै अंदरि वेखै ॥

ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ ॥੧॥ (1243-18)
नानक अगहु हउमै तुटै तां को लिखीऐ लेखै ॥१॥

ਮਃ ੧ ॥ (1243-18)
मः १ ॥

ਬੇਦੁ ਪੁਕਾਰੇ ਪੁੰਨੁ ਪਾਪੁ ਸੁਰਗ ਨਰਕ ਕਾ ਬੀਉ ॥ (1243-18)
बेदु पुकारे पुंनु पापु सुरग नरक का बीउ ॥

ਜੋ ਬੀਜੈ ਸੋ ਉਗਵੈ ਖਾਂਦਾ ਜਾਣੈ ਜੀਉ ॥ (1243-19)
जो बीजै सो उगवै खांदा जाणै जीउ ॥

ਗਿਆਨੁ ਸਲਾਹੇ ਵਡਾ ਕਰਿ ਸਚੋ ਸਚਾ ਨਾਉ ॥ (1243-19)
गिआनु सलाहे वडा करि सचो सचा नाउ ॥

ਸਚੁ ਬੀਜੈ ਸਚੁ ਉਗਵੈ ਦਰਗਹ ਪਾਈਐ ਥਾਉ ॥ (1243-19)
सचु बीजै सचु उगवै दरगह पाईऐ थाउ ॥

ਬੇਦੁ ਵਪਾਰੀ ਗਿਆਨੁ ਰਾਸਿ ਕਰਮੀ ਪਲੈ ਹੋਇ ॥ (1244-1)
बेदु वपारी गिआनु रासि करमी पलै होइ ॥

ਨਾਨਕ ਰਾਸੀ ਬਾਹਰਾ ਲਦਿ ਨ ਚਲਿਆ ਕੋਇ ॥੨॥ (1244-1)
नानक रासी बाहरा लदि न चलिआ कोइ ॥२॥

ਪਉੜੀ ॥ (1244-2)
पउड़ी ॥

ਨਿੰਮੁ ਬਿਰਖੁ ਬਹੁ ਸੰਚੀਐ ਅੰਮ੍ਰਿਤ ਰਸੁ ਪਾਇਆ ॥ (1244-2)
निंमु बिरखु बहु संचीऐ अमृत रसु पाइआ ॥

ਬਿਸੀਅਰੁ ਮੰਤ੍ਰਿ ਵਿਸਾਹੀਐ ਬਹੁ ਦੂਧੁ ਪੀਆਇਆ ॥ (1244-2)
बिसीअरु मंत्रि विसाहीऐ बहु दूधु पीआइआ ॥

ਮਨਮੁਖੁ ਅਭਿੰਨੁ ਨ ਭਿਜਈ ਪਥਰੁ ਨਾਵਾਇਆ ॥ (1244-3)
मनमुखु अभिंनु न भिजई पथरु नावाइआ ॥

ਬਿਖੁ ਮਹਿ ਅੰਮ੍ਰਿਤੁ ਸਿੰਚੀਐ ਬਿਖੁ ਕਾ ਫਲੁ ਪਾਇਆ ॥ (1244-3)
बिखु महि अमृतु सिंचीऐ बिखु का फलु पाइआ ॥

ਨਾਨਕ ਸੰਗਤਿ ਮੇਲਿ ਹਰਿ ਸਭ ਬਿਖੁ ਲਹਿ ਜਾਇਆ ॥੧੬॥ (1244-4)
नानक संगति मेलि हरि सभ बिखु लहि जाइआ ॥१६॥

ਸਲੋਕ ਮਃ ੧ ॥ (1244-4)
सलोक मः १ ॥

ਮਰਣਿ ਨ ਮੂਰਤੁ ਪੁਛਿਆ ਪੁਛੀ ਥਿਤਿ ਨ ਵਾਰੁ ॥ (1244-4)
मरणि न मूरतु पुछिआ पुछी थिति न वारु ॥

ਇਕਨ੍ਹ੍ਹੀ ਲਦਿਆ ਇਕਿ ਲਦਿ ਚਲੇ ਇਕਨ੍ਹ੍ਹੀ ਬਧੇ ਭਾਰ ॥ (1244-5)
इकन्ही लदिआ इकि लदि चले इकन्ही बधे भार ॥

ਇਕਨ੍ਹ੍ਹਾ ਹੋਈ ਸਾਖਤੀ ਇਕਨ੍ਹ੍ਹਾ ਹੋਈ ਸਾਰ ॥ (1244-5)
इकन्हा होई साखती इकन्हा होई सार ॥

ਲਸਕਰ ਸਣੈ ਦਮਾਮਿਆ ਛੁਟੇ ਬੰਕ ਦੁਆਰ ॥ (1244-6)
लसकर सणै दमामिआ छुटे बंक दुआर ॥

ਨਾਨਕ ਢੇਰੀ ਛਾਰੁ ਕੀ ਭੀ ਫਿਰਿ ਹੋਈ ਛਾਰ ॥੧॥ (1244-6)
नानक ढेरी छारु की भी फिरि होई छार ॥१॥

ਮਃ ੧ ॥ (1244-7)
मः १ ॥

ਨਾਨਕ ਢੇਰੀ ਢਹਿ ਪਈ ਮਿਟੀ ਸੰਦਾ ਕੋਟੁ ॥ (1244-7)
नानक ढेरी ढहि पई मिटी संदा कोटु ॥

ਭੀਤਰਿ ਚੋਰੁ ਬਹਾਲਿਆ ਖੋਟੁ ਵੇ ਜੀਆ ਖੋਟੁ ॥੨॥ (1244-7)
भीतरि चोरु बहालिआ खोटु वे जीआ खोटु ॥२॥

ਪਉੜੀ ॥ (1244-8)
पउड़ी ॥

ਜਿਨ ਅੰਦਰਿ ਨਿੰਦਾ ਦੁਸਟੁ ਹੈ ਨਕ ਵਢੇ ਨਕ ਵਢਾਇਆ ॥ (1244-8)
जिन अंदरि निंदा दुसटु है नक वढे नक वढाइआ ॥

ਮਹਾ ਕਰੂਪ ਦੁਖੀਏ ਸਦਾ ਕਾਲੇ ਮੁਹ ਮਾਇਆ ॥ (1244-8)
महा करूप दुखीए सदा काले मुह माइआ ॥

ਭਲਕੇ ਉਠਿ ਨਿਤ ਪਰ ਦਰਬੁ ਹਿਰਹਿ ਹਰਿ ਨਾਮੁ ਚੁਰਾਇਆ ॥ (1244-9)
भलके उठि नित पर दरबु हिरहि हरि नामु चुराइआ ॥

ਹਰਿ ਜੀਉ ਤਿਨ ਕੀ ਸੰਗਤਿ ਮਤ ਕਰਹੁ ਰਖਿ ਲੇਹੁ ਹਰਿ ਰਾਇਆ ॥ (1244-9)
हरि जीउ तिन की संगति मत करहु रखि लेहु हरि राइआ ॥

ਨਾਨਕ ਪਇਐ ਕਿਰਤਿ ਕਮਾਵਦੇ ਮਨਮੁਖਿ ਦੁਖੁ ਪਾਇਆ ॥੧੭॥ (1244-10)
नानक पइऐ किरति कमावदे मनमुखि दुखु पाइआ ॥१७॥

ਸਲੋਕ ਮਃ ੪ ॥ (1244-10)
सलोक मः ४ ॥

ਸਭੁ ਕੋਈ ਹੈ ਖਸਮ ਕਾ ਖਸਮਹੁ ਸਭੁ ਕੋ ਹੋਇ ॥ (1244-11)
सभु कोई है खसम का खसमहु सभु को होइ ॥

ਹੁਕਮੁ ਪਛਾਣੈ ਖਸਮ ਕਾ ਤਾ ਸਚੁ ਪਾਵੈ ਕੋਇ ॥ (1244-11)
हुकमु पछाणै खसम का ता सचु पावै कोइ ॥

ਗੁਰਮੁਖਿ ਆਪੁ ਪਛਾਣੀਐ ਬੁਰਾ ਨ ਦੀਸੈ ਕੋਇ ॥ (1244-11)
गुरमुखि आपु पछाणीऐ बुरा न दीसै कोइ ॥

ਨਾਨਕ ਗੁਰਮੁਖਿ ਨਾਮੁ ਧਿਆਈਐ ਸਹਿਲਾ ਆਇਆ ਸੋਇ ॥੧॥ (1244-12)
नानक गुरमुखि नामु धिआईऐ सहिला आइआ सोइ ॥१॥

ਮਃ ੪ ॥ (1244-13)
म: ४ ॥

ਸਭਨਾ ਦਾਤਾ ਆਪਿ ਹੈ ਆਪੇ ਮੇਲਣਹਾਰੁ ॥ (1244-13)
सभना दाता आपि है आपे मेलणहारु ॥

ਨਾਨਕ ਸਬਦਿ ਮਿਲੇ ਨ ਵਿਛੁੜਹਿ ਜਿਨਾ ਸੇਵਿਆ ਹਰਿ ਦਾਤਾਰੁ ॥੨॥ (1244-13)
नानक सबदि मिले न विछुड़हि जिना सेविआ हरि दातारु ॥२॥

ਪਉੜੀ ॥ (1244-14)
पउड़ी ॥

ਗੁਰਮੁਖਿ ਹਿਰਦੈ ਸਾਂਤਿ ਹੈ ਨਾਉ ਉਗਵਿ ਆਇਆ ॥ (1244-14)
गुरमुखि हिरदै सांति है नाउ उगवि आइआ ॥

ਜਪ ਤਪ ਤੀਰਥ ਸੰਜਮ ਕਰੇ ਮੇਰੇ ਪ੍ਰਭ ਭਾਇਆ ॥ (1244-14)
जप तप तीरथ संजम करे मेरे प्रभ भाइआ ॥

ਹਿਰਦਾ ਸੁਧੁ ਹਰਿ ਸੇਵਦੇ ਸੋਹਹਿ ਗੁਣ ਗਾਇਆ ॥ (1244-15)
हिरदा सुधु हरि सेवदे सोहहि गुण गाइआ ॥

ਮੇਰੇ ਹਰਿ ਜੀਉ ਏਵੈ ਭਾਵਦਾ ਗੁਰਮੁਖਿ ਤਰਾਇਆ ॥ (1244-15)
मेरे हरि जीउ एवै भावदा गुरमुखि तराइआ ॥

ਨਾਨਕ ਗੁਰਮੁਖਿ ਮੇਲਿਅਨੁ ਹਰਿ ਦਰਿ ਸੋਹਾਇਆ ॥੧੮॥ (1244-16)
नानक गुरमुखि मेलिअनु हरि दरि सोहाइआ ॥१८॥

ਸਲੋਕ ਮਃ ੧ ॥ (1244-16)
सलोक म: १ ॥

ਧਨਵੰਤਾ ਇਵ ਹੀ ਕਹੈ ਅਵਰੀ ਧਨ ਕਉ ਜਾਉ ॥ (1244-16)
धनवंता इव ही कहै अवरी धन कउ जाउ ॥

ਨਾਨਕੁ ਨਿਰਧਨੁ ਤਿਤੁ ਦਿਨਿ ਜਿਤੁ ਦਿਨਿ ਵਿਸਰੈ ਨਾਉ ॥੧॥ (1244-17)
नानकु निरधनु तितु दिनि जितु दिनि विसरै नाउ ॥१॥

ਮਃ ੧ ॥ (1244-17)
मः १ ॥

ਸੂਰਜੁ ਚੜੈ ਵਿਜੋਗਿ ਸਭਸੈ ਘਟੈ ਆਰਜਾ ॥ (1244-17)
सूरजु चड़ै विजोगि सभसै घटै आरजा ॥

ਤਨੁ ਮਨੁ ਰਤਾ ਭੋਗਿ ਕੋਈ ਹਾਰੈ ਕੋ ਜਿਣੈ ॥ (1244-18)
तनु मनु रता भोगि कोई हारै को जिणै ॥

ਸਭੁ ਕੋ ਭਰਿਆ ਫੂਕਿ ਆਖਣਿ ਕਹਣਿ ਨ ਥੰਮ੍ਹ੍ਹੀਐ ॥ (1244-18)
सभु को भरिआ फूकि आखणि कहणि न थंम्हीऐ ॥

ਨਾਨਕ ਵੇਖੈ ਆਪਿ ਫੂਕ ਕਢਾਏ ਢਹਿ ਪਵੈ ॥੨॥ (1244-19)
नानक वेखै आपि फूक कढाए ढहि पवै ॥२॥

ਪਉੜੀ ॥ (1244-19)
पउड़ी ॥

ਸਤਸੰਗਤਿ ਨਾਮੁ ਨਿਧਾਨੁ ਹੈ ਜਿਥਹੁ ਹਰਿ ਪਾਇਆ ॥ (1244-19)
सतसंगति नामु निधानु है जिथहु हरि पाइआ ॥

ਗੁਰ ਪਰਸਾਦੀ ਘਟਿ ਚਾਨਣਾ ਆਨ੍ਹ੍ਹੇਰੁ ਗਵਾਇਆ ॥ (1245-1)
गुर परसादी घटि चानणा आन्हेरु गवाइआ ॥

ਲੋਹਾ ਪਾਰਸਿ ਭੇਟੀਐ ਕੰਚਨੁ ਹੋਇ ਆਇਆ ॥ (1245-1)
लोहा पारसि भेटीऐ कंचनु होइ आइआ ॥

ਨਾਨਕ ਸਤਿਗੁਰਿ ਮਿਲਿਐ ਨਾਉ ਪਾਈਐ ਮਿਲਿ ਨਾਮੁ ਧਿਆਇਆ ॥ (1245-2)
नानक सतिगुरि मिलिऐ नाउ पाईऐ मिलि नामु धिआइआ ॥

ਜਿਨ੍ਹ੍ਹ ਕੈ ਪੋਤੈ ਪੁੰਨੁ ਹੈ ਤਿਨ੍ਹ੍ਹੀ ਦਰਸਨੁ ਪਾਇਆ ॥੧੯॥ (1245-2)
जिन्ह कै पोतै पुंनु है तिन्ही दरसनु पाइआ ॥१९॥

ਸਲੋਕ ਮਃ ੧ ॥ (1245-3)
सलोक मः १ ॥

ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ ॥ (1245-3)
धि्रगु तिना का जीविआ जि लिखि लिखि वेचहि नाउ ॥

ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ ॥ (1245-3)
खेती जिन की उजड़ै खलवाड़े किआ थाउ ॥

ਸਚੈ ਸਰਮੈ ਬਾਹਰੇ ਅਗੈ ਲਹਹਿ ਨ ਦਾਦਿ ॥ (1245-4)
सचै सरमै बाहरे अगै लहहि न दादि ॥

ਅਕਲਿ ਏਹ ਨ ਆਖੀਐ ਅਕਲਿ ਗਵਾਈਐ ਬਾਦਿ ॥ (1245-4)
अकलि एह न आखीऐ अकलि गवाईऐ बादि ॥

ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥ (1245-5)
अकली साहिबु सेवीऐ अकली पाईऐ मानु ॥

ਅਕਲੀ ਪੜ੍ਹ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥ (1245-5)
अकली पड़्हि कै बुझीऐ अकली कीचै दानु ॥

ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ ॥੧॥ (1245-6)
नानकु आखै राहु एहु होरि गलां सैतानु ॥१॥

ਮਃ ੨ ॥ (1245-6)
मः २ ॥

ਜੈਸਾ ਕਰੈ ਕਹਾਵੈ ਤੈਸਾ ਐਸੀ ਬਨੀ ਜਰੂਰਤਿ ॥ (1245-6)
जैसा करै कहावै तैसा ऐसी बनी जरूरति ॥

ਹੋਵਹਿ ਲਿੰਙ ਝਿੰਙ ਨਹ ਹੋਵਹਿ ਐਸੀ ਕਹੀਐ ਸੂਰਤਿ ॥ (1245-7)
होवहि लिंङ झिंङ नह होवहि ऐसी कहीऐ सूरति ॥

ਜੋ ਓਸੁ ਇਛੇ ਸੋ ਫਲੁ ਪਾਏ ਤਾਂ ਨਾਨਕ ਕਹੀਐ ਮੂਰਤਿ ॥੨॥ (1245-7)
जो ओसु इछे सो फलु पाए तां नानक कहीऐ मूरति ॥२॥

ਪਉੜੀ ॥ (1245-8)
पउड़ी ॥

ਸਤਿਗੁਰੁ ਅੰਮ੍ਰਿਤ ਬਿਰਖੁ ਹੈ ਅੰਮ੍ਰਿਤ ਰਸਿ ਫਲਿਆ ॥ (1245-8)
सतिगुरु अमृत बिरखु है अमृत रसि फलिआ ॥

ਜਿਸੁ ਪਰਾਪਤਿ ਸੋ ਲਹੈ ਗੁਰ ਸਬਦੀ ਮਿਲਿਆ ॥ (1245-8)
जिसु परापति सो लहै गुर सबदी मिलिआ ॥

ਸਤਿਗੁਰ ਕੈ ਭਾਣੈ ਜੋ ਚਲੈ ਹਰਿ ਸੇਤੀ ਰਲਿਆ ॥ (1245-9)
सतिगुर कै भाणै जो चलै हरि सेती रलिआ ॥

ਜਮਕਾਲੁ ਜੋਹਿ ਨ ਸਕਈ ਘਟਿ ਚਾਨਣੁ ਬਲਿਆ ॥ (1245-9)
जमकालु जोहि न सकई घटि चानणु बलिआ ॥

ਨਾਨਕ ਬਖਸਿ ਮਿਲਾਇਅਨੁ ਫਿਰਿ ਗਰਭਿ ਨ ਗਲਿਆ ॥੨੦॥ (1245-10)
नानक बखसि मिलाइअनु फिरि गरभि न गलिआ ॥२०॥

ਸਲੋਕ ਮਃ ੧ ॥ (1245-10)
सलोक मः १ ॥

ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ ॥ (1245-10)
सचु वरतु संतोखु तीरथु गिआनु धिआनु इसनानु ॥

ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ ॥ (1245-11)
दइआ देवता खिमा जपमाली ते माणस परधान ॥

ਜੁਗਤਿ ਧੋਤੀ ਸੁਰਤਿ ਚਉਕਾ ਤਿਲਕੁ ਕਰਣੀ ਹੋਇ ॥ (1245-11)
जुगति धोती सुरति चउका तिलकु करणी होइ ॥

ਭਾਉ ਭੋਜਨੁ ਨਾਨਕਾ ਵਿਰਲਾ ਤ ਕੋਈ ਕੋਇ ॥੧॥ (1245-12)
भाउ भोजनु नानका विरला त कोई कोइ ॥१॥

ਮਹਲਾ ੩ ॥ (1245-12)
महला ३ ॥

ਨਉਮੀ ਨੇਮੁ ਸਚੁ ਜੇ ਕਰੈ ॥ (1245-12)
नउमी नेमु सचु जे करै ॥

ਕਾਮ ਕ੍ਰੋਧੁ ਤ੍ਰਿਸਨਾ ਉਚਰੈ ॥ (1245-13)
काम क्रोधु त्रिसना उचरै ॥

ਦਸਮੀ ਦਸੇ ਦੁਆਰ ਜੇ ਠਾਕੈ ਏਕਾਦਸੀ ਏਕੁ ਕਰਿ ਜਾਣੈ ॥ (1245-13)
दसमी दसे दुआर जे ठाकै एकादसी एकु करि जाणै ॥

ਦੁਆਦਸੀ ਪੰਚ ਵਸਗਤਿ ਕਰਿ ਰਾਖੈ ਤਉ ਨਾਨਕ ਮਨੁ ਮਾਨੈ ॥ (1245-13)
दुआदसी पंच वसगति करि राखै तउ नानक मनु मानै ॥

ਐਸਾ ਵਰਤੁ ਰਹੀਜੈ ਪਾਡੇ ਹੋਰ ਬਹੁਤੁ ਸਿਖ ਕਿਆ ਦੀਜੈ ॥੨॥ (1245-14)
ऐसा वरतु रहीजै पाडे होर बहुतु सिख किआ दीजै ॥२॥

ਪਉੜੀ ॥ (1245-15)
पउड़ी ॥

ਭੂਪਤਿ ਰਾਜੇ ਰੰਗ ਰਾਇ ਸੰਚਹਿ ਬਿਖੁ ਮਾਇਆ ॥ (1245-15)
भूपति राजे रंग राइ संचहि बिखु माइआ ॥

ਕਰਿ ਕਰਿ ਹੇਤੁ ਵਧਾਇਦੇ ਪਰ ਦਰਬੁ ਚੁਰਾਇਆ ॥ (1245-15)
करि करि हेतु वधाइदे पर दरबु चुराइआ ॥

ਪੁਤ੍ਰ ਕਲਤ੍ਰ ਨ ਵਿਸਹਹਿ ਬਹੁ ਪ੍ਰੀਤਿ ਲਗਾਇਆ ॥ (1245-16)
पुत्र कलत्र न विसहहि बहु प्रीति लगाइआ ॥

ਵੇਖਦਿਆ ਹੀ ਮਾਇਆ ਧੁਹਿ ਗਈ ਪਛੁਤਹਿ ਪਛੁਤਾਇਆ ॥ (1245-16)
वेखदिआ ही माइआ धुहि गई पछुतहि पछुताइआ ॥

ਜਮ ਦਰਿ ਬਧੇ ਮਾਰੀਅਹਿ ਨਾਨਕ ਹਰਿ ਭਾਇਆ ॥੨੧॥ (1245-17)
जम दरि बधे मारीअहि नानक हरि भाइआ ॥२१॥

ਸਲੋਕ ਮਃ ੧ ॥ (1245-17)
सलोक मः १ ॥

ਗਿਆਨ ਵਿਹੂਣਾ ਗਾਵੈ ਗੀਤ ॥ (1245-17)
गिआन विहूणा गावै गीत ॥

ਭੁਖੇ ਮੁਲਾਂ ਘਰੇ ਮਸੀਤਿ ॥ (1245-17)
भुखे मुलां घरे मसीति ॥

ਮਖਟੂ ਹੋਇ ਕੈ ਕੰਨ ਪੜਾਏ ॥ (1245-18)
मखटू होइ कै कंन पड़ाए ॥

ਫਕਰੁ ਕਰੇ ਹੋਰੁ ਜਾਤਿ ਗਵਾਏ ॥ (1245-18)
फकरु करे होरु जाति गवाए ॥

ਗੁਰੁ ਪੀਰੁ ਸਦਾਏ ਮੰਗਣ ਜਾਇ ॥ (1245-18)
गुरु पीरु सदाए मंगण जाइ ॥

ਤਾ ਕੈ ਮੂਲਿ ਨ ਲਗੀਐ ਪਾਇ ॥ (1245-19)
ता कै मूलि न लगीऐ पाइ ॥

ਘਾਲਿ ਖਾਇ ਕਿਛੁ ਹਥਹੁ ਦੇਇ ॥ (1245-19)
घालि खाइ किछु हथहु देइ ॥

ਨਾਨਕ ਰਾਹੁ ਪਛਾਣਹਿ ਸੇਇ ॥੧॥ (1245-19)
नानक राहु पछाणहि सेइ ॥१॥

ਮਃ ੧ ॥ (1246-1)
मः १ ॥

ਮਨਹੁ ਜਿ ਅੰਧੇ ਕੂਪ ਕਹਿਆ ਬਿਰਦੁ ਨ ਜਾਣਨੀ ॥ (1246-1)
मनहु जि अंधे कूप कहिआ बिरदु न जाणन्ही ॥

ਮਨਿ ਅੰਧੈ ਊਂਧੈ ਕਵਲਿ ਦਿਸਨਿ ਖਰੇ ਕਰੂਪ ॥ (1246-1)
मनि अंधै ऊंधै कवलि दिसन्हि खरे करूप ॥

ਇਕਿ ਕਹਿ ਜਾਣਹਿ ਕਹਿਆ ਬੁਝਹਿ ਤੇ ਨਰ ਸੁਘੜ ਸਰੂਪ ॥ (1246-2)
इकि कहि जाणहि कहिआ बुझहि ते नर सुघड़ सरूप ॥

ਇਕਨਾ ਨਾਦ ਨ ਬੇਦ ਨ ਗੀਅ ਰਸੁ ਰਸ ਕਸ ਨ ਜਾਣੰਤਿ ॥ (1246-2)
इकना नाद न बेद न गीअ रसु रस कस न जाणंति ॥

ਇਕਨਾ ਸੁਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥ (1246-3)
इकना सुधि न बुधि न अकलि सर अखर का भेउ न लहंति ॥

ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ ॥੨॥ (1246-3)
नानक से नर असलि खर जि बिनु गुण गरबु करंति ॥२॥

ਪਉੜੀ ॥ (1246-4)
पउड़ी ॥

ਗੁਰਮੁਖਿ ਸਭ ਪਵਿਤੁ ਹੈ ਧਨੁ ਸੰਪੈ ਮਾਇਆ ॥ (1246-4)
गुरमुखि सभ पवितु है धनु स्मपै माइआ ॥

ਹਰਿ ਅਰਥਿ ਜੋ ਖਰਚਦੇ ਦੇਂਦੇ ਸੁਖੁ ਪਾਇਆ ॥ (1246-4)
हरि अरथि जो खरचदे देंदे सुखु पाइआ ॥

ਜੋ ਹਰਿ ਨਾਮੁ ਧਿਆਇਦੇ ਤਿਨ ਤੋਟਿ ਨ ਆਇਆ ॥ (1246-5)
जो हरि नामु धिआइदे तिन तोटि न आइआ ॥

ਗੁਰਮੁਖਾਂ ਨਦਰੀ ਆਵਦਾ ਮਾਇਆ ਸੁਟਿ ਪਾਇਆ ॥ (1246-5)
गुरमुखां नदरी आवदा माइआ सुटि पाइआ ॥

ਨਾਨਕ ਭਗਤਾਂ ਹੋਰੁ ਚਿਤਿ ਨ ਆਵਈ ਹਰਿ ਨਾਮਿ ਸਮਾਇਆ ॥੨੨॥ (1246-6)
नानक भगतां होरु चिति न आवई हरि नामि समाइआ ॥२२॥

ਸਲੋਕ ਮਃ ੪ ॥ (1246-6)
सलोक मः ४ ॥

ਸਤਿਗੁਰੁ ਸੇਵਨਿ ਸੇ ਵਡਭਾਗੀ ॥ (1246-7)
सतिगुरु सेवनि से वडभागी ॥

ਸਚੈ ਸਬਦਿ ਜਿਨ੍ਹ੍ਹਾ ਏਕ ਲਿਵ ਲਾਗੀ ॥ (1246-7)
सचै सबदि जिन्हा एक लिव लागी ॥

ਗਿਰਹ ਕੁਟੰਬ ਮਹਿ ਸਹਜਿ ਸਮਾਧੀ ॥ (1246-7)
गिरह कुट्मब महि सहजि समाधी ॥

ਨਾਨਕ ਨਾਮਿ ਰਤੇ ਸੇ ਸਚੇ ਬੈਰਾਗੀ ॥੧॥ (1246-8)
नानक नामि रते से सचे बैरागी ॥१॥

ਮਃ ੪ ॥ (1246-8)
मः ४ ॥

ਗਣਤੈ ਸੇਵ ਨ ਹੋਵਈ ਕੀਤਾ ਥਾਇ ਨ ਪਾਇ ॥ (1246-8)
गणतै सेव न होवई कीता थाइ न पाइ ॥

ਸਬਦੈ ਸਾਦੁ ਨ ਆਇਓ ਸਚਿ ਨ ਲਗੋ ਭਾਉ ॥ (1246-8)
सबदै सादु न आइओ सचि न लगो भाउ ॥

ਸਤਿਗੁਰੁ ਪਿਆਰਾ ਨ ਲਗਈ ਮਨਹਠਿ ਆਵੈ ਜਾਇ ॥ (1246-9)
सतिगुरु पिआरा न लगई मनहठि आवै जाइ ॥

ਜੇ ਇਕ ਵਿਖ ਅਗਾਹਾ ਭਰੇ ਤਾਂ ਦਸ ਵਿਖਾਂ ਪਿਛਾਹਾ ਜਾਇ ॥ (1246-9)
जे इक विख अगाहा भरे तां दस विखां पिछाहा जाइ ॥

ਸਤਿਗੁਰ ਕੀ ਸੇਵਾ ਚਾਕਰੀ ਜੇ ਚਲਹਿ ਸਤਿਗੁਰ ਭਾਇ ॥ (1246-10)
सतिगुर की सेवा चाकरी जे चलहि सतिगुर भाइ ॥

ਆਪੁ ਗਵਾਇ ਸਤਿਗੁਰੂ ਨੋ ਮਿਲੈ ਸਹਜੇ ਰਹੈ ਸਮਾਇ ॥ (1246-10)
आपु गवाइ सतिगुरू नो मिलै सहजे रहै समाइ ॥

ਨਾਨਕ ਤਿਨ੍ਹਾ ਨਾਮੁ ਨ ਵੀਸਰੈ ਸਚੇ ਮੇਲਿ ਮਿਲਾਇ ॥੨॥ (1246-11)
नानक तिन्हा नामु न वीसरै सचे मेलि मिलाइ ॥२॥

ਪਉੜੀ ॥ (1246-11)
पउड़ी ॥

ਖਾਨ ਮਲੂਕ ਕਹਾਇਦੇ ਕੋ ਰਹਣੁ ਨ ਪਾਈ ॥ (1246-12)
खान मलूक कहाइदे को रहणु न पाई ॥

ਗੜ੍ਹ ਮੰਦਰ ਗਚ ਗੀਰੀਆ ਕਿਛੁ ਸਾਥਿ ਨ ਜਾਈ ॥ (1246-12)
गड़्ह मंदर गच गीरीआ किछु साथि न जाई ॥

ਸੋਇਨ ਸਾਖਤਿ ਪਉਣ ਵੇਗ ਧ੍ਰਿਗੁ ਧ੍ਰਿਗੁ ਚਤੁਰਾਈ ॥ (1246-12)
सोइन साखति पउण वेग ध्रिगु ध्रिगु चतुराई ॥

ਛਤੀਹ ਅੰਮ੍ਰਿਤ ਪਰਕਾਰ ਕਰਹਿ ਬਹੁ ਮੈਲੁ ਵਧਾਈ ॥ (1246-13)
छतीह अमृत परकार करहि बहु मैलु वधाई ॥

ਨਾਨਕ ਜੋ ਦੇਵੈ ਤਿਸਹਿ ਨ ਜਾਣਨ੍ਹੀ ਮਨਮੁਖਿ ਦੁਖੁ ਪਾਈ ॥੨੩॥ (1246-13)
नानक जो देवै तिसहि न जाणन्ही मनमुखि दुखु पाई ॥२३॥

ਸਲੋਕ ਮਃ ੩ ॥ (1246-14)
सलोक मः ३ ॥

ਪੜ੍ਹਿ ਪੜ੍ਹਿ ਪੰਡਿਤ ਮੋੁਨੀ ਥਕੇ ਦੇਸੰਤਰ ਭਵਿ ਥਕੇ ਭੇਖਧਾਰੀ ॥ (1246-14)
पड़्हि पड़्हि पंडित मुोनी थके देसंतर भवि थके भेखधारी ॥

ਦੂਜੈ ਭਾਇ ਨਾਉ ਕਦੇ ਨ ਪਾਇਨਿ ਦੁਖੁ ਲਾਗਾ ਅਤਿ ਭਾਰੀ ॥ (1246-15)
दूजै भाइ नाउ कदे न पाइनि दुखु लागा अति भारी ॥

ਮੂਰਖ ਅੰਧੇ ਤ੍ਰੈ ਗੁਣ ਸੇਵਹਿ ਮਾਇਆ ਕੈ ਬਿਉਹਾਰੀ ॥ (1246-15)
मूरख अंधे त्रै गुण सेवहि माइआ कै बिउहारी ॥

ਅੰਦਰਿ ਕਪਟੁ ਉਦਰੁ ਭਰਣ ਕੈ ਤਾਈ ਪਾਠ ਪੜਹਿ ਗਾਵਾਰੀ ॥ (1246-16)
अंदरि कपटु उदरु भरण कै ताई पाठ पड़हि गावारी ॥

ਸਤਿਗੁਰੁ ਸੇਵੇ ਸੋ ਸੁਖੁ ਪਾਏ ਜਿਨ ਹਉਮੈ ਵਿਚਹੁ ਮਾਰੀ ॥ (1246-16)
सतिगुरु सेवे सो सुखु पाए जिन हउमै विचहु मारी ॥

ਨਾਨਕ ਪੜਣਾ ਗੁਨਣਾ ਇਕੁ ਨਾਉ ਹੈ ਬੂਝੈ ਕੋ ਬੀਚਾਰੀ ॥੧॥ (1246-17)
नानक पड़णा गुनणा इकु नाउ है बूझै को बीचारी ॥१॥

ਮਃ ੩ ॥ (1246-17)
मः ३ ॥

ਨਾਂਗੇ ਆਵਣਾ ਨਾਂਗੇ ਜਾਣਾ ਹਰਿ ਹੁਕਮੁ ਪਾਇਆ ਕਿਆ ਕੀਜੈ ॥ (1246-17)
नांगे आवणा नांगे जाणा हरि हुकमु पाइआ किआ कीजै ॥

ਜਿਸ ਕੀ ਵਸਤੁ ਸੋਈ ਲੈ ਜਾਇਗਾ ਰੋਸੁ ਕਿਸੈ ਸਿਉ ਕੀਜੈ ॥ (1246-18)
जिस की वसतु सोई लै जाइगा रोसु किसै सिउ कीजै ॥

ਗੁਰਮੁਖਿ ਹੋਵੈ ਸੁ ਭਾਣਾ ਮੰਨੇ ਸਹਜੇ ਹਰਿ ਰਸੁ ਪੀਜੈ ॥ (1246-19)
गुरमुखि होवै सु भाणा मंने सहजे हरि रसु पीजै ॥

ਨਾਨਕ ਸੁਖਦਾਤਾ ਸਦਾ ਸਲਾਹਿਹੁ ਰਸਨਾ ਰਾਮੁ ਰਵੀਜੈ ॥੨॥ (1246-19)
नानक सुखदाता सदा सलाहिहु रसना रामु रवीजै ॥२॥

ਪਉੜੀ ॥ (1247-1)
पउड़ी ॥

ਗੜ੍ਹਿ ਕਾਇਆ ਸੀਗਾਰ ਬਹੁ ਭਾਂਤਿ ਬਣਾਈ ॥ (1247-1)
गड़्हि काइआ सीगार बहु भांति बणाई ॥

ਰੰਗ ਪਰੰਗ ਕਤੀਫਿਆ ਪਹਿਰਹਿ ਧਰ ਮਾਈ ॥ (1247-1)
रंग परंग कतीफिआ पहिरहि धर माई ॥

ਲਾਲ ਸੁਪੇਦ ਦੁਲੀਚਿਆ ਬਹੁ ਸਭਾ ਬਣਾਈ ॥ (1247-2)
लाल सुपेद दुलीचिआ बहु सभा बणाई ॥

ਦੁਖੁ ਖਾਣਾ ਦੁਖੁ ਭੋਗਣਾ ਗਰਬੈ ਗਰਬਾਈ ॥ (1247-2)
दुखु खाणा दुखु भोगणा गरबै गरबाई ॥

ਨਾਨਕ ਨਾਮੁ ਨ ਚੇਤਿਓ ਅੰਤਿ ਲਏ ਛਡਾਈ ॥੨੪॥ (1247-2)
नानक नामु न चेतिओ अंति लए छडाई ॥२४॥

ਸਲੋਕ ਮਃ ੩ ॥ (1247-3)
सलोक मः ३ ॥

ਸਹਜੇ ਸੁਖਿ ਸੁਤੀ ਸਬਦਿ ਸਮਾਇ ॥ (1247-3)
सहजे सुखि सुती सबदि समाइ ॥

ਆਪੇ ਪ੍ਰਭਿ ਮੇਲਿ ਲਈ ਗਲਿ ਲਾਇ ॥ (1247-3)
आपे प्रभि मेलि लई गलि लाइ ॥

ਦੁਬਿਧਾ ਚੂਕੀ ਸਹਜਿ ਸੁਭਾਇ ॥ (1247-4)
दुबिधा चूकी सहजि सुभाइ ॥

ਅੰਤਰਿ ਨਾਮੁ ਵਸਿਆ ਮਨਿ ਆਇ ॥ (1247-4)
अंतरि नामु वसिआ मनि आइ ॥

ਸੇ ਕੰਠਿ ਲਾਏ ਜਿ ਭੰਨਿ ਘੜਾਇ ॥ (1247-4)
से कंठि लाए जि भंनि घड़ाइ ॥

ਨਾਨਕ ਜੋ ਧੁਰਿ ਮਿਲੇ ਸੇ ਹੁਣਿ ਆਣਿ ਮਿਲਾਇ ॥੧॥ (1247-5)
नानक जो धुरि मिले से हुणि आणि मिलाइ ॥१॥

ਮਃ ੩ ॥ (1247-5)
मः ३ ॥

ਜਿਨ੍ਹ੍ਹੀ ਨਾਮੁ ਵਿਸਾਰਿਆ ਕਿਆ ਜਪੁ ਜਾਪਹਿ ਹੋਰਿ ॥ (1247-5)
जिन्ही नामु विसारिआ किआ जपु जापहि होरि ॥

ਬਿਸਟਾ ਅੰਦਰਿ ਕੀਟ ਸੇ ਮੁਠੇ ਧੰਧੈ ਚੋਰਿ ॥ (1247-6)
बिसटा अंदरि कीट से मुठे धंधै चोरि ॥

ਨਾਨਕ ਨਾਮੁ ਨ ਵੀਸਰੈ ਝੂਠੇ ਲਾਲਚ ਹੋਰਿ ॥੨॥ (1247-6)
नानक नामु न वीसरै झूठे लालच होरि ॥२॥

ਪਉੜੀ ॥ (1247-7)
पउड़ी ॥

ਨਾਮੁ ਸਲਾਹਨਿ ਨਾਮੁ ਮੰਨਿ ਅਸਥਿਰੁ ਜਗਿ ਸੋਈ ॥ (1247-7)
नामु सलाहनि नामु मंनि असथिरु जगि सोई ॥

ਹਿਰਦੈ ਹਰਿ ਹਰਿ ਚਿਤਵੈ ਦੂਜਾ ਨਹੀ ਕੋਈ ॥ (1247-7)
हिरदै हरि हरि चितवै दूजा नही कोई ॥

ਰੋਮਿ ਰੋਮਿ ਹਰਿ ਉਚਰੈ ਖਿਨੁ ਖਿਨੁ ਹਰਿ ਸੋਈ ॥ (1247-8)
रोमि रोमि हरि उचरै खिनु खिनु हरि सोई ॥

ਗੁਰਮੁਖਿ ਜਨਮੁ ਸਕਾਰਥਾ ਨਿਰਮਲੁ ਮਲੁ ਖੋਈ ॥ (1247-8)
गुरमुखि जनमु सकारथा निरमलु मलु खोई ॥

ਨਾਨਕ ਜੀਵਦਾ ਪੁਰਖੁ ਧਿਆਇਆ ਅਮਰਾ ਪਦੁ ਹੋਈ ॥੨੫॥ (1247-8)
नानक जीवदा पुरखु धिआइआ अमरा पदु होई ॥२५॥

ਸਲੋਕੁ ਮਃ ੩ ॥ (1247-9)
सलोकु मः ३ ॥

ਜਿਨੀ ਨਾਮੁ ਵਿਸਾਰਿਆ ਬਹੁ ਕਰਮ ਕਮਾਵਹਿ ਹੋਰਿ ॥ (1247-9)
जिनी नामु विसारिआ बहु करम कमावहि होरि ॥

ਨਾਨਕ ਜਮ ਪੁਰਿ ਬਧੇ ਮਾਰੀਅਹਿ ਜਿਉ ਸੰਨ੍ਹੀ ਉਪਰਿ ਚੋਰ ॥੧॥ (1247-10)
नानक जम पुरि बधे मारीअहि जिउ संन्ही उपरि चोर ॥१॥

ਮਃ ੫ ॥ (1247-10)
मः ५ ॥

ਧਰਤਿ ਸੁਹਾਵੜੀ ਆਕਾਸੁ ਸੁਹੰਦਾ ਜਪੰਦਿਆ ਹਰਿ ਨਾਉ ॥ (1247-10)
धरति सुहावड़ी आकासु सुहंदा जपंदिआ हरि नाउ ॥

ਨਾਨਕ ਨਾਮ ਵਿਹੂਣਿਆ ਤਿਨ੍ਹ ਤਨ ਖਾਵਹਿ ਕਾਉ ॥੨॥ (1247-11)
नानक नाम विहूणिआ तिन्ह तन खावहि काउ ॥२॥

ਪਉੜੀ ॥ (1247-11)
पउड़ी ॥

ਨਾਮੁ ਸਲਾਹਨਿ ਭਾਉ ਕਰਿ ਨਿਜ ਮਹਲੀ ਵਾਸਾ ॥ (1247-12)
नामु सलाहनि भाउ करि निज महली वासा ॥

ਓਇ ਬਾਹੁੜਿ ਜੋਨਿ ਨ ਆਵਨੀ ਫਿਰਿ ਹੋਹਿ ਨ ਬਿਨਾਸਾ ॥ (1247-12)
ओइ बाहुड़ि जोनि न आवनी फिरि होहि न बिनासा ॥

ਹਰਿ ਸੇਤੀ ਰੰਗਿ ਰਵਿ ਰਹੇ ਸਭ ਸਾਸ ਗਿਰਾਸਾ ॥ (1247-13)
हरि सेती रंगि रवि रहे सभ सास गिरासा ॥

ਹਰਿ ਕਾ ਰੰਗੁ ਕਦੇ ਨ ਉਤਰੈ ਗੁਰਮੁਖਿ ਪਰਗਾਸਾ ॥ (1247-13)
हरि का रंगु कदे न उतरै गुरमुखि परगासा ॥

ਓਇ ਕਿਰਪਾ ਕਰਿ ਕੈ ਮੇਲਿਅਨੁ ਨਾਨਕ ਹਰਿ ਪਾਸਾ ॥੨੬॥ (1247-13)
ओइ किरपा करि कै मेलिअनु नानक हरि पासा ॥२६॥

ਸਲੋਕ ਮਃ ੩ ॥ (1247-14)
सलोक मः ३ ॥

ਜਿਚਰੁ ਇਹੁ ਮਨੁ ਲਹਰੀ ਵਿਚਿ ਹੈ ਹਉਮੈ ਬਹੁਤੁ ਅਹੰਕਾਰੁ ॥ (1247-14)
जिचरु इहु मनु लहरी विचि है हउमै बहुतु अहंकारु ॥

ਸਬਦੈ ਸਾਦੁ ਨ ਆਵਈ ਨਾਮਿ ਨ ਲਗੈ ਪਿਆਰੁ ॥ (1247-15)
सबदै सादु न आवई नामि न लगै पिआरु ॥

ਸੇਵਾ ਥਾਇ ਨ ਪਵਈ ਤਿਸ ਕੀ ਖਪਿ ਖਪਿ ਹੋਇ ਖੁਆਰੁ ॥ (1247-15)
सेवा थाइ न पवई तिस की खपि खपि होइ खुआरु ॥

ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ ॥ (1247-16)
नानक सेवकु सोई आखीऐ जो सिरु धरे उतारि ॥

ਸਤਿਗੁਰ ਕਾ ਭਾਣਾ ਮੰਨਿ ਲਏ ਸਬਦੁ ਰਖੈ ਉਰ ਧਾਰਿ ॥੧॥ (1247-16)
सतिगुर का भाणा मंनि लए सबदु रखै उर धारि ॥१॥

ਮਃ ੩ ॥ (1247-17)
मः ३ ॥

ਸੋ ਜਪੁ ਤਪੁ ਸੇਵਾ ਚਾਕਰੀ ਜੋ ਖਸਮੈ ਭਾਵੈ ॥ (1247-17)
सो जपु तपु सेवा चाकरी जो खसमै भावै ॥

ਆਪੇ ਬਖਸੇ ਮੇਲਿ ਲਏ ਆਪਤੁ ਗਵਾਵੈ ॥ (1247-17)
आपे बखसे मेलि लए आपतु गवावै ॥

ਮਿਲਿਆ ਕਦੇ ਨ ਵੀਛੁੜੈ ਜੋਤੀ ਜੋਤਿ ਮਿਲਾਵੈ ॥ (1247-18)
मिलिआ कदे न वीछुड़ै जोती जोति मिलावै ॥

ਨਾਨਕ ਗੁਰ ਪਰਸਾਦੀ ਸੋ ਬੁਝਸੀ ਜਿਸੁ ਆਪਿ ਬੁਝਾਵੈ ॥੨॥ (1247-18)
नानक गुर परसादी सो बुझसी जिसु आपि बुझावै ॥२॥

ਪਉੜੀ ॥ (1247-19)
पउड़ी ॥

ਸਭੁ ਕੋ ਲੇਖੇ ਵਿਚਿ ਹੈ ਮਨਮੁਖੁ ਅਹੰਕਾਰੀ ॥ (1247-19)
सभु को लेखे विचि है मनमुखु अहंकारी ॥

ਹਰਿ ਨਾਮੁ ਕਦੇ ਨ ਚੇਤਈ ਜਮਕਾਲੁ ਸਿਰਿ ਮਾਰੀ ॥ (1247-19)
हरि नामु कदे न चेतई जमकालु सिरि मारी ॥

ਪਾਪ ਬਿਕਾਰ ਮਨੂਰ ਸਭਿ ਲਦੇ ਬਹੁ ਭਾਰੀ ॥ (1248-1)
पाप बिकार मनूर सभि लदे बहु भारी ॥

ਮਾਰਗੁ ਬਿਖਮੁ ਡਰਾਵਣਾ ਕਿਉ ਤਰੀਐ ਤਾਰੀ ॥ (1248-1)
मारगु बिखमु डरावणा किउ तरीऐ तारी ॥

ਨਾਨਕ ਗੁਰਿ ਰਾਖੇ ਸੇ ਉਬਰੇ ਹਰਿ ਨਾਮਿ ਉਧਾਰੀ ॥੨੭॥ (1248-2)
नानक गुरि राखे से उबरे हरि नामि उधारी ॥२७॥

ਸਲੋਕ ਮਃ ੩ ॥ (1248-2)
सलोक मः ३ ॥

ਵਿਣੁ ਸਤਿਗੁਰ ਸੇਵੇ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ ॥ (1248-2)
विणु सतिगुर सेवे सुखु नही मरि जंमहि वारो वार ॥

ਮੋਹ ਠਗਉਲੀ ਪਾਈਅਨੁ ਬਹੁ ਦੂਜੈ ਭਾਇ ਵਿਕਾਰ ॥ (1248-3)
मोह ठगउली पाईअनु बहु दूजै भाइ विकार ॥

ਇਕਿ ਗੁਰ ਪਰਸਾਦੀ ਉਬਰੇ ਤਿਸੁ ਜਨ ਕਉ ਕਰਹਿ ਸਭਿ ਨਮਸਕਾਰ ॥ (1248-3)
इकि गुर परसादी उबरे तिसु जन कउ करहि सभि नमसकार ॥

ਨਾਨਕ ਅਨਦਿਨੁ ਨਾਮੁ ਧਿਆਇ ਤੂ ਅੰਤਰਿ ਜਿਤੁ ਪਾਵਹਿ ਮੋਖ ਦੁਆਰ ॥੧॥ (1248-4)
नानक अनदिनु नामु धिआइ तू अंतरि जितु पावहि मोख दुआर ॥१॥

ਮਃ ੩ ॥ (1248-5)
मः ३ ॥

ਮਾਇਆ ਮੋਹਿ ਵਿਸਾਰਿਆ ਸਚੁ ਮਰਣਾ ਹਰਿ ਨਾਮੁ ॥ (1248-5)
माइआ मोहि विसारिआ सचु मरणा हरि नामु ॥

ਧੰਧਾ ਕਰਤਿਆ ਜਨਮੁ ਗਇਆ ਅੰਦਰਿ ਦੁਖੁ ਸਹਾਮੁ ॥ (1248-5)
धंधा करतिआ जनमु गइआ अंदरि दुखु सहामु ॥

ਨਾਨਕ ਸਤਿਗੁਰੁ ਸੇਵਿ ਸੁਖੁ ਪਾਇਆ ਜਿਨ੍ਹ ਪੂਰਬਿ ਲਿਖਿਆ ਕਰਾਮੁ ॥੨॥ (1248-6)
नानक सतिगुरु सेवि सुखु पाइआ जिन्ह पूरबि लिखिआ करामु ॥२॥

ਪਉੜੀ ॥ (1248-6)
पउड़ी ॥

ਲੇਖਾ ਪੜੀਐ ਹਰਿ ਨਾਮੁ ਫਿਰਿ ਲੇਖੁ ਨ ਹੋਈ ॥ (1248-6)
लेखा पड़ीऐ हरि नामु फिरि लेखु न होई ॥

ਪੁਛਿ ਨ ਸਕੈ ਕੋਇ ਹਰਿ ਦਰਿ ਸਦ ਢੋਈ ॥ (1248-7)
पुछि न सकै कोइ हरि दरि सद ढोई ॥

ਜਮਕਾਲੁ ਮਿਲੈ ਦੇ ਭੇਟ ਸੇਵਕੁ ਨਿਤ ਹੋਈ ॥ (1248-7)
जमकालु मिलै दे भेट सेवकु नित होई ॥

ਪੂਰੇ ਗੁਰ ਤੇ ਮਹਲੁ ਪਾਇਆ ਪਤਿ ਪਰਗਟੁ ਲੋਈ ॥ (1248-8)
पूरे गुर ते महलु पाइआ पति परगटु लोई ॥

ਨਾਨਕ ਅਨਹਦ ਧੁਨੀ ਦਰਿ ਵਜਦੇ ਮਿਲਿਆ ਹਰਿ ਸੋਈ ॥੨੮॥ (1248-8)
नानक अनहद धुनी दरि वजदे मिलिआ हरि सोई ॥२८॥

ਸਲੋਕ ਮਃ ੩ ॥ (1248-9)
सलोक मः ३ ॥

ਗੁਰ ਕਾ ਕਹਿਆ ਜੇ ਕਰੇ ਸੁਖੀ ਹੂ ਸੁਖੁ ਸਾਰੁ ॥ (1248-9)
गुर का कहिआ जे करे सुखी हू सुखु सारु ॥

ਗੁਰ ਕੀ ਕਰਣੀ ਭਉ ਕਟੀਐ ਨਾਨਕ ਪਾਵਹਿ ਪਾਰੁ ॥੧॥ (1248-9)
गुर की करणी भउ कटीऐ नानक पावहि पारु ॥१॥

ਮਃ ੩ ॥ (1248-10)
मः ३ ॥

ਸਚੁ ਪੁਰਾਣਾ ਨਾ ਥੀਐ ਨਾਮੁ ਨ ਮੈਲਾ ਹੋਇ ॥ (1248-10)
सचु पुराणा ना थीऐ नामु न मैला होइ ॥

ਗੁਰ ਕੈ ਭਾਣੈ ਜੇ ਚਲੈ ਬਹੁੜਿ ਨ ਆਵਣੁ ਹੋਇ ॥ (1248-10)
गुर कै भाणै जे चलै बहुड़ि न आवणु होइ ॥

ਨਾਨਕ ਨਾਮਿ ਵਿਸਾਰਿਐ ਆਵਣ ਜਾਣਾ ਦੋਇ ॥੨॥ (1248-11)
नानक नामि विसारिऐ आवण जाणा दोइ ॥२॥

ਪਉੜੀ ॥ (1248-11)
पउड़ी ॥

ਮੰਗਤ ਜਨੁ ਜਾਚੈ ਦਾਨੁ ਹਰਿ ਦੇਹੁ ਸੁਭਾਇ ॥ (1248-11)
मंगत जनु जाचै दानु हरि देहु सुभाइ ॥

ਹਰਿ ਦਰਸਨ ਕੀ ਪਿਆਸ ਹੈ ਦਰਸਨਿ ਤ੍ਰਿਪਤਾਇ ॥ (1248-12)
हरि दरसन की पिआस है दरसनि त्रिपताइ ॥

ਖਿਨੁ ਪਲੁ ਘੜੀ ਨ ਜੀਵਊ ਬਿਨੁ ਦੇਖੇ ਮਰਾਂ ਮਾਇ ॥ (1248-12)
खिनु पलु घड़ी न जीवऊ बिनु देखे मरां माइ ॥

ਸਤਿਗੁਰਿ ਨਾਲਿ ਦਿਖਾਲਿਆ ਰਵਿ ਰਹਿਆ ਸਭ ਥਾਇ ॥ (1248-13)
सतिगुरि नालि दिखालिआ रवि रहिआ सभ थाइ ॥

ਸੁਤਿਆ ਆਪਿ ਉਠਾਲਿ ਦੇਇ ਨਾਨਕ ਲਿਵ ਲਾਇ ॥੨੯॥ (1248-13)
सुतिआ आपि उठालि देइ नानक लिव लाइ ॥२९॥

ਸਲੋਕ ਮਃ ੩ ॥ (1248-14)
सलोक मः ३ ॥

ਮਨਮੁਖ ਬੋਲਿ ਨ ਜਾਣਨ੍ਹ੍ਹੀ ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ ॥ (1248-14)
मनमुख बोलि न जाणन्ही ओना अंदरि कामु क्रोधु अहंकारु ॥

ਥਾਉ ਕੁਥਾਉ ਨ ਜਾਣਨੀ ਸਦਾ ਚਿਤਵਹਿ ਬਿਕਾਰ ॥ (1248-15)
थाउ कुथाउ न जाणनी सदा चितवहि बिकार ॥

ਦਰਗਹ ਲੇਖਾ ਮੰਗੀਐ ਓਥੈ ਹੋਹਿ ਕੂੜਿਆਰ ॥ (1248-15)
दरगह लेखा मंगीऐ ओथै होहि कूड़िआर ॥

ਆਪੇ ਸ੍ਰਿਸਟਿ ਉਪਾਈਅਨੁ ਆਪਿ ਕਰੇ ਬੀਚਾਰੁ ॥ (1248-16)
आपे स्रिसटि उपाईअनु आपि करे बीचारु ॥

ਨਾਨਕ ਕਿਸ ਨੋ ਆਖੀਐ ਸਭੁ ਵਰਤੈ ਆਪਿ ਸਚਿਆਰੁ ॥੧॥ (1248-16)
नानक किस नो आखीऐ सभु वरतै आपि सचिआरु ॥१॥

ਮਃ ੩ ॥ (1248-17)
मः ३ ॥

ਹਰਿ ਗੁਰਮੁਖਿ ਤਿਨ੍ਹ੍ਹੀ ਅਰਾਧਿਆ ਜਿਨ੍ਹ੍ਹ ਕਰਮਿ ਪਰਾਪਤਿ ਹੋਇ ॥ (1248-17)
हरि गुरमुखि तिन्ही अराधिआ जिन्ह करमि परापति होइ ॥

ਨਾਨਕ ਹਉ ਬਲਿਹਾਰੀ ਤਿਨ੍ਹ੍ਹ ਕਉ ਜਿਨ੍ਹ੍ਹ ਹਰਿ ਮਨਿ ਵਸਿਆ ਸੋਇ ॥੨॥ (1248-17)
नानक हउ बलिहारी तिन्ह कउ जिन्ह हरि मनि वसिआ सोइ ॥२॥

ਪਉੜੀ ॥ (1248-18)
पउड़ी ॥

ਆਸ ਕਰੇ ਸਭੁ ਲੋਕੁ ਬਹੁ ਜੀਵਣੁ ਜਾਣਿਆ ॥ (1248-18)
आस करे सभु लोकु बहु जीवणु जाणिआ ॥

ਨਿਤ ਜੀਵਣ ਕਉ ਚਿਤੁ ਗੜ੍ਹ ਮੰਡਪ ਸਵਾਰਿਆ ॥ (1248-18)
नित जीवण कउ चितु गड़्ह मंडप सवारिआ ॥

ਵਲਵੰਚ ਕਰਿ ਉਪਾਵ ਮਾਇਆ ਹਿਰਿ ਆਣਿਆ ॥ (1248-19)
वलवंच करि उपाव माइआ हिरि आणिआ ॥

ਜਮਕਾਲੁ ਨਿਹਾਲੇ ਸਾਸ ਆਵ ਘਟੈ ਬੇਤਾਲਿਆ ॥ (1248-19)
जमकालु निहाले सास आव घटै बेतालिआ ॥

ਨਾਨਕ ਗੁਰ ਸਰਣਾਈ ਉਬਰੇ ਹਰਿ ਗੁਰ ਰਖਵਾਲਿਆ ॥੩੦॥ (1249-1)
नानक गुर सरणाई उबरे हरि गुर रखवालिआ ॥३०॥

ਸਲੋਕ ਮਃ ੩ ॥ (1249-1)
सलोक मः ३ ॥

ਪੜਿ ਪੜਿ ਪੰਡਿਤ ਵਾਦੁ ਵਖਾਣਦੇ ਮਾਇਆ ਮੋਹ ਸੁਆਇ ॥ (1249-2)
पड़ि पड़ि पंडित वादु वखाणदे माइआ मोह सुआइ ॥

ਦੂਜੈ ਭਾਇ ਨਾਮੁ ਵਿਸਾਰਿਆ ਮਨ ਮੂਰਖ ਮਿਲੈ ਸਜਾਇ ॥ (1249-2)
दूजै भाइ नामु विसारिआ मन मूरख मिलै सजाइ ॥

ਜਿਨ੍ਹਿ ਕੀਤੇ ਤਿਸੈ ਨ ਸੇਵਨ੍ਹੀ ਦੇਦਾ ਰਿਜਕੁ ਸਮਾਇ ॥ (1249-3)
जिन्हि कीते तिसै न सेवन्ही देदा रिजकु समाइ ॥

ਜਮ ਕਾ ਫਾਹਾ ਗਲਹੁ ਨ ਕਟੀਐ ਫਿਰਿ ਫਿਰਿ ਆਵਹਿ ਜਾਇ ॥ (1249-3)
जम का फाहा गलहु न कटीऐ फिरि फिरि आवहि जाइ ॥

ਜਿਨ ਕਉ ਪੂਰਬਿ ਲਿਖਿਆ ਸਤਿਗੁਰੁ ਮਿਲਿਆ ਤਿਨ ਆਇ ॥ (1249-4)
जिन कउ पूरबि लिखिआ सतिगुरु मिलिआ तिन आइ ॥

ਅਨਦਿਨੁ ਨਾਮੁ ਧਿਆਇਦੇ ਨਾਨਕ ਸਚਿ ਸਮਾਇ ॥੧॥ (1249-4)
अनदिनु नामु धिआइदे नानक सचि समाइ ॥१॥

ਮਃ ੩ ॥ (1249-5)
मः ३ ॥

ਸਚੁ ਵਣਜਹਿ ਸਚੁ ਸੇਵਦੇ ਜਿ ਗੁਰਮੁਖਿ ਪੈਰੀ ਪਾਹਿ ॥ (1249-5)
सचु वणजहि सचु सेवदे जि गुरमुखि पैरी पाहि ॥

ਨਾਨਕ ਗੁਰ ਕੈ ਭਾਣੈ ਜੇ ਚਲਹਿ ਸਹਜੇ ਸਚਿ ਸਮਾਹਿ ॥੨॥ (1249-5)
नानक गुर कै भाणै जे चलहि सहजे सचि समाहि ॥२॥

ਪਉੜੀ ॥ (1249-6)
पउड़ी ॥

ਆਸਾ ਵਿਚਿ ਅਤਿ ਦੁਖੁ ਘਣਾ ਮਨਮੁਖਿ ਚਿਤੁ ਲਾਇਆ ॥ (1249-6)
आसा विचि अति दुखु घणा मनमुखि चितु लाइआ ॥

ਗੁਰਮੁਖਿ ਭਏ ਨਿਰਾਸ ਪਰਮ ਸੁਖੁ ਪਾਇਆ ॥ (1249-7)
गुरमुखि भए निरास परम सुखु पाइआ ॥

ਵਿਚੇ ਗਿਰਹ ਉਦਾਸ ਅਲਿਪਤ ਲਿਵ ਲਾਇਆ ॥ (1249-7)
विचे गिरह उदास अलिपत लिव लाइआ ॥

ਓਨਾ ਸੋਗੁ ਵਿਜੋਗੁ ਨ ਵਿਆਪਈ ਹਰਿ ਭਾਣਾ ਭਾਇਆ ॥ (1249-7)
ओना सोगु विजोगु न विआपई हरि भाणा भाइआ ॥

ਨਾਨਕ ਹਰਿ ਸੇਤੀ ਸਦਾ ਰਵਿ ਰਹੇ ਧੁਰਿ ਲਏ ਮਿਲਾਇਆ ॥੩੧॥ (1249-8)
नानक हरि सेती सदा रवि रहे धुरि लए मिलाइआ ॥३१॥

ਸਲੋਕ ਮਃ ੩ ॥ (1249-9)
सलोक मः ३ ॥

ਪਰਾਈ ਅਮਾਣ ਕਿਉ ਰਖੀਐ ਦਿਤੀ ਹੀ ਸੁਖੁ ਹੋਇ ॥ (1249-9)
पराई अमाण किउ रखीऐ दिती ही सुखु होइ ॥

ਗੁਰ ਕਾ ਸਬਦੁ ਗੁਰ ਥੈ ਟਿਕੈ ਹੋਰ ਥੈ ਪਰਗਟੁ ਨ ਹੋਇ ॥ (1249-9)
गुर का सबदु गुर थै टिकै होर थै परगटु न होइ ॥

ਅੰਨ੍ਹੇ ਵਸਿ ਮਾਣਕੁ ਪਇਆ ਘਰਿ ਘਰਿ ਵੇਚਣ ਜਾਇ ॥ (1249-10)
अंन्हे वसि माणकु पइआ घरि घरि वेचण जाइ ॥

ਓਨਾ ਪਰਖ ਨ ਆਵਈ ਅਢੁ ਨ ਪਲੈ ਪਾਇ ॥ (1249-10)
ओना परख न आवई अढु न पलै पाइ ॥

ਜੇ ਆਪਿ ਪਰਖ ਨ ਆਵਈ ਤਾਂ ਪਾਰਖੀਆ ਥਾਵਹੁ ਲਇਓੁ ਪਰਖਾਇ ॥ (1249-11)
जे आपि परख न आवई तां पारखीआ थावहु लइओु परखाइ ॥

ਜੇ ਓਸੁ ਨਾਲਿ ਚਿਤੁ ਲਾਏ ਤਾਂ ਵਥੁ ਲਹੈ ਨਉ ਨਿਧਿ ਪਲੈ ਪਾਇ ॥ (1249-11)
जे ओसु नालि चितु लाए तां वथु लहै नउ निधि पलै पाइ ॥

ਘਰਿ ਹੋਦੈ ਧਨਿ ਜਗੁ ਭੁਖਾ ਮੁਆ ਬਿਨੁ ਸਤਿਗੁਰ ਸੋਝੀ ਨ ਹੋਇ ॥ (1249-12)
घरि होदै धनि जगु भुखा मुआ बिनु सतिगुर सोझी न होइ ॥

ਸਬਦੁ ਸੀਤਲੁ ਮਨਿ ਤਨਿ ਵਸੈ ਤਿਥੈ ਸੋਗੁ ਵਿਜੋਗੁ ਨ ਕੋਇ ॥ (1249-12)
सबदु सीतलु मनि तनि वसै तिथै सोगु विजोगु न कोइ ॥

ਵਸਤੁ ਪਰਾਈ ਆਪਿ ਗਰਬੁ ਕਰੇ ਮੂਰਖੁ ਆਪੁ ਗਣਾਏ ॥ (1249-13)
वसतु पराई आपि गरबु करे मूरखु आपु गणाए ॥

ਨਾਨਕ ਬਿਨੁ ਬੂਝੇ ਕਿਨੈ ਨ ਪਾਇਓ ਫਿਰਿ ਫਿਰਿ ਆਵੈ ਜਾਏ ॥੧॥ (1249-13)
नानक बिनु बूझे किनै न पाइओ फिरि फिरि आवै जाए ॥१॥

ਮਃ ੩ ॥ (1249-14)
मः ३ ॥

ਮਨਿ ਅਨਦੁ ਭਇਆ ਮਿਲਿਆ ਹਰਿ ਪ੍ਰੀਤਮੁ ਸਰਸੇ ਸਜਣ ਸੰਤ ਪਿਆਰੇ ॥ (1249-14)
मनि अनदु भइआ मिलिआ हरि प्रीतमु सरसे सजण संत पिआरे ॥

ਜੋ ਧੁਰਿ ਮਿਲੇ ਨ ਵਿਛੁੜਹਿ ਕਬਹੂ ਜਿ ਆਪਿ ਮੇਲੇ ਕਰਤਾਰੇ ॥ (1249-15)
जो धुरि मिले न विछुड़हि कबहू जि आपि मेले करतारे ॥

ਅੰਤਰਿ ਸਬਦੁ ਰਵਿਆ ਗੁਰੁ ਪਾਇਆ ਸਗਲੇ ਦੂਖ ਨਿਵਾਰੇ ॥ (1249-15)
अंतरि सबदु रविआ गुरु पाइआ सगले दूख निवारे ॥

ਹਰਿ ਸੁਖਦਾਤਾ ਸਦਾ ਸਲਾਹੀ ਅੰਤਰਿ ਰਖਾਂ ਉਰ ਧਾਰੇ ॥ (1249-16)
हरि सुखदाता सदा सलाही अंतरि रखां उर धारे ॥

ਮਨਮੁਖੁ ਤਿਨ ਕੀ ਬਖੀਲੀ ਕਿ ਕਰੇ ਜਿ ਸਚੈ ਸਬਦਿ ਸਵਾਰੇ ॥ (1249-16)
मनमुखु तिन की बखीली कि करे जि सचै सबदि सवारे ॥

ਓਨਾ ਦੀ ਆਪਿ ਪਤਿ ਰਖਸੀ ਮੇਰਾ ਪਿਆਰਾ ਸਰਣਾਗਤਿ ਪਏ ਗੁਰ ਦੁਆਰੇ ॥ (1249-17)
ओना दी आपि पति रखसी मेरा पिआरा सरणागति पए गुर दुआरे ॥

ਨਾਨਕ ਗੁਰਮੁਖਿ ਸੇ ਸੁਹੇਲੇ ਭਏ ਮੁਖ ਊਜਲ ਦਰਬਾਰੇ ॥੨॥ (1249-18)
नानक गुरमुखि से सुहेले भए मुख ऊजल दरबारे ॥२॥

ਪਉੜੀ ॥ (1249-18)
पउड़ी ॥

ਇਸਤਰੀ ਪੁਰਖੈ ਬਹੁ ਪ੍ਰੀਤਿ ਮਿਲਿ ਮੋਹੁ ਵਧਾਇਆ ॥ (1249-18)
इसतरी पुरखै बहु प्रीति मिलि मोहु वधाइआ ॥

ਪੁਤ੍ਰੁ ਕਲਤ੍ਰੁ ਨਿਤ ਵੇਖੈ ਵਿਗਸੈ ਮੋਹਿ ਮਾਇਆ ॥ (1249-19)
पुत्रु कलत्रु नित वेखै विगसै मोहि माइआ ॥

ਦੇਸਿ ਪਰਦੇਸਿ ਧਨੁ ਚੋਰਾਇ ਆਣਿ ਮੁਹਿ ਪਾਇਆ ॥ (1249-19)
देसि परदेसि धनु चोराइ आणि मुहि पाइआ ॥

ਅੰਤਿ ਹੋਵੈ ਵੈਰ ਵਿਰੋਧੁ ਕੋ ਸਕੈ ਨ ਛਡਾਇਆ ॥ (1250-1)
अंति होवै वैर विरोधु को सकै न छडाइआ ॥

ਨਾਨਕ ਵਿਣੁ ਨਾਵੈ ਧ੍ਰਿਗੁ ਮੋਹੁ ਜਿਤੁ ਲਗਿ ਦੁਖੁ ਪਾਇਆ ॥੩੨॥ (1250-1)
नानक विणु नावै ध्रिगु मोहु जितु लगि दुखु पाइआ ॥३२॥

ਸਲੋਕ ਮਃ ੩ ॥ (1250-2)
सलोक मः ३ ॥

ਗੁਰਮੁਖਿ ਅੰਮ੍ਰਿਤੁ ਨਾਮੁ ਹੈ ਜਿਤੁ ਖਾਧੈ ਸਭ ਭੁਖ ਜਾਇ ॥ (1250-2)
गुरमुखि अमृतु नामु है जितु खाधै सभ भुख जाइ ॥

ਤ੍ਰਿਸਨਾ ਮੂਲਿ ਨ ਹੋਵਈ ਨਾਮੁ ਵਸੈ ਮਨਿ ਆਇ ॥ (1250-2)
त्रिसना मूलि न होवई नामु वसै मनि आइ ॥

ਬਿਨੁ ਨਾਵੈ ਜਿ ਹੋਰੁ ਖਾਣਾ ਤਿਤੁ ਰੋਗੁ ਲਗੈ ਤਨਿ ਧਾਇ ॥ (1250-3)
बिनु नावै जि होरु खाणा तितु रोगु लगै तनि धाइ ॥

ਨਾਨਕ ਰਸ ਕਸ ਸਬਦੁ ਸਲਾਹਣਾ ਆਪੇ ਲਏ ਮਿਲਾਇ ॥੧॥ (1250-3)
नानक रस कस सबदु सलाहणा आपे लए मिलाइ ॥१॥

ਮਃ ੩ ॥ (1250-4)
मः ३ ॥

ਜੀਆ ਅੰਦਰਿ ਜੀਉ ਸਬਦੁ ਹੈ ਜਿਤੁ ਸਹ ਮੇਲਾਵਾ ਹੋਇ ॥ (1250-4)
जीआ अंदरि जीउ सबदु है जितु सह मेलावा होइ ॥

ਬਿਨੁ ਸਬਦੈ ਜਗਿ ਆਨ੍ਹੇਰੁ ਹੈ ਸਬਦੇ ਪਰਗਟੁ ਹੋਇ ॥ (1250-5)
बिनु सबदै जगि आन्हेरु है सबदे परगटु होइ ॥

ਪੰਡਿਤ ਮੋਨੀ ਪੜਿ ਪੜਿ ਥਕੇ ਭੇਖ ਥਕੇ ਤਨੁ ਧੋਇ ॥ (1250-5)
पंडित मोनी पड़ि पड़ि थके भेख थके तनु धोइ ॥

ਬਿਨੁ ਸਬਦੈ ਕਿਨੈ ਨ ਪਾਇਓ ਦੁਖੀਏ ਚਲੇ ਰੋਇ ॥ (1250-6)
बिनु सबदै किनै न पाइओ दुखीए चले रोइ ॥

ਨਾਨਕ ਨਦਰੀ ਪਾਈਐ ਕਰਮਿ ਪਰਾਪਤਿ ਹੋਇ ॥੨॥ (1250-6)
नानक नदरी पाईऐ करमि परापति होइ ॥२॥

ਪਉੜੀ ॥ (1250-7)
पउड़ी ॥

ਇਸਤ੍ਰੀ ਪੁਰਖੈ ਅਤਿ ਨੇਹੁ ਬਹਿ ਮੰਦੁ ਪਕਾਇਆ ॥ (1250-7)
इसत्री पुरखै अति नेहु बहि मंदु पकाइआ ॥

ਦਿਸਦਾ ਸਭੁ ਕਿਛੁ ਚਲਸੀ ਮੇਰੇ ਪ੍ਰਭ ਭਾਇਆ ॥ (1250-7)
दिसदा सभु किछु चलसी मेरे प्रभ भाइआ ॥

ਕਿਉ ਰਹੀਐ ਥਿਰੁ ਜਗਿ ਕੋ ਕਢਹੁ ਉਪਾਇਆ ॥ (1250-8)
किउ रहीऐ थिरु जगि को कढहु उपाइआ ॥

ਗੁਰ ਪੂਰੇ ਕੀ ਚਾਕਰੀ ਥਿਰੁ ਕੰਧੁ ਸਬਾਇਆ ॥ (1250-8)
गुर पूरे की चाकरी थिरु कंधु सबाइआ ॥

ਨਾਨਕ ਬਖਸਿ ਮਿਲਾਇਅਨੁ ਹਰਿ ਨਾਮਿ ਸਮਾਇਆ ॥੩੩॥ (1250-8)
नानक बखसि मिलाइअनु हरि नामि समाइआ ॥३३॥

ਸਲੋਕ ਮਃ ੩ ॥ (1250-9)
सलोक मः ३ ॥

ਮਾਇਆ ਮੋਹਿ ਵਿਸਾਰਿਆ ਗੁਰ ਕਾ ਭਉ ਹੇਤੁ ਅਪਾਰੁ ॥ (1250-9)
माइआ मोहि विसारिआ गुर का भउ हेतु अपारु ॥

ਲੋਭਿ ਲਹਰਿ ਸੁਧਿ ਮਤਿ ਗਈ ਸਚਿ ਨ ਲਗੈ ਪਿਆਰੁ ॥ (1250-10)
लोभि लहरि सुधि मति गई सचि न लगै पिआरु ॥

ਗੁਰਮੁਖਿ ਜਿਨਾ ਸਬਦੁ ਮਨਿ ਵਸੈ ਦਰਗਹ ਮੋਖ ਦੁਆਰੁ ॥ (1250-10)
गुरमुखि जिना सबदु मनि वसै दरगह मोख दुआरु ॥

ਨਾਨਕ ਆਪੇ ਮੇਲਿ ਲਏ ਆਪੇ ਬਖਸਣਹਾਰੁ ॥੧॥ (1250-11)
नानक आपे मेलि लए आपे बखसणहारु ॥१॥

ਮਃ ੪ ॥ (1250-11)
मः ४ ॥

ਨਾਨਕ ਜਿਸੁ ਬਿਨੁ ਘੜੀ ਨ ਜੀਵਣਾ ਵਿਸਰੇ ਸਰੈ ਨ ਬਿੰਦ ॥ (1250-11)
नानक जिसु बिनु घड़ी न जीवणा विसरे सरै न बिंद ॥

ਤਿਸੁ ਸਿਉ ਕਿਉ ਮਨ ਰੂਸੀਐ ਜਿਸਹਿ ਹਮਾਰੀ ਚਿੰਦ ॥੨॥ (1250-12)
तिसु सिउ किउ मन रूसीऐ जिसहि हमारी चिंद ॥२॥

ਮਃ ੪ ॥ (1250-12)
मः ४ ॥

ਸਾਵਣੁ ਆਇਆ ਝਿਮਝਿਮਾ ਹਰਿ ਗੁਰਮੁਖਿ ਨਾਮੁ ਧਿਆਇ ॥ (1250-12)
सावणु आइआ झिमझिमा हरि गुरमुखि नामु धिआइ ॥

ਦੁਖ ਭੁਖ ਕਾੜਾ ਸਭੁ ਚੁਕਾਇਸੀ ਮੀਹੁ ਵੁਠਾ ਛਹਬਰ ਲਾਇ ॥ (1250-13)
दुख भुख काड़ा सभु चुकाइसी मीहु वुठा छहबर लाइ ॥

ਸਭ ਧਰਤਿ ਭਈ ਹਰੀਆਵਲੀ ਅੰਨੁ ਜੰਮਿਆ ਬੋਹਲ ਲਾਇ ॥ (1250-14)
सभ धरति भई हरीआवली अंनु जंमिआ बोहल लाइ ॥

ਹਰਿ ਅਚਿੰਤੁ ਬੁਲਾਵੈ ਕ੍ਰਿਪਾ ਕਰਿ ਹਰਿ ਆਪੇ ਪਾਵੈ ਥਾਇ ॥ (1250-14)
हरि अचिंतु बुलावै क्रिपा करि हरि आपे पावै थाइ ॥

ਹਰਿ ਤਿਸਹਿ ਧਿਆਵਹੁ ਸੰਤ ਜਨਹੁ ਜੁ ਅੰਤੇ ਲਏ ਛਡਾਇ ॥ (1250-15)
हरि तिसहि धिआवहु संत जनहु जु अंते लए छडाइ ॥

ਹਰਿ ਕੀਰਤਿ ਭਗਤਿ ਅਨੰਦੁ ਹੈ ਸਦਾ ਸੁਖੁ ਵਸੈ ਮਨਿ ਆਇ ॥ (1250-15)
हरि कीरति भगति अनंदु है सदा सुखु वसै मनि आइ ॥

ਜਿਨ੍ਹ੍ਹਾ ਗੁਰਮੁਖਿ ਨਾਮੁ ਅਰਾਧਿਆ ਤਿਨਾ ਦੁਖ ਭੁਖ ਲਹਿ ਜਾਇ ॥ (1250-16)
जिन्हा गुरमुखि नामु अराधिआ तिना दुख भुख लहि जाइ ॥

ਜਨ ਨਾਨਕੁ ਤ੍ਰਿਪਤੈ ਗਾਇ ਗੁਣ ਹਰਿ ਦਰਸਨੁ ਦੇਹੁ ਸੁਭਾਇ ॥੩॥ (1250-16)
जन नानकु त्रिपतै गाइ गुण हरि दरसनु देहु सुभाइ ॥३॥

ਪਉੜੀ ॥ (1250-17)
पउड़ी ॥

ਗੁਰ ਪੂਰੇ ਕੀ ਦਾਤਿ ਨਿਤ ਦੇਵੈ ਚੜੈ ਸਵਾਈਆ ॥ (1250-17)
गुर पूरे की दाति नित देवै चड़ै सवाईआ ॥

ਤੁਸਿ ਦੇਵੈ ਆਪਿ ਦਇਆਲੁ ਨ ਛਪੈ ਛਪਾਈਆ ॥ (1250-18)
तुसि देवै आपि दइआलु न छपै छपाईआ ॥

ਹਿਰਦੈ ਕਵਲੁ ਪ੍ਰਗਾਸੁ ਉਨਮਨਿ ਲਿਵ ਲਾਈਆ ॥ (1250-18)
हिरदै कवलु प्रगासु उनमनि लिव लाईआ ॥

ਜੇ ਕੋ ਕਰੇ ਉਸ ਦੀ ਰੀਸ ਸਿਰਿ ਛਾਈ ਪਾਈਆ ॥ (1250-18)
जे को करे उस दी रीस सिरि छाई पाईआ ॥

ਨਾਨਕ ਅਪੜਿ ਕੋਇ ਨ ਸਕਈ ਪੂਰੇ ਸਤਿਗੁਰ ਕੀ ਵਡਿਆਈਆ ॥੩੪॥ (1250-19)
नानक अपड़ि कोइ न सकई पूरे सतिगुर की वडिआईआ ॥३४॥

ਸਲੋਕ ਮਃ ੩ ॥ (1251-1)
सलोक मः ३ ॥

ਅਮਰੁ ਵੇਪਰਵਾਹੁ ਹੈ ਤਿਸੁ ਨਾਲਿ ਸਿਆਣਪ ਨ ਚਲਈ ਨ ਹੁਜਤਿ ਕਰਣੀ ਜਾਇ ॥ (1251-1)
अमरु वेपरवाहु है तिसु नालि सिआणप न चलई न हुजति करणी जाइ ॥

ਆਪੁ ਛੋਡਿ ਸਰਣਾਇ ਪਵੈ ਮੰਨਿ ਲਏ ਰਜਾਇ ॥ (1251-2)
आपु छोडि सरणाइ पवै मंनि लए रजाइ ॥

ਗੁਰਮੁਖਿ ਜਮ ਡੰਡੁ ਨ ਲਗਈ ਹਉਮੈ ਵਿਚਹੁ ਜਾਇ ॥ (1251-2)
गुरमुखि जम डंडु न लगई हउमै विचहु जाइ ॥

ਨਾਨਕ ਸੇਵਕੁ ਸੋਈ ਆਖੀਐ ਜਿ ਸਚਿ ਰਹੈ ਲਿਵ ਲਾਇ ॥੧॥ (1251-2)
नानक सेवकु सोई आखीऐ जि सचि रहै लिव लाइ ॥१॥

ਮਃ ੩ ॥ (1251-3)
मः ३ ॥

ਦਾਤਿ ਜੋਤਿ ਸਭ ਸੂਰਤਿ ਤੇਰੀ ॥ (1251-3)
दाति जोति सभ सूरति तेरी ॥

ਬਹੁਤੁ ਸਿਆਣਪ ਹਉਮੈ ਮੇਰੀ ॥ (1251-3)
बहुतु सिआणप हउमै मेरी ॥

ਬਹੁ ਕਰਮ ਕਮਾਵਹਿ ਲੋਭਿ ਮੋਹਿ ਵਿਆਪੇ ਹਉਮੈ ਕਦੇ ਨ ਚੂਕੈ ਫੇਰੀ ॥ (1251-4)
बहु करम कमावहि लोभि मोहि विआपे हउमै कदे न चूकै फेरी ॥

ਨਾਨਕ ਆਪਿ ਕਰਾਏ ਕਰਤਾ ਜੋ ਤਿਸੁ ਭਾਵੈ ਸਾਈ ਗਲ ਚੰਗੇਰੀ ॥੨॥ (1251-4)
नानक आपि कराए करता जो तिसु भावै साई गल चंगेरी ॥२॥

ਪਉੜੀ ਮਃ ੫ ॥ (1251-5)
पउड़ी मः ५ ॥

ਸਚੁ ਖਾਣਾ ਸਚੁ ਪੈਨਣਾ ਸਚੁ ਨਾਮੁ ਅਧਾਰੁ ॥ (1251-5)
सचु खाणा सचु पैनणा सचु नामु अधारु ॥

ਗੁਰਿ ਪੂਰੈ ਮੇਲਾਇਆ ਪ੍ਰਭੁ ਦੇਵਣਹਾਰੁ ॥ (1251-6)
गुरि पूरै मेलाइआ प्रभु देवणहारु ॥

ਭਾਗੁ ਪੂਰਾ ਤਿਨ ਜਾਗਿਆ ਜਪਿਆ ਨਿਰੰਕਾਰੁ ॥ (1251-6)
भागु पूरा तिन जागिआ जपिआ निरंकारु ॥

ਸਾਧੂ ਸੰਗਤਿ ਲਗਿਆ ਤਰਿਆ ਸੰਸਾਰੁ ॥ (1251-6)
साधू संगति लगिआ तरिआ संसारु ॥

ਨਾਨਕ ਸਿਫਤਿ ਸਲਾਹ ਕਰਿ ਪ੍ਰਭ ਕਾ ਜੈਕਾਰੁ ॥੩੫॥ (1251-7)
नानक सिफति सलाह करि प्रभ का जैकारु ॥३५॥

ਸਲੋਕ ਮਃ ੫ ॥ (1251-7)
सलोक मः ५ ॥

ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ ॥ (1251-8)
सभे जीअ समालि अपणी मिहर करु ॥

ਅੰਨੁ ਪਾਣੀ ਮੁਚੁ ਉਪਾਇ ਦੁਖ ਦਾਲਦੁ ਭੰਨਿ ਤਰੁ ॥ (1251-8)
अंनु पाणी मुचु उपाइ दुख दालदु भंनि तरु ॥

ਅਰਦਾਸਿ ਸੁਣੀ ਦਾਤਾਰਿ ਹੋਈ ਸਿਸਟਿ ਠਰੁ ॥ (1251-8)
अरदासि सुणी दातारि होई सिसटि ठरु ॥

ਲੇਵਹੁ ਕੰਠਿ ਲਗਾਇ ਅਪਦਾ ਸਭ ਹਰੁ ॥ (1251-9)
लेवहु कंठि लगाइ अपदा सभ हरु ॥

ਨਾਨਕ ਨਾਮੁ ਧਿਆਇ ਪ੍ਰਭ ਕਾ ਸਫਲੁ ਘਰੁ ॥੧॥ (1251-9)
नानक नामु धिआइ प्रभ का सफलु घरु ॥१॥

ਮਃ ੫ ॥ (1251-10)
मः ५ ॥

ਵੁਠੇ ਮੇਘ ਸੁਹਾਵਣੇ ਹੁਕਮੁ ਕੀਤਾ ਕਰਤਾਰਿ ॥ (1251-10)
वुठे मेघ सुहावणे हुकमु कीता करतारि ॥

ਰਿਜਕੁ ਉਪਾਇਓਨੁ ਅਗਲਾ ਠਾਂਢਿ ਪਈ ਸੰਸਾਰਿ ॥ (1251-10)
रिजकु उपाइओनु अगला ठांढि पई संसारि ॥

ਤਨੁ ਮਨੁ ਹਰਿਆ ਹੋਇਆ ਸਿਮਰਤ ਅਗਮ ਅਪਾਰ ॥ (1251-11)
तनु मनु हरिआ होइआ सिमरत अगम अपार ॥

ਕਰਿ ਕਿਰਪਾ ਪ੍ਰਭ ਆਪਣੀ ਸਚੇ ਸਿਰਜਣਹਾਰ ॥ (1251-11)
करि किरपा प्रभ आपणी सचे सिरजणहार ॥

ਕੀਤਾ ਲੋੜਹਿ ਸੋ ਕਰਹਿ ਨਾਨਕ ਸਦ ਬਲਿਹਾਰ ॥੨॥ (1251-12)
कीता लोड़हि सो करहि नानक सद बलिहार ॥२॥

ਪਉੜੀ ॥ (1251-12)
पउड़ी ॥

ਵਡਾ ਆਪਿ ਅਗੰਮੁ ਹੈ ਵਡੀ ਵਡਿਆਈ ॥ (1251-12)
वडा आपि अगंमु है वडी वडिआई ॥

ਗੁਰ ਸਬਦੀ ਵੇਖਿ ਵਿਗਸਿਆ ਅੰਤਰਿ ਸਾਂਤਿ ਆਈ ॥ (1251-13)
गुर सबदी वेखि विगसिआ अंतरि सांति आई ॥

ਸਭੁ ਆਪੇ ਆਪਿ ਵਰਤਦਾ ਆਪੇ ਹੈ ਭਾਈ ॥ (1251-13)
सभु आपे आपि वरतदा आपे है भाई ॥

ਆਪਿ ਨਾਥੁ ਸਭ ਨਥੀਅਨੁ ਸਭ ਹੁਕਮਿ ਚਲਾਈ ॥ (1251-14)
आपि नाथु सभ नथीअनु सभ हुकमि चलाई ॥

ਨਾਨਕ ਹਰਿ ਭਾਵੈ ਸੋ ਕਰੇ ਸਭ ਚਲੈ ਰਜਾਈ ॥੩੬॥੧॥ ਸੁਧੁ ॥ (1251-14)
नानक हरि भावै सो करे सभ चलै रजाई ॥३६॥१॥ सुधु ॥

ਰਾਗੁ ਸਾਰੰਗ ਬਾਣੀ ਭਗਤਾਂ ਕੀ ॥ (1251-16)
रागु सारंग बाणी भगतां की ॥

ਕਬੀਰ ਜੀ ॥ (1251-16)
कबीर जी ॥

ੴ ਸਤਿਗੁਰ ਪ੍ਰਸਾਦਿ ॥ (1251-16)
ੴ सतिगुर प्रसादि ॥

ਕਹਾ ਨਰ ਗਰਬਸਿ ਥੋਰੀ ਬਾਤ ॥ (1251-17)
कहा नर गरबसि थोरी बात ॥

ਮਨ ਦਸ ਨਾਜੁ ਟਕਾ ਚਾਰਿ ਗਾਂਠੀ ਐਂਡੌ ਟੇਢੌ ਜਾਤੁ ॥੧॥ ਰਹਾਉ ॥ (1251-17)
मन दस नाजु टका चारि गांठी ऐंडौ टेढौ जातु ॥१॥ रहाउ ॥

ਬਹੁਤੁ ਪ੍ਰਤਾਪੁ ਗਾਂਉ ਸਉ ਪਾਏ ਦੁਇ ਲਖ ਟਕਾ ਬਰਾਤ ॥ (1251-17)
बहुतु प्रतापु गांउ सउ पाए दुइ लख टका बरात ॥

ਦਿਵਸ ਚਾਰਿ ਕੀ ਕਰਹੁ ਸਾਹਿਬੀ ਜੈਸੇ ਬਨ ਹਰ ਪਾਤ ॥੧॥ (1251-18)
दिवस चारि की करहु साहिबी जैसे बन हर पात ॥१॥

ਨਾ ਕੋਊ ਲੈ ਆਇਓ ਇਹੁ ਧਨੁ ਨਾ ਕੋਊ ਲੈ ਜਾਤੁ ॥ (1251-19)
ना कोऊ लै आइओ इहु धनु ना कोऊ लै जातु ॥

ਰਾਵਨ ਹੂੰ ਤੇ ਅਧਿਕ ਛਤ੍ਰਪਤਿ ਖਿਨ ਮਹਿ ਗਏ ਬਿਲਾਤ ॥੨॥ (1251-19)
रावन हूं ते अधिक छत्रपति खिन महि गए बिलात ॥२॥

ਹਰਿ ਕੇ ਸੰਤ ਸਦਾ ਥਿਰੁ ਪੂਜਹੁ ਜੋ ਹਰਿ ਨਾਮੁ ਜਪਾਤ ॥ (1252-1)
हरि के संत सदा थिरु पूजहु जो हरि नामु जपात ॥

ਜਿਨ ਕਉ ਕ੍ਰਿਪਾ ਕਰਤ ਹੈ ਗੋਬਿਦੁ ਤੇ ਸਤਸੰਗਿ ਮਿਲਾਤ ॥੩॥ (1252-1)
जिन कउ क्रिपा करत है गोबिदु ते सतसंगि मिलात ॥३॥

ਮਾਤ ਪਿਤਾ ਬਨਿਤਾ ਸੁਤ ਸੰਪਤਿ ਅੰਤਿ ਨ ਚਲਤ ਸੰਗਾਤ ॥ (1252-2)
मात पिता बनिता सुत स्मपति अंति न चलत संगात ॥

ਕਹਤ ਕਬੀਰੁ ਰਾਮ ਭਜੁ ਬਉਰੇ ਜਨਮੁ ਅਕਾਰਥ ਜਾਤ ॥੪॥੧॥ (1252-2)
कहत कबीरु राम भजु बउरे जनमु अकारथ जात ॥४॥१॥

ਰਾਜਾਸ੍ਰਮ ਮਿਤਿ ਨਹੀ ਜਾਨੀ ਤੇਰੀ ॥ (1252-3)
राजास्रम मिति नही जानी तेरी ॥

ਤੇਰੇ ਸੰਤਨ ਕੀ ਹਉ ਚੇਰੀ ॥੧॥ ਰਹਾਉ ॥ (1252-3)
तेरे संतन की हउ चेरी ॥१॥ रहाउ ॥

ਹਸਤੋ ਜਾਇ ਸੁ ਰੋਵਤੁ ਆਵੈ ਰੋਵਤੁ ਜਾਇ ਸੁ ਹਸੈ ॥ (1252-4)
हसतो जाइ सु रोवतु आवै रोवतु जाइ सु हसै ॥

ਬਸਤੋ ਹੋਇ ਹੋਇ ਸੁੋ ਊਜਰੁ ਊਜਰੁ ਹੋਇ ਸੁ ਬਸੈ ॥੧॥ (1252-4)
बसतो होइ होइ सुो ऊजरु ऊजरु होइ सु बसै ॥१॥

ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ ॥ (1252-5)
जल ते थल करि थल ते कूआ कूप ते मेरु करावै ॥

ਧਰਤੀ ਤੇ ਆਕਾਸਿ ਚਢਾਵੈ ਚਢੇ ਅਕਾਸਿ ਗਿਰਾਵੈ ॥੨॥ (1252-5)
धरती ते आकासि चढावै चढे अकासि गिरावै ॥२॥

ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ ॥ (1252-6)
भेखारी ते राजु करावै राजा ते भेखारी ॥

ਖਲ ਮੂਰਖ ਤੇ ਪੰਡਿਤੁ ਕਰਿਬੋ ਪੰਡਿਤ ਤੇ ਮੁਗਧਾਰੀ ॥੩॥ (1252-6)
खल मूरख ते पंडितु करिबो पंडित ते मुगधारी ॥३॥

ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ ॥ (1252-7)
नारी ते जो पुरखु करावै पुरखन ते जो नारी ॥

ਕਹੁ ਕਬੀਰ ਸਾਧੂ ਕੋ ਪ੍ਰੀਤਮੁ ਤਿਸੁ ਮੂਰਤਿ ਬਲਿਹਾਰੀ ॥੪॥੨॥ (1252-7)
कहु कबीर साधू को प्रीतमु तिसु मूरति बलिहारी ॥४॥२॥

ਸਾਰੰਗ ਬਾਣੀ ਨਾਮਦੇਉ ਜੀ ਕੀ ॥ (1252-8)
सारंग बाणी नामदेउ जी की ॥

ੴ ਸਤਿਗੁਰ ਪ੍ਰਸਾਦਿ ॥ (1252-8)
ੴ सतिगुर प्रसादि ॥

ਕਾਏਂ ਰੇ ਮਨ ਬਿਖਿਆ ਬਨ ਜਾਇ ॥ (1252-9)
काएं रे मन बिखिआ बन जाइ ॥

ਭੂਲੌ ਰੇ ਠਗਮੂਰੀ ਖਾਇ ॥੧॥ ਰਹਾਉ ॥ (1252-9)
भूलौ रे ठगमूरी खाइ ॥१॥ रहाउ ॥

ਜੈਸੇ ਮੀਨੁ ਪਾਨੀ ਮਹਿ ਰਹੈ ॥ (1252-9)
जैसे मीनु पानी महि रहै ॥

ਕਾਲ ਜਾਲ ਕੀ ਸੁਧਿ ਨਹੀ ਲਹੈ ॥ (1252-10)
काल जाल की सुधि नही लहै ॥

ਜਿਹਬਾ ਸੁਆਦੀ ਲੀਲਿਤ ਲੋਹ ॥ (1252-10)
जिहबा सुआदी लीलित लोह ॥

ਐਸੇ ਕਨਿਕ ਕਾਮਨੀ ਬਾਧਿਓ ਮੋਹ ॥੧॥ (1252-10)
ऐसे कनिक कामनी बाधिओ मोह ॥१॥

ਜਿਉ ਮਧੁ ਮਾਖੀ ਸੰਚੈ ਅਪਾਰ ॥ (1252-11)
जिउ मधु माखी संचै अपार ॥

ਮਧੁ ਲੀਨੋ ਮੁਖਿ ਦੀਨੀ ਛਾਰੁ ॥ (1252-11)
मधु लीनो मुखि दीनी छारु ॥

ਗਊ ਬਾਛ ਕਉ ਸੰਚੈ ਖੀਰੁ ॥ (1252-11)
गऊ बाछ कउ संचै खीरु ॥

ਗਲਾ ਬਾਂਧਿ ਦੁਹਿ ਲੇਇ ਅਹੀਰੁ ॥੨॥ (1252-11)
गला बांधि दुहि लेइ अहीरु ॥२॥

ਮਾਇਆ ਕਾਰਨਿ ਸ੍ਰਮੁ ਅਤਿ ਕਰੈ ॥ (1252-12)
माइआ कारनि स्रमु अति करै ॥

ਸੋ ਮਾਇਆ ਲੈ ਗਾਡੈ ਧਰੈ ॥ (1252-12)
सो माइआ लै गाडै धरै ॥

ਅਤਿ ਸੰਚੈ ਸਮਝੈ ਨਹੀ ਮੂੜ੍ਹ ॥ (1252-12)
अति संचै समझै नही मूड़्ह ॥

ਧਨੁ ਧਰਤੀ ਤਨੁ ਹੋਇ ਗਇਓ ਧੂੜਿ ॥੩॥ (1252-13)
धनु धरती तनु होइ गइओ धूड़ि ॥३॥

ਕਾਮ ਕ੍ਰੋਧ ਤ੍ਰਿਸਨਾ ਅਤਿ ਜਰੈ ॥ (1252-13)
काम क्रोध त्रिसना अति जरै ॥

ਸਾਧਸੰਗਤਿ ਕਬਹੂ ਨਹੀ ਕਰੈ ॥ (1252-13)
साधसंगति कबहू नही करै ॥

ਕਹਤ ਨਾਮਦੇਉ ਤਾ ਚੀ ਆਣਿ ॥ (1252-14)
कहत नामदेउ ता ची आणि ॥

ਨਿਰਭੈ ਹੋਇ ਭਜੀਐ ਭਗਵਾਨ ॥੪॥੧॥ (1252-14)
निरभै होइ भजीऐ भगवान ॥४॥१॥

ਬਦਹੁ ਕੀ ਨ ਹੋਡ ਮਾਧਉ ਮੋ ਸਿਉ ॥ (1252-14)
बदहु की न होड माधउ मो सिउ ॥

ਠਾਕੁਰ ਤੇ ਜਨੁ ਜਨ ਤੇ ਠਾਕੁਰੁ ਖੇਲੁ ਪਰਿਓ ਹੈ ਤੋ ਸਿਉ ॥੧॥ ਰਹਾਉ ॥ (1252-15)
ठाकुर ते जनु जन ते ठाकुरु खेलु परिओ है तो सिउ ॥१॥ रहाउ ॥

ਆਪਨ ਦੇਉ ਦੇਹੁਰਾ ਆਪਨ ਆਪ ਲਗਾਵੈ ਪੂਜਾ ॥ (1252-15)
आपन देउ देहुरा आपन आप लगावै पूजा ॥

ਜਲ ਤੇ ਤਰੰਗ ਤਰੰਗ ਤੇ ਹੈ ਜਲੁ ਕਹਨ ਸੁਨਨ ਕਉ ਦੂਜਾ ॥੧॥ (1252-16)
जल ते तरंग तरंग ते है जलु कहन सुनन कउ दूजा ॥१॥

ਆਪਹਿ ਗਾਵੈ ਆਪਹਿ ਨਾਚੈ ਆਪਿ ਬਜਾਵੈ ਤੂਰਾ ॥ (1252-16)
आपहि गावै आपहि नाचै आपि बजावै तूरा ॥

ਕਹਤ ਨਾਮਦੇਉ ਤੂੰ ਮੇਰੋ ਠਾਕੁਰੁ ਜਨੁ ਊਰਾ ਤੂ ਪੂਰਾ ॥੨॥੨॥ (1252-17)
कहत नामदेउ तूं मेरो ठाकुरु जनु ऊरा तू पूरा ॥२॥२॥

ਦਾਸ ਅਨਿੰਨ ਮੇਰੋ ਨਿਜ ਰੂਪ ॥ (1252-17)
दास अनिंन मेरो निज रूप ॥

ਦਰਸਨ ਨਿਮਖ ਤਾਪ ਤ੍ਰਈ ਮੋਚਨ ਪਰਸਤ ਮੁਕਤਿ ਕਰਤ ਗ੍ਰਿਹ ਕੂਪ ॥੧॥ ਰਹਾਉ ॥ (1252-18)
दरसन निमख ताप त्रई मोचन परसत मुकति करत ग्रिह कूप ॥१॥ रहाउ ॥

ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥ (1252-18)
मेरी बांधी भगतु छडावै बांधै भगतु न छूटै मोहि ॥

ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥੧॥ (1253-1)
एक समै मो कउ गहि बांधै तउ फुनि मो पै जबाबु न होइ ॥१॥

ਮੈ ਗੁਨ ਬੰਧ ਸਗਲ ਕੀ ਜੀਵਨਿ ਮੇਰੀ ਜੀਵਨਿ ਮੇਰੇ ਦਾਸ ॥ (1253-2)
मै गुन बंध सगल की जीवनि मेरी जीवनि मेरे दास ॥

ਨਾਮਦੇਵ ਜਾ ਕੇ ਜੀਅ ਐਸੀ ਤੈਸੋ ਤਾ ਕੈ ਪ੍ਰੇਮ ਪ੍ਰਗਾਸ ॥੨॥੩॥ (1253-2)
नामदेव जा के जीअ ऐसी तैसो ता कै प्रेम प्रगास ॥२॥३॥

ਸਾਰੰਗ ॥ (1253-4)
सारंग ॥

ੴ ਸਤਿਗੁਰ ਪ੍ਰਸਾਦਿ ॥ (1253-4)
ੴ सतिगुर प्रसादि ॥

ਤੈ ਨਰ ਕਿਆ ਪੁਰਾਨੁ ਸੁਨਿ ਕੀਨਾ ॥ (1253-5)
तै नर किआ पुरानु सुनि कीना ॥

ਅਨਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ ॥੧॥ ਰਹਾਉ ॥ (1253-5)
अनपावनी भगति नही उपजी भूखै दानु न दीना ॥१॥ रहाउ ॥

ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ ॥ (1253-6)
कामु न बिसरिओ क्रोधु न बिसरिओ लोभु न छूटिओ देवा ॥

ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ ॥੧॥ (1253-6)
पर निंदा मुख ते नही छूटी निफल भई सभ सेवा ॥१॥

ਬਾਟ ਪਾਰਿ ਘਰੁ ਮੂਸਿ ਬਿਰਾਨੋ ਪੇਟੁ ਭਰੈ ਅਪ੍ਰਾਧੀ ॥ (1253-7)
बाट पारि घरु मूसि बिरानो पेटु भरै अप्राधी ॥

ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ ॥੨॥ (1253-7)
जिहि परलोक जाइ अपकीरति सोई अबिदिआ साधी ॥२॥

ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ ॥ (1253-8)
हिंसा तउ मन ते नही छूटी जीअ दइआ नही पाली ॥

ਪਰਮਾਨੰਦ ਸਾਧਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ ॥੩॥੧॥੬॥ (1253-8)
परमानंद साधसंगति मिलि कथा पुनीत न चाली ॥३॥१॥६॥

ਛਾਡਿ ਮਨ ਹਰਿ ਬਿਮੁਖਨ ਕੋ ਸੰਗੁ ॥ (1253-10)
छाडि मन हरि बिमुखन को संगु ॥

ਸਾਰੰਗ ਮਹਲਾ ੫ ਸੂਰਦਾਸ ॥ (1253-11)
सारंग महला ५ सूरदास ॥

ੴ ਸਤਿਗੁਰ ਪ੍ਰਸਾਦਿ ॥ (1253-11)
ੴ सतिगुर प्रसादि ॥

ਹਰਿ ਕੇ ਸੰਗ ਬਸੇ ਹਰਿ ਲੋਕ ॥ (1253-12)
हरि के संग बसे हरि लोक ॥

ਤਨੁ ਮਨੁ ਅਰਪਿ ਸਰਬਸੁ ਸਭੁ ਅਰਪਿਓ ਅਨਦ ਸਹਜ ਧੁਨਿ ਝੋਕ ॥੧॥ ਰਹਾਉ ॥ (1253-12)
तनु मनु अरपि सरबसु सभु अरपिओ अनद सहज धुनि झोक ॥१॥ रहाउ ॥

ਦਰਸਨੁ ਪੇਖਿ ਭਏ ਨਿਰਬਿਖਈ ਪਾਏ ਹੈ ਸਗਲੇ ਥੋਕ ॥ (1253-13)
दरसनु पेखि भए निरबिखई पाए है सगले थोक ॥

ਆਨ ਬਸਤੁ ਸਿਉ ਕਾਜੁ ਨ ਕਛੂਐ ਸੁੰਦਰ ਬਦਨ ਅਲੋਕ ॥੧॥ (1253-13)
आन बसतु सिउ काजु न कछूऐ सुंदर बदन अलोक ॥१॥

ਸਿਆਮ ਸੁੰਦਰ ਤਜਿ ਆਨ ਜੁ ਚਾਹਤ ਜਿਉ ਕੁਸਟੀ ਤਨਿ ਜੋਕ ॥ (1253-14)
सिआम सुंदर तजि आन जु चाहत जिउ कुसटी तनि जोक ॥

ਸੂਰਦਾਸ ਮਨੁ ਪ੍ਰਭਿ ਹਥਿ ਲੀਨੋ ਦੀਨੋ ਇਹੁ ਪਰਲੋਕ ॥੨॥੧॥੮॥ (1253-14)
सूरदास मनु प्रभि हथि लीनो दीनो इहु परलोक ॥२॥१॥८॥

ਸਾਰੰਗ ਕਬੀਰ ਜੀਉ ॥ (1253-16)
सारंग कबीर जीउ ॥

ੴ ਸਤਿਗੁਰ ਪ੍ਰਸਾਦਿ ॥ (1253-16)
ੴ सतिगुर प्रसादि ॥

ਹਰਿ ਬਿਨੁ ਕਉਨੁ ਸਹਾਈ ਮਨ ਕਾ ॥ (1253-16)
हरि बिनु कउनु सहाई मन का ॥

ਮਾਤ ਪਿਤਾ ਭਾਈ ਸੁਤ ਬਨਿਤਾ ਹਿਤੁ ਲਾਗੋ ਸਭ ਫਨ ਕਾ ॥੧॥ ਰਹਾਉ ॥ (1253-17)
मात पिता भाई सुत बनिता हितु लागो सभ फन का ॥१॥ रहाउ ॥

ਆਗੇ ਕਉ ਕਿਛੁ ਤੁਲਹਾ ਬਾਂਧਹੁ ਕਿਆ ਭਰਵਾਸਾ ਧਨ ਕਾ ॥ (1253-17)
आगे कउ किछु तुलहा बांधहु किआ भरवासा धन का ॥

ਕਹਾ ਬਿਸਾਸਾ ਇਸ ਭਾਂਡੇ ਕਾ ਇਤਨਕੁ ਲਾਗੈ ਠਨਕਾ ॥੧॥ (1253-18)
कहा बिसासा इस भांडे का इतनकु लागै ठनका ॥१॥

ਸਗਲ ਧਰਮ ਪੁੰਨ ਫਲ ਪਾਵਹੁ ਧੂਰਿ ਬਾਂਛਹੁ ਸਭ ਜਨ ਕਾ ॥ (1253-18)
सगल धरम पुंन फल पावहु धूरि बांछहु सभ जन का ॥

ਕਹੈ ਕਬੀਰੁ ਸੁਨਹੁ ਰੇ ਸੰਤਹੁ ਇਹੁ ਮਨੁ ਉਡਨ ਪੰਖੇਰੂ ਬਨ ਕਾ ॥੨॥੧॥੯॥ (1253-19)
कहै कबीरु सुनहु रे संतहु इहु मनु उडन पंखेरू बन का ॥२॥१॥९॥

ਰਾਗੁ ਮਲਾਰ ਚਉਪਦੇ ਮਹਲਾ ੧ ਘਰੁ ੧ (1254-1)
रागु मलार चउपदे महला १ घरु १

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥
(1254-2)
ੴ सति नामु करता पुरखु निरभउ निरवैरु अकाल मूरति अजूनी सैभं गुर प्रसादि ॥

ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ ॥ (1254-4)
खाणा पीणा हसणा सउणा विसरि गइआ है मरणा ॥

ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀ ਰਹਣਾ ॥੧॥ (1254-4)
खसमु विसारि खुआरी कीनी ध्रिगु जीवणु नही रहणा ॥१॥

ਪ੍ਰਾਣੀ ਏਕੋ ਨਾਮੁ ਧਿਆਵਹੁ ॥ (1254-5)
प्राणी एको नामु धिआवहु ॥

ਅਪਨੀ ਪਤਿ ਸੇਤੀ ਘਰਿ ਜਾਵਹੁ ॥੧॥ ਰਹਾਉ ॥ (1254-5)
अपनी पति सेती घरि जावहु ॥१॥ रहाउ ॥

ਤੁਧਨੋ ਸੇਵਹਿ ਤੁਝੁ ਕਿਆ ਦੇਵਹਿ ਮਾਂਗਹਿ ਲੇਵਹਿ ਰਹਹਿ ਨਹੀ ॥ (1254-5)
तुधनो सेवहि तुझु किआ देवहि मांगहि लेवहि रहहि नही ॥

ਤੂ ਦਾਤਾ ਜੀਆ ਸਭਨਾ ਕਾ ਜੀਆ ਅੰਦਰਿ ਜੀਉ ਤੁਹੀ ॥੨॥ (1254-6)
तू दाता जीआ सभना का जीआ अंदरि जीउ तुही ॥२॥

ਗੁਰਮੁਖਿ ਧਿਆਵਹਿ ਸਿ ਅੰਮ੍ਰਿਤੁ ਪਾਵਹਿ ਸੇਈ ਸੂਚੇ ਹੋਹੀ ॥ (1254-7)
गुरमुखि धिआवहि सि अमृतु पावहि सेई सूचे होही ॥

ਅਹਿਨਿਸਿ ਨਾਮੁ ਜਪਹੁ ਰੇ ਪ੍ਰਾਣੀ ਮੈਲੇ ਹਛੇ ਹੋਹੀ ॥੩॥ (1254-7)
अहिनिसि नामु जपहु रे प्राणी मैले हछे होही ॥३॥

ਜੇਹੀ ਰੁਤਿ ਕਾਇਆ ਸੁਖੁ ਤੇਹਾ ਤੇਹੋ ਜੇਹੀ ਦੇਹੀ ॥ (1254-8)
जेही रुति काइआ सुखु तेहा तेहो जेही देही ॥

ਨਾਨਕ ਰੁਤਿ ਸੁਹਾਵੀ ਸਾਈ ਬਿਨੁ ਨਾਵੈ ਰੁਤਿ ਕੇਹੀ ॥੪॥੧॥ (1254-8)
नानक रुति सुहावी साई बिनु नावै रुति केही ॥४॥१॥

ਮਲਾਰ ਮਹਲਾ ੧ ॥ (1254-9)
मलार महला १ ॥

ਕਰਉ ਬਿਨਉ ਗੁਰ ਅਪਨੇ ਪ੍ਰੀਤਮ ਹਰਿ ਵਰੁ ਆਣਿ ਮਿਲਾਵੈ ॥ (1254-9)
करउ बिनउ गुर अपने प्रीतम हरि वरु आणि मिलावै ॥

ਸੁਣਿ ਘਨ ਘੋਰ ਸੀਤਲੁ ਮਨੁ ਮੋਰਾ ਲਾਲ ਰਤੀ ਗੁਣ ਗਾਵੈ ॥੧॥ (1254-9)
सुणि घन घोर सीतलु मनु मोरा लाल रती गुण गावै ॥१॥

ਬਰਸੁ ਘਨਾ ਮੇਰਾ ਮਨੁ ਭੀਨਾ ॥ (1254-10)
बरसु घना मेरा मनु भीना ॥

ਅੰਮ੍ਰਿਤ ਬੂੰਦ ਸੁਹਾਨੀ ਹੀਅਰੈ ਗੁਰਿ ਮੋਹੀ ਮਨੁ ਹਰਿ ਰਸਿ ਲੀਨਾ ॥੧॥ ਰਹਾਉ ॥ (1254-10)
अमृत बूंद सुहानी हीअरै गुरि मोही मनु हरि रसि लीना ॥१॥ रहाउ ॥

ਸਹਜਿ ਸੁਖੀ ਵਰ ਕਾਮਣਿ ਪਿਆਰੀ ਜਿਸੁ ਗੁਰ ਬਚਨੀ ਮਨੁ ਮਾਨਿਆ ॥ (1254-11)
सहजि सुखी वर कामणि पिआरी जिसु गुर बचनी मनु मानिआ ॥

ਹਰਿ ਵਰਿ ਨਾਰਿ ਭਈ ਸੋਹਾਗਣਿ ਮਨਿ ਤਨਿ ਪ੍ਰੇਮੁ ਸੁਖਾਨਿਆ ॥੨॥ (1254-12)
हरि वरि नारि भई सोहागणि मनि तनि प्रेमु सुखानिआ ॥२॥

ਅਵਗਣ ਤਿਆਗਿ ਭਈ ਬੈਰਾਗਨਿ ਅਸਥਿਰੁ ਵਰੁ ਸੋਹਾਗੁ ਹਰੀ ॥ (1254-12)
अवगण तिआगि भई बैरागनि असथिरु वरु सोहागु हरी ॥

ਸੋਗੁ ਵਿਜੋਗੁ ਤਿਸੁ ਕਦੇ ਨ ਵਿਆਪੈ ਹਰਿ ਪ੍ਰਭਿ ਅਪਣੀ ਕਿਰਪਾ ਕਰੀ ॥੩॥ (1254-13)
सोगु विजोगु तिसु कदे न विआपै हरि प्रभि अपणी किरपा करी ॥३॥

ਆਵਣ ਜਾਣੁ ਨਹੀ ਮਨੁ ਨਿਹਚਲੁ ਪੂਰੇ ਗੁਰ ਕੀ ਓਟ ਗਹੀ ॥ (1254-14)
आवण जाणु नही मनु निहचलु पूरे गुर की ओट गही ॥

ਨਾਨਕ ਰਾਮ ਨਾਮੁ ਜਪਿ ਗੁਰਮੁਖਿ ਧਨੁ ਸੋਹਾਗਣਿ ਸਚੁ ਸਹੀ ॥੪॥੨॥ (1254-14)
नानक राम नामु जपि गुरमुखि धनु सोहागणि सचु सही ॥४॥२॥

ਮਲਾਰ ਮਹਲਾ ੧ ॥ (1254-15)
मलार महला १ ॥

ਸਾਚੀ ਸੁਰਤਿ ਨਾਮਿ ਨਹੀ ਤ੍ਰਿਪਤੇ ਹਉਮੈ ਕਰਤ ਗਵਾਇਆ ॥ (1254-15)
साची सुरति नामि नही त्रिपते हउमै करत गवाइआ ॥

ਪਰ ਧਨ ਪਰ ਨਾਰੀ ਰਤੁ ਨਿੰਦਾ ਬਿਖੁ ਖਾਈ ਦੁਖੁ ਪਾਇਆ ॥ (1255-1)
पर धन पर नारी रतु निंदा बिखु खाई दुखु पाइआ ॥

ਸਬਦੁ ਚੀਨਿ ਭੈ ਕਪਟ ਨ ਛੂਟੇ ਮਨਿ ਮੁਖਿ ਮਾਇਆ ਮਾਇਆ ॥ (1255-1)
सबदु चीनि भै कपट न छूटे मनि मुखि माइआ माइआ ॥

ਅਜਗਰਿ ਭਾਰਿ ਲਦੇ ਅਤਿ ਭਾਰੀ ਮਰਿ ਜਨਮੇ ਜਨਮੁ ਗਵਾਇਆ ॥੧॥ (1255-2)
अजगरि भारि लदे अति भारी मरि जनमे जनमु गवाइआ ॥१॥

ਮਨਿ ਭਾਵੈ ਸਬਦੁ ਸੁਹਾਇਆ ॥ (1255-2)
मनि भावै सबदु सुहाइआ ॥

ਭ੍ਰਮਿ ਭ੍ਰਮਿ ਜੋਨਿ ਭੇਖ ਬਹੁ ਕੀਨ੍ਹ੍ਹੇ ਗੁਰਿ ਰਾਖੇ ਸਚੁ ਪਾਇਆ ॥੧॥ ਰਹਾਉ ॥ (1255-3)
भ्रमि भ्रमि जोनि भेख बहु कीन्हे गुरि राखे सचु पाइआ ॥१॥ रहाउ ॥

ਤੀਰਥਿ ਤੇਜੁ ਨਿਵਾਰਿ ਨ ਨ੍ਹ੍ਹਾਤੇ ਹਰਿ ਕਾ ਨਾਮੁ ਨ ਭਾਇਆ ॥ (1255-3)
तीरथि तेजु निवारि न न्हाते हरि का नामु न भाइआ ॥

ਰਤਨ ਪਦਾਰਥੁ ਪਰਹਰਿ ਤਿਆਗਿਆ ਜਤ ਕੋ ਤਤ ਹੀ ਆਇਆ ॥ (1255-4)
रतन पदारथु परहरि तिआगिआ जत को तत ही आइआ ॥

ਬਿਸਟਾ ਕੀਟ ਭਏ ਉਤ ਹੀ ਤੇ ਉਤ ਹੀ ਮਾਹਿ ਸਮਾਇਆ ॥ (1255-5)
बिसटा कीट भए उत ही ते उत ही माहि समाइआ ॥

ਅਧਿਕ ਸੁਆਦ ਰੋਗ ਅਧਿਕਾਈ ਬਿਨੁ ਗੁਰ ਸਹਜੁ ਨ ਪਾਇਆ ॥੨॥ (1255-5)
अधिक सुआद रोग अधिकाई बिनु गुर सहजु न पाइआ ॥२॥

ਸੇਵਾ ਸੁਰਤਿ ਰਹਸਿ ਗੁਣ ਗਾਵਾ ਗੁਰਮੁਖਿ ਗਿਆਨੁ ਬੀਚਾਰਾ ॥ (1255-6)
सेवा सुरति रहसि गुण गावा गुरमुखि गिआनु बीचारा ॥

ਖੋਜੀ ਉਪਜੈ ਬਾਦੀ ਬਿਨਸੈ ਹਉ ਬਲਿ ਬਲਿ ਗੁਰ ਕਰਤਾਰਾ ॥ (1255-6)
खोजी उपजै बादी बिनसै हउ बलि बलि गुर करतारा ॥

ਹਮ ਨੀਚ ਹੋਤੇ ਹੀਣਮਤਿ ਝੂਠੇ ਤੂ ਸਬਦਿ ਸਵਾਰਣਹਾਰਾ ॥ (1255-7)
हम नीच होते हीणमति झूठे तू सबदि सवारणहारा ॥

ਆਤਮ ਚੀਨਿ ਤਹਾ ਤੂ ਤਾਰਣ ਸਚੁ ਤਾਰੇ ਤਾਰਣਹਾਰਾ ॥੩॥ (1255-7)
आतम चीनि तहा तू तारण सचु तारे तारणहारा ॥३॥

ਬੈਸਿ ਸੁਥਾਨਿ ਕਹਾਂ ਗੁਣ ਤੇਰੇ ਕਿਆ ਕਿਆ ਕਥਉ ਅਪਾਰਾ ॥ (1255-8)
बैसि सुथानि कहां गुण तेरे किआ किआ कथउ अपारा ॥

ਅਲਖੁ ਨ ਲਖੀਐ ਅਗਮੁ ਅਜੋਨੀ ਤੂੰ ਨਾਥਾਂ ਨਾਥਣਹਾਰਾ ॥ (1255-8)
अलखु न लखीऐ अगमु अजोनी तूं नाथां नाथणहारा ॥

ਕਿਸੁ ਪਹਿ ਦੇਖਿ ਕਹਉ ਤੂ ਕੈਸਾ ਸਭਿ ਜਾਚਕ ਤੂ ਦਾਤਾਰਾ ॥ (1255-9)
किसु पहि देखि कहउ तू कैसा सभि जाचक तू दातारा ॥

ਭਗਤਿਹੀਣੁ ਨਾਨਕੁ ਦਰਿ ਦੇਖਹੁ ਇਕੁ ਨਾਮੁ ਮਿਲੈ ਉਰਿ ਧਾਰਾ ॥੪॥੩॥ (1255-10)
भगतिहीणु नानकु दरि देखहु इकु नामु मिलै उरि धारा ॥४॥३॥

ਮਲਾਰ ਮਹਲਾ ੧ ॥ (1255-10)
मलार महला १ ॥

ਜਿਨਿ ਧਨ ਪਿਰ ਕਾ ਸਾਦੁ ਨ ਜਾਨਿਆ ਸਾ ਬਿਲਖ ਬਦਨ ਕੁਮਲਾਨੀ ॥ (1255-10)
जिनि धन पिर का सादु न जानिआ सा बिलख बदन कुमलानी ॥

ਭਈ ਨਿਰਾਸੀ ਕਰਮ ਕੀ ਫਾਸੀ ਬਿਨੁ ਗੁਰ ਭਰਮਿ ਭੁਲਾਨੀ ॥੧॥ (1255-11)
भई निरासी करम की फासी बिनु गुर भरमि भुलानी ॥१॥

ਬਰਸੁ ਘਨਾ ਮੇਰਾ ਪਿਰੁ ਘਰਿ ਆਇਆ ॥ (1255-12)
बरसु घना मेरा पिरु घरि आइआ ॥

ਬਲਿ ਜਾਵਾਂ ਗੁਰ ਅਪਨੇ ਪ੍ਰੀਤਮ ਜਿਨਿ ਹਰਿ ਪ੍ਰਭੁ ਆਣਿ ਮਿਲਾਇਆ ॥੧॥ ਰਹਾਉ ॥ (1255-12)
बलि जावां गुर अपने प्रीतम जिनि हरि प्रभु आणि मिलाइआ ॥१॥ रहाउ ॥

ਨਉਤਨ ਪ੍ਰੀਤਿ ਸਦਾ ਠਾਕੁਰ ਸਿਉ ਅਨਦਿਨੁ ਭਗਤਿ ਸੁਹਾਵੀ ॥ (1255-13)
नउतन प्रीति सदा ठाकुर सिउ अनदिनु भगति सुहावी ॥

ਮੁਕਤਿ ਭਏ ਗੁਰਿ ਦਰਸੁ ਦਿਖਾਇਆ ਜੁਗਿ ਜੁਗਿ ਭਗਤਿ ਸੁਭਾਵੀ ॥੨॥ (1255-13)
मुकति भए गुरि दरसु दिखाइआ जुगि जुगि भगति सुभावी ॥२॥

ਹਮ ਥਾਰੇ ਤ੍ਰਿਭਵਣ ਜਗੁ ਤੁਮਰਾ ਤੂ ਮੇਰਾ ਹਉ ਤੇਰਾ ॥ (1255-14)
हम थारे त्रिभवण जगु तुमरा तू मेरा हउ तेरा ॥

ਸਤਿਗੁਰਿ ਮਿਲਿਐ ਨਿਰੰਜਨੁ ਪਾਇਆ ਬਹੁਰਿ ਨ ਭਵਜਲਿ ਫੇਰਾ ॥੩॥ (1255-15)
सतिगुरि मिलिऐ निरंजनु पाइआ बहुरि न भवजलि फेरा ॥३॥

ਅਪੁਨੇ ਪਿਰ ਹਰਿ ਦੇਖਿ ਵਿਗਾਸੀ ਤਉ ਧਨ ਸਾਚੁ ਸੀਗਾਰੋ ॥ (1255-15)
अपुने पिर हरि देखि विगासी तउ धन साचु सीगारो ॥

ਅਕੁਲ ਨਿਰੰਜਨ ਸਿਉ ਸਚਿ ਸਾਚੀ ਗੁਰਮਤਿ ਨਾਮੁ ਅਧਾਰੋ ॥੪॥ (1255-16)
अकुल निरंजन सिउ सचि साची गुरमति नामु अधारो ॥४॥

ਮੁਕਤਿ ਭਈ ਬੰਧਨ ਗੁਰਿ ਖੋਲ੍ਹੇ ਸਬਦਿ ਸੁਰਤਿ ਪਤਿ ਪਾਈ ॥ (1255-16)
मुकति भई बंधन गुरि खोल्हे सबदि सुरति पति पाई ॥

ਨਾਨਕ ਰਾਮ ਨਾਮੁ ਰਿਦ ਅੰਤਰਿ ਗੁਰਮੁਖਿ ਮੇਲਿ ਮਿਲਾਈ ॥੫॥੪॥ (1255-17)
नानक राम नामु रिद अंतरि गुरमुखि मेलि मिलाई ॥५॥४॥

ਮਹਲਾ ੧ ਮਲਾਰ ॥ (1255-18)
महला १ मलार ॥

ਪਰ ਦਾਰਾ ਪਰ ਧਨੁ ਪਰ ਲੋਭਾ ਹਉਮੈ ਬਿਖੈ ਬਿਕਾਰ ॥ (1255-18)
पर दारा पर धनु पर लोभा हउमै बिखै बिकार ॥

ਦੁਸਟ ਭਾਉ ਤਜਿ ਨਿੰਦ ਪਰਾਈ ਕਾਮੁ ਕ੍ਰੋਧੁ ਚੰਡਾਰ ॥੧॥ (1255-18)
दुसट भाउ तजि निंद पराई कामु क्रोधु चंडार ॥१॥

ਮਹਲ ਮਹਿ ਬੈਠੇ ਅਗਮ ਅਪਾਰ ॥ (1255-19)
महल महि बैठे अगम अपार ॥

ਭੀਤਰਿ ਅੰਮ੍ਰਿਤੁ ਸੋਈ ਜਨੁ ਪਾਵੈ ਜਿਸੁ ਗੁਰ ਕਾ ਸਬਦੁ ਰਤਨੁ ਆਚਾਰ ॥੧॥ ਰਹਾਉ ॥ (1255-19)
भीतरि अमृतु सोई जनु पावै जिसु गुर का सबदु रतनु आचार ॥१॥ रहाउ ॥

ਦੁਖ ਸੁਖ ਦੋਊ ਸਮ ਕਰਿ ਜਾਨੈ ਬੁਰਾ ਭਲਾ ਸੰਸਾਰ ॥ (1256-1)
दुख सुख दोऊ सम करि जानै बुरा भला संसार ॥

ਸੁਧਿ ਬੁਧਿ ਸੁਰਤਿ ਨਾਮਿ ਹਰਿ ਪਾਈਐ ਸਤਸੰਗਤਿ ਗੁਰ ਪਿਆਰ ॥੨॥ (1256-1)
सुधि बुधि सुरति नामि हरि पाईऐ सतसंगति गुर पिआर ॥२॥

ਅਹਿਨਿਸਿ ਲਾਹਾ ਹਰਿ ਨਾਮੁ ਪਰਾਪਤਿ ਗੁਰੁ ਦਾਤਾ ਦੇਵਣਹਾਰੁ ॥ (1256-2)
अहिनिसि लाहा हरि नामु परापति गुरु दाता देवणहारु ॥

ਗੁਰਮੁਖਿ ਸਿਖ ਸੋਈ ਜਨੁ ਪਾਏ ਜਿਸ ਨੋ ਨਦਰਿ ਕਰੇ ਕਰਤਾਰੁ ॥੩॥ (1256-3)
गुरमुखि सिख सोई जनु पाए जिस नो नदरि करे करतारु ॥३॥

ਕਾਇਆ ਮਹਲੁ ਮੰਦਰੁ ਘਰੁ ਹਰਿ ਕਾ ਤਿਸੁ ਮਹਿ ਰਾਖੀ ਜੋਤਿ ਅਪਾਰ ॥ (1256-3)
काइआ महलु मंदरु घरु हरि का तिसु महि राखी जोति अपार ॥

ਨਾਨਕ ਗੁਰਮੁਖਿ ਮਹਲਿ ਬੁਲਾਈਐ ਹਰਿ ਮੇਲੇ ਮੇਲਣਹਾਰ ॥੪॥੫॥ (1256-4)
नानक गुरमुखि महलि बुलाईऐ हरि मेले मेलणहार ॥४॥५॥

ਮਲਾਰ ਮਹਲਾ ੧ ਘਰੁ ੨ (1256-6)
मलार महला १ घरु २

ੴ ਸਤਿਗੁਰ ਪ੍ਰਸਾਦਿ ॥ (1256-6)
ੴ सतिगुर प्रसादि ॥

ਪਵਣੈ ਪਾਣੀ ਜਾਣੈ ਜਾਤਿ ॥ (1256-7)
पवणै पाणी जाणै जाति ॥

ਕਾਇਆਂ ਅਗਨਿ ਕਰੇ ਨਿਭਰਾਂਤਿ ॥ (1256-7)
काइआं अगनि करे निभरांति ॥

ਜੰਮਹਿ ਜੀਅ ਜਾਣੈ ਜੇ ਥਾਉ ॥ (1256-7)
जंमहि जीअ जाणै जे थाउ ॥

ਸੁਰਤਾ ਪੰਡਿਤੁ ਤਾ ਕਾ ਨਾਉ ॥੧॥ (1256-7)
सुरता पंडितु ता का नाउ ॥१॥

ਗੁਣ ਗੋਬਿੰਦ ਨ ਜਾਣੀਅਹਿ ਮਾਇ ॥ (1256-8)
गुण गोबिंद न जाणीअहि माइ ॥

ਅਣਡੀਠਾ ਕਿਛੁ ਕਹਣੁ ਨ ਜਾਇ ॥ (1256-8)
अणडीठा किछु कहणु न जाइ ॥

ਕਿਆ ਕਰਿ ਆਖਿ ਵਖਾਣੀਐ ਮਾਇ ॥੧॥ ਰਹਾਉ ॥ (1256-8)
किआ करि आखि वखाणीऐ माइ ॥१॥ रहाउ ॥

ਊਪਰਿ ਦਰਿ ਅਸਮਾਨਿ ਪਇਆਲਿ ॥ (1256-9)
ऊपरि दरि असमानि पइआलि ॥

ਕਿਉ ਕਰਿ ਕਹੀਐ ਦੇਹੁ ਵੀਚਾਰਿ ॥ (1256-9)
किउ करि कहीऐ देहु वीचारि ॥

ਬਿਨੁ ਜਿਹਵਾ ਜੋ ਜਪੈ ਹਿਆਇ ॥ (1256-10)
बिनु जिहवा जो जपै हिआइ ॥

ਕੋਈ ਜਾਣੈ ਕੈਸਾ ਨਾਉ ॥੨॥ (1256-10)
कोई जाणै कैसा नाउ ॥२॥

ਕਥਨੀ ਬਦਨੀ ਰਹੈ ਨਿਭਰਾਂਤਿ ॥ (1256-10)
कथनी बदनी रहै निभरांति ॥

ਸੋ ਬੂਝੈ ਹੋਵੈ ਜਿਸੁ ਦਾਤਿ ॥ (1256-11)
सो बूझै होवै जिसु दाति ॥

ਅਹਿਨਿਸਿ ਅੰਤਰਿ ਰਹੈ ਲਿਵ ਲਾਇ ॥ (1256-11)
अहिनिसि अंतरि रहै लिव लाइ ॥

ਸੋਈ ਪੁਰਖੁ ਜਿ ਸਚਿ ਸਮਾਇ ॥੩॥ (1256-11)
सोई पुरखु जि सचि समाइ ॥३॥

ਜਾਤਿ ਕੁਲੀਨੁ ਸੇਵਕੁ ਜੇ ਹੋਇ ॥ (1256-11)
जाति कुलीनु सेवकु जे होइ ॥

ਤਾ ਕਾ ਕਹਣਾ ਕਹਹੁ ਨ ਕੋਇ ॥ (1256-12)
ता का कहणा कहहु न कोइ ॥

ਵਿਚਿ ਸਨਾਤੀ ਸੇਵਕੁ ਹੋਇ ॥ (1256-12)
विचि सनाती� सेवकु होइ ॥

ਨਾਨਕ ਪਣ੍ਹੀਆ ਪਹਿਰੈ ਸੋਇ ॥੪॥੧॥੬॥ (1256-12)
नानक पण्हीआ पहिरै सोइ ॥४॥१॥६॥

ਮਲਾਰ ਮਹਲਾ ੧ ॥ (1256-13)
मलार महला १ ॥

ਦੁਖੁ ਵੇਛੋੜਾ ਇਕੁ ਦੁਖੁ ਭੂਖ ॥ (1256-13)
दुखु वेछोड़ा इकु दुखु भूख ॥

ਇਕੁ ਦੁਖੁ ਸਕਤਵਾਰ ਜਮਦੂਤ ॥ (1256-13)
इकु दुखु सकतवार जमदूत ॥

ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥ (1256-14)
इकु दुखु रोगु लगै तनि धाइ ॥

ਵੈਦ ਨ ਭੋਲੇ ਦਾਰੂ ਲਾਇ ॥੧॥ (1256-14)
वैद न भोले दारू लाइ ॥१॥

ਵੈਦ ਨ ਭੋਲੇ ਦਾਰੂ ਲਾਇ ॥ (1256-14)
वैद न भोले दारू लाइ ॥

ਦਰਦੁ ਹੋਵੈ ਦੁਖੁ ਰਹੈ ਸਰੀਰ ॥ (1256-14)
दरदु होवै दुखु रहै सरीर ॥

ਐਸਾ ਦਾਰੂ ਲਗੈ ਨ ਬੀਰ ॥੧॥ ਰਹਾਉ ॥ (1256-15)
ऐसा दारू लगै न बीर ॥१॥ रहाउ ॥

ਖਸਮੁ ਵਿਸਾਰਿ ਕੀਏ ਰਸ ਭੋਗ ॥ (1256-15)
खसमु विसारि कीए रस भोग ॥

ਤਾਂ ਤਨਿ ਉਠਿ ਖਲੋਏ ਰੋਗ ॥ (1256-15)
तां तनि उठि खलोए रोग ॥

ਮਨ ਅੰਧੇ ਕਉ ਮਿਲੈ ਸਜਾਇ ॥ (1256-16)
मन अंधे कउ मिलै सजाइ ॥

ਵੈਦ ਨ ਭੋਲੇ ਦਾਰੂ ਲਾਇ ॥੨॥ (1256-16)
वैद न भोले दारू लाइ ॥२॥

ਚੰਦਨ ਕਾ ਫਲੁ ਚੰਦਨ ਵਾਸੁ ॥ (1256-16)
चंदन का फलु चंदन वासु ॥

ਮਾਣਸ ਕਾ ਫਲੁ ਘਟ ਮਹਿ ਸਾਸੁ ॥ (1256-17)
माणस का फलु घट महि सासु ॥

ਸਾਸਿ ਗਇਐ ਕਾਇਆ ਢਲਿ ਪਾਇ ॥ (1256-17)
सासि गइऐ काइआ ढलि पाइ ॥

ਤਾ ਕੈ ਪਾਛੈ ਕੋਇ ਨ ਖਾਇ ॥੩॥ (1256-17)
ता कै पाछै कोइ न खाइ ॥३॥

ਕੰਚਨ ਕਾਇਆ ਨਿਰਮਲ ਹੰਸੁ ॥ (1256-18)
कंचन काइआ निरमल हंसु ॥

ਜਿਸੁ ਮਹਿ ਨਾਮੁ ਨਿਰੰਜਨ ਅੰਸੁ ॥ (1256-18)
जिसु महि नामु निरंजन अंसु ॥

ਦੂਖ ਰੋਗ ਸਭਿ ਗਇਆ ਗਵਾਇ ॥ (1256-18)
दूख रोग सभि गइआ गवाइ ॥

ਨਾਨਕ ਛੂਟਸਿ ਸਾਚੈ ਨਾਇ ॥੪॥੨॥੭॥ (1256-19)
नानक छूटसि साचै नाइ ॥४॥२॥७॥

ਮਲਾਰ ਮਹਲਾ ੧ ॥ (1256-19)
मलार महला १ ॥

ਦੁਖ ਮਹੁਰਾ ਮਾਰਣ ਹਰਿ ਨਾਮੁ ॥ (1256-19)
दुख महुरा मारण हरि नामु ॥

ਸਿਲਾ ਸੰਤੋਖ ਪੀਸਣੁ ਹਥਿ ਦਾਨੁ ॥ (1256-19)
सिला संतोख पीसणु हथि दानु ॥

ਨਿਤ ਨਿਤ ਲੇਹੁ ਨ ਛੀਜੈ ਦੇਹ ॥ (1257-1)
नित नित लेहु न छीजै देह ॥

ਅੰਤ ਕਾਲਿ ਜਮੁ ਮਾਰੈ ਠੇਹ ॥੧॥ (1257-1)
अंत कालि जमु मारै ठेह ॥१॥

ਐਸਾ ਦਾਰੂ ਖਾਹਿ ਗਵਾਰ ॥ (1257-1)
ऐसा दारू खाहि गवार ॥

ਜਿਤੁ ਖਾਧੈ ਤੇਰੇ ਜਾਹਿ ਵਿਕਾਰ ॥੧॥ ਰਹਾਉ ॥ (1257-2)
जितु खाधै तेरे जाहि विकार ॥१॥ रहाउ ॥

ਰਾਜੁ ਮਾਲੁ ਜੋਬਨੁ ਸਭੁ ਛਾਂਵ ॥ (1257-2)
राजु मालु जोबनु सभु छांव ॥

ਰਥਿ ਫਿਰੰਦੈ ਦੀਸਹਿ ਥਾਵ ॥ (1257-2)
रथि फिरंदै दीसहि थाव ॥

ਦੇਹ ਨ ਨਾਉ ਨ ਹੋਵੈ ਜਾਤਿ ॥ (1257-3)
देह न नाउ न होवै जाति ॥

ਓਥੈ ਦਿਹੁ ਐਥੈ ਸਭ ਰਾਤਿ ॥੨॥ (1257-3)
ओथै दिहु ऐथै सभ राति ॥२॥

ਸਾਦ ਕਰਿ ਸਮਧਾਂ ਤ੍ਰਿਸਨਾ ਘਿਉ ਤੇਲੁ ॥ (1257-3)
साद करि समधां त्रिसना घिउ तेलु ॥

ਕਾਮੁ ਕ੍ਰੋਧੁ ਅਗਨੀ ਸਿਉ ਮੇਲੁ ॥ (1257-4)
कामु क्रोधु अगनी सिउ मेलु ॥

ਹੋਮ ਜਗ ਅਰੁ ਪਾਠ ਪੁਰਾਣ ॥ (1257-4)
होम जग अरु पाठ पुराण ॥

ਜੋ ਤਿਸੁ ਭਾਵੈ ਸੋ ਪਰਵਾਣ ॥੩॥ (1257-4)
जो तिसु भावै सो परवाण ॥३॥

ਤਪੁ ਕਾਗਦੁ ਤੇਰਾ ਨਾਮੁ ਨੀਸਾਨੁ ॥ (1257-5)
तपु कागदु तेरा नामु नीसानु ॥

ਜਿਨ ਕਉ ਲਿਖਿਆ ਏਹੁ ਨਿਧਾਨੁ ॥ (1257-5)
जिन कउ लिखिआ एहु निधानु ॥

ਸੇ ਧਨਵੰਤ ਦਿਸਹਿ ਘਰਿ ਜਾਇ ॥ (1257-5)
से धनवंत दिसहि घरि जाइ ॥

ਨਾਨਕ ਜਨਨੀ ਧੰਨੀ ਮਾਇ ॥੪॥੩॥੮॥ (1257-6)
नानक जननी धंनी माइ ॥४॥३॥८॥

ਮਲਾਰ ਮਹਲਾ ੧ ॥ (1257-6)
मलार महला १ ॥

ਬਾਗੇ ਕਾਪੜ ਬੋਲੈ ਬੈਣ ॥ (1257-6)
बागे कापड़ बोलै बैण ॥

ਲੰਮਾ ਨਕੁ ਕਾਲੇ ਤੇਰੇ ਨੈਣ ॥ (1257-6)
लंमा नकु काले तेरे नैण ॥

ਕਬਹੂੰ ਸਾਹਿਬੁ ਦੇਖਿਆ ਭੈਣ ॥੧॥ (1257-7)
कबहूं साहिबु देखिआ भैण ॥१॥

ਊਡਾਂ ਊਡਿ ਚੜਾਂ ਅਸਮਾਨਿ ॥ (1257-7)
ऊडां ऊडि चड़ां असमानि ॥

ਸਾਹਿਬ ਸੰਮ੍ਰਿਥ ਤੇਰੈ ਤਾਣਿ ॥ (1257-7)
साहिब संम्रिथ तेरै ताणि ॥

ਜਲਿ ਥਲਿ ਡੂੰਗਰਿ ਦੇਖਾਂ ਤੀਰ ॥ (1257-8)
जलि थलि डूंगरि देखां तीर ॥

ਥਾਨ ਥਨੰਤਰਿ ਸਾਹਿਬੁ ਬੀਰ ॥੨॥ (1257-8)
थान थनंतरि साहिबु बीर ॥२॥

ਜਿਨਿ ਤਨੁ ਸਾਜਿ ਦੀਏ ਨਾਲਿ ਖੰਭ ॥ (1257-8)
जिनि तनु साजि दीए नालि खम्भ ॥

ਅਤਿ ਤ੍ਰਿਸਨਾ ਉਡਣੈ ਕੀ ਡੰਝ ॥ (1257-9)
अति त्रिसना उडणै की डंझ ॥

ਨਦਰਿ ਕਰੇ ਤਾਂ ਬੰਧਾਂ ਧੀਰ ॥ (1257-9)
नदरि करे तां बंधां धीर ॥

ਜਿਉ ਵੇਖਾਲੇ ਤਿਉ ਵੇਖਾਂ ਬੀਰ ॥੩॥ (1257-9)
जिउ वेखाले तिउ वेखां बीर ॥३॥

ਨ ਇਹੁ ਤਨੁ ਜਾਇਗਾ ਨ ਜਾਹਿਗੇ ਖੰਭ ॥ (1257-9)
न इहु तनु जाइगा न जाहिगे खमभ ॥

ਪਉਣੈ ਪਾਣੀ ਅਗਨੀ ਕਾ ਸਨਬੰਧ ॥ (1257-10)
पउणै पाणी अगनी का सनबंध ॥

ਨਾਨਕ ਕਰਮੁ ਹੋਵੈ ਜਪੀਐ ਕਰਿ ਗੁਰੁ ਪੀਰੁ ॥ (1257-10)
नानक करमु होवै जपीऐ करि गुरु पीरु ॥

ਸਚਿ ਸਮਾਵੈ ਏਹੁ ਸਰੀਰੁ ॥੪॥੪॥੯॥ (1257-11)
सचि समावै एहु सरीरु ॥४॥४॥९॥

ਮਲਾਰ ਮਹਲਾ ੩ ਚਉਪਦੇ ਘਰੁ ੧ (1257-12)
मलार महला ३ चउपदे घरु १

ੴ ਸਤਿਗੁਰ ਪ੍ਰਸਾਦਿ ॥ (1257-12)
ੴ सतिगुर प्रसादि ॥

ਨਿਰੰਕਾਰੁ ਆਕਾਰੁ ਹੈ ਆਪੇ ਆਪੇ ਭਰਮਿ ਭੁਲਾਏ ॥ (1257-13)
निरंकारु आकारु है आपे आपे भरमि भुलाए ॥

ਕਰਿ ਕਰਿ ਕਰਤਾ ਆਪੇ ਵੇਖੈ ਜਿਤੁ ਭਾਵੈ ਤਿਤੁ ਲਾਏ ॥ (1257-13)
करि करि करता आपे वेखै जितु भावै तितु लाए ॥

ਸੇਵਕ ਕਉ ਏਹਾ ਵਡਿਆਈ ਜਾ ਕਉ ਹੁਕਮੁ ਮਨਾਏ ॥੧॥ (1257-14)
सेवक कउ एहा वडिआई जा कउ हुकमु मनाए ॥१॥

ਆਪਣਾ ਭਾਣਾ ਆਪੇ ਜਾਣੈ ਗੁਰ ਕਿਰਪਾ ਤੇ ਲਹੀਐ ॥ (1257-14)
आपणा भाणा आपे जाणै गुर किरपा ते लहीऐ ॥

ਏਹਾ ਸਕਤਿ ਸਿਵੈ ਘਰਿ ਆਵੈ ਜੀਵਦਿਆ ਮਰਿ ਰਹੀਐ ॥੧॥ ਰਹਾਉ ॥ (1257-15)
एहा सकति सिवै घरि आवै जीवदिआ मरि रहीऐ ॥१॥ रहाउ ॥

ਵੇਦ ਪੜੈ ਪੜਿ ਵਾਦੁ ਵਖਾਣੈ ਬ੍ਰਹਮਾ ਬਿਸਨੁ ਮਹੇਸਾ ॥ (1257-15)
वेद पड़ै पड़ि वादु वखाणै ब्रहमा बिसनु महेसा ॥

ਏਹ ਤ੍ਰਿਗੁਣ ਮਾਇਆ ਜਿਨਿ ਜਗਤੁ ਭੁਲਾਇਆ ਜਨਮ ਮਰਣ ਕਾ ਸਹਸਾ ॥ (1257-16)
एह त्रिगुण माइआ जिनि जगतु भुलाइआ जनम मरण का सहसा ॥

ਗੁਰ ਪਰਸਾਦੀ ਏਕੋ ਜਾਣੈ ਚੂਕੈ ਮਨਹੁ ਅੰਦੇਸਾ ॥੨॥ (1257-17)
गुर परसादी एको जाणै चूकै मनहु अंदेसा ॥२॥

ਹਮ ਦੀਨ ਮੂਰਖ ਅਵੀਚਾਰੀ ਤੁਮ ਚਿੰਤਾ ਕਰਹੁ ਹਮਾਰੀ ॥ (1257-17)
हम दीन मूरख अवीचारी तुम चिंता करहु हमारी ॥

ਹੋਹੁ ਦਇਆਲ ਕਰਿ ਦਾਸੁ ਦਾਸਾ ਕਾ ਸੇਵਾ ਕਰੀ ਤੁਮਾਰੀ ॥ (1257-18)
होहु दइआल करि दासु दासा का सेवा करी तुमारी ॥

ਏਕੁ ਨਿਧਾਨੁ ਦੇਹਿ ਤੂ ਅਪਣਾ ਅਹਿਨਿਸਿ ਨਾਮੁ ਵਖਾਣੀ ॥੩॥ (1257-18)
एकु निधानु देहि तू अपणा अहिनिसि नामु वखाणी ॥३॥

ਕਹਤ ਨਾਨਕੁ ਗੁਰ ਪਰਸਾਦੀ ਬੂਝਹੁ ਕੋਈ ਐਸਾ ਕਰੇ ਵੀਚਾਰਾ ॥ (1257-19)
कहत नानकु गुर परसादी बूझहु कोई ऐसा करे वीचारा ॥

ਜਿਉ ਜਲ ਊਪਰਿ ਫੇਨੁ ਬੁਦਬੁਦਾ ਤੈਸਾ ਇਹੁ ਸੰਸਾਰਾ ॥ (1257-19)
जिउ जल ऊपरि फेनु बुदबुदा तैसा इहु संसारा ॥

ਜਿਸ ਤੇ ਹੋਆ ਤਿਸਹਿ ਸਮਾਣਾ ਚੂਕਿ ਗਇਆ ਪਾਸਾਰਾ ॥੪॥੧॥ (1258-1)
जिस ते होआ तिसहि समाणा चूकि गइआ पासारा ॥४॥१॥

ਮਲਾਰ ਮਹਲਾ ੩ ॥ (1258-1)
मलार महला ३ ॥

ਜਿਨੀ ਹੁਕਮੁ ਪਛਾਣਿਆ ਸੇ ਮੇਲੇ ਹਉਮੈ ਸਬਦਿ ਜਲਾਇ ॥ (1258-2)
जिनी हुकमु पछाणिआ से मेले हउमै सबदि जलाइ ॥

ਸਚੀ ਭਗਤਿ ਕਰਹਿ ਦਿਨੁ ਰਾਤੀ ਸਚਿ ਰਹੇ ਲਿਵ ਲਾਇ ॥ (1258-2)
सची भगति करहि दिनु राती सचि रहे लिव लाइ ॥

ਸਦਾ ਸਚੁ ਹਰਿ ਵੇਖਦੇ ਗੁਰ ਕੈ ਸਬਦਿ ਸੁਭਾਇ ॥੧॥ (1258-3)
सदा सचु हरि वेखदे गुर कै सबदि सुभाइ ॥१॥

ਮਨ ਰੇ ਹੁਕਮੁ ਮੰਨਿ ਸੁਖੁ ਹੋਇ ॥ (1258-3)
मन रे हुकमु मंनि सुखु होइ ॥

ਪ੍ਰਭ ਭਾਣਾ ਅਪਣਾ ਭਾਵਦਾ ਜਿਸੁ ਬਖਸੇ ਤਿਸੁ ਬਿਘਨੁ ਨ ਕੋਇ ॥੧॥ ਰਹਾਉ ॥ (1258-3)
प्रभ भाणा अपणा भावदा जिसु बखसे तिसु बिघनु न कोइ ॥१॥ रहाउ ॥

ਤ੍ਰੈ ਗੁਣ ਸਭਾ ਧਾਤੁ ਹੈ ਨਾ ਹਰਿ ਭਗਤਿ ਨ ਭਾਇ ॥ (1258-4)
त्रै गुण सभा धातु है ना हरि भगति न भाइ ॥

ਗਤਿ ਮੁਕਤਿ ਕਦੇ ਨ ਹੋਵਈ ਹਉਮੈ ਕਰਮ ਕਮਾਹਿ ॥ (1258-5)
गति मुकति कदे न होवई हउमै करम कमाहि ॥

ਸਾਹਿਬ ਭਾਵੈ ਸੋ ਥੀਐ ਪਇਐ ਕਿਰਤਿ ਫਿਰਾਹਿ ॥੨॥ (1258-5)
साहिब भावै सो थीऐ पइऐ किरति फिराहि ॥२॥

ਸਤਿਗੁਰ ਭੇਟਿਐ ਮਨੁ ਮਰਿ ਰਹੈ ਹਰਿ ਨਾਮੁ ਵਸੈ ਮਨਿ ਆਇ ॥ (1258-6)
सतिगुर भेटिऐ मनु मरि रहै हरि नामु वसै मनि आइ ॥

ਤਿਸ ਕੀ ਕੀਮਤਿ ਨਾ ਪਵੈ ਕਹਣਾ ਕਿਛੂ ਨ ਜਾਇ ॥ (1258-6)
तिस की कीमति ना पवै कहणा किछू न जाइ ॥

ਚਉਥੈ ਪਦਿ ਵਾਸਾ ਹੋਇਆ ਸਚੈ ਰਹੈ ਸਮਾਇ ॥੩॥ (1258-7)
चउथै पदि वासा होइआ सचै रहै समाइ ॥३॥

ਮੇਰਾ ਹਰਿ ਪ੍ਰਭੁ ਅਗਮੁ ਅਗੋਚਰੁ ਹੈ ਕੀਮਤਿ ਕਹਣੁ ਨ ਜਾਇ ॥ (1258-7)
मेरा हरि प्रभु अगमु अगोचरु है कीमति कहणु न जाइ ॥

ਗੁਰ ਪਰਸਾਦੀ ਬੁਝੀਐ ਸਬਦੇ ਕਾਰ ਕਮਾਇ ॥ (1258-8)
गुर परसादी बुझीऐ सबदे कार कमाइ ॥

ਨਾਨਕ ਨਾਮੁ ਸਲਾਹਿ ਤੂ ਹਰਿ ਹਰਿ ਦਰਿ ਸੋਭਾ ਪਾਇ ॥੪॥੨॥ (1258-8)
नानक नामु सलाहि तू हरि हरि दरि सोभा पाइ ॥४॥२॥

ਮਲਾਰ ਮਹਲਾ ੩ ॥ (1258-9)
मलार महला ३ ॥

ਗੁਰਮੁਖਿ ਕੋਈ ਵਿਰਲਾ ਬੂਝੈ ਜਿਸ ਨੋ ਨਦਰਿ ਕਰੇਇ ॥ (1258-9)
गुरमुखि कोई विरला बूझै जिस नो नदरि करेइ ॥

ਗੁਰ ਬਿਨੁ ਦਾਤਾ ਕੋਈ ਨਾਹੀ ਬਖਸੇ ਨਦਰਿ ਕਰੇਇ ॥ (1258-9)
गुर बिनु दाता कोई नाही बखसे नदरि करेइ ॥

ਗੁਰ ਮਿਲਿਐ ਸਾਂਤਿ ਊਪਜੈ ਅਨਦਿਨੁ ਨਾਮੁ ਲਏਇ ॥੧॥ (1258-10)
गुर मिलिऐ सांति ऊपजै अनदिनु नामु लएइ ॥१॥

ਮੇਰੇ ਮਨ ਹਰਿ ਅੰਮ੍ਰਿਤ ਨਾਮੁ ਧਿਆਇ ॥ (1258-11)
मेरे मन हरि अमृत नामु धिआइ ॥

ਸਤਿਗੁਰੁ ਪੁਰਖੁ ਮਿਲੈ ਨਾਉ ਪਾਈਐ ਹਰਿ ਨਾਮੇ ਸਦਾ ਸਮਾਇ ॥੧॥ ਰਹਾਉ ॥ (1258-11)
सतिगुरु पुरखु मिलै नाउ पाईऐ हरि नामे सदा समाइ ॥१॥ रहाउ ॥

ਮਨਮੁਖ ਸਦਾ ਵਿਛੁੜੇ ਫਿਰਹਿ ਕੋਇ ਨ ਕਿਸ ਹੀ ਨਾਲਿ ॥ (1258-12)
मनमुख सदा विछुड़े फिरहि कोइ न किस ही नालि ॥

ਹਉਮੈ ਵਡਾ ਰੋਗੁ ਹੈ ਸਿਰਿ ਮਾਰੇ ਜਮਕਾਲਿ ॥ (1258-12)
हउमै वडा रोगु है सिरि मारे जमकालि ॥

ਗੁਰਮਤਿ ਸਤਸੰਗਤਿ ਨ ਵਿਛੁੜਹਿ ਅਨਦਿਨੁ ਨਾਮੁ ਸਮ੍ਹਾਲਿ ॥੨॥ (1258-13)
गुरमति सतसंगति न विछुड़हि अनदिनु नामु सम्हालि ॥२॥

ਸਭਨਾ ਕਰਤਾ ਏਕੁ ਤੂ ਨਿਤ ਕਰਿ ਦੇਖਹਿ ਵੀਚਾਰੁ ॥ (1258-13)
सभना करता एकु तू नित करि देखहि वीचारु ॥

ਇਕਿ ਗੁਰਮੁਖਿ ਆਪਿ ਮਿਲਾਇਆ ਬਖਸੇ ਭਗਤਿ ਭੰਡਾਰ ॥ (1258-14)
इकि गुरमुखि आपि मिलाइआ बखसे भगति भंडार ॥

ਤੂ ਆਪੇ ਸਭੁ ਕਿਛੁ ਜਾਣਦਾ ਕਿਸੁ ਆਗੈ ਕਰੀ ਪੂਕਾਰ ॥੩॥ (1258-14)
तू आपे सभु किछु जाणदा किसु आगै करी पूकार ॥३ ॥

ਹਰਿ ਹਰਿ ਨਾਮੁ ਅੰਮ੍ਰਿਤੁ ਹੈ ਨਦਰੀ ਪਾਇਆ ਜਾਇ ॥ (1258-15)
हरि हरि नामु अमृतु है नदरी पाइआ जाइ ॥

ਅਨਦਿਨੁ ਹਰਿ ਹਰਿ ਉਚਰੈ ਗੁਰ ਕੈ ਸਹਜਿ ਸੁਭਾਇ ॥ (1258-15)
अनदिनु हरि हरि उचरै गुर कै सहजि सुभाइ ॥

ਨਾਨਕ ਨਾਮੁ ਨਿਧਾਨੁ ਹੈ ਨਾਮੇ ਹੀ ਚਿਤੁ ਲਾਇ ॥੪॥੩॥ (1258-16)
नानक नामु निधानु है नामे ही चितु लाइ ॥४ ॥३ ॥

ਮਲਾਰ ਮਹਲਾ ੩ ॥ (1258-16)
मलार महला ३ ॥

ਗੁਰੁ ਸਾਲਾਹੀ ਸਦਾ ਸੁਖਦਾਤਾ ਪ੍ਰਭੁ ਨਾਰਾਇਣੁ ਸੋਈ ॥ (1258-16)
गुरु सालाही सदा सुखदाता प्रभु नाराइणु सोई ॥

ਗੁਰ ਪਰਸਾਦਿ ਪਰਮ ਪਦੁ ਪਾਇਆ ਵਡੀ ਵਡਿਆਈ ਹੋਈ ॥ (1258-17)
गुर परसादि परम पदु पाइआ वडी वडिआई होई ॥

ਅਨਦਿਨੁ ਗੁਣ ਗਾਵੈ ਨਿਤ ਸਾਚੇ ਸਚਿ ਸਮਾਵੈ ਸੋਈ ॥੧॥ (1258-18)
अनदिनु गुण गावै नित साचे सचि समावै सोई ॥१ ॥

ਮਨ ਰੇ ਗੁਰਮੁਖਿ ਰਿਦੈ ਵੀਚਾਰਿ ॥ (1258-18)
मन रे गुरमुखि रिदै वीचारि ॥

ਤਜਿ ਕੂੜੁ ਕੁਟੰਬੁ ਹਉਮੈ ਬਿਖੁ ਤ੍ਰਿਸਨਾ ਚਲਣੁ ਰਿਦੈ ਸਮ੍ਹ੍ਹਾਲਿ ॥੧॥ ਰਹਾਉ ॥ (1258-18)
तजि कूड़ु कुट्मबु हउमै बिखु त्रिसना चलणु रिदै सम्हालि ॥१ ॥ रहाउ ॥

ਸਤਿਗੁਰੁ ਦਾਤਾ ਰਾਮ ਨਾਮ ਕਾ ਹੋਰੁ ਦਾਤਾ ਕੋਈ ਨਾਹੀ ॥ (1258-19)
सतिगुरु दाता राम नाम का होरु दाता कोई नाही ॥

ਜੀਅ ਦਾਨੁ ਦੇਇ ਤ੍ਰਿਪਤਾਸੇ ਸਚੈ ਨਾਮਿ ਸਮਾਹੀ ॥ (1259-1)
जीअ दानु देइ त्रिपतासे सचै नामि समाही ॥

ਅਨਦਿਨੁ ਹਰਿ ਰਵਿਆ ਰਿਦ ਅੰਤਰਿ ਸਹਜਿ ਸਮਾਧਿ ਲਗਾਹੀ ॥੨॥ (1259-1)
अनदिनु हरि रविआ रिद अंतरि सहजि समाधि लगाही ॥२॥

ਸਤਿਗੁਰ ਸਬਦੀ ਇਹੁ ਮਨੁ ਭੇਦਿਆ ਹਿਰਦੈ ਸਾਚੀ ਬਾਣੀ ॥ (1259-2)
सतिगुर सबदी इहु मनु भेदिआ हिरदै साची बाणी ॥

ਮੇਰਾ ਪ੍ਰਭੁ ਅਲਖੁ ਨ ਜਾਈ ਲਖਿਆ ਗੁਰਮੁਖਿ ਅਕਥ ਕਹਾਣੀ ॥ (1259-2)
मेरा प्रभु अलखु न जाई लखिआ गुरमुखि अकथ कहाणी ॥

ਆਪੇ ਦਇਆ ਕਰੇ ਸੁਖਦਾਤਾ ਜਪੀਐ ਸਾਰਿੰਗਪਾਣੀ ॥੩॥ (1259-3)
आपे दइआ करे सुखदाता जपीऐ सारिंगपाणी ॥३॥

ਆਵਣ ਜਾਣਾ ਬਹੁੜਿ ਨ ਹੋਵੈ ਗੁਰਮੁਖਿ ਸਹਜਿ ਧਿਆਇਆ ॥ (1259-4)
आवण जाणा बहुड़ि न होवै गुरमुखि सहजि धिआइआ ॥

ਮਨ ਹੀ ਤੇ ਮਨੁ ਮਿਲਿਆ ਸੁਆਮੀ ਮਨ ਹੀ ਮੰਨੁ ਸਮਾਇਆ ॥ (1259-4)
मन ही ते मनु मिलिआ सुआमी मन ही मंनु समाइआ ॥

ਸਾਚੇ ਹੀ ਸਚੁ ਸਾਚਿ ਪਤੀਜੈ ਵਿਚਹੁ ਆਪੁ ਗਵਾਇਆ ॥੪॥ (1259-5)
साचे ही सचु साचि पतीजै विचहु आपु गवाइआ ॥४॥

ਏਕੋ ਏਕੁ ਵਸੈ ਮਨਿ ਸੁਆਮੀ ਦੂਜਾ ਅਵਰੁ ਨ ਕੋਈ ॥ (1259-5)
एको एकु वसै मनि सुआमी दूजा अवरु न कोई ॥

ਏਕੋੁ ਨਾਮੁ ਅੰਮ੍ਰਿਤੁ ਹੈ ਮੀਠਾ ਜਗਿ ਨਿਰਮਲ ਸਚੁ ਸੋਈ ॥ (1259-6)
एको नामु अमृतु है मीठा जगि निरमल सचु सोई ॥

ਨਾਨਕ ਨਾਮੁ ਪ੍ਰਭੂ ਤੇ ਪਾਈਐ ਜਿਨ ਕਉ ਧੁਰਿ ਲਿਖਿਆ ਹੋਈ ॥੫॥੪॥ (1259-6)
नानक नामु प्रभू ते पाईऐ जिन कउ धुरि लिखिआ होई ॥५॥४॥

ਮਲਾਰ ਮਹਲਾ ੩ ॥ (1259-7)
मलार महला ३ ॥

ਗਣ ਗੰਧਰਬ ਨਾਮੇ ਸਭਿ ਉਧਰੇ ਗੁਰ ਕਾ ਸਬਦੁ ਵੀਚਾਰਿ ॥ (1259-7)
गण गंधरब नामे सभि उधरे गुर का सबदु वीचारि ॥

ਹਉਮੈ ਮਾਰਿ ਸਦ ਮੰਨਿ ਵਸਾਇਆ ਹਰਿ ਰਾਖਿਆ ਉਰਿ ਧਾਰਿ ॥ (1259-8)
हउमै मारि सद मंनि वसाइआ हरि राखिआ उरि धारि ॥

ਜਿਸਹਿ ਬੁਝਾਏ ਸੋਈ ਬੂਝੈ ਜਿਸ ਨੋ ਆਪੇ ਲਏ ਮਿਲਾਇ ॥ (1259-8)
जिसहि बुझाए सोई बूझै जिस नो आपे लए मिलाइ ॥

ਅਨਦਿਨੁ ਬਾਣੀ ਸਬਦੇ ਗਾਂਵੈ ਸਾਚਿ ਰਹੈ ਲਿਵ ਲਾਇ ॥੧॥ (1259-9)
अनदिनु बाणी सबदे गांवै साचि रहै लिव लाइ ॥१॥

ਮਨ ਮੇਰੇ ਖਿਨੁ ਖਿਨੁ ਨਾਮੁ ਸਮ੍ਹਾਲਿ ॥ (1259-9)
मन मेरे खिनु खिनु नामु सम्हालि ॥

ਗੁਰ ਕੀ ਦਾਤਿ ਸਬਦ ਸੁਖੁ ਅੰਤਰਿ ਸਦਾ ਨਿਬਹੈ ਤੇਰੈ ਨਾਲਿ ॥੧॥ ਰਹਾਉ ॥ (1259-10)
गुर की दाति सबद सुखु अंतरि सदा निबहै तेरै नालि ॥१॥ रहाउ ॥

ਮਨਮੁਖ ਪਾਖੰਡੁ ਕਦੇ ਨ ਚੂਕੈ ਦੂਜੈ ਭਾਇ ਦੁਖੁ ਪਾਏ ॥ (1259-10)
मनमुख पाखंडु कदे न चूकै दूजै भाइ दुखु पाए ॥

ਨਾਮੁ ਵਿਸਾਰਿ ਬਿਖਿਆ ਮਨਿ ਰਾਤੇ ਬਿਰਥਾ ਜਨਮੁ ਗਵਾਏ ॥ (1259-11)
नामु विसारि बिखिआ मनि राते बिरथा जनमु गवाए ॥

ਇਹ ਵੇਲਾ ਫਿਰਿ ਹਥਿ ਨ ਆਵੈ ਅਨਦਿਨੁ ਸਦਾ ਪਛੁਤਾਏ ॥ (1259-11)
इह वेला फिरि हथि न आवै अनदिनु सदा पछुताए ॥

ਮਰਿ ਮਰਿ ਜਨਮੈ ਕਦੇ ਨ ਬੂਝੈ ਵਿਸਟਾ ਮਾਹਿ ਸਮਾਏ ॥੨॥ (1259-12)
मरि मरि जनमै कदे न बूझै विसटा माहि समाए ॥२॥

ਗੁਰਮੁਖਿ ਨਾਮਿ ਰਤੇ ਸੇ ਉਧਰੇ ਗੁਰ ਕਾ ਸਬਦੁ ਵੀਚਾਰਿ ॥ (1259-13)
गुरमुखि नामि रते से उधरे गुर का सबदु वीचारि ॥

ਜੀਵਨ ਮੁਕਤਿ ਹਰਿ ਨਾਮੁ ਧਿਆਇਆ ਹਰਿ ਰਾਖਿਆ ਉਰਿ ਧਾਰਿ ॥ (1259-13)
जीवन मुकति हरि नामु धिआइआ हरि राखिआ उरि धारि ॥

ਮਨੁ ਤਨੁ ਨਿਰਮਲੁ ਨਿਰਮਲ ਮਤਿ ਊਤਮ ਊਤਮ ਬਾਣੀ ਹੋਈ ॥ (1259-14)
मनु तनु निरमलु निरमल मति ऊतम ऊतम बाणी होई ॥

ਏਕੋ ਪੁਰਖੁ ਏਕੁ ਪ੍ਰਭੁ ਜਾਤਾ ਦੂਜਾ ਅਵਰੁ ਨ ਕੋਈ ॥੩॥ (1259-14)
एको पुरखु एकु प्रभु जाता दूजा अवरु न कोई ॥३॥

ਆਪੇ ਕਰੇ ਕਰਾਏ ਪ੍ਰਭੁ ਆਪੇ ਆਪੇ ਨਦਰਿ ਕਰੇਇ ॥ (1259-15)
आपे करे कराए प्रभु आपे आपे नदरि करेइ ॥

ਮਨੁ ਤਨੁ ਰਾਤਾ ਗੁਰ ਕੀ ਬਾਣੀ ਸੇਵਾ ਸੁਰਤਿ ਸਮੇਇ ॥ (1259-15)
मनु तनु राता गुर की बाणी सेवा सुरति समेइ ॥

ਅੰਤਰਿ ਵਸਿਆ ਅਲਖ ਅਭੇਵਾ ਗੁਰਮੁਖਿ ਹੋਇ ਲਖਾਇ ॥ (1259-16)
अंतरि वसिआ अलख अभेवा गुरमुखि होइ लखाइ ॥

ਨਾਨਕ ਜਿਸੁ ਭਾਵੈ ਤਿਸੁ ਆਪੇ ਦੇਵੈ ਭਾਵੈ ਤਿਵੈ ਚਲਾਇ ॥੪॥੫॥ (1259-16)
नानक जिसु भावै तिसु आपे देवै भावै तिवै चलाइ ॥४॥५॥

ਮਲਾਰ ਮਹਲਾ ੩ ਦੁਤੁਕੇ ॥ (1259-17)
मलार महला ३ दुतुके ॥

ਸਤਿਗੁਰ ਤੇ ਪਾਵੈ ਘਰੁ ਦਰੁ ਮਹਲੁ ਸੁ ਥਾਨੁ ॥ (1259-17)
सतिगुर ते पावै घरु दरु महलु सु थानु ॥

ਗੁਰ ਸਬਦੀ ਚੂਕੈ ਅਭਿਮਾਨੁ ॥੧॥ (1259-18)
गुर सबदी चूकै अभिमानु ॥१॥

ਜਿਨ ਕਉ ਲਿਲਾਟਿ ਲਿਖਿਆ ਧੁਰਿ ਨਾਮੁ ॥ (1259-18)
जिन कउ लिलाटि लिखिआ धुरि नामु ॥

ਅਨਦਿਨੁ ਨਾਮੁ ਸਦਾ ਸਦਾ ਧਿਆਵਹਿ ਸਾਚੀ ਦਰਗਹ ਪਾਵਹਿ ਮਾਨੁ ॥੧॥ ਰਹਾਉ ॥ (1259-18)
अनदिनु नामु सदा सदा धिआवहि साची दरगह पावहि मानु ॥१॥ रहाउ ॥

ਮਨ ਕੀ ਬਿਧਿ ਸਤਿਗੁਰ ਤੇ ਜਾਣੈ ਅਨਦਿਨੁ ਲਾਗੈ ਸਦ ਹਰਿ ਸਿਉ ਧਿਆਨੁ ॥ (1259-19)
मन की बिधि सतिगुर ते जाणै अनदिनु लागै सद हरि सिउ धिआनु ॥

ਗੁਰ ਸਬਦਿ ਰਤੇ ਸਦਾ ਬੈਰਾਗੀ ਹਰਿ ਦਰਗਹ ਸਾਚੀ ਪਾਵਹਿ ਮਾਨੁ ॥੨॥ (1260-1)
गुर सबदि रते सदा बैरागी हरि दरगह साची पावहि मानु ॥२॥

ਇਹੁ ਮਨੁ ਖੇਲੈ ਹੁਕਮ ਕਾ ਬਾਧਾ ਇਕ ਖਿਨ ਮਹਿ ਦਹ ਦਿਸ ਫਿਰਿ ਆਵੈ ॥ (1260-2)
इहु मनु खेलै हुकम का बाधा इक खिन महि दह दिस फिरि आवै ॥

ਜਾਂ ਆਪੇ ਨਦਰਿ ਕਰੇ ਹਰਿ ਪ੍ਰਭੁ ਸਾਚਾ ਤਾਂ ਇਹੁ ਮਨੁ ਗੁਰਮੁਖਿ ਤਤਕਾਲ ਵਸਿ ਆਵੈ ॥੩॥ (1260-2)
जां आपे नदरि करे हरि प्रभु साचा तां इहु मनु गुरमुखि ततकाल वसि आवै ॥३॥

ਇਸੁ ਮਨ ਕੀ ਬਿਧਿ ਮਨ ਹੂ ਜਾਣੈ ਬੂਝੈ ਸਬਦਿ ਵੀਚਾਰਿ ॥ (1260-3)
इसु मन की बिधि मन हू जाणै बूझै सबदि वीचारि ॥

ਨਾਨਕ ਨਾਮੁ ਧਿਆਇ ਸਦਾ ਤੂ ਭਵ ਸਾਗਰੁ ਜਿਤੁ ਪਾਵਹਿ ਪਾਰਿ ॥੪॥੬॥ (1260-4)
नानक नामु धिआइ सदा तू भव सागरु जितु पावहि पारि ॥४॥६॥

ਮਲਾਰ ਮਹਲਾ ੩ ॥ (1260-4)
मलार महला ३ ॥

ਜੀਉ ਪਿੰਡੁ ਪ੍ਰਾਣ ਸਭਿ ਤਿਸ ਕੇ ਘਟਿ ਘਟਿ ਰਹਿਆ ਸਮਾਈ ॥ (1260-5)
जीउ पिंडु प्राण सभि तिस के घटि घटि रहिआ समाई ॥

ਏਕਸੁ ਬਿਨੁ ਮੈ ਅਵਰੁ ਨ ਜਾਣਾ ਸਤਿਗੁਰਿ ਦੀਆ ਬੁਝਾਈ ॥੧॥ (1260-5)
एकसु बिनु मै अवरु न जाणा सतिगुरि दीआ बुझाई ॥१॥

ਮਨ ਮੇਰੇ ਨਾਮਿ ਰਹਉ ਲਿਵ ਲਾਈ ॥ (1260-6)
मन मेरे नामि रहउ लिव लाई ॥

ਅਦਿਸਟੁ ਅਗੋਚਰੁ ਅਪਰੰਪਰੁ ਕਰਤਾ ਗੁਰ ਕੈ ਸਬਦਿ ਹਰਿ ਧਿਆਈ ॥੧॥ ਰਹਾਉ ॥ (1260-6)
अदिसटु अगोचरु अपर्मपरु करता गुर कै सबदि हरि धिआई ॥१॥ रहाउ ॥

ਮਨੁ ਤਨੁ ਭੀਜੈ ਏਕ ਲਿਵ ਲਾਗੈ ਸਹਜੇ ਰਹੇ ਸਮਾਈ ॥ (1260-7)
मनु तनु भीजै एक लिव लागै सहजे रहे समाई ॥

ਗੁਰ ਪਰਸਾਦੀ ਭ੍ਰਮੁ ਭਉ ਭਾਗੈ ਏਕ ਨਾਮਿ ਲਿਵ ਲਾਈ ॥੨॥ (1260-7)
गुर परसादी भ्रमु भउ भागै एक नामि लिव लाई ॥२॥

ਗੁਰ ਬਚਨੀ ਸਚੁ ਕਾਰ ਕਮਾਵੈ ਗਤਿ ਮਤਿ ਤਬ ਹੀ ਪਾਈ ॥ (1260-8)
गुर बचनी सचु कार कमावै गति मति तब ही पाई ॥

ਕੋਟਿ ਮਧੇ ਕਿਸਹਿ ਬੁਝਾਏ ਤਿਨਿ ਰਾਮ ਨਾਮਿ ਲਿਵ ਲਾਈ ॥੩॥ (1260-8)
कोटि मधे किसहि बुझाए तिनि राम नामि लिव लाई ॥३॥

ਜਹ ਜਹ ਦੇਖਾ ਤਹ ਏਕੋ ਸੋਈ ਇਹ ਗੁਰਮਤਿ ਬੁਧਿ ਪਾਈ ॥ (1260-9)
जह जह देखा तह एको सोई इह गुरमति बुधि पाई ॥

ਮਨੁ ਤਨੁ ਪ੍ਰਾਨ ਧਰੀ ਤਿਸੁ ਆਗੈ ਨਾਨਕ ਆਪੁ ਗਵਾਈ ॥੪॥੭॥ (1260-9)
मनु तनु प्रान धरी� तिसु आगै नानक आपु गवाई ॥४॥७॥

ਮਲਾਰ ਮਹਲਾ ੩ ॥ (1260-10)
मलार महला ३ ॥

ਮੇਰਾ ਪ੍ਰਭੁ ਸਾਚਾ ਦੂਖ ਨਿਵਾਰਣੁ ਸਬਦੇ ਪਾਇਆ ਜਾਈ ॥ (1260-10)
मेरा प्रभु साचा दूख निवारणु सबदे पाइआ जाई ॥

ਭਗਤੀ ਰਾਤੇ ਸਦ ਬੈਰਾਗੀ ਦਰਿ ਸਾਚੈ ਪਤਿ ਪਾਈ ॥੧॥ (1260-11)
भगती राते सद बैरागी दरि साचै पति पाई ॥१॥

ਮਨ ਰੇ ਮਨ ਸਿਉ ਰਹਉ ਸਮਾਈ ॥ (1260-11)
मन रे मन सिउ रहउ समाई ॥

ਗੁਰਮੁਖਿ ਰਾਮ ਨਾਮਿ ਮਨੁ ਭੀਜੈ ਹਰਿ ਸੇਤੀ ਲਿਵ ਲਾਈ ॥੧॥ ਰਹਾਉ ॥ (1260-12)
गुरमुखि राम नामि मनु भीजै हरि सेती लिव लाई ॥१॥ रहाउ ॥

ਮੇਰਾ ਪ੍ਰਭੁ ਅਤਿ ਅਗਮ ਅਗੋਚਰੁ ਗੁਰਮਤਿ ਦੇਇ ਬੁਝਾਈ ॥ (1260-12)
मेरा प्रभु अति अगम अगोचरु गुरमति देइ बुझाई ॥

ਸਚੁ ਸੰਜਮੁ ਕਰਣੀ ਹਰਿ ਕੀਰਤਿ ਹਰਿ ਸੇਤੀ ਲਿਵ ਲਾਈ ॥੨॥ (1260-13)
सचु संजमु करणी हरि कीरति हरि सेती लिव लाई ॥२॥

ਆਪੇ ਸਬਦੁ ਸਚੁ ਸਾਖੀ ਆਪੇ ਜਿਨ੍ਹ ਜੋਤੀ ਜੋਤਿ ਮਿਲਾਈ ॥ (1260-14)
आपे सबदु सचु साखी आपे जिन्ह जोती जोति मिलाई ॥

ਦੇਹੀ ਕਾਚੀ ਪਉਣੁ ਵਜਾਏ ਗੁਰਮੁਖਿ ਅੰਮ੍ਰਿਤੁ ਪਾਈ ॥੩॥ (1260-14)
देही काची पउणु वजाए गुरमुखि अमृतु पाई ॥३॥

ਆਪੇ ਸਾਜੇ ਸਭ ਕਾਰੈ ਲਾਏ ਸੋ ਸਚੁ ਰਹਿਆ ਸਮਾਈ ॥ (1260-15)
आपे साजे सभ कारै लाए सो सचु रहिआ समाई ॥

ਨਾਨਕ ਨਾਮ ਬਿਨਾ ਕੋਈ ਕਿਛੁ ਨਾਹੀ ਨਾਮੇ ਦੇਇ ਵਡਾਈ ॥੪॥੮॥ (1260-15)
नानक नाम बिना कोई किछु नाही नामे देइ वडाई ॥४॥८॥

ਮਲਾਰ ਮਹਲਾ ੩ ॥ (1260-16)
मलार महला ३ ॥

ਹਉਮੈ ਬਿਖੁ ਮਨੁ ਮੋਹਿਆ ਲਦਿਆ ਅਜਗਰ ਭਾਰੀ ॥ (1260-16)
हउमै बिखु मनु मोहिआ लदिआ अजगर भारी ॥

ਗਰੁੜੁ ਸਬਦੁ ਮੁਖਿ ਪਾਇਆ ਹਉਮੈ ਬਿਖੁ ਹਰਿ ਮਾਰੀ ॥੧॥ (1260-16)
गरुड़ु सबदु मुखि पाइआ हउमै बिखु हरि मारी ॥१॥

ਮਨ ਰੇ ਹਉਮੈ ਮੋਹੁ ਦੁਖੁ ਭਾਰੀ ॥ (1260-17)
मन रे हउमै मोहु दुखु भारी ॥

ਇਹੁ ਭਵਜਲੁ ਜਗਤੁ ਨ ਜਾਈ ਤਰਣਾ ਗੁਰਮੁਖਿ ਤਰੁ ਹਰਿ ਤਾਰੀ ॥੧॥ ਰਹਾਉ ॥ (1260-17)
इहु भवजलु जगतु न जाई तरणा गुरमुखि तरु हरि तारी ॥१॥ रहाउ ॥

ਤ੍ਰੈ ਗੁਣ ਮਾਇਆ ਮੋਹੁ ਪਸਾਰਾ ਸਭ ਵਰਤੈ ਆਕਾਰੀ ॥ (1260-18)
त्रै गुण माइआ मोहु पसारा सभ वरतै आकारी ॥

ਤੁਰੀਆ ਗੁਣੁ ਸਤਸੰਗਤਿ ਪਾਈਐ ਨਦਰੀ ਪਾਰਿ ਉਤਾਰੀ ॥੨॥ (1260-19)
तुरीआ गुणु सतसंगति पाईऐ नदरी पारि उतारी ॥२॥

ਚੰਦਨ ਗੰਧ ਸੁਗੰਧ ਹੈ ਬਹੁ ਬਾਸਨਾ ਬਹਕਾਰਿ ॥ (1260-19)
चंदन गंध सुगंध है बहु बासना बहकारि ॥

ਹਰਿ ਜਨ ਕਰਣੀ ਊਤਮ ਹੈ ਹਰਿ ਕੀਰਤਿ ਜਗਿ ਬਿਸਥਾਰਿ ॥੩॥ (1261-1)
हरि जन करणी ऊतम है हरि कीरति जगि बिसथारि ॥३॥

ਕ੍ਰਿਪਾ ਕ੍ਰਿਪਾ ਕਰਿ ਠਾਕੁਰ ਮੇਰੇ ਹਰਿ ਹਰਿ ਹਰਿ ਉਰ ਧਾਰਿ ॥ (1261-1)
क्रिपा क्रिपा करि ठाकुर मेरे हरि हरि हरि उर धारि ॥

ਨਾਨਕ ਸਤਿਗੁਰੁ ਪੂਰਾ ਪਾਇਆ ਮਨਿ ਜਪਿਆ ਨਾਮੁ ਮੁਰਾਰਿ ॥੪॥੯॥ (1261-2)
नानक सतिगुरु पूरा पाइआ मनि जपिआ नामु मुरारि ॥४॥९॥

ਮਲਾਰ ਮਹਲਾ ੩ ਘਰੁ ੨ (1261-3)
मलार महला ३ घरु २

ੴ ਸਤਿਗੁਰ ਪ੍ਰਸਾਦਿ ॥ (1261-3)
ੴ सतिगुर प्रसादि ॥

ਇਹੁ ਮਨੁ ਗਿਰਹੀ ਕਿ ਇਹੁ ਮਨੁ ਉਦਾਸੀ ॥ (1261-4)
इहु मनु गिरही कि इहु मनु उदासी ॥

ਕਿ ਇਹੁ ਮਨੁ ਅਵਰਨੁ ਸਦਾ ਅਵਿਨਾਸੀ ॥ (1261-4)
कि इहु मनु अवरनु सदा अविनासी ॥

ਕਿ ਇਹੁ ਮਨੁ ਚੰਚਲੁ ਕਿ ਇਹੁ ਮਨੁ ਬੈਰਾਗੀ ॥ (1261-4)
कि इहु मनु चंचलु कि इहु मनु बैरागी ॥

ਇਸੁ ਮਨ ਕਉ ਮਮਤਾ ਕਿਥਹੁ ਲਾਗੀ ॥੧॥ (1261-5)
इसु मन कउ ममता किथहु लागी ॥१॥

ਪੰਡਿਤ ਇਸੁ ਮਨ ਕਾ ਕਰਹੁ ਬੀਚਾਰੁ ॥ (1261-5)
पंडित इसु मन का करहु बीचारु ॥

ਅਵਰੁ ਕਿ ਬਹੁਤਾ ਪੜ੍ਹਹਿ ਉਠਾਵਹਿ ਭਾਰੁ ॥੧॥ ਰਹਾਉ ॥ (1261-6)
अवरु कि बहुता पड़हि उठावहि भारु ॥१॥ रहाउ ॥

ਮਾਇਆ ਮਮਤਾ ਕਰਤੈ ਲਾਈ ॥ (1261-6)
माइआ ममता करतै लाई ॥

ਏਹੁ ਹੁਕਮੁ ਕਰਿ ਸ੍ਰਿਸਟਿ ਉਪਾਈ ॥ (1261-6)
एहु हुकमु करि स्रिसटि उपाई ॥

ਗੁਰ ਪਰਸਾਦੀ ਬੂਝਹੁ ਭਾਈ ॥ (1261-7)
गुर परसादी बूझहु भाई ॥

ਸਦਾ ਰਹਹੁ ਹਰਿ ਕੀ ਸਰਣਾਈ ॥੨॥ (1261-7)
सदा रहहु हरि की सरणाई ॥२॥

ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ ॥ (1261-7)
सो पंडितु जो तिहां गुणा की पंड उतारै ॥

ਅਨਦਿਨੁ ਏਕੋ ਨਾਮੁ ਵਖਾਣੈ ॥ (1261-8)
अनदिनु एको नामु वखाणै ॥

ਸਤਿਗੁਰ ਕੀ ਓਹੁ ਦੀਖਿਆ ਲੇਇ ॥ (1261-8)
सतिगुर की ओहु दीखिआ लेइ ॥

ਸਤਿਗੁਰ ਆਗੈ ਸੀਸੁ ਧਰੇਇ ॥ (1261-8)
सतिगुर आगै सीसु धरेइ ॥

ਸਦਾ ਅਲਗੁ ਰਹੈ ਨਿਰਬਾਣੁ ॥ (1261-9)
सदा अलगु रहै निरबाणु ॥

ਸੋ ਪੰਡਿਤੁ ਦਰਗਹ ਪਰਵਾਣੁ ॥੩॥ (1261-9)
सो पंडितु दरगह परवाणु ॥३॥

ਸਭਨਾਂ ਮਹਿ ਏਕੋ ਏਕੁ ਵਖਾਣੈ ॥ (1261-9)
सभनां महि एको एकु वखाणै ॥

ਜਾਂ ਏਕੋ ਵੇਖੈ ਤਾਂ ਏਕੋ ਜਾਣੈ ॥ (1261-10)
जां एको वेखै तां एको जाणै ॥

ਜਾ ਕਉ ਬਖਸੇ ਮੇਲੇ ਸੋਇ ॥ (1261-10)
जा कउ बखसे मेले सोइ ॥

ਐਥੈ ਓਥੈ ਸਦਾ ਸੁਖੁ ਹੋਇ ॥੪॥ (1261-10)
ऐथै ओथै सदा सुखु होइ ॥४॥

ਕਹਤ ਨਾਨਕੁ ਕਵਨ ਬਿਧਿ ਕਰੇ ਕਿਆ ਕੋਇ ॥ (1261-10)
कहत नानकु कवन बिधि करे किआ कोइ ॥

ਸੋਈ ਮੁਕਤਿ ਜਾ ਕਉ ਕਿਰਪਾ ਹੋਇ ॥ (1261-11)
सोई मुकति जा कउ किरपा होइ ॥

ਅਨਦਿਨੁ ਹਰਿ ਗੁਣ ਗਾਵੈ ਸੋਇ ॥ (1261-11)
अनदिनु हरि गुण गावै सोइ ॥

ਸਾਸਤ੍ਰ ਬੇਦ ਕੀ ਫਿਰਿ ਕੂਕ ਨ ਹੋਇ ॥੫॥੧॥੧੦॥ (1261-12)
सासत्र बेद की फिरि कूक न होइ ॥५॥१॥१०॥

ਮਲਾਰ ਮਹਲਾ ੩ ॥ (1261-12)
मलार महला ३ ॥

ਭ੍ਰਮਿ ਭ੍ਰਮਿ ਜੋਨਿ ਮਨਮੁਖ ਭਰਮਾਈ ॥ (1261-12)
भ्रमि भ्रमि जोनि मनमुख भरमाई ॥

ਜਮਕਾਲੁ ਮਾਰੇ ਨਿਤ ਪਤਿ ਗਵਾਈ ॥ (1261-13)
जमकालु मारे नित पति गवाई ॥

ਸਤਿਗੁਰ ਸੇਵਾ ਜਮ ਕੀ ਕਾਣਿ ਚੁਕਾਈ ॥ (1261-13)
सतिगुर सेवा जम की काणि चुकाई ॥

ਹਰਿ ਪ੍ਰਭੁ ਮਿਲਿਆ ਮਹਲੁ ਘਰੁ ਪਾਈ ॥੧॥ (1261-13)
हरि प्रभु मिलिआ महलु घरु पाई ॥१॥

ਪ੍ਰਾਣੀ ਗੁਰਮੁਖਿ ਨਾਮੁ ਧਿਆਇ ॥ (1261-14)
प्राणी गुरमुखि नामु धिआइ ॥

ਜਨਮੁ ਪਦਾਰਥੁ ਦੁਬਿਧਾ ਖੋਇਆ ਕਉਡੀ ਬਦਲੈ ਜਾਇ ॥੧॥ ਰਹਾਉ ॥ (1261-14)
जनमु पदारथु दुबिधा खोइआ कउडी बदलै जाइ ॥१॥ रहाउ ॥

ਕਰਿ ਕਿਰਪਾ ਗੁਰਮੁਖਿ ਲਗੈ ਪਿਆਰੁ ॥ (1261-15)
करि किरपा गुरमुखि लगै पिआरु ॥

ਅੰਤਰਿ ਭਗਤਿ ਹਰਿ ਹਰਿ ਉਰਿ ਧਾਰੁ ॥ (1261-15)
अंतरि भगति हरि हरि उरि धारु ॥

ਭਵਜਲੁ ਸਬਦਿ ਲੰਘਾਵਣਹਾਰੁ ॥ (1261-15)
भवजलु सबदि लंघावणहारु ॥

ਦਰਿ ਸਾਚੈ ਦਿਸੈ ਸਚਿਆਰੁ ॥੨॥ (1261-16)
दरि साचै दिसै सचिआरु ॥२॥

ਬਹੁ ਕਰਮ ਕਰੇ ਸਤਿਗੁਰੁ ਨਹੀ ਪਾਇਆ ॥ (1261-16)
बहु करम करे सतिगुरु नही पाइआ ॥

ਬਿਨੁ ਗੁਰ ਭਰਮਿ ਭੂਲੇ ਬਹੁ ਮਾਇਆ ॥ (1261-16)
बिनु गुर भरमि भूले बहु माइआ ॥

ਹਉਮੈ ਮਮਤਾ ਬਹੁ ਮੋਹੁ ਵਧਾਇਆ ॥ (1261-17)
हउमै ममता बहु मोहु वधाइआ ॥

ਦੂਜੈ ਭਾਇ ਮਨਮੁਖਿ ਦੁਖੁ ਪਾਇਆ ॥੩॥ (1261-17)
दूजै भाइ मनमुखि दुखु पाइआ ॥३॥

ਆਪੇ ਕਰਤਾ ਅਗਮ ਅਥਾਹਾ ॥ (1261-18)
आपे करता अगम अथाहा ॥

ਗੁਰ ਸਬਦੀ ਜਪੀਐ ਸਚੁ ਲਾਹਾ ॥ (1261-18)
गुर सबदी जपीऐ सचु लाहा ॥

ਹਾਜਰੁ ਹਜੂਰਿ ਹਰਿ ਵੇਪਰਵਾਹਾ ॥ (1261-18)
हाजरु हजूरि हरि वेपरवाहा ॥

ਨਾਨਕ ਗੁਰਮੁਖਿ ਨਾਮਿ ਸਮਾਹਾ ॥੪॥੨॥੧੧॥ (1262-1)
नानक गुरमुखि नामि समाहा ॥४॥२॥११॥

ਮਲਾਰ ਮਹਲਾ ੩ ॥ (1262-1)
मलार महला ३ ॥

ਜੀਵਤ ਮੁਕਤ ਗੁਰਮਤੀ ਲਾਗੇ ॥ (1262-1)
जीवत मुकत गुरमती लागे ॥

ਹਰਿ ਕੀ ਭਗਤਿ ਅਨਦਿਨੁ ਸਦ ਜਾਗੇ ॥ (1262-2)
हरि की भगति अनदिनु सद जागे ॥

ਸਤਿਗੁਰੁ ਸੇਵਹਿ ਆਪੁ ਗਵਾਇ ॥ (1262-2)
सतिगुरु सेवहि आपु गवाइ ॥

ਹਉ ਤਿਨ ਜਨ ਕੇ ਸਦ ਲਾਗਉ ਪਾਇ ॥੧॥ (1262-2)
हउ तिन जन के सद लागउ पाइ ॥१॥

ਹਉ ਜੀਵਾਂ ਸਦਾ ਹਰਿ ਕੇ ਗੁਣ ਗਾਈ ॥ (1262-3)
हउ जीवां सदा हरि के गुण गाई ॥

ਗੁਰ ਕਾ ਸਬਦੁ ਮਹਾ ਰਸੁ ਮੀਠਾ ਹਰਿ ਕੈ ਨਾਮਿ ਮੁਕਤਿ ਗਤਿ ਪਾਈ ॥੧॥ ਰਹਾਉ ॥ (1262-3)
गुर का सबदु महा रसु मीठा हरि कै नामि मुकति गति पाई ॥१॥ रहाउ ॥

ਮਾਇਆ ਮੋਹੁ ਅਗਿਆਨੁ ਗੁਬਾਰੁ ॥ (1262-4)
माइआ मोहु अगिआनु गुबारु ॥

ਮਨਮੁਖ ਮੋਹੇ ਮੁਗਧ ਗਵਾਰ ॥ (1262-4)
मनमुख मोहे मुगध गवार ॥

ਅਨਦਿਨੁ ਧੰਧਾ ਕਰਤ ਵਿਹਾਇ ॥ (1262-4)
अनदिनु धंधा करत विहाइ ॥

ਮਰਿ ਮਰਿ ਜੰਮਹਿ ਮਿਲੈ ਸਜਾਇ ॥੨॥ (1262-5)
मरि मरि जंमहि मिलै सजाइ ॥२॥

ਗੁਰਮੁਖਿ ਰਾਮ ਨਾਮਿ ਲਿਵ ਲਾਈ ॥ (1262-5)
गुरमुखि राम नामि लिव लाई ॥

ਕੂੜੈ ਲਾਲਚਿ ਨਾ ਲਪਟਾਈ ॥ (1262-5)
कूड़ै लालचि ना लपटाई ॥

ਜੋ ਕਿਛੁ ਹੋਵੈ ਸਹਜਿ ਸੁਭਾਇ ॥ (1262-6)

जो किछु होवै सहजि सुभाइ ॥

ਹਰਿ ਰਸੁ ਪੀਵੈ ਰਸਨ ਰਸਾਇ ॥੩॥ (1262-6)

हरि रसु पीवै रसन रसाइ ॥३॥

ਕੋਟਿ ਮਧੇ ਕਿਸਹਿ ਬੁਝਾਈ ॥ (1262-6)

कोटि मधे किसहि बुझाई ॥

ਆਪੇ ਬਖਸੇ ਦੇ ਵਡਿਆਈ ॥ (1262-7)

आपे बखसे दे वडिआई ॥

ਜੋ ਧੁਰਿ ਮਿਲਿਆ ਸੁ ਵਿਛੁੜਿ ਨ ਜਾਈ ॥ (1262-7)

जो धुरि मिलिआ सु विछुड़ि न जाई ॥

ਨਾਨਕ ਹਰਿ ਹਰਿ ਨਾਮਿ ਸਮਾਈ ॥੪॥੩॥੧੨॥ (1262-7)

नानक हरि हरि नामि समाई ॥४॥३॥१२॥

ਮਲਾਰ ਮਹਲਾ ੩ ॥ (1262-8)

मलार महला ३ ॥

ਰਸਨਾ ਨਾਮੁ ਸਭੁ ਕੋਈ ਕਹੈ ॥ (1262-8)

रसना नामु सभु कोई कहै ॥

ਸਤਿਗੁਰੁ ਸੇਵੇ ਤਾ ਨਾਮੁ ਲਹੈ ॥ (1262-8)

सतिगुरु सेवे ता नामु लहै ॥

ਬੰਧਨ ਤੋੜੇ ਮੁਕਤਿ ਘਰਿ ਰਹੈ ॥ (1262-9)

बंधन तोड़े मुकति घरि रहै ॥

ਗੁਰ ਸਬਦੀ ਅਸਥਿਰੁ ਘਰਿ ਬਹੈ ॥੧॥ (1262-9)

गुर सबदी असथिरु घरि बहै ॥१॥

ਮੇਰੇ ਮਨ ਕਾਹੇ ਰੋਸੁ ਕਰੀਜੈ ॥ (1262-9)

मेरे मन काहे रोसु करीजै ॥

ਲਾਹਾ ਕਲਜੁਗਿ ਰਾਮ ਨਾਮੁ ਹੈ ਗੁਰਮਤਿ ਅਨਦਿਨੁ ਹਿਰਦੈ ਰਵੀਜੈ ॥੧॥ ਰਹਾਉ ॥ (1262-9)
लाहा कलजुगि राम नामु है गुरमति अनदिनु हिरदै रवीजै ॥१॥ रहाउ ॥

ਬਾਬੀਹਾ ਖਿਨੁ ਖਿਨੁ ਬਿਲਲਾਇ ॥ (1262-10)
बाबीहा खिनु खिनु बिललाइ ॥

ਬਿਨੁ ਪਿਰ ਦੇਖੇ ਨੀਦ ਨ ਪਾਇ ॥ (1262-11)
बिनु पिर देखे नी�द न पाइ ॥

ਇਹੁ ਵੇਛੋੜਾ ਸਹਿਆ ਨ ਜਾਇ ॥ (1262-11)
इहु वेछोड़ा सहिआ न जाइ ॥

ਸਤਿਗੁਰੁ ਮਿਲੈ ਤਾਂ ਮਿਲੈ ਸੁਭਾਇ ॥੨॥ (1262-11)
सतिगुरु मिलै तां मिलै सुभाइ ॥२॥

ਨਾਮਹੀਣੁ ਬਿਨਸੈ ਦੁਖੁ ਪਾਇ ॥ (1262-12)
नामहीणु बिनसै दुखु पाइ ॥

ਤ੍ਰਿਸਨਾ ਜਲਿਆ ਭੂਖ ਨ ਜਾਇ ॥ (1262-12)
त्रिसना जलिआ भूख न जाइ ॥

ਵਿਣੁ ਭਾਗਾ ਨਾਮੁ ਨ ਪਾਇਆ ਜਾਇ ॥ (1262-12)
विणु भागा नामु न पाइआ जाइ ॥

ਬਹੁ ਬਿਧਿ ਥਾਕਾ ਕਰਮ ਕਮਾਇ ॥੩॥ (1262-13)
बहु बिधि थाका करम कमाइ ॥३॥

ਤ੍ਰੈ ਗੁਣ ਬਾਣੀ ਬੇਦ ਬੀਚਾਰੁ ॥ (1262-13)
त्रै गुण बाणी बेद बीचारु ॥

ਬਿਖਿਆ ਮੈਲੁ ਬਿਖਿਆ ਵਾਪਾਰੁ ॥ (1262-13)
बिखिआ मैलु बिखिआ वापारु ॥

ਮਰਿ ਜਨਮਹਿ ਫਿਰਿ ਹੋਹਿ ਖੁਆਰੁ ॥ (1262-14)
मरि जनमहि फिरि होहि खुआरु ॥

ਗੁਰਮੁਖਿ ਤੁਰੀਆ ਗੁਣੁ ਉਰਿ ਧਾਰੁ ॥੪॥ (1262-14)
गुरमुखि तुरीआ गुणु उरि धारु ॥४॥

ਗੁਰੁ ਮਾਨੈ ਮਾਨੈ ਸਭੁ ਕੋਇ ॥ (1262-14)
गुरु मानै मानै सभु कोइ ॥

ਗੁਰ ਬਚਨੀ ਮਨੁ ਸੀਤਲੁ ਹੋਇ ॥ (1262-15)
गुर बचनी मनु सीतलु होइ ॥

ਚਹੁ ਜੁਗਿ ਸੋਭਾ ਨਿਰਮਲ ਜਨੁ ਸੋਇ ॥ (1262-15)
चहु जुगि सोभा निरमल जनु सोइ ॥

ਨਾਨਕ ਗੁਰਮੁਖਿ ਵਿਰਲਾ ਕੋਇ ॥੫॥੪॥੧੩॥੯॥੧੩॥੨੨॥ (1262-15)
नानक गुरमुखि विरला कोइ ॥५॥४॥१३॥९॥१३॥२२॥

ਰਾਗੁ ਮਲਾਰ ਮਹਲਾ ੪ ਘਰੁ ੧ ਚਉਪਦੇ (1262-17)
रागु मलार महला ४ घरु १ चउपदे

ੴ ਸਤਿਗੁਰ ਪ੍ਰਸਾਦਿ ॥ (1262-17)
ੴ सतिगुर प्रसादि ॥

ਅਨਦਿਨੁ ਹਰਿ ਹਰਿ ਧਿਆਇਓ ਹਿਰਦੈ ਮਤਿ ਗੁਰਮਤਿ ਦੂਖ ਵਿਸਾਰੀ ॥ (1262-18)
अनदिनु हरि हरि धिआइओ हिरदै मति गुरमति दूख विसारी ॥

ਸਭ ਆਸਾ ਮਨਸਾ ਬੰਧਨ ਤੂਟੇ ਹਰਿ ਹਰਿ ਪ੍ਰਭਿ ਕਿਰਪਾ ਧਾਰੀ ॥੧॥ (1262-18)
सभ आसा मनसा बंधन तूटे हरि हरि प्रभि किरपा धारी ॥१॥

ਨੈਨੀ ਹਰਿ ਹਰਿ ਲਾਗੀ ਤਾਰੀ ॥ (1262-19)
नैनी हरि हरि लागी तारी ॥

ਸਤਿਗੁਰੁ ਦੇਖਿ ਮੇਰਾ ਮਨੁ ਬਿਗਸਿਓ ਜਨੁ ਹਰਿ ਭੇਟਿਓ ਬਨਵਾਰੀ ॥੧॥ ਰਹਾਉ ॥ (1262-19)
सतिगुरु देखि मेरा मनु बिगसिओ जनु हरि भेटिओ बनवारी ॥१॥ रहाउ ॥

ਜਿਨਿ ਐਸਾ ਨਾਮੁ ਵਿਸਾਰਿਆ ਮੇਰਾ ਹਰਿ ਹਰਿ ਤਿਸ ਕੈ ਕੁਲਿ ਲਾਗੀ ਗਾਰੀ ॥ (1263-1)
जिनि ऐसा नामु विसारिआ मेरा हरि हरि तिस कै कुलि लागी गारी ॥

ਹਰਿ ਤਿਸ ਕੈ ਕੁਲਿ ਪਰਸੂਤਿ ਨ ਕਰੀਅਹੁ ਤਿਸੁ ਬਿਧਵਾ ਕਰਿ ਮਹਤਾਰੀ ॥੨॥ (1263-2)
हरि तिस कै कुलि परसूति न करीअहु तिसु बिधवा करि महतारी ॥२॥

ਹਰਿ ਹਰਿ ਆਨਿ ਮਿਲਾਵਹੁ ਗੁਰੁ ਸਾਧੂ ਜਿਸੁ ਅਹਿਨਿਸਿ ਹਰਿ ਉਰਿ ਧਾਰੀ ॥ (1263-2)
हरि हरि आनि मिलावहु गुरु साधू जिसु अहिनिसि हरि उरि धारी ॥

ਗੁਰਿ ਡੀਠੈ ਗੁਰ ਕਾ ਸਿਖੁ ਬਿਗਸੈ ਜਿਉ ਬਾਰਿਕੁ ਦੇਖਿ ਮਹਤਾਰੀ ॥੩॥ (1263-3)
गुरि डीठै गुर का सिखु बिगसै जिउ बारिकु देखि महतारी ॥३॥

ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ ॥ (1263-4)
धन पिर का इक ही संगि वासा विचि हउमै भीति करारी ॥

ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ ॥੪॥੧॥ (1263-4)
गुरि पूरै हउमै भीति तोरी जन नानक मिले बनवारी ॥४॥१॥

ਮਲਾਰ ਮਹਲਾ ੪ ॥ (1263-5)
मलार महला ४ ॥

ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥ (1263-5)
गंगा जमुना गोदावरी सरसुती ते करहि उदमु धूरि साधू की ताई ॥

ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥੧॥ (1263-6)
किलविख मैलु भरे परे हमरै विचि हमरी मैलु साधू की धूरि गवाई ॥१॥

ਤੀਰਥਿ ਅਠਸਠਿ ਮਜਨੁ ਨਾਈ ॥ (1263-7)
तीरथि अठसठि मजनु नाई ॥

ਸਤਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ ਸਭ ਦੁਰਮਤਿ ਮੈਲੁ ਗਵਾਈ ॥੧॥ ਰਹਾਉ ॥ (1263-7)
सतसंगति की धूरि परी उडि नेत्री सभ दुरमति मैलु गवाई ॥१॥ रहाउ ॥

ਜਾਹਰਨਵੀ ਤਪੈ ਭਾਗੀਰਥਿ ਆਣੀ ਕੇਦਾਰੁ ਥਾਪਿਓ ਮਹਸਾਈ ॥ (1263-8)
जाहरनवी तपै भागीरथि आणी केदारु थापिओ महसाई ॥

ਕਾਂਸੀ ਕ੍ਰਿਸਨੁ ਚਰਾਵਤ ਗਾਊ ਮਿਲਿ ਹਰਿ ਜਨ ਸੋਭਾ ਪਾਈ ॥੨॥ (1263-8)
कांसी क्रिसनु चरावत गाऊ मिलि हरि जन सोभा पाई ॥२॥

ਜਿਤਨੇ ਤੀਰਥ ਦੇਵੀ ਥਾਪੇ ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ ॥ (1263-9)
जितने तीरथ देवी थापे सभि तितने लोचहि धूरि साधू की ताई ॥

ਹਰਿ ਕਾ ਸੰਤੁ ਮਿਲੈ ਗੁਰ ਸਾਧੂ ਲੈ ਤਿਸ ਕੀ ਧੂਰਿ ਮੁਖਿ ਲਾਈ ॥੩॥ (1263-10)
हरि का संतु मिलै गुर साधू लै तिस की धूरि मुखि लाई ॥३॥

ਜਿਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ ਸਭ ਤਿਤਨੀ ਲੋਚੈ ਧੂਰਿ ਸਾਧੂ ਕੀ ਤਾਈ ॥ (1263-10)
जितनी स्रिसटि तुमरी मेरे सुआमी सभ तितनी लोचै धूरि साधू की ताई ॥

ਨਾਨਕ ਲਿਲਾਟਿ ਹੋਵੈ ਜਿਸੁ ਲਿਖਿਆ ਤਿਸੁ ਸਾਧੂ ਧੂਰਿ ਦੇ ਹਰਿ ਪਾਰਿ ਲੰਘਾਈ ॥੪॥੨॥ (1263-11)
नानक लिलाटि होवै जिसु लिखिआ तिसु साधू धूरि दे हरि पारि लंघाई ॥४॥२॥

ਮਲਾਰ ਮਹਲਾ ੪ ॥ (1263-12)
मलार महला ४ ॥

ਤਿਸੁ ਜਨ ਕਉ ਹਰਿ ਮੀਠ ਲਗਾਨਾ ਜਿਸੁ ਹਰਿ ਹਰਿ ਕ੍ਰਿਪਾ ਕਰੈ ॥ (1263-12)
तिसु जन कउ हरि मीठ लगाना जिसु हरि हरि क्रिपा करै ॥

ਤਿਸ ਕੀ ਭੂਖ ਦੂਖ ਸਭਿ ਉਤਰੈ ਜੋ ਹਰਿ ਗੁਣ ਹਰਿ ਉਚਰੈ ॥੧॥ (1263-13)
तिस की भूख दूख सभि उतरै जो हरि गुण हरि उचरै ॥१॥

ਜਪਿ ਮਨ ਹਰਿ ਹਰਿ ਹਰਿ ਨਿਸਤਰੈ ॥ (1263-13)
जपि मन हरि हरि हरि निसतरै ॥

ਗੁਰ ਕੇ ਬਚਨ ਕਰਨ ਸੁਨਿ ਧਿਆਵੈ ਭਵ ਸਾਗਰੁ ਪਾਰਿ ਪਰੈ ॥੧॥ ਰਹਾਉ ॥ (1263-13)
गुर के बचन करन सुनि धिआवै भव सागरु पारि परै ॥१॥ रहाउ ॥

ਤਿਸੁ ਜਨ ਕੇ ਹਮ ਹਾਟਿ ਬਿਹਾਝੇ ਜਿਸੁ ਹਰਿ ਹਰਿ ਕ੍ਰਿਪਾ ਕਰੈ ॥ (1263-14)
तिसु जन के हम हाटि बिहाझे जिसु हरि हरि क्रिपा करै ॥

ਹਰਿ ਜਨ ਕਉ ਮਿਲਿਆਂ ਸੁਖੁ ਪਾਈਐ ਸਭ ਦੁਰਮਤਿ ਮੈਲੁ ਹਰੈ ॥੨॥ (1263-15)
हरि जन कउ मिलिआं सुखु पाईऐ सभ दुरमति मैलु हरै ॥२॥

ਹਰਿ ਜਨ ਕਉ ਹਰਿ ਭੂਖ ਲਗਾਨੀ ਜਨੁ ਤ੍ਰਿਪਤੈ ਜਾ ਹਰਿ ਗੁਨ ਬਿਚਰੈ ॥ (1263-15)
हरि जन कउ हरि भूख लगानी जनु त्रिपतै जा हरि गुन बिचरै ॥

ਹਰਿ ਕਾ ਜਨੁ ਹਰਿ ਜਲ ਕਾ ਮੀਨਾ ਹਰਿ ਬਿਸਰਤ ਫੂਟਿ ਮਰੈ ॥੩॥ (1263-16)
हरि का जनु हरि जल का मीना हरि बिसरत फूटि मरै ॥३॥

ਜਿਨਿ ਏਹ ਪ੍ਰੀਤਿ ਲਾਈ ਸੋ ਜਾਨੈ ਕੈ ਜਾਨੈ ਜਿਸੁ ਮਨਿ ਧਰੈ ॥ (1263-17)
जिनि एह प्रीति लाई सो जानै कै जानै जिसु मनि धरै ॥

ਜਨੁ ਨਾਨਕੁ ਹਰਿ ਦੇਖਿ ਸੁਖੁ ਪਾਵੈ ਸਭ ਤਨ ਕੀ ਭੂਖ ਟਰੈ ॥੪॥੩॥ (1263-17)
जनु नानकु हरि देखि सुखु पावै सभ तन की भूख टरै ॥४॥३॥

ਮਲਾਰ ਮਹਲਾ ੪ ॥ (1263-18)
मलार महला ४ ॥

ਜਿਤਨੇ ਜੀਅ ਜੰਤ ਪ੍ਰਭਿ ਕੀਨੇ ਤਿਤਨੇ ਸਿਰਿ ਕਾਰ ਲਿਖਾਵੈ ॥ (1263-18)
जितने जीअ जंत प्रभि कीने तितने सिरि कार लिखावै ॥

ਹਰਿ ਜਨ ਕਉ ਹਰਿ ਦੀਨ੍ਹ ਵਡਾਈ ਹਰਿ ਜਨੁ ਹਰਿ ਕਾਰੈ ਲਾਵੈ ॥੧॥ (1263-19)
हरि जन कउ हरि दीन्ह वडाई हरि जनु हरि कारै लावै ॥१॥

ਸਤਿਗੁਰੁ ਹਰਿ ਹਰਿ ਨਾਮੁ ਦ੍ਰਿੜਾਵੈ ॥ (1263-19)
सतिगुरु हरि हरि नामु द्रिड़ावै ॥

ਹਰਿ ਬੋਲਹੁ ਗੁਰ ਕੇ ਸਿਖ ਮੇਰੇ ਭਾਈ ਹਰਿ ਭਉਜਲੁ ਜਗਤੁ ਤਰਾਵੈ ॥੧॥ ਰਹਾਉ ॥ (1264-1)
हरि बोलहु गुर के सिख मेरे भाई हरि भउजलु जगतु तरावै ॥१॥ रहाउ ॥

ਜੋ ਗੁਰ ਕਉ ਜਨੁ ਪੂਜੇ ਸੇਵੇ ਸੋ ਜਨੁ ਮੇਰੇ ਹਰਿ ਪ੍ਰਭ ਭਾਵੈ ॥ (1264-1)
जो गुर कउ जनु पूजे सेवे सो जनु मेरे हरि प्रभ भावै ॥

ਹਰਿ ਕੀ ਸੇਵਾ ਸਤਿਗੁਰੁ ਪੂਜਹੁ ਕਰਿ ਕਿਰਪਾ ਆਪਿ ਤਰਾਵੈ ॥੨॥ (1264-2)
हरि की सेवा सतिगुरु पूजहु करि किरपा आपि तरावै ॥२॥

ਭਰਮਿ ਭੂਲੇ ਅਗਿਆਨੀ ਅੰਧੁਲੇ ਭ੍ਰਮਿ ਭ੍ਰਮਿ ਫੂਲ ਤੋਰਾਵੈ ॥ (1264-2)
भरमि भूले अगिआनी अंधुले भ्रमि भ्रमि फूल तोरावै ॥

ਨਿਰਜੀਉ ਪੂਜਹਿ ਮੜਾ ਸਰੇਵਹਿ ਸਭ ਬਿਰਥੀ ਘਾਲ ਗਵਾਵੈ ॥੩॥ (1264-3)
निरजीउ पूजहि मड़ा सरेवहि सभ बिरथी घाल गवावै ॥३॥

ਬ੍ਰਹਮੁ ਬਿੰਦੇ ਸੋ ਸਤਿਗੁਰੁ ਕਹੀਐ ਹਰਿ ਹਰਿ ਕਥਾ ਸੁਣਾਵੈ ॥ (1264-4)
ब्रहमु बिंदे सो सतिगुरु कहीऐ हरि हरि कथा सुणावै ॥

ਤਿਸੁ ਗੁਰ ਕਉ ਛਾਦਨ ਭੋਜਨ ਪਾਟ ਪਟੰਬਰ ਬਹੁ ਬਿਧਿ ਸਤਿ ਕਰਿ ਮੁਖਿ ਸੰਚਹੁ ਤਿਸੁ ਪੁੰਨ ਕੀ ਫਿਰਿ ਤੋਟਿ ਨ ਆਵੈ ॥੪॥ (1264-4)
तिसु गुर कउ छादन भोजन पाट पटम्बर बहु बिधि सति करि मुखि संचहु तिसु पुंन की फिरि तोटि न आवै ॥४॥

ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ ਜੋ ਅੰਮ੍ਰਿਤ ਬਚਨ ਸੁਣਾਵੈ ॥ (1264-5)
सतिगुरु देउ परतखि हरि मूरति जो अमृत बचन सुणावै ॥

ਨਾਨਕ ਭਾਗ ਭਲੇ ਤਿਸੁ ਜਨ ਕੇ ਜੋ ਹਰਿ ਚਰਣੀ ਚਿਤੁ ਲਾਵੈ ॥੫॥੪॥ (1264-6)
नानक भाग भले तिसु जन के जो हरि चरणी चितु लावै ॥५॥४॥

ਮਲਾਰ ਮਹਲਾ ੪ ॥ (1264-7)
मलार महला ४ ॥

ਜਿਨ੍ਹ੍ਹ ਕੈ ਹੀਅਰੈ ਬਸਿਓ ਮੇਰਾ ਸਤਿਗੁਰੁ ਤੇ ਸੰਤ ਭਲੇ ਭਲ ਭਾਂਤਿ ॥ (1264-7)
जिन्ह कै हीअरै बसिओ मेरा सतिगुरु ते संत भले भल भांति ॥

ਤਿਨ੍ਹ੍ਹ ਦੇਖੇ ਮੇਰਾ ਮਨੁ ਬਿਗਸੈ ਹਉ ਤਿਨ ਕੈ ਸਦ ਬਲਿ ਜਾਂਤ ॥੧॥ (1264-7)
तिन्ह देखे मेरा मनु बिगसै हउ तिन कै सद बलि जांत ॥१॥

ਗਿਆਨੀ ਹਰਿ ਬੋਲਹੁ ਦਿਨੁ ਰਾਤਿ ॥ (1264-8)
गिआनी हरि बोलहु दिनु राति ॥

ਤਿਨ੍ਹ੍ਹ ਕੀ ਤ੍ਰਿਸਨਾ ਭੂਖ ਸਭ ਉਤਰੀ ਜੋ ਗੁਰਮਤਿ ਰਾਮ ਰਸੁ ਖਾਂਤਿ ॥੧॥ ਰਹਾਉ ॥ (1264-8)
तिन्ह की त्रिसना भूख सभ उतरी जो गुरमति राम रसु खांति ॥१॥ रहाउ ॥

ਹਰਿ ਕੇ ਦਾਸ ਸਾਧ ਸਖਾ ਜਨ ਜਿਨ ਮਿਲਿਆ ਲਹਿ ਜਾਇ ਭਰਾਂਤਿ ॥ (1264-9)
हरि के दास साध सखा जन जिन मिलिआ लहि जाइ भरांति ॥

ਜਿਉ ਜਲ ਦੁਧ ਭਿੰਨ ਭਿੰਨ ਕਾਢੈ ਚੁਣਿ ਹੰਸੁਲਾ ਤਿਉ ਦੇਹੀ ਤੇ ਚੁਣਿ ਕਾਢੈ ਸਾਧੂ ਹਉਮੈ ਤਾਤਿ ॥੨॥ (1264-10)
जिउ जल दुध भिंन भिंन काढै चुणि हंसुला तिउ देही ते चुणि काढै साधू हउमै ताति ॥२॥

ਜਿਨ ਕੈ ਪ੍ਰੀਤਿ ਨਾਹੀ ਹਰਿ ਹਿਰਦੈ ਤੇ ਕਪਟੀ ਨਰ ਨਿਤ ਕਪਟੁ ਕਮਾਂਤਿ ॥ (1264-11)
जिन कै प्रीति नाही हरि हिरदै ते कपटी नर नित कपटु कमांति ॥

ਤਿਨ ਕਉ ਕਿਆ ਕੋਈ ਦੇਇ ਖਵਾਲੈ ਓਇ ਆਪਿ ਬੀਜਿ ਆਪੇ ਹੀ ਖਾਂਤਿ ॥੩॥ (1264-11)
तिन कउ किआ कोई देइ खवालै ओइ आपि बीजि आपे ही खांति ॥३॥

ਹਰਿ ਕਾ ਚਿਹਨੁ ਸੋਈ ਹਰਿ ਜਨ ਕਾ ਹਰਿ ਆਪੇ ਜਨ ਮਹਿ ਆਪੁ ਰਖਾਂਤਿ ॥ (1264-12)
हरि का चिहनु सोई हरि जन का हरि आपे जन महि आपु रखांति ॥

ਧਨੁ ਧੰਨੁ ਗੁਰੂ ਨਾਨਕੁ ਸਮਦਰਸੀ ਜਿਨਿ ਨਿੰਦਾ ਉਸਤਤਿ ਤਰੀ ਤਰਾਂਤਿ ॥੪॥੫॥ (1264-13)
धनु धंनु गुरू नानकु समदरसी जिनि निंदा उसतति तरी तरांति ॥४॥५॥

ਮਲਾਰ ਮਹਲਾ ੪ ॥ (1264-14)
मलार महला ४ ॥

ਅਗਮੁ ਅਗੋਚਰੁ ਨਾਮੁ ਹਰਿ ਊਤਮੁ ਹਰਿ ਕਿਰਪਾ ਤੇ ਜਪਿ ਲਇਆ ॥ (1264-14)
अगमु अगोचरु नामु हरि ऊतमु हरि किरपा ते जपि लइआ ॥

ਸਤਸੰਗਤਿ ਸਾਧ ਪਾਈ ਵਡਭਾਗੀ ਸੰਗਿ ਸਾਧੂ ਪਾਰਿ ਪਇਆ ॥੧॥ (1264-14)
सतसंगति साध पाई वडभागी संगि साधू पारि पइआ ॥१॥

ਮੇਰੈ ਮਨਿ ਅਨਦਿਨੁ ਅਨਦੁ ਭਇਆ ॥ (1264-15)
मेरै मनि अनदिनु अनदु भइआ ॥

ਗੁਰ ਪਰਸਾਦਿ ਨਾਮੁ ਹਰਿ ਜਪਿਆ ਮੇਰੇ ਮਨ ਕਾ ਭ੍ਰਮੁ ਭਉ ਗਇਆ ॥੧॥ ਰਹਾਉ ॥ (1264-15)
गुर परसादि नामु हरि जपिआ मेरे मन का भ्रमु भउ गइआ ॥१॥ रहाउ ॥

ਜਿਨ ਹਰਿ ਗਾਇਆ ਜਿਨ ਹਰਿ ਜਪਿਆ ਤਿਨ ਸੰਗਤਿ ਹਰਿ ਮੇਲਹੁ ਕਰਿ ਮਇਆ ॥ (1264-16)
जिन हरि गाइआ जिन हरि जपिआ तिन संगति हरि मेलहु करि मइआ ॥

ਤਿਨ ਕਾ ਦਰਸੁ ਦੇਖਿ ਸੁਖੁ ਪਾਇਆ ਦੁਖੁ ਹਉਮੈ ਰੋਗੁ ਗਇਆ ॥੨॥ (1264-17)
तिन का दरसु देखि सुखु पाइआ दुखु हउमै रोगु गइआ ॥२॥

ਜੋ ਅਨਦਿਨੁ ਹਿਰਦੈ ਨਾਮੁ ਧਿਆਵਹਿ ਸਭੁ ਜਨਮੁ ਤਿਨਾ ਕਾ ਸਫਲੁ ਭਇਆ ॥ (1264-18)
जो अनदिनु हिरदै नामु धिआवहि सभु जनमु तिना का सफलु भइआ ॥

ਓਇ ਆਪਿ ਤਰੇ ਸ੍ਰਿਸਟਿ ਸਭ ਤਾਰੀ ਸਭੁ ਕੁਲੁ ਭੀ ਪਾਰਿ ਪਇਆ ॥੩॥ (1264-18)
ओइ आपि तरे स्रिसटि सभ तारी सभु कुलु भी पारि पइआ ॥३॥

ਤੁਧੁ ਆਪੇ ਆਪਿ ਉਪਾਇਆ ਸਭੁ ਜਗੁ ਤੁਧੁ ਆਪੇ ਵਸਿ ਕਰਿ ਲਇਆ ॥ (1264-19)
तुधु आपे आपि उपाइआ सभु जगु तुधु आपे वसि करि लइआ ॥

ਜਨ ਨਾਨਕ ਕਉ ਪ੍ਰਭਿ ਕਿਰਪਾ ਧਾਰੀ ਬਿਖੁ ਡੁਬਦਾ ਕਾਢਿ ਲਇਆ ॥੪॥੬॥ (1265-1)
जन नानक कउ प्रभि किरपा धारी बिखु डुबदा काढि लइआ ॥४॥६॥

ਮਲਾਰ ਮਹਲਾ ੪ ॥ (1265-2)
मलार महला ४ ॥

ਗੁਰ ਪਰਸਾਦੀ ਅੰਮ੍ਰਿਤੁ ਨਹੀ ਪੀਆ ਤ੍ਰਿਸਨਾ ਭੂਖ ਨ ਜਾਈ ॥ (1265-2)
गुर परसादी अमृतु नही पीआ त्रिसना भूख न जाई ॥

ਮਨਮੁਖ ਮੂੜ੍ ਜਲਤ ਅਹੰਕਾਰੀ ਹਉਮੈ ਵਿਚਿ ਦੁਖੁ ਪਾਈ ॥ (1265-2)
मनमुख मूड़्ह जलत अहंकारी हउमै विचि दुखु पाई ॥

ਆਵਤ ਜਾਤ ਬਿਰਥਾ ਜਨਮੁ ਗਵਾਇਆ ਦੁਖਿ ਲਾਗੈ ਪਛੁਤਾਈ ॥ (1265-3)
आवत जात बिरथा जनमु गवाइआ दुखि लागै पछुताई ॥

ਜਿਸ ਤੇ ਉਪਜੇ ਤਿਸਹਿ ਨ ਚੇਤਹਿ ਧ੍ਰਿਗੁ ਜੀਵਣੁ ਧ੍ਰਿਗੁ ਖਾਈ ॥੧॥ (1265-4)
जिस ते उपजे तिसहि न चेतहि ध्रिगु जीवणु ध्रिगु खाई ॥१॥

ਪ੍ਰਾਣੀ ਗੁਰਮੁਖਿ ਨਾਮੁ ਧਿਆਈ ॥ (1265-4)
प्राणी गुरमुखि नामु धिआई ॥

ਹਰਿ ਹਰਿ ਕ੍ਰਿਪਾ ਕਰੇ ਗੁਰੁ ਮੇਲੇ ਹਰਿ ਹਰਿ ਨਾਮਿ ਸਮਾਈ ॥੧॥ ਰਹਾਉ ॥ (1265-5)
हरि हरि क्रिपा करे गुरु मेले हरि हरि नामि समाई ॥१॥ रहाउ ॥

ਮਨਮੁਖ ਜਨਮੁ ਭਇਆ ਹੈ ਬਿਰਥਾ ਆਵਤ ਜਾਤ ਲਜਾਈ ॥ (1265-5)
मनमुख जनमु भइआ है बिरथा आवत जात लजाई ॥

ਕਾਮਿ ਕ੍ਰੋਧਿ ਡੂਬੇ ਅਭਿਮਾਨੀ ਹਉਮੈ ਵਿਚਿ ਜਲਿ ਜਾਈ ॥ (1265-6)
कामि क्रोधि डूबे अभिमानी हउमै विचि जलि जाई ॥

ਤਿਨ ਸਿਧਿ ਨ ਬੁਧਿ ਭਈ ਮਤਿ ਮਧਿਮ ਲੋਭ ਲਹਰਿ ਦੁਖੁ ਪਾਈ ॥ (1265-6)
तिन सिधि न बुधि भई मति मधिम लोभ लहरि दुखु पाई ॥

ਗੁਰ ਬਿਹੂਨ ਮਹਾ ਦੁਖੁ ਪਾਇਆ ਜਮ ਪਕਰੇ ਬਿਲਲਾਈ ॥੨॥ (1265-7)
गुर बिहून महा दुखु पाइआ जम पकरे बिललाई ॥२॥

ਹਰਿ ਕਾ ਨਾਮੁ ਅਗੋਚਰੁ ਪਾਇਆ ਗੁਰਮੁਖਿ ਸਹਜਿ ਸੁਭਾਈ ॥ (1265-8)
हरि का नामु अगोचरु पाइआ गुरमुखि सहजि सुभाई ॥

ਨਾਮੁ ਨਿਧਾਨੁ ਵਸਿਆ ਘਟ ਅੰਤਰਿ ਰਸਨਾ ਹਰਿ ਗੁਣ ਗਾਈ ॥ (1265-8)
नामु निधानु वसिआ घट अंतरि रसना हरि गुण गाई ॥

ਸਦਾ ਅਨੰਦਿ ਰਹੈ ਦਿਨੁ ਰਾਤੀ ਏਕ ਸਬਦਿ ਲਿਵ ਲਾਈ ॥ (1265-9)
सदा अनंदि रहै दिनु राती एक सबदि लिव लाई ॥

ਨਾਮੁ ਪਦਾਰਥੁ ਸਹਜੇ ਪਾਇਆ ਇਹ ਸਤਿਗੁਰ ਕੀ ਵਡਿਆਈ ॥੩॥ (1265-9)
नामु पदारथु सहजे पाइआ इह सतिगुर की वडिआई ॥३॥

ਸਤਿਗੁਰ ਤੇ ਹਰਿ ਹਰਿ ਮਨਿ ਵਸਿਆ ਸਤਿਗੁਰ ਕਉ ਸਦ ਬਲਿ ਜਾਈ ॥ (1265-10)
सतिगुर ते हरि हरि मनि वसिआ सतिगुर कउ सद बलि जाई ॥

ਮਨੁ ਤਨੁ ਅਰਪਿ ਰਖਉ ਸਭੁ ਆਗੈ ਗੁਰ ਚਰਣੀ ਚਿਤੁ ਲਾਈ ॥ (1265-11)
मनु तनु अरपि रखउ सभु आगै गुर चरणी चितु लाई ॥

ਅਪਣੀ ਕ੍ਰਿਪਾ ਕਰਹੁ ਗੁਰ ਪੂਰੇ ਆਪੇ ਲੈਹੁ ਮਿਲਾਈ ॥ (1265-11)
अपणी क्रिपा करहु गुर पूरे आपे लैहु मिलाई ॥

ਹਮ ਲੋਹ ਗੁਰ ਨਾਵ ਬੋਹਿਥਾ ਨਾਨਕ ਪਾਰਿ ਲੰਘਾਈ ॥੪॥੭॥ (1265-12)
हम लोह गुर नाव बोहिथा नानक पारि लंघाई ॥४॥७॥

ਮਲਾਰ ਮਹਲਾ ੪ ਪੜਤਾਲ ਘਰੁ ੩ (1265-13)
मलार महला ४ पड़ताल घरु ३

ੴ ਸਤਿਗੁਰ ਪ੍ਰਸਾਦਿ ॥ (1265-13)
ੴ सतिगुर प्रसादि ॥

ਹਰਿ ਜਨ ਬੋਲਤ ਸ੍ਰੀਰਾਮ ਨਾਮਾ ਮਿਲਿ ਸਾਧਸੰਗਤਿ ਹਰਿ ਤੋਰ ॥੧॥ ਰਹਾਉ ॥ (1265-14)
हरि जन बोलत स्रीराम नामा मिलि साधसंगति हरि तोर ॥१॥ रहाउ ॥

ਹਰਿ ਧਨੁ ਬਨਜਹੁ ਹਰਿ ਧਨੁ ਸੰਚਹੁ ਜਿਸੁ ਲਾਗਤ ਹੈ ਨਹੀ ਚੋਰ ॥੧॥ (1265-14)
हरि धनु बनजहु हरि धनु संचहु जिसु लागत है नही चोर ॥१॥

ਚਾਤ੍ਰਿਕ ਮੋਰ ਬੋਲਤ ਦਿਨੁ ਰਾਤੀ ਸੁਨਿ ਘਨਿਹਰ ਕੀ ਘੋਰ ॥੨॥ (1265-15)
चात्रिक मोर बोलत दिनु राती सुनि घनिहर की घोर ॥२॥

ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥੩॥ (1265-16)
जो बोलत है म्रिग मीन पंखेरू सु बिनु हरि जापत है नही होर ॥३॥

ਨਾਨਕ ਜਨ ਹਰਿ ਕੀਰਤਿ ਗਾਈ ਛੂਟਿ ਗਇਓ ਜਮ ਕਾ ਸਭ ਸੋਰ ॥੪॥੧॥੮॥ (1265-16)
नानक जन हरि कीरति गाई छूटि गइओ जम का सभ सोर ॥४॥१॥८॥

ਮਲਾਰ ਮਹਲਾ ੪ ॥ (1265-17)
मलार महला ४ ॥

ਰਾਮ ਰਾਮ ਬੋਲਿ ਬੋਲਿ ਖੋਜਤੇ ਬਡਭਾਗੀ ॥ (1265-17)
राम राम बोलि बोलि खोजते बडभागी ॥

ਹਰਿ ਕਾ ਪੰਥੁ ਕੋਊ ਬਤਾਵੈ ਹਉ ਤਾ ਕੈ ਪਾਇ ਲਾਗੀ ॥੧॥ ਰਹਾਉ ॥ (1265-18)
हरि का पंथु कोऊ बतावै हउ ता कै पाइ लागी ॥१॥ रहाउ ॥

ਹਰਿ ਹਮਾਰੋ ਮੀਤੁ ਸਖਾਈ ਹਮ ਹਰਿ ਸਿਉ ਪ੍ਰੀਤਿ ਲਾਗੀ ॥ (1265-18)
हरि हमारो मीतु सखाई हम हरि सिउ प्रीति लागी ॥

ਹਰਿ ਹਮ ਗਾਵਹਿ ਹਰਿ ਹਮ ਬੋਲਹਿ ਅਉਰੁ ਦੁਤੀਆ ਪ੍ਰੀਤਿ ਹਮ ਤਿਆਗੀ ॥੧॥ (1266-1)
हरि हम गावहि हरि हम बोलहि अउरु दुतीआ प्रीति हम तिआगी ॥१॥

ਮਨਮੋਹਨ ਮੋਰੋ ਪ੍ਰੀਤਮ ਰਾਮੁ ਹਰਿ ਪਰਮਾਨੰਦੁ ਬੈਰਾਗੀ ॥ (1266-1)
मनमोहन मोरो प्रीतम रामु हरि परमानंदु बैरागी ॥

ਹਰਿ ਦੇਖੇ ਜੀਵਤ ਹੈ ਨਾਨਕੁ ਇਕ ਨਿਮਖ ਪਲੋ ਮੁਖਿ ਲਾਗੀ ॥੨॥੨॥੯॥੯॥੧੩॥੯॥੩੧॥ (1266-2)
हरि देखे जीवत है नानकु इक निमख पलो मुखि लागी ॥२॥२॥९॥९॥१३॥९॥३१॥

ਰਾਗੁ ਮਲਾਰ ਮਹਲਾ ੫ ਚਉਪਦੇ ਘਰੁ ੧ (1266-4)
रागु मलार महला ५ चउपदे घरु १

ੴ ਸਤਿਗੁਰ ਪ੍ਰਸਾਦਿ ॥ (1266-4)
ੴ सतिगुर प्रसादि ॥

ਕਿਆ ਤੂ ਸੋਚਹਿ ਕਿਆ ਤੂ ਚਿਤਵਹਿ ਕਿਆ ਤੂੰ ਕਰਹਿ ਉਪਾਏ ॥ (1266-5)
किआ तू सोचहि किआ तू चितवहि किआ तूं करहि उपाए ॥

ਤਾ ਕਉ ਕਹਹੁ ਪਰਵਾਹ ਕਾਹੂ ਕੀ ਜਿਹ ਗੋਪਾਲ ਸਹਾਏ ॥੧॥ (1266-5)
ता कउ कहहु परवाह काहू की जिह गोपाल सहाए ॥१॥

ਬਰਸੈ ਮੇਘੁ ਸਖੀ ਘਰਿ ਪਾਹੁਨ ਆਏ ॥ (1266-6)
बरसै मेघु सखी घरि पाहुन आए ॥

ਮੋਹਿ ਦੀਨ ਕ੍ਰਿਪਾ ਨਿਧਿ ਠਾਕੁਰ ਨਵ ਨਿਧਿ ਨਾਮਿ ਸਮਾਏ ॥੧॥ ਰਹਾਉ ॥ (1266-6)
मोहि दीन क्रिपा निधि ठाकुर नव निधि नामि समाए ॥१॥ रहाउ ॥

ਅਨਿਕ ਪ੍ਰਕਾਰ ਭੋਜਨ ਬਹੁ ਕੀਏ ਬਹੁ ਬਿੰਜਨ ਮਿਸਟਾਏ ॥ (1266-7)
अनिक प्रकार भोजन बहु कीए बहु बिंजन मिसटाए ॥

ਕਰੀ ਪਾਕਸਾਲ ਸੋਚ ਪਵਿਤ੍ਰਾ ਹੁਣਿ ਲਾਵਹੁ ਭੋਗੁ ਹਰਿ ਰਾਏ ॥੨॥ (1266-7)
करी पाकसाल सोच पवित्रा हुणि लावहु भोगु हरि राए ॥२॥

ਦੁਸਟ ਬਿਦਾਰੇ ਸਾਜਨ ਰਹਸੇ ਇਹਿ ਮੰਦਿਰ ਘਰ ਅਪਨਾਏ ॥ (1266-8)
दुसट बिदारे साजन रहसे इहि मंदिर घर अपनाए ॥

ਜਉ ਗ੍ਰਿਹਿ ਲਾਲੁ ਰੰਗੀਓ ਆਇਆ ਤਉ ਮੈ ਸਭਿ ਸੁਖ ਪਾਏ ॥੩॥ (1266-8)
जउ ग्रिहि लालु रंगीओ आइआ तउ मै सभि सुख पाए ॥३॥

ਸੰਤ ਸਭਾ ਓਟ ਗੁਰ ਪੂਰੇ ਧੁਰਿ ਮਸਤਕਿ ਲੇਖੁ ਲਿਖਾਏ ॥ (1266-9)
संत सभा ओट गुर पूरे धुरि मसतकि लेखु लिखाए ॥

ਜਨ ਨਾਨਕ ਕੰਤੁ ਰੰਗੀਲਾ ਪਾਇਆ ਫਿਰਿ ਦੂਖੁ ਨ ਲਾਗੈ ਆਏ ॥੪॥੧॥ (1266-10)
जन नानक कंतु रंगीला पाइआ फिरि दूखु न लागै आए ॥४॥१॥

ਮਲਾਰ ਮਹਲਾ ੫ ॥ (1266-10)
मलार महला ५ ॥

ਖੀਰ ਅਧਾਰਿ ਬਾਰਿਕੁ ਜਬ ਹੋਤਾ ਬਿਨੁ ਖੀਰੈ ਰਹਨੁ ਨ ਜਾਈ ॥ (1266-10)
खीर अधारि बारिकु जब होता बिनु खीरै रहनु न जाई ॥

ਸਾਰਿ ਸਮ੍ਹਾਲਿ ਮਾਤਾ ਮੁਖਿ ਨੀਰੈ ਤਬ ਓਹੁ ਤ੍ਰਿਪਤਿ ਅਘਾਈ ॥੧॥ (1266-11)
सारि सम्हालि माता मुखि नीरै तब ओहु त्रिपति अघाई ॥१॥

ਹਮ ਬਾਰਿਕ ਪਿਤਾ ਪ੍ਰਭੁ ਦਾਤਾ ॥ (1266-12)
हम बारिक पिता प्रभु दाता ॥

ਭੂਲਹਿ ਬਾਰਿਕ ਅਨਿਕ ਲਖ ਬਰੀਆ ਅਨ ਠਉਰ ਨਾਹੀ ਜਹ ਜਾਤਾ ॥੧॥ ਰਹਾਉ ॥ (1266-12)
भूलहि बारिक अनिक लख बरीआ अन ठउर नाही जह जाता ॥१॥ रहाउ ॥

ਚੰਚਲ ਮਤਿ ਬਾਰਿਕ ਬਪੁਰੇ ਕੀ ਸਰਪ ਅਗਨਿ ਕਰ ਮੇਲੈ ॥ (1266-13)
चंचल मति बारिक बपुरे की सरप अगनि कर मेलै ॥

ਮਾਤਾ ਪਿਤਾ ਕੰਠਿ ਲਾਇ ਰਾਖੈ ਅਨਦ ਸਹਜਿ ਤਬ ਖੇਲੈ ॥੨॥ (1266-13)
माता पिता कंठि लाइ राखै अनद सहजि तब खेलै ॥२॥

ਜਿਸ ਕਾ ਪਿਤਾ ਤੂ ਹੈ ਮੇਰੇ ਸੁਆਮੀ ਤਿਸੁ ਬਾਰਿਕ ਭੂਖ ਕੈਸੀ ॥ (1266-14)
जिस का पिता तू है मेरे सुआमी तिसु बारिक भूख कैसी ॥

ਨਵ ਨਿਧਿ ਨਾਮੁ ਨਿਧਾਨੁ ਗ੍ਰਿਹਿ ਤੇਰੈ ਮਨਿ ਬਾਂਛੈ ਸੋ ਲੈਸੀ ॥੩॥ (1266-14)
नव निधि नामु निधानु ग्रिहि तेरै मनि बांछै सो लैसी ॥३॥

ਪਿਤਾ ਕ੍ਰਿਪਾਲਿ ਆਗਿਆ ਇਹ ਦੀਨੀ ਬਾਰਿਕੁ ਮੁਖਿ ਮਾਂਗੈ ਸੋ ਦੇਨਾ ॥ (1266-15)
पिता क्रिपालि आगिआ इह दीनी बारिकु मुखि मांगै सो देना ॥

ਨਾਨਕ ਬਾਰਿਕੁ ਦਰਸੁ ਪ੍ਰਭ ਚਾਹੈ ਮੋਹਿ ਹ੍ਰਿਦੈ ਬਸਹਿ ਨਿਤ ਚਰਨਾ ॥੪॥੨॥ (1266-16)
नानक बारिकु दरसु प्रभ चाहै मोहि ह्रिदै बसहि नित चरना ॥४॥२॥

ਮਲਾਰ ਮਹਲਾ ੫ ॥ (1266-17)
मलार महला ५ ॥

ਸਗਲ ਬਿਧੀ ਜੁਰਿ ਆਹਰੁ ਕਰਿਆ ਤਜਿਓ ਸਗਲ ਅੰਦੇਸਾ ॥ (1266-17)
सगल बिधी जुरि आहरु करिआ तजिओ सगल अंदेसा ॥

ਕਾਰਜੁ ਸਗਲ ਅਰੰਭਿਓ ਘਰ ਕਾ ਠਾਕੁਰ ਕਾ ਭਾਰੋਸਾ ॥੧॥ (1266-17)
कारजु सगल अर्मभिओ घर का ठाकुर का भारोसा ॥१॥

ਸੁਨੀਐ ਬਾਜੈ ਬਾਜ ਸੁਹਾਵੀ ॥ (1266-18)
सुनीऐ बाजै बाज सुहावी ॥

ਭੋਰੁ ਭਇਆ ਮੈ ਪ੍ਰਿਅ ਮੁਖ ਪੇਖੇ ਗ੍ਰਿਹਿ ਮੰਗਲ ਸੁਹਲਾਵੀ ॥੧॥ ਰਹਾਉ ॥ (1266-18)
भोरु भइआ मै प्रिअ मुख पेखे ग्रिहि मंगल सुहलावी ॥१॥ रहाउ ॥

ਮਨੂਆ ਲਾਇ ਸਵਾਰੇ ਥਾਨਾਂ ਪੂਛਉ ਸੰਤਾ ਜਾਏ ॥ (1266-19)
मनूआ लाइ सवारे थानां पूछउ संता जाए ॥

ਖੋਜਤ ਖੋਜਤ ਮੈ ਪਾਹੁਨ ਮਿਲਿਓ ਭਗਤਿ ਕਰਉ ਨਿਵਿ ਪਾਏ ॥੨॥ (1266-19)
खोजत खोजत मै पाहुन मिलिओ भगति करउ निवि पाए ॥२॥

ਜਬ ਪ੍ਰਿਅ ਆਇ ਬਸੇ ਗ੍ਰਿਹਿ ਆਸਨਿ ਤਬ ਹਮ ਮੰਗਲੁ ਗਾਇਆ ॥ (1267-1)
जब प्रिअ आइ बसे ग्रिहि आसनि तब हम मंगलु गाइआ ॥

ਮੀਤ ਸਾਜਨ ਮੇਰੇ ਭਏ ਸੁਹੇਲੇ ਪ੍ਰਭੁ ਪੂਰਾ ਗੁਰੂ ਮਿਲਾਇਆ ॥੩॥ (1267-2)
मीत साजन मेरे भए सुहेले प्रभु पूरा गुरू मिलाइआ ॥३॥

ਸਖੀ ਸਹੇਲੀ ਭਏ ਅਨੰਦਾ ਗੁਰਿ ਕਾਰਜ ਹਮਰੇ ਪੂਰੇ ॥ (1267-2)
सखी सहेली भए अनंदा गुरि कारज हमरे पूरे ॥

ਕਹੁ ਨਾਨਕ ਵਰੁ ਮਿਲਿਆ ਸੁਖਦਾਤਾ ਛੋਡਿ ਨ ਜਾਈ ਦੂਰੇ ॥੪॥੩॥ (1267-3)
कहु नानक वरु मिलिआ सुखदाता छोडि न जाई दूरे ॥४॥३॥

ਮਲਾਰ ਮਹਲਾ ੫ ॥ (1267-4)
मलार महला ५ ॥

ਰਾਜ ਤੇ ਕੀਟ ਕੀਟ ਤੇ ਸੁਰਪਤਿ ਕਰਿ ਦੋਖ ਜਠਰ ਕਉ ਭਰਤੇ ॥ (1267-4)
राज ते कीट कीट ते सुरपति करि दोख जठर कउ भरते ॥

ਕ੍ਰਿਪਾ ਨਿਧਿ ਛੋਡਿ ਆਨ ਕਉ ਪੂਜਹਿ ਆਤਮ ਘਾਤੀ ਹਰਤੇ ॥੧॥ (1267-4)
क्रिपा निधि छोडि आन कउ पूजहि आतम घाती हरते ॥१॥

ਹਰਿ ਬਿਸਰਤ ਤੇ ਦੁਖਿ ਦੁਖਿ ਮਰਤੇ ॥ (1267-5)
हरि बिसरत ते दुखि दुखि मरते ॥

ਅਨਿਕ ਬਾਰ ਭ੍ਰਮਹਿ ਬਹੁ ਜੋਨੀ ਟੇਕ ਨ ਕਾਹੂ ਧਰਤੇ ॥੧॥ ਰਹਾਉ ॥ (1267-5)
अनिक बार भ्रमहि बहु जोनी टेक न काहू धरते ॥१॥ रहाउ ॥

ਤਿਆਗਿ ਸੁਆਮੀ ਆਨ ਕਉ ਚਿਤਵਤ ਮੂੜ ਮੁਗਧ ਖਲ ਖਰ ਤੇ ॥ (1267-6)
तिआगि सुआमी आन कउ चितवत मूड़ मुगध खल खर ते ॥

ਕਾਗਰ ਨਾਵ ਲੰਘਹਿ ਕਤ ਸਾਗਰੁ ਬ੍ਰਿਥਾ ਕਥਤ ਹਮ ਤਰਤੇ ॥੨॥ (1267-7)
कागर नाव लंघहि कत सागरु ब्रिथा कथत हम तरते ॥२॥

ਸਿਵ ਬਿਰੰਚਿ ਅਸੁਰ ਸੁਰ ਜੇਤੇ ਕਾਲ ਅਗਨਿ ਮਹਿ ਜਰਤੇ ॥ (1267-7)
सिव बिरंचि असुर सुर जेते काल अगनि महि जरते ॥

ਨਾਨਕ ਸਰਨਿ ਚਰਨ ਕਮਲਨ ਕੀ ਤੁਮ੍ਹ ਨ ਡਾਰਹੁ ਪ੍ਰਭ ਕਰਤੇ ॥੩॥੪॥ (1267-8)
नानक सरनि चरन कमलन की तुम्ह न डारहु प्रभ करते ॥३॥४॥

ਰਾਗੁ ਮਲਾਰ ਮਹਲਾ ੫ ਦੁਪਦੇ ਘਰੁ ੧ (1267-9)
रागु मलार महला ५ दुपदे घरु १

ੴ ਸਤਿਗੁਰ ਪ੍ਰਸਾਦਿ ॥ (1267-9)
ੴ सतिगुर प्रसादि ॥

ਪ੍ਰਭ ਮੇਰੇ ਓਇ ਬੈਰਾਗੀ ਤਿਆਗੀ ॥ (1267-10)
प्रभ मेरे ओइ बैरागी तिआगी ॥

ਹਉ ਇਕੁ ਖਿਨੁ ਤਿਸੁ ਬਿਨੁ ਰਹਿ ਨ ਸਕਉ ਪ੍ਰੀਤਿ ਹਮਾਰੀ ਲਾਗੀ ॥੧॥ ਰਹਾਉ ॥ (1267-10)
हउ इकु खिनु तिसु बिनु रहि न सकउ प्रीति हमारी लागी ॥१॥ रहाउ ॥

ਉਨ ਕੈ ਸੰਗਿ ਮੋਹਿ ਪ੍ਰਭੁ ਚਿਤਿ ਆਵੈ ਸੰਤ ਪ੍ਰਸਾਦਿ ਮੋਹਿ ਜਾਗੀ ॥ (1267-11)
उन कै संगि मोहि प्रभु चिति आवै संत प्रसादि मोहि जागी ॥

ਸੁਨਿ ਉਪਦੇਸੁ ਭਏ ਮਨ ਨਿਰਮਲ ਗੁਨ ਗਾਏ ਰੰਗਿ ਰਾਂਗੀ ॥੧॥ (1267-11)
सुनि उपदेसु भए मन निरमल गुन गाए रंगि रांगी ॥१॥

ਇਹੁ ਮਨੁ ਦੇਇ ਕੀਏ ਸੰਤ ਮੀਤਾ ਕ੍ਰਿਪਾਲ ਭਏ ਬਡਭਾਗੀ ॥ (1267-12)
इहु मनु देइ कीए संत मीता क्रिपाल भए बडभागी� ॥

ਮਹਾ ਸੁਖੁ ਪਾਇਆ ਬਰਨਿ ਨ ਸਾਕਉ ਰੇਨੁ ਨਾਨਕ ਜਨ ਪਾਗੀ ॥੨॥੧॥੫॥ (1267-12)
महा सुखु पाइआ बरनि न साकउ रेनु नानक जन पागी ॥२॥१॥५॥

ਮਲਾਰ ਮਹਲਾ ੫ ॥ (1267-13)
मलार महला ५ ॥

ਮਾਈ ਮੋਹਿ ਪ੍ਰੀਤਮੁ ਦੇਹੁ ਮਿਲਾਈ ॥ (1267-13)
माई मोहि प्रीतमु देहु मिलाई ॥

ਸਗਲ ਸਹੇਲੀ ਸੁਖ ਭਰਿ ਸੂਤੀ ਜਿਹ ਘਰਿ ਲਾਲੁ ਬਸਾਈ ॥੧॥ ਰਹਾਉ ॥ (1267-14)
सगल सहेली सुख भरि सूती जिह घरि लालु बसाई ॥१॥ रहाउ ॥

ਮੋਹਿ ਅਵਗਨ ਪ੍ਰਭੁ ਸਦਾ ਦਇਆਲਾ ਮੋਹਿ ਨਿਰਗੁਨਿ ਕਿਆ ਚਤੁਰਾਈ ॥ (1267-14)
मोहि अवगन प्रभु सदा दइआला मोहि निरगुनि किआ चतुराई ॥

ਕਰਉ ਬਰਾਬਰਿ ਜੋ ਪ੍ਰਿਅ ਸੰਗਿ ਰਾਤੀ ਇਹ ਹਉਮੈ ਕੀ ਢੀਠਾਈ ॥੧॥ (1267-15)
करउ बराबरि जो प्रिअ संगि राती� इह हउमै की ढीठाई ॥१॥

ਭਈ ਨਿਮਾਣੀ ਸਰਨਿ ਇਕ ਤਾਕੀ ਗੁਰ ਸਤਿਗੁਰ ਪੁਰਖ ਸੁਖਦਾਈ ॥ (1267-16)
भई निमाणी सरनि इक ताकी गुर सतिगुर पुरख सुखदाई ॥

ਏਕ ਨਿਮਖ ਮਹਿ ਮੇਰਾ ਸਭੁ ਦੁਖੁ ਕਾਟਿਆ ਨਾਨਕ ਸੁਖਿ ਰੈਨਿ ਬਿਹਾਈ ॥੨॥੨॥੬॥ (1267-16)
एक निमख महि मेरा सभु दुखु काटिआ नानक सुखि रैनि बिहाई ॥२॥२॥६॥

ਮਲਾਰ ਮਹਲਾ ੫ ॥ (1267-17)
मलार महला ५ ॥

ਬਰਸੁ ਮੇਘ ਜੀ ਤਿਲੁ ਬਿਲਮੁ ਨ ਲਾਉ ॥ (1267-17)
बरसु मेघ जी तिलु बिलमु न लाउ ॥

ਬਰਸੁ ਪਿਆਰੇ ਮਨਹਿ ਸਧਾਰੇ ਹੋਇ ਅਨਦੁ ਸਦਾ ਮਨਿ ਚਾਉ ॥੧॥ ਰਹਾਉ ॥ (1267-18)
बरसु पिआरे मनहि सधारे होइ अनदु सदा मनि चाउ ॥१॥ रहाउ ॥

ਹਮ ਤੇਰੀ ਧਰ ਸੁਆਮੀਆ ਮੇਰੇ ਤੂ ਕਿਉ ਮਨਹੁ ਬਿਸਾਰੇ ॥ (1267-18)
हम तेरी धर सुआमीआ मेरे तू किउ मनहु बिसारे ॥

ਇਸਤ੍ਰੀ ਰੂਪ ਚੇਰੀ ਕੀ ਨਿਆਈ ਸੋਭ ਨਹੀ ਬਿਨੁ ਭਰਤਾਰੇ ॥੧॥ (1268-1)
इसत्री रूप चेरी की निआई सोभ नही बिनु भरतारे ॥१॥

ਬਿਨਉ ਸੁਨਿਓ ਜਬ ਠਾਕੁਰ ਮੇਰੈ ਬੇਗਿ ਆਇਓ ਕਿਰਪਾ ਧਾਰੇ ॥ (1268-2)
बिनउ सुनिओ जब ठाकुर मेरै बेगि आइओ किरपा धारे ॥

ਕਹੁ ਨਾਨਕ ਮੇਰੋ ਬਨਿਓ ਸੁਹਾਗੋ ਪਤਿ ਸੋਭਾ ਭਲੇ ਅਚਾਰੇ ॥੨॥੩॥੭॥ (1268-2)
कहु नानक मेरो बनिओ सुहागो पति सोभा भले अचारे ॥२॥३॥७॥

ਮਲਾਰ ਮਹਲਾ ੫ ॥ (1268-3)
मलार महला ५ ॥

ਪ੍ਰੀਤਮ ਸਾਚਾ ਨਾਮੁ ਧਿਆਇ ॥ (1268-3)
प्रीतम साचा नामु धिआइ ॥

ਦੂਖ ਦਰਦ ਬਿਨਸੈ ਭਵ ਸਾਗਰੁ ਗੁਰ ਕੀ ਮੂਰਤਿ ਰਿਦੈ ਬਸਾਇ ॥੧॥ ਰਹਾਉ ॥ (1268-3)
दूख दरद बिनसै भव सागरु गुर की मूरति रिदै बसाइ ॥१॥ रहाउ ॥

ਦੁਸਮਨ ਹਤੇ ਦੋਖੀ ਸਭਿ ਵਿਆਪੇ ਹਰਿ ਸਰਣਾਈ ਆਇਆ ॥ (1268-4)
दुसमन हते दोखी सभि विआपे हरि सरणाई आइआ ॥

ਰਾਖਨਹਾਰੈ ਹਾਥ ਦੇ ਰਾਖਿਓ ਨਾਮੁ ਪਦਾਰਥੁ ਪਾਇਆ ॥੧॥ (1268-5)
राखनहारै हाथ दे राखिओ नामु पदारथु पाइआ ॥१॥

ਕਰਿ ਕਿਰਪਾ ਕਿਲਵਿਖ ਸਭਿ ਕਾਟੇ ਨਾਮੁ ਨਿਰਮਲੁ ਮਨਿ ਦੀਆ ॥ (1268-5)
करि किरपा किलविख सभि काटे नामु निरमलु मनि दीआ ॥

ਗੁਣ ਨਿਧਾਨੁ ਨਾਨਕ ਮਨਿ ਵਸਿਆ ਬਾਹੁੜਿ ਦੂਖ ਨ ਥੀਆ ॥੨॥੪॥੮॥ (1268-6)
गुण निधानु नानक मनि वसिआ बाहुड़ि दूख न थीआ ॥२॥४॥८॥

ਮਲਾਰ ਮਹਲਾ ੫ ॥ (1268-7)
मलार महला ५ ॥

ਪ੍ਰਭ ਮੇਰੇ ਪ੍ਰੀਤਮ ਪ੍ਰਾਨ ਪਿਆਰੇ ॥ (1268-7)
प्रभ मेरे प्रीतम प्रान पिआरे ॥

ਪ੍ਰੇਮ ਭਗਤਿ ਅਪਨੋ ਨਾਮੁ ਦੀਜੈ ਦਇਆਲ ਅਨੁਗ੍ਰਹੁ ਧਾਰੇ ॥੧॥ ਰਹਾਉ ॥ (1268-7)
प्रेम भगति अपनो नामु दीजै दइआल अनुग्रहु धारे ॥१॥ रहाउ ॥

ਸਿਮਰਉ ਚਰਨ ਤੁਹਾਰੇ ਪ੍ਰੀਤਮ ਰਿਦੈ ਤੁਹਾਰੀ ਆਸਾ ॥ (1268-8)
सिमरउ चरन तुहारे प्रीतम रिदै तुहारी आसा ॥

ਸੰਤ ਜਨਾ ਪਹਿ ਕਰਉ ਬੇਨਤੀ ਮਨਿ ਦਰਸਨ ਕੀ ਪਿਆਸਾ ॥੧॥ (1268-8)
संत जना पहि करउ बेनती मनि दरसन की पिआसा ॥१॥

ਬਿਛੁਰਤ ਮਰਨੁ ਜੀਵਨੁ ਹਰਿ ਮਿਲਤੇ ਜਨ ਕਉ ਦਰਸਨੁ ਦੀਜੈ ॥ (1268-9)
बिछुरत मरनु जीवनु हरि मिलते जन कउ दरसनु दीजै ॥

ਨਾਮ ਅਧਾਰੁ ਜੀਵਨ ਧਨੁ ਨਾਨਕ ਪ੍ਰਭ ਮੇਰੇ ਕਿਰਪਾ ਕੀਜੈ ॥੨॥੫॥੯॥ (1268-9)
नाम अधारु जीवन धनु नानक प्रभ मेरे किरपा कीजै ॥२॥५॥९॥

ਮਲਾਰ ਮਹਲਾ ੫ ॥ (1268-10)
मलार महला ५ ॥

ਅਬ ਅਪਨੇ ਪ੍ਰੀਤਮ ਸਿਉ ਬਨਿ ਆਈ ॥ (1268-10)
अब अपने प्रीतम सिउ बनि आई ॥

ਰਾਜਾ ਰਾਮੁ ਰਮਤ ਸੁਖੁ ਪਾਇਓ ਬਰਸੁ ਮੇਘ ਸੁਖਦਾਈ ॥੧॥ ਰਹਾਉ ॥ (1268-11)
राजा रामु रमत सुखु पाइओ बरसु मेघ सुखदाई ॥१॥ रहाउ ॥

ਇਕੁ ਪਲੁ ਬਿਸਰਤ ਨਹੀ ਸੁਖ ਸਾਗਰੁ ਨਾਮੁ ਨਵੈ ਨਿਧਿ ਪਾਈ ॥ (1268-11)
इकु पलु बिसरत नही सुख सागरु नामु नवै निधि पाई ॥

ਉਦੌਤੁ ਭਇਓ ਪੂਰਨ ਭਾਵੀ ਕੋ ਭੇਟੇ ਸੰਤ ਸਹਾਈ ॥੧॥ (1268-12)
उदौतु भइओ पूरन भावी को भेटे संत सहाई ॥१॥

ਸੁਖ ਉਪਜੇ ਦੁਖ ਸਗਲ ਬਿਨਾਸੇ ਪਾਰਬ੍ਰਹਮ ਲਿਵ ਲਾਈ ॥ (1268-12)
सुख उपजे दुख सगल बिनासे पारब्रहम लिव लाई ॥

ਤਰਿਓ ਸੰਸਾਰੁ ਕਠਿਨ ਭੈ ਸਾਗਰੁ ਹਰਿ ਨਾਨਕ ਚਰਨ ਧਿਆਈ ॥੨॥੬॥੧੦॥ (1268-13)
तरिओ संसारु कठिन भै सागरु हरि नानक चरन धिआई ॥२॥६॥१०॥

ਮਲਾਰ ਮਹਲਾ ੫ ॥ (1268-14)
मलार महला ५ ॥

ਘਨਿਹਰ ਬਰਸਿ ਸਗਲ ਜਗੁ ਛਾਇਆ ॥ (1268-14)
घनिहर बरसि सगल जगु छाइआ ॥

ਭਏ ਕ੍ਰਿਪਾਲ ਪ੍ਰੀਤਮ ਪ੍ਰਭ ਮੇਰੇ ਅਨਦ ਮੰਗਲ ਸੁਖ ਪਾਇਆ ॥੧॥ ਰਹਾਉ ॥ (1268-14)
भए क्रिपाल प्रीतम प्रभ मेरे अनद मंगल सुख पाइआ ॥१॥ रहाउ ॥

ਮਿਟੇ ਕਲੇਸ ਤ੍ਰਿਸਨ ਸਭ ਬੂਝੀ ਪਾਰਬ੍ਰਹਮੁ ਮਨਿ ਧਿਆਇਆ ॥ (1268-15)
मिटे कलेस त्रिसन सभ बूझी पारब्रहमु मनि धिआइआ ॥

ਸਾਧਸੰਗਿ ਜਨਮ ਮਰਨ ਨਿਵਾਰੇ ਬਹੁਰਿ ਨ ਕਤਹੂ ਧਾਇਆ ॥੧॥ (1268-16)
साधसंगि जनम मरन निवारे बहुरि न कतहू धाइआ ॥१॥

ਮਨੁ ਤਨੁ ਨਾਮਿ ਨਿਰੰਜਨਿ ਰਾਤਉ ਚਰਨ ਕਮਲ ਲਿਵ ਲਾਇਆ ॥ (1268-16)
मनु तनु नामि निरंजनि रातउ चरन कमल लिव लाइआ ॥

ਅੰਗੀਕਾਰੁ ਕੀਓ ਪ੍ਰਭਿ ਅਪਨੈ ਨਾਨਕ ਦਾਸ ਸਰਣਾਇਆ ॥੨॥੭॥੧੧॥ (1268-17)
अंगीकारु कीओ प्रभि अपनै नानक दास सरणाइआ ॥२॥७॥११॥

ਮਲਾਰ ਮਹਲਾ ੫ ॥ (1268-18)
मलार महला ५ ॥

ਬਿਛੁਰਤ ਕਿਉ ਜੀਵੇ ਓਇ ਜੀਵਨ ॥ (1268-18)
बिछुरत किउ जीवे ओइ जीवन ॥

ਚਿਤਹਿ ਉਲਾਸ ਆਸ ਮਿਲਬੇ ਕੀ ਚਰਨ ਕਮਲ ਰਸ ਪੀਵਨ ॥੧॥ ਰਹਾਉ ॥ (1268-18)
चितहि उलास आस मिलबे की चरन कमल रस पीवन ॥१॥ रहाउ ॥

ਜਿਨ ਕਉ ਪਿਆਸ ਤੁਮਾਰੀ ਪ੍ਰੀਤਮ ਤਿਨ ਕਉ ਅੰਤਰੁ ਨਾਹੀ ॥ (1268-19)
जिन कउ पिआस तुमारी प्रीतम तिन कउ अंतरु नाही ॥

ਜਿਨ ਕਉ ਬਿਸਰੈ ਮੇਰੋ ਰਾਮੁ ਪਿਆਰਾ ਸੇ ਮੂਏ ਮਰਿ ਜਾਂਹੀਂ ॥੧॥ (1268-19)
जिन कउ बिसरै मेरो रामु पिआरा से मूए मरि जांहीं ॥१॥

ਮਨਿ ਤਨਿ ਰਵਿ ਰਹਿਆ ਜਗਦੀਸੁਰ ਪੇਖਤ ਸਦਾ ਹਜੂਰੇ ॥ (1269-1)
मनि तनि रवि रहिआ जगदीसुर पेखत सदा हजूरे ॥

ਨਾਨਕ ਰਵਿ ਰਹਿਓ ਸਭ ਅੰਤਰਿ ਸਰਬ ਰਹਿਆ ਭਰਪੂਰੇ ॥੨॥੮॥੧੨॥ (1269-1)
नानक रवि रहिओ सभ अंतरि सरब रहिआ भरपूरे ॥२॥८॥१२॥

ਮਲਾਰ ਮਹਲਾ ੫ ॥ (1269-2)
मलार महला ५ ॥

ਹਰਿ ਕੈ ਭਜਨਿ ਕਉਨ ਕਉਨ ਨ ਤਾਰੇ ॥ (1269-2)
हरि कै भजनि कउन कउन न तारे ॥

ਖਗ ਤਨ ਮੀਨ ਤਨ ਮ੍ਰਿਗ ਤਨ ਬਰਾਹ ਤਨ ਸਾਧੂ ਸੰਗਿ ਉਧਾਰੇ ॥੧॥ ਰਹਾਉ ॥ (1269-3)
खग तन मीन तन म्रिग तन बराह तन साधू संगि उधारे ॥१॥ रहाउ ॥

ਦੇਵ ਕੁਲ ਦੈਤ ਕੁਲ ਜਖ੍ਯ੍ਯ ਕਿੰਨਰ ਨਰ ਸਾਗਰ ਉਤਰੇ ਪਾਰੇ ॥ (1269-3)
देव कुल दैत कुल जख्य किंनर नर सागर उतरे पारे ॥

ਜੋ ਜੋ ਭਜਨੁ ਕਰੈ ਸਾਧੂ ਸੰਗਿ ਤਾ ਕੇ ਦੂਖ ਬਿਦਾਰੇ ॥੧॥ (1269-4)
जो जो भजनु करै साधू संगि ता के दूख बिदारे ॥१॥

ਕਾਮ ਕਰੋਧ ਮਹਾ ਬਿਖਿਆ ਰਸ ਇਨ ਤੇ ਭਏ ਨਿਰਾਰੇ ॥ (1269-4)
काम करोध महा बिखिआ रस इन ते भए निरारे ॥

ਦੀਨ ਦਇਆਲ ਜਪਹਿ ਕਰੁਣਾ ਮੈ ਨਾਨਕ ਸਦ ਬਲਿਹਾਰੇ ॥੨॥੯॥੧੩॥ (1269-5)
दीन दइआल जपहि करुणा मै नानक सद बलिहारे ॥२॥९॥१३॥

ਮਲਾਰ ਮਹਲਾ ੫ ॥ (1269-6)
मलार महला ५ ॥

ਆਜੁ ਮੈ ਬੈਸਿਓ ਹਰਿ ਹਾਟ ॥ (1269-6)
आजु मै बैसिओ हरि हाट ॥

ਨਾਮੁ ਰਾਸਿ ਸਾਝੀ ਕਰਿ ਜਨ ਸਿਉ ਜਾਂਉ ਨ ਜਮ ਕੈ ਘਾਟ ॥੧॥ ਰਹਾਉ ॥ (1269-6)
नामु रासि साझी करि जन सिउ जांउ न जम कै घाट ॥१॥ रहाउ ॥

ਧਾਰਿ ਅਨੁਗ੍ਰਹੁ ਪਾਰਬ੍ਰਹਮਿ ਰਾਖੇ ਭ੍ਰਮ ਕੇ ਖੁਲ੍ਹੇ ਕਪਾਟ ॥ (1269-7)
धारि अनुग्रहु पारब्रहमि राखे भ्रम के खुल्हे कपाट ॥

ਬੇਸੁਮਾਰ ਸਾਹੁ ਪ੍ਰਭੁ ਪਾਇਆ ਲਾਹਾ ਚਰਨ ਨਿਧਿ ਖਾਟ ॥੧॥ (1269-7)
बेसुमार साहु प्रभु पाइआ लाहा चरन निधि खाट ॥१॥

ਸਰਨਿ ਗਹੀ ਅਚੁਤ ਅਬਿਨਾਸੀ ਕਿਲਬਿਖ ਕਾਢੇ ਹੈ ਛਾਂਟਿ ॥ (1269-8)
सरनि गही अचुत अबिनासी किलबिख काढे है छांटि ॥

ਕਲਿ ਕਲੇਸ ਮਿਟੇ ਦਾਸ ਨਾਨਕ ਬਹੁਰਿ ਨ ਜੋਨੀ ਮਾਟ ॥੨॥੧੦॥੧੪॥ (1269-8)
कलि कलेस मिटे दास नानक बहुरि न जोनी माट ॥२॥१०॥१४॥

ਮਲਾਰ ਮਹਲਾ ੫ ॥ (1269-9)
मलार महला ५ ॥

ਬਹੁ ਬਿਧਿ ਮਾਇਆ ਮੋਹ ਹਿਰਾਨੋ ॥ (1269-9)
बहु बिधि माइआ मोह हिरानो ॥

ਕੋਟਿ ਮਧੇ ਕੋਊ ਬਿਰਲਾ ਸੇਵਕੁ ਪੂਰਨ ਭਗਤੁ ਚਿਰਾਨੋ ॥੧॥ ਰਹਾਉ ॥ (1269-10)
कोटि मधे कोऊ बिरला सेवकु पूरन भगतु चिरानो ॥१॥ रहाउ ॥

ਇਤ ਉਤ ਡੋਲਿ ਡੋਲਿ ਸ੍ਰਮੁ ਪਾਇਓ ਤਨੁ ਧਨੁ ਹੋਤ ਬਿਰਾਨੋ ॥ (1269-10)
इत उत डोलि डोलि स्रमु पाइओ तनु धनु होत बिरानो ॥

ਲੋਗ ਦੁਰਾਇ ਕਰਤ ਠਗਿਆਈ ਹੋਤੌ ਸੰਗਿ ਨ ਜਾਨੋ ॥੧॥ (1269-11)
लोग दुराइ करत ठगिआई होतौ संगि न जानो ॥१॥

ਮ੍ਰਿਗ ਪੰਖੀ ਮੀਨ ਦੀਨ ਨੀਚ ਇਹ ਸੰਕਟ ਫਿਰਿ ਆਨੋ ॥ (1269-11)
म्रिग पंखी मीन दीन नीच इह संकट फिरि आनो ॥

ਕਹੁ ਨਾਨਕ ਪਾਹਨ ਪ੍ਰਭ ਤਾਰਹੁ ਸਾਧਸੰਗਤਿ ਸੁਖ ਮਾਨੋ ॥੨॥੧੧॥੧੫॥ (1269-12)
कहु नानक पाहन प्रभ तारहु साधसंगति सुख मानो ॥२॥११॥१५॥

ਮਲਾਰ ਮਹਲਾ ੫ ॥ (1269-13)
मलार महला ५ ॥

ਦੁਸਟ ਮੁਏ ਬਿਖੁ ਖਾਈ ਰੀ ਮਾਈ ॥ (1269-13)
दुसट मुए बिखु खाई री माई ॥

ਜਿਸ ਕੇ ਜੀਅ ਤਿਨ ਹੀ ਰਖਿ ਲੀਨੇ ਮੇਰੇ ਪ੍ਰਭ ਕਉ ਕਿਰਪਾ ਆਈ ॥੧॥ ਰਹਾਉ ॥ (1269-13)
जिस के जीअ तिन ही रखि लीने मेरे प्रभ कउ किरपा आई ॥१॥ रहाउ ॥

ਅੰਤਰਜਾਮੀ ਸਭ ਮਹਿ ਵਰਤੈ ਤਾਂ ਭਉ ਕੈਸਾ ਭਾਈ ॥ (1269-14)
अंतरजामी सभ महि वरतै तां भउ कैसा भाई ॥

ਸੰਗਿ ਸਹਾਈ ਛੋਡਿ ਨ ਜਾਈ ਪ੍ਰਭੁ ਦੀਸੈ ਸਭਨੀ ਠਾਈ ॥੧॥ (1269-14)
संगि सहाई छोडि न जाई प्रभु दीसै सभनी ठाई ॥१॥

ਅਨਾਥਾ ਨਾਥੁ ਦੀਨ ਦੁਖ ਭੰਜਨ ਆਪਿ ਲੀਏ ਲੜਿ ਲਾਈ ॥ (1269-15)
अनाथा नाथु दीन दुख भंजन आपि लीए लड़ि लाई ॥

ਹਰਿ ਕੀ ਓਟ ਜੀਵਹਿ ਦਾਸ ਤੇਰੇ ਨਾਨਕ ਪ੍ਰਭ ਸਰਣਾਈ ॥੨॥੧੨॥੧੬॥ (1269-16)
हरि की ओट जीवहि दास तेरे नानक प्रभ सरणाई ॥२॥१२॥१६॥

ਮਲਾਰ ਮਹਲਾ ੫ ॥ (1269-16)
मलार महला ५ ॥

ਮਨ ਮੇਰੇ ਹਰਿ ਕੇ ਚਰਨ ਰਵੀਜੈ ॥ (1269-17)
मन मेरे हरि के चरन रवीजै ॥

ਦਰਸ ਪਿਆਸ ਮੇਰੋ ਮਨੁ ਮੋਹਿਓ ਹਰਿ ਪੰਖ ਲਗਾਇ ਮਿਲੀਜੈ ॥੧॥ ਰਹਾਉ ॥ (1269-17)
दरस पिआस मेरो मनु मोहिओ हरि पंख लगाइ मिलीजै ॥१॥ रहाउ ॥

ਖੋਜਤ ਖੋਜਤ ਮਾਰਗੁ ਪਾਇਓ ਸਾਧੂ ਸੇਵ ਕਰੀਜੈ ॥ (1269-18)
खोजत खोजत मारगु पाइओ साधू सेव करीजै ॥

ਧਾਰਿ ਅਨੁਗ੍ਰਹੁ ਸੁਆਮੀ ਮੇਰੇ ਨਾਮੁ ਮਹਾ ਰਸੁ ਪੀਜੈ ॥੧॥ (1269-18)
धारि अनुग्रहु सुआमी मेरे नामु महा रसु पीजै ॥१॥

ਤ੍ਰਾਹਿ ਤ੍ਰਾਹਿ ਕਰਿ ਸਰਨੀ ਆਏ ਜਲਤਉ ਕਿਰਪਾ ਕੀਜੈ ॥ (1269-19)
त्राहि त्राहि करि सरनी आए जलतउ किरपा कीजै ॥

ਕਰੁ ਗਹਿ ਲੇਹੁ ਦਾਸ ਅਪੁਨੇ ਕਉ ਨਾਨਕ ਅਪੁਨੋ ਕੀਜੈ ॥੨॥੧੩॥੧੭॥ (1269-19)
करु गहि लेहु दास अपुने कउ नानक अपुनो कीजै ॥२॥१३॥१७॥

ਮਲਾਰ ਮਃ ੫ ॥ (1270-1)
मलार मः ५ ॥

ਪ੍ਰਭ ਕੋ ਭਗਤਿ ਬਛਲੁ ਬਿਰਦਾਇਓ ॥ (1270-1)
प्रभ को भगति बछलु बिरदाइओ ॥

ਨਿੰਦਕ ਮਾਰਿ ਚਰਨ ਤਲ ਦੀਨੇ ਅਪੁਨੋ ਜਸੁ ਵਰਤਾਇਓ ॥੧॥ ਰਹਾਉ ॥ (1270-1)
निंदक मारि चरन तल दीने अपुनो जसु वरताइओ ॥१॥ रहाउ ॥

ਜੈ ਜੈ ਕਾਰੁ ਕੀਨੋ ਸਭ ਜਗ ਮਹਿ ਦਇਆ ਜੀਅਨ ਮਹਿ ਪਾਇਓ ॥ (1270-2)
जै जै कारु कीनो सभ जग महि दइआ जीअन महि पाइओ ॥

ਕੰਠਿ ਲਾਇ ਅਪੁਨੋ ਦਾਸੁ ਰਾਖਿਓ ਤਾਤੀ ਵਾਉ ਨ ਲਾਇਓ ॥੧॥ (1270-3)
कंठि लाइ अपुनो दासु राखिओ ताती वाउ न लाइओ ॥१॥

ਅੰਗੀਕਾਰੁ ਕੀਓ ਮੇਰੇ ਸੁਆਮੀ ਭ੍ਰਮੁ ਭਉ ਮੇਟਿ ਸੁਖਾਇਓ ॥ (1270-3)
अंगीकारु कीओ मेरे सुआमी भ्रमु भउ मेटि सुखाइओ ॥

ਮਹਾ ਅਨੰਦ ਕਰਹੁ ਦਾਸ ਹਰਿ ਕੇ ਨਾਨਕ ਬਿਸ੍ਵਾਸੁ ਮਨਿ ਆਇਓ ॥੨॥੧੪॥੧੮॥ (1270-4)
महा अनंद करहु दास हरि के नानक बिस्वासु मनि आइओ ॥२॥१४॥१८॥

ਰਾਗੁ ਮਲਾਰ ਮਹਲਾ ੫ ਚਉਪਦੇ ਘਰੁ ੨ (1270-5)
रागु मलार महला ५ चउपदे घरु २

ੴ ਸਤਿਗੁਰ ਪ੍ਰਸਾਦਿ ॥ (1270-5)
ੴ सतिगुर प्रसादि ॥

ਗੁਰਮੁਖਿ ਦੀਸੈ ਬ੍ਰਹਮ ਪਸਾਰੁ ॥ (1270-6)
गुरमुखि दीसै ब्रहम पसारु ॥

ਗੁਰਮੁਖਿ ਤ੍ਰੈ ਗੁਣੀਆਂ ਬਿਸਥਾਰੁ ॥ (1270-6)
गुरमुखि त्रै गुणीआं बिसथारु ॥

ਗੁਰਮੁਖਿ ਨਾਦ ਬੇਦ ਬੀਚਾਰੁ ॥ (1270-6)
गुरमुखि नाद बेद बीचारु ॥

ਬਿਨੁ ਗੁਰ ਪੂਰੇ ਘੋਰ ਅੰਧਾਰੁ ॥੧॥ (1270-6)
बिनु गुर पूरे घोर अंधारु ॥१॥

ਮੇਰੇ ਮਨ ਗੁਰੁ ਗੁਰੁ ਕਰਤ ਸਦਾ ਸੁਖੁ ਪਾਈਐ ॥ (1270-7)
मेरे मन गुरु गुरु करत सदा सुखु पाईऐ ॥

ਗੁਰ ਉਪਦੇਸਿ ਹਰਿ ਹਿਰਦੈ ਵਸਿਓ ਸਾਸਿ ਗਿਰਾਸਿ ਅਪਣਾ ਖਸਮੁ ਧਿਆਈਐ ॥੧॥ ਰਹਾਉ ॥ (1270-7)
गुर उपदेसि हरि हिरदै वसिओ सासि गिरासि अपणा खसमु धिआईऐ ॥१॥ रहाउ ॥

ਗੁਰ ਕੇ ਚਰਣ ਵਿਟਹੁ ਬਲਿ ਜਾਉ ॥ (1270-8)
गुर के चरण विटहु बलि जाउ ॥

ਗੁਰ ਕੇ ਗੁਣ ਅਨਦਿਨੁ ਨਿਤ ਗਾਉ ॥ (1270-8)
गुर के गुण अनदिनु नित गाउ ॥

ਗੁਰ ਕੀ ਧੂੜਿ ਕਰਉ ਇਸਨਾਨੁ ॥ (1270-9)
गुर की धूड़ि करउ इसनानु ॥

ਸਾਚੀ ਦਰਗਹ ਪਾਈਐ ਮਾਨੁ ॥੨॥ (1270-9)
साची दरगह पाईऐ मानु ॥२॥

ਗੁਰੁ ਬੋਹਿਥੁ ਭਵਜਲ ਤਾਰਣਹਾਰੁ ॥ (1270-9)
गुरु बोहिथु भवजल तारणहारु ॥

ਗੁਰਿ ਭੇਟਿਐ ਨ ਹੋਇ ਜੋਨਿ ਅਉਤਾਰੁ ॥ (1270-10)
गुरि भेटिऐ न होइ जोनि अउतारु ॥

ਗੁਰ ਕੀ ਸੇਵਾ ਸੋ ਜਨੁ ਪਾਏ ॥ (1270-10)
गुर की सेवा सो जनु पाए ॥

ਜਾ ਕਉ ਕਰਮਿ ਲਿਖਿਆ ਧੁਰਿ ਆਏ ॥੩॥ (1270-10)
जा कउ करमि लिखिआ धुरि आए ॥३॥

ਗੁਰੁ ਮੇਰੀ ਜੀਵਨਿ ਗੁਰੁ ਆਧਾਰੁ ॥ (1270-11)
गुरु मेरी जीवनि गुरु आधारु ॥

ਗੁਰੁ ਮੇਰੀ ਵਰਤਣਿ ਗੁਰੁ ਪਰਵਾਰੁ ॥ (1270-11)
गुरु मेरी वरतणि गुरु परवारु ॥

ਗੁਰੁ ਮੇਰਾ ਖਸਮੁ ਸਤਿਗੁਰ ਸਰਣਾਈ ॥ (1270-12)
गुरु मेरा खसमु सतिगुर सरणाई ॥

ਨਾਨਕ ਗੁਰੁ ਪਾਰਬ੍ਰਹਮੁ ਜਾ ਕੀ ਕੀਮ ਨ ਪਾਈ ॥੪॥੧॥੧੯॥ (1270-12)
नानक गुरु पारब्रहमु जा की कीम न पाई ॥४॥१॥१९॥

ਮਲਾਰ ਮਹਲਾ ੫ ॥ (1270-13)
मलार महला ५ ॥

ਗੁਰ ਕੇ ਚਰਨ ਹਿਰਦੈ ਵਸਾਏ ॥ (1270-13)
गुर के चरन हिरदै वसाए ॥

ਕਰਿ ਕਿਰਪਾ ਪ੍ਰਭਿ ਆਪਿ ਮਿਲਾਏ ॥ (1270-13)
करि किरपा प्रभि आपि मिलाए ॥

ਅਪਨੇ ਸੇਵਕ ਕਉ ਲਏ ਪ੍ਰਭੁ ਲਾਇ ॥ (1270-13)
अपने सेवक कउ लए प्रभु लाइ ॥

ਤਾ ਕੀ ਕੀਮਤਿ ਕਹੀ ਨ ਜਾਇ ॥੧॥ (1270-14)
ता की कीमति कही न जाइ ॥१॥

ਕਰਿ ਕਿਰਪਾ ਪੂਰਨ ਸੁਖਦਾਤੇ ॥ (1270-14)
करि किरपा पूरन सुखदाते ॥

ਤੁਮ੍ਹ੍ਹਰੀ ਕ੍ਰਿਪਾ ਤੇ ਤੂੰ ਚਿਤਿ ਆਵਹਿ ਆਠ ਪਹਰ ਤੇਰੈ ਰੰਗਿ ਰਾਤੇ ॥੧॥ ਰਹਾਉ ॥ (1270-14)
तुम्हरी क्रिपा ते तूं चिति आवहि आठ पहर तेरै रंगि राते ॥१॥ रहाउ ॥

ਗਾਵਣੁ ਸੁਨਣੁ ਸਭੁ ਤੇਰਾ ਭਾਣਾ ॥ (1270-15)
गावणु सुनणु सभु तेरा भाणा ॥

ਹੁਕਮੁ ਬੂਝੈ ਸੋ ਸਾਚਿ ਸਮਾਣਾ ॥ (1270-15)
हुकमु बूझै सो साचि समाणा ॥

ਜਪਿ ਜਪਿ ਜੀਵਹਿ ਤੇਰਾ ਨਾਂਉ ॥ (1270-16)
जपि जपि जीवहि तेरा नांउ ॥

ਤੁਝ ਬਿਨੁ ਦੂਜਾ ਨਾਹੀ ਥਾਉ ॥੨॥ (1270-16)
तुझ बिनु दूजा नाही थाउ ॥२॥

ਦੁਖ ਸੁਖ ਕਰਤੇ ਹੁਕਮੁ ਰਜਾਇ ॥ (1270-16)
दुख सुख करते हुकमु रजाइ ॥

ਭਾਣੈ ਬਖਸ ਭਾਣੈ ਦੇਇ ਸਜਾਇ ॥ (1270-17)
भाणै बखस भाणै देइ सजाइ ॥

ਦੁਹਾਂ ਸਿਰਿਆਂ ਕਾ ਕਰਤਾ ਆਪਿ ॥ (1270-17)
दुहां सिरिआं का करता आपि ॥

ਕੁਰਬਾਣੁ ਜਾਂਈ ਤੇਰੇ ਪਰਤਾਪ ॥੩॥ (1270-17)
कुरबाणु जांई तेरे परताप ॥३॥

ਤੇਰੀ ਕੀਮਤਿ ਤੂਹੈ ਜਾਣਹਿ ॥ (1270-18)
तेरी कीमति तूहै जाणहि ॥

ਤੂ ਆਪੇ ਬੂਝਹਿ ਸੁਣਿ ਆਪਿ ਵਖਾਣਹਿ ॥ (1270-18)
तू आपे बूझहि सुणि आपि वखाणहि ॥

ਸੇਈ ਭਗਤ ਜੋ ਤੁਧੁ ਭਾਣੇ ॥ (1270-18)
सेई भगत जो तुधु भाणे ॥

ਨਾਨਕ ਤਿਨ ਕੈ ਸਦ ਕੁਰਬਾਣੇ ॥੪॥੨॥੨੦॥ (1271-1)
नानक तिन कै सद कुरबाणे ॥४॥२॥२०॥

ਮਲਾਰ ਮਹਲਾ ੫ ॥ (1271-1)
मलार महला ५ ॥

ਪਰਮੇਸਰੁ ਹੋਆ ਦਇਆਲੁ ॥ (1271-1)
परमेसरु होआ दइआलु ॥

ਮੇਘੁ ਵਰਸੈ ਅੰਮ੍ਰਿਤ ਧਾਰ ॥ (1271-2)
मेघु वरसै अमृत धार ॥

ਸਗਲੇ ਜੀਅ ਜੰਤ ਤ੍ਰਿਪਤਾਸੇ ॥ (1271-2)
सगले जीअ जंत त्रिपतासे ॥

ਕਾਰਜ ਆਏ ਪੂਰੇ ਰਾਸੇ ॥੧॥ (1271-2)
कारज आए पूरे रासे ॥१॥

ਸਦਾ ਸਦਾ ਮਨ ਨਾਮੁ ਸਮ੍ਹਾਲਿ ॥ (1271-2)
सदा सदा मन नामु सम्हालि ॥

ਗੁਰ ਪੂਰੇ ਕੀ ਸੇਵਾ ਪਾਇਆ ਐਥੈ ਓਥੈ ਨਿਬਹੈ ਨਾਲਿ ॥੧॥ ਰਹਾਉ ॥ (1271-3)
गुर पूरे की सेवा पाइआ ऐथै ओथै निबहै नालि ॥१॥ रहाउ ॥

ਦੁਖੁ ਭੰਨਾ ਭੈ ਭੰਜਨਹਾਰ ॥ (1271-3)
दुखु भंना भै भंजनहार ॥

ਆਪਣਿਆ ਜੀਆ ਕੀ ਕੀਤੀ ਸਾਰ ॥ (1271-4)
आपणिआ जीआ की कीती सार ॥

ਰਾਖਨਹਾਰ ਸਦਾ ਮਿਹਰਵਾਨ ॥ (1271-4)
राखनहार सदा मिहरवान ॥

ਸਦਾ ਸਦਾ ਜਾਈਐ ਕੁਰਬਾਨ ॥੨॥ (1271-4)
सदा सदा जाईऐ कुरबान ॥२॥

ਕਾਲੁ ਗਵਾਇਆ ਕਰਤੈ ਆਪਿ ॥ (1271-5)
कालु गवाइआ करतै आपि ॥

ਸਦਾ ਸਦਾ ਮਨ ਤਿਸ ਨੋ ਜਾਪਿ ॥ (1271-5)
सदा सदा मन तिस नो जापि ॥

ਦ੍ਰਿਸਟਿ ਧਾਰਿ ਰਾਖੇ ਸਭਿ ਜੰਤ ॥ (1271-5)
द्रिसटि धारि राखे सभि जंत ॥

ਗੁਣ ਗਾਵਹੁ ਨਿਤ ਨਿਤ ਭਗਵੰਤ ॥੩॥ (1271-5)
गुण गावहु नित नित भगवंत ॥३॥

ਏਕੋ ਕਰਤਾ ਆਪੇ ਆਪ ॥ (1271-6)
एको करता आपे आप ॥

ਹਰਿ ਕੇ ਭਗਤ ਜਾਣਹਿ ਪਰਤਾਪ ॥ (1271-6)
हरि के भगत जाणहि परताप ॥

ਨਾਵੈ ਕੀ ਪੈਜ ਰਖਦਾ ਆਇਆ ॥ (1271-6)
नावै की पैज रखदा आइआ ॥

ਨਾਨਕੁ ਬੋਲੈ ਤਿਸ ਕਾ ਬੋਲਾਇਆ ॥੪॥੩॥੨੧॥ (1271-7)
नानकु बोलै तिस का बोलाइआ ॥४॥३॥२१॥

ਮਲਾਰ ਮਹਲਾ ੫ ॥ (1271-7)
मलार महला ५ ॥

ਗੁਰ ਸਰਣਾਈ ਸਗਲ ਨਿਧਾਨ ॥ (1271-7)
गुर सरणाई सगल निधान ॥

ਸਾਚੀ ਦਰਗਹਿ ਪਾਈਐ ਮਾਨੁ ॥ (1271-8)
साची दरगहि पाईऐ मानु ॥

ਭ੍ਰਮੁ ਭਉ ਦੂਖੁ ਦਰਦੁ ਸਭੁ ਜਾਇ ॥ (1271-8)
भ्रमु भउ दूखु दरदु सभु जाइ ॥

ਸਾਧਸੰਗਿ ਸਦ ਹਰਿ ਗੁਣ ਗਾਇ ॥੧॥ (1271-8)
साधसंगि सद हरि गुण गाइ ॥१॥

ਮਨ ਮੇਰੇ ਗੁਰੁ ਪੂਰਾ ਸਾਲਾਹਿ ॥ (1271-9)
मन मेरे गुरु पूरा सालाहि ॥

ਨਾਮੁ ਨਿਧਾਨੁ ਜਪਹੁ ਦਿਨੁ ਰਾਤੀ ਮਨ ਚਿੰਦੇ ਫਲ ਪਾਇ ॥੧॥ ਰਹਾਉ ॥ (1271-9)
नामु निधानु जपहु दिनु राती मन चिंदे फल पाइ ॥१॥ रहाउ ॥

ਸਤਿਗੁਰ ਜੇਵਡੁ ਅਵਰੁ ਨ ਕੋਇ ॥ (1271-10)
सतिगुर जेवडु अवरु न कोइ ॥

ਗੁਰੁ ਪਾਰਬ੍ਰਹਮੁ ਪਰਮੇਸਰੁ ਸੋਇ ॥ (1271-10)
गुरु पारब्रहमु परमेसरु सोइ ॥

ਜਨਮ ਮਰਣ ਦੂਖ ਤੇ ਰਾਖੈ ॥ (1271-10)
जनम मरण दूख ते राखै ॥

ਮਾਇਆ ਬਿਖੁ ਫਿਰਿ ਬਹੁੜਿ ਨ ਚਾਖੈ ॥੨॥ (1271-11)
माइआ बिखु फिरि बहुड़ि न चाखै ॥२॥

ਗੁਰ ਕੀ ਮਹਿਮਾ ਕਥਨੁ ਨ ਜਾਇ ॥ (1271-11)
गुर की महिमा कथनु न जाइ ॥

ਗੁਰੁ ਪਰਮੇਸਰੁ ਸਾਚੈ ਨਾਇ ॥ (1271-11)
गुरु परमेसरु साचै नाइ ॥

ਸਚੁ ਸੰਜਮੁ ਕਰਣੀ ਸਭੁ ਸਾਚੀ ॥ (1271-12)
सचु संजमु करणी सभु साची ॥

ਸੋ ਮਨੁ ਨਿਰਮਲੁ ਜੋ ਗੁਰ ਸੰਗਿ ਰਾਚੀ ॥੩॥ (1271-12)
सो मनु निरमलु जो गुर संगि राची ॥३॥

ਗੁਰੁ ਪੂਰਾ ਪਾਈਐ ਵਡ ਭਾਗਿ ॥ (1271-12)
गुरु पूरा पाईऐ वड भागि ॥

ਕਾਮੁ ਕ੍ਰੋਧੁ ਲੋਭੁ ਮਨ ਤੇ ਤਿਆਗਿ ॥ (1271-13)
कामु क्रोधु लोभु मन ते तिआगि ॥

ਕਰਿ ਕਿਰਪਾ ਗੁਰ ਚਰਣ ਨਿਵਾਸਿ ॥ (1271-13)
करि किरपा गुर चरण निवासि ॥

ਨਾਨਕ ਕੀ ਪ੍ਰਭ ਸਚੁ ਅਰਦਾਸਿ ॥੪॥੪॥੨੨॥ (1271-13)
नानक की प्रभ सचु अरदासि ॥४॥४॥२२॥

ਰਾਗੁ ਮਲਾਰ ਮਹਲਾ ੫ ਪੜਤਾਲ ਘਰੁ ੩ (1271-15)
रागु मलार महला ५ पड़ताल घरु ३

ੴ ਸਤਿਗੁਰ ਪ੍ਰਸਾਦਿ ॥ (1271-15)
ੴ सतिगुर प्रसादि ॥

ਗੁਰ ਮਨਾਰਿ ਪ੍ਰਿਅ ਦਇਆਰ ਸਿਉ ਰੰਗੁ ਕੀਆ ॥ (1271-16)
गुर मनारि प्रिअ दइआर सिउ रंगु कीआ ॥

ਕੀਨੋ ਰੀ ਸਗਲ ਸੀਗਾਰ ॥ (1271-16)
कीनो री सगल सी?गार ॥

ਤਜਿਓ ਰੀ ਸਗਲ ਬਿਕਾਰ ॥ (1271-16)
तजिओ री सगल बिकार ॥

ਧਾਵਤੋ ਅਸਥਿਰੁ ਥੀਆ ॥੧॥ ਰਹਾਉ ॥ (1271-17)
धावतो असथिरु थीआ ॥१॥ रहाउ ॥

ਐਸੇ ਰੇ ਮਨ ਪਾਇ ਕੈ ਆਪੁ ਗਵਾਇ ਕੈ ਕਰਿ ਸਾਧਨ ਸਿਉ ਸੰਗੁ ॥ (1271-17)
ऐसे रे मन पाइ कै आपु गवाइ कै करि साधन सिउ संगु ॥

ਬਾਜੇ ਬਜਹਿ ਮ੍ਰਿਦੰਗ ਅਨਾਹਦ ਕੋਕਿਲ ਰੀ ਰਾਮ ਨਾਮੁ ਬੋਲੈ ਮਧੁਰ ਬੈਨ ਅਤਿ ਸੁਹੀਆ ॥੧॥ (1271-18)
बाजे बजहि म्रिदंग अनाहद कोकिल री राम नामु बोलै मधुर बैन अति सुहीआ ॥१॥

ਐਸੀ ਤੇਰੇ ਦਰਸਨ ਕੀ ਸੋਭ ਅਤਿ ਅਪਾਰ ਪ੍ਰਿਅ ਅਮੋਘ ਤੈਸੇ ਹੀ ਸੰਗਿ ਸੰਤ ਬਨੇ ॥ (1271-18)
ऐसी तेरे दरसन की सोभ अति अपार प्रिअ अमोघ तैसे ही संगि संत बने ॥

ਭਵ ਉਤਾਰ ਨਾਮ ਭਨੇ ॥ (1271-19)
भव उतार नाम भने ॥

ਰਮ ਰਾਮ ਰਾਮ ਮਾਲ ॥ (1271-19)
रम राम राम माल ॥

ਮਨਿ ਫੇਰਤੇ ਹਰਿ ਸੰਗਿ ਸੰਗੀਆ ॥ (1272-1)
मनि फेरते हरि संगि संगीआ ॥

ਜਨ ਨਾਨਕ ਪ੍ਰਿਉ ਪ੍ਰੀਤਮੁ ਥੀਆ ॥੨॥੧॥੨੩॥ (1272-1)
जन नानक प्रिउ प्रीतमु थीआ ॥२॥१॥२३॥

ਮਲਾਰ ਮਹਲਾ ੫ ॥ (1272-2)
मलार महला ५ ॥

ਮਨੁ ਘਨੈ ਭ੍ਰਮੈ ਬਨੈ ॥ (1272-2)
मनु घनै भ्रमै बनै ॥

ਉਮਕਿ ਤਰਸਿ ਚਾਲੈ ॥ (1272-2)
उमकि तरसि चालै ॥

ਪ੍ਰਭ ਮਿਲਬੇ ਕੀ ਚਾਹ ॥੧॥ ਰਹਾਉ ॥ (1272-2)
प्रभ मिलबे की चाह ॥१॥ रहाउ ॥

ਤ੍ਰੈ ਗੁਨ ਮਾਈ ਮੋਹਿ ਆਈ ਕਹੰਉ ਬੇਦਨ ਕਾਹਿ ॥੧॥ (1272-3)
त्रै गुन माई मोहि आई कहंउ बेदन काहि ॥१॥

ਆਨ ਉਪਾਵ ਸਗਰ ਕੀਏ ਨਹਿ ਦੂਖ ਸਾਕਹਿ ਲਾਹਿ ॥ (1272-3)
आन उपाव सगर कीए नहि दूख साकहि लाहि ॥

ਭਜੁ ਸਰਨਿ ਸਾਧੂ ਨਾਨਕਾ ਮਿਲੁ ਗੁਨ ਗੋਬਿੰਦਹਿ ਗਾਹਿ ॥੨॥੨॥੨੪॥ (1272-4)
भजु सरनि साधू नानका मिलु गुन गोबिंदहि गाहि ॥२॥२॥२४॥

ਮਲਾਰ ਮਹਲਾ ੫ ॥ (1272-4)
मलार महला ५ ॥

ਪ੍ਰਿਅ ਕੀ ਸੋਭ ਸੁਹਾਵਨੀ ਨੀਕੀ ॥ (1272-4)
प्रिअ की सोभ सुहावनी नीकी ॥

ਹਾਹਾ ਹੂਹੂ ਗੰਧ੍ਰਬ ਅਪਸਰਾ ਅਨੰਦ ਮੰਗਲ ਰਸ ਗਾਵਨੀ ਨੀਕੀ ॥੧॥ ਰਹਾਉ ॥ (1272-5)
हाहा हूहू गंध्रब अपसरा अनंद मंगल रस गावनी नीकी ॥१॥ रहाउ ॥

ਧੁਨਿਤ ਲਲਿਤ ਗੁਨਗ੍ਯ ਅਨਿਕ ਭਾਂਤਿ ਬਹੁ ਬਿਧਿ ਰੂਪ ਦਿਖਾਵਨੀ ਨੀਕੀ ॥੧॥ (1272-5)
धुनित ललित गुनग्य अनिक भांति बहु बिधि रूप दिखावनी नीकी ॥१॥

ਗਿਰਿ ਤਰ ਥਲ ਜਲ ਭਵਨ ਭਰਪੁਰਿ ਘਟਿ ਘਟਿ ਲਾਲਨ ਛਾਵਨੀ ਨੀਕੀ ॥ (1272-6)
गिरि तर थल जल भवन भरपुरि घटि घटि लालन छावनी नीकी ॥

ਸਾਧਸੰਗਿ ਰਾਮਈਆ ਰਸੁ ਪਾਇਓ ਨਾਨਕ ਜਾ ਕੈ ਭਾਵਨੀ ਨੀਕੀ ॥੨॥੩॥੨੫॥ (1272-7)
साधसंगि रामईआ रसु पाइओ नानक जा कै भावनी नीकी ॥२॥३॥२५॥

ਮਲਾਰ ਮਹਲਾ ੫ ॥ (1272-8)
मलार महला ५ ॥

ਗੁਰ ਪ੍ਰੀਤਿ ਪਿਆਰੇ ਚਰਨ ਕਮਲ ਰਿਦ ਅੰਤਰਿ ਧਾਰੇ ॥੧॥ ਰਹਾਉ ॥ (1272-8)
गुर प्रीति पिआरे चरन कमल रिद अंतरि धारे ॥१॥ रहाउ ॥

ਦਰਸੁ ਸਫਲਿਓ ਦਰਸੁ ਪੇਖਿਓ ਗਏ ਕਿਲਬਿਖ ਗਏ ॥ (1272-9)
दरसु सफलिओ दरसु पेखिओ गए किलबिख गए ॥

ਮਨ ਨਿਰਮਲ ਉਜੀਆਰੇ ॥੧॥ (1272-9)
मन निरमल उजीआरे ॥१॥

ਬਿਸਮ ਬਿਸਮੈ ਬਿਸਮ ਭਈ ॥ (1272-9)
बिसम बिसमै बिसम भई ॥

ਅਘ ਕੋਟਿ ਹਰਤੇ ਨਾਮ ਲਈ ॥ (1272-10)
अघ कोटि हरते नाम लई ॥

ਗੁਰ ਚਰਨ ਮਸਤਕੁ ਡਾਰਿ ਪਹੀ ॥ (1272-10)
गुर चरन मसतकु डारि पही ॥

ਪ੍ਰਭ ਏਕ ਤੂੰਹੀ ਏਕ ਤੁਹੀ ॥ (1272-10)
प्रभ एक तूंही एक तुही ॥

ਭਗਤ ਟੇਕ ਤੁਹਾਰੇ ॥ (1272-11)
भगत टेक तुहारे ॥

ਜਨ ਨਾਨਕ ਸਰਨਿ ਦੁਆਰੇ ॥੨॥੪॥੨੬॥ (1272-11)
जन नानक सरनि दुआरे ॥२॥४॥२६॥

ਮਲਾਰ ਮਹਲਾ ੫ ॥ (1272-11)
मलार महला ५ ॥

ਬਰਸੁ ਸਰਸੁ ਆਗਿਆ ॥ (1272-11)
बरसु सरसु आगिआ ॥

ਹੋਹਿ ਆਨੰਦ ਸਗਲ ਭਾਗ ॥੧॥ ਰਹਾਉ ॥ (1272-12)
होहि आनंद सगल भाग ॥१॥ रहाउ ॥

ਸੰਤ ਸੰਗੇ ਮਨੁ ਪਰਫੜੈ ਮਿਲਿ ਮੇਘ ਧਰ ਸੁਹਾਗ ॥੧॥ (1272-12)
संत संगे मनु परफड़ै मिलि मेघ धर सुहाग ॥१॥

ਘਨਘੋਰ ਪ੍ਰੀਤਿ ਮੋਰ ॥ (1272-13)
घनघोर प्रीति मोर ॥

ਚਿਤੁ ਚਾਤ੍ਰਿਕ ਬੂੰਦ ਓਰ ॥ (1272-13)
चितु चात्रिक बूंद ओर ॥

ਐਸੋ ਹਰਿ ਸੰਗੇ ਮਨ ਮੋਹ ॥ (1272-13)
ऐसो हरि संगे मन मोह ॥

ਤਿਆਗਿ ਮਾਇਆ ਧੋਹ ॥ (1272-13)
तिआगि माइआ धोह ॥

ਮਿਲਿ ਸੰਤ ਨਾਨਕ ਜਾਗਿਆ ॥੨॥੫॥੨੭॥ (1272-13)
मिलि संत नानक जागिआ ॥२॥५॥२७॥

ਮਲਾਰ ਮਹਲਾ ੫ ॥ (1272-14)
मलार महला ५ ॥

ਗੁਨ ਗੋੁਪਾਲ ਗਾਉ ਨੀਤ ॥ (1272-14)
गुन गोुपाल गाउ नीत ॥

ਰਾਮ ਨਾਮ ਧਾਰਿ ਚੀਤ ॥੧॥ ਰਹਾਉ ॥ (1272-14)
राम नाम धारि चीत ॥१॥ रहाउ ॥

ਛੋਡਿ ਮਾਨੁ ਤਜਿ ਗੁਮਾਨੁ ਮਿਲਿ ਸਾਧੂਆ ਕੈ ਸੰਗਿ ॥ (1272-15)
छोडि मानु तजि गुमानु मिलि साधूआ कै संगि ॥

ਹਰਿ ਸਿਮਰਿ ਏਕ ਰੰਗਿ ਮਿਟਿ ਜਾਂਹਿ ਦੋਖ ਮੀਤ ॥੧॥ (1272-15)
हरि सिमरि एक रंगि मिटि जांहि दोख मीत ॥१॥

ਪਾਰਬ੍ਰਹਮ ਭਏ ਦਇਆਲ ॥ (1272-16)
पारब्रहम भए दइआल ॥

ਬਿਨਸਿ ਗਏ ਬਿਖੈ ਜੰਜਾਲ ॥ (1272-16)
बिनसि गए बिखै जंजाल ॥

ਸਾਧ ਜਨਾਂ ਕੈ ਚਰਨ ਲਾਗਿ ॥ (1272-16)
साध जनां कै चरन लागि ॥

ਨਾਨਕ ਗਾਵੈ ਗੋਬਿੰਦ ਨੀਤ ॥੨॥੬॥੨੮॥ (1272-17)
नानक गावै गोबिंद नीत ॥२॥६॥२८॥

ਮਲਾਰ ਮਹਲਾ ੫ ॥ (1272-17)
मलार महला ५ ॥

ਘਨੁ ਗਰਜਤ ਗੋਬਿੰਦ ਰੂਪ ॥ (1272-17)
घनु गरजत गोबिंद रूप ॥

ਗੁਨ ਗਾਵਤ ਸੁਖ ਚੈਨ ॥੧॥ ਰਹਾਉ ॥ (1272-17)
गुन गावत सुख चैन ॥१॥ रहाउ ॥

ਹਰਿ ਚਰਨ ਸਰਨ ਤਰਨ ਸਾਗਰ ਧੁਨਿ ਅਨਹਤਾ ਰਸ ਬੈਨ ॥੧॥ (1272-18)
हरि चरन सरन तरन सागर धुनि अनहता रस बैन ॥१॥

ਪਥਿਕ ਪਿਆਸ ਚਿਤ ਸਰੋਵਰ ਆਤਮ ਜਲੁ ਲੈਨ ॥ (1272-18)
पथिक पिआस चित सरोवर आतम जलु लैन ॥

ਹਰਿ ਦਰਸ ਪ੍ਰੇਮ ਜਨ ਨਾਨਕ ਕਰਿ ਕਿਰਪਾ ਪ੍ਰਭ ਦੈਨ ॥੨॥੭॥੨੯॥ (1272-19)
हरि दरस प्रेम जन नानक करि किरपा प्रभ दैन ॥२॥७॥२९॥

ਮਲਾਰ ਮਹਲਾ ੫ ॥ (1273-1)
मलार महला ५ ॥

ਹੇ ਗੋਬਿੰਦ ਹੇ ਗੋਪਾਲ ਹੇ ਦਇਆਲ ਲਾਲ ॥੧॥ ਰਹਾਉ ॥ (1273-1)
हे गोबिंद हे गोपाल हे दइआल लाल ॥१॥ रहाउ ॥

ਪ੍ਰਾਨ ਨਾਥ ਅਨਾਥ ਸਖੇ ਦੀਨ ਦਰਦ ਨਿਵਾਰ ॥੧॥ (1273-1)
प्रान नाथ अनाथ सखे दीन दरद निवार ॥१॥

ਹੇ ਸਮ੍ਰਥ ਅਗਮ ਪੂਰਨ ਮੋਹਿ ਮਇਆ ਧਾਰਿ ॥੨॥ (1273-2)
हे सम्रथ अगम पूरन मोहि मइआ धारि ॥२॥

ਅੰਧ ਕੂਪ ਮਹਾ ਭਇਆਨ ਨਾਨਕ ਪਾਰਿ ਉਤਾਰ ॥੩॥੮॥੩੦॥ (1273-2)
अंध कूप महा भइआन नानक पारि उतार ॥३॥८॥३०॥

ਮਲਾਰ ਮਹਲਾ ੧ ਅਸਟਪਦੀਆ ਘਰੁ ੧ (1273-4)
मलार महला १ असटपदीआ घरु १

ੴ ਸਤਿਗੁਰ ਪ੍ਰਸਾਦਿ ॥ (1273-4)
ੴ सतिगुर प्रसादि ॥

ਚਕਵੀ ਨੈਨ ਨੀਦ ਨਹਿ ਚਾਹੈ ਬਿਨੁ ਪਿਰ ਨੀਦ ਨ ਪਾਈ ॥ (1273-5)
चकवी नैन नी�द नहि चाहै बिनु पिर नी�द न पाई ॥

ਸੂਰੁ ਚਰ੍ਹੈ ਪ੍ਰਿਉ ਦੇਖੈ ਨੈਨੀ ਨਿਵਿ ਨਿਵਿ ਲਾਗੈ ਪਾਂਈ ॥੧॥ (1273-5)
सूरु चर्हैं प्रिउ देखै नैनी निवि निवि लागै पांई ॥१॥

ਪਿਰ ਭਾਵੈ ਪ੍ਰੇਮੁ ਸਖਾਈ ॥ (1273-6)
पिर भावै प्रेमु सखाई ॥

ਤਿਸੁ ਬਿਨੁ ਘੜੀ ਨਹੀ ਜਗਿ ਜੀਵਾ ਐਸੀ ਪਿਆਸ ਤਿਸਾਈ ॥੧॥ ਰਹਾਉ ॥ (1273-6)
तिसु बिनु घड़ी नही जगि जीवा ऐसी पिआस तिसाई ॥१॥ रहाउ ॥

ਸਰਵਰਿ ਕਮਲੁ ਕਿਰਣਿ ਆਕਾਸੀ ਬਿਗਸੈ ਸਹਜਿ ਸੁਭਾਈ ॥ (1273-7)
सरवरि कमलु किरणि आकासी बिगसै सहजि सुभाई ॥

ਪ੍ਰੀਤਮ ਪ੍ਰੀਤਿ ਬਨੀ ਅਭ ਐਸੀ ਜੋਤੀ ਜੋਤਿ ਮਿਲਾਈ ॥੨॥ (1273-7)
प्रीतम प्रीति बनी अभ ऐसी जोती जोति मिलाई ॥२॥

ਚਾਤ੍ਰਿਕੁ ਜਲ ਬਿਨੁ ਪ੍ਰਿਉ ਪ੍ਰਿਉ ਟੇਰੈ ਬਿਲਪ ਕਰੈ ਬਿਲਲਾਈ ॥ (1273-8)
चात्रिकु जल बिनु प्रिउ प्रिउ टेरै बिलप करै बिललाई ॥

ਘਨਹਰ ਘੋਰ ਦਸੌ ਦਿਸਿ ਬਰਸੈ ਬਿਨੁ ਜਲ ਪਿਆਸ ਨ ਜਾਈ ॥੩॥ (1273-8)
घनहर घोर दसौ दिसि बरसै बिनु जल पिआस न जाई ॥३॥

ਮੀਨ ਨਿਵਾਸ ਉਪਜੈ ਜਲ ਹੀ ਤੇ ਸੁਖ ਦੁਖ ਪੁਰਬਿ ਕਮਾਈ ॥ (1273-9)
मीन निवास उपजै जल ही ते सुख दुख पुरबि कमाई ॥

ਖਿਨੁ ਤਿਲੁ ਰਹਿ ਨ ਸਕੈ ਪਲੁ ਜਲ ਬਿਨੁ ਮਰਨੁ ਜੀਵਨੁ ਤਿਸੁ ਤਾਂਈ ॥੪॥ (1273-10)
खिनु तिलु रहि न सकै पलु जल बिनु मरनु जीवनु तिसु तांई ॥४॥

ਧਨ ਵਾਂਢੀ ਪਿਰੁ ਦੇਸ ਨਿਵਾਸੀ ਸਚੇ ਗੁਰ ਪਹਿ ਸਬਦੁ ਪਠਾਈ ॥ (1273-10)
धन वांढी पिरु देस निवासी सचे गुर पहि सबदु पठाई ॥

ਗੁਣ ਸੰਗ੍ਰਹਿ ਪ੍ਰਭੁ ਰਿਦੈ ਨਿਵਾਸੀ ਭਗਤਿ ਰਤੀ ਹਰਖਾਈ ॥੫॥ (1273-11)
गुण संग्रहि प्रभु रिदै निवासी भगति रती हरखाई ॥५॥

ਪ੍ਰਿਉ ਪ੍ਰਿਉ ਕਰੈ ਸਭੈ ਹੈ ਜੇਤੀ ਗੁਰ ਭਾਵੈ ਪ੍ਰਿਉ ਪਾਈ ॥ (1273-11)
प्रिउ प्रिउ करै सभै है जेती गुर भावै प्रिउ पाई ॥

ਪ੍ਰਿਉ ਨਾਲੇ ਸਦ ਹੀ ਸਚਿ ਸੰਗੇ ਨਦਰੀ ਮੇਲਿ ਮਿਲਾਈ ॥੬॥ (1273-12)
प्रिउ नाले सद ही सचि संगे नदरी मेलि मिलाई ॥६॥

ਸਭ ਮਹਿ ਜੀਉ ਜੀਉ ਹੈ ਸੋਈ ਘਟਿ ਘਟਿ ਰਹਿਆ ਸਮਾਈ ॥ (1273-13)
सभ महि जीउ जीउ है सोई घटि घटि रहिआ समाई ॥

ਗੁਰ ਪਰਸਾਦਿ ਘਰ ਹੀ ਪਰਗਾਸਿਆ ਸਹਜੇ ਸਹਜਿ ਸਮਾਈ ॥੭॥ (1273-13)
गुर परसादि घर ही परगासिआ सहजे सहजि समाई ॥७॥

ਅਪਨਾ ਕਾਜੁ ਸਵਾਰਹੁ ਆਪੇ ਸੁਖਦਾਤੇ ਗੋਸਾਂਈ ॥ (1273-14)
अपना काजु सवारहु आपे सुखदाते गोसांई ॥

ਗੁਰ ਪਰਸਾਦਿ ਘਰ ਹੀ ਪਿਰੁ ਪਾਇਆ ਤਉ ਨਾਨਕ ਤਪਤਿ ਬੁਝਾਈ ॥੮॥੧॥ (1273-14)
गुर परसादि घर ही पिरु पाइआ तउ नानक तपति बुझाई ॥८॥१॥

ਮਲਾਰ ਮਹਲਾ ੧ ॥ (1273-15)
मलार महला १ ॥

ਜਾਗਤੁ ਜਾਗਿ ਰਹੈ ਗੁਰ ਸੇਵਾ ਬਿਨੁ ਹਰਿ ਮੈ ਕੋ ਨਾਹੀ ॥ (1273-15)
जागतु जागि रहै गुर सेवा बिनु हरि मै को नाही ॥

ਅਨਿਕ ਜਤਨ ਕਰਿ ਰਹਣੁ ਨ ਪਾਵੈ ਆਚੁ ਕਾਚੁ ਢਰਿ ਪਾਂਹੀ ॥੧॥ (1273-16)
अनिक जतन करि रहणु न पावै आचु काचु ढरि पांही ॥१॥

ਇਸੁ ਤਨ ਧਨ ਕਾ ਕਹਹੁ ਗਰਬੁ ਕੈਸਾ ॥ (1273-16)
इसु तन धन का कहहु गरबु कैसा ॥

ਬਿਨਸਤ ਬਾਰ ਨ ਲਾਗੈ ਬਵਰੇ ਹਉਮੈ ਗਰਬਿ ਖਪੈ ਜਗੁ ਐਸਾ ॥੧॥ ਰਹਾਉ ॥ (1273-17)
बिनसत बार न लागै बवरे हउमै गरबि खपै जगु ऐसा ॥१॥ रहाउ ॥

ਜੈ ਜਗਦੀਸ ਪ੍ਰਭੂ ਰਖਵਾਰੇ ਰਾਖੈ ਪਰਖੈ ਸੋਈ ॥ (1273-18)
जै जगदीस प्रभू रखवारे राखै परखै सोई ॥

ਜੇਤੀ ਹੈ ਤੇਤੀ ਤੁਝ ਹੀ ਤੇ ਤੁਮ੍ਹ ਸਰਿ ਅਵਰੁ ਨ ਕੋਈ ॥੨॥ (1273-18)
जेती है तेती तुझ ही ते तुम्ह सरि अवरु न कोई ॥२॥

ਜੀਅ ਉਪਾਇ ਜੁਗਤਿ ਵਸਿ ਕੀਨੀ ਆਪੇ ਗੁਰਮੁਖਿ ਅੰਜਨੁ ॥ (1273-19)
जीअ उपाइ जुगति वसि कीनी आपे गुरमुखि अंजनु ॥

ਅਮਰੁ ਅਨਾਥ ਸਰਬ ਸਿਰਿ ਮੋਰਾ ਕਾਲ ਬਿਕਾਲ ਭਰਮ ਭੈ ਖੰਜਨੁ ॥੩॥ (1273-19)
अमरु अनाथ सरब सिरि मोरा काल बिकाल भरम भै खंजनु ॥३॥

ਕਾਗਦ ਕੋਟੁ ਇਹੁ ਜਗੁ ਹੈ ਬਪੁਰੋ ਰੰਗਨਿ ਚਿਹਨ ਚਤੁਰਾਈ ॥ (1274-1)
कागद कोटु इहु जगु है बपुरो रंगनि चिहन चतुराई ॥

ਨਾਨ੍ਹੀ ਸੀ ਬੂੰਦ ਪਵਨੁ ਪਤਿ ਖੋਵੈ ਜਨਮਿ ਮਰੈ ਖਿਨੁ ਤਾਈ ॥੪॥ (1274-1)
नान्ही सी बूंद पवनु पति खोवै जनमि मरै खिनु ताई ॥४॥

ਨਦੀ ਉਪਕੰਠਿ ਜੈਸੇ ਘਰੁ ਤਰਵਰੁ ਸਰਪਨਿ ਘਰੁ ਘਰ ਮਾਹੀ ॥ (1274-2)
नदी उपकंठि जैसे घरु तरवरु सरपनि घरु घर माही ॥

ਉਲਟੀ ਨਦੀ ਕਹਾਂ ਘਰੁ ਤਰਵਰੁ ਸਰਪਨਿ ਡਸੈ ਦੂਜਾ ਮਨ ਮਾਂਹੀ ॥੫॥ (1274-3)
उलटी नदी कहां घरु तरवरु सरपनि डसै दूजा मन मांही ॥५॥

ਗਾਰੁੜ ਗੁਰ ਗਿਆਨੁ ਧਿਆਨੁ ਗੁਰ ਬਚਨੀ ਬਿਖਿਆ ਗੁਰਮਤਿ ਜਾਰੀ ॥ (1274-3)
गारुड़ गुर गिआनु धिआनु गुर बचनी बिखिआ गुरमति जारी ॥

ਮਨ ਤਨ ਹੇਂਵ ਭਏ ਸਚੁ ਪਾਇਆ ਹਰਿ ਕੀ ਭਗਤਿ ਨਿਰਾਰੀ ॥੬॥ (1274-4)
मन तन हेंव भए सचु पाइआ हरि की भगति निरारी ॥६॥

ਜੇਤੀ ਹੈ ਤੇਤੀ ਤੁਧੁ ਜਾਚੈ ਤੂ ਸਰਬ ਜੀਆਂ ਦਇਆਲਾ ॥ (1274-5)
जेती है तेती तुधु जाचै तू सरब जीआं दइआला ॥

ਤੁਮ੍ਹ੍ਹਰੀ ਸਰਣਿ ਪਰੇ ਪਤਿ ਰਾਖਹੁ ਸਾਚੁ ਮਿਲੈ ਗੋਪਾਲਾ ॥੭॥ (1274-5)

तुम्हरी सरणि परे पति राखहु साचु मिलै गोपाला ॥७॥

ਬਾਧੀ ਧੰਧਿ ਅੰਧ ਨਹੀ ਸੂਝੈ ਬਧਿਕ ਕਰਮ ਕਮਾਵੈ ॥ (1274-6)

बाधी धंधि अंध नही सूझै बधिक करम कमावै ॥

ਸਤਿਗੁਰ ਮਿਲੈ ਤ ਸੂਝਸਿ ਬੂਝਸਿ ਸਚ ਮਨਿ ਗਿਆਨੁ ਸਮਾਵੈ ॥੮॥ (1274-6)

सतिगुर मिलै त सूझसि बूझसि सच मनि गिआनु समावै ॥८॥

ਨਿਰਗੁਣ ਦੇਹ ਸਾਚ ਬਿਨੁ ਕਾਚੀ ਮੈ ਪੂਛਉ ਗੁਰੁ ਅਪਨਾ ॥ (1274-7)

निरगुण देह साच बिनु काची मै पूछउ गुरु अपना ॥

ਨਾਨਕ ਸੋ ਪ੍ਰਭੁ ਪ੍ਰਭੂ ਦਿਖਾਵੈ ਬਿਨੁ ਸਾਚੇ ਜਗੁ ਸੁਪਨਾ ॥੯॥੨॥ (1274-8)

नानक सो प्रभु प्रभू दिखावै बिनु साचे जगु सुपना ॥९॥२॥

ਮਲਾਰ ਮਹਲਾ ੧ ॥ (1274-8)

मलार महला १ ॥

ਚਾਤ੍ਰਿਕ ਮੀਨ ਜਲ ਹੀ ਤੇ ਸੁਖੁ ਪਾਵਹਿ ਸਾਰਿੰਗ ਸਬਦਿ ਸੁਹਾਈ ॥੧॥ (1274-8)

चात्रिक मीन जल ही ते सुखु पावहि सारिंग सबदि सुहाई ॥१॥

ਰੈਨਿ ਬਬੀਹਾ ਬੋਲਿਓ ਮੇਰੀ ਮਾਈ ॥੧॥ ਰਹਾਉ ॥ (1274-9)

रैनि बबीहा बोलिओ मेरी माई ॥१॥ रहाउ ॥

ਪ੍ਰਿਅ ਸਿਉ ਪ੍ਰੀਤਿ ਨ ਉਲਟੈ ਕਬਹੂ ਜੋ ਤੈ ਭਾਵੈ ਸਾਈ ॥੨॥ (1274-10)

प्रिअ सिउ प्रीति न उलटै कबहू जो तै भावै साई ॥२॥

ਨੀਦ ਗਈ ਹਉਮੈ ਤਨਿ ਥਾਕੀ ਸਚ ਮਤਿ ਰਿਦੈ ਸਮਾਈ ॥੩॥ (1274-10)

नीद गई हउमै तनि थाकी सच मति रिदै समाई ॥३॥

ਰੂਖੀ ਬਿਰਖੀ ਊਡਉ ਭੂਖਾ ਪੀਵਾ ਨਾਮੁ ਸੁਭਾਈ ॥੪॥ (1274-11)

रूखी� बिरखी� ऊडउ भूखा पीवा नामु सुभाई ॥४॥

ਲੋਚਨ ਤਾਰ ਲਲਤਾ ਬਿਲਲਾਤੀ ਦਰਸਨ ਪਿਆਸ ਰਜਾਈ ॥੫॥ (1274-11)

लोचन तार ललता बिललाती दरसन पिआस रजाई ॥५॥

ਪ੍ਰਿਅ ਬਿਨੁ ਸੀਗਾਰੁ ਕਰੀ ਤੇਤਾ ਤਨੁ ਤਾਪੈ ਕਾਪਰੁ ਅੰਗਿ ਨ ਸੁਹਾਈ ॥੬॥ (1274-12)
प्रिअ बिनु सीगारु करी तेता तनु तापै कापरु अंगि न सुहाई ॥६॥

ਅਪਨੇ ਪਿਆਰੇ ਬਿਨੁ ਇਕੁ ਖਿਨੁ ਰਹਿ ਨ ਸਕਉਂ ਬਿਨ ਮਿਲੇ ਨੀਂਦ ਨ ਪਾਈ ॥੭॥ (1274-13)
अपने पिआरे बिनु इकु खिनु रहि न सकंउ बिन मिले नी�द न पाई ॥७॥

ਪਿਰੁ ਨਜੀਕਿ ਨ ਬੂਝੈ ਬਪੁੜੀ ਸਤਿਗੁਰਿ ਦੀਆ ਦਿਖਾਈ ॥੮॥ (1274-14)
पिरु नजीकि न बूझै बपुड़ी सतिगुरि दीआ दिखाई ॥८॥

ਸਹਜਿ ਮਿਲਿਆ ਤਬ ਹੀ ਸੁਖੁ ਪਾਇਆ ਤ੍ਰਿਸਨਾ ਸਬਦਿ ਬੁਝਾਈ ॥੯॥ (1274-14)
सहजि मिलिआ तब ही सुखु पाइआ त्रिसना सबदि बुझाई ॥९॥

ਕਹੁ ਨਾਨਕ ਤੁਝ ਤੇ ਮਨੁ ਮਾਨਿਆ ਕੀਮਤਿ ਕਹਨੁ ਨ ਜਾਈ ॥੧੦॥੩॥ (1274-15)
कहु नानक तुझ ते मनु मानिआ कीमति कहनु न जाई ॥१०॥३॥

ਮਲਾਰ ਮਹਲਾ ੧ ਅਸਟਪਦੀਆ ਘਰੁ ੨ (1274-16)
मलार महला १ असटपदीआ घरु २

ੴ ਸਤਿਗੁਰ ਪ੍ਰਸਾਦਿ ॥ (1274-16)
ੴ सतिगुर प्रसादि ॥

ਅਖਲੀ ਊਂਡੀ ਜਲੁ ਭਰ ਨਾਲਿ ॥ (1274-17)
अखली ऊंडी जलु भर नालि ॥

ਡੂਗਰੁ ਊਚਉ ਗੜੁ ਪਾਤਾਲਿ ॥ (1274-17)
डूगरु ऊचउ गड़ु पातालि ॥

ਸਾਗਰੁ ਸੀਤਲੁ ਗੁਰ ਸਬਦ ਵੀਚਾਰਿ ॥ (1274-17)
सागरु सीतलु गुर सबद वीचारि ॥

ਮਾਰਗੁ ਮੁਕਤਾ ਹਉਮੈ ਮਾਰਿ ॥੧॥ (1274-18)
मारगु मुकता हउमै मारि ॥१॥

ਮੈ ਅੰਧੁਲੇ ਨਾਵੈ ਕੀ ਜੋਤਿ ॥ (1274-18)
मै अंधुले नावै की जोति ॥

ਨਾਮ ਅਧਾਰਿ ਚਲਾ ਗੁਰ ਕੈ ਭੈ ਭੇਤਿ ॥੧॥ ਰਹਾਉ ॥ (1274-18)
नाम अधारि चला गुर कै भै भेति ॥१॥ रहाउ ॥

ਸਤਿਗੁਰ ਸਬਦੀ ਪਾਧਰੁ ਜਾਣਿ ॥ (1275-1)
सतिगुर सबदी पाधरु जाणि ॥

ਗੁਰ ਕੈ ਤਕੀਐ ਸਾਚੈ ਤਾਣਿ ॥ (1275-1)
गुर कै तकीऐ साचै ताणि ॥

ਨਾਮੁ ਸਮ੍ਹ੍ਹਾਲਸਿ ਰੂੜ੍ਹੀ ਬਾਣਿ ॥ (1275-1)
नामु सम्हालसि रूड़्ही बाणि ॥

ਥੈਂ ਭਾਵੈ ਦਰੁ ਲਹਸਿ ਪਿਰਾਣਿ ॥੨॥ (1275-2)
थैं भावै दरु लहसि पिराणि ॥२॥

ਊਡਾਂ ਬੈਸਾ ਏਕ ਲਿਵ ਤਾਰ ॥ (1275-2)
ऊडां बैसा एक लिव तार ॥

ਗੁਰ ਕੈ ਸਬਦਿ ਨਾਮ ਆਧਾਰ ॥ (1275-2)
गुर कै सबदि नाम आधार ॥

ਨਾ ਜਲੁ ਡੂੰਗਰੁ ਨ ਊਚੀ ਧਾਰ ॥ (1275-2)
ना जलु डूंगरु न ऊची धार ॥

ਨਿਜ ਘਰਿ ਵਾਸਾ ਤਹ ਮਗੁ ਨ ਚਾਲਣਹਾਰ ॥੩॥ (1275-3)
निज घरि वासा तह मगु न चालणहार ॥३॥

ਜਿਤੁ ਘਰਿ ਵਸਹਿ ਤੂਹੈ ਬਿਧਿ ਜਾਣਹਿ ਬੀਜਉ ਮਹਲੁ ਨ ਜਾਪੈ ॥ (1275-3)
जितु घरि वसहि तूहै बिधि जाणहि बीजउ महलु न जापै ॥

ਸਤਿਗੁਰ ਬਾਝਹੁ ਸਮਝ ਨ ਹੋਵੀ ਸਭੁ ਜਗੁ ਦਬਿਆ ਛਾਪੈ ॥ (1275-4)
सतिगुर बाझहु समझ न होवी सभु जगु दबिआ छापै ॥

ਕਰਣ ਪਲਾਵ ਕਰੈ ਬਿਲਲਾਤਉ ਬਿਨੁ ਗੁਰ ਨਾਮੁ ਨ ਜਾਪੈ ॥ (1275-4)
करण पलाव करै बिललातउ बिनु गुर नामु न जापै ॥

ਪਲ ਪੰਕਜ ਮਹਿ ਨਾਮੁ ਛਡਾਏ ਜੇ ਗੁਰ ਸਬਦੁ ਸਿਞਾਪੈ ॥੪॥ (1275-5)
पल पंकज महि नामु छडाए जे गुर सबदु सिञापै ॥४॥

ਇਕਿ ਮੂਰਖ ਅੰਧੇ ਮੁਗਧ ਗਵਾਰ ॥ (1275-6)
इकि मूरख अंधे मुगध गवार ॥

ਇਕਿ ਸਤਿਗੁਰ ਕੈ ਭੈ ਨਾਮ ਅਧਾਰ ॥ (1275-6)
इकि सतिगुर कै भै नाम अधार ॥

ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ ॥ (1275-6)
साची बाणी मीठी अमृत धार ॥

ਜਿਨਿ ਪੀਤੀ ਤਿਸੁ ਮੋਖ ਦੁਆਰ ॥੫॥ (1275-7)
जिनि पीती तिसु मोख दुआर ॥५॥

ਨਾਮੁ ਭੈ ਭਾਇ ਰਿਦੈ ਵਸਾਹੀ ਗੁਰ ਕਰਣੀ ਸਚੁ ਬਾਣੀ ॥ (1275-7)
नामु भै भाइ रिदै वसाही गुर करणी सचु बाणी ॥

ਇੰਦੁ ਵਰਸੈ ਧਰਤਿ ਸੁਹਾਵੀ ਘਟਿ ਘਟਿ ਜੋਤਿ ਸਮਾਣੀ ॥ (1275-7)
इंदु वरसै धरति सुहावी घटि घटि जोति समाणी ॥

ਕਾਲਰਿ ਬੀਜਸਿ ਦੁਰਮਤਿ ਐਸੀ ਨਿਗੁਰੇ ਕੀ ਨੀਸਾਣੀ ॥ (1275-8)
कालरि बीजसि दुरमति ऐसी निगुरे की नीसाणी ॥

ਸਤਿਗੁਰ ਬਾਝਹੁ ਘੋਰ ਅੰਧਾਰਾ ਡੂਬਿ ਮੁਏ ਬਿਨੁ ਪਾਣੀ ॥੬॥ (1275-8)
सतिगुर बाझहु घोर अंधारा डूबि मुए बिनु पाणी ॥६॥

ਜੋ ਕਿਛੁ ਕੀਨੋ ਸੁ ਪ੍ਰਭੂ ਰਜਾਇ ॥ (1275-9)
जो किछु कीनो सु प्रभू रजाइ ॥

ਜੋ ਧੁਰਿ ਲਿਖਿਆ ਸੁ ਮੇਟਣਾ ਨ ਜਾਇ ॥ (1275-9)
जो धुरि लिखिआ सु मेटणा न जाइ ॥

ਹੁਕਮੇ ਬਾਧਾ ਕਾਰ ਕਮਾਇ ॥ (1275-10)
हुकमे बाधा कार कमाइ ॥

ਏਕ ਸਬਦਿ ਰਾਚੈ ਸਚਿ ਸਮਾਇ ॥੭॥ (1275-10)
एक सबदि राचै सचि समाइ ॥७॥

ਚਹੁ ਦਿਸਿ ਹੁਕਮੁ ਵਰਤੈ ਪ੍ਰਭ ਤੇਰਾ ਚਹੁ ਦਿਸਿ ਨਾਮ ਪਤਾਲੰ ॥ (1275-10)
चहु दिसि हुकमु वरतै प्रभ तेरा चहु दिसि नाम पतालं ॥

ਸਭ ਮਹਿ ਸਬਦੁ ਵਰਤੈ ਪ੍ਰਭ ਸਾਚਾ ਕਰਮਿ ਮਿਲੈ ਬੈਆਲੰ ॥ (1275-11)
सभ महि सबदु वरतै प्रभ साचा करमि मिलै बैआलं ॥

ਜਾਂਮਣੁ ਮਰਣਾ ਦੀਸੈ ਸਿਰਿ ਊਭੌ ਖੁਧਿਆ ਨਿਦ੍ਰਾ ਕਾਲੰ ॥ (1275-11)
जांमणु मरणा दीसै सिरि ऊभौ खुधिआ निद्रा कालं ॥

ਨਾਨਕ ਨਾਮੁ ਮਿਲੈ ਮਨਿ ਭਾਵੈ ਸਾਚੀ ਨਦਰਿ ਰਸਾਲੰ ॥੮॥੧॥੪॥ (1275-12)
नानक नामु मिलै मनि भावै साची नदरि रसालं ॥८॥१॥४॥

ਮਲਾਰ ਮਹਲਾ ੧ ॥ (1275-13)
मलार महला १ ॥

ਮਰਣ ਮੁਕਤਿ ਗਤਿ ਸਾਰ ਨ ਜਾਨੈ ॥ (1275-13)
मरण मुकति गति सार न जानै ॥

ਕੰਠੇ ਬੈਠੀ ਗੁਰ ਸਬਦਿ ਪਛਾਨੈ ॥੧॥ (1275-13)
कंठे बैठी गुर सबदि पछानै ॥१॥

ਤੂ ਕੈਸੇ ਆੜਿ ਫਾਥੀ ਜਾਲਿ ॥ (1275-14)
तू कैसे आड़ि फाथी जालि ॥

ਅਲਖੁ ਨ ਜਾਚਹਿ ਰਿਦੈ ਸਮ੍ਹਾਲਿ ॥੧॥ ਰਹਾਉ ॥ (1275-14)
अलखु न जाचहि रिदै सम्हालि ॥१॥ रहाउ ॥

ਏਕ ਜੀਅ ਕੈ ਜੀਆ ਖਾਹੀ ॥ (1275-14)
एक जीअ कै जीआ खाही ॥

ਜਲਿ ਤਰਤੀ ਬੂਡੀ ਜਲ ਮਾਹੀ ॥੨॥ (1275-15)
जलि तरती बूडी जल माही ॥२॥

ਸਰਬ ਜੀਅ ਕੀਏ ਪ੍ਰਤਪਾਲੀ ॥ (1275-15)
सरब जीअ कीए प्रतपाली ॥

ਜਬ ਪਕੜੀ ਤਬ ਹੀ ਪਛੁਤਾਨੀ ॥੩॥ (1275-15)
जब पकड़ी तब ही पछुतानी ॥३॥

ਜਬ ਗਲਿ ਫਾਸ ਪੜੀ ਅਤਿ ਭਾਰੀ ॥ (1275-16)
जब गलि फास पड़ी अति भारी ॥

ਊਡਿ ਨ ਸਾਕੈ ਪੰਖ ਪਸਾਰੀ ॥੪॥ (1275-16)
ऊडि न साकै पंख पसारी ॥४॥

ਰਸਿ ਚੂਗਹਿ ਮਨਮੁਖਿ ਗਾਵਾਰਿ ॥ (1275-16)
रसि चूगहि मनमुखि गावारि ॥

ਫਾਥੀ ਛੂਟਹਿ ਗੁਣ ਗਿਆਨ ਬੀਚਾਰਿ ॥੫॥ (1275-17)
फाथी छूटहि गुण गिआन बीचारि ॥५॥

ਸਤਿਗੁਰੁ ਸੇਵਿ ਤੂਟੈ ਜਮਕਾਲੁ ॥ (1275-17)
सतिगुरु सेवि तूटै जमकालु ॥

ਹਿਰਦੈ ਸਾਚਾ ਸਬਦੁ ਸਮ੍ਹ੍ਹਾਲੁ ॥੬॥ (1275-17)
हिरदै साचा सबदु सम्हालु ॥६॥

ਗੁਰਮਤਿ ਸਾਚੀ ਸਬਦੁ ਹੈ ਸਾਰੁ ॥ (1275-18)
गुरमति साची सबदु है सारु ॥

ਹਰਿ ਕਾ ਨਾਮੁ ਰਖੈ ਉਰਿ ਧਾਰਿ ॥੭॥ (1275-18)
हरि का नामु रखै उरि धारि ॥७॥

ਸੇ ਦੁਖ ਆਗੈ ਜਿ ਭੋਗ ਬਿਲਾਸੇ ॥ (1275-18)
से दुख आगै जि भोग बिलासे ॥

ਨਾਨਕ ਮੁਕਤਿ ਨਹੀ ਬਿਨੁ ਨਾਵੈ ਸਾਚੇ ॥੮॥੨॥੫॥ (1275-19)
नानक मुकति नही बिनु नावै साचे ॥८॥२॥५॥

ਮਲਾਰ ਮਹਲਾ ੩ ਅਸਟਪਦੀਆ ਘਰੁ ੧ ॥ (1276-1)
मलार महला ३ असटपदीआ घरु १ ॥

ੴ ਸਤਿਗੁਰ ਪ੍ਰਸਾਦਿ ॥ (1276-1)
ੴ सतिगुर प्रसादि ॥

ਕਰਮੁ ਹੋਵੈ ਤਾ ਸਤਿਗੁਰੁ ਪਾਈਐ ਵਿਣੁ ਕਰਮੈ ਪਾਇਆ ਨ ਜਾਇ ॥ (1276-2)
करमु होवै ता सतिगुरु पाईऐ विणु करमै पाइआ न जाइ ॥

ਸਤਿਗੁਰੁ ਮਿਲਿਐ ਕੰਚਨੁ ਹੋਈਐ ਜਾਂ ਹਰਿ ਕੀ ਹੋਇ ਰਜਾਇ ॥੧॥ (1276-2)
सतिगुरु मिलिऐ कंचनु होईऐ जां हरि की होइ रजाइ ॥१॥

ਮਨ ਮੇਰੇ ਹਰਿ ਹਰਿ ਨਾਮਿ ਚਿਤੁ ਲਾਇ ॥ (1276-3)
मन मेरे हरि हरि नामि चितु लाइ ॥

ਸਤਿਗੁਰ ਤੇ ਹਰਿ ਪਾਈਐ ਸਾਚਾ ਹਰਿ ਸਿਉ ਰਹੈ ਸਮਾਇ ॥੧॥ ਰਹਾਉ ॥ (1276-3)
सतिगुर ते हरि पाईऐ साचा हरि सिउ रहै समाइ ॥१॥ रहाउ ॥

ਸਤਿਗੁਰ ਤੇ ਗਿਆਨੁ ਊਪਜੈ ਤਾਂ ਇਹ ਸੰਸਾ ਜਾਇ ॥ (1276-4)
सतिगुर ते गिआनु ऊपजै तां इह संसा जाइ ॥

ਸਤਿਗੁਰ ਤੇ ਹਰਿ ਬੁਝੀਐ ਗਰਭ ਜੋਨੀ ਨਹ ਪਾਇ ॥੨॥ (1276-4)
सतिगुर ते हरि बुझीऐ गरभ जोनी नह पाइ ॥२॥

ਗੁਰ ਪਰਸਾਦੀ ਜੀਵਤ ਮਰੈ ਮਰਿ ਜੀਵੈ ਸਬਦੁ ਕਮਾਇ ॥ (1276-5)
गुर परसादी जीवत मरै मरि जीवै सबदु कमाइ ॥

ਮੁਕਤਿ ਦੁਆਰਾ ਸੋਈ ਪਾਏ ਜਿ ਵਿਚਹੁ ਆਪੁ ਗਵਾਇ ॥੩॥ (1276-5)
मुकति दुआरा सोई पाए जि विचहु आपु गवाइ ॥३॥

ਗੁਰ ਪਰਸਾਦੀ ਸਿਵ ਘਰਿ ਜੰਮੈ ਵਿਚਹੁ ਸਕਤਿ ਗਵਾਇ ॥ (1276-6)
गुर परसादी सिव घरि जंमै विचहु सकति गवाइ ॥

ਅਚਰੁ ਚਰੈ ਬਿਬੇਕ ਬੁਧਿ ਪਾਏ ਪੁਰਖੈ ਪੁਰਖੁ ਮਿਲਾਇ ॥੪॥ (1276-6)
अचरु चरै बिबेक बुधि पाए पुरखै पुरखु मिलाइ ॥४॥

ਧਾਤੁਰ ਬਾਜੀ ਸੰਸਾਰੁ ਅਚੇਤੁ ਹੈ ਚਲੈ ਮੂਲੁ ਗਵਾਇ ॥ (1276-7)
धातुर बाजी संसारु अचेतु है चलै मूलु गवाइ ॥

ਲਾਹਾ ਹਰਿ ਸਤਸੰਗਤਿ ਪਾਈਐ ਕਰਮੀ ਪਲੈ ਪਾਇ ॥੫॥ (1276-8)
लाहा हरि सतसंगति पाईऐ करमी पलै पाइ ॥५॥

ਸਤਿਗੁਰ ਵਿਣੁ ਕਿਨੈ ਨ ਪਾਇਆ ਮਨਿ ਵੇਖਹੁ ਰਿਦੈ ਬੀਚਾਰਿ ॥ (1276-8)
सतिगुर विणु किनै न पाइआ मनि वेखहु रिदै बीचारि ॥

ਵਡਭਾਗੀ ਗੁਰੁ ਪਾਇਆ ਭਵਜਲੁ ਉਤਰੇ ਪਾਰਿ ॥੬॥ (1276-9)
वडभागी गुरु पाइआ भवजलु उतरे पारि ॥६॥

ਹਰਿ ਨਾਮਾਂ ਹਰਿ ਟੇਕ ਹੈ ਹਰਿ ਹਰਿ ਨਾਮੁ ਅਧਾਰੁ ॥ (1276-9)
हरि नामां हरि टेक है हरि हरि नामु अधारु ॥

ਕ੍ਰਿਪਾ ਕਰਹੁ ਗੁਰੁ ਮੇਲਹੁ ਹਰਿ ਜੀਉ ਪਾਵਉ ਮੋਖ ਦੁਆਰੁ ॥੭॥ (1276-10)
क्रिपा करहु गुरु मेलहु हरि जीउ पावउ मोख दुआरु ॥७॥

ਮਸਤਕਿ ਲਿਲਾਟਿ ਲਿਖਿਆ ਧੁਰਿ ਠਾਕੁਰਿ ਮੇਟਣਾ ਨ ਜਾਇ ॥ (1276-10)
मसतकि लिलाटि लिखिआ धुरि ठाकुरि मेटणा न जाइ ॥

ਨਾਨਕ ਸੇ ਜਨ ਪੂਰਨ ਹੋਏ ਜਿਨ ਹਰਿ ਭਾਣਾ ਭਾਇ ॥੮॥੧॥ (1276-11)
नानक से जन पूरन होए जिन हरि भाणा भाइ ॥८॥१॥

ਮਲਾਰ ਮਹਲਾ ੩ ॥ (1276-11)
मलार महला ३ ॥

ਬੇਦ ਬਾਣੀ ਜਗੁ ਵਰਤਦਾ ਤ੍ਰੈ ਗੁਣ ਕਰੇ ਬੀਚਾਰੁ ॥ (1276-12)
बेद बाणी जगु वरतदा त्रै गुण करे बीचारु ॥

ਬਿਨੁ ਨਾਵੈ ਜਮ ਡੰਡੁ ਸਹੈ ਮਰਿ ਜਨਮੈ ਵਾਰੋ ਵਾਰ ॥ (1276-12)
बिनु नावै जम डंडु सहै मरि जनमै वारो वार ॥

ਸਤਿਗੁਰ ਭੇਟੇ ਮੁਕਤਿ ਹੋਇ ਪਾਏ ਮੋਖ ਦੁਆਰੁ ॥੧॥ (1276-12)
सतिगुर भेटे मुकति होइ पाए मोख दुआरु ॥१॥

ਮਨ ਰੇ ਸਤਿਗੁਰੁ ਸੇਵਿ ਸਮਾਇ ॥ (1276-13)
मन रे सतिगुरु सेवि समाइ ॥

ਵਡੈ ਭਾਗਿ ਗੁਰੁ ਪੂਰਾ ਪਾਇਆ ਹਰਿ ਹਰਿ ਨਾਮੁ ਧਿਆਇ ॥੧॥ ਰਹਾਉ ॥ (1276-13)
वडै भागि गुरु पूरा पाइआ हरि हरि नामु धिआइ ॥१॥ रहाउ ॥

ਹਰਿ ਆਪਣੈ ਭਾਣੈ ਸ੍ਰਿਸਟਿ ਉਪਾਈ ਹਰਿ ਆਪੇ ਦੇਇ ਅਧਾਰੁ ॥ (1276-14)
हरि आपणै भाणै स्रिसटि उपाई हरि आपे देइ अधारु ॥

ਹਰਿ ਆਪਣੈ ਭਾਣੈ ਮਨੁ ਨਿਰਮਲੁ ਕੀਆ ਹਰਿ ਸਿਉ ਲਾਗਾ ਪਿਆਰੁ ॥ (1276-15)
हरि आपणै भाणै मनु निरमलु कीआ हरि सिउ लागा पिआरु ॥

ਹਰਿ ਕੈ ਭਾਣੈ ਸਤਿਗੁਰੁ ਭੇਟਿਆ ਸਭੁ ਜਨਮੁ ਸਵਾਰਣਹਾਰੁ ॥੨॥ (1276-15)
हरि कै भाणै सतिगुरु भेटिआ सभु जनमु सवारणहारु ॥२॥

ਵਾਹੁ ਵਾਹੁ ਬਾਣੀ ਸਤਿ ਹੈ ਗੁਰਮੁਖਿ ਬੂਝੈ ਕੋਇ ॥ (1276-16)
वाहु वाहु बाणी सति है गुरमुखि बूझै कोइ ॥

ਵਾਹੁ ਵਾਹੁ ਕਰਿ ਪ੍ਰਭੁ ਸਾਲਾਹੀਐ ਤਿਸੁ ਜੇਵਡੁ ਅਵਰੁ ਨ ਕੋਇ ॥ (1276-16)
वाहु वाहु करि प्रभु सालाहीऐ तिसु जेवडु अवरु न कोइ ॥

ਆਪੇ ਬਖਸੇ ਮੇਲਿ ਲਏ ਕਰਮਿ ਪਰਾਪਤਿ ਹੋਇ ॥੩॥ (1276-17)
आपे बखसे मेलि लए करमि परापति होइ ॥३॥

ਸਾਚਾ ਸਾਹਿਬੁ ਮਾਹਰੋ ਸਤਿਗੁਰਿ ਦੀਆ ਦਿਖਾਇ ॥ (1276-17)
साचा साहिबु माहरो सतिगुरि दीआ दिखाइ ॥

ਅੰਮ੍ਰਿਤੁ ਵਰਸੈ ਮਨੁ ਸੰਤੋਖੀਐ ਸਚਿ ਰਹੈ ਲਿਵ ਲਾਇ ॥ (1276-18)
अमृतु वरसै मनु संतोखीऐ सचि रहै लिव लाइ ॥

ਹਰਿ ਕੈ ਨਾਇ ਸਦਾ ਹਰੀਆਵਲੀ ਫਿਰਿ ਸੁਕੈ ਨਾ ਕੁਮਲਾਇ ॥੪॥ (1276-18)
हरि कै नाइ सदा हरीआवली फिरि सुकै ना कुमलाइ ॥४॥

ਬਿਨੁ ਸਤਿਗੁਰ ਕਿਨੈ ਨ ਪਾਇਓ ਮਨਿ ਵੇਖਹੁ ਕੋ ਪਤੀਆਇ ॥ (1277-1)
बिनु सतिगुर किनै न पाइओ मनि वेखहु को पतीआइ ॥

ਹਰਿ ਕਿਰਪਾ ਤੇ ਸਤਿਗੁਰੁ ਪਾਈਐ ਭੇਟੈ ਸਹਜਿ ਸੁਭਾਇ ॥ (1277-2)
हरि किरपा ते सतिगुरु पाईऐ भेटै सहजि सुभाइ ॥

ਮਨਮੁਖ ਭਰਮਿ ਭੁਲਾਇਆ ਬਿਨੁ ਭਾਗਾ ਹਰਿ ਧਨੁ ਨ ਪਾਇ ॥੫॥ (1277-2)
मनमुख भरमि भुलाइआ बिनु भागा हरि धनु न पाइ ॥५॥

ਤ੍ਰੈ ਗੁਣ ਸਭਾ ਧਾਤੁ ਹੈ ਪੜਿ ਪੜਿ ਕਰਹਿ ਵੀਚਾਰੁ ॥ (1277-3)
त्रै गुण सभा धातु है पड़ि पड़ि करहि वीचारु ॥

ਮੁਕਤਿ ਕਦੇ ਨ ਹੋਵਈ ਨਹੁ ਪਾਇਨ੍ਹਿ ਮੋਖ ਦੁਆਰੁ ॥ (1277-3)
मुकति कदे न होवई नहु पाइन्हि मोख दुआरु ॥

ਬਿਨੁ ਸਤਿਗੁਰ ਬੰਧਨ ਨ ਤੁਟਹੀ ਨਾਮਿ ਨ ਲਗੈ ਪਿਆਰੁ ॥੬॥ (1277-4)
बिनु सतिगुर बंधन न तुटही नामि न लगै पिआरु ॥६॥

ਪੜਿ ਪੜਿ ਪੰਡਿਤ ਮੋਨੀ ਥਕੇ ਬੇਦਾਂ ਕਾ ਅਭਿਆਸੁ ॥ (1277-4)
पड़ि पड़ि पंडित मोनी थके बेदां का अभिआसु ॥

ਹਰਿ ਨਾਮੁ ਚਿਤਿ ਨ ਆਵਈ ਨਹ ਨਿਜ ਘਰਿ ਹੋਵੈ ਵਾਸੁ ॥ (1277-5)
हरि नामु चिति न आवई नह निज घरि होवै वासु ॥

ਜਮਕਾਲੁ ਸਿਰਹੁ ਨ ਉਤਰੈ ਅੰਤਰਿ ਕਪਟ ਵਿਣਾਸੁ ॥੭॥ (1277-5)
जमकालु सिरहु न उतरै अंतरि कपट विणासु ॥७॥

ਹਰਿ ਨਾਵੈ ਨੋ ਸਭੁ ਕੋ ਪਰਤਾਪਦਾ ਵਿਣੁ ਭਾਗਾਂ ਪਾਇਆ ਨ ਜਾਇ ॥ (1277-6)
हरि नावै नो सभु को परतापदा विणु भागां पाइआ न जाइ ॥

ਨਦਰਿ ਕਰੇ ਗੁਰੁ ਭੇਟੀਐ ਹਰਿ ਨਾਮੁ ਵਸੈ ਮਨਿ ਆਇ ॥ (1277-6)
नदरि करे गुरु भेटीऐ हरि नामु वसै मनि आइ ॥

ਨਾਨਕ ਨਾਮੇ ਹੀ ਪਤਿ ਊਪਜੈ ਹਰਿ ਸਿਉ ਰਹਾਂ ਸਮਾਇ ॥੮॥੨॥ (1277-7)
नानक नामे ही पति ऊपजै हरि सिउ रहां समाइ ॥८॥२॥

ਮਲਾਰ ਮਹਲਾ ੩ ਅਸਟਪਦੀ ਘਰੁ ੨ ॥ (1277-8)
मलार महला ३ असटपदी घरु २ ॥

ੴ ਸਤਿਗੁਰ ਪ੍ਰਸਾਦਿ ॥ (1277-8)
ੴ सतिगुर प्रसादि ॥

ਹਰਿ ਹਰਿ ਕ੍ਰਿਪਾ ਕਰੇ ਗੁਰ ਕੀ ਕਾਰੈ ਲਾਏ ॥ (1277-9)
हरि हरि क्रिपा करे गुर की कारै लाए ॥

ਦੁਖੁ ਪਲ੍ਹਰਿ ਹਰਿ ਨਾਮੁ ਵਸਾਏ ॥ (1277-9)
दुखु पल्हरि हरि नामु वसाए ॥

ਸਾਚੀ ਗਤਿ ਸਾਚੈ ਚਿਤੁ ਲਾਏ ॥ (1277-9)
साची गति साचै चितु लाए ॥

ਗੁਰ ਕੀ ਬਾਣੀ ਸਬਦਿ ਸੁਣਾਏ ॥੧॥ (1277-10)
गुर की बाणी सबदि सुणाए ॥१॥

ਮਨ ਮੇਰੇ ਹਰਿ ਹਰਿ ਸੇਵਿ ਨਿਧਾਨੁ ॥ (1277-10)
मन मेरे हरि हरि सेवि निधानु ॥

ਗੁਰ ਕਿਰਪਾ ਤੇ ਹਰਿ ਧਨੁ ਪਾਈਐ ਅਨਦਿਨੁ ਲਾਗੈ ਸਹਜਿ ਧਿਆਨੁ ॥੧॥ ਰਹਾਉ ॥ (1277-10)
गुर किरपा ते हरि धनु पाईऐ अनदिनु लागै सहजि धिआनु ॥१॥ रहाउ ॥

ਬਿਨੁ ਪਿਰ ਕਾਮਣਿ ਕਰੇ ਸੀਗਾਰੁ ॥ (1277-11)
बिनु पिर कामणि करे सी�गारु ॥

ਦੁਹਚਾਰਣੀ ਕਹੀਐ ਨਿਤ ਹੋਇ ਖੁਆਰੁ ॥ (1277-11)
दुहचारणी कहीऐ नित होइ खुआरु ॥

ਮਨਮੁਖ ਕਾ ਇਹੁ ਬਾਦਿ ਆਚਾਰੁ ॥ (1277-12)
मनमुख का इहु बादि आचारु ॥

ਬਹੁ ਕਰਮ ਦ੍ਰਿੜਾਵਹਿ ਨਾਮੁ ਵਿਸਾਰਿ ॥੨॥ (1277-12)
बहु करम द्रिड़ावहि नामु विसारि ॥२॥

ਗੁਰਮੁਖਿ ਕਾਮਣਿ ਬਣਿਆ ਸੀਗਾਰੁ ॥ (1277-13)
गुरमुखि कामणि बणिआ सीगारु ॥

ਸਬਦੇ ਪਿਰੁ ਰਾਖਿਆ ਉਰ ਧਾਰਿ ॥ (1277-13)
सबदे पिरु राखिआ उर धारि ॥

ਏਕੁ ਪਛਾਣੈ ਹਉਮੈ ਮਾਰਿ ॥ (1277-13)
एकु पछाणै हउमै मारि ॥

ਸੋਭਾਵੰਤੀ ਕਹੀਐ ਨਾਰਿ ॥੩॥ (1277-14)
सोभावंती कहीऐ नारि ॥३॥

ਬਿਨੁ ਗੁਰ ਦਾਤੇ ਕਿਨੈ ਨ ਪਾਇਆ ॥ (1277-14)
बिनु गुर दाते किनै न पाइआ ॥

ਮਨਮੁਖ ਲੋਭਿ ਦੂਜੈ ਲੋਭਾਇਆ ॥ (1277-14)
मनमुख लोभि दूजै लोभाइआ ॥

ਐਸੇ ਗਿਆਨੀ ਬੂਝਹੁ ਕੋਇ ॥ (1277-14)
ऐसे गिआनी बूझहु कोइ ॥

ਬਿਨੁ ਗੁਰ ਭੇਟੇ ਮੁਕਤਿ ਨ ਹੋਇ ॥੪॥ (1277-15)
बिनु गुर भेटे मुकति न होइ ॥४॥

ਕਹਿ ਕਹਿ ਕਹਣੁ ਕਹੈ ਸਭੁ ਕੋਇ ॥ (1277-15)
कहि कहि कहणु कहै सभु कोइ ॥

ਬਿਨੁ ਮਨ ਮੂਏ ਭਗਤਿ ਨ ਹੋਇ ॥ (1277-15)
बिनु मन मूए भगति न होइ ॥

ਗਿਆਨ ਮਤੀ ਕਮਲ ਪਰਗਾਸੁ ॥ (1277-16)
गिआन मती कमल परगासु ॥

ਤਿਤੁ ਘਟਿ ਨਾਮੈ ਨਾਮਿ ਨਿਵਾਸੁ ॥੫॥ (1277-16)
तितु घटि नामै नामि निवासु ॥५॥

ਹਉਮੈ ਭਗਤਿ ਕਰੇ ਸਭੁ ਕੋਇ ॥ (1277-16)
हउमै भगति करे सभु कोइ ॥

ਨਾ ਮਨੁ ਭੀਜੈ ਨਾ ਸੁਖੁ ਹੋਇ ॥ (1277-17)
ना मनु भीजै ना सुखु होइ ॥

ਕਹਿ ਕਹਿ ਕਹਣੁ ਆਪੁ ਜਾਣਾਏ ॥ (1277-17)
कहि कहि कहणु आपु जाणाए ॥

ਬਿਰਥੀ ਭਗਤਿ ਸਭੁ ਜਨਮੁ ਗਵਾਏ ॥੬॥ (1277-17)
बिरथी भगति सभु जनमु गवाए ॥६॥

ਸੇ ਭਗਤ ਸਤਿਗੁਰ ਮਨਿ ਭਾਏ ॥ (1277-18)
से भगत सतिगुर मनि भाए ॥

ਅਨਦਿਨੁ ਨਾਮਿ ਰਹੇ ਲਿਵ ਲਾਏ ॥ (1277-18)
अनदिनु नामि रहे लिव लाए ॥

ਸਦ ਹੀ ਨਾਮੁ ਵੇਖਹਿ ਹਜੂਰਿ ॥ (1277-18)
सद ही नामु वेखहि हजूरि ॥

ਗੁਰ ਕੈ ਸਬਦਿ ਰਹਿਆ ਭਰਪੂਰਿ ॥੭॥ (1278-1)
गुर कै सबदि रहिआ भरपूरि ॥७॥

ਆਪੇ ਬਖਸੇ ਦੇਇ ਪਿਆਰੁ ॥ (1278-1)
आपे बखसे देइ पिआरु ॥

ਹਉਮੈ ਰੋਗੁ ਵਡਾ ਸੰਸਾਰਿ ॥ (1278-1)
हउमै रोगु वडा संसारि ॥

ਗੁਰ ਕਿਰਪਾ ਤੇ ਏਹੁ ਰੋਗੁ ਜਾਇ ॥ (1278-2)
गुर किरपा ते एहु रोगु जाइ ॥

ਨਾਨਕ ਸਾਚੇ ਸਾਚਿ ਸਮਾਇ ॥੮॥੧॥੩॥੫॥੮॥ (1278-2)
नानक साचे साचि समाइ ॥८॥१॥३॥५॥८॥

ਰਾਗੁ ਮਲਾਰ ਛੰਤ ਮਹਲਾ ੫ ॥ (1278-3)
रागु मलार छंत महला ५ ॥

ੴ ਸਤਿਗੁਰ ਪ੍ਰਸਾਦਿ ॥ (1278-3)
१ओ सतिगुर प्रसादि ॥

ਪ੍ਰੀਤਮ ਪ੍ਰੇਮ ਭਗਤਿ ਕੇ ਦਾਤੇ ॥ (1278-4)
प्रीतम प्रेम भगति के दाते ॥

ਅਪਨੇ ਜਨ ਸੰਗਿ ਰਾਤੇ ॥ (1278-4)
अपने जन संगि राते ॥

ਜਨ ਸੰਗਿ ਰਾਤੇ ਦਿਨਸੁ ਰਾਤੇ ਇਕ ਨਿਮਖ ਮਨਹੁ ਨ ਵੀਸਰੈ ॥ (1278-4)
जन संगि राते दिनसु राते इक निमख मनहु न वीसरै ॥

ਗੋਪਾਲ ਗੁਣ ਨਿਧਿ ਸਦਾ ਸੰਗੇ ਸਰਬ ਗੁਣ ਜਗਦੀਸਰੈ ॥ (1278-5)
गोपाल गुण निधि सदा संगे सरब गुण जगदीसरै ॥

ਮਨੁ ਮੋਹਿ ਲੀਨਾ ਚਰਨ ਸੰਗੇ ਨਾਮ ਰਸਿ ਜਨ ਮਾਤੇ ॥ (1278-5)
मनु मोहि लीना चरन संगे नाम रसि जन माते ॥

ਨਾਨਕ ਪ੍ਰੀਤਮ ਕ੍ਰਿਪਾਲ ਸਦਹੂੰ ਕਿਨੈ ਕੋਟਿ ਮਧੇ ਜਾਤੇ ॥੧॥ (1278-6)
नानक प्रीतम क्रिपाल सदहूं किनै कोटि मधे जाते ॥१॥

ਪ੍ਰੀਤਮ ਤੇਰੀ ਗਤਿ ਅਗਮ ਅਪਾਰੇ ॥ (1278-6)
प्रीतम तेरी गति अगम अपारे ॥

ਮਹਾ ਪਤਿਤ ਤੁਮ੍ਹ੍ਹ ਤਾਰੇ ॥ (1278-7)
महा पतित तुम्ह तारे ॥

ਪਤਿਤ ਪਾਵਨ ਭਗਤਿ ਵਛਲ ਕ੍ਰਿਪਾ ਸਿੰਧੁ ਸੁਆਮੀਆ ॥ (1278-7)
पतित पावन भगति वछल क्रिपा सिंधु सुआमीआ ॥

ਸੰਤਸੰਗੇ ਭਜੁ ਨਿਸੰਗੇ ਰੰਉ ਸਦਾ ਅੰਤਰਜਾਮੀਆ ॥ (1278-7)
संतसंगे भजु निसंगे रंउ सदा अंतरजामीआ ॥

ਕੋਟਿ ਜਨਮ ਭ੍ਰਮੰਤ ਜੋਨੀ ਤੇ ਨਾਮ ਸਿਮਰਤ ਤਾਰੇ ॥ (1278-8)
कोटि जनम भ्रमंत जोनी ते नाम सिमरत तारे ॥

ਨਾਨਕ ਦਰਸ ਪਿਆਸ ਹਰਿ ਜੀਉ ਆਪਿ ਲੇਹੁ ਸਮ੍ਹ੍ਹਾਰੇ ॥੨॥ (1278-8)
नानक दरस पिआस हरि जीउ आपि लेहु सम्हारे ॥२॥

ਹਰਿ ਚਰਨ ਕਮਲ ਮਨੁ ਲੀਨਾ ॥ (1278-9)
हरि चरन कमल मनु लीना ॥

ਪ੍ਰਭ ਜਲ ਜਨ ਤੇਰੇ ਮੀਨਾ ॥ (1278-9)
प्रभ जल जन तेरे मीना ॥

ਜਲ ਮੀਨ ਪ੍ਰਭ ਜੀਉ ਏਕ ਤੂਹੈ ਭਿੰਨ ਆਨ ਨ ਜਾਨੀਐ ॥ (1278-9)
जल मीन प्रभ जीउ एक तूहै भिंन आन न जानीऐ ॥

ਗਹਿ ਭੁਜਾ ਲੇਵਹੁ ਨਾਮੁ ਦੇਵਹੁ ਤਉ ਪ੍ਰਸਾਦੀ ਮਾਨੀਐ ॥ (1278-10)
गहि भुजा लेवहु नामु देवहु तउ प्रसादी मानीऐ ॥

ਭਜੁ ਸਾਧਸੰਗੇ ਏਕ ਰੰਗੇ ਕ੍ਰਿਪਾਲ ਗੋਬਿਦ ਦੀਨਾ ॥ (1278-10)
भजु साधसंगे एक रंगे क्रिपाल गोबिद दीना ॥

ਅਨਾਥ ਨੀਚ ਸਰਣਾਇ ਨਾਨਕ ਕਰਿ ਮਇਆ ਅਪੁਨਾ ਕੀਨਾ ॥੩॥ (1278-11)
अनाथ नीच सरणाइ नानक करि मइआ अपुना कीना ॥३॥

ਆਪਸ ਕਉ ਆਪੁ ਮਿਲਾਇਆ ॥ (1278-12)
आपस कउ आपु मिलाइआ ॥

ਭ੍ਰਮ ਭੰਜਨ ਹਰਿ ਰਾਇਆ ॥ (1278-12)
भ्रम भंजन हरि राइआ ॥

ਆਚਰਜ ਸੁਆਮੀ ਅੰਤਰਜਾਮੀ ਮਿਲੇ ਗੁਣ ਨਿਧਿ ਪਿਆਰਿਆ ॥ (1278-12)
आचरज सुआमी अंतरजामी मिले गुण निधि पिआरिआ ॥

ਮਹਾ ਮੰਗਲ ਸੂਖ ਉਪਜੇ ਗੋਬਿੰਦ ਗੁਣ ਨਿਤ ਸਾਰਿਆ ॥ (1278-13)
महा मंगल सूख उपजे गोबिंद गुण नित सारिआ ॥

ਮਿਲਿ ਸੰਗਿ ਸੋਹੇ ਦੇਖਿ ਮੋਹੇ ਪੁਰਬਿ ਲਿਖਿਆ ਪਾਇਆ ॥ (1278-13)
मिलि संगि सोहे देखि मोहे पुरबि लिखिआ पाइआ ॥

ਬਿਨਵੰਤਿ ਨਾਨਕ ਸਰਣਿ ਤਿਨ ਕੀ ਜਿਨ੍ਹੀ ਹਰਿ ਹਰਿ ਧਿਆਇਆ ॥੪॥੧॥ (1278-14)
बिनवंति नानक सरनि तिन की जिन्ही हरि हरि धिआइआ ॥४॥१॥

ਵਾਰ ਮਲਾਰ ਕੀ ਮਹਲਾ ੧ ਰਾਣੇ ਕੈਲਾਸ ਤਥਾ ਮਾਲਦੇ ਕੀ ਧੁਨਿ ॥ (1278-15)
वार मलार की महला १ राणे कैलास तथा मालदे की धुनि ॥

ੴ ਸਤਿਗੁਰ ਪ੍ਰਸਾਦਿ ॥ (1278-15)
ੴ सतिगुर प्रसादि ॥

ਸਲੋਕ ਮਹਲਾ ੩ ॥ (1278-16)
सलोक महला ३ ॥

ਗੁਰਿ ਮਿਲਿਐ ਮਨੁ ਰਹਸੀਐ ਜਿਉ ਵੁਠੈ ਧਰਣਿ ਸੀਗਾਰੁ ॥ (1278-16)
गुरि मिलिऐ मनु रहसीऐ जिउ वुठै धरणि सीगारु ॥

ਸਭ ਦਿਸੈ ਹਰੀਆਵਲੀ ਸਰ ਭਰੇ ਸੁਭਰ ਤਾਲ ॥ (1278-16)
सभ दिसै हरीआवली सर भरे सुभर ताल ॥

ਅੰਦਰੁ ਰਚੈ ਸਚ ਰੰਗਿ ਜਿਉ ਮੰਜੀਠੈ ਲਾਲੁ ॥ (1278-17)
अंदरु रचै सच रंगि जिउ मंजीठै लालु ॥

ਕਮਲੁ ਵਿਗਸੈ ਸਚੁ ਮਨਿ ਗੁਰ ਕੈ ਸਬਦਿ ਨਿਹਾਲੁ ॥ (1278-17)
कमलु विगसै सचु मनि गुर कै सबदि निहालु ॥

ਮਨਮੁਖ ਦੂਜੀ ਤਰਫ ਹੈ ਵੇਖਹੁ ਨਦਰਿ ਨਿਹਾਲਿ ॥ (1279-1)
मनमुख दूजी तरफ है वेखहु नदरि निहालि ॥

ਫਾਹੀ ਫਾਥੇ ਮਿਰਗ ਜਿਉ ਸਿਰਿ ਦੀਸੈ ਜਮਕਾਲੁ ॥ (1279-1)
फाही फाथे मिरग जिउ सिरि दीसै जमकालु ॥

ਖੁਧਿਆ ਤ੍ਰਿਸਨਾ ਨਿੰਦਾ ਬੁਰੀ ਕਾਮੁ ਕ੍ਰੋਧੁ ਵਿਕਰਾਲੁ ॥ (1279-2)
खुधिआ त्रिसना निंदा बुरी कामु क्रोधु विकरालु ॥

ਏਨੀ ਅਖੀ ਨਦਰਿ ਨ ਆਵਈ ਜਿਚਰੁ ਸਬਦਿ ਨ ਕਰੇ ਬੀਚਾਰੁ ॥ (1279-2)
एनी अखी नदरि न आवई जिचरु सबदि न करे बीचारु ॥

ਤੁਧੁ ਭਾਵੈ ਸੰਤੋਖੀਆਂ ਚੂਕੈ ਆਲ ਜੰਜਾਲੁ ॥ (1279-3)
तुधु भावै संतोखीआं चूकै आल जंजालु ॥

ਮੂਲੁ ਰਹੈ ਗੁਰੁ ਸੇਵਿਐ ਗੁਰ ਪਉੜੀ ਬੋਹਿਥੁ ॥ (1279-3)
मूलु रहै गुरु सेविऐ गुर पउड़ी बोहिथु ॥

ਨਾਨਕ ਲਗੀ ਤਤੁ ਲੈ ਤੂੰ ਸਚਾ ਮਨਿ ਸਚੁ ॥੧॥ (1279-3)
नानक लगी ततु लै तूं सचा मनि सचु ॥१॥

ਮਹਲਾ ੧ ॥ (1279-4)
महला १ ॥

ਹੇਕੋ ਪਾਧਰੁ ਹੇਕੁ ਦਰੁ ਗੁਰ ਪਉੜੀ ਨਿਜ ਥਾਨੁ ॥ (1279-4)
हेको पाधरु हेकु दरु गुर पउड़ी निज थानु ॥

ਰੂੜਉ ਠਾਕੁਰੁ ਨਾਨਕਾ ਸਭਿ ਸੁਖ ਸਾਚਉ ਨਾਮੁ ॥੨॥ (1279-4)
रूड़उ ठाकुरु नानका सभि सुख साचउ नामु ॥२॥

ਪਉੜੀ ॥ (1279-5)
पउड़ी ॥

ਆਪੀਨੑੈ ਆਪੁ ਸਾਜਿ ਆਪੁ ਪਛਾਣਿਆ ॥ (1279-5)
आपीन्है आपु साजि आपु पछाणिआ ॥

ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ ॥ (1279-5)
अम्बरु धरति विछोड़ि चंदोआ ताणिआ ॥

ਵਿਣੁ ਥੰਮੑਾ ਗਗਨੁ ਰਹਾਇ ਸਬਦੁ ਨੀਸਾਣਿਆ ॥ (1279-6)
विणु थंम्हा गगनु रहाइ सबदु नीसाणिआ ॥

ਸੂਰਜੁ ਚੰਦੁ ਉਪਾਇ ਜੋਤਿ ਸਮਾਣਿਆ ॥ (1279-6)
सूरजु चंदु उपाइ जोति समाणिआ ॥

ਕੀਏ ਰਾਤਿ ਦਿਨੰਤੁ ਚੋਜ ਵਿਡਾਣਿਆ ॥ (1279-7)
कीए राति दिनंतु चोज विडाणिआ ॥

ਤੀਰਥ ਧਰਮ ਵੀਚਾਰ ਨਾਵਣ ਪੁਰਬਾਣਿਆ ॥ (1279-7)
तीरथ धरम वीचार नावण पुरबाणिआ ॥

ਤੁਧੁ ਸਰਿ ਅਵਰੁ ਨ ਕੋਇ ਕਿ ਆਖਿ ਵਖਾਣਿਆ ॥ (1279-8)
तुधु सरि अवरु न कोइ कि आखि वखाणिआ ॥

ਸਚੈ ਤਖਤਿ ਨਿਵਾਸੁ ਹੋਰ ਆਵਣ ਜਾਣਿਆ ॥੧॥ (1279-8)
सचै तखति निवासु होर आवण जाणिआ ॥१॥

ਸਲੋਕ ਮਃ ੧ ॥ (1279-9)
सलोक मः १ ॥

ਨਾਨਕ ਸਾਵਣਿ ਜੇ ਵਸੈ ਚਹੁ ਓਮਾਹਾ ਹੋਇ ॥ (1279-9)
नानक सावणि जे वसै चहु ओमाहा होइ ॥

ਨਾਗਾਂ ਮਿਰਗਾਂ ਮਛੀਆਂ ਰਸੀਆਂ ਘਰਿ ਧਨੁ ਹੋਇ ॥੧॥ (1279-9)
नागां मिरगां मछीआं रसीआं घरि धनु होइ ॥१॥

ਮਃ ੧ ॥ (1279-10)
मः १ ॥

ਨਾਨਕ ਸਾਵਣਿ ਜੇ ਵਸੈ ਚਹੁ ਵੇਛੋੜਾ ਹੋਇ ॥ (1279-10)
नानक सावणि जे वसै चहु वेछोड़ा होइ ॥

ਗਾਈ ਪੁਤਾ ਨਿਰਧਨਾ ਪੰਥੀ ਚਾਕਰੁ ਹੋਇ ॥੨॥ (1279-10)
गाई पुता निरधना पंथी चाकरु होइ ॥२॥

ਪਉੜੀ ॥ (1279-11)
पउड़ी ॥

ਤੂ ਸਚਾ ਸਚਿਆਰੁ ਜਿਨਿ ਸਚੁ ਵਰਤਾਇਆ ॥ (1279-11)
तू सचा सचिआरु जिनि सचु वरताइआ ॥

ਬੈਠਾ ਤਾੜੀ ਲਾਇ ਕਵਲੁ ਛਪਾਇਆ ॥ (1279-11)
बैठा ताड़ी लाइ कवलु छपाइआ ॥

ਬ੍ਰਹਮੈ ਵਡਾ ਕਹਾਇ ਅੰਤੁ ਨ ਪਾਇਆ ॥ (1279-11)
ब्रहमै वडा कहाइ अंतु न पाइआ ॥

ਨਾ ਤਿਸੁ ਬਾਪੁ ਨ ਮਾਇ ਕਿਨਿ ਤੂ ਜਾਇਆ ॥ (1279-12)
ना तिसु बापु न माइ किनि तू जाइआ ॥

ਨਾ ਤਿਸੁ ਰੂਪੁ ਨ ਰੇਖ ਵਰਨ ਸਬਾਇਆ ॥ (1279-12)
ना तिसु रूपु न रेख वरन सबाइआ ॥

ਨਾ ਤਿਸੁ ਭੁਖ ਪਿਆਸ ਰਜਾ ਧਾਇਆ ॥ (1279-13)
ना तिसु भुख पिआस रजा धाइआ ॥

ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ ॥ (1279-13)
गुर महि आपु समोइ सबदु वरताइआ ॥

ਸਚੇ ਹੀ ਪਤੀਆਇ ਸਚਿ ਸਮਾਇਆ ॥੨॥ (1279-13)
सचे ही पतीआइ सचि समाइआ ॥२॥

ਸਲੋਕ ਮਃ ੧ ॥ (1279-14)
सलोक मः १ ॥

ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥ (1279-14)
वैदु बुलाइआ वैदगी पकड़ि ढंढोले बांह ॥

ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥੧॥ (1279-14)
भोला वैदु न जाणई करक कलेजे माहि ॥१॥

ਮਃ ੨ ॥ (1279-15)
मः २ ॥

ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ ॥ (1279-15)
वैदा वैदु सुवैदु तू पहिलां रोगु पछाणु ॥

ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ ॥ (1279-15)
ऐसा दारू लोड़ि लहु जितु वंञै रोगा घाणि ॥

ਜਿਤੁ ਦਾਰੂ ਰੋਗ ਉਠਿਅਹਿ ਤਨਿ ਸੁਖੁ ਵਸੈ ਆਇ ॥ (1279-16)
जितु दारू रोग उठिअहि तनि सुखु वसै आइ ॥

ਰੋਗੁ ਗਵਾਇਹਿ ਆਪਣਾ ਤ ਨਾਨਕ ਵੈਦੁ ਸਦਾਇ ॥੨॥ (1279-16)
रोगु गवाइहि आपणा त नानक वैदु सदाइ ॥२॥

ਪਉੜੀ ॥ (1279-17)
पउड़ी ॥

ਬ੍ਰਹਮਾ ਬਿਸਨੁ ਮਹੇਸੁ ਦੇਵ ਉਪਾਇਆ ॥ (1279-17)
ब्रहमा बिसनु महेसु देव उपाइआ ॥

ਬ੍ਰਹਮੇ ਦਿਤੇ ਬੇਦ ਪੂਜਾ ਲਾਇਆ ॥ (1279-17)
ब्रहमे दिते बेद पूजा लाइआ ॥

ਦਸ ਅਵਤਾਰੀ ਰਾਮੁ ਰਾਜਾ ਆਇਆ ॥ (1279-18)
दस अवतारी रामु राजा आइआ ॥

ਦੈਤਾ ਮਾਰੇ ਧਾਇ ਹੁਕਮਿ ਸਬਾਇਆ ॥ (1279-18)
दैता मारे धाइ हुकमि सबाइआ ॥

ਈਸ ਮਹੇਸੁਰੁ ਸੇਵ ਤਿਨ੍ਹ੍ਹੀ ਅੰਤੁ ਨ ਪਾਇਆ ॥ (1279-18)
ईस महेसुरु सेव तिन्ही अंतु न पाइआ ॥

ਸਚੀ ਕੀਮਤਿ ਪਾਇ ਤਖਤੁ ਰਚਾਇਆ ॥ (1279-19)
सची कीमति पाइ तखतु रचाइआ ॥

ਦੁਨੀਆ ਧੰਧੈ ਲਾਇ ਆਪੁ ਛਪਾਇਆ ॥ (1279-19)
दुनीआ धंधै लाइ आपु छपाइआ ॥

ਧਰਮੁ ਕਰਾਏ ਕਰਮ ਧੁਰਹੁ ਫੁਰਮਾਇਆ ॥੩॥ (1280-1)
धरमु कराए करम धुरहु फुरमाइआ ॥३॥

ਸਲੋਕ ਮਃ ੨ ॥ (1280-1)
सलोक मः २ ॥

ਸਾਵਣੁ ਆਇਆ ਹੇ ਸਖੀ ਕੰਤੈ ਚਿਤਿ ਕਰੇਹੁ ॥ (1280-1)
सावणु आइआ हे सखी कंतै चिति करेहु ॥

ਨਾਨਕ ਝੂਰਿ ਮਰਹਿ ਦੋਹਾਗਣੀ ਜਿਨ੍ਹ ਅਵਰੀ ਲਾਗਾ ਨੇਹੁ ॥੧॥ (1280-2)
नानक झूरि मरहि दोहागणी जिन्ह अवरी लागा नेहु ॥१॥

ਮਃ ੨ ॥ (1280-2)
मः २ ॥

ਸਾਵਣੁ ਆਇਆ ਹੇ ਸਖੀ ਜਲਹਰੁ ਬਰਸਨਹਾਰੁ ॥ (1280-2)
सावणु आइआ हे सखी जलहरु बरसनहारु ॥

ਨਾਨਕ ਸੁਖਿ ਸਵਨੁ ਸੋਹਾਗਣੀ ਜਿਨ੍ਹ ਸਹ ਨਾਲਿ ਪਿਆਰੁ ॥੨॥ (1280-3)
नानक सुखि सवनु सोहागणी जिन्ह सह नालि पिआरु ॥२॥

ਪਉੜੀ ॥ (1280-3)
पउड़ी ॥

ਆਪੇ ਛਿੰਝ ਪਵਾਇ ਮਲਾਖਾੜਾ ਰਚਿਆ ॥ (1280-3)
आपे छिंझ पवाइ मलाखाड़ा रचिआ ॥

ਲਥੇ ਭੜਥੂ ਪਾਇ ਗੁਰਮੁਖਿ ਮਚਿਆ ॥ (1280-4)
लथे भड़थू पाइ गुरमुखि मचिआ ॥

ਮਨਮੁਖ ਮਾਰੇ ਪਛਾੜਿ ਮੂਰਖ ਕਚਿਆ ॥ (1280-4)
मनमुख मारे पछाड़ि मूरख कचिआ ॥

ਆਪਿ ਭਿੜੈ ਮਾਰੇ ਆਪਿ ਆਪਿ ਕਾਰਜੁ ਰਚਿਆ ॥ (1280-4)
आपि भिड़ै मारे आपि आपि कारजु रचिआ ॥

ਸਭਨਾ ਖਸਮੁ ਏਕੁ ਹੈ ਗੁਰਮੁਖਿ ਜਾਣੀਐ ॥ (1280-5)
सभना खसमु एकु है गुरमुखि जाणीऐ ॥

ਹੁਕਮੀ ਲਿਖੈ ਸਿਰਿ ਲੇਖੁ ਵਿਣੁ ਕਲਮ ਮਸਵਾਣੀਐ ॥ (1280-5)
हुकमी लिखै सिरि लेखु विणु कलम मसवाणीऐ ॥

ਸਤਸੰਗਤਿ ਮੇਲਾਪੁ ਜਿਥੈ ਹਰਿ ਗੁਣ ਸਦਾ ਵਖਾਣੀਐ ॥ (1280-6)
सतसंगति मेलापु जिथै हरि गुण सदा वखाणीऐ ॥

ਨਾਨਕ ਸਚਾ ਸਬਦੁ ਸਲਾਹਿ ਸਚੁ ਪਛਾਣੀਐ ॥੪॥ (1280-6)
नानक सचा सबदु सलाहि सचु पछाणीऐ ॥४॥

ਸਲੋਕ ਮਃ ੩ ॥ (1280-7)
सलोक मः ३ ॥

ਊਂਨਵਿ ਊਂਨਵਿ ਆਇਆ ਅਵਰਿ ਕਰੇਂਦਾ ਵੰਨ ॥ (1280-7)
ऊंनवि ऊंनवि आइआ अवरि करेंदा वंन ॥

ਕਿਆ ਜਾਣਾ ਤਿਸੁ ਸਾਹ ਸਿਉ ਕੇਵ ਰਹਸੀ ਰੰਗੁ ॥ (1280-7)
किआ जाणा तिसु साह सिउ केव रहसी रंगु ॥

ਰੰਗੁ ਰਹਿਆ ਤਿਨੑ ਕਾਮਣੀ ਜਿਨੑ ਮਨਿ ਭਉ ਭਾਉ ਹੋਇ ॥ (1280-8)
रंगु रहिआ तिन्ह कामणी जिन्ह मनि भउ भाउ होइ ॥

ਨਾਨਕ ਭੈ ਭਾਇ ਬਾਹਰੀ ਤਿਨ ਤਨਿ ਸੁਖੁ ਨ ਹੋਇ ॥੧॥ (1280-8)
नानक भै भाइ बाहरी तिन तनि सुखु न होइ ॥१॥

ਮਃ ੩ ॥ (1280-9)
मः ३ ॥

ਊਂਨਵਿ ਊਂਨਵਿ ਆਇਆ ਵਰਸੈ ਨੀਰੁ ਨਿਪੰਗੁ ॥ (1280-9)
ऊंनवि ऊंनवि आइआ वरसै नीरु निपंगु ॥

ਨਾਨਕ ਦੁਖੁ ਲਾਗਾ ਤਿਨੑ ਕਾਮਣੀ ਜਿਨੑ ਕੰਤੈ ਸਿਉ ਮਨਿ ਭੰਗੁ ॥੨॥ (1280-10)
नानक दुखु लागा तिन्ह कामणी जिन्ह कंतै सिउ मनि भंगु ॥२॥

ਪਉੜੀ ॥ (1280-10)
पउड़ी ॥

ਦੋਵੈ ਤਰਫਾ ਉਪਾਇ ਇਕੁ ਵਰਤਿਆ ॥ (1280-10)
दोवै तरफा उपाइ इकु वरतिआ ॥

ਬੇਦ ਬਾਣੀ ਵਰਤਾਇ ਅੰਦਰਿ ਵਾਦੁ ਘਤਿਆ ॥ (1280-11)
बेद बाणी वरताइ अंदरि वादु घतिआ ॥

ਪਰਵਿਰਤਿ ਨਿਰਵਿਰਤਿ ਹਾਠਾ ਦੋਵੈ ਵਿਚਿ ਧਰਮੁ ਫਿਰੈ ਰੈਬਾਰਿਆ ॥ (1280-11)
परविरति निरविरति हाठा दोवै विचि धरमु फिरै रैबारिआ ॥

ਮਨਮੁਖ ਕਚੇ ਕੂੜਿਆਰ ਤਿਨ੍ਹ੍ਹੀ ਨਿਹਚਉ ਦਰਗਹ ਹਾਰਿਆ ॥ (1280-12)
मनमुख कचे कूड़िआर तिन्ही निहचउ दरगह हारिआ ॥

ਗੁਰਮਤੀ ਸਬਦਿ ਸੂਰ ਹੈ ਕਾਮੁ ਕ੍ਰੋਧੁ ਜਿਨ੍ਹ੍ਹੀ ਮਾਰਿਆ ॥ (1280-12)
गुरमती सबदि सूर है कामु क्रोधु जिन्ही मारिआ ॥

ਸਚੈ ਅੰਦਰਿ ਮਹਲਿ ਸਬਦਿ ਸਵਾਰਿਆ ॥ (1280-13)
सचै अंदरि महलि सबदि सवारिआ ॥

ਸੇ ਭਗਤ ਤੁਧੁ ਭਾਵਦੇ ਸਚੈ ਨਾਇ ਪਿਆਰਿਆ ॥ (1280-13)
से भगत तुधु भावदे सचै नाइ पिआरिआ ॥

ਸਤਿਗੁਰੁ ਸੇਵਨਿ ਆਪਣਾ ਤਿਨ੍ਹ੍ਹਾ ਵਿਟਹੁ ਹਉ ਵਾਰਿਆ ॥੫॥ (1280-14)
सतिगुरु सेवनि आपणा तिन्हा विटहु हउ वारिआ ॥५॥

ਸਲੋਕ ਮਃ ੩ ॥ (1280-14)
सलोक मः ३ ॥

ਊਂਨਵਿ ਊਂਨਵਿ ਆਇਆ ਵਰਸੈ ਲਾਇ ਝੜੀ ॥ (1280-14)
ऊंनवि ऊंनवि आइआ वरसै लाइ झड़ी ॥

ਨਾਨਕ ਭਾਣੈ ਚਲੈ ਕੰਤ ਕੈ ਸੁ ਮਾਣੇ ਸਦਾ ਰਲੀ ॥੧॥ (1280-15)
नानक भाणै चलै कंत कै सु माणे सदा रली ॥१॥

ਮਃ ੩ ॥ (1280-15)
मः ३ ॥

ਕਿਆ ਉਠਿ ਉਠਿ ਦੇਖਹੁ ਬਪੁੜੇਂ ਇਸੁ ਮੇਘੈ ਹਥਿ ਕਿਛੁ ਨਾਹਿ ॥ (1280-15)
किआ उठि उठि देखहु बपुड़ें इसु मेघै हथि किछु नाहि ॥

ਜਿਨਿ ਏਹੁ ਮੇਘੁ ਪਠਾਇਆ ਤਿਸੁ ਰਾਖਹੁ ਮਨ ਮਾਂਹਿ ॥ (1280-16)
जिनि एहु मेघु पठाइआ तिसु राखहु मन मांहि ॥

ਤਿਸ ਨੋ ਮੰਨਿ ਵਸਾਇਸੀ ਜਾ ਕਉ ਨਦਰਿ ਕਰੇਇ ॥ (1280-17)
तिस नो मंनि वसाइसी जा कउ नदरि करेइ ॥

ਨਾਨਕ ਨਦਰੀ ਬਾਹਰੀ ਸਭ ਕਰਣ ਪਲਾਹ ਕਰੇਇ ॥੨॥ (1280-17)
नानक नदरी बाहरी सभ करण पलाह करेइ ॥२॥

ਪਉੜੀ ॥ (1280-18)
पउड़ी ॥

ਸੋ ਹਰਿ ਸਦਾ ਸਰੇਵੀਐ ਜਿਸੁ ਕਰਤ ਨ ਲਾਗੈ ਵਾਰ ॥ (1280-18)
सो हरि सदा सरेवीऐ जिसु करत न लागै वार ॥

ਆਡਾਣੇ ਆਕਾਸ ਕਰਿ ਖਿਨ ਮਹਿ ਢਾਹਿ ਉਸਾਰਣਹਾਰ ॥ (1280-18)
आडाणे आकास करि खिन महि ढाहि उसारणहार ॥

ਆਪੇ ਜਗਤੁ ਉਪਾਇ ਕੈ ਕੁਦਰਤਿ ਕਰੇ ਵੀਚਾਰ ॥ (1280-19)
आपे जगतु उपाइ कै कुदरति करे वीचार ॥

ਮਨਮੁਖ ਅਗੈ ਲੇਖਾ ਮੰਗੀਐ ਬਹੁਤੀ ਹੋਵੈ ਮਾਰ ॥ (1280-19)
मनमुख अगै लेखा मंगीऐ बहुती होवै मार ॥

ਗੁਰਮੁਖਿ ਪਤਿ ਸਿਉ ਲੇਖਾ ਨਿਬੜੈ ਬਖਸੇ ਸਿਫਤਿ ਭੰਡਾਰ ॥ (1281-1)
गुरमुखि पति सिउ लेखा निबड़ै बखसे सिफति भंडार ॥

ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥ (1281-1)
ओथै हथु न अपड़ै कूक न सुणीऐ पुकार ॥

ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥ (1281-2)
ओथै सतिगुरु बेली होवै कढि लए अंती वार ॥

ਏਨਾ ਜੰਤਾ ਨੋ ਹੋਰ ਸੇਵਾ ਨਹੀ ਸਤਿਗੁਰੁ ਸਿਰਿ ਕਰਤਾਰ ॥੬॥ (1281-2)
एना जंता नो होर सेवा नही सतिगुरु सिरि करतार ॥६॥

ਸਲੋਕ ਮਃ ੩ ॥ (1281-3)
सलोक मः ३ ॥

ਬਾਬੀਹਾ ਜਿਸ ਨੋ ਤੂ ਪੂਕਾਰਦਾ ਤਿਸ ਨੋ ਲੋਚੈ ਸਭੁ ਕੋਇ ॥ (1281-3)
बाबीहा जिस नो तू पूकारदा तिस नो लोचै सभु कोइ ॥

ਅਪਣੀ ਕਿਰਪਾ ਕਰਿ ਕੈ ਵਸਸੀ ਵਣੁ ਤ੍ਰਿਣੁ ਹਰਿਆ ਹੋਇ ॥ (1281-3)
अपणी किरपा करि कै वससी वणु त्रिणु हरिआ होइ ॥

ਗੁਰ ਪਰਸਾਦੀ ਪਾਈਐ ਵਿਰਲਾ ਬੂਝੈ ਕੋਇ ॥ (1281-4)
गुर परसादी पाईऐ विरला बूझै कोइ ॥

ਬਹਦਿਆ ਉਠਦਿਆ ਨਿਤ ਧਿਆਈਐ ਸਦਾ ਸਦਾ ਸੁਖੁ ਹੋਇ ॥ (1281-4)
बहदिआ उठदिआ नित धिआईऐ सदा सदा सुखु होइ ॥

ਨਾਨਕ ਅੰਮ੍ਰਿਤੁ ਸਦ ਹੀ ਵਰਸਦਾ ਗੁਰਮੁਖਿ ਦੇਵੈ ਹਰਿ ਸੋਇ ॥੧॥ (1281-5)
नानक अमृतु सद ही वरसदा गुरमुखि देवै हरि सोइ ॥१॥

ਮਃ ੩ ॥ (1281-5)
मः ३ ॥

ਕਲਮਲਿ ਹੋਈ ਮੇਦਨੀ ਅਰਦਾਸਿ ਕਰੇ ਲਿਵ ਲਾਇ ॥ (1281-6)
कलमलि होई मेदनी अरदासि करे लिव लाइ ॥

ਸਚੈ ਸੁਣਿਆ ਕੰਨੁ ਦੇ ਧੀਰਕ ਦੇਵੈ ਸਹਜਿ ਸੁਭਾਇ ॥ (1281-6)
सचै सुणिआ कंनु दे धीरक देवै सहजि सुभाइ ॥

ਇੰਦ੍ਰੈ ਨੋ ਫੁਰਮਾਇਆ ਵੁਠਾ ਛਹਬਰ ਲਾਇ ॥ (1281-7)
इंद्रै नो फुरमाइआ वुठा छहबर लाइ ॥

ਅਨੁ ਧਨੁ ਉਪਜੈ ਬਹੁ ਘਣਾ ਕੀਮਤਿ ਕਹਣੁ ਨ ਜਾਇ ॥ (1281-7)
अनु धनु उपजै बहु घणा कीमति कहणु न जाइ ॥

ਨਾਨਕ ਨਾਮੁ ਸਲਾਹਿ ਤੂ ਸਭਨਾ ਜੀਆ ਦੇਦਾ ਰਿਜਕੁ ਸੰਬਾਹਿ ॥ (1281-7)
नानक नामु सलाहि तू सभना जीआ देदा रिजकु समबाहि ॥

ਜਿਤੁ ਖਾਧੈ ਸੁਖੁ ਊਪਜੈ ਫਿਰਿ ਦੂਖੁ ਨ ਲਾਗੈ ਆਇ ॥੨॥ (1281-8)
जितु खाधै सुखु ऊपजै फिरि दूखु न लागै आइ ॥२॥

ਪਉੜੀ ॥ (1281-9)
पउड़ी ॥

ਹਰਿ ਜੀਉ ਸਚਾ ਸਚੁ ਤੂ ਸਚੇ ਲੈਹਿ ਮਿਲਾਇ ॥ (1281-9)
हरि जीउ सचा सचु तू सचे लैहि मिलाइ ॥

ਦੂਜੈ ਦੂਜੀ ਤਰਫ ਹੈ ਕੂੜਿ ਮਿਲੈ ਨ ਮਿਲਿਆ ਜਾਇ ॥ (1281-9)
दूजै दूजी तरफ है कूड़ि मिलै न मिलिआ जाइ ॥

ਆਪੇ ਜੋੜਿ ਵਿਛੋੜਿਐ ਆਪੇ ਕੁਦਰਤਿ ਦੇਇ ਦਿਖਾਇ ॥ (1281-10)
आपे जोड़ि विछोड़िऐ आपे कुदरति देइ दिखाइ ॥

ਮੋਹੁ ਸੋਗੁ ਵਿਜੋਗੁ ਹੈ ਪੂਰਬਿ ਲਿਖਿਆ ਕਮਾਇ ॥ (1281-10)
मोहु सोगु विजोगु है पूरबि लिखिआ कमाइ ॥

ਹਉ ਬਲਿਹਾਰੀ ਤਿਨ ਕਉ ਜੋ ਹਰਿ ਚਰਣੀ ਰਹੈ ਲਿਵ ਲਾਇ ॥ (1281-11)
हउ बलिहारी तिन कउ जो हरि चरणी रहै लिव लाइ ॥

ਜਿਉ ਜਲ ਮਹਿ ਕਮਲੁ ਅਲਿਪਤੁ ਹੈ ਐਸੀ ਬਣਤ ਬਣਾਇ ॥ (1281-11)
जिउ जल महि कमलु अलिपतु है ऐसी बणत बणाइ ॥

ਸੇ ਸੁਖੀਏ ਸਦਾ ਸੋਹਣੇ ਜਿਨ੍ਹ ਵਿਚਹੁ ਆਪੁ ਗਵਾਇ ॥ (1281-12)
से सुखीए सदा सोहणे जिन्ह विचहु आपु गवाइ ॥

ਤਿਨ੍ਹ ਸੋਗੁ ਵਿਜੋਗੁ ਕਦੇ ਨਹੀ ਜੋ ਹਰਿ ਕੈ ਅੰਕਿ ਸਮਾਇ ॥੭॥ (1281-12)
तिन्ह सोगु विजोगु कदे नही जो हरि कै अंकि समाइ ॥७॥

ਸਲੋਕ ਮਃ ੩ ॥ (1281-13)
सलोक मः ३ ॥

ਨਾਨਕ ਸੋ ਸਾਲਾਹੀਐ ਜਿਸੁ ਵਸਿ ਸਭੁ ਕਿਛੁ ਹੋਇ ॥ (1281-13)
नानक सो सालाहीऐ जिसु वसि सभु किछु होइ ॥

ਤਿਸੈ ਸਰੇਵਿਹੁ ਪ੍ਰਾਣੀਹੋ ਤਿਸੁ ਬਿਨੁ ਅਵਰੁ ਨ ਕੋਇ ॥ (1281-13)
तिसै सरेविहु प्राणीहो तिसु बिनु अवरु न कोइ ॥

ਗੁਰਮੁਖਿ ਹਰਿ ਪ੍ਰਭੁ ਮਨਿ ਵਸੈ ਤਾਂ ਸਦਾ ਸਦਾ ਸੁਖੁ ਹੋਇ ॥ (1281-14)
गुरमुखि हरि प्रभु मनि वसै तां सदा सदा सुखु होइ ॥

ਸਹਸਾ ਮੂਲਿ ਨ ਹੋਵਈ ਸਭ ਚਿੰਤਾ ਵਿਚਹੁ ਜਾਇ ॥ (1281-15)
सहसा मूलि न होवई सभ चिंता विचहु जाइ ॥

ਜੋ ਕਿਛੁ ਹੋਇ ਸੁ ਸਹਜੇ ਹੋਇ ਕਹਣਾ ਕਿਛੂ ਨ ਜਾਇ ॥ (1281-15)
जो किछु होइ सु सहजे होइ कहणा किछू न जाइ ॥

ਸਚਾ ਸਾਹਿਬੁ ਮਨਿ ਵਸੈ ਤਾਂ ਮਨਿ ਚਿੰਦਿਆ ਫਲੁ ਪਾਇ ॥ (1281-16)
सचा साहिबु मनि वसै तां मनि चिंदिआ फलु पाइ ॥

ਨਾਨਕ ਤਿਨ ਕਾ ਆਖਿਆ ਆਪਿ ਸੁਣੇ ਜਿ ਲਇਅਨੁ ਪੰਨੈ ਪਾਇ ॥੧॥ (1281-16)
नानक तिन का आखिआ आपि सुणे जि लइअनु पंनै पाइ ॥१॥

ਮਃ ੩ ॥ (1281-17)
मः ३ ॥

ਅੰਮ੍ਰਿਤੁ ਸਦਾ ਵਰਸਦਾ ਬੂਝਨਿ ਬੂਝਣਹਾਰ ॥ (1281-17)
अमृतु सदा वरसदा बूझनि बूझणहार ॥

ਗੁਰਮੁਖਿ ਜਿਨ੍ਹ੍ਹੀ ਬੁਝਿਆ ਹਰਿ ਅੰਮ੍ਰਿਤੁ ਰਖਿਆ ਉਰਿ ਧਾਰਿ ॥ (1281-17)
गुरमुखि जिन्ही बुझिआ हरि अमृतु रखिआ उरि धारि ॥

ਹਰਿ ਅੰਮ੍ਰਿਤੁ ਪੀਵਹਿ ਸਦਾ ਰੰਗਿ ਰਾਤੇ ਹਉਮੈ ਤ੍ਰਿਸਨਾ ਮਾਰਿ ॥ (1281-18)
हरि अमृतु पीवहि सदा रंगि राते हउमै त्रिसना मारि ॥

ਅੰਮ੍ਰਿਤੁ ਹਰਿ ਕਾ ਨਾਮੁ ਹੈ ਵਰਸੈ ਕਿਰਪਾ ਧਾਰਿ ॥ (1281-18)
अमृतु हरि का नामु है वरसै किरपा धारि ॥

ਨਾਨਕ ਗੁਰਮੁਖਿ ਨਦਰੀ ਆਇਆ ਹਰਿ ਆਤਮ ਰਾਮੁ ਮੁਰਾਰਿ ॥੨॥ (1281-19)
नानक गुरमुखि नदरी आइआ हरि आतम रामु मुरारि ॥२॥

ਪਉੜੀ ॥ (1282-1)
पउड़ी ॥

ਅਤੁਲੁ ਕਿਉ ਤੋਲੀਐ ਵਿਣੁ ਤੋਲੇ ਪਾਇਆ ਨ ਜਾਇ ॥ (1282-1)
अतुलु किउ तोलीऐ विणु तोले पाइआ न जाइ ॥

ਗੁਰ ਕੈ ਸਬਦਿ ਵੀਚਾਰੀਐ ਗੁਣ ਮਹਿ ਰਹੈ ਸਮਾਇ ॥ (1282-1)
गुर कै सबदि वीचारीऐ गुण महि रहै समाइ ॥

ਅਪਣਾ ਆਪੁ ਆਪਿ ਤੋਲਸੀ ਆਪੇ ਮਿਲੈ ਮਿਲਾਇ ॥ (1282-2)
अपणा आपु आपि तोलसी आपे मिलै मिलाइ ॥

ਤਿਸ ਕੀ ਕੀਮਤਿ ਨਾ ਪਵੈ ਕਹਣਾ ਕਿਛੂ ਨ ਜਾਇ ॥ (1282-2)
तिस की कीमति ना पवै कहणा किछू न जाइ ॥

ਹਉ ਬਲਿਹਾਰੀ ਗੁਰ ਆਪਣੇ ਜਿਨਿ ਸਚੀ ਬੂਝ ਦਿਤੀ ਬੁਝਾਇ ॥ (1282-3)
हउ बलिहारी गुर आपणे जिनि सची बूझ दिती बुझाइ ॥

ਜਗਤੁ ਮੁਸੈ ਅੰਮ੍ਰਿਤੁ ਲੁਟੀਐ ਮਨਮੁਖ ਬੂਝ ਨ ਪਾਇ ॥ (1282-3)
जगतु मुसै अमृतु लुटीऐ मनमुख बूझ न पाइ ॥

ਵਿਣੁ ਨਾਵੈ ਨਾਲਿ ਨ ਚਲਸੀ ਜਾਸੀ ਜਨਮੁ ਗਵਾਇ ॥ (1282-4)
विणु नावै नालि न चलसी जासी जनमु गवाइ ॥

ਗੁਰਮਤੀ ਜਾਗੇ ਤਿਨ੍ਹ੍ਹੀ ਘਰੁ ਰਖਿਆ ਦੂਤਾ ਕਾ ਕਿਛੁ ਨ ਵਸਾਇ ॥੮॥ (1282-4)
गुरमती जागे तिन्ही घरु रखिआ दूता का किछु न वसाइ ॥८॥

ਸਲੋਕ ਮਃ ੩ ॥ (1282-5)
सलोक मः ३ ॥

ਬਾਬੀਹਾ ਨਾ ਬਿਲਲਾਇ ਨਾ ਤਰਸਾਇ ਏਹੁ ਮਨੁ ਖਸਮ ਕਾ ਹੁਕਮੁ ਮੰਨਿ ॥ (1282-5)
बाबीहा ना बिललाइ ना तरसाइ एहु मनु खसम का हुकमु मंनि ॥

ਨਾਨਕ ਹੁਕਮਿ ਮੰਨਿਐ ਤਿਖ ਉਤਰੈ ਚੜੈ ਚਵਗਲਿ ਵੰਨੁ ॥੧॥ (1282-6)
नानक हुकमि मंनिऐ तिख उतरै चड़ै चवगलि वंनु ॥१॥

ਮਃ ੩ ॥ (1282-6)
मः ३ ॥

ਬਾਬੀਹਾ ਜਲ ਮਹਿ ਤੇਰਾ ਵਾਸੁ ਹੈ ਜਲ ਹੀ ਮਾਹਿ ਫਿਰਾਹਿ ॥ (1282-6)
बाबीहा जल महि तेरा वासु है जल ही माहि फिराहि ॥

ਜਲ ਕੀ ਸਾਰ ਨ ਜਾਣਹੀ ਤਾਂ ਤੂੰ ਕੂਕਣ ਪਾਹਿ ॥ (1282-7)
जल की सार न जाणही तां तूं कूकण पाहि ॥

ਜਲ ਥਲ ਚਹੁ ਦਿਸਿ ਵਰਸਦਾ ਖਾਲੀ ਕੋ ਥਾਉ ਨਾਹਿ ॥ (1282-7)
जल थल चहु दिसि वरसदा खाली को थाउ नाहि ॥

ਏਤੈ ਜਲਿ ਵਰਸਦੈ ਤਿਖ ਮਰਹਿ ਭਾਗ ਤਿਨਾ ਕੇ ਨਾਹਿ ॥ (1282-8)
एतै जलि वरसदै तिख मरहि भाग तिना के नाहि ॥

ਨਾਨਕ ਗੁਰਮੁਖਿ ਤਿਨ ਸੋਝੀ ਪਈ ਜਿਨ ਵਸਿਆ ਮਨ ਮਾਹਿ ॥੨॥ (1282-8)
नानक गुरमुखि तिन सोझी पई जिन वसिआ मन माहि ॥२॥

ਪਉੜੀ ॥ (1282-9)
पउड़ी ॥

ਨਾਥ ਜਤੀ ਸਿਧ ਪੀਰ ਕਿਨੈ ਅੰਤੁ ਨ ਪਾਇਆ ॥ (1282-9)
नाथ जती सिध पीर किनै अंतु न पाइआ ॥

ਗੁਰਮੁਖਿ ਨਾਮੁ ਧਿਆਇ ਤੁਝੈ ਸਮਾਇਆ ॥ (1282-10)
गुरमुखि नामु धिआइ तुझै समाइआ ॥

ਜੁਗ ਛਤੀਹ ਗੁਬਾਰੁ ਤਿਸ ਹੀ ਭਾਇਆ ॥ (1282-10)
जुग छतीह गुबारु तिस ही भाइआ ॥

ਜਲਾ ਬਿੰਬੁ ਅਸਰਾਲੁ ਤਿਨੈ ਵਰਤਾਇਆ ॥ (1282-10)
जला ब्मिबु असरालु तिनै वरताइआ ॥

ਨੀਲੁ ਅਨੀਲੁ ਅਗੰਮੁ ਸਰਜੀਤੁ ਸਬਾਇਆ ॥ (1282-11)
नीलु अनीलु अगंमु सरजीतु सबाइआ ॥

ਅਗਨਿ ਉਪਾਈ ਵਾਦੁ ਭੁਖ ਤਿਹਾਇਆ ॥ (1282-11)
अगनि उपाई वादु भुख तिहाइआ ॥

ਦੁਨੀਆ ਕੈ ਸਿਰਿ ਕਾਲੁ ਦੂਜਾ ਭਾਇਆ ॥ (1282-12)
दुनीआ कै सिरि कालु दूजा भाइआ ॥

ਰਖੈ ਰਖਣਹਾਰੁ ਜਿਨਿ ਸਬਦੁ ਬੁਝਾਇਆ ॥੯॥ (1282-12)
रखै रखणहारु जिनि सबदु बुझाइआ ॥९॥

ਸਲੋਕ ਮਃ ੩ ॥ (1282-12)
सलोक मः ३ ॥

ਇਹੁ ਜਲੁ ਸਭ ਤੈ ਵਰਸਦਾ ਵਰਸੈ ਭਾਇ ਸੁਭਾਇ ॥ (1282-13)
इहु जलु सभ तै वरसदा वरसै भाइ सुभाइ ॥

ਸੇ ਬਿਰਖਾ ਹਰੀਆਵਲੇ ਜੋ ਗੁਰਮੁਖਿ ਰਹੇ ਸਮਾਇ ॥ (1282-13)
से बिरखा हरीआवले जो गुरमुखि रहे समाइ ॥

ਨਾਨਕ ਨਦਰੀ ਸੁਖੁ ਹੋਇ ਏਨਾ ਜੰਤਾ ਕਾ ਦੁਖੁ ਜਾਇ ॥੧॥ (1282-13)
नानक नदरी सुखु होइ एना जंता का दुखु जाइ ॥१॥

ਮਃ ੩ ॥ (1282-14)
मः ३ ॥

ਭਿੰਨੀ ਰੈਣਿ ਚਮਕਿਆ ਵੁਠਾ ਛਹਬਰ ਲਾਇ ॥ (1282-14)
भिंनी रैणि चमकिआ वुठा छहबर लाइ ॥

ਜਿਤੁ ਵੁਠੈ ਅਨੁ ਧਨੁ ਬਹੁਤੁ ਊਪਜੈ ਜਾਂ ਸਹੁ ਕਰੇ ਰਜਾਇ ॥ (1282-15)
जितु वुठै अनु धनु बहुतु ऊपजै जां सहु करे रजाइ ॥

ਜਿਤੁ ਖਾਧੈ ਮਨੁ ਤ੍ਰਿਪਤੀਐ ਜੀਆਂ ਜੁਗਤਿ ਸਮਾਇ ॥ (1282-15)
जितु खाधै मनु त्रिपतीऐ जीआं जुगति समाइ ॥

ਇਹੁ ਧਨੁ ਕਰਤੇ ਕਾ ਖੇਲੁ ਹੈ ਕਦੇ ਆਵੈ ਕਦੇ ਜਾਇ ॥ (1282-16)
इहु धनु करते का खेलु है कदे आवै कदे जाइ ॥

ਗਿਆਨੀਆ ਕਾ ਧਨੁ ਨਾਮੁ ਹੈ ਸਦ ਹੀ ਰਹੈ ਸਮਾਇ ॥ (1282-16)
गिआनीआ का धनु नामु है सद ही रहै समाइ ॥

ਨਾਨਕ ਜਿਨ ਕਉ ਨਦਰਿ ਕਰੇ ਤਾਂ ਇਹੁ ਧਨੁ ਪਲੈ ਪਾਇ ॥੨॥ (1282-17)
नानक जिन कउ नदरि करे तां इहु धनु पलै पाइ ॥२॥

ਪਉੜੀ ॥ (1282-17)
पउड़ी ॥

ਆਪਿ ਕਰਾਏ ਕਰੇ ਆਪਿ ਹਉ ਕੈ ਸਿਉ ਕਰੀ ਪੁਕਾਰ ॥ (1282-17)
आपि कराए करे आपि हउ कै सिउ करी पुकार ॥

ਆਪੇ ਲੇਖਾ ਮੰਗਸੀ ਆਪਿ ਕਰਾਏ ਕਾਰ ॥ (1282-18)
आपे लेखा मंगसी आपि कराए कार ॥

ਜੋ ਤਿਸੁ ਭਾਵੈ ਸੋ ਥੀਐ ਹੁਕਮੁ ਕਰੇ ਗਾਵਾਰੁ ॥ (1282-18)
जो तिसु भावै सो थीऐ हुकमु करे गावारु ॥

ਆਪਿ ਛਡਾਏ ਛੁਟੀਐ ਆਪੇ ਬਖਸਣਹਾਰੁ ॥ (1282-19)
आपि छडाए छुटीऐ आपे बखसणहारु ॥

ਆਪੇ ਵੇਖੈ ਸੁਣੇ ਆਪਿ ਸਭਸੈ ਦੇ ਆਧਾਰੁ ॥ (1282-19)
आपे वेखै सुणे आपि सभसै दे आधारु ॥

ਸਭ ਮਹਿ ਏਕੁ ਵਰਤਦਾ ਸਿਰਿ ਸਿਰਿ ਕਰੇ ਬੀਚਾਰੁ ॥ (1282-19)
सभ महि एकु वरतदा सिरि सिरि करे बीचारु ॥

ਗੁਰਮੁਖਿ ਆਪੁ ਵੀਚਾਰੀਐ ਲਗੈ ਸਚਿ ਪਿਆਰੁ ॥ (1283-1)
गुरमुखि आपु वीचारीऐ लगै सचि पिआरु ॥

ਨਾਨਕ ਕਿਸ ਨੋ ਆਖੀਐ ਆਪੇ ਦੇਵਣਹਾਰੁ ॥੧੦॥ (1283-1)
नानक किस नो आखीऐ आपे देवणहारु ॥१०॥

ਸਲੋਕ ਮਃ ੩ ॥ (1283-2)
सलोक मः ३ ॥

ਬਾਬੀਹਾ ਏਹੁ ਜਗਤੁ ਹੈ ਮਤ ਕੋ ਭਰਮਿ ਭੁਲਾਇ ॥ (1283-2)
बाबीहा एहु जगतु है मत को भरमि भुलाइ ॥

ਇਹੁ ਬਾਬੀਂਹਾ ਪਸੂ ਹੈ ਇਸ ਨੋ ਬੂਝਣੁ ਨਾਹਿ ॥ (1283-2)
इहु बाबींहा पसू है इस नो बूझणु नाहि ॥

ਅੰਮ੍ਰਿਤੁ ਹਰਿ ਕਾ ਨਾਮੁ ਹੈ ਜਿਤੁ ਪੀਤੈ ਤਿਖ ਜਾਇ ॥ (1283-3)
अमृतु हरि का नामु है जितु पीतै तिख जाइ ॥

ਨਾਨਕ ਗੁਰਮੁਖਿ ਜਿਨ੍ਹ ਪੀਆ ਤਿਨ੍ਹ ਬਹੁੜਿ ਨ ਲਾਗੀ ਆਇ ॥੧॥ (1283-3)
नानक गुरमुखि जिन्ह पीआ तिन्ह बहुड़ि न लागी आइ ॥१॥

ਮਃ ੩ ॥ (1283-4)
मः ३ ॥

ਮਲਾਰੁ ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ ॥ (1283-4)
मलारु सीतल रागु है हरि धिआइऐ सांति होइ ॥

ਹਰਿ ਜੀਉ ਅਪਣੀ ਕ੍ਰਿਪਾ ਕਰੇ ਤਾਂ ਵਰਤੈ ਸਭ ਲੋਇ ॥ (1283-4)
हरि जीउ अपणी क्रिपा करे तां वरतै सभ लोइ ॥

ਵੁਠੈ ਜੀਆ ਜੁਗਤਿ ਹੋਇ ਧਰਣੀ ਨੋ ਸੀਗਾਰੁ ਹੋਇ ॥ (1283-5)
वुठै जीआ जुगति होइ धरणी नो सीगारु होइ ॥

ਨਾਨਕ ਇਹੁ ਜਗਤੁ ਸਭੁ ਜਲੁ ਹੈ ਜਲ ਹੀ ਤੇ ਸਭ ਕੋਇ ॥ (1283-5)
नानक इहु जगतु सभु जलु है जल ही ते सभ कोइ ॥

ਗੁਰ ਪਰਸਾਦੀ ਕੋ ਵਿਰਲਾ ਬੂਝੈ ਸੋ ਜਨੁ ਮੁਕਤੁ ਸਦਾ ਹੋਇ ॥੨॥ (1283-6)
गुर परसादी को विरला बूझै सो जनु मुकतु सदा होइ ॥२॥

ਪਉੜੀ ॥ (1283-7)
पउड़ी ॥

ਸਚਾ ਵੇਪਰਵਾਹੁ ਇਕੋ ਤੂ ਧਣੀ ॥ (1283-7)
सचा वेपरवाहु इको तू धणी ॥

ਤੂ ਸਭੁ ਕਿਛੁ ਆਪੇ ਆਪਿ ਦੂਜੇ ਕਿਸੁ ਗਣੀ ॥ (1283-7)
तू सभु किछु आपे आपि दूजे किसु गणी ॥

ਮਾਣਸ ਕੂੜਾ ਗਰਬੁ ਸਚੀ ਤੁਧੁ ਮਣੀ ॥ (1283-7)
माणस कूड़ा गरबु सची तुधु मणी ॥

ਆਵਾ ਗਉਣੁ ਰਚਾਇ ਉਪਾਈ ਮੇਦਨੀ ॥ (1283-8)
आवा गउणु रचाइ उपाई मेदनी ॥

ਸਤਿਗੁਰੁ ਸੇਵੇ ਆਪਣਾ ਆਇਆ ਤਿਸੁ ਗਣੀ ॥ (1283-8)
सतिगुरु सेवे आपणा आइआ तिसु गणी ॥

ਜੇ ਹਉਮੈ ਵਿਚਹੁ ਜਾਇ ਤ ਕੇਹੀ ਗਣਤ ਗਣੀ ॥ (1283-9)
जे हउमै विचहु जाइ त केही गणत गणी ॥

ਮਨਮੁਖ ਮੋਹਿ ਗੁਬਾਰਿ ਜਿਉ ਭੁਲਾ ਮੰਝਿ ਵਣੀ ॥ (1283-9)
मनमुख मोहि गुबारि जिउ भुला मंझि वणी ॥

ਕਟੇ ਪਾਪ ਅਸੰਖ ਨਾਵੈ ਇਕ ਕਣੀ ॥੧੧॥ (1283-9)
कटे पाप असंख नावै इक कणी ॥११॥

ਸਲੋਕ ਮਃ ੩ ॥ (1283-10)
सलोक मः ३ ॥

ਬਾਬੀਹਾ ਖਸਮੈ ਕਾ ਮਹਲੁ ਨ ਜਾਣਹੀ ਮਹਲੁ ਦੇਖਿ ਅਰਦਾਸਿ ਪਾਇ ॥ (1283-10)
बाबीहा खसमै का महलु न जाणही महलु देखि अरदासि पाइ ॥

ਆਪਣੈ ਭਾਣੈ ਬਹੁਤਾ ਬੋਲਹਿ ਬੋਲਿਆ ਥਾਇ ਨ ਪਾਇ ॥ (1283-11)
आपणै भाणै बहुता बोलहि बोलिआ थाइ न पाइ ॥

ਖਸਮੁ ਵਡਾ ਦਾਤਾਰੁ ਹੈ ਜੋ ਇਛੇ ਸੋ ਫਲ ਪਾਇ ॥ (1283-11)
खसमु वडा दातारु है जो इछे सो फल पाइ ॥

ਬਾਬੀਹਾ ਕਿਆ ਬਪੁੜਾ ਜਗਤੈ ਕੀ ਤਿਖ ਜਾਇ ॥੧॥ (1283-12)
बाबीहा किआ बपुड़ा जगतै की तिख जाइ ॥१॥

ਮਃ ੩ ॥ (1283-12)
मः ३ ॥

ਬਾਬੀਹਾ ਭਿੰਨੀ ਰੈਣਿ ਬੋਲਿਆ ਸਹਜੇ ਸਚਿ ਸੁਭਾਇ ॥ (1283-12)
बाबीहा भिंनी रैणि बोलिआ सहजे सचि सुभाइ ॥

ਇਹੁ ਜਲੁ ਮੇਰਾ ਜੀਉ ਹੈ ਜਲ ਬਿਨੁ ਰਹਣੁ ਨ ਜਾਇ ॥ (1283-13)
इहु जलु मेरा जीउ है जल बिनु रहणु न जाइ ॥

ਗੁਰ ਸਬਦੀ ਜਲੁ ਪਾਈਐ ਵਿਚਹੁ ਆਪੁ ਗਵਾਇ ॥ (1283-13)
गुर सबदी जलु पाईऐ विचहु आपु गवाइ ॥

ਨਾਨਕ ਜਿਸੁ ਬਿਨੁ ਚਸਾ ਨ ਜੀਵਦੀ ਸੋ ਸਤਿਗੁਰਿ ਦੀਆ ਮਿਲਾਇ ॥੨॥ (1283-14)
नानक जिसु बिनु चसा न जीवदी सो सतिगुरि दीआ मिलाइ ॥२॥

ਪਉੜੀ ॥ (1283-14)
पउड़ी ॥

ਖੰਡ ਪਤਾਲ ਅਸੰਖ ਮੈ ਗਣਤ ਨ ਹੋਈ ॥ (1283-14)
खंड पताल असंख मै गणत न होई ॥

ਤੂ ਕਰਤਾ ਗੋਵਿੰਦੁ ਤੁਧੁ ਸਿਰਜੀ ਤੁਧੈ ਗੋਈ ॥ (1283-15)
तू करता गोविंदु तुधु सिरजी तुधै गोई ॥

ਲਖ ਚਉਰਾਸੀਹ ਮੇਦਨੀ ਤੁਝ ਹੀ ਤੇ ਹੋਈ ॥ (1283-15)
लख चउरासीह मेदनी तुझ ही ते होई ॥

ਇਕਿ ਰਾਜੇ ਖਾਨ ਮਲੂਕ ਕਹਹਿ ਕਹਾਵਹਿ ਕੋਈ ॥ (1283-16)
इकि राजे खान मलूक कहहि कहावहि कोई ॥

ਇਕਿ ਸਾਹ ਸਦਾਵਹਿ ਸੰਚਿ ਧਨੁ ਦੂਜੈ ਪਤਿ ਖੋਈ ॥ (1283-16)
इकि साह सदावहि संचि धनु दूजै पति खोई ॥

ਇਕਿ ਦਾਤੇ ਇਕ ਮੰਗਤੇ ਸਭਨਾ ਸਿਰਿ ਸੋਈ ॥ (1283-16)
इकि दाते इक मंगते सभना सिरि सोई ॥

ਵਿਣੁ ਨਾਵੈ ਬਾਜਾਰੀਆ ਭੀਹਾਵਲਿ ਹੋਈ ॥ (1283-17)
विणु नावै बाजारीआ भीहावलि होई ॥

ਕੂੜ ਨਿਖੁਟੇ ਨਾਨਕਾ ਸਚੁ ਕਰੇ ਸੁ ਹੋਈ ॥੧੨॥ (1283-17)
कूड़ निखुटे नानका सचु करे सु होई ॥१२॥

ਸਲੋਕ ਮਃ ੩ ॥ (1283-18)
सलोक मः ३ ॥

ਬਾਬੀਹਾ ਗੁਣਵੰਤੀ ਮਹਲੁ ਪਾਇਆ ਅਉਗਣਵੰਤੀ ਦੂਰਿ ॥ (1283-18)
बाबीहा गुणवंती महलु पाइआ अउगणवंती दूरि ॥

ਅੰਤਰਿ ਤੇਰੈ ਹਰਿ ਵਸੈ ਗੁਰਮੁਖਿ ਸਦਾ ਹਜੂਰਿ ॥ (1283-18)
अंतरि तेरै हरि वसै गुरमुखि सदा हजूरि ॥

ਕੂਕ ਪੁਕਾਰ ਨ ਹੋਵਈ ਨਦਰੀ ਨਦਰਿ ਨਿਹਾਲ ॥ (1283-19)
कूक पुकार न होवई नदरी नदरि निहाल ॥

ਨਾਨਕ ਨਾਮਿ ਰਤੇ ਸਹਜੇ ਮਿਲੇ ਸਬਦਿ ਗੁਰੂ ਕੈ ਘਾਲ ॥੧॥ (1283-19)
नानक नामि रते सहजे मिले सबदि गुरू कै घाल ॥१॥

ਮਃ ੩ ॥ (1284-1)
मः ३ ॥

ਬਾਬੀਹਾ ਬੇਨਤੀ ਕਰੇ ਕਰਿ ਕਿਰਪਾ ਦੇਹੁ ਜੀਅ ਦਾਨ ॥ (1284-1)
बाबीहा बेनती करे करि किरपा देहु जीअ दान ॥

ਜਲ ਬਿਨੁ ਪਿਆਸ ਨ ਊਤਰੈ ਛੁਟਕਿ ਜਾਂਹਿ ਮੇਰੇ ਪ੍ਰਾਨ ॥ (1284-1)
जल बिनु पिआस न ऊतरै छुटकि जांहि मेरे प्रान ॥

ਤੂ ਸੁਖਦਾਤਾ ਬੇਅੰਤੁ ਹੈ ਗੁਣਦਾਤਾ ਨੇਧਾਨੁ ॥ (1284-2)
तू सुखदाता बेअंतु है गुणदाता नेधानु ॥

ਨਾਨਕ ਗੁਰਮੁਖਿ ਬਖਸਿ ਲਏ ਅੰਤਿ ਬੇਲੀ ਹੋਇ ਭਗਵਾਨੁ ॥੨॥ (1284-2)
नानक गुरमुखि बखसि लए अंति बेली होइ भगवानु ॥२॥

ਪਉੜੀ ॥ (1284-3)
पउड़ी ॥

ਆਪੇ ਜਗਤੁ ਉਪਾਇ ਕੈ ਗੁਣ ਅਉਗਣ ਕਰੇ ਬੀਚਾਰੁ ॥ (1284-3)
आपे जगतु उपाइ कै गुण अउगण करे बीचारु ॥

ਤ੍ਰੈ ਗੁਣ ਸਰਬ ਜੰਜਾਲੁ ਹੈ ਨਾਮਿ ਨ ਧਰੇ ਪਿਆਰੁ ॥ (1284-4)
त्रै गुण सरब जंजालु है नामि न धरे पिआरु ॥

ਗੁਣ ਛੋਡਿ ਅਉਗਣ ਕਮਾਵਦੇ ਦਰਗਹ ਹੋਹਿ ਖੁਆਰੁ ॥ (1284-4)
गुण छोडि अउगण कमावदे दरगह होहि खुआरु ॥

ਜੂਐ ਜਨਮੁ ਤਿਨੀ ਹਾਰਿਆ ਕਿਤੁ ਆਏ ਸੰਸਾਰਿ ॥ (1284-5)
जूऐ जनमु तिनी हारिआ कितु आए संसारि ॥

ਸਚੈ ਸਬਦਿ ਮਨੁ ਮਾਰਿਆ ਅਹਿਨਿਸਿ ਨਾਮਿ ਪਿਆਰਿ ॥ (1284-5)
सचै सबदि मनु मारिआ अहिनिसि नामि पिआरि ॥

ਜਿਨੀ ਪੁਰਖੀ ਉਰਿ ਧਾਰਿਆ ਸਚਾ ਅਲਖ ਅਪਾਰੁ ॥ (1284-6)
जिनी पुरखी उरि धारिआ सचा अलख अपारु ॥

ਤੂ ਗੁਣਦਾਤਾ ਨਿਧਾਨੁ ਹਹਿ ਅਸੀ ਅਵਗਣਿਆਰ ॥ (1284-6)
तू गुणदाता निधानु हहि असी अवगणिआर ॥

ਜਿਸੁ ਬਖਸੇ ਸੋ ਪਾਇਸੀ ਗੁਰ ਸਬਦੀ ਵੀਚਾਰੁ ॥੧੩॥ (1284-7)
जिसु बखसे सो पाइसी गुर सबदी वीचारु ॥१३॥

ਸਲੋਕ ਮਃ ੫ ॥ (1284-7)
सलोक मः ५ ॥

ਰਾਤਿ ਨ ਵਿਹਾਵੀ ਸਾਕਤਾਂ ਜਿਨ੍ਹਾ ਵਿਸਰੈ ਨਾਉ ॥ (1284-7)
राति न विहावी साकतां जिन्हा विसरै नाउ ॥

ਰਾਤੀ ਦਿਨਸ ਸੁਹੇਲੀਆ ਨਾਨਕ ਹਰਿ ਗੁਣ ਗਾਂਉ ॥੧॥ (1284-8)
राती दिनस सुहेलीआ नानक हरि गुण गांउ ॥१॥

ਮः ੫ ॥ (1284-8)
म: ५ ॥

ਰਤਨ ਜਵੇਹਰ ਮਾਣਕਾ ਹਭੇ ਮਣੀ ਮਥੰਨਿ ॥ (1284-8)
रतन जवेहर माणका हभे मणी मथंनि ॥

ਨਾਨਕ ਜੋ ਪ੍ਰਭਿ ਭਾਣਿਆ ਸਚੈ ਦਰਿ ਸੋਹੰਨਿ ॥੨॥ (1284-9)
नानक जो प्रभि भाणिआ सचै दरि सोहंनि ॥२॥

ਪਉੜੀ ॥ (1284-9)
पउड़ी ॥

ਸਚਾ ਸਤਿਗੁਰੁ ਸੇਵਿ ਸਚੁ ਸਮ੍ਹ੍ਹਾਲਿਆ ॥ (1284-9)
सचा सतिगुरु सेवि सचु सम्हालिआ ॥

ਅੰਤਿ ਖਲੋਆ ਆਇ ਜਿ ਸਤਿਗੁਰ ਅਗੈ ਘਾਲਿਆ ॥ (1284-10)
अंति खलोआ आइ जि सतिगुर अगै घालिआ ॥

ਪੋਹਿ ਨ ਸਕੈ ਜਮਕਾਲੁ ਸਚਾ ਰਖਵਾਲਿਆ ॥ (1284-10)
पोहि न सकै जमकालु सचा रखवालिआ ॥

ਗੁਰ ਸਾਖੀ ਜੋਤਿ ਜਗਾਇ ਦੀਵਾ ਬਾਲਿਆ ॥ (1284-11)
गुर साखी जोति जगाइ दीवा बालिआ ॥

ਮਨਮੁਖ ਵਿਣੁ ਨਾਵੈ ਕੂੜਿਆਰ ਫਿਰਹਿ ਬੇਤਾਲਿਆ ॥ (1284-11)
मनमुख विणु नावै कूड़िआर फिरहि बेतालिआ ॥

ਪਸੂ ਮਾਣਸ ਚੰਮਿ ਪਲੇਟੇ ਅੰਦਰਹੁ ਕਾਲਿਆ ॥ (1284-11)
पसू माणस चंमि पलेटे अंदरहु कालिआ ॥

ਸਭੋ ਵਰਤੈ ਸਚੁ ਸਚੈ ਸਬਦਿ ਨਿਹਾਲਿਆ ॥ (1284-12)
सभो वरतै सचु सचै सबदि निहालिआ ॥

ਨਾਨਕ ਨਾਮੁ ਨਿਧਾਨੁ ਹੈ ਪੂਰੈ ਗੁਰਿ ਦੇਖਾਲਿਆ ॥੧੪॥ (1284-12)
नानक नामु निधानु है पूरै गुरि देखालिआ ॥१४॥

ਸਲੋਕ ਮਃ ੩ ॥ (1284-13)
सलोक मः ३ ॥

ਬਾਬੀਹੈ ਹੁਕਮੁ ਪਛਾਣਿਆ ਗੁਰ ਕੈ ਸਹਜਿ ਸੁਭਾਇ ॥ (1284-13)
बाबीहै हुकमु पछाणिआ गुर कै सहजि सुभाइ ॥

ਮੇਘੁ ਵਰਸੈ ਦਇਆ ਕਰਿ ਗੂੜੀ ਛਹਬਰ ਲਾਇ ॥ (1284-14)
मेघु वरसै दइआ करि गूड़ी छहबर लाइ ॥

ਬਾਬੀਹੇ ਕੂਕ ਪੁਕਾਰ ਰਹਿ ਗਈ ਸੁਖੁ ਵਸਿਆ ਮਨਿ ਆਇ ॥ (1284-14)
बाबीहे कूक पुकार रहि गई सुखु वसिआ मनि आइ ॥

ਨਾਨਕ ਸੋ ਸਾਲਾਹੀਐ ਜਿ ਦੇਂਦਾ ਸਭਨਾਂ ਜੀਆ ਰਿਜਕੁ ਸਮਾਇ ॥੧॥ (1284-15)
नानक सो सालाहीऐ जि देंदा सभनां जीआ रिजकु समाइ ॥१॥

ਮਃ ੩ ॥ (1284-15)
मः ३ ॥

ਚਾਤ੍ਰਿਕ ਤੂ ਨ ਜਾਣਹੀ ਕਿਆ ਤੁਧੁ ਵਿਚਿ ਤਿਖਾ ਹੈ ਕਿਤੁ ਪੀਤੈ ਤਿਖ ਜਾਇ ॥ (1284-15)
चात्रिक तू न जाणही किआ तुधु विचि तिखा है कितु पीतै तिख जाइ ॥

ਦੂਜੈ ਭਾਇ ਭਰੰਮਿਆ ਅੰਮ੍ਰਿਤ ਜਲੁ ਪਲੈ ਨ ਪਾਇ ॥ (1284-16)
दूजै भाइ भरंमिआ अमृत जलु पलै न पाइ ॥

ਨਦਰਿ ਕਰੇ ਜੇ ਆਪਣੀ ਤਾਂ ਸਤਿਗੁਰੁ ਮਿਲੈ ਸੁਭਾਇ ॥ (1284-17)
नदरि करे जे आपणी तां सतिगुरु मिलै सुभाइ ॥

ਨਾਨਕ ਸਤਿਗੁਰ ਤੇ ਅੰਮ੍ਰਿਤ ਜਲੁ ਪਾਇਆ ਸਹਜੇ ਰਹਿਆ ਸਮਾਇ ॥੨॥ (1284-17)
नानक सतिगुर ते अमृत जलु पाइआ सहजे रहिआ समाइ ॥२॥

ਪਉੜੀ ॥ (1284-18)
पउड़ी ॥

ਇਕਿ ਵਣ ਖੰਡਿ ਬੈਸਹਿ ਜਾਇ ਸਦੁ ਨ ਦੇਵਹੀ ॥ (1284-18)
इकि वण खंडि बैसहि जाइ सदु न देवही ॥

ਇਕਿ ਪਾਲਾ ਕਕਰੁ ਭੰਨਿ ਸੀਤਲੁ ਜਲੁ ਹੇਂਵਹੀ ॥ (1284-18)
इकि पाला ककरु भंनि सीतलु जलु हेंवही ॥

ਇਕਿ ਭਸਮ ਚੜ੍ਹਾਵਹਿ ਅੰਗਿ ਮੈਲੁ ਨ ਧੋਵਹੀ ॥ (1284-19)
इकि भसम चड़्हावहि अंगि मैलु न धोवही ॥

ਇਕਿ ਜਟਾ ਬਿਕਟ ਬਿਕਰਾਲ ਕੁਲੁ ਘਰੁ ਖੋਵਹੀ ॥ (1284-19)
इकि जटा बिकट बिकराल कुलु घरु खोवही ॥

ਇਕਿ ਨਗਨ ਫਿਰਹਿ ਦਿਨੁ ਰਾਤਿ ਨੀਦ ਨ ਸੋਵਹੀ ॥ (1285-1)
इकि नगन फिरहि दिनु राति नी�द न सोवही ॥

ਇਕਿ ਅਗਨਿ ਜਲਾਵਹਿ ਅੰਗੁ ਆਪੁ ਵਿਗੋਵਹੀ ॥ (1285-1)
इकि अगनि जलावहि अंगु आपु विगोवही ॥

ਵਿਣੁ ਨਾਵੈ ਤਨੁ ਛਾਰੁ ਕਿਆ ਕਹਿ ਰੋਵਹੀ ॥ (1285-2)
विणु नावै तनु छारु किआ कहि रोवही ॥

ਸੋਹਨਿ ਖਸਮ ਦੁਆਰਿ ਜਿ ਸਤਿਗੁਰੁ ਸੇਵਹੀ ॥੧੫॥ (1285-2)
सोहनि खसम दुआरि जि सतिगुरु सेवही ॥१५॥

ਸਲੋਕ ਮਃ ੩ ॥ (1285-3)
सलोक मः ३ ॥

ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ ॥ (1285-3)
बाबीहा अमृत वेलै बोलिआ तां दरि सुणी पुकार ॥

ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ ॥ (1285-3)
मेघै नो फुरमानु होआ वरसहु किरपा धारि ॥

ਹਉ ਤਿਨ ਕੈ ਬਲਿਹਾਰਣੈ ਜਿਨੀ ਸਚੁ ਰਖਿਆ ਉਰਿ ਧਾਰਿ ॥ (1285-4)
हउ तिन कै बलिहारणै जिनी सचु रखिआ उरि धारि ॥

ਨਾਨਕ ਨਾਮੇ ਸਭ ਹਰੀਆਵਲੀ ਗੁਰ ਕੈ ਸਬਦਿ ਵੀਚਾਰਿ ॥੧॥ (1285-4)
नानक नामे सभ हरीआवली गुर कै सबदि वीचारि ॥१॥

ਮਃ ੩ ॥ (1285-5)
मः ३ ॥

ਬਾਬੀਹਾ ਇਵ ਤੇਰੀ ਤਿਖਾ ਨ ਉਤਰੈ ਜੇ ਸਉ ਕਰਹਿ ਪੁਕਾਰ ॥ (1285-5)
बाबीहा इव तेरी तिखा न उतरै जे सउ करहि पुकार ॥

ਨਦਰੀ ਸਤਿਗੁਰੁ ਪਾਈਐ ਨਦਰੀ ਉਪਜੈ ਪਿਆਰੁ ॥ (1285-6)
नदरी सतिगुरु पाईऐ नदरी उपजै पिआरु ॥

ਨਾਨਕ ਸਾਹਿਬੁ ਮਨਿ ਵਸੈ ਵਿਚਹੁ ਜਾਹਿ ਵਿਕਾਰ ॥੨॥ (1285-6)
नानक साहिबु मनि वसै विचहु जाहि विकार ॥२॥

ਪਉੜੀ ॥ (1285-7)
पउड़ी ॥

ਇਕਿ ਜੈਨੀ ਉਝੜ ਪਾਇ ਧੁਰਹੁ ਖੁਆਇਆ ॥ (1285-7)
इकि जैनी उझड़ पाइ धुरहु खुआइआ ॥

ਤਿਨ ਮੁਖਿ ਨਾਹੀ ਨਾਮੁ ਨ ਤੀਰਥਿ ਨ੍ਹ੍ਹਾਇਆ ॥ (1285-7)
तिन मुखि नाही नामु न तीरथि न्हाइआ ॥

ਹਥੀ ਸਿਰ ਖੋਹਾਇ ਨ ਭਦੁ ਕਰਾਇਆ ॥ (1285-8)
हथी सिर खोहाइ न भदु कराइआ ॥

ਕੁਚਿਲ ਰਹਹਿ ਦਿਨ ਰਾਤਿ ਸਬਦੁ ਨ ਭਾਇਆ ॥ (1285-8)
कुचिल रहहि दिन राति सबदु न भाइआ ॥

ਤਿਨ ਜਾਤਿ ਨ ਪਤਿ ਨ ਕਰਮੁ ਜਨਮੁ ਗਵਾਇਆ ॥ (1285-8)
तिन जाति न पति न करमु जनमु गवाइआ ॥

ਮਨਿ ਜੂਠੈ ਵੇਜਾਤਿ ਜੂਠਾ ਖਾਇਆ ॥ (1285-9)
मनि जूठै वेजाति जूठा खाइआ ॥

ਬਿਨੁ ਸਬਦੈ ਆਚਾਰੁ ਨ ਕਿਨ ਹੀ ਪਾਇਆ ॥ (1285-9)
बिनु सबदै आचारु न किन ही पाइआ ॥

ਗੁਰਮੁਖਿ ਓਅੰਕਾਰਿ ਸਚਿ ਸਮਾਇਆ ॥੧੬॥ (1285-10)
गुरमुखि ओअंकारि सचि समाइआ ॥१६॥

ਸਲੋਕ ਮਃ ੩ ॥ (1285-10)
सलोक मः ३ ॥

ਸਾਵਣਿ ਸਰਸੀ ਕਾਮਣੀ ਗੁਰ ਸਬਦੀ ਵੀਚਾਰਿ ॥ (1285-10)
सावणि सरसी कामणी गुर सबदी वीचारि ॥

ਨਾਨਕ ਸਦਾ ਸੁਹਾਗਣੀ ਗੁਰ ਕੈ ਹੇਤਿ ਅਪਾਰਿ ॥੧॥ (1285-11)
नानक सदा सुहागणी गुर कै हेति अपारि ॥१॥

ਮਃ ੩ ॥ (1285-11)
मः ३ ॥

ਸਾਵਣਿ ਦਝੈ ਗੁਣ ਬਾਹਰੀ ਜਿਸੁ ਦੂਜੈ ਭਾਇ ਪਿਆਰੁ ॥ (1285-11)
सावणि दझै गुण बाहरी जिसु दूजै भाइ पिआरु ॥

ਨਾਨਕ ਪਿਰ ਕੀ ਸਾਰ ਨ ਜਾਣਈ ਸਭੁ ਸੀਗਾਰੁ ਖੁਆਰੁ ॥੨॥ (1285-12)
नानक पिर की सार न जाणई सभु सीगारु खुआरु ॥२॥

ਪਉੜੀ ॥ (1285-12)
पउड़ी ॥

ਸਚਾ ਅਲਖ ਅਭੇਉ ਹਠਿ ਨ ਪਤੀਜਈ ॥ (1285-12)
सचा अलख अभेउ हठि न पतीजई ॥

ਇਕਿ ਗਾਵਹਿ ਰਾਗ ਪਰੀਆ ਰਾਗਿ ਨ ਭੀਜਈ ॥ (1285-13)
इकि गावहि राग परीआ रागि न भीजई ॥

ਇਕਿ ਨਚਿ ਨਚਿ ਪੂਰਹਿ ਤਾਲ ਭਗਤਿ ਨ ਕੀਜਈ ॥ (1285-13)
इकि नचि नचि पूरहि ताल भगति न कीजई ॥

ਇਕਿ ਅੰਨੁ ਨ ਖਾਹਿ ਮੂਰਖ ਤਿਨਾ ਕਿਆ ਕੀਜਈ ॥ (1285-14)
इकि अंनु न खाहि मूरख तिना किआ कीजई ॥

ਤ੍ਰਿਸਨਾ ਹੋਈ ਬਹੁਤੁ ਕਿਵੈ ਨ ਧੀਜਈ ॥ (1285-14)
त्रिसना होई बहुतु किवै न धीजई ॥

ਕਰਮ ਵਧਹਿ ਕੈ ਲੋਅ ਖਪਿ ਮਰੀਜਈ ॥ (1285-14)
करम वधहि कै लोअ खपि मरीजई ॥

ਲਾਹਾ ਨਾਮੁ ਸੰਸਾਰਿ ਅੰਮ੍ਰਿਤੁ ਪੀਜਈ ॥ (1285-15)
लाहा नामु संसारि अमृतु पीजई ॥

ਹਰਿ ਭਗਤੀ ਅਸਨੇਹਿ ਗੁਰਮੁਖਿ ਘੀਜਈ ॥੧੭॥ (1285-15)
हरि भगती असनेहि गुरमुखि घीजई ॥१७॥

ਸਲੋਕ ਮਃ ੩ ॥ (1285-16)
सलोक मः ३ ॥

ਗੁਰਮੁਖਿ ਮਲਾਰ ਰਾਗੁ ਜੋ ਕਰਹਿ ਤਿਨ ਮਨੁ ਤਨੁ ਸੀਤਲੁ ਹੋਇ ॥ (1285-16)
गुरमुखि मलार रागु जो करहि तिन मनु तनु सीतलु होइ ॥

ਗੁਰ ਸਬਦੀ ਏਕੁ ਪਛਾਣਿਆ ਏਕੋ ਸਚਾ ਸੋਇ ॥ (1285-16)
गुर सबदी एकु पछाणिआ एको सचा सोइ ॥

ਮਨੁ ਤਨੁ ਸਚਾ ਸਚੁ ਮਨਿ ਸਚੇ ਸਚੀ ਸੋਇ ॥ (1285-17)
मनु तनु सचा सचु मनि सचे सची सोइ ॥

ਅੰਦਰਿ ਸਚੀ ਭਗਤਿ ਹੈ ਸਹਜੇ ਹੀ ਪਤਿ ਹੋਇ ॥ (1285-17)
अंदरि सची भगति है सहजे ही पति होइ ॥

ਕਲਿਜੁਗ ਮਹਿ ਘੋਰ ਅੰਧਾਰੁ ਹੈ ਮਨਮੁਖ ਰਾਹੁ ਨ ਕੋਇ ॥ (1285-18)
कलिजुग महि घोर अंधारु है मनमुख राहु न कोइ ॥

ਸੇ ਵਡਭਾਗੀ ਨਾਨਕਾ ਜਿਨ ਗੁਰਮੁਖਿ ਪਰਗਟੁ ਹੋਇ ॥੧॥ (1285-18)
से वडभागी नानका जिन गुरमुखि परगटु होइ ॥१॥

ਮਃ ੩ ॥ (1285-19)
मः ३ ॥

ਇੰਦੁ ਵਰਸੈ ਕਰਿ ਦਇਆ ਲੋਕਾਂ ਮਨਿ ਉਪਜੈ ਚਾਉ ॥ (1285-19)
इंदु वरसै करि दइआ लोकां मनि उपजै चाउ ॥

ਜਿਸ ਕੈ ਹੁਕਮਿ ਇੰਦੁ ਵਰਸਦਾ ਤਿਸ ਕੈ ਸਦ ਬਲਿਹਾਰੈ ਜਾਂਉ ॥ (1285-19)
जिस कै हुकमि इंदु वरसदा तिस कै सद बलिहारै जांउ ॥

ਗੁਰਮੁਖਿ ਸਬਦੁ ਸਮ੍ਹ੍ਹਾਲੀਐ ਸਚੇ ਕੇ ਗੁਣ ਗਾਉ ॥ (1286-1)
गुरमुखि सबदु सम्हालीऐ सचे के गुण गाउ ॥

ਨਾਨਕ ਨਾਮਿ ਰਤੇ ਜਨ ਨਿਰਮਲੇ ਸਹਜੇ ਸਚਿ ਸਮਾਉ ॥੨॥ (1286-1)
नानक नामि रते जन निरमले सहजे सचि समाउ ॥२॥

ਪਉੜੀ ॥ (1286-2)
पउड़ी ॥

ਪੂਰਾ ਸਤਿਗੁਰੁ ਸੇਵਿ ਪੂਰਾ ਪਾਇਆ ॥ (1286-2)
पूरा सतिगुरु सेवि पूरा पाइआ ॥

ਪੂਰੈ ਕਰਮਿ ਧਿਆਇ ਪੂਰਾ ਸਬਦੁ ਮੰਨਿ ਵਸਾਇਆ ॥ (1286-2)
पूरै करमि धिआइ पूरा सबदु मंनि वसाइआ ॥

ਪੂਰੈ ਗਿਆਨਿ ਧਿਆਨਿ ਮੈਲੁ ਚੁਕਾਇਆ ॥ (1286-3)
पूरै गिआनि धिआनि मैलु चुकाइआ ॥

ਹਰਿ ਸਰਿ ਤੀਰਥਿ ਜਾਣਿ ਮਨੂਆ ਨਾਇਆ ॥ (1286-3)
हरि सरि तीरथि जाणि मनूआ नाइआ ॥

ਸਬਦਿ ਮਰੈ ਮਨੁ ਮਾਰਿ ਧੰਨੁ ਜਣੇਦੀ ਮਾਇਆ ॥ (1286-4)
सबदि मरै मनु मारि धंनु जणेदी माइआ ॥

ਦਰਿ ਸਚੈ ਸਚਿਆਰੁ ਸਚਾ ਆਇਆ ॥ (1286-4)
दरि सचै सचिआरु सचा आइआ ॥

ਪੁਛਿ ਨ ਸਕੈ ਕੋਇ ਜਾਂ ਖਸਮੈ ਭਾਇਆ ॥ (1286-4)
पुछि न सकै कोइ जां खसमै भाइआ ॥

ਨਾਨਕ ਸਚੁ ਸਲਾਹਿ ਲਿਖਿਆ ਪਾਇਆ ॥੧੮॥ (1286-5)
नानक सचु सलाहि लिखिआ पाइआ ॥१८॥

ਸਲੋਕ ਮਃ ੧ ॥ (1286-5)
सलोक मः १ ॥

ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥ (1286-5)
कुलहां देंदे बावले लैंदे वडे निलज ॥

ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ ॥ (1286-6)
चूहा खड न मावई तिकलि बंन्है छज ॥

ਦੇਨ੍ਹਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ ॥ (1286-6)
देन्हि दुआई से मरहि जिन कउ देनि सि जाहि ॥

ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ ॥ (1286-7)
नानक हुकमु न जापई किथै जाइ समाहि ॥

ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ ॥ (1286-7)
फसलि अहाड़ी एकु नामु सावणी सचु नाउ ॥

ਮੈ ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ ॥ (1286-8)
मै महदूदु लिखाइआ खसमै कै दरि जाइ ॥

ਦੁਨੀਆ ਕੇ ਦਰ ਕੇਤੜੇ ਕੇਤੇ ਆਵਹਿ ਜਾਂਹਿ ॥ (1286-8)
दुनीआ के दर केतड़े केते आवहि जांहि ॥

ਕੇਤੇ ਮੰਗਹਿ ਮੰਗਤੇ ਕੇਤੇ ਮੰਗਿ ਮੰਗਿ ਜਾਹਿ ॥੧॥ (1286-8)
केते मंगहि मंगते केते मंगि मंगि जाहि ॥१॥

ਮਃ ੧ ॥ (1286-9)
मः १ ॥

ਸਉ ਮਣੁ ਹਸਤੀ ਘਿਉ ਗੁੜੁ ਖਾਵੈ ਪੰਜਿ ਸੈ ਦਾਣਾ ਖਾਇ ॥ (1286-9)
सउ मणु हसती घिउ गुड़ु खावै पंजि सै दाणा खाइ ॥

ਡਕੈ ਫੂਕੈ ਖੇਹ ਉਡਾਵੈ ਸਾਹਿ ਗਇਐ ਪਛੁਤਾਇ ॥ (1286-10)
डकै फूकै खेह उडावै साहि गइऐ पछुताइ ॥

ਅੰਧੀ ਫੂਕਿ ਮੁਈ ਦੇਵਾਨੀ ॥ (1286-10)
अंधी फूकि मुई देवानी ॥

ਖਸਮਿ ਮਿਟੀ ਫਿਰਿ ਭਾਨੀ ॥ (1286-10)
खसमि मिटी फिरि भानी ॥

ਅਧੁ ਗੁਲ੍ਹਾ ਚਿੜੀ ਕਾ ਚੁਗਣੁ ਗੈਣਿ ਚੜੀ ਬਿਲਲਾਇ ॥ (1286-11)
अधु गुल्हा चिड़ी का चुगणु गैणि चड़ी बिललाइ ॥

ਖਸਮੈ ਭਾਵੈ ਓਹਾ ਚੰਗੀ ਜਿ ਕਰੇ ਖੁਦਾਇ ਖੁਦਾਇ ॥ (1286-11)
खसमै भावै ओहा चंगी जि करे खुदाइ खुदाइ ॥

ਸਕਤਾ ਸੀਹੁ ਮਾਰੇ ਸੈ ਮਿਰਿਆ ਸਭ ਪਿਛੈ ਪੈ ਖਾਇ ॥ (1286-12)
सकता सीहु मारे सै मिरिआ सभ पिछै पै खाइ ॥

ਹੋਇ ਸਤਾਣਾ ਘੁਰੈ ਨ ਮਾਵੈ ਸਾਹਿ ਗਇਐ ਪਛੁਤਾਇ ॥ (1286-12)
होइ सताणा घुरै न मावै साहि गइऐ पछुताइ ॥

ਅੰਧਾ ਕਿਸ ਨੋ ਬੁਕਿ ਸੁਣਾਵੈ ॥ (1286-13)
अंधा किस नो बुकि सुणावै ॥

ਖਸਮੈ ਮੂਲਿ ਨ ਭਾਵੈ ॥ (1286-13)
खसमै मूलि न भावै ॥

ਅਕ ਸਿਉ ਪ੍ਰੀਤਿ ਕਰੇ ਅਕ ਤਿਡਾ ਅਕ ਡਾਲੀ ਬਹਿ ਖਾਇ ॥ (1286-13)
अक सिउ प्रीति करे अक तिडा अक डाली बहि खाइ ॥

ਖਸਮੈ ਭਾਵੈ ਓਹੋ ਚੰਗਾ ਜਿ ਕਰੇ ਖੁਦਾਇ ਖੁਦਾਇ ॥ (1286-14)
खसमै भावै ओहो चंगा जि करे खुदाइ खुदाइ ॥

ਨਾਨਕ ਦੁਨੀਆ ਚਾਰਿ ਦਿਹਾੜੇ ਸੁਖਿ ਕੀਤੈ ਦੁਖੁ ਹੋਈ ॥ (1286-14)
नानक दुनीआ चारि दिहाड़े सुखि कीतै दुखु होई ॥

ਗਲਾ ਵਾਲੇ ਹੈਨਿ ਘਣੇਰੇ ਛਡਿ ਨ ਸਕੈ ਕੋਈ ॥ (1286-15)
गला वाले हैनि घणेरे छडि न सकै कोई ॥

ਮਖੀ ਮਿਠੈ ਮਰਣਾ ॥ (1286-15)
मखी मिठै मरणा ॥

ਜਿਨ ਤੂ ਰਖਹਿ ਤਿਨ ਨੇੜਿ ਨ ਆਵੈ ਤਿਨ ਭਉ ਸਾਗਰੁ ਤਰਣਾ ॥੨॥ (1286-15)
जिन तू रखहि तिन नेड़ि न आवै तिन भउ सागरु तरणा ॥२॥

ਪਉੜੀ ॥ (1286-16)
पउड़ी ॥

ਅਗਮ ਅਗੋਚਰੁ ਤੂ ਧਣੀ ਸਚਾ ਅਲਖ ਅਪਾਰੁ ॥ (1286-16)
अगम अगोचरु तू धणी सचा अलख अपारु ॥

ਤੂ ਦਾਤਾ ਸਭਿ ਮੰਗਤੇ ਇਕੋ ਦੇਵਣਹਾਰੁ ॥ (1286-16)
तू दाता सभि मंगते इको देवणहारु ॥

ਜਿਨੀ ਸੇਵਿਆ ਤਿਨੀ ਸੁਖੁ ਪਾਇਆ ਗੁਰਮਤੀ ਵੀਚਾਰੁ ॥ (1286-17)
जिनी सेविआ तिनी सुखु पाइआ गुरमती वीचारु ॥

ਇਕਨਾ ਨੋ ਤੁਧੁ ਏਵੈ ਭਾਵਦਾ ਮਾਇਆ ਨਾਲਿ ਪਿਆਰੁ ॥ (1286-17)
इकना नो तुधु एवै भावदा माइआ नालि पिआरु ॥

ਗੁਰ ਕੈ ਸਬਦਿ ਸਲਾਹੀਐ ਅੰਤਰਿ ਪ੍ਰੇਮ ਪਿਆਰੁ ॥ (1286-18)
गुर कै सबदि सलाहीऐ अंतरि प्रेम पिआरु ॥

ਵਿਣੁ ਪ੍ਰੀਤੀ ਭਗਤਿ ਨ ਹੋਵਈ ਵਿਣੁ ਸਤਿਗੁਰ ਨ ਲਗੈ ਪਿਆਰੁ ॥ (1286-18)
विणु प्रीती भगति न होवई विणु सतिगुर न लगै पिआरु ॥

ਤੂ ਪ੍ਰਭੁ ਸਭਿ ਤੁਧੁ ਸੇਵਦੇ ਇਕ ਢਾਢੀ ਕਰੇ ਪੁਕਾਰ ॥ (1286-19)
तू प्रभु सभि तुधु सेवदे इक ढाढी करे पुकार ॥

ਦੇਹਿ ਦਾਨੁ ਸੰਤੋਖੀਆ ਸਚਾ ਨਾਮੁ ਮਿਲੈ ਆਧਾਰੁ ॥੧੯॥ (1286-19)
देहि दानु संतोखीआ सचा नामु मिलै आधारु ॥१९॥

ਸਲੋਕ ਮਃ ੧ ॥ (1287-1)
सलोक मः १ ॥

ਰਾਤੀ ਕਾਲੁ ਘਟੈ ਦਿਨਿ ਕਾਲੁ ॥ (1287-1)
राती कालु घटै दिनि कालु ॥

ਛਿਜੈ ਕਾਇਆ ਹੋਇ ਪਰਾਲੁ ॥ (1287-1)
छिजै काइआ होइ परालु ॥

ਵਰਤਣਿ ਵਰਤਿਆ ਸਰਬ ਜੰਜਾਲੁ ॥ (1287-2)
वरतणि वरतिआ सरब जंजालु ॥

ਭੁਲਿਆ ਚੁਕਿ ਗਇਆ ਤਪ ਤਾਲੁ ॥ (1287-2)
भुलिआ चुकि गइआ तप तालु ॥

ਅੰਧਾ ਝਖਿ ਝਖਿ ਪਇਆ ਝੇਰਿ ॥ (1287-2)
अंधा झखि झखि पइआ झेरि ॥

ਪਿਛੈ ਰੋਵਹਿ ਲਿਆਵਹਿ ਫੇਰਿ ॥ (1287-3)
पिछै रोवहि लिआवहि फेरि ॥

ਬਿਨੁ ਬੂਝੇ ਕਿਛੁ ਸੂਝੈ ਨਾਹੀ ॥ (1287-3)
बिनु बूझे किछु सूझै नाही ॥

ਮੋਇਆ ਰੋਂਹਿ ਰੋਂਦੇ ਮਰਿ ਜਾਂਹੀ ॥ (1287-3)
मोइआ रोंहि रोंदे मरि जांही ॥

ਨਾਨਕ ਖਸਮੈ ਏਵੈ ਭਾਵੈ ॥ (1287-4)
नानक खसमै एवै भावै ॥

ਸੇਈ ਮੁਏ ਜਿਨ ਚਿਤਿ ਨ ਆਵੈ ॥੧॥ (1287-4)
सेई मुए जिन चिति न आवै ॥१॥

ਮਃ ੧ ॥ (1287-4)
मः १ ॥

ਮੁਆ ਪਿਆਰੁ ਪ੍ਰੀਤਿ ਮੁਈ ਮੁਆ ਵੈਰੁ ਵਾਦੀ ॥ (1287-4)
मुआ पिआरु प्रीति मुई मुआ वैरु वादी ॥

ਵੰਨੁ ਗਇਆ ਰੂਪੁ ਵਿਣਸਿਆ ਦੁਖੀ ਦੇਹ ਰੁਲੀ ॥ (1287-5)
वंनु गइआ रूपु विणसिआ दुखी देह रुली ॥

ਕਿਥਹੁ ਆਇਆ ਕਹ ਗਇਆ ਕਿਹੁ ਨ ਸੀਓ ਕਿਹੁ ਸੀ ॥ (1287-5)
किथहु आइआ कह गइआ किहु न सीओ किहु सी ॥

ਮਨਿ ਮੁਖਿ ਗਲਾ ਗੋਈਆ ਕੀਤਾ ਚਾਉ ਰਲੀ ॥ (1287-6)
मनि मुखि गला गोईआ कीता चाउ रली ॥

ਨਾਨਕ ਸਚੇ ਨਾਮ ਬਿਨੁ ਸਿਰ ਖੁਰ ਪਤਿ ਪਾਟੀ ॥੨॥ (1287-6)
नानक सचे नाम बिनु सिर खुर पति पाटी ॥२॥

ਪਉੜੀ ॥ (1287-7)
पउड़ी ॥

ਅੰਮ੍ਰਿਤ ਨਾਮੁ ਸਦਾ ਸੁਖਦਾਤਾ ਅੰਤੇ ਹੋਇ ਸਖਾਈ ॥ (1287-7)
अमृत नामु सदा सुखदाता अंते होइ सखाई ॥

ਬਾਝੁ ਗੁਰੂ ਜਗਤੁ ਬਉਰਾਨਾ ਨਾਵੈ ਸਾਰ ਨ ਪਾਈ ॥ (1287-7)
बाझु गुरू जगतु बउराना नावै सार न पाई ॥

ਸਤਿਗੁਰੁ ਸੇਵਹਿ ਸੇ ਪਰਵਾਣੁ ਜਿਨ੍ਹ ਜੋਤੀ ਜੋਤਿ ਮਿਲਾਈ ॥ (1287-8)
सतिगुरु सेवहि से परवाणु जिन्ह जोती जोति मिलाई ॥

ਸੋ ਸਾਹਿਬੁ ਸੋ ਸੇਵਕੁ ਤੇਹਾ ਜਿਸੁ ਭਾਣਾ ਮੰਨਿ ਵਸਾਈ ॥ (1287-8)
सो साहिबु सो सेवकु तेहा जिसु भाणा मंनि वसाई ॥

ਆਪਣੈ ਭਾਣੈ ਕਹੁ ਕਿਨਿ ਸੁਖੁ ਪਾਇਆ ਅੰਧਾ ਅੰਧੁ ਕਮਾਈ ॥ (1287-9)
आपणै भाणै कहु किनि सुखु पाइआ अंधा अंधु कमाई ॥

ਬਿਖਿਆ ਕਦੇ ਹੀ ਰਜੈ ਨਾਹੀ ਮੂਰਖ ਭੁਖ ਨ ਜਾਈ ॥ (1287-9)
बिखिआ कदे ही रजै नाही मूरख भुख न जाई ॥

ਦੂਜੈ ਸਭੁ ਕੋ ਲਗਿ ਵਿਗੁਤਾ ਬਿਨੁ ਸਤਿਗੁਰ ਬੂਝ ਨ ਪਾਈ ॥ (1287-10)
दूजै सभु को लगि विगुता बिनु सतिगुर बूझ न पाई ॥

ਸਤਿਗੁਰੁ ਸੇਵੇ ਸੋ ਸੁਖੁ ਪਾਏ ਜਿਸ ਨੋ ਕਿਰਪਾ ਕਰੇ ਰਜਾਈ ॥੨੦॥ (1287-10)
सतिगुरु सेवे सो सुखु पाए जिस नो किरपा करे रजाई ॥२०॥

ਸਲੋਕ ਮਃ ੧ ॥ (1287-11)
सलोक मः १ ॥

ਸਰਮੁ ਧਰਮੁ ਦੁਇ ਨਾਨਕਾ ਜੇ ਧਨੁ ਪਲੈ ਪਾਇ ॥ (1287-11)
सरमु धरमु दुइ नानका जे धनु पलै पाइ ॥

ਸੋ ਧਨੁ ਮਿਤ੍ਰੁ ਨ ਕਾਂਢੀਐ ਜਿਤੁ ਸਿਰਿ ਚੋਟਾਂ ਖਾਇ ॥ (1287-11)
सो धनु मित्रु न कांढीऐ जितु सिरि चोटां खाइ ॥

ਜਿਨ ਕੈ ਪਲੈ ਧਨੁ ਵਸੈ ਤਿਨ ਕਾ ਨਾਉ ਫਕੀਰ ॥ (1287-12)
जिन कै पलै धनु वसै तिन का नाउ फकीर ॥

ਜਿਨ੍ਹ੍ ਕੈ ਹਿਰਦੈ ਤੂ ਵਸਹਿ ਤੇ ਨਰ ਗੁਣੀ ਗਹੀਰ ॥੧॥ (1287-12)
जिन्ह कै हिरदै तू वसहि ते नर गुणी गहीर ॥१॥

ਮਃ ੧ ॥ (1287-13)
मः १ ॥

ਦੁਖੀ ਦੁਨੀ ਸਹੇੜੀਐ ਜਾਇ ਤ ਲਗਹਿ ਦੁਖ ॥ (1287-13)
दुखी दुनी सहेड़ीऐ जाइ त लगहि दुख ॥

ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੀ ਭੁਖ ॥ (1287-13)
नानक सचे नाम बिनु किसै न लथी भुख ॥

ਰੂਪੀ ਭੁਖ ਨ ਉਤਰੈ ਜਾਂ ਦੇਖਾਂ ਤਾਂ ਭੁਖ ॥ (1287-14)
रूपी भुख न उतरै जां देखां तां भुख ॥

ਜੇਤੇ ਰਸ ਸਰੀਰ ਕੇ ਤੇਤੇ ਲਗਹਿ ਦੁਖ ॥੨॥ (1287-14)
जेते रस सरीर के तेते लगहि दुख ॥२॥

ਮਃ ੧ ॥ (1287-14)
मः १ ॥

ਅੰਧੀ ਕੰਮੀ ਅੰਧੁ ਮਨੁ ਮਨਿ ਅੰਧੈ ਤਨੁ ਅੰਧੁ ॥ (1287-14)
अंधी कंमी अंधु मनु मनि अंधै तनु अंधु ॥

ਚਿਕੜਿ ਲਾਇਐ ਕਿਆ ਥੀਐ ਜਾਂ ਤੁਟੈ ਪਥਰ ਬੰਧੁ ॥ (1287-15)
चिकड़ि लाइऐ किआ थीऐ जां तुटै पथर बंधु ॥

ਬੰਧੁ ਤੁਟਾ ਬੇੜੀ ਨਹੀ ਨਾ ਤੁਲਹਾ ਨਾ ਹਾਥ ॥ (1287-15)
बंधु तुटा बेड़ी नही ना तुलहा ना हाथ ॥

ਨਾਨਕ ਸਚੇ ਨਾਮ ਵਿਣੁ ਕੇਤੇ ਡੁਬੇ ਸਾਥ ॥੩॥ (1287-16)
नानक सचे नाम विणु केते डुबे साथ ॥३॥

ਮਃ ੧ ॥ (1287-16)
मः १ ॥

ਲਖ ਮਣ ਸੁਇਨਾ ਲਖ ਮਣ ਰੁਪਾ ਲਖ ਸਾਹਾ ਸਿਰਿ ਸਾਹ ॥ (1287-16)
लख मण सुइना लख मण रुपा लख साहा सिरि साह ॥

ਲਖ ਲਸਕਰ ਲਖ ਵਾਜੇ ਨੇਜੇ ਲਖੀ ਘੋੜੀ ਪਾਤਿਸਾਹ ॥ (1287-17)
लख लसकर लख वाजे नेजे लखी घोड़ी पातिसाह ॥

ਜਿਥੈ ਸਾਇਰੁ ਲੰਘਣਾ ਅਗਨਿ ਪਾਣੀ ਅਸਗਾਹ ॥ (1287-17)
जिथै साइरु लंघणा अगनि पाणी असगाह ॥

ਕੰਧੀ ਦਿਸਿ ਨ ਆਵਈ ਧਾਹੀ ਪਵੈ ਕਹਾਹ ॥ (1287-18)
कंधी दिसि न आवई धाही पवै कहाह ॥

ਨਾਨਕ ਓਥੈ ਜਾਣੀਅਹਿ ਸਾਹ ਕੇਈ ਪਾਤਿਸਾਹ ॥੪॥ (1287-18)
नानक ओथै जाणीअहि साह केई पातिसाह ॥४॥

ਪਉੜੀ ॥ (1287-19)
पउड़ी ॥

ਇਕਨ੍ਹ੍ਹਾ ਗਲੀਂ ਜੰਜੀਰ ਬੰਦਿ ਰਬਾਣੀਐ ॥ (1287-19)
इकन्हा गलीं जंजीर बंदि रबाणीऐ ॥

ਬਧੇ ਛੁਟਹਿ ਸਚਿ ਸਚੁ ਪਛਾਣੀਐ ॥ (1287-19)
बधे छुटहि सचि सचु पछाणीऐ ॥

ਲਿਖਿਆ ਪਲੈ ਪਾਇ ਸੋ ਸਚੁ ਜਾਣੀਐ ॥ (1288-1)
लिखिआ पलै पाइ सो सचु जाणीऐ ॥

ਹੁਕਮੀ ਹੋਇ ਨਿਬੇੜੁ ਗਇਆ ਜਾਣੀਐ ॥ (1288-1)
हुकमी होइ निबेड़ु गइआ जाणीऐ ॥

ਭਉਜਲੁ ਤਾਰਣਹਾਰੁ ਸਬਦਿ ਪਛਾਣੀਐ ॥ (1288-1)
भउजल तारणहारु सबदि पछाणीऐ ॥

ਚੋਰ ਜਾਰ ਜੂਆਰ ਪੀੜੇ ਘਾਣੀਐ ॥ (1288-2)
चोर जार जूआर पीड़े घाणीऐ ॥

ਨਿੰਦਕ ਲਾਇਤਬਾਰ ਮਿਲੇ ਹੜ੍ਹਵਾਣੀਐ ॥ (1288-2)
निंदक लाइतबार मिले हड़्हवाणीऐ ॥

ਗੁਰਮੁਖਿ ਸਚਿ ਸਮਾਇ ਸੁ ਦਰਗਹ ਜਾਣੀਐ ॥੨੧॥ (1288-2)
गुरमुखि सचि समाइ सु दरगह जाणीऐ ॥२१॥

ਸਲੋਕ ਮਃ ੨ ॥ (1288-3)
सलोक मः २ ॥

ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ॥ (1288-3)
नाउ फकीरै पातिसाहु मूरख पंडितु नाउ ॥

ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥ (1288-3)
अंधे का नाउ पारखू एवै करे गुआउ ॥

ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ॥ (1288-4)
इलति का नाउ चउधरी कूड़ी पूरे थाउ ॥

ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥੧॥ (1288-4)
नानक गुरमुखि जाणीऐ कलि का एहु निआउ ॥१॥

ਮਃ ੧ ॥ (1288-5)
मः १ ॥

ਹਰਣਾਂ ਬਾਜਾਂ ਤੈ ਸਿਕਦਾਰਾਂ ਏਨ੍ਹਾ ਪੜ੍ਹਿਆ ਨਾਉ ॥ (1288-5)
हरणां बाजां तै सिकदारां एन्हा पड़्हिआ नाउ ॥

ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ ॥ (1288-5)
फांधी लगी जाति फहाइनि अगै नाही थाउ ॥

ਸੋ ਪੜਿਆ ਸੋ ਪੰਡਿਤੁ ਬੀਨਾ ਜਿਨ੍ਹੀ ਕਮਾਣਾ ਨਾਉ ॥ (1288-6)
सो पड़िआ सो पंडितु बीना जिन्ही कमाणा नाउ ॥

ਪਹਿਲੋ ਦੇ ਜੜ ਅੰਦਰਿ ਜੰਮੈ ਤਾ ਉਪਰਿ ਹੋਵੈ ਛਾਂਉ ॥ (1288-6)
पहिलो दे जड़ अंदरि जंमै ता उपरि होवै छांउ ॥

ਰਾਜੇ ਸੀਹ ਮੁਕਦਮ ਕੁਤੇ ॥ (1288-7)
राजे सीह मुकदम कुते ॥

ਜਾਇ ਜਗਾਇਨ੍ਹਿ ਬੈਠੇ ਸੁਤੇ ॥ (1288-7)
जाइ जगाइन्हि बैठे सुते ॥

ਚਾਕਰ ਨਹਦਾ ਪਾਇਨ੍ਹਿ ਘਾਉ ॥ (1288-7)
चाकर नहदा पाइन्हि घाउ ॥

ਰਤੁ ਪਿਤੁ ਕੁਤਿਹੋ ਚਟਿ ਜਾਹੁ ॥ (1288-8)
रतु पितु कुतिहो चटि जाहु ॥

ਜਿਥੈ ਜੀਆਂ ਹੋਸੀ ਸਾਰ ॥ (1288-8)
जिथै जीआं होसी सार ॥

ਨਕੀ ਵਢੀ ਲਾਇਤਬਾਰ ॥੨॥ (1288-8)
नकी� वढी� लाइतबार ॥२॥

ਪਉੜੀ ॥ (1288-8)
पउड़ी ॥

ਆਪਿ ਉਪਾਏ ਮੇਦਨੀ ਆਪੇ ਕਰਦਾ ਸਾਰ ॥ (1288-9)
आपि उपाए मेदनी आपे करदा सार ॥

ਭੈ ਬਿਨੁ ਭਰਮੁ ਨ ਕਟੀਐ ਨਾਮਿ ਨ ਲਗੈ ਪਿਆਰੁ ॥ (1288-9)
भै बिनु भरमु न कटीऐ नामि न लगै पिआरु ॥

ਸਤਿਗੁਰ ਤੇ ਭਉ ਊਪਜੈ ਪਾਈਐ ਮੋਖ ਦੁਆਰ ॥ (1288-9)
सतिगुर ते भउ ऊपजै पाईऐ मोख दुआर ॥

ਭੈ ਤੇ ਸਹਜੁ ਪਾਈਐ ਮਿਲਿ ਜੋਤੀ ਜੋਤਿ ਅਪਾਰ ॥ (1288-10)
भै ते सहजु पाईऐ मिलि जोती जोति अपार ॥

ਭੈ ਤੇ ਭੈਜਲੁ ਲੰਘੀਐ ਗੁਰਮਤੀ ਵੀਚਾਰੁ ॥ (1288-10)
भै ते भैजलु लंघीऐ गुरमती वीचारु ॥

ਭੈ ਤੇ ਨਿਰਭਉ ਪਾਈਐ ਜਿਸ ਦਾ ਅੰਤੁ ਨ ਪਾਰਾਵਾਰੁ ॥ (1288-11)
भै ते निरभउ पाईऐ जिस दा अंतु न पारावारु ॥

ਮਨਮੁਖ ਭੈ ਕੀ ਸਾਰ ਨ ਜਾਣਨੀ ਤ੍ਰਿਸਨਾ ਜਲਤੇ ਕਰਹਿ ਪੁਕਾਰ ॥ (1288-11)
मनमुख भै की सार न जाणनी त्रिसना जलते करहि पुकार ॥

ਨਾਨਕ ਨਾਵੈ ਹੀ ਤੇ ਸੁਖੁ ਪਾਇਆ ਗੁਰਮਤੀ ਉਰਿ ਧਾਰ ॥੨੨॥ (1288-12)
नानक नावै ही ते सुखु पाइआ गुरमती उरि धार ॥२२॥

ਸਲੋਕ ਮਃ ੧ ॥ (1288-12)
सलोक मः १ ॥

ਰੂਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ ॥ (1288-13)
रूपै कामै दोसती भुखै सादै गंढु ॥

ਲਬੈ ਮਾਲੈ ਘੁਲਿ ਮਿਲਿ ਮਿਚਲਿ ਊਂਘੈ ਸਉੜਿ ਪਲੰਘੁ ॥ (1288-13)
लबै मालै घुलि मिलि मिचलि ऊंघै सउड़ि पलंघु ॥

ਭੰਉਕੈ ਕੋਪੁ ਖੁਆਰੁ ਹੋਇ ਫਕੜੁ ਪਿਟੇ ਅੰਧੁ ॥ (1288-13)
भंउकै कोपु खुआरु होइ फकड़ु पिटे अंधु ॥

ਚੁਪੈ ਚੰਗਾ ਨਾਨਕਾ ਵਿਣੁ ਨਾਵੈ ਮੁਹਿ ਗੰਧੁ ॥੧॥ (1288-14)
चुपै चंगा नानका विणु नावै मुहि गंधु ॥१॥

ਮਃ ੧ ॥ (1288-14)
मः १ ॥

ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥ (1288-14)
राजु मालु रूपु जाति जोबनु पंजे ठग ॥

ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥ (1288-15)
एनी ठगीं जगु ठगिआ किनै न रखी लज ॥

ਏਨਾ ਠਗਨ੍ਹ੍ਹਿ ਠਗ ਸੇ ਜਿ ਗੁਰ ਕੀ ਪੈਰੀ ਪਾਹਿ ॥ (1288-15)
एना ठगन्हि ठग से जि गुर की पैरी पाहि ॥

ਨਾਨਕ ਕਰਮਾ ਬਾਹਰੇ ਹੋਰਿ ਕੇਤੇ ਮੁਠੇ ਜਾਹਿ ॥੨॥ (1288-16)
नानक करमा बाहरे होरि केते मुठे जाहि ॥२॥

ਪਉੜੀ ॥ (1288-16)
पउड़ी ॥

ਪੜਿਆ ਲੇਖੇਦਾਰੁ ਲੇਖਾ ਮੰਗੀਐ ॥ (1288-16)
पड़िआ लेखेदारु लेखा मंगीऐ ॥

ਵਿਣੁ ਨਾਵੈ ਕੂੜਿਆਰੁ ਅਉਖਾ ਤੰਗੀਐ ॥ (1288-17)
विणु नावै कूड़िआरु अउखा तंगीऐ ॥

ਪਤਿਤ ਪਾਵਨ ਸਰਨਿ ਆਇਓ ਉਧਰੁ ਨਾਨਕ ਜਾਨਿ ॥੨॥੧੨॥੩੧॥ (1304-1)
पतित पावन सरनि आइओ उधरु नानक जानि ॥२॥१२॥३१॥

ਕਾਨੜਾ ਮਹਲਾ ੫ ॥ (1304-2)
कानड़ा महला ५ ॥

ਅਵਿਲੋਕਉ ਰਾਮ ਕੋ ਮੁਖਾਰਬਿੰਦ ॥ (1304-2)
अविलोकउ राम को मुखारबिंद ॥

ਖੋਜਤ ਖੋਜਤ ਰਤਨੁ ਪਾਇਓ ਬਿਸਰੀ ਸਭ ਚਿੰਦ ॥੧॥ ਰਹਾਉ ॥ (1304-2)
खोजत खोजत रतनु पाइओ बिसरी सभ चिंद ॥१॥ रहाउ ॥

ਚਰਨ ਕਮਲ ਰਿਦੈ ਧਾਰਿ ॥ (1304-3)
चरन कमल रिदै धारि ॥

ਉਤਰਿਆ ਦੁਖੁ ਮੰਦ ॥੧॥ (1304-3)
उतरिआ दुखु मंद ॥१॥

ਰਾਜ ਧਨੁ ਪਰਵਾਰੁ ਮੇਰੈ ਸਰਬਸੋ ਗੋਬਿੰਦ ॥ (1304-3)
राज धनु परवारु मेरै सरबसो गोबिंद ॥

ਸਾਧਸੰਗਮਿ ਲਾਭੁ ਪਾਇਓ ਨਾਨਕ ਫਿਰਿ ਨ ਮਰੰਦ ॥੨॥੧੩॥੩੨॥ (1304-4)
साधसंगमि लाभु पाइओ नानक फिरि न मरंद ॥२॥१३॥३२॥

ਕਾਨੜਾ ਮਹਲਾ ੫ ਘਰੁ ੫ (1304-5)
कानड़ा महला ५ घरु ५

ੴ ਸਤਿਗੁਰ ਪ੍ਰਸਾਦਿ ॥ (1304-5)
ੴ सतिगुर प्रसादि ॥

ਪ੍ਰਭ ਪੂਜਹੋ ਨਾਮੁ ਅਰਾਧਿ ॥ (1304-6)
प्रभ पूजहो नामु अराधि ॥

ਗੁਰ ਸਤਿਗੁਰ ਚਰਨੀ ਲਾਗਿ ॥ (1304-6)
गुर सतिगुर चरनी लागि ॥

ਹਰਿ ਪਾਵਹੁ ਮਨੁ ਅਗਾਧਿ ॥ (1304-6)
हरि पावहु मनु अगाधि ॥

ਜਗੁ ਜੀਤੋ ਹੋ ਹੋ ਗੁਰ ਕਿਰਪਾਧਿ ॥੧॥ ਰਹਾਉ ॥ (1304-6)
जगु जीतो हो हो गुर किरपाधि ॥१॥ रहाउ ॥

ਅਨਿਕ ਪੂਜਾ ਮੈ ਬਹੁ ਬਿਧਿ ਖੋਜੀ ਸਾ ਪੂਜਾ ਜਿ ਹਰਿ ਭਾਵਾਸਿ ॥ (1304-7)
अनिक पूजा मै बहु बिधि खोजी सा पूजा जि हरि भावासि ॥

ਮਾਟੀ ਕੀ ਇਹ ਪੁਤਰੀ ਜੋਰੀ ਕਿਆ ਏਹ ਕਰਮ ਕਮਾਸਿ ॥ (1304-7)
माटी की इह पुतरी जोरी किआ एह करम कमासि ॥

ਪ੍ਰਭ ਬਾਹ ਪਕਰਿ ਜਿਸੁ ਮਾਰਗਿ ਪਾਵਹੁ ਸੋ ਤੁਧੁ ਜੰਤ ਮਿਲਾਸਿ ॥੧॥ (1304-8)
प्रभ बाह पकरि जिसु मारगि पावहु सो तुधु जंत मिलासि ॥१॥

ਅਵਰ ਓਟ ਮੈ ਕੋਇ ਨ ਸੂਝੈ ਇਕ ਹਰਿ ਕੀ ਓਟ ਮੈ ਆਸ ॥ (1304-9)
अवर ओट मै कोइ न सूझै इक हरि की ओट मै आस ॥

ਕਿਆ ਦੀਨੁ ਕਰੇ ਅਰਦਾਸਿ ॥ (1304-9)
किआ दीनु करे अरदासि ॥

ਜਉ ਸਭ ਘਟਿ ਪ੍ਰਭੂ ਨਿਵਾਸ ॥ (1304-9)
जउ सभ घटि प्रभू निवास ॥

ਪ੍ਰਭ ਚਰਨਨ ਕੀ ਮਨਿ ਪਿਆਸ ॥ (1304-10)
प्रभ चरनन की मनि पिआस ॥

ਜਨ ਨਾਨਕ ਦਾਸੁ ਕਹੀਅਤੁ ਹੈ ਤੁਮ੍ਹ੍ਹਰਾ ਹਉ ਬਲਿ ਬਲਿ ਸਦ ਬਲਿ ਜਾਸ ॥੨॥੧॥੩੩॥ (1304-10)
जन नानक दासु कहीअतु है तुम्हरा हउ बलि बलि सद बलि जास ॥२॥१॥३३॥

ਕਾਨੜਾ ਮਹਲਾ ੫ ਘਰੁ ੬ (1304-12)
कानड़ा महला ५ घरु ६

ੴ ਸਤਿਗੁਰ ਪ੍ਰਸਾਦਿ ॥ (1304-12)
ੴ सतिगुर प्रसादि ॥

ਜਗਤ ਉਧਾਰਨ ਨਾਮ ਪ੍ਰਿਅ ਤੇਰੈ ॥ (1304-13)
जगत उधारन नाम प्रिअ तेरै ॥

ਨਵ ਨਿਧਿ ਨਾਮੁ ਨਿਧਾਨੁ ਹਰਿ ਕੇਰੈ ॥ (1304-13)
नव निधि नामु निधानु हरि केरै ॥

ਹਰਿ ਰੰਗ ਰੰਗ ਰੰਗ ਅਨੂਪੇਰੈ ॥ (1304-13)
हरि रंग रंग रंग अनूपेरै ॥

ਕਾਹੇ ਰੇ ਮਨ ਮੋਹਿ ਮਗਨੇਰੈ ॥ (1304-13)
काहे रे मन मोहि मगनेरै ॥

ਨੈਨਹੁ ਦੇਖੁ ਸਾਧ ਦਰਸੇਰੈ ॥ (1304-14)
नैनहु देखु साध दरसेरै ॥

ਸੋ ਪਾਵੈ ਜਿਸੁ ਲਿਖਤੁ ਲਿਲੇਰੈ ॥੧॥ ਰਹਾਉ ॥ (1304-14)
सो पावै जिसु लिखतु लिलेरै ॥१॥ रहाउ ॥

ਸੇਵਉ ਸਾਧ ਸੰਤ ਚਰਨੇਰੈ ॥ (1304-14)
सेवउ साध संत चरनेरै ॥

ਬਾਂਛਉ ਧੂਰਿ ਪਵਿਤ੍ਰ ਕਰੇਰੈ ॥ (1304-15)
बांछउ धूरि पवित्र करेरै ॥

ਅਠਸਠਿ ਮਜਨੁ ਮੈਲੁ ਕਟੇਰੈ ॥ (1304-15)
अठसठि मजनु मैलु कटेरै ॥

ਸਾਸਿ ਸਾਸਿ ਧਿਆਵਹੁ ਮੁਖੁ ਨਹੀ ਮੋਰੈ ॥ (1304-15)
सासि सासि धिआवहु मुखु नही मोरै ॥

ਕਿਛੁ ਸੰਗਿ ਨ ਚਾਲੈ ਲਾਖ ਕਰੋਰੈ ॥ (1304-16)
किछु संगि न चालै लाख करोरै ॥

ਪ੍ਰਭ ਜੀ ਕੋ ਨਾਮੁ ਅੰਤਿ ਪੁਕਰੋਰੈ ॥੧॥ (1304-16)
प्रभ जी को नामु अंति पुकरोरै ॥१॥

ਮਨਸਾ ਮਾਨਿ ਏਕ ਨਿਰੰਕੇਰੈ ॥ (1304-16)
मनसा मानि एक निरंकेरै ॥

ਸਗਲ ਤਿਆਗਹੁ ਭਾਉ ਦੂਜੇਰੈ ॥ (1304-17)
सगल तिआगहु भाउ दूजेरै ॥

ਕਵਨ ਕਹਾਂ ਹਉ ਗੁਨ ਪ੍ਰਿਅ ਤੇਰੈ ॥ (1304-17)
कवन कहां हउ गुन प्रिअ तेरै ॥

ਬਰਨਿ ਨ ਸਾਕਉ ਏਕ ਟੁਲੇਰੈ ॥ (1304-17)
बरनि न साकउ एक टुलैरै ॥

ਦਰਸਨ ਪਿਆਸ ਬਹੁਤੁ ਮਨਿ ਮੇਰੈ ॥ (1304-18)
दरसन पिआस बहुतु मनि मेरै ॥

ਮਿਲੁ ਨਾਨਕ ਦੇਵ ਜਗਤ ਗੁਰ ਕੇਰੈ ॥੨॥੧॥੩੪॥ (1304-18)
मिलु नानक देव जगत गुर केरै ॥२॥१॥३४॥

ਕਾਨੜਾ ਮਹਲਾ ੫ ॥ (1305-1)
कानड़ा महला ५ ॥

ਐਸੀ ਕਉਨ ਬਿਧੇ ਦਰਸਨ ਪਰਸਨਾ ॥੧॥ ਰਹਾਉ ॥ (1305-1)
ऐसी कउन बिधे दरसन परसना ॥१॥ रहाउ ॥

ਆਸ ਪਿਆਸ ਸਫਲ ਮੂਰਤਿ ਉਮਗਿ ਹੀਉ ਤਰਸਨਾ ॥੧॥ (1305-1)
आस पिआस सफल मूरति उमगि हीउ तरसना ॥१॥

ਦੀਨ ਲੀਨ ਪਿਆਸ ਮੀਨ ਸੰਤਨਾ ਹਰਿ ਸੰਤਨਾ ॥ (1305-2)
दीन लीन पिआस मीन संतना हरि संतना ॥

ਹਰਿ ਸੰਤਨਾ ਕੀ ਰੇਨ ॥ (1305-2)
हरि संतना की रेन ॥

ਹੀਉ ਅਰਪਿ ਦੇਨ ॥ (1305-3)
हीउ अरपि देन ॥

ਪ੍ਰਭ ਭਏ ਹੈ ਕਿਰਪੇਨ ॥ (1305-3)
प्रभ भए है किरपेन ॥

ਮਾਨੁ ਮੋਹੁ ਤਿਆਗਿ ਛੋਡਿਓ ਤਉ ਨਾਨਕ ਹਰਿ ਜੀਉ ਭੇਟਨਾ ॥੨॥੨॥੩੫॥ (1305-3)
मानु मोहु तिआगि छोडिओ तउ नानक हरि जीउ भेटना ॥२॥२॥३५॥

ਕਾਨੜਾ ਮਹਲਾ ੫ ॥ (1305-4)
कानड़ा महला ५ ॥

ਰੰਗਾ ਰੰਗ ਰੰਗਨ ਕੇ ਰੰਗਾ ॥ (1305-4)
रंगा रंग रंगन के रंगा ॥

ਕੀਟ ਹਸਤ ਪੂਰਨ ਸਭ ਸੰਗਾ ॥੧॥ ਰਹਾਉ ॥ (1305-4)
कीट हसत पूरन सभ संगा ॥१॥ रहाउ ॥

ਬਰਤ ਨੇਮ ਤੀਰਥ ਸਹਿਤ ਗੰਗਾ ॥ (1305-5)
बरत नेम तीरथ सहित गंगा ॥

ਜਲੁ ਹੇਵਤ ਭੂਖ ਅਰੁ ਨੰਗਾ ॥ (1305-5)
जलु हेवत भूख अरु नंगा ॥

ਪੂਜਾਚਾਰ ਕਰਤ ਮੇਲੰਗਾ ॥ (1305-5)
पूजाचार करत मेलंगा ॥

ਚਕ੍ਰ ਕਰਮ ਤਿਲਕ ਖਾਟੰਗਾ ॥ (1305-6)
चक्र करम तिलक खाटंगा ॥

ਦਰਸਨੁ ਭੇਟੇ ਬਿਨੁ ਸਤਸੰਗਾ ॥੧॥ (1305-6)
दरसनु भेटे बिनु सतसंगा ॥१॥

ਹਠਿ ਨਿਗ੍ਰਹਿ ਅਤਿ ਰਹਤ ਬਿਟੰਗਾ ॥ (1305-6)
हठि निग्रहि अति रहत बिटंगा ॥

ਹਉ ਰੋਗੁ ਬਿਆਪੈ ਚੁਕੈ ਨ ਭੰਗਾ ॥ (1305-7)
हउ रोगु बिआपै चुकै न भंगा ॥

ਕਾਮ ਕ੍ਰੋਧ ਅਤਿ ਤ੍ਰਿਸਨ ਜਰੰਗਾ ॥ (1305-7)
काम क्रोध अति त्रिसन जरंगा ॥

ਸੋ ਮੁਕਤੁ ਨਾਨਕ ਜਿਸੁ ਸਤਿਗੁਰੁ ਚੰਗਾ ॥੨॥੩॥੩੬॥ (1305-7)
सो मुकतु नानक जिसु सतिगुरु चंगा ॥२॥३॥३६॥

ਕਾਨੜਾ ਮਹਲਾ ੫ ਘਰੁ ੭ (1305-9)
कानड़ा महला ५ घरु ७

ੴ ਸਤਿਗੁਰ ਪ੍ਰਸਾਦਿ ॥ (1305-9)
ੴ सतिगुर प्रसादि ॥

ਤਿਖ ਬੂਝਿ ਗਈ ਗਈ ਮਿਲਿ ਸਾਧ ਜਨਾ ॥ (1305-10)
तिख बूझि गई गई मिलि साध जना ॥

ਪੰਚ ਭਾਗੇ ਚੋਰ ਸਹਜੇ ਸੁਖੈਨੋ ਹਰੇ ਗੁਨ ਗਾਵਤੀ ਗਾਵਤੀ ਗਾਵਤੀ ਦਰਸ ਪਿਆਰਿ ॥੧॥ ਰਹਾਉ ॥ (1305-10)
पंच भागे चोर सहजे सुखैनो हरे गुन गावती गावती गावती दरस पिआरि ॥१॥ रहाउ ॥

ਜੈਸੀ ਕਰੀ ਪ੍ਰਭ ਮੋ ਸਿਉ ਮੋ ਸਿਉ ਐਸੀ ਹਉ ਕੈਸੇ ਕਰਉ ॥ (1305-11)
जैसी करी प्रभ मो सिउ मो सिउ ऐसी हउ कैसे करउ ॥

ਹੀਉ ਤੁਮ੍ਹ੍ਹਾਰੇ ਬਲਿ ਬਲੇ ਬਲਿ ਬਲੇ ਬਲਿ ਗਈ ॥੧॥ (1305-11)
हीउ तुम्हारे बलि बले बलि बले बलि गई ॥१॥

ਪਹਿਲੇ ਪੈ ਸੰਤ ਪਾਇ ਧਿਆਇ ਧਿਆਇ ਪ੍ਰੀਤਿ ਲਾਇ ॥ (1305-12)
पहिले पै संत पाइ धिआइ धिआइ प्रीति लाइ ॥

ਪ੍ਰਭ ਥਾਨੁ ਤੇਰੋ ਕੇਹਰੋ ਜਿਤੁ ਜੰਤਨ ਕਰਿ ਬੀਚਾਰੁ ॥ (1305-12)
प्रभ थानु तेरो केहरो जितु जंतन करि बीचारु ॥

ਅਨਿਕ ਦਾਸ ਕੀਰਤਿ ਕਰਹਿ ਤੁਹਾਰੀ ॥ (1305-13)
अनिक दास कीरति करहि तुहारी ॥

ਸੋਈ ਮਿਲਿਓ ਜੋ ਭਾਵਤੋ ਜਨ ਨਾਨਕ ਠਾਕੁਰ ਰਹਿਓ ਸਮਾਇ ॥ (1305-13)
सोई मिलिओ जो भावतो जन नानक ठाकुर रहिओ समाइ ॥

ਏਕ ਤੂਹੀ ਤੂਹੀ ਤੂਹੀ ॥੨॥੧॥੩੭॥ (1305-14)
एक तूही तूही तूही ॥२॥१॥३७॥

ਕਾਨੜਾ ਮਹਲਾ ੫ ਘਰੁ ੮ (1305-15)
कानड़ा महला ५ घरु ८

ੴ ਸਤਿਗੁਰ ਪ੍ਰਸਾਦਿ ॥ (1305-15)
ੴ सतिगुर प्रसादि ॥

ਤਿਆਗੀਐ ਗੁਮਾਨੁ ਮਾਨੁ ਪੇਖਤਾ ਦਇਆਲ ਲਾਲ ਹਾਂ ਹਾਂ ਮਨ ਚਰਨ ਰੇਨ ॥੧॥ ਰਹਾਉ ॥ (1305-16)
तिआगीऐ गुमानु मानु पेखता दइआल लाल हां हां मन चरन रेन ॥१॥ रहाउ ॥

ਹਰਿ ਸੰਤ ਮੰਤ ਗੁਪਾਲ ਗਿਆਨ ਧਿਆਨ ॥੧॥ (1305-16)
हरि संत मंत गुपाल गिआन धिआन ॥१॥

ਹਿਰਦੈ ਗੋਬਿੰਦ ਗਾਇ ਚਰਨ ਕਮਲ ਪ੍ਰੀਤਿ ਲਾਇ ਦੀਨ ਦਇਆਲ ਮੋਹਨਾ ॥ (1305-17)
हिरदै गोबिंद गाइ चरन कमल प्रीति लाइ दीन दइआल मोहना ॥

ਕ੍ਰਿਪਾਲ ਦਇਆ ਮਇਆ ਧਾਰਿ ॥ (1305-18)
क्रिपाल दइआ मइआ धारि ॥

ਨਾਨਕੁ ਮਾਗੈ ਨਾਮੁ ਦਾਨੁ ॥ (1305-18)
नानकु मागै नामु दानु ॥

ਤਜਿ ਮੋਹੁ ਭਰਮੁ ਸਗਲ ਅਭਿਮਾਨੁ ॥੨॥੧॥੩੮॥ (1305-18)
तजि मोहु भरमु सगल अभिमानु ॥२॥१॥३८॥

ਕਾਨੜਾ ਮਹਲਾ ੫ ॥ (1305-19)
कानड़ा महला ५ ॥

ਪ੍ਰਭ ਕਹਨ ਮਲਨ ਦਹਨ ਲਹਨ ਗੁਰ ਮਿਲੇ ਆਨ ਨਹੀ ਉਪਾਉ ॥੧॥ ਰਹਾਉ ॥ (1305-19)
प्रभ कहन मलन दहन लहन गुर मिले आन नही उपाउ ॥१॥ रहाउ ॥

ਤਟਨ ਖਟਨ ਜਟਨ ਹੋਮਨ ਨਾਹੀ ਡੰਡਧਾਰ ਸੁਆਉ ॥੧॥ (1306-1)
तटन खटन जटन होमन नाही डंडधार सुआउ ॥१॥

ਜਤਨ ਭਾਂਤਨ ਤਪਨ ਭ੍ਰਮਨ ਅਨਿਕ ਕਥਨ ਕਥਤੇ ਨਹੀ ਥਾਹ ਪਾਈ ਠਾਉ ॥ (1306-1)
जतन भांतन तपन भ्रमन अनिक कथन कथते नही थाह पाई ठाउ ॥

ਸੋਧਿ ਸਗਰ ਸੋਧਨਾ ਸੁਖੁ ਨਾਨਕਾ ਭਜੁ ਨਾਉ ॥੨॥੨॥੩੯॥ (1306-2)
सोधि सगर सोधना सुखु नानका भजु नाउ ॥२॥२॥३९॥

ਕਾਨੜਾ ਮਹਲਾ ੫ ਘਰੁ ੯ (1306-3)
कानड़ा महला ५ घरु ९

ੴ ਸਤਿਗੁਰ ਪ੍ਰਸਾਦਿ ॥ (1306-3)
ੴ सतिगुर प्रसादि ॥

ਪਤਿਤ ਪਾਵਨੁ ਭਗਤਿ ਬਛਲੁ ਭੈ ਹਰਨ ਤਾਰਨ ਤਰਨ ॥੧॥ ਰਹਾਉ ॥ (1306-4)
पतित पावनु भगति बछलु भै हरन तारन तरन ॥१॥ रहाउ ॥

ਨੈਨ ਤਿਪਤੇ ਦਰਸੁ ਪੇਖਿ ਜਸੁ ਤੋਖਿ ਸੁਨਤ ਕਰਨ ॥੧॥ (1306-4)
नैन तिपते दरसु पेखि जसु तोखि सुनत करन ॥१॥

ਪ੍ਰਾਨ ਨਾਥ ਅਨਾਥ ਦਾਤੇ ਦੀਨ ਗੋਬਿਦ ਸਰਨ ॥ (1306-5)
प्रान नाथ अनाथ दाते दीन गोबिद सरन ॥

ਆਸ ਪੂਰਨ ਦੁਖ ਬਿਨਾਸਨ ਗਹੀ ਓਟ ਨਾਨਕ ਹਰਿ ਚਰਨ ॥੨॥੧॥੪੦॥ (1306-5)
आस पूरन दुख बिनासन गही ओट नानक हरि चरन ॥२॥१॥४०॥

ਕਾਨੜਾ ਮਹਲਾ ੫ ॥ (1306-6)
कानड़ा महला ५ ॥

ਚਰਨ ਸਰਨ ਦਇਆਲ ਠਾਕੁਰ ਆਨ ਨਾਹੀ ਜਾਇ ॥ (1306-6)
चरन सरन दइआल ठाकुर आन नाही जाइ ॥

ਪਤਿਤ ਪਾਵਨ ਬਿਰਦੁ ਸੁਆਮੀ ਉਧਰਤੇ ਹਰਿ ਧਿਆਇ ॥੧॥ ਰਹਾਉ ॥ (1306-7)
पतित पावन बिरदु सुआमी उधरते हरि धिआइ ॥१॥ रहाउ ॥

ਸੈਸਾਰ ਗਾਰ ਬਿਕਾਰ ਸਾਗਰ ਪਤਿਤ ਮੋਹ ਮਾਨ ਅੰਧ ॥ (1306-7)
सैसार गार बिकार सागर पतित मोह मान अंध ॥

ਬਿਕਲ ਮਾਇਆ ਸੰਗਿ ਧੰਧ ॥ (1306-8)
बिकल माइआ संगि धंध ॥

ਕਰੁ ਗਹੇ ਪ੍ਰਭ ਆਪਿ ਕਾਢਹੁ ਰਾਖਿ ਲੇਹੁ ਗੋਬਿੰਦ ਰਾਇ ॥੧॥ (1306-8)
करु गहे प्रभ आपि काढहु राखि लेहु गोबिंद राइ ॥१॥

ਅਨਾਥ ਨਾਥ ਸਨਾਥ ਸੰਤਨ ਕੋਟਿ ਪਾਪ ਬਿਨਾਸ ॥ (1306-9)
अनाथ नाथ सनाथ संतन कोटि पाप बिनास ॥

ਮਨਿ ਦਰਸਨੈ ਕੀ ਪਿਆਸ ॥ (1306-9)
मनि दरसनै की पिआस ॥

ਪ੍ਰਭ ਪੂਰਨ ਗੁਨਤਾਸ ॥ (1306-9)
प्रभ पूरन गुनतास ॥

ਕ੍ਰਿਪਾਲ ਦਇਆਲ ਗੁਪਾਲ ਨਾਨਕ ਹਰਿ ਰਸਨਾ ਗੁਨ ਗਾਇ ॥੨॥੨॥੪੧॥ (1306-10)
क्रिपाल दइआल गुपाल नानक हरि रसना गुन गाइ ॥२॥२॥४१॥

ਕਾਨੜਾ ਮਹਲਾ ੫ ॥ (1306-10)
कानड़ा महला ५ ॥

ਵਾਰਿ ਵਾਰਉ ਅਨਿਕ ਡਾਰਉ ॥ (1306-10)
वारि वारउ अनिक डारउ ॥

ਸੁਖੁ ਪ੍ਰਿਅ ਸੁਹਾਗ ਪਲਕ ਰਾਤ ॥੧॥ ਰਹਾਉ ॥ (1306-11)
सुखु प्रिअ सुहाग पलक रात ॥१॥ रहाउ ॥

ਕਨਿਕ ਮੰਦਰ ਪਾਟ ਸੇਜ ਸਖੀ ਮੋਹਿ ਨਾਹਿ ਇਨ ਸਿਉ ਤਾਤ ॥੧॥ (1306-11)
कनिक मंदर पाट सेज सखी मोहि नाहि इन सिउ तात ॥१॥

ਮੁਕਤ ਲਾਲ ਅਨਿਕ ਭੋਗ ਬਿਨੁ ਨਾਮ ਨਾਨਕ ਹਾਤ ॥ (1306-12)
मुकत लाल अनिक भोग बिनु नाम नानक हात ॥

ਰੂਖੋ ਭੋਜਨੁ ਭੂਮਿ ਸੈਨ ਸਖੀ ਪ੍ਰਿਅ ਸੰਗਿ ਸੂਖਿ ਬਿਹਾਤ ॥੨॥੩॥੪੨॥ (1306-12)
रूखो भोजनु भूमि सैन सखी प्रिअ संगि सूखि बिहात ॥२॥३॥४२॥

ਕਾਨੜਾ ਮਹਲਾ ੫ ॥ (1306-13)
कानड़ा महला ५ ॥

ਅਹੰ ਤੋਰੋ ਮੁਖੁ ਜੋਰੋ ॥ (1306-13)
अहं तोरो मुखु जोरो ॥

ਗੁਰੁ ਗੁਰੁ ਕਰਤ ਮਨੁ ਲੋਰੋ ॥ (1306-13)
गुरु गुरु करत मनु लोरो ॥

ਪ੍ਰਿਅ ਪ੍ਰੀਤਿ ਪਿਆਰੋ ਮੋਰੋ ॥੧॥ ਰਹਾਉ ॥ (1306-14)
प्रिअ प्रीति पिआरो मोरो ॥१॥ रहाउ ॥

ਗ੍ਰਿਹਿ ਸੇਜ ਸੁਹਾਵੀ ਆਗਨਿ ਚੈਨਾ ਤੋਰੋ ਰੀ ਤੋਰੋ ਪੰਚ ਦੂਤਨ ਸਿਉ ਸੰਗੁ ਤੋਰੋ ॥੧॥ (1306-14)
ग्रिहि सेज सुहावी आगनि चैना तोरो री तोरो पंच दूतन सिउ संगु तोरो ॥१॥

ਆਇ ਨ ਜਾਇ ਬਸੇ ਨਿਜ ਆਸਨਿ ਊਂਧ ਕਮਲ ਬਿਗਸੋਰੋ ॥ (1306-15)
आइ न जाइ बसे निज आसनि ऊंध कमल बिगसोरो ॥

ਛੁਟਕੀ ਹਉਮੈ ਸੋਰੋ ॥ (1306-15)
छुटकी हउमै सोरो ॥

ਗਾਇਓ ਰੀ ਗਾਇਓ ਪ੍ਰਭ ਨਾਨਕ ਗੁਨੀ ਗਹੇਰੋ ॥੨॥੪॥੪੩॥ (1306-16)
गाइओ री गाइओ प्रभ नानक गुनी गहेरो ॥२॥४॥४३॥

ਕਾਨੜਾ ਮਃ ੫ ਘਰੁ ੯ ॥ (1306-16)
कानड़ा मः ५ घरु ९ ॥

ਤਾਂ ਤੇ ਜਾਪਿ ਮਨਾ ਹਰਿ ਜਾਪਿ ॥ (1306-16)
तां ते जापि मना हरि जापि ॥

ਜੋ ਸੰਤ ਬੇਦ ਕਹਤ ਪੰਥੁ ਗਾਖਰੋ ਮੋਹ ਮਗਨ ਅਹੰ ਤਾਪ ॥ ਰਹਾਉ ॥ (1306-17)
जो संत बेद कहत पंथु गाखरो मोह मगन अहं ताप ॥ रहाउ ॥

ਜੋ ਰਾਤੇ ਮਾਤੇ ਸੰਗਿ ਬਪੁਰੀ ਮਾਇਆ ਮੋਹ ਸੰਤਾਪ ॥੧॥ (1306-17)
जो राते माते संगि बपुरी माइआ मोह संताप ॥१॥

ਨਾਮੁ ਜਪਤ ਸੋਊ ਜਨੁ ਉਧਰੈ ਜਿਸਹਿ ਉਧਾਰਹੁ ਆਪ ॥ (1306-18)
नामु जपत सोऊ जनु उधरै जिसहि उधारहु आप ॥

ਬਿਨਸਿ ਜਾਇ ਮੋਹ ਭੈ ਭਰਮਾ ਨਾਨਕ ਸੰਤ ਪ੍ਰਤਾਪ ॥੨॥੫॥੪੪॥ (1306-18)
बिनसि जाइ मोह भै भरमा नानक संत प्रताप ॥२॥५॥४४॥

ਕਾਨੜਾ ਮਹਲਾ ੫ ਘਰੁ ੧੦ (1307-2)
कानड़ा महला ५ घरु १०

ੴ ਸਤਿਗੁਰ ਪ੍ਰਸਾਦਿ ॥ (1307-2)
ੴ सतिगुर प्रसादि ॥

ਐਸੋ ਦਾਨੁ ਦੇਹੁ ਜੀ ਸੰਤਹੁ ਜਾਤ ਜੀਉ ਬਲਿਹਾਰਿ ॥ (1307-3)
ऐसो दानु देहु जी संतहु जात जीउ बलिहारि ॥

ਮਾਨ ਮੋਹੀ ਪੰਚ ਦੋਹੀ ਉਰਝਿ ਨਿਕਟਿ ਬਸਿਓ ਤਾਕੀ ਸਰਨਿ ਸਾਧੂਆ ਦੂਤ ਸੰਗੁ ਨਿਵਾਰਿ ॥੧॥ ਰਹਾਉ ॥ (1307-3)
मान मोही पंच दोही उरझि निकटि बसिओ ताकी सरनि साधूआ दूत संगु निवारि ॥१॥ रहाउ ॥

ਕੋਟਿ ਜਨਮ ਜੋਨਿ ਭ੍ਰਮਿਓ ਹਾਰਿ ਪਰਿਓ ਦੁਆਰਿ ॥੧॥ (1307-4)
कोटि जनम जोनि भ्रमिओ हारि परिओ दुआरि ॥१॥

ਕਿਰਪਾ ਗੋਬਿੰਦ ਭਈ ਮਿਲਿਓ ਨਾਮੁ ਅਧਾਰੁ ॥ (1307-4)
किरपा गोबिंद भई मिलिओ नामु अधारु ॥

ਦੁਲਭ ਜਨਮੁ ਸਫਲੁ ਨਾਨਕ ਭਵ ਉਤਾਰਿ ਪਾਰਿ ॥੨॥੧॥੪੫॥ (1307-5)
दुलभ जनमु सफलु नानक भव उतारि पारि ॥२॥१॥४५॥

ਕਾਨੜਾ ਮਹਲਾ ੫ ਘਰੁ ੧੧ (1307-6)
कानड़ा महला ५ घरु ११

ੴ ਸਤਿਗੁਰ ਪ੍ਰਸਾਦਿ ॥ (1307-6)
ੴ सतिगुर प्रसादि ॥

ਸਹਜ ਸੁਭਾਏ ਆਪਨ ਆਏ ॥ (1307-7)
सहज सुभाए आपन आए ॥

ਕਛੂ ਨ ਜਾਨੌ ਕਛੂ ਦਿਖਾਏ ॥ (1307-7)
कछू न जानौ कछू दिखाए ॥

ਪ੍ਰਭੁ ਮਿਲਿਓ ਸੁਖ ਬਾਲੇ ਭੋਲੇ ॥੧॥ ਰਹਾਉ ॥ (1307-7)
प्रभु मिलिओ सुख बाले भोले ॥१॥ रहाउ ॥

ਸੰਜੋਗਿ ਮਿਲਾਏ ਸਾਧ ਸੰਗਾਏ ॥ (1307-8)
संजोगि मिलाए साध संगाए ॥

ਕਤਹੂ ਨ ਜਾਏ ਘਰਹਿ ਬਸਾਏ ॥ (1307-8)
कतहू न जाए घरहि बसाए ॥

ਗੁਨ ਨਿਧਾਨੁ ਪ੍ਰਗਟਿਓ ਇਹ ਚੋਲੈ ॥੧॥ (1307-8)
गुन निधानु प्रगटिओ इह चोलै ॥१॥

ਚਰਨ ਲੁਭਾਏ ਆਨ ਤਜਾਏ ॥ (1307-9)
चरन लुभाए आन तजाए ॥

ਥਾਨ ਥਨਾਏ ਸਰਬ ਸਮਾਏ ॥ (1307-9)
थान थनाए सरब समाए ॥

ਰਸਕਿ ਰਸਕਿ ਨਾਨਕੁ ਗੁਨ ਬੋਲੈ ॥੨॥੧॥੪੬॥ (1307-9)
रसकि रसकि नानकु गुन बोलै ॥२॥१॥४६॥

ਕਾਨੜਾ ਮਹਲਾ ੫ ॥ (1307-10)
कानड़ा महला ५ ॥

ਗੋਬਿੰਦ ਠਾਕੁਰ ਮਿਲਨ ਦੁਰਾਈ ॥ (1307-10)

गोबिंद ठाकुर मिलन दुराई ॥

ਪਰਮਿਤਿ ਰੂਪੁ ਅਗੰਮ ਅਗੋਚਰ ਰਹਿਓ ਸਰਬ ਸਮਾਈ ॥੧॥ ਰਹਾਉ ॥ (1307-10)

परमिति रूपु अगंम अगोचर रहिओ सरब समाई ॥१॥ रहाउ ॥

ਕਹਨਿ ਭਵਨਿ ਨਾਹੀ ਪਾਇਓ ਪਾਇਓ ਅਨਿਕ ਉਕਤਿ ਚਤੁਰਾਈ ॥੧॥ (1307-11)

कहनि भवनि नाही पाइओ पाइओ अनिक उकति चतुराई ॥१॥

ਜਤਨ ਜਤਨ ਅਨਿਕ ਉਪਾਵ ਰੇ ਤਉ ਮਿਲਿਓ ਜਉ ਕਿਰਪਾਈ ॥ (1307-12)

जतन जतन अनिक उपाव रे तउ मिलिओ जउ किरपाई ॥

ਪ੍ਰਭੂ ਦਇਆਰ ਕ੍ਰਿਪਾਰ ਕ੍ਰਿਪਾ ਨਿਧਿ ਜਨ ਨਾਨਕ ਸੰਤ ਰੇਨਾਈ ॥੨॥੨॥੪੭॥ (1307-12)

प्रभू दइआर क्रिपार क्रिपा निधि जन नानक संत रेनाई ॥२॥२॥४७॥

ਕਾਨੜਾ ਮਹਲਾ ੫ ॥ (1307-13)

कानड़ा महला ५ ॥

ਮਾਈ ਸਿਮਰਤ ਰਾਮ ਰਾਮ ਰਾਮ ॥ (1307-13)

माई सिमरत राम राम राम ॥

ਪ੍ਰਭ ਬਿਨਾ ਨਾਹੀ ਹੋਰੁ ॥ (1307-14)

प्रभ बिना नाही होरु ॥

ਚਿਤਵਉ ਚਰਨਾਰਬਿੰਦ ਸਾਸਨ ਨਿਸਿ ਭੋਰ ॥੧॥ ਰਹਾਉ ॥ (1307-14)

चितवउ चरनारबिंद सासन निसि भोर ॥१॥ रहाउ ॥

ਲਾਇ ਪ੍ਰੀਤਿ ਕੀਨ ਆਪਨ ਤੂਟਤ ਨਹੀ ਜੋਰੁ ॥ (1307-14)

लाइ प्रीति कीन आपन तूटत नही जोरु ॥

ਪ੍ਰਾਨ ਮਨੁ ਧਨੁ ਸਰਬਸੋੁ ਹਰਿ ਗੁਨ ਨਿਧੇ ਸੁਖ ਮੋਰ ॥੧॥ (1307-15)

प्रान मनु धनु सरबसो हरि गुन निधे सुख मोर ॥१॥

ਈਤ ਊਤ ਰਾਮ ਪੂਰਨੁ ਨਿਰਖਤ ਰਿਦ ਖੋਰਿ ॥ (1307-15)

ईत ऊत राम पूरनु निरखत रिद खोरि ॥

ਸੰਤ ਸਰਨ ਤਰਨ ਨਾਨਕ ਬਿਨਸਿਓ ਦੁਖੁ ਘੋਰ ॥੨॥੩॥੪੮॥ (1307-16)
संत सरन तरन नानक बिनसिओ दुखु घोर ॥२॥३॥४८॥

ਕਾਨੜਾ ਮਹਲਾ ੫ ॥ (1307-16)
कानड़ा महला ५ ॥

ਜਨ ਕੋ ਪ੍ਰਭੁ ਸੰਗੇ ਅਸਨੇਹੁ ॥ (1307-17)
जन को प्रभु संगे असनेहु ॥

ਸਾਜਨੋ ਤੂ ਮੀਤੁ ਮੇਰਾ ਗ੍ਰਿਹਿ ਤੇਰੈ ਸਭੁ ਕੇਹੁ ॥੧॥ ਰਹਾਉ ॥ (1307-17)
साजनो तू मीतु मेरा ग्रिहि तेरै सभु केहु ॥१॥ रहाउ ॥

ਮਾਨੁ ਮਾਂਗਉ ਤਾਨੁ ਮਾਂਗਉ ਧਨੁ ਲਖਮੀ ਸੁਤ ਦੇਹ ॥੧॥ (1307-17)
मानु मांगउ तानु मांगउ धनु लखमी सुत देह ॥१॥

ਮੁਕਤਿ ਜੁਗਤਿ ਭੁਗਤਿ ਪੂਰਨ ਪਰਮਾਨੰਦ ਪਰਮ ਨਿਧਾਨ ॥ (1307-18)
मुकति जुगति भुगति पूरन परमानंद परम निधान ॥

ਭੈ ਭਾਇ ਭਗਤਿ ਨਿਹਾਲ ਨਾਨਕ ਸਦਾ ਸਦਾ ਕੁਰਬਾਨ ॥੨॥੪॥੪੯॥ (1308-1)
भै भाइ भगति निहाल नानक सदा सदा कुरबान ॥२॥४॥४९॥

ਕਾਨੜਾ ਮਹਲਾ ੫ ॥ (1308-1)
कानड़ा महला ५ ॥

ਕਰਤ ਕਰਤ ਚਰਚ ਚਰਚ ਚਰਚਰੀ ॥ (1308-1)
करत करत चरच चरच चरचरी ॥

ਜੋਗ ਧਿਆਨ ਭੇਖ ਗਿਆਨ ਫਿਰਤ ਫਿਰਤ ਧਰਤ ਧਰਤ ਧਰਚਰੀ ॥੧॥ ਰਹਾਉ ॥ (1308-2)
जोग धिआन भेख गिआन फिरत फिरत धरत धरत धरचरी ॥१॥ रहाउ ॥

ਅਹੰ ਅਹੰ ਅਹੈ ਅਵਰ ਮੂੜ ਮੂੜ ਮੂੜ ਬਵਰਈ ॥ (1308-3)
अहं अहं अहै अवर मूड़ मूड़ मूड़ बवरई ॥

ਜਤਿ ਜਾਤ ਜਾਤ ਜਾਤ ਸਦਾ ਸਦਾ ਸਦਾ ਸਦਾ ਕਾਲ ਹਈ ॥੧॥ (1308-3)
जति जात जात जात सदा सदा सदा सदा काल हई ॥१॥

ਮਾਨੁ ਮਾਨੁ ਮਾਨੁ ਤਿਆਗਿ ਮਿਰਤੁ ਮਿਰਤੁ ਨਿਕਟਿ ਨਿਕਟਿ ਸਦਾ ਹਈ ॥ (1308-4)
मानु मानु मानु तिआगि मिरतु मिरतु निकटि निकटि सदा हई ॥

ਹਰਿ ਹਰੇ ਹਰੇ ਭਾਜੁ ਕਹਤੁ ਨਾਨਕੁ ਸੁਨਹੁ ਰੇ ਮੂੜ ਬਿਨੁ ਭਜਨ ਭਜਨ ਭਜਨ ਅਹਿਲਾ ਜਨਮੁ ਗਈ ॥੨॥੫॥੫੦॥੧੨॥੬੨॥ (1308-4)
हरि हरे हरे भाजु कहतु नानकु सुनहु रे मूड़ बिनु भजन भजन भजन अहिला जनमु गई ॥२॥५॥५०॥१२॥६२॥

ਕਾਨੜਾ ਅਸਟਪਦੀਆ ਮਹਲਾ ੪ ਘਰੁ ੧ (1308-6)
कानड़ा असटपदीआ महला ४ घरु १

ੴ ਸਤਿਗੁਰ ਪ੍ਰਸਾਦਿ ॥ (1308-6)
ੴ सतिगुर प्रसादि ॥

ਜਪਿ ਮਨ ਰਾਮ ਨਾਮੁ ਸੁਖੁ ਪਾਵੈਗੋ ॥ (1308-7)
जपि मन राम नामु सुखु पावैगो ॥

ਜਿਉ ਜਿਉ ਜਪੈ ਤਿਵੈ ਸੁਖੁ ਪਾਵੈ ਸਤਿਗੁਰੁ ਸੇਵਿ ਸਮਾਵੈਗੋ ॥੧॥ ਰਹਾਉ ॥ (1308-7)
जिउ जिउ जपै तिवै सुखु पावै सतिगुरु सेवि समावैगो ॥१॥ रहाउ ॥

ਭਗਤ ਜਨਾਂ ਕੀ ਖਿਨੁ ਖਿਨੁ ਲੋਚਾ ਨਾਮੁ ਜਪਤ ਸੁਖੁ ਪਾਵੈਗੋ ॥ (1308-8)
भगत जनां की खिनु खिनु लोचा नामु जपत सुखु पावैगो ॥

ਅਨ ਰਸ ਸਾਦ ਗਏ ਸਭ ਨੀਕਰਿ ਬਿਨੁ ਨਾਵੈ ਕਿਛੁ ਨ ਸੁਖਾਵੈਗੋ ॥੧॥ (1308-8)
अन रस साद गए सभ नीकरि बिनु नावै किछु न सुखावैगो ॥१॥

ਗੁਰਮਤਿ ਹਰਿ ਹਰਿ ਮੀਠਾ ਲਾਗਾ ਗੁਰੁ ਮੀਠੇ ਬਚਨ ਕਢਾਵੈਗੋ ॥ (1308-9)
गुरमति हरि हरि मीठा लागा गुरु मीठे बचन कढावैगो ॥

ਸਤਿਗੁਰ ਬਾਣੀ ਪੁਰਖੁ ਪੁਰਖੋਤਮ ਬਾਣੀ ਸਿਉ ਚਿਤੁ ਲਾਵੈਗੋ ॥੨॥ (1308-9)
सतिगुर बाणी पुरखु पुरखोतम बाणी सिउ चितु लावैगो ॥२॥

ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ ਮਨੁ ਭੀਨਾ ਨਿਜ ਘਰਿ ਆਵੈਗੋ ॥ (1308-10)
गुरबाणी सुनत मेरा मनु द्रविआ मनु भीना निज घरि आवैगो ॥

ਤਹ ਅਨਹਤ ਧੁਨੀ ਬਾਜਹਿ ਨਿਤ ਬਾਜੇ ਨੀਝਰ ਧਾਰ ਚੁਆਵੈਗੋ ॥੩॥ (1308-11)
तह अनहत धुनी बाजहि नित बाजे नीझर धार चुआवैगो ॥३॥

ਰਾਮ ਨਾਮੁ ਇਕੁ ਤਿਲ ਤਿਲ ਗਾਵੈ ਮਨੁ ਗੁਰਮਤਿ ਨਾਮਿ ਸਮਾਵੈਗੋ ॥ (1308-11)
राम नामु इकु तिल तिल गावै मनु गुरमति नामि समावैगो ॥

ਨਾਮੁ ਸੁਣੈ ਨਾਮੋ ਮਨਿ ਭਾਵੈ ਨਾਮੇ ਹੀ ਤ੍ਰਿਪਤਾਵੈਗੋ ॥੪॥ (1308-12)
नामु सुणै नामो मनि भावै नामे ही त्रिपतावैगो ॥४॥

ਕਨਿਕ ਕਨਿਕ ਪਹਿਰੇ ਬਹੁ ਕੰਗਨਾ ਕਾਪਰੁ ਭਾਂਤਿ ਬਨਾਵੈਗੋ ॥ (1308-12)
कनिक कनिक पहिरे बहु कंगना कापरु भांति बनावैगो ॥

ਨਾਮ ਬਿਨਾ ਸਭਿ ਫੀਕ ਫਿਕਾਨੇ ਜਨਮਿ ਮਰੈ ਫਿਰਿ ਆਵੈਗੋ ॥੫॥ (1308-13)
नाम बिना सभि फीक फिकाने जनमि मरै फिरि आवैगो ॥५॥

ਮਾਇਆ ਪਟਲ ਪਟਲ ਹੈ ਭਾਰੀ ਘਰੁ ਘੂਮਨਿ ਘੇਰਿ ਘੁਲਾਵੈਗੋ ॥ (1308-14)
माइआ पटल पटल है भारी घरु घूमनि घेरि घुलावैगो ॥

ਪਾਪ ਬਿਕਾਰ ਮਨੂਰ ਸਭਿ ਭਾਰੇ ਬਿਖੁ ਦੁਤਰੁ ਤਰਿਓ ਨ ਜਾਵੈਗੋ ॥੬॥ (1308-14)
पाप बिकार मनूर सभि भारे बिखु दुतरु तरिओ न जावैगो ॥६॥

ਭਉ ਬੈਰਾਗੁ ਭਇਆ ਹੈ ਬੋਹਿਥੁ ਗੁਰੁ ਖੇਵਟੁ ਸਬਦਿ ਤਰਾਵੈਗੋ ॥ (1308-15)
भउ बैरागु भइआ है बोहिथु गुरु खेवटु सबदि तरावैगो ॥

ਰਾਮ ਨਾਮੁ ਹਰਿ ਭੇਟੀਐ ਹਰਿ ਰਾਮੈ ਨਾਮਿ ਸਮਾਵੈਗੋ ॥੭॥ (1308-16)
राम नामु हरि भेटीऐ हरि रामै नामि समावैगो ॥७॥

ਅਗਿਆਨਿ ਲਾਇ ਸਵਾਲਿਆ ਗੁਰ ਗਿਆਨੈ ਲਾਇ ਜਗਾਵੈਗੋ ॥ (1308-16)
अगिआनि लाइ सवालिआ गुर गिआनै लाइ जगावैगो ॥

ਨਾਨਕ ਭਾਣੈ ਆਪਣੈ ਜਿਉ ਭਾਵੈ ਤਿਵੈ ਚਲਾਵੈਗੋ ॥੮॥੧॥ (1308-17)
नानक भाणै आपणै जिउ भावै तिवै चलावैगो ॥८॥१॥

ਕਾਨੜਾ ਮਹਲਾ ੪ ॥ (1308-17)
कानड़ा महला ४ ॥

ਜਪਿ ਮਨ ਹਰਿ ਹਰਿ ਨਾਮੁ ਤਰਾਵੈਗੋ ॥ (1308-17)
जपि मन हरि हरि नामु तरावैगो ॥

ਜੋ ਜੋ ਜਪੈ ਸੋਈ ਗਤਿ ਪਾਵੈ ਜਿਉ ਧ੍ਰੂ ਪ੍ਰਹਿਲਾਦੁ ਸਮਾਵੈਗੋ ॥੧॥ ਰਹਾਉ ॥ (1308-18)
जो जो जपै सोई गति पावै जिउ ध्रू प्रहिलादु समावैगो ॥१॥ रहाउ ॥

ਕ੍ਰਿਪਾ ਕ੍ਰਿਪਾ ਕ੍ਰਿਪਾ ਕਰਿ ਹਰਿ ਜੀਉ ਕਰਿ ਕਿਰਪਾ ਨਾਮਿ ਲਗਾਵੈਗੋ ॥ (1309-1)
क्रिपा क्रिपा क्रिपा करि हरि जीउ करि किरपा नामि लगावैगो ॥

ਕਰਿ ਕਿਰਪਾ ਸਤਿਗੁਰੂ ਮਿਲਾਵਹੁ ਮਿਲਿ ਸਤਿਗੁਰ ਨਾਮੁ ਧਿਆਵੈਗੋ ॥੧॥ (1309-1)
करि किरपा सतिगुरू मिलावहु मिलि सतिगुर नामु धिआवैगो ॥१॥

ਜਨਮ ਜਨਮ ਕੀ ਹਉਮੈ ਮਲੁ ਲਾਗੀ ਮਿਲਿ ਸੰਗਤਿ ਮਲੁ ਲਹਿ ਜਾਵੈਗੋ ॥ (1309-2)
जनम जनम की हउमै मलु लागी मिलि संगति मलु लहि जावैगो ॥

ਜਿਉ ਲੋਹਾ ਤਰਿਓ ਸੰਗਿ ਕਾਸਟ ਲਗਿ ਸਬਦਿ ਗੁਰੂ ਹਰਿ ਪਾਵੈਗੋ ॥੨॥ (1309-3)
जिउ लोहा तरिओ संगि कासट लगि सबदि गुरू हरि पावैगो ॥२॥

ਸੰਗਤਿ ਸੰਤ ਮਿਲਹੁ ਸਤਸੰਗਤਿ ਮਿਲਿ ਸੰਗਤਿ ਹਰਿ ਰਸੁ ਆਵੈਗੋ ॥ (1309-3)
संगति संत मिलहु सतसंगति मिलि संगति हरि रसु आवैगो ॥

ਬਿਨੁ ਸੰਗਤਿ ਕਰਮ ਕਰੈ ਅਭਿਮਾਨੀ ਕਢਿ ਪਾਣੀ ਚੀਕੜੁ ਪਾਵੈਗੋ ॥੩॥ (1309-4)
बिनु संगति करम करै अभिमानी कढि पाणी चीकड़ु पावैगो ॥३॥

ਭਗਤ ਜਨਾ ਕੇ ਹਰਿ ਰਖਵਾਰੇ ਜਨ ਹਰਿ ਰਸੁ ਮੀਠ ਲਗਾਵੈਗੋ ॥ (1309-5)
भगत जना के हरि रखवारे जन हरि रसु मीठ लगावैगो ॥

ਖਿਨੁ ਖਿਨੁ ਨਾਮੁ ਦੇਇ ਵਡਿਆਈ ਸਤਿਗੁਰ ਉਪਦੇਸਿ ਸਮਾਵੈਗੋ ॥੪॥ (1309-5)
खिनु खिनु नामु देइ वडिआई सतिगुर उपदेसि समावैगो ॥४॥

ਭਗਤ ਜਨਾ ਕਉ ਸਦਾ ਨਿਵਿ ਰਹੀਐ ਜਨ ਨਿਵਹਿ ਤਾ ਫਲ ਗੁਨ ਪਾਵੈਗੋ ॥ (1309-6)
भगत जना कउ सदा निवि रहीऐ जन निवहि ता फल गुन पावैगो ॥

ਜੋ ਨਿੰਦਾ ਦੁਸਟ ਕਰਹਿ ਭਗਤਾ ਕੀ ਹਰਨਾਖਸ ਜਿਉ ਪਚਿ ਜਾਵੈਗੋ ॥੫॥ (1309-6)
जो निंदा दुसट करहि भगता की हरनाखस जिउ पचि जावैगो ॥५॥

ਬ੍ਰਹਮ ਕਮਲ ਪੁਤੁ ਮੀਨ ਬਿਆਸਾ ਤਪੁ ਤਾਪਨ ਪੂਜ ਕਰਾਵੈਗੋ ॥ (1309-7)
ब्रहम कमल पुतु मीन बिआसा तपु तापन पूज करावैगो ॥

ਜੋ ਜੋ ਭਗਤੁ ਹੋਇ ਸੋ ਪੂਜਹੁ ਭਰਮਨ ਭਰਮੁ ਚੁਕਾਵੈਗੋ ॥੬॥ (1309-8)
जो जो भगतु होइ सो पूजहु भरमन भरमु चुकावैगो ॥६॥

ਜਾਤ ਨਜਾਤਿ ਦੇਖਿ ਮਤ ਭਰਮਹੁ ਸੁਕ ਜਨਕ ਪਗੀਂ ਲਗਿ ਧਿਆਵੈਗੋ ॥ (1309-8)
जात नजाति देखि मत भरमहु सुक जनक पगीं लगि धिआवैगो ॥

ਜੂਠਨ ਜੂਠਿ ਪਈ ਸਿਰ ਊਪਰਿ ਖਿਨੁ ਮਨੂਆ ਤਿਲੁ ਨ ਡੁਲਾਵੈਗੋ ॥੭॥ (1309-9)
जूठन जूठि पई सिर ऊपरि खिनु मनूआ तिलु न डुलावैगो ॥७॥

ਜਨਕ ਜਨਕ ਬੈਠੇ ਸਿੰਘਾਸਨਿ ਨਉ ਮੁਨੀ ਧੂਰਿ ਲੈ ਲਾਵੈਗੋ ॥ (1309-10)
जनक जनक बैठे सिंघासनि नउ मुनी धूरि लै लावैगो ॥

ਨਾਨਕ ਕ੍ਰਿਪਾ ਕ੍ਰਿਪਾ ਕਰਿ ਠਾਕੁਰ ਮੈ ਦਾਸਨਿ ਦਾਸ ਕਰਾਵੈਗੋ ॥੮॥੨॥ (1309-10)
नानक क्रिपा क्रिपा करि ठाकुर मै दासनि दास करावैगो ॥८॥२॥

ਕਾਨੜਾ ਮਹਲਾ ੪ ॥ (1309-11)
कानड़ा महला ४ ॥

ਮਨੁ ਗੁਰਮਤਿ ਰਸਿ ਗੁਨ ਗਾਵੈਗੋ ॥ (1309-11)
मनु गुरमति रसि गुन गावैगो ॥

ਜਿਹਵਾ ਏਕ ਹੋਇ ਲਖ ਕੋਟੀ ਲਖ ਕੋਟੀ ਕੋਟਿ ਧਿਆਵੈਗੋ ॥੧॥ ਰਹਾਉ ॥ (1309-12)
जिहवा एक होइ लख कोटी लख कोटी कोटि धिआवैगो ॥१॥ रहाउ ॥

ਸਹਸ ਫਨੀ ਜਪਿਓ ਸੇਖਨਾਗੈ ਹਰਿ ਜਪਤਿਆ ਅੰਤੁ ਨ ਪਾਵੈਗੋ ॥ (1309-12)
सहस फनी जपिओ सेखनागै हरि जपतिआ अंतु न पावैगो ॥

ਤੂ ਅਥਾਹੁ ਅਤਿ ਅਗਮੁ ਅਗਮੁ ਹੈ ਮਤਿ ਗੁਰਮਤਿ ਮਨੁ ਠਹਰਾਵੈਗੋ ॥੧॥ (1309-13)
तू अथाहु अति अगमु अगमु है मति गुरमति मनु ठहरावैगो ॥१॥

ਜਿਨ ਤੂ ਜਪਿਓ ਤੇਈ ਜਨ ਨੀਕੇ ਹਰਿ ਜਪਤਿਅਹੁ ਕਉ ਸੁਖੁ ਪਾਵੈਗੋ ॥ (1309-14)
जिन तू जपिओ तेई जन नीके हरि जपतिअहु कउ सुखु पावैगो ॥

ਬਿਦਰ ਦਾਸੀ ਸੁਤੁ ਛੋਕ ਛੋਹਰਾ ਕ੍ਰਿਸਨੁ ਅੰਕਿ ਗਲਿ ਲਾਵੈਗੋ ॥੨॥ (1309-14)
बिदर दासी सुतु छोक छोहरा क्रिसनु अंकि गलि लावैगो ॥२॥

ਜਲ ਤੇ ਓਪਤਿ ਭਈ ਹੈ ਕਾਸਟ ਕਾਸਟ ਅੰਗਿ ਤਰਾਵੈਗੋ ॥ (1309-15)
जल ते ओपति भई है कासट कासट अंगि तरावैगो ॥

ਰਾਮ ਜਨਾ ਹਰਿ ਆਪਿ ਸਵਾਰੇ ਅਪਨਾ ਬਿਰਦੁ ਰਖਾਵੈਗੋ ॥੩॥ (1309-15)
राम जना हरि आपि सवारे अपना बिरदु रखावैगो ॥३॥

ਹਮ ਪਾਥਰ ਲੋਹ ਲੋਹ ਬਡ ਪਾਥਰ ਗੁਰ ਸੰਗਤਿ ਨਾਵ ਤਰਾਵੈਗੋ ॥ (1309-16)
हम पाथर लोह लोह बड पाथर गुर संगति नाव तरावैगो ॥

ਜਿਉ ਸਤਸੰਗਤਿ ਤਰਿਓ ਜੁਲਾਹੋ ਸੰਤ ਜਨਾ ਮਨਿ ਭਾਵੈਗੋ ॥੪॥ (1309-17)
जिउ सतसंगति तरिओ जुलाहो संत जना मनि भावैगो ॥४॥

ਖਰੇ ਖਰੋਏ ਬੈਠਤ ਊਠਤ ਮਾਰਗਿ ਪੰਥਿ ਧਿਆਵੈਗੋ ॥ (1309-17)
खरे खरोए बैठत ऊठत मारगि पंथि धिआवैगो ॥

ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥੫॥ (1309-18)
सतिगुर बचन बचन है सतिगुर पाधरु मुकति जनावैगो ॥५॥

ਸਾਸਨਿ ਸਾਸਿ ਸਾਸਿ ਬਲੁ ਪਾਈ ਹੈ ਨਿਹਸਾਸਨਿ ਨਾਮੁ ਧਿਆਵੈਗੋ ॥ (1309-18)
सासनि सासि सासि बलु पाई है निहसासनि नामु धिआवैगो ॥

ਗੁਰ ਪਰਸਾਦੀ ਹਉਮੈ ਬੂਝੈ ਤੌ ਗੁਰਮਤਿ ਨਾਮਿ ਸਮਾਵੈਗੋ ॥੬॥ (1309-19)
गुर परसादी हउमै बूझै तौ गुरमति नामि समावैगो ॥६॥

ਸਤਿਗੁਰੁ ਦਾਤਾ ਜੀਅ ਜੀਅਨ ਕੋ ਭਾਗਹੀਨ ਨਹੀ ਭਾਵੈਗੋ ॥ (1310-1)
सतिगुरु दाता जीअ जीअन को भागहीन नही भावैगो ॥

ਫਿਰਿ ਏਹ ਵੇਲਾ ਹਾਥਿ ਨ ਆਵੈ ਪਰਤਾਪੈ ਪਛੁਤਾਵੈਗੋ ॥੭॥ (1310-1)
फिरि एह वेला हाथि न आवै परतापै पछुतावैगो ॥७॥

ਜੇ ਕੋ ਭਲਾ ਲੋੜੈ ਭਲ ਅਪਨਾ ਗੁਰ ਆਗੈ ਢਹਿ ਢਹਿ ਪਾਵੈਗੋ ॥ (1310-2)
जे को भला लोड़ै भल अपना गुर आगै ढहि ढहि पावैगो ॥

ਨਾਨਕ ਦਇਆ ਦਇਆ ਕਰਿ ਠਾਕੁਰ ਮੈ ਸਤਿਗੁਰ ਭਸਮ ਲਗਾਵੈਗੋ ॥੮॥੩॥ (1310-2)
नानक दइआ दइआ करि ठाकुर मै सतिगुर भसम लगावैगो ॥८॥३॥

ਕਾਨੜਾ ਮਹਲਾ ੪ ॥ (1310-3)
कानड़ा महला ४ ॥

ਮਨੁ ਹਰਿ ਰੰਗਿ ਰਾਤਾ ਗਾਵੈਗੋ ॥ (1310-3)
मनु हरि रंगि राता गावैगो ॥

ਭੈ ਭੈ ਤ੍ਰਾਸ ਭਏ ਹੈ ਨਿਰਮਲ ਗੁਰਮਤਿ ਲਾਗਿ ਲਗਾਵੈਗੋ ॥੧॥ ਰਹਾਉ ॥ (1310-4)
भै भै त्रास भए है निरमल गुरमति लागि लगावैगो ॥१॥ रहाउ ॥

ਹਰਿ ਰੰਗਿ ਰਾਤਾ ਸਦ ਬੈਰਾਗੀ ਹਰਿ ਨਿਕਟਿ ਤਿਨਾ ਘਰਿ ਆਵੈਗੋ ॥ (1310-4)
हरि रंगि राता सद बैरागी हरि निकटि तिना घरि आवैगो ॥

ਤਿਨ ਕੀ ਪੰਕ ਮਿਲੈ ਤਾਂ ਜੀਵਾ ਕਰਿ ਕਿਰਪਾ ਆਪਿ ਦਿਵਾਵੈਗੋ ॥੧॥ (1310-5)
तिन की पंक मिलै तां जीवा करि किरपा आपि दिवावैगो ॥१॥

ਦੁਬਿਧਾ ਲੋਭਿ ਲਗੇ ਹੈ ਪ੍ਰਾਣੀ ਮਨਿ ਕੋਰੈ ਰੰਗੁ ਨ ਆਵੈਗੋ ॥ (1310-6)
दुबिधा लोभि लगे है प्राणी मनि कोरै रंगु न आवैगो ॥

ਫਿਰਿ ਉਲਟਿਓ ਜਨਮੁ ਹੋਵੈ ਗੁਰ ਬਚਨੀ ਗੁਰੁ ਪੁਰਖੁ ਮਿਲੈ ਰੰਗੁ ਲਾਵੈਗੋ ॥੨॥ (1310-6)
फिरि उलटिओ जनमु होवै गुर बचनी गुरु पुरखु मिलै रंगु लावैगो ॥२॥

ਇੰਦ੍ਰੀ ਦਸੇ ਦਸੇ ਫੁਨਿ ਧਾਵਤ ਤ੍ਰੈ ਗੁਣੀਆ ਖਿਨੁ ਨ ਟਿਕਾਵੈਗੋ ॥ (1310-7)
इंद्री दसे दसे फुनि धावत त्रै गुणीआ खिनु न टिकावैगो ॥

ਸਤਿਗੁਰ ਪਰਚੈ ਵਸਗਤਿ ਆਵੈ ਮੋਖ ਮੁਕਤਿ ਸੋ ਪਾਵੈਗੋ ॥੩॥ (1310-8)
सतिगुर परचै वसगति आवै मोख मुकति सो पावैगो ॥३॥

ਓਅੰਕਾਰਿ ਏਕੋ ਰਵਿ ਰਹਿਆ ਸਭੁ ਏਕਸ ਮਾਹਿ ਸਮਾਵੈਗੋ ॥ (1310-8)
ओअंकारि एको रवि रहिआ सभु एकस माहि समावैगो ॥

ਏਕੋ ਰੂਪੁ ਏਕੋ ਬਹੁ ਰੰਗੀ ਸਭੁ ਏਕਤੁ ਬਚਨਿ ਚਲਾਵੈਗੋ ॥੪॥ (1310-9)
एको रूपु एको बहु रंगी सभु एकतु बचनि चलावैगो ॥४॥

ਗੁਰਮੁਖਿ ਏਕੋ ਏਕੁ ਪਛਾਤਾ ਗੁਰਮੁਖਿ ਹੋਇ ਲਖਾਵੈਗੋ ॥ (1310-9)
गुरमुखि एको एकु पछाता गुरमुखि होइ लखावैगो ॥

ਗੁਰਮੁਖਿ ਜਾਇ ਮਿਲੈ ਨਿਜ ਮਹਲੀ ਅਨਹਦ ਸਬਦੁ ਬਜਾਵੈਗੋ ॥੫॥ (1310-10)
गुरमुखि जाइ मिलै निज महली अनहद सबदु बजावैगो ॥५॥

ਜੀਅ ਜੰਤ ਸਭ ਸਿਸਟਿ ਉਪਾਈ ਗੁਰਮੁਖਿ ਸੋਭਾ ਪਾਵੈਗੋ ॥ (1310-11)
जीअ जंत सभ सिसटि उपाई गुरमुखि सोभा पावैगो ॥

ਬਿਨੁ ਗੁਰ ਭੇਟੇ ਕੋ ਮਹਲੁ ਨ ਪਾਵੈ ਆਇ ਜਾਇ ਦੁਖੁ ਪਾਵੈਗੋ ॥੬॥ (1310-11)
बिनु गुर भेटे को महलु न पावै आइ जाइ दुखु पावैगो ॥६॥

ਅਨੇਕ ਜਨਮ ਵਿਛੁੜੇ ਮੇਰੇ ਪ੍ਰੀਤਮ ਕਰਿ ਕਿਰਪਾ ਗੁਰੂ ਮਿਲਾਵੈਗੋ ॥ (1310-12)
अनेक जनम विछुड़े मेरे प्रीतम करि किरपा गुरू मिलावैगो ॥

ਸਤਿਗੁਰ ਮਿਲਤ ਮਹਾ ਸੁਖੁ ਪਾਇਆ ਮਤਿ ਮਲੀਨ ਬਿਗਸਾਵੈਗੋ ॥੭॥ (1310-12)
सतिगुर मिलत महा सुखु पाइआ मति मलीन बिगसावैगो ॥७॥

ਹਰਿ ਹਰਿ ਕ੍ਰਿਪਾ ਕਰਹੁ ਜਗਜੀਵਨ ਮੈ ਸਰਧਾ ਨਾਮਿ ਲਗਾਵੈਗੋ ॥ (1310-13)
हरि हरि क्रिपा करहु जगजीवन मै सरधा नामि लगावैगो ॥

ਨਾਨਕ ਗੁਰੂ ਗੁਰੂ ਹੈ ਸਤਿਗੁਰੁ ਮੈ ਸਤਿਗੁਰੁ ਸਰਨਿ ਮਿਲਾਵੈਗੋ ॥੮॥੪॥ (1310-14)
नानक गुरू गुरू है सतिगुरु मै सतिगुरु सरनि मिलावैगो ॥८॥४॥

ਕਾਨੜਾ ਮਹਲਾ ੪ ॥ (1310-15)
कानड़ा महला ४ ॥

ਮਨ ਗੁਰਮਤਿ ਚਾਲ ਚਲਾਵੈਗੋ ॥ (1310-15)
मन गुरमति चाल चलावैगो ॥

ਜਿਉ ਮੈਗਲੁ ਮਸਤੁ ਦੀਜੈ ਤਲਿ ਕੁੰਡੇ ਗੁਰ ਅੰਕਸੁ ਸਬਦੁ ਦ੍ਰਿੜਾਵੈਗੋ ॥੧॥ ਰਹਾਉ ॥ (1310-15)
जिउ मैगलु मसतु दीजै तलि कुंडे गुर अंकसु सबदु द्रिड़ावैगो ॥१॥ रहाउ ॥

ਚਲਤੌ ਚਲੈ ਚਲੈ ਦਹ ਦਹ ਦਿਸਿ ਗੁਰੁ ਰਾਖੈ ਹਰਿ ਲਿਵ ਲਾਵੈਗੋ ॥ (1310-16)
चलतौ चलै चलै दह दह दिसि गुरु राखै हरि लिव लावैगो ॥

ਸਤਿਗੁਰੁ ਸਬਦੁ ਦੇਇ ਰਿਦ ਅੰਤਰਿ ਮੁਖਿ ਅੰਮ੍ਰਿਤੁ ਨਾਮੁ ਚੁਆਵੈਗੋ ॥੧॥ (1310-16)
सतिगुरु सबदु देइ रिद अंतरि मुखि अमृतु नामु चुआवैगो ॥१॥

ਬਿਸੀਅਰ ਬਿਸੂ ਭਰੇ ਹੈ ਪੂਰਨ ਗੁਰੁ ਗਰੁੜ ਸਬਦੁ ਮੁਖਿ ਪਾਵੈਗੋ ॥ (1310-17)
बिसीअर बिसू भरे है पूरन गुरु गरुड़ सबदु मुखि पावैगो ॥

ਮਾਇਆ ਭੁਇਅੰਗ ਤਿਸੁ ਨੇੜਿ ਨ ਆਵੈ ਬਿਖੁ ਝਾਰਿ ਝਾਰਿ ਲਿਵ ਲਾਵੈਗੋ ॥੨॥ (1310-18)
माइआ भुइअंग तिसु नेड़ि न आवै बिखु झारि झारि लिव लावैगो ॥२॥

ਸੁਆਨੁ ਲੋਭੁ ਨਗਰ ਮਹਿ ਸਬਲਾ ਗੁਰੁ ਖਿਨ ਮਹਿ ਮਾਰਿ ਕਢਾਵੈਗੋ ॥ (1310-19)
सुआनु लोभु नगर महि सबला गुरु खिन महि मारि कढावैगो ॥

ਸਤੁ ਸੰਤੋਖੁ ਧਰਮੁ ਆਨਿ ਰਾਖੇ ਹਰਿ ਨਗਰੀ ਹਰਿ ਗੁਨ ਗਾਵੈਗੋ ॥੩॥ (1310-19)
सतु संतोखु धरमु आनि राखे हरि नगरी हरि गुन गावैगो ॥३॥

ਪੰਕਜ ਮੋਹ ਨਿਘਰਤੁ ਹੈ ਪ੍ਰਾਨੀ ਗੁਰੁ ਨਿਘਰਤ ਕਾਢਿ ਕਢਾਵੈਗੋ ॥ (1311-1)
पंकज मोह निघरतु है प्रानी गुरु निघरत काढि कढावैगो ॥

ਤ੍ਰਾਹਿ ਤ੍ਰਾਹਿ ਸਰਨਿ ਜਨ ਆਏ ਗੁਰੁ ਹਾਥੀ ਦੇ ਨਿਕਲਾਵੈਗੋ ॥੪॥ (1311-2)
त्राहि त्राहि सरनि जन आए गुरु हाथी दे निकलावैगो ॥४॥

ਸੁਪਨੰਤਰੁ ਸੰਸਾਰੁ ਸਭੁ ਬਾਜੀ ਸਭੁ ਬਾਜੀ ਖੇਲੁ ਖਿਲਾਵੈਗੋ ॥ (1311-2)
सुपनंतरु संसारु सभु बाजी सभु बाजी खेलु खिलावैगो ॥

ਲਾਹਾ ਨਾਮੁ ਗੁਰਮਤਿ ਲੈ ਚਾਲਹੁ ਹਰਿ ਦਰਗਹ ਪੈਧਾ ਜਾਵੈਗੋ ॥੫॥ (1311-3)
लाहा नामु गुरमति लै चालहु हरि दरगह पैधा जावैगो ॥५॥

ਹਉਮੈ ਕਰੈ ਕਰਾਵੈ ਹਉਮੈ ਪਾਪ ਕੋਇਲੇ ਆਨਿ ਜਮਾਵੈਗੋ ॥ (1311-3)
हउमै करै करावै हउमै पाप कोइले आनि जमावैगो ॥

ਆਇਆ ਕਾਲੁ ਦੁਖਦਾਈ ਹੋਏ ਜੋ ਬੀਜੇ ਸੋ ਖਵਲਾਵੈਗੋ ॥੬॥ (1311-4)
आइआ कालु दुखदाई होए जो बीजे सो खवलावैगो ॥६॥

ਸੰਤਹੁ ਰਾਮ ਨਾਮੁ ਧਨੁ ਸੰਚਹੁ ਲੈ ਖਰਚੁ ਚਲੇ ਪਤਿ ਪਾਵੈਗੋ ॥ (1311-4)
संतहु राम नामु धनु संचहु लै खरचु चले पति पावैगो ॥

ਖਾਇ ਖਰਚਿ ਦੇਵਹਿ ਬਹੁਤੇਰਾ ਹਰਿ ਦੇਦੇ ਤੋਟਿ ਨ ਆਵੈਗੋ ॥੭॥ (1311-5)
खाइ खरचि देवहि बहुतेरा हरि देदे तोटि न आवैगो ॥७॥

ਰਾਮ ਨਾਮ ਧਨੁ ਹੈ ਰਿਦ ਅੰਤਰਿ ਧਨੁ ਗੁਰ ਸਰਣਾਈ ਪਾਵੈਗੋ ॥ (1311-6)
राम नाम धनु है रिद अंतरि धनु गुर सरणाई पावैगो ॥

ਨਾਨਕ ਦਇਆ ਦਇਆ ਕਰਿ ਦੀਨੀ ਦੁਖੁ ਦਾਲਦੁ ਭੰਜਿ ਸਮਾਵੈਗੋ ॥੮॥੫॥ (1311-6)
नानक दइआ दइआ करि दीनी दुखु दालदु भंजि समावैगो ॥८॥५॥

ਕਾਨੜਾ ਮਹਲਾ ੪ ॥ (1311-7)
कानड़ा महला ४ ॥

ਮਨੁ ਸਤਿਗੁਰ ਸਰਨਿ ਧਿਆਵੈਗੋ ॥ (1311-7)
मनु सतिगुर सरनि धिआवैगो ॥

ਲੋਹਾ ਹਿਰਨੁ ਹੋਵੈ ਸੰਗਿ ਪਾਰਸ ਗੁਨੁ ਪਾਰਸ ਕੋ ਹੋਇ ਆਵੈਗੋ ॥੧॥ ਰਹਾਉ ॥ (1311-8)
लोहा हिरनु होवै संगि पारस गुनु पारस को होइ आवैगो ॥१॥ रहाउ ॥

ਸਤਿਗੁਰੁ ਮਹਾ ਪੁਰਖੁ ਹੈ ਪਾਰਸੁ ਜੋ ਲਾਗੈ ਸੋ ਫਲੁ ਪਾਵੈਗੋ ॥ (1311-8)
सतिगुरु महा पुरखु है पारसु जो लागै सो फलु पावैगो ॥

ਜਿਉ ਗੁਰ ਉਪਦੇਸਿ ਤਰੇ ਪ੍ਰਹਿਲਾਦਾ ਗੁਰੁ ਸੇਵਕ ਪੈਜ ਰਖਾਵੈਗੋ ॥੧॥ (1311-9)
जिउ गुर उपदेसि तरे प्रहिलादा गुरु सेवक पैज रखावैगो ॥१॥

ਸਤਿਗੁਰ ਬਚਨੁ ਬਚਨੁ ਹੈ ਨੀਕੋ ਗੁਰ ਬਚਨੀ ਅੰਮ੍ਰਿਤੁ ਪਾਵੈਗੋ ॥ (1311-10)
सतिगुर बचनु बचनु है नीको गुर बचनी अमृतु पावैगो ॥

ਜਿਉ ਅੰਬਰੀਕਿ ਅਮਰਾ ਪਦ ਪਾਏ ਸਤਿਗੁਰ ਮੁਖ ਬਚਨ ਧਿਆਵੈਗੋ ॥੨॥ (1311-10)
जिउ अम्बरीकि अमरा पद पाए सतिगुर मुख बचन धिआवैगो ॥२॥

ਸਤਿਗੁਰ ਸਰਨਿ ਸਰਨਿ ਮਨਿ ਭਾਈ ਸੁਧਾ ਸੁਧਾ ਕਰਿ ਧਿਆਵੈਗੋ ॥ (1311-11)
सतिगुर सरनि सरनि मनि भाई सुधा सुधा करि धिआवैगो ॥

ਦਇਆਲ ਦੀਨ ਭਏ ਹੈ ਸਤਿਗੁਰ ਹਰਿ ਮਾਰਗੁ ਪੰਥੁ ਦਿਖਾਵੈਗੋ ॥੩॥ (1311-11)
दइआल दीन भए है सतिगुर हरि मारगु पंथु दिखावैगो ॥३॥

ਸਤਿਗੁਰ ਸਰਨਿ ਪਏ ਸੇ ਥਾਪੇ ਤਿਨ ਰਾਖਨ ਕਉ ਪ੍ਰਭੁ ਆਵੈਗੋ ॥ (1311-12)
सतिगुर सरनि पए से थापे तिन राखन कउ प्रभु आवैगो ॥

ਜੇ ਕੋ ਸਰੁ ਸੰਧੈ ਜਨ ਊਪਰਿ ਫਿਰਿ ਉਲਟੋ ਤਿਸੈ ਲਗਾਵੈਗੋ ॥੪॥ (1311-13)
जे को सरु संधै जन ऊपरि फिरि उलटो तिसै लगावैगो ॥४॥

ਹਰਿ ਹਰਿ ਹਰਿ ਹਰਿ ਹਰਿ ਸਰੁ ਸੇਵਹਿ ਤਿਨ ਦਰਗਹ ਮਾਨੁ ਦਿਵਾਵੈਗੋ ॥ (1311-13)
हरि हरि हरि हरि हरि सरु सेवहि तिन दरगह मानु दिवावैगो ॥

ਗੁਰਮਤਿ ਗੁਰਮਤਿ ਗੁਰਮਤਿ ਧਿਆਵਹਿ ਹਰਿ ਗਲਿ ਮਿਲਿ ਮੇਲਿ ਮਿਲਾਵੈਗੋ ॥੫॥ (1311-14)
गुरमति गुरमति गुरमति धिआवहि हरि गलि मिलि मेलि मिलावैगो ॥५॥

ਗੁਰਮੁਖਿ ਨਾਦੁ ਬੇਦੁ ਹੈ ਗੁਰਮੁਖਿ ਗੁਰ ਪਰਚੈ ਨਾਮੁ ਧਿਆਵੈਗੋ ॥ (1311-15)
गुरमुखि नादु बेदु है गुरमुखि गुर परचै नामु धिआवैगो ॥

ਹਰਿ ਹਰਿ ਰੂਪੁ ਹਰਿ ਰੂਪੋ ਹੋਵੈ ਹਰਿ ਜਨ ਕਉ ਪੂਜ ਕਰਾਵੈਗੋ ॥੬॥ (1311-15)
हरि हरि रूपु हरि रूपो होवै हरि जन कउ पूज करावैगो ॥६॥

ਸਾਕਤ ਨਰ ਸਤਿਗੁਰੁ ਨਹੀ ਕੀਆ ਤੇ ਬੇਮੁਖ ਹਰਿ ਭਰਮਾਵੈਗੋ ॥ (1311-16)
साकत नर सतिगुरु नही कीआ ते बेमुख हरि भरमावैगो ॥

ਲੋਭ ਲਹਰਿ ਸੁਆਨ ਕੀ ਸੰਗਤਿ ਬਿਖੁ ਮਾਇਆ ਕਰੰਗਿ ਲਗਾਵੈਗੋ ॥੭॥ (1311-17)
लोभ लहरि सुआन की संगति बिखु माइआ करंगि लगावैगो ॥७॥

ਰਾਮ ਨਾਮੁ ਸਭ ਜਗ ਕਾ ਤਾਰਕੁ ਲਗਿ ਸੰਗਤਿ ਨਾਮੁ ਧਿਆਵੈਗੋ ॥ (1311-17)
राम नामु सभ जग का तारकु लगि संगति नामु धिआवैगो ॥

ਨਾਨਕ ਰਾਖੁ ਰਾਖੁ ਪ੍ਰਭ ਮੇਰੇ ਸਤਸੰਗਤਿ ਰਾਖਿ ਸਮਾਵੈਗੋ ॥੮॥੬॥ ਛਕਾ ੧ ॥ (1311-18)
नानक राखु राखु प्रभ मेरे सतसंगति राखि समावैगो ॥८॥६॥ छका १ ॥

ਕਾਨੜਾ ਛੰਤ ਮਹਲਾ ੫ (1312-1)
कानड़ा छंत महला ५

ੴ ਸਤਿਗੁਰ ਪ੍ਰਸਾਦਿ ॥ (1312-1)
ੴ सतिगुर प्रसादि ॥

ਸੇ ਉਧਰੇ ਜਿਨ ਰਾਮ ਧਿਆਏ ॥ (1312-2)
से उधरे जिन राम धिआए ॥

ਜਤਨ ਮਾਇਆ ਕੇ ਕਾਮਿ ਨ ਆਏ ॥ (1312-2)
जतन माइआ के कामि न आए ॥

ਰਾਮ ਧਿਆਏ ਸਭਿ ਫਲ ਪਾਏ ਧਨਿ ਧੰਨਿ ਤੇ ਬਡਭਾਗੀਆ ॥ (1312-2)
राम धिआए सभि फल पाए धनि धंनि ते बडभागीआ ॥

ਸਤਸੰਗਿ ਜਾਗੇ ਨਾਮਿ ਲਾਗੇ ਏਕ ਸਿਉ ਲਿਵ ਲਾਗੀਆ ॥ (1312-3)
सतसंगि जागे नामि लागे एक सिउ लिव लागीआ ॥

ਤਜਿ ਮਾਨ ਮੋਹ ਬਿਕਾਰ ਸਾਧੂ ਲਗਿ ਤਰਉ ਤਿਨ ਕੈ ਪਾਏ ॥ (1312-3)
तजि मान मोह बिकार साधू लगि तरउ तिन कै पाए ॥

ਬਿਨਵੰਤਿ ਨਾਨਕ ਸਰਣਿ ਸੁਆਮੀ ਬਡਭਾਗਿ ਦਰਸਨੁ ਪਾਏ ॥੧॥ (1312-4)
बिनवंति नानक सरणि सुआमी बडभागि दरसनु पाए ॥१॥

ਮਿਲਿ ਸਾਧੂ ਨਿਤ ਭਜਹ ਨਾਰਾਇਣ ॥ (1312-5)
मिलि साधू नित भजह नाराइण ॥

ਰਸਕਿ ਰਸਕਿ ਸੁਆਮੀ ਗੁਣ ਗਾਇਣ ॥ (1312-5)
रसकि रसकि सुआमी गुण गाइण ॥

ਗੁਣ ਗਾਇ ਜੀਵਹ ਹਰਿ ਅਮਿਉ ਪੀਵਹ ਜਨਮ ਮਰਣਾ ਭਾਗਏ ॥ (1312-5)
गुण गाइ जीवह हरि अमिउ पीवह जनम मरणा भागए ॥

ਸਤਸੰਗਿ ਪਾਈਐ ਹਰਿ ਧਿਆਈਐ ਬਹੁੜਿ ਦੂਖੁ ਨ ਲਾਗਏ ॥ (1312-6)
सतसंगि पाईऐ हरि धिआईऐ बहुड़ि दूखु न लागए ॥

ਕਰਿ ਦਇਆ ਦਾਤੇ ਪੁਰਖ ਬਿਧਾਤੇ ਸੰਤ ਸੇਵ ਕਮਾਇਣ ॥ (1312-6)
करि दइआ दाते पुरख बिधाते संत सेव कमाइण ॥

ਬਿਨਵੰਤਿ ਨਾਨਕ ਜਨ ਧੂਰਿ ਬਾਂਛਹਿ ਹਰਿ ਦਰਸਿ ਸਹਜਿ ਸਮਾਇਣ ॥੨॥ (1312-7)
बिनवंति नानक जन धूरि बांछहि हरि दरसि सहजि समाइण ॥२॥

ਸਗਲੇ ਜੰਤ ਭਜਹੁ ਗੋਪਾਲੈ ॥ (1312-8)
सगले जंत भजहु गोपालै ॥

ਜਪ ਤਪ ਸੰਜਮ ਪੂਰਨ ਘਾਲੈ ॥ (1312-8)
जप तप संजम पूरन घालै ॥

ਨਿਤ ਭਜਹੁ ਸੁਆਮੀ ਅੰਤਰਜਾਮੀ ਸਫਲ ਜਨਮੁ ਸਬਾਇਆ ॥ (1312-8)
नित भजहु सुआमी अंतरजामी सफल जनमु सबाइआ ॥

ਗੋਬਿਦੁ ਗਾਈਐ ਨਿਤ ਧਿਆਈਐ ਪਰਵਾਣੁ ਸੋਈ ਆਇਆ ॥ (1312-9)
गोबिदु गाईऐ नित धिआईऐ परवाणु सोई आइआ ॥

ਜਪ ਤਾਪ ਸੰਜਮ ਹਰਿ ਹਰਿ ਨਿਰੰਜਨ ਗੋਬਿੰਦ ਧਨੁ ਸੰਗਿ ਚਾਲੈ ॥ (1312-10)
जप ताप संजम हरि हरि निरंजन गोबिंद धनु संगि चालै ॥

ਬਿਨਵੰਤਿ ਨਾਨਕ ਕਰਿ ਦਇਆ ਦੀਜੈ ਹਰਿ ਰਤਨੁ ਬਾਧਉ ਪਾਲੈ ॥੩॥ (1312-10)
बिनवंति नानक करि दइआ दीजै हरि रतनु बाधउ पालै ॥३॥

ਮੰਗਲਚਾਰ ਚੋਜ ਆਨੰਦਾ ॥ (1312-11)
मंगलचार चोज आनंदा ॥

ਕਰਿ ਕਿਰਪਾ ਮਿਲੇ ਪਰਮਾਨੰਦਾ ॥ (1312-11)
करि किरपा मिले परमानंदा ॥

ਪ੍ਰਭ ਮਿਲੇ ਸੁਆਮੀ ਸੁਖਹਗਾਮੀ ਇਛ ਮਨ ਕੀ ਪੁੰਨੀਆ ॥ (1312-11)
प्रभ मिले सुआमी सुखहगामी इछ मन की पुंनीआ ॥

ਬਜੀ ਬਧਾਈ ਸਹਜੇ ਸਮਾਈ ਬਹੁੜਿ ਦੂਖਿ ਨ ਰੁੰਨੀਆ ॥ (1312-12)
बजी बधाई सहजे समाई बहुड़ि दूखि न रुंनीआ ॥

ਲੇ ਕੰਠਿ ਲਾਏ ਸੁਖ ਦਿਖਾਏ ਬਿਕਾਰ ਬਿਨਸੇ ਮੰਦਾ ॥ (1312-13)
ले कंठि लाए सुख दिखाए बिकार बिनसे मंदा ॥

ਬਿਨਵੰਤਿ ਨਾਨਕ ਮਿਲੇ ਸੁਆਮੀ ਪੁਰਖ ਪਰਮਾਨੰਦਾ ॥੪॥੧॥ (1312-13)
बिनवंति नानक मिले सुआमी पुरख परमानंदा ॥४॥१॥

ਕਾਨੜੇ ਕੀ ਵਾਰ ਮਹਲਾ ੪ ਮੂਸੇ ਕੀ ਵਾਰ ਕੀ ਧੁਨੀ (1312-15)
कानड़े की वार महला ४ मूसे की वार की धुनी

ੴ ਸਤਿਗੁਰ ਪ੍ਰਸਾਦਿ ॥ (1312-15)
ੴ सतिगुर प्रसादि ॥

ਸਲੋਕ ਮਃ ੪ ॥ (1312-16)
सलोक मः ४ ॥

ਰਾਮ ਨਾਮੁ ਨਿਧਾਨੁ ਹਰਿ ਗੁਰਮਤਿ ਰਖੁ ਉਰ ਧਾਰਿ ॥ (1312-16)
राम नामु निधानु हरि गुरमति रखु उर धारि ॥

ਦਾਸਨ ਦਾਸਾ ਹੋਇ ਰਹੁ ਹਉਮੈ ਬਿਖਿਆ ਮਾਰਿ ॥ (1312-16)
दासन दासा होइ रहु हउमै बिखिआ मारि ॥

ਜਨਮੁ ਪਦਾਰਥੁ ਜੀਤਿਆ ਕਦੇ ਨ ਆਵੈ ਹਾਰਿ ॥ (1312-17)
जनमु पदारथु जीतिआ कदे न आवै हारि ॥

ਧਨੁ ਧਨੁ ਵਡਭਾਗੀ ਨਾਨਕਾ ਜਿਨ ਗੁਰਮਤਿ ਹਰਿ ਰਸੁ ਸਾਰਿ ॥੧॥ (1312-17)
धनु धनु वडभागी नानका जिन गुरमति हरि रसु सारि ॥१॥

ਮਃ ੪ ॥ (1312-18)
मः ४ ॥

ਗੋਵਿੰਦੁ ਗੋਵਿਦੁ ਗੋਵਿਦੁ ਹਰਿ ਗੋਵਿਦੁ ਗੁਣੀ ਨਿਧਾਨੁ ॥ (1312-18)
गोविंदु गोविदु गोविदु हरि गोविदु गुणी निधानु ॥

ਗੋਵਿਦੁ ਗੋਵਿਦੁ ਗੁਰਮਤਿ ਧਿਆਈਐ ਤਾਂ ਦਰਗਹ ਪਾਈਐ ਮਾਨੁ ॥ (1312-18)
गोविदु गोविदु गुरमति धिआईऐ तां दरगह पाईऐ मानु ॥

ਗੋਵਿਦੁ ਗੋਵਿਦੁ ਗੋਵਿਦੁ ਜਪਿ ਮੁਖੁ ਊਜਲਾ ਪਰਧਾਨੁ ॥ (1313-1)
गोविदु गोविदु गोविदु जपि मुखु ऊजला परधानु ॥

ਨਾਨਕ ਗੁਰੁ ਗੋਵਿੰਦੁ ਹਰਿ ਜਿਤੁ ਮਿਲਿ ਹਰਿ ਪਾਇਆ ਨਾਮੁ ॥੨॥ (1313-2)
नानक गुरु गोविंदु हरि जितु मिलि हरि पाइआ नामु ॥२॥

ਪਉੜੀ ॥ (1313-2)
पउड़ी ॥

ਤੂੰ ਆਪੇ ਹੀ ਸਿਧ ਸਾਧਿਕੋ ਤੂ ਆਪੇ ਹੀ ਜੁਗ ਜੋਗੀਆ ॥ (1313-2)
तूं आपे ही सिध साधिको तू आपे ही जुग जोगीआ ॥

ਤੂ ਆਪੇ ਹੀ ਰਸ ਰਸੀਅੜਾ ਤੂ ਆਪੇ ਹੀ ਭੋਗ ਭੋਗੀਆ ॥ (1313-3)
तू आपे ही रस रसीअड़ा तू आपे ही भोग भोगीआ ॥

ਤੂ ਆਪੇ ਆਪਿ ਵਰਤਦਾ ਤੂ ਆਪੇ ਕਰਹਿ ਸੁ ਹੋਗੀਆ ॥ (1313-3)
तू आपे आपि वरतदा तू आपे करहि सु होगीआ ॥

ਸਤਸੰਗਤਿ ਸਤਿਗੁਰ ਧੰਨੁ ਧਨੋੁ ਧੰਨ ਧੰਨ ਧਨੋ ਜਿਤੁ ਮਿਲਿ ਹਰਿ ਬੁਲਗ ਬੁਲੋਗੀਆ ॥ (1313-4)
सतसंगति सतिगुर धंनु धनो धंन धंन धनो जितु मिलि हरि बुलग बुलोगीआ ॥

ਸਭਿ ਕਹਹੁ ਮੁਖਹੁ ਹਰਿ ਹਰਿ ਹਰੇ ਹਰਿ ਹਰਿ ਹਰੇ ਹਰਿ ਬੋਲਤ ਸਭਿ ਪਾਪ ਲਹੋਗੀਆ ॥੧॥ (1313-5)
सभि कहहु मुखहु हरि हरि हरे हरि हरि हरे हरि बोलत सभि पाप लहोगीआ ॥१॥

ਸਲੋਕ ਮਃ ੪ ॥ (1313-6)
सलोक मः ४ ॥

ਹਰਿ ਹਰਿ ਹਰਿ ਹਰਿ ਨਾਮੁ ਹੈ ਗੁਰਮੁਖਿ ਪਾਵੈ ਕੋਇ ॥ (1313-6)
हरि हरि हरि हरि नामु है गुरमुखि पावै कोइ ॥

ਹਉਮੈ ਮਮਤਾ ਨਾਸੁ ਹੋਇ ਦੁਰਮਤਿ ਕਢੈ ਧੋਇ ॥ (1313-6)
हउमै ममता नासु होइ दुरमति कढै धोइ ॥

ਨਾਨਕ ਅਨਦਿਨੁ ਗੁਣ ਉਚਰੈ ਜਿਨ ਕਉ ਧੁਰਿ ਲਿਖਿਆ ਹੋਇ ॥੧॥ (1313-7)
नानक अनदिनु गुण उचरै जिन कउ धुरि लिखिआ होइ ॥१॥

ਮਃ ੪ ॥ (1313-7)
मः ४ ॥

ਹਰਿ ਆਪੇ ਆਪਿ ਦਇਆਲੁ ਹਰਿ ਆਪੇ ਕਰੇ ਸੁ ਹੋਇ ॥ (1313-7)
हरि आपे आपि दइआलु हरि आपे करे सु होइ ॥

ਹਰਿ ਆਪੇ ਆਪਿ ਵਰਤਦਾ ਹਰਿ ਜੇਵਡੁ ਅਵਰੁ ਨ ਕੋਇ ॥ (1313-8)
हरि आपे आपि वरतदा हरि जेवडु अवरु न कोइ ॥

ਜੋ ਹਰਿ ਪ੍ਰਭ ਭਾਵੈ ਸੋ ਥੀਐ ਜੋ ਹਰਿ ਪ੍ਰਭੁ ਕਰੇ ਸੁ ਹੋਇ ॥ (1313-9)
जो हरि प्रभ भावै सो थीऐ जो हरि प्रभु करे सु होइ ॥

ਕੀਮਤਿ ਕਿਨੈ ਨ ਪਾਈਆ ਬੇਅੰਤੁ ਪ੍ਰਭੂ ਹਰਿ ਸੋਇ ॥ (1313-9)
कीमति किनै न पाईआ बेअंतु प्रभू हरि सोइ ॥

ਨਾਨਕ ਗੁਰਮੁਖਿ ਹਰਿ ਸਾਲਾਹਿਆ ਤਨੁ ਮਨੁ ਸੀਤਲੁ ਹੋਇ ॥੨॥ (1313-10)
नानक गुरमुखि हरि सालाहिआ तनु मनु सीतलु होइ ॥२॥

ਪਉੜੀ ॥ (1313-10)
पउड़ी ॥

ਸਭ ਜੋਤਿ ਤੇਰੀ ਜਗਜੀਵਨਾ ਤੂ ਘਟਿ ਘਟਿ ਹਰਿ ਰੰਗ ਰੰਗਨਾ ॥ (1313-10)
सभ जोति तेरी जगजीवना तू घटि घटि हरि रंग रंगना ॥

ਸਭਿ ਧਿਆਵਹਿ ਤੁਧੁ ਮੇਰੇ ਪ੍ਰੀਤਮਾ ਤੂ ਸਤਿ ਸਤਿ ਪੁਰਖ ਨਿਰੰਜਨਾ ॥ (1313-11)
सभि धिआवहि तुधु मेरे प्रीतमा तू सति सति पुरख निरंजना ॥

ਇਕੁ ਦਾਤਾ ਸਭੁ ਜਗਤੁ ਭਿਖਾਰੀਆ ਹਰਿ ਜਾਚਹਿ ਸਭ ਮੰਗ ਮੰਗਨਾ ॥ (1313-11)
इकु दाता सभु जगतु भिखारीआ हरि जाचहि सभ मंग मंगना ॥

ਸੇਵਕੁ ਠਾਕੁਰੁ ਸਭੁ ਤੂਹੈ ਤੂਹੈ ਗੁਰਮਤੀ ਹਰਿ ਚੰਗ ਚੰਗਨਾ ॥ (1313-12)
सेवकु ठाकुरु सभु तूहै तूहै गुरमती हरि चंग चंगना ॥

ਸਭਿ ਕਹਹੁ ਮੁਖਹੁ ਰਿਖੀਕੇਸੁ ਹਰੇ ਰਿਖੀਕੇਸੁ ਹਰੇ ਜਿਤੁ ਪਾਵਹਿ ਸਭ ਫਲ ਫਲਨਾ ॥੨॥ (1313-13)
सभि कहहु मुखहु रिखीकेसु हरे रिखीकेसु हरे जितु पावहि सभ फल फलना ॥२॥

ਸਲੋਕ ਮਃ ੪ ॥ (1313-14)
सलोक मः ४ ॥

ਹਰਿ ਹਰਿ ਨਾਮੁ ਧਿਆਇ ਮਨ ਹਰਿ ਦਰਗਹ ਪਾਵਹਿ ਮਾਨੁ ॥ (1313-14)
हरि हरि नामु धिआइ मन हरि दरगह पावहि मानु ॥

ਜੋ ਇਛਹਿ ਸੋ ਫਲੁ ਪਾਇਸੀ ਗੁਰ ਸਬਦੀ ਲਗੈ ਧਿਆਨੁ ॥ (1313-14)
जो इछहि सो फलु पाइसी गुर सबदी लगै धिआनु ॥

ਕਿਲਵਿਖ ਪਾਪ ਸਭਿ ਕਟੀਅਹਿ ਹਉਮੈ ਚੁਕੈ ਗੁਮਾਨੁ ॥ (1313-15)
किलविख पाप सभि कटीअहि हउमै चुकै गुमानु ॥

ਗੁਰਮੁਖਿ ਕਮਲੁ ਵਿਗਸਿਆ ਸਭੁ ਆਤਮ ਬ੍ਰਹਮੁ ਪਛਾਨੁ ॥ (1313-15)
गुरमुखि कमलु विगसिआ सभु आतम ब्रहमु पछानु ॥

ਹਰਿ ਹਰਿ ਕਿਰਪਾ ਧਾਰਿ ਪ੍ਰਭ ਜਨ ਨਾਨਕ ਜਪਿ ਹਰਿ ਨਾਮੁ ॥੧॥ (1313-16)
हरि हरि किरपा धारि प्रभ जन नानक जपि हरि नामु ॥१॥

ਮਃ ੪ ॥ (1313-17)
म: ४ ॥

ਹਰਿ ਹਰਿ ਨਾਮੁ ਪਵਿਤੁ ਹੈ ਨਾਮੁ ਜਪਤ ਦੁਖੁ ਜਾਇ ॥ (1313-17)
हरि हरि नामु पवितु है नामु जपत दुखु जाइ ॥

ਜਿਨ ਕਉ ਪੂਰਬਿ ਲਿਖਿਆ ਤਿਨ ਮਨਿ ਵਸਿਆ ਆਇ ॥ (1313-17)
जिन कउ पूरबि लिखिआ तिन मनि वसिआ आइ ॥

ਸਤਿਗੁਰ ਕੈ ਭਾਣੈ ਜੋ ਚਲੈ ਤਿਨ ਦਾਲਦੁ ਦੁਖੁ ਲਹਿ ਜਾਇ ॥ (1313-18)
सतिगुर कै भाणै जो चलै तिन दालदु दुखु लहि जाइ ॥

ਆਪਣੈ ਭਾਣੈ ਕਿਨੈ ਨ ਪਾਇਓ ਜਨ ਵੇਖਹੁ ਮਨਿ ਪਤੀਆਇ ॥ (1313-18)
आपणै भाणै किनै न पाइओ जन वेखहु मनि पतीआइ ॥

ਜਨੁ ਨਾਨਕੁ ਦਾਸਨ ਦਾਸੁ ਹੈ ਜੋ ਸਤਿਗੁਰ ਲਾਗੇ ਪਾਇ ॥੨॥ (1313-19)
जनु नानकु दासन दासु है जो सतिगुर लागे पाइ ॥२॥

ਪਉੜੀ ॥ (1313-19)
पउड़ी ॥

ਤੂੰ ਥਾਨ ਥਨੰਤਰਿ ਭਰਪੂਰੁ ਹਹਿ ਕਰਤੇ ਸਭ ਤੇਰੀ ਬਣਤ ਬਣਾਵਣੀ ॥ (1314-1)
तूं थान थनंतरि भरपूरु हहि करते सभ तेरी बणत बणावणी ॥

ਰੰਗ ਪਰੰਗ ਸਿਸਟਿ ਸਭ ਸਾਜੀ ਬਹੁ ਬਹੁ ਬਿਧਿ ਭਾਂਤਿ ਉਪਾਵਣੀ ॥ (1314-1)
रंग परंग सिसटि सभ साजी बहु बहु बिधि भांति उपावणी ॥

ਸਭ ਤੇਰੀ ਜੋਤਿ ਜੋਤੀ ਵਿਚਿ ਵਰਤਹਿ ਗੁਰਮਤੀ ਤੁਧੈ ਲਾਵਣੀ ॥ (1314-2)
सभ तेरी जोति जोती विचि वरतहि गुरमती तुधै लावणी ॥

ਜਿਨ ਹੋਹਿ ਦਇਆਲੁ ਤਿਨ ਸਤਿਗੁਰੁ ਮੇਲਹਿ ਮੁਖਿ ਗੁਰਮੁਖਿ ਹਰਿ ਸਮਝਾਵਣੀ ॥ (1314-2)
जिन होहि दइआलु तिन सतिगुरु मेलहि मुखि गुरमुखि हरि समझावणी ॥

ਸਭਿ ਬੋਲਹੁ ਰਾਮ ਰਮੋ ਸ੍ਰੀ ਰਾਮ ਰਮੋ ਜਿਤੁ ਦਾਲਦੁ ਦੁਖ ਭੁਖ ਸਭ ਲਹਿ ਜਾਵਣੀ ॥੩॥ (1314-3)
सभि बोलहु राम रमो स्री राम रमो जितु दालदु दुख भुख सभ लहि जावणी ॥३॥

ਸਲੋਕ ਮਃ ੪ ॥ (1314-4)
सलोक मः ४ ॥

ਹਰਿ ਹਰਿ ਅੰਮ੍ਰਿਤੁ ਨਾਮ ਰਸੁ ਹਰਿ ਅੰਮ੍ਰਿਤੁ ਹਰਿ ਉਰ ਧਾਰਿ ॥ (1314-4)
हरि हरि अमृतु नाम रसु हरि अमृतु हरि उर धारि ॥

ਵਿਚਿ ਸੰਗਤਿ ਹਰਿ ਪ੍ਰਭੁ ਵਰਤਦਾ ਬੁਝਹੁ ਸਬਦ ਵੀਚਾਰਿ ॥ (1314-5)
विचि संगति हरि प्रभु वरतदा बुझहु सबद वीचारि ॥

ਮਨਿ ਹਰਿ ਹਰਿ ਨਾਮੁ ਧਿਆਇਆ ਬਿਖੁ ਹਉਮੈ ਕਢੀ ਮਾਰਿ ॥ (1314-5)
मनि हरि हरि नामु धिआइआ बिखु हउमै कढी मारि ॥

ਜਿਨ ਹਰਿ ਹਰਿ ਨਾਮੁ ਨ ਚੇਤਿਓ ਤਿਨ ਜੂਐ ਜਨਮੁ ਸਭੁ ਹਾਰਿ ॥ (1314-6)
जिन हरि हरि नामु न चेतिओ तिन जूऐ जनमु सभु हारि ॥

ਗੁਰਿ ਤੁਠੈ ਹਰਿ ਚੇਤਾਇਆ ਹਰਿ ਨਾਮਾ ਹਰਿ ਉਰ ਧਾਰਿ ॥ (1314-6)
गुरि तुठै हरि चेताइआ हरि नामा हरि उर धारि ॥

ਜਨ ਨਾਨਕ ਤੇ ਮੁਖ ਉਜਲੇ ਤਿਤੁ ਸਚੈ ਦਰਬਾਰਿ ॥੧॥ (1314-7)
जन नानक ते मुख उजले तितु सचै दरबारि ॥१॥

ਮਃ ੪ ॥ (1314-8)
मः ४ ॥

ਹਰਿ ਕੀਰਤਿ ਉਤਮੁ ਨਾਮੁ ਹੈ ਵਿਚਿ ਕਲਿਜੁਗ ਕਰਣੀ ਸਾਰੁ ॥ (1314-8)
हरि कीरति उतमु नामु है विचि कलिजुग करणी सारु ॥

ਮਤਿ ਗੁਰਮਤਿ ਕੀਰਤਿ ਪਾਈਐ ਹਰਿ ਨਾਮਾ ਹਰਿ ਉਰਿ ਹਾਰੁ ॥ (1314-8)
मति गुरमति कीरति पाईऐ हरि नामा हरि उरि हारु ॥

ਵਡਭਾਗੀ ਜਿਨ ਹਰਿ ਧਿਆਇਆ ਤਿਨ ਸਉਪਿਆ ਹਰਿ ਭੰਡਾਰੁ ॥ (1314-9)
वडभागी जिन हरि धिआइआ तिन सउपिआ हरि भंडारु ॥

ਬਿਨੁ ਨਾਵੈ ਜਿ ਕਰਮ ਕਮਾਵਣੇ ਨਿਤ ਹਉਮੈ ਹੋਇ ਖੁਆਰੁ ॥ (1314-9)
बिनु नावै जि करम कमावणे नित हउमै होइ खुआरु ॥

ਜਲਿ ਹਸਤੀ ਮਲਿ ਨਾਵਾਲੀਐ ਸਿਰਿ ਭੀ ਫਿਰਿ ਪਾਵੈ ਛਾਰੁ ॥ (1314-10)
जलि हसती मलि नावालीऐ सिरि भी फिरि पावै छारु ॥

ਹਰਿ ਮੇਲਹੁ ਸਤਿਗੁਰੁ ਦਇਆ ਕਰਿ ਮਨਿ ਵਸੈ ਏਕੰਕਾਰੁ ॥ (1314-11)
हरि मेलहु सतिगुरु दइआ करि मनि वसै एकंकारु ॥

ਜਿਨ ਗੁਰਮੁਖਿ ਸੁਣਿ ਹਰਿ ਮੰਨਿਆ ਜਨ ਨਾਨਕ ਤਿਨ ਜੈਕਾਰੁ ॥੨॥ (1314-11)
जिन गुरमुखि सुणि हरि मंनिआ जन नानक तिन जैकारु ॥२॥

ਪਉੜੀ ॥ (1314-12)
पउड़ी ॥

ਰਾਮ ਨਾਮੁ ਵਖਰੁ ਹੈ ਊਤਮੁ ਹਰਿ ਨਾਇਕੁ ਪੁਰਖੁ ਹਮਾਰਾ ॥ (1314-12)
राम नामु वखरु है ऊतमु हरि नाइकु पुरखु हमारा ॥

ਹਰਿ ਖੇਲੁ ਕੀਆ ਹਰਿ ਆਪੇ ਵਰਤੈ ਸਭੁ ਜਗਤੁ ਕੀਆ ਵਣਜਾਰਾ ॥ (1314-12)
हरि खेलु कीआ हरि आपे वरतै सभु जगतु कीआ वणजारा ॥

ਸਭ ਜੋਤਿ ਤੇਰੀ ਜੋਤੀ ਵਿਚਿ ਕਰਤੇ ਸਭੁ ਸਚੁ ਤੇਰਾ ਪਾਸਾਰਾ ॥ (1314-13)
सभ जोति तेरी जोती विचि करते सभु सचु तेरा पासारा ॥

ਸਭਿ ਧਿਆਵਹਿ ਤੁਧੁ ਸਫਲ ਸੇ ਗਾਵਹਿ ਗੁਰਮਤੀ ਹਰਿ ਨਿਰੰਕਾਰਾ ॥ (1314-14)
सभि धिआवहि तुधु सफल से गावहि गुरमती हरि निरंकारा ॥

ਸਭਿ ਚਵਹੁ ਮੁਖਹੁ ਜਗੰਨਾਥੁ ਜਗੰਨਾਥੁ ਜਗਜੀਵਨੋ ਜਿਤੁ ਭਵਜਲ ਪਾਰਿ ਉਤਾਰਾ ॥੪॥ (1314-14)
सभि चवहु मुखहु जगंनाथु जगंनाथु जगजीवनो जितु भवजल पारि उतारा ॥४॥

ਸਲੋਕ ਮਃ ੪ ॥ (1314-15)
सलोक मः ४ ॥

ਹਮਰੀ ਜਿਹਬਾ ਏਕ ਪ੍ਰਭ ਹਰਿ ਕੇ ਗੁਣ ਅਗਮ ਅਥਾਹ ॥ (1314-15)
हमरी जिहबा एक प्रभ हरि के गुण अगम अथाह ॥

ਹਮ ਕਿਉ ਕਰਿ ਜਪਹ ਇਆਣਿਆ ਹਰਿ ਤੁਮ ਵਡ ਅਗਮ ਅਗਾਹ ॥ (1314-16)
हम किउ करि जपह इआणिआ हरि तुम वड अगम अगाह ॥

ਹਰਿ ਦੇਹੁ ਪ੍ਰਭੂ ਮਤਿ ਊਤਮਾ ਗੁਰ ਸਤਿਗੁਰ ਕੈ ਪਗਿ ਪਾਹ ॥ (1314-16)
हरि देहु प्रभू मति ऊतमा गुर सतिगुर कै पगि पाह ॥

ਸਤਸੰਗਤਿ ਹਰਿ ਮੇਲਿ ਪ੍ਰਭ ਹਮ ਪਾਪੀ ਸੰਗਿ ਤਰਾਹ ॥ (1314-17)
सतसंगति हरि मेलि प्रभ हम पापी संगि तराह ॥

ਜਨ ਨਾਨਕ ਕਉ ਹਰਿ ਬਖਸਿ ਲੈਹੁ ਹਰਿ ਤੁਠੈ ਮੇਲਿ ਮਿਲਾਹ ॥ (1314-17)
जन नानक कउ हरि बखसि लैहु हरि तुठै मेलि मिलाह ॥

ਹਰਿ ਕਿਰਪਾ ਕਰਿ ਸੁਣਿ ਬੇਨਤੀ ਹਮ ਪਾਪੀ ਕਿਰਮ ਤਰਾਹ ॥੧॥ (1314-18)
हरि किरपा करि सुणि बेनती हम पापी किरम तराह ॥१॥

ਮਃ ੪ ॥ (1314-19)
मः ४ ॥

ਹਰਿ ਕਰਹੁ ਕ੍ਰਿਪਾ ਜਗਜੀਵਨਾ ਗੁਰ ਸਤਿਗੁਰ ਮੇਲਿ ਦਇਆਲੁ ॥ (1314-19)
हरि करहु क्रिपा जगजीवना गुरु सतिगुरु मेलि दइआलु ॥

ਗੁਰ ਸੇਵਾ ਹਰਿ ਹਮ ਭਾਈਆ ਹਰਿ ਹੋਆ ਹਰਿ ਕਿਰਪਾਲੁ ॥ (1314-19)
गुर सेवा हरि हम भाईआ हरि होआ हरि किरपालु ॥

ਸਭ ਆਸਾ ਮਨਸਾ ਵਿਸਰੀ ਮਨਿ ਚੂਕਾ ਆਲ ਜੰਜਾਲੁ ॥ (1315-1)
सभ आसा मनसा विसरी मनि चूका आल जंजालु ॥

ਗੁਰਿ ਤੁਠੈ ਨਾਮੁ ਦ੍ਰਿੜਾਇਆ ਹਮ ਕੀਏ ਸਬਦਿ ਨਿਹਾਲੁ ॥ (1315-1)
गुरि तुठै नामु द्रिड़ाइआ हम कीए सबदि निहालु ॥

ਜਨ ਨਾਨਕਿ ਅਤੁਟੁ ਧਨੁ ਪਾਇਆ ਹਰਿ ਨਾਮਾ ਹਰਿ ਧਨੁ ਮਾਲੁ ॥੨॥ (1315-2)
जन नानकि अतुटु धनु पाइआ हरि नामा हरि धनु मालु ॥२॥

ਪਉੜੀ ॥ (1315-3)
पउड़ी ॥

ਹਰਿ ਤੁਮ੍ ਵਡ ਵਡੇ ਵਡੇ ਵਡ ਊਚੇ ਸਭ ਊਪਰਿ ਵਡੇ ਵਡੌਨਾ ॥ (1315-3)
हरि तुम्ह वड वडे वडे वड ऊचे सभ ऊपरि वडे वडौना ॥

ਜੋ ਧਿਆਵਹਿ ਹਰਿ ਅਪਰੰਪਰੁ ਹਰਿ ਹਰਿ ਹਰਿ ਧਿਆਇ ਹਰੇ ਤੇ ਹੋਨਾ ॥ (1315-3)
जो धिआवहि हरि अपरंपरु हरि हरि हरि धिआइ हरे ते होना ॥

ਜੋ ਗਾਵਹਿ ਸੁਣਹਿ ਤੇਰਾ ਜਸੁ ਸੁਆਮੀ ਤਿਨ ਕਾਟੇ ਪਾਪ ਕਟੋਨਾ ॥ (1315-4)
जो गावहि सुणहि तेरा जसु सुआमी तिन काटे पाप कटोना ॥

ਤੁਮ ਜੈਸੇ ਹਰਿ ਪੁਰਖ ਜਾਨੇ ਮਤਿ ਗੁਰਮਤਿ ਮੁਖਿ ਵਡ ਵਡ ਭਾਗ ਵਡੋਨਾ ॥ (1315-4)
तुम जैसे हरि पुरख जाने मति गुरमति मुखि वड वड भाग वडोना ॥

ਸਭਿ ਧਿਆਵਹੁ ਆਦਿ ਸਤੇ ਜੁਗਾਦਿ ਸਤੇ ਪਰਤਖਿ ਸਤੇ ਸਦਾ ਸਦਾ ਸਤੇ ਜਨੁ ਨਾਨਕੁ ਦਾਸੁ ਦਸੋਨਾ ॥੫॥ (1315-5)
सभि धिआवहु आदि सते जुगादि सते परतखि सते सदा सदा सते जनु नानकु दासु दसोना ॥५॥

ਸਲੋਕ ਮਃ ੪ ॥ (1315-6)
सलोक मः ४ ॥

ਹਮਰੇ ਹਰਿ ਜਗਜੀਵਨਾ ਹਰਿ ਜਪਿਓ ਹਰਿ ਗੁਰ ਮੰਤ ॥ (1315-6)
हमरे हरि जगजीवना हरि जपिओ हरि गुर मंत ॥

ਹਰਿ ਅਗਮੁ ਅਗੋਚਰੁ ਅਗਮੁ ਹਰਿ ਹਰਿ ਮਿਲਿਆ ਆਇ ਅਚਿੰਤ ॥ (1315-7)
हरि अगमु अगोचरु अगमु हरि हरि मिलिआ आइ अचिंत ॥

ਹਰਿ ਆਪੇ ਘਟਿ ਘਟਿ ਵਰਤਦਾ ਹਰਿ ਆਪੇ ਆਪਿ ਬਿਅੰਤ ॥ (1315-7)
हरि आपे घटि घटि वरतदा हरि आपे आपि बिअंत ॥

ਹਰਿ ਆਪੇ ਸਭ ਰਸ ਭੋਗਦਾ ਹਰਿ ਆਪੇ ਕਵਲਾ ਕੰਤ ॥ (1315-8)
हरि आपे सभ रस भोगदा हरि आपे कवला कंत ॥

ਹਰਿ ਆਪੇ ਭਿਖਿਆ ਪਾਇਦਾ ਸਭ ਸਿਸਟਿ ਉਪਾਈ ਜੀਅ ਜੰਤ ॥ (1315-8)
हरि आपे भिखिआ पाइदा सभ सिसटि उपाई जीअ जंत ॥

ਹਰਿ ਦੇਵਹੁ ਦਾਨੁ ਦਇਆਲ ਪ੍ਰਭ ਹਰਿ ਮਾਂਗਹਿ ਹਰਿ ਜਨ ਸੰਤ ॥ (1315-9)
हरि देवहु दानु दइआल प्रभ हरि मांगहि हरि जन संत ॥

ਜਨ ਨਾਨਕ ਕੇ ਪ੍ਰਭ ਆਇ ਮਿਲੁ ਹਮ ਗਾਵਹ ਹਰਿ ਗੁਣ ਛੰਤ ॥੧॥ (1315-10)
जन नानक के प्रभ आइ मिलु हम गावह हरि गुण छंत ॥१॥

ਮਃ ੪ ॥ (1315-10)
मः ४ ॥

ਹਰਿ ਪ੍ਰਭੁ ਸਜਣੁ ਨਾਮੁ ਹਰਿ ਮੈ ਮਨਿ ਤਨਿ ਨਾਮੁ ਸਰੀਰਿ ॥ (1315-10)
हरि प्रभु सजणु नामु हरि मै मनि तनि नामु सरीरि ॥

ਸਭਿ ਆਸਾ ਗੁਰਮੁਖਿ ਪੂਰੀਆ ਜਨ ਨਾਨਕ ਸੁਣਿ ਹਰਿ ਧੀਰ ॥੨॥ (1315-11)
सभि आसा गुरमुखि पूरीआ जन नानक सुणि हरि धीर ॥२॥

ਪਉੜੀ ॥ (1315-12)
पउड़ी ॥

ਹਰਿ ਊਤਮੁ ਹਰਿਆ ਨਾਮੁ ਹੈ ਹਰਿ ਪੁਰਖੁ ਨਿਰੰਜਨੁ ਮਉਲਾ ॥ (1315-12)
हरि ऊतमु हरिआ नामु है हरि पुरखु निरंजनु मउला ॥

ਜੋ ਜਪਦੇ ਹਰਿ ਹਰਿ ਦਿਨਸੁ ਰਾਤਿ ਤਿਨ ਸੇਵੇ ਚਰਨ ਨਿਤ ਕਉਲਾ ॥ (1315-12)
जो जपदे हरि हरि दिनसु राति तिन सेवे चरन नित कउला ॥

ਨਿਤ ਸਾਰਿ ਸਮ੍ਹਾਲੇ ਸਭ ਜੀਅ ਜੰਤ ਹਰਿ ਵਸੈ ਨਿਕਟਿ ਸਭ ਜਉਲਾ ॥ (1315-13)
नित सारि सम्हाले सभ जीअ जंत हरि वसै निकटि सभ जउला ॥

ਸੋ ਬੂਝੈ ਜਿਸੁ ਆਪਿ ਬੁਝਾਇਸੀ ਜਿਸੁ ਸਤਿਗੁਰੁ ਪੁਰਖੁ ਪ੍ਰਭੁ ਸਉਲਾ ॥ (1315-13)
सो बूझै जिसु आपि बुझाइसी जिसु सतिगुरु पुरखु प्रभु सउला ॥

ਸਭਿ ਗਾਵਹੁ ਗੁਣ ਗੋਵਿੰਦ ਹਰੇ ਗੋਵਿੰਦ ਹਰੇ ਗੋਵਿੰਦ ਹਰੇ ਗੁਣ ਗਾਵਤ ਗੁਣੀ ਸਮਉਲਾ ॥੬॥ (1315-14)
सभि गावहु गुण गोविंद हरे गोविंद हरे गोविंद हरे गुण गावत गुणी समउला ॥६॥

ਸਲੋਕ ਮਃ ੪ ॥ (1315-15)
सलोक मः ४ ॥

ਸੁਤਿਆ ਹਰਿ ਪ੍ਰਭੁ ਚੇਤਿ ਮਨਿ ਹਰਿ ਸਹਜਿ ਸਮਾਧਿ ਸਮਾਇ ॥ (1315-15)
सुतिआ हरि प्रभु चेति मनि हरि सहजि समाधि समाइ ॥

ਜਨ ਨਾਨਕ ਹਰਿ ਹਰਿ ਚਾਉ ਮਨਿ ਗੁਰੁ ਤੁਠਾ ਮੇਲੇ ਮਾਇ ॥੧॥ (1315-16)
जन नानक हरि हरि चाउ मनि गुरु तुठा मेले माइ ॥१॥

ਮਃ ੪ ॥ (1315-16)
मः ४ ॥

ਹਰਿ ਇਕਸੁ ਸੇਤੀ ਪਿਰਹੜੀ ਹਰਿ ਇਕੋ ਮੇਰੈ ਚਿਤਿ ॥ (1315-16)
हरि इकसु सेती पिरहड़ी हरि इको मेरै चिति ॥

ਜਨ ਨਾਨਕ ਇਕੁ ਅਧਾਰੁ ਹਰਿ ਪ੍ਰਭ ਇਕਸ ਤੇ ਗਤਿ ਪਤਿ ॥੨॥ (1315-17)
जन नानक इकु अधारु हरि प्रभ इकस ते गति पति ॥२॥

ਪਉੜੀ ॥ (1315-18)
पउड़ी ॥

ਪੰਚੇ ਸਬਦ ਵਜੇ ਮਤਿ ਗੁਰਮਤਿ ਵਡਭਾਗੀ ਅਨਹਦੁ ਵਜਿਆ ॥ (1315-18)
पंचे सबद वजे मति गुरमति वडभागी अनहदु वजिआ ॥

ਆਨਦ ਮੂਲੁ ਰਾਮੁ ਸਭੁ ਦੇਖਿਆ ਗੁਰ ਸਬਦੀ ਗੋਵਿਦੁ ਗਜਿਆ ॥ (1315-18)
आनद मूलु रामु सभु देखिआ गुर सबदी गोविदु गजिआ ॥

ਆਦਿ ਜੁਗਾਦਿ ਵੇਸੁ ਹਰਿ ਏਕੋ ਮਤਿ ਗੁਰਮਤਿ ਹਰਿ ਪ੍ਰਭੁ ਭਜਿਆ ॥ (1315-19)
आदि जुगादि वेसु हरि एको मति गुरमति हरि प्रभु भजिआ ॥

ਹਰਿ ਦੇਵਹੁ ਦਾਨੁ ਦਇਆਲ ਪ੍ਰਭ ਜਨ ਰਾਖਹੁ ਹਰਿ ਪ੍ਰਭ ਲਜਿਆ ॥ (1315-19)
हरि देवहु दानु दइआल प्रभ जन राखहु हरि प्रभ लजिआ ॥

ਸਭਿ ਧੰਨੁ ਕਹਹੁ ਗੁਰੁ ਸਤਿਗੁਰੂ ਗੁਰੁ ਸਤਿਗੁਰੂ ਜਿਤੁ ਮਿਲਿ ਹਰਿ ਪੜਦਾ ਕਜਿਆ ॥੭॥ (1316-1)
सभि धंनु कहहु गुरु सतिगुरू गुरु सतिगुरू जितु मिलि हरि पड़दा कजिआ ॥७॥

ਸਲੋਕੁ ਮਃ ੪ ॥ (1316-2)
सलोकु मः ४ ॥

ਭਗਤਿ ਸਰੋਵਰੁ ਉਛਲੈ ਸੁਭਰ ਭਰੇ ਵਹੰਨਿ ॥ (1316-2)
भगति सरोवरु उछलै सुभर भरे वहंनि ॥

ਜਿਨਾ ਸਤਿਗੁਰੁ ਮੰਨਿਆ ਜਨ ਨਾਨਕ ਵਡ ਭਾਗ ਲਹੰਨਿ ॥੧॥ (1316-2)
जिना सतिगुरु मंनिआ जन नानक वड भाग लहंनि ॥१॥

ਮਃ ੪ ॥ (1316-3)
मः ४ ॥

ਹਰਿ ਹਰਿ ਨਾਮ ਅਸੰਖ ਹਰਿ ਹਰਿ ਕੇ ਗੁਨ ਕਥਨੁ ਨ ਜਾਹਿ ॥ (1316-3)
हरि हरि नाम असंख हरि हरि के गुन कथनु न जाहि ॥

ਹਰਿ ਹਰਿ ਅਗਮੁ ਅਗਾਧਿ ਹਰਿ ਜਨ ਕਿਤੁ ਬਿਧਿ ਮਿਲਹਿ ਮਿਲਾਹਿ ॥ (1316-4)
हरि हरि अगमु अगाधि हरि जन कितु बिधि मिलहि मिलाहि ॥

ਹਰਿ ਹਰਿ ਜਸੁ ਜਪਤ ਜਪੰਤ ਜਨ ਇਕੁ ਤਿਲੁ ਨਹੀ ਕੀਮਤਿ ਪਾਇ ॥ (1316-4)
हरि हरि जसु जपत जपंत जन इकु तिलु नही कीमति पाइ ॥

ਜਨ ਨਾਨਕ ਹਰਿ ਅਗਮ ਪ੍ਰਭ ਹਰਿ ਮੇਲਿ ਲੈਹੁ ਲੜਿ ਲਾਇ ॥੨॥ (1316-5)
जन नानक हरि अगम प्रभ हरि मेलि लैहु लड़ि लाइ ॥२॥

ਪਉੜੀ ॥ (1316-6)
पउड़ी ॥

ਹਰਿ ਅਗਮੁ ਅਗੋਚਰੁ ਅਗਮੁ ਹਰਿ ਕਿਉ ਕਰਿ ਹਰਿ ਦਰਸਨੁ ਪਿਖਾ ॥ (1316-6)
हरि अगमु अगोचरु अगमु हरि किउ करि हरि दरसनु पिखा ॥

ਕਿਛੁ ਵਖਰੁ ਹੋਇ ਸੁ ਵਰਨੀਐ ਤਿਸੁ ਰੂਪੁ ਨ ਰਿਖਾ ॥ (1316-6)
किछु वखरु होइ सु वरनीऐ तिसु रूपु न रिखा ॥

ਜਿਸੁ ਬੁਝਾਏ ਆਪਿ ਬੁਝਾਇ ਦੇਇ ਸੋਈ ਜਨੁ ਦਿਖਾ ॥ (1316-7)
जिसु बुझाए आपि बुझाइ देइ सोई जनु दिखा ॥

ਸਤਸੰਗਤਿ ਸਤਿਗੁਰ ਚਟਸਾਲ ਹੈ ਜਿਤੁ ਹਰਿ ਗੁਣ ਸਿਖਾ ॥ (1316-7)
सतसंगति सतिगुर चटसाल है जितु हरि गुण सिखा ॥

ਧਨੁ ਧੰਨੁ ਸੁ ਰਸਨਾ ਧੰਨੁ ਕਰ ਧੰਨੁ ਸੁ ਪਾਧਾ ਸਤਿਗੁਰੂ ਜਿਤੁ ਮਿਲਿ ਹਰਿ ਲੇਖਾ ਲਿਖਾ ॥੮॥ (1316-8)
धनु धंनु सु रसना धंनु कर धंनु सु पाधा सतिगुरू जितु मिलि हरि लेखा लिखा ॥८॥

ਸਲੋਕ ਮਃ ੪ ॥ (1316-9)
सलोक मः ४ ॥

ਹਰਿ ਹਰਿ ਨਾਮੁ ਅੰਮ੍ਰਿਤੁ ਹੈ ਹਰਿ ਜਪੀਐ ਸਤਿਗੁਰ ਭਾਇ ॥ (1316-9)
हरि हरि नामु अमृतु है हरि जपीऐ सतिगुर भाइ ॥

ਹਰਿ ਹਰਿ ਨਾਮੁ ਪਵਿਤੁ ਹੈ ਹਰਿ ਜਪਤ ਸੁਨਤ ਦੁਖੁ ਜਾਇ ॥ (1316-9)
हरि हरि नामु पवितु है हरि जपत सुनत दुखु जाइ ॥

ਹਰਿ ਨਾਮੁ ਤਿਨੀ ਆਰਾਧਿਆ ਜਿਨ ਮਸਤਕਿ ਲਿਖਿਆ ਧੁਰਿ ਪਾਇ ॥ (1316-10)
हरि नामु तिनी आराधिआ जिन मसतकि लिखिआ धुरि पाइ ॥

ਹਰਿ ਦਰਗਹ ਜਨ ਪੈਨਾਈਅਨਿ ਜਿਨ ਹਰਿ ਮਨਿ ਵਸਿਆ ਆਇ ॥ (1316-11)
हरि दरगह जन पैनाईअनि जिन हरि मनि वसिआ आइ ॥

ਜਨ ਨਾਨਕ ਤੇ ਮੁਖ ਉਜਲੇ ਜਿਨ ਹਰਿ ਸੁਣਿਆ ਮਨਿ ਭਾਇ ॥੧॥ (1316-11)
जन नानक ते मुख उजले जिन हरि सुणिआ मनि भाइ ॥१॥

ਮਃ ੪ ॥ (1316-12)
म: ४ ॥

ਹਰਿ ਹਰਿ ਨਾਮੁ ਨਿਧਾਨੁ ਹੈ ਗੁਰਮੁਖਿ ਪਾਇਆ ਜਾਇ ॥ (1316-12)
हरि हरि नामु निधानु है गुरमुखि पाइआ जाइ ॥

ਜਿਨ ਧੁਰਿ ਮਸਤਕਿ ਲਿਖਿਆ ਤਿਨ ਸਤਿਗੁਰੁ ਮਿਲਿਆ ਆਇ ॥ (1316-12)
जिन धुरि मसतकि लिखिआ तिन सतिगुरु मिलिआ आइ ॥

ਤਨੁ ਮਨੁ ਸੀਤਲੁ ਹੋਇਆ ਸਾਂਤਿ ਵਸੀ ਮਨਿ ਆਇ ॥ (1316-13)
तनु मनु सीतलु होइआ सांति वसी मनि आइ ॥

ਨਾਨਕ ਹਰਿ ਹਰਿ ਚਉਦਿਆ ਸਭੁ ਦਾਲਦੁ ਦੁਖੁ ਲਹਿ ਜਾਇ ॥੨॥ (1316-14)
नानक हरि हरि चउदिआ सभु दालदु दुखु लहि जाइ ॥२॥

ਪਉੜੀ ॥ (1316-14)
पउड़ी ॥

ਹਉ ਵਾਰਿਆ ਤਿਨ ਕਉ ਸਦਾ ਸਦਾ ਜਿਨਾ ਸਤਿਗੁਰੁ ਮੇਰਾ ਪਿਆਰਾ ਦੇਖਿਆ ॥ (1316-14)
हउ वारिआ तिन कउ सदा सदा जिना सतिगुरु मेरा पिआरा देखिआ ॥

ਤਿਨ ਕਉ ਮਿਲਿਆ ਮੇਰਾ ਸਤਿਗੁਰੂ ਜਿਨ ਕਉ ਧੁਰਿ ਮਸਤਕਿ ਲੇਖਿਆ ॥ (1316-15)
तिन कउ मिलिआ मेरा सतिगुरू जिन कउ धुरि मसतकि लेखिआ ॥

ਹਰਿ ਅਗਮੁ ਧਿਆਇਆ ਗੁਰਮਤੀ ਤਿਸੁ ਰੂਪੁ ਨਹੀ ਪ੍ਰਭ ਰੇਖਿਆ ॥ (1316-16)
हरि अगमु धिआइआ गुरमती तिसु रूपु नही प्रभ रेखिआ ॥

ਗੁਰ ਬਚਨਿ ਧਿਆਇਆ ਜਿਨਾ ਅਗਮੁ ਹਰਿ ਤੇ ਠਾਕੁਰ ਸੇਵਕ ਰਲਿ ਏਕਿਆ ॥ (1316-16)
गुर बचनि धिआइआ जिना अगमु हरि ते ठाकुर सेवक रलि एकिआ ॥

ਸਭਿ ਕਹਹੁ ਮੁਖਹੁ ਨਰ ਨਰਹਰੇ ਨਰ ਨਰਹਰੇ ਨਰ ਨਰਹਰੇ ਹਰਿ ਲਾਹਾ ਹਰਿ ਭਗਤਿ ਵਿਸੇਖਿਆ ॥੯॥ (1316-17)
सभि कहहु मुखहु नर नरहरे नर नरहरे नर नरहरे हरि लाहा हरि भगति विसेखिआ ॥९॥

ਸਲੋਕ ਮਃ ੪ ॥ (1316-18)
सलोक मः ४ ॥

ਰਾਮ ਨਾਮੁ ਰਮੁ ਰਵਿ ਰਹੇ ਰਮੁ ਰਾਮੋ ਰਾਮੁ ਰਮੀਤਿ ॥ (1316-18)
राम नामु रमु रवि रहे रमु रामो रामु रमीति ॥

ਘਟਿ ਘਟਿ ਆਤਮ ਰਾਮੁ ਹੈ ਪ੍ਰਭਿ ਖੇਲੁ ਕੀਓ ਰੰਗਿ ਰੀਤਿ ॥ (1316-19)
घटि घटि आतम रामु है प्रभि खेलु कीओ रंगि रीति ॥

ਹਰਿ ਨਿਕਟਿ ਵਸੈ ਜਗਜੀਵਨਾ ਪਰਗਾਸੁ ਕੀਓ ਗੁਰ ਮੀਤਿ ॥ (1316-19)
हरि निकटि वसै जगजीवना परगासु कीओ गुर मीति ॥

ਹਰਿ ਸੁਆਮੀ ਹਰਿ ਪ੍ਰਭੁ ਤਿਨ ਮਿਲੇ ਜਿਨ ਲਿਖਿਆ ਧੁਰਿ ਹਰਿ ਪ੍ਰੀਤਿ ॥ (1317-1)
हरि सुआमी हरि प्रभु तिन मिले जिन लिखिआ धुरि हरि प्रीति ॥

ਜਨ ਨਾਨਕ ਨਾਮੁ ਧਿਆਇਆ ਗੁਰ ਬਚਨਿ ਜਪਿਓ ਮਨਿ ਚੀਤਿ ॥੧॥ (1317-1)
जन नानक नामु धिआइआ गुर बचनि जपिओ मनि चीति ॥१॥

ਮਃ ੪ ॥ (1317-2)
मः ४ ॥

ਹਰਿ ਪ੍ਰਭੁ ਸਜਣੁ ਲੋੜਿ ਲਹੁ ਭਾਗਿ ਵਸੈ ਵਡਭਾਗਿ ॥ (1317-2)
हरि प्रभु सजणु लोड़ि लहु भागि वसै वडभागि ॥

ਗੁਰਿ ਪੂਰੈ ਦੇਖਾਲਿਆ ਨਾਨਕ ਹਰਿ ਲਿਵ ਲਾਗਿ ॥੨॥ (1317-3)
गुरि पूरै देखालिआ नानक हरि लिव लागि ॥२॥

ਪਉੜੀ ॥ (1317-3)
पउड़ी ॥

ਧਨੁ ਧਨੁ ਸੁਹਾਵੀ ਸਫਲ ਘੜੀ ਜਿਤੁ ਹਰਿ ਸੇਵਾ ਮਨਿ ਭਾਣੀ ॥ (1317-3)
धनु धनु सुहावी सफल घड़ी जितु हरि सेवा मनि भाणी ॥

ਹਰਿ ਕਥਾ ਸੁਣਾਵਹੁ ਮੇਰੇ ਗੁਰਸਿਖਹੁ ਮੇਰੇ ਹਰਿ ਪ੍ਰਭ ਅਕਥ ਕਹਾਣੀ ॥ (1317-4)
हरि कथा सुणावहु मेरे गुरसिखहु मेरे हरि प्रभ अकथ कहाणी ॥

ਕਿਉ ਪਾਈਐ ਕਿਉ ਦੇਖੀਐ ਮੇਰਾ ਹਰਿ ਪ੍ਰਭੁ ਸੁਘੜੁ ਸੁਜਾਣੀ ॥ (1317-4)
किउ पाईऐ किउ देखीऐ मेरा हरि प्रभु सुघड़ु सुजाणी ॥

ਹਰਿ ਮੇਲਿ ਦਿਖਾਏ ਆਪਿ ਹਰਿ ਗੁਰ ਬਚਨੀ ਨਾਮਿ ਸਮਾਣੀ ॥ (1317-5)
हरि मेलि दिखाए आपि हरि गुर बचनी नामि समाणी ॥

ਤਿਨ ਵਿਟਹੁ ਨਾਨਕੁ ਵਾਰਿਆ ਜੋ ਜਪਦੇ ਹਰਿ ਨਿਰਬਾਣੀ ॥੧੦॥ (1317-5)
तिन विटहु नानकु वारिआ जो जपदे हरि निरबाणी ॥१०॥

ਸਲੋਕ ਮਃ ੪ ॥ (1317-6)
सलोक मः ४ ॥

ਹਰਿ ਪ੍ਰਭ ਰਤੇ ਲੋਇਣਾ ਗਿਆਨ ਅੰਜਨੁ ਗੁਰੁ ਦੇਇ ॥ (1317-6)
हरि प्रभ रते लोइणा गिआन अंजनु गुरु देइ ॥

ਮੈ ਪ੍ਰਭੁ ਸਜਣੁ ਪਾਇਆ ਜਨ ਨਾਨਕ ਸਹਜਿ ਮਿਲੇਇ ॥੧॥ (1317-7)
मै प्रभु सजणु पाइआ जन नानक सहजि मिलेइ ॥१॥

ਮਃ ੪ ॥ (1317-7)
मः ४ ॥

ਗੁਰਮੁਖਿ ਅੰਤਰਿ ਸਾਂਤਿ ਹੈ ਮਨਿ ਤਨਿ ਨਾਮਿ ਸਮਾਇ ॥ (1317-7)
गुरमुखि अंतरि सांति है मनि तनि नामि समाइ ॥

ਨਾਮੁ ਚਿਤਵੈ ਨਾਮੋ ਪੜੈ ਨਾਮਿ ਰਹੈ ਲਿਵ ਲਾਇ ॥ (1317-8)
नामु चितवै नामो पड़ै नामि रहै लिव लाइ ॥

ਨਾਮੁ ਪਦਾਰਥੁ ਪਾਈਐ ਚਿੰਤਾ ਗਈ ਬਿਲਾਇ ॥ (1317-8)
नामु पदारथु पाईऐ चिंता गई बिलाइ ॥

ਸਤਿਗੁਰਿ ਮਿਲਿਐ ਨਾਮੁ ਊਪਜੈ ਤ੍ਰਿਸਨਾ ਭੁਖ ਸਭ ਜਾਇ ॥ (1317-9)
सतिगुरि मिलिऐ नामु ऊपजै त्रिसना भुख सभ जाइ ॥

ਨਾਨਕ ਨਾਮੇ ਰਤਿਆ ਨਾਮੋ ਪਲੈ ਪਾਇ ॥੨॥ (1317-9)
नानक नामे रतिआ नामो पलै पाइ ॥२॥

ਪਉੜੀ ॥ (1317-10)
पउड़ी ॥

ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਵਸਗਤਿ ਕੀਤਾ ॥ (1317-10)
तुधु आपे जगतु उपाइ कै तुधु आपे वसगति कीता ॥

ਇਕਿ ਮਨਮੁਖ ਕਰਿ ਹਾਰਾਇਅਨੁ ਇਕਨਾ ਮੇਲਿ ਗੁਰੂ ਤਿਨਾ ਜੀਤਾ ॥ (1317-10)
इकि मनमुख करि हाराइअनु इकना मेलि गुरू तिना जीता ॥

ਹਰਿ ਊਤਮੁ ਹਰਿ ਪ੍ਰਭ ਨਾਮੁ ਹੈ ਗੁਰ ਬਚਨਿ ਸਭਾਗੈ ਲੀਤਾ ॥ (1317-11)
हरि ऊतमु हरि प्रभ नामु है गुर बचनि सभागै लीता ॥

ਦੁਖੁ ਦਾਲਦੁ ਸਭੋ ਲਹਿ ਗਇਆ ਜਾਂ ਨਾਉ ਗੁਰੂ ਹਰਿ ਦੀਤਾ ॥ (1317-12)
दुखु दालदु सभो लहि गइआ जां नाउ गुरू हरि दीता ॥

ਸਭਿ ਸੇਵਹੁ ਮੋਹਨੋ ਮਨਮੋਹਨੋ ਜਗਮੋਹਨੋ ਜਿਨਿ ਜਗਤੁ ਉਪਾਇ ਸਭੋ ਵਸਿ ਕੀਤਾ ॥੧੧॥ (1317-12)
सभि सेवहु मोहनो मनमोहनो जगमोहनो जिनि जगतु उपाइ सभो वसि कीता ॥११॥

ਸਲੋਕ ਮਃ ੪ ॥ (1317-13)
सलोक मः ४ ॥

ਮਨ ਅੰਤਰਿ ਹਉਮੈ ਰੋਗੁ ਹੈ ਭ੍ਰਮਿ ਭੂਲੇ ਮਨਮੁਖ ਦੁਰਜਨਾ ॥ (1317-13)
मन अंतरि हउमै रोगु है भ्रमि भूले मनमुख दुरजना ॥

ਨਾਨਕ ਰੋਗੁ ਵਞਾਇ ਮਿਲਿ ਸਤਿਗੁਰ ਸਾਧੂ ਸਜਨਾ ॥੧॥ (1317-14)
नानक रोगु वञाइ मिलि सतिगुर साधू सजना ॥१॥

ਮਃ ੪ ॥ (1317-14)
मः ४ ॥

ਮਨੁ ਤਨੁ ਤਾਮਿ ਸਗਾਰਵਾ ਜਾਂ ਦੇਖਾ ਹਰਿ ਨੈਣੇ ॥ (1317-14)
मनु तनु तामि सगारवा जां देखा हरि नैणे ॥

ਨਾਨਕ ਸੋ ਪ੍ਰਭੁ ਮੈ ਮਿਲੈ ਹਉ ਜੀਵਾ ਸਦੁ ਸੁਣੇ ॥੨॥ (1317-15)
नानक सो प्रभु मै मिलै हउ जीवा सदु सुणे ॥२॥

ਪਉੜੀ ॥ (1317-15)
पउड़ी ॥

ਜਗੰਨਾਥ ਜਗਦੀਸਰ ਕਰਤੇ ਅਪਰੰਪਰ ਪੁਰਖੁ ਅਤੋਲੁ ॥ (1317-15)
जगंनाथ जगदीसर करते अपर्मपर पुरखु अतोलु ॥

ਹਰਿ ਨਾਮੁ ਧਿਆਵਹੁ ਮੇਰੇ ਗੁਰਸਿਖਹੁ ਹਰਿ ਊਤਮੁ ਹਰਿ ਨਾਮੁ ਅਮੋਲੁ ॥ (1317-16)
हरि नामु धिआवहु मेरे गुरसिखहु हरि ऊतमु हरि नामु अमोलु ॥

ਜਿਨ ਧਿਆਇਆ ਹਿਰਦੈ ਦਿਨਸੁ ਰਾਤਿ ਤੇ ਮਿਲੇ ਨਹੀ ਹਰਿ ਰੋਲੁ ॥ (1317-16)
जिन धिआइआ हिरदै दिनसु राति ते मिले नही हरि रोलु ॥

ਵਡਭਾਗੀ ਸੰਗਤਿ ਮਿਲੈ ਗੁਰ ਸਤਿਗੁਰ ਪੂਰਾ ਬੋਲੁ ॥ (1317-17)
वडभागी संगति मिलै गुर सतिगुर पूरा बोलु ॥

ਸਭਿ ਧਿਆਵਹੁ ਨਰ ਨਾਰਾਇਣੋ ਨਾਰਾਇਣੋ ਜਿਤੁ ਚੂਕਾ ਜਮ ਝਗੜੁ ਝਗੋਲੁ ॥੧੨॥ (1317-18)
सभि धिआवहु नर नाराइणो नाराइणो जितु चूका जम झगड़ु झगोलु ॥१२॥

ਸਲੋਕ ਮਃ ੪ ॥ (1317-18)
सलोक मः ४ ॥

ਹਰਿ ਜਨ ਹਰਿ ਹਰਿ ਚਉਦਿਆ ਸਰੁ ਸੰਧਿਆ ਗਾਵਾਰ ॥ (1317-19)
हरि जन हरि हरि चउदिआ सरु संधिआ गावार ॥

ਨਾਨਕ ਹਰਿ ਜਨ ਹਰਿ ਲਿਵ ਉਬਰੇ ਜਿਨ ਸੰਧਿਆ ਤਿਸੁ ਫਿਰਿ ਮਾਰ ॥੧॥ (1317-19)
नानक हरि जन हरि लिव उबरे जिन संधिआ तिसु फिरि मार ॥१॥

ਮਃ ੪ ॥ (1318-1)
मः ४ ॥

ਅਖੀ ਪ੍ਰੇਮਿ ਕਸਾਈਆ ਹਰਿ ਹਰਿ ਨਾਮੁ ਪਿਖੰਨ੍ਹਿ ॥ (1318-1)
अखी प्रेमि कसाईआ हरि हरि नामु पिखंन्हि ॥

ਜੇ ਕਰਿ ਦੂਜਾ ਦੇਖਦੇ ਜਨ ਨਾਨਕ ਕਢਿ ਦਿਚੰਨ੍ਹਿ ॥੨॥ (1318-1)
जे करि दूजा देखदे जन नानक कढि दिचंन्हि ॥२॥

ਪਉੜੀ ॥ (1318-2)
पउड़ी ॥

ਜਲਿ ਥਲਿ ਮਹੀਅਲਿ ਪੂਰਨੋ ਅਪਰੰਪਰੁ ਸੋਈ ॥ (1318-2)
जलि थलि महीअलि पूरनो अपर्मपरु सोई ॥

ਜੀਅ ਜੰਤ ਪ੍ਰਤਿਪਾਲਦਾ ਜੋ ਕਰੇ ਸੁ ਹੋਈ ॥ (1318-2)
जीअ जंत प्रतिपालदा जो करे सु होई ॥

ਮਾਤ ਪਿਤਾ ਸੁਤ ਭ੍ਰਾਤ ਮੀਤ ਤਿਸੁ ਬਿਨੁ ਨਹੀ ਕੋਈ ॥ (1318-3)
मात पिता सुत भ्रात मीत तिसु बिनु नही कोई ॥

ਘਟਿ ਘਟਿ ਅੰਤਰਿ ਰਵਿ ਰਹਿਆ ਜਪਿਅਹੁ ਜਨ ਕੋਈ ॥ (1318-3)
घटि घटि अंतरि रवि रहिआ जपिअहु जन कोई ॥

ਸਗਲ ਜਪਹੁ ਗੋਪਾਲ ਗੁਨ ਪਰਗਟੁ ਸਭ ਲੋਈ ॥੧੩॥ (1318-4)
सगल जपहु गोपाल गुन परगटु सभ लोई ॥१३॥

ਸਲੋਕ ਮਃ ੪ ॥ (1318-4)
सलोक मः ४ ॥

ਗੁਰਮੁਖਿ ਮਿਲੇ ਸਿ ਸਜਣਾ ਹਰਿ ਪ੍ਰਭ ਪਾਇਆ ਰੰਗੁ ॥ (1318-4)
गुरमुखि मिले सि सजणा हरि प्रभ पाइआ रंगु ॥

ਜਨ ਨਾਨਕ ਨਾਮੁ ਸਲਾਹਿ ਤੂ ਲੁਡਿ ਲੁਡਿ ਦਰਗਹਿ ਵੰਞੁ ॥੧॥ (1318-5)
जन नानक नामु सलाहि तू लुडि लुडि दरगहि वंञु ॥१॥

ਮਃ ੪ ॥ (1318-5)
मः ४ ॥

ਹਰਿ ਤੂਹੈ ਦਾਤਾ ਸਭਸ ਦਾ ਸਭਿ ਜੀਅ ਤੁਮ੍ਹਾਰੇ ॥ (1318-6)
हरि तूहै दाता सभस दा सभि जीअ तुम्हारे ॥

ਸਭਿ ਤੁਧੈ ਨੋ ਆਰਾਧਦੇ ਦਾਨੁ ਦੇਹਿ ਪਿਆਰੇ ॥ (1318-6)
सभि तुधै नो आराधदे दानु देहि पिआरे ॥

ਹਰਿ ਦਾਤੈ ਦਾਤਾਰਿ ਹਥੁ ਕਢਿਆ ਮੀਹੁ ਵੁਠਾ ਸੈਸਾਰੇ ॥ (1318-6)
हरि दातै दातारि हथु कढिआ मीहु वुठा सैसारे ॥

ਅੰਨੁ ਜੰਮਿਆ ਖੇਤੀ ਭਾਉ ਕਰਿ ਹਰਿ ਨਾਮੁ ਸਮ੍ਹ੍ਹਾਰੇ ॥ (1318-7)
अंनु जंमिआ खेती भाउ करि हरि नामु सम्हारे ॥

ਜਨੁ ਨਾਨਕੁ ਮੰਗੈ ਦਾਨੁ ਪ੍ਰਭ ਹਰਿ ਨਾਮੁ ਅਧਾਰੇ ॥੨॥ (1318-7)
जनु नानकु मंगै दानु प्रभ हरि नामु अधारे ॥२॥

ਪਉੜੀ ॥ (1318-8)
पउड़ी ॥

ਇਛਾ ਮਨ ਕੀ ਪੂਰੀਐ ਜਪੀਐ ਸੁਖ ਸਾਗਰੁ ॥ (1318-8)
इछा मन की पूरीऐ जपीऐ सुख सागरु ॥

ਹਰਿ ਕੇ ਚਰਨ ਅਰਾਧੀਅਹਿ ਗੁਰ ਸਬਦਿ ਰਤਨਾਗਰੁ ॥ (1318-8)
हरि के चरन अराधीअहि गुर सबदि रतनागरु ॥

ਮਿਲਿ ਸਾਧੂ ਸੰਗਿ ਉਧਾਰੁ ਹੋਇ ਫਾਟੈ ਜਮ ਕਾਗਰੁ ॥ (1318-9)
मिलि साधू संगि उधारु होइ फाटै जम कागरु ॥

ਜਨਮ ਪਦਾਰਥੁ ਜੀਤੀਐ ਜਪਿ ਹਰਿ ਬੈਰਾਗਰੁ ॥ (1318-9)
जनम पदारथु जीतीऐ जपि हरि बैरागरु ॥

ਸਭਿ ਪਵਹੁ ਸਰਨਿ ਸਤਿਗੁਰੂ ਕੀ ਬਿਨਸੈ ਦੁਖ ਦਾਗਰੁ ॥੧੪॥ (1318-10)
सभि पवहु सरनि सतिगुरू की बिनसै दुख दागरु ॥१४॥

ਸਲੋਕ ਮਃ ੪ ॥ (1318-10)
सलोक मः ४ ॥

ਹਉ ਢੂੰਢੇਂਦੀ ਸਜਣਾ ਸਜਣੁ ਮੈਡੈ ਨਾਲਿ ॥ (1318-11)
हउ ढूंढेंदी सजणा सजणु मैडै नालि ॥

ਜਨ ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਹਿ ਦਿਖਾਲਿ ॥੧॥ (1318-11)
जन नानक अलखु न लखीऐ गुरमुखि देहि दिखालि ॥१॥

ਮਃ ੪ ॥ (1318-12)
म: ४ ॥

ਨਾਨਕ ਪ੍ਰੀਤਿ ਲਾਈ ਤਿਨਿ ਸਚੈ ਤਿਸੁ ਬਿਨੁ ਰਹਣੁ ਨ ਜਾਈ ॥ (1318-12)
नानक प्रीति लाई तिनि सचै तिसु बिनु रहणु न जाई ॥

ਸਤਿਗੁਰੁ ਮਿਲੈ ਤ ਪੂਰਾ ਪਾਈਐ ਹਰਿ ਰਸਿ ਰਸਨ ਰਸਾਈ ॥੨॥ (1318-12)
सतिगुरु मिलै त पूरा पाईऐ हरि रसि रसन रसाई ॥२॥

ਪਉੜੀ ॥ (1318-13)
पउड़ी ॥

ਕੋਈ ਗਾਵੈ ਕੋ ਸੁਣੈ ਕੋ ਉਚਰਿ ਸੁਨਾਵੈ ॥ (1318-13)
कोई गावै को सुणै को उचरि सुनावै ॥

ਜਨਮ ਜਨਮ ਕੀ ਮਲੁ ਉਤਰੈ ਮਨ ਚਿੰਦਿਆ ਪਾਵੈ ॥ (1318-13)
जनम जनम की मलु उतरै मन चिंदिआ पावै ॥

ਆਵਣੁ ਜਾਣਾ ਮੇਟੀਐ ਹਰਿ ਕੇ ਗੁਣ ਗਾਵੈ ॥ (1318-14)
आवणु जाणा मेटीऐ हरि के गुण गावै ॥

ਆਪਿ ਤਰਹਿ ਸੰਗੀ ਤਰਾਹਿ ਸਭ ਕੁਟੰਬੁ ਤਰਾਵੈ ॥ (1318-14)
आपि तरहि संगी तराहि सभ कुटम्बु तरावै ॥

ਜਨੁ ਨਾਨਕੁ ਤਿਸੁ ਬਲਿਹਾਰਣੈ ਜੋ ਮੇਰੇ ਹਰਿ ਪ੍ਰਭ ਭਾਵੈ ॥੧੫॥੧॥ ਸੁਧੁ ॥ (1318-15)
जनु नानकु तिसु बलिहारणै जो मेरे हरि प्रभ भावै ॥१५॥१॥ सुधु ॥

ਰਾਗੁ ਕਾਨੜਾ ਬਾਣੀ ਨਾਮਦੇਵ ਜੀਉ ਕੀ (1318-16)
रागु कानड़ा बाणी नामदेव जीउ की

ੴ ਸਤਿਗੁਰ ਪ੍ਰਸਾਦਿ ॥ (1318-16)
ੴ सतिगुर प्रसादि ॥

ਐਸੋ ਰਾਮ ਰਾਇ ਅੰਤਰਜਾਮੀ ॥ (1318-17)
ऐसो राम राइ अंतरजामी ॥

ਜੈਸੇ ਦਰਪਨ ਮਾਹਿ ਬਦਨ ਪਰਵਾਨੀ ॥੧॥ ਰਹਾਉ ॥ (1318-17)
जैसे दरपन माहि बदन परवानी ॥१॥ रहाउ ॥

ਬਸੈ ਘਟਾ ਘਟ ਲੀਪ ਨ ਛੀਪੈ ॥ (1318-17)
बसै घटा घट लीप न छीपै ॥

ਬੰਧਨ ਮੁਕਤਾ ਜਾਤੁ ਨ ਦੀਸੈ ॥੧॥ (1318-18)
बंधन मुकता जातु न दीसै ॥१॥

ਪਾਨੀ ਮਾਹਿ ਦੇਖੁ ਮੁਖੁ ਜੈਸਾ ॥ (1318-18)
पानी माहि देखु मुखु जैसा ॥

ਨਾਮੇ ਕੋ ਸੁਆਮੀ ਬੀਠਲੁ ਐਸਾ ॥੨॥੧॥ (1318-18)
नामे को सुआमी बीठलु ऐसा ॥२॥१॥

ਰਾਗੁ ਕਲਿਆਨ ਮਹਲਾ ੪ (1319-1)
रागु कलिआन महला ४

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ (1319-2)
ੴ सतिनामु करता पुरखु निरभउ निरवैरु अकाल मूरति अजूनी सैभं गुर प्रसादि ॥

ਰਾਮਾ ਰਮ ਰਾਮੈ ਅੰਤੁ ਨ ਪਾਇਆ ॥ (1319-4)
रामा रम रामै अंतु न पाइआ ॥

ਹਮ ਬਾਰਿਕ ਪ੍ਰਤਿਪਾਰੇ ਤੁਮਰੇ ਤੂ ਬਡ ਪੁਰਖੁ ਪਿਤਾ ਮੇਰਾ ਮਾਇਆ ॥੧॥ ਰਹਾਉ ॥ (1319-4)
ਗੁਰ ਕੈ ਸਬਦਿ ਕਮਲੁ ਪਰਗਾਸਿਆ ਹਉਮੈ ਦੁਰਮਤਿ ਖੋਈ ॥ (1334-7)
गुर कै सबदि कमलु परगासिआ हउमै दुरमति खोई ॥

ਸਭਨਾ ਮਹਿ ਏਕੋ ਸਚੁ ਵਰਤੈ ਵਿਰਲਾ ਬੂਝੈ ਕੋਈ ॥੨॥ (1334-8)
सभना महि एको सचु वरतै विरला बूझै कोई ॥२॥

ਗੁਰਮਤੀ ਮਨੁ ਨਿਰਮਲੁ ਹੋਆ ਅੰਮ੍ਰਿਤੁ ਤਤੁ ਵਖਾਨੈ ॥ (1334-8)
गुरमती मनु निरमलु होआ अमृतु ततु वखानै ॥

ਹਰਿ ਕਾ ਨਾਮੁ ਸਦਾ ਮਨਿ ਵਸਿਆ ਵਿਚਿ ਮਨ ਹੀ ਮਨੁ ਮਾਨੈ ॥ (1334-9)
हरि का नामु सदा मनि वसिआ विचि मन ही मनु मानै ॥

ਸਦ ਬਲਿਹਾਰੀ ਗੁਰ ਅਪੁਨੇ ਵਿਟਹੁ ਜਿਤੁ ਆਤਮ ਰਾਮੁ ਪਛਾਨੈ ॥੩॥ (1334-9)
सद बलिहारी गुर अपुने विटहु जितु आतम रामु पछानै ॥३॥

ਮਾਨਸ ਜਨਮਿ ਸਤਿਗੁਰੂ ਨ ਸੇਵਿਆ ਬਿਰਥਾ ਜਨਮੁ ਗਵਾਇਆ ॥ (1334-10)
मानस जनमि सतिगुरू न सेविआ बिरथा जनमु गवाइआ ॥

ਨਦਰਿ ਕਰੇ ਤਾਂ ਸਤਿਗੁਰੁ ਮੇਲੇ ਸਹਜੇ ਸਹਜਿ ਸਮਾਇਆ ॥ (1334-10)
नदरि करे तां सतिगुरु मेले सहजे सहजि समाइआ ॥

ਨਾਨਕ ਨਾਮੁ ਮਿਲੈ ਵਡਿਆਈ ਪੂਰੈ ਭਾਗਿ ਧਿਆਇਆ ॥੪॥੫॥ (1334-11)
नानक नामु मिलै वडिआई पूरै भागि धिआइआ ॥४॥५॥

ਪ੍ਰਭਾਤੀ ਮਹਲਾ ੩ ॥ (1334-12)
प्रभाती महला ३ ॥

ਆਪੇ ਭਾਂਤਿ ਬਣਾਏ ਬਹੁ ਰੰਗੀ ਸਿਸਟਿ ਉਪਾਇ ਪ੍ਰਭਿ ਖੇਲੁ ਕੀਆ ॥ (1334-12)
आपे भांति बणाए बहु रंगी सिसटि उपाइ प्रभि खेलु कीआ ॥

ਕਰਿ ਕਰਿ ਵੇਖੈ ਕਰੇ ਕਰਾਏ ਸਰਬ ਜੀਆ ਨੋ ਰਿਜਕੁ ਦੀਆ ॥੧॥ (1334-12)
करि करि वेखै करे कराए सरब जीआ नो रिजकु दीआ ॥१॥

ਕਲੀ ਕਾਲ ਮਹਿ ਰਵਿਆ ਰਾਮੁ ॥ (1334-13)
कली काल महि रविआ रामु ॥

ਘਟਿ ਘਟਿ ਪੂਰਿ ਰਹਿਆ ਪ੍ਰਭੁ ਏਕੋ ਗੁਰਮੁਖਿ ਪਰਗਟੁ ਹਰਿ ਹਰਿ ਨਾਮੁ ॥੧॥ ਰਹਾਉ ॥ (1334-13)
घटि घटि पूरि रहिआ प्रभु एको गुरमुखि परगटु हरि हरि नामु ॥१॥ रहाउ ॥

ਗੁਪਤਾ ਨਾਮੁ ਵਰਤੈ ਵਿਚਿ ਕਲਜੁਗਿ ਘਟਿ ਘਟਿ ਹਰਿ ਭਰਪੂਰਿ ਰਹਿਆ ॥ (1334-14)
गुपता नामु वरतै विचि कलजुगि घटि घटि हरि भरपूरि रहिआ ॥

ਨਾਮੁ ਰਤਨੁ ਤਿਨਾ ਹਿਰਦੈ ਪ੍ਰਗਟਿਆ ਜੋ ਗੁਰ ਸਰਣਾਈ ਭਜਿ ਪਇਆ ॥੨॥ (1334-15)
नामु रतनु तिना हिरदै प्रगटिआ जो गुर सरणाई भजि पइआ ॥२॥

ਇੰਦ੍ਰੀ ਪੰਚ ਪੰਚੇ ਵਸਿ ਆਣੈ ਖਿਮਾ ਸੰਤੋਖੁ ਗੁਰਮਤਿ ਪਾਵੈ ॥ (1334-16)
इंद्री पंच पंचे वसि आणै खिमा संतोखु गुरमति पावै ॥

ਸੋ ਧਨੁ ਧਨੁ ਹਰਿ ਜਨੁ ਵਡ ਪੂਰਾ ਜੋ ਭੈ ਬੈਰਾਗਿ ਹਰਿ ਗੁਣ ਗਾਵੈ ॥੩॥ (1334-16)
सो धनु धनु हरि जनु वड पूरा जो भै बैरागि हरि गुण गावै ॥३॥

ਗੁਰ ਤੇ ਮੁਹੁ ਫੇਰੇ ਜੇ ਕੋਈ ਗੁਰ ਕਾ ਕਹਿਆ ਨ ਚਿਤਿ ਧਰੈ ॥ (1334-17)
गुर ते मुहु फेरे जे कोई गुर का कहिआ न चिति धरै ॥

ਕਰਿ ਆਚਾਰ ਬਹੁ ਸੰਪਉ ਸੰਚੈ ਜੋ ਕਿਛੁ ਕਰੈ ਸੁ ਨਰਕਿ ਪਰੈ ॥੪॥ (1334-17)
करि आचार बहु स्मपउ संचै जो किछु करै सु नरकि परै ॥४॥

ਏਕੋ ਸਬਦੁ ਏਕੋ ਪ੍ਰਭੁ ਵਰਤੈ ਸਭ ਏਕਸੁ ਤੇ ਉਤਪਤਿ ਚਲੈ ॥ (1334-18)
एको सबदु एको प्रभु वरतै सभ एकसु ते उतपति चलै ॥

ਨਾਨਕ ਗੁਰਮੁਖਿ ਮੇਲਿ ਮਿਲਾਏ ਗੁਰਮੁਖਿ ਹਰਿ ਹਰਿ ਜਾਇ ਰਲੈ ॥੫॥੬॥ (1334-18)
नानक गुरमुखि मेलि मिलाए गुरमुखि हरि हरि जाइ रलै ॥५॥६॥

ਪ੍ਰਭਾਤੀ ਮਹਲਾ ੩ ॥ (1334-19)
प्रभाती महला ३ ॥

ਮੇਰੇ ਮਨ ਗੁਰੁ ਅਪਣਾ ਸਾਲਾਹਿ ॥ (1334-19)
मेरे मन गुरु अपणा सालाहि ॥

ਪੂਰਾ ਭਾਗੁ ਹੋਵੈ ਮੁਖਿ ਮਸਤਕਿ ਸਦਾ ਹਰਿ ਕੇ ਗੁਣ ਗਾਹਿ ॥੧॥ ਰਹਾਉ ॥ (1335-1)
पूरा भागु होवै मुखि मसतकि सदा हरि के गुण गाहि ॥१॥ रहाउ ॥

ਅੰਮ੍ਰਿਤ ਨਾਮੁ ਭੋਜਨੁ ਹਰਿ ਦੇਇ ॥ (1335-1)
अमृत नामु भोजनु हरि देइ ॥

ਕੋਟਿ ਮਧੇ ਕੋਈ ਵਿਰਲਾ ਲੇਇ ॥ (1335-2)
कोटि मधे कोई विरला लेइ ॥

ਜਿਸ ਨੋ ਅਪਣੀ ਨਦਰਿ ਕਰੇਇ ॥੧॥ (1335-2)
जिस नो अपणी नदरि करेइ ॥१॥

ਗੁਰ ਕੇ ਚਰਣ ਮਨ ਮਾਹਿ ਵਸਾਇ ॥ (1335-2)
गुर के चरण मन माहि वसाइ ॥

ਦੁਖੁ ਅਨ੍ਹੇਰਾ ਅੰਦਰਹੁ ਜਾਇ ॥ (1335-3)
दुखु अन्हेरा अंदरहु जाइ ॥

ਆਪੇ ਸਾਚਾ ਲਏ ਮਿਲਾਇ ॥੨॥ (1335-3)
आपे साचा लए मिलाइ ॥२॥

ਗੁਰ ਕੀ ਬਾਣੀ ਸਿਉ ਲਾਇ ਪਿਆਰੁ ॥ (1335-3)
गुर की बाणी सिउ लाइ पिआरु ॥

ਐਥੈ ਓਥੈ ਏਹੁ ਅਧਾਰੁ ॥ (1335-4)
ऐथै ओथै एहु अधारु ॥

ਆਪੇ ਦੇਵੈ ਸਿਰਜਨਹਾਰੁ ॥੩॥ (1335-4)
आपे देवै सिरजनहारु ॥३॥

ਸਚਾ ਮਨਾਏ ਅਪਣਾ ਭਾਣਾ ॥ (1335-4)
सचा मनाए अपणा भाणा ॥

ਸੋਈ ਭਗਤੁ ਸੁਘੜੁ ਸੋੁਜਾਣਾ ॥ (1335-4)
सोई भगतु सुघड़ु सुोजाणा ॥

ਨਾਨਕੁ ਤਿਸ ਕੈ ਸਦ ਕੁਰਬਾਣਾ ॥੪॥੭॥੧੭॥੭॥੨੪॥ (1335-5)
नानकु तिस कै सद कुरबाणा ॥४॥७॥१७॥७॥२४॥

ਪ੍ਰਭਾਤੀ ਮਹਲਾ ੪ ਬਿਭਾਸ (1335-6)
प्रभाती महला ४ बिभास

ੴ ਸਤਿਗੁਰ ਪ੍ਰਸਾਦਿ ॥ (1335-6)
ੴ सतिगुर प्रसादि ॥

ਰਸਕਿ ਰਸਕਿ ਗੁਨ ਗਾਵਹ ਗੁਰਮਤਿ ਲਿਵ ਉਨਮਨਿ ਨਾਮਿ ਲਗਾਨ ॥ (1335-7)
रसकि रसकि गुन गावह गुरमति लिव उनमनि नामि लगान ॥

ਅੰਮ੍ਰਿਤੁ ਰਸੁ ਪੀਆ ਗੁਰ ਸਬਦੀ ਹਮ ਨਾਮ ਵਿਟਹੁ ਕੁਰਬਾਨ ॥੧॥ (1335-7)
अमृतु रसु पीआ गुर सबदी हम नाम विटहु कुरबान ॥१॥

ਹਮਰੇ ਜਗਜੀਵਨ ਹਰਿ ਪ੍ਰਾਨ ॥ (1335-8)
हमरे जगजीवन हरि प्रान ॥

ਹਰਿ ਊਤਮੁ ਰਿਦ ਅੰਤਰਿ ਭਾਇਓ ਗੁਰਿ ਮੰਤੁ ਦੀਓ ਹਰਿ ਕਾਨ ॥੧॥ ਰਹਾਉ ॥ (1335-8)
हरि ऊतमु रिद अंतरि भाइओ गुरि मंतु दीओ हरि कान ॥१॥ रहाउ ॥

ਆਵਹੁ ਸੰਤ ਮਿਲਹੁ ਮੇਰੇ ਭਾਈ ਮਿਲਿ ਹਰਿ ਹਰਿ ਨਾਮੁ ਵਖਾਨ ॥ (1335-9)
आवहु संत मिलहु मेरे भाई मिलि हरि हरि नामु वखान ॥

ਕਿਤੁ ਬਿਧਿ ਕਿਉ ਪਾਈਐ ਪ੍ਰਭੁ ਅਪੁਨਾ ਮੋ ਕਉ ਕਰਹੁ ਉਪਦੇਸੁ ਹਰਿ ਦਾਨ ॥੨॥ (1335-9)
कितु बिधि किउ पाईऐ प्रभु अपुना मो कउ करहु उपदेसु हरि दान ॥२॥

ਸਤਸੰਗਤਿ ਮਹਿ ਹਰਿ ਹਰਿ ਵਸਿਆ ਮਿਲਿ ਸੰਗਤਿ ਹਰਿ ਗੁਨ ਜਾਨ ॥ (1335-10)
सतसंगति महि हरि हरि वसिआ मिलि संगति हरि गुन जान ॥

ਵਡੈ ਭਾਗਿ ਸਤਸੰਗਤਿ ਪਾਈ ਗੁਰੁ ਸਤਿਗੁਰੁ ਪਰਸਿ ਭਗਵਾਨ ॥੩॥ (1335-11)
वडै भागि सतसंगति पाई गुरु सतिगुरु परसि भगवान ॥३॥

ਗੁਨ ਗਾਵਹ ਪ੍ਰਭ ਅਗਮ ਠਾਕੁਰ ਕੇ ਗੁਨ ਗਾਇ ਰਹੇ ਹੈਰਾਨ ॥ (1335-12)
गुन गावह प्रभ अगम ठाकुर के गुन गाइ रहे हैरान ॥

ਜਨ ਨਾਨਕ ਕਉ ਗੁਰਿ ਕਿਰਪਾ ਧਾਰੀ ਹਰਿ ਨਾਮੁ ਦੀਓ ਖਿਨ ਦਾਨ ॥੪॥੧॥ (1335-12)
जन नानक कउ गुरि किरपा धारी हरि नामु दीओ खिन दान ॥४॥१॥

ਪ੍ਰਭਾਤੀ ਮਹਲਾ ੪ ॥ (1335-13)
प्रभाती महला ४ ॥

ਉਗਵੈ ਸੂਰੁ ਗੁਰਮੁਖਿ ਹਰਿ ਬੋਲਹਿ ਸਭ ਰੈਨਿ ਸਮ੍ਹ੍ਹਾਲਹਿ ਹਰਿ ਗਾਲ ॥ (1335-13)
उगवै सूरु गुरमुखि हरि बोलहि सभ रैनि सम्हालहि हरि गाल ॥

ਹਮਰੈ ਪ੍ਰਭਿ ਹਮ ਲੋਚ ਲਗਾਈ ਹਮ ਕਰਹ ਪ੍ਰਭੂ ਹਰਿ ਭਾਲ ॥੧॥ (1335-14)
हमरै प्रभि हम लोच लगाई हम करह प्रभू हरि भाल ॥१॥

ਮੇਰਾ ਮਨੁ ਸਾਧੂ ਧੂਰਿ ਰਵਾਲ ॥ (1335-14)
मेरा मनु साधू धूरि रवाल ॥

ਹਰਿ ਹਰਿ ਨਾਮੁ ਦ੍ਰਿੜਾਇਓ ਗੁਰਿ ਮੀਠਾ ਗੁਰ ਪਗ ਝਾਰਹ ਹਮ ਬਾਲ ॥੧॥ ਰਹਾਉ ॥ (1335-15)
हरि हरि नामु द्रिड़ाइओ गुरि मीठा गुर पग झारह हम बाल ॥१॥ रहाउ ॥

ਸਾਕਤ ਕਉ ਦਿਨੁ ਰੈਨਿ ਅੰਧਾਰੀ ਮੋਹਿ ਫਾਥੇ ਮਾਇਆ ਜਾਲ ॥ (1335-15)
साकत कउ दिनु रैनि अंधारी मोहि फाथे माइआ जाल ॥

ਖਿਨੁ ਪਲੁ ਹਰਿ ਪ੍ਰਭੁ ਰਿਦੈ ਨ ਵਸਿਓ ਰਿਨਿ ਬਾਧੇ ਬਹੁ ਬਿਧਿ ਬਾਲ ॥੨॥ (1335-16)
खिनु पलु हरि प्रभु रिदै न वसिओ रिनि बाधे बहु बिधि बाल ॥२॥

ਸਤਸੰਗਤਿ ਮਿਲਿ ਮਤਿ ਬੁਧਿ ਪਾਈ ਹਉ ਛੂਟੇ ਮਮਤਾ ਜਾਲ ॥ (1335-17)
सतसंगति मिलि मति बुधि पाई हउ छूटे ममता जाल ॥

ਹਰਿ ਨਾਮਾ ਹਰਿ ਮੀਠ ਲਗਾਨਾ ਗੁਰਿ ਕੀਏ ਸਬਦਿ ਨਿਹਾਲ ॥੩॥ (1335-17)
हरि नामा हरि मीठ लगाना गुरि कीए सबदि निहाल ॥३॥

ਹਮ ਬਾਰਿਕ ਗੁਰ ਅਗਮ ਗੁਸਾਈ ਗੁਰ ਕਰਿ ਕਿਰਪਾ ਪ੍ਰਤਿਪਾਲ ॥ (1335-18)
हम बारिक गुर अगम गुसाई गुर करि किरपा प्रतिपाल ॥

ਬਿਖੁ ਭਉਜਲ ਡੁਬਦੇ ਕਾਢਿ ਲੇਹੁ ਪ੍ਰਭ ਗੁਰ ਨਾਨਕ ਬਾਲ ਗੁਪਾਲ ॥੪॥੨॥ (1335-19)
बिखु भउजल डुबदे काढि लेहु प्रभ गुर नानक बाल गुपाल ॥४॥२॥

ਪ੍ਰਭਾਤੀ ਮਹਲਾ ੪ ॥ (1335-19)
प्रभाती महला ४ ॥

ਇਕੁ ਖਿਨੁ ਹਰਿ ਪ੍ਰਭਿ ਕਿਰਪਾ ਧਾਰੀ ਗੁਨ ਗਾਏ ਰਸਕ ਰਸੀਕ ॥ (1335-19)
इकु खिनु हरि प्रभि किरपा धारी गुन गाए रसक रसीक ॥

ਗਾਵਤ ਸੁਨਤ ਦੋਊ ਭਏ ਮੁਕਤੇ ਜਿਨਾ ਗੁਰਮੁਖਿ ਖਿਨੁ ਹਰਿ ਪੀਕ ॥੧॥ (1336-1)
गावत सुनत दोऊ भए मुकते जिना गुरमुखि खिनु हरि पीक ॥१॥

ਮੇਰੈ ਮਨਿ ਹਰਿ ਹਰਿ ਰਾਮ ਨਾਮੁ ਰਸੁ ਟੀਕ ॥ (1336-2)
मेरै मनि हरि हरि राम नामु रसु टीक ॥

ਗੁਰਮੁਖਿ ਨਾਮੁ ਸੀਤਲ ਜਲੁ ਪਾਇਆ ਹਰਿ ਹਰਿ ਨਾਮੁ ਪੀਆ ਰਸੁ ਝੀਕ ॥੧॥ ਰਹਾਉ ॥ (1336-2)
गुरमुखि नामु सीतल जलु पाइआ हरि हरि नामु पीआ रसु झीक ॥१॥ रहाउ ॥

ਜਿਨ ਹਰਿ ਹਿਰਦੈ ਪ੍ਰੀਤਿ ਲਗਾਨੀ ਤਿਨਾ ਮਸਤਕਿ ਊਜਲ ਟੀਕ ॥ (1336-3)
जिन हरि हिरदै प्रीति लगानी तिना मसतकि ऊजल टीक ॥

ਹਰਿ ਜਨ ਸੋਭਾ ਸਭ ਜਗ ਊਪਰਿ ਜਿਉ ਵਿਚਿ ਉਡਵਾ ਸਸਿ ਕੀਕ ॥੨॥ (1336-4)
हरि जन सोभा सभ जग ऊपरि जिउ विचि उडवा ससि कीक ॥२॥

ਜਿਨ ਹਰਿ ਹਿਰਦੈ ਨਾਮੁ ਨ ਵਸਿਓ ਤਿਨ ਸਭਿ ਕਾਰਜ ਫੀਕ ॥ (1336-4)
जिन हरि हिरदै नामु न वसिओ तिन सभि कारज फीक ॥

ਜੈਸੇ ਸੀਗਾਰੁ ਕਰੈ ਦੇਹ ਮਾਨੁਖ ਨਾਮ ਬਿਨਾ ਨਕਟੇ ਨਕ ਕੀਕ ॥੩॥ (1336-5)
जैसे सीगारु करै देह मानुख नाम बिना नकटे नक कीक ॥३॥

ਘਟਿ ਘਟਿ ਰਮਈਆ ਰਮਤ ਰਾਮ ਰਾਇ ਸਭ ਵਰਤੈ ਸਭ ਮਹਿ ਈਕ ॥ (1336-5)
घटि घटि रमईआ रमत राम राइ सभ वरतै सभ महि ईक ॥

ਜਨ ਨਾਨਕ ਕਉ ਹਰਿ ਕਿਰਪਾ ਧਾਰੀ ਗੁਰ ਬਚਨ ਧਿਆਇਓ ਘਰੀ ਮੀਕ ॥੪॥੩॥ (1336-6)
जन नानक कउ हरि किरपा धारी गुर बचन धिआइओ घरी मीक ॥४॥३॥

ਪ੍ਰਭਾਤੀ ਮਹਲਾ ੪ ॥ (1336-7)
प्रभाती महला ४ ॥

ਅਗਮ ਦਇਆਲ ਕ੍ਰਿਪਾ ਪ੍ਰਭਿ ਧਾਰੀ ਮੁਖਿ ਹਰਿ ਹਰਿ ਨਾਮੁ ਹਮ ਕਹੇ ॥ (1336-7)
अगम दइआल क्रिपा प्रभि धारी मुखि हरि हरि नामु हम कहे ॥

ਪਤਿਤ ਪਾਵਨ ਹਰਿ ਨਾਮੁ ਧਿਆਇਓ ਸਭਿ ਕਿਲਬਿਖ ਪਾਪ ਲਹੇ ॥੧॥ (1336-8)
पतित पावन हरि नामु धिआइओ सभि किलबिख पाप लहे ॥१॥

ਜਪਿ ਮਨ ਰਾਮ ਨਾਮੁ ਰਵਿ ਰਹੇ ॥ (1336-8)
जपि मन राम नामु रवि रहे ॥

ਦੀਨ ਦਇਆਲੁ ਦੁਖ ਭੰਜਨੁ ਗਾਇਓ ਗੁਰਮਤਿ ਨਾਮੁ ਪਦਾਰਥੁ ਲਹੇ ॥੧॥ ਰਹਾਉ ॥ (1336-9)
दीन दइआलु दुख भंजनु गाइओ गुरमति नामु पदारथु लहे ॥१॥ रहाउ ॥

ਕਾਇਆ ਨਗਰਿ ਨਗਰਿ ਹਰਿ ਬਸਿਓ ਮਤਿ ਗੁਰਮਤਿ ਹਰਿ ਹਰਿ ਸਹੇ ॥ (1336-9)
काइआ नगरि नगरि हरि बसिओ मति गुरमति हरि हरि सहे ॥

ਸਰੀਰਿ ਸਰੋਵਰਿ ਨਾਮੁ ਹਰਿ ਪ੍ਰਗਟਿਓ ਘਰਿ ਮੰਦਰਿ ਹਰਿ ਪ੍ਰਭੁ ਲਹੇ ॥੨॥ (1336-10)
सरीरि सरोवरि नामु हरि प्रगटिओ घरि मंदरि हरि प्रभु लहे ॥२॥

ਜੋ ਨਰ ਭਰਮਿ ਭਰਮਿ ਉਦਿਆਨੇ ਤੇ ਸਾਕਤ ਮੂੜ ਮੁਹੇ ॥ (1336-11)
जो नर भरमि भरमि उदिआने ते साकत मूड़ मुहे ॥

ਜਿਉ ਮ੍ਰਿਗ ਨਾਭਿ ਬਸੈ ਬਾਸੁ ਬਸਨਾ ਭ੍ਰਮਿ ਭ੍ਰਮਿਓ ਝਾਰ ਗਹੇ ॥੩॥ (1336-11)
जिउ म्रिग नाभि बसै बासु बसना भ्रमि भ्रमिओ झार गहे ॥३॥

ਤੁਮ ਵਡ ਅਗਮ ਅਗਾਧਿ ਬੋਧਿ ਪ੍ਰਭ ਮਤਿ ਦੇਵਹੁ ਹਰਿ ਪ੍ਰਭ ਲਹੇ ॥ (1336-12)
तुम वड अगम अगाधि बोधि प्रभ मति देवहु हरि प्रभ लहे ॥

ਜਨ ਨਾਨਕ ਕਉ ਗੁਰਿ ਹਾਥੁ ਸਿਰਿ ਧਰਿਓ ਹਰਿ ਰਾਮ ਨਾਮਿ ਰਵਿ ਰਹੇ ॥੪॥੪॥ (1336-13)
जन नानक कउ गुरि हाथु सिरि धरिओ हरि राम नामि रवि रहे ॥४॥४॥

ਪ੍ਰਭਾਤੀ ਮਹਲਾ ੪ ॥ (1336-13)
प्रभाती महला ४ ॥

ਮਨਿ ਲਾਗੀ ਪ੍ਰੀਤਿ ਰਾਮ ਨਾਮ ਹਰਿ ਹਰਿ ਜਪਿਓ ਹਰਿ ਪ੍ਰਭੁ ਵਡਫਾ ॥ (1336-14)
मनि लागी प्रीति राम नाम हरि हरि जपिओ हरि प्रभु वडफा ॥

ਸਤਿਗੁਰ ਬਚਨ ਸੁਖਾਨੇ ਹੀਅਰੈ ਹਰਿ ਧਾਰੀ ਹਰਿ ਪ੍ਰਭ ਕ੍ਰਿਪਫਾ ॥੧॥ (1336-14)
सतिगुर बचन सुखाने हीअरै हरि धारी हरि प्रभ क्रिपफा ॥१॥

ਮੇਰੇ ਮਨ ਭਜੁ ਰਾਮ ਨਾਮ ਹਰਿ ਨਿਮਖਫਾ ॥ (1336-15)
मेरे मन भजु राम नाम हरि निमखफा ॥

ਹਰਿ ਹਰਿ ਦਾਨੁ ਦੀਓ ਗੁਰਿ ਪੂਰੈ ਹਰਿ ਨਾਮਾ ਮਨਿ ਤਨਿ ਬਸਫਾ ॥੧॥ ਰਹਾਉ ॥ (1336-15)
हरि हरि दानु दीओ गुरि पूरै हरि नामा मनि तनि बसफा ॥१॥ रहाउ ॥

ਕਾਇਆ ਨਗਰਿ ਵਸਿਓ ਘਰਿ ਮੰਦਰਿ ਜਪਿ ਸੋਭਾ ਗੁਰਮੁਖਿ ਕਰਪਫਾ ॥ (1336-16)
काइआ नगरि वसिओ घरि मंदरि जपि सोभा गुरमुखि करपफा ॥

ਹਲਤਿ ਪਲਤਿ ਜਨ ਭਏ ਸੁਹੇਲੇ ਮੁਖ ਊਜਲ ਗੁਰਮੁਖਿ ਤਰਫਾ ॥੨॥ (1336-17)
हलति पलति जन भए सुहेले मुख ऊजल गुरमुखि तरफा ॥२॥

ਅਨਭਉ ਹਰਿ ਹਰਿ ਹਰਿ ਲਿਵ ਲਾਗੀ ਹਰਿ ਉਰ ਧਾਰਿਓ ਗੁਰਿ ਨਿਮਖਫਾ ॥ (1336-17)
अनभउ हरि हरि हरि लिव लागी हरि उर धारिओ गुरि निमखफा ॥

ਕੋਟਿ ਕੋਟਿ ਕੇ ਦੋਖ ਸਭ ਜਨ ਕੇ ਹਰਿ ਦੂਰਿ ਕੀਏ ਇਕ ਪਲਫਾ ॥੩॥ (1336-18)
कोटि कोटि के दोख सभ जन के हरि दूरि कीए इक पलफा ॥३॥

ਤੁਮਰੇ ਜਨ ਤੁਮ ਹੀ ਤੇ ਜਾਨੇ ਪ੍ਰਭ ਜਾਨਿਓ ਜਨ ਤੇ ਮੁਖਫਾ ॥ (1336-19)
तुमरे जन तुम ही ते जाने प्रभ जानिओ जन ते मुखफा ॥

ਹਰਿ ਹਰਿ ਆਪੁ ਧਰਿਓ ਹਰਿ ਜਨ ਮਹਿ ਜਨ ਨਾਨਕੁ ਹਰਿ ਪ੍ਰਭੁ ਇਕਫਾ ॥੪॥੫॥ (1336-19)
हरि हरि आपु धरिओ हरि जन महि जन नानकु हरि प्रभु इकफा ॥४॥५॥

ਪ੍ਰਭਾਤੀ ਮਹਲਾ ੪ ॥ (1337-1)
प्रभाती महला ४ ॥

ਗੁਰ ਸਤਿਗੁਰਿ ਨਾਮੁ ਦ੍ਰਿੜਾਇਓ ਹਰਿ ਹਰਿ ਹਮ ਮੁਏ ਜੀਵੇ ਹਰਿ ਜਪਿਭਾ ॥ (1337-1)
गुर सतिगुरि नामु द्रिड़ाइओ हरि हरि हम मुए जीवे हरि जपिभा ॥

ਧਨੁ ਧੰਨੁ ਗੁਰੂ ਗੁਰ ਸਤਿਗੁਰੁ ਪੂਰਾ ਬਿਖੁ ਡੁਬਦੇ ਬਾਹ ਦੇਇ ਕਢਿਭਾ ॥੧॥ (1337-2)
धनु धंनु गुरू गुरु सतिगुरु पूरा बिखु डुबदे बाह देइ कढिभा ॥१॥

ਜਪਿ ਮਨ ਰਾਮ ਨਾਮੁ ਅਰਧਾਂਭਾ ॥ (1337-3)
जपि मन राम नामु अरधांभा ॥

ਉਪਜੰਪਿ ਉਪਾਇ ਨ ਪਾਈਐ ਕਤਹੂ ਗੁਰਿ ਪੂਰੈ ਹਰਿ ਪ੍ਰਭੁ ਲਾਭਾ ॥੧॥ ਰਹਾਉ ॥ (1337-3)
उपज्मपि उपाइ न पाईऐ कतहू गुरि पूरै हरि प्रभु लाभा ॥१॥ रहाउ ॥

ਰਾਮ ਨਾਮੁ ਰਸੁ ਰਾਮ ਰਸਾਇਣੁ ਰਸੁ ਪੀਆ ਗੁਰਮਤਿ ਰਸਭਾ ॥ (1337-4)
राम नामु रसु राम रसाइणु रसु पीआ गुरमति रसभा ॥

ਲੋਹ ਮਨੂਰ ਕੰਚਨੁ ਮਿਲਿ ਸੰਗਤਿ ਹਰਿ ਉਰ ਧਾਰਿਓ ਗੁਰਿ ਹਰਿਭਾ ॥੨॥ (1337-4)
लोह मनूर कंचनु मिलि संगति हरि उर धारिओ गुरि हरिभा ॥२॥

ਹਉਮੈ ਬਿਖਿਆ ਨਿਤ ਲੋਭਿ ਲੁਭਾਨੇ ਪੁਤ ਕਲਤ ਮੋਹਿ ਲੁਭਿਭਾ ॥ (1337-5)
हउमै बिखिआ नित लोभि लुभाने पुत कलत मोहि लुभिभा ॥

ਤਿਨ ਪਗ ਸੰਤ ਨ ਸੇਵੇ ਕਬਹੂ ਤੇ ਮਨਮੁਖ ਭੂੰਭਰ ਭਰਭਾ ॥੩॥ (1337-6)
तिन पग संत न सेवे कबहू ते मनमुख भूमभर भरभा ॥३॥

ਤੁਮਰੇ ਗੁਨ ਤੁਮ ਹੀ ਪ੍ਰਭ ਜਾਨਹੁ ਹਮ ਪਰੇ ਹਾਰਿ ਤੁਮ ਸਰਨਭਾ ॥ (1337-6)
तुमरे गुन तुम ही प्रभ जानहु हम परे हारि तुम सरनभा ॥

ਜਿਉ ਜਾਨਹੁ ਤਿਉ ਰਾਖਹੁ ਸੁਆਮੀ ਜਨ ਨਾਨਕੁ ਦਾਸੁ ਤੁਮਨਭਾ ॥੪॥੬॥ ਛਕਾ ੧ ॥ (1337-7)
जिउ जानहु तिउ राखहु सुआमी जन नानकु दासु तुमनभा ॥४॥६॥ छका १ ॥

ਪ੍ਰਭਾਤੀ ਬਿਭਾਸ ਪੜਤਾਲ ਮਹਲਾ ੪ (1337-8)
प्रभाती बिभास पड़ताल महला ४

ੴ ਸਤਿਗੁਰ ਪ੍ਰਸਾਦਿ ॥ (1337-8)
ੴ सतिगुर प्रसादि ॥

ਜਪਿ ਮਨ ਹਰਿ ਹਰਿ ਨਾਮੁ ਨਿਧਾਨ ॥ (1337-9)
जपि मन हरि हरि नामु निधान ॥

ਹਰਿ ਦਰਗਹ ਪਾਵਹਿ ਮਾਨ ॥ (1337-9)
हरि दरगह पावहि मान ॥

ਜਿਨਿ ਜਪਿਆ ਤੇ ਪਾਰਿ ਪਰਾਨ ॥੧॥ ਰਹਾਉ ॥ (1337-9)
जिनि जपिआ ते पारि परान ॥१॥ रहाउ ॥

ਸੁਨਿ ਮਨ ਹਰਿ ਹਰਿ ਨਾਮੁ ਕਰਿ ਧਿਆਨੁ ॥ (1337-10)
सुनि मन हरि हरि नामु करि धिआनु ॥

ਸੁਨਿ ਮਨ ਹਰਿ ਕੀਰਤਿ ਅਠਸਠਿ ਮਜਾਨੁ ॥ (1337-10)
सुनि मन हरि कीरति अठसठि मजानु ॥

ਸੁਨਿ ਮਨ ਗੁਰਮੁਖਿ ਪਾਵਹਿ ਮਾਨੁ ॥੧॥ (1337-10)
सुनि मन गुरमुखि पावहि मानु ॥१॥

ਜਪਿ ਮਨ ਪਰਮੇਸੁਰੁ ਪਰਧਾਨੁ ॥ (1337-11)
जपि मन परमेसुरु परधानु ॥

ਖਿਨ ਖੋਵੈ ਪਾਪ ਕੋਟਾਨ ॥ (1337-11)
खिन खोवै पाप कोटान ॥

ਮਿਲੁ ਨਾਨਕ ਹਰਿ ਭਗਵਾਨ ॥੨॥੧॥੭॥ (1337-11)
मिलु नानक हरि भगवान ॥२॥१॥७॥

ਪ੍ਰਭਾਤੀ ਮਹਲਾ ੫ ਬਿਭਾਸ (1337-13)
प्रभाती महला ५ बिभास

ੴ ਸਤਿਗੁਰ ਪ੍ਰਸਾਦਿ ॥ (1337-13)
ੴ सतिगुर प्रसादि ॥

ਮਨੁ ਹਰਿ ਕੀਆ ਤਨੁ ਸਭੁ ਸਾਜਿਆ ॥ (1337-14)
मनु हरि कीआ तनु सभु साजिआ ॥

ਪੰਚ ਤਤ ਰਚਿ ਜੋਤਿ ਨਿਵਾਜਿਆ ॥ (1337-14)
पंच तत रचि जोति निवाजिआ ॥

ਸਿਹਜਾ ਧਰਤਿ ਬਰਤਨ ਕਉ ਪਾਨੀ ॥ (1337-14)
सिहजा धरति बरतन कउ पानी ॥

ਨਿਮਖ ਨ ਵਿਸਾਰਹੁ ਸੇਵਹੁ ਸਾਰਿਗਪਾਨੀ ॥੧॥ (1337-15)
निमख न विसारहु सेवहु सारिगपानी ॥१॥

ਮਨ ਸਤਿਗੁਰੁ ਸੇਵਿ ਹੋਇ ਪਰਮ ਗਤੇ ॥ (1337-15)
मन सतिगुरु सेवि होइ परम गते ॥

ਹਰਖ ਸੋਗ ਤੇ ਰਹਹਿ ਨਿਰਾਰਾ ਤਾਂ ਤੂ ਪਾਵਹਿ ਪ੍ਰਾਨਪਤੇ ॥੧॥ ਰਹਾਉ ॥ (1337-15)
हरख सोग ते रहहि निरारा तां तू पावहि प्रानपते ॥१॥ रहाउ ॥

ਕਾਪੜ ਭੋਗ ਰਸ ਅਨਿਕ ਭੁੰਚਾਏ ॥ (1337-16)
कापड़ भोग रस अनिक भुंचाए ॥

ਮਾਤ ਪਿਤਾ ਕੁਟੰਬ ਸਗਲ ਬਨਾਏ ॥ (1337-16)
मात पिता कुट्मब सगल बनाए ॥

ਰਿਜਕੁ ਸਮਾਹੇ ਜਲਿ ਥਲਿ ਮੀਤ ॥ (1337-17)
रिजकु समाहे जलि थलि मीत ॥

ਸੋ ਹਰਿ ਸੇਵਹੁ ਨੀਤਾ ਨੀਤ ॥੨॥ (1337-17)
सो हरि सेवहु नीता नीत ॥२॥

ਤਹਾ ਸਖਾਈ ਜਹ ਕੋਇ ਨ ਹੋਵੈ ॥ (1337-17)
तहा सखाई जह कोइ न होवै ॥

ਕੋਟਿ ਅਪ੍ਰਾਧ ਇਕ ਖਿਨ ਮਹਿ ਧੋਵੈ ॥ (1337-18)
कोटि अप्राध इक खिन महि धोवै ॥

ਦਾਤਿ ਕਰੈ ਨਹੀ ਪਛੁੋਤਾਵੈ ॥ (1337-18)
दाति करै नही पछुोतावै ॥

ਏਕਾ ਬਖਸ ਫਿਰਿ ਬਹੁਰਿ ਨ ਬੁਲਾਵੈ ॥੩॥ (1337-18)
एका बखस फिरि बहुरि न बुलावै ॥३॥

ਕਿਰਤ ਸੰਜੋਗੀ ਪਾਇਆ ਭਾਲਿ ॥ (1338-1)
किरत संजोगी पाइआ भालि ॥

ਸਾਧਸੰਗਤਿ ਮਹਿ ਬਸੇ ਗੁਪਾਲ ॥ (1338-1)
साधसंगति महि बसे गुपाल ॥

ਗੁਰ ਮਿਲਿ ਆਏ ਤੁਮਰੈ ਦੁਆਰ ॥ (1338-1)
गुर मिलि आए तुमरै दुआर ॥

ਜਨ ਨਾਨਕ ਦਰਸਨੁ ਦੇਹੁ ਮੁਰਾਰਿ ॥੪॥੧॥ (1338-2)
जन नानक दरसनु देहु मुरारि ॥४॥१॥

ਪ੍ਰਭਾਤੀ ਮਹਲਾ ੫ ॥ (1338-2)
प्रभाती महला ५ ॥

ਪ੍ਰਭ ਕੀ ਸੇਵਾ ਜਨ ਕੀ ਸੋਭਾ ॥ (1338-2)
प्रभ की सेवा जन की सोभा ॥

ਕਾਮ ਕ੍ਰੋਧ ਮਿਟੇ ਤਿਸੁ ਲੋਭਾ ॥ (1338-3)
काम क्रोध मिटे तिसु लोभा ॥

ਨਾਮੁ ਤੇਰਾ ਜਨ ਕੈ ਭੰਡਾਰਿ ॥ (1338-3)
नामु तेरा जन कै भंडारि ॥

ਗੁਨ ਗਾਵਹਿ ਪ੍ਰਭ ਦਰਸ ਪਿਆਰਿ ॥੧॥ (1338-3)
गुन गावहि प्रभ दरस पिआरि ॥१॥

ਤੁਮਰੀ ਭਗਤਿ ਪ੍ਰਭ ਤੁਮਹਿ ਜਨਾਈ ॥ (1338-4)
तुमरी भगति प्रभ तुमहि जनाई ॥

ਕਾਟਿ ਜੇਵਰੀ ਜਨ ਲੀਏ ਛਡਾਈ ॥੧॥ ਰਹਾਉ ॥ (1338-4)
काटि जेवरी जन लीए छडाई ॥१॥ रहाउ ॥

ਜੋ ਜਨੁ ਰਾਤਾ ਪ੍ਰਭ ਕੈ ਰੰਗਿ ॥ (1338-4)
जो जनु राता प्रभ कै रंगि ॥

ਤਿਨਿ ਸੁਖੁ ਪਾਇਆ ਪ੍ਰਭ ਕੈ ਸੰਗਿ ॥ (1338-5)
तिनि सुखु पाइआ प्रभ कै संगि ॥

ਜਿਸੁ ਰਸੁ ਆਇਆ ਸੋਈ ਜਾਨੈ ॥ (1338-5)
जिसु रसु आइआ सोई जानै ॥

ਪੇਖਿ ਪੇਖਿ ਮਨ ਮਹਿ ਹੈਰਾਨੈ ॥੨॥ (1338-5)
पेखि पेखि मन महि हैरानै ॥२॥

ਸੋ ਸੁਖੀਆ ਸਭ ਤੇ ਊਤਮੁ ਸੋਇ ॥ (1338-6)
सो सुखीआ सभ ते ऊतमु सोइ ॥

ਜਾ ਕੈ ਹ੍ਰਿਦੈ ਵਸਿਆ ਪ੍ਰਭੁ ਸੋਇ ॥ (1338-6)
जा कै ह्रिदै वसिआ प्रभु सोइ ॥

ਸੋਈ ਨਿਹਚਲੁ ਆਵੈ ਨ ਜਾਇ ॥ (1338-6)
सोई निहचलु आवै न जाइ ॥

ਅਨਦਿਨੁ ਪ੍ਰਭ ਕੇ ਹਰਿ ਗੁਣ ਗਾਇ ॥੩॥ (1338-7)
अनदिनु प्रभ के हरि गुण गाइ ॥३॥

ਤਾ ਕਉ ਕਰਹੁ ਸਗਲ ਨਮਸਕਾਰੁ ॥ (1338-7)
ता कउ करहु सगल नमसकारु ॥

ਜਾ ਕੈ ਮਨਿ ਪੂਰਨੁ ਨਿਰੰਕਾਰੁ ॥ (1338-7)
जा कै मनि पूरनु निरंकारु ॥

ਕਰਿ ਕਿਰਪਾ ਮੋਹਿ ਠਾਕੁਰ ਦੇਵਾ ॥ (1338-8)
करि किरपा मोहि ठाकुर देवा ॥

ਨਾਨਕੁ ਉਧਰੈ ਜਨ ਕੀ ਸੇਵਾ ॥੪॥੨॥ (1338-8)
नानकु उधरै जन की सेवा ॥४॥२॥

ਪ੍ਰਭਾਤੀ ਮਹਲਾ ੫ ॥ (1338-8)
प्रभाती महला ५ ॥

ਗੁਨ ਗਾਵਤ ਮਨਿ ਹੋਇ ਅਨੰਦ ॥ (1338-9)
गुन गावत मनि होइ अनंद ॥

ਆਠ ਪਹਰ ਸਿਮਰਉ ਭਗਵੰਤ ॥ (1338-9)
आठ पहर सिमरउ भगवंत ॥

ਜਾ ਕੈ ਸਿਮਰਨਿ ਕਲਮਲ ਜਾਹਿ ॥ (1338-9)
जा कै सिमरनि कलमल जाहि ॥

ਤਿਸੁ ਗੁਰ ਕੀ ਹਮ ਚਰਨੀ ਪਾਹਿ ॥੧॥ (1338-9)
तिसु गुर की हम चरनी पाहि ॥१॥

ਸੁਮਤਿ ਦੇਵਹੁ ਸੰਤ ਪਿਆਰੇ ॥ (1338-10)
सुमति देवहु संत पिआरे ॥

ਸਿਮਰਉ ਨਾਮੁ ਮੋਹਿ ਨਿਸਤਾਰੇ ॥੧॥ ਰਹਾਉ ॥ (1338-10)
सिमरउ नामु मोहि निसतारे ॥१॥ रहाउ ॥

ਜਿਨਿ ਗੁਰਿ ਕਹਿਆ ਮਾਰਗੁ ਸੀਧਾ ॥ (1338-11)
जिनि गुरि कहिआ मारगु सीधा ॥

ਸਗਲ ਤਿਆਗਿ ਨਾਮਿ ਹਰਿ ਗੀਧਾ ॥ (1338-11)
सगल तिआगि नामि हरि गीधा ॥

ਤਿਸੁ ਗੁਰ ਕੈ ਸਦਾ ਬਲਿ ਜਾਈਐ ॥ (1338-11)
तिसु गुर कै सदा बलि जाईऐ ॥

ਹਰਿ ਸਿਮਰਨੁ ਜਿਸੁ ਗੁਰ ਤੇ ਪਾਈਐ ॥੨॥ (1338-12)
हरि सिमरनु जिसु गुर ते पाईऐ ॥२॥

ਬੂਡਤ ਪ੍ਰਾਨੀ ਜਿਨਿ ਗੁਰਹਿ ਤਰਾਇਆ ॥ (1338-12)
बूडत प्रानी जिनि गुरहि तराइआ ॥

ਜਿਸੁ ਪ੍ਰਸਾਦਿ ਮੋਹੈ ਨਹੀ ਮਾਇਆ ॥ (1338-13)
जिसु प्रसादि मोहै नही माइआ ॥

ਹਲਤੁ ਪਲਤੁ ਜਿਨਿ ਗੁਰਹਿ ਸਵਾਰਿਆ ॥ (1338-13)
हलतु पलतु जिनि गुरहि सवारिआ ॥

ਤਿਸੁ ਗੁਰ ਊਪਰਿ ਸਦਾ ਹਉ ਵਾਰਿਆ ॥੩॥ (1338-13)
तिसु गुर ऊपरि सदा हउ वारिआ ॥३॥

ਮਹਾ ਮੁਗਧ ਤੇ ਕੀਆ ਗਿਆਨੀ ॥ (1338-14)
महा मुगध ते कीआ गिआनी ॥

ਗੁਰ ਪੂਰੇ ਕੀ ਅਕਥ ਕਹਾਨੀ ॥ (1338-14)
गुर पूरे की अकथ कहानी ॥

ਪਾਰਬ੍ਰਹਮ ਨਾਨਕ ਗੁਰਦੇਵ ॥ (1338-14)
पारब्रहम नानक गुरदेव ॥

ਵਡੈ ਭਾਗਿ ਪਾਈਐ ਹਰਿ ਸੇਵ ॥੪॥੩॥ (1338-15)
वडै भागि पाईऐ हरि सेव ॥४॥३॥

ਪ੍ਰਭਾਤੀ ਮਹਲਾ ੫ ॥ (1338-15)
प्रभाती महला ५ ॥

ਸਗਲੇ ਦੂਖ ਮਿਟੇ ਸੁਖ ਦੀਏ ਅਪਨਾ ਨਾਮੁ ਜਪਾਇਆ ॥ (1338-15)
सगले दूख मिटे सुख दीए अपना नामु जपाइआ ॥

ਕਰਿ ਕਿਰਪਾ ਅਪਨੀ ਸੇਵਾ ਲਾਏ ਸਗਲਾ ਦੁਰਤੁ ਮਿਟਾਇਆ ॥੧॥ (1338-16)
करि किरपा अपनी सेवा लाए सगला दुरतु मिटाइआ ॥१॥

ਹਮ ਬਾਰਿਕ ਸਰਨਿ ਪ੍ਰਭ ਦਇਆਲ ॥ (1338-16)
हम बारिक सरनि प्रभ दइआल ॥

ਅਵਗਣ ਕਾਟਿ ਕੀਏ ਪ੍ਰਭਿ ਅਪੁਨੇ ਰਾਖਿ ਲੀਏ ਮੇਰੈ ਗੁਰ ਗੋਪਾਲਿ ॥੧॥ ਰਹਾਉ ॥ (1338-17)
अवगण काटि कीए प्रभि अपुने राखि लीए मेरै गुर गोपालि ॥१॥ रहाउ ॥

ਤਾਪ ਪਾਪ ਬਿਨਸੇ ਖਿਨ ਭੀਤਰਿ ਭਏ ਕ੍ਰਿਪਾਲ ਗੁਸਾਈ ॥ (1338-17)
ताप पाप बिनसे खिन भीतरि भए क्रिपाल गुसाई ॥

ਸਾਸਿ ਸਾਸਿ ਪਾਰਬ੍ਰਹਮੁ ਅਰਾਧੀ ਅਪੁਨੇ ਸਤਿਗੁਰ ਕੈ ਬਲਿ ਜਾਈ ॥੨॥ (1338-18)
सासि सासि पारब्रहमु अराधी अपुने सतिगुर कै बलि जाई ॥२॥

ਅਗਮ ਅਗੋਚਰੁ ਬਿਅੰਤੁ ਸੁਆਮੀ ਤਾ ਕਾ ਅੰਤੁ ਨ ਪਾਈਐ ॥ (1338-19)
अगम अगोचरु बिअंतु सुआमी ता का अंतु न पाईऐ ॥

ਲਾਹਾ ਖਾਟਿ ਹੋਈਐ ਧਨਵੰਤਾ ਅਪੁਨਾ ਪ੍ਰਭੂ ਧਿਆਈਐ ॥੩॥ (1338-19)
लाहा खाटि होईऐ धनवंता अपुना प्रभू धिआईऐ ॥३॥

ਆਠ ਪਹਰ ਪਾਰਬ੍ਰਹਮੁ ਧਿਆਈ ਸਦਾ ਸਦਾ ਗੁਨ ਗਾਇਆ ॥ (1339-1)
आठ पहर पारब्रहमु धिआई सदा सदा गुन गाइआ ॥

ਕਹੁ ਨਾਨਕ ਮੇਰੇ ਪੂਰੇ ਮਨੋਰਥ ਪਾਰਬ੍ਰਹਮੁ ਗੁਰੁ ਪਾਇਆ ॥੪॥੪॥ (1339-2)
कहु नानक मेरे पूरे मनोरथ पारब्रहमु गुरु पाइआ ॥४॥४॥

ਪ੍ਰਭਾਤੀ ਮਹਲਾ ੫ ॥ (1339-2)
प्रभाती महला ५ ॥

ਸਿਮਰਤ ਨਾਮੁ ਕਿਲਬਿਖ ਸਭਿ ਨਾਸੇ ॥ (1339-2)
सिमरत नामु किलबिख सभि नासे ॥

ਸਚੁ ਨਾਮੁ ਗੁਰਿ ਦੀਨੀ ਰਾਸੇ ॥ (1339-3)
सचु नामु गुरि दीनी रासे ॥

ਪ੍ਰਭ ਕੀ ਦਰਗਹ ਸੋਭਾਵੰਤੇ ॥ (1339-3)
प्रभ की दरगह सोभावंते ॥

ਸੇਵਕ ਸੇਵਿ ਸਦਾ ਸੋਹੰਤੇ ॥੧॥ (1339-3)
सेवक सेवि सदा सोहंते ॥१॥

ਹਰਿ ਹਰਿ ਨਾਮੁ ਜਪਹੁ ਮੇਰੇ ਭਾਈ ॥ (1339-4)
हरि हरि नामु जपहु मेरे भाई ॥

ਸਗਲੇ ਰੋਗ ਦੋਖ ਸਭਿ ਬਿਨਸਹਿ ਅਗਿਆਨੁ ਅੰਧੇਰਾ ਮਨ ਤੇ ਜਾਈ ॥੧॥ ਰਹਾਉ ॥ (1339-4)
सगले रोग दोख सभि बिनसहि अगिआनु अंधेरा मन ते जाई ॥१॥ रहाउ ॥

ਜਨਮ ਮਰਨ ਗੁਰਿ ਰਾਖੇ ਮੀਤ ॥ (1339-5)
जनम मरन गुरि राखे मीत ॥

ਹਰਿ ਕੇ ਨਾਮ ਸਿਉ ਲਾਗੀ ਪ੍ਰੀਤਿ ॥ (1339-5)
हरि के नाम सिउ लागी प्रीति ॥

ਕੋਟਿ ਜਨਮ ਕੇ ਗਏ ਕਲੇਸ ॥ (1339-5)
कोटि जनम के गए कलेस ॥

ਜੋ ਤਿਸੁ ਭਾਵੈ ਸੋ ਭਲ ਹੋਸ ॥੨॥ (1339-6)
जो तिसु भावै सो भल होस ॥२॥

ਤਿਸੁ ਗੁਰ ਕਉ ਹਉ ਸਦ ਬਲਿ ਜਾਈ ॥ (1339-6)
तिसु गुर कउ हउ सद बलि जाई ॥

ਜਿਸੁ ਪ੍ਰਸਾਦਿ ਹਰਿ ਨਾਮੁ ਧਿਆਈ ॥ (1339-6)
जिसु प्रसादि हरि नामु धिआई ॥

ਐਸਾ ਗੁਰੁ ਪਾਈਐ ਵਡਭਾਗੀ ॥ (1339-7)
ऐसा गुरु पाईऐ वडभागी ॥

ਜਿਸੁ ਮਿਲਤੇ ਰਾਮ ਲਿਵ ਲਾਗੀ ॥੩॥ (1339-7)
जिसु मिलते राम लिव लागी ॥३॥

ਕਰਿ ਕਿਰਪਾ ਪਾਰਬ੍ਰਹਮ ਸੁਆਮੀ ॥ (1339-7)
करि किरपा पारब्रहम सुआमी ॥

ਸਗਲ ਘਟਾ ਕੇ ਅੰਤਰਜਾਮੀ ॥ (1339-8)
सगल घटा के अंतरजामी ॥

ਆਠ ਪਹਰ ਅਪੁਨੀ ਲਿਵ ਲਾਇ ॥ (1339-8)
आठ पहर अपुनी लिव लाइ ॥

ਜਨੁ ਨਾਨਕੁ ਪ੍ਰਭ ਕੀ ਸਰਨਾਇ ॥੪॥੫॥ (1339-8)
जनु नानकु प्रभ की सरनाइ ॥४॥५॥

ਪ੍ਰਭਾਤੀ ਮਹਲਾ ੫ ॥ (1339-9)
प्रभाती महला ५ ॥

ਕਰਿ ਕਿਰਪਾ ਅਪੁਨੇ ਪ੍ਰਭਿ ਕੀਏ ॥ (1339-9)
करि किरपा अपुने प्रभि कीए ॥

ਹਰਿ ਕਾ ਨਾਮੁ ਜਪਨ ਕਉ ਦੀਏ ॥ (1339-9)
हरि का नामु जपन कउ दीए ॥

ਆਠ ਪਹਰ ਗੁਨ ਗਾਇ ਗੁਬਿੰਦ ॥ (1339-9)
आठ पहर गुन गाइ गुबिंद ॥

ਭੈ ਬਿਨਸੇ ਉਤਰੀ ਸਭ ਚਿੰਦ ॥੧॥ (1339-10)
भै बिनसे उतरी सभ चिंद ॥१॥

ਉਬਰੇ ਸਤਿਗੁਰ ਚਰਨੀ ਲਾਗਿ ॥ (1339-10)
उबरे सतिगुर चरनी लागि ॥

ਜੋ ਗੁਰੁ ਕਹੈ ਸੋਈ ਭਲ ਮੀਠਾ ਮਨ ਕੀ ਮਤਿ ਤਿਆਗਿ ॥੧॥ ਰਹਾਉ ॥ (1339-10)
जो गुरु कहै सोई भल मीठा मन की मति तिआगि ॥१॥ रहाउ ॥

ਮਨਿ ਤਨਿ ਵਸਿਆ ਹਰਿ ਪ੍ਰਭੁ ਸੋਈ ॥ (1339-11)
मनि तनि वसिआ हरि प्रभु सोई ॥

ਕਲਿ ਕਲੇਸ ਕਿਛੁ ਬਿਘਨੁ ਨ ਹੋਈ ॥ (1339-11)
कलि कलेस किछु बिघनु न होई ॥

ਸਦਾ ਸਦਾ ਪ੍ਰਭੁ ਜੀਅ ਕੈ ਸੰਗਿ ॥ (1339-12)
सदा सदा प्रभु जीअ कै संगि ॥

ਉਤਰੀ ਮੈਲੁ ਨਾਮ ਕੈ ਰੰਗਿ ॥੨॥ (1339-12)
उतरी मैलु नाम कै रंगि ॥२॥

ਚਰਨ ਕਮਲ ਸਿਉ ਲਾਗੋ ਪਿਆਰੁ ॥ (1339-12)
चरन कमल सिउ लागो पिआरु ॥

ਬਿਨਸੇ ਕਾਮ ਕ੍ਰੋਧ ਅਹੰਕਾਰ ॥ (1339-13)
बिनसे काम क्रोध अहंकार ॥

ਪ੍ਰਭ ਮਿਲਨ ਕਾ ਮਾਰਗੁ ਜਾਨਾਂ ॥ (1339-13)
प्रभ मिलन का मारगु जानां ॥

ਭਾਇ ਭਗਤਿ ਹਰਿ ਸਿਉ ਮਨੁ ਮਾਨਾਂ ॥੩॥ (1339-13)
भाइ भगति हरि सिउ मनु मानां ॥३॥

ਸੁਣਿ ਸਜਣ ਸੰਤ ਮੀਤ ਸੁਹੇਲੇ ॥ (1339-14)
सुणि सजण संत मीत सुहेले ॥

ਨਾਮੁ ਰਤਨੁ ਹਰਿ ਅਗਹ ਅਤੋਲੇ ॥ (1339-14)
नामु रतनु हरि अगह अतोले ॥

ਸਦਾ ਸਦਾ ਪ੍ਰਭੁ ਗੁਣ ਨਿਧਿ ਗਾਈਐ ॥ (1339-14)
सदा सदा प्रभु गुण निधि गाईऐ ॥

ਕਹੁ ਨਾਨਕ ਵਡਭਾਗੀ ਪਾਈਐ ॥੪॥੬॥ (1339-15)
कहु नानक वडभागी पाईऐ ॥४॥६॥

ਪ੍ਰਭਾਤੀ ਮਹਲਾ ੫ ॥ (1339-15)
प्रभाती महला ५ ॥

ਸੇ ਧਨਵੰਤ ਸੇਈ ਸਚੁ ਸਾਹਾ ॥ (1339-15)
से धनवंत सेई सचु साहा ॥

ਹਰਿ ਕੀ ਦਰਗਹ ਨਾਮੁ ਵਿਸਾਹਾ ॥੧॥ (1339-16)
हरि की दरगह नामु विसाहा ॥१॥

ਹਰਿ ਹਰਿ ਨਾਮੁ ਜਪਹੁ ਮਨ ਮੀਤ ॥ (1339-16)
हरि हरि नामु जपहु मन मीत ॥

ਗੁਰੁ ਪੂਰਾ ਪਾਈਐ ਵਡਭਾਗੀ ਨਿਰਮਲ ਪੂਰਨ ਰੀਤਿ ॥੧॥ ਰਹਾਉ ॥ (1339-16)
गुरु पूरा पाईऐ वडभागी निरमल पूरन रीति ॥१॥ रहाउ ॥

ਪਾਇਆ ਲਾਭੁ ਵਜੀ ਵਾਧਾਈ ॥ (1339-17)
पाइआ लाभु वजी वाधाई ॥

ਸੰਤ ਪ੍ਰਸਾਦਿ ਹਰਿ ਕੇ ਗੁਨ ਗਾਈ ॥੨॥ (1339-17)
संत प्रसादि हरि के गुन गाई ॥२॥

ਸਫਲ ਜਨਮੁ ਜੀਵਨ ਪਰਵਾਣੁ ॥ (1339-18)
सफल जनमु जीवन परवाणु ॥

ਗੁਰ ਪਰਸਾਦੀ ਹਰਿ ਰੰਗੁ ਮਾਣੁ ॥੩॥ (1339-18)
गुर परसादी हरि रंगु माणु ॥३॥

ਬਿਨਸੇ ਕਾਮ ਕ੍ਰੋਧ ਅਹੰਕਾਰ ॥ (1339-18)
बिनसे काम क्रोध अहंकार ॥

ਨਾਨਕ ਗੁਰਮੁਖਿ ਉਤਰਹਿ ਪਾਰਿ ॥੪॥੭॥ (1339-19)
नानक गुरमुखि उतरहि पारि ॥४॥७॥

ਪ੍ਰਭਾਤੀ ਮਹਲਾ ੫ ॥ (1339-19)
प्रभाती महला ५ ॥

ਗੁਰੁ ਪੂਰਾ ਪੂਰੀ ਤਾ ਕੀ ਕਲਾ ॥ (1339-19)
गुरु पूरा पूरी ता की कला ॥

ਗੁਰ ਕਾ ਸਬਦੁ ਸਦਾ ਸਦ ਅਟਲਾ ॥ (1340-1)
गुर का सबदु सदा सद अटला ॥

ਗੁਰ ਕੀ ਬਾਣੀ ਜਿਸੁ ਮਨਿ ਵਸੈ ॥ (1340-1)
गुर की बाणी जिसु मनि वसै ॥

ਦੂਖੁ ਦਰਦੁ ਸਭੁ ਤਾ ਕਾ ਨਸੈ ॥੧॥ (1340-1)
दूखु दरदु सभु ता का नसै ॥१॥

ਹਰਿ ਰੰਗਿ ਰਾਤਾ ਮਨੁ ਰਾਮ ਗੁਨ ਗਾਵੈ ॥ (1340-2)
हरि रंगि राता मनु राम गुन गावै ॥

ਮੁਕਤੋੁ ਸਾਧੂ ਧੂਰੀ ਨਾਵੈ ॥੧॥ ਰਹਾਉ ॥ (1340-2)
मुकतो साधू धूरी नावै ॥१॥ रहाउ ॥

ਗੁਰ ਪਰਸਾਦੀ ਉਤਰੇ ਪਾਰਿ ॥ (1340-2)
गुर परसादी उतरे पारि ॥

ਭਉ ਭਰਮੁ ਬਿਨਸੇ ਬਿਕਾਰ ॥ (1340-3)
भउ भरमु बिनसे बिकार ॥

ਮਨ ਤਨ ਅੰਤਰਿ ਬਸੇ ਗੁਰ ਚਰਨਾ ॥ (1340-3)
मन तन अंतरि बसे गुर चरना ॥

ਨਿਰਭੈ ਸਾਧ ਪਰੇ ਹਰਿ ਸਰਨਾ ॥੨॥ (1340-3)
निरभै साध परे हरि सरना ॥२॥

ਅਨਦ ਸਹਜ ਰਸ ਸੂਖ ਘਨੇਰੇ ॥ (1340-4)
अनद सहज रस सूख घनेरे ॥

ਦੁਸਮਨੁ ਦੂਖੁ ਨ ਆਵੈ ਨੇਰੇ ॥ (1340-4)
दुसमनु दूखु न आवै नेरे ॥

ਗੁਰਿ ਪੂਰੈ ਅਪੁਨੇ ਕਰਿ ਰਾਖੇ ॥ (1340-4)
गुरि पूरै अपुने करि राखे ॥

ਹਰਿ ਨਾਮੁ ਜਪਤ ਕਿਲਬਿਖ ਸਭਿ ਲਾਥੇ ॥੩॥ (1340-4)
हरि नामु जपत किलबिख सभि लाथे ॥३॥

ਸੰਤ ਸਾਜਨ ਸਿਖ ਭਏ ਸੁਹੇਲੇ ॥ (1340-5)
संत साजन सिख भए सुहेले ॥

ਗੁਰਿ ਪੂਰੈ ਪ੍ਰਭ ਸਿਉ ਲੈ ਮੇਲੇ ॥ (1340-5)
गुरि पूरै प्रभ सिउ लै मेले ॥

ਜਨਮ ਮਰਨ ਦੁਖ ਫਾਹਾ ਕਾਟਿਆ ॥ (1340-5)
जनम मरन दुख फाहा काटिआ ॥

ਕਹੁ ਨਾਨਕ ਗੁਰਿ ਪੜਦਾ ਢਾਕਿਆ ॥੪॥੮॥ (1340-6)
कहु नानक गुरि पड़दा ढाकिआ ॥४॥८॥

ਪ੍ਰਭਾਤੀ ਮਹਲਾ ੫ ॥ (1340-6)
प्रभाती महला ५ ॥

ਸਤਿਗੁਰਿ ਪੂਰੈ ਨਾਮੁ ਦੀਆ ॥ (1340-6)
सतिगुरि पूरै नामु दीआ ॥

ਅਨਦ ਮੰਗਲ ਕਲਿਆਣ ਸਦਾ ਸੁਖੁ ਕਾਰਜੁ ਸਗਲਾ ਰਾਸਿ ਥੀਆ ॥੧॥ ਰਹਾਉ ॥ (1340-7)
अनद मंगल कलिआण सदा सुखु कारजु सगला रासि थीआ ॥१॥ रहाउ ॥

ਚਰਨ ਕਮਲ ਗੁਰ ਕੇ ਮਨਿ ਵੂਠੇ ॥ (1340-8)
चरन कमल गुर के मनि वूठे ॥

ਦੂਖ ਦਰਦ ਭ੍ਰਮ ਬਿਨਸੇ ਝੂਠੇ ॥੧॥ (1340-8)
दूख दरद भ्रम बिनसे झूठे ॥१॥

ਨਿਤ ਉਠਿ ਗਾਵਹੁ ਪ੍ਰਭ ਕੀ ਬਾਣੀ ॥ (1340-8)
नित उठि गावहु प्रभ की बाणी ॥

ਆਠ ਪਹਰ ਹਰਿ ਸਿਮਰਹੁ ਪ੍ਰਾਣੀ ॥੨॥ (1340-9)
आठ पहर हरि सिमरहु प्राणी ॥२॥

ਘਰਿ ਬਾਹਰਿ ਪ੍ਰਭੁ ਸਭਨੀ ਥਾਈ ॥ (1340-9)
घरि बाहरि प्रभु सभनी थाई ॥

ਸੰਗਿ ਸਹਾਈ ਜਹ ਹਉ ਜਾਈ ॥੩॥ (1340-9)
संगि सहाई जह हउ जाई ॥३॥

ਦੁਇ ਕਰ ਜੋੜਿ ਕਰੀ ਅਰਦਾਸਿ ॥ (1340-10)
दुइ कर जोड़ि करी अरदासि ॥

ਸਦਾ ਜਪੇ ਨਾਨਕੁ ਗੁਣਤਾਸੁ ॥੪॥੯॥ (1340-10)
सदा जपे नानकु गुणतासु ॥४॥९॥

ਪ੍ਰਭਾਤੀ ਮਹਲਾ ੫ ॥ (1340-10)
प्रभाती महला ५ ॥

ਪਾਰਬ੍ਰਹਮੁ ਪ੍ਰਭੁ ਸੁਘੜ ਸੁਜਾਣੁ ॥ (1340-11)
पारब्रहमु प्रभु सुघड़ सुजाणु ॥

ਗੁਰੁ ਪੂਰਾ ਪਾਈਐ ਵਡਭਾਗੀ ਦਰਸਨ ਕਉ ਜਾਈਐ ਕੁਰਬਾਣੁ ॥੧॥ ਰਹਾਉ ॥ (1340-11)
गुरु पूरा पाईऐ वडभागी दरसन कउ जाईऐ कुरबाणु ॥१॥ रहाउ ॥

ਕਿਲਬਿਖ ਮੇਟੇ ਸਬਦਿ ਸੰਤੋਖੁ ॥ (1340-12)
किलबिख मेटे सबदि संतोखु ॥

ਨਾਮੁ ਅਰਾਧਨ ਹੋਆ ਜੋਗੁ ॥ (1340-12)
नामु अराधन होआ जोगु ॥

ਸਾਧਸੰਗਿ ਹੋਆ ਪਰਗਾਸੁ ॥ (1340-12)
साधसंगि होआ परगासु ॥

ਚਰਨ ਕਮਲ ਮਨ ਮਾਹਿ ਨਿਵਾਸੁ ॥੧॥ (1340-13)
चरन कमल मन माहि निवासु ॥१॥

ਜਿਨਿ ਕੀਆ ਤਿਨਿ ਲੀਆ ਰਾਖਿ ॥ (1340-13)
जिनि कीआ तिनि लीआ राखि ॥

ਪ੍ਰਭੁ ਪੂਰਾ ਅਨਾਥ ਕਾ ਨਾਥੁ ॥ (1340-13)
प्रभु पूरा अनाथ का नाथु ॥

ਜਿਸਹਿ ਨਿਵਾਜੇ ਕਿਰਪਾ ਧਾਰਿ ॥ (1340-14)
जिसहि निवाजे किरपा धारि ॥

ਪੂਰਨ ਕਰਮ ਤਾ ਕੇ ਆਚਾਰ ॥੨॥ (1340-14)
पूरन करम ता के आचार ॥२॥

ਗੁਣ ਗਾਵੈ ਨਿਤ ਨਿਤ ਨਿਤ ਨਵੇ ॥ (1340-14)
गुण गावै नित नित नित नवे ॥

ਲਖ ਚਉਰਾਸੀਹ ਜੋਨਿ ਨ ਭਵੇ ॥ (1340-14)
लख चउरासीह जोनि न भवे ॥

ਈਹਾਂ ਊਹਾਂ ਚਰਣ ਪੂਜਾਰੇ ॥ (1340-15)
ईहां ऊहां चरण पूजारे ॥

ਮੁਖੁ ਊਜਲੁ ਸਾਚੇ ਦਰਬਾਰੇ ॥੩॥ (1340-15)
मुखु ऊजलु साचे दरबारे ॥३॥

ਜਿਸੁ ਮਸਤਕਿ ਗੁਰਿ ਧਰਿਆ ਹਾਥੁ ॥ (1340-15)
जिसु मसतकि गुरि धरिआ हाथु ॥

ਕੋਟਿ ਮਧੇ ਕੋ ਵਿਰਲਾ ਦਾਸੁ ॥ (1340-16)
कोटि मधे को विरला दासु ॥

ਜਲਿ ਥਲਿ ਮਹੀਅਲਿ ਪੇਖੈ ਭਰਪੂਰਿ ॥ (1340-16)
जलि थलि महीअलि पेखै भरपूरि ॥

ਨਾਨਕ ਉਧਰਸਿ ਤਿਸੁ ਜਨ ਕੀ ਧੂਰਿ ॥੪॥੧੦॥ (1340-16)
नानक उधरसि तिसु जन की धूरि ॥४॥१०॥

ਪ੍ਰਭਾਤੀ ਮਹਲਾ ੫ ॥ (1340-17)
प्रभाती महला ५ ॥

ਕੁਰਬਾਣੁ ਜਾਈ ਗੁਰ ਪੂਰੇ ਅਪਨੇ ॥ (1340-17)
कुरबाणु जाई गुर पूरे अपने ॥

ਜਿਸੁ ਪ੍ਰਸਾਦਿ ਹਰਿ ਹਰਿ ਜਪੁ ਜਪਨੇ ॥੧॥ ਰਹਾਉ ॥ (1340-17)
जिसु प्रसादि हरि हरि जपु जपने ॥१॥ रहाउ ॥

ਅੰਮ੍ਰਿਤ ਬਾਣੀ ਸੁਣਤ ਨਿਹਾਲ ॥ (1340-18)
अमृत बाणी सुणत निहाल ॥

ਬਿਨਸਿ ਗਏ ਬਿਖਿਆ ਜੰਜਾਲ ॥੧॥ (1340-18)
बिनसि गए बिखिआ जंजाल ॥१॥

ਸਾਚ ਸਬਦ ਸਿਉ ਲਾਗੀ ਪ੍ਰੀਤਿ ॥ (1340-19)
साच सबद सिउ लागी प्रीति ॥

ਹਰਿ ਪ੍ਰਭੁ ਅਪੁਨਾ ਆਇਆ ਚੀਤਿ ॥੨॥ (1340-19)
हरि प्रभु अपुना आइआ चीति ॥२॥

ਨਾਮੁ ਜਪਤ ਹੋਆ ਪਰਗਾਸੁ ॥ (1340-19)
नामु जपत होआ परगासु ॥

ਗੁਰ ਸਬਦੇ ਕੀਨਾ ਰਿਦੈ ਨਿਵਾਸੁ ॥੩॥ (1341-1)
गुर सबदे कीना रिदै निवासु ॥३॥

ਗੁਰ ਸਮਰਥ ਸਦਾ ਦਇਆਲ ॥ (1341-1)
गुर समरथ सदा दइआल ॥

ਹਰਿ ਜਪਿ ਜਪਿ ਨਾਨਕ ਭਏ ਨਿਹਾਲ ॥੪॥੧੧॥ (1341-1)
हरि जपि जपि नानक भए निहाल ॥४॥११॥

ਪ੍ਰਭਾਤੀ ਮਹਲਾ ੫ ॥ (1341-2)
प्रभाती महला ५ ॥

ਗੁਰੁ ਗੁਰੁ ਕਰਤ ਸਦਾ ਸੁਖੁ ਪਾਇਆ ॥ (1341-2)
गुरु गुरु करत सदा सुखु पाइआ ॥

ਦੀਨ ਦਇਆਲ ਭਏ ਕਿਰਪਾਲਾ ਅਪਣਾ ਨਾਮੁ ਆਪਿ ਜਪਾਇਆ ॥੧॥ ਰਹਾਉ ॥ (1341-3)
दीन दइआल भए किरपाला अपणा नामु आपि जपाइआ ॥१॥ रहाउ ॥

ਸੰਤਸੰਗਤਿ ਮਿਲਿ ਭਇਆ ਪ੍ਰਗਾਸ ॥ (1341-3)
संतसंगति मिलि भइआ प्रगास ॥

ਹਰਿ ਹਰਿ ਜਪਤ ਪੂਰਨ ਭਈ ਆਸ ॥੧॥ (1341-4)
हरि हरि जपत पूरन भई आस ॥१॥

ਸਰਬ ਕਲਿਆਣ ਸੂਖ ਮਨਿ ਵੂਠੇ ॥ (1341-4)
सरब कलिआण सूख मनि वूठे ॥

ਹਰਿ ਗੁਣ ਗਾਏ ਗੁਰ ਨਾਨਕ ਤੂਠੇ ॥੨॥੧੨॥ (1341-5)
हरि गुण गाए गुर नानक तूठे ॥२॥१२॥

ਪ੍ਰਭਾਤੀ ਮਹਲਾ ੫ ਘਰੁ ੨ ਬਿਭਾਸ (1341-6)
प्रभाती महला ५ घरु २ बिभास

ੴ ਸਤਿਗੁਰ ਪ੍ਰਸਾਦਿ ॥ (1341-6)
ੴ सतिगुर प्रसादि ॥

ਅਵਰੁ ਨ ਦੂਜਾ ਠਾਉ ॥ (1341-7)
अवरु न दूजा ठाउ ॥

ਨਾਹੀ ਬਿਨੁ ਹਰਿ ਨਾਉ ॥ (1341-7)
नाही बिनु हरि नाउ ॥

ਸਰਬ ਸਿਧਿ ਕਲਿਆਨ ॥ (1341-7)
सरब सिधि कलिआन ॥

ਪੂਰਨ ਹੋਹਿ ਸਗਲ ਕਾਮ ॥੧॥ (1341-7)
पूरन होहि सगल काम ॥१॥

ਹਰਿ ਕੋ ਨਾਮੁ ਜਪੀਐ ਨੀਤ ॥ (1341-8)
हरि को नामु जपीऐ नीत ॥

ਕਾਮ ਕ੍ਰੋਧ ਅਹੰਕਾਰੁ ਬਿਨਸੈ ਲਗੈ ਏਕੈ ਪ੍ਰੀਤਿ ॥੧॥ ਰਹਾਉ ॥ (1341-8)
काम क्रोध अहंकारु बिनसै लगै एकै प्रीति ॥१॥ रहाउ ॥

ਨਾਮਿ ਲਾਗੈ ਦੂਖੁ ਭਾਗੈ ਸਰਨਿ ਪਾਲਨ ਜੋਗੁ ॥ (1341-8)
नामि लागै दूखु भागै सरनि पालन जोगु ॥

ਸਤਿਗੁਰੁ ਭੇਟੈ ਜਮੁ ਨ ਤੇਟੈ ਜਿਸੁ ਧੁਰਿ ਹੋਵੈ ਸੰਜੋਗੁ ॥੨॥ (1341-9)
सतिगुरु भेटै जमु न तेटै जिसु धुरि होवै संजोगु ॥२॥

ਰੈਨਿ ਦਿਨਸੁ ਧਿਆਇ ਹਰਿ ਹਰਿ ਤਜਹੁ ਮਨ ਕੇ ਭਰਮ ॥ (1341-9)
रैनि दिनसु धिआइ हरि हरि तजहु मन के भरम ॥

ਸਾਧਸੰਗਤਿ ਹਰਿ ਮਿਲੈ ਜਿਸਹਿ ਪੂਰਨ ਕਰਮ ॥੩॥ (1341-10)
साधसंगति हरि मिलै जिसहि पूरन करम ॥३॥

ਜਨਮ ਜਨਮ ਬਿਖਾਦ ਬਿਨਸੇ ਰਾਖਿ ਲੀਨੇ ਆਪਿ ॥ (1341-10)
जनम जनम बिखाद बिनसे राखि लीने आपि ॥

ਮਾਤ ਪਿਤਾ ਮੀਤ ਭਾਈ ਜਨ ਨਾਨਕ ਹਰਿ ਹਰਿ ਜਾਪਿ ॥੪॥੧॥੧੩॥ (1341-11)
मात पिता मीत भाई जन नानक हरि हरि जापि ॥४॥१॥१३॥

ਪ੍ਰਭਾਤੀ ਮਹਲਾ ੫ ਬਿਭਾਸ ਪੜਤਾਲ (1341-12)
प्रभाती महला ५ बिभास पड़ताल

ੴ ਸਤਿਗੁਰ ਪ੍ਰਸਾਦਿ ॥ (1341-12)
ੴ सतिगुर प्रसादि ॥

ਰਮ ਰਾਮ ਰਾਮ ਰਾਮ ਜਾਪ ॥ (1341-13)
रम राम राम राम जाप ॥

ਕਲਿ ਕਲੇਸ ਲੋਭ ਮੋਹ ਬਿਨਸਿ ਜਾਇ ਅਹੰ ਤਾਪ ॥੧॥ ਰਹਾਉ ॥ (1341-13)
कलि कलेस लोभ मोह बिनसि जाइ अहं ताप ॥१॥ रहाउ ॥

ਆਪੁ ਤਿਆਗਿ ਸੰਤ ਚਰਨ ਲਾਗਿ ਮਨੁ ਪਵਿਤੁ ਜਾਹਿ ਪਾਪ ॥੧॥ (1341-13)
आपु तिआगि संत चरन लागि मनु पवितु जाहि पाप ॥१॥

ਨਾਨਕੁ ਬਾਰਿਕੁ ਕਛੂ ਨ ਜਾਨੈ ਰਾਖਨ ਕਉ ਪ੍ਰਭੁ ਮਾਈ ਬਾਪ ॥੨॥੧॥੧੪॥ (1341-14)
नानकु बारिकु कछू न जानै राखन कउ प्रभु माई बाप ॥२॥१॥१४॥

ਪ੍ਰਭਾਤੀ ਮਹਲਾ ੫ ॥ (1341-15)
प्रभाती महला ५ ॥

ਚਰਨ ਕਮਲ ਸਰਨਿ ਟੇਕ ॥ (1341-15)
चरन कमल सरनि टेक ॥

ਊਚ ਮੂਚ ਬੇਅੰਤੁ ਠਾਕੁਰੁ ਸਰਬ ਊਪਰਿ ਤੁਹੀ ਏਕ ॥੧॥ ਰਹਾਉ ॥ (1341-15)
ऊच मूच बेअंतु ठाकुरु सरब ऊपरि तुही एक ॥१॥ रहाउ ॥

ਪ੍ਰਾਨ ਅਧਾਰ ਦੁਖ ਬਿਦਾਰ ਦੈਨਹਾਰ ਬੁਧਿ ਬਿਬੇਕ ॥੧॥ (1341-16)
प्रान अधार दुख बिदार दैनहार बुधि बिबेक ॥१॥

ਨਮਸਕਾਰ ਰਖਨਹਾਰ ਮਨਿ ਅਰਾਧਿ ਪ੍ਰਭੂ ਮੇਕ ॥ (1341-17)
नमसकार रखनहार मनि अराधि प्रभू मेक ॥

ਸੰਤ ਰੇਨੁ ਕਰਉ ਮਜਨੁ ਨਾਨਕ ਪਾਵੈ ਸੁਖ ਅਨੇਕ ॥੨॥੨॥੧੫॥ (1341-17)
संत रेनु करउ मजनु नानक पावै सुख अनेक ॥२॥२॥१५॥

ਪ੍ਰਭਾਤੀ ਅਸਟਪਦੀਆ ਮਹਲਾ ੧ ਬਿਭਾਸ (1342-1)
प्रभाती असटपदीआ महला १ बिभास

ੴ ਸਤਿਗੁਰ ਪ੍ਰਸਾਦਿ ॥ (1342-1)
ੴ सतिगुर प्रसादि ॥

ਦੁਬਿਧਾ ਬਉਰੀ ਮਨੁ ਬਉਰਾਇਆ ॥ (1342-2)
दुबिधा बउरी मनु बउराइआ ॥

ਝੂਠੈ ਲਾਲਚਿ ਜਨਮੁ ਗਵਾਇਆ ॥ (1342-2)
झूठै लालचि जनमु गवाइआ ॥

ਲਪਟਿ ਰਹੀ ਫੁਨਿ ਬੰਧੁ ਨ ਪਾਇਆ ॥ (1342-2)
लपटि रही फुनि बंधु न पाइआ ॥

ਸਤਿਗੁਰਿ ਰਾਖੇ ਨਾਮੁ ਦ੍ਰਿੜਾਇਆ ॥੧॥ (1342-3)
सतिगुरि राखे नामु द्रिड़ाइआ ॥१॥

ਨਾ ਮਨੁ ਮਰੈ ਨ ਮਾਇਆ ਮਰੈ ॥ (1342-3)
ना मनु मरै न माइआ मरै ॥

ਜਿਨਿ ਕਿਛੁ ਕੀਆ ਸੋਈ ਜਾਣੈ ਸਬਦੁ ਵੀਚਾਰਿ ਭਉ ਸਾਗਰੁ ਤਰੈ ॥੧॥ ਰਹਾਉ ॥ (1342-3)
जिनि किछु कीआ सोई जाणै सबदु वीचारि भउ सागरु तरै ॥१॥ रहाउ ॥

ਮਾਇਆ ਸੰਚਿ ਰਾਜੇ ਅਹੰਕਾਰੀ ॥ (1342-4)
माइआ संचि राजे अहंकारी ॥

ਮਾਇਆ ਸਾਥਿ ਨ ਚਲੈ ਪਿਆਰੀ ॥ (1342-4)
माइआ साथि न चलै पिआरी ॥

ਮਾਇਆ ਮਮਤਾ ਹੈ ਬਹੁ ਰੰਗੀ ॥ (1342-5)
माइआ ममता है बहु रंगी ॥

ਬਿਨੁ ਨਾਵੈ ਕੋ ਸਾਥਿ ਨ ਸੰਗੀ ॥੨॥ (1342-5)
बिनु नावै को साथि न संगी ॥२॥

ਜਿਉ ਮਨੁ ਦੇਖਹਿ ਪਰ ਮਨੁ ਤੈਸਾ ॥ (1342-5)
जिउ मनु देखहि पर मनु तैसा ॥

ਜੈਸੀ ਮਨਸਾ ਤੈਸੀ ਦਸਾ ॥ (1342-6)
जैसी मनसा तैसी दसा ॥

ਜੈਸਾ ਕਰਮੁ ਤੈਸੀ ਲਿਵ ਲਾਵੈ ॥ (1342-6)
जैसा करमु तैसी लिव लावै ॥

ਸਤਿਗੁਰੁ ਪੂਛਿ ਸਹਜ ਘਰੁ ਪਾਵੈ ॥੩॥ (1342-6)
सतिगुरु पूछि सहज घरु पावै ॥३॥

ਰਾਗਿ ਨਾਦਿ ਮਨੁ ਦੂਜੈ ਭਾਇ ॥ (1342-7)
रागि नादि मनु दूजै भाइ ॥

ਅੰਤਰਿ ਕਪਟੁ ਮਹਾ ਦੁਖੁ ਪਾਇ ॥ (1342-7)
अंतरि कपटु महा दुखु पाइ ॥

ਸਤਿਗੁਰੁ ਭੇਟੈ ਸੋਝੀ ਪਾਇ ॥ (1342-7)
सतिगुरु भेटै सोझी पाइ ॥

ਸਚੈ ਨਾਮਿ ਰਹੈ ਲਿਵ ਲਾਇ ॥੪॥ (1342-7)
सचै नामि रहै लिव लाइ ॥४॥

ਸਚੈ ਸਬਦਿ ਸਚੁ ਕਮਾਵੈ ॥ (1342-8)
सचै सबदि सचु कमावै ॥

ਸਚੀ ਬਾਣੀ ਹਰਿ ਗੁਣ ਗਾਵੈ ॥ (1342-8)
सची बाणी हरि गुण गावै ॥

ਨਿਜ ਘਰਿ ਵਾਸੁ ਅਮਰ ਪਦੁ ਪਾਵੈ ॥ (1342-8)
निज घरि वासु अमर पदु पावै ॥

ਤਾ ਦਰਿ ਸਾਚੈ ਸੋਭਾ ਪਾਵੈ ॥੫॥ (1342-9)
ता दरि साचै सोभा पावै ॥५॥

ਗੁਰ ਸੇਵਾ ਬਿਨੁ ਭਗਤਿ ਨ ਹੋਈ ॥ (1342-9)
गुर सेवा बिनु भगति न होई ॥

ਅਨੇਕ ਜਤਨ ਕਰੈ ਜੇ ਕੋਈ ॥ (1342-9)
अनेक जतन करै जे कोई ॥

ਹਉਮੈ ਮੇਰਾ ਸਬਦੇ ਖੋਈ ॥ (1342-9)
हउमै मेरा सबदे खोई ॥

ਨਿਰਮਲ ਨਾਮੁ ਵਸੈ ਮਨਿ ਸੋਈ ॥੬॥ (1342-10)
निरमल नामु वसै मनि सोई ॥६॥

ਇਸੁ ਜਗ ਮਹਿ ਸਬਦੁ ਕਰਣੀ ਹੈ ਸਾਰੁ ॥ (1342-10)
इसु जग महि सबदु करणी है सारु ॥

ਬਿਨੁ ਸਬਦੈ ਹੋਰੁ ਮੋਹੁ ਗੁਬਾਰੁ ॥ (1342-10)
बिनु सबदै होरु मोहु गुबारु ॥

ਸਬਦੇ ਨਾਮੁ ਰਖੈ ਉਰਿ ਧਾਰਿ ॥ (1342-11)
सबदे नामु रखै उरि धारि ॥

ਸਬਦੇ ਗਤਿ ਮਤਿ ਮੋਖ ਦੁਆਰੁ ॥੭॥ (1342-11)
सबदे गति मति मोख दुआरु ॥७॥

ਅਵਰੁ ਨਾਹੀ ਕਰਿ ਦੇਖਣਹਾਰੋ ॥ (1342-11)
अवरु नाही करि देखणहारो ॥

ਸਾਚਾ ਆਪਿ ਅਨੂਪੁ ਅਪਾਰੋ ॥ (1342-12)
साचा आपि अनूपु अपारो ॥

ਰਾਮ ਨਾਮ ਊਤਮ ਗਤਿ ਹੋਈ ॥ (1342-12)
राम नाम ऊतम गति होई ॥

ਨਾਨਕ ਖੋਜਿ ਲਹੈ ਜਨੁ ਕੋਈ ॥੮॥੧॥ (1342-12)
नानक खोजि लहै जनु कोई ॥८॥१॥

ਪ੍ਰਭਾਤੀ ਮਹਲਾ ੧ ॥ (1342-13)
प्रभाती महला १ ॥

ਮਾਇਆ ਮੋਹਿ ਸਗਲ ਜਗੁ ਛਾਇਆ ॥ (1342-13)
माइआ मोहि सगल जगु छाइआ ॥

ਕਾਮਣਿ ਦੇਖਿ ਕਾਮਿ ਲੋਭਾਇਆ ॥ (1342-13)
कामणि देखि कामि लोभाइआ ॥

ਸੁਤ ਕੰਚਨ ਸਿਉ ਹੇਤੁ ਵਧਾਇਆ ॥ (1342-14)
सुत कंचन सिउ हेतु वधाइआ ॥

ਸਭੁ ਕਿਛੁ ਅਪਨਾ ਇਕੁ ਰਾਮੁ ਪਰਾਇਆ ॥੧॥ (1342-14)
सभु किछु अपना इकु रामु पराइआ ॥१॥

ਐਸਾ ਜਾਪੁ ਜਪਉ ਜਪਮਾਲੀ ॥ (1342-14)
ऐसा जापु जपउ जपमाली ॥

ਦੁਖ ਸੁਖ ਪਰਹਰਿ ਭਗਤਿ ਨਿਰਾਲੀ ॥੧॥ ਰਹਾਉ ॥ (1342-15)
दुख सुख परहरि भगति निराली ॥१॥ रहाउ ॥

ਗੁਣ ਨਿਧਾਨ ਤੇਰਾ ਅੰਤੁ ਨ ਪਾਇਆ ॥ (1342-15)
गुण निधान तेरा अंतु न पाइआ ॥

ਸਾਚ ਸਬਦਿ ਤੁਝ ਮਾਹਿ ਸਮਾਇਆ ॥ (1342-15)
साच सबदि तुझ माहि समाइआ ॥

ਆਵਾ ਗਉਣੁ ਤੁਧੁ ਆਪਿ ਰਚਾਇਆ ॥ (1342-16)
आवा गउणु तुधु आपि रचाइआ ॥

ਸੇਈ ਭਗਤ ਜਿਨ ਸਚਿ ਚਿਤੁ ਲਾਇਆ ॥੨॥ (1342-16)
सेई भगत जिन सचि चितु लाइआ ॥२॥

ਗਿਆਨੁ ਧਿਆਨੁ ਨਰਹਰਿ ਨਿਰਬਾਣੀ ॥ (1342-17)
गिआनु धिआनु नरहरि निरबाणी ॥

ਬਿਨੁ ਸਤਿਗੁਰ ਭੇਟੇ ਕੋਇ ਨ ਜਾਣੀ ॥ (1342-17)
बिनु सतिगुर भेटे कोइ न जाणी ॥

ਸਗਲ ਸਰੋਵਰ ਜੋਤਿ ਸਮਾਣੀ ॥ (1342-17)
सगल सरोवर जोति समाणी ॥

ਆਨਦ ਰੂਪ ਵਿਟਹੁ ਕੁਰਬਾਣੀ ॥੩॥ (1342-18)
आनद रूप विटहु कुरबाणी ॥३॥

ਭਾਉ ਭਗਤਿ ਗੁਰਮਤੀ ਪਾਏ ॥ (1342-18)
भाउ भगति गुरमती पाए ॥

ਹਉਮੈ ਵਿਚਹੁ ਸਬਦਿ ਜਲਾਏ ॥ (1342-18)
हउमै विचहु सबदि जलाए ॥

ਧਾਵਤੁ ਰਾਖੈ ਠਾਕਿ ਰਹਾਏ ॥ (1343-1)
धावतु राखै ठाकि रहाए ॥

ਸਚਾ ਨਾਮੁ ਮੰਨਿ ਵਸਾਏ ॥੪॥ (1343-1)
सचा नामु मंनि वसाए ॥४॥

ਬਿਸਮ ਬਿਨੋਦ ਰਹੇ ਪਰਮਾਦੀ ॥ (1343-1)
बिसम बिनोद रहे परमादी ॥

ਗੁਰਮਤਿ ਮਾਨਿਆ ਏਕ ਲਿਵ ਲਾਗੀ ॥ (1343-1)
गुरमति मानिआ एक लिव लागी ॥

ਦੇਖਿ ਨਿਵਾਰਿਆ ਜਲ ਮਹਿ ਆਗੀ ॥ (1343-2)
देखि निवारिआ जल महि आगी ॥

ਸੋ ਬੂਝੈ ਹੋਵੈ ਵਡਭਾਗੀ ॥੫॥ (1343-2)
सो बूझै होवै वडभागी ॥५॥

ਸਤਿਗੁਰੁ ਸੇਵੇ ਭਰਮੁ ਚੁਕਾਏ ॥ (1343-2)
सतिगुरु सेवे भरमु चुकाए ॥

ਅਨਦਿਨੁ ਜਾਗੈ ਸਚਿ ਲਿਵ ਲਾਏ ॥ (1343-3)
अनदिनु जागै सचि लिव लाए ॥

ਏਕੋ ਜਾਣੈ ਅਵਰੁ ਨ ਕੋਇ ॥ (1343-3)
एको जाणै अवरु न कोइ ॥

ਸੁਖਦਾਤਾ ਸੇਵੇ ਨਿਰਮਲੁ ਹੋਇ ॥੬॥ (1343-3)
सुखदाता सेवे निरमलु होइ ॥६॥

ਸੇਵਾ ਸੁਰਤਿ ਸਬਦਿ ਵੀਚਾਰਿ ॥ (1343-4)
सेवा सुरति सबदि वीचारि ॥

ਜਪੁ ਤਪੁ ਸੰਜਮੁ ਹਉਮੈ ਮਾਰਿ ॥ (1343-4)
जपु तपु संजमु हउमै मारि ॥

ਜੀਵਨ ਮੁਕਤੁ ਜਾ ਸਬਦੁ ਸੁਣਾਏ ॥ (1343-4)
जीवन मुकतु जा सबदु सुणाए ॥

ਸਚੀ ਰਹਤ ਸਚਾ ਸੁਖੁ ਪਾਏ ॥੭॥ (1343-5)
सची रहत सचा सुखु पाए ॥७॥

ਸੁਖਦਾਤਾ ਦੁਖੁ ਮੇਟਣਹਾਰਾ ॥ (1343-5)
सुखदाता दुखु मेटणहारा ॥

ਅਵਰੁ ਨ ਸੂਝਸਿ ਬੀਜੀ ਕਾਰਾ ॥ (1343-5)
अवरु न सूझसि बीजी कारा ॥

ਤਨੁ ਮਨੁ ਧਨੁ ਹਰਿ ਆਗੈ ਰਾਖਿਆ ॥ (1343-5)
तनु मनु धनु हरि आगै राखिआ ॥

ਨਾਨਕੁ ਕਹੈ ਮਹਾ ਰਸੁ ਚਾਖਿਆ ॥੮॥੨॥ (1343-6)
नानकु कहै महा रसु चाखिआ ॥८॥२॥

ਪ੍ਰਭਾਤੀ ਮਹਲਾ ੧ ॥ (1343-6)
प्रभाती महला १ ॥

ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ ॥ (1343-6)
निवली करम भुअंगम भाठी रेचक पूरक कुमभ करै ॥

ਬਿਨੁ ਸਤਿਗੁਰ ਕਿਛੁ ਸੋਝੀ ਨਾਹੀ ਭਰਮੇ ਭੂਲਾ ਬੂਡਿ ਮਰੈ ॥ (1343-7)
बिनु सतिगुर किछु सोझी नाही भरमे भूला बूडि मरै ॥

ਅੰਧਾ ਭਰਿਆ ਭਰਿ ਭਰਿ ਧੋਵੈ ਅੰਤਰ ਕੀ ਮਲੁ ਕਦੇ ਨ ਲਹੈ ॥ (1343-7)
अंधा भरिआ भरि भरि धोवै अंतर की मलु कदे न लहै ॥

ਨਾਮ ਬਿਨਾ ਫੋਕਟ ਸਭਿ ਕਰਮਾ ਜਿਉ ਬਾਜੀਗਰੁ ਭਰਮਿ ਭੁਲੈ ॥੧॥ (1343-8)
नाम बिना फोकट सभि करमा जिउ बाजीगरु भरमि भुलै ॥१॥

ਖਟੁ ਕਰਮ ਨਾਮੁ ਨਿਰੰਜਨੁ ਸੋਈ ॥ (1343-9)
खटु करम नामु निरंजनु सोई ॥

ਤੂ ਗੁਣ ਸਾਗਰੁ ਅਵਗੁਣ ਮੋਹੀ ॥੧॥ ਰਹਾਉ ॥ (1343-9)
तू गुण सागरु अवगुण मोही ॥१॥ रहाउ ॥

ਮਾਇਆ ਧੰਧਾ ਧਾਵਣੀ ਦੁਰਮਤਿ ਕਾਰ ਬਿਕਾਰ ॥ (1343-9)
माइआ धंधा धावणी दुरमति कार बिकार ॥

ਮੂਰਖੁ ਆਪੁ ਗਣਾਇਦਾ ਬੂਝਿ ਨ ਸਕੈ ਕਾਰ ॥ (1343-10)
मूरखु आपु गणाइदा बूझि न सकै कार ॥

ਮਨਸਾ ਮਾਇਆ ਮੋਹਣੀ ਮਨਮੁਖ ਬੋਲ ਖੁਆਰ ॥ (1343-10)
मनसा माइआ मोहणी मनमुख बोल खुआर ॥

ਮਜਨੁ ਝੂਠਾ ਚੰਡਾਲ ਕਾ ਫੋਕਟ ਚਾਰ ਸੀਂਗਾਰ ॥੨॥ (1343-11)
मजनु झूठा चंडाल का फोकट चार सींगार ॥२॥

ਝੂਠੀ ਮਨ ਕੀ ਮਤਿ ਹੈ ਕਰਣੀ ਬਾਦਿ ਬਿਬਾਦੁ ॥ (1343-11)
झूठी मन की मति है करणी बादि बिबादु ॥

ਝੂਠੇ ਵਿਚਿ ਅਹੰਕਰਣੁ ਹੈ ਖਸਮ ਨ ਪਾਵੈ ਸਾਦੁ ॥ (1343-12)
झूठे विचि अहंकरणु है खसम न पावै सादु ॥

ਬਿਨੁ ਨਾਵੈ ਹੋਰੁ ਕਮਾਵਣਾ ਫਿਕਾ ਆਵੈ ਸਾਦੁ ॥ (1343-12)
बिनु नावै होरु कमावणा फिका आवै सादु ॥

ਦੁਸਟੀ ਸਭਾ ਵਿਗੁਚੀਐ ਬਿਖੁ ਵਾਤੀ ਜੀਵਣ ਬਾਦਿ ॥੩॥ (1343-13)
दुसटी सभा विगुचीऐ बिखु वाती जीवण बादि ॥३॥

ਏ ਭ੍ਰਮਿ ਭੂਲੇ ਮਰਹੁ ਨ ਕੋਈ ॥ (1343-13)
ए भ्रमि भूले मरहु न कोई ॥

ਸਤਿਗੁਰੁ ਸੇਵਿ ਸਦਾ ਸੁਖੁ ਹੋਈ ॥ (1343-13)
सतिगुरु सेवि सदा सुखु होई ॥

ਬਿਨੁ ਸਤਿਗੁਰ ਮੁਕਤਿ ਕਿਨੈ ਨ ਪਾਈ ॥ (1343-14)
बिनु सतिगुर मुकति किनै न पाई ॥

ਆਵਹਿ ਜਾਂਹਿ ਮਰਹਿ ਮਰਿ ਜਾਈ ॥੪॥ (1343-14)
आवहि जांहि मरहि मरि जाई ॥४॥

ਏਹੁ ਸਰੀਰੁ ਹੈ ਤ੍ਰੈ ਗੁਣ ਧਾਤੁ ॥ (1343-14)
एहु सरीरु है त्रै गुण धातु ॥

ਇਸ ਨੋ ਵਿਆਪੈ ਸੋਗ ਸੰਤਾਪੁ ॥ (1343-15)
इस नो विआपै सोग संतापु ॥

ਸੋ ਸੇਵਹੁ ਜਿਸੁ ਮਾਈ ਨ ਬਾਪੁ ॥ (1343-15)
सो सेवहु जिसु माई न बापु ॥

ਵਿਚਹੁ ਚੂਕੈ ਤਿਸਨਾ ਅਰੁ ਆਪੁ ॥੫॥ (1343-15)
विचहु चूकै तिसना अरु आपु ॥५॥

ਜਹ ਜਹ ਦੇਖਾ ਤਹ ਤਹ ਸੋਈ ॥ (1343-16)
जह जह देखा तह तह सोई ॥

ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥ (1343-16)
बिनु सतिगुर भेटे मुकति न होई ॥

ਹਿਰਦੈ ਸਚੁ ਏਹ ਕਰਣੀ ਸਾਰੁ ॥ (1343-16)
हिरदै सचु एह करणी सारु ॥

ਹੋਰੁ ਸਭੁ ਪਾਖੰਡੁ ਪੂਜ ਖੁਆਰੁ ॥੬॥ (1343-17)
होरु सभु पाखंडु पूज खुआरु ॥६॥

ਦੁਬਿਧਾ ਚੂਕੈ ਤਾਂ ਸਬਦੁ ਪਛਾਣੁ ॥ (1343-17)
दुबिधा चूकै तां सबदु पछाणु ॥

ਘਰਿ ਬਾਹਰਿ ਏਕੋ ਕਰਿ ਜਾਣੁ ॥ (1343-17)
घरि बाहरि एको करि जाणु ॥

ਏਹਾ ਮਤਿ ਸਬਦੁ ਹੈ ਸਾਰੁ ॥ (1343-18)
एहा मति सबदु है सारु ॥

ਵਿਚਿ ਦੁਬਿਧਾ ਮਾਥੈ ਪਵੈ ਛਾਰੁ ॥੭॥ (1343-18)
विचि दुबिधा माथै पवै छारु ॥७॥

ਕਰਣੀ ਕੀਰਤਿ ਗੁਰਮਤਿ ਸਾਰੁ ॥ (1343-18)
करणी कीरति गुरमति सारु ॥

ਸੰਤ ਸਭਾ ਗੁਣ ਗਿਆਨੁ ਬੀਚਾਰੁ ॥ (1343-19)
संत सभा गुण गिआनु बीचारु ॥

ਮਨੁ ਮਾਰੇ ਜੀਵਤ ਮਰਿ ਜਾਣੁ ॥ (1343-19)
मनु मारे जीवत मरि जाणु ॥

ਨਾਨਕ ਨਦਰੀ ਨਦਰਿ ਪਛਾਣੁ ॥੮॥੩॥ (1343-19)
नानक नदरी नदरि पछाणु ॥८॥३॥

ਪ੍ਰਭਾਤੀ ਮਹਲਾ ੧ ਦਖਣੀ ॥ (1344-1)
प्रभाती महला १ दखणी ॥

ਗੋਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ ॥ (1344-1)
गोतमु तपा अहिलिआ इसत्री तिसु देखि इंद्रु लुभाइआ ॥

ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ ॥੧॥ (1344-1)
सहस सरीर चिहन भग हूए ता मनि पछोताइआ ॥१॥

ਕੋਈ ਜਾਣਿ ਨ ਭੂਲੈ ਭਾਈ ॥ (1344-2)
कोई जाणि न भूलै भाई ॥

ਸੋ ਭੂਲੈ ਜਿਸੁ ਆਪਿ ਭੁਲਾਏ ਬੂਝੈ ਜਿਸੈ ਬੁਝਾਈ ॥੧॥ ਰਹਾਉ ॥ (1344-2)
सो भूलै जिसु आपि भुलाए बूझै जिसै बुझाई ॥१॥ रहाउ ॥

ਤਿਨਿ ਹਰੀ ਚੰਦਿ ਪ੍ਰਿਥਮੀ ਪਤਿ ਰਾਜੈ ਕਾਗਦਿ ਕੀਮ ਨ ਪਾਈ ॥ (1344-3)
तिनि हरी चंदि प्रिथमी पति राजै कागदि कीम न पाई ॥

ਅਉਗਣੁ ਜਾਣੈ ਤ ਪੁੰਨ ਕਰੇ ਕਿਉ ਕਿਉ ਨੇਖਾਸਿ ਬਿਕਾਈ ॥੨॥ (1344-3)
अउगणु जाणै त पुंन करे किउ किउ नेखासि बिकाई ॥२॥

ਕਰਉ ਅਢਾਈ ਧਰਤੀ ਮਾਂਗੀ ਬਾਵਨ ਰੂਪਿ ਬਹਾਨੈ ॥ (1344-4)
करउ अढाई धरती मांगी बावन रूपि बहानै ॥

ਕਿਉ ਪਇਆਲਿ ਜਾਇ ਕਿਉ ਛਲੀਐ ਜੇ ਬਲਿ ਰੂਪੁ ਪਛਾਨੈ ॥੩॥ (1344-4)
किउ पइआलि जाइ किउ छलीऐ जे बलि रूपु पछानै ॥३॥

ਰਾਜਾ ਜਨਮੇਜਾ ਦੇ ਮਤੀ ਬਰਜਿ ਬਿਆਸਿ ਪੜ੍ਹਾਇਆ ॥ (1344-5)
राजा जनमेजा दे मती� बरजि बिआसि पड़्हाइआ ॥

ਤਿਨ੍ਹਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ ॥੪॥ (1344-6)
तिन्हि करि जग अठारह घाए किरतु न चलै चलाइआ ॥४॥

ਗਣਤ ਨ ਗਣੀ ਹੁਕਮੁ ਪਛਾਣਾ ਬੋਲੀ ਭਾਇ ਸੁਭਾਈ ॥ (1344-6)
गणत न गणी� हुकमु पछाणा बोली भाइ सुभाई ॥

ਜੋ ਕਿਛੁ ਵਰਤੈ ਤੁਧੈ ਸਲਾਹੀ ਸਭ ਤੇਰੀ ਵਡਿਆਈ ॥੫॥ (1344-7)
जो किछु वरतै तुधै सलाही� सभ तेरी वडिआई ॥५॥

ਗੁਰਮੁਖਿ ਅਲਿਪਤੁ ਲੇਪੁ ਕਦੇ ਨ ਲਾਗੈ ਸਦਾ ਰਹੈ ਸਰਣਾਈ ॥ (1344-7)
गुरमुखि अलिपतु लेपु कदे न लागै सदा रहै सरणाई ॥

ਮਨਮੁਖੁ ਮੁਗਧੁ ਆਗੈ ਚੇਤੈ ਨਾਹੀ ਦੁਖਿ ਲਾਗੈ ਪਛੁਤਾਈ ॥੬॥ (1344-8)
मनमुखु मुगधु आगै चेतै नाही दुखि लागै पछुताई ॥६॥

ਆਪੇ ਕਰੇ ਕਰਾਏ ਕਰਤਾ ਜਿਨਿ ਏਹ ਰਚਨਾ ਰਚੀਐ ॥ (1344-8)
आपे करे कराए करता जिनि एह रचना रचीऐ ॥

ਹਰਿ ਅਭਿਮਾਨੁ ਨ ਜਾਈ ਜੀਅਹੁ ਅਭਿਮਾਨੇ ਪੈ ਪਚੀਐ ॥੭॥ (1344-9)
हरि अभिमानु न जाई जीअहु अभिमाने पै पचीऐ ॥७॥

ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ ॥ (1344-9)
भुलण विचि कीआ सभु कोई करता आपि न भुलै ॥

ਨਾਨਕ ਸਚਿ ਨਾਮਿ ਨਿਸਤਾਰਾ ਕੋ ਗੁਰ ਪਰਸਾਦਿ ਅਘੁਲੈ ॥੮॥੪॥ (1344-10)
नानक सचि नामि निसतारा को गुर परसादि अघुलै ॥८॥४॥

ਪ੍ਰਭਾਤੀ ਮਹਲਾ ੧ ॥ (1344-11)
प्रभाती महला १ ॥

ਆਖਣਾ ਸੁਨਣਾ ਨਾਮੁ ਅਧਾਰੁ ॥ (1344-11)
आखणा सुनणा नामु अधारु ॥

ਧੰਧਾ ਛੁਟਕਿ ਗਇਆ ਵੇਕਾਰੁ ॥ (1344-11)
धंधा छुटकि गइआ वेकारु ॥

ਜਿਉ ਮਨਮੁਖਿ ਦੂਜੈ ਪਤਿ ਖੋਈ ॥ (1344-11)
जिउ मनमुखि दूजै पति खोई ॥

ਬਿਨੁ ਨਾਵੈ ਮੈ ਅਵਰੁ ਨ ਕੋਈ ॥੧॥ (1344-12)
बिनु नावै मै अवरु न कोई ॥१॥

ਸੁਣਿ ਮਨ ਅੰਧੇ ਮੂਰਖ ਗਵਾਰ ॥ (1344-12)
सुणि मन अंधे मूरख गवार ॥

ਆਵਤ ਜਾਤ ਲਾਜ ਨਹੀ ਲਾਗੈ ਬਿਨੁ ਗੁਰ ਬੂਡੈ ਬਾਰੋ ਬਾਰ ॥੧॥ ਰਹਾਉ ॥ (1344-12)
आवत जात लाज नही लागै बिनु गुर बूडै बारो बार ॥१॥ रहाउ ॥

ਇਸੁ ਮਨ ਮਾਇਆ ਮੋਹਿ ਬਿਨਾਸੁ ॥ (1344-13)
इसु मन माइआ मोहि बिनासु ॥

ਧੁਰਿ ਹੁਕਮੁ ਲਿਖਿਆ ਤਾਂ ਕਹੀਐ ਕਾਸੁ ॥ (1344-13)
धुरि हुकमु लिखिआ तां कहीऐ कासु ॥

ਗੁਰਮੁਖਿ ਵਿਰਲਾ ਚੀਨ੍ਹੈ ਕੋਈ ॥ (1344-14)
गुरमुखि विरला चीन्है कोई ॥

ਨਾਮ ਬਿਹੂਨਾ ਮੁਕਤਿ ਨ ਹੋਈ ॥੨॥ (1344-14)
नाम बिहूना मुकति न होई ॥२॥

ਭ੍ਰਮਿ ਭ੍ਰਮਿ ਡੋਲੈ ਲਖ ਚਉਰਾਸੀ ॥ (1344-14)
भ्रमि भ्रमि डोलै लख चउरासी ॥

ਬਿਨੁ ਗੁਰ ਬੂਝੇ ਜਮ ਕੀ ਫਾਸੀ ॥ (1344-15)
बिनु गुर बूझे जम की फासी ॥

ਇਹੁ ਮਨੂਆ ਖਿਨੁ ਖਿਨੁ ਊਭਿ ਪਇਆਲਿ ॥ (1344-15)
इहु मनूआ खिनु खिनु ऊभि पइआलि ॥

ਗੁਰਮੁਖਿ ਛੂਟੈ ਨਾਮੁ ਸਮ੍ਹ੍ਹਾਲਿ ॥੩॥ (1344-15)
गुरमुखि छूटै नामु सम्हालि ॥३॥

ਆਪੇ ਸਦੇ ਢਿਲ ਨ ਹੋਇ ॥ (1344-16)
आपे सदे ढिल न होइ ॥

ਸਬਦਿ ਮਰੈ ਸਹਿਲਾ ਜੀਵੈ ਸੋਇ ॥ (1344-16)
सबदि मरै सहिला जीवै सोइ ॥

ਬਿਨੁ ਗੁਰ ਸੋਝੀ ਕਿਸੈ ਨ ਹੋਇ ॥ (1344-16)
बिनु गुर सोझी किसै न होइ ॥

ਆਪੇ ਕਰੈ ਕਰਾਵੈ ਸੋਇ ॥੪॥ (1344-17)
आपे करै करावै सोइ ॥४॥

ਝਗੜੁ ਚੁਕਾਵੈ ਹਰਿ ਗੁਣ ਗਾਵੈ ॥ (1344-17)
झगड़ु चुकावै हरि गुण गावै ॥

ਪੂਰਾ ਸਤਿਗੁਰੁ ਸਹਜਿ ਸਮਾਵੈ ॥ (1344-17)
पूरा सतिगुरु सहजि समावै ॥

ਇਹੁ ਮਨੁ ਡੋਲਤ ਤਉ ਠਹਰਾਵੈ ॥ (1344-18)
इहु मनु डोलत तउ ठहरावै ॥

ਸਚੁ ਕਰਣੀ ਕਰਿ ਕਾਰ ਕਮਾਵੈ ॥੫॥ (1344-18)
सचु करणी करि कार कमावै ॥५॥

ਅੰਤਰਿ ਜੂਠਾ ਕਿਉ ਸੁਚਿ ਹੋਇ ॥ (1344-18)
अंतरि जूठा किउ सुचि होइ ॥

ਸਬਦੀ ਧੋਵੈ ਵਿਰਲਾ ਕੋਇ ॥ (1344-19)
सबदी धोवै विरला कोइ ॥

ਗੁਰਮੁਖਿ ਕੋਈ ਸਚੁ ਕਮਾਵੈ ॥ (1344-19)
गुरमुखि कोई सचु कमावै ॥

ਆਵਣੁ ਜਾਣਾ ਠਾਕਿ ਰਹਾਵੈ ॥੬॥ (1344-19)
आवणु जाणा ठाकि रहावै ॥६॥

ਭਉ ਖਾਣਾ ਪੀਣਾ ਸੁਖੁ ਸਾਰੁ ॥ (1345-1)
भउ खाणा पीणा सुखु सारु ॥

ਹਰਿ ਜਨ ਸੰਗਤਿ ਪਾਵੈ ਪਾਰੁ ॥ (1345-1)
हरि जन संगति पावै पारु ॥

ਸਚੁ ਬੋਲੈ ਬੋਲਾਵੈ ਪਿਆਰੁ ॥ (1345-1)
सचु बोलै बोलावै पिआरु ॥

ਗੁਰ ਕਾ ਸਬਦੁ ਕਰਣੀ ਹੈ ਸਾਰੁ ॥੭॥ (1345-1)
गुर का सबदु करणी है सारु ॥७॥

ਹਰਿ ਜਸੁ ਕਰਮੁ ਧਰਮੁ ਪਤਿ ਪੂਜਾ ॥ (1345-2)
हरि जसु करमु धरमु पति पूजा ॥

ਕਾਮ ਕ੍ਰੋਧ ਅਗਨੀ ਮਹਿ ਭੂੰਜਾ ॥ (1345-2)
काम क्रोध अगनी महि भूंजा ॥

ਹਰਿ ਰਸੁ ਚਾਖਿਆ ਤਉ ਮਨੁ ਭੀਜਾ ॥ (1345-2)
हरि रसु चाखिआ तउ मनु भीजा ॥

ਪ੍ਰਣਵਤਿ ਨਾਨਕੁ ਅਵਰੁ ਨ ਦੂਜਾ ॥੮॥੫॥ (1345-3)
प्रणवति नानकु अवरु न दूजा ॥८॥५॥

ਪ੍ਰਭਾਤੀ ਮਹਲਾ ੧ ॥ (1345-3)
प्रभाती महला १ ॥

ਰਾਮ ਨਾਮੁ ਜਪਿ ਅੰਤਰਿ ਪੂਜਾ ॥ (1345-3)
राम नामु जपि अंतरि पूजा ॥

ਗੁਰ ਸਬਦੁ ਵੀਚਾਰਿ ਅਵਰੁ ਨਹੀ ਦੂਜਾ ॥੧॥ (1345-4)
गुर सबदु वीचारि अवरु नही दूजा ॥१॥

ਏਕੋ ਰਵਿ ਰਹਿਆ ਸਭ ਠਾਈ ॥ (1345-4)
एको रवि रहिआ सभ ठाई ॥

ਅਵਰੁ ਨ ਦੀਸੈ ਕਿਸੁ ਪੂਜ ਚੜਾਈ ॥੧॥ ਰਹਾਉ ॥ (1345-4)
अवरु न दीसै किसु पूज चड़ाई ॥१॥ रहाउ ॥

ਮਨੁ ਤਨੁ ਆਗੈ ਜੀਅੜਾ ਤੁਝ ਪਾਸਿ ॥ (1345-5)
मनु तनु आगै जीअड़ा तुझ पासि ॥

ਜਿਉ ਭਾਵੈ ਤਿਉ ਰਖਹੁ ਅਰਦਾਸਿ ॥੨॥ (1345-5)
जिउ भावै तिउ रखहु अरदासि ॥२॥

ਸਚੁ ਜਿਹਵਾ ਹਰਿ ਰਸਨ ਰਸਾਈ ॥ (1345-6)
सचु जिहवा हरि रसन रसाई ॥

ਗੁਰਮਤਿ ਛੂਟਸਿ ਪ੍ਰਭ ਸਰਣਾਈ ॥੩॥ (1345-6)
गुरमति छूटसि प्रभ सरणाई ॥३॥

ਕਰਮ ਧਰਮ ਪ੍ਰਭਿ ਮੇਰੈ ਕੀਏ ॥ (1345-6)
करम धरम प्रभि मेरै कीए ॥

ਨਾਮੁ ਵਡਾਈ ਸਿਰਿ ਕਰਮਾਂ ਕੀਏ ॥੪॥ (1345-7)
नामु वडाई सिरि करमां कीए ॥४॥

ਸਤਿਗੁਰ ਕੈ ਵਸਿ ਚਾਰਿ ਪਦਾਰਥ ॥ (1345-7)
सतिगुर कै वसि चारि पदारथ ॥

ਤੀਨਿ ਸਮਾਏ ਏਕ ਕ੍ਰਿਤਾਰਥ ॥੫॥ (1345-7)
तीनि समाए एक क्रितारथ ॥५॥

ਸਤਿਗੁਰਿ ਦੀਏ ਮੁਕਤਿ ਧਿਆਨਾਂ ॥ (1345-8)
सतिगुरि दीए मुकति धिआनां ॥

ਹਰਿ ਪਦੁ ਚੀਨ੍ਹ੍ਹਿ ਭਏ ਪਰਧਾਨਾ ॥੬॥ (1345-8)
हरि पदु चीन्हि भए परधाना ॥६॥

ਮਨੁ ਤਨੁ ਸੀਤਲੁ ਗੁਰਿ ਬੂਝ ਬੁਝਾਈ ॥ (1345-8)
मनु तनु सीतलु गुरि बूझ बुझाई ॥

ਪ੍ਰਭੁ ਨਿਵਾਜੇ ਕਿਨਿ ਕੀਮਤਿ ਪਾਈ ॥੭॥ (1345-9)
प्रभु निवाजे किनि कीमति पाई ॥७॥

ਕਹੁ ਨਾਨਕ ਗੁਰਿ ਬੂਝ ਬੁਝਾਈ ॥ (1345-9)
कहु नानक गुरि बूझ बुझाई ॥

ਨਾਮ ਬਿਨਾ ਗਤਿ ਕਿਨੈ ਨ ਪਾਈ ॥੮॥੬॥ (1345-9)
नाम बिना गति किनै न पाई ॥८॥६॥

ਪ੍ਰਭਾਤੀ ਮਹਲਾ ੧ ॥ (1345-10)
प्रभाती महला १ ॥

ਇਕਿ ਧੁਰਿ ਬਖਸਿ ਲਏ ਗੁਰਿ ਪੂਰੈ ਸਚੀ ਬਣਤ ਬਣਾਈ ॥ (1345-10)
इकि धुरि बखसि लए गुरि पूरै सची बणत बणाई ॥

ਹਰਿ ਰੰਗ ਰਾਤੇ ਸਦਾ ਰੰਗੁ ਸਾਚਾ ਦੁਖ ਬਿਸਰੇ ਪਤਿ ਪਾਈ ॥੧॥ (1345-10)
हरि रंग राते सदा रंगु साचा दुख बिसरे पति पाई ॥१॥

ਝੂਠੀ ਦੁਰਮਤਿ ਕੀ ਚਤੁਰਾਈ ॥ (1345-11)
झूठी दुरमति की चतुराई ॥

ਬਿਨਸਤ ਬਾਰ ਨ ਲਾਗੈ ਕਾਈ ॥੧॥ ਰਹਾਉ ॥ (1345-11)
बिनसत बार न लागै काई ॥१॥ रहाउ ॥

ਮਨਮੁਖ ਕਉ ਦੁਖੁ ਦਰਦੁ ਵਿਆਪਸਿ ਮਨਮੁਖਿ ਦੁਖੁ ਨ ਜਾਈ ॥ (1345-12)
मनमुख कउ दुखु दरदु विआपसि मनमुखि दुखु न जाई ॥

ਸੁਖ ਦੁਖ ਦਾਤਾ ਗੁਰਮੁਖਿ ਜਾਤਾ ਮੇਲਿ ਲਏ ਸਰਣਾਈ ॥੨॥ (1345-12)
सुख दुख दाता गुरमुखि जाता मेलि लए सरणाई ॥२॥

ਮਨਮੁਖ ਤੇ ਅਭ ਭਗਤਿ ਨ ਹੋਵਸਿ ਹਉਮੈ ਪਚਹਿ ਦਿਵਾਨੇ ॥ (1345-13)
मनमुख ते अभ भगति न होवसि हउमै पचहि दिवाने ॥

ਇਹੁ ਮਨੂਆ ਖਿਨੁ ਊਭਿ ਪਇਆਲੀ ਜਬ ਲਗਿ ਸਬਦ ਨ ਜਾਨੇ ॥੩॥ (1345-13)
इहु मनूआ खिनु ऊभि पइआली जब लगि सबद न जाने ॥३॥

ਭੂਖ ਪਿਆਸਾ ਜਗੁ ਭਇਆ ਤਿਪਤਿ ਨਹੀ ਬਿਨੁ ਸਤਿਗੁਰ ਪਾਏ ॥ (1345-14)
भूख पिआसा जगु भइआ तिपति नही बिनु सतिगुर पाए ॥

ਸਹਜੈ ਸਹਜੁ ਮਿਲੈ ਸੁਖੁ ਪਾਈਐ ਦਰਗਹ ਪੈਧਾ ਜਾਏ ॥੪॥ (1345-15)
सहजै सहजु मिलै सुखु पाईऐ दरगह पैधा जाए ॥४॥

ਦਰਗਹ ਦਾਨਾ ਬੀਨਾ ਇਕੁ ਆਪੇ ਨਿਰਮਲ ਗੁਰ ਕੀ ਬਾਣੀ ॥ (1345-15)
दरगह दाना बीना इकु आपे निरमल गुर की बाणी ॥

ਆਪੇ ਸੁਰਤਾ ਸਚੁ ਵੀਚਾਰਸਿ ਆਪੇ ਬੂਝੈ ਪਦੁ ਨਿਰਬਾਣੀ ॥੫॥ (1345-16)
आपे सुरता सचु वीचारसि आपे बूझै पदु निरबाणी ॥५॥

ਜਲੁ ਤਰੰਗ ਅਗਨੀ ਪਵਨੈ ਫੁਨਿ ਤ੍ਰੈ ਮਿਲਿ ਜਗਤੁ ਉਪਾਇਆ ॥ (1345-16)
जलु तरंग अगनी पवनै फुनि त्रै मिलि जगतु उपाइआ ॥

ਐਸਾ ਬਲੁ ਛਲੁ ਤਿਨ ਕਉ ਦੀਆ ਹੁਕਮੀ ਠਾਕਿ ਰਹਾਇਆ ॥੬॥ (1345-17)
ऐसा बलु छलु तिन कउ दीआ हुकमी ठाकि रहाइआ ॥६॥

ਐਸੇ ਜਨ ਵਿਰਲੇ ਜਗ ਅੰਦਰਿ ਪਰਖਿ ਖਜਾਨੈ ਪਾਇਆ ॥ (1345-18)
ऐसे जन विरले जग अंदरि परखि खजानै पाइआ ॥

ਜਾਤਿ ਵਰਨ ਤੇ ਭਏ ਅਤੀਤਾ ਮਮਤਾ ਲੋਭੁ ਚੁਕਾਇਆ ॥੭॥ (1345-18)
जाति वरन ते भए अतीता ममता लोभु चुकाइआ ॥७॥

ਨਾਮਿ ਰਤੇ ਤੀਰਥ ਸੇ ਨਿਰਮਲ ਦੁਖੁ ਹਉਮੈ ਮੈਲੁ ਚੁਕਾਇਆ ॥ (1345-19)
नामि रते तीरथ से निरमल दुखु हउमै मैलु चुकाइआ ॥

ਨਾਨਕੁ ਤਿਨ ਕੇ ਚਰਨ ਪਖਾਲੈ ਜਿਨਾ ਗੁਰਮੁਖਿ ਸਾਚਾ ਭਾਇਆ ॥੮॥੭॥ (1345-19)
नानकु तिन के चरन पखालै जिना गुरमुखि साचा भाइआ ॥८॥७॥

ਪ੍ਰਭਾਤੀ ਮਹਲਾ ੩ ਬਿਭਾਸ (1346-2)
प्रभाती महला ३ बिभास

ੴ ਸਤਿਗੁਰ ਪ੍ਰਸਾਦਿ ॥ (1346-2)
ੴ सतिगुर प्रसादि ॥

ਗੁਰ ਪਰਸਾਦੀ ਵੇਖੁ ਤੂ ਹਰਿ ਮੰਦਰੁ ਤੇਰੈ ਨਾਲਿ ॥ (1346-3)
गुर परसादी वेखु तू हरि मंदरु तेरै नालि ॥

ਹਰਿ ਮੰਦਰੁ ਸਬਦੇ ਖੋਜੀਐ ਹਰਿ ਨਾਮੋ ਲੇਹੁ ਸਮ੍ਹ੍ਹਾਲਿ ॥੧॥ (1346-3)
हरि मंदरु सबदे खोजीऐ हरि नामो लेहु सम्हालि ॥१॥

ਮਨ ਮੇਰੇ ਸਬਦਿ ਰਪੈ ਰੰਗੁ ਹੋਇ ॥ (1346-4)
मन मेरे सबदि रपै रंगु होइ ॥

ਸਚੀ ਭਗਤਿ ਸਚਾ ਹਰਿ ਮੰਦਰੁ ਪ੍ਰਗਟੀ ਸਾਚੀ ਸੋਇ ॥੧॥ ਰਹਾਉ ॥ (1346-4)
सची भगति सचा हरि मंदरु प्रगटी साची सोइ ॥१॥ रहाउ ॥

ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ ॥ (1346-4)
हरि मंदरु एहु सरीरु है गिआनि रतनि परगटु होइ ॥

ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ ॥੨॥ (1346-5)
मनमुख मूलु न जाणनी माणसि हरि मंदरु न होइ ॥२॥

ਹਰਿ ਮੰਦਰੁ ਹਰਿ ਜੀਉ ਸਾਜਿਆ ਰਖਿਆ ਹੁਕਮਿ ਸਵਾਰਿ ॥ (1346-6)
हरि मंदरु हरि जीउ साजिआ रखिआ हुकमि सवारि ॥

ਧੁਰਿ ਲੇਖੁ ਲਿਖਿਆ ਸੁ ਕਮਾਵਣਾ ਕੋਇ ਨ ਮੇਟਣਹਾਰੁ ॥੩॥ (1346-6)
धुरि लेखु लिखिआ सु कमावणा कोइ न मेटणहारु ॥३॥

ਸਬਦੁ ਚੀਨ੍ਹਿ ਸੁਖੁ ਪਾਇਆ ਸਚੈ ਨਾਇ ਪਿਆਰ ॥ (1346-7)
सबदु चीन्हि सुखु पाइआ सचै नाइ पिआर ॥

ਹਰਿ ਮੰਦਰੁ ਸਬਦੇ ਸੋਹਣਾ ਕੰਚਨੁ ਕੋਟੁ ਅਪਾਰ ॥੪॥ (1346-7)
हरि मंदरु सबदे सोहणा कंचनु कोटु अपार ॥४॥

ਹਰਿ ਮੰਦਰੁ ਏਹੁ ਜਗਤੁ ਹੈ ਗੁਰ ਬਿਨੁ ਘੋਰੰਧਾਰ ॥ (1346-8)
हरि मंदरु एहु जगतु है गुर बिनु घोरंधार ॥

ਦੂਜਾ ਭਾਉ ਕਰਿ ਪੂਜਦੇ ਮਨਮੁਖ ਅੰਧ ਗਵਾਰ ॥੫॥ (1346-8)
दूजा भाउ करि पूजदे मनमुख अंध गवार ॥५॥

ਜਿਥੈ ਲੇਖਾ ਮੰਗੀਐ ਤਿਥੈ ਦੇਹ ਜਾਤਿ ਨ ਜਾਇ ॥ (1346-9)
जिथै लेखा मंगीऐ तिथै देह जाति न जाइ ॥

ਸਾਚਿ ਰਤੇ ਸੇ ਉਬਰੇ ਦੁਖੀਏ ਦੂਜੈ ਭਾਇ ॥੬॥ (1346-9)
साचि रते से उबरे दुखीए दूजै भाइ ॥६॥

ਹਰਿ ਮੰਦਰ ਮਹਿ ਨਾਮੁ ਨਿਧਾਨੁ ਹੈ ਨਾ ਬੂਝਹਿ ਮੁਗਧ ਗਵਾਰ ॥ (1346-9)
हरि मंदर महि नामु निधानु है ना बूझहि मुगध गवार ॥

ਗੁਰ ਪਰਸਾਦੀ ਚੀਨ੍ਹਿਆ ਹਰਿ ਰਾਖਿਆ ਉਰਿ ਧਾਰਿ ॥੭॥ (1346-10)
गुर परसादी चीन्हिआ हरि राखिआ उरि धारि ॥७॥

ਗੁਰ ਕੀ ਬਾਣੀ ਗੁਰ ਤੇ ਜਾਤੀ ਜਿ ਸਬਦਿ ਰਤੇ ਰੰਗੁ ਲਾਇ ॥ (1346-11)
गुर की बाणी गुर ते जाती जि सबदि रते रंगु लाइ ॥

ਪਵਿਤੁ ਪਾਵਨ ਸੇ ਜਨ ਨਿਰਮਲ ਹਰਿ ਕੈ ਨਾਮਿ ਸਮਾਇ ॥੮॥ (1346-11)
पवितु पावन से जन निरमल हरि कै नामि समाइ ॥८॥

ਹਰਿ ਮੰਦਰੁ ਹਰਿ ਕਾ ਹਾਟੁ ਹੈ ਰਖਿਆ ਸਬਦਿ ਸਵਾਰਿ ॥ (1346-12)
हरि मंदरु हरि का हाटु है रखिआ सबदि सवारि ॥

ਤਿਸੁ ਵਿਚਿ ਸਉਦਾ ਏਕੁ ਨਾਮੁ ਗੁਰਮੁਖਿ ਲੈਨਿ ਸਵਾਰਿ ॥੯॥ (1346-12)
तिसु विचि सउदा एकु नामु गुरमुखि लैनि सवारि ॥९॥

ਹਰਿ ਮੰਦਰ ਮਹਿ ਮਨੁ ਲੋਹਟੁ ਹੈ ਮੋਹਿਆ ਦੂਜੈ ਭਾਇ ॥ (1346-13)
हरि मंदर महि मनु लोहटु है मोहिआ दूजै भाइ ॥

ਪਾਰਸਿ ਭੇਟਿਐ ਕੰਚਨੁ ਭਇਆ ਕੀਮਤਿ ਕਹੀ ਨ ਜਾਇ ॥੧੦॥ (1346-13)
पारसि भेटिऐ कंचनु भइआ कीमति कही न जाइ ॥१०॥

ਹਰਿ ਮੰਦਰ ਮਹਿ ਹਰਿ ਵਸੈ ਸਰਬ ਨਿਰੰਤਰਿ ਸੋਇ ॥ (1346-14)
हरि मंदर महि हरि वसै सरब निरंतरि सोइ ॥

ਨਾਨਕ ਗੁਰਮੁਖਿ ਵਣਜੀਐ ਸਚਾ ਸਉਦਾ ਹੋਇ ॥੧੧॥੧॥ (1346-14)
नानक गुरमुखि वणजीऐ सचा सउदा होइ ॥११॥१॥

ਪ੍ਰਭਾਤੀ ਮਹਲਾ ੩ ॥ (1346-15)
प्रभाती महला ३ ॥

ਭੈ ਭਾਇ ਜਾਗੇ ਸੇ ਜਨ ਜਾਗ੍ਰਣ ਕਰਹਿ ਹਉਮੈ ਮੈਲੁ ਉਤਾਰਿ ॥ (1346-15)
भै भाइ जागे से जन जाग्रण करहि हउमै मैलु उतारि ॥

ਸਦਾ ਜਾਗਹਿ ਘਰੁ ਅਪਣਾ ਰਾਖਹਿ ਪੰਚ ਤਸਕਰ ਕਾਢਹਿ ਮਾਰਿ ॥੧॥ (1346-16)
सदा जागहि घरु अपणा राखहि पंच तसकर काढहि मारि ॥१॥

ਮਨ ਮੇਰੇ ਗੁਰਮੁਖਿ ਨਾਮੁ ਧਿਆਇ ॥ (1346-16)
मन मेरे गुरमुखि नामु धिआइ ॥

ਜਿਤੁ ਮਾਰਗਿ ਹਰਿ ਪਾਈਐ ਮਨ ਸੇਈ ਕਰਮ ਕਮਾਇ ॥੧॥ ਰਹਾਉ ॥ (1346-17)
जितु मारगि हरि पाईऐ मन सेई करम कमाइ ॥१॥ रहाउ ॥

ਗੁਰਮੁਖਿ ਸਹਜ ਧੁਨਿ ਊਪਜੈ ਦੁਖੁ ਹਉਮੈ ਵਿਚਹੁ ਜਾਇ ॥ (1346-17)
गुरमुखि सहज धुनि ऊपजै दुखु हउमै विचहु जाइ ॥

ਹਰਿ ਨਾਮਾ ਹਰਿ ਮਨਿ ਵਸੈ ਸਹਜੇ ਹਰਿ ਗੁਣ ਗਾਇ ॥੨॥ (1346-18)
हरि नामा हरि मनि वसै सहजे हरि गुण गाइ ॥२॥

ਗੁਰਮਤੀ ਮੁਖ ਸੋਹਣੇ ਹਰਿ ਰਾਖਿਆ ਉਰਿ ਧਾਰਿ ॥ (1346-19)
गुरमती मुख सोहणे हरि राखिआ उरि धारि ॥

ਐਥੈ ਓਥੈ ਸੁਖੁ ਘਣਾ ਜਪਿ ਹਰਿ ਹਰਿ ਉਤਰੇ ਪਾਰਿ ॥੩॥ (1346-19)
ऐथै ओथै सुखु घणा जपि हरि हरि उतरे पारि ॥३॥

ਹਉਮੈ ਵਿਚਿ ਜਾਗ੍ਰਣੁ ਨ ਹੋਵਈ ਹਰਿ ਭਗਤਿ ਨ ਪਵਈ ਥਾਇ ॥ (1347-1)
हउमै विचि जाग्रणु न होवई हरि भगति न पवई थाइ ॥

ਮਨਮੁਖ ਦਰਿ ਢੋਈ ਨਾ ਲਹਹਿ ਭਾਇ ਦੂਜੈ ਕਰਮ ਕਮਾਇ ॥੪॥ (1347-1)
मनमुख दरि ढोई ना लहहि भाइ दूजै करम कमाइ ॥४॥

ਧ੍ਰਿਗੁ ਖਾਣਾ ਧ੍ਰਿਗੁ ਪੈਨ੍ਹਣਾ ਜਿਨ੍ਹਾ ਦੂਜੈ ਭਾਇ ਪਿਆਰੁ ॥ (1347-2)
ध्रिगु खाणा ध्रिगु पैन्हणा जिन्हा दूजै भाइ पिआरु ॥

ਬਿਸਟਾ ਕੇ ਕੀੜੇ ਬਿਸਟਾ ਰਾਤੇ ਮਰਿ ਜੰਮਹਿ ਹੋਹਿ ਖੁਆਰੁ ॥੫॥ (1347-2)
बिसटा के कीड़े बिसटा राते मरि जंमहि होहि खुआरु ॥५॥

ਜਿਨ ਕਉ ਸਤਿਗੁਰੁ ਭੇਟਿਆ ਤਿਨਾ ਵਿਟਹੁ ਬਲਿ ਜਾਉ ॥ (1347-3)
जिन कउ सतिगुरु भेटिआ तिना विटहु बलि जाउ ॥

ਤਿਨ ਕੀ ਸੰਗਤਿ ਮਿਲਿ ਰਹਾਂ ਸਚੇ ਸਚਿ ਸਮਾਉ ॥੬॥ (1347-3)
तिन की संगति मिलि रहां सचे सचि समाउ ॥६॥

ਪੂਰੈ ਭਾਗਿ ਗੁਰੁ ਪਾਈਐ ਉਪਾਇ ਕਿਤੈ ਨ ਪਾਇਆ ਜਾਇ ॥ (1347-4)
पूरै भागि गुरु पाईऐ उपाइ कितै न पाइआ जाइ ॥

ਸਤਿਗੁਰ ਤੇ ਸਹਜੁ ਊਪਜੈ ਹਉਮੈ ਸਬਦਿ ਜਲਾਇ ॥੭॥ (1347-4)
सतिगुर ते सहजु ऊपजै हउमै सबदि जलाइ ॥७॥

ਹਰਿ ਸਰਣਾਈ ਭਜੁ ਮਨ ਮੇਰੇ ਸਭ ਕਿਛੁ ਕਰਣੈ ਜੋਗੁ ॥ (1347-5)
हरि सरणाई भजु मन मेरे सभ किछु करणै जोगु ॥

ਨਾਨਕ ਨਾਮੁ ਨ ਵੀਸਰੈ ਜੋ ਕਿਛੁ ਕਰੈ ਸੁ ਹੋਗੁ ॥੮॥੨॥੭॥੨॥੯॥ (1347-5)
नानक नामु न वीसरै जो किछु करै सु होगु ॥८॥२॥७॥२॥९॥

ਬਿਭਾਸ ਪ੍ਰਭਾਤੀ ਮਹਲਾ ੫ ਅਸਟਪਦੀਆ (1347-7)
बिभास प्रभाती महला ५ असटपदीआ

ੴ ਸਤਿਗੁਰ ਪ੍ਰਸਾਦਿ ॥ (1347-7)
ੴ सतिगुर प्रसादि ॥

ਮਾਤ ਪਿਤਾ ਭਾਈ ਸੁਤੁ ਬਨਿਤਾ ॥ (1347-8)
मात पिता भाई सुतु बनिता ॥

ਚੂਗਹਿ ਚੋਗ ਅਨੰਦ ਸਿਉ ਜੁਗਤਾ ॥ (1347-8)
चूगहि चोग अनंद सिउ जुगता ॥

ਉਰਝਿ ਪਰਿਓ ਮਨ ਮੀਠ ਮੋੁਹਾਰਾ ॥ (1347-8)
उरझि परिओ मन मीठ मोहारा ॥

ਗੁਨ ਗਾਹਕ ਮੇਰੇ ਪ੍ਰਾਨ ਅਧਾਰਾ ॥੧॥ (1347-9)
गुन गाहक मेरे प्रान अधारा ॥१॥

ਏਕੁ ਹਮਾਰਾ ਅੰਤਰਜਾਮੀ ॥ (1347-9)
एकु हमारा अंतरजामी ॥

ਧਰ ਏਕਾ ਮੈ ਟਿਕ ਏਕਸੁ ਕੀ ਸਿਰਿ ਸਾਹਾ ਵਡ ਪੁਰਖੁ ਸੁਆਮੀ ॥੧॥ ਰਹਾਉ ॥ (1347-9)
धर एका मै टिक एकसु की सिरि साहा वड पुरखु सुआमी ॥१॥ रहाउ ॥

ਛਲ ਨਾਗਨਿ ਸਿਉ ਮੇਰੀ ਟੂਟਨਿ ਹੋਈ ॥ (1347-10)
छल नागनि सिउ मेरी टूटनि होई ॥

ਗੁਰਿ ਕਹਿਆ ਇਹ ਝੂਠੀ ਧੋਹੀ ॥ (1347-10)
गुरि कहिआ इह झूठी धोही ॥

ਮੁਖਿ ਮੀਠੀ ਖਾਈ ਕਉਰਾਇ ॥ (1347-11)
मुखि मीठी खाई कउराइ ॥

ਅੰਮ੍ਰਿਤ ਨਾਮਿ ਮਨੁ ਰਹਿਆ ਅਘਾਇ ॥੨॥ (1347-11)
अमृत नामि मनु रहिआ अघाइ ॥२॥

ਲੋਭ ਮੋਹ ਸਿਉ ਗਈ ਵਿਖੋਟਿ ॥ (1347-11)
लोभ मोह सिउ गई विखोटि ॥

ਗੁਰਿ ਕ੍ਰਿਪਾਲਿ ਮੋਹਿ ਕੀਨੀ ਛੋਟਿ ॥ (1347-12)
गुरि क्रिपालि मोहि कीनी छोटि ॥

ਇਹ ਠਗਵਾਰੀ ਬਹੁਤੁ ਘਰ ਗਾਲੇ ॥ (1347-12)
इह ठगवारी बहुतु घर गाले ॥

ਹਮ ਗੁਰਿ ਰਾਖਿ ਲੀਏ ਕਿਰਪਾਲੇ ॥੩॥ (1347-12)
हम गुरि राखि लीए किरपाले ॥३॥

ਕਾਮ ਕ੍ਰੋਧ ਸਿਉ ਠਾਟੁ ਨ ਬਨਿਆ ॥ (1347-13)
काम क्रोध सिउ ठाटु न बनिआ ॥

ਗੁਰ ਉਪਦੇਸੁ ਮੋਹਿ ਕਾਨੀ ਸੁਨਿਆ ॥ (1347-13)
गुर उपदेसु मोहि कानी सुनिआ ॥

ਜਹ ਦੇਖਉ ਤਹ ਮਹਾ ਚੰਡਾਲ ॥ (1347-13)
जह देखउ तह महा चंडाल ॥

ਰਾਖਿ ਲੀਏ ਅਪੁਨੈ ਗੁਰਿ ਗੋਪਾਲ ॥੪॥ (1347-14)
राखि लीए अपुनै गुरि गोपाल ॥४॥

ਦਸ ਨਾਰੀ ਮੈ ਕਰੀ ਦੁਹਾਗਨਿ ॥ (1347-14)
दस नारी मै करी दुहागनि ॥

ਗੁਰਿ ਕਹਿਆ ਏਹ ਰਸਹਿ ਬਿਖਾਗਨਿ ॥ (1347-14)
गुरि कहिआ एह रसहि बिखागनि ॥

ਇਨ ਸਨਬੰਧੀ ਰਸਾਤਲਿ ਜਾਇ ॥ (1347-15)
इन सनबंधी रसातलि जाइ ॥

ਹਮ ਗੁਰਿ ਰਾਖੇ ਹਰਿ ਲਿਵ ਲਾਇ ॥੫॥ (1347-15)
हम गुरि राखे हरि लिव लाइ ॥५॥

ਅਹੰਮੇਵ ਸਿਉ ਮਸਲਤਿ ਛੋਡੀ ॥ (1347-15)
अहंमेव सिउ मसलति छोडी ॥

ਗੁਰਿ ਕਹਿਆ ਇਹੁ ਮੂਰਖੁ ਹੋਡੀ ॥ (1347-16)
गुरि कहिआ इहु मूरखु होडी ॥

ਇਹੁ ਨੀਘਰੁ ਘਰੁ ਕਹੀ ਨ ਪਾਏ ॥ (1347-16)
इहु नीघरु घरु कही न पाए ॥

ਹਮ ਗੁਰਿ ਰਾਖਿ ਲੀਏ ਲਿਵ ਲਾਏ ॥੬॥ (1347-16)
हम गुरि राखि लीए लिव लाए ॥६॥

ਇਨ ਲੋਗਨ ਸਿਉ ਹਮ ਭਏ ਬੈਰਾਈ ॥ (1347-17)
इन लोगन सिउ हम भए बैराई ॥

ਏਕ ਗ੍ਰਿਹ ਮਹਿ ਦੁਇ ਨ ਖਟਾਂਈ ॥ (1347-17)
एक ग्रिह महि दुइ न खटांई ॥

ਆਏ ਪ੍ਰਭ ਪਹਿ ਅੰਚਰਿ ਲਾਗਿ ॥ (1347-17)
आए प्रभ पहि अंचरि लागि ॥

ਕਰਹੁ ਤਪਾਵਸੁ ਪ੍ਰਭ ਸਰਬਾਗਿ ॥੭॥ (1347-18)
करहु तपावसु प्रभ सरबागि ॥७॥

ਪ੍ਰਭ ਹਸਿ ਬੋਲੇ ਕੀਏ ਨਿਆਂਏਂ ॥ (1347-18)
प्रभ हसि बोले कीए निआंएं ॥

ਸਗਲ ਦੂਤ ਮੇਰੀ ਸੇਵਾ ਲਾਏ ॥ (1347-18)
सगल दूत मेरी सेवा लाए ॥

ਤੂੰ ਠਾਕੁਰੁ ਇਹੁ ਗ੍ਰਿਹੁ ਸਭੁ ਤੇਰਾ ॥ (1347-19)
तूं ठाकुरु इहु ग्रिहु सभु तेरा ॥

ਕਹੁ ਨਾਨਕ ਗੁਰਿ ਕੀਆ ਨਿਬੇਰਾ ॥੮॥੧॥ (1347-19)
कहु नानक गुरि कीआ निबेरा ॥८॥१॥

ਪ੍ਰਭਾਤੀ ਮਹਲਾ ੫ ॥ (1347-19)
प्रभाती महला ५ ॥

ਮਨ ਮਹਿ ਕ੍ਰੋਧੁ ਮਹਾ ਅਹੰਕਾਰਾ ॥ (1348-1)
मन महि क्रोधु महा अहंकारा ॥

ਪੂਜਾ ਕਰਹਿ ਬਹੁਤੁ ਬਿਸਥਾਰਾ ॥ (1348-1)
पूजा करहि बहुतु बिसथारा ॥

ਕਰਿ ਇਸਨਾਨੁ ਤਨਿ ਚਕ੍ਰ ਬਣਾਏ ॥ (1348-1)
करि इसनानु तनि चक्र बणाए ॥

ਅੰਤਰ ਕੀ ਮਲੁ ਕਬ ਹੀ ਨ ਜਾਏ ॥੧॥ (1348-1)
अंतर की मलु कब ही न जाए ॥१॥

ਇਤੁ ਸੰਜਮਿ ਪ੍ਰਭੁ ਕਿਨ ਹੀ ਨ ਪਾਇਆ ॥ (1348-2)
इतु संजमि प्रभु किन ही न पाइआ ॥

ਭਗਉਤੀ ਮੁਦ੍ਰਾ ਮਨੁ ਮੋਹਿਆ ਮਾਇਆ ॥੧॥ ਰਹਾਉ ॥ (1348-2)
भगउती मुद्रा मनु मोहिआ माइआ ॥१॥ रहाउ ॥

ਪਾਪ ਕਰਹਿ ਪੰਚਾਂ ਕੇ ਬਸਿ ਰੇ ॥ (1348-3)
पाप करहि पंचां के बसि रे ॥

ਤੀਰਥਿ ਨਾਇ ਕਹਹਿ ਸਭਿ ਉਤਰੇ ॥ (1348-3)
तीरथि नाइ कहहि सभि उतरे ॥

ਬਹੁਰਿ ਕਮਾਵਹਿ ਹੋਇ ਨਿਸੰਕ ॥ (1348-3)
बहुरि कमावहि होइ निसंक ॥

ਜਮ ਪੁਰਿ ਬਾਂਧਿ ਖਰੇ ਕਾਲੰਕ ॥੨॥ (1348-4)
जम पुरि बांधि खरे कालंक ॥२॥

ਘੂਘਰ ਬਾਧਿ ਬਜਾਵਹਿ ਤਾਲਾ ॥ (1348-4)
घूघर बाधि बजावहि ताला ॥

ਅੰਤਰਿ ਕਪਟੁ ਫਿਰਹਿ ਬੇਤਾਲਾ ॥ (1348-4)
अंतरि कपटु फिरहि बेताला ॥

ਵਰਮੀ ਮਾਰੀ ਸਾਪੁ ਨ ਮੂਆ ॥ (1348-5)
वरमी मारी सापु न मूआ ॥

ਪ੍ਰਭੁ ਸਭ ਕਿਛੁ ਜਾਨੈ ਜਿਨਿ ਤੂ ਕੀਆ ॥੩॥ (1348-5)
प्रभु सभ किछु जानै जिनि तू कीआ ॥३॥

ਪੂੰਅਰ ਤਾਪ ਗੇਰੀ ਕੇ ਬਸਤ੍ਰਾ ॥ (1348-5)
पूंअर ताप गेरी के बसत्रा ॥

ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ ॥ (1348-6)
अपदा का मारिआ ग्रिह ते नसता ॥

ਦੇਸੁ ਛੋਡਿ ਪਰਦੇਸਹਿ ਧਾਇਆ ॥ (1348-6)
देसु छोडि परदेसहि धाइआ ॥

ਪੰਚ ਚੰਡਾਲ ਨਾਲੇ ਲੈ ਆਇਆ ॥੪॥ (1348-6)
पंच चंडाल नाले लै आइआ ॥४॥

ਕਾਨ ਫਰਾਇ ਹਿਰਾਏ ਟੂਕਾ ॥ (1348-7)
कान फराइ हिराए टूका ॥

ਘਰਿ ਘਰਿ ਮਾਂਗੈ ਤ੍ਰਿਪਤਾਵਨ ਤੇ ਚੂਕਾ ॥ (1348-7)
घरि घरि मांगै त्रिपतावन ते चूका ॥

ਬਨਿਤਾ ਛੋਡਿ ਬਦ ਨਦਰਿ ਪਰ ਨਾਰੀ ॥ (1348-7)
बनिता छोडि बद नदरि पर नारी ॥

ਵੇਸਿ ਨ ਪਾਈਐ ਮਹਾ ਦੁਖਿਆਰੀ ॥੫॥ (1348-8)
वेसि न पाईऐ महा दुखिआरी ॥५॥

ਬੋਲੈ ਨਾਹੀ ਹੋਇ ਬੈਠਾ ਮੋਨੀ ॥ (1348-8)
बोलै नाही होइ बैठा मोनी ॥

ਅੰਤਰਿ ਕਲਪ ਭਵਾਈਐ ਜੋਨੀ ॥ (1348-8)
अंतरि कलप भवाईऐ जोनी ॥

ਅੰਨ ਤੇ ਰਹਤਾ ਦੁਖੁ ਦੇਹੀ ਸਹਤਾ ॥ (1348-9)
अंन ते रहता दुखु देही सहता ॥

ਹੁਕਮੁ ਨ ਬੂਝੈ ਵਿਆਪਿਆ ਮਮਤਾ ॥੬॥ (1348-9)
हुकमु न बूझै विआपिआ ममता ॥६॥

ਬਿਨੁ ਸਤਿਗੁਰ ਕਿਨੈ ਨ ਪਾਈ ਪਰਮ ਗਤੇ ॥ (1348-9)
बिनु सतिगुर किनै न पाई परम गते ॥

ਪੂਛਹੁ ਸਗਲ ਬੇਦ ਸਿੰਮ੍ਰਿਤੇ ॥ (1348-10)
पूछहु सगल बेद सिंम्रिते ॥

ਮਨਮੁਖ ਕਰਮ ਕਰੈ ਅਜਾਈ ॥ (1348-10)
मनमुख करम करै अजाई ॥

ਜਿਉ ਬਾਲੂ ਘਰ ਠਉਰ ਨ ਠਾਈ ॥੭॥ (1348-10)
जिउ बालू घर ठउर न ठाई ॥७॥

ਜਿਸ ਨੋ ਭਏ ਗੋੁਬਿੰਦ ਦਇਆਲਾ ॥ (1348-11)
जिस नो भए गोबिंद दइआला ॥

ਗੁਰ ਕਾ ਬਚਨੁ ਤਿਨਿ ਬਾਧਿਓ ਪਾਲਾ ॥ (1348-11)
मुकति पदारथु पाईऐ ठाक न अवघट घाट ॥२३१॥

ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥ (1377-2)
कबीर एक घड़ी आधी घरी आधी हूं ते आध ॥

ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥੨੩੨॥ (1377-2)
भगतन सेती गोसटे जो कीने सो लाभ ॥२३२॥

ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ ॥ (1377-2)
कबीर भांग माछुली सुरा पानि जो जो प्रानी खांहि ॥

ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ ॥੨੩੩॥ (1377-3)
तीरथ बरत नेम कीए ते सभै रसातलि जांहि ॥२३३॥

ਨੀਚੇ ਲੋਇਨ ਕਰਿ ਰਹਉ ਲੇ ਸਾਜਨ ਘਟ ਮਾਹਿ ॥ (1377-4)
नीचे लोइन करि रहउ ले साजन घट माहि ॥

ਸਭ ਰਸ ਖੇਲਉ ਪੀਅ ਸਉ ਕਿਸੀ ਲਖਾਵਉ ਨਾਹਿ ॥੨੩੪॥ (1377-4)
सभ रस खेलउ पीअ सउ किसी लखावउ नाहि ॥२३४॥

ਆਠ ਜਾਮ ਚਉਸਠਿ ਘਰੀ ਤੁਅ ਨਿਰਖਤ ਰਹੈ ਜੀਉ ॥ (1377-5)
आठ जाम चउसठि घरी तुअ निरखत रहै जीउ ॥

ਨੀਚੇ ਲੋਇਨ ਕਿਉ ਕਰਉ ਸਭ ਘਟ ਦੇਖਉ ਪੀਉ ॥੨੩੫॥ (1377-5)
नीचे लोइन किउ करउ सभ घट देखउ पीउ ॥२३५॥

ਸੁਨੁ ਸਖੀ ਪੀਅ ਮਹਿ ਜੀਉ ਬਸੈ ਜੀਅ ਮਹਿ ਬਸੈ ਕਿ ਪੀਉ ॥ (1377-6)
सुनु सखी पीअ महि जीउ बसै जीअ महि बसै कि पीउ ॥

ਜੀਉ ਪੀਉ ਬੂਝਉ ਨਹੀ ਘਟ ਮਹਿ ਜੀਉ ਕਿ ਪੀਉ ॥੨੩੬॥ (1377-6)
जीउ पीउ बूझउ नही घट महि जीउ कि पीउ ॥२३६॥

ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ ॥ (1377-7)
कबीर बामनु गुरू है जगत का भगतन का गुरु नाहि ॥

ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ ॥੨੩੭॥ (1377-7)
अरझि उरझि कै पचि मूआ चारउ बेदहु माहि ॥२३७॥

ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ ॥ (1377-8)
हरि है खांडु रेतु महि बिखरी हाथी चुनी न जाइ ॥

ਕਹਿ ਕਬੀਰ ਗੁਰਿ ਭਲੀ ਬੁਝਾਈ ਕੀਟੀ ਹੋਇ ਕੈ ਖਾਇ ॥੨੩੮॥ (1377-8)
कहि कबीर गुरि भली बुझाई कीटी होइ कै खाइ ॥२३८॥

ਕਬੀਰ ਜਉ ਤੁਹਿ ਸਾਧ ਪਿਰੰਮ ਕੀ ਸੀਸੁ ਕਾਟਿ ਕਰਿ ਗੋਇ ॥ (1377-9)
कबीर जउ तुहि साध पिरंम की सीसु काटि करि गोइ ॥

ਖੇਲਤ ਖੇਲਤ ਹਾਲ ਕਰਿ ਜੋ ਕਿਛੁ ਹੋਇ ਤ ਹੋਇ ॥੨੩੯॥ (1377-10)
खेलत खेलत हाल करि जो किछु होइ त होइ ॥२३९॥

ਕਬੀਰ ਜਉ ਤੁਹਿ ਸਾਧ ਪਿਰੰਮ ਕੀ ਪਾਕੇ ਸੇਤੀ ਖੇਲੁ ॥ (1377-10)
कबीर जउ तुहि साध पिरंम की पाके सेती खेलु ॥

ਕਾਚੀ ਸਰਸਉਂ ਪੇਲਿ ਕੈ ਨਾ ਖਲਿ ਭਈ ਨ ਤੇਲੁ ॥੨੪੦॥ (1377-11)
काची सरसउं पेलि कै ना खलि भई न तेलु ॥२४०॥

ਢੂੰਢਤ ਡੋਲਹਿ ਅੰਧ ਗਤਿ ਅਰੁ ਚੀਨਤ ਨਾਹੀ ਸੰਤ ॥ (1377-11)
ढूंढत डोलहि अंध गति अरु चीनत नाही संत ॥

ਕਹਿ ਨਾਮਾ ਕਿਉ ਪਾਈਐ ਬਿਨੁ ਭਗਤਹੁ ਭਗਵੰਤੁ ॥੨੪੧॥ (1377-12)
कहि नामा किउ पाईऐ बिनु भगतहु भगवंतु ॥२४१॥

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ ॥ (1377-12)
हरि सो हीरा छाडि कै करहि आन की आस ॥

ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥੨੪੨॥ (1377-13)
ते नर दोजक जाहिगे सति भाखै रविदास ॥२४२॥

ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ ਨਾਹੀ ਤ ਕਰੁ ਬੈਰਾਗੁ ॥ (1377-13)
कबीर जउ ग्रिहु करहि त धरमु करु नाही त करु बैरागु ॥

ਬੈਰਾਗੀ ਬੰਧਨੁ ਕਰੈ ਤਾ ਕੋ ਬਡੋ ਅਭਾਗੁ ॥੨੪੩॥ (1377-14)
बैरागी बंधनु करै ता को बडो अभागु ॥२४३॥

ਸਲੋਕ ਸੇਖ ਫਰੀਦ ਕੇ (1377-15)
सलोक सेख फरीद के

ੴ ਸਤਿਗੁਰ ਪ੍ਰਸਾਦਿ ॥ (1377-15)
ੴ सतिगुर प्रसादि ॥

ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥ (1377-16)
जितु दिहाड़ै धन वरी साहे लए लिखाइ ॥

ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥ (1377-16)
मलकु जि कंनी सुणीदा मुहु देखाले आइ ॥

ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ ॥ (1377-16)
जिंदु निमाणी कढीऐ हडा कू कड़काइ ॥

ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ ॥ (1377-17)
साहे लिखे न चलनी जिंदू कूं समझाइ ॥

ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ ॥ (1377-17)
जिंदु वहुटी मरणु वरु लै जासी परणाइ ॥

ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ ॥ (1377-18)
आपण हथी जोलि कै कै गलि लगै धाइ ॥

ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀ ਆਇ ॥ (1377-18)
वालहु निकी पुरसलात कंनी न सुणी आइ ॥

ਫਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ ॥੧॥ (1377-19)
फरीदा किड़ी पवंदीई खड़ा न आपु मुहाइ ॥१॥

ਫਰੀਦਾ ਦਰ ਦਰਵੇਸੀ ਗਾਖੜੀ ਚਲਾਂ ਦੁਨੀਆਂ ਭਤਿ ॥ (1377-19)
फरीदा दर दरवेसी गाखड़ी चलां दुनीआं भति ॥

ਬੰਨ੍ਹ੍ਹਿ ਉਠਾਈ ਪੋਟਲੀ ਕਿਥੈ ਵੰਞਾ ਘਤਿ ॥੨॥ (1378-1)
बंन्हि उठाई पोटली किथै वंञा घति ॥२॥

ਕਿਝੁ ਨ ਬੁਝੈ ਕਿਝੁ ਨ ਸੁਝੈ ਦੁਨੀਆ ਗੁਝੀ ਭਾਹਿ ॥ (1378-1)
किझु न बुझै किझु न सुझै दुनीआ गुझी भाहि ॥

ਸਾਂਈਂ ਮੇਰੈ ਚੰਗਾ ਕੀਤਾ ਨਾਹੀ ਤ ਹੰ ਭੀ ਦਝਾਂ ਆਹਿ ॥੩॥ (1378-1)
सांईं मेरै चंगा कीता नाही त हं भी दझां आहि ॥३॥

ਫਰੀਦਾ ਜੇ ਜਾਣਾ ਤਿਲ ਥੋੜੜੇ ਸੰਮਲਿ ਬੁਕੁ ਭਰੀ ॥ (1378-2)
फरीदा जे जाणा तिल थोड़ड़े संमलि बुकु भरी ॥

ਜੇ ਜਾਣਾ ਸਹੁ ਨੰਢੜਾ ਤਾਂ ਥੋੜਾ ਮਾਣੁ ਕਰੀ ॥੪॥ (1378-2)
जे जाणा सहु नंढड़ा तां थोड़ा माणु करी ॥४॥

ਜੇ ਜਾਣਾ ਲੜੁ ਛਿਜਣਾ ਪੀਡੀ ਪਾਈਂ ਗੰਢਿ ॥ (1378-3)
जे जाणा लड़ु छिजणा पीडी पाईं गंढि ॥

ਤੈ ਜੇਵਡੁ ਮੈ ਨਾਹਿ ਕੋ ਸਭੁ ਜਗੁ ਡਿਠਾ ਹੰਢਿ ॥੫॥ (1378-3)
तै जेवडु मै नाहि को सभु जगु डिठा हंढि ॥५॥

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥ (1378-4)
फरीदा जे तू अकलि लतीफु काले लिखु न लेख ॥

ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ ॥੬॥ (1378-4)
आपनड़े गिरीवान महि सिरु नी�वां करि देखु ॥६॥

ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ ॥ (1378-5)
फरीदा जो तै मारनि मुकीआं तिन्हा न मारे घुंमि ॥

ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ ॥੭॥ (1378-5)
आपनड़ै घरि जाईऐ पैर तिन्हा दे चुंमि ॥७॥

ਫਰੀਦਾ ਜਾਂ ਤਉ ਖਟਣ ਵੇਲ ਤਾਂ ਤੂ ਰਤਾ ਦੁਨੀ ਸਿਉ ॥ (1378-6)
फरीदा जां तउ खटण वेल तां तू रता दुनी सिउ ॥

ਮਰਗ ਸਵਾਈ ਨੀਹਿ ਜਾਂ ਭਰਿਆ ਤਾਂ ਲਦਿਆ ॥੮॥ (1378-6)
मरग सवाई नीहि जां भरिआ तां लदिआ ॥८॥

ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥ (1378-7)
देखु फरीदा जु थीआ दाड़ी होई भूर ॥

ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥੯॥ (1378-7)
अगहु नेड़ा आइआ पिछा रहिआ दूरि ॥९॥

ਦੇਖੁ ਫਰੀਦਾ ਜਿ ਥੀਆ ਸਕਰ ਹੋਈ ਵਿਸੁ ॥ (1378-8)
देखु फरीदा जि थीआ सकर होई विसु ॥

ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ ॥੧੦॥ (1378-8)
सांई बाझहु आपणे वेदण कहीऐ किसु ॥१०॥

ਫਰੀਦਾ ਅਖੀ ਦੇਖਿ ਪਤੀਣੀਆਂ ਸੁਣਿ ਸੁਣਿ ਰੀਣੇ ਕੰਨ ॥ (1378-9)
फरीदा अखी देखि पतीणीआं सुणि सुणि रीणे कंन ॥

ਸਾਖ ਪਕੰਦੀ ਆਈਆ ਹੋਰ ਕਰੇਂਦੀ ਵੰਨ ॥੧੧॥ (1378-9)
साख पकंदी आईआ होर करेंदी वंन ॥११॥

ਫਰੀਦਾ ਕਾਲ੍ਹੀ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ ॥ (1378-10)
फरीदा काली� जिनी न राविआ धउली रावै कोइ ॥

ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ ॥੧੨॥ (1378-10)
करि सांई सिउ पिरहड़ी रंगु नवेला होइ ॥१२॥

ਮਃ ੩ ॥ (1378-11)
मः ३ ॥

ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ ॥ (1378-11)
फरीदा काली धउली साहिबु सदा है जे को चिति करे ॥

ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ ॥ (1378-11)
आपणा लाइआ पिरमु न लगई जे लोचै सभु कोइ ॥

ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥੧੩॥ (1378-12)
एहु पिरमु पिआला खसम का जै भावै तै देइ ॥१३॥

ਫਰੀਦਾ ਜਿਨ੍ਹ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ ॥ (1378-12)
फरीदा जिन्ह लोइण जगु मोहिआ से लोइण मै डिठु ॥

ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ ॥੧੪॥ (1378-13)
कजल रेख न सहदिआ से पंखी सूइ बहिठु ॥१४॥

ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥ (1378-13)
फरीदा कूकेदिआ चांगेदिआ मती देदिआ नित ॥

ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥੧੫॥ (1378-14)
जो सैतानि वंञाइआ से कित फेरहि चित ॥१५॥

ਫਰੀਦਾ ਥੀਉ ਪਵਾਹੀ ਦਭੁ ॥ (1378-14)
फरीदा थीउ पवाही दभु ॥

ਜੇ ਸਾਂਈ ਲੋੜਹਿ ਸਭੁ ॥ (1378-14)
जे सांई लोड़हि सभु ॥

ਇਕੁ ਛਿਜਹਿ ਬਿਆ ਲਤਾੜੀਅਹਿ ॥ (1378-15)
इकु छिजहि बिआ लताड़ीअहि ॥

ਤਾਂ ਸਾਈ ਦੈ ਦਰਿ ਵਾੜੀਅਹਿ ॥੧੬॥ (1378-15)
तां साई दै दरि वाड़ीअहि ॥१६॥

ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ ॥ (1378-15)
फरीदा खाकु न निंदीऐ खाकू जेडु न कोइ ॥

ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ ॥੧੭॥ (1378-16)
जीवदिआ पैरा तलै मुइआ उपरि होइ ॥१७॥

ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ ॥ (1378-16)
फरीदा जा लबु ता नेहु किआ लबु त कूड़ा नेहु ॥

ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ ॥੧੮॥ (1378-17)
किचरु झति लघाईऐ छपरि तुटै मेहु ॥१८॥

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥ (1378-17)
फरीदा जंगलु जंगलु किआ भवहि वणि कंडा मोड़ेहि ॥

ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥੧੯॥ (1378-18)
वसी रबु हिआलीऐ जंगलु किआ ढूढेहि ॥१९॥

ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍ਹਿ ॥ (1378-18)
फरीदा इनी निकी जंघीऐ थल डूंगर भविओम्हि ॥

ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ ॥੨੦॥ (1378-19)
अजु फरीदै कूजड़ा सै कोहां थीओमि ॥२०॥

ਫਰੀਦਾ ਰਾਤੀ ਵਡੀਆਂ ਧੁਖਿ ਧੁਖਿ ਉਠਨਿ ਪਾਸ ॥ (1378-19)
फरीदा राती वडीआं धुखि धुखि उठनि पास ॥

ਧਿਗੁ ਤਿਨ੍ਹਾ ਦਾ ਜੀਵਿਆ ਜਿਨਾ ਵਿਡਾਣੀ ਆਸ ॥੨੧॥ (1379-1)
धिगु तिन्हा दा जीविआ जिना विडाणी आस ॥२१॥

ਫਰੀਦਾ ਜੇ ਮੈ ਹੋਦਾ ਵਾਰਿਆ ਮਿਤਾ ਆਇੜਿਆਂ ॥ (1379-1)
फरीदा जे मै होदा वारिआ मिता आइड़िआं ॥

ਹੇੜਾ ਜਲੈ ਮਜੀਠ ਜਿਉ ਉਪਰਿ ਅੰਗਾਰਾ ॥੨੨॥ (1379-2)
हेड़ा जलै मजीठ जिउ उपरि अंगारा ॥२२॥

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥ (1379-2)
फरीदा लोड़ै दाख बिजउरीआं किकरि बीजै जटु ॥

ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ ॥੨੩॥ (1379-3)
हंढै उंन कताइदा पैधा लोड़ै पटु ॥२३॥

ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥ (1379-3)
फरीदा गलीए चिकड़ु दूरि घरु नालि पिआरे नेहु ॥

ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ॥੨੪॥ (1379-4)
चला त भिजै कम्बली रहां त तुटै नेहु ॥२४॥

ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥ (1379-4)
भिजउ सिजउ कम्बली अलह वरसउ मेहु ॥

ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥੨੫॥ (1379-4)
जाइ मिला तिना सजणा तुटउ नाही नेहु ॥२५॥

ਫਰੀਦਾ ਮੈ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ ॥ (1379-5)
फरीदा मै भोलावा पग दा मतु मैली होइ जाइ ॥

ਗਹਿਲਾ ਰੂਹੁ ਨ ਜਾਣਈ ਸਿਰੁ ਭੀ ਮਿਟੀ ਖਾਇ ॥੨੬॥ (1379-5)
गहिला रूहु न जाणई सिरु भी मिटी खाइ ॥२६॥

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਓੁ ਮਾਂਝਾ ਦੁਧੁ ॥ (1379-6)
फरीदा सकर खंडु निवात गुड़ु माखिओु मांझा दुधु ॥

ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥੨੭॥ (1379-6)
सभे वसतू मिठीआं रब न पुजनि तुधु ॥२७॥

ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ ॥ (1379-7)
फरीदा रोटी मेरी काठ की लावणु मेरी भुख ॥

ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ ॥੨੮॥ (1379-7)
जिना खाधी चोपड़ी घणे सहनिगे दुख ॥२८॥

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ ॥ (1379-8)
रुखी सुखी खाइ कै ठंढा पाणी पीउ ॥

ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ ॥੨੯॥ (1379-8)
फरीदा देखि पराई चोपड़ी ना तरसाए जीउ ॥२९॥

ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥ (1379-9)
अजु न सुती कंत सिउ अंगु मुड़े मुड़ि जाइ ॥

ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ ॥੩੦॥ (1379-9)
जाइ पुछहु डोहागणी तुम किउ रैणि विहाइ ॥३०॥

ਸਾਹੁਰੈ ਢੋਈ ਨਾ ਲਹੈ ਪੇਈਐ ਨਾਹੀ ਥਾਉ ॥ (1379-10)
साहुरै ढोई ना लहै पेईऐ नाही थाउ ॥

ਪਿਰੁ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ ॥੩੧॥ (1379-10)
पिरु वातड़ी न पुछई धन सोहागणि नाउ ॥३१॥

ਸਾਹੁਰੈ ਪੇਈਐ ਕੰਤ ਕੀ ਕੰਤੁ ਅਗੰਮੁ ਅਥਾਹੁ ॥ (1379-11)
साहुरै पेईऐ कंत की कंतु अगंमु अथाहु ॥

ਨਾਨਕ ਸੋ ਸੋਹਾਗਣੀ ਜੁ ਭਾਵੈ ਬੇਪਰਵਾਹ ॥੩੨॥ (1379-11)
नानक सो सोहागणी जु भावै बेपरवाह ॥३२॥

ਨਾਤੀ ਧੋਤੀ ਸੰਬਹੀ ਸੁਤੀ ਆਇ ਨਚਿੰਦੁ ॥ (1379-11)
नाती धोती स्मबही सुती आइ नचिंदु ॥

ਫਰੀਦਾ ਰਹੀ ਸੁ ਬੇੜੀ ਹਿੰਙੁ ਦੀ ਗਈ ਕਥੂਰੀ ਗੰਧੁ ॥੩੩॥ (1379-12)
फरीदा रही सु बेड़ी हिंङु दी गई कथूरी गंधु ॥३३॥

ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ ॥ (1379-12)
जोबन जांदे ना डरां जे सह प्रीति न जाइ ॥

ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ ॥੩੪॥ (1379-13)
फरीदा किती जोबन प्रीति बिनु सुकि गए कुमलाइ ॥३४॥

ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ ॥ (1379-13)
फरीदा चिंत खटोला वाणु दुखु बिरहि विछावण लेफु ॥

ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ ॥੩੫॥ (1379-14)
एहु हमारा जीवणा तू साहिब सचे वेखु ॥३५॥

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥ (1379-14)
बिरहा बिरहा आखीऐ बिरहा तू सुलतानु ॥

ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥੩੬॥ (1379-15)
फरीदा जितु तनि बिरहु न ऊपजै सो तनु जाणु मसानु ॥३६॥

ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ ॥ (1379-15)
फरीदा ए विसु गंदला धरीआं खंडु लिवाड़ि ॥

ਇਕਿ ਰਾਹੇਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ ॥੩੭॥ (1379-16)
इकि राहेदे रहि गए इकि राधी गए उजाड़ि ॥३७॥

ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ ॥ (1379-16)
फरीदा चारि गवाइआ हंढि कै चारि गवाइआ संमि ॥

ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ ॥੩੮॥ (1379-17)
लेखा रबु मंगेसीआ तू आंहो केर्हे कंमि ॥३८॥

ਫਰੀਦਾ ਦਰਿ ਦਰਵਾਜੈ ਜਾਇ ਕੈ ਕਿਉ ਡਿਠੋ ਘੜੀਆਲੁ ॥ (1379-17)
फरीदा दरि दरवाजै जाइ कै किउ डिठो घड़ीआलु ॥

ਏਹੁ ਨਿਦੋਸਾਂ ਮਾਰੀਐ ਹਮ ਦੋਸਾਂ ਦਾ ਕਿਆ ਹਾਲੁ ॥੩੯॥ (1379-18)
एहु निदोसां मारीऐ हम दोसां दा किआ हालु ॥३९॥

ਘੜੀਏ ਘੜੀਏ ਮਾਰੀਐ ਪਹਰੀ ਲਹੈ ਸਜਾਇ ॥ (1379-19)
घड़ीए घड़ीए मारीऐ पहरी लहै सजाइ ॥

ਸੋ ਹੇੜਾ ਘੜੀਆਲ ਜਿਉ ਡੁਖੀ ਰੈਣਿ ਵਿਹਾਇ ॥੪੦॥ (1379-19)
सो हेड़ा घड़ीआल जिउ डुखी रैणि विहाइ ॥४०॥

ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ ॥ (1380-1)
बुढा होआ सेख फरीदु कमबणि लगी देह ॥

ਜੇ ਸਉ ਵਰ੍ਹਿਆ ਜੀਵਣਾ ਭੀ ਤਨੁ ਹੋਸੀ ਖੇਹ ॥੪੧॥ (1380-1)
जे सउ वर्हिआ जीवणा भी तनु होसी खेह ॥४१॥

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ ॥ (1380-1)
फरीदा बारि पराइऐ बैसणा सांई मुझै न देहि ॥

ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ ॥੪੨॥ (1380-2)
जे तू एवै रखसी जीउ सरीरहु लेहि ॥४२॥

ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰੁ ॥ (1380-2)
कंधि कुहाड़ा सिरि घड़ा वणि कै सरु लोहारु ॥

ਫਰੀਦਾ ਹਉ ਲੋੜੀ ਸਹੁ ਆਪਣਾ ਤੂ ਲੋੜਹਿ ਅੰਗਿਆਰ ॥੪੩॥ (1380-3)
फरीदा हउ लोड़ी सहु आपणा तू लोड़हि अंगिआर ॥४३॥

ਫਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣੁ ॥ (1380-3)
फरीदा इकना आटा अगला इकना नाही लोणु ॥

ਅਗੈ ਗਏ ਸਿੰਞਾਪਸਨਿ ਚੋਟਾਂ ਖਾਸੀ ਕਉਣੁ ॥੪੪॥ (1380-4)
अगै गए सिंञापसनि चोटां खासी कउणु ॥४४॥

ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ ॥ (1380-4)
पासि दमामे छतु सिरि भेरी सडो रड ॥

ਜਾਇ ਸੁਤੇ ਜੀਰਾਣ ਮਹਿ ਥੀਏ ਅਤੀਮਾ ਗਡ ॥੪੫॥ (1380-5)
जाइ सुते जीराण महि थीए अतीमा गड ॥४५॥

ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ ॥ (1380-5)
फरीदा कोठे मंडप माड़ीआ उसारेदे भी गए ॥

ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ ॥੪੬॥ (1380-6)
कूड़ा सउदा करि गए गोरी आइ पए ॥४६॥

ਫਰੀਦਾ ਖਿੰਥੜਿ ਮੇਖਾ ਅਗਲੀਆ ਜਿੰਦੁ ਨ ਕਾਈ ਮੇਖ ॥ (1380-6)
फरीदा खिंथड़ि मेखा अगलीआ जिंदु न काई मेख ॥

ਵਾਰੀ ਆਪੋ ਆਪਣੀ ਚਲੇ ਮਸਾਇਕ ਸੇਖ ॥੪੭॥ (1380-7)
वारी आपो आपणी चले मसाइक सेख ॥४७॥

ਫਰੀਦਾ ਦੁਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ ॥ (1380-7)
फरीदा दुहु दीवी बलंदिआ मलकु बहिठा आइ ॥

ਗੜੁ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ ॥੪੮॥ (1380-8)
गड़ु लीता घटु लुटिआ दीवड़े गइआ बुझाइ ॥४८॥

ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ ॥ (1380-8)
फरीदा वेखु कपाहै जि थीआ जि सिरि थीआ तिलाह ॥

ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ ॥ (1380-9)
कमादै अरु कागदै कुंने कोइलिआह ॥

ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ ॥੪੯॥ (1380-9)
मंदे अमल करेदिआ एह सजाइ तिनाह ॥४९॥

ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ ॥ (1380-10)
फरीदा कंनि मुसला सूफु गलि दिलि काती गुड़ु वाति ॥

ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ ॥੫੦॥ (1380-10)
बाहरि दिसै चानणा दिलि अंधिआरी राति ॥५०॥

ਫਰੀਦਾ ਰਤੀ ਰਤੁ ਨ ਨਿਕਲੈ ਜੇ ਤਨੁ ਚੀਰੈ ਕੋਇ ॥ (1380-11)
फरीदा रती रतु न निकलै जे तनु चीरै कोइ ॥

ਜੋ ਤਨ ਰਤੇ ਰਬ ਸਿਉ ਤਿਨ ਤਨਿ ਰਤੁ ਨ ਹੋਇ ॥੫੧॥ (1380-11)
जो तन रते रब सिउ तिन तनि रतु न होइ ॥५१॥

ਮਃ ੩ ॥ (1380-12)
मः ३ ॥

ਇਹੁ ਤਨੁ ਸਭੋ ਰਤੁ ਹੈ ਰਤੁ ਬਿਨੁ ਤੰਨੁ ਨ ਹੋਇ ॥ (1380-12)
इहु तनु सभो रतु है रतु बिनु तंनु न होइ ॥

ਜੋ ਸਹ ਰਤੇ ਆਪਣੇ ਤਿਤੁ ਤਨਿ ਲੋਭੁ ਰਤੁ ਨ ਹੋਇ ॥ (1380-12)
जो सह रते आपणे तितु तनि लोभु रतु न होइ ॥

ਭੈ ਪਇਐ ਤਨੁ ਖੀਣੁ ਹੋਇ ਲੋਭੁ ਰਤੁ ਵਿਚਹੁ ਜਾਇ ॥ (1380-13)
भै पइऐ तनु खीणु होइ लोभु रतु विचहु जाइ ॥

ਜਿਉ ਬੈਸੰਤਰਿ ਧਾਤੁ ਸੁਧੁ ਹੋਇ ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ ॥ (1380-13)
जिउ बैसंतरि धातु सुधु होइ तिउ हरि का भउ दुरमति मैलु गवाइ ॥

ਨਾਨਕ ਤੇ ਜਨ ਸੋਹਣੇ ਜਿ ਰਤੇ ਹਰਿ ਰੰਗੁ ਲਾਇ ॥੫੨॥ (1380-14)
नानक ते जन सोहणे जि रते हरि रंगु लाइ ॥५२॥

ਫਰੀਦਾ ਸੋਈ ਸਰਵਰੁ ਢੂਢਿ ਲਹੁ ਜਿਥਹੁ ਲਭੀ ਵਥੁ ॥ (1380-14)
फरीदा सोई सरवरु ढूढि लहु जिथहु लभी वथु ॥

ਛਪੜਿ ਢੂਢੈ ਕਿਆ ਹੋਵੈ ਚਿਕੜਿ ਡੁਬੈ ਹਥੁ ॥੫੩॥ (1380-15)
छपड़ि ढूढै किआ होवै चिकड़ि डुबै हथु ॥५३॥

ਫਰੀਦਾ ਨੰਢੀ ਕੰਤੁ ਨ ਰਾਵਿਓ ਵਡੀ ਥੀ ਮੁਈਆਸੁ ॥ (1380-15)
फरीदा नंढी कंतु न राविओ वडी थी मुईआसु ॥

ਧਨ ਕੂਕੇਂਦੀ ਗੋਰ ਮੇਂ ਤੈ ਸਹ ਨਾ ਮਿਲੀਆਸੁ ॥੫੪॥ (1380-16)
धन कूकेंदी गोर में तै सह ना मिलीआसु ॥५४॥

ਫਰੀਦਾ ਸਿਰੁ ਪਲਿਆ ਦਾੜੀ ਪਲੀ ਮੁਛਾਂ ਭੀ ਪਲੀਆਂ ॥ (1380-16)
फरीदा सिरु पलिआ दाड़ी पली मुछां भी पलीआं ॥

ਰੇ ਮਨ ਗਹਿਲੇ ਬਾਵਲੇ ਮਾਣਹਿ ਕਿਆ ਰਲੀਆਂ ॥੫੫॥ (1380-17)
रे मन गहिले बावले माणहि किआ रलीआं ॥५५॥

ਫਰੀਦਾ ਕੋਠੇ ਧੁਕਣੁ ਕੇਤੜਾ ਪਿਰ ਨੀਦੜੀ ਨਿਵਾਰਿ ॥ (1380-17)
फरीदा कोठे धुकणु केतड़ा पिर नीदड़ी निवारि ॥

ਜੋ ਦਿਹ ਲਧੇ ਗਾਣਵੇ ਗਏ ਵਿਲਾੜਿ ਵਿਲਾੜਿ ॥੫੬॥ (1380-18)
जो दिह लधे गाणवे गए विलाड़ि विलाड़ि ॥५६॥

ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਏ ਚਿਤੁ ॥ (1380-18)
फरीदा कोठे मंडप माड़ीआ एतु न लाए चितु ॥

ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ ॥੫੭॥ (1380-19)
मिटी पई अतोलवी कोइ न होसी मितु ॥५७॥

ਫਰੀਦਾ ਮੰਡਪ ਮਾਲੁ ਨ ਲਾਇ ਮਰਗ ਸਤਾਣੀ ਚਿਤਿ ਧਰਿ ॥ (1380-19)
फरीदा मंडप मालु न लाइ मरग सताणी चिति धरि ॥

ਸਾਈ ਜਾਇ ਸਮ੍ਹ੍ਹਾਲਿ ਜਿਥੈ ਹੀ ਤਉ ਵੰਞਣਾ ॥੫੮॥ (1381-1)
साई जाइ सम्हालि जिथै ही तउ वंञणा ॥५८॥

ਫਰੀਦਾ ਜਿਨ੍ਹ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥ (1381-1)
फरीदा जिन्ही कंमी नाहि गुण ते कंमड़े विसारि ॥

ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥੫੯॥ (1381-2)
मतु सरमिंदा थीवही सांई दै दरबारि ॥५९॥

ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ ॥ (1381-2)
फरीदा साहिब दी करि चाकरी दिल दी लाहि भरांदि ॥

ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ ॥੬੦॥ (1381-3)
दरवेसां नो लोड़ीऐ रुखां दी जीरांदि ॥६०॥

ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ ॥ (1381-3)
फरीदा काले मैडे कपड़े काला मैडा वेसु ॥

ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ ॥੬੧॥ (1381-4)
गुनही भरिआ मै फिरा लोकु कहै दरवेसु ॥६१॥

ਤਤੀ ਤੋਇ ਨ ਪਲਵੈ ਜੇ ਜਲਿ ਟੁਬੀ ਦੇਇ ॥ (1381-4)
तती तोइ न पलवै जे जलि टुबी देइ ॥

ਫਰੀਦਾ ਜੋ ਡੋਹਾਗਣਿ ਰਬ ਦੀ ਝੂਰੇਦੀ ਝੂਰੇਇ ॥੬੨॥ (1381-5)
फरीदा जो डोहागणि रब दी झूरेदी झूरेइ ॥६२॥

ਜਾਂ ਕੁਆਰੀ ਤਾ ਚਾਉ ਵੀਵਾਹੀ ਤਾਂ ਮਾਮਲੇ ॥ (1381-5)
जां कुआरी ता चाउ वीवाही तां मामले ॥

ਫਰੀਦਾ ਏਹੋ ਪਛੋਤਾਉ ਵਤਿ ਕੁਆਰੀ ਨ ਥੀਐ ॥੬੩॥ (1381-6)
फरीदा एहो पछोताउ वति कुआरी न थीऐ ॥६३॥

ਕਲਰ ਕੇਰੀ ਛਪੜੀ ਆਇ ਉਲਥੇ ਹੰਝ ॥ (1381-6)
कलर केरी छपड़ी आइ उलथे हंझ ॥

ਚਿੰਜੂ ਬੋੜਨ੍ਹਿ ਨਾ ਪੀਵਹਿ ਉਡਣ ਸੰਦੀ ਡੰਝ ॥੬੪॥ (1381-6)
चिंजू बोड़न्हि ना पीवहि उडण संदी डंझ ॥६४॥

ਹੰਸੁ ਉਡਰਿ ਕੋਧ੍ਰੈ ਪਇਆ ਲੋਕੁ ਵਿਡਾਰਣਿ ਜਾਇ ॥ (1381-7)
हंसु उडरि कोध्रै पइआ लोकु विडारणि जाइ ॥

ਗਹਿਲਾ ਲੋਕੁ ਨ ਜਾਣਦਾ ਹੰਸੁ ਨ ਕੋਧ੍ਰਾ ਖਾਇ ॥੬੫॥ (1381-7)
गहिला लोकु न जाणदा हंसु न कोध्रा खाइ ॥६५॥

ਚਲਿ ਚਲਿ ਗਈਆਂ ਪੰਖੀਆਂ ਜਿਨ੍ਹੀ ਵਸਾਏ ਤਲ ॥ (1381-8)
चलि चलि गईआं पंखीआं जिन्ही वसाए तल ॥

ਫਰੀਦਾ ਸਰੁ ਭਰਿਆ ਭੀ ਚਲਸੀ ਥਕੇ ਕਵਲ ਇਕਲ ॥੬੬॥ (1381-8)
फरीदा सरु भरिआ भी चलसी थके कवल इकल ॥६६॥

ਫਰੀਦਾ ਇਟ ਸਿਰਾਣੇ ਭੁਇ ਸਵਣੁ ਕੀੜਾ ਲੜਿਓ ਮਾਸਿ ॥ (1381-9)
फरीदा इट सिराणे भुइ सवणु कीड़ा लड़िओ मासि ॥

ਕੇਤੜਿਆ ਜੁਗ ਵਾਪਰੇ ਇਕਤੁ ਪਇਆ ਪਾਸਿ ॥੬੭॥ (1381-9)
केतड़िआ जुग वापरे इकतु पइआ पासि ॥६७॥

ਫਰੀਦਾ ਭੰਨੀ ਘੜੀ ਸਵੰਨਵੀ ਟੁਟੀ ਨਾਗਰ ਲਜੁ ॥ (1381-10)
फरीदा भंनी घड़ी सवंनवी टुटी नागर लजु ॥

ਅਜਰਾਈਲੁ ਫਰੇਸਤਾ ਕੈ ਘਰਿ ਨਾਠੀ ਅਜੁ ॥੬੮॥ (1381-10)
अजराईलु फरेसता कै घरि नाठी अजु ॥६८॥

ਫਰੀਦਾ ਭੰਨੀ ਘੜੀ ਸਵੰਨਵੀ ਟੂਟੀ ਨਾਗਰ ਲਜੁ ॥ (1381-11)
फरीदा भंनी घड़ी सवंनवी टूटी नागर लजु ॥

ਜੋ ਸਜਣ ਭੁਇ ਭਾਰੁ ਥੇ ਸੇ ਕਿਉ ਆਵਹਿ ਅਜੁ ॥੬੯॥ (1381-11)
जो सजण भुइ भारु थे से किउ आवहि अजु ॥६९॥

ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ ॥ (1381-12)
फरीदा बे निवाजा कुतिआ एह न भली रीति ॥

ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥੭੦॥ (1381-12)
कबही चलि न आइआ पंजे वखत मसीति ॥७०॥

ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ ॥ (1381-13)
उठु फरीदा उजू साजि सुबह निवाज गुजारि ॥

ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ ॥੭੧॥ (1381-13)
जो सिरु सांई ना निवै सो सिरु कपि उतारि ॥७१॥

ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ ॥ (1381-14)
जो सिरु साई ना निवै सो सिरु कीजै कांइ ॥

ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ ॥੭੨॥ (1381-14)
कुंने हेठि जलाईऐ बालण संदै थाइ ॥७२॥

ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹ੍ਹੀ ਤੂ ਜਣਿਓਹਿ ॥ (1381-15)
फरीदा किथै तैडे मापिआ जिन्ही तू जणिओहि ॥

ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥੭੩॥ (1381-15)
तै पासहु ओइ लदि गए तूं अजै न पतीणोहि ॥७३॥

ਫਰੀਦਾ ਮਨੁ ਮੈਦਾਨੁ ਕਰਿ ਟੋਏ ਟਿਬੇ ਲਾਹਿ ॥ (1381-16)
फरीदा मनु मैदानु करि टोए टिबे लाहि ॥

ਅਗੈ ਮੂਲਿ ਨ ਆਵਸੀ ਦੋਜਕ ਸੰਦੀ ਭਾਹਿ ॥੭੪॥ (1381-16)
अगै मूलि न आवसी दोजक संदी भाहि ॥७४॥

ਮਹਲਾ ੫ ॥ (1381-17)
महला ५ ॥

ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥ (1381-17)
फरीदा खालकु खलक महि खलक वसै रब माहि ॥

ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥੭੫॥ (1381-17)
मंदा किस नो आखीऐ जां तिसु बिनु कोई नाहि ॥७५॥

ਫਰੀਦਾ ਜਿ ਦਿਹਿ ਨਾਲਾ ਕਪਿਆ ਜੇ ਗਲੁ ਕਪਹਿ ਚੁਖ ॥ (1381-18)
फरीदा जि दिहि नाला कपिआ जे गलु कपहि चुख ॥

ਪਵਨਿ ਨ ਇਤੀ ਮਾਮਲੇ ਸਹਾਂ ਨ ਇਤੀ ਦੁਖ ॥੭੬॥ (1381-18)
पवनि न इती मामले सहां न इती दुख ॥७६॥

ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥ (1381-19)
चबण चलण रतंन से सुणीअर बहि गए ॥

ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥੭੭॥ (1381-19)
हेड़े मुती धाह से जानी चलि गए ॥७७॥

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥ (1381-19)
फरीदा बुरे दा भला करि गुसा मनि न हढाइ ॥

ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥੭੮॥ (1382-1)
देही रोगु न लगई पलै सभु किछु पाइ ॥७८॥

ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ ॥ (1382-1)
फरीदा पंख पराहुणी दुनी सुहावा बागु ॥

ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜੁ ॥੭੯॥ (1382-2)
नउबति वजी सुबह सिउ चलण का करि साजु ॥७९॥

ਫਰੀਦਾ ਰਾਤਿ ਕਥੂਰੀ ਵੰਡੀਐ ਸੁਤਿਆ ਮਿਲੈ ਨ ਭਾਉ ॥ (1382-2)
फरीदा राति कथूरी वंडीऐ सुतिआ मिलै न भाउ ॥

ਜਿੰਨ੍ਹਾ ਨੈਣ ਨੀਦ੍ਰਾਵਲੇ ਤਿੰਨ੍ਹਾ ਮਿਲਣੁ ਕੁਆਉ ॥੮੦॥ (1382-3)
जिन्हा नैण नीद्रावले तिंन्हा मिलणु कुआउ ॥८०॥

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥ (1382-3)
फरीदा मै जानिआ दुखु मुझ कू दुखु सबाइऐ जगि ॥

ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥੮੧॥ (1382-4)
ऊचे चड़ि कै देखिआ तां घरि घरि एहा अगि ॥८१॥

ਮਹਲਾ ੫ ॥ (1382-4)
महला ५ ॥

ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗ ॥ (1382-5)
फरीदा भूमि रंगावली मंझि विसूला बाग ॥

ਜੋ ਜਨ ਪੀਰਿ ਨਿਵਾਜਿਆ ਤਿੰਨ੍ਹਾ ਅੰਚ ਨ ਲਾਗ ॥੮੨॥ (1382-5)
जो जन पीरि निवाजिआ तिंन्हा अंच न लाग ॥८२॥

ਮਹਲਾ ੫ ॥ (1382-6)
महला ५ ॥

ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ ॥ (1382-6)
फरीदा उमर सुहावड़ी संगि सुवंनड़ी देह ॥

ਵਿਰਲੇ ਕੇਈ ਪਾਈਅਨਿ ਜਿੰਨ੍ਹਾ ਪਿਆਰੇ ਨੇਹ ॥੮੩॥ (1382-6)
विरले केई पाईअनि जिंन्हा पिआरे नेह ॥८३॥

ਕੰਧੀ ਵਹਣ ਨ ਢਾਹਿ ਤਉ ਭੀ ਲੇਖਾ ਦੇਵਣਾ ॥ (1382-7)
कंधी वहण न ढाहि तउ भी लेखा देवणा ॥

ਜਿਧਰਿ ਰਬ ਰਜਾਇ ਵਹਣੁ ਤਿਦਾਊ ਗੰਉ ਕਰੇ ॥੮੪॥ (1382-7)
जिधरि रब रजाइ वहणु तिदाऊ गंउ करे ॥८४॥

ਫਰੀਦਾ ਡੁਖਾ ਸੇਤੀ ਦਿਹੁ ਗਇਆ ਸੂਲਾਂ ਸੇਤੀ ਰਾਤਿ ॥ (1382-7)
फरीदा डुखा सेती दिहु गइआ सूलां सेती राति ॥

ਖੜਾ ਪੁਕਾਰੇ ਪਾਤਣੀ ਬੇੜਾ ਕਪਰ ਵਾਤਿ ॥੮੫॥ (1382-8)
खड़ा पुकारे पातणी बेड़ा कपर वाति ॥८५॥

ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ ॥ (1382-8)
लंमी लंमी नदी वहै कंधी केरै हेति ॥

ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੈ ਸੁਚੇਤਿ ॥੮੬॥ (1382-9)
बेड़े नो कपरु किआ करे जे पातण रहै सुचेति ॥८६॥

ਫਰੀਦਾ ਗਲੀਂ ਸੁ ਸਜਣ ਵੀਹ ਇਕੁ ਢੂੰਢੇਦੀ ਨ ਲਹਾਂ ॥ (1382-9)
फरीदा गली� सु सजण वीह इकु ढूंढेदी न लहां ॥

ਧੁਖਾਂ ਜਿਉ ਮਾਂਲੀਹ ਕਾਰਣਿ ਤਿੰਨ੍ਹਾ ਮਾ ਪਿਰੀ ॥੮੭॥ (1382-10)
धुखां जिउ मांलीह कारणि तिंन्हा मा पिरी ॥८७॥

ਫਰੀਦਾ ਇਹੁ ਤਨੁ ਭਉਕਣਾ ਨਿਤ ਨਿਤ ਦੁਖੀਐ ਕਉਣੁ ॥ (1382-10)
फरीदा इहु तनु भउकणा नित नित दुखीऐ कउणु ॥

ਕੰਨੀ ਬੁਜੇ ਦੇ ਰਹਾਂ ਕਿਤੀ ਵਗੈ ਪਉਣੁ ॥੮੮॥ (1382-11)
कंनी बुजे दे रहां किती वगै पउणु ॥८८॥

ਫਰੀਦਾ ਰਬ ਖਜੂਰੀ ਪਕੀਆਂ ਮਾਖਿਅ ਨਈ ਵਹੰਨ੍ਹਿ ॥ (1382-11)
फरीदा रब खजूरी पकीआं माखिअ नई वहंन्हि ॥

ਜੋ ਜੋ ਵੰਞੈਂ ਡੀਹੜਾ ਸੋ ਉਮਰ ਹਥ ਪਵੰਨਿ ॥੮੯॥ (1382-12)
जो जो वंञैं डीहड़ा सो उमर हथ पवंनि ॥८९॥

ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ ॥ (1382-12)
फरीदा तनु सुका पिंजरु थीआ तलीआं खूंडहि काग ॥

ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥੯੦॥ (1382-13)
अजै सु रबु न बाहुड़िओ देखु बंदे के भाग ॥९०॥

ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ ॥ (1382-13)
कागा करंग ढंढोलिआ सगला खाइआ मासु ॥

ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥੯੧॥ (1382-14)
ए दुइ नैना मति छुहउ पिर देखन की आस ॥९१॥

ਕਾਗਾ ਚੂੰਡਿ ਨ ਪਿੰਜਰਾ ਬਸੈ ਤ ਉਡਰਿ ਜਾਹਿ ॥ (1382-14)
कागा चूंडि न पिंजरा बसै त उडरि जाहि ॥

ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ ॥੯੨॥ (1382-15)
जितु पिंजरै मेरा सहु वसै मासु न तिदू खाहि ॥९२॥

ਫਰੀਦਾ ਗੋਰ ਨਿਮਾਣੀ ਸਡੁ ਕਰੇ ਨਿਘਰਿਆ ਘਰਿ ਆਉ ॥ (1382-15)
फरीदा गोर निमाणी सडु करे निघरिआ घरि आउ ॥

ਸਰਪਰ ਮੈਥੈ ਆਵਣਾ ਮਰਣਹੁ ਨਾ ਡਰਿਆਹੁ ॥੯੩॥ (1382-16)
सरपर मैथै आवणा मरणहु ना डरिआहु ॥९३॥

ਏਨੀ ਲੋਇਣੀ ਦੇਖਦਿਆ ਕੇਤੀ ਚਲਿ ਗਈ ॥ (1382-16)
एनी लोइणी देखदिआ केती चलि गई ॥

ਫਰੀਦਾ ਲੋਕਾਂ ਆਪੋ ਆਪਣੀ ਮੈ ਆਪਣੀ ਪਈ ॥੯੪॥ (1382-17)
फरीदा लोकां आपो आपणी मै आपणी पई ॥९४॥

ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥ (1382-17)
आपु सवारहि मै मिलहि मै मिलिआ सुखु होइ ॥

ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥੯੫॥ (1382-18)
फरीदा जे तू मेरा होइ रहहि सभु जगु तेरा होइ ॥९५॥

ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰੁ ॥ (1382-18)
कंधी उतै रुखड़ा किचरकु बंनै धीरु ॥

ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ ॥੯੬॥ (1382-19)
फरीदा कचै भांडै रखीऐ किचरु ताई नीरु ॥९६॥

ਫਰੀਦਾ ਮਹਲ ਨਿਸਖਣ ਰਹਿ ਗਏ ਵਾਸਾ ਆਇਆ ਤਲਿ ॥ (1382-19)
फरीदा महल निसखण रहि गए वासा आइआ तलि ॥

ਗੋਰਾਂ ਸੇ ਨਿਮਾਣੀਆ ਬਹਸਨਿ ਰੂਹਾਂ ਮਲਿ ॥ (1383-1)
गोरां से निमाणीआ बहसनि रूहां मलि ॥

ਆਖੀਂ ਸੇਖਾ ਬੰਦਗੀ ਚਲਣੁ ਅਜੁ ਕਿ ਕਲਿ ॥੯੭॥ (1383-1)
आखीं सेखा बंदगी चलणु अजु कि कलि ॥९७॥

ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ ॥ (1383-2)
फरीदा मउतै दा बंना एवै दिसै जिउ दरीआवै ढाहा ॥

ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ ॥ (1383-2)
अगै दोजकु तपिआ सुणीऐ हूल पवै काहाहा ॥

ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ ॥ (1383-3)
इकना नो सभ सोझी आई इकि फिरदे वेपरवाहा ॥

ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ ॥੯੮॥ (1383-3)
अमल जि कीतिआ दुनी विचि से दरगह ओगाहा ॥९८॥

ਫਰੀਦਾ ਦਰੀਆਵੈ ਕੰਨ੍ਹ੍ਹੈ ਬਗੁਲਾ ਬੈਠਾ ਕੇਲ ਕਰੇ ॥ (1383-4)
फरीदा दरीआवै कंन्है बगुला बैठा केल करे ॥

ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥ (1383-4)
केल करेदे हंझ नो अचिंते बाज पए ॥

ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥ (1383-4)
बाज पए तिसु रब दे केलां विसरीआं ॥

ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ ॥੯੯॥ (1383-5)
जो मनि चिति न चेते सनि सो गाली रब कीआं ॥९९॥

ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ ॥ (1383-5)
साढे त्रै मण देहुरी चलै पाणी अंनि ॥

ਆਇਓ ਬੰਦਾ ਦੁਨੀ ਵਿਚਿ ਵਤਿ ਆਸੂਣੀ ਬੰਨ੍ਹ੍ਹਿ ॥ (1383-6)
आइओ बंदा दुनी विचि वति आसूणी बंन्हि ॥

ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ ॥ (1383-6)
मलकल मउत जां आवसी सभ दरवाजे भंनि ॥

ਤਿਨ੍ਹ੍ਹਾ ਪਿਆਰਿਆ ਭਾਈਆਂ ਅਗੈ ਦਿਤਾ ਬੰਨ੍ਹ੍ਹਿ ॥ (1383-7)
तिन्हा पिआरिआ भाईआं अगै दिता बंन्हि ॥

ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨ੍ਹ੍ਹਿ ॥ (1383-7)
वेखहु बंदा चलिआ चहु जणिआ दै कंन्हि ॥

ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ ॥੧੦੦॥ (1383-8)
फरीदा अमल जि कीते दुनी विचि दरगह आए कंमि ॥१०० ॥

ਫਰੀਦਾ ਹਉ ਬਲਿਹਾਰੀ ਤਿਨ੍ਹ੍ਹ ਪੰਖੀਆ ਜੰਗਲਿ ਜਿੰਨ੍ਹ੍ਹਾ ਵਾਸੁ ॥ (1383-8)
फरीदा हउ बलिहारी तिन्ह पंखीआ जंगलि जिंन्हा वासु ॥

ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ ॥੧੦੧॥ (1383-9)
ककरु चुगनि थलि वसनि रब न छोडनि पासु ॥१०१ ॥

ਫਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ ॥ (1383-9)
फरीदा रुति फिरी वणु क्मबिआ पत झड़े झड़ि पाहि ॥

ਚਾਰੇ ਕੁੰਡਾ ਢੂੰਢੀਆਂ ਰਹਣੁ ਕਿਥਾਊ ਨਾਹਿ ॥੧੦੨॥ (1383-10)
चारे कुंडा ढूंढीआं रहणु किथाऊ नाहि ॥१०२ ॥

ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ ॥ (1383-10)
फरीदा पाड़ि पटोला धज करी क्मबलड़ी पहिरेउ ॥

ਜਿਨ੍ਹ੍ਹੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ ॥੧੦੩॥ (1383-11)
जिन्ही वेसी सहु मिलै सेई वेस करेउ ॥१०३ ॥

ਮਃ ੩ ॥ (1383-11)
मः ३ ॥

ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥ (1383-11)
काइ पटोला पाड़ती कमबलड़ी पहिरेइ ॥

ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ ॥੧੦੪॥ (1383-12)
नानक घर ही बैठिआ सहु मिलै जे नीअति रासि करेइ ॥१०४॥

ਮਃ ੫ ॥ (1383-13)
मः ५ ॥

ਫਰੀਦਾ ਗਰਬੁ ਜਿਨ੍ਹਾ ਵਡਿਆਈਆ ਧਨਿ ਜੋਬਨਿ ਆਗਾਹ ॥ (1383-13)
फरीदा गरबु जिन्हा वडिआईआ धनि जोबनि आगाह ॥

ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ॥੧੦੫॥ (1383-13)
खाली चले धणी सिउ टिबे जिउ मीहाहु ॥१०५॥

ਫਰੀਦਾ ਤਿਨਾ ਮੁਖ ਡਰਾਵਣੇ ਜਿਨਾ ਵਿਸਾਰਿਓਨੁ ਨਾਉ ॥ (1383-14)
फरीदा तिना मुख डरावणे जिना विसारिओनु नाउ ॥

ਐਥੈ ਦੁਖ ਘਣੇਰਿਆ ਅਗੈ ਠਉਰ ਨ ਠਾਉ ॥੧੦੬॥ (1383-14)
ऐथै दुख घणेरिआ अगै ठउर न ठाउ ॥१०६॥

ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ ॥ (1383-15)
फरीदा पिछल राति न जागिओहि जीवदड़ो मुइओहि ॥

ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ ॥੧੦੭॥ (1383-15)
जे तै रबु विसारिआ त रबि न विसरिओहि ॥१०७॥

ਮਃ ੫ ॥ (1383-16)
मः ५ ॥

ਫਰੀਦਾ ਕੰਤੁ ਰੰਗਾਵਲਾ ਵਡਾ ਵੇਮੁਹਤਾਜੁ ॥ (1383-16)
फरीदा कंतु रंगावला वडा वेमुहताजु ॥

ਅਲਹ ਸੇਤੀ ਰਤਿਆ ਏਹੁ ਸਚਾਵਾਂ ਸਾਜੁ ॥੧੦੮॥ (1383-16)
अलह सेती रतिआ एहु सचावां साजु ॥१०८॥

ਮਃ ੫ ॥ (1383-17)
मः ५ ॥

ਫਰੀਦਾ ਦੁਖੁ ਸੁਖੁ ਇਕੁ ਕਰਿ ਦਿਲ ਤੇ ਲਾਹਿ ਵਿਕਾਰੁ ॥ (1383-17)
फरीदा दुखु सुखु इकु करि दिल ते लाहि विकारु ॥

ਅਲਹ ਭਾਵੈ ਸੋ ਭਲਾ ਤਾਂ ਲਭੀ ਦਰਬਾਰੁ ॥੧੦੯॥ (1383-17)
अलह भावै सो भला तां लभी दरबारु ॥१०९॥

ਮਃ ੫ ॥ (1383-18)
मः ५ ॥

ਫਰੀਦਾ ਦੁਨੀ ਵਜਾਈ ਵਜਦੀ ਤੂੰ ਭੀ ਵਜਹਿ ਨਾਲਿ ॥ (1383-18)
फरीदा दुनी वजाई वजदी तूं भी वजहि नालि ॥

ਸੋਈ ਜੀਉ ਨ ਵਜਦਾ ਜਿਸੁ ਅਲਹੁ ਕਰਦਾ ਸਾਰ ॥੧੧੦॥ (1383-18)
सोई जीउ न वजदा जिसु अलहु करदा सार ॥११०॥

ਮਃ ੫ ॥ (1383-19)
मः ५ ॥

ਫਰੀਦਾ ਦਿਲੁ ਰਤਾ ਇਸੁ ਦੁਨੀ ਸਿਉ ਦੁਨੀ ਨ ਕਿਤੈ ਕੰਮਿ ॥ (1383-19)
फरीदा दिलु रता इसु दुनी सिउ दुनी न कितै कंमि ॥

ਮਿਸਲ ਫਕੀਰਾਂ ਗਾਖੜੀ ਸੁ ਪਾਈਐ ਪੂਰ ਕਰੰਮਿ ॥੧੧੧॥ (1384-1)
मिसल फकीरां गाखड़ी सु पाईऐ पूर करंमि ॥१११॥

ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ ॥ (1384-1)
पहिलै पहरै फुलड़ा फलु भी पछा राति ॥

ਜੋ ਜਾਗੰਨ੍ਹ੍ਹਿ ਲਹੰਨਿ ਸੇ ਸਾਈ ਕੰਨੋ ਦਾਤਿ ॥੧੧੨॥ (1384-2)
जो जागंन्हि लहंनि से साई कंनो दाति ॥११२॥

ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ ॥ (1384-2)
दाती साहिब संदीआ किआ चलै तिसु नालि ॥

ਇਕਿ ਜਾਗੰਦੇ ਨਾ ਲਹਨਿ ਇਕਨ੍ਹਾ ਸੁਤਿਆ ਦੇਇ ਉਠਾਲਿ ॥੧੧੩॥ (1384-2)
इकि जागंदे ना लहन्हि इकन्हा सुतिआ देइ उठालि ॥११३॥

ਢੂਢੇਦੀਏ ਸੁਹਾਗ ਕੂ ਤਉ ਤਨਿ ਕਾਈ ਕੋਰ ॥ (1384-3)
ढूढेदीए सुहाग कू तउ तनि काई कोर ॥

ਜਿਨ੍ਹਾ ਨਾਉ ਸੁਹਾਗਣੀ ਤਿਨ੍ਹਾ ਝਾਕ ਨ ਹੋਰ ॥੧੧੪॥ (1384-4)
जिन्हा नाउ सुहागणी तिन्हा झाक न होर ॥११४॥

ਸਬਰ ਮੰਝ ਕਮਾਣ ਏ ਸਬਰੁ ਕਾ ਨੀਹਣੋ ॥ (1384-4)
सबर मंझ कमाण ए सबरु का नीहणो ॥

ਸਬਰ ਸੰਦਾ ਬਾਣੁ ਖਾਲਕੁ ਖਤਾ ਨ ਕਰੀ ॥੧੧੫॥ (1384-4)
सबर संदा बाणु खालकु खता न करी ॥११५॥

ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨ੍ਹਿ ॥ (1384-5)
सबर अंदरि साबरी तनु एवै जालेन्हि ॥

ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥੧੧੬॥ (1384-5)
होनि नजीकि खुदाइ दै भेतु न किसै देनि ॥११६॥

ਸਬਰੁ ਏਹੁ ਸੁਆਉ ਜੇ ਤੂੰ ਬੰਦਾ ਦਿੜੁ ਕਰਹਿ ॥ (1384-6)
सबरु एहु सुआउ जे तूं बंदा दिड़ु करहि ॥

ਵਧਿ ਥੀਵਹਿ ਦਰੀਆਉ ਟੁਟਿ ਨ ਥੀਵਹਿ ਵਾਹੜਾ ॥੧੧੭॥ (1384-6)
वधि थीवहि दरीआउ टुटि न थीवहि वाहड़ा ॥११७॥

ਫਰੀਦਾ ਦਰਵੇਸੀ ਗਾਖੜੀ ਚੋਪੜੀ ਪਰੀਤਿ ॥ (1384-7)
फरीदा दरवेसी गाखड़ी चोपड़ी परीति ॥

ਇਕਨਿ ਕਿਨੈ ਚਾਲੀਐ ਦਰਵੇਸਾਵੀ ਰੀਤਿ ॥੧੧੮॥ (1384-7)
इकनि किनै चालीऐ दरवेसावी रीति ॥११८॥

ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨ੍ਹਿ ॥ (1384-8)
तनु तपै तनूर जिउ बालणु हड बलंन्हि ॥

ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨ੍ਹਿ ॥੧੧੯॥ (1384-8)
पैरी थकां सिरि जुलां जे मूं पिरी मिलंन्हि ॥११९॥

ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ॥ (1384-9)
तनु न तपाइ तनूर जिउ बालणु हड न बालि ॥

ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ ॥੧੨੦॥ (1384-9)
सिरि पैरी किआ फेड़िआ अंदरि पिरी निहालि ॥१२०॥

ਹਉ ਢੂਢੇਦੀ ਸਜਣਾ ਸਜਣੁ ਮੈਡੇ ਨਾਲਿ ॥ (1384-10)
हउ ढूढेदी सजणा सजणु मैडे नालि ॥

ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਇ ਦਿਖਾਲਿ ॥੧੨੧॥ (1384-10)
नानक अलखु न लखीऐ गुरमुखि देइ दिखालि ॥१२१॥

ਹੰਸਾ ਦੇਖਿ ਤਰੰਦਿਆ ਬਗਾ ਆਇਆ ਚਾਉ ॥ (1384-11)
हंसा देखि तरंदिआ बगा आइआ चाउ ॥

ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ ॥੧੨੨॥ (1384-11)
डुबि मुए बग बपुड़े सिरु तलि उपरि पाउ ॥१२२॥

ਮੈ ਜਾਣਿਆ ਵਡ ਹੰਸੁ ਹੈ ਤਾਂ ਮੈ ਕੀਤਾ ਸੰਗੁ ॥ (1384-12)
मै जाणिआ वड हंसु है तां मै कीता संगु ॥

ਜੇ ਜਾਣਾ ਬਗੁ ਬਪੁੜਾ ਜਨਮਿ ਨ ਭੇੜੀ ਅੰਗੁ ॥੧੨੩॥ (1384-12)
जे जाणा बगु बपुड़ा जनमि न भेड़ी अंगु ॥१२३॥

ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਧਰੇ ॥ (1384-13)
किआ हंसु किआ बगुला जा कउ नदरि धरे ॥

ਜੇ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇ ॥੧੨੪॥ (1384-13)
जे तिसु भावै नानका कागहु हंसु करे ॥१२४॥

ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ ॥ (1384-14)
सरवर पंखी हेकड़ो फाहीवाल पचास ॥

ਇਹੁ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ ॥੧੨੫॥ (1384-14)
इहु तनु लहरी गडु थिआ सचे तेरी आस ॥१२५॥

ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ ॥ (1384-14)
कवणु सु अखरु कवणु गुणु कवणु सु मणीआ मंतु ॥

ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ ॥੧੨੬॥ (1384-15)
कवणु सु वेसो हउ करी जितु वसि आवै कंतु ॥१२६॥

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥ (1384-15)
निवणु सु अखरु खवणु गुणु जिहबा मणीआ मंतु ॥

ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥੧੨੭॥ (1384-16)
ए त्रै भैणे वेस करि तां वसि आवी कंतु ॥१२७॥

ਮਤਿ ਹੋਦੀ ਹੋਇ ਇਆਣਾ ॥ (1384-16)
मति होदी होइ इआणा ॥

ਤਾਣ ਹੋਦੇ ਹੋਇ ਨਿਤਾਣਾ ॥ (1384-17)
ताण होदे होइ निताणा ॥

ਅਣਹੋਦੇ ਆਪੁ ਵੰਡਾਏ ॥ (1384-17)
अणहोदे आपु वंडाए ॥

ਕੋ ਐਸਾ ਭਗਤੁ ਸਦਾਏ ॥੧੨੮॥ (1384-17)
को ऐसा भगतु सदाए ॥१२८॥

ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥ (1384-17)
इकु फिका न गालाइ सभना मै सचा धणी ॥

ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥੧੨੯॥ (1384-18)
हिआउ न कैही ठाहि माणक सभ अमोलवे ॥१२९॥

ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥ (1384-18)
सभना मन माणिक ठाहणु मूलि मचांगवा ॥

ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥੧੩੦॥ (1384-19)
जे तउ पिरीआ दी सिक हिआउ न ठाहे कही दा ॥१३० ॥

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ (1385-1)
ੴ सति नामु करता पुरखु निरभउ निरवैरु अकाल मूरति अजूनी सैभं गुर प्रसादि ॥

ਸਵਯੇ ਸ੍ਰੀ ਮੁਖਬਾਕ੍ਯ ਮਹਲਾ ੫ ॥ (1385-3)
सवये स्री मुखबाक्य महला ५ ॥

ਆਦਿ ਪੁਰਖ ਕਰਤਾਰ ਕਰਣ ਕਾਰਣ ਸਭ ਆਪੇ ॥ (1385-4)
आदि पुरख करतार करण कारण सभ आपे ॥

ਸਰਬ ਰਹਿਓ ਭਰਪੂਰਿ ਸਗਲ ਘਟ ਰਹਿਓ ਬਿਆਪੇ ॥ (1385-4)
सरब रहिओ भरपूरि सगल घट रहिओ बिआपे ॥

ਬ੍ਯ੍ਯਾਪਤੁ ਦੇਖੀਐ ਜਗਤਿ ਜਾਨੈ ਕਉਨੁ ਤੇਰੀ ਗਤਿ ਸਰਬ ਕੀ ਰਖ੍ਯ੍ਯਾ ਕਰੈ ਆਪੇ ਹਰਿ ਪਤਿ ॥ (1385-5)
ब्यापतु देखीऐ जगति जानै कउनु तेरी गति सरब की रख्या करै आपे हरि पति ॥

ਅਬਿਨਾਸੀ ਅਬਿਗਤ ਆਪੇ ਆਪਿ ਉਤਪਤਿ ॥ (1385-5)
अबिनासी अबिगत आपे आपि उतपति ॥

ਏਕੈ ਤੂਹੀ ਏਕੈ ਅਨ ਨਾਹੀ ਤੁਮ ਭਤਿ ॥ (1385-6)
एकै तूही एकै अन नाही तुम भति ॥

ਹਰਿ ਅੰਤੁ ਨਾਹੀ ਪਾਰਾਵਾਰੁ ਕਉਨੁ ਹੈ ਕਰੈ ਬੀਚਾਰੁ ਜਗਤ ਪਿਤਾ ਹੈ ਸ੍ਰਬ ਪ੍ਰਾਨ ਕੋ ਅਧਾਰੁ ॥ (1385-6)
हरि अंतु नाही पारावारु कउनु है करै बीचारु जगत पिता है स्रब प्रान को अधारु ॥

ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ ਏਕ ਜੀਹ ਕਿਆ ਬਖਾਨੈ ॥ (1385-7)
जनु नानकु भगतु दरि तुलि ब्रहम समसरि एक जीह किआ बखानै ॥

ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ ॥੧॥ (1385-8)
हां कि बलि बलि बलि बलि सद बलिहारि ॥१॥

ਅੰਮ੍ਰਿਤ ਪ੍ਰਵਾਹ ਸਰਿ ਅਤੁਲ ਭੰਡਾਰ ਭਰਿ ਪਰੈ ਹੀ ਤੇ ਪਰੈ ਅਪਰ ਅਪਾਰ ਪਰਿ ॥ (1385-8)
अमृत प्रवाह सरि अतुल भंडार भरि परै ही ते परै अपर अपार परि ॥

ਆਪੁਨੋ ਭਾਵਨੁ ਕਰਿ ਮੰਤ੍ਰਿ ਨ ਦੂਸਰੋ ਧਰਿ ਓਪਤਿ ਪਰਲੌ ਏਕੈ ਨਿਮਖ ਤੁ ਘਰਿ ॥ (1385-9)
आपुनो भावनु करि मंत्रि न दूसरो धरि ओपति परलौ एकै निमख तु घरि ॥

ਆਨ ਨਾਹੀ ਸਮਸਰਿ ਉਜੀਆਰੋ ਨਿਰਮਰਿ ਕੋਟਿ ਪਰਾਛਤ ਜਾਹਿ ਨਾਮ ਲੀਏ ਹਰਿ ਹਰਿ ॥ (1385-10)
आन नाही समसरि उजीआरो निरमरि कोटि पराछत जाहि नाम लीए हरि हरि ॥

ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ ਏਕ ਜੀਹ ਕਿਆ ਬਖਾਨੈ ॥ (1385-11)
जनु नानकु भगतु दरि तुलि ब्रहम समसरि एक जीह किआ बखानै ॥

ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ ॥੨॥ (1385-11)
हां कि बलि बलि बलि बलि सद बलिहारि ॥२॥

ਸਗਲ ਭਵਨ ਧਾਰੇ ਏਕ ਥੇਂ ਕੀਏ ਬਿਸਥਾਰੇ ਪੂਰਿ ਰਹਿਓ ਸ੍ਰਬ ਮਹਿ ਆਪਿ ਹੈ ਨਿਰਾਰੇ ॥ (1385-12)
सगल भवन धारे एक थें कीए बिसथारे पूरि रहिओ स्रब महि आपि है निरारे ॥

ਹਰਿ ਗੁਨ ਨਾਹੀ ਅੰਤ ਪਾਰੇ ਜੀਅ ਜੰਤ ਸਭਿ ਥਾਰੇ ਸਗਲ ਕੋ ਦਾਤਾ ਏਕੈ ਅਲਖ ਮੁਰਾਰੇ ॥ (1385-13)
हरि गुन नाही अंत पारे जीअ जंत सभि थारे सगल को दाता एकै अलख मुरारे ॥

ਆਪ ਹੀ ਧਾਰਨ ਧਾਰੇ ਕੁਦਰਤਿ ਹੈ ਦੇਖਾਰੇ ਬਰਨੁ ਚਿਹਨੁ ਨਾਹੀ ਮੁਖ ਨ ਮਸਾਰੇ ॥ (1386-1)
आप ही धारन धारे कुदरति है देखारे बरनु चिहनु नाही मुख न मसारे ॥

ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ ਏਕ ਜੀਹ ਕਿਆ ਬਖਾਨੈ ॥ (1386-1)
जनु नानकु भगतु दरि तुलि ब्रहम समसरि एक जीह किआ बखानै ॥

ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ ॥੩॥ (1386-2)
हां कि बलि बलि बलि बलि सद बलिहारि ॥३॥

ਸਰਬ ਗੁਣ ਨਿਧਾਨੰ ਕੀਮਤਿ ਨ ਗ੍ਯ੍ਯਾਨੰ ਧ੍ਯ੍ਯਾਨੰ ਊਚੇ ਤੇ ਊਚੌ ਜਾਨੀਜੈ ਪ੍ਰਭ ਤੇਰੋ ਥਾਨੰ ॥ (1386-3)
सरब गुण निधानं कीमति न ग्यानं ध्यानं ऊचे ते ऊचौ जानीजै प्रभ तेरो थानं ॥

ਮਨੁ ਧਨੁ ਤੇਰੋ ਪ੍ਰਾਨੰ ਏਕੈ ਸੂਤਿ ਹੈ ਜਹਾਨੰ ਕਵਨ ਉਪਮਾ ਦੇਉ ਬਡੇ ਤੇ ਬਡਾਨੰ ॥ (1386-3)
मनु धनु तेरो प्रानं एकै सूति है जहानं कवन उपमा देउ बडे ते बडानं ॥

ਜਾਨੈ ਕਉਨੁ ਤੇਰੋ ਭੇਉ ਅਲਖ ਅਪਾਰ ਦੇਉ ਅਕਲ ਕਲਾ ਹੈ ਪ੍ਰਭ ਸਰਬ ਕੋ ਧਾਨੰ ॥ (1386-4)
जानै कउनु तेरो भेउ अलख अपार देउ अकल कला है प्रभ सरब को धानं ॥

ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ ਏਕ ਜੀਹ ਕਿਆ ਬਖਾਨੈ ॥ (1386-5)
जनु नानकु भगतु दरि तुलि ब्रहम समसरि एक जीह किआ बखानै ॥

ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ ॥੪॥ (1386-5)
हां कि बलि बलि बलि बलि सद बलिहारि ॥४॥

ਨਿਰੰਕਾਰੁ ਆਕਾਰ ਅਛਲ ਪੂਰਨ ਅਬਿਨਾਸੀ ॥ (1386-6)
निरंकारु आकार अछल पूरन अबिनासी ॥

ਹਰਖਵੰਤ ਆਨੰਤ ਰੂਪ ਨਿਰਮਲ ਬਿਗਾਸੀ ॥ (1386-6)
हरखवंत आनंत रूप निरमल बिगासी ॥

ਗੁਣ ਗਾਵਹਿ ਬੇਅੰਤ ਅੰਤੁ ਇਕੁ ਤਿਲੁ ਨਹੀ ਪਾਸੀ ॥ (1386-7)
गुण गावहि बेअंत अंतु इकु तिलु नही पासी ॥

ਜਾ ਕਉ ਹੋਂਹਿ ਕ੍ਰਿਪਾਲ ਸੁ ਜਨੁ ਪ੍ਰਭ ਤੁਮਹਿ ਮਿਲਾਸੀ ॥ (1386-7)
जा कउ होंहि क्रिपाल सु जनु प्रभ तुमहि मिलासी ॥

ਧੰਨਿ ਧੰਨਿ ਤੇ ਧੰਨਿ ਜਨ ਜਿਹ ਕ੍ਰਿਪਾਲੁ ਹਰਿ ਹਰਿ ਭਯਉ ॥ (1386-8)
धंनि धंनि ते धंनि जन जिह क्रिपालु हरि हरि भयउ ॥

ਹਰਿ ਗੁਰੁ ਨਾਨਕੁ ਜਿਨ ਪਰਸਿਅਉ ਸਿ ਜਨਮ ਮਰਣ ਦੁਹ ਥੇ ਰਹਿਓ ॥੫॥ (1386-8)
हरि गुरु नानकु जिन परसिअउ सि जनम मरण दुह थे रहिओ ॥५॥

ਸਤਿ ਸਤਿ ਹਰਿ ਸਤਿ ਸਤਿ ਸਤੇ ਸਤਿ ਭਣੀਐ ॥ (1386-9)
सति सति हरि सति सति सते सति भणीऐ ॥

ਦੂਸਰ ਆਨ ਨ ਅਵਰੁ ਪੁਰਖੁ ਪਊਰਾਤਨੁ ਸੁਣੀਐ ॥ (1386-9)
दूसर आन न अवरु पुरखु पऊरातनु सुणीऐ ॥

ਅੰਮ੍ਰਿਤੁ ਹਰਿ ਕੋ ਨਾਮੁ ਲੈਤ ਮਨਿ ਸਭ ਸੁਖ ਪਾਏ ॥ (1386-10)
अमृतु हरि को नामु लैत मनि सभ सुख पाए ॥

ਜੇਹ ਰਸਨ ਚਾਖਿਓ ਤੇਹ ਜਨ ਤ੍ਰਿਪਤਿ ਅਘਾਏ ॥ (1386-10)
जेह रसन चाखिओ तेह जन त्रिपति अघाए ॥

ਜਿਹ ਠਾਕੁਰੁ ਸੁਪ੍ਰਸੰਨੁ ਭਯੁੋ ਸਤਸੰਗਤਿ ਤਿਹ ਪਿਆਰੁ ॥ (1386-11)
जिह ठाकुरु सुप्रसंनु भयुो सतसंगति तिह पिआरु ॥

ਹਰਿ ਗੁਰੁ ਨਾਨਕੁ ਜਿਨ੍ਹ੍ਹ ਪਰਸਿਓ ਤਿਨ੍ਹ੍ਹ ਸਭ ਕੁਲ ਕੀਓ ਉਧਾਰੁ ॥੬॥ (1386-11)
हरि गुरु नानकु जिन्ह परसिओ तिन्ह सभ कुल कीओ उधारु ॥६॥

ਸਚੁ ਸਭਾ ਦੀਬਾਣੁ ਸਚੁ ਸਚੇ ਪਹਿ ਧਰਿਓ ॥ (1386-12)
सचु सभा दीबाणु सचु सचे पहि धरिओ ॥

ਸਚੈ ਤਖਤਿ ਨਿਵਾਸੁ ਸਚੁ ਤਪਾਵਸੁ ਕਰਿਓ ॥ (1386-12)
सचै तखति निवासु सचु तपावसु करिओ ॥

ਸਚਿ ਸਿਰਜ੍ਯ੍ਯਿਉ ਸੰਸਾਰੁ ਆਪਿ ਆਭੁਲੁ ਨ ਭੁਲਉ ॥ (1386-13)
सचि सिरज्यिउ संसारु आपि आभुलु न भुलउ ॥

ਰਤਨ ਨਾਮੁ ਅਪਾਰੁ ਕੀਮ ਨਹੁ ਪਵੈ ਅਮੁਲਉ ॥ (1386-13)
रतन नामु अपारु कीम नहु पवै अमुलउ ॥

ਜਿਹ ਕ੍ਰਿਪਾਲੁ ਹੋਯਉ ਗੁੋਬਿੰਦੁ ਸਰਬ ਸੁਖ ਤਿਨਹੂ ਪਾਏ ॥ (1386-14)
जिह क्रिपालु होयउ गुोबिंदु सरब सुख तिनहू पाए ॥

ਹਰਿ ਗੁਰੁ ਨਾਨਕੁ ਜਿਨ੍ਹ੍ਹ ਪਰਸਿਓ ਤੇ ਬਹੁੜਿ ਫਿਰਿ ਜੋਨਿ ਨ ਆਏ ॥੭॥ (1386-14)
हरि गुरु नानकु जिन्ह परसिओ ते बहुड़ि फिरि जोनि न आए ॥७॥

ਕਵਨੁ ਜੋਗੁ ਕਉਨੁ ਗ੍ਯ੍ਯਾਨੁ ਧ੍ਯ੍ਯਾਨੁ ਕਵਨ ਬਿਧਿ ਉਸ੍ਤਤਿ ਕਰੀਐ ॥ (1386-15)
कवनु जोगु कउनु ग्यानु ध्यानु कवन बिधि उस्तति करीऐ ॥

ਸਿਧ ਸਾਧਿਕ ਤੇਤੀਸ ਕੋਰਿ ਤਿਰੁ ਕੀਮ ਨ ਪਰੀਐ ॥ (1386-16)
सिध साधिक तेतीस कोरि तिरु कीम न परीऐ ॥

ਬ੍ਰਹਮਾਦਿਕ ਸਨਕਾਦਿ ਸੇਖ ਗੁਣ ਅੰਤੁ ਨ ਪਾਏ ॥ (1386-16)
ब्रहमादिक सनकादि सेख गुण अंतु न पाए ॥

ਅਗਹੁ ਗਹਿਓ ਨਹੀ ਜਾਇ ਪੂਰਿ ਸ੍ਰਬ ਰਹਿਓ ਸਮਾਏ ॥ (1386-17)
अगहु गहिओ नही जाइ पूरि स्रब रहिओ समाए ॥

ਜਿਹ ਕਾਟੀ ਸਿਲਕ ਦਯਾਲ ਪ੍ਰਭਿ ਸੇਇ ਜਨ ਲਗੇ ਭਗਤੇ ॥ (1386-17)
जिह काटी सिलक दयाल प्रभि सेइ जन लगे भगते ॥

ਹਰਿ ਗੁਰੁ ਨਾਨਕੁ ਜਿਨ੍ਹ ਪਰਸਿਓ ਤੇ ਇਤ ਉਤ ਸਦਾ ਮੁਕਤੇ ॥੮॥ (1386-18)
हरि गुरु नानकु जिन्ह परसिओ ते इत उत सदा मुकते ॥८॥

ਪ੍ਰਭ ਦਾਤਉ ਦਾਤਾਰ ਪਰ੍ਯਿਉ ਜਾਚਕੁ ਇਕੁ ਸਰਨਾ ॥ (1386-18)
प्रभ दातउ दातार पर्यिउ जाचकु इकु सरना ॥

ਮਿਲੈ ਦਾਨੁ ਸੰਤ ਰੇਨ ਜੇਹ ਲਗਿ ਭਉਜਲੁ ਤਰਨਾ ॥ (1386-19)
मिलै दानु संत रेन जेह लगि भउजलु तरना ॥

ਬਿਨਤਿ ਕਰਉ ਅਰਦਾਸਿ ਸੁਨਹੁ ਜੇ ਠਾਕੁਰ ਭਾਵੈ ॥ (1386-19)
बिनति करउ अरदासि सुनहु जे ठाकुर भावै ॥

ਦੇਹੁ ਦਰਸੁ ਮਨਿ ਚਾਉ ਭਗਤਿ ਇਹੁ ਮਨੁ ਠਹਰਾਵੈ ॥ (1387-1)
देहु दरसु मनि चाउ भगति इहु मनु ठहरावै ॥

ਬਲਿਓ ਚਰਾਗੁ ਅੰਧ੍ਯ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ ॥ (1387-1)
बलिओ चरागु अंध्यार महि सभ कलि उधरी इक नाम धरम ॥

ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ ॥੯॥ (1387-2)
प्रगटु सगल हरि भवन महि जनु नानकु गुरु पारब्रहम ॥९॥

ਸਵਯੇ ਸ੍ਰੀ ਮੁਖਬਾਕ੍ਯ ਮਹਲਾ ੫ (1387-3)
सवये स्री मुखबाक्य महला ५

ੴ ਸਤਿਗੁਰ ਪ੍ਰਸਾਦਿ ॥ (1387-3)
१ੴ सतिगुर प्रसादि ॥

ਕਾਚੀ ਦੇਹ ਮੋਹ ਫੁਨਿ ਬਾਂਧੀ ਸਠ ਕਠੋਰ ਕੁਚੀਲ ਕੁਗਿਆਨੀ ॥ (1387-4)
काची देह मोह फुनि बांधी सठ कठोर कुचील कुगिआनी ॥

ਧਾਵਤ ਭ੍ਰਮਤ ਰਹਨੁ ਨਹੀ ਪਾਵਤ ਪਾਰਬ੍ਰਹਮ ਕੀ ਗਤਿ ਨਹੀ ਜਾਨੀ ॥ (1387-4)
धावत भ्रमत रहनु नही पावत पारब्रहम की गति नही जानी ॥

ਜੋਬਨ ਰੂਪ ਮਾਇਆ ਮਦ ਮਾਤਾ ਬਿਚਰਤ ਬਿਕਲ ਬਡੌ ਅਭਿਮਾਨੀ ॥ (1387-5)
जोबन रूप माइआ मद माता बिचरत बिकल बडौ अभिमानी ॥

ਪਰ ਧਨ ਪਰ ਅਪਵਾਦ ਨਾਰਿ ਨਿੰਦਾ ਯਹ ਮੀਠੀ ਜੀਅ ਮਾਹਿ ਹਿਤਾਨੀ ॥ (1387-5)
पर धन पर अपवाद नारि निंदा यह मीठी जीअ माहि हितानी ॥

ਬਲਬੰਚ ਛਪਿ ਕਰਤ ਉਪਾਵਾ ਪੇਖਤ ਸੁਨਤ ਪ੍ਰਭ ਅੰਤਰਜਾਮੀ ॥ (1387-6)
बलबंच छपि करत उपावा पेखत सुनत प्रभ अंतरजामी ॥

ਸੀਲ ਧਰਮ ਦਯਾ ਸੁਚ ਨਾਸ੍ਤਿ ਆਇਓ ਸਰਨਿ ਜੀਅ ਕੇ ਦਾਨੀ ॥ (1387-7)
सील धरम दया सुच नास्ति आइओ सरनि जीअ के दानी ॥

ਕਾਰਣ ਕਰਣ ਸਮਰਥ ਸਿਰੀਧਰ ਰਾਖਿ ਲੇਹੁ ਨਾਨਕ ਕੇ ਸੁਆਮੀ ॥੧॥ (1387-7)
कारण करण समरथ सिरीधर राखि लेहु नानक के सुआमी ॥१॥

ਕੀਰਤਿ ਕਰਨ ਸਰਨ ਮਨਮੋਹਨ ਜੋਹਨ ਪਾਪ ਬਿਦਾਰਨ ਕਉ ॥ (1387-8)
कीरति करन सरन मनमोहन जोहन पाप बिदारन कउ ॥

ਹਰਿ ਤਾਰਨ ਤਰਨ ਸਮਰਥ ਸਭੈ ਬਿਧਿ ਕੁਲਹ ਸਮੂਹ ਉਧਾਰਨ ਸਉ ॥ (1387-9)
हरि तारन तरन समरथ सभै बिधि कुलह समूह उधारन सउ ॥

ਚਿਤ ਚੇਤਿ ਅਚੇਤ ਜਾਨਿ ਸਤਸੰਗਤਿ ਭਰਮ ਅੰਧੇਰ ਮੋਹਿਓ ਕਤ ਧੰਉ ॥ (1387-9)
चित चेति अचेत जानि सतसंगति भरम अंधेर मोहिओ कत धंउ ॥

ਮੂਰਤ ਘਰੀ ਚਸਾ ਪਲੁ ਸਿਮਰਨ ਰਾਮ ਨਾਮੁ ਰਸਨਾ ਸੰਗਿ ਲਉ ॥ (1387-10)
मूरत घरी चसा पलु सिमरन राम नामु रसना संगि लउ ॥

ਹੋਛਉ ਕਾਜੁ ਅਲਪ ਸੁਖ ਬੰਧਨ ਕੋਟਿ ਜਨੰਮ ਕਹਾ ਦੁਖ ਭੰਉ ॥ (1387-10)
होछउ काजु अलप सुख बंधन कोटि जनंम कहा दुख भंउ ॥

ਸਿਖ੍ਯ੍ਯਾ ਸੰਤ ਨਾਮੁ ਭਜੁ ਨਾਨਕ ਰਾਮ ਰੰਗਿ ਆਤਮ ਸਿਉ ਰੰਉ ॥੨॥ (1387-11)
सिख्या संत नामु भजु नानक राम रंगि आतम सिउ रंउ ॥२॥

ਰੰਚਕ ਰੇਤ ਖੇਤ ਤਨਿ ਨਿਰਮਿਤ ਦੁਰਲਭ ਦੇਹ ਸਵਾਰਿ ਧਰੀ ॥ (1387-12)
रंचक रेत खेत तनि निरमित दुरलभ देह सवारि धरी ॥

ਖਾਨ ਪਾਨ ਸੋਧੇ ਸੁਖ ਭੁੰਚਤ ਸੰਕਟ ਕਾਟਿ ਬਿਪਤਿ ਹਰੀ ॥ (1387-12)
खान पान सोधे सुख भुंचत संकट काटि बिपति हरी ॥

ਮਾਤ ਪਿਤਾ ਭਾਈ ਅਰੁ ਬੰਧਪ ਬੂਝਨ ਕੀ ਸਭ ਸੂਝ ਪਰੀ ॥ (1387-13)
मात पिता भाई अरु बंधप बूझन की सभ सूझ परी ॥

ਬਰਧਮਾਨ ਹੋਵਤ ਦਿਨ ਪ੍ਰਤਿ ਨਿਤ ਆਵਤ ਨਿਕਟਿ ਬਿਖੰਮ ਜਰੀ ॥ (1387-13)
बरधमान होवत दिन प्रति नित आवत निकटि बिखंम जरी ॥

ਰੇ ਗੁਨ ਹੀਨ ਦੀਨ ਮਾਇਆ ਕ੍ਰਿਮ ਸਿਮਰਿ ਸੁਆਮੀ ਏਕ ਘਰੀ ॥ (1387-14)
रे गुन हीन दीन माइआ क्रिम सिमरि सुआमी एक घरी ॥

ਕਰੁ ਗਹਿ ਲੇਹੁ ਕ੍ਰਿਪਾਲ ਕ੍ਰਿਪਾ ਨਿਧਿ ਨਾਨਕ ਕਾਟਿ ਭਰੰਮ ਭਰੀ ॥੩॥ (1387-14)
करु गहि लेहु क्रिपाल क्रिपा निधि नानक काटि भरंम भरी ॥३॥

ਰੇ ਮਨ ਮੂਸ ਬਿਲਾ ਮਹਿ ਗਰਬਤ ਕਰਤਬ ਕਰਤ ਮਹਾਂ ਮੁਘਨਾਂ ॥ (1387-15)
रे मन मूस बिला महि गरबत करतब करत महां मुघनां ॥

ਸੰਪਤ ਦੋਲ ਝੋਲ ਸੰਗਿ ਝੂਲਤ ਮਾਇਆ ਮਗਨ ਭ੍ਰਮਤ ਘੁਘਨਾ ॥ (1387-16)
स्मपत दोल झोल संगि झूलत माइआ मगन भ्रमत घुघना ॥

ਸੁਤ ਬਨਿਤਾ ਸਾਜਨ ਸੁਖ ਬੰਧਪ ਤਾ ਸਿਉ ਮੋਹੁ ਬਢਿਓ ਸੁ ਘਨਾ ॥ (1387-16)
सुत बनिता साजन सुख बंधप ता सिउ मोहु बढिओ सु घना ॥

ਬੋਇਓ ਬੀਜੁ ਅਹੰ ਮਮ ਅੰਕੁਰੁ ਬੀਤਤ ਅਉਧ ਕਰਤ ਅਘਨਾਂ ॥ (1387-17)
बोइओ बीजु अहं मम अंकुरु बीतत अउध करत अघनां ॥

ਮਿਰਤੁ ਮੰਜਾਰ ਪਸਾਰਿ ਮੁਖੁ ਨਿਰਖਤ ਭੁੰਚਤ ਭੁਗਤਿ ਭੂਖ ਭੁਖਨਾ ॥ (1387-17)
मिरतु मंजार पसारि मुखु निरखत भुंचत भुगति भूख भुखना ॥

ਸਿਮਰਿ ਗੁਪਾਲ ਦਇਆਲ ਸਤਸੰਗਤਿ ਨਾਨਕ ਜਗੁ ਜਾਨਤ ਸੁਪਨਾ ॥੪॥ (1387-18)
सिमरि गुपाल दइआल सतसंगति नानक जगु जानत सुपना ॥४॥

ਦੇਹ ਨ ਗੇਹ ਨ ਨੇਹ ਨ ਨੀਤਾ ਮਾਇਆ ਮਤ ਕਹਾ ਲਉ ਗਾਰਹੁ ॥ (1388-1)
देह न गेह न नेह न नीता माइआ मत कहा लउ गारहु ॥

ਛਤ੍ਰ ਨ ਪਤ੍ਰ ਨ ਚਉਰ ਨ ਚਾਵਰ ਬਹਤੀ ਜਾਤ ਰਿਦੈ ਨ ਬਿਚਾਰਹੁ ॥ (1388-1)
छत्र न पत्र न चउर न चावर बहती जात रिदै न बिचारहु ॥

ਰਥ ਨ ਅਸ੍ਵ ਨ ਗਜ ਸਿੰਘਾਸਨ ਛਿਨ ਮਹਿ ਤਿਆਗਤ ਨਾਂਗ ਸਿਧਾਰਹੁ ॥ (1388-2)
रथ न अस्व न गज सिंघासन छिन महि तिआगत नांग सिधारहु ॥

ਸੂਰ ਨ ਬੀਰ ਨ ਮੀਰ ਨ ਖਾਨਮ ਸੰਗਿ ਨ ਕੋਊ ਦ੍ਰਿਸਟਿ ਨਿਹਾਰਹੁ ॥ (1388-3)
सूर न बीर न मीर न खानम संगि न कोऊ द्रिसटि निहारहु ॥

ਕੋਟ ਨ ਓਟ ਨ ਕੋਸ ਨ ਛੋਟਾ ਕਰਤ ਬਿਕਾਰ ਦੋਊ ਕਰ ਝਾਰਹੁ ॥ (1388-3)
कोट न ओट न कोस न छोटा करत बिकार दोऊ कर झारहु ॥

ਮਿਤ੍ਰ ਨ ਪੁਤ੍ਰ ਕਲਤ੍ਰ ਸਾਜਨ ਸਖ ਉਲਟਤ ਜਾਤ ਬਿਰਖ ਕੀ ਛਾਂਰਹੁ ॥ (1388-4)
मित्र न पुत्र कलत्र साजन सख उलटत जात बिरख की छांरहु ॥

ਦੀਨ ਦਯਾਲ ਪੁਰਖ ਪ੍ਰਭ ਪੂਰਨ ਛਿਨ ਛਿਨ ਸਿਮਰਹੁ ਅਗਮ ਅਪਾਰਹੁ ॥ (1388-5)
दीन दयाल पुरख प्रभ पूरन छिन छिन सिमरहु अगम अपारहु ॥

ਸ੍ਰੀਪਤਿ ਨਾਥ ਸਰਣਿ ਨਾਨਕ ਜਨ ਹੇ ਭਗਵੰਤ ਕ੍ਰਿਪਾ ਕਰਿ ਤਾਰਹੁ ॥੫॥ (1388-5)
स्रीपति नाथ सरणि नानक जन हे भगवंत क्रिपा करि तारहु ॥५॥

ਪ੍ਰਾਨ ਮਾਨ ਦਾਨ ਮਗ ਜੋਹਨ ਹੀਤੁ ਚੀਤੁ ਦੇ ਲੇ ਲੇ ਪਾਰੀ ॥ (1388-6)
प्रान मान दान मग जोहन हीतु चीतु दे ले ले पारी ॥

ਸਾਜਨ ਸੈਨ ਮੀਤ ਸੁਤ ਭਾਈ ਤਾਹੂ ਤੇ ਲੇ ਰਖੀ ਨਿਰਾਰੀ ॥ (1388-6)
साजन सैन मीत सुत भाई ताहू ते ले रखी निरारी ॥

ਧਾਵਨ ਪਾਵਨ ਕੂਰ ਕਮਾਵਨ ਇਹ ਬਿਧਿ ਕਰਤ ਅਉਧ ਤਨ ਜਾਰੀ ॥ (1388-7)
धावन पावन कूर कमावन इह बिधि करत अउध तन जारी ॥

ਕਰਮ ਧਰਮ ਸੰਜਮ ਸੁਚ ਨੇਮਾ ਚੰਚਲ ਸੰਗਿ ਸਗਲ ਬਿਧਿ ਹਾਰੀ ॥ (1388-8)
करम धरम संजम सुच नेमा चंचल संगि सगल बिधि हारी ॥

ਪਸੁ ਪੰਖੀ ਬਿਰਖ ਅਸਥਾਵਰ ਬਹੁ ਬਿਧਿ ਜੋਨਿ ਭ੍ਰਮਿਓ ਅਤਿ ਭਾਰੀ ॥ (1388-8)
पसु पंखी बिरख असथावर बहु बिधि जोनि भ्रमिओ अति भारी ॥

ਖਿਨੁ ਪਲੁ ਚਸਾ ਨਾਮੁ ਨਹੀ ਸਿਮਰਿਓ ਦੀਨਾ ਨਾਥ ਪ੍ਰਾਨਪਤਿ ਸਾਰੀ ॥ (1388-9)
खिनु पलु चसा नामु नही सिमरिओ दीना नाथ प्रानपति सारी ॥

ਖਾਨ ਪਾਨ ਮੀਠ ਰਸ ਭੋਜਨ ਅੰਤ ਕੀ ਬਾਰ ਹੋਤ ਕਤ ਖਾਰੀ ॥ (1388-9)
खान पान मीठ रस भोजन अंत की बार होत कत खारी ॥

ਨਾਨਕ ਸੰਤ ਚਰਨ ਸੰਗਿ ਉਧਰੇ ਹੋਰਿ ਮਾਇਆ ਮਗਨ ਚਲੇ ਸਭਿ ਡਾਰੀ ॥੬॥ (1388-10)
नानक संत चरन संगि उधरे होरि माइआ मगन चले सभि डारी ॥६॥

ਬ੍ਰਹਮਾਦਿਕ ਸਿਵ ਛੰਦ ਮੁਨੀਸੁਰ ਰਸਕਿ ਰਸਕਿ ਠਾਕੁਰ ਗੁਨ ਗਾਵਤ ॥ (1388-11)
ब्रहमादिक सिव छंद मुनीसुर रसकि रसकि ठाकुर गुन गावत ॥

ਇੰਦ੍ਰ ਮੁਨਿੰਦ੍ਰ ਖੋਜਤੇ ਗੋਰਖ ਧਰਣਿ ਗਗਨ ਆਵਤ ਫੁਨਿ ਧਾਵਤ ॥ (1388-11)
इंद्र मुनिंद्र खोजते गोरख धरणि गगन आवत फुनि धावत ॥

ਸਿਧ ਮਨੁਖ੍ਯ੍ਯ ਦੇਵ ਅਰੁ ਦਾਨਵ ਇਕੁ ਤਿਲੁ ਤਾ ਕੋ ਮਰਮੁ ਨ ਪਾਵਤ ॥ (1388-12)
सिध मनुख्य देव अरु दानव इकु तिलु ता को मरमु न पावत ॥

ਪ੍ਰਿਅ ਪ੍ਰਭ ਪ੍ਰੀਤਿ ਪ੍ਰੇਮ ਰਸ ਭਗਤੀ ਹਰਿ ਜਨ ਤਾ ਕੈ ਦਰਸਿ ਸਮਾਵਤ ॥ (1388-13)
प्रिअ प्रभ प्रीति प्रेम रस भगती हरि जन ता कै दरसि समावत ॥

ਤਿਸਹਿ ਤਿਆਗਿ ਆਨ ਕਉ ਜਾਚਹਿ ਮੁਖ ਦੰਤ ਰਸਨ ਸਗਲ ਘਸਿ ਜਾਵਤ ॥ (1388-13)
तिसहि तिआगि आन कउ जाचहि मुख दंत रसन सगल घसि जावत ॥

ਰੇ ਮਨ ਮੂੜ ਸਿਮਰਿ ਸੁਖਦਾਤਾ ਨਾਨਕ ਦਾਸ ਤੁਝਹਿ ਸਮਝਾਵਤ ॥੭॥ (1388-14)
रे मन मूड़ सिमरि सुखदाता नानक दास तुझहि समझावत ॥७॥

ਮਾਇਆ ਰੰਗ ਬਿਰੰਗ ਕਰਤ ਭ੍ਰਮ ਮੋਹ ਕੈ ਕੂਪਿ ਗੁਬਾਰਿ ਪਰਿਓ ਹੈ ॥ (1388-15)

माइआ रंग बिरंग करत भ्रम मोह कै कूपि गुबारि परिओ है ॥

ਏਤਾ ਗਬੁ ਅਕਾਸਿ ਨ ਮਾਵਤ ਬਿਸਟਾ ਅਸ੍ਤ ਕ੍ਰਿਮਿ ਉਦਰੁ ਭਰਿਓ ਹੈ ॥ (1388-15)

एता गबु अकासि न मावत बिसटा अस्त क्रिमि उदरु भरिओ है ॥

ਦਹ ਦਿਸ ਧਾਇ ਮਹਾ ਬਿਖਿਆ ਕਉ ਪਰ ਧਨ ਛੀਨਿ ਅਗਿਆਨ ਹਰਿਓ ਹੈ ॥ (1388-16)

दह दिस धाइ महा बिखिआ कउ पर धन छीनि अगिआन हरिओ है ॥

ਜੋਬਨ ਬੀਤਿ ਜਰਾ ਰੋਗਿ ਗ੍ਰਸਿਓ ਜਮਦੂਤਨ ਡੰਨੁ ਮਿਰਤੁ ਮਰਿਓ ਹੈ ॥ (1388-17)

जोबन बीति जरा रोगि ग्रसिओ जमदूतन डंनु मिरतु मरिओ है ॥

ਅਨਿਕ ਜੋਨਿ ਸੰਕਟ ਨਰਕ ਭੁੰਚਤ ਸਾਸਨ ਦੂਖ ਗਰਤਿ ਗਰਿਓ ਹੈ ॥ (1388-17)

अनिक जोनि संकट नरक भुंचत सासन दूख गरति गरिओ है ॥

ਪ੍ਰੇਮ ਭਗਤਿ ਉਧਰਹਿ ਸੇ ਨਾਨਕ ਕਰਿ ਕਿਰਪਾ ਸੰਤੁ ਆਪਿ ਕਰਿਓ ਹੈ ॥੮॥ (1388-18)

प्रेम भगति उधरहि से नानक करि किरपा संतु आपि करिओ है ॥८॥

ਗੁਣ ਸਮੂਹ ਫਲ ਸਗਲ ਮਨੋਰਥ ਪੂਰਨ ਹੋਈ ਆਸ ਹਮਾਰੀ ॥ (1388-19)

गुण समूह फल सगल मनोरथ पूरन होई आस हमारी ॥

ਅਉਖਧ ਮੰਤ੍ਰ ਤੰਤ੍ਰ ਪਰ ਦੁਖ ਹਰ ਸਰਬ ਰੋਗ ਖੰਡਣ ਗੁਣਕਾਰੀ ॥ (1388-19)

अउखध मंत्र तंत्र पर दुख हर सरब रोग खंडण गुणकारी ॥

ਕਾਮ ਕ੍ਰੋਧ ਮਦ ਮਤਸਰ ਤ੍ਰਿਸਨਾ ਬਿਨਸਿ ਜਾਹਿ ਹਰਿ ਨਾਮੁ ਉਚਾਰੀ ॥ (1389-1)

काम क्रोध मद मतसर त्रिसना बिनसि जाहि हरि नामु उचारी ॥

ਇਸਨਾਨ ਦਾਨ ਤਾਪਨ ਸੁਚਿ ਕਿਰਿਆ ਚਰਣ ਕਮਲ ਹਿਰਦੈ ਪ੍ਰਭ ਧਾਰੀ ॥ (1389-2)

इसनान दान तापन सुचि किरिआ चरण कमल हिरदै प्रभ धारी ॥

ਸਾਜਨ ਮੀਤ ਸਖਾ ਹਰਿ ਬੰਧਪ ਜੀਅ ਧਾਨ ਪ੍ਰਭ ਪ੍ਰਾਨ ਅਧਾਰੀ ॥ (1389-2)

साजन मीत सखा हरि बंधप जीअ धान प्रभ प्रान अधारी ॥

ਓਟ ਗਹੀ ਸੁਆਮੀ ਸਮਰਥਹ ਨਾਨਕ ਦਾਸ ਸਦਾ ਬਲਿਹਾਰੀ ॥੯॥ (1389-3)

ओट गही सुआमी समरथह नानक दास सदा बलिहारी ॥९॥

ਆਵਧ ਕਟਿਓ ਨ ਜਾਤ ਪ੍ਰੇਮ ਰਸ ਚਰਨ ਕਮਲ ਸੰਗਿ ॥ (1389-3)
आवध कटिओ न जात प्रेम रस चरन कमल संगि ॥

ਦਾਵਨਿ ਬੰਧਿਓ ਨ ਜਾਤ ਬਿਧੇ ਮਨ ਦਰਸ ਮਗਿ ॥ (1389-4)
दावनि बंधिओ न जात बिधे मन दरस मगि ॥

ਪਾਵਕ ਜਰਿਓ ਨ ਜਾਤ ਰਹਿਓ ਜਨ ਧੂਰਿ ਲਗਿ ॥ (1389-4)
पावक जरिओ न जात रहिओ जन धूरि लगि ॥

ਨੀਰੁ ਨ ਸਾਕਸਿ ਬੋਰਿ ਚਲਹਿ ਹਰਿ ਪੰਥਿ ਪਗਿ ॥ (1389-5)
नीरु न साकसि बोरि चलहि हरि पंथि पगि ॥

ਨਾਨਕ ਰੋਗ ਦੋਖ ਅਘ ਮੋਹ ਛਿਦੇ ਹਰਿ ਨਾਮ ਖਗਿ ॥੧॥੧੦॥ (1389-5)
नानक रोग दोख अघ मोह छिदे हरि नाम खगि ॥१॥१०॥

ਉਦਮੁ ਕਰਿ ਲਾਗੇ ਬਹੁ ਭਾਤੀ ਬਿਚਰਹਿ ਅਨਿਕ ਸਾਸਤ੍ਰ ਬਹੁ ਖਟੂਆ ॥ (1389-6)
उदमु करि लागे बहु भाती बिचरहि अनिक सासत्र बहु खटूआ ॥

ਭਸਮ ਲਗਾਇ ਤੀਰਥ ਬਹੁ ਭ੍ਰਮਤੇ ਸੂਖਮ ਦੇਹ ਬੰਧਹਿ ਬਹੁ ਜਟੂਆ ॥ (1389-7)
भसम लगाइ तीरथ बहु भ्रमते सूखम देह बंधहि बहु जटूआ ॥

ਬਿਨੁ ਹਰਿ ਭਜਨ ਸਗਲ ਦੁਖ ਪਾਵਤ ਜਿਉ ਪ੍ਰੇਮ ਬਢਾਇ ਸੂਤ ਕੇ ਹਟੂਆ ॥ (1389-7)
बिनु हरि भजन सगल दुख पावत जिउ प्रेम बढाइ सूत के हटूआ ॥

ਪੂਜਾ ਚਕ੍ਰ ਕਰਤ ਸੋਮਪਾਕਾ ਅਨਿਕ ਭਾਂਤਿ ਥਾਟਹਿ ਕਰਿ ਥਟੂਆ ॥੨॥੧੧॥੨੦॥ (1389-8)
पूजा चक्र करत सोमपाका अनिक भांति थाटहि करि थटूआ ॥२॥११॥२०॥

ਸਵਈਏ ਮਹਲੇ ਪਹਿਲੇ ਕੇ ੧ (1389-10)
सवईए महले पहिले के १

ੴ ਸਤਿਗੁਰ ਪ੍ਰਸਾਦਿ ॥ (1389-10)
ੴ सतिगुर प्रसादि ॥

ਇਕ ਮਨਿ ਪੁਰਖੁ ਧਿਆਇ ਬਰਦਾਤਾ ॥ (1389-11)
इक मनि पुरखु धिआइ बरदाता ॥

ਸੰਤ ਸਹਾਰੁ ਸਦਾ ਬਿਖਿਆਤਾ ॥ (1389-11)
संत सहारु सदा बिखिआता ॥

ਤਾਸੁ ਚਰਨ ਲੇ ਰਿਦੈ ਬਸਾਵਉ ॥ (1389-11)
तासु चरन ले रिदै बसावउ ॥

ਤਉ ਪਰਮ ਗੁਰੂ ਨਾਨਕ ਗੁਨ ਗਾਵਉ ॥੧॥ (1389-12)
तउ परम गुरू नानक गुन गावउ ॥१॥

ਗਾਵਉ ਗੁਨ ਪਰਮ ਗੁਰੂ ਸੁਖ ਸਾਗਰ ਦੁਰਤ ਨਿਵਾਰਣ ਸਬਦ ਸਰੇ ॥ (1389-12)
गावउ गुन परम गुरू सुख सागर दुरत निवारण सबद सरे ॥

ਗਾਵਹਿ ਗੰਭੀਰ ਧੀਰ ਮਤਿ ਸਾਗਰ ਜੋਗੀ ਜੰਗਮ ਧਿਆਨੁ ਧਰੇ ॥ (1389-13)
गावहि ग्मभीर धीर मति सागर जोगी जंगम धिआनु धरे ॥

ਗਾਵਹਿ ਇੰਦ੍ਰਾਦਿ ਭਗਤ ਪ੍ਰਹਿਲਾਦਿਕ ਆਤਮ ਰਸੁ ਜਿਨਿ ਜਾਣਿਓ ॥ (1389-13)
गावहि इंद्रादि भगत प्रहिलादिक आतम रसु जिनि जाणिओ ॥

ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥੨॥ (1389-14)
कबि कल सुजसु गावउ गुर नानक राजु जोगु जिनि माणिओ ॥२॥

ਗਾਵਹਿ ਜਨਕਾਦਿ ਜੁਗਤਿ ਜੋਗੇਸੁਰ ਹਰਿ ਰਸ ਪੂਰਨ ਸਰਬ ਕਲਾ ॥ (1389-15)
गावहि जनकादि जुगति जोगेसुर हरि रस पूरन सरब कला ॥

ਗਾਵਹਿ ਸਨਕਾਦਿ ਸਾਧ ਸਿਧਾਦਿਕ ਮੁਨਿ ਜਨ ਗਾਵਹਿ ਅਛਲ ਛਲਾ ॥ (1389-15)
गावहि सनकादि साध सिधादिक मुनि जन गावहि अछल छला ॥

ਗਾਵੈ ਗੁਣ ਧੋਮੁ ਅਟਲ ਮੰਡਲਵੈ ਭਗਤਿ ਭਾਇ ਰਸੁ ਜਾਣਿਓ ॥ (1389-16)
गावै गुण धोमु अटल मंडलवै भगति भाइ रसु जाणिओ ॥

ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥੩॥ (1389-17)
कबि कल सुजसु गावउ गुर नानक राजु जोगु जिनि माणिओ ॥३॥

ਗਾਵਹਿ ਕਪਿਲਾਦਿ ਆਦਿ ਜੋਗੇਸੁਰ ਅਪਰੰਪਰ ਅਵਤਾਰ ਵਰੋ ॥ (1389-17)
गावहि कपिलादि आदि जोगेसुर अपर्मपर अवतार वरो ॥

ਗਾਵੈ ਜਮਦਗਨਿ ਪਰਸਰਾਮੇਸੁਰ ਕਰ ਕੁਠਾਰੁ ਰਘੁ ਤੇਜੁ ਹਰਿਓ ॥ (1389-18)
गावै जमदगनि परसरामेसुर कर कुठारु रघु तेजु हरिओ ॥

ਉਧੌ ਅਕ੍ਰੂਰੁ ਬਿਦਰੁ ਗੁਣ ਗਾਵੈ ਸਰਬਾਤਮੁ ਜਿਨਿ ਜਾਣਿਓ ॥ (1389-19)
उधौ अक्रूरु बिदरु गुण गावै सरबातमु जिनि जाणिओ ॥

ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥੪॥ (1389-19)
कबि कल सुजसु गावउ गुर नानक राजु जोगु जिनि माणिओ ॥४॥

ਗਾਵਹਿ ਗੁਣ ਬਰਨ ਚਾਰਿ ਖਟ ਦਰਸਨ ਬ੍ਰਹਮਾਦਿਕ ਸਿਮਰੰਥਿ ਗੁਨਾ ॥ (1390-1)
गावहि गुण बरन चारि खट दरसन ब्रहमादिक सिमरंथि गुना ॥

ਗਾਵੈ ਗੁਣ ਸੇਸੁ ਸਹਸ ਜਿਹਬਾ ਰਸ ਆਦਿ ਅੰਤਿ ਲਿਵ ਲਾਗਿ ਧੁਨਾ ॥ (1390-2)
गावै गुण सेसु सहस जिहबा रस आदि अंति लिव लागि धुना ॥

ਗਾਵੈ ਗੁਣ ਮਹਾਦੇਉ ਬੈਰਾਗੀ ਜਿਨਿ ਧਿਆਨ ਨਿਰੰਤਰਿ ਜਾਣਿਓ ॥ (1390-2)
गावै गुण महादेउ बैरागी जिनि धिआन निरंतरि जाणिओ ॥

ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ ॥੫॥ (1390-3)
कबि कल सुजसु गावउ गुर नानक राजु जोगु जिनि माणिओ ॥५॥

ਰਾਜੁ ਜੋਗੁ ਮਾਣਿਓ ਬਸਿਓ ਨਿਰਵੈਰੁ ਰਿਦੰਤਰਿ ॥ (1390-4)
राजु जोगु माणिओ बसिओ निरवैरु रिदंतरि ॥

ਸ੍ਰਿਸਟਿ ਸਗਲ ਉਧਰੀ ਨਾਮਿ ਲੇ ਤਰਿਓ ਨਿਰੰਤਰਿ ॥ (1390-4)
स्रिसटि सगल उधरी नामि ले तरिओ निरंतरि ॥

ਗੁਣ ਗਾਵਹਿ ਸਨਕਾਦਿ ਆਦਿ ਜਨਕਾਦਿ ਜੁਗਹ ਲਗਿ ॥ (1390-5)
गुण गावहि सनकादि आदि जनकादि जुगह लगि ॥

ਧੰਨਿ ਧੰਨਿ ਗੁਰੁ ਧੰਨਿ ਜਨਮੁ ਸਕਯਥੁ ਭਲੌ ਜਗਿ ॥ (1390-5)
धंनि धंनि गुरु धंनि जनमु सकयथु भलौ जगि ॥

ਪਾਤਾਲ ਪੁਰੀ ਜੈਕਾਰ ਧੁਨਿ ਕਬਿ ਜਨ ਕਲ ਵਖਾਣਿਓ ॥ (1390-6)
पाताल पुरी जैकार धुनि कबि जन कल वखाणिओ ॥

ਹਰਿ ਨਾਮ ਰਸਿਕ ਨਾਨਕ ਗੁਰ ਰਾਜੁ ਜੋਗੁ ਤੈ ਮਾਣਿਓ ॥੬॥ (1390-6)

हरि नाम रसिक नानक गुर राजु जोगु तै माणिओ ॥६॥

ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ ॥ (1390-7)

सतजुगि तै माणिओ छलिओ बलि बावन भाइओ ॥

ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ ॥ (1390-8)

त्रेतै तै माणिओ रामु रघुवंसु कहाइओ ॥

ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ ॥ (1390-8)

दुआपुरि क्रिसन मुरारि कंसु किरतारथु कीओ ॥

ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ ॥ (1390-9)

उग्रसैण कउ राजु अभै भगतह जन दीओ ॥

ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ ॥ (1390-9)

कलिजुगि प्रमाणु नानक गुरु अंगदु अमरु कहाइओ ॥

ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ ॥੭॥ (1390-10)

स्री गुरू राजु अबिचलु अटलु आदि पुरखि फुरमाइओ ॥७॥

ਗੁਣ ਗਾਵੈ ਰਵਿਦਾਸੁ ਭਗਤੁ ਜੈਦੇਵ ਤ੍ਰਿਲੋਚਨ ॥ (1390-10)

गुण गावै रविदासु भगतु जैदेव त्रिलोचन ॥

ਨਾਮਾ ਭਗਤੁ ਕਬੀਰੁ ਸਦਾ ਗਾਵਹਿ ਸਮ ਲੋਚਨ ॥ (1390-11)

नामा भगतु कबीरु सदा गावहि सम लोचन ॥

ਭਗਤੁ ਬੇਣਿ ਗੁਣ ਰਵੈ ਸਹਜਿ ਆਤਮ ਰੰਗੁ ਮਾਣੈ ॥ (1390-11)

भगतु बेणि गुण रवै सहजि आतम रंगु माणै ॥

ਜੋਗ ਧਿਆਨਿ ਗੁਰ ਗਿਆਨਿ ਬਿਨਾ ਪ੍ਰਭ ਅਵਰੁ ਨ ਜਾਣੈ ॥ (1390-12)

जोग धिआनि गुर गिआनि बिना प्रभ अवरु न जाणै ॥

ਸੁਖਦੇਉ ਪਰੀਖ੍ਯ੍ਤੁ ਗੁਣ ਰਵੈ ਗੋਤਮ ਰਿਖਿ ਜਸੁ ਗਾਇਓ ॥ (1390-12)

सुखदेउ परीख्यतु गुण रवै गोतम रिखि जसु गाइओ ॥

ਕਬਿ ਕਲ ਸੁਜਸੁ ਨਾਨਕ ਗੁਰ ਨਿਤ ਨਵਤਨੁ ਜਗਿ ਛਾਇਓ ॥੮॥ (1390-13)
कबि कल सुजसु नानक गुर नित नवतनु जगि छाइओ ॥८॥

ਗੁਣ ਗਾਵਹਿ ਪਾਯਾਲਿ ਭਗਤ ਨਾਗਾਦਿ ਭੁਯੰਗਮ ॥ (1390-13)
गुण गावहि पायालि भगत नागादि भुयंगम ॥

ਮਹਾਦੇਉ ਗੁਣ ਰਵੈ ਸਦਾ ਜੋਗੀ ਜਤਿ ਜੰਗਮ ॥ (1390-14)
महादेउ गुण रवै सदा जोगी जति जंगम ॥

ਗੁਣ ਗਾਵੈ ਮੁਨਿ ਬ੍ਯਾਸੁ ਜਿਨਿ ਬੇਦ ਬ੍ਯਾਕਰਣ ਬੀਚਾਰਿਅ ॥ (1390-14)
गुण गावै मुनि ब्यासु जिनि बेद ब्याकरण बीचारिअ ॥

ਬ੍ਰਹਮਾ ਗੁਣ ਉਚਰੈ ਜਿਨਿ ਹੁਕਮਿ ਸਭ ਸ੍ਰਿਸਟਿ ਸਵਾਰੀਅ ॥ (1390-15)
ब्रहमा गुण उचरै जिनि हुकमि सभ स्रिसटि सवारीअ ॥

ਬ੍ਰਹਮੰਡ ਖੰਡ ਪੂਰਨ ਬ੍ਰਹਮੁ ਗੁਣ ਨਿਰਗੁਣ ਸਮ ਜਾਣਿਓ ॥ (1390-15)
ब्रहमंड खंड पूरन ब्रहमु गुण निरगुण सम जाणिओ ॥

ਜਪੁ ਕਲ ਸੁਜਸੁ ਨਾਨਕ ਗੁਰ ਸਹਜੁ ਜੋਗੁ ਜਿਨਿ ਮਾਣਿਓ ॥੯॥ (1390-16)
जपु कल सुजसु नानक गुर सहजु जोगु जिनि माणिओ ॥९॥

ਗੁਣ ਗਾਵਹਿ ਨਵ ਨਾਥ ਧੰਨਿ ਗੁਰੁ ਸਾਚਿ ਸਮਾਇਓ ॥ (1390-17)
गुण गावहि नव नाथ धंनि गुरु साचि समाइओ ॥

ਮਾਂਧਾਤਾ ਗੁਣ ਰਵੈ ਜੇਨ ਚਕ੍ਰਵੈ ਕਹਾਇਓ ॥ (1390-17)
मांधाता गुण रवै जेन चक्रवै कहाइओ ॥

ਗੁਣ ਗਾਵੈ ਬਲਿ ਰਾਉ ਸਪਤ ਪਾਤਾਲਿ ਬਸੰਤੌ ॥ (1390-17)
गुण गावै बलि राउ सपत पातालि बसंतौ ॥

ਭਰਥਰਿ ਗੁਣ ਉਚਰੈ ਸਦਾ ਗੁਰ ਸੰਗਿ ਰਹੰਤੌ ॥ (1390-18)
भरथरि गुण उचरै सदा गुर संगि रहंतौ ॥

ਦੂਰਬਾ ਪਰੂਰਉ ਅੰਗਰੈ ਗੁਰ ਨਾਨਕ ਜਸੁ ਗਾਇਓ ॥ (1390-18)
दूरबा परूरउ अंगरै गुर नानक जसु गाइओ ॥

ਕਬਿ ਕਲ ਸੁਜਸੁ ਨਾਨਕ ਗੁਰ ਘਟਿ ਘਟਿ ਸਹਜਿ ਸਮਾਇਓ ॥੧੦॥ (1390-19)
कबि कल सुजसु नानक गुर घटि घटि सहजि समाइओ ॥१० ॥

ਸਵਈਏ ਮਹਲੇ ਦੂਜੇ ਕੇ ੨ (1391-1)
सवईए महले दूजे के २

ੴ ਸਤਿਗੁਰ ਪ੍ਰਸਾਦਿ ॥ (1391-1)
ੴ सतिगुर प्रसादि ॥

ਸੋਈ ਪੁਰਖੁ ਧੰਨੁ ਕਰਤਾ ਕਾਰਣ ਕਰਤਾਰੁ ਕਰਣ ਸਮਰਥੋ ॥ (1391-2)
सोई पुरखु धंनु करता कारण करतारु करण समरथो ॥

ਸਤਿਗੁਰੂ ਧੰਨੁ ਨਾਨਕੁ ਮਸਤਕਿ ਤੁਮ ਧਰਿਓ ਜਿਨਿ ਹਥੋ ॥ (1391-2)
सतिगुरू धंनु नानकु मसतकि तुम धरिओ जिनि हथो ॥

ਤ ਧਰਿਓ ਮਸਤਕਿ ਹਥੁ ਸਹਜਿ ਅਮਿਉ ਵੁਠਉ ਛਜਿ ਸੁਰਿ ਨਰ ਗਣ ਮੁਨਿ ਬੋਹਿਯ ਅਗਾਜਿ ॥ (1391-3)
त धरिओ मसतकि हथु सहजि अमिउ वुठउ छजि सुरि नर गण मुनि बोहिय अगाजि ॥

ਮਾਰਿਓ ਕੰਟਕੁ ਕਾਲੁ ਗਰਜਿ ਧਾਵਤੁ ਲੀਓ ਬਰਜਿ ਪੰਚ ਭੂਤ ਏਕ ਘਰਿ ਰਾਖਿ ਲੇ ਸਮਜਿ ॥ (1391-3)
मारिओ कंटकु कालु गरजि धावतु लीओ बरजि पंच भूत एक घरि राखि ले समजि ॥

ਜਗੁ ਜੀਤਉ ਗੁਰ ਦੁਆਰਿ ਖੇਲਹਿ ਸਮਤ ਸਾਰਿ ਰਥੁ ਉਨਮਨਿ ਲਿਵ ਰਾਖਿ ਨਿਰੰਕਾਰਿ ॥ (1391-4)
जगु जीतउ गुर दुआरि खेलहि समत सारि रथु उनमनि लिव राखि निरंकारि ॥

नानक गुरमुखि मन सिउ लुझै ॥४६॥

ਜਿਨਾ ਸਤਿਗੁਰੁ ਪੁਰਖੁ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥ (1418-13)
जिना सतिगुरु पुरखु न सेविओ सबदि न कीतो वीचारु ॥

ਓਇ ਮਾਣਸ ਜੂਨਿ ਨ ਆਖੀਅਨਿ ਪਸੂ ਢੋਰ ਗਾਵਾਰ ॥ (1418-14)
ओइ माणस जूनि न आखीअनि पसू ढोर गावार ॥

ਓਨਾ ਅੰਤਰਿ ਗਿਆਨੁ ਨ ਧਿਆਨੁ ਹੈ ਹਰਿ ਸਉ ਪ੍ਰੀਤਿ ਨ ਪਿਆਰੁ ॥ (1418-14)
ओना अंतरि गिआनु न धिआनु है हरि सउ प्रीति न पिआरु ॥

ਮਨਮੁਖ ਮੁਏ ਵਿਕਾਰ ਮਹਿ ਮਰਿ ਜੰਮਹਿ ਵਾਰੋ ਵਾਰ ॥ (1418-15)
मनमुख मुए विकार महि मरि जंमहि वारो वार ॥

ਜੀਵਦਿਆ ਨੋ ਮਿਲੈ ਸੁ ਜੀਵਦੇ ਹਰਿ ਜਗਜੀਵਨ ਉਰ ਧਾਰਿ ॥ (1418-16)
जीवदिआ नो मिलै सु जीवदे हरि जगजीवन उर धारि ॥

ਨਾਨਕ ਗੁਰਮੁਖਿ ਸੋਹਣੇ ਤਿਤੁ ਸਚੈ ਦਰਬਾਰਿ ॥੪੭॥ (1418-16)
नानक गुरमुखि सोहणे तितु सचै दरबारि ॥४७॥

ਹਰਿ ਮੰਦਰੁ ਹਰਿ ਸਾਜਿਆ ਹਰਿ ਵਸੈ ਜਿਸੁ ਨਾਲਿ ॥ (1418-17)
हरि मंदरु हरि साजिआ हरि वसै जिसु नालि ॥

ਗੁਰਮਤੀ ਹਰਿ ਪਾਇਆ ਮਾਇਆ ਮੋਹ ਪਰਜਾਲਿ ॥ (1418-17)
गुरमती हरि पाइआ माइआ मोह परजालि ॥

ਹਰਿ ਮੰਦਰਿ ਵਸਤੁ ਅਨੇਕ ਹੈ ਨਵ ਨਿਧਿ ਨਾਮੁ ਸਮਾਲਿ ॥ (1418-18)
हरि मंदरि वसतु अनेक है नव निधि नामु समालि ॥

ਧਨੁ ਭਗਵੰਤੀ ਨਾਨਕਾ ਜਿਨਾ ਗੁਰਮੁਖਿ ਲਧਾ ਹਰਿ ਭਾਲਿ ॥ (1418-18)
धनु भगवंती नानका जिना गुरमुखि लधा हरि भालि ॥

ਵਡਭਾਗੀ ਗੜ੍ਹ ਮੰਦਰੁ ਖੋਜਿਆ ਹਰਿ ਹਿਰਦੈ ਪਾਇਆ ਨਾਲਿ ॥੪੮॥ (1418-19)
वडभागी गड़ मंदरु खोजिआ हरि हिरदै पाइआ नालि ॥४८॥

ਮਨਮੁਖ ਦਹ ਦਿਸਿ ਫਿਰਿ ਰਹੇ ਅਤਿ ਤਿਸਨਾ ਲੋਭ ਵਿਕਾਰ ॥ (1418-19)
मनमुख दह दिसि फिरि रहे अति तिसना लोभ विकार ॥

ਮਾਇਆ ਮੋਹੁ ਨ ਚੁਕਈ ਮਰਿ ਜੰਮਹਿ ਵਾਰੋ ਵਾਰ ॥ (1419-1)
माइआ मोहु न चुकई मरि जंमहि वारो वार ॥

ਸਤਿਗੁਰੁ ਸੇਵਿ ਸੁਖੁ ਪਾਇਆ ਅਤਿ ਤਿਸਨਾ ਤਜਿ ਵਿਕਾਰ ॥ (1419-1)
सतिगुरु सेवि सुखु पाइआ अति तिसना तजि विकार ॥

ਜਨਮ ਮਰਨ ਕਾ ਦੁਖੁ ਗਇਆ ਜਨ ਨਾਨਕ ਸਬਦੁ ਬੀਚਾਰਿ ॥੪੯॥ (1419-2)
जनम मरन का दुखु गइआ जन नानक सबदु बीचारि ॥४९॥

ਹਰਿ ਹਰਿ ਨਾਮੁ ਧਿਆਇ ਮਨ ਹਰਿ ਦਰਗਹ ਪਾਵਹਿ ਮਾਨੁ ॥ (1419-2)
हरि हरि नामु धिआइ मन हरि दरगह पावहि मानु ॥

ਕਿਲਵਿਖ ਪਾਪ ਸਭਿ ਕਟੀਅਹਿ ਹਉਮੈ ਚੁਕੈ ਗੁਮਾਨੁ ॥ (1419-3)
किलविख पाप सभि कटीअहि हउमै चुकै गुमानु ॥

ਗੁਰਮੁਖਿ ਕਮਲੁ ਵਿਗਸਿਆ ਸਭੁ ਆਤਮ ਬ੍ਰਹਮੁ ਪਛਾਨੁ ॥ (1419-4)
गुरमुखि कमलु विगसिआ सभु आतम ब्रहमु पछानु ॥

ਹਰਿ ਹਰਿ ਕਿਰਪਾ ਧਾਰਿ ਪ੍ਰਭ ਜਨ ਨਾਨਕ ਜਪਿ ਹਰਿ ਨਾਮੁ ॥੫੦॥ (1419-4)
हरि हरि किरपा धारि प्रभ जन नानक जपि हरि नामु ॥५०॥

ਧਨਾਸਰੀ ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ ॥ (1419-5)
धनासरी धनवंती जाणीऐ भाई जां सतिगुर की कार कमाइ ॥

ਤਨੁ ਮਨੁ ਸਉਪੇ ਜੀਅ ਸਉ ਭਾਈ ਲਏ ਹੁਕਮਿ ਫਿਰਾਉ ॥ (1419-5)
तनु मनु सउपे जीअ सउ भाई लए हुकमि फिराउ ॥

ਜਹ ਬੈਸਾਵਹਿ ਬੈਸਹ ਭਾਈ ਜਹ ਭੇਜਹਿ ਤਹ ਜਾਉ ॥ (1419-6)
जह बैसावहि बैसह भाई जह भेजहि तह जाउ ॥

ਏਵਡੁ ਧਨੁ ਹੋਰੁ ਕੋ ਨਹੀ ਭਾਈ ਜੇਵਡੁ ਸਚਾ ਨਾਉ ॥ (1419-6)
एवडु धनु होरु को नही भाई जेवडु सचा नाउ ॥

ਸਦਾ ਸਚੇ ਕੇ ਗੁਣ ਗਾਵਾਂ ਭਾਈ ਸਦਾ ਸਚੇ ਕੈ ਸੰਗਿ ਰਹਾਉ ॥ (1419-7)
सदा सचे के गुण गावां भाई सदा सचे कै संगि रहाउ ॥

ਪੈਨਣੁ ਗੁਣ ਚੰਗਿਆਈਆ ਭਾਈ ਆਪਣੀ ਪਤਿ ਕੇ ਸਾਦ ਆਪੇ ਖਾਇ ॥ (1419-7)
पैनणु गुण चंगिआईआ भाई आपणी पति के साद आपे खाइ ॥

ਤਿਸ ਕਾ ਕਿਆ ਸਾਲਾਹੀਐ ਭਾਈ ਦਰਸਨ ਕਉ ਬਲਿ ਜਾਇ ॥ (1419-8)
तिस का किआ सालाहीऐ भाई दरसन कउ बलि जाइ ॥

ਸਤਿਗੁਰ ਵਿਚਿ ਵਡੀਆ ਵਡਿਆਈਆ ਭਾਈ ਕਰਮਿ ਮਿਲੈ ਤਾਂ ਪਾਇ ॥ (1419-9)
सतिगुर विचि वडीआ वडिआईआ भाई करमि मिलै तां पाइ ॥

ਇਕਿ ਹੁਕਮੁ ਮੰਨਿ ਨ ਜਾਣਨੀ ਭਾਈ ਦੂਜੈ ਭਾਇ ਫਿਰਾਇ ॥ (1419-9)
इकि हुकमु मंनि न जाणनी भाई दूजै भाइ फिराइ ॥

ਸੰਗਤਿ ਢੋਈ ਨਾ ਮਿਲੈ ਭਾਈ ਬੈਸਣਿ ਮਿਲੈ ਨ ਥਾਉ ॥ (1419-10)
संगति ढोई ना मिलै भाई बैसणि मिलै न थाउ ॥

ਨਾਨਕ ਹੁਕਮੁ ਤਿਨਾ ਮਨਾਇਸੀ ਭਾਈ ਜਿਨਾ ਧੁਰੇ ਕਮਾਇਆ ਨਾਉ ॥ (1419-10)
नानक हुकमु तिना मनाइसी भाई जिना धुरे कमाइआ नाउ ॥

ਤਿਨ੍ਹ ਵਿਟਹੁ ਹਉ ਵਾਰਿਆ ਭਾਈ ਤਿਨ ਕਉ ਸਦ ਬਲਿਹਾਰੈ ਜਾਉ ॥੫੧॥ (1419-11)
तिन्ह विटहु हउ वारिआ भाई तिन कउ सद बलिहारै जाउ ॥५१॥

ਸੇ ਦਾੜੀਆਂ ਸਚੀਆ ਜਿ ਗੁਰ ਚਰਨੀ ਲਗੰਨ੍ਹ੍ਹਿ ॥ (1419-12)
से दाड़ीआं सचीआ जि गुर चरनी लगंन्हि ॥

ਅਨਦਿਨੁ ਸੇਵਨਿ ਗੁਰੁ ਆਪਣਾ ਅਨਦਿਨੁ ਅਨਦਿ ਰਹੰਨ੍ਹ੍ਹਿ ॥ (1419-12)
अनदिनु सेवनि गुरु आपणा अनदिनु अनदि रहंन्हि ॥

ਨਾਨਕ ਸੇ ਮੁਹ ਸੋਹਣੇ ਸਚੈ ਦਰਿ ਦਿਸੰਨ੍ਹ੍ਹਿ ॥੫੨॥ (1419-13)
नानक से मुह सोहणे सचै दरि दिसंन्हि ॥५२॥

ਮੁਖ ਸਚੇ ਸਚੁ ਦਾੜੀਆ ਸਚੁ ਬੋਲਹਿ ਸਚੁ ਕਮਾਹਿ ॥ (1419-13)
मुख सचे सचु दाड़ीआ सचु बोलहि सचु कमाहि ॥

ਸਚਾ ਸਬਦੁ ਮਨਿ ਵਸਿਆ ਸਤਿਗੁਰ ਮਾਂਹਿ ਸਮਾਂਹਿ ॥ (1419-14)
सचा सबदु मनि वसिआ सतिगुर मांहि समांहि ॥

ਸਚੀ ਰਾਸੀ ਸਚੁ ਧਨੁ ਉਤਮ ਪਦਵੀ ਪਾਂਹਿ ॥ (1419-14)
सची रासी सचु धनु उतम पदवी पांहि ॥

ਸਚੁ ਸੁਣਹਿ ਸਚੁ ਮੰਨਿ ਲੈਨਿ ਸਚੀ ਕਾਰ ਕਮਾਹਿ ॥ (1419-15)
सचु सुणहि सचु मंनि लैनि सची कार कमाहि ॥

ਸਚੀ ਦਰਗਹ ਬੈਸਣਾ ਸਚੇ ਮਾਹਿ ਸਮਾਹਿ ॥ (1419-15)
सची दरगह बैसणा सचे माहि समाहि ॥

ਨਾਨਕ ਵਿਣੁ ਸਤਿਗੁਰ ਸਚੁ ਨ ਪਾਈਐ ਮਨਮੁਖ ਭੂਲੇ ਜਾਂਹਿ ॥੫੩॥ (1419-16)
नानक विणु सतिगुर सचु न पाईऐ मनमुख भूले जांहि ॥५३॥

ਬਾਬੀਹਾ ਪ੍ਰਿਉ ਪ੍ਰਿਉ ਕਰੇ ਜਲਨਿਧਿ ਪ੍ਰੇਮ ਪਿਆਰਿ ॥ (1419-16)
बाबीहा प्रिउ प्रिउ करे जलनिधि प्रेम पिआरि ॥

ਗੁਰ ਮਿਲੇ ਸੀਤਲ ਜਲੁ ਪਾਇਆ ਸਭਿ ਦੂਖ ਨਿਵਾਰਣਹਾਰੁ ॥ (1419-17)
गुर मिले सीतल जलु पाइआ सभि दूख निवारणहारु ॥

ਤਿਸ ਚੁਕੈ ਸਹਜੁ ਊਪਜੈ ਚੁਕੈ ਕੂਕ ਪੁਕਾਰ ॥ (1419-17)
तिस चुकै सहजु ऊपजै चुकै कूक पुकार ॥

ਨਾਨਕ ਗੁਰਮੁਖਿ ਸਾਂਤਿ ਹੋਇ ਨਾਮੁ ਰਖਹੁ ਉਰਿ ਧਾਰਿ ॥੫੪॥ (1419-18)
नानक गुरमुखि सांति होइ नामु रखहु उरि धारि ॥५४॥

ਬਾਬੀਹਾ ਤੂੰ ਸਚੁ ਚਉ ਸਚੇ ਸਉ ਲਿਵ ਲਾਇ ॥ (1419-18)
बाबीहा तूं सचु चउ सचे सउ लिव लाइ ॥

ਬੋਲਿਆ ਤੇਰਾ ਥਾਇ ਪਵੈ ਗੁਰਮੁਖਿ ਹੋਇ ਅਲਾਇ ॥ (1419-19)
बोलिआ तेरा थाइ पवै गुरमुखि होइ अलाइ ॥

ਸਬਦੁ ਚੀਨਿ ਤਿਖ ਉਤਰੈ ਮੰਨਿ ਲੈ ਰਜਾਇ ॥ (1419-19)
सबदु चीनि तिख उतरै मंनि लै रजाइ ॥

ਚਾਰੇ ਕੁੰਡਾ ਝੋਕਿ ਵਰਸਦਾ ਬੂੰਦ ਪਵੈ ਸਹਜਿ ਸੁਭਾਇ ॥ (1420-1)
चारे कुंडा झोकि वरसदा बूंद पवै सहजि सुभाइ ॥

ਜਲ ਹੀ ਤੇ ਸਭ ਊਪਜੈ ਬਿਨੁ ਜਲ ਪਿਆਸ ਨ ਜਾਇ ॥ (1420-1)
जल ही ते सभ ऊपजै बिनु जल पिआस न जाइ ॥

ਨਾਨਕ ਹਰਿ ਜਲੁ ਜਿਨਿ ਪੀਆ ਤਿਸੁ ਭੂਖ ਨ ਲਾਗੈ ਆਇ ॥੫੫॥ (1420-2)
नानक हरि जलु जिनि पीआ तिसु भूख न लागै आइ ॥५५॥

ਬਾਬੀਹਾ ਤੂੰ ਸਹਜਿ ਬੋਲਿ ਸਚੈ ਸਬਦਿ ਸੁਭਾਇ ॥ (1420-2)
बाबीहा तूं सहजि बोलि सचै सबदि सुभाइ ॥

ਸਭੁ ਕਿਛੁ ਤੇਰੈ ਨਾਲਿ ਹੈ ਸਤਿਗੁਰਿ ਦੀਆ ਦਿਖਾਇ ॥ (1420-3)
सभु किछु तेरै नालि है सतिगुरि दीआ दिखाइ ॥

ਆਪੁ ਪਛਾਣਹਿ ਪ੍ਰੀਤਮੁ ਮਿਲੈ ਵੁਠਾ ਛਹਬਰ ਲਾਇ ॥ (1420-3)
आपु पछाणहि प्रीतमु मिलै वुठा छहबर लाइ ॥

ਝਿਮਿ ਝਿਮਿ ਅੰਮ੍ਰਿਤੁ ਵਰਸਦਾ ਤਿਸਨਾ ਭੁਖ ਸਭ ਜਾਇ ॥ (1420-4)
झिमि झिमि अमृतु वरसदा तिसना भुख सभ जाइ ॥

ਕੂਕ ਪੁਕਾਰ ਨ ਹੋਵਈ ਜੋਤੀ ਜੋਤਿ ਮਿਲਾਇ ॥ (1420-4)
कूक पुकार न होवई जोती जोति मिलाइ ॥

ਨਾਨਕ ਸੁਖਿ ਸਵਨ੍ਹਿ ਸੋਹਾਗਣੀ ਸਚੈ ਨਾਮਿ ਸਮਾਇ ॥੫੬॥ (1420-5)
नानक सुखि सवन्हि सोहागणी सचै नामि समाइ ॥५६॥

ਧੁਰਹੁ ਖਸਮਿ ਭੇਜਿਆ ਸਚੈ ਹੁਕਮਿ ਪਠਾਇ ॥ (1420-5)
धुरहु खसमि भेजिआ सचै हुकमि पठाइ ॥

ਇੰਦੁ ਵਰਸੈ ਦਇਆ ਕਰਿ ਗੂੜ੍ਹੀ ਛਹਬਰ ਲਾਇ ॥ (1420-5)
इंदु वरसै दइआ करि गूड़्ही छहबर लाइ ॥

ਬਾਬੀਹੇ ਤਨਿ ਮਨਿ ਸੁਖੁ ਹੋਇ ਜਾਂ ਤਤੁ ਬੂੰਦ ਮੁਹਿ ਪਾਇ ॥ (1420-6)
बाबीहे तनि मनि सुखु होइ जां ततु बूंद मुहि पाइ ॥

ਅਨੁ ਧਨੁ ਬਹੁਤਾ ਉਪਜੈ ਧਰਤੀ ਸੋਭਾ ਪਾਇ ॥ (1420-6)
अनु धनु बहुता उपजै धरती सोभा पाइ ॥

ਅਨਦਿਨੁ ਲੋਕੁ ਭਗਤਿ ਕਰੇ ਗੁਰ ਕੈ ਸਬਦਿ ਸਮਾਇ ॥ (1420-7)
अनदिनु लोकु भगति करे गुर कै सबदि समाइ ॥

ਆਪੇ ਸਚਾ ਬਖਸਿ ਲਏ ਕਰਿ ਕਿਰਪਾ ਕਰੈ ਰਜਾਇ ॥ (1420-7)
आपे सचा बखसि लए करि किरपा करै रजाइ ॥

ਹਰਿ ਗੁਣ ਗਾਵਹੁ ਕਾਮਣੀ ਸਚੈ ਸਬਦਿ ਸਮਾਇ ॥ (1420-8)
हरि गुण गावहु कामणी सचै सबदि समाइ ॥

ਭੈ ਕਾ ਸਹਜੁ ਸੀਗਾਰੁ ਕਰਿਹੁ ਸਚਿ ਰਹਹੁ ਲਿਵ ਲਾਇ ॥ (1420-8)
भै का सहजु सीगारु करिहु सचि रहहु लिव लाइ ॥

ਨਾਨਕ ਨਾਮੋ ਮਨਿ ਵਸੈ ਹਰਿ ਦਰਗਹ ਲਏ ਛਡਾਇ ॥੫੭॥ (1420-9)
नानक नामो मनि वसै हरि दरगह लए छडाइ ॥५७॥

ਬਾਬੀਹਾ ਸਗਲੀ ਧਰਤੀ ਜੇ ਫਿਰਹਿ ਊਡਿ ਚੜਹਿ ਆਕਾਸਿ ॥ (1420-9)
बाबीहा सगली धरती जे फिरहि ऊडि चड़हि आकासि ॥

ਸਤਿਗੁਰਿ ਮਿਲਿਐ ਜਲੁ ਪਾਈਐ ਚੂਕੈ ਭੂਖ ਪਿਆਸ ॥ (1420-10)
सतिगुरि मिलिऐ जलु पाईऐ चूकै भूख पिआस ॥

ਜੀਉ ਪਿੰਡੁ ਸਭੁ ਤਿਸ ਕਾ ਸਭੁ ਕਿਛੁ ਤਿਸ ਕੈ ਪਾਸਿ ॥ (1420-10)
जीउ पिंडु सभु तिस का सभु किछु तिस कै पासि ॥

ਵਿਣੁ ਬੋਲਿਆ ਸਭੁ ਕਿਛੁ ਜਾਣਦਾ ਕਿਸੁ ਆਗੈ ਕੀਚੈ ਅਰਦਾਸਿ ॥ (1420-11)
विणु बोलिआ सभु किछु जाणदा किसु आगै कीचै अरदासि ॥

ਨਾਨਕ ਘਟਿ ਘਟਿ ਏਕੋ ਵਰਤਦਾ ਸਬਦਿ ਕਰੇ ਪਰਗਾਸ ॥੫੮॥ (1420-12)
नानक घटि घटि एको वरतदा सबदि करे परगास ॥५८॥

ਨਾਨਕ ਤਿਸੈ ਬਸੰਤੁ ਹੈ ਜਿ ਸਤਿਗੁਰੁ ਸੇਵਿ ਸਮਾਇ ॥ (1420-12)
नानक तिसै बसंतु है जि सतिगुरु सेवि समाइ ॥

ਹਰਿ ਵੁਠਾ ਮਨੁ ਤਨੁ ਸਭੁ ਪਰਫੜੈ ਸਭੁ ਜਗੁ ਹਰੀਆਵਲੁ ਹੋਇ ॥੫੯॥ (1420-13)
हरि वुठा मनु तनु सभु परफड़ै सभु जगु हरीआवलु होइ ॥५९॥

ਸਬਦੇ ਸਦਾ ਬਸੰਤੁ ਹੈ ਜਿਤੁ ਤਨੁ ਮਨੁ ਹਰਿਆ ਹੋਇ ॥ (1420-13)
सबदे सदा बसंतु है जितु तनु मनु हरिआ होइ ॥

ਨਾਨਕ ਨਾਮੁ ਨ ਵੀਸਰੈ ਜਿਨਿ ਸਿਰਿਆ ਸਭੁ ਕੋਇ ॥੬੦॥ (1420-14)
नानक नामु न वीसरै जिनि सिरिआ सभु कोइ ॥६०॥

ਨਾਨਕ ਤਿਨਾ ਬਸੰਤੁ ਹੈ ਜਿਨਾ ਗੁਰਮੁਖਿ ਵਸਿਆ ਮਨਿ ਸੋਇ ॥ (1420-14)
नानक तिना बसंतु है जिना गुरमुखि वसिआ मनि सोइ ॥

ਹਰਿ ਵੁਠੈ ਮਨੁ ਤਨੁ ਪਰਫੜੈ ਸਭੁ ਜਗੁ ਹਰਿਆ ਹੋਇ ॥੬੧॥ (1420-15)
हरि वुठै मनु तनु परफड़ै सभु जगु हरिआ होइ ॥६१॥

ਵਡੜੈ ਝਾਲਿ ਝਲੁੰਭਲੈ ਨਾਵੜਾ ਲਈਐ ਕਿਸੁ ॥ (1420-15)
वडड़ै झालि झलुमभलै नावड़ा लईऐ किसु ॥

ਨਾਉ ਲਈਐ ਪਰਮੇਸਰੈ ਭੰਨਣ ਘੜਣ ਸਮਰਥੁ ॥੬੨॥ (1420-16)
नाउ लईऐ परमेसरै भंनण घड़ण समरथु ॥६२॥

ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ ॥ (1420-16)
हरहट भी तूं तूं करहि बोलहि भली बाणि ॥

ਸਾਹਿਬੁ ਸਦਾ ਹਦੂਰਿ ਹੈ ਕਿਆ ਉਚੀ ਕਰਹਿ ਪੁਕਾਰ ॥ (1420-17)
साहिबु सदा हदूरि है किआ उची करहि पुकार ॥

ਜਿਨਿ ਜਗਤੁ ਉਪਾਇ ਹਰਿ ਰੰਗੁ ਕੀਆ ਤਿਸੈ ਵਿਟਹੁ ਕੁਰਬਾਣੁ ॥ (1420-17)
जिनि जगतु उपाइ हरि रंगु कीआ तिसै विटहु कुरबाणु ॥

ਆਪੁ ਛੋਡਹਿ ਤਾਂ ਸਹੁ ਮਿਲੈ ਸਚਾ ਏਹੁ ਵੀਚਾਰੁ ॥ (1420-18)
आपु छोडहि तां सहु मिलै सचा एहु वीचारु ॥

ਹਉਮੈ ਫਿਕਾ ਬੋਲਣਾ ਬੁਝਿ ਨ ਸਕਾ ਕਾਰ ॥ (1420-18)
हउमै फिका बोलणा बुझि न सका कार ॥

ਵਣੁ ਤ੍ਰਿਣੁ ਤ੍ਰਿਭਵਣੁ ਤੁਝੈ ਧਿਆਇਦਾ ਅਨਦਿਨੁ ਸਦਾ ਵਿਹਾਣ ॥ (1420-19)
वणु त्रिणु त्रिभवणु तुझै धिआइदा अनदिनु सदा विहाण ॥

ਬਿਨੁ ਸਤਿਗੁਰ ਕਿਨੈ ਨ ਪਾਇਆ ਕਰਿ ਕਰਿ ਥਕੇ ਵੀਚਾਰ ॥ (1420-19)
बिनु सतिगुर किनै न पाइआ करि करि थके वीचार ॥

ਨਦਰਿ ਕਰਹਿ ਜੇ ਆਪਣੀ ਤਾਂ ਆਪੇ ਲੈਹਿ ਸਵਾਰਿ ॥ (1421-1)
नदरि करहि जे आपणी तां आपे लैहि सवारि ॥

ਨਾਨਕ ਗੁਰਮੁਖਿ ਜਿਨ੍ਹੀ ਧਿਆਇਆ ਆਏ ਸੇ ਪਰਵਾਣੁ ॥੬੩॥ (1421-1)
नानक गुरमुखि जिन्ही धिआइआ आए से परवाणु ॥६३॥

ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ ॥ (1421-2)
जोगु न भगवी कपड़ी जोगु न मैले वेसि ॥

ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ ॥੬੪॥ (1421-2)
नानक घरि बैठिआ जोगु पाईऐ सतिगुर कै उपदेसि ॥६४॥

ਚਾਰੇ ਕੁੰਡਾ ਜੇ ਭਵਹਿ ਬੇਦ ਪੜਹਿ ਜੁਗ ਚਾਰਿ ॥ (1421-3)
चारे कुंडा जे भवहि बेद पड़हि जुग चारि ॥

ਨਾਨਕ ਸਾਚਾ ਭੇਟੈ ਹਰਿ ਮਨਿ ਵਸੈ ਪਾਵਹਿ ਮੋਖ ਦੁਆਰ ॥੬੫॥ (1421-3)
नानक साचा भेटै हरि मनि वसै पावहि मोख दुआर ॥६५॥

ਨਾਨਕ ਹੁਕਮੁ ਵਰਤੈ ਖਸਮ ਕਾ ਮਤਿ ਭਵੀ ਫਿਰਹਿ ਚਲ ਚਿਤ ॥ (1421-4)
नानक हुकमु वरतै खसम का मति भवी फिरहि चल चित ॥

ਮਨਮੁਖ ਸਉ ਕਰਿ ਦੋਸਤੀ ਸੁਖ ਕਿ ਪੁਛਹਿ ਮਿਤ ॥ (1421-5)
मनमुख सउ करि दोसती सुख कि पुछहि मित ॥

ਗੁਰਮੁਖ ਸਉ ਕਰਿ ਦੋਸਤੀ ਸਤਿਗੁਰ ਸਉ ਲਾਇ ਚਿਤੁ ॥ (1421-5)
गुरमुख सउ करि दोसती सतिगुर सउ लाइ चितु ॥

ਜੰਮਣ ਮਰਣ ਕਾ ਮੂਲੁ ਕਟੀਐ ਤਾਂ ਸੁਖੁ ਹੋਵੀ ਮਿਤ ॥੬੬॥ (1421-6)
जंमण मरण का मूलु कटीऐ तां सुखु होवी मित ॥६६॥

ਭੁਲਿਆਂ ਆਪਿ ਸਮਝਾਇਸੀ ਜਾ ਕਉ ਨਦਰਿ ਕਰੇ ॥ (1421-6)
भुलिआं आपि समझाइसी जा कउ नदरि करे ॥

ਨਾਨਕ ਨਦਰੀ ਬਾਹਰੀ ਕਰਣ ਪਲਾਹ ਕਰੇ ॥੬੭॥ (1421-7)
नानक नदरी बाहरी करण पलाह करे ॥६७॥

ਸਲੋਕ ਮਹਲਾ ੪ (1421-8)
सलोक महला ४

ੴ ਸਤਿਗੁਰ ਪ੍ਰਸਾਦਿ ॥ (1421-8)
ੴ सतिगुर प्रसादि ॥

ਵਡਭਾਗੀਆ ਸੋਹਾਗਣੀ ਜਿਨ੍ਹਾ ਗੁਰਮੁਖਿ ਮਿਲਿਆ ਹਰਿ ਰਾਇ ॥ (1421-9)
वडभागीआ सोहागणी जिन्हा गुरमुखि मिलिआ हरि राइ ॥

ਅੰਤਰਿ ਜੋਤਿ ਪਰਗਾਸੀਆ ਨਾਨਕ ਨਾਮਿ ਸਮਾਇ ॥੧॥ (1421-9)
अंतरि जोति परगासीआ नानक नामि समाइ ॥१॥

ਵਾਹੁ ਵਾਹੁ ਸਤਿਗੁਰੁ ਪੁਰਖੁ ਹੈ ਜਿਨਿ ਸਚੁ ਜਾਤਾ ਸੋਇ ॥ (1421-10)
वाहु वाहु सतिगुरु पुरखु है जिनि सचु जाता सोइ ॥

ਜਿਤੁ ਮਿਲਿਐ ਤਿਖ ਉਤਰੈ ਤਨੁ ਮਨੁ ਸੀਤਲੁ ਹੋਇ ॥ (1421-10)
जितु मिलिऐ तिख उतरै तनु मनु सीतलु होइ ॥

ਵਾਹੁ ਵਾਹੁ ਸਤਿਗੁਰੁ ਸਤਿ ਪੁਰਖੁ ਹੈ ਜਿਸ ਨੋ ਸਮਤੁ ਸਭ ਕੋਇ ॥ (1421-11)
वाहु वाहु सतिगुरु सति पुरखु है जिस नो समतु सभ कोइ ॥

ਵਾਹੁ ਵਾਹੁ ਸਤਿਗੁਰੁ ਨਿਰਵੈਰੁ ਹੈ ਜਿਸੁ ਨਿੰਦਾ ਉਸਤਤਿ ਤੁਲਿ ਹੋਇ ॥ (1421-11)
वाहु वाहु सतिगुरु निरवैरु है जिसु निंदा उसतति तुलि होइ ॥

ਵਾਹੁ ਵਾਹੁ ਸਤਿਗੁਰੁ ਸੁਜਾਣੁ ਹੈ ਜਿਸੁ ਅੰਤਰਿ ਬ੍ਰਹਮੁ ਵੀਚਾਰੁ ॥ (1421-12)
वाहु वाहु सतिगुरु सुजाणु है जिसु अंतरि ब्रहमु वीचारु ॥

ਵਾਹੁ ਵਾਹੁ ਸਤਿਗੁਰੁ ਨਿਰੰਕਾਰੁ ਹੈ ਜਿਸੁ ਅੰਤੁ ਨ ਪਾਰਾਵਾਰੁ ॥ (1421-12)
वाहु वाहु सतिगुरु निरंकारु है जिसु अंतु न पारावारु ॥

ਵਾਹੁ ਵਾਹੁ ਸਤਿਗੁਰੂ ਹੈ ਜਿ ਸਚੁ ਦ੍ਰਿੜਾਏ ਸੋਇ ॥ (1421-13)
वाहु वाहु सतिगुरू है जि सचु द्रिड़ाए सोइ ॥

ਨਾਨਕ ਸਤਿਗੁਰ ਵਾਹੁ ਵਾਹੁ ਜਿਸ ਤੇ ਨਾਮੁ ਪਰਾਪਤਿ ਹੋਇ ॥੨॥ (1421-13)
नानक सतिगुर वाहु वाहु जिस ते नामु परापति होइ ॥२॥

ਹਰਿ ਪ੍ਰਭ ਸਚਾ ਸੋਹਿਲਾ ਗੁਰਮੁਖਿ ਨਾਮੁ ਗੋਵਿੰਦੁ ॥ (1421-14)
हरि प्रभ सचा सोहिला गुरमुखि नामु गोविंदु ॥

ਅਨਦਿਨੁ ਨਾਮੁ ਸਲਾਹਣਾ ਹਰਿ ਜਪਿਆ ਮਨਿ ਆਨੰਦੁ ॥ (1421-15)
अनदिनु नामु सलाहणा हरि जपिआ मनि आनंदु ॥

ਵਡਭਾਗੀ ਹਰਿ ਪਾਇਆ ਪੂਰਨ ਪਰਮਾਨੰਦੁ ॥ (1421-15)
वडभागी हरि पाइआ पूरन परमानंदु ॥

ਜਨ ਨਾਨਕ ਨਾਮੁ ਸਲਾਹਿਆ ਬਹੁੜਿ ਨ ਮਨਿ ਤਨਿ ਭੰਗੁ ॥੩॥ (1421-16)
जन नानक नामु सलाहिआ बहुड़ि न मनि तनि भंगु ॥३॥

ਮੂੰ ਪਿਰੀਆ ਸਉ ਨੇਹੁ ਕਿਉ ਸਜਣ ਮਿਲਹਿ ਪਿਆਰਿਆ ॥ (1421-16)
मूं पिरीआ सउ नेहु किउ सजण मिलहि पिआरिआ ॥

ਹਉ ਢੂਢੇਦੀ ਤਿਨ ਸਜਣ ਸਚਿ ਸਵਾਰਿਆ ॥ (1421-17)
हउ ढूढेदी तिन सजण सचि सवारिआ ॥

ਸਤਿਗੁਰੁ ਮੈਡਾ ਮਿਤੁ ਹੈ ਜੇ ਮਿਲੈ ਤ ਇਹੁ ਮਨੁ ਵਾਰਿਆ ॥ (1421-17)
सतिगुरु मैडा मितु है जे मिलै त इहु मनु वारिआ ॥

ਦੇਂਦਾ ਮੂੰ ਪਿਰੁ ਦਸਿ ਹਰਿ ਸਜਣੁ ਸਿਰਜਣਹਾਰਿਆ ॥ (1421-18)
देंदा मूं पिरु दसि हरि सजणु सिरजणहारिआ ॥

ਨਾਨਕ ਹਉ ਪਿਰੁ ਭਾਲੀ ਆਪਣਾ ਸਤਿਗੁਰ ਨਾਲਿ ਦਿਖਾਲਿਆ ॥੪॥ (1421-18)
नानक हउ पिरु भाली आपणा सतिगुर नालि दिखालिआ ॥४॥

ਹਉ ਖੜੀ ਨਿਹਾਲੀ ਪੰਧੁ ਮਤੁ ਮੂੰ ਸਜਣੁ ਆਵਏ ॥ (1421-19)
हउ खड़ी निहाली पंधु मतु मूं सजणु आवए ॥

ਕੋ ਆਣਿ ਮਿਲਾਵੈ ਅਜੁ ਮੈ ਪਿਰੁ ਮੇਲਿ ਮਿਲਾਵਏ ॥ (1421-19)
को आणि मिलावै अजु मै पिरु मेलि मिलावए ॥

ਹਉ ਜੀਉ ਕਰੀ ਤਿਸ ਵਿਟਉ ਚਉ ਖੰਨੀਐ ਜੋ ਮੈ ਪਿਰੀ ਦਿਖਾਵਏ ॥ (1422-1)
हउ जीउ करी तिस विटउ चउ खंनीऐ जो मै पिरी दिखावए ॥

ਨਾਨਕ ਹਰਿ ਹੋਇ ਦਇਆਲੁ ਤਾਂ ਗੁਰੁ ਪੂਰਾ ਮੇਲਾਵਏ ॥੫॥ (1422-1)
नानक हरि होइ दइआलु तां गुरु पूरा मेलावए ॥५॥

ਅੰਤਰਿ ਜੋਰੁ ਹਉਮੈ ਤਨਿ ਮਾਇਆ ਕੂੜੀ ਆਵੈ ਜਾਇ ॥ (1422-2)
अंतरि जोरु हउमै तनि माइआ कूड़ी आवै जाइ ॥

ਸਤਿਗੁਰ ਕਾ ਫੁਰਮਾਇਆ ਮੰਨਿ ਨ ਸਕੀ ਦੁਤਰੁ ਤਰਿਆ ਨ ਜਾਇ ॥ (1422-2)
सतिगुर का फुरमाइआ मंनि न सकी दुतरु तरिआ न जाइ ॥

ਨਦਰਿ ਕਰੇ ਜਿਸੁ ਆਪਣੀ ਸੋ ਚਲੈ ਸਤਿਗੁਰ ਭਾਇ ॥ (1422-3)
नदरि करे जिसु आपणी सो चलै सतिगुर भाइ ॥

ਸਤਿਗੁਰ ਕਾ ਦਰਸਨੁ ਸਫਲੁ ਹੈ ਜੋ ਇਛੈ ਸੋ ਫਲੁ ਪਾਇ ॥ (1422-4)
सतिगुर का दरसनु सफलु है जो इछै सो फलु पाइ ॥

ਜਿਨੀ ਸਤਿਗੁਰੁ ਮੰਨਿਆਂ ਹਉ ਤਿਨ ਕੇ ਲਾਗਉ ਪਾਇ ॥ (1422-4)
जिनी सतिगुरु मंनिआं हउ तिन के लागउ पाइ ॥

ਨਾਨਕੁ ਤਾ ਕਾ ਦਾਸੁ ਹੈ ਜਿ ਅਨਦਿਨੁ ਰਹੈ ਲਿਵ ਲਾਇ ॥੬॥ (1422-5)
नानकु ता का दासु है जि अनदिनु रहै लिव लाइ ॥६॥

ਜਿਨਾ ਪਿਰੀ ਪਿਆਰੁ ਬਿਨੁ ਦਰਸਨ ਕਿਉ ਤ੍ਰਿਪਤੀਐ ॥ (1422-5)
जिना पिरी पिआरु बिनु दरसन किउ त्रिपतीऐ ॥

ਨਾਨਕ ਮਿਲੇ ਸੁਭਾਇ ਗੁਰਮੁਖਿ ਇਹੁ ਮਨੁ ਰਹਸੀਐ ॥੭॥ (1422-6)
नानक मिले सुभाइ गुरमुखि इहु मनु रहसीऐ ॥७॥

ਜਿਨਾ ਪਿਰੀ ਪਿਆਰੁ ਕਿਉ ਜੀਵਨਿ ਪਿਰ ਬਾਹਰੇ ॥ (1422-6)
जिना पिरी पिआरु किउ जीवनि पिर बाहरे ॥

ਜਾਂ ਸਹੁ ਦੇਖਨਿ ਆਪਣਾ ਨਾਨਕ ਥੀਵਨਿ ਭੀ ਹਰੇ ॥੮॥ (1422-7)
जां सहु देखनि आपणा नानक थीवनि भी हरे ॥८॥

ਜਿਨਾ ਗੁਰਮੁਖਿ ਅੰਦਰਿ ਨੇਹੁ ਤੈ ਪ੍ਰੀਤਮ ਸਚੈ ਲਾਇਆ ॥ (1422-7)
जिना गुरमुखि अंदरि नेहु तै प्रीतम सचै लाइआ ॥

ਰਾਤੀ ਅਤੈ ਡੇਹੁ ਨਾਨਕ ਪ੍ਰੇਮਿ ਸਮਾਇਆ ॥੯॥ (1422-8)
राती अतै डेहु नानक प्रेमि समाइआ ॥९॥

ਗੁਰਮੁਖਿ ਸਚੀ ਆਸਕੀ ਜਿਤੁ ਪ੍ਰੀਤਮੁ ਸਚਾ ਪਾਈਐ ॥ (1422-8)
गुरमुखि सची आसकी जितु प्रीतमु सचा पाईऐ ॥

ਅਨਦਿਨੁ ਰਹਹਿ ਅਨੰਦਿ ਨਾਨਕ ਸਹਜਿ ਸਮਾਈਐ ॥੧੦॥ (1422-9)
अनदिनु रहहि अनंदि नानक सहजि समाईऐ ॥१०॥

ਸਚਾ ਪ੍ਰੇਮ ਪਿਆਰੁ ਗੁਰ ਪੂਰੇ ਤੇ ਪਾਈਐ ॥ (1422-9)
सचा प्रेम पिआरु गुर पूरे ते पाईऐ ॥

ਕਬਹੂ ਨ ਹੋਵੈ ਭੰਗੁ ਨਾਨਕ ਹਰਿ ਗੁਣ ਗਾਈਐ ॥੧੧॥ (1422-10)
कबहू न होवै भंगु नानक हरि गुण गाईऐ ॥११॥

ਜਿਨ੍ਹਾ ਅੰਦਰਿ ਸਚਾ ਨੇਹੁ ਕਿਉ ਜੀਵਨ੍ਹਿ ਪਿਰੀ ਵਿਹੂਣਿਆ ॥ (1422-10)
जिन्हा अंदरि सचा नेहु किउ जीवन्हि पिरी विहूणिआ ॥

ਗੁਰਮੁਖਿ ਮੇਲੇ ਆਪਿ ਨਾਨਕ ਚਿਰੀ ਵਿਛੁੰਨਿਆ ॥੧੨॥ (1422-11)
गुरमुखि मेले आपि नानक चिरी विछुंनिआ ॥१२॥

ਜਿਨ ਕਉ ਪ੍ਰੇਮ ਪਿਆਰੁ ਤਉ ਆਪੇ ਲਾਇਆ ਕਰਮੁ ਕਰਿ ॥ (1422-11)
जिन कउ प्रेम पिआरु तउ आपे लाइआ करमु करि ॥

ਨਾਨਕ ਲੇਹੁ ਮਿਲਾਇ ਮੈ ਜਾਚਿਕ ਦੀਜੈ ਨਾਮੁ ਹਰਿ ॥੧੩॥ (1422-12)
नानक लेहु मिलाइ मै जाचिक दीजै नामु हरि ॥१३॥

ਗੁਰਮੁਖਿ ਹਸੈ ਗੁਰਮੁਖਿ ਰੋਵੈ ॥ (1422-12)
गुरमुखि हसै गुरमुखि रोवै ॥

ਜਿ ਗੁਰਮੁਖਿ ਕਰੇ ਸਾਈ ਭਗਤਿ ਹੋਵੈ ॥ (1422-13)
जि गुरमुखि करे साई भगति होवै ॥

ਗੁਰਮੁਖਿ ਹੋਵੈ ਸੁ ਕਰੇ ਵੀਚਾਰੁ ॥ (1422-13)
गुरमुखि होवै सु करे वीचारु ॥

ਗੁਰਮੁਖਿ ਨਾਨਕ ਪਾਵੈ ਪਾਰੁ ॥੧੪॥ (1422-13)
गुरमुखि नानक पावै पारु ॥१४॥

ਜਿਨਾ ਅੰਦਰਿ ਨਾਮੁ ਨਿਧਾਨੁ ਹੈ ਗੁਰਬਾਣੀ ਵੀਚਾਰਿ ॥ (1422-14)
जिना अंदरि नामु निधानु है गुरबाणी वीचारि ॥

ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ ॥ (1422-14)
तिन के मुख सद उजले तितु सचै दरबारि ॥

ਤਿਨ ਬਹਦਿਆ ਉਠਦਿਆ ਕਦੇ ਨ ਵਿਸਰੈ ਜਿ ਆਪਿ ਬਖਸੇ ਕਰਤਾਰਿ ॥ (1422-14)
तिन बहदिआ उठदिआ कदे न विसरै जि आपि बखसे करतारि ॥

ਨਾਨਕ ਗੁਰਮੁਖਿ ਮਿਲੇ ਨ ਵਿਛੁੜਹਿ ਜਿ ਮੇਲੇ ਸਿਰਜਣਹਾਰਿ ॥੧੫॥ (1422-15)
नानक गुरमुखि मिले न विछुड़हि जि मेले सिरजणहारि ॥१५॥

ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰੁ ॥ (1422-16)
गुर पीरां की चाकरी महां करड़ी सुख सारु ॥

ਨਦਰਿ ਕਰੇ ਜਿਸੁ ਆਪਣੀ ਤਿਸੁ ਲਾਏ ਹੇਤ ਪਿਆਰੁ ॥ (1422-16)
नदरि करे जिसु आपणी तिसु लाए हेत पिआरु ॥

ਸਤਿਗੁਰ ਕੀ ਸੇਵੈ ਲਗਿਆ ਭਉਜਲੁ ਤਰੈ ਸੰਸਾਰੁ ॥ (1422-17)
सतिगुर की सेवै लगिआ भउजलु तरै संसारु ॥

ਮਨ ਚਿੰਦਿਆ ਫਲੁ ਪਾਇਸੀ ਅੰਤਰਿ ਬਿਬੇਕ ਬੀਚਾਰੁ ॥ (1422-17)
मन चिंदिआ फलु पाइसी अंतरि बिबेक बीचारु ॥

ਨਾਨਕ ਸਤਿਗੁਰਿ ਮਿਲਿਐ ਪ੍ਰਭੁ ਪਾਈਐ ਸਭੁ ਦੂਖ ਨਿਵਾਰਣਹਾਰੁ ॥੧੬॥ (1422-18)
नानक सतिगुरि मिलिऐ प्रभु पाईऐ सभु दूख निवारणहारु ॥१६॥

ਮਨਮੁਖ ਸੇਵਾ ਜੋ ਕਰੇ ਦੂਜੈ ਭਾਇ ਚਿਤੁ ਲਾਇ ॥ (1422-18)
मनमुख सेवा जो करे दूजै भाइ चितु लाइ ॥

ਪੁਤੁ ਕਲਤੁ ਕੁਟੰਬੁ ਹੈ ਮਾਇਆ ਮੋਹੁ ਵਧਾਇ ॥ (1422-19)
पुतु कलतु कुटम्बु है माइआ मोहु वधाइ ॥

ਦਰਗਹਿ ਲੇਖਾ ਮੰਗੀਐ ਕੋਈ ਅੰਤਿ ਨ ਸਕੀ ਛਡਾਇ ॥ (1422-19)
दरगहि लेखा मंगीऐ कोई अंति न सकी छडाइ ॥

ਬਿਨੁ ਨਾਵੈ ਸਭੁ ਦੁਖੁ ਹੈ ਦੁਖਦਾਈ ਮੋਹ ਮਾਇ ॥ (1423-1)
बिनु नावै सभु दुखु है दुखदाई मोह माइ ॥

ਨਾਨਕ ਗੁਰਮੁਖਿ ਨਦਰੀ ਆਇਆ ਮੋਹ ਮਾਇਆ ਵਿਛੁੜਿ ਸਭ ਜਾਇ ॥੧੭॥ (1423-1)
नानक गुरमुखि नदरी आइआ मोह माइआ विछुड़ि सभ जाइ ॥१७॥

ਗੁਰਮੁਖਿ ਹੁਕਮੁ ਮੰਨੇ ਸਹ ਕੇਰਾ ਹੁਕਮੇ ਹੀ ਸੁਖੁ ਪਾਏ ॥ (1423-2)
गुरमुखि हुकमु मंने सह केरा हुकमे ही सुखु पाए ॥

ਹੁਕਮੋ ਸੇਵੇ ਹੁਕਮੁ ਅਰਾਧੇ ਹੁਕਮੇ ਸਮੈ ਸਮਾਏ ॥ (1423-3)
हुकमो सेवे हुकमु अराधे हुकमे समै समाए ॥

ਹੁਕਮੁ ਵਰਤੁ ਨੇਮੁ ਸੁਚ ਸੰਜਮੁ ਮਨ ਚਿੰਦਿਆ ਫਲੁ ਪਾਏ ॥ (1423-3)
हुकमु वरतु नेमु सुच संजमु मन चिंदिआ फलु पाए ॥

ਸਦਾ ਸੁਹਾਗਣਿ ਜਿ ਹੁਕਮੈ ਬੁਝੈ ਸਤਿਗੁਰੁ ਸੇਵੈ ਲਿਵ ਲਾਏ ॥ (1423-3)
सदा सुहागणि जि हुकमै बुझै सतिगुरु सेवै लिव लाए ॥

ਨਾਨਕ ਕ੍ਰਿਪਾ ਕਰੇ ਜਿਨ ਊਪਰਿ ਤਿਨਾ ਹੁਕਮੇ ਲਏ ਮਿਲਾਏ ॥੧੮॥ (1423-4)
नानक क्रिपा करे जिन ऊपरि तिना हुकमे लए मिलाए ॥१८॥

ਮਨਮੁਖਿ ਹੁਕਮੁ ਨ ਬੁਝੇ ਬਪੁੜੀ ਨਿਤ ਹਉਮੈ ਕਰਮ ਕਮਾਇ ॥ (1423-5)
मनमुखि हुकमु न बुझे बपुड़ी नित हउमै करम कमाइ ॥

ਵਰਤ ਨੇਮੁ ਸੁਚ ਸੰਜਮੁ ਪੂਜਾ ਪਾਖੰਡਿ ਭਰਮੁ ਨ ਜਾਇ ॥ (1423-5)
वरत नेमु सुच संजमु पूजा पाखंडि भरमु न जाइ ॥

ਅੰਤਰਹੁ ਕੁਸੁਧੁ ਮਾਇਆ ਮੋਹਿ ਬੇਧੇ ਜਿਉ ਹਸਤੀ ਛਾਰੁ ਉਡਾਏ ॥ (1423-6)
अंतरहु कुसुधु माइआ मोहि बेधे जिउ हसती छारु उडाए ॥

ਜਿਨਿ ਉਪਾਏ ਤਿਸੈ ਨ ਚੇਤਹਿ ਬਿਨੁ ਚੇਤੇ ਕਿਉ ਸੁਖੁ ਪਾਏ ॥ (1423-6)
जिनि उपाए तिसै न चेतहि बिनु चेते किउ सुखु पाए ॥

ਨਾਨਕ ਪਰਪੰਚੁ ਕੀਆ ਧੁਰਿ ਕਰਤੈ ਪੂਰਬਿ ਲਿਖਿਆ ਕਮਾਏ ॥੧੯॥ (1423-7)
नानक परपंचु कीआ धुरि करतै पूरबि लिखिआ कमाए ॥१९॥

ਗੁਰਮੁਖਿ ਪਰਤੀਤਿ ਭਈ ਮਨੁ ਮਾਨਿਆ ਅਨਦਿਨੁ ਸੇਵਾ ਕਰਤ ਸਮਾਇ ॥ (1423-8)
गुरमुखि परतीति भई मनु मानिआ अनदिनु सेवा करत समाइ ॥

ਅੰਤਰਿ ਸਤਿਗੁਰੁ ਗੁਰੂ ਸਭ ਪੂਜੇ ਸਤਿਗੁਰ ਕਾ ਦਰਸੁ ਦੇਖੈ ਸਭ ਆਇ ॥ (1423-8)
अंतरि सतिगुरु गुरू सभ पूजे सतिगुर का दरसु देखै सभ आइ ॥

ਮੰਨੀਐ ਸਤਿਗੁਰ ਪਰਮ ਬੀਚਾਰੀ ਜਿਤੁ ਮਿਲਿਐ ਤਿਸਨਾ ਭੁਖ ਸਭ ਜਾਇ ॥ (1423-9)
मंनीऐ सतिगुर परम बीचारी जितु मिलिऐ तिसना भुख सभ जाइ ॥

ਹਉ ਸਦਾ ਸਦਾ ਬਲਿਹਾਰੀ ਗੁਰ ਅਪੁਨੇ ਜੋ ਪ੍ਰਭੁ ਸਚਾ ਦੇਇ ਮਿਲਾਇ ॥ (1423-10)
हउ सदा सदा बलिहारी गुर अपुने जो प्रभु सचा देइ मिलाइ ॥

ਨਾਨਕ ਕਰਮੁ ਪਾਇਆ ਤਿਨ ਸਚਾ ਜੋ ਗੁਰ ਚਰਣੀ ਲਗੇ ਆਇ ॥੨੦॥ (1423-10)
नानक करमु पाइआ तिन सचा जो गुर चरणी लगे आइ ॥२०॥

ਜਿਨ ਪਿਰੀਆ ਸਉ ਨੇਹੁ ਸੇ ਸਜਣ ਮੈ ਨਾਲਿ ॥ (1423-11)
जिन पिरीआ सउ नेहु से सजण मै नालि ॥

ਅੰਤਰਿ ਬਾਹਰਿ ਹਉ ਫਿਰਾਂ ਭੀ ਹਿਰਦੈ ਰਖਾ ਸਮਾਲਿ ॥੨੧॥ (1423-11)
अंतरि बाहरि हउ फिरां भी हिरदै रखा समालि ॥२१॥

ਜਿਨਾ ਇਕ ਮਨਿ ਇਕ ਚਿਤਿ ਧਿਆਇਆ ਸਤਿਗੁਰ ਸਉ ਚਿਤੁ ਲਾਇ ॥ (1423-12)
जिना इक मनि इक चिति धिआइआ सतिगुर सउ चितु लाइ ॥

ਤਿਨ ਕੀ ਦੁਖ ਭੁਖ ਹਉਮੈ ਵਡਾ ਰੋਗੁ ਗਇਆ ਨਿਰਦੋਖ ਭਏ ਲਿਵ ਲਾਇ ॥ (1423-13)
तिन की दुख भुख हउमै वडा रोगु गइआ निरदोख भए लिव लाइ ॥

ਗੁਣ ਗਾਵਹਿ ਗੁਣ ਉਚਰਹਿ ਗੁਣ ਮਹਿ ਸਵੈ ਸਮਾਇ ॥ (1423-13)
गुण गावहि गुण उचरहि गुण महि सवै समाइ ॥

ਨਾਨਕ ਗੁਰ ਪੂਰੇ ਤੇ ਪਾਇਆ ਸਹਜਿ ਮਿਲਿਆ ਪ੍ਰਭੁ ਆਇ ॥੨੨॥ (1423-14)
नानक गुर पूरे ते पाइआ सहजि मिलिआ प्रभु आइ ॥२२॥

ਮਨਮੁਖਿ ਮਾਇਆ ਮੋਹੁ ਹੈ ਨਾਮਿ ਨ ਲਗੈ ਪਿਆਰੁ ॥ (1423-15)
मनमुखि माइआ मोहु है नामि न लगै पिआरु ॥

ਕੂੜੁ ਕਮਾਵੈ ਕੂੜੁ ਸੰਘਰੈ ਕੂੜਿ ਕਰੈ ਆਹਾਰੁ ॥ (1423-15)
कूड़ु कमावै कूड़ु संघरै कूड़ि करै आहारु ॥

ਬਿਖੁ ਮਾਇਆ ਧਨੁ ਸੰਚਿ ਮਰਹਿ ਅੰਤਿ ਹੋਇ ਸਭੁ ਛਾਰੁ ॥ (1423-15)
बिखु माइआ धनु संचि मरहि अंति होइ सभु छारु ॥

ਕਰਮ ਧਰਮ ਸੁਚਿ ਸੰਜਮੁ ਕਰਹਿ ਅੰਤਰਿ ਲੋਭੁ ਵਿਕਾਰ ॥ (1423-16)
करम धरम सुचि संजमु करहि अंतरि लोभु विकार ॥

ਨਾਨਕ ਮਨਮੁਖਿ ਜਿ ਕਮਾਵੈ ਸੁ ਥਾਇ ਨ ਪਵੈ ਦਰਗਹ ਹੋਇ ਖੁਆਰੁ ॥੨੩॥ (1423-17)
नानक मनमुखि जि कमावै सु थाइ न पवै दरगह होइ खुआरु ॥२३॥

ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ ॥ (1423-17)
सभना रागां विचि सो भला भाई जितु वसिआ मनि आइ ॥

ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ ॥ (1423-18)
रागु नादु सभु सचु है कीमति कही न जाइ ॥

ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ ॥ (1423-18)
रागै नादै बाहरा इनी हुकमु न बूझिआ जाइ ॥

ਨਾਨਕ ਹੁਕਮੈ ਬੂਝੈ ਤਿਨਾ ਰਾਸਿ ਹੋਇ ਸਤਿਗੁਰ ਤੇ ਸੋਝੀ ਪਾਇ ॥ (1423-19)
नानक हुकमै बूझै तिना रासि होइ सतिगुर ते सोझी पाइ ॥

ਸਭੁ ਕਿਛੁ ਤਿਸ ਤੇ ਹੋਇਆ ਜਿਉ ਤਿਸੈ ਦੀ ਰਜਾਇ ॥੨੪॥ (1423-19)
सभु किछु तिस ते होइआ जिउ तिसै दी रजाइ ॥२४॥

ਸਤਿਗੁਰ ਵਿਚਿ ਅੰਮ੍ਰਿਤ ਨਾਮੁ ਹੈ ਅੰਮ੍ਰਿਤੁ ਕਹੈ ਕਹਾਇ ॥ (1424-1)
सतिगुर विचि अमृत नामु है अमृतु कहै कहाइ ॥

ਗੁਰਮਤੀ ਨਾਮੁ ਨਿਰਮਲੋੁ ਨਿਰਮਲ ਨਾਮੁ ਧਿਆਇ ॥ (1424-2)
गुरमती नामु निरमलो निरमल नामु धिआइ ॥

ਅੰਮ੍ਰਿਤ ਬਾਣੀ ਤਤੁ ਹੈ ਗੁਰਮੁਖਿ ਵਸੈ ਮਨਿ ਆਇ ॥ (1424-2)
अमृत बाणी ततु है गुरमुखि वसै मनि आइ ॥

ਹਿਰਦੈ ਕਮਲੁ ਪਰਗਾਸਿਆ ਜੋਤੀ ਜੋਤਿ ਮਿਲਾਇ ॥ (1424-3)
हिरदै कमलु परगासिआ जोती जोति मिलाइ ॥

ਨਾਨਕ ਸਤਿਗੁਰੁ ਤਿਨ ਕਉ ਮੇਲਿਓਨੁ ਜਿਨ ਧੁਰਿ ਮਸਤਕਿ ਭਾਗੁ ਲਿਖਾਇ ॥੨੫॥ (1424-3)
नानक सतिगुरु तिन कउ मेलिओनु जिन धुरि मसतकि भागु लिखाइ ॥२५॥

ਅੰਦਰਿ ਤਿਸਨਾ ਅਗਿ ਹੈ ਮਨਮੁਖ ਭੁਖ ਨ ਜਾਇ ॥ (1424-4)
अंदरि तिसना अगि है मनमुख भुख न जाइ ॥

ਮੋਹੁ ਕੁਟੰਬੁ ਸਭੁ ਕੂੜੁ ਹੈ ਕੂੜਿ ਰਹਿਆ ਲਪਟਾਇ ॥ (1424-4)
मोहु कुटम्बु सभु कूड़ु है कूड़ि रहिआ लपटाइ ॥

ਅਨਦਿਨੁ ਚਿੰਤਾ ਚਿੰਤਵੈ ਚਿੰਤਾ ਬਧਾ ਜਾਇ ॥ (1424-5)
अनदिनु चिंता चिंतवै चिंता बधा जाइ ॥

ਜੰਮਣੁ ਮਰਣੁ ਨ ਚੁਕਈ ਹਉਮੈ ਕਰਮ ਕਮਾਇ ॥ (1424-5)
जंमणु मरणु न चुकई हउमै करम कमाइ ॥

ਗੁਰ ਸਰਣਾਈ ਉਬਰੈ ਨਾਨਕ ਲਏ ਛਡਾਇ ॥੨੬॥ (1424-6)
गुर सरणाई उबरै नानक लए छडाइ ॥२६॥

ਸਤਿਗੁਰ ਪੁਰਖੁ ਹਰਿ ਧਿਆਇਦਾ ਸਤਸੰਗਤਿ ਸਤਿਗੁਰ ਭਾਇ ॥ (1424-6)
सतिगुर पुरखु हरि धिआइदा सतसंगति सतिगुर भाइ ॥

ਸਤਸੰਗਤਿ ਸਤਿਗੁਰ ਸੇਵਦੇ ਹਰਿ ਮੇਲੇ ਗੁਰੁ ਮੇਲਾਇ ॥ (1424-7)
सतसंगति सतिगुर सेवदे हरि मेले गुरु मेलाइ ॥

ਏਹੁ ਭਉਜਲੁ ਜਗਤੁ ਸੰਸਾਰੁ ਹੈ ਗੁਰੁ ਬੋਹਿਥੁ ਨਾਮਿ ਤਰਾਇ ॥ (1424-7)
एहु भउजलु जगतु संसारु है गुरु बोहिथु नामि तराइ ॥

ਗੁਰਸਿਖੀ ਭਾਣਾ ਮੰਨਿਆ ਗੁਰੁ ਪੂਰਾ ਪਾਰਿ ਲੰਘਾਇ ॥ (1424-8)
गुरसिखी भाणा मंनिआ गुरु पूरा पारि लंघाइ ॥

ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ ॥ (1424-8)
गुरसिखां की हरि धूड़ि देहि हम पापी भी गति पांहि ॥

ਧੁਰਿ ਮਸਤਕਿ ਹਰਿ ਪ੍ਰਭ ਲਿਖਿਆ ਗੁਰ ਨਾਨਕ ਮਿਲਿਆ ਆਇ ॥ (1424-9)
धुरि मसतकि हरि प्रभ लिखिआ गुर नानक मिलिआ आइ ॥

ਜਮਕੰਕਰ ਮਾਰਿ ਬਿਦਾਰਿਅਨੁ ਹਰਿ ਦਰਗਹ ਲਏ ਛਡਾਇ ॥ (1424-10)
जमकंकर मारि बिदारिअनु हरि दरगह लए छडाइ ॥

ਗੁਰਸਿਖਾ ਨੋ ਸਾਬਾਸਿ ਹੈ ਹਰਿ ਤੁਠਾ ਮੇਲਿ ਮਿਲਾਇ ॥੨੭॥ (1424-10)
गुरसिखा नो साबासि है हरि तुठा मेलि मिलाइ ॥२७॥

ਗੁਰਿ ਪੂਰੈ ਹਰਿ ਨਾਮੁ ਦਿੜਾਇਆ ਜਿਨਿ ਵਿਚਹੁ ਭਰਮੁ ਚੁਕਾਇਆ ॥ (1424-11)
गुरि पूरै हरि नामु दिड़ाइआ जिनि विचहु भरमु चुकाइआ ॥

ਰਾਮ ਨਾਮੁ ਹਰਿ ਕੀਰਤਿ ਗਾਇ ਕਰਿ ਚਾਨਣੁ ਮਗੁ ਦੇਖਾਇਆ ॥ (1424-11)
राम नामु हरि कीरति गाइ करि चानणु मगु देखाइआ ॥

ਹਉਮੈ ਮਾਰਿ ਏਕ ਲਿਵ ਲਾਗੀ ਅੰਤਰਿ ਨਾਮੁ ਵਸਾਇਆ ॥ (1424-12)
हउमै मारि एक लिव लागी अंतरि नामु वसाइआ ॥

ਗੁਰਮਤੀ ਜਮੁ ਜੋਹਿ ਨ ਸਕੈ ਸਚੈ ਨਾਇ ਸਮਾਇਆ ॥ (1424-13)
गुरमती जमु जोहि न सकै सचै नाइ समाइआ ॥

ਸਭੁ ਆਪੇ ਆਪਿ ਵਰਤੈ ਕਰਤਾ ਜੋ ਭਾਵੈ ਸੋ ਨਾਇ ਲਾਇਆ ॥ (1424-13)
सभु आपे आपि वरतै करता जो भावै सो नाइ लाइआ ॥

ਜਨ ਨਾਨਕੁ ਨਾਉ ਲਏ ਤਾਂ ਜੀਵੈ ਬਿਨੁ ਨਾਵੈ ਖਿਨੁ ਮਰਿ ਜਾਇਆ ॥੨੮॥ (1424-14)
जन नानकु नाउ लए तां जीवै बिनु नावै खिनु मरि जाइआ ॥२८॥

ਮਨ ਅੰਤਰਿ ਹਉਮੈ ਰੋਗੁ ਭ੍ਰਮਿ ਭੂਲੇ ਹਉਮੈ ਸਾਕਤ ਦੁਰਜਨਾ ॥ (1424-14)
मन अंतरि हउमै रोगु भ्रमि भूले हउमै साकत दुरजना ॥

ਨਾਨਕ ਰੋਗੁ ਗਵਾਇ ਮਿਲਿ ਸਤਿਗੁਰ ਸਾਧੂ ਸਜਣਾ ॥੨੯॥ (1424-15)
नानक रोगु गवाइ मिलि सतिगुर साधू सजणा ॥२९॥

ਗੁਰਮਤੀ ਹਰਿ ਹਰਿ ਬੋਲੇ ॥ (1424-16)
गुरमती हरि हरि बोले ॥

ਹਰਿ ਪ੍ਰੇਮਿ ਕਸਾਈ ਦਿਨਸੁ ਰਾਤਿ ਹਰਿ ਰਤੀ ਹਰਿ ਰੰਗਿ ਚੋਲੇ ॥ (1424-16)
हरि प्रेमि कसाई दिनसु राति हरि रती हरि रंगि चोले ॥

ਹਰਿ ਜੈਸਾ ਪੁਰਖੁ ਨ ਲਭਈ ਸਭੁ ਦੇਖਿਆ ਜਗਤੁ ਮੈ ਟੋਲੇ ॥ (1424-16)
हरि जैसा पुरखु न लभई सभु देखिआ जगतु मै टोले ॥

ਗੁਰ ਸਤਿਗੁਰਿ ਨਾਮੁ ਦਿੜਾਇਆ ਮਨੁ ਅਨਤ ਨ ਕਾਹੂ ਡੋਲੇ ॥ (1424-17)
गुर सतिगुरि नामु दिड़ाइआ मनु अनत न काहू डोले ॥

ਜਨ ਨਾਨਕੁ ਹਰਿ ਕਾ ਦਾਸੁ ਹੈ ਗੁਰ ਸਤਿਗੁਰ ਕੇ ਗੁਲ ਗੋਲੇ ॥੩੦॥ (1424-18)
जन नानकु हरि का दासु है गुर सतिगुर के गुल गोले ॥३०॥

ਸਲੋਕ ਮਹਲਾ ੫ (1425-1)
सलोक महला ५

ੴ ਸਤਿਗੁਰ ਪ੍ਰਸਾਦਿ ॥ (1425-1)
ੴ सतिगुर प्रसादि ॥

ਰਤੇ ਸੇਈ ਜਿ ਮੁਖੁ ਨ ਮੋੜੰਨ੍ਹ੍ਹਿ ਜਿਨ੍ਹ੍ਹੀ ਸਿਞਾਤਾ ਸਾਈ ॥ (1425-2)
रते सेई जि मुखु न मोड़ंन्हि जिन्ही सिञाता साई ॥

ਝੜਿ ਝੜਿ ਪਵਦੇ ਕਚੇ ਬਿਰਹੀ ਜਿਨ੍ਹ੍ਹਾ ਕਾਰਿ ਨ ਆਈ ॥੧॥ (1425-2)
झड़ि झड़ि पवदे कचे बिरही जिन्हा कारि न आई ॥१॥

ਧਣੀ ਵਿਹੂਣਾ ਪਾਟ ਪਟੰਬਰ ਭਾਹੀ ਸੇਤੀ ਜਾਲੇ ॥ (1425-3)
धणी विहूणा पाट पट्मबर भाही सेती जाले ॥

ਧੂੜੀ ਵਿਚਿ ਲੁਡੰਦੜੀ ਸੋਹਾਂ ਨਾਨਕ ਤੈ ਸਹ ਨਾਲੇ ॥੨॥ (1425-3)
धूड़ी विचि लुडंदड़ी सोहां नानक तै सह नाले ॥२॥

ਗੁਰ ਕੈ ਸਬਦਿ ਅਰਾਧੀਐ ਨਾਮਿ ਰੰਗਿ ਬੈਰਾਗੁ ॥ (1425-4)
गुर कै सबदि अराधीऐ नामि रंगि बैरागु ॥

ਜੀਤੇ ਪੰਚ ਬੈਰਾਈਆ ਨਾਨਕ ਸਫਲ ਮਾਰੂ ਇਹੁ ਰਾਗੁ ॥੩॥ (1425-4)
जीते पंच बैराईआ नानक सफल मारू इहु रागु ॥३॥

ਜਾਂ ਮੂੰ ਇਕੁ ਤ ਲਖ ਤਉ ਜਿਤੀ ਪਿਨਣੇ ਦਰਿ ਕਿਤੜੇ ॥ (1425-5)
जां मूं इकु त लख तउ जिती पिनणे दरि कितड़े ॥

ਬਾਮਣੁ ਬਿਰਥਾ ਗਇਓ ਜਨੰਮੁ ਜਿਨਿ ਕੀਤੋ ਸੋ ਵਿਸਰੇ ॥੪॥ (1425-5)
बामणु बिरथा गइओ जनंमु जिनि कीतो सो विसरे ॥४॥

ਸੋਰਠਿ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ ॥ (1425-6)
सोरठि सो रसु पीजीऐ कबहू न फीका होइ ॥

ਨਾਨਕ ਰਾਮ ਨਾਮ ਗੁਨ ਗਾਈਅਹਿ ਦਰਗਹ ਨਿਰਮਲ ਸੋਇ ॥੫॥ (1425-6)
नानक राम नाम गुन गाईअहि दरगह निरमल सोइ ॥५॥

ਜੋ ਪ੍ਰਭਿ ਰਖੇ ਆਪਿ ਤਿਨ ਕੋਇ ਨ ਮਾਰਈ ॥ (1425-7)
जो प्रभि रखे आपि तिन कोइ न मारई ॥

ਅੰਦਰਿ ਨਾਮੁ ਨਿਧਾਨੁ ਸਦਾ ਗੁਣ ਸਾਰਈ ॥ (1425-7)
अंदरि नामु निधानु सदा गुण सारई ॥

ਏਕਾ ਟੇਕ ਅਗੰਮ ਮਨਿ ਤਨਿ ਪ੍ਰਭੁ ਧਾਰਈ ॥ (1425-8)
एका टेक अगंम मनि तनि प्रभु धारई ॥

ਲਗਾ ਰੰਗੁ ਅਪਾਰੁ ਕੋ ਨ ਉਤਾਰਈ ॥ (1425-8)
लगा रंगु अपारु को न उतारई ॥

ਗੁਰਮੁਖਿ ਹਰਿ ਗੁਣ ਗਾਇ ਸਹਜਿ ਸੁਖੁ ਸਾਰਈ ॥ (1425-8)
गुरमुखि हरि गुण गाइ सहजि सुखु सारई ॥

ਨਾਨਕ ਨਾਮੁ ਨਿਧਾਨੁ ਰਿਦੈ ਉਰਿ ਹਾਰਈ ॥੬॥ (1425-9)
नानक नामु निधानु रिदै उरि हारई ॥६॥

ਕਰੇ ਸੁ ਚੰਗਾ ਮਾਨਿ ਦੁਯੀ ਗਣਤ ਲਾਹਿ ॥ (1425-9)
करे सु चंगा मानि दुयी गणत लाहि ॥

ਅਪਣੀ ਨਦਰਿ ਨਿਹਾਲਿ ਆਪੇ ਲੈਹੁ ਲਾਇ ॥ (1425-10)
अपणी नदरि निहालि आपे लैहु लाइ ॥

ਜਨ ਦੇਹੁ ਮਤੀ ਉਪਦੇਸੁ ਵਿਚਹੁ ਭਰਮੁ ਜਾਇ ॥ (1425-10)
जन देहु मती उपदेसु विचहु भरमु जाइ ॥

ਜੋ ਧੁਰਿ ਲਿਖਿਆ ਲੇਖੁ ਸੋਈ ਸਭ ਕਮਾਇ ॥ (1425-10)
जो धुरि लिखिआ लेखु सोई सभ कमाइ ॥

ਸਭੁ ਕਛੁ ਤਿਸ ਦੈ ਵਸਿ ਦੂਜੀ ਨਾਹਿ ਜਾਇ ॥ (1425-11)
सभु कछु तिस दै वसि दूजी नाहि जाइ ॥

ਨਾਨਕ ਸੁਖ ਅਨਦ ਭਏ ਪ੍ਰਭ ਕੀ ਮੰਨਿ ਰਜਾਇ ॥੭॥ (1425-11)
नानक सुख अनद भए प्रभ की मंनि रजाइ ॥७॥

ਗੁਰੁ ਪੂਰਾ ਜਿਨ ਸਿਮਰਿਆ ਸੇਈ ਭਏ ਨਿਹਾਲ ॥ (1425-12)
गुरु पूरा जिन सिमरिआ सेई भए निहाल ॥

ਨਾਨਕ ਨਾਮੁ ਅਰਾਧਣਾ ਕਾਰਜੁ ਆਵੈ ਰਾਸਿ ॥੮॥ (1425-12)
नानक नामु अराधणा कारजु आवै रासि ॥८॥

ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥ (1425-13)
पापी करम कमावदे करदे हाए हाइ ॥

ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥੯॥ (1425-13)
नानक जिउ मथनि माधाणीआ तिउ मथे ध्रम राइ ॥९॥

ਨਾਮੁ ਧਿਆਇਨਿ ਸਾਜਨਾ ਜਨਮ ਪਦਾਰਥੁ ਜੀਤਿ ॥ (1425-14)
नामु धिआइनि साजना जनम पदारथु जीति ॥

ਨਾਨਕ ਧਰਮ ਐਸੇ ਚਵਹਿ ਕੀਤੋ ਭਵਨੁ ਪੁਨੀਤ ॥੧੦॥ (1425-14)
नानक धरम ऐसे चवहि कीतो भवनु पुनीत ॥१०॥

ਖੁਭੜੀ ਕੁਥਾਇ ਮਿਠੀ ਗਲਣਿ ਕੁਮੰਤ੍ਰੀਆ ॥ (1425-15)
खुभड़ी कुथाइ मिठी गलणि कुमंत्रीआ ॥

ਨਾਨਕ ਸੇਈ ਉਬਰੇ ਜਿਨਾ ਭਾਗੁ ਮਥਾਹਿ ॥੧੧॥ (1425-15)
नानक सेई उबरे जिना भागु मथाहि ॥११॥

ਸੁਤੜੇ ਸੁਖੀ ਸਵੰਨ੍ਹਿ ਜੋ ਰਤੇ ਸਹ ਆਪਣੈ ॥ (1425-16)
सुतड़े सुखी सवंन्हि जो रते सह आपणै ॥

ਪ੍ਰੇਮ ਵਿਛੋਹਾ ਧਣੀ ਸਉ ਅਠੇ ਪਹਰ ਲਵੰਨ੍ਹਿ ॥੧੨॥ (1425-16)
प्रेम विछोहा धणी सउ अठे पहर लवंन्हि ॥१२॥

ਸੁਤੜੇ ਅਸੰਖ ਮਾਇਆ ਝੂਠੀ ਕਾਰਣੇ ॥ (1425-17)
सुतड़े असंख माइआ झूठी कारणे ॥

ਨਾਨਕ ਸੇ ਜਾਗੰਨ੍ਹਿ ਜਿ ਰਸਨਾ ਨਾਮੁ ਉਚਾਰਣੇ ॥੧੩॥ (1425-17)
नानक से जागंन्हि जि रसना नामु उचारणे ॥१३॥

ਮ੍ਰਿਗ ਤਿਸਨਾ ਪੇਖਿ ਭੁਲਣੇ ਵੁਠੇ ਨਗਰ ਗੰਧ੍ਰਬ ॥ (1425-17)
म्रिग तिसना पेखि भुलणे वुठे नगर गंध्रब ॥

ਜਿਨੀ ਸਚੁ ਅਰਾਧਿਆ ਨਾਨਕ ਮਨਿ ਤਨਿ ਫਬ ॥੧੪॥ (1425-18)
जिनी सचु अराधिआ नानक मनि तनि फब ॥१४॥

ਪਤਿਤ ਉਧਾਰਣ ਪਾਰਬ੍ਰਹਮੁ ਸੰਮ੍ਰਥ ਪੁਰਖੁ ਅਪਾਰੁ ॥ (1425-18)
पतित उधारण पारब्रहमु संम्रथ पुरखु अपारु ॥

ਜਿਸਹਿ ਉਧਾਰੇ ਨਾਨਕਾ ਸੋ ਸਿਮਰੇ ਸਿਰਜਣਹਾਰੁ ॥੧੫॥ (1426-1)
जिसहि उधारे नानका सो सिमरे सिरजणहारु ॥१५॥

ਦੂਜੀ ਛੋਡਿ ਕੁਵਾਟੜੀ ਇਕਸ ਸਉ ਚਿਤੁ ਲਾਇ ॥ (1426-1)
दूजी छोडि कुवाटड़ी इकस सउ चितु लाइ ॥

ਦੂਜੈ ਭਾਵੀਂ ਨਾਨਕਾ ਵਹਣਿ ਲੁੜ੍ਹੰਦੜੀ ਜਾਇ ॥੧੬॥ (1426-2)
दूजै भावी� नानका वहणि लुड़्हंदड़ी जाइ ॥१६॥

ਤਿਹਟੜੇ ਬਾਜਾਰ ਸਉਦਾ ਕਰਨਿ ਵਣਜਾਰਿਆ ॥ (1426-2)
तिहटड़े बाजार सउदा करनि वणजारिआ ॥

ਸਚੁ ਵਖਰੁ ਜਿਨੀ ਲਦਿਆ ਸੇ ਸਚੜੇ ਪਾਸਾਰ ॥੧੭॥ (1426-3)
सचु वखरु जिनी लदिआ से सचड़े पासार ॥१७॥

ਪੰਥਾ ਪ੍ਰੇਮ ਨ ਜਾਣਈ ਭੂਲੀ ਫਿਰੈ ਗਵਾਰਿ ॥ (1426-3)
पंथा प्रेम न जाणई भूली फिरै गवारि ॥

ਨਾਨਕ ਹਰਿ ਬਿਸਰਾਇ ਕੈ ਪਉਦੇ ਨਰਕਿ ਅੰਧ੍ਯ੍ਯਾਰ ॥੧੮॥ (1426-4)
नानक हरि बिसराइ कै पउदे नरकि अंध्यार ॥१८॥

ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾਂ ਦੰਮ ॥ (1426-4)
माइआ मनहु न वीसरै मांगै दंमां दंम ॥

ਸੋ ਪ੍ਰਭੁ ਚਿਤਿ ਨ ਆਵਈ ਨਾਨਕ ਨਹੀ ਕਰੰਮਿ ॥੧੯॥ (1426-5)
सो प्रभु चिति न आवई नानक नही करंमि ॥१९॥

ਤਿਚਰੁ ਮੂਲਿ ਨ ਥੁੜੀਂਦੋ ਜਿਚਰੁ ਆਪਿ ਕ੍ਰਿਪਾਲੁ ॥ (1426-5)
तिचरु मूलि न थुड़ी�दो जिचरु आपि क्रिपालु ॥

ਸਬਦੁ ਅਖੁਟੁ ਬਾਬਾ ਨਾਨਕਾ ਖਾਹਿ ਖਰਚਿ ਧਨੁ ਮਾਲੁ ॥੨੦॥ (1426-6)
सबदु अखुटु बाबा नानका खाहि खरचि धनु मालु ॥२० ॥

ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ ॥ (1426-6)
खम्भ विकांदड़े जे लहां घिंना सावी तोलि ॥

ਤੰਨਿ ਜੜਾਂਈ ਆਪਣੈ ਲਹਾਂ ਸੁ ਸਜਣੁ ਟੋਲਿ ॥੨੧॥ (1426-7)
तंनि जड़ांई आपणै लहां सु सजणु टोलि ॥२१ ॥

ਸਜਣੁ ਸਚਾ ਪਾਤਿਸਾਹੁ ਸਿਰਿ ਸਾਹਾਂ ਦੈ ਸਾਹੁ ॥ (1426-7)
सजणु सचा पातिसाहु सिरि साहां दै साहु ॥

ਜਿਸੁ ਪਾਸਿ ਬਹਿਠਿਆ ਸੋਹੀਐ ਸਭਨਾਂ ਦਾ ਵੇਸਾਹੁ ॥੨੨॥ (1426-8)
जिसु पासि बहिठिआ सोहीऐ सभनां दा वेसाहु ॥२२ ॥

ੴ ਸਤਿਗੁਰ ਪ੍ਰਸਾਦਿ ॥ (1426-9)
ੴ सतिगुर प्रसादि ॥

ਸਲੋਕ ਮਹਲਾ ੯ ॥ (1426-10)
सलोक महला ९ ॥

ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ ॥ (1426-10)
गुन गोबिंद गाइओ नही जनमु अकारथ कीनु ॥

ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ ॥੧॥ (1426-10)
कहु नानक हरि भजु मना जिह बिधि जल कउ मीनु ॥१ ॥

ਬਿਖਿਅਨ ਸਿਉ ਕਾਹੇ ਰਚਿਓ ਨਿਮਖ ਨ ਹੋਹਿ ਉਦਾਸੁ ॥ (1426-11)
बिखिअन सिउ काहे रचिओ निमख न होहि उदासु ॥

ਕਹੁ ਨਾਨਕ ਭਜੁ ਹਰਿ ਮਨਾ ਪਰੈ ਨ ਜਮ ਕੀ ਫਾਸ ॥੨॥ (1426-11)
कहु नानक भजु हरि मना परै न जम की फास ॥२ ॥

ਤਰਨਾਪੋ ਇਉ ਹੀ ਗਇਓ ਲੀਓ ਜਰਾ ਤਨੁ ਜੀਤਿ ॥ (1426-12)
तरनापो इउ ही गइओ लीओ जरा तनु जीति ॥

ਕਹੁ ਨਾਨਕ ਭਜੁ ਹਰਿ ਮਨਾ ਅਉਧ ਜਾਤੁ ਹੈ ਬੀਤਿ ॥੩॥ (1426-12)
कहु नानक भजु हरि मना अउध जातु है बीति ॥३॥

ਬਿਰਧਿ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨਿ ॥ (1426-13)
बिरधि भइओ सूझै नही कालु पहूचिओ आनि ॥

ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨੁ ॥੪॥ (1426-13)
कहु नानक नर बावरे किउ न भजै भगवानु ॥४॥

ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ ॥ (1426-14)
धनु दारा स्मपति सगल जिनि अपुनी करि मानि ॥

ਇਨ ਮੈ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ ॥੫॥ (1426-14)
इन मै कछु संगी नही नानक साची जानि ॥५॥

ਪਤਿਤ ਉਧਾਰਨ ਭੈ ਹਰਨ ਹਰਿ ਅਨਾਥ ਕੇ ਨਾਥ ॥ (1426-15)
पतित उधारन भै हरन हरि अनाथ के नाथ ॥

ਕਹੁ ਨਾਨਕ ਤਿਹ ਜਾਨੀਐ ਸਦਾ ਬਸਤੁ ਤੁਮ ਸਾਥਿ ॥੬॥ (1426-15)
कहु नानक तिह जानीऐ सदा बसतु तुम साथि ॥६॥

ਤਨੁ ਧਨੁ ਜਿਹ ਤੋ ਕਉ ਦੀਓ ਤਾਂ ਸਿਉ ਨੇਹੁ ਨ ਕੀਨ ॥ (1426-16)
तनु धनु जिह तो कउ दीओ तां सिउ नेहु न कीन ॥

ਕਹੁ ਨਾਨਕ ਨਰ ਬਾਵਰੇ ਅਬ ਕਿਉ ਡੋਲਤ ਦੀਨ ॥੭॥ (1426-16)
कहु नानक नर बावरे अब किउ डोलत दीन ॥७॥

ਤਨੁ ਧਨੁ ਸੰਪੈ ਸੁਖ ਦੀਓ ਅਰੁ ਜਿਹ ਨੀਕੇ ਧਾਮ ॥ (1426-17)
तनु धनु स्मपै सुख दीओ अरु जिह नीके धाम ॥

ਕਹੁ ਨਾਨਕ ਸੁਨੁ ਰੇ ਮਨਾ ਸਿਮਰਤ ਕਾਹਿ ਨ ਰਾਮੁ ॥੮॥ (1426-17)
कहु नानक सुनु रे मना सिमरत काहि न रामु ॥८॥

ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ ॥ (1426-18)
सभ सुख दाता रामु है दूसर नाहिन कोइ ॥

ਕਹੁ ਨਾਨਕ ਸੁਨਿ ਰੇ ਮਨਾ ਤਿਹ ਸਿਮਰਤ ਗਤਿ ਹੋਇ ॥੯॥ (1426-18)
कहु नानक सुनि रे मना तिह सिमरत गति होइ ॥९॥

ਜਿਹ ਸਿਮਰਤ ਗਤਿ ਪਾਈਐ ਤਿਹ ਭਜੁ ਰੇ ਤੈ ਮੀਤ ॥ (1427-1)
जिह सिमरत गति पाईऐ तिह भजु रे तै मीत ॥

ਕਹੁ ਨਾਨਕ ਸੁਨੁ ਰੇ ਮਨਾ ਅਉਧ ਘਟਤ ਹੈ ਨੀਤ ॥੧੦॥ (1427-1)
कहु नानक सुनु रे मना अउध घटत है नीत ॥१०॥

ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ ॥ (1427-2)
पांच तत को तनु रचिओ जानहु चतुर सुजान ॥

ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ ॥੧੧॥ (1427-2)
जिह ते उपजिओ नानका लीन ताहि मै मानु ॥११॥

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥ (1427-3)
घट घट मै हरि जू बसै संतन कहिओ पुकारि ॥

ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ ॥੧੨॥ (1427-3)
कहु नानक तिह भजु मना भउ निधि उतरहि पारि ॥१२॥

ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ ॥ (1427-4)
सुखु दुखु जिह परसै नही लोभु मोहु अभिमानु ॥

ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ ॥੧੩॥ (1427-4)
कहु नानक सुनु रे मना सो मूरति भगवान ॥१३॥

ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ ॥ (1427-5)
उसतति निंदिआ नाहि जिहि कंचन लोह समानि ॥

ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥੧੪॥ (1427-5)
कहु नानक सुनि रे मना मुकति ताहि तै जानि ॥१४॥

ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ ॥ (1427-6)
हरखु सोगु जा कै नही बैरी मीत समानि ॥

ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ ॥੧੫॥ (1427-6)
कहु नानक सुनि रे मना मुकति ताहि तै जानि ॥१५॥

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥ (1427-7)
भै काहू कउ देत नहि नहि भै मानत आन ॥

ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥ (1427-7)
कहु नानक सुनि रे मना गिआनी ताहि बखानि ॥१६॥

ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ ॥ (1427-8)
जिहि बिखिआ सगली तजी लीओ भेख बैराग ॥

ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ ॥੧੭॥ (1427-8)
कहु नानक सुनु रे मना तिह नर माथै भागु ॥१७॥

ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ ॥ (1427-9)
जिहि माइआ ममता तजी सभ ते भइओ उदासु ॥

ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ ॥੧੮॥ (1427-9)
कहु नानक सुनु रे मना तिह घटि ब्रहम निवासु ॥१८॥

ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ ॥ (1427-10)
जिहि प्रानी हउमै तजी करता रामु पछानि ॥

ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ ॥੧੯॥ (1427-10)
कहु नानक वहु मुकति नरु इह मन साची मानु ॥१९॥

ਭੈ ਨਾਸਨ ਦੁਰਮਤਿ ਹਰਨ ਕਲਿ ਮੈ ਹਰਿ ਕੋ ਨਾਮੁ ॥ (1427-11)
भै नासन दुरमति हरन कलि मै हरि को नामु ॥

ਨਿਸਿ ਦਿਨੁ ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ ॥੨੦॥ (1427-11)
निसि दिनु जो नानक भजै सफल होहि तिह काम ॥२०॥

ਜਿਹਬਾ ਗੁਨ ਗੋਬਿੰਦ ਭਜਹੁ ਕਰਨ ਸੁਨਹੁ ਹਰਿ ਨਾਮੁ ॥ (1427-12)
जिहबा गुन गोबिंद भजहु करन सुनहु हरि नामु ॥

ਕਹੁ ਨਾਨਕ ਸੁਨਿ ਰੇ ਮਨਾ ਪਰਹਿ ਨ ਜਮ ਕੈ ਧਾਮ ॥੨੧॥ (1427-12)
कहु नानक सुनि रे मना परहि न जम कै धाम ॥२१॥

ਜੋ ਪ੍ਰਾਨੀ ਮਮਤਾ ਤਜੈ ਲੋਭ ਮੋਹ ਅਹੰਕਾਰ ॥ (1427-13)
जो प्रानी ममता तजै लोभ मोह अहंकार ॥

ਕਹੁ ਨਾਨਕ ਆਪਨ ਤਰੈ ਅਉਰਨ ਲੇਤ ਉਧਾਰ ॥੨੨॥ (1427-13)
कहु नानक आपन तरै अउरन लेत उधार ॥२२॥

ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥ (1427-14)
जिउ सुपना अरु पेखना ऐसे जग कउ जानि ॥

ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥੨੩॥ (1427-14)
इन मै कछु साचो नही नानक बिनु भगवान ॥२३॥

ਨਿਸਿ ਦਿਨੁ ਮਾਇਆ ਕਾਰਨੇ ਪ੍ਰਾਨੀ ਡੋਲਤ ਨੀਤ ॥ (1427-15)
निसि दिनु माइआ कारने प्रानी डोलत नीत ॥

ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥੨੪॥ (1427-15)
कोटन मै नानक कोऊ नाराइनु जिह चीति ॥२४॥

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥ (1427-16)
जैसे जल ते बुदबुदा उपजै बिनसै नीत ॥

ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥੨੫॥ (1427-16)
जग रचना तैसे रची कहु नानक सुनि मीत ॥२५॥

ਪ੍ਰਾਨੀ ਕਛੂ ਨ ਚੇਤਈ ਮਦਿ ਮਾਇਆ ਕੈ ਅੰਧੁ ॥ (1427-16)
प्रानी कछू न चेतई मदि माइआ कै अंधु ॥

ਕਹੁ ਨਾਨਕ ਬਿਨੁ ਹਰਿ ਭਜਨ ਪਰਤ ਤਾਹਿ ਜਮ ਫੰਧ ॥੨੬॥ (1427-17)
कहु नानक बिनु हरि भजन परत ताहि जम फंध ॥२६॥

ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥ (1427-17)
जउ सुख कउ चाहै सदा सरनि राम की लेह ॥

ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ ॥੨੭॥ (1427-18)
कहु नानक सुनि रे मना दुरलभ मानुख देह ॥२७॥

ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ ॥ (1427-18)
माइआ कारनि धावही मूरख लोग अजान ॥

ਕਹੁ ਨਾਨਕ ਬਿਨੁ ਹਰਿ ਭਜਨ ਬਿਰਥਾ ਜਨਮੁ ਸਿਰਾਨ ॥੨੮॥ (1427-19)
कहु नानक बिनु हरि भजन बिरथा जनमु सिरान ॥२८॥

ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪ ਰਾਮ ਤਿਹ ਜਾਨੁ ॥ (1427-19)
जो प्रानी निसि दिनु भजै रूप राम तिह जानु ॥

ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥੨੯॥ (1428-1)
हरि जन हरि अंतरु नही नानक साची मानु ॥२९॥

ਮਨੁ ਮਾਇਆ ਮੈ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ ॥ (1428-1)
मनु माइआ मै फधि रहिओ बिसरिओ गोबिंद नामु ॥

ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉਨੇ ਕਾਮ ॥੩੦॥ (1428-2)
कहु नानक बिनु हरि भजन जीवन कउने काम ॥३०॥

ਪ੍ਰਾਨੀ ਰਾਮੁ ਨ ਚੇਤਈ ਮਦਿ ਮਾਇਆ ਕੈ ਅੰਧੁ ॥ (1428-2)
प्रानी रामु न चेतई मदि माइआ कै अंधु ॥

ਕਹੁ ਨਾਨਕ ਹਰਿ ਭਜਨ ਬਿਨੁ ਪਰਤ ਤਾਹਿ ਜਮ ਫੰਧ ॥੩੧॥ (1428-3)
कहु नानक हरि भजन बिनु परत ताहि जम फंध ॥३१॥

ਸੁਖ ਮੈ ਬਹੁ ਸੰਗੀ ਭਏ ਦੁਖ ਮੈ ਸੰਗਿ ਨ ਕੋਇ ॥ (1428-3)
सुख मै बहु संगी भए दुख मै संगि न कोइ ॥

ਕਹੁ ਨਾਨਕ ਹਰਿ ਭਜੁ ਮਨਾ ਅੰਤਿ ਸਹਾਈ ਹੋਇ ॥੩੨॥ (1428-4)
कहु नानक हरि भजु मना अंति सहाई होइ ॥३२॥

ਜਨਮ ਜਨਮ ਭਰਮਤ ਫਿਰਿਓ ਮਿਟਿਓ ਨ ਜਮ ਕੋ ਤ੍ਰਾਸੁ ॥ (1428-4)
जनम जनम भरमत फिरिओ मिटिओ न जम को त्रासु ॥

ਕਹੁ ਨਾਨਕ ਹਰਿ ਭਜੁ ਮਨਾ ਨਿਰਭੈ ਪਾਵਹਿ ਬਾਸੁ ॥੩੩॥ (1428-5)
कहु नानक हरि भजु मना निरभै पावहि बासु ॥३३॥

ਜਤਨ ਬਹੁਤੁ ਮੈ ਕਰਿ ਰਹਿਓ ਮਿਟਿਓ ਨ ਮਨ ਕੋ ਮਾਨੁ ॥ (1428-5)
जतन बहुतु मै करि रहिओ मिटिओ न मन को मानु ॥

ਦੁਰਮਤਿ ਸਿਉ ਨਾਨਕ ਫਧਿਓ ਰਾਖਿ ਲੇਹੁ ਭਗਵਾਨ ॥੩੪॥ (1428-6)
दुरमति सिउ नानक फधिओ राखि लेहु भगवान ॥३४॥

ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ ॥ (1428-7)
बाल जुआनी अरु बिरधि फुनि तीनि अवसथा जानि ॥

ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨੁ ॥੩੫॥ (1428-7)
कहु नानक हरि भजन बिनु बिरथा सभ ही मानु ॥३५॥

ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥ (1428-8)
करणो हुतो सु ना कीओ परिओ लोभ कै फंध ॥

ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ ॥੩੬॥ (1428-8)
नानक समिओ रमि गइओ अब किउ रोवत अंध ॥३६॥

ਮਨੁ ਮਾਇਆ ਮੈ ਰਮਿ ਰਹਿਓ ਨਿਕਸਤ ਨਾਹਿਨ ਮੀਤ ॥ (1428-9)
मनु माइआ मै रमि रहिओ निकसत नाहिन मीत ॥

ਨਾਨਕ ਮੂਰਤਿ ਚਿਤ੍ਰ ਜਿਉ ਛਾਡਿਤ ਨਾਹਿਨ ਭੀਤਿ ॥੩੭॥ (1428-9)
नानक मूरति चित्र जिउ छाडित नाहिन भीति ॥३७॥

ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ ॥ (1428-10)
नर चाहत कछु अउर अउरै की अउरै भई ॥

ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ ॥੩੮॥ (1428-10)
चितवत रहिओ ठगउर नानक फासी गलि परी ॥३८॥

ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ ॥ (1428-11)
जतन बहुत सुख के कीए दुख को कीओ न कोइ ॥

ਕਹੁ ਨਾਨਕ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ ॥੩੯॥ (1428-11)
कहु नानक सुनि रे मना हरि भावै सो होइ ॥३९॥

ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ ॥ (1428-12)
जगतु भिखारी फिरतु है सभ को दाता रामु ॥

ਕਹੁ ਨਾਨਕ ਮਨ ਸਿਮਰੁ ਤਿਹ ਪੂਰਨ ਹੋਵਹਿ ਕਾਮ ॥੪੦॥ (1428-12)
कहु नानक मन सिमरु तिह पूरन होवहि काम ॥४०॥

ਝੂਠੈ ਮਾਨੁ ਕਹਾ ਕਰੈ ਜਗੁ ਸੁਪਨੇ ਜਿਉ ਜਾਨੁ ॥ (1428-13)
झूठै मानु कहा करै जगु सुपने जिउ जानु ॥

ਇਨ ਮੈ ਕਛੁ ਤੇਰੋ ਨਹੀ ਨਾਨਕ ਕਹਿਓ ਬਖਾਨਿ ॥੪੧॥ (1428-13)
इन मै कछु तेरो नही नानक कहिओ बखानि ॥४१॥

ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮੈ ਮੀਤ ॥ (1428-13)
गरबु करतु है देह को बिनसै छिन मै मीत ॥

ਜਿਹਿ ਪ੍ਰਾਨੀ ਹਰਿ ਜਸੁ ਕਹਿਓ ਨਾਨਕ ਤਿਹਿ ਜਗੁ ਜੀਤਿ ॥੪੨॥ (1428-14)
जिहि प्रानी हरि जसु कहिओ नानक तिहि जगु जीति ॥४२॥

ਜਿਹ ਘਟਿ ਸਿਮਰਨੁ ਰਾਮ ਕੋ ਸੋ ਨਰੁ ਮੁਕਤਾ ਜਾਨੁ ॥ (1428-14)
जिह घटि सिमरनु राम को सो नरु मुकता जानु ॥

ਤਿਹਿ ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥੪੩॥ (1428-15)
तिहि नर हरि अंतरु नही नानक साची मानु ॥४३॥

ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ ॥ (1428-15)
एक भगति भगवान जिह प्रानी कै नाहि मनि ॥

ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ ॥੪੪॥ (1428-16)
जैसे सूकर सुआन नानक मानो ताहि तनु ॥४४॥

ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ ॥ (1428-16)
सुआमी को ग्रिहु जिउ सदा सुआन तजत नही नित ॥

ਨਾਨਕ ਇਹ ਬਿਧਿ ਹਰਿ ਭਜਉ ਇਕ ਮਨਿ ਹੁਇ ਇਕ ਚਿਤਿ ॥੪੫॥ (1428-17)
नानक इह बिधि हरि भजउ इक मनि हुइ इक चिति ॥४५॥

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥ (1428-18)
तीरथ बरत अरु दान करि मन मै धरै गुमानु ॥

ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥੪੬॥ (1428-18)
नानक निहफल जात तिह जिउ कुंचर इसनानु ॥४६॥

ਸਿਰੁ ਕੰਪਿਓ ਪਗ ਡਗਮਗੇ ਨੈਨ ਜੋਤਿ ਤੇ ਹੀਨ ॥ (1428-18)
सिरु क्मपिओ पग डगमगे नैन जोति ते हीन ॥

ਕਹੁ ਨਾਨਕ ਇਹ ਬਿਧਿ ਭਈ ਤਊ ਨ ਹਰਿ ਰਸਿ ਲੀਨ ॥੪੭॥ (1428-18)
कहु नानक इह बिधि भई तऊ न हरि रसि लीन ॥४७॥

ਨਿਜ ਕਰਿ ਦੇਖਿਓ ਜਗਤੁ ਮੈ ਕੋ ਕਾਹੂ ਕੋ ਨਾਹਿ ॥ (1429-1)
निज करि देखिओ जगतु मै को काहू को नाहि ॥

ਨਾਨਕ ਥਿਰੁ ਹਰਿ ਭਗਤਿ ਹੈ ਤਿਹ ਰਾਖੋ ਮਨ ਮਾਹਿ ॥੪੮॥ (1429-1)
नानक थिरु हरि भगति है तिह राखो मन माहि ॥४८॥

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥ (1429-2)
जग रचना सभ झूठ है जानि लेहु रे मीत ॥

ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ ॥੪੯॥ (1429-2)
कहि नानक थिरु ना रहै जिउ बालू की भीति ॥४९॥

ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥ (1429-3)
रामु गइओ रावनु गइओ जा कउ बहु परवारु ॥

ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ ॥੫੦॥ (1429-3)
कहु नानक थिरु कछु नही सुपने जिउ संसारु ॥५०॥

ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥ (1429-4)
चिंता ता की कीजीऐ जो अनहोनी होइ ॥

ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ ॥੫੧॥ (1429-4)
इहु मारगु संसार को नानक थिरु नही कोइ ॥५१॥

ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥ (1429-4)
जो उपजिओ सो बिनसि है परो आजु कै कालि ॥

ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥੫੨॥ (1429-5)
नानक हरि गुन गाइ ले छाडि सगल जंजाल ॥५२॥

ਦੋਹਰਾ ॥ (1429-5)
दोहरा ॥

ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ ॥ (1429-6)
बलु छुटकिओ बंधन परे कछू न होत उपाइ ॥

ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ ॥੫੩॥ (1429-6)
कहु नानक अब ओट हरि गज जिउ होहु सहाइ ॥५३॥

ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ ॥ (1429-7)
बलु होआ बंधन छुटे सभु किछु होत उपाइ ॥

ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ ॥੫੪॥ (1429-7)
नानक सभु किछु तुमरै हाथ मै तुम ही होत सहाइ ॥५४॥

ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ ॥ (1429-8)
संग सखा सभि तजि गए कोऊ न निबहिओ साथि ॥

ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ ॥੫੫॥ (1429-8)
कहु नानक इह बिपति मै टेक एक रघुनाथ ॥५५॥

ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ ॥ (1429-9)
नामु रहिओ साधू रहिओ रहिओ गुरु गोबिंदु ॥

ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ ॥੫੬॥ (1429-9)
कहु नानक इह जगत मै किन जपिओ गुर मंतु ॥५६॥

ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ ॥ (1429-10)
राम नामु उर मै गहिओ जा कै सम नही कोइ ॥

ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ ॥੫੭॥੧॥ (1429-10)
जिह सिमरत संकट मिटै दरसु तुहारो होइ ॥५७॥१॥

ਮੁੰਦਾਵਣੀ ਮਹਲਾ ੫ ॥ (1429-11)
मुंदावणी महला ५ ॥

ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥ (1429-12)
थाल विचि तिंनि वसतू पईओ सतु संतोखु वीचारो ॥

ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥ (1429-12)
अमृत नामु ठाकुर का पइओ जिस का सभसु अधारो ॥

ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥ (1429-13)
जे को खावै जे को भुंचै तिस का होइ उधारो ॥

ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥ (1429-13)
एह वसतु तजी नह जाई नित नित रखु उरि धारो ॥

ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ ॥੧॥ (1429-14)
तम संसारु चरन लगि तरीऐ सभु नानक ब्रहम पसारो ॥१॥

ਸਲੋਕ ਮਹਲਾ ੫ ॥ (1429-14)
सलोक महला ५ ॥

ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥ (1429-14)
तेरा कीता जातो नाही मैनो जोगु कीतोई ॥

ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ ॥ (1429-15)
मै निरगुणिआरे को गुणु नाही आपे तरसु पइओई ॥

ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ ॥ (1429-15)
तरसु पइआ मिहरामति होई सतिगुरु सजणु मिलिआ ॥

ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥੧॥ (1429-16)
नानक नामु मिलै तां जीवां तनु मनु थीवै हरिआ ॥१॥

ੴ ਸਤਿਗੁਰ ਪ੍ਰਸਾਦਿ ॥ (1429-18)
ੴ सतिगुर प्रसादि ॥

ਰਾਗ ਮਾਲਾ ॥ (1429-19)
राग माला ॥

ਰਾਗ ਏਕ ਸੰਗਿ ਪੰਚ ਬਰੰਗਨ ॥ (1429-19)
राग एक संगि पंच बरंगन ॥

ਸੰਗਿ ਅਲਾਪਹਿ ਆਠਉ ਨੰਦਨ ॥ (1429-19)
संगि अलापहि आठउ नंदन ॥

ਪ੍ਰਥਮ ਰਾਗ ਭੈਰਉ ਵੈ ਕਰਹੀ ॥ (1429-19)
प्रथम राग भैरउ वै करही ॥

ਪੰਚ ਰਾਗਨੀ ਸੰਗਿ ਉਚਰਹੀ ॥ (1430-1)
पंच रागनी संगि उचरही ॥

ਪ੍ਰਥਮ ਭੈਰਵੀ ਬਿਲਾਵਲੀ ॥ (1430-1)
प्रथम भैरवी बिलावली ॥

ਪੁੰਨਿਆਕੀ ਗਾਵਹਿ ਬੰਗਲੀ ॥ (1430-1)
पुंनिआकी गावहि बंगली ॥

ਪੁਨਿ ਅਸਲੇਖੀ ਕੀ ਭਈ ਬਾਰੀ ॥ (1430-1)
पुनि असलेखी की भई बारी ॥

ਏ ਭੈਰਉ ਕੀ ਪਾਚਉ ਨਾਰੀ ॥ (1430-2)
ए भैरउ की पाचउ नारी ॥

ਪੰਚਮ ਹਰਖ ਦਿਸਾਖ ਸੁਨਾਵਹਿ ॥ (1430-2)
पंचम हरख दिसाख सुनावहि ॥

ਬੰਗਾਲਮ ਮਧੁ ਮਾਧਵ ਗਾਵਹਿ ॥੧॥ (1430-2)
बंगालम मधु माधव गावहि ॥१॥

ਲਲਤ ਬਿਲਾਵਲ ਗਾਵਹੀ ਅਪੁਨੀ ਅਪੁਨੀ ਭਾਂਤਿ ॥ (1430-3)
ललत बिलावल गावही अपुनी अपुनी भांति ॥

ਅਸਟ ਪੁਤ੍ਰ ਭੈਰਵ ਕੇ ਗਾਵਹਿ ਗਾਇਨ ਪਾਤ੍ਰ ॥੧॥ (1430-3)
असट पुत्र भैरव के गावहि गाइन पात्र ॥१॥

ਦੁਤੀਆ ਮਾਲਕਉਸਕ ਆਲਾਪਹਿ ॥ (1430-4)
दुतीआ मालकउसक आलापहि ॥

ਸੰਗਿ ਰਾਗਨੀ ਪਾਚਉ ਥਾਪਹਿ ॥ (1430-4)
संगि रागनी पाचउ थापहि ॥

ਗੋਂਡਕਰੀ ਅਰੁ ਦੇਵਗੰਧਾਰੀ ॥ (1430-4)
गोंडकरी अरु देवगंधारी ॥

ਗੰਧਾਰੀ ਸੀਹੁਤੀ ਉਚਾਰੀ ॥ (1430-5)
गंधारी सीहुती उचारी ॥

ਧਨਾਸਰੀ ਏ ਪਾਚਉ ਗਾਈ ॥ (1430-5)
धनासरी ए पाचउ गाई ॥

ਮਾਲ ਰਾਗ ਕਉਸਕ ਸੰਗਿ ਲਾਈ ॥ (1430-5)
माल राग कउसक संगि लाई ॥

ਮਾਰੂ ਮਸਤਅੰਗ ਮੇਵਾਰਾ ॥ (1430-6)
मारू मसतअंग मेवारा ॥

ਪ੍ਰਬਲਚੰਡ ਕਉਸਕ ਉਭਾਰਾ ॥ (1430-6)
प्रबलचंड कउसक उभारा ॥

ਖਉਖਟ ਅਉ ਭਉਰਾਨਦ ਗਾਏ ॥ (1430-6)
खउखट अउ भउरानद गाए ॥

ਅਸਟ ਮਾਲਕਉਸਕ ਸੰਗਿ ਲਾਏ ॥੧॥ (1430-6)
असट मालकउसक संगि लाए ॥१॥

ਪੁਨਿ ਆਇਅਉ ਹਿੰਡੋਲੁ ਪੰਚ ਨਾਰਿ ਸੰਗਿ ਅਸਟ ਸੁਤ ॥ (1430-7)
पुनि आइअउ हिंडोलु पंच नारि संगि असट सुत ॥

ਉਠਹਿ ਤਾਨ ਕਲੋਲ ਗਾਇਨ ਤਾਰ ਮਿਲਾਵਹੀ ॥੧॥ (1430-7)
उठहि तान कलोल गाइन तार मिलावही ॥१॥

ਤੇਲੰਗੀ ਦੇਵਕਰੀ ਆਈ ॥ (1430-8)
तेलंगी देवकरी आई ॥

ਬਸੰਤੀ ਸੰਦੂਰ ਸੁਹਾਈ ॥ (1430-8)
बसंती संदूर सुहाई ॥

ਸਰਸ ਅਹੀਰੀ ਲੈ ਭਾਰਜਾ ॥ (1430-8)
सरस अहीरी लै भारजा ॥

ਸੰਗਿ ਲਾਈ ਪਾਂਚਉ ਆਰਜਾ ॥ (1430-9)
संगि लाई पांचउ आरजा ॥

ਸੁਰਮਾਨੰਦ ਭਾਸਕਰ ਆਏ ॥ (1430-9)
सुरमानंद भासकर आए ॥

ਚੰਦ੍ਰਬਿੰਬ ਮੰਗਲਨ ਸੁਹਾਏ ॥ (1430-9)
चंद्रबि्मब मंगलन सुहाए ॥

ਸਰਸਬਾਨ ਅਉ ਆਹਿ ਬਿਨੋਦਾ ॥ (1430-9)
सरसबान अउ आहि बिनोदा ॥

ਗਾਵਹਿ ਸਰਸ ਬਸੰਤ ਕਮੋਦਾ ॥ (1430-10)
गावहि सरस बसंत कमोदा ॥

ਅਸਟ ਪੁਤ੍ਰ ਮੈ ਕਹੇ ਸਵਾਰੀ ॥ (1430-10)
असट पुत्र मै कहे सवारी ॥

ਪੁਨਿ ਆਈ ਦੀਪਕ ਕੀ ਬਾਰੀ ॥੧॥ (1430-10)
पुनि आई दीपक की बारी ॥१॥

ਕਛੇਲੀ ਪਟਮੰਜਰੀ ਟੋਡੀ ਕਹੀ ਅਲਾਪਿ ॥ (1430-11)
कछेली पटमंजरी टोडी कही अलापि ॥

ਕਾਮੋਦੀ ਅਉ ਗੂਜਰੀ ਸੰਗਿ ਦੀਪਕ ਕੇ ਥਾਪਿ ॥੧॥ (1430-11)
कामोदी अउ गूजरी संगि दीपक के थापि ॥१॥

ਕਾਲੰਕਾ ਕੁੰਤਲ ਅਉ ਰਾਮਾ ॥ (1430-11)
कालंका कुंतल अउ रामा ॥

ਕਮਲਕੁਸਮ ਚੰਪਕ ਕੇ ਨਾਮਾ ॥ (1430-12)
कमलकुसम चम्पक के नामा ॥

ਗਉਰਾ ਅਉ ਕਾਨਰਾ ਕਲ੍ਯ੍ਯਾਨਾ ॥ (1430-12)
गउरा अउ कानरा कल्याना ॥

ਅਸਟ ਪੁਤ੍ਰ ਦੀਪਕ ਕੇ ਜਾਨਾ ॥੧॥ (1430-12)
असट पुत्र दीपक के जाना ॥१॥

ਸਭ ਮਿਲਿ ਸਿਰੀਰਾਗ ਵੈ ਗਾਵਹਿ ॥ (1430-13)
सभ मिलि सिरीराग वै गावहि ॥

ਪਾਂਚਉ ਸੰਗਿ ਬਰੰਗਨ ਲਾਵਹਿ ॥ (1430-13)
पांचउ संगि बरंगन लावहि ॥

ਬੈਰਾਰੀ ਕਰਨਾਟੀ ਧਰੀ ॥ (1430-13)
बैरारी करनाटी धरी ॥

ਗਵਰੀ ਗਾਵਹਿ ਆਸਾਵਰੀ ॥ (1430-14)
गवरी गावहि आसावरी ॥

ਤਿਹ ਪਾਛੈ ਸਿੰਧਵੀ ਅਲਾਪੀ ॥ (1430-14)
तिह पाछै सिंधवी अलापी ॥

ਸਿਰੀਰਾਗ ਸਿਉ ਪਾਂਚਉ ਥਾਪੀ ॥੧॥ (1430-14)
सिरीराग सिउ पांचउ थापी ॥१॥

ਸਾਲੂ ਸਾਰਗ ਸਾਗਰਾ ਅਉਰ ਗੋਂਡ ਗੰਭੀਰ ॥ (1430-14)
सालू सारग सागरा अउर गोंड ग्मभीर ॥

ਅਸਟ ਪੁਤ੍ਰ ਸ੍ਰੀਰਾਗ ਕੇ ਗੁੰਡ ਕੁੰਭ ਹਮੀਰ ॥੧॥ (1430-15)
असट पुत्र स्रीराग के गुंड कुमभ हमीर ॥१॥

ਖਸਟਮ ਮੇਘ ਰਾਗ ਵੈ ਗਾਵਹਿ ॥ (1430-15)
खसटम मेघ राग वै गावहि ॥

ਪਾਂਚਉ ਸੰਗਿ ਬਰੰਗਨ ਲਾਵਹਿ ॥ (1430-16)
पांचउ संगि बरंगन लावहि ॥

ਸੋਰਠਿ ਗੋਂਡ ਮਲਾਰੀ ਧੁਨੀ ॥ (1430-16)
सोरठि गोंड मलारी धुनी ॥

ਪੁਨਿ ਗਾਵਹਿ ਆਸਾ ਗੁਨ ਗੁਨੀ ॥ (1430-16)
पुनि गावहि आसा गुन गुनी ॥

ਊਚੈ ਸੁਰਿ ਸੂਹਉ ਪੁਨਿ ਕੀਨੀ ॥ (1430-17)
ऊचै सुरि सूहउ पुनि कीनी ॥

ਮੇਘ ਰਾਗ ਸਿਉ ਪਾਂਚਉ ਚੀਨੀ ॥੧॥ (1430-17)
मेघ राग सिउ पांचउ चीनी ॥१॥

ਬੈਰਾਧਰ ਗਜਧਰ ਕੇਦਾਰਾ ॥ (1430-17)
बैराधर गजधर केदारा ॥

ਜਬਲੀਧਰ ਨਟ ਅਉ ਜਲਧਾਰਾ ॥ (1430-18)
जबलीधर नट अउ जलधारा ॥

ਪੁਨਿ ਗਾਵਹਿ ਸੰਕਰ ਅਉ ਸਿਆਮਾ ॥ (1430-18)
पुनि गावहि संकर अउ सिआमा ॥

ਮੇਘ ਰਾਗ ਪੁਤ੍ਰਨ ਕੇ ਨਾਮਾ ॥੧॥ (1430-18)
मेघ राग पुत्रन के नामा ॥१॥

ਖਸਟ ਰਾਗ ਉਨਿ ਗਾਏ ਸੰਗਿ ਰਾਗਨੀ ਤੀਸ ॥ (1430-19)
खसट राग उनि गाए संगि रागनी तीस ॥

ਸਭੈ ਪੁਤ੍ਰ ਰਾਗੰਨ ਕੇ ਅਠਾਰਹ ਦਸ ਬੀਸ ॥੧॥੧॥ (1430-19)
सभै पुत्र रागंन के अठारह दस बीस ॥१॥१॥